ਸ੍ਰੀ ਗੁਰੂ ਗ੍ਰੰਥ ਕੋਸ਼

ਸੰਪਾਦਕ
ਡਾ. ਗੁਰਚਰਨ ਸਿੰਘ

ਜਿਲਦ - ਦੂਜੀ
ਤ-ੜ

ਸ੍ਰੀ ਗੁਰੂ ਗ੍ਰੰਥ ਕੋਸ਼

ਸੰਪਾਦਕ
ਡਾ. ਗੁਰਚਰਨ ਸਿੰਘ

ਜਿਲਦ-2
ਤ-ੜ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

©

ਪੰਜਾਬੀ ਯੂਨੀਵਰਸਿਟੀ, ਪਟਿਆਲਾ

SRI GURU GRANTH KOSH *(Punjabi)*

Edited by
DR. GURCHARAN SINGH

ISBN 81-7380-842-2

2002
ਪਹਿਲੀ ਵਾਰ : 1100
ਮੁੱਲ : 1100/- ਰੁਪਏ

ਲੇਜ਼ਰ ਟਾਈਪ ਸੈਟਿੰਗ : ਯੈਸਮੈਨ ਗ੍ਰਾਫਿਕਸ, ਜੰਡ ਗਲੀ, ਪਟਿਆਲਾ

ਪ੍ਰੋ. ਕੇ. ਐਸ. ਸਿੱਧੂ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪ੍ਰਕਾਸ਼ਿਤ ਕੀਤੀ
ਅਤੇ ਅਨੰਦ ਸੰਨਜ਼, ਦਿੱਲੀ ਵਿਖੇ ਛਪੀ ।

ਭੂਮਿਕਾ

ਪ੍ਰੋਫੈਸਰ ਸਾਹਿਬ ਸਿੰਘ ਜੀ 20ਵੀਂ ਸਦੀ ਦੇ ਮੁੱਢਲੇ ਅੱਧ ਵਿਚ ਸਿਰਕੱਢ ਸਿੱਖ ਸ਼ਖ਼ਸੀਅਤ ਹੋ ਚੁੱਕੇ ਹਨ। ਉਨ੍ਹਾਂ ਨੇ ਉਮਰ ਭਰ ਇਕ ਲਗਨ, ਸਿਰੜ ਤੇ ਸਿਦਕ ਨਾਲ ਗੁਰਬਾਣੀ ਦੀ ਖੋਜ, ਪ੍ਰਚਾਰ ਤੇ ਪਰਸਾਰ ਦਾ ਕੰਮ ਕੀਤਾ। ਵਿਆਕਰਣ ਨੂੰ ਲਾਗੂ ਕਰਕੇ ਗੁਰੂ ਗ੍ਰੰਥ ਸਾਹਿਬ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (10 ਜਿਲਦਾਂ) ਵਿਚ ਕੀਤਾ ਟੀਕਾ, ਗੁਰਬਾਣੀ ਦੀ ਵਿਆਖਿਆ ਦੇ ਖੇਤਰ ਦਾ ਇਕ ਮੀਲ ਪੱਥਰ ਹੈ। ਇਸ ਤਰ੍ਹਾਂ ਪ੍ਰੋਫੈਸਰ ਸਾਹਿਬ ਸਿੰਘ ਆਪਣੇ ਯੋਗਦਾਨ ਕਰਕੇ ਸੰਸਥਾ ਹੋ ਗਏ ਹਨ ਅਤੇ ਅਕਾਦਮਿਕ ਸ਼ਬਦਾਵਲੀ ਵਿਚ ਸਿੱਖ ਧਰਮ ਵਿਗਿਆਨੀ (Theologist) ਦਾ ਰੁਤਬਾ ਹਾਸਲ ਕਰ ਗਏ ਹਨ।

ਉਨ੍ਹਾਂ ਦੀ ਯਾਦ ਨੂੰ ਸਮਰਪਿਤ ਅਤੇ ਉਨ੍ਹਾਂ ਵਲੋਂ ਛੋਹੇ ਗਏ ਗੁਰਮਤਿ ਦੇ ਅਧਿਐਨ ਲਈ ਸ੍ਰੋਤ-ਸਾਹਿਤ ਦੀ ਤਿਆਰੀ ਲਈ, 1993 ਵਿਚ ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ ਦੀ ਸਥਾਪਨਾ ਉਨ੍ਹਾਂ ਦੇ ਵਿਦਿਆਰਥੀਆਂ ਤੇ ਪ੍ਰਸੰਸਕਾਂ ਵਲੋਂ ਕੀਤੀ ਗਈ ਸੀ। ਇਸ ਦਾ ਉਦੇਸ਼, ਅਨੁਕ੍ਰਮਣਿਕਾ (Concordance), ਸ਼ਬਦ ਕੋਸ਼ ਤੇ ਹੋਰ ਗੁਰਮਤਿ ਸਬੰਧੀ ਹਵਾਲਾ ਪੁਸਤਕਾਂ ਦੀ ਤਿਆਰੀ, ਸਿੱਖ ਰਹਿਤ ਮਰਿਯਾਦਾ ਬਾਰੇ ਪੁਸਤਕਾਂ ਦਾ ਸੰਪਾਦਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭਾਰਤੀ ਅਤੇ ਵਿਸ਼ਵ ਦੀਆਂ ਭਾਸ਼ਾਵਾਂ ਵਿਚ ਅਨੁਵਾਦ, ਗੁਰਮਤਿ ਸਿੱਖਿਆਵਾਂ ਅਤੇ ਪ੍ਰੰਪਰਾਵਾਂ ਬਾਰੇ ਸਾਹਿਤ ਸਿਰਜਨ ਅਤੇ ਹੋਰ ਗੁਰਮਤਿ ਦੇ ਮੂਲ ਗ੍ਰੰਥਾਂ ਦੇ ਸੁਨੇਹੇ ਦੇ ਪ੍ਰਚਾਰ ਤੇ ਪਰਸਾਰ ਲਈ ਸਾਹਿਤ ਆਦਿ ਦੀ ਤਿਆਰੀ ਨੂੰ ਰਖਿਆ ਗਿਆ ਸੀ। ਸਮੇਂ ਸਮੇਂ ਸਿਰ ਪ੍ਰਾਪਤ ਵਿਤੀ ਸਾਧਨਾਂ ਦੇ ਅਨੁਸਾਰ ਡਾ. ਗੁਰਚਰਨ ਸਿੰਘ ਦੇ ਨਿਰਦੇਸ਼ਨ ਅਧੀਨ ਇਸ ਉਦੇਸ਼ ਦੀ ਪ੍ਰਾਪਤੀ ਲਈ ਦੋ ਅਥਵਾ ਤਿੰਨ ਖੋਜ ਸਹਾਇਕ ਨਿਰੰਤਰ ਕੰਮ ਕਰ ਰਹੇ ਹਨ।

ਹੁਣ ਤਕ ਦਾ ਕਾਰਜ

ਛਪ ਚੁੱਕੀਆਂ ਪੁਸਤਕਾਂ (ੳ) ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਵਲੋਂ

1. ਤੁੱਕ-ਤਤਕਰਾ ਸ੍ਰੀ ਗੁਰੂ ਗ੍ਰੰਥ ਸਾਹਿਬ — ਸੰਪਾਦਕ - ਸ. ਅਮਰ ਸਿੰਘ

(ਅ) ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ

1. ਬਾਣੀ ਭਗਤ ਰਵਿਦਾਸ ਜੀ (ਪਾਠ, ਤੁੱਕ-ਤਤਕਰਾ, ਅਨੁਕ੍ਰਮਣਿਕਾ ਤੇ ਕੋਸ਼) — ਸੰਪਾਦਕ - ਸ. ਅਮਰ ਸਿੰਘ
2. ਬਾਣੀ ਭਗਤ ਨਾਮਦੇਵ ਜੀ (ਪਾਠ, ਤੁੱਕ-ਤਤਕਰਾ, ਅਨੁਕ੍ਰਮਣਿਕਾ ਤੇ ਕੋਸ਼) — ਸੰਪਾਦਕ - ਸ. ਅਮਰ ਸਿੰਘ
3. ਬਾਣੀ ਗੁਰੂ ਅੰਗਦ ਦੇਵ ਜੀ (ਪਾਠ, ਤੁੱਕ-ਤਤਕਰਾ, ਅਨੁਕ੍ਰਮਣਿਕਾ ਤੇ ਕੋਸ਼) — ਸੰਪਾਦਕ - ਸ. ਅਮਰ ਸਿੰਘ, ਗਿਆਨੀ ਦਵਿੰਦਰ ਸਿੰਘ 'ਰਾਜ਼'
4. ਸ੍ਰੀ ਮੁੱਖ ਬਾਣੀਆਂ ਪਾਤਸ਼ਾਹੀ 10ਵੀਂ (ਪਾਠ, ਤੁੱਕ-ਤਤਕਰਾ, ਅਨੁਕ੍ਰਮਣਿਕਾ ਤੇ ਕੋਸ਼) — ਸੰਪਾਦਕ - ਡਾ. ਗੁਰਮੁਖ ਸਿੰਘ, ਪ੍ਰੋ. ਬਲਜਿੰਦਰ ਕੌਰ ਜੋਸ਼ੀ
5. ਅਤਿਰਿਕਤ ਭਗਤ ਬਾਣੀ (ਪਾਠ, ਤੁੱਕ-ਤਤਕਰਾ, ਅਨੁਕ੍ਰਮਣਿਕਾ ਤੇ ਕੋਸ਼) — ਸੰਪਾਦਕ - ਸ. ਅਮਰ ਸਿੰਘ, ਸ. ਪਿਆਰਾ ਸਿੰਘ
6. ਬਾਣੀ ਗੁਰੂ ਨਾਨਕ ਦੇਵ ਜੀ (ਤੁੱਕ-ਤਤਕਰਾ) — ਸੰਪਾਦਕ - ਸ. ਅਮਰ ਸਿੰਘ, ਬੀਬਾ ਬਲਜੀਤ ਕੌਰ

7. ਬਾਣੀ ਗੁਰੂ ਅਮਰਦਾਸ ਜੀ (ਤੁੱਕ-ਤਤਕਰਾ) — ਸੰਪਾਦਕ - ਸ. ਅਮਰ ਸਿੰਘ
8. ਬਾਣੀ ਗੁਰੂ ਰਾਮਦਾਸ ਜੀ ਸੰਪਾਦਕ (ਤੁੱਕ-ਤਤਕਰਾ) — ਸੰਪਾਦਕ - ਸ. ਅਮਰ ਸਿੰਘ, ਸ. ਪਿਆਰਾ ਸਿੰਘ
9. ਬਾਣੀ ਗੁਰੂ ਅਰਜਨ ਦੇਵ ਜੀ (ਤੁੱਕ-ਤਤਕਰਾ) — ਸੰਪਾਦਕ - ਪ੍ਰੋ. ਨਵਦੀਪ ਕੌਰ
10. ਭੱਟਾਂ ਦੇ ਸਵੱਯੈ (ਪਾਠ, ਤੁੱਕ-ਤਤਕਰਾ, ਅਨੁਕ੍ਰਮਣਿਕਾ ਤੇ ਕੋਸ਼) — ਸੰਪਾਦਕ - ਡਾ. ਗੁਰਮੁਖ ਸਿੰਘ, ਪ੍ਰੋ. ਬਲਜਿੰਦਰ ਕੌਰ ਜੋਸ਼ੀ

(ੲ) ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ ਵੱਲੋਂ

1. ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਉਸ ਦੇ ਰਚਯਿਤਾ ਭਗਤ — ਸ. ਰਤਨ ਸਿੰਘ
2. ਵੀਚਾਰ ਸਾਂਝਾਂ — ਸ. ਰਤਨ ਸਿੰਘ
3. 'ਹਉਮੈ' ਦਾ ਗੁਰਮਤਿ ਪਰਿਪੇਖ — ਸੰਪਾਦਕ - ਸ. ਅਮਰ ਸਿੰਘ
4. 'ਸਤਸੰਗਤਿ' ਦਾ ਗੁਰਮਤਿ ਪਰਿਪੇਖ — ਸੰਪਾਦਕ - ਸ. ਅਮਰ ਸਿੰਘ
5. 'ਨਦਰਿ' ਦਾ ਗੁਰਮਤਿ ਪਰਿਪੇਖ — ਸੰਪਾਦਕ - ਸ. ਅਮਰ ਸਿੰਘ
6. 'ਸੁਖ' ਦਾ ਗੁਰਮਤਿ ਪਰਿਪੇਖ — ਸੰਪਾਦਕ - ਸ. ਹਰਿਬੰਸ ਸਿੰਘ
7. ਬਚਿਤਰ ਨਾਟਕ (ਪਾਠ, ਤੁੱਕ-ਤਤਕਰਾ, ਅਨੁਕ੍ਰਮਣਿਕਾ ਤੇ ਕੋਸ਼) — ਸੰਪਾਦਕ - ਡਾ. ਗੁਰਮੁਖ ਸਿੰਘ, ਪ੍ਰੋ. ਬਲਜਿੰਦਰ ਕੌਰ ਜੋਸ਼ੀ

ਛਪਾਈ ਲਈ ਤਿਆਰ

1. ਬਾਣੀ ਭਗਤ ਕਬੀਰ ਜੀ (ਪਾਠ, ਤੁੱਕ-ਤਤਕਰਾ, ਅਨੁਕ੍ਰਮਣਿਕਾ ਤੇ ਕੋਸ਼) — ਸੰਪਾਦਕ - ਪ੍ਰੋ. ਗੁਰਬੀਰ ਸਿੰਘ
2. ਬਾਣੀ ਗੁਰੂ ਤੇਗ਼ ਬਹਾਦਰ ਜੀ (ਪਾਠ, ਤੁੱਕ-ਤਤਕਰਾ, ਅਨੁਕ੍ਰਮਣਿਕਾ ਤੇ ਕੋਸ਼) — ਸੰਪਾਦਕ - ਡਾ. ਗੁਰਚਰਨ ਸਿੰਘ, ਸ. ਅਮਰ ਸਿੰਘ
3. 'ਨਿੰਦਾ' ਦਾ ਗੁਰਮਤਿ ਪਰਿਪੇਖ — ਸੰਪਾਦਕ - ਸ. ਅਮਰਜੀਤ ਸਿੰਘ
4. 'ਭਾਈ ਨੰਦ ਲਾਲ' ਤੁੱਕ-ਤਤਕਰਾ ਤੇ ਵਿਚਾਰ ਕੋਸ਼ — ਸੰਪਾਦਕ - ਬੀਬੀ ਇੰਦਰਜੀਤ ਕੌਰ
5. 'ਦੁੱਖ' ਦਾ ਗੁਰਮਤਿ ਪਰਿਪੇਖ — ਸੰਪਾਦਕ - ਸ. ਹਰਿਬੰਸ ਸਿੰਘ
6. 'ਗੁਰਮੁਖਿ' ਦਾ ਗੁਰਮਤਿ ਪਰਿਪੇਖ — ਸੰਪਾਦਕ - ਸ. ਹਰਿਬੰਸ ਸਿੰਘ
7. 'ਮਨਮੁਖਿ' ਦਾ ਗੁਰਮਤਿ ਪਰਿਪੇਖ — ਸੰਪਾਦਕ - ਸ. ਹਰਿਬੰਸ ਸਿੰਘ
8. 'ਸਬਦਿ' ਦਾ ਗੁਰਮਤਿ ਪਰਿਪੇਖ — ਸੰਪਾਦਕ - ਸ. ਹਰਿਬੰਸ ਸਿੰਘ
9. 'ਸਤਿਗੁਰ' ਦਾ ਗੁਰਮਤਿ ਪਰਿਪੇਖ — ਸੰਪਾਦਕ - ਸ. ਹਰਿਬੰਸ ਸਿੰਘ
10. 'ਗੁਰੂ' ਦਾ ਗੁਰਮਤਿ ਪਰਿਪੇਖ — ਸੰਪਾਦਕ - ਸ. ਹਰਿਬੰਸ ਸਿੰਘ
11. 'ਪੰਥ ਪ੍ਰਕਾਸ਼' ਸਬੰਧ ਸੂਚਕ ਤਤਕਰਾ — ਸੰਪਾਦਕ - ਸ. ਅਮਰ ਸਿੰਘ

ਤਿਆਰੀ ਅਧੀਨ

1. 'ਮਾਇਆ' ਗੁਰਮਤਿ ਪਰਿਪੇਖ — ਸੰਪਾਦਕ - ਪ੍ਰੋ. ਗੁਰਬੀਰ ਸਿੰਘ
2. 'ਡਰ ਤੇ ਭੈਅ' ਗੁਰਮਤਿ ਪਰਿਪੇਖ — ਸੰਪਾਦਕ - ਡਾ. ਸ. ਸ. ਕਿਸ਼ਨਪੁਰੀ
3. 'ਹੁਕਮ' ਦਾ ਗੁਰਮਤਿ ਪਰਿਪੇਖ — ਸੰਪਾਦਕ - ਸ. ਪਿਆਰਾ ਸਿੰਘ
4. 'ਸੇਵਾ' ਦਾ ਗੁਰਮਤਿ ਪਰਿਪੇਖ — ਸੰਪਾਦਕ - ਸ. ਪਿਆਰਾ ਸਿੰਘ
5. 'ਸਿਮਰਨ' ਦਾ ਗੁਰਮਤਿ ਪਰਿਪੇਖ — ਸੰਪਾਦਕ - ਡਾ. ਜਸਬੀਰ ਕੌਰ

ਟਰੱਸਟ ਵਲੋਂ **ਡਾ. ਕੁਲਬੀਰ ਸਿੰਘ ਥਿੰਦ** ਐਮ. ਡੀ., ਅਮਰੀਕਾ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤੁੱਕ-ਤਤਕਰੇ ਅਥਵਾ 'ਹਉਮੈ' ਦਾ ਗੁਰਮਤਿ ਪਰਿਪੇਖ ਪੁਸਤਕ ਦੀ **ਸੀ. ਡੀ. ਰੋਮ** ਵੀ ਤਿਆਰ ਕੀਤੀ ਜਾ ਚੁੱਕੀ ਹੈ। ਟਰੱਸਟ ਨੂੰ **ਡਾ. ਥਿੰਦ** ਦੇ ਸਹਿਯੋਗ ਤੇ ਮਾਣ ਹੈ।

ਉਪਰੋਕਤ ਟਰੱਸਟ ਅਧੀਨ ਹੀ ਨਿਜੀ ਰੂਪ ਵਿਚ ਸਤਿਗੁਰੂ ਜੀ ਨੇ ਮੈਨੂੰ 'ਕੋਸ਼' ਦੀ ਸੇਵਾ ਬਖਸ਼ੀ ਸੀ ਜੋ ਨਵੰਬਰ 2001 ਵਿਚ ਪੂਰਨ ਹੋਈ।

"ਜਿਸ ਕਾ ਕਾਰਜੁ ਤਿਨ ਹੀ ਕੀਆ
ਮਾਣਸੁ ਕਿਆ ਵੇਚਾਰਾ ਰਾਮ॥"

ਕੋਸ਼ ਦੀ ਤਿਆਰੀ ਲਈ ਮੈਨੂੰ (ਆਪਣੇ ਵਿਭਾਗ) ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵੱਲੋਂ ਮਿਲੇ ਪੂਰਨ ਸਹਿਯੋਗ ਤੇ ਉਤਸ਼ਾਹ ਲਈ (ਵਿਸ਼ੇਸ਼ ਕਰਕੇ ਡਾ. ਬਲਕਾਰ ਸਿੰਘ ਜੀ ਤੇ ਡਾ. ਗੁਰਨਾਮ ਕੌਰ ਤੋਂ) ਮੈਂ ਉਨ੍ਹਾਂ ਪ੍ਰਤੀ ਕ੍ਰਿਤਗਤਾ ਦਾ ਪ੍ਰਗਟਾਅ ਕਰਦਾ ਹਾਂ। ਸਿੰਘ ਸਾਹਿਬ ਪ੍ਰੋ. ਮਨਜੀਤ ਸਿੰਘ ਜੀ ਦਾ ਰਿਣੀ ਹਾਂ ਜਿਨ੍ਹਾਂ ਦੀ ਨਿਰੰਤਰ ਹਲਾਸ਼ੇਰੀ ਨੇ ਇਸ ਲੰਮੀ ਕਰੜੀ ਘਾਲਣਾ ਵਿਚ ਮੇਰੇ ਸਿਦਕ ਤੇ ਉਤਸ਼ਾਹ ਨੂੰ ਬਣਾਈ ਰਖਿਆ। ਮੈਂ ਡਾ. ਸੁਖਦਿਆਲ ਸਿੰਘ ਜੀ, ਮੁਖੀ, ਪਬਲੀਕੇਸ਼ਨ ਬਿਊਰੋ ਅਤੇ ਉਨ੍ਹਾਂ ਦੀ ਤਕਨੀਕੀ ਸਹਾਇਕ ਮਿਸਿਜ਼ ਪਰਮਜੀਤ ਕੌਰ ਜੀ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਉਚੇਰੇ ਯਤਨ ਕਰਕੇ ਇਸ ਛਪਾਈ ਨੂੰ ਸਿਰੇ ਚੜ੍ਹਾਇਆ ਹੈ। ਮੇਰੇ ਧੰਨਵਾਦ ਦੇ ਪਾਤਰ ਮੇਰੇ ਸਹਾਇਕ ਸ. ਹਰਿਕਿਸ਼ਨ ਸਿੰਘ ਜੀ ਤੇ ਸ. ਅਮਰਜੀਤ ਸਿੰਘ ਜੀ ਵੀ ਹਨ ਜਿਨ੍ਹਾਂ ਨੇ ਕਰਮਵਾਰ ਬੜੀ ਮਿਹਨਤ ਨਾਲ ਕੋਸ਼ ਦੇ ਖਰੜੇ ਨੂੰ ਟਾਈਪ ਕੀਤਾ ਤੇ ਇਸ ਦੇ ਪਰੂਫ ਪੜ੍ਹੇ।

ਇਸ ਘਾਲਣਾ ਨੂੰ ਮੈਂ ਆਪਣੀ ਜੀਵਨ ਸਾਥਨ ਨਿਰਮਲ ਕੌਰ ਨੂੰ ਸਮਰਪਤ ਕਰਦਾ ਹਾਂ ਜਿਸ ਕੋਲ ਬੈਠ ਮੈਂ ਇਹ ਸਾਰੀ ਘਾਲਣਾ ਘਾਲੀ। ਇਸ ਘਾਲਣਾ ਦੀ ਪੂਰਨਤਾ ਦੀ ਖੁਸ਼ੀ ਨੂੰ ਤਾਂ ਉਹ ਮਾਨ ਸਕੀ ਪਰ ਇਸ ਦੇ ਪ੍ਰਕਾਸ਼ਨਾ ਤਕ ਨਾ ਉਡੀਕ ਸਕੀ।

ਗੁਰਚਰਨ ਸਿੰਘ

ਸੰਕੇਤ ਵਿਧੀ

ਸ੍ਰੀ ਗੁਰੂ ਗ੍ਰੰਥ ਕੋਸ਼ ਵਿਚ ਦਿੱਤੇ ਸੰਕੇਤਾਂ ਦੀ ਵਿਧੀ ਇਸ ਪ੍ਰਕਾਰ ਹੈ :

1. ਹਰ ਤੁੱਕ ਲਈ ਦਿੱਤੇ ਸੰਕੇਤ ਵਿਚ ਆਉਂਦਾ ਪਹਿਲਾ ਸੰਖੇਪ-ਚਿੰਨ੍ਹ, ਉਸ ਰਾਗ ਦੀ ਸੂਚਨਾ ਦਿੰਦਾ ਹੈ ਜਿਸ ਵਿਚ ਉਹ ਤੁੱਕ ਆਉਂਦੀ ਹੈ। ਜਿਹੜੀਆਂ ਰਚਨਾਵਾਂ ਰਾਗਾਂ ਦੀ ਬੰਦਸ਼ ਤੋਂ ਬਾਹਰ ਹਨ, ਉਨ੍ਹਾਂ ਵਿਚ ਆਉਂਦੀਆਂ ਤੁੱਕਾਂ ਦੇ ਹਵਾਲਿਆਂ ਵਿਚ ਇਹ ਪਹਿਲਾ ਸੰਖੇਪ-ਚਿੰਨ੍ਹ ਬਾਣੀ ਦੇ ਨਾਂ ਅਥਵਾ ਕਾਵਿ-ਰੂਪ ਦਾ ਸੂਚਕ ਹੁੰਦਾ ਹੈ ਜਿਵੇਂ ਜਪੁ, **ਸਲੋ** (ਸਲੋਕ), ਸਵ (ਸਵਯੇ) ਆਦਿ। ਸਾਰ ਸੰਖੇਪ ਚਿੰਨ੍ਹ ਵੱਧ ਤੋਂ ਵੱਧ ਦੋ ਅੱਖਰਾਂ ਦਾ ਹੈ।
2. ਪਹਿਲੇ ਸੰਖੇਪ-ਚਿੰਨ੍ਹ ਤੋਂ ਅਗੇ ਮੋਟੇ ਹਿੰਦਸੇ ਅਥਵਾ ਅੱਖਰਾਂ ਵਿਚ ਦਿੱਤਾ ਸੰਕੇਤ ਕਰਤਾ ਦਾ ਹੈ।
3. ਇਸ ਮੋਟੇ ਹਿੰਦਸੇ ਤੋਂ ਬਾਅਦ ਜੇ ਕੋਈ ਸੰਖੇਪ-ਚਿੰਨ੍ਹ ਆਉਂਦਾ ਹੈ ਤਾਂ ਉਹ ਕਾਵਿ-ਰੂਪ ਅਥਵਾ ਬਾਣੀ ਦੇ ਨਾਂ ਦਾ ਸੰਨੇਤਕ ਹੈ ਜਿਵੇਂ ਅਸ (ਅਸਟਪਦੀ) ਛੰਤ, ਸੋਲ੍ਹ, ਵਾਰ, ਸੁਖ (ਸੁਖਮਨੀ), ਪਟੀ, ਸਿਗੋ (ਸਿੱਧ ਗੋਸ਼ਟ) ਆਦਿ। ਜੇ ਕੋਈ ਸੰਖੇਪ-ਚਿੰਨ੍ਹ ਨਹੀਂ ਤਾਂ ਭਾਵ ਹੈ ਕਿ ਅੱਗੇ ਦਿੱਤਾ ਅੰਕ 'ਸ਼ਬਦਾਂ' ਅਥਵਾ ਦੁਪਦੇ ਤੋਂ ਛੇ ਪਦੇ ਵਾਲੀਆਂ ਰਚਨਾਵਾਂ ਦਾ ਹੈ ਜੋ ਹਰ ਰਾਗ ਵਿਚ ਸਭ ਤੋਂ ਪਹਿਲਾਂ ਦਰਜ ਹਨ।
4. ਮੋਟੇ ਹਿੰਦਸੇ ਤੋਂ ਬਾਅਦ ਆਉਂਦਾ ਹਿੰਦਸਾ ਸ਼ਬਦ ਅਥਵਾ ਅਸਟਪਦੀ ਅਥਵਾ ਉਸ ਬਾਣੀ ਦੀ ਪਉੜੀ ਆਦਿ ਦਾ ਨੰਬਰ ਹੈ।
5. ਇਸ ਤੋਂ ਬਾਅਦ ਦਿੱਤਾ ਹਿੰਦਸਾ ਉਸ ਸ਼ਬਦ, ਅਸਟਪਦੀ ਅਥਵਾ ਛੰਤ ਦੇ ਬੰਦ ਵਲ ਸੰਕੇਤ ਕਰਦਾ ਹੈ। ਇਸ ਬੰਦ ਵਲ ਸੰਕੇਤ ਕਰਦੇ ਹਿੰਦਸੇ ਤੋਂ ਬਾਅਦ ਹਮੇਸ਼ਾ ਕੋਲਨ ਵਰਤਿਆ ਗਿਆ ਹੈ।
6. ਸੰਕੇਤ ਦਾ ਆਖਰੀ ਹਿੰਦਸਾ ਅਰਥਾਤ ਕੋਲਨ ਤੋਂ ਪਿਛੋਂ ਆਉਂਦਾ ਹਿੰਦਸਾ ਹਮੇਸ਼ਾ ਬੰਦ ਹੀ ਤੁੱਕ ਨੰਬਰ ਦਾ ਸੰਕੇਤ ਕਰਦਾ ਹੈ।
7. ਤੁੱਕ ਨੰਬਰ ਦਾ ਸੰਕੇਤ ਕਰਦੇ ਅੰਕ ਤੋਂ ਪਿਛੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਸ ਪੰਨੇ ਦਾ ਸੰਕੇਤ ਹੈ ਜਿਸ ਉਪਰ ਉਸ ਤੁੱਕ ਵਿਸ਼ੇਸ਼ ਆਈ ਹੈ। ਇਹ ਪੰਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ 1430 ਪੰਨਿਆਂ ਵਾਲੀ ਬੀੜ ਦੇ ਹਨ। ਕਿਉਂਕਿ ਵੱਖ ਵੱਖ ਛਾਪਾਂ ਵਿਚ ਬਹੁਤ ਵਾਰੀ ਪੰਨੇ ਦੀ ਅਖ਼ੀਰਲੀਆਂ ਅਥਵਾ ਮੁੱਢਲੀਆਂ ਸਤਰਾਂ ਜਾਂ ਸ਼ਬਦ ਅਗਲੇ ਅਥਵਾ ਪਿਛਲੇ ਪੰਨੇ ਉਪਰ ਚਲੇ ਜਾਂਦੇ ਹਨ, ਇਸ ਲਈ ਇਨ੍ਹਾਂ ਸਤਰਾਂ/ਸ਼ਬਦਾਂ ਦੇ ਸੰਦਰਭ ਵਿਚ ਇਹ ਪੰਨੇ ਅਗੇ ਪਿਛੇ ਹੋ ਸਕਦੇ ਹਨ।
8. ਬੰਦ ਵਾਲੇ ਹਿੰਦਸੇ ਉੱਤੇ ਦਿੱਤਾ 'ਐਸਟੈਰਿਕ' (*) ਦਾ ਨਿਸ਼ਾਨ (Asterik Mark) 'ਰਹਾਉ' ਵਾਲੇ ਬੰਦ ਦਾ ਲਖਾਇਕ ਹੈ। ਇਸ ਰਹਾਉ ਵਾਲੇ ਬੰਦ ਬਾਰੇ ਅੱਗੇ ਦਿੱਤੀਆਂ ਕੁੱਝ ਗੱਲਾਂ ਵਿਸ਼ੇਸ਼ ਧਿਆਨ ਯੋਗ ਹਨ। ਇਹ 'ਰਹਾਉ' ਵਾਲੇ ਬੰਦ 'ਸ਼ਬਦ' ਵਿਚ ਆਮ ਕਰਕੇ ਸ਼ਬਦ ਦੇ ਪਹਿਲੇ ਬੰਦ ਤੋਂ ਬਾਅਦ ਹੁੰਦਾ ਹੈ। ਕਈ ਵਾਰੀ ਇਹ ਸ਼ਬਦ ਦੇ ਆਰੰਭ ਉਤੇ ਵੀ ਆ ਜਾਂਦਾ ਹੈ ਅਤੇ ਕਈ ਵਾਰੀ ਇਕ ਸ਼ਬਦ ਵਿਚ ਇਸ ਦੀ ਗਿਣਤੀ ਇਕ ਤੋਂ ਵੱਧ ਵੀ ਹੁੰਦੀ ਹੈ। ਇਹ ਆਰੰਭਲੇ ਬੰਦ ਤੋਂ ਬਾਅਦ ਵੀ ਅਤੇ ਸ਼ਬਦ ਦੇ ਅਖ਼ੀਰ ਉਤੇ ਵੀ ਹੁੰਦਾ ਹੈ ਤੇ ਕਈ ਵਾਰੀ ਇਹ ਹਰ ਬੰਦ ਤੋਂ ਬਾਅਦ ਵੀ ਆ ਜਾਂਦਾ ਹੈ। ਪਹਿਲੇ 'ਰਹਾਉ' ਵਾਲੇ ਬੰਦ ਦਾ ਸੰਕੇਤ '੧' ਕਰਕੇ ਹੈ ਅਤੇ ਬਾਅਦ ਵਿਚ ਆਉਂਦੇ 'ਰਹਾਉ' ਵਾਲੇ ਬੰਦ ਜਿਸ ਸਾਧਾਰਨ ਬੰਦ ਪਿਛੋਂ ਵੀ ਆਏ ਹਨ, ਉਸ ਬੰਦ ਦੇ ਹਿੰਦਸੇ ਉਤੇ ਇਹ (*) ਨਿਸ਼ਾਨ ਲਾ ਕੇ ਦਰਸਾਇਆ ਗਿਆ ਹੈ। 'ਰਹਾਉ' ਵਾਲੇ ਬੰਦ ਵਿਚ ਤੁੱਕਾਂ ਦੀ ਗਿਣਤੀ ਵੀ ੧ ਤੋਂ ਲੈ ਕੇ ੪ ਤਕ ਘਟਦੀ ਵਧਦੀ ਹੈ।
9. ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 176 ਉਪਰ ਰਾਗੁ ਗਉੜੀ ਵਿਚ ਗੁਰੂ ਅਰਜਨ ਸਾਹਿਬ ਦੇ 70ਵੇਂ ਸ਼ਬਦ ਤੋਂ ਬਾਅਦ ਦੇ (ਨੰਬਰ ਰਹਿਤ) ਸ਼ਬਦ ਨੂੰ 71ਵਾਂ ਸ਼ਬਦ ਗਿਣ ਕੇ ਅਗਲੇ ਸ਼ਬਦ ਦੀ ਗਿਣਤੀ 71* ਕਰਕੇ ਗਿਣੀ ਗਈ ਹੈ। ਇਵੇਂ ਹੀ ਪੰਨਾ 200 ਉਪਰ ਸ਼ਬਦਾਂ ਦੀ ਸੰਚਿਤ ਗਿਣਤੀ 174 ਤੋਂ ਬਾਅਦ ਭਾਗ ਅੰਕ ਅਨੁਸਾਰ ਅਗਲੇ ਸ਼ਬਦ ਨੂੰ 201 ਪੰਨੇ ਉਪਰ 106 ਕਰਕੇ ਗਿਣਿਆ ਹੈ। ਇਨ੍ਹਾਂ ਦੁਬਾਰਾ ਆਉਂਦੇ ਅੰਕਾਂ ਉਪਰ ਵੀ * ਦਾ ਨਿਸ਼ਾਨ ਹੈ।

'ਸਵਯੇ ਮੁਖਵਾਕ ਮ : ਪ' ਵਿਚ ਵੀ 20 ਸਵੱਯਾਂ ਦੀ ਗਿਣਤੀ 1 ਤੋਂ 9 ਅਤੇ ਫਿਰ 1 ਤੋਂ 11 ਕਰਕੇ ਕੀਤੀ ਗਈ ਹੈ। ਦੂਜੀ ਗਿਣੰਤੀ ਦੇ ਸੰਕੇਤਕ ਅੰਕਾਂ ਉਪਰ ਵੀ * ਦਾ ਨਿਸ਼ਾਨ ਹੈ।

10. ਬੰਦ ਵਾਲੇ ਹਿੰਦਸੇ ਨਾਲ ਆਉਂਦਾ 'ਸ' ਅਤੇ 'ਡ' ਅੱਖਰ ਉਸ ਬੰਦ ਤੋਂ ਪਹਿਲਾਂ ਆਉਂਦੇ ਸਲੋਕ ਅਥਵਾ ਡਖਣੇ ਵਲ ਸੰਕੇਤ ਕਰਦਾ ਹੈ। ਛੰਤਾਂ ਵਿਚ, ਸੁਖਮਨੀ, ਬਾਵਨ ਅਖਰੀ ਆਦਿ ਬਾਣੀਆਂ ਵਿਚ ਇਹ ਸਲੋਕ ਆਮ ਹਨ।
11. ਕਾਵਿ-ਰੂਪ ਅਥਵਾ ਬਾਣੀ-ਨਾਮ ਦੇ ਸੰਕੇਤਕ ਸੰਖੇਪ-ਚਿੰਨ੍ਹ ਤੋਂ ਮਗਰੋਂ ਜੇ (:) ਨਾਲ ਨਿਖੇੜੇ ਹਿੰਦਸੇ ਆ ਜਾਂਦੇ ਹਨ ਤਾਂ ਉਸ ਦਾ ਭਾਵ ਹੈ ਕਿ ਉਸ ਕਾਵਿ-ਰੂਪ ਵਿਚ ਰਚੀ ਗਈ ਰਚਨਾ ਅਥਵਾ ਬਾਣੀ ਲਗਾਤਾਰ ਰਚਨਾ ਹੈ ਤੇ ਪਹਿਲਾ ਹਿੰਦਸਾ ਪਉੜੀ ਅਥਵਾ ਬੰਦ ਦੇ ਨੰਬਰ ਵਲ ਸੰਕੇਤ ਕਰਦਾ ਹੈ ਤੇ ਦੂਜਾ ਹਿੰਦਸਾ ਤੁਕ ਨੰਬਰ ਵਲ। ਇਸ ਤਰ੍ਹਾਂ ਦੇ ਸੰਕੇਤ ਜਪੁਜੀ, ਬਾਰਾਮਾਹ, ਵਾਰ, ਬਾਵਨ ਅਖਰੀ, ਪਟੀ, ਓਅੰਕਾਰ, ਸਿਧ-ਗੋਸਟ, ਅਨੰਦ ਸਾਹਿਬ ਦੀਆਂ ਲੰਮੀਆਂ ਬਾਣੀਆਂ ਵਿਚ ਆਉਂਦੇ ਹਨ।
12. 'ਵਾਰਾਂ' ਦੀ ਤਰਤੀਬ ਥੋੜ੍ਹੀ ਜਹੀ ਗੁੰਝਲਦਾਰ ਹੈ। ਇਸ ਲਈ ਇਨ੍ਹਾਂ ਵਿਚ ਤੁੱਕ ਦਾ ਹਵਾਲਾ ਥੋੜ੍ਹਾ ਜਿਹਾ ਵੱਖਰਾ ਹੋ ਜਾਂਦਾ ਹੈ। ਜਿਹਾ ਕਿ ਅਸੀਂ ਜਾਣਦੇ ਹਾਂ ਵਾਰਾਂ ਵਿਚ ਪਉੜੀਆਂ ਤਾਂ ਇਕੋ ਗੁਰੂ ਸਾਹਿਬ ਦੀਆਂ ਹਨ ਸਿਵਾਏ ਰਾਗ ਗਉੜੀ ਵਾਰ ਮ: ੪ ਵਿਚ ਪੰਜ ਅਤੇ ਸਾਰੰਗ ਤੇ ਮਲਾਰ ਰਾਗ ਦੀਆਂ ਵਾਰਾਂ ਵਿਚ ਗੁਰੂ ਅਰਜਨ ਸਾਹਿਬ ਦੀ ਇਕ ਇਕ ਪਉੜੀ ਹੈ। ਇਨ੍ਹਾਂ ਵਾਰਾਂ ਵਿਚ ਇਸ ਗੱਲ ਦਾ ਸੰਕੇਤ 'ਪਉੜੀ ਮ: ਪ' ਕਰਕੇ ਉਥੇ ਦਿੱਤਾ ਹੋਇਆ ਹੈ ਪਰ ਸਲੋਕ ਬਹੁਤ ਸਾਰੀਆਂ ਵਾਰਾਂ ਵਿਚ ਕਈ ਗੁਰੂ ਸਾਹਿਬਾਂ ਦੇ ਹਨ। ਇਸ ਲਈ ਸੰਕੇਤ ਨੂੰ ਵਧੇਰਾ ਨਿਸਚਿਤ ਅਤੇ ਵਿਗਿਆਨਿਕ ਬਣਾਉਣ ਲਈ ਇਹ ਵਿਧੀ ਅਪਣਾਈ ਗਈ ਹੈ :
    (1) ਜੇ 'ਤੁੱਕ' ਵਾਰ ਦੀਆਂ ਪਉੜੀਆਂ ਵਿਚ ਹੈ ਤਾਂ ਕਰਤਾ ਨੂੰ ਸੰਕੇਤਦੇ ਮੋਟੇ ਅੱਖਰਾਂ ਤੋਂ ਬਾਅਦ 'ਵਾਰ' ਲਿਖ ਕੇ ਕੋਲਨ (:) ਰਾਹੀਂ ਨਿਖੇੜੇ ਗਏ ਦੋ ਹਿੰਦਸਿਆਂ ਰਾਹੀਂ ਪਉੜੀ ਨੰਬਰ ਅਤੇ ਤੁਕ ਨੰਬਰ ਦਾ ਹਵਾਲਾ ਦਿੱਤਾ ਗਿਆ ਹੈ।
    (2) ਪਰ ਜੇ ਸ਼ਬਦ ਪਉੜੀ ਤੋਂ ਪਹਿਲਾਂ ਸਲੋਕਾਂ ਵਿਚ ਹੈ ਤਾਂ ਪਉੜੀ ਨੂੰ ਸੰਕੇਤਦੇ ਹਿੰਦਸੇ ਨਾਲ ਅੱਖਰ 'ਸ' ਪਾ ਦਿੱਤਾ ਗਿਆ ਹੈ।
    (3) 'ਸ' ਤੋਂ ਬਾਅਦ ਦਾ ਮੋਟਾ ਹਿੰਦਸਾ ਉਸ ਸਲੋਕ ਦੇ ਕਰਤਾ ਦਾ ਸੂਚਕ ਹੈ ਅਤੇ ਇਸ ਤੋਂ ਉਪਰੰਤ ਦੇ ਕੋਲਨ ਨਾਲ ਨਿਖੇੜੇ ਹਿੰਦਸੇ ਸਲੋਕ ਦੇ ਨੰਬਰ ਤੇ ਤੁੱਕ ਦੇ ਨੰਬਰ ਦਾ ਸੰਕੇਤ ਦਿੰਦੇ ਹਨ।
13. ਸਵੱਯੈ ਮ: ਪ ਵਿਚ ਭੱਟ 'ਕਲਸਹਾਰ' ਦੇ ਸਵੈਯਾਂ ਵਿਚ '9' ਤੋਂ ਬਾਅਦ ਆਉਂਦੇ ਤਿੰਨ, ਸਵੱਯੇ 10, 11, 12 ਕਰਕੇ ਗਿਣੇ ਗਏ ਹਨ।
14. ਗੁਰੂ ਗ੍ਰੰਥ ਸਾਹਿਬ ਵਿਚ ਆਉਂਦੀ ਅੰਤਲੀ ਰਚਨਾ 'ਰਾਗ ਮਾਲਾ' ਵਿਚ ਹਰ ਬੰਦ ਦੇ ਪਿਛੋਂ '1' ਦੀ ਗਿਣਤੀ ਹੈ। ਇਸ ਲਈ ਸੰਕੇਤ ਦੇਣ ਲਈ ਇਸ ਸਾਰੀ ਰਚਨਾ ਨੂੰ ਇਕ ਬੰਦ ਅਥਵਾ ਇਕ ਇਕਾਈ ਮੰਨ ਕੇ, ਇਸ ਦੀਆਂ ਤੁੱਕਾਂ ਦੀ ਗਿਣਤੀ ਮੁੱਢ ਤੋਂ ਹੀ ਲਈ ਗਈ ਹੈ।

ਇਸ ਵਿਧੀ ਨੂੰ ਸਪੱਸ਼ਟ ਕਰਨ ਲਈ ਕੁਝ ਉਦਾਹਰਣ ਹੇਠਾਂ ਦਿੱਤੇ ਜਾ ਰਹੇ ਹਨ :

(1) ਸੋ ਸੇਵਕੁ ਜਮ ਤੇ ਕੈਸਾ ਡਰੈ॥ – ਧਨਾ ੧, ੪, ੪ : ੪ – ੬੬੧

(2) ਪ੍ਰੇਮ ਕੀ ਸਾਰ ਸੋਈ ਜਾਣੈ ਜਿਸ ਨੋ **ਨਦਰਿ** ਤੁਮਾਰੀ ਜੀਉ ॥

– ਮਾਰੂ ੩, ਅਸ ੧, ੧* : ੩ – ੧੦੧੬

ਭਾਵ ਹੈ : 'ਇਹ ਤੁੱਕ (1) ਰਾਗ ਧਨਸਰੀ ਵਿਚ ਪਹਿਲੇ ਗੁਰੂ ਨਾਨਕ ਦੇਵ ਜੀ ਦੇ ਚੌਥੇ ਸ਼ਬਦ ਦੇ ਚੌਥੇ ਬੰਦ ਦੀ ਚੌਥੀ ਤੁੱਕ ਹੈ ਅਤੇ ਇਹ ਤੁੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 661 ਉਪਰ ਹੈ। ਦੂਜੀ (2) ਤੁੱਕ ਰਾਗ ਮਾਰੂ ਵਿਚ ਗੁਰੂ ਅਮਰਦਾਸ ਜੀ ਦੀ ਪਹਿਲੀ ਅਸਟਪਦੀ ਦੇ ਰਹਾਉ ਵਾਲੇ ਬੰਦ ਦੀ ਤੀਜੀ ਤੁੱਕ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1016 ਉਪਰ ਦਰਜ ਹੈ।

(1) ਇਕਿ ਆਪੇ **ਬਖਸਿ** ਮਿਲਾਇਅਨੁ ਦੁਬਿਧਾ ਤਜਿ ਵਿਕਾਰ॥

– ਵਡ ੪, ਵਾਰ ੨੧ ਸ, ੩, ੧ : ੪ – ੫੯੪

(2) ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦ॥ – ਗਉ ੪, ਵਾਰ ੫, ੩੧ : ੨ – ੩੧੬

ਭਾਵ ਹੈ : ਤੁੱਕ (1) ਰਾਗ ਵਡਹੰਸ ਦੀ ਗੁਰੂ ਰਾਮਦਾਸ ਜੀ ਦੀ ਵਾਰ ਦੀ 21ਵੀਂ ਪਉੜੀ ਤੋਂ ਪਹਿਲਾਂ ਆਉਂਦੇ ਗੁਰੂ ਅਮਰਦਾਸ ਸਾਹਿਬ ਦੇ ਪਹਿਲੇ ਸਲੋਕ ਦੀ ਚੌਥੀ ਤੁੱਕ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੇ ਪੰਨਾ

594 ਉਪਰ ਹੈ। ਦੂਜੀ ਤੁੱਕ (2) ਗਉੜੀ ਰਾਗ ਦੀ ਗੁਰੂ ਰਾਮ ਦਾਸ ਜੀ ਦੀ ਵਾਰ ਦੀ 31ਵੀਂ ਪਉੜੀ ਜੋ ਗੁਰੂ ਅਰਜਨ ਸਾਹਿਬ ਦੀ ਪਉੜੀ ਹੈ ਦੀ ਦੂਸਰੀ ਤੁੱਕ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੇ ਪੰਨਾ 316 ਉਪਰ ਹੈ।

(1) ਮੁਸਨ ਮਗਨ ਮਰੰਮ ਸਿਉ ਖੰਡ ਖੰਡ ਕਰਿ ਹਾਰ॥ – ਚਉ ੫, ੧੦ : ੨ – ੧੩੬੪

(2) ਕਿਆ ਹੰਸੁ ਕਿਆ ਬਗੁਲਾ ਜਾ ਕਉ **ਨਦਰਿ** ਧਰੇ॥ – ਸਲੋ **ਫਰ**, ੧੨੪ : ੧ – ੧੩੮੪

ਭਾਵ ਹੈ : ਤੁੱਕ (1) ਗੁਰੂ ਅਰਜਨ ਸਾਹਿਬ ਦੇ 10ਵੇਂ ਚਉਬੋਲੇ ਦੀ ਦੂਜੀ ਤੁੱਕ ਹੈ ਅਤੇ ਦੂਜੀ (2) ਤੁੱਕ ਸੇਖ ਫਰੀਦ ਜੀ ਦੇ 124ਵੇਂ ਸਲੋਕ ਦੀ ਪਹਿਲੀ ਤੁੱਕ ਹੈ ਜੋ ਕ੍ਰਮਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1364 ਅਤੇ 1384 ਉਪਰ ਹਨ।

(1) ਗੁਰ ਪ੍ਰਸਾਦਿ ਹਰਿ ਗੁਣ ਸਦ ਗਾਵਉ॥ – ਸਵ ੪, **ਕਲੁ**, ੧ : ੨ – ੧੩੯੬

ਭਾਵ ਹੈ : ਇਹ ਤੁੱਕ ਸਵੱਯੈ ਮ : ੪, ਵਿਚ ਭਟ 'ਕਲਸਹਾਰ' ਦੇ ਪਹਿਲੇ ਸਵਯੇ ਦੀ ਦੂਜੀ ਤੁੱਕ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1396 ਉਪਰ ਹੈ।

ਸੰਖੇਪ ਚਿੰਨ੍ਹਾਂ ਦੀ ਸੂਚੀ

ਤੁੱਕ-ਤਤਕਰੇ ਵਿਚ ਵਰਤੇ ਸੰਖੇਪ-ਚਿੰਨ ਇਸ ਪ੍ਰਕਾਰ ਹਨ :

(1) ਰਾਗ-ਨਾਮਾਂ ਲਈ ਵਰਤੇ ਸੰਖੇਪ-ਚਿੰਨ੍ਹ

ਸਾਰ	–	ਰਾਗ ਸਾਰੰਗ	ਧਨਾ	–	ਰਾਗ ਧਨਾਸਰੀ
ਸੋਰ	–	ਰਾਗ ਸੋਰਠਿ	ਨਟ	–	ਰਾਗ ਨਟ ਨਰਾਇਨ
ਕਲਿ	–	ਰਾਗ ਕਲਿਆਣ	ਪ੍ਰਭਾ	–	ਰਾਗ ਪ੍ਰਭਾਤੀ
ਕਾਨ	–	ਰਾਗ ਕਾਨੜਾ	ਬਸੰ	–	ਰਾਗ ਬਸੰਤ
ਕੇਦਾ	–	ਰਾਗ ਕੇਦਾਰਾ	ਬਿਹਾ	–	ਰਾਗ ਬਿਹਾਗੜਾ
ਗਉ	–	ਰਾਗ ਗਉੜੀ	ਬਿਲਾ	–	ਰਾਗ ਬਿਲਾਵਲ
ਗੂਜ	–	ਰਾਗ ਗੂਜਰੀ	ਬੈਰਾ	–	ਰਾਗ ਬੈਰਾੜੀ
ਜੈਜਾ	–	ਰਾਗ ਜੈਜਾਵੰਤੀ	ਭੈਰ	–	ਰਾਗ ਭੈਰਉ
ਜੈਤ	–	ਰਾਗ ਜੈਤਸਰੀ	ਮਲਾ	–	ਰਾਗ ਮਲਾਰ
ਤਿਲੰ	–	ਰਾਗ ਤਿਲੰਗ	ਮਾਲੀ	–	ਰਾਗ ਮਾਲੀ ਗਉੜਾ
ਤੁਖਾ	–	ਰਾਗ ਤੁਖਾਰੀ	ਰਾਮ	–	ਰਾਗ ਰਾਮਕਲੀ
ਦੇਵ	–	ਰਾਗ ਦੇਵਗੰਧਾਰੀ	ਵਡ	–	ਰਾਗ ਵਡਹੰਸ

(2) ਕਰਤਾ ਸੂਚਕ ਅੰਕ-ਚਿੰਨ੍ਹ ਤੇ ਸੰਖੇਪ-ਚਿੰਨ੍ਹ

(ਅੰਕ ਕ੍ਰਮ ਅਥਵਾ ਅੱਖਰ-ਕ੍ਰਮ ਅਨੁਸਾਰ)

(ੳ) ਗੁਰੂ ਸਾਹਿਬ

1.	ਗੁਰੂ ਨਾਨਕ ਦੇਵ	4.	ਗੁਰੂ ਰਾਮ ਦਾਸ
2.	ਗੁਰੂ ਅੰਗਦ ਦੇਵ	5.	ਗੁਰੂ ਅਰਜਨ ਦੇਵ
3.	ਗੁਰੂ ਅਮਰ ਦਾਸ	6.	ਗੁਰੂ ਤੇਗ ਬਹਾਦਰ

(ਅ) ਭਗਤ ਜਨ

ਸਧ	–	ਭਗਤ ਸਧਨਾਂ ਜੀ	ਪਰ	–	ਭਗਤ ਪਰਮਾਨੰਦ ਜੀ
ਸੁੰਦ	–	ਬਾਬਾ ਸੁੰਦਰ ਜੀ	ਪੀਪਾ	–	ਭਗਤ ਪੀਪਾ ਜੀ
ਸੁਰ	–	ਭਗਤ ਸੂਰਦਾਸ ਜੀ	ਫਰ	–	ਸ਼ੇਖ ਬਾਬਾ ਫਰੀਦ ਜੀ
ਸੈਣ	–	ਭਗਤ ਸੈਣ ਜੀ	ਬਸ	–	ਬਲਵੰਤ ਸਤਾ ਜੀ
ਕਬ	–	ਭਗਤ ਕਬੀਰ ਜੀ	ਬੇਣੀ	–	ਭਗਤ ਬੇਣੀ ਜੀ
ਜੈਦੇ	–	ਭਗਤ ਜੈਦੇਵ ਜੀ	ਭੀਖ	–	ਭਗਤ ਭੀਖਣ ਜੀ
ਤ੍ਰਿਲੋ	–	ਭਗਤ ਤ੍ਰਿਲੋਚਨ ਜੀ	ਮਰ	–	ਮਰਦਾਨਾ ਜੀ
ਧੰਨਾ	–	ਭਗਤ ਧੰਨਾ ਜੀ	ਰਵਿ	–	ਭਗਤ ਰਵਿਦਾਸ ਜੀ
ਨਾਮ	–	ਭਗਤ ਨਾਮਦੇਵ ਜੀ	ਰਾਮਾ	–	ਭਗਤ ਰਾਮਾਨੰਦ ਜੀ

(ੲ) ਭੱਟ ਜਨ

ਸਲ	–	ਸਲਯ	ਕੀਰ	–	ਕੀਰਤ
ਹਰਿ	–	ਹਰਿਬੰਸ	ਗਯੰ	–	ਗਯੰਦ
ਕਲ	–	ਕਲਸਹਾਰ	ਜਾਲ	–	ਜਾਲਪੁ
			ਮਥੁ	–	ਮਥੁਰਾ

(3) ਬਾਣੀਆਂ ਦੇ ਨਾਵਾਂ ਤੇ ਕਾਵਿ ਰੂਪਾਂ ਦੇ ਸੰਖੇਪ-ਚਿੰਨ੍ਹ ਬਾਣੀ-ਨਾਮ ਸੰਖੇਪ-ਚਿੰਨ੍ਹ ਵੇਰਵਾ

(ਅੱਖਰ-ਕ੍ਰਮ ਅਨੁਸਾਰ)

ਓਅੰ	–	ਓਅੰਕਾਰ	ਚਉ	–	ਚਉਬੋਲੇ
ਅਨੰ	–	ਅਨੰਦ	ਡ	–	ਡਖਣਾ
ਅਲ	–	ਅਲਾਹਣੀਆਂ	ਦਿਨ	–	ਦਿਨ ਰੈਣਿ
ਸਸ	–	ਸਲੋਕ ਸਹਸਕ੍ਰਿਤੀ	ਪਹ	–	ਪਹਿਰੇ
ਸਿਗੋ	–	ਸਿਧ-ਗੋਸਟਿ	ਫੁਨ	–	ਫੁਨਹੇ
ਸੁਖ	–	ਸੁਖਮਨੀ	ਬਾਅ	–	ਬਾਵਨ ਅਖਰੀ
ਸੂਚ	–	ਸੂਚਜੀ	ਬਾਰਾ	–	ਬਾਰਾ ਮਾਹ
ਸੋਹ	–	ਸੋਹਲਾ	ਬਿਰ	–	ਬਿਰਹੜੇ
ਸੋਦ	–	ਸੋਦਰ	ਮੁੰਦਾ	–	ਮੁੰਦਾਵਣੀ
ਸੋਪੁ	–	ਸੋ ਪੁਰਖ	ਰਾਗ	–	ਰਾਗਮਾਲਾ
ਕਰ	–	ਕਰਹਲੇ	ਵਣ	–	ਵਣਜਾਰਾ
ਕੁਚ	–	ਕੁਚਜੀ	ਵਾ	–	ਸਤਵਾਰ

(4) ਕਾਵਿ-ਰੂਪ ਸੰਖੇਪ ਚਿੰਨ੍ਹ ਵੇਰਵਾ

ਅਸ	–	ਅਸਟਪਦੀ	ਸਮੁ	–	ਸਵੱਯੈ ਮੁਖਬਾਕ
ਸ	–	ਸਲੋਕ	ਸਵ	–	ਸਵੱਯੈ
ਸਲੋ	–	ਸਲੋਕ ਵਾਰਾਂ ਤੋਂ ਵਧੀਕ	ਸੋਲਾ	–	ਸੋਲਹਾ

(5) ਪੁਸਤਕ ਸੰਖੇਪ-ਚਿੰਨ੍ਹ ਵੇਰਵਾ

ਸੰਥਿਆ	ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ	*-ਭਾਈ ਵੀਰ ਸਿੰਘ*
ਸਾਰ ਵਿਸਤਾਰ	ਸ੍ਰੀ ਗੁਰੂ ਗ੍ਰੰਥ ਸਾਰ ਵਿਸਤਾਰ	*-ਪ੍ਰਿੰ. ਸਤਿਬੀਰ ਸਿੰਘ*
ਕੋਸ਼	ਸ੍ਰੀ ਗੁਰੂ ਗ੍ਰੰਥ ਕੋਸ਼	*-ਭਾਈ ਵੀਰ ਸਿੰਘ*
ਗਿਰਾਰਥ ਕੋਸ਼	ਸ੍ਰੀ ਗੁਰੂ ਗਿਰਾਰਥ ਕੋਸ਼	*-ਪੰਡਤ ਤਾਰਾ ਸਿੰਘ ਨਰੋਤਮ*
ਦਰਪਣ	ਗੁਰੂ ਗ੍ਰੰਥ ਸਾਹਿਬ ਦਰਪਣ	*-ਪ੍ਰੋ. ਸਾਹਿਬ ਸਿੰਘ*
ਨਿਰਣੈ	ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ-ਨਿਰਣੈ	*-ਭਾਈ ਹਰਬੰਸ ਸਿੰਘ*
ਬਾਣੀ ਪ੍ਰਕਾਸ਼	ਸ੍ਰੀ ਗੁਰੂ ਬਾਣੀ ਪ੍ਰਕਾਸ਼	*-ਸੋਢੀ ਤੇਜਾ ਸਿੰਘ*
ਮਹਾਨ ਕੋਸ਼	ਗੁਰ ਸ਼ਬਦ ਰਤਨਾਕਰ ਮਹਾਨ ਕੋਸ਼	*-ਭਾਈ ਕਾਨ੍ਹ ਸਿੰਘ*

ਤ

ਤ — 1. ਤਦ
"ਨਾਨਕ ਹੁਕਮੈ ਜੇ ਬੁਝੈ **ਤ** ਹਉਮੈ ਕਹੈ ਨ ਕੋਇ।"
— ਜਪੁ **੧**, ੨ : ੬ (1)
"ਜੇ ਧਨ ਕੰਤਿ ਨ ਭਾਵਈ **ਤ** ਸਭਿ ਅਡੰਬਰ ਕੂੜੁ।" — ਸਿਰੀ **੧**, ੧੩, ੪ : ੩ (19)
2. ਜੇ, ਜੇਕਰ
"ਮੋਤੀ **ਤ** ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ।" — ਸਿਰੀ **੧**, ੧, ੧ : ੧ (14)
(ਮਹਾਨਕੋਸ਼ 'ਇਥੇ ਅਰਥ ਤੋਂ' ਕਰਦਾ ਹੈ)
3. ਤਾਂ
"ਜੋਗੀ **ਤ** ਆਸਣੁ ਕਰਿ ਬਹੈ ਮੁਲਾ ਬਹੈ ਮੁਕਾਮਿ।"
— ਸਿਰੀ **੧**, ਅਸ ੧੭, ੨ : ੧ (64)
"ਨਾਨਕ ਬਖਸੇ ਬਖਸੀਅਹਿ ਨਾਹਿ **ਤ** ਪਾਹੀ ਪਾਹਿ।"
— ਮਾਝ **੧**, ਵਾਰ ੨੪ਸ, **੧**, ੧ : ੩ (149)
4. ਤੇ, ਅਤੇ
"ਆਵਣੁ **ਤ** ਜਾਣਾ ਤਿਨਹਿ ਕੀਆ ਜਿਨਿ ਮੇਦਨਿ ਸਿਰਜਿਆ।"
— ਬਿਹਾ **੫**, ੧, ੧ : ੩ (542)
"ਦੁਸਮਨੁ **ਤ** ਦੂਖੁ ਨ ਲਗੈ ਮੂਲੇ ਪਾਪੁ ਨੇੜਿ ਨ ਆਵਏ।"
— ਵਡ **੧**, ਛੰਤ ੨, ੪ : ੫ (567)
5. ਕੇਵਲ, ਸਿਰਫ
"ਜਪਹਿ **ਤ** ਸਾਚਾ ਏਕੁ ਮੁਰਾਰੇ।"
— ਵਡ **੧**, ਛੰਤ ੨, ੫ : ੩ (567)
"ਜਪਹੁ **ਤ** ਏਕੋ ਨਾਮਾ।"
— ਸੂਹੀ **੧**, ੧, ੧* : ੧ (728)

ਤਉ — 1. ਫਾ. ਭੋਤ, ਤੈਨੂੰ
"ਜੋ **ਤਉ** ਭਾਵੈ ਸੋਈ ਥੀਸੀ ਜੋ ਤੂੰ ਦੇਹਿ ਸੋਈ ਹਉ ਪਾਈ।" — ਆਸਾ **੪**, ਸੋਪੁ ੨, ੧* : ੨ (11)
"**ਤਉ** ਭਾਣਾ ਤਾਂ ਤ੍ਰਿਪਤਿ ਅਘਾਇ ਰਾਮ।"
— ਵਡ **੫**, ਛੰਤ ੧, ੩ : ੧ (577)
2. ਤਾਂ, ਤਦ
"ਕਰਿ ਚਾਨਣੁ ਸਾਹਿਬ **ਤਉ** ਮਿਲੈ।"
— ਸਿਰੀ **੧**, ੩੩, ੨* : ੨ (25)
"ਨਾਨਕ **ਤਉ** ਮੋਖੰਤਰੁ ਪਾਹਿ।"
— ਆਸਾ **੧**, ਵਾਰ ੧੩ਸ, ੧, ੨ : ੬ (470)
3. ਤੂੰ, ਤੈਂ ਨੇ
"ਜੋ **ਤਉ** ਕੀਨੇ ਆਪਣੇ ਤਿਨਾ ਕੂੰ ਮਿਲਿਓਹਿ।"
— ਸਿਰੀ **੫**, ਛੰਤ ੩, ੪੩ : ੧ (81)
"ਜੀਉ ਮਹਿੰਜਾ **ਤਉ** ਮੋਹਿਆ ਕਦਿ ਪਸੀ ਜਾਨੀ ਤੋਹਿ।"
— ਮਾਰੂ **੫**, ਵਾਰ ੨ਸ, ੫, ੧ : ੨ (1094)
4. ਤੇਰੀ
"**ਤਉ** ਕੁਦਰਤਿ ਕੀਮਤਿ ਨਹੀ ਪਾਇ।"
— ਗਉ **੧**, ੩, ੧* : ੨ (152)
"**ਤਉ** ਕਿਰਪਾ ਤੇ ਮਾਰਗੁ ਪਾਈਐ।"
— ਗਉ **੫**, ੮੩, ੧ : ੧ (180)
"**ਤਉ** ਕਾਰਣਿ ਸਾਹਿਬਾ ਰੰਗਿ ਰਤੇ।" (ਤੇਰੇ ਸਦਕਾ) — ਆਸਾ **੧**, ੩੩, ੧* : ੧ (358)
5. ਉਸ, ਤਿਸ
"**ਤਉ** ਗੁਣ ਪਛਾਣਹਿ ਤਾ ਪ੍ਰਭੁ ਜਾਣਹਿ ਗੁਣਹ ਵਸਿ ਅਵਗਣ ਨਸੈ।"
— ਆਸਾ **੧**, ਛੰਤ ੧, ੨ : ੪ (436)
"ਜਾ ਕੈ ਪ੍ਰੇਮਿ ਪਦਾਰਥੁ ਪਾਈਐ **ਤਉ** ਚਰਣੀ ਚਿਤੁ ਲਾਈਐ।"
— ਤਿਲੰ **੧**, ੪, ੩ : ੩ (722)
6. ਤਾਂ
"ਸਕਰ ਖੰਡੁ ਮਾਇਆ ਤਨਿ ਮੀਠੀ ਹਮ **ਤਉ** ਪੰਡ ਉਚਾਈ ਰੇ।"
— ਗਉ **੧**, ੧੬, ੨ : ੧ (156)
"ਉਆ ਕਾ ਮਰਮੁ ਓਹੀ ਪਰੁ ਜਾਨੈ ਓਹੁ **ਤਉ** ਸਦਾ ਅਬਿਨਾਸੀ।"

— ਗਉ **ਕਬ**, ੫੨, ੪ : ੨ (334)
"**ਤਉ** ਭੀ ਮੇਰਾ ਮਨੁ ਨ ਪਤੀਆਰਾ।"
— ਆਸਾ **੫**, ੧੧, ੧ : ੨ (373)
"ਮੈ **ਤਉ** ਮੋਲਿ ਮਹਗੀ ਲਈ ਜੀਅ ਸਟੈ।"
— ਧਨਾ **ਰਵਿ**, ੨, ੧* : ੨ (694)
7. ਤਾਂ ਵੀ, ਫਿਰ ਵੀ
"**ਤਉ** ਨ ਪੁਜਹਿ ਹਰਿ ਕੀਰਤਿ ਨਾਮਾ।"
— ਗੋਂਡ **ਨਾਮ** ੧, ੧* : ੧ (873)
8. ਤੇਰੇ ਕੋਲ
"**ਤਉ** ਮੈ ਆਇਆ ਸਰਨੀ ਆਇਆ।"
— ਸੂਹੀ **੫**, ੪੬, ੧* : ੧ (746)

ਤਉਕਿਆ — ਛਿੜਕਿਆ, ਤ੍ਰੌਂਕਿਆ
"ਬਲਤੌ ਜਲਤੌ **ਤਉਕਿਆ** ਗੁਰ ਚੰਦਨੁ ਸੀਤਲਾਇਓ।" — ਗਉ **੫**, ੧੪, ੧ : ੧ (241)

ਤਉਕੁ — (ਅ. (ਤੌਕ) ਲੋਹੇ ਦਾ ਪਟਾ ਜੋ ਕੈਦੀਆਂ ਦੇ ਗਲੇ ਵਿਚ ਪਾਂਦੇ ਹਨ
"ਤੇਰੇ ਗਲਹਿ **ਤਉਕੁ** ਪਗ ਬੇਰੀ।"
— ਗਉ **ਕਬ**, ੫, ੨ : ੧ (655)

ਤਉਪਰਿ — ਤਾਂਹੀ, ਤਦ ਹੀ
"ਘੂੰਘਟੁ ਤੇਰੋ **ਤਉਪਰਿ** ਸਾਚੈ।"
— ਆਸਾ **ਕਬ**, ੩੪, ੩ : ੧ (484)

ਤਊ — 1. ਤਦ
"ਡੀਗਨ ਡੋਲਾ **ਤਊ** ਲਉ ਜਉ ਮਨ ਕੇ ਭਰਮਾ।"
— ਆਸਾ **੫**, ੧੧੯, ੧ : ੧ (400)
2. ਤਾਂ ਭੀ
"ਲੁੰਜਿਤ ਮੁੰਜਿਤ ਮੋਨਿ ਜਟਾਧਰ ਅੰਤਿ **ਤਊ** ਮਰਨਾ।" — ਆਸਾ **ਕਬ**, ੫, ੧ : ੨ (476)
"ਕਉਰਾਪਨੁ **ਤਊ** ਨ ਜਾਈ।"
— ਸੋਰ **ਕਬ**, ੮, ੨ : ੨ (656)
3. ਤੈਨੂੰ
"ਸੂਕਰ ਕੂਕਰ ਜੋਨਿ ਭ੍ਰਮੇ **ਤਊ** ਲਾਜ ਨ ਆਈ।"
— ਧਨਾ **ਕਬ**, ੫, ੩ : ੧ (692)
4. ਤੇਰੀਆਂ
"ਸਹੀਆ **ਤਊ** ਅਸੰਖ ਮੰਞਹੁ ਹਭਿ ਵਧਾਣੀਆ।"
— ਸੂਹੀ **੫**, ਅਸ ੪, ੬ : ੧ (761)
"ਨੀਹੁ ਮਹਿੰਜਾ **ਤਊ** ਨਾਲਿ ਬਿਆ ਨੇਹ ਕੂੜਾਵੇ ਡੇਖੁ।" (ਤੇਰੇ)
— ਮਾਰੂ **੫**, ਵਾਰ ੧੫ਸ, **੫**, ੨ : ੧ (1094)

ਤਈ — (ਅਰ — ਤਅਈਨ) ਤਿਆਰ
"ਘੜਿ ਭਾਂਡੇ ਜਿਨਿ ਆਵੀ ਸਾਜੀ ਚਾੜਣ ਵਾਹੈ **ਤਈ** ਕੀਆ।"
(ਮਹਾਨਕੋਸ਼ ਇਥੇ ਅਰਥ ਤਪਾਇਆ ਕਰਦਾ ਹੈ।) — ਆਸਾ **੧**, ਪਟੀ ੭ : ੨ (432)
"ਅਜਰਾਈਲੁ ਫਰੇਸਤਾ ਹੋਸੀ ਆਇ **ਤਈ**।"
(ਤਿਆਰ ਮੁਕਰਰ)
— ਰਾਮ **੩**, ਵਾਰ ੧੩ਸ, **੧**, ੨ : ੪ (953)

ਤਈਆਰੁ — ਤਿਆਰ
"ਲੈ ਲੈ ਦਾਤ ਪਹੁਤਿਆ ਲਾਵੇ ਕਰਿ **ਤਈਆਰੁ**।"
— ਸਿਰੀ **੫**, ੭੪, ੨ : ੨ (43)

ਤਸ — 1. ਤੈਸਾ, ਤਿਹੋ ਜਿਹਾ
"ਜਸ ਓਹੁ ਹੈ **ਤਸ** ਲਖੈ ਨ ਕੋਈ।"
— ਗਉ **ਕਬ**, ਬਾਅ, ੨ : ੪ (340)
2. ਤਿਸ ਦਾ, ਉਸ ਦਾ
"ਜਸ ਅਦੇਖਿ **ਤਸ** ਰਾਖਿ ਬਿਚਾਰਾ।"
— ਗਉ **ਕਬ**, ਬਾਅ ੨੪ : ੨ (341)

ਤਸਕਰ — (ਸੰ. तस्कर) 1. ਚੋਰ
"ਵੇਮੁਖ ਹੋਇ ਰਾਮ ਤੇ ਜਿਉ **ਤਸਕਰ** ਉਪਰਿ ਸੂਲਿ।"
— ਗਉ **੫**, ਵਾਰ ੭ਸ, **੫**, ੨ : ੨ (319)
"**ਤਸਕਰ** ਪੰਚ ਸਬਦਿ ਸੰਘਾਰੇ।" (ਭਾਵ ਕਾਮਾਦਿਕ ਚੋਰ)— ਰਾਮ **੧**, ਅਸ ੩, ੫:੨ (904)

ਹੋਰ ਰੂਪ — ਤਸਕਰਹ —
"ਜਿਤਤੇ ਬਿਸ੍ਰੰ ਸੰਸਾਰਹ ਨਾਨਕ ਵਸ੍ਰੰ ਕਰੋਤਿ ਪੰਚ **ਤਸਕਰਹ**।"
— ਸਸ **੫**, ੨੯ : ੫ (1356)

ਤਸਕਰਾ —
"ਖੀਨ ਭਏ ਸਭਿ **ਤਸਕਰਾ** ਗੁਰਮੁਖਿ ਜਨੁ ਜਾਗੈ।"
— ਆਸਾ **੫**, ੧੧੪, ੧* : ੨ (399)

ਤਸਕਰੁ —
"ਘਰ ਮਹਿ ਅੰਮ੍ਰਿਤ **ਤਸਕਰੁ** ਲੇਈ।"
— ਗਉ **੧**, ਅਸ ੨, ੨ : ੧ (221)

ਤਸਕਰੈ —
"ਹਰਿ ਧਨੁ ਨਿਰਭਉ ਸਦਾ ਸਦਾ ਅਸਥਿਰੁ ਹੈ

ਸਾਚਾ ਇਹੁ ਹਰਿਧਨੁ ਅਗਨੀ **ਤਸਕਰੈ** ਪਾਣੀਐ ਜਮਦੂਤੈ ਕਿਸੈ ਕਾ ਗਵਾਇਆ ਨ ਜਾਈ।" — ਸੂਹੀ **੪**, ੧੦, ੪ : ੧ (734)

2. ਠਗ

"ਏਕੁ ਗਿਰਹੁ ਦਸ ਦੁਆਰ ਹੈ ਜਾ ਕੇ ਅਹਿਨਿਸਿ **ਤਸਕਰ** ਪੰਚ ਚੋਰ ਲਗਈਆ।"

— ਬਿਲਾ **੪**, ਅਸ ੧, ੨ : ੧ (833)

ਹੋਰ ਰੂਪ — ਤਸਕਰੁ —

"ਇਸੁ ਧਨ ਕਉ **ਤਸਕਰੁ** ਜੋਹਿ ਨ ਸਕਈ ਨ ਉਚਕਾ ਲੈ ਜਾਇ।"

— ਗੂਜ **੩**, ਵਾਰ ੭ਸ, **੩**, ੨ : ੨ (511)

ਤਸਬੀ — (ਅ. ਤਸ਼ਬੀਹ) ਮਾਲਾ ਜਿਸ ਦੇ 101 ਮਨਕੇ ਹੁੰਦੇ ਹਨ

"**ਤਸਬੀ** ਸਾ ਤਿਸੁ ਭਾਵਸੀ ਨਾਨਕ ਰਖੈ ਲਾਜ।"

— ਮਾਝ **੧**, ਵਾਰ ੭ਸ, **੧**, ੧ : ੪ (140)

ਤਸਵੀਸ — (ਅ. ਤਸ਼ਵੀਸ਼) ਘਬਰਾਹਟ, ਸੋਚ, ਚਿੰਤਾ

"ਨਾ **ਤਸਵੀਸ** ਖਿਰਾਜੁ ਨ ਮਾਲੁ।"

— ਗਉ **ਰਵਿ**, ੨, ੧ : ੩ (345)

ਤਸਿ — ਤਿਸ ਦਾ

"ਨਿਹਫਲੰ **ਤਸਿ** ਜਨਮਸਿ ਜਾਵਤੁ ਬ੍ਰਹਮ ਨ ਬਿੰਦਤੇ।"

— ਮਾਝ **੧**, ਵਾਰ ੨੩ਸ, **੨**, ੨ : ੧ (148)

ਤਸੂ — ਜਰ੍ਹਾ/ਥੋੜਾ/ਤਨਿਕ ਵੀ

"ਜਾ ਕਾ **ਤਸੂ** ਨਹੀ ਸੰਗਿ ਚਾਲੈ।"

— ਗਉ **੫**, ਬਾਅ ੨੯ : ੪ (256)

ਤਸੂਆ — ਰਤਾ/ਜਰਾ/ਥੋੜਾ ਵੀ

"ਜੋ ਜਾਨਹਿ ਤੂੰ ਅਪੁਨੇ ਕਾਜੈ ਸੋ ਸੰਗਿ ਨ ਚਾਲੈ ਤੇਰੈ **ਤਸੂਆ**।" — ਗਉ **੫**, ੧੨੭*, ੧ : ੧ (206)

ਤਸੵ — ਉਸ ਦਾ

"ਨਿਹਫਲੰ **ਤਸੵ** ਜਨਮਸੵ ਜਾਵਦ ਬ੍ਰਹਮ ਨ ਬਿੰਦਤੇ।"

— ਸਸ **੧**, ੨ : ੧ (1353)

ਤਹ — 1. ਉਥੇ

"ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ **ਤਹ** ਡੂਬੀਅਲੇ।" — ਆਸਾ **੧**, ਸੋਪੁ ੩, ੧ : ੨ (12)

2. ਉਸ

"ਲਪਟਿ ਰਹਿਓ **ਤਹ** ਅੰਧ ਅੰਧਾਰੁ।"

— ਗਉ **੫**, ਸੁਖ ੫, ੩ : ੬ (268)

"**ਤਹ** ਬਿਖੜੇ ਥਾਨ ਅਨਿਕ ਖਿੜ ਕੀਆ।" (ਉਸ ਬਿਖੜੇ ਥਾਂ)

— ਰਾਮ **੫**, ੧੨, ੪ : ੨ (886)

"ਸੁੰਨ ਸਮਾਧਿ ਗੁਫਾ **ਤਹ** ਆਸਨੁ।" (ਉਨ੍ਹਾਂਦਾ)

— ਰਾਮ **੫**, ੩੫, ੩ : ੧ (894)

3. ਤਾਂ, ਤਦ

"**ਤਹ** ਬਿਨੁ ਮੈਲੁ ਕਹਹੁ ਕਿਆ ਧੋਤਾ।"

....

"**ਤਹ** ਕਉਨ ਕਉ ਮਾਨ ਕਉਨ ਅਭਿਮਾਨ।"

— ਗਉ **੫**, ਸੁਖ ੨੧, ੪ : ੨;੪ (291)

"**ਤਹ** ਬੇਦ ਕਤੇਬ ਕਹਾ ਕੋਊ ਚੀਨ।"

— ਗਉ **੫**, ਸੁਖ ੨੧, ੫ : ੪ (291)

ਤਹਕੀਕ — (ਫ. ਤਹਕੀਕ) ਨਿਸਚਿਤ, ਯਕੀਨਨ

"ਦੁਨੀਆ ਮੁਕਾਮੇ ਫਾਨੀ **ਤਹਕੀਕ** ਦਿਲ ਦਾਨੀ।"

— ਤਿਲੰ **੧**, ੧, ੧* : ੧ (721)

ਤਹਾ — 1. ਉਸ ਥਾਂ, ਉਥੇ

"ਜਹ ਸਤਿਗੁਰੁ **ਤਹਾ** ਹਉਮੈ ਸਬਦਿ ਜਲਾਈ।"

— ਗਉ **੩**, ੨੮, ੨ : ੩ (160)

ਹੋਰ ਰੂਪ — ਤਹਾਂ —

"ਨਾਨਕ ਬਧਾ ਘਰੁ **ਤਹਾਂ** ਜਿਥੈ ਮਿਰਤੁ ਨ ਜਨਮੁ ਜਰਾ।"

— ਸਿਰੀ **੫**, ੭੬, ੪ : ੩ (44)

2. ਉਸ ਨਾਲ

"ਛਾਡਿ ਛਾਡਿ ਸਗਲੀ ਗਈ ਮੂੜ **ਤਹਾ** ਲਪਟਾਹਿ।"

— ਗਉ **੫**, ਬਾਅ ੧੯ : ੬ (254)

ਤਹਿਜਾ — ਤੇਰਾ

"ਨਾਨਕ ਮਨ ਹੀ ਮੰਝਿ ਰੰਗਾਵਲਾ ਪਿਰੀ **ਤਹਿਜਾ** ਨਾਉ।"

— ਮਾਰੂ **੫**, ਵਾਰ ੧੧ਸ, **੫**, ੧ : ੨ (1098)

ਤਹਿੰਜੀ — ਤੇਰੇ

"ਜੇ ਭੁਲੀ ਜੇ ਚੁਕੀ ਸਾਈਂ ਭੀ **ਤਹਿੰਜੀ** ਕਾਢੀਆ।"

— ਸੂਹੀ **੫**, ਅਸ ੪, ੧ : ੧ (761)

ਤਹੀ — 1. ਉਸੇ ਥਾਂ, ਉਥੇਹੀ

"**ਤਹੀ** ਨਿਰੰਜਨੁ ਰਹਿਆ ਸਮਾਈ।"

— ਗਉ **੧**, ਅਸ ੨, ੭ : ੨ (221)

2. ਤਦ ਹੀ, ਤਦੋਂ ਹੀ
"ਜਹ ਪ੍ਰਭ ਸਿਮਰੇ **ਤਹੀ** ਮਨੁ ਮਾਨਿਆ।"
— ਗਉ **੧**, ਅਸ ੯, ੧ : ੩ (224)

3. ਉਥੇ
"ਚਮਕਾਰ ਬੀਜੁਲ **ਤਹੀ**।"
— ਸੋਰ **ਨਾਮ**, ੧, ੩ : ੨ (657)

4. ਉਸੇ ਨਾਲ
"ਜੋ ਤੂ ਦੇਹਿ **ਤਹੀ** ਇਹੁ ਤ੍ਰਿਪਤੈ ਆਨ ਨ ਕਤਹੂ ਧਾਵਉ।" — ਟੋਡੀ **੫**, ੫, ੨ : ੨ (713)

5. ਉਸ ਨੂੰ
"ਜੇ ਘਰਿ ਹੋਦੈ ਮੰਗਣਿ ਜਾਈਐ ਫਿਰਿ ਓਲਾਮਾ ਮਿਲੈ **ਤਹੀ**।"
— ਰਾਮ **੧**, ਅਸ ੧, ੮ : ੨ (903)

ਤਕਉ — ਵੇਖਦਾ ਹਾਂ
"ਸਰਬ ਚਿੰਤ ਤੁਝੁ ਪਾਸਿ ਸਾਧ ਸੰਗਤਿ ਹਉ **ਤਕਉ**।" (ਭਾਵ ਲੈਂਦਾ ਹਾਂ ਸਾਧ ਸੰਗਤ ਦਾ ਆਸਰਾ) — ਸਵ **੩**, ੧੮ : ੨ (1395)

ਤਕਹਿ — ਤਕਦੇ ਹਨ
"ਸਾਝ ਬਿਹਾਗ **ਤਕਹਿ** ਆਗਾਸੁ।"
— ਗਉ **੧**, ੬, ੩ : ੩ (152)
"**ਤਕਹਿ** ਨਾਰਿ ਪਰਾਈਆ ਲੁਕਿ ਅੰਦਰਿ ਠਾਣੀ।" (ਟਕ ਲਾ ਕੇ ਵੇਖਣਾ)
— ਗਉ **੪**, ਵਾਰ ੨੭ : ੨ (315)

ਤਕਬੀਰ — (ਅ.ਤਕਬੀਰ) ਰਬ ਦੀ ਵਡਿਆਈ ਕਰਕੇ ਉਸ ਨੂੰ ਯਾਦ ਕਰਨਾ, ਮ੍ਰਿਤ ਸਰੀਰ ਤੇ 'ਰਾਮ ਨਾਮ ਸਤ' ਦੀ ਧੁਨੀ ਅਥਵਾ ਕਲਮਾ ਪੜ੍ਹਨਾ ਭਾਵ ਮ੍ਰਿਤਕ ਪ੍ਰਾਣੀ ਲਈ ਪ੍ਰਾਰਥਨਾ, ਉਹ ਨਮਾਜ਼ ਜੋ ਮੁਰਦੇ ਨੂੰ ਦਫਨ ਕਰਨ ਲਗਿਆਂ ਪੜ੍ਹਦੇ ਹਨ
"ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ **ਤਕਬੀਰ**।" — ਤਿਲੰ **੧**, ੧, ੨ : ੨ (721)

ਤਕੜੀ — ਤਰਾਜ਼ੂ, ਕੰਡਾ
"ਬਿਨੁ **ਤਕੜੀ** ਤੋਲੈ ਸੰਸਾਰਾ।"
— ਮਾਝ **੩**, ਅਸ ੩, ੧ : ੨ (110)

ਤਕੜੇ — ਦ੍ਰਿੜ, ਮਜ਼ਬੂਤ, ਤਾਕਤਵਰ
"ਇਕ ਰਤੀ ਬਿਲਮ ਨ ਦੇਵਨੀ ਵਣਜਾਰਿਆ ਮਿਤ੍ਰਾ ਓਨੀ **ਤਕੜੇ** ਪਾਏ ਹਾਥ।"
— ਸਿਰੀ **੫**, ਪਹ ੪, ੫ : ੨ (78)

ਤਕਾ — ਵੇਖਾਂ
"ਘਰਿ ਆਪਨੜੈ ਖੜੀ **ਤਕਾ** ਮੈ ਮਨਿ ਚਾਉ ਘਨੇਰਾ ਰਾਮ।" (ਭਾਵ ਉਡੀਕਾਂ)
— ਸੂਹੀ **੧**, ਛੰਤ ੩, ੧ : ੨ (764)

ਤਕੀ — ਵੇਖੀ, ਢੂੰਢੀ
"ਹਉ ਆਇਆ ਦੂਰਹੁ ਚਲਿ ਕੈ ਮੈਂ **ਤਕੀ** ਤਉ ਸਰਣਾਇ ਜੀਉ।"
— ਸੂਹੀ **੫**, ਕੁਚ ੩ : ੫ (763)
('ਮਹਾਨਕੋਸ਼' ਇਥੇ ਅਰਥ ਵਿਚਾਰੀ ਨਿਸਰਿਤ ਕੀਤੀ ਕਰਦਾ ਹੈ)

ਤਕੀਆ — (ਅ. ਤਕੀਯਹ) ਆਸਰਾ ਆਧਾਰ
"ਤੂੰ ਮੇਰੀ ਓਟ ਤੂੰ ਹੈ ਮੇਰਾ **ਤਕੀਆ**।"
— ਗਉ **੫**, ੮੭, ੩ : ੪ (181)
ਹੋਰ ਰੂਪ — ਤਕੀਐ —
"ਗੁਰ ਕੈ **ਤਕੀਐ** ਨਾਮਿ ਅਧਾਰੇ।" (ਆਸਰੇ)
— ਮਾਝ **੩**, ਅਸ ੧੫, ੩ : ੨ (118)

ਤਕੇ — ਵੇਖਦਾ ਹੈ
"ਵਿਣੁ ਰਾਸੀ ਵਾਪਾਰੀਆ **ਤਕੇ** ਕੁੰਡਾ ਚਾਰਿ।" (ਭਾਵ ਖੁਆਰ ਹੁੰਦਾ ਹੈ)
— ਸਿਰੀ **੧**, ਅਸ ੬, ੨ : ੧ (56)
"ਮਨਮੁਖੁ **ਤਕੇ** ਕੁੰਡਾ ਚਾਰੇ।"
— ਮਾਰੂ **੧**, ਸੋਲਾ ੩, ੨ : ੨ (1022)
ਹੋਰ ਰੂਪ — ਤਕੈ —
"ਦੁਇ ਕਰ ਜੋੜਿ ਖੜੀ **ਤਕੈ** ਸਚੁ ਕਹੈ ਅਰਦਾਸਿ।" (ਤਕਦੀ ਹੈ, ਤਾਂਘ ਨਾਲ ਵੇਖਦੀ ਹੈ)
— ਸਿਰੀ **੧**, ਅਸ ੨, ੨ : ੨ (54)

ਤਖਤ — (ਅ. ਤਖ਼ਤ) ਰਾਜ-ਸਿੰਘਾਸਣ
"**ਤਖਤ** ਨਿਵਾਸੀ ਪੰਚ ਸਮਾਇ।"
— ਆਸਾ **੧**, ਅਸ ੧, ੬ : ੨ (411)
ਹੋਰ ਰੂਪ — ਤਖਤਿ —
"ਸੁਲਤਾਨੁ ਹੋਵਾ ਮੇਲਿ ਲਸਕਰ **ਤਖਤਿ** ਰਾਖਾ ਪਾਉ।" (ਤਖਤ ਤੇ)
— ਸਿਰੀ **੧**, ੧, ੪ : ੧ (14)
"ਮੇਰੇ ਠਾਕੁਰ ਪੂਰੈ **ਤਖਤਿ** ਅਡੋਲੁ।" (ਰਾਜ

ਸਿੰਘਾਸਨ) — ਸਿਰੀ **੧**, ੯, ੧* : ੧ (17)

"ਕਰਸਨਿ **ਤਖਤਿ** ਸਲਾਮੁ ਲਿਖਿਆ ਪਾਵਸੀ।" (ਰਾਜ ਸਿੰਘਾਸਨ ਭਾਵ ਰਾਜੇ)
— ਮਾਝ **੧**, ਵਾਰ ੧੧ : ੮ (143)

"ਵਜਹੁ ਗਵਾਏ ਆਪਣਾ **ਤਖਤਿ** ਨ ਬੈਸਹਿ ਸੇਇ।" (ਉਚੀ ਪਦਵੀ)
— ਰਾਮ **੧**, ਓਅੰ ੪੫ : ੬ (936)

ਤਖਤੁ —

"**ਤਖਤੁ** ਸਭਾ ਮੰਡਨ ਦੋਲੀਚੇ।"
— ਗਉ **੫**, ੮੧, ੩ : ੧ (179)

"ਝੁਲੈ ਸੁ ਛਤੁ ਨਿਰੰਜਨੀ ਮਲਿ **ਤਖਤੁ** ਬੈਠਾ ਗੁਰ ਹਟੀਐ।" (ਗੱਦੀ)
— ਰਾਮ **ਬਸ**, ਵਾਰ ੨ : ੩ (966)

"ਸਾਚੀ ਨਗਰੀ **ਤਖਤੁ** ਸਚਾਵਾ। " (ਹਿਰਦੇ ਰੂਪੀ ਤਖਤ)
— ਮਾਰੂ **੧**, ਸੋਲਾ ੩, ੧੧ : ੧ (1023)

ਤਖਤੈ —

"ਤਖਤਿ ਬਹੈ **ਤਖਤੈ** ਕੀ ਲਾਇਕ।" (ਤਖਤ ਦੇ) — ਮਾਰੂ **੩**, ਸੋਲਾ ੧੮, ੧੪ : ੧ (1039)

"ਤਖਤਿ ਰਾਜਾ ਸੋ ਬਹੈ ਜਿ **ਤਖਤੈ** ਲਾਇਕ ਹੋਈ।" — ਮਾਰੂ **੩**, ਵਾਰ ੬ : ੧ (1088)

ਤਗ — ਧਾਗਾ, ਡੋਰੀ, ਹੋਰ ਵੇਖੋ 'ਤਗਿ', 'ਤਗੁ'
"ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ **ਤਗ**।" (ਭਾਵ ਜਨੇਊ) — ਆਸਾ **ਕਬ**, ੨, ੧ : ੧ (475)

ਤੰਗਨਾ — ਤੰਗੀ, ਤਕਲੀਫ, ਵੇਖੋ "ਤੰਗੀਐ"
"ਸਿਮਰਿ ਸਿਮਰਿ ਸੁਆਮੀ ਮਨੁ ਜੀਵੈ ਪੰਚ ਦੂਤ ਤਜਿ **ਤੰਗਨਾ**।"
— ਮਾਰੂ **੫**, ਸੋਲਾ ੯, ੪ : ੩ (1080)

ਤਗਿ — ਧਾਗਾ ਭਾਵ ਜਨੇਊ, ਹੋਰ ਵੇਖੋ 'ਤਗ', 'ਤਗੁ'
"ਨਾਨਕ ਤਗੁ ਨ ਤੁਟਈ ਜੇ **ਤਗਿ** ਹੋਵੈ ਜੋਰੁ।"
— ਆਸਾ **੧**, ਵਾਰ ੧੫ਸ, **੧**, ੨ : ੬ (471)

ਤਗੀਐ — ਤਰੱਕੀ ਕਰੀਦੀ ਹੈ
"ਕੂੜਹਿ ਕਰੇ ਵਿਣਾਸੁ ਧਰਮੇ **ਤਗੀਐ**।"
— ਗੂਜ **੫**, ਵਾਰ ੨ : ੨ (518)

ਤੰਗੀਐ — ਤੰਗ ਹੋਈਦਾ ਹੈ, ਵੇਖੋ ਤੰਗਨਾ
"ਵਿਣੁ ਨਾਵੈ ਕੂੜਿਆਰੁ ਅਉਖਾ **ਤੰਗੀਐ**।"
— ਮਲਾ **੧**, ਵਾਰ ੨੩ : ੨ (1288)

ਤਗੁ — ਧਾਗਾ, ਡੋਰੀ ਭਾਵ ਜੰਞੂ
"ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ **ਤਗੁ**।"
— ਆਸਾ **੧**, ਵਾਰ ੮ਸ, **੧**, ੧ : ੯ (467)

ਤਗੈ — ਨਿਭਹਿ
"ਧਰਮੁ ਧੀਰਾ ਕਲਿ ਅੰਦਰੇ ਇਹੁ ਪਾਪੀ ਮੂਲਿ ਨ **ਤਗੈ**।" — ਮਾਰੂ **੫**, ਵਾਰ ੧੧ : ੨ (1098)

ਤਛਾਵਹਿ — ਕਟਵਾਉਣਾ, ਛਿਲਾਉਣਾ
"ਨਾ ਸਤਿ ਰੁਖੀ ਬਿਰਖੀ ਪਥਰ ਆਪੁ **ਤਛਾਵਹਿ** ਦੁਖ ਸਹਹਿ।"
— ਰਾਮ **੩**, ਵਾਰ ੧੨ਸ, **੧**, ੧ : ੩ (952)

ਤਜਉ — ਤਿਆਗਦਾ ਹਾਂ
"ਮੇਰ ਤੇਰ **ਤਜਉ** ਅਭਿਮਾਨਾ ਸਰਨਿ ਸੁਆਮੀ ਕੀ ਪਰਤ।" — ਦੇਵ **੫**, ੩, ੧* : ੨ (529)

"ਏਕਾ ਓਟ **ਤਜਉ** ਬਿਖੁ ਕਾਮੀ।" (ਛੱਡ/ਤਿਆਗ ਦਿਆਂ) — ਮਾਰੂ **੫**, ਸੋਲ ੯, ੩ : ੨ (1080)

ਹੋਰ ਰੂਪ — ਤਜਹਿ —

"ਜਉ ਤਨੁ ਕਾਸੀ **ਤਜਹਿ** ਕਬੀਰਾ ਰਮਈਐ ਕਹਾ ਨਿਹੋਰਾ।" (ਤਿਆਗੇ)
— ਧਨਾ **ਕਬ**, ੩, ੧* : ੨ (692)

ਤਜਹੁ —

"ਪੰਡਿਤ ਹਰਿ ਪੜੁ **ਤਜਹੁ** ਵਿਕਾਰਾ" (ਤਿਆਗੋ, ਛਡੋ) — ਗਉ **੩**, ਅਸ ੨, ੧* : ੧ (229)

ਤਜਣੰ — ਤਿਆਗ ਦੇਣਾ, ਛਡਣਾ
"ਸੰਸਾਰ ਕਾਮ **ਤਜਣੰ** ਨਾਨਕ ਗੋਬਿੰਦ ਰਮਣੰ ਸਾਧ ਸੰਗਮਹ।" — ਗਾਥਾ **੫**, ੧੦ : ੨ (1360)

ਹੋਰ ਰੂਪ — ਤਜਣਾ —

"ਜਿਸੁ ਸਿਮਰਤ ਦੁਖ ਬੀਸਰਹਿ ਪਿਆਰੇ ਸੋ ਕਿਉ **ਤਜਣਾ** ਜਾਇ।" (ਛੱਡਣ ਹੁੰਦਾ, ਤਿਆਗਿਆ ਜਾਂਦਾ ਹੈ)
— ਆਸਾ **੫**, ਬਿਰ ੧, ੨ : ੧ (431)

ਤਜਤ — ਛਡਣਾ
"ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ **ਤਜਤ** ਨਹੀ ਨਿਤ।" — ਸਲੋ **੯**, ੪੫ : ੧ (1428)

ਹੋਰ ਰੂਪ — ਤਜੰਤ —

"ਦ੍ਰਿੜੰਤ ਨਾਮੰ **ਤਜੰਤ** ਲੋਭੰ।" (ਛਡਣਾ, ਤਿਆਗਣਾ)

— ਸਸ **੫**, ੧੦ : ੨ (1354)

ਤਜੰਤਿ —

"ਮਿਤ੍ਰੰ **ਤਜੰਤਿ** ਸੰਤ੍ਰ ਦ੍ਰਿੜੰਤਿ ਅਨਿਕ ਮਾਯਾ ਬਿਸ੍ਰੀਰਨਹ।" (ਤਜਨ ਨਾਲ)

— ਸਸ **੫**, ੪੯ : ੨ (1358)

ਤਜਾਇ — 1. ਦੂਰ ਕਰਦਾ ਹੈ

"ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ **ਤਜਾਇ**।"

— ਸਿਰੀ **੩**, ੬੪, ੨ : ੪ (39)

2. ਛਡ ਦੇਹ

"ਮਨ ਕਰਹਲਾ ਤੂੰ ਮੀਤੁ ਮੇਰਾ ਪਾਖੰਡੁ ਲੋਭੁ **ਤਜਾਇ**।"

— ਗਉ. **੪**, ਕਰ ੧, ੬ : ੧ (234)

ਹੋਰ ਰੂਪ — ਤਜਾਇਆ —

"ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ **ਤਜਾਇਆ** ਬਲਿਰਾਮ ਜੀਉ।" (ਛਡਿਆ)

— ਸੂਹੀ **੪**, ਛੰਤ ੨, ੧ : ੨ (773)

ਤਜਾਇਣ —

"ਦੂਖ ਰੋਗ ਸੋਗ ਸਭਿ ਬਿਨਸੇ ਗੁਰ ਪੂਰੇ ਮਿਲਿ ਪਾਪ **ਤਜਾਇਣ**।" (ਛੱਡ ਦਿਤੇ ਜਾਂਦੇ ਹਨ)

— ਸੂਹੀ **੫**, ੩੪, ੧* : ੨ (744)

ਤਜਾਏ —

"ਕਾਮੁ ਕ੍ਰੋਧੁ ਅੰਹਕਾਰੁ **ਤਜਾਏ** ਤਿਸੁ ਜਨ ਕਉ ਉਪਦੇਸੁ ਨਿਰਮਾਲਕਾ।" (ਛਡਾਉਂਦਾ ਹੈ)

— ਮਾਰੂ **੫**, ਸੋਲਾ ੧੩, ੧੪ : ੩ (1085)

"ਚਰਨ ਲੁਭਾਏ ਆਨ **ਤਜਾਏ**।" (ਤਿਆਗਿਆ ਹੈ) — ਕਾਨ **੫**, ੪੬, ੨ : ੧ (1307)

ਤਜਾਤ — ਛਡਣਾ

"ਬੇਦ ਬਾਣੀ ਸਹਿਤ ਬਿਰੰਚਿ ਜਸੁ ਗਾਵੈ ਜਾ ਕੋ ਸਿਵ ਮੁਨਿ ਗਹਿ ਨ **ਤਜਾਤ** ਕਬਿਲਾਸ ਕੰਉ।"

— ਸਵ **੪**, ਮਥੁ ੫ : ੨ (1404)

ਤਜਾਰੀ — ਛਡਣਾ

"ਕਾਮ ਕ੍ਰੋਧ ਲੋਭ ਮੋਹ **ਤਜਾਰੀ**।"

— ਸੂਹੀ **੫**, ੧੮, ੩ : ੧ (740)

ਤਜਾਵਹਿ — ਦੂਰ ਕਰੇ, ਛਡੇ

"ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਸਗਲੇ ਪਾਪ **ਤਜਾਵਹਿ** ਰਾਮ।"

— ਸੂਹੀ **੫**, ੭, ੧ : ੨ (781)

ਹੋਰ ਰੂਪ — ਤਜਾਵਹੁ —

"ਸਭ ਕੀ ਰੇਨ ਹੋਇ ਮਨੁ ਮੇਰਾ ਅਹੰਬੁਧਿ **ਤਜਾਵਹੁ**।" (ਛੁਡਵਾ ਦੇਵੋ)

— ਕੇਦਾ **੫**, ੬, ੨ : ੧ (1120)

ਤਜਾਵਣਾ —

"ਭਗਤ ਦਇਆ ਤੇ ਬੁਧਿ ਪਰਗਾਸੈ ਦੁਰਮਤਿ ਦੂਖ **ਤਜਾਵਣਾ**।"

— ਮਾਰੂ **੫**, ਅਸ ੫, ੩ : ੧ (1018)

ਤਜਾਵੈ —

"ਆਲ ਜਾਲ ਭ੍ਰਮ ਮੋਹ **ਤਜਾਵੈ** ਪ੍ਰਭ ਸੇਤੀ ਰੰਗੁ ਲਾਈ।" (ਛੁਡਾ ਦੇਂਦਾ ਹੈ)

— ਗੂਜ **੫**, ੧੭, ੧ : ੧ (449)

ਤਜਿ — 1. ਤਿਆਗ/ਛੱਡ ਕੇ

"ਬਿਖੈ ਬਿਕਾਰ ਦੁਸਟ ਕਿਰਪਾ ਕਰੇ ਇਨ **ਤਜਿ** ਆਤਮੈ ਹੋਇ ਧਿਆਈ।"

— ਸਿਰੀ **੧**, ੨੬, ੨ : ੧ (23)

2. ਛਡ/ਤਿਆਗ ਦੇ, ਛੱਡੋ, ਤਿਆਗੋ

"ਮੇਰੇ ਮਨ **ਤਜਿ** ਨਿੰਦਾ ਹਉਮੈ ਅਹੰਕਾਰੁ।"

— ਸਿਰੀ **੩**, ੪੨, ੧* : ੧ (29)

ਹੋਰ ਰੂਪ — ਤਜਿਓ —

"ਤਨਨਾ ਬੁਨਨਾ ਸਭੁ **ਤਜਿਓ** ਹੈ ਕਬੀਰ।" (ਤਿਆਗ ਦਿਤਾ, ਛੱਡ ਦਿਤਾ)

— ਗੂਜ **ਕਬ**, ੨, ੧* : ੧ (524)

"ਕਿਸੁ ਕਾਰਣਿ ਗ੍ਰਿਹੁ **ਤਜਿਓ** ਉਦਾਸੀ।" (ਤਿਆਗਿਆ/ਛੱਡਿਆ ਹੈ)

— ਰਾਮ **੧**, ਸਿਗੋ ੧੭ : ੧ (939)

ਤਜਿਆ —

"ਸੋਈ ਕਾਜੀ ਜਿਨਿ ਆਪੁ **ਤਜਿਆ** ਇਕੁ ਨਾਮੁ ਕੀਆ ਆਧਾਰੋ।" (ਤਿਆਗਿਆ, ਛਡਿਆ)

— ਸਿਰੀ **੧**, ੨੮, ੩ : ੧ (24)

ਤਜਿਐ —

"**ਤਜਿਐ** ਅੰਨਿ ਨ ਮਿਲੈ ਗੁਪਾਲੁ।" (ਤਿਆਗਨ ਨਾਲ) — ਗੋਂਡ **ਕਬ**, ੧੧, ੪ : ੨ (873)

ਤਜੀ —

"**ਤਜੀ** ਸਿਆਣਪ ਬਲ ਬੁਧਿ ਬਿਕਾਰ।" (ਛੱਡ ਦਿਤੀ) — ਗਉ **੫**, ੭੬, ੧ : ੩ (177)

ਤਜੀਅ —

"ਬਿਖੈ ਬਿਖੈ ਕੀ ਬਾਸਨਾ **ਤਜੀਅ** ਨਹ ਜਾਈ।"
— ਬਿਲਾ **ਕਬ**, ੩, ੨ : ੧ (855)

ਤਜੀਅਹਿ —
"ਆਠ ਪਹਰ ਗੁਨ ਗਾਈਅਹਿ **ਤਜੀਅਹਿ** ਅਵਰਿ ਜੰਜਾਲ।"
— ਗਉ **੫**, ਥਿਤੀ ੮ਸ : ੧ (298)

ਤਜੀਅਲੇ —
"ਮਾਇਆ ਮੋਹੁ ਤਬ ਬਿਸਰਿ ਗਇਆ ਜਾਂ **ਤਜੀਅਲੇ** ਸੰਸਾਰੰ।" (ਛਡੇਗਾ)
— ਸਿਰੀ **ਤਿਲੋ**, ੨, ੩ : ੨ (92)
"ਨਾਨਕ **ਤਜੀਅਲੇ** ਅਵਰਿ ਜੰਜਾਲ।" (ਛੱਡ/ਤਿਆਗ ਦੇ)
— ਗਉ **੫**, ੧੨੧, ੪ : ੨ (190)

ਤਜੀਐ —
"ਮਾਨੁ ਮੋਹੁ ਬਿਕਾਰੁ **ਤਜੀਐ** ਅਰਪਿ ਤਨੁ ਧਨੁ ਇਹੁ ਮਨਾ।" (ਛੱਡ ਦੇਈਏ)
— ਬਿਹਾ **੫**, ਛੰਤ ੪, ੨ : ੪ (544)

ਤਜੀਲੇ —
"**ਤਜੀਲੇ** ਬਨਾਰਸ ਮਤਿ ਭਈ ਥੋਰੀ।" (ਤਿਆਗ/ਛੱਡ ਦਿਤਾ)
— ਗਉ **ਕਬ**, ੧੫, ੧* : ੨ (326)

ਤਜੁ —
"ਰਵਿਦਾਸ ਦਾਸ ਉਦਾਸ **ਤਜੁ** ਭ੍ਰਮ ਤਪਨ ਤਪੁ ਗੁਰ ਗਿਆਨ।" (ਛੱਡ)
— ਆਸਾ **ਰਵਿ**, ੬, ੪ : ੧ (486)

ਤਜੇ —
"ਹਉਮੈ ਵਿਚਹੁ **ਤਜੇ** ਵਿਕਾਰ।" (ਤਿਆਗੇ)
— ਗਉ **੩**, ੨੫, ੩ : ੪ (159)

ਤਜੈ —
"ਮਨ ਕੇ ਬਿਕਾਰ ਮਨਹਿ **ਤਜੈ** ਮਨਿ ਚੂਕੈ ਮੋਹੁ ਅਭਿਮਾਨੁ।" (ਤਿਆਗ ਦੇਵੇ)
— ਸਿਰੀ **੩**, ੬੩, ੩ : ੧ (39)

ਤਜੋ —
"ਕਾਮ ਕ੍ਰੋਧ ਲੋਭੁ ਮੋਹੁ **ਤਜੋ**।" (ਤਿਆਗ ਦੇਵੈ)
— ਗਉ **੫**, ਅਸ ੧੩, ੬ : ੧ (241)

ਤਟ — ਕਿਨਾਰਾ ਕੰਢਾ
"**ਤਟ** ਤੀਰਥ ਹਮ ਨਵ ਖੰਡ ਦੇਖੇ ਹਟ ਪਟਣ ਬਾਜਾਰਾ।" — ਗਉ **੧**, ੧੭, ੪ : ੧ (156)

ਤਟਹ — ਕਿਨਾਰੇ ਭਾਵ ਤੀਰਥ
"ਨਾਨਕ ਸੇਵ ਅਪਾਰ ਦੇਵ **ਤਟਹ** ਖਟਹ ਬਰਤ ਪੂਜਾ ਗਵਨ ਭਵਨ ਜਾਤ੍ਰ ਕਰਨ ਸਗਲ ਫਲ ਪੁਨੀ।" — ਭੈਰ **੫**, ੫੭, ੨ : ੨ (1153)

ਤਟਨ — ਕਿਨਾਰੇ ਭਾਵ ਤੀਰਥ
"**ਤਟਨ** ਖਟਨ ਜਟਨ ਹੋਮਨ ਨਾਹੀ ਡੰਡਧਾਰ ਸੁਆਉ।" — ਕਾਨ **੫**, ੩੯, ੧ : ੧ (1306)

ਤਟਾ — (ਸੰ. ਤਟਾਕ, ਤਡਾਗ) ਤਲਾ, ਸਰੋਵਰ
"ਜੇ ਓਹੁ ਕੂਪ **ਤਟਾ** ਦੇਵਾਵੈ।"
— ਗੋਂਡ **ਰਵਿ**, ੨, ੧ : ੩ (875)

ਤਟਾਂ — ਦਰਿਆਵਾਂ ਦੇ ਕੰਢਿਆਂ
"ਪੁਰਖਾਂ ਬਿਰਖਾਂ ਤੀਰਥਾਂ **ਤਟਾਂ** ਮੇਘਾਂ ਖੇਤਾਂਹ।"
— ਆਸਾ **੧**, ਵਾਰ ੮ਸ, **੧**, ੧ : ੧ (467)

ਤਟਿ — ਕਿਨਾਰੇ, ਕੰਢੇ
"**ਤਟਿ** ਤੀਰਥਿ ਦਿਸੰਤਰਿ ਭਵੈ ਅਹੰਕਾਰੀ ਹੋਰੁ ਵਧੇਰੈ ਹਉਮੈ ਮਲੁ ਲਾਵਣਿਆ।"
— ਮਾਝ **੩**, ਅਸ ੧੨, ੩ : ੩ (116)

ਤਡਹਿ — ਫੈਲਾਉਣਾ, ਅੱਡਣਾ
"ਅਹੰਕਾਰੀਆ ਨੋ ਦੁਖ ਭੁਖ ਹੈ ਹਥੁ **ਤਡਹਿ** ਘਰਿ ਘਰਿ ਮੰਗਾਇ।"
— ਗਉ **੪**, ਵਾਰ ੭ਸ, **੪**, ੨ : ੪ (303)

ਹੋਰ ਰੂਪ — ਤਡਾਇਆ —
"ਹਰਿ ਚੇਤਿ ਖਾਹਿ ਤਿਨਾ ਸਫਲੁ ਹੈ ਅਚੇਤਾ ਹਥ **ਤਡਾਇਆ**।" (ਅੱਡਣਾ)
— ਸਿਰੀ **੪**, ਵਾਰ ੮ : ੫ (85)

ਤਣਾ — (ਸੰ. ਤਨਯ) ਪੁਤਰ
"ਦੂਜਾ ਆਇਓਹਿ ਜਮਹਿ **ਤਣਾ**।" (ਜਮ ਦਾ ਪੁੱਤਰ ਭਾਵ ਬੁਢਾਪਾ ਜਮਦੂਤ (ਦਰਪਣ)
— ਸਿਰੀ **ਤਿਲੋ**, ੨, ੧* : ੧ (92)
(ਮਹਾਨਕੋਸ਼ ਇਸ ਦੇ ਅਰਥ ਗਰਜਦਾ ਹੋਇਆ ਕਰਦਾ ਹੈ)

ਤਣੀਐ — ਤਾਣੀ ਨੂੰ ਫੈਲਾਈਏ
"ਨਾਨਕ ਕੂੜੈ ਕਤਿਐ ਕੂੜਾ **ਤਣੀਐ** ਤਾਣੁ।"
— ਸੂਹੀ **੩**, ਵਾਰ ੧੪ਸ, **੧**, ੧ : ੫ (790)

ਤਣੀਏ — ਤਾਣੀਆਂ ਭਾਵ ਪ੍ਰਕਾਰ/ਕਿਸਮਾਂ
"ਗਾਠੀ ਭਿਨਿ ਭਿਨਿ ਭਿਨਿ ਭਿਨਿ **ਤਣੀਏ**।"
— ਰਾਮ **੫**, ੧੨, ੩ : ੨ (886)

ਤਤ — 1. ਤਤ੍ਵ, ਅਸਲੀਅਤ, ਸਾਰ ਵਸਤੂ
"**ਤਤ** ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ।"
— ਸਿਰੀ **ਮ**, ੯੬, ੨ : ੨ (51)
'ਕੋਸ਼' ਨੇ ਇਥੇ ਅਰਥ 'ਬ੍ਰਹਮ' ਕੀਤੇ ਹਨ
"ਐਸੋ ਜਨੁ ਬਿਰਲੋ ਹੈ ਸੇਵਕੁ ਜੋ **ਤਤ** ਜੋਗ ਕਉ ਬੇਤੈ।" (ਮਿਲਾਪ ਦੀ ਅਸਲੀਅਤ)
— ਕਾਨ **ਮ**, ੨੨, ੧* : ੨ (1302)
2. ਭੂਤ, ਅਨਾਸਰ ਸਾਧਾਰਣ ਮੂਲ ਪਦਾਰਥ (ਕੋਸ਼)
"ਨਾਨਕ ਤਤੁ **ਤਤ** ਸਿਉ ਮਿਲਿਆ ਪੁਨਰਪਿ ਜਨਮਿ ਨ ਆਹੀ।"
— ਗਉ **ੳ**, ੩੫, ੪ : ੨ (162)
"ਇਆ **ਤਤ** ਲੇਹੁ ਸਰੀਰ ਬਿਚਾਰੀ।"
— ਗਉ **ਕਬ**, ੩੯, ੨ : ੨ (331)
"ਇਹੁ ਮਨੁ ਪੰਚ **ਤਤ** ਕੋ ਜੀਉ।"
— ਗਉ **ਕਬ**, ਬਾਅ ੩੩ : ੨ (342)
3. ਉਥੇ, ਉਧਰ ਤਤ੍ਰ
"ਜਤ ਕਤ ਦੇਖਉ **ਤਤ** ਰਹਿਆ ਸਮਾਇ।"
— ਗਉ **ਮ**, ੧੩੮, ੪ : ੧ (193)
"ਦਸ ਦਿਸ ਖੋਜਤ ਮੈ ਫਿਰਿਓ ਜਤ ਦੇਖਉ **ਤਤ** ਸੋਇ।"
— ਗਉ **ਮ**, ਥਿਤੀ ੧੦ਸ : ੧ (298)
4. ਆਤਮ ਤਤ
"ਤਉ ਤਤਹਿ **ਤਤ** ਮਿਲਿਆ ਸਚੁ ਪਾਵਾ।"
— ਗਉ **ਕਬ**, ਬਾਅ ੨੨ : ੪ (341)
5. ਤੁਰੰਤ, ਫੌਰਨ, ਤਤਕਾਲ ਦਾ ਸੰਖੇਪ
"ਜੋ ਜੋ ਕਰੈ ਅਵਗਿਆ ਜਨ ਕੀ ਹੋਇ ਗਇਆ **ਤਤ** ਛਾਰ।"
— ਧਨਾ **ਮ**, ੫੨, ੧ : ੨ (683)
"ਨੈਨ ਸ੍ਰਵਨ ਸਰੀਰੁ ਸਭੁ ਹੁਟਿਓ ਸਾਸੁ ਗਇਓ **ਤਤ** ਘਾਟ।" (ਤੁਰੰਤ)
— ਸਾਰ **ਮ**, ੧੦੫, ੧* : ੨ (1224)
6. ਤਦ, ਤਦੋ
"ਕਰਉ ਸੇਵਾ ਸਤਪੁਰਖ ਪਿਆਰੇ ਜਤ ਸੁਨੀਐ **ਤਤ** ਮਨਿ ਰਹਸਾਉ।"
— ਕੇਦਾ **ਮ**, ੪, ੧ : ੧ (1120)
7. ਨਿਚੋੜ, ਸਾਰ
"ਸਗਲ **ਤਤ** ਮਹਿ ਤਤੁ ਗਿਆਨੁ।"
— ਬਸੰ **ਮ**, ੮, ੪ : ੧ (1182)
8. ਬ੍ਰਹਮ, ਹਰੀ
"ਪਤੰਤਿ ਮੋਹ ਕੂਪ ਦੁਰਲਭ੍ਯ ਦੇਹੰ **ਤਤ** ਆਸ੍ਰਯੰ ਨਾਨਕ।" (ਮਹਾਨਕੋਸ਼) ਇਥੇ ਅਰਥ 'ਉਸ' ਕਰਦੇ ਹਨ) — ਸਸ **ਮ**, ੩ : ੫ (1354)
"ਹਰਿ ਨਾਮ ਰਸਿਕੁ ਗੋਬਿੰਦ ਗੁਣ ਗਾਹਕੁ ਚਾਹਕੁ **ਤਤ** ਸਮਤ ਸਰੇ।" (ਹਰਿ (ਤਤ) ਦਾ ਚਾਹੁਣ ਵਾਲਾ) — ਸਵ **੪**, ਕਲ ੧ : ੧੨ (1396)

ਤੰਤ — (ਸੰ. तन्त्रम्) ਤੰਤ੍ਰ, ਟੂਣੇ
"ਅਉਖਧ ਮੰਤ੍ਰ **ਤੰਤ** ਸਭਿ ਛਾਰੁ।"
— ਗਉ **ਮ**, ੧੪੯, ੩ : ੧ (196)
2. ਤਤ, ਅਸਲੀਅਤ
"ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ **ਤੰਤ** ਮਹਿ ਜੋਗੀ।" (ਭਾਵ ਪ੍ਰਭੂ)
— ਆਸਾ **੧**, ੩੨, ੧* : ੧ (360)
"ਪਰਮ **ਤੰਤ** ਮਹਿ ਰੇਖ ਨ ਰੂਪੁ।" (ਭਾਵ ਹਰਿ)
— ਰਾਮ **੩**, ਵਾਰ ੧੨ਸ, **੧**, ੨ : ੬ (952)
3. ਜੀਵ, ਤਤ
"**ਤੰਤ** ਕਉ ਪਰਮ ਤੰਤੁ ਮਿਲਿਆ ਨਾਨਕਾ ਬੁਧਿ ਪਾਈ।" — ਪ੍ਰਭਾ **੧**, ੪, ੪ : ੨ (1328)

ਤਤਹ — 1. ਤਿਵੇਂ, ਉਸੇ ਤਰ੍ਹਾਂ
"**ਤਤਹ** ਕੁਟੰਬ ਮੋਹ ਮਿਥ੍ਯਾ ਸਿਮਰੰਤਿ ਨਾਨਕ ਰਾਮ ਰਾਮ ਨਾਮਹ।" — ਸਸ **ਮ**, ੩੦ : ੨ (1356)
2. ਉਥੇ
"ਜਤ ਕਤਹ **ਤਤਹ** ਦ੍ਰਿਸਟੰ ਸ੍ਵਰਗ ਮਰਤ ਪਯਾਲ ਲੋਕਹ।" — ਸਸ **ਮ**, ੩੬ : ੧ (1357)

ਤਤਹਿ — ਹਰਿ ਤਤ, ਅਸਲੀਅਤ
"ਤਉ **ਤਤਹਿ** ਤਤ ਮਿਲਿਆ ਸਚ ਪਾਵਾ।"
— ਗਉ **ਕਬ**, ਬਾਅ ੨੨ : ੪ (341)

ਤਤਕਾਲ — ਤੁਰਤ ਤੁਰੰਤ, ਛੇਤੀ, ਫੌਰਨ
"ਹਸਤ ਪੁਨੀਤ ਹੋਹਿ **ਤਤਕਾਲ**।"
— ਗਉ **ਮ**, ੯੨, ੧ : ੧ (185)
ਹੋਰ ਰੂਪ — ਤਤਕਾਲਿ —
"ਗਲਾ ਉਪਰਿ ਤਪਾਵਸਿ ਨ ਹੋਈ ਵਿਸੁ ਖਾਧੀ **ਤਤਕਾਲਿ** ਮਰਿ ਜਾਏ।"
— ਗਉ **੪**, ਵਾਰ ੧੫ਸ, **੪**, ੧ : ੬ (308)
ਤਤਕਾਲੇ —
"ਕੂੜਿ ਕਪਟਿ ਬੰਚਿ ਨਿੰਮੁਨੀਆਦਾ ਬਿਨਸਿ

ਗਇਆ **ਤਤਕਾਲੇ**।"
— ਆਸਾ **੫**, ੪੨, ੪ : ੧ (381)

ਤਤਖਿਣ — ਝਟਪਟ, ਤੁਰੰਤ
"ਸੰਤ ਉਧਾਰਉ **ਤਤਖਿਣ** ਤਾਲਿ।"
— ਗੋਂਡ **੫**, ੧੮, ੧ : ੪ (867)

ਤਤਬੇਤਾ — ਅਸਲੀਅਤ ਨੂੰ ਜਾਣਨ ਵਾਲਾ, ਗਿਆਨਵਾਨ
"ਜਪ ਤਪ ਸੰਜਮ ਗਿਆਨ **ਤਤਬੇਤਾ** ਜਿਸੁ ਮਨਿ ਵਸੈ ਗੋੁਪਾਲਾ।"
— ਸੋਰ **੫**, ੨੩, ੩ : ੧ (615)

ਤਤਮਇਅੰ — ਤਤਸਰੂਪ
"ਬਦਿ ਅੰਮ੍ਰਿਤ **ਤਤਮਇਅੰ**।"
— ਗੂਜ **ਜੈਦੇ**, ੧, ੧* : ੨ (326)

ਤਤਾ — 1. ਗੁਰਮੁਖੀ ਲਿਪੀ ਦਾ ਇਕੀਵਾਂ ਅਖਰ 'ਤ'
"**ਤਤਾ** ਤਾ ਸਿਉ ਪ੍ਰੀਤਿ ਕਰਿ ਗੁਣ ਨਿਧਿ ਗੋਬਿੰਦ ਰਾਇ।" — ਗਉ **੫**, ਬਾਅ ੩੨ : ੧ (256)
2. ਗਰਮ
"ਚਬੇ **ਤਤਾ** ਲੋਹ ਸਾਰੁ ਵਿਚਿ ਸੰਘੈ ਪਲਤੇ।"
— ਗਉ **੪**, ਵਾਰ ੩੨ : ੨ (317)

ਤਤਿ — 1. ਸਾਰ ਨਾਲ, ਤਤ ਨਾਲ, ਅਸਲੀਅਤ ਨਾਲ
"ਕਾਇਆ ਸੇਜ ਗੁਰ ਸਬਦਿ ਸੁਖਾਲੀ ਗਿਆਨ **ਤਤਿ** ਕਰਿ ਭੋਗੋ।"
— ਸੂਹੀ **੪**, ਛੰਤ ੧, ੧ : ੫ (773)
2. ਵੀਚਾਰ
"ਦੀਪਕੁ ਸਹਜਿ ਬਲੈ **ਤਤਿ** ਜਲਾਇਆ।"
— ਤੁਖਾ **੧**, ਬਾਰਾ ੧੨ : ੨ (1109)
3. ਤਤ ਸਰੂਪ ਹਰਿ, ਬ੍ਰਹਮ
"ਮਤਿ ਪ੍ਰਗਾਸ ਭਈ ਹਰਿ ਧਿਆਇਆ ਗਿਆਨਿ **ਤਤਿ** ਲਿਵ ਲਾਇ।" (ਗਿਆਨ ਰਾਹੀਂ ਤਤ ਹਰਿ ਵਿਚ ਲਿਵ ਜੋੜੇ)
— ਸਾਰ **੪**, ੪, ੩ : ੧ (1199)

ਤਤਿਆ — ਤੜੀ, ਗਰਮ
"ਚਲੇ ਨਾਮੁ ਵਿਸਾਰਿ ਤਾਵਣਿ **ਤਤਿਆ**।"
— ਮਲਾ **੧**, ਵਾਰ ੨੪ : ੫ (1289)

ਤਤੀ — 1. ਗਰਮ
"ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ **ਤਤੀ** ਵਾਉ।"
— ਸਿਰੀ **੫**, ਅਸ ੨੬, ੧ : ੪ (70)
2. ਉਥੇ ਹੀ
"ਜਹਾ ਪਠਾਵਹੁ ਜਾਂਉ **ਤਤੀ** ਰੀ।"
— ਸੂਹੀ **੫**, ੧੦, ੨ : ੨ (739)
3. ਸੜੀ ਹੋਈ
"**ਤਤੀ** ਤੋਇ ਨ ਪਲਵੈ ਜੇ ਜਲਿ ਟੁਬੀ ਦੇਇ।"
— ਸਲੋ **ਫਰ**, ੬੨ : ੧ (1381)

ਤੰਤੀ — 1. ਤਾਰ
"ਥਿਰ ਭਈ **ਤੰਤੀ** ਤੂਟਸਿ ਨਾਹੀ ਅਨਹਦ ਕਿੰਗੁਰੀ ਬਾਜੀ।" (ਭਾਵ ਬਿਰਤੀ ਰੂਪੀ/ਸੁਰਤ ਰੂਪੀ)
— ਗਉ **ਕਬ**, ੫੩, ੩ : ੨ (335)
"ਜਿਉ ਨਟੂਆ ਤੰਤੁ ਵਜਾਏ **ਤੰਤੀ** ਤਿਉ ਵਾਜਹਿ ਜੰਤ ਜਨਾ।" (ਵੀਣਾ, ਤਾਰ ਵਾਲਾ ਸਾਜ਼)
— ਬਿਲਾ **੪**, ੧, ੧ : ੨ (799)

ਤਤੀਆ — ਦੁਖਦਾਇਕ, ਪੀੜਤ
"ਸੁਭਰ ਕਪੜ ਭੋਗ ਨਾਨਕ ਪਿਰੀ ਵਿਹੂਣੀ **ਤਤੀਆ**।"
— ਮਾਰੂ **੫**, ਵਾਰ ੨੨ਸ, **੫**, ੩ : ੬ (1102)

ਤਤੁ — 1. ਮੂਲ ਭਾਵ ਪ੍ਰਭੂ, ਹਰਿ, ਪਾਰਬ੍ਰਹਮ
"ਪ੍ਰੇਮ ਪਦਾਰਥੁ ਪਾਈਐ ਗੁਰਮੁਖਿ **ਤਤੁ** ਵੀਚਾਰੁ।"
— ਸਿਰੀ **੧**, ਅਸ ੧੨, ੫ : ੧ (61)
"ਚੀਨੈ **ਤਤੁ** ਗਗਨ ਦਸ ਦੁਆਰ।"
— ਆਸਾ **੧**, ੨੦, ੩ : ੩ (355)
2. ਅਸਲੀਅਤ
"ਸਤਿਗੁਰੁ ਮਿਲੈ ਤਾ **ਤਤੁ** ਪਾਏ।"
— ਮਾਝ **੩**, ਅਸ ੧੩, ੩ : ੧ (116)
"ਕਹੁ ਨਾਨਕ ਇਹੁ **ਤਤੁ** ਬੀਚਾਰਾ।" (ਵਿਚਾਰ ਕੇ ਅਸਲ ਗਲ ਲਭੀ ਹੈ)
— ਗਉ **੫**, ੧੧੩, ੩ : ੧ (188)
3. ਤਤੁ
"ਨਾਮ **ਤਤੁ** ਕਲਿ ਮਹਿ ਪੁਨਹਚਰਨਾ।"
— ਗਉ **੫**, ਬਾਅ ੨੦ : ੪ (254)
4. ਸਾਰ, ਨਿਚੋੜ
"ਕਰਮ ਧਰਮ **ਤਤੁ** ਨਾਮ ਅਰਾਧੂ" (ਨਾਮ ਦਾ ਆਰਾਧਨਾ ਸਾਰੇ ਕਰਮਾ ਧਰਮ ਦਾ ਸਾਰ ਹੈ) — ਗਉ **੫**, ਬਾਅ ੪੭ : ੨ (260)

"ਖੋਜਤ ਖੋਜਤ ਖੋਜਿ ਬੀਚਾਰਿਓ **ਤਤੁ** ਨਾਨਕ ਇਹੁ ਜਾਨਾ ਰੇ।" (ਮੂਲ ਗੱਲ/ਨਿਚੋੜ)
— ਆਸਾ **੫**, ੧੩੦, ੩ : ੧ (404)

5. ਅਨਸਰ, ਭੂਤ, ਸਾਧਾਰਨ ਮੂਲ ਪਦਾਰਥ
"ਪੰਚ **ਤਤੁ** ਮਿਲਿ ਦਾਨੁ ਨਿਬੇਰਹਿ ਟਾਂਡਾ ਉਤਰਿਓ ਪਾਰਾ।"
— ਗਉ **ਕਬ**, ੪੯, ੨ : ੨ (333)
"ਪੰਚ **ਤਤੁ** ਕਰਿ ਤੁਧੁ ਸ੍ਰਿਸਟਿ ਸਭ ਸਾਜੀ ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ।"
— ਸੂਹੀ **੪**, ੧੫, ੩ : ੧ (736)

6. ਮਖਣ
"ਸਚੁ ਮਨ ਕਾਰਣਿ **ਤਤੁ** ਬਿਲੋਵੈ।"
— ਆਸਾ **੧**, ਅਸ ੧, ੩ : ੧ (411)
"ਸਹਜਿ ਬਿਲੋਵਹੁ ਜੈਸੇ **ਤਤੁ** ਨ ਜਾਈ।"
— ਆਸਾ **ਕਬ**, ੧੦, ੧* : ੨ (478)
"ਜਲੁ ਬਿਲੋਵੈ ਜਲੁ ਮਥੈ **ਤਤੁ** ਲੋੜੈ ਅੰਧੁ ਅਗਿਆਨਾ।"
— ਮਾਰੂ **੧**, ਅਸ ੧, ੩ : ੧ (1009)

7. ਅਸਲੀ, ਸ਼ੁਧ, ਠੀਕ
"ਸੁਣਿ ਮਨ ਮੇਰੇ **ਤਤੁ** ਗਿਆਨੁ।"
— ਆਸਾ **੩**, ਅਸ ੨੪, ੧* : ੧ (423)
"ਕਹੁ ਨਾਨਕ ਗੁਰ ਬਿਨੁ ਨਹੀ ਤਰੀਐ ਇਹੁ ਪੂਰਨ **ਤਤੁ** ਬੀਚਾਰਾ।" (ਠੀਕ/ਅਸਲ ਵਿਚਾਰ ਹੈ) — ਸੋਰ **੫**, ੯, ੪ : ੨ (611)

8. ਤਤਕਾਲ, ਤੁਰੰਤ, ਝਟਪਟ
"ਗੁਣੀ ਗਿਆਨੀ ਬਹਿ ਮਤਾ ਪਕਾਇਆ ਫੇਰੇ **ਤਤੁ** ਦਿਵਾਏ।"
— ਸੂਹੀ **੪**, ਛੰਤ ੧, ੪ : ੪ (773)
"ਜਬ ਲਗੁ ਸਾਸੁ ਸਾਸੁ ਮਨ ਅੰਤਰਿ **ਤਤੁ** ਬੇਗਲ ਸਰਨਿ ਪਰੀਜੈ।" (ਤਤਕਾਲ)
— ਕਲਿ **੪**, ਅਸ ੪, ੮ : ੧ (1325)

9. ਗਿਆਨ
"**ਤਤੁ** ਤੇਲੁ ਨਾਮੁ ਕੀਆ ਬਾਤੀ ਦੀਪਕੁ ਦੇਹ ਉਜ੍ਯਾਰਾ।"
— ਪ੍ਰਭਾ **ਕਬ**, ੫, ੨ : ੧ (1350)

10. ਜੋਤ (ਭਾਵ)
"ਤਾ ਦੇ ਅੰਗਦੁ ਭਯਉ ਤਤ ਸਿਉ **ਤਤੁ** ਮਿਲਾਯਉ।"
— ਸਵ **੫**, ਮਥੁ ੧ : ੨ (1408)

ਤੰਤੁ — 1. ਤੰਦ
"ਛੋਛੀ ਨਲੀ **ਤੰਤੁ** ਨਹੀ ਨਿਕਸੈ ਨਤਰ ਰਹੀ ਉਰਝਾਈ।" — ਗਉ **ਕਬ**, ੫੪, ੪ : ੧ (335)

2. ਤਾਰ, ਤੰਦੀ
"ਹਥਿ ਕਰਿ **ਤੰਤੁ** ਵਜਾਵੈ ਜੋਗੀ ਥੋਥਰ ਵਾਜੈ ਬੇਨਾ।" — ਆਸਾ **੪**, ੬੧, ੧ : ੧ (368)

3. ਤੰਤਰ
"ਹਰਿ ਹਰਿ **ਤੰਤੁ** ਮੰਤੁ ਗੁਰਿ ਦੀਨ੍ਹਾ।"
— ਆਸਾ **੫**, ੬੨, ੪ : ੧ (386)

4. ਤਤੁ, ਤਤ ਵਸਤੂ
"ਆਪੇ **ਤੰਤੁ** ਪਰਮ **ਤੰਤੁ** ਸਭੁ ਆਪੇ ਆਪੇ ਠਾਕੁਰੁ ਦਾਸੁ ਭਇਆ।"
— ਬਿਹਾ **੪**, ਵਾਰ ੧੩ : ੧ (553)

5. ਸੂਤਰ ਦਾ ਫਾਹਾ, ਜਾਲ
"ਜਿਉਂ ਜਲ **ਤੰਤੁ** ਪਸਾਰਿਓ ਬਧਕਿ ਗ੍ਰਸਿ ਮੀਨਾ ਵਸਗਤਿ ਖਰਿਆ।"
— ਕਾਨ **੪**, ੧, ੨ : ੨ (1294)

ਤਤੇ — ਗਰਮ
"ਇਕਿ **ਤਤੇ** ਇਕਿ ਬੋਲਨਿ ਮਿਠੇ।" (ਭਾਵ ਗੁਸੇ ਵਾਲੇ, ਦੁਖਦਾਈ)
— ਮਾਰੂ **੫**, ਅਸ ੮, ੧ : ੨ (1019)
"ਚਾਰੇ ਕੁੰਡਾਂ ਭਵਿ ਥਕੇ ਅੰਦਰਿ ਤਿਖ **ਤਤੇ**।" (ਸਾੜਨ ਵਾਲੀ ਤ੍ਰਿਸਨਾ)
— ਮਾਰੂ **੩**, ਵਾਰ ੧੯ : ੨ (1093)

ਤਤੈ — 1. ਤਤੂ ਵਿਚ
"ਕਹੁ ਨਾਨਕ ਭਰਮੁ ਗੁਰਿ ਖੋਈ ਹੈ ਇਵ **ਤਤੈ** ਤਤੁ ਮਿਲਾਇਓ।"
— ਗਉ **੫**, ੧੨੩*, ੪ : ੨ (205)

2. 'ਤਤੇ' ਅਖਰ ਦੁਆਰਾ
"**ਤਤੈ** ਤਾਰੂ ਭਵਜਲੁ ਹੋਆ ਤਾ ਕਾ ਅੰਤ ਨ ਪਾਇਆ।"
— ਆਸਾ **੧**, ਪਟੀ ੧੯ : ੧ (433)

3. ਤਤ ਦਾ, ਅਸੂਲੀਅਤ ਭਾਵ ਪਾਰਬ੍ਰਹਮ ਦਾ
"ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ **ਤਤੈ** ਸਾਰ ਨ ਜਾਣੀ।"
— ਰਾਮ **੧**, ਅਨੰ ੨੭ : ੧ (920)

"ਕਿਉ **ਤਤੈ** ਅਵਿਗਤੈ ਪਾਵੈ ਗੁਰਮੁਖਿ ਲਗੈ ਪਿਆਰੋ।"
— ਰਾਮ **੧**, ਸਿਗੋ ੨੨ : ੩ (940)

ਤੰਤੈ — ਤਤ ਨੂੰ
"**ਤੰਤੈ** ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ।" — ਸੋਰ **੧**, ੬, ੫ : ੨ (597)

ਤਤੋ — 1. ਅਸਲ
"ਨਾਮੁ ਮਨਿ ਭਾਵੈ ਕਹੈ ਕਹਾਵੈ **ਤਤੋ** ਤਤੁ ਵਖਾਨੰ।"
— ਸੋਰ **੧**, ਅਸ ੧, ੮ : ੨ (635)
2. ਪ੍ਰਭੂ ਤਤ
"**ਤਤੋ** ਤਤੁ ਮਿਲੈ ਮਨੁ ਮਾਨੈ।"
— ਰਾਮ **੧**, ਸਿਗੋ ੫੦ : ੩ (943)

ਤਤ੍ਰ — ਤਿਵੇ, ਉਥੇ
"**ਤਤ੍ਰ** ਗਤੇ ਸੰਸਾਰਹ ਨਾਨਕ ਸੋਗ ਹਰਖੰ ਬਿਆਪਤੇ।" — ਸਸ **੫**, ੪੧ : ੨ (1357)

ਤੰਤ੍ਰ — (ਸੰ. तन्त्रमत्र) ਟੂਣਾ, ਜਾਦੂ, ਹੋਰ ਵੇਖੋ 'ਤੰਤ੍ਰ'
"ਅਉਖਧ ਮੰਤ੍ਰ **ਤੰਤ੍ਰ** ਪਰ ਦੂਖ ਹਰ ਸਰਬ ਰੋਗ ਖੰਡਣ ਗੁਣਕਾਰੀ।"
— ਸਮੁ **੫**, ੮* : ੨ (1389)

ਤਤ੍ਰਾਗਤ — ਉਸ ਅੰਦਰ
"ਮਿਟੰਤਿ **ਤਤ੍ਰਾਗਤ** ਭਰਮ ਮੋਹੰ।"
— ਸਸ **੫**, ੮ : ੨ (1354)

ਤੰਤ੍ਰੁ — ਟੂਣਾ, ਜਾਦੂ, ਵੇਖੋ 'ਤੰਤ੍ਰ'
"ਮੰਤ੍ਰੁ **ਤੰਤ੍ਰੁ** ਅਉਖਧੁ ਪੁਨਹਚਾਰੁ।"
— ਗਉ **੫**, ੯੬, ੩ : ੧ (184)

ਤਥ — ਉਸ ਨਾਲ ਉਥੇ, ਤਤ੍ਰ, ਤਿਵੇਂ
"**ਤਥ** ਲਗਣੰ ਪ੍ਰੇਮ ਨਾਨਕ।"
— ਗਾਥਾ **੫**, ੧੭ : ੨ (1361)

ਤਥਾ — ਤਿਵੇਂ
"ਗੁਰ ਕੈ ਸਬਦਿ **ਤਥਾ** ਚਿਤੁ ਲਾਏ।"
— ਮਾਰੂ **੧**, ੧੨, ੨ : ੨ (993)
"ਆਵਧ ਹੀਣੰ ਜਥਾ ਸੂਰਾ ਨਾਨਕ ਧਰਮ ਹੀਣੰ **ਤਥਾ** ਬੈਸ੍ਨਵਹ।" — ਸਸ **੫**, ੫੬ : ੩ (1359)

ਤਥਿ — ਉਸ ਥਾਂ, ਉਥੇ ਹੀ
"ਮੂੰ ਜਲਾਊਂ **ਤਥਿ** ਨਾਨਕ ਪਿਰੀ ਪਸੰਦੋ ਹਰਿਓ ਥੀਓਸਿ।"
— ਮਾਰੂ **੫**, ਵਾਰ ੨੦ਸ, **੫**, ੨ : ੨ (1101)

ਤਥੁ — 1. ਤਤ, ਅਸਲ ਚੀਜ਼ ਭਾਵ ਮੱਖਣ
"ਪੰਡਿਤ ਦਹੀ ਵਿਲੋਈਐ ਭਾਈ ਵਿਚਹੁ ਨਿਕਲੈ **ਤਥੁ**।" — ਸੋਰ **੧**, ਅਸ ੨, ੫ : ੧ (635)
2. ਅਸਲੀਅਤ
"ਗੁਰੁ ਗੋਵਿੰਦੁ ਸਲਾਹੀਐ ਭਾਈ ਜਿਸ ਤੇ ਜਾਪੈ **ਤਥੁ**।" — ਸੋਰ **੫**, ਅਸ ੧, ੧ : ੪ (639)
"ਦਾਨਿ ਬਡੌ ਅਤਿਵੰਤੁ ਮਹਾ ਬਲਿ ਸੇਵਕਿ ਦਾਸਿ ਕਹਿਓ ਇਹੁ **ਤਥੁ**।" (ਸਚਾਈ)
— ਸਵ **੪**, ਮਥੁ ੭ : ੩ (1405)

ਤਦ — ਓਦੋਂ, ਉਸ ਸਮੇਂ
"ਪਕਰਿ ਕੇਸ ਜਮਿ ਉਠਾਰਿਓ **ਤਦ** ਹੀ ਘਰਿ ਜਾਵੈ।" — ਆਸਾ **੫**, ੧੫੨, ੧ : ੨ (408)

ਤਦਹੁ — ਓਦੋਂ, ਉਸ ਸਮੇਂ
"ਆਪਣਾ ਆਪੁ ਉਪਾਇਓਨੁ **ਤਦਹੁ** ਹੋਰੁ ਨ ਕੋਈ।" — ਗੂਜ **੩**, ਵਾਰ, ੧ : ੧ (509)

ਤਦਿ — ਉਸ ਵੇਲੇ, ਤਦੋਂ, ਓਦੋਂ
"ਤੂੰ ਵਿਸਰਹਿ **ਤਦਿ** ਹੀ ਮਰਿ ਜਾਉ।"
— ਗਉ **੩**, ੨੭, ੧* : ੨ (159)
"ਨਾ **ਤਦਿ** ਮਾਇਆ ਮਗਨੁ ਨ ਛਾਇਆ ਨਾ ਸੂਰਜ ਚੰਦ ਨ ਜੋਤਿ ਅਪਾਰ।" (ਓਦੋਂ, ਤਦੋਂ)
— ਗੂਜ **੧**, ਅਸ ੨, ੩ : ੧ (504)

ਤਦੂਐ — ਤੰਤੂਆਂ (ਤੰਦੀਆਂ) ਨਾਲ ਜੀਵ ਨੂੰ ਫਸਾ ਕੇ ਫੜਨ ਵਾਲਾ ਜਲ ਵਿਚ ਰਹਿਣ ਵਾਲਾ ਜੀਵ, ਤੰਦੂਆ
"ਜਿਉ ਜਲ ਕੁੰਚਰੁ **ਤਦੂਐ** ਬਾਂਧਿਓ ਹਰਿ ਚੇਤਿਓ ਮੋਖ ਮੁਖਨੇ।" — ਨਟ **੪**, ੫, ੩ : ੨ (976)

ਤਦੇ — ਉਸ ਵੇਲੇ, ਤਬ ਹੀ
"ਦੁਖੁ **ਤਦੇ** ਜਾ ਵਿਸਰਿ ਜਾਵੈ।"
— ਮਾਝ **੫**, ੧੫, ੧ : ੧ (98)

ਤਨ — 1. (ਫਾ. ਤਨ) ਸਰੀਰ
"ਮਧੁਸੂਦਨ ਮੇਰੇ ਮਨ **ਤਨ** ਪ੍ਰਾਨਾ।"
— ਮਾਝ **੪**, ੨, ੧ : ੧ (94)
"**ਤਨ** ਤੇ ਛੁਟਕੀ ਅਪਨੀ ਧਾਰੀ।" (ਭਾਵ ਜੀਵਨ ਵਿਚੋ) — ਰਾਮ **੫**, ੧੬, ੧ : ੧ (887)
ਹੋਰ ਰੂਪ — **ਤੰਨ** —
"ਨਾਨਕ ਸੇਈ **ਤੰਨ** ਫੁਟੰਨਿ ਜਿਨਾ ਸਾਂਈ

ਵਿਸਰੈ।"
— ਗਉ **੫**, ਵਾਰ ੨੦ਸ, **੫**, ੧ : ੨ (323)

2. (ਸੰ. ਤਨਯ) ਸੰਤਾਨ ਹੋਰ ਵੇਖੋ 'ਤਨਹ'
"ਕੁੰਮੀ ਜਲ ਮਾਹਿ **ਤਨ** ਤਿਸੁ ਬਾਹਰਿ ਪੰਖ ਖੀਰੁ ਤਿਨ ਨਾਹੀ।"
— ਆਸਾ **ਧੰਨਾ** ੩, ੨ : ੧ (488)

3. ਸਾਥ, ਨਾਲ, ਸੰਗ
"ਘਰ ਕੀ ਨਾਰਿ ਉਰਹਿ **ਤਨ** ਲਾਗੀ।"
— ਸੂਹੀ **ਰਵਿ**, ੩, ੩ : ੧ (794)

ਤਨਹ — ਸੰਤਾਨ ਜਨ, ਪੁਤਰ
"ਰਹੰਤ ਸੰਗ ਭਗਵਾਨ ਸਿਮਰਣ ਨਾਨਕ ਲਬਧੰ ਅਚੁਤ **ਤਨਹ**।" (ਅਬਿਨਾਸੀ ਪ੍ਰਭੂ ਦੇ ਪੁੱਤਰ ਭਾਵ ਸੰਤ) — ਸਸ **੫**, ੧ : ੪ (1354)

ਤਨਹਿ — 1. ਸਰੀਰ/ਤਨ ਨੂੰ
"ਊਚਾ ਕੂਕੇ **ਤਨਹਿ** ਪਛਾੜੇ।"
— ਮਾਝ **੩**, ਅਸ ੨੧, ੪ : ੧ (121)
"ਅਗਿਆਨੁ ਤ੍ਰਿਸਨਾ ਇਸੁ **ਤਨਹਿ** ਜਲਾਏ।" (ਤਨ ਤੋਂ) — ਮਾਰੂ **੩**, ਸੋਲਾ ੨੩, ੧੫ : ੧ (1067)

2. ਤਣਦੇ ਹਾਂ
"ਹਮ ਘਰਿ ਸੂਤੁ **ਤਨਹਿ** ਨਿਤ ਤਾਨਾ ਕੰਠਿ ਜਨੇਊ ਤੁਮਾਰੇ।"
— ਆਸਾ **ਕਬ**, ੨੬, ੧ : ੧ (482)

ਤਨਕ — ਥੋੜੀ ਜਿਹੀ
"ਰਾਮ ਬਡੇ ਮੈ **ਤਨਕ** ਲਹੁਰੀਆ।"
— ਆਸਾ **ਕਬ**, ੩੦, ੧* : ੨ (483)

ਤਨਨਾ — ਤਾਣੀ ਦਾ ਫੈਲਾਉਣਾ, ਤਣਨਾ
"ਬੁਨਨਾ **ਤਨਨਾ** ਤਿਆਗਿ ਕੈ ਪ੍ਰੀਤਿ ਚਰਨ ਕਬੀਰਾ।" — ਆਸਾ **ਧੰਨਾ**, ੨, ੧ : ੧ (487)

ਤਨਾ — 1. ਤਨ, ਸਰੀਰ
"ਸਗਲ ਸਮਗ੍ਰੀ ਜਾ ਕਾ **ਤਨਾ**।"
— ਗਉ **੫**, ਸੁਖ ੨੩, ੬ : ੩ (294)

2. ਪੁਤਰ, ਵੇਖੋ 'ਤਨ' (2)
"ਬਲਿ ਬਲਿ ਜੇ ਬਿਸਨ **ਤਨਾ** ਜਸੁ ਗਾਵੈ।" (ਵਿਸ਼ਨ ਦੇ ਪੁੱਤਰਾਂ ਦਾ ਭਾਵ ਸੰਤ ਜਨਾਂ ਦਾ)
— ਗਉ **ਕਬ**, ਬਾਅ ੩੨ : ੩ (342)
"ਭਲਉ ਭੂਹਾਲੁ ਤੇਜੋ **ਤਨਾ** ਨ੍ਰਿਪਤਿ ਨਾਥੁ ਨਾਨਕ ਬਰਿ।" — ਸਵ **੩**, ੨੧ : ੫ (1396)

ਤਨਾਇਓ — ਤਣਾਇਆ (ਤਾਣੀ ਫੈਲਾਉਣਾ) ਹੈ
"ਸਭੁ ਜਗੁ ਆਨਿ **ਤਨਾਇਓ** ਤਾਨਾਂ।"
— ਆਸਾ **ਕਬ**, ੩੬, ੧* : ੨ (484)

ਹੋਰ ਰੂਪ — ਤਨਾਈ —
"ਗਜ ਨਵ ਗਜ ਦਸ ਗਜ ਇਕੀਸ ਪੁਰੀਆ ਏਕ **ਤਨਾਈ**।"
— ਗਉ **ਕਬ**, ੫੪ ੧ : ੧ (335)

ਤਨਿ — 1. ਤਨ/ਸਰੀਰ ਦੁਆਰਾ
"ਸੁਣਿਐ ਜੋਗ ਜੁਗਤਿ **ਤਨਿ** ਭੇਦ।" (ਮਹਾਨਕੋਸ਼ ਇਸ ਦੇ ਅਰਥ 'ਸਰੀਰ ਚ' ਕਰਦਾ ਹੈ)
— ਜਪੁ **੧**, ੯ : ੩ (2)
"ਆਠ ਪਹਰ ਸਿਮਰਹੁ ਪ੍ਰਭੁ ਅਪਨਾ ਮਨਿ **ਤਨਿ** ਸਦਾ ਧਿਆਇਐ।" (ਤਨ ਦੁਆਰਾ)
— ਗੂਜ **੫**, ੨੨, ੧* : ੨ (500)

2. ਤਨ ਵਿਚ
"ਨਾਉ ਨੀਰੁ ਚੰਗਿਆਈਆ ਸਤੁ ਪਰਮਲੁ **ਤਨਿ** ਵਾਸੁ।" (ਭਾਵ ਪੇਟ ਵਿਚ)
— ਸਿਰੀ **੧**, ੫, ੩ : ੧ (16)
"ਰੰਚਕ ਰੇਤ ਖੇਤ **ਤਨਿ** ਨਿਰਮਿਤ ਦੁਰਲਭ ਦੇਹ ਸਵਾਰਿ ਧਰੀ।"
— ਸਵ **੫**, ੩* : ੧ (1387)

3. ਤਨ ਉਪਰ, ਤਨ ਉਤੇ
"ਜਿਤੁ **ਤਨਿ** ਪਾਈਅਹਿ ਨਾਨਕਾ ਸੇ ਤਨ ਹੋਵਹਿ ਛਾਰ।"
— ਆਸਾ **੧**, ਵਾਰ ੪ਸ, **੧**, ੨ : ੭ (465)

ਹੋਰ ਰੂਪ — ਤੰਨਿ —
"**ਤੰਨਿ** ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ।"
— ਸਲੋ **੫**, ੨੧ : ੭ (1426)

4. ਸਰੀਰ ਨੂੰ, ਤਨ ਨੂੰ
"ਧੂਰਿ ਭਗਤਨ ਕੀ ਮਨਿ **ਤਨਿ** ਲਗਉ ਹਰਿ ਜੀਉ ਸਭ ਪਤਿਤ ਪੁਨੀਤਾ ਰਾਮ।"
— ਬਿਹਾ **੫**, ੩, ੨ : ੨ (543)

5. ਤਨ ਦੀਆਂ
"ਸਭਿ ਇਛਾ ਮਨਿ **ਤਨਿ** ਪੂਰੀਆ ਸਭੁ ਚੂਕਾ ਡਰੁ ਜਮ ਕੇ।"
—ਸੂਹੀ **੪**, ੧, ੧ : ੨ (731)

6. ਸਰੀਰ ਦਾ
"ਜੋ ਤੁਧੁ ਭਾਵੈ ਸੋ ਪਰਵਾਣੁ ਮਨਿ **ਤਨਿ** ਤੂਹੈ

ਅਧਾਰੀ।"
— ਸੂਹੀ **੫**, ੪੮, ੧* : ੨ (747)

ਤੰਨਿ — 1. ਸਰੀਰ, ਉਪਰ, ਵੇਖੋ 'ਤਨਿ' (3)
2. ਤਿੰਨਾਂ, ਉਨ੍ਹਾਂ
"ਖਾਕੁ ਲੋੜੇਦਾ **ਤੰਨਿ** ਖੇ ਜੋ ਰਤੇ ਦੀਦਾਰ।"
— ਮਾਰੂ **੫**, ਵਾਰ ੧੧ਸ, **੫**, ੨ : ੨ (1098)

ਤਨੀ — ਤਣੀ, ਫੈਲਾਈ ਹੈ (ਤਾਣੀ)
"ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ **ਤਨੀ**।" (ਖਿਚ ਕੇ, ਕਸ ਕੇ ਤਣੀ)
— ਬਿਲਾ **੫**, ੧੧੪, ੧ : ੨ (827)

ਤਨੀਜੈ — ਤਣਿਆ ਜਾਵੇ
"ਸਾਕਤ ਸੂਤੁ ਬਹੁ ਗੁਰਝੀ ਭਰਿਆ ਕਿਉ ਕਰਿ ਤਾਨੁ **ਤਨੀਜੈ**।"
— ਕਲਿ **੪**, ੨, ੬ : ੧ (1324)

ਤਨੁ — ਸਰੀਰ
"ਗਾਵੈ ਕੋ ਸਾਜਿ ਕਰੇ **ਤਨੁ** ਖੇਹ।"
— ਜਪੁ **੧**, ੩ : ੫ (2)

ਹੋਰ ਰੂਪ — ਤੰਨੁ —
"ਮਨੁ **ਤੰਨੁ** ਨਿਰਮਲੁ ਦੇਖਿ ਦਰਸਨੁ ਨਾਮੁ ਪ੍ਰਭ ਕਾ ਮੁਖਿ ਭਣਾ।"
— ਸੂਹੀ **੫**, ਛੰਤ ੩, ੨ : ੪ (778)

ਤਨੂਰ — (ਅ. ਤਨੂਰ) ਭੱਠੀ, ਚੁਲਾ
"ਤਨੁ ਤਪੈ **ਤਨੂਰ** ਜਿਉ ਬਾਲਣੁ ਹਡ ਬਲੰਨਿ।"
— ਸਲੋ **ਫਰ**, ੧੧੯ : ੧ (1384)

ਤਨੇ — 1. ਸਪੁਤਰ
"ਕਵਿ ਕਲ੍ਯ ਠਕੁਰ ਹਰਦਾਸ **ਤਨੇ** ਗੁਰ ਰਾਮਦਾਸ ਸਰ ਅਭਰ ਭਰੇ।"
— ਸਵ **੪**, ਕਲ ੧ : ੧੩ (1396)

ਹੋਰ ਰੂਪ — ਤਨੈ —
"ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ ਤਿਨ **ਤਨੈ** ਰਵਿਦਾਸ ਦਾਸਾਨ ਦਾਸਾ।"
— ਮਲਾ **ਰਵਿ**, ੨, ੩ : ੨ (1293)

2. ਸਰੀਰ
"ਮਨਿ **ਤਨੇ** ਗਲਤਾਨ ਸਿਮਰਤ ਪ੍ਰਭ ਨਾਮ ਹਰਿ ਅੰਮ੍ਰਿਤੁ ਪੀਵਤੇ ਜੀਉ।"
— ਸਿਰੀ **੫**, ਛੰਤ ੩, ੩ : ੨ (81)

ਤਨੋ — ਸਰੀਰ, ਤਨ
"ਰਕਤੁ ਬਿੰਦੁ ਕਾ ਇਹੁ **ਤਨੋ** ਅਗਨੀ ਪਾਸਿ ਪਿਰਾਣੁ।" — ਸਿਰੀ **੧**, ਅਸ ੧੫, ੫ : ੨ (63)

ਤਨੌ — ਪੁੱਤਰ
"ਭਲਉ ਪ੍ਰਸਿਧੁ ਤੇਜੋ **ਤਨੌ** ਕਲ੍ਯ ਜੋੜਿ ਕਰ ਧ੍ਯਾਇਅਓ।" — ਸਵ **੩**, ੫ : ੫ (1393)

ਤਪ — 1. ਤਪਸਿਆ, ਕਰੜੀ ਘਾਲਣਾ
"ਅਸੰਖ ਪੂਜਾ ਅਸੰਖ **ਤਪ** ਤਾਉ।"
— ਜਪੁ **੧**, ੧੭ : ੨ (3)
2. ਤਪ ਕਰਨ ਵਾਲਾ, ਤਪਸੀ, ਤਪੀਆ
"ਗੁਰਮੁਖਿ ਜਪ **ਤਪ** ਸੰਜਮੀ ਹਰਿ ਕੈ ਨਾਮਿ ਪਿਆਰੁ।" — ਸਿਰੀ **੩**, ੪੦, ੪ : ੧ (29)

ਤਪਸਾ — ਤਪ, ਕਰੜੀ ਘਾਲਣਾ
"ਜੋਗੇਨ ਕਿੰ ਜਗੇਨ ਕਿੰ ਦਾਨੇਨ ਕਿੰ **ਤਪਸਾ**।"
— ਗੂਜ **ਜੈਦੇ**, ੧, ੪ : ੨ (526)

ਤਪਸਿਆ — ਤਪ, ਕਠਿਨ ਘਾਲਨਾ
"ਅਨਿਕ **ਤਪਸਿਆ** ਕਰੇ ਅਹੰਕਾਰ।"
— ਗਉ **੫**, ਸੁਖ ੧੨, ੩ : ੩ (278)

ਤਪਸੀ — ਤਪਸਿਆ ਕਰਨ ਵਾਲਾ, ਤਪੀ
"**ਤਪਸੀ** ਤਪਹਿ ਰਾਤਾ।"
— ਸਿਰੀ **੫**, ਅਸ ੨੨, ੨ : ੩ (71)

ਤਪਸੀਅਹ — ਤਪ ਕਰਨ ਵਾਲੇ, ਤਪੀ
"ਸੰਨਿਆਸੀ **ਤਪਸੀਅਹ** ਮੁਖਹੁ ਏ ਪੰਡਿਤ ਮਿਠੇ।"
— ਸਵ **੩**, ੨੦ : ੨ (1395)

ਤਪਹਿ — ਤਪ ਵਿਚ ਹੀ, ਕਰੜੀ ਘਾਲਣਾ ਕਰਨ ਵਿਚ ਹੀ
"ਤਪਸੀ **ਤਪਹਿ** ਰਾਤਾ।"
— ਸਿਰੀ **੫**, ਅਸ ੨੨, ੨ : ੩ (71)

ਤਪਹੀਨ — ਤਪਸਿਆ ਤੋਂ ਵਿਹੂਣਾ
"ਜਪਹੀਨ **ਤਪਹੀਨ** ਕੁਲ ਹੀਨ ਕ੍ਰਮ ਹੀਨ ਨਾਮੇ ਕੇ ਸੁਆਮੀ ਤੇਊ ਤਰੇ।"
— ਗਉ **ਨਾਮ**, ੧, ੨ : ੨ (345)

ਤਪਹੁ — ਤਪ ਕਰਨਾ, ਘਾਲਨਾ ਕਰਨੀ
"ਕਾਇ ਜਪਹੁ ਰੇ ਕਾਇ **ਤਪਹੁ** ਰੇ ਕਾਇ ਬਿਲੋਵਹੁ ਪਾਣੀ।" — ਗੂਜ **ਤ੍ਰਿਲੋ**, ੧, ੩ : ੧ (526)

ਤਪਤ — 1. ਗਰਮ ਕਰਨਾ
"ਚੰਦੁ ਸੂਰਜੁ ਜਾ ਕੇ **ਤਪਤ** ਰਸੋਈ।" (ਭਾਵ ਰਸੋਈ ਕਰਦੇ ਹਨ)

— ਆਸਾ **ਕਬ**, ੨੧, ੩ : ੧ (481)
2. ਤਤਾ, ਸੜਦਾ
"ਗੁਨ ਗੋਵਿੰਦ ਗੁਰਮੁਖਿ ਨ ਜਪਿਆ **ਤਪਤ** ਥੰਮ੍ਹ ਗਲਿ ਲਾਤਿਆ।"
— ਬਿਹਾ **੫**, ਛੰਤ ੭, ੩ : ੪ (546)
"**ਤਪਤ** ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ।"
— ਮਾਰੂ **੫**, ੧੪, ੧* : ੨ (1002)

ਤਪਤਾਲੁ — ਤਪ ਦਾ ਤਾਲ ਤਪਦੀ ਲੈ ਭਾਵ ਤਪ ਕਰਨ ਦਾ ਤਰੀਕਾ
"ਭੁਲਿਆ ਚੁਕਿ ਗਇਆ **ਤਪਤਾਲੁ**।"
— ਮਲਾ **੧**, ਵਾਰ ੨੦ਸ, **੧**, ੧ : ੪ (1287)

ਤਪਤਿ — (ਸੰ. ਤਪਿ) ਸੇਕ, ਜਲਨ
"ਸਿਮਰਿ ਸਿਮਰਿ ਸਭ **ਤਪਤਿ** ਬੁਝਾਈ।"
— ਗਉ **੫**, ੧੨੬, ੧* : ੨ (191)
"ਫਲ ਪਾਵਹਿ ਮਨ ਬਾਛਤੇ **ਤਪਤਿ** ਤੁਹਾਰੀ ਜਾਇ।" (ਭਾਵ ਤ੍ਰਿਸਨਾ ਦੀ ਜਲਨ/ਦੁਖ/ ਭਟਕਣਾ)
— ਗਉ **੫**, ਬਾਅ ੩੨ : ੨ (257)
"**ਤਪਤਿ** ਮਾਹਿ ਠਾਢਿ ਵਰਤਾਈ।" (ਗਰਮੀ, ਤਪਸ) — ਗਉ **੫**, ਸੁਖ ੧੮, ੭ : ੧ (287)
"ਮਾਇਆ **ਤਪਤਿ** ਬੁਝਿਆ ਅੰਗਿਆਰੁ।" (ਤਪਦੀ/ਸੜਦੀ ਮਾਇਆ)
— ਗਉ **ਕਬ**, ੪੦, ੩ : ੧ (331)
"**ਤਪਤਿ** ਨ ਕਤਹਿ ਬੁਝੈ ਬਿਨੁ ਸੁਆਮੀ ਸਰਣਾ ਰਾਮ।" (ਜਲਨ)
— ਬਿਹਾ **੫**, ਛੰਤ ੬, ੨ : ੨ (545)

ਤਪਤੁ — ਅਸ਼ਾਂਤ ਹੋਣਾ, ਸੜਨਾ
"ਜੀਉ **ਤਪਤੁ** ਹੈ ਬਾਰੋ ਬਾਰ।"
— ਧਨਾ **੧**, ੫, ੧ : ੧ (661)

ਤਪਤੈ — ਤਪਦਾ/ਤੜਫਦਾ ਹੈ ਭਾਵ ਲੋਚਦਾ/ ਤਾਂਘਦਾ ਹੈ।
"ਹਰਿ ਦਰਸਨ ਕਉ ਮੇਰਾ ਮਨੁ ਬਹੁ **ਤਪਤੈ** ਜਿਉ ਤ੍ਰਿਖਾਵੰਤੁ ਬਿਨੁ ਨੀਰ।"
— ਗੋਂਡ **੪**, ੬, ੧ : ੧ (861)

ਤਪੰਦਾ — ਗਰਮ, ਤਪਸ਼ ਵਾਲਾ
"ਆਸਾੜੁ **ਤਪੰਦਾ** ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ।" — ਮਾਝ **੫**, ਬਾਰਾ ੫ : ੧ (134)

ਤਪਨ — 1. ਤਪਾਂ ਦਾ
"ਰਵਿਦਾਸ ਦਾਸ ਉਦਾਸ ਤਜੁ ਭ੍ਰਮੁ **ਤਪਨ** ਤਪੁ ਗੁਰ ਗਿਆਨ।"
— ਆਸਾ **ਰਵਿ**, ੧, ੪ : ੧ (486)
2. ਤਪ
"ਜਤਨ ਭਾਂਤਨ **ਤਪਨ** ਭ੍ਰਮਨ ਅਨਿਕ ਕਥਨ ਕਥਤੇ ਨਹੀ ਥਾਹ ਪਾਈ ਠਾਉ।"
— ਕਾਨ **੫**, ੩੯, ੨ : ੧ (1306)

ਤਪਨਾ — ਤਪਸ਼, ਜਲਨ, ਗਰਮੀ
"ਜੈਸੇ ਸਕਤਿ ਸੂਰੁ ਬਹੁ ਜਲਤਾ ਗੁਰ ਸਸਿ ਦੇਖੇ ਲਹਿ ਜਾਇ ਸਭ **ਤਪਨਾ**।"
— ਗੋਂਡ **੪**, ੩, ੧ : ੨ (860)

ਤਪਨੁ — ਤਪ, ਕਠਿਨ/ਕਰੜੀ ਘਾਲਨਾ
"ਵਰਤੁ **ਤਪਨੁ** ਕਰਿ ਮਨੁ ਨਹੀ ਭੀਜੈ।"
— ਰਾਮ **੧**, ਅਸ ੫, ੧ : ੨ (905)

ਤਪਾ — ਤਪ ਕਰਨ ਵਾਲਾ, ਕਰੜੀ ਘਾਲਨਾ ਘਾਲਣ ਵਾਲਾ
"**ਤਪਾ** ਨ ਹੋਵੈ ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ।"
— ਗਉ **੪**, ਵਾਰ ੩੦ਸ, **੪**, ੧ : ੧ (315)

ਤਪਾਂ — ਤਪਸਿਆਵਾਂ, ਘਾਲਨਾਵਾਂ
"ਗੁਰ ਸੇਵਾ **ਤਪਾਂ** ਸਿਰਿ ਤਪੁ ਸਾਰੁ।"
— ਆਸਾ **੩**, ਅਸ ੨੪, ੪ : ੧ (423)

ਤਪਾਇ — (ਫਾ. ਤਪੀਦਨ) ਬਾਲੇ, ਗਰਮ ਕਰੇ
"ਤਨੁ ਨ **ਤਪਾਇ** ਤਨੂਰ ਜਿਉ ਬਾਲਣੁ ਹਡ ਨ ਬਾਲਿ।" — ਸਲੋ **ਫਰ**, ੧੨੦ : ੧ (1384)

ਤਪਾਇਆ — ਗਰਮ ਕੀਤਿਆਂ, ਤਪਾਇਆਂ, ਤਪਾਇਆ ਹੋਇਆ
"ਕਵਨ ਮੁਖਿ ਸੂਰਜੁ ਤਪੈ **ਤਪਾਇਆ**।"
— ਰਾਮ **੧**, ਸਿਗੋ ੪੮ : ੨ (943)

ਤਪਾਵਸੁ — ਨਿਬੇੜਾ ਨਿਆਂ, ਇਨਸਾਫ
"ਗਲਾ ਉਪਰਿ **ਤਪਾਵਸੁ** ਨ ਹੋਈ ਵਿਸੁ ਖਾਧੀ ਤਤਕਾਲ ਮਰਿ ਜਾਏ।"
— ਗਉ **੪**, ਵਾਰ ੧੫ਸ, **੪**, ੧ : ੬ (308)
('ਮਹਾਨਕੋਸ਼' ਅਰਥ 'ਖੋਜ' 'ਨਿਰਣਾ' ਦਿੰਦਾ ਹੈ)

ਹੋਰ ਰੂਪ — ਤਪਾਵਸੋ —
"ਕਰਤੈ ਕੀਆ **ਤਪਾਵਸੋ** ਦੁਸਟ ਮੁਏ ਹੋਇ

ਮੂਰੇ।"
— ਮਾਝ **੫**, ਅਸ ੩੯, ੭ : ੧ (133)

ਤਪਿ — 1. ਕੁੜ੍ਹ ਕੇ, ਸੜ੍ਹ ਕੇ
"ਮਨਮੁਖਿ ਅੰਧਾ **ਤਪਿ ਤਪਿ** ਖਪੈ ਬਿਨੁ ਸਬਦੈ ਸਾਂਤਿ ਨ ਆਈ।"
— ਵਡ **੩**, ਛੰਤ ੬, ੨ : ੫ (571)

ਤਪਿਆ — ਗਰਮ ਹੋਇਆ, ਸੜਿਆ ਪਿਆ
"ਅਗੇ ਦੋਜਕੁ **ਤਪਿਆ** ਹੂਲ ਪਵੈ ਕਾਹਾਹਾ।"
— ਸਲੋ **ਫਰ**, ੯੮ : ੨ (1383)

ਤਪੀ — ਤਪਸਿਆ ਕਰਨ ਵਾਲਾ, ਤਪਸੀ
"ਜੋਗੀ ਜਤੀ **ਤਪੀ** ਬ੍ਰਹਮਚਾਰੀ।"
— ਗਉ **ਕਬ**, ੧੩, ੨ : ੧ (326)

ਹੋਰ ਰੂਪ — ਤਪੀਆ
"ਕਵਨ ਤਪੁ ਜਿਤੁ **ਤਪੀਆ** ਹੋਇ।"
— ਗਉ **੫**, ੧੦੫, ੩ : ੧ (187)

ਤਪੀਸਰ — ਵਡਾ ਤਪੀਆ, ਪ੍ਰਧਾਨ ਤਪੀਆ, ਤਪੀਆ ਦਾ ਈਸ਼
"ਤਪੇ **ਤਪੀਸਰ** ਜੋਗੀਆ ਤੀਰਥਿ ਗਵਨੁ ਕਰੇ।"
— ਸਿਰੀ **੫**, ੨੬, ੫ : ੨ (70)

ਹੋਰ ਰੂਪ — ਤਪੀਸਰੁ —
"ਮਹਾ ਉਦਾਸੁ **ਤਪੀਸਰੁ** ਥੀਵੈ।"
— ਗਉ **੫**, ਸੁਖ ੩, ੨ : ੨ (265)

ਤਪੀਸੁਰ —
"ਤਪੀ **ਤਪੀਸੁਰ** ਮੁਨਿ ਮਹਿ ਪੇਖਿਓ ਨਟ ਨਾਟਿਕ ਨਿਰਤਾਏ।"
— ਭੈਰ **੫**, ੧੫, ੨ : ੨ (1139)

ਤਪੁ — ਤਪਸਿਆ, ਕਰੜੀ ਘਾਲਣਾ/ਸਾਧਨਾ
"ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ **ਤਪੁ** ਤਾਪਹਿ ਜਪਹਿ ਬੇਅੰਤਾ।"
— ਆਸਾ **੪**, ਸੋਪੁ ੧, ੪ : ੩ (11)
"ਬਾਰਹ ਬਰਸ ਬਾਲਪਨ ਬੀਤੇ ਬੀਸ ਬਰਸ ਕਛੁ **ਤਪੁ** ਨ ਕੀਓ।" (ਸਾਧਨਾ)
— ਆਸਾ **ਕਬ**, ੧੫, ੧ : ੧ (479)

ਤਪੇ — ਤਪਸਿਆ ਕਰਨ ਵਾਲੇ, ਤਪਸੀ
"ਮਹਾ ਪੁਰਖਾਂ ਕੀ ਨਿੰਦਾ ਕਾ ਵੇਖੁ ਜਿ ਤਪੇ ਨੋ ਫਲੁ ਲਗਾ ਸਭੁ ਗਇਆ **ਤਪੇ** ਕਾ ਘਾਲਿਆ।"
— ਗਉ **੪**, ਵਾਰ, ੩੦, **੪**, ੧ : ੭ (315)

ਤਪੈ — 1. ਗਰਮ ਹੁੰਦਾ, ਸੜਦਾ
"ਰਸੁ ਕਸੁ ਟਟਰਿ ਪਾਈਐ **ਤਪੈ** ਤੈ ਵਿਲਲਾਇ।"
— ਮਾਝ **੧**, ਵਾਰ ੧੧ਸ, **੧**, ੨ : ੩ (143)
"**ਤਪੈ** ਹਿਆਉ ਜੀਅੜਾ ਬਿਲਲਾਇ।"
— ਧਨਾ **੧**, ੩, ੧ : ੨ (661)
2. ਤਪਸੀ ਨੇ, ਤਪਸਿਆ ਕਰਨ ਵਾਲੇ ਨੇ
"ਅਗੋ ਦੇ ਸਦਿਆ ਸਤੈ ਦੀ ਭਿਖਿਆ ਲਏ ਨਾਹੀ ਪਿਛੋ ਦੇ ਪਛੁਤਾਇ ਕੈ ਆਣਿ **ਤਪੈ** ਪੁਤੁ ਵਿਚਿ ਬਹਾਲਿਆ।"
— ਗਉ **੪**, ਵਾਰ ੩੦ਸ, **੪**, ੧ : ੨ (315)
3. ਤਪੱਸਿਆ/ਤਪ ਤਾਉਣ
"ਦੁਆਪੁਰਿ ਰਥੁ **ਤਪੈ** ਕਾ ਸਤੁ ਅਗੈ ਰਥਵਾਹੁ।"
— ਆਸਾ **੧**, ਵਾਰ ੧੩ਸ, **੧**, ੧ : ੫ (470)

ਹੋਰ ਰੂਪ — ਤਪੋ —
"ਆਚਾਰਿ ਤੂ ਵੀਚਾਰਿ ਆਪੇ ਹਰਿ ਨਾਮੁ ਸੰਜਮ ਜਪ **ਤਪੋ**।"
— ਤੁਖਾ **੧**, ਛੰਤ, ੬, ੨ : ੫ (1113)

ਤਬ — ਉਦੋਂ, ਉਸ ਸਮੇਂ
"ਧਰਮ ਰਾਇ ਜਬ ਪਕਰਸਿ ਬਵਰੇ **ਤਬ** ਕਿਆ ਜਬਾਬੁ ਕਰੇਇ।"
— ਸਿਰੀ **੫**, ਪਹ ੪, ੨ : ੫ (77)

ਤਬਹਿ — 1. ਤਦ ਹੀ, ਓਦੋਂ ਹੀ
"ਜਬ ਹੀ ਹੋਇ **ਤਬਹਿ** ਮਨੁ ਮਾਨਾ।"
— ਗਉ **ਕਬ**, ਬਾਅ ੪੨ : ੨ (342)
2. ਓਦੋਂ, ਉਸ ਸਮੇਂ
"ਜਾ ਜਮੁ ਆਇ ਝੋਟ ਪਕਰੈ **ਤਬਹਿ** ਕਾਹੇ ਰੋਇਆ।"
— ਆਸਾ **ਕਬ**, ੨੩, ੨ : ੨ (481)

ਤਬਹੂੰ — ਓਦੋਂ ਹੀ, ਤਦ ਹੀ
"ਜਹ ਤੇ ਉਪਜਿਓ ਤਹੀ ਸਮਾਇਓ ਇਹ ਬਿਧਿ ਜਾਨੀ **ਤਬਹੂੰ**।" — ਦੇਵ **੫**, ੪, ੧ : ੧ (529)

ਤਬਤੇ — ਓਦੋਂ ਤੋਂ, ਉਸ ਸਮੇਂ ਤੋਂ
"ਜਬ ਤੇ ਭੇਟੇ ਸਾਧ ਦਇਆਰਾ **ਤਬਤੇ** ਦੁਰਮਤਿ ਦੂਰਿ ਭਈ।" — ਬਿਲਾ **੫**, ੯੦, ੧* : ੨ (822)

ਤਬਲਗ — ਓਦੋਂ ਤੱਕ, ਉਸ ਸਮੇਂ ਤੱਕ
"ਜਬ ਲਗੁ ਸਾਹਿਬੁ ਮਨਿ ਵਸੈ **ਤਬਲਗ** ਬਿਘਨੁ ਨ ਹੋਇ।" — ਮਾਰੂ **੧**, ੧੦, ੪ : ੩ (992)

ਹੋਰ ਰੂਪ — ਤਬ ਲਗਿ —
"ਜਬ ਲਗੁ ਜੀਉ ਪਿੰਡੁ ਹੈ ਸਾਬਤੁ **ਤਬ ਲਗਿ** ਕਿਛੁ ਨ ਸਮਾਰੇ।"
— ਨਟ **੪**, ਅਸ ੩, ੪ : ੧ (981)

ਤਬਲਗੁ —
"ਜਬ ਲਗੁ ਜੋਬਨਿ ਸਾਸੁ ਹੈ **ਤਬਲਗੁ** ਇਹੁ ਤਨੁ ਦੇਹ।" — ਸਿਰੀ **੧**, ੧੭, ੧ : ੨ (20)

ਤਬਲਬਾਜ — (ਫਾ. ਤਬਲਬਾਜ਼) ਨਗਾਰਚੀ, ਧੌਂਸਾ ਵਜਾਉਣ ਵਾਲਾ
"**ਤਬਲਬਾਜ** ਬੀਚਾਰ ਸਬਦਿ ਸੁਣਾਇਆ।"
— ਮਾਝ **੧**, ਵਾਰ ੧੦ : ੬ (142)

ਤੰਬੂ — (ਫਾ. ਤੰਬੂ) ਖੇਮਾ,ਕਪੜੇ,ਟਾਟ ਕੈਂਨਵਸ ਦਾ ਬਣਿਆ ਖੇਮਾ ਜੋ ਚੋਬਾਂ ਤੇ ਖੜਾ ਕੀਤਾ ਜਾਂਦਾ ਹੈ ਤੇ ਇਕ ਥਾਂ ਤੋਂ ਦੂਜੀ ਥਾਂ ਲੈ ਜਾਇਆ ਜਾ ਸਕਦਾ ਹੈ।
"**ਤੰਬੂ** ਪਲੰਘ ਨਿਵਾਰ ਸਰਾਇਚੇ ਲਾਲਤੀ।"
— ਮਾਝ **੧**, ਵਾਰ ੮ : ੭ (141)

ਤਬੇਲਾ — ਅਸਤਬਲ, ਘੋੜੇ ਬੰਨਣ ਵਾਲਾ ਅਹਾਤਾ
"ਕਹਾ ਸੁ ਖੇਲ **ਤਬੇਲਾ** ਘੋੜੇ ਕਹਾ ਭੇਰੀ ਸਹਨਾਈ।"
— ਆਸਾ **੧**, ਅਸ ੧੨, ੧ : ੧ (417)

ਤਬੈ — ਓਦੋਂ, ਉਸ ਸਮੇਂ, ਤਦੋਂ
"ਤਾਰਨ ਤਰਨੁ **ਤਬੈ** ਲਗੁ ਕਹੀਐ ਜਬ ਲਗੁ ਤਤੁ ਨ ਜਾਨਿਆ।"
— ਮਾਰੂ **ਕਬ**, ੫, ੨ : ੧ (1104)

ਤੰਬੋਰ — ਪਾਨ ਦਾ ਬੀੜਾ; ਵੇਖੋ 'ਤੰਬੋਲ'
"ਹਾਥਿ ਤ ਡੋਰ ਮੁਖਿ ਖਾਇਓ **ਤੰਬੋਰ**।"
— ਗਉ **ਕਬ**, ੧੬, ੩ : ੧ (326)

ਤੰਬੋਲ — (ਸੰ. ਤਲ੍ਬੂਲ) (ਫਾ. ਤਾਂਬੋਲ) ਪਾਨ ਦਾ ਬੀੜਾ, ਹੋਰ ਵੇਖੋ 'ਤੰਬੋਲੁ'
"ਸ੍ਰਬ ਸੀਗਾਰ **ਤੰਬੋਲ** ਰਸ ਸਣੁ ਦੇਹੀ ਸਭ ਖਾਮ।"
— ਮਾਝ **੫**, ਬਾਰਾ ੧ : ੭ (133)

ਹੋਰ ਰੂਪ — ਤੰਬੋਲਾ —
"ਦੂਜਾ ਭਾਉ ਵਿਸਾਰੀਐ ਏਹੁ **ਤੰਬੋਲਾ** ਖਾਇ ਰੀ।" — ਆਸਾ **੫**, ੧੧੮, ੨ : ੨ (400)

ਤੰਬੋਲੀ — (ਸ. ਤਾਮ੍ਬੂਲਿਨ੍) ਪਾਨ ਵੇਚਨ ਵਾਲੀ, ਪਾਨ ਦਾ ਬੀੜਾ ਬਣਾਨ ਵਾਲੀ
"ਕਹਾ ਸੁ ਪਾਨ **ਤੰਬੋਲੀ** ਹਰਮਾ ਹੋਈਆ ਛਾਈ ਮਾਈ।" — ਆਸਾ **੧**, ੧੨, ੨ : ੩ (417)

ਤੰਬੋਲੁ — ਪਾਨ ਦਾ ਬੀੜਾ
"ਅੰਮ੍ਰਿਤ ਨਾਮੁ **ਤੰਬੋਲੁ** ਮੁਖਿ ਖਾਇਆ।"
— ਸੂਹੀ **੫**, ੪, ੨ : ੨ (737)

ਤਮ — 1. ਹਨੇਰਾ, ਅੰਧਕਾਰ
"**ਤਮ** ਅੰਧ ਕੂਪ ਤੇ ਉਧਾਰੈ ਨਾਮੁ ਮੰਨਿ ਵਸਾਈਐ।"
— ਗਉ **੫**, ਛੰਤ ੩, ੨ : ੪ (249)
"ਬਾਹ ਪਕੜਿ **ਤਮ** ਤੇ ਕਾਢਿਆ ਕਰਿ ਅਪੁਨਾ ਲੀਨਾ ਰਾਮ।" (ਭਾਵ ਅਗਿਆਨਤਾ ਰੂਪੀ ਹਨੇਰੇ ਤੋਂ) — ਬਿਲਾ **੫**, ਛੰਤ ੫, ੨ : ੩ (848)
"ਦ੍ਰਿਸਟਿ ਧਰਤ **ਤਮ** ਹਰਨ ਦਹਨ ਅਘ ਪਾਪ ਪ੍ਰਨਾਸਨ।" — ਸਵ **੨**, ੫ : ੧ (1391)
2. ਤਮੋ ਗੁਣ, ਅਗਿਆਨ ਤੇ ਕ੍ਰੋਧ ਦਾ ਲਖਾਇਕ ਗੁਣ।
"ਰਜ **ਤਮ** ਸਤ ਕਲ ਤੇਰੀ ਛਾਇਆ।"
— ਮਾਰੂ **੧**, ਸੋਲਾ ੧੭, ੧੧ : ੧ (1038)
3. ਕਾਲਿਸ਼, ਸ਼ਿਆਮਤਾ(ਮਹਾਨਕੋਸ਼)
"**ਤਮ** ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ।"
— ਮੁੰਦਾ **੫**, ੧ : ੫ (1429)

ਤਮ ਹਰਣ — ਹਨੇਰਾ ਦੂਰ ਕਰਨ ਵਾਲੇ, ਪਾਪ ਮਿਟਾਣ ਵਾਲੇ (ਮਹਾਨਕੋਸ਼)
"ਅਗਿਆਨ ਬਿਨਾਸਨ **ਤਮ ਹਰਣ** ਊਚੇ ਅਗਮ ਅਮਾਉ।" — ਮਾਝ **੫**, ਦਿਨ ੪ : ੭ (137)

ਤਮਾਇ — 1. (ਅ. ਤਮਾਅ) ਲਾਲਚ, ਤਮਾ
"ਵਡਾ ਦਾਤਾ ਤਿਲੁ ਨ **ਤਮਾਇ**।"
— ਜਪੁ **੧**, ੨੫ : ੨ (5)
"ਤਿਨ ਸਦਾ ਸੁਖੁ ਹੈ ਤਿਲੁ ਨ **ਤਮਾਇ**।" (ਭਾਵ ਥੁੜ, ਲੋੜ) — ਬਸੰ **੩**, ੩, ੨ : ੪ (1173)

ਹੋਰ ਰੂਪ — ਤਮਾਈ —
"ਨਾਨਕ ਵੇਪਰਵਾਹੁ ਹੈ ਤਿਸੁ ਤਿਲੁ ਨ **ਤਮਾਈ**।" — ਸੂਹੀ **੩**, ਵਾਰ ੨੦ : ੫ (792)

ਤਮਾਏ —
"ਜਨੁ ਨਾਨਕ ਵਡਿਆਈ ਆਖੈ ਹਰਿ ਕਰਤੇ ਕੀ ਜਿਸ ਨੋ ਤਿਲੁ ਨ **ਤਮਾਏ**।"
— ਬਿਹਾ **੪**, ਵਾਰ ੧੫ : ੫ (554)

2. ਇਛਾ ਕਰੇ, (ਨਿਰਣੈ) : ਤਾਂਘ, ਖਿਚ (ਦਰਪਣ); ਸਮਾਇ(ਸੰਧਿਆ)
"ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ **ਤਮਾਇ**।" — ਸਿਰੀ **੧**, ੨, ੧* : ੨ (14)

ਤਮਾਸਾ — (ਅ. ਤਮਾਸ਼ਾ) ਜੀਆ ਨੂੰ ਖੁਸ਼ ਕਰਨ ਵਾਲਾ ਦ੍ਰਿਸ਼/ਖੇਡ
"ਰੰਗ **ਤਮਾਸਾ** ਪੂਰਨ ਆਸਾ ਕਬਹਿ ਨ ਬਿਆਪੈ ਚਿੰਤਾ।" — ਗੂਜ **੫**, ੪, ੩ : ੨ (496)

ਹੋਰ ਰੂਪ — ਤਮਾਸਿਆ —
"ਕਉਤਕ ਕੋਡ **ਤਮਾਸਿਆ** ਚਿਤਿ ਨ ਆਵਸੁ ਨਾਉ।" (ਖੇਡਾ, ਮਨੋਰੰਜਨ)
— ਜੈਤ **੫**, ਵਾਰ ੯ਸ, **੫**, ੨ : ੧ (707)

ਤਮਾਸੇ —
"ਰੰਗ **ਤਮਾਸੇ** ਬਹੁ ਬਿਧੀ ਚਾਇ ਲਗਿ ਰਹਿਆ।" (ਖੇਡਾਂ)
— ਸਿਰੀ **੫**, ਅਸ ੨੬, ੬ : ੩ (70)

ਤਮਾਸੈ —
"ਸਾਹਾਂ ਸੁਰਤਿ ਗਵਾਈਆ ਰੰਗਿ **ਤਮਾਸੈ** ਚਾਇ।" (ਮਨੋਰੰਜਨ, ਖੇਡਾ)
— ਆਸਾ **੧**, ਅਸ ੧੧, ੫ : ੨ (417)

ਤਮੋਲ — ਪਾਨ, ਵੇਖੋ 'ਤੰਬੋਲ'
"ਕਾਜਲੁ ਹਾਰ **ਤਮੋਲ** ਰਸੁ ਬਿਨੁ ਪਸੇ ਹਭਿ ਰਸ ਛਾਰੁ।"
— ਮਾਰੂ **੫**, ਵਾਰ ੧ਸ, **੫**, ੩ : ੨ (1094)

ਤਰ — 1. (ਸੰ. ਤਰ) ਰੁਖ, ਬ੍ਰਿਛ, ਦਰਖਤ
"ਗਿਰਿ **ਤਰ** ਧਰਣਿ ਗਗਨ ਅਰੁ ਤਾਰੇ।"
— ਗਉ **੫**, ਅਸ ੪, ੩ : ੧ (237)
"ਗਿਰਿ **ਤਰ** ਥਲ ਜਲ ਭਵਨ ਭਰਪੁਰਿ ਘਟਿ ਘਟਿ ਲਾਲਨ ਛਾਵਨੀ ਨੀਕੀ।" (ਰੁੱਖਾਂ ਵਿਚ)
— ਮਲਾ **੫**, ੨੫, ੨ : ੧ (1272)

2. ਹੇਠਾਂ, ਥਲੇ
"ਗਿਰਿ **ਤਰ** ਜਲੁ ਜੁਆਲਾ ਭੈ ਰਾਖਿਓ ਰਾਜਾ ਰਾਮਿ ਮਾਇਆ ਫੇਰੀ।" (ਪਹਾੜ ਤੋਂ ਹੇਠਾਂ ਸੁਟਣ) — ਭੈਰ **ਨਾਮ**, ੯, ੩ : ੨ (1165)
"ਹੈਵਰ ਊਪਰਿ ਛਤ੍ਰ **ਤਰ** ਤੇ ਫੁਨਿ ਧਰਨੀ ਗਾਡ।" (ਜੋ ਘੋੜਿਆਂ ਉਪਰ ਛਤਰਾਂ ਹੇਠਾਂ ਸਨ)
— ਸਲੋ **ਕਬ**, ੩੨ : ੨ (1366)

3. ਤਰਨਾ
"ਨਾ **ਤਰ** ਨਾ ਤੁਲਹਾ ਹਮ ਬੂਡਸਿ ਤਾਰਿ ਲੇਹਿ ਤਾਰਣ ਰਾਇਆ।"
— ਆਸਾ **੧**, ਪਟੀ ੧੯ : ੨ (433)

ਤਰਉ — ਮੈਂ ਤਰਾਂ, ਪਾਰ ਹੋ ਜਾਵਾਂ
"ਕਵਨ ਸੁ ਬਿਧਿ ਜਿਤੁ ਭਵਜਲ **ਤਰਉ**।"
— ਗਉ **੫**, ੧੦੫, ੨ : ੨ (187)

ਤਰਈ — ਤਰੀਦਾ ਹੈ
"ਕਉਨੁ ਨਾਮੁ ਗੁਰ ਜਾ ਕੈ ਸਿਮਰੈ ਭਵ ਸਾਗਰ ਕਉ **ਤਰਈ**।" — ਸੋਰ **੯**, ੫, ੧ : ੨ (632)

ਤਰਸ — (ਸੰ. त्रास, ਤਰਸ) ਭੈ, ਡਰ
"ਖਸਮੁ ਪਛਾਨਿ **ਤਰਸ** ਕਰਿ ਜੀਅ ਮਹਿ ਮਾਰਿ ਮਣੀ ਕਰਿ ਫੀਕੀ।"
— ਆਸਾ **ਕਬ**, ੧੨, ੪ : ੧ (480)

ਤਰਸਹਿ — ਲੋਚਦੇ ਹਨ, ਤਾਂਘਦੇ ਅਭਿਲਾਸ਼ਾ ਕਰਦੇ
"ਸਿਧ ਸਾਧਿਕ **ਤਰਸਹਿ** ਸਭਿ ਲੋਇ।"
— ਧਨਾ **੩**, ੨, ੩ : ੩ (665)
"ਜਿਸੁ ਨਾਮੈ ਕਉ **ਤਰਸਹਿ** ਬਹੁ ਦੇਵਾ।"
— ਮਾਰੂ **੫**, ਸੋਲ੍ਹਾ ੨, ੩ : ੧ (1078)

ਤਰਸਤ — ਲੋਚਦਾ, ਤਾਂਘਦਾ
"ਚਾਤ੍ਰਿਕ ਜਿਉ **ਤਰਸਤ** ਰਹੈ ਤਿਨ ਕੋ ਕਉਨੁ ਹਵਾਲੁ।" — ਸਲੋ **ਕਬ**, ੧੨੪ : ੨ (1371)

ਤਰਸਦੇ — ਲੋਚਦੇ, ਤਾਂਘਦੇ, ਅਭਿਲਾਸ਼ਾ ਕਰਦੇ
"ਲਖ ਚਉਰਾਸੀ **ਤਰਸਦੇ** ਜਿਸੁ ਮੇਲੇ ਸੋ ਮਿਲੈ ਹਰਿ ਆਇ।" — ਸਿਰੀ **੩**, ੩੯, ੩ : ੨ (29)

ਤਰਸਨ — 1. ਤਰਸਦੇ, ਲੁਛਦੇ ਭਾਵ ਇਛਾਵਾਨ, ਅਭਿਲਾਸ਼ੀ
"ਮੰਗਤ ਜਨ ਦੀਨ ਖਰੇ ਦਰਿ ਠਾਢੇ ਅਤਿ **ਤਰਸਨ** ਕਉ ਦਾਨੁ ਦੀਜੈ।" (ਇਛਾਵਾਨ, ਅਭਿਲਾਸ਼ੀ)
— ਕਲਿ **੪**, ਅਸ ੫, ੧ : ੧ (1325)

2. ਲੋਚਨ, ਤਾਂਘਨ, ਅਭਿਲਾਖਾ ਕਰਨ
"ਨੈਨ **ਤਰਸਨ** ਦਰਸ ਪਰਸਨ ਨਹ ਨੀਦ ਰੈਣਿ ਵਿਹਾਣੀਆ।"
— ਬਿਹਾ **੫**, ਛੰਤ ੨, ੧ : ੪ (542)

ਤਰਸਨਾ — ਤਾਂਘ/ਲੋਚਾ ਕਰਨੀ, ਲੁਛਣਾ,ਵਿਲਕਣਾ
"ਆਸ ਪਿਆਸ ਸਫਲ ਮੂਰਤਿ ਉਮਗਿ ਹੀਉ **ਤਰਸਨਾ**।"

— ਕਾਨ **੫**, ੩੫, ੧ : ੧ (1305)

ਤਰਸਾਇ — ਵਿਲਕ, ਲੁਛ
"ਬਾਬੀਹਾ ਨਾ ਬਿਲਲਾਇ ਨਾ **ਤਰਸਾਇ** ਏਹੁ ਮਨੁ ਖਸਮ ਕਾ ਹੁਕਮੁ ਮੰਨਿ।"
— ਮਲਾ **੧**, ਵਾਰ ੯ਸ, **੩**, ੧ : ੧ (1282)

ਹੋਰ ਰੂਪ — ਤਰਸਾਏ —
"ਫਰੀਦਾ ਦੇਖਿ ਪਰਾਈ ਚੋਪੜੀ ਨਾ **ਤਰਸਾਏ** ਜੀਉ।" — ਸਲੋ **ਫਰ**, ੨੯ : ੨ (1379)

ਤਰਸਿ — 1. ਤਰਸੇਵੇ/ਲੋਚਾ ਨਾਲ
"ਉਮਕਿ **ਤਰਸਿ** ਚਾਲੈ।"
— ਮਲਾ **੫**, ੨੪, ੧* : ੨ (1272)
2. ਤਰ ਜਾਏਗਾ
"ਭਜੁ ਨਾਮਾ **ਤਰਸਿ** ਭਵ ਸਿਧੰ।"
— ਗੋਂਡ **ਨਾਮ**, ੧, ੪ : ੪ (873)

ਤਰਸੁ — 1. ਡਰ, ਭੈ ਵੇਖੋ 'ਤਰਸ'
"ਖਉਫੁ ਨ ਖਤਾ ਨ **ਤਰਸੁ** ਜਵਾਲੁ।"
— ਗਉ **ਰਵਿ**, ੨, ੧ : ੪ (345)
2. ਦਇਆ ਰਹਿਮ
"ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ **ਤਰਸੁ** ਪਇਓਇ।"
— ਮੁੰਦਾ **੫**, ੧ਸ : ੨ (1428)

ਤਰਸੈ — ਲੋਚੇ, ਤਾਂਘੇ
"ਮਿਤਿ ਨਹੀ ਪਾਈਐ ਅੰਤੁ ਨ ਲਹੀਐ ਮਨੁ **ਤਰਸੈ** ਚਰਨਾਰੇ।" — ਸੂਹੀ **੫**, ੬, ੩ : ੨ (738)

ਤਰਹਿ — ਤਰਦਾ/ਤਰ ਕੇ ਪਾਰ ਹੁੰਦਾ ਹੈ
"ਆਪਿ **ਤਰਹਿ** ਸਗਲੇ ਕੁਲ ਤਾਰੇ।"
— ਮਾਝ **੩**, ਅਸ ੧੪, ੬ : ੨ (117)

ਤਰਹਿਗਾ — ਤਰਕੇ, ਪਾਰ ਹੋਵੇਗਾ
"ਕੈਸੇ ਮਨ **ਤਰਹਿਗਾ** ਰੇ ਸੰਸਾਰੁ ਸਾਗਰੁ ਬਿਖੈ ਕੋ ਬਨਾ।" — ਆਸਾ **ਨਾਮ**, ੫, ੧* : ੧ (486)

ਤਰਹੁ — ਤਰ ਕੇ ਪਾਰ ਹੋਵੋ
"ਮਨ ਰੇ ਸਬਦਿ **ਤਰਹੁ** ਚਿਤੁ ਲਾਇ।"
— ਸਿਰੀ **੧**, ੧੫, ੧* : ੧ (19)

ਤਰਕ — 1. ਵੈਰਾਗ (ਮਹਾਨਕੋਸ਼) : ਨਫਰਤ (ਨਿਰਣੈ, ਸ਼ਬਦਾਰਥ,ਦਰਪਣ)
"ਉਪਜੀ **ਤਰਕ** ਦਿਗੰਬਰੁ ਹੋਆ।"
— ਬਿਲਾ **੪**, ਅਸ ੪, ੪ : ੧ (835)
2. ਵੈਰਾਗ
"ਤਰੀਕਤਿ **ਤਰਕ** ਖੋਜਿ ਟੋਲਾਵਹੁ।" (ਵੈਰਾਗ ਦੁਆਰਾ ਖੋਜਕੇ ਹਰੀ ਨੂੰ ਲਭਣਾ 'ਤਰੀਕਤ' ਹੈ) — ਮਾਰੂ **੫**, ਸੋਲਾ ੧੨, ੩ : ੨ (1083)

ਤਰਕਸ — (ਫਾ. ਤਰਕਸ਼) ਤੀਰ ਰਖਨ ਵਾਲਾ ਥੈਲਾ, ਭਥਾ
"**ਤਰਕਸ** ਤੀਰ ਕਮਾਣ ਸਾਂਗ ਤੇਗ ਬੰਦ ਗੁਣ ਧਾਤੁ।"
— ਸਿਰੀ **੧**, ੭, ੩ : ੨ (16)

ਤਰਕਸਬੰਦ — ਤਰਕਸ਼ ਬੰਨਣ ਵਾਲੇ ਭਾਵੇ ਜੋਧੇ
"ਲਸਕਰ **ਤਰਕਸਬੰਦ** ਬੰਦ ਜੀਉ ਜੀਉ ਸਗਲੀ ਕੀਤ।" — ਸਿਰੀ **੫**, ਅਸ ੨੬, ੭ : ੩ (70)

ਤਰਕਨਿ — ਚਰਚਾ/ਬਹਿਸ ਕਰਨ ਲਗਾ, ਹੁਜਤ ਬਾਜ਼ੀ
"ਬੇਦ ਸਾਸਤ੍ਰ ਕਉ **ਤਰਕਨਿ** ਲਾਗਾ ਤਤੁ ਜੋਗੁ ਨ ਪਛਾਨੈ।" — ਆਸਾ **੫**, ੪੨, ੨ : ੨ (381)

ਤਰਕੁ — ਨੁਕਤਾਚੀਨੀ, ਦਲੀਲਬਾਜ਼ੀ
"**ਤਰਕੁ** ਨ ਚਾ।"
— ਧਨਾ **ਨਾਮ**, ੪, ੨ : ੩ (693)

ਤਰੰਗ — (ਸੰ. तरङ्गः) ਲਹਿਰ, ਮੌਜ
"ਕਨਕ ਕਟਿਕ ਜਲ **ਤਰੰਗ** ਜੈਸਾ।"
— ਸਿਰੀ **ਰਵਿ**, ੧, ੧* : ੨ (93)
"ਅਨਿਕ ਰੰਗ ਬਹੁ **ਤਰੰਗ** ਸਰਬ ਕੋ ਧਨੀ।" (ਮਨ ਦੀਆਂ ਮੌਜਾਂ)
— ਭੈਰ **੫**, ੫੭, ੧ : ੨ (1153)

ਹੋਰ ਰੂਪ — ਤਰੰਗੰ —
"ਬਹੰਤਿ ਅਗਾਹ ਤੋਯੰ **ਤਰੰਗੰ** ਦੁਖੰਤ ਗ੍ਰਹ ਚਿੰਤਾ ਜਨਮੰ ਤੇ ਮਰਣਹ।"
— ਸਸ **੫**, ੧੭ : ੨ (1355)

ਤਰੰਗਾ —
"ਹਰਿ ਹਰਿ ਨਾਮੁ ਜਪਿ ਅਨਤ **ਤਰੰਗਾ**।" (ਅਨੇਕ ਲਹਿਰਾਂ ਵਾਲੇ ਹੀ)
— ਆਸਾ **੪**, ੫੯, ੧* : ੧ (367)
"ਜਲ ਤੇ ਉਠਹਿ ਅਨਿਕ **ਤਰੰਗਾ**।" (ਲਹਿਰਾਂ)
— ਸੂਹੀ **੫**, ੧, ੨ : ੧ (736)

ਤਰੰਗੀ —
"ਅਨਤ **ਤਰੰਗੀ** ਨਾਮੁ ਜਿਨ ਜਪਿਆ ਮੈ ਗਣਤ ਨ ਕਰਿ ਸਕਿਆ।"

— ਮਾਰੂ **੪**, ੨, ੪ : ੧ (995)

"ਜੋਗ ਗਿਆਨ ਧਿਆਨ ਸੇਖਨਾਗੈ ਸਗਲ ਜਪਹਿ **ਤਰੰਗੀ**।" (ਲਹਿਰਾਂ ਵਾਲਾ ਭਾਵ ਚੋਜੀ ਹਰਿ)

— ਕਲਿ **੫**, ੩, ੨ : ੧ (1322)

ਤਰੰਗੁ —

"ਜਲ **ਤਰੰਗੁ** ਜਿਉ ਜਲਹਿ ਸਮਾਇਆ।"

— ਮਾਝ **੫**, ੨੬, ੪ : ੧ (102)

"ਤੂੰ ਮੇਰਾ **ਤਰੰਗੁ** ਹਮ ਮੀਨ ਤੁਮਾਰੇ।" (ਭਾਵ ਦਰਿਆ)

— ਆਸਾ **੫**, ੭੪, ੧ : ੧ (389)

ਤਰੰਗੇ —

"ਨਾਨਕ ਪ੍ਰਭ ਸਰਨਾਗਤੀ ਜਪਿ ਅਨਤ **ਤਰੰਗੇ** ਰਾਮ।" (ਅਨੇਕਾ ਲਹਿਰਾਂ ਵਾਲੇ ਹਰਿ)

— ਬਿਲਾ **੫**, ਛੰਤ ੫, ੧ : ੪ (848)

ਤਰਣ — 1. ਨਦੀ ਅਥਵਾ ਸਾਗਰ ਪਾਰ ਕਰਨ ਦੀ ਕ੍ਰਿਆ, ਤਰਨਾ

"ਰਾਮ ਰਮਣ **ਤਰਣ** ਭੈ ਸਾਗਰ।" (ਸਿਮਰਨ ਦੁਆਰਾ ਭਵਸਾਗਰ ਤੋਂ ਪਾਰ ਤਰਨਾ ਹੁੰਦਾ ਹੈ)

— ਗਉ **੫**, ੧੫੦, ੧* : ੧ (196)

ਹੋਰ ਰੂਪ — ਤਰਣੰ —

"ਸਾਧ ਸੰਗੇਣ **ਤਰਣੰ** ਨਾਨਕ ਮਹਾ ਸਾਗਰ ਭੈ ਦੁਤਰਹ।" — ਸਸ **੫**, ੫, ੧ : ੨ (1358)

2. (ਸੰ. ਤਰਣਿ) ਬੇੜੀ, ਜਹਾਜ਼

"**ਤਰਣ** ਸਰਣ ਸੁਆਮੀ ਰਮਣ ਸੀਲ ਪਰਪੇਸੁਰਹ।"

— ਸਸ **੫**, ੪੩ : ੧ (1357)

ਹੋਰ ਰੂਪ — ਤਰਣੰ —

"ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸ ਤਾਰਣ **ਤਰਣੰ**।" (ਜਹਾਜ਼)

— ਸਵ **੪**, ਗਯੰ, ੧ : ੧੮ (1401)

ਤਰਣਹਾਰੁ — ਤਰਣ ਜੋਗੇ, ਤਰ ਕੇ ਪਾਰ ਜਾਣ ਦੇ ਸਮਰਥ

"ਓਹਿ ਜਾ ਆਪਿ ਡੁਬੇ ਤੁਮ ਕਹਾ **ਤਰਣਹਾਰੁ**।"

— ਬਿਹਾ **੪**, ਵਾਰ ੨੦ਸ, **੧**, ੨ : ੫ (556)

ਤਰਣਾ — ਤਰ ਕੇ ਪਾਰ ਹੋਣਾ

"ਗੁਰ ਪਰਸਾਦੀ ਛੂਟੀਐ ਬਿਖੁ ਭਵਜਲੁ ਸਬਦਿ ਗੁਰ **ਤਰਣਾ**।"

— ਸਿਰੀ **੩**, ੫੧, ੧* : ੨ (33)

"ਜੀਵਤ ਮਰਣਾ ਤਾਰੇ **ਤਰਣਾ**।" (ਤਰੀਦਾ ਹੈ, ਪਾਰ ਹੋਈਦਾ ਹੈ)

— ਆਸਾ **੧**, ਅਸ ੪, ੩ : ੧ (413)

ਹੋਰ ਰੂਪ — ਤਰਣੀ —

"ਸਾਧ ਸੰਗਤਿ ਕੈ ਅੰਚਲਿ ਲਾਵਹੁ ਬਿਖਮ ਨਦੀ ਜਾਇ **ਤਰਣੀ**।" (ਤਰੀ ਜਾਏ)

— ਜੈਤ **੫**, ੧੨, ੧ : ੨ (702)

ਤਰਣੁ —

"**ਤਰਣੁ** ਦੁਹੇਲਾ ਭਇਆ ਖਿਨ ਮਹਿ ਖਸਮੁ ਚਿਤਿ ਨ ਆਇਓ।" (ਤਰਣਾ, ਪਾਰ ਹੋਣਾ)

— ਆਸਾ **੫**, ਛੰਤ ੧੧, ੩ : ੩ (460)

ਤਰਣੇ —

"ਜਗ ਜੀਵਨੁ ਹਰਿ ਧਿਆਇ **ਤਰਣੇ**।" (ਤਰਣ ਲਈ) — ਭੈਰ **੪**, ੭, ੧* : ੧ (1135)

ਤਰਤ — ਤਰਦਿਆਂ, ਪਾਰ ਹੁੰਦਿਆਂ

"ਤਉ ਭਵਜਲ **ਤਰਤ** ਨ ਲਾਵੈ ਬਾਰਾ।"

— ਗਉ **ਕਬ**, ਬਾਅ ੪੦ : ੪ (342)

ਤਰੰਤ — ਤਰ ਜਾਵੇ

"ਮਸਕੰ ਭਗਨੰਤ ਸੈਲੰ ਕਰਦਮੰ **ਤਰੰਤ** ਪਪੀਲਕਹ।"

— ਸਸ **੫**, ੫੫ : ੧ (1359)

ਤਰਤਾ — ਤਰਦਾ

"ਜਿਉ ਕਾਸਟ ਸੰਗਿ ਲੋਹਾ ਬਹੁ **ਤਰਤਾ** ਤਿਉ ਪਾਪੀ ਸੰਗਿ ਤਰੇ ਸਾਧ ਸਾਧ ਸੰਗਤੀ ਗੁਰ ਸਤਿਗੁਰੂ ਗੁਰ ਸਾਧੋ।" — ਕਾਨ **੪**, ੧੧, ੨ : ੧ (1297)

ਤਰਤਾਰੇ — ਤਾਰਦਾ ਹੈ

"ਏਕ ਨਾਮ ਕਲਿਪ **ਤਰਤਾਰੇ**।"

— ਗਉ **ਕਬ**, ਅਸ ੩੭, ੧ : ੨ (330)

ਤਰਤੀ — ਤਰ ਦੀ

"ਜਲਿ **ਤਰਤੀ** ਬੂਡੀ ਜਲ ਮਾਹੀ।"

— ਮਲਾ **੧**, ਅਸ ੫, ੨ : ੨ (1275)

ਤਰਤੇ — ਤਰ ਰਹੇ ਹਾਂ

"ਕਾਗਰ ਨਾਵ ਲੰਘਹਿ ਕਤ ਸਾਗਰੁ ਬ੍ਰਿਥਾ ਕਥਤ ਹਮ **ਤਰਤੇ**।" — ਮਲਾ **੫**, ੪, ੨ : ੨ (1267)

ਤਰੰਦੜੀ — ਤਰਦਿਆਂ

"ਨਦੀ **ਤਰੰਦੜੀ** ਮੈਡਾ ਖੋਜੁ ਨ ਖੁੰਭੈ ਮੰਝਿ ਮੁਹਬਤ

ਤੇਰੀ।"
— ਗੂਜ **੫**, ਵਾਰ ੯ਸ, **੫**, ੧ : ੧ (520)

ਤਰੰਦਾ — ਤਰਿਆ, ਤਰੀਦਾ
"ਨਾਮਿ ਲਇਐ ਜਾਹਿ **ਤਰੰਦਾ**।"
ਹੋਰ ਰੂਪ — ਤਰੰਦਿਆ —
"ਹੰਸਾ ਵੇਖਿ **ਤਰੰਦਿਆ** ਬਗਾਂ ਭਿ ਆਯਾ ਚਾਉ।" (ਤਰਦਿਆਂ)
— ਵਡ **੪**, ਵਾਰ ੧ਸ, **੩**, ੩ : ੧ (585)

ਤਰਨ — 1. ਪਾਰ ਹੋਣ
"ਸਰੰਜਾਮਿ ਲਾਗੁ ਭਵਜਲ **ਤਰਨ** ਕੈ।"
— ਆਸਾ **੫**, ਸੋਪੁ ੪, ੧* : ੧ (12)
"ਕਹਿ ਕਬੀਰ ਭੈ ਸਾਗਰ **ਤਰਨ** ਕਉ ਮੈ ਸਤਿਗੁਰ ਓਟ ਲਹਿਓ।"
— ਗਉ **ਕਬ**, ਪ੯, ੪ : ੨ (336)
2. ਬੇੜੀ, ਜਹਾਜ਼, ਵੇਖੋ 'ਤਰਣ' (2)
"ਯਾਹੂ **ਤਰਨ** ਤਾਰਨ ਸਮਰਾਥਾ।" (ਬੇੜੀ ਵਾਂਗ ਤਾਰਨ ਤੇ ਸਮਰਥ ਹੈ)
— ਗਉ **੫**, ਬਾਅ ੪੩ : ੨ (259)
('ਨਿਰਣੈ' ਇਸ ਦੇ ਅਰਥ ਤਰਸਕਨ ਦੀ ਜਾਂਚ ਸਿਖਾਉਣ ਤੇ ਤਾਰਨ ਦੇ ਸਮਰਥ ਕਰਦਾ ਹੈ)
"ਮਨ ਨਿਰਮਲ ਕਰਮ ਕਰਿ ਤਾਰਨ **ਤਰਨ** ਹਰਿ ਅਵਰਿ ਜੰਜਾਲ ਤੇਰੈ ਕਾਹੂ ਨ ਕਾਮ ਜੀਉ।" (ਤਾਰਨ ਵਾਲਾ ਤੁਲਹਾ (ਬੇੜੀ)
— ਧਨਾ **੫**, ੨੯, ੧ : ੨ (678)

ਤਰਨਤਾਰਨ — ਤਾਰਨ ਵਾਲਾ ਜਹਾਜ਼, ਵੇਖੋ 'ਤਰਣ'
"ਕਰਿ ਬਿਚਾਰੁ ਬਿਕਾਰ ਪਰ ਹਰਿ **ਤਰਨ ਤਾਰਨ** ਸੋਇ।" — ਆਸਾ **ਕਬ**, ੨੨, ੩ : ੧ (482)

ਤਰਨਾ — ਪਾਰ ਹੋਣਾ
"ਜਿਹ ਆਸਰ ਇਆ ਭਵਜਲੁ **ਤਰਨਾ**।"
— ਗਉ **੫**, ਬਾਅਂ ੧੪ : ੪ (253)

ਤਰਨਾਪੋ — ਜੁਆਨੀ
"**ਤਰਨਾਪੋ** ਇਉ ਹੀ ਗਇਓ ਲੀਓ ਜਰਾ ਤਨੁ ਜੀਤਿ।" — ਸਲੋ **੯**, ੩ : ੧ (1426)

ਤਰਨੁ — ਤਰਨਾ,ਪਾਰ ਹੋਣਾ
"ਬਿਨੁ ਭੈ ਭਗਤੀ **ਤਰਨੁ** ਕੈਸੇ।"
— ਬਿਲਾ **੫**, ੧੨੫, ੧* : ੧ (829)

ਤਰਪਣੁ — ਪਿਤਰਾਂ ਤੇ ਦੇਵਿਆਂ ਨੂੰ ਤ੍ਰਿਪਤ ਕਰਨ ਲਈ ਜਲ ਅਰਪਣ ਕਰਨਾ
"ਸੰਧਿਆ **ਤਰਪਣ** ਕਰਹਿ ਗਾਇਤ੍ਰੀ ਬਿਨੁ ਬੂਝੇ ਦੁਖੁ ਪਾਇਆ।"
— ਸੋਰ **੩**, ੧੦, ੨ : ੨ (603)

ਤਰਫ — ਪੱਖ, ਪਾਸਾ, ਧੜਾ
"ਮਨਹਠਿ **ਤਰਫ** ਨ ਜਿਪਈ ਜੇ ਬਹੁਤਾ ਘਾਲੇ।"
— ਸੂਹੀ **੩**, ਵਾਰ ੭ਸ, **੨**, ੪ : ੧ (707)
"ਮਨਮੁਖ ਦੂਜੀ **ਤਰਫ** ਹੈ ਵੇਖਹੁ ਨਦਰਿ ਨਿਹਾਲਿ।" (ਪਾਸੇ, ਦਿਸ਼ਾ ਵਿਚ)
— ਮਲਾ **੧**, ਵਾਰ ੧ਸ, **੩**, ੧ : ੫ (1279)

ਤਰਫਾ — 1. ਧੜੇ
"ਦੋਵੈ **ਤਰਫਾ** ਉਪਾਈਓਨੁ ਵਿਚਿ ਸਕਤਿ ਸਿਵ ਵਾਸਾ।" — ਮਾਰੂ **੩**, ਵਾਰ ੧੦ : ੧ (1090)
2. ਤਰਦੇ ਹਨ
"ਹਲਤਿ ਪਲਤਿ ਜਨ ਭਏ ਸੁਹੇਲੇ ਮੁਖ ਊਜਲ ਗੁਰਮੁਖਿ **ਤਰਫਾ**।"
— ਪ੍ਰਭਾ **੪**, ੫, ੨ : ੨ (1336)
('ਮਹਾਨਕੋਸ਼' ਓਰਸੇ ਵਲੋਂ ਅਰਥ ਕਰਦੇ ਹਨ)

ਤਰਬੀਐ — ਤਰੀਦਾ ਹੈ
"ਏਕੁ ਨਾਮੁ ਆਧਾਰੁ ਭਉਜਲੁ **ਤਰਬੀਐ**।"
— ਆਸਾ **੫**, ੧੧੧, ੧ : ੨ (398)

ਤਰਬੇ — ਤਰਨ ਦਾ, ਤਰਨ ਲਈ
"ਮਨ ਧਰ **ਤਰਬੇ** ਹਰਿ ਨਾਮ ਨੋ।"
— ਗਉ **੫**, ੧੪੦, ੧* : ੧ (210)

ਤਰਲ — ਚੰਚਲ, ਟਿਕਕੇ ਨਾ ਬੈਠਣ ਵਾਲੀ
"ਕੁਹਕਨਿ ਕੋਕਿਲਾ **ਤਰਲ** ਜੁਆਣੀ।"
— ਵਡ **੧**, ਛੰਤ ੨, ੮ : ੨ (567)
ਹੋਰ ਰੂਪ — ਤਰਲਾ —
"**ਤਰਲਾ** ਜੁਆਣੀ ਆਪਿ ਭਾਣੀ ਇਛ ਮਨ ਕੀ ਪੂਰੀ ਏ।"
— ਵਡ **੧**, ਛੰਤ ੨, ੮ : ੩ (567)

ਤਰਵਰ — ਦਰਖਤ, ਰੁੱਖ, ਬਰਿਛ
"**ਤਰਵਰ** ਪੰਖੀ ਬਹੁ ਨਿਸਿ ਬਾਸੁ।"
— ਗਉ **੧**, ੬, ੩ : ੧ (152)
ਹੋਰ ਰੂਪ — ਤਰਵਰਿ —
"ਜਲ ਕੀ ਮਛੁਲੀ **ਤਰਵਰਿ** ਬਿਆਈ।" (ਦਰਖਤ ਉਤੇ)

— ਆਸਾ **ਕਬ**, ੨੨, ੨ : ੧ (481)

ਤਰਵਰੁ —

"ਤੂੰ **ਤਰਵਰੁ** ਹਉ ਪੰਖੀ ਆਹਿ।"

— ਗਉ **ਕਬ**, ੨, ੩ : ੧ (323)

ਤਰਾ — ਤਰ ਗਿਆ, ਪਾਰ ਹੋ ਗਿਆ

"ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ **ਤਰਾ**।"

— ਗਉ **੩**, ਬਾਅ ੧ਸ : ੮ (250)

"ਹਕੁ ਹੁਕਮੁ ਸਚੁ ਖੁਦਾਇਆ ਬੁਝਿ ਨਾਨਕ ਬੰਦਿ ਖਲਾਸ **ਤਰਾ**।" (ਤਰ ਜਾਈਦਾ ਹੈ)

— ਮਾਰੂ **੫**, ਸੋਲ੍ਹਾ ੧੨, ੧੫ : ੩ (1084)

ਤਰਾਉ — ਮੈਂ ਤਰ ਜਾਂਦਾ ਹਾਂ/ਪਾਰ ਹੋ ਜਾਂਦਾ ਹਾਂ

"ਤੂੰ ਕਰਤਾ ਤੂ ਦਾਨਾ ਬੀਨਾ ਤੇਰੈ ਨਾਮਿ **ਤਰਾਉ**।"

— ਮਾਰੂ **੧**, ਅਸ ੧੧, ੧* : ੨ (1015)

ਤਰਾਇ — ਤਰਾ

"ਐਸਾ ਦੀਵਾ ਨੀਰਿ **ਤਰਾਇ**।"

— ਰਾਮ **੧**, ੭, ੧* : ੧ (878)

"ਏਹੁ ਭਉ ਜਲੁ ਜਗਤੁ ਸੰਸਾਰੁ ਹੈ ਗੁਰੁ ਬੋਹਿਥੁ ਨਾਮਿ **ਤਰਾਇ**।" (ਤਾਰਦਾ ਹੈ)

— ਸਲੋ **੪**, ੨੨ : ੩ (1424)

ਹੋਰ ਰੂਪ — ਤਰਾਇਓ —

"ਪਾਵਕੁ ਸਾਗਰੁ ਗਹਰੋ ਚਰਿ ਸੰਤਨ ਨਾਵ **ਤਰਾਇਓ**।" (ਤਾਰ ਦਿੱਤਾ ਹੈ)

— ਗਉ **੫**, ਅਸ ੧੪, ੩ : ੧ (241)

ਤਰਾਇਆ —

"ਕਹੁ ਨਾਨਕ ਗੁਰਿ ਜਗਤੁ **ਤਰਾਇਆ**।" (ਪਾਰ ਕੀਤਾ)

— ਗਉ **੫**, ਅਸ ੭, ੮ : ੨ (239)

"ਤੂ ਦੁਖ ਭੰਜਨੁ ਸਰਬ ਸੁਖਦਾਤਾ ਹਮ ਪਾਥਰ ਤਰੇ **ਤਰਾਇਆ**।" (ਤਾਰਿਆਂ, ਤਰਾਇਆਂ)

— ਵਡ **੪**, ਛੰਤ ੪, ੪ : ੪ (575)

ਤਰਾਇਣ — ਤਰ ਜਾਵੇਂ, ਪਾਰ ਹੋ ਜਾਵੇ

"ਜਨਮ ਮਰਣ ਦੁਹਹੂ ਤੇ ਛੂਟਹਿ ਭਵਜਲੁ ਜਗਤੁ **ਤਰਾਇਣ**।" — ਟੋਡੀ **੫**, ੧0, ੧ : ੨ (714)

ਹੋਰ ਰੂਪ — ਤਰਾਇਣੁ —

"ਹਰਿ ਹਰਿ ਕ੍ਰਿਪਾ ਕਰੇ ਸੁਖਦਾਤਾ ਗੁਰਮੁਖਿ ਭਵਜਲੁ ਹਰਿ ਨਾਮਿ **ਤਰਾਇਣੁ**।" (ਉਧਾਰ)

— ਭੈਰ **੪**, ੧, ੧* : ੨ (1134)

ਤਰਾਈ — ਤਾਰ ਦਿਤੀ, ਪਾਰ ਲਗਾ ਦਿਤੀ

"ਅੰਚਲਿ ਲਾਇ ਸਭ ਸਿਸਟਿ **ਤਰਾਈ**।"

— ਮਾਝ **੫**, ੪੮, ੪ : ੧ (108)

ਹੋਰ ਰੂਪ — ਤਰਾਂਈ —

"ਸੰਗੀ ਸਾਥੀ ਸਗਲ **ਤਰਾਂਈ**।"

— ਆਸਾ **੫**, ੯੩, ੧ : ੨ (394)

ਤਰਾਈਐ —

"ਆਪਿ ਤਰੈ ਸਭੁ ਕੁਟੰਬੁ **ਤਰਾਈਐ**।"

— ਪ੍ਰਭਾ **੫**, ਅਸ ੨, ੮* : ੨ (1348)

ਤਰਾਏ —

"ਜਨ ਕੀ ਪੈਜ ਰਖੈ ਰਾਮ ਨਾਮਾ ਪ੍ਰਹਿਲਾਦ ਉਧਾਰਿ **ਤਰਾਏ**।" (ਤਾਰੇ)

— ਆਸਾ **੪**, ਛੰਤ ੯, ੫ : ੪ (443)

ਤਰਾਸ — (ਸੰ. ਤਰਸ੍) ਬੇੜਾ (ਮਹਾਨਕੋਸ਼) : ਤਾਰ ਲਿਆ (ਨਿਰਣੈ) (ਦਰਪਣ)

"ਅਵਗਨੀਆਰੇ ਪਾਥਰ ਭਾਰੇ ਸਤਸੰਗਤਿ ਮਿਲਿ ਤਰੇ **ਤਰਾਸ**।"

— ਕਾਨ **੪**, ੩, ੩ : ੨ (1295)

ਹੋਰ ਰੂਪ — ਤਰਾਸਿ —

"ਜਮ ਜੰਦਾਰੁ ਨ ਲਗਈ ਇਉ ਭਉਜਲੁ ਤਰੈ **ਤਰਾਸਿ**" (ਤਾਰਦਾ ਹੈ) ('ਮਹਾਨਕੋਸ਼' ਇਥੇ ਵੀ ਅਰਥ 'ਨੌਕਾ' ਸਾਥ ਹੀ ਕਰਦੇ ਹਨ)

— ਸਿਰੀ **੧**, ੨੧, ੨ : ੩ (22)

ਤਰਾਸਿਆ — ਡਰਿਆ ਹੈ

"ਜਿਹ ਮਰਨੈ ਸਭੁ ਜਗਤੁ **ਤਰਾਸਿਆ**।"

— ਗਉ **ਕਬ**, ੨0, ੧ : ੧ (327)

ਤਰਾਹ — ਤਰ ਜਾਈਏ

"ਸਤਸੰਗਤਿ ਹਰਿ ਮੇਲਿ ਪ੍ਰਭ ਹਮ ਪਾਪੀ ਸੰਗਿ **ਤਰਾਹ**।"

— ਕਾਨ **੪**, ਵਾਰ ੫ਸ, **੪**, ੧ : ੪ (1314)

ਹੋਰ ਰੂਪ — ਤਰਾਹਿ —

"ਆਪਿ ਤਰਹਿ ਸੰਗੀ **ਤਰਾਹਿ** ਸਭ ਕੁਟੰਬੁ ਤਰਾਵੈ।" (ਤਾਰ ਦੇ)

— ਕਾਲ **੪**, ਵਾਰ ੧੫ : ੪ (1318)

ਤਰਾਕੀ — ਤਰਨ ਵਾਲਾ, ਤਰਾਕ

"ਹਰਿ ਹਰਿ ਜਪੁ ਬੇੜੀ ਹਰਿ ਤੁਲਹਾ ਹਰਿ ਜਪਿਓ

ਤਰੈ **ਤਰਾਕੀ**।"
— ਧਨਾ **੪**, ੬, ੧ : ੨ (668)

ਤਰਾਜੀ — (ਫ਼ਾ. ਤਰਾਜ਼ੂ) ਤਕੜੀ
"ਆਪੇ ਕੰਡਾ ਆਪਿ **ਤਰਾਜੀ** ਪ੍ਰਭਿ ਆਪੇ ਤੋਲਿ ਤੋਲਾਇਆ।" — ਸੋਰ **੪**, ੪, ੧ : ੧ (605)

ਤਰਾਂਤਿ — (ਸੰ. ਤ੍ਰਾਤ੍ਰ) ਰਖਿਆ ਕਰਨ ਵਾਲਾ (ਮਹਾਨਕੋਸ਼) ਭਾਵ ਨਿਰਲੇਪ ਰਖਣ ਵਾਲਾ (ਨਿਰਣੈ) ਪਾਰ ਲੰਘਾਂਦਾ ਹੈ (ਦਰਪਣ) ਤਾਰਦੇ ਹਨ (ਕੋਸ਼)
"ਧੰਨੁ ਧੰਨੁ ਗੁਰੂ ਨਾਨਕੁ ਸਮਦਰਸੀ ਜਿਨਿ ਨਿੰਦਾ ਉਸਤਤਿ ਤਰੀ **ਤਰਾਂਤਿ**।"
— ਮਲਾ **੪**, ੫, ੪ : ੨ (1264)

ਤਰਾਧੋ — ਤਾਰ ਲੈਂਦਾ ਹੈ
"ਚਾਰਿ ਬਰਨ ਚਾਰਿ ਆਸ੍ਰਮ ਹੈ ਕੋਈ ਮਿਲੈ ਗੁਰੂ ਗੁਰ ਨਾਨਕ ਸੋ ਆਪਿ ਤਰੈ ਕੁਲ ਸਗਲ **ਤਰਾਧੋ**।"
— ਕਾਨ **੪**, ੧੧, ੨ : ੨ (1297)

ਤਰਾਨਥ — ਤਰਦੇ ਹਨ, ਪਾਰ ਹੁੰਦੇ ਹਨ
"ਖਤ੍ਰੀ ਬ੍ਰਾਹਮਣ ਸੂਦ ਵੈਸ ਸਭ ਏਕੈ ਨਾਮਿ **ਤਰਾਨਥ**।" — ਮਾਰੂ **੫**, ੧੦, ੪ : ੧ (1001)

ਤਰਾਯਉ — ਤਾਰਿਆ ਹੈ
"ਅ ਜੋਨੀ ਸੰਭਵਿਅਉ ਜਗਤੁ ਗੁਰ ਬਚਨਿ **ਤਰਾਯਉ**।" — ਸਵ **੪**, ਕਲ ੮ : ੪ (1397)

ਤਰਾਵਣਿਆ — ਤਰਾ ਦੇਣ ਵਾਲੇ
"ਗੁਰ ਕਿਰਪਾ ਤੇ ਹਰਿ ਨਿਰਭਉ ਧਿਆਇਆ ਬਿਖੁ ਭਉਜਲੁ ਸਬਦਿ **ਤਰਾਵਣਿਆ**।"
— ਮਾਝ **੩**, ਅਸ ੯, ੧* : ੨ (114)

ਤਰਾਵੈ — ਤਾਰ ਦੇਵੇ, ਪਾਰ ਲਗਾ ਦੇਵੇ
"ਨਾਨਕ ਗੁਰਮੁਖਿ ਹਰਿ ਆਪਿ **ਤਰਾਵੈ**।"
— ਗਉ **੪**, ੪੩, ੪ : ੩ (165)

ਤਰਿ — ਤਰ ਕੇ
"ਹਰਿ ਜਿਸ ਨੋ ਹੋਇ ਦਇਆਲੁ ਸੋ ਹਰਿ ਜਪਿ ਭਉ ਬਿਖਮੁ **ਤਰਿ**।"
— ਸਿਰੀ **੪**, ਵਾਰ ੧ : ੫ (83)
"ਸਾਗਰ **ਤਰਿ** ਬੋਹਿਥ ਪ੍ਰਭ ਚਰਣ।" (ਤਰਨ ਲਈ)
— ਗੋਂਡ **੫**, ੧੪, ੩ : ੩ (866)

ਹੋਰ ਰੂਪ — ਤਰਿਓ —
"ਇਹ ਸੰਸਾਰੁ ਬਿਕਾਰੁ ਸੰਸੇ ਮਹਿ **ਤਰਿਓ** ਬ੍ਰਹਮ ਗਿਆਨੀ।" (ਤਰਿਆਂ)
— ਗਉ **੫**, ਸੋਹ ੫, ੨ : ੧ (13)
"ਬਾਲਮੀਕੁ ਸੁਪਚਾਰੋ **ਤਰਿਓ** ਬਧਿਕ ਤਰੇ ਬਿਚਾਰੇ।" (ਭਾਵ ਮੁਕਤ ਹੋ ਗਿਆ)
— ਮਾਰੂ **੫**, ੨, ੨ : ੧ (999)

ਤਰਿਆ —
"ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ **ਤਰਿਆ**।" (ਤਰ ਗਿਆ, ਪਾਰ/ਮੁਕਤ ਹੋ ਗਿਆ) — ਗੂਜ **੫**, ਸੋਦ ੫, ੧* : ੧ (10)

ਤਰੀ —
"ਨਾਨਕ ਦਾਸ **ਤਰੀ** ਤਿਨਿ ਮਾਇਆ।" (ਤਰ ਲਈ, ਪਾਰ ਕਰ ਲਈ)
— ਆਸਾ **੫**, ੫੬, ੪ : ੨ (385)

ਤਰੀ — 1. ਧਾਗੇ, ਤੜੀ
"ਚਿਰਗਟ ਫਾਰਿ ਚਟਾਰਾ ਲੈ ਗਇਓ **ਤਰੀ** ਤਾਗਰੀ ਛੂਟੀ।" — ਆਸਾ **ਕਬ**, ੧੬, ੫ : ੨ (480)
2. ਤਰ ਲਈ, ਪਾਰ ਕਰ ਲਈ, ਵੇਖੋ 'ਤਰਿ'
"ਹਰਿ ਹਰਿ ਕਰਤ ਪੂਤਨਾ **ਤਰੀ**।"
— ਗੋਂਡ **ਨਾਮ**, ੫, ੩ : ੧ (874)
"ਧਨੁ ਧੰਨੁ ਗੁਰੂ ਨਾਨਕ ਸਮਦਰਸੀ ਜਿਨਿ ਨਿੰਦਾ ਉਸਤਤਿ **ਤਰੀ** ਤਰਾਂਤਿ।"
(ਨਿੰਦਾ ਉਸਤਤਿ ਨੂੰ ਤਰ ਕੇ ਭਾਵ ਨਿਰਲੇਪ ਰਹਿ ਕੇ) — ਮਲਾ **੪**, ੫, ੪ : ੨ (1264)

ਹੋਰ ਰੂਪ — ਤਰੀਅੰ —
"ਬੂਡੰਤ **ਤਰੀਅੰ** ਊਣੰ ਤ ਭਰੀਅੰ।"
— ਸਸ **੫**, ੬੪ : ੨ (1359)

ਤਰੀਅਲੇ —
"ਕਹੁ ਨਾਨਕ ਤਿਨਿ ਭਵਜਲੁ **ਤਰੀਅਲੇ** ਪ੍ਰਭ ਕਿਰਪਾ ਸੰਤ ਸੰਗਾਰ।"
— ਦੇਵ **੫**, ੩੧, ੪ : ੧ (534)

ਤਰੀਆ —
"ਜਨ ਨਾਨਕ ਸਤਿਗੁਰੁ ਮੇਲਿ ਹਰਿ ਜਗੁ ਦੁਤਰੁ **ਤਰੀਆ**।"
— ਆਸਾ **੪**, ਛੰਤ ੧੫, ੨ : ੪ (449)

ਤਰੀਆ — 1. ਤਰਿਆ ਜਾਂਦਾ ਹੈ, ਵੇਖੋ 'ਤਰੀ' (2)
2. ਤਲੇ, ਹੇਠਾਂ
"ਸਗਲ ਬਟਰੀਆ।"

"ਬਿਰਖ ਇਕ **ਤਰੀਆ**।"

— ਬਿਹਾ **੫**, ੧, ੩ : ੧;੨ (537)

ਤਰੀਆਸੁ — ਮੈਂ ਤਰ ਗਈ

"ਗੁਰਮੁਖਿ ਅੰਤਰਿ ਜਾਣਿਆ ਗੁਰਿ ਮੇਲੀ **ਤਰੀਆਸੁ**।"

— ਸਿਰੀ **੧**, ਅਸ ੧੬, ੧ : ੩ (63)

ਤਰੀਐ — ਪਾਰ ਹੋਈਏ, ਮੁਕਤ ਹੋਈਏ

"ਗੁਰ ਬਿਨੁ ਕਿਉ **ਤਰੀਐ** ਸੁਖੁ ਹੋਇ।"

— ਸਿਰੀ **੧**, ੧੬, ੧* : ੧ (20)

ਤਰੀਕਤਿ — 1. ਸ਼ਰਾਹ ਦੀ ਕਿਤਾਬ, ਹਦੀਸ

"ਤੁਰਕ **ਤਰੀਕਤਿ** ਜਾਨੀਐ ਹਿੰਦੂ ਬੇਦ ਪੁਰਾਨ।"

— ਗਉ **ਕਬ**, ਬਾਅ ਪ : ੧ (340)

2. (ਅ.) ਸੂਫੀਆਂ ਅਨੁਸਾਰ ਅੰਤਰ ਕਰਨ ਦੀ ਸ਼ੁੱਧੀ ਦਾ ਢੰਗ

"**ਤਰੀਕਤਿ** ਤਰਕ ਖੋਜਿ ਟੋਲਾਵਹੁ।"

— ਮਾਰੂ **੫**, ਸੋਲਾ ੧੨, ੩ : ੨ (1083)

ਤਰੀਜੈ — ਤਰੋ, ਪਾਰ ਹੋਵੇ

"ਸਾਧੂ ਸੰਗਿ **ਤਰੀਜੈ** ਸਾਗਰੁ ਕਟੀਐ ਜਮ ਕੀ ਫਾਸਾ ਜੀਉ।" — ਮਾਝ **੫**, ੪੨, ੨ : ੩ (108)

ਤਰੁ — 1. ਤਰ ਜਾ, ਤਾਰ ਲੈ

"**ਤਰੁ** ਤਾਰੀ ਮਨਿ ਨਾਮੁ ਸੁਚੀਤੁ।"

— ਗਉ **੧**, ੭, ੧ : ੪ (153)

2. ਤਾਰ ਦੇ, ਪਾਰ ਕਰ ਕੇ

"ਅੰਨੁ ਪਾਣੀ ਮੁਚੁ ਉਪਾਇ ਦੁਖ ਦਾਲਦੁ ਭੰਨਿ **ਤਰੁ**।"

— ਸਾਰ **੪**, ਵਾਰ ੩੬ਸ, **੫**, ੧ : ੨ (1251)

ਤਰੁਣ — ਜਵਾਨੀ

"**ਤਰੁਣ** ਤੇਜੁ ਪਰ ਤ੍ਰਿਅ ਮੁਖੁ ਜੋਹਹਿ ਸਰੁ ਅਪਸਰੁ ਨ ਪਛਾਣਿਆ।"

— ਸਿਰੀ **ਬੇਣੀ**, ੧, ੩ : ੧ (93)

ਤਰੁਣਿ — ਜੁਆਨ ਇਸਤ੍ਰੀ

"ਜੈਸੀ **ਤਰੁਣਿ** ਭਤਾਰ ਉਰਝੀ ਪਿਰਹਿ ਸਿਵੈ ਇਹੁ ਮਨੁ ਲਾਲ ਦੀਜੈ।"

— ਆਸਾ **੫**, ਛੰਤ ੪, ੪ : ੨ (455)

ਹੋਰ ਰੂਪ — ਤਰੁਣੀ —

"ਜਿਉ **ਤਰੁਣੀ** ਕਉ ਕੰਤੁ ਬਾਲਹਾ ਤਿਉ ਮੇਰੈ ਮਨਿ ਰਾਮਈਆ।"

— ਧਨਾ **ਨਾਮ**, ੩, ੩ : ੨ (693)

ਤਰੁਤਾਰੀ — ਬੇੜੀ, ਨੌਕ (ਮਹਾਨਕੋਸ਼, ਸੰਥਿਆ)

"ਮਨ ਰੇ ਹਰਿ ਕੀਰਤਿ **ਤਰੁਤਾਰੀ**।"

— ਗੂਜ **੪**, ਅਸ ੧, ੧* : ੧ (506)

(ਤਾਰੀ ਤਰ ਜਾ — (ਸ਼ਬਦਾਰਥ; ਤਾਰੀ ਤਰ (ਨਿਰਣੈ, ਦਰਪਣ))

ਤਰੁਨਾਪੋ — ਜੁਆਨੀ

"**ਤਰਨਾਪੋ** ਬਿਖਿਅਨ ਸਿਉ ਖੋਇਓ ਬਾਲਪਨੁ ਅਗਿਆਨਾ।" — ਰਾਮ **੯**, ੩, ੧ : ੧ (902)

ਤਰੁਨਿ — ਜੁਆਨ ਇਸਤ੍ਰੀ

"ਜਿਉ **ਤਰੁਨਿ** ਭਰਤ ਪਰਾਨ।"

— ਬਿਲਾ **੫**, ਅਸ ੨, ੭ : ੧ (838)

ਤਰੁਨੇ — ਜੁਆਨ

"ਬਾਰੇ ਬੂਢੇ **ਤਰੁਨੇ** ਭਈਆ ਸਭਹੂ ਜਮ ਲੈ ਜਈ ਹੈ ਰੇ।" — ਬਿਲ **ਕਬ**, ੧, ੧ : ੧ (855)

ਤਰੂਅ — ਰੁਖ, ਦਰਖਤ

"ਸਸਿ ਰਿਖਿ ਨਿਸਿ ਸੂਰ ਦਿਨਿ ਸੈਲ **ਤਰੂਅ** ਫਲ ਫੁਲ ਦੀਅਉ।"

— ਸਵ **੪**, ਨਲ ਪ : ੨ (1399)

ਤਰੇ — ਤਰ ਗਏ, ਪਾਰ ਲੰਘ ਗਏ

"ਮਨਮੁਖ ਭਉਜਲਿ ਪਚਿ ਮੁਏ ਗੁਰਮੁਖਿ **ਤਰੇ** ਅਥਾਹੁ।" — ਸਿਰੀ **੧**, ਅਸ ੧੬, ੮ : ੩ (64)

ਹੋਰ ਰੂਪ — ਤਰੇਇ —

"ਅਨਦਿਨੁ ਗੁਣ ਗਾਵੈ ਸੁਖ ਸਹਜੇ ਬਿਖੁ ਭਵਜਲੁ ਨਾਮਿ **ਤਰੇਇ**।"

— ਰਾਮ **੩**, ਵਾਰ ੪ਸ, **੩**, ੩ : ੩ (948)

ਤਰੈ —

"ਮੰਨੈ **ਤਰੈ** ਤਾਰੇ ਗੁਰੁ ਸਿਖ।" (ਤਰਦਾ ਹੈ, ਪਾਰ ਹੁੰਦਾ ਭਾਵ ਮੁਕਤ ਹੁੰਦਾ ਹੈ)

— ਜਪੁ **੧**, ੧੫ : ੩ (3)

ਤਰੈ — 1. ਤਰਦਾ ਹੈ, ਪਾਰ ਹੁੰਦਾ ਹੈ ਵੇਖੋ 'ਤਰੇ'

2. ਪਾਣੀ ਦੀ ਸਤਾ ਉਤੇ ਰਹਿਣਾ

"ਨਾ ਜੀਉ ਮਰੈ ਨ ਡੂਬੈ **ਤਰੈ**।"

— ਗਉ **੧**, ੨, ੨ : ੧ (151)

3. ਥਲੇ, ਹੇਠਾਂ

"ਜਉ ਗੁਰਦੇਵ ਤ ਬੈਕੁੰਠ **ਤਰੈ**।"

— ਭੈਰ **ਨਾਮ**, ੧੧, ੧ : ੩ (1166)

ਤਰੋਵਰ — ਰੁਖ,ਦਰਖਤ
"ਬ੍ਰਹਮ ਨਾਮ ਗੁਣ ਸਾਖ **ਤਰੋਵਰ** ਨਿਤ ਚੁਨਿ ਚੁਨਿ ਪੂਜ ਕਰੀਜੈ।"
— ਕਲਿ **੪**, ਅਸ ੪, ੧ : ੧ (1325)
ਹੋਰ ਰੂਪ — ਤਰੋਵਰੁ —
"ਤੂੰ ਵਡ ਪੁਰਖੁ ਅਗੰਮ **ਤਰੋਵਰੁ** ਹਮ ਪੰਖੀ ਤੁਝ ਮਾਹੀ।"
— ਗੂਜ **੧**, ਅਸ ੪, ੮ : ੧ (505)

ਤਲ — 1. ਪੈਰ ਦਾ ਤਲਾ
"ਹਰਿ ਮੇਲਹੁ ਸਜਣੁ ਪੁਰਖੁ ਮੇਰਾ ਸਿਰੁ ਤਿਨ ਵਿਟਹੁ **ਤਲ** ਰੋਲੀਆ।"
— ਗਉ **੪**, ਵਾਰ ੧੯ਸ, **੪**, ੧ : ੩ (311)
2. ਹੇਠਲੇ/ਨੀਵੇਂ
"**ਤਲ** ਕਾ ਬ੍ਰਹਮੁ ਲੇ ਗਗਨਿ ਚਰਾਵੈ।" (ਹੇਠਲੇ ਸੁਆਸਾਂ ਨੂੰ ਦਸਵੇਂ ਦੁਆਰ ਚੜ੍ਹਾਵੇ)
— ਅਸ **ਕਬ**, ੭, ੧* : ੨ (477)
3. ਹੇਠਾਂ, ਨੀਚੇ
"ਨਿੰਦਕ ਮਾਰਿ ਚਰਨ **ਤਲ** ਦੀਨੇ ਅਪੁਨੋ ਜਸੁ ਵਰਤਾਇਓ।"
— ਮਲਾ **੫**, ੧੮, ੧* : ੨ (1270)
4. ਤਲਾ, ਛੰਭ
"ਚਲਿ ਚਲਿ ਗਈਆ ਪੰਖੀਆਂ ਜਿਨ੍ਹੀ ਵਸਾਏ **ਤਲ**।" — ਸਲੋ **ਫਰ**, ੬੬ : ੧ (1381)

ਤਲਹੀਅਲੁ — ਥਲਿਓਂ, ਤਹਿ ਤੋਂ, ਅੰਦਰੋਂ
"ਰਤਾ ਸਚਿ ਨਾਮਿ **ਤਲਹੀਅਲੁ** ਸੋ ਗੁਰ ਪਰਮਲੁ ਕਹੀਐ।" — ਪ੍ਰਭਾ **੧**, ੬, ੩ : ੧ (1329)

ਤਲਕੀ — ਅਧੀਨਤਾ, ਤਾਬਿਆਦਾਰੀ, ਮੁਥਾਜੀ
"ਤਿਸ ਕਉ **ਤਲਕੀ** ਕਿਸੈ ਦੀ ਨਾਹੀ ਹਰਿ ਦੀਬਾਨਿ ਸਭਿ ਆਣਿ ਪੈਰੀ ਪਾਇਆ।"
— ਵਡ **੪**, ਵਾਰ ੧੪ : ੨ (591)

ਤਲਫੈ — ਤੜਫਦੀ ਹੈ
"ਪਾਨੀਆ ਬਿਨੁ ਮੀਨੁ **ਤਲਫੈ**।"
— ਗੋਂਡ **ਨਾਮ**, ੪, ੧* : ੧ (874)

ਤਲਬ — 1. (ਤਲਬ) ਬੁਲਾਵਾ, ਸਦਾ
"ਆਈ **ਤਲਬ** ਗੋਪਾਲ ਰਾਇ ਕੀ ਮਾਇਆ ਮੰਦਰ ਛੋਡਿ ਚਲਿਓ।"
— ਆਸਾ **ਕਬ**, ੧੫, ੫ : ੨ (479)
"ਤਿਨ ਜਮ ਕੀ **ਤਲਬ** ਨ ਹੋਵਈ ਨਾ ਓਇ ਦੁਖ ਸਹਾਹਿ।" (ਮੰਗ)
— ਗੂਜ **੩**, ਵਾਰ ੧੮ਸ, **੩**, ੨ : ੬ (516)
ਹੋਰ ਰੂਪ — ਤਲਬਾ —
"**ਤਲਬਾ** ਪਉਸਨਿ ਆਕੀਆ ਬਾਕੀ ਜਿਨਾ ਰਹੀ।" (ਸਦੇ)
— ਰਾਮ **੩**, ਵਾਰ ੧੩ਸ, **੧**, ੨ : ੩ (953)
2. ਖ਼ਾਹਿਸ਼, ਇੱਛਾ, ਲਾਲਸਾ
"ਜੀਵਨ **ਤਲਬ** ਨਿਵਾਰਿ ਸੁਆਮੀ।"
— ਰਾਮ **੧**, ੨, ੧* : ੧ (876)

ਤਲਬੀਐ — ਬੁਲਾਏ/ਸੱਦੇਗਾ
"ਬਾਕੀ ਵਾਲਾ **ਤਲਬੀਐ** ਸਿਰਿ ਮਾਰੇ ਜੰਦਾਰੁ ਜੀਉ।" — ਸੂਹੀ **੧**, ਅਸ ੨, ੫ : ੧ (751)

ਤਲਾਉ — ਤਲਾ, ਤਾਲ, ਸਰ
"ਪਾਛੈ ਬਾਘੁ ਡਰਾਵਣੋ ਆਗੈ ਅਗਨਿ **ਤਲਾਉ**।"
— ਸਲੋ **੧**, ੭ : ੨ (1410)

ਤਲਾਹਾ — ਹੇਠਾਂ/ਥਲੇ ਵੱਲ
"ਉਰਧ ਮੂਲ ਜਿਸੁ ਸਾਖ **ਤਲਾਹਾ** ਚਾਰਿ ਬੇਦ ਜਿਤੁ ਲਾਗੇ।" — ਗੂਜ **੧**, ਅਸ ੧, ੨ : ੧ (503)

ਤਲਿ — 1. ਥਾਂ, ਜਗ੍ਹਾ
"ਖੇਲਿ ਗਏ ਸੇ ਪੰਖਣੂੰ ਜੋ ਚੁਗਦੇ ਸਰ **ਤਲਿ**।" (ਤਲਾ ਵਾਲੀ ਜਗਾ ਭਾਵ ਜਿਥੇ ਚੋਗਾ ਖੁਲ੍ਹਾ ਮਿਲਦਾ ਹੈ) — ਸਿਰੀ **੧**, ਅਸ ੧੧, ੮ : ੧ (60)
2. ਹੇਠਾਂ, ਥਲੇ
"ਪੰਚ ਮਾਰਿ ਪਾਵਾ **ਤਲਿ** ਦੀਨੇ।"
— ਆਸਾ **ਕਬ**, ੩, ੨ : ੩ (476)
"ਫਰੀਦਾ ਮਹਲ ਨਿਸਖਣ ਰਹਿ ਗਏ ਵਾਸਾ ਆਇਆ **ਤਲਿ**।" (ਥੱਲੇ, ਧਰਤੀ ਥੱਲੇ ਭਾਵ ਕਬਰ ਵਿਚ)
— ਸਲੋ **ਫਰ**, ੯੭ : ੧ (1382)
3. ਪੈਰ ਦਾ ਤਲਾ
"ਸੀਸੁ ਨਿਹਾਰਉ ਚਰਣ **ਤਲਿ** ਧੂਰਿ ਮੁਖਿ ਲਾਵਉ।" — ਸੂਹੀ **੫**, ੪੨, ੧ : ੨ (745)

ਤਲੀ — 1. ਹਥੇਲੀ
"ਚਾਰਿ ਬਰਨ ਚਉਹਾ ਕੇ ਮਰਦਨ ਖਟੁ ਦਰਸਨ ਕਰ **ਤਲੀ** ਰੇ।" (ਹੱਥ ਵਿਚ ਛੇ ਸ਼ਾਸਤਰ ਹਨ)
— ਆਸਾ **੫**, ੧੩੨, ੧ : ੧ (404)

"ਸਿਰੁ ਧਰਿ **ਤਲੀ** ਗਲੀ ਮੇਰੀ ਆਉ।" (ਹਥੇਲੀ ਉਪਰ) — ਸਲੋ **੧**, ੨੦ : ੨ (1412)

2. ਪੈਰ ਦਾ ਤਲਾ

"ਦਾਨੁ ਮਹਿੰਡਾ **ਤਲੀ** ਖਾਕੁ ਜੇ ਮਿਲੈ ਤ ਮਸਤਕਿ ਲਾਈਐ।" (ਪੈਰਾਂ ਦੇ ਤਲੇ ਦੀ ਧੂੜ ਭਾਵ ਚਰਨ ਧੂੜ)

— ਆਸਾ **੧**, ਵਾਰ ੧੦ : ੧ (468)

ਹੋਰ ਰੂਪ — ਤਲੀਆਂ —

"ਫਰੀਦਾ ਤਨੁ ਸੁਕਾ ਪਿੰਜਰੁ ਥੀਆ **ਤਲੀਆਂ** ਖੂੰਡਹਿ ਕਾਗ।"

— ਸਲੋ **ਫਰ**, ੯੦ : ੧ (1382)

ਤਲੇ — ਥਲੇ

"ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ **ਤਲੇ**।" (ਸਭ ਦੇ ਥਲੇ ਭਾਵ ਨਿਮਾਣਾ ਹੋ ਕੇ ਰਹਿੰਦਾ ਹੈ)

— ਗਉ **੫**, ਸਲੋ ੧੨ ਸ : ੧ (278)

"ਜਿਉ ਧਰਤੀ ਚਰਣ **ਤਲੇ** ਤੇ ਊਪਰਿ ਆਵੈ ਤਿਉ ਨਾਨਕ ਸਾਧ ਜਨਾ ਜਗਤੁ ਆਣਿ ਸਭੁ ਪੈਰੀ ਪਾਏ।" (ਹੇਠਾਂ ਤੋਂ)

— ਸੂਹੀ **੪**, ੧੨, ੪ : ੨ (735)

ਹੋਰ ਰੂਪ — ਤਲੈ —

"ਤਿਸ ਤੇ ਭਾਰੁ **ਤਲੈ** ਕਵਣੁ ਜੋਰੁ।" (ਹੇਠਾਂ, ਥਲੇ) — ਜਪੁ **੧**, ੧੬ : ੧੩ (3)

"ਸੋ ਕਿਸ ਕਉ ਨਦਰਿ ਲੈ ਆਵੈ **ਤਲੈ**।" (ਨਜ਼ਰ ਹੇਠਾਂ)— ਗਉ **੫**, ੧੦੨, ੩:੨ (186)

"**ਤਲੈ** ਕੁੰਚਰੀਆ ਸਿਰਿ ਕਨਿਕ ਛਤਰੀਆ।" (ਹੇਠਾਂ ਭਾਵ ਚੜ੍ਹਨ ਲਈ ਹਾਥੀ ਹਨ)

— ਆਸਾ **੫**, ਪਪ, ੨ : ੧ (385)

ਤਲੈ — 1. ਹੇਠਾਂ, ਵੇਖੋ 'ਤਲੇ'

2. ਤਲੀ, ਹਥੇਲੀ

"ਅਸਟ ਦਸਾ ਸਿਧਿ ਕਰ **ਤਲੈ** ਸਭ ਕ੍ਰਿਪਾ ਤੁਮਾਰੀ।" (ਅਠਾਰਾਂ ਸਿਧੀਆਂ ਹੱਥ ਦੀ ਤਲੀ ਤੇ ਆ ਗਈਆਂ)

— ਬਿਲਾ **ਰਵਿ**, ੧, ੧ : ੨ (858)

ਤਵ — ਤੁਹਾਡੇ, ਤੇਰੇ

"ਸਹਸ **ਤਵ** ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋੁਹੀ।"

— ਧਨਾ **੧**, ਸੋਲਾ ੩, ੨ : ੧ (13)

ਤੜ — ਝਟ, ਤੁਰੰਤ, ਫੌਰਨ

"**ਤੜ** ਸੁਣਿਆ ਸਭਤੁ ਜਗਤ ਵਿਚਿ ਭਾਈ ਵੇਮੁਖੁ ਸਣੈ ਨਫਰੈ ਪਉਲੀ ਪਉਦੀ ਫਾਵਾ ਹੋਇ ਕੈ ਉਠਿ ਘਰਿ ਆਇਆ।"

— ਗਉ **੪**, ਵਾਰ ੧੨ਸ, **੪**, ੧ : ੪ (306)

ਤੜਫੜਾਇ — ਤੜਫੇ, ਵਿਆਕੁਲ ਹੋ ਕੇ ਤੜਫੇ

"ਜਿਉ ਜਲ ਬਿਹੂਨ ਮਛੁਲੀ **ਤੜਫੜਾਇ**।"

— ਗਉ **੫**, ਸੁਖ ੧੩, ੬ : ੨ (280)

ਹੋਰ ਰੂਪ — ਤੜਫੜਾਵੈ —

"ਜਲ ਬਾਝੁ ਮਛੁਲੀ **ਤੜਫੜਾਵੈ** ਸੰਗਿ ਮਾਇਆ ਰੁਠੀਆ" — ਰਾਮ **੫**, ਰੁਤੀ ੩ : ੪ (928)

ਤੜਫਿ — ਵਿਆਕੁਲ ਰੂਪ ਵਿਚ ਤੜਫ ਕੇ

"**ਤੜਫਿ** ਮੂਆ ਜਿਉ ਜਲ ਬਿਨੁ ਮੀਨਾ।"

— ਭੈਰ **੫**, ੨੮, ੩ : ੪ (1143)

ਤਾ — 1. ਤਿਸ, ਉਸ, ਉਨਾਂ

"**ਤਾ** ਕੇ ਅੰਤ ਨ ਪਾਏ ਜਾਹਿ।" (ਉਸ)

— ਜਪੁ **੧**, ੨੪ : ੮ (5)

"**ਤਾ** ਕੀਆ ਗਲਾ ਕਥੀਆ ਨਾ ਜਾਹਿ।" (ਉਨ੍ਹਾਂ)

— ਜਪੁ **੧**, ੩੬ : ੫ (8)

2. ਤਦ, ਤਾਂ

"**ਤਾ** ਆਖਿ ਨ ਸਕਹਿ ਕੇਈ ਕੇਇ।" (ਤਦ ਵੀ) — ਜਪੁ **੧**, ੨੬ : ੨੨ (6)

"**ਤਾ** ਲਿਖੀਐ ਸਿਰਿ ਗਾਵਾਰਾ ਗਾਵਾਰੁ।" (ਤਦ)

— ਜਪੁ **੧**, ੨੬ : ੨੬ (6)

"ਕੂੜਿ ਵਿਗੁਤੀ **ਤਾ** ਪਿਰਿ ਮੁਤੀ ਸਾ ਧਨ ਮਹਲੁ ਨ ਪਾਈ।" (ਤਾਂ)

— ਗਉ **੩**, ਛੰਤ ੧, ੩ : ੪ (244)

ਹੋਰ ਰੂਪ — ਤਾਂ —

"ਮਿਹਰ ਕਰੇ ਜਿਸੁ ਮਿਹਰਵਾਨੁ **ਤਾਂ** ਕਾਰਜੁ ਆਵੈ ਰਾਸਿ।"

— ਸਿਰੀ **੫**, ੨੨, ੩ : ੩ (44)

3. ਜਿਸ

"**ਤਾ** ਤੇ ਬਿਖੈ ਭਈ ਮਤਿ ਪਾਵਸਿ ਕਾਇਆ ਕਮਲੁ ਕੁਮਲਾਣਾ।"

— ਸਿਰੀ **ਬੇਣੀ**, ੧, ੪ : ੩ (93)

ਤਾਂ — 1. ਤਦ, ਵੇਖੋ 'ਤਾ' (2)

2. ਤੋਂ

"ਮੈਂ **ਤਾਂ** ਨਾਮੁ ਤੇਰਾ ਆਧਾਰੁ।"
— ਆਸਾ **੧**, ੧੮, ੧* : ੧ (354)

3. ਉਥੇ, ਤਿਸ ਸਥਾਨ
"ਸਚੁ **ਤਾਂ** ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ।"
— ਆਸਾ **੧**, ਵਾਰ ੧੦ਸ, **੧**, ੨ : ੯ (468)

4. ਇਸ
"**ਤਾਂ** ਤੇ ਜਾਪਿ ਮਨਾ ਹਰਿ ਜਾਪਿ।"
— ਕਾਨ **੫**, ੪੪, ੧* : ੧ (1307)

5. ਉਸ
"ਤਨੁ ਧਨੁ ਜਿਹ ਤੋ ਕਉ ਦੀਓ **ਤਾਂ** ਸਿਉ ਨੇਹੁ ਨ ਕੀਨ।" — ਸਲੋ **੯**, ੭ : ੧ (1426)

ਤਾਉ — 1. ਤਪ ਕਰਨ ਦੀ ਕ੍ਰਿਆ
"ਅਸੰਖ ਪੂਜਾ ਅਸੰਖ ਤਪੁ **ਤਾਉ**।"
— ਜਪੁ **੧**, ੧੭ : ੨ (3)
"ਏਹਾ ਭਗਤਿ ਏਹੋ ਤਪ **ਤਾਉ**।"
— ਆਸਾ **੧**, ੬, ੧ : ੩ (350)

2. ਆਂਚ, ਸੇਕ
"ਭਉ ਖਲਾ ਅਗਨਿ ਤਪ **ਤਾਉ**।"
— ਜਪੁ **੧**, ੩੮ : ੩ (8)
"ਸਚੀ ਨਦਰਿ ਨਿਹਾਲੀਐ ਬਹੁੜਿ ਨ ਪਾਵੈ **ਤਾਉ**।" — ਸਿਰੀ **੧**, ੧੫, ੨ : ੩ (19)

ਤਾਊ — ਤਾਪ, ਬੁਖਾਰ(ਮਹਾਨਕੋਸ਼) (ਦਰਪਣ); ਉਸ ਨੂੰ (ਸ਼ਬਦਾਰਥ); ਤਪਸ਼,ਗਰਮੀ (ਨਿਰਣੈ)
"ਪਾਲਾ **ਤਾਊ** ਕਛੂ ਨ ਬਿਆਪੈ ਰਾਮ ਨਾਮ ਗੁਨ ਗਾਇ।" — ਆਸਾ **੫**, ੩੧, ੧ : ੧ (378)

ਤਾਇਓ — ਗਰਮ ਕੀਤਾ
"ਜਿਉ ਕੰਚਨੁ ਬੈਸੰਤਰਿ **ਤਾਇਓ** ਮਲੁ ਕਾਟੀ ਕਟਿਤ ਉਤਾਰੀ।" — ਧਨਾ **੪**, ੧, ੨ : ੨ (666)

ਤਾਈ — 1. ਲਈ, ਵਾਸਤੇ
"ਮੇਰਾ ਮਨੁ ਲੋਚੈ ਗੁਰ ਦਰਸਨ **ਤਾਈ**।"
— ਮਾਝ **੫**, ੮, ੧ : ੧ (96)

2. ਨਮਿਤ, ਖਾਤਰ
"ਨਿਤ ਸਉਦਾ ਸੂਦੁ ਕੀਚੈ ਬਹੁ ਭਾਤਿ ਕਰਿ ਮਾਇਆ ਕੈ **ਤਾਈ**।"
— ਗਉ **੪**, ੪੮, ੩ : ੧ (166)
"ਕਰੈ ਬਿਕਾਰ ਜੀਅਰੈ ਕੈ **ਤਾਈ**।" (ਜਿਊਣ ਦੀ ਖਾਤਰ)
— ਰਾਮ **੫**, ੫੨, ੨ : ੩ (899)

ਹੋਰ ਰੂਪ — ਤਾਂਈ —
"ਖਿਨੁ ਤਿਲੁ ਰਹਿ ਨ ਸਕੈ ਪਲੁ ਜਲ ਬਿਨੁ ਮਰਨੁ ਜੀਵਨ ਤਿਸੁ **ਤਾਂਈ**।"
— ਮਲਾ **੧**, ਅਸ ੧, ੪ : ੨ (1273)

3. ਤਕ, ਤੀਕ, ਤੋੜੀ
"ਇਹੁ ਸਰੀਰੁ ਕੂੜਿ ਕੁਸਤਿ ਭਰਿਆ ਗਲ **ਤਾਈ** ਪਾਪ ਕਮਾਏ।"
— ਗਉ **੩**, ਛੰਤ ੩, ੧ : ੪ (245)

ਹੋਰ ਰੂਪ — ਤਾਈਂ —
"ਨਾਨ੍ਹੀ ਸੀ ਬੂੰਦ ਪਵਨੁ ਪਤਿ ਖੋਵੈ ਜਨਮਿ ਮਰੈ ਖਿਨੁ **ਤਾਈਂ**।"
— ਮਲਾ **੧**, ਅਸ ੨, ੪ : ੨ (1274)

ਤਾਂਈ —
"ਫਰੀਦਾ ਕਚੈ ਭਾਂਡੈ ਰਖੀਐ ਕਿਚਰੁ **ਤਾਂਈ** ਨੀਰੁ।" — ਸਲੋ **ਫਰ**, ੯੬ : ੨ (1382)

4. ਅਧੀਨ, ਵਸ
"ਜੀਵਣੁ ਮਰਣਾ ਸਭੁ ਤੁਧੈ **ਤਾਈ**।"
— ਮਾਝ **੩**, ਅਸ ੨, ੮ : ੨ (110)

5. ਸਦਕਾ, ਕਾਰਨ
"ਕਹਤ ਕਬੀਰ ਸੁਨਹੁ ਰੇ ਸੰਤਹੁ ਭੈ ਸਾਗਰ ਕੈ **ਤਾਈ**।" — ਆਸਾ **ਕਬ**, ੯, ੪ : ੧ (478)

6. ਉਸ ਵਿਚ
"ਭੜ ਭੜ ਅਗਨਿ ਸਾਗਰੁ ਦੇ ਲਹਰੀ ਪੜਿ ਦਝਹਿ ਮਨਮੁਖ **ਤਾਈ** ਹੇ।"
— ਮਾਰੂ **੧**, ਸੋਲਾ ੬, ੯ : ੩ (1026)

ਤਾਈਜਾ — ਤਾਇਆ/ਗਰਮ ਕੀਤਾ ਜਾਂਦਾ
"ਪਰਖਿ ਖਜਾਨੈ ਪਾਇਆ ਸਰਾਫੀ ਫਿਰਿ ਨਾਹੀ **ਤਾਈਜਾ** ਹੇ।"
— ਮਾਰੂ **੫**, ਸੋਲਾ ੩, ੧੬ : ੩ (1074)

ਤਾਸ — 1. ਤਿਸ/ਉਸ ਦੇ
"ਨਾਨਕ ਪੂਰਾ ਜੇ ਮਿਲੈ ਕਿਉ ਘਾਟੈ ਗੁਣ **ਤਾਸ**।"
— ਸਿਰੀ **੧**, ੯, ੪ : ੩ (17)

2. ਸੁਆਮੀ, ਮਾਲਕ (ਮਹਾਨਕੋਸ਼) : ਖਜ਼ਾਨਾ (ਸ਼ਬਦਾਰਥ), ਨਿਰਣੈ (ਦਰਪਣ), ਹੇਠਾਂ ਵੇਖੋ 'ਤਾਸੁ' (2)

"ਹੇ ਪੂਰਨ ਹੇ ਸਰਬ ਮੈਂ ਦੁਖ ਭੰਜਨ ਗੁਣ **ਤਾਸ**।"
— ਗਉ **੫**, ਬਾਅ ੫੨ : ੨ (261)

ਹੋਰ ਰੂਪ — ਤਾਸਾ —
"ਸਿਮਰਹਿ ਚੰਦ ਸੂਰਜ ਗੁਣ **ਤਾਸਾ**।"
— ਮਾਰੂ **੫**, ਸੋਲਾ ੮, ੧ : ੨ (1078)

3. ਉਸ
"ਕਿਆ ਹਮ ਕਿਰਮ ਕਿਆ ਕਰਮ ਕਮਾਵਹਿ ਮੂਰਖ ਮੁਗਧ ਰਖੇ ਪ੍ਰਭ **ਤਾਸ**।"
— ਕਾਨ **੪**, ੩, ੩ : ੧ (1295)

ਤਾਸਿ — ਉਸ ਵਲ
"ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗ ਦੇਖਿ **ਤਾਸਿ** ਉਠਿ ਧਾਵੈ।" — ਗਉ **੯**, ੩, ੧ : ੨ (219)

ਤਾਸੁ — 1. ਉਸ ਤੋਂ
"ਸਤਿਗੁਰੁ ਸੇਵੇ ਆਪਣਾ ਹਉ ਸਦ ਕੁਰਬਾਣੈ **ਤਾਸੁ**।" — ਸਿਰੀ **੧**, ੧੮, ੩ : ੨ (21)

2. ਖਜ਼ਾਨਾ, ਭਾਂਡਾ, ਸੰਗ੍ਰਹਿ
"ਨਾਨਕ ਨਦਰੀ ਪਾਈਐ ਸਚੁ ਨਾਮੁ ਗੁਣ **ਤਾਸੁ**।"
— ਸਿਰੀ **੩**, ੩੪, ੪ : ੪ (26)

3. ਉਸ ਦਾ/ਉਸ ਦੀ
"ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ **ਤਾਸੁ**।" — ਸਿਰੀ **੧**, ਅਸ ੬, ੧ : ੨ (56)
"ਊਚਉ ਪਰਬਤੁ ਗਾਖੜੋ ਨਾ ਪਉੜੀ ਤਿਤੁ **ਤਾਸੁ**।" — ਸਿਰੀ **੧**, ਅਸ ੧੬, ੧ : ੨ (63)
"ਜਨ ਨਾਨਕ ਨਾਮੁ ਧਿਆਇ ਤੂ ਸਭਿ ਕਿਲਵਿਖ ਕਟੇ **ਤਾਸੁ**।" (ਉਸ ਦੇ)
— ਗਉ **੪**, ਵਾਰ ੬ਸ, **੪**, ੨ : ੪ (302)
(ਮਹਾਨਕੋਸ਼, ਇਥੇ ਅਰਥ ਤ੍ਰਾਸ ਭੈ ਦੇ ਕਰਦਾ ਹੈ)

4. ਤ੍ਰੇਹ, ਪਿਆਸ
"ਜਪਿ ਹਰਿ ਚਰਣ ਮਿਟੀ ਖੁਧਿ **ਤਾਸੁ**।"
— ਗਉ **੫**, ੧੪੮, ੧* : ੨ (195)

5. ਉਸ
"ਅਨਦਿਨੁ ਸਿਮਰਹੁ **ਤਾਸੁ** ਕਉ ਜੋ ਅੰਤਿ ਸਹਾਈ ਹੋਇ।" — ਗਉ **੫**, ਬਾਅ ੧੫ : ੧ (253)

6. ਉਸ ਨੂੰ
"ਜਹ ਉਹੁ ਜਾਇ ਤਹੀ ਸੁਖੁ ਪਾਵੈ ਮਾਇਆ **ਤਾਸੁ** ਨ ਝੋਲੈ ਦੇਵ।"
— ਬਿਲਾ **ਕਬ**, ੧੨, ੨ : ੧ (857)

7. ਤ੍ਰਾਹ ਤ੍ਰਾਹ ਕਰਕੇ, ਬਚਾਓ ਬਚਾਓ ਦੀ ਪੁਕਾਰ ਕਰਕੇ
"**ਤਾਸੁ ਤਾਸੁ** ਧਰਮ ਰਾਇ ਜਪਤੁ ਹੈ ਪਏ ਸਚੇ ਕੀ ਸਰਨਾ।" — ਮਾਰੂ **੩**, ੧, ੫ : ੨ (993)

8. ਉਹ
"ਸਰੁ ਸੰਤੋਖੁ **ਤਾਸੁ** ਗੁਰੁ ਹੋਇ।" (ਉਹ ਗੁਰੂ ਹੀ) — ਪ੍ਰਭਾ **੧**, ੬, ੧* : ੨ (1329)

ਤਾਹ — ਉਸ ਨੇ
"ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ **ਤਾਹ**।"
— ਆਸਾ **੧**, ਵਾਰ ੮ਸ, **੧**, ੧ : ੬ (467)

ਤਾਹਾ — 1. ਉਥੇ, ਹੋਰ ਵੇਖੋ 'ਤਾਹਿ' (3)
"ਅਨਦ ਬਿਨੋਦ ਮੰਗਲ ਸੁਖ **ਤਾਹਾ**।"
— ਸੂਹੀ **੫**, ੨੬, ੧ : ੨ (742)

2. ਉਸ ਦੀ, ਉਸ ਦੇ, ਹੋਰ ਵੇਖੋ 'ਤਾਹਿ' (1)
"ਜਾ ਕਉ ਅਲਖੁ ਲਖਾਏ ਆਪੇ ਅਕਥ ਕਥਾ ਬੁਧਿ **ਤਾਹਾ** ਹੇ।"
— ਮਾਰੂ **੧**, ਸੋਲਾ ੧੨, ੬ : ੩ (1032)
"ਹਰਿ ਜਸੁ ਕੀਰਤਨੁ ਸੰਗਿ ਧਨੁ **ਤਾਹਾ**।" (ਉਸ ਦੇ) — ਮਾਰੂ **੫**, ਸੋਲਾ ੧, ੯ : ੨ (1072)

3. ਉਸ ਨੂੰ, ਹੋਰ ਵੇਖੋ 'ਤਾਹਿ' (2)
"ਅੰਧੁਲੇ ਕੀ ਮਤਿ ਅੰਧਲੀ ਬੋਲੀ ਆਇ ਗਇਆ ਦੁਖੁ **ਤਾਹਾ** ਹੇ।"
— ਮਾਰੂ **੧**, ਸੋਲਾ ੧੨, ੧੧ : ੩ (1033)

ਤਾਹਿ — 1. ਉਸ ਦੀ
"ਨਾਨਕ ਅਉਗਣ ਵੀਸਰੇ ਗੁਰਿ ਰਾਖੇ ਪਤਿ **ਤਾਹਿ**।" — ਸਿਰੀ **੧**, ੧੫, ੪ : ੩ (20)

2. ਉਸ ਨੂੰ, ਇਸ ਨੂੰ
"ਭੁਗਤਿ ਮੁਕਤਿ ਕਾ ਕਾਰਨੁ ਸੁਆਮੀ ਮੂੜ **ਤਾਹਿ** ਬਿਸਰਾਵੈ।" (ਉਸ ਨੂੰ)
— ਗਉ **੯**, ੩, ੨ : ੧ (219)
"ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ **ਤਾਹਿ**।" (ਇਸ ਨੂੰ)
— ਆਸਾ **੧**, ਵਾਰ ੧੩ਸ, **੧**, ੧ : ੨ (470)

3. ਉਥੇ
"ਨਾਨਕ ਮੁਕਤਿ **ਤਾਹਿ** ਤੁਮ ਮਾਨਹੁ ਜਿਹ ਘਟਿ ਰਾਮੁ ਸਮਾਵੈ।"

— ਗਉ **੯**, ੬, ੨ : ੨ (220)

4. ਉਸ ਲਈ, ਉਸ ਵਾਸਤੇ
"ਹਰਿ ਚਰਨ ਬੋਹਿਥ **ਤਾਹਿ**।"
— ਬਿਲਾ **੫**, ਅਸ ੨, ੧੦ : ੫ (838)

5. ਉਸ ਨਾਲ
"ਸੰਗਿ ਤਿਹਾਰੈ ਕਛੂ ਨ ਚਾਲੈ **ਤਾਹਿ** ਕਹਾ ਲਪਟਾਨੋ।" — ਬਸੰ **੯**, ੧, ੧ : ੨ (1186)

ਤਾਹੀ — 1. ਉਥੇ ਹੀਂ
"ਠਾਕੁਰ ਜਾ ਸਿਮਰਾ ਤੂੰ **ਤਾਹੀ**।"
— ਗੂਜ **੫**, ੧੯, ੧* : ੧ (499)

2. ਤਦੇ ਹੀ, ਤਾਂ ਹੀ
"ਨਿਰਮਲ ਨਾਮੁ ਜਪਹੁ ਸਦ ਗੁਰਮੁਖਿ ਅੰਤਰ ਕੀ ਗਤਿ **ਤਾਹੀ** ਜੀਉ।"
— ਸੋਰ **੧**, ੯, ੩ : ੨ (598)

3. ਉਨ੍ਹਾਂ ਵਿਚ
"ਸੰਤ ਸੇਵਕ ਭਗਤ ਹਰਿ ਤਾ ਕੇ ਨਾਨਕ ਮਨੁ ਲਾਗਾ ਹੈ **ਤਾਹੀ**।"
— ਬਿਲਾ **੫**, ੧੦੦, ੨ : ੨ (824)

4. ਉਸੇ ਦੇ
"ਪੂਰਨ ਕਾਜੁ **ਤਾਹੀ** ਕਾ ਹੋਇ।"
— ਭੈਰ **੫**, ੩੩, ੪ : ੨ (1145)
"ਸਗਲ ਮਨੋਰਥ ਪੂਰਨ **ਤਾਹੂ** ਕੇ ਦੂਖੁ ਨ ਬਿਆਪੈ ਕੋਇ।" (ਉਨ੍ਹਾਂ)
— ਸਾਰ **੫**, ੯੭, ੧* : ੨ (1223)

ਤਾਹੂ — 1. ਉਸੇ ਨੂੰ
"ਬਿਨਸਿ ਜਾਇ **ਤਾਹੂ** ਲਪਟਾਵੈ।"
— ਗਉ **੫**, ੨੮, ੧* : ੨ (178)

2. ਉਸ ਨੂੰ
"ਧੰਧੇ ਕਹਾ ਬਿਆਪਹਿ **ਤਾਹੂ**।"
— ਗਉ **੫**, ਬਾਅ ੪ : ੫ (251)

3. ਤੇਰੇ
"**ਤਾਹੂ** ਸੰਗਿ ਨ ਧਨੁ ਚਲੈ ਗ੍ਰਿਹ ਜੋਬਨ ਨਹ ਰਾਜ।" — ਗਉ **੫**, ਬਾਅ ੩੨ : ੫ (257)

4. ਉਸੇ ਹੀ
"ਜਿਨਿ ਮੋਹੇ ਬ੍ਰਹਮੰਡ ਖੰਡ **ਤਾਹੂ** ਮਹਿ ਪਾਉ।"
— ਸੂਹੀ **੫**, ੪੩, ੧* : ੧ (745)

5. ਫਿਰ ਵੀ, ਤਾਂ ਵੀ
"ਜੇ ਤੂੰ ਤਾਰੂ ਪਾਣਿ **ਤਾਹੂ** ਪੁਛੁ ਤਿੜੰਨ੍ਹ ਕਲ।"
— ਸਲੋ **੧**, ੩ : ੧ (1410)

6. ਉਹੀ
"**ਤਾਹੂ** ਖਰੇ ਸੁਜਾਣ ਵੰਞਾ ਏਨ੍ਹੀ ਕਪਰੀ।"
— ਸਲੋ **੧**, ੩ : ੨ (1410)

ਤਾਕ — ਕਪਾਟ, ਦਰਵਾਜੇ
"ਹਰਿ ਕੇ ਸੰਤ ਮਿਲੇ ਹਰਿ ਪ੍ਰਗਟੇ ਉਘਰਿ ਗਏ ਬਿਖਿਆ ਕੇ **ਤਾਕ**।"
— ਕਾਨ **੪**, ੪, ੧ : ੨ (1295)

ਤਾਕਹਿ — ਵੇਖ ਕੇ
"ਉਡਹਿ ਤ ਬੇਗੁਲ ਬੇਗੁਲੇ **ਤਾਕਹਿ** ਚੋਗ ਘਣੀ।"
— ਰਾਮ **੧**, ਓਅੰ ੩੩ : ੩ (934)

ਤਾਕੀ — ਤਕੀ
"ਪਾਰਬ੍ਰਹਮ ਕੀ ਸਰਣਿ ਜਨ **ਤਾਕੀ**।"
— ਗਉ **੫**, ੧੧੪, ੧* : ੨ (188)

ਤਾਕੁ — 1. ਦਰਵਾਜ਼ਾ, ਭਿਤ
"ਦਿਸੈ ਸਚਾ ਮਹਲੁ ਖੁਲੈ ਭਰਮ **ਤਾਕੁ**।"
— ਰਾਮ **੫**, ਵਾਰ ੫ : ੪ (959)

2. ਤਾਕ ਹੋ ਕੇ, ਸੋਚ ਸਮਝ ਕੇ (ਸ਼ਬਦਾਰਥ), ਆਪ ਹੀ ਆਪ (ਨਿਰਣੈ)/ਦਰਪਣ) (Exclusive)
"ਗੁਪਤ ਪ੍ਰਗਟ ਹਰਿ ਘਟਿ ਘਟਿ ਦੇਖਹੁ ਵਰਤੈ **ਤਾਕੁ** ਸਬਾਇਆ।"
— ਮਾਰੂ **੧**, ਸੋਲਾ ੨੨, ੨ : ੩ (1042)

ਤਾਕੈ — ਵੇਖੇ
"ਉਤ **ਤਾਕੈ** ਉਤ ਤੇ ਉਤ ਪੇਖੈ ਆਵੈ ਲੋਭੀ ਫੇਰਿ।"
— ਧਨਾ **੫**, ੩੬, ੧* : ੨ (680)

ਤਾਕੋ ਤਾਕੁ — ਇਕਲਾ ਆਪ ਹੀ ਆਪ, ਇਕੋ ਇਕ, ਪੂਰਨ ਅਦੁਤੀ
"ਨਾਨਕ ਹੁਕਮੈ ਅੰਦਰਿ ਵੇਖੈ ਵਰਤੈ **ਤਾਕੋ ਤਾਕੁ**।"
— ਆਸਾ **੧**, ਵਾਰ ੩ਸ, **੧**, ੨ : ੯ (464)

ਤਾਖਤੀ — (ਫ਼ਾ. ਤਾਖ਼ਤਨ) ਦੌੜ ਭਜ
"ਇਕਨੀ ਬਧੇ ਭਾਰ ਇਕਨਾ **ਤਾਖਤੀ**।"
— ਮਾਝ **੧**, ਵਾਰ ੧੦ : ੮ (142)

ਤਾਗ — ਧਾਗਾ, ਡੋਰਾ, ਭਾਵ ਜਨੇਊ
"ਛੁਰੀ ਵਗਾਇਨਿ ਤਿਨ ਗਲਿ **ਤਾਗ**।"
— ਆਸਾ **੧**, ਵਾਰ ੧੬ਸ, **੧**, ੨ : ੨ (471)

ਤਾਗਰੀ — ਤੜਾਗੀ, ਧਾਗੇ ਧੂਗੇ (ਸ਼ਬਦਾਰਥ) :

ਠੂਠੀ (ਨਿਰਣੈ, ਦਰਪਣ)
"ਚਿਰਗਟ ਫਾਰਿ ਚਟਾਰਾ ਲੈ ਗਇਓ ਤਰੀ **ਤਾਗਰੀ** ਛੂਟੀ।" (ਕੂਜੀ ਤੇ ਠੂਠੀ ਬਾਕੀ ਰਹਿ ਗਈ)
— ਆਸਾ **ਕਬ**, ੧੬, ੫ : ੨ (480)

ਤਾਗਾ — 1. ਡੋਰ, ਤੰਦੀ, ਧਾਗਾ
"**ਤਾਗਾ** ਤੂਟਾ ਗਗਨੁ ਬਿਨਸਿ ਗਇਆ ਤੇਰਾ ਬੋਲਤ ਕਹਾ ਸਮਾਈ।" (ਸੁਆਸਾਂ ਰੂਪੀ ਡੋਰ)
— ਗਉ **ਕਬ**, ੫੨, ੧* : ੧ (334)

ਹੋਰ ਰੂਪ — ਤਾਗਿ —
"ਅਨਿਕ ਭਾਤਿ ਕਰਿ ਮਣੀਏ ਸਾਜੇ ਕਾਚੈ **ਤਾਗਿ** ਪਰੋਹੀ।" (ਧਾਗੇ ਵਿਚ)
— ਸੋਰ **੫**, ੪, ੩ : ੧ (609)

2. ਤਗਿਆ, ਕਾਇਮ ਰਹਿਆ ਨਿਰਣੈ (ਸ਼ਬਦਾਰਥ) : ਗਿਆਨਵਾਨ (ਮਹਾਨਕੋਸ਼) : ਟਾਕਰਾ ਕਰਨ ਜੋਗਾ (ਦਰਪਣ)
"ਜਿਸਹਿ ਧਿਆਇਆ ਪਾਰਬ੍ਰਹਮੁ ਸੋ ਕਲਿ ਮਹਿ **ਤਾਗਾ**।" — ਰਾਮ **੫**, ਵਾਰ ੧੭ : ੫ (965)

ਤਾਗੇ — 1. ਦੌੜਦੇ ਹਨ (ਸ਼ਬਦਾਰਥ) : ਗਿਆਨਵਾਨ (ਮਹਾਨਕੋਸ਼) ਪਕੇ ਰਹੇ (ਨਿਰਣੈ) : ਤੋੜ ਨਿਬੇ (ਦਰਪਣ)
"ਬਿਨਵੰਤਿ ਨਾਨਕ ਸਰਣਿ ਸੁਆਮੀ ਸਦਾ ਹਰਿ ਜਨ **ਤਾਗੇ**।"
— ਆਸਾ **੫**, ਛੰਤ ੧੦, ੪ : ੬ (459)

2. ਧਾਗੇ, ਡੋਰੀ
"ਸੂਹਾ ਰੰਗੁ ਸੁਪਨੈ ਨਿਸੀ ਬਿਨੁ **ਤਾਗੇ** ਗਲਿ ਹਾਰੁ।"
— ਸੂਹੀ **੩**, ਵਾਰ, ੪ਸ, **੧**, ੨ : ੧ (786)
"ਖਿੰਥਾ ਜਲਿ ਕੋਇਲਾ ਭਈ **ਤਾਗੇ** ਆਂਚ ਨ ਲਾਗ।" (ਭਾਵ ਜੀਵ ਆਤਮਾ)
— ਸਲੋ **ਕਬ**, ੪੭ : ੨ (1366)

ਹੋਰ ਰੂਪ — ਤਾਗੈ —
"ਇਕਤੁ **ਤਾਗੈ** ਰਲਿ ਮਿਲੈ ਗਲਿ ਮੋਤੀਅਨ ਕਾ ਹਾਰੁ।" — ਸਿਰੀ **੧**, ਅਸ ੯, ੪ : ੨ (58)

ਤਾਗੋ —
"ਇਹੁ ਜਗੁ **ਤਾਗੋ** ਸੂਤ ਕੋ ਭਾਈ ਦਹ ਦਿਸ ਬਾਧੋ ਮਾਇ।"
— ਸੋਰ **੧**, ਅਸ ੨, ੬ : ੧ (635)

ਤਾਚੀ — ਤਿਸ ਦੀ, ਉਸਦੀ
"ਕਹਤ ਨਾਮਦੇਉ **ਤਾਚੀ** ਆਣਿ।"
— ਸਾਰ **ਨਾਮ**, ੧, ੪ : ੩ (1252)

ਹੋਰ ਰੂਪ — ਤਾਂਚੀ —
"ਪ੍ਰਣਵੈ ਨਾਮਦੇਉ **ਤਾਂਚੀ** ਆਣਿ।" (ਉਸ ਦੀ ਸ਼ਰਨ ਵਿਚ)
— ਮਲਾ **ਨਾਮ**, ੧, ੫ : ੪ (1292)

ਤਾਚੇ — 1. ਉਸ ਦਾ/ਉਸ ਦੇ
"ਆਪੇ ਸਾਹ ਵਡੇ ਪ੍ਰਭ ਸੁਆਮੀ ਹਮ ਵਣਜਾਰੇ ਹਹਿ **ਤਾਚੇ**।" — ਗਉ **੪**, ੫੫, ੪ : ੧ (169)

2. ਇਸ ਕਰਕੇ
"ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਣਿ **ਤਾਚੇ** ਮੋਹਿ ਜਾਪੀਅਲੇ ਰਾਮ ਚੇ ਨਾਮੰ।"
— ਧਨਾ **ਤਿਲੋ**, ੧, ੬ : ੧ (695)

ਤਾਜ — (ਅ. ਤਾਜ) ਮੁਕਟ, ਬਾਦਸ਼ਾਹਿਤ ਦਾ ਪ੍ਰਤੀਕ ਸਿਰ ਦਾ ਭੂਸ਼ਨ
"**ਤਾਜ** ਕੁਲਹ ਸਿਰਿ ਛਤ੍ਰੁ ਬਨਾਵਉ।"
— ਗਉ **੧**, ਅਸ ੧੦, ੬ : ੨ (225)

ਤਾਜਨਿ — ਚੰਗੀ ਨਸਲ ਦੀ ਅਰਬੀ ਘੋੜੀ
"ਇਕ **ਤਾਜਨਿ** ਤੁਰੀ ਚੰਗੇਰੀ।"
— ਧਨਾ **ਧੰਨਾ**, ੧, ੨ : ੨ (695)

ਤਾਜੀ — ਅਰਬੀ ਨਸਲ ਦਾ ਘੋੜਾ
"**ਤਾਜੀ** ਰਥ ਤੁਖਾਰ ਹਾਥੀ ਪਾਖਰੇ।"
— ਮਾਝ **੧**, ਵਾਰ ੮ : ੫ (141)

ਤਾਣ — ਬਲ, ਸ਼ਕਤੀ
"**ਤਾਣ** ਹੋਦੇ ਹੋਇ ਨਿਤਾਣਾ।"
— ਸਲੋ **ਫਰ**, ੧੨੮ : ੨ (1384)

ਤਾਣਾ — ਬਲ, ਸ਼ਕਤੀ
"ਅਖੀ ਅੰਧੁ ਜੀਭ ਰਸੁ ਨਾਹੀ ਰਹੇ ਪਰਾਕਉ **ਤਾਣਾ**।" — ਸਿਰੀ **੧**, ਪਹ ੨, ੪ : ੩ (76)
"ਤੁਝੁ ਊਪਰਿ ਮੇਰਾ ਹੈ ਮਾਣਾ ਤੂਹੈ ਮੇਰਾ **ਤਾਣਾ** ਰਾਮ।" (ਬਲ/ਸਹਾਰਾ)
— ਸੂਹੀ **੫**, ਛੰਤ ੪, ੩ : ੧ (779)

ਹੋਰ ਰੂਪ — ਤਾਣਿ —
"ਹੋਦੈ **ਤਾਣਿ** ਨਿਤਾਣੀਆ ਰਹਹਿ ਨਿਮਾਨਣੀਆਹ।"
— ਸਿਰੀ **੪**, ਵਾਰ ੭ਸ, ੧, ੨ : ੫ (85)

ਤਾਣਿ — 1. ਬਲ, ਸ਼ਕਤੀ, ਵੇਖੋ 'ਤਾਣਾ'
"ਸਾਹਿਬ ਸੰਮ੍ਰਿਥ ਤੇਰੈ **ਤਾਣਿ**।" (ਤੇਰੇ ਬਲ ਨਾਲ)
— ਮਲਾ **੧**, ੯, ੨ : ੨ (1257)
2. ਤਾਣ ਕੇ, ਸਿਸ਼ਤ ਲੈ ਕੇ
"ਓਨ੍ਹੀ ਤੁਪਕ **ਤਾਣਿ** ਚਲਾਈ ਓਨ੍ਹੀ ਹਸਤਿ ਚਿੜਾਈ।"
— ਆਸਾ **੧**, ਅਸ ੧੨, ੫ : ੨ (418)

ਤਾਣਿਅਉ — ਤਣਿਆ, ਲਾਇਆ, ਖਿਲਾਰਿਆ
"ਗੁਰ ਰਾਮਦਾਸ ਤਨੁ ਸਰਬ ਮੈ ਸਹਜਿ ਚੰਦੋਆ **ਤਾਣਿਅਉ**।" — ਸਵ **੫**, ਕਲ ੭ : ੫ (1407)
ਹੋਰ ਰੂਪ — ਤਾਣਿਆ —
"ਅੰਬਰੁ ਧਰਤਿ ਵਿਛੋੜਿ ਚੰਦੋਆ **ਤਾਣਿਆ**।"
— ਮਲਾ **੧**, ਵਾਰ ੧ : ੨ (1279)

ਤਾਣੀ — ਕਪੜੇ ਦਾ ਲੰਮੇ ਰੁਖ ਤਣਿਆ ਹੋਇਆ ਸੂਤ
"ਉਰਝੀ **ਤਾਣੀ** ਕਿਛੁ ਨ ਬਸਾਇ।"
— ਪ੍ਰਭਾ **੧**, ੧੧, ੧ : ੪ (1330)

ਤਾਣੁ — 1. ਜ਼ੋਰ, ਬਲ
"ਗਾਵੈ ਕੋ ਤਾਣੁ ਹੋਵੈ ਕਿਸੈ **ਤਾਣੁ**।"
— ਜਪੁ **੧**, ੩ : ੧ (1)
"ਹਉ ਮਾਣੁ **ਤਾਣੁ** ਕਰਉ ਤੇਰਾ ਹਉ ਜਾਣਉ ਆਪਾ।" (ਆਸਰਾ)
— ਸਿਰੀ **੫**, ੯੭, ੨ : ੧ (51)
"**ਤਾਣੁ** ਤਨੁ ਖੀਨ ਭਇਆ ਬਿਨੁ ਮਿਲਤ ਪਿਆਰੇ ਰਾਮ।" (ਜ਼ੋਰ, ਤਾਕਤ)
— ਬਿਹਾ **੫**, ਛੰਤ ੬, ੧ : ੨ (545)
2. ਤਾਣਾ, ਤਾਣੀ
"ਨਾਨਕ ਕੂੜੈ ਕਤਿਐ ਕੂੜਾ ਤਣੀਐ **ਤਾਣੁ**।"
— ਸੂਹੀ **੩**, ਵਾਰ ੧੪ਸ, **੧**, ੧ : ੫ (790)

ਤਾਤ — ਰੁਚੀ, ਚਾਹ
"ਕਨਿਕ ਮੰਦਰ ਪਾਟ ਸੇਜ ਸਖੀ ਮੋਹਿ ਨਾਹਿ ਇਨ ਸਿਉ **ਤਾਤ**।" — ਕਾਨ **੫**, ੪੨, ੧ : ੧ (1306)

ਤਾਤਉ — ਤਪਿਆ ਹੋਇਆ, ਤੱਤਾ
"ਸੂਰਜੁ ਚੜਿਆ ਪਿੰਡੁ ਪੜਿਆ ਤੇਲੁ ਤਾਵਣਿ **ਤਾਤਉ**।" — ਆਸਾ **੧**, ਛੰਤ ੫, ੨ : ੪ (439)

ਤਾਤਾ — 1. ਤਤਾ, ਤਤੀ, ਗਰਮ
"ਤੁਝੈ ਨ ਲਾਗੈ **ਤਾਤਾ** ਝੋਲਾ।"
— ਗਉ **੫**, ੭੯, ੧* : ੨ (179)
2. ਈਰਖਾ, ਸਾੜਾ
"ਵਿਸਰੀ ਤਿਸੈ ਪਰਾਈ **ਤਾਤਾ**।"
— ਗਉ **੫**, ੧੧੭, ੧ : ੨ (189)
ਹੋਰ ਰੂਪ — ਤਾਤਿ —
"ਲਾਹਿ ਪਰਦਾ ਠਾਕੁਰੁ ਜਉ ਭੇਟਿਓ ਤਉ ਬਿਸਰੀ **ਤਾਤਿ** ਪਰਾਈ।"
— ਗਉ **੫**, ੧੬੧*, ੩ : ੨ (215)
3. ਦੁਖਦਾਈ
"ਬਿਖੁ ਫਲੁ ਮੀਠਾ ਚਾਰਿ ਦਿਨ ਫਿਰਿ ਹੋਵੈ **ਤਾਤਾ** ਰਾਮ।"
— ਆਸਾ **੧**, ਛੰਤ ੫, ੧ : ੨ (438)
4. ਸੜਿਆ ਹੋਇਆ
"ਜਲਤਾ ਫਿਰੈ ਰਹੈ ਨਿਤ **ਤਾਤਾ**।"
— ਮਾਰੂ **੫**, ਸੋਲ ੧੪, ੭ : ੨ (1086)

ਤਾਤਿ — 1. ਈਰਖਾ, ਸਾੜਾ, ਵੇਖੋ, 'ਤਤਾ' (2)
2. ਚਿੰਤਾ
"ਛਾਡਿ ਵਿਡਾਣੀ **ਤਾਤਿ** ਮੂੜੇ।"
— ਰਾਮ **੫**, ੨੩, ੧* : ੧ (889)

ਤਾਤੀ — 1. ਤਤੀ, ਗਰਮ
"ਕਲਿ **ਤਾਤੀ** ਠਾਂਢਾ ਹਰਿ ਨਾਉ।"
— ਗਉ **੫**, ਸੁਖ ੧੯, ੩ : ੫ (288)
2. ਅਗਨੀ
"ਠੰਢੀ **ਤਾਤੀ** ਮਿਟੀ ਖਾਈ।" (ਸਰੀਰ ਨੂੰ ਪਾਣੀ ਅਗਨੀ ਜਾਂ ਮਿੱਟੀ ਖਾ ਲੈਂਦੀ ਹੈ)
— ਆਸਾ **੫**, ੩੩, ੧* : ੧ (378)
3. ਦੁਖ, ਚਿੰਤਾ, ਸਾੜਾ
"ਤੂ ਅਡੋਲੁ ਕਦੇ ਡੋਲਹਿ ਨਾਹੀ ਤਾ ਹਮ ਕੈਸੀ **ਤਾਤੀ**।" — ਰਾਮ **੫**, ੬, ੧ : ੨ (884)

ਤਾਂਤੀ — ਤਣਨ ਬੁਣਨ ਵਾਲਾ ਜੁਲਾਹਾ
"ਪਾਈ ਜੋਰਿ ਬਾਤ ਇਕ ਕੀਨੀ ਤਹ **ਤਾਂਤੀ** ਮਨੁ ਮਾਨਾਂ।" — ਆਸਾ **ਕਬ**, ੩੬, ੩ : ੧ (484)

ਤਾਤੁ — ਤੁਰਤ, ਛੇਤੀ ਛੇਤੀ
"ਜਿਨਿ ਜਿਹਵਾ ਦਿਤੀ ਬੋਲੇ **ਤਾਤੁ**।"
— ਧਨਾ **੧**, ੫, ੨ : ੨ (662)
(ਮਹਾਨਕੋਸ਼ ਇਸ ਦੇ ਅਰਥ 'ਪਿਆਰਾ' ਦਿੰਦਾ ਹੈ)

ਤਾਤੇ — 1. ਈਰਖਾ
"ਕਾਮਿ ਕ੍ਰੋਧਿ ਅਹੰਕਾਰਿ ਵਿਗੁਤੀ ਹਉਮੈ ਲਗੀ **ਤਾਤੇ**।" — ਤੁਖਾ **੧**, ਛੰਤ ੪, ੧ : ੪ (1111)
2. ਉਸ ਤੋਂ
"**ਤਾਤੇ** ਭਲੀ ਮਧੂਕਰੀ ਸੰਤਸੰਗਿ ਗੁਨ ਗਾਇ।" — ਸਲੋ **ਕਬ**, ੧੫੦ : ੨ (1372)
3. ਇਸ ਲਈ, ਇਸ ਕਰਕੇ
"**ਤਾਤੇ** ਮੋਹਿ ਧਾਰੀ ਓਟ ਗੋਪਾਲ।" — ਧਨਾ **੫**, ੨੧, ੧* : ੧ (676)

ਤਾਨ — ਸੁਰ, ਆਲਾਪ
"ਉਠਹਿ **ਤਾਨ** ਕਲੋਲ ਗਾਇਨ ਤਾਰ ਮਿਲਾਵਹੀ।" — ਰਾਗ ੧ : ੨੪ (1430)

ਤਾਨਾ — 1. ਤਾਣਾ, ਤਣੇ ਹੋਏ ਧਾਗਿਆਂ ਦਾ ਸਮੂਹ
"ਹਮ ਘਰਿ ਸੂਤੁ ਤਨਹਿ ਨਿਤ **ਤਾਨਾ** ਕੰਠਿ ਜਨੇਊ ਤੁਮਾਰੇ।" — ਆਸਾ **ਕਬ**, ੨੬, ੧ : ੧ (482)
ਹੋਰ ਰੂਪ — ਤਾਨਾਂ —
"ਤਬ ਹਮ ਇਤਨਕੁ ਪਸਰਿਓ **ਤਾਨਾਂ**।" — ਆਸਾ **ਕਬ**, ੩੬, ੧ : ੨ (484)
2. ਕਪੜੇ ਦੀ ਲੰਮੇ ਰੁਖ ਦੀ ਤੰਦ
"**ਤਾਨਾ** ਬਾਨਾ ਕਛੂ ਨ ਸੂਝੈ ਹਰਿ ਹਰਿ ਰਸਿ ਲਪਟਿਓ।" — ਬਿਲਾ **ਕਬ**, ੪, ੧ : ੨ (856)
3. ਰਾਗ ਦਾ ਪਲਟਾ
"ਬਾਜਾ ਮਾਣੁ ਤਾਣੁ ਤਜਿ **ਤਾਨਾ** ਪਾਉ ਨ ਬੀਗਾ ਘਾਲੈ।" — ਰਾਮ **੫**, ੮, ੨ : ੨ (885)
4. ਤਾਣ, ਤਾਕਤ, ਆਸਰਾ
"ਅਪੁਨੇ ਪਹਿ ਮਾਨੁ ਅਪੁਨੇ ਪਹਿ **ਤਾਨਾ** ਅਪਨੇ ਹੀ ਪਹਿ ਅਰਥਾ।" — ਸਾਰ **੫**, ੫੭, ੧ : ੨ (1215)

ਤਾਨਿ — ਤਾਣ ਕੇ, ਉਪਰ ਲੈ ਕੇ
"ਮੰਦਰ ਸੋਵਹਿ ਪਟੰਬਰ **ਤਾਨਿ**।" — ਰਾਮ **ਕਬ**, ੯, ੫ : ੨ (971)

ਤਾਨਿਆ — ਤਾਣਾ ਤਣਿਆ
"ਗੁਨ ਤੇ ਪ੍ਰੀਤਿ ਬਢੀ ਅਨ ਭਾਂਤੀ ਜਨਮ ਮਰਨ ਫਿਰਿ **ਤਾਨਿਆ**।" — ਆਸਾ **ਧੰਨਾ**, ੧, ੧ : ੨ (487)

ਤਾਨੀ — ਬਲ ਵਾਲਾ, ਸ਼ਕਤੀਸ਼ਾਲੀ
"ਊਚ ਸਮਾਨਾ ਠਾਕੁਰ ਤੇਰੋ ਅਵਰ ਨ ਕਾਹੂ **ਤਾਨੀ**।" — ਟੋਡੀ **੫**, ੧, ੧ : ੧ (711)

ਤਾਨੁ — 1. ਬਲ, ਸਮਰਥਾ
"ਮਾਨੁ **ਤਾਨੁ** ਤਜਿ ਸਿਆਨਪ ਸਰਣਿ ਨਾਨਕੁ ਆਇਆ।" — ਆਸਾ **੫**, ੧੫੨, ੪ : ੨ (408)
2. ਤਾਣਾ
"ਸਾਕਤ ਸੂਤੁ ਬਹੁ ਗੁਰਝੀ ਭਰਿਆ ਕਿਉ ਕਰਿ **ਤਾਨੁ** ਤਨੀਜੈ।" — ਕਲਿ **੪**, ਅਸ ੨, ੬ : ੧ (1324)

ਤਾਨੈ — ਖਿਚੇ
"ਸੋ ਸੁਰਤਾਨੁ ਜੁ ਦੁਇ ਸਰ **ਤਾਨੈ**।" — ਭੈਰ **ਕਬ**, ੧੧, ੩ : ੧ (1160)

ਤਾਪ — 1. ਦੁਖ, ਕਲੇਸ਼
"**ਤਾਪ** ਗਏ ਪਾਈ ਪ੍ਰਭਿ ਸਾਂਤਿ।" — ਗਉ **੫**, ੧੨੮, ੧ : ੧ (191)
"ਹਉ **ਤਾਪ** ਬਿਨਸੇ ਸਦਾ ਸਰਸੇ ਪ੍ਰਭ ਮਿਲੇ ਚਿਰੀ ਵਿਛੁੰਨਿਆ।" (ਸਾੜੇ) — ਸੂਹੀ **੫**, ਛੰਤ ੩, ੪ : ੪ (779)
2. ਤਪਸਿਆ
"ਕਾਹੂ ਜਾਪ ਕਾਹੂ **ਤਾਪ** ਕਾਹੂ ਪੂਜਾ ਹੋਮ ਨੇਮ।" — ਗਉ **੫**, ੧੫੫*, ੨ : ੧ (213)
3. ਤਪਸ਼, ਗਰਮੀ, ਬੁਖ਼ਾਰ ਰੋਗ
"ਤਾਤਾ ਕਛੂ ਨ ਹੋਈ ਹੈ ਜਉ **ਤਾਪ** ਨਿਵਾਰੈ ਆਪ।" (ਹਉਮੈ ਦਾ ਤਾਪ) — ਗਉ **੫**, ਬਾਅ ੩੨ : ੭ (257)
"ਤ੍ਰਉਦਸੀ ਤੀਨਿ **ਤਾਪ** ਸੰਸਾਰ।" (ਤ੍ਰੈ ਗੁਣਾਂ ਰਜੋ ਤਮੋ ਸਤੋ ਤੋਂ ਉਪਜਿਆ ਵਿਕਾਰ) — ਗਉ **੫**, ਥਿਤੀ ੧੩ : ੧ (299)
"ਤੀਨੇ **ਤਾਪ** ਨਿਵਾਰਣਹਾਰਾ ਦੁਖ ਹੰਤਾ ਸੁਖ ਰਾਸਿ।" (ਤਿੰਨ ਤਾਪ ਹਨ — (ਆਧ (ਮਨ ਦਾ) ਬਿਆਨ (ਸਰੀਰ ਦਾ) ਉਪਾਧ (ਭੁਲੇਖੇ ਦਾ) — ਟੋਡ **੫**, ੧੩, ੧ : ੧ (714)

ਤਾਪਹਿ — 1. ਤਪ ਕਰਦਾ ਹੈ, ਤਪਦਾ ਹੈ
"ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ ਤਪੁ **ਤਾਪਹਿ** ਜਪਹਿ ਬੇਅੰਤਾ।" — ਆਸਾ **੪**, ਸੁਪੁ ੧, ੪ : ੩ (11)

"ਤਪੁ ਤਾਪਨ **ਤਾਪਹਿ** ਜਗ ਪੁੰਨ ਆਰੰਭਹਿ ਅਤਿ ਕਿਰਿਆ ਕਰਮ ਕਮਾਇ ਜੀਉ।"
— ਆਸਾ **੪**, ਛੰਤ ੧੧, ੩ : ੨ (445)
2. ਤਪਸ਼ ਵਿਚ ਆਉਂਦਾ ਹੈ, ਗਰਮ ਹੁੰਦਾ ਹੈ
"ਥਲ **ਤਾਪਹਿ** ਸਰ ਭਾਰ ਸਾਧਨ ਬਿਨਉ ਕਰੈ।"
— ਤੁਖਾ **੧**, ਬਾਰਾ ੭ : ੨ (1108)

ਤਾਪਤੇ — ਤਪਦੇ ਹਨ, ਗਰਮ ਹੁੰਦੇ ਹਨ
"ਜੈਸੇ **ਤਾਪਤੇ** ਨਿਰਮਲ ਘਾਮਾ।"
— ਗੋਂਡ **ਨਾਮ**, ੪, ੫ : ੧ (874)

ਤਾਪਨ — ਤਪਾਉਣਾ
"ਤਪੁ **ਤਾਪਨ** ਤਾਪਹਿ ਜਗ ਪੁੰਨ ਆਰੰਭਹਿ ਅਤਿ ਕਿਰਿਆ ਕਰਮ ਕਮਾਇ ਜੀਉ।"
— ਆਸਾ **੪**, ਛੰਤ ੧੧, ੩ : ੨ (445)

ਤਾਪਰੁ — 1. ਉਸ ਸਮੇਂ, ਤਦ ਹੀ
"ਨਾਨਕ **ਤਾਪਰੁ** ਜਾਪੈ ਜਾ ਪਤਿ ਲੇਖੈ ਪਾਇ।"
— ਸਿਰੀ **੪**, ਵਾਰ ੩ਸ, **੧**, ੧ : ੪ (83)

ਤਾਪਾ — 1. ਤਪ, ਤਪਸਿਆ
"ਅਨਿਕ ਬਰਖ ਕੀਏ ਜਪ **ਤਾਪਾ**।"
— ਮਾਝ **੫**, ੧੨, ੩ : ੧ (98)
2. ਕਲੇਸ਼, ਤਪਸ਼, ਦੁਖ, ਬੁਖਾਰ
"**ਤਾਪਾ** ਬਿਨਾਸਨ ਦੂਖ ਨਾਸਨ ਮਿਲੁ ਪ੍ਰੇਮੁ ਮਨਿ ਤਨਿ ਅਤਿ ਘਨਾ।"
— ਆਸਾ **੫**, ਛੰਤ ੧੪, ੩ : ੩ (462)

ਤਾਪੁ — ਬੀਮਾਰੀ, ਬੁਖਾਰ
"ਸਤਿਗੁਰ ਕੀ ਸੇਵਾ ਸੋ ਕਰੇ ਜਿਸੁ ਬਿਨਸੈ ਹਉਮੈ **ਤਾਪੁ**।" — ਸਿਰੀ **੫**, ੨੮, ੪ : ੨ (45)

ਤਾਪੈ — 1. ਤਪਦਾ ਹੈ, ਤਪ ਕਰਦਾ ਹੈ
"ਹਰਿ ਆਪੇ ਤਪੁ **ਤਾਪੈ** ਲਾਇ ਤਾਰੀ।"
— ਗਉ **੪**, ੪੪, ੧ : ੩ (165)
2. ਤਪਾਉਂਦਾ ਹੈ
"ਅੰਤਰਿ ਅਗਨਿ ਨ ਗੁਰ ਬਿਨੁ ਬੂਝੈ ਬਾਹਰਿ ਪੂਅਰ **ਤਾਪੈ**।"
— ਮਾਰੂ **੧**, ਅਸ ੨, ੩ : ੧ (1013)
3. ਦੁਖਦਾ, ਦੁਖੀ ਹੁੰਦਾ ਹੈ
"ਪ੍ਰਿਅ ਬਿਨੁ ਸੀਗਾਰੁ ਕਰੀ ਤੇਤਾ ਤਨੁ **ਤਾਪੈ** ਕਾਪਰੁ ਅੰਗਿ ਨ ਸੁਹਾਈ।"
— ਮਲਾ **੧**, ਅਸ ੩, ੬ : ੧ (1274)

ਤਾਂਬਾ — ਇਕ ਧਾਤ, Copper
"ਕਿਨਹੀ ਬਨਜਿਆ ਕਾਂਸੀ **ਤਾਂਬਾ** ਕਿਨਹੀ ਲਉਗ ਸੁਪਾਰੀ।" — ਕੇਦਾ **ਕਬ**, ੨, ੧ : ੧ (1123)

ਤਾਬੇ — ਤਾਂਬੇ ਨੂੰ
"ਪਾਰਸ ਮਾਨੋ **ਤਾਬੋ** ਛੁਏ ਕਨਕ ਹੋਤ ਨਹੀ ਬਾਰ।"
— ਗਉ **ਰਵਿ**, ਅਸ ੧, ੫ : ੨ (346)

ਤਾਮ — ਤਮੋ ਗੁਣ, ਗੁਸੇ ਤੇ ਈਰਖਾ ਦੇ ਹਨੇਰੇ ਵਿਚ ਫਿਰਨ ਵਾਲਾ ਗੁਣ
"ਰਾਜ ਬਿਨਾਸੀ **ਤਾਮ** ਬਿਨਾਸੀ ਸਾਕਤੁ ਭੀ ਬੇਨਾਧਾ।" — ਸਾਰ **੫**, ੬, ੩ : ੧ (1204)

ਤਾਮਸ — ਤਮੋ ਗੁਣ ਵਾਲੇ
"ਕਈ ਕੋਟਿ ਰਾਜਸ **ਤਾਮਸ** ਸਾਤਕ।"
— ਗਉ **੫**, ਸੁਖ ੧੦, ੪ : ੧ (276)

ਤਾਮਸਿ — ਕ੍ਰੋਧ ਵਿਚ, ਤਮੋ ਗੁਣ ਵਿਚ
"ਤਤੈ **ਤਾਮਸਿ** ਜਲਿਓਹੁ ਮੂੜੇ ਥਥੈ ਥਾਨ ਭਰਿਸਟੁ ਹੋਆ।" — ਆਸਾ **੩**, ਪਟੀ ੯ : ੧ (435)

ਤਾਮਸੀ — ਕ੍ਰੋਧੀ
"ਆਪੁ ਨ ਚੀਨਹਿ **ਤਾਮਸੀ** ਕਾਹੇ ਭਏ ਉਦਾਸਾ।"
— ਆਸਾ **੧**, ਅਸ ੧੪, ੫ : ੨ (419)

ਤਾਮਸੁ — 1. ਕ੍ਰੋਧ
"ਅੰਤਰਿ ਲਾਗਿ ਨ **ਤਾਮਸੁ** ਮੂਲੇ ਵਿਚਹੁ ਆਪੁ ਗਵਾਏ।" — ਸਿਰੀ **੩**, ੪੧, ੩ : ੨ (29)
2. ਤਾਮਸੀ, ਤਮੋ ਗੁਣ ਵਾਲਾ
"ਰਾਜਸੁ ਸਾਤਕੁ **ਤਾਮਸੁ** ਡਰਪਹਿ ਕੇਤੇ ਰੂਪ ਉਪਾਇਆ।"
— ਮਾਰੂ **੫**, ੧, ੩ : ੧ (998)

ਤਾਮਹਿ — ਉਨ੍ਹਾਂ (ਲੋਕਾਂ) ਵਿਚ
"ਸਿਵ ਬਿਰੰਚ ਅਰੁ ਇੰਦ੍ਰ ਲੋਕ **ਤਾਮਹਿ** ਜਲਤੌ ਫਿਰਿਆ।" — ਸਾਰ **੫**, ੨੫, ੧ : ੧ (1219)

ਤਾਮਿ — 1. (ਅ. ਤੁਆਮ) ਰੋਟੀ
"**ਤਾਮਿ** ਪਰੀਤਿ ਵਸੈ ਘਰਿ ਆਇ।"
— ਆਸਾ **੧**, ੪, ੨ : ੨ (349)
2. ਤਾਂ, ਤਦ
"ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ **ਤਾਮਿ** ਨ ਹੋਈ।"
— ਆਸਾ **੧**, ਵਾਰ ੧੨ਸ, **੧**, ੧ : ੧ (469)
(ਮਹਾਨਕੋਸ਼ ਇਸ ਦਾ ਤਾਂ + ਆਮਿ ਵਿਚ ਸੰਧੀ

ਨਿਛੇਦ ਕਰ ਕੇ ਅਰਥ ਕੀਤੇ ਹਨ ਤਾਂ + ਆਮ (ਰੋਗ) — ਅਰਥਾਤ ਤਾਂ ਰੋਗ ਨਹੀਂ ਹੁੰਦਾ।)

3. ਤਦੋਂ

"ਸਾਚਾ ਮੁਰਾਰੇ **ਤਾਮਿ** ਜਾਪਹਿ ਜਾਮਿ ਮੰਨਿ ਵਸਾਵਹੇ।"

— ਵਡ **੧**, ਛੰਤ ੨, ੫ : ੪ (567)

ਤਾਰ — 1. ਇਕ ਰਸ, ਇਕ ਟਕ, ਅਖੰਡ, ਇਕਾਗਰ

"ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ **ਤਾਰ**।"

— ਜਪੁ **੧**, ੧ : ੨ (1)

"ਅਨਹਦਿ ਰਾਤਾ ਏਕ ਲਿਵ **ਤਾਰ**।"

— ਬਸੰ **੧**, ਅਸ ੩, ੪ : ੩ (1188)

2. ਨੀਝ, ਦ੍ਰਿਸ਼ਟੀ, ਤਕ

"ਸੁਣਿ ਸਾਜਨ ਪ੍ਰੇਮ ਸੰਦੇਸਰਾ ਅਖੀ **ਤਾਰ** ਲਗੰਨਿ।"

— ਗਉ **੪**, ਵਾਰ ਪਸ, **੪**, ੧ : ੧ (302)

"ਹੰਸਾ ਵਿਚਿ ਬੈਠਾ ਬਗੁ ਨ ਬਣਈ ਨਿਤ ਬੈਠਾ ਮਛੀ ਨੋ **ਤਾਰ** ਲਾਵੈ।" (ਨੀਝ)

— ਰਾਮ **੫**, ਵਾਰ ੭ਸ, **੫**, ੧ : ੬ (960)

3. ਵਾਂਗ, ਤਰਾਂ

"ਮਨੁ ਭੂਲਉ ਭਰਮਸਿ ਭਵਰ **ਤਾਰ**।"

— ਬਸੰ **੧**, ਅਸ ੨, ੨ : ੧ (1188)

4. ਉਚੀ ਸੁਰ

"**ਤਾਰ** ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ।"

— ਮਲਾ **੧**, ਵਾਰ ੨੭ਸ, **੧**, ੧ : ੪ (1291)

5. ਤੰਤ, ਡੋਰੀ

"ਕਬੀਰ ਜੋ ਹਮ ਜੰਤੁ ਬਜਾਵਤੇ ਟੂਟਿ ਗਈਂ ਸਭ **ਤਾਰ**।" (ਸੁਰਾਂ ਤਾਰਾਂ)

— ਸਲੋ **ਕਬ**, ੧੦੩ : ੨ (1369)

6. ਸੰਗੀਤ ਅਨੁਸਾਰ ਇਕ ਠਾਟ ਦੀ ਸਪਤਕ, ਸਤਸੁਰਾਂ ਦਾ ਸਮੁਦਾਯ

"ਉਠਹਿ ਤਾਨ ਕਲੋਲ ਗਾਇਨ **ਤਾਰ** ਮਿਲਾਵਹੀ।"

— ਰਾਗ ੧ : ੨੪ (1430)

7. ਤਾਰ ਲੈਂਦਾ, ਪਾਰ ਲੰਘਾ ਲੈਂਦਾ ਹੈ

"ਬਡਭਾਗੀ ਨਾਨਕ ਕੋ ਤਾਰੰ।"

— ਗਾਥਾ **੫**, ੨੦ : ੪ (1361)

ਤਾਰਉ — ਤਾਰੀਆਂ ਲਾਵਾਂ, ਪਾਰ ਲੰਘਾਵਾਂ

"ਚਲੁ ਰੇ ਬੈਕੁੰਠ ਤੁਝਹਿ ਲੇ **ਤਾਰਉ**।"

— ਗਉ **ਕਬ**, ੩੧, ੨ : ੧ (329)

ਤਾਰਈ — ਤਾਰ ਲੈਂਦਾ ਹੈ

"ਹਰਿ ਗੁਣ ਰਮਤ ਪਵਿਤ੍ਰ ਸਗਲ ਕੁਲ **ਤਾਰਈ**।"

— ਫੁਨ **੫**, ੮ : ੩ (1362)

ਤਾਰਸੀ — ਤਾਰੇਗਾ, ਪਾਰ ਲੰਘਾਏਗਾ

"ਸਹਸਾ ਮੂਲੇ ਨਾਹਿ ਸਰਪਰ **ਤਾਰਸੀ**।"

— ਸੂਹੀ **੧**, ੫, ੧ : ੩ (729)

ਤਾਰਹਿ — ਤਾਰਦਾ ਹੈ

"ਬੂਡਤ ਪਾਹਨ **ਤਾਰਹਿ** ਤਾਰਿ।"

— ਆਸਾ **੧**, ੧੨, ੩ : ੪ (352)

ਤਾਰਹੁ — ਤਾਰ ਦਿਓ, ਪਾਰ ਲਗਾ ਦਿਓ

"ਹਰਿ ਦਇਆ ਪ੍ਰਭ ਧਾਰਹੁ ਪਾਖਾਣ ਹਮ **ਤਾਰਹੁ** ਕਢਿ ਲੇਵਹੁ ਸਬਦਿ ਸੁਭਾਇ ਜੀਉ।"

— ਆਸਾ **੪**, ਛੰਤ ੧੨, ੪ : ੧ (446)

ਤਾਰਕੁ — ਤਾਰਨ ਵਾਲਾ, ਪਾਰ ਲੰਘਾਉਣ ਵਾਲਾ

"ਰਾਮ ਨਾਮੁ ਸਭ ਜਗ ਕਾ **ਤਾਰਕੁ** ਲਗਿ ਸੰਗਤਿ ਨਾਮੁ ਧਿਆਵੈਗੋ।"

— ਕਾਨ **੪**, ਅਸ ੬, ੮ : ੧ (1312)

ਤਾਰਗਿ — ਤਾਰੇਗਾ, ਤਾਰਦਾ ਹੈ

"ਭਵ ਸਾਗਰ ਨਾਵ ਹਰਿ ਸੇਵਾ ਜੋ ਚੜੈ ਤਿਸੁ **ਤਾਰਗਿ** ਰਾਮ।"

— ਸੂਹੀ **੫**, ਛੰਤ ੬, ੩ : ੨ (781)

ਤਾਰਣ — 1. ਤਾਰਣ ਵਾਲੇ

"ਨਾ ਤਰ ਨਾ ਤੁਲਹਾ ਹਮ ਬੂਡਸਿ ਤਾਰਿ ਲੇਹਿ **ਤਾਰਣ** ਰਾਇਆ।"

— ਆਸਾ **੧**, ਪਟੀ ੧੯ : ੨ (433)

(ਮਹਾਨਕੋਸ਼ ਇਥੇ 'ਤਾਰਣ' ਦੇ ਅਰਥ 'ਜਹਾਜ਼' ਕਰਦਾ ਹੈ)

"ਤਰਣ **ਤਾਰਣ** ਹਰਿ ਨਿਧਿ ਦੂਖੁ ਨ ਸਕੈ ਬਿਆਪਿ।" (ਤਾਰਣ ਵਾਲਾ)

— ਧਨਾ **੫**, ੨੦, ੧ : ੨ (675)

2. ਪਾਰ ਕਰਨ, ਤਾਰ ਦੇਣ

"ਸੰਸਾਰ ਸਾਗਰ ਤਰਿ **ਤਾਰਣ** ਰਮ ਨਾਮ ਕਰਿ ਕਰਣੀ।"

(ਤਾਰਿ ਦਾ ਅਰਥ ਜਹਾਜ਼ ਅਥਵਾ ਬੇੜੀ ਹਨ)

— ਗੂਜ **੧**, ਅਸ **੫**, ੧* : ੨ (505)

3. ਜਹਾਜ਼, ਬੇੜੀ
"ਆਤਮ ਚੀਨਿ ਤਹਾ ਤੂ **ਤਾਰਣ** ਸਚੁ ਤਾਰੇ ਤਾਰਣਹਾਰਾ।"
— ਮਲਾ ੧, ੩, ੩ : ੪ (1255)

ਤਾਰਣਹ — ਤਾਰ ਦੇਂਦਾ/ਪਾਰ ਲਗਾ ਦੇਂਦਾ ਹੈ
"ਨਾਨਕ ਸੰਸਾਰ ਸਾਗਰ **ਤਾਰਣਹ**।"
— ਗਾਥਾ **੫**, ੧੪ : ੪ (1361)

ਤਾਰਣਹਰੀ — ਤਾਰਣ ਵਾਲਾ ਹਰੀ
"ਜਨ ਨਾਨਕੁ ਤਾਰਿਓ **ਤਾਰਣਹਰੀ**।"
— ਭੈਰ **੪**, ੨, ੪ : ੨ (1134)

ਤਾਰਣਹਾਰ — ਤਾਰਣ ਦੇ ਸਮਰਥ, ਤਾਰਣ ਵਾਲੇ, ਤਾਰਣਯੋਗ
"ਸੰਤ ਸਹਾਈ ਜੀਅ ਕੇ ਭਵਜਲ **ਤਾਰਣਹਾਰ**।"
— ਰਾਮ **੫**, ਰੁਤੀ ੮, ੧ਸ : ੧ (929)

ਹੋਰ ਰੂਪ — ਤਾਰਣਹਾਰਾ —
"ਨਾਨਕ ਤਾਰੇ **ਤਾਰਣਹਾਰਾ** ਹਉਮੈ ਦੂਜਾ ਪਰਹਰਿਆ।"
— ਰਾਮ **੧**, ਸਿਗੋ, ੨੫ : ੬ (941)

ਤਾਰਣਹਾਰਿਆ —
"ਦਰਿ ਜਾਇ ਦਰਸਨੁ ਕਰੀ ਭਾਣੈ ਤਾਰਿ **ਤਾਰਣਹਾਰਿਆ**।"
— ਬਿਲਾ **੧**, ਛੰਤ ੧, ੪ : ੫ (843)

ਤਾਰਣਹਾਰੁ —
"ਨਾਨਕ ਤਾਰੇ **ਤਾਰਣਹਾਰੁ**।"
— ਰਾਮ **੧**, ਸਿਗੋ ੨੦ : ੬ (940)

ਤਾਰਣਹਾਰੋ —
"ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਮੇਰੀ ਜਿੰਦੁੜੀਏ ਬਿਖੁ ਭਉਜਲੁ **ਤਾਰਣਹਾਰੋ** ਰਾਮ।"
— ਬਿਹਾ **੪**, ਛੰਤ ੪, ੧ : ੨ (539)

ਤਾਰਣ ਤਰਣ — ਤਾਰਣ ਵਾਲਾ ਤਾਰਣ ਯੋਗ
"ਗੁਰ ਅਮਰਦਾਸਿ ਥਿਰੁ ਥਪਿਅਉ ਪਰਗਾਮੀ **ਤਾਰਣ ਤਰਣ**।"
— ਸਵ **੪**, ਸਲ ੬੦, ੨ : ੫ (1406)

ਤਾਰਣੁ — ਤਾਰਣ ਵਾਲਾ
"ਸੋਈ ਨਾਮੁ ਅਛਲੁ ਭਗਤਹ ਭਵ **ਤਾਰਣੁ** ਅਮਰਦਾਸ ਗੁਰ ਕਉ ਫੁਰਿਆ।"
— ਸਵ **੪**, ਗਲ ੨ : ੫ (1393)

ਤਾਰਣੋ — ਤਾਰਣ ਯੋਗ
"ਪ੍ਰਭਿ ਕ੍ਰਿਪਾ ਧਾਰੀ ਹਰਿ ਮੁਰਾਰੀ ਭੈ ਸਿੰਧੁ ਸਾਗਰ **ਤਾਰਣੋ**।"
— ਬਿਹਾ **੫**, ੪, ੪ : ੪ (544)

ਤਾਰਦਾ — ਪਾਰ ਲਾਉਂਦਾ
"ਸਾਲਾਹਿਹੁ ਭਗਤਹੁ ਕਰ ਜੋੜਿ ਹਰਿ ਭਗਤ ਜਨ **ਤਾਰਦਾ**।"
— ਸਿਰੀ **੪**, ਵਾਰ ੧੮ : ੫ (90)

ਤਾਰਨ — 1. ਤਾਰਨ ਦੇ, ਪਾਰ ਲਾਉਣ ਦੇ
"ਯਾਹੂ ਤਰਨ **ਤਾਰਨ** ਸਮਰਾਥਾ।"
— ਗਉ **੫**, ਬਾਅ ੪੨ : ੭ (259)
"ਰਾਮਦਾਸਿ ਗੁਰੂ ਜਗ **ਤਾਰਨ** ਕਉ ਗੁਰ ਜੋਤਿ ਅਰਜੁਨ ਮਾਹਿ ਧਰੀ।" (ਪਾਰ ਲਾਉਣਾ)
— ਸਵ **੫**, ਮਥੁ ੪ : ੪ (1409)

2. ਤਾਰਣ ਯੋਗ
"ਜੀਅ ਉਧਾਰਨ ਸਭ ਕੁਲ **ਤਾਰਨ** ਹਰਿ ਹਰਿ ਨਾਮੁ ਧਿਆਇ।"
— ਧਨਾ **੫**, ੨੧, ੨ : ੨ (676)

ਹੋਰ ਰੂਪ — ਤਾਰਨਹਾਰੇ —
"ਪਾਵਕ ਸਾਗਰ ਅਥਾਹ ਲਹਰਿ ਮਹਿ ਤਾਰਹੁ **ਤਾਰਨਹਾਰੇ**।"
— ਸੋਰ **੫**, ੧੮, ੧ : ੨ (613)

ਤਾਰਨਿ —
"ਪ੍ਰਥਮੇ ਨਾਨਕ ਚੰਦੁ ਜਗਤ ਭਯੋ ਆਨੰਦ **ਤਾਰਨਿ** ਮਨੁਖ੍ ਜਨ ਕੀਅਉ ਪ੍ਰਗਾਸਾ।" (ਤਾਰਨ ਲਈ)
— ਸਵ **੪**, ਨਲ ੪ : ੨ (1399)

ਤਾਰਨੁ —
"ਸੋਈ ਨਾਮ ਅਛਲੁ ਭਗਤਹ ਭਵ **ਤਾਰਨੁ** ਅਮਰਦਾਸ ਗੁਰ ਕਉ ਫੁਰਿਆ।" (ਤਾਰਨਯੋਗ) — ਸਵ **੩**, ੨ : ੪ (1393)

ਤਾਰਨੋ —
"ਹਰਿ ਸੰਤ ਭਗਤ **ਤਾਰਨੋ**।"
— ਬਿਲਾ **੪**, ੭, ੧* : ੨ (801)

ਤਾਰਾ — 1. ਤਾਰਕ, ਮਲਾਹ
"ਹਰਿ ਆਪੇ ਬੇੜੀ ਤੁਲਹਾ **ਤਾਰਾ**।"
— ਗਉ **੪**, ੪੪, ੪ : ੧ (165)

2. ਇਕ ਰਸ, ਅਖੰਡ
"ਨੇਤ੍ਰ ਸੰਤੋਖੇ ਏਕ ਲਿਵ **ਤਾਰਾ**।"

— ਗਉ **੧**, ਅਸ ੮, ੨ : ੧ (224)

3. ਪਾਰ ਕੀਤਾ, ਤਾਰਿਆ

"ਸਮੁੰਦੁ ਸਾਗਰੁ ਜਿਨਿ ਖਿਨ ਮਹਿ **ਤਾਰਾ**।"

— ਧਨਾ **੫**, ੫੭, ੧* : ੨ (684)

4. ਸਿਤਾਰਾ

"ਝਿਲਮਿਲ ਝਿਲਕੈ ਚੰਦੁ ਨ **ਤਾਰਾ**।"

— ਮਾਰੂ **੧**, ਸੋਲਾ ੧੩, ੮ : ੧ (1033)

"**ਤਾਰਾ** ਚੜਿਆ ਲੰਮਾ ਕਿਉ ਨਦਰਿ ਨਿਹਾਲਿਆ ਰਾਮ।" (ਭਾਵ ਹੈ ਭਾਗ ਖੁਲੇ)

— ਤੁਖਾ **੧**, ਛੰਤ ੩, ੧ : ੧ (1110)

ਤਾਰਾਜੀ — ਤਕੜੀ, ਤੋਲਣ ਦਾ ਯੰਤਰ

"ਧਰਿ **ਤਾਰਾਜੀ** ਅੰਬਰੁ ਤੋਲੀ ਪਿਛੈ ਟੰਕੁ ਚੜਾਈ।"

— ਮਾਝ **੧**, ਵਾਰ ੧੯ਸ, **੧**, ੧ : ੩ (147)

ਤਾਰਾਜੂ — ਤਕੜੀ, ਵੇਖੋ 'ਤਾਰਾਜੀ'

"ਧਰਿ **ਤਾਰਾਜੂ** ਤੋਲੀਐ ਨਿਵੈ ਸੁ ਗਉਰਾ ਹੋਇ।"

— ਆਸਾ **੧**, ਵਾਰ ੧੪ਸ, **੧**, ੧ : ੬ (470)

ਤਾਰਿ — 1. ਤਾਰ ਲੈਂਦਾ/ਪਾਰ ਕਰ ਲੈਂਦਾ ਹੈ/ ਉਦਾਰ ਕਰਦਾ ਹੈ

"ਮਨ ਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ **ਤਾਰਿ**।"

— ਸਿਰੀ **੧**, ੧੬, ੧ : ੩ (20)

"ਹਰਿ ਧਨੁ ਤੁਲਹਾ ਹਰਿ ਧਨੁ ਬੇੜੀ ਹਰਿ ਹਰਿ **ਤਾਰਿ** ਪਰਾਨਾ।" (ਤਾਰ ਕੇ, ਪਾਰ ਕਰਦਾ ਹੈ)

— ਗੂਜ **੫**, ੩, ੨ : ੨ (495)

2. ਬੇੜੀ ਦੁਆਰਾ (ਸ਼ਬਦਾਰਥ : ਨਿਰਣੈ, ਦਰਪਣ, ਸੰਥਿਆ) ਸੰ. ਤਾਰਿਜ — ਤਾਰਨ ਵਾਲਾ (ਮਹਾਨਕੋਸ਼)

"ਬੂਡਤ ਪਾਹਨ ਤਾਰਹਿ **ਤਾਰਿ**।"

— ਆਸਾ **੧**, ੧੨, ੩ : ੪ (352)

ਹੋਰ ਰੂਪ — ਤਾਰਿਓ —

"ਹਰਿ ਹਰਿ ਨਾਮੁ ਜਪਤ ਜਨੁ **ਤਾਰਿਓ**।"

— ਗਉ **੫**, ੭੭, ੧* : ੧ (178)

ਤਾਰਿਅਨੁ —

"ਲਾਇ ਅੰਚਲਿ ਨਾਨਕ **ਤਾਰਿਅਨੁ** ਜਿਤਾ ਜਨਮੁ ਅਪਾਰ ਜੀਉ।" (ਤਾਰ ਲਿਆ)

— ਮਾਝ **੫**, ਅਸ ੩੮, ੮ : ੩ (132)

ਤਾਰਿਅਮੁ —

"ਭਉ ਜਲੁ ਬਿਖਮੁ ਅਸਗਾਹੁ ਗੁਰਿ ਬੋਹਿਥੈ **ਤਾਰਿਅਮੁ**।"

— ਜੈਤ **੫**, ਵਾਰ ੧੯ਸ, **੫**, ੨ : ੧ (710)

ਤਾਰਿਆ —

"ਕਹਤੇ ਪਵਿਤ੍ਰ ਸੁਣਤੇ ਸਭਿ ਧੰਨੁ ਲਿਖਤੀ ਕੁਲੁ **ਤਾਰਿਆ** ਜੀਉ।"

— ਸਿਰੀ **੫**, ਛੰਤ ੩, ੫ : ੧ (81)

3. ਤਾਰ ਲੈ, ਤਾਰ ਦੀ ਅਮਰ ਕਿਰਿਆ, ਉਦਾਰ ਕਰ

"ਚਰਣ ਸਰਣ ਦਇਆਲ ਕੇਸਵ **ਤਾਰਿ** ਜਗ ਭਵ ਸਿੰਧ।"

— ਗੂਜ **੫**, ਅਸ ੨, ੧* : ੨ (508)

"ਭਵ ਸਾਗਰੁ **ਤਾਰਿ** ਮੁਰਾਰੀ।"

— ਸੋਰ **ਕਬ**, ੮, ੩ : ੨ (656)

4. ਤਾਰਨ ਵਾਲੇ

"ਮਦਨ ਮੂਰਤਿ ਭੈ **ਤਾਰਿ** ਗੋਬਿੰਦੇ।"

— ਧਨਾ **ਸੈਣ**, ੧, ੪ : ੧ (695)

5. (ਫਾ. ਤਾਰ) ਤਾੜ, ਇਕ ਰੁਖ ਜਿਸ ਤੋਂ ਨਸ਼ੀਲਾ ਪਦਾਰਥ ਨਿਕਲਦਾ ਹੈ

"ਤਰ **ਤਾਰਿ** ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ।"

— ਮਲਾ **ਰਵਿ** , ੧, ੨ : ੧ (1283)

ਤਾਰਿਕਾ — 1. ਤਾਰੇ

"ਦਿਨ ਰਵਿ ਚਲੈ ਨਿਸਿ ਸਸਿ ਚਲੈ **ਤਾਰਿਕਾ** ਲਖ ਪਲੋਇ।" — ਸਿਰੀ **੧**, ਅਸ ੧੭, ੮ : ੧ (64)

ਤਾਰੀ — 1. ਤਰਨ ਦੀ ਕਿਰਿਆ, ਤਰਣਾ

"ਤਰੁ **ਤਾਰੀ** ਮਨਿ ਨਾਮੁ ਸੁਚੀਤੁ।" (ਮਨ ਵਿਚ ਨਾਮ ਰੱਖ ਕੇ ਤਾਰੀ ਤਰ ਜਾ)

— ਗਉ **੧**, ੭, ੧ : ੪ (153)

"ਹਰਿ ਭਜੁ ਮਨ ਮੇਰੇ ਤਰੁ ਭਉਜਲੁ ਤੂ **ਤਾਰੀ**।"

— ਗਉ **੪**, ੩੯, ੧* : ੨ (164)

"ਪਥਰ ਪਾਪ ਬਹੁ ਲਦਿਆ ਕਿਉ ਤਰੀਐ **ਤਾਰੀ**।"

— ਗੂਜ **੩**, ਵਾਰ ੩ : ੨ (509)

2. ਤਾੜੀ, ਸਮਾਧੀ, ਲਿਵ, ਜੋਗ ਦੀ ਇਕ ਕਿਰਿਆ

"ਹਰਿ ਆਪੇ ਤਪੁ ਤਾਪੈ ਲਾਇ **ਤਾਰੀ**।"

— ਗਉ **੪**, ੪੪, ੧ : ੩ (165)

"ਹੋਇ ਅਉਧੂਤ ਬੈਠੇ ਲਾਇ **ਤਾਰੀ**।"

— ਮਾਰੂ **੫**, ੧੮, ੪ : ੧ (1004)

"ਨੈਨੀ ਹਰਿ ਹਰਿ ਲਾਗੀ **ਤਾਰੀ**।"

— ਮਲਾ **੪**, ੧, ੧* : ੧ (1262)

3. ਤਾਰ ਦਿੱਤਾ

"ਦੁਰਮਤਿ ਮੇਟਿ ਬੁਧਿ ਪਰਗਾਸੀ ਜਨ ਨਾਨਕ ਗੁਰਮੁਖਿ **ਤਾਰੀ**।"

— ਗੂਜ **੫**, ੨, ੪ : ੨ (495)

"ਹਮ ਪਾਪੀ ਪਾਥਰ ਨੀਰਿ ਡੁਬਤ ਕਰਿ ਕਿਰਪਾ ਪਾਖਣ ਹਮ **ਤਾਰੀ**।" (ਤਾਰ ਦਿਉ)

— ਧਨਾ **੪**, ੧, ੧* : ੨ (666)

"ਨਿਤ ਜਪਿਅਹੁ ਸੰਤਹੁ ਰਾਮ ਨਾਮੁ ਭਉਜਲ ਬਿਖੁ **ਤਾਰੀ**।"

— ਵਡ **੪**, ਵਾਰ ੨ : ੪ (586)

(ਮਹਾਨਕੋਸ਼ ਇਥੇ 'ਤਾਰੀ' ਦੇ ਅਰਥ 'ਤਾਰਕ' ਤਾਰਨ ਵਾਲਾ ਕਰਦਾ ਹੈ)

"ਸਚੁ ਅਰਾਧਿਆ ਗੁਰਮੁਖਿ ਤਰੁ **ਤਾਰੀ**।" (ਤਰ ਜਾ) — ਰਾਮ **੧**, ਸਿਗੋ ੬੩ : ੫ (945)

4. ਨਦੀ, ਸੰਸਾਰ ਸਾਗਰ

"ਮਾਰਗੁ ਬਿਖਮੁ ਡਰਾਵਣਾ ਕਿਉ ਤਰੀਐ **ਤਾਰੀ**।"

— ਸਾਰ **੪**, ਵਾਰ ੨੨ : ੪ (1248)

5. ਬੇੜੀ

"ਇਹੁ ਭਉਜਲੁ ਜਗਤੁ ਨ ਜਾਈ ਤਰਣਾ ਗੁਰਮੁਖਿ ਤਰੁ ਹਰਿ **ਤਾਰੀ**।"

— ਮਲਾ **੩**, ੯, ੧* : ੨ (1260)

(ਸ਼ਬਦਾਰਥ—ਇਥੇ ਵੀ ਅਰਥ 'ਨਦੀ' ਦੇ ਹੀ ਕਰਦਾ ਹੈ)

ਤਾਰੀਅਲੇ — 1. ਤਾਰੇ ਸਨ, ਤੈਰਾਦੇ ਸਨ

"ਦੇਵਾ ਪਾਹਨ **ਤਾਰੀਅਲੇ**।"

— ਗਉ **ਨਾਮ**, ੧, ੧* : ੧ (345)

2. ਪਾਰ ਕੀਤੇ/ਉਦਾਰ ਸਨ

"ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ ਬਿਆਧਿ ਅਜਾਮਲੁ **ਤਾਰੀਅਲੇ**।"

— ਗਉ **ਨਾਮ**, ੧, ੧ : ੧ (345)

ਤਾਰੀਐ — ਤਾਰ ਲੈ, ਉਦਾਰ ਕਰ

"ਨਾਨਕ ਕੀ ਬੇਨੰਤੀ ਪ੍ਰਭ ਪਹਿ ਕ੍ਰਿਪਾ ਕਰਿ ਭਵਜਲੁ **ਤਾਰੀਐ**।" — ਸਿਰੀ **੫**, ਛੰਤ ੩, ੨ : ੬ (80)

ਤਾਰੀਲੇ — ਤਾਰ ਲੈ, ਓਦਾਰ ਕਰ

"**ਤਾਰੀਲੇ** ਭਵਜਲੁ ਤਾਰੂ ਬਿਖੜਾ ਬੋਹਿਥ ਸਾਧੂ ਸੰਗਾ।" — ਗਉ **੫**, ੧੩੩*, ੨ : ੧ (208)

ਤਾਰੂ — ਡੂੰਘਾ ਪਾਣੀ

"ਮਛੀ **ਤਾਰੂ** ਕਿਆ ਕਰੇ ਪੰਖੀ ਕਿਆ ਆਕਾਸੁ।"

— ਮਾਝ **੧**, ਵਾਰ ੧੨ਸ, **੧**, ੧ : ੧ (143)

2. ਡੂੰਘਾ, ਅਥਾਹ

"ਤਾਰੀਲੇ ਭਵਜਲੁ **ਤਾਰੂ** ਬਿਖੜਾ ਬੋਹਿਥ ਸਾਧੂ ਸੰਗਾ।" — ਗਉ **੫**, ੧੩੩*, ੨ : ੧ (208)

3. ਤਰਨ ਯੋਗ, ਜੋ ਤਰੇ ਬਿਨਾਂ ਨਾ ਲੰਘਿਆ ਜਾ ਸਕੇ

"ਤਤੈ **ਤਾਰੂ** ਭਵਜਲੁ ਹੋਆ ਤਾ ਕੇ ਅੰਤੁ ਨ ਪਾਇਆ।"

— ਆਸਾ **੧**, ਪਟੀ ੧੯ : ੧ (433)

4. ਤੈਰਾਕ, ਤਰਨ ਸਕਣ ਵਾਲਾ

"ਜੇ ਤੂੰ **ਤਾਰੂ** ਪਾਣਿ ਤਾਹੂ ਪੁਛੁ ਤਿੜੰਨ੍ ਕਲ।"

— ਸਲੋ **੧**, ੩ : ੧ (1410)

ਤਾਰੇ — 1. ਤਾਰਦਾ, ਉਦਾਰ ਕਰਦਾ, ਪਾਰ ਲਗਾਉਂਦਾ

"ਮੰਨੈ ਤਰੈ **ਤਾਰੇ** ਗੁਰੁ ਸਿਖ।"

— ਜਪੁ **੧**, ੧੫ : ੩ (3)

2. ਤੈਰਾ ਦਿਤੇ ਤਰਾਏ

"ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ **ਤਾਰੇ**।"

— ਗਉ **੧**, ਅਸ ੧੨, ੫ : ੩ (156)

3. ਗਗਨ ਮੰਡਲ ਵਿਚ ਚਮਕਦੇ ਪਦਾਰਥ (ਫਾ. ਤਾਰਾ)

"ਗਿਰਿ ਤਰ ਧਰਣਿ ਗਗਨ ਅਰੁ **ਤਾਰੇ**।"

— ਗਉ **੫**, ਅਸ ੪, ੩ : ੧ (237)

"ਓਇ ਜੁ ਦੀਸਹਿ ਅੰਬਰਿ **ਤਾਰੇ**।"

— ਗਉ **ਕਬ**, ੨੯, ੧ : ੧ (329)

ਤਾਰੇਦੜੋ — ਤਰਦਾ ਹੈ, ਪਾਰ ਹੁੰਦਾ ਹੈ

"**ਤਾਰੇਦੜੋ** ਭੀ ਤਾਰਿ ਨਾਨਕ ਪਿਰ ਸਿਉ ਰਤਿਆ।"

— ਮਾਰੂ **੫**, ਵਾਰ ੨੦ਸ, **੫**, ੧ : ੨ (1101)

ਤਾਰੇਨਿ — ਤਾਰ ਲਈਆਂ, ਭਾਵ ਮੁਕਤ ਕਰਵਾ ਲਈਆਂ

"ਨਾਨਕ ਆਏ ਸੇ ਪਰਵਾਣੁ ਭਏ ਜਿ ਸਗਲੇ ਕੁਲ **ਤਾਰੇਨਿ**।"

— ਰਾਮ **ੳ**, ਵਾਰ ੧੦ਸ, **ੳ**, ੧ : ੫ (951)

ਤਾਰੈ — 1. ਤਾਰ ਦੇਵੇ/ਪਾਰ ਲੰਘਾ ਦੇਵੇਗਾ

"ਦਸ ਅਠਾਰ ਮੈ ਅਪਰੰਪਰੋ ਚੀਨੈ ਕਹੈ ਨਾਨਕੁ ਇਵ ਏਕੁ **ਤਾਰੈ**।"

— ਸਿਰੀ **੧**, ੨੬, ੩ : ੨ (23)

"ਵੀਚਾਰਿ ਮਾਰੈ ਤਰੈ **ਤਾਰੈ** ਉਲਟਿ ਜੋਨਿ ਨ ਆਵਏ।" — ਧਨਾ **੧**, ਛੰਤ ੧, ੨ : ੩ (688)

ਹੋਰ ਰੂਪ — ਤਾਰੋ —

"ਨਾਨਕ ਨਾਮਿ ਰਸਿਕ ਬੈਰਾਗੀ ਕੁਲਹ ਸਮੂਹਾਂ **ਤਾਰੋ**।"

— ਸਾਰ **੫**, ੧੧੦, ੨ : ੨ (1225)

ਤਾਰ੍ਯਉ —

"**ਤਾਰ੍ਯਉ** ਸੰਸਾਰੁ ਮਾਯਾ ਮਦ ਮੋਹਿਤ ਅੰਮ੍ਰਿਤ ਨਾਮੁ ਦੀਅਉ ਸਮਰਥੁ।"

— ਸਵ **੪**, ਮਥੁ ੭ : ੨ (1404)

2. ਤਾਰ ਨਾਲ

"ਅੰਮ੍ਰਿਤੁ ਮੂਲੁ ਸਿਖਰਿ ਲਿਵ **ਤਾਰੈ**।"

— ਬਿਲਾ **੧**, ਥਿਤੀ ੧੨ : ੨ (840)

3. ਤੈਰਾ/ਤਰਾ ਦੇਵੇ

"ਗੁਰੁ ਗਉ ਹਰੁ ਦਰੀਆਉ ਪਲਕ ਡੁਬੰਤ੍ਹ **ਤਾਰੈ**।" — ਸਵ **੩**, ੧੨ : ੪ (1395)

ਤਾਲ — 1. ਸੰਗੀਤ ਅਨੁਸਾਰ ਸਮੇਂ ਤੋਂ ਲੈ ਦੀ ਵੰਡ ਕਰਨ ਲਈ ਤਾਲੀ ਦੀ ਧੁਨਿ,

"ਬਹੁ **ਤਾਲ** ਪੂਰੇ ਵਾਜੇ ਵਜਾਏ।"

— ਮਾਝ **੩**, ਅਸ ੨੧, ੬ : ੧ (122)

"ਪਾਵਹੁ ਬੇੜੀ ਹਾਥਹੁ **ਤਾਲ**।" (ਤਾੜੀ)

— ਭੈਰ **ਨਾਮ**, ੧੦, ੧੨ : ੧ (1166)

2. ਛੈਣੇ, ਸੰਗੀਤ ਦਾ ਇਕ ਸਾਜ਼ ਹੋਰ ਵੇਖੋ 'ਤਾਲਾ' (3)

"**ਤਾਲ** ਮਦੀਰੇ ਘਟ ਕੇ ਘਾਟ।"

— ਆਸਾ **੧**, ੪, ੧ : ੧ (349)

3. ਸੰਗੀਤ ਦੀ ਲੈਅ ਹੋਰ ਵੇਖੋ 'ਤਾਲਾ' (2)

"ਪੂਰੇ **ਤਾਲ** ਜਾਣੈ ਸਾਲਾਹ।" (ਸਿਫ਼ਤ ਕਰਨੀ ਜਾਣੇ ਤਾਂ ਹੀ ਤਾਲ ਅਨੁਸਾਰ ਨਾਚ ਹੁੰਦਾ ਹੈ)

— ਆਸਾ **੧**, ੬, ੧* : ੧ (350)

"ਹਰਿ ਹਰਿ ਉਸਤਤਿ ਕਰੈ ਦਿਨੁ ਰਾਤੀ ਰਖਿ ਰਖਿ ਚਰਣ ਹਰਿ **ਤਾਲ** ਪੂਰਈਆਂ।"

— ਬਿਲਾ **੪**, ਅਸ ੩, ੫ : ੨ (835)

4. ਤਲਾ, ਹੋਰ ਵੇਖੋ 'ਤਾਲਿ' (2)

"ਜਿਨਿ ਉਦਮੁ ਕੀਆ **ਤਾਲ** ਕੇਰਾ ਤਿਸ ਕੀ ਉਪਮਾ ਕਿਆ ਗਨੀ।"

— ਸੂਹੀ **੫**, ਛੰਤ ੧੦, ੩ : ੪ (784)

"ਸਭ ਦਿਸੈ ਹਰੀਆਵਲੀ ਸਰ ਭਰੇ ਸੁਭਰ **ਤਾਲ**।"

— ਮਲਾ **੧**, ਵਾਰ ੧ਸ, **੩**, ੧ : ੨ (1279)

5. ਘੜੀ ਸਮੇਂ ਪਲ, ਖਿਨ, ਤਾਲੀ ਵਜਨ ਜਿਨਾਂ ਸਮਾਂ, ਵੇਖੋ 'ਤਾਲਿ' (1)

"ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁਇ **ਤਾਲ**।"

— ਸਲੋ **ਕਬ**, ੧੩੮ : ੧ (1371)

ਤਾਲਕਾ — (ਅ. ਤੁਅੱਲਕ) ਸਬੰਧ, ਵਾਸਤਾ

"ਅਨਤ ਬਿਨੋਦ ਕਰੇ ਹਰਿ ਸਿਮਰਨੁ ਤਿਸੁ ਮਾਇਆ ਸੰਗਿ ਨ **ਤਾਲਕਾ**।"

— ਮਾਰੂ **੫**, ਸੋਲਾ ੧੩, ੧੦ : ੩ (1085)

ਤਾਲਾ — 1. ਜੰਦਰਾ

"ਜਿਸ ਕਾ ਗ੍ਰਿਹੁ ਤਿਨਿ ਦੀਆ **ਤਾਲਾ** ਕੁੰਜੀ ਗੁਰ ਸਉਪਾਈ।" — ਗਉ **੫**, ੧੨੨*, ੩ : ੧ (205)

2. ਤਾਲ, ਸੰਗੀਤਕ ਲੈਅ, ਵੇਖੋ 'ਤਾਲ' (3), ਤਾਲੁ (1)

"ਕਬ ਕੋ ਭਾਲੈ ਘੁੰਘਰੂ **ਤਾਲਾ** ਕਬ ਕੋ ਬਜਾਵੈ ਰਬਾਬੁ।" — ਆਸਾ **੪**, ੬੨, ੧ : ੧ (468)

3. ਛੈਣੇ, ਵੇਖੋ 'ਤਾਲ' (2)

"ਘੂਘਰ ਬਾਧਿ ਬਜਾਵਹਿ **ਤਾਲਾ**।"

— ਪ੍ਰਭਾ **੫**, ਅਸ ੨, ੩ : ੧ (1348)

ਤਾਲਾਬੇਲੀ — ਤਲ ਮਿਲਾਹਟ, ਤੜਫਨ

"ਮੋਹਿ ਲਾਗਤੀ **ਤਾਲਾਬੇਲੀ**।"

— ਗੋਂਡ **ਨਾਮ**, ੪, ੧ : ੧ (874)

ਤਾਲਿ — 1. ਤਾਲੀ ਵਜਣ ਜਿਨਾਂ ਸਮਾਂ, ਤੁਰਤ, ਖਿਨ ਪਲ, ਵੇਖੋ ਤਾਲ (5)

"ਹੁਣਿ ਉਠਿ ਚਲਣਾ ਮੁਹਤਿ ਕਿ **ਤਾਲਿ**।"

— ਧਨਾ **੧**, ੩, ੪ : ੧ (661)

"ਸੰਤ ਉਧਾਰਉ ਤਤਖਿਣ **ਤਾਲਿ**।"

— ਗੋਂਡ **੫**, ੧੮, ੧ : ੪ (867)

2. ਤਲਾ, ਵੇਖੋ 'ਤਾਲਾ' (4) ਤਾਲੁ (2)

"ਪਉਦੀ ਜਾਇ ਪਰਾਲਿ ਪਿਛੈ ਹਥੁ ਨ ਅੰਬੜੈ

ਤਿਤੁ ਨਿਵੰਧੈ **ਤਾਲਿ**।"
— ਸੂਹੀ **੩**, ਵਾਰ ੧੧ਸ, **੧**, ੧ : ੨ (789)

ਤਾਲੁ — 1. ਸੰਗੀਤਕ ਲੈਅ, ਤਾਲ
"ਸਚਾ **ਤਾਲੁ** ਪੂਰੇ ਮਾਇਆ ਮੋਹੁ ਚੁਕਾਏ ਸਬਦੇ ਨਿਰਤਿ ਕਰਾਵਣਿਆ।"
— ਮਾਝ **੩**, ਅਸ ੨੧, ੩ : ੩ (121)
2. ਤਲਾ, ਸਰੋਵਰ
"ਕਰਤੈ ਪੁਰਖਿ **ਤਾਲੁ** ਦਿਵਾਇਆ।"
— ਸੋਰ **੫**, ੬੪, ੨ : ੧ (625)
"ਮੇਰਾ ਘਰੁ ਬਨਿਆ ਬਨੁ **ਤਾਲੁ** ਬਨਿਆ ਪ੍ਰਭ ਪਰਸੇ ਹਰਿ ਰਾਇਆ ਰਾਮ।"
— ਸੂਹੀ **੫**, ਛੰਤ ੨, ੪ : ੧ (782)

ਤਾਵਣਿ — 1. ਤਪਾਉਂਦੇ/ਗਰਮ ਕਰਦੇ ਹਨ
"ਸੂਰਜੁ ਚੜਿਆ ਪਿੰਡੁ ਪੜਿਆ ਤੇਲੁ **ਤਾਵਣਿ** ਤਾਤਓ।" — ਆਸਾ **੧**, ਛੰਤ ੫, ੨ : ੫ (439)
2. ਗਰਮ ਕਰਨ ਦਾ ਪਾਤਰ, ਕੜ੍ਹਾਹੀ
"ਚਲੇ ਨਾਮੁ ਵਿਸਾਰਿ **ਤਾਵਣਿ** ਤਤਿਆ।"
— ਮਲਾ **੧**, ਵਾਰ ੨੪ : ੫ (1289)

ਤਾੜੰਤਿ — ਡਾਂਟਦੇ/ਧਮਕਾਉਂਦੇ ਹਨ
"ਅਨਿਕ ਸਾਸਨ **ਤਾੜੰਤਿ** ਜਮਦੂਤਹ ਤਵ ਸੰਗੇ ਅਧਮੰ ਨਰਹ।" — ਸਸ **੫**, ੪੨ : ੩ (1358)

ਤਾੜੀ — ਸਮਾਧੀ
"ਸਹਜ ਗੁਫਾ ਮਹਿ **ਤਾੜੀ** ਲਾਈ ਆਸਣੁ ਊਚ ਸਵਾਰਿਆ ਜੀਉ।"
— ਮਾਝ **੫**, ੧੦, ੧ : ੩ (97)

ਤਿਉ — ਤਿਵੇਂ, ਤੈਸੇ
"ਜਿਉ ਭਾਵੈ **ਤਿਉ** ਰਾਖੁ ਤੂ ਮੈ ਅਵਰੁ ਨ ਦੂਜਾ ਕੋਇ।" — ਸਿਰੀ **੧**, ੧੬, ੧* : ੨ (20)

ਤਿਅਕਤ — ਤਿਆਗ ਕੇ, ਛਡ ਕੇ
"**ਤਿਅਕਤ** ਜਲੰ ਨਹ ਜੀਵ ਮੀਨੰ ਨਹ ਤਿਆਗਿ ਚਾਤ੍ਰਿਕ ਮੇਘ ਮੰਡਲਹ।"
— ਜੈਤ **੫**, ਵਾਰ ੧੨ਸ, **੫**, ੧ : ੧ (708)

ਤਿਆਸ — ਤ੍ਰਿਸ਼ਨਾ, ਪਿਆਸ, ਭੁਖ
"ਅਧਿਕ **ਤਿਆਸ** ਭੇਖ ਬਹੁ ਕਰੈ।"
— ਆਸਾ **੧**, ੧੧, ੨ : ੧ (352)

ਤਿਆਗੰ — ਛਡ ਜਾਂਦੀ ਹੈ
"ਕਤੰਚ ਚਪਲ ਮੋਹਨੀ ਰੂਪੰ ਪੇਖੰਤੇ **ਤਿਆਗੰ** ਕਰੋਤਿ।" — ਸਸ **੫**, ੧ : ੩ (1354)

ਤਿਆਗਉ — 1. ਮੈ ਛਡਦਾ ਹਾਂ
"ਕਰਉ ਬਿਨੰਤੀ ਮਾਨੁ **ਤਿਆਗਉ**।"
— ਮਾਝ **੫**, ੧੮, ੧ : ੨ (99)
2. ਛਡੋ
"ਸਾਧੋ ਮਨ ਕਾ ਮਾਨੁ **ਤਿਆਗਉ**।"
— ਗਉ **੯**, ੧, ੧* : ੧ (219)

ਹੋਰ ਰੂਪ — ਤਿਆਗਹਿ —
"ਕਉਡੀ ਬਦਲੇ ਰਤਨੁ **ਤਿਆਗਹਿ**।" (ਛੱਡ ਦਿੰਦਾ ਹੈ)
— ਗਉ **੫**, ੧੪੫, ੧* : ੨ (195)

ਤਿਆਗਹੁ —
"ਮਨ ਕੀ ਮਤਿ **ਤਿਆਗਹੁ** ਹਰਿ ਜਨ ਹੁਕਮੁ ਬੂਝਿ ਸੁਖੁ ਪਾਈਐ ਰੇ।" (ਛਡੋ, ਤਿਆਗ ਦਿਓ) — ਗਉ **੫**, ੧੩੨*, ੧ : ੧ (209)

ਤਿਆਗਤ —
"ਬ੍ਰਹਮ ਗਿਆਨੀ ਅਹੰਬੁਧਿ **ਤਿਆਗਤ**।" (ਛਡ ਦਿੰਦਾ ਹੈ)
— ਗਉ **੫**, ਸੁਖ ੮, ੫ : ੬ (273)

ਤਿਆਗੰਤ —
"**ਤਿਆਗੰਤ** ਕਪਟ ਰੂਪ ਮਾਇਆ ਨਾਨਕ ਆਨੰਦ ਰੂਪ ਸਾਧ ਸੰਗਮਹ।" (ਛਡ ਦਿੰਦਾ ਹੈ)
— ਜੈਤ **੫**, ਵਾਰ ੨ਸ, **੫**, ੧ : ੨ (707)

ਤਿਆਗਦੇ —
"ਧ੍ਰਿਗ ਤਿਨ੍ਹਾ ਦਾ ਜੀਵਿਆ ਜੋ ਹਰਿ ਸੁਖੁ ਪਰਹਰਿ **ਤਿਆਗਦੇ** ਦੁਖੁ ਹਉਮੈ ਪਾਪ ਕਮਾਇ।"
— ਗੂਜ **੩**, ਵਾਰ ੮ਸ, **੩**, ੧ : ੧ (511)

ਤਿਆਗਨਾ —
"**ਤਿਆਗਨਾ** ਤਿਆਗਨੁ ਨੀਕਾ ਕਾਮੁ ਕ੍ਰੋਧੁ ਲੋਭੁ **ਤਿਆਗਨਾ**।"
— ਮਾਰੂ **੫**, ਅਸ ੪, ੩ : ੧ (1018)

ਤਿਆਗਨਿ —
"ਚੰਦਨ ਚੀਰ ਸੁਗੰਧ ਰਸਾ ਹਉਮੈ ਬਿਖੁ **ਤਿਆਗਨਿ** ਰਾਮ।"
— ਬਿਲਾ **੫**, ਛੰਤ ੪, ੪ : ੨ (848)

ਤਿਆਗਨੀ —

"ਪ੍ਰਿਅ ਰੰਗਿ ਰਾਤੀ ਸਹਜ ਮਾਤੀ ਮਹਾ ਦੁਰਮਤਿ **ਤਿਆਗਨੀ**।"
— ਬਿਹਾ **੫**, ਛੰਤ ੪, ੧ : ੪ (544)

ਤਿਆਗਨੁ —
"ਤਿਆਗਨਾ **ਤਿਆਗਨੁ** ਨੀਕਾ ਕਾਮੁ ਕ੍ਰੋਧੁ ਲੋਭੁ ਤਿਆਗਨਾ।"
— ਮਾਰੂ **੫**, ਅਸ ੪, ੩ : ੧ (1018)

ਤਿਆਗਿ — ਛਡ ਕੇ, ਤਿਆਗ ਕੇ
"ਸਾਧੂ ਕੀ ਹੋਹੁ ਰੇਣੁਕਾ ਅਪਣਾ ਆਪੁ **ਤਿਆਗਿ**।"
— ਸਿਰੀ **੫**, ੨੮, ੩ : ੧ (85)

ਹੋਰ ਰੂਪ — ਤਿਆਗਿਓ —
"ਭਾਵਨੁ ਤਿਆਗਿਓ ਰੀ **ਤਿਆਗਿਓ**।" (ਛੱਡ ਦਿੱਤਾ ਹੈ) — ਗਉ **੫**, ੧੬੦, ੧ : ੧ (214)

ਤਿਆਗਿਆ —
"ਰਸੁ ਸੰਗ੍ਰਹਿ ਬਿਖੁ ਪਰਹਰਿ **ਤਿਆਗਿਆ**।"
— ਗਉ **੧**, ਅਸ ੧, ੩ : ੩ (221)

ਤਿਆਗੀ — 1. ਛੱਡ ਦਿਤੀ
"ਕਲਪ **ਤਿਆਗੀ** ਬਾਦਿ ਹੈ ਸਚਾ ਵੇਪਰਵਾਹੁ।"
— ਸਿਰੀ **੧**, ੧੧, ੧ : ੩ (18)
"ਅਹੰਬੁਧਿ ਤਿਨਿ ਸਗਲ **ਤਿਆਗੀ**।"
— ਗਉ **੫**, ੧੦੭, ੨ : ੨ (187)

ਹੋਰ ਰੂਪ — ਤਿਆਗੀਐ —
"ਪੀਸਉ ਚਰਣ ਪਖਾਰਿ ਆਪੁ **ਤਿਆਗੀਐ**।" (ਛੱਡ ਦੇਈਏ)
— ਆਸਾ **੫**, ਛੰਤ ੭, ੩ : ੨ (457)

2. (ਸੰ. ਤ੍ਯਾਗਿਨ੍) ਤਿਆਗ ਦਾ ਪਾਤਰ, ਛੱਡ ਦੇਣ ਵਾਲਾ, ਤਿਆਗ ਕਰਨ ਵਾਲਾ
"ਬਿਨੁ ਹਉ ਤਿਆਗਿ ਕਹਾ ਕੋਉ **ਤਿਆਗੀ**।"
— ਭੈਰ **੫**, ੧੯, ੯ : ੨ (1040)
"ਐਸੋ **ਤਿਆਗੀ** ਵਿਰਲਾ ਕੋਇ।"
— ਭੈਰ **੫**, ੪੦, ੧* : ੧ (1147)
"ਕਰਿ ਪ੍ਰੇਮੁ ਰਾਵਹ ਤਿਸੈ ਭਾਵਹ ਇਕ ਨਿਮਖ ਪਲਕ ਨ **ਤਿਆਗੀਐ**।" (ਛੱਡੀਏ)
— ਬਿਲਾ **੫**, ਛੰਤ ੨, ੨ : ੩ (846)

ਤਿਆਗੁ — ਛਡ ਦੇ
"ਮਨ ਮੇਰੇ ਸਗਲ ਉਪਾਵ **ਤਿਆਗੁ**।"
— ਸਿਰੀ **੫**, ੭੯, ੧* : ੧ (45)
"ਪਰ ਤ੍ਰਿਅ **ਤਿਆਗੁ** ਕਰੀ ਬ੍ਰਹਮਚਾਰੀ।" (ਤਿਆਗੀ ਹੈ)
— ਗਉ **੪**, ੩੯, ੨ : ੨ (164)

ਹੋਰ ਰੂਪ — ਤਿਆਗੇ —
"ਗੁਰਮੁਖਿ ਰਾਗ ਸੁਆਦ ਅਨ **ਤਿਆਗੇ**।" (ਛਡ ਦਿੰਦਾ ਹੈ)
— ਆਸਾ **੧**, ਅਸ ੮, ੭ : ੧ (415)
"ਨਾਮ ਉਦਕੁ ਪੀਵਤ ਜਨ ਨਾਨਕ **ਤਿਆਗੇ** ਸਭਿ ਅਨੁਰਾਗਾ।" (ਛੱਡ ਦਿਤੇ)
— ਧਨਾ **੫**, ੪੭, ੨ : ੨ (682)

ਤਿਆਗੇਂ —
"**ਤਿਆਗੇਂ** ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ।"
— ਸੂਹੀ **੫**, ਕੁਚ ੩ : ੮ (763)

ਤਿਆਗੈ —
"ਏਕੋ ਸਬਦੁ ਵੀਚਾਰੀਐ ਅਵਰ **ਤਿਆਗੈ** ਆਸ।" (ਛੱਡ ਦੇਵੇ)
— ਸਿਰੀ **੧**, ੧੨, ੪ : ੨ (18)
"ਮਿਲੈ ਪਿਆਰੇ ਸਭ ਦੁਖ **ਤਿਆਗੈ**।" (ਛੱਡ ਦਿੰਦੀ ਅਥਵਾ ਭੁੱਲ ਜਾਂਦੀ ਹੈ)
— ਗਉ **੪**, ੪੨, ੨ : ੨ (164)

ਤਿਆਗ੍ਹਿ —
"ਤਜੀ ਸਿਆਨਪ ਚਿੰਤ ਵਿਸਾਰੀ ਅਹੰ ਛੋਡਿਓ ਹੈ **ਤਿਆਗ੍ਹਿ**।"
— ਜੈਤ **੫**, ੫, ੧* : ੨ (701)

ਤਿਸ — 1. ਉਸ
"ਕਰਿ ਕਰਿ ਵੇਖੈ ਕੀਤਾ ਆਪਣਾ ਜਿਵ **ਤਿਸ** ਦੀ ਵਡਿਆਈ।" — ਜਪੁ **੧**, ੨੭ : ੨੧ (6)
2. ਤ੍ਰਿਸ਼ਨਾ, ਪਿਆਸ
"ਨਹ ਤ੍ਰਿਪਤਾਵੈ ਨਹ **ਤਿਸ** ਲਾਥੀ।"
— ਗਉ **੫**, ਅਸ ੧, ੬ : ੨ (235)
"ਪ੍ਰੇਮੁ ਨ ਚਾਖਿਆ ਮੇਰੀ **ਤਿਸ** ਨ ਬੁਝਾਨੀ।"
— ਆਸਾ **੧**, ੨੬, ੩ : ੧ (357)

ਤਿਸਹਿ — 1. ਉਸ ਨੂੰ
"**ਤਿਸਹਿ** ਪਰਾਪਤਿ ਰਤਨੁ ਹੋਇ ਜਿਸੁ ਮਸਤਕਿ ਹੋਵੈ ਭਾਗੁ।" — ਸਿਰੀ **੫**, ੭੮, ੩ : ੩ (45)
2. ਉਸ ਦੇ/ਦੀ/ਦਾ
"ਨਾਨਕ ਏਵੈ ਜਾਣੀਐ ਸਭ ਕਿਛੁ **ਤਿਸਹਿ**

ਰਜਾਇ।"
— ਮਾਝ **੧**, ਵਾਰ ੨੨ਸ, **੨**, ੧ : ੬ (148)
"**ਤਿਸਹਿ** ਭਲਾਈ ਨਿਕਟਿ ਨ ਆਵੈ।"
— ਗਉ **੫**, ਸੁਖ ੧੨, ੩ : ੮ (278)
"ਘਰਿ ਘਰਿ ਮੰਗਲ ਗਾਵਹੁ ਨੀਕੇ ਘਟਿ ਘਟਿ **ਤਿਸਹਿ** ਬਸੇਰਾ।"
— ਜੈਤ **੫**, ੪, ੧* : ੨ (700)
3. ਉਸ ਵਿਚ
"ਜਿਸ ਤੇ ਹੋਆ **ਤਿਸਹਿ** ਸਮਾਣਾ ਚੂਕਿ ਗਇਆ ਪਾਸਾਰਾ।"
— ਮਲਾ **੩**, ੧, ੪ : ੩ (1258)

ਤਿਸਹੀ — ਉਸੇ ਨੂੰ
"**ਤਿਸਹੀ** ਮਿਲਿਆ ਸਚੁ ਮੰਤ੍ਰੁ ਗੁਰ ਮਨਿ ਧਰੈ।"
— ਰਾਮ **੫**, ਵਾਰ ੩ : ੮ (958)

ਤਿਸਕਾਰ — (ਸੰ. तिरस्कार) ਅਪਮਾਨ ਨਿਰਾਦਰ
"ਕਬੀਰ ਮੇਰੀ ਬੁਧਿ ਕਉ ਜਮੁ ਨ ਕਰੈ **ਤਿਸਕਾਰ**।"
— ਸਲੋ **ਕਬ**, ੧੪੦ : ੧ (1371)

ਤਿਸਕੇ — ਤਿਹਾਏ (ਪਿਆਸੇ ਦੀ)
"ਹਰਿ ਅੰਮ੍ਰਿਤੁ ਹਰਿ ਜਲੁ ਪਾਇਆ ਸਭ ਲਾਥੀ ਤਿਸ **ਤਿਸਕੇ**।"
— ਸੂਹੀ **੪**, ੧, ੩ : ੨ (731)

ਤਿਸਟਸਿ — (ਸ. तिष्ठति) ਟਿਕਣਾ, ਸਥਿਤ ਹੋਣਾ, ਕਾਇਮ ਰਹਿਣਾ
"ਅੰਦਰਿ ਮੋਹੁ ਨਿਤ ਭਰਮਿ ਵਿਆਪਿਆ **ਤਿਸਟਸਿ** ਨਾਹੀ ਦੇਹਾ।"
— ਰਾਮ **੫**, ਵਾਰ ੭ਸ, **੫**, ੨ : ੨ (960)

ਤਿਸਟਿਆ — ਟਿਕਿਆ, ਠਹਿਰਿਆ
"ਨਿਰਵੈਰਾ ਨਾਲਿ ਜਿ ਵੈਰੁ ਚਲਾਇਦੇ ਤਿਨ ਵਿਚਹੁ **ਤਿਸਟਿਆ** ਨ ਕੋਇ।"
— ਗਉ **੪**, ਵਾਰ ੫ਸ, **੪**, ੨ : ੩ (302)

ਤਿਸੰਤੀਆ — ਪਿਆਸਾ
"ਪ੍ਰਭ ਸਿਉ ਮਨੁ ਲੀਨਾ ਜਿਉ ਜਲ ਮੀਨਾ ਚਾਤ੍ਰਿਕ ਜਿਵੈ **ਤਿਸੰਤੀਆ**।"
— ਜੈਤ **੫**, ਛੰਤ ੧, ੧ : ੫ (703)

ਤਿਸਨ — (ਫਾ. ਤਸਨਾ) ਪਿਆਸ
"**ਤਿਸਨ** ਬੁਝੀ ਆਸ ਪੁੰਨੀ ਮਨ ਸੰਤੋਖਿ ਧ੍ਰਾਪਿ।"
— ਗੂਜ **੫**, ਵਾਰ ੧੩ : ੭ (521)

ਤਿਸਨਾ — ਤ੍ਰਿਸਨਾ, ਲੋਚਾ, ਲਾਲਚ, ਪ੍ਰਾਪਤੀ ਦੀ ਤੀਬਰ ਇੱਛਾ
"**ਤਿਸਨਾ** ਅਗਨਿ ਜਲੈ ਸੰਸਾਰਾ।"
— ਮਾਝ **੩**, ਅਸ ੧੯, ੩ : ੧ (120)
2. ਪਿਆਸ
"ਝਿਮਿ ਝਿਮਿ ਅੰਮ੍ਰਿਤੁ ਵਰਸਦਾ **ਤਿਸਨਾ** ਭੁਖ ਸਭ ਜਾਇ।"
— ਸਲੋ **੩**, ੫੬ : ੪ (1420)

ਤਿਸਾ — ਤ੍ਰਿਖਾ, ਤੇਹ, ਪਿਆਸ
"ਹਰਿ ਨਿਰਮਲੁ ਗੁਰ ਸਬਦਿ ਸਲਾਹੀ ਸਬਦੋ ਸੁਣਿ **ਤਿਸਾ** ਮਿਟਾਵਣਿਆ।"
— ਮਾਝ **੩**, ਅਸ ੨੦, ੧* : ੨ (121)

ਤਿਸਾਇਓ — ਪਿਆਸ, ਤ੍ਰਿਖਾ
"ਸੋ ਸੰਚਉ ਜਿਤੁ ਭੂਖ **ਤਿਸਾਇਓ**।"
— ਟੋਡੀ **੫**, ੧੬, ੩ : ੧ (715)

ਤਿਸਾਈ — 1. ਤਿਹਾਈ, ਪਿਆਸੀ
"ਖੋਜਤ ਖੋਜਤ ਭਈ ਬੈਰਾਗਨਿ ਪ੍ਰਭ ਦਰਸਨ ਕਉ ਹਉ ਫਿਰਤ **ਤਿਸਾਈ**।"
— ਗਉ **੫**, ੧੧੮*, ੩ : ੧ (204)
2. ਡਾਂਝ, ਜਲਨ (ਮਹਾਨਕੋਸ਼); ਤੀਬਰ, ਤਾਂਘ (ਨਿਰਣੈ, ਦਰਪਣ)
"ਤਿਸੁ ਬਿਨੁ ਘੜੀ ਨਹੀਂ ਜਗਿ ਜੀਵਾ ਐਸੀ ਪਿਆਸ **ਤਿਸਾਈ**।"
— ਮਲਾ **੧**, ਅਸ ੧, ੧* : ੨ (1273)

ਤਿਸਾਏ — ਪਿਆਸੇ
"ਰਸਨ ਰਸਾਏ ਨਾਮਿ **ਤਿਸਾਏ** ਗੁਰ ਕੈ ਸਬਦਿ ਵਿਕਾਣੇ।" — ਧਨਾ **੧**, ਛੰਤ ੨, ੪ : ੩ (688)

ਤਿਸੁ — ਉਸ
"ਤੀਰਥਿ ਨਾਵਾ ਜੇ **ਤਿਸੁ** ਭਾਵਾ ਵਿਣੁ ਭਾਣੇ ਕਿ ਨਾਇ ਕਰੀ।" — ਜਪੁ **੧**, ੬ : ੧ (2)
"ਊਡੇ ਊਡਿ ਆਵੈ ਸੈ ਕੋਸਾ **ਤਿਸੁ** ਪਾਛੈ ਬਚਰੇ ਛਰਿਆ।" (ਉਸ ਭਾਵ ਕੂੰਜਾਂ)
— ਗੂਜ **੫**, ਸੋਦ ੫, ੩ : ੧ (10)
ਹੋਰ ਰੂਪ — ਤਿਸੈ —
"ਆਦੇਸੁ **ਤਿਸੈ** ਆਦੇਸੁ।" (ਉਸੇ ਨੂੰ)
— ਜਪੁ **੧**, ੨੮ : ੪ (6)

ਤਿਹ — 1. ਤਿੰਨਾਂ

"ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ **ਤਿਹ** ਲੋਇ।"
— ਮਾਝ **੧**, ਵਾਰ ੧ਸ, **੧**, ੧ : ੧ (137)

2. ਉਨਾਂ, ਉਸ
"ਦੂਖੁ ਦਰਦੁ **ਤਿਹ** ਨਾਨਕ ਨਸੈ।" (ਉਨਾਂ ਦਾ)
— ਗਉ **੫**, ੭੯, ੪ : ੪ (179)
"ਜਨਮ ਮਰਣਿ **ਤਿਹ** ਮੂਲੇ ਨਾਹੀ।" (ਉਨ੍ਹਾਂ ਨੂੰ)
— ਗਉ **੫**, ੧੧੭*, ੩ : ੩ (203)
"ਨਾਨਕ ਸਚੁ ਸੁਚਿ ਪਾਈਐ **ਤਿਹ** ਸੰਤਨ ਕੈ ਪਾਸਿ।" (ਉਨ੍ਹਾਂ)
— ਗਉ **੫**, ਬਾਅ ੩ਸ : ੨ (250)
"ਆਵਨ ਜਾਨਾ **ਤਿਹ** ਮਿਟੈ ਨਾਨਕ ਜਿਹ ਮਨਿ ਸੋਇ।" (ਉਸ ਦਾ)
— ਗਉ **੫**, ਬਾਅ ੭ਸ : ੨ (251)
"**ਤਿਹ** ਰਾਵਨ ਘਰ ਖਬਰਿ ਨ ਪਾਈ।" (ਉਸ)
— ਆਸਾ **ਕਬ**, ੨੧, ੧ : ੨ (481)

3. ਓਹੀ
"ਜੋ ਜੋ ਜੂਨੀ ਆਇਓ **ਤਿਹ ਤਿਹ** ਉਰਝਾਇਓ ਮਾਣਸ ਜਨਮ ਸੰਜੋਗਿ ਪਾਇਆ।
— ਧਨਾ **੫**, ਅਸ ੧, ੧ : ੧ (686)

ਤਿਹਟੜੇ — ਤਿੰਨ ਛਤਾਂ ਵਾਲੇ (ਭਾਵ ਮਾਇਆ ਦੇ ਤਿੰਨ ਗੁਣਾਂ ਦੇ ਪ੍ਰਭਾਵ ਵਾਲੇ) (ਦਰਪਣ) : (ਸ਼ਬਦਾਰਥ)
"ਨਾਮ ਦਾਨ ਇਸਨਾਨ ਸਾਸਨ ਦੁਆਰਾ (ਮਹਾਨਕੋਸ਼); ਸਤਿਸੰਗ ਜਿਥੇ ਸ੍ਰਵਣ ਮੰਨਣ ਨਿਦਿਧਯਾਸਨ ਰੂਪ ਤਿੰਨੇ ਛਤਾਂ ਹਨ (ਕੋਸ਼)"
"**ਤਿਹਟੜੇ** ਬਾਜਾਰ ਸਉਦਾ ਕਰਨਿ ਵਣਜਾਰਿਆ।"
— ਸਲੋ **੫**, ੧੭ : ੧ (1425)

ਤਿਹੰਡੀਆ — ਤੇਰੀ
"ਹਉ ਆਇਆ ਸਾਮ੍ਹੈ **ਤਿਹੰਡੀਆ**।"
— ਸਿਰੀ **੫**, ਅਸ ੨੯, ੫ : ੧ (73)

ਤਿਹਰੇ — ਤੀਹਰੇ, ਤਿੰਨਾਂ (ਧਾਗਿਆਂ/ਡੋਰਾਂ) ਵਾਲੇ
"ਗਜ ਸਾਢੇ ਤੈ ਤੈ ਧੋਤੀਆ **ਤਿਹਰੇ** ਪਾਇਨਿ ਤਗ।"
— ਆਸਾ **ਕਬ**, ੨, ੧ : ੧ (475)

ਤਿਹਾਂ — ਤਿੰਨਾਂ ਹੀ
"ਸੋ ਪੰਡਿਤੁ ਜੋ **ਤਿਹਾਂ** ਗੁਣਾ ਕੀ ਪੰਡ ਉਤਾਰੈ।"
— ਮਲਾ **੩**, ੧੦, ੩ : ੧ (1261)

ਤਿਹਾਇਆ — ਪਿਆਸਾ
"ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ **ਤਿਹਾਇਆ**।"
— ਮਾਝ **੧**, ਵਾਰ ੨ : ੩ (138)

ਤਿਹਾਰਉ — ਤੇਰਾ
"ਨਾਨਕ ਲਾਜ ਬਿਰਦ ਕੀ ਰਾਖਹੁ ਨਾਮੁ **ਤਿਹਾਰਉ** ਲੀਨਉ।"
— ਸੋਰ **੯**, ੯, ੩ : ੨ (633)

ਤਿਹਾਰੀ — ਤੇਰੀ
"ਚਰਨ ਸਰਨ ਨਾਮਾ ਬਲਿ **ਤਿਹਾਰੀ**।"
— ਧਨਾ **ਨਾਮ**, ੫, ੨ : ੨ (694)

ਹੋਰ ਰੂਪ — ਤਿਹਾਰੈ —
"ਸੰਗਿ **ਤਿਹਾਰੈ** ਕਛੂ ਨ ਚਾਲੈ ਤਾਹਿ ਕਹਾ ਲਪਟਾਨੋ।"
— ਬਸੰ **੯**, ੧, ੧ : ੨ (1186)

ਤਿਹਾਲ — ਤਿੰਨ ਵਾਰੀ, ਤ੍ਰਿਕਾਲ ਭਾਵ ਸਵੇਰੇ ਦੁਪਹਿਰ ਤੇ ਸ਼ਾਮ
"ਤ੍ਰੈਪਾਲ **ਤਿਹਾਲ** ਬਿਚਾਰਿ।"
— ਆਸਾ **੧**, ਵਾਰ ੧੪ਸ, **੧**, ੨ : ੪ (470)

ਤਿਹਿ — ਉਸ
"ਆਂਧੀ ਪਾਛੇ ਜੋ ਜਲੁ ਬਰਖੈ **ਤਿਹਿ** ਤੇਰਾ ਜਨੁ ਭੀਨਾਂ।" (ਉਸ ਨਾਲ)
— ਗਉ **ਕਬ**, ਅਸ ੪੩, ੨ : ੧ (332)
"ਦੂਖੁ ਅੰਦੋਹੁ ਨਹੀ **ਤਿਹਿ** ਠਾਉ।" (ਉਸ)
— ਗਉ **ਰਵਿ**, ੨, ੧ : ੨ (345)

ਹੋਰ ਰੂਪ — ਤਿਹੀ —
"ਮਾਨੁਖਾ ਅਵਤਾਰ ਦੁਲਭ **ਤਿਹੀ** ਸੰਗਤਿ ਪੋਚ।" (ਉਸ ਵਿਚ ਵੀ ਸੰਗਤ ਮਾੜੀ ਹੈ)
— ਆਸਾ **ਰਵਿ**, ੧, ੨ : ੨ (486)

ਤਿਹੀ — 1. ਉਸ ਵਿਚ, ਵੇਖੋ ਤਿਹਿ
2. ਤਿੰਨਾਂ
"**ਤਿਹੀ** ਗੁਣੀ ਤ੍ਰਿਭਵਣੁ ਵਿਆਪਿਆ ਭਾਈ॥ ਗੁਰਮੁਖਿ ਬੂਝ ਬੁਝਾਇ।"
— ਸੋਰ **੩**, ੯, ੧ : ੧ (603)

ਤਿਹੁ — 1. ਉਸੇ ਦਾ
"ਇਕਨੈ ਭਾਂਡੇ ਸਾਜਿਐ ਇਕੁ ਚਾਨਣੁ **ਤਿਹੁ** ਲੋਇ।"
— ਸਿਰੀ **੧**, ਅਸ ੧੪, ੬ : ੨ (62)

2. ਤਿੰਨਾਂ
"ਸਾਧ ਕੀ ਉਪਮਾ **ਤਿਹੁ** ਗੁਣ ਤੇ ਦੂਰਿ।"
— ਗਉ **੫**, ਸੁਖ ੭, ੮ : ੩ (272)

ਤਿਹੂ — ਤਿੰਨਾਂ ਹੀ
"ਜਾ ਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ **ਤਿਹੂ** ਰੇ ਲੋਕ ਪਰਸਿਧ ਕਬੀਰਾ।"
— ਮਲਾ **ਰਵਿ**, ੨, ੨ : ੨ (1293)
ਹੋਰ ਰੂਪ — ਤਿਹੂੰ —
"ਦੇਖਿਆ **ਤਿਹੂੰ** ਲੋਕ ਕਾ ਪੀਉ।"
— ਗਉ **ਕਬ**, ਥਿਤੀ ੧੩ : ੩ (344)

ਤਿਕਲਿ — ਪਿਛੇ, ਲਕ ਨਾਲ
"ਦੂਹਾ ਖੜ ਨ ਮਾਵਈ **ਤਿਕਲਿ** ਬੰਨ੍ਹੈ ਛਜ।"
— ਮਲਾ **੧**, ਵਾਰ ੧੯, **੧**, ੧ : ੨ (1286)

ਤਿਕਾਲ — ਤਿੰਨ ਕਾਲ, ਸਵੇਰ ਦੁਪਹਿਰ ਸ਼ਾਮ
"ਪੁਸਤਕ ਪਾਠ ਬਿਆਕਰਣ ਵਖਾਣੈ ਸੰਧਿਆ ਕਰਮ **ਤਿਕਾਲ** ਕਰੈ।"
— ਭੈਰ **੧**, ੮, ੨ : ੧ (1127)

ਤਿਖ — 1. ਪਿਆਸ
"ਮਨ ਮੇਰੇ ਹਰਿ ਰਸੁ ਚਾਖੁ **ਤਿਖ** ਜਾਇ।"
— ਸਿਰੀ **੩**, ੩੪, ੧* : ੧ (26)
"ਮਨਮੁਖਿ ਭਾਗ ਵਿਹੂਣਿਆ **ਤਿਖ** ਮੁਈਆ ਕੰਧੀ ਪਾਸਿ।" (ਪਿਆਸ ਨਾਲ, ਤਿਹਾਏ)
— ਮਾਰੂ **੪**, ੪, ੩ : ੩ (996)
"ਏਤੈ ਜਲਿ ਵਰਸਦੈ **ਤਿਖ** ਮਰਹਿ ਭਾਗ ਤਿਨਾ ਕੇ ਨਾਹਿ।" (ਪਿਆਸ ਨਾਲ, ਤਿਹਾਏ)
— ਮਲਾ **੧**, ਵਾਰ ੯ਸ, **੩**, ੨ : ੪ (1282)
2. ਤ੍ਰਿਸ਼ਨਾ
"ਅਨਿਕ ਮਾਇਆ ਰੰਗ **ਤਿਖ** ਨ ਬੁਝਾਵੈ।"
— ਗਉ **੫**, ਸੁਖ ੨, ੨ : ੫ (264)
"ਚਾਰੇ ਕੁੰਡਾਂ ਭਵਿ ਥਕੇ ਅੰਦਰਿ **ਤਿਖ** ਤਤੇ।" (ਸਾੜਨ ਵਾਲੀ ਤ੍ਰਿਸ਼ਨਾ)
— ਮਾਰੂ **੩**, ਵਾਰ ੧੯ : ੨ (1093)

ਤਿਖਈਆ — ਪਿਆਸਾ, ਤਿਹਾਇਆ
"ਮਨਮੁਖ ਮਾਇਆ ਮੋਹਿ ਵਿਆਪੇ ਇਹੁ ਮਨੁ ਤ੍ਰਿਸਨਾ ਜਲਤ **ਤਿਖਈਆ**।"
— ਬਿਲਾ **੪**, ਅਸ ੩, ੪ : ੧ (834)

ਤਿਖਹਾਰੇ — ਪਿਆਸੇ, ਪਿਆਸ ਨਾਲ ਆਤੁਰ ਹੋਏ
"ਤੇਰਾ ਨਾਮੁ ਬੂੰਦ ਹਮ ਚਾਤ੍ਰਿਕ **ਤਿਖਹਾਰੇ**।"
— ਮਾਝ **੫**, ੨੧, ੧ : ੨ (100)

ਤਿਖਾ — 1. (ਤ੍ਰਿਸ਼ਨਾ/ਰੂਪੀ ਪਿਆਸ)
"ਗੁਰ ਕੈ ਸਬਦਿ **ਤਿਖਾ** ਨਿਵਾਰੀ ਸਹਜੇ ਸੂਖਿ ਸਮਾਵਣਿਆ।"
— ਮਾਝ **੩**, ਅਸ ੮, ੩ : ੩ (113)
2. ਪਿਆਸ
"ਤੀਜੈ ਮੁਹੀ ਗਿਰਾਹ ਭੁਖ **ਤਿਖਾ** ਦੁਇ ਭਉਕੀਆ।"
— ਮਾਝ **੧**, ਵਾਰ ੧੭ਸ, **੧**, ੧ : ੫ (146)

ਤਿਖਾਟ — ਪਿਆਸ
"ਜਨ ਨਾਨਕ ਰਸੁ ਅੰਮ੍ਰਿਤੁ ਪੀਆ ਸਭ ਲਾਥੀ ਭੂਖ **ਤਿਖਾਟ**।" — ਮਾਲੀ **੪**, ੬, ੪ : ੩ (986)

ਤਿਖੀ — ਤ੍ਰੇਜ਼, ਤੇਜ਼ਧਾਰ ਵਾਲੀ
"ਖੰਨਿਅਹੁ **ਤਿਖੀ** ਬਹੁਤੁ ਪਈਣੀ।"
— ਸੂਹੀ **ਫਰ**, ੧, ੪ : ੨ (794)

ਤਿਚਰੁ — ਉਤਨੀ ਦੇਰ ਤੱਕ, ਓਦੋਂ ਤੱਕ, ਓਨਾ ਚਿਰ
"**ਤਿਚਰੁ** ਵਸਹਿ ਸੁਹੇਲੜੀ ਜਿਚਰੁ ਸਾਥੀ ਨਾਲਿ।"
— ਸਿਰੀ **੫**, ੮੩, ੧ : ੧ (50)

ਤਿਣੰ — ਤਿਨਾਂ ਦਾ, ਉਨ੍ਹਾਂ ਦਾ
"ਮਨਸਾ ਕਰਿ ਸਿਮਰੰਤ ਤੁਝੈ ਨਰ ਕਾਮੁ ਕ੍ਰੋਧੁ ਮਿਟਿਅਉ ਜੁ **ਤਿਣੰ**।"
— ਸਵ **੪**, ਬਲ ੪ : ੧ (1405)

ਤਿਣਿ — (ਸੰ. ਤ੍ਰਿਣਮ੍) ਘਾਹ
"ਇਹੁ ਹਰਿ ਰਸੁ ਵਣਿ **ਤਿਣਿ** ਸਭਤੁ ਹੈ ਭਾਗਹੀਣ ਨਹੀ ਖਾਇ।" — ਸਿਰੀ **੪**, ੬੯, ੩ : ੧ (41)

ਤਿਣੁ — ਤੀਲਾ, ਡਕਾ
"ਗੁਰਿ ਵਣੁ **ਤਿਣੁ** ਹਰਿਆ ਕੀਤਿਆ ਨਾਨਕ ਕਿਆ ਮਨੁਖ।"
— ਰਾਮ **੫**, ਵਾਰ ੩ਸ, **੫**, ੨ : ੩ (958)

ਤਿਤ — ਉਸੇ, ਉਸੇ ਕੰਮ, ਉਧਰ ਹੀ
"ਜਿਤੁ ਤੁਮ ਲਾਵਹੁ **ਤਿਤ** ਹੀ ਲਾਗਾ ਪੂਰਨ ਖਸਮ ਹਮਾਰੇ।" — ਗਉ **੫**, ੧੬੫*, ੧ : ੨ (216)

ਤਿਤਨੇ — ਉਤਨੇ, ਓਨੇ
"ਜਿਤਨੇ ਰਸ ਅਨ ਰਸ ਹਮ ਦੇਖੇ ਸਭ **ਤਿਤਨੇ**

ਫੀਕ ਫੀਕਾਨੇ।"
— ਗਉ **੪**, ੫੬, ੨ : ੧ (170)

ਤਿਤੜੇ — ਉਤਨੇ/ਓਨੇ ਹੀ
"ਜਿਤੜੇ ਫਲ ਮਨਿ ਬਾਛੀਅਹਿ **ਤਿਤੜੇ** ਸਤਿਗੁਰ ਪਾਸਿ।" — ਸਿਰੀ **੫**, ੯੯, ੪ : ੧ (52)

ਤਿਤੁ — ਉਸ ਵਿਚ
"ਭਾਂਡਾ ਭਾਉ ਅੰਮ੍ਰਿਤੁ **ਤਿਤੁ** ਢਾਲਿ।"
— ਜਪੁ **੧**, ੩੮ : ੪ (8)

2. ਉਸ
"**ਤਿਤੁ** ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ।" (ਉਸ)
— ਆਸਾ **੧**, ਸੋਪੁ ੩, ੧ : ੧ (12)
"**ਤਿਤੁ** ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣ ਹਾਰੋ।" (ਉਸ)
— ਗਉ **੧**, ਸੋਹ ੧, ੧ : ੨ (12)
"ਤਿਨ ਕੇ ਮੁਖ ਸਦ ਉਜਲੇ **ਤਿਤੁ** ਸਚੈ ਦਰਬਾਰਿ।"
— ਸਿਰੀ **੩**, ੩੮, ੧ : ੨ (28)
"ਗੁਰਮੁਖਿ ਨਾਮੁ ਜਪੀਐ **ਤਿਤੁ** ਤਰੀਐ ਗਤਿ ਨਾਨਕ ਵਿਰਲੀ ਜਾਤੀ ਜੀਉ।" (ਉਸ ਦੇ ਰਾਹੀਂ) — ਮਾਝ **੫**, ੧੩, ੪ : ੩ (98)

3. ਉਥੇ
"ਊਚਉ ਪਰਬਤੁ ਗਾਖੜੋ ਨਾ ਪਉੜੀ **ਤਿਤੁ** ਤਾਸੁ।"
— ਸਿਰੀ **੧**, ੧੬, ੧ : ੨ (63)

ਤਿਤੈ — ਉਸੇ
"ਅਨਦ ਬਿਨੋਦ **ਤਿਤੈ** ਘਰਿ ਸੋਹਹਿ ਜੋ ਧਨ ਕੰਤਿ ਸਿਗਾਰੀ ਜੀਉ।"
— ਮਾਝ **੫**, ੧੧, ੧ : ੩ (97)

ਤਿਥਹੁ — ਉਥੋਂ, ਉਸ ਸਥਾਨ ਤੋਂ
"ਜਿਥੇ ਵਥੁ ਹੋਵੈ **ਤਿਥਹੁ** ਕੋਇ ਨ ਪਾਵੈ ਮਨਮੁਖ ਭਰਮਿ ਭੁਲਾਵਣਿਆ।"
— ਮਾਝ **੩**, ਅਸ ੧੪, ੨ : ੩ (117)

ਤਿਥਾਊ — ਉਥੇ ਹੀ, ਉਸ ਸਥਾਨ ਤੇ ਹੀ
"ਜਿਥਹੁ ਵੰਞੈ ਜਾਇ **ਤਿਥਾਊ** ਮਉਜੂਦੁ ਸੋਇ।"
— ਗਉ **੫**, ਵਾਰ ੧੯ਸ, **੫**, ੧ : ੨ (322)

ਤਿਥਾਈ — ਉਥੇ ਹੀ, ਉਸ ਸਥਾਨ ਤੇ ਹੀ
"ਜਿਥੈ ਰਖਹਿ ਬੈਕੁੰਠੁ **ਤਿਥਾਈ** ਤੂੰ ਸਭਨਾ ਕੇ ਪ੍ਰਤਿਪਾਲਾ ਜੀਉ।"
— ਮਾਝ **੫**, ੪੦, ੩ : ੩ (106)

ਹੋਰ ਰੂਪ — ਤਿਥਾਈਂ —
"ਮੰਗਲ ਸੂਖ ਕਲਿਆਣ **ਤਿਥਾਈਂ**।" (ਉਥੇ ਹੀ) — ਪ੍ਰਭਾ **੫**, ਅਸ ੩, ੫ : ੧ (1348)

ਤਿਥੈ — ਉਥੇ, ਉਸ ਸਥਾਨ ਤੇ
"**ਤਿਥੈ** ਸੋਹਨਿ ਪੰਚ ਪਰਵਾਣੁ।"
— ਜਪੁ **੧**, ੩੪ : ੮ (7)

ਤਿਦਾਊ — ਉਸ ਪਾਸੇ/ਉਧਰ ਹੀ
"ਜਿਧਰ ਰਬ ਰਜਾਇ ਵਹਣੁ **ਤਿਦਾਊ** ਗੰਉ ਕਰੇ।"
— ਸਲੋ **ਫਰ**, ੮੪ : ੨ (1382)

ਤਿਦੂ — 1. ਉਥੋਂ, ਉਸ ਸਥਾਨ ਤੋਂ
"ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ **ਤਿਦੂ** ਖਾਹਿ।" — ਸਲੋ **ਫਰ**, ੯੨ : ੨ (1382)

2. ਉਸ ਤੋਂ
"ਹਰਿ ਵੇਖੈ ਸੁਣੈ ਨਿਤ ਸਭੁ ਕਿਛੁ **ਤਿਦੂ** ਕਿਛੁ ਗੁਝਾ ਨ ਹੋਇਆ।"
— ਸਿਰੀ **੪**, ਵਾਰ ੧੯ਸ, **੪**, ੧ : ੬ (309)

ਤਿਨ — 1. ਉਨਾਂ ਹੋਰ ਵੇਖੋ 'ਤਿੰਨ' (1)
"**ਤਿਨ** ਕੇ ਨਾਮ ਅਨੇਕ ਅਨੰਤ।"
— ਜਪੁ **੧**, ੩੪ : ੫ (7)
"**ਤਿਨ** ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ।" (ਉਨ੍ਹਾਂ ਨੂੰ)
— ਗੂਜ **੫**, ਸੋਦ ੫, ੩ : ੨ (10)
"ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ **ਤਿਨ** ਕੁਰਬਾਣਾ।" (ਉਨ੍ਹਾਂ ਦੇ)
— ਆਸਾ **੪**, ਸੁਪੁ ੧, ੨ : ੫ (11)
"ਓਇ ਵੇਪਰਵਾਹ ਨ ਬੋਲਨੀ ਹਉ ਮਲਿ ਮਲਿ ਧੋਵਾ **ਤਿਨ** ਪਾਇ।" (ਉਨ੍ਹਾਂ ਦੇ)
— ਸਿਰੀ **੪**, ੬੯, ੧ : ੩ (41)
"ਓਇ ਜੇਹੈ ਵਣਜਿ ਹਰਿ ਲਾਇਆ ਫਲੁ ਤੇਹਾ **ਤਿਨ** ਪਾਇਆ।" (ਉਨ੍ਹਾਂ ਨੇ)
— ਗਉ **੪**, ੪੫, ੩ : ੨ (165)

2. ਤ੍ਰਿਣ, ਕੱਖ, ਤੀਲੇ
"ਨਾਨਕ ਰਾਮ ਨਾਮੁ ਜਪਿ ਪਾਵਕੋ **ਤਿਨ** ਕਿਲਬਿਖ ਦਾਹਨਹਾਰ।" (ਨਾਮ ਰੂਪੀ ਅਗਨੀ ਪਾਪ ਰੂਪੀ ਤੀਲਿਆਂ ਨੂੰ ਸਾੜ ਸਕਦੀ ਹੈ)
— ਗਉ **੫**, ਛੰਤ ੩, ੧ਸ : ੨ (248)

"ਅਉਧ ਅਨਲ ਤਨੁ **ਤਿਨ** ਕੋ ਮੰਦਰੁ ਚਹੁ ਦਿਸ ਠਾਟੁ ਠਇਓ।" (ਸਰੀਰ ਕੱਖਾਂ ਦਾ ਮੰਦਰ ਹੈ) — ਗਉ **ਕਬ**, ੫੯, ੪ : ੧ (336)

3. ਉਧਰ (ਉਸ ਪਾਸੇ ਵਲ)

"ਗੁਰਮੁਖਿ ਗਿਆਨੁ ਡੋਰੀ ਪ੍ਰਭਿ ਪਕਰੀ ਜਿਨ ਖਿੰਚੈ **ਤਿਨ** ਜਾਈਐ।"

— ਰਾਮ **੧**, ਓਅੰ ੪੧ : ੫ (935)

ਤਿੰਨ — ਓਨ੍ਹਾਂ, ਵੇਖੋ 'ਤਿਨਾ' (1)

"ਬਹੁਤੁ ਖਜਾਨਾ **ਤਿੰਨ** ਪਹਿ ਹਰਿ ਜੀਉ ਹਰਿ ਕੀਰਤਨੁ ਲਾਹਾ ਰਾਮ।"

— ਬਿਹਾ **੫**, ਛੰਤ ੩, ੩ : ੨ (543)

ਤਿਨਹ — ਉਨ੍ਹਾਂ

"ਜੋ ਗੁਣ ਅਲਖ ਅਗੰਮ **ਤਿਨਹ** ਗੁਣ ਅੰਤੁ ਨ ਜਾਣਉ।" — ਸਵ **੩**, ੧੫ : ੪ (1395)

ਤਿਨਹਿ — 1. ਉਸ ਨੇ

"ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ **ਤਿਨਹਿ** ਕੀਆ।"

— ਆਸਾ **੧**, ਸੋਪੁ ੩, ੧ : ੧ (12)

"ਨਾਨਕ **ਤਿਨਹਿ** ਨਿਰੰਜਨੁ ਜਾਨਿਆ।"

— ਗਉ **੫**, ਸੁਖ ੧੪, ੩ : ੧੦ (281)

2. ਘਾਹ ਨੂੰ

"ਅਜ ਕੈ ਵਸਿ ਗੁਰਿ ਕੀਨੋ ਕੇਹਰਿ ਕੂਕਰ **ਤਿਨਹਿ** ਲਗਾਈ ਹੇ।" (ਕੁੱਤੇ ਨੂੰ ਘਾਹ ਖਾਣ ਲਾ ਦਿਤਾ) — ਆਸਾ **੫**, ੪੪, ੧* : ੨ (381)

3. ਤ੍ਰਿਣ/ਤੀਲੇ ਦੇ

"ਇਤ ਉਤ ਦਹ ਦਿਸਿ ਰਵਿਓ ਮੇਰ **ਤਿਨਹਿ** ਸਮਾਨਿ।" — ਕਲਿ **੫**, ੪, ੧ : ੧ (1322)

ਤਿਨਹੁ — ਉਨ੍ਹਾਂ ਨੂੰ

"ਠਾਕ ਨ ਹੋਤੀ **ਤਿਨਹੁ** ਦਰਿ ਜਿਹ ਹੋਵਹੁ ਸੁਪ੍ਰਸੰਨ।"

— ਗਉ **੫**, ਬਾਅ ੨੮ਸ : ੧ (255)

ਤਿਨਹੂ — ਉਨ੍ਹਾਂ ਨੂੰ

"ਭਾਈ ਮੀਤ ਬੰਧਪ ਸਖੇ ਪਾਛੇ **ਤਿਨਹੂ** ਕਉ ਸੰਪਾਨੀ।" — ਗਉ **੫**, ਅਸ ੧੫, ੫ : ੧ (242)

"ਲੰਪਟ ਚੋਰ ਨਿੰਦਕ ਮਹਾ **ਤਿਨਹੂ** ਸੰਗਿ ਬਿਹਾਇ।" (ਉਨ੍ਹਾਂ ਨਾਲ) — ਗਉ **੫**, ਬਾਅ ੫੨ : ੬ (261)

"ਸੁਰਿ ਨਰ ਮੁਨਿ ਜਨ **ਤਿਨਹੂ** ਤੇ ਦੂਰਿ।" (ਉਨ੍ਹਾਂ ਤੋਂ) — ਗਉ **੫**, ਅਸ ੫, ੧* : ੨ (694)

"ਜਿਹ ਕ੍ਰਿਪਾਲੁ ਹੋਯਉ ਗੋਬਿੰਦੁ ਸਰਬ ਸੁਖ **ਤਿਨਹੂ** ਪਾਏ।" (ਉਨ੍ਹਾਂ ਨੇ ਹੀ)

— ਸਮੁ **੫**, ੭ : ੫ (1386)

ਤਿਨਕਾ — ਤ੍ਰਿਣ, ਤੀਲਾ, ਡਕਾ

"ਪੀਛੈ **ਤਿਨਕਾ** ਲੈ ਕਰਿ ਹਾਂਕਤੀ।" (ਭਾਵ ਉਤਸ਼ਾਹ ਰੂਪੀ ਡੰਡਾ)

— ਬਸੰ **ਨਾਮ**, ੩, ੧ : ੨ (1196)

ਤਿਨਗੇ — ਤਿਨਾਂ ਦੇ, ਉਨ੍ਹਾਂ ਦੇ

"ਜੋ ਤੁਮਰੇ ਗੁਨ ਗਾਵਹਿ ਸੁਆਮੀ ਹਉ ਬਲਿ ਬਲਿ ਬਲਿ **ਤਿਨਗੇ**।" — ਨਟ **੪**, ੪, ੩ : ੧ (976)

ਤਿਨਛੇ — ਤਿਸ/ਉਸ ਦੇ

"ਜਾਤਿ ਅਜਾਤਿ ਕੋਈ ਪ੍ਰਭ ਧਿਆਵੈ ਸਭਿ ਪੂਰੇ ਮਾਨਸ **ਤਿਨਛੇ**।"

— ਬਸੰ **੪**, ੪, ੩ : ੧ (1178)

ਤਿਨਰ — ਉਨਾਂ ਵਿਅਕਤੀਆਂ/ਮਨੁੱਖਾਂ ਨੂੰ, ਤਿਨਾਂ ਨੂੰ

"**ਤਿਨਰ** ਦੁਖ ਨਹ ਭੁਖ **ਤਿਨਰ** ਨਿਧਨ ਨਹੁ ਕਹੀਅਹਿ।" — ਸਵ **੩**, ੧੧ : ੧ (1394)

ਤਿਨਾ — 1. ਉਨ੍ਹਾਂ ਨੂੰ

"ਜਿਨਾ ਰਾਸਿ ਨ ਸਚੁ ਹੈ ਕਿਉ **ਤਿਨਾ** ਸੁਖ ਹੋਇ।"

— ਸਿਰੀ **੧**, ੨੩, ੨ : ੧ (22)

ਹੋਰ ਰੂਪ — ਤਿੰਨਾ —

"**ਤਿੰਨਾ** ਭੁਖ ਨ ਕਾ ਰਹੀ ਜਿਸ ਦਾ ਪ੍ਰਭੁ ਹੈ ਸੋਇ।" (ਉਨ੍ਹਾਂ ਨੂੰ)

— ਗਉ **੫**, ਵਾਰ ੨੧ਸ, **੫**, ੧ : ੧ (323)

ਤਿਨਾਹ —

"ਰਾਮ ਨਾਮ ਰੰਗ ਰਤਿਆ ਭਾਰੁ ਨ ਭਰਮੁ **ਤਿਨਾਹ**।" (ਉਨ੍ਹਾਂ ਨੂੰ)

— ਸਿਰੀ **੧**, ੨੩, ੪ : ੨ (23)

ਤਿੰਨਾਹ —

"ਨਾਨਕ ਲਧੜੀਆ **ਤਿੰਨਾਹ** ਜਿਨਾ ਭਾਗੁ ਮਥਾਹੜੈ।" (ਉਨ੍ਹਾਂ ਨੂੰ)

— ਮਾਰੂ **੫**, ਵਾਰ ੨੧ਸ, **੫**, ੨ : ੨ (1101)

2. ਉਨ੍ਹਾਂ

"**ਤਿਨਾ** ਪਿਛੈ ਰਿਧਿ ਸਿਧਿ ਫਿਰੈ ਓਨਾ ਤਿਲੁ ਨ ਤਮਾਇ।"

— ਸਿਰੀ **੩**, ੩੫, ੪ : ੨ (26)

"ਸਬਦੁ ਵਿਸਾਰਨਿ **ਤਿਨਾ** ਠਉਰੁ ਨ ਠਾਉ।" (ਉਨ੍ਹਾਂ ਦਾ)
— ਮਾਝ **੩**, ਅਸ ੨੩, ੫ : ੧ (123)

"ਜਿਨਾ ਸਤਿਗੁਰ ਕਾ ਆਖਿਆ ਸੁਖਾਵੈ ਨਾਹੀ **ਤਿਨਾ** ਮੁਹ ਭਲੇਰੇ ਫਿਰਹਿ ਦਯਿ ਗਾਲੇ।" (ਉਨ੍ਹਾਂ ਦੇ)
— ਗਉ **੪**, ਵਾਰ ੧੦ਸ, **੪**, ੧ : ੪ (305)

"ਬਿਰਥਾ ਜਨਮੁ **ਤਿਨਾ** ਜਿਨ੍ਹੀ ਨਾਮੁ ਵਿਸਾਰਿਆ" (ਉਨ੍ਹਾਂ ਦਾ)
— ਆਸਾ **੪**, ੬੪, ੩ : ੧ (369)

ਹੋਰ ਰੂਪ — ਤਿੰਨਾ —

"ਮਨਮੁਖ ਊਭੇ ਸੁਕਿ ਗਏ ਨ ਫਲੁ **ਤਿੰਨਾ** ਛਾਉ।"

"**ਤਿੰਨਾ** ਪਾਸਿ ਨ ਬੈਸੀਐ ਓਨਾ ਘਰੁ ਨ ਗਿਰਾਉ।" (ਉਨ੍ਹਾਂ)
— ਸਿਰੀ **੩**, ਅਸ ੨੦, ੪ : ੧੨ (66)

ਤਿਨਾਹਾ —

"ਏਕੁ ਧਿਆਇਨਿ ਸਦਾ ਸੁਖੁ ਪਾਇਨਿ ਨਿਹਚਲੁ ਰਾਜ **ਤਿਨਾਹਾ** ਹੇ।"
— ਮਾਰੂ **੩**, ਸੋਲਾ ੧੪, ੩ : ੩ (1057)

ਤਿਨਾੜਾ — ਉਨ੍ਹਾਂ ਦਾ

"ਵਿਸਰਿਆ ਜਿਨ੍ਹਾ ਨਾਮੁ **ਤਿਨਾੜਾ** ਹਾਲੁ ਕਉਣੁ।"
— ਆਸਾ **੫**, ੧੦੬, ੩ : ੨ (397)

ਹੋਰ ਰੂਪ — ਤਿਨਾੜੀ —

"ਨਾਮੁ ਭਗਤਿ ਦੇ ਨਿਜ ਘਰਿ ਬੈਠੇ ਅਜਹੁ **ਤਿਨਾੜੀ** ਆਸਾ।" (ਉਨ੍ਹਾਂ ਦੀ)
— ਤੁਖਾ **੧**, ਬਾਰਾ ੧੨ : ੫ (1109)

ਤਿਨਾੜੀਆ —

"ਰੀਸਾ ਕਰਿਹ **ਤਿਨਾੜੀਆ** ਜੋ ਸੇਵਹਿ ਦਰੁ ਖੜੀਆਹ।" (ਉਨ੍ਹਾਂ ਦੀ)
— ਸਿਰੀ **੪**, ਵਾਰ ੭ਸ, **੧**, ੨ : ੩ (85)

ਤਿਨਿ — 1. ਉਸ ਨੇ

"ਜਿਨਿ ਸੇਵਿਆ **ਤਿਨਿ** ਪਾਇਆ ਮਾਨੁ।"
— ਜਪੁ **੧**, ੫ : ੩ (2)

"**ਤਿਨਿ** ਬਿਨੁ ਬਾਣੈ ਧਨਖੁ ਚਢਾਈਐ ਇਹੁ ਜਗੁ ਬੇਧਿਆ ਭਾਈ।" (ਭਾਵ ਉਸ ਮਾਇਆ ਨੇ)
— ਗਉ **ਕਬ**, ੪੬, ੩ : ੧ (333)

2. ਤ੍ਰੈ, ਤੀਨ

"ਏਕਾ ਮਾਈ ਜੁਗਤਿ ਵਿਆਈ **ਤਿਨਿ** ਚੇਲੇ ਪਰਵਾਣੁ।" — ਜਪੁ **੧**, ੩੦ : ੧ (7)

"ਥਾਲ ਵਿਚਿ **ਤਿਨਿ** ਵਸਤੂ ਪਈਓ ਸਤੁ ਸੰਤੋਖੁ ਵੀਚਾਰੋ।" — ਮੁੰਦਾ **੫**, ੧ : ੧ (1429)

3. ਉਸ ਪਾਸ

"ਹਉ ਪੰਥੁ ਦਸਾਈ ਨਿਤ ਖੜੀ ਕੋਈ ਪ੍ਰਭੁ ਦਸੇ **ਤਿਨਿ** ਜਾਉ।" (ਉਧਰ—ਮਹਾਨਕੋਸ਼)
— ਸਿਰੀ **੪**, ੬੮, ੧ : ੧ (41)

4. ਘਾਹ, ਤ੍ਰਿਣ, ਹੋਰ ਵੇਖੋ ਤਿਨੁ

"ਬਨਿ **ਤਿਨਿ** ਪਰਬਤਿ ਹੈ ਪਾਰਬ੍ਰਹਮੁ।"
— ਗਉ **੫**, ਸੁਖ ੨੩, ੨ : ੫ (294)

5. ਇੰਨਾਂ/ਉਨ੍ਹਾਂ ਨੇ

"ਤੇਰੇ ਮੁੰਧ ਕਟਾਰੇ ਜੇਵਡਾ **ਤਿਨਿ** ਲੋਭੀ ਲੋਭ ਲੁਭਾਇਆ।"
— ਵਡ **੧**, ੩, ੧ : ੨ (557)

ਤਿਨੀ — ਉਨ੍ਹਾਂ ਨੇ

"ਜਿਨੀ ਸਤਿਗੁਰੁ ਸੇਵਿਆ **ਤਿਨੀ** ਪਾਇਆ ਨਾਮੁ ਨਿਧਾਨੁ।" — ਸਿਰੀ **੩**, ੩੪, ੨ : ੧ (26)

ਤਿਨੁ — 1. ਘਾਹ, ਤ੍ਰਿਣ

"ਮਾਨੁਖ ਬਨੁ **ਤਿਨੁ** ਪਸੂ ਪੰਖੀ ਸਗਲ ਤੁਝਹਿ ਅਰਾਧਤੇ।"
— ਆਸਾ **੫**, ਛੰਤ ੫, ੧ : ੫ (455)

ਤਿਨੇਹਾ — ਏਹੋ ਜਿਹਾ

"ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ **ਤਿਨੇਹਾ**।" — ਮਾਰੂ **੧**, ੩, ੪ : ੧ (990)

ਤਿਨੇਹਿ — ਤਿੰਨਾਂ ਦਾ

"ਜਲ ਮਹਿ ਜੀਅ ਉਪਾਇ ਕੈ ਬਿਨੁ ਜਲ ਮਰਣੁ **ਤਿਨੇਹਿ**।"
— ਸਿਰੀ **੧**, ਅਸ ੧੧, ੧ : ੩ (60)

ਤਿਨੈ — 1. ਉਸ ਨੂੰ ਤਿਸ ਨੂੰ

"ਕਹਿ ਕਬੀਰ ਰਾਮੁ ਰਿਦੈ ਬਿਚਾਰੈ ਸੂਤਕੁ **ਤਿਨੈ** ਨ ਹੋਈ।" — ਗਉ **ਕਬ**, ੪੧, ੩ : ੨ (331)

2. ਉਸ ਨੇ, ਤਿਸ ਨੇ

"ਮਹਾ ਰੋਗੁ ਬਿਕਰਾਲੁ **ਤਿਨੈ** ਬਿਦਾਰੂਓ।"
— ਗੂਜ **੫**, ਵਾਰ ੧੬ : ੪ (522)

"ਜਿਨਿ ਆਖੀ ਸੋਈ ਕਰੇ ਜਿਨਿ ਕੀਤੀ **ਤਿਨੈ** ਥਈਐ।" (ਉਸ ਨੇ ਆਪ ਹੀ)

— ਰਾਮ **ਬਸ**, ਵਾਰ ੨ : ੧੨ (967)

ਤਿੰਨੈ — ਤਿਸ/ ਉਸ ਨੇ

"**ਤਿੰਨੈ** ਮਾਰੇ ਨਾਨਕਾ ਜਿ ਕਰਣ ਕਾਰਣ ਸਮਰਥੁ।"

— ਗਉ **੪**, ਵਾਰ ੨੨ਸ, **੫**, ੨ : ੨ (315)

ਤਿਨ੍ — 1. ਉਨ੍ਹਾਂ

"ਪੰਚ ਪਹਰੂਆ ਦਰ ਮਹਿ ਰਹਤੇ **ਤਿਨ੍** ਕਾ ਨਹੀ ਪਤੀਆਰਾ।"

— ਗਉ **ਕਬ**, ੭੩, ੨ : ੧ (339)

"ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ **ਤਿਨ੍** ਕੁਰਬਾਣਾ।" (ਉਨ੍ਹਾਂ ਤੋਂ)

— ਆਸਾ **੪**, ਸੋਦ ੨, ੨ : ੫ (348)

"ਭਗਤਿ ਰਤੇ **ਤਿਨ੍** ਸਚੀ ਸੋਇ।" (ਉਨ੍ਹਾਂ ਦੀ)

— ਆਸਾ **੩**, ੫੧, ੫ : ੩ (365)

"ਇਕਿ ਫਿਰਹਿ ਉਦਾਸੀ **ਤਿਨ੍** ਕਾਮਿ ਵਿਆਪੈ।" (ਉਨ੍ਹਾਂ ਨੂੰ) — ਆਸਾ **੫**, ੧, ੨ : ੧ (370)

2. ਉਸ ਨੂੰ

"ਹਰਿ ਹਰਿ ਹਰਿ ਹਰਿ ਹਰਿ ਜਨ ਊਤਮ ਕਿਆ ਉਪਮਾ **ਤਿਨ੍** ਦੀਜੈ।"

— ਕਲਿ **੪**, ਅਸ ੧, ੮ : ੧ (1324)

ਹੋਰ ਰੂਪ — ਤਿੰਨ੍ —

"ਜੰਮਣੁ ਮਰਣੁ ਨ **ਤਿੰਨ੍** ਕਉ ਜੋ ਹਰਿ ਲੜਿ ਲਾਗੇ।" — ਗਉ **੫**, ਵਾਰ ੧੬ : ੧ (322)

ਤਿਨ੍ —

"ਹਰਿ ਗੁਰੁ ਨਾਨਕੁ ਜਿਨ ਪਰਸਿਓ **ਤਿਨ੍** ਸਭ ਕੁਲ ਕੀਓ ਉਧਾਰੁ।"

— ਸਵ **੫**, ੬ : ੬ (1386)

ਤਿੰਨ੍ਹੀ — ਤਿੰਨ੍ਹਾਂ ਨੇ, ਉਨ੍ਹਾਂ ਨੇ

"ਜੇਤੇ ਖੰਡ ਬ੍ਰਹਮੰਡ ਉਧਾਰੇ **ਤਿੰਨ੍ਹੀ**।"

— ਆਸਾ **੫**, ੧੦੮, ੨ : ੧ (397)

ਤਿਨ੍ਾ — ਉਨ੍ਹਾਂ

"ਜਿਨ੍ ਕੈ ਪੋਤੈ ਪੁੰਨੁ **ਤਿਨ੍ਾ** ਗੁਰੂ ਮਿਲਾਏ।"

— ਆਸਾ **੩**, ੫੦, ੪ : ੨ (364)

"ਨਾਨਕ ਨਾਮੁ **ਤਿਨ੍ਾ** ਕਦੇ ਨ ਵੀਸਰੈ ਸੇ ਦਰਿ ਸਚੇ ਜਾਣੁ।" (ਉਨਾਂ ਨੂੰ)

— ਆਸਾ **੩**, ੩੫, ੯ : ੨ (429)

ਹੋਰ ਰੂਪ — ਤਿਨ੍ਹਾਂ —

"ਜਿਨਾ ਨਾਉ ਸੁਹਾਗਣੀ **ਤਿਨ੍ਹਾਂ** ਝਾਕ ਨ ਹੋਰ।"

— ਸਲੋ **ਫਰ**, ੧੧੪ : ੨ (1384)

ਤਿੰਨ੍ਾ —

"ਜਿੰਨਾ ਨੈਣ ਨੀਂਦ੍ਰਾਵਲੇ **ਤਿੰਨ੍ਾ** ਮਿਲਣੁ ਕੁਆਉ।" (ਉਨ੍ਹਾਂ)

— ਸਲੋ **ਫਰ**, ੮੦ : ੨ (1382)

ਤਿਨ੍ਾ ਹੀ — ਉਨ੍ਹਾਂ ਨਾਲ

"ਕਹਿਆ ਸੁਣਹਿ ਨ ਖਾਇਆ ਮਾਨਹਿ **ਤਿਨ੍ਾ ਹੀ** ਸੇਤੀ ਵਾਸਾ।"

— ਬਸੰ **੧**, ੧੧, ੪ : ੧ (1171)

ਤਿਨਿ੍ — ਉਸ ਨੇ

"ਰਵਿਦਾਸੁ ਢੁਵੰਤਾ ਢੋਰ ਨੀਤਿ **ਤਿਨਿ੍** ਤਿਆਗੀ ਮਾਇਆ।" — ਆਸਾ **ਧੰਨਾ**, ੨, ੨ : ੧ (487)

ਹੋਰ ਰੂਪ — ਤਿਨ੍ੀ —

"ਗੁਰਮੁਖਿ ਆਪੁ ਪਛਾਣਿਆ **ਤਿਨ੍ੀ** ਇਕ ਮਨਿ ਧਿਆਇਆ।" (ਉਨ੍ਹਾਂ ਨੇ)

— ਆਸਾ **੩**, ਅਸ ੩੫, ੨ : ੧ (429)

ਤ੍ਰਿਪਤਾਇ — ਤ੍ਰਿਪਤ ਹੁੰਦਾ/ਰਜਦਾ ਹੈ

"ਹਰਿ ਪ੍ਰਭੁ ਵੇਪਰਵਾਹੁ ਹੈ ਕਿਤੁ ਖਾਧੈ **ਤ੍ਰਿਪਤਾਇ**।"

— ਸਲੋ **੩**, ੧੨ : ੬ (1413)

ਤ੍ਰਿਪਤਾਸੈ — ਤ੍ਰਿਪਤਾ ਹੁੰਦਾ ਹੈ

"ਸਤਿਗੁਰ ਕੈ ਭਾਣੈ ਜੋ ਚਲੈ **ਤ੍ਰਿਪਤਾਸੈ** ਹਰਿ ਗੁਣ ਗਾਇ।" — ਸਲੋ **੩**, ੧੨ : ੭ (1414)

ਤ੍ਰਿਪਤਿ — 1. ਸੰਤੁਸ਼ਟ, ਤ੍ਰਿਪਤ,

"ਅੰਨੁ ਧੰਨੁ ਬਹੁਤੁ ਉਪਜਿਆ ਪ੍ਰਿਥਮੀ ਰਜੀ **ਤ੍ਰਿਪਤਿ** ਅਘਾਇ।"

— ਗਉ **੫**, ਵਾਰ ੧੬ਸ, **੫**, ੧ : ੨ (321)

ਹੋਰ ਰੂਪ — ਤ੍ਰਿਪਤੇ —

"ਨੈਨ **ਤ੍ਰਿਪਤੇ** ਦਰਸੁ ਪੇਖਿ ਜਸੁ ਤੋਖਿ ਸੁਨਤ ਕਰਨ।" (ਤ੍ਰਿਪਤ ਹੋਏ)

— ਕਾਨ **੫**, ੪੦, ੧ : ੧ (1306)

ਤ੍ਰਿਪਤੈ —

"ਤਿਸਨਾ ਅੰਦਰਿ ਅਗਨਿ ਹੈ ਨਹ **ਤ੍ਰਿਪਤੈ** ਭੂਖਾ ਤਿਹਾਇਆ।"

— ਮਾਝ **੧**, ਵਾਰ ੨ : ੩ (138)

2. ਤ੍ਰਿਪਤੀ, ਸੰਤੁਸ਼ਟਤਾ

"**ਤ੍ਰਿਪਤਿ** ਨਾਹੀ ਮਾਇਆ ਮੋਹ ਪਸਾਰੀ।"

— ਆਸਾ **੧**, ਅਸ ੧੦, ੫ : ੨ (416)

ਤਿਪੀਆ — ਤ੍ਰਿਪਤੀਆਂ, ਰਤੀਆਂ, ਸੰਤੁਸ਼ਟ ਹੋਈਆਂ
"ਲਗੜੀਆ ਪਿਰੀਅੰਨਿ ਪੇਖੰਦੀਆ ਨ **ਤਿਪੀਆ**।"
— ਮਾਰੂ **੫**, ਵਾਰ ੨੧ਸ, **੫**, ੧ : ੧ (1101)

ਤਿਮਰ — ਹਨੇਰਾ, ਅਗਿਆਨ
"ਨਾਨਕ ਗੁਰਮੁਖਿ ਗਿਆਨੁ ਪਰਾਪਤਿ ਹੋਵੈ **ਤਿਮਰ** ਅਗਿਆਨੁ ਅਧੇਰੁ ਚੁਕਾਇਆ।"
— ਗੂਜ **੩**, ਵਾਰ ੧੧ਸ, **੩**, ੧ : ੪ (512)

ਤਿਰਸਕਾਰ — (ਸੰ. तिरस्कार) ਅਨਾਦਰ, ਅਪਮਾਨ
"**ਤਿਰਸਕਾਰ** ਨਹ ਭਵੰਤਿ ਨਹ ਭਵੰਤਿ ਮਾਨ ਭੰਗਨਹ।" — ਸਸ **੫**, ੨੮ : ੧ (1356)

ਤਿਰਿ — ਤਰ, ਪਾਰ ਹੋ
"ਹਰੂਏ ਹਰੂਏ **ਤਿਰਿ** ਗਏ ਡੂਬੇ ਜਿਨ ਸਿਰ ਭਾਰ।"
— ਸਲੋ **ਕਬ**, ੩੫ : ੨ (1366)

ਤਿਰੀਆ — ਇਸਤ੍ਰੀ, ਪਤਨੀ
"ਲਟ ਛਿਟਕਾਏ **ਤਿਰੀਆ** ਰੋਵੈ ਹੰਸੁ ਇਕੇਲਾ ਜਾਈ।" — ਆਸਾ **ਕਬ**, ੯, ੩ : ੨ (478)

ਤਿਰੁ — ਤਿਲ ਮਾਤਰ, ਥੋੜੀ
"ਸਿਧ ਸਾਧਿਕ ਤੇਤੀਸ ਕੋਰਿ **ਤਿਰੁ** ਕੀਮ ਨ ਪਰੀਐ।" — ਸਮੁ **੫**, ੮ : ੨ (1386)

ਤਿਰੈ — ਤਰ ਜਾਂਦਾ/ਪਾਰ ਹੋ ਜਾਂਦਾ ਹੈ
"ਜੀਤੋ ਬੂਡੈ ਹਾਰੋ **ਤਿਰੈ**।"
— ਭੈਰ **ਕਬ**, ੧੪, ੩ : ੧ (1161)

ਤਿਲ — 1. ਤਿਲ ਮਾਤਰ, ਥੋੜਾ ਜਿਹਾ, ਨਿਗੂਣਾ ਜਿਹਾ
"ਜੇ ਕੋ ਪਾਵੈ **ਤਿਲ** ਕਾ ਮਾਨੁ।"
— ਜਪੁ **੧**, ੨੧ : ੨ (4)
"ਬਿਘਨੁ ਨ ਲਾਗੈ **ਤਿਲ** ਕਾ ਕੋਈ ਕਾਰਜ ਸਗਲ ਸਵਾਰੇ।" — ਸੋਰ **੫**, ੬੦, ੧* : ੨ (624)
2. ਤਿਲ ਦਾ ਬੀਜ, ਇਕ ਨਿੱਕਾ ਜਿਹਾ ਬੀਜ ਜਿਸ ਦਾ ਤੇਲ ਕੱਢਿਆ ਜਾਂਦਾ ਹੈ।
"ਅਜਰਾਈਲੁ ਫਰੇਸਤਾ **ਤਿਲ** ਪੀੜੇ ਘਾਣੀ।"
— ਗਉ **੪**, ਵਾਰ ੨੭ : ੫ (315)
"ਫਰੀਦਾ ਜੇ ਜਾਣਾ **ਤਿਲ** ਥੋੜੜੇ ਸੰਮਲਿ ਬੁਕੁ ਭਰੀ।" (ਭਾਵ ਸੁਆਸ)
— ਸਲੋ **ਫਰ**, ੪ : ੧ (1378)
3. ਤਿਲ ਦਾ ਬੂਟਾ, ਹੋਰ ਵੇਖੋ 'ਤਿਲੁ' (3)
"ਛੁਟੇ **ਤਿਲ** ਬੂਆੜ ਜਿਉ ਸੁੰਞੇ ਅੰਦਰਿ ਖੇਤ।"
— ਆਸਾ **੧**, ਵਾਰ ੧ਸ, **੧**, ੩ : ੨ (463)
4. ਥੋੜਾ ਸਮਾਂ, ਖਿਨ ਮਾਤਰ, ਵੇਖੋ 'ਤਿਲਾ' (4)
"ਰਾਮ ਨਾਮੁ ਇਕੁ **ਤਿਲ ਤਿਲ** ਗਾਵੈ ਮਨੁ ਗੁਰਮਤਿ ਨਾਮਿ ਸਮਾਵੈਗੋ।"
— ਕਾਨ **੪**, ਅਸ ੧, ੪ : ੧ (1308)

ਤਿਲਕ — ਮੱਥੇ ਉਪਰ ਚੰਦਨ/ਕੇਸਰ ਅਥਵਾ ਹੋਰ ਵਸਤੂਆਂ ਦਾ ਲਾਇਆ ਟਿੱਕਾ
"ਪੂਜਾ **ਤਿਲਕ** ਕਰਤ ਇਸਨਾਨਾਂ।"
— ਗਉ **੫**, ੧੦੭*, ੨ : ੧ (201)
ਹੋਰ ਰੂਪ — ਤਿਲਕੁ —
"ਪੂਜਾ **ਤਿਲਕੁ** ਤੀਰਥ ਇਸਨਾਨਾ।"
— ਮਾਝ **੫**, ੧੨, ੨ : ੨ (98)
"ਰਾਮਦਾਸ ਸੋਢੀ **ਤਿਲਕੁ** ਦੀਆ ਗੁਰ ਸਬਦੁ ਸਚੁ ਨੀਸਾਣੁ ਜੀਉ।" (ਭਾਵ ਗੱਦੀ ਦਿਤੀ)
— ਰਾਮ **ਸੁੰਦ**, ਸਦ ੫ : ੬ (923)

ਤਿਲਕੁ — 1. ਮੱਥੇ ਤੇ ਲਾਇਆ ਟਿੱਕਾ, ਵੇਖੋ 'ਤਿਲਕ'
2. ਸ਼ਿਰੋਮਣੀ, ਪ੍ਰਧਾਨ, ਮੁਖੀਆ
"ਰਘੁ ਬੰਸਿ **ਤਿਲਕੁ** ਸੁੰਦਰੁ ਦਸਰਥ ਘਰਿ ਮੁਨਿ ਬੰਛਹਿ ਜਾ ਕੀ ਸਰਣੰ।"
— ਸਵ **੪**, ਗਯੰ ੨ : ੫ (1401)

ਤਿਲਤ — ਤਿਲਾਂ ਦਾ ਰਸ, ਤੇਲ
"ਬੂਝਤ ਦੀਪਕ ਮਿਲਤ **ਤਿਲਤ**।"
— ਮਾਲੀ **੫**, ੩, ੧ : ੨ (987)

ਤਿਲਨਾ — ਤਿਲ ਕਾਤਰ, ਥੋੜਾ ਜਿਹਾ
"ਤਿਸੁ ਜਨ ਕੀ ਵਡਿਆਈ ਹਰਿ ਆਪਿ ਵਧਾਈ ਓਹੁ ਘੇਟੇ ਨ ਕਿਸੈ ਕੀ ਘਟਾਈ ਇਕੁ ਤਿਲੁ ਤਿਲੁ **ਤਿਲਨਾ**।" — ਗੋਂਡ **੪**, ੩, ੩ : ੨ (861)

ਤਿਲਾਹ — ਤਿਲਾਂ ਦੇ
"ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ **ਤਿਲਾਹ**।" — ਸਲੋ **ਫਰ**, ੪੯ : ੧ (1380)

ਤਿਲੁ — 1. ਤਿਲ ਭਰ/ਜਰਾ ਜਿਨਾ ਵੀ, ਰਤਾ ਭਰ ਵੀ
"ਵਡਾ ਦਾਤਾ **ਤਿਲੁ** ਨ ਤਮਾਇ।"
— ਜਪੁ **੧**, ੨੫ : ੨ (5)

2. (ਅ. (ਤਿਲ) ਧੋਖਾ, ਛੱਲ

"ਪੂੰਜੀ ਸਾਚੀ ਗੁਰੁ ਮਿਲੈ ਨਾ ਤਿਸੁ **ਤਿਲੁ** ਨ ਤਮਾਇ।"

— ਸਿਰੀ **੧**, ਅਸ ੯, ੬ : ੩ (59)

3. ਤਿਲਾਂ ਦਾ ਬੂਟਾ, ਵੇਖੋ 'ਤਿਲ' (3)

"ਜਿਉ ਬੂਆੜੁ **ਤਿਲੁ** ਖੇਤ ਮਾਹਿ ਦੁਹੇਲਾ।"

— ਗਉ **੫**, ਸੁਖ ੧੩, ੬ : ੬ (280)

4. ਥੋੜਾ ਸਮਾਂ, ਖਿਨ ਮਾਤਰ ਵੇਖੋ 'ਤਿਲ' (4)

"ਹਾਥ ਪਾਵ ਪਸਾਰਤ ਬਿਲਮੁ **ਤਿਲੁ** ਲਾਗੈ ਤਬ ਲਗੁ ਮੇਰਾ ਮਨੁ ਰਾਮ ਸਮ੍ਾਰੈ।"

— ਆਸਾ **੪**, ੬੨, ੩ : ੨ (368)

ਹੋਰ ਰੂਪ — ਤਿਲੈ —

"ਆਸਾ ਪਿਆਸੀ ਰੈਨਿ ਦਿਨੀਅਰੁ ਰਹਿ ਨ ਸਕੀਐ ਇਕੁ **ਤਿਲੈ**।"

— ਬਿਹਾ **੫**, ਛੰਤ ੨, ੨ : ੫ (543)

5. ਥੋੜਾ, ਰਤਾ

"ਬਿਸਟਾ ਮੂੜੁ ਖੋਦਿ **ਤਿਲੁ ਤਿਲੁ** ਮਨਿ ਨ ਮਨੀ ਬਿਪਰੀਤਿ।"

— ਮਾਰੂ **੫**, ਅਸ ੩, ੩ : ੨ (1018)

ਤਿਲੈ — ਥੋੜਾ ਸਮਾਂ, ਵੇਖੋ 'ਤਿਲ' (4)

ਤਿਲੋਕ — ਤ੍ਰੈਲੋਕੀ, ਅਰਸ਼, ਫਰਸ਼ ਤੇ ਪਾਤਾਲ, ਉਤਮ, ਮਧਮ ਤੇ ਨੀਚ ਲੋਕ

"ਤੀਨਿ **ਤਿਲੋਕ** ਸਮਾਧਿ ਪਲੋਵੈ।"

— ਰਾਮ **ਬੇਣੀ** ੧, ੫ : ੨ (974)

ਤਿਲੋਚਨ — 13ਵੀਂ ਸਦੀ ਦਾ ਵੈਸ਼ ਕੁਲ ਦਾ ਮਹਾਰਾਸ਼ਟਰ ਦਾ ਕਬੀਰ ਜੀ ਦਾ ਸਮਕਾਲੀ ਇਕ ਭਗਤ ਜਿੰਨ੍ਹਾਂ ਦੇ ਸਿਰੀ ਰਾਗ, ਗੂਜਰੀ ਤੇ ਧਨਾਸਰੀ ਰਾਗਾਂ ਵਿਚ 4 ਸ਼ਬਦ ਦਰਜ਼ ਹਨ।

"ਕਹਤ ਨਾਮਦੇਉ ਸੁਨਹੁ **ਤਿਲੋਚਨ** ਬਾਲਕੁ ਪਾਲਨ ਪਉਢੀਅਲੇ।"

— ਰਾਮ **ਨਾਮ**, ੧, ੪ : ੧ (972)

ਹੋਰ ਰੂਪ — ਤਿਲੋਚਨਾ —

"ਨਾਮਾ ਕਹੈ **ਤਿਲੋਚਨਾ** ਮੁਖ ਤੇ ਰਾਮੁ ਸੰਮ੍ਾਲਿ।"

— ਸਲੋ **ਕਬ**, ੨੧੩ : ੧ (1376)

ਤਿਲੋਚਨੁ —

"ਬਦਤਿ **ਤਿਲੋਚਨੁ** ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ।"

— ਗੂਜ **ਤ੍ਰਿਲੋ**, ੨, ੫ : ੨ (526)

ਤਿਵ — ਤਿਵੇਂ, ਤੈਸੇ, ਉਵੇਂ, ਉਸੇ ਤਰਾਂ

"ਜਿਵ ਫੁਰਮਾਏ **ਤਿਵ ਤਿਵ** ਪਾਹਿ।"

— ਜਪੁ **੧**, ੧੯ : ੯ (4)

ਤਿਵੈ — ਤਿਵੇਂ, ਉਸੇ ਤਰ੍ਹਾਂ, ਉਵੇਂ ਹੀ

"ਜਿਵ ਤਿਸੁ ਭਾਵੈ **ਤਿਵੈ** ਚਲਾਵੈ ਜਿਵ ਹੋਵੈ ਫੁਰਮਾਣੁ।" — ਜਪੁ **੧**, ੩੦ : ੩ (7)

ਹੋਰ ਰੂਪ — ਤਿੰਵੈ —

"ਹਰਿ ਇਕਤੈ ਕਾਰੈ ਲਾਇਓਨੁ ਜਿਉ ਭਾਵੈ **ਤਿੰਵੈ** ਨਿਬਾਹਿ ਜੀਉ।"

— ਸਿਰੀ **੫**, ੨੯, ੩ : ੩ (73)

ਤਿਰੰਨ੍ — ਤਰਨ ਦੀ

"ਜੇ ਤੂੰ ਤਾਰੂ ਪਾਣਿ ਤਾਹੂ ਪੁਛੁ **ਤਿੜੰਨ੍** ਕਲ।" (ਤਰਨ ਦੀ ਕਲਾ/ਵਿਦਿਆ)

— ਸਲੋ **੧**, ੩ : ੧ (1410)

ਤੀ — ਇਸਤ੍ਰੀ, ਪਤਨੀ

"ਪਰ ਧਨ ਪਰ ਤਨ ਪਰ **ਤੀ** ਨਿੰਦਾ ਅਖਾਧਿ ਖਾਹਿ ਹਰਕਾਇਆ।"

— ਆਸਾ **੫**, ੧੨੫, ੩ : ੧ (402)

ਤੀਆ — ਤੀਜਾ, ਤੀਸਰਾ

"ਅਵਰੁ ਨ ਜਾਣਾ ਦੂਆ **ਤੀਆ**।"

— ਮਾਰੂ **੧**, ਸੋਲਾ, ੧੩, ੧੨ : ੨ (1034)

ਤੀਐ — ਤਿੰਨ ਗੁਣਾਂ ਵਿਚ

"ਕਿਉ ਸੁਖੁ ਪਾਵੈ ਦੂਐ **ਤੀਐ**।"

— ਮਾਰੂ **੧**, ਸੋਲਾ ੩, ੧੨ : ੨ (1023)

ਤੀਸ — (ਸੰ. ਤ੍ਰਿਸ਼ਕ) ਤੀਹ, ਗਿਣਤੀ ਦੀ ਇਕ ਇਕਾਈ

"**ਤੀਸ** ਬਰਸ ਕਛੂ ਦੇਵ ਨ ਪੂਜਾ ਫਿਰਿ ਪਛੁਤਾਨਾ ਬਿਰਧਿ ਭਇਓ।"

— ਆਸਾ **ਕਬ**, ੧੫, ੧ : ੨ (479)

ਹੋਰ ਰੂਪ — ਤੀਸਾ —

"ਦਸ ਬਾਲਤਣਿ ਬੀਸ ਰਵਣਿ **ਤੀਸਾ** ਕਾ ਸੁੰਦਰੁ ਕਹਾਵੈ।" (ਤੀਹਾਂ ਦਾ)

— ਮਾਝ **੧**, ਵਾਰ ੧ਸ, **੧**, ੩ : ੧ (138)

2. ਤੀਹ ਅਖਰਾਂ ਵਾਲੀ ਲਿਪੀ (ਫਾਰਸੀ)

"**ਤੀਸ** ਇਕੁ ਅਰੁ ਪੰਜਿ ਸਿਧੁ ਪੈਤੀਸ ਨ

ਖੀਣਉ।"
— ਸਵ **੩**, ੧੨ : ੪ (1394)

ਤੀਹ — ਤੀਸ, ਗਿਣਤੀ ਦਾ ਇਕ ਇਕਾਈ
"**ਤੀਹ** ਕਰਿ ਰਖੇ ਪੰਜ ਕਰਿ ਸਾਥੀ ਨਾਉ ਸੈਤਾਨੁ ਮਤੁ ਕਟਿ ਜਾਈ।"
— ਸਿਰੀ **੧**, ੨੨, ੪ : ੧ (28)

ਤੀਖਣ — 1. ਤਿਖਾ, ਤੇਜ਼
"ਕਮਲਾ ਭ੍ਰਮ ਭੀਤਿ ਕਮਲਾ ਭ੍ਰਮ ਭੀਤਿ ਹੇ **ਤੀਖਣ** ਮਦ ਬਿਪਰੀਤਿ ਹੇ ਅਵਧ ਅਕਾਰਥ ਜਾਤ।"
— ਆਸਾ **੫**, ਛੰਤ ੧੪, ੧ : ੧ (461)
"**ਤੀਖਣ** ਬਾਣ ਚਲਾਇ ਨਾਮੁ ਪ੍ਰਭ ਧ੍ਯਾਈਐ।"
— ਫੁਨ **੫**, ੧੬ : ੩ (1363)

ਹੋਰ ਰੂਪ — ਤੀਖਣਿ —
"ਸਸਤ੍ਰਿ **ਤੀਖਣਿ** ਕਾਟਿ ਡਾਰਿਓ ਮਨਿ ਨ ਕੀਨੋ ਰੋਸੁ।"
— ਮਾਰੂ **੫**, ਅਸ ੩, ੧ : ੧ (1017)

ਤੀਖਨ —
"ਮਹਾ ਨਾਦ ਕੁਰੰਕ ਮੋਹਿਓ ਬੇਧਿ **ਤੀਖਨ** ਸਰੀ।" — ਕੇਦਾ **੫**, ੯, ੨ : ੧ (1121)

ਤੀਖੁਣ —
"ਭ੍ਰਮ ਕੀ ਕੂਈ ਤ੍ਰਿਸਨਾ ਰਸ ਪੰਕਜ ਅਤਿ **ਤੀਖ੍ਯਣ** ਮੋਹ ਕੀ ਫਾਸ।"
— ਗਉ **੫**, ੧੨੦*, ੧ : ੧ (204)
"ਹੀਤ ਮੋਹ ਭੈ ਭਰਮ ਭ੍ਰਮਣੰ ਅਹੰ ਫਾਂਸ **ਤੀਖ੍ਯਣ** ਕਠਿਨਹ।" — ਸਸ **੫**, ੫੮ : ੩ (1359)

ਤੀਜੜੀ — ਤੀਸਰੀ, ਤੀਜੀ
"ਹਰਿ **ਤੀਜੜੀ** ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿਰਾਮ ਜੀਉ।"
— ਸੂਹੀ **੪**, ਛੰਤ ੨, ੩ : ੧ (774)

ਤੀਜਾ — ਤੀਸਰਾ
"ਪਹਿਲਾ ਸਚੁ ਹਲਾਲ ਦੁਇ **ਤੀਜਾ** ਖੈਰ ਖੁਦਾਇ।"
— ਮਾਝ **੧**, ਵਾਰ ੭ਸ, **੧**, ੩ : ੨ (141)

ਹੋਰ ਰੂਪ — ਤੀਜੀ —
"ਗੁਰਿ **ਤੀਜੀ** ਪੀੜੀ ਵੀਚਾਰਿਆ ਕਿਆ ਹਥਿ ਏਨਾ ਵੇਚਾਰੇ।"
— ਗਉ **੪**, ਵਾਰ ੧੪ਸ, **੪**, ੧ : ੬ (307)

ਤੀਜੈ —
"**ਤੀਜੈ** ਝਾਖ ਝਖਾਇਆ ਚਉਥੈ ਭੋਰੁ ਭਇਆ।" — ਸਿਰੀ **੫**, ੭੪, ੩ : ੨ (43)

ਤੀਨ — ਤ੍ਰੈ, ਗਿਣਤੀ ਦੀ ਇਕ ਇਕਾਈ, ਤਿੰਨ
"**ਤੀਨ** ਭਵਨ ਨਿਹਕੇਵਲ ਗਿਆਨੁ।"
— ਆਸਾ **੧**, ਅਸ ੬, ੨ : ੨ (414)

ਹੋਰ ਰੂਪ — ਤੀਨਿ —
"ਬੀਸ ਸਪਤਾਹਰੋ ਬਾਸਰੋ ਸੰਗ੍ਰਹੈ **ਤੀਨਿ** ਖੋੜਾ ਨਿਤ ਕਾਲੁ ਸਾਰੈ।" (ਭਾਵ ਬਾਲ, ਜੁਆਨੀ ਤੇ ਬ੍ਰਿਧ ਅਵਸਥਾ)
— ਸਿਰੀ **੧**, ੨੬, ੩ : ੧ (23)
"ਸਾਖਾ **ਤੀਨਿ** ਨਿਵਾਰੀਆ ਏਕ ਸਬਦਿ ਲਿਵ ਲਾਇ।" (ਤਿੰਨ ਗੁਣਾਂ ਰੂਪੀ ਸਾਖਾਵਾਂ)
— ਸਿਰੀ **੩**, ਅਸ ੨੦, ੩ : ੨ (66)
"**ਤੀਨਿ** ਦੇਵ ਏਕ ਸੰਗਿ ਲਾਇ।" (ਭਾਵ ਬ੍ਰਹਮਾ, ਵਿਸ਼ਨੂੰ ਤੇ ਸ਼ਿਵ)
"**ਤੀਨਿ** ਨਦੀ ਤਹ ਤ੍ਰਿਕੁਟੀ ਮਾਹਿ।" (ਕਰਮ, ਗਿਆਨ ਤੇ ਭਗਤੀ)
— ਗਉ **ਕਬ**, ਵਾ ੫ : ੨;੩ (344)
"ਮਿਤ੍ਰ ਪੁਤ੍ਰ ਕਲਤ੍ਰ ਸੁਰ ਰਿਦ **ਤੀਨਿ** ਤਾਪ ਜਲੰਤ।" (ਆਦਿ ਮਨ ਦੇ) ਬਿਆਧਿ (ਸਰੀਰ ਦੇ) ਤੇ ਉਪਾਧਿ (ਭੁਲੇਖੇ) ਦੇ ਦੁੱਖ
— ਗੂਜ **੫**, ੩੦, ੪ : ੧ (502)
"**ਤੀਨਿ** ਸਮਾਏ ਏਕ ਕ੍ਰਿਤਾਰਥ।" (ਧਰਮ, ਅਰਥ ਤੇ ਕਾਮ)
— ਪ੍ਰਭਾ **੧**, ਅਸ ੬, ੫ : ੨ (1345)

ਤੀਨੇ —
"**ਤੀਨੇ** ਲੋਅ ਵਿਆਪਤ ਹੈ ਅਧਿਕ ਰਹੀ ਲਪਟਾਇ।" (ਤਿੰਨੇ ਹੀ)
— ਸਿਰੀ **੩**, ਅਸ ੨੧, ੫ : ੨ (67)

ਤੀਨੈ —
"ਨਾਮੇ ਚੇ ਸੁਆਮੀ ਬੀਠਲੋ ਜਿਨਿ **ਤੀਨੈ** ਜਰਿਆ।" (ਤਿੰਨੋ ਹੀ)
— ਗੂਜ **ਨਾਮ**, ੨, ੩ : ੨ (525)

ਤੀਨੌ —
"ਰੋਗੁ ਨ ਬਿਆਪੈ **ਤੀਨੌ** ਤਾਪ।"
— ਗਉ **ਕਬ**, ੧੭, ੨ : ੪ (327)

ਤੀਰ — 1. (ਫ਼ਾ. ਤੀਰ) ਬਾਣ, ਕਮਾਣ, ਵਿਚ ਰੱਖ ਕੇ ਚਲਾਣ ਵਾਲਾ ਲੰਮਾ ਨੋਕਦਾਰ ਹਥਿਆਰ

ਹੋਰ ਵੇਖੋ 'ਤੀਰ'
"ਤਰਕਸ **ਤੀਰ** ਕਮਾਣ ਸਾਂਗ ਤੇਗਬੰਦ ਗੁਣ ਧਾਤੁ।"
— ਸਿਰੀ **੧**, ੭, ੩ : ੨ (16)
"ਰਾਮ ਭਗਤਿ ਅਨੀਆਲੇ **ਤੀਰ**।"
— ਗਉ **ਕਬ**, ੨੧, ੧* : ੨ (327)
2. (ਸੰ. ਤੀਰਮ੍) ਕਿਨਾਰਾ, ਕੰਢਾ, ਤਟ, ਹੋਰ ਵੇਖੋ ਤੀਰਾ; 'ਤੀਰੈ'
"ਕਾਹੂ **ਤੀਰ** ਕਾਹੂ ਨੀਰ ਕਾਹੂ ਬੇਦ ਬੀਚਾਰ।"
— ਗਉ **੫**, ੧੫੫*, ੩ : ੧ (213)
(ਮਹਾਨਕੋਸ਼ ਇਸ ਦੇ ਅਰਥ ਸ਼ਿਵ ਭਗਤੀ ਕਰਦਾ ਹੈ)
"ਨਾਨਕ ਤਿਨ ਬਲਿਹਾਰਣੈ ਹਰਿ ਜਪਿ ਉਤਰੇ **ਤੀਰ**।" (ਕੰਢੇ ਤੇ)
— ਰਾਮ **੫**, ਰੁਤੀ ੮, ੨ਸ : ੨ (929)

ਤੀਰਥ — ਧਰਮ ਨਾਲ ਸਬੰਧਿਤ ਪਵਿੱਤਰ ਸਥਾਨ
"ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ **ਤੀਰਥ** ਨਾਇ।" — ਸਿਰੀ **੩**, ੬੪, ੧ : ੨ (39)

ਤੀਰਥਹ — ਤੀਰਥਾਂ/ਧਾਰਮਿਕ ਪਵਿਤਰ ਸਥਾਨਾਂ ਉਤੇ
"ਕਰਿ ਗਵਨੁ ਬਸੁਧਾ **ਤੀਰਥਹ** ਮਜਨੁ ਮਿਲਨ ਕਉ ਨਿਰੰਜਨਾ।"
— ਆਸਾ **੫**, ਛੰਤ ੫, ੧ : ੪ (455)

ਤੀਰਥਵਾਸੀ — ਤੀਰਥ ਸਥਾਨਾਂ ਦਾ ਨਿਵਾਸੀ
"ਕਈ ਕੋਟਿ ਭਏ **ਤੀਰਥਵਾਸੀ**।"
— ਗਉ **੫**, ਸੁਖ, ੧੦, ੧ : ੩ (275)

ਤੀਰਥਾ — 1. ਤੀਰਥ ਹੈਨ, ਪਵਿੱਤਰ ਸਥਾਨ ਹਨ
"ਤੇਰੇ ਸਠਿ ਸੰਬਤ ਸਭਿ **ਤੀਰਥਾ**।"
— ਬਸੰ **੧**, ੨, ੩ : ੧ (1168)
ਹੋਰ ਰੂਪ — ਤੀਰਥਾਂ —
"ਪੁਰਖਾਂ ਬਿਰਖਾਂ **ਤੀਰਥਾਂ** ਤਟਾਂ ਮੇਘਾਂ ਖੇਤਾਂਹ।"
— ਆਸਾ **੧**, ਵਾਰ ੮ਸ, **੧**, ੧ : ੧ (467)
2. ਤੀਰਥ-ਇਸਨਾਨ (ਭਾਵ)
"ਹੋਮ ਜਗ ਸਭਿ **ਤੀਰਥਾ** ਪੜ੍ਹਿ ਪੰਡਿਤ ਥਕੇ ਪੁਰਾਣ।" — ਸਲੋ **੩**, ੩੨ : ੧ (1417)

ਤੀਰਥਾਣੇ — ਤੀਰਥਾਂ ਉਤੇ
"ਦੰਡਧਾਰ ਜਟਧਾਰੈ ਪੇਖਿਓ ਵਰਤ ਨੇਮ **ਤੀਰਥਾਣੇ**।" — ਭੈਰ **੫**, ੧੫, ੧ : ੨ (1139)

ਤੀਰਥਿ — ਤੀਰਥ ਤੇ, ਪਵਿੱਤਰ ਸਥਾਨ ਤੇ
"**ਤੀਰਥਿ** ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ।" — ਜਪੁ **੧**, ੬ : ੧ (2)
ਹੋਰ ਰੂਪ — ਤੀਰਥੀ —
"ਭੇਖਧਾਰੀ **ਤੀਰਥੀ** ਭਵਿ ਥਕੇ ਨਾ ਏਹੁ ਮਨੁ ਮਾਰਿਆ ਜਾਇ।" (ਤੀਰਥਾਂ ਤੇ)
— ਸੋਰ **੪**, ਵਾਰ ੨੧ਸ, **੩**, ੨ : ੨ (650)
ਤੀਰਥੁ —
"ਗੁਰੁ ਸਚੁ ਸਾਗਰੁ ਬੋਹਿਥੋ ਗੁਰੁ **ਤੀਰਥੁ** ਦਰੀਆਉ।"
— ਸਿਰੀ **੧**, ੯, ੩ : ੨ (17)

ਤੀਰਾ — ਕੰਢੇ ਤੇ, ਵੇਖੋ ਤੀਰ (2)
"ਰਾਮ ਨਾਮ ਲਗਿ ਉਤਰੇ **ਤੀਰਾ**।" (ਕੰਢੇ ਲਗ ਜਾਏ ਭਾਵ ਪਾਰ ਹੋ ਜਾਏ)
— ਆਸਾ **ਕਬ**, ੧੦, ੪ : ੨ (478)
ਹੋਰ ਰੂਪ — ਤੀਰਿ —
"ਮਹਾ ਸਾਗਰੁ ਨਹ ਵਿਆਪੈ ਖਿਨਹਿ ਉਤਰਿਓ **ਤੀਰਿ**।"
— ਮਾਰੂ **੫**, ਅਸ ੩, ੨ : ੨ (1018)

ਤੀਰੁ — ਬਾਣ
"ਸਹਜੈ ਤੇ ਸੁਖੁ ਅਗਲੋ ਨਾ ਲਾਗੈ ਜਮ **ਤੀਰੁ**।"
— ਸਿਰੀ **੧**, ਅਸ ੭, ੧ : ੩ (57)
(ਮਹਾਨਕੋਸ਼ ਇਥੇ 'ਤੀਰੁ' ਦੇ ਅਰਥ ਪਾਸ ਨੇੜੇ ਕਰਦਾ ਹੈ)

ਤੀਰੈ — ਦਰਿਆਵਾਂ ਦੇ ਕੰਢੇ, ਤਟ, ਵੇਖੋ ਤੀਰ (2)
"ਗ੍ਰਿਹ ਬਨਹਿ **ਤੀਰੈ** ਬਰਤ ਪੂਜਾ ਬਾਟ ਘਾਟੈ ਜੋਹਨੀ।" — ਬਿਲਾ **੫**, ਛੰਤ ੩, ੨ : ੫ (847)

ਤੁ — ਤੇਰੇ
"ਆਪੁਨੋ ਭਾਵਨੁ ਕਰਿ ਮੰਤ੍ਰਿ ਨ ਦੂਸਰੋ ਧਰਿ ਓਪਤਿ ਪਰਲੌ ਏਕੈ ਨਿਮਖ **ਤੁ** ਘਰਿ।"
— ਸਮੁ **੫**, ੨ : ੨ (1385)
ਹੋਰ ਰੂਪ — ਤੁਅ —
"ਜੋਗੀਸਰ ਪਾਵਹਿ ਨਹੀ **ਤੁਅ** ਗੁਣ ਕਥਨੁ ਅਪਾਰ।" (ਤੇਰੇ)
— ਗਉ **ਰਵਿ**, ੧, ੩ : ੧ (346)
"ਕਬੀਰ ਨੈਨ ਨਿਹਾਰਉ ਤੁਝ ਕਉ ਸ੍ਰਵਨ ਸੁਨਉ

ਤੁਅ ਨਾਉ।" (ਤੇਰਾ)
— ਸਲੋ **ਕਬ**, ੧੧੯ : ੧ (1370)

ਤੁਅ — 1. ਤੇਰੇ, ਤੇਰਾ, ਵੇਖੋ 'ਤੁ'
2. ਤੈਨੂੰ
"ਆਠ ਜਾਮ ਚਉਸਠਿ ਘਰੀ **ਤੁਅ** ਨਿਰਖਤ ਰਹੈ ਜੀਉ।"— ਸਲੋ **ਕਬ**, ੨੩੫ : ੧ (1377)
"**ਤੁਅ** ਸਤਿਗੁਰ ਸੰ ਹੇਤੁ ਨਾਮਿ ਲਾਗਿ ਜਗੁ ਉਧਰ੍ਉ।"
— ਸਵ **੫**, ਕਲ ੯, ੨ : ੨ (1408

ਤੁਆਨਾ — (ਫ਼ਾ.ਤੁਵਾਨਾ) ਕਰ ਸਕਨ ਜੋਗਾ, ਤਾਕਤਵਰ
"ਮਲ **ਤੁਆਨਾ** ਤੂ ਕੁਦਰਤੀ ਆਇਆ।"
— ਮਲਾ **੧**, ਵਾਰ ੨੭ਸ, **੧**, ੨ : ੬ (1291)

ਤੁਈ — ਤੂੰ ਹੀ, ਕੇਵਲ ਤੂੰ, ਹੋਰ ਵੇਖੋ 'ਤੁਹੀ'
"ਏਕ ਤੂਈ ਏਕ **ਤੁਈ**।"
— ਮਾਝ **੧**, ਵਾਰ ੧੩ਸ, **੧**, ੨ : ੪ (144)

ਤੁਸਹਿ — (ਸ. ਤੁਸ਼੍ਟ ਪ੍ਰਸੰਨ ਹੋਣਾ) ਕਿਰਪਾਲੂ ਹੋਵੇ, ਹੋਰ ਵੇਖੋ 'ਤੁਸਿ'
"ਜਾ ਤੂੰ **ਤੁਸਹਿ** ਮਿਹਰਵਾਨ ਅਚਿੰਤੁ ਵਸਹਿ ਮਨ ਮਾਹਿ।"
— ਗੂਜ **੫**, ਵਾਰ ੨ਸ, **੫**, ੧ : ੧ (518)

ਤੁਸਾ — ਤੁਸੀਂ
"ਜਾਇ ਪੁਛਹੁ ਸੋਹਾਗਣੀ **ਤੁਸਾ** ਕਿਉ ਕਰਿ ਮਿਲਿਆ ਪ੍ਰਭੁ ਆਇ।" — ਸਿਰੀ **੪**, ੬੯, ੧ : ੨ (41)

ਤੁਸਾੜੀਆ — ਤੁਹਾਡੀ
"ਸੇਵਾ ਕਰੀ **ਤੁਸਾੜੀਆ** ਮੈ ਦਸਿਹੁ ਮਿਤਾ।"
— ਰਾਮ **੫**, ਵਾਰ ੧੯ : ੫ (965)

ਤੁਸਿ — ਤ੍ਰੁਠ ਕੇ, ਪ੍ਰਸੰਨ ਹੋ ਕੇ, ਕ੍ਰਿਪਾ ਕਰਕੇ, ਮਿਹਰਬਾਨ ਹੋ ਕੇ ਵੇਖੋ 'ਤੁਸਹਿ'
"ਅੰਤਰਿ ਪਿਆਸ ਹਰਿ ਨਾਮ ਕੀ ਗੁਰੁ **ਤੁਸਿ** ਮਿਲਾਵੈ ਸੋਇ।"— ਸਿਰੀ **੪**, ੬੭, ੧* : ੨ (40)

ਤੁਸੀ — ਤੁਸਾਂ, ਆਪ
"ਜਾਇ ਪੁਛਹੁ ਸੋਹਾਗਣੀ **ਤੁਸੀ** ਰਾਵਿਆ ਕਿਨੀ ਗੁਣੀ।" — ਸਿਰੀ **੧**, ੧੦, ੨ : ੧ (17)
"**ਤੁਸੀ** ਭੋਗਿਹੁ ਭੁੰਚਹੁ ਭਾਈ ਹੋ।"
— ਸਿਰੀ **੫**, ਅਸ ੨, ੯, ੪ : ੧ (73)

ਤੁਹ — (ਸੰ. ਤੁਸ਼) ਫੂਸ, ਛਿਲੜ, ਹੋਰ ਵੇਖੋ 'ਤੁਹੁ'
"**ਤੁਹ** ਕੁਟਹਿ ਮਨਮੁਖ ਕਰਮ ਕਰਹਿ ਭਾਈ ਪਲੈ ਕਛੂ ਨ ਪਾਇ।"
— ਸੋਰ **੩**, ੮, ੨ : ੨ (603)
"ਅੰਤਰਿ ਲੋਭੁ ਮਹਾ ਗੁਬਾਰਾ **ਤੁਹ** ਕੂਟੈ ਦੁਖ ਖਾਇ।" (ਭਾਵ ਬੇਅਰਥ ਕੰਮ ਕਰੇ)
— ਸਾਰ **੪**, ੪, ੪ : ੨ (1199)

ਤੁਹਨੋ — ਤੈਨੂੰ
"ਗਾਵਹਿ **ਤੁਹਨੋ** ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ।" — ਜਪੁ **੧**, ੨੭ : ੪ (6)

ਤੁਹਾਰਾ — ਤੁਹਾਡਾ, ਤੇਰਾ
"ਨਾਨਕ ਸਰਨਿ ਪਰਿਓ ਜਗ ਬੰਦਨ ਰਾਖਹੁ ਬਿਰਦੁ **ਤੁਹਾਰਾ**।" (ਭਾਵ ਆਪਣਾ)
— ਜੈਤ **੯**, ੩, ੨ : ੨ (703)

ਤੁਹਾਰਿ — ਤੁਹਾਡੀ, ਤੇਰੀ
"ਮੈ ਆਹੀ ਓੜਿ **ਤੁਹਾਰਿ** ਨਾਨਕ ਬਲਿਹਾਰੀਆ।"
— ਗਉ **੫**, ਅਸ ੧੨, ੫ : ੨ (241)

ਹੋਰ ਰੂਪ — ਤੁਹਾਰੀ —
"ਜਨ ਨਾਨਕ ਓੜਿ **ਤੁਹਾਰੀ** ਪਰਿਓ ਆਇਓ ਸਰਣਾਗਿਓ।" (ਤੁਹਾਡੀ, ਤੇਰੀ)
— ਗਉ **੫**, ੧੬੦*, ੪ : ੧ (215)

ਤੁਹਾਰੀਆ —
"ਉਸਤਤਿ ਕਹਨੁ ਨ ਜਾਇ ਮੁਖਹੁ **ਤੁਹਾਰੀਆ**।"
— ਗਉ **੫**, ਬਾਅ ੫੫ਸ : ੩ (261)

ਤੁਹਾਰੇ —
"ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨਿ **ਤੁਹਾਰੇ**।"
— ਗਉ **੫**, ੧੨੫*, ੧ : ੨ (206)

ਤੁਹਾਰੈ —
"ਨਾਮੁ ਇਸਟੁ ਮੀਤ ਸੁਤ ਕਰਤਾ ਮਨ ਸੰਗਿ **ਤੁਹਾਰੈ** ਚਾਲੈ।"
— ਗਉ **੫**, ੧੫੩*, ੩ : ੧ (213)

ਤੁਹਾਰੋ —
"ਕਾਂਖੀ ਏਕੈ ਦਰਸ **ਤੁਹਾਰੋ**।" (ਤੁਹਾਡੇ)
— ਗਉ **੫**, ਸੁਖ ੧, ੧ : ੯ (262)

ਤੁਹਿ — 1. ਤੇਰੇ
"ਤੂੰ ਸਚਾ ਸਾਹਿਬੁ ਅਤਿ ਵਡਾ **ਤੁਹਿ** ਜੇਵਡੁ ਤੂੰ ਵਡ ਵਡੇ।" — ਗਉ **੪**, ਵਾਰ ੩੩ : ੧ (317)

2. ਤੈਨੂੰ
"ਹੇ ਬਉਰੇ **ਤੁਹਿ** ਘਰੀ ਨ ਰਾਖੈ ਕੋਈ।"
— ਆਸਾ **ਕਬ**, ੯, ੧* : ੧ (478)
"ਜਿਹ ਸਿਮਰਨ ਨਾਹੀ **ਤੁਹਿ** ਕਾਨਿ।"
— ਰਾਮ **ਕਬ**, ੯, ੫ : ੧ (971)

ਤੋਹਿ —
"ਰੇ ਜੀਅ ਨਿਲਜ ਲਾਜ **ਤੋਹਿ** ਨਾਹੀ।"
— ਗਉ **ਕਬ**, ਅਸ ੩੮, ੧* : ੧ (330)

ਤੁਹੀ — ਕੇਵਲ ਤੂੰ
"ਏਕ ਤੂਹੀ ਏਕ **ਤੁਹੀ**।"
— ਮਾਝ **੧**, ਵਾਰ ੧੩ਸ, **੧**, ੧ : ੩ (143)
"ਮਨ ਤਨ ਅੰਤਰਿ **ਤੁਹੀ** ਧਿਆਇਆ।" (ਕੇਵਲ ਤੈਨੂੰ ਹੀ) — ਗਉ **੫**, ੮੭, ੪ : ੧ (181)

ਹੋਰ ਰੂਪ — ਤੁੰਹੀ —
"**ਤੁੰਹੀ** ਨਿਰੰਜਨੁ ਕਮਲਾ ਪਾਤੀ।"
— ਧਨਾ **ਸੈਣ**, ੨, ੨ : ੨ (695)

ਤੋਹੀ —
"ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ **ਤੋਹੀ**।"
— ਧਨਾ **੧**, ੩, ੨ : ੧ (13)

ਤੁਹੁ — ਭੂਸਾ, ਛਿਲੜ, ਵੇਖੋ 'ਤੁਹ'
"ਸਾਰੋ ਦਿਨਸੁ ਮਜੂਰੀ ਕਰਤਾ **ਤੁਹੁ** ਮੂਸਲਹਿ ਛਰਾਇਆ।" — ਟੋਡੀ **੫**, ੪, ੩ : ੧ (712)

ਤੁਖ — ਛਿਲੜ/ਤੋਰ ਨੂੰ ਵੇਖੋ ਤੁਹ
"ਕਬੀਰ ਚਾਵਲ ਕਾਰਣੇ **ਤੁਖ** ਕਉ ਮੁਹਲੀ ਲਾਇ।"
— ਰਾਮ **੫**, ਵਾਰ ੨੦ਸ, **੫**, ੨ : ੧ (965)

ਹੋਰ ਰੂਪ — ਤੁਖਾ —
"ਕਣ ਬਿਨਾ ਜੈਸੇ ਥੋਥਰ **ਤੁਖਾ**।"
— ਗਉ **੫**, ੧੩੪, ੧ : ੧ (192)

ਤੁਖਾਈਆ — ਘੋੜੀ
"ਜਿਤੁ ਹਰਿ ਪ੍ਰਭੁ ਜਾਪੈ ਸਾ ਧਨੁ ਧੰਨੁ **ਤੁਖਾਈਆ** ਰਾਮ।" — ਵਡ **੪**, ਘੋੜੀ ੧, ੪ : ੨ (575)

ਤੁਖਾਰ — ਤੁਖਾਰ ਦਾ ਘੋੜਾ, ਉਤਰ ਪਛਮ ਦਾ ਇਕ ਦੇਸ਼ ਜਿਥੋਂ ਦੇ ਘੋੜੇ ਉਤਮ ਨਸਲ ਦੇ ਮੰਨੇ ਜਾਂਦੇ ਹਨ।
"ਤਾਜੀ ਰਥ **ਤੁਖਾਰ** ਹਾਥੀ ਪਾਖਰੇ।"
— ਮਾਝ **੧**, ਵਾਰ ੮ : ੫ (141)

ਤੁਖਾਰੁ — (ਸੰ. ਤੁਸ਼ਾਰ ਬਰਫ) ਠੰਢ, ਪਾਲਾ, ਸਰਦੀ
"ਪੋਖਿ **ਤੁਖਾਰੁ** ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ।" — ਮਾਝ **੧**, ਵਾਰ ੧੧ : ੧ (135)

ਤੁੰਗ — (ਸੰ. ਤੁਙਗ) ਉਚਾ ਭਾਵ ਅਮੀਰ, ਪ੍ਰਧਾਨ, ਮੁਖੀਆ
"ਰੰਗ **ਤੁੰਗ** ਗਰੀਬ ਮਸਤ ਸਭੁ ਲੋਕੁ ਸਿਧਾਸੀ।"
— ਮਾਰੂ **੫**, ਵਾਰ ੧੭ : ੩ (1100)

ਹੋਰ ਰੂਪ — ਤੁੰਗੁ —
"ਰਾਣਾ ਰਾਉ ਨ ਕੋ ਰਹੈ ਰੰਗੁ ਨ **ਤੁੰਗੁ** ਫਕੀਰੁ।"
— ਰਾਮ **੧**, ਓਅੰ ੪੪ : ੧ (936)

ਤੁਚਾ — ਚਮੜੀ
"ਕੂੰਡੀ ਚਾਲ ਚਰਣ ਕਰ ਖਿਸਰੇ **ਤੁਚਾ** ਦੇਹ ਕੁਮਲਾਨੀ।" — ਭੈਰ **੧**, ੪, ੧ : ੧ (1126)

ਤੁਛ — ਥੋੜਾ, ਅਲਪ
"**ਤੁਛ** ਮਾਤ ਸੁਣਿ ਸੁਣਿ ਵਖਾਣਹਿ।" (ਅਲਪ ਮਾਤਰ, ਥੋੜਾ ਜਿਹਾ)
— ਮਾਰੂ **੫**, ਸੋਲਾ ੭, ੧੦ : ੨ (1078)

ਤੁਜਾਰਾ — (ਅ. ਤੁਜਾਰ) ਤਾਜਰ (ਸੌਦਾਗਰ) ਦਾ ਬਹੁ ਵਚਨ (ਮਹਾਨਕੋਸ), ਤਜ਼ਾਰਤ ਦੇ ਭੰਡਾਰ, ਖਜ਼ਾਨੇ (ਸ਼ਬਦਾਰਥ); ਖਜ਼ਾਨੇ (ਦਰਪਣ)
"ਇਕਿ ਨਿਰਧਨ ਸਦਾ ਭਉਕਦੇ ਇਕਨਾ ਭਰੇ **ਤੁਜਾਰਾ**।" — ਮਾਝ **੧**, ਵਾਰ ੭ : ੬ (141)

ਤੁਝ — 1. ਤੇਰੇ, ਤੁਹਾਡੇ
"ਤੂੰ ਦਰਿਆਉ ਸਭ **ਤੁਝ** ਹੀ ਮਾਹਿ।"
— ਆਸਾ **੪**, ਸੋਪੁ ੨, ੨ : ੧ (11)
"ਮੇਰੇ ਸਤਿਗੁਰਾ ਮੈ **ਤੁਝ** ਬਿਨੁ ਅਵਰੁ ਨ ਕੋਇ।"
— ਸਿਰੀ **੪**, ੬੫, ੧* : ੧ (39)

ਹੋਰ ਰੂਪ — ਤੁਝਹਿ —
"ਜਨ ਕੀ ਉਪਮਾ **ਤੁਝਹਿ** ਵਡਈਆ।" (ਤੇਰੀ ਹੀ) — ਗਉ **੪**, ੪੬, ੧* : ੨ (166)

ਤੁਝਹੀ —
"ਨਾਨਾ ਰੂਪ ਸਦਾ ਹਹਿ ਤੇਰੇ **ਤੁਝਹੀ** ਮਾਹਿ ਸਮਾਹੀ।" (ਤੇਰੀ ਹੀ)
— ਗਉ **੩**, ੩੫, ੨ : ੨ (162)

ਤੁਝੀ —
"ਸੰਤ **ਤੁਝੀ** ਤਨੁ ਸੰਗਤਿ ਪ੍ਰਾਨ।"

— ਆਸਾ **ਰਵਿ**, ੨, ੧ : ੧ (486)

ਤੁਝੁ —

"ਜਹਾ ਤ੍ਰਿਖਾ ਮਨ **ਤੁਝੁ** ਆਕਰਖੈ।" (ਤੇਰਾ ਸਾਹ ਖਿਚਦੀ ਹੈ)

— ਗਉ **੫**, ਸੁਖ ੨, ੪ : ੯ (264)

"ਹਉ **ਤੁਝੁ** ਬਾਝਹੁ ਖਰੀ ਉਡੀਣੀਆ ਜਿਉ ਜਲ ਬਿਨੁ ਮੀਨੁ ਮਰਾਹਾ।"

— ਸੂਹੀ **੪**, ਛੰਤ ੫, ੨ : ੩ (776)

ਤੁਝੈ —

"ਜਿਸ ਨੋ ਤੂੰ ਪਤੀਆਇਦਾ ਸੋ ਸਣੁ **ਤੁਝੈ** ਅਨਿਤ।" (ਤੇਰੇ ਸਮੇਤ)

— ਸਿਰੀ **੫**, ੭੧, ੩ : ੨ (42)

2. ਤੈਨੂੰ, ਤੁਹਾਨੂੰ

"**ਤੁਝ** ਹੀ ਪੇਖਿ ਪੇਖਿ ਮਨੁ ਸਾਧਾਰਾ।"

— ਸੂਹੀ **੫**, ੧੧, ੧ : ੨ (739)

ਹੋਰ ਰੂਪ —

"**ਤੁਝ** ਰਾਖਨਹਾਰੋ ਮੋਹਿ ਬਤਾਇ।"

— ਬਸੰ **ਕਬ**, ੪, ੪ : ੨ (1194)

ਤੁਝੈ —

"ਜਾ ਦੁਖੁ ਲਾਗੈ ਤਾ **ਤੁਝੈ** ਸਮਾਲੀ।"

— ਸਿਰੀ **੧**, ੩੧, ੧* : ੨ (25)

ਤੁਝਹਿ —

"ਜਹ ਸਾਧ ਸੰਤ ਇਕਤ੍ਰ ਹੋਵਹਿ ਤਹਾ **ਤੁਝਹਿ** ਧਿਆਵਹੇ।" (ਤੁਹਾਨੂੰ ਹੀ)

— ਗਉ **੫**, ਛੰਤ ੨, ੧ : ੪ (248)

ਤੁਝੁ —

"ਸਾਹਿ ਸਾਹਿ **ਤੁਝੁ** ਸੰਮਲਾ ਕਦੇ ਨ ਵਿਸਾਰੇਉ।"

— ਸਿਰੀ **੧**, ੧੬, ੩ : ੧ (20)

3. ਤੂੰ, ਤੁਸੀਂ

"**ਤੁਝ** ਹੀ ਕੀਆ ਜੰਮਣ ਮਰਣਾ।"

— ਮਾਰੂ **੧**, ਸੋਲਾ ੩, ੫ : ੧ (1022)

ਹੋਰ ਰੂਪ — ਤੁਝਹਿ —

"ਤ੍ਰਿਭਵਣੋ **ਤੁਝਹਿ** ਕੀਆ ਜਗਤੁ ਸਬਾਇਆ ਰਾਮ।" (ਤੂੰ ਹੀ)

— ਆਸਾ **੧**, ਛੰਤ ੨, ੪ : ੨ (437)

"ਭਰਮੋ ਭੁਲਾਵਾ **ਤੁਝਹਿ** ਕੀਆ ਜਾਮਿ ਏਹੁ ਚੁਕਾਵਹੇ।" (ਤੂੰਹੀ)

— ਵਡ **੧**, ਛੰਤ ੨, ੫ : ੫ (567)

ਤੁਝੁ —

"ਲੋਭੁ ਮੋਹੁ **ਤੁਝੁ** ਕੀਆ ਮੀਠਾ ਏਤੁ ਭਰਮਿ ਭੁਲਾਣਾ।" (ਤੂੰ)

— ਵਡ **੧**, ਛੰਤ ੨, ੧ : ੫ (566)

ਤੁਝੈ —

"ਤਾ ਮੈ ਕਹਿਆ ਕਹਣੁ ਜਾ **ਤੁਝੈ** ਕਹਾਇਆ।"

— ਵਡ **੧**, ਛੰਤ ੧, ੨ : ੧ (566)

ਤੁਝੈ — 1. ਤੇਰਾ, ਵੇਖੋ 'ਤੁਝ' (1)

2. ਤੈਨੂੰ, ਵੇਖੋ 'ਤੁਝ' (2)

3. ਤੈਥੋਂ

"ਹਉ ਮਾਗਉ **ਤੁਝੈ** ਦਇਆਲ ਕਰਿ ਦਾਸਾ ਗੋਲਿਆ।"

— ਗੂਜ **੫**, ਵਾਰ ੩ : ੧ (518)

4. ਤੂੰ, ਵੇਖੋ 'ਤੁਝ' (3)

ਤੁਟਉ — (ਸੰ. ਤ੍ਰਟ੍) ਟੁੱਟੇ, ਮੁਕ ਜਾਵੇ, ਸਮਾਪਤ ਹੋ ਜਾਵੇ

"ਜਾਇ ਮਿਲਾ ਤਿਨਾ ਸਜਣਾ **ਤੁਟਉ** ਨਾਹੀ ਨੇਹੁ।"

— ਸਲੋ **ਫਰ**, ੨੫ : ੨ (1379)

ਤੁਟਈ — 1. ਮੁਕਣਾ, ਖਤਮ ਹੋਣਾ, ਭੰਗ ਹੋਈ

"ਬਿਨੁ ਗੁਰ ਰੋਗੁ ਨ **ਤੁਟਈ** ਹਉਮੈ ਪੀੜ ਨ ਜਾਇ।"

— ਸਿਰੀ **੩**, ੫੭, ੧ : ੧ (36)

"ਸਾਚੀ ਪ੍ਰੀਤਿ ਨ **ਤੁਟਈ** ਸਾਚੇ ਮੇਲਿ ਮਿਲਾਉ।"

— ਸਿਰੀ **੧**, ਅਸ ੨, ੩ : ੨ (54)

ਹੋਰ ਰੂਪ — ਤੁਟਹਿ —

"ਕੇਤੇ ਖਪਿ **ਤੁਟਹਿ** ਵੇਕਾਰ।" (ਭਾਵ ਰਹਿ ਗਏ, ਮੁਕ ਗਏ) — ਜਪੁ **੧**, ੨੫ : ੫ (5)

"ਸਾਧ ਸੰਗਿ **ਤੁਟਹਿ** ਹਉ ਬੰਧਨ ਏਕੋ ਏਕੁ ਨਿਹਾਲੀਐ।"

— ਮਾਰੂ **੫**, ਅਸ ੭, ੩ : ੩ (1019)

ਤੁਟਹੀ —

"ਬਿਨੁ ਸਤਿਗੁਰ ਬੰਧਨ ਨ **ਤੁਟਹੀ** ਨਾਮਿ ਨ ਲਗੈ ਪਿਆਰੁ।"

— ਮਲਾ **੩**, ਅਸ ੨, ੬ : ੩ (1277)

ਤੁਟਦੀ —

"ਇਸੁ ਪਰੀਤੀ **ਤੁਟਦੀ** ਵਿਲਮੁ ਨ ਹੋਵਈ ਇਤੁ ਦੋਸਤੀ ਚਲਨਿ ਵਿਕਾਰ।"

— ਵਡ **੪**, ਵਾਰ ੫ਸ, **੩**, ੧ : ੮ (587)

ਤੁਟੜੀਆ —
"**ਤੁਟੜੀਆ** ਸਾ ਪ੍ਰੀਤਿ ਜੋ ਲਾਈ ਬਿਅੰਨ ਸਿਉ।"
— ਜੈਤ **੫**, ਵਾਰ ੪ਸ, **੫**, ੨ : ੧ (706)

ਤੁਟਾ —
"ਹਉਮੈ **ਤੁਟਾ** ਮੋਹੜਾ ਇਕੁ ਸਚੁ ਨਾਮੁ ਆਧਾਰੁ।"
— ਰਾਮ **੫**, ਵਾਰ ੪ਸ, **੫**, ੨ : ੪ (958)

ਤੁਟੀ —
"ਨਾਨਕ ਮਨਮੁਖਾ ਨਾਲੋ **ਤੁਟੀ** ਭਲੀ ਜਿਨ ਮਾਇਆ ਮੋਹ ਪਿਆਰੁ।"
— ਗਉ **੪**, ਵਾਰ ੩੧ਸ, **੪**, ੧ : ੫ (316)

ਤੁਟੀਆ —
"ਨਾਨਕ ਮਨਮੁਖਾ ਨਾਲਹੁ **ਤੁਟੀਆ** ਭਲੀ ਜਿਨਾ ਮਾਇਆ ਮੋਹਿ ਪਿਆਰੁ।"
— ਬਿਹਾ **੪**, ਵਾਰ ੨ਸ, **੩**, ੧ : ੯ (549)

ਤੁਟੁ —
"ਕਾਮ ਕ੍ਰੋਧ ਬੁਰਿਆਈਆਂ ਸੰਗਿ ਸਾਧੂ **ਤੁਟੁ**।"
— ਗਉ **੪**, ਵਾਰ ੨, ੯ : ੩ (315)

ਤੁਟੇ —
"ਨਾਨਕ ਉਠੀ ਚਲਿਆ ਸਭਿ ਕੂੜੈ **ਤੁਟੇ** ਨੇਹ।"
— ਸਿਰੀ **੧**, ੬, ੪ : ੩ (16)

ਤੁਟੈ —
"ਨਾਨਕ ਗੁਰਮੁਖਿ ਹਉਮੈ **ਤੁਟੈ** ਤਾ ਹਰਿ ਹਰਿ ਨਾਮੁ ਧਿਆਵੈ।"
— ਮਾਝ **੧**, ਵਾਰ ੪ਸ, **੧**, ੨ : ੫ (139)

2. ਦੋ ਟੁਕੜੇ ਹੋਣਾ, ਟੁੱਟਣਾ
"ਨਾਨਕ ਤਗ ਨ ਤੁਟਈ ਜੇ ਤਗਿ ਹੋਵੈ ਜੋਰੁ।"
— ਆਸਾ **੧**, ਵਾਰ ੧੫ਸ, **੧**, ੨ : ੬ (471)

ਹੋਰ ਰੂਪ — ਤੁਟਨਿ੍ —
"ਤਿਨ੍ ਗਲਿ ਸਿਲਕਾ ਪਾਈਆ **ਤੁਟਨਿ੍** ਮੋਤਸਰੀਆ।"
— ਆਸਾ **੧**, ਅਸ ੧੧, ੩ : ੩ (417)

ਤੁਟਾ —
"ਬੰਧੁ **ਤੁਟਾ** ਬੇੜੀ ਨਹੀ ਨਾ ਤੁਲਹਾ ਨਾ ਹਾਥ।" (ਭਾਵ ਰੁੜ ਗਿਆ)
— ਮਲਾ **੧**, ਵਾਰ ੨ਸ, **੧**, ੩ : ੩ (1287)

ਤੁਟੇ —
"ਪੰਖ **ਤੁਟੇ** ਫਾਹੀ ਪੜੀ ਅਵਗੁਣਿ ਭੀੜ ਬਣੀ।" (ਭਜਣਾ) — ਰਾਮ **੧**, ਓਅੰ ੩੩ : ੪ (934)

ਤੁਟੈ —
"ਕੈਹਾ ਕੰਚਨੁ **ਤੁਟੈ** ਸਾਰੁ।"
— ਮਾਝ **੧**, ਵਾਰ ੧੨ਸ, **੧**, ੨ : ੧ (143)
"ਨਾ ਏਹੁ **ਤੁਟੈ** ਨ ਮਲੁ ਲਗੈ ਨਾ ਏਹੁ ਜਲੈ ਨ ਜਾਇ।"
— ਆਸਾ **੧**, ਵਾਰ ੧੫ਸ, **੧**, ੧ : ੩ (471)

ਤੁਠੜਾ — (ਸੰ. ਤੁਸ਼੍ਟ) ਪ੍ਰਸੰਨ ਹੋਇਆ, ਮਿਹਰਵਾਨ ਹੋਇਆ, ਹੋਰ ਵੇਖੋ 'ਤੁਠਾ'
"ਸਤਿਗੁਰੁ **ਤੁਠੜਾ** ਦਸੇ ਹਰਿ ਪਾਈ ਜੀਉ।"
— ਗਉ **੪**, ੭੦, ੩ : ੩ (175)

ਤੁਠਾ — ਖੁਸ਼, ਪ੍ਰਸੰਨ ਹੋਇਆ, ਮਿਹਰਵਾਨ ਹੋਇਆ, ਵੇਖੋ 'ਤੁਠੜਾ'
"ਮਨੁ ਰੰਗਹੁ ਵਡਭਾਗੀਹੋ ਗੁਰੁ **ਤੁਠਾ** ਕਰੇ ਪਸਾਉ।"
— ਸਿਰੀ **੪**, ੬੭, ੨ : ੧ (40)

ਹੋਰ ਰੂਪ — ਤੁਠਿਆ —
"ਪਾਈਅਨਿ੍ ਸਭਿ ਨਿਧਾਨ ਸਾਹਿਬਿ **ਤੁਠਿਆ**।" (ਮਿਹਰਵਾਨ ਹੋਇਆ)
— ਗੂਜ **੫**, ਵਾਰ ੧੨ : ੮ (521)

ਤੁਠੇ —
"ਸ੍ਰੀਧਰ ਪਾਏ ਮੰਗਲ ਗਾਏ ਇਛ ਪੁੰਨੀ ਸਤਿਗੁਰ **ਤੁਠੇ**।" (ਕ੍ਰਿਪਾਲ ਹੋਣ ਨਾਲ)
— ਸਿਰੀ **੫**, ਛੰਤ ੨, ੫ : ੪ (80)

ਤੁਠੈ —
"ਸਤਿਗੁਰੁ **ਤੁਠੈ** ਪਾਈਐ ਪੂਰਨ ਅਲਖ ਅਭੇਵ।" (ਪਸੰਦ ਹੋਣ/ਕਿਰਪਾ ਕਰਨ ਨਾਲ)
— ਸਿਰੀ **੫**, ੧੦੦, ੧* : ੨ (53)

ਤੁਧ — 1. ਤੂੰ
"ਹਉ ਨਾਹੀ ਤੂ ਹੋਵਹਿ **ਤੁਧ** ਹੀ ਸਾਜਿਆ।"
— ਸੂਹੀ **੧**, ਅਸ ੫, ੫ : ੧ (752)

2. ਤੇਰੇ
"ਉਜੜੁ ਥੇਹੁ ਵਸਾਇਓ ਹਉ **ਤੁਧ** ਵਿਟਹੁ ਕੁਰਬਾਣੁ ਜੀਉ।"— ਸਿਰੀ **੫**, ਅਸ ੨੯, ੬ : ੩ (73)
"ਜੋ ਤੁਧੁ ਸੇਵਹਿ ਸੇ **ਤੁਧੁ** ਹੀ ਜੇਹੇ ਨਿਰਭਉ ਬਾਲ ਸਖਾਈ ਹੇ।"
— ਮਾਰੂ **੧**, ਸੋਲਾ ੨, ੪ : ੩ (1021)

ਤੁਧਹੁ — ਤੇਰੇ ਤੋਂ

"ਪ੍ਰਭ **ਤੁਧਹੁ** ਖਾਲੀ ਕੋ ਨਹੀ ਦਰਿ ਗੁਰਮੁਖਾ ਨੋ ਸਾਬਾਸਿ।" (ਤੇਰੇ ਦਰ ਤੋਂ)
— ਸਿਰੀ **੪**, ੬੫, ੪ : ੨ (40)
"ਹਰਿ **ਤੁਧਹੁ** ਬਾਹਰਿ ਕਿਛੁ ਨਾਹੀ ਤੂੰ ਸਚਾ ਸਾਈ।"
— ਸਿਰੀ **੪**, ਵਾਰ ੨ : ੩ (83)

ਤੁਧਨੋ — 1. ਤੈਨੂੰ
"ਹਰਿ **ਤੁਧਨੋ** ਕਰਹਿ ਸਭ ਨਮਸਕਾਰੁ ਜਿਨਿ ਪਾਪੈ ਤੇ ਰਾਖਿਆ।"
— ਸਿਰੀ **੪**, ਵਾਰ ੧੭ : ੨ (90)
"**ਤੁਧਨੋ** ਛੋਡਿ ਜਾਈਐ ਪ੍ਰਭ ਕੈਂ ਧਰਿ।"
— ਆਸਾ **੫**, ੫, ੩ : ੧ (371)
2. ਤੇਰੇ ਤੋਂ
"ਨਾਨਕੁ ਜਾਚਕੁ ਦਰਿ ਤੇਰੈ ਪ੍ਰਭ **ਤੁਧਨੋ** ਮੰਗੈ ਦਾਨੁ।" — ਗਉ **੫**, ੧੭੨*, ੪ : ੨ (218)

ਤੁਧੁ — 1. ਤੈਨੂੰ
"ਹੋਰਿ ਗਲਾਂ ਸਭਿ ਕੂੜੀਆਂ **ਤੁਧੁ** ਭਾਵੈ ਪਰਵਾਣੁ।"
— ਸਿਰੀ **੧**, ੫, ੪ : ੩ (16)
"**ਤੁਧੁ** ਸਾਲਾਹਿ ਨ ਰਜਾ ਕਬਹੂੰ ਸਚੇ ਨਾਵੈ ਕੀ ਭੁਖ ਲਾਵਣਿਆ।"
— ਮਾਰੂ **੩**, ਅਸ ੮, ੨ : ੩ (113)
ਹੋਰ ਰੂਪ — ਤੁਧੈ —
"ਹਰਿ **ਤੁਧੈ** ਸੇਵੀ ਤੈ ਤੁਧੁ ਸਾਲਾਹੀ।" (ਤੈਨੂੰ ਹੀ) — ਮਾਝ **੩**, ਅਸ ੬, ੬ : ੨ (112)
2. ਤੂੰ
"ਜਿਥੈ ਜਾਇ **ਤੁਧੁ** ਵਰਤਣਾ ਤਿਸ ਕੀ ਚਿੰਤਾ ਨਾਹਿ।" — ਸਿਰੀ **੫**, ੭੩, ੩ : ੨ (43)
"**ਤੁਧੁ** ਸੰਸਾਰੁ ਉਪਾਇਆ।"
— ਸਿਰੀ **੧**, ਅਸ ੨੮, ੨ : ੧ (71)
ਹੋਰ ਰੂਪ — ਤੁਧੈ —
"ਸਭ ਭਾਂਡੇ **ਤੁਧੈ** ਸਾਜਿਆ ਵਿਚਿ ਵਸਤੁ ਹਰਿ ਥਾਰਾ।" (ਤੂੰ ਹੀ)
— ਆਸਾ **੪**, ਛੰਤ ੧੭, ੨ : ੨ (449)
"ਤੂ ਕਰਤਾ ਗੋਵਿੰਦੁ ਤੁਧੁ ਸਿਰਜੀ **ਤੁਧੈ** ਗੋਈ।" (ਤੂੰ ਹੀ)
— ਮਲਾ **੧**, ਵਾਰ ੧੨ : ੨ (1283)
3. ਤੇਰੇ
"ਮੇਰੇ ਸਤਿਗੁਰਾ ਹਉ **ਤੁਧੁ** ਵਿਟਹੁ ਕੁਰਬਾਣੁ।"
— ਸਿਰੀ **੫**, ੯੮, ੧* : ੧ (52)
ਹੋਰ ਰੂਪ — ਤੁਧੈ —
"ਸਭਿ **ਤੁਧੈ** ਪਾਸਹੁ ਮੰਗਦੇ ਨਿਤ ਕਰਿ ਅਰਦਾਸਿ।" (ਤੇਰੇ ਕੋਲੋਂ)
— ਸਿਰੀ **੪**, ਵਾਰ ੯ : ੨ (86)
"ਮੈ ਹੋਰੁ ਨ ਕੋਈ **ਤੁਧੈ** ਜੇਹਾ।"
— ਮਾਝ **੩**, ਅਸ ੬, ੭ : ੧ (112)

ਤੁਪਕ — (ਫਾ. ਤੁਪਕ) ਛੋਟੀ ਤੋਪ, ਬੰਦੂਕ
"ਓਨ੍ਹੀ **ਤੁਪਕ** ਤਾਣਿ ਚਲਾਈ ਓਨ੍ਹੀ ਹਸਤਿ ਚਿੜਾਈ।"
— ਆਸਾ **੧**, ਅਸ ੧੨, ੫ : ੨ (418)

ਤੁਮ — 1. ਤੁਸੀਂ, ਤੂੰ ਦਾ ਬਹੁ-ਵਚਨ, ਹੋਰ ਵੇਖੋ 'ਤੁਮ' (1)
"**ਤੁਮ** ਗਾਵਹੁ ਮੇਰੇ ਨਿਰਭਉ ਕਾ ਸੋਹਿਲਾ।"
— ਗਉ **੧**, ਸੋਹ ੧, ੧* : ੧ (12)
ਹੋਰ ਰੂਪ — ਤੁਮਹਿ —
"ਜਿਸ ਨੋ **ਤੁਮਹਿ** ਦਿਖਾਇਓ ਦਰਸਨੁ ਸਾਧ ਸੰਗਤਿ ਕੈ ਪਾਛੈ।" (ਤੁਸੀਂ)
— ਗਉ **੫**, ੧੩੦*, ੪ : ੧ (207)
ਤੁਮਹੀ —
"ਤੂ ਮੇਰੀ ਓਟ ਬਲ ਬੁਧਿ ਧਨੁ ਤੁਮ ਹੀ **ਤੁਮਹਿ** ਮੇਰੈ ਪਰਵਾਰੈ।"
— ਬਿਲਾ **੫**, ੮੨, ੨ : ੧ (820)
2. ਤੁਹਾਡੇ, ਹੋਰ ਵੇਖੋ 'ਤੁਮੁ' (2)
"ਸਭ ਕੋ **ਤੁਮ** ਹੀ ਤੇ ਵਰਸਾਵੈ ਅਉਸਰੁ ਕਰਹੁ ਹਮਾਰਾ ਪੂਰਾ ਜੀਉ।"
— ਮਾਝ **੫**, ੧੮, ੨ : ੩ (99)
"ਪ੍ਰਭ **ਤੁਮ** ਤੇ ਲਹਣਾ ਤੂੰ ਮੇਰਾ ਗਹਣਾ।" (ਤੇਰੇ)
— ਮਾਝ **੫**, ੪੦, ੩ : ੧ (106)
ਹੋਰ ਰੂਪ — ਤੁਮਹਿ —
"ਪੇਖਿ ਪੇਖਿ ਜੀਵੈ ਪ੍ਰਭੁ ਅਪਨਾ ਅਚਰਜੁ **ਤੁਮਹਿ** ਵਡਾਈ।" (ਤੇਰੀ ਵਡਿਆਈ)
— ਸੋਰ **੫**, ੬੩, ੩ : ੨ (625)
ਤੁਮਹੀ —
"ਸਰਬ ਨਿਧਾਨ ਗੁਛ **ਤੁਮਹੀ** ਪਾਸਿ।"
— ਗਉ **੫**, ੮੩, ੩ : ੩ (180)
3. ਤੁਹਾਨੂੰ, ਹੋਰ ਵੇਖੋ 'ਤੁਮੁ' (3)
"ਸੇ ਵਡਭਾਗੀ ਜਿਨਿ **ਤੁਮ** ਜਾਣੇ।"
— ਮਾਝ **੫**, ੨੨, ੩ : ੧ (102)

ਹੋਰ ਰੂਪ — ਤੁਮਹਿ —
"ਸਾਸਿ ਸਾਸਿ ਪ੍ਰਭ **ਤੁਮਹਿ** ਧਿਆਵਉ।" (ਤੁਹਾਨੂੰ ਹੀ)
— ਗਉ **੫**, ਸੁਖ ੨੦, ੧ : ੬ (289)

ਤੁਮਘਾ — ਤੁਹਾਡਾ
"ਦਰਸਨੁ ਸੰਤ ਦੇਹੁ ਸੁਖੁ ਪਾਵੈ ਪ੍ਰਭ ਲੋਚ ਪੂਰਿ ਜਨੁ **ਤੁਮਾਘਾ**।" — ਸੂਹੀ **੪**, ੨, ੩ : ੨ (731)

ਤੁਮਚੇ — 1. ਤੁਹਾਡੇ
"ਭ੍ਰਮਿ ਭ੍ਰਮਿ ਆਏ **ਤੁਮਰੇ** ਦੁਆਰਾ।"
— ਧਨਾ **ਨਾਮ**, ੪, ੩ : ੨ (693)

2. ਤੁਸੀਂ
"**ਤੁਮਚੇ** ਪਾਰਸੁ ਹਮਚੇ ਲੋਹਾ ਸਗੇ ਕੰਚਨੁ ਭੈਇਲਾ।" — ਪ੍ਰਭਾ **ਨਾਮ**, ੨, ੩ : ੧ (1351)

ਤੁਮਨਛੇ — ਤੁਹਾਡੇ, ਤੇਰੇ
"ਤੁਮ੍ ਵਡ ਪੁਰਖ ਵਡ ਅਗਮ ਗੁਸਾਈ ਹਮ ਕੀਰੇ ਕਿਰਮ **ਤੁਮਨਛੇ**।"
— ਬਸੰ **੪**, ੪, ੧ : ੧ (1178)

ਤੁਮਨਥੇ — ਤੁਹਾਡੇ, ਤੇਰੇ
"ਬਾਰ ਬਾਰ ਖਿਨੁ ਪਲ ਸਭਿ ਗਾਵਹਿ ਗੁਨ ਕਹਿ ਨ ਸਕਹਿ ਪ੍ਰਭ **ਤੁਮਨਥੇ**।"
— ਕਲਿ **੪**, ੩, ੧ : ੨ (1320)

ਤੁਮਨਬਾ — ਤੁਹਾਡਾ, ਤੇਰਾ
"ਜਿਉ ਜਾਨਹੁ ਤਿਉ ਰਾਖਹੁ ਸੁਆਮੀ ਜਨ ਨਾਨਕੁ ਦਾਸੁ **ਤੁਮਨਬਾ**।"
— ਪ੍ਰਭ **੪**, ੬, ੪ : ੨ (1337)

ਤੁਮਰਾ — ਤੇਰਾ, ਤੁਹਾਡਾ
"ਡੋਲੈ ਨਾ ਹੀ **ਤੁਮਰਾ** ਚੀਤੁ।" (ਤੇਰਾ)
— ਗਉ **੫**, ੨੯, ੩ : ੩ (179)
"ਜੀਉ ਪਿੰਡੁ ਸਭੁ **ਤੁਮਰਾ** ਮਾਲਾ।" (ਤੁਹਾਡਾ)
— ਸੂਹੀ **੫**, ੩੮, ੧ : ੨ (744)

ਹੋਰ ਰੂਪ — ਤੁਮਰੀ —
"**ਤੁਮਰੀ** ਆਸ ਪਿਆਸਾ ਤੁਮਰੀ ਤੁਮ ਹੀ ਸੰਗਿ ਮਨੁ ਲੀਨਾ ਜੀਉ।"
— ਮਾਝ **੫**, ੨੧, ੧ : ੩ (100)

ਤੁਮਰੇ —
"**ਤੁਮਰੇ** ਕਰਤਬ ਤੁਮ ਹੀ ਜਾਣਹੁ ਤੁਮਰੀ ਓਟ ਗੋੁਪਾਲਾ ਜੀਉ।"
— ਮਾਝ **੫**, ੩੩, ੧ : ੩ (104)

ਤੁਮਰੈ —
"ਹਮਰੇ ਪ੍ਰਾਨ ਵਸਗਤਿ ਪ੍ਰਭ **ਤੁਮਰੈ** ਮੇਰਾ ਜੀਉ ਪਿੰਡੁ ਸਭ ਤੇਰੀ।"
— ਗਉ **੫**, ੫੮, ੧ : ੧ (170)

ਤੁਮਰੋ —
"ਨਾਮੁ ਜਪੈ ਨਾਨਕੁ ਦਾਸੁ **ਤੁਮਰੋ** ਉਧਰਸਿ ਆਖੀ ਫੋਰ।"
— ਗੂਜ **੫**, ੨੦, ੨ : ੨ (500)

ਤੁਮਾ — ਦਿਸਨ ਨੂੰ, ਖਰਬੂਜੇ ਵਰਗਾ ਪਰ ਵਿਚੋਂ ਕੌੜਾ ਫਲ, ਕੌੜ ਤੁੰਮਾ
"ਤੁਮੀ **ਤੁਮਾ** ਵਿਸੁ ਅਕੁ ਧਤੂਰਾ ਨਿਮੁ ਫਲੁ।"
— ਮਾਝ **੧**, ਵਾਰ ੨੧ਸ, **੧**, ੧ : ੧ (147)

ਹੋਰ ਰੂਪ — ਤੁੰਮਾ —
"ਪੇਖੰਦੜੋ ਕੀ ਭੁਲੁ **ਤੁੰਮਾ** ਦਿਸਮੁ ਸੋਹਣਾ।"
— ਜੈਤ **੫**, ਵਾਰ ੧੦ਸ, **੫**, ੨ : ੧ (708)

ਤੁਮਾਹੀ — ਤੁਸੀਂ ਹੀ
"ਤੁਮਰਾ ਮਰਮੁ **ਤੁਮਾਹੀ** ਜਾਨਿਆ ਤੁਮ ਪੂਰਨ ਪੁਰਖ ਬਿਧਾਤੇ।"— ਗਉ **੫**, ੧੩੫*, ੧:੧ (209)

ਤੁਮਾਤੀ — ਤੁਮਾਰਾ, ਤੇਰਾ
"ਤੂੰ ਜਾਣਹਿ ਜਿਨਿ ਉਪਾਈਐ ਸਭੁ ਖੇਲੁ **ਤੁਮਾਤੀ**।"
— ਮਾਝ **੧**, ਵਾਰ ੧ : ੩ (138)

ਤੁਮਾਰਾ — ਤੁਹਾਡਾ, ਤੇਰਾ
"ਜਿਸੁ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ ਸੋਈ ਭਗਤੁ **ਤੁਮਾਰਾ** ਜੀਉ।"
— ਮਾਝ **੫**, ੯, ੨ : ੩ (97)

ਹੋਰ ਰੂਪ — ਤੁਮਾਰੀ —
"ਸੁਣਿ ਸੁਣਿ ਜੀਵਾ ਸੋਇ **ਤੁਮਾਰੀ**।" (ਤੇਰੀ, ਤੁਹਾਡੀ) — ਮਾਝ **੫**, ੩੩, ੧ : ੧ (104)

ਤੁਮਾਰੀਆ —
"ਬਿਨਵੰਤਿ ਨਾਨਕ ਪੈਜ ਰਾਖਹੁ ਸਭ ਸੇਵਕ ਸਰਨਿ **ਤੁਮਾਰੀਆ**।"
— ਗਉ **੫**, ਛੰਤ ੨, ੨ : ੬ (248)

ਤੁਮਾਰੇ —
"ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ **ਤੁਮਾਰੇ** ਜੀਉ।"
— ਮਾਝ **੫**, ੮, ੪ : ੩ (97)

ਤੁਮਾਰੈ —
"ਸਭ ਭੈ ਮਿਟਹਿ **ਤੁਮਾਰੈ** ਨਾਇ।"
— ਗਉ **੫**, ੧੦੯, ੧* : ੧ (201)

ਤੁਮਾਰੋ —
"ਝਝਾ ਝੂਰਨੁ ਮਿਟੈ **ਤੁਮਾਰੋ**।"
— ਗਉ **੫**, ਬਾਅ ੨੫ : ੧ (255)

ਤੁਮੀ — ਉਪਰੋਂ ਖਰਬੂਜੇ ਵਰਗਾ ਦਿਸਦਾ ਪਰ ਵਿਚੋਂ ਕੌੜਾ ਫਲ
"**ਤੁਮੀ** ਤੁਮਾ ਵਿਸੁ ਅਕੁ ਧਤੂਰਾ ਨਿਮੁ ਫਲੁ।"
— ਮਾਝ **੧**, ਵਾਰ ੨੧ਸ, **੧**, ੧ : ੧ (147)

ਤੁਮੈ — ਤੈਨੂੰ
"ਤੁਮਹਿ ਪਛਾਨੂ ਸਾਕੁ ਤੁਮਹਿ ਸੰਗਿ ਰਾਖਨਹਾਰ **ਤੁਮੈ** ਜਗਦੀਸ।"
— ਸਾਰ **੫**, ੧੨੮, ੧* : ੨ (1228)

ਤੁਮ੍ — 1. ਤੁਸੀ, ਤੂੰ, ਵੇਖੋ 'ਤੁਮ' (1)
"**ਤੁਮ੍** ਜੁ ਨਾਇਕ ਆਛਹੁ ਅੰਤਰਜਾਮੀ।"
— ਸਿਰੀ **ਰਵਿ**, ੧, ੨ : ੧ (93)
"ਸੋ ਹਰਿ ਹਰਿ **ਤੁਮ੍** ਸਦ ਹੀ ਜਾਪਹੁ ਜਾ ਕਾ ਅੰਤੁ ਨ ਪਾਰੋ।" — ਗੂਜ **੫**, ੪, ੧ : ੨ (496)
2. ਤੇਰੇ, ਤੁਹਾਡੇ, ਵੇਖੋ 'ਤੁਮ' (2)
"ਮਨੁ ਤਨੁ ਹੋਇ ਨਿਹਾਲੁ **ਤੁਮ੍** ਸੰਗਿ ਭੇਟਿਆ।"
— ਆਸਾ **੫**, ੧੦੮, ੧* : ੧ (397)
"ਹਰਿ ਨਾਮੁ ਮਾਗਉ ਚਰਣ ਲਾਗਉ ਮਾਨੁ ਤਿਆਗਉ **ਤੁਮ੍** ਦਇਆ।" (ਤੁਹਾਡੀ)
— ਆਸਾ **੫**, ੮, ੧ : ੩ (457)

ਹੋਰ ਰੂਪ — ਤੁਮ੍ਹੀ —
"ਮਾਗਉ ਕਾਹਿ ਰੰਕ ਸਭ ਦੇਖਉ **ਤੁਮ੍ਹੀ** ਤੇ ਮੇਰੋ ਨਿਸਤਾਰ।"
— ਬਿਲਾ **ਕਬ**, ੭, ੧ : ੨ (856)
3. ਤੁਹਾਨੂੰ, ਤੈਨੂੰ, ਵੇਖੋ 'ਤੁਮ' (3)
"ਤੁਮ ਰੋਵਹੁਗੇ ਓਸ ਨੋ **ਤੁਮ੍** ਕਉ ਕਉਣੁ ਰੋਈ।"
— ਆਸਾ **੧**, ਅਸ ੧੩, ੩ : ੨ (418)
"ਨਿਮਖ ਨ ਬਿਸਰਉ **ਤੁਮ੍** ਕਉ ਹਰਿ ਹਰਿ ਸਦਾ ਭਜਹੁ ਜਗਦੀਸ।"
— ਗੂਜ **੫**, ੪, ੧* : ੨ (496)

ਤੁਮ੍ਰਾ — ਤੁਹਾਡਾ, ਤੇਰਾ
"ਜੀਉ ਪਿੰਡੁ ਸਭੁ **ਤੁਮ੍ਰਾ** ਦਾਤੇ ਨਾਨਕ ਸਦ ਕੁਰਬਾਣੇ।" — ਆਸਾ **੫**, ੫੦, ੪ : ੨ (383)

ਤੁਮ੍ਰੀ — ਤੇਰੀ, ਤੁਹਾਡੀ
"**ਤੁਮ੍ਰੀ** ਉਸਤਤਿ ਤੁਮ ਤੇ ਹੋਇ।"
— ਗਉ **੫**, ਸੁਖ ੩, ੭ : ੯ (266)

ਤੁਮ੍ਰੇ — ਤੇਰੇ, ਤੁਹਾਡੇ
"ਦ੍ਰਿੜੁ ਕਰਿ ਚਰਣ ਗਹੇ ਪ੍ਰਭ **ਤੁਮ੍ਰੇ** ਸਹਜੇ ਬਿਖਿਆ ਭਈ ਖੀਓ।"
— ਆਸਾ **੫**, ੪੭, ੨ : ੨ (382)

ਹੋਰ ਰੂਪ — ਤੁਮ੍ਰੈ —
"**ਤੁਮ੍ਰੈ** ਲਵੈ ਨ ਕੋਊ ਲਾਂਈ।"
— ਆਸਾ **੫**, ੬੦, ੩ : ੨ (386)

ਤੁਮ੍ਰੋ — ਤੁਹਾਡਾ, ਤੇਰਾ
"ਬਡ ਪਰਤਾਪੁ ਸੁਨਿਓ ਪ੍ਰਭ **ਤੁਮ੍ਰੋ** ਕੋਟਿ ਮਾਘਾ ਤੇਰੋ ਨਾਮ ਹਰਨ।"
— ਬਿਲਾ **੫**, ੧੧੮, ੧ : ੨ (828)

ਤੁਮ੍ਾ — ਤੁਸੀਂ
"ਦੀਬਾਨੁ ਏਕੋ ਕਲਮ ਏਕਾ ਹਮਾ **ਤੁਮ੍ਾ** ਮੇਲੁ।"
— ਆਸਾ **੧**, ਵਾਰ ੨੧ਸ, **੧**, ੨ : ੮ (473)

ਤੁਮ੍ਾਰ — ਤੁਹਾਡਾ
"ਤੁਮ ਧਨ ਧਨੀ ਉਦਾਰ ਤਿਆਗੀ ਸ੍ਰਵਨਨ ਸੁਨੀਅਤੁ ਸੁਜਸੁ **ਤੁਮ੍ਾਰ**।"
— ਬਿਲਾ **ਕਬ**, ੭, ੧ : ੧ (856)

ਹੋਰ ਰੂਪ — ਤੁਮ੍ਾਰਹਿ —
"ਰਾਖੁ ਰਾਖੁ ਰਾਖੁ ਸੁਖਦਾਤੇ ਸਭੁ ਨਾਨਕ ਜਗਤੁ **ਤੁਮ੍ਾਰਹਿ**।" (ਤੇਰੇ, ਤੁਹਾਡੇ)
— ਸਾਰ **੫**, ੩੪, ੨ : ੨ (1211)

ਤੁਮ੍ਾਰਾ —
"ਅੰਮ੍ਰਿਤ ਨਾਮੁ **ਤੁਮ੍ਾਰਾ** ਠਾਕੁਰ ਏਹੁ ਮਹਾਰਸੁ ਜਨਹਿ ਪੀਓ।" (ਤੁਹਾਡਾ, ਤੇਰਾ)
— ਆਸਾ **੫**, ੪੭, ੧ : ੧ (382)

ਤੁਮ੍ਾਰੀ —
"ਮਾਧਉ ਸਤਸੰਗਤਿ ਸਰਨਿ **ਤੁਮ੍ਾਰੀ**।" (ਤੁਹਾਡੀ, ਤੇਰੀ)
— ਆਸਾ **ਰਵਿ**, ੩੧* : ੧ (486)

ਤੁਮ੍ਾਰੇ —
"ਬਲਿ ਬਲਿ ਬਲਿ ਬਲਿ ਚਰਣ **ਤੁਮ੍ਾਰੇ** ਈਹਾ ਊਹਾ ਤੁਮ੍ਾਰਾ ਜੋਰਾ।"

— ਗੂਜ **੫**, ੧੬, ੨ : ੧ (499)
"ਸੁਨਿ ਕਰਿ ਬਚਨ **ਤੁਮ੍ਹਾਰੇ** ਸਤਿਗੁਰ ਮਨੁ ਤਨੁ ਮੇਰਾ ਠਾਰੁ ਥੀਓ।"
— ਆਸਾ **੫**, ੪੭, ੧* : ੨ (382)

ਤੁਮ੍ਹਾਰੈ —
"ਤੁਮ੍ਰੀ ਟੇਕ ਪੂਰੈ ਮੇਰੇ ਸਤਿਗੁਰ ਮਨ ਸਰਨਿ **ਤੁਮ੍ਹਾਰੈ** ਪਰੀ।"
— ਗੂਜ **੫**, ੧੮, ੨ : ੧ (499)

ਤੁਮ੍ਹਾਰੋ —
"ਤੁਮ੍ਰੋ ਧਿਆਨੁ **ਤੁਮ੍ਹਾਰੋ** ਰੰਗਾ।"
— ਬਿਲਾ **੫**, ੧੨੦, ੧* : ੨ (828)

ਤੁਮ੍ਹੇ — ਤੂੰ
"ਕਵਨ **ਤੁਮ੍ਹੇ** ਕਿਆ ਨਾਉ ਤਮਾਰਾ ਕਉਨੁ ਮਾਰਗੁ ਕਉਨੁ ਸੁਆਓ।"
— ਰਾਮ **੧**, ਸਿਗੋ ੨ : ੧ (938)

ਤੁਯੰ — ਤੂੰ
"ਦ੍ਰਿਸਟ **ਤੁਯੰ** ਅਮੋਘ ਦਰਸੰਨ ਬਸੰਤ ਸਾਧ ਰਸਨਾ।" — ਸਸ **੫**, ੮ : ੪ (1354)

ਤੁਰਸੀ — (ਫ਼ਾ. ਤੁਰਸ਼ੀ)—ਖਟਾਸ
"ਖਟ **ਤੁਰਸੀ** ਮੁਖਿ ਬੋਲਣਾ ਮਾਰਣ ਨਾਦ ਕੀਏ।"
— ਸਿਰੀ **੧**, ੭, ੧ : ੨ (16)

2. ਤੁਲਸੀ, ਇਕ ਪੌਦਾ
"ਆਸ ਪਾਸ ਘਨ **ਤੁਰਸੀ** ਕਾ ਬਿਰਵਾ ਮਾਝ ਬਨਾਰਸਿ ਗਾਊਂ ਰੇ।"
— ਗਉ **ਕਬ**, ੬੬, ੧ : ੧ (338)

ਤੁਰਹਿ — ਤੁਰਦੇ ਹਨ
"ਲੈ ਫਾਹੇ ਰਾਤੀ **ਤੁਰਹਿ** ਪ੍ਰਭੁ ਜਾਣੈ ਪ੍ਰਾਣੀ।"
— ਗਉ **੪**, ਵਾਰ ੨੭ : ੧ (315)

ਤੁਰਕ — (ਫ਼ਾ. ਤੁਰਕ) ਤੁਰਕਸਤਾਨ ਦੇ ਵਾਸੀ ਹੋਰ ਵੇਖੋ 'ਤੁਰਕੁ'
"ਜਾਤਿ ਵਰਨ **ਤੁਰਕ** ਅਰੁ ਹਿੰਦੂ।"
— ਗਉ **੫**, ਅਸ ੪, ੫ : ੧ (237)

ਹੋਰ ਰੂਪ — ਤੁਰਕਾ —
"ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ **ਤੁਰਕਾ** ਭਾਈ।" (ਤੁਰਕਾਂ ਵਾਲਾ)
— ਆਸਾ **੧**, ਵਾਰ ੧੬ਸ, **੧**, ੧ : ੩ (471)

ਤੁਰਕਾਣੀ — ਤੁਰਕ ਇਸਤ੍ਰੀ
"ਇਕ ਹਿੰਦਵਾਣੀ ਅਵਰ **ਤੁਰਕਾਣੀ** ਭਟਿਆਣੀ ਠਕੁਰਾਣੀ।"
— ਆਸਾ **੧**, ਅਸ ੧੨, ੬ : ੧ (418)

ਤੁਰਕੀ — ਤੁਕਸਤਾਨ ਦੇ, ਘੋੜਿਆਂ ਦੀ ਇਕ ਉਚੀ ਨਸਲ
"ਤਾਜੀ **ਤੁਰਕੀ** ਸੁਇਨਾ ਰੁਪਾ ਕਪੜ ਕੇਰੇ ਭਾਰਾ।"
— ਗਉ **੧**, ੧੩, ੪ : ੧ (155)

ਤੁਰਕੁ — ਤੁਰਕਸਤਾਨ ਦਾ ਵਸਨੀਕ ਭਾਵ ਮੁਸਲਮਾਨ, ਵੇਖੋ 'ਤੁਰਕ'
"ਜਉ ਰੇ ਖੁਦਾਇ ਮੋਹਿ **ਤੁਰਕੁ** ਕਰੈਗਾ ਆਪਨ ਹੀ ਕਟਿ ਜਾਈ।"
— ਆਸਾ **ਕਬ**, ੮, ੨ : ੨ (477)

ਤੁਰਕੂ — ਤੁਕਰਸਤਾਨ ਦਾ ਵਾਸੀ ਭਾਵ ਮੁਸਲਮਾਣ
"ਹਿੰਦੂ ਅੰਨ੍ਹਾ **ਤੁਰਕੂ** ਕਾਣਾ।"
— ਗੋਂਡ **ਨਾਮ**, ੭, ੪ : ੧ (875)

ਤੁਰੰਗ — (ਸੰ. ਤੁਰੰਗ) ਘੋੜੇ, ਤੇਜ਼ ਚਲਣ ਵਾਲੇ ਘੋੜੇ
"ਕਬਹੂ ਤੁਰੇ **ਤੁਰੰਗ** ਨਚਾਵੈ।"
— ਭੈਰ **ਨਾਮ**, ੫, ੨ : ੧ (1164)

ਤੁਰੰਤਹ — ਤੁਰਤ ਹੀ, ਝਟ ਪਟ ਹੀ
"ਆਇਓ ਚੋਰੁ **ਤੁਰੰਤਹ** ਲੇ ਗਇਓ ਮੇਰੀ ਰਾਖਤ ਮੁਗਧੁ ਫਿਰੈ।"
— ਆਸਾ **ਕਬ**, ੧੫, ੨ : ੨ (479)

ਤੁਰਤੁ — ਝਟ ਹੀ
"ਤੁਝੁ **ਤੁਰਤੁ** ਛਡਾਊ ਮੇਰੋ ਕਹਿਓ ਮਾਨਿ।"
— ਬਸੰ **ਕਬ**, ੪, ੨ : ੪ (1194)

ਤੁਰਦਾ — ਚਲਦਾ, ਗਤੀਸ਼ੀਲ
"ਤੁਰਦੇ ਕਉ **ਤੁਰਦਾ** ਮਿਲੈ ਉਡਤੇ ਕਉ ਉਡਤਾ।" (ਤੁਰਦੇ ਜਲ ਨਾਲ ਜਲ ਮਿਲਦਾ ਹੈ)
— ਸੂਹੀ **੩**, ਵਾਰ ੮ਸ, **੨**, ੨ : ੧ (788)

ਤੁਰਾ — ਤੇਰਾ (ਫ਼ਾ.)
"ਨਾਨਕ ਬਗੋਯਦ ਜਨੁ **ਤੁਰਾ** ਤੇਰੇ ਚਾਕਰਾਂ ਪਾ ਖਾਕ।" — ਤਿਲੰ **੧**, ੧, ੪ : ੨ (721)

ਤੁਰਾਵਹੁ — ਤੋਰੋ, ਚਲਾਵਉ
"ਇਸਹਿ **ਤੁਰਾਵਹੁ** ਘਾਲਹੁ ਸਾਟਿ।"
— ਗੋਂਡ **ਕਬ**, ੪, ੨ : ੨ (871)

ਤੁਰਿ — ਤੁਰੰਤ, ਝਟ ਹੀ
"ਨਾਨਕ ਲਗੀ **ਤੁਰਿ** ਮਰੈ ਜੀਵਣ ਨਾਹੀ ਤਾਣ।"

— ਸਲੋ **੧**, ੧੩ : ੧ (1411)

ਤੁਰੀ — 1. ਘੋੜੀ
"ਮਨ ਅਸਵਾਰ ਜੈਸੇ **ਤੁਰੀ** ਸੀਗਾਰੀ।"
— ਗਉ **੫**, ੧੬੦, ੧ : ੧ (198)
"ਸੁਣਿ ਸ੍ਰਵਣ ਬਾਣੀ ਗੁਰਿ ਵਖਾਣੀ ਹਰਿ ਰੰਗੁ **ਤੁਰੀ** ਚੜ੍ਹਾਇਆ।" (ਦੇਹ ਰੂਪੀ ਘੋੜੀ)
— ਵਡ **੪**, ਘੋੜੀ ੧, ੩ : ੫ (575)
2. ਜੁਲਾਹੇ ਦਾ ਇਕ ਸੰਦ, ਕੁਚ
"**ਤੁਰੀ** ਨਾਰਿ ਕੀ ਛੋਡੀ ਬਾਤਾ।"
— ਗੋਂਡ **ਕਬ**, ੬, ੨ : ੧ (841)

ਤੁਰੀਆ — (ਸੰ. ਤੁਰਯ) 1. ਚੌਥੀ ਅਵਸਥਾ, ਪੂਰਨ ਗਿਆਨ ਤੇ ਸ਼ਾਂਤੀ ਵਾਲੀ ਤਿੰਨਾਂ ਗੁਣਾਂ (ਜਾਗ੍ਰਤ, ਸੁਪਨ ਤੇ ਸੁਖਮਤਿ) ਤੋਂ ਉਚੀ ਅਵਸਥਾ ਸਾਜ ਅਵਸਥਾ
"ਤੀਨਿ ਬਿਆਪਹਿ ਜਗਤ ਕਉ **ਤੁਰੀਆ** ਪਾਵੈ ਕੋਇ।" — ਗਉ **੫**, ਥਿਤੀ ੩ਸ : ੧ (297)
"**ਤੁਰੀਆ** ਗੁਣੁ ਸਤਸੰਗਤਿ ਪਾਈਐ ਨਦਰੀ ਪਾਰਿ ਉਤਾਰੀ।" (ਸਹਜ ਅਵਸਥਾ ਵਾਲਾ ਗੁਣ)
— ਮਲਾ **੩**, ੯, ੨ : ੨ (1260)
2. ਚੌਥੀ
"**ਤੁਰੀਆ** ਗੁਣੁ ਮਿਲਿ ਸਾਧ ਪਛਾਨੇ।" (ਅਰਥ 'ਤੁਰੀਆ' ਅਵਸਥਾ ਕੀਤੇ ਜਾਂਦੇ ਹਨ)
— ਆਸਾ **੫**, ੨, ੨ : ੪ (370)

ਤੁਰੀਆਵਸਥਾ — ਗਿਆਨ ਵਾਲੀ ਸਹਿਜ ਅਵਸਥਾ, ਸ਼ਾਂਤੀ ਤੇ ਟਿਕਾਉ ਵਾਲੀ ਭਟਕਣ ਮੁਕਤ ਅਵਸਥਾ
"**ਤੁਰੀਆਵਸਥਾ** ਸਤਿਗੁਰ ਤੇ ਹਰਿ ਜਾਨੁ।"
— ਗਉ **੧**, ੧੨, ੧ : ੪ (154)

ਤੁਰੇ — ਘੋੜੇ
"ਲੈ **ਤੁਰੇ** ਸਉਦਾਗਰੀ ਸਉਦਾਗਰੁ ਧਾਵੈ।"
— ਗਉ **੪**, ੪੭, ੨ : ੧ (166)

ਤੁਲਸੀ — ਇਕ ਪੌਦਾ ਜਿਸ ਦੇ ਪੱਤੇ ਦੁਆਈ ਵਜੋਂ ਵੀ ਵਰਤੇ ਜਾਂਦੇ ਹਨ ਤੇ ਪਵਿਤਰ ਵੀ ਸਮਝੇ ਜਾਂਦੇ ਹਨ।
"ਖੇਚਰ ਭੂਚਰ **ਤੁਲਸੀ** ਮਾਲਾ ਗੁਰ ਪਰਸਾਦੀ ਪਾਇਆ।" — ਰਾਮ **ਨਾਮ**, ੩, ੩ : ੧ (973)

ਤੁਲਹੜਾ — ਨਦੀ ਪਾਰ ਕਰਨ ਲਈ ਰਸੀ ਨਾਲ ਕਾਠ ਦਾ ਬੰਨ੍ਹਿਆ ਇਕ ਪ੍ਰਕਾਰ ਦਾ ਬੇੜਾ
"ਨਾ ਬੇੜੀ ਨਾ **ਤੁਲਹੜਾ** ਨਾ ਪਾਈਐ ਪਿਰੁ ਦੂਰਿ।"
— ਸਿਰੀ **੧**, ੯, ੧ : ੩ (17)

ਤੁਲਹਾ — ਰਸੀ ਨਾਲ ਬੰਨ ਕੇ ਫੱਟਿਆਂ ਦਾ ਬਣਾਇਆ ਇਕ ਬੇੜਾ
"ਗੁਰ ਪਉੜੀ ਬੇੜੀ ਗੁਰੂ ਗੁਰੁ **ਤੁਲਹਾ** ਹਰਿ ਨਾਉ।"
— ਸਿਰੀ **੧**, ੯, ੩ : ੧ (17)
"ਤਉ ਸਹ ਚਰਣੀ ਮੈਡਾ ਹੀਅੜਾ ਸੀਤਮੁ ਹਰਿ ਨਾਨਕ **ਤੁਲਹਾ** ਬੇੜੀ।" (ਨਦੀ ਵਿਚ ਤੋਲ ਬਰਾਬਰ ਕਰਨ ਲਈ ਲਕੜਾਂ ਦਾ ਬੰਨਿਆ ਆਸਰਾ)
— ਗੂਜ **੫**, ਵਾਰ ੯ਸ, **੫**, ੧ : ੨ (520)

ਤੁਲਾ — 1. ਤਕੜੀ, ਤਰਾਜੂ
"**ਤੁਲਾ** ਧਾਰਿ ਤੋਲੇ ਸੁਖ ਸਗਲੇ ਬਿਨੁ ਹਰਿ ਦਰਸ ਸਭੋ ਹੀ ਥੋਰਾ।"
— ਗਉ **੫**, ੧੨੧, ੧ : ੨ (204)
2. ਤੋਲ, ਵੱਟਾ
"ਕਉਣ ਤਰਾਜੀ ਕਵਣੁ **ਤੁਲਾ** ਤੇਰਾਂ ਕਵਣੁ ਸਰਾਫੁ ਬੁਲਾਵਾ।" — ਸੂਹੀ **੧**, ੯, ੧ : ੧ (730)
3. ਤੋਲਾਦਾਨ, ਆਪਣੇ ਬਰਾਬਰ ਵਸਤ ਤੋਲ ਦੇ ਦਾਨ ਕਰਨੀ
"**ਤੁਲਾ** ਪੁਰਖ ਦਾਨੇ।"
— ਗੋਂਡ **ਨਾਮ**, ੧, ੧ : ੨ (873)

ਤੁੋਲਾਇਸੀ — ਤੁਲਾਏਗਾ, ਭਾਰ ਕਰਾਏਗਾ
"ਗੁਰਮੁਖਿ ਤੋਲਿ **ਤੁੋਲਾਇਸੀ** ਸਚੁ ਤਰਾਸੀ ਤੋਲੁ।"
— ਸਿਰੀ **੧**, ਅਸ ੯, ੭ : ੧ (59)

ਤੁਲਾਇਦਾ — ਤੁਲਵਾਉਂਦਾ/ਭਾਰ ਕਰਾਉਂਦਾ ਹੈ
"ਆਪੇ ਅਤੁਲੁ **ਤੁਲਾਇਦਾ** ਪਿਆਰਾ ਜਨ ਨਾਨਕ ਸਦ ਕੁਰਬਾਣੁ।"
— ਸੋਰ **੪**, ੫, ੪ : ੩ (606)

ਤੁਲਾਈ — ਬਿਸਤਰੇ ਵਿਚ ਥੱਲੇ ਵਛਾਉਣ ਵਾਲਾ ਰੂੰਦਾਰ ਗਦੇਲਾ
"ਸਿਰਹਾਨਾ ਅਵਰ **ਤੁਲਾਈ**।"
— ਸੋਰ **ਕਬ**, ੧੧, ੩ : ੨ (656)
ਹੋਰ ਰੂਪ — ਤੁਲਾਈਆ —
"ਨਾ ਜਲੁ ਲੇਫ **ਤੁਲਾਈਆ** ਨਾ ਭੋਜਨ

ਪਰਕਾਰੋਂਵਾ।"
— ਵਡ **੧**, ਅਲਾ ੪, ੩ : ੨ (581)

ਤੁਲਾਈਐ — ਤੁਲਵਾਈਐ, ਵਜ਼ਨ ਕਰਾਈਐ
"ਕਿਉ ਕਰਿ ਪੂਰੈ ਵਟਿ ਤੋਲਿ **ਤੁਲਾਈਐ**।"
— ਮਾਝ **੧**, ਵਾਰ ੧੨ : ੫ (146)

ਤੁਲਾਏ — ਤੁਲਵਾਉਂਦਾ/ਵਜ਼ਨ ਕਰਵਾਉਂਦਾ ਹੈ
"ਅਪਰੰਪਰੁ ਅਗਮ ਅਗੋਚਰੁ ਗੁਰਮੁਖਿ ਹਰਿ ਆਪਿ **ਤੁਲਾਏ** ਅਤੁਲੁ ਤੋਲਿ।"
— ਬਸੰ **੧**, ੭, ੧* : ੨ (1170)

ਤੁੋਲਾਹਾ — ਤੋਲਕੇ, ਭਾਵ ਘੋਕ ਕੇ, ਮਲਾਂਕਣ ਕਰਕੇ
"ਸਭਿ ਤੀਰਥ ਵਰਤ ਜਗ ਪੁੰਨ **ਤੁੋਲਾਹਾ**।"
— ਜੈਤ **੪**, ੧੧, ੩ : ੧ (699)

ਤੁੋਲਾਵੈ — ਤੁਲਵਾਏ
"ਗੁਰਮੁਖਿ ਤੋਲਿ **ਤੁੋਲਾਵੈ** ਤੋਲੈ।"
— ਜਪੁ **੧**, ਸਿਗੋ ੨੨ : ੨ (932)

ਤੁਲਿ — 1. ਬਰਾਬਰ, ਸਮਾਨ
"ਕੀੜੀ **ਤੁਲਿ** ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ।" — ਜਪੁ **੧**, ੨੩ : ੪ (5)
2. ਤਕੜੀ : (ਸ਼ਬਦਾਰਥ, ਸੰਥਿਆ)
"**ਤੁਕੀਲਿ** ਨਹੀਂ ਚਢੈ ਜਾਇ ਨ ਮੁਕਾਤੀ ਹਲ ਲਗੈ ਨ ਭਾਰੀ।"
— ਗਉ **ਕਬ**, ੪੮, ੧* : ੨ (333)
(ਦਰਪਣ ਇਸ ਦੇ ਅਰਥ ਤੋਲੀ ਨਹੀਂ ਜਾ ਸਕਦੀ ਅਤੇ 'ਨਿਰਣੈ' ਨੇ ਤੁਲ ਕੇ (ਤਕੜੀ) ਨਹੀਂ ਚੜ੍ਹ ਸਕਦੀ ਕੀਤੇ ਹਨ)

ਤੁਲਿਓ — ਤੋਲਿਆ
"ਇਸੁ ਕਰਤੇ ਕਉ ਕਿਉ ਗਹਿ ਰਾਖਉ ਅਫਰਿਓ **ਤੁਲਿਓ** ਨ ਜਾਈ।"
— ਰਾਮ **੧**, ਓਅੰ ੬ : ੧ (930)

ਤੁਲਿਆ — ਤੋਲਿਆ
"ਅਗਮੁ ਅਗੋਚਰੁ ਅਤਿ ਵਡਾ ਅਤੁਲੁ ਨ **ਤੁਲਿਆ** ਜਾਇ।"
— ਬਿਹਾ **੪**, ਵਾਰ ੧੮ਸ, **੩**, ੧ : ੨ (555)

ਤੁਲੀਅਹਿ — ਤੁਲੀਦਾ ਹੈ, ਭਾਵ ਪੂਰਾ ਉਤਰੀਦਾ ਹੈ
"ਨਾਨਕ **ਤੁਲੀਅਹਿ** ਤੋਲ ਜੇ ਜੀਉ ਪਿਛੈ ਪਾਈਐ।"
— ਸਾਰ **੪**, ਵਾਰ ੬ਸ, **੧**, ੧ : ੧ (1239)

ਹੋਰ ਰੂਪ — ਤੁਲੀਐ —
"ਮਨੁ ਸਚ ਕਸਵਟੀ ਲਾਈਐ **ਤੁਲੀਐ** ਪੂਰੈ ਤੋਲਿ।" — ਸਿਰੀ **੧**, ੨੧, ੧ : ੨ (22)
"ਤੂ ਵੇਪਰਵਾਹੁ ਅਥਾਹੁ ਹੈ ਅਤੁਲੁ ਕਿਉ **ਤੁਲੀਐ**।" (ਤੋਲਿਆ ਜਾ ਸਕਦਾ ਹੈ ਤੁਲੀ ਸਕਦਾ ਹੈ) — ਗਉ **੪**, ਵਾਰ ੯ : ੧ (304)

ਤੁਲੀਜੈ — ਤੋਲਿਆਂ
"ਅਤੁਲਾ ਤੋਲੁ ਰਾਮ ਨਾਮੁ ਹੈ ਗੁਰਮਤਿ ਕੋ ਪੁਜੈ ਨ ਤੋਲ **ਤੁਲੀਜੈ**।"
— ਕਲਿ **੪**, ਅਸ ੩, ੭ : ੨ (1325)

ਤੁਲੁ — ਤੋਲ, ਪੈਮਾਨਾ, ਤਰਾਜ਼ੂ (ਮਹਾਨਕੋਸ਼)
"ਅਮੁਲੁ **ਤੁਲੁ** ਅਮੁਲੁ ਪਰਵਾਣੁ।"
— ਜਪੁ **੧**, ੨੬ : ੬ 5.
"ਆਪੇ ਕੀਮਤਿ ਪਾਇਦਾ ਪਿਆਰਾ ਆਪੇ **ਤੁਲੁ** ਪਰਵਾਣੁ।" (ਤੋਲ ਦਾ ਪੈਮਾਨਾ)
— ਸੋਰ **੪**, ੫, ੬ : ੨ (606)

ਤੁਲੈ — ਤੁਲ ਰਿਹਾ ਹੈ, ਜੋਖਿਆ ਜਾ ਰਿਹਾ ਹੈ
"ਆਪਿ **ਤੁਲੈ** ਆਪੇ ਵਣਜਾਰ।"
— ਗਉ **੧**, ੫, ੪ : ੩ (152)

ਤੂ — ਤੂੰ, ਆਪ
"**ਤੂ** ਸਦਾ ਸਲਾਮਤਿ ਨਿਰੰਕਾਰ।"
— ਜਪੁ **੧**, ੧੬ : ੨੫ (3)
"ਜਿਸ **ਤੂ** ਦੇਹਿ ਤਿਸੈ ਕਿਆ ਚਾਰਾ।"
— ਆਸਾ **੧**, ਸੋਦ ੨, ੪ : ੩ (9)

ਹੋਰ ਰੂਪ — ਤੂੰ —
"ਨਾਨਕ ਨਾਮ ਸਲਾਇ **ਤੂੰ** ਅੰਤੁ ਨ ਪਾਰਾਵਾਰੁ।"
— ਸਿਰੀ **੩**, ੫੨, ੪ : ੩ (9)

ਤੂਹੀ — ਕੇਵਲ ਤੂੰ
"ਏਕ ਤੂਹੀ ਏਕ **ਤੂਹੀ**।"
— ਮਾਝ **੧**, ਵਾਰ ੧੩ਸ, **੧**, ੧ : ੩ (143)

ਹੋਰ ਰੂਪ — ਤੂੰਹੀ —
"ਈਤਹਿ ਊਤਹਿ ਘਟਿ ਘਟਿ ਘਟਿ ਘਟਿ **ਤੂੰਹੀ ਤੂੰਹੀ** ਮੋਹਿਨਾ।"
— ਆਸਾ **੫**, ੧੪੪, ੧ : ੧ (407)

ਤੂਹੈ — ਕੇਵਲ ਤੂੰ
"ਤੇਰੀ ਵਡਿਆਈ **ਤੂਹੈ** ਜਾਣਦਾ ਤੁਧੁ ਜੇਵਡੁ ਅਵਰੁ ਨ ਕੋਈ।" — ਬਿਹਾ **੪**, ਵਾਰ ੩ : ੧ (549)

ਹੋਰ ਰੂਪ — ਤੂੰਹੈ —
"ਤੇਰਾ ਸਬਦੁ ਸਭੁ **ਤੂੰਹੈ** ਵਰਤਹਿ ਤੂੰ ਆਪੇ ਕਰਹਿ ਸੁ ਹੋਈ।"
— ਆਸਾ **੪**, ਛੰਤ ੧੦੪, ੩ : ੪ (448)
"ਅੰਤੁ ਤੇਰਾ **ਤੂੰਹੈ** ਜਾਣਹਿ ਤੂੰ ਸਭ ਮਹਿ ਰਹਿਆ ਸਮਾਏ।"
— ਬਿਹਾ **੫**, ਛੰਤ ੧, ੧ : ੫ (542)

ਤੂਟ — ਤੋਟਾ, ਘਾਟਾ
"ਪੂਰਨ ਭਈ ਸਮਗਰੀ ਕਬਹੂ ਨਹੀ **ਤੂਟ**।"
— ਬਿਲਾ **੫**, ੬੨, ੧* : ੨ (816)

ਤੂਟਉ — ਟੁੱਟੇ
"ਕਿਤੈ ਪ੍ਰਕਾਰਿ ਨ **ਤੂਟਉ** ਪ੍ਰੀਤਿ।
— ਧਨਾ **੫**, ੫੮, ੧* : ੧ (684)

ਤੂਟਸਿ — 1. ਟੁੱਟੇ ਭਾਵ ਮੁਕਣਾ
"ਸਦਾ ਸਾਹਿਬ ਕੈ ਰੰਗਿ ਰਹੈ ਕਬਹੂੰ ਨ **ਤੂਟਸਿ** ਨੇਹੁ।"
— ਸਿਰੀ **੪**, ਵਾਰ ੫ਸ, **੩**, ੧ : ੨ (84)
"ਕਬਹੂ ਨ **ਤੂਟਸਿ** ਰਹਿਆ ਸਮਾਇ।" (ਪ੍ਰੀਤ ਨਹੀਂ ਟੁਟਦੀ)
— ਭੈਰ **ਨਾਮ**, ੭, ੩ : ੩ (1164)
2. ਟੁਟਣਾ, ਦੋ ਟੁਕੜੇ ਹੋਣਾ (ਫਿਜੀਕਲ ਬਰੇਕ) ਸਰੀਰਕ ਵਖਰਤਾ
"ਥਿਰੁ ਭਈ ਤੰਤੀ **ਤੂਟਸਿ** ਨਾਹੀ ਅਨਹਦ ਕਿੰਗੁਰੀ ਬਾਜੀ।"
— ਗਉ **ਕਬ**, ੫੩, ੩ : ੨ (335)
"ਦਰਗਹ ਅੰਦਰਿ ਪਾਈਐ ਤਗੁ ਨ **ਤੂਟਸਿ** ਪੂਤ।"
— ਆਸਾ **੧**, ਵਾਰ ੧੫ਸ, **੧**, ੩ : ੨ (471)

ਤੂਟਹਿ — 1. ਟੁੱਟਣਾ, ਭਜਨਾ
"ਤ੍ਰਿਬਿਧਿ ਬੰਧਨ **ਤੂਟਹਿ** ਗੁਰ ਸਬਦੀ ਗੁਰ ਸਬਦੀ ਮੁਕਤਿ ਕਰਾਵਣਿਆ।"
— ਮਾਝ **੩**, ਅਸ ੩੦, ੩ : ੩ (127)
2. ਟੁੱਟਣਾ ਭਾਵ ਖਤਮ ਹੋ ਜਾਣਾ
"ਨਰਕ ਨਿਵਾਰੈ ਦੁਖੁ ਹਰੈ **ਤੂਟਹਿ** ਅਨਿਕ ਕਲੇਸ।"
— ਗਉ **੫**, ਥਿਤੀ, ੪ : ੩ (297)

ਤੂਟਤ — 1. ਟੁੱਟਦਿਆਂ, ਭਾਵ ਖਤਮ ਹੁੰਦਿਆਂ
"**ਤੂਟਤ** ਬਾਰ ਨ ਲਾਗੈ ਤਾ ਕਉ ਜਿਉ ਗਾਗਰਿ ਜਲ ਫੋਰੀ।" — ਸਾਰ **੫**, ੯੪, ੧ : ੨ (1222)
2. ਟੁੱਟਦਾ ਭਾਵ ਵੱਖ ਹੁੰਦਾ
"ਲਾਇ ਪ੍ਰੀਤਿ ਕੀਨ ਆਪਨ **ਤੂਟਤ** ਨਾਹੀ ਜੋਰੁ।" (ਜੋੜ ਨਹੀਂ ਟੁਟਦਾ)
— ਕਾਨ **੫**, ੪੮, ੧ : ੧ (1307)

ਤੂਟਤੇ — ਟੁੱਟ ਜਾਂਦੇ ਹਨ, ਭਾਵ ਖਤਮ ਹੋ ਜਾਂਦੇ ਹਨ
"ਪੁਤ੍ਰ ਮਿਤ੍ਰ ਬਿਲਾਸ ਬਨਿਤਾ **ਤੂਟਤੇ** ਏ ਨੇਹ।"
— ਮਾਰੂ **੫**, ੨੫, ੧ : ੨ (1006)

ਤੂਟਾ — 1. ਮੁਕਿਆਂ ਖਤਮ ਹੋਇਆ, ਮੁਕਤ ਹੋਇਆ
"ਕਿਲਿ ਬਿਧਿ ਆਵਣੁ ਜਾਵਣੁ **ਤੂਟਾ**।"
— ਮਾਝ **੫**, ਅਸ ੩੬, ੨ : ੨ (131)
"ਮੋਹ ਰਹਤ ਬਿਕਾਰ ਥਾਕੇ ਪੰਚ ਤੇ ਸੰਗੁ **ਤੂਟਾ**।" (ਛੁੱਟ ਗਿਆ, ਮੁੱਕ ਗਿਆ)
— ਵਡ **੫**, ਛੰਤ ੨, ੩ : ੫ (578)
"ਫਾਥੀ ਮਛੁਲੀ ਕਾ ਜਾਲਾ **ਤੂਟਾ**।" (ਜਾਲ ਟੁੱਟ ਗਿਆ, ਖੁਲ ਗਿਆ।)
— ਰਾਮ **੫**, ੫੦, ੨ : ੪ (898)
2. ਟੁਟਿਆਂ, ਦੋ ਟੁਕੜੇ ਹੋ ਗਿਆ, ਵੇਖੋ 'ਤੁਟਸਿ' (2)
"ਤਾਗਾ **ਤੂਟਾ** ਗਗਨੁ ਬਿਨਸਿ ਗਇਆ ਤੇਰਾ ਬੋਲਤੁ ਕਹਾ ਸਮਾਈ।"
— ਗਉ **ਕਬ**, ੫੨, ੧* : ੧ (334)

ਤੂਟਿ — 1. ਟੁੱਟਦਾ
"ਕਟੀ ਨ ਕਟੈ **ਤੂਟਿ** ਨਹ ਜਾਈ।"
— ਗਉ **ਕਬ**, ੩੦, ੨ : ੧ (329)
"**ਤੂਟਿ** ਜਾਇਗੋ ਸੂਤਿ ਬਾਪੁਰੇ ਫਿਰਿ ਪਾਛੈ ਪਛੁਤੋਹੀ।"
— ਸੋਰ **੫**, ੪, ੩ : ੨ (609)
2. ਮੁੱਕ ਗਈ, ਖਤਮ ਹੋ ਗਈ
"ਗੁਰ ਪ੍ਰਸਾਦੀ ਪ੍ਰਭੁ ਧਿਆਇਆ ਗਈ ਸੰਕਾ **ਤੂਟਿ**।" — ਗੂਜ **੫**, ੨੯, ੧ : ੧ (502)

ਤੂਟੀ — 1. ਮੁਕ ਗਈ, ਖਤਮ ਹੋ ਗਈ
"ਸੇ ਮੁਕਤ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ ਤਿਨ **ਤੂਟੀ** ਜਮ ਕੀ ਫਾਸੀ।"
— ਆਸਾ **੪**, ਸੋਪੁ ੧, ੩ : ੨ (11)
"ਜਗ ਸਿਉ **ਤੂਟੀ** ਝੂਠ ਪਰੀਤਿ।"
— ਬਸੰ **੧**, ਅਸ ੧, ੧ : ੪ (1187)

2. ਟੁੱਟੀ ਹੋਈ
"ਗੁਰਿ **ਤੂਟੀ** ਲੈ ਜੋਰੀ।"
— ਗਉ **੫**, ੧੫੬*, ੨ : ੨ (213)
"ਧਰ **ਤੂਟੀ** ਗਾਡੋ ਸਿਰ ਭਾਰਿ।" (ਧੁਰਾ ਭੱਜ/ਟੁੱਟ ਗਿਆ) — ਰਾਮ **੧**, ੧੧, ੨ : ੩ (879)
3. ਟੁੱਟ ਗਈ, ਗਿਰ ਗਈ, ਢਹਿ ਗਈ
"ਗੁਰ ਮਿਲਿ ਜੀਤਾ ਹਰਿ ਹਰਿ ਕੀਤਾ **ਤੂਟੀ** ਭੀਤਾ ਭਰਮ ਗੜਾ।"
— ਆਸਾ **੫**, ਛੰਤ ੧, ੪ : ੩ (453)
"ਬਸਤਾ **ਤੂਟੀ** ਝੁੰਪੜੀ ਚੀਰ ਸਭਿ ਛਿੰਨਾ।" (ਡਿੱਗੀ /ਟੁੱਟੀ ਹੋਈ)
— ਜੈਤ **੫**, ਵਾਰ ੭ : ੧ (707)

ਤੂਟੇ — 1. ਟੁੱਟ ਗਏ
"ਨਾਇ ਵਿਸਰਿਐ ਧ੍ਰਿਗੁ ਜੀਵਣਾ **ਤੂਟੇ** ਕਚ ਧਾਗੇ।"
— ਗਉ **੫**, ਵਾਰ ੧੬ : ੪ (322)
"ਬੰਧਨ **ਤੂਟੇ** ਇਕੁ ਨਾਮੁ ਵਸਾਮੰ।"
— ਬਿਲਾ **੧**, ਅਸ ੧, ੭ : ੪ (831)
ਹੋਰ ਰੂਪ — ਤੂਟੈ —
"ਦੇਵ ਕਰਹੁ ਦਇਆ ਮੋਹਿ ਮਾਰਗਿ ਲਾਵਹੁ ਜਿਤੁ ਭੈ ਬੰਧਨ **ਤੂਟੈ**।"
— ਆਸਾ **ਕਬ**, ੧, ੧* : ੧ (475)
2. ਮੁਕ ਜਾਏ, ਖਤਮ ਹੋ ਗਏ
"**ਤੂਟੇ** ਮਾਇਆ ਮੋਹ ਪਿਆਰ।"
— ਭੈਰ **੫**, ੪੪, ੩ : ੨ (1148)
"ਲੋਭ ਮੋਹ **ਤੂਟੇ** ਭ੍ਰਮ ਸੰਗਾ।"
— ਸਾਰ **੫**, ੧੪, ੩ : ੨ (1206)
ਹੋਰ ਰੂਪ — ਤੂਟੈ —
"ਲਾਗੀ ਪ੍ਰੀਤਿ ਨ **ਤੂਟੈ** ਮੂਲੇ।"
— ਮਾਝ **੫**, ੩੮, ੨ : ੧ (105)
"ਸਤਿਗੁਰੁ ਭੇਟੈ ਤਾ ਸਹਸਾ **ਤੂਟੈ** ਧਾਵਤੁ ਵਰਜਿ ਰਹਾਈਐ।"
— ਸੂਹੀ **੧**, ੮, ੩ : ੧ (730)

ਤੂਠਾ — ਪ੍ਰਸੰਨ ਹੋਇਆ, ਮਿਹਰ ਵਿਚ ਆਇਆ, ਕ੍ਰਿਪਾਲ ਹੋਇਆ।
"ਹਰਿ ਰਸੁ ਮੀਠਾ ਮਨ ਮਹਿ ਵੂਠਾ ਸਤਿਗੁਰੁ **ਤੂਠਾ** ਸਹਜੁ ਭਇਆ।"
— ਆਸਾ **੫**, ਛੰਤ ੧, ੧ : ੩ (452)
ਹੋਰ ਰੂਪ — ਤੂਠੇ —
"ਸਭਿ ਸੁਖ ਪਾਏ ਸਤਿਗੁਰ **ਤੂਠੇ**।" (ਕ੍ਰਿਪਾਲ ਹੋਇਆ) — ਬਿਲਾ **੫**, ੨, ੩ : ੩ (801)
ਤੂਠੈ —
"ਸਾਧੂ ਸੰਗੁ ਮਸਕਤੇ **ਤੂਠੈ** ਪਾਵਾ ਦੇਵ।"
— ਸਿਰੀ **੫**, ੭੫, ੩ : ੨ (44)

ਤੂੰਬਰੀ — ਤੂੰਬੜੀ, ਤੂੰਬੀ
"ਕਬੀਰ ਧਰਤੀ ਅਰੁ ਆਕਾਸ ਮਹਿ ਦੁਇ **ਤੂੰਬਰੀ** ਅਬਧ।" — ਸਲੋ **ਕਬ**, ੨੦੨ : ੧ (1375)
(ਪ੍ਰੋ. ਸਾਹਿਬ ਸਿੰਘ ਪਦਛੇਦ "ਤੂੰ ਬਰੀ" ਕਰਕੇ ਅਰਥ ਕਰਦੇ ਹਨ "ਤੂੰ ਬੜੀ")

ਤੂੰਬੜੀ — ਤੂੰਬੀ, ਕਦੂ ਆਦਿ ਦਾ ਫਲ
"ਜਿਨ੍ਾ ਵੇਲਿ ਨ **ਤੂੰਬੜੀ** ਮਾਇਆ ਠਗੇ ਠਗਿ।"
— ਸਲੋ **੩**, ੬ : ੩ (1413)

ਤੂੰਬਾ — ਕਦੂ ਜਾਤ ਦਾ ਇਕ ਫਲ ਜਿਸ ਤੋਂ ਕਈ ਤਰ੍ਹਾਂ ਦੇ ਤਾਰਦਾਰ ਸਾਜ਼ ਬਣਦੇ ਹਨ।
"ਮਨੁ ਪਵਨੁ ਦੁਇ **ਤੂੰਬਾ** ਕਰੀ ਹੈ ਜੁਗ ਜੁਗ ਸਾਰਦ ਸਾਜੀ।" — ਗਉ **ਕਬ**, ੫੩, ੩ : ੧ (334)

ਤੂੰਮਰੁ — ਕਦੂ ਜਾਤ ਦਾ ਫਲ, ਵੇਖੋ 'ਤੂੰਬ'
"ਪਲਕ ਦ੍ਰਿਸਟਿ ਦੇਖਿ ਭੂਲੋ ਆਕ ਨੀਮ ਕੋ **ਤੂੰਮਰੁ**।"
— ਆਸਾ **੫**, ੧੨੭, ੨ : ੧ (403)

ਤੂਮੜੀ — ਤੂੰਬੀ, ਕਦੂ ਜਾਤ ਦਾ ਇਕ ਕੌੜਾ ਫਲ
"ਬਾਹਰਿ ਧੋਤੀ **ਤੂਮੜੀ** ਅੰਦਰਿ ਵਿਸੁ ਨਿਕੋਰ।"
— ਸੂਹੀ **੩**, ਵਾਰ ੧੨ਸ, **੧**, ੨ : ੩ (789)

ਤੂਰ — (ਸੰ. ਤੂਰ੍ਯ) ਤੁਰਮ, ਨਰਸਿੰਘਾ
"ਅਹਿਨਿਸਿ ਬਾਜੇ ਅਨਹਦ **ਤੂਰ**।"
— ਗਉ **ਕਬ**, ਥਿਤੀ ੧੩ : ੨ (344)
"ਇਹੁ ਮਨੁ ਨਾਚੈ ਸਤਿਗੁਰ ਆਗੈ ਅਨਹਦ ਸਬਦ ਧੁਨਿ **ਤੂਰ** ਵਜਈਆ" (ਭਾਵ ਵਾਜੇ)
— ਬਿਲਾ **੪**, ਅਸ ੩, ੫ : ੧ (835)

ਤੂਰਾ — ਤੁਰਮ, ਨਰਸਿੰਘਾ, ਵੇਖੋ 'ਤੂਰ'
"ਤਿਤੁ ਘਟ ਅਨਹਤ ਬਾਜੇ **ਤੂਰਾ**।"
— ਗਉ **੧**, ੧੬, ੨ : ੨ (228)
"ਸਾਂਤਿ ਸਹਜ ਆਨੰਦ ਨਾਮੁ ਜਪਿ ਵਾਜੇ ਅਨਹਦ **ਤੂਰਾ**।" (ਵਾਜੇ)
— ਸੋਰ **੫**, ੩੬, ੧* : ੨ (618)
ਹੋਰ ਰੂਪ — ਤੂਰੁ —
"ਅਉਗਣ ਫਿਰਿ ਲਾਗੂ ਭਏ ਕੂਰਿ ਵਜਾਵੈ

ਤੂਰੁ।"
— ਸਿਰੀ **੧**, ੧੫, ੧ : ੨ (19)

ਤੂਰੇ —
"ਤਹ ਬਾਜੇ ਨਾਨਕ ਅਨਹਦ **ਤੂਰੇ**।"
— ਗਉ **ਪ**, ਬਾਅ ੩੬ : ੮ (258)

ਤੂਲਾ — ਗਠਾ, ਪੁਲੰਦਾ
"ਹਾਡ ਜਲੇ ਜੈਸੇ ਲਕਰੀ ਕਾ **ਤੂਲਾ**।"
— ਗੋਂਡ **ਕਬ**, ੨, ੨ : ੧ (870)

ਤੇ — 1. ਦੇ
"ਤਿਸ **ਤੇ** ਭਾਰੁ ਤਲੈ ਕਵਣੁ ਜੋਰੁ।"
— ਜਪੁ **੧**, ੧੬ : ੧੨ (3)

2. ਤੋਂ
"ਤਿਸ **ਤੇ** ਹੋਏ ਲਖ ਦਰਿਆਉ।"
— ਜਪੁ **੧**, ੧੬ : ੨੧ (3)
"ਗੁਰ **ਤੇ** ਬਾਹਰਿ ਕਿਛੁ ਨਹੀ ਗੁਰ ਕੀਤਾ ਲੋੜੇ ਸੁ ਹੋਇ।" (ਤੋਂ)
— ਸਿਰੀ **ਪ**, ੯੯, ੨ : ੪ (52)
"ਤਨੁ ਹੈਮੰਚਲਿ ਗਾਲੀਐ ਭੀ ਮਨੁ **ਤੇ** ਰੋਗੁ ਨ ਜਾਇ।" (ਤੋਂ)
— ਸਿਰੀ **੧**, ਅਸ ੧੪, ੩ : ੨ (62)
"ਜਬ **ਤੇ** ਸਾਧੂ ਸੰਗਤਿ ਪਾਏ।"
— ਮਾਝ **ਪ**, ੨੪, ੪ : ੧ (101)

3. ਦੁਆਰਾ, ਰਾਹੀਂ
"ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ **ਤੇ** ਤੇਰੈ ਨਾਇ ਵਾਸਾ।" (ਸਦਕਾ)
— ਧਨਾ **੧**, ਸੋਹ **੩**, ੪ : ੨ (13)
"ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ **ਤੇ** ਮਨਹਿ ਬਸੇਰਾ।" (ਗੁਰੂ ਦੀ ਰਾਹੀਂ, ਗੁਰੂ ਤੋਂ ਗੁਰੂ ਦੁਆਰਾ)
— ਗਉ **ਪ**, ਸੋਹ ੫, ੩ : ੧ (13)
"ਗੁਰ **ਤੇ** ਨਿਰਮਲੁ ਜਾਣੀਐ ਨਿਰਮਲ ਦੇਹ ਸਰੀਰੁ।" (ਦੁਆਰਾ, ਰਾਹੀਂ)
— ਸਿਰੀ **੧**, ਅਸ ੭, ੧ : ੧ (57)

4. ਉਨ੍ਹਾਂ ਦੇ
"ਨਾਨਕ **ਤੇ** ਮੁਖ ਉਜਲੇ ਕੇਤੀ ਛੁਟੀ ਨਾਲਿ।"
— ਜਪੁ **੧**, ੩੮ਸ : ੬ (8)

5. ਓਹ
"ਖਸਮੁ ਵਿਸਾਰਹਿ **ਤੇ** ਕਮਜਾਤਿ।"
— ਆਸਾ **੧**, ਸੋਦ ੩, ੪ : ੩ (10)

6. 'ਅਤੇ' ਦਾ ਸੰਖੇਪ
"ਖਟੁ ਕਰਮਾ **ਤੇ** ਦੁਗੁਣੇ ਪੂਜਾ ਕਰਤਾ ਨਾਇ।"
— ਸਿਰੀ **ਪ**, ੨੬, ੫ : ੩ (70)

ਤੇਊ — 1. ਉਹ
"ਧਨਿ **ਤੇਊ** ਜਿਹ ਰੁਚਇਆ ਮਨੂਆ। "
— ਗਉ **ਪ**, ਬਾਅ ੪ : ੨ (251)

2. ਉਹ ਹੀ
"ਜਿਹ ਬਿਧਿ ਕਤਹੂ ਨ ਛੂਟੀਐ ਸਾਕਤ **ਤੇਊ** ਕਮਾਹਿ।"
— ਗਉ **ਪ**, ਬਾਅ ੯ : ੨ (252)

3. ਇਹੋ ਜਿਹੇ
"ਚਰਨ ਬਧਿਕ ਜਨ **ਤੇਊ** ਮੁਕਤਿ ਭਏ।"
— ਗਉ **ਨਾਮ**, ੧, ੧ : ੨ (345)
"ਜਪ ਹੀਨ ਤਪ ਹੀਨ ਕੁਲਹੀਨ ਕ੍ਰਮ ਹੀਨ ਨਾਮੇ ਕੇ ਸੁਆਮੀ **ਤੇਊ** ਤਰੇ।"
— ਗਉ **ਨਾਮ**, ੧, ੨ : ੨ (345)

4. ਉਹ ਵੀ
"**ਤੇਊ** ਉਤਰਿ ਪਾਰਿ ਪਰੇ ਰਾਮ ਨਾਮ ਲੀਨੇ।"
— ਧਨਾ **ਕਬ**, ੫, ੨ : ੨ (692)

ਤੇਈ — ਉਹ ਹੀ
"ਬਿਖਮ ਸਾਗਰੁ **ਤੇਈ** ਜਨ ਤਰੇ।"
— ਗਉ **ਪ**, ੧੩੭, ੪ : ੧ (193)

ਤੇਹ — 1. ਉਸ ਨੇ
"ਨਾਨਕ **ਤੇਹ** ਪਰਮ ਸੁਖ ਪਾਇਆ।"
— ਗਉ **ਪ**, ਬਾਅ ੪੦ : ੮ (258)

ਹੋਰ ਰੂਪ — **ਤੇਂਹ** —
"ਆਨ ਉਪਾਵ ਨ ਜੀਵਤ ਮੀਨਾ ਬਿਨੁ ਜਲ ਮਰਨਾ **ਤੇਂਹ**।" (ਉਸ ਨੇ)
— ਜੈਤ **ਪ**, ੧੦, ੧ : ੨ (702)

2. ਤਿਨ੍ਹਾਂ
"ਚਰਨ ਕਮਲ ਬੋਹਿਥ ਭਏ ਲਗਿ ਸਾਗਰੁ ਤਰਿਓ **ਤੇਹ**।" (ਤੇਹ ਲਗਿ ਤਿਨਾਂ ਨਾਲ ਲੱਗ ਕੇ।
— ਆਸਾ **੧**, ਅਸ ੨, ੬ : ੧ (431)
('ਮਹਾਨਕੋਸ਼' ਅਰਥ 'ਤਿਸ ਕਰਕੇ' ਕਰਦਾ ਹੈ)

3. ਉਹ

"ਜੇਹ ਰਸਨ ਚਾਖਿਓ **ਤੇਹ** ਜਨ ਤ੍ਰਿਪਤਿ ਅਘਾਏ।" — ਸਮੁ **੫**, ੬ : ੪ (1386)

ਤੇਹੜ — ਤੇਰਾ ਮਨ
"ਏਹੜ **ਤੇਹੜ** ਛਡਿ ਤੂ ਗੁਰ ਕਾ ਸਬਦੁ ਪਛਾਣੁ।" (ਭਾਵ ਅਹੰ ਤਿਆਗ)
— ਸੋਰ **੪**, ਵਾਰ ੧੧ਸ, **੩**, ੧ : ੨ (646)

ਤੇਹਾ — ਉਹੋ ਜਿਹਾ
"**ਤੇਹਾ** ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ।"
— ਜਪੁ **੧**, ੨ : ੨ (2)

ਤੇਹਿ — 1. ਉਹ
"ਪਾਹਨੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ **ਤੇਹਿ**।" — ਸੋਰ **੧**, ਅਸ ੪, ੬ : ੨ (637)
2. ਤਿਸ ਲਈ, ਇਸ ਕਾਰਨ ਲਈ
"ਜੇ ਲੋੜਹਿ ਵਰੁ ਕਾਮਣੀ ਸਤਿਗੁਰੁ ਸੇਵਹਿ **ਤੇਹਿ**।"
— ਰਾਮ **੧**, ਓਅੰ ੪੦ : ੪ (935)
('ਮਹਾਨਕੋਸ਼' ਅਰਥ ਸਨੇਹ, ਮੁਹਬਤ ਕਰਦਾ ਹੈ; ਦਰਪਣ ਤੇ ਪਦ ਨਿਛੇਦ ਸੇਵ 'ਹਿਤੇਹਿ' ਕਰਕੇ ਅਰਥ ਕੀਤਾ ਹੈ 'ਸਨੇਹ' ਪਿਆਰ ਨਾਲ; ਨਿਰਣੈ ਅਰਥ 'ਉਸ ਨੂੰ' ਕਰਦਾ ਹੈ)
3. ਉਨ੍ਹਾਂ ਤੋਂ
"ਪਾਰਬ੍ਰਹਮ ਕਾ ਅੰਤੁ ਨ **ਤੇਹਿ**।"
— ਸਾਰ **੫**, ਅਸ ੨, ੭ : ੪ (1236)

ਤੇਹੀ — ਉਹੋ ਜੇਹੀ, ਤੈਸੀ
"ਜੇਹੀ ਵਾਸਨਾ ਪਾਏ **ਤੇਹੀ** ਵਰਤੈ ਵਾਸੂ ਵਾਸੁ ਜਣਾਵਣਿਆ।"
— ਮਾਝ **੩**, ਅਸ ੪, ੬ : ੨ (118)
"ਮੈਲੁ ਨ ਉਤਰੈ ਸੁਧੁ ਨ **ਤੇਹੀ**।" (ਉਹੋ ਜੇਹੀ)
— ਗਉ **੫**, ੧੬੯, ੨ : ੨ (200)
('ਮਹਾਨਕੋਸ਼' ਅਰਥ ਤਿਸ ਸੇ, ਉਸ ਤੋਂ ਅਤੇ 'ਦਰਪਣ' ਉਸ ਤਰੀਕੇ ਨਾਲ ਕਰਦੇ ਹਨ)
ਹੋਰ ਰੂਪ — ਤੇਹੇ —
"ਜੇਹਾ ਤੂੰ ਹੁਕਮੁ ਕਰਹਿ **ਤੇਹੇ** ਕੋ ਕਰਮ ਕਮਾਵੈ ਜੇਹਾ ਤੁਧੁ ਧੁਰਿ ਲਿਖਿ ਪਾਇਆ।" (ਉਹੋ ਜਿਹੇ) — ਸੂਹੀ **੪**, ੧੫, ੨ : ੨ (736)
ਤੇਹੈ —
"ਜੇਹੀ ਸੁਰਤਿ **ਤੇਹੈ** ਰਾਹਿ ਜਾਇ।" (ਉਹੋ ਜਿਹੇ) — ਧਨਾ **੧**, ੬, ੩ : ੪ (662)

ਤੇਹੋ — 1. ਉਹੋ
"ਜੇਹਾ ਸਤਗੁਰੁ ਕਰਿ ਜਾਣਿਆ **ਤੇਹੋ** ਜੇਹਾ ਸੁਖੁ ਹੋਇ।" — ਸਿਰੀ **੩**, ੪੪, ੪ : ੧ (30)
2. ਉਹੋ ਜਿਹਾ, ਉਸੇ ਤਰ੍ਹਾਂ ਦਾ
"ਜੇਹਾ ਡਿਠਾ ਮੈ **ਤੇਹੋ** ਕਹਿਆ।"
— ਮਾਝ **੫**, ੧੦, ੪ : ੧ (97)

ਤੇਗ — (ਫਾ. ਤੇਗ਼) ਤਲਵਾਰ, ਖੜਗ
"ਜਾ ਤੁਧੁ ਭਾਵੈ **ਤੇਗ** ਵਗਾਵਹਿ ਸਿਰ ਮੁੰਡੀ ਕਟਿ ਜਾਵਹਿ।"
— ਮਾਝ **੧**, ਵਾਰ ੧੫ਸ, **੧**, ੧ : ੫ (145)

ਤੇਗਬੰਦ — ਤਲਵਾਰ ਬੰਨਣ ਵਾਲਾ, ਤਲਵਾਰਧਾਰੀ (ਮਹਾਨਕੋਸ਼) ਗਾਤਰਾ (ਦਰਪਣ ਨਿਰਣੈ)
"ਤਰਕਸ ਤੀਰ ਕਮਾਣ ਸਾਂਗ **ਤੇਗਬੰਦ** ਗੁਣ ਧਾਤੁ।"
— ਸਿਰੀ **੧**, ੭, ੩ : ੨ (16)

ਤੇਜ — 1. ਵੇਗ, ਤੇਜ਼ ਰਫਤਾਰ
"ਹਸਤਿ ਰਥ ਅਸ੍ਵ ਪਵਨ **ਤੇਜ** ਧਣੀ ਭੂਮਨ ਚਤੁਰਾਂਗਾ।" — ਜੈਤ **੫**, ੧, ੩ : ੧ (700)
2. ਪ੍ਰਕਾਸ਼, ਜੋਤ
"ਆਪੁ ਆਪ ਤੇ ਜਾਨਿਆ **ਤੇਜ** ਤੇਜੁ ਸਮਾਨਾ।"
— ਬਿਲਾ **ਕਬ**, ੧੧, ੩ : ੧ (857)
"ਨਾਮੁ ਨਿਧਾਨੁ ਧਿਆਨ ਅੰਤਰਗਤਿ **ਤੇਜ** ਪੁੰਜ ਤਿਹੁ ਲੋਗ ਪ੍ਰਗਾਸੇ।" (ਪ੍ਰਕਾਸ਼)
— ਸਵ **੪**, ਮਥੁ ੬ : ੧ (1404)

ਤੇਜਣਿ — ਤੇਜ਼ ਚਾਲ ਵਾਲੀ (ਘੋੜੀ)
"ਦੇਹ **ਤੇਜਣਿ** ਜੀ ਰਾਮਿ ਉਪਾਈਆ ਰਾਮ।"
— ਵਡ **੪**, ਘੋੜੀ ੧, ੧ : ੧ (575)
"ਘੋੜੀ **ਤੇਜਣਿ** ਦੇਹ ਰਾਮਿ ਉਪਾਈਆ ਰਾਮ।"
— ਵਡ **੪**, ਘੋੜੀ ੧, ੪ : ੧ (575)

ਤੇਜਨ — ਪਰਤਾਪ ਵਾਲੇ
"**ਤੇਜਨ** ਮਹਿ ਤੇਜਵੰਸੀ ਕਹੀਅਹਿ ਰਸੀਅਨ ਮਹਿ ਰਾਤਾ।" — ਗੂਜ **੫**, ਅਸ ੧, ੨ : ੨ (507)

ਤੇਜਨੜੀ — ਘੋੜੀ, ਤੇਜ਼ ਚਲਣ ਵਾਲੀ ਘੋੜੀ
"ਦੇਹ **ਤੇਜਨੜੀ** ਹਰਿ ਨਵਰੰਗੀਆ ਰਾਮ।"
— ਵਡ **੪**, ਘੋੜੀ ੨, ੧ : ੧ (576)

ਤੇਜਵੰਸੀ — ਪਰਤਾਪੀ ਕੁਲ ਵਾਲਾ
"ਤੇਜਨ ਮਹਿ **ਤੇਜਵੰਸੀ** ਕਹੀਅਹਿ ਰਸੀਅਨ ਮਹਿ

ਰਾਤਾ।" — ਗੂਜ **੫**, ਅਸ ੧, ੨ : ੨ (507)

ਤੇਜੁ — ਜੋਰ, ਬਲ, ਸ਼ਕਤੀ, ਸੱਤਾ
"ਤਰੁਣ **ਤੇਜੁ** ਪਰ ਤ੍ਰਿਅ ਮੁਖੁ ਜੋਹਹਿ ਸਰੁ ਅਪਸਰੁ ਨ ਪਛਾਣਿਆ।" (ਭਾਵ ਜੋਸ਼)
— ਸਿਰੀ **ਬੇਣੀ** ੧, ੩ : ੧ (93)
"ਸੰਤ ਕੈ ਦੂਖਨਿ **ਤੇਜੁ** ਸਭੁ ਜਾਇ" (ਤੇਜ਼ ਪ੍ਰਤਾਪ)
— ਗਉ **੫**, ਸੁਖ ੧੩, ੨ : ੨ (279)
"ਸਾਖੀ ਸਬਦੁ ਸੁਰਤਿ ਨਹੀ ਉਪਜੈ ਖਿੰਚਿ **ਤੇਜੁ** ਸਭੁ ਲੀਨ੍ਹਾ।" (ਸੱਤਾ)
— ਆਸਾ **ਕਬ**, ੧੮, ੨ : ੨ (480)

2. ਅਗਨ
"ਅਪੁ **ਤੇਜੁ** ਬਾਇ ਪ੍ਰਿਥਮੀ ਆਕਾਸਾ।"
— ਗਉ **ਕਬ**, ੧੮, ੪ : ੧ (327)

3. (ਸੰ. ਤੇਜਸ੍) ਜੋਤ
"ਆਪੁ ਆਪ ਤੇ ਜਾਨਿਆ ਤੇਜ **ਤੇਜੁ** ਸਮਾਨਾ।"
— ਬਿਲਾ **ਕਬ**, ੧੧, ੩ : ੧ (857)

4. ਪ੍ਰਤਾਪ
"ਮਾਣੁ ਮਹਤਾ **ਤੇਜੁ** ਆਪਣਾ ਆਪਿ ਜਰਿ।"
— ਰਾਮ **੫**, ਵਾਰ ੧੮ : ੬ (965)

5. ਤਪੋ ਗੁਣ, ਕ੍ਰੋਧ
"ਤੀਰਥਿ **ਤੇਜੁ** ਨਿਵਾਰਿ ਨ ਨ੍ਹਾਤੇ ਹਰਿ ਕਾ ਨਾਮੁ ਨ ਭਾਇਆ।"
— ਮਲਾ **੧**, ੩, ੨ : ੧ (1255)

6. ਪ੍ਰਕਾਸ਼
"ਪ੍ਰਗਟ ਜੋਤਿ ਜਗਮਗੈ **ਤੇਜੁ** ਭੂਅ ਮੰਡਲਿ ਛਾਯਉ।"
— ਸਵ **੫**, ਮਥੁ ੨ : ੩ (1408)

ਤੇਜੋ — ਗੁਰੂ ਅਮਰਦਾਸ ਜੀ ਦੇ ਪਿਤਾ ਤੇਜਭਾਨ
"ਭਲਉ ਪ੍ਰਸਿਧੁ **ਤੇਜੋ** ਤਨੌ ਕਲ੍ਹ ਜੋੜਿ ਕਰ ਧ੍ਯਾਇਅਓ।" — ਸਵ **੩**, ੫ : ੫ (1393)

ਤੇਟਿਆ — ਨੇੜੇ ਹੋਣਾ, ਵਸ ਪੈਣਾ
"ਹੋਆ ਸਾਧੂ ਸੰਗੁ ਫਿਰਿ ਦੂਖ ਨ **ਤੇਟਿਆ**।"
— ਗੂਜ **੫**, ਵਾਰ ੧੦ : ੨ (520)

ਤੇਟੈ — ਡਾਂਟਦਾ, ਤਾੜਦਾ
"ਸਤਿਗੁਰੁ ਭੇਟੈ ਜਮੁ ਨ **ਤੇਟੈ**।"
— ਪ੍ਰਭਾ **੫**, ੧੩, ੨ : ੨ (1341)

ਤੇਤ — ਉਤਨੀ
"ਜੇਤੀ ਪ੍ਰਭੂ ਜਨਾਈ ਰਸਨਾ **ਤੇਤ** ਭਨੀ।"
— ਆਸਾ **੫**, ਛੰਤ ੫, ੪ : ੧ (456)

ਤੇਤਾ — 1. ਉਤਨਾ ਹੀ, ਉਹ ਸਾਰਾ ਹੀ
"ਜੇਤਾ ਕੀਤਾ **ਤੇਤਾ** ਨਾਉ।"
— ਜਪੁ **੧**, ੧੯ : ੧੦ (4)
"ਜੇਤਾ ਬੋਲਣੁ **ਤੇਤਾ** ਗਿਆਨੈ।"
— ਗਉ **੫**, ਅਸ ੩, ੨ : ੨ (236)

ਹੋਰ ਰੂਪ — ਤੇਤੀ —
"ਜੇਤੀ ਹੈ **ਤੇਤੀ** ਕਿਹੁ ਨਾਹੀ" (ਉਤਨੀ ਹੀ/ਉਹ ਸਾਰੀ ਹੀ)
— ਗਉ **੧**, ਅਸ ੧੩, ੨ : ੧ (226)

2. ਮੰਨੇ ਜਾਣੇ ਚਹੁੰ ਯੁੱਗਾਂ ਵਿਚੋ ਇਕ ਦਾ ਨਾਂ
"ਸਤਜੁਗਿ ਸਤੁ **ਤੇਤਾ** ਜਗੀ ਦੁਆਪਰਿ ਪੂਜਾਚਾਰ।"
— ਗਉ **ਰਵਿ**, ਅਸ ੧, ੧ : ੨ (346)
"**ਤੇਤਾ** ਜੁਗੁ ਆਇਆ ਅੰਤਰਿ ਜੋਰੁ ਪਾਇਆ ਜਤੁ ਸੰਜਮ ਕਰਮ ਕਮਾਇ ਜੀਉ।"
— ਆਸਾ **੪**, ਛੰਤ ੧੧, ੨ : ੧ (445)

ਤੇਤੀਸ — ਤੀਹ ਉਪਰ ਤਿੰਨ, ਗਿਣਤੀ ਦੀ ਇਕ ਇਕਾਈ
"ਕੋਟਿ **ਤੇਤੀਸ** ਸੇਵਕਾ ਸਿਧ ਸਾਧਿਕ ਦਰਿ ਖਰਿਆ।" — ਸਿਰੀ **੫**, ੨੨, ੪ : ੧ (42)

ਤੇਤੀਸਉ — ਤੇਤੀ ਹੀ
"ਸੁਰ **ਤੇਤੀਸਉ** ਜੇਵਹਿ ਪਾਕ।"
— ਭੈਰ **ਕਬ**, ਅਸ ੨, ੨ : ੨ (1163)

ਤੇਤੀਸਾ — ਤੇਤੀ
"ਕੋਟਿ **ਤੇਤੀਸਾ** ਖੋਜਹਿ ਤਾ ਕਉ ਗੁਰ ਮਿਲਿ ਹਿਰਦੈ ਗਾਵਣਿਆ।"
— ਮਾਝ **੫**, ਅਸ ੩੫, ੨ : ੩ (130)

ਤੇਤੇ — ਉਤਨੇ ਹੀ, ਸਾਰੇ ਹੀ
"ਜੇਤੇ ਥਾਨ ਥਨੰਤਰਾ **ਤੇਤੇ** ਭਵਿ ਆਇਆ।"
— ਸਿਰੀ **੫**, ੨੨, ੨ : ੧ (42)

ਤੇਤੋ — ਉਤਨਾ ਹੀ
"ਬਹੁ ਤੀਰਥ ਭਵਿਆ **ਤੇਤੋ** ਲਵਿਆ।"
— ਆਸਾ **੧**, ਵਾਰ ੯ਸ, **੧**, ੨ : ੨ (467)

ਤੇਨ — 1. ਤਿਨ੍ਹਾਂ ਨੂੰ
"ਹਰਿ ਕੇ ਸੰਤ ਮਿਲਹਿ ਮਨ ਪ੍ਰੀਤਮ ਕਟਿ ਦੇਵਉ

ਹੀਅਰਾ **ਤੇਨ**।"
— ਕਾਨ **੪**, ੨, ੨ : ੧ (1295)

2. ਉਸੇ ਹੀ
"ਜੇਨ ਕਲਾ ਮਾਤ ਗਰਭ ਪ੍ਰਤਿਪਾਲੰ ਨਹ ਛੇਦੰਤ ਜਠਰ ਰੋਗਣਹ।"
"**ਤੇਨ** ਕਲਾ ਅਸਥੰਭੰ ਸਰੋਵਰੰ ਨਾਨਕ ਨਹ ਛਿਜੰਤਿ ਤਰੰਗ ਤੋਯਣਹ।"
— ਸਸ **੫**, ੫੩ : ੩;੪ (1359)

ਤੇਰ — ਤੇਰਾਪਣ
"ਮੇਰ **ਤੇਰ** ਜਬ ਇਨਹਿ ਚੁਕਾਈ।"
— ਗਉ **੫**, ਅਸ ੧, ੨ : ੩ (235)

ਤੇਰਉ — ਤੇਰਾ ਹੀ
"ਮੈ ਆਧਾਰੁ ਤੇਰਾ ਤੂ ਖਸਮ ਮੇਰਾ ਮੈ ਤਾਣੁ ਤਕੀਆ **ਤੇਰਉ**।" — ਬਿਲਾ **੧**, ਛੰਤ ੨, ੪ : ੫ (844)

ਤੇਰਸਿ — ਤ੍ਰੌਦਸੀ/ਤੇਹਰਵੀਂ ਦੁਆਰਾ
"**ਤੇਰਸਿ** ਤਰਵਰ ਸਮੁਦ ਕਨਾਰੈ।"
— ਬਿਲਾ **੧**, ਥਿਤੀ ੧੭ : ੧ (840)

ਤੇਰਹ — ਤੇਰਾ '13'
"ਤੇਰਸਿ **ਤੇਰਹ** ਅਗਮ ਬਖਾਣਿ।" (ਇਹ 13 ਅਗਮ ਹਨ — 4 ਵੇਦ 6 ਵੇਦਾਂਗ ਸਿੰਮ੍ਰਿਤੀ ਪੁਰਾਣ ਤੇ ਤੰਤ੍ਰ ਸ਼ਾਸਤਰ)
— ਗਉ **ਕਬ**, ਥਿਤੀ ੧੪ : ੧ (344)

ਤੇਰਾ — ਆਪ ਦਾ ਤੁਹਾਡਾ
"ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ **ਤੇਰਾ** ਅੰਤੁ ਨ ਪਾਰਾਵਰਿਆ।"
— ਗੂਜ **੫**, ਸੋਦ ੫, ੪ : ੨ (10)
"ਜੀਅ ਜੰਤ ਸਭਿ **ਤੇਰਾ** ਖੇਲੁ।"
— ਆਸਾ **੪**, ਸੋਪੁ ੨, ੨ : ੩ (11)

ਤੇਰਿਆ — ਤੇਰੇ
"**ਤੇਰਿਆ** ਭਗਤਾ ਰਿਦੈ ਸਮਾਣੀਆ।"
— ਸਿਰੀ **੧**, ਅਸ ੨੮, ੧੨ : ੨ (72)

ਤੇਰੀ — ਤੁਹਾਡੀ, ਆਪਦੀ
"ਏਹਿ ਭਿ ਦਾਤਿ **ਤੇਰੀ** ਦਾਤਾਰ।"
— ਜਪੁ **੧**, ੨੫ : ੯ (5)
"ਭੀ **ਤੇਰੀ** ਕੀਮਤਿ ਨ ਪਵੈ ਹਉ ਕੇਵਡੁ ਆਖਾ ਨਾਉ।" — ਸਿਰੀ **੧**, ੨, ੧ : ੩ (14)

ਹੋਰ ਰੂਪ — ਤੇਰੀਆ —
"ਕੇਤੀਆਂ **ਤੇਰੀਆ** ਕੁਦਰਤੀ ਕੇਵਡ ਤੇਰੀ ਦਾਤਿ।" — ਸਿਰੀ **੧**, ੧੦, ੩ : ੧ (18)

ਤੇਰੀਐ —
"ਕਾਰਣ ਕਰਣ ਕਰੀਮ ਕੁਦਰਤਿ **ਤੇਰੀਐ**।"
— ਰਾਮ **੫**, ਵਾਰ ੧੬ : ੮ (964)

ਤੇਰੇ — ਤੁਹਾਡੇ, ਆਪ ਦੇ
"ਕੇਤੇ **ਤੇਰੇ** ਜੀਅ ਜੰਤ ਸਿਫਤਿ ਕਰਹਿ ਦਿਨੁ ਰਾਤਿ।" — ਸਿਰੀ **੧**, ੧੦, ੩ : ੨ (18)

ਹੋਰ ਰੂਪ — ਤੇਰੈ —
"ਕਰਤਾ ਸਭੁ ਕੋ **ਤੇਰੈ** ਜੋਰਿ" (ਤੁਹਾਡੇ)
— ਸਿਰੀ **੧**, ੧੦, ੧* : ੧ (17)

ਤੇਰੋ —
"**ਤੇਰੋ** ਰੂਪੁ ਸਗਲ ਦੇਖਿ ਮੋਹੀ।"
— ਗਉ **੫**, ੧੨੯, ੧* : ੨ (207)

ਤੇਲ — (ਸੰ. ਤੈਲਮ੍)ਤਿਲਾਂ ਦੀ ਚਿਕਨਾਈ ਕਿਉਂਕਿ ਸਭ ਤੋਂ ਪਹਿਲਾਂ ਤਿਲਾਂ ਤੋਂ ਤੇਲ ਕੱਢਿਆ ਮੰਨਿਆ ਜਾਂਦਾ ਹੈ, ਇਸ ਲਈ ਇਸ ਦਾ ਨਾਂ 'ਤੇਲ' ਪੈ ਗਿਆ।
"ਬਿਨੁ **ਤੇਲ** ਦੀਵਾ ਕਿਉ ਜਲੈ।"
— ਸਿਰੀ **੧**, ੩੩, ੧* : ੧ (25)

ਤੇਲਕ — (ਸੰ. ਤੈਲ੍ਕਿ) ਤੇਲੀ, ਤੇਲ ਕਢਣ ਵਾਲਾ
"ਭ੍ਰਮਤ ਫਿਰਤ **ਤੇਲਕ** ਕੇ ਕਪਿ ਜਿਉ ਗਤਿ ਬਿਨੁ ਰੈਨਿ ਬਿਹਈ ਹੈ।"
— ਗੂਜ **ਕਬ**, ੧, ੪ : ੧ (524)

ਤੇਲੰਗੀ — ਬਿਲਾਵਲ ਠਾਟ ਦਾ ਇਕ ਔੜਵ ਰਾਗ
"**ਤੇਲੰਗੀ** ਦੇਵਕਰੀ ਆਈ।"
— ਰਾਮ **੧** : ੨੫ (1430)

ਤੇਲੀ — ਤੇਲ ਕਢਣ ਵਾਲਾ
"ਓਹੁ **ਤੇਲੀ** ਸੰਦਾ ਬਲਦੁ ਕਰਿ ਨਿਤ ਭਲਕੇ ਉਠਿ ਪ੍ਰਭਿ ਜੋਇਆ।"
— ਗਉ **੪**, ਵਾਰ ੧੬ਸ, **੪**, ੧ : ੫ (309)

ਤੇਲੁ — ਬੀਜਾਂ ਅਥਵਾ ਤਿਲਾਂ ਦੀ ਚਿਕਨਾਈ
"ਇਹੁ **ਤੇਲੁ** ਦੀਵਾ ਇਉ ਜਲੈ।"
— ਸਿਰੀ **੧**, ੩੩, ੩ : ੧ (25)

ਹੋਰ ਰੂਪ — ਤੇਲੋ —
"ਦੀਪਕ ਰਸ **ਤੇਲੋ** ਧਨ ਪਿਰ ਮੇਲੋ ਧਨ ਓਮਾਹੈ ਸਰਸੀ।"

— ਤੁਖਾ **੧**, ਬਾਰਾ ੧੨ : ੩ (1109)

ਤੇਵਡ — ਓਡੀ ਵਡੀ ਨਹੀਂ
"ਜੇਵਡੁ ਆਪਿ **ਤੇਵਡ** ਤੇਰੀ ਦਾਤਿ।"
— ਆਸਾ **੧**, ਸੋਦ ੩, ੪ : ੧ (9)
"ਜੇਵਡੁ ਸਾਹਿਬੁ **ਤੇਵਡ** ਦਾਤੀ ਦੇ ਦੇ ਕਰਹਿ ਰਜਾਈ।"
— ਮਾਝ **੧**, ਵਾਰ ੧੯ਸ, **੧**, ੧ : ੬ (147)
ਹੋਰ ਰੂਪ — ਤੇਵਡੁ —
"ਜੇਵਡੁ ਭਾਵੈ **ਤੇਵਡੁ** ਹੋਇ।"
— ਜਪੁ **੧**, ੨੬ : ੨੩ (6)

ਤੇਵਰ — ਤਿਹਰੀ, ਤਿੰਨ ਗੁਣਾਂ
"ਦੋਵਰ ਕੋਟ ਅਰੁ **ਤੇਵਰ** ਖਾਈ।"
— ਭੈਰ **ਕਬ**, ੧੭, ੧* : ੨ (1161)

ਤੇਵੇਹਾ — ਇਹੋ ਜਿਹਾ, ਤੇਹੋ ਜਿਹਾ
"ਜਿਉ ਸਾਹਿਬ ਨਾਲਿ ਨ ਹਾਰੀਐ **ਤੇਵੇਹਾ** ਪਾਸਾ ਢਾਲੀਐ।" — ਆਸਾ **੧**, ਵਾਰ ੨੧ : ੪ (474)
ਹੋਰ ਰੂਪ — ਤੇਵੇਹੇ —
"ਜੇਵੇਹੇ ਕਰਮ ਕਮਾਵਦਾ **ਤੇਵੇਹੇ** ਫਲਤੇ।"
— ਗਉ **੪**, ਵਾਰ ੩੦ : ੪ (317)

ਤੇਵੈ — ਉਹ
"ਧੰਨਿ **ਤੇਵੈ** ਮੁਨਿ ਜਨ ਜਿਨ ਧਿਆਇਓ ਹਰਿ ਪ੍ਰਭੁ ਮੇਰਾ।" — ਧਨਾ **ਨਾਮ**, ੫, ੧ : ੨ (694)

ਤੇੜਿ — ਕਮਰ ਤੇ, ਲਕ ਤੇ
"ਮਥੈ ਟਿਕਾ **ਤੇੜਿ** ਧੋਤੀ ਕਖਾਈ।"
— ਆਸਾ **੧**, ਵਾਰ ੧੬ਸ, **੧**, ੨ : ੯ (471)

ਤੈ — 1. ਅਤੇ, ਤੇ
"ਆਖਹਿ ਗੋਪੀ **ਤੈ** ਗੋਵਿੰਦ।"
— ਜਪੁ **੧**, ੨੬ : ੧੪ (6)
"ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ **ਤੈ** ਬਿਲਲਾਹਿ।"
— ਸਿਰੀ **੩**, ਅਸ ੨੦, ੨ : ੨ (66)
2. ਤੋਂ
"ਮਨਮੁਖ ਗੁਣ **ਤੈ** ਬਾਹਰੇ ਬਿਨੁ ਨਾਵੈ ਮਰਦੇ ਝੂਰਿ।" — ਸਿਰੀ **੩**, ੩੭, ੨ : ੪ (27)
3. ਤਿਸ ਨੂੰ, ਉਸ ਨੂੰ
"ਸਭ ਨਦਰੀ ਅੰਦਰਿ ਵੇਖਦਾ ਜੈ ਭਾਵੈ **ਤੈ** ਦੇਇ।"
— ਸਿਰੀ **੩**, ੫੭, ੨ : ੩ (36)
"ਵਡੇ ਹਥਿ ਵਡਿਆਈਆ ਜੈ ਭਾਵੈ **ਤੈ** ਦੇਇ।"
— ਸਿਰੀ **੧**, ਅਸ ੧, ੬ : ੨ (53)
4. ਤੂੰ
"ਆਨ ਰਸਾ ਜੇਤੇ **ਤੈ** ਚਾਖੇ।"
— ਗਉ **੫**, ੮੪, ੧ : ੧ (180)
"ਉਠਿ ਵੰਞੁ ਵਟਾਊੜਿਆ **ਤੈ** ਕਿਆ ਚਿਰੁ ਲਾਇਆ।"
— ਆਸਾ **੫**, ਛੰਤ ੧੧, ੧ : ੧ (459)
ਹੋਰ ਰੂਪ — ਤੈਂ —
"ਐਸਾ **ਤੈਂ** ਜਗੁ ਭਰਮਿ ਲਾਇਆ।"
— ਸਿਰੀ **ਕਬ**, ੧, ੧* : ੧ (92)
5. ਤੇਰੇ
"ਲਾਲ ਚੋਲਨਾ **ਤੈ** ਤਨਿ ਸੋਹਿਆ।"
— ਆਸਾ **੫**, ੫੨, ੧ : ੧ (384)
"**ਤੈ** ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ।"
— ਵਡ **੧**, ੩, ੧ : ੧੮ (558)
"ਹਰਿ ਨਾਮੁ ਨ ਸਿਮਰਹਿ ਸਾਧ ਸੰਗਿ **ਤੈ** ਤਨਿ ਉਡੈ ਖੇਹ।" (ਤੇਰੇ)
— ਬਿਹਾ **੪**, ਵਾਰ ੧੪ਸ, **੫**, ੧ : ੧ (553)
(ਮਹਾਨਕੋਸ਼ ਇਸ ਦੇ ਅਰਥ 'ਉਸ ਦੇ' ਕਰਦਾ ਹੈ।)
6. ਤਿੰਨ
"ਗਜ ਸਾਢੇ **ਤੈ ਤੈ** ਧੋਤੀਆ ਤਿਹਰੇ ਪਾਇਨਿ ਤਗ।" — ਆਸਾ **ਕਬ**, ੨, ੧ : ੧ (475)
"ਥਾਲੈ ਵਿਚਿ **ਤੈ** ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ।"
— ਸੋਰ **੪**, ਵਾਰ ੮ਸ, **੩**, ੧ : ੧ (645)
7. ਉਸ
"ਹਭਿ ਰੰਗ ਮਾਣਹਿ ਜਿਸੁ ਸੰਗਿ **ਤੈ** ਸਿਉ ਲਾਈਐ ਨੇਹੁ।"
— ਜੈਤ **੫**, ਵਾਰ ੩ਸ, **੫**, ੨ : ੧ (706)
8. ਥਾਂ, ਜਗਾ
"ਜੇ ਕਰਿ ਸੂਤਕੁ ਮੰਨੀਐ ਸਭ **ਤੈ** ਸੂਤਕੁ ਹੋਇ।"
— ਆਸਾ **੧**, ਵਾਰ ੧੮ਸ, **੧**, ੧ : ੧ (472)
"ਹਰਿ ਅੰਤਰਜਾਮੀ ਸਭ **ਤੈ** ਵਰਤੈ ਜੇਹਾ ਹਰਿ ਕਰਾਏ ਤੇਹਾ ਕੋ ਕਰਈਐ।"
— ਗੋਂਡ **੪**, ੫, ੧ : ੧ (861)

9. ਉਨ੍ਹਾਂ ਦੇ
"**ਤੈ** ਤਨਿ ਪੜਦਾ ਨਾਹਿ ਨਾਨਕ ਜੈ ਗੁਰੁ ਭੇਟਿਆ।"
— ਮਾਰੂ **੫**, ਵਾਰ ੧੫ਸ, **੫**, ੨ : ੨ (1099)

10. ਤਦ, ਓਦੋਂ
"**ਤੈ** ਸਹ ਪਾਸਹੁ ਕਹਣੁ ਕਹਾਇਆ।"
— ਸਾਰ **੪**, ਵਾਰ ੧੫ਸ, **੧**, ੨ : ੪ (1243)

ਤੈਸੜਾ — ਤਿਹੋ ਜਿਹਾ, ਉਸੇ ਤਰਾਂ ਦਾ
"ਜੈਸੀ ਮੈ ਆਵੈ ਖਸਮ ਕੀ ਬਾਣੀ **ਤੈਸੜਾ** ਕਰੀ ਗਿਆਨੁ ਵੇ ਲਾਲੋ।"
— ਤਿਲੰ **੧**, ੫, ੧ : ੧ (722)

ਤੈਸਾ — ਉਹੋ ਜਿਹਾ, ਤਿਵੇਂ ਦਾ
"ਜੈਸੀ ਨਦਰਿ ਕਰਿ ਦੇਖੈ ਸਚਾ **ਤੈਸਾ** ਹੀ ਕੋ ਹੋਇ।"
— ਸਿਰੀ **੩**, ਅਸ ੨੦, ੮ : ੨ (66)

ਤੈਸੀ — ਉਹੋ ਜਿਹੀ, ਤਿਵੇਂ ਦੀ, ਤਿਹੋ ਜਿਹੀ
"**ਤੈਸੀ** ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ।"
— ਸਿਰੀ **੧**, ੨੩, ੧ : ੨ (22)

ਤੈਸੇ — ਉਹੋ ਜਿਹੇ, ਉਵੇਂ ਦੇ
"ਜੋ ਕਿਛੁ ਕਰਤੁ ਹੈ ਸੋਈ ਕੋਈ ਹੈ ਰੇ **ਤੈਸੇ** ਜਾਇ ਸਮਾਹੀ।" — ਗਉ **੩**, ੩੫, ੧* : ੨ (162)

ਹੋਰ ਰੂਪ — ਤੈਸੈ —
"ਜੈਸੇ ਮਹਲਿ ਰਾਖੈ **ਤੈਸੈ** ਰਹਨਾ ਕਿਆ ਇਹੁ ਕਰੈ ਬਿਚਾਰਾ।"
— ਗਉ **੫**, ੧੨੬*, ੪ : ੨ (206)

ਤੈਸੋ — ਉਹੋ ਜਿਹਾ, ਤਿਵੇਂ ਦਾ
"ਜਿਸੁ ਸਿਉ ਰਾਤਾ **ਤੈਸੋ** ਹੋਵੈ ਸਚੇ ਸਚਿ ਸਮਾਇਆ।"
— ਸਿਰੀ **੩**, ਅਸ ੧੮, ੫ : ੩ (65)

ਤੈਕੂ — ਤੈਨੂੰ
"ਪਾਵ ਮਲੋਵਾ ਮਲਿ ਮਲਿ ਧੋਵਾ ਇਹੁ ਮਨੁ **ਤੈਕੂ** ਦੇਸਾ।" — ਸੋਰ **੫**, ੧੨, ੨ : ੧ (612)

ਤੈਡਾ — ਤੇਰਾ
"ਜੇ ਤੁਧੁ ਭਾਵੈ ਸਾਹਿਬਾ ਤੂ ਮੈ ਹਉ **ਤੈਡਾ**।"
— ਆਸਾ **੧**, ਅਸ ੧੪, ੧ : ੨ (418)

ਤੈਡੀ — ਤੇਰੀ
"**ਤੈਡੀ** ਬੰਦਸਿ ਮੈ ਕੋਇ ਨ ਡਿਠਾ ਤੂ ਨਾਨਕ ਮਨਿ ਭਾਣਾ।"
— ਰਾਮ **੫**, ਵਾਰ ੧੫ਸ, **੫**, ੧ : ੧ (964)

ਤੈਡੇ — ਤੇਰੇ
"ਫਰੀਦਾ ਕਿਥੈ **ਤੈਡੇ** ਮਾਪਿਆ ਜਿਨ੍ਹੀ ਤੂ ਜਣਿਓਹਿ।" — ਸਲੋ **ਫਰ**, ੭੨ : ੧ (1381)

ਹੋਰ ਰੂਪ — ਤੈਡੈ —
"**ਤੈਡੈ** ਸਿਮਰਣਿ ਹਭਿ ਕਿਛੁ ਲਧਮੁ ਬਿਖਮੁ ਨ ਡਿਠਮੁ ਕੋਈ।"
— ਗੂਜ **੫**, ਵਾਰ ੮ਸ, **੫**, ੨ : ੧ (520)

ਤੋ — (ਫਾ. ਤਉ) ਤੇਰੇ
"**ਤੋ** ਪਹਿ ਦੁਗਣੀ ਮਜੂਰੀ ਦੈਹਉ ਮੋ ਕਉ ਬੇਢੀ ਦੇਹੁ ਬਤਾਈ ਹੋ।"
— ਸੋਰ **ਨਾਮ**, ੨, ੧ : ੨ (657)
"ਤਨੁ ਧਨੁ ਜਿਹ **ਤੋ** ਕਉ ਦੀਓ ਤਾਂ ਸਿਉ ਨੇਹੁ ਨ ਕੀਨ।" (ਤੇਰੇ ਕੋ ਭਾਵ ਤੈਨੂੰ)
— ਸਲੋ **੯**, ੭ : ੧ (1426)

ਤੋਊ — ਤੈਨੂੰ
"ਚਾਰਿ ਆਸਰਮ ਚਾਰਿ ਬਰੰਨਾ ਮੁਕਤਿ ਭਏ ਸੇਵ **ਤੋਊ**।" — ਦੇਵ **੫**, ੩੩, ੧ : ੨ (535)

ਤੋਅ — (ਸੰ. ਤੋਯਮ੍) ਜਲ, ਪਾਣੀ, ਹੋਰ ਵੇਖੋ 'ਤੋਆ'
"ਪਾਵਕ **ਤੋਅ** ਅਸਾਧ ਘੋਰੰ ਅਗਮ ਤੀਰ ਨਹ ਲੰਘਣਹ।" — ਸਸ **੫**, ੫੮ : ੪ (1359)

ਤੋਆ/ਤੋਐ — ਪਾਣੀ, ਜਲ, ਵੇਖੋ 'ਤੋਅ'
"**ਤੋਆ** ਆਖੈ ਹਉ ਬਹੁ ਬਿਧਿ ਹਛਾ **ਤੋਐ** ਬਹੁਤੁ ਬਿਕਾਰਾ।"
— ਮਲਾ **੧**, ਵਾਰ ੨੫ਸ, **੧**, ੨ : ੨੫ (1290)

ਤੋਇ — 1. ਤੈਨੂੰ
"ਸੋ ਘਰੁ ਰਾਖੁ ਵਡਾਈ **ਤੋਇ**।"
— ਆਸਾ **੧**, ਸੋਲਾ ੨, ੧* : ੨ (12)

2. ਜਲ, ਪਾਣੀ
"ਤਤੀ **ਤੋਇ** ਨ ਪਲਵੈ ਜੇ ਜਲਿ ਟੁਬੀ ਦੇਇ।"
— ਸਲੋ **ਫਰ**, ੬੨ : ੧ (1381)

ਤੋਇਅਹੁ — ਪਾਣੀ ਤੋਂ, ਵੇਖੋ 'ਤੋਅ'
"**ਤੋਇਅਹੁ** ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ।"
— ਮਲਾ **੧**, ਵਾਰ ੨੫ਸ, **੧**, ੧ : ੨੪ (1290)

ਤੋਸਾ — (ਫਾ. ਤੋਸ਼ਹ) ਸਫਰ ਵਾਸਤੇ ਖਰਚਾ ਤੇ ਖੁਰਾਕ

"**ਤੋਸਾ** ਬੰਧਹੁ ਜੀਅ ਕਾ ਐਥੈ ਓਥੈ ਨਾਲਿ।"
— ਸਿਰੀ **੫**, ੯੦, ੧ : ੨ (49)

ਤੋਸੈ — ਸਫਰ ਦਾ ਖਰਚ ਤੇ ਖੁਰਾਕ ਸਦਕਾ
"ਦੀਨ ਕੈ **ਤੋਸੈ** ਦੁਨੀ ਨ ਜਾਇ।"
— ਸੂਹੀ **੫**, ੨੯, ੨ : ੨ (743)

ਤੋਹ — ਤੂੰ
"ਮੈ ਅਵਰੁ ਨ ਦੀਸੈ ਸਰਬ **ਤੋਹ**।"
— ਬਸੰ **੧**, ਪ, ੧ : ੨ (1169)

ਤੋਹੰ — ਤੇਰੇ ਨਾਲ
"ਸੁਖੁ ਪਾਇਓ ਦੂਖੁ ਦੂਰਿ ਪਰਾਇਓ ਬਣਿ ਆਈ ਪ੍ਰਭ **ਤੋਹੰ**।" — ਸਾਰ **੫**, ੩੭, ੧ : ੨ (1211)

ਤੋਹਿ — 1. ਤੇਰੇ
"ਸਹਸ ਤਵ ਨੈਨ ਨਨ ਨੈਨ ਹਹਿ **ਤੋਹਿ** ਕਉ ਸਹਸ ਮੂਰਤਿ ਨਨਾ ਏਕ ਤੁੋਹੀ।"
— ਧਨਾ **੧**, ਸੋਹ ੩, ੨ : ੧ (13)
"ਮੇਰਾ ਮਨੁ ਲਾਗਾ **ਤੋਹਿ**।" (ਤੇਰੇ ਨਾਲ)
— ਗਉ **ਕਬ**, ਪਪ, ੧* : ੨ (335)
"**ਤੋਹਿ** ਚਰਨ ਮਨੁ ਲਾਗੋ ਸਾਰਿੰਗਧਰ।"
— ਗਉ **ਕਬ**, ੬੬, ੧* : ੧ (338)

2. ਤੂੰ
"ਤੇਰੇ ਜੀਅ ਜੀਆ ਕਾ **ਤੋਹਿ**।"
— ਸਿਰੀ **੧**, ੩੦, ੨ : ੧ (25)

3. ਤੈਨੂੰ
"ਆਸੁ ਕਾਲਿ ਫੁਨਿ **ਤੋਹਿ** ਗ੍ਰਸਿ ਹੈ ਸਮਝਿ ਰਾਖਉ ਚੀਤਿ।" — ਸੋਰ **੯**, ੧, ੨ : ੧ (631)
"ਕਿਉ ਮਿਲੀਐ ਪ੍ਰਭ ਅਬਿਨਾਸੀ **ਤੋਹਿ**।"
— ਬਿਲਾ **੫**, ੧, ੧ : ੨ (801)

ਤੋਹੀ — 1. ਤੇਰੇ
"ਤੋਹੀ ਮੋਹੀ ਮੋਹੀ **ਤੋਹੀ** ਅੰਤਰੁ ਕੈਸਾ।"
— ਸਿਰੀ **ਰਵਿ**, ੧, ੧ : ੧ (93)

2. ਤੈਨੂੰ
"ਤੁਝ ਬਿਨੁ ਕਵਨੁ ਰੀਝਾਵੈ **ਤੋਹੀ**।"
— ਗਉ **੫**, ੧੨੯, ੧* : ੧ (207)

3. ਤੂੰ
"ਜਤ ਕਤ ਦੇਖੀਐ ਤਤ ਤਤ **ਤੋਹੀ**।"
— ਰਾਮ **੫**, ਅਸ ੨, ੭ : ੨ (913)

ਤੋਖਿ — ਪ੍ਰਸੰਨ ਹੋਏ, ਤ੍ਰਿਪਤ ਹੋਏ ਸੰਤੋਖ ਪਾਇਆ
"ਨੈਨ ਤ੍ਰਿਪਤੇ ਦਰਸੁ ਪੇਖਿ ਜਸੁ **ਤੋਖਿ** ਸੁਨਤ ਕਰਨ।" — ਕਾਨ **੫**, ੪੦, ੧ : ੧ (1306)

ਹੋਰ ਰੂਪ — ਤੋਖਿਓ —
"ਨਾਨਾ ਤ੍ਰੂਠਿ ਲਾਇ ਮਨੁ **ਤੋਖਿਓ** ਨਹ ਬੂਝਿਓ ਅਪਨਾਇਓ।"
— ਟੋਡੀ **੫**, ੩, ੩ : ੨ (712)

ਤੋਖਿਤ — ਪ੍ਰਸੰਨ ਤ੍ਰਿਪਤ ਹੁੰਦਾ ਹੈ
"ਭਗਤੀ **ਤੋਖਿਤ** ਦੀਨ ਕ੍ਰਿਪਾਲਾ ਗੁਣੇ ਨ ਕਿਤ ਹੀ ਹੈ ਭਿਗਾ।"
— ਮਾਰੂ **੫**, ਸੋਲਾ ੧੧, ੧੩ : ੩ (1083)

ਤੋਖੀਲੇ — ਪ੍ਰਸੰਨ ਕੀਤਾ
"ਦਾ ਧੀਲੇ ਲੰਕਾ ਗੜੁ ਉਪਾੜੀਲੇ ਰਾਵਣ ਬਣੁ ਸਲਿ ਬਿਸਲਿ ਆਣਿ **ਤੋਖੀਲੇ** ਹਰੀ।"
— ਧਨਾ **ਤਿਲੋ**, ੧, ੫ : ੧ (693)

ਤੋਟ — ਘਾਟਾ, ਕਮੀ
"ਗੁਰੁ ਸਾਗਰੁ ਰਤਨੀ ਨਹੀ **ਤੋਟ**।"
— ਰਾਮ **੧**, ਓਅੰ ੨੭ : ੫ (933)

ਤੋਟਾ — 1. ਘਾਟ, ਕਮੀ, ਥੁੜ
"ਹਉਮੈ ਮਾਇਆ ਸਭ ਬਿਖੁ ਹੈ ਨਿਤ ਜਗਿ **ਤੋਟਾ** ਸੰਸਾਰਿ ।" (ਕਮੀ)
— ਗਉ **੪**, ਵਾਰ ੧ਸ, **੪**, ੨ : ੧ (300)
"ਇਸੁ ਹਰਿ ਧਨੈ ਦਾ **ਤੋਟਾ** ਕਦੇ ਨ ਆਵਈ ਜਨ ਨਾਨਕ ਕਉ ਗੁਰਿ ਸੋਝੀ ਪਾਈ।" (ਕਮੀ, ਘਾਟ)
— ਸੂਹੀ **੪**, ੧੦, ੬ : ੨ (734)

ਹੋਰ ਰੂਪ — ਤੋਟਿ —
"ਕਥਨਾ ਕਥੀ ਨ ਆਵੈ **ਤੋਟਿ**।" (ਭਾਵ ਬਿਆਨ ਮੁਕਦਾ ਨਹੀਂ, ਕੋਈ ਅੰਤ ਨਹੀਂ)
— ਜਪੁ **੧**, ੩ : ੯ (2)
"ਮਸੂ **ਤੋਟਿ** ਨ ਆਵਈ ਲੇਖਣਿ ਪਉਣੁ ਚਲਾਉ।" — ਸਿਰੀ **੧**, ੭, ੪ : ੨ (15)
"ਨਾਨਕ **ਤੋਟਿ** ਨ ਆਵਈ ਤੇਰੇ ਜੁਗਹ ਜੁਗਹ ਭੰਡਾਰ।"
— ਸਿਰੀ **੧**, ਅਸ ੧, ੭ : ੩ (54)
"ਦੇਦੇ **ਤੋਟਿ** ਨਾਹੀ ਪ੍ਰਭ ਰੰਗਾ।" (ਭਾਵ ਕਸਰ ਨਹੀਂ ਰਹਿੰਦੀ)
— ਮਾਝ **੫**, ੧੫, ੩ : ੨ (99)
"ਆਵਦੇ ਜਾਵਣੇ ਖਰੇ ਡਰਾਵਣੇ **ਤੋਟਿ** ਨ ਆਵੈ

ਫੇਰੀਆ।" (ਅੰਤ ਨਹੀਂ ਹੁੰਦਾ)
— ਸੂਹੀ **੧**, ਛੰਤ ੫, ੭ : ੪ (767)

2. ਘਾਟਾ, ਨੁਕਸਾਨ

"**ਤੋਟਾ** ਮੂਲਿ ਨ ਆਵਈ ਹਰਿ ਲਾਭੁ ਨਿਤਿ ਦ੍ਰਿੜੀਐ।"
— ਗਉ **੪**, ੫੨, ੩ : ੨ (168)

"ਲਾਭੁ ਮਿਲੈ **ਤੋਟਾ** ਹਿਰੈ ਹਰਿ ਦਰਗਹ ਪਤਿਵੰਤ।"
(ਘਾਟਾ) — ਗਉ **੫**, ਥਿਤੀ ੨ : ੫ (297)

ਹੋਰ ਰੂਪ — ਤੋਟੇ —

"ਰੇ ਮੂੜੇ ਲਾਹੇ ਕਉ ਤੂੰ ਢੀਲਾ ਢੀਲਾ **ਤੋਟੇ** ਕਉ ਬੇਗਿ ਧਾਇਆ।"
— ਆਸਾ **੫**, ੧੨੫, ੧ : ੧ (402)

ਤੋਟੈ —

"ਜਾ ਲਾਹਾ ਦੇਇ ਤਾ ਸੁਖੁ ਮਨੇ **ਤੋਟੈ** ਮਰਿ ਜਾਈ।" (ਘਾਟੇ ਸਦਕਾ)
— ਗਉ **੪**, ੪੮, ੩ : ੨ (166)

ਤੋਤ — ਤੋਤੇ ਦੇ

"ਗਨਿਕਾ ਉਧਰੀ ਹਰਿ ਕਹੈ **ਤੋਤ**।"
— ਬਸੰ **੫**, ਅਸ ੧, ੨ : ੧ (1192)

ਤੋਪਉ — ਤ੍ਰੋਪਾ ਲਾਵਾ

"ਆਰ ਨਹੀ ਜਿਹ **ਤੋਪਉ**।"
— ਸੋਰ **ਰਵਿ**, ੭, ੧ : ੧ (659)

ਤੋਯੰ — ਪਾਣੀ, ਜਲ, ਵੇਖੋ 'ਤੋਅ'

"ਕਾਰ ਕੋਟੰ ਰਚੰਤਿ **ਤੋਯੰ** ਲਪਨੰ ਰਕਤ ਚਰਮਣਹ।"
— ਸਾਰ **੫**, ੪ : ੧ (1354)

ਤੋਯਣਹ — ਪਾਣੀ ਦੀਆਂ

"ਤੇਨ ਕਲਾ ਅਸਥੰਭੰ ਸਰੋਵਰੰ ਨਾਨਕ ਨਹ ਛਿਜੰਤਿ ਤਰੰਗ **ਤੋਯਣਹ**।"
— ਸਸ **੫**, ੫੩ : ੪ (1359)

ਤੋਰ — 1. ਤੇਰਾ

"ਤੂੰ ਪਿੰਜਰ ਹਉ ਸੂਅਟਾ **ਤੋਰ**।"
— ਗਉ **ਕਬ**, ੨, ੨ : ੧ (323)

"ਬਚਨੀ **ਤੋਰ** ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ।" (ਤੇਰੇ)
— ਧਨਾ **ਰਵਿ**, ੧, ੧ : ੨ (694)

"ਹਰਿ ਜਨ ਬੋਲਤ ਸ੍ਰੀਰਾਮ ਨਾਮਾ ਮਿਲਿ ਸਾਧਸੰਗਤਿ ਹਰਿ **ਤੋਰ**।" (ਹਰਿ ਤੇਰੀ ਸਾਧ ਸੰਗਤ)
— ਮਲਾ **੪**, ੮, ੧* : ੧ (1265)

('ਮਹਾਨਕੋਸ਼' ਇਸ ਦੇ ਅਰਥ ਚਾਲ, ਤੁਰਣ ਦਾ ਕ੍ਰਿਯਾ ਕਰਦਾ ਹੈ)

2. ਤੇਰਾਪਣ

"ਗੁਰ ਸੇਵ ਤਰੇ ਤਜਿ ਮੇਰ **ਤੋਰ**।"
— ਬਸੰ **੧**, ੭, ੨ : ੨ (1170)

ਤੋਰਉ — ਤੋੜਾਂ

"ਪਿੰਡੁ ਪਰੈ ਤਉ ਪ੍ਰੀਤਿ ਨ **ਤੋਰਉ**।"
— ਆਸਾ **ਕਬ**, ੩੫, ੨ : ੨ (484)

ਤੋਰਹਿ — ਤੋੜ ਕੇ

"ਤੀਨਿ ਦੇਵ ਪ੍ਰਤਖਿ **ਤੋਰਹਿ** ਕਰਹਿ ਕਿਸ ਕੀ ਸੇਉ।" — ਆਸਾ **ਕਬ**, ੧੪, ੨ : ੨ (479)

"ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ **ਤੋਰਹਿ**।"
(ਤੋੜ ਦੇ) — ਸੋਰ **ਰਵਿ**, ੫, ੧* : ੧ (658)

ਤੋਰਹੁ — ਤੋੜੋ

"ਮਾਧਵੇ ਤੁਮ ਨ **ਤੋਰਹੁ** ਤਉ ਹਮ ਨਹੀ ਤੋਰਹਿ।"
— ਸੋਰ **ਰਵਿ**, ੫, ੧* : ੧ (658)

ਤੋਰਾ — 1. ਤੇਰਾ

"ਅਬ ਕਹੁ ਰਾਮ ਭਰੋਸਾ **ਤੋਰਾ**।"
— ਗਉ **ਕਬ**, ੨੨, ੧* : ੧ (328)

2. ਤੋੜਿਆ ਹੋਵੇ

"ਹੈ ਕੋਈ ਸਾਜਣੁ ਪਰਦਾ **ਤੋਰਾ**।" (ਭਾਵ ਦੂਰ ਕੀਤਾ ਹੋਵੇ) — ਵਡ **੫**, ੨, ੩ : ੨ (562)

ਤੋਰਾਵੈ — ਤੋੜਦੇ ਹਨ

"ਭਰਮਿ ਭੂਲੇ ਅਗਿਆਨੀ ਅੰਧੁਲੇ ਭ੍ਰਮਿ ਭ੍ਰਮਿ ਫੂਲ **ਤੋਰਾਵੈ**।" — ਮਲਾ **੪**, ੪, ੩ : ੧ (1264)

ਤੋਰਿ — ਤੋੜ ਕੇ

"ਬੰਧਨ **ਤੋਰਿ** ਭਏ ਨਿਰਵੈਰ।"
— ਗਉ **੫**, ਸੁਖ ੨੨, ੪ : ੭ (292)

"ਚਲਤੀ ਬਾਰ ਨ ਕਛੁ ਮਿਲਿਓ ਲਈ ਲੰਗੋਟੀ **ਤੋਰਿ**।"
(ਭਾਵ ਲਾਹ ਲਈ)
— ਸਲੋ **ਕਬ**, ੧੪੪ : ੨ (1372)

ਤੋਰੀ — 1. ਤੇਰੀ

"ਦਇਆ ਮਾਇਆ ਕਰਿ ਪ੍ਰਾਨਪਤਿ ਮੋਰੇ ਮੋਹਿ ਅਨਾਥ ਸਰਣਿ ਪ੍ਰਭ **ਤੋਰੀ**।"
— ਗਉ **੫**, ੧੩੪, ੧* : ੧ (208)

2. ਤੋਰੀ

"ਕਹਤੁ ਕਬੀਰੁ ਕਾਰਗਹ **ਤੋਰੀ**।" (ਸਰੀਰ ਰੂਪੀ ਖਡੀ ਤੋੜੀ)
— ਆਸਾ **ਕਬ**, ੩੬, ੪ : ੧ (484)
"ਤੁਮ ਸਿਉ ਜੋਰਿ ਅਵਰ ਸੰਗਿ **ਤੋਰੀ**।"
— ਸੋਰ **ਰਵਿ**, ੫, ੩ : ੨ (659)

ਤੋਰੁ — ਚਲਾਵੋ, ਅਗੇ ਗਤੀਸ਼ੀਲ ਕਰੋ
"ਕਾਜੀ ਬਕਿਬੋ ਹਸਤੀ **ਤੋਰੁ**।"
— ਗੋਂਡ **ਕਬ**, ੪, ੧* : ੨ (871)

ਤੋਰੇ — 1. ਤੋੜੇ
"ਅਨਿਕ ਬੰਧਨ **ਤੋਰੇ** ਨਹੀ ਜਾਹਿ।"
— ਗਉ **੫**, ੧੫੨, ੩ : ੧ (196)
"ਲਹਿਓ ਸਹਸਾ ਬੰਧਨ ਗੁਰਿ **ਤੋਰੇ** ਤਾਂ ਸਦਾ ਸਹਜ ਸੁਖੁ ਪਾਇਓ।" (ਤੋੜ ਦਿਤੇ)
— ਗਉ **੫**, ੧੨੩*, ੨ : ੧ (205)
ਹੋਰ ਰੂਪ — ਤੋਰੈ —
"ਹੈ ਕੋਈ ਐਸਾ ਹਉਮੈ **ਤੋਰੈ**।" (ਮੁਕਾਏ, ਹਉਮੈ ਦੇ ਬੰਧਨ ਤੋਂ ਮੁਕਤ ਹੋਏ)
— ਗਉ **੫**, ੧੫੦*, ੧* : ੧ (212)
"ਕੋਊ ਬਿਖਮ ਗਾਰ **ਤੋਰੈ**।" (ਤੋੜੇ, ਭੰਨੇ ਢਾਹੇ)
— ਆਸਾ **੫**, ੨੫੪, ੧* : ੧ (408)
2. ਤੇਰੇ
"**ਤੋਰੈ** ਭਰੋਸੇ ਮਗਹਰ ਬਸਿਓ ਮੇਰੇ ਤਨ ਕੀ ਤਪਤਿ ਬੁਝਾਈ।"
— ਰਾਮ **ਕਬ**, ੩, ੨ : ੧ (969)
ਹੋਰ ਰੂਪ — ਤੋਰੈ —
"ਗਾਵਨ ਭਾਵਨ ਸੰਤਨ **ਤੋਰੈ** ਚਰਨ ਉਵਾ ਕੈ ਪਾਉ।" — ਦੇਵ **੫**, ੩੮, ੧* : ੨ (536)

ਤੋਰੈ — 1. ਤੋੜੇ, ਵੇਖੋ 'ਤੋਰੇ' (1)
2. ਤੇਰੇ, ਵੇਖੋ 'ਤੋਰੇ' (2)
3. ਚਲਾਵੈ
"ਹਸਤਿ ਨ **ਤੋਰੈ** ਧਰੈ ਧਿਆਨੁ।"
— ਗੋਂਡ **ਕਬ**, ੪, ੨ : ੩ (871)
ਹੋਰ ਰੂਪ — ਤੋਰੋ —
"ਅਹੰ **ਤੋਰੋ** ਮੁਖੁ ਜੋਰੋ।" (ਤੋੜੋ, ਖਤਮ ਕਰੋ)
— ਕਾਲ **੫**, ੪੩, ੧* : ੧ (1306)

ਤੋਲ — ਵਜ਼ਨ, ਭਾਰ
"ਤੂ ਨਦਰੀ ਅੰਦਰਿ ਤੋਲਹਿ **ਤੋਲ**।"
— ਸਿਰੀ **੧**, ੩੦, ੩ : ੨ (25)
"ਤੂ ਸਭਨਾ ਦੇਖਹਿ ਤੋਲਹਿ **ਤੋਲ**।" (ਮਾਪ ਕਰਦਾ ਭਾਵ ਪਛਾਣਦਾ ਹੈ)
— ਮਾਰੂ **੩**, ਸੋਲ ੮, ੫ : ੨ (1051)

ਤੋਲਉ — ਮੈਂ ਤੋਲਦਾ ਹਾਂ
"ਜਿਹਵਾ ਡੰਡੀ ਇਹੁ ਘਟੁ ਛਾਬਾ **ਤੋਲਉ** ਨਾਮੁ ਅਜਾਚੀ।" — ਮਾਰੂ **੧**, ੧੧, ੩ : ੧ (992)

ਤੋਲਸੀ — ਤੋਲੇਗਾ
"ਆਪਿ ਤੁਲਾਏ **ਤੋਲਸੀ** ਪੂਰੇ ਪੂਰਾ ਤੋਲੁ।"
— ਸਿਰੀ **੧**, ਅਸ ੯, ੭ : ੩ (59)

ਤੋਲਹਿ — ਤੋਲਦਾ ਹੈ
"ਤੂ ਸਭਨਾ ਦੇਖਹਿ **ਤੋਲਹਿ** ਤੋਲ।"
— ਮਾਰੂ **੩**, ਸੋਲਾ ੮, ੫ : ੨ (1051)

ਤੋਲਣਹਾਰਾ — ਤੋਲਣ ਵਾਲਾ
"ਨਾ ਕੋ ਹੋਆ **ਤੋਲਣਹਾਰਾ**।"
— ਮਾਰੂ **੩**, ਸੋਲਾ ੨੩, ੯ : ੨ (1067)
ਹੋਰ ਰੂਪ — ਤੋਲਣਹਾਰੁ —
"ਕੀਮਤਿ ਕੋਇ ਨ ਜਾਣਈ ਕੋ ਨਾਹੀ **ਤੋਲਣਹਾਰੁ**।"
— ਮਾਝ **੫**, ਦਿਨ ੨ : ੮ (137)

ਤੋਲਣਿ — ਵਜ਼ਨ ਕਰਨ
"ਲੈ ਕੈ ਤਕੜੀ **ਤੋਲਣਿ** ਲਾਗਾ ਘਟ ਹੀ ਮਹਿ ਵਣਜਾਰਾ।" — ਗਉ **੧**, ੧੭, ੪ : ੨ (156)

ਤੋਲਾ — (ਫ਼ਾ.ਤੋਲਹ) ਵਜ਼ਨ ਦੀ ਇਕ ਨਿੱਕੀ ਇਕਾਈ ਜੋ 12 ਮਾਸਿਆਂ ਦੀ ਹੁੰਦੀ ਹੈ।
"ਪ੍ਰਣਵਤਿ ਨਾਨਕੁ ਦਾਸਨਿ ਦਾਸਾ ਖਿਨੁ **ਤੋਲਾ** ਖਿਨੁ ਮਾਸਾ।" — ਬਸੰ **੧**, ੧੧, ੪ : ੨ (1171)

ਤੋਲਾਇਆ — ਤੁਲਵਾਉਂਦਾ ਹੈ
"ਆਪੇ ਕੰਡਾ ਆਪਿ ਤਰਾਜੀ ਪ੍ਰਭਿ ਆਪੇ ਤੋਲਿ **ਤੋਲਾਇਆ**।" — ਸੋਰ **੪**, ੪, ੧ : ੧ (605)

ਤੋਲਾਏ — ਤੁਲਵਾਏ, ਵਜ਼ਨ ਕਰਵਾਏ
"ਗੁਰ ਕੈ ਸਬਦੇ ਤੋਲਿ **ਤੋਲਾਏ** ਅੰਤਰਿ ਸਬਦਿ ਪਛਾਤਾ ਹੇ।" (ਪਰਖ ਕਰਦਾ ਹੈ)
— ਮਾਰੂ **੩**, ਸੋਲਾ ੯, ੧੪ : ੩ (1053)

ਤੋਲਾਵੈ — ਤੁਲਵਾਏ, ਵਜ਼ਨ ਕਰਾਵੇ ਭਾਵ ਪਰਖ ਕਰੇ, ਮੁਲ ਪਾਏ
"ਕਾਇਆ ਅੰਦਰਿ ਤੋਲਿ **ਤੁਲਾਵੈ** ਆਪੇ

ਤੋਲਣਹਾਰਾ।"

— ਸੂਹੀ **੩**, ਅਸ ੨, ੫ : ੧ (754)

ਤੋਲਿ — 1. ਵਜ਼ਨ, ਤੋਲ, ਵਟਾ

"ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ **ਤੋਲਿ**।"

— ਸਿਰੀ **੧**, ੨੧, ੧ : ੨ (22)

"ਆਪੇ ਕੰਡਾ ਆਪਿ ਤਰਾਜੀ ਪ੍ਰਭਿ ਆਪੇ **ਤੋਲਿ** ਤੋਲਾਇਆ।" — ਸੋਰ **੪**, ੫, ੧ : ੧ (605)

2. ਤੋਲ ਵਿਚ

"ਕਿਉ ਕਰਿ ਪੂਰੈ ਵਟਿ **ਤੋਲਿ** ਤੁਲਾਈਐ।" (ਤੋਲ ਵਿਚ ਪੂਰੇ ਉਤਰੀਏ)

— ਮਾਝ **੧**, ਵਾਰ ੧੭ : ੫ (146)

3. ਤੋਲ ਕੇ, ਵਜ਼ਨ ਕਰਕੇ

"ਤਨੁ ਬੈਸੰਤਰਿ ਹੋਮੀਐ ਇਕ ਰਤੀ **ਤੋਲਿ** ਕਟਾਇ।"

— ਸਿਰੀ **੧**, ਅਸ ੧੪, ੨ : ੧ (62)

"**ਤੋਲਿ** ਨ ਤੁਲੀਐ ਮੋਲਿ ਨ ਮੁਲੀਐ ਕਤ ਪਾਈਐ ਮਨ ਰੂਚਾ।" (ਤੋਲਿਆਂ)

— ਦੇਵ **੫**, ੩੨, ੧ : ੨ (534)

4. ਜਾਂਚ, ਪਰਖ (ਭਾਵ)

"ਰਾਮ ਨਾਮੁ ਹਿਰਦੇ ਮਹਿ **ਤੋਲਿ**।"

— ਗਉ **੫**, ਸੁਖ ੧੫, ੫ : ੪ (283)

ਤੋਲਿਆ — ਵਜ਼ਨ ਕੀਤਾ ਹੋਇਆ

"ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ **ਤੋਲਿਆ** ਜਾਪੈ।"

— ਆਸਾ **੧**, ਵਾਰ ੧੧ਸ, **੧**, ੨ : ੧੦ (469)

ਤੋਲੀ — 1. ਤੋਲ ਲਵਾਂ

"ਧਰਿ ਤਾਰਾਜੀ ਅੰਬਰੁ **ਤੋਲੀ** ਪਿਛੈ ਟੰਕੁ ਚੜਾਈ।"

— ਮਾਝ **੧**, ਵਾਰ ੧੯ਸ, **੧**, ੧ : ੩ (147)

ਹੋਰ ਰੂਪ — ਤੋਲੀਐ —

"ਸਾਹਿਬੁ ਅਤੁਲ ਨ **ਤੋਲੀਐ** ਕਥਨਿ ਨ ਪਾਇਆ ਜਾਇ।" (ਵਜ਼ਨ ਕਰੀਏ ਜਾਂਚ ਕਰੀਏ)

— ਸਿਰੀ **੧**, ਅਸ ੯, ੫ : ੩ (59)

2. ਤੋਲ ਵਾਲੀ

"ਭਈ ਅਮੋਲੀ ਭਾਰਾ **ਤੋਲੀ** ਮੁਕਤਿ ਜੁਗਤਿ ਦਰੁ ਖੋਲ੍ਹਾ।"

— ਸੂਹੀ **੫**, ਛੰਤ ੪, ੪ : ੫ (779)

ਤੋਲੀਜਾ — ਤੋਲ

"ਚੜੈ ਸਵਾਇਆ ਨਿਤ ਨਿਤ ਰੰਗਾ ਘਟੈ ਨਾਹੀ **ਤੋਲੀਜਾ** ਰੇ।"

— ਮਾਰੂ **੫**, ਸੋਲਾ ੩, ੧੫ : ੩ (1074)

ਤੋਲੁ — 1. ਤੋਲ, ਵਜ਼ਨ, ਵੱਟਾ

"ਆਪਿ ਤੁਲਾਏ ਤੋਲਸੀ ਪੂਰੇ ਪੂਰਾ **ਤੋਲੁ**।"

— ਸਿਰੀ **੧**, ਅਸ ੯, ੭ : ੩ (59)

"ਆਪੇ ਕੰਡਾ **ਤੋਲੁ** ਤਰਾਜੀ ਆਪੇ ਤੋਲਣਹਾਰਾ।" (ਵੱਟਾ) — ਸੂਹੀ **੧**, ੯, ੩ : ੧ (731)

2. ਤੋਲਾ, ਵਜ਼ਨ ਦੀ ਇਕ ਨਿਕੀ ਇਕਾਈ

"ਜਨ ਨਾਨਕ ਹਰਿ ਪ੍ਰਭਿ ਪੂਰੇ ਕੀਏ ਖਿਨੁ ਮਾਸਾ **ਤੋਲੁ** ਨ ਘਟੀਐ।"

— ਗਉ **੪**, ੫੭, ੫ : ੨ (170)

ਤੋਲੇ — ਤੋਲਦਾ/ਵਜ਼ਨ ਕਰਦਾ ਹੈ

"ਅਵਰ ਮਰਤ ਮਾਇਆ ਮਨੁ **ਤੋਲੇ** ਤਉ ਭਗ ਮੁਖਿ ਜਨਮੁ ਵਿਗੋਇਆ।"

— ਸਿਰੀ **ਬੇਣੀ**, ੧, ੩ : ੪ (93)

"ਅਤੁਲੁ ਕਿਉ ਤੋਲੀਐ ਵਿਣੁ **ਤੋਲੇ** ਪਾਇਆ ਨ ਜਾਇ।" (ਭਾਵ ਜਾਂਚਿਆ, ਪਰਖਿਆਂ, ਜਾਣਿਆਂ)

— ਮਲਾ **੧**, ਵਾਰ ੮ : ੧ (1282)

ਹੋਰ ਰੂਪ — ਤੋਲੈ —

"ਬਿਨੁ ਤਕੜੀ **ਤੋਲੈ** ਸੰਸਾਰਾ।" (ਤੋਲਦਾ/ਜਾਂਚਦਾ ਹੈ) — ਮਾਝ **੩**, ਅਸ ੩, ੧ : ੨ (110)

ਤੋਲੋ —

"ਆਪੇ ਪਰਖੇ ਪੂਰਾ **ਤੋਲੋ**।" (ਤੋਲਦਾ ਹੈ)

— ਮਾਰੂ **੧**, ਸੋਲਾ ੧, ੮ : ੨ (1020)

ਤੋੜਹਿ — ਤੋੜਦਾ ਹੈ

"ਗੁਰਮੁਖਿ ਹੋਵਹਿ ਸੇ ਬੰਧਨ **ਤੋੜਹਿ** ਮੁਕਤੀ ਕੈ ਘਰਿ ਪਾਇਦਾ।"

— ਮਾਰੂ **੫**, ਸੋਲਾ ੧੮, ੮ : ੩ (1063)

ਤੋੜਨਿ — ਤੋੜ ਦਿੰਦੇ ਹਨ

"ਬਾਲਕ ਬਿਰਧਿ ਨ ਜਾਣਨੀ **ਤੋੜਨਿ** ਹੇਤੁ ਪਿਆਰੋ।"

— ਵਡ **੧**, ਅਲਾ ੩, ੪ : ੪ (580)

ਤੋੜਿ — 1. ਤੋੜ ਦੇ

"ਮੇਰੇ ਰਾਮ **ਤੋੜਿ** ਬੰਧਨ ਮਾਇਆ ਘਰ ਕੈ ਕੰਮਿ ਲਾਇ।" — ਗਉ **੪**, ੪੮, ੧* : ੧ (166)

"ਨਾਨਕ ਕਚੜਿਆ ਸਿਉ **ਤੋੜਿ**, ਢੂਢਿ ਸਜਣ ਸੰਤ ਪਕਿਆ।"

— ਮਾਰੂ **੫**, ਵਾਰ ੨੨ਸ, **੫**, ੧ : ੧ (1102)

2. ਤੋੜ ਕੇ

"ਬੰਧਨ **ਤੋਰਿ** ਬੋਲਾਵੈ ਰਾਮੁ।"

— ਗਉ **੫**, ੯੩, ੧ : ੧ (183)

3. ਤੋੜ

"ਹੇਤ ਕੇ ਬੰਧਨ **ਤੋਰਿ** ਨ ਸਾਕਹਿ ਤਾ ਜਮੁ ਕਰੇ ਖੁਆਰੀ ਜੀਉ।"

— ਮਾਰੂ **੧**, ੧੨, ੫ : ੩ (993)

ਤੋਰਿਆ — ਭੰਨ੍ਹ/ਤੋੜ ਦਿਤਾ

"ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ **ਤੋੜਿਆ**।" — ਗੂਜ **੫**, ਵਾਰ ੧੯ : ੧ (522)

ਤੋੜੀ — ਤੋੜਿਆਂ

"ਜੋੜੀ ਜੁੜੈ ਨ **ਤੋੜੀ** ਤੂਟੈ ਜਬ ਲਗੁ ਹੋਇ ਬਿਨਾਸੀ।"

— ਗਉ **ਕਬ**, ੫੨, ੩ : ੧ (334)

ਤੋੜੀਐ — ਭੰਨ੍ਹੀਐ

"ਭਰਮੁ ਕੋਟੁ ਮਾਇਆ ਖਾਈ ਕਹੁ ਕਿਤੁ ਬਿਧਿ **ਤੋੜੀਐ**।" — ਗੂਜ **੫**, ੧੫ : ੬ (522)

ਤੋੜੇ — ਤੋੜ ਦੇਵੇ, ਭੰਨ ਦੇਵੇ

"ਬੰਧਨ **ਤੋੜੇ** ਸਦਾ ਹੈ ਮੁਕਤਾ।"

— ਮਾਝ **੩**, ਅਸ ੨੭, ੪ : ੨ (125)

"ਸਹਸਾ **ਤੋੜੇ** ਭਰਮੁ ਚੁਕਾਏ।" (ਦੂਰ ਕਰੇ)

— ਮਾਰੂ **੧**, ੧੨, ੩ : ੧ (993)

ਹੋਰ ਰੂਪ — ਤੋੜੈ —

"ਹਉਮੈ ਮਾਰਿ ਬੰਧਨ ਸਭ **ਤੋੜੈ** ਗੁਰਮੁਖਿ ਸਬਦਿ ਸੁਹਾਵਣਿਆ।"

— ਮਾਝ **੩**, ਅਸ ੨੬, ੧ : ੩ (124)

ਤੌ — ਤਾਂ

"ਕਹੁ ਕਬੀਰ **ਤੌ** ਅਨਭਉ ਪਾਇਆ।"

— ਗਉ **ਕਬ**, ੨੭, ੩ : ੨ (328)

ਤ੍ਰਉਦਸੀ — ਚੰਦਰਮਾ ਦੇ ਪੱਖ ਦੀ ਤੇਰ੍ਹਵੀਂ ਤਿਥਿ

"**ਤ੍ਰਉਦਸੀ** ਤੀਨਿ ਤਾਪ ਸੰਸਾਰਾ। "

— ਗਉ **੫**, ਥਿਤੀ ੧੩ : ੧ (299)

ਤ੍ਰਈ — ਤ੍ਰੈਵੇ, ਤਿੰਨੇ, ਤਿੰਨੇ ਤਾਪ ਹਨ ਆਧਿ, ਵਿਆਧ, ਉਪਾਧਿ

"ਦਰਸਨ ਨਿਮਖ ਤਾਪ **ਤ੍ਰਈ** ਮੋਚਨ ਪਰਸਤ ਮੁਕਤਿ ਕਰਤ ਗ੍ਰਿਹ ਕੂਪ।"

— ਸਾਰ **ਨਾਮ**, ੩, ੧* : ੨ (1252)

ਤ੍ਰਸਨ — ਤ੍ਰਹਿੰਦੇ ਹਨ, ਭੈਮਾਨ ਹੁੰਦੇ ਹਨ

"ਉਦਾਰਉ ਚਿਤ ਦਾਰਿਦ ਹਰਨ ਪਿਖੰਤਿਹ ਕਲਮਲ **ਤ੍ਰਸਨ**।" — ਸਵ **੨**, ੭ : ੫ (1392)

ਤ੍ਰਖਿ — ਤਿਹਾਈ, ਪਿਆਸੀ

"ਹਮ ਕਉ ਦ੍ਰਿਸਟਿ ਪਰੈ **ਤ੍ਰਖਿ** ਡਾਇਨਿ।"

— ਗੋਂਡ **ਕਬ**, ੭, ੩ : ੪ (872)

ਤ੍ਰਾਸ — ਡਰ, ਭੈ

"ਫਲ ਪਾਵਹਿ ਮਿਟੈ ਜਮ **ਤ੍ਰਾਸ**।"

— ਗਉ **੫**, ੭੩, ੧ : ੩ (176)

ਹੋਰ ਰੂਪ — ਤ੍ਰਾਸਾ —

"ਪ੍ਰਭ ਕੈ ਸਿਮਰਨਿ ਨਾਹੀ ਜਮ **ਤ੍ਰਾਸਾ**।" (ਡਰ, ਭੈ) — ਗਉ **੫**, ਸੁਖ ੧, ੪ : ੫ (263)

ਤ੍ਰਾਸੁ —

"ਗਜ ਕੋ **ਤ੍ਰਾਸੁ** ਮਿਟਿਓ ਜਿਹ ਸਿਮਰਤ ਤੁਮ ਕਾਹੇ ਬਿਸਰਾਵਉ।" (ਡਰ)

— ਗਉ **੯**, ੫, ੧ : ੨ (219)

ਤ੍ਰਾਹਿ — ਬਚਾ ਲਵੋ, ਰਖਿਆ ਕਰੋ, ਓਟ ਦੇਓ

"ਜਨ **ਤ੍ਰਾਹਿ ਤ੍ਰਾਹਿ** ਸਰਣਾਗਤੀ ਮੇਰੀ ਜਿੰਦੁੜੀਏ ਗੁਰ ਨਾਨਕ ਹਰਿ ਰਖਵਾਲੇ ਰਾਮ।"

— ਬਿਹਾ **੪**, ੨, ੩ : ੪ (539)

ਤ੍ਰਾਘਿ — ਤਾਂਘ, ਲੋਚ

"ਆਗਾਹ ਕੂ **ਤ੍ਰਾਘਿ** ਪਿਛਾ ਫੇਰਿ ਨ ਮੁਹਡੜਾ।"

— ਮਾਰੂ **੫**, ਵਾਰ ੭ਸ, **੫**, ੧ : ੧ (1096)

ਤ੍ਰਿਅ — 1. ਇਸਤ੍ਰੀ

"ਪਰ **ਤ੍ਰਿਅ** ਤਿਆਗੁ ਕਰੀ ਬ੍ਰਹਮਚਾਰੀ।"

— ਗਉ **੪**, ੩੯, ੨ : ੨ (164)

2. ਤਿੰਨ

"**ਤ੍ਰਿਅ** ਅਸਥਾਨ ਤੀਨਿ **ਤ੍ਰਿਅ** ਖੰਡਾ।"

— ਭੈਰ **ਕਬ**, ਅਸ ੧, ੩ : ੨ (1162)

ਤ੍ਰਿਅ ਜਿਤੁ — ਇਸਤ੍ਰੀ ਦਾ ਜਿਤਿਆ ਹੋਇਆ

"ਜਗੁ **ਤ੍ਰਿਅ ਜਿਤੁ** ਕਾਮਣਿ ਹਿਤਕਾਰੀ।"

— ਆਸਾ **੧**, ਅਸ ੨, ੩ : ੧ (412)

ਤ੍ਰਿਸਟਸਿ — ਇਸਥਿਤ ਹੁੰਦੀ/ ਟਿਕਾਉ ਵਿਚ ਆਉਂਦੀ ਹੈ

"ਏਕੁ ਨਾਮੁ ਅੰਮ੍ਰਿਤ ਓਹੁ ਦੇਵੈ ਤਉ ਨਾਨਕ **ਤ੍ਰਿਸਟਸਿ** ਦੇਹਾ।" — ਮਾਰੂ **੧**, ੩, ੪ : ੨ (990)

ਤ੍ਰਿਸਟੈ — ਟਿਕਾਉ ਵਿਚ ਆਵੈ

"ਸੰਤ ਕੈ ਦੋਖਿ ਨ **ਤ੍ਰਿਸਟੈ** ਕੋਇ।"
— ਗਉ **੫**, ਸੁਖ ੧੩, ੨ : ੨ (280)

ਤ੍ਰਿਸਨ — 1. (ਸੰ. ਤ੍ਰਿਸ਼੍ਣਾ) ਪਿਆਸ
"ਲਾਥੀ ਭੂਖ **ਤ੍ਰਿਸਨ** ਸਭ ਲਾਥੀ ਚਿੰਤਾ ਸਗਲ ਬਿਸਾਰੀ।" — ਗਉ **੫**, ੧੬੧*, ੧ : ੧ (215)
ਹੋਰ ਰੂਪ — ਤ੍ਰਿਸਨਾ —
"ਨਾ ਉਸੁ ਭੂਖ ਨ ਹਮ ਕਉ **ਤ੍ਰਿਸਨਾ**।"
— ਆਸਾ **੫**, ੮੩, ੩ : ੩ (391)
"ਰਾਮੋ ਰਾਮੁ ਰਵਿਆ ਘਟ ਅੰਤਰਿ ਸਭ **ਤ੍ਰਿਸਨਾ** ਭੂਖ ਗਵਾਈ।"
— ਆਸਾ **੪**, ਛੰਤ ੯, ੩ : ੪ (443)
2. ਹੋਰ ਪ੍ਰਾਪਤੀ ਦੀ ਲੋਚਾ/ਇਛਾ/ਖਾਹਿਸ਼
"ਅਨਿਕ ਜਤਨ ਕਰਿ **ਤ੍ਰਿਸਨ** ਨ ਧ੍ਰਾਪੈ।"
— ਗਉ **੫**, ਸੁਖ ੩, ੪ : ੨ (266)
ਹੋਰ ਰੂਪ — ਤ੍ਰਿਸਨਾ —
"ਦੁਬਿਧਾ ਲਾਗੇ ਪਚਿ ਮੁਏ ਅੰਤਰਿ **ਤ੍ਰਿਸਨਾ** ਅਗਿ।" (ਔਰ ਪ੍ਰਾਪਤੀ ਦੀ ਇਛਾ)
— ਸਿਰੀ **੧**, ੧੪, ੨ : ੨ (19)
"ਸਾਂਤਿ ਭਈ ਬੁਝੀ ਸਭ **ਤ੍ਰਿਸਨਾ** ਅਨਦੁ ਭਇਆ ਸਭ ਠਾਈ ਜੀਉ।"
— ਮਾਝ **੫**, ੪੧, ੧ : ੩ (106)

ਤ੍ਰਿਹਦਸ — ਤੇਰਾਂ '13' (ਤਿੰਨ 'ਗੁਣ' ਅਤੇ 10 ਵਿਸ਼ੇ)
"**ਤ੍ਰਿਹਦਸ** ਮਾਲ ਰਖੈ ਜੋ ਨਾਨਕ ਮੋਖ ਮੁਕਤਿ ਸੋ ਪਾਵੈ।" — ਗੂਜ **੧**, ਅਸ ੧, ੧ : ੨ (503)

ਤ੍ਰਿਹਾ — ਤਿੰਨਾਂ ਵੀ
"**ਤ੍ਰਿਹਾ** ਗੁਣਾ ਤੇ ਰਹੈ ਨਿਰਾਰਾ ਸੋ ਗੁਰਮੁਖਿ ਸੋਭਾ ਪਾਇਦਾ।"
— ਮਾਰੂ **੫**, ਸੋਲਾ ੫, ੪ : ੩ (1075)
ਹੋਰ ਰੂਪ — ਤ੍ਰਿਹੁ —
"**ਤ੍ਰਿਹੁ** ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ।" — ਸਿਰੀ **੧**, ੧੮, ੪ : ੨ (21)

ਤ੍ਰਿਕੁਟੀ — 1. ਤਿੰਨਾਂ ਗੁਣਾਂ ਦੀ ਗੁੰਝਲ
"ਕਿਉ ਗੁਰ ਬਿਨੁ **ਤ੍ਰਿਕੁਟੀ** ਛੁਟਸੀ ਸਹਜਿ ਮਿਲਿਐ ਸੁਖੁ ਹੋਇ।" — ਸਿਰੀ **੧**, ੧੨, ੩ : ੨ (18)
"ਗੁਰ ਪਰਸਾਦੀ **ਤ੍ਰਿਕੁਟੀ** ਛੂਟੈ ਚਉਥੈ ਪਦਿ ਲਿਵ ਲਾਈ।" — ਰਾਮ **੩**, ਅਸ, ੨, ੧੨ : ੧ (909)
(ਮਹਾਨਕੋਸ਼ ਇਥੇ ਅਰਥ ਬ੍ਰਹਮਾ, ਬਿਸ਼ਨ, ਮਹੇਸ਼ ਤਿੰਨ ਦੇਵਤਿਆਂ ਦੀ ਉਪਾਸ਼ਨਾ ਕਰਦਾ ਹੈ)
2. ਤਿੰਨਾਂ ਗੁਣਾਂ
"**ਤ੍ਰਿਕੁਟੀ** ਸੰਧਿ ਮੈ ਪੇਖਿਆ ਘਟ ਹੂ ਘਟ ਜਾਗੀ।"
— ਬਿਲਾ **ਕਬ**, ੧੧, ੨ : ੧ (857)
3. ਮੱਥੇ ਤੇ ਪਈ ਤਿਊੜੀ (ਤਿੰਨ ਲਕੀਰਾਂ) ਜੋ ਵਿਅਕਤੀ ਦੀ ਖਿਝ ਦਾ ਪ੍ਰਗਟਾ ਹਨ (ਦਰਪਣ)
"ਤੀਨਿ ਨਦੀ ਤਹ **ਤ੍ਰਿਕੁਟੀ** ਮਾਹਿ।" (ਜੋ ਖਿਝ ਵਿਚ ਰਹਿੰਦੇ ਹਨ, ਉਹ ਮਾਇਆ ਦੀਆਂ ਤਿੰਨ ਗੁਣਾਂ ਦੀਆਂ ਨਦੀਆਂ ਵਿਚ ਗੋਤੇ ਖਾਂਦੇ ਹਨ) — ਗਉ **ਕਬ**, ਵਾ ੫ : ੩ (344)
('ਨਿਰਣੈ' ਤੇ 'ਸ਼ਬਦਾਰਥ' ਤੀਨਿ ਨਦੀਆ ਕਰਮ, ਗਿਆਨ ਤੇ ਭਗਤੀ ਦੀਆਂ ਮੰਨਕੇ ਤ੍ਰਿਕੁਟੀ ਤੋਂ ਭਾਵ ਤਿੰਨਾਂ ਦਾ ਜੋੜ 'ਵਾਹਿਗੁਰੂ' ਲਿਆ ਹੈ)
"ਮਾਥੈ **ਤ੍ਰਿਕੁਟੀ** ਦ੍ਰਿਸਟਿ ਕਰੂਰਿ।"
— ਆਸਾ **੫**, ੯੬, ੧ : ੧ (394)

ਤ੍ਰਿਖਾ — ਤ੍ਰੇਹ, ਪਿਆਸ
"**ਤ੍ਰਿਖਾ** ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ।"
— ਮਾਝ **੫**, ੮, ੧ : ੩ (96)

ਤ੍ਰਿਖਾਈ — ਪਿਆਸੇ
"ਗੁਣ ਅਮੋਲ ਜਿਸੁ ਰਿਦੈ ਨ ਵਸਿਆ ਤੇ ਨਰ ਤ੍ਰਿਸਨ **ਤ੍ਰਿਖਾਈ**।"
— ਸੋਰ **੫**, ੧੫, ੧ : ੨ (612)

ਤ੍ਰਿਖਾਵੰਤ — ਪਿਆਸਾ
"ਤੜਕਿ ਮੁਏ ਜਿਉ **ਤ੍ਰਿਖਾਵੰਤ** ਨਾਨਕ ਕਿਰਤਿ ਕਮਾਨ।" — ਗਉ **੫**, ਬਾਅ ੪੨ਸ : ੨ (260)
ਹੋਰ ਰੂਪ — ਤ੍ਰਿਖਾਵੰਤੁ —
"**ਤ੍ਰਿਖਾਵੰਤੁ** ਜਲੁ ਪੀਵਤ ਠੰਢਾ ਤਿਉ ਹਰਿ ਸੰਗਿ ਇਹੁ ਮਨੁ ਭੀਨਾ ਜੀਉ।"
— ਮਾਝ **੫**, ੨੧, ੨ : ੩ (100)

ਤ੍ਰਿਗਦ — ਜੋ ਸਿੱਧਾ ਖੜੋ/ ਚਲ ਨੱਸ ਕੇ ਜਿਵੇਂ ਡੱਡੂ ਸੱਪ ਆਦਿ, ਪੇਟ ਦੇ ਭਾਰ ਚੱਲਣ ਵਾਲੀਆਂ ਜੂਨਾਂ
"ਪਸੁ ਪੰਖੀ **ਤ੍ਰਿਗਦ** ਜੋਨਿ ਤੇ ਮੰਦਾ।"
— ਗਉ **੫**, ੧੧੧, ੩ : ੨ (188)
"ਸੰਤ ਕੈ ਦੂਖਨਿ **ਤ੍ਰਿਗਦ** ਜੋਨਿ ਕਿਰਮਾਇ।"

— ਗਉ **੫**, ਸੁਖ ੧੩, ੨ : ੪ (279)

ਤ੍ਰਿਗੁਣ — ਤਿੰਨਾਂ ਗੁਣਾਂ ਵਾਲੀ
"ਏਹ **ਤ੍ਰਿਗੁਣ** ਮਾਇਆ ਜਿਨਿ ਜਗਤੁ ਭੁਲਾਇਆ ਜਨਮ ਮਰਨ ਕਾ ਸਹਸਾ।"
— ਮਲਾ **੩**, ੧, ੨ : ੨ (1257)

ਹੋਰ ਰੂਪ — ਤ੍ਰਿਗੁਣਿ —
"ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ **ਤ੍ਰਿਗੁਣਿ** ਭਰਮਿ ਭੁਲਾਈ।"
— ਰਾਮ **੩**, ਅਸ ੨, ੧੬ : ੧ (909)

ਤ੍ਰਿਣ — (ਸੰ. ਤ੍ਰਿਣਮ੍) — 1. ਤੀਲੇ ਜਿੰਨਾਂ/ਰਤਾ ਵੀ, ਥੋੜਾ, ਹੋਰ ਵੇਖੋ 'ਤ੍ਰਿਣੁ' (3)
"**ਤ੍ਰਿਣ** ਸਮਾਨਿ ਕਛੁ ਸੰਗਿ ਨ ਜਾਵੈ।"
— ਗਉ **੫**, ਸੁਖ ੧੨ਸ, ੨ : ੨ (278)
"ਤੁਧੁ ਆਵਣ ਜਾਣਾ ਕੀਆ ਤੁਧੁ ਲੇਪੁ ਨ ਲਗੈ **ਤ੍ਰਿਣ**।" — ਮਾਰੂ **੫**, ਵਾਰ ੨ : ੬ (1095)
2. ਘਾਹ
"ਦਾਵਾ ਅਗਨਿ ਬਹੁਤੁ **ਤ੍ਰਿਣ** ਜਾਲੇ ਕੋਈ ਹਰਿਆ ਬੂਟੁ ਰਹਿਓ ਰੀ।"
— ਆਸਾ **੫**, ੫੧, ੨ : ੧ (384)

ਹੋਰ ਰੂਪ — ਤ੍ਰਿਣਿ —
"ਜੇ ਕੋ ਮੂੰ ਉਪਦੇਸੁ ਕਰਤੁ ਹੈ ਤਾਂ ਵਣਿ **ਤ੍ਰਿਣਿ** ਰਤੜਾ ਨਾਰਾਇਣ।"
— ਸਿਰੀ **ਤ੍ਰਿਲੋ**, ੨, ੫ : ੧ (92)
"ਨਾਨਕ ਰਵਿਆ ਹਭ ਥਾਇ ਵਣਿ **ਤ੍ਰਿਣਿ** ਤ੍ਰਿਭਵਣਿ ਰੋਮਿ।"
— ਰਾਮ **੫**, ਵਾਰ ੨੨ਸ, **੫**, ੨ : ੨ (966)

ਤ੍ਰਿਣੁ —
"ਵਣੁ **ਤ੍ਰਿਣ** ਤ੍ਰਿਭਵਣੁ ਕੀਤੋਨੁ ਹਰਿਆ।"
— ਮਾਝ **੫**, ੩੦, ੪ : ੧ (103)
"ਇਕਿ ਮਾਸ ਹਾਰੀ ਇਕਿ **ਤ੍ਰਿਣੁ** ਖਾਹਿ।"
— ਮਾਝ **੧**, ਵਾਰ ੧੪ਸ, **੧**, ੨ : ੧ (144)
3. ਕੱਖ, ਤੀਲੇ
"**ਤ੍ਰਿਣ** ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨੁ ਹੜ ਕਾ ਜਲੁ।"
— ਟੋਡੀ **੫**, ੩੬, ੧* : ੨ (717)
"**ਤ੍ਰਿਣ** ਕੋ ਮੰਦਰੁ ਸਾਜਿ ਸਵਾਰਿਓ ਪਾਵਕੁ ਤਲੈ ਜਰਾਵਤ ਹੇ।"
— ਬਿਲਾ **੫**, ੮੮, ੨ : ੧ (821)

ਹੋਰ ਰੂਪ — ਤ੍ਰਿਣੰ —
"**ਤ੍ਰਿਣੰ** ਤ ਮੇਰੰ ਸਹਕੰ ਤ ਹਰੀਅੰ।" (ਤਿਨਕਾ, ਕੱਖ) — ਸਸ **੫**, ੬੪ : ੧ (1360)

ਤ੍ਰਿਣੁ — 1. ਘਾਹ, ਵੇਖੋ 'ਤ੍ਰਿਣ' (2)
"ਸਿੰਘੁ ਬਿਲਾਈ ਹੋਇ ਗਇਓ **ਤ੍ਰਿਣੁ** ਮੇਰੁ ਦਿਖੀਤਾ।" — ਬਿਲਾ **੫**, ੩੨, ੩ : ੧ (810)
2. ਤੁਛ, ਸਾਧਾਰਨ
"ਕੀਤੇ ਕਉ ਮੇਰੈ ਸੰਮਾਨੈ ਕਰਣਹਾਰੁ **ਤ੍ਰਿਣੁ** ਜਾਨੈ।"
— ਸੋਰ **੫**, ੧੮, ੨ : ੧ (613)
3. ਤਿਣਕਾ ਵੀ ਭਾਵ ਥੋੜਾ ਜਿਹਾ ਵੀ
"**ਤ੍ਰਿਣੁ** ਨ ਪਾਇਓ ਬਪੁੜੀ ਨਾਨਕੁ ਕਹੈ ਗਵਾਰ।"
— ਸਾਰ **੪**, ਵਾਰ ੧੧ਸ, **੧**, ੧ : ੭ (1241)

ਤ੍ਰਿਤੀਅ — ਤੀਜਾ
"**ਤ੍ਰਿਤੀਅ** ਬਿਵਸਥਾ ਸਿੰਚੇ ਮਾਇ।"
— ਰਾਮ **੫**, ੨੩, ੨ : ੩ (890)

ਤ੍ਰਿਤੀਆ — (ਸੰ. ਤ੍ਰਿਤੀਯ) 1. ਤੀਜੀ ਥਿਤ
"**ਤ੍ਰਿਤੀਆ** ਤ੍ਰੈ ਗੁਣ ਬਿਖੈ ਫਲ ਕਬ ਉਤਮ ਕਬ ਨੀਚੁ।" — ਗਉ **੫**, ਥਿਤੀ ੩ : ੧ (297)
2. ਤੀਜ, ਤੀਸਰਾ
"**ਤ੍ਰਿਤੀਆ** ਤੇਰਾ ਸੁੰਦਰ ਥਾਨੁ।"
— ਆਸਾ **੫**, ੧੨, ੧ : ੩ (374)

ਹੋਰ ਰੂਪ — ਤ੍ਰਿਤੀਏ —
"**ਤ੍ਰਿਤੀਏ** ਮਤਾ ਕਿਛੁ ਕਰਉ ਉਪਾਇਆ।"
— ਆਸਾ **੫**, ੫, ੧ : ੩ (371)

ਤ੍ਰਿਤੀਏ — 1. ਤੀਜਾ, ਤੀਸਰਾ, ਵੇਖੋ 'ਤ੍ਰਿਤੀਆ' (2)
2. ਤ੍ਰੇਤਾ ਯੁੱਗ
"**ਤ੍ਰਿਤੀਏ** ਮਹਿ ਕਿਛੁ ਭਇਆ ਦੁਤੇੜਾ।"
— ਰਾਮ **੫**, ੧੨, ੨ : ੨ (886)

ਤ੍ਰਿਪਤ — (ਸੰ. ਤ੍ਰਿਪ੍ਤ) ਰਜਿਆ ਹੋਇਆ, ਸੰਤੁਸ਼ਟ
"ਜਿਨ ਪੀਆ ਤੇ **ਤ੍ਰਿਪਤ** ਭਏ ਹਉ ਤਿਨ ਬਲਿਹਾਰੈ ਜਾਉ।" — ਵਡ **੧**, ੧, ੨ : ੨ (557)

ਤ੍ਰਿਪਤਉ — ਤ੍ਰਿਪਤ/ਸੰਤੁਸ਼ਟ ਹੁੰਦਾ ਹਾਂ, ਰਜਦੀ ਹਾਂ
"ਮੋਹਿ ਚਾਤ੍ਰਿਕ ਤੁਮ੍ਹ ਬੂੰਦ **ਤ੍ਰਿਪਤਉ** ਮੁਖਿ ਪਰੈ।"
— ਬਿਲਾ **੫**, ਛੰਤ ੩, ੪ : ੨ (847)

ਤ੍ਰਿਪਤਾ — ਰਜਿਆ ਹੋਇਆ, ਸੰਤੁਸ਼ਟ
"ਆਪੇ **ਤ੍ਰਿਪਤਾ** ਆਪੇ ਮੁਕਤਾ।"

— ਮਾਰੂ **੧**, ਸੋਲਾ ੧੪, ੧੪ : ੨ (1035)

ਤ੍ਰਿਪਤਾਇ — ਰਜ ਹੁੰਦਾ /ਸੰਤੁਸ਼ਟਤਾ ਹੁੰਦੀ ਹੈ
"ਹਰਿ ਦਰਸਨ ਕੀ ਪਿਆਸ ਹੈ ਦਰਸਨਿ **ਤ੍ਰਿਪਤਾਇ**।"
— ਸਾਰ **੪**, ਵਾਰ ੨੯ : ੨ (1248)

ਹੋਰ ਰੂਪ — ਤ੍ਰਿਪਤਾਇਆ —
"ਤਬ ਤੇ ਧਾਵਤੁ ਮਨੁ **ਤ੍ਰਿਪਤਾਇਆ**।" (ਰਜ ਗਿਆ, ਸੰਤੁਸ਼ਟ ਹੋ ਗਿਆ)
— ਗਉ **੫**, ੧੧੯, ੧ : ੨ (189)

ਤ੍ਰਿਪਤਾਇਣੁ — ਤ੍ਰਿਪਤ/ਸੰਤੁਸ਼ਟ ਕਰਦੇ ਹਨ
"ਨਾਮੁ ਰਸਾਇਣੁ ਮਨੁ **ਤ੍ਰਿਪਤਾਇਣੁ** ਗੁਰਮੁਖਿ ਅੰਮ੍ਰਿਤ ਪੀਵਾਂ ਜੀਉ।" — ਮਾਝ **੫**, ੧੬, ੩ : ੩ (99)

ਤ੍ਰਿਪਤਾਈ — ਰਜਦਾ/ਸੰਤੁਸ਼ਟ/ਤ੍ਰਿਪਤ ਹੁੰਦਾ ਹਾਂ
"ਜਨ ਨਾਨਕ ਕੀ ਆਸ ਤੂ ਜਾਣਹਿ ਹਰਿ ਦਰਸਨੁ ਦੇਖਿ ਹਰਿ ਦਰਸਨਿ **ਤ੍ਰਿਪਤਾਈ**।"
— ਗੋਂਡ **੪**, ੧, ੪ : ੩ (860)
"ਨਾਮ ਰਸਾਇਣਿ ਇਹੁ ਮਨੁ ਰਾਤਾ ਅੰਮ੍ਰਿਤ ਪੀ **ਤ੍ਰਿਪਤਾਈ**।" (ਰਜਿਆ)
— ਰਾਮ **੫**, ਅਸ ੬, ੮ : ੧ (915)

ਤ੍ਰਿਪਤਾਏ — ਸੰਤੁਸ਼ਟ/ਤ੍ਰਿਪਤ
"ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ **ਤ੍ਰਿਪਤਾਏ** ."
— ਸੂਹੀ **੫**, ੪੧, ੨ : ੨ (745)

ਤ੍ਰਿਪਤਾਸ — ਰੱਜ ਸੰਤੁਸ਼ਟਤਾ, ਤ੍ਰਿਪਤੀ
"ਅੰਮ੍ਰਿਤ ਨਾਮੁ ਸੁਆਮੀ ਤੇਰਾ ਜੋ ਪੀਵੈ ਤਿਸ ਹੀ **ਤ੍ਰਿਪਤਾਸ**।" — ਸਾਰ **੫**, ੧੯, ੧ : ੧ (1208)

ਹੋਰ ਰੂਪ — ਤ੍ਰਿਪਤਾਸਹਿ —
"ਹਰਿ ਹਰਿ ਨਾਮੁ ਮਿਲੈ **ਤ੍ਰਿਪਤਾਸਹਿ** ਮਿਲਿ ਸੰਗਤਿ ਗੁਣ ਪਰਗਾਸਿ।" (ਰਜੇ, ਤ੍ਰਿਪਤ ਹੋਏ) — ਗੂਜ **੪**, ਸੋਦ ੪, ੨ : ੨ (10)

ਤ੍ਰਿਪਤਾਸਾ —
"ਨਾਨਕ ਹਰਿ ਰਸੁ ਪੀ **ਤ੍ਰਿਪਤਾਸਾ**।"
— ਗਉ **੧**, ਅਸ ੧੧, ੮ : ੧ (226)

ਤ੍ਰਿਪਤਾਸਿ —
"ਖਾਵੈ ਦੂਖ ਭੂਖ ਸਾਚੇ ਕੀ ਸਾਚੇ ਹੀ **ਤ੍ਰਿਪਤਾਸਿ** ਰਹੈ।" (ਰਜਿਆ)
— ਰਾਮ **੧**, ਸੋਗੋ ੬੫ : ੪ (945)

ਤ੍ਰਿਪਤਾਸਿਆ —
"ਜਿਨ ਚਾਖਿਆ ਸੇ **ਤ੍ਰਿਪਤਾਸਿਆ** ਉਹ ਰਸੁ ਜਾਣੈ ਜਿੰਦੁ।" (ਤ੍ਰਿਪਤ ਹੋਇਆ ਰੱਜ ਗਿਆ)
— ਸਿਰੀ **੫**, ੮੮, ੨ : ੨ (48)

ਤ੍ਰਿਪਤਾਸੀ —
"ਹਰਿ ਗੁਣ ਗਾਇ ਸਦਾ **ਤ੍ਰਿਪਤਾਸੀ** ਫਿਰਿ ਭੂਖ ਨ ਲਾਗੈ ਆਇ।" (ਰਜੀਦਾ ਹੈ)
— ਸੂਹੀ **੩**, ਛੰਤ ੧, ੪ : ੩ (768)
"ਜਨੁ ਨਾਨਕੁ ਨਾਮੁ ਲਏ ਤਾਂ ਜੀਵੈ ਜਿਉ ਚਾਤ੍ਰਿਕ ਜਲਿ ਪੀਐ **ਤ੍ਰਿਪਤਾਸੀ**।" (ਰਜਦਾ ਹੈ)
— ਸਾਰ **੪**, ੧੨, ੨ : ੨ (1202)

ਤ੍ਰਿਪਤਾਸੀਐ —
"ਨਾਨਕ ਮਨੁ **ਤ੍ਰਿਪਤਾਸੀਐ** ਸਿਫਤੀ ਸਾਚੈ ਨਾਇ।" (ਰਜ ਜਾਈਐ ਸੰਤੁਸ਼ਟ ਕਰੀਏ)
— ਮਾਰੂ **੩**, ਵਾਰ ੩ਸ, **੧**, ੧ : ੪ (1087)

ਤ੍ਰਿਪਤਾਸੇ —
"ਸਹਜਿ ਸੰਤੋਖਿ ਸਦਾ **ਤ੍ਰਿਪਤਾਸੇ** ਅਨਦੁ ਖਸਮ ਕੈ ਭਾਣੈ ਜੀਉ।" (ਸਤੁੰਸ਼ਟ ਹੋਏ ਰਜੇ)
— ਮਾਝ **੫**, ੪੨, ੩ : ੩ (106)

ਤ੍ਰਿਪਤਾਸੈ —
"ਮਨ **ਤ੍ਰਿਪਤਾਸੈ** ਕੀਰਤਨ ਪ੍ਰਭ ਰੰਗਿ।"
— ਗਉ **੫**, ਥਿਤੀ ੧੨ : ੪ (299)

ਤ੍ਰਿਪਤਾਗਾ — ਰਜ ਗਿਆ, ਤ੍ਰਿਪਤ ਹੋ ਗਿਆ, ਸ਼ਾਂਤ ਹੋ ਗਿਆ
"ਹਰਿ ਰਸ ਊਪਰਿ ਅਵਰੁ ਕਿਆ ਕਹੀਐ ਜਿਨਿ ਪੀਆ ਸੋ **ਤ੍ਰਿਪਤਾਗਾ**।"
— ਸੋਰ **੧**, ੧੦, ੩ : ੧ (598)

ਤ੍ਰਿਪਤਾਣੇ — ਤ੍ਰਿਪਤ ਹੋਇਆ
"ਜਲ ਥਲ ਮਹੀਅਲ ਸਭਿ **ਤ੍ਰਿਪਤਾਣੇ** ਸਾਧੂ ਚਰਨ ਪਖਾਲੀ ਜੀਉ।"
— ਮਾਝ **੫**, ੩੯, ੩ : ੩ (106)

ਤ੍ਰਿਪਤਾਤਾ — ਤ੍ਰਿਪਤ ਹੋ ਗਏ, ਰਜ ਗਏ
"ਜਿਨਾ ਗੁਰਮੁਖਿ ਅੰਮ੍ਰਿਤੁ ਚਾਖਿਆ ਸੇ ਜਨ **ਤ੍ਰਿਪਤਾਤਾ**।" — ਗੂਜ **੩**, ਵਾਰ ੧੫ : ੫ (514)

ਹੋਰ ਰੂਪ — ਤ੍ਰਿਪਤਾਤੇ —
"ਹਿਰਦੈ ਨਾਮੁ ਦੁਬਿਧਾ ਮਨਿ ਭਾਗੀ ਹਰਿ ਹਰਿ ਅੰਮ੍ਰਿਤੁ ਪੀ **ਤ੍ਰਿਪਤਾਤੇ**।" (ਰੱਜ ਗਏ)
— ਭੈਰ **੩**, ੧੫, ੧* : ੨ (1131)

ਤ੍ਰਿਪਤਾਨ — ਰਜਦਾ, ਸੰਤੁਸ਼ਟ/ਤ੍ਰਿਪਤ ਹੁੰਦਾ
"ਤਾ ਤੇ ਨਾਹੀ ਮਨੁ **ਤ੍ਰਿਪਤਾਨ**।"
— ਗਉ **੫**, ੮੧, ੧ : ੪ (179)

ਹੋਰ ਰੂਪ — ਤ੍ਰਿਪਤਾਨਾ —
"ਨਾਮ ਰੰਗਿ ਇਹੁ ਮਨੁ **ਤ੍ਰਿਪਤਾਨਾ** ਬਹੁਰਿ ਨ ਕਤਹੂੰ ਧਾਵਉ ਰੇ।" (ਰਜ ਗਿਆ, ਤ੍ਰਿਪਤ ਹੋ ਗਿਆ)
— ਆਸਾ **੫**, ੧੩੧, ੧ : ੨ (404)

ਤ੍ਰਿਪਤਾਨੀ —
"ਹਰਿ ਜੀਉ ਅੰਮ੍ਰਿਤ ਬਿਰਖੁ ਹੈ ਜਿਨ ਪੀਆ ਤੇ **ਤ੍ਰਿਪਤਾਨੀ**।" (ਤ੍ਰਿਪਤ ਹੋ ਗਏ)
— ਗੂਜ **੩**, ਵਾਰ ੧੪ : ੫ (514)

ਤ੍ਰਿਪਤਾਨੇ —
"ਨਾਮ ਰਸਿ ਜੋ ਜਨ **ਤ੍ਰਿਪਤਾਨੇ**।" (ਰਜੇ ਹਨ, ਤ੍ਰਿਪਤ ਹੋਏ ਹਨ)
— ਗਉੂ **੫**, ਸੁਖ ੧੭, ੬ : ੧ (286)

ਤ੍ਰਿਪਤਾਨੋ —
"ਮਨ **ਤ੍ਰਿਪਤਾਨੋ** ਮਿਟੇ ਜੰਜਾਲ।" (ਤ੍ਰਿਪਤ ਹੋ ਗਿਆ) — ਆਸਾ **੫**, ੭੮, ੧ : ੧ (389)

ਤ੍ਰਿਪਤਾਰੀ — ਤ੍ਰਿਪਤ ਰਜੀ ਹੋਈ
"ਇਹ ਰਸ ਰਾਤੀ ਹੋਇ **ਤ੍ਰਿਪਤਾਰੀ**।"
— ਗਉ **੫**, ੮੪, ੧* : ੨ (180)

ਹੋਰ ਰੂਪ — ਤ੍ਰਿਪਤਾਰੈ —
"ਜਿਹ ਭੋਜਨ ਕੀਨੋ ਤੇ **ਤ੍ਰਿਪਤਾਰੈ**।" (ਰਜਦਾ ਹੈ) — ਕਾਨ **੫**, ੫, ੨ : ੨ (1299)

ਤ੍ਰਿਪਤਾਵਹਿ — ਤ੍ਰਿਪਤ ਹੁੰਦਾ ਹੈ, ਰਜਦਾ ਹੈ
"ਹਰਿ ਨਿਗ੍ਰਹਿ ਨ **ਤ੍ਰਿਪਤਾਵਹਿ** ਭੇਵਾ।"
— ਰਾਮ **੧**, ਅਸ ੬, ੬ : ੨ (906)

ਹੋਰ ਰੂਪ — ਤ੍ਰਿਪਤਾਵਹੁ —
"ਤ੍ਰਿਸਨਾ ਬੂਝੈ ਮਨੁ **ਤ੍ਰਿਪਤਾਵਹੁ**।" (ਮੈਂ ਤ੍ਰਿਪਤ ਕਰ ਲਵਾ)
— ਗਉ **੫**, ੮੧, ੧* : ੨ (179)

ਤ੍ਰਿਪਤਾਵਣਿਆ — ਰਜਾਉਂਦੇ/ਤ੍ਰਿਪਤ ਕਰਦੇ ਹਨ
"ਹਰਿ ਰੰਗਿ ਰਹਹਿ ਸਦਾ ਰੰਗਿ ਰਾਤੇ ਹਰਿ ਰਸਿ ਮਨੁ **ਤ੍ਰਿਪਤਾਵਣਿਆ**।"
— ਮਾਝ **੩**, ਅਸ ੩੦, ੧ : ੩ (127)

ਹੋਰ ਰੂਪ — ਤ੍ਰਿਪਤਾਵਣੀ
"ਜੋ ਗੁਰਮੁਖਿ ਚਖੈ ਸਾਦੁ ਸਾ **ਤ੍ਰਿਪਤਾਵਣੀ**।"
— ਸੋਰ **੪**, ਵਾਰ ੧੩ : ੩ (647)

ਤ੍ਰਿਪਤਾਵਨ — ਤ੍ਰਿਪਤ ਹੋਣ, ਰਜਨ
"ਘਰਿ ਘਰਿ ਮਾਂਗੈ **ਤ੍ਰਿਪਤਾਵਨ** ਤੇ ਚੂਕਾ।"
— ਪ੍ਰਭਾ **੫**, ਅਸ ੨, ੫ : ੨ (1348)

ਤ੍ਰਿਪਤਾਵੈ — ਰਜਦਾ, ਤ੍ਰਿਪਤ ਹੁੰਦਾ
"ਜੋ ਜੋ ਪੀਵੈ ਸੋ **ਤ੍ਰਿਪਤਾਵੈ**"
— ਮਾਝ **੫**, ੨੨, ੨ : ੧ (101)

ਤ੍ਰਿਪਤਿ — 1. ਰਜ਼ਨ ਦਾ ਪ੍ਰਭਾਵ, ਸੰਤੁਸ਼ਟ ਦੇਖੋ 'ਤ੍ਰਿਪਤ'
"ਸਚੁ ਸਲਾਹੀ ਸਚਿ ਲਗਾ ਸਚੈ ਨਾਇ **ਤ੍ਰਿਪਤਿ** ਹੋਇ।" — ਸਿਰੀ **੩**, ੬੦, ੪ : ੧ (37)
"ਬਿਨੁ ਪਿਰ **ਤ੍ਰਿਪਤਿ** ਨ ਕਬਹੂੰ ਹੋਈ।" (ਸੰਤੁਸ਼ਟਤਾ, ਸ਼ਾਂਤੀ, ਤ੍ਰਿਪਤੀ)
— ਗਉ **੧**, ਅਸ ੧੧, ੬ : ੩ (226)

2. ਪ੍ਰਸੰਨ ਹੋਵੇ
"ਜਨ ਨਾਨਕ ਪ੍ਰੀਤਿ **ਤ੍ਰਿਪਤਿ** ਗੁਰੁ ਸਾਚਾ।"
— ਗਉ **੪**, ੪੨, ੪ : ੩ (165)
"ਸੁਣਿ ਸੁਣਿ ਮਹਾ **ਤ੍ਰਿਪਤਿ** ਮਨੁ ਪਾਵੈ ਸਾਧੂ ਅੰਮ੍ਰਿਤ ਬਾਨੀ।" (ਭਾਵ ਸੰਤੋਖ)
— ਸੋਰ **੫**, ੧੦, ੧* : ੨ (611)

ਹੋਰ ਰੂਪ — ਤ੍ਰਿਪਤਿਆ —
"ਮਾਰੂ ਮੀਹਿ ਨ **ਤ੍ਰਿਪਤਿਆ** ਅਗੀ ਲਹੈ ਨ ਭੁਖ।" (ਰਜਿਆ, ਸੰਤੁਸ਼ਟ ਹੋਇਆ)
— ਮਾਝ **੧**, ਵਾਰ ੨੩ਸ, **੧**, ੧ : ੧ (118)
"ਮਨੁ **ਤ੍ਰਿਪਤਿਆ** ਹਰਿ ਨਾਮੁ ਧਿਆਇ।" (ਰੱਜ ਗਿਆ)
— ਵਡ **੩**, ੭, ੧ : ੨ (560)

ਤ੍ਰਿਪਤੀ —
"ਹਰਿ ਨਾਮੁ ਅੰਮ੍ਰਿਤ ਚਾਖਿ **ਤ੍ਰਿਪਤੀ** ਨਾਨਕਾ ਉਰਧਾਰਿਆ।" (ਰਜ ਗਈ, ਤ੍ਰਿਪਤ ਹੋ ਗਈ) — ਬਿਲਾ **੧**, ਛੰਤ ੧, ੪ : ੬ (843)

ਤ੍ਰਿਪਤੀਐ —
"ਨਾਮੁ ਮਿਲੈ ਮਨੁ **ਤ੍ਰਿਪਤੀਐ** ਬਿਨੁ ਨਾਮੈ ਧ੍ਰਿਗੁ ਜੀਵਾਸੁ।" (ਰਜਦਾ ਹੈ)
— ਸਿਰੀ **੪**, ੬੬, ੧ : ੧ (40)
"ਜਿਤੁ ਖਾਧੈ ਮਨੁ **ਤ੍ਰਿਪਤੀਐ** ਪਾਈਐ ਮੋਖ

ਦੁਆਰੁ।" (ਰਜਦਾ/ ਸ਼ਾਂਤ ਹੁੰਦਾ ਹੈ)

— ਸੋਰ **੪**, ਵਾਰ ੮ਸ, **੩**, ੧ : ੨ (645)

ਤ੍ਰਿਪਤੀਵਨਾ — ਤ੍ਰਿਪਤ ਹੋਣਾ, ਰਜ ਜਾਣਾ, ਸੰਤੁਸ਼ਟ ਹੋਣਾ

"ਖਾਵਨਾ ਜਿਤੁ ਭੂਖ ਨ ਲਾਗੈ ਸੰਤੋਖਿ ਸਦਾ **ਤ੍ਰਿਪਤੀਵਨਾ**।"

— ਮਾਰੂ **੫**, ਅਸ ੬, ੨ : ੧ (1019)

ਤ੍ਰਿਪਤੇ — ਰਜੇ ਰਹੇ, ਸੰਤੁਸ਼ਟ ਰਹੇ

"ਬਿਨਵੰਤਿ ਨਾਨਕੁ ਸਦਾ **ਤ੍ਰਿਪਤੇ** ਹਰਿ ਨਾਮੁ ਭੋਜਨੁ ਖਾਇਆ।" — ਜੈਤ **੫**, ਛੰਤ ੩, ੪ : ੬ (705)

ਹੋਰ ਰੂਪ — ਤ੍ਰਿਪਤੈ —

"ਹਰਿ ਕੀ ਮੈ ਭੂਖ ਲਾਗੈ ਹਰਿ ਨਾਮਿ ਮੇਰਾ ਮਨੁ **ਤ੍ਰਿਪਤੈ** ਹਰਿ ਮੇਰਾ ਸਾਕੁ ਅੰਤਿ ਹੋਇ ਸਖਾਈ।" — ਗੂਜ **੩**, ੪, ੨ : ੨ (490)

ਤ੍ਰਿਪਲੁ — ਤਿੰਨ ਹਾਲਤਾਂ, ਤਿੰਨ ਗੁਣ—ਰਜੋ ਤਮੋ ਸਤੋ, ਤ੍ਰਿਗੁਣੀ ਮਾਇਆ ਭਾਵ ਮਾਇਆ ਵਾਲੀ ਰੁਚੀ/ਧਿਆਨ/ਅਭਿਲਾਖਾ

"ਤਾੜੀ ਲਾਗੀ **ਤ੍ਰਿਪਲੁ** ਪਲਟੀਐ ਛੂਟੈ ਹੋਇ ਪਸਾਰੀ।" — ਗਉ **ਕਬ**, ੫੩, ੨ : ੨ (334)

ਤ੍ਰਿਪ੍ਤੇ — ਰਜਨਾ, ਸੰਤੁਸ਼ਟ ਹੋਣਾ, ਵੇਖੋ 'ਤ੍ਰਿਪਤ'

"ਅੰਮ੍ਰਿਤ ਨਾਮੁ ਨਾਰਾਇਣ ਨਾਨਕ ਪੀਵਤੰ ਸੰਤ ਨ **ਤ੍ਰਿਪ੍ਤੇ**।" — ਸਸ **੫**, ੨੯ : ੨ (1356)

ਤ੍ਰਿਬਧਿ — ਤਿੰਨ ਪ੍ਰਕਾਰ/ਕਿਸਮ ਦਾ

"**ਤ੍ਰਿਬਧਿ** ਕਰਮ ਕਮਾਈਅਹਿ ਆਸ ਅੰਦੇਸਾ ਹੋਇ।" — ਸਿਰੀ **੧**, ੧੨, ੩ : ੧ (18)

ਤ੍ਰਿਬਿਧਿ — 1. ਤ੍ਰਿਗੁਣੀ

"ਦੁਬਿਧਾ ਦੂਜਾ **ਤ੍ਰਿਬਿਧਿ** ਮਾਇਆ।"

— ਮਾਝ **੩**, ਅਸ ੨, ੪ : ੨ (113)

"**ਤ੍ਰਿਬਿਧਿ** ਮਾਇਆ ਕਾਰਣਿ ਲੂਝੈ।"

— ਮਾਝ **੩**, ੩੦, ੩ : ੨ (127)

2. ਤਿੰਨ ਪ੍ਰਕਾਰ ਦੀ

"**ਤ੍ਰਿਬਿਧਿ** ਮਨਸਾ ਤ੍ਰਿਬਿਧਿ ਮਾਇਆ।"

— ਮਾਝ **੩**, ਅਸ ੧੩, ੫ : ੨ (117)

"**ਤ੍ਰਿਬਿਧਿ** ਬੰਧਨ ਤੂਟਹਿ ਗੁਰ ਸਬਦੀ ਗੁਰ ਸਬਦੀ ਮੁਕਤਿ ਕਰਾਵਣਿਆ।"

— ਮਾਝ **੩**, ਅਸ ੩੦, ੩ : ੩ (127)

ਤ੍ਰਿਭਵਣ — ਤਿੰਨ ਲੋਕ—ਆਕਾਸ, ਪਾਤਾਲ ਤੇ ਧਰਤੀ, ਤਿੰਨ ਭਵਨ ਭਾਵ ਸਾਰਾ ਸੰਸਾਰ

"ਸੁਰਿ ਨਰ ਗਣ ਗੰਧ੍ਰਬ ਜਿਨਿ ਮੋਹੇ **ਤ੍ਰਿਭਵਣ** ਮੇਖੁਲੀ ਲਾਈ।" — ਸਿਰੀ **ਕਬ**, ੩, ੧ : ੨ (92)

"**ਤ੍ਰਿਭਵਣ** ਤਾਰਣਹਾਰੁ ਸੁਆਮੀ ਏਕੁ ਨ ਚੇਤਸਿ ਅੰਧਾਤਾ।" — ਗਉ **੧**, ੧੫, ੨ : ੨ (155)

"ਤਨ **ਤ੍ਰਿਭਵਣ** ਮਹਿ ਰਹਿਓ ਸਮਾਈ।" (ਸੰਸਾਰ ਭਾਵ ਸੰਸਾਰਕ ਪਦਾਰਥ)

— ਗਉ **ਕਬ**, ਬਾਅ ੨੨ : ੨ (341)

"ਜਉ **ਤ੍ਰਿਭਵਣ** ਤਨ ਮਾਹਿ ਸਮਾਵਾ।" (ਸੰਸਾਰਕ ਪਦਾਰਥ ਤਨ ਵਿਚ ਹੀ ਸਮਾ ਜਾਣ)

— ਗਉ **ਕਬ**, ਬਾਅ, ੨੨ : ੩ (341)

('ਮਹਾਨਕੋਸ਼' ਇਥੇ ਅਰਥ ਤ੍ਰਿਭਵਨ ਰੂਪ ਕਰਤਾਰ ਕਰਦਾ ਹੈ)

ਤ੍ਰਿਭਵਣਸਾਰ — ਤਿੰਨਾਂ ਹੀ ਲੋਕਾਂ ਭਾਵ ਸਾਰੀ ਸ੍ਰਿਸ਼ਟੀ ਦੀ ਸੂਝ

"ਸਰਬ ਦ੍ਰਿਸਟਿ ਲੋਚਨ ਅਭ ਅੰਤਰਿ ਏਕਾ ਨਦਰਿ ਸੁ **ਤ੍ਰਿਭਵਣਸਾਰ**।"

— ਗੂਜ **੧**, ਅਸ ੨, ੩ : ੨ (504)

ਤ੍ਰਿਭਵਣਨਾਥੁ — ਤ੍ਰਿਲੋਕੀ ਦਾ ਮਾਲਕ, ਸਾਰੀ ਸ੍ਰਿਸ਼ਟੀ ਦਾ ਸੁਆਮੀ ਭਾਵ ਪ੍ਰਭੂ

"ਅਨਿਕ ਪਾਤਿਕ ਹਰਤਾ **ਤ੍ਰਿਭਵਣਨਾਥੁ** ਰੀ ਤੀਰਥਿ ਤੀਰਥਿ ਭ੍ਰਮਤਾ ਲਹੈ ਨ ਪਾਰੁ ਰੀ।"

— ਧਨਾ **ਤ੍ਰਿਲੋ**, ੧, ੩ : ੧ (695)

ਤ੍ਰਿਭਵਣਿ — ਤਿੰਨਾਂ ਲੋਕਾਂ ਵਿਚ, ਵੇਖੋ 'ਤ੍ਰਿਭਵਣ'

"**ਤ੍ਰਿਭਵਣਿ** ਸੋ ਪ੍ਰਭੁ ਜਾਣੀਐ ਸਾਚੋ ਸਾਚੈ ਨਾਇ।"

— ਸਿਰੀ **੧**, ਅਸ ੬, ੫ : ੩ (57)

ਹੋਰ ਰੂਪ — ਤ੍ਰਿਭਵਣੁ —

"ਜਲ ਤੇ **ਤ੍ਰਿਭਵਣੁ** ਸਾਜਿਆ ਘਟਿ ਘਟਿ ਜੋਤਿ ਸਮੋਇ।" (ਤਿੰਨ ਲੋਕ ਸ੍ਰਿਸ਼ਟੀ)

— ਸਿਰੀ **੧**, ੧੫, ੩ : ੨ (19)

ਤ੍ਰਿਭਵਣੋ —

"**ਤ੍ਰਿਭਵਣੋ** ਤੁਝਹਿ ਕੀਆ ਸਭੁ ਜਗਤੁ ਸਬਾਇਆ ਰਾਮ।" (ਸਾਰਾ ਸੰਸਾਰ)

— ਆਸਾ **੧**, ਛੰਤ ੨, ੪ : ੨ (437)

ਤ੍ਰਿਭਵਨ — ਤਿੰਨ ਲੋਕ, ਸ੍ਰਿਸ਼ਟੀ

"ਅਖਰ ਮਹਿ **ਤ੍ਰਿਭਵਨ** ਪ੍ਰਭਿ ਧਾਰੇ।"

— ਗਉ **੫**, ਬਾਅ ੫੪ : ੧ (261)

ਤ੍ਰਿਲੋਚਨ — 1325 ਬਿਕਰਮੀ ਵਿਚ ਜਨਮਿਆ ਵੈਸ਼ ਜਾਤ ਦਾ ਬਾਰਸੀ (ਸ਼ੋਲਾਪੁਰ) ਦਾ ਵਸਨੀਕ ਇਕ ਭਗਤ ਜਿਸ ਦੇ ਚਾਰ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਰੀ, ਗੂਜਰੀ ਤੇ ਧਨਾਸਰੀ ਰਾਗਾਂ ਵਿਚ ਸੰਕਲਤ ਹਨ।

"**ਤ੍ਰਿਲੋਚਨ** ਗੁਰ ਮਿਲਿ ਭਈ ਸਿਧਿ।"

— ਬਸੰ **੫**, ੧, ੫ : ੨ (1192)

ਹੋਰ ਰੂਪ — ਤ੍ਰਿਲੋਚਨੁ —

"ਨਾਮਦੇਉ **ਤ੍ਰਿਲੋਚਨੁ** ਕਬੀਰ ਦਾਸਰੋ ਮੁਕਤਿ ਭਇਓ ਚੰਮਿਆਰੋ।"

— ਗੂਜ **੫**, ੧੦, ੨ : ੨ (498)

ਤ੍ਰੀਅ — ਇਸਤ੍ਰੀ, ਪਤਨੀ, ਜੋਰੂ

"ਤਬ ਇਹ **ਤ੍ਰੀਅ** ਉਹੁ ਕੰਤੁ ਕਹਾਵਾ।"

— ਗਉ **ਕਬ**, ਬਾਅ ੪੧ : ੪ (342)

ਤ੍ਰੇਤਾ — ਯੁੱਗਾਂ ਦੇ ਕ੍ਰਮ ਵਿਚ ਦੂਜਾ ਯੁੱਗ

"ਸਤਜੁਗੁ **ਤ੍ਰੇਤਾ** ਦੁਆਪਰੁ ਭਣੀਐ ਕਲਿਜੁਗੁ ਊਤਮੋ ਜੁਗਾ ਮਾਹਿ।"

— ਆਸਾ **੫**, ੧੪੦, ੩ : ੧ (406)

ਹੋਰ ਰੂਪ — ਤ੍ਰੇਤੈ —

"**ਤ੍ਰੇਤੈ** ਰਥੁ ਜਤੈ ਕਾ ਜੋਰੁ ਅਗੈ ਰਥਵਾਹੁ।"

— ਆਸਾ **੧**, ਵਾਰ ੧੩ਸ, **੧**, ੧ : ੪ (470)

ਤ੍ਰੈ — ਤਿੰਨ

"**ਤ੍ਰੈ** ਗੁਣ ਬਿਖਿਆ ਅੰਧੁ ਹੈ ਮਾਇਆ ਮੋਹ ਗੁਬਾਰ।" (ਤਿੰਨ ਗੁਣ ਹਨ, ਰਜੋ, ਤਮੋ, ਸਤੋ)

— ਸਿਰੀ **੩**, ੪੩, ੩ : ੧ (30)

"ਮਾਈ ਮਾਗਤ **ਤ੍ਰੈ** ਲੋਭਾਵਹਿ।"

— ਰਾਮ **੧**, ਅਸ ੨, ੪ : ੨ (903)

(ਮਹਾਨਕੋਸ਼ ਇਥੇ 'ਤ੍ਰੈ' ਦਾ ਅਰਥ ਮਨ, ਨੇਤ੍ਰ ਤੇ ਤੁਚਾ ਕਰਦਾ ਹੈ)

ਤ੍ਰੈਗੁਣ — 1. ਤਿੰਨਾਂ ਗੁਣਾਂ ਦਾ ਧਾਰਨੀ

"**ਤ੍ਰੈਗੁਣ** ਰੋਵਹਿ ਨੀਤਾ ਨੀਤ।"

— ਆਸਾ **੧**, ਅਸ ੪, ੫ : ੨ (413)

"ਖੰਡ ਬ੍ਰਹਮੰਡ **ਤ੍ਰੈਗੁਣ** ਨਾਚੇ ਜਿਨ ਲਾਗੀ ਹਰਿ ਲਿਵ ਤੁਮਾਰੀ।" (ਤ੍ਰਿਗੁਣੀ ਸ੍ਰਿਸ਼ਟੀ)

— ਗੂਜ **੩**, ਅਸ ੧, ੫ : ੧ (506)

"**ਤ੍ਰੈਗੁਣ** ਅਚੇਤ ਨਾਮ ਚੇਤਹਿ ਨਾਹੀ ਬਿਨੁ ਨਾਵੈ ਬਿਨਸਿ ਜਾਈ।"

— ਰਾਮ **੩**, ਅਸ ੨, ੧੫ : ੧ (909)

(ਤ੍ਰੈ ਗੁਣੀ ਜੀਵ ਤ੍ਰੈ ਗੁਣਾਂ ਦਾ ਧਾਰਨੀ)

ਹੋਰ ਰੂਪ — ਤ੍ਰੈ ਗੁਣੀਆ —

"ਇੰਦ੍ਰੀ ਦਸੇ ਦਸੇ ਫੁਨਿ ਧਾਵਤ **ਤ੍ਰੈ ਗੁਣੀਆ** ਖਿਨੁ ਨ ਟਿਕਾਵੈਗੋ।"

— ਕਾਨ **੪**, ਅਸ ੪, ੩ : ੧ (1310)

(ਤਿੰਨਾਂ ਗੁਣਾਂ ਵਾਲੀ/ ਦੀ ਧਾਰਨੀ)

2. ਤਿੰਨ ਗੁਣ

"ਬ੍ਰਹਮਾ ਬਿਸਨੁ ਮਹੇਸੁ **ਤ੍ਰੈ ਗੁਣ** ਸਿਰਿ ਧੰਧੈ ਲਾਇਆ।"

— ਗੂਜ **੩**, ਵਾਰ ੨ : ੪ (509)

"**ਤ੍ਰੈ ਗੁਣ** ਬਧਕ ਮੁਕਤਿ ਨਿਰਾਰੀ।"

— ਮਾਰੂ **੩**, ਸੋਲਾ ੬, ੧੩ : ੨ (1049)

"ਮੂਰਖ ਅੰਧੇ **ਤ੍ਰੈ ਗੁਣ** ਸੇਵਹਿ ਮਾਇਆ ਕੈ ਬਿਉਹਾਰੀ।" (ਤਿੰਨ ਗੁਣਾਂ ਦੀ)

— ਸਾਰ **੪**, ਵਾਰ ੨੪ਸ, **੩**, ੧ : ੩ (1246)

ਹੋਰ ਰੂਪ — ਤ੍ਰੈ ਗੁਣੀਆ —

"ਗੁਰਮੁਖਿ **ਤ੍ਰੈ-ਗੁਣੀਆ** ਬਿਸਥਾਰੁ।" (ਤਿੰਨਾਂ ਗੁਣਾਂ ਦਾ)

— ਮਲਾ **੫**, ੧੯ , ੧ : ੨ (1270)

3. ਤਿੰਨ ਗੁਣਾਂ ਵਾਲੀ ਅਵਸਥਾ

"**ਤ੍ਰੈ ਗੁਣ** ਸਭਾ ਧਾਤੁ ਹੈ ਨ ਹਰਿ ਭਗਤਿ ਨ ਭਾਇ।" — ਮਲਾ **੩**, ੨, ੨ : ੧ (1258)

ਤ੍ਰੈ ਗੁਨੀਆ — ਤਿੰਨ ਗੁਣਾਂ ਵਿਚ ਵਿਚਰਨ ਵਾਲੇ, ਸੰਸਾਰੀ

"ਸੁਰਿ ਨਰ ਦੇਵ ਅਸੁਰ **ਤ੍ਰੈ ਗੁਨੀਆ** ਸਗਲੋ ਭਵਨੁ ਲੁਟਿਓ ਰੀ।"

— ਆਸਾ **੫**, ੫੧, ੧ : ੨ (384)

"ਮੋਹਨੀ ਮੋਹਿ ਲੀਏ **ਤ੍ਰੈਗੁਨੀਆ**।"

— ਮਾਰੂ **੫**, ੧੮, ੧ : ੧ (1004)

ਤ੍ਰੈਪਾਲ — ਤਿੰਨਾਂ ਪਾਲਾਂ (ਸਤਰਾਂ) ਵਾਲੀ ਭਾਵ ਗਾਇਤ੍ਰੀ

"**ਤ੍ਰੈਪਾਲ** ਤਿਹਾਲ ਬਿਚਾਰੰ।"

— ਆਸਾ **੧**, ਵਾਰ ੧੪ਸ, **੧**, ੨ : ੪ (470)

ਤ੍ਰੈਲੋਆ — ਤ੍ਰੈਲੋਕੀ ਸਾਰੀ ਸ੍ਰਿਸ਼ਟੀ

"ਖਬਰਿ ਭਈ ਸੰਸਾਰਿ ਆਏ **ਤ੍ਰੈਲੋਆ**।"

— ਤੁਖਾ **੪**, ਛੰਤ ੪, ੩ : ੨ (1116)

ਤ੍ਰੈਲੋਈ — ਤ੍ਰੈਲੋਕੀ, ਸਾਰੀ ਸ੍ਰਿਸ਼ਟੀ, ਤਿੰਨ ਲੋਕ

"ਤਦਹੁ ਆਕਾਸੁ ਨ ਪਾਤਾਲੁ ਹੈ ਨਾ **ਤ੍ਰੈ ਲੋਈ**।"

— ਗੂਜ **੩**, ਵਾਰ ੧ : ੩ (509)

ਤ੍ਰੈਲੋਕ — ਤ੍ਰੈ-ਲੋਕੀ, ਸਾਰੀ ਸ੍ਰਿਸ਼ਟੀ

"**ਤ੍ਰੈ ਲੋਕ** ਦੀਪਕੁ ਸਬਦਿ ਚਾਨਣੁ ਪੰਚ ਦੂਤ ਸੰਘਾਰਹੇ।"

— ਤੁਖਾ **੧**, ਛੰਤ ੬, ੩ : ੪ (1113)

ਤ੍ਰੋੜਿ — ਤ੍ਰੋੜ, ਖਤਮ ਕਰ, ਮੁੱਕਾ

"ਠਗਾ ਨੀਹੁਮ **ਤ੍ਰੋੜਿ** ਜਾਣੁ ਗੰਧ੍ਰਬਾ ਨਗਰੀ।"

— ਮਾਰੂ **੫**, ਵਾਰ ੧੩ਸ, **੫**, ੩ : ੧ (1098)

ਤ੍ਰਿਆਗਿ — ਛੱਡ ਦੇ

"ਪਰਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ **ਤ੍ਰਿਆਗਿ** ਸਗਲ ਰੇਣੁਕਹ।" — ਸਸ **੫**, ੪੦ : ੬ (1357)

ਥ

ਥਕਹਿ — ਸਰੀਰ ਅਥਵਾ ਹੋਰ ਇੰਦ੍ਰੀਆਂ ਦਾ ਹੋਰ ਕੰਮ ਕਰਨ ਤੋਂ ਅਸਮਰਥ ਹੋਣਾ, ਅਥਵਾ ਰਹਿ ਜਾਣਾ
"ਆਖਹਿ **ਥਕਹਿ** ਆਖਿ ਆਖਿ ਕਰਿ ਸਿਫਤੀ ਵੀਚਾਰ।"
— ਸਾਰ **੪**, ਵਾਰ ੧੧ਸ, **੧**, ੧ : ੬ (1241)

ਥਕਤ — ਥਕਣਾ, ਹੋਰ ਕੰਮ ਕਰਨ ਤੋਂ ਅਸਮਰਥ ਹੋ ਜਾਣਾ
"ਦਿਨਸੁ ਰੈਨੀ **ਥਕਤ** ਨਾਹੀ ਕਤਹਿ ਨਾ ਹੀ ਛੋਟ।"
— ਸਾਰ, **੫**, ੧੦੪, ੧* : ੨ (1224)

ਹੋਰ ਰੂਪ — ਥਕੰਤ —
"ਆਵੰਤ ਜਾਵੰਤ **ਥਕੰਤ** ਜੀਆ ਦੁਖ ਸੁਖ ਬਹੁ ਭੋਗਣਹ।" — ਸਸ **੫**, ੪੯ : ੩ (1358)

ਥਕਾ — ਭਾਵ ਮੁਕ ਗਿਆ, ਅਸਮਰਥ ਹੋ ਗਿਆ
"ਧੰਧਾ **ਥਕਾ** ਹਉ ਮੁਈ ਮਮਤਾ ਮਾਇਆ ਕ੍ਰੋਧੁ।"
— ਸਿਰੀ **੧**, ੧੪, ੩ : ੨ (19)

ਥਕਾਂ — ਹੋਰ ਕੰਮ ਕਰਨ ਤੋਂ ਅਸਮਰਥ ਹੋਵਾਂ
"ਨਾ ਹਉ **ਥਕਾਂ** ਨ ਠਾਕੀਆ ਏਵਡ ਰਖਹਿ ਜੋਤਿ।"
— ਸਾਰ **੪**, ਵਾਰ ੧੦ਸ, **੧**, ੨ : ੩ (1241)

ਥਕਿ — 1. ਥਕ ਜਾਣਾ, ਹੋਰ ਕਰਨ ਤੋਂ ਅਸਮਰਥ ਹੋ ਜਾਣਾ
"ਦੇਦਾ ਦੇ ਲੈਦਾ **ਥਕਿ** ਪਾਹਿ।"
— ਜਪੁ **੧**, ੩ : ੧੧ (2)
"ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ **ਥਕਿ** ਰਹੇ ਲਿਵ ਲਾਇ।" (ਥੱਕ ਗਏ)
— ਸੋਰ **੪**, ਵਾਰ ੨੦ਸ, **੩**, ੨ : ੧ (650)
2. ਥਕ ਕੇ, ਲਾਚਾਰ ਹੋ ਕੇ
"ਚਾਰਿ ਕੁੰਟ ਦਹ ਦਿਸ ਭ੍ਰਮੇ **ਥਕਿ** ਆਏ ਪ੍ਰਭ ਕੀ ਸਾਮ।" — ਮਾਝ **੫**, ਬਾਰਾ ੧ : ੨ (133)
"**ਥਕਿ** ਪਰਿਓ ਪ੍ਰਭ ਦਰਬਾਰ।"
— ਬਿਲਾ **੫**, ਅਸ ੧, ੮ : ੨ (837)

ਥਕਿਤ — ਥਕਦੇ, ਕੰਮ ਕਰਨ ਤੋ ਅਸਮਰਥ ਹੁੰਦੇ
"ਸਰਨਿ ਗਹੀ ਪੂਰਨ ਅਬਿਨਾਸੀ ਆਨ ਉਪਾਵ **ਥਕਿਤ** ਨਹੀ ਕਰਸਨ।"
— ਕਾਨ **੫**, ੨੯, ੨ : ੧ (1303)

ਥਕੀ — 1. ਰਹਿ ਗਈ, ਹਾਰ ਗਈ, ਥਕ ਗਈ
"ਮਿਤ੍ਰ ਘਣੇਰੇ ਕਰਿ **ਥਕੀ** ਮੇਰਾ ਦੁਖੁ ਕਾਟੈ ਕੋਇ।"
— ਸਿਰੀ **੩**, ੫੯, ੪ : ੧ (37)
2. ਮੁੱਕ ਗਈ
"ਕਾਜੀਆ ਬਾਮਣਾ ਕੀ ਗਲ **ਥਕੀ** ਅਗਦੁ ਪੜੈ ਸੈਤਾਨੁ ਵੇ ਲਾਲੋ।" (ਮੁੱਕ ਗਈ)
— ਤਿਲੰ **੧**, ੫, ੧ : ੪ (722)
"ਤ੍ਰਿਸਨਾ **ਥਕੀ** ਨਾਨਕਾ ਜਾ ਮਨੁ ਰਤਾ ਨਾਇ।"
— ਮਾਰੂ **੩**, ਵਾਰ ੧੫ਸ, **੧**, ੨ : ੨ (1090)

ਥਕੇ — 1. ਥਕ ਗਏ, ਰਹਿ ਗਏ, ਹਾਰ ਗਏ
"ਓੜਕ ਓੜਕ ਭਾਲਿ **ਥਕੇ** ਵੇਦ ਕਹਨਿ ਇਕ ਵਾਤ।" — ਜਪੁ **੧**, ੨੨ : ੨ (5)
"ਸਤਗੁਰੂ ਕਿਆ ਫਿਟਕਿਆ ਮੰਗਿ **ਥਕੇ** ਸੰਸਾਰਿ।"
— ਸਿਰੀ **੩**, ੫੩, ੧ : ੩ (34)
2. ਬਾਕੀ ਬਚੇ, ਰਹਿ ਗਏ
"ਦਿਨ ਥੋੜੜੇ **ਥਕੇ** ਭਇਆ ਪੁਰਾਣਾ ਚੋਲਾ।"
— ਸਿਰੀ **੧**, ੨੪, ੧* : ੨ (23)
"ਫਰੀਦਾ ਸਚੁ ਭਰਿਆ ਭੀ ਚਲਸੀ **ਥਕੇ** ਕਵਲ ਇਕਲ।" — ਸਲੋ **ਫਰ**, ੬੬ : ੨ (1381)

ਥਟਣਹਾਰੈ — ਬਣਾਨ ਵਾਲੇ ਨੇ, ਰਚਨਹਾਰੇ ਨੇ, ਕਰਤਾਰ ਨੇ
"**ਥਟਣਹਾਰੈ** ਥਾਟੁ ਆਪੇ ਹੀ ਥਟਿਆ।"
— ਰਾਮ **੫**, ਵਾਰ ੧ : ੧ (957)

ਥਟਿਆ — ਬਣਾਇਆ, ਰਚਿਆ
"ਥਟਣਹਾਰੈ ਥਾਟੁ ਆਪੇ ਹੀ **ਥਟਿਆ**।"
— ਰਾਮ **੫**, ਵਾਰ ੧ : ੧ (957)

ਥਟੀਐ — 1. ਬਣਤ/ ਰਚਨਾ ਦੀ
"ਕੀਮਤਿ ਕਿਸੈ ਨ ਪਾਇ ਤੇਰੀ **ਥਟੀਐ**।"
— ਰਾਮ **੫**, ਵਾਰ ੨੨ : ੬ (966)

2. ਟਿਕਾਇਆ ਗਿਆ, ਸਥਾਪਿਤ ਕੀਤਾ ਗਿਆ
"ਜਿਨਿ ਆਖੀ ਸੋਈ ਕਰੇ ਜਿਨਿ ਕੀਤੀ ਤਿਨੈ **ਥਟੀਐ**।"— ਰਾਮ **ਬਸ**, ਵਾਰ ੨ : ੧੨ (967)

ਥਟੂਆ — ਠਾਟ ਬਣਾਉਣ ਵਾਲਾ, ਸਾਂਗ ਬਣਾਨ ਵਾਲਾ
"ਭੇਖ ਕਰਹਿ ਖਿੰਥਾ ਬਹੁ **ਥਟੂਆ**।"
— ਰਾਮ **੧**, ਅਸ ੨, ੫ : ੧ (903)
"ਪੂਜਾ ਚਕ੍ਰ ਕਰਤ ਸੋਮਪਾਕਾ ਅਨਿਕ ਭਾਂਤਿ ਥਾਟਹਿ ਕਰਿ **ਥਟੂਆ**।"— ਸਮ **੫**; ੧੧* : ੪ (1389)

ਥਣ — ਮੰਮਾ, ਸਰੀਰ ਦਾ ਉਹ ਅੰਗ ਜਿਥੋ ਬੱਚਾ ਮਾਂ ਦਾ ਦੁੱਧ ਚੁੰਘਦਾ ਹੈ
"ਪਹਿਲੈ ਪਿਆਰਿ ਲਗਾ **ਥਣ** ਦੁਧਿ।"
— ਮਾਝ **੧**, ਵਾਰ ੧ਸ, **੪**, ੨ : ੧ (137)

ਥਣੀ — 1. ਥਣਾਂ ਵਿਚ, ਮੰਮਿਆਂ ਵਿਚ
"ਮੈ ਮਤ ਜੋਬਨਿ ਗਰਬਿ ਗਾਲੀ ਦੁਧਾ **ਥਣੀ** ਨ ਆਵਏ।" — ਗਉ **੧**, ਛੰਤ ੧, ੧ : ੫ (242)
2. ਥਣਾਂ ਕਰਕੇ, ਥਣਾਂ ਸਦਕਾ
"ਸਸੁੜਿ ਸੁਹੀਆ ਕਿਵ ਕਰੀ ਨਿਵਣੁ ਨ ਜਾਇ **ਥਣੀ**।" — ਸਲੋ **੧**, ੧ : ੨ (1410)

ਥਥਾ — ਗੁਰਮੁਖੀ ਲਿਪੀ ਦਾ 22ਵਾਂ ਅੱਖਰ 'ਥ'
"**ਥਥਾ** ਥਿਰੁ ਕੋਊ ਨਹੀ ਕਾਇ ਪਸਾਰਹੁ ਪਾਵ।"
— ਗਉ **੫**, ਬਾਅ ੩੩ : ੧ (257)
ਹੋਰ ਰੂਪ — ਥਥੈ —
"**ਥਥੈ** ਥਾਨਿ ਥਾਨੰਤਰਿ ਸੋਈ ਜਾ ਕਾ ਕੀਆ ਸਭੁ ਹੋਆ।" (ਥਥੇ ਦੁਆਰਾ ਉਪਦੇਸ਼ ਹੈ)
— ਆਸਾ **੧**, ਪਟੀ ੨੦ : ੧ (433)

ਥਨ — ਥਣ, ਮੰਮਾ, ਵੇਖੋ 'ਥਨਿ'
"**ਥਨ** ਚੋਖਤਾ ਮਾਖਨੁ ਘੂਟਲਾ।"
— ਗੋਂਡ **ਨਾਮ**, ੪, ੨ : ੨ (874)

ਥਨਹੁ — ਥਣਾਂ ਤੋਂ ਹੀ
"ਦੂਧੁ ਤ ਬਛਰੈ **ਥਨਹੁ** ਬਿਟਾਰਿਓ।"
— ਗੂਜ **ਰਵਿ**, ੧, ੧ : ੧ (525)

ਥਨੰਤਰ — ਥਾਂ ਦੇ ਅੰਦਰ/ਵਿਚਕਾਰ
"ਨਉ ਖੰਡ ਜੀਤੇ ਸਭਿ ਥਾਨ **ਥਨੰਤਰ**।"
— ਆਸਾ **੫**, ੪, ੨ : ੨ (371)
ਹੋਰ ਰੂਪ — ਥਨੰਤਰਾ —
"ਜੇਤੇ ਥਾਨ **ਥਨੰਤਰਾ** ਤੇਤੇ ਭਵਿ ਆਇਆ।"
— ਸਿਰੀ **੫**, ੭੨, ੨ : ੧ (42)
ਥਨੰਤਰਿ —
"ਘਰਿ ਇਕੋ ਬਾਹਰਿ ਇਕੋ ਥਾਨ **ਥਨੰਤਰਿ** ਆਪਿ।" (ਭਾਵ ਸਭ ਥਾਂ)
— ਸਿਰੀ **੫**, ੭੯, ੩ : ੧ (45)
ਥਨੰਤਰੀ —
"ਸਰਬੇ ਥਾਨ **ਥਨੰਤਰੀ** ਤੂ ਦਾਤਾ ਦਾਤਾਰੁ।"
— ਰਾਮ **੧**, ਓਅੰ ੩੪ : ੫ (934)

ਥਨਾਏ — ਥਨੰਤਰ, ਥਾਂ ਦੇ ਅੰਦਰ
"ਥਾਨ **ਥਨਾਏ** ਸਰਬ ਸਮਾਏ।"
— ਕਾਨ **੫**, ੪੬, ੨ : ੨ (1307)

ਥਨਿ — ਥਨ, ਮੰਮਾ
"ਜਿਉ ਬਾਰਿਕੁ ਰਸਕਿ ਪਰਿਓ **ਥਨਿ** ਮਾਤਾ ਥਨਿ ਕਾਢੇ ਬਿਲਲ ਬਿਲੀਧੇ।"
— ਬਸੰ **੪**, ੫, ੧ : ੨ (1178)

ਥਪਿਓ — ਥਾਪਿਆ, ਸਥਾਪਤ ਕੀਤਾ
"ਤਿਤੁ ਨਾਮਿ ਰਸਿਕੁ ਨਾਨਕੁ ਲਹਣਾ **ਥਪਿਓ** ਜੇਨ ਸ੍ਰਬ ਸਿਧੀ।" — ਸ੍ਵ **੩**, ੧ : ੩ (1392)
ਹੋਰ ਰੂਪ — ਥਪਿਅਉ —
"ਗੁਰ ਅਮ੍ਰਿਤਦਾਸਿ ਥਿਰੁ **ਥਪਿਅਉ** ਪਰਗਾਮੀ ਤਾਰਣ ਤਰਣ।"
— ਸਵ **੪**, ਸਲ ੨ : ੫ (1406)
ਥਪਿਆ —
"ਅਬਲ ਬਲੁ ਤੋੜਿਆ ਅਚਲ ਚਲੁ **ਥਪਿਆ** ਅਘੜੁ ਘੜਿਆ ਤਹਾ ਅਪਿਉ ਪੀਆ।"
— ਮਾਰੂ **ਜੈਦੇ** ੧, ੧ : ੨ (1106)
ਥਪੇ —
"ਪਾਰਬ੍ਰਹਮ ਗੁਰਦੇਵ ਨੀਚਹੁ ਉਚ **ਥਪੇ**।" (ਥਾਪਿ ਦਿੰਦਾ/ਬਣਾ ਦਿੰਦਾ ਹੈ)
— ਜੈਤ **੫**, ਵਾਰ ੧੯ : ੩ (710)

ਥਪ੍ਉ — ਸਥਾਪਤ ਕੀਤਾ, ਕਾਇਮ ਕੀਤਾ
"ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ **ਥਪ੍ਉ**।"
— ਸਵ **੪**, ਗਯੰ ੧ : ੧੬ (1401)

ਥੰਭ — 1. ਰੋਕੇ (ਕੋਸ਼, ਸੰਥਿਆ ਸ਼ਬਦਾਰਥ) ਥੰਮੀ, ਸਹਾਰਾ (ਦਰਪਣ, ਨਿਰਣੈ)
"ਕਾਇਆ ਮੰਦਰ ਮਨਸਾ **ਥੰਭ**।"
— ਗਉ **ਕਬ**, ਵਾ ੧ : ੨ (344)

2. ਥੰਮੀ, ਥਮਲਾ

"ਪੀਤ ਪੀਤਾਂਬਰ ਤ੍ਰਿਭਵਣ ਧਣੀ **ਥੰਭ** ਮਾਹਿ ਹਰਿ ਭਾਖੈ।"

— **ਭੈਰ ਨਾਮ**, ੯, ੪ : ੨ (1165)

"ਪ੍ਰਭ **ਥੰਭ** ਤੇ ਨਿਕਸੇ ਕੈ ਬਿਸਥਾਰ।"

— ਬਸੰ **ਕਬ**, ੪, ੪ : ੩ (1194)

ਹੋਰ ਰੂਪ — ਥੰਭਾ —

"ਜਲ ਕੀ ਭੀਤਿ ਪਵਨ ਕਾ **ਥੰਭਾ** ਰਕਤ ਬੂੰਦ ਕਾ ਗਾਰਾ।"— ਸੋਰ **ਰਵਿ**, ੬, ੧ : ੧ (659)

ਥੰਭਿ —

"ਜਲਤ ਅੰਭ **ਥੰਭਿ** ਮਨੁ ਧਾਵਤੁ ਭਰਮ ਬੰਧਨ ਭਉ ਭਾਗਾ।"

— ਗਉ **ਕਬ**, ੫੮, ੩ : ੨ (336)

ਥੰਭੈ — ਥੰਮਦਾ, ਆਸਰਾ ਦਿੰਦਾ ਹੈ

"ਬਿਨੁ ਹੀ ਥਾਭਹ ਮੰਦਿਰੁ **ਥੰਭੈ**।"

— ਗਉ **ਕਬ**, ਬਾਅ ੨੩ : ੪ (341)

ਥੰਮ — ਥਮਲਾ

"ਬਿਸਾਰਿ ਹਰਿ ਜੀਉ ਬਿਖੈ ਭੋਗਹਿ ਤਪਤ **ਥੰਮ** ਗਲਿ ਲਾਇ।"— ਮਾਰੂ **੫**, ੧੧, ੧ : ੨ (1001)

ਥੰਮਨ — 1. ਸਹਾਰਾ ਦੇਣਾ, ਟਿਕਾਈ ਰਖਨ ਲਈ

"ਕ੍ਰਿਪਾ ਕ੍ਰਿਪਾ ਕਰਿ ਸਾਧੁ ਮਿਲਾਵਹੁ ਜਗੁ **ਥੰਮਨ** ਕਉ ਥੰਮੁ ਦੀਜੈ।"

— ਕਲਿ **੪**, ਅਸ ੩, ੧ : ੨ (1324)

ਥੰਮਨੁ — ਥੰਮ, ਥਮਲਾ

"ਜਿਉ ਮੰਦਰ ਕਉ ਥਾਮੈ **ਥੰਮਨੁ**।"

— ਗਉ **੫**, ਸੁਖ ੧੫, ੩ : ੧ (282)

ਥੰਮਾ — ਥਮਲੇ

"ਬਿਨੁ **ਥੰਮਾ** ਰਾਖੇ ਸਚੁ ਕਲ ਪਾਏ।"

— ਮਾਰੂ **੧**, ਸੋਲਾ ੧੨, ੬ : ੨ (1037)

ਥੰਮਿ — ਥੰਮ ਕੇ, ਸਹਾਰਾ ਦੇ ਕੇ

"ਆਪੀਨੈ ਆਪੁ ਸਾਜਿਓਨੁ ਆਪੇ ਹੀ **ਥੰਮਿ** ਖਲੋਆ।" — ਰਾਮ **ਬਸ**, ੮ : ੨ (968)

ਥੰਮੁ — ਥਮਲੇ, ਟੇਕਾਂ

"ਘਰੁ ਬੰਧਹੁ ਸਚ ਧਰਮ ਕਾ ਗਡਿ **ਥੰਮੁ** ਅਹਲੈ।"

— ਗਉ **੫**, ਵਾਰ ੮ : ੩ (320)

ਥੰਮੈ — ਸਹਾਰਾ ਦੇਵੇ, ਡਿਗਣ ਤੋਂ ਆਸਰਾ ਦੇ ਬਚਾਏ

"ਆਪੇ **ਥੰਮੈ** ਸਚਾ ਸੋਈ।"

— ਸੂਹੀ **੫**, ੩੯, ੧ : ੨ (744)

ਥੰਮ੍ਹ — ਥੰਮਲਾ, ਥੰਭ

"ਗੁਨ ਗੋਵਿੰਦ ਗੁਰਮੁਖਿ ਨ ਜਪਿਆ ਤਪਤ **ਥੰਮ੍ਹ** ਗਲਿ ਲਾਤਿਆ।"

— ਬਿਹਾ **੫**, ਛੰਤ ੭, ੨ : ੪ (546)

ਥੰਮ੍ਹਿ — ਥੰਮ ਕੇ, ਸਹਾਰਾ ਦੇ ਕੇ

"ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਊਪਜੈ ਜਿਤੁ ਸਬਦਿ ਜਗਤੁ **ਥੰਮ੍ਹਿ** ਰਹਾਇਆ।"

— ਆਸਾ **੩**, ਛੰਤ ੭, ੪ : ੪ (441)

ਥੰਮ੍ਹਿਓ — ਰੋਕਿਆ, ਬੰਦ ਕੀਤਾ, ਸਮੇਟਿਆ

"ਸਾਂਗੁ ਉਤਾਰਿ **ਥੰਮ੍ਹਿਓ** ਪਾਸਾਰਾ।"

— ਸੂਹੀ **੫**, ੧, ੧ : ੩ (736)

ਥੰਮ੍ਹਿਆ — ਰੋਕਿਆ

"ਸਤਿਗੁਰ ਮਿਲਿਐ ਧਾਵਤੁ **ਥੰਮ੍ਹਿਆ** ਨਿਜ ਘਰਿ ਵਸਿਆ ਆਏ।"

— ਆਸਾ **੩**, ਛੰਤ ੭, ੪ : ੧ (440)

ਹੋਰ ਰੂਪ — ਥੰਮ੍ਹੀਐ —

"ਸਭੁ ਕੋ ਭਰਿਆ ਫੂਕਿ ਆਖਣਿ ਕਹਣਿ ਨ **ਥੰਮ੍ਹੀਐ**।"

— ਸਾਰ **੪**, ਵਾਰ ੧੯ਸ, **੧**, ੨ : ੩ (1244)

ਥੰਮ੍ਹੁ — ਥਮਲਾ, ਥੰਭ

"**ਥੰਮ੍ਹੁ** ਉਪਾੜਿ ਹਰਿ ਆਪੁ ਦਿਖਾਇਆ।"

— ਭੈਰ **੩**, ਅਸ ੧, ੯ : ੧ (1154)

ਥਰਹਰ — ਥਰ ਥਰ, ਥੜਕ ਥੜਕ ਕੇ

"**ਥਰਹਰ** ਕੰਪੈ ਬਾਲਾ ਜੀਉ।"

— ਸੂਹੀ **ਕਬ**, ੨, ੧ : ੧ (792)

ਥਰਥਰ — ਥੜਕ ਥੜਕ ਕੇ, ਜੋਰ ਜੋਰ ਦੀ

"**ਥਰਥਰ** ਕੰਪੈ ਜੀਅੜਾ ਥਾਨ ਵਿਹੂਣਾ ਹੋਇ।"

— ਰਾਮ **੧**, ਓਅੰ ੩੪ : ੧ (934)

ਥਲ — 1. ਧਰਤੀ, ਧਰਤੀ ਦਾ ਉਹ ਭਾਗ ਜਿਥੇ ਪਾਣੀ ਨਾ ਹੋਵੇ, ਖੁਸ਼ਕੀ

"ਸਰ ਭਰਿ **ਥਲ** ਹਰੀਆਵਲੇ ਇਕ ਬੂੰਦ ਨ ਪਵਈ ਕੇਹ।" — ਸਿਰੀ **੧**, ਅਸ ੧੧, ੩ : ੨ (60)

"ਜਲ **ਥਲ** ਨੀਰਿ ਭਰੇ ਸਰ ਸੁਭਰ ਬਿਰਥਾ ਕੋਇ ਨ ਜਾਏ ਜੀਉ।" (ਸੁੱਕੀ ਧਰਤੀ)

— ਮਾਝ **੫**, ੩੦, ੨ : ੩ (103)

"ਜਲ **ਥਲ** ਮਹੀਅਲ ਸਭਿ ਤ੍ਰਿਪਤਾਣੇ ਸਾਧੂ ਚਰਨ ਪਖਾਲੀ ਜੀਉ।" (ਖੁਸ਼ਕੀ)
— ਮਾਝ **੫**, ੩੯, ੩ : ੩ (106)

"**ਥਲ** ਵਾਰੋਲੇ ਬਹੁਤੁ ਅਨੰਤੁ।" (ਰੇਤਲੇ ਮੈਦਾਨ)
— ਆਸਾ **੧**, ਵਾਰ ੫ਸ, **੧**, ੨ : ੧੬ (465)

"**ਥਲ** ਤਾਪਹਿ ਸਰ ਭਾਰ ਸਾ ਧਨ ਬਿਨਉ ਕਰੈ।"
— ਤੁਖਾ **੧**, ਬਾਰਾ ੭ : ੨ (1108)

ਥਲਨ — ਥਲਾਂ/ਰੇਤਲੇ ਮੈਦਾਨਾਂ ਵਿਚ
"ਜਲਨ **ਥਲਨ** ਬਸੁਧ ਗਗਨ ਏਕ ਏਕੰਕਾਰੰ।"
— ਰਾਮ **੫**, ੫੯, ੧* : ੨ (901)

ਥਲਾ — ਥਲਾਂ/ਰੇਤਲੇ ਮੈਦਾਨਾਂ ਵਿਚ
"ਡੂੰਗਰਿ ਜਲਾ **ਥਲਾ** ਭੂਮਿ ਬਨਾ ਫਲ ਕੰਦਰਾ।"
— ਮਾਰੂ **੫**, ਵਾਰ ੨੧ਸ, **੫**, ੩ : ੧ (1101)

ਥਲਿ — ਸੁਕੀ ਧਰਤੀ ਵਿਚ
"ਜਲਿ **ਥਲਿ** ਮਹੀਅਲਿ ਪੂਰਿਆ ਪ੍ਰਭੁ ਆਪਣੀ ਨਦਰਿ ਨਿਹਾਲਿ।"
— ਸਿਰੀ **੫**, ੮੭, ੨ : ੨ (48)

ਥਲੀ — ਥਲਾਂ ਵਿਚ
"ਨਦੀਆ ਵਿਚਿ ਟਿਬੇ ਦੇਖਾਲੇ **ਥਲੀ** ਕਰੇ ਅਸਗਾਹ।"
— ਮਾਝ **੧**, ਵਾਰ ੧੪ਸ, **੧**, ੧ : ੩ (144)

ਥਲੁ — ਥਲ, ਸੁਕੀ ਧਰਤੀ
"ਜਲੁ **ਥਲੁ** ਧਰਣਿ ਗਗਨੁ ਤਹ ਨਾਹੀ ਆਪੇ ਆਪੁ ਕੀਆ ਕਰਤਾਰ।"
— ਗੂਜ **੧**, ਅਸ ੨, ੨ : ੨ (503)

ਥਲੇ — ਥਲ ਵਿਚ
"ਹਰਿ ਘਟਿ ਘਟੇ ਘਟਿ ਬਸਤਾ ਹਰਿ ਜਲਿ **ਥਲੇ** ਹਰਿ ਬਸਤਾ ਹਰਿ ਥਾਨ ਥਾਨੰਤਰਿ ਬਸਤਾ ਮੈ ਹਰਿ ਦੇਖਨ ਕੋ ਚਾਓ।"
— ਸਾਰ **੪**, ੧੦, ੧ : ੧ (1201)

ਥਾ — ਸੀ
"ਗੁਰ ਪਰਸਾਦਿ ਅਕਲਿ ਭਈ ਅਵਰੈ ਨਾਤਰੁ **ਥਾ** ਬੇਗਾਨਾ।" — ਗਉ **ਕਬ**, ੪੭, ੧* : ੨ (333)

ਥਾਉ — 1. ਥਾਂ, ਟਿਕਣਾ, ਡੇਰਾ
"ਵਿਣੁ ਨਾਵੈ ਨਾਹੀ ਕੋ **ਥਾਉ**।"
— ਜਪੁ **੧**, ੧੮ : ੧੧ (4)

"ਸਗਲ ਰੋਗ ਕਾ ਬਿਨਸਿਆ **ਥਾਉ**।" (ਸਾਰੇ ਰੋਗਾਂ ਦਾ ਡੇਰਾ ਉਠ ਗਿਆ)
— ਗਉ **੫**, ੧੨੮, ੨ : ੨ (191)

"ਸਭੁ ਮੀਤ ਬੰਧਪ ਹਰਖੁ ਉਪਜਿਆ ਦੂਤ **ਥਾਉ** ਗਵਾਇਆ।"— ਗਉ **੫**, ਛੰਤ ੧, ੪ : ੪ (247)

ਹੋਰ ਰੂਪ — ਥਾਓ —
"ਬਹੁਤੇ ਵੇਸ ਕਰੀ ਪਿਰ ਬਾਝਹੁ ਮਹਲੀ ਲਹਾ ਨ **ਥਾਓ**।"— ਤੁਖਾ **੧**, ਬਾਰਾ ੧੬ : ੪ (1109)

2. ਭਾਵ ਪ੍ਰਿਥਵੀ
"ਚੰਦੁ ਸੂਰਜੁ ਦੁਇ ਫਿਰਦੇ ਰਖੀਐ ਨਿਹਚਲੁ ਹੋਵੈ **ਥਾਉ**।"
— ਮਾਝ **੧**, ਵਾਰ ੯, **੧**, ੨ : ੨ (142)

3. ਸਥਾਨ
"ਜਿਤੁ ਘਟਿ ਵਸੈ ਪਾਰਬ੍ਰਹਮੁ ਸੋਈ ਸੁਹਾਵਾ **ਥਾਉ**।" — ਗਉ **੫**, ੧੭੦*, ੧ : ੧ (218)

ਥਾਇ — 1. ਥਾਂ, ਸਥਾਨ
"ਸਾਚਾ ਨਿਰੰਕਾਰੁ ਨਿਜ **ਥਾਇ**।"
— ਗਉ **੧**, ੨, ੧* : ੧ (14)

2. ਸਫਲ ਹੋਵੇ, ਪਰਵਾਨ ਹੋਵੇ, ਕਬੂਲ ਪਵੈ
"ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ **ਥਾਇ**।" (ਸਿਰ ਪਵੇ)
— ਸਿਰੀ **੩**, ੩੬, ੪ : ੨ (27)

"ਬਹੁ ਮਾਣੁ ਕੀਆ ਤੁਧੁ ਉਪਰੇ ਤੂੰ ਆਪੇ ਪਾਇਹਿ **ਥਾਇ** ਜੀਉ।" (ਪਰਵਾਨ/ ਕਬੂਲ ਕਰਦਾ ਹੈ) — ਸਿਰੀ **੫**, ਅਸ ੨੯, ੧੪ : ੩ (74)

3. ਟਿਕਾਣੇ/ਥਾਂ ਸਿਰ ਰੱਖੇ
"ਸਤਿਗੁਰ ਨੋ ਮਿਲੈ ਸੁ ਆਪਣਾ ਮਨੁ **ਥਾਇ** ਰਖੈ ਓਹੁ ਆਪਿ ਵਰਤੈ ਆਪਣੀ ਵਥੁ ਨਾਲੇ।" (ਟਿਕਾਣੇ/ਥਾਂ ਸਿਰ ਰੱਖੇ)
— ਗਉ **੪**, ਵਾਰ ੧੦ਸ, **੪**, ੧ : *੬ (305)

4. ਟਿਕਾਊ
"ਅਵਗਣਿ ਮੁਠੀ ਜੇ ਫਿਰਹਿ ਬਧਿਕ **ਥਾਇ** ਨ ਪਾਹਿ ਜੀਉ।" (ਟਿਕਾਉ ਨਹੀਂ ਮਿਲਦਾ)
— ਸੂਹੀ **੧**, ਅਸ ੨, ੨ : ੨ (751)

5. ਸਥਾਨ ਤੇ, ਬਦਲੇ ਵਿਚ
"ਕੁੰਨੇ ਹੇਠਿ ਜਲਾਈਐ ਬਾਲਣ ਸੰਦੈ **ਥਾਇ**।"
— ਸਲੋ **ਫਰ**, ੭੨ : ੨ (1381)

ਥਾਈ — ਥਾਵਾਂ/ਸਥਾਨਾਂ ਉਤੇ
"ਸਰਬੇ **ਥਾਈ** ਏਕੁ ਤੂੰ ਜਿਉ ਭਾਵੈ ਤਿਉ ਰਾਖੁ।"

— ਸਿਰੀ **੧**, ਅਸ ੧੩, ੮ : ੧ (61)

ਹੋਰ ਰੂਪ — ਥਾਂਈ —

"ਸਭਨੀ **ਥਾਂਈ** ਰਵਿਆ ਆਪਿ।"

— ਬਿਲਾ **੫**, ੨, ੨ : ੧ (801)

ਥਾਏ —

"ਹਰਿ ਗੁਣ ਗਾਵੈ ਬੈਸਿ ਸੁ **ਥਾਏ**।" (ਸਥਾਨ ਉਤੇ) — ਗਉ **੩**, ੨੩, ੧* : ੨ (158)

ਥਾਹ — 1. ਡੂੰਘਾਈ ਦਾ ਅੰਤ, ਨਦੀ ਸਮੁੰਦਰ ਆਦਿ ਦਾ ਤਲਾ

"ਥਥਾ ਅਥਾਹ **ਥਾਹ** ਨਾਹੀ ਪਾਵਾ।"

— ਗਉ **ਕਬ**, ਬਾਅਂ ੨੩ : ੧ (341)

"ਤੁਮਰੀ **ਥਾਹ** ਪਾਈ ਨਹੀ ਪਾਵੈ ਜਨ ਨਾਨਕ ਕੇ ਪ੍ਰਭ ਵਡਨੇ।" (ਅੰਤ)

— ਨਟ **੪**, ੫, ੪ : ੨ (976)

2. ਟਿਕਾਣਾ

"ਤਿਚਰੁ **ਥਾਹ** ਨ ਪਾਵਈ ਜਿਚਰੁ ਸਾਹਿਬ ਸਿਉ ਮਨ ਭੰਗੈ।"— ਮਾਰੂ **੫**, ਵਾਰ ੧੧ : ੬ (1098)

ਥਾਕਸਿ — ਥਕਦੀ

"ਜਰਾ ਹਾਕ ਦੀ ਸਭ ਮਤਿ ਥਾਕੀ ਏਕ ਨ **ਥਾਕਸਿ** ਮਾਇਆ।" — ਸੂਹੀ **ਕਬ**, ੪, ੧ : ੨ (793)

ਥਾਕਾ — ਥਕਿਆ ਅਰਥਾਤ ਮੁਕ ਗਿਆ, ਰਹਿ ਗਿਆ

"**ਥਾਕਾ** ਤੇਜੁ ਉਡਿਆ ਮਨੁ ਪੰਖੀ ਘਰਿ ਆਂਗਨਿ ਨ ਸੁਖਾਈ।" — ਸਿਰੀ **ਬੇਣੀ**, ੧, ੫ : ੨ (93)

"ਸ੍ਰਵਨਨ ਬਿਕਲ ਭਏ ਸੰਗਿ ਤੇਰੇ ਇੰਦ੍ਰੀ ਕਾ ਬਲੁ **ਥਾਕਾ**।" (ਰਹਿ ਗਿਆ)

— ਆਸਾ **ਕਬ**, ੧੮, ੩ : ੧ (480)

"ਸ੍ਰਮੁ **ਥਾਕਾ** ਪਾਏ ਬਿਸ੍ਰਾਮਾ ਮਿਟਿ ਗਈ ਸਗਲੀ ਧਾਈ।" (ਦੌੜ ਭੱਜ ਮੁੱਕ ਗਈ)

— ਮਾਰੂ **੫**, ੬, ੧ : ੨ (1000)

2. ਥਕ ਗਿਆ

"ਘਾਟੀ ਚਢਤ ਬੈਲੁ ਇਕੁ **ਥਾਕਾ** ਚਲੋ ਗੋਨਿ ਛਿਟਕਾਈ।"

— ਗਉ **ਕਬ**, ੪੯, ੩ : ੨ (333)

ਥਾਕਿ — ਥਕ ਕੇ

"ਕਰਣ ਪਲਾਵ ਕਰੇ ਨਹੀ ਪਾਵੈ ਇਤ ਉਤ ਢੂਢਤ **ਥਾਕਿ** ਪਰੇ।"— ਮਾਰੂ **੧**, ਅਸ ੮, ੪ : ੧ (1014)

"**ਥਾਕਿ** ਰਹੀ ਕਿਵ ਅਪੜਾ ਹਾਥ ਨਹੀ ਨ ਪਾਰੁ।" (ਥਕ ਗਈ, ਰਹਿ ਗਈ)

— ਰਾਮ **੧**, ਓਅੰ ੩੭ : ੫ (935)

ਹੋਰ ਰੂਪ — ਥਾਕਿਆ —

"ਅਨਿਕ ਕਰਮ ਕਰਿ **ਥਾਕਿਆ** ਭਾਈ ਫਿਰਿ ਫਿਰਿ ਬੰਧਨ ਪਾਇ।"

— ਸੋਰ **੫**, ੨, ੩ : ੨ (608)

ਥਾਕੀ — 1. ਥਕ ਗਈ, ਰਹਿ ਗਈ

"ਜਪੁ ਤਪੁ ਕਰਿ ਕਰਿ ਸੰਜਮ **ਥਾਕੀ** ਹਠਿ ਨਿਗ੍ਰਹਿ ਨਹੀ ਪਾਈਐ।"

— ਆਸਾ **੧**, ਛੰਤ ੨, ੨ : ੫ (436)

"ਥਾਕੇ ਨੈਨ ਸ੍ਰਵਨ ਸੁਨਿ ਥਾਕੇ **ਥਾਕੀ** ਸੁੰਦਰਿ ਕਾਇਆ।" (ਰਹਿ ਗਈ ਭਾਵ ਨਿਤਾਣੀ ਹੋ ਗਈ) — ਸੂਹੀ **ਕਬ**, ੪, ੧ : ੧ (793)

2. ਮੁੱਕ ਗਈ

"ਲੋਭੁ ਮੂਆ ਤ੍ਰਿਸਨਾ ਬੁਝਿ **ਥਾਕੀ**।"

— ਸੂਹੀ **੫**, ੨੭, ੩ : ੧ (742)

"ਜਰਾ ਹਾਕ ਦੀ ਸਭ ਮਤਿ **ਥਾਕੀ** ਏਕ ਨ ਥਾਕਸਿ ਮਾਇਆ।" (ਮੁੱਕ ਗਈ, ਮੱਧਮ ਪੈ ਗਈ) — ਸੂਹੀ **ਕਬ**, ੪, ੧ : ੨ (793)

ਥਾਕੇ — 1. ਥਕ ਗਏ, ਹਾਰ ਗਏ

"ਪੜਿ ਪੜਿ **ਥਾਕੇ** ਸਾਂਤਿ ਨ ਆਈ।"

— ਮਾਝ **੩**, ਅਸ ੧੮, ੭ : ੧ (120)

ਹੋਰ ਰੂਪ — ਥਾਕੋ —

"ਲਖ ਚਉਰਾਸੀਹ ਜੀਅ ਜੋਨਿ ਮਹਿ ਭ੍ਰਮਤ ਨੰਦੁ ਬਹੁ **ਥਾਕੋ** ਰੇ।"

— ਗਉ **ਕਬ**, ੭੦, ੧ : ੧ (338)

2. ਮੁਕ ਗਏ

"ਹਉਮੈ ਲੋਭ ਲਹਰਿ ਲਬ **ਥਾਕੇ** ਪਾਏ ਦੀਨ ਦਇਆਲਾ।"

— ਆਸਾ **੧**, ਛੰਤ ੨, ੩ : ੫ (437)

"ਮੋਹ ਰਹਤ ਬਿਕਾਰ **ਥਾਕੇ** ਪੰਚ ਤੇ ਸੰਗੁ ਤੂਟਾ।"

— ਵਡ **੫**, ਛੰਤ ੨, ੩ : ੫ (578)

ਥਾਂਘੀ — ਥਾਹ ਲੈਣ ਵਾਲਾ, ਥਮਣ ਵਾਲਾ, ਮਲਾਹ ਭਾਵ ਗੁਰੂ

"ਕਬੀਰ ਨਿਗੁਸਾਏ ਬਹਿ ਗਏ **ਥਾਂਘੀ** ਨਾਹੀ ਕੋਇ।"

— ਸਲੋ **ਕਬ**, ੫੧ : ੧ (1367)

ਥਾਟ — ਬਣਾਵਟਾਂ, ਪਾਸਰੇ
"ਮੁਕਤੁ ਭਏ ਬਿਨਸੇ ਭ੍ਰਮ **ਥਾਟ**।" ('ਮਹਾਨਕੋਸ਼' ਇਥੇ ਅਰਥ 'ਸੰਕਲਪ, ਵਿਚਾਰੋ ਕਰਦੇ ਹਨ)
— ਗਉ **੫**, ੧੧੨, ੪ : ੨ (188)
"ਸਾਹ ਵਾਪਾਰੀ ਏਕੈ **ਥਾਟ**।" (ਥਾਨਹੁ, ਬਣਾਵਟ)
— ਆਸਾ **੫**, ਅਸ, ੪ : ੨ (430)

ਥਾਟਹਿ — ਬਣਾਵਟਾਂ ਬਣਾਉਂਦੇ ਹਨ
"ਪੂਜਾ ਚਕ੍ਰ ਕਰਤ ਸੋਮਪਾਕਾ ਅਨਿਕ ਭਾਂਤਿ **ਥਾਟਹਿ** ਕਰਿ ਥਟੂਆ।" — ਸਮ **੫**, ੧੧* : ੪ (1389)

ਥਾਟਾ — ਬਣਾਵਟ, ਰਚਨਾ
"ਬੇਦ ਪੁਰਾਣ ਪੜੈ ਸੁਣਿ **ਥਾਟਾ**।" (ਕੋਸ਼ ਵਿਚ ਇਸ ਦੇ ਅਰਥ 'ਸਮਾਚਾਰ' ਭੀ ਕਰਦਾ ਹੈ)
— ਗਉ **੧**, ਅਸ ੧੧, ੭ : ੨ (226)

ਥਾਟਿ — ਪ੍ਰਬੰਧ, ਰਚਨ, ਬਣਾਵਟ
"ਸਭੇ ਗਲਾ ਆਪਿ **ਥਾਟਿ** ਬਗਲੀ ਓਨੁ।"
— ਸੋਰ **੪**, ਵਾਰ ੨੮ : ੧ (653)

ਥਾਟਿਓ — ਬਣਾਇਆ, ਰਚਿਆ ਹੈ
"ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਚ ਕਾ ਪੰਥਾ **ਥਾਟਿਓ**।" — ਟੋਡੀ **੫**, ੧੧, ੧ : ੧ (714)

ਥਾਟੀ — ਰਚੀ, ਬਣਾਈ
"ਪੁਤਰੀ ਤੇਰੀ ਬਿਧਿ ਕਰਿ **ਥਾਟੀ**।"
— ਆਸਾ **੫**, ੧੪, ੧ : ੧ (374)
"ਉਨ੍ ਕੈ ਸੰਗਿ ਤੇਰੀ ਸਭ ਬਿਧਿ **ਥਾਟੀ**।" (ਹਰ ਤਰਾਂ ਨਾਲ ਬਣਾ-ਤਣਾ ਕੇ ਰੱਖਿਆ ਜਾਂਦਾ ਹੈ) — (ਕੋਸ਼ ਇਸ ਦੇ ਅਰਥ 'ਬਣੀ' ਕਰਦਾ ਹੈ)
— ਆਸਾ **੫**, ੮੨, ੩ : ੩ (390)

ਥਾਟੁ — 1. ਸਮਾਨ (ਸ਼ਬਦਾਰਥ, ਨਿਰਣੈ, ਸੰਥਿਆ) ਬਣਾਵਟ, ਬਣਤਰ (ਦਰਪਣ)
"ਨਾਮ ਸੰਜੋਗੀ ਗੋਇਲਿ **ਥਾਟੁ**।" (ਕਚੀ/ਥੋੜੇ ਸਮੇਂ ਲਈ ਬਣੀ ਬਣਾਵਟ ਅਰਥਾਤ ਝੁਗੀ)
— ਗਉ **੧**, ੬, ੪ : ੧ (153)
"ਆਪੇ ਜਗਤੁ ਉਪਾਇਓਨੁ ਕਰਿ ਪੂਰਾ **ਥਾਟੁ**।"
— ਗੂਜ **੩**, ਵਾਰ ੨੨ : ੧ (517)
"ਜਦਹੁ ਆਪੇ **ਥਾਟੁ** ਕੀਆ ਬਹਿ ਕਰਤੈ ਤਦਹੁ ਪੁਛਿ ਨ ਸੇਵਕੁ ਬੀਆ।" (ਰਚਨਾ)
— ਬਿਹਾ **੪**, ਵਾਰ ੭ : ੧ (551)
"ਪੂਰਾ **ਥਾਟੁ** ਬਣਾਇਆ ਪੂਰੈ ਵੇਖਹੁ ਏਕ ਸਮਾਨਾ।" (ਰਚਨਾ) — ਬਿਲਾ **੩**, ੪, ੧ : ੧ (797)
"ਗੁਰਮੁਖਿ ਕੀਤੋ **ਥਾਟੁ** ਸਿਰਜਿ ਸੰਸਾਰਿਆ।" (ਥਾਂ, ਸਥਾਨ) — ਮਾਰੂ **੫**, ੧ : ੨ (1094)
2. ਠਾਠ, ਸ਼ਿੰਗਾਰ
"ਕਰਿ ਆਭਰਣ ਸਵਾਰੀ ਸੇਜਾ ਕਾਮਨਿ **ਥਾਟੁ** ਬਨਾਇਆ।"— ਟੋਡੀ **੫**, ੪, ੨ : ੧ (712)
"ਪੂਰਾ **ਥਾਟੁ** ਬਣਾਇਆ ਰੰਗੁ ਗੁਰਮਤਿ ਮਾਣੁ।"
— ਸੂਹੀ **੩**, ਵਾਰ ੧੧ : ੪ (789)

ਥਾਤੀ — 1. ਪੂੰਜੀ, ਰਾਸ, ਦੋਲਤ
"**ਥਾਤੀ** ਪਾਈ ਹਰਿ ਕੋ ਨਾਮ।"
— ਗਉ **੫**, ੧੫੩, ੧ : ੧ (196)
"ਚਰਨ ਕਮਲ ਹਰਿ ਜਨ ਕੀ **ਥਾਤੀ** ਕੋਟਿ ਸੂਖ ਬਿਸ੍ਰਾਮ।" (ਧਨ ਦੀ ਥੈਲੀ)
— ਧਨਾ **੫**, ੪੮, ੨ : ੧ (682)
2. ਤਾਕੀ
"ਊਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ **ਥਾਤੀ**।" — ਰਾਮ **ਬੇਣੀ**, ੧, ੪ : ੨ (974)

ਥਾਨ — ਥਾਂ, ਸਥਾਨ
"ਜੇਤੇ **ਥਾਨ** ਥਨੰਤਰਾ ਤੇਤੇ ਭਵਿ ਆਇਆ।"
— ਸਿਰੀ **੫**, ੭੨, ੨ : ੧ (42)
"**ਥਾਨ** ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ।" (ਇਥੇਭਾਵ ਤਕੀਏ)
— ਆਸਾ **੧**, ਅਸ ੧੨, ੪ : ੨ (417)
ਹੋਰ ਰੂਪ — ਥਾਨੰ —
"ਬਿਗਸੀਧਿ ਬੁਧਾ ਕੁਸਲ **ਥਾਨੰ**।"
— ਸਸ **੫**, ੧੩ : ੨ (1355)

ਥਾਨਸਟ — ਪੂਜਾ ਸਥਾਨ, ਇਸ਼ਟ ਦਾ ਸਥਾਨ (ਸ਼ਬਦਾਰਥ), ਪਵਿਤਰ ਸਥਾਨ ਭਾਵ ਹਿਰਦਾ/ਦਰਪਣ)
"**ਥਾਨਸਟ** ਜਗ ਭਰਿਸਟ ਹੋਏ ਡੂਬਤਾ ਇਵ ਜਗੁ।"
— ਧਨਾ **੧**, ੮, ੧ : ੨ (662)
(ਮਹਾਨਕੋਸ਼ ਇਸਦੇ ਅਰਥ ਪੁਜਾਰੀ/ਮਹੰਤ ਕਰਦਾ ਹੈ)

ਥਾਨਹੁ — ਥਾਂ ਤੋਂ
"ਬਿਖਮ **ਥਾਨਹੁ** ਜਿਨਿ ਰਖਿਆ ਤਿਸੁ ਤਿਲੁ ਨ ਵਿਸਾਰਿ।" — ਜੈਤ **੫**, ਵਾਰ ੨ : ੪ (706)

ਥਾਨਕ — ਵਸਤੀ, ਨਗਰੀ, ਆਬਾਦੀ

"ਥੋੜੈ ਥਲਿ **ਥਾਨਕ** ਆਰੰਭੈ।"
— ਗਉ **ਕਬ**, ਬਾਅ ੨੩ : ੩ (341)
(ਮਹਾਨਕੋਸ਼ ਅਰਥ 'ਘਰ ਗ੍ਰਹਿ' ਕਰਦਾ ਹੈ)

ਥਾਨੰਤਰ — ਥਾਵਾਂ ਦੇ ਅੰਦਰ ਭਾਵ ਵਿਥਾਂ ਵਿਚ
"ਅੰਗ ਅੰਗ ਸੁਖਦਾਈ ਪੂਰਨ ਬ੍ਰਹਮਾਈ ਥਾਨ **ਥਾਨੰਤਰ** ਦੇਸਾ।"
— ਸਾਰ **੫**, ਛੰਤ ੧, ੩ : ੪ (1237)

ਹੋਰ ਰੂਪ — ਥਾਨੰਤਰਿ —
"ਥਾਨ **ਥਾਨੰਤਰਿ** ਰਵਿ ਰਹਿਆ ਪਾਰਬ੍ਰਹਮ ਪ੍ਰਭੁ ਸੋਇ।"— ਸਿਰੀ **੫**, ੮੦, ੩ : ੧ (45)

ਥਾਨਾ — 1. ਥਾਂ
"ਊਚ ਅਪਾਰ ਅਗੋਚਰ **ਥਾਨਾ** ਓਹੁ ਮਹਲੁ ਗੁਰੂ ਦੇਖਾਈ ਜੀਉ।"— ਮਾਝ **੫**, ੨੩, ੩ : ੩ (101)
"ਜੀਤਿ ਜੀਤਿ ਜੀਤੇ ਸਭਿ **ਥਾਨਾ** ਸਗਲ ਭਵਨ ਲਪਟਹੀ।" (ਥਾਂ)— ਗੂਜ **੫**, ੧੪, ੨ : ੧ (499)

ਹੋਰ ਰੂਪ — ਥਾਨਾਂ —
"ਮਨੂਆ ਲਾਇ ਸਵਾਰੇ **ਥਾਨਾਂ** ਪੂਛਉ ਸੰਤਾ ਜਾਇ।" (ਥਾਵਾਂ ਸਾਫ਼ ਕੀਤੀਆਂ)
— ਮਲਾ **੫**, ੩, ੨ : ੧ (1267)

2. ਥਾਂ, ਟਿਕਾਣਾ, ਠਹਿਰਣ ਦਾ ਥਾਂ, ਨਿਵਾਸ ਸਥਾਨ
"ਅਗਮ ਰੂਪ ਕਾ ਮਨ ਮਹਿ **ਥਾਨਾ**।"
— ਗਉ **੫**, ੧੦੪, ੧ : ੧ (186)

ਹੋਰ ਰੂਪ — ਥਾਨਾਂ —
"ਜਿਨਿ ਜਿਨਿ ਜਪੀ ਤੇਈ ਸਭਿ ਨਿਸਤ੍ਰੇ ਤਿਨ ਪਾਇਆ ਨਿਹਚਲ **ਥਾਨਾਂ** ਹੇ।"
— ਮਾਰੂ **੫**, ਸੋਲ ੪, ੮ : ੩ (1075)

ਥਾਨਾਨਾਂ — ਥਾਂ, ਟਿਕਾਣਾ
"ਜੋ ਜਨ ਗਾਇ ਧਿਆਇ ਜਸੁ ਠਾਕੁਰ ਤਾਸੁ ਪ੍ਰਭੂ ਹੈ **ਥਾਨਾਨਾਂ**।"— ਗਉ **ਕਬ**, ੨੪, ੩ : ੧ (339)

ਥਾਨਿ — ਥਾਂ/ਟਿਕਾਣੇ ਤੇ, ਥਾਂ ਸਿਰ
"ਦਹ ਦਿਸ ਧਾਵਤ ਮਿਟਿ ਗਏ ਨਿਰਮਲ **ਥਾਨਿ** ਬਸਨਾ।" (ਥਾਂ ਤੇ, ਥਾਂ ਸਿਰ)
— ਬਿਲਾ **੫**, ੪੩, ੩ : ੨ (811)
"ਨਿਥਾਵੇ ਕਉ ਤੁਮ੍ ਥਾਨਿ ਬੈਠਾਵਹੁ।"
— ਭੈਰ **੫**, ੩੬, ੨ : ੩ (1146)

2. ਥਾਂ, ਸਥਾਨ
"ਪੂਰੈ **ਥਾਨਿ** ਸੁਹਾਵਣੈ ਪੂਰੈ ਆਸ ਨਿਰਾਸ।"
— ਸਿਰੀ **੧**, ੯, ੪ : ੨ (17)
"ਭੀ ਸਚਾ ਸਾਲਾਹਣਾ ਸਚੈ **ਥਾਨਿ** ਪਿਆਰੁ।" (ਸਚੇ ਥਾਂ ਭਾਵ ਸਤਸੰਗਤ ਵਿਚ)
— ਸਿਰੀ **੧**, ਅਸ ੧੬, ੨ : ੩ (63)
"ਅਹਿਨਿਸਿ ਨਿਰਮਲੁ **ਥਾਨਿ** ਸੁਥਾਨੁ।" (ਥਾਂ ਅਥਵਾ ਅਵਸਥਾ)
— ਆਸਾ **੫**, ੬, ੨ : ੧ (414)

ਹੋਰ ਰੂਪ — ਥਾਨੁ —
"ਊਚਉ **ਥਾਨੁ** ਸੁਹਾਵਣਾ ਊਪਰਿ ਮਹਲੁ ਮੁਰਾਰਿ।" — ਸਿਰੀ **੧**, ੧੨, ੨ : ੧ (18)
"ਇਸੁ ਗੁਫਾ ਮਹਿ ਇਕੁ **ਥਾਨੁ** ਸੁਹਾਇਆ।" (ਸਰੀਰ ਰੂਪੀ ਗੁਫਾ ਵਿਚ ਅੰਤਾਹਕਰਣ ਰੂਪ ਥਾਂ) — ਮਾਝ **੩**, ੨੯, ੩ : ੧ (126)

ਥਾਨੇ —
"ਗੁਣ ਗਾਵਤ ਆਰਾਧਿ ਨਾਮੁ ਹਰਿ ਆਏ ਅਪੁਨੈ **ਥਾਨੇ**।" (ਟਿਕਾਣੇ ਤੇ)
— ਸੋਰ **੫**, ੨੪, ੨ : ੨ (615)

ਥਾਨੋ —
"ਸਚ ਘਰੁ ਖੋਜਿ ਲਹੇ ਸਾਚਾ ਗੁਰ **ਥਾਨੋ**।"
— ਤੁਖਾ **੧**, ਛੰਤ ੫, ੪ : ੧ (1112)

ਥਾਨ੍ਹਿ —
"ਭਗਵਾਨ ਰਮਣੰ ਸਰਬਤ੍ਰ **ਥਾਨ੍ਹਿ**।" (ਸਥਾਨ ਤੇ) — ਸਸ **੫**, ੮ : ੩ (1354)

3. ਥਾਂ ਵਾਲਾ, ਟਿਕਾਣੇ ਵਾਲਾ
"**ਥਾਨਿ** ਮਾਨਿ ਸਚੁ ਏਕੁ ਹੈ ਕਾਜੁ ਨ ਫੀਟੈ ਕੋਇ।"
— ਰਾਮ **੧**, ਓਅੰ ੩੪ : ੨ (934)

ਥਾਪਹਿ — ਸਥਾਪਤ ਕੀਤੇ, ਕਾਇਮ ਕੀਤੇ
"ਸੰਗਿ ਰਾਗਨੀ ਪਾਚਉ **ਥਾਪਹਿ**।"
— ਰਾਗ ੧ : ੧੪ (1429)

ਥਾਪਹੁ — ਕਾਇਮ ਕਰਦੇ ਭਾਵ ਸਮਝਦੇ
"ਜੀਅ ਬਧਹੁ ਸੁ ਧਰਮੁ ਕਰਿ **ਥਾਪਹੁ** ਅਧਰਮੁ ਕਹਹੁ ਕਤ ਭਾਈ।"
"ਆਪਸ ਕਉ ਮੁਨਿਵਰ ਕਰਿ **ਥਾਪਹੁ** ਕਾ ਕਉ ਕਹਹੁ ਕਸਾਈ।"
— ਮਾਰੂ **ਕਬ**, ੧, ੨ : ੧; ੨ (1103)

ਥਾਪਣਹਾਰਿਆ — ਟਿਕਾਉਣ/ਸਥਾਪਤ ਕਰਨ

ਵਾਲਾ ਅਥਵਾ ਸਮਰਥ

"ਦਇਆਲ ਸਦਾ ਕ੍ਰਿਪਾਲ ਸੁਆਮੀ ਨੀਚ **ਥਾਪਣਹਾਰਿਆ**।"

— ਧਨਾ **੫**, ਛੰਤ ੧, ੩ : ੩ (681)

ਹੋਰ ਰੂਪ — ਥਾਪਣਹਾਰੈ —

"ਨਉ ਘਰ ਥਾਪੇ **ਥਾਪਣਹਾਰੈ**।"

— ਮਾਰੂ **੧**, ਸੋਲਾ ੧੬, ੨ : ੧ (1036)

ਥਾਪਨਹਾਰੈ —

"ਕਵਨ ਬਸੇਰੋ ਦਾਸ ਦਾਸਨ ਕੋ ਥਾਪਿਓ **ਥਾਪਨਹਾਰੈ**।"

— ਸਾਰ **੫**, ੫੨, ੨ : ੧ (1214)

ਥਾਪਿ — 1. ਸਥਾਪਤ ਕਰਕੇ, ਥਾਪ ਕੇ

"ਸੰਤੋਖੁ **ਥਾਪਿ** ਰਖਿਆ ਜਿਨਿ ਸੂਤਿ।"

— ਜਪੁ **੧**, ੧੬ : ੮ (3)

"ਗੁਰਮੁਖਿ ਥਾਪੇ **ਥਾਪਿ** ਉਥਾਪੇ।" (ਘੜ ਕੇ, ਥਾਪ ਕੇ, ਬਣਾ ਕੇ)

— ਮਾਝ **੩**, ਅਸ ੧੩, ੮ : ੧ (117)

ਹੋਰ ਰੂਪ — ਥਾਪਿਉ —

"ਕਵਨ ਬਸੇਰੋ ਦਾਸ ਦਾਸਨ ਕੋ **ਥਾਪਿਉ** ਥਾਪਨਹਾਰੈ।"

— ਸਾਰ **੫**, ੫੨, ੨ : ੧ (1214)

ਥਾਪਿਓ —

"ਬੇਢੀ ਕੇ ਗੁਣ ਸੁਨਿ ਰੀ ਬਾਈ ਜਲਧਿ ਬਾਂਧਿ ਧ੍ਰੂ **ਥਾਪਿਓ** ਹੋ।" (ਟਿਕਾਇਆ)

— ਸੋਰ **ਨਾਮ**, ੨, ੪ : ੧ (657)

"ਤਨੁ ਧਨੁ ਆਪਨ **ਥਾਪਿਓ** ਹਰਿ ਜਪੁ ਨ ਨਿਮਖ ਜਾਪਿਓ ਅਰਥੁ ਦ੍ਰਬੁ ਦੇਖੁ ਕਛੁ ਸੰਗਿ ਨਾਹੀ ਚਲਨਾ।" (ਬਣਾਇਆ ਭਾਵ ਸਮਝ ਲਿਆ) — ਧਨਾ **੫**, ੩੦, ੧ : ੨ (678)

ਥਾਪਿਆ —

"**ਥਾਪਿਆ** ਨ ਜਾਇ ਕੀਤਾ ਨ ਹੋਇ।"

— ਜਪੁ **੧**, ੫ : ੧ (2)

"ਸਰਬ ਕਲਾ ਕਰਿ **ਥਾਪਿਆ** ਅੰਤਰਿ ਜੋਤਿ ਅਪਾਰ।" (ਸਿਰਜਿਆ ਰਚਿਆ)

— ਸਿਰੀ **੫**, ੮੪, ੧ : ੨ (47)

"ਕਰੁ ਧਰਿ ਮਸਤਕਿ **ਥਾਪਿਆ** ਨਾਮੁ ਦੀਨੋ ਦਾਨਿ।" (ਮੁਕਰਰ ਕੀਤਾ)

— ਬਿਲਾ **੫**, ੬੬, ੧ : ੧ (817)

ਥਾਪੀ —

"ਮਨਹਿ ਮਾਰਿ ਕਵਨ ਸਿਧਿ **ਥਾਪੀ**।" (ਕੀ ਮਲਮਾਰੀ)— ਗਉ **ਕਬ**, ੨੮, ੧ : ੨ (329)

"ਜਿਨਿ ਸਭ **ਥਾਪੀ** ਥਾਪਿ ਉਥਾਪਿ।" (ਸਿਰਜੀ)

— ਆਸਾ **੧**, ਅਸ ੩, ੪ : ੨ (412)

ਥਾਪੇ —

"ਜੀਅ ਜੰਤ੍ਰ ਸਭਿ ਤੇਰੇ **ਥਾਪੇ**।" (ਸਿਰਜੇ)

— ਮਾਝ **੫**, ੪੬, ੧ : ੨ (107)

"ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ **ਥਾਪੇ**।" (ਸਥਾਪਤ ਕੀਤੇ/ਵਡਿਆਏ ਗਏ ਪਦਵੀ ਦਿੱਤੀ ਗਈ) — ਗਉ **੪**, ੪੯, ੪ : ੨ (167)

"ਸਤਿਗੁਰ ਸਰਨਿ ਪਏ ਸੇ **ਥਾਪੇ** ਤਿਨ ਰਾਖਨ ਕਉ ਪ੍ਰਭੁ ਆਵੈਗੋ।" (ਵਡਿਆਏ ਗਏ)

— ਕਾਨ **੪**, ਅਸ ੬, ੪ : ੧ (1311)

ਥਾਪੈ —

"ਸਰਗੁਣ ਨਿਰਗੁਣ **ਥਾਪੈ** ਨਾਉ।" (ਸਿਰਜੇ)

— ਆਸਾ **੫**, ੬੨, ੩ : ੧ (387)

"ਸੋਗੁ ਨ ਬਿਆਪੈ ਆਪੁ ਨ **ਥਾਪੈ** ਸਾਧਸੰਗਤਿ ਬੁਧਿ ਪਾਈ।" (ਅਪਣਤ ਨਾ ਧਾਰੇ ਗ੍ਰਹਿਣ ਕਰੇ ਤਾਂ ਸੋਗ ਨਹੀਂ)

— ਸੋਰ **੫**, ੩, ੩ : ੧ (609)

"ਊਚੇ ਤੇ ਨੀਚਾ ਕਰੈ ਨੀਚ ਖਿਨ ਮਹਿ **ਥਾਪੈ**।" (ਪਦਵੀ ਦੇਵੇ)

— ਬਿਲਾ **੫**, ੫੦, ੨ : ੧ (813)

2. ਥਾਪੜਾ ਦੇ ਕੇ ਭਾਵ ਪਿਆਰ ਨਾਲ

"ਬਾਲਕ ਰਾਖੇ ਅਪਨੇ ਕਰ **ਥਾਪਿ**।"

— ਬਸੰ **੫**, ੧੬, ੧ : ੨ (184)

ਹੋਰ ਰੂਪ — ਥਾਪੀ —

"ਨਿਹਤੇ ਪੰਜਿ ਜੁਆਨ ਮੈ ਗੁਰ **ਥਾਪੀ** ਦਿਤੀ ਕੰਡਿ ਜੀਉ।" (ਥਾਪੜਾ, ਸ਼ਾਬਾਸ਼)

— ਸਿਰੀ **੫**, ਅਸ ੨੯, ੧੮ : ੩ (74)

ਥਾਪੇ —

"ਜਿਸੁ ਆਪਿ ਬੁਝਾਏ ਸੋ ਬੁਝਸੀ ਜਿਸੁ ਸਤਿਗੁਰੁ **ਥਾਪੇ**।" (ਥਾਪੜਾ ਦੇਵੇ/ਨਿਵਾਜੇ)

— ਸੂਹੀ **੩**, ਵਾਰ ੧੩ : ੪ (790)

ਥਾਭਹ — ਥਮਲਾ, ਥੰਮਾ

"ਬਿਨੁ ਹੀ **ਥਾਭਹ** ਮੰਦਿਰੁ ਥੰਭੈ।"

— ਗਉ **ਕਬ**, ਬਾਅ ੨੩ : ੪ (341)

ਥਾਮ — ਥੰਮਣਾ, ਰੁਕਣ ਦੀ ਕ੍ਰਿਆ
"ਅਨਿਕ ਛਿਦ੍ਰ ਬੋਹਿਥ ਕੇ ਛੁਟਕਤ **ਥਾਮ** ਨ ਜਾਹੀ ਕਰੇ।" — ਟੋਡੀ **੫**, ੧੨, ੧ : ੧ (714)
ਹੋਰ ਰੂਪ — ਥਾਮੈ —
"ਜਿਉ ਮੰਦਰ ਕਉ **ਥਾਮੈ** ਥੰਮਨੁ।" (ਆਸਰਾ ਦੇਣਾ) — ਗਉ **੫**, ਸੁਖ ੧੫, ੭ : ੧ (282)
ਥਾਮ੍ਹਿਆ —
"ਥਾਝੁ ਥੂਨੀਆ ਛਪਰਾ **ਥਾਮ੍ਹਿਆ** ਨੀਘਰਿਆ ਘਰੁ ਪਾਇਆ ਰੇ।"
— ਆਸਾ **੫**, ੪੪, ੨ : ੧ (381)

ਥਾਰਉ — ਤੇਰਾ
"ਰਣਿ ਰੂਤਉ ਭਾਜੈ ਨਹੀ ਸੂਰਉ **ਥਾਰਉ** ਨਾਉ।"
— ਗਉ **ਕਬ**, ਬਾਅ ੩੪ : ੨ (342)
ਹੋਰ ਰੂਪ — ਥਾਰਾ —
"ਸਭ ਭਾਂਡੇ ਤੁਧੈ ਸਾਜਿਆ ਵਿਚਿ ਵਸਤੁ ਹਰਿ **ਥਾਰਾ**।" (ਤੇਰੀ)
— ਆਸਾ **੪**, ਛੰਤ ੧੨, ੨ : ੨ (449)
ਥਾਰੀ —
"ਸੇਵਾ **ਥਾਰੀ** ਗੁਰਹਿ ਟੇਕ।" (ਤੇਰੀ)
— ਗਉ **੫**, ੧੪੧*, ੧* : ੨ (210)
ਥਾਰੇ —
"ਸਚੁ ਪੂਜੀ ਨਾਮੁ ਦ੍ਰਿੜਾਇ ਪ੍ਰਭ ਵਣਜਾਰੇ **ਥਾਰੇ**।"
— ਗਉ **੪**, ਵਾਰ ੧੪ : ੨ (308)
ਥਾਰੋ —
"ਦੁਕ੍ਰਿਤੁ ਸੁਕ੍ਰਿਤੁ **ਥਾਰੋ** ਕਰਮੁ ਰੀ।"
— ਧਨਾ **ਤਿਲੋ**, ੧, ੧* : ੨ (695)

ਥਾਲ — ਇਕ ਭਾਂਡਾ, ਚੌੜੀ ਰਕੇਬੀ ਜਿਸ ਵਿਚ ਆਮ ਕਰਕੇ ਰੋਟੀ ਖਾਂਦੇ ਹਨ, ਹੋਰ ਵੇਖੋ 'ਥਾਲੁ'
"**ਥਾਲ** ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ।" (ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ)
— ਮੁੰਦਾ **੫**, ੧ : ੧ (1429)

ਥਾਲਕਾ — ਥਲਾਂ ਵਿਚ ਸੁਕੇ ਸਥਾਨਾਂ ਤੇ (ਜਲਾਂ ਦੇ ਵਿਪ੍ਰੀਤ)
"ਸਿਮਰਿ ਸਿਮਰਿ ਜੀਵਹਿ ਤੇਰੇ ਦਾਸਾ ਬਨਿ ਜਲਿ ਪੂਰਨ **ਥਾਲਕਾ**।"
— ਮਾਰੂ **੫**, ਸੋਲਾ ੧੩, ੯ : ੩ (1085)

ਥਾਲੁ — ਇਕ ਭਾਂਡਾ, ਵੇਖੋ 'ਥਾਲ'
"ਗਗਨ ਮੈ **ਥਾਲੁ** ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ।"
— ਧਨਾ **੧**, ੯, ੧ : ੧ (663)
ਹੋਰ ਰੂਪ — ਥਾਲੈ —
"**ਥਾਲੈ** ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ।"
— ਸੋਰ **੪**, ਵਾਰ ੮ਸ, **੩**, ੧ : ੧ (645)

ਥਾਵ — 1. ਸਥਾਨ, ਥਾਂ
"ਅਸੰਖ ਨਾਵ ਅਸੰਖ **ਥਾਵ**।"
— ਜਪੁ **੧**, ੧੯ : ੧ (4)
"**ਥਾਵ** ਸਗਲੇ ਸੁਖੀ ਵਸਾਇਆ।"
— ਸੋਰ **੫**, ੮੧, ੧ : ੪ (628)
"ਦੋਵੈ **ਥਾਵ** ਰਖੇ ਗੁਰ ਸੂਰੇ।" (ਭਾਵ ਹਲਤ, ਪਲਤ) — ਬਿਲਾ **੫**, ੧੦੮, ੧* : ੧ (825)
"ਅਤਿ ਡਾਹਪਣਿ ਦੁਖੁ ਘਣੋ ਤੀਨੇ **ਥਾਵ** ਭਰੀਡੁ।" (ਭਾਵ ਮਨ, ਬਾਣੀ ਤੇ ਸਰੀਰ)
— ਮਾਰੂ **੩**, ਵਾਰ ੧੪ਸ, **੧**, ੧ : ੨ (1091)
2. ਸੰਭਾਵਨਾ, ਗੁੰਜ਼ਾਇਸ਼
"ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ **ਥਾਵ** ਕੈਸੇ।"
(ਜੁਗ ਜੀਵਾਂ ਵਿਚ ਖੇਡਦਾ ਹੈ ਇਹ ਗੱਲ ਮੰਨਣ ਦੀ ਥਾਂ (ਗੁੰਜ਼ਾਇੰਸ਼) ਕਿਵੇਂ ਹੋ ਸਕਦੀ ਹੈ)
— ਰਾਮ **੧**, ਅਸ ੧, ੧ : ੨ (902)
ਹੋਰ ਰੂਪ — ਥਾਵਹਿ —
"ਚਉਦਸਿ ਚਉਥੇ **ਥਾਵਹਿ** ਲਹਿ ਪਾਵੈ।" (ਸਥਾਨ ਤੇ, ਅਵਸਥਾ ਤੇ)
— ਬਿਲਾ **੧**, ਥਿਤੀ ੧੮ : ੧ (840)

ਥਾਵਹੁ — 1. ਤੋਂ, ਨਾਲੋਂ
"ਅੰਮ ਅਬੇ **ਥਾਵਹੁ** ਮਿਠੜਾ।" (ਮਾਂ ਪਿਉ ਤੋਂ ਵਧੀਕ ਮਿਠਾ ਹੈ)
— ਸਿਰੀ **੫**, ਅਸ ੨੯, ੧ : ੨ (73)
"ਦੇਂਦੇ **ਥਾਵਹੁ** ਦਿਤਾ ਚੰਗਾ ਮਨਮੁਖਿ ਐਸਾ ਜਾਣੀਐ।"
— ਮਾਝ **੧**, ਵਾਰ ੨ਸ, **੨**, ੨ : ੧ (138)
2. ਸਥਾਨ/ ਥਾਂ ਤੋਂ
"ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ **ਥਾਵਹੁ**

ਹਮ ਆਏ।"— ਗਉ **੧**, ੧੭, ੧ : ੧ (156)

3. ਪਾਸੋਂ, ਕੋਲੋਂ

"ਸਭਿ ਤੁਝ ਹੀ **ਥਾਵਹੁ** ਮੰਗਦੇ ਮੇਰੇ ਸਾਹਾ ਤੂ ਸਭਨਾ ਕਰਹਿ ਇਕ ਦਾਤਿ।"

— ਧਨਾ **੪**, ੧੩, ੨ : ੧ (670)

"ਜੇ ਆਪਿ ਪਰਖ ਨ ਆਵਈ ਤਾਂ ਪਾਰਖੀਆ **ਥਾਵਹੁ** ਲਇਓੁ ਪਰਖਾਇ।"

— ਸਾਰ **੪**, ਵਾਰ ੩੨ਸ, **੩**, ੧ : ੫ (1249)

4. ਵਲੋਂ, ਤੋਂ

"ਖਾਲਕ **ਥਾਵਹੁ** ਭੁਲਾ ਮੁਠਾ।"

— ਮਾਰੂ **੫**, ਅਸ ੮, ੬ : ੧ (1020)

ਥਾਵਰ — (ਸੰ. स्थावर) ਸ਼ਾਬਦਕ ਅਰਥ ਸਥਿਰ, ਠਹਿਰਨ ਵਾਲਾ, ਅਚਲ, ਛਨਿਛਰ ਗ੍ਰਹਿ ਦੀ ਚਾਲ ਅਤਿ ਧੀਮੀ ਹੋਣ ਕਰਕੇ ਉਸ ਦਾ ਨਾਂ ਥਾਵਰ ਪੈ ਗਿਆ, ਭਾਵ 'ਛਨਿਛਰਵਾਰ'

"**ਥਾਵਰ** ਥਿਰੁ ਕਰਿ ਰਾਖੈ ਸੋਇ।"

— ਗਉ **ਕਬ**, ਵਾ ੭ : ੧ (344)

ਥਾਵਰੀ — ਥਿਰ ਰਹਿਣ ਵਾਲਾ, ਟਿਕ ਕੇ ਰਹਿਣ ਵਾਲਾ ਅਟਲ, ਕੋਸ਼ : ਬਲਵਾਨ, ਸ਼ਕਤੀਮਾਨ (ਮਹਾਨਕੋਸ਼)

"ਪ੍ਰਭੁ ਮੇਰਾ ਥਿਰ **ਥਾਵਰੀ** ਹੋਰ ਆਵੈ ਜਾਵੈ।"

— ਮਾਰੂ **੫**, ਵਾਰ ੯ : ੨ (1097)

ਥਾਵਾ — ਸਥਾਨ, 'ਥਾਂ' ਦਾ ਬਹੁ ਵਚਨ

"ਸਭ ਨਗਰੀ ਮਹਿ ਏਕੋ ਰਾਜਾ ਸਭੇ ਪਵਿਤੁ ਹਹਿ **ਥਾਵਾ**।" — ਮਾਰੂ **੩**, ੧, ੧ : ੨ (993)

"**ਥਾਵਾ** ਨਾਵ ਨ ਜਾਣੀਅਹਿ ਨਾਵਾ ਕੇਵਡੁ ਨਾਉ।"

(ਥਾਵਾਂ ਦੇ) — ਸਿਰੀ **੧**, ਅਸ ੧, ੫ : ੧ (53)

ਥਿਓ — ਹੁੰਦਾ ਹੈ

"ਨੀਤਿ ਜਿ ਵਿਧਾ ਮੰਨੁ ਪਛਾਣੂ ਵਿਰਲੋ **ਥਿਓ**।"

— ਗਉ **੫**, ਵਾਰ ੧੪ਸ, **੫**, ੨ : ੧ (321)

ਥਿਅਈ — ਹੁੰਦਾ ਹੈ

"ਜਿਸ ਨੋ ਤੂ ਕਿਰਪਾਲ ਸਚਾ ਸੋ **ਥਿਅਈ**।"

— ਰਾਮ **੫**, ਵਾਰ ੭ : ੬ (961)

ਥਿਆ — ਹੋਇਆ

"ਨਾਨਕ ਜੋ ਤਿਸੁ ਭਾਵੈ ਸੋਈ **ਥਿਆ**।"

— ਗਉ **੫**, ਸੁਖ ੧੩, ੬ : ੧੦ (280)

ਥਿਗਲੀ — ਟਾਕੀ

"ਤਾਗਾ ਕਰਿ ਕੈ ਲਾਈ **ਥਿਗਲੀ**।"

— ਰਾਮ **੫**, ੧੩, ੧ : ੧ (886)

ਥਿਤ — ਸਥਿਰਤਾ ਟਿਕਾਓ

"ਨਾਨਕ ਗੁਰ ਤੇ **ਥਿਤ** ਪਾਈ ਫਿਰਨ ਮਿਟੇ ਨਿਤ ਨੀਤ।" — ਗਉ **੫**, ਬਾਅ ੩੮ਸ : ੨ (258)

ਥਿਤਾ — ਟਿਕਾਓ, ਸਥਿਰਤਾ

"ਢੂੰਢ ਵਢਾਈ ਥੀਆ **ਥਿਤਾ**।"

— ਰਾਮ **੫**, ਵਾਰ ੧੭ਸ, **੫**, ੨ : ੩ (964)

ਥਿਤਿ — 1. ਤਿਥ, ਚੰਦਰਮਾ ਦੇ ਘਟਨ ਵਧਨ ਅਨੁਸਾਰ ਬਣਿਆ ਦਿਨ

"ਕਵਣ ਸੁ ਵੇਲਾ ਵਖਤੁ ਕਵਣੁ ਕਵਣ **ਥਿਤਿ** ਕਵਣੁ ਵਾਰੁ।" — ਜਪੁ **੧**, ੨੧ : ੯ (4)

"ਮਰਣਿ ਨ ਮੂਰਤੁ ਪੁਛਿਆ ਪੁਛੀ **ਥਿਤਿ** ਨ ਵਾਰੁ।"

— ਸਾਰ **੪**, ਵਾਰ ੧੭ਸ, **੧**, ੧ : ੧ (1244)

ਹੋਰ ਰੂਪ — ਥਿਤੀ —

"ਰਾਤੀ ਰੁਤੀ **ਥਿੰਤੀ** ਵਾਰ।"

— ਜਪੁ **੧**, ੩੪ : ੧ (7)

ਥਿਤੀ —

"ਪੰਦ੍ਰਹ **ਥਿਤੀ** ਤੈ ਸਤਵਾਰ।"

— ਬਿਲਾ **੩**, ਵਾਰ ੧, ੧੦ : ੧ (842)

ਥਿੰਤੀ —

"ਪੰਦ੍ਰਹ **ਥਿੰਤੀ** ਸਾਤਵਾਰ।"

— ਗਉ **ਕਬ**, ਥਿਤੀ ੧ਸ : ੧ (343)

2. ਸਥਿਰਤਾ, ਟਿਕਾਓ

"ਬਿਨੁ ਹਰਿ ਭਗਤਿ ਕਹਾ **ਥਿਤਿ** ਪਾਵੈ ਫਿਰਤੋ ਪਹਰੇ ਪਹਰੇ।"

— ਗਉ **੫**, ੧੬੨*, ੨ : ੨ (215)

ਥਿਧਾਈ — ਥਿੰਧਾ, ਚਿਕਨਾਈ

"ਅਹੰਬੁਧਿ ਮਨ ਪੂਰਿ **ਥਿਧਾਈ**।"

— ਗਉ **੫**, ੧੬੯, ੧ : ੧ (200)

ਥਿਰ — ਸਥਿਰ, ਠਹਿਰਿਆ ਹੋਇਆ, ਕਾਇਮ, ਅਟਲ, ਅਡੋਲ

"**ਥਿਰ ਥਿਰ** ਚਿਤ **ਥਿਰ** ਹਾਂ।"

— ਆਸਾ **੫**, ੧੫੭, ੨ : ੧ (409)

ਥਿਰਾ — ਸਥਿਰ, ਅਡੋਲ

"ਬਿਨੁ ਪਰਚੈ ਨਹੀ **ਥਿਰਾ** ਰਹਾਇ।"

— ਗਉ **ਕਬ**, ਥਿਤੀ ੭ : ੨ (343)

ਥਿਰੁ — 1. ਅਡੋਲ, ਸਥਿਰ, ਕਾਇਮ
"ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ **ਥਿਰੁ** ਹੋਇ।" — ਸਿਰੀ **੩**, ੩੭, ੩ : ੪ (28)
"ਆਇ ਨ ਜਾਈ **ਥਿਰੁ** ਸਦਾ ਗੁਰ ਸਬਦੀ ਸਚੁ ਜਾਣੁ।" — ਸਿਰੀ **੫**, ਅਸ ੨੬, ੧* : ੨ (70)
"**ਥਿਰੁ** ਘਰਿ ਬੈਸਹੁ ਹਰਿ ਜਨ ਪਿਆਰੇ।" (ਟਿਕਕੇ) — ਗਉ **੫**, ੧੦੮*, ੧* : ੧ (201)
"ਕੋਟਿ ਦਿਨਸ ਲਾਖ ਸਦਾ **ਥਿਰੁ** ਥੀਆ।" (ਅਡੋਲ) — ਗਉ **੫**, ਅਸ ੭, ੧* : ੨ (239)

ਹੋਰ ਰੂਪ — ਥਿਰੋ —
"ਜਬ ਤੇ ਸੁਧ ਭਏ ਹੈ ਬਾਰਹਿ ਤਬ ਤੇ ਥਾਨ **ਥਿਰੋ**।" (ਸਥਿਰ ਹੋ ਗਿਆ) — ਸਾਰ **੫**, ੩, ੨ : ੨ (1203)

2. ਸਥਿਰਤਾ, ਅਡੋਲਤਾ
"**ਥਿਰੁ** ਸਾਧੂ ਸਰਣੀ ਪੜੀਐ ਚਰਣੀ ਅਬ ਟੂਟਸਿ ਮੋਹ ਜੁ ਕਿਤੀਐ।" — ਆਸਾ **੫**, ਛੰਤ ੪, ੩ : ੫ (455)

ਥੀ — 1. ਹੋਣ ਦਾ ਭਾਵ
"ਤਿਨ ਹੀ ਜੈਸੀ **ਥੀ** ਰਹਾ ਸਤਸੰਗਤਿ ਮੇਲਿ ਮਿਲਾਇ।" — ਸਿਰੀ **੩**, ੬੧, ੧ : ੪ (38)
2.'ਹੈ' ਦਾ ਭੂਤ ਕਾਲ, ਸੀ
"ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ **ਥੀ**।"— ਗੋਂਡ **ਨਾਮ**, ੭, ੧ : ੨ (875)
3. ਤੋਂ
"ਮਿਥਿਆ ਮੋਹਿ ਮਗਨੁ **ਥੀ** ਰਹਿਆ ਝੂਠ ਸੰਗਿ ਲਪਟਾਨਾ।" — ਸੂਹੀ **੫**, ਛੰਤ ੧, ੧ : ੫ (777)

ਥੀਉ — ਹੋਣ ਤੋਂ ਭਾਵ
"ਜੋ ਤਿਸੁ ਭਾਵੈ ਸੋਈ ਫੁਨਿ **ਥੀਉ**।" (ਹੁੰਦਾ ਹੈ) — ਗਉ **੫**, ਸੁਖ ੧੧, ੫ : ੪ (277)
"ਤਜਿ ਆਪੁ ਬਿਨਸੀ ਤਾਪੁ ਰੇਣ ਸਾਧੂ **ਥੀਉ**।" (ਹੋ ਜਾ) — ਮਾਰੂ **੫**, ੨੮, ੧ : ੧ (1007)

ਹੋਰ ਰੂਪ — ਥੀਓ —
"ਏਕ ਨਾਮ ਕੋ **ਥੀਓ** ਪੂਜਾਰੀ ਮੋ ਕਉ ਅਚਰਜੁ ਗੁਰਹਿ ਦਿਖਾਇਓ।" (ਹੋ ਗਿਆ) — ਗਉ **੫**, ੧੩੬*, ੧ : ੨ (209)

ਥੀਓਸਿ —
"ਮੂੰ ਜੁਲਾਊਂ ਤਥਿ ਨਾਨਕ ਪਿਰੀ ਪਸੰਦੋ ਹਰਿਓ **ਥੀਓਸਿ**।" (ਹੋਵਾਂ) — ਮਾਰੂ **੫**, ਵਾਰ ੨੦ਸ, **੫**, ੨ : ੨ (1101)

ਥੀਓਮਿ —
"ਅਜੁ ਫਰੀਦੈ ਕੂਜੜਾ ਸੈ ਕੋਹਾਂ **ਥੀਓਮਿ**।" (ਹੋ ਗਿਆ ਹੈ, ਭਇਆ ਹੈ) — ਸਲੋ **ਫਰ**, ੨੦ : ੨ (1378)

ਥੀਆ — ਹੋਣ ਦਾ ਭਾਵ, ਹੋਇਆ
"ਸਚੀ ਭਗਤੀ ਮਨੁ ਲਾਲੁ **ਥੀਆ** ਰਤਾ ਸਹਜਿ ਸੁਭਾਇ।" — ਸਿਰੀ **੩**, ੫੮, ੨ : ੧ (36)
"ਪ੍ਰਭ ਕੀਆ ਤੁਮਾਰਾ **ਥੀਆ**।" (ਹੋਇਆ, ਵਾਪਰਿਆ) — ਗਉ **੫**, ੧੩੦*, ੧* : ੨ (207)
"ਜੈਸਾ ਕਰੇ ਤੈਸਾ ਕੋ **ਥੀਆ**।" (ਹੋ/ ਬਣ ਜਾਂਦਾ ਹੈ) — ਗਉ **੫**, ਸੁਖ ੧੩, ੮ : ੬ (280)
"ਗੁਰ **ਥੀਆ** ਸਾਖੀ ਤਾ ਡਿਠਮੁ ਆਖੀ ਪਿਰ ਜੇਹਾ ਅਵਰੁ ਨ ਦੀਸੈ।" (ਹੋਇਆ/ਬਣਿਆ) — ਆਸਾ **੫**, ਛੰਤ ੪, ੪ : ੫ (455)
"ਜਿਸ ਤੂ ਰਾਖਹਿ ਤਿਸੁ ਦੂਖੁ ਨ **ਥੀਆ**।" — ਵਡ **੫**, ੭, ੩ : ੨ (563)

ਥੀਆਊ — ਹੋਵਾਂ
"ਮੂ **ਥੀਆਊ** ਸੇਜ ਨੈਣਾ ਪਿਰੀ ਵਿਛਾਵਣਾ।" — ਮਾਰੂ **੫**, ਵਾਰ ੧੨ਸ, **੫**, ੩ : ੧ (1098)

ਥੀਐ — ਹੋਵੇ, ਹੋਣ ਦਾ ਭਾਵ
"ਭੈ ਬਿਨੁ ਨਿਰਭਉ ਕਿਉ **ਥੀਐ** ਗੁਰਮੁਖਿ ਸਬਦਿ ਸਮਾਇ।" — ਸਿਰੀ **੧**, ੧੧, ੧* : ੨ (18)
"ਜੋ ਪ੍ਰਭ ਭਾਵੈ ਸੋ **ਥੀਐ** ਅਵਰੁ ਨ ਕਰਣਾ ਜਾਇ।" (ਹੁੰਦਾ ਹੈ, ਵਾਪਰਦਾ ਹੈ) — ਸਿਰੀ **੩**, ੩੫, ੫ : ੧ (27)
"ਕਾਰੀ ਕਢੀ ਕਿਆ **ਥੀਐ** ਜਾ ਚਾਰੇ ਬੈਠੀਆ ਨਾਲਿ।" (ਹੋ ਜਾਂਦਾ ਹੈ ਭਾਵ ਕੀ ਫਰਕ ਪੈਂਦਾ ਹੈ) — ਸਿਰੀ **੪**, ਵਾਰ ੨੦ਸ, **੧**, ੧ : ੨ (91)
"ਕਿਤੀਆ ਕੁਢੰਗ ਗੁਝਾ **ਥੀਐ** ਨ ਹਿਤੁ।" (ਹੁੰਦਾ ਭਾਵ ਰਹਿੰਦਾ — ਪਿਆਰ ਗੁੱਝਾ ਨਹੀਂ ਰਹਿੰਦਾ) — ਗੂਜ **੫**, ਵਾਰ ੩ਸ, **੫**, ੨ : ੧ (518)

ਥੀਇ — ਹੋ ਕੇ
"ਤਿਨ ਜਰੁ ਵੈਰੀ ਨਾਨਕਾ ਜਿ ਬੁਢੇ **ਥੀਇ** ਮਰੰਨਿ।"

— ਸੂਹੀ **੩**, ਵਾਰ ੧੦ਸ, **੧**, ੨ : ੨ (788)

ਥੀਈ — ਹੋਈ ਹੈ

"ਧਨ **ਥੀਈ** ਦੁਬਲਿ ਕੰਤ ਹਾਵੈ ਕੇਵ ਨੈਣੀ ਦੇਖਏ।"

— ਗਉ **੧**, ਛੰਤ ੧, ੧ : ੩ (242)

"ਲੋਕਾ ਨ ਸਾਲਾਹਿ ਜੋ ਮਰਿ ਖਾਕੁ **ਥੀਈ**।" (ਹੋ ਜਾਵੇਗੀ) — ਸੂਹੀ **੩**, ਅਸ ੩, ੧ : ੨ (755)

ਥੀਏ — ਹੋਇਆ

"ਧੂੜੀ ਮਜਨੁ ਸਾਧ ਖੇ ਸਾਈ **ਥੀਏ** ਕ੍ਰਿਪਾਲ।"

— ਸਿਰੀ **੫**, ਛੰਤ ੩, ੩੩ : ੧ (80)

"ਜਿਨਿ ਸੇਵਿਆ ਸੇ ਪਾਰਗਿਰਾਮੀ ਕਾਰਜ ਸਗਲੇ **ਥੀਏ** ਜੀਉ।" (ਹੋ ਗਏ)

— ਮਾਝ **੫**, ੩੫, ੩ : ੩ (104)

"ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ **ਥੀਏ**।" (ਹੋ ਗਏ ਭਾਵ ਬਣ ਗਏ)

— ਆਸਾ **ਫਰ**, ੧, ੧* : ੨ (488)

"ਹਭਿ ਗੁਣ ਤੈਡੇ ਨਾਨਕ ਜੀਉ ਮੈ ਕੂ **ਥੀਏ** ਮੈ ਨਿਰਗੁਣ ਤੇ ਕਿਆ ਹੋਵੈ।" (ਭਾਵ ਮਿਲੇ)

— ਰਾਮ **੫**, ਵਾਰ ੧੯ਸ, **੫**, ੧ : ੧ (964)

ਥੀਸੀ — ਹੋਵੇਗਾ, ਵਾਪਰੇਗਾ

"ਜੋ ਤਉ ਭਾਵੈ ਸੋਈ **ਥੀਸੀ** ਜੋ ਤੂ ਦੇਹਿ ਸੋਈ ਹਉ ਪਾਈ।" — ਆਸਾ **੪**, ਸੋਪੁ ੨, ੧* : ੨ (11)

"ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ **ਥੀਸੀ**।" (ਹੋ ਜਾਵੇਗਾ) — ਸੂਹੀ **ਫਰ**, ੨, ੩ : ੨ (794)

ਥੀਜੈ — ਹੋਣਾ, ਹੋਣ ਦਾ ਭਾਵ

"ਬਿਨੁ ਗੁਰ ਗਿਆਨ ਤ੍ਰਿਪਤਿ ਨਹੀ **ਥੀਜੈ**।"

— ਰਾਮ **੧**, ਅਸ ੫, ੬ : ੨ (905)

ਥੀਤਿ — ਥਿਤਾਂ, ਚੰਨ ਦੇ ਧਰਤੀ ਦੁਆਲੇ ਚੱਕਰ ਅਨੁਸਾਰ ਮਿਥੇ ਸਮੇਂ ਦੀ ਇਕ ਇਕਾਈ

"ਸਗਲੀ **ਥੀਤਿ** ਪਾਸਿ ਡਾਰਿ ਰਾਖੀ।"

— ਭੈਰ **੫**, ੧, ੧ : ੧ (1136)

ਥੀਤੇ — ਸਥਿਤ ਹੋਏ, ਪਕੀ ਤਰ੍ਹਾਂ ਟਿਕਾਨਾ ਕੀਤਾ

"ਕਹੁ ਨਾਨਕ ਸਦਾ ਰੰਗੁ ਮਾਣੇ ਗ੍ਰਿਹ ਪ੍ਰਿਅ **ਥੀਤੇ** ਸਦ ਥਾਏ।" — ਦੇਵ **੫**, ੨੭, ੨ : ੨ (533)

ਥੀਂਧਾ — ਥਿੰਧਾ ਹੋ ਕੇ, ਭਾਵ ਲਗਨ ਨਾਲ

"ਤੇਰੀ ਭਗਤ ਕਰੈ ਜਨੁ **ਥੀਂਧਾ**।"

— ਸੋਰ **ਕਬ**, ੧੧, ੩ : ੪ (656)

ਥੀਰ — ਥਿਰ, ਸਦਾ ਕਾਇਮ

"ਆਦਿ ਅੰਤਿ ਮਧਿ ਹੋਇ ਰਹਿਆ **ਥੀਰ**।"

— ਗਉ **ਕਬ**, ਥਿਤੀ ੧੯ : ੩ (344)

ਥੀਵਈ — ਹੋਵੇ

"ਗੁਰ ਮੰਤ੍ਰੜਾ ਚਿਤਾਰਿ ਨਾਨਕ ਦੁਖੁ ਨ **ਥੀਵਈ**।"

— ਗੂਜ **੫**, ਵਾਰ ੧੩ਸ, **੫**, ੨ : ੨ (521)

ਥੀਵਹਿ — ਹੋਵੇ, ਹੋ ਜਾਵੇ

"**ਥੀਵਹਿ** ਲਾਲਾ ਅਤਿ ਗੁਲਾਲਾ ਸਬਦੁ ਚੀਨਿ ਗੁਰ ਮੀਠਾ।" — ਸੂਹੀ **੫**, ਛੰਤ ੧, ੧ : ੪ (777)

"ਵਧਿ **ਥੀਵਹਿ** ਦਰੀਆਉ ਟੁਟਿ ਨ ਥੀਵਹਿ ਵਾਹੜਾ।" — ਸਲੋ **ਫਰ**, ੧੧੭ : ੨ (1378)

ਹੋਰ ਰੂਪ — ਥੀਵਹੀ —

"ਮਤੁ ਸਰਮਿੰਦਾ **ਥੀਵਹੀ** ਸਾਂਈ ਦੈ ਦਰਬਾਰਿ।"

— ਸਲੋ **ਫਰ**, ੫੯ : ੨ (1381)

ਥੀਵਤੇ — ਹੁੰਦੇ ਹਨ

"ਅੰਮ੍ਰਿਤੁ ਹਰਿ ਪੀਵਤੇ ਸਦਾ ਥਿਰੁ **ਥੀਵਤੇ** ਬਿਖੈ ਬਨੁ ਫੀਕਾ ਜਾਨਿਆ।"

— ਸਿਰੀ **੫**, ਛੰਤ ੩, ੩ : ੩ (81)

ਥੀਵਦੈ — ਹੁੰਦੇ

"ਗੁਹਿ ਚੇਲੇ ਰਹਿਰਾਸਿ ਕੀਈ ਨਾਨਕਿ ਸਲਾਮਤਿ **ਥੀਵਦੈ**।" — ਰਾਮ **ਬਸ**, ਵਾਰ ੧ : ੬ (966)

ਹੋਰ ਰੂਪ — ਥੀਵਦੋ —

"ਵੇਖੇ ਛਿਟੜਿ **ਥੀਵਦੋ** ਜਾਮਿ ਖਿਸੰਦੋ ਪੇਰੁ।" (ਹੋ ਜਾਵੇ)

— ਮਾਰੂ **੫**, ਵਾਰ, ੫ਸ, **੫**, ੧ : ੨ (1095)

ਥੀਵਨਾ —

"ਪੈਨਣਾ ਰਖੁ ਪਤਿ ਪਰਮੇਸੁਰ ਫਿਰਿ ਨਾਗੇ ਨਹੀ **ਥੀਵਨਾ**।" (ਹੋਵਨਾ)

— ਮਾਰੂ **੫**, ਅਸ ੬, ੩ : ੧ (1019)

ਥੀਵਨਿ —

"ਨਾਨਕ ਸੰਤ ਚਾਤ੍ਰਿਕ ਕੀ ਨਿਆਈ ਹਰਿ ਬੂੰਦ ਪਾਨ ਸੁਖ **ਥੀਵਨਿ**।" (ਹੁੰਦੇ ਹਨ)

— ਸਾਰ **੫**, ੯੧, ੨ : ੨ (1222)

ਥੀਵਾ — 1. ਹੁੰਦੀ ਹਾਂ

"ਪ੍ਰਭ ਪੇਖਤ ਜੀਵਾ ਠੰਢੀ **ਥੀਵਾ** ਤਿਸੁ ਜੇਵਡੁ ਅਵਰੁ ਨ ਕੋਈ।"— ਸੂਹੀ **੫**, ਛੰਤ ੧੧, ੨ : ੩ (784)

ਹੋਰ ਰੂਪ — ਥੀਵਾਂ —

"ਅਕਾਲ ਮੂਰਤਿ ਅਜੂਨੀ ਸੰਭੌ ਮਨ ਸਿਮਰਤ

ਠੰਢਾ **ਥੀਵਾਂ** ਜੀਉ।"
— ਮਾਝ **੫**, ੧੬, ੨ : ੩ (99)

2. ਹੋ ਜਾਵਾਂ
"ਸਭਿ ਜੀਅ ਤੇਰੇ ਪ੍ਰਭੂ ਮੇਰੇ ਕਰਿ ਕਿਰਪਾ ਸਭ ਰੇਣ **ਥੀਵਾ**।"
— ਰਾਮ **੫**, ਛੰਤ ੩, ੩ : ੫ (926)

ਥੀਵਿਆ — ਹੋਣ ਤੋਂ ਭਾਵ, ਹੋਏ
"ਬਾਹਰਿ ਜਨਮੁ ਭਇਆ ਮੁਖਿ ਲਾਗਾ ਸਰਸੇ ਪਿਤਾ ਮਾਤ **ਥੀਵਿਆ**।"
— ਸਿਰੀ **੪**, ਪਹ ੩, ੧ : ੪ (76)

ਥੀਵੇ — ਹੁੰਦੇ ਹਨ, ਹੋਣ ਤੋਂ ਭਾਵ
"ਇਕਨਾ ਨੋ ਹਰਿ ਲਾਭੁ ਦੇਇ ਜੋ ਗੁਰਮੁਖਿ **ਥੀਵੇ**।"
— ਸਿਰੀ **੪**, ਵਾਰ ੩ : ੩ (83)
"ਕਈ ਕੋਟਿ ਗਿਰੀ ਮੇਰ ਸੁਵਰਨ **ਥੀਵੇ**।" (ਹੋਏ)
— ਗਉ **੫**, ਸੁਖ ੧੦, ੪ : ੬ (276)

ਹੋਰ ਰੂਪ — ਥੀਵੈ —
"ਮਹਾ ਉਦਾਸੁ ਤਪੀਸਰੁ **ਥੀਵੈ**।" (ਹੋ ਜਾਵੇ, ਬਣ ਜਾਵੇ)
— ਗਉ **੫**, ਸੁਖ ੩, ੨ : ੨ (265)
"ਤੈ ਸਹ ਨਾਲਿ ਅਕੂਅਣਾ ਕਿਉ **ਥੀਵੈ** ਘਰ ਵਾਸੁ।" (ਹੋਵੇ)
— ਵਡ **੧**, ੨, ੩ : ੨ (557)
"ਸੀਤੜਾ ਮੰਨ ਮੰਝਾਹਿ ਪਲਕ ਨ **ਥੀਵੈ** ਬਾਹਰਾ।"
— ਜੈਤ **੫**, ਵਾਰ ੧੩ਸ, **੫**, ੨ : ੧ (708)

ਥੁਕ — ਜੀਭ ਦੀਆਂ ਗਿਲਟੀਆਂ ਤੋਂ ਨਿਕਲਿਆ ਲੇਸਦਾਰ ਰਸ, ਜੋ ਅਪਵਿੱਤਰ ਮੰਨਿਆ ਜਾਂਦਾ ਹੈ। ਹੋਰ ਵੇਖੋ 'ਥੁਕ'
"ਕੋਈ ਜਾਇ ਮਿਲੈ ਤਿਨ ਨਿੰਦਕਾਂ ਮੁਹ ਫਿਕੇ **ਥੁਕ** ਥੁਕ ਮੁਹਿ ਪਾਈ।"
— ਗਉ **੪**, ਵਾਰ ੧੫ਸ, **੪**, ੨ : ੨ (308)

ਹੋਰ ਰੂਪ — ਥੁਕਾ —
"ਨਾਨਕ ਏਵੈ ਜਾਣੀਐ ਤਿਤੁ ਮੁਖਿ **ਥੁਕਾ** ਪਾਹਿ।"
— ਆਸਾ **੧**, ਵਾਰ ੧੯ਸ, **੧**, ੧ : ੯ (473)

ਥੁੜਾਂੀਦੋ — ਥੁੜਦਾ, ਘਾਟੇ ਵਿਚ ਹੁੰਦਾ
"ਤਿਚਰੁ ਮੂਲਿ ਨ **ਥੁੜਾਂੀਦੋ** ਜਿਚਰੁ ਆਪਿ ਕ੍ਰਿਪਾਲੁ।"
— ਸਲੋ **੫**, ੨੦ : ੧ (1426)

ਥੂਕ — ਮੂੰਹ ਦਾ ਲੇਸਦਾਰ ਪਾਣੀ/ਪਦਾਰਥ, ਵੇਖੋ 'ਥੁਕ'
"ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ ਸਭ ਬਾਦਿ ਸੀਗਾਰੁ ਫੋਕਟ ਫੋਕਟਈਆ।"
"ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭੁ ਲੀਓ ਸੁਹਾਗਨਿ **ਥੂਕ** ਮੁਖਿ ਪਈਆ।"
— ਬਿਲਾ **੪**, ਅਸ ੫, ੭ : ੨ (836)

ਥੂਨਿ — ਥੰਮੀ
"ਦੁਚਿਤੇ ਕੀ ਦੁਇ **ਥੂਨਿ** ਗਿਰਾਨੀ ਮੋਹ ਬਲੇਡਾ ਟੂਟਾ।" — ਗਉ **ਕਬ**, ਅਸ ੪੩, ੧ : ੧ (331)

ਹੋਰ ਰੂਪ — ਥੂਨੀ —
"ਕਬੀਰ **ਥੂਨੀ** ਪਾਈ ਥਿਤਿ ਭਈ ਸਤਿਗੁਰ ਬੰਧੀ ਧੀਰ।"— ਸਲੋ **ਕਬ**, ੧੬੧ : ੧ (1373)

ਥੂਨੀਆ —
"ਬਾਝੁ **ਥੂਨੀਆ** ਛਪਰਾ ਥਾਮ੍ਹਿਆ ਨੀਘਰਿਆ ਘਰੁ ਪਾਇਆ ਰੇ।"
— ਆਸਾ **੫**, ੪੪, ੨ : ੧ (381)

ਥੂਲ — ਸਥੂਲ, ਪ੍ਰਤੱਖ ਅਕਾਰ ਵਾਲੇ
"ਸਿਮਰਹਿ **ਥੂਲ** ਸੂਖਮ ਸਭਿ ਜੰਤਾ।"
— ਮਾਰੂ **੫**, ਸੋਲਾ ੮, ੫ : ੧ (1079)

ਥੇ — 1. ਸੀ, ਭੂਤਕਾਲੀ ਕਿਰਿਆ
"ਬਹੁਤ ਜਨਮ ਬਿਛੁਰੇ **ਥੇ** ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ।"— ਧਨਾ **ਰਵਿ**, ੧, ੨ : ੧ (694)

2. ਤੈਨੂੰ
"ਨਾਨਕੁ ਜਲ ਕੌ ਮੀਨੁ ਸੈ **ਥੇ** ਭਾਵੈ ਰਾਖਹੁ ਪ੍ਰੀਤਿ।" — ਪ੍ਰਭਾ **੧**, ੧੩, ੫ : ੨ (1331)

3. ਤੋਂ
"ਹਰਿ ਗੁਰੁ ਨਾਨਕੁ ਜਿਨ ਪਰਸਿਆਉ ਸਿ ਜਨਮ ਮਰਣ ਦੁਹ **ਥੇ** ਰਹਿਓ।"
— ਸਮੁ **੫**, ੫ : ੬ (1386)

ਥੇਂ — ਤੂੰ
"ਸਗਲ ਭਵਨ ਧਾਰੇ ਏਕ **ਥੇਂ** ਕੀਏ ਬਿਸਥਾਰੇ ਪੂਰਿ ਰਹਿਓ ਸ੍ਰਬ ਮਹਿ ਆਪਿ ਹੈ ਨਿਰਾਰੇ।"
— ਸਮੁ **੫**, ੩ : ੧ (1386)

ਥੇਹਹੁ — ਟਿਕਾਣਾ, ਥਾਂ
"ਇਕਿ ਭੂਲੇ ਨਾਵਹੁ **ਥੇਹਹੁ** ਥਾਵਹੁ ਗੁਰ ਸਬਦੀ ਸਚੁ ਖੇਲੇ।" — ਵਡ **੧**, ਅਸ ੫, ੨ : ੪ (582)

ਥੇਹੁ — 1. ਨਗਰ, ਪਿੰਡ
"ਉਜੜੁ **ਥੇਹੁ** ਵਸਾਇਓਿ ਹਉ ਤੁਧ ਵਿਟਹੁ ਕੁਰਬਾਣੁ ਜੀਉ।" — ਸਿਰੀ **੫**, ਅਸ ੨੯, ੬ : ੩ (73)
"ਗੁਰਿ ਸਚੈ ਬਧਾ **ਥੇਹੁ** ਰਖਵਾਲੇ ਗੁਰਿ ਦਿਤੇ।"
— ਸੋਰ **੪**, ਵਾਰ ੨੨ : ੧ (653)
2. ਟਿਕਾਣਾ —
"ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ **ਥੇਹੁ**।"
— ਆਸਾ **੧**, ਵਾਰ ੨੨ਸ, **੨**, ੪ : ੨ (474)
"ਆਵਣ ਜਾਣਾ ਹੁਕਮੁ ਸਭੁ ਨਿਹਚਲੁ ਤੁਧੁ **ਥੇਹੁ**।"
— ਜੈਤ **੫**, ਵਾਰ ੨੦ : ੪ (710)

ਥੇਕੈ — ਮਿਆਨ
"ਗੁਣ ਕੀ **ਥੇਕੈ** ਵਿਚਿ ਸਮਾਇ।"
— ਰਾਮ **੩**, ਵਾਰ ੧੯ਸ, **੧**, ੨ : ੪ (956)

ਥੇਵਾ — ਛਾਪ ਵਿਚ ਜੜਿਆ ਹੋਇਆ ਨਗੀਨਾ
"ਬਿਨੁ ਜੜੀਏ ਲੈ ਜੜਿਓ ਜੜਾਵਾ **ਥੇਵਾ** ਅਚਰਜੁ ਲਾਇਆ ਰੇ।"— ਆਸਾ **੫**, ੪੪, ੨ : ੨ (381)

ਥੈ — 1. ਕੋਲ, ਪਾਸ
"ਵਿਚੁ ਨ ਕੋਈ ਕਰਿ ਸਕੈ ਕਿਸ **ਥੈ** ਰੋਵਹਿ ਰੋਜ।"
— ਮਾਝ **੫**, ਬਾਰਾ ੯ : ੫ (135)
2. 'ਹਥੈ' ਦਾ ਸੰਖੇਪ, ਹਥ ਵਿਚ (ਸ਼ਬਦਾਰਥ); ਟਿਕਾਣੇ ਸਿਰ (ਮਹਾਨਕੋਸ਼) ਨਿਰਣੈ, ਦਰਪਣ
"ਆਪੇ **ਥੈ** ਸਭੁ ਰਖਿਓਨੁ ਕਿਛੁ ਕਹਣੁ ਨ ਜਾਈ।"
— ਆਸਾ **੩**, ਅਸ ੨੨, ੩ : ੧ (425)
3. ਵਿਚ ਅੰਦਰ
"ਗੁਰ ਕਾ ਸਬਦੁ ਗੁਰ **ਥੈ** ਟਿਕੈ ਹੋਰ **ਥੈ** ਪਰਗਟੁ ਨ ਹੋਇ।"
— ਸਾਰ **੪**, ਵਾਰ ੩੨ਸ, **੩**, ੧ : ੨ (1249)

ਥੈਂ — ਤੈਨੂੰ
"**ਥੈਂ** ਭਾਵੈ ਦਰੁ ਲਹਸਿ ਪਿਰਾਣਿ।"
— ਮਲਾ **੧**, ਅਸ ੪, ੨ : ੪ (1275)

ਥੈਲੀ — 1. ਮਾਇਆ / ਦੌਲਤ ਦੀ ਗੁਥੀ
"**ਥੈਲੀ** ਸੰਚਹੁ ਸ੍ਰਮੁ ਕਰਹੁ ਥਾਕਿ ਪਰਹੁ ਗਾਵਾਰ।"
— ਗਉ **੫**, ਬਾਅ ੩੩ : ੩ (257)
2. ਢਲੈ ਹੋਏ ਸੋਨੇ ਦੀ ਡਲੀ
"ਅਲੰਕਾਰ ਮਿਲਿ **ਥੈਲੀ** ਹੋਈ ਹੈ ਤਾ ਤੇ ਕਨਿਕ ਵਖਾਨੀ।" — ਧਨਾ **੫**, ੫, ੩ : ੨ (672)

ਥੋ — ਸੀ
"ਸਰਨਿ ਅਕਾਸੁ ਦਸੋਦਿਸ ਨਾਹੀ ਤਬ ਇਹੁ ਨੰਦੁ ਕਾਹਾ **ਥੋ** ਰੇ।"
— ਗਉ **ਕਬ**, ੨੦, ੧* : ੩ (338)

ਥੋਕ — 1. ਵਸਤੂਆਂ, ਚੀਜਾਂ, ਪਦਾਰਥ
"ਸਭੇ **ਥੋਕ** ਪਰਾਪਤੇ ਜੇ ਆਵੈ ਇਕੁ ਹਥਿ।"
— ਸਿਰੀ **੫**, ੭੬, ੧ : ੧ (44)
2. ਕੰਮ
"ਤਿਨਿ ਸਭੇ **ਥੋਕ** ਸਵਾਰੇ।"
— ਸੋਰ **੫**, ੮੫, ੨ : ੨ (629)

ਥੋਕੜੇ — ਪਦਾਰਥ, ਚੀਜਾਂ, ਵਸਤੂਆਂ
"ਲਧੇ ਹਭੇ **ਥੋਕੜੇ** ਨਾਨਕ ਹਰਿ ਧਨੁ ਮਾਲ।"
— ਸਿਰੀ **੫**, ਛੰਤ ੩, ੩੩ : ੨ (80)

ਥੋਕਾ — ਪਾਦਰਥ
"ਹਰਿ ਧਨ ਤੇ ਮੈ ਨਵ ਨਿਧਿ ਪਾਈ ਹਾਥਿ ਚਰਿਓ ਹਰਿ **ਥੋਕਾ**।" — ਗੂਜ **੫**, ੩, ੩ : ੨ (496)
ਹੋਰ ਰੂਪ — ਥੋਕਿ —
"ਵਿਧਤੋ ਸਚ **ਥੋਕਿ** ਨਾਨਕ ਮਿਠੜਾ ਸੋ ਧਣੀ।"
— ਜੈਤ **੫**, ਵਾਰ ੧੧ਸ, **੫**, ੨ : ੨ (708)
ਥੋਕੁ —
"ਨਾਮੁ ਨਿਧਾਨੁ ਨਿਰਮਲੁ ਇਹੁ **ਥੋਕੁ**।"
— ਭੈਰ **੫**, ੫੫, ੪ : ੨ (1152)

ਥੋਥਰ — 1. ਥੋਥਾ, ਖਾਲੀ
"ਕਣ ਬਿਨਾ ਜੈਸੇ **ਥੋਥਰ** ਤੁਖਾ।"
— ਗਉ **੫**, ੧੩੪, ੧ : ੧ (192)
2. ਬੇ ਅਸਰ, ਬਿਰਥਾ
"ਹਥਿ ਕਰਿ ਤੰਤੁ ਵਜਾਵੈ ਜੋਗੀ **ਥੋਥਰ** ਵਾਜੈ ਬੇਨ।" — ਆਸਾ **੪**, ੬੧ ੧ : ੧ (368)

ਥੋਥਰਾ — ਬੇ ਅਰਥ
"ਸਜਣ ਸਚੁ ਪਰਖਿ ਮੁਖਿ ਅਲਾਵਣੁ **ਥੋਥਰਾ**।"
— ਮਾਰੂ **੫**, ਵਾਰ ੧੨ਸ, **੫**, ੩ : ੧ (1100)

ਥੋਥਾ — ਖਾਲੀ, ਖੋਖਲਾ
"ਸੰਤ ਕਾ ਦੋਖੀ ਅੰਤਰਿ ਤੇ **ਥੋਥਾ**।"
— ਗਉ **੫**, ਸੁਖ ੧੩, ੫ : ੫ (280)

ਥੋਰ — ਥੋੜੀ, ਘਟ
"ਬਹੁਤੁ ਓਪਮਾ **ਥੋਰ** ਕਹੀ।"
— ਮਾਲੀ **੫**, ੩, ੪ : ੧ (957)

ਥੋਰਾ — ਥੋੜੇ, ਘਟ
"ਤੁਲਾ ਧਾਰਿ ਤੋਲੇ ਸੁਖ ਸਗਲੇ ਬਿਨੁ ਹਰਿ ਦਰਸ ਸਭੋ ਹੀ **ਥੋਰਾ**।"
— ਗਉ **੫**, ੧੨੧,* ੧ : ੨ (204)
"ਘਟਿ ਘਟਿ ਵਸਹਿ ਜਾਣਹਿ **ਥੋਰਾ**।" (ਥੋੜੇ ਹੀ ਜਾਣਦੇ ਹਨ) — ਵਡ **੫**, ੧, ੩ : ੧ (562)
ਹੋਰ ਰੂਪ — ਥੋਰੀ —
"ਤਜੀਲੇ ਬਨਾਰਸ ਮਤਿ ਭਈ **ਥੋਰੀ**।" (ਥੋੜੀ, ਘਟ) — ਗਉ **ਕਬ**, ੧੫, ੧* : ੨ (326)
ਥੋਰੀਆ —
"ਮੋਹਿ ਨਿਰਗੁਨ ਮਤਿ **ਥੋਰੀਆ** ਤੂੰ ਸਦ ਹੀ ਦੀਨ ਦਇਆਲ।"
— ਗਉ **੫**, ੧੧੬, ੨ : ੨ (203)
ਥੋਰੇ —
"ਹਮ **ਥੋਰੇ** ਤੁਮ ਬਹੁਤ ਮੂਚ।"
— ਬਸੰ **੫**, ੭, ੩ : ੪ (1182)
ਥੋਰੈ —
"ਪੇਖਤ ਸੁਨਤ ਸਭਨ ਕੈ ਸੰਗੇ **ਥੋਰੈ** ਕਾਜ ਬੁਰੋ ਕਹੇ ਫੇਰੋ।"
— ਕਾਨ **੫**, ੨੫, ੧* : ੨ (1302)

ਥੋੜੜੀ — ਥੋੜੀ ਜਿਹੀ, ਅਲਪ ਜਿਹੀ
"ਕਿਆ **ਥੋੜੜੀ** ਬਾਤ ਗੁਮਾਨੁ।"
— ਸਿਰੀ **੫**, ੯੨, ੧* : ੨ (50)
ਹੋਰ ਰੂਪ — ਥੋੜੜੇ —
"ਦਿਨ **ਥੋੜੜੇ** ਥਕੇ ਭਇਆ ਪੁਰਾਣਾ ਚੋਲਾ।"
— ਸਿਰੀ **੧**, ੨੪, ੧* : ੨ (23)

ਥੋੜਾ — ਘਟ
"ਜਿਥੈ **ਥੋੜਾ** ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ।"
— ਗਉ **੪**, ਵਾਰ ੩੦ਸ, **੪**, ੧ : ੪ (315)
ਹੋਰ ਰੂਪ — ਥੋੜਿਆ —
"ਇਸ ਕਾ ਰੰਗੁ ਦਿਨ **ਥੋੜਿਆ** ਛੋਛਾ ਇਸ ਦਾ ਮੁਲੁ।"
— ਸਿਰੀ **੪**, ਵਾਰ ੮ਸ, **੩**, ੨ : ੨ (85)
ਥੋੜੀ —
"ਕਿਸੈ **ਥੋੜੀ** ਕਿਸੈ ਹੈ ਘਣੇਰੀ।"
— ਮਾਝ **੩**, ਅਸ ੧੭, ੩ : ੨ (119)
ਥੋੜੇ —
"ਜੋ ਤੁਧੁ ਸਚੁ ਧਿਆਇਦੇ ਸੇ ਵਿਰਲੇ **ਥੋੜੇ**।"
— ਗਉ **੪**, ਵਾਰ ੧੧ : ੧ (306)
ਥੋੜੈ —
"ਜਿਉ ਜਲਿ **ਥੋੜੈ** ਮਛੁਲੀ ਕਰਣ ਪਲਾਵ ਕਰੇਇ।"— ਸਿਰੀ **੧**, ਅਸ ੫, ੨ : ੨ (56)

ਥੂਟਿਟਿ — ਪਸ਼ੂਆਂ ਨੂੰ ਤੋਰਨ ਲਈ ਪੈਦਾ ਕੀਤੀ ਜਾਂਦੀ ਆਵਾਜ਼
"ਜੈਸੇ ਪਨਕਤ **ਥ੍ਰੂਟਿਟਿ** ਹਾਂਕਤੀ।"
— ਬਸੰ **ਨਾਮ**, ੩, ੯, ੧* : ੧ (1196)

ਦ

ਦਉਤ — (ਸੰ. ਧੋਤ) ਦਿਨ ਉਦੈ ਹੋਣ ਦਾ ਵੇਲਾ, ਪ੍ਰਕਾਸ਼, ਉਦਯੈ
"ਰਾਮ ਨਾਮੁ ਹਰਿ ਟੇਕ ਹੈ ਨਿਸਿ **ਦਉਤ** ਸਵਾਰੈ।"
— ਆਸਾ **੧**, ਅਸ ੨੨, ੬ : ੨ (422)

ਹੋਰ ਰੂਪ — ਦਉਤੁ —
"ਚਉਥਾ ਪਹਰੁ ਭਇਆ **ਦਉਤੁ** ਬਿਹਾਗੈ ਰਾਮ।" (ਪ੍ਰਕਾਸ਼, ਚੜਨਾ ਸੂਰਜ ਚੜ੍ਹ ਪਿਆ)
— ਤੁਖਾ **੧**, ਛੰਤ ੨, ੪ : ੧ (1110)

ਦਉਰਾਇਓ — ਦਉੜਾਇਆ, ਭਜਾਇਆ
"ਦਹ ਦਿਸਿ ਲੈ ਇਹੁ ਮਨੁ **ਦਉਰਾਇਓ** ਕਵਨ ਕਰਮ ਕਰਿ ਬਾਧਾ।"
— ਗਉ **੫**, ੧੬੩*, ੧ : ੨ (215)

ਹੋਰ ਰੂਪ — ਦਉਰਾਵਉ —
"ਸਗਲ ਤ ਜੀਨੁ ਗਗਨ **ਦਉਰਾਵਉ**।" (ਭਜਾਓ, ਸੈਰ ਕਰੋ)
— ਗਉ **ਕਬ**, ੩੧, ੧ : ੨ (329)

ਦਉਰਿਓ —
"ਦੇਖੈ ਦੇਖੈ ਸੁਨੈ ਬੋਲੇ **ਦਉਰਿਓ** ਫਿਰਤੁ ਹੈ।" (ਭਜਿਆ, ਦੌੜਿਆ)
— ਆਸਾ **ਰਵਿ**, ੬, ੧* : ੨ (487)

ਦਉਲਤਿ — (ਅ. ਦੌਲਤ) ਮਾਇਆ, ਧਨ
"ਲੰਗਰਿ **ਦਉਲਤਿ** ਵੰਡੀਐ ਰਸੁ ਅੰਮ੍ਰਿਤ ਖੀਰਿ ਘਿਆਲੀ।" — ਰਾਮ **ਬਸ**, ੩ : ੯ (967)

ਦਇ — ਦੇ ਕੇ
"ਪ੍ਰਤਿਪਾਲੈ ਅਪਿਆਉ **ਦੇਇ** ਕਛੁ ਊਨ ਨ ਹੋਈ।"
— ਧਨਾ **੫**, ੨੨, ੨ : ੧ (677)

ਦਇਓ — 1. ਦਿੰਦਾ (ਸਹਾਇਕ ਕਿਰਿਆ)
"ਜਿਉ ਕਪਿ ਕੇ ਕਰ ਮੁਸਟਿ ਚਨਨ ਕੀ ਲੁਬਧਿ ਨ ਤਿਆਗੁ **ਦਇਓ**।"
— ਗਉ **ਕਬ**, ੫੯, ੧ : ੧ (336)

2. ਦਿੱਤੇ ਹਨ
"ਇਆ ਧਨ ਜੋਬਨ ਅਰੁ ਸੁਤ ਦਾਰਾ ਪੇਖਨ ਕਉ ਜੁ **ਦਇਓ**।"
— ਗਉ **ਕਬ**, ੫੯, ੩ : ੧ (336)

ਦਇਅਲੀਆ — ਦਿਆਵਾਨ, ਦਿਆਲੂ
"ਨਿਰਭਉ ਨਿਰੰਕਾਰੁ **ਦਇਅਲੀਆ**।"
— ਮਾਰੂ **੫**, ੧੮, ੧* : ੧ (1004)

ਦਇਆ — 1. ਕਰੁਣਾ, ਦੂਜੇ ਦੇ ਦੁੱਖ ਨੂੰ ਵੇਖ ਕੇ ਮਨ ਦਾ ਦ੍ਰਵਤ ਹੋਣ ਦਾ ਭਾਵ, ਤਰਸ ਤੋਂ ਉਪਜੀ ਕ੍ਰਿਪਾ
"ਧੌਲੁ ਧਰਮੁ **ਦਇਆ** ਕਾ ਪੂਤੁ।"
— ਜਪੁ **੧**, ੧੬ : ੭ (3)
"ਦਰਸਨਿ ਦੇਖਿਐ **ਦਇਆ** ਨ ਹੋਇ। ਲਏ ਦਿਤੇ ਵਿਣੁ ਰਹੈ ਨ ਕੋਇ।" (ਭਾਵ ਹਮਦਰਦੀ)
— ਆਸਾ **੧**, ੪, ੩ : ੧; ੨ (350)

2. ਦਿੱਤਾ ਹੈ
"ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ ਸੋ ਰਿਦੈ ਗੁਰਿ **ਦਇਆ**।"
— ਸੋਰ **੫**, ੧੪, ੧* : ੨ (612)

ਦਇਆਦਾਨੁ — ਦਇਆ/ਕ੍ਰਿਪਾ ਦਾ ਦਾਨ
"ਕਰਿ **ਦਇਆਦਾਨੁ** ਦਇਆਲ ਸਾਚਾ ਹਰਿ ਨਾਮ ਸੰਗਤਿ ਪਾਵਓ।"
— ਤੁਖਾ **੧**, ਛੰਤ ੬, ੫ : ੫ (1113)

ਦਇਆਪਤਿ — ਮਿਹਰ ਦਾ ਪਤੀ ਭਾਵ ਮਾਲਕ, ਦਇਆ ਦਾ ਸਰੂਪ
"ਤੂ ਦਇਆਲੁ **ਦਇਆਪਤਿ** ਦਾਤਾ ਕਿਆ ਏਹਿ ਜੰਤ ਵਿਚਾਰੇ।"— ਬਿਲਾ **੩**, ੧, ੨ : ੧ (796)
"ਆਦਿ ਜੁਗਾਦਿ **ਦਇਆਪਤਿ** ਦਾਤਾ ਤੁਧੁ ਵਿਣੁ ਮੁਕਤਿ ਨ ਪਾਈ।"
— ਮਾਰੂ **੧**, ੬, ੪ : ੨ (991)

ਦਇਆਮਤੇ — ਦਇਆ ਵਾਲੀ ਮਤ/ ਬੁੱਧੀ
"ਸਾਲਾਹਿ ਸਾਚੇ ਮੰਨਿ ਸਤਿਗੁਰੁ ਪੁੰਨ ਦਾਨ **ਦਇਆ ਮਤੇ**।" — ਧਨਾ **੧**, ਛੰਤ ੧, ੩ : ੩ (688)

ਦਇਆਰ — ਦਇਆਵਾਨ, ਦਇਆਲੂ

"ਚਾਹਹਿ ਤੁਝਹਿ **ਦਇਆਰ** ਮਨਿ ਤਨਿ ਰੁਚ ਅਪਾਰ।" — ਆਸਾ **੫**, ਛੰਤ ੫, ੨ : ੨ (455)
"ਤੂੰ ਕਰਿ ਗਤਿ ਮੇਰੀ ਪ੍ਰਭ **ਦਇਆਰ**।"
— ਬਸੰ **੫**, ੭, ੧* : ੨ (1182)
"ਐਸੀ ਹੋਈ ਪਰੀ।
"ਜਾਨਤੇ **ਦਇਆਰ**।" (ਭਾਵ ਪ੍ਰਭੂ)
— ਸਾਰ **੫**, ੧੩੭, ੧* ੧;੨ (1230)

ਹੋਰ ਰੂਪ — ਦਇਆਰਾ —
"ਜਿਸੁ ਰਾਖੈ ਆਪਿ ਰਾਮੁ **ਦਇਆਰਾ**।" (ਦਇਆਵਾਨ)
— ਗਉ **੫**, ੭੧*, ੧* : ੧ (176)

ਦਇਆਰੁ —
"ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ ਤਉ **ਦਇਆਰੁ** ਬੀਠਲੋ ਪਾਇਓ।" (ਦਇਆਲੂ)
— ਸੋਰ **੫**, ੬੧, ੪ : ੨ (624)

ਦਇਆਲ — 1. ਦਇਆ ਵਾਨ, ਮੇਹਰਬਾਨ, ਰਹੀਮ
"ਦ੍ਰਿਸਟਿ ਧਾਰਿ ਮਨਿ ਤਨਿ ਵਸੈ **ਦਇਆਲ** ਪੁਰਖੁ ਮਿਹਰਵਾਨੁ।" — ਸਿਰੀ **੫**, ੮੮, ੩ : ੩ (49)
"ਸਤਿਗੁਰ **ਦਇਆਲ** ਕਿਰਪਾਲ ਭੇਟਤ ਹਰੇ ਕਾਮੁ ਕ੍ਰੋਧੁ ਲੋਭੁ ਮਾਰਿਆ।"
— ਸਿਰੀ **੫**, ਛੰਤ ੩, ੫ : ੫ (81)

ਹੋਰ ਰੂਪ — ਦਇਆਲੰ —
"ਸੰਤ ਉਧਰਣ **ਦਇਆਲੰ** ਆਸਰੰ ਗੋਪਾਲ ਕੀਰਤਨਹ।"
— ਜੈਤ **੫**, ਵਾਰ ੧੭ਸ, **੫**, ੧ : ੧ (709)

ਦਇਆਲਾ —
"ਸਿਮਰਤ ਨਾਮੁ ਸਦਾ ਸੁਹੇਲਾ ਜਿਸੁ ਦੇਵੈ ਦੀਨ **ਦਇਆਲਾ** ਜੀਉ।"
— ਮਾਝ **੫**, ੧੫, ੧ : ੩ (98)

ਦਇਆਲਿ —
"ਆਪਿ **ਦਇਆਲਿ** ਦਇਆ ਪ੍ਰਭਿ ਧਾਰੀ।"
— ਮਾਝ **੪**, ੫, ੪ : ੧ (95)

ਦਇਆਲੀ —
"ਜਤ ਕਤ ਤੁਮ੍ ਭਰਪੂਰ ਹਹੁ ਮੇਰੇ ਦੀਨ **ਦਇਆਲੀ**।"
— ਬਿਲਾ **੫**, ੪੨, ੩ : ੨ (811)

ਦਇਆਲੁ —
"ਜਿਸ ਨਉ ਆਪਿ **ਦਇਆਲੁ** ਹੋਇ ਸੋ ਗੁਰ ਮੁਖਿ ਨਾਮਿ ਸਮਾਇ।"
— ਸਿਰੀ **੩**, ੩੬, ੨ : ੪ (27)

ਦਇਆਲੈ —
"ਨੈਨ ਨਿਹਾਲੀ ਤਿਸੁ ਪੁਰਖ **ਦਇਆਲੈ**।"
— ਮਾਝ **੫**, ੨੭, ੨ : ੨ (102)

2. ਦੇਣ ਵਾਲਾ, ਦਾਤਾਰ
"ਸਭਿ ਜਾਚਿਕ ਪ੍ਰਭ ਤੁਮ੍ **ਦਇਆਲ**।"
— ਬਸੰ **੫**, ੪, ੧ : ੩ (1181)
('ਨਿਰਣੈ' ਤੇ 'ਦਰਪਣ' ਇਥੇ ਵੀ ਅਰਥ 'ਦਇਆਵਾਨ' ਦੇ ਕਰਦੇ ਹਨ)

ਦਈ — 1. ਪ੍ਰਕਾਸ਼ ਰੂਪ, ਵਾਹਿਗੁਰੂ, ਵਿਧਾਤਾ
"ਪੂਰਨ ਪੂਰਿ ਰਹਿਓ ਸੰਪੂਰਨ ਸੀਤਲ ਸਾਂਤਿ ਦਇਆਲ **ਦਈ**।"
— ਬਿਲਾ **੫**, ੯੦, ੧ : ੧ (822)
"ਨਿੰਦਕ ਕਉ **ਦਈ** ਛੋਡੈ ਨਾਹਿ।" (ਹਰਿ)
— ਭੈਰ **੫**, ੫੪, ੨ : ੪ (1152)

2. ਦਿਤਾ
"ਨਉ ਨਿਧਿ ਠਾਕੁਰਿ **ਦਈ** ਸੁਦਾਮੈ ਧ੍ਰੂਅ ਅਟਲੁ ਅਜਹੂ ਨ ਟਰਿਓ।"
— ਮਾਰੂ **ਨਾਮ**, ੧, ੩ : ੨ (1105)
"ਸੁ ਤਿਨਿ ਸਤਿਗੁਰਿ ਸੁਖ ਭਾਇ ਕ੍ਰਿਪਾ ਧਾਰੀ ਜੀਅ ਨਾਮ ਕੀ ਬਡਾਈ **ਦਈ** ਗੁਰ ਰਾਮਦਾਸ ਕਉ।" — ਸਵ **੪**, ਮਥੁ ੫ : ੪ (1404)

ਦਈਆ — ਹਰਿ/ਵਾਹਿਗੁਰੂ ਨੂੰ : ਦਇਆ ਦਾ ਘਰ ਪ੍ਰਭੂ (ਦਰਪਣ)
"ਜੋ ਜੋ ਮਿਲੈ ਸਾਧੂ ਜਨ ਸੰਗਤਿ ਧਨੁ ਧੰਨਾ ਜਟੁ ਸੈਣੁ ਮਿਲਿਆ ਹਰਿ **ਦਈਆ**।"
— ਬਿਲਾ **੪**, ਅਸ ੪, ੭ : ੨ (835)

ਦਏ — ਦਇਆ, ਕਰੁਣਾ
"ਮਹਾ ਮੁਗਧ ਅਜਾਨ ਅਗਿਆਨੀ ਰਾਖੇ ਧਾਰਿ **ਦਏ**।" — ਬਿਲਾ **੫**, ੧੨੬, ੨ : ੧ (829)

ਦਸ — 1. ਗਿਣਤੀ ਦੀ ਇਕ ਇਕਾਈ, ਸੌ ਦਾ ਦਸਵਾਂ ਹਿੱਸਾ
"**ਦਸ** ਅਠਾਰ ਮੈਂ ਅਪਰੰਪਰੋ ਚੀਨੈ ਕਹੈ ਨਾਨਕੁ ਇਵ ਏਕੁ ਤਾਰੈ।"
— ਸਿਰੀ **੧**, ੨੬, ੩ : ੨ (23)

2. ਦਸ ਦੀ ਗਿਣਤੀ ਵਾਲੇ ਪਦਾਰਥ/ਅਵਸਥਾ ਦਾ ਬੋਧਕ
"**ਦਸ** ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ।" (ਦਸ ਵਰ੍ਹੇ)
— ਮਾਝ **੧**, ਵਾਰ ੧ਸ, **੧**, ੩ : ੧ (138)
"**ਦਸ** ਬੈਰਾਗਨਿ ਆਗਿਆਕਾਰੀ ਤਬ ਨਿਰਮਲ ਜੋਗੀ ਥੀਏ।" (ਦਸ ਇੰਦਰੀਆਂ)
— ਗਉ **੫**, ੧੩੨*, ੨ : ੨ (208)
"ਨਉ ਡਾਡੀ **ਦਸ** ਮੁੰਸਫ ਧਾਵਹਿ ਰਈਅਤਿ ਬਸਨ ਨ ਦੇਹੀ।" (ਦਸ ਇੰਦ੍ਰੀਆਂ)
— ਸੂਹੀ **ਕਬ**, ੫, ੨ : ੧ (793)

ਦਸਅਸਟ — ਦਸ ਤੇ ਅੱਠ ਭਾਵ ਅਠਾਰਾਂ
"ਸਭਿ ਨਿਧਾਨ **ਦਸ ਅਸਟ** ਨਿਧਾਨ ਠਾਕੁਰ ਕਰ ਤਲ ਧਰਿਆ।"— ਗੂਜ **੫**, ਸੋਦ ੫, ੪ : ੧ (10)
ਹੋਰ ਰੂਪ — ਦਸਅਸਟੀ —
"ਚਹੁ ਮਹਿ ਪੇਖਿਓ ਖਟ ਮਹਿ ਪੇਖਿਓ **ਦਸਅਸਟੀ** ਸਿੰਮ੍ਰਿਤਾਏ।" (ਅਠਾਰਾਂ ਪੁਰਾਣ)
— ਭੈਰ **੫**, ੧੫, ੩ : ੧ (1139)

ਦਸਅਠ — ਅਠਾਰਾਂ
"ਆਪੇ **ਦਸਅਠ** ਵਰਨ ਉਪਾਇਅਨੁ ਆਪਿ ਬ੍ਰਹਮੁ ਆਪਿ ਰਾਜੁ ਲਇਆ।"
— ਬਿਹਾ **੪**, ਵਾਰ ੧੩ : ੨ (553)
"**ਦਸਅਠ** ਚਾਰਿ ਵੇਦ ਸਭਿ ਪੂਛਹੁ ਜਨ ਨਾਨਕ ਨਾਮੁ ਛਡਾਈ ਜੀਉ।"
— ਮਾਰੂ **੪**, ੮, ੫ : ੩ (998)
ਹੋਰ ਰੂਪ — ਦਸਅਠਾ —
"**ਦਸਅਠਾ** ਅਠਸਠੇ ਚਾਰੀ ਖਾਣੀ ਇਹੈ ਵਰਤਣਿ ਹੈ ਸਗਲ ਸੰਸਾਰੇ।"
— ਧਨਾ **ਰਵਿ**, ੩, ੪ : ੧ (694)

ਦਸਏਂ — ਦਸਵਾਂ
"ਕਬੀਰ ਮੁਕਤਿ ਦੁਆਰਾ ਸੰਕੁਰਾ ਰਾਈ **ਦਸਏਂ** ਭਾਇ।" — ਸਲੋ **ਕਬ**, ੫੮ : ੧ (1367)

ਦਸਹੁ — ਦਸੋ, ਬਤਾਉ
"ਮੇਰਾ ਹਰਿ ਪ੍ਰਭੁ **ਦਸਹੁ** ਮੈ ਭੁਖ ਲਗਾਈ।"
— ਮਾਝ **੪**, ੪, ੧ : ੨ (95)

ਦਸਹੂ — ਦਸਾਂਹੀ
"ਲੋਭਿ ਗ੍ਰਸਿਓ **ਦਸਹੂ** ਦਿਸ ਧਾਵਤ ਆਸਾ ਲਾਗਿਓ ਧਨ ਕੀ।" — ਆਸਾ **੯**, ੧, ੧* : ੨ (411)

ਦਸਚਾਰਿ — ਚੌਦਾਂ
"**ਦਸ ਚਾਰਿ** ਹਟ ਤੁਧੁ ਸਾਜਿਆ ਵਾਪਾਰੁ ਕਰੀਵੇ।"
— ਸਿਰੀ **੪**, ਵਾਰ ੩ : ੨ (83)

ਦਸਤ — (ਫ਼ਾ. ਦਸਤ), ਹੱਥ
"ਨ ਰਿਜਕੁ **ਦਸਤ** ਆ ਕਸੇ।"
— ਮਾਝ **੧**, ਵਾਰ ੧੩ਸ, **੧**, ੫ : ੧ (144)

ਦਸਤੰਗੀਰ — (ਫ਼ਾ. ਦਸਤਗੀਰ) ਹੱਥ ਪਕੜਨ ਵਾਲਾ, ਸਹਾਇਕ
"ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ **ਦਸਤੰਗੀਰ**।" — ਤਿਲੰ **੧**, ੧, ੨ : ੧ (721)
ਹੋਰ ਰੂਪ — ਦਸਤਗੀਰੀ —
"ਇਹ ਜੁ ਦੁਨੀਆ ਸਿਹਰੁ ਮੇਲਾ **ਦਸਤਗੀਰੀ** ਨਾਹਿ।" (ਸਹਾਇਤਾ)
— ਤਿਲੰ **ਕਬ**; ੧, ੧* : ੨ (727)

ਦਸੰਤਣ — ਨਿਮਾਨਾ, ਦਾਸ
"ਦਾਸ **ਦਸੰਤਣ** ਭਾਇ ਤਿਨਿ ਪਾਇਆ।"
— ਗਉ **੫**, ਸੁਖ ੯, ੬ : ੪ (275)

ਦਸਤਾਰ — (ਫ਼ਾ. ਦਸਤਾਰ) ਪਗੜੀ
"ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ **ਦਸਤਾਰ** ਸਿਰਾ।"
— ਮਾਰੂ **੫**, ਸੋਲਾ ੧੨, ੧੨ : ੩ (1084)

ਦਸੰਦਾ — ਪੁਛਣ ਵਾਲਾ, ਸਵਾਲੀ
"ਯਾਰ ਵੇ ਤੈ ਰਾਵਿਆ ਲਾਲਨੁ ਮੂ ਦਸਿ **ਦਸੰਦਾ**।"
— ਜੈਤ **੫**, ਛੰਤ ੧, ੩ : ੨ (703)

ਦਸਦੁਆਰਾ — ਦਸ ਦੁਆਰਾਂ ਵਾਲਾ
"ਜਨਨੀ ਕੇਰੇ ਉਦਰ ਉਦਕ ਮਹਿ ਪਿੰਡੁ ਕੀਆ **ਦਸ ਦੁਆਰਾ**।"— ਆਸਾ **ਧੰਨਾ** ੩, ੧ : ੧ (488)

ਦਸਨ — ਦੰਦ
"**ਦਸਨ** ਬਿਹੂਨ ਭੁਯੰਗੰ ਮੰਤ੍ਰੰ ਗਾਰੁੜੀ ਨਿਵਾਰੰ।"
— ਗਾਥਾ **੫**, ੧੬* : ੧ (1361)

ਦਸਨਾ — ਨਿਮਾਨਾ ਦਾਸ
"ਨਾਨਕ ਜਨ ਕਾ ਦਾਸਨਿ **ਦਸਨਾ**।"
— ਗਉ **੫**, ਸੁਖ ੧, ੪ : ੧੦ (263)

ਦਸਨਿ — ਦਸਦੇ ਹਨ
"**ਦਸਨਿ** ਸੰਤ ਪਿਆਰਿਆ ਸੁਣਹੁ ਲਾਇ ਚਿਤਾ।"
— ਰਾਮ **੫**, ਵਾਰ ੧੯ : ੨ (965)

ਦਸੰਨਿ੍ — ਦਸਦੇ ਹਨ
"ਜਿਧੈ ਲੇਖਾ ਮੰਗੀਐ ਤਿਥੈ ਖੜੇ **ਦਸੰਨਿ੍**।"
— ਸੂਹੀ **੧**, ੩, ੧* : ੨ (729)
(ਨਵੇਂ ਸੰਸਕਰਣਾ ਵਿਚ ਇਹ ਸ਼ਬਦ "ਦਿਸੰਨਿ੍" ਹੈ। 'ਦਰਪਣ' ਇਸ ਨੂੰ "ਦਸੰਨਿ੍" ਕਰਕੇ ਹੀ ਅਰਥ ਦਸਦੇ ਹਨ ਕਰਦਾ ਹੈ)

ਦਸਮਦੁਆਰਾ — ਦਿਮਾਗ (ਮਹਾਨਕੋਸ਼) : ਯੋਗ ਮਤਿ ਅਨੁਸਾਰ ਸਿਰ ਦੀ ਚੋਟੀ ਦੇ ਅੰਦਰਲਾ ਉਹ ਤਿਕੋਨੀ ਥਾਂ ਪ੍ਰਾਣਾਂ ਨੂੰ ਲੈ ਜਾ ਕੇ ਸੁਰਤ ਟਿਕਾਈ ਜਾਂਦੀ ਹੈ ਤੇ ਪਰਮ ਅਨੰਦ ਪ੍ਰਾਪਤ ਕੀਤਾ ਜਾ ਸਕਦਾ ਹੈ
"**ਦਸਮ ਦੁਆਰਾ** ਅਗਮ ਅਪਾਰਾ ਪਰਮ ਪੁਰਖ ਕੀ ਘਾਟੀ।" — ਰਾਮ **ਬੇਣੀ**, ੧, ੪ : ੧ (974)
ਹੋਰ ਰੂਪ — ਦਸਮ ਦੁਆਰਿ —
"ਅਨਹਦ ਸਬਦੁ **ਦਸਮ ਦੁਆਰਿ** ਵਜਿਓ ਤਹ ਅੰਮ੍ਰਿਤ ਨਾਮ ਚੁਆਇਆ ਥਾ।"
— ਮਾਰੂ **੫**, ੧੨, ੨ : ੨ (1002)

ਦਸਮੀ — ਚੰਦਰਮਾ ਦੇ ਪੱਖ ਦੀ ਦਸਵੀਂ ਤਿਥ
"**ਦਸਮੀ** ਦਸ ਦੁਆਰ ਬਸਿ ਕੀਨੇ।"
— ਗਉ **੫**, ਥਿਤੀ ੧੦ : ੧ (298)

ਦਸਰਥ — ਅਯੋਧਿਆ ਦਾ ਰਘੂਵੰਸ ਰਾਜਾ ਜੋ 'ਅਜ' ਦਾ ਪੁਤਰ ਤੇ ਸ੍ਰੀ ਰਾਮਚੰਦਰ ਦਾ ਪਿਤਾ ਸੀ
"ਰਘੁਬੰਸਿ ਤਿਲਕੁ ਸੁੰਦਰੁ **ਦਸਰਥ** ਘਰਿ ਮੁਨਿ ਬੰਛਹਿ ਜਾ ਕੀ ਸਰਣੰ।"
— ਸਵ **੪**, ਗਯੰ ੨ : ੫ (1401)

ਦਸਵਾ — ਦਸਮ
"ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ **ਦਸਵਾ** ਗੁਪਤੁ ਰਖਾਇਆ।"
— ਰਾਮ **੩**, ਅਨੰ ੩੮ : ੨ (922)

ਦਸਵਾ ਦੁਆਰੁ — ਦਸਮ ਦੁਆਰ ਵੇਖੋ 'ਦਸਮ ਦੁਆਰ' ਮਨ ਦੀ ਉਹ ਸ਼ਾਂਤ ਅਵਸਥਾ ਜਦੋਂ 'ਪਰਮਸੱਤ' (ਵਾਹਿਗੁਰੂ) ਦਾ ਅਨੁਭਵ ਹੁੰਦਾ ਹੈ
"ਚੰਦਨੁ ਚੀਤਿ ਵਸਾਇਆ ਮੰਦਰੁ **ਦਸਵਾ ਦੁਆਰੁ**।"
— ਸਿਰੀ **੧**, ੨, ੫ : ੨ (54)
"ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ **ਦਸਵਾ ਦੁਆਰੁ** ਪਾਇਆ।"— ਆਸਾ **੩**, ਛੰਤ ੭, ੪ : ੩ (441)

ਦਸਵੈ — 1. ਦਸਮ ਦੁਆਰ, ਦਸਮ ਦੁਆਰ ਵਿਚ
"ਨਉ ਦਰਵਾਜੇ **ਦਸਵੈ** ਮੁਕਤਾ ਅਨਹਦ ਸਬਦੁ ਵਜਾਵਣਿਆ।" (ਦਸਵਾਂ ਦੁਆਰ)
— ਮਾਝ **੩**, ਅਸ ੨, ੩ : ੩ (110)
"**ਦਸਵੈ** ਨਿਜਘਰਿ ਵਾਸਾ ਪਾਏ।" (ਦਸਵੇਂ ਦੁਆਰ ਰਾਹੀਂ) — ਮਾਝ **੩**, ਅਸ ੨੫, ੬ : ੨ (124)
"**ਦਸਵੈ** ਵਾਸਾ ਅਲਖ ਅਪਾਰੈ।" (ਦਸਵੇਂ ਦੁਆਰ ਵਿਚ) — ਮਾਰੂ **੧**, ਸੋਲਾ ੧੬, ੨ : ੨ (1036)
ਹੋਰ ਰੂਪ — ਦਸਵੈਂ —
"ਕਹਤੁ ਕਬੀਰ ਨਵੈ ਘਰ ਮੂਸੇ **ਦਸਵੈਂ** ਤਤੁ ਸਮਾਈ।"— ਗਉ **ਕਬ**, ੭੩, ੩ : ੨ (339)
2. ਦਸਵੀਂ ਥਾਂ ਤੇ
"**ਦਸਵੈ** ਦਧਾ ਹੋਆ ਸੁਆਹ।"
— ਮਾਝ **੧**, ਵਾਰ ੧ਸ, **੧**, ੨ : ੧੦ (138)
3. ਦਸਵਾਂ ਹਿੱਸਾ
"ਕਬੀਰ ਮੁਕਤਿ ਦੁਆਰਾ ਸੰਕੁੜਾ ਰਾਈ **ਦਸਵੈ** ਭਾਇ।"
— ਗੂਜ **੩**, ਵਾਰ ੪ਸ, **ਕਬ**, ੧ : ੧ (509)
4. ਦਸਵੇਂ, ਦਸਮ
"**ਦਸਵੈ** ਦੁਆਰਿ ਪ੍ਰਗਟੁ ਹੋਇ ਆਇਆ।"
— ਮਾਰੂ **੪**, ਸੋਲਾ ੧, ੬ : ੨ (1069)

ਦਸਾ — 1. ਦਸ
"ਅਸਟ **ਦਸਾ** ਖਟੁ ਤੀਨਿ ਉਪਾਏ।" (ਅੱਠ ਤੇ ਦੱਸ=ਅਠਾਰਾਂ ਪੁਰਾਣ)
— ਬਿਲਾ **੧**, ਥਿਤੀ ੫ : ੩ (839)
2. (ਸੰ ਦਸ਼ਾ) ਦਸ਼ਾ, ਹਾਲਤ, ਅਵਸਥਾ
"ਦਾਰਿਦੁ ਦੇਖਿ ਸਭ ਕੋ ਹਸੈ ਐਸੀ **ਦਸਾ** ਹਮਾਰੀ।" — ਬਿਲਾ **ਰਵਿ**, ੧, ੧ : ੧ (858)
3. (ਸੰ ਦਿਸ਼) ਦਿਸ਼ਾ, ਤਰਫ
"ਧਾਵਉ **ਦਸਾ** ਅਨੇਕ ਪ੍ਰੇਮ ਪ੍ਰਭ ਕਾਰਣੇ।"
— ਫੁਨ **੫**, ੧੬ : ੧ (1363)

ਦਸਾਇ — 1. ਦਾਸਾਂ/ਸੇਵਕਾਂ ਦੇ, ਹੋਰ ਵੇਖੋ 'ਦਸਾਇਣਾ'

"ਐਸੀ ਕਿਰਪਾ ਕਰਹੁ ਪ੍ਰਭ ਨਾਨਕ ਦਾਸ **ਦਸਾਇ**।"
— ਗਉ **੫**, ਬਾਅ ੨੩ਸ : ੨ (254)

2. ਪੁਛ ਕੇ
"ਰਾਹੁ **ਦਸਾਇ** ਓਥੈ ਕੋ ਜਾਇ।"
— ਰਾਮ **੩**, ਵਾਰ ੧੧ਸ, **੧**, ੨ : ੨ (951)

ਹੋਰ ਰੂਪ — ਦਸਾਇਆ —
"ਹਉ ਫਿਰਉ ਉਦਾਸੀ ਮੈ ਇਕੁ ਰਤਨੁ **ਦਸਾਇਆ**।" (ਪੁਛਿਆ)
— ਬਿਲਾ **੫**, ੧, ੪ : ੧ (801)

ਦਸਾਇਣਾ — ਦਾਸਾਂ ਦਾ, ਸੇਵਕਾਂ ਦਾ
"ਸੂਖ ਸਹਜ ਸਦਾ ਆਨੰਦਾ ਨਾਨਕ ਦਾਸ **ਦਸਾਇਣਾ**।"
— ਮਾਰੂ **੫**, ਸੋਲਾ ੭, ੧੫ : ੩ (1078)

ਹੋਰ ਰੂਪ — ਦਸਾਇਣੁ —
"ਦੁਇਕਰ ਜੋੜਿ ਨਾਨਕੁ ਦਾਨੁ ਮਾਂਗੈ ਤੇਰੇ ਦਾਸਨਿ ਦਾਸ **ਦਸਾਇਣੁ**।"
— ਨਟ **੫**, ੭, ੨ : ੨ (979)

ਦਸਾਇਦਾ — ਪੁਛਦਾ ਹਾਂ
"ਹਉ ਪੂੰਜੀ ਨਾਮੁ **ਦਸਾਇਦਾ** ਕੋ ਦਸੇ ਹਰਿ ਧਨੁ ਰਾਸਿ।" — ਮਾਰੂ **੪**, ੪, ੧ : ੧ (996)

ਦਸਾਇਲੇ — ਦਾਸਾਂ ਦੇ
"ਪਾਵਉ ਦਾਨੁ ਸਦਾ ਦਰਸੁ ਪੇਖਾ ਮਿਲੁ ਨਾਨਕ ਦਾਸ **ਦਸਾਇਲੇ**।"
— ਗੋਂਡ **੫**, ੨, ੪ : ੨ (862)

ਦਸਾਈ — ਪੁਛਦੀ ਹਾਂ
"ਹਉ ਪੰਥੁ **ਦਸਾਈ** ਨਿਤ ਖੜੀ ਕੋਈ ਪ੍ਰਭੁ ਦਸੇ ਤਿਨਿ ਜਾਉ।" — ਸਿਰੀ **੪**, ੬੮, ੧ : ੧ (41)

ਹੋਰ ਰੂਪ — ਦਸਾਏ —
"ਉਡਿਆ ਹੰਸੁ **ਦਸਾਏ** ਰਾਹ।" (ਪੁਛਦਾ ਹੈ)
— ਮਾਝ **੧**, ਵਾਰ ੧ਸ, **੧**, ੨ : ੧੨ (138)

ਦਸਾਏ — 1. ਪੁਛਦਾ ਹੈ, ਵੇਖੋ 'ਦੇਸਾਈ'
2. ਦਾਸਾਂ ਦਾ
"ਹੋਤ ਕ੍ਰਿਪਾਲ ਦੀਨ ਦਇਆ ਪ੍ਰਭ ਜਨ ਨਾਨਕ ਦਾਸ **ਦਸਾਏ**।"
— ਸਾਰ **੫**, ੮, ੪ : ੨ (1205)

ਦਸਾਹਰਾ — 1. ਦਿਸਦਾ ਹੈ, ਦਿਸ ਆਉਂਦਾ ਭਾਵ ਪ੍ਰਗਟ ਹੈ
"ਨਾਨਕ ਦਾਸ ਤੇਰੈ ਬਲਿਹਾਰੈ ਸਭੁ ਤੇਰਾ ਖੇਲੁ **ਦਸਾਹਰਾ** ਜੀਉ।"— ਮਾਝ **੫**, ੯, ੪ : ੩ (97)
2. ਦਸਵਾਂ ਦਿਨ, ਜੇਠ ਸੁਧੀ ਦਸ, ਜਿਸ ਦਿਨ ਦਸ ਪਾਪ ਹਰਨ ਵਾਲੀ ਗੰਗਾ ਦਾ ਜਨਮ ਹੋਇਆ, 'ਦੁਸਹਿਰੇ' ਦਾ ਪੁਰਬ ਦਸ ਪਾਪ ਹਰਨ ਵਾਲਾ ਪੁਰਬ
"ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ **ਦਸਾਹਰਾ**।"
— ਧਨਾ **੧**, ਛੰਤ ੧, ੧ : ੩ (687)

ਦਸਾਹਾ — ਪੁਛਦੀ ਹਾਂ
"ਗੁਰੁ ਸਜਣੁ ਪਿਆਰਾ ਮੈ ਮਿਲਿਆ ਹਰਿ ਮਾਰਗੁ ਪੰਥੁ **ਦਸਾਹਾ**।"
— ਸੂਹੀ **੪**, ਛੰਤ ੫, ੨ : ੧ (776)

ਦਸਾਕੀ — ਦਾਸਾਂ ਦਾ
"ਜਨ ਨਾਨਕ ਕਉ ਪ੍ਰਭ ਕਿਰਪਾ ਕੀਜੈ ਕਰਿ ਦਾਸਨਿ ਦਾਸ **ਦਸਾਕੀ**।"— ਧਨਾ **੪**, ੬, ੪ : ੨ (668)

ਦਸਾਣੀ — ਦਾਸਾਂ ਦਾ
"ਹਰਿ ਕੀ ਸਰਣਿ ਪਇਆ ਹਰਿ ਜਾਪੀ ਜਨੁ ਨਾਨਕੁ ਦਾਸੁ **ਦਸਾਣੀ** ਹੇ।"
— ਮਾਰੂ **੫**, ਸੋਲਾ ੨, ੧੬ : ੩ (1071)

ਦਸਾਨਿਓ — ਦਾਸਾਂ ਦਾ
"ਕਰੁ ਮਸਤਕਿ ਧਰਿ ਕਟੀ ਜੇਵਰੀ ਨਾਨਕ ਦਾਸ **ਦਸਾਨਿਓ**।" — ਸਾਰ **੫**, ੬੨, ੨ : ੨ (1216)

ਦਸਾਨੀ — ਦਾਸਾਂ ਦਾ
"ਦਇਆਲ ਪੁਰਖ ਕਿਰਪਾ ਕਰਹੁ ਨਾਨਕ ਦਾਸ **ਦਸਾਨੀ**।" — ਗਉ **੫**, ਅਸ ੫, ੮ : ੧ (242)

ਦਸਾਵਣਿਆ — ਦਾਸਾਂ ਦਾ
"ਹਉ ਕੁਰਬਾਣੀ ਤੇਰੈ ਵੰਞਾ ਨਾਨਕ ਦਾਸ **ਦਸਾਵਣਿਆ**।"
— ਮਾਝ **੫**, ਅਸ ੩੫, ੮ : ੩ (130)

ਦਸਾਵਾ — ਪੁਛਦੀ ਹਾਂ
"ਪੰਥੁ **ਦਸਾਵਾ** ਨਿਤ ਖੜੀ ਮੁੰਧ ਜੋਬਨਿ ਬਾਲੀ ਰਾਮ ਰਾਜੇ।" — ਆਸਾ **੪**, ੧੬, ੨ : ੧ (449)

ਦਸਿ — ਬਤਾ, ਦਸ, ਗਿਆਤ ਕਰਵਾ—ਜਾਣੂ ਕਰਵਾ
"ਸਤਿਗੁਰ ਹਰਿ ਪ੍ਰਭੁ **ਦਸਿ** ਨਾਮੁ ਧਿਆਈ ਮਨਿ ਹਰੀ।"
— ਗਉ **੪**, ਵਾਰ ੨ਸ, **੪**, ੨ : ੧ (301)

"ਦੇਂਦਾ ਮੁੰ ਪਿਰੁ **ਦਸਿ** ਹਰਿ ਸਜਣੁ ਸਿਰਜਣਹਾਰਿਆ।" (ਭਾਵ ਵਿਖਾਲ)
— ਸਲੋ **੪**, ੪ : ੪ (1421)

ਹੋਰ ਰੂਪ — ਦਸਿਆ —
"ਸਚਾ ਭੋਜਨੁ ਭਾਉ ਸਤਿਗੁਰਿ **ਦਸਿਆ**।" (ਬਤਾਇਆ)
— ਮਾਝ **੧**, ਵਾਰ ੧੮ : ੧ (146)

ਦਸਿਐ —
"ਅੰਧੇ ਕੈ ਰਾਹਿ **ਦਸਿਐ** ਅੰਧਾ ਹੋਇ ਸੁ ਜਾਇ।" (ਦਸਨ ਤੇ)
— ਰਾਮ **੩**, ਵਾਰ ੧੬ਸ, **੨**, ੧ : ੧ (954)

ਦਸਿਹੁ —
"ਸੇਵਾ ਕਰੀ ਤੁਸਾੜੀਆ ਮੈ **ਦਸਿਹੁ** ਮਿਤੁ।" (ਦੱਸਿਆ ਜੇ, ਤੁਸੀਂ ਦੱਸੋ)
— ਰਾਮ **੫**, ਵਾਰ ੧੯ : ੫ (965)

ਦਸੀ — ਦਸਾਂ
"**ਦਸੀ** ਮਾਸੀ ਮਾਨਸ ਕੀਆ ਵਣਜਾਰਿਆ ਮਿਤ੍ਰਾ ਕਰਿ ਮੁਹਲਤਿ ਕਰਮ ਕਮਾਹਿ।"
— ਸਿਰੀ **੫**, ਪਹ ੪, ੧ : ੨ (77)

ਦਸੂਣੀ — ਦਸ ਗੁਣੀ
"ਜੇ ਜੁਗ ਚਾਰੇ ਆਰਜਾ ਹੋਰ **ਦਸੂਣੀ** ਹੋਇ।"
— ਜਪੁ **੧**, ੭ : ੧ (2)

ਦਸੇ — 1. ਬਤਾਏ, ਜਾਣੂ ਕਰਵਾਏ
"ਕੋਈ ਗੁਰਮੁਖਿ ਸਜਣੁ ਜੇ ਮਿਲੈ ਮੈ **ਦਸੇ** ਪ੍ਰਭੁ ਗੁਣਤਾਸੁ।" — ਸਿਰੀ **੪**, ੬੬, ੧ : ੨ (40)

ਹੋਰ ਰੂਪ — ਦਸੈ —
"ਕੋਈ ਸਜਣੁ ਸੰਤੁ ਮਿਲੈ ਵਡਭਾਗੀ ਮੈ ਹਰਿ ਪ੍ਰਭੁ ਪਿਆਰਾ **ਦਸੈ** ਜੀਉ।"
— ਮਾਝ **੧**, ੨, ੧ : ੩ (94)

2. ਦਸਦਾ ਹੈ
"ਕਢਿ ਕਾਗਲੁ **ਦਸੇ** ਰਾਹੁ।"
— ਆਸਾ **੧**, ਵਾਰ ੧੫ਸ, **੧**, ੪ : ੮ (471)

3. ਦਸਾਂ ਹੀ, ਸਾਰੀਆਂ ਦਸਾਂ ਵਿਚ ਹੀ
"**ਦਸੇ** ਦਿਸਾ ਰਵਿਆ ਪ੍ਰਭੁ ਏਕੁ।"
— ਗਉ **੫**, ਥਿਤੀ ੧੪ : ੩ (299)

"ਦਸ ਨਾਰੀ ਇਕੁ ਪੁਰਖੁ ਕਰਿ **ਦਸੇ** ਸਾਦਿ ਲੋਭਾਈਆ।" (ਦਸੇ ਹੀ)
— ਮਾਰੂ **੫**, ਵਾਰ ੬ : ੩ (1096)

ਹੋਰ ਰੂਪ — ਦਸੈ —
"ਮਿਰਤਕ ਭਏ **ਦਸੈ** ਬੰਦ ਛੂਟੇ ਮਿਤ੍ਰ ਭਾਈ ਸਭ ਛੋਰੇ।" (ਦਸੋਂ ਹੀ)
— ਆਸਾ **ਕਬ**, ੧੮, ੫ : ੧ (480)

4. ਦਸ ਕੇ, ਚੇਤੰਨ ਕਰਵਾ ਕੇ
"ਇਕਤੁ ਸੇਜੈ ਹਰਿ ਪ੍ਰਭੋ ਰਾਮ ਰਾਜਿਆ ਗੁਰੁ **ਦਸੇ** ਹਰਿ ਮੇਲੇਈ।"
— ਸੂਹੀ **੪**, ਛੰਤ ੬, ੪ : ੧ (776)

ਹੋਰ ਰੂਪ — ਦਸੋ —
"ਧਰਨਿ ਅਕਾਸੁ **ਦਸੋ** ਦਿਸ ਨਾਹੀ ਤਬ ਇਹੁ ਨੰਦੁ ਕਹਾ ਥੋਰੇ।" (ਦਸੇ ਹੀ)
— ਗਉ **ਕਬ**, ੭੦, ੧* : ੨ (338)

ਦਸੋਨਾ — ਦਾਸਾਂ ਦਾ
"ਸਭਿ ਧਿਆਵਹੁ ਆਦਿ ਸਤੇ ਜੁਗਾਦਿ ਸਤੇ ਪਰਤਖਿ ਸਤੇ ਸਦਾ ਸਦਾ ਸਤੇ ਜਨ ਨਾਨਕੁ ਦਾਸੁ **ਦਸੋਨਾ**।"
— ਕਾਨ **੪**, ਵਾਰ ੫ : ੫ (1315)

ਦਸੌ — ਦਸਾਂ ਹੀ
"ਘਨਹਰ ਘੋਰ **ਦਸੌ** ਦਿਸਿ ਬਰਸੈ ਬਿਨੁ ਜਲ ਪਿਆਸ ਨ ਜਾਈ।"
— ਮਲਾ **੧**, ਅਸ ੧, ੩ : ੨ (1273)

ਦਸ੍ਤਗੀਰੀ — (ਫ਼ਾ. ਦਸਤਗੀਰੀ) ਸਹਾਇਤਾ, ਮਦਦ
"**ਦਸ੍ਤਗੀਰੀ** ਦੇਹਿ ਦਿਲਾਵਰ ਤੂਹੀ ਤੂਹੀ ਏਕ।"
— ਤਿਲੰ **੫**, ੫, ੨ : ੧ (724)

ਦਹ — ਦਸਾਂ
"ਇਹ ਮਨੂਆ ਖਿਨੁ ਨ ਟਿਕੈ ਬਹੁ ਰੰਗੀ **ਦਹ ਦਹ** ਦਿਸਿ ਚਲਿ ਚਲਿ ਹਾਢੇ।"
— ਗਉ **੪**, ੫੯, ੧ : ੧ (171)

ਦਹਸਿਰਿ — ਦਸਾਂ ਸਿਰਾਂ ਵਾਲੇ ਅਰਥਾਤ ਰਾਵਣ
"ਅੰਧੁਲੈ **ਦਹਸਿਰਿ** ਮੂੰਡੁ ਕਟਾਇਆ ਰਾਵਣੁ ਮਾਰਿ ਕਿਆ ਵਡਾ ਭਇਆ।"
— ਆਸਾ **੧**, ੭, ੧ : ੨ (350)

ਹੋਰ ਰੂਪ — ਦਹਸਿਰੁ —
"ਰੋਵੈ **ਦਹਸਿਰੁ** ਲੰਕ ਗਵਾਇ।"
— ਰਾਮ **੩**, ਵਾਰ ੧੪ਸ, **੧**, ੧ : ੭ (954)

ਦਹਸਿਰੋ —
"ਸੀਤਾ ਲੈ ਗਇਆ **ਦਹਸਿਰੋ** ਲਛਮਣੁ ਮੂਓ

ਸਰਾਪਿ।"

— ਸਲੋ **੧**, ੨੫ : ੩ (1412)

ਦਹਣੁ — ਭਸਮ ਕਰਨ ਦੀ ਕਿਰਿਆ, ਦਾਹ

"ਅਗਹ ਗਹਣੁ ਭ੍ਰਮ ਭ੍ਰਾਂਤਿ **ਦਹਣੁ** ਸੀਤਲੁ ਸੁਖ ਦਾਤਉ।" — ਸਵ **੪**, ਕਲ ੫ : ੩ (1407)

ਦਹਤ — ਸਾੜਨਾ

"ਜਿਸੁ ਪਰਾਪਤਿ ਹੋਇ ਸਿਮਰੈ ਤਿਸੁ **ਦਹਤ** ਨਹ ਸੰਸਾਰੁ।" — ਕੇਦਾ **੫**, ੧੨, ੧ : ੨ (1121)

ਹੋਰ ਰੂਪ — ਦਹਤਾ —

"ਕਲਿਮਲਹ **ਦਹਤਾ** ਸੁਧੁ ਕਰਤਾ ਦਿਨਸੁ ਰੈਣਿ ਅਰਾਧੋ।" (ਸਾੜਨ ਵਾਲਾ)

— ਗਉ **੫**, ਛੰਤ ੩, ੧ : ੫ (248)

ਦਹਦਿਸ — ਦਸ ਦਿਸ਼ਾਵਾਂ, ਦਸਾਂ ਦਿਸ਼ਾਵਾਂ ਵਿਚ ਅਰਥਾਤ ਹਰ ਥਾਂ

"ਜਿਉ ਕੂਕਰੁ ਹਰਕਾਇਆ ਧਾਵੈ **ਦਹ ਦਿਸ** ਜਾਇ।" — ਸਿਰੀ **੫**, ੯੧, ੧ : ੧ (50)

ਹੋਰ ਰੂਪ — ਦਹਦਿਸਹ —

"ਚਰਨ ਕਮਲ ਬਿਰਹੰ ਖੋਜੰਤ ਬੈਰਾਗੀ **ਦਹ ਦਿਸਹ**।"

— ਜੈਤ **੫**, ਵਾਰ ੨ਸ, **੫**, ੧ : ੧ (707)

ਦਹਦਿਸਾ —

"ਫਿਰਦੀ ਫਿਰਦੀ **ਦਹ ਦਿਸਾ** ਜਲ ਪਰਬਤ ਬਨਰਾਇ।"

— ਗਉ **੫**, ਵਾਰ ੧੨ਸ, **੫**, ੨ : ੧ (322)

ਦਹਦਿਸਿ —

"ਜਲਿ ਥਲਿ ਮਹੀਅਲ **ਦਹ ਦਿਸਿ** ਵਰਸਾਇਆ।"

— ਮਾਝ **੫**, ੪੧, ੧ : ੨ (106)

ਦਹੰਦਿਸਿ —

"ਪੂਰਨ ਭੋ ਮਨ ਠਉਰ ਬਸੋ ਰਸ ਬਾਸਨ ਸਿਉ ਜੁ **ਦਹੰ ਦਿਸਿ** ਧਾਯਉ।"

— ਸਵ **੪**, ਨਲ ੧੦ : ੩ (1400)

ਦਹਨ — ਭਸਮ ਕਰਨ ਲਈ, ਦਾਹ ਲਈ, ਸਾੜਨ ਲਈ

"ਸਤ੍ਰ **ਦਹਨ** ਹਰਿ ਨਾਮ ਕਹਨ ਅਵਰ ਕਛੁ ਨ ਉਪਾਉ।" — ਗੂਜ **੫**, ੩੧, ੨ : ੧ (502)

"ਮਲ ਪਾਪ ਕਲਮਲ **ਦਹਨ**।" (ਸਾੜ ਦਿੰਦਾ ਹੈ)

— ਬਿਲਾ **੫**, ਅਸ ੧, ੨ : ੨ (837)

ਹੋਰ ਰੂਪ — ਦਹਨੁ —

"ਦੂਤਹ **ਦਹਨੁ** ਭਇਆ ਗੋਵਿੰਦੁ ਪ੍ਰਗਟਾਇਆ।" (ਭਸਮ ਹੋਣ ਦਾ ਕੰਮ)

— ਆਸਾ **੫**, ਛੰਤ ੧੨, ੨ : ੨ (460)

ਦਹੀ — ਖੱਟਾ ਲਾ ਕੇ ਜਮਾਇਆ ਹੋਇਆ ਦੁੱਧ

"ਵੂਠੈ ਘਾਹੁ ਚਰਹਿ ਨਿਤਿ ਸੁਰਹੀ ਸਾ ਧਨ **ਦਹੀ** ਵਿਲੋਵੈ।"

— ਮਾਝ **੧**, ਵਾਰ ੨੬ਸ, **੧**, ੧ : ੨੧ (150)

"ਪੰਡਿਤ **ਦਹੀ** ਵਿਲੋਈਐ ਭਾਈ ਵਿਚਹੁ ਨਿਕਲੈ ਤਥੁ।" — ਸੋਰ **੧**, ਅਸ ੨, ੫ : ੧ (635)

ਦਹੇ — ਸੜ ਗਏ

"ਆਵਣ ਜਾਣੁ ਭਰਮੁ ਭਉ ਨਾਠਾ ਜਨਮ ਜਨਮ ਕੇ ਕਿਲਵਿਖ **ਦਹੇ**।"

— ਬਿਲਾ **੫**, ੧੦੩, ੧ : ੨ (824)

ਹੋਰ ਰੂਪ — ਦਹੈ —

"ਅਗਨਿ **ਦਹੈ** ਅਰੁ ਗਰਭ ਬਸੇਰਾ।" (ਸਾੜਨਾ)

— ਗਉ **ਕਬ**, ੩੨, ੧* : ੨ (329)

"ਮਨੁ ਤਨੁ ਹੋਇ ਨਿਹਾਲੁ ਪਾਪਾ **ਦਹੈ** ਹਰਿ।" (ਸਾੜ ਕੇ ਦੂਰ ਕਰ ਦਿੰਦਾ ਹੈ)

— ਮਾਰੂ **੩**, ਵਾਰ ੨੦ : ੨ (1093)

ਦਖਨਿ — ਸਵੇਰੇ ਸੂਰਜ ਵਲ ਮੂੰਹ ਕਰਕੇ ਖੜੋਨ ਨਾਲ ਸਜੇ ਪਾਸੇ ਦੀ ਦਿਸ਼ਾ

"**ਦਖਨ** ਦੇਸਿ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ।" — ਪ੍ਰਭਾ **ਕਬ**, ੨, ੨ : ੧ (1349)

ਦਖਿਣਹਿ — ਦਖਣ ਦਿਸ਼ਾ ਵਿਚ

"ਉਤਰਿ **ਦਖਿਣਹਿ** ਪੁਬਿ ਅਰ ਪਸ੍ਚਮਿ ਜੈ ਜੈ ਕਾਰ ਜਪੰਥਿ ਨਰਾ।" — ਸਵ **੩**, ੧ : ੬ (1392)

ਦਖਿਣਾ — ਦਾਨ, ਭੇਟਾ

"ਇਕ **ਦਖਿਣਾ** ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ।" — ਪ੍ਰਭਾ **੧**, ੭, ੧* : ੧ (1329)

ਦਖਿਣਿ — ਦਖਣ ਵਲ ਦੀ ਦਿਸ਼ਾ ਵਿਚ, ਵੇਖੋ 'ਦਖਨਿ'

"ਉਤਰਿ **ਦਖਿਣਿ** ਪੁਬਿ ਦੇਸਿ ਪਸ੍ਚਮਿ ਜਸੁ ਭਾਖਹ।"

— ਸਵ **੩**, ੫ : ੨ (1393)

ਦਗਧ — (ਸੰ. ਦਾਧ) ਸੜਿਆ ਹੋਇਆ

"ਕਲਮਲ **ਦੁਗਧ** ਹੋਹਿ ਖਿਨ ਅੰਤਰਿ ਕੋਟਿ ਦਾਨ

ਇਸਨਾਨ।"
— ਸਾਰ **੫**, ੮੯, ੧* : ੨ (1221)

ਦਗਰਾ — ਰਾਹੀ, ਮੁਸਾਫਰ
"ਰਾਮ ਰਸਾਇਨ ਪੀਉ ਰੇ **ਦਗਰਾ**।"
— ਆਸਾ **ਨਾਮ**, ੪, ੩ : ੨ (486)

ਦਗਲੀ — (ਫ਼ਾ. ਦਗਲਾ) ਕੁੜਤੀ, ਕੋਟ
"ਪਹਿਰਉ ਨਹੀ **ਦਗਲੀ** ਲਗੈ ਨ ਪਾਲਾ।"
— ਆਸਾ **ਕਬ**, ੩, ੧* : ੨ (476)

ਦਗਾਈ — ਤਤੇ ਲੋਹੇ ਨਾਲ ਮਥੇ ਉਤੇ ਲਾਇਆ ਨਿਸ਼ਾਨ ਜੋ ਗੁਲਾਮੀ ਦਾ ਚਿੰਨ ਹੁੰਦਾ ਹੈ
"ਤੇਰੇ ਦੁਆਰੈ ਧਨਿ ਸਹਜ ਕੀ ਮਾਥੈ ਮੇਰੇ **ਦਗਾਈ**।"
— ਰਾਮ **ਕਬ**, ੪, ੨ : ੨ (970)

ਦਗਾਨਾ — ਦਾ ਗਿਆ, ਦਾਗ ਲਾਇਆ
" ਹਮਰੈ ਮਸਤਕਿ ਦਾਗੁ **ਦਗਾਨਾ** ਹਮ ਕਰਜ ਗੁਰੂ ਬਹੁ ਸਾਢੇ।" — ਗਉ **੪**, ੫੯, ੨ : ੧ (171)

ਦਝਸੀ — ਸੜੇਗਾ
"ਕੂਫਰ ਗੋਅ ਕੁਫਰਾਣੈ ਪਇਆ **ਦਝਸੀ**।"
— ਮਾਝ **੧**, ਵਾਰ ੯ : ੬ (142)

ਹੋਰ ਰੂਪ — ਦਝਹਿ —
"ਪਵਹਿ **ਦਝਹਿ** ਨਾਨਕ ਤਰੀਐ ਕਰਮੀ ਲਗਿ।" (ਸੜਦੇ ਹਨ)
— ਮਾਝ **੧**, ਵਾਰ ੨੦ਸ, **੧**, ੨ : ੬ (147)
"ਇਕ **ਦਝਹਿ** ਇਕ ਦਬੀਅਹਿ ਇਕਨਾ ਕੁਤੇ ਖਾਹਿ।" (ਸਾੜੇ ਜਾਂਦੇ ਹਨ)
— ਸੋਰ **੪**, ਵਾਰ ੧੬ਸ, **੩**, ੨ : ੧ (648)

ਦਝਹਿ — 1. ਸੜਨਾ, ਦਗਧ ਹੋਣਾ, ਵੇਖੋ 'ਦਝਸੀ'
2. ਸੜਨਾ, ਈਰਖਾਲੂ ਹੋਣਾ
"ਪੜਿ ਪੜਿ **ਦਝਹਿ** ਸਾਂਤਿ ਨ ਆਈ।"
— ਮਾਰੂ **੧**, ਸੋਲ ੬, ੭ : ੨ (1026)

ਦਝਾਂ — ਸੜ ਜਾਂਦਾ
"ਸਾਂਈ ਮੇਰੈ ਚੰਗਾ ਕੀਤਾ ਨਾਹੀ ਤ ਹੰਭੀ **ਦਝਾਂ** ਆਹਿ।" — ਸਲੋ **ਫਰ**, ੩ : ੨ (1378)

ਹੋਰ ਰੂਪ — ਦਝਿ —
"ਦੁਨੀਆ ਕੇਰੀ ਦੋਸਤੀ ਮਨਮੁਖ **ਦਝਿ** ਮਰੰਨਿ।" (ਸੜਕੇ)
— ਸੂਹੀ **੩**, ਅਸ ੩, ੨ : ੧ (755)

ਦਝਿ — 1. ਸੜਕੇ, ਦਗਧ ਹੋ ਕੇ, ਵੇਖੋ 'ਦਝਾਂ'
2. ਈਰਖਾ ਵਿਚ ਗਲਤਾਨ ਹੋ, ਸੜਕੇ
"ਸੂਹੇ ਵੇਸਿ ਪਿਰੁ ਕਿਨੈ ਨ ਪਾਇਓ ਮਨਮੁਖਿ **ਦਝਿ** ਮੁਈ ਗਾਵਾਰਿ।"
— ਸੂਹੀ **੩**, ਵਾਰ ੫ਸ, **੩**, ੧ : ੨ (787)

ਦਝੈ — ਸੜਦੀ ਹੈ
"ਸਾਵਣਿ **ਦਝੈ** ਗੁਣ ਬਾਹਰੀ ਜਿਸੁ ਦੂਜੈ ਭਾਇ ਪਿਆਰੁ।"
— ਮਲਾ **੧**, ਵਾਰ ੧੭ ਸ, **੩**, ੨ : ੧ (1285)
"ਆਪਣੈ ਰੋਹਿ ਆਪੇ ਹੀ **ਦਝੈ**।" (ਗੁੱਸੇ ਵਿਚ ਸੜਨਾ, ਕੁੜ੍ਹਨਾ) — ਸਲੋ **੩**, ੪੬ : ੨ (1418)

ਦੰਡਧਾਰ — ਡੰਡਾ ਧਾਰ (ਜੋਗੀ) ਡੰਡਾ ਪਕੜਨ ਵਾਲਾ
"**ਦੰਡਧਾਰ** ਜਟਧਾਰੈ ਪੇਖਿਓ ਵਰਤ ਨੇਮ ਤੀਰਥਾਏ।" — ਭੈਰ **੫**, ੧੫, ੧ : ੨ (1139)

ਦਤ — ਦਾਤ, ਦਾਨ, ਹੋਰ ਵੇਖੋ 'ਦਤੁ'।
"ਕੰਚਨਾ ਬਹੁ **ਦਤ** ਕਰਾ।"
— ਸਾਰ **੫**, ੧੩੧, ੧* : ੧ (1229)

ਦੰਤ — ਦੰਦ
"ਤੇਰੇ ਬੰਕੇ ਲੋਇਣ **ਦੰਤ** ਰੀਸਾਲਾ।"
— ਵਡ **੧**, ਛੰਤ ੨, ੭ : ੧ (567)

ਹੋਰ ਰੂਪ — ਦੰਤਾ —
"ਮਾਇਆ ਮਮਤਾ ਮੋਹਣੀ ਜਿਨਿ ਵਿਣੁ **ਦੰਤਾ** ਜਗੁ ਖਾਇਆ।" (ਦੰਦਾਂ ਦੇ)
— ਸੋਰ **੪**, ਵਾਰ ੪ਸ, **੩**, ੧ : ੧ (643)

ਦਤਾਰ — ਦਾਤਾ, ਦਾਨ ਦੇਣ ਵਾਲਾ
"ਜੇਤ ਕੀਨ ਉਪਾਰਜਨਾ ਪ੍ਰਭੁ ਦਾਨੁ ਦੇਇ **ਦਾਤਾਰ**।"
— ਮਾਲੀ **੫**, ੭, ੧ : ੨ (988)

ਦਤੁ — (ਸੰ. ਦਤਿ) ਦਾਨ, ਬਖਸ਼ਿਸ਼, ਦਾਤ
"ਤੀਰਥੁ ਤਪੁ ਦਇਆ **ਦਤੁ** ਦਾਨੁ।"
— ਜਪੁ **੧**, ੨੧ : ੧ (4)

ਦੰਤੁ — ਦੰਦਾਂ ਦਾ ਮੰਜਨ, ਦੰਦਾਸਾ
"ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ **ਦੰਤੁ** ਲੇਈ।" — ਆਸਾ **੧**, ੩੫, ੨ : ੧ (359)

ਦੰਦਖੰਡ — ਦੰਦ/ਹਾਥੀ ਦੰਦ ਦਾ ਟੁਕੜਾ
"ਹੀਡੋਲੀ ਚੜਿ ਆਈਆ **ਦੰਦ ਖੰਡ** ਕੀਤੇ ਰਾਸਿ।"
— ਆਸਾ **੧**, ਅਸ ੧੧, ੨ : ੨ (417)

ਦਦਾ — ਗੁਰਮੁਖੀ ਅੱਖਰ ਦਾ 23ਵਾਂ ਅੱਖਰ 'ਦ'

"**ਦਦਾ** ਦਾਤਾ ਏਕੁ ਹੈ ਸਭ ਕਉ ਦੇਵਨਹਾਰ।"
— ਗਉ **੫**, ਬਾਅ ੩੪ : ੧ (257)

ਦੰਦੀ — ਦੰਦਾਂ ਨੂੰ
"**ਦੰਦੀ** ਮੈਲੁ ਨ ਕਤੁ ਮਨਿ ਜੀਭੈ ਸਚਾ ਸੋਇ।"
— ਸੋਰ **੪**, ਵਾਰ ੧ਸ, **੪**, ੧ : ੨ (642)

ਦਦੈ — 'ਦ' ਅਖਰ ਦੁਆਰਾ
"**ਦਦੈ** ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ।"
— ਆਸਾ **੧**, ਪਟੀ ੨੧ : ੧ (433)

ਦਧਾ — ਸੜਿਆ/ਜਲਿਆ ਹੋਇਆ
"ਮਨਮੁਖਿ ਨਾਮੁ ਵਿਸਾਰਿਆ ਜਿਉ ਡਵਿ **ਦਧਾ** ਕਾਨੁ।" — ਸਿਰੀ **੧**, ਅਸ ੧੬, ੬ : ੩ (63)
"ਦਸਵੈ **ਦਧਾ** ਹੋਆ ਸੁਆਹ।" (ਸੜ ਕੇ)
— ਮਾਝ **੧**, ਵਾਰ ੧ਸ, **੧**, ੨ : ੧੦ (138)

ਦਧਿ — ਦਹੀਂ
"**ਦਧਿ** ਕੈ ਭੋਲੈ ਬਿਰੋਲੈ ਨੀਰੁ।"
— ਗਉ **ਕਬ**, ੧੪, ੧* : ੨ (326)
"ਗੁਰਮਤੀ **ਦਧਿ** ਮਥੀਐ ਅੰਮ੍ਰਿਤੁ ਪਾਈਐ ਨਾਮੁ ਨਿਧਾਨਾ।" ('ਸ਼ਬਦ' ਰੂਪੀ ਦਹੀਂ)
— ਮਾਰੂ **੧**, ਅਸ ੧, ੩ : ੨ (1009)

ਦਨੋਤਿ — (ਸੰ. ਦਨੋਤਿ) ਦੁੱਖ ਦਿੰਦਾ
"ਨ **ਦਨੋਤਿ** ਜਸ ਮਰਣੇਨ ਜਨਮ ਜਰਾਧਿ ਮਰਣ ਭਇਅੰ।" — ਗੂਜ **ਜੈਦੇ**, ੧, ੧* : ੩ (526)

ਦਫਤਰਿ — (ਫ਼ਾ. ਦਫਤਰ) ਕੰਮ ਕਰਨ ਦੇ ਸਥਾਨ (ਦਫਤਰ) ਵਿਚ, ਆਫਸ ਵਿਚ
"ਜਾ ਕੈ **ਦਫਤਰਿ** ਪੁਛੈ ਨ ਲੇਖਾ।"
— ਗਉ **੫**, ਅਸ ੬, ੬ : ੩ (238)
"**ਦਫਤਰਿ** ਲੇਖਾ ਮਾਂਗੀਐ ਤਬ ਹੋਇਗੋ ਕਉਨੁ ਹਵਾਲੁ।" (ਰਬੀ ਦਰਗਾਂਹ)
— ਸਲੋ **ਕਬ**, ੧੯੭ : ੨ (1378)

ਦਫਤਰੁ — ਲੇਖਾ (ਭਾਵ)
"ਧਰਮ ਰਾਇ ਕਾ **ਦਫਤਰੁ** ਸੋਧਿਆ ਬਾਕੀ ਰਿਜਮ ਨ ਕਾਈ।" — ਸੂਹੀ **ਕਬ**, ੫, ੩ : ੨ (793)

ਦੰਫਾਨ — ਪਖੰਡ
"ਸੰਧਿਆ ਕਾਲ ਕਰਹਿ ਸਭਿ ਵਰਤਾ ਜਿਉ ਸਫਰੀ **ਦੰਫਾਨ**।" — ਸਾਰ **੫**, ੨, ੩ : ੧ (1203)

ਦਬਟੀਐ — ਦਬ ਕੇ
"ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ **ਦਬਟੀਐ**।" — ਰਾਮ **ਬਸ**, ਵਾਰ ੨ : ੬ (967)

ਦਬਿਓਹੁ — ਦਬਿਆ ਪਿਆ ਹੈ
"ਰੇ ਜਨ ਉਥਾਰੈ **ਦਬਿਓਹੁ** ਸੁਤਿਆ ਗਈ ਵਿਹਾਇ।"
— ਸੋਰ **੪**, ਵਾਰ ੨੩ਸ, **੩**, ੧ : ੧ (651)

ਦਬਿਆ — 1. ਕਾਬੂ ਕੀਤਾ, ਪਕੜ ਵਿਚ ਲੈ ਆਂਦਾ, ਦਬੋਚਿਆ
"ਰਾਤੀ ਊਘੈ **ਦਬਿਆ** ਨਵੇਂ ਸੋਤ ਸਭਿ ਢਿਲਾ।" (ਨੀਂਦਾ/ਦਬੋਚਿਆ)
— ਗਉ **੪**, ਵਾਰ ੯ਸ, **੪**, ੨ : ੨ (304)
2. ਦਫਨ ਕੀਤਾ, ਜ਼ਮੀਨ ਵਿਚ ਗਡਿਆ
"ਅਨਤਾ ਧਨੁ ਧਰਿ **ਦਬਿਆ** ਫਿਰਿ ਬਿਖੁ ਭਾਲਣ ਗਇਆ।"
— ਸੂਹੀ **੪**, ਛੰਤ ੫, ੩ : ੩ (776)

ਦਬੀ — ਨੱਪੀ ਗਈ, ਪਕੜ ਵਿਚ ਆਈ ਹੋਈ
"ਭੈ ਵਿਚਿ ਧਰਤੀ **ਦਬੀ** ਭਾਰਿ।"
— ਆਸਾ **੧**, ਵਾਰ ੪ਸ, **੧**, ੧ : ੪ (464)

ਦਬੀਅਹਿ — ਧਰਤੀ ਹੇਠ ਗਡੀਐ, ਦਫਨ ਕਰੀਏ
"ਇਕ ਦਝਹਿ ਇਕ **ਦਬੀਅਹਿ** ਇਕਨਾ ਕੁਤੇ ਖਾਹਿ।"
— ਸੋਰ **੪**, ਵਾਰ ੧੬ਸ, **੧**, ੨ : ੧ (648)

ਦਬੁ — ਦਰਬ, ਧਨ, ਦੌਲਤ
"ਘਬੁ **ਦਬੁ** ਜਬ ਜਾਰੀਐ ਬਿਛੁਰਤ ਪ੍ਰੇਮ ਬਿਹਾਲ।"
— ਚਉ **੫**, ੭ : ੧ (1364)

ਦਭੁ — ਘਾਹ
"ਫਰੀਦਾ ਥੀਉ ਪਵਾਹੀ **ਦਭੁ**।"
— ਸਲੋ **ਫਰ**, ੧੬ : ੧ (1378)

ਦਮ — ਪੈਸੇ
"ਬਿਨੁ **ਦਮ** ਕੇ ਸਉਦਾ ਨਹੀ ਹਾਟ।"
— ਗਉ **੧**, ਆਸਾ ੧੨, ੫ : ੧ (226)
"ਸੂਮੁ ਕਰਤੇ **ਦਮ** ਆਢ ਕਉ ਤੇ ਗਨੀ ਧਨੀਤਾ।" (ਅਧੀ ਦਮੜੀ)
— ਬਿਲਾ **੫**, ੩੭, ੩ : ੨ (810)

ਦੰਮ — ਪੈਸੇ, ਮਾਇਆ
"ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾ **ਦੰਮ**।"
— ਮਾਰੂ **੩**, ਵਾਰ ੨੧ਸ, **੫**, ੧ : ੧ (1093)

ਦਮੜਾ — ਸਿਕਾ, ਰੁਪਇਆ

"**ਦਮੜਾ** ਪਲੈ ਨਾ ਪਵੈ ਨਾ ਕੋ ਦੇਵੈ ਧੀਰ।"
— ਸਿਰੀ **ਪ**, ੨੬, ੨ : ੨ (70)

ਦੰਮਾ — ਮਾਇਆ, ਪੈਸੇ
"ਮਾਇਆ ਮਨਹੁ ਨ ਵੀਸਰੈ ਮਾਂਗੈ **ਦੰਮਾ** ਦੰਮ।"
— ਮਾਰੂ **ਙ**, ਵਾਰ ੨੧ਸ, **ਪ**, ੧ : ੧ (1093)

ਹੋਰ ਰੂਪ — ਦੰਮਾਂ —
"ਮਾਇਆ ਮਨਹੁ ਨ ਵੀਸਰੈ ਮਾਂਗੈ **ਦੰਮਾਂ** ਦੰਮ"
— ਸਲੋ **ਪ**, ੧੯ : ੧ (1426)

ਦਮਾਮਾ — ਧੌਂਸਾ (ਫਾ. ਦਮਾਮਾ)
"ਗਗਨ **ਦਮਾਮਾ** ਬਾਜਿਓ ਪਰਿਓ ਨੀਸ਼ਾਨੈ ਘਾਓ।"
— ਮਾਰੂ **ਕਬ**, ੧੦, ੧ : ੧ (1105)

ਹੋਰ ਰੂਪ — ਦਮਾਮਿਆ —
"ਲਸਕਰ ਸਣੇ **ਦਮਾਮਿਆ** ਛੁਟੇ ਬੰਕ ਦੁਆਰ।"
— ਸਾਰ **8**, ਵਾਰ ੧੨ਸ, **੧**, ੧ : ੪ (1244)

ਦਮਾਮੇ —
"ਪਾਸਿ **ਦਮਾਮੇ** ਛਤੁ ਸਿਰਿ ਭੇਰੀ ਸਡੋ ਰਡ।"
— ਸਲੋ **ਫਰ**, ੪੫ : ੧ (1380)

ਦਮਿ — ਸੁਆਸ/ਸਾਹ ਨਾਲ
"**ਦਮਿ ਦਮਿ** ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ।"
— ਬਿਹਾ **8**, ਵਾਰ ੧੯ਸ, **ਙ**, ੨ : ੩ (556)

ਹੋਰ ਰੂਪ — ਦਮੁ —
"ਇਕੁ **ਦਮੁ** ਸਾਚਾ ਵੀਸਰੈ ਜਾ ਵੇਲਾ ਬਿਰਥਾ ਜਾਇ।" (ਸੁਆਸ)
— ਗੂਜ **ਙ**, ਅਸ ੧, ੯ : ੧ (506)

ਦੰਮੁ —
"ਦਮਿ ਦਮਿ ਸਦਾ ਸਮਾਲਦਾ **ਦੰਮੁ** ਨ ਬਿਰਥਾ ਜਾਇ।"
— ਬਿਹਾ **8**, ਵਾਰ ੧੯ਸ, **ਙ**, ੨ : ੩ (556)
"ਜਿਚਰੁ ਵਿਚਿ **ਦੰਮੁ** ਹੈ ਤਿਚਰੁ ਨ ਚੇਤਈ ਕਿ ਕਰੇਗੁ ਅਗੈ ਜਾਇ।"
— ਬਿਹਾ **8**, ਵਾਰ ੧੯ਸ, **ਙ**, ੧ : ੨ (556)

ਦਮੋਦਰ — ਜਿਸ ਦੇ ਪੇਟ ਦੁਆਲੇ ਰੱਸੀ ਸੀ, ਸ੍ਰੀ ਕ੍ਰਿਸ਼ਨ ਅਰਥਾਤ ਵਾਹਿਗੁਰੂ
"ਦੀਨ ਦਇਆਲ **ਦਮੋਦਰ** ਰਾਇਆ ਜੀਓ।"
— ਗਉ **ਪ**, ੧੬੬*, ੧ : ੧ (216)

ਹੋਰ ਰੂਪ — ਦਮੋਦਰੁ —
"ਦਇਆਲੁ **ਦਮੋਦਰੁ** ਗੁਰਮੁਖਿ ਪਾਈਐ ਹੋਰਤੁ ਕਿਤੈ ਨ ਭਾਤੀ ਜੀਉ।"
— ਮਾਝ **ਪ**, ੧੩, ੨ : ੩ (98)

ਦਯ — ਰਖਿਆ ਕਰਨ ਵਾਲਾ, ਦਇਆ ਕਰਨ ਵਾਲਾ
"**ਦਯ** ਗੁਸਾਈ ਮੀਤੁਲਾ ਤੂੰ ਸੰਗਿ ਹਮਾਰੈ ਬਾਸੁ ਜੀਉ।" — ਗਉ **ਪ**, ੧੧੬*, ੧* : ੧ (203)

ਦਯਾ — ਕ੍ਰਿਪਾ, ਰਹਮ, ਦਇਆ
"ਜੀਅ ਜੰਤ ਹੋਏ ਮਿਹਰਵਾਨਾ **ਦਯਾ** ਧਾਰੀ ਹਰਿ ਨਾਥ।" — ਟੋਡੀ **ਪ**, ੧੪, ੨ : ੧ (714)

ਦਯਾਰੰ — ਦਇਆ
"ਬਿਨਵੰਤਿ ਨਾਨਕ ਹਰਿ ਗਰ **ਦਯਾਰੰ**।"
— ਸਸ **ਪ**, ੬੪ : ੪ (1360)

ਦਯਾਲ — ਦਇਆਵਾਨ
"ਰੇ ਚਿਤ ਚੇਤਸਿ ਕੀ ਨ **ਦਯਾਲ** ਦਮੋਦਰ ਬਿਬਹਿ ਨ ਜਾਨਸਿ ਕੋਈ।"
— ਆਸਾ **ਧੰਨਾ** ੩, ੧* : ੧ (488)

ਹੋਰ ਰੂਪ — ਦਯਾਲੰ —
"**ਦਯਾਲੰ** ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ।"
— ਸਸ **ਪ**, ੪੦ : ੩ (1357)

ਦਯਾਲਹ —
"ਹੇ ਸਰਣਿ ਜੋਗ **ਦਯਾਲਹ** ਦੀਨਾ ਨਾਥ ਮਯਾ ਕਰੋ।" — ਸਸ **ਪ**, ੫੦ : ੩ (1358)

ਦਯਾਲਿ —
"ਸਤਗੁਰਿ **ਦਯਾਲਿ** ਹਰਿ ਨਾਮੁ ਦ੍ਰਿੜ੍ਹਾਯਾ ਤਿਸੁ ਪ੍ਰਸਾਦਿ ਵਸਿ ਪੰਚ ਕਰੇ।"
— ਸਵ **8**, ਕਲ ੩ : ੩ (1397)

ਦਯਾਲੁ —
"ਮਥੁਰਾ ਜਨ ਕੋ ਪ੍ਰਭੁ ਦੀਨ **ਦਯਾਲੁ** ਹੈ ਸੰਗਤਿ ਸ੍ਰਿਸ੍ਟਿ ਨਿਹਾਲੁ ਕਰੀ।"
— ਸਵ **ਪ**, ਮਥੁ ੪ : ੩ (1409)

ਦਯਿ — ਹਰੀ/ਵਾਹਿਗੁਰੂ ਦੇ, (ਪ੍ਰਕਾਸ਼ ਰੂਪ ਹਰਿ)
"**ਦਯਿ** ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾ।"
— ਮਾਝ **੧**, ਵਾਰ ੨੬ਸ, **੧**, ੧ : ੧੧ (150)

ਹੋਰ ਰੂਪ — ਦਯੁ —
"ਸਭ ਹੋਈ ਛਿੰਝ ਇਕਠੀਆ **ਦਯੁ** ਬੈਠਾ ਵੇਖੈ

ਆਪਿ ਜੀਉ।" (ਪ੍ਰਭੂ)
— ਸਿਰੀ **੫**, ਅਸ ੨੯, ੧੭ : ੩ (74)
"ਨਾਨਕ ਲੜਿ ਲਾਇ ਉਧਾਰਿਅਨੁ **ਦਯੁ** ਸੇਵਿ ਅਮਿਤਾ।" (ਪ੍ਰਭੂ)
— ਗਉ **੫**, ਵਾਰ ੧੯ : ੫ (323)

ਦਯੁ — 1. ਪ੍ਰਭੂ, ਹਰਿ, ਵੇਖੋ 'ਦਯਿ'
2. ਪੂਜਯ ਦੇਵ
"ਗੁਰੁ ਨਾਰਾਇਣੁ **ਦਯੁ** ਗੁਰੁ ਗੁਰੁ ਸਚਾ ਸਿਰਜਣਹਾਰੁ।"
— ਗਉ **੫**, ੧੭੦*, ੪ : ੧ (218)
ਹੋਰ ਰੂਪ — ਦੰਯੈ —
"ਮੈ ਜੁਗਿ ਜੁਗਿ **ਦਯੈ** ਸੇਵੜੀ।" (ਪ੍ਰਭੂ ਦੀ, ਪ੍ਰਕਾਸ਼ ਰੂਪ ਹਰੀ ਦੀ)
— ਸਿਰੀ **੫**, ਅਸ ੨੯, ੨੧ : ੧ (74)

ਦਰ — 1. (ਫਾ. ਦਰ) ਦਰਵਾਜਾ
"**ਦਰ** ਘਰ ਮਹਲਾ ਸੋਹਣੇ ਪਕੇ ਕੋਟ ਹਜਾਰ।"
— ਸਿਰੀ **੧**, ਅਸ ੧੬, ੩ : ੧ (63)
"ਨਉ **ਦਰ** ਠਾਕੇ ਧਾਵਤੁ ਰਹਾਏ।" (ਨੌਂ ਗੋਲਕਾਂ ਰੂਪ ਦਰਵਾਜੇ)
— ਮਾਝ **੩**, ਅਸ ੨੫, ੬ : ੧ (124)
"ਪੰਚ ਪਹਰੂਆ **ਦਰ** ਮਹਿ ਰਹਤੇ ਤਿਨ ਕਾ ਨਹੀ ਪਤੀਆਰਾ।"
— ਗਉ **ਕਬ**, ੭੩, ੨ : ੧ (339)
2. ਹਰੀ ਦਾ ਦਰਵਾਜਾ
"ਫਰੀਦਾ **ਦਰ** ਦਰਵੇਸੀ ਗਾਖੜੀ ਚਲਾਂ ਦੁਨੀਆਂ ਭਤਿ।" — ਸਲੋ **ਫਰ**, ੨ : ੧ (1377)
3. ਦਰਬਾਰ
"**ਦਰ** ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ।"
— ਆਸਾ **੧**, ੩੮, ੩ : ੨ (360)
"ਮਨੁ ਤਨੁ ਧਨੁ ਅਪੁਨਾ ਕਰਿ ਜਾਨਿਆ **ਦਰ** ਕੀ ਖਬਰਿ ਨ ਪਾਈ।" (ਪ੍ਰਭੂ ਦੇ ਦਰਬਾਰ ਵਿਚ)
— ਸੋਰ **੧**, ੩, ੩ : ੨ (596)
4. ਅੰਦਰ ਵਿਚ
"ਯਕ ਅਰਜ ਗੁਫਤਮ ਪੇਸਿ ਤੋ **ਦਰ** ਗੋਸ ਕੁਨ ਕਰਤਾਰ।" — ਤਿਲੰ **੧**, ੧, ੧ : ੧ (721)
"ਸਬ ਰੋਜ ਗਸਤਮ **ਦਰ** ਹਵਾ ਕਰਦੇਮ ਬਦੀ ਖਿਆਲ।" — ਤਿਲੰ **੧**, ੧, ੩ : ੨ (721)

ਦਰਸ — 1. ਦਰਸ਼ਨ, ਦੀਦਾਰ
"ਨਾਨਕੁ ਮੰਗੈ **ਦਰਸ** ਦਾਨੁ ਕਿਰਪਾ ਕਰਹੁ ਹਰੇ।"
— ਮਾਝ **੫**, ਬਾਰ ੧੪ : ੮ (136)
2. ਦਰਸ਼ਨ, ਸ਼ਾਸ਼ਤਰ
"ਸਿਮ੍ਰਿਤ ਸਾਸਤ੍ਰ ਬੇਦ ਚਾਰਿ ਖਟੁ **ਦਰਸ** ਸਮਾਸੀ।"
— ਮਾਰੂ **੫**, ਵਾਰ ੧੮ : ੩ (1100)

ਦਰਸਨ — 1. ਦੀਦਾਰ
"ਤੇਰੇ **ਦਰਸਨ** ਕਉ ਬਲਿਹਾਰਣੈ ਤੁਸਿ ਦਿਤਾ ਅੰਮ੍ਰਿਤ ਨਾਮੁ।" — ਸਿਰੀ **੫**, ੯੮, ੧* : ੨ (52)
ਹੋਰ ਰੂਪ — ਦਰਸਨੰ —
"ਮਿਸਟੰ ਸਾਧਸੰਗਿ ਹਰਿ ਨਾਨਕ ਦਾਸ ਮਿਸਟੰ ਪ੍ਰਭ **ਦਰਸਨੰ**।"
— ਜੈਤ **੫**, ਵਾਰ ੧੧ਸ, **੫**, ੧ : ੨ (708)
ਦਰਸਨਹ —
"ਜਨਮ ਮਰਣ ਰਹੰਤ ਸ੍ਰੋਤਾ ਸੁਖ ਸਮੂਹ ਅਮੋਘ **ਦਰਸਨਹ**।" — ਸਸ **੫**, ੧੯ : ੩ (1355)
ਦਰਸਨਾ —
"ਤਿਨ ਕਾ ਮੈ ਨ ਕਰਉ **ਦਰਸਨਾ**।"
— ਭੈਰ **ਨਾਮ**, ੨, ੧* : ੨ (1163)
ਦਰਸਨਿ —
"**ਦਰਸਨਿ** ਤੇਰੈ ਭਵਨ ਪੁਨੀਤਾ।" (ਦਰਸਨ ਦੁਆਰਾ) — ਮਾਝ **੫**, ੧੮, ੩ : ੧ (99)
ਦਰਸਨੁ —
"ਬਿਨੁ ਭਾਗਾ **ਦਰਸਨੁ** ਨ ਥੀਐ ਭਾਗਹੀਣ ਬਹਿ ਰੋਇ।"
— ਸਿਰੀ **੪**, ੬੮, ੩ : ੨ (41)
ਦਰਸਨੋ —
"ਦੇਖਿ ਤੁਮ੍ਹਾਰਾ **ਦਰਸਨੋ** ਮੇਰਾ ਮਨੁ ਧੀਰੇ।"
— ਆਸਾ **੫**, ੧੧੧, ੧* : ੨ (398)
2. ਭੇਖ (ਇਹ ਛੇ ਭੇਖ ਹਨ : ਜੋਗੀ, ਜੰਗਮ, ਸੰਨਿਆਸੀ, ਬੋਧੀ, ਸਰੇਵੜੇ, ਬੈਰਾਗੀ)
"ਖਟੁ **ਦਰਸਨ** ਜੋਗੀ ਸੰਨਿਆਸੀ ਬਿਨੁ ਗੁਰ ਭਰਮਿ ਭੁਲਾਏ।"
— ਸਿਰੀ **੩**, ਅਸ ੨੨, ੫ : ੧ (67)
ਹੋਰ ਰੂਪ — ਦਰਸਨੁ —
"**ਦਰਸਨੁ** ਆਪਿ ਸਹਜ ਘਰਿ ਆਵੈ।" (ਭੇਖ ਇਹ ਹੋਵੇ ਕਿ ਆਪ ਸਹਜ ਆਤਮਕ ਸ਼ਾਂਤੀ

ਵਾਲੀ ਅਵਸਥਾ ਪਕੜੇ)

— ਆਸਾ **੧**, ਅਸ ੭, ੪ : ੩ (411)

"**ਦਰਸਨੁ** ਛੋਡਿ ਭਏ ਸਮਦਰਸੀ ਏਕੋ ਨਾਮੁ ਧਿਆਵਹਿਗੇ।" (ਭੇਖ)

— ਮਾਰੂ **ਕਬ**, ੪, ੨ : ੨ (1103)

3. ਸ਼ਾਸ਼ਤਰ, ਵਿਚਾਰਧਾਰਾਵਾਂ (ਛੇ ਸ਼ਾਸ਼ਤਰ : ਸਾਂਖ, ਨਿਆਇ, ਵੈਸੈਸ਼ਿਕ, ਮੀਮਾਂਸਾ, ਯੋਗ ਤੇ ਵਿਦਾਂਤ)

"ਮਨ ਚੂਰੇ ਖਟੁ **ਦਰਸਨ** ਜਾਣੁ।"

— ਆਸਾ **੧**, ੧੧, ੧* : ੧ (352)

ਹੋਰ ਰੂਪ — ਦਰਸਨੁ —

"ਗੁਰ ਕਾ **ਦਰਸਨੁ** ਅਗਮ ਅਪਾਰਾ।" (ਮਤ, ਧਰਮ ਸਿਖਿਆ ਪ੍ਰਣਾਲੀ)

— ਆਸਾ **੩**, ੪੦, ੧ : ੪ (361)

"ਵਰੁ ਘਰੁ ਦਰੁ **ਦਰਸਨੁ** ਨਹੀ ਜਾਤਾ ਪਿਰ ਕਾ ਸਹਜੁ ਨ ਭਾਇਆ।"

— ਸੂਹੀ **੧**, ਛੰਤ ੧, ੧ : ੪ (763)

ਦਰਸਾ — ਦਰਸ਼ਨ, ਦੀਦਾਰ

"ਇਕਿ ਲੁਕਿ ਨ ਦੇਵਹਿ **ਦਰਸਾ**।"

— ਸਿਰੀ **੫**, ਅਸ ੨੭, ੬ : ੨ (71)

ਦਰਸਾਇਆ — ਦਰਸ਼ਨ, ਦੀਦਾਰ

"ਆਸ ਮਨੋਰਥੁ ਪੂਰਨੁ ਹੋਵੈ ਭੇਟਤ ਗੁਰ **ਦਰਸਾਇਆ** ਜੀਉ।"

— ਮਾਝ **੫**, ੩੨, ੨ : ੩ (104)

ਦਰਸਾਇਣਾ — ਦਰਸ਼ਨਾਂ/ਦੀਦਾਰ ਤੋਂ

"ਏਕੰਕਾਰੁ ਸਤਿਗੁਰ ਤੇ ਪਾਈਐ ਹਉ ਬਲਿ ਗੁਰ **ਦਰਸਾਇਣਾ**।"

— ਮਾਰੂ **੫**, ਸੋਲਾ ੭, ੮ : ੩ (1078)

ਦਰਸਾਏ — ਦਰਸ਼ਨ

"ਕਿਰਪਾ ਪਾਏ ਸਹਜਾਏ **ਦਰਸਾਏ** ਅਬ ਰਾਤਿਆ ਗੋਵਿੰਦ ਸਿਉ।"

— ਆਸਾ **੫**, ੧੫੩, ੧ : ੧ (408)

ਦਰਸਾਯਉ — ਦਰਸ਼ਨ ਕਰਵਾਏ, ਦਿਖਾਇਆ

"ਅਗਮੁ ਅਗੋਚਰੁ ਪਾਰਬ੍ਰਹਮੁ ਸਤਿਗੁਰਿ **ਦਰਸਾਯਉ**।" — ਸਵ **੫**, ਕਲ ੨ : ੩ (1407)

ਦਰਸਾਰ — ਦਰਸ਼ਨ

"ਖੋਜਤੀ **ਦਰਸਾਰ**।"

— ਸਵ **੫**, ੧੩੬, ੧* : ੨ (1230)

ਹੋਰ ਰੂਪ — ਦਰਸਾਰਾ —

"ਤੇਰਾ ਰੂਪੁ ਅਗੰਮੁ ਹੈ ਅਨੂਪੁ ਤੇਰਾ **ਦਰਸਾਰਾ**।"

— ਸੂਹੀ **੫**, ੪੭, ੩ : ੧ (746)

ਦਰਸਾਰੀ —

"ਜਨਮ ਮਰਣ ਕੋ ਚੂਕੋ ਸਹਸਾ ਸਾਧਸੰਗਤਿ **ਦਰਸਾਰੀ**।" (ਦਰਸ਼ਨਾਂ ਸਦਕਾ)

— ਗਉ **੫**, ੧੨੯*, ੩ : ੨ (207)

ਦਰਸਾਰੁ —

"ਅਵਲੋਕਨ ਪੁਨਹ ਪੁਨਹ ਕਰਉ ਜਨ ਕਾ **ਦਰਸਾਰੁ**।"

— ਸੂਹੀ **੫**, ੪੨, ੩ : ੧ (745)

ਦਰਸਾਰੇ —

"ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਮੋਹਿ ਠਾਕੁਰ ਹੀ **ਦਰਸਾਰੇ**।"

— ਦੇਵ **੫**, ੨੯, ੧ : ੨ (534)

ਦਰਸਾਰੈ —

"ਕਹੁ ਨਾਨਕ ਪ੍ਰਭ ਭਏ ਕ੍ਰਿਪਾਲਾ ਮਗਨ ਭਏ ਹੀਅਰੈ **ਦਰਸਾਰੈ**।" (ਦਰਸ਼ਨ ਕਰਕੇ)

— ਕਾਨ **੫**, ੨੪, ੨ : ੨ (1302)

ਦਰਸਾਵਣੇ — ਦਰਸ਼ਨ, ਦੀਦਾਰ

"ਦਾਸਾ ਨਹ ਭਾਵਏ ਬਿਨੁ **ਦਰਸਾਵਏ** ਇਕ ਖਿਨੁ ਧੀਰਜੁ ਕਿਉ ਕਰੈ।"

— ਸਿਰੀ **੫**, ਛੰਤ ੩, ੧ : ੩ (80)

ਹੋਰ ਰੂਪ — ਦਰਸਾਵਾ —

"ਨੈਣ ਤ੍ਰਿਪਤਾਸੇ ਦੇਖਿ **ਦਰਸਾਵਾ** ਗੁਰਿ ਕਰ ਧਾਰੈ ਮੇਰੈ ਮਾਥੇ।" (ਦਰਸ਼ਨ)

— ਸਾਰ **੫**, ੪੩, ੨ : ੧ (1213)

ਦਰਸਾਵੈ —

"ਮਨਿ ਪਿਆਸ ਬਹੁਤੁ **ਦਰਸਾਵੈ**।" (ਦਰਸਨ ਦੀ) — ਨਟ **੫**, ੧, ੧* : ੨ (978)

ਦਰਸਿ — 1. ਦਰਸਨ ਵਿਚ

"ਨਾਨਕ ਹਰਿ ਕੈ **ਦਰਸਿ** ਸਮਾਇਆ।"

— ਗਉ **੫**, ਬਾਅ ੧੩ : ੮ (252)

2. ਦਰਸਨ ਰਾਹੀਂ/ਦਰਸ਼ਨ ਦੁਆਰਾ

"ਤਿਸਿ ਕੈ **ਦਰਸਿ** ਸਭ ਪਾਪ ਮਿਟਾਵਹਿ।"

— ਗਉ **੫**, ਸੁਖ ੧੭, ੮ : ੬ (286)

ਦਰਸੁ — ਦਰਸ਼ਨ ਦੀਦਾਰ
"ਨਾਮ ਵਿਹੂਣੇ ਕਿਆ ਗਣੀ ਜਿਸੁ ਹਰਿ ਗੁਰ **ਦਰਸੁ** ਨ ਹੋਇ।"
— ਸਿਰੀ **੧**, ਅਸ ੧੫, ੬ : ੩ (63)
"ਦਰਸੁ ਸਫਲਿਓ **ਦਰਸੁ** ਪੇਖਿਓ ਗਏ ਕਿਲਬਿਖ ਗਏ।" — ਮਲਾ **੫**, ੨੬, ੧ : ੧ (1272)
(ਮਹਾਨਕੋਸ਼ ਨੇ ਇਸ ਤੁਕ ਦੀ ਉਦਾਹਰਣ 'ਦਰਸੁ' ਦੇ 'ਦ੍ਰਿਸ਼' ਅਰਥ ਹੇਠ ਦਿਤੀ ਹੈ
ਹੋਰ ਰੂਪ — ਦਰਸੈ —
"ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨਭਉ ਭਾਉ ਨ **ਦਰਸੈ**।"
— ਰਾਮ **ਰਵਿ**, ੧, ੧ : ੧ (973)

ਦਰਹਾਲੀ — ਤੁਰੰਤ, ਫੌਰਨ
"ਸਤਿਗੁਰ ਆਖੈ ਸਚਾ ਕਰੇ ਸਾ ਬਾਤ ਹੋਵੈ **ਦਰਹਾਲੀ**। — ਰਾਮ **ਬਸ**, ੩ : ੩ (967)
ਹੋਰ ਰੂਪ — ਦਰਹਾਲੁ —
"ਚਲੁ **ਦਰਹਾਲੁ** ਦੀਵਾਨਿ ਬੁਲਾਇਆ" (ਇਸ ਹਾਲ ਵਿਚ ਛੇਤੀ)
— ਸੂਹੀ **ਕਬ**, ੩, ੧* : ੧ (792)

ਦਰਖਤ — (ਫਾ.ਦਰਖਤ) ਬਿਰਛ,
"**ਦਰਖਤ** ਆਬ ਆਸ ਕਰ।"
— ਮਾਝ **੧**, ਵਾਰ ੧੩ਸ, **੧**, ੬ : ੨ (144)
"ਅਸਮਾਨ ਜਿਮੀ **ਦਰਖਤ** ਆਬ ਪੈਦਾਇਸਿ ਖੁਦਾਇ।" — ਤਿਲੰ **੫**, ੧, ੧ : ੨ (723)

ਦਰਗਹ — (ਫਾ. ਦਰਗਾਹ) ਦਰਬਾਰ, ਰੱਬੀ ਕਚਿਹਿਰੀ, ਪ੍ਰਭੂ ਦੇ ਹਜ਼ੂਰ
"ਜਿਤੁ ਸੇਵਿਐ ਸੁਖੁ ਪਾਈਐ ਤੇਰੀ **ਦਰਗਹ** ਚਲੈ ਮਾਣੁ।" — ਸਿਰੀ **੧**, ੫, ੧* : ੨ (15)
"ਖੜਿ **ਦਰਗਹ** ਪੈਨਾਈਐ ਮੁਖਿ ਹਰਿ ਨਾਮ ਨਿਵਾਸੁ।" — ਸਿਰੀ **੧**, ੧੮, ੩ : ੩ (21)
"**ਦਰਗਹ** ਅੰਦਰਿ ਪਾਈਐ ਤਗੁ ਨ ਤੂਟਸਿ ਪੂਤ।"
— ਆਸਾ **੧**, ਵਾਰ ੧੫ਸ, **੧**, ੩ : ੨ (471)
(ਮਹਾਨਕੋਸ਼ ਇਥੇ 'ਦਰਗਹ' ਦਾ ਅਰਥ 'ਸਾਧੂ ਸਭਾ' 'ਸਤਸੰਗ' ਕਰਦੇ ਹਨ)
ਹੋਰ ਰੂਪ — ਦਰਗਹਿ —
"ਪੰਚੇ ਪਾਵਹਿ **ਦਰਗਹਿ** ਮਾਨੁ।" (ਦਰਗਾਹ ਵਿਚ) — ਜਪੁ **੧**, ੧੬ : ੨ (3)

ਦਰਜੀ — (ਫਾ. ਦਰਜ਼ੀ) ਕਪੜੇ ਸਿਊਣ ਵਾਲਾ
"ਲੋਹਾ ਵਢੇ **ਦਰਜੀ** ਪਾੜੇ ਸੂਈ ਧਾਗਾ ਸੀਵੈ।"
— ਰਾਮ **੩**, ਵਾਰ ੧੯ਸ, **੧**, ੧ : ੩ (955)

ਦਰਦ — (ਫਾ. ਦਰਦ) ਪੀੜ, ਦੁਖ
"ਦੀਨ **ਦਰਦ** ਦੁਖ ਭੰਜਨਾ ਸੇਵਕ ਕੈ ਸਤ ਭਾਇ।"
— ਸਿਰੀ **੫**, ੮੩, ੧ : ੩ (46)

ਦਰਦਵੰਦ — (ਫਾ. ਦਰਦਮੰਦ) ਦਰਦ ਵਾਲਾ, ਪੀੜਾ ਵਾਲਾ
"ਦੁਖੀਏ **ਦਰਦਵੰਦ** ਦਰਿ ਤੇਰੈ ਨਾਮਿ ਰਤੇ ਦਰਵੇਸ ਭਏ।" — ਆਸਾ **੧**, ੩੩, ੩ : ੨ (358)
ਹੋਰ ਰੂਪ — ਦਰਦਵੰਦੁ —
"ਦੁਖੀਆ **ਦਰਦਵੰਦੁ** ਦਰਿ ਆਇਆ।"
— ਸੂਹੀ **ਰਵਿ**, ੧, ੩ : ੧ (793)

ਦਰਦਾ — ਪੀੜ
"ਅਨਦੁ ਭਇਆ ਨਿਕਸੀ ਸਭ ਪੀਰਾ ਸਗਲ ਬਿਨਾਸੇ **ਦਰਦਾ** ਜੀਉ।"
— ਮਾਝ **੫**, ੨੪, ੨ : ੩ (101)
ਹੋਰ ਰੂਪ — ਦਰਦੁ —
"ਜਿਸੁ ਸਿਮਰਤ ਸੁਖੁ ਹੋਇ ਘਣਾ ਦੁਖੁ **ਦਰਦੁ** ਨ ਮੂਲੇ ਹੋਇ।" (ਪੀੜਾ)
— ਸਿਰੀ **੫**, ੭੭, ੨ : ੨ (44)

ਦਰਪਨ — ਸ਼ੀਸ਼ਾ, ਆਇਨਾ
"ਸੋ ਤੁਮ ਹੀ ਮਹਿ ਬਸੈ ਨਿਰੰਤਰਿ ਨਾਨਕ **ਦਰਪਨ** ਨਿਆਈ।" — ਸੋਰ **੯**, ੫, ੩ : ੨ (632)

ਦਰਬ — ਧਨ, ਦੌਲਤ, ਹੋਰ ਵੇਖੋ 'ਦਰਬਿ', 'ਦਰਬੁ'
"ਕਈ ਕੋਟਿ ਪਰ **ਦਰਬ** ਕਉ ਹਿਰਹਿ।"
— ਗਉ **੫**, ਸੁਖ ੧੦, ੨ : ੫ (275)

ਦਰਬਵੰਤ — ਧਨੀ, ਦੌਲਤਮੰਦ, ਅਮੀਰ
"**ਦਰਬਵੰਤ** ਦਰਬੁ ਦੇਖਿ ਗਰਬੈ ਭੂਮਵੰਤੁ ਅਭਿਮਾਨੀ।" — ਧਨਾ **੫**, ੩੪, ੧ : ੧ (679)

ਦਰਬਾ — ਧਨ, ਦੌਲਤ
"ਰਾਜ ਮਿਲਖ ਨਹੀ ਆਪਨ **ਦਰਬਾ**।"
— ਗਉ **੫**, ੧੦੬, ੧ : ੨ (187)

ਦਰਬਾਰ — 1. (ਫਾ. ਦਰਬਾਰ) ਰਬ ਦੀ ਦਰਗਾਹ
"ਜੈ ਜੈ ਕਾਰੁ ਸਗਲ ਭੂ ਮੰਡਲ ਮੁਖ ਊਜਲ **ਦਰਬਾਰ**।" — ਧਨਾ **੫**, ੨੮, ੩ : ੨ (678)
2. ਬਾਦਸ਼ਾਹ ਦੀ ਸਭਾ

"ਵਲੀ ਨਿਆਮਤਿ ਬਿਰਾਦਰਾ **ਦਰਬਾਰ** ਮਿਲਕ ਖਾਨਾਇ।" — ਤਿਲੰ **੫**, ੧, ੩ : ੧ (723)

ਦਰਬਾਰਨ — ਦਰਬਾਰ ਵਾਲੇ, ਅਰਥਾਤ ਰਾਜੇ, ਹਾਕਮ
"**ਦਰਬਾਰਨ** ਮਹਿ ਤੇਰੋ ਦਰਬਾਰਾ ਸਰਨ ਪਾਲਨ ਟੀਕਾ।" — ਗੂਜ **੫**, ਅਸ ੧, ੫ : ੧ (507)

ਦਰਬਾਰਿ — 1. ਦਰਬਾਰ ਵਿਚ, ਰਾਜਸਭਾ ਵਿਚ
"ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ **ਦਰਬਾਰਿ**।" — ਸਿਰੀ **੩**, ੩੮, ੧ : ੨ (28)
2. ਦਰਬਾਰ ਨਾਲ
"ਸਿਫਤੀ ਗੰਢੁ ਪਵੈ **ਦਰਬਾਰਿ**।" — ਮਾਝ **੧**, ਵਾਰ ੧੨ਸ, ੧, ੨ : ੧੪ (143)
3. ਦਰਬਾਰੀ, ਦਰਬਾਰ ਵਿਚ ਬੈਠਣ ਵਾਲਾ
"ਮੇਟੀ ਜਾਤਿ ਹੂਏ **ਦਰਬਾਰਿ**।" — ਗੋਂਡ **ਰਵਿ**, ੧, ੩ : ੩ (875)

ਦਰਬਾਰੀ — 1. ਦਰਬਾਰ ਵਾਲੇ, ਦਰਬਾਰ ਵਿਚ ਬੈਠਣ ਵਾਲੇ
"ਇਹ ਆਮਰਿ ਹਮ ਗੁਰਿ ਕੀਏ **ਦਰਬਾਰੀ**।" — ਆਸਾ **੫**, ੪, ੪* : ੨ (371)
2. ਦਰਬਾਰੀਆਂ ਨੇ
"ਪੰਚ ਕ੍ਰਿਸਾਨਵਾ ਭਾਗਿ ਗਏ ਲੈ ਬਾਧਿਓ ਜੀਉ **ਦਰਬਾਰੀ**।" — ਮਾਰੂ **ਕਬ**, ੨, ੨ : ੨ (1104)

ਦਰਬਾਰੁ — 1. ਰਬੀ ਦਰਗਾਹ, ਪ੍ਰਭੂ ਦੀ ਸਭਾ
"ਫੇਰਿ ਕਿ ਅਗੈ ਰਖੀਐ ਜਿਤੁ ਦਿਸੈ **ਦਰਬਾਰੁ**।" — ਜਪੁ **੧**, ੪ : ੩ (2)
2. ਰਾਜ ਸਭਾ
"ਸਚੁ ਤੇਰਾ **ਦਰਬਾਰੁ** ਸਬਦੁ ਨੀਸਾਣਿਆ।" — ਮਾਝ **੧**, ਵਾਰ ੧੩ : ੩ (144)
3. ਦਰ ਦਰ, ਥਾਂ ਥਾਂ
"ਅੰਤਰਿ ਤਿਸਾ ਭੂਖ ਅਤਿ ਬਹੁਤੀ ਭਉਕਤ ਫਿਰੈ **ਦਰਬਾਰੁ**।" — ਭੈਰ **੩**, ੧੮, ੨ : ੨ (1132)

ਦਰਬਾਰੇ — 1. ਦਰਬਾਰ ਨੂੰ
"ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ **ਦਰਬਾਰੇ** ਜੀਉ।" — ਮਾਝ **੫**, ੮, ੩ : ੩ (97)
2. ਦਰਬਾਰ ਵਿਚ, ਪ੍ਰਭੂ ਦੀ ਦਰਗਾਹ ਵਿਚ
"ਮੁਖ ਉਜਲ ਹੋਵਹਿ **ਦਰਬਾਰੇ**।" — ਗਉ **੫**, ੧੨੩, ੧* : ੨ (190)

ਦਰਬਿ — ਧਨ, ਦੌਲਤ ਪਦਾਰਥ ਨਾਲ, ਹੋਰ ਵੇਖੋ 'ਦਰਬ'
"**ਦਰਬਿ** ਭਰੇ ਭੰਡਾਰ ਰੀਤੇ ਇਕਿ ਖਣੇ।" — ਮਾਲ **੧**, ਵਾਰ ੮ : ੪ (141)
ਹੋਰ ਰੂਪ — ਦਰਬੁ —
"ਬਹੁਤੁ **ਦਰਬੁ** ਕਰਿ ਮਨੁ ਨ ਅਘਾਨਾ।" (ਧਨ, ਦੌਲਤ) — ਗਉ **੫**, ੮੦, ੧ : ੧ (179)
ਦਰਬੈ —
"ਜਾ ਸਭੁ ਕਿਛੁ ਤਿਸ ਕਾ ਦੀਆ **ਦਰਬੈ**।" (ਧਨ) — ਗਉ **੫**, ਸੁਖ ੧੫, ੨ : ੪ (282)

ਦਰਮਾਦੇ — (ਫਾ.ਦਰਮਾਂਦਾ) ਆਜ਼ਿਜ਼ /ਨਿਮਾਣਾ ਹੋ ਕੇ, ਦੀਨ ਹੋ ਕੇ, ਲਾਚਾਰ ਹੋ ਕੇ, ਥਕੇ ਹੋਏ
"**ਦਰਮਾਦੇ** ਠਾਢੇ ਦਰਬਾਰਿ।" — ਬਿਲਾ **ਕਬ**, ੨, ੧* : ੧ (856)

ਦਰਵਾਜ — (ਫਾ. ਦਰਵਾਜ਼ਾ) ਦਰ , ਭਿਤ, ਬੂਹਾ, ਕਿਵਾੜ
"ਏਕ ਮਸੀਤਿ ਦਸੈ **ਦਰਵਾਜ**।" — ਭੈਰ **ਕਬ**, ੪, ੧* : ੨ (1158)
ਹੋਰ ਰੂਪ — ਦਰਵਾਜਾ —
"ਦੁਖੁ **ਦਰਵਾਜਾ** ਰੋਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ।" — ਰਾਮ **੧**, ੩, ੨ : ੧ (877)
ਦਰਵਾਜੇ —
"ਨਉ **ਦਰਵਾਜੇ** ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ।" — ਮਾਝ **੩**, ਅਸ ੨, ੩ : ੩ (110)
"ਮੂੰਦਿ ਲੀਏ **ਦਰਵਾਜੇ**।" — ਸੋਰ **ਕਬ**, ੧੦, ੧ : ੩ (656)
ਦਰਵਾਜੈ —
"ਫਰੀਦਾ ਦਰਿ **ਦਰਵਾਜੈ** ਜਾਇ ਕੈ ਕਿਉ ਡਿਠੋ ਘੜੀਆਲੁ।" (ਦਰਵਜੇ ਉਪਰ) — ਸਲੋ **ਫਰ**, ੩੯ : ੧ (1379)

ਦਰਵਾਣੀ — ਦਰਵਾਜ਼ੇ ਉਪਰ ਦਿਤਾ ਜਾਂਦਾ ਪਹਿਰਾ

"ਦਰਿ **ਦਰਵਾਣੀ** ਨਾਹਿ ਮੂਲੇ ਪੁਛ ਤਿਸੁ।"
— ਸੂਹੀ **੧**, ੫, ੩ : ੨ (729)

ਦਰਵਾਨੀ — 1. ਪਹਿਰਾ
"ਦਿਲ **ਦਰਵਾਨੀ** ਜੋ ਕਰੇ ਦਰਵੇਸੀ ਦਿਲੁ ਰਾਸਿ।" (ਭਾਵ ਨਿਗਰਾਨੀ)
— ਮਾਰੂ **੩**, ਵਾਰ ੧੨ਸ, **੧**, ੧ : ੩ (1090)

2. ਪਹਿਰੇਦਾਰ
"ਕਾਮੁ ਕਿਵਾਰੀ ਦੁਖੁ ਸੁਖੁ **ਦਰਵਾਨੀ** ਪਾਪੁ ਪੁੰਨੁ ਦਰਵਾਜਾ।"
— ਭੈਰ **ਕਬ**, ੧੭, ੨ : ੧ (1161)

ਦਰਵਾਨੁ — ਦਰਬਾਨ, ਬੂਹੇ ਤੇ ਖੜੋਤਾ ਚੌਕੀਦਾਰ
"ਦਰਿ ਸੇਵਕੁ **ਦਰਵਾਨੁ** ਦਰਦੁ ਤੂੰ ਜਾਣਹੀ।"
— ਆਸਾ **੧**, ਅਸ ੨੧, ੩ : ੧ (422)

ਦਰਵਾਰ — ਦਰਬਾਰ, ਰਾਜ ਸਭਾ
"ਇਕਿ ਉਪਾਏ ਮੰਗਤੇ ਇਕਨਾ ਵਡੇ **ਦਰਵਾਰ**।"
— ਸਿਰੀ **੧**, ੬, ੩ : ੨ (16)

ਹੋਰ ਰੂਪ — ਦਰਵਾਰਾ —
"ਖੋਟੇ ਖਰੇ ਪਰਖੀਅਨਿ ਤਿਤੁ ਸਚੈ **ਦਰਵਾਰਾ** ਰਾਮ।" (ਪ੍ਰਭੂ ਦਰਬਾਰ)
— ਵਡ **੩**, ਛੰਤ ੪, ੩ : ੬ (570)

ਦਰਵਾਰਿ —
"ਹਰਖ ਸੋਗ ਉਭੇ **ਦਰਵਾਰਿ**।"
— ਗਉ **੧**, ਅਸ ੩, ੫ : ੨ (222)

ਦਰਵਾਰੀ — ਦਰਬਾਰ ਵਾਲੇ
"ਇਕਿ ਉਪਾਏ ਵਡ **ਦਰਵਾਰੀ**।"
— ਮਾਰੂ **੫**, ਸੋਲ ੬, ੩ : ੧ (1076)

ਦਰਵਾਰੁ — ਰੱਬੀ ਦਰਗਾਹ, ਰੱਬੀ ਸਭਾ, ਦਰਬਾਰ
"ਸਚੁ ਮਿਲਿਆ ਤਿਨ ਸੋਫੀਆ ਰਾਖਣ ਕਉ **ਦਰਵਾਰੁ**।" (ਦਰਬਾਰ ਨਾਲ ਸਬੰਧ ਰੱਖਣ ਲਈ)
— ਸਿਰੀ **੧**, ੫, ੧ : ੩ (15)

ਹੋਰ ਰੂਪ — ਦਰਵਾਰੇ —
"ਕਹੁ ਨਾਨਕ ਭਗਤ ਸੋਹਹਿ **ਦਰਵਾਰੇ** ਮਨਮੁਖ ਸਦਾ ਭਵਾਤਿ।" (ਦਰਬਾਰ ਵਿਚ)
— ਸਿਰੀ **੪**, ਪਹ ੪, ੫ : ੬ (78)

ਦਰਵੇਸ — (ਫਾ· ਦਰਵੇਸ਼) ਫਕੀਰ, ਮੰਗਤਾ
"ਸੇਖ ਮਸਾਇਕ ਕਾਜੀ ਮੁਲਾ ਦਰਿ **ਦਰਵੇਸ** ਰਸੀਦ।" — ਸਿਰੀ **੧**, ਅਸ ੧, ੩ : ੨ (53)

"ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ **ਦਰਵੇਸ** ਭਏ।" (ਯਾਚਕ, ਅਭਿਆਗਤ)
— ਆਸਾ **੧**, ੩੩, ੩ : ੨ (358)

ਹੋਰ ਰੂਪ — ਦਰਵੇਸਾਂ —
"**ਦਰਵੇਸਾਂ** ਨੋ ਲੋੜੀਐ ਰੁਖਾਂ ਦੀ ਜੀਰਾਂਦਿ।"
— ਸਲੋ **ਫਰ**, ੬੦ : ੨ (1381)

ਦਰਵੇਸਾਵੀ —
"ਇਕਨਿ ਕਿਨੈ ਚਾਲੀਐ **ਦਰਵੇਸਾਵੀ** ਰੀਤਿ।" (ਦਰਵੇਸਾਂ ਵਾਲੀ)
— ਸਲੋ **ਫਰ**, ੧੧੯ : ੨ (1384)

ਦਰਵੇਸੀ —
"ਫਰੀਦਾ **ਦਰਵੇਸੀ** ਗਾਖੜੀ ਚੋਪੜੀ ਪਰੀਤਿ।"
— ਸਲੋ **ਫਰ**, ੧੧੯ : ੧ (1384)

ਦਰਵੇਸੁ —
"ਦਰਵੇਸੀ ਕੋ ਜਾਣਸੀ ਵਿਰਲਾ ਕੋ **ਦਰਵੇਸੁ**।"
— ਬਿਹਾ **੪**, ਵਾਰ ੬ਸ, **੩**, ੧ : ੧ (550)

ਦਰਾ — 1. ਦਰਵਾਜ਼ਿਆਂ
"ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ **ਦਰਾ** ਭੀਤਰਿ ਦਰੁ ਕਵਨੁ ਲਹੈ।"
— ਰਾਮ **੧**, ੩, ੧ : ੧ (877)

2. ਦਰ ਤੇ, ਦਰਗਾਹ ਵਿਚ
"ਹੋਇ ਪੈ ਖਾਕ ਫਕੀਰ ਮੁਸਾਫਰੁ ਇਹੁ ਦਰਵੇਸੁ ਕਬੂਲੁ **ਦਰਾ**।"
— ਮਾਰੂ **੫**, ਸੋਲਾ ੧੨, ੧ : ੩ (1083)

ਦਰਾਹਿ — ਦਵਾਰ ਵਿਚ, ਸ਼ਰਨ ਵਿਚ
"ਜੈਸੇ ਦਾਨੋ ਚਕੀ **ਦਰਾਹਿ**।"
— ਮਾਲੀ **੫**, ੩, ੩ : ੪ (987)

ਹੋਰ ਰੂਪ — ਦਰਾਹੁ —
"ਮਸਕਤਿ ਲਹਹੁ ਮਜੂਰੀਆ ਮੰਗਿ ਮੰਗਿ ਖਸਮ **ਦਰਾਹੁ**।" (ਦਰ ਤੋਂ)
— ਸੂਹੀ **੩**, ਵਾਰ ੧੦ਸ, **੧**, ੧ : ੫ (788)

ਦਰਿ — 1. ਦਰਗਾਹ ਵਿਚ (ਫਾ. ਦਰ)
"ਪੰਚੇ ਸੋਹਹਿ **ਦਰਿ** ਰਾਜਾਨੁ।"
— ਜਪੁ **੧**, ੧੬ : ੩ (3)

"ਉਤਮ ਸੇ **ਦਰਿ** ਉਤਮ ਕਹੀਅਹਿ ਨੀਚ ਕਰਮ ਬਹਿ ਰੋਇ।" (ਉਸ ਦਰਗਾਹ ਵਿਚ)
— ਸਿਰੀ **੧**, ੪, ੧* : ੨ (15)

2. ਦਰਵਾਜ਼ੇ ਤੇ
"ਕੋਟਿ ਤੇ ਤੀਸ ਸੇਵਕਾ ਸਿਧ ਸਾਧਿਕ **ਦਰਿ** ਖਰਿਆ।" (ਦਰਵਾਜੇ ਤੇ)
— ਸਿਰੀ **੫**, ੭੨, ੪ : ੧ (42)
"ਰਾਜਨੁ ਜਾਣਹਿ ਆਪਣਾ **ਦਰਿ** ਘਰਿ ਠਾਕ ਨ ਹੋਇ।" (ਘਰ ਦੇ ਦਰਵਾਜ਼ੇ ਤੇ ਠਾਕ /ਅਟਕਾ/ਰੁਕਾਵਟ ਨਾ ਹੋਵੇ।)
— ਸਿਰੀ **੧**, ਅਸ ੬, ੮ : ੨ (57)
"ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ **ਦਰਿ** ਜਾਵਾ।" (ਦਰਵਾਜੇ ਤੇ)
— ਵਡ **੧**, ੩, ੧ : ੯ (558)
"ਕਹਾ ਭਇਓ **ਦਰਿ** ਬਾਂਧੇ ਹਾਥੀ ਖਿਨ ਮਹਿ ਭਈ ਪਰਾਈ।"
— ਧਨਾ **ਨਾਮ**, ੧, ੩ : ੩ (693)

3. ਟੋਲੀ, ਸਮੂਹ
"ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ **ਦਰਿ** ਨਾਲੇ।" (ਸ਼ਬਦਾਰਥ ਇਥੇ ਵੀ ਅਰਥ 'ਦਰ' ਤੇ ਕਰਦਾ ਹੈ) — ਜਪੁ **੧**, ੨੭ : ੭ (6)

4. ਵਾਰੋ ਵਾਰੀ, ਦਰਜਾ ਬਦਰਜਾ
"**ਦਰਿ** ਕੂਚ ਕੂਚਾ ਕਰਿ ਗਏ ਅਵਰੇ ਭਿ ਚਲਣਹਾਰ।" (ਕੂਚ ਦਰ ਕੂਚ) (ਵਾਰੋ ਵਾਰੀ ਚਲੇ ਗਏ)
— ਸਿਰੀ **੧**, ਅਸ ੧੭, ੩ : ੨ (64)

5. ਵਿਚ, ਅੰਦਰ
"ਹੁਕਮੁ ਮੰਨੇ ਸਿਰਦਾਰੁ **ਦਰਿ** ਦੀਬਾਣੀਐ।"
— ਮਾਝ **੧**, ਵਾਰ ੧੦ : ੪ (142)
"ਤੂੰ ਦੇਖਹਿ ਥਾਪਿ ਉਥਾਪਿ **ਦਰਿ** ਬੀਨਾਈਐ।" (ਨਜ਼ਰ/ਨਿਗਰਾਨੀ ਹੇਠ/ਅੰਦਰ)
— ਸੂਹੀ **੧**, ਅਸ ੪, ੩ : ੨ (752)
"ਊਪਰਿ **ਦਰਿ** ਅਸਮਾਨਿ ਪਇਆਲਿ।" (ਅੰਦਰ ਵਿਚ) — ਮਲਾ **੧**, ੬, ੨ : ੧ (1256)

6. ਚੱਕੀ ਦੀ ਕਿੱਲੀ ਦਾ ਨਾਲ ਵਾਲਾ ਹਿੱਸਾ ਵੇਖੋ 'ਦਰ'
"ਜੋ **ਦਰਿ** ਰਹੇ ਸੁ ਉਬਰੇ ਨਾਨਕ ਅਜਬੁ ਡਿਠੁ।"
— ਮਾਝ **੧**, ਵਾਰ ੧੧ਸ, **੧**, ੧ : ੪ (142)

ਦਰਿਆਉ — ਦਰਿਆ
"ਵਧਿ ਥੀਵਹਿ **ਦਰਿਆਉ** ਟੁਟਿ ਨ ਥੀਵਹਿ ਵਾਹੜਾ।" — ਸਲੋ **ਫਰ**, ੧੧੭ : ੨ (1384)

ਦਰਿ ਘਰਿ — 1. ਭਾਵ ਇਹ ਜਹਾਨ
"**ਦਰਿ ਘਰਿ** ਢੋਈ ਨ ਲਹੈ ਦਰਗਹ ਝੂਠੁ ਖੁਆਰੁ।"
— ਸਿਰੀ **੧**, ੧੩, ੧* : ੭ (19)
2. ਭਾਵ ਹਰ ਥਾਂ
"ਨਾਨਕ **ਦਰਿ ਘਰਿ** ਏਕੰਕਾਰੁ।"
— ਗਉ **੧**, ੭, ੪ : ੪ (153)

ਦਰਿਦ੍ਰ — ਦੀਨਤਾ, ਨਿਰਧਨਤਾ, ਗਰੀਬੀ
"ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ ਦੁਖ **ਦਰਿਦ੍ਰ** ਤਿਨ ਕੇ ਗਇਅ।"
— ਸਵ **੪**, ਨਲ ੬ : ੫ (1399)
ਹੋਰ ਰੂਪ — ਦਰਿਦ੍ਰੁ —
"ਗੁਰੂ ਅਮਰਦਾਸੁ ਜਿਨ੍ ਸੇਵਿਅਉ ਤਿਨ੍ ਦੁਖੁ **ਦਰਿਦ੍ਰੁ** ਪਰਹਰਿ ਪਰੈ।"
— ਸਵ **੩**, ੧੭ : ੬ (1395)

ਦਰਿਵਾਟ — ਦਰਵਾਜੇ ਦੀ ਦਲਹੀਜ਼ ਤੇ ਭਾਵ ਪ੍ਰਭੂ ਦਰ ਤੇ
"**ਦਰਿਵਾਟ** ਉਪਰਿ ਖਰਚੁ ਮੰਗਾ ਜਬੈ ਦੇਇ ਤ ਖਾਹਿ।"
— ਆਸਾ **੧**, ਵਾਰ ੨੦ਸ, **੧**, ੨ : ੭ (473)

ਦਰੀਆ — ਦਰਿਆ
"ਤੁਹੀ **ਦਰੀਆ** ਤੁਹੀ ਕਰੀਆ ਤੁਝੈ ਤੇ ਨਿਸਤਾਰ।"
— ਗਉ **ਕਬ**, ਅਸ ੬੯, ੧ : ੨ (338)

ਦਰੀਆਉ — ਦਰਿਆ (ਫ਼ਾ. ਦਰਿਯਾ)
"ਤਿਸ ਤੇ ਹੋਏ ਲਖ **ਦਰੀਆਉ**।"
— ਜਪੁ **੧**, ੧੬ : ੨੧ (3)

ਦਰੀਆਇ — ਦਰਿਆ ਵਿਚ
"ਕਿਤੀ ਇਤੁ **ਦਰੀਆਇ** ਵੰਞਨ੍ਹਿ ਵਹਦਿਆ।"
— ਆਸਾ **੫**, ੧੧੦, ੧ : ੨ (398)

ਦਰੀਆਵਾ — ਦਰਿਆ ਦਾ ਬਹੁ ਵਚਨ
"ਤਿਨਾ **ਦਰੀਆਵਾ** ਸਿਉ ਦੋਸਤੀ ਮਨਿ ਮੁਖਿ ਸਚਾ ਨਾਉ।"
— ਮਾਝ **੧**, ਵਾਰ ੧੮ਸ, **੨**, ੧ : ੫ (146)
ਹੋਰ ਰੂਪ — ਦਰੀਆਵੈ —
"ਫਰੀਦਾ **ਦਰੀਆਵੈ** ਕੰਨ੍ਹੈ ਬਗੁਲਾ ਬੈਠਾ ਕੇਲ ਕਰੇ।" (ਦਰਿਆ ਦੇ)
— ਸਲੋ **ਫਰ**, ੯੯ : ੧ (1383)

ਦਰੁ — ਦਰਵਾਜਾ, ਦੁਆਰਾ

"ਸੋ **ਦਰੁ** ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ।" — ਜਪ **੧**, ੨੭ : ੧ (6)
"ਤ੍ਰਿਕੁਟੀ ਛੂਟੈ ਦਸਵਾ **ਦਰੁ** ਖੂਲ੍ਹੈ ਤਾ ਮਨੁ ਖੀਵਾ ਭਾਈ।" — ਕੇਦਾ **ਕਬ**, ੩, ੩ : ੨ (1123)

ਦਰੁਘਰੁ — ਪ੍ਰਭੂ ਦਾ ਦਰਬਾਰ
"ਢਾਢੀ **ਦਰੁਘਰੁ** ਪਾਇਸੀ ਸਚੁ ਰਖੈ ਉਰ ਧਾਰਿ।" — ਗੂਜ **੩**, ਵਾਰ ੧੮ : ੩ (516)

ਦਰੂਦ — 1. (ਫਾ. ਦਰੂਦ) ਨਮਾਜ਼ ਤੋਂ ਪਿਛੋਂ ਜੋ ਦੁਆ ਕਰਦੇ ਹਨ
"ਬਰਕਤਿ ਤਿਨ ਕਉ ਅਗਲੀ ਪੜਦੇ ਰਹਨਿ **ਦਰੂਦ**।" — ਸਿਰੀ **੧**, ਅਸ ੧, ੩ : ੩ (53)
2. ਕਿਸੇ ਪੁਰਬ ਉਤੇ ਰੋਟੀ ਭੇਟ ਕਰਨ ਸਮੇਂ ਪੜ੍ਹੀ ਜਾਂਦੀ ਦੁਆ
"ਬਾਝਹੁ ਸਤਿਗੁਰ ਆਪਣੇ ਬੈਠਾ ਝਾਕੁ **ਦਰੂਦ**।" — ਮਾਰੂ **੫**, ਵਾਰ ੬ਸ, **੫**, ੨ : ੨ (1096)

ਦਰੋਗ — (ਫਾ· ਦਰੋਗ) ਝੂਠ, ਮਿਥਿਆ
"ਨਾਉ ਬੀਜ ਬਖਸੀਸ ਬੋਹਲ ਦੁਨੀਆ ਸਗਲ **ਦਰੋਗ**।" — ਰਾਮ **੩**, ਵਾਰ ੧੭ਸ, **੧**, ੨ : ੩ (955)
ਹੋਰ ਰੂਪ — ਦਰੋਗੁ —
"**ਦਰੋਗੁ** ਪੜਿ ਪੜਿ ਖੁਸੀ ਹੋਇ ਬੇਖਬਰ ਬਾਦੁ ਬਕਾਹਿ।" (ਕਲਿਪਤ, ਕਥਨ/ਵਾਰਤਾ) — ਤਿਲੰ **ਕਬ**, ੧, ੨ : ੧ (727)

ਦਲ — 1. (ਸੰ. ਦਲ) ਟੁਕੜੇ ਟੁਕੜੇ ਕਰਨਾ, ਦਲਨ ਕਰਨਾ
"ਤਹ ਕਰ **ਦਲ** ਕਰਨਿ ਮਹਾਬਲੀ ਤਿਨ ਆਗਲੜੈ ਮੈ ਰਹਣੁ ਨ ਜਾਇ।" — ਸਿਰੀ **ਤਿਲੋ**, ੨, ੪ : ੨ (92)
('ਨਿਰਣੈ' ਪਦ ਛੇਦ ਕਹਦਲ' ਕਰਦੇ ਹਨ ਤੇ ਅਰਥ ਕਰਦੇ ਹਨ ਮਲੀਦਾ ਕਰ ਦੇਣਾ)
2. ਸਮੂਹ, ਝੁੰਡ
"ਜਬ ਜਰੀਐ ਤਬ ਹੋਇ ਭਸਮ ਤਨੁ ਰਹੈ ਕਿਰਮ **ਦਲ** ਖਾਈ।" — ਸੋਰ **ਕਬ**, ੨, ੧ : ੧ (654)
ਹੋਰ ਰੂਪ — ਦਲਘਾ —
"ਹਰਿ ਹਰਿ ਨਾਮੁ ਭਜਿਓ ਪੁਰਖੋਤਮੁ ਸਭਿ ਬਿਨਸੇ ਦਾਲਦ **ਦਲਘਾ**।" (ਸਮੂਹ) — ਸੂਹੀ **੪**, ੨, ੧ : ੧ (731)
3. ਪੰਖੜੀਆ, ਪਤੀਆਂ
"ਦੁਆਦਸ **ਦਲ** ਅਭ ਅੰਤਰਿ ਮੰਤ।" (ਪੰਖੜੀਆਂ ਵਾਲਾ ਹਿਰਦਾ) — ਭੈਰ **ਕਬ**, ੧, ੪ : ੩ (1162)
4. ਫੌਜ
"ਰਾਮੁ ਝੁਰੈ **ਦਲ** ਮੇਲਵੈ ਅੰਤਰਿ ਬਲੁ ਅਧਿਕਾਰ।" — ਸਲੋ ੧, ੨੫ : ੧ (1412)

ਦਲਣ — ਤੋੜਨ ਵਾਲਾ, ਵੇਖੋ 'ਦਲ' (1)
"ਦਾਲਦ ਭੰਜਨ ਦੁਖ **ਦਲਣ** ਗੁਰਮੁਖਿ ਗਿਆਨੁ ਧਿਆਨੁ।" — ਰਾਮ **੧**, ਓਅੰ ੩੫ : ੪ (934)

ਦਲਲੇ — ਦਲ ਲਏ, ਦੂਰ ਕਰ ਲਏ
"ਪੁਰਖੋਤਮੁ ਹਰਿ ਨਾਮੁ ਜਨਿ ਗਾਇਓ ਸਭ ਦਾਲਦ ਦੁਖ **ਦਲਲੇ**।" — ਨਟ **੪**, ੨, ੨ : ੧ (975)

ਦਲਾਲ — (ਫਾ. ਦਲ੍ਹਾਲ) ਵਿਚੋਲਾ, ਵਿਚ ਪੈ ਕੇ ਸੌਦਾ ਕਰਵਾਉਣ ਵਾਲਾ
"ਵਢੀਅਹਿ ਹਥ **ਦਲਾਲ** ਕੇ ਮੁਸਫੀ ਏਹ ਕਰੇਇ।" — ਆਸਾ **੧**, ਵਾਰ ੧੭ਸ, **੧**, ੧ : ੩ (472)

ਦਲਾਲੀ — 1. ਵਿਚ ਪੈ ਕੇ ਸੌਦਾ ਕਰਵਾਉਣ ਦਾ ਇਵਜ਼ਾਨਾ/ਉਜਰਤ, ਬਦਲੇ ਵਿਚ, ਵਟਾਂਦਰੇ ਵਿਚ
"ਕੋਈ ਹੈ ਰੇ ਸੰਤੁ ਸਹਜ ਸੁਖ ਅੰਤਰਿ ਜਾ ਕਉ ਜਪੁ ਤਪੁ ਦੇਉ **ਦਲਾਲੀ** ਰੇ।" — ਰਾਮ **ਕਬ**, ੧, ੧* : ੧ (969)
2. ਦਲੀਲ ਨਾਲ ਇਨਸਾਫ ਕਰਨਾ
"ਧਰਮ ਰਾਇ ਹੈ ਦੇਵਤਾ ਲੈ ਗਲਾ ਕਰੇ **ਦਲਾਲੀ**।" — ਰਾਮ **ਬਸ**, ਵਾਰ ੩ : ੨ (967)

ਦਲਾਲੁ — ਵਿਚੋਲਾ, ਵਿਚ ਪੈ ਕੇ ਨਿਬੇੜਾ ਕਰਵਾਉਣ ਵਾਲਾ
"ਧਰਮ **ਦਲਾਲੁ** ਪਾਏ ਨੀਸਾਣੁ।" — ਸੂਹੀ **੩**, ਵਾਰ ੧੩ਸ, **੧**, ੧ : ੫ (789)

ਦਲਿ — 1. ਦਲ ਕੇ, ਦਲਣ ਕਰਕੇ, ਕੁਚਲ ਕੇ
"ਗੁਰਮੁਖਿ ਕੋਈ ਗਾਰੜੂ ਤਿਨਿ ਮਲਿ **ਦਲਿ** ਲਾਈ ਪਾਇ।" — ਗੂਜ **੩**, ਵਾਰ ੫ਸ, **੩**, ੨ : ੩ (510)
ਹੋਰ ਰੂਪ — ਦਲੈ —
"ਜਹ ਮਹਾ ਭਇਆਨ ਦੂਤ ਜਮ **ਦਲੈ**।"

— ਗਉ **੫**, ਸੁਖ ੨, ੧ : ੩ (264)

2. ਫੌਜ

"ਗੁਰ ਰਾਮਦਾਸ ਸਚੁ ਸਲ੍ ਭਣਿ ਤੂ ਅਟਲੁ ਰਾਜਿ ਅਭਗੁ **ਦਲਿ**।"

— ਸਵ **੪**, ਸਲ ੧ : ੬ (1406)

ਹੋਰ ਰੂਪ — ਦਲੁ —

"ਆਗੈ ਜਮ **ਦਲੁ** ਬਿਖਮੁ ਘਨਾ।"

— ਗਉ **੧**, ੧੪, ੧* : ੨ (155)

"ਗੁਰ ਕਿਰਪਾ ਤੇ **ਦਲੁ** ਸਾਧਿਆ।" (ਕਾਮਾਦਿਕਾਂ ਦੀ ਫੌਜ)

— ਗਉ **੧**, ੧੪੧*, ੧ : ੨ (210)

ਦਵਣ — ਖੰਡਣ, ਦੂਰ ਕਰਨ

"ਰਾਮ ਰਵਣ ਦੁਰਤ **ਦਵਣ** ਸਕਲ ਭਵਣ ਕੁਸਲ ਕਰਣ ਸਰਬ ਭੂਤ ਆਪਿ ਹੀ ਦੇਵਾਧਿ ਦੇਵ ਸਹਸ ਮੁਖ ਮੁਨਿੰਦ ਜੀਉ।"

— ਸਵ **੪**, ਗਯੰ ੯ : ੩ (1403)

ਦਵਾਰੁ — ਦੁਆਰਾ

"ਨਉ ਦਰਵਾਜੇ ਦਸਵਾ **ਦਆਰੁ**।"

— ਗਉ **੧**, ੪, ੧ : ੩ (152)

ਦੜਿ — ਵਗੈਰਾ, ਆਦਿਕ (ਕੋਸ਼), ਅੰਦਰ (ਮਹਾਨਕੋਸ਼)

"ਝੁੰਡੀ ਪਾਇ ਬਹਨਿ ਨਿਤਿ ਮਰਣੈ **ਦੜਿ** ਦੀਬਾਣਿ ਨ ਜਾਹੀ।"

— ਮਾਝ **੧**, ਵਾਰ ੨੬ਸ, **੧**, ੧ : ੮ (149)

ਦਾ — 1. ਸਬੰਧ ਬੋਧਕ ਸ਼ਬਦ ਕਾ

"ਜੀਉ ਪਿੰਡੁ ਸਭੁ ਤਿਸ **ਦਾ** ਤਿਸੈ ਦਾ ਆਧਾਰੁ।"

— ਸਿਰੀ **੩**, ੫੨, ੪ : ੧ (36)

2. ਨਾਲ

"ਚਾਕਰ ਨਹ **ਦਾ** ਪਾਇਨ੍ਹਿ ਘਾਉ। (ਨਹੁੰਆਂ ਨਾਲ)

— ਮਲਾ **੧**, ਵਾਰ ੨੨ਸ, **੧**, ੨ : ੬ (1288)

('ਦਰਪਣ' ਪਦ ਛੇਦ 'ਨਹ ਦਾ' ਕਰਕੇ ਨਹੁੰਦਰਾ ਅਰਥ ਕਰਦਾ ਹੈ)

ਦਾਉ — 1. ਯੋਗ ਮੌਕਾ

"ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ **ਦਾਉ**।"

— ਮਾਰੂ **ਕਬ**, ੧੦, ੧ : ੨ (1105)

2. ਸਮਾਂ, ਵੇਲਾ, ਅਵਸਰ

"ਬਿਖੜੇ **ਦਾਉ** ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ।"

— ਬਸੰ **੫**, ੧੯, ੩ : ੨ (1185)

ਦਾਇਆ — ਬੱਚੇ ਨੂੰ ਖਿਡਾਉਣ ਤੇ ਪਾਲਣ ਵਾਲਾ

"ਦਿਵਸੁ ਰਾਤਿ ਦੁਇ ਦਾਈ **ਦਾਇਆ** ਖੇਲੈ ਸਗਲ ਜਗਤੁ।" — ਜਪੁ **੧**, ੩੮ਸ : ੨ (8)

ਦਾਇਮ — (ਅ. ਦਾਇਮ) ਹਮੇਸ਼ਾਂ, ਸਦੀਵੀ

"ਕਰਿ ਫਕਰੁ **ਦਾਇਮ** ਲਾਇ ਚਸਮੇ ਜਹ ਤਹਾ ਮਉਜੂਦੁ।" — ਤਿਲੰ **ਕਬ**, ੧, ੩ : ੨ (727)

ਹੋਰ ਰੂਪ — ਦਾਇਮੁ —

"ਕਾਇਮੁ **ਦਾਇਮੁ** ਸਦਾ ਪਾਤਿਸਾਹੀ।"

— ਗਉ **ਰਵਿ**, ੨, ੨ : ੧ (345)

ਦਾਈ — (ਫਾ. ਦਾਈ, ਦਾਯਾ) ਬੱਚੇ ਨੂੰ ਖਿਡਾਉਣ ਤੇ ਪਾਲਣ ਵਾਲੀ

"ਦਿਵਸੁ ਰਾਤਿ ਦੁਇ **ਦਾਈ** ਦਾਇਆ ਖੇਲੈ ਸਗਲ ਜਗਤੁ।" — ਜਪੁ **੧**, ੩੮ਸ : ੨ (8)

ਦਾਈਐ — (ਫਾ. 'ਵਾਓ') ਦਾਉ ਲਾ ਕੇ

"ਹੁਕਮੀ ਸਿਰਿ ਜੰਦਾਰੁ ਮਾਰੇ **ਦਾਈਐ**।"

— ਮਾਝ **੧**, ਵਾਰ ੨੦ : ੫ (147)

ਦਾਸ — (ਸੰ. ਦਾਸ) ਸੇਵਕ

"ਭੈ ਭੰਜਨ ਮਿਹਰਵਾਨ **ਦਾਸ** ਕੀ ਰਾਖੀਐ।"

— ਸਿਰੀ **੪**, ਵਾਰ ੨੦ : ੪ (91)

ਹੋਰ ਰੂਪ — ਦਾਸਹ —

"ਸੁਖੁ ਪਾਇਆ ਲਗਿ **ਦਾਸਹ** ਪਾਇ।" (ਦਾਸਾਂ ਦੇ) — ਗਉ **੫**, ੧੧੦*, ੩ : ੨ (202)

"**ਦਾਸਹ** ਏਕੁ ਨਿਹਾਰਿਆ ਸਭੁ ਕਛੁ ਦੇਵਣਹਾਰ।" (ਦਾਸਾਂ ਨੇ)

— ਗਉ **੫**, ੩੪ਸ : ੧ (257)

2. ਗੁਲਾਮ

"ਪ੍ਰਣਵਤਿ ਨਾਨਕ ਹਮ ਤਾ ਕੇ **ਦਾਸ**।"

— ਗਉ **੧**, ਅਸ ੮, ੯ : ੨ (224)

3. (ਸੰ. ਦਾਸਯੁ) ਭਾਵ ਵੈਰੀ, ਭਾਰਤ ਦੇ ਪ੍ਰਾਚੀਨ ਵਸਨੀਕ ਜਿੰਨ੍ਹਾਂ ਨੂੰ ਆਰੀਆਂ ਨੇ ਵੇਦਾਂ ਵਿਚ ਦਾਸ (ਦਾਸਯੁ) ਕਿਹਾ ਹੈ ਤੇ ਜਿੰਨ੍ਹਾਂ ਨੂੰ ਉਹ ਆਪਣੇ ਵੈਰੀ ਸਮਝਦੇ ਸਨ।

"ਪੰਚ **ਦਾਸ** ਤੀਨਿ ਦੋਖੀ ਏਕ ਮਨੁ ਅਨਾਥ ਨਾਥ।" — ਕੇਦਾ **੫**, ੨, ੧* : ੨ (1119)

4. ਭਗਤ
"ਮੈ ਗੁਨ ਬੰਧ ਸਗਲ ਕੀ ਜੀਵਨਿ ਮੇਰੀ ਜੀਵਨਿ ਮੇਰੇ **ਦਾਸ**।"
— ਸਾਰ **ਨਾਮ**, ੨, ੨ : ੧ (1253)

ਦਾਸਤ — ਦਾਸ ਹੋਣ ਦਾ ਭਾਵ ਵਿਚ/ ਦਾਸ ਭਾਵ ਸਦਕਾ
"ਆਪੁ ਛੋਡਿ ਹੋਹਿ **ਦਾਸਤ** ਭਾਇ।"
— ਬਸੰ **੩**, ੪, ੩ : ੩ (1173)

ਦਾਸਤਣ — ਸੇਵਕ ਹੋਣ ਦਾ ਭਾਵ, ਸੇਵਾ ਬਿਰਤੀ
"ਦਾਸ **ਦਾਸਤਣ** ਭਾਇ ਮਿਟਿਆ ਤਿਨਾ ਗਉਣੁ।"
— ਆਸਾ **੫**, ੧੦੬, ੩ : ੧ (397)

ਦਾਸਨ — ਦਾਸਾਂ (ਦਾ ਦਾਸ), ਸੇਵਕਾਂ (ਦਾ ਸੇਵਕ)
"ਸੇਵਾ ਕਰਉ ਦਾਸ **ਦਾਸਨ** ਕੀ ਅਨਿਕ ਭਾਂਤਿ ਤਿਸੁ ਕਰਉ ਨਿਹੋਰਾ।"
— ਗਉ **੫**, ੧੨੧*, ੧ : ੧ (204)
"ਜਨੁ ਨਾਨਕੁ ਹਰਿ ਕਾ ਦਾਸੁ ਹੈ ਹਰਿ **ਦਾਸਨ** ਕੀ ਹਰਿ ਪੈਜ ਰਖਾਏ।"
'ਦਾਸ' ਦਾ ਬਹੁ ਵਚਨ, ਦਾਸਾਂ, ਸੇਵਕਾਂ
— ਗਉ **੪**, ਵਾਰ ੧੪ਸ, **੪**, ੨ : ੯ (308)

ਹੋਰ ਰੂਪ — ਦਾਸੰਨਾ —
"ਹਰਿ ਦਾਸਨ ਦਾਸ ਦਾਸ ਹਮ ਕਰੀਅਹੁ ਜਨ ਨਾਨਕ ਦਾਸ **ਦਾਸੰਨਾ**।"
— ਬਿਲਾ **੪**, ੧, ੪ : ੨ (799)

ਦਾਸਨਿ —
"ਨਾਨਕ ਜਨ ਕਾ **ਦਾਸਨਿ** ਦਸਨਾ।" (ਦਾਸਾਂ ਦਾ) — ਗਉ **੫**, ਸੁਖ ੧, ੪ : ੧੦ (263)

ਦਾਸਨਿਦਾਸ — ਦਾਸਾਂ ਦਾ ਦਾਸ
"**ਦਾਸਨਿ ਦਾਸ** ਹੋਇ ਕੈ ਜਿਨੀ ਵਿਚਹੁ ਆਪੁ ਗਵਾਇਆ।"
— ਮਾਝ **੧**, ਵਾਰ ੧੬ : ੨ (145)

ਹੋਰ ਰੂਪ — ਦਾਸਨਿ ਦਾਸਾ
"ਭਾਈ ਰੇ **ਦਾਸਨਿ ਦਾਸਾ** ਹੋਇ।"
— ਸਿਰੀ **੩**, ੨੧, ੧* : ੧ (66)

ਦਾਸਨਿ ਦਾਸਿ —
"ਜਿਉ ਅਗਨਿ ਮਰੈ ਜਲਿ ਪਾਇਐ ਤਿਉ ਤ੍ਰਿਸਨਾ **ਦਾਸਨਿ ਦਾਸਿ**।"
— ਸਿਰੀ **੧**, ੨੧, ੨ : ੨ (22)

ਦਾਸਨਿਦਾਸੁ —
"**ਦਾਸਨਿ ਦਾਸੁ** ਨਾਮੁ ਜਪਿ ਲੇਵਾ ਜੀਉ।"
— ਗਉ **੫**, ੧੬੭*, ੩ : ੩ (217)

ਦਾਸਰਾ — ਨਿਮਾਣਾ ਜਿਹਾ ਦਾਸ/ਸੇਵਕ/ਗੁਲਾਮ
"ਅਪੁਨਾ **ਦਾਸਰਾ** ਆਪੇ ਮੁਲਿ ਲੀਉ।"
— ਗਉ **੫**, ਅਸ ੯, ੬ : ੨ (240)

ਦਾਸਰੀ — ਨਿਮਾਣੀ ਸੇਵਕਾ/ ਦਾਸੀ
"ਦਾਸਨ ਕੀ ਹੋਇ ਦਾਸਿ **ਦਾਸਰੀ** ਤਾ ਪਾਵਹਿ ਸੋਭਾ ਹਰਿ ਦੁਆਰੀ।"
— ਆਸਾ **੫**, ੨੮, ੨ : ੨ (377)

ਦਾਸਰੇ — ਸੇਵਕ
"ਤੇਰੇ **ਦਾਸਰੇ** ਕਉ ਕਿਸ ਕੀ ਕਾਣਿ।"
— ਆਸਾ **੫**, ੨੧, ੨ : ੧ (376)

ਹੋਰ ਰੂਪ — ਦਾਸਰੋ —
"ਕਾਟਿ ਜੇਵਰੀ ਕੀਓ **ਦਾਸਰੋ** ਸੰਤਨ ਟਹਲਾਇਓ।"
— ਗਉ **੫**, ੧੩੬, ੧ : ੧ (209)

ਦਾਸਾ — ਸੇਵਕਾਂ
"**ਦਾਸਾ** ਕੇ ਬੰਧਨ ਕਟਿਆ ਸਾਚੈ ਸਿਰਜਣਹਾਰਿ।"
— ਸਿਰੀ **੫**, ੮੮, ੪ : ੨ (49)
"ਦੁਨੀਆ ਭਾਉ ਬਿਪਰੀਤਿ ਅਨੀਤਿ **ਦਾਸਾ** ਨਹ ਭਾਵਏ ਜੀਉ।" (ਸੇਵਕਾਂ ਨੂੰ)
— ਸਿਰੀ **੫**, ਛੰਤ ੩, ੧ : ੨ (80)
"ਅੰਮ੍ਰਿਤ ਨਾਮੁ ਨਿਧਾਨ **ਦਾਸਾ** ਘਰਿ ਘਣਾ।" (ਦਾਸਾਂ ਦੇ) — ਗੂਜ **੫**, ਵਾਰ ੩ : ੩ (518)

ਹੋਰ ਰੂਪ — ਦਾਸਾਇ —
"ਜਨ ਨਾਨਕ ਅੰਗੁ ਕੀਆ ਪ੍ਰਭਿ ਕਰਤੈ ਜਾ ਕੈ ਕੋਟਿ ਐਸੀ **ਦਾਸਾਇ**।" (ਦਾਸੀਆਂ/ ਸੇਵਿਕਾਵਾਂ)
— ਗੂਜ **੫**, ੨੧, ੨ : ੨ (500)

ਦਾਸਾਨ — 'ਦਾਸ' ਦਾ ਬਹੁ ਵਚਨ, ਸੇਵਕ
"ਆਚਾਰ ਸਹਿਤ ਬਿਪ ਕਰਹਿ ਡੰਡਉਤਿ ਤਿਨ ਤਨੈ ਰਵਿਦਾਸ **ਦਾਸਾਨ** ਦਾਸਾ।"
— ਮਲਾ **ਰਵਿ**, ੨, ੩ : ੨ (1293)

ਦਾਸਾਰਾ — ਦਾਸਾਂ ਦੀ
"ਦਾਨੁ ਪਾਵਉ ਸੰਤਾ ਸੰਗੁ ਨਾਨਕ ਰੇਨੁ **ਦਾਸਾਰਾ**।"
— ਮਾਰੂ **੫**, ੨੧, ੪ : ੨ (1006)

ਦਾਸਾਵੀਆ — ਦਾਸੀਆਂ
"ਮਨਿ ਦਰਸਨ ਕੀ ਪਿਆਸ ਚਰਣ **ਦਾਸਾਵੀਆ**।"
— ਰਾਮ **੫**, ਵਾਰ ੧੫ : ੬ (964)

ਦਾਸਿ — 1. ਦਾਸ/ਦਾਸੀ ਨੂੰ
"**ਦਾਸਿ** ਸਲਾਮੁ ਕਰਤ ਕਤ ਸੋਭਾ।"
— ਗਉ **੫**, ੧੪੫, ੨ : ੨ (195)
"ਦਾਸਨ ਕੀ ਹੋਇ **ਦਾਸਿ** ਦਾਸਰੀ ਤਾ ਪਾਵਹਿ ਸੋਭਾ ਹਰਿ ਦੁਆਰੀ।" (ਦਾਸਾਂ ਦੀ)
— ਆਸਾ **੫**, ੨੮, ੨ : ੨ (377)
"ਨਾਨਕ **ਦਾਸਿ** ਵਖਾਣੀ।" (ਦਾਸ ਨੇ)
— ਸੋਰ **੫**, ੮੨, ੨ : ੩ (629)
2. ਦਾਸੀ, ਸੇਵਕਾਂ
"ਗਿਆਨੀ ਕੀ ਹੋਇ ਵਰਤੀ **ਦਾਸਿ**।"
— ਆਸਾ **੫**, ੧, ੪ : ੧ (370)
"ਗਹਿ ਭੁਜਾ ਲੀਨੀ **ਦਾਸਿ** ਕੀਨੀ ਅੰਕੁਰਿ ਉਦੋਤੁ ਜਣਾਇਆ।"
— ਬਿਲਾ **੫**, ਛੰਤ ੨, ੩ : ੩ (846)
"ਜਾ ਕੈ ਸਿਮਰਨਿ ਕਵਲਾ **ਦਾਸਿ**।" (ਦਾਸ ਬਣ ਜਾਂਦੀ ਹੈ) — ਮਾਲੀ **੫**, ੨, ੩ : ੨ (986)

ਦਾਸੀ — 1. ਸੇਵਕਾਂ, ਟਹਿਲਣ
"ਸੰਤ **ਦਾਸੀ** ਸੇਵਾ ਚਰਣੀ ਜੀਉ।"
— ਗਉ **੫**, ੧੬੬*, ੨ : ੨ (216)
"ਮਾਇਆ **ਦਾਸੀ** ਭਗਤਾ ਕੀ ਕਾਰ ਕਮਾਵੈ।"
— ਗਉ **੩**, ਅਸ ੪, ੬ : ੧ (231)
2. ਸੇਵਕਾਂ ਦੀ
"**ਦਾਸੀ** ਸੰਗਤਿ ਪ੍ਰਭੂ ਤਿਆਗਿ ਏ ਕਰਮ ਹਮਾਰੇ।"
— ਬਿਲਾ **੫**, ੩੪, ੨ : ੨ (809)

ਦਾਸੀਂ — ਦਾਸਾਂ ਨੇ, ਸੇਵਕਾਂ/ਟਹਿਲੀਆਂ ਨੇ
"**ਦਾਸੀਂ** ਹਰਿ ਕਾ ਨਾਮੁ ਧਿਆਇਆ।"
— ਧਨਾ **੫**, ੫੭, ੧ : ੨ (684)

ਦਾਸੀਆ — ਟਹਿਲਣਾਂ, 'ਦਾਸ' ਦਾ ਬਹੁ ਵਚਨ
"ਹਮ ਸਹ ਕੇਰੀਆ **ਦਾਸੀਆ** ਸਾਚਾ ਖਸਮੁ ਹਮਾਰਾ।" — ਸੂਹੀ **੧**, ੪, ੫ : ੨ (729)

ਦਾਸੁ — ਸੇਵਕ, ਟਹਿਲੀਆ
"ਨਾਨਕ **ਦਾਸੁ** ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ।"
— ਗਉ **੫**, ਸੋਹ ੫, ੪ : ੨ (13)
"ਜਿਉ ਭਾਵੈ ਤਿਉ ਰਾਖੁ ਤੂੰ ਨਾਨਕੁ ਤੇਰਾ **ਦਾਸੁ**।"
— ਸਿਰੀ **੪**, ਵਾਰ ੯ਸ, **੩**, ੨ : ੮ (86)

ਦਾਸੇ — 1. ਸੇਵਕ
"ਹਰਿ ਹਮਰਾ ਹਮ ਹਰਿ ਕੇ **ਦਾਸੇ** ਨਾਨਕ ਸਬਦੁ ਗੁਰੂ ਸਚੁ ਦੀਨਾ ਜੀਉ।"
— ਮਾਝ **੫**, ੨੧, ੪ : ੩ (100)
2. ਦਾਸ/ਸੇਵਕ ਨੂੰ
"ਜੈਸੀ **ਦਾਸੇ** ਧੀਰ ਮੀਰ।"
— ਬਸੰ **੫**, ੬, ੧ : ੩ (1181)

ਦਾਸੋ — ਦਾਸ, ਸੇਵਕ
"ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕ ਤਾ ਕਾ **ਦਾਸੋ**।" — ਰਾਮ **੧**, ਸਿਗੋ ੫ : ੪ (638)

ਦਾਹਨਹਾਰ — ਸਾੜ ਸਕਨ ਦੇ ਸਮਰਥ
"ਨਾਨਕ ਰਾਮ ਨਾਮੁ ਜਪਿ ਪਾਵਕੋ ਤਿਨ ਕਿਲਬਿਖ **ਦਾਹਨਹਾਰ**।"
— ਗਉ **੫**, ਛੰਤ ੩, ੧ਸ : ੨ (248)

ਦਾਹਨੇ — ਸਜੇ
"ਤਜਿ ਬਾਵੇ **ਦਾਹਨੇ** ਬਿਕਾਰਾ ਹਰਿ ਪਦੁ ਦ੍ਰਿੜੁ ਕਰਿ ਰਹੀਐ।"
— ਗਉ **ਕਬ**, ੫੧, ੪ : ੧ (334)

ਦਾਹਾ — ਦਿਨ
"ਜਿਸ ਨੋ ਤੂੰ ਅਸਥਿਰੁ ਕਰਿ ਮਾਨਹਿ ਤੇ ਪਾਹੁਨ ਦੋ **ਦਾਹਾ**।" — ਆਸਾ **੫**, ੧੨੩, ੧ : ੧ (401)

ਦਾਹਿਣੈ — ਸਜੇ ਹਥ
"ਬਾਰਿਜੁ ਕਰਿ **ਦਾਹਿਣੈ** ਸਿਧਿ ਸਨਮੁਖ ਮੁਖੁ ਜੋਵੈ।"
— ਸਵ **੩**, ੯ : ੧ (1394)

ਦਾਖ — ਸੁਕਾ ਹੋਇਆ ਅੰਗੂਰ
"ਫਰੀਦਾ ਲੋੜੈ **ਦਾਖ** ਬਿਜਉਰੀਆਂ ਕਿਕਰਿ ਬੀਜੈ ਜਟੁ।" — ਸਲੋ **ਫਰ**, ੨੩ : ੧ (1379)

ਦਾਗ — (ਫ਼ਾ. ਦਾਗ਼) ਨਿਸ਼ਾਨ
"ਸਭਾ ਕਾਲਖ ਦਾਗਾ **ਦਾਗ**।"
— ਧਨਾ **੧**, ੫, ੩ : ੨ (662)
"ਮਾਇਆ ਮਿਹੁ ਸਬਲੁ ਹੈ ਭਾਰੀ ਮੋਹੁ ਕਾਲਖ **ਦਾਗ** ਲਗੀਜੈ।"
— ਕਲਿ **੪**, ਅਸ ੨, ੨ : ੧ (1324)

ਦਾਗਰੁ — (ਫ਼ਾ. ਦਾਗ਼ਲ), ਫਰੇਬ (ਮਹਾਨਕੋਸ਼),

ਦਾਗ (ਨਿਰਣੈ, ਦਰਪਣ, ਸ਼ਬਦਾਰਥ)
"ਸਭਿ ਪਵਹੁ ਸਰਨਿ ਸਤਿਗੁਰੂ ਕੀ ਬਿਨਸੈ ਦੁਖ **ਦਾਗਰੂ**।" — ਕਾਨ **੪**, ਵਾਰ ੧੪ : ੫ (1318)

ਦਾਗਾ — ਦਾਗ, ਨਿਸ਼ਾਨ, ਧਬਾ
"ਮੈਲਾ ਕਦੇ ਨ ਹੋਵਈ ਨਹ ਲਾਗੈ **ਦਾਗਾ**।"
— ਬਿਲਾ **੫**, ੩੩, ੧ : ੨ (808)

ਦਾਗੁ — ਧਬਾ
"ਜਨਮ ਮਰਣ ਬਿਕਾਰ ਛੂਟੇ ਫਿਰਿ ਨ ਲਾਗੈ **ਦਾਗੁ** ਜੀਉ।" (ਦੋਸ਼)
— ਰਾਮ **੫**, ਛੰਤ ੪, ੩ : ੫ (927)
"ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ **ਦਾਗੁ**।"
— ਸਲੋ **ਕਬ**, ੧੩੧ : ੨ (1371)

ਦਾਗੇ — ਜਿੰਨਾਂ ਉਪਰ ਨਿਸ਼ਾਨ ਲੱਗਾ ਹੋਵੇ, ਅੰਕੇ ਹੋਏ
"ਦਾਗ ਹੋਹਿ ਸੁ ਰਨ ਮਹਿ ਜੂਝਹਿ ਬਿਨੁ **ਦਾਗੇ** ਭਗਿ ਜਾਈ।"— ਰਾਮ **ਕਬ**, ੪, ੩ : ੧ (970)

ਦਾਜੁ — ਦਹੇਜ, ਪਿਤਾ ਵਲੋਂ ਵਿਆਹ ਸਮੇਂ ਬੇਟੀ ਨੂੰ ਦਿੱਤਾ ਜਾਂਦਾ ਸਾਮਾਨ
"ਹੋਰਿ ਮਨਮੁਖ **ਦਾਜੁ** ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ।"
— ਸਿਰੀ **੪**, ਛੰਤ ੧, ੪ : ੫ (79)

ਹੋਰ ਰੂਪ — ਦਾਜੋ —
"ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ **ਦਾਜੋ**।" — ਸਿਰੀ **੪**, ਛੰਤ ੧, ੪ : ੬ (79)

ਦਾਝਹਿ — ਸੜਦੇ ਹਨ
"ਜੇਤਾ ਊਡਹਿ ਦੂਖ ਘਣੇ ਨਿਤ **ਦਾਝਹਿ** ਤੈ ਬਿਲਲਾਹਿ।"
— ਸਿਰੀ **੩**, ਅਸ ੨੦, ੨ : ੨ (66)

ਦਾਝਨੁ — ਸੜਨ
"ਕਬੀਰ ਦਾਵੈ **ਦਾਝਨੁ** ਹੋਤੁ ਹੈ ਨਿਰਦਾਵੈ ਰਹੈ ਨਿਸੰਕ।" — ਸਲੋ **ਕਬ**, ੧੯੯ : ੧ (1373)

ਦਾਝਿ — ਸੜ
"**ਦਾਝਿ** ਗਏ ਤ੍ਰਿਣ ਪਾਪ ਸੁਮੇਰ।"
— ਰਾਮ **੫**, ੫੧, ੨ : ੧ (899)

ਹੋਰ ਰੂਪ — ਦਾਝੈ —
"ਪ੍ਰਣਵਤਿ ਨਾਨਕੁ ਨਾਗੀ **ਦਾਝੈ** ਫਿਰਿ ਪਾਛੈ ਪਛੁਤਾਣੀਤਾ।" (ਸੜਦੀ ਹੈ)
— ਗਉ **੧**, ੧੫, ੪ : ੨ (156)

ਦਾਣਾ — 1. (ਫ਼ਾ. ਦਾਨਾ) ਦਾਨਾ, ਸਿਆਣਾ
"ਤੂ ਸਾਹਿਬੁ ਅਗਮ ਦਇਆਲੁ ਹੈ ਵਡ ਦਾਤਾ **ਦਾਣਾ**।" — ਗਉ **੪**, ਵਾਰ ੧੦ : ੧ (305)
2. ਕਣ, ਭਾਵ ਅਨਾਜ
"ਸਉ ਮਣੁ ਹਸਤੀ ਘਿਉ ਗੁੜੁ ਖਾਵੈ ਪੰਜਿ ਸੈ **ਦਾਣਾ** ਖਾਇ।" (ਭਾਵ ਅਨਾਜ)
— ਮਲਾ **੧**, ਵਾਰ ੧੯ਸ, **੧**, ੨ : ੧ (1286)

ਦਾਣੀ — ਦੇਣ ਵਾਲਾ, ਦਾਤਾ
"ਤਿਸੁ ਆਗੈ ਜਨ ਕਰਿ ਬੇਨੰਤੀ ਜੋ ਸਰਬ ਸੁਖਾ ਕਾ **ਦਾਣੀ** ਹੇ।"
— ਮਾਰੂ **੪**, ਸੋਲਾ ੨, ੪ : ੩ (1070)

ਦਾਣੁ — 1. ਦਾਣਾ, ਕਣ, ਬੀਜ
"ਪਹਿਲਾ ਧਰਤੀ ਸਾਧਿ ਕੈ ਸਚੁ ਨਾਮੁ ਦੇ **ਦਾਣੁ**।"
— ਸਿਰੀ **੧**, ੧੩, ੨ : ੨ (19)
2. ਦਾਨ
"ਆਪੇ ਭਗਤਿ ਭੰਡਾਰ ਹੈ ਪਿਆਰਾ ਆਪੇ ਦੇਵੈ **ਦਾਣੁ**।" — ਸੋਰ **੪**, ੫, ੩ : ੧ (606)

ਦਾਣੇ — 1. ਕਣ, ਦਾਨੇ, ਅਨਾਜ, ਵੇਖੋ 'ਦਾਣਾ'
"ਖਸਮੈ ਨਦਰੀ ਕੀੜਾ ਆਵੈ ਕੇਤੇ ਚੁਗੈ **ਦਾਣੇ**।"
— ਆਸਾ **੧**, ੩੯, ੩ : ੨ (360)
2. (ਫ਼ਾ. ਦਾਨਾ ਸਿਆਣਾ), ਸਮਝਦਾਰ
"ਜਿਨ ਗੁਰਮੁਖਿ ਹਰਿ ਆਰਾਧਿਆ ਸੇ ਸਾਹ ਵਡ **ਦਾਣੇ**।"
— ਤਿਲੰ **੪**, ਅਸ ੨, ੨੦ : ੧ (726)

ਦਾਤ — ਦਾਤਰੀ, ਖੇਤ ਵਿਚੋਂ ਅਨਾਜ ਵੱਢਣ ਵਾਲਾ ਦੰਦੇਦਾਰ ਸੰਦ,
"ਲੈ ਲੈ **ਦਾਤ** ਪਹੁਤਿਆ ਲਾਵੇ ਕਰਿ ਤਈਆਰੁ।"
— ਸਿਰੀ **੫**, ੭੪, ੨ : ੨ (43)

ਦਾਤਉ — 1. ਹੇ ਦਾਤੇ, ਦਾਤ ਦੇਣ ਵਾਲੇ
"ਪ੍ਰਭ **ਦਾਤਉ** ਦਾਤਾਰ ਪਰ੍ਹਿਉ ਜਾਚਕੁ ਇਕੁ ਸਰਨਾ।" — ਸਮੁ **੫**, ੯ : ੧ (1387)
2. ਦਾਤਾ
"ਅਗਹ ਗਹਣੁ ਭ੍ਰਮੁ ਭ੍ਰਾਂਤਿ ਦਹਣੁ ਸੀਤਲ ਸੁਖ **ਦਾਤਉ**।" — ਸਵ **੪**, ਕਲ ੫ : ੩ (1407)

ਦਾਤਨ — ਦਾਨ ਦੇਣ ਵਾਲਾ, ਦਾਤਾ
"ਸੁਖੀਅਨ ਮਹਿ ਸੁਖੀਆ ਤੂੰ ਕਹੀਅਹਿ **ਦਾਤਨ**

ਸਿਰਿ ਦਾਤਾ।"

— ਗੂਜ **੫**, ਅਸ ੧, ੨ : ੧ (507)

ਦਾਤੜੀ — ਦਾਤ ਬਖਸ਼ਿਸ਼

"ਏਹਾ ਪਾਈ ਮੂ **ਦਾਤੜੀ** ਨਿਤ ਹਿਰਦੈ ਰਖਾ ਸਮਾਲਿ।" — ਸੂਹੀ ੫, ਅਸ ੪, ੩ : ੨ (761)

ਦਾਤਾ — (ਸੰ. ਦਾਤ੍ਰ) ਦਾਨੀ, ਦੇਣ ਵਾਲਾ

"ਸਭਨਾ ਜੀਆ ਕੀ ਇਕੁ **ਦਾਤਾ** ਸੋ ਮੈ ਵਿਸਰਿ ਨ ਜਾਈ।" — ਜਪੁ **੧**, ੫ : ੧੧ (2)

"ਤੂੰ ਆਪੇ **ਦਾਤਾ** ਆਪੇ ਭੁਗਤਾ ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ।"

— ਆਸਾ **੪**, ਸੁਪੁ ੧, ੨ : ੩ (11)

ਦਾਤਾਰ — ਦਾਤਾ, ਦਾਨ ਦੇਣ ਵਾਲਾ

"ਬਿਸਰੁ ਨਹੀ ਇਕੁ ਤਿਲੁ **ਦਾਤਾਰ**।"

— ਗਉ **੫**, ੧੬੨, ੪ : ੧ (198)

ਹੋਰ ਰੂਪ — ਦਾਤਾਰਹ —

"ਪਾਰਬ੍ਰਹਮ ਪੁਰਖ **ਦਾਤਾਰਹ** ਨਾਨਕ ਗੁਰ ਸੇਵਾ ਕਿੰਨ ਲਭ੍ਰਤੇ।"

— ਸਸ **੫**, ੨੦ : ੪ (1355)

ਦਾਤਾਰਾ —

"ਸਭਿ ਜੀਅ ਤੁਮਾਰੇ ਤੂੰ ਜੀਆ ਕਾ **ਦਾਤਾਰਾ**।" (ਦੇਣ ਵਾਲਾ)

— ਆਸਾ **੪**, ਸੁਖ ੧, ੧ : ੩ (10)

ਦਾਤਾਰਿ —

"ਅਰਦਾਸਿ ਸੁਣੀ **ਦਾਤਾਰਿ** ਪ੍ਰਭਿ ਹੋਏ ਕਿਰਪਾਲ।" (ਦਾਤੇ ਨੇ)

— ਬਿਲਾ **੫**, ੨੩, ੧ : ੧ (818)

ਦਾਤਾਰੁ —

"ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ **ਦਾਤਾਰੁ**।" — ਜਪੁ **੧**, ੪ : ੨ (2)

ਦਾਤਾਰੇ —

"ਕਾਮਿ ਕ੍ਰੋਧਿ ਲੋਭ ਮੋਹਿ ਮਨੁ ਲੀਨੋ ਨਿਰਗੁਣ ਕੇ **ਦਾਤਾਰੇ**।" (ਹੇ ਦਾਤੇ)

— ਗਉ **੫**, ੧੩੮*, ੪ : ੧ (210)

"ਹਮ ਅਵਗਨ ਕਰਹ ਅਸੰਖ ਨੀਤਿ ਤੁਮ੍ ਨਿਰਗੁਨ **ਦਾਤਾਰੇ**।" (ਕਰਤੇ)

— ਬਿਲਾ **੫**, ੩੪, ੨ : ੧ (809)

ਦਾਤਿ — 1. ਦਿਤੀ ਹੋਈ ਵਸਤੂ/ਪਦਾਰਥ

"ਗਾਵੈ ਕੋ **ਦਾਤਿ** ਜਾਣੈ ਨੀਸਾਣੁ।"

— ਜਪੁ **੧**, ੩ : ੨ (1)

"ਸਚੇ ਸਚੀ **ਦਾਤਿ** ਦੇਹਿ ਦਇਆਲੁ ਹੈ।"

— ਆਸਾ **੧**, ਅਸ ੨੧, ੭ : ੧ (422)

"**ਦਾਤਿ** ਪਿਆਰੀ ਵਿਸਰਿਆ ਦਾਤਾਰਾ।"

— ਧਨਾ **੫**, ੨੨, ੨ : ੩ (676)

"ਗੁਰ ਕੀ **ਦਾਤਿ** ਸਦਾ ਮਨ ਅੰਤਰਿ ਬਾਣੀ ਸਬਦਿ ਵਜਾਈ ਹੇ।" (ਉਪਦੇਸ਼ ਰੂਪੀ ਦਾਤ)

— ਮਾਰੂ **੩**, ਸੋਲਾ ੧, ੧੪ : ੩ (1044)

2. ਦਾਨ, ਬਖਸ਼ਿਸ਼

"ਆਖਹਿ ਮੰਗਹਿ ਦੇਹਿ ਦੇਹਿ **ਦਾਤਿ** ਕਰੇ ਦਾਤਾਰੁ।" — ਜਪੁ **੧**, ੪ : ੨ (2)

"ਨਾਨਕ ਨਦਰੀ ਕਰਮੀ **ਦਾਤਿ**।"

— ਜਪੁ **੧**, ੨੪ : ੧੬ (5)

"ਏਹਿ ਭਿ **ਦਾਤਿ** ਤੇਰੀ ਦਾਤਾਰ।"

— ਜਪੁ **੧**, ੨੫ : ੯ (5)

"**ਦਾਤਿ** ਕਰਹੁ ਮੇਰਾ ਦਾਤਾਰਾ ਜੀਅ ਜੰਤ ਸਭਿ ਧ੍ਰਾਪੇ ਜੀਉ।"

— ਮਾਝ **੫**, ੩੪, ੨ : ੩ (104)

"ਸਭਨਾ ਦਾਤਾ ਏਕੁ ਤੂੰ ਮਾਣਸਿ **ਦਾਤਿ** ਨ ਹੋਇ।"

— ਸੋਰ **੧**, ੧, ੨ : ੨ (595)

(ਕੇਵਲ ਮਹਾਨਕੋਸ਼ ਇਥੇ 'ਦਾਤਿ' ਦੇ ਅਰਥ 'ਦਾਤਾ' ਕਰਦਾ ਹੈ)

3. ਦਾਨ ਦੇਣ ਯੋਗ ਵਸਤੂ

"ਦੇਵਣ ਵਾਲੇ ਕੈ ਹਥਿ **ਦਾਤਿ** ਹੈ ਗੁਰੂ ਦੁਆਰੈ ਪਾਇ।" — ਸਿਰੀ **੩**, ੫੦, ੩ : ੨ (33)

4. ਦਾਨ, ਖੈਰਾਇਤ ਵਜੋਂ ਅਥਵਾ ਪੁੰਨ ਵਜੋਂ ਕੁਝ ਦੇਣਾ

"ਪੁਰਬੀ ਨਾਵੈ ਵਰਨਾਂ ਕੀ **ਦਾਤਿ**।" (ਵਰਣਾਂ ਅਨੁਸਾਰ ਜੋ ਦਾਨ ਲਿਖਿਆ ਹੈ, ਉਹ ਵਿੱਧੀ ਅਨੁਸਾਰ ਕਰੇ)

— ਬਸੰ **੧**, ੩, ੨ : ੩ (1169)

ਦਾਤਿਆ — ਦਾਤ/ਦਾਨ ਦੇਣ ਵਾਲੇ, ਦਾਤਾ ਦਾ ਬਹੁ ਵਚਨ

"ਹਰਿ ਇਕੋ ਮੇਰਾ ਦਾਤਾਰੁ ਹੈ ਸਿਰਿ **ਦਾਤਿਆ** ਜਗ ਹਥੁ।"

— ਰਾਮ **੫**, ਵਾਰ ਪਸ, **੫**, ੧ : ੬ (958)

ਦਾਤੀ — 1. 'ਦਾਤ' ਦਾ ਬਹੁ ਵਚਨ

"ਤਾ ਮੁਖੁ ਹੋਵੈ ਉਜਲਾ ਲਖ **ਦਾਤੀ** ਇਕ ਦਾਤਿ।"
— ਸਿਰੀ **੧**, ੫, ੩ : ੨ (16)

"**ਦਾਤੀ** ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ।" (ਦਾਤਾਂ)
— ਸਿਰੀ **੪**, ਵਾਰ ੨ਸ, **੧**, ੧ : ੧ (83)

"ਹਰਿ ਜੀਉ ਤੇਰੀ **ਦਾਤੀ** ਰਾਜਾ।" (ਦਾਤਾਂ ਨਾਲ)
— ਸੋਰ **੫**, ੧, ੧* : ੧ (608)

ਹੋਰ ਰੂਪ — ਦਾਤੀਂ —

"ਨ ਭੀਜੈ **ਦਾਤੀਂ** ਕੀਤੈ ਪੁੰਨਿ।"
— ਸਾਰ **੪**, ਵਾਰ ੧ਸ, **੧**, ੨ : ੬ (1237)

2. ਦੇਣ ਵਾਲੀ

"ਹਰਿ ਕੀ ਭਗਤਿ ਫਲ **ਦਾਤੀ**।"
— ਸੋਰ **੫**, ੮੧, ੧* : ੧ (629)

ਦਾਤੇ — 1. ਦੇਣ ਵਾਲੇ, ਦਾਨੀ ਪੁਰਸ਼

"ਇਕਿ **ਦਾਤੇ** ਇਕ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ।" — ਆਸਾ **੪**, ਸੋਪੁ ੧, ੨ : ੨ (11)

"ਰਾਮ ਤੁਮ ਆਪੇ ਆਪਿ ਆਪਿ ਪ੍ਰਭੁ ਠਾਕੁਰ ਤੁਮ ਜੇਵਡ ਅਵਰੁ ਨ **ਦਾਤੇ**।"
— ਗਉ **੪**, ੫੪, ੪ : ੧ (169)

"ਹਰਿ ਸਿਮਰਨਿ ਭਏ ਸਿਧ ਜਤੀ **ਦਾਤੇ**।"
— ਗਉ **੫**, ਸੁਖ ੧, ੮ : ੩ (263)

2. ਦੇਣ ਵਾਲੇ ਭਾਵ ਪ੍ਰਭੂ

"ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ **ਦਾਤੇ** ਕਵਣੁ ਸੁਮਾਰੁ।" — ਗਉ **੧**, ਸੋਹ ੧, ੨ : ੨ (12)

"ਨਿਬਾਹਿ ਲੇਹੁ ਮੋ ਕਉ ਪੁਰਖ ਬਿਧਾਤੇ ਓੜਿ ਪਹੁਚਾਵਹੁ **ਦਾਤੇ**।" (ਹੇ ਦਾਤੇ)
— ਗਉ **੫**, ੧੩੫*, ੧* : ੧ (209)

3. ਦਾਤ, ਬਖਸ਼ਿਸ਼

"ਨਾਨਕ ਹਰਿ ਗੁਰ ਕੀਨੀ **ਦਾਤੇ**।"
— ਗਉ **੫**, ਬਾਅ ੪੪ : ੮ (259)

"ਪ੍ਰਭੁ ਸੁਘਰੁ ਸਰੂਪੁ ਸੁਜਾਨੁ ਸੁਆਮੀ ਤਾ ਕੀ ਮਿਟੈ ਨ **ਦਾਤੇ**।"
— ਆਸਾ **੫**, ਛੰਤ ੩, ੨ : ੫ (454)

ਦਾਤੇਰੈ — ਦਾਤੇ

"ਕਵਨ ਉਪਮਾ ਕਹਉ ਏਕ ਮੁਖ ਨਿਰਗੁਣ ਕੇ **ਦਾਤੇਰੈ**।" — ਸਾਰ **੫**, ੫੦, ੨ : ੧ (1214)

ਦਾਤੈ — ਦਾਤੇ ਨੇ

"ਹਰਿ **ਦਾਤੈ** ਹਰਿ ਨਾਮੁ ਜਪਾਇਆ ਨਾਨਕੁ ਪੈਨਾਇਆ।" — ਸਿਰੀ **੪**, ਵਾਰ ੨੧ : ੫ (91)

ਹੋਰ ਰੂਪ — ਦਾਤੋ —

"ਸਾਸ ਗ੍ਰਾਸ ਕੋ **ਦਾਤੋ** ਠਾਕੁਰੁ ਸੋ ਕਿਉ ਮਨਹੁ ਬਿਸਾਰਿਓ ਰੇ।" (ਦਾਤੇ)
— ਗਉ **ਕਬ**, ੫੬, ੧* : ੧ (335)

ਦਾਤੌ —

"ਤੂ **ਦਾਤੌ** ਹਮ ਜਾਚਿਕਾ ਹਰਿ ਦਰਸਨੁ ਦੀਜੈ।" (ਦਾਤਾ)
— ਆਸਾ **੧**, ਅਸ ੧੫, ੧* : ੧ (419)

ਦਾਦਰ — (ਸੰ. ਦਦੁਰः) ਡੱਡੂ, ਮੇਂਡਕ

"**ਦਾਦਰ** ਤੂ ਕਬਹਿ ਨ ਜਾਨਸਿ ਰੇ।"
— ਮਾਰੂ **੧**, ੪, ੧* : ੧ (990)

ਹੋਰ ਰੂਪ — ਦਾਦਰੁ —

"ਮਨੁ ਮੁਗਧੌ **ਦਾਦਰੁ** ਭਗਤਿ ਹੀਨੁ।"
— ਬਸੰ **੧**, ਅਸ ੨, ੩ : ੧ (1188)

ਦਾਦਿ — 1. (ਫ਼ਾ. 'ਦਾਦ') ਦਾਨ (ਮਹਾਨਕੋਸ਼) ਪ੍ਰਸੰਸ਼ਾ, ਵਡਿਆਈ (ਸ਼ਬਦਾਰਥ)

"ਸਚੈ ਸਰਮੈ ਬਾਹਰੇ ਅਗੈ ਲਹਹਿ ਨ **ਦਾਦਿ**।"
— ਸਾਰ **੪**, ਵਾਰ ੨੦ਸ, **੧**, ੧ : ੩ (1245)

2. ਇਨਸਾਫ਼

"ਦਾਦੀ **ਦਾਦਿ** ਨ ਪਹੁਚਨਹਾਰਾ ਚੂਪੀ ਨਿਰਨਉ ਪਾਇਆ ਰੇ।"
— ਆਸਾ **੫**, ੪੪, ੩ : ੧ (381)

ਦਾਦੀ — ਫਰਿਆਦ ਕਰਨ ਵਾਲਾ

"**ਦਾਦੀ** ਦਾਦਿ ਨ ਪਹੁਚਨਹਾਰਾ ਚੂਪੀ ਨਿਰਨਉ ਪਾਇਆ ਰੇ।"
— ਆਸਾ **੫**, ੪੪, ੩ : ੧ (381)

ਦਾਦੁਰ — ਡੱਡੂ, ਵੇਖੋ 'ਦਾਦਰ'

"ਜਿਉ ਭਏ **ਦਾਦੁਰ** ਪਾਨੀ ਮਾਹੀ।"
— ਗਉ **ਕਬ**, ੫, ੧ : ੨ (324)

ਦਾਦੇ — 1. (ਫ਼ਾ. ਦਾਦ) ਇਨਸਾਫ਼

"ਨ **ਦਾਦੇ** ਦਿਹੰਦ ਆਦਮੀ।"
— ਮਾਝ **੧**, ਵਾਰ ੧੩ਸ, **੧**, ੩ : ੧ (144)

2. ਪਿਤਾ ਦਾ ਪਿਤਾ

"ਪੀਊ **ਦਾਦੇ** ਕਾ ਖੋਲਿ ਡਿਠਾ ਖਜਾਨਾ।"
— ਗਉ **੫**, ੧੦੦, ੧ : ੧ (186)

ਦਾਧਾ — ਸਾੜਿਆ
"ਜਮਕਾਲਿ ਬਾਧਾ ਤ੍ਰਿਸ਼ਨਾ **ਦਾਧਾ** ਬਿਨੁ ਗੁਰ ਕਵਣੁ ਛਡਾਏ।" — ਸੂਹੀ **੩**, ਅਸ ੧, ੪ : ੪ (753)
ਹੋਰ ਰੂਪ — ਦਾਧੀ —
"ਸਭਿ ਸਹੀਆ ਸਹੁ ਰਾਵਣਿ ਗਈਆ ਹਉ **ਦਾਧੀ** ਕੈ ਦਰਿ ਜਾਵਾ।" (ਸੜੀ ਹੋਈ)
— ਵਡ **੧**, ੩, ੧ : ੯ (558)
"ਤ੍ਰਿਸ਼ਨਾ **ਦਾਧੀ** ਜਲਿ ਮੁਈ ਜਲਿ ਜਲਿ ਕਰੇ ਪੁਕਾਰ।"
— ਵਡ **੪**, ਵਾਰ ੬ਸ, **੩**, ੧ : ੧ (588)

ਦਾਧੀਲੇ — ਸਾੜ ਦਿੱਤਾ
"**ਦਾਧੀਲੇ** ਲੰਕਾ ਗੜੁ ਉਪਾੜੀਲੇ ਰਾਵਣ ਬਣੁ ਸਲਿ ਬਿਸਲਿ ਆਣਿ ਤੋਖੀਲੇ ਹਰੀ।"
— ਧਨਾ **ਤ੍ਰਿਲੋ**, ੧, ੫ : ੧ (695)

ਦਾਧੇ — ਸੜੇ ਹੋਏ
"ਸੁਰਿ ਨਰ **ਦਾਧੇ** ਲਾਗੀ ਆਗਿ।" (ਸੜ ਰਹੇ ਹਨ) — ਗਉ **ਕਬ**, ੨੪, ੨ : ੧ (328)
"ਦੀਸਹਿ **ਦਾਧੇ** ਕਾਨ ਜਿਉ ਜਿਨੁ ਮਨਿ ਨਾਹੀ ਨਾਉ।" — ਸਲੋ **ਕਬ**, ੪ : ੨ (1364)

ਦਾਨ — 1. ਖੈਰਾਤ, ਪੁੰਨ ਰੂਪ ਵਿਚ, ਤਰਸ ਕਰਕੇ ਦਿਤੀ ਵਸਤੂ
"ਪੁੰਨ **ਦਾਨ** ਚੰਗਿਆਈਆ ਬਿਨੁ ਸਾਚੇ ਕਿਆ ਤਾਸੁ।" — ਸਿਰੀ **੧**, ਅਸ ੬, ੧ : ੨ (56)
"ਲਾਗਿ ਪਰੇ ਤੇਰੇ **ਦਾਨ** ਸਿਉ ਨਹ ਚਿਤਿ ਖਸਮਾਰੇ।" (ਦਾਤਾਂ) — ਬਿਲਾ **੫**, ੩੪, ੩ : ੨ (809)
ਹੋਰ ਰੂਪ — ਦਾਨੰ —
"ਭਗਤੰ ਭਗਤਿ **ਦਾਨੰ** ਰਾਮ ਨਾਮ ਗੁਣ ਕੀਰਤਨਹ।"
— ਸਸ **੫**, ੨੦ : ੩ (1355)
2. ਟੈਕਸ
"ਹਉਮੈ ਡੰਨੁ ਸਹੈ ਰਾਜਾ ਮੰਗੈ **ਦਾਨ**।"
— ਆਸਾ **੧**, ਅਸ ੧੦, ੪ : ੨ (416)
3. ਡੰਨ
"ਸਹੰਸਰ **ਦਾਨ** ਦੇ ਇੰਦ੍ਰ ਰੋਆਇਆ।"
— ਰਾਮ **੩**, ਵਾਰ ੧੪ਸ, **੧**, ੧ : ੧ (953)
(ਮਹਾਨਕੋਸ਼ ਇਥੇ ਅਰਥ 'ਯਗਯ' ਕਰਦਾ ਹੈ)

ਦਾਨਸਬੰਦੁ — (ਫਾ.) ਸਿਆਣਾ, ਸੂਝਵਾਨ, ਬੁਧੀਮਾਨ
"**ਦਾਨਸਬੰਦੁ** ਸੋਈ ਦਿਲਿ ਧੋਵੈ।"
— ਧਨਾ **੧**, ੭, ੪ : ੧ (662)

ਦਾਨਹੁ — ਦਾਨ ਤੋਂ
"**ਦਾਨਹੁ** ਤੈ ਇਸਨਾਨਹੁ ਵੰਜੇ ਭਸੁ ਪਈ ਸਿਰਿ ਖੁਥੈ।"
— ਮਾਝ **੧**, ਵਾਰ ੨੬ਸ, **੧**, ੧ : ੧੩ (150)

ਦਾਨਵ — ਰਾਖਸ਼, ਦੈਂਤ
"ਆਖਹਿ **ਦਾਨਵ** ਆਖਹਿ ਦੇਵ।"
— ਜਪੁ **੧**, ੨੬ : ੧੭ (6)
ਹੋਰ ਰੂਪ — ਦਾਨਵਾ —
"ਨ ਦੇਵ **ਦਾਨਵਾ** ਨਰਾ।"
— ਮਾਝ **੧**, ਵਾਰ ੧੩ਸ, **੧**, ੨ : ੧ (143)

ਦਾਨਾ — 1. (ਫਾ. ਦਾਨਾ) ਗਿਆਨਵਾਨ, ਜਾਣਨ ਵਾਲਾ, ਸਿਆਣਾ, ਸੂਝਵਾਣ
"ਤੂੰ ਦਰੀਆਉ **ਦਾਨਾ** ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ।" — ਸਿਰੀ **੧**, ੩੧, ੧ : ੧ (25)
ਹੋਰ ਰੂਪ — ਦਾਨਾਂ —
"ਆਪੇ **ਦਾਨਾਂ** ਬੀਨਿਆ ਆਪੇ ਪਰਧਾਨਾਂ।"
— ਬਿਹਾ **੪**, ਵਾਰ ੧੯ : ੧ (556)
2. ਖੈਰਾਤ ਵਿਚ ਪੁੰਨ ਅਰਥ ਦਿਤੇ ਜਾਣ ਵਾਲਾ ਪਦਾਰਥ, ਦਾਨ
"ਪਤਿ ਕੇ ਸਾਦ ਖਾਦਾ ਲਹੈ **ਦਾਨਾ** ਕੈ ਸਿਰਿ ਦਾਨੁ।"
— ਮਾਝ **੧**, ਵਾਰ ੨੦ਸ, **੧**, ੧ : ੩ (147)
"ਛੁਰੀ ਕਾਢਿ ਲੇਵੈ ਹਥਿ **ਦਾਨਾ**।"
— ਗਉ **੫**, ੧੦੭*, ੨ : ੨ (201)
"ਗੁਰ ਕਾ ਸੇਵਕੁ ਸਾਧਸੰਗੁ ਪਾਏ ਗੁਰੁ ਕਰਦਾ ਨਿਤ ਜੀਅ **ਦਾਨਾ** ਹੇ।"
— ਮਾਰੂ **੫**, ਸੋਲਾ ੪, ੩ : ੩ (1075)
3. ਅਨਾਜ
"ਸੰਤਨ ਕਾ **ਦਾਨਾ** ਰੂਖਾ ਸੋ ਸਰਬ ਨਿਧਾਨ।"
— ਬਿਲਾ **੫**, ੪੪, ੨ : ੧ (811)
4. ਦਾਤਾ, ਦਾਨੀ, ਦਾਨ ਦੇਣ ਵਾਲਾ
"ਦਾਨਾ ਤੂ ਬੀਨਾ ਤੁਹੀ **ਦਾਨਾ** ਕੈ ਸਿਰਿ ਦਾਨੁ।" (ਦਾਤਿਆਂ ਦਾ ਦਾਤਾ)
— ਰਾਮ **੧**, ਓਅੰ ੩੫ : ੩ (934)

(ਪਹਿਲੇ 'ਦਾਨਾਂ' ਦਾ ਅਰਥ ਜਾਣਨ ਵਾਲਾ ਹੈ)

ਦਾਨਿ — 1. ਦਾਨ ਵਿਚ
"ਨਾਨਕ ਨਦਰੀ ਬਾਹਰੇ ਰਾਚਹਿ **ਦਾਨਿ** ਨ ਨਾਇ।"
— ਸਿਰੀ **੧**, ੪, ੪ : ੩ (15)
"ਤੂ ਪ੍ਰਭ ਦਾਤਾ **ਦਾਨਿ** ਮਤਿ ਪੂਰਾ ਹਮ ਥਾਰੇ ਭੇਖਾਰੀ ਜੀਉ।" (ਦਾਨ ਵਿਚ, ਦਾਨ ਕਰਕੇ)
— ਸੋਰ **੧**, ੮, ੧ : ੧ (597)
2. ਦਾਨ, ਖ਼ੈਰਾਤ
"ਕਰੁ ਧਰਿ ਮਸਤਕਿ ਥਾਪਿਆ ਨਾਮੁ ਦੀਨੋ **ਦਾਨਿ**।" — ਬਿਲਾ **੫**, ੬੬, ੧ : ੧ (817)
3. ਦਾਨੀ
"**ਦਾਨਿ** ਬਡੌ ਅਤਿਵੰਤੁ ਮਹਾ ਬਲਿ ਸੇਵਕਿ ਦਾਸਿ ਕਹਿਓ ਇਹੁ ਤਥੁ।"
— ਸਵ **੪**, ਮਥੁ ੨ : ੩ (1404)

ਦਾਨੀ — 1. ਦਾਨ ਕਰਤਾ
"ਉਰਵਾਰਿ ਪਾਰਿ ਸਭ ਏਕੋ **ਦਾਨੀ**।"
— ਗਉ **ਕਬ**, ੬੧, ੪ : ੨ (337)
2. (ਫ਼ਾ. ਦਾਨਿਸਤਨ) ਜਾਣੀ
"ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ **ਦਾਨੀ**।"
— ਤਿਲੰ **੧**, ੧, ੧* : ੧ (721)

ਦਾਨੀਆ — ਜਾਣਨ ਵਾਲਾ, ਗਿਆਤਾ
"ਉਰਵਾਰ ਪਾਰ ਕੇ **ਦਾਨੀਆ** ਲਿਖਿ ਲੇਹੁ ਆਲ ਪਤਾਲੁ।" — ਗਉ **ਰਵਿ**, ੧, ੩ : ੧ (346)

ਦਾਨੁ — 1. ਖ਼ੈਰਾਤ, ਪੁੰਨ ਅਰਥ ਦਿੱਤਾ ਪਦਾਰਥ
"ਨਾਮੁ **ਦਾਨੁ** ਇਸਨਾਨੁ ਦਿੜਾਇਆ।"
— ਸਿਰੀ **੫**, ਅਸ ੨੯, ੧੧ : ੨ (74)
2. ਡੰਨ, ਲੁੱਟ ਦਾ ਮਾਲ
"ਪੰਚ ਤਤੁ ਮਿਲਿ **ਦਾਨੁ** ਨਿਬੇਰਹਿ ਟਾਂਡਾ ਉਤਰਿਓ ਪਾਰਾ।"
— ਗਉ **ਕਬ**, ੪੯; ੨ : ੨ (333)
"ਜਗਤ ਪਾਸ ਤੇ ਲੇਤੇ **ਦਾਨੁ** ਗੋਬਿਦ ਭਗਤ ਕਉ ਕਰਹਿ ਸਲਾਮੁ।" (ਖਿਰਾਜ, ਡੰਨ)
— ਗੋਂਡ **੫**, ੧੧, **੨**, ੧ : ੨ (865)
3. ਦਾਨ ਦੇਣ ਵਾਲਾ, ਦਾਨੀ, ਦਾਤਾ
"ਦਾਨਾ ਤੂ ਬੀਨਾ ਤੁਹੀ ਦਾਨਾ ਕੈ ਸਿਰਿ **ਦਾਨੁ**।" (ਦਾਤਿਆਂ ਦਾ ਦਾਤਾ)
— ਰਾਮ **੧**, ਓਅੰ ੩੫ : ੩ (934)

ਦਾਨੇ — 1. ਦਾਨ ਦੇਵੇ
"ਤੁਲਾ ਪੁਰਖ **ਦਾਨੇ**।"
— ਗੋਂਡ **ਨਾਮ**, ੧, ੧ : ੨ (873)
"ਭੇਖੀ ਹਾਥ ਨ ਲਭਈ ਤੀਰਥਿ ਨਹੀ **ਦਾਨੇ**।" (ਦਾਨ ਕੀਤਿਆਂ)
— ਮਾਰੂ **੧**, ਅਸ ੬, ੮ : ੧ (1012)

ਦਾਨੇਨ — ਦਾਨ ਕਰਕੇ
"ਜੋਗੇਨ ਕਿੰ ਜਗੇਨ ਕਿੰ **ਦਾਨੇਨ** ਕਿੰ ਤਪਸਾ।"
— ਗੂਜ **ਜੈਦੇ**, ੧, ੪ : ੨ (526)

ਦਾਨੈ — ਦਾਨ ਦੀ
"ਤੇਰੇ **ਦਾਨੈ** ਕੀਮਤਿ ਨ ਪਵੈ ਤਿਸੁ ਦਾਤੇ ਕਵਣੁ ਸੁਮਾਰੁ।" — ਗਉ **੧**, ਸੋਹ ੧, ੨ : ੨ (12)

ਦਾਨੋ — 1. ਦਾਨਾ (ਅਨਾਜ ਦਾ)
"ਜੈਸੇ **ਦਾਨੋ** ਚਕੀ ਦਰਾਹਿ।"
— ਮਾਲੀ **੫**, ੩, ੩ : ੪ (987)
2. ਦਾਨ
"ਦੇਵੈ ਸਚੁ **ਦਾਨੋ** ਸੋ ਪਰਵਾਨੋ ਸਦ ਦਾਤਾ ਵਡ ਦਾਣਾ।"
— ਤੁਖਾ **੧**, ਛੰਤ ੫, ੪ : ੩ (1112)

ਦਾਮ — (ਅ. ਦਾਮ) ਕੌਡੀ, ਪੈਸੇ
"ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ **ਦਾਮ**।" (ਧਨ, ਮਾਲ, ਮਹਾਨਕੋਸ਼)
— ਮਾਝ **੫**, ਬਾਰਾ ੧ : ੪ (133)

ਦਾਮਨਿ — ਬਿਜਲੀ
"ਦਰ ਦਿਸ ਛਤ੍ਰ ਮੇਘ ਘਟਾ ਘਟ **ਦਾਮਨਿ** ਚਮਕਿ ਡਰਾਇਓ।"
— ਸੋਰ **੫**, ੬੧, ੧ : ੧ (624)
ਹੋਰ ਰੂਪ — ਦਾਮਨੀ —
"**ਦਾਮਨੀ** ਚਮਤਕਾਰ ਤਿਉ ਵਰਤਾਰਾ ਜਗ ਖੇ।"
— ਗਉ **੫**, ਵਾਰ ੪ਸ, **੫**, ੨ : ੧ (319)

ਦਾਮਾ — ਪੈਸੇ, ਧਨ
"ਕਰਿ ਕਰਿ ਅਨਰਥ ਬਿਹਾਝੀ ਸੰਪੈ ਸੁਇਨਾ ਰੂਪਾ **ਦਾਮਾ**।" — ਗੂਜ **੫**, ੮, ੩ : ੧ (497)
ਹੋਰ ਰੂਪ — ਦਾਮਿ —
"ਕਾਮਿ **ਦਾਮਿ** ਚਿਤੁ ਪਰ ਵਸਿ ਸੇਈ।" (ਪੈਸਿਆਂ ਲਈ)

— ਗਉ **੧**, ਅਸ ੧੧, ੬ : ੨ (226)

ਦਾਮੀ — ਦਮਾਂ (ਧਨ, ਪੈਸੇ) ਵਾਲੇ
"ਫਿਰਹਿ ਗੁਮਾਨੀ ਜਗ ਮਹਿ ਕਿਆ ਗਰਬਹਿ **ਦਾਮੀ**।" — ਮਾਰੂ **੫**, ਵਾਰ ੧੪ : ੪ (1099)

ਦਾਮੁ — ਪੈਸਾ, ਧਨ
"ਏਕਹਿ ਸੁਪਨੈ **ਦਾਮੁ** ਨ ਛਡਹੈ।"
— ਮਾਰੂ **੫**, ੧੮, ੨ : ੨ (1004)

ਦਾਮੋਦਰ — 'ਦਾਮ' (ਰਸੀ) ਬੰਨ੍ਹੀ ਹੋਵੇ ਜਿਸ ਦੇ 'ਉਦਰ' (ਪੇਟ) ਦੁਆਲੇ, ਕ੍ਰਿਸ਼ਨ ਜੀ ਭਾਵ ਪ੍ਰਭੂ
"ਗੋਪਾਲ **ਦਾਮੋਦਰ** ਦੀਨ ਦਇਆਲ।"
— ਗਉ **੫**, ਸੁਖ ੨੪, ੨ : ੨ (295)

ਹੋਰ ਰੂਪ — ਦਾਮੋਦਰਹ —
"ਸਰਣ ਭੂਤ ਦਯਾਲ ਅਚੁਤ ਦੀਨ ਬਾਂਧਵ **ਦਾਮੋਦਰਹ**।" (ਪ੍ਰਭੂ)
— ਸਸ **੫**, ੨੧ : ੩ (1356)

ਦਾਮੋਦਰੁ —
"ਸਿਮਰਿ ਮਨਾ **ਦਾਮੋਦਰੁ** ਦੁਖ ਹਰੁ ਭੈ ਭੰਜਨ ਹਰਿ ਰਾਇਆ।"
— ਗਉ **੫**, ਛੰਤ ੩, ੨ : ੧ (248)

ਦਾਯਕੁ — ਦੇਣ ਵਾਲਾ
"ਫੁਨਿ ਦੁਖਨਿ ਨਾਸੁ ਸੁਖ **ਦਾਯਕੁ** ਸੂਰਉ ਜੋ ਧਰਤ ਧਿਆਨੁ ਬਸਤ ਤਿਹ ਨੇਰੇ।"
— ਸਵ **੪**, ਕਲ ੯ : ੩ (1400)

ਦਾਰਦ — (ਫ਼ਾ. ਦਾਰਦ) ਰਖਦਾ ਹੈ
"ਆਖਿਰ ਬਿਅਫਤਮ ਕਸ ਨ **ਦਾਰਦ** ਚੂੰ ਸਵਦ ਤਕਬੀਰ।" — ਤਿਲੰ **੧**, ੧, ੨ : ੨ (721)

ਦਾਰਨ — (ਸੰ. दारुण) ਭਿਆਨਕ
"**ਦਾਰਨ** ਦੁਖ ਦੁਤਰ ਸੰਸਾਰੁ।"
— ਗਉ **੫**, ੧੬੬, ੩ : ੧ (199)

ਦਾਰਾ — (ਸੰ. दारा) ਪਤਨੀ, ਵਹੁਟੀ
"ਸੁਤ **ਦਾਰਾ** ਬਨਿਤਾ ਅਨੇਕ ਬਹੁਤੁ ਰੰਗ ਅਰੁ ਵੇਸ।" — ਸਿਰੀ **੫**, ੮੫, ੧ : ੨ (47)

ਦਾਰਿਦ — (ਸੰ. दारिद्रयम्) ਗਰੀਬੀ, ਨਿਰਧਨਤਾ
"ਦੁਖ **ਦਾਰਿਦ** ਅਪਵਿਤ੍ਰਤਾ ਨਾਸਹਿ ਨਾਮ ਅਧਾਰ।"
— ਗਉ **੫**, ਥਿਤੀ ੪ : ੬ (297)

ਹੋਰ ਰੂਪ — ਦਾਰਿਦੁ —
"**ਦਾਰਿਦੁ** ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ।"
— ਬਿਲਾ **ਰਵਿ**, ੧, ੧ : ੧ (858)

ਦਾਰਿਦ੍ਰ — ਗਰੀਬੀ, ਨਿਰਧਨਤਾ
"ਦੂਖ ਭੂਖ **ਦਾਰਿਦ੍ਰ** ਨਾਠੇ ਪ੍ਰਗਟੁ ਮਗੁ ਦਿਖਾਇਆ।"
— ਆਸਾ **੫**, ਛੰਤ ੯, ੪ : ੩ (459)

ਹੋਰ ਰੂਪ — ਦਾਰਿਦ੍ਰੰ —
"ਘੋਰ ਦੁਖੰ ਅਨਿਤ ਹਤੰ ਜਨਮ **ਦਾਰਿਦ੍ਰੰ** ਮਹਾ ਬਿਖ੍ਯਾਦੰ।"
— ਸਸ **੫**, ੧੮ : ੧ (1355)

ਦਾਰਿਦ੍ਰੁ —
"ਤਿਸੁ ਭੇਟੇ **ਦਾਰਿਦ੍ਰੁ** ਨ ਚੰਪੈ।"
— ਸਵ **੪**, ਕਲ ੧ : ੨ (1396)

ਦਾਰੁਨ — ਕਠਿਨ, ਅਸਹਿ
"ਮਾਧਉ **ਦਾਰੁਨ** ਦੁਖੁ ਸਹਿਓ ਨ ਜਾਇ।"
— ਬਸੰ **ਕਬ**, ੫, ੧* : ੧ (1194)

ਦਾਰੂ — 1. (ਫ਼ਾ. ਦਾਰੂ) ਦਵਾ, ਔਖਧੀ
"ਰੋਗੁ **ਦਾਰੂ** ਦੋਵੈ ਬੁਝੈ ਤਾ ਵੈਦੁ ਸੁਜਾਣੁ।"
— ਮਾਝ **੧**, ਵਾਰ ੨੨ਸ, **੨**, ੨ : ੨ (148)
"ਦੀਖਿਆ **ਦਾਰੂ** ਭੋਜਨੁ ਖਾਇ।"
— ਰਾਮ **੧**, ੫, ੪ : ੩ (878)
(ਮਹਾਨਕੋਸ਼ ਇਥੇ 'ਦਾਰੂ' ਦੇ ਅਰਥ 'ਮਦਿਰਾ' ਕਰਦਾ ਹੈ)
2. ਰੋਗ ਦੂਰ ਕਰਨ ਵਾਲੀ, ਰੋਗ ਵਿਦਾਰਕ
"ਮਨਮੁਖ ਕਰਣ ਪਲਾਵ ਕਰਿ ਭਰਮੇ ਸਭਿ ਅਉਖਧ **ਦਾਰੂ** ਲਾਇ ਜੀਉ।"
— ਅਸ **੪**, ਛੰਤ ੧੩, ੨ : ੪ (447)
(ਸ਼ਬਦਾਰਥ ਅਰਥ ਦਵਾ ਦਾਰੂ ਹੀ ਕਰਦੇ ਹਨ)

ਦਾਰੂਓ — ਦਵਾ
"ਨਾਮੁ ਨਿਧਾਨੁ ਅਖੁਟੁ ਗੁਰੁ ਦੇਇ **ਦਾਰੂਓ**।"
— ਗੂਜ **੫**, ਵਾਰ ੧੬ : ੩ (522)

ਦਾਲ — ਦਲ ਦੇਣ ਵਾਲੀ, ਨਾਸ ਕਰਨ ਵਾਲੀ
"ਸਭਿ ਦਾਲਦ ਭੰਜਿ ਦੁਖ **ਦਾਲ**।"
— ਨਟ **੪**, ੨, ੧* : ੩ (977)
(ਸ਼ਬਦਾਰਥ ਇਸਦੇ ਅਰਥ 'ਦਲ ਦੇ' ਕਰਦਾ ਹੈ)

ਦਾਲਦ — ਗਰੀਬੀ, ਨਿਰਧਨਤਾ, ਕੰਗਾਲੀ

"ਹਰਿ ਹਰਿ ਨਾਮੁ ਪਰਗਾਸਿਆ ਮੇਰੇ ਗੋਵਿੰਦਾ ਸਭ **ਦਾਲਦ** ਦੁਖ ਲਹਿ ਜਾਹੀ ਜੀਉ।"
— ਗਉ **੪**, ੬੭, ੧ : ੩ (173)

ਹੋਰ ਰੂਪ — ਦਾਲਦੁ —
"ਹਰਿ ਹਰਿ ਨਾਮੁ ਜਪਹੁ ਮਨ ਮੇਰੇ ਜਿਤੁ **ਦਾਲਦੁ** ਦੁਖ ਭੁਖ ਸਭ ਲਹਿ ਜਾਤੀ।"
— ਸਿਰੀ **੪**, ਵਾਰ ੧੩ : ੩ (88)

ਦਾਲਿ — ਇਸ ਪ੍ਰਕਾਰ ਦਾ ਅੰਨ, ਦਲਿਆ ਹੋਇਆ ਅੰਨ
"ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ **ਦਾਲਿ**।"
— ਆਸਾ **੧**, ਵਾਰ ੧੧ਸ, **੧**, ੧ : ੨ (468)

ਦਾਲਿਦ — ਗਰੀਬੀ
"ਭ੍ਰਮੁ ਭਉ ਮਿਟਿਆ ਸਾਧ ਸੰਗ ਤੇ **ਦਾਲਿਦ** ਨ ਕੋਈ ਘਾਲਕਾ।"
— ਮਾਰੂ **੫**, ਸੋਲਾ ੧੩, ੬ : ੩ (1085)

ਦਾਲੇ — ਦਾਲ
"ਅਧ ਸੇਰੁ ਮਾਗਉ **ਦਾਲੇ**।"
— ਸੋਰ **ਕਬ**, ੧੧, ੨ : ੩ (656)

ਦਾਵਣਿ — ਦਾਮਨ, ਪਲੇ
"ਹਰਿ ਸਜਣ **ਦਾਵਣਿ** ਲਗਿਆ ਕਿਸੈ ਨ ਦੇਈ ਬੰਨਿ।" — ਮਾਝ **੫**, ਬਾਰਾ ੪ : ੨ (134)

ਦਾਵਨਿ — ਰਸੀ ਨਾਲ
"**ਦਾਵਨਿ** ਬੰਧਿਓ ਨ ਜਾਤ ਬਿਧੇ ਮਨ ਦਰਸ ਮਗਿ।"
— ਸਮੁ **੫**, ੧੦* : ੨ (1389)

ਦਾਵਾ — 1. ਜੰਗਲ ਦੀ ਅੱਗ
"**ਦਾਵਾ** ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ।"
— ਆਸਾ **੫**, ੫੧, ੨ : ੧ (384)

2. (ਅ. ਦਾਵਾਇ) ਕਿਸੇ ਵਸਤੂ ਦਾ ਅਧਿਕਾਰ ਕਾਇਮ ਕਰਨ ਦੀ ਕਿਰਿਆ
"**ਦਾਵਾ** ਕਾਹੂ ਕੋ ਨਹੀ ਬਡਾ ਦੇਸੁ ਬਡ ਰਾਜੁ।"
— ਸਲੋ **ਕਬ**, ੧੬੮ : ੨ (1373)

ਹੋਰ ਰੂਪ — ਦਾਵੇ —
"ਲੇਖੈ ਬੋਲਣੁ ਲੇਖੈ ਚਲਣੁ ਕਾਇਤੁ ਕੀਚਹਿ **ਦਾਵੇ**।"
— ਸਾਰ **੪**, ਵਾਰ ੨ਸ, **੧**, ੨ : ੪ (1238)

ਦਾਵੈ —
"ਕਬੀਰ **ਦਾਵੈ** ਦਾਝਨੁ ਹੋਤੁ ਹੈ ਨਿਰਦਾਵੈ ਰਹੈ ਨਿਸੰਕ।" — ਸਲੋ **ਕਬ**, ੧੬੯ : ੧ (1373)

ਦਾੜਾ — ਸੂਰ ਦੇ ਬਾਹਰ ਨਿਕਲੇ ਦੰਦ, ਹੁੱਡ
"**ਦਾੜਾ** ਅਗ੍ਰੇ ਪ੍ਰਿਥਮਿ ਧਰਾਇਣ।"
— ਮਾਰੂ **੫**, ਸੋਲਾ ੧੧, ੩ : ੨ (1082)

ਦਾੜੀ — ਠੋਡੀ ਉਪਰ ਉਗ੍ਰੇ ਰੋਮ, ਸਤਿਕਾਰ ਤੇ ਉਚ ਪਦਵੀ ਦਾ ਪ੍ਰਤੀਕ
"ਗਰੀਬਾ ਉਪਰਿ ਜਿ ਖਿੰਜੈ **ਦਾੜੀ**।"
— ਗਉ **੫**, ੧੬੭, ੧ : ੧ (199)

ਹੋਰ ਰੂਪ — ਦਾੜੀਆ —
"ਮੁਖ ਸਚੇ ਸਚੁ **ਦਾੜੀਆ** ਸਚੁ ਬੋਲਹਿ ਸਚੁ ਕਮਾਹਿ।" — ਸਲੋ **੩**, ੫੩ : ੧ (1419)

ਦਾੜੀਆਂ —
"ਸੇ **ਦਾੜੀਆਂ** ਸਚੀਆ ਜਿ ਗੁਰ ਚਰਨੀ ਲਗੰਨ੍ਹਿ।" — ਸਲੋ **੩**, ੫੨ : ੧ (1419)

ਦਿਉਸ — (ਸੰ. ਦਿਵਸ, ਦਿਵਸਮ੍) ਦਿਨ
"**ਦਿਉਸ** ਚਾਰਿ ਕੇ ਦੀਸਹਿ ਸੰਗੀ ਊਹਾਂ ਨਾਹੀ ਜਹ ਭਾਰੀ।" — ਸਾਰ **੫**, ੫੯, ੧ : ੧ (1216)

ਦਿਉਹਾੜੀ — ਦਿਨ ਵਿਚ
"ਬਲਿਹਾਰੀ ਗੁਰ ਆਪਣੇ **ਦਿਉਹਾੜੀ** ਸਦ ਵਾਰ।"
—ਆਸਾ **੧**, ਵਾਰ ੧ਸ, **੧**, ੧ : ੧ (462)

ਦਿਸ — ਦਿਸ਼ਾ, ਓਰ ਪਾਸੇ
"ਚਾਰਿ ਕੁੰਟ ਦਹ **ਦਿਸ** ਭ੍ਰਮੇ ਥਕਿ ਆਏ ਪ੍ਰਭ ਕੀ ਸਾਮ।" — ਮਾਝ **੫**, ਬਾਰਾ ੧ : ੨ (133)

ਦਿਸਟੀ — ਦਿਸ ਦਾ
"ਗੁਰ ਜੇਵਡੁ ਅਵਰੁ ਨ **ਦਿਸਈ** ਆਠ ਪਹਰ ਤਿਸੁ ਜਾਪਿ।" — ਸਿਰੀ **੫**, ੧੦੦, ੩ : ੨ (53)

ਦਿਸਹ — ਤਰਫ, ਦਿਸ਼ਾਵਾਂ
"ਬਹੁ ਜਤਨ ਕਰਤਾ ਬਲਵੰਤ ਕਾਰੀ ਸੇਵੰਤ ਸੂਰਾ ਚਤੁਰ **ਦਿਸਹ**।" — ਸਸ **੫**, ੭ : ੧ (1354)

ਦਿਸਹਿ — ਦਿਸਦੇ ਹਨ
"ਚਿਤੇ **ਦਿਸਹਿ** ਧਉਲਹਰ ਬਗੇ ਬੰਕ ਦੁਆਰ।"
— ਸਿਰੀ **੧**, ੧੫, ੧ : ੧ (62)

ਦਿਸਟਾਵੈ — ਨਜ਼ਰ ਆਵੇ, ਦਿਸੇ
"ਦੇਖਿਓ ਅਚਰਜੁ ਮਹਾ ਮੰਗਲ ਰੂਪ ਕਿਛੁ ਆਨ ਨਹੀ **ਦਿਸਟਾਵੈ**।"

— ਨਟ **੫**, ੧, ੪ : ੧ (978)

ਦਿਸਟਿ — (ਸੰ. ਦਸ਼੍ਟ) ਦ੍ਰਿਸ਼ਟੀ ਨਾਲ, ਨਜ਼ਰ/ਨਿਗਾਹ ਨਾਲ (ਕ੍ਰਿਪਾ/ਦ੍ਰਿਸ਼ਟੀ)

"ਜਾ ਕੀ **ਦਿਸਟਿ** ਨਾਦ ਲਿਵ ਲਾਗੈ।"

— ਸਿਰੀ **ਕਬ**, ੩, ੧* : ੨ (92)

"ਡੁਖੇ ਕੋੜਿ ਨ ਡੁਖ ਨਾਨਕ ਪਿਰੀ ਪਿਖੰਦੋ ਸੁਭ **ਦਿਸਟਿ**।"

— ਮਾਰੂ **੫**, ੧੯ਸ, **੫**, ੧ : ੨ (1100)

2. ਦਿਸਦਾ ਹੈ

"ਪੂਰਨ ਪੂਰਿ ਰਹੇ ਕਿਰਪਾ ਨਿਧਿ ਘਟਿ ਘਟਿ **ਦਿਸਟਿ** ਸਮਾਇਣ।"

— ਨਟ **੫**, ੭, ੧ : ੨ (979)

ਦਿਸਟੈ — ਦਿਸਦਾ ਹੈ

"ਕਿਸੁ ਹਉ ਸੇਵੀ ਕਿਸੁ ਆਰਾਧੀ ਜੋ **ਦਿਸਟੈ** ਸੋ ਗਾਛੈ।" — ਦੇਵ **੫**, ੨੮, ੧ : ੧ (533)

ਦਿਸੰਤਰ — 1. (ਸੰ. ਦੇਸ਼ਾ ਤਰਮ੍) ਦੂਜੇ ਦੇਸ, ਵਿਦੇਸ਼

"ਭਰਮੇ ਭਾਹਿ ਨ ਵਿਝਵੈ ਜੇ ਭਵੈ **ਦਿਸੰਤਰ** ਦੇਸੁ।"

— ਸਿਰੀ **੧**, ੨੨, ੧ : ੧ (22)

ਹੋਰ ਰੂਪ — ਦਿਸੰਤਰਿ —

"ਜਾ ਤੁਧੁ ਭਾਵੈ ਜਾਹਿ **ਦਿਸੰਤਰਿ** ਸੁਣਿ ਗਲਾ ਘਰਿ ਆਵਹਿ।" (ਵਿਦੇਸ਼ਾਂ ਵਿਚ)

— ਮਾਝ **੧**, ਵਾਰ ੧੫ਸ, **੧**, ੧ : ੬ (145)

"ਅੰਤਰਿ ਵਸਤੁ **ਦਿਸੰਤਰਿ** ਜਾਇ।" (ਵਿਦੇਸ਼ ਭਾਵ ਬਾਹਰ)

— ਭੈਰ **੫**, ੧੬, ੩ : ੩ (1139)

ਦਿਸੰਤਰੁ —

"**ਦਿਸੰਤਰੁ** ਭਵੈ ਅੰਤਰੁ ਨਹੀ ਭਾਲੇ।" (ਬਾਹਰ)

— ਮਾਰੂ **੩**, ਸੋਲਾ ੧੬, ੧੧ : ੧ (1060)

2. ਦੇਸ਼ਾਂ ਅੰਦਰ/ਵਿਚ

"**ਦਿਸੰਤਰ** ਭਵਹਿ ਸਿਰਿ ਪਾਵਹਿ ਧੂਰਿ।"

— ਬਸੰ **੩**, ੩, ੨ : ੨ (1173)

ਹੋਰ ਰੂਪ — ਦਿਸੰਤਰਿ —

"ਤਟਿ ਤੀਰਥਿ **ਦਿਸੰਤਰਿ** ਭਵੈ ਅਹੰਕਾਰੀ ਹੋਰੁ ਵਧੇਰੈ ਹਉਮੈ ਮਲੁ ਲਾਵਣਿਆ।" (ਦੇਸ ਵਿਚ)

— ਮਾਝ **੩**, ਅਸ ੧੨, ੩ : ੩ (116)

ਦਿਸੰਤਰੀ —

"ਭੂਲੀ ਫਿਰੈ **ਦਿਸੰਤਰੀ** ਭੂਲੀ ਗ੍ਰਿਹੁ ਤਜਿ ਜਾਇ।" (ਦੇਸਾਂ ਅੰਦਰ)

— ਸਿਰੀ **੧**, ਅਸ ੧੨, ੨ : ੧ (60)

ਦਿਸੰਤਰੁ —

"**ਦਿਸੰਤਰੁ** ਭਵੈ ਪਾਠ ਪੜਿ ਥਾਕਾ ਤ੍ਰਿਸਨਾ ਹੋਇ ਵਧੇਰੈ।"

— ਮਾਰੂ **੧**, ਅਸ ੭, ੧ : ੩ (1012)

ਦਿਸੰਤਾ — ਦਿਸਦਾ/ਨਜ਼ਰ ਆਉਂਦਾ ਹੈ

"ਜਹ ਝਿਲਿ ਮਿਲਿ ਕਾਰੁ **ਦਿਸੰਤਾ**।"

— ਸੋਰ **ਨਾਮ**, ੧, ੨ : ੧ (657)

ਦਿਸੰਦੜਿਆ — ਵੇਖਦਿਆਂ, ਦਰਸ਼ਨ ਕੀਤਿਆਂ, ਨਜ਼ਰ ਆਇਆਂ, ਦਿਸਿਆ

"ਜਿਨ੍ਹਾ **ਦਿਸੰਦੜਿਆ** ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ।"

— ਗੂਜ **੫**, ਵਾਰ ੯ਸ, **੫**, ੨ : ੧ (520)

ਦਿਸਦਾ — ਪ੍ਰਤਖ, ਜੋ ਦਿਖਾਈ ਦੇ ਰਿਹਾ ਹੈ

"**ਦਿਸਦਾ** ਸਭੁ ਕਿਛੁ ਚਲਸੀ ਮੇਰੇ ਪ੍ਰਭ ਭਾਇਆ।"

— ਸਾਰ **੪**, ਵਾਰ ੩੩ : ੨ (1250)

ਦਿਸਨਿ — ਵਖਾਈ ਦਿੰਦੀਆਂ ਹਨ, ਲਗਦੇ/ਜਾਪਦੇ ਹਨ

"ਬਿਖਿਆ ਰੰਗ ਕੂੜਾਵਿਆ **ਦਿਸਨਿ** ਸਭੇ ਛਾਰੁ।"

— ਮਾਝ **੫**, ਬਾਰਾ ੬ : ੩ (134)

"ਜਿਨੀ ਰਾਵਿਆ ਪ੍ਰਭੁ ਆਪਣਾ ਸੇ **ਦਿਸਨਿ** ਨਿਤ ਖੜੀਆਹ।" — ਮਾਝ **੫**, ਬਾਰਾ ੧੦ : ੬ (135)

ਹੋਰ ਰੂਪ — ਦਿਸੰਨਿ —

"ਸਤਿਗੁਰ ਤੇ ਜੋ ਮੁਹ ਫੇਰੇ ਤੇ ਵੇਮੁਖ ਬੁਰੇ **ਦਿਸੰਨਿ**।"

— ਗਉ **੩**, ਅਸ ੯, ੧ : ੧ (233)

ਦਿਸੰਨ੍ਹਿ —

"ਸੇਈ ਮੁਖ **ਦਿਸੰਨ੍ਹਿ** ਨਾਨਕ ਰਤੇ ਪ੍ਰੇਮ ਰਸਿ।" (ਦਿਸਨ, ਦਰਸ਼ਨ ਹੋਣ)

— ਗੂਜ **੫**, ਵਾਰ ੧੨ਸ, **੫**, ੧ : ੨ (521)

ਦਿਸਨ੍ਹਿ —

"ਮੰਨਿ ਅੰਧੈ ਊਧੈ ਕਵਲਿ **ਦਿਸਨ੍ਹਿ** ਖਰੇ ਕਰੂਪ।"

— ਸਾਰ **੪**, ਵਾਰ ੨੨ਸ, **੧**, ੨ : ੨ (1245)

ਦਿਸਾ — ਦਿਸ਼ਾਵਾਂ, ਤਰਫਾਂ

"ਦਸੇ **ਦਿਸਾ** ਰਵਿਆ ਪ੍ਰਭੁ ਏਕੁ।"

— ਗਉ **੫**, ਥਿਤੀ ੧੪ : ੩ (299)

"ਕਬੀਰ ਭਲੀ ਭਈ ਜੋ ਭਉ ਪਰਿਆ **ਦਿਸਾ** ਗਈ ਸਭ ਭੂਲਿ।" (ਵਿੱਥਾਂ ਵਿਖੇਵੇ ਤਰਫਾਂ, ਜਾਤ ਆਦਿ ਦਾ ਅਭਿਮਾਨ)

— ਸਲੋ **ਕਬ**, ੧੭੭ : ੧ (1374)

ਦਿਸਾਖ — ਭੈਰੋ ਰਾਗ ਦੇ ਅੱਠ ਪੁੱਤਰਾਂ ਵਿਚੋਂ ਇਕ, ਬਾਕੀ ਸੱਤ ਹਨ : ਪੰਚਮ, ਹਰਖ, ਬੰਗਾਲਮ, ਮੱਧ, ਮਾਧਵ, ਲਲਤ ਤੇ ਬਿਲਾਵਲ

"ਪੰਚਮ ਹਰਖ **ਦਿਸਾਖ** ਸੁਨਾਵਹਿ।"

— ਰਾਗ ੧ : ੯ (1429)

ਦਿਸਾਪੁਰੀ — ਪਰਦੇਸ ਵਿਚ

"ਜਿਨ ਕੇ ਕੰਤ **ਦਿਸਾਪੁਰੀ** ਸੇ ਅਹਿਨਿਸਿ ਫਿਰਹਿ ਜਲੰਤ।"

— ਸੂਹੀ **੩**, ਵਾਰ ੧੮ਸ, **੨**, ੨ : ੨ (791)

ਦਿਸਾਵਰ — ਪਰਦੇਸ, ਵਿਦੇਸ਼, ਦੂਜਾ ਦੇਸ਼

"ਫਿਰਦੀ ਫਿਰਦੀ ਨਾਨਕ ਜੀਉ ਹਉ ਫਾਵੀ ਥੀਈ ਬਹੁਤੁ **ਦਿਸਾਵਰ** ਪੰਧਾ।"

— ਰਾਮ **੫**, ਵਾਰ ੧੪ ਸ, **੫**, ੨ : ੧ (963)

ਹੋਰ ਰੂਪ — ਦਿਸਾਵਰੀ —

"ਪੰਖੀ ਚਲੇ **ਦਿਸਾਵਰੀ** ਬਿਰਖਾ ਸੁਫਲ ਫਲੰਤ।"

— ਸਲੋ **ਕਬ**, ੨੩੦ : ੨ (1377)

ਦਿਸਿ — 1. ਦਿਸ਼ਾਵਾਂ ਵਿਚ, ਤਰਫਾਂ ਵਿਚ

"ਪੰਖੀ ਬਿਰਖ ਸੁਹਾਵੜੇ ਊਡਹਿ ਚਹੁ **ਦਿਸਿ** ਜਾਹਿ।" — ਸਿਰੀ **੩**, ੨੦, ੨ : ੧ (66)

2. ਦਿਸਦਾ

"ਤੁਧੁ ਜੇਵਡੁ ਮੈ ਹੋਰੁ ਕੋ **ਦਿਸਿ** ਨ ਆਵਈ ਤੂਹੈਂ ਸੁਘੜੁ ਮੇਰੈ ਮਨਿ ਭਾਣਾ।"

— ਗਉ **੪**, ਵਾਰ ੧੦ : ੨ (305)

"ਜਿਨ੍ਹ **ਦਿਸਿ** ਆਇਆ ਹੋਹਿ ਰਲੀਆ ਜੀਅ ਸੇਤੀ ਗਹਿ ਰਹਹਿ।" (ਵੇਖਿਆ)

— ਸੂਹੀ **੧**, ਛੰਤ ੪, ੨ : ੪ (765)

ਦਿਸੇ — 1. ਦਿਸ਼ਾਵਾਂ, ਤਰਫਾਂ, ਪਾਸੇ

"ਚਾਰਿ ਕੁੰਟ ਦਹ **ਦਿਸੇ** ਸਮਾਹਿ।"

— ਗਉ **੫**, ਸੁਖ ੨੩, ੨ : ੮ (294)

2. ਦੇਖ ਕੇ

"ਕੇਸਵ ਕਲੇਸ ਨਾਸ ਅਘ ਖੰਡਨ ਨਾਨਕ ਜੀਵਤ ਦਰਸ **ਦਿਸੇ**।"

— ਬਿਲਾ **੫**, ੧੨੫, ੨ : ੨ (829)

ਦਿਸੈ — 1. ਦਿਖਾਈ ਦੇਵੇ

"ਗਾਵੈ ਕੋ ਜਾਪੈ **ਦਿਸੈ** ਦੂਰਿ।"

— ਜਪੁ **੧**, ੩ : ੭ (2)

"ਫੇਰਿ ਕਿ ਅਗੈ ਰਖੀਐ ਜਿਤੁ **ਦਿਸੈ** ਦਰਬਾਰੁ।"

— ਜਪੁ **੧**, ੪ : ੩ (2)

"ਸੋਹੰਦੜੋ ਹਭ ਠਾਇ ਕੋਇ ਨ **ਦਿਸੈ** ਡੂਜੜੋ।" (ਵਿਖਾਈ ਦਿੰਦਾ)

— ਸਿਰੀ **੫**, ਛੰਤ ੩, ੨੩ : ੧ (80)

ਦਿਹ — ਦਿਨ

"ਸਦਣਹਾਰਾ ਸਿਮਰੀਐ ਨਾਨਕ ਸੇ **ਦਿਹ** ਆਵੰਨਿ।" — ਗਉ **੧**, ਸੋਲਾ ੧, ੪ : ੨ (12)

"ਸਭੇ ਰਾਤੀ ਸਭਿ **ਦਿਹ** ਸਭਿ ਥਿਤੀ ਸਭਿ ਵਾਰ।"

— ਸਾਰ **੪**, ਵਾਰ ੧੧ਸ, **੧**, ੧ : ੧ (1241)

ਦਿਹੰਦ — (ਫਾ.) ਦੇਣ ਵਾਲਾ, ਦਾਤਾ

"ਨ ਦਾਦੇ **ਦਿਹੰਦ** ਆਦਮੀ।" (ਇਨਸਾਫ ਦੇਣ ਵਾਲਾ)

— ਮਾਝ **੧**, ਵਾਰ ੧੩ਸ, **੧**, **੩** : ੧ (144)

"ਦਰੀਆਉ ਤੂ **ਦਿਹੰਦ** ਤੂ ਬਿਸੀਆਰ ਤੂ ਧਨੀ।"

— ਤਿਲੰ **ਨਾਮ**, ੨, ੨ : ੧ (727)

ਦਿਹਰੀ — ਮੁਹਾਠ

"**ਦਿਹਰੀ** ਬੈਠੀ ਮਿਹਰੀ ਰੋਵੈ ਦੁਆਰੈ ਲਉ ਸੰਗਿ ਮਾਇ।" — ਕੇਦਾ **ਕਬ**, ੬, ੧ : ੧ (1124)

ਦਿਹਾ — ਦਿਨ ਦਿਹਾੜੇ

"ਏਥੈ ਧੰਧਾ ਕੂੜਾ ਚਾਰਿ **ਦਿਹਾ** ਆਗੈ ਸਰਪਰ ਜਾਣਾ।" — ਵਡ **੧**, ਅਲਾ ੧, ੨ : ੨ (579)

ਦਿਹਾਈ — ਦਿਨਾਂ ਦਾ

"ਤੇਰੀ ਖਿੰਥਾ ਦੋ **ਦਿਹਾਈ**।"

— ਰਾਮ **੫**, ੧੩, ੧* : ੨ (886)

ਦਿਹਾਰੇ — ਦਿਨ

"ਇਕ ਘੜੀ ਦਿਨਸੁ ਮੋ ਕਉ ਬਹੁਤੁ **ਦਿਹਾਰੇ**।"

— ਆਸਾ **੫**, ੧੫, ੧ : ੧ (374)

ਦਿਹਾੜੀ — ਦਿਨ ਦਾ

"ਤੀਨਿ ਸੇਰ ਕਾ **ਦਿਹਾੜੀ** ਮਿਹਮਾਨੁ।"

— ਆਸਾ **੪**, ੧੪, ੨ : ੧ (374)

ਹੋਰ ਰੂਪ — ਦਿਹਾੜੇ —

"ਆਇਆ ਹੁਕਮੁ ਪਾਰਬ੍ਰਹਮ ਕਾ ਛੋਡਿ ਚਲਿਆ

ਏਕ **ਦਿਹਾੜੇ**।" (ਦਿਨ)
— ਆਸਾ **੫**, ੩੮, ੨ : ੩ (380)

ਦਿਹਾੜੈ —
"ਜਿਤੁ **ਦਿਹਾੜੈ** ਧਨ ਵਰੀ ਸਾਹੇ ਲਏ ਲਿਖਾਇ।"
— ਸਲੋ **ਫਰ**, ੧ : ੧ (1377)

ਦਿਹਿ — ਦਿਨ
"ਫਰੀਦਾ ਜਿ **ਦਿਹਿ** ਨਾਲਾ ਕਪਿਆ ਜੇ ਗਲੁ ਕਪਹਿ ਚੁਖ।" — ਸਲੋ **ਫਰ**, ੭੬ : ੧ (1381)

ਹੋਰ ਰੂਪ — ਦਿਹੁ —
"**ਦਿਹੁ** ਬਗਾ ਤਪੈ ਘਣਾ ਕਾਲਿਆ ਕਾਲੇ ਵੰਨ।"
— ਸੂਹੀ **੩**, ਵਾਰ ੧੩ਸ, **੧**, ੨ : ੨ (789)
"ਓਥੈ **ਦਿਹੁ** ਐਥੇ ਸਭ ਰਾਤਿ।" (ਮਹਾਂਨਕੋਸ਼ ਇਥੇ ਅਰਥ 'ਗਿਆਨ' ਦੇ ਕਰਦਾ ਹੈ)
— ਮਲਾ **੧**, ੮, ੨ : ੪ (1257)

ਦਿਹੁਦੀਵੀ — ਦਿਨ ਤੇ ਦੀਵਿਆਂ ਦੇ ਪ੍ਰਕਾਸ਼ ਹੁੰਦਿਆਂ
"**ਦਿਹੁਦੀਵੀ** ਅੰਧ ਘੋਰੁ ਘਬੁ ਮੁਹਾਈਐ।"
— ਸੂਹੀ **ਅਸ**, ੪, ੫ : ੧ (752)

ਦਿਹੈ — ਦਿਨੇ, ਦਿਨ ਵੇਲੇ
"ਮੈ ਰਾਤਿ **ਦਿਹੈ** ਵਡਿਆਈਆਂ।"
— ਸਿਰੀ **੫**, ਅਸ ੨੮, ੨੪ : ੨ (73)

ਦਿਖਈਆ — ਦਿਖਾਇਆ/ਦੱਸਿਆ ਹੈ
"ਮਨੁ ਤਨੁ ਕਾਟਿ ਦੇਉ ਗੁਰ ਆਗੈ ਜਿਨਿ ਹਰਿ ਪ੍ਰਭੁ ਮਾਰਗੁ ਪੰਥ **ਦਿਖਈਆ**।"
— ਬਿਲਾ **੪**, ਅਸ ੫, ੨ : ੨ (836)

ਹੋਰ ਰੂਪ — ਦਿਖਈਐ —
"ਹਰਿ ਏਕੋ ਬੋਲੈ ਹਰਿ ਏਕੁ ਬੁਲਾਏ ਗੁਰਿ ਪੂਰੈ ਹਰਿ ਏਕੁ **ਦਿਖਈਐ**।"
— ਗੋਂਡ **੪**, ੫, ੨ : ੨ (861)

ਦਿਖਹੁ — ਵੇਖੋ, ਦੇਖੋ, ਵੇਖ ਲਵੋ
"ਹਰਿ ਹਰਿ ਨਾਮੁ ਅੰਮ੍ਰਿਤੁ ਹਰਿ ਮੀਠਾ ਹਰਿ ਸੰਤਹੁ ਚਾਖਿ **ਦਿਖਹੁ**।"
— ਬਿਲਾ **੪**, ੪, ੩ : ੧ (800)

ਦਿਖਨਥੇ — ਵੇਖਣ ਲਈ
"ਹਮ ਬਹੁ ਪ੍ਰੀਤਿ ਲਗੀ ਪ੍ਰਭ ਸੁਆਮੀ ਹਮ ਲੋਚਹ ਪ੍ਰਭੁ **ਦਿਖਨਥੇ**।"
— ਕਲਿ **੪**, ੩, ੨ : ੨ (1320)

ਦਿਖਲਾਇਆ — ਵਖਾਇਆ, ਦ੍ਰਿਸ਼ਟਮਾਨ ਕਰਵਾਇਆ
"ਦੂਜਾ ਖੇਲੁ ਕਰਿ **ਦਿਖਲਾਇਆ**।"
— ਸਿਰੀ **੧**, ਅਸ ੨੮, ੨੦ : ੨ (73)

ਹੋਰ ਰੂਪ — ਦਿਖਲਾਈ —
"ਗੁਰਿ **ਦਿਖਲਾਈ** ਮੋਰੀ।" (ਵਖਾਈ, ਦਸੀ)
— ਸੋਰ **ਕਬ**, ੧੦, ੧ : ੧ (656)

ਦਿਖਲਾਵਉ — ਵਖਾਵਾਂ, ਦਸਾਂ, ਦ੍ਰਿਸ਼ਟਮਾਨ ਕਰਾਵਾਂ
"ਸੁਣਿ ਮਨ ਤਨ ਤੁਝੁ ਸੁਖੁ **ਦਿਖਲਾਵਉ**।"
— ਸੂਹੀ **੫**, ੨੨, ੧* : ੧ (742)

ਹੋਰ ਰੂਪ — ਦਿਖਲਾਵਹਿ —
"ਫੜੁ ਕਰਿ ਲੋਕਾਂ ਨੋ **ਦਿਖਲਾਵਹਿ** ਗਿਆਨੁ ਧਿਆਨੁ ਨਹੀਂ ਸੂਝੈ।" (ਦਿਖਾਉਂਦਾ ਹੈ)
— ਮਲਾ **੧**, ਵਾਰ ੨੫ਸ, **੧**, ੨ : ੫ (1289)
"ਕਬੀਰ ਜਪਨੀ ਕਾਠ ਕੀ ਕਿਆ **ਦਿਖਲਾਵਹਿ** ਲੋਇ।" (ਵਖਾਲਦਾ ਹੈ)
— ਸਲੋ **ਕਬ**, ੭੫ : ੧ (1368)

ਦਿਖਲਾਵੈ —
"ਕੋਈ ਆਵੈ ਸੰਤੋ ਹਰਿ ਕਾ ਜਨੁ ਸੰਤੋ ਮੇਰਾ ਪ੍ਰੀਤਮ ਜਨੁ ਸੰਤੋ ਮੋਹਿ ਮਾਰਗੁ **ਦਿਖਲਾਵੈ**।"
(ਦਸੇ) — ਸਾਰ **੪**, ੧੦, ੧ : ੨ (1201)

ਦਿਖਾ — 1. ਵੇਖਾਂ,
"ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ ਵਿਣੁ ਜੋਤੀ ਕੋਈ ਕਿਛੁ ਕਰਿਹੁ **ਦਿਖਾ** ਸਿਆਣੀਐ।"
— ਮਾਝ **੧**, ਵਾਰ ੨ਸ, **੨**, ੨ : ੬ (138)

2. ਵੇਖੀਏ
"ਪੰਡਿਤ ਭੁਲਿ ਭੁਲਿ ਮਾਇਆ ਵੇਖਹਿ **ਦਿਖਾ** ਕਿਨੈ ਕਿਹੁ ਆਣਿ ਚੜਾਇਆ।"
— ਗੁਜ **੩**, ਵਾਰ ੧੨ਸ, **੩**, ੨ : ੨ (513)

3. ਦਿਸਿਆ
"ਖੂਲੇ ਬੰਧਨ ਮੁਕਤਿ ਗੁਰਿ ਕੀਨੀ ਸਭ ਤੂਹੈ ਤੁਹੀ **ਦਿਖਾ**।" — ਸਾਰ **੫**, ੪੦, ੧ : ੨ (1212)

4. ਦੇਖਣ ਵਾਲਾ
"ਜਿਸੁ ਬੁਝਾਏ ਆਪਿ ਬੁਝਾਇ ਦੇਇ ਸੋਈ ਜਨੁ **ਦਿਖਾ**।" — ਕਾਨ **੪**, ਵਾਰ ੮ : ੩ (1316)

ਦਿਖਾਉ — 1. ਦੇਖਾਂ, ਮੈਂ ਵੇਖਾਂ
"ਨਾਨਕ ਕੇ ਪ੍ਰਭ ਪੁਰਖ ਬਿਧਾਤੇ ਘਟਿ ਘਟਿ ਤੁਝਹਿ

ਦਿਖਾਊ।" — ਕੇਦਾ **੫**, ੪, ੨ : ੨ (1120)
2. ਦਿਖਾਵਾਂ, ਵਖਾਵਾਂ
"ਜਗੁ ਰੋਗੀ ਕਹ ਦੇਖਿ **ਦਿਖਾਊ**।"
— ਬਸੰ **੧**, ਅਸ ੪, ੪ : ੩ (1189)
3. ਪਸਾਰਾ, ਦਿਖਾਵਾ
"ਤੂ ਬੇਅੰਤੁ ਤੇਰੀ ਮਿਤਿ ਨਹੀ ਪਾਈਐ ਸਭੁ ਤੇਰੋ ਖੇਲੁ **ਦਿਖਾਊ**।"
— ਸਾਰ **੫**, ੧, ੩ : ੨ (1202)

ਦਿਖਾਇ — 1. ਵਿਖਾ, ਦਿਖਾਲ, ਦਰਸ਼ਨ ਕਰਦਾ
"ਹਉ ਸਤਿਗੁਰ ਵਿਟਹੁ ਵਾਰਿਆ ਜਿਨਿ ਹਰਿ ਪ੍ਰਭੁ ਦੀਆ **ਦਿਖਾਇ**।"
— ਸਿਰੀ **੪**, ੬੮, ੧* : ੪ (41)
2. ਦਿਸਦਾ
"ਕੋਈ ਰਖਿ ਨ ਸਕਈ ਦੂਜਾ ਕੋ ਨ **ਦਿਖਾਇ**।"
— ਸਿਰੀ **੫**, ੭੩, ੪ : ੧ (43)
3. ਵਿਖਾਓ, ਦਿਖਾਓ
"ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ **ਦਿਖਾਇ** ਜੀ।"
— ਗਉ **ਰਵਿ**, ੧, ੧* : ੧ (346)

ਦਿਖਾਇਓ — ਵਖਾਲਿਆ, ਦਰਸ਼ਨ ਕਰਵਾਇਆ, ਵਖਾਇਆ, ਦਿਖਾ ਦਿਤਾ
"ਹੋਣਾ ਸਾ ਸੋਈ ਫੁਨਿ ਹੋਸੀ ਸੁਖੁ ਦੁਖੁ ਕਹਾ **ਦਿਖਾਇਓ**।"
"ਖੰਡ ਬ੍ਰਹਮੰਡ ਕਾ ਏਕੋ ਠਾਣਾ ਗੁਰਿ ਪਰਦਾ ਖੋਲਿ **ਦਿਖਾਇਓ**।"
— ਗਉ **੫**, ੧੨੩*, ੨ : ੨;੩ : ੧ (205)
"ਗੁਰਹਿ **ਦਿਖਾਇਓ** ਲੋਇਨਾ।"
— ਆਸਾ **੫**, ੧੪੪, ੧* : ੧ (407)

ਦਿਖਾਇਆ — ਵਖਾਲਿਆ, ਵਖਾਇਆ
"ਰਾਮ ਨਾਮੁ ਹਰਿ ਕੀਰਤਿ ਗਾਈ ਕਰਿ ਚਾਨਣੁ ਮਗੁ **ਦਿਖਾਇਆ**।"
— ਸਿਰੀ **੪**, ਵਾਰ ੧੧ਸ, **੩**, ੨ : ੨ (86)

ਦਿਖਾਇਆਬਾ — ਵਿਖਾਇਆ
"ਬਾਹਿਰ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ **ਦਿਖਾਇਆਬਾ**।"
— ਮਾਰੂ **੫**, ੧੨, ੧ : ੧ (1002)

ਦਿਖਾਇਣਾ — ਦਿਸ ਪੈਂਦਾ ਹੈ
"ਪਾਰਸੁ ਜਬ ਭੇਟੈ ਗੁਰੁ ਪੂਰਾ ਤਾ ਪਾਰਸੁ ਪਰਸਿ **ਦਿਖਾਇਣਾ**।"
— ਮਾਰੂ **੫**, ਸੋਲਾ ੭, ੭ : ੩ (1078)

ਦਿਖਾਇਦਾ — ਦਿਖਾਂਦਾ
"ਹੁਕਮੇ ਸਾਸ ਗਿਰਾਸ ਸਦਾ ਫੁਨਿ ਹੁਕਮੇ ਦੇਖਿ **ਦਿਖਾਇਦਾ**।"
— ਮਾਰੂ **੧**, ਸੋਲਾ ੧੬, ੧੨ : ੩ (1037)

ਦਿਖਾਈ — 1. ਦਿਖਾਣ ਨਾਲ
"ਜਨ ਨਾਨਕ ਕੈ ਮਨਿ ਅਨਦੁ ਹੋਤ ਹੈ ਹਰਿ ਦਰਸਨ ਨਿਮਖ **ਦਿਖਾਈ**।" (ਦਿਖਾਨ ਨਾਲ)
— ਆਸਾ **੪**, ੬੭, ੨ : ੨ (370)
2. ਦਿਖਾ ਦਿਤਾ
"ਅੰਤਰਿ ਨਾਮੁ ਨਿਧਾਨੁ ਹੈ ਪੂਰੈ ਸਤਿਗੁਰਿ ਦੀਆ **ਦਿਖਾਈ**।"
— ਆਸਾ **੩**, ਅਸ ੨੮, ੧* : ੨ (425)
3. ਦਸ ਦਿਤੀ, ਦਸੀ
"ਹਰਿ ਕਾ ਮਾਰਗੁ ਗੁਰ ਸੰਤਿ ਬਤਾਇਓ ਗੁਰਿ ਚਾਲ **ਦਿਖਾਈ** ਹਰਿ ਚਾਲ।"
— ਨਟ **੪**, ੯, ੧ : ੧ (978)

ਦਿਖਾਈਐ — 1. ਦਿਖਾਉਂਦਾ ਹੈ
"ਨਾਨਕ ਦੇਖਿ **ਦਿਖਾਈਐ** ਹਉ ਸਦ ਬਲਿਹਾਰੈ ਜਾਸੁ।" — ਸਿਰੀ **੧**, ੧੨, ੪ : ੩ (18)
2. ਦਿਸਦਾ ਹੈ
"ਘਟਿ ਅਵਘਟਿ ਰਵਿਆ ਸਭ ਠਾਈ ਹਰਿ ਪੂਰਨ ਬ੍ਰਹਮੁ **ਦਿਖਾਈਐ**।"
— ਦੇਵ **੫**, ੧, ੮ : ੨ (528)
3. ਦਿਖਾਓ, ਦੇਓ
"ਨਾਨਕੁ ਪਇਅੰਪੈ ਸੰਤ ਸਰਣੀ ਮੋਹਿ ਦਰਸੁ **ਦਿਖਾਈਐ**।"
— ਬਿਹਾ **੫**, ਛੰਤ ੭, ੩ : ੬ (543)

ਦਿਖਾਏ — 1. ਦਿਖਾਉਂਦਾ ਹੈ
"ਸਬਦਿ **ਦਿਖਾਏ** ਸਤਿਗੁਰੁ ਪੂਰਾ।"
— ਮਾਝ **੩**, ਅਸ ੨੨, ੧ : ੨ (125)
"ਸਤਿਗੁਰੁ ਮਿਲੈ ਸੁ ਮਰਣੁ **ਦਿਖਾਏ**।" (ਦਸਦਾ/ ਪਰਿਚਿਤ ਕਰਵਾਉਂਦਾ ਹੈ)
— ਗਉ **੧**, ੯, ੧ : ੧ (153)
2. ਵਖਾਵੇਂ

"ਅਨਿਕ ਜਤਨ ਕਰਿ ਕਰਹ **ਦਿਖਾਏ** ਸਾਚੀ ਸਾਖੀ ਚੀਨੀ।"
— ਸਾਰ **੫**, ਅਸ ੧, ੫ : ੨ (1235)

ਦਿਖਾਧਾ — ਦਿਖਾਂਦਾ ਹੈ
"ਆਪੇ ਆਪਿ ਆਪ ਹੀ ਆਪੇ ਸਭੁ ਆਪਨ ਖੇਲੁ **ਦਿਖਾਧਾ**।" — ਸਾਰ **੫**, ੬, ੪ : ੧ (1204)

ਦਿਖਾਯਾ — ਵਖਾਇਆ, ਦਸਿਆ
"ਮਹਾ ਉਦਿਆਨ ਅੰਧਕਾਰ ਮਹਿ ਜਿਨਿ ਸੀਧਾ ਮਾਰਗੁ **ਦਿਖਾਯਾ**।"
— ਧਨਾ **੫**, ੮, ੧ : ੨ (672)

ਦਿਖਾਰਿਆ — ਵਖਾਇਆ, ਦਰਸਨ ਕਰਵਾਏ
"ਤ੍ਰਿਪਤਿ ਅਘਾਇ ਰਹਿਆ ਹੈ ਸੰਤਹੁ ਗੁਰਿ ਅਨਭਉ ਪੁਰਖੁ **ਦਿਖਾਰਿਆ**।"
— ਮਾਝ **੫**, ੧੦, ੨ : ੩ (97)

ਦਿਖਾਰੀਆ — ਦਿਖਾਲੀ, ਦਰਸ਼ਨ
"ਗੁਰ ਨਿਵਿ ਨਿਵਿ ਲਾਗਉ ਪਾਇ ਦੇਹੁ **ਦਿਖਾਰੀਆ**।"
— ਗਉ **੫**, ਅਸ ੧੨, ੩ : ੨ (241)

ਦਿਖਾਰੈ — ਵਖਾਉਂਦਾ, ਦਸਦਾ
"ਕਾਹੂ ਪੰਥੁ **ਦਿਖਾਰੈ** ਆਪੈ।"
— ਗਉ **੫**, ਬਾਅ ੧੭ : ੫ (253)

ਦਿਖਾਲਹਿ — ਵਖਾਏ, ਪ੍ਰਦਰਸ਼ਿਤ ਕਰੇ
"ਹੋਰਿ ਮਨਮੁਖ ਦਾਜੁ ਜਿ ਰਖਿ **ਦਿਖਾਲਹਿ** ਸੁ ਕੂੜੁ ਅਹੰਕਾਰੁ ਕਚੁ ਪਾਜੋ।"
— ਸਿਰੀ **੪**, ਛੰਤ ੧, ੪ : ੫ (79)

ਦਿਖਾਲਦਾ — ਵਖਾਉਂਦਾ
"ਆਪੇ ਰੂਪ **ਦਿਖਾਲਦਾ** ਆਪੇ ਲਾਇ ਧਿਆਨਾਂ।"
— ਬਿਹਾ **੪**, ਵਾਰ ੧੯ : ੨ (556)

ਦਿਖਾਲਨੁ — ਵਖਾਉਣ
"ਮਾਲਿ ਦੁਲੀਚੈ ਬੈਠੀ ਲੇ ਮਿਰਤਕੁ ਨੈਨ **ਦਿਖਾਲਨੁ** ਧਾਇਆ ਰੇ।"
— ਆਸਾ **੫**, ੪੪, ੩ : ੨ (382)

ਦਿਖਾਲਾ — ਦਿਖਾਵਾ
"ਜਿਸਹਿ **ਦਿਖਾਲਾ** ਵਾਟੜੀ ਤਿਸਹਿ ਭੁਲਾਵੈ ਕਉਣੁ।"
— ਰਾਮ **੩**, ਵਾਰ ੧੨ਸ, **੧**, ੧ : ੮ (952)

ਦਿਖਾਲਿ — ਵਖਾ
"ਪਾਵ ਜੁਲਾਈ ਪੰਧ ਤਉ ਨੈਣੀ ਦਰਸੁ **ਦਿਖਾਲਿ**।"
— ਸੂਹੀ **੫**, ਅਸ ੪, ੪ : ੧ (761)

ਹੋਰ ਰੂਪ — ਦਿਖਾਲਿਆ —
"ਨਾਮੁ ਨਿਧਾਨੁ ਸਤਗੁਰੂ **ਦਿਖਾਲਿਆ** ਹਰਿ ਰਸੁ ਪੀਆ ਅਘਾਏ।" (ਵਖਾਇਆ)
— ਸਿਰੀ **੩**, ੪੧, ੩ : ੩ (29)

ਦਿਖਾਲੀ —
"ਹਰਿ ਅਗਮ ਅਗੋਚਰੁ ਗੁਰਿ ਅਗਮ **ਦਿਖਾਲੀ**।" (ਵਖਾਈ)
— ਭੈਰ **੪**, ੩, ੩ : ੧ (1134)

ਦਿਖਾਲੀਐ —
"ਆਦਿ ਮਧਿ ਅੰਤਿ ਪ੍ਰਭੁ ਸੋਈ ਅਵਰੁ ਨ ਕੋਇ **ਦਿਖਾਲੀਐ** ਜੀਉ।"
— ਮਾਝ **੫**, ੨੮, ੨ : ੩ (102)

ਦਿਖਾਲੇ —
"ਖੋਲਿ ਕਿਵਾਰ **ਦਿਖਾਲੇ** ਦਰਸਨੁ ਪੁਨਰਪਿ ਜਨਮਿ ਨ ਆਈਐ।" (ਵਖਾਏ)
— ਆਸਾ **੫**, ੫੦, ੧ : ੨ (383)

ਦਿਖਾਵਉ — ਵਖਾਵਾਂ, ਦਿਖਾਵਾਂ
"ਕਿਆ ਪਹਿਰਉ ਕਿਆ ਓਢਿ **ਦਿਖਾਵਉ**।"
— ਗਉ **੧**, ਅਸ ੧੦, ੧* : ੧ (225)

ਦਿਖਾਵਈ — ਦਸਦਾ, ਵਖਾਉਂਦਾ
"ਗੁਰ ਬਿਨੁ ਕੋ ਨ **ਦਿਖਾਵਈ** ਅੰਧੀ ਆਵੈ ਜਾਇ।"
— ਸਿਰੀ **੧**, ੧੨, ੧ : ੨ (60)

ਹੋਰ ਰੂਪ — ਦਿਖਾਵਏ –
"ਮੋਹਨੀ ਮਹਾ ਬਚਿਤ੍ਰਿ ਚੰਚਲਿ ਅਨਿਕ ਭਾਵ **ਦਿਖਾਵਏ**।" (ਦਿਖਾਉਂਦੀ ਹੈ)
— ਬਿਲਾ **੫**, ਛੰਤ ੩, ੨ : ੩ (847)
"ਹਉ ਜੀਉ ਕਰੀ ਤਿਸ ਵਿਟਉ ਚਉ ਖੰਨੀਐ ਜੋ ਮੈ ਪਿਰੀ **ਦਿਖਾਵਏ**।" (ਦਸੇ, ਵਿਖਾ ਦੇਵੇ) — ਸਲੋ **੪**, ੫ : ੩ (1421)

ਦਿਖਾਵਹਿ — ਵਖਾਂਦਾ ਹੈ
"ਮੇਰੇ ਮਨ ਬੈਰਾਗੀਆ ਤੂੰ ਬੈਰਾਗੁ ਕਰਿ ਕਿਸੁ **ਦਿਖਾਵਹਿ**।"
— ਆਸਾ **੩**, ਛੰਤ ੭, ੨ : ੧ (440)
"ਭਿੰਨ ਭਿੰਨ ਹੋਇ ਭਾਵ **ਦਿਖਾਵਹਿ** ਸਭਹੁ ਨਿਰਾਰੀ ਭਾਖੇ।" (ਦਿਖਾਂਦੇ ਹਨ)

— ਰਾਮ **੫**, ੭, ੩ : ੩ (884)

ਹੋਰ ਰੂਪ — ਦਿਖਾਵਹੁ —

"ਦਇਆ ਕਰਹੁ ਹਰਿ ਦਰਸੁ **ਦਿਖਾਵਹੁ** ਮੇਰੈ ਮਨਿ ਤਨਿ ਲੋਚ ਘਣੇਰੀ।" (ਵਿਖਾਓ)

— ਗਉ **੧**, ੫੮, ੧ : ੨ (170)

ਦਿਖਾਵਣਿਆ — ਦੇਖਿਆ

"ਸਿਧ ਸਾਧਿਕ ਮੋਨਿਧਾਰੀ ਰਹੇ ਲਿਵ ਲਾਇ ਤਿਨ ਭੀ ਤਨ ਮਹਿ ਮਨੁ ਨ **ਦਿਖਾਵਣਿਆ**।"

— ਮਾਝ **੩**, ਅਸ ੨੪, ੭ : ੩ (124)

ਦਿਖਾਵਨੀ — ਦਿਖਾਉਣ ਵਾਲੀ ਅਦਾਇਗੀ, ਅਦਾਕਾਰੀ

"ਧੁਨਿਤ ਲਲਿਤ ਗੁਨਗ੍ਯ ਅਨਿਕ ਭਾਂਤਿ ਬਹੁ ਬਿਧਿ ਰੂਪ **ਦਿਖਾਵਨੀ** ਨੀਕੀ।"

— ਮਲਾ **੫**, ੨੫, ੧ : ੧ (1272)

ਦਿਖਾਵਾ — ਪ੍ਰਦਰਸ਼ਨ

"ਬਰਤ ਨੇਮ ਕਰਮ ਖਟ ਕੀਨੇ ਬਾਹਰਿ ਭੇਖ **ਦਿਖਾਵਾ**।" — ਮਾਰੂ **੫**, ੧੫, ੩ : ੨ (1003)

ਦਿਖਾਵੈ — 1. ਵਖਾਏ, ਪ੍ਰਗਟ ਕਰੇ

"ਕਰੈ ਦੁਹਕਰਮ **ਦਿਖਾਵੈ** ਹੋਰੁ।"

— ਗਉ **੫**, ੧੪੦, ੧ : ੧ (194)

"ਵੇਸੁ ਕਰੇ ਬਹੁ ਰੂਪ **ਦਿਖਾਵੈ**।" (ਪ੍ਰਦਰਸ਼ਤ ਕਰੇ)

— ਆਸਾ **੫**, ੪, ੧ : ੩ (371)

2. ਦਸੇ, ਦਿਖਾਏ

"ਤਿਸ ਕਉ ਵਾਹੁ ਵਾਹੁ ਜਿ ਵਾਟ **ਦਿਖਾਵੈ**।"

— ਗਉ **੧**, ਅਸ ੧੨, ੬ : ੧ (226)

"ਜੋ ਦੇਖਿ **ਦਿਖਾਵੈ** ਤਿਸ ਕਉ ਬਲਿ ਜਾਈ।" (ਦਰਸ਼ਨ ਦਰਾਏ)

— ਬਿਲਾ **੧**, ਥਿਤੀ ੧ : ੫ (838)

ਦਿਖੀਜੈ — ਦਿਸ ਗਏ, ਦਰਸ਼ਨ ਹੋ ਗਏ

"ਪਰਸ ਨਿਪਰਸੁ ਭਏ ਸਾਧੂ ਜਨ ਜਨੁ ਹਰਿ ਭਗਵਾਨੁ **ਦਿਖੀਜੈ**।"

— ਕਲਿ **੪**, ਅਸ ੨, ੫ : ੨ (1324)

ਦਿਖੀਤਾ — ਦਿਸਦਾ ਹੈ

"ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ **ਦਿਖੀਤਾ**।" — ਬਿਲਾ **੫**, ੩੭, ੩ : ੧ (810)

ਦਿਖੈ — ਵੇਖੇ

"ਮੁੰਧ ਇਆਣੀ ਪੇਈਅੜੈ ਗੁਰਮੁਖਿ ਹਰਿ ਦਰਸਨੁ **ਦਿਖੈ**।" — ਸਿਰੀ **੪**, ਛੰਤ ੧, ੧ : ੬ (78)

ਦਿਗ — ਦਿਸ਼ਾ, ਤਰਫਾਂ

"ਜਾਂ ਚੈ ਘਰਿ **ਦਿਗ** ਦਿਸੈ ਸਰਾਇਚਾ ਬੈਕੁੰਠ ਭਵਨ ਚਿਤ੍ਰਸਾਲਾ ਸਪਤ ਲੋਕ ਸਾਮਾਨਿ ਪੂਰੀਅਲੇ।"

— ਮਲਾ **ਨਾਮ**, ੧, ੧ : ੧ (1292)

ਦਿਗੰਬਰ — ਨੰਗਾ ਰਹਿਣ ਵਾਲਾ, ਜੈਨੀ ਸਾਧੂਆਂ ਦਾ ਇਕ ਫਿਰਕਾ, ਨਾਂਗੇ

"ਜੋਗੀ **ਦਿਗੰਬਰ** ਸੰਨਿਆਸੀ ਖਟੁ ਦਰਸਨ ਕਰਿ ਗਏ ਗੋਸਟਿ ਢੋਆ।"

—ਤੁਖਾ **੪**, ਛੰਤ ੪, ੩ : ੫ (1116)

ਹੋਰ ਰੂਪ — ਦਿਗੰਬਰਾ —

"ਮੁਨਿ ਜੋਗੀ **ਦਿਗੰਬਰਾ** ਜਮੈ ਸਣੁ ਜਾਸੀ।"

— ਮਾਝ **੫**, ਵਾਰ ੧੮ : ੬ (1100)

ਦਿਗੰਬਰੁ —

"ਦਇਆ **ਦਿਗੰਬਰੁ** ਦੇਹ ਬੀਚਾਰੀ।"

— ਆਸਾ **੧**, ੨੫, ੩ : ੧ (356)

ਦਿਗਰ — (ਫ਼ਾ. ਦੀਗਰ) ਹੋਰ, ਦੂਜਾ

"ਦੇਹਿ ਲੇਹਿ ਏਕੁ ਤੂੰ **ਦਿਗਰ** ਕੋ ਨਹੀ।"

— ਤਿਲੰ **ਨਾਮ**, ੨, ੨ : ੨ (727)

ਹੋਰ ਰੂਪ — ਦਿਗਰਿ —

"ਅਸਤਿ ਏਕੁ **ਦਿਗਰਿ** ਕੁਈ।"

— ਮਾਝ **੧**, ਵਾਰ ੧੩ਸ, **੧**, ੨ : ੩ (144)

ਦਿਚੰਨਿ੍ — ਦੇਵੀਏ

"ਜੇ ਕਰਿ ਦੂਜਾ ਦੇਖਦੇ ਜਨ ਨਾਨਕ ਕਢਿ **ਦਿਚੰਨਿ੍**।"

— ਕਾਨ **੪**, ਵਾਰ ੧੩ਸ, **੪**, ੨ : ੨ (1318)

ਦਿਚੈ — 1. ਦੇਈਏ

"ਭੀ ਸੋ ਫੋਗੁ ਸਮਾਲੀਐ **ਦਿਚੈ** ਅਗਿ ਜਾਲਾਇ।"

— ਮਾਝ **੧**, ਵਾਰ ੧੧ਸ, **੧**, ੨ : ੪ (143)

2. ਦੇਓ

"ਤੋਸਾ **ਦਿਚੈ** ਸਚੁ ਨਾਮੁ ਨਾਨਕ ਮਿਹਮਾਣੀ।"

— ਗਉ **੫**, ਵਾਰ ੪ : ੫ (319)

"ਮੋਹਿ ਨਿਰਗੁਣ **ਦਿਚੈ** ਥਾਉ ਸੰਤ ਧਰਮ ਸਾਲੀਐ।" — ਗੂਜ **੫**, ਵਾਰ ੩ : ੮ (518)

ਦਿਜਇ — ਦੇਈਏ

"ਜਾਮਿ ਗੁਰੂ ਹੋਇ ਵਲਿ ਧਨਹਿ ਕਿਆ ਗਾਰਵੁ **ਦਿਜਇ**।" — ਸਵ **੪**, ਨਲ ੭ : ੧ (1399)

ਦਿਣਸੁ — ਦਿਨ

"ਰੈਣਿ **ਦਿਣਸੁ** ਸਿਮਰਤ ਰਹੈ ਸੋ ਪ੍ਰਭੁ ਪੁਰਖੁ ਅਪਾਰ।" — ਗਉ **੫**, ਬਾਅ ੩੧ : ੬ (256)

ਦਿਤਨੋ — ਦਿਤਾ ਹੈ
"ਨਾਨਕ ਉਧਰੇ ਸਾਧਸੰਗਿ ਕਿਰਪਾ ਨਿਧਿ ਮੈ **ਦਿਤਨੋ**।" — ਗਉ **੫**, ੧੪੮, ੨ : ੨ (212)

ਦਿਤਮੁ — ਮੈਨੂੰ ਦਿਤਾ ਹੈ
"ਗੁਰ ਬਿਨੁ ਏਤਾ ਭਵਿ ਥਕੀ ਗੁਰਿ ਪਿਰੁ ਮੇਲਿਮੁ **ਦਿਤਮੁ** ਮਿਲਾਇ।"
— ਮਾਰੂ **੧**, ਅਸ ੧੦, ੧* : ੨ (1015)

ਦਿਤੜਾ — ਦਿਤਾ
"ਇਹ ਤਨੁ ਮਨੁ **ਦਿਤੜਾ** ਵਾਰੋ ਵਾਰਾ ਰਾਮ।"
— ਵਡ **੫**, ਛੰਤ ੧, ੧ : ੨ (576)
"ਹਉ ਗੁਰ ਵਿਟਹੁ ਸਦ ਵਾਰਿਆ ਜਿਨਿ **ਦਿਤੜਾ** ਨਾਉ।" — ਤਿਲੰ **੪**, ਅਸ ੨, ੧੬ : ੨ (726)
ਹੋਰ ਰੂਪ — ਦਿਤੜੀ —
"ਬਾਬੁਲਿ **ਦਿਤੜੀ** ਦੂਰਿ ਨਾ ਆਵੈ ਘਰਿ ਪੇਈਐ ਬਲਿ ਰਾਮ ਜੀਉ।"
— ਸੂਹੀ **੧**, ਛੰਤ ੧, ੪ : ੧ (764)

ਦਿਤਾ — 1. ਦੀਆ, ਪ੍ਰਦਾਨ ਕੀਤਾ
"ਅਮਲੁ ਗਲੋਲਾ ਕੂੜ ਕਾ **ਦਿਤਾ** ਦੇਵਣਹਾਰਿ।"
— ਸਿਰੀ **੧**, ੫, ੧ : ੧ (15)
2. ਦਿਤਾ ਹੋਇਆ ਪਦਾਰਥ
"ਪੈਰੀ ਚਲੈ ਹਥੀ ਕਰਣਾ **ਦਿਤਾ** ਪੈਨੈ ਖਾਇ।"
— ਮਾਝ **੧**, ਵਾਰ ੨ਸ, **੧**, ੧ :.੩ (138)
"ਦੇਂਦੇ ਥਾਵਹੁ **ਦਿਤਾ** ਚੰਗਾ ਮਨਮੁਖਿ ਐਸਾ ਜਾਣੀਐ।"
— ਮਾਝ **੧**, ਵਾਰ ੨ਸ, **੨**, ੨ : ੧ (138)

ਦਿਤਿ — ਦਿਤੀ ਹੋਈ ਵਸਤ, ਦਾਤ, ਬਖ਼ਸ਼ਿਸ਼
"ਖਰਚੇ **ਦਿਤਿ** ਖਸੰਮ ਦੀ ਆਪ ਖਹਦੀ ਖੈਰਿ ਦਬਟੀਐ।" — ਰਾਮ **ਬਸ**, ਵਾਰ ੨ : ੬ (967)

ਦਿਤਿਅਨੁ — ਦਿਤੇ, ਪ੍ਰਦਾਨ ਕੀਤੇ
"ਮਨ ਬਾਂਛਤ ਫਲ **ਦਿਤਿਅਨੁ** ਨਾਨਕ ਬਲਿਹਾਰੀ।"
— ਬਿਲਾ **੫**, ੮੦, ੨ : ੨ (820)

ਦਿਤੀ — ਦੀਆ, ਪ੍ਰਦਾਨ ਕੀਤੀ
"ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ **ਦਿਤੀ** ਕੰਡਿ ਜੀਉ।" — ਸਿਰੀ **੫**, ਅਸ ੨੯, ੧੮ : ੩ (74)
ਹੋਰ ਰੂਪ — ਦਿਤੀਓ —
"ਸਭਿ ਇੰਦ੍ਰੀਆ ਵਸਿ ਕਰਿ **ਦਿਤੀਓ** ਸਤਵੰਤਾ ਸਾੜਾ।" (ਦਿਤੀਆਂ)
— ਮਾਰੂ **੫**, ਵਾਰ ੧੦ : ੫ (1097)
ਦਿਤੀਅਨੁ —
"ਆਪਿ ਵਡਾਈ **ਦਿਤੀਅਨੁ** ਗੁਰਮੁਖਿ ਦੇਇ ਬੁਝਾਇ।" (ਦਿਤੀ)
— ਸਿਰੀ **੩**, ੫੮, ੩ : ੪ (36)
ਦਿਤੀਆ —
"ਸੇ ਵਸਤੂ ਸਹਿ **ਦਿਤੀਆ** ਮੈ ਤਿਨ੍ ਸਿਉ ਲਾਇਆ ਚਿਤੁ ਜੀਉ।" (ਪ੍ਰਦਾਨ ਕੀਤੀਆਂ)
— ਸੂਹੀ **੧**, ਕੁਚ ੧ : ੮ (762)
"ਮਾਰੇਹਿਸੁ ਵੇ ਜਨ ਹਉਮੈ ਬਿਖਿਆ ਜਿਨਿ ਹਰਿ ਪ੍ਰਭ ਮਿਲਣ ਨ **ਦਿਤੀਆ**।" (ਦਿਤਾ)
— ਸੂਹੀ **੪**, ਛੰਤ ੬, ੧ : ੧ (776)
ਦਿਤੀਨੁ —
"ਜੀਉ ਪਿੰਡੁ ਜਿਨਿ ਸਾਜਿਆ ਕਰਿ ਕਿਰਪਾ **ਦਿਤੀਨੁ** ਜਿੰਦੁ।" (ਦਿਤੀ ਹੈ)
— ਮਾਝ **੫**, ਦਿਨ ੩ : ੨ (137)
ਦਿਤੀਮੁ —
"ਈਧਣੁ ਕੀਤੋਮੂ ਘਣਾ ਭੋਰੀ **ਦਿਤੀਮੁ** ਭਾਹਿ।"
— ਜੈਤ **੫**, ਵਾਰ ੫ਸ, **੫**, ੨ : ੧ (706)

ਦਿੰਤੁ — ਦਿਤਾ ਹੋਇਆ
"ਸੁਖ ਸਾਗਰੁ ਪਾਇਅਉ **ਦਿੰਤੁ** ਹਰਿ ਮਗਿ ਨ ਹੁਟੈ।" — ਸਵ **੪**, ਕਲ ੬ : ੩ (1397)
(ਮਹਾਨਕੋਸ਼ ਇਸ ਦੇ ਅਰਥ 'ਪ੍ਰਕਾਸ਼ਮਾਨ, ਰੌਸ਼ਨ' ਕਰਦਾ ਹੈ)

ਦਿਤੇ — 1. ਦਿਤਾ ਹੋਇਆ ਪਦਾਰਥ, ਦਾਤ
"ਜੋ ਦੇਵੈ ਤਿਸੈ ਨ ਜਾਣੈ ਮੂੜਾ **ਦਿਤੇ** ਨੋ ਲਪਟਾਏ।"
— ਸਿਰੀ **੪**, ਪਹ ੩, ੨ : ੪ (76)
ਹੋਰ ਰੂਪ — ਦਿਤੈ —
"**ਦਿਤੈ** ਕਿਤੈ ਨ ਸੰਤੋਖੀਅਹਿ ਅੰਤਰਿ ਤਿਸਨਾ ਬਹੁ ਅਗਿਆਨੁ ਅੰਧਾਰੁ।"
— ਗਉ **੪**, ਵਾਰ ੩੧ਸ, **੪**, ੧ : ੪ (316)
2. ਦੇਣ ਦੀ ਕਿਰਿਆ
"ਲਏ **ਦਿਤੇ** ਵਿਣੁ ਰਹੈ ਨ ਕੋਇ।"
— ਆਸਾ **੧**, ੪, ੩ : ੨ (350)
3. ਸਹਾਇਕ ਕਿਰਿਆ
"ਨਿੰਦਕ ਮਾਰੇ ਤਤਕਾਲਿ ਖਿਨੁ ਟਿਕਣ ਨ

ਦਿਤੇ।" — ਗੂਜ **੫**, ਵਾਰ ੨੦ : ੧ (523)

4. ਪ੍ਰਦਾਨ ਕੀਤੇ

"ਗੁਰਿ ਸਚੈ ਬਧਾ ਥੇਹੁ ਰਖਵਾਲੇ ਗੁਰਿ **ਦਿਤੇ**।"
— ਸੋਰ **੪**, ਵਾਰ ੨੭ : ੧ (653)

"ਤਿਨ ਕੇ **ਦਿਤੇ** ਨਾਨਕਾ ਤੇਹੋ ਜੇਹਾ ਧਰਮੁ।"
(ਦੇਣ ਨਾਲ) — ਸਲੋ **੩**, ੧ : ੨ (1413)

ਹੋਰ ਰੂਪ — ਦਿਤੈ —

"ਰਾਜਾ ਮੰਗੈ **ਦਿਤੈ** ਗੰਢੁ ਪਾਇ।" (ਦੇਣ ਨਾਲ, ਪ੍ਰਦਾਨ ਕਰਨ ਨਾਲ)
— ਮਾਝ **੧**, ਵਾਰ ੧੨ਸ, **੧**, ੨ : ੫ (143)

ਦਿਤੋਸੁ —

"ਸਹਿ ਟਿਕਾ **ਦਿਤੋਸੁ** ਜੀਵਦੈ।"
— ਰਾਮ **ਬਸ**, ੧ : ੭ (966)

ਦਿਤੋਨੁ —

"ਕਿਰਪਾ ਕਰਿ ਕੈ ਆਪਣੀ **ਦਿਤੋਨੁ** ਭਗਤਿ ਭੰਡਾਰੁ।" (ਉਸ ਨੇ ਦਿਤਾ)
— ਸਿਰੀ **੩**, ੫੮, ੧ : ੪ (36)

ਦਿਨ — 1. ਸੂਰਜ ਚੜਨ ਤੋਂ ਸੂਰਜ ਡੁਬਣ ਤੱਕ ਦਾ ਸਮਾਂ

"ਮਤੀ ਮਰਣੁ ਵਿਸਾਰਿਆ ਖੁਸੀ ਕੀਤੀ **ਦਿਨ** ਚਾਰਿ।" — ਸਿਰੀ **੧**, ੫, ੧ : ੨ (15)

2. ਸਮੇਂ ਦੀ ਇਕ ਇਕਾਈ, ੮ ਪਹਿਰ/ਸੂਰਜ ਦੇ ਚੜਨ ਤੇ ਫਿਰ ਚੜਨ ਤੱਕ ਦਾ ਸਮਾਂ

"ਤੇ **ਦਿਨ** ਸੰਮਲੁ ਕਸਟ ਮਹਾ ਦੁਖ ਅਬ ਚਿਤੁ ਅਧਿਕ ਪਸਾਰਿਆ।" (ਭਾਵ ਸਮਾਂ)
— ਸਿਰੀ **ਬੇਣੀ**, ੧, ੧ : ੩ (93)

"ਪੇਵਕੜੈ **ਦਿਨ** ਚਾਰਿ ਹੈ ਸਾਹੁਰੜੈ ਜਾਣਾ।"
— ਗਉ **ਕਬ**, ੫੦, ੧ : ੧ (333)

3. ਸਮਾਂ

"ਖਿਸੈ ਜੋਬਨੁ ਬਧੈ ਜਰੂਆ **ਦਿਨ** ਨਿਹਾਰੇ ਸੰਗਿ ਮੀਚੁ।"
— ਆਸਾ **੫**, ਛੰਤ ੮, ੨ : ੫ (458)

"ਕੇਤੜਿਆ **ਦਿਨ** ਗੁਪਤੁ ਕਹਾਇਆ।" (ਸਮਾਂ,ਚਿਰ)
— ਮਾਰੂ **੫**, ਸੋਲਾ ੧੦, ੧੨ : ੧ (1081)

ਦਿਨਸ — ਦਿਨ

"ਕੋਟਿ **ਦਿਨਸ** ਲਾਖ ਸਦਾ ਥਿਰੁ ਥੀਆ।"
— ਗਉ **੫**, ੭, ੧* : ੨ (239)

ਹੋਰ ਰੂਪ — ਦਿਨਸੁ —

"ਅਉਧ ਘਟੈ **ਦਿਨਸੁ** ਰੈਣਾਰੇ।"
— ਗਉ **੫**, ਸੋਰ ੫, ੧* : ੧ (13)

ਦਿਨਹਿ — ਦਿਨ ਸਮੇ, ਦਿਹਾੜੀ

"**ਦਿਨਹਿ** ਬਿਕਾਰ ਕਰਤ ਸ੍ਰਮੁ ਪਾਇਓ।"
— ਗਉ **੫**, ਥਿਤੀ ੧੩ : ੭ (299)

ਦਿਨਕਰੋ — ਸੂਰਜ

"ਗਹਬਰ ਬਨ ਘੋਰ ਗਹਬਰ ਬਨ ਘੋਰ ਹੇ ਗ੍ਰਿਹ ਮੂਸਤ ਮਨ ਚੋਰ ਹੇ **ਦਿਨਕਰੋ** ਅਨਦਿਨੁ ਖਾਤ।"
— ਆਸਾ **੫**, ਛੰਤ ੧੪, ੧ : ੨ (461)

ਦਿਨਛੇ — ਦੀਨੀ, ਦਿਤੀ

"ਹਰਿ ਕੀਓ ਸਗਲ ਭਵਨ ਤੇ ਊਪਰਿ ਹਰਿ ਸੋਭਾ ਹਰਿ ਪ੍ਰਭ **ਦਿਨਛੇ**।"
— ਬਸੰ **੪**, ੪, ੨ : ੨ (1178)

ਦਿਨੰਤਿ — ਦਿਨ

"ਰਾਤਿ **ਦਿਨੰਤਿ** ਰਹੈ ਰੰਗਿ ਰਾਤਾ।"
— ਰਾਮ **੧**, ਓਅੰ ੧੦ : ੩ (931)

ਹੋਰ ਰੂਪ — ਦਿਨੰਤੁ —

"ਰਾਤਿ **ਦਿਨੰਤੁ** ਕੀਏ ਭਉ ਭਾਉ।"
— ਬਿਲਾ **੧**, ਥਿਤੀ ੩ : ੪ (839)

ਦਿਨਥੇ — ਦੇਵਾਂ

"ਕੋਈ ਮਾਰਗੁ ਪੰਥੁ ਬਤਾਵੈ ਪ੍ਰਭ ਕਾ ਕਹੁ ਤਿਨ ਕਉ ਕਿਆ **ਦਿਨਥੇ**।"
— ਕਲਿ **੪**, ੩, ੩ : ੧ (1320)

ਦਿਨ ਰਾਤਿ — ਦਿਨੇ ਰਾਤੀ ਭਾਵ ਹਰ ਸਮੇਂ, ਹਮੇਸ਼ਾਂ

"ਤੁਮ੍ਰੀ ਉਸਤਤਿ ਕਰਉ **ਦਿਨ ਰਾਤਿ**।"
— ਭੈਰ **੫**, ੩੧, ੧* : ੨ (1144)

ਹੋਰ ਰੂਪ — ਦਿਨ ਰਾਤੀ —

"ਅਨਦਿਨੁ ਭਗਤਿ ਕਰਹਿ **ਦਿਨ ਰਾਤੀ** ਦੁਬਿਧਾ ਸਬਦੇ ਖੋਈ।" (ਸਦਾ, ਹਮੇਸ਼ਾਂ ਹੀ)
— ਭੈਰ **੩**, ੨੧, ੨ : ੧ (1133)

ਦਿਨਾ — 1. ਦਿਨ ਭਾਵ ਸਮਾਂ

"ਅੰਧੇ ਜੀਵਨਾ ਵੀਚਾਰਿ ਦੇਖਿ ਕੇਤੇ ਕੇ **ਦਿਨਾ**।"
— ਧਨਾ **੧**, ੨, ੧* : ੧ (660)

2. ਸੂਰਜ ਚੜ੍ਹਨ ਤੇ ਸੂਰਜ ਢਲਣ ਤਕ ਦਾ ਸਮਾਂ, ਦਿਨ

"ਸਿਮਰਹਿ ਗੁਣੀ ਚਤੁਰ ਸਭਿ ਬੇਤੇ ਸਿਮਰਹਿ ਰੈਣੀ ਅਰੁ **ਦਿਨਾ**।"
— ਮਾਰੂ **੫**, ਸੋਲਾ ੮, ੬ : ੩ (1079)

ਦਿਨਿ — 1. ਦਿਨ ਭਾਵ ਸਮੇਂ
"ਜਿਤੁ **ਦਿਨਿ** ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ।" — ਮਾਝ **੫**, ਬਾਰਾ ੭ : ੩ (134)
2. ਸਮੇਂ ਦੀ ਇਕ ਇਕਾਈ, ਸੂਰਜ ਚੜ੍ਹਨ ਤੋਂ ਢਲਣ ਤੱਕ ਦਾ ਸਮਾਂ
"ਰਾਤੀ ਕਾਲੁ ਘਟੈ **ਦਿਨਿ** ਕਾਲੁ।"
— ਮਲਾ **੧**, ਵਾਰ ੨੦ਸ, **੧**, ੧ : ੧ (1287)
"ਸਾਸਿ ਰਿਖਿ ਨਿਸਿ ਸੂਰ **ਦਿਨਿ** ਸੈਲ ਤਰੂਅ ਫਲ ਫੁਲ ਦੀਅਉ।"
— ਸਵ **੪**, ਨਲ ੫ : ੨ (1399)

ਦਿਨੀਅਰੁ — 1. ਦਿਨਕਰ, ਸੂਰਜ
"ਚਕਵੀ ਸੂਰ ਸਨੇਹੁ ਚਿਤਵੈ ਆਸ ਘਣੀ ਕਦਿ **ਦਿਨੀਅਰੁ** ਦੇਖੀਐ।"
— ਆਸਾ **੫**, ਛੰਤ ੪, ੩ : ੧ (455)
('ਸ਼ਬਦਾਰਥ' ਇਸ ਦੇ ਅਰਥ 'ਦੇ ਹੁੰ' ਕਰਦਾ ਹੈ)
"**ਦਿਨੀਅਰੁ** ਸੂਰੁ ਤ੍ਰਿਸਨਾ ਅਗਨਿ ਬੁਝਾਨੀ ਸਿਵ ਚਰਿਓ ਚੰਦੁ ਚੰਦਾਕੀ।"
— ਧਨਾ **੪**, ੬, ੩ : ੨ (668)
"ਸੋਈ ਚੰਦੁ ਚੜਹਿ ਸੇ ਤਾਰੇ ਸੋਈ **ਦਿਨੀਅਰੁ** ਤਪਤ ਰਹੈ।" — ਰਾਮ **੧**, ਅਸ ੧, ੧ : ੧ (902)
2. ਦਿਨ
"ਆਸਾ ਪਿਆਸੀ ਰੈਨਿ **ਦਿਨੀਅਰੁ** ਰਹਿ ਨ ਸਕੀਐ ਇਕੁ ਤਿਲੈ।"
— ਬਿਹਾ **੫**, ਛੰਤ ੨, ੨ : ੫ (543)

ਦਿਨੁ — 1. ਸਮੇਂ ਦੀ ਇਕ ਇਕਾਈ, ਸੂਰਜ ਦੇ ਚੜ੍ਹਨ ਤੋਂ ਸੂਰਜ ਦੇ ਡੁਬਣ ਤੱਕ ਦਾ ਸਮਾਂ
"ਜਿਨਿ **ਦਿਨੁ** ਕਰਿ ਕੈ ਕੀਤੀ ਰਾਤਿ।"
— ਆਸਾ **੧**, ਸੋਦ ੩, ੪ : ੨ (10)
"**ਦਿਨੁ** ਰੈਣਿ ਜਿ ਪ੍ਰਭ ਕੰਉ ਸੇਵਦੇ ਤਿਨ ਕੈ ਸਦ ਬਲਿਹਾਰ।" — ਮਾਝ **੫**, ਦਿਨ ੨ : ੯ (137)
2. ਦਿਨ ਭਾਵ ਸਮਾਂ
"ਨਾਨਕ ਨਾਮੁ ਸਮਾਲਿ ਤੂੰ ਸੋ **ਦਿਨੁ** ਨੇੜਾ ਆਇਓਇ।"
— ਸਿਰੀ **੫**, ੯੨, ੪ : ੨ (50)

ਦਿਨੁ ਰਾਤਿ — ਹਮੇਸ਼ਾਂ
"ਸੰਤ ਕੈ ਸੰਗਿ ਬਸੈ **ਦਿਨੁ ਰਾਤਿ**।"
— ਗੋਂਡ **੫**, ੧੮, ੨ : ੨ (867)
ਹੋਰ ਰੂਪ — ਦਿਨੁਰਾਤੀ —
"ਘਰਿ ਘਰਿ ਨਿਰਤਿ ਹੋਵੈ **ਦਿਨੁ ਰਾਤੀ** ਘਟਿ ਘਟਿ ਵਾਜੈ ਤੂਰਾ।"
— ਰਾਮ **੫**, ੭, ੪ : ੧ (884)

ਦਿਨੈ — ਦਿਨ
"ਸਉ ਓਲਾਮ੍ਹੇ **ਦਿਨੈ** ਕੇ ਰਾਤੀ ਮਿਲਨ੍ਹਿ ਸਹੰਸ।"
— ਸੂਹੀ **੩**, ਵਾਰ ੧੯ਸ, **੧**, ੨ : ੧ (790)

ਦਿਨੋ ਦਿਨੁ — ਹਰ ਦਿਨ ਨਾਲ, ਨਿਰੰਤਰ
"ਹਰਿਹਾਂ ਜਬ ਬਿਸਰੈ ਗੋਬਿਦ ਰਾਇ **ਦਿਨੋ ਦਿਨੁ** ਘਟੀਐ।" — ਫੁਨ **੫**, ੧੪ : ੪ (1363)
"ਜਿਹ ਸਤਿਗੁਰ ਸਿਮਰੰਥਿ ਰਿਦੈ ਹਰਿ ਨਾਮੁ **ਦਿਨੋ ਦਿਨੁ**।" — ਸਵ **੪**, ਬਲ ੫ : ੨ (1405)

ਦਿਬਦਿਸਟਿ — (ਸੰ. ਦਿਵ੍ਯਦ੍ਰਿਸ਼੍ਟਿ) ਦੈਵੀ ਅਲੌਕਿਕ ਦ੍ਰਿਸ਼ਟੀ, ਉਹ ਨਜ਼ਰ ਜਿਸ ਨਾਲ ਸਾਰੇ ਗੁਪਤ ਸਥਾਨ ਦਿਸ ਜਾਣ
"ਅੰਦਰੁ ਖੋਲੈ **ਦਿਬ ਦਿਸਟਿ** ਦੇਖੈ ਮੁਕਤਿ ਭੰਡਾਰਾ।"
— ਆਸਾ **੩**, ੨੮, ੨ : ੨ (425)

ਦਿਬਦ੍ਰਿਸਟਿ — ਅਲੌਕਿਕ, ਦ੍ਰਿਸ਼ਟੀ, ਵੇਖੋ 'ਦਿਬਦਿਸਟਿ'
"**ਦਿਬ ਦ੍ਰਿਸਟਿ** ਜਾਗੈ ਭਰਮੁ ਚੁਕਾਏ।"
— ਮਾਰੂ **੩**, ਅਸ ੧, ੨ : ੧ (1016)
ਹੋਰ ਰੂਪ — ਦਿਬ੍ਰਦ੍ਰਿਸ੍ਰਿ —
"ਅਵਲੋਕ੍ਯ ਬ੍ਰਹਮੁ ਭਰਮੁ ਸਭੁ ਛੁਟਕ੍ਯ **ਦਿਬ੍ਰਦ੍ਰਿਸ੍ਰਿ** ਕਾਰਣ ਕਰਣੰ।"
— ਸਵ **੪**, ਗਯੰ ੩ : ੫ (1402)

ਦਿਰਾਨੀ — ਪਤੀ ਦੀ ਛੋਟੀ ਭਰਜਾਈ, ਦੇਵਰਾਨੀ, ਦੇਵਰ ਦੀ ਪਤਨੀ
"ਸੁਨਹੁ ਜਿਠਾਨੀ ਸੁਨਹੁ **ਦਿਰਾਨੀ** ਅਚਰਜੁ ਏਕੁ ਭਇਓ।" — ਬਿਲਾ **ਕਬ**, ੪, ੨ : ੧ (856)

ਦਿਲ — ਮਨ, ਚਿਤ, ਅੰਤਹਕਰਣ
"ਘੜੀ ਮੁਹਤਿ ਕਿ ਚਲਣਾ **ਦਿਲ** ਸਮਝੁ ਤੂੰ ਭਿ ਪਹੁਚੁ।" — ਸਿਰੀ **੧**, ਅਸ ੧੭, ੪ : ੨ (64)

ਦਿਲਹਿ — ਦਿਲ ਨੂੰ

"ਖਸਮ ਕੀ ਨਦਰਿ **ਦਿਲਹਿ** ਪਸਿੰਦੇ ਜਿਨੀ ਕਰਿ ਏਕੁ ਧਿਆਇਆ।"
— ਸਿਰੀ **੧**, ੨੨, ੩ : ੨ (24)

ਦਿਲਹੁ — ਦਿਲੋਂ
"**ਦਿਲਹੁ** ਮੁਹਬਤਿ ਜਿੰਨ੍ ਸੇਈ ਸਚਿਆ।"
— ਆਸਾ **ਫਰ**, ੧, ੧ : ੧ (488)

ਦਿਲਾ — ਦਿਲਾਂ, ਦਿਲ ਦਾ ਬਹੁ ਵਚਨ
"ਘਟਿ ਘਟਿ ਮਾਲਕੁ **ਦਿਲਾ** ਕਾ ਸਚਾ ਪਰਵਦਗਾਰੁ।"
— ਤਿਲੰ **੫**, ੩, ੨ : ੨ (724)

ਦਿਲਾਸਾ — ਧਰਵਾਸ, ਤਸਲੀ, ਪਿਆਰ, ਭਰਿਆ, ਭਰੋਸਾ, ਧੀਰਜ
"ਤ੍ਰਿਪਤਿ ਅਘਾਇ ਰਹੇ ਜਨ ਤੇਰੇ ਸਤਿਗੁਰਿ ਕੀਆ **ਦਿਲਾਸਾ** ਜੀਉ।"
— ਮਾਝ **੫**, ੩੮, ੩ : ੩ (105)
"ਸੂਖ ਸਹਜ ਆਨੰਦ ਘਨੇਰੇ ਸਤਿਗੁਰ ਦੀਆ **ਦਿਲਾਸਾ**।" — ਸੋਰ **੫**, ੯੦, ੩ : ੧ (630)

ਦਿਲਾਵਰ — (ਫਾ. ਦਿਲਾਵਰ) ਬਹਾਦਰ
"ਦਸ੍ਤਗੀਰੀ ਦੇਹਿ **ਦਿਲਾਵਰ** ਤੂਹੀ ਤੂਹੀ ਏਕ।"
— ਤਿਲੰ **੫**, ੫, ੨ : ੧ (724)

ਦਿਲਿ — ਮਨ/ਚਿਤ ਨਾਲ
"ਨਾਨਕ ਨਾਉ ਖੁਦਾਇ ਕਾ **ਦਿਲਿ** ਹਛੈ ਮੁਖਿ ਲੇਹੁ।"
— ਮਾਝ **੧**, ਵਾਰ ੬ਸ, **੧**, ੧ : ੩ (140)
"ਦਾਨਸਬੰਦੁ ਸੋਈ **ਦਿਲਿ** ਧੋਵੈ।" (ਚਿਤ ਨੂੰ)
— ਧਨਾ **੧**, ੭, ੪ : ੧ (662)
"ਜੋ **ਦਿਲਿ** ਮਿਲਿਆ ਸੁ ਮਿਲਿ ਰਹਿਆ ਮਿਲਿਆ ਕਹੀਐ ਰੇ ਸੋਈ।" (ਦਿਲੋਂ)
— ਤਿਲੰ **੧**, ਅਸ ੧, ੭ : ੧ (725)

ਹੋਰ ਰੂਪ — ਦਿਲੁ —
"ਜੋ **ਦਿਲੁ** ਸੋਧੈ ਸੋਈ ਹਾਜੀ।" (ਦਿਲ ਨੂੰ)
— ਮਾਰੂ **੫**, ਸੋਲਾ ੧੨, ੬ : ੨ (1084)

ਦਿਲੈ —
"ਖਾਲਕੁ ਯਾਦਿ **ਦਿਲੈ** ਮਹਿ ਮਉਲਾ।" (ਦਿਲ ਅੰਦਰ)
— ਮਾਰੂ **੫**, ਸੋਲਾ ੧੨, ੭ : ੨ (1084)

ਦਿਵਈਹੈ — ਦਿਵਾਵੇਗਾ, ਦਿਵਾਏਗਾ
"ਸੂਧੇ ਸੂਧੇ ਰੇਗਿ ਚਲਹੁ ਤੁਮ ਨਤਰ ਕੁਧਕਾ **ਦਿਵਈ ਹੈ** ਰੇ।" — ਬਿਲਾ **ਕਬ**, ੧, ੧* : ੨ (855)

ਦਿਵਸ — 1. ਦਿਨ, ਦਿਹਾੜੇ
"ਸਾ ਹ **ਦਿਵਸ** ਮੂਰਤ ਭਲੇ ਜਿਸ ਕਉ ਨਦਰਿ ਕਰੇ।" — ਮਾਝ **੫**, ਬਾਰਾ ੧੪ : ੭ (136)
"ਸੁਭ **ਦਿਵਸ** ਆਏ ਸਹਜਿ ਪਾਏ ਸਗਲ ਨਿਧਿ ਪ੍ਰਭ ਪਾਗੇ।" (ਦਿਨ ਭਾਵ ਸਮਾਂ)
— ਆਸਾ **੫**, ਛੰਤ ੧੦, ੪ : ੫ (459)

ਹੋਰ ਰੂਪ — ਦਿਵਸੁ —
"ਸੋਈ **ਦਿਵਸੁ** ਭਲਾ ਮੇਰੇ ਭਾਈ।" (ਸਮਾਂ)
— ਆਸਾ **੫**, ੯੮, ੧* : ੧ (395)

2. ਸੂਰਜ ਚੜ੍ਹਨ ਤੋਂ ਡੁਬਣ ਤੱਕ ਦਾ ਸਮਾਂ
"ਰਾਤਿ **ਦਿਵਸ** ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ।"— ਸਲੋ **ਕਬ**, ੨੨੩ : ੨ (1376)

ਹੋਰ ਰੂਪ — ਦਿਵਸੁ —
"**ਦਿਵਸੁ** ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ।"
— ਜਪੁ **੧**, ੩੮ਸ : ੨ (8)

ਦਿਵਾ — ਦੇਵਾਂ, ਅਰਪਨ ਕਰਾਂ
"ਅਰਪੀ ਸਭੁ ਸੀਗਾਰੁ ਏਹੁ ਜੀਉ ਸਭੁ **ਦਿਵਾ**।"
— ਫੁਨ **੫**, ੨ : ੨ (1361)

ਦਿਵਾਇਓ — ਪ੍ਰਦਾਨ ਕਰਵਾਇਆ, ਦਿਵਾਇਆ
"ਸੋ ਸੋ ਪਾਇਓ ਜੁ ਆਪਿ **ਦਿਵਾਇਓ**।"
— ਗਉ **੫**, ਬਾਅ ੮ : ੪ (251)

ਦਿਵਾਇਆ — ਪ੍ਰਦਾਨ ਕਰਾਇਆ
"ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ **ਦਿਵਾਇਆ**।"
— ਸਿਰੀ **੪**, ਛੰਤ ੧, ੪ : ੩ (79)
"ਕਰਤੈ ਪੁਰਖਿ ਤਾਲੁ **ਦਿਵਾਇਆ**।" (ਭਾਵ ਬਣਵਾਇਆ ਹੈ)
— ਸੋਰ **੫**, ੬੪, ੨ : ੧ (625)

ਹੋਰ ਰੂਪ — ਦਿਵਾਇਆ ਥਾ —
"ਮੋਲਿ ਅਮੋਲੁ ਨ ਪਾਇਆ ਜਾਈ ਕਰਿ ਕਿਰਪਾ ਗੁਰੂ **ਦਿਵਾਇਆ ਥਾ**।" (ਦਿਲਵਾਇਆ ਸੀ)
— ਮਾਰੂ **੫**, ੧੨, ੧* : ੨ (1002)

ਦਿਵਾਇਐ —
"ਤਿਨਿ ਪਾਏ ਸਭੇ ਥੋਕ ਜਿਸੁ ਆਪਿ **ਦਿਵਾਇਐ**।" (ਦਿੰਦਾ ਹੈ)

— ਗੂਜ **੫**, ਵਾਰ ੮ : ੭ (520)

ਦਿਵਾਇਬਾ — ਦਿਵਾਂਦਾ ਹੈ
"ਜਨੁ ਨਾਨਕੁ ਰੇਣ ਸਾਧ ਪਗ ਮਾਗੈ ਹਰਿ ਹੋਇ ਦਇਆਲੁ **ਦਿਵਾਇਬਾ**।"
— ਜੈਤ **੪**, ੪, ੪ : ੨ (697)

ਦਿਵਾਈ — ਦੁਆਈ
"ਐ ਜੀ ਗੁਰ ਕੀ ਦਾਤਿ ਨ ਮੇਟੈ ਕੋਈ ਮੇਰੈ ਠਾਕੁਰਿ ਆਪਿ **ਦਿਵਾਈ**।"
— ਗੂਜ **੧**, ਅਸ ੪, ੪ : ੧ (505)

ਹੋਰ ਰੂਪ — ਦਿਵਾਏ —
"ਕਰਿ ਕਿਰਪਾ ਜਿਸੁ ਆਪਿ **ਦਿਵਾਏ**।" (ਪ੍ਰਦਾਨ ਕਰਵਾਏ)
— ਗਉ **੫**, ੧੧੮, ੧* : ੨ (189)
"ਗੁਣੀ ਗਿਆਨੀ ਬਹਿ ਮਤਾ ਪਕਾਇਆ ਫੇਰੇ ਤਤੁ **ਦਿਵਾਏ**।" (ਭਾਵ ਕਰਵਾਏ)
— ਸੂਹੀ **੪**, ਛੰਤ ੧, ੪ : ੪ (773)

ਦਿਵਾਜਾ — (ਭਾਵ) ਦਿਖਾਵਾ, ਅਡੰਬਰ
"ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ **ਦਿਵਾਜਾ**।" — ਬਿਲਾ **ਕਬ**, ੫, ੧* : ੨ (856)

ਹੋਰ ਰੂਪ — ਦਿਵਾਜੇ —
"ਅਵਰਿ **ਦਿਵਾਜੇ** ਦੁਨੀ ਕੇ ਝੂਠੇ ਅਮਲ ਕਰੇਹੁ।"
— ਮਾਝ **੧**, ਵਾਰ ੬ਸ, **੧**, ੧ : ੪ (140)

ਦਿਵਾਨਾ — (ਫ਼ਾ. ਦੀਵਾਨਾ) ਮਸਤ, ਝੱਲਾ, ਬਉਰਾ
"ਜੋਬਨੁ ਧਨੁ ਪ੍ਰਭਤਾ ਕੈ ਮਦ ਮੈ ਅਹਿਨਿਸਿ ਰਹੈ **ਦਿਵਾਨਾ**।" — ਧਨਾ **੯**, ੨, ੧ : ੨ (685)
"ਕਹਿ ਕਬੀਰ ਹਉ ਭਇਆ **ਦਿਵਾਨਾ**।" (ਆਸ਼ਕ, ਮਸਤ) — ਭੈਰ **ਕਬ**, ੪, ੪ : ੧ (1158)
2. ਪਾਗਲ, ਝਲਾ, ਬਉਰਾ
"ਨਾਨਕ ਵਿਚਾਰਾ ਭਇਆ **ਦਿਵਾਨਾ** ਹਰਿ ਤਉ ਦਰਸਨ ਕੈ ਤਾਈ।"
— ਸੂਹੀ **੪**, ਅਸ ੧, ੧੨ : ੧ (757)

ਹੋਰ ਰੂਪ — ਦਿਵਾਨਾਂ —
"ਚਉਰਾਸੀ ਲਖ ਫਿਰੈ **ਦਿਵਾਨਾਂ**।" (ਕਮਲਾ)
— ਭੈਰ **ਕਬ**, ੧੫, ੨ : ੨ (1161)

ਦਿਵਾਨੀ —
"ਹਉ ਫਿਰਉ **ਦਿਵਾਨੀ** ਆਵਲ ਬਾਵਲ ਤਿਸੁ ਕਾਰਣਿ ਹਰਿ ਢੋਲੀਐ।"
— ਦੇਵ **੪**, ੩, ੧ : ੧ (527)

ਦਿਵਾਨੁ — ਪਾਗਲ,ਝੱਲਾ, ਦੀਵਾਨਾ
"ਬਿਨੁ ਸਤਿਗੁਰ ਮੁਕਤਿ ਨ ਪਾਈਐ ਮਨਮੁਖਿ ਫਿਰੈ **ਦਿਵਾਨੁ**।"
— ਸਿਰੀ **੩**, ੬੩, ੩ : ੩ (39)

ਹੋਰ ਰੂਪ — ਦਿਵਾਨੇ —
"ਭਰਮਿ ਭੁਲਾਨੇ ਭਏ **ਦਿਵਾਨੇ** ਵਿਣੁ ਭਾਗਾ ਕਿਆ ਪਾਈਐ।"
— ਰਾਮ **੧**, ਓਅੰ ੪੧ : ੪ (935)

ਦਿਵਾਲ — (ਫ਼ਾ. ਦੀਵਾਰ) ਕੰਧ, ਦੀਵਾਰ
"ਦੇ ਦੇ ਨੀਵ **ਦਿਵਾਲ** ਉਸਾਰੀ ਭਸਮੰਦਰ ਕੀ ਢੇਰੀ।"
— ਗਉ **੧**, ੧੩, ੫ : ੧ (155)

ਦਿਵਾਵੈ — ਦਿਵਾਏ
"ਕਰਿ ਕਿਰਪਾ ਜਿਸੁ ਆਪਿ **ਦਿਵਾਵੈ**।"
— ਗਉ **੫**, ੭੯, ੪ : ੨ (179)
"ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਤਿਸੁ ਕਰਤਾ ਮਾਰ **ਦਿਵਾਵੈ**।" (ਪੁਗਾਉਂਦਾ)
— ਗਉ **੪**, ਵਾਰ ੮ਸ, **੪**, ੧ : ੫ (303)

ਦਿਵੈ — ਦਿੰਦਾ ਹੈ
"ਸੁਣੇ ਦੇਖੇ ਬਾਝੁ ਕਹਿਐ ਦਾਨੁ ਅਣਮੰਗਿਆ **ਦਿਵੈ**।"
— ਸੂਹੀ **੧**, ਛੰਤ ੪, ੪ : ੪ (766)

ਦਿੜੰ — ਦ੍ਰਿੜ ਕੀਤੀ, ਪਕੀ ਕੀਤੀ
"ਥਿਰੁ ਨਾਮੁ ਭਗਤਿ **ਦਿੜੰ** ਮਤੀ ਗੁਰ ਵਾਕਿ ਸਬਦ ਰਤੰ।" — ਗੂਜ **੧**, ਅਸ ੫, ੩ : ੨ (505)

ਦਿੜਹੁ — ਪੱਕਾ ਕਰੋ
"ਐ ਜੀਉ ਨਾਮੁ **ਦਿੜਹੁ** ਨਾਮੇ ਲਿਵ ਲਾਵਹੁ ਸਤਿਗੁਰ ਟੇਕ ਟਿਕਾਈ।"
— ਗੂਜ **੧**, ਅਸ ੩, ੫ : ੧ (504)

ਦਿੜਤਾ — ਪਕਿਆਈ
"ਸਤਸੰਗਤਿ ਮਿਲੈ ਤ **ਦਿੜਤਾ** ਆਵੈ ਹਰਿ ਰਾਮ ਨਾਮਿ ਨਿਸਤਾਰੇ।" (ਨਿਸਚੇ ਦੀ)
— ਨਟ **੪**, ਅਸ ੩, ੩ : ੨ (981)

ਦਿੜਾਇਆ — ਪਕਿਆਂ ਕਰਾਇਆ, ਸਮਝਾਇਆ
"ਸਤਿਗੁਰਿ ਸਚੁ **ਦਿੜਾਇਆ** ਸਦਾ ਸਚਿ ਸੰਜਮਿ ਰਹਣਾ।" — ਸਿਰੀ **੩**, ਅਸ ੨੫, ੬ : ੨ (70)
"ਨਾਮੁ ਦਾਨੁ ਇਸਨਾਨੁ **ਦਿੜਾਇਆ**।" (ਪੱਕੀ ਤਰ੍ਹਾਂ ਸਮਝਾਇਆ)

— ਸਿਰੀ **ਪ**, ਅਸ ੨੯, ੧੧ : ੨ (74)

ਹੋਰ ਰੂਪ — ਦਿੜਾਏ —

"ਲੋਭ ਵਿਕਾਰ ਨਾਵ ਡੁਬਦੀ ਨਿਕਲੀ ਜਾ ਸਤਿਗੁਰਿ ਨਾਮ **ਦਿੜਾਏ**।" (ਪਰਿਭਾਸ਼ਾ)

— ਆਸਾ **੪**, ਛੰਤ ੯, ੨ : ੪ (443)

ਦਿੜਾਵੈ — ਪਕੀ ਤਰ੍ਹਾਂ ਦ੍ਰਿੜ ਕਰਾਏ/ਸਮਝਾਏ

"ਗੁਰੁ ਸਬਦੁ **ਦਿੜਾਵੈ** ਰੰਗ ਸਿਉ ਬਿਨੁ ਕਿਰਪਾ ਲਇਆ ਨ ਜਾਇ।"

— ਸਿਰੀ **੩**, ਅਸ ੧੯, ੪ : ੧ (65)

ਦਿੜਿਆ — ਪੱਕਾ ਕੀਤਾ, ਦ੍ਰਿੜ ਕੀਤਾ

"ਸੇ ਜਨ ਪਰਵਾਣੁ ਹੋਏ ਜਿਨੀ ਇਕੁ ਨਾਮੁ **ਦਿੜਿਆ** ਦੁਤੀਆ ਭਾਉ ਚੁਕਾਇਆ।"

— ਆਸਾ **੩**, ਛੰਤ ੭, ੮ : ੫ (441)

ਦਿੜੀ — ਪੱਕੀ ਤਰ੍ਹਾਂ, ਚੰਬੜੀ ਹੋਈ, ਦ੍ਰਿੜ ਹੋਈ ਹੋਈ ਹੈ

"ਉਨ ਤੇ ਦੁਗੁਣ **ਦਿੜੀ** ਉਨ ਮਾਏ।"

— ਗਉ **ਪ**, ੭੮, ੧ : ੪ (178)

ਦਿੜੁ — ਪਕੀ ਤਰ੍ਹਾਂ

"**ਦਿੜੁ** ਕਰਿ ਚਰਣ ਗਹੇ ਪ੍ਰਭ ਤੁਮ੍ਰੇ ਸਹਜੇ ਬਿਖਿਆ ਭਈ ਖੀਓ।"

— ਆਸਾ **ਪ**, ੪੭, ੨ : ੨ (382)

"ਹਰਿ ਕਾ ਮੰਦਰੁ ਸਰੀਰੁ ਅਤਿ ਸੋਹਣਾ ਹਰਿ ਹਰਿ ਨਾਮੁ **ਦਿੜੁ**।" (ਦ੍ਰਿੜ ਕਰ)

— ਰਾਮ **੩**, ਵਾਰ ੧੧ : ੩ (952)

"ਸਬਰੁ ਏਹੁ ਸੁਆਉ ਜੇ ਤੂੰ ਬੰਦਾ **ਦਿੜੁ** ਕਰਹਿ।"(ਪਕੀ ਤਰ੍ਹਾਂ, ਸਮਝ ਜਾਵੇ)

— ਸਲੋ **ਫਰ**, ੧੧੭ : ੧ (1384)

ਦਿੜੇ — ਦ੍ਰਿੜ ਕਰਾਏ ਜਾਂਦੇ ਹਨ

"ਤੀਨੌ ਜੁਗ ਤੀਨੌ **ਦਿੜੇ** ਕਲਿ ਕੇਵਲ ਨਾਮ ਅਧਾਰ।"

— ਗਉ **ਰਵਿ**, ੧, ੧ : ੨ (346)

ਦੀ — ਸਬੰਧ ਬੋਧਕ, ਪ੍ਰਤਯ

"ਸਤਗੁਰੁ ਸੇਵਿ ਗੁਣ ਨਿਧਾਨੁ ਪਾਇਆ ਤਿਸ **ਦੀ** ਕੀਮ ਨ ਪਾਈ।"

— ਸਿਰੀ **੩**, ੪੮, ੩ : ੨ (32)

ਦੀਉ — ਦਿੱਤਾ, ਪ੍ਰਦਾਨ ਕੀਤਾ

"ਨਾਮ ਵਡਾਈ ਤੁਧੁ ਭਾਣੈ **ਦੀਉ**।"

— ਗਉ **੧**, ਅਸ ੧੨, ੭ : ੩ (226)

ਹੋਰ ਰੂਪ — ਦੀਓ —

"ਹਮ ਅਪਰਾਧੀ ਰਾਖੇ ਗੁਰ ਸੰਗਤੀ ਉਪਦੇਸੁ **ਦੀਓ** ਹਰਿ ਨਾਮੁ ਛਡਾਵੈ।"

— ਗਉ **੪**, ੪੯, ੨ : ੩ (167)

ਦੀਓ — 1. ਦਿਤਾ, ਵੇਖੋ 'ਦੀਉ'

2. ਸਹਾਇਕ ਕਿਰਿਆ

"ਸਾਧੂ ਸੰਗਤਿ **ਦੀਓ** ਰਲਾਇ।"

— ਗਉ **ਕਬ**, ੪੦, ੧ : ੨ (331)

"ਗੁਹਜ ਪਾਵਕੋ ਬਹੁਤੁ ਪ੍ਰਜਾਰੈ ਮੋ ਕਉ ਸਤਿਗੁਰਿ **ਦੀਓ** ਹੈ ਬਤਾਇ।"

— ਗੂਜ **ਪ**, ੨੧, ੧* : ੨ (500)

ਹੋਰ ਰੂਪ — ਦੀਓਇ —

"ਜੈਕਾਰੁ ਕੀਓ ਧਰਮੀਆ ਕਾ ਪਾਪੀ ਕਉ ਡੰਡੁ **ਦੀਓਇ**।"

— ਸਿਰੀ **੪**, ਵਾਰ ੧੬ : ੫ (89)

ਦੀਅਉ — 1. ਦਿਤਾ, ਸਹਾਇਕ ਕਿਰਿਆ

"ਗੁਰੁ ਮਿਲ੍ਹਿਉ ਸੋਇ ਭਿਖਾ ਕਹੈ ਸਹਜ ਰੰਗਿ ਦਰਸਨੁ **ਦੀਅਉ**।"

— ਸਵ **੩**, ੧੯ : ੬ (1395)

2. ਦਿੱਤਾ, ਪ੍ਰਦਾਨ ਕੀਤਾ

"ਗੁਰ ਅੰਗਦ **ਦੀਅਉ** ਨਿਧਾਨੁ ਅਕਥ ਕਥਾ ਗਿਆਨੁ ਪੰਚ ਭੂਤ ਬਸਿ ਕੀਨੇ ਜਮਤ ਨ ਤ੍ਰਾਸ।" — ਸਵ **੪**, ਕਲ ੪ : ੩ (1399)

"ਗੁਰਿ ਕੀਨੀ ਕ੍ਰਿਪਾ ਹਰਿ ਨਾਮੁ **ਦੀਅਉ** ਜਿਸ ਦੇਖਿ ਚਰੰਨ ਅਘੰਨ ਹਰ੍ਹਉ।"

— ਸਵ **੪**, ਨਲ ੧੧ : ੨ (1400)

ਦੀਅਨੁ — ਦਿੱਤਾ, ਪ੍ਰਦਾਨ ਕੀਤਾ

"ਰਾਜੁ ਜੋਗੁ ਤਖਤੁ **ਦੀਅਨੁ** ਗੁਰ ਰਾਮਦਾਸ।"

— ਸਵ **੩**, ਨਲ ੪ : ੧ (1399)

ਦੀਅਰਾ — ਦੀਵਾ

"ਉਤਮੁ **ਦੀਅਰਾ** ਨਿਰਮਲ ਬਾਤੀ।"

— ਧਨਾ **ਸੈਣ**, ੧, ੨ : ੧ (695)

ਦੀਆ — 1. ਦਿਤਾ, ਪ੍ਰਦਾਨ ਕੀਤਾ

"ਨਿਤਿ ਅਹਿਨਿਸਿ ਹਰਿ ਪ੍ਰਭੁ ਸੇਵਿਆ ਸਤਗੁਰਿ **ਦੀਆ** ਨਾਮੁ।"

— ਸਿਰੀ **੧**, ੧੯, ੨ : ੩ (21)

"ਸਤਿਗੁਰਿ **ਦੀਆ** ਅੰਮ੍ਰਿਤ ਨਾਮੁ।"

— ਪ੍ਰਭਾ **੧**, ੫, ੨ : ੨ (1328)

2. ਦਿਤਾ, ਸਹਾਇਕ ਕਿਰਿਆ

"ਹਉ ਸਤਿਗੁਰ ਵਿਟਹੁ ਵਾਰਿਆ ਜਿਨਿ ਹਰਿ ਪ੍ਰਭੁ **ਦੀਆ** ਦਿਖਾਇ।"

— ਸਿਰੀ **੪**, ੬੮, ੧* : ੨ (41)

"ਸੁਰਿ ਨਰ ਮੁਨਿ ਜਨ ਲੋਚਦੇ ਸੋ ਸਤਿਗੁਰਿ **ਦੀਆ** ਬੁਝਾਇ ਜੀਉ।"

— ਸਿਰੀ **੧**, ਅਸ ੨੮, ੪ : ੩ (72)

"ਸਤਿਗੁਰ ਸਾਚੈ **ਦੀਆ** ਭੇਜਿ।"

— ਆਸਾ **੫**, ੧੦੧, ੧ : ੧ (396)

3. ਸੰਬੰਧ ਵਾਚਕ ਪ੍ਰਤਯ

"ਸੁਰਗੈ **ਦੀਆ** ਮੋਹਣੀਆ ਇਸਤਰੀਆ ਹੋਵਨਿ ਨਾਨਕ ਸਭੋ ਜਾਉ।"

— ਮਾਝ **੧**, ਵਾਰ ੯ਸ, **੧**, ੪ : ੨ (142)

"ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ **ਦੀਆ** ਏਹਿ ਵਡਿਆਈਆ।"

— ਰਾਮ **੩**, ਅਨੰ ੪ : ੪ (917)

4. ਲਾਇਆ

"ਜਿਸ ਕਾ ਗ੍ਰਿਹੁ ਤਿਨਿ **ਦੀਆ** ਤਾਲਾ ਕੁੰਜੀ ਗੁਰ ਸਉਪਾਈ।"

— ਗਉ **੫**, ੧੨੨*, ੩ : ੧ (205)

"ਕਹੁ ਕਬੀਰ ਜਿਨਿ **ਦੀਆ** ਪਲੀਤਾ ਤਿਨਿ ਤੈਸੀ ਝਲ ਦੇਖੀ।"

— ਗਉ **ਕਬ**, ੪੨, ੩ : ੨ (333)

"ਪ੍ਰਹਲਾਦੁ ਕੋਠੇ ਵਿਚਿ ਰਾਖਿਆ ਬਾਰਿ **ਦੀਆ** ਤਾਲਾ।"

— ਭੈਰ **੩**, ਅਸ ੧, ੨ : ੧ (1154)

5. ਦੀਵਾ, ਦੀਪਕ

"ਤਿਹ ਰਾਵਨ ਘਰ **ਦੀਆ** ਨ ਬਾਤੀ।"

— ਆਸਾ **ਕਬ**, ੨੧, ੨ : ੨ (481)

6. ਵਜਾਇਆ (ਭਾਵ)

"ਮਨੁ ਜੰਜਾਲੁ ਨ ਛੋਡਈ ਜਮ **ਦੀਆ** ਦਮਾਮਾ ਆਇ।"

— ਸਲੋ **ਕਬ**, ੨੨੨ : ੨ (1376)

ਦੀਐ — 1. ਦੇ ਸਕਦਾ ਹੈ, ਸਹਾਇਕ ਕਿਰਿਆ

"ਲੇਖਾ ਮਾਗੈ ਤਾ ਕਿਨਿ **ਦੀਐ**।"

— ਮਾਝ **੩**, ਅਸ ੩, ੨ : ੧ (111)

2. **ਦਿਤਿਆਂ**, ਪ੍ਰਦਾਨ ਕੀਤਿਆਂ

"ਜਿਸ ਕੈ **ਦੀਐ** ਰਹੈ ਅਘਾਇ।"

— ਗਉ **੫**, ਸੁਖ ੧੪, ੧ : ੩ (281)

ਦੀਈ — 1. ਦਿਤੀ, ਸਹਾਇਕ ਕਿਰਿਆ

"**ਦੀਈ** ਭਵਾਰੀ ਪੁਰਖਿ ਬਿਧਾਤੈ ਬਹੁਰਿ ਬਹੁਰਿ ਜਨਮਾਧੇ।" — ਆਸਾ **੫**, ੧੨੬, ੩ : ੨ (403)

"ਹਰਿ ਨਾਮੁ ਹਮਾਰਾ ਵਣਜੁ ਹਰਿ ਨਾਮੁ ਵਾਪਾਰੁ ਹਰਿ ਨਾਮੈ ਕੀ ਹਮ ਕੰਉ ਸਤਿਗੁਰਿ ਕਾਰਕੁਨੀ **ਦੀਈ**।" (ਭਾਵ ਸੌਂਪੀ)

— ਵਾਰ **੪**, ਵਾਰ ੧੨ : ੩ (593)

ਹੋਰ ਰੂਪ — ਦੀਏ —

"ਸਭਨਾ ਕਉ ਸਨਬੰਧੁ ਹਰਿ ਕਰਿ **ਦੀਏ**।"

— ਗੂਜ **੪**, ੭, ੧ : ੨ (494)

2. ਪ੍ਰਦਾਨ ਕੀਤੀ, ਦਿਤੀ

"ਰਾਸਿ **ਦੀਈ** ਹਰਿ ਏਕੋ ਨਾਮੁ।"

— ਗੋਂਡ **੫**, ੪, ੧* : ੧ (863)

ਹੋਰ ਰੂਪ — ਦੀਏ —

"ਨਾਨਕ ਤੋਟਿ ਨ ਆਵਈ **ਦੀਏ** ਦੇਵਣਹਾਰਿ।" (ਦਿਤਿਆਂ, ਪ੍ਰਦਾਨ ਕੀਤਿਆਂ)

— ਸਿਰੀ **੩**, ਅਸ ੨੩, ੧੦ : ੩ (69)

"ਸਿਮਰਿ ਸਾਹਿਬੁ ਸੋ ਸਚੁ ਸੁਆਮੀ ਰਿਜਕੁ ਸਭਸੁ ਕਉ **ਦੀਏ** ਜੀਉ।" (ਦਿੰਦਾ ਹੈ)

— ਮਾਝ **੫**, ੩੫, ੨ : ੩ (104)

ਦੀਏ — 1. ਸਹਾਇਕ ਕਿਰਿਆ, ਦਿਤੇ, ਵੇਖੋ 'ਦੀਈ' (1)

2. ਦਿਤੇ, ਪ੍ਰਦਾਨ ਕੀਤੇ, ਵੇਖੋ 'ਦੀਈ' (2)

3. ਦੀਵੇ, ਦੀਪਕ

"ਪਾਣੀ ਪ੍ਰਾਣ ਪਵਣਿ ਬੰਧਿ ਰਾਖੇ ਚੰਦੁ ਸੂਰਜੁ ਮੁਖਿ **ਦੀਏ**।"

— ਰਾਮ **੧**, ੪, ੨ : ੧ (877)

ਦੀਸਈ — ਦਿਸਦਾ, ਦ੍ਰਿਸ਼ਟਮਾਨ ਹੁੰਦਾ

"ਅਖੀ ਅੰਧੁ ਨ **ਦੀਸਈ** ਵਣਜਾਰਿਆ ਮਿਤ੍ਰਾ ਕੰਨੀ ਸੁਣੈ ਨ ਵੈਣ।"

— ਸਿਰੀ **੧**, ਪਹ ੨, ੪ : ੨ (76)

ਦੀਸਹਿ — ਦਿਸਦੇ ਹਨ

"ਤ੍ਰੈ ਗੁਣ **ਦੀਸਹਿ** ਮੋਹੇ ਮਾਇਆ।"

— ਮਾਝ **੩**, ਅਸ ੩੩, ੧ : ੨ (129)

ਹੋਰ ਰੂਪ — ਦੀਸਹੀ —

"ਆਵਤ ਜਾਤ ਨ **ਦੀਸਹੀ** ਨਾ ਪਰ ਪੰਖੀ ਤਾਹਿ।" (ਦਿਸਦੇ)
— ਬਿਹਾ **੪**, ਵਾਰ ੬ਸ, **੩**, ੨ : ੨ (550)

ਦੀਸਤ — ਦਿਸਦਾ
"**ਦੀਸਤ** ਮਾਸੁ ਨ ਖਾਇ ਬਿਲਾਈ।"
— ਰਾਮ **੫**, ੫੦, ੨ : ੧ (898)

ਦੀਸਿ — ਦਿਸਦਾ
"**ਦੀਸਿ** ਆਵਤ ਹੈ ਬਹੁਤੁ ਭੀਹਾਲਾ।"
— ਆਸਾ **੫**, ੫੪, ੩ : ੧ (384)

ਹੋਰ ਰੂਪ — ਦੀਸੇ —
"ਸਚੈ ਊਪਰਿ ਅਵਰ ਨ **ਦੀਸੇ** ਸਾਚੇ ਕੀਮਤਿ ਪਾਈ ਹੇ।"
— ਮਾਰੂ **੧**, ਸੋਲਾ ੩, ੮ : ੩ (1023)

ਦੀਸੈ —
"ਤਿਸੁ ਸਿਉ ਨੇਹੁ ਨ ਕੀਜਈ ਜੋ **ਦੀਸੈ** ਚਲਣਹਾਰੁ।" (ਦਿਸੇ, ਵਖਾਈ ਦੇਵੇ)
— ਸਿਰੀ **੧**, ੨੦, ੩ : ੨ (21)
"ਗੁਰਮੁਖਿ **ਦੀਸੈ** ਸਹਜਿ ਸੁਭਾਇ।" (ਦਿਸ ਪੈਂਦਾ ਹੈ)
— ਗਉ **੧**, ਅਸ ੪, ੨ : ੩ (222)

ਦੀਸੈ — 1. ਦਿਸੇ, ਵਖਾਈ ਦੇਵੇ, ਵੇਖੋ 'ਦੀਸਿ'
2. ਜਾਪਦਾ/ਲਗਦਾ ਹੈ
"ਗੁਰ ਕੈ ਸਬਦਿ ਮਹਲੁ ਘਰੁ **ਦੀਸੈ**।" (ਹਰੀ ਦਾ ਮਹਲ ਵਸਣ ਲਈ ਘਰ ਜਾਪਦਾ ਹੈ)
— ਬਿਲਾ **੧**, ਥਿਤੀ ੧* : ੨ (839)

ਦੀਖਿਆ — ਉਪਦੇਸ਼, ਸਿਖਿਆ
"**ਦੀਖਿਆ** ਆਪਿ ਬੁਝਾਇਆ ਸਿਫਤੀ ਸਚਿ ਸਮੇਉ।"
— ਮਾਝ **੧**, ਵਾਰ ੨੭ਸ, **੨**, ੧ : ੨ (150)

ਦੀਜਈ — ਦੇਂਦੇ ਹਨ
"ਮਿਲਿ ਮਿਲਿ ਖਾਵਹਿ ਸੰਤ ਸਗਲ ਕਉ **ਦੀਜਈ**।"
— ਫੁਨ **੫**, ੨੨ : ੨ (1363)

ਦੀਜਹਿ — 1. ਦਿਤੇ ਜਾਣ, ਦੇਈਏ
"ਜਿਉ ਬਿਗਾਰੀ ਕੈ ਸਿਰਿ **ਦੀਜਹਿ** ਦਾਮ।"
— ਗਉ **੫**, ੮੦, ੨ : ੧ (179)
2. ਦੇਵਾਂ, ਭੇਟਾ ਕਰਾਂ
"ਚਰਨ ਗਹਉ ਬਕਉ ਸੁਭ ਰਸਨਾ **ਦੀਜਹਿ** ਪ੍ਰਾਨ ਅਕੋਰਿ।" — ਜੈਤ **੫**, ੯, ੧* : ੨ (701)
3. ਦਿਓ, ਦੇਵੋ
"ਕੋਟਿ ਕਰਨ **ਦੀਜਹਿ** ਪ੍ਰਭ ਪ੍ਰੀਤਮ ਹਰਿ ਗੁਣ ਸੁਣੀਅਹਿ ਅਬਿਨਾਸੀ ਰਾਮ।"
— ਸੂਹੀ **੫**, ੬, ੨ : ੧ (780)

ਦੀਜੀਐ — ਦੇਵੋ
"ਦੋਸੁ ਨ ਕਾਹੂ **ਦੀਜੀਐ** ਪ੍ਰਭੁ ਅਪਨਾ ਧਿਆਈਐ।"
— ਬਿਲਾ **੫**, ੩੫, ੧ : ੧ (809)

ਦੀਜੈ — ਦਿਓ
"ਸਤਗੁਰ ਕੀ ਸੇਵਾ ਗਾਖੜੀ ਸਿਰੁ **ਦੀਜੈ** ਆਪੁ ਗਵਾਇ।" (ਵਾਰ ਦਿਓ/ਭੇਟਾ ਕਰੋ)
— ਸਿਰੀ **੩**, ੩੬, ੪ : ੧ (27)
"ਜੋ ਸਿਰੁ ਸਾਂਈ ਨ ਨਿਵੈ ਸੋ ਸਿਰੁ **ਦੀਜੈ** ਡਾਰਿ।" (ਦੇਈਏ)
— ਸਿਰੀ **੪**, ਵਾਰ ੧੫ਸ, **੨**, ੧ : ੧ (89)
"ਦਸਵੈ ਦੁਆਰਿ ਕੁੰਚੀ ਜਬ **ਦੀਜੈ**।" (ਦੇਈ ਦੀ ਹੈ) — ਗਉ **ਕਬ**, ੨੪ : ੩ (341)
"ਆਪਨੜਾ ਮਨੁ ਵੇਚੀਐ ਸਿਰੁ **ਦੀਜੈ** ਨਾਲੇ।" (ਦੇਈਏ) — ਆਸਾ **੧**, ਅਸ ੧੭, ੫ : ੧ (420)

ਦੀਤ — ਦਿਤਾ
"ਚਿਤਿ ਨ ਆਇਓ ਪਾਰਬ੍ਰਹਮੁ ਤਾ ਖੜਿ ਰਸਾਤਲਿ **ਦੀਤ**।" — ਸਿਰੀ **੫**, ਅਸ ੨੬, ੭ : ੪ (71)

ਦੀਤਾ — ਦਿਤਾ
"ਰਾਵੇ ਰੰਗਿ ਰਾਤੜਿਆ ਮਨੁ ਲੀਅੜਾ **ਦੀਤਾ** ਰਾਮ।" — ਆਸਾ **੧**, ਛੰਤ ੧, ੪ : ੨ (436)

ਹੋਰ ਰੂਪ — ਦੀਤੀ —
"ਦੁਸਮਨ ਮਾਰਿ ਵਿਡਾਰੇ ਸਗਲੇ ਦਾਸ ਕਉ ਸੁਮਤਿ **ਦੀਤੀ**।"
— ਸੋਰ **੫**, ੮੮, ੧* : ੨ (630)

ਦੀਤੁ —
"ਸਗਲ ਮਨੋਰਥ ਮੁਕਤਿ ਪਦੁ **ਦੀਤੁ**।"
— ਗਉ **੫**, ੧੪੮, ੧ : ੨ (195)

ਦੀਦੰ — ਦੇਖਦੀ ਹੈ
"ਬੰਦੇ ਚਸਮ **ਦੀਦੰ** ਫਨਾਇ।" (ਜੋ ਅੱਖ ਦੇਖੀ ਹੈ, ਜੋ ਦ੍ਰਿਸ਼ਟਮਾਨ ਹੈ)
— ਤਿਲੰ **੫**, ੧, ੧* : ੧ (723)

ਦੀਦਨੇ — (ਫਾ. ਦੀਦਨ) ਦੇਖਣ ਦੀ ਕ੍ਰਿਯਾ

"**ਦੀਦਨੇ** ਦੀਦਾਰ ਸਾਹਿਬ ਕਛੂ ਨਹੀ ਇਸ ਕਾ ਮੋਲੁ।" — ਤਿਲੰ **੫**, ੫, ੧ : ੧ (724)

ਦੀਦਾਰ — (ਫ਼ਾ. ਦੀਦਾਰ) ਦਰਸਨ

"ਜੋ ਰਤੇ **ਦੀਦਾਰ** ਸੇਈ ਸਚੁ ਹਾਕੁ।"

— ਰਾਮ **੫**, ਵਾਰ ੫ : ੧ (959)

ਹੋਰ ਰੂਪ — ਦੀਦਾਰਿ —

"ਨਾਨਕ ਦਰਿ **ਦੀਦਾਰਿ** ਸਮਾਇ।" (ਦਰਸ਼ਨਾਂ ਵਿਚ)

— ਰਾਮ **੩**, ਵਾਰ ੧੯ਸ, **੧**, ੨ : ੮ (956)

ਦੀਦਾਰੁ —

"**ਦੀਦਾਰੁ** ਪੂਰੇ ਪਾਇਸਾ ਥਾਉ ਨਾਹੀ ਖਾਇਕਾ।"

— ਸਿਰੀ **੪**, ਵਾਰ ੨ਸ, **੧**, ੨ : ੨ (83)

ਦੀਨ — 1. ਅਨਾਥ, ਗਰੀਬ, ਨਿਮਾਣੇ

"**ਦੀਨ** ਦਰਦ ਦੁਖ ਭੰਜਨਾ ਸੇਵਕ ਕੈ ਸਤ ਭਾਇ।"

— ਸਿਰੀ **੫**, ੮੩, ੧ : ੩ (46)

"ਹਮ ਬਾਰਿਕ **ਦੀਨ** ਕਰਹੁ ਪ੍ਰਤਿਪਾਲਾ।"

— ਮਾਝ **੪**, ੨, ੪ : ੨ (94)

"ਰਾਖਹੁ ਸਰਣਿ ਅਨਾਥ **ਦੀਨ** ਕਉ ਕਰਹੁ ਹਮਾਰੀ ਗਾਤੇ।" (ਗਰੀਬ)

— ਗਉ **੫**, ੧੩੫*, ੧ : ੨ (209)

"**ਦੀਨ** ਦੂਖ ਭੰਜਨ ਦਯਾਲ ਪ੍ਰਭੁ ਨਾਨਕ ਸਰਬ ਜੀਅ ਰਖ੍ਯ੍ਯਾ ਕਰੋਤਿ।"

— ਸਸ **੫**, ੪੨ : ੪ (1358)

(ਮਹਾਨਕੋਸ਼ ਇਥੇ 'ਦੀਨ' ਦੇ ਅਰਥ 'ਗਰੀਬੀ' ਕਰਦਾ ਹੈ)

2. ਪਰਲੋਕ

"ਐਸਾ ਰਾਮੁ **ਦੀਨ** ਦੁਨੀ ਸਹਾਈ।" (ਲੋਕ ਪਰਲੋਕ)

— ਗਉ **੫**, ੧੭੪, ੧* : ੧ (200)

"ਨਿੰਦਕ ਕਾ ਮੁਖੁ ਕਾਲਾ ਹੋਆ **ਦੀਨ** ਦੁਨੀਆ ਕੈ ਦਰਬਾਰਿ।"

— ਧਨਾ **੫**, ੧੫, ੨ : ੨ (674)

3. ਦੀਨਤਾ, ਗਰੀਬੀ

"ਦੂਖ **ਦੀਨ** ਨ ਭਉ ਬਿਆਪੈ ਮਿਲੈ ਸੁਖ ਬਿਸ੍ਰਾਮੁ।"

— ਮਾਰੂ **੫**, ੨੪, ੨ : ੧ (1006)

4. ਦਿਤਾ

"ਸਰਬਸੁ ਨਾਮੁ ਭਗਤ ਕਉ **ਦੀਨ**।"

— ਗਉ **੫**, ਅਸ ੧੧, ੮ : ੨ (240)

"ਬੰਧਨ ਤੋਰਿ ਛੋਰਿ ਬਿਖਿਆ ਤੇ ਗੁਰ ਕੋ ਸਬਦੁ ਮੇਰੈ ਹੀਅਰੈ **ਦੀਨ**।"

— ਟੋਡੀ **੫**, ੨੦, ੧ : ੧ (716)

5. ਦੀਨਤਾ, ਨਿਮਰਤਾ

"**ਦੀਨ** ਗਰੀਬੀ ਆਪੁਨੀ ਕਰਤੇ ਹੋਇ ਸੁ ਹੋਇ।"

— ਸਲੋ **ਕਬ**, ੫੧ : ੨ (1367)

ਦੀਨ ਦਇਆਰਾ — ਗਰੀਬਾਂ/ਅਨਾਥਾਂ ਉਪਰ ਦਇਆ ਕਰਨ ਵਾਲਾ

"ਬਿਨਵੰਤ ਨਾਨਕ ਕਰ ਦੇਇ ਰਾਖਹੁ ਗੋਬਿੰਦ **ਦੀਨ ਦਇਆਰਾ**।"

— ਬਿਹਾ **੫**, ਛੰਤ ੨, ੪ : ੬ (547)

ਦੀਨ ਦਇਆਲ — ਗਰੀਬਾਂ/ਅਨਾਥਾਂ ਪ੍ਰਤੀ ਦਿਆਲੂ

"ਪ੍ਰਭ ਗੋਪਾਲ **ਦੀਨ ਦਇਆਲ** ਪਤਿਤ ਪਾਵਨ ਪਾਰਬ੍ਰਹਮ ਹਰਿ ਚਰਣ ਸਿਮਰਿ ਜਾਗੁ।"

— ਆਸਾ **੫**, ੧੫੫, ੨ : ੧ (409)

ਹੋਰ ਰੂਪ — ਦੀਨ ਦਇਆਲਾ —

"ਕਰਿ ਕਿਰਪਾ ਪ੍ਰਭ **ਦੀਨ ਦਇਆਲਾ**।"

— ਵਡ **੫**, ੪, ੧* : ੧ (563)

ਦੀਨ ਦਇਆਲਿ —

"**ਦੀਨ ਦਇਆਲਿ** ਗੁਰੁ ਸਾਧੁ ਮਿਲਾਇਆ ਮਿਲਿ ਸਤਿਗੁਰ ਮਲੁ ਲਹਿ ਜਾਇ ਜੀਉ।"

— ਆਸਾ **੪**, ਛੰਤ ੧੧, ੩ : ੫ (445)

ਦੀਨ-ਦੁਖ-ਭੰਜਨ — ਗਰੀਬਾਂ ਦਾ ਦੁਖ ਦੂਰ ਕਰਨ ਵਾਲਾ

"ਮੋਹਿ ਸਰਨਿ **ਦੀਨ ਦੁਖ ਭੰਜਨ** ਤੂੰ ਦੇਹਿ ਸੋਈ ਪ੍ਰਭ ਪਾਈਐ।" — ਗੂਜ **੫**, ੨੨, ੨ : ੧ (500)

ਹੋਰ ਰੂਪ — ਦੀਨ ਦੁਖ ਭੰਜਨੁ —

"ਭਇਓ ਕ੍ਰਿਪਾਲ **ਦੀਨ ਦੁਖ ਭੰਜਨੁ** ਜਨਮ ਮਰਣ ਦੁਖ ਲਾਥੇ।" (ਗਰੀਬਾਂ ਦਾ ਦੁਖ ਦੂਰ ਕਰਨ ਵਾਲਾ)

— ਆਸਾ **੫**, ੧੨੬, ੪ : ੩ (403)

ਦੀਨ-ਦੈਆਲ — ਨਿਮਾਣਿਆਂ/ਗਰੀਬਾਂ ਉਪਰ ਦਿਆਲੂ

"**ਦੀਨ ਦੈਆਲ** ਸਦਾ ਕਿਰਪਾਲਾ ਸਰਬ ਜੀਆ ਪ੍ਰਤਿਪਾਲਾ।" — ਧਨਾ **੫**, ੨, ੪ : ੧ (672)

ਹੋਰ ਰੂਪ — ਦੀਨ ਦੈਆਲਾ —

"ਆਠ ਪਹਰ ਹਰਿ ਕੇ ਗੁਣ ਗਾਵੈ ਸਿਮਰੈ

ਦੀਨ ਦੈਆਲਾ।"

— ਗੂਜ **੫**, ੩੨, ੩ : ੧ (503)

ਦੀਨ-ਬੰਧ — ਦੀਨਾਂ ਦਾ ਬੰਧੂ/ਸਹਾਇਕ

"**ਦੀਨ ਬੰਧ** ਸਿਮਰਿਓ ਨਹੀ ਕਬਹੂ ਹੋਤ ਜੁ ਸੰਗਿ ਸਹਾਈ।" — ਟੋਡੀ **੯**, ੧, ੧ : ੨ (718)

ਦੀਨ ਬੰਧਵ — ਨਿਮਾਣਿਆਂ ਦਾ ਮਿੱਤਰ

"ਨਾਥ ਨਰਹਰ **ਦੀਨ ਬੰਧਵ** ਪਤਿਤ ਪਾਵਨ ਦੇਵ।"

— ਗੂਜ **੫**, ਅਸ ੨, ੧ : ੧ (508)

ਦੀਨਾ — 1. ਦਿਤਾ, ਪ੍ਰਦਾਨ ਕੀਤਾ

"ਲੜਿ ਲੀਨੇ ਲਾਏ ਨਉ ਨਿਧਿ ਪਾਏ ਨਾਉ ਸਰਬਸੁ ਠਾਕੁਰਿ **ਦੀਨਾ**।"

— ਸਿਰੀ **੫**, ਛੰਤ ੨, ੫ : ੫ (80)

2. ਗਰੀਬਾਂ/ਨਿਮਾਣਿਆਂ ਦਾ

"**ਦੀਨਾ** ਨਾਥੁ ਸਰਬ ਸੁਖਦਾਤਾ।"

— ਗਉ **੧**, ੧੨, ੪ : ੩ (154)

"ਏਕੁ ਨਿਵਾਹੂ ਰਾਮ ਨਾਮਿ **ਦੀਨਾ** ਕਾ ਪ੍ਰਭੁ ਨਾਥ।"

— ਆਸਾ **੫**, ਅਸ ੨, ੫ : ੨ (431)

3. ਦਿੱਤਾ, ਸਹਾਇਕ ਕਿਰਿਆ

"ਸਗਲ ਬਿਆਧਿ ਕੈ ਵਸਿ ਕਰਿ **ਦੀਨਾ**।"

— ਸੂਹੀ **੫**, ਅਸ ੧, ੬ : ੧ (759)

"ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨ **ਦੀਨਾ** ਧਾਕੁ।"

— ਬਿਲਾ **੫**, ੧੦੪, ੧ : ੨ (825)

ਦੀਨਾ ਨਾਥ — ਗਰੀਬਾਂ/ਨਿਮਾਣਿਆਂ ਦਾ ਸੁਆਮੀ

"**ਦੀਨਾ ਨਾਥ** ਦੈਆਲ ਦੇਵ ਪਤਿਤ ਉਧਾਰਣਹਾਰੁ।"

— ਮਾਝ **੫**, ਦਿਨ ੨ : ੬ (137)

ਹੋਰ ਰੂਪ — ਦੀਨਾ ਨਾਥੁ —

"**ਦੀਨਾ ਨਾਥੁ** ਦਇਆਲੁ ਨਿਰੰਜਨੁ ਅਨਦਿਨੁ ਨਾਮੁ ਵਖਾਣਾ।"

— ਧਨਾ **੧**, ਛੰਤ ੨, ੫ : ੪ (689)

ਦੀਨੀ — 1. ਦਿਤੀ, ਸਹਾਇਕ ਕਿਰਿਆ

"ਮੁਹਲਤਿ ਕਰਿ **ਦੀਨੀ** ਕਰਮ ਕਮਾਣੇ ਜੈਸਾ ਲਿਖਤੁ ਧੁਰਿ ਪਾਇਆ।"

— ਸਿਰੀ **੫**, ਪਹ ੪, ੧ : ੩ (77)

2. ਦਿਤੀ, ਪ੍ਰਦਾਨ ਕੀਤੀ

"ਧਨੁ ਧਨੁ ਗੁਰੁ ਸਤ ਪੁਰਖੁ ਹੈ ਜਿਨਿ ਭਗਤਿ ਹਰਿ **ਦੀਨੀ**।"

— ਗਉ **੩**, ੩੮, ੨ : ੩ (163)

ਦੀਨੁ — 1. ਧਰਮ, ਵੇਖੋ 'ਦੀਨ'

"ਅਵਲਿ ਅਉਲਿ **ਦੀਨੁ** ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ।"

— ਮਾਝ **੧**, ਵਾਰ ੮ਸ, **੧**, ੧ : ੨ (141)

"**ਦੀਨੁ** ਛਡਾਇ ਦੁਨੀ ਜੋ ਲਾਏ।"

— ਸੂਹੀ **੫**, ੨੯, ੧ : ੧ (743)

2. ਹੀਣਾ, ਕੰਗਾਲ, ਗਰੀਬ, ਨਿਮਾਣਾ

"ਸੰਤ ਕਾ ਨਿੰਦਕੁ ਦੁਖੀਆ ਅਰੁ **ਦੀਨੁ**।"

— ਗਉ **੫**, ਸੁਖ ੧੩, ੩ : ੬ (280)

"ਪ੍ਰਭੁ ਦਾਤਾ ਮੋਹਿ **ਦੀਨੁ** ਭੇਖਾਰੀ ਤੁਮ ਸਦਾ ਸਦਾ ਉਪਕਾਰੇ।"

— ਸੂਹੀ **੫**, ੬, ੨ : ੧ (738)

ਦੀਨੇ — 1. ਦਿਤੇ (ਸਹਾਇਕ ਕਿਰਿਆ)

"ਕਰੁ ਗਹਿ ਲੀਨੇ ਹਰਿ ਜਸੋ **ਦੀਨੇ** ਜੋਨਿ ਨਾ ਧਾਵੈ ਨਹ ਮਰੀ।"

— ਸਿਰੀ **੫**, ਛੰਤ ੩, ੫ : ੪ (81)

"ਬਾਦਿਸਾਹ ਸਾਹ ਸਭ ਵਸਿ ਕਰਿ **ਦੀਨੇ**।"

— ਗਉ **੫**, ੧੦੮*, ੨ : ੧ (201)

ਹੋਰ ਰੂਪ — ਦੀਨੋ —

"ਜਬ ਹਮ ਹਰਿ ਸੇਤੀ ਮਨੁ ਮਾਨਿਆ ਕਰਿ **ਦੀਨੋ** ਜਗਤੁ ਸਭੁ ਗੋਲ ਅਮੋਲੀ।" (ਦਿਤੇ)

— ਗਉ **੪**, ੫੩, ੧* : ੨ (168)

2. ਦਿਤੇ, ਪ੍ਰਦਾਨ ਕੀਤੇ

"ਕਾਹੂ **ਦੀਨੇ** ਪਾਟ ਪਟੰਬਰ ਕਾਹੂ ਪਲਘ ਨਿਵਾਰਾ।"

— ਆਸਾ **ਕਬ**, ੧੬, ੧ : ੧ (479)

ਹੋਰ ਰੂਪ — ਦੀਨੋ —

"ਲਾਖ ਅਰਬ ਖਰਬ **ਦੀਨੋ** ਦਾਨ।"

— ਗਉ **੫**, ੧੧੧, ੧ : ੨ (202)

ਦੀਨ੍ਹ — ਦਿਤੀ (ਸਹਾਇਕ ਕਿਰਿਆ)

"ਹਰਿ ਜਨ ਕਉ ਹਰਿ **ਦੀਨ੍ਹ** ਵਡਾਈ ਹਰਿ ਜਨੁ ਹਰਿ ਕਾਰੈ ਲਾਵੈ।"

— ਮਲਾ **੪**, ੪, ੧ : ੨ (1263)

ਹੋਰ ਰੂਪ — ਦੀਨ੍ਹਾ —

"ਹਰਿ ਹਰਿ ਤੰਤੁ ਮੰਤੁ ਗੁਰਿ **ਦੀਨ੍ਹਾ**।"

— ਆਸਾ **੫**, ੬੨, ੪ : ੧ (386)

ਦੀਨ੍ਾ — 1. ਦਿਤਾ (ਸਹਾਇਕ ਕਿਰਿਆ), ਵੇਖੋ 'ਦੀਨ੍'

ਹੋਰ ਰੂਪ — ਦੀਨ੍ੀ —

"ਪ੍ਰਭਿ ਉਸ ਤੇ ਡਾਰਿ ਅਵਰ ਕਉ **ਦੀਨ੍ੀ**।"

— ਆਸਾ **੫**, ੮੬, ੧ : ੪ (392)

ਦੀਨ੍ੋ —

"ਪ੍ਰਭਿ ਅੰਮ੍ਰਿਤ ਨਾਮੁ ਮਹਾ ਰਸੁ **ਦੀਨ੍ੋ**।"

— ਬਿਲਾ **੫**, ੮੬, ੧ : ੨ (821)

2. ਪ੍ਰਦਾਨ ਕੀਤਾ, ਦਿਤਾ

"ਸੰਗਿ ਚਲਨ ਕਉ ਤੋਸਾ **ਦੀਨ੍ਾ** ਗੋਬਿੰਦ ਨਾਮ ਕੇ ਬਿਉਹਾਰੀ।"

— ਆਸਾ **੫**, ੧੨੨, ੧ : ੨ (401)

ਹੋਰ ਰੂਪ — ਦੀਨ੍ੇ —

"ਸਰਬ ਫਲਾ **ਦੀਨ੍ੇ** ਗੁਰਿ ਪੂਰੈ ਨਾਨਕ ਗੁਰਿ ਨਿਸਤਾਰਿਆ।"

— ਸਾਰ **੫**, ੨੦, ੨ : ੨ (1218)

ਦੀਪ — 1. ਚਹੁਆਂ ਪਾਸਿਆਂ ਤੋਂ ਘਿਰਿਆ ਧਰਤੀ ਦਾ ਖੰਡ ਭਾਵ ਦੇਸ

"ਸੁਣਿਐ **ਦੀਪ** ਲੋਅ ਪਾਤਾਲ।"

— ਜਪੁ **੧**, ੮ : ੩ (2)

"ਸਪਤ **ਦੀਪ** ਸਪਤ ਸਾਗਰਾ ਨਵ ਖੰਡ ਚਾਰਿ ਵੇਦ ਦਸ ਅਸਟ ਪੁਰਾਣਾ।"

— ਸਿਰੀ **੪**, ਵਾਰ ੪ : ੧ (84)

ਹੋਰ ਰੂਪ — ਦੀਪੰ —

"ਘਟੰਤ ਰੂਪੰ ਘਟੰਤ **ਦੀਪੰ** ਘਟੰਤ ਰਵਿ ਸਸੀਅਰ ਨਖ੍ਯ੍ਰ ਗਗਨੰ।"

— ਸਸ **੫**, ੯ : ੧ (1354)

2. ਦੀਵਾ

"ਰਵਿ ਸਸਿ **ਦੀਪ** ਅਨੂਪ ਜੋਤਿ ਤ੍ਰਿਭਵਣਿ ਜੋਤਿ ਅਪਾਰ।"

— ਸਿਰੀ **੧**, ਅਸ ੨, ੨ : ੨ (57)

ਦੀਪਕ — 1. ਦੀਵਾ

"ਗਗਨ ਮੈ ਥਾਲੁ ਰਵਿ ਚੰਦੁ **ਦੀਪਕ** ਬਨੇ ਤਾਰਿਕਾ ਮੰਡਲ ਜਨਕ ਮੋਤੀ।"

— ਧਨਾ **੧**, ਸੋਹ ੩, ੧ : ੧ (172)

ਰ ਰੂਪ — ਦੀਪਕਿ —

"ਤ੍ਰੈ ਗੁਣ ਮਾਇਆ ਵੇਖਿ ਭੁਲੇ ਜਿਉ ਦੇਖਿ **ਦੀਪਕਿ** ਪਤੰਗ ਪਚਾਇਆ।" (ਦੀਵੇ ਨੂੰ)

— ਗੂਜ **੩**, ਵਾਰ ੧੨ਸ, **੫**, ੨ : ੧ (513)

ਦੀਪਕੁ —

"ਜਿਉ ਅੰਧੇਰੈ **ਦੀਪਕੁ** ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ।"

— ਸਿਰੀ **੩**, ੬੪, ੨ : ੪ (39)

"**ਦੀਪਕੁ** ਬਾਂਧਿ ਧਰਿਓ ਬਿਨੁ ਤੇਲ।" (ਗਿਆਨ ਰੂਪੀ ਦੀਵਾ)

— ਰਾਮ **ਕਬ**, ੯, ੩ : ੨ (971)

ਦੀਪਕੋ —

"ਗੁਰ ਦਾ ਸਬਦੁ ਕਰਿ **ਦੀਪਕੋ** ਇਹ ਸਤ ਕੀ ਸੇਜ ਬਿਛਾਇ ਰੀ।"

— ਆਸਾ **੫**, ੧੧੮, ੩ : ੧ (400)

2. ਇਕ ਰਾਗ

"ਪੁਨਿ ਆਈ **ਦੀਪਕ** ਕੀ ਬਾਰੀ।"

— ਰਾਗ ੧ : ੩੪ (1430)

ਦੀਪਾ — 1. ਦੀਵਾ, ਦੀਪਕ

"ਸਤਿਗੁਰ ਸਬਦਿ ਉਜਾਰੋ **ਦੀਪਾ**।"

— ਬਿਲਾ **੫**, ੮੨, ੧* : ੧ (821)

2. ਪਾਣੀ ਨਾਲ ਘਿਰਿਆ ਭੂਖੰਡ

"ਬਿਆਸ ਮਹਿ ਲੇਖੀਐ ਸਨਕ ਮਹਿ ਪੇਖੀਐ ਨਾਮ ਕੀ ਨਾਮਨਾ ਸਪਤ **ਦੀਪਾ**।" (ਦੀਪਾਂ ਵਿਚ) — ਮਲਾ **ਰਵਿ**, ੨, ੧ : ੨ (1293)

ਹੋਰ ਰੂਪ — ਦੀਪਾਂ —

"**ਦੀਪਾਂ** ਲੋਆਂ ਮੰਡਲਾਂ ਖੰਡਾਂ ਵਰਭੰਡਾਂਹ।"

— ਆਸਾ **੧**, ਵਾਰ ੮ਸ, **੧**, ੧ : ੨ (467)

ਦੀਪਾਇਓ — ਜਗਾਇਆ, ਪ੍ਰਜਵਲਿਤ ਕੀਤਾ

"ਅਗਿਆਨ ਅੰਧੇਰਾ ਮਿਟਿ ਗਇਆ ਗੁਰ ਗਿਆਨੁ **ਦੀਪਾਇਓ**।"

— ਗਉ **੫**, ਅਸ ੧੪, ੨ : ੧ (241)

ਦੀਪਾਇਅਉ — ਪ੍ਰਜਵਲਿਤ ਕੀਤਾ ਭਾਵ ਚਮਕਾਇਆ

"ਗੁਰ ਅਰਜੁਨੁ ਕਲ੍ਹਚਰੈ ਤੈ ਜਨਕਹ ਕਲਸੁ **ਦੀਪਾਇਅਉ**।" (ਜਨਕ (ਗਿਆਨ) ਦੇ ਕਲਸ ਨੂੰ ਚਮਕਾਇਆ ਹੈ)

— ਸਵ **੫**, ਕਲ ੯ : ੪ (1408)

ਦੀਪਾਇਆ — ਪ੍ਰਕਾਸਿਆ, ਪ੍ਰਜਵਲਿਤ ਕੀਤਾ

"ਦਾਨਿ ਤੇਰੈ ਘਟਿ ਚਾਨਣਾ ਤਨਿ ਚੰਦੁ **ਦੀਪਾਇਆ**।"

— ਸੂਹੀ **੧**, ਛੰਤ ੪, ੧ : ੨ (765)

ਦੀਪਾਈ — ਪ੍ਰਕਾਸ਼/ਚਾਣਨ ਕੀਤਾ

"ਅਕਾਲ ਮੂਰਤਿ ਅਜੂਨੀ ਸੰਭਉ ਕਲਿ ਅੰਧਕਾਰ **ਦੀਪਾਈ**।"

— ਰਾਮ **੫**, ਅਸ ੬, ੧੮ : ੧ (916)

ਦੀਪਾਈਐ — ਜਗਾਉਣ/ਪ੍ਰਕਾਸ਼ ਕਰਨ ਨਾਲ

"ਸਬਦਿ ਨਿਵਾਰੀ ਆਗਿ ਜੋਤਿ **ਦੀਪਾਈਐ**।" (ਜਗਾਉਣ ਨਾਲ, ਪ੍ਰਕਾਸ਼ ਕਰਨ ਨਾਲ)

— ਸੂਹੀ **੧**, ਅਸ ੪, ੬ : ੨ (752)

ਦੀਪਾਹਾ — ਰੋਸ਼ਨ ਕਰਨਾ

"ਆਪੇ ਦੀਪ ਲੋਅ **ਦੀਪਾਹਾ**।"

— ਜੈਤ **੪**, ੧੦, ੨ : ੧ (699)

ਹੋਰ ਰੂਪ — ਦੀਪਾਹਿ —

"ਅੰਧਕਾਰ ਦੀਪਕ **ਦੀਪਾਹਿ**।" (ਰੋਸ਼ਨ ਕਰਦਾ/ਚਾਨਣ ਕਰਦਾ ਹੈ)

— ਗਉ **੫**, ੭੯, ੨ : ੧ (179)

ਦੀਪਾਯਉ — ਜਗਾਇਆ, ਰੋਸ਼ਨ ਕੀਤਾ

"ਜਹ ਕਹ ਤਹ ਭਰਪੂਰੁ ਸਬਦੁ ਦੀਪਕਿ **ਦੀਪਾਯਉ**।" — ਸਵ **੩**, ੧੬ : ੩ (1395)

ਦੀਪੁ — ਦੀਪਕ, ਦੀਵਾ

"ਕਾਹੇ ਕੀ ਕੁਸਲਾਤ ਹਾਥਿ **ਦੀਪੁ** ਕੂਏ ਪਰੈ।"

— ਸਲੋ **ਕਬ**, ੨੧੬ : ੨ (1376)

ਦੀਬਾਣੁ — (ਫ਼ਾ. ਦੀਵਾਨ) ਕਚਹਿਰੀ, ਦਰਬਾਰ

"ਜੋ ਮਿਲਿਆ ਹਰਿ **ਦੀਬਾਣ** ਸਿਉ ਸੋ ਸਭਨੀ ਦੀਬਾਣੀ ਮਿਲਿਆ।"

— ਸਿਰੀ **੪**, ਵਾਰ ੧੧ : ੧ (87)

ਦੀਬਾਣਹੁ — ਕਚਹਿਰੀਓ ਅਦਾਲਤ ਤੋਂ ਹਕੂਮਤ ਵਿਚੋਂ

"ਮਾਣਸਾ ਕਿਅਹੁ **ਦੀਬਾਣਹੁ** ਕੋਈ ਨਸਿ ਭਜਿ ਨਿਕਲੈ ਹਰਿ ਦੀਬਾਣਹੁ ਕੋਈ ਕਿਥੈ ਜਾਇਆ।"

— ਵਡ **੪**, ਵਾਰ ੧੪ : ੩ (591)

ਦੀਬਾਣਿ — (ਅ. ਦੀਵਾਨ) ਦਰਬਾਰ/ਕਚਹਿਰੀ ਵਿਚ

"ਗੁਰਿ **ਦੀਬਾਣਿ** ਕਵਾਇ ਪੈਨਾਈਓ।"

— ਸਿਰੀ **੫**, ਅਸ ੨੯, ੪ : ੨ (73)

ਹੋਰ ਰੂਪ — ਦੀਬਾਣੀ —

"ਜੋ ਮਿਲਿਆ ਹਰਿ ਦੀਬਾਣ ਸਿਉ ਸੋ ਸਭਨੀ **ਦੀਬਾਣੀ** ਮਿਲਿਆ।" (ਕਚਹਿਰੀਆਂ/ਦਰਬਾਰਾਂ ਵਿਚ)

— ਸਿਰੀ **੪**, ਵਾਰ ੧੧ : ੧ (87)

ਦੀਬਾਣੀਐ —

"ਹੁਕਮੁ ਮੰਨੇ ਸਿਰਦਾਰੁ ਦਰਿ **ਦੀਬਾਣੀਐ**।" (ਦੀਬਾਨ ਵਿਚ)

— ਮਾਝ **੧**, ਵਾਰ ੧੦ : ੪ (142)

ਦੀਬਾਣੁ —

"ਅਮੁਲੁ ਧਰਮੁ ਅਮੁਲੁ **ਦੀਬਾਣੁ**।" (ਕਚਹਿਰੀ/ਦਰਬਾਰ)

— ਜਪੁ **੧**, ੨੬ : ੫ (5)

"ਚੋਰਾ ਜਾਰਾ ਰੰਡੀਆ ਕੁਟਣੀਆ **ਦੀਬਾਣੁ**।" (ਮਜਲਿਸ ਹੈ, ਇਕੱਠਾ ਬੈਠਦੀਆਂ ਹਨ)

— ਸੂਹੀ **੩**, ਵਾਰ ੧੪ਸ, **੧**, ੧ : ੧ (790)

(ਮਹਾਨਕੋਸ਼ ਇਥੇ 'ਦੀਬਾਣੁ' ਨੂੰ 'ਦੀਬਾਣੁ' ਕਰਕੇ ਬਣ ਦੇ ਅਰਥ 'ਸੁਭਾਅ', 'ਆਦਤ' ਕਰਦਾ ਹੈ)

ਦੀਬਾਣੁ — 1. ਦਰਬਾਰ, ਕਚਹਿਰੀ, ਵੇਖੋ 'ਦੀਬਾਣਿ'
2. ਕਚਿਹਰੀ ਲਾਣ ਵਾਲਾ, ਹਾਕਮ

"ਤੂੰ ਸਚਾ **ਦੀਬਾਣੁ** ਹੋਰਿ ਆਵਣ ਜਾਣਿਆ।"

— ਮਾਝ **੧**, ਵਾਰ ੨੬ : ੨ (150)

"ਤੇਰਾ ਤਾਣੁ ਤੂਹੈ **ਦੀਬਾਣੁ**।" (ਦੀਵਾਨ ਲਾਉਣ ਵਾਲਾ, ਹਾਕਮ, ਆਸਰਾ)

— ਆਸਾ **੧**, ੨੧, ੩ : ੧ (355)

ਹੋਰ ਰੂਪ — ਦੀਬਾਣੋ —

"ਕਹੁ ਨਾਨਕ ਥਿਰੁ ਤਖਤਿ ਨਿਵਾਸੀ ਸਚੁ ਤਿਸੈ **ਦੀਬਾਣੋ**।" (ਦੀਬਾਣ, ਦਰਬਾਰ, ਕਚਿਹਰੀ)

— ਰਾਮ **੫**, ਛੰਤ ੧, ੩ : ੬ (924)

ਦੀਬਾਨ — 1. ਹਾਕਮ

"ਕਿਸ ਹੀ ਜੋਰੁ **ਦੀਬਾਨ** ਮਾਇਆ ਕਾ।" (ਭਾਵ ਆਸਰਾ)

— ਮਾਰੂ **੫**, ਸੋਲਾ ੨, ੧੩ : ੨ (1071)

ਹੋਰ ਰੂਪ — ਦੀਬਾਨੁ —

"**ਦੀਬਾਨੁ** ਹਮਾਰੋ ਤੁਹੀ ਏਕ।"

— ਗਉ **੫**, ੧੪੧*, ੧* : ੧ (210)

2. ਕਚਹਿਰੀ

"ਉਸੁ ਸਾਚੇ **ਦੀਬਾਨ** ਮਹਿ ਪਲਾ ਨ ਪਕਰੈ ਕੋਇ।"
— ਸਲੋ **ਕਬ**, ੨੦੧ : ੨ (1375)

ਹੋਰ ਰੂਪ — ਦੀਬਾਨਿ —
"ਚਲਹੁ ਸਿਤਾਬ **ਦੀਬਾਨਿ** ਬੁਲਾਇਆ।" (ਕਚਹਿਰੀ ਵਿਚ, ਧਰਮ ਰਾਜ ਦੀ)
— ਸੂਹੀ **ਕਬ**, ੩, ੧ : ੪ (792)

ਦੀਬਾਨੁ —
"**ਦੀਬਾਨੁ** ਏਕੋ ਕਲਮ ਏਕਾ ਹਮਾ ਤੁਮ੍ਹਾ ਮੇਲੁ।"
— ਆਸਾ **੧**, ਵਾਰ ੨੦ਸ, **੧**, ੨ : ੮ (473)
(ਮਹਾਨਕੋਸ਼ ਇਥੇ ਅਰਥ 'ਹਾਕਮ' ਕਰਦੇ ਹਨ)
"ਨਾਨਕ ਸਚਾ ਸਚਿ ਨਾਇ ਸਚੁ ਸਭਾ **ਦੀਬਾਨੁ**।"
— ਸਾਰ **੪**, ਵਾਰ ੯ਸ, **੧**, ੨ : ੮ (1241)

ਦੀਰਘ — 1. ਵਡਾ, ਚਿਰ ਸਥਾਈ, ਡਾਢਾ ਚੰਦਰਾ, ਲੰਮਾ
"**ਦੀਰਘ** ਰੋਗੁ ਮਾਇਆ ਆਸਾਧਿਓ।"
— ਗਉ **੫**, ਥਿਤੀ ੧੩ : ੬ (299)

ਹੋਰ ਰੂਪ — ਦੀਰਘੁ —
"ਹਉਮੈ ਰੋਗੁ ਕਮਾਵਣਾ ਅਤਿ **ਦੀਰਘੁ** ਬਹੁ ਸੁਆਉ।"
— ਬਿਲਾ **੪**, ਵਾਰ ੩ਸ, **੩**, ੨ : ੨ (850)

2. ਲੰਮ/ਅਕਾਰ ਵਿਚ
"ਸਿੰਮਲ ਰੁਖੁ ਸਰਾਇਰਾ ਅਤਿ **ਦੀਰਘ** ਅਤਿ ਮੁਚੁ।"
— ਆਸਾ **੧**, ਵਾਰ ੧੪ਸ, **੧**, ੧ : ੧ (470)

3. ਡੂੰਘੀ
"ਨਾਨਕ ਦ੍ਰਿਸਟਿ **ਦੀਰਘ** ਸੁਖੁ ਪਾਵੈ ਗੁਰ ਸਬਦੀ ਮਨੁ ਧੀਰਾ।"
— ਤੁਖਾ **੧**, ਬਾਰਾ ੩ : ੬ (1107)

ਦੀਰਘੁ — 1. ਵਡਾ ਲੰਮ, ਵੇਖੋ 'ਦੀਰਘ' (1)
2. ਸ਼ਬਦਕ ਅਰਥ ਦੋ ਮਾਤਰਾਂ ਵਾਲਾ ਭਾਵ ਵਡਾ, ਉਚਾ, ਚੰਗੇਰਾ
"ਆਪਸ ਕਉ **ਦੀਰਘੁ** ਕਰਿ ਜਾਨੈ ਅਉਰਨ ਕਉ ਲਗ ਮਾਤ।"
— ਮਾਰੂ **ਕਬ**, ੧, ੨ : ੧ (1105)

ਦੀਵਟੀ — ਦੀਵੇ ਦੀ ਵੱਟੀ, ਬਤੀ
"ਜੋਤਿ **ਦੀਵਟੀ** ਘਟ ਮਹਿ ਜੋਇ।"
— ਗਉ **ਕਬ**, ਵਾਰ ੭ : ੨ (344)

ਦੀਵਨਾ — ਦੇਣਾ, ਦਾਨ ਕਰਨਾ
"ਮਿਲਓ ਤਿਸੁ ਸਰਬ ਨਿਧਾਨਾ ਪ੍ਰਭਿ ਕ੍ਰਿਪਾਲਿ ਜਿਸੁ **ਦੀਵਨਾ**।"
— ਮਾਰੂ **੫**, ਅਸ ੬, ੭ : ੧ (1019)

ਦੀਵਰਾ — ਦੀਵਾ
"ਜਉ ਤੁਮ **ਦੀਵਰਾ** ਤਉ ਹਮ ਬਾਤੀ।"
— ਸੋਰ **ਰਵਿ**, ੫, ੨ : ੧ (658)

ਦੀਵੜੇ — ਦੇਵੇ
"ਜਾਂ ਕੈ ਘਰਿ ਲਛਿਮੀ ਕੁਆਰੀ ਚੰਦੁ ਸੂਰਜੁ **ਦੀਵੜੇ** ਕਉਤਕੁ ਕਾਲੁ ਬਪੁੜਾ ਕੋਟਵਾਲੁ ਸੁ ਕਰਾ ਸਿਰੀ।"
— ਮਲਾ **ਨਾਮ**, ੧, ੧ : ੨ (1292)
"ਗੜੁ ਲੀਤਾ ਘਟੁ ਲੁਟਿਆ **ਦੀਵੜੇ** ਗਇਆ ਬੁਝਾਇ।" (ਦੀਵੇ ਭਾਵ ਅਖਾਂ)
— ਸਲੋ **ਫਰ**, ੪੮ : ੨ (1380)

ਦੀਵਾ — ਦੀਪਕ
"ਬਿਨੁ ਤੇਲ **ਦੀਵਾ** ਕਿਉ ਜਲੈ।"
— ਸਿਰੀ **੧**, ੩੩, ੧* : ੧ (25)

ਦੀਵਾਨ — 1. ਦਰਬਾਰ ਵਿਚ
"ਡਾਨੁ ਸਗਲ ਗੈਰ ਵਜਹਿ ਭਰਿਆ **ਦੀਵਾਨ** ਲੇਖੈ ਨ ਪਰਿਆ।"
— ਆਸਾ **੫**, ੧੫੨, ੩ : ੧ (408)

2. ਹਕੂਮਤ ਕਰਨਾ
"ਭਾਉ ਭਗਤਿ ਸਿਉ ਕਾਜੁ ਨ ਕਛੂਐ ਮੇਰੋ ਕਾਮੁ **ਦੀਵਾਨ**।"
— ਕੇਦਾ **ਕਬ**, ੫, ੧ : ੨ (1124)

ਦੀਵਾਨਾ — ਦਰਬਾਰ
"ਪੁਰਖੁ ਅਲੇਖੁ ਸਚੇ **ਦੀਵਾਨਾ**।"
— ਮਾਰੂ **੧**, ਸੋਲਾ ੧੯, ੫ : ੧ (1039)

ਹੋਰ ਰੂਪ — ਦੀਵਾਨਿ —
"ਚਲੁ ਦਰਹਾਲੁ **ਦੀਵਾਨਿ** ਬੁਲਾਇਆ।" (ਦਰਬਾਰ/ਕਚਹਿਰੀ ਵਿਚ)
— ਸੂਹੀ **ਕਬ**, ੩, ੧* : ੧ (792)

ਦੀਵਾਨੀ — ਦੀਵਾਨ/ਦਰਬਾਰ ਵਿਚ ਵਸਨ/ਬੈਠਣ ਵਾਲਾ
"ਕੈ ਜਾਨੈ ਆਪਨ ਧਨੀ ਕੈ ਦਾਸੁ **ਦੀਵਾਨੀ** ਹੋਇ।"
— ਸਲੋ **ਕਬ**, ੧੭੬ : ੨ (1373)

ਦੀਵਾਨੁ — ਹਾਕਮ, ਦਰਬਾਰ ਲਾਉਣ ਵਾਲਾ

"ਨਾਨਕ ਇਕਸੁ ਬਿਨੁ ਮੈ ਅਵਰੁ ਨ ਜਾਣਾ ਸਭਨਾ **ਦੀਵਾਨੁ** ਦਇਆਲਾ।"
— ਵਡ **੩**, ੫, ੫ : ੨ (559)

ਦੀਵੀ — ਦੀਵਿਆ, ਦੀਪਕਾਂ
"ਫਰੀਦਾ ਦੁਹੁ **ਦੀਵੀ** ਬਲੰਦਿਆ ਮਲਕੁ ਬਹਿਠਾ ਆਇ।" — ਸਲੋ **ਫਰ**, ੪੮ : ੧ (1380)

ਦੀਵੇ — ਦੀਪਕ
"ਤੁਧੁ ਆਪੇ ਧਰਤੀ ਸਾਜੀਐ ਚੰਦੁ ਸੂਰਜੁ ਦੁਇ **ਦੀਵੇ**।" — ਸਿਰੀ **੪**, ਵਾਰ ੩ : ੧ (83)
"ਜਬ ਲਗੁ ਤੇਲੁ **ਦੀਵੇ** ਮੁਖਿ ਬਾਤੀ ਤਬ ਸੂਝੈ ਸਭੁ ਕੋਈ।" — ਆਸਾ **ਕਬ**, ੯, ੧ : ੧ (477)
ਹੋਰ ਰੂਪ — ਦੀਵੈ —
"ਜਿਤੁ **ਦੀਵੈ** ਸਭ ਸੋਝੀ ਪਾਇ।" (ਦੀਵੇ ਨਾਲ)
— ਰਾਮ **੧**, ੨, ੧* : ੨ (878)

ਦੁਆਉ — ਅਸੀਸ, ਅਸ਼ੀਰਵਾਦ
"ਅੰਧਾ ਅਖਰੁ ਵਾਉ **ਦੁਆਉ**।" (ਫਜ਼ੂਲ/ਕੇਵਲ ਮੌਖਕ ਅਸੀਸ ਹੀ ਹੈ)
— ਗਉ **੧**, ੧, ੩ : ੪ (151)

ਦੁਆਈ — ਅਸੀਸਾਂ
"ਦੇਨਿ੍ **ਦੁਆਈ** ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ।"
— ਮਲਾ **੧**, ਵਾਰ ੧੯ਸ, **੧**, ੧ : ੩ (1286)

ਦੁਆਸਿ — ਦੂਜੀ ਵਾਰ, ਦੁਬਾਰਾ (ਮਹਾਨਕੋਸ਼) : ਦੁਆਲੇ (ਕੋਸ਼ ਸ਼ਬਦਾਰਥ, ਨਿਰਣੇ) : 'ਪਾਸਿ ਦੁਆਸਿ' ਨੇੜੇ ਤੇੜੇ (ਦਰਪਣ)
"ਓਨਾ ਪਾਸਿ **ਦੁਆਸਿ** ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ।" — ਸਿਰੀ **੪**, ੬੬, ੩ : ੩ (40)

ਦੁਆਦਸ — ਬਾਰਾਂ
"ਜੇ ਓਹੁ **ਦੁਆਦਸ** ਸਿਲਾ ਪੂਜਾਵੈ।"
— ਗੋਂਡ **ਰਵਿ**, ੨, ੧ : ੨ (875)

ਦੁਆਦਸਿ — ਬਾਹਰਵੀਂ ਥਿਤ ਦੁਆਰਾ
"**ਦੁਆਦਸਿ** ਮੁਦ੍ਰਾ ਮਨੁ ਅਉਧੂਤਾ।"
— ਬਿਲਾ **੧**, ਥਿਤੀ ੧੫ : ੧ (840)
ਹੋਰ ਰੂਪ — ਦੁਆਦਸੀ —
"**ਦੁਆਦਸੀ** ਦਇਆ ਦਾਨੁ ਕਰਿ ਜਾਣੈ।"
— ਬਿਲਾ **੧**, ਥਿਤੀ ੧੬ : ੧ (840)

ਦੁਆਪਰਿ — ਮੰਨੇ ਜਾਂਦੇ ਚਾਰ ਯੁੱਗਾਂ ਵਿਚੋਂ ਦੀਜੇ ਯੁਗ ਵਿਚ ਇਹ ਯੁੱਗ ਹਨ : ਸਤਯੁਗ, ਤ੍ਰੇਤਾ ਦੁਆਪਰ ਤੇ ਕਲਯੁਗ
"ਸਤਜੁਗਿ ਸਤੁ ਤੇਤਾ ਜਗੀ **ਦੁਆਪਰਿ** ਪੂਜਾਚਾਰ।"
— ਗਉ **ਰਵਿ**, ਅਸ ੧, ੧ : ੧ (346)
ਹੋਰ ਰੂਪ — ਦੁਆਪਰੁ —
"ਸਤਜੁਗੁ ਤ੍ਰੇਤਾ **ਦੁਆਪਰੁ** ਭਣੀਐ ਕਲਿਜੁਗੁ ਊਤਮੋ ਜੁਗਾ ਮਾਹਿ।"
— ਆਸਾ **੫**, ੧੪੦, ੩ : ੧ (406)

ਦੁਆਪੁਰਿ — ਇਕ ਯੁੱਗ, ਵੇਖੋ 'ਦੁਆਪਰਿ' ਵਿਚ
"**ਦੁਆਪੁਰਿ** ਰਥੁ ਤਪੈ ਕਾ ਸਤੁ ਅਗੈ ਰਥਵਾਹੁ।"
— ਆਸਾ **੧**, ਵਾਰ ੧੩ਸ, **੧**, ੧ : ੫ (470)
ਹੋਰ ਰੂਪ — ਦੁਆਪੁਰੁ —
"ਜੁਗੁ **ਦੁਆਪੁਰੁ** ਆਇਆ ਭਰਮਿ ਭਰਮਾਇਆ ਹਰਿ ਗੋਪੀ ਕਾਨ੍ਹੁ ਉਪਾਇ ਜੀਉ।"
— ਆਸਾ **੪**, ਛੰਤ ੧੧, ੩ : ੧ (445)

ਦੁਆਰ — 1. ਦਰਵਾਜ਼ਾ, ਦਰ, ਬੂਹਾ
"ਚਿਤੇ ਦਿਸਹਿ ਧਉਲਹਰ ਬਗੇ ਬੰਕ **ਦੁਆਰ**।"
— ਸਿਰੀ **੧**, ਅਸ ੧੫, ੧ : ੧ (62)
2. ਇੰਦ੍ਰੀਆਂ ਦੇ ਗੋਲਕ
"ਦਸਮੀ ਦਸ **ਦੁਆਰ** ਬਸਿ ਕੀਨੇ।"
— ਗਉ **੫**, ਥਿਤੀ ੧੦ : ੧ (298)
ਹੋਰ ਰੂਪ — ਦੁਆਰੰ —
"ਸਵੰਤ **ਦੁਆਰੰ** ਭੀਤ ਰਹਿਤੰ ਬਾਇ ਰੂਪੰ ਅਸਥੰਭਨਹ।"
— ਸਸ **੫**, ੪ : ੨ (1354)

ਦੁਆਰਹਿ — ਬੂਹਿਓ
"**ਦੁਆਰਹਿ** ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ।"
— ਆਸਾ **੯**, ੧, ੧ : ੨ (411)

ਦੁਆਰਾ — 1. ਦਰਵਾਜ਼ਾ
"ਉਸਾਰਿ ਮੜੋਲੀ ਰਾਖੈ **ਦੁਆਰਾ** ਭੀਤਰਿ ਬੈਠੀ ਸਾਧਨਾ।" — ਗਉ **੧**, ੧੪, ੨ : ੧ (155)
"ਭ੍ਰਮਿ ਭ੍ਰਮਿ ਆਏ ਤੁਮ ਚੇ **ਦੁਆਰਾ**।" (ਦਰਵਾਜੇ/ਦਰੇ ਤੇ, ਸ਼ਰਨ ਵਿਚ)
— ਧਨਾ **ਨਾਮ**, ੪, ੩ : ੨ (693)
ਹੋਰ ਰੂਪ — ਦੁਆਰਿ —

"ਸੋਹਨਿ ਸਚਿ **ਦੁਆਰਿ** ਨਾਮੁ ਪਿਆਰਿਆ।" (ਦੁਆਰੇ ਤੇ)
— ਸਿਰੀ **੪**, ਵਾਰ ੧੧ਸ, **੩**, ੧ : ੪ (86)

2. ਦੁਆਰਕਾ ਨਗਰੀ
"ਕਾਸੀ ਕਾਂਤੀ ਪੁਰੀ **ਦੁਆਰਾ**।"
— ਮਾਰੂ **੧**, ਸੋਲਾ ੨, ੯ : ੨ (1022)

ਦੁਆਰਿ — 1. ਦਰਵਾਜੇ/ਦਰ ਤੇ, ਵੇਖੋ 'ਦੁਆਰਾ' (1)

2. ਗੋਲਕ ਤੇ
"ਦਸਵੈ **ਦੁਆਰਿ** ਪ੍ਰਗਟੁ ਹੋਇ ਆਇਆ।"
— ਮਾਰੂ **੪**, ਸੋਲਾ ੧, ੬ : ੨ (1069)

ਦੁਆਰਿਆ — ਦੁਆਰੇ/ਦਰ ਤੇ
"ਮੇਲਿ ਲੈਹੁ ਦਇਆਲ ਢਹਿ ਪਏ **ਦੁਆਰਿਆ**।"
— ਜੈਤ **੫**, ਵਾਰ ੧੬ : ੧ (709)

ਦੁਆਰੀ — 1. ਰਾਹੀਂ, ਦੁਆਰਾ
"ਅਉਖਧੁ ਨਾਮੁ ਨਿਰਮਲ ਜਲੁ ਅੰਮ੍ਰਿਤੁ ਪਾਈਐ ਗੁਰੂ **ਦੁਆਰੀ**।"
— ਸੋਰ **੫**, ੨੮, ੪ : ੧ (616)

2. ਦੁਆਰੇ/ਦਰ ਤੇ
"ਅਵਰ ਨ ਸੂਝੈ ਦੂਜੀ ਠਾਹਰ ਹਰਿ ਪਰਿਓ ਤਉ **ਦੁਆਰੀ**।"
— ਟੋਡੀ **੫**, ੯, ੧ : ੧ (713)

ਦੁਆਰੁ — 1. ਦਰ, ਦਰਵਾਜ਼ਾ
"ਕਰਮੀ ਆਵੈ ਕਪੜਾ ਨਦਰੀ ਮੋਖੁ **ਦੁਆਰੁ**।"
— ਜਪੁ **੧**, ੪ : ੬ (2)

2. ਦਰਬਾਰ, ਕਚਹਿਰੀ
"ਭੈ ਵਿਚਿ ਰਾਜਾ ਧਰਮ **ਦੁਆਰੁ**।" (ਧਰਮ ਰਾਜ ਦੀ ਕਚਹਿਰੀ)
— ਆਸਾ **੧**, ਵਾਰ ੪ਸ, **੧**, ੧ : ੬ (464)

ਦੁਆਰੇ — 1. ਦਰ ਉਤੇ
"ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮ **ਦੁਆਰੇ**।" — ਜਪੁ **੧**, ੨੭ : ੪ (6)

ਹੋਰ ਰੂਪ — ਦੁਆਰੈ —
"ਦੇਵਣ ਵਾਲੇ ਕੈ ਹਥਿ ਦਾਤਿ ਹੈ ਗੁਰੂ **ਦੁਆਰੈ** ਪਾਇ।" (ਦਰ ਉਤੇ/ਤੋਂ)
— ਸਿਰੀ **੩**, ੫੦, ੩ : ੨ (33)

2. ਦਰ ਭਾਵ ਮਹਿਲ/ਮੰਦਰ
"ਸੁਖ ਮਹਲ ਜਾ ਕੇ ਊਚ **ਦੁਆਰੇ**।"
— ਸੂਹੀ **੫**, ੧੨, ੧ : ੧ (739)

3. ਗੋਲਕ
"ਵਜਾਇਆ ਵਾਜਾ ਪਉਣ ਨਉ **ਦੁਆਰੇ** ਪਰਗਟੁ ਕੀਏ ਦਸਵਾ ਗੁਪਤੁ ਰਖਾਇਆ।"
— ਰਾਮ **੩**, ਅਨੰ ੩੮ : ੨ (922)

ਦੁਆਰੈ — 1. ਦਰ ਤੇ, ਵੇਖੋ 'ਦੁਆਰੇ'
"ਸਾਹ ਵਾਪਾਰੀ **ਦੁਆਰੈ** ਆਏ।" (ਦਰਵਾਜ਼ੇ ਤੇ)
— ਆਸਾ **੫**, ੬, ੧* : ੧ (372)
"ਪਰਮੇਸਰ ਕੈ **ਦੁਆਰੈ** ਜਿ ਹੋਇ ਬਿਤੀਤੈ ਸੁ ਨਾਨਕੁ ਆਖਿ ਸੁਣਾਵੈ।" (ਦਰਬਾਰ ਵਿਚ)
— ਆਸਾ **੫**, ੧੦, ੨ : ੧ (373)

2. ਰਾਹੀ ਦੁਆਰਾ
"ਗੁਰੂ **ਦੁਆਰੈ** ਹਮਰਾ ਵੀਆਹੁ ਜਿ ਹੋਆ ਜਾ ਸਹੁ ਮਿਲਿਆ ਤਾਂ ਜਾਨਿਆ।"
— ਆਸਾ **੧**, ੧੦, ੨ : ੧ (351)

3. ਭਾਵ ਰਸਤੇ/ਰਾਤ ਤੋਂ
"ਜਿਤੁ **ਦੁਆਰੈ** ਉਬਰੈ ਤਿਤੈ ਲੇਹੁ ਉਬਾਰਿ।"
— ਬਿਲਾ **੪**, ਵਾਰ ੧੦ਸ, **੩**, ੧ : ੨ (853)

ਦੁਆਲੈ — ਚੌਗਿਰਦੇ, ਆਸ ਪਾਸ
"ਮਸਤਕਿ ਪਦਮੁ **ਦੁਆਲੈ** ਮਣੀ।"
— ਰਾਮ **ਬੇਣੀ**, ੧, ੯ : ੧ (974)

ਦੁੋਆਲੈ — ਆਸ ਪਾਸ, ਚੌਗਿਰਦੇ
"ਝੂਠਾ ਰੁਦਨੁ ਹੋਆ **ਦੁੋਆਲੈ** ਖਿਨ ਮਹਿ ਭਇਆ ਪਰਾਇਆ।"
— ਸਿਰੀ **੧**, ਪਹ ੧, ੪ : ੪ (75)

ਦੁਇ — 1. ਦੋਵੇਂ
"ਸੰਜੋਗੁ ਵਿਜੋਗੁ **ਦੁਇ** ਕਾਰ ਚਲਾਵਹਿ ਲੇਖੇ ਆਵਹਿ ਭਾਗ।" — ਜਪੁ **੧**, ੨੯ : ੩ (6)
"ਸਾਧਸੰਗਿ ਮਿਲਿ **ਦੁਇ** ਕੁਲ ਸਾਧਿ।" (ਭਾਵ ਲੋਕ ਪ੍ਰਲੋਕ ਦੀਆਂ ਦੋਵੇ)
— ਗਉ **੫**, ੧੬੬, ੪ : ੧ (199)

2. ਦੋ
"ਏਕੁ ਸੁਆਨੁ **ਦੁਇ** ਸੁਆਨੀ ਨਾਲਿ।"
— ਸਿਰੀ **੧**, ੨੯, ੧ : ੧ (24)
"**ਦੁਇ** ਕਰ ਜੋੜਿ ਖੜੀ ਤਕੈ ਸਚੁ ਕਹੈ ਅਰਦਾਸਿ।"

— ਸਿਰੀ **੧**, ਅਸ ੨, ੨ : ੨ (54)

"ਕਹੁ ਕਬੀਰ ਅਖਰ **ਦੁਇ** ਭਾਖਿ।" (ਰਾਮ ਨਾਮ ਦੇ ਦੋ ਅੱਖਰ)

— ਗਉ **ਕਬ**, ੩੩, ੩ : ੧ (329)

ਦੁਈਆ — ਦੂਜਾ, ਦੂਸਰਾ

"ਜਿਨ ਕਉ ਪਿਆਸ ਹੋਇ ਪ੍ਰਭ ਕੇਰੀ ਤਿਨ੍ਹ ਅਵਰੁ ਨ ਭਾਵੈ ਬਿਨੁ ਹਰਿ ਕੋ **ਦੁਈਆ**।"

— ਬਿਲਾ **੪**, ਅਸ ੬, ੩ : ੨ (836)

ਦੁਸਹ — ਨਾ ਸਹਾਰੇ ਜਾਣ ਵਾਲੇ

"ਭੈ ਦੂਰਿ ਕਰਤਾ ਪਾਪ ਹਰਤਾ **ਦੁਸਹ** ਦੁਖ ਭਵ ਖੰਡਨੋ।" — ਰਾਮ **੫**, ਛੰਤ ੨, ੧ : ੪ (925)

ਦੁਸਟ — (ਸੰ. ਦੁਙਟ) (1) ਭੈੜੇ

"ਬਿਖੈ ਬਿਕਾਰ **ਦੁਸਟ** ਕਿਰਖਾ ਕਰੇ ਇਨ ਤਜਿ ਆਤਮੈ ਹੋਇ ਧਿਆਈ।"

— ਸਿਰੀ **੧**, ੨੬, ੨ : ੧ (23)

"ਕਾਮ ਕ੍ਰੋਧ ਮਦ ਲੋਭ ਮੋਹ **ਦੁਸਟ** ਬਾਸਨਾ ਨਿਵਾਰਿ।" (ਮਾੜੀ, ਮੰਦੀ ਵਾਸਨਾ)

— ਗੂਜ **੫**, ਵਾਰ ੧੯ਸ, **੫**, ੧ : ੧ (523)

"**ਦੁਸਟ** ਭਾਉ ਤਜਿ ਨਿੰਦ ਪਰਾਈ ਕਾਮੁ ਕ੍ਰੋਧੁ ਚੰਡਾਰ।" (ਮਾੜੀ, ਮੰਦੀ ਬਿਰਤੀ)

— ਮਲਾ **੧**, ੫, ੧ : ੨ (1255)

2. ਖੋਟੇ/ਵਿਕਾਰੀ ਮਨੁੱਖ

"ਸੋ ਗੁਰਮੁਖਿ ਨਾਮੁ ਜਪਿਆ ਵਡਭਾਗੀ ਤਿਨ ਨਿੰਦਕ **ਦੁਸਟ** ਸਭਿ ਪੈਰੀ ਪਾਏ।"

— ਸਿਰੀ **੪**, ਵਾਰ ੧੫ : ੪ (89)

ਹੋਰ ਰੂਪ — ਦੁਸਟਾ —

"ਆਪਣਿਆ ਭਗਤਾ ਕੀ ਰਖ ਕਰੇ ਹਰਿ ਸੁਆਮੀ ਨਿੰਦਕਾ **ਦੁਸਟਾ** ਕੇ ਮੁਹ ਕਾਲੇ ਕਰਾਏ।"

— ਗਉ **੪**, ਵਾਰ ੧੪ਸ, **੪**, ੨ : ੪ (308)

ਦੁਸਟਾਂ —

"ਜਿਉ ਪਕਰਿ ਦ੍ਰੋਪਤੀ **ਦੁਸਟਾਂ** ਆਨੀ ਹਰਿ ਹਰਿ ਲਾਜ ਨਿਵਾਰੇ।"

— ਨਟ **੪**, ਅਸ ੫, ੧* : ੨ (982)

2. ਮਨੁੱਖੀ ਵਿਕਾਰ (ਕਾਮ, ਕ੍ਰੋਧ, ਲੋਭ, ਮੋਹ ਆਦਿ)

"ਸਾਧ ਸੰਗਿ ਓਇ **ਦੁਸਟ** ਵਸਿ ਹੋਤੇ।"

— ਗਉ **੫**, ੮੯, ੩ : ੪ (182)

3. ਦੁਸ਼ਮਨ, ਵੈਰੀ

"ਸਾਜਨ ਰਹੰਸੇ **ਦੁਸਟ** ਵਿਆਪੇ ਸਾਚੁ ਜਪਿ ਸਚੁ ਲਾਹਓ।"

— ਗਉ **੧**, ਛੰਤ ੧, ੪ : ੪ (242)

ਦੁਸਟਾਰਿਓ — ਦੁਸ਼ਟ ਕਹਿ ਕੇ ਕੱਢ ਦਿਤਾ

"ਗੁਨ ਗਾਵਤ ਛੀਪਾ **ਦੁਸਟਾਰਿਓ** ਪ੍ਰਭਿ ਰਾਖੀ ਪੈਜ ਜਨਗੇ।" — ਨਟ **੪**, ੪, ੨ : ੨ (976)

ਦੁਸਟਾਰੀ — 1. ਦੁਸ਼ਟਪੁਣਾ, ਭੈੜ, ਖੋਟ, ਬੁਰਾਈ

"ਹਮਰੀ ਮੁਦ੍ਰਾ ਨਾਮ ਹਰਿ ਸੁਆਮੀ ਰਿਦ ਅੰਤਰਿ ਦੁਸਟ **ਦੁਸਟਾਰੀ**।"

— ਦੇਵ **੪**, ੫, ੨ : ੧ (528)

2. ਵਿਕਾਰੀ/ਖੋਟੇ ਮਨੁਖ

"ਅੰਤਰਿ ਸੂਖਾ ਬਾਹਿਰ ਸੂਖਾ ਹਰਿ ਜਪਿ ਮਲਨ ਭਏ **ਦੁਸਟਾਰੀ**।"

—ਰਾਮ **੫**, ਆਸ ੮, ੧ : ੧ (816)

ਦੁਸਟੀ — 1. ਨੀਚਤਾ, ਬਦੀ, ਦੁਸ਼ਟਤਾ

"ਇਹੁ ਸਰੀਰੁ ਮਾਇਆ ਕਾ ਪੁਤਲਾ ਵਿਚਿ ਹਉਮੈ **ਦੁਸਟੀ** ਪਾਈ।"

— ਸਿਰੀ **੩**, ੪੫, ੨ : ੧ (31)

2. ਮਾੜੀ, ਦੁਸਟ

"**ਦੁਸਟੀ** ਸਭਾ ਵਿਗੁਚੀਐ ਬਿਖੁ ਵਾਤੀ ਜੀਵਣ ਬਾਦਿ।"

— ਪ੍ਰਭਾ **੧**, ਅਸ ੩, ੩ : ੪ (1343)

ਦੁਸਟੁ — 1. ਮੰਦਾ ਵਿਅਕਤੀ, ਖੋਟਾ ਮਨੁੱਖ

"ਹਉ ਕਿਆ ਮੁਹੁ ਦੇਸਾ **ਦੁਸਟੁ** ਚੋਰੁ।"

— ਸਿਰੀ **੧**, ੨੯, ੪ : ੨ (24)

2. ਮੰਦੀ, ਭੈੜੀ

"ਦੂਜੈ ਭਾਇ **ਦੁਸਟੁ** ਆਤਮਾ ਓਹੁ ਤੇਰੀ ਸਰਕਾਰ।"

— ਸਿਰੀ **੩**, ੬੩, ੨ : ੨ (38)

3. ਵੈਰੀ

"ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ **ਦੁਸਟੁ** ਅਹੰਕਰਣ ਮਾਰਿਆ।"

— ਸਿਰੀ **੪**, ਵਾਰ ੧੧ਸ, **੩**, ੧ : ੧ (86)

"ਸਾਜਨ **ਦੁਸਟੁ** ਜਾ ਕੈ ਏਕ ਸਮਾਨੈ।"

— ਗਉ **੫**, ਅਸ ੩, ੨ : ੧ (236)

ਦੁਸਮਣ — (ਫਾ. ਦੁਸ਼ਮਨ) ਵੈਰੀ

"ਦੂਤ **ਦੁਸਮਣ** ਸਭਿ ਸਜਣ ਹੋਏ ਏਕੋ ਸੁਆਮੀ ਆਹਿਆ ਜੀਉ।"
— ਮਾਝ **੫**, ੪੩, ੨ : ੩ (107)

ਦੁਸਮਨ — ਵੈਰੀ
"**ਦੁਸਮਨ** ਕਢੇ ਮਾਰਿ ਸਜਣ ਸਰਸਿਆ।"
— ਮਾਝ **੧**, ਵਾਰ ੨੩ : ੪ (148)

ਦੁਹ — 1. ਦੋ
"ਦੁਤੀਆ **ਦੁਹ** ਕਰਿ ਜਾਨੈ ਅੰਗ।"
— ਗਉ **ਕਬ**, ੩ : ੧ (343)
2. ਦੋਹਾਂ
"ਹਰਖ ਸੋਗ **ਦੁਹ** ਮਾਹਿ ਨਿਰਾਲਾ ਕਰਣੈਹਾਰੁ ਪਛਾਤਾ।" — ਗੂਜ **੫**, ੯, ੨ : ੨ (498)
"ਹਿੰਦੂ ਮੂਰਤਿ ਨਾਮ ਨਿਵਾਸੀ **ਦੁਹ** ਮਹਿ ਤਤੁ ਨ ਹੇਰਾ।" — ਪ੍ਰਭਾ **ਕਬ**, ੨, ੧ : ੨ (1349)

ਦੁਹਸਾਸਨ — ਕੁਰੁਵੰਸੀ ਰਾਜਾ ਧ੍ਰਿਤਰਾਸ਼ਟਰ ਦਾ ਪੁਤਰ ਦੁਰਯੋਦਨ ਦਾ ਛੋਟਾ ਭਰਾ ਜਿਸ ਨੇ ਦ੍ਰੋਪਤੀ ਨੂੰ ਵਾਲਾਂ ਤੋਂ ਪਕੜ ਕੇ ਦਰਬਾਰ ਵਿਚ ਬੇਪਤੀ ਕਰਨ ਲਈ ਲਿਆਇਆ ਸੀ
"**ਦੁਹਸਾਸਨ** ਕੀ ਸਭਾ ਦ੍ਰੋਪਤੀ ਅੰਬਰ ਲੇਤ ਉਬਾਰੀਅਲੇ।"
— ਮਾਲੀ **ਨਾਮ**, ੨, ੧ : ੨ (988)

ਦੁਹਹੂ — ਦੋਹਾਂ
"ਜਨਮ ਮਰਣ **ਦੁਹਹੂ** ਮਹਿ ਨਾਹੀ ਜਨ ਪਰਉਪਕਾਰੀ ਆਏ।"
— ਸੂਹੀ **੫**, ੫੪, ੨ : ੧ (749)
ਹੋਰ ਰੂਪ — ਦੁਹਹੂੰ —
"**ਦੁਹਹੂੰ** ਤੇ ਰਹਤ ਭਗਤੁ ਹੈ ਕੋਈ ਵਿਰਲਾ ਜਾਣਾ।" — ਸਿਰੀ **੫**, ੯੬, ੧ : ੨ (51)

ਦੁਹਕਰਮ — ਮਾੜੇ ਕੰਮ, ਖੋਟੇ ਕਰਮ
"ਕਰੈ **ਦੁਹਕਰਮ** ਦਿਖਾਵੈ ਹੋਰ।"
— ਗਉ **੫**, ੧੪੦, ੧ : ੧ (194)

ਦੁਹਕ੍ਰਿਤ — ਮੰਦੇ ਕੰਮ, ਖੋਟੇ ਕਰਮ
"ਤਜਿ ਸਕਲ **ਦੁਹਕ੍ਰਿਤ** ਦੁਰਮਤੀ ਭਜੁ ਚਕ੍ਰਧਰ ਸਰਣੰ।" — ਗੂਜ **ਜੈਦੇ**, ੧, ੩ : ੨ (526)

ਦੁਹਚਾਰਣਿ — ਮੰਦੇ/ਭੈੜੇ ਆਚਰਣ ਵਾਲੀ
"ਜਿਉ ਛਟੜਿ ਘਰਿ ਘਰਿ ਫਿਰੈ **ਦੁਹਚਾਰਣਿ** ਬਦਨਾਉ।"
— ਸੋਰ **੪**, ਵਾਰ ੨ਸ, **੩**, ੨ : ੨ (645)
"ਸ੍ਰੀ ਗੋਪਾਲੁ ਨ ਉਚਰਹਿ ਬਲਿ ਗਈਏ **ਦੁਹਚਾਰਣਿ** ਰਸਨਾ ਰਾਮ।" (ਮਾੜੇ ਕਰਮ ਕਰਨ, ਮਾੜੇ ਬੋਲ ਬੋਲਣ ਵਾਲੀਏ)
— ਬਿਲਾ **੫**, ਛੰਤ ੪, ੩ : ੧ (848)
ਹੋਰ ਰੂਪ — ਦੁਹਚਾਰਣੀ —
"**ਦੁਹਚਾਰਣੀ** ਕਹੀਐ ਨਿਤ ਹੋਇ ਖੁਆਰੁ।"
— ਮਲਾ **੩**, ਅਸ ੩, ੨ : ੨ (1277)

ਦੁਹਚਾਰੀ — ਮਾੜੇ ਆਚਰਨ ਵਾਲਾ, ਦੁਰਾਚਾਰੀ, ਮੰਦ ਕਰਮੀ
"ਤੇ ਨਰ ਭਾਗਹੀਨ **ਦੁਹਚਾਰੀ** ਓਇ ਜਨਮਿ ਮੁਏ ਫਿਰਿ ਮਰਾ।" — ਬਿਲਾ **੪**, ੩, ੩ : ੨ (799)
ਹੋਰ ਰੂਪ — ਦੁਹਚਾਰੀਆ —
"ਹਮ ਮੈਲੁ ਭਰੇ **ਦੁਹਚਾਰੀਆ** ਹਰਿ ਰਾਖਹੁ ਅੰਗੀ ਅੰਙੁ।"
— ਸੂਹੀ **੪**, ੩, ੩ : ੧ (732)

ਦੁਹਾ — ਦੋਹਾਂ, ਦੋਨੋ
"**ਦੁਹਾ** ਸਿਰਿਆ ਕਾ ਖਸਮੁ ਆਪਿ ਅਵਰੁ ਨ ਦੂਜਾ ਥਾਉ।" — ਸਿਰੀ **੫**, ਅਸ ੨੬, ੯ : ੩ (71)
ਹੋਰ ਰੂਪ — ਦੁਹਾਂ —
"**ਦੁਹਾਂ** ਤੇ ਗਿਆਨੀ ਸਿਆਣਾ।"
— ਗੋਂਡ **ਨਾਮ**, ੭, ੪ : ੨ (875)

ਦੁਹਾਈ — 1. ਸਹਾਇਤਾ ਲਈ ਕੀਤੀ ਪੁਕਾਰ
"ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ **ਦੁਹਾਈ**।" — ਧਨਾ **ਪੀਪਾ**, ੧, ੧* : ੨ (695)
2. ਚੋ ਲਈ
"ਗਊ **ਦੁਹਾਈ** ਬਛਰਾ ਮੇਲਿ।"
— ਭੈਰ **ਨਾਮ**, ੧੦, ੧੯ : ੨ (1166)

ਦੁਹਾਗਣਿ — ਪਤੀ ਤੋਂ ਵਿਛੜੀ ਹੋਈ, ਪਤੀ ਦੀ ਛੱਡੀ ਹੋਈ, ਮੰਦੇ ਭਾਗਾਂ ਵਾਲੀ
"ਸੇ ਮੈ ਗੁਣ ਨਾਹੀ ਹਉ ਕਿਆ ਕਰੀ **ਦੁਹਾਗਣਿ**।"
— ਵਡ **੪**, ੨, ੩ : ੨ (561)

ਦੋੁਹਾਗਣਿ — ਮੰਦ-ਭਾਗੀ, ਪਤੀ ਤੋਂ ਵਿਛੜੀ ਹੋਈ, ਛੁਟੜ
"ਓਹੁ ਘਰਿ ਘਰਿ ਹੰਢੈ ਜਿਉ ਰੰਨ **ਦੋੁਹਾਗਣਿ** ਓਸੁ ਨਾਲਿ ਮੁਹੁ ਜੋੜੇ ਓਸੁ ਭੀ ਲਛਣੁ ਲਾਇਆ।"

— ਗਉ **੪**, ਵਾਰ ੮ਸ, **੪**, ੨ : ੪ (303)

ਦੁਹਾਗਨਿ — 1. ਭੈੜੀ ਇਸਤ੍ਰੀ, ਮੰਦ ਭਾਗਨ
"ਦੁਖੀ **ਦੁਹਾਗਨਿ** ਦੁਇ ਪਖ ਹੀਨੀ।"
— ਸੂਹੀ **ਰਵਿ**, ੧, ੨ : ੧ (793)
2. ਵਿਧਵਾ
"ਦਾਸ ਨਾਰੀ ਮੈ ਕਰੀ **ਦੁਹਾਗਨਿ**।"
— ਪ੍ਰਭਾ **੫**, ਅਸ ੧, ੫ : ੧ (1347)

ਦੁਹਾਵੈ — ਚੁਆਉਂਦਾ ਹੈ
"ਬੈਲ ਕਉ ਨੇਤ੍ਰਾ ਪਾਇ **ਦੁਹਾਵੈ**।"
— ਗਉ **੫**, ੧੬੦, ੨ : ੧ (198)

ਦੁਹਿ — ਚੋ ਕੇ
"ਕਪਲ ਗਾਇ ਨਾਮੈ **ਦੁਹਿ** ਆਨੀ।"
— ਭੈਰ **ਨਾਮ**, ੩, ੧ : ੨ (1163)

ਦੁਹੀ — ਦੁਹਾਂ, ਦੋਵੇ
"**ਦੁਹੀ** ਸਰਾਈ ਖੁਨਾਮੀ ਕਹਾਏ।"
— ਸੂਹੀ **੫**, ੨੯, ੧ : ੨ (743)

ਦੁਹੁ — 1. ਦੋ
"ਇਕਸੁ **ਦੁਹੁ** ਚਹੁ ਕਿਆ ਗਣੀ ਸਭ ਇਕਤੁ ਸਾਦਿ ਮੁਠੀ।" — ਗਉ **੫**, ੧੬੯*, ੩ : ੧ (218)
2. ਦੁਹਾਂ, ਦੋਨੋਂ
"ਜਨਮ ਮਰਨ **ਦੁਹੁ** ਤੇ ਰਹਿਓ।"
— ਗਉ **੫**, ਅਸ ੧੩, ੬ : ੨ (241)
"ਨਾਨਕ ਸਚਾ ਏਕੁ ਹੈ **ਦੁਹੁ** ਵਿਚ ਹੈ ਸੰਸਾਰੁ।" (ਜਨਮ ਮਰਨ)
— ਰਾਮ **੩**, ਵਾਰ ੮ਸ, **੩**, ੨ : ੯ (950)
3. ਦ੍ਵੰਦ, ਦੁਚਿਤੀ
"ਬੁਰਾ ਭਲਾ ਤਿਚਰੁ ਆਖਦਾ ਜਿਚਰੁ ਹੈ **ਦੁਹੁ** ਮਾਹਿ।"
— ਸੂਹੀ **੩**, ਅਸ ੪, ੭ : ੧ (757)
"ਨਯਣਿ ਬਯਣਿ ਮੁਹਿ ਇਕੁ ਇਕੁ **ਦੁਹੁ** ਠਾਂਇ ਨ ਜਾਣਿਓ।" (ਦ੍ਵੈਤ)
— ਸਵ **੩**, ੧੨ : ੨ (1394)

ਦੁਹੂ — ਦੁਹਾਂ ਤੋਂ
"**ਦੁਹੂ** ਭਾਤਿ ਤੇ ਆਪਿ ਨਿਰਾਰਾ।"
— ਗਉ **੫**, ਬਾਅ ੨ : ੭ (250)
"ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ **ਦੁਹੂ** ਨ ਪਾਈ।" — ਸੋਰ **ਕਬ**, ੧, ੧ : ੨ (654)

ਹੋਰ ਰੂਪ — ਦੁਹੂੰ —
"ਹਿੰਦੂ ਤੁਰਕ **ਦੁਹੂੰ** ਮਹਿ ਏਕੈ ਕਹੈ ਕਬੀਰ ਪੁਕਾਰੀ।"
— ਆਸਾ **ਕਬ**, ੨੯, ੩ : ੨ (483)

ਦੁਹੇਰਾ — ਮੁਸ਼ਕਲ, ਔਖਾ, ਕਠਨ
"ਸੇਜ ਏਕ ਪੈ ਮਿਲਨੁ **ਦੁਹੇਰਾ**।"
— ਆਸਾ **ਕਬ**, ੩੦, ੨ : ੧ (483)

ਦੁਹੇਰੀ — ਦੁਖੀ
"ਤਿਸੁ ਬਿਨੁ ਤੁਹੀ **ਦੁਹੇਰੀ** ਰੀ।"
— ਆਸਾ **੫**, ੮੨, ੧* : ੨ (390)
('ਸ਼ਬਦਾਰਥ' ਇਸ ਦੇ ਅਰਥ 'ਛੁਟੜ' ਕਰਦਾ ਹੈ)

ਦੁਹੇਲੜੀਆ — ਔਖੀ, ਦੁਖੀ
"ਮੁੰਧ ਰੈਣਿ **ਦੁਹੇਲੜੀਆ** ਜੀਉ ਨੀਦ ਨ ਆਵੈ।"
— ਗਉ **੧**, ਛੰਤ ੧, ੧ : ੧ (242)

ਦੁਹੇਲਾ — 1. ਦੁਖਦਾਈ, ਦੁਖ ਵਾਲਾ
"ਦੂਜੈ ਭਾਇ ਅਗਿਆਨੁ **ਦੁਹੇਲਾ**।"
— ਗਉ **੧**, ਅਸ ੧੨, ੪ : ੩ (226)

ਹੋਰ ਰੂਪ — ਦੁਹੇਲੀ —
"ਹਉ ਖਰੀ **ਦੁਹੇਲੀ** ਹੋਈ ਬਾਬਾ ਨਾਨਕ ਮੇਰੀ ਬਾਤ ਨਾ ਪੁਛੈ ਕੋਈ।" (ਦੁਖੀ)
— ਗਉ **੧**, ੧੩, ੩* : ੧ (155)
"ਮਾਣਸ ਸੇਵਾ ਖਰੀ **ਦੁਹੇਲੀ**।" (ਦੁਖਦਾਈ)
— ਬਸੰ **੫**, ੮, ੨ : ੩ (1182)

ਦੁਹੇਲੇ —
"ਲਿਖਿਆ ਆਇਆ ਪਕੜਿ ਚਲਾਇਆ ਮਨਮੁਖ ਸਦਾ **ਦੁਹੇਲੇ**।"
— ਸਿਰੀ **੫**, ਪਹ, ੪, ੫ : ੩ (78)
2. ਔਖਾ
"ਤਰਣੁ **ਦੁਹੇਲਾ** ਭਇਆ ਖਿਨ ਮਹਿ ਖਸਮੁ ਚਿਤਿ ਨ ਆਇਓ।"
— ਆਸਾ **੫**, ਛੰਤ ੧੧, ੩ : ੩ (460)

ਹੋਰ ਰੂਪ — ਦੁਹੇਲੀ —
"ਅਨ ਕਾਏ ਰਾਤੜਿਆ ਵਾਟ **ਦੁਹੇਲੀ** ਰਾਮ।" (ਔਖੀ)
— ਬਿਹਾ **੫**, ਛੰਤ ੭, ੧ : ੧ (546)

ਦੁਕ੍ਰਿਤ — ਮਾੜੇ ਕਰਮ

"**ਦੁਕ੍ਰਿਤ** ਸੁਕ੍ਰਿਤ ਮੰਧੇ ਸੰਸਾਰੁ ਸਗਲਾਣਾ।"
— ਸਿਰੀ **੫**, ੯੬, ੧ : ੧ (51)

ਦੁਕ੍ਰਿਤੁ — ਮੰਦਾ ਭਾਵ ਦੁਖ
"**ਦੁਕ੍ਰਿਤੁ** ਸੁਕ੍ਰਿਤ ਥਾਰੋ ਕਰਮੁ ਰੀ।"
— ਧਨਾ **ਤ੍ਰਿਲੋ**, ੧, ੧* : ੨ (695)

ਦੁਖ — ਤਕਲੀਫ
"ਹੁਕਮੀ ਉਤਮੁ ਨੀਚੁ ਹੁਕਮਿ ਲਿਖਿ **ਦੁਖ** ਸੁਖ ਪਾਈਅਹਿ।" — ਜਪੁ **੧**, ੨ : ੩ (1)

ਹੋਰ ਰੂਪ — ਦੁਖੰ —
"**ਦੁਖੰ** ਭਯੰਤਿ ਸੁਖੰ ਭੈ ਭੀਤੰ ਤ ਨਿਰਭਯਹ।"
— ਸਸ **੫**, ੩੨ : ੨ (1357)

ਦੁਖ-ਸਾਗਰ — ਦੁਖਾਂ ਦਾ ਸਮੁੰਦਰ ਭਾਵ ਸੰਸਾਰ
"**ਦੁਖ-ਸਾਗਰੁ** ਤਿਨ ਲੰਘਿਆ ਪਿਆਰੇ ਭਵਜਲੁ ਪਾਰਿ ਪਰੇ।"
— ਸੋਰ **੫**, ਅਸ ੨, ੧ : ੩ (641)

ਹੋਰ ਰੂਪ — ਦੁਖ-ਸਾਗਰੋ —
"ਮਾਤ ਗਰਭ **ਦੁਖ-ਸਾਗਰੋ** ਪਿਆਰੇ ਤਹ ਅਪਣਾ ਨਾਮੁ ਜਪਾਇਆ।"
— ਸੋਰ **੫**, ਅਸ ੨, ੧;੧ (640)

ਦੁਖਹੰਤਾ — ਦੁਖਾਂ ਨੂੰ ਦੂਰ ਕਰਨ ਵਾਲਾ
"ਤੀਨੇ ਤਾਪ ਨਿਵਾਰਣਹਾਰਾ **ਦੁਖਹੰਤਾ** ਸੁਖ ਰਾਸਿ।"
— ਟੋਡੀ **੫**, ੧੩, ੧ : ੧ (714)

ਦੁਖਹਰ — ਦੁਖ ਦੂਰ ਕਰਨ
"ਅਉਖਧ ਮੰਤ੍ਰ ਤੰਤ੍ਰ ਪਰ **ਦੁਖਹਰ** ਸਰਬ ਰੋਗ ਖੰਡਣ ਗੁਣਕਾਰੀ।"
— ਸਮੁ **੫**, ੯* : ੨ (1389)

ਦੁਖ ਹਰਤ — ਦੁੱਖ ਦੂਰ ਕਰਨ ਵਾਲੇ
"**ਦੁਖ ਹਰਤ** ਕਰਤਾ ਸੁਖਹ ਸੁਆਮੀ ਸਰਣਿ ਸਾਧੂ ਆਇਆ।"
— ਧਨਾ **੫**, ਛੰਤ ੧, ੨ : ੩ (691)

ਦੁਖ ਹਰਣ — ਦੁੱਖ ਦੂਰ ਕਰਨ ਵਾਲੇ
"**ਦੁਖ ਹਰਣ** ਦੀਨ ਸਰਣ ਸ੍ਰੀਧਰ ਚਰਨ ਕਮਲ ਅਰਾਧੀਐ।"
— ਗਉ **੫**, ਛੰਤ ੩, ੧ : ੩ (248)

ਦੁਖ ਹਰਨ — ਦੁੱਖ ਦੂਰ ਕਰਨ ਵਾਲੇ
"**ਦੁਖ ਹਰਨ** ਕਿਰਪਾ ਕਰਨ ਮੋਹਨ ਕਲਿ ਕਲੇਸਹ ਭੰਜਨਾ।" — ਬਿਹਾ **੫**, ਛੰਤ ੮, ੧ : ੩ (547)

ਦੁਖਹਰੁ — ਦੁਖ ਦੂਰ ਕਰਨ ਵਾਲਾ
"ਸਿਮਰਿ ਮਨਾ ਦਾਮੋਦਰੁ **ਦੁਖਹਰੁ** ਭੈ ਭੰਜਨੁ ਹਰਿ ਰਾਇਆ।"
— ਗਉ **੫**, ਛੰਤ ੩, ੨ : ੧ (248)

ਦੁਖੰਤ — ਅਤਿ ਦਾ ਦੁਖ
"ਬਹੰਤਿ ਅਗਾਹ ਤੋਯੰ ਤਰੰਗੰ **ਦੁਖੰਤ** ਗ੍ਰਹ ਚਿੰਤਾ ਜਨਮੰ ਤ ਮਰਣਹ।"
— ਸਸ **੫**, ੧੨ : ੨ (1355)

ਦੁਖਦਾਈ — 1. ਦੁਖ ਦੇਣ ਵਾਲੀ
"ਧਨੁ ਸੰਪੈ ਮਾਇਆ ਸੰਚੀਐ ਅੰਤੇ **ਦੁਖਦਾਈ**।"
— ਸੋਰ **੪**, ਵਾਰ ੧੫ : ੧ (648)

2. ਦੁਖੀ
"ਆਇਆ ਕਾਲੁ **ਦੁਖਦਾਈ** ਹੋਏ ਜੋ ਬੀਜੇ ਸੋ ਖਵਲਾਵੈਗੋ।"
— ਕਾਨ **੪**, ਅਸ ੫, ੬ : ੨ (1311)

ਦੁਖਦਾਰੀ — ਦੁਖਾਂ ਨੂੰ ਦਲਣ ਭਾਵ ਦੂਰ ਕਰਨ ਵਾਲਾ, ਦੁਖ-ਨਾਸ਼ਕ
"ਗਈ ਬਹੋੜੁ ਬੰਦੀ ਛੋੜੁ ਨਿਰੰਕਾਰੁ **ਦੁਖਦਾਰੀ**।"
— ਸੋਰ **੫**, ੬੨, ੧ : ੧ (624)

ਦੁਖਨਹ — ਦੁਖ
"ਸੋਭਾ ਹੀਨ ਨਹ ਭਵੰਤਿ ਨਹ ਪੋਹੰਤਿ ਸੰਸਾਰ **ਦੁਖਨਹ**।" — ਸਸ **੫**, ੨੮ : ੨ (1356)

ਦੁਖਨਿ — ਦੁਖਾਂ ਦਾ
"ਫੁਨਿ **ਦੁਖਨਿ** ਨਾਸੁ ਸੁਖਦਾਯਕੁ ਸੂਰਉ ਜੋ ਧਰਤ ਧਿਆਨੁ ਬਸਤ ਤਿਹ ਨੇਰੇ।"
— ਸਵ **੪**, ਨਲ੍ਯ ੯ : ੩ (1400)

ਹੋਰ ਰੂਪ — ਦੁਖਨੁ —
"ਜਉ ਲਉ ਹਉ ਕਿਛੁ ਸੋਚਉ ਚਿਤਵਉ ਤਉ ਲਉ **ਦੁਖਨੁ** ਭਰੇ।"
— ਗਉ **੫**, ੧੫੯*, ੧ : ੧ (214)

ਦੁਖਭੰਜਨ — ਦੁਖ ਨਾਸ਼ਕ, ਦੁਖਾਂ ਨੂੰ ਤੋੜਨ ਵਾਲਾ
"ਤੁਮ ਦਇਆਲ ਸਰਬ **ਦੁਖ ਭੰਜਨ** ਇਕ ਬਿਨਉ ਸੁਨਹੁ ਦੇ ਕਾਨੇ।"
— ਗਉ **੪**, ੫੬, ੧ : ੧ (169)

ਹੋਰ ਰੂਪ — ਦੁਖਭੰਜਨਾ —
"ਹਰਿ ਚਰਨ ਸਰਨ ਗੋਬਿੰਦ **ਦੁਖ ਭੰਜਨਾ** ਦਾਸ ਅਪੁਨੇ ਕਉ ਨਾਮੁ ਦੇਵਹੁ।" (ਹੇ ਦੁਖ ਦੂਰ

ਕਰਨ ਵਾਲੇ, ਸੰਬੋਧਕ)
— ਧਨਾ **੫**, ੫੩, ੧* : ੧ (683)

"ਹਰਿ ਕੀ ਨ ਸਿਮਰਹੁ **ਦੁਖ ਭੰਜਨਾ**।" (ਦੁੱਖ ਦੂਰ ਕਰਨ ਵਾਲਾ)
— ਭੈਰ **ਕਬ**, ੧੪, ੧* : ੨ (1161)

ਦੁਖ ਭੰਜਨੁ —
"ਸਰਨਿ ਕੋ ਦਾਤਾ **ਦੁਖ ਭੰਜਨੁ** ਸੁਖ ਰਾਇ।"
— ਗੂਜ **੫**, ੩੨, ੧ : ੨ (502)

ਦੁਖਭੰਜਨੋ —
"ਭਉ ਖੰਡਨੁ **ਦੁਖਭੰਜਨੋ** ਭਗਤਿ ਵਛਲ ਹਰਿ ਨਾਇਓ।"
— ਗੂਜ **੫**, ਅਸ ੧੪, ੫ : ੧ (241)

ਦੁਖਾ — ਦੁਖਾਂ
"ਸੇਜ ਸੁਹਾਵੀ ਸਰਬ ਸੁਖ ਹੁਣਿ **ਦੁਖਾ** ਨਾਹੀ ਜਾਇ।"
— ਮਾਝ **੧**, ਬਾਰਾ ੧੩ : ੩ (136)

ਦੁਖਾਏ — ਦੁਖੀ ਕਰਦਾ ਹੈ
"ਆਪਣਾ ਆਪੁ ਨ ਪਛਾਣੈ ਮੂੜਾ ਅਵਰਾ ਆਖਿ **ਦੁਖਾਏ**।"
— ਬਿਹਾ **੪**, ਵਾਰ ੪ਸ, **੩**, ੨ : ੧ (549)

ਦੁਖਾਹੀ — ਦੁਖਾਂਦੇ ਹਨ
"ਲੋਭ ਬਿਖਿਆ ਬਿਖੈ ਲਾਗੇ ਹਿਰਿ ਵਿਤ ਚਿਤ **ਦੁਖਾਹੀ**।"
— ਆਸਾ **੫**, ੧੫੨, ੧* : ੧ (408)

ਦੁਖਾਲਾ — 1. ਦੁਖਵਾਲਾ, ਦੁਖਦਾਈ, ਭਾਵ ਦੁੱਖ
"ਜਿਮੀ ਨਾਹੀ ਮੈ ਕਿਸੀ ਕੀ ਬੋਈ ਐਸਾ ਦੇਨੁ **ਦੁਖਾਲਾ**।" — ਸੂਹੀ **ਕਬ**, ੫, ੧ : ੨ (793)

2. ਦੁਖੀ
"ਸਗਲ ਮਨੋਰਥ ਪੂਰਨ ਹੋਏ ਕਦੇ ਨ ਹੋਇ **ਦੁਖਾਲਾ** ਜੀਉ।" — ਮਾਝ **੫**, ੪੦, ੪ : ੩ (106)

ਹੋਰ ਰੂਪ — ਦੁਖਾਲੀ —
"ਬਿਨੁ ਹਰਿ ਨਾਮੁ ਸੁ ਦੇਹ **ਦੁਖਾਲੀ**।" (ਦੁੱਖੀ)
— ਗਉ **੧**, ਅਸ ੧੦, ੪ : ੩ (225)

"ਚਾਕਰੀ ਵਿਡਾਣੀ ਖ਼ਰੀ **ਦੁਖਾਲੀ** ਆਪੁ ਵੇਚਿ ਧਰਮੁ ਗਵਾਏ।" (ਦੁਖਦਾਈ)
— ਗਉ **੩**, ਛੰਤ ੫, ੩ : ੪ (246)

"ਮੇਰਾ ਪ੍ਰਭੁ ਬਿਸਰੈ ਹਉ ਮਰਉ **ਦੁਖਾਲੀ**।" (ਦੁਖੀ ਹੋ ਕੇ)
— ਬਿਲਾ **੧**, ੪, ੨ : ੧ (796)

ਦੁਖਿ — ਦੁਖ ਨਾਲ/ਵਿਚ
"ਪੰਚੇ ਰੁੰਨੇ **ਦੁਖਿ** ਭਰੇ ਬਿਨਸੇ ਦੂਜੈ ਭਾਇ।"
— ਸਿਰੀ **੧**, ੧੪, ੧ : ੩ (19)

ਦੁਖਿਆ — ਦੁਖਿਤ ਕੀਤਾ, ਦੁਖੀ ਕੀਤਾ
"ਜਿਉ ਜਨ ਚੰਦ੍ਰਹਾਂਸੁ **ਦੁਖਿਆ** ਧ੍ਰਿਸਟਬੁਧੀ ਅਪੁਨਾ ਘਰੁ ਲੂਕੀ ਜਾਰੇ।"
— ਨਟ **੪**, ਅਸ ੪, ੬ : ੨ (982)

ਦੁਖਿਆਰੀ — ਦੁਖੀ ਹੋਈਦਾ ਹੈ
"ਵੇਸਿ ਨ ਪਾਈਐ ਮਹਾ **ਦੁਖਿਆਰੀ**।"
— ਪ੍ਰਭਾ **੫**, ੨, ੫ : ੩ (1348)

ਦੁਖੀ — 1. ਦੁਖਾਂ ਨਾਲ/ਵਿਚ
"ਬਿਨੁ ਗੁਰ ਨੀਦ ਨ ਆਵਈ **ਦੁਖੀ** ਰੈਣਿ ਵਿਹਾਇ।"
— ਸਿਰੀ **੩**, ੪੭, ੨ : ੨ (31)

2. ਦੁਖੀ ਕੀਤੀ ਹੋਈ
"ਸਾਸੁ ਕੀ **ਦੁਖੀ** ਸਸੁਰ ਕੀ ਪਿਆਰੀ ਜੇਠ ਕੇ ਨਾਮ ਡਰਉਰੀ।"
— ਆਸਾ **ਕਬ**, ੨੫, ੧ : ੧ (482)

3. ਦੁੱਖ
"ਜਾ ਕੈ ਸਿਮਰਣਿ ਹੋਇ ਅਨੰਦਾ ਬਿਨਸੈ ਜਨਮ ਮਰਣ ਭੈ **ਦੁਖੀ**।"
— ਸੋਰ **੫**, ੩੦, ੧ : ੧ (617)

4. ਦੁਖ—ਗ੍ਰਸਤ
"ਓਇ ਆਪਿ **ਦੁਖੀ** ਸੁਖੁ ਕਬਹੂ ਨ ਪਾਵਹਿ ਜਨਮਿ ਮਰਹਿ ਮਰਿ ਜਾਹਿ।"
— ਸੋਰ **੪**, ਵਾਰ ੨੯ਸ, **੪**, ੨ : ੪ (652)

ਦੁਖੀਆ — ਦੁਖੀ, ਪੀੜਤ
"ਭਾਈ ਰੇ ਜਗੁ **ਦੁਖੀਆ** ਦੂਜੈ ਭਾਇ।"
— ਸਿਰੀ **੩**, ੪੦, ੧* : ੧ (29)

"ਜਿਹ ਨਰ ਬਿਸਰਿਆ ਪੁਰਖੁ ਬਿਧਾਤਾ ਤੇ **ਦੁਖੀਆ** ਮਹਿ ਗਨਣੇ।" (ਦੁਖੀਆਂ ਵਿਚ)
— ਸੋਰ **੫**, ੧੫, ੨ : ੨ (613)

ਦੁਖੀਐ — ਦੁਖੀ ਹੋਵੇ, ਪੀੜਤ ਹੋਵੇ
"ਫਰੀਦਾ ਇਹੁ ਤਨੁ ਭਉਕਣਾ ਨਿਤ ਨਿਤ **ਦੁਖੀਐ** ਕਉਣੁ।" — ਸਲੋ **ਫਰ**, ੮੮ : ੧ (1382)

ਦੁਖੀਏ — ਦੁਖੀ, ਦੁਖ-ਗ੍ਰਸਤ
"ਜਿਨੀ ਪੁਰਖੀ ਸਤਗੁਰੁ ਨ ਸੇਵਿਓ ਸੇ **ਦੁਖੀਏ** ਜੁਗ

ਚਾਰਿ।" — ਸਿਰੀ **੩**, ਪ੩, ੧ : ੧ (34)

ਦੁਖੁ — ਪੀੜਾ, ਤਕਲੀਫ
"**ਦੁਖੁ** ਪਰਹਰਿ ਸੁਖੁ ਘਰਿ ਲੈ ਜਾਇ।"
— ਜਪੁ **੧**, ਪ : ੬ (2)

ਦੁਖੇ — ਦੁਖ/ਪੀੜਾ/ਤਕਲੀਫ ਹੀ
"ਹਲਤੁ ਪਲਤੁ ਤਿਨੀ ਦੋਵੈ ਗਵਾਏ **ਦੁਖੇ** ਦੁਖਿ ਵਿਹਾਵਣਿਆ।"
— ਮਾਝ **੩**, ਅਸ ੨੩, ੫ : ੩ (123)

ਦੁਖੋ — ਦੁਖ ਹੀ
"ਮਨਮੁਖ ਕਰਮ ਕਰੇ ਅਹੰਕਾਰੀ ਸਭੁ **ਦੁਖੋ** ਦੁਖੁ ਕਮਾਇ।"
— ਸਿਰੀ **੪**, ਵਾਰ ੧੨ਸ, **੩**, ੧ : ੮ (87)

ਦੁਖੰ — ਦੁਖ
"ਘੋਰ **ਦੁਖੰ** ਅਨਿਕ ਹਤੰ ਜਨਮ ਦਾਰਿਦ੍ਰੰ ਮਹਾ ਬਿਖਾਦੰ।" — ਸਸ **੫**, ੧੮ : ੧ (1355)

ਦੁਗਣ — ਦ੍ਵੈਤ ਭਾਵ
"ਇਕੁ ਬਿੰਨਿ **ਦੁਗਣ** ਜੁ ਤਉ ਰਹੈ ਜਾ ਸੁਮੰਤ੍ਰਿ ਮਾਨਵਹਿ ਲਹਿ।"
— ਸਵ **੩**, ੧੪ : ੫ (1395)

ਦੁਗਣੀ — ਦੋ-ਗੁਣੀ, ਦੂਨੀ
"ਤੋ ਪਹਿ **ਦੁਗਣੀ** ਮਜੂਰੀ ਦੈਹਉ ਮੋ ਕਉ ਬੇਢੀ ਦੇਹੁ ਬਤਾਈ ਹੋ।"
— ਸੋਰ **ਨਾਮ**, ੨, ੧ : ੨ (657)

ਦੁਗਾਣਾ — ਦੋ ਗੰਢੇ, ਅੱਠ ਕੌਡੀਆਂ, ਇਕ ਦਮੜੀ
"ਖੋਟੇ ਕਾ ਮੁਲੁ ਏਕੁ **ਦੁਗਾਣਾ**।"
— ਧਨਾ **੧**, ੬, ੨ : ੨ (662)

ਦੁਗੁਣ — ਦੂਣੀ
"ਉਨ ਤੇ **ਦੁਗੁਣ** ਦਿੜੀ ਉਨ ਮਾਏ।"
— ਗਉ **੫**, ੨੮, ੧ : ੪ (178)

ਹੋਰ ਰੂਪ — ਦੁਗੁਣੇ —
"ਖਟੁ ਕਰਮਾ ਤੇ **ਦੁਗੁਣੇ** ਪੂਜਾ ਕਰਤਾ ਨਾਇ।"
(ਦੂਣੇ) — ਸਿਰੀ **੫**, ਅਸ ੨੬, ੫ : ੩ (70)

ਦੁਘਟ — ਔਖਾ, ਬਿਖਮ
"**ਦੁਘਟ** ਘਟ ਭਉ ਭੰਜਨੁ ਪਾਈਐ ਬਾਹੁੜਿ ਜਨਮਿ ਨ ਜਾਇਆ।"
— ਮਾਰੂ **੧**, ਸੋਲਾ ੨੧, ੬ : ੨ (1042)

ਦੁਚਿਤੇ — ਦੁਚਿਤਾਪਣ
"**ਦੁਚਿਤੇ** ਕੀ ਦੁਇ ਥੂਨਿ ਗਿਰਾਨੀ ਮੋਹ ਬਲੇਡਾ ਟੂਟਾ।" — ਗਉ **ਕਬ**, ਅਸ ੪੩, ੧ : ੧ (331)

ਦੁਤਰ — 1. ਔਖਿਆਂ, ਤਰਿਆ ਜਾਣ ਵਾਲਾ
"ਦਾਰਨ ਦੁਖ **ਦੁਤਰ** ਸੰਸਾਰੁ।"
— ਗਉ **੫**, ੧੬੬, ੩ : ੧ (199)

2. ਔਖਿਆਂ ਤਰਨ ਵਾਲੇ
"ਘਰਿ ਆਉ ਪਿਆਰੇ **ਦੁਤਰ** ਤਾਰੇ ਤੁਧੁ ਬਿਨੁ ਅਢੁ ਨ ਮੋਲੋ।"
— ਤੁਖਾ **੧**, ਬਾਰ ੬ : ੩ (1108)

ਦੁਤਰਹ — ਔਖਿਆਂ ਤਰਿਆ ਜਾਣ ਵਾਲਾ
"ਸਾਧ ਸੰਗੇਣ ਤਰਣੰ ਨਾਨਕ ਮਹਾ ਸਾਗਰ ਭੈ **ਦੁਤਰਹ**।" — ਸਸ **੫**, ੫੧ : ੨ (1358)
"ਮਤੇ ਸਮੇਵ ਚਰਣੰ ਉਧਰਣੰ ਭੈ **ਦੁਤਰਹ**।" (ਔਖਿਆਂ ਤਰਿਆ ਜਾਣ ਵਾਲਾ ਸੰਸਾਰ ਸਾਗਰ ਦੇ ਭੈਅ ਤੋਂ) — ਸਸ **੫**, ੬੨ : ੧ (1360)

ਦੁਤਰੁ — ਔਖਿਆਂ ਤਰਿਆ ਜਾਣ ਵਾਲਾ
"ਮਿਲਿ ਸਤਸੰਗਤਿ ਹਰਿ ਗੁਣ ਗਾਏ ਜਗੁ ਭਉਜਲੁ **ਦੁਤਰੁ** ਤਰੀਐ ਜੀਉ।"
— ਮਾਝ **੪**, ੩, ੧ : ੩ (95)
"ਅੰਤਰਿ ਮੈਲੁ ਅਗਿਆਨੀ ਅੰਧਾ ਕਿਉ ਕਰਿ **ਦੁਤਰੁ** ਤਰੀਜੈ ਹੇ।" (ਔਖਿਆਂ ਤਰਿਆ ਜਾਣ ਵਾਲਾ ਸੰਸਾਰ ਸਾਗਰ)
— ਮਾਰੂ **੩**, ਸੋਲਾ ੬, ੧੪ : ੩ (1050)

ਦੁਤੀਆ — 1. ਦ੍ਵੈਤ, ਦੂਜਾ ਭਾਵ
"**ਦੁਤੀਆ** ਭਾਉ ਬਿਪਰੀਤਿ ਅਨੀਤਿ ਦਾਸਾ ਨਹ ਭਾਵਏ ਜੀਉ।"
— ਸਿਰੀ **੫**, ਛੰਤ ੩, ੧ : ੨ (80)

2. ਦੂਜੀ ਥਿੱਤ ਦੁਆਰਾ
"**ਦੁਤੀਆ** ਦੁਰਮਤਿ ਦੂਰਿ ਕਰਿ ਗੁਰ ਸੇਵਾ ਕਰਿ ਨੀਤ।" — ਗਉ **੫**, ਥਿਤੀ ੨ : ੧ (296)
(ਮਹਾਨਕੋਸ਼ ਇਥੇ ਵੀ ਅਰਥ 'ਦਵੈਤ' ਕਰਦਾ ਹੈ)
"**ਦੁਤੀਆ** ਦੁਹ ਕਰਿ ਜਾਨੈ ਅੰਗ।" (ਦੂਜੀ ਥਿਤ ਦੁਆਰਾ ਉਪਦੇਸ਼ ਹੈ)
— ਗਉ **ਕਬ**, ਥਿਤੀ ੩ : ੧ (343)

3. ਦੂਜੀ ਥਾਂ ਤੇ ਫਿਰ
"**ਦੁਤੀਆ** ਤਿਆਗੀ ਲੋਗਾ ਰੀਤਿ।"

— ਆਸਾ **੫**, ੨, ੨ : ੨ (370)

"**ਦੁਤੀਆ** ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ।"

— ਤੁਖਾ **੪**, ਛੰਤ ੪, ੪ : ੧ (1116)

"**ਦੁਤੀਆ** ਮਉਲੇ ਚਾਰਿ ਬੇਦ।" (ਦੂਜੀ ਗਲ ਇਹ ਹੈ) — ਬਸੰ **ਕਬ**, ੧, ੨ : ੧ (1193)

4. ਦੂਜਾ

"**ਦੁਤੀਆ** ਮਤਾ ਦੁਇ ਮਾਨੁਖ ਪਹੁਚਾਵਉ।"

— ਆਸਾ **੫**, ੫, ੨ : ੨ (371)

"ਕਹਿ ਕਬੀਰ ਜਗਜੀਵਨੁ ਐਸਾ **ਦੁਤੀਆ** ਨਾਹੀ ਕੋਇ।"

— ਆਸਾ **ਕਬ**, ੨੨, ੩ : ੨ (482)

5. ਦੁਆਪਰ, ਇਕ ਯੁੱਗ

"**ਦੁਤੀਆ** ਅਰਧੋ ਅਰਧਿ ਸਮਾਇਆ।"

— ਰਾਮ **੫**, ੧੨, ੨ : ੩ (886)

ਦੁਤੇੜਾ — ਤ੍ਰੇੜ, ਫਰਕ (ਸ਼ਬਦਾਰਥ) ਨਿਰਣੈ, ਦੁਹਰਾ, ਘਾਟਾ, ਨੁਕਸਾਨ (ਕੋਸ਼) (ਮਹਾਨਕੋਸ਼), ਘਾਟ (ਦਰਪਣ)

"ਤ੍ਰਿਤੀਏ ਮਹਿ ਕਿਛੁ ਭਇਆ **ਦੁਤੇੜਾ**।"

— ਰਾਮ **੫**, ੧੨, ੨ : ੨ (886)

ਦੁੰਦਰ — ਰੌਲਾ ਪਾਣ ਵਾਲੇ, ਝਗੜਾਲੂ (ਕਾਮਾਦਿਕ)

"**ਦੁੰਦਰ** ਦੂਤ ਭੂਤ ਭੀਹਾਲੇ।"

— ਮਾਰੂ **੧**, ਸੋਲਾ ੧੧, ੮ : ੧ (1031)

ਦੁਧ — ਮਦੀਨ ਦੀਆਂ ਗਿੱਟੀਆ ਦਾ ਰਸ, ਦੁਗੱਧ

"ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ **ਦੁਧ** ਹੋਇ।"

— ਸਿਰੀ **੧**, ਅਸ ੧੧, ੪ : ੧ (160)

"**ਦੁਧ** ਬਿਨੁ ਧੇਨੁ ਪੰਖ ਬਿਨੁ ਪੰਖੀ ਜਲ ਬਿਨੁ ਉਤਭੁਜ ਕਾਮਿ ਨਾਹੀ।"

— ਸਿਰੀ **੧**, ੧੯, ੧ : ੧ (354)

ਦੁਧਵਾਨੀ — ਦੁਧ ਵਰਗੇ ਭਾਵ ਚਿਟੇ

"ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ **ਦੁਧਵਾਨੀ**।"

— ਸੋਰ **ਭੀਖ**, ੧, ੧ : ੧ (659)

ਦੁਧਾ — ਚੋਇਆ ਹੋਇਆ

"ਮੈ ਮਤ ਜੋਬਨਿ ਗਰਬਿ ਗਾਲੀ **ਦੁਧਾ** ਥਣੀ ਨ ਆਵਏ।" — ਗਉ **੧**, ਛੰਤ ੧, ੧ : ੫ (242)

ਦੁਧਿ — ਦੁਧ ਨਾਲ

"ਪਹਿਲੈ ਪਿਆਰਿ ਲਗਾ ਥਣ **ਦੁਧਿ**।"

— ਮਾਝ **੧**, ਵਾਰ ੧ਸ, **੧**, ੨ : ੧ (137)

ਹੋਰ ਰੂਪ — ਦੁਧੁ —

"ਨਦੀਆ ਹੋਵਹਿ ਧੇਣਵਾ ਸੁੰਮ ਹੋਵਹਿ **ਦੁਧੁ** ਘੀਉ।"

— ਮਾਝ **੧**, ਵਾਰ ੯ਸ, **੧**, ੧ : ੧ (141)

ਦੁਧੈ —

"ਧੇਨੁ **ਦੁਧੈ** ਤੇ ਬਾਹਰੀ ਕਿਤੈ ਨ ਆਵੈ ਕਾਮ।" (ਦੁਧ ਤੋਂ) — ਮਾਝ **੫**, ਬਾਰ ੧ : ੩ (133)

ਦੁਨਿਆਈ — ਜਗਤ, ਦੁਨੀਆ ਦੇ ਲੋਕ, ਖਲਕਤ

"ਹੋਰਿਓ ਗੰਗ ਵਹਾਈਐ **ਦੁਨਿਆਈ** ਆਖੈ ਕਿ ਕਿਓਨੁ।" — ਰਾਮ **ਬਸ**, ੪ : ੧ (967)

ਦੁਨੀ — 1. ਦੁਨੀਆ

"ਸਭ **ਦੁਨੀ** ਆਵਣ ਜਾਵਣੀ ਮੁਕਾਮੁ ਏਕੁ ਰਹੀਮੁ।"

— ਸਿਰੀ **੧**, ਅਸ ੧੭, ੬ : ੨ (64)

2. ਦੁਨੀਆਦਾਰੀ

"ਦੀਨ ਛਡਾਇ **ਦੁਨੀ** ਜੋ ਲਾਏ।"

— ਸੂਹੀ **੫**, ੨੯, ੧ : ੧ (743)

3. ਮਾਇਆ

"ਦੁਖੀ **ਦੁਨੀ** ਸਹੇੜੀਐ ਜਾਇ ਤ ਲਗਹਿ ਦੁਖ।"

— ਮਲਾ **੧**, ਵਾਰ ੨੧ਸ, **੧**, ੨ : ੧ (1287)

ਦੁਨੀਆ — 1. (ਅ. ਦੁਨੀਆ) ਸੰਸਾਰ, ਜਗਤ (ਫਾ. ਦੁਨੀਆ)

"ਸਭ **ਦੁਨੀਆ** ਆਵਣ ਜਾਣੀਆ।"

— ਸਿਰੀ **੧**, ੩੩, ੩ : ੩ (26)

2. ਜਗਤ ਦੇ ਲੋਕ

"ਸਭ **ਦੁਨੀਆ** ਸੁਬਹਾਨੁ ਸਚਿ ਸਮਾਈਐ।"

— ਮਾਝ **੧**, ਵਾਰ ੯ : ੨ (142)

ਦੁਨੀਆਂ — 1. ਦੁਨੀਆਦਾਰ

"ਫਰੀਦਾ ਦਰ ਦਰਵੇਸੀ ਗਾਖੜੀ ਚਲਾਂ **ਦੁਨੀਆਂ** ਭਤਿ।" — ਸਲੋ **ਫਰ**, ੨ : ੧ (1378)

2. ਦੁਨੀਆ, ਦੁਨੀਆਂ ਦੇ ਲੋਕ, ਖਲਕਤ

"**ਦੁਨੀਆ** ਮੁਰਦਾਰ ਖੁਰਦਨੀ ਗਾਫਲ ਹਵਾਇ।" — ਤਿਲੰ **੫**, ੧, ੧* : ੨ (723)

ਦੁਨੀਆਇ — ਦੁਨੀਆ

"ਖਾਕ ਨੂਰ ਕਰਦੰ ਆਲਮ **ਦੁਨੀਆਇ**।"

— ਤਿਲੰ **੫**, ੧, ੧ : ੧ (723)

ਦੁਨੀਆਈਐ — ਦੁਨੀਆ ਦੇ, ਜਗਤ ਦੇ, ਸੰਸਾਰ ਦੇ

"ਕਾਲੁ ਬੁਰਾ ਖੈ ਕਾਲੁ ਸਿਰਿ **ਦੁਨੀਆਈਐ**।"
— ਮਾਝ **੧**, ਵਾਰ ੨੦ : ੪ (147)

ਦੁਨੀਆਦਾਰ — ਸੰਸਾਰੀ ਮਨੁੱਖ, ਸੰਸਾਰ ਦੇ ਧੰਧਿਆਂ ਵਿਚ ਉਲਝਿਆ ਮਨੁੱਖ

"ਵਡੇ ਵਡੇ ਜੋ **ਦੁਨੀਆਦਾਰ**।"
— ਗਉ **੫**, ੬, ੨ : ੧ (238)

ਦੁਨੀਦਾਰੁ — ਸੰਸਾਰੀ ਮਨੁਖ

"ਵਡਾ ਹੋਆ **ਦੁਨੀਦਾਰੁ** ਗਲਿ ਸੰਗਲੁ ਘਤਿ ਚਲਾਇਆ।"
— ਆਸਾ **੧**, ਵਾਰ ੩ : ੨ (464)

ਦੁਬਲਾ — ਕੰਮਜ਼ੋਰ, ਦੁਰਬਲ

"ਜੇ ਕੋ ਹੋਵੈ **ਦੁਬਲਾ** ਨੰਗ ਭੁਖ ਕੀ ਪੀਰ।"
— ਸਿਰੀ **੫**, ਅਸ ੨੬, ੨ : ੧ (70)

ਦੁਬਲਿ — ਕੰਮਜੋਰ, ਮਾੜੀ

"ਧਨ ਥੀਈ **ਦੁਬਲਿ** ਕੰਤ ਹਾਵੈ ਕੇਵ ਨੈਣੀ ਦੇਖਏ।"
— ਗਉ **੧**, ਛੰਤ ੧, ੧ : ੩ (242)

ਦੁਬਲੀਆ — ਕੰਮਜੋਰ, ਮਾੜੀ

"ਸਾ ਧਨ **ਦੁਬਲੀਆ** ਜੀਉ ਪਿਰ ਕੈ ਹਾਵੈ।"
— ਗਉ **੧**, ਛੰਤ ੧, ੧ : ੨ (242)

ਦੁਬਿਧਾ — ਦ੍ਵੈਤ ਭਾਵ ਮਨ ਦੀ ਡਾਵਾਂ ਡੋਲ ਹਾਲਤ, ਦੁਚਿਤੀ ਦੋ ਬਿਧਾਂ ਵਿਚ ਹੋਣਾ, ਦੁਪਾਸੀ ਬਿਰਤੀ

"**ਦੁਬਿਧਾ** ਲਾਗੇ ਪਚਿ ਮੁਏ ਅੰਤਰਿ ਤ੍ਰਿਸਨਾ ਅਗਿ।"
— ਸਿਰੀ **੧**, ੧੪, ੨ : ੨ (19)

"ਬਿਨੁ ਗੁਰ ਮੁਕਤਿ ਨ ਪਾਈਐ ਨਾ **ਦੁਬਿਧਾ** ਮਾਇਆ ਜਾਇ।" (ਦ੍ਵੈਤ ਵਿਚ ਰਖਣ ਵਾਲੀ ਮਾਇਆ)
— ਸਿਰੀ **੩**, ਅਸ ੨੧, ੫ : ੩ (67)

ਦੁੰਮਣੀ — ਦੁਚਿਤੀ, ਕੰਮਜ਼ੋਰ ਇਰਾਦੇ ਵਾਲੀ

"ਮੁੰਧ ਇਆਣੀ **ਦੁੰਮਣੀ** ਸੂਹੈ ਵੇਸਿ ਲੋਭਾਇ।"
— ਸੂਹੀ **੩**, ਵਾਰ ੩ਸ, **੩**, ੨ : ੩ (786)

ਦੁਮਾਲੜਾ — ਸਿਰ ਉਪਰ ਕਲਗੀ ਵਾਗੂੰ ਫਰਾਉਣ ਵਾਲਾ ਪਗੜੀ ਦਾ ਲੜ, ਤੁਰਾ

"ਮੈਂ ਗੁਰ ਮਿਲਿ ਉਚ **ਦੁਮਾਲੜਾ**।"
— ਸਿਰੀ **੫**, ਅਸ ੨੯, ੧੭ : ੨ (74)

ਦੁਯਾ — ਦੂਜਾ

"**ਦੁਯਾ** ਕਾ ਗਲੁ ਚਿਤਿ ਨ ਜਾਣਦਾ।"
— ਸਿਰੀ **੫**, ਅਸ ੨੯, ੩ : ੨ (73)

ਦੁਯੀ — ਦੂਜੀ, ਆਪੇ ਤੋਂ ਵੱਖ

"**ਦੁਯੀ** ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ।"
— ਆਸਾ **੧**, ਵਾਰ ੧ : ੨ (463)

ਦੂਐ — ਦੂਜੇ

"**ਦੂਐ** ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ।"
— ਮਾਝ **੫**, ਬਾਰਾਂ ੫ : ੩ (134)

ਦੂਰਗੰਧ — 1. ਭੈੜੀ ਵਾਸ਼ਨਾ

"ਲਾਗਿ ਪਰੇ **ਦੂਰਗੰਧ** ਸਿਉ ਨਾਨਕ ਮਾਇਆ ਬੰਧ।" (ਭਾਵ ਮੰਦ ਭਾਵਨਾ)
— ਗਉ **੫**, ਬਾਅ ੧੧ਸ : ੨ (252)

2. ਬਦਬੂ

"ਮੁਖਿ ਆਵਤ ਤਾ ਕੈ **ਦੁਰਗੰਧ**।"
— ਗਉ **੫**, ਸੁਖ ੫, ੬ : ੪ (269)

3. ਭੈੜੀ ਬੋ/ਗੰਦਗੀ ਵਾਲਾ

"**ਦੂਰਗੰਧ** ਅਪਵਿਤ੍ਰ ਅਪਾਵਨ ਭੀਤਰਿ ਜੋ ਦੀਸੈ ਸੋ ਛਾਰਾ।"
— ਦੇਵ **੫**, ੧੧, ੧* : ੨ (530)

4. ਨਿੰਦਿਤ ਪਦਾਰਥ

"ਜੋ ਦੂਜੇ ਭਾਇ ਸਾਕਤ ਕਾਮਨਾ ਅਰਥਿ **ਦੁਰਗੰਧ** ਸਰੇਵਦੇ ਸੋ ਨਿਹਫਲ ਸਭੁ ਅਗਿਆਨੁ।"
— ਸੂਹੀ **੪**, ੧੧, ੨ : ੨ (734)

"ਓਇ ਆਵਹਿ ਜਾਹਿ ਭਵਾਈਅਹਿ ਬਹੁ ਜੋਨੀ **ਦੁਰਗੰਧ** ਭਾਖੁ।" (ਨਿੰਦਿਤ ਪਦਾਰਥ)
— ਮਾਰੂ **੪**, ੬, ੩ : ੩ (997)

5. ਵਿਸ਼ੇ ਵਿਕਾਰ

"ਭਰਿ ਜੋਬਨਿ ਲਾਗਾ **ਦੁਰਗੰਧ**।"
— ਰਾਮ **੫**, ੨੩, ੨ : ੨ (890)

ਦੁਰਗਮ — ਔਖਾ, ਜਿਥੇ ਜਾਣਾ ਕਠਿਨ ਹੋਵੇ

"**ਦੁਰਗਮ** ਸਥਾਨ ਸਗਮੰ ਮਹਾ ਦੂਖ ਸਰਬ ਸੂਖਣਹ।"
— ਸਸ **੫**, ੪੪ : ੧ (1358)

ਦੁਰਗਾ — 'ਦੁਰਗ' ਦੈਂਤ ਨੂੰ ਮਾਰਨ ਵਾਲੀ ਦੇਵੀ

"**ਦੁਰਗਾ** ਕੋਟਿ ਜਾ ਕੈ ਮਰਦਨੁ ਕਰੈ।"
— ਭੈਰ **ਕਬ**, ਅਸ ੨, ੧ : ੩ (1162)

ਦੁਰਗਾਦਿ — ਬਦਬੂ ਵਾਲੇ, ਬੁਰੀ ਸੁਗੰਧ ਵਾਲੇ

"ਮਿਲਤ ਸੰਗਿ ਪਾਪਿਸਟ ਤਨ ਹੋਏ **ਦੁਰਗਾਦਿ**।"

— ਬਿਲਾ **੫**, ੩੮, ੨ : ੨ (810)

ਦੁਰਗਾਧੇ — ਬਦਬੂ ਵਾਲੇ, ਗੰਦੇ
"ਜੈਸੇ ਮੀਠੈ ਸਾਦਿ ਲੋਭਾਏ ਝੂਠੇ ਧੰਧਿ **ਦੁਰਗਾਧੇ**।"
— ਆਸਾ **੫**, ੧੨੬, ੨ : ੨ (403)

ਦੁਰਜਨ — ਖੋਟੇ,/ਮੰਦਾ/ਭੈੜਾ ਆਦਮੀ
"ਕਾਮੁ ਕ੍ਰੋਧ ਸੰਗਿਤ **ਦੁਰਜਨ** ਕੀ ਤਾ ਤੇ ਅਹਿਨਿਸਿ ਭਾਗਉ।" — ਗਉ **੯**, ੧, ੧* : ੨ (219)

ਦੁਰਜਨਹ — ਵੈਰੀ, ਮਿੱਤਰ ਦੇ ਉਲਟ
"ਸਹਣ ਸੀਲ ਸੰਤੰ ਸਮ ਮਿਤ੍ਰਸ੍ਯ **ਦੁਰਜਨਹ**।"
— ਸਸ **੫**, ੨੨ : ੧ (1356)

ਦੁਰਜਨਾ — ਖੋਟੇ/ਮੰਦੇ/ਭੈੜੇ ਆਦਮੀ
"ਮਨ ਅੰਤਰਿ ਹਉਮੈ ਰੋਗੁ ਹੈ ਭ੍ਰਮਿ ਭੂਲੇ ਮਨਮੁਖ **ਦੁਰਜਨਾ**।"
— ਗਉ **੪**, ਵਾਰ ੩ਸ, **੪**, ੧ : ੧ (301)

ਹੋਰ ਰੂਪ — ਦੁਰਜਨੁ —
"**ਦੁਰਜਨੁ** ਦੂਜਾ ਭਾਉ ਹੈ ਵੇਛੋੜਾ ਹਉਮੈ ਰੋਗੁ।"
— ਮਾਰੂ **੫**, ਵਾਰ ੨ਸ, **੫**, ੩ : ੧ (1094)

ਦੁਰਜੋਧਨ — ਪਾਂਡਵਾਂ ਦਾ ਵਿਰੋਧੀ, ਕੌਰਵਾਂ ਦਾ ਮੁੱਖੀ ਚੰਦਰਬੰਸੀ ਰਾਜਾ ਧ੍ਰਿਤਰਾਸ਼ਟਰ ਦਾ ਵਡਾ ਪੁੱਤਰ
"ਮੇਰੀ ਮੇਰੀ ਕੈਰਉ ਕਰਤੇ **ਦੁਰਜੋਧਨ** ਸੇ ਭਾਈ।"
— ਧਨਾ **ਨਾਮ**, ੧, ੨ : ੧ (692)

ਹੋਰ ਰੂਪ — ਦੁਰਜੋਧਨੁ —
"ਬੂਡਾ **ਦੁਰਜੋਧਨੁ** ਪਤਿ ਖੋਈ।"
— ਗਉ **੧**, ਅਸ ੯, ੯ : ੧ (225)

ਦੁਰਤੁ — ਪਾਪ
"ਲਗੁ ਚਰਣ ਸਰਣ ਦਇਆਲ ਪ੍ਰੀਤਮ ਸਗਲ **ਦੁਰਤੁ** ਬਿਖੰਡਨੋ।"
— ਬਿਲਾ **੫**, ਛੰਤ ੩, ੧ : ੪ (847)

ਦੁਰੰਤ — ਮਾੜੇ/ਭੈੜੇ ਅੰਤ ਵਾਲੇ
"ਮੋਹ ਮਿਥਨ **ਦੁਰੰਤ** ਆਸਾ ਬਾਸਨਾ ਬਿਕਾਰ।"
— ਗੂਜ **੫**, ਅਸ ੨, ੫ : ੧ (508)

ਦੁਰਤੁ — ਪਾਪ, ਦੋਸ਼
"ਸੰਤ ਪ੍ਰਤਾਪਿ **ਦੁਰਤੁ** ਸਭੁ ਨਸੈ।"
— ਗਉ **੫**, ਸੁਖ ੨, ੮ : ੬ (265)
"ਹਾਥੁ ਦੇਇ ਰਾਖੇ ਪਰਮੇਸੁਰਿ ਸਗਲਾ **ਦੁਰਤੁ** ਮਿਟਾਇਆ।" — ਦੇਵ **੫**, ੨੩, ੧ : ੨ (532)

ਦੁਰਬਚਨ — ਕੌੜੇ/ਮਾੜੇ ਬੋਲ, ਕੁਵਾਕ
"**ਦੁਰਬਚਨ** ਭੇਦ ਭਰਮੰ ਸਾਕਤ ਪਿਸਨੰ ਤ ਸੁਰਜਨਹ।" — ਸਸ **੫**, ੪੪ : ੨ (1358)

ਦੁਰਬਲ — ਕੰਮਜ਼ੋਰ, ਨਿਤਾਣਾ
"ਸੋਈ ਮੁਕੰਦੁ **ਦੁਰਬਲ** ਧਨੁ ਲਾਧੀ।"
— ਗੋਂਡ **ਕਬ**, ੧, ੨ : ੪ (875)

ਦੁਰਬਾਸਾ — ਇਕ ਰਿਸ਼ੀ ਜਿਸ ਨਾਲ ਯਾਦਵਾਂ ਨੇ ਮਖੌਲ ਕੀਤਾ ਸੀ
"**ਦੁਰਬਾਸਾ** ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ।" — ਧਨਾ **ਨਾਮ**, ੧, ੪ : ੧ (693)

ਦੁਰਮਤਿ — 1. ਭੈੜੀ/ਖੋਜੀ ਬੁੱਧੀ ਕਰਕੇ
"ਸਬਦਿ ਨ ਭੀਜੈ ਸਾਕਤਾ **ਦੁਰਮਤਿ** ਆਵਨੁ ਜਾਨੁ।"
— ਸਿਰੀ **੧**, ੧੯, ੧ : ੨ (21)
"ਹੋਇ ਕੁਚੀਲੁ ਰਹਾ ਮਲੁ ਧਾਰੀ **ਦੁਰਮਤਿ** ਮਤਿ ਵਿਕਾਰ।" (ਭੈੜੀ ਮਤ ਭਾਵ ਮੂਰਖਤਾ)
— ਮਾਝ **੧**, ਵਾਰ ੪ਸ, **੧**, ੧ : ੫ (139)

2. ਭੈੜੀ/ਖੋਟੀ ਮਤਿ ਵਾਲਾ
"**ਦੁਰਮਤਿ** ਹਰਣਾਖਸੁ ਦੁਰਾਚਾਰੀ।"
— ਗਉ **੧**, ਅਸ ੯, ੪ : ੧ (224)
"ਮਨਮੁਖ ਅਗਿਆਨੁ **ਦੁਰਮਤਿ** ਅਹੰਕਾਰੀ।"
— ਗਉ **੪**, ਵਾਰ ੨੬ਸ, **੩**, ੨ : ੧ (314)
"ਐਸੇ **ਦੁਰਮਤਿ** ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ।"
— ਕੇਦਾ **ਰਵਿ**, ੧, ੩ : ੨ (1124)

ਦੁਰਮਤਿਹ — ਭੈੜੀ ਮਤ
"ਮ੍ਰਿਗ ਤ੍ਰਿਸਨਾ ਗੰਧਰਬ ਨਗਰੰ ਦ੍ਰੁਮ ਛਾਯਾ ਰਚਿ **ਦੁਰਮਤਿਹ**।" — ਸਸ **੫**, ੨੯ : ੧ (1356)

ਦੁਰਮਤੀ — ਮੰਦੀ ਬੁੱਧੀ/ਵਾਸ਼ਨਾ, ਬੇਸਮਝੀ
"ਤਜਿ ਸਕਲ ਦੁਹਕ੍ਰਿਤ **ਦੁਰਮਤੀ** ਭਜੁ ਚਕ੍ਰਧਰ ਸਰਣੰ।" — ਗੂਜ **ਜੈਦੇ**, ੧, ੩ : ੨ (526)
"ਸਾਕਤ ਮੁਠੇ **ਦੁਰਮਤੀ** ਹਰਿ ਰਸੁ ਨ ਜਾਣੰਨ੍ਹਿ।" (ਭੈੜੀ ਮਤ ਕਰਕੇ)
— ਬਿਲਾ **੪**, ਵਾਰ ੧੨ਸ, **੩**, ੧ : ੩ (854)

ਦੁਰਮਤੀਆ — ਭੈੜੀ ਮਤ ਵਾਲਾ, ਖੋਟੀ ਬੁੱਧੀ ਵਾਲਾ
"ਨਿਤ ਨਿਹਫਲ ਕਰਮ ਕਮਾਇ ਬਫਾਵੈ **ਦੁਰਮਤੀਆ**।"

— ਤਿਲੰ ੪, ੨, ੧ : ੧ (723)

ਦੁਰਲਭ — ਔਖਿਆਂ ਲਭਣ ਵਾਲੀ
"**ਦੁਰਲਭ** ਦੇਹ ਪਾਇ ਮਾਨਸ ਕੀ ਬਿਰਥਾ ਜਨਮ ਸਿਰਾਵੈ।" — ਗਉ ੯, ੬, ੧ : ੧ (220)

ਹੋਰ ਰੂਪ — ਦੁਰਲਭੰ —
"ਨਚ **ਦੁਰਲਭੰ** ਧਨੰ ਰੂਪੰ ਨਚ ਦੁਰਲਭੰ ਸ੍ਵਰਗ ਰਾਜਨਹ।" — ਸਸ ੫, ੩੫ : ੧ (1357)

ਦੁਰਲਭੵ —
"ਪਤੰਤਿ ਮੋਹ ਕੂਪ **ਦੁਰਲਭੵ** ਦੇਹੰ ਤਤ ਆਸ੍ਰਯੰ ਨਾਨਕ।" — ਸਸ ੫, ੩ : ੫ (1354)

ਦੁਰਾਉ — 1. ਦੂਰੀ, ਵਖੇਵਾਂ, ਭਾਵ ਪੜਦਾ (ਅਗਿਆਨ ਰੂਪੀ)
"ਸਹਜੇ ਮਿਟਿਓ ਸਗਲ **ਦੁਰਾਉ**।"
— ਗਉ ੫, ਅਸ ੩, ੪ : ੨ (236)
2. ਲੁਕਾਉ, ਪਰਦਾ
"ਕਾ ਕਉ **ਦੁਰਾਉ** ਕਾ ਸਿਉ ਬਲਬੰਚਾ ਜਹ ਜਹ ਪੇਖਉ ਤਹ ਤਹ ਨੇਰਾ।"
— ਬਿਲਾ ੫, ੧੧੨, ੨ : ੧ (827)

ਦੁਰਾਇ — ਲੁਕਾਉ, ਪਰਦਾ
"ਅੰਤਰਿ ਬਾਹਰਿ ਸੰਗਿ ਹੈ ਨਾਨਕ ਕਾਇ **ਦੁਰਾਇ**।"
— ਗਉ ੫, ਬਾਅ ੪੬ਸ : ੨ (259)
"ਨਾਮੁ **ਦੁਰਾਇ** ਚਲੈ ਸੋ ਚੋਰੁ।" (ਲੁਕਾ/ਛੁਪਾਕੇ)
— ਬਸੰ ੧, ਅਸ ੧, ੩ : ੪ (1187)

ਦੁਰਾਈ — ਕਠਿਨ ਹੈ, ਮੁਸ਼ਕਲ/ਔਖੀ ਹੈ
"ਗੋਬਿੰਦ ਠਾਕੁਰ ਮਿਲਨ **ਦੁਰਾਈ**।"
— ਕਾਨ ੫, ੪੨, ੧* : ੧ (1307)

ਦੁਰਾਏ — ਲੁਕਿਆ ਹੋਇਆ, ਪਰਦੇ ਵਿਚ
"ਸਭ ਮਿਲਿ ਏਕੋ ਏਕੁ ਵਖਾਨਹਿ ਤਉ ਕਿਸ ਤੇ ਕਹਉ **ਦੁਰਾਏ**।"
— ਭੈਰ ੫, ੧੫, ੩ : ੨ (1139)

ਦੁਰਾਚਾਰੀ — ਮਾੜੇ/ਖੋਟੇ ਕਰਮ ਕਰਨ ਵਾਲਾ,ਭੈੜੇ ਆਚਾਰ ਵਾਲਾ
"ਦੁਰਮਤਿ ਹਰਣਾਖਸੁ **ਦੁਰਾਚਾਰੀ**।"
— ਗਉ ੧, ਅਸ ੯, ੪ : ੧ (224)

ਦੁਰਾਛੈ — ਬੁਰੀ ਇਛਾ, ਭੈੜੀ ਵਾਸ਼ਨਾ
"ਆਇ ਪਇਓ ਨਾਨਕ ਗੁਰ ਚਰਨੀ ਤਉ ਉਤਰੀ ਸਗਲ **ਦੁਰਾਛੈ**।"
— ਦੇਵ ੫, ੨੮, ੨ : ੨ (534)

ਦੁਰਾਤੇ — ਦੁਰਤ, ਭੈੜ (ਸ਼ਬਦਾਰਥ) : ਲੁਕਾਊ (ਮਹਾਨਕੋਸ਼)
"ਪੰਚ ਤਤ ਮਿਲਿ ਭਇਓ ਸੰਜੋਗਾ ਇਨ ਮਹਿ ਕਵਨ **ਦੁਰਾਤੇ**।" — ਮਾਰੂ ੫, ੪, ੨ : ੨ (999)

ਦੁਰੈ — ਲੁਕਾਂਦੀ, ਲੁਕਦੀ
"ਅੰਤਰਿ ਰਤਨ ਪਦਾਰਥ ਹਿਤ ਕੌ **ਦੁਰੈ** ਨ ਲਾਲ ਪਿਆਰੀ।" — ਸਾਰ ੧, ੩, ੪ : ੧ (1198)

ਦੁਲਹਨੀ — ਸੱਜ-ਵਿਆਹੀ ਇਸਤ੍ਰੀ
"ਗਾਉ ਗਾਉ ਰੀ **ਦੁਲਹਨੀ** ਮੰਗਲ ਚਾਰਾ।"
— ਆਸਾ **ਕਬ**, ੨੪, ੧* : ੧ (482)

ਦੁਲਭ — ਔਖਿਆਈ ਨਾਲ ਪ੍ਰਾਪਤ ਹੋਣ ਵਾਲਾ, ਦੁਰਲਭ
"ਲਖ ਚਉਰਾਸੀਹ ਭ੍ਰਮਤਿਆ **ਦੁਲਭ** ਜਨਮੁ ਪਾਇਓਇ।" — ਸਿਰੀ ੫, ੯੨, ੪ : ੧ (50)

ਹੋਰ ਰੂਪ — ਦੁਲੰਭ —
"ਹਰਿ ਕੀ ਪੂਜਾ **ਦੁਲੰਭ** ਹੈ ਸੰਤਹੁ ਕਹਣਾ ਕਛੂ ਨ ਜਾਈ।" (ਅਮੋਲਕ, ਦੁਰਲਭ)
— ਰਾਮ ੩, ਅਸ ੩, ੧ : ੧ (910)

ਦੁਲਭਾਵਉ — ਔਖਿਆਂ ਪ੍ਰਾਪਤ ਹੋਣ ਵਾਲਾ, ਦੁਰਲਭ
"ਬ੍ਰਹਮਾਦਿਕ ਸਨਕਾਦਿਕ ਸਨਕ ਸਨੰਦਨ ਸਨਾਤਨ ਸੁਨਤਕੁਮਾਰ ਤਿਨ੍ ਕਉ ਮਹਲੁ **ਦੁਲਭਾਵਉ**।"
— ਆਸਾ ੫, ੧੨੧, ੨ : ੨ (401)

ਦੁਲਭਾਇਆ — ਦੁਰਲਭ, ਔਖਿਆਂ ਪ੍ਰਾਪਤ ਹੋਣ ਵਾਲਾ
"ਕਰਮ ਭੂਮਿ ਹਰਿ ਨਾਮੁ ਬੋਇ ਅਉਸਰੁ **ਦੁਲਭਾਇਆ**।"
— ਬਿਲਾ ੫, ੪੬, ੨ : ੨ (812)

ਹੋਰ ਰੂਪ — ਦੁਲਭਾਈ —
"ਅਨਿਕ ਜਨਮ ਭ੍ਰਮਤੌ ਹੀ ਆਇਓ ਮਾਨਸ ਜਨਮੁ **ਦੁਲਭਾਈ**।"
— ਸਾਰ ੫, ੧੬, ੧ : ੧ (1207)

ਦੁਲਭੁ — ਦੁਰਲਭ, ਕਠਿਨਾਈ ਰਾਹੀਂ, ਪ੍ਰਾਪਤ ਹੋਣ ਵਾਲਾ
"ਰਾਮ ਨਾਮੁ **ਦੁਲਭੁ** ਹੈ ਭਾਈ।"
— ਭੈਰ ੩, ੯, ੧* : ੧ (1129)

ਹੋਰ ਰੂਪ — ਦੁਲੰਭੁ —

"ਇਹੁ ਮਾਣਸ ਜਨਮੁ **ਦੁਲੰਭੁ** ਹੈ ਨਾਮ ਬਿਨਾ ਬਿਰਥਾ ਸਭੁ ਜਾਏ।"
— ਆਸਾ **੪**, ਛੰਤ ੧੮, ੨ : ੨ (450)

ਦੁਲਾਰਿਓ — ਦੁਰਾਰਿਓ, ਲੁਕਾਉ, ਛੁਪਾ
"ਅੰਤਰਜਾਮੀ ਸਭ ਬਿਧਿ ਜਾਨੈ ਤਿਸ ਤੇ ਕਹਾ **ਦੁਲਾਏਓ**।" — ਮਾਰੂ **੫**, ੮, ੧ : ੧ (1000)

ਦੁਲੀਚਿਆ — (ਫਾ. ਗਾਲੀਚਾ) ਗਲੀਚਾ, ਕਾਲੀਨ
"ਲਾਲ ਸੁਪੇਦ **ਦੁਲੀਚਿਆ** ਬਹੁ ਸਭਾ ਬਣਾਈ।"
— ਸਾਰ **੪**, ਵਾਰ ੨੪ : ੩ (1247)

ਹੋਰ ਰੂਪ — ਦੁਲੀਚੈ —
"ਮਾਲਿ **ਦੁਲੀਚੈ** ਬੈਠੀ ਲੇ ਮਿਰਤਕੁ ਨੈਨ ਦਿਖਾਲਨੁ ਧਾਇਆ ਰੇ।" (ਭਾਵ ਆਸਨ)
— ਆਸਾ **੫**, ੪੪, ੩ : ੨ (381)

ਦੂ — ਤੋਂ, ਕੋਲੋਂ
"ਸਚੁ ਸਚਾ ਸਭ **ਦੂ** ਵਡਾ ਹੈ ਸੋ ਲਏ ਜਿਸੁ ਸਤਿਗੁਰੁ ਟਿਕੇ।" — ਗਉ **੪**, ਵਾਰ ੮ : ੧ (304)
"ਡਰੀਐ ਤਾਂ ਜੇ ਕਿਛੁ ਆਪ **ਦੂ** ਕੀਚੈ ਸਭ ਕਰਤਾ ਆਪਣੀ ਕਲਾ ਵਧਾਏ।" (ਵਲੋਂ, ਕੋਲੋਂ)
— ਗਉ **੪**, ਵਾਰ ੧੪ਸ, **੪**, ੨ : ੨ (308)

ਹੋਰ ਰੂਪ — ਦੂੰ —
"ਹਿਕ **ਦੂੰ** ਹਿਕਿ ਚਾੜੇ ਅਨਿਕ ਪਿਆਰੇ ਨਿਤ ਕਰਦੇ ਭੋਗ ਬਿਲਾਸਾ।"
— ਜੈਤ **੫**, ਛੰਤ ੧, ੨ : ੩ (703)

ਦੂਆ — 1. ਦੂਜਾ
"ਸਚੇ ਬਾਝਹੁ ਕੋ ਅਵਰੁ ਨ **ਦੂਆ**।"
— ਮਾਝ **੩**, ਅਸ ੨, ੬ : ੧ (113)

2. ਹੋਰ
"ਚਾਰ ਬਿਚਾਰ ਬਿਨਸਿਓ ਸਭ **ਦੂਆ**।"
— ਗਉ **੫**, ਬਾਅ ੨੨ : ੫ (254)

3. ਦ੍ਵੈਤ/ਦੁਜੈਗੀ ਭਾਵ
"ਮਾਇ ਬਾਪ ਪੂਤ ਹਿਤ ਭ੍ਰਾਤਾ ਉਨਿ ਘਰਿ ਘਰਿ ਮੇਲਿਓ **ਦੂਆ**।"
— ਧਨਾ **੫**, ੧੧, ੩ : ੧ (673)

ਦੂਐ — 1. ਦੋ
"ਸੁਖੁ ਨਾਹੀ ਫੁਨਿ **ਦੂਐ** ਤੀਐ।" (ਦੋ ਤਿੰਨ ਭਾਵ ਗਿਣਤੀ ਵਿਚ)
— ਮਾਝ **੩**, ਅਸ ੩, ੭ : ੨ (111)

2. ਦ੍ਵੈਤ ਭਾਵ
"ਕਿਉ ਸੁਖੁ ਪਾਵੈ **ਦੂਐ** ਤੀਐ।" (ਦ੍ਵੈਤ ਭਾਵ ਤੇ ਤਿੰਨ ਗੁਣਾਂ ਵਿਚ)
— ਮਾਰੂ **੧**, ਸੋਲਾ ੩, ੧੨;੨ (1023)

ਦੂਸਰ — ਦੂਜਾ, ਕੋਈ ਹੋਰ
"ਨਾਨਕ ਏਕੋ ਰਵਿ ਰਹਿਆ **ਦੂਸਰ** ਹੋਆ ਨ ਹੋਗੁ।" — ਗਉ **੫**, ਬਾਅ ੧*ਸ : ੨ (250)

ਹੋਰ ਰੂਪ — ਦੂਸਰੁ —
"ਅਗਮੁ ਅਗੋਚਰੁ ਸਾਹਿਬੋ **ਦੂਸਰੁ** ਲਵੈ ਨ ਲਾਵੈ।" — ਬਸੰ **੫**, ਵਾਰ ੩ : ੪ (1193)

ਦੂਸਰੋ —
"ਆਪੁਨੋ ਭਾਵਨੁ ਕਰਿ ਮੰਤ੍ਰਿ ਨ **ਦੂਸਰੋ** ਧਰਿ ਓਪਤਿ ਪਰਲੋ ਏਕੈ ਨਿਮਖ ਤੁ ਘਰਿ।" (ਦੂਜੇ ਨੂੰ) — ਸਮੁ **੫**, ੨ : ੨ (1385)

ਦੂਖ — ਦੁਖ, ਤਕਲੀਫ, ਪੀੜਾ
"ਸੁਣਿਐ **ਦੂਖ** ਪਾਪ ਕਾ ਨਾਸੁ।"
— ਜਪੁ **੧**, ੮ : ੬ (2)

ਦੂਖਹ — ਦੁਖਾਂ ਦੀ/ਦਾ
"ਮਾਨਿ ਆਗਿਆ ਸਰਬ ਸੁਖ ਪਾਏ **ਦੂਖਹ** ਠਾਉ ਗਵਾਇਓ
— ਗਉ **੫**, ੧੩੬*, ੩ : ੧ (209)
"ਨਾਮੁ ਲੈਤ ਸਭ **ਦੂਖਹ** ਨਾਸੁ।"
— ਭੈਰ **੫**, ੪੯, ੧ : ੩ (1150)

ਦੂਖਨ — 1. ਦੁਖਾਂ
"ਸਭ **ਦੂਖਨ** ਕੋ ਹੰਤਾ।"
— ਸਾਰ **੪**, ੧੦, ੧* : ੨ (1201)

ਹੋਰ ਰੂਪ — ਦੂਖਨਿ —
"**ਦੂਖਨਿ** ਗਾਵਉ ਸੁਖਿ ਭੀ ਗਾਵਉ ਮਾਰਗਿ ਪੰਥਿ ਸਮ੍ਹਾਰੀ।"
— ਆਸਾ **੫**, ੧੨੨, ੨ : ੧ (401)

2. ਦੋਸ਼ ਲਭਣ ਨਾਲ, ਨਿੰਦਾ ਕਰਨ ਨਾਲ
"ਸੰਤ ਕੇ **ਦੂਖਨ** ਤੇ ਮੁਖੁ ਭਵੈ।"
— ਗਉ **੫**, ਸੁਖ ੧੩, ੨ : ੧ (279)

ਹੋਰ ਰੂਪ — ਦੂਖਨਾ —
"ਕਈ ਕੋਟਿ ਪਰ **ਦੂਖਨਾ** ਕਰਹਿ।" (ਨਿੰਦਾ)
— ਗਉ **੫**, ਸੁਖ ੧੦, ੨ : ੬ (275)
"ਸੰਤ ਕੀ **ਦੂਖਨਾ** ਸੁਖ ਤੇ ਟਰੈ।" (ਨਿੰਦਾ)

— ਗਉ **੫**, ਸੁਖ ੧੩, ੪ : ੮ (280)

ਦੂਖਨਿ —

"ਸੰਤ ਕੈ **ਦੂਖਨਿ** ਆਰਜਾ ਘਟੈ।" (ਨਿੰਦਾ ਕਰਨ ਨਾਲ)

— ਗਉ **੫**, ਸੁਖ ੧੩, ੧ : ੧ (279)

ਦੂਖਭੰਜਨੁ — ਦੁਖ ਤੋੜਨ/ਦੂਰ ਕਰਨ ਵਾਲਾ

"ਹਰਿ ਚੇਤਿ ਰੇ ਮਨ ਮਹਲੁ ਪਾਵਣ ਸਭ **ਦੂਖ ਭੰਜਨੁ** ਰਾਇਆ।" — ਮਾਲੀ **੪**, ੧, ੩ : ੧ (984)

ਦੂਖਾ — ਦੁਖ

"ਸੰਪਤ ਹਰਖੁ ਨ ਆਪਤ **ਦੂਖਾ** ਰੰਗੁ ਠਾਕੁਰੈ ਲਾਗਿਓ।" — ਗਉ **੫**, ੧੬੦*, ੧ : ੨ (215)

"ਸਤਿਗੁਰਿ ਪੂਰੈ ਸੇਵਿਐ **ਦੂਖਾ** ਕਾ ਹੋਇ ਨਾਸੁ।" (ਦੁਖਾਂ)

— ਗਉ **੫**, ਵਾਰ ੧੦ਸ, **੫**, ੧ : ੧ (320)

ਦੂਖਿ — ਦੁਖ

"ਸੋ ਜਨੁ **ਦੂਖਿ** ਨ ਵਿਆਪੀਐ।"

— ਗਉ **੫**, ੧੪੫, ੨ : ੨ (211)

"ਦੇਰ ਜਿਠਾਣੀ ਮੁਈ **ਦੂਖਿ** ਸੰਤਾਪਿ।" (ਦੁਖ ਨਾਲ/ਵਿਚ) — ਆਸਾ **੫**, ੨, ੧ : ੨ (370)

ਦੂਖੀ — ਦੁਖਾਂ ਨਾਲ

"ਕਿਸੁ ਪਹਿ ਖੋਲ੍ਹਉ ਗੰਠੜੀ **ਦੂਖੀ** ਭਰਿ ਆਇਆ।"

— ਸੂਹੀ **੧**, ਛੰਤ ੫, ੭ : ੨ (767)

ਦੂਖੁ — ਦੁਖ

"ਬਿਨੁ ਸਬਦੈ ਸੁਖੁ ਨਾ ਥੀਐ ਪਿਰ ਬਿਨੁ **ਦੂਖੁ** ਨ ਜਾਇ।" — ਸਿਰੀ **੧**, ੧੩, ੧ : ੩ (18)

ਦੂਖੇ — ਦੁਖ

"ਨ ਓਸੁ ਦੂਖੁ ਨ ਹਮ ਕਉ **ਦੂਖੇ**।"

— ਆਸਾ **੫**, ੮੩, ੧ : ੪ (391)

ਦੂਜੜੀ — ਦੂਜੀ

"ਹਰਿ **ਦੂਜੜੀ** ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ।"

— ਸੂਹੀ **੪**, ਛੰਤ ੨, ੨ : ੧ (773)

ਦੂਜੜੈ — ਦ੍ਵੈਤ ਭਾਵ ਵਿਚ

"**ਦੂਜੜੈ** ਕਾਮਣਿ ਭਰਮਿ ਭੁਲੀ ਹਰਿ ਵਰੁ ਨ ਪਾਏ ਰਾਮ।" — ਆਸਾ **੩**, ਛੰਤ ੬, ੨ : ੧ (439)

ਦੂਜਾ — 1. ਹੋਰ

"ਤੁਝ ਬਿਨੁ **ਦੂਜਾ** ਕੋਈ ਨਾਹਿ।"

— ਆਸਾ **੪**, ਸੋਪੁ, ੨, ੨ : ੨ (11)

"ਜਿਉ ਭਾਵੈ ਤਿਉ ਰਾਖੁ ਤੂ ਮੈ ਅਵਰੁ ਨ **ਦੂਜਾ** ਕੋਇ।" — ਸਿਰੀ **੧**, ੧੬, ੧* : ੨ (20)

"ਹਰਿ ਜੇਹਾ ਅਵਰੁ ਨ ਦਿਸਈ ਕੋਈ **ਦੂਜਾ** ਲਵੈ ਨ ਲਾਇ।" — ਮਾਝ **੫**, ਬਾਰਾ ੧੩ : ੬ (136)

2. ਦ੍ਵੈਤ (ਭਾਵ)

"ਮਨ ਰੇ **ਦੂਜਾ** ਭਾਉ ਚੁਕਾਇ।"

— ਸਿਰੀ **੩**, ੫੨, ੧* : ੧ (33)

"**ਦੂਜਾ** ਖੇਲੁ ਕਰਿ ਦਿਖਲਾਇਆ।" (ਦ੍ਵੈਤ ਭਾਵ ਵਾਲਾ ਖੇਲ)

— ਸਿਰੀ **੧**, ਅਸ ੨੮, ੨੦ : ੨ (73)

"**ਦੂਜਾ** ਮਾਰਿ ਮਨੁ ਸਚਿ ਸਮਾਣਾ।"

— ਮਾਝ **੩**, ੧੮, ੮ : ੨ (120)

"**ਦੂਜਾ** ਮਾਰਿ ਸਬਦਿ ਪਛਾਤਾ।"

— ਗਉ **੧**, ਅਸ ੫, ੬ : ੨ (223)

3. ਦੂਸਰਾ

"ਹਰਿ ਇਕੋ ਦਾਤਾ ਵਰਤਦਾ **ਦੂਜਾ** ਅਵਰੁ ਨ ਕੋਇ।" — ਸਿਰੀ **੩**, ੫੭, ੨ : ੧ (36)

"ਸਦਾ ਸਦਾ ਤੂੰ ਏਕੁ ਹੈ ਤੁਧੁ **ਦੂਜਾ** ਖੇਲੁ ਰਚਾਇਆ।"

— ਮਾਝ **੧**, ਵਾਰ ੩ : ੧ (139)

"ਏਕੁ ਸਬਦੁ **ਦੂਜਾ** ਹੋਰੁ ਨਾਸਤਿ ਕੰਦ ਮੂਲਿ ਮਨੁ ਲਾਵਸਿਤਾ।"

— ਗਉ **੧**, ੧੫, ੧* : ੨ (155)

4. ਸੰਸਾਰ, ਜਨਮ ਮਰਨ ਦਾ ਗੇੜ (ਭਾਵ)

"ਨਾਨਕ ਭਾਇ ਭਗਤਿ ਨਿਸਤਾਰਾ ਦੁਬਿਧਾ ਵਿਆਪੈ **ਦੂਜਾ**।"

— ਸਿਰੀ **੧**, ਪਹ ੨, ੨ : ੬ (75)

ਦੂਜਾਣੇ — ਹੋਰ ਕਿਸੇ ਨਾਲ

"ਜਿਨ੍ਾ ਨੇਹੁ **ਦੂਜਾਣੇ** ਲਗਾ ਝੂਰਿ ਮਰਹੁ ਸੇ ਵਾਢੀਆ।"

— ਸੂਹੀ **੫**, ਅਸ ੪, ੧ : ੨ (761)

ਦੂਜੀ — 1. ਕਿਸੇ ਹੋਰ

"ਜਿਨੀ ਨਾਮੁ ਵਿਸਾਰਿਆ **ਦੂਜੀ** ਕਾਰੈ ਲਗਿ।"

— ਸਿਰੀ **੧**, ੧੪, ੨ : ੧ (19)

"ਜਬ ਲਗੁ ਘਟ ਮਹਿ **ਦੂਜੀ** ਆਨ।"

— ਗਉ **ਕਬ**, ਵਾ ੮ : ੧ (345)

ਹੋਰ ਰੂਪ — ਦੂਜੈ —

"ਜੇ **ਦੂਜੈ** ਪਾਸਹੁ ਮੰਗੀਐ ਤਾ ਲਾਜ ਮਰਾਈਐ।" (ਕਿਸੇ ਹੋਰ)

— ਵਡ **੪**, ਵਾਰ ੧੦ : ੩ (590)

2. ਦੂਸਰੀ

"ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ **ਦੂਜੀ** ਵਾਰ।"

— ਸਿਰੀ **੧**, ਅਸ ੮, ੭ : ੧ (58)

"ਜਨ ਨਾਨਕ **ਦੂਜੀ** ਲਾਵ ਚਲਾਈ ਅਨਹਦ ਸਬਦ ਵਜਾਏ।"

— ਸੂਹੀ **੪**, ਛੰਤ ੨, ੨ : ੬ (774)

3. ਦ੍ਵੈਤ ਭਾਵ ਵਾਲੀ, ਦੁਜੈਗੀ, ਦ੍ਵੈਤ

"ਤਉ **ਦੂਜੀ** ਦ੍ਰਿਸਟਿ ਨ ਪੈਸੈ ਕਬੈ।" (ਦਵੈਤ ਭਾਵ ਵਾਲੀ)

— ਗਉ **ਕਬ**, ਵਾਰ ੬ : ੪ (344)

"ਦੁਬਿਧਾ ਵਿਚਿ ਬੈਰਾਗੁ ਨ ਹੋਵੀ ਜਬ ਲਗੁ **ਦੂਜੀ** ਰਾਈ।" (ਦ੍ਵੈਤ ਅਵਿਦਿਆ)

— ਸੋਰ **੧**, ਅਸ ੧, ੪ : ੧ (634)

"ਅੰਦਰਹੁ ਦੁਰਮਤਿ **ਦੂਜੀ** ਖੋਈ ਸੋ ਜਨੁ ਹਰਿ ਲਿਵ ਲਾਗਾ।" (ਦ੍ਵੈਤ ਭਾਵ ਵਾਲੀ)

— ਸੂਹੀ **੩**, ਛੰਤ ੧, ੨ : ੪ (767)

ਹੋਰ ਰੂਪ — ਦੂਜੇ —

"ਧ੍ਰਿਗੁ ਏਹ ਆਸਾ **ਦੂਜੇ** ਭਾਵ ਕੀ ਜੋ ਮੋਹਿ ਮਾਇਆ ਚਿਤੁ ਲਾਏ।"

— ਬਿਲਾ **੪**, ਵਾਰ ੫ਸ, **੩**, ੧ : ੧ (850)

ਦੂਜੇਰੈ — ਹੋਰ, ਦੂਜੇ, ਦੂਸਰੇ

"ਸਗਲ ਤਿਆਗਹੁ ਭਾਉ **ਦੂਜੇਰੈ**।"

— ਕਾਲ **੫**, ੩੪, ੨ : ੨ (1304)

ਦੂਜੈ — 1. ਦ੍ਵੈਤ

"ਧ੍ਰਿਗੁ ਜੀਵਣੁ ਦੋਹਾਗਣੀ ਮੁਠੀ **ਦੂਜੈ** ਭਾਇ।"

— ਸਿਰੀ **੧**, ੧੩, ੧ : ੧ (18)

"**ਦੂਜੈ** ਮੁਠੀ ਰੋਵੈ ਧਾਹੀ।"

— ਮਾਝ **੩**, ਅਸ ੨੯, ੬ : ੨ (127)

2. ਦੂਸਰੇ

"ਪਹਿਲਾ ਪਹਰੁ ਧੰਧੈ ਗਇਆ **ਦੂਜੈ** ਭਰਿ ਸੋਇਆ।"

— ਸਿਰੀ **੫**, ੭੪, ੩ : ੧ (43)

"**ਦੂਜੈ** ਮਾਇ ਬਾਪ ਕੀ ਸੁਧਿ।" (ਦੂਸਰੇ ਦੂਜੀ ਥਾਂ ਤੇ)

— ਮਾਝ **੧**, ਵਾਰ ੧ਸ, **੧**, ੨ : ੨ (137)

3. ਹੋਰ,

"ਦਰਿ ਘਰਿ ਢੋਈ ਨਾ ਲਹੈ ਛੂਟੀ **ਦੂਜੈ** ਸਾਦਿ।"

— ਸਿਰੀ **੧**, ਅਸ ੫, ੫ : ੩ (56)

"ਮੇਰੇ ਮਨ ਨਾਮ ਬਿਨਾ ਜੋ **ਦੂਜੈ** ਲਾਗੇ ਤੇ ਸਾਕਤ ਨਰ ਜਮਿ ਘੁਟੀਐ।"

— ਗਉ **੪**, ੫੭, ੪ : ੧ (170)

ਦੂਣ — ਦੋ ਗੁਣਾਂ, ਦੁਗਣਾ, ਦੂਣੀ

"**ਦੂਣ** ਚਉਣੀ ਦੇ ਵਡਿਆਈ ਸੋਭਾ ਨੀਤਾ ਨੀਤ।"

— ਸੋਰ **੫**, ੩੭, ੧* : ੨ (618)

ਦੂਣਾ — ਦੋ ਗੁਣਾਂ ਭਾਵ ਵਧੇਰਾ

"ਅਪਰਾਧੀ **ਦੂਣਾ** ਨਿਵੈ ਜੋ ਹੰਤਾ ਮਿਰਗਾਹਿ।"

— ਆਸਾ **੧**, ਵਾਰ ੧੪ਸ, **੧**, ੧ : ੭ (470)

ਦੂਣਿ — ਦੋ ਪਹਾੜਾਂ ਦੇ ਵਿਚਕਾਰਲਾ ਮੈਦਾਨ/ਵਾਦੀ, ਭਾਵ ਜਨਮ ਮਰਨ ਦਾ ਗੇੜ

"**ਦੂਣਿ** ਨ ਪਰਈ ਫੰਕ ਬਿਚਾਰੈ।"

— ਗਉ **ਕਬ**, ਬਾਅ ੨੮ : ੩ (341)

(ਮਹਾਨਕੋਸ਼ ਇਸ ਦਾ ਅਰਥ 'ਘਾਟਾ' 'ਨੁਕਸਾਨ' ਕਰਦਾ ਹੈ)

ਦੂਣੀ — ਦੋ ਗੁਣਾਂ ਭਾਵ ਵਧੇਰੀ, ਬਹੁਤੀ

"ਬਹੁ ਬਿਧਿ ਕਰਮ ਕਮਾਵਦੇ **ਦੂਣੀ** ਮਲ ਲਾਗੀ ਆਇ।" — ਸਿਰੀ **੩**, ੬੪, ੧ : ੩ (39)

ਦੂਤ — 1. ਵੈਰੀ

"**ਦੂਤ** ਲਗੇ ਫਿਰ ਚਾਕਰੀ ਸਤਿਗੁਰ ਕਾ ਵੇਸਾਹੁ।" (ਭਾਵ ਵਾਸ਼ਨਾਵਾਂ)

— ਸਿਰੀ **੧**, ੧੧, ੧ : ੨ (18)

"ਪੰਚ **ਦੂਤ** ਮੁਹਹਿ ਸੰਸਾਰਾ।" (ਕਾਮਾਦਿਕ)

— ਮਾਝ **੩**, ਅਸ ੭, ੨ : ੧ (113)

ਹੋਰ ਰੂਪ — ਦੂਤਹ —

"ਮਹਾ ਬੀਚਾਰ ਪੰਚ **ਦੂਤਹ** ਮੰਥ।" (ਕਾਮਾਦਿਕ ਵੈਰੀ) — ਗੋਂਡ **੫**, ੧੭, ੧ : ੪ (867)

ਦੂਤਨ —

"**ਦੂਤਨ** ਸੰਗਰੀਆ।"

— ਬਿਹਾ **੫**, ੧, ੧ : ੧ (537)

ਦੂਤਨਹ —

"ਕੀਰਤਨੰ ਸਾਧ ਸੰਗੇਣ ਨਾਨਕ ਨਹ ਦ੍ਰਿਸਟੰਤਿ ਜਮ **ਦੂਤਨਹ**।"

— ਸਸ **੫**, ੩੪ : ੨ (1357)

ਦੂਤਾ —
"ਮਨੁ ਵਸਿ **ਦੂਤਾ** ਦੁਰਮਤਿ ਦੋਇ।" (ਕਾਮਾਦਿਕ)
— ਗਉ **੧**, ਅਸ ੩, ੧ : ੨ (222)

ਦੂਤਾਰੇ —
"ਦੀਨ ਦਇਆਲਿ ਕਰੀ ਪ੍ਰਭਿ ਕਿਰਪਾ ਵਸਿ ਕੀਨੇ ਪੰਚ **ਦੂਤਾਰੇ**।"
— ਧਨਾ **੫**, ੧, ੧* : ੨ (670)

ਦੂਤੁ —
"ਗੁਰ ਸਰਣਾਈ ਜੋਹਿ ਨ ਸਾਕੈ **ਦੂਤੁ** ਨ ਸਕੈ ਸੰਤਾਈ।"
— ਗੂਜ **੧**, ਅਸ ੩, ੪ : ੧ (504)

2. ਨਿੰਦਕ, ਚੁਗਲ
"**ਦੂਤ** ਦੁਸਮਣ ਸਭਿ ਸਜਣ ਹੋਏ ਏਕੋ ਸੁਆਮੀ ਆਹਿਆ ਜੀਉ।"
— ਮਾਝ **੫**, ੪੩, ੨ : ੩ (107)
"ਮਨੂਆ ਡੋਲੈ **ਦੂਤੁ** ਸੰਗਤਿ ਮਿਲਿ ਸੋ ਪਾਏ ਜੋ ਕਿਛੁ ਕੀਨਾ ਹੇ।" (ਮਾੜੇ ਵਿਅਕਤੀ)
— ਮਾਰੂ **੧**, ਸੋਲਾ ੮, ੭ : ੩ (1028)

ਹੋਰ ਰੂਪ — ਦੂਤਾ —
"ਸੰਤਾ ਮਾਨਉ **ਦੂਤਾ** ਡਾਨਉ ਇਹ ਕੁਟਵਾਰੀ ਮੇਰੀ।" — ਰਾਮ **ਕਬ**, ੪, ੧ : ੧ (969)

3. ਹਰਕਾਰਾ, ਸੁਨੇਹਾ ਲਿਆਉਣ ਵਾਲਾ
"ਧਰਮ ਰਾਇ ਕੇ **ਦੂਤ** ਨ ਜੋਹੈ।" (ਜਮਦੂਤ)
— ਗਉ **੫**, ੯੭, ੨ : ੩ (185)

ਹੋਰ ਰੂਪ — ਦੂਤਹ —
"**ਦੂਤਹ** ਦਹਨੁ ਭਇਆ ਗੋਵਿੰਦੁ ਪ੍ਰਗਟਾ-ਇਆ।" (ਜਮਦੂਤ ਸੜ ਗਏ)
— ਆਸਾ **੫**, ਛੰਤ ੧੨, ੨ : ੨ (460)
"ਪੁਜਿ ਦਿਵਸ ਆਏ ਲਿਖੇ ਮਾਏ ਦੁਖੁ ਧਰਮ **ਦੂਤਹ** ਡਿਠਿਆ।" (ਦੂਤਾਂ ਨੂੰ)
— ਜੈਤ **੫**, ਛੰਤ ੩, ੧ : ੫ (705)

ਦੂਤਾ —
"**ਦੂਤਾ** ਨੋ ਫੁਰਮਾਇਆ ਲੈ ਚਲੇ ਪਤਿ ਗਵਾਇ।"
— ਆਸਾ **੧**, ਅਸ ੧੧, ੪ : ੨ (417)

ਦੂਤਿ —
"ਘਤਿ ਗਲਾਵਾਂ ਚਾਲਿਆ ਤਿਨਿ **ਦੂਤਿ** ਅਮਲ ਤੇ।" — ਗਉ **੪**, ਵਾਰ ੩੨ : ੩ (317)

ਦੂਤੁ —
"**ਦੂਤੁ** ਨ ਲਾਗਿ ਸਕੈ ਗੁਨ ਗਾਇ।"
— ਆਸਾ **੧**, ਅਸ ੯, ੨ : ੪ (416)

ਦੂੰਦਰ — ਰੌਲਾ/ਸ਼ੋਰ ਮਚਾਉਣ ਵਾਲੇ, ਝਗੜਾਲੂ
"ਊਂਦਰ **ਦੂੰਦਰ** ਪਾਸਿ ਧਰੀਜੈ।"
— ਰਾਮ **੧**, ਅਸ ੫, ੮ : ੧ (905)

ਦੂਧ — ਦੁੱਧ
"ਬਾਰ ਬਿਵਸਥਾ ਤੁਝਹਿ ਪਿਆਰੈ **ਦੂਧ**।"
— ਗਉ **੫**, ਸੁਖ ੪, ੧ : ੫ (266)

ਦੂਧਹਿ — ਦੁੱਧ ਨੂੰ
"**ਦੂਧਹਿ** ਦੁਹਿ ਜਬ ਮਟੁਕੀ ਭਰੀ।"
— ਭੈਰ **ਨਾਮ**, ੧੦, ੨੦ : ੧ (1166)

ਦੂਧਾਧਾਰੀ — ਨਿਰੇ ਦੁੱਧ ਦੇ ਅਹਾਰ ਤੇ ਜੀਉਣ ਵਾਲੇ
"ਜਗ ਮਹਿ ਬਕਤੇ **ਦੂਧਾਧਾਰੀ**।"
— ਗੋਂਡ **ਕਬ**, ੧੧, ੩ : ੩ (873)

ਦੂਧਿ — ਦੁਧ ਵਿਚ
"ਅੰਮ੍ਰਿਤ ਖੰਡੁ **ਦੂਧਿ** ਮਧੁ ਸੰਚਸਿ ਤੂ ਬਨ ਚਾਤੁਰ ਰੇ।" — ਮਾਰੂ **੧**, ੪, ੩ : ੧ (990)

ਹੋਰ ਰੂਪ — ਦੂਧੁ —
"ਬਿਸੀਅਰ ਕਉ ਬਹੁ **ਦੂਧੁ** ਪੀਆਈਐ ਬਿਖੁ ਨਿਕਸੈ ਫੋਲਿ ਫੁਲੀਠਾ।"
— ਗਉ **੪**, ੬੧, ੩ : ੨ (171)

ਦੂਧੈ —
"ਅਗਨਿ ਮਰੈ ਜਲੁ ਪਾਈਐ ਜਿਉ ਬਾਰਿਕ **ਦੂਧੈ** ਮਾਇ।"
— ਸਿਰੀ **੧**, ਅਸ ੧੫, ੮ : ੨ (63)

ਦੂਨਾ — ਦੋਗੁਣਾ
"ਕਬੀਰ ਸੰਗਤਿ ਸਾਧ ਕੀ ਦਿਨ ਦਿਨ **ਦੂਨਾ** ਹੇਤੁ।"
— ਸਲੋ **ਕਬ**, ੧੦੦ : ੧ (1369)

ਦੂਬਲਾ — ਪਤਲਾ ਭਾਵ ਕੰਮਜ਼ੋਰ, ਵੇਖੋ 'ਦੁਬਲਾ'
"ਕਬੀਰ ਹਰਨਾ **ਦੂਬਲਾ** ਇਹੁ ਹਰਿਆਰਾ ਤਾਲੁ।"
—ਸਲੋ **ਕਬ**, ੫੩ : ੧ (1367)

ਦੂਰ — (ਫ਼ਾ. ਦੂਰ) ਫ਼ਾਸਲੇ, ਦੂਰੀ
"ਰੂਪ ਹੀਨ ਬੁਧਿ ਬਲ ਹੀਨੀ ਮੋਹਿ ਪਰਦੇਸਨਿ **ਦੂਰ** ਤੇ ਆਈ।" — ਗਉ **੫**, ੧੧੮*, ੧ : ੧ (204)

ਦੂਰਹਿ — ਦੂਰ ਤੋ, ਫਾਸਲੇ ਤੋਂ, ਵੇਖੋ 'ਦੂਰ'
"ਕਬੀਰ ਸਾਕਤ ਸੰਗੁ ਨ ਕੀਜੀਐ **ਦੂਰਹਿ** ਜਾਈਐ ਭਾਗਿ।" — ਸਲੋ **ਕਬ**, ੧੩੧ : ੧ (1371)
ਹੋਰ ਰੂਪ — ਦੂਰਹੁ —
"**ਦੂਰਹੁ** ਹੀ ਤੇ ਭਾਗਿ ਗਇਓ ਹੈ ਜਿਸੁ ਗੁਰ ਮਿਲਿ ਛੁਟਕੀ ਤ੍ਰਿਕੁਟੀ ਰੇ।" (ਦੂਰ ਤੋਂ)
— ਦੇਵ **੫**, ੩੨, ੧ : ੨ (535)

ਦੂਰਣਹ — ਦੂਰ, ਫਾਸਲੇ ਤੇ
"ਖੰਡਣੰ ਕਲਿ ਕਲੇਸਹ ਪ੍ਰਭ ਸਿਮਰਿ ਨਾਨਕ ਨਹ **ਦੂਰਣਹ**।"
— ਜੈਤ **੫**, ਵਾਰ ੩ਸ, **੫**, ੧ : ੨ (706)

ਦੂਰੰਤਰਿ — ਦੂਰੋਂ, ਹੀ ਫਾਸਲੇ ਤੋਂ ਹੀ
"ਮਿਲਤ ਸਾਂਤਿ ਉਪਜੈ ਦੁਰਤੁ **ਦੂਰੰਤਰਿ** ਨਾਸੈ।"
— ਸਵ **੪**, ਕਲ ੬ : ੨ (1397)

ਦੂਰਬਾ — ਦੁਰਬਾਸਾ ਰਿਸ਼ੀ ਜੋ ਨਿੱਕੀ ਜਿਹੀ ਗੱਲ ਤੇ ਕ੍ਰੋਧ ਵਿਚ ਆ ਸਰਾਪ ਦੇ ਦਿੰਦਾ ਸੀ।
"**ਦੂਰਬਾ** ਪਰੂਰਉ ਅੰਗਰੈ ਗੁਰ ਨਾਨਕ ਜਸੁ ਗਾਇਓ।" — ਸਵ **੧**, ੧੦ : ੫ (1390)

ਦੂਰਾਇਓ — ਦੂਰ ਜਾਪਨਾ
"ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ **ਦੂਰਾਇਓ**।"
— ਸੋਰ **੫**, ੬੧, ੩ : ੨ (628)

ਦੂਰਾਈ — 1. ਦੂਰ ਭਾਵ ਕਠਿਨ
"ਜਉ ਲਉ ਭਾਉ ਅਭਾਉ ਇਹੁ ਮਾਨੈ ਤਉ ਲਉ ਮਿਲਣੁ **ਦੂਰਾਈ**।"
— ਸੋਰ **੫**, ੩, ੧ : ੧ (609)
2. ਦੂਰ, ਫਾਸਲੇ ਤੇ
"ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ **ਦੂਰਾਈ**।" — ਮਾਰੂ **੫**, ੬, ੨ : ੨ (1000)

ਦੂਰਾਰੀ — ਦੂਰ (ਫਾ. ਦੂਰਾ ਦੂਰ)
"ਸੋ ਮਾਰਗੁ ਸੰਤਨ **ਦੂਰਾਰੀ**।"
— ਆਸਾ **੫**, ੯੧, ੧ : ੨ (393)

ਦੂਰਿ — 1. ਵਿਥ/ਫਾਸਲੇ/ਦੂਰੀ ਤੇ
"ਗਾਵੈ ਕੋ ਜਾਪੈ ਦਿਸੈ **ਦੂਰਿ**।"
— ਜਪੁ **੧**, ੩ : ੨ (2)
2. ਦੂਰ ਕਰਨਾ, ਹਟ/ਮਿਟ ਜਾਣਾ (ਭਾਵ)
"ਸਚੈ ਸਬਦਿ ਸਦਾ ਮਨੁ ਰਾਤਾ ਭ੍ਰਮੁ ਗਇਆ ਸਰੀਰਹੁ **ਦੂਰਿ**।" (ਪਰਾਂ, ਦੂਰੀ ਦੇ ਭਾਵ ਹਟ ਗਿਆ)
— ਸਿਰੀ **੩**, ੫੪, ੨ : ੩ (34)
"ਘਰਿ ਵਰੁ ਪਾਇਆ ਆਪਣਾ ਹਉਮੈ **ਦੂਰਿ** ਕਰੇਇ।" (ਮਿਟਾ ਦੇਵੇ)
— ਸਿਰੀ **੩**, ੬੧, ੪ : ੩ (38)

ਦੂਰੀ — ਵਿੱਥ, ਫਾਸਲਾ (ਫਾ. ਦੂਰੀ)
"ਆਪੇ ਜਲਿ ਥਲਿ ਵਰਤਦਾ ਮੇਰੇ ਗੋਵਿਦਾ ਰਵਿ ਰਹਿਆ ਨਹੀ **ਦੂਰੀ** ਜੀਉ।"
— ਗਉ **੪**, ੬੮, ੩ : ੨ (177)

ਦੂਰੁ — ਵਿਥ ਉਤੇ, ਫਾਸਲੇ ਤੇ
"ਨੇੜੇ ਦਿਸੈ ਮਾਤ ਲੋਕ ਤੁਧੁ ਸੁਝੈ **ਦੂਰੁ**।"
— ਰਾਮ **ਬਸ**, ਵਾਰ ੫ : ੮ (967)

ਦੂਰੇ — 1. ਦੂਰ ਹੋ ਗਏ, ਮਿਟ ਗਏ, ਮੁੱਕ ਗਏ
"ਨਾਨਕ ਰਾਮ ਮਿਲੇ ਭ੍ਰਮ **ਦੂਰੇ**।"
— ਗਉ **੧**, ੧੧, ੪ : ੨ (154)
"ਜੈ ਡਿਠੇ ਮਨੁ ਧੀਰੀਐ ਕਿਲਵਿਖ ਵੰਞਨਿ **ਦੂਰੇ**।"
— ਸੂਹੀ **੫**, ਅਸ ੪, ੨ : ੧ (761)
2. ਵਿਥ ਤੇ, ਦੂਰੀ ਤੇ
"ਤਾ ਕਉ ਅੰਧਾ ਜਾਨਤ **ਦੂਰੇ**।"
— ਗਉ **੫**, ਸੁਖ ੪, ੩ : ੬ (267)

ਦੂਲਹ — ਪਤੀ, ਲਾੜਾ
"ਚਾਰਿ ਮੁਕਤਿ ਚਾਰੈ ਸਿਧ ਮਿਲਿ ਕੈ **ਦੂਲਹ** ਪ੍ਰਭ ਕੀ ਸਰਨਿ ਪਰਿਓ।"
— ਮਾਰੂ **ਨਾਮ**, ੧, ੧ : ੧ (1105)
ਹੋਰ ਰੂਪ — ਦੂਲਹੁ —
"ਰਾਮ ਰਾਇ ਸੋ **ਦੂਲਹੁ** ਪਾਇਓ ਅਸ ਬਡਭਾਗ ਹਮਾਰਾ।"
— ਆਸਾ **ਕਬ**, ੨੪, ੨ : ੨ (482)

ਦੂੜਾ — ਹਰਕਾਰਾ, ਦੂਤ, ਸੁਨੇਹਾ ਲਿਆਉਣ ਵਾਲਾ (ਸ਼ਬਦਾਰਥ) : ਦੌੜਦਾ (ਦਰਪਣ), ਟੋਲਾ (ਨਿਰਣੇ)
"**ਦੂੜਾ** ਆਇਓਹਿ ਜਮਹਿ ਤਣਾ।"
— ਸਿਰੀ **ਤ੍ਰਿਲੋ**, ੨, ੧* : ੧ (92)

ਦੇ — 1. ਦੇਂਦਾ ਹੈ, ਪ੍ਰਦਾਨ ਕਰਦਾ ਹੈ
"ਦੇਦਾ **ਦੇ** ਲੈਦੇ ਥਕਿ ਪਾਹਿ।"
— ਜਪੁ **੧**, ੩ : ੧੧ (2)
"ਚਹੁ ਵਰਨਾ ਕਉ **ਦੇ** ਉਪਦੇਸੁ।" (ਦੇਦਾ/ਪ੍ਰਦਾਨ

ਕਰਦਾ ਹੈ) — ਗਉ **੫**, ਸੁਖ ੯, ੪ : ੯ (274)

2. ਲਾ ਕੇ

"**ਦੇ** ਸਾਬੂਣੁ ਲਈਐ ਓਹੁ ਧੋਇ।"
— ਜਪੁ **੧**, ੨੦ : ੪ (4)

"ਆਪਣ ਹਥੀ ਆਪਣੈ **ਦੇ** ਕੂਚਾ ਆਪੇ ਲਾਇ।"
— ਮਾਝ **੧**, ਵਾਰ ੨੨ਸ, **੨**, ੧ : ੨ (148)

3. ਦੁਆਰਾ, ਬਦਲੇ

"ਸਚੁ ਕਰਣੀ **ਦੇ** ਪਾਈਐ ਦਰੁ ਘਰੁ ਮਹਲੁ ਪਿਆਰਿ।"
— ਸਿਰੀ **੧**, ੧੨, ੨ : ੨ (18)

"ਜਿਸੁ ਤੂੰ ਰਖਹਿ ਹਥ **ਦੇ** ਤਿਸੁ ਮਾਰਿ ਨ ਸਕੈ ਕੋਇ।" (ਦੇ ਕੇ, ਆਸਰੇ ਦੁਆਰਾ)
— ਸਿਰੀ **੫**, ੭੫, ੨ : ੩ (43)

"ਜੇ ਮਨੁ ਸਤਿਗੁਰ **ਦੇ** ਮਿਲੈ ਕਿਨਿ ਕੀਮਤਿ ਪਾਈ।"
— ਆਸਾ **੧**, ਅਸ ੧੭, ੭ : ੨ (420)

4. ਦਾ ਦੇ

"ਪਹਿਲਾ ਧਰਤੀ ਸਾਧਿ ਕੈ ਸਚੁ ਨਾਮੁ **ਦੇ** ਦਾਣੁ।"
(ਦਾ ਬੀਜ) — ਸਿਰੀ **੧**, ੧੩, ੨ : ੨ (19)

"ਪਰਵਦਗਾਰੁ ਸਾਲਾਹੀਐ ਜਿਸ **ਦੇ** ਚਲਤ ਅਨੇਕ।" — ਸਿਰੀ **੫**, ੮੯, ੪ : ੧ (49)

"ਇਕਿ ਰਤਨ ਪਦਾਰਥ ਵਣਜਦੇ ਇਕਿ ਕਚੈ **ਦੇ** ਵਾਪਾਰਾ।"
— ਮਾਝ **੧**, ਵਾਰ ੭ : ੧ (141)

5. ਦੇ ਕੇ

"ਅਨ ਕਉ ਮਤੀ **ਦੇ** ਚਲਹਿ ਮਾਇਆ ਕਾ ਵਾਪਾਰੁ।"
— ਸਿਰੀ **੧**, ਅਸ ੫, ੬ : ੨ (56)

"**ਦੇ** ਕੰਨੁ ਸੁਣਹੁ ਅਰਦਾਸਿ ਜੀਉ।" (ਕੰਨ ਦੇ ਕੇ ਭਾਵ ਧਿਆਨ ਲਾ ਕੇ)
— ਸਿਰੀ **੫**, ਅਸ ੨੯, ੧੨ : ੨ (74)

6. ਥਾਂ ਤੇ (ਭਾਵ)

"ਪਹਿਲੋ **ਦੇ** ਤੈਂ ਰਿਜਕੁ ਸਮਾਹਾ।"
— ਮਾਝ **੧**, ਅਸ ੩੫, ੬ : ੧ (130)

7. ਜਾ ਕੇ (ਭਾਵ)

"ਪਿਛੋ **ਦੇ** ਤੈਂ ਜੰਤੁ ਉਪਾਹਾ।" (ਜਾ ਕੇ)
— ਮਾਝ **੧**, ਅਸ ੩੫, ੬ : ੨ (130)

"ਪਹਿਲਾ ਫਾਹਾ ਪਾਇਆ ਪਾਧੇ ਪਿਛੋ **ਦੇ** ਗਲਿ ਚਾਟੜਿਆ।"
— ਆਸਾ **੩**, ਪਟੀ ੫ : ੨ (435)

8. ਦੇ/ ਰੱਖ ਕੇ (ਭਾਵ)

"**ਦੇ ਦੇ** ਨੀਵ ਦਿਆਲ ਉਸਾਰੀ ਭਸਮੰਦਰ ਕੀ ਢੇਰੀ।" — ਗਉ **੧**, ੧੩, ੫ : ੧ (155)

9. ਹਵਾਲੇ ਕਰਕੇ, ਸਪੁਰਦ ਕਰਕੇ, ਦੇ ਕੇ

"ਮਨੁ **ਦੇ** ਲੀਆ ਰਹਿਸ ਗੁਣ ਗਾਈ।"
— ਗਉ **੧**, ਅਸ ੨, ੩ : ੩ (221)

10. ਹੀ (ਭਾਵ)

"ਅਗੋ **ਦੇ** ਜੇ ਚੇਤੀਐ ਤਾ ਕਾਇਤੁ ਮਿਲੈ ਸਜਾਇ।"
— ਆਸਾ **੧**, ਅਸ ੧੧, ੫ : ੧ (417)

11. ਦੇ ਕੇ ਭਾਵ ਖਾ ਕੇ

"ਸਾਹਿਬ ਸਿਉ ਮਨੁ ਮਾਨਿਆ **ਦੇ** ਸਾਚੁ ਅਧਾਰੁ।" (ਸਚ ਦਾ ਭੋਜਨ ਦੇ ਕੇ) (ਭਾਵ ਖਾ ਕੇ)
— ਆਸਾ **੧**, ਆਸਾ ੨੦, ੨ : ੨ (421)

12. 'ਦੇਵ' ਦਾ ਸੰਖੇਪ

"ਆਸਿ ਪਾਸਿ ਪੰਚ ਜੋਗੀਆ ਬੈਠੇ ਬੀਚਿ ਨਕਟ **ਦੇ** ਰਾਨੀ।"
— ਆਸਾ **ਕਬ**, ੪, ੧ : ੨ (476)

13. ਦੈਵੀ

"**ਦੇ** ਗੁਨਾ ਸਤਿ ਭੈਣ ਭਰਾਵ ਹੈ ਪਾਰੰਗਤਿ ਦਾਨੁ ਪੜੀਵਦੈ।"
— ਰਾਮ **ਬਸ**, ਵਾਰ ੧ : ੨ (966)

ਦੇਉ — 1. ਦਿੱਤਾ ਹੈ

"ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ **ਦੇਉ**।"
— ਮਾਝ **੧**, ਵਾਰ ੨੭ਸ, **੨**, ੧ : ੨ (150)

"ਸੰਤ **ਦੇਉ** ਸੰਦੇਸਾ ਪੈ ਚਰਣਾਰੇ ਜੀਉ।"
— ਗਉ **੫**, ੧੬੭*, ੧ : ੩ (217)

"ਨਾਨਕ ਵਾਹੁ ਵਾਹੁ ਜੋ ਕਰਹਿ ਹਉ ਤਨੁ ਮਨੁ ਤਿਨ੍ ਕਉ **ਦੇਉ**।" (ਅਰਪਨ ਕਰਦਾ ਹਾਂ)
— ਗੂਜ **੩**, ਵਾਰ ੧੭ਸ, **੩**, ੧ : ੬ (515)

2. ਪ੍ਰਮਾਤਮਾ, ਹਰੀ ਰੂਪ

"ਮਨੁ ਮਧੁਸੂਦਨੁ ਤ੍ਰਿਭਵਣ **ਦੇਉ**।" (ਤਿੰਨਾ ਲੋਕਾਂ ਨੂੰ ਉਜਲ ਕਰਨਾ/ਰੌਸ਼ਨੀ ਦੇਣ ਵਾਲਾ ਭਾਵ ਪ੍ਰਮਾਤਮਾ)
— ਗਉ **ਕਬ**, ੨੮, ੩ : ੨ (329)

ਹੋਰ ਰੂਪ — ਦੇਂਉ —

"ਹੀਉ **ਦੇਉ** ਸਭੁ ਮਨੁ ਤਨੁ ਅਰਪਉ ਸੀਸੁ ਚਰਣ ਪਰਿ ਰਾਖਿਓ।"
— ਸਾਰ **੫**, ੫, ੨ : ੨ (1204)

ਦੇਊ —
"ਆਉ ਬੈਠੁ ਆਦਰੁ ਸੁਭ **ਦੇਊ**।"
— ਗਉ **੫**, ਬਾਅ ੧੦ : ੪ (252)

3. ਦੇਵਤਾ
"ਸਤਿਗੁਰੁ ਜਾਗਤਾ ਹੈ **ਦੇਉ**।" (ਜਿਊਂਦਾ ਜਾਗਦਾ ਦੇਵਤਾ)
— ਆਸਾ **ਕਬ**, ੧੪, ੧* : ੨ (479)
"ਐਸੇ ਹੀ ਠਗ **ਦੇਉ** ਬਖਾਨੈ।" (ਠਗਾਂ ਦਾ ਦੇਵਤਾ/ਗੁਰੂ)
— ਆਸਾ **ਨਾਮ**, ੪, ੨ : ੨ (486)
"ਜੇ ਓਹੁ **ਦੇਉ** ਤ ਓਹੁ ਭੀ ਦੇਵਾ।"
— ਗੂਜ **ਨਾਮ**, ੧, ੪ : ੩ (525)
"ਗੁਰੁ ਮੇਰਾ **ਦੇਉ** ਅਲਖ ਅਭੇਉ।" (ਦੇਵਤਾ, ਪੂਜਨੀਕ) — ਗੋਂਡ **੫**, ੯, ੧ : ੩ (864)

4. ਜਿੰਨ, ਭੂਤ
"ਹਰਿ ਸਿਮਰਤ ਦੈਤ **ਦੇਉ** ਨ ਪੋਹੈ।"
— ਭੈਰ **੫**, ੪੯, ੨ : ੨ (1150)

ਦੇਅਹੁ — ਦੇਵੋ
"ਦੋਸੁ ਨ **ਦੇਅਹੁ** ਰਾਇ ਨੋ ਮਤਿ ਚਲੈ ਜਾਂ ਬੁਢਾ ਹੋਵੈ।" — ਸਲੋ **੧**, ੩੨ : ੧ (1412)

ਦੇਇ — 1. ਦਿੰਦਾ ਹੈ,ਦੇਣ ਦਾ/ਪ੍ਰਦਾਨ ਕਰਨ ਦਾ ਭਾਵ
"ਆਪੇ ਜਾਣੈ ਆਪੇ **ਦੇਇ**।"
— ਜਪੁ **੧**, ੨੫ : ੧੪ (5)

ਹੋਰ ਰੂਪ — ਦੇਈ —
"ਭਾਵੈ ਦੇਇ ਨ **ਦੇਈ** ਸੋਇ।"
— ਸਿਰੀ **੧**, ੩੨, ੧ : ੩ (25)

2. ਦੇਵੇ, ਸਹਾਇਕ ਕਿਰਿਆ
"ਸਤਿਗੁਰੁ ਮਨ ਕਾਮਨਾ ਤੀਰਥੁ ਹੈ ਜਿਸ ਨੋ **ਦੇਇ** ਬੁਝਾਇ।"
— ਸਿਰੀ **੩**, ੩੪, ੧ : ੨ (26)
"ਕਿਰਪਾ ਕਰੇ ਗੁਰੁ ਪਾਈਐ ਹਰਿ ਨਾਮੋ **ਦੇਇ** ਦ੍ਰਿੜਾਇ।"— ਸਿਰੀ **੩**, ੫੨, ੧ : ੧ (33)

ਹੋਰ ਰੂਪ — ਦੇਈ —
"ਪਾਪੀਆ ਨੋ ਨ **ਦੇਈ** ਥਿਰੁ ਰਹਿਣ ਚੁਣਿ ਨਰਕ ਘੋਰਿ ਚਾਲਿਅਨੁ।" (ਦਿੰਦਾ, ਸਹਾਇਕ ਕਿਰਿਆ)
— ਸਿਰੀ **੪**, ੧੯ : ੪ (90)
"ਪਾਸਿ ਨ **ਦੇਈ** ਕੋਈ ਬਹਣਿ ਜਗਤ ਮਹਿ ਗੂਹ ਪੜਿ ਸਗਵੀ ਮਲੁ ਲਾਇ ਮਨਮੁਖੁ ਆਇਆ।"
— ਗਉ **੪**, ਵਾਰ ੧੨ਸ, **੪**, ੧ : ੨ (306)

ਦੇਸ — 1. ਮੁਲਕ, ਭੂਖੰਡ ਦੀ ਇਕਾਈ
"ਕੇਤੇ ਇੰਦ ਚਿੰਦ ਸੂਰ ਕੇਤੇ ਕੇਤੇ ਮੰਡਲ **ਦੇਸ**।"
— ਜਪੁ **੧**, ੩੫ : ੬ (7)

2. ਵਤਨ, ਆਪਣੇ ਦੇਸ਼
"ਦਰ ਘਰ ਮਹਲਾ ਹਸਤੀ ਘੋੜੇ ਛੋਡਿ ਵਿਲਾਇਤਿ **ਦੇਸ** ਗਏ।"
— ਆਸਾ **੧**, ੩੩, ੨ : ੧ (358)
"**ਦੇਸ** ਵੇਸ ਸੁਵਰਨ ਰੂਪਾ ਸਗਲ ਊਣੇ ਕਾਮਾ।" (ਮਹਾਨਕੋਸ਼ ਇਸ ਦੇ ਅਰਥ ਸਰੀਰ ਦੇ ਅੰਗ ਕਰਦਾ ਹੈ)
— ਬਿਹਾ **੫**, ਛੰਤ ੯, ੧ : ੪ (547)

ਦੇਸਹਿ — ਦੇਵੇਂਗਾ
"ਦੇਵਲਾ ਦੇਵਲ ਧਾਹੜੀ **ਦੇਸਹਿ** ਉਗਵਤ ਸੂਰ।"
— ਸਲੋ **ਕਬ**, ੧੨੬ : ੨ (1371)

ਦੇਸੰਤਰ — ਦੇਸ ਅੰਦਰ
"ਪੜਿ ਪੜਿ ਪੰਡਿਤ ਮੋਨੀ ਥਕੇ **ਦੇਸੰਤਰ** ਭਵਿ ਥਕੇ ਭੇਖਧਾਰੀ।"
— ਸਾਰ **੪**, ਵਾਰ ੨੪ਸ, **੩**, ੧ : ੧ (1246)

ਹੋਰ ਰੂਪ — ਦੇਸੰਤਰੁ —
"**ਦੇਸੰਤਰੁ** ਭਵੈ ਦੂਜੈ ਭਾਇ ਖੁਆਏ।"
— ਮਾਝ **੩**, ੨੪, ੪ : ੨ (123)

ਦੇਸਨਿ — ਦੇਣਗੀਆਂ
"ਬਿਨੁ ਸਤਿਗੁਰੁ ਭਰਮਿ ਭੁਲਾਣੀਆ ਕਿਆ ਮੁਹੁ **ਦੇਸਨਿ** ਆਗੈ ਜਾਏ।"
— ਵਡ **੩**, ਅਲਾ ੪, ੩ : ੨ (585)

ਦੇਸਾ — 1. ਦੇਵਾਂਗਾ,
"ਹਉ ਕਿਆ ਮੁਹੁ **ਦੇਸਾ** ਦੁਸਟੁ ਚੋਰੁ।" (ਵਖਾਵਾਂਗਾ)
— ਸਿਰੀ **੧**, ੨੯, ੪ : ੨ (24)

2. ਸਰੀਰ ਦੇ ਅੰਗ, ਗਿਆਨ ਇੰਦਰੇ
"ਹਉ ਮਨੁ ਅਰਪੀ ਸਭੁ ਤਨੁ ਅਰਪੀ ਅਰਪੀ

ਸਭਿ **ਦੇਸਾ**।"
— ਗਉ **੫**, ਛੰਤ ੧, ੩ : ੧ (247)

3. ਦੇਸ
"ਹਮ ਪਾਪੀ ਤੁਮ ਪਾਪ ਖੰਡਨ ਨੀਕੋ ਠਾਕੁਰ **ਦੇਸਾ**।" — ਸੋਰ **੫**, ੧੨, ੧* : ੨ (613)

ਦੇਸਾਂਗਿਓ — ਦੇਸ, ਥਾਂ, ਟਿਕਾਣਾ
"ਪੂਛਉ ਪੂਛਉ ਦੀਨ ਭਾਂਤਿ ਕਰਿ ਕੋਊ ਕਹੈ ਪ੍ਰਿਅ **ਦੇਸਾਂਗਿਓ**।"— ਸਾਜਰ **੫**, ੫, ੨ : ੧ (1204)

ਦੇਸਿ — ਮੁਲਕ/ਵਤਨ/ਖੇਤ ਵਿਚ
"ਨਿਰੰਕਾਰ ਕੈ **ਦੇਸਿ** ਜਾਹਿ ਤਾ ਸੁਖਿ ਲਹਹਿ ਮਹਲੁ।" — ਸੋਰ **੧**, ੨, ੩ : ੩ (595)
"ਬਹੁਤ ਸਜਾਇ ਪਇਆ **ਦੇਸ** ਲੰਮੇ।" (ਲੰਮੇ ਦੇਸ ਵਿਚ ਭਾਵ ਜਨਮ ਮਰਨ ਦੇ ਲੰਮੇ ਗੇੜ ਵਿਚ)
— ਮਾਰੂ **੫**, ਅਸ ੮, ੫ : ੨ (1020)

ਦੇਸੀ — 1. ਦੇਵੇਗਾ
"ਮਨਮੁਖ ਜਨਮੁ ਬਿਰਥਾ ਗਇਆ ਕਿਆ ਮੁਹੁ **ਦੇਸੀ** ਜਾਇ।" (ਭਾਵ ਵਿਖਾਵੇਗਾ)
— ਸਿਰੀ **੩**, ੫੪, ੩ : ੪ (35)
"ਨਿਰਭਉ ਨਿਰੰਕਾਰੁ ਭਵ ਖੰਡਨੁ ਸਭਿ ਸੁਖ ਨਵਨਿਧਿ **ਦੇਸੀ**।" — ਸੋਰ **੫**, ੧, ੧ : ੩ (608)

2. ਦੇਸ਼/ਵਤਨ ਦੇ
"ਏਕਾ **ਦੇਸੀ** ਏਕੁ ਦਿਖਾਵੈ ਏਕੋ ਰਹਿਆ ਬਿਆਪੈ।" — ਰਾਮ **੫**, ੮, ੧ : ੨ (885)

ਦੇਸੁ — 1. ਵਤਨ, ਮੁਲਕ
"ਭਰਮੇ ਭਾਹਿ ਨ ਵਿਝਵੈ ਜੇ ਭਵੈ ਦਿਸੰਤਰ **ਦੇਸੁ**।"
— ਸਿਰੀ **੧**, ੨੨, ੧ : ੧ (22)
"ਧੰਨੁ ਸੁ **ਦੇਸੁ** ਜਹਾ ਤੂ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ।" — ਮਾਝ **੫**, ੮, ੨ : ੩ (96)

2. ਮਲਕੀਅਤ
"ਜੀਉ ਪਿੰਡ ਸਭੁ ਹਰਿ ਕਾ **ਦੇਸੁ**।"
— ਆਸਾ **੫**, ੫, ੨ : ੨ (371)

ਦੇਹ — 1. ਦਿੰਦਾ ਹੈ
"ਗਾਵੈ ਕੋ ਜੀਅ ਲੈ ਫਿਰਿ **ਦੇਹ**।"
— ਜਪੁ **੧**, ੩ : ੬ (2)

2. ਦੇਵੋ
"ਬਾਬਾ ਆਵਹੁ ਭਾਈਹੋ ਗਲਿ ਮਿਲਹ ਮਿਲਿ ਮਿਲਿ **ਦੇਹ** ਅਸੀਸਾ ਹੇ।"
— ਵਡ **੧**, ਅਲਾ ੫, ੨ : ੧ (582)

3. ਸਰੀਰ
"ਭਰੀਐ ਹਥੁ ਪੈਰੁ ਤਨੁ **ਦੇਹ**।"
— ਜਪੁ **੧**, ੨੦ : ੧ (4)

ਹੋਰ ਰੂਪ — ਦੇਹੰ —
"ਮਿਥੰਤ **ਦੇਹੰ** ਖੀਣੰਤ ਬਲਨੰ।"
— ਸਸ **੫**, ੩ : ੧ (1354)

4. ਜਨਮ/ਜੀਵਨ
"ਸਿਮਰਿ ਸੁਆਮੀ ਅੰਤਰਜਾਮੀ ਮਾਨੁਖ **ਦੇਹ** ਕਾ ਇਹੁ ਉਤਮ ਫਲੁ।"
— ਟੋਡੀ **੫**, ੨੬, ੧ : ੨ (717)

ਦੇਂਹ — 1. ਦੇਂਦਾ ਹੈ
"**ਦੇਂਹ** ਅਧਾਰੁ ਸਰਬ ਕਉ ਠਾਕੁਰ ਜੀਅ ਪ੍ਰਾਨ ਸੁਖਦਾਤੇ।" — ਸਾਰ **੫**, ੨੬, ੧ : ੨ (1209)

2. ਦਿਨ
"ਅਨਿਕ ਸੂਖ ਚਕਵੀ ਨਹੀ ਚਾਹਤ ਅਨਦ ਪੂਰਨ ਪੇਖਿ **ਦੇਂਹ**।"
— ਜੈਤ **੫**, ੧੦, ੧ : ੧ (702)

ਦੇਹਧਾਰ — ਦੇਹਧਾਰੀ, ਜੀਵ
"**ਦੇਹਧਾਰ** ਅਰੁ ਦੇਵਾ ਡਰਪਹਿ ਸਿਧ ਸਾਧਿਕ ਡਰਿ ਮੁਇਆ।"
— ਮਾਰੂ **੫**, ੧, ੨ : ੧ (998)

ਦੇਹੜਿ — ਦੇਹੀ, ਸਰੀਰ
"ਚੜਿ **ਦੇਹੜਿ** ਘੋੜੀ ਬਿਖਮੁ ਲਘਾਏ ਮਿਲੁ ਗੁਰਮੁਖਿ ਪਰਮਾਨੰਦਾ।"
— ਵਡ **੪**, ਘੋੜੀ ੧, ੪ : ੪ (575)

ਦੇਹਾ — 1. ਦੇਹੀ
"ਤੇਰੀ ਨਦਰੀ ਸੀਝਸਿ **ਦੇਹਾ**।"
— ਮਾਝ **੩**, ਅਸ ੬, ੭ : ੨ (112)
"ਸਤਿਗੁਰੁ ਹੋਇ ਦਇਆਲੁ ਤਾ ਸਦ ਹੀ ਸੁਖੁ **ਦੇਹਾ**।" (ਸਰੀਰ ਨੂੰ)
— ਮਾਝ **੧**, ਵਾਰ ੨੫ : ੬ (149)
"ਹਉ ਵੇਖਿ ਵੇਖਿ ਗੁਰੂ ਵਿਗਸਿਆ ਗੁਰ ਸਤਿਗੁਰ **ਦੇਹਾ**।" (ਸਰੀਰ, ਰੂਪ, ਦਰਸ਼ਨ, ਜਾਤ)
— ਤਿਲੰ **੪**, ਅਸ ੨, ੧੨ : ੨ (726)

2. ਦੇਣ ਲਈ
"ਸਾਹੁ ਪਜੂਤਾ ਪ੍ਰਣਵਤਿ ਨਾਨਕ ਲੇਖਾ **ਦੇਹਾ**।"

— ਆਸਾ **੫**, ੩੪, ੪ : ੨ (359)

ਦੇਹਾਦਿ — ਦੇਹ/ਸਰੀਰ ਆਦਿ
"ਫਿਰਤੁ ਫਿਰਤੁ ਮਾਨੁਖੁ ਭਇਆ ਖਿਨ ਭੰਗਨ **ਦੇਹਾਦਿ**।" — ਬਿਲਾ **੫**, ੩੮, ੩ : ੧ (810)

ਦੇਹਿ — 1. ਦੇਓ, ਦਾਨ ਕਰੋ
"ਆਖਹਿ ਮੰਗਹਿ **ਦੇਹਿ ਦੇਹਿ** ਦਾਤਿ ਕਰੇ ਦਾਤਾਰੁ।"
— ਜਪੁ **੧**, ੪ : ੨ (2)
"ਜੋ ਤਉ ਭਾਵੈ ਸੋਈ ਥੀਸੀ ਜੋ ਤੂੰ **ਦੇਹਿ** ਸੋਈ ਹਉ ਪਾਈ।" (ਦੇਵੇਂਗਾ)
— ਆਸਾ **੪**, ਸੋਪੁ ੨, ੧* : ੨ (11)
"ਤੂੰ ਸਚਾ ਤੇਰਾ ਕੀਆ ਸਭੁ ਸਾਚਾ **ਦੇਹਿ** ਤ ਸਾਚੁ ਵਖਾਣੀ।" (ਦੇਵੇ)
— ਆਸਾ **੩**, ਅਸ ੨੩, ੮ : ੧ (423)
"ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ **ਦੇਹਿ**।" (ਦਿੰਦਾ ਹੈ)
— ਗੂਜ **੧**, ੧, ੩ : ੧ (489)
2. ਦੇਓ, ਸਹਾਇਕ ਕਿਰਿਆ
"ਗੁਰਾ ਇਕ **ਦੇਹਿ** ਬੁਝਾਈ।"
— ਜਪੁ **੧**, ੫ : ੧੦ (22)
"ਅੰਤਰਿ ਬਾਹਰਿ ਏਕੁ ਤੂ ਆਪੇ **ਦੇਹਿ** ਬੁਝਾਈ ਰਾਮ।" — ਵਡ **੩**, ਛੰਤ ੬, ੪ : ੨ (571)
3. ਅਰਪਨ ਕਰੋ, ਭੇਟਾ ਕਰੋ
"ਮਨੁ ਤਨੁ ਅਪਨਾ ਤਿਨ ਜਨ **ਦੇਹਿ**।"
— ਗਉ **੫**, ਸੁਖ ੧੨, ੮ : ੨ (286)

ਦੇਹੀ — 1. ਸਰੀਰ, ਤਨ
"ਜਾ ਕਉ ਚਿੰਤਾ ਬਹੁਤੁ ਬਹੁਤੁ **ਦੇਹੀ** ਵਿਆਪੈ ਰੋਗੁ।" — ਸਿਰੀ **੫**, ਅਸ ੨੬, ੩ : ੧ (70)
2. ਦਿੰਦੇ, ਕਿਰਿਆ ਰੂਪ
"ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ **ਦੇਹੀ**।"
— ਸਿਰੀ **੪**, ਵਾਰ ੨੦ਸ, **੧**, ੧ : ੪ (91)
3. ਸਰੀਰ/ਦੇਹ ਵਾਲਾ
"**ਦੇਹੀ** ਗੁਪਤ ਬਿਦੇਹੀ ਦੀਸੈ।"
— ਰਾਮ **੫**, ੫੪, ੩ : ੧ (900)

ਦੇਹੁ — 1. ਦੇਵੋ, ਸਹਾਇਕ ਕਿਰਿਆ
"**ਦੇਹੁ** ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ।" — ਗਉ **੧**, ੧, ੩ : ੨ (12)
2. ਪ੍ਰਦਾਨ ਕਰੋ, ਦੇਓ
"ਨਿਰਗੁਨੀਆਰੇ ਗੁਨੁ ਨਹੀ ਕੋਈ ਤੁਮ ਦਾਨੁ **ਦੇਹੁ** ਮਿਹਰਵਾਨਾ।"
— ਸੋਰ **੫**, ੧੨, ੨ : ੨ (613)
3. ਸਰੀਰ
"ਸੋ ਸਹੁ ਬਿੰਦ ਨ ਵਿਸਰਉ ਨਾਨਕ ਜਿਨਿ ਸੁੰਦਰੁ ਰਚਿਆ **ਦੇਹੁ**।"
— ਜੈਤ **੫**, ਵਾਰ ੩ ਸ, **੫**, ੨ : ੨ (706)

ਦੇਹੁਰਾ — 1. ਦੇਵ-ਗ੍ਰਿਹਿ, ਦੇਵ ਮੰਦਰ, ਮੰਦਰ
"ਤੀਰਥ ਦੇਵ **ਦੇਹੁਰਾ** ਪੋਥੀ।"
— ਗਉ **੫**, ਅਸ ੪, ੪ : ੧ (237)
"ਹਿੰਦੂ ਪੂਜੈ **ਦੇਹੁਰਾ** ਮੁਸਲਮਾਣੁ ਮਸੀਤਿ।"
— ਗੋਂਡ **੭**, ੪ : ੩ (875)
2. ਦੇਹ, ਸਰੀਰ
"ਮਾਟੀ ਕਾਲੇ **ਦੇਹੁਰਾ** ਕਰਿਆ।"
— ਰਾਮ **੫**, ਅਸ ੨, ੧ : ੨ (913)

ਦੇਹੁਰੀ — 1. ਦੇਹ, ਸਰੀਰ
"ਭੈ ਸਚਿ ਰਾਤੀ **ਦੇਹੁਰੀ** ਜਿਹਵਾ ਸਚੁ ਸੁਆਉ।"
— ਸਿਰੀ **੧**, ੧੫, ੨ : ੨ (19)
"ਗੁਰ ਅੰਮ੍ਰਿਤ ਭਿੰਨੀ **ਦੇਹੁਰੀ** ਅੰਮ੍ਰਿਤੁ ਬੁਰਕੇ ਰਾਮ ਰਾਜੇ।" (ਭਾਵ ਜੀਵਨ)
— ਆਸਾ **੪**, ਛੰਤ ੧੬, ੪ : ੧ (449)
2. ਦਹਿਲੀਜ਼, ਮੁਹਾਠ
"**ਦੇਹੁਰੀ** ਬੈਠੀ ਮਾਤਾ ਰੋਵੈ ਖਟੀਆ ਲੇ ਗਏ ਭਾਈ।" — ਆਸਾ **ਕਬ**, ੯, ੩ : ੧ (478)

ਦੇਹੁਰੀਆ — ਸਰੀਰ, ਦੇਹ
"ਭਈ ਪਰਾਪਤਿ ਮਾਨੁਖ **ਦੇਹੁਰੀਆ**।"
— ਆਸਾ **੫**, ਸਪੁ ੪, ੧ : ੧ (12)

ਦੇਹੁਰੇ — ਮੰਦਰ, ਸ਼ਿਵਾਲੇ
"ਹਸਤ ਖੇਲਤ ਤੇਰੇ **ਦੇਹੁਰੇ** ਅਇਆ।"
— ਭੈਰ **ਨਾਮ**, ੬, ੧ : ੧ (1164)
ਹੋਰ ਰੂਪ — ਦੇਹੁਰੈ —
"**ਦੇਹੁਰੈ** ਪਾਛੈ ਬੈਠਾ ਜਾਇ।" (ਸ਼ਿਵਾਲੇ ਦੇ)
— ਭੈਰ **ਨਾਮ**, ੬, ੨ : ੨ (1164)

ਦੇਹੂ — ਹੇ ਦੇਹ/ਸਰੀਰ
"ਸਰੀਰੁ ਆਰਾਧੈ ਮੋ ਕਉ ਬੀਚਾਰੁ **ਦੇਹੂ**।"
— ਸਿਰੀ **ਰਵਿ**, ੧, ੩ : ੧ (93)

ਦੇਹੈ — ਦੇਹ/ਸਰੀਰ ਨੂੰ
"ਜੇ **ਦੇਹੈ** ਦੁਖੁ ਲਾਈਐ ਪਾਪ ਗਰਹ ਦੁਇ ਰਾਹੁ।"
— ਮਾਝ **੧**, ਵਾਰ ੯ਸ, **੧**, ੩ : ੧ (142)

ਦੇਹੋ — ਦਿਓ, ਦੇਵੋ
"ਦਰਸਨ ਦੇਹੁ ਦਇਆਪਤਿ ਦਾਤੇ ਗਤਿ ਪਾਵਉ ਮਤਿ **ਦੇਹੋ**।"
— ਤੁਖਾ **੧**, ਬਾਰਾ ੧੪ : ੫ (1109)

ਦੇਖ — ਵੇਖਦਾ, ਤਕਦਾ
"ਕਾਹੇ ਨ ਬਾਲਮੀਕਹਿ **ਦੇਖ**।"
— ਕੇਦਾ **ਰਵਿ**, ੧, ੧* : ੨ (1124)

ਹੋਰ ਰੂਪ — ਦੇਖੰ —
"ਤਿਨਿ ਜਨਮੁ ਸਵਾਰਿਆ ਆਪਣਾ ਜਿਨਿ ਗੁਰੁ ਅਖੀ **ਦੇਖੰ**।"(ਵੇਖਿਆ)
— ਮਾਰੂ **੫**, ਵਾਰ ੧੩ : ੮ (1099)

ਦੇਖਉ — 1. ਵੇਖਦਾ ਹਾਂ, ਤਕਦਾ ਹਾਂ
"ਆਗੈ **ਦੇਖਉ** ਡਉ ਜਲੈ ਪਾਛੈ ਹਰਿਓ ਅੰਗੂਰੁ।"
— ਸਿਰੀ **੧**, ੧੬, ੨ : ੧ (20)
2. ਵਿਚਾਰਦਾ ਹਾਂ
"ਜਉ **ਦੇਖਉ** ਤਉ ਸਗਲ ਮੋਹਿ ਮੋਹੀਅਉ ਤਉ ਸਰਨਿ ਪਰਿਓ ਗੁਰ ਭਾਗਿ।"
— ਜੈਤ **੫**, ੫, ੧ : ੧ (701)

ਦੇਖਏ — ਵੇਖੇ
"ਧਨ ਥੀਈ ਦੁਬਲਿ ਕੰਤ ਹਾਵੈ ਕੇਵ ਨੈਣੀ **ਦੇਖਏ**।"
— ਗਉ **੧**, ਛੰਤ ੧, ੧ : ੩ (242)

ਦੇਖਸਾ — ਵੇਖਾਂਗਾ
"ਪਿਆਰੇ ਹਰਿ ਬਿਨੁ ਪ੍ਰੇਮੁ ਨ ਖੇਲਸਾ।"
"ਕਿਉ ਪਾਈ ਗੁਰੁ ਜਿਤੁ ਲਗਿ ਪਿਆਰਾ **ਦੇਖਸਾ**।"
— ਆਸਾ **੪**, ਛੰਤ ੨੧, ੬ : ੧;੨ (452)

ਦੇਖਹ — ਵੇਖੇ ਹਨ
"ਏਕਿ ਚਲੇ ਹਮ **ਦੇਖਹ** ਸੁਆਮੀ ਭਾਹਿ ਬਲੰਤੀ ਆਈ।" — ਰਾਮ **੧**, ੧, ੩ : ੨ (876)

ਹੋਰ ਰੂਪ — ਦੇਖਹਿ —
"ਤੂ **ਦੇਖਹਿ** ਹਉ ਮੁਕਰਿ ਪਾਉ।" (ਦੇਖਦਾ ਹੈ) — ਸਿਰੀ **੧**, ੩੧, ੨ : ੩ (25)
"**ਦੇਖਹਿ** ਕੀਤਾ ਆਪਣਾ ਧਰਿ ਕਚੀ ਪਕੀ ਸਾਰੀਐ।" (ਦੇਖਦਾ ਹੈ)
— ਆਸਾ **੧**, ਵਾਰ ੨੦ : ੨ (474)

ਦੇਖਹੁ —
"ਹਰਿ ਸੰਤਹੁ **ਦੇਖਹੁ** ਨਦਰਿ ਕਰਿ ਨਿਕਟਿ ਵਸੈ ਭਰਪੂਰਿ।" (ਵੇਖੋ, ਵੇਖ ਲਓ)
— ਸਿਰੀ **੩**, ੩੭,੨ : ੧ (27)
"ਕਹਤ ਨਾਮਦੇਉ ਹਰਿ ਕੀ ਰਚਨਾ **ਦੇਖਹੁ** ਰਿਦੈ ਬੀਚਾਰੀ।" (ਵੇਖ ਲਵੋ)
— ਆਸਾ **ਨਾਮ**, ੧, ੪ : ੧ (485)

ਦੇਖਣ — ਵੇਖਣ, ਦਰਸ਼ਨ ਕਰਨ
"ਹਰਿ ਦਰਗਹਿ ਤੇ ਮੁਖ ਉਜਲੇ ਤਿਨ ਕਉ ਸਭਿ **ਦੇਖਣ** ਜਾਹਿ।"
— ਗਉ **੪**, ਵਾਰ ੧੭ਸ, **੪**, ੧ : ੨ (310)

ਦੇਖਣਹਾਰੀਆ — ਵੇਖਣ ਵਾਲੀਆਂ
"ਹਉ ਬਲਿ ਜਾਵਾ ਦਿਨੁ ਰਾਤਿ ਗੁਰ **ਦੇਖਣਹਾਰੀਆ**।" — ਸੋਰ **੪**, ਵਾਰ ੮ : ੫ (645)

ਹੋਰ ਰੂਪ — ਦੇਖਣਹਾਰੁ —
"ਓਹੁ ਨ ਮੂਆ ਜੋ **ਦੇਖਣਹਾਰੁ**।" (ਵੇਖਣ ਵਾਲਾ, ਸਾਖੀ, ਚੇਤੰਨ ਆਤਮਾ)
— ਗਉ **੧**, ੪, ੨ : ੪ (152)
"ਦਇਆ ਦਾਨੁ ਦਇਆਲੁ ਤੂ ਕਰਿ ਕਰਿ **ਦੇਖਣਹਾਰੁ**।" (ਵੇਖਣ/ਸੰਭਾਲਣ ਵਾਲਾ)
— ਰਾਮ **੧**, ਓਅੰ ੩੫ : ੧ (934)

ਦੇਖਣਹਾਰੇ —
"ਜੀਅ ਜੰਤ ਪ੍ਰਭਿ ਸਗਲ ਉਧਾਰੇ ਦਰਸਨੁ **ਦੇਖਣਹਾਰੇ**।"
— ਸੋਰ **੫**, ੩੭, ੨ : ੧ (618)

ਦੇਖਣਹਾਰੋ —
"ਅਵਰੁ ਨਾਹੀ ਕਰਿ **ਦੇਖਣਹਾਰੋ**।" (ਸੰਭਾਲਣ ਵਾਲਾ)
— ਪ੍ਰਭਾ **੧**, ਅਸ ੧, ੮ : ੧ (1342)

ਦੇਖਣਾ —
"ਹੁਕਮੇ ਦਰਸਨੁ **ਦੇਖਣਾ** ਜਹ ਭੇਜਹਿ ਤਹ ਜਾਉ।"
— ਸਿਰੀ **੩**, ਅਸ ੨੦, ੫ : ੨ (66)

ਦੇਖਣਿ —
"**ਦੇਖਣਿ** ਆਏ ਤੀਨਿ ਲੋਕ ਸੁਰਿ ਨਰ ਮੁਨਿ ਜਨ ਸਭਿ ਆਇਆ।"
— ਤੁਖਾ **੪**, ਛੰਤ ੪, ੩ : ੩ (1116)

ਦੇਖਣੁ —

"ਨਾਨਕ ਕੀ ਪ੍ਰਭ ਪਾਸਿ ਬੇਨੰਤੀ ਤੇਰੇ ਜਨ **ਦੇਖਣੁ** ਪਾਵਾ।" (ਦਰਸਨ ਕਰ ਸਕਾਂ, ਦੇਖ ਸਕਾਂ) — ਸੂਹੀ **੫**, ੫੪, ੪ : ੨ (749)

ਦੇਖਣੈ —

"ਮਨਿ ਬੈਰਾਗੁ ਭਇਆ ਦਰਸਨ **ਦੇਖਣੈ** ਕਾ ਚਾਉ।" — ਸਿਰੀ **੫**, ੯੩, ੧* : ੧ (50)

ਦੇਖਤ — ਵੇਖਦਿਆਂ

"ਨੈਨਹ **ਦੇਖਤ** ਇਹੁ ਜਗੁ ਜਾਈ।" — ਗਉ **ਕਬ**, ੧੧, ੧ : ੨ (325)

"ਅਬ ਹਮ ਤੁਮ ਏਕ ਭਏ ਹਰਿ ਏਕੈ **ਦੇਖਤ** ਮਨੁ ਪਤੀਆਹੀ।" (ਦੇਖਕੇ) — ਗਉ **ਕਬ**, ੭੨, ੧ : ੨ (339)

"ਚਰਣ ਕਰ **ਦੇਖਤ** ਸੁਣਿ ਥਕੇ ਦਿਹ ਮੁਕੇ ਨੇੜੈ ਆਏ।" (ਦੇਖਦੇ) — ਬਿਹਾ **੪**, ਵਾਰ ੪, **੩**, ੨ : ੬ (550)

ਦੇਖੰਤਾ — ਵੇਖਦਾ ਹੈ

"ਇਹੁ ਆਵਾ ਗਵਣੁ ਰਚਾਇਓਨੁ ਕਰਿ ਚੋਜ **ਦੇਖੰਤਾ**।" — ਮਾਰੂ **੫**, ਵਾਰ ੪ : ੬ (1095)

ਦੇਖਦਾ — ਵੇਖਦਾ ਹੈ

"ਏਹੁ ਕੁਟੰਬੁ ਤੂ ਜਿ **ਦੇਖਦਾ** ਚਲੈ ਨਾਹੀ ਤੇਰੈ ਨਾਲੇ।" — ਰਾਮ **੩**, ਅਨੰ ੧੧ : ੨ (918)

ਹੋਰ ਰੂਪ — ਦੇਖਦਿਆ —

"ਪ੍ਰਭ **ਦੇਖਦਿਆ** ਦੁਖ ਭੁਖ ਗਈ ਢਾਢੀ ਕਉ ਮੰਗਣੁ ਚਿਤਿ ਨ ਆਵੈ।" — ਮਾਰੂ **੫**, ਵਾਰ ੯ : ੬ (1097)

ਦੇਖਦੇ —

"ਏਹੁ ਵਿਸੁ ਸੰਸਾਰੁ ਤੁਮ **ਦੇਖਦੇ** ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ।" (ਵੇਖਦੇ ਹੋ) — ਰਾਮ **੩**, ਅਨੰ ੩੬ : ੩ (922)

ਦੇਖਨ — ਵੇਖਣ/ਦਰਸ਼ਨ

"ਮੇਰੈ ਅੰਤਰਿ ਪ੍ਰੀਤਿ ਲਗੀ **ਦੇਖਨ** ਕਉ ਗੁਰਿ ਹਿਰਦੈ ਨਾਲ ਦਿਖਾਇਆ।" — ਗਉ **੪**, ੬੩, ੩ : ੧ (172)

ਦੇਖਨਹਾਰਾ — ਵੇਖਣ ਵਾਲਾ, ਸੰਭਾਲਣ ਵਾਲਾ

"ਅਪਨੀ ਮਾਇਆ ਆਪਿ ਪਸਾਰੀ ਆਪਹਿ **ਦੇਖਨਹਾਰਾ**।" — ਬਿਹਾ **੯**, ੨, ੨ : ੧ (537)

ਦੇਖਨਿ — ਵੇਖਣ ਭਾਵ ਪਰਖਨ, ਦਰਸ਼ਨ ਕਰਨ

"ਜਾ ਹੰਸ ਸਭਾ ਵੀਚਾਰੁ ਕਰਿ **ਦੇਖਨਿ** ਤਾ ਬਗਾ ਨਾਲਿ ਜੋੜੁ ਕਦੇ ਨ ਆਵੈ।" — ਰਾਮ **੫**, ਵਾਰ ੭ਸ, **੫**, ੧ : ੭ (960)

"ਜਾਂ ਸਹੁ **ਦੇਖਨਿ** ਆਪਣਾ ਨਾਨਕ ਥੀਵਨਿ ਭੀ ਹਰੇ।" (ਦਰਸ਼ਨ ਕਰਨ) — ਸਲੋ **੪**, ੮ : ੨ (1422)

ਹੋਰ ਰੂਪ — ਦੇਖਨੀ —

"ਸੁਪਨੈ ਸੁਖੁ ਨ **ਦੇਖਨੀ** ਬਹੁ ਚਿੰਤਾ ਪਰਜਾਲੇ।" (ਵੇਖਦੇ) — ਸਿਰੀ **੩**, ੪੨, ੩ : ੩ (30)

ਦੇਖਨੁ —

"ਤਿਨੁ ਨੇਹੁ ਲਗਾ ਰਬ ਸੇਤੀ **ਦੇਖਨੁ** ਵੀਚਾਰਿ।" (ਵੇਖਣ/ਦਰਸ਼ਨ ਦੇ) — ਆਸਾ **੧**, ਵਾਰ ੨੦ਸ, **੧**, ੨ : ੪ (473)

ਦੇਖਾ — ਵੇਖ ਸਕਾਂ

"ਚੰਦੁ ਸੂਰਜੁ ਦੁਇ ਗੁਫੈ ਨ **ਦੇਖਾ** ਸੁਪਨੈ ਸਉਣ ਨ ਥਾਉ।" —ਸਿਰੀ **੧**, ੨, ੧ : ੨ (14)

"ਜਹ **ਦੇਖਾ** ਤਹ ਰਵਿ ਰਹੇ ਸਿਵ ਸਕਤੀ ਕਾ ਮੇਲੁ।" (ਦੇਖਦਾ ਹਾਂ) — ਸਿਰੀ **੧**, ੧੮, ੪ : ੧ (21)

ਹੋਰ ਰੂਪ — ਦੇਖਾਂ —

"ਕਹੁ ਭੀਖਨ ਦੁਇ ਨੈਨ ਸੰਤੋਖੇ ਜਹ **ਦੇਖਾਂ** ਤਹ ਸੋਈ।" (ਦੇਖਦਾਂ ਹਾਂ) — ਸੋਰ **ਭੀਖ**, ੨, ੨ : ੨ (659)

2. ਵੇਖਣਾ

"**ਦੇਖਾ** ਦੇਖੀ ਸਭ ਕਰੇ ਮਨੁਮੁਖਿ ਬੂਝ ਨ ਪਾਇ।" — ਸਿਰੀ **੩**, ੩੭, ੫ : ੧ (28)

ਦੇਖਾਇ — ਵਖਾ ਦੇਵੇ

"ਘਰ ਮਹਿ ਘਰੁ **ਦੇਖਾਇ** ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ।" — ਮਲਾ **੧**, ਵਾਰ ੨੭ਸ, **੧**, ੧ : ੧ (1290)

ਹੋਰ ਰੂਪ — ਦੇਖਾਇਆ —

"ਪਾਰਬ੍ਰਹਮ ਪੂਰਨ **ਦੇਖਾਇਆ**।" (ਵਖਾਇਆ ਦ੍ਰਿਸ਼ਟਮਾਨ ਕਰਵਾਇਆ) — ਗਉ **੫**, ੧੧੦, ੪ : ੨ (188)

ਦੇਖਾਇਦਾ — ਵਖਾ ਦਿੱਤਾ

"ਉਤਭੁਜੁ ਚਲਤੁ ਕੀਆ ਸਿਰਿ ਕਰਤੈ ਬਿਸਮਾਦੁ

ਸਬਦਿ **ਦੇਖਾਇਦਾ**।"

— ਮਾਰੂ **੧**, ਸੋਲਾ ੧੭, ੭ : ੩ (1037)

ਦੇਖਾਈ — ਵਖਾਈ, ਦ੍ਰਿਸ਼ਟਮਾਨ ਕਰਵਾਈ

"ਊਚ ਅਪਾਰ ਅਗੋਚਰ ਥਾਨਾ ਓਹੁ ਮਹਲੁ ਗੁਰੂ **ਦੇਖਾਈ** ਜੀਉ।"

— ਮਾਝ **੫**, ੨੩, ੩ : ੩ (101)

ਦੇਖਾਦੇਖੀ — ਬਿਨਾਂ ਵਿਚਾਰਿਆ ਨਕਲ ਕਰਨਾ

"**ਦੇਖਾ ਦੇਖੀ** ਸਭ ਕਰੇ ਮਨਮੁਖਿ ਬੂਝ ਨ ਪਾਇ।"

— ਸਿਰੀ **੩**, ੩੭, ੫ : ੧ (28)

ਦੇਖਾਰੇ — ਦਿਖਾਉਂਦਾ ਹੈ

"ਆਪ ਹੀ ਧਾਰਨ ਧਾਰੇ ਕੁਦਰਤਿ ਹੈ **ਦੇਖਾਰੇ** ਬਰਨੁ ਚਿਹਨੁ ਨਾਹੀ ਮੁਖ ਨ ਮਸਾਰੇ।"

— ਸੁਖ **੫**, ੩ : ੩ (1386)

ਦੇਖਾਲਿਆ — ਵਖਾਇਆ, ਵਖਾ ਦਿਤਾ

"ਜਹ ਦੇਖਉ ਤਹ ਨਾਲਿ ਗੁਰਿ **ਦੇਖਾਲਿਆ**।"

— ਸੂਹੀ **੧**, ਅਸ ੫, ੨ : ੧ (752)

ਹੋਰ ਰੂਪ — ਦੇਖਾਲਿਹੁ —

"ਮੈ **ਦੇਖਾਲਿਹੁ** ਤਿਸੁ ਸਾਲਾਹੀ।" (ਦਿਖਾਇਓ)

— ਮਾਰੂ **੧**, ਸੋਲਾ ੫, ੯ : ੨ (1025)

ਦੇਖਾਲੇ —

"ਨਦੀਆ ਵਿਚਿ ਟਿਬੇ **ਦੇਖਾਲੇ** ਥਲੀ ਕਰੇ ਅਸਗਾਹ।" (ਦਿਖਾਵੇ)

— ਮਾਝ **੧**, ਵਾਰ ੧੪ਸ, **੧**, ੧ : ੩ (144)

ਦੇਖਾਵਹੀ — ਵੇਖਾਉਂਦਾ ਹੈ

"ਤੂ ਸਭ ਮਹਿ ਵਰਤਹਿ ਆਪਿ ਕੁਦਰਤ **ਦੇਖਾਵਹੀ**।" — ਮਾਰੂ **੫**, ਵਾਰ ੩ : ੪ (1095)

ਦੇਖਾਵਣਿਆ — ਵੇਖਾਉਂਦਾ ਹੈ

"ਤੂੰ ਆਪੇ ਦੁਖੁ ਸੁਖੁ ਦੇਵਹਿ ਕਰਤੇ ਗੁਰਮੁਖਿ ਹਰਿ **ਦੇਖਾਵਣਿਆ**।"

— ਮਾਝ **੩**, ਅਸ ੨੨, ੨ : ੩ (125)

ਦੇਖਿ — ਵੇਖ ਕੇ

"ਮਤੁ **ਦੇਖਿ** ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ।" — ਸਿਰੀ **੧**, ੧, ੧ : ੩ (14)

"ਹਉ ਬਨੁ ਬਨੋ **ਦੇਖਿ** ਰਹੀ ਤ੍ਰਿਣੁ ਦੇਖਿ ਸਬਾਇਆ ਰਾਮ।" (ਦੇਖ ਚੁਕੀ)

— ਆਸਾ **੧**, ਛੰਤ ੨, ੪ : ੧ (437)

"ਏਕ ਮਹਿ ਸਰਬ ਸਰਬ ਮਹਿ ਏਕਾ ਏਹ ਸਤਿਗੁਰਿ **ਦੇਖਿ** ਦਿਖਾਈ।"

— ਰਾਮ **੧**, ਅਸ ੮, ੫ : ੧ (907)

(ਕੇਵਲ 'ਮਹਾਨਕੋਸ਼' ਇਸਦੇ ਅਰਥ 'ਦ੍ਰਿਸ਼' ਕਰਦਾ ਹੈ)

ਹੋਰ ਰੂਪ — ਦੇਖਿਓ —

"ਐਸੋ ਅਚਰਜੁ **ਦੇਖਿਓ** ਕਬੀਰ।" (ਵੇਖਿਆ)

— ਗਉ **ਕਬ**, ੧੪, ੧* : ੧ (326)

"ਨਿਜ ਕਰਿ **ਦੇਖਿਓ** ਜਗਤੁ ਮੈ ਕੋ ਕਾਹੂ ਕੋ ਨਾਹਿ।" (ਸਮਝਿਆ)

— ਸਲੋ **੯**, ੪੮ : ੧ (1428)

ਦੇਖਿਅਉ—

"ਜਿਨਿ ਗੁਰੂ ਨ **ਦੇਖਿਅਉ** ਨਹੁ ਕੀਅਉ ਤੇ ਅਕਯਥ ਸੰਸਾਰ ਮਹਿ।"

— ਸਵ **੪**, ਅਲ ੮ : ੬ (1399)

ਦੇਖਿਆ — 1. ਸਹਾਇਕ ਕਿਰਿਆ

"ਮੈ ਆਪਣਾ ਗੁਰੁ ਪੂਛਿ **ਦੇਖਿਆ** ਅਵਰੁ ਨਾਹੀ ਥਾਉ।" — ਸਿਰੀ **੧**, ੧, ੧* : ੨ (14)

"ਗੁਰੁ ਪੁਛਿ **ਦੇਖਿਆ** ਨਾਹੀ ਦਰੁ ਹੋਰੁ।"

— ਗਉ **੧**, ਅਸ ੪, ੮ : ੨ (223)

2. ਵੇਖਿਆ

"ਜਿਨ ਸਤਿਗੁਰੁ ਪਿਆਰਾ **ਦੇਖਿਆ** ਤਿਨ ਕਉ ਹਉ ਵਾਰੀ।"

— ਤਿਲੰ **੪**, ਅਸ ੨, ੩ : ੧ (725)

"ਆਜੁ ਨਾਮੇ ਬੀਠਲੁ **ਦੇਖਿਆ** ਮੂਰਖ ਕੋ ਸਮਝਾਊ ਰੇ।" — ਗੋਂਡ **ਨਾਮ**, ੭, ੧* : ੧ (874)

3. ਅਨੁਭਵ ਕੀਤਾ

"ਊਚਾ ਊਚਉ ਆਖੀਐ ਕਹਉ ਨ **ਦੇਖਿਆ** ਜਾਇ।"

— ਸਿਰੀ **੧**, ਅਸ ੩, ੮ : ੧ (55)

"ਤਿਸੁ ਰੂਪੁ ਨ ਰੇਖਿਆ ਘਟਿ ਘਟਿ **ਦੇਖਿਆ** ਗੁਰਮੁਖਿ ਅਲਖੁ ਲਖਾਵਣਿਆ।" (ਦਿਸਦਾ ਹੈ) — ਮਾਝ **੪**, ਅਸ ੩੪, ੧* : ੨ (129)

"ਸਭੁ ਜਗੁ **ਦੇਖਿਆ** ਮਾਇਆ ਛਾਇਆ।"

— ਆਸਾ **੧**, ੧੭, ੪ : ੩ (354)

4. ਸੰਭਾਲ/ਖਬਰਦਾਰੀ ਕੀਤੀ

"ਜਿਨਿ ਕੀਆ ਤਿਨਿ **ਦੇਖਿਆ** ਕਿਆ ਕਹੀਐ ਰੇ ਭਾਈ।"

— ਤਿਲੰ **੧**, ਅਸ ੧, ੧ : ੧ (724)

"ਜਿਨਿ ਕੀਆ ਤਿਨਿ **ਦੇਖਿਆ** ਸਭੁ ਧੰਧੜੈ ਲਾਇਆ।"
— ਸੂਹੀ **੧**, ਛੰਤ ੪, ੧ : ੧ (765)

ਦੇਖਿਐ — ਵੇਖਣ ਨਾਲ, ਦਰਸ਼ਨਾਂ ਨਾਲ
"ਜਾ ਦੇਖਾ ਪ੍ਰਭੁ ਆਪਣਾ ਪ੍ਰਭਿ **ਦੇਖਿਐ** ਦੁਖੁ ਜਾਇ।"
— ਸਿਰੀ **੪**, ੬੫, ੧ : ੨ (39)

ਦੇਖੀ — 1. ਵੇਖੀ
"ਤੂੰ ਕਾਇਆ ਮੈ ਰੁਲਦੀ **ਦੇਖੀ** ਜਿਉ ਧਰ ਉਪਰਿ ਛਾਰੋ।" — ਗਉ **੧**, ੧੩, ੧ : ੩ (154)
2. ਪਰਖ ਲਈ, ਜਾਂਚ ਲਈ
"ਅਵਰ ਓਟ ਮੈ ਸਗਲੀ **ਦੇਖੀ** ਇਕ ਤੇਰੀ ਓਟ ਰਹਾਈਐ।"
— ਸੋਰ **੫**, ੬੨, ੩ : ੩ (625)
"ਕੋਈ ਕਾਹੂ ਕੋ ਨਹੀ ਸਭ **ਦੇਖੀ** ਠੋਕਿ ਬਜਾਇ।"
— ਸਲੋ **ਕਬ**, ੧੧੩ : ੨ (1370)

ਦੇਖੀਅਤੁ — ਵੇਖੀਦਾ ਹੈ
"ਪਰਮ ਅਤੀਤੁ ਪਰਮੇਸੁਰ ਕੈ ਰੰਗਿ ਰੰਗੵੌ ਬਾਸਨਾ ਤੇ ਬਾਹਰਿ ਪੈ **ਦੇਖੀਅਤੁ** ਧਾਮਸਿਉ।"
— ਸਵ **੫**, ਮਥੁ ੩ : ੨ (1408)

ਦੇਖੀਐ — 1. ਦਿਸਦਾ ਹੈ, ਵੇਖੀਦਾ ਹੈ
"ਅਸਥਿਰੁ ਕਰਤਾ **ਦੇਖੀਐ** ਹੋਰੁ ਕੇਤੀ ਆਵੈ ਜਾਇ।" — ਸਿਰੀ **੧**, ਅਸ ੩, ੪ : ੧ (54)
2. ਵੇਖਾਂ ਕੀ
"ਚਕਵੀ ਸੂਰ ਸਨੇਹੁ ਚਿਤਵੈ ਆਸ ਘਣੀ ਕਦਿ ਦਿਨੀਅਰੁ **ਦੇਖੀਐ**।"
— ਆਸਾ **੫**, ਛੰਤ ੪, ੩ : ੧ (455)
3. ਪ੍ਰਾਪਤ ਕਰੀਦਾ ਹੈ (ਭਾਵ)
"ਜਲੁ ਮਥੀਐ ਜਲੁ **ਦੇਖੀਐ** ਭਾਈ ਇਹੁ ਜਗੁ ਏਹਾ ਵਥੁ।"
— ਸੋਰ **੧**, ਅਸ ੨, ੫ : ੨ (635)

ਦੇਖੁ — 1. ਵੇਖ
"ਨਿਤ ਰਵੈ ਸੋਹਾਗਣੀ **ਦੇਖੁ** ਹਮਾਰਾ ਹਾਲੁ।"
— ਸਿਰੀ **੧**, ੨੫, ੩ : ੨ (23)
ਹੋਰ ਰੂਪ — ਦੇਖੇ —
"ਅਗਿਆਨ ਮਤੀ ਅੰਧੇਰੁ ਹੈ ਬਿਨੁ ਪਿਰ **ਦੇਖੇ** ਭੁਖ ਨ ਜਾਇ।" (ਵੇਖਿਆਂ)
— ਸਿਰੀ **੩**, ੬੧, ੩ : ੨ (38)
"ਜਿਨੀ ਨਾਮੁ ਵਿਸਾਰਿਆ ਸੋ ਹੋਤ **ਦੇਖੇ** ਖੇਹ।" (ਵੇਖੇ) — ਮਾਰੂ **੫**, ੨੫, ੧ : ੧ (1006)
2. ਪਰਖ, ਦ੍ਰਿਸ਼ਟੀ ਗੋਚਰ ਕਰ ਜਾਂਚ ਕਰ
"ਮਨ ਕਰਹਲਾ ਵੀਚਾਰੀਆ ਵੀਚਾਰਿ **ਦੇਖੁ** ਸਮਾਲਿ।"
— ਗਉ **੪**, ਅਸ ੨, ੧ : ੧ (234)
"ਪੂਰਨ ਪਰਮਾਨੰਦ ਮਨੋਹਰ ਸਮਝਿ **ਦੇਖੁ** ਮਨ ਮਾਹੀ।"
— ਆਸਾ **ਧੰਨਾ**, ੩, ੨ : ੨ (488)
ਹੋਰ ਰੂਪ — ਦੇਖੇ —
"ਸਾਸਤ੍ਰ ਬੇਦ ਸੋਧਿ ਸੋਧਿ **ਦੇਖੇ** ਮੁਨਿ ਨਾਰਦ ਬਚਨ ਪੁਕਾਰੇ।" (ਪਰਖੇ, ਜਾਂਚੇ)
— ਨਟ **੪**, ਅਸ ੬, ੩ : ੧ (983)

ਦੇਖੇ — 1. ਵੇਖਿਆਂ, ਵੇਖੋ 'ਦੇਖੁ' (1)
2. ਪਰਖਿਆ, ਜਾਂਚ ਕੀਤਿਆਂ, ਵੇਖੋ 'ਦੇਖ' (2)
3. ਮਿਲਿਆਂ, ਪ੍ਰਾਪਤ ਕੀਤਿਆਂ (ਭਾਵ)
"ਜਿਉ ਜਲ ਕਮਲ ਪ੍ਰੀਤਿ ਅਤਿ ਭਾਰੀ ਬਿਨੁ ਜਲ **ਦੇਖੇ** ਸੁਕਲੀਧੇ।"
— ਬਸੰ **੪**, ੫, ੨ : ੨ (1179)

ਦੇਖੈ — 1. ਵੇਖਦਾ ਹੈ, ਨਿਗਰਾਨੀ/ਸੰਭਾਲ ਕਰਦਾ ਹੈ
"ਕਰਿ ਕਰਿ **ਦੇਖੈ** ਕੀਤਾ ਆਪਣਾ ਜਿਉ ਤਿਸ ਦੀ ਵਡਿਆਈ।"
— ਆਸਾ **੧**, ਸੋਦ ੧, ੧ : ੨੦ (9)
"ਕਰਿ ਕਰਿ ਕਰਤਾ **ਦੇਖੈ** ਸੋਇ।"
— ਗਉ **੧**, ਅਸ ੪, ੩ : ੪ (222)
2. ਵੇਖਦਾ/ਪਰਖਦਾ ਹੈ
"ਹਰਿ ਜਸੁ ਵਖਰੁ ਲੈ ਚਲਹੁ ਸਹੁ **ਦੇਖੈ** ਪਤੀਆਇ।"
— ਸਿਰੀ **੧**, ੨੩, ੧* : ੨ (22)
"ਜਾ ਸਤਿਗੁਰ ਸਰਾਫੁ ਨਦਰਿ ਕਰਿ **ਦੇਖੈ** ਸੁਆਵਗੀਰ ਸਭਿ ਉਘੜਿ ਆਏ।" (ਪਰਖੇ, ਜਾਂਚੇ)
— ਗਉ **੪**, ਵਾਰ ੨ਸ, **੪**, ੧ : ੫ (303)
3. ਸਮਝੇ, ਮੰਨੇ (ਭਾਵ)
"ਸਭੁ ਕਿਛੁ **ਦੇਖੈ** ਤਿਸੈ ਕਾ ਜਿਨਿ ਕੀਆ ਤਨੁ ਸਾਜਿ।"
— ਬਿਹਾ **੪**, ਵਾਰ ੨ਸ, **੪**, ੨ : ੩ (551)

"ਆਪਿ ਦਿਖਾਵੈ ਆਪੇ **ਦੇਖੈ**।" (ਸਮਝਦਾ)
— ਧਨਾ **੧**, ਅਸ ੨, ੪ : ੧ (686)
"ਹਰਿ ਹਰਿ ਸੇਵਕੁ ਸੇਵਾ ਲਾਗੈ ਸਭੁ **ਦੇਖੈ** ਬ੍ਰਹਮ ਪਸਾਰੇ।" (ਸਮਝਦਾ ਹੈ)
— ਨਟ **੪**, ਅਸ ੪, ੨ : ੧ (982)
"ਨਿਤ **ਦੇਖੈ** ਸੁਆਮੀ ਹਜੂਰਿ।" (ਪ੍ਰਤੀਤ ਕਰਦਾ ਹੈ) — **ਬਸੰ ੫**, ੧੫, ੩ : ੨ (1184)

ਦੇਖੌ — ਵੇਖੋ
"**ਦੇਖੌ** ਭਾਈ ਗ੍ਯਾਨ ਕੀ ਆਈ ਆਂਧੀ।"
— ਗਉ **ਕਬ**, ਅਸ ੪੩, ੧* : ੧ (331)

ਦੇਗ — (ਫਾ. ਦੇਗ) ਚੌੜੇ ਮੂੰਹ ਵਾਲਾ ਵਡਾ ਬਰਤਨ ਜਿਸ ਵਿਚ ਭੋਜਨ ਪਕਾਈਦਾ ਹੈ
"ਧਰਤੀ **ਦੇਗ** ਮਿਲੈ ਇਕ ਵੇਰਾ ਭਾਗੁ ਤੇਰਾ ਭੰਡਾਰੀ।"
— ਬਸੰ **੧**, ਅਸ ੮, ੨ : ੨ (1190)

ਦੇਣ — ਲਗਾਵਣ
"ਆਪ ਕਮਾਣੈ ਵਿਛੁੜੀ ਦੋਸੁ ਨ ਕਾਹੂ **ਦੇਣ**।"
— ਮਾਝ **੫**, ਦਿਨ ੧ : ੬ (136)

ਦੇਣਾ — ਬਖ਼ਸ਼ਣਾ, ਪ੍ਰਦਾਨ ਕਰਨਾ
"ਝੂਰੈ ਝੂਰਿ ਮਰਹੁ ਕਿਆ ਪ੍ਰਾਣੀ ਜੋ ਕਿਛੁ **ਦੇਣਾ** ਸੁ ਦੇ ਰਹਿਆ।"
— ਆਸਾ **੧**, ਪਟੀ ੧੨ : ੧ (433)
"ਲੇਖਾ **ਦੇਣਾ** ਤੇਰੈ ਸਿਰਿ ਰਹਿਆ।" (ਚੁਕਾਉਣਾ, ਨਿਬੇੜਨਾ) — ਆਸਾ **੩**, ੧* : ੨ (434)

ਦੇਣਿ — ਦਾਨ/ਦੇਣ ਦਾ
"ਅੰਤੁ ਨ ਕਰਣੈ **ਦੇਣਿ** ਨ ਅੰਤੁ।"
— ਜਪੁ **੧**, ੨੪ : ੨ (5)

ਹੋਰ ਰੂਪ — ਦੇਣੈ —
"ਸਤੀਆ ਮਨਿ ਸੰਤੋਖੁ ਉਪਜੈ **ਦੇਣੈ** ਕੈ ਵੀਚਾਰਿ।" (ਦੇਣ/ਦਾਨ ਦੇਣ ਦੇ)
— ਆਸਾ **੧**, ਵਾਰ ੬ਸ, **੧**, ੧ : ੨ (466)

ਦੇਤ — 1. ਦਿੰਦਾ, ਪ੍ਰਦਾਨ ਕਰਦਾ
"ਮਨ ਬਾਂਛਤ ਫਲ **ਦੇਤ** ਹੈ ਸੁਆਮੀ ਜੀਅ ਕੀ ਬਿਰਥਾ ਸਾਰੇ।"
— ਸਿਰੀ **੫**, ਛੰਤ ੩, ੨ : ੪ (80)
"ਲੈਤ **ਦੇਤ** ਉਨੁ ਮੂਕਰਿ ਪਰਨਾ।"(ਦੇ ਕੇ)
— ਆਸਾ **੫**, ੮, ੧ : ੨ (372)

ਹੋਰ ਰੂਪ — ਦੇਤਾ —
"ਸਰਬ ਜੀਆ ਕਉ ਪ੍ਰਭੁ ਦਾਨੁ **ਦੇਤਾ**।" (ਦਿੰਦਾ ਹੈ) — ਭੈਰ **ਕਬ**, ੧੨, ੧* : ੨ (1160)

ਦੇਤੁ —
"ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ **ਦੇਤੁ**।" — ਮਾਝ **੫**, ਬਾਰਾਂ ੭ : ੮ (134)

ਦੇਤੇ —
"ਧਰਮ ਅਰਥ ਅਰੁ ਕਾਮ ਮੋਖ **ਦੇਤੇ** ਨਹੀ ਬਾਰ।" (ਦੇਂਦਿਆਂ)
— ਬਿਲਾ **੫**, ੬੨, ੨ : ੨ (816)

ਦੇਤੋ —
"ਨਿਮਾਨੇ ਕਉ ਜੋ **ਦੇਤੋ** ਮਾਨੁ।" (ਦਿੰਦਾ ਹੈ)
— ਗੋਂਡ **੫**, ੫, ੧ : ੧ (863)

2. ਸਹਾਇਕ ਕਿਰਿਆ, ਦਿੰਦੇ ਹਨ
"ਆਧ ਘਰੀ ਕੋਊ ਨਹਿ ਰਾਖੈ ਘਰ ਤੇ **ਦੇਤ** ਨਿਕਾਰਿ।" — ਦੇਵ **੯**, ੨, ੧ : ੨ (536)
"ਪ੍ਰਤਿਪਾਲਿ ਮਾਤਾ ਉਦਰਿ ਰਾਖੈ ਲਗਨਿ **ਦੇਤ** ਨ ਸੇਕ।" — ਮਾਰੂ **੫**, ੨੯, ੧ : ੧ (1007)

ਦੇਦਾ — 1. ਦੇਣ ਵਾਲਾ, ਦਾਤਾ
"**ਦੇਦਾ** ਦੇ ਲੈਦੇ ਥਕਿ ਪਾਹਿ।"
— ਜਪੁ **੧**, ੩ : ੧੧ (2)

ਹੋਰ ਰੂਪ — ਦੇਂਦਾ —
"**ਦੇਂਦਾ** ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ।"
— ਮਲਾ **੧**, ਵਾਰ ੨੫ਸ, **੧**, ੨ : ੨੧ (1290)

2. ਦਾਨ ਕਰਦਾ
"**ਦੇਦਾ** ਰਹੈ ਨ ਚੂਕੈ ਭੋਗੁ।"
— ਆਸਾ **੧**, ਸੋਦ ੩, ੩ : ੨ (9)
"ਵਾਹੁ ਵਾਹੁ ਤਿਸ ਨੋ ਆਖੀਐ ਜਿ **ਦੇਦਾ** ਰਿਜਕੁ ਸਬਾਹਿ।"
— ਗੂਜ **੩**, ਵਾਰ ੧੯ਸ, **੩**, ੧ : ੪ (515)

ਹੋਰ ਰੂਪ — ਦੇਂਦਾ —
"ਜਿਨਿ ਜੀਉ ਪਿੰਡੁ ਦਿਤਾ ਤਿਸੁ ਕਬਹੂੰ ਨ ਚੇਤੈ ਜੋ **ਦੇਂਦਾ** ਰਿਜਕੁ ਸੰਬਾਹਿ।"(ਪ੍ਰਦਾਨ ਕਰਦਾ, ਦਾਨ ਕਰਦਾ)
— ਸਿਰੀ **੪**, ਵਾਰ ੯ਸ, **੩**, ੧ : ੩ (85)

ਦੇਦਿਆ — ਦੇਂਦਿਆਂ, ਪ੍ਰਦਾਨ ਕਰਦਿਆਂ
"ਫਰੀਦਾ ਕੂਕੇਦਿਆਂ ਚਾਂਗੇਦਿਆ ਮਤੀ **ਦੇਦਿਆ**

ਨਿਤ।" — ਸਲੋ **ਫਰ**, ੧੫ : ੧ (1378)

ਦੇਦੀ — ਦੇਂਦੀ

"ਗੁਰ ਸੁਪ੍ਰਸੰਨੇ ਮਿਲੁ ਨਾਹ ਵਿਛੁੰਨੇ ਧਨ **ਦੇਦੀ** ਸਾਚੁ ਸੁਨੇਹਾ।" — ਆਸਾ **੫**, ਛੰਤ ੪, ੨ : ੫ (455)

ਦੇਦੀਪੁ — ਦਗਦਗ ਚਮਕਦਾ

"ਗਿਰੰਤ ਗਿਰਿ ਪਤਿਤ ਪਾਤਾਲੰ ਜਲੰਤ **ਦੇਦੀਪੁ** ਬੈਸ੍ਵਾਂਤਰਹ।" — ਸਸ **੫**, ੧੭ : ੧ (1355)

ਦੇਦੇ — ਦੇਂਦਿਆਂ, ਦੇ ਦੇ ਕੇ

"**ਦੇਦੇ** ਤੋਟਿ ਨ ਆਵਈ ਲੈ ਲੈ ਥਕਿ ਪਾਈ।"

— ਮਾਰੂ **੧**, ਅਸ ੬, ੫ : ੩ (1012)

ਦੇਂਦੇ — 1. ਦੇਣ ਵਾਲਾ, ਦਾਤਾ

"**ਦੇਂਦੇ** ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ।"

— ਮਾਝ **੧**, ਵਾਰ ੨ਸ, **੨**, ੨ : ੧ (138)

2. ਦੇਂਦਿਆਂ

"**ਦੇਂਦੇ** ਤੋਟਿ ਨਾਹੀ ਤਿਸੁ ਕਰਤੇ ਪੂਰਿ ਰਹਿਓ ਰਤਨਾਗਰੁ ਰੇ।"

— ਗਉ **੫**, ੧੩੨*, ੩ : ੨ (209)

ਦੇਨ — ਦਿੰਦੇ ਹਨ

"ਜਿਨ ਭੇਟਤ ਹੋਵਤ ਸੁਖੀ ਜੀਅ ਦਾਨੁ **ਦੇਨ**।"

— ਬਿਲਾ **੫**, ੪੯, ੧* : ੨ (813)

"ਲੇ ਮਸਤਕਿ ਲਾਵਉ ਕਰਿ ਕ੍ਰਿਪਾ **ਦੇਨ**।" (ਦੇਣ ਦੀ ਕਿਰਪਾ ਕਰ)

— ਬਸੰ **੫**, ਅਸ ੧, ੧* : ੨ (1192)

"ਤੁਮ੍ ਹਰਿ ਸਾਹ ਵਡੇ ਪ੍ਰਭ ਸੁਆਮੀ ਹਮ ਵਣਜਾਰੇ ਰਾਸਿ **ਦੇਨ**।" (ਦਿਓ)

— ਕਾਨ **੪**, ੨, ੪ : ੧ (1295)

ਦੇਨਹਾਰ — ਦੇਣ ਵਾਲਾ

"**ਦੇਨਹਾਰ** ਦੇ ਰਹਿਓ ਸੁਜਾਨਾ।"

— ਗਉ **੫**, ਬਾਅ ੪੧ : ੨ (258)

ਹੋਰ ਰੂਪ — ਦੇਨਹਾਰਾ —

"ਜੀਅਉ ਹਮਾਰਾ ਜੀਉ **ਦੇਨਹਾਰਾ**।" (ਦੇਣ ਵਾਲਾ, ਦਾਤਾ)

— ਆਸਾ **੫**, ੮੩, ੧* : ੨ (391)

ਦੇਨਹਾਰੁ —

"**ਦੇਨਹਾਰੁ** ਪ੍ਰਭ ਛੋਡਿ ਕੈ ਲਾਗਹਿ ਆਨ ਸੁਆਇ।" (ਦਾਤੇ ਪ੍ਰਭੂ ਨੂੰ ਛੱਡ ਕੇ)

— ਗਉ **੫**, ਸੁਖ ੫ਸ : ੧ (268)

ਦੇਨਾ — ਦੇਣਾ, ਪ੍ਰਦਾਨ ਕਰਨਾ

"ਜੋ **ਦੇਨਾ** ਸੋ ਦੇ ਰਹਿਓ ਭਾਵੈ ਤਹ ਤਹ ਜਾਹਿ।"

— ਗਉ **੫**, ਬਾਅ ੧੮ : ੨ (253)

"ਮੈ ਨਾਹੀ ਕਿਸੀ ਕਾ **ਦੇਨਾ**।"

— ਸੋਰ **ਕਬ**, ੧੧, ੧ : ੪ (656)

ਦੇਨਿ — ਦਿੰਦੇ

"ਖੁੰਢਾ ਅੰਦਰਿ ਰਖਿ ਕੈ **ਦੇਨਿ** ਸੁ ਮਲ ਸਜਾਇ।"

— ਮਾਝ **੧**, ਵਾਰ ੧੧ਸ, **੧**, ੨ : ੨ (143)

"ਕਿਆ **ਦੇਨਿ** ਮੁਹੁ ਜਾਏ ਅਵਗੁਣਿ ਪਛੁਤਾਏ ਦੂਖੋ ਦੂਖੁ ਕਮਾਏ।"

— ਵਡ **੩**, ਅਲਾ ੪, ੩ : ੩ (585)

ਦੇਨੀ — ਦੇਣਾ

"ਪਕੜਿ ਚਲਾਇਨਿ ਦੂਤ ਜਮ ਕਿਸੈ ਨ **ਦੇਨੀ** ਭੇਤੁ।"

— ਮਾਝ **੫**, ਬਾਰਾ ੭ : ੪ (134)

ਦੇਨੁ — 1. ਦਿਤਾ, ਦਸਿਆ

"ਰੀ ਬਾਈ ਬੇਢੀ **ਦੇਨੁ** ਨ ਜਾਈ।"

— ਸੋਰ **ਨਾਮ**, ੨, ੧* : ੧ (657)

2. ਦਿੰਦੇ ਹਨ

"ਜਿਮੀ ਨਾਹੀ ਮੈ ਕਿਸੀ ਕੀ ਬੋਈ ਐਸਾ **ਦੇਨੁ** ਦੁਖਾਲਾ।"

— ਸੂਹੀ **ਕਬ**, ੫, ੧ : ੨ (793)

ਦੇਰ — ਦੇਵਰਾਨੀ, ਪਤੀ ਦੇ ਛੋਟੇ ਭਰਾ ਦੀ ਪਤਨੀ

"**ਦੇਰ** ਜਿਠਾਣੀ ਮੁਈ ਦੂਖਿ ਸੰਤਾਪਿ।" (ਆਸਾ ਤ੍ਰਿਸਨਾ ਰੂਪੀ) — ਆਸਾ **੫**, ੨, ੧ : ੨ (370)

ਦੇਵ — 1. ਦੇਵਤੇ

"ਆਖਹਿ ਦਾਨਵ ਆਖਹਿ **ਦੇਵ**।"

— ਜਪੁ **੧**, ੨੬ : ੧੭ (6)

"ਨ **ਦੇਵ** ਦਾਨਵਾ ਨਰਾ।"

— ਮਾਝ **੧**, ਵਾਰ ੧੩ਸ, **੧**, ੨ : ੧ (143)

2. ਪ੍ਰਭੂ, ਵਾਹਿਗੁਰੂ, ਜੋਤੀ ਸਰੂਪ ਕਰਤਾਰ

"ਸਾਧੂ ਸੰਗੁ ਮਸਕਤੇ ਤੂਠੈ ਪਾਵਾ **ਦੇਵ**।"

— ਸਿਰੀ **੫**, ੭੫, ੩ : ੨ (44)

"**ਦੇਵ** ਕਰਹੁ ਦਇਆ ਮੋਹਿ ਮਾਰਗਿ ਲਾਵਹੁ ਜਿਤੁ ਭੈ ਬੰਧਨ ਤੂਟੈ।" (ਹੇ ਪ੍ਰਕਾਸ਼ ਰੂਪੀ ਹਰੀ) — ਆਸਾ **ਕਬ**, ੧, ੧* : ੧ (475)

3. ਦੇਵ ਮੂਰਤ, ਠਾਕੁਰ

"ਬਾਹਿਰ **ਦੇਵ** ਪਖਾਲੀਅਹਿ ਜੇ ਮਨੁ ਧੋਵੈ ਕੋਇ।"
— ਗੂਜ **੧**, ੧, ੨ : ੧ (489)

ਦੇਵਉ — ਦੇਵਾਂ, ਭੇਟਾ ਕਰਾਂ
"ਹਉ ਮਨੁ ਤਨੁ **ਦੇਵਉ** ਕਾਟਿ ਗੁਰੂ ਕਉ ਮੇਰਾ ਭ੍ਰਮੁ ਭਉ ਗੁਰ ਬਚਨੀ ਭਾਗੇ।"
— ਗਉ **੪**, ੬੨, ੨ : ੨ (172)

ਦੇਵਈ — ਦੇਵੇ
"ਸੋ ਸਹੁ ਸਾਂਤਿ ਨ **ਦੇਵਈ** ਕਿਆ ਚਲੈ ਤਿਸੁ ਨਾਲਿ।"
— ਰਾਮ **੩**, ਵਾਰ ੩ਸ, **੩**, ੧ : ੨ (947)

ਦੇਵਸੀ — ਦੇਵੇਗਾ
"ਆਪਿ ਦਇਆ ਕਰਿ **ਦੇਵਸੀ** ਗੁਰਮੁਖਿ ਅੰਮ੍ਰਿਤੁ ਚੋਇ।" — ਸਿਰੀ **੪**, ੬੯, ੪ : ੨ (41)

ਦੇਵਹ — ਪ੍ਰਕਾਸ਼ ਰੂਪ
"ਨਹ ਸੀਤਲੰ ਚੰਦ੍ਰ **ਦੇਵਹ** ਨਹ ਸੀਤਲੰ ਬਾਵਨ ਚੰਦਨਹ।" — ਸਸ **੫**, ੩੯ : ੧ (1357)

ਦੇਵਹਿ — ਦਿੰਦਾ ਹੈ
"ਇਕਿ ਲੂਕਿ ਨ **ਦੇਵਹਿ** ਦਰਸਾ।"
— ਸਿਰੀ **੫**, ਅਸ ੨੨, ੬ : ੨ (71)
"ਮਨਮੁਖਾ ਦੈ ਸਿਰਿ ਜੋਰਾ ਅਮਰੁ ਹੈ ਨਿਤ **ਦੇਵਹਿ** ਭਲਾ।" (ਹਮੇਸ਼ਾ, ਭਲਾ, ਦਿੰਦੇ ਹਨ ਭਾਵ ਮੰਨਦੇ ਹਨ) — ਗਉ **੪**, ਵਾਰ ੯ਸ, **੪**, ੨ : ੩ (304)
"ਦਾਤਾ ਕਰਤਾ ਆਪਿ ਤੂ ਤੁਸਿ **ਦੇਵਹਿ** ਕਰਹਿ ਪਸਾਉ।" (ਦੇਂਦਾ ਹੈ)
— ਆਸਾ **੧**, ਵਾਰ ੧ : ੩ (463)
"ਪ੍ਰਣਵਤਿ ਨਾਨਕ ਜੇ ਤੂੰ **ਦੇਵਹਿ** ਅੰਤੇ ਹੋਇ ਸਖਾਈ।" (ਦੇਵੇ)
— ਰਾਮ **੧**, ੧, ੪ : ੨ (876)

ਹੋਰ ਰੂਪ — ਦੇਵਹੀ —
"ਖਿਨੁ ਗ੍ਰਿਹ ਮਹਿ ਬਸਨ ਨ **ਦੇਵਹੀ** ਜਿਨ ਸਿਉ ਸੋਈ ਹੇਤੁ।" (ਦਿੰਦੇ)
—ਜੈਤ **੫**, ਵਾਰ ੪ : ੨ (706)

ਦੇਵਹੁ —
"ਜਨੁ ਨਾਨਕੁ ਜੀਵੈ ਨਾਮੁ ਲੈ ਹਰਿ **ਦੇਵਹੁ** ਸਹਜਿ ਸੁਭਾਇ।" (ਦਿੰਦੇ ਹੋ)
— ਸਿਰੀ **੩**, ੩੫, ੫ : ੨ (27)
"ਨਾਨਕ ਕਉ ਪ੍ਰਭ ਮਇਆ ਕਰਿ ਸਚੁ **ਦੇਵਹੁ** ਅਪੁਣਾ ਨਾਉ।" (ਦੇਵੋ ਦਿਓ)
— ਸਿਰੀ **੫**, ੭੭, ੪ : ੩ (44)

ਦੇਵਹੋ —
"ਆਸੀਸਾ **ਦੇਵਹੋ** ਭਗਤਿ ਕਰੇਵਹੋ ਮਿਲਿਆ ਕਾ ਕਿਆ ਮੇਲੋ।" (ਦਿਓ)
— ਵਡ **੧**, ਅਲਾ ੫, ੨ : ੩ (582)

ਦੇਵਕਰੀ — ਹਿੰਡੋਲ ਰਾਗ ਦੀਆਂ ਛੇ ਰਾਗਨੀਆਂ ਵਿਚੋਂ ਇਕ
"ਤੇਲੰਗੀ **ਦੇਵਕਰੀ** ਆਈ।"
— ਰਾਗ ੧ : ੨੫ (1430)

ਦੇਵਕਾ — ਦਿੰਦਾ ਹੈ
"ਹਰਿ ਕੀ ਵਡਿਆਈ ਵਡੀ ਹੈ ਅਪੁਛਿਆ ਦਾਨੁ **ਦੇਵਕਾ**।" — ਸਿਰੀ **੪**, ਵਾਰ ੬ : ੫ (84)

ਦੇਵਕੀ — ਸ੍ਰੀ ਕ੍ਰਿਸ਼ਨ ਜੀ ਦੀ ਮਾਤਾ
"ਧਨਿ ਧਨਿ ਤੂ ਮਾਤਾ **ਦੇਵਕੀ**।"
— ਮਾਲੀ **ਨਾਮ**, ੧, ੨ : ੧ (988)

ਦੇਵ ਕੁਲੀ — ਦੇਵ ਕੁਲ ਵਾਲੇ ਭਾਵ ਦੇਵਤੇ
"**ਦੇਵ ਕੁਲੀ** ਲਖਿਮੀ ਕਉ ਕਰਹਿ ਜੈਕਾਰੁ।"
— ਭੈਰ **੩**, ਅਸ ੧, ੧੧ : ੧ (1154)

ਦੇਵਗੰਧਾਰੀ — ਮਾਲਕ ਉਸ ਦੀ ਪੰਜ ਰਾਗਨੀਆਂ ਵਿਚੋਂ ਇਕ
"ਗੌਂਡਕਰੀ ਅਰੁ **ਦੇਵਗੰਧਾਰੀ**।"
— ਰਾਮ ੧ : ੧੫ (1430)

ਦੇਵਣ — ਦੇਵ
"ਗੁਰ ਦੀਖਿਆ ਘਰਿ **ਦੇਵਣ** ਜਾਹਿ।"
— ਰਾਮ **੩**, ਵਾਰ ੧੧ਸ, **੧**, ੧ : ੨ (951)

ਦੇਵਣਹਾਰ — ਦੇਣਹਾਰ, ਦੇ ਸਕਣ ਦੇ ਸਮਰਥ
"ਜੈਸੀ ਭੁਖ ਹੋਈ ਅਭ ਅੰਤਰਿ ਤੂੰ ਸਮਰਥੁ ਸਚੁ **ਦੇਵਣਹਾਰ**।"
— ਗੂਜ **੧**, ਅਸ ੨, ੧ : ੨ (503)

ਹੋਰ ਰੂਪ — ਦੇਵਣਹਾਰਾ —
"ਸਰਬ ਜੀਆ ਕਉ **ਦੇਵਣਹਾਰਾ**।" (ਦੇਣ ਵਾਲਾ) — ਮਾਝ **੫**, ੩੯, ੩ : ੧ (106)

ਦੇਵਣਹਾਰਿ —
"ਅਮੁਲ ਗਲੋਲਾ ਕੂੜ ਕਾ ਦਿਤਾ **ਦੇਵਣਹਾਰਿ**।" (ਦੇਣ ਵਾਲੇ ਨੇ)
— ਸਿਰੀ **੧**, ੫, ੧ : ੧ (15)

ਦੇਵਣਹਾਰੁ —
"ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ **ਦੇਵਣਹਾਰੁ**।" (ਦੇਣ ਵਾਲਾ, ਦੇ ਸਕਣ ਦੇ ਸਮਰਥ) — ਗਉ **੧**, ਸੋਹ ੧, ੨ : ੧ (12)

ਦੇਵਣਹਾਰੇ —
"**ਦੇਵਣਹਾਰੇ** ਕੈ ਹਥਿ ਦਾਨੁ।"
— ਸਿਰੀ **੧**, ੩੨, ੧ : ੨ (25)

ਦੇਵਣਹਾਰੈ —
"ਹਥੀ ਦਿਤੀ ਪ੍ਰਭਿ **ਦੇਵਣਹਾਰੈ**।"
— ਮਾਝ **੫**, ੪੨, ੪ : ੧ (106)

ਦੇਵਣਹਾਰੋ —
"ਤੁਧੁ ਸਿਰਜੀ ਮੇਦਨੀ ਦੁਖੁ ਸੁਖੁ **ਦੇਵਣਹਾਰੋ**।"
— ਵਡ **੧**, ਅਲਾ ੩, ੨ : ੧ (580)

ਦੇਵਣ ਵਾਲਾ — ਦੇਣਹਾਰ, ਦੇਣ ਵਾਲਾ
"**ਦੇਵਣ ਵਾਲਾ** ਸਭ ਬਿਧਿ ਜਾਣੈ ਗੁਰਮੁਖਿ ਪਾਈਐ ਨਾਮੁ ਨਿਧਾਨੁ।"
— ਆਸਾ **੩**, ੨੪, ੧* : ੨ (423)

ਹੋਰ ਰੂਪ — ਦੇਵਣ ਵਾਲੇ —
"**ਦੇਵਣ ਵਾਲੇ** ਕੈ ਹਥਿ ਦਾਤਿ ਹੈ ਗੁਰੂ ਦੁਆਰੈ ਪਾਇ।" — ਸਿਰੀ **੩**, ੫੦, ੩ : ੨ (33)

ਦੇਵਣਾ — ਦੇਣਾ, ਪ੍ਰਦਾਨ ਕਰਨਾ
"ਅਣਮੰਗਿਆ ਦਾਨੁ **ਦੇਵਣਾ** ਕਹੁ ਨਾਨਕ ਸਚੁ ਸਮਾਲਿ ਜੀਉ।"
— ਸਿਰੀ **੧**, ਅਸ ੨੮, ੨੪ : ੩ (73)

ਹੋਰ ਰੂਪ — ਦੇਵਣਿਆ —
"ਹਉ ਤੇਰਾ ਤੂੰ ਠਾਕੁਰੁ ਮੇਰਾ ਸਬਦਿ ਵਡਿਆਈ **ਦੇਵਣਿਆ**।" (ਦੇਣ ਵਾਲਾ)
— ਮਾਝ **੩**, ਅਸ ੧੧, ੧* : ੨ (115)

ਦੇਵਤ — ਦਿੰਦਾ ਹੈ
"ਭੂਖੇ ਕਉ **ਦੇਵਤ** ਅਧਾਰ।"
— ਗਉ **੫**, ਸੁਖ ੧੫, ੭ : ੨ (283)

ਹੋਰ ਰੂਪ — ਦੇਵੰਤ —
"ਭਰਣ ਪੋਖਣ ਕਰੰਤ ਜੀਆ ਬਿਸ੍ਰਾਮ ਛਾਦਨ **ਦੇਵੰਤ** ਦਾਨੰ।"
— ਸਸ **੫**, ੨੩ : ੧ (1356)

ਦੇਵਤਾ — 1. ਸਵਰਗ ਨਿਵਾਸੀ, ਸੁਰ, ਫਰਿਸਤਾ
"ਪਰੇਤਹੁ ਕੀਤੋਨੁ **ਦੇਵਤਾ** ਤਿਨਿ ਕਰਣੈਹਾਰੇ।"
— ਗਉ **੫**, ਵਾਰ ੨੦, **੫**, ੨ : ੧ (323)

ਹੋਰ ਰੂਪ — ਦੇਵਤਿਆ —
"ਦੇਵਲ **ਦੇਵਤਿਆ** ਕਰੁ ਲਾਗਾ ਐਸੀ ਕੀਰਤਿ ਚਾਲੀ।"
— ਬਸੰ **੧**, ਅਸ ੮, ੫ : ੨ (1191)

2. ਪਵਿਤਰ ਪਦਾਰਥ
"ਅੰਨੁ **ਦੇਵਤਾ** ਪਾਣੀ **ਦੇਵਤਾ** ਬਸੰਤਰੁ **ਦੇਵਤਾ** ਲੂਣੁ ਪੰਜਵਾ ਪਾਇਆ ਘਿਰਤੁ।"
— ਆਸਾ **੧**, ਵਾਰਾ ੧੯ਸ, **੧**, ੧ : ੫ (473)

ਦੇਵਤੇ — 1. ਭਲੇ/ਉਤਮ ਪੁਰਸ਼
"ਮਾਣਸ ਤੇ **ਦੇਵਤੇ** ਭਏ ਧਿਆਇਆ ਨਾਮੁ ਹਰੇ।"
— ਸਿਰੀ **੪**, ਵਾਰ ੧੯ਸ, **੩**, ੨ : ੨ (90)

2. ਫਰਿਸ਼ਤੇ
"ਸਿਮਰਹਿ **ਦੇਵਤੇ** ਕੋੜਿ ਤੇਤੀਸਾ।"
— ਮਾਰੂ **੫**, ਸੋਲਾ ੮, ੩ : ੨ (1079)
"ਕੋਟਿ ਤੇਤੀਸਾ **ਦੇਵਤੇ** ਸਣੁ ਇੰਦ੍ਰੈ ਜਾਸੀ।"
— ਮਾਰੂ **੫**, ਵਾਰ ੧੮ : ੨ (1100)

ਦੇਵਦਾ — ਦਿੰਦਾ
"ਵਿਣੁ ਕਲਹ ਨ **ਦੇਵਦਾ** ਤਾਂ ਲਇਆ ਕਰਤੇ।"
— ਗਉ **੪**, ਵਾਰ ੩੨ : ੭ (317)

ਦੇਵਨ — ਦੇਣ, ਦਾਨ ਕਰਨ
"ਬਿਸੰਭਰੁ **ਦੇਵਨ** ਕਉ ਏਕੈ ਸਰਬ ਕਰੈ ਪ੍ਰਤਿਪਾਲਾ।"
— ਗਉ **੫**, ਛੰਤ ੩, ੪ : ੨ (249)

ਦੇਵਨਹਾਰ — ਦੇਣ ਹਾਰ, ਦੇ ਸਕਨ ਦੇ ਸਮਰਥ, ਵੇਖੋ 'ਦੇਵਣਹਾਰ'
"ਦਾਸਹ ਏਕੁ ਨਿਹਾਰਿਆ ਸਭੁ ਕਛੁ **ਦੇਵਨਹਾਰ**।"
— ਗਉ **੫**, ਬਾਅ ੩੪ਸ : ੧ (257)

ਹੋਰ ਰੂਪ — ਦੇਵਨਹਾਰਾ —
"ਤਿਨ ਜਨ ਕੀ ਧੂਰਿ ਬਾਛੈ ਨਿਤ ਨਾਨਕੁ ਪਰਮੇਸਰੁ **ਦੇਵਨਹਾਰਾ**।"
— ਦੇਵ **੫**, ੨੦, ੨ : ੨ (532)

ਦੇਵਨਹਾਰੁ —
"**ਦੇਵਨਹਾਰੁ** ਮਨਹਿ ਬਿਸਰਾਨਾ।"
— ਗਉ **੫**, ਬਾਅ ੬ : ੬ (251)

ਦੇਵਨ ਜੋਗ — ਦੇਣ ਦੇ ਸਮਰਥ
"ਸੁਤ ਬਨਿਤਾ ਸਾਜਨ ਸੇਵਕ ਦੀਏ ਪ੍ਰਭ **ਦੇਵਨ**

ਜੋਗ।" — ਜੈਤ **੫**, ਵਾਰ ੩ : ੩ (706)

ਦੇਵਨੀ — ਦੇਣੀ
"ਇਕ ਰਤੀ ਬਿਲਮ ਨ **ਦੇਵਨੀ** ਵਣਜਾਰਿਆ ਮਿਤ੍ਰਾ ਓਨੀ ਤਕੜੇ ਪਾਏ ਹਾਥ।"
— ਸਿਰੀ **੫**, ਪਹ ੪, ੫ : ੨ (78)

ਦੇਵਪੁਰੀ — ਦੇਵਤਿਆਂ ਦਾ ਨਗਰ, ਸਵਰਗ, ਸਚਖੰਡ
"**ਦੇਵ ਪੁਰੀ** ਮਹਿ ਗਯਉ ਆਪਿ ਪਰਮੇ ਸ੍ਵਰ ਭਾਯਉ।" — ਸਵ **੫**, ਹਰਿ ੨ : ੧ (1409)

ਦੇਵਰ — ਪਤੀ ਦਾ ਛੋਟਾ ਭਰਾ
"ਮਤੀ ਦੇਵੀ **ਦੇਵਰ** ਜੇਸਟ।"
— ਆਸਾ **੫**, ੩, ੪ : ੨ (371)

ਦੇਵਲ — ਨਿਵਾਸ, ਸਥਾਨ, ਮੰਦਰ, ਸ਼ਿਵਾਲਾ
"ਕਾਯਉ ਦੇਵਾ ਕਾਇਅਉ **ਦੇਵਲ** ਕਾਇਅਉ ਜੰਗਮ ਜਾਤੀ।" — ਸਿਰੀ **ਪੀਪਾ**, ੧, ੧ : ੧ (695)

ਦੇਵਾ — 1. ਦੇਵਾਂ, ਭੇਟਾ ਕਰਾਂ
"ਹਰਿ ਕੇ ਸੰਤ ਮਿਲਹੁ ਮਨੁ **ਦੇਵਾ** ਜੋ ਗੁਰਬਾਣੀ ਮੁਖਿ ਚਉਦਾ ਜੀਉ।"
— ਮਾਝ **੪**, ੫, ੨ : ੩ (95)
"ਮੇਰੇ ਪ੍ਰੀਤਮ ਪ੍ਰਾਨ ਮਨੁ ਤਨੁ ਸਭੁ **ਦੇਵਾ** ਮੇਰੇ ਹਰਿ ਪ੍ਰਭ ਕੀ ਹਰਿ ਕਥਾ ਸੁਨਾਵੈ।"
— ਗੂਜ **੪**, ੬, ੧* : ੨ (494)

ਹੋਰ ਰੂਪ — ਦੇਵਾਂ —
"ਮਨੁ **ਦੇਵਾਂ** ਸੰਤਾ ਮੇਰਾ ਪ੍ਰਭੁ ਮੇਲੇ ਜੀਉ।"
— ਗਉ **੪**, ੬੬, ੨ : ੩ (173)

2. ਦੇਣ ਵਾਲਾ, ਦਾਤਾ
"ਪਾਰਬ੍ਰਹਮ ਅਪਰੰਪਰ **ਦੇਵਾ**।"
— ਮਾਝ **੫**, ੧੩, ੧ : ੧ (98)

3. ਦੇਵਤਾ
"ਦੇਵੀ **ਦੇਵਾ** ਮੂਲੁ ਹੈ ਮਾਇਆ।"
— ਮਾਝ **੩**, ੩੩, ੨ : ੧ (129)
"ਮਾਟੀ ਕੇ ਕਰਿ ਦੇਵੀ **ਦੇਵਾ** ਤਿਸੁ ਆਗੈ ਜੀਉ ਦੇਹੀ।" — ਗਉ **ਕਬ**, ੪੫, ੨ : ੧ (332)
"ਤੁਮਾ ਸੋ ਠਾਕੁਰੁ ਅਉਰੁ ਨ **ਦੇਵਾ**।" (ਦੇਵਤਾ, ਪੂਜਨਯੋਗ)— ਸੋਰ **ਰਵਿ**, ੫, ੪ : ੨ (659)

ਹੋਰ ਰੂਪ — ਦੇਵਾ —
"ਪੁਛਾ **ਦੇਵਾ** ਮਾਣਸਾਂ ਜੋਧ ਕਰਹਿ ਅਵਤਾਰ।"
— ਸਾਰ **੪**, ਵਾਰ ੧੧ਸ, **੧**, ੨ : ੩ (1241)

4. ਪ੍ਰਭੁ, ਹਰਿ, ਪ੍ਰਮਾਤਮਾ
"ਹਰਖ ਸੋਗ ਪਰਸੈ ਜਿਹ ਨਾਹਨਿ ਸੋ ਮੂਰਤਿ ਹੈ **ਦੇਵਾ**।" — ਗਉ **੯**, ੨, ੧ : ੨ (220)
"ਜੀਵਨ **ਦੇਵਾ** ਪਾਰਬ੍ਰਹਮ ਸੇਵਾ ਇਹੁ ਉਪਦੇਸੁ ਮੋ ਕਉ ਗੁਰਿ ਦੀਨਾ ਜੀਉ।"
— ਧਨਾ **੫**, ੨੯, ੧ : ੨ (678)
(ਜੀਵਨ ਪਾਰਬ੍ਰਹਮ ਦੇਵ (ਪਰਮਾਤਮਾ) ਦੀ ਸੇਵਾ)

5. ਹੇ ਦੇਵ
"**ਦੇਵਾ** ਪਾਹਨ ਤਾਰੀਅਲੇ।"
— ਗਉ **ਨਾਮ**, ੧, ੧* : ੧ (345)

6. ਇਸ਼ਟ ਦੇਵ
"ਆਪੇ ਜਾਈ ਆਪੇ ਮਾਈ ਆਪਿ ਸੁਆਮੀ ਆਪਿ **ਦੇਵਾ**।"
— ਆਸਾ **੫**, ਛੰਤ ੧, ੨ : ੪ (452)
"ਆਪ ਹੀ ਪੂਜਾਰੀ ਆਪ ਹੀ **ਦੇਵਾ**।"
— ਬਿਲਾ **੫**, ੬, ੩ : ੨ (803)

7. ਦੇਵਤਿਆ
"ਰਾਮ ਨਾਮੁ **ਦੇਵਾ** ਮਹਿ ਸੂਰੁ।"
— ਆਸਾ **੧**, ਵਾਰ ੧੩ਸ, **੧**, ੨ : ੪ (470)
"ਸਤਿਗੁਰ ਗਿਆਨ ਜਾਨੈ ਸੰਤ **ਦੇਵਾ** ਦੇਵ।" (ਦੇਵਤਿਆਂ ਦੇ)
— ਆਸਾ **ਰਵਿ**, ੨, ੧ : ੨ (486)

8. ਉਤਮ, ਸ੍ਰੇਸ਼ਟ ਪੁਰਸ਼
"ਨਾਦਿ ਸਮਾਇਲੋ ਰੇ ਸਤਿਗੁਰ ਭੇਟਿਲੇ **ਦੇਵਾ**।" (ਜਦ ਸਤਿਗੁਰ ਦੇਵ (ਉਤਮ ਪੁਰਸ਼) ਨੂੰ ਮਿਲਿਆ)
— ਸੋਰ **ਨਾਮ**, ੧, ੧* : ੧ (657)
"ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ **ਦੇਵਾ**।" (ਹੇ ਦੇਵ/ਹੇ ਭਲੇ ਪੁਰਸ਼)
— ਸਾਰ **ਪਰ**, ੧, ੧ : ੧ (1253)

ਦੇਵਾਇਆ — ਪ੍ਰਦਾਨ ਕਰਵਾਇਆ, ਦੁਆਇਆ
"ਇਕਨਾ ਸਚੁ ਬੁਝਾਇਓਨੁ ਤਿਨਾ ਅਤੁਟ ਭੰਡਾਰ **ਦੇਵਾਇਆ**।" — ਸਿਰੀ **੪**, ਵਾਰ ੮ : ੪ (85)

ਦੇਵਾਇਣਾ — ਦੁਆਉਣਾ
"ਸਦਾ ਸਦਾ ਸੰਤਹ ਸੰਗਿ ਰਾਖਹੁ ਏਹੁ ਨਾਮ ਦਾਨੁ **ਦੇਵਾਇਣਾ**।"
— ਮਾਰੂ **੫**, ਸੋਲਾ ੨, ੧੪ : ੩ (1078)

ਦੇਵਾਈ — ਦੇਂਦਾ ਹੈ
"ਭੰਡਾਰ ਭਰੇ ਭਗਤੀ ਹਰਿ ਤੇਰੇ ਜਿਸੁ ਭਾਵੈ ਤਿਸੁ **ਦੇਵਾਈ**।"
— ਸੂਹੀ **੪**, ਅਸ ੧, ੨੧ : ੧ (758)

ਦੇਵਾਈਆ — ਦਿਵਾਉਂਦਾ ਹੈ
"ਜਿਨਾ ਗੁਰੁ ਪਿਆਰਾ ਮਨਿ ਚਿਤਿ ਤਿਨਾ ਭਾਉ ਗੁਰੂ **ਦੇਵਾਈਆ**।"
— ਸੋਰ **੪**, ਵਾਰ ੧੪ : ੩ (648)
ਹੋਰ ਰੂਪ — ਦੇਵਾਏ —
"ਹਰਿ ਕੀ ਵਡਿਆਈ ਦੇਖਹੁ ਸੰਤਹੁ ਹਰਿ ਨਿਮਾਣਿਆ ਮਾਣੁ **ਦੇਵਾਏ**।" (ਦੇਵਾਉਂਦਾ ਹੈ) — ਸੂਹੀ **੪**, ੧੨, ੪ : ੧ (735)

ਦੇਵਾਕਰ — ਜੋਤ/ਚਾਨਣ ਦੀ ਖਾਨ/ਭੰਡਾਰ
"ਸੁੰਨ ਸੰਧਿਆ ਤੇਰੀ ਦੇਵ **ਦੇਵਾਕਰ** ਅਧਪਤਿ ਆਦਿ ਸਮਾਈ।"— ਪ੍ਰਭਾ **ਕਬ**, ੫, ੧ : ੧ (1350)

ਦੇਵਾਤ — ਦੇਵਤਾਪਨ (ਸ਼ਬਦਾਰਥ) ਪ੍ਰਕਾਸ਼ ਸਰੂਪ (ਸੰਥਿਆ)
"ਏਕ ਕ੍ਰਿਸਨੰ ਸਰਬ ਦੇਵਾ ਦੇਵ **ਦੇਵਾਤ** ਆਤਮਾ।"
— ਆਸਾ **੧**, ਵਾਰ ੧੨, **੨**, ੪ : ੧ (469)
('ਦਰਪਣ' ਤੇ 'ਨਿਰਣੈ' ਦਾ ਪਾਠ ਦਾ ਪਦ ਛੇਦ 'ਦੇਵਾ ਤ' ਕਰਕੇ 'ਤ' ਦੇ ਅਰਥ 'ਭੀ' ਦੇ ਕਰਦੇ ਹਨ)

ਦੇਵਾਧਿ — ਦੇਵਤਿਆਂ ਦਾ
"ਓਹਿ ਪਰਮ ਪੁਰਖ **ਦੇਵਾਧਿ** ਦੇਵ।" (ਦੇਵਤਿਆਂ ਦਾ ਦੇਵ) — ਬਸੰ **ਕਬ**, ੪, ੫ : ੧ (1194)

ਦੇਵਾਨਾ — ਝੱਲਾ, ਮੂਰਖ, ਸ਼ੁਦਾਈ, ਕਮਲਾ
"ਸੋ ਕਹੀਐ **ਦੇਵਾਨਾ** ਆਪੁ ਨ ਪਛਾਣਈ।"
— ਮਾਝ **੧**, ਵਾਰ ੯ : ੨ (142)
"ਅੰਮ੍ਰਿਤ ਛੋਡਿ ਮਹਾ ਬਿਖੁ ਪੀਵੈ ਮਾਇਆ ਕਾ **ਦੇਵਾਨਾ**।" (ਸ਼ੁਦਾਈ, ਮਸਤ)
— ਮਾਰੂ **੧**, ਅਸ ੭, ੫ : ੩ (1013)

ਦੇਵਾਨਿਆ — ਸ਼ੁਦਾਈ ਹੋਇਆ, ਝੱਲਾ ਹੋਇਆ
"ਕਾਮ ਕ੍ਰੋਧਿ ਅਹੰਕਾਰਿ ਫਿਰਹਿ **ਦੇਵਾਨਿਆ**।"
— ਜੈਤ **੫**, ਵਾਰ ੯ : ੩ (707)

ਦੇਵਾਨੀ — ਕਮਲੀ, ਸ਼ੁਦਾਈ
"ਦੂਜੈ ਭਾਇ ਫਿਰੈ **ਦੇਵਾਨੀ**।"
— ਮਾਰੂ **੩**, ਸੋਲ੍ਹਾ ੪, ੧੨ : ੧ (1047)

ਦੇਵਾਨੇ — ਪਾਗਲ, ਮੂਰਖ
"ਜੀਵਤ ਛਾਡਿ ਜਾਹਿ **ਦੇਵਾਨੇ**।"
— ਗਉ **੫**, ੧੬੬, ੧ : ੧ (199)

ਦੇਵਾਲਿਆ — ਮੰਦਰ
"ਤਟ ਤੀਰਥ ਦੇਵ **ਦੇਵਾਲਿਆ** ਕੇਦਾਰੁ ਮਥੁਰਾ ਕਾਸੀ।" — ਮਾਰੂ **੫**, ਵਾਰ ੧੮ : ੧ (1100)

ਦੇਵਾਲੀਏ — ਉਹ ਪੁਰਸ਼ ਜਿਸ ਕੋਲ ਰਿਣ ਚੁਕਾਨ ਲਈ ਕੁਝ ਨਾਂ ਹੋਵੇ
"ਜਿਨੀ ਗੁਰਮੁਖਿ ਹਰਿ ਨਾਮੁ ਧਨੁ ਨ ਖਟਿਓ ਸੇ **ਦੇਵਾਲੀਏ** ਜਗ ਮਾਹਿ।"
— ਬਿਲਾ **੪**, ਵਾਰ ੮ : ੧ (852)

ਦੇਵਾਵੈ — ਦੁਆਏ, ਭਾਵ ਲਵਾਏ, ਖੁਦਾਏ, ਬਣਵਾ ਦੇਵੇ
"ਜੇ ਓਹੁ ਕੂਪ ਤਟਾ **ਦੇਵਾਵੈ**।"
— ਗੋਂਡ **ਰਵਿ**, ੨, ੧ : ੨ (875)

ਦੇਵੀ — 1. ਦੇਵਤਾ ਦੀ ਇਸਤ੍ਰੀ ਭਾਵ ਦੁਰਗਾ
"ਗਾਵਹਿ ਈਸਰੁ ਬਰਮਾ **ਦੇਵੀ** ਸੋਹਨਿ ਸਦਾ ਸਵਾਰੇ।" — ਜਪੁ **੧**, ੨੭ : ੬ (6)
2. ਦੇਵਤਾ ਦਾ ਇਸਤ੍ਰੀ ਲਿੰਗ, ਪਵਿੱਤਰ ਇਸਤ੍ਰੀ, ਸਤਕਾਰਿਤ ਇਸਤ੍ਰੀ
"ਕੇਤੇ ਸਿਧ ਬੁਧ ਨਾਥ ਕੇਤੇ ਕੇਤੇ **ਦੇਵੀ** ਵੇਸ।"
— ਜਪੁ **੧**, ੩੫ : ੭ (7)
"**ਦੇਵੀ** ਦੇਵ ਉਪਾਏ ਵੇਸਾ।"
— ਬਿਲਾ **ਥਿਤੀ**, ੪ : ੨ (839)
3. ਦੇਵਤਿਆਂ ਦੇ
"ਅਠਸਠਿ ਤੀਰਥ **ਦੇਵੀ** ਥਾਪੇ ਪੁਰਬੀ ਲਗੈ ਬਾਣੀ।"
— ਮਾਝ **੧**, ਵਾਰ ੨੬ਸ, **੧**, ੧ : ੧੫ (150)
"ਜਿਤਨੇ ਤੀਰਥ **ਦੇਵੀ** ਥਾਪੇ ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ।"
— ਮਲਾ **੪**, ੨, ੩ : ੧ (1263)
4. ਦੇਣ ਵਾਲੀ
"ਮਤੀ **ਦੇਵੀ** ਦੇਵਰ ਜੇਸਟ।"
— ਆਸਾ **੫**, ੩, ੪ : ੨ (371)

ਦੇਵੀਆ — ਦੇਵੀਆਂ
"**ਦੇਵੀਆ** ਨਹੀ ਜਾਨੈ ਮਰਮ।"
— ਰਾਮ **੫**, ੩੬, ੨ : ੩ (894)

ਦੇਵੈ — 1. ਦਿੰਦਾ ਹੈ, ਪ੍ਰਦਾਨ ਕਰਦਾ ਹੈ
"ਲੇਵੈ **ਦੇਵੈ** ਢਿਲ ਨ ਪਾਈ।"
— ਸਿਰੀ **੧**, ੩੦, ੧* : ੨ (25)
"ਜੋ **ਦੇਵੈ** ਤਿਸੈ ਨ ਜਾਣੈ ਮੂੜਾ ਦਿਤੇ ਨੋ ਲਪਟਾਏ।"
— ਸਿਰੀ **੪**, ੩, ੨ : ੪ (76)
2. ਦਿੰਦਾ ਹੈ (ਸਹਾਇਕ ਕਿਰਿਆ)
"ਸਤਿਗੁਰ ਸੇਵੈ ਲਗਿਆ ਕਢਿ ਰਤਨੁ **ਦੇਵੈ** ਪਰਗਾਸਿ।"
— ਸਿਰੀ **੪**, ੬੬, ੨ : ੨ (40)
"ਦਮੜਾ ਪਲੈ ਨਾ ਪਵੈ ਨਾ ਕੋ **ਦੇਵੈ** ਧੀਰ।"
— ਸਿਰੀ **੫**, ਅਸ ੨੬, ੨ : ੨ (70)

ਦੈ — ਸਬੰਧ ਬੋਧਕ ਪ੍ਰਤਯ
"ਤਿਸ **ਦੈ** ਚਾਨਣਿ ਸਭ ਮਹਿ ਚਾਨਣੁ ਹੋਇ।"
— ਧਨਾ **੧**, ਸੋਰ ੩, ੩ : ੨ (13)

ਦੈਆਰ — ਹੇ ਦਿਆਲ
"ਧਰਮ ਸਾਲ ਅਪਾਰ **ਦੈਆਰ** ਠਾਕੁਰ ਸਦਾ ਕੀਰਤਨੁ ਗਾਵਹੇ।" — ਗਉ **੫**, ਛੰਤ ੨, ੧ : ੩ (248)

ਦੈਆਲ — ਦਿਆਲ, ਦਇਆਵਾਨ
"ਦੀਨਾ ਨਾਥ **ਦੈਆਲ** ਦੇਵ ਪਤਿਤ ਉਧਾਰਣਹਾਰੁ।"
— ਮਾਝ **੫**, ਦਿਨ ੨ : ੬ (137)

ਹੋਰ ਰੂਪ — ਦੈਆਲਾ —
"ਬਿਨਵੰਤ ਨਾਨਕ ਇਛ ਪੁਨੀ ਜਪਤ ਦੀਨ **ਦੈਆਲਾ**।"
— ਗਉ **੫**, ਛੰਤ ੩, ੪ : ੬ (249)

ਦੈਆਲੁ —
"ਜਉ ਹੋਇ **ਦੈਆਲੁ** ਸਤਿਗੁਰੁ ਅਪੁਨਾ ਤਾ ਇਹ ਮਤਿ ਬੁਧਿ ਪਾਈਐ।"
— ਗਉ **੫**, ੧੫੩*, ੧ : ੨ (213)

ਦੈਹਉ — ਦੇਵਾਂ ਗਾ
"ਤੋ ਪਹਿ ਦੁਗਣੀ ਮਜੂਰੀ **ਦੈਹਉ** ਮੋ ਕਉ ਬੇਢੀ ਦੇਹੁ ਬਤਾਈ ਹੋ।" — ਸੋਰ **ਨਾਮ**, ੨, ੧ : ੨ (657)

ਦੈਣੀ — ਦੇਣ ਵਾਲਾ, ਦਾਤਾ
"ਅਗਿਆਨੁ ਅਧੇਰਾ ਸੰਤੀ ਕਾਟਿਆ ਜੀਅ ਦਾਨੁ ਗੁਰ **ਦੈਣੀ**।" — ਦੇਵ **੫**, ੯, ੧ : ੧ (530)

ਦੈਤ — 1. ਦੈਂਤ
"**ਦੈਤ** ਪੁਤੁ ਕਰਮ ਧਰਮ ਕਿਛੁ ਸੰਜਮ ਨ ਪੜੈ ਦੂਜਾ ਭਾਉ ਨ ਜਾਣੈ।"
— ਸਿਰੀ **੩**, ਅਸ ੨੨, ੪ : ੧ (67)
2. ਦਿੰਦਾ ਹੈ
"ਡਾਨੁ **ਦੈਤ** ਨਿੰਦਕ ਕਉ ਜਾਮ।"
— ਭੈਰ **੫**, ੩੪, ੧ : ੪ (1145)

ਦੈਤਹੁ — ਦੈਂਤਾਂ ਨੂੰ
"ਦਲਿ ਮਲਿ **ਦੈਤਹੁ** ਗੁਰਮੁਖਿ ਗਿਆਨੁ।"
— ਰਾਮ **ਬੇਣੀ**, ੧, ੯ : ੫ (974)

ਦੈਤਾ — ਦੈਂਤਾਂ ਨੇ
"**ਦੈਤਾ** ਮਾਰੇ ਧਾਇ ਹੁਕਮਿ ਸਬਾਇਆ।"
— ਮਲਾ **੧**, ਵਾਰ ੩ : ੪ (1279)

ਹੋਰ ਰੂਪ — ਦੈਤਿ —
"ਕਿਰਤ ਸੰਜੋਗੀ **ਦੈਤਿ** ਰਾਜੁ ਚਲਾਇਆ।"
— ਭੈਰ **੩**, ਅਸ ੧, ੬ : ੧ (154)

ਦੈਤੁ —
"ਸੰਤ ਜਨਾ ਕੀ ਨਿੰਦਾ ਕਰਹਿ ਦੁਸਟੁ **ਦੈਤੁ** ਚਿੜਾਇਆ।"
— ਭੈਰ **੩**, ੨੧, ੩ : ੨ (1133)
"ਭੂਲਾ **ਦੈਤੁ** ਨ ਸਮਝਈ ਤਿਨਿ ਪ੍ਰਭ ਕੀਏ ਕਾਮ।" (ਭਾਵ ਰਾਵਣ)
— ਸਲੋ **੧**, ੨੬ : ੩ (1412)

ਦੈਤੈ —
"ਸੰਤ ਜਨਾ ਕਾ ਹਰਿ ਜੀਉ ਰਾਖਾ **ਦੈਤੈ** ਕਾਲੁ ਨੇੜਾ ਆਇਆ।" (ਹਰਨਾਕਸ਼ ਦੈਂਤ ਦਾ)
— ਭੈਰ **੩**, ੨੧, ੪ : ੨ (1133)

ਦੈਨ — ਦਿੰਦੇ ਹਨ
"ਮੁਖਿ ਅਪਿਆਉ ਬੈਠ ਕਉ **ਦੈਨ**।"
— ਗਉ **੫**, ਸੁਖ ੪, ੧ : ੮ (267)

ਦੈਨਹਾਰ — ਦੇਣ ਵਾਲਾ, ਦਾਤਾ
"ਹਰਿ ਜਨ ਕੀ ਰੇਨ ਬਾਂਛੁ **ਦੈਨਹਾਰ** ਸੁਆਮੀ।"
— ਸਾਰ **੫**, ੧੩੪, ੧ : ੨ (1250)

ਹੋਰ ਰੂਪ — ਦੈਨਹਾਰੁ —
"**ਦੈਨਹਾਰੁ** ਸਦ ਜੀਵਨਹਾਰਾ।" (ਭਾਵ ਪ੍ਰਭੂ)
— ਗਉ **੫**, ਬਾਅ ੩੪ : ੩ (257)

ਦੈਲਾ — ਦਿਤਾ ਹੈ
"ਛੀਪੇ ਕੇ ਘਰਿ ਜਨਮੁ **ਦੈਲਾ** ਗੁਰ ਉਪਦੇਸੁ ਭੈਲਾ।"
— ਆਸਾ **ਨਾਮ**, ੫, ੨ : ੧ (486)

ਦੋ — ਗਿਣਤੀ ਦੀ ਇਕ ਇਕਾਈ, ਇਕ ਤੋਂ ਬਾਅਦ

ਦਾ ਅੰਕ
"ਜਿਸ ਨੋ ਤੂੰ ਅਸਥਿਰੁ ਕਰਿ ਮਾਨਹਿ ਤੇ ਪਾਹੁਨ **ਦੋ** ਦਾਹਾ।" — ਆਸਾ **੫**, ੧੨੩, ੧ : ੧ (401)

ਦੋਊ — ਦੋਵੇਂ
"ਮਾਨੁ ਅਭਿਮਾਨੁ **ਦੋਊ** ਸਮਾਨੇ ਮਸਤਕੁ ਡਾਰਿ ਗੁਰ ਪਾਗਿਓ।"— ਗਉ **੫**, ੧੬੦*, ੧ : ੧ (215)

ਦੋਇ — 1. ਦੂਜਾ ਭਾਵ, ਦ੍ਵੈਤ ਭਾਵ
"ਇਉ ਸਰਪਨਿ ਕੈ ਵਸਿ ਜੀਅੜਾ ਅੰਤਰਿ ਹਉਮੈ **ਦੋਇ**।" — ਸਿਰੀ **੧**, ਅਸ ੧੫, ੭ : ੨ (63)
"ਪਰਪੰਚਿ ਵਿਆਪਿ ਰਹਿਆ ਮਨੁ **ਦੋਇ**।" (ਦ੍ਵੈਤ ਭਾਵ ਵਿਚ) — ਗਉ **੧**, ੭, ੩ : ੩ (153)
2. ਦੋ
"ਜੈਸੇ ਬਸਤਰ ਦੇਹ ਓਢਾਨੇ ਦਿਨ **ਦੋਇ** ਚਾਰਿ ਭੋਰਾਹਾ।"
— ਆਸਾ **੫**, ੧੨੩, ੨ : ੧ (402)
"ਸਤਰਿ **ਦੋਇ** ਭਰੇ ਅੰਮ੍ਰਿਤ ਸਰਿ ਬਿਖੁ ਕਉ ਮਾਰਿ ਕਢਾਵਉ।" (ਸਤਰ ਤੇ ਦੋ ਭਾਵ ਬਹਿਤਰ) — ਧਨਾ **ਨਾਮ**, ੨, ੧ : ੨ (693)
3. ਦੋਵੇਂ
"ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ **ਦੋਇ**।"
— ਬਿਲਾ **ਰਵਿ**, ੨, ੧ : ੨ (858)

ਦੋਈ — ਦ੍ਵੈਤ ਭਾਵ
"ਗੁਰਮੁਖਿ ਅਹੰਕਾਰੁ ਜਲਾਏ **ਦੋਈ**।"
— ਗਉ **੩**, ਅਸ ੨, ੩ : ੨ (230)

ਦੋਸ — 1. ਕਸੂਰ
"ਮੈ ਵਿਚਿ **ਦੋਸ** ਹਉ ਕਿਉ ਕਰਿ ਪਿਰੁ ਪਾਵਾ।"
— ਵਡ **੪**, ੨, ੨ : ੧ (561)
2. ਕਲੰਕ
"ਦਾਗ **ਦੋਸ** ਮੁਹਿ ਚਲਿਆ ਲਾਇ।"
— ਧਨਾ **੧**, ੫, ੩ : ੩ (662)

ਦੋਸਤੀ — ਮਿਤਰਤਾ, ਪਿਆਰ, ਸਨੇਹ, ਲਗਨ
"ਖਾਧਾ ਹੋਇ ਸੁਆਹ ਭੀ ਖਾਣੇ ਸਿਉ **ਦੋਸਤੀ**।" (ਪਿਆਰ).
— ਮਾਝ **੧**, ਵਾਰ ੧੭ਸ, **੧**, ੧ : ੬ (146)
"ਤਿਨਾ ਦਰੀਆਵਾ ਸਿਉ **ਦੋਸਤੀ** ਮਨਿ ਮੁਖਿ ਸਚਾ ਨਾਉ।" (ਮਿੱਤਰਤਾ, ਲਗਨ)
— ਮਾਝ **੧**, ਵਾਰ ੧੮ਸ, **੨**, ੧ : ੫ (146)
"ਰੁਪੈ ਕਾਮੈ **ਦੋਸਤੀ** ਭੁਖੈ ਸਾਦੈ ਗੰਢੁ।"
— ਮਲਾ **੧**, ਵਾਰ ੨੩ਸ, **੧**, ੧ : ੧ (1288)

ਦੋਸਾ — ਦੋਸ਼, ਕਲੰਕ, ਨੁਕਸ, ਊਜ
"ਨਾ ਹਉ ਭੁਲੀ ਨ ਹਉ ਚੁਕੀ ਨਾ ਮੈ ਨਾਹੀ **ਦੋਸਾ**।"
— ਰਾਮ **੫**, ਵਾਰ ੬ਸ, **੫**, ੧ : ੬ (959)

ਦੋਸਾਂ — ਕਸੂਰਵਾਰ, ਦੋਸ਼ੀ
"ਏਹੁ ਨਿਦੋਸਾਂ ਮਾਰੀਐ ਹਮ **ਦੋਸਾਂ** ਦਾ ਕਿਆ ਹਾਲੁ।" — ਸਲੋ **ਫਰ**, ੩੯ : ੨ (1379)

ਦੋਸੀ — ਦੋਸ਼ੀ, ਮਾੜੇ ਆਦਮੀ, ਕਲੰਕਤ
"ਕੀਤਾ ਅੰਦਰਿ ਕੀਟੁ ਕਰਿ **ਦੋਸੀ** ਦੋਸੁ ਧਰੇ।"
— ਜਪੁ **੧**, ੭ : ੫ (2)

ਦੋਸੁ — ਕਸੂਰ
"ਕਤਿਕਿ ਕਰਮ ਕਮਾਵਣੇ **ਦੋਸੁ** ਨ ਕਾਹੂ ਜੋਗੁ।"
— ਮਾਝ **੫**, ਬਾਰਾ ੯ : ੧ (135)

ਦੋਹਾਗਣਿ — ਬੁਰੇ/ਖੋਟੇ ਆਚਾਰ ਵਾਲੀ, ਛੁਟੜ
"ਮਨਮੁਖ ਕਰਮ ਕਮਾਵਣੇ ਜਿਉ **ਦੋਹਾਗਣਿ** ਤਨਿ ਸੀਗਾਰੁ।" — ਸਿਰੀ **੩**, ੪੬, ੧ : ੧ (31)
"ਨਾਨਮ ਨਾਮ ਬਿਨਾ **ਦੋਹਾਗਣਿ** ਛੂਟੀ ਝੂਠਿ ਵਿਛੁੰਨਿਆ।" (ਛੁਟੜ)
— ਧਨਾ **੧**, ਛੰਤ ੩, ੧ : ੬ (689)
ਹੋਰ ਰੂਪ — ਦੋਹਾਗਣੀ —
"ਧ੍ਰਿਗ ਜੀਵਣੁ **ਦੋਹਾਗਣੀ** ਮੁਠੀ ਦੂਜੈ ਭਾਇ।" (ਮੰਦੇ ਭਾਗਾਂ ਵਾਲੀ)
— ਸਿਰੀ **੧**, ੧੩, ੧ : ੧ (18)
"ਦੂਖੁ ਘਣੋ **ਦੋਹਾਗਣੀ** ਕਿਉ ਥਿਰੁ ਰਹੈ ਸੁਹਾਗੁ।" (ਛੁਟੜ ਨੂੰ)
— ਸਿਰੀ **੧**, ਅਸ ੮, ੧ : ੩ (57)

ਦੋਹੀ — 1. ਡੌਂਡੀ, ਢੰਡੋਰਾ, ਹੋਕਾ, ਐਲਾਨ
"ਸਭ ਜਗ ਮਹਿ **ਦੋਹੀ** ਫੇਰੀਐ ਬਿਨੁ ਨਾਵੈ ਸਿਰ ਕਾਲੁ।" — ਸਿਰੀ **੧**, ਅਸ ੧੬, ੪ : ੨ (63)
"ਗੁਰ ਅੰਗਦ ਦੀ **ਦੋਹੀ** ਫਿਰੀ ਸਚੁ ਕਰਤੈ ਬੰਧਿ ਬਹਾਲੀ।" — ਰਾਮ **ਬਸ**, ੩ : ੪ (967)
2. ਦੁਹਾਈ, ਸਹਾਇਤਾ ਲਈ ਪੁਕਾਰ
"ਸਿਵ ਸਿਵ ਕਰਤ ਸਗਲ ਕਰ ਜੋਰਹਿ ਸਰਬ ਮਇਆ ਠਾਕੁਰ ਤੇਰੀ **ਦੋਹੀ**।"
— ਗਉ **੫**, ੧੨੯*, ੧ : ੨ (207)

3. ਠੱਗੀ, ਰੋਹੀ
"ਮਾਨ ਮੋਹੀ ਪੰਚ **ਦੋਹੀ** ਉਰਝਿ ਨਿਕਟਿ ਬਸਿਓ ਤਾ ਕੀ ਸਰਨਿ ਸਾਧੂਆ ਦੂਤ ਸੰਗੁ ਨਿਵਾਰਿ।"
— ਕਾਨ **੫**, ੪੫, ੧* : ੨ (1307)
(ਮਹਾਨਕੋਸ਼ ਇਸ ਦੇ ਅਰਥ 'ਧ੍ਰੋਹੀ' ਧ੍ਰੋਹ ਕਰਨ ਵਾਲਾ ਕਰਦੇ ਹਨ)

ਦੋਖ — ਪਾਪ
"ਨਾਨਕ ਸਗਲੇ **ਦੋਖ** ਉਤਾਰਿਅਨੁ ਪ੍ਰਭੁ ਪਾਰਬ੍ਰਹਮ ਬਖਸਿੰਦੁ।" — ਸਿਰੀ **੫**, ੮੨, ੪ : ੩ (46)
"ਸਿਮਰਤ ਨਾਮ **ਦੋਖ** ਸਭਿ ਲਾਥੇ।"
— ਮਾਝ **੫**, ੪੫, ੨ : ੧ (107)
"ਰਾਜ ਤੇ ਕੀਟ ਕੀਟ ਤੇ ਸੁਰਪਤਿ ਕਰਿ **ਦੋਖ** ਜਠਰ ਕਉ ਭਰਤੇ।"
— ਮਲਾ **੫**, ੪, ੧ : ੧ (1267)
2. ਅਵਗੁਣ, ਐਬ
"ਤਿਨ ਕੇ ਪਾਪ **ਦੋਖ** ਸਭਿ ਬਿਨਸੇ ਜੋ ਗੁਰਮਤਿ ਰਾਮ ਰਸੁ ਖਾਤੇ।" (ਅਵਗੁਣ, ਕਸੂਰ)
— ਗਉ **੪**, ੫੪, ੨ : ੨ (169)
"ਇੰਦ੍ਰੀ ਜਿਤ ਪੰਚ **ਦੋਖ** ਤੇ ਰਹਤ।"
— ਗਉ **੫**, ਸੁਖ ੯, ੧ : ੯ (274)
"ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ **ਦੋਖ** ਬਿਨਾਸ।"
— ਆਸਾ **ਰਵਿ**, ੧, ੧ : ੧ (486)
"ਪਤਿਤ ਪੁਨੀਤ ਗੋਬਿੰਦਹ ਸਰਬ **ਦੋਖ** ਨਿਵਾਰਣਹ।"
— ਜੈਤ **੫**, ਵਾਰ ੧੬ਸ, **੫**, ੧ : ੧ (719)
3. ਦ੍ਵੈਤ
"ਸਭ ਕੈ ਮਧਿ ਸਭ ਹੂ ਤੇ ਬਾਹਰਿ ਰਾਗ **ਦੋਖ** ਤੇ ਨਿਆਰੋ।"
— ਸੂਹੀ **੫**, ਛੰਤ ੧੧, ੩ : ੫ (784)
"ਪੰਚ ਸੰਗੁ ਗੁਰ ਤੇ ਛੁਟੇ **ਦੋਖ** ਅਰੁ ਰਾਗਉ।"
— ਬਿਲਾ **੫**, ੩੨, ੩ : ੧ (808)

ਦੋਖੰ — 1. ਦੁਖ (ਨਿਰਣੈ), ਡਰ (ਦਰਪਣ), (ਸੰਥਿਆ)
"ਰੋਗੁ ਨ ਬਿਆਪੈ ਨਾ ਜਮ **ਦੋਖੰ**।"
— ਗਉ **੧**, ਅਸ ੨, ੧ : ੨ (223)

ਦੋਖਹ — ਅਵਗੁਣ, ਦੋਖ, ਦੋਸ਼
"ਸਾਧਸੰਗਿ ਗੁਣ ਗਾਇਆ ਸਭਿ **ਦੋਖਹ** ਖਾਤਾ।"
— ਗਉ **੫**, ਵਾਰ ੬ : ੪ (319)

ਦੋਖਨ — ਅਵਗੁਣ, ਬੁਰਾਈਆਂ
"ਤੁਮ੍ਰੀ ਕ੍ਰਿਪਾ ਤੇ ਪਾਰਬ੍ਰਹਮ **ਦੋਖਨ** ਕੋ ਨਾਸੁ।"
— ਬਿਲਾ **੫**, ੨੧, ੧ : ੨ (818)

ਦੋਖੜੈ — ਦੋਸ਼, ਬੁਰਾਈ, ਔਗੁਣ
"ਕੈ **ਦੋਖੜੈ** ਸੜਿਓਹਿ ਕਾਲੀ ਹੋਈਆ ਦੇਹੁਰੀ ਨਾਨਕ ਮੈ ਤਨਿ ਭੰਗੁ।" — ਸਲੋ **੧**, ੩੦ : ੨ (1412)

ਦੋਖਾ — ਨੁਕਸ, ਛਿਦਰ, ਐਬ
"ਕਾਮ ਕ੍ਰੋਧ ਕਰਿ ਅੰਧ ਮਾਇਆ ਕੇ ਬੰਧ ਅਨਿਕ **ਦੋਖਾ** ਤਨਿ ਛਾਦਿ ਪੂਰੇ।"
— ਧਨਾ **੫**, ੫੩, ੧ : ੧ (683)

ਦੋਖਿ — ਦੋਖੀ ਬਣ ਕੇ, (ਨਿੰਦਾ, ਕਰਕੇ) ਦਵੈਸ਼ ਭਾਵ ਰੱਖਕੇ, ਵਿਰੋਧ ਕਰਕੇ
"ਸੰਤ ਕੈ **ਦੋਖਿ** ਨ ਤ੍ਰਿਸਟੈ ਕੋਇ।"
— ਗਉ **੫**, ਸੁਖ ੧੩, ੨ : ੨ (280)

ਦੋਖੀ — 1. ਦਵੈਸ਼ ਭਾਵ ਰਖਣ ਵਾਲਾ, ਵਿਰੋਧੀ
"ਸੰਤ **ਦੋਖੀ** ਕਾ ਥਾਉ ਕੋ ਨਾਹਿ।"
— ਗਉ **੫**, ਸੁਖ ੧੩, ੨ : ੯ (279)
2. ਦੁਸ਼ਮਨ, ਵੈਰੀ
"ਤੁਮਰੇ **ਦੋਖੀ** ਹਰਿ ਆਪਿ ਨਿਵਾਰੇ ਅਪਦਾ ਭਈ ਬਿਤੀਤ।"
— ਧਨਾ **੫**, ੨੮, ੧* : ੨ (678)

ਦੋਖੀਆ — ਵੈਰੀ
"ਓਇ ਬਿਖਾਦੀ **ਦੋਖੀਆ** ਤੇ ਗੁਰ ਤੇ ਹੂਟੇ।"
— ਆਸਾ **੫**, ੧੧੯, ੧* : ੧ (400)

ਦੋਖੁ — ਦੋਸ਼
"ਸੰਤ ਕੀ ਨਿੰਦਾ ਦੋਖ ਮਹਿ **ਦੋਖੁ**।"
— ਗਉ **੫**, ਸੁਖ ੧੩, ੩ : ੯ (280)
"ਤਿਉ ਨਾਮੈ ਬਿਨੁ ਦੇਹੁਰੀ ਜਮੁ ਮਾਰੈ ਅੰਤਰਿ **ਦੋਖੁ**।" (ਬੁਰਾਈ)
— ਸੋਰ **੧**, ੨, ੩ : ੨ (597)

ਦੋਖੇ — ਦੁਖ ਕਰਕੇ
"ਕਬੀਰ ਦੁਨੀਆ ਕੇ **ਦੋਖੇ** ਮੂਆ ਚਾਲਤ ਕੁਲ ਕੀ ਕਾਨਿ।" — ਸਲੋ **ਕਬ**, ੧੬੬ : ੧ (1373)

ਦੋਖੈ — ਦੋਸ਼ ਕਰਕੇ
"ਸਤਪੁਰਖ ਕੀ ਤਪਾ ਨਿੰਦਾ ਕਰੈ ਸੰਸਾਰੈ ਕੀ

ਉਸਤਤੀ ਵਿਚ ਹੋਵੈ ਏਤੁ **ਦੋਖੈ** ਤਪਾ ਦਯਿ ਮਾਰਿਆ।"
— ਗਉ **੪**, ਵਾਰ ੩੦ਸ, **੪**, ੧ : ੬ (315)

ਦੋਜ — ਦੋਜ਼ਕ, ਨਰਕ (ਫ਼ਾ. ਦੋਜ਼ਖ ਜਾਂ ਦੂਜ਼ਖ)
"ਪੀਰੁ ਪਛਾਣੈ ਭਿਸਤੀ ਸੋਈ ਅਜਰਾਈਲੁ ਨ **ਦੋਜ** ਠਰਾ।"
— ਮਾਰੂ **੫**, ਸੋਲਾ ੧੨, ੧੧ : ੩ (1084)

ਦੋਜਕ — (ਫ਼ਾ. ਦੋਜ਼ਖ) ਨਰਕ
"ਹਰਿ ਛੋਡਨਿ ਸੇ ਦੁਰਜਨਾ ਪੜਹਿ **ਦੋਜਕ** ਕੈ ਸੂਲਿ।"
— ਗਉ **੫**, ਵਾਰ ੧੯ਸ, **੫**, ੨ : ੨ (322)

ਹੋਰ ਰੂਪ — ਦੋਜਕਿ —
"**ਦੋਜਕਿ** ਪਉਦਾ ਕਿਉ ਰਹੈ ਜਾ ਚਿਤਿ ਨ ਹੋਇ ਰਸੂਲਿ।" (ਨਰਕ ਵਿਚ)
— ਗਉ **੫**, ਵਾਰ ੮ਸ, **੫**, ੨ : ੨ (319)

ਦੋਜਕੁ —
"ਹੋਇ ਕਿਰਸਾਣੁ ਈਮਾਨੁ ਜੰਮਾਇ ਲੈ ਭਿਸਤੁ **ਦੋਜਕੁ** ਮੂੜੇ ਏਵ ਜਾਣੀ।"
— ਸਿਰੀ **੧**, ੨੭, ੧ : ੨ (24)

ਦੋਤਿ — ਰੋਜ਼ ਦਾ, ਦਿਨ ਦਾ, ਰੋਜਾਨਾ (ਸ਼ਬਦਾਰਥ, ਮਹਾਨਕੋਸ਼) : ਉਠੀ ਹੋਈ (ਕੋਸ਼)
"**ਦੋਤਿ** ਉਚਾਪਤਿ ਲੇਖੁ ਨ ਲਿਖੀਐ ਪ੍ਰਗਟੀ ਜੋਤਿ ਮੁਰਾਰੀ।" — ਤੁਖਾ **੧**, ਛੰਤ ੫, ੪ : ੫ (1112)

ਹੋਰ ਰੂਪ — ਦੋਤੁ —
"ਨਾਮੁ ਭਣਹੁ ਸਚੁ **ਦੋਤੁ** ਸਵਾਰਿ।" (ਦਿਨ, ਭਾਵ ਅੰਮ੍ਰਿਤ ਵੇਲਾ)
— ਬਸੰ **੧**, ਅਸ ੧, ੭ : ੨ (1187)

(ਗੁਰੂ ਗ੍ਰੰਥ ਕੋਸ਼ ਇਸ ਦੇ ਅਰਥ 'ਖ਼ੂਬਸੂਰਤੀ, ਸੁੰਦਰਤਾ' ਅਥਵਾ ਉਦੈ ਹੋਣਾ, ਸਵੇਰ ਵੇਲਾ ਕਰਦਾ ਹੈ।

ਦੋਨਉ — ਦੋਵੇਂ
"ਮੋ ਕਉ **ਦੋਨਉ** ਵਖਤ ਜਿਵਾਲੇ।"
— ਸੋਰ **ਕਬ**, ੧੧, ੨ : ੪ (656)

ਦੋਨੋ — ਦੋਵੇ
"ਸੁਖੁ ਦੁਖੁ **ਦੋਨੋ** ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ।" — ਗਉ **੯**, ੧, ੧ : ੧ (219)

ਦੋਮ — ਦੂਜਾ, ਦੂਜੇ ਦਰਜੇ ਦਾ
"**ਦੋਮ** ਨ ਸੇਮ ਏਕ ਸੋ ਆਹੀ।"
— ਗਉ **ਰਵਿ**, ੨, ੨ : ੨ (345)

ਦੋਰਾਹਾ — ਦੋ ਰਾਹ, ਦੋ ਚਿਤਾਪਣਾ
"ਬਿਖਿਆ ਕਾਰਣਿ ਲਬੁ ਲੋਭੁ ਕਮਾਵਹਿ ਦੁਰਮਤਿ ਕਾ **ਦੋਰਾਹਾ** ਹੇ।"
— ਮਾਰੂ **੩**, ਸੋਲਾ ੧੨, ੯ : ੩ (1055)

ਦੋਲ — ਝੂਲਾ, ਪੰਘੂੜਾ
"ਸੰਪਤ **ਦੋਲ** ਝੋਲ ਸੰਗਿ ਝੂਲਤ ਮਾਇਆ ਮਗਨ ਭ੍ਰਮਤ ਘੁਘਨਾ।" (ਮਾਇਆ, ਰੂਪ ਪੰਘੂੜੇ)
— ਸਮੁ **੫**, ੪* : ੨ (1387)

ਦੋਲਕ — ਢੋਲ, ਢੋਲਕ
"**ਦੋਲਕ** ਦੁਨੀਆ ਵਾਜਹਿ ਵਾਜ।"
— ਆਸਾ **੧**, ੪, ੧ : ੨ (349)

ਦੋਲੀਚੇ — (ਫ਼ਾ. ਕਾਲੀਹਚਾ) ਗਲੀਚੇ, ਕਾਲੀਨ
"ਤਖਤੁ ਸਭਾ ਮੰਡਨ **ਦੋਲੀਚੇ**।"
— ਗਉ **੫**, ੮੧, ੩ : ੧ (179)

ਦੋਵਰ — ਦੂਹਰੀ, ਦੂਹਰਾ
"**ਦੋਵਰ** ਕੋਟ ਅਰੁ ਤੇਵਰ ਖਾਈ।" (ਦੂਹਰੀ ਦੀਵਾਰ ਦਾ ਕਿਲਾ) — ਭੈਰ **ਕਬ**, ੧੭, ੧* : ੨ (1161)

ਦੋਵੈ — ਦੋਨੋਂ
"ਹਲਤੁ ਪਲਤੁ ਤਿਨੀ **ਦੋਵੈ** ਗਵਾਏ ਦੂਖੇ ਦੂਖਿ ਵਿਹਾਵਣਿਆ।"
— ਮਾਝ **੩**, ਅਸ ੨੩, ੫ : ੩ (123)

ਦ੍ਰਬੁ — ਦੌਲਤ, ਧਨ
"ਤਨੁ ਧਨੁ ਆਪਨ ਥਾਪਿਓ ਹਰਿ ਜਪੁ ਨ ਨਿਮਖ ਜਾਪਿਓ ਅਰਥੁ **ਦ੍ਰਬੁ** ਦੇਖੁ ਕਛੁ ਸੰਗਿ ਨਾਹੀ ਚਲਨਾ।" — ਧਨਾ **੫**, ੩੦, ੧ : ੨ (678)
"ਇਹੁ ਮੁੰਡੀਆ ਸਗਲੋ **ਦ੍ਰਬੁ** ਖੋਈ।"
— ਗੋਂਡ ਕਬ **੫**, ੬, ੧* : ੧ (871)

ਦ੍ਰਵਿਆ— ਪਸੀਜਿਆ, ਨਰਮ ਹੋਇਆ
"ਗੁਰਬਾਣੀ ਸੁਨਤ ਮੇਰਾ ਮਨੁ **ਦ੍ਰਵਿਆ** ਮਨੁ ਭੀਨਾ ਨਿਜ ਘਰਿ ਆਵੈਗੋ।"
— ਕਾਨ **੪**, ਅਸ ੧, ੩ : ੧ (1308)

ਦ੍ਰਵੈ — ਨਰਮ ਹੋਣਾ, ਪਸੀਜਣਾ
"ਅਨਿਕ ਜਤਨ ਕਰਿ ਆਤਮ ਨਹੀ **ਦ੍ਰਵੈ**।"
— ਗਉ **੫**, ਸੁਖ ੧੨, ੩ : ੫ (278)
"ਆਤਮਾ **ਦ੍ਰਵੈ** ਰਹੈ ਲਿਵ ਲਾਇ।" (ਪਿਘਲ ਜਾਂਦਾ

ਹੈ) — ਧਨਾ **੧**, ੪, ੧ : ੨ (661)

ਦ੍ਰਿਸਟੰ — ਵੇਖਣਾ
"ਜਤ ਕਤਹ ਤਤਹ **ਦ੍ਰਿਸਟੰ** ਸ੍ਵਰਗ ਮਰਤ ਪਯਾਲ ਲੋਕਹ।" — ਸਸ **੫**, ੩੬ : ੧ (1357)

ਦ੍ਰਿਸਟਉ — ਦ੍ਰਿਸ਼ਟਮਾਨ ਪਦਾਰਥ, ਦਿਸਨ ਵਾਲੀਆਂ ਵਸਤੂਆਂ
"**ਦ੍ਰਿਸਟਉ** ਕਛੁ ਸੰਗਿ ਨ ਜਾਇ ਮਾਨੁ ਤਿਆਗਿ ਮੋਹਾ।" — ਸਾਰ **੫**, ੧੩੫, ੧ : ੧ (1230)

ਦ੍ਰਿਸਟੰਗਨਾ — ਨਜ਼ਰ ਵਿਚ
"ਕਰੁ ਗਹਿ ਕਾਢਿ ਲੀਏ ਪ੍ਰਭਿ ਅਪੁਨੈ ਅਮਿਉ ਧਾਰਿ **ਦ੍ਰਿਸਟੰਗਨਾ**।" — ਮਾਰੂ **੫**, ਸੋਲਾ ੯, ੧੦ : ੩ (1080)

ਦ੍ਰਿਸਟੰਤ — ਨਜ਼ਰ ਆਉਂਦਾ ਹੈ, ਦਿਸਦਾ ਹੈ
"**ਦ੍ਰਿਸਟੰਤ** ਏਕੋ ਸੁਨੀਅੰਤ ਏਕੋ ਵਰਤੰਤ ਏਕੋ ਨਰਹਰਹ।" — ਜੈਤ **੫**, ਵਾਰ ੨੦ਸ, **੫**, ੧ : ੧ (716)

ਹੋਰ ਰੂਪ — ਦ੍ਰਿਸਟੰਤਿ —
"ਕੀਰਤਨੰ ਸਾਧਸੰਗੇਣ ਨਾਨਕ ਨਹ **ਦ੍ਰਿਸਟੰਤਿ** ਜਮਦੂਤਨਹ।" (ਦਿਸੇਗਾ) — ਸਸ **੫**, ੩੪ : ੨ (1357)

ਦ੍ਰਿਸਟਾਇਓ — ਦਿਖਾ ਦਿਤਾ
"ਸੰਤਸੰਗਿ ਰੰਗ ਤੁਮ ਕੀਏ ਅਪਨਾ ਆਪੁ **ਦ੍ਰਿਸਟਾਇਓ**।" — ਸਾਰ **੫**, ੬੬, ੧ : ੨ (1217)

ਦ੍ਰਿਸਟਾਇਆ — 1. ਦਿਸਿਆ, ਨਜ਼ਰੀ ਆਇਆ
"ਜੈਸਾ ਸਾ ਤੈਸਾ **ਦ੍ਰਿਸਟਾਇਆ**।" — ਗਉ **੫**, ਸੁਖ ੧੪, ੫ : ੫ (281)
2. ਵਖਾਇਆ, ਦ੍ਰਿਸ਼ਟੀ ਗੋਚਰ ਕੀਤਾ
"ਗੁਰਿ **ਦ੍ਰਿਸਟਾਇਆ** ਸਭਨੀ ਠਾਂਈ।" — ਮਾਰੂ **੫**, ਸੋਲਾ ੪, ੬ : ੧ (1075)

ਦ੍ਰਿਸਟਾਏ — 1. ਦਿਸੇ, ਨਜ਼ਰ ਆਵੇ
"ਜਤ ਜਤ ਜਾਈਐ ਤਤ **ਦ੍ਰਿਸਟਾਏ**।" — ਬਿਲਾ **੫**, ੬, ੧* : ੨ (803)
2. ਦਿਖਾ ਦਿਓ
"ਸਭਹੂ ਤਲੈ ਤਲੈ ਸਭ ਊਪਰਿ ਏਹ **ਦ੍ਰਿਸਟਿ** ਦ੍ਰਿਸਟਾਏ।" — ਬਿਲਾ **੫**, ੯੧, ੩ : ੧ (820)

ਦ੍ਰਿਸਟਾਹਿ — ਦਿਸਦੇ ਹਨ
"ਅਨਿਕ ਰੰਗ ਨਾਨਾ **ਦ੍ਰਿਸਟਾਹਿ**।" — ਗਉ **੫**, ਸੁਖ ੨੩, ੧ : ੪ (293)

ਦ੍ਰਿਸਟਾਗਿਓ — ਵੇਖਿਆ ਹੈ
"ਬਾਸ ਬਾਸਰੀ ਏਕੈ ਸੁਆਮੀ ਉਦਿਆਨ **ਦ੍ਰਿਸਟਾਗਿਓ**।" — ਗਉ **੫**, ੧੬੦*, ੨ : ੧ (215)

ਦ੍ਰਿਸਟਾਨਾ — ਦਿਸ ਆਉਣਾ, ਵਿਖਾਈ ਦੇਣਾ
"ਜੈਸਾ ਸਾ ਤੈਸਾ **ਦ੍ਰਿਸਟਾਨਾ**।" — ਗਉ **੫**, ਸੁਖ ੧੪, ੮ : ੬ (282)

ਦ੍ਰਿਸਟਾਨਾਂ — ਦਰਸ਼ਨ, ਨਜ਼ਰ
"ਕੋਟਿ ਲਾਖ ਰਾਜ ਸੁਖ ਪਾਏ ਇਕ ਨਿਮਖ ਪੇਖਿ **ਦ੍ਰਿਸਟਾਨਾਂ**।" — ਸਾਰ **੫**, ੪੬, ੨ : ੧ (1213)

ਦ੍ਰਿਸਟਾਨਿਓ — ਦਿਸਦਾ ਹੈ
"ਕਵਨ ਮੂਲੁ ਪ੍ਰਾਨੀ ਕਾ ਕਹੀਐ ਕਵਨ ਰੂਪੁ **ਦ੍ਰਿਸਟਾਨਿਓ**।" — ਸਾਰ **੫**, ੬੨, ੧ : ੧ (1216)

ਦ੍ਰਿਸਟਾਨੀ — ਵਿਖਾ ਦਿੱਤਾ ਹੈ
"ਕਵਨ ਮੂਲ ਤੇ ਕਵਨ **ਦ੍ਰਿਸਟਾਨੀ**।" — ਗਉ **੫**, ਸੁਖ ੪, ੧ : ੨ (266)

ਦ੍ਰਿਸਟਾਰ — ਦਿਖਾਈ ਦਿੰਦਾ ਹੈ
"ਨਾਨਕ ਏਕੋ ਪਸਰਿਆ ਦੂਜਾ ਕਹ **ਦ੍ਰਿਸਟਾਰ**।" — ਗਉ **੫**, ਸੁਖ ੨੨ਸ : ੧ (292)

ਹੋਰ ਰੂਪ — ਦ੍ਰਿਸਟਾਰੰ —
"ਨਿਰਗੁਨ ਤੇ ਸਰਗੁਨ **ਦ੍ਰਿਸਟਾਰੰ**।" — ਗਉ **੫**, ਬਾਅ ੨ : ੪ (250)

ਦ੍ਰਿਸਟਾਰੀ — ਦਿਸਦਾ/ਵਖਾਈ ਦਿੰਦਾ ਹੈ
"ਜੈਸੋ ਸਾ ਤੈਸੋ **ਦ੍ਰਿਸਟਾਰੀ**।" — ਕਾਨ **੫**, ੫, ੩ : ੨ (1299)

ਦ੍ਰਿਸਟਿ — 1. ਨਜ਼ਰ, ਦ੍ਰਿਸ਼ਟੀ
"**ਦ੍ਰਿਸਟਿ** ਧਾਰਿ ਮਨਿ ਤਨਿ ਵਸੈ ਦਇਆਲੁ ਪੁਰਖੁ ਮਿਹਰਵਾਨੁ।" ਦ੍ਰਿਸਟੀ ਕ੍ਰਿਪਾ (ਭਾਵ ਮਿਹਰ ਦੀ ਨਜ਼ਰ) — ਸਿਰੀ **੫**, ੮੮, ੩ : ੩ (49)
"**ਦ੍ਰਿਸਟਿ** ਆਵੈ ਸਭੁ ਏਕੰਕਾਰੁ।" (ਦਿਸ਼ੇ, ਨਜ਼ਰ ਆਵੇ) — ਗਉ **੫**, ੧੧੫, ੨ : ੨ (189)
"ਦਇਆ ਫਾਹੁਰੀ ਕਾਇਆ ਕਰਿ ਧੂਈ **ਦ੍ਰਿਸਟਿ** ਕੀ ਅਗਨਿ ਜਲਾਵੈ।" (ਦ੍ਰਿਸ਼ਟੀ ਦੀ ਅਗ ਭਾਵ

ਅੱਖਾਂ ਦੀ ਤ੍ਰਿਸ਼ਨਾ)
— ਆਸਾ **ਕਬ**, ੭, ੩ : ੧ (477)
"ਪਾਲਹਿ ਅਕਿਰਤਘਨਾ ਪੂਰਨ **ਦ੍ਰਿਸਟਿ** ਤੇਰੀ ਰਾਮ।" (ਮਿਹਰ ਦੀ ਨਜ਼ਰ)
— ਬਿਹਾ **੫**, ਛੰਤ ੮, ੩ : ੨ (547)
2. ਵੇਖਦਾ ਹੈ
"ਪ੍ਰਿਉ ਪ੍ਰਿਉ ਨਾਮੁ ਤੇਰਾ ਦਰਸਨੁ ਚਾਹੈ ਜੈਸੇ **ਦ੍ਰਿਸਟਿ**ਓਹ ਚੰਦ ਚਕੋਰੀ।"
— ਗਉ **੫**, ੧੩੪*, ੨ : ੨ (208)
"ਲੋਭਾਦਿ **ਦ੍ਰਿਸਟਿ** ਪਰਗ੍ਰਿਹੰ ਜਦਿਬਿਧਿ ਆਚਰਣੰ।" (ਵੇਖਣਾ)
— ਗੂਜ **ਜੈਦੇ**, ੧, ੩ : ੧ (526)
3. ਦਿਸਦੀਆਂ ਵਸਤੂਆਂ, ਦ੍ਰਿਸ਼ਟਮਾਨ (ਪਦਾਰਥ)
"ਆਵਨੁ ਜਾਵਨੁ **ਦ੍ਰਿਸਟਿ** ਅਨਦ੍ਰਿਸਟਿ।"
— ਗਉ **੫**, ਸੁਖ ੧੪, ੬ : ੩ (281)
4. ਵੇਖਣ ਵਾਲੀਆ
"ਸਰਬ **ਦ੍ਰਿਸਟਿ** ਲੋਚਨ ਅਭ ਅੰਤਰਿ ਏਕਾ ਨਦਰਿ ਸੁ ਤ੍ਰਿਭਵਣ ਸਾਰ।"
— ਗੂਜ **੧**, ਅਸ ੨, ੩ : ੨ (504)
5. ਨਜ਼ਰ ਜੋਤ
"ਨੈਨੀ **ਦ੍ਰਿਸਟਿ** ਨਹੀ ਤਨੁ ਹੀਨਾ ਜਰਿ ਜੀਤਿਆ ਸਿਰਿ ਕਾਲੋ।"
— ਭੈਰ **੧**, ੩, ੧ : ੧ (1125)
6. ਵਿਚਾਰ, ਖਿਆਲ
"ਪਾਖੰਡ **ਦ੍ਰਿਸਟਿ** ਮਨਿ ਕਪਟੁ ਕਮਾਹਿ।" (ਦੰਭ ਦੇ ਖਿਆਲ ਨਾਲ)
— ਬਸੰ **੩**, ੪, ੨ : ੩ (1169)

ਦ੍ਰਿਸਟਿਓ — ਦਿਸੇ, ਨਜ਼ਰੀ ਆਏ
"ਕਵਨ ਰੂਪ **ਦ੍ਰਿਸਟਿਓ** ਬਿਨਸਾਇਓ।"
— ਸੂਹੀ **੫**, ੧, ੧* : ੧ (736)

ਦ੍ਰਿਸਟਿਭੂਲਿ — ਨਜ਼ਰ/ਅੱਖਾਂ ਨੂੰ ਭੁਲਾਣ ਵਾਲੀਆਂ
"ਮਨਿ ਬਿਲਾਸੁ ਬਹੁ ਰੰਗੁ ਘਣਾ **ਦ੍ਰਿਸਟਿ ਭੂਲਿ** ਖੁਸੀਆ।" — ਸਿਰੀ **੫**, ੭੨, ੧ : ੧ (42)

ਦ੍ਰਿਸਟਿਮਾਨ — ਦਿਸਦਾ, ਪ੍ਰਤੱਖ, ਜੋ ਦਿਸ ਰਿਹਾ ਹੈ
"**ਦ੍ਰਿਸਟਿਮਾਨ** ਅਖਰ ਹੈ ਜੇਤਾ।"
— ਗਉ **੫**, ਬਾਅ ੫੪ : ੭ (261)
"**ਦ੍ਰਿਸਟਿਮਾਨ** ਸਭੁ ਬਿਨਸੀਐ ਕਿਆ ਲਗਹਿ ਗਵਾਰ।" — ਬਿਲਾ **੫**, ੩੧, ੨ : ੨ (808)

ਦ੍ਰਿਸਟੀ — ਨਜ਼ਰ, ਦਿਖ ਵਿਚ, ਨਜ਼ਰੀ
"ਨਾਨਕ **ਦ੍ਰਿਸਟੀ** ਆਇਆ ਉਸਤਤਿ ਕਰਨੈ ਜੋਗੁ।"
— ਗਉ **੫**, ਬਾਅ ੪੯ਸ : ੨ (260)

ਦ੍ਰਿਸਟੀਜਾ — ਨਜ਼ਰ, ਦ੍ਰਿਸ਼ਟੀ
"ਸਰਬ ਸੁਖ ਸਹਜ ਘਰਿ ਤੇਰੈ ਅੰਮਿਉ ਤੇਰੀ **ਦ੍ਰਿਸਟੀਜਾ** ਹੇ।"
— ਮਾਰੂ **੫**, ਸੋਲਾ ੩, ੭ : ੩ (1074)

ਦ੍ਰਿਸਟੇਹ — ਦਿਸਦਾ ਹੈ
"ਅਨਿਕ ਛਿਦ੍ਰ ਮਨ ਮਹਿ ਢਕੇ ਨਿਰਮਲ **ਦ੍ਰਿਸਟੇਹ**।" — ਬਿਲਾ **੫**, ੪੭, ੧ : ੨ (812)

ਦ੍ਰਿਸਟੇਣ — ਦ੍ਰਿਸਟਮਾਨ, ਦਿਸਦਾ
"ਜਾਣੋ ਸਤਿ ਹੋਵੰਤੋ ਮਰਣੋ **ਦ੍ਰਿਸਟੇਣ** ਮਿਥਿਆ।"
— ਗਾਥਾ **੫**, ੩ : ੧ (1360)

ਦ੍ਰਿਸਟੇਤਾ — 1. ਵੇਖਿਆ ਹੈ
"ਚਿੰਤ ਬਿਸਾਰੀ ਏਕ **ਦ੍ਰਿਸਟੇਤਾ**।"
— ਗਉ **੫**, ਬਾਅ ੨੨ : ੭ (254)
"ਸਮਦਰਸੀ ਏਕ **ਦ੍ਰਿਸਟੇਤਾ**।"
— ਗਉ **੫**, ਸੁਖ ੨੪, ੬ : ੮ (296)

ਦ੍ਰਿਸਟੋ — 1. ਪ੍ਰਤਖ, ਦ੍ਰਿਸ਼ਟਮਾਨ
"ਅਦ੍ਰਿਸਟੋ ਕਰਤਾ **ਦ੍ਰਿਸਟੋ** ਕਰਤਾ।"
— ਗੋਂਡ **੫**, ੧, ੧ : ੨ (862)
2. ਦਿਸਦਾ ਹੈ
"ਜੈਸੇ ਕੁੰਭ ਉਦਕ ਪੂਰਿ ਆਨਿਓ ਤਬ ਉਹੁ ਭਿੰਨ **ਦ੍ਰਿਸਟੋ**।" — ਸਾਰ **੫**, ੩, ੪ : ੧ (1203)

ਦ੍ਰਿਸ੍ਰਿ — ਕ੍ਰਿਪਾ ਦ੍ਰਿਸ਼ਟੀ, ਮਿਹਰ ਦੀ ਨਜ਼ਰ
"ਤਾਰਣ ਤਰਣ ਖਿਨ ਮਾਤ੍ਰ ਜਾ ਕਉ **ਦ੍ਰਿਸ੍ਰਿ** ਧਾਰੈ ਸਬਦੁ ਰਿਦ ਬੀਚਾਰੈ ਕਾਮੁ ਕ੍ਰੋਧੁ ਖੋਵੈ ਜੀਉ।"
— ਸਵ **੪**, ਨਲ ੧ : ੨ (1398)

ਦ੍ਰਿੜ — ਪਕੀ
"ਗਿਆਨੀ ਸੋਇ ਜਾ ਕੈ **ਦ੍ਰਿੜ** ਸੋਊ।"
— ਗਉ **੫**, ਬਾਅ ੫ : ੩ (251)

ਦ੍ਰਿੜਈਆ — ਪਕਿਆ ਕਰਨਾ
"ਸਾਸਤ ਬੇਦ ਪੁਰਾਣ ਪੁਕਾਰਹਿ ਧਰਮੁ ਕਰਹੁ ਖਟੁ ਕਰਮ **ਦ੍ਰਿੜਈਆ**।"
— ਬਿਲਾ **੪**, ਅਸ ੨, ੬ : ੧ (834)

"ਸਤਿਗੁਰੁ ਪਰਚੈ ਮਨਿ ਮੁੰਦ੍ਰਾ ਪਾਈ ਗੁਰ ਕਾ ਸਬਦੁ ਤਨਿ ਭਸਮ **ਦ੍ਰਿੜਈਆ**।" (ਭਾਵ ਲਾਈ)
— ਬਿਲਾ **੪**, ਅਸ ੪, ੧ : ੧ (835)

ਦ੍ਰਿੜਹੁ — ਪਕਿਆਂ ਕਰੋ
"ਬਾਣੀ ਬ੍ਰਹਮਾ ਵੇਦੁ ਧਰਮ **ਦ੍ਰਿੜਹੁ** ਪਾਪ ਤਜਾਇਆ ਬਲਿ ਰਾਮ ਜੀਉ।"
— ਸੂਹੀ **੪**, ਛੰਤ ੨, ੧ : ੨ (773)

ਦ੍ਰਿੜੰਤ — ਪਕਿਆਂ ਕਰੋ
"**ਦ੍ਰਿੜੰਤ** ਨਾਮੰ ਤਜੰਤ ਲੋਭੰ।"
— ਸਸ **੫**, ੧੦ : ੨ (1354)
"**ਦ੍ਰਿੜੰਤ** ਸੁਬਿਦਿਆ ਹਰਿ ਹਰਿ ਕ੍ਰਿਪਾਲਾ।" (ਭਾਵ ਪ੍ਰਾਪਤ ਕਰਦੇ ਹਨ)
— ਸਸ **੫**, ੧੪ : ੨ (1355)

ਦ੍ਰਿੜੰਤਣ — ਪਕੀ ਤਰ੍ਹਾਂ ਧਾਰਨ ਕਰਨਾ
"ਸਰਬ ਦੋਖ ਪਰੰ ਤਿਆਗੀ ਸਰਬ ਧਰਮ **ਦ੍ਰਿੜੰਤਣ**।" — ਗਾਥਾ **੫**, ੨੨ : ੧ (1361)

ਦ੍ਰਿੜਤਾ — 1. ਪਕਿਆਈ, ਅਟਲਤਾ
"ਐਸੀ **ਦ੍ਰਿੜਤਾ** ਤਾ ਕੈ ਹੋਇ।" (ਅਨੰਨ ਸ਼ਰਧਾ, ਅਟਲ ਸ਼ਰਧਾ)
— ਗਉ **੫**, ਅਸ ੩, ੧* : ੧ (236)
"ਹੋਇ ਅਨੰਨਿ ਮਨਹਠ ਕੀ **ਦ੍ਰਿੜਤਾ** ਆਪਸ ਕਉ ਜਾਨਾਤ।" — ਗੂਜ **੫**, ੫, ੩ : ੧ (496)
2. ਬੰਨ੍ਹ ਕੇ ਰਖਣਾ (ਭਾਵ)
"ਗੁਰ ਗਿਆਨ ਇੰਦ੍ਰੀ **ਦ੍ਰਿੜਤਾ**।"
— ਗੋਂਡ **ਨਾਮ**, ੧, ੩ : ੨ (873)

ਦ੍ਰਿੜਤਾਰੀ — ਪਕੀ ਕਰਾਈ
"ਏਤ ਛਡਾਈ ਮੋਹਿ ਤੇ ਇਤਨੀ **ਦ੍ਰਿੜਤਾਰੀ**।"
— ਬਿਲਾ **੫**, ੪੦, ੨ : ੧ (810)

ਦ੍ਰਿੜੰਤਿ — ਪਕਿਆਂ ਕਰਨਾ
"ਮਿਤ੍ਰੰ ਤਜੰਤਿ ਸਤ੍ਰੰ **ਦ੍ਰਿੜੰਤਿ** ਅਨਿਕ ਮਾਯਾ ਬਿਸ੍ਤੀਰਨਹ।" — ਸਸ **੫**, ੪੯ : ੨ (1358)

ਦ੍ਰਿੜਾਂ — ਪਕਿਆਂ ਕਰਾਂ
"ਕਿਆ **ਦ੍ਰਿੜਾਂ** ਕਿਆ ਸੰਗ੍ਰਹਿ ਤਿਆਗੀ ਮੈ ਤਾ ਬੂਝ ਨ ਪਾਈ।"
— ਸਾਰ **੩**, ਅਸ ੩, ੩ : ੧ (1234)

ਦ੍ਰਿੜਾਇ — ਪਕਿਆ ਕਰਾਵੇ, ਨਿਸਚਾ ਕਰਾਵੇ, ਚੰਗੀ ਤਰ੍ਹਾਂ ਸਮਝਾਵੇ
"ਕਿਰਪਾ ਕਰੇ ਗੁਰੁ ਪਾਈਐ ਹਰਿ ਨਾਮੋ ਦੇਇ **ਦ੍ਰਿੜਾਇ**।" — ਸਿਰੀ **੩**, ੫੨, ੧ : ੧ (33)
"ਉਨ ਜਨਮ ਜਨਮ ਕੀ ਮੈਲੁ ਉਤਰੈ ਨਿਰਮਲ ਨਾਮੁ **ਦ੍ਰਿੜਾਇ**।" (ਨਿਸਚਾ ਕਰਵਾ ਦੇਣ ਨਾਲ)
— ਸਿਰੀ **੪**, ੬੬, ੪ : ੨ (40)
"ਮੇਰਾ ਠਾਕੁਰੁ ਸਚੁ **ਦ੍ਰਿੜਾਏ**।" (ਚੰਗੀ ਤਰ੍ਹਾਂ ਸਮਝਾਵੇ) — ਮਾਝ **੩**, ਅਸ ੬, ੩ : ੧ (112)
"ਨਾਮੁ **ਦ੍ਰਿੜਾਇ** ਮੂੰ ਹਾਂ।" (ਸਮਝਾਓ)
— ਆਸਾ **੫**, ੧੬੧, ੨ : ੨ (410)

ਦ੍ਰਿੜਾਇਓ — ਪਕੀ ਤਰ੍ਹਾਂ ਸਮਝਾਇਆ
"ਗੁਰਿ ਗਿਆਨੁ **ਦ੍ਰਿੜਾਇਓ** ਦੀਪ ਬਲਿਓ।"
— ਗਉ **੫**, ਅਸ ੧੩, ੭ : ੨ (241)

ਦ੍ਰਿੜਾਇਅਉ — ਪੂਰੀ ਤਰ੍ਹਾਂ/ਪਕੀ ਤਰ੍ਹਾਂ ਸਮਝਾਇਆ
"ਆਦਿ ਲੇ ਭਗਤ ਜਿਤੁ ਲਗਿ ਤਰੇ ਸੋ ਗੁਰਿ ਨਾਮੁ **ਦ੍ਰਿੜਾਇਅਉ**।"
— ਸਵ **੪**, ਕਲ ੭ : ੫ (1397)

ਦ੍ਰਿੜਾਇਆ — ਪਕੀ ਤਰ੍ਹਾਂ ਸਮਝਾਇਆ, ਪੂਰੀ ਤਰ੍ਹਾਂ ਨਿਸਚਾ ਕਰਵਾਇਆ
"ਗੁਰਿ ਪੂਰੈ ਹਰਿ ਨਾਮੁ **ਦ੍ਰਿੜਾਇਆ** ਹਰਿ ਭਗਤਾ ਅਤੁਟੁ ਭੰਡਾਰੁ।"
— ਸਿਰੀ **੩**, ੩੯, ੧ : ੩ (28)
"ਕਹੁ ਨਾਨਕ ਗੁਰਿ ਮੰਤ੍ਰੁ **ਦ੍ਰਿੜਾਇਆ**।" (ਭਾਵ ਮਤ ਦਿਤੀ) — ਗਉ **੫**, ੧੧੧, ੪ : ੧ (188)

ਦ੍ਰਿੜਾਈ — ਪਕੀ ਤਰ੍ਹਾਂ/ਚੰਗੀ ਤਰ੍ਹਾਂ, ਸਮਝਾਣਾ, ਨਿਸ਼ਚਾ ਕਰਾਉਣਾ
"ਕਿਰਪਾ ਕਰਿ ਕੈ ਨਾਮੁ **ਦ੍ਰਿੜਾਈ**।"
— ਗਉ **ਕਬ**, ੧੬, ੫ : ੧ (326)
"ਰਾਮ ਨਾਮਿ ਰਾਤੇ ਭਗਤਿ **ਦ੍ਰਿੜਾਈ**।" (ਪਕੀ ਕੀਤੀ) — ਧਨਾ **੩**, ੪, ੨ : ੨ (664)

ਦ੍ਰਿੜਾਏ — ਪਕੀ ਤਰ੍ਹਾਂ ਸਮਝਾਉਣਾ
"ਗੁਰੁ ਨਾਮੁ **ਦ੍ਰਿੜਾਏ** ਰੰਗ ਸਿਉ ਹਉ ਸਤਿਗੁਰੁ ਕੈ ਬਲਿ ਜਾਉ।" — ਸਿਰੀ **੪**, ੬੭, ੨ : ੨ (40)
"ਗੁਰ ਗਿਆਨੁ ਮਨਿ **ਦ੍ਰਿੜਾਏ** ਰਹਸਾਏ ਨਹੀ ਆਏ ਸਹਜਾਏ ਮਨਿ ਨਿਧਾਨੁ ਪਾਏ।" (ਭਾਵ ਵਸ ਜਾਣ ਨਾਲ)— ਆਸਾ **੫**, ੧੫੩, ੨:੧ (408)

ਦ੍ਰਿੜਾਮੰ — ਪਕੀ ਤਰ੍ਹਾਂ ਸਮਝਾਉਣਾ

"ਕਮਰ ਸੁਕਰਮ ਕਰਾਏ ਆਪੇ ਆਪੇ ਭਗਤਿ **ਦ੍ਰਿੜਾਮੰ**।" — ਸੋਰ **੧**, ਅਸ ੧, ੫ : ੩ (635)

ਦ੍ਰਿੜਾਯਉ — ਚੰਗੀ ਤਰ੍ਹਾਂ, ਸਮਝਾਇਆ/ਪਕਿਆ ਕਰਵਾਇਆ
"ਧਨਿ ਧਨਿ ਸਤਿਗੁਰ ਅਮਰਦਾਸ ਜਿਨਿ ਨਾਮੁ **ਦ੍ਰਿੜਾਯਉ**।" — ਸਵ **੪**, ਕਲ ੭ : ੨ (1397)

ਦ੍ਰਿੜਾਯਾ — ਪੱਕੀ ਤਰ੍ਹਾਂ ਸਮਝਾਇਆ
"ਬਾਰਿ ਜਾਉ ਗੁਰ ਅਪੁਨੇ ਊਪਰਿ ਜਿਨਿ ਹਰਿ ਹਰਿ ਨਾਮੁ **ਦ੍ਰਿੜਾਯਾ**।"
— ਧਨਾ **੫**, ੮, ੧ : ੧ (672)

ਦ੍ਰਿੜਾਵਉ — ਪਕੀ ਤਰ੍ਹਾਂ ਦਿਓ, ਪਕਿਆਂ ਕਰਾਓ
"ਸਖੀ ਸਹੇਰੀ ਸੰਗ ਕੀ ਸੁਮਤਿ **ਦ੍ਰਿੜਾਵਉ**।"
— ਆਸਾ **੫**, ੧੧੭, ੩ : ੧ (400)

ਦ੍ਰਿੜਾਵਹਿ — ਸਮਝਾ ਕੇ ਨਿਸਚਾ ਕਰਵਾਉਂਦੇ ਹਨ
"ਹਰਿ ਨਾਮੁ **ਦ੍ਰਿੜਾਵਹਿ** ਹਰਿ ਨਾਮੁ ਸੁਣਾਵਹਿ ਹਰਿ ਨਾਮੇ ਜਗੁ ਨਿਸਤਾਰਿਆ।"
— ਗਉ **੪**, ਵਾਰ ੨੦ਸ, **੪**, ੨ : ੩ (311)

ਦ੍ਰਿੜਾਵਹੁ — ਨਿਸਚੈ ਕਰਵਾਉ, ਪਕਾ ਕਰਵਾਉ
"ਹਰਿ ਹਰਿ ਸੰਤ ਮਿਲਹੁ ਮੇਰੇ ਭਾਈ ਹਰਿ ਨਾਮੁ **ਦ੍ਰਿੜਾਵਹੁ** ਇਕ ਕਿਨਕਾ।"
— ਸੋਰ **੪**, ਵਾਰ ੨੧ : ੧ (650)

ਦ੍ਰਿੜਾਵਣਿਆ — ਦ੍ਰਿੜ ਕਰਵਾਉਂਦਾ ਹੈ
"ਪ੍ਰੇਮ ਪ੍ਰੀਤਿ ਸਦਾ ਧਿਆਈਐ ਭੈ ਭਾਇ ਭਗਤਿ **ਦ੍ਰਿੜਾਵਣਿਆ**।"
— ਮਾਝ **੩**, ਅਸ ੬, ੪ : ੩ (112)

ਦ੍ਰਿੜਾਵੈ — ਸਮਝਾਉਣਾ, ਪਕਾ ਕਰਾਉਣਾ, ਨਿਸਚਾ ਕਰਾਉਣਾ
"ਹਰਿ ਭਗਤਿ **ਦ੍ਰਿੜਾਵੈ** ਹਰਿ ਭਗਤਿ ਸੁਣੈ ਤਿਸੁ ਸਤਿਗੁਰ ਮਿਲੀਐ।"
— ਗਉ **੪**, ੫੨, ੩ : ੧ (168)
"ਭਾਈ ਰੇ ਮੋ ਕਉ ਕੋਈ ਆਇ ਮਿਲੈ ਹਰਿ ਨਾਮੁ **ਦ੍ਰਿੜਾਵੈ**।" (ਮਨ ਅੰਦਰ ਵਸਾਏ)
— ਗੂਜ **੪**, ੬, ੧* : ੧ (494)

ਦ੍ਰਿੜਿਓ — ਪਕੀ ਤਰ੍ਹਾਂ ਸਮਝਾਇਆ, ਪਕਾ ਕੀਤਾ
"ਦੀਖਿਆ ਗੁਰ ਕੀ ਮੁੰਦ੍ਰਾ ਕਾਨੀ **ਦ੍ਰਿੜਿਓ** ਏਕੁ ਨਿਰੰਕਾਰਾ।"
— ਗਉ **੫**, ੧੩੨*, ੧ : ੨ (208)
"ਤੈ ਤਉ **ਦ੍ਰਿੜਿਓ** ਨਾਮੁ ਅਪਾਰੁ।" (ਪੱਕੀ ਤਰ੍ਹਾਂ ਮਨ ਵਿਚ ਵਸਾਇਆ)
— ਸਵ **੨**, ੩ : ੧ (1391)

ਦ੍ਰਿੜਿਆ — ਪਕੀ ਤਰ੍ਹਾਂ/ਸਪਸ਼ਟ ਰੂਪ ਵਿਚ ਸਮਝਿਆ
"ਸਤਿਗੁਰ ਤੇ **ਦ੍ਰਿੜਿਆ** ਇਕੁ ਏਕੈ।"
— ਗਉ **੫**, ੮੭, ੪ : ੩ (181)

ਦ੍ਰਿੜੀ — ਪਕੀ ਤਰ੍ਹਾਂ ਸਮਝੀ/ਨਿਸਚੇ ਕੀਤੀ
"ਮਾਰਗੁ ਪ੍ਰਭ ਕੋ ਸੰਤਿ ਬਤਾਇਓ **ਦ੍ਰਿੜੀ** ਨਾਨਕ ਦਾਸ ਭਗਤਿ ਹਰਿ ਜਸੂਆ।"
— ਗਉ **੫**, ੧੨੭, ੪ : ੨ (206)

ਦ੍ਰਿੜੀਓ — ਪਕੀ ਤਰ੍ਹਾਂ ਧਾਰਨ ਕੀਤਾ
"ਈਹਾਂ ਊਹਾਂ ਹਰਿ ਤੁਮ ਹੀ ਤੁਮ ਹੀ ਇਹੁ ਗੁਰ ਤੇ ਮੰਤ੍ਰੁ **ਦ੍ਰਿੜੀਓ**।" — ਨਟ **੫**, ੭, ੧ : ੨ (978)

ਦ੍ਰਿੜੀਐ — ਪਕਿਆਂ ਕਰਨਾ
"ਤੋਟਾ ਮੂਲਿ ਨ ਆਵਈ ਹਰਿ ਲਾਭੁ ਨਿਤਿ **ਦ੍ਰਿੜੀਐ**।" — ਗਉ **੪**, ੫੨, ੩ : ੨ (168)

ਦ੍ਰਿੜੀਜੈ — ਪਕੀ ਤਰ੍ਹਾਂ, ਸਮਝਾਉ
"ਮਨੁ ਤਨੁ ਅਰਪਿ ਧਰਉ ਸਭੁ ਆਗੈ ਰਸੁ ਗੁਰਮਤਿ ਗਿਆਨੁ **ਦ੍ਰਿੜੀਜੈ**।"
— ਕਲਿ **੪**, ਅਸ ੪, ੧* : ੨ (1325)

ਦ੍ਰਿੜੁ — 1. ਪਕਿਆਂ ਕਰ
"**ਦ੍ਰਿੜੁ** ਭਗਤਿ ਸਚੀ ਜੀਉ ਰਾਮ ਨਾਮੁ ਵਾਪਾਰਾ।"
— ਗਉ **੩**, ਛੰਤ ੪, ੩ : ੨ (246)
2. ਪਕੀ
"ਛਿਆਨੀ ਰਹਤ ਆਗਿਆ **ਦ੍ਰਿੜੁ** ਜਾਕੈ।"
— ਗਉ **੫**, ਬਾਅ ੫ : ੫ (251)
"ਇਹ ਮਨੂਆਂ **ਦ੍ਰਿੜੁ** ਕਰਿ ਰਖੀਐ ਗੁਰਮੁਖਿ ਲਾਈਐ ਚਿਤੁ।"
— ਗਉ **੪**, ਵਾਰ ੨੫ਸ, **੪**, ੧ : ੧ (314)

ਦ੍ਰਿੜੈ — ਪਕਿਆਂ ਕਰੇ
"ਹਿਤ ਕਰਿ ਨਾਮ **ਦ੍ਰਿੜੈ** ਦਇਆਲਾ।" (ਭਾਵ ਸਿਮਰੈ) — ਗਉ **੫**, ਬਾਅ ੫੧ : ੫ (260)
"ਸਾਧ ਕੈ ਸੰਗਿ **ਦ੍ਰਿੜੈ** ਸਭਿ ਧਰਮ।" (ਭਾਵ ਸਮਝੇ)
— ਗਉ **੫**, ਸੁਖ ੭, ੪ : ੭ (271)

ਦ੍ਰਿੜ੍ — ਪਕੀ ਤਰ੍ਹਾਂ
"ਸਤਿਗੁਰ ਨਾਮੁ ਏਕ ਲਿਵ ਮਨਿ ਜਪੈ **ਦ੍ਰਿੜ੍** ਤਿਨ੍

ਜਨ ਦੁਖ ਪਾਪ ਕਹੁ ਕਤ ਹੋਵੈ ਜੀਉ।"
— ਸਵ **੪**, ਨਲ ੧ : ੧ (1398)

ਦ੍ਰਿੜ੍ਹਾਇਓ — ਪਕਿਆਂ ਕੀਤਾ
"ਦਰਸਨ ਭੇਟਤ ਹੋਤ ਪੁਨੀਤਾ ਹਰਿ ਹਰਿ ਮੰਤ੍ਰੁ **ਦ੍ਰਿੜ੍ਹਾਇਓ**।" — ਕਾਨ **੫**, ੭, ੧ : ੧ (1299)

ਦ੍ਰਿੜ੍ਹਾਏ — ਪਕੀ ਤਰਾਂ (ਸਮਝਾਉਣਾ)
"ਸਤਿਗੁਰ ਸੇਵਾ ਨਾਮੁ **ਦ੍ਰਿੜ੍ਹਾਏ**।"
— ਬਸੰ **੩**, ੧੦, ੪ : ੨ (1175)

ਦ੍ਰਿੜ੍ਹਿਓ — ਪਕਾ ਕਰਕੇ ਧਾਰਨ ਕਰਨਾ
"**ਦ੍ਰਿੜ੍ਹਿਓ** ਗਿਆਨੁ ਮੰਤ੍ਰੁ ਹਰਿ ਨਾਮਾ ਪ੍ਰਭ ਜੀਉ ਮਇਆ ਕਰਾ।"
— ਜੈਤ **੫**, ੬, ੧* : ੨ (701)

ਦ੍ਰਿੜ੍ਹੀ — ਪਕਿਆਂ ਕਰਕੇ ਪਕੜੀ
"ਸੰਤ ਕੀ ਨਿੰਦਾ ਸਾਕਤ ਕੀ ਪੂਜਾ ਐਸੀ **ਦ੍ਰਿੜ੍ਹੀ** ਬਿਪਰੀਤਿ।" — ਧਨਾ **੫**, ੯, ੧ : ੨ (673)

ਦ੍ਰਿੜ੍ਹੀਆ — ਪਕੀ ਤਰਾਂ ਮਨ ਵਿਚ ਵਸਾਇਆ
"ਰਾਮ ਨਾਮ ਕਾਹੇ ਨ **ਦ੍ਰਿੜ੍ਹੀਆ**।"
— ਗਉ **ਕਬ**, ੩੫, ੧* : ੨ (330)

ਦ੍ਰਿੜ੍ਹੁ — ਪਕੀ ਤਰਾਂ
"ਹਾਰਿ ਪਾਰਿਓ ਤੁਮ੍ਹਰੈ ਪ੍ਰਭ ਦੁਆਰੈ **ਦ੍ਰਿੜ੍ਹੁ** ਕਰਿ ਗਹੀ ਤੁਮ੍ਹਾਰੀ ਲੂਕ।"
— ਜੈਤ **੫**, ੮, ੨ : ੧ (701)

ਦੂਸਟ — ਦੁਸ਼ਟ, ਬੁਰਾ ਚਾਹੁਣ ਵਾਲੇ ਵੈਰੀ
"ਭਈ ਮਿਤ੍ਰਾਈ ਮਿਟੀ ਬੁਰਾਈ **ਦ੍ਰੁਸਟ** ਦੂਤ ਹਰਿ ਕਾਢੇ ਛਾਣਿ।"
— ਬਿਲਾ **੫**, ੧੧੨, ੨ : ੧ (826)

ਹੋਰ ਰੂਪ — ਦ੍ਰੁਸਟਾਂ —
"ਬਿਖਯਾ ਭਯੰਤਿ ਅੰਮ੍ਰਿਤੰ **ਦ੍ਰੁਸਟਾਂ** ਸਖਾ ਸ੍ਵਜਨਹ।" — ਸਸ **੫**, ੩੭ : ੧ (1357)

ਦ੍ਰੁਸਟਾਈ — ਮੰਦੇ ਭਾਵ
"ਝਰਹਿ ਕਾਮ ਕ੍ਰੋਧ **ਦ੍ਰੁਸਟਾਈ**।"
— ਗਉ **੫**, ਬਾਅ ੨੫ : ੭ (255)

ਦ੍ਰੁਗੰਧਤ — ਭੈੜੀ ਗੰਧ ਵਾਲੀ ਬਦਬੂ ਵਾਲੀ
"ਮਹਾ **ਦ੍ਰੁਗੰਧਤ** ਵਾਸੁ ਸਠ ਕਾ ਛਾਰੁ ਤਨ।"
— ਫੁਨ **੫**, ੨੦ : ੨ (1363)

ਦ੍ਰੁਗੰਧਾ — ਦੁਰਗੰਧਤਾ, ਬਦਬੂ
"ਮਜਾ ਰੁਧਿਰ **ਦ੍ਰੁਗੰਧਾ** ਨਾਨਕ ਅਥਿ ਗਰਬੇਣ ਅਗ੍ਯਾਨਣੋ।" — ਗਾਥਾ **੫**, ੧ : ੨ (1360)

ਦ੍ਰੁਗਮ — ਜਿਥੇ ਜਾਣਾ ਔਖਾ ਹੋਵੇ
"ਅਗਮ **ਦ੍ਰੁਗਮ** ਗੜਿ ਰਚਿਓ ਬਾਸ।"
— ਭੈਰ **ਕਬ**, ਅਸ ੧, ੧ : ੧ (1162)

ਦ੍ਰੁਮ — ਬ੍ਰਿਛ, ਦਰਖਤ
"**ਦ੍ਰੁਮ** ਕੀ ਛਾਇਆ ਨਿਹਚਲ ਗ੍ਰਿਹੁ ਬਾਂਧਿਆ।"
— ਅਸ **੫**, ੮੧, ੨ : ੧ (390)

ਦ੍ਰੁਲਭ — ਔਖੀ ਤਰਾਂ ਪ੍ਰਾਪਤ ਹੋਣ ਵਾਲਾ
"**ਦ੍ਰੁਲਭ** ਦੇਹ ਕਲਿਜੁਗ ਮਹਿ ਪਾਇਆ।"
— ਗਉ **੫**, ਬਾਅ ੩੮ : ੨ (258)

ਦ੍ਰੋਹੰ — ਠੱਗੀ, ਛਲ
"ਕਿਲਵਿਖ ਗਏ ਮਨ ਨਿਰਮਲ ਹੋਈ ਹੈ ਗੁਰਿ ਕਾਢੇ ਮਾਇਆ **ਦ੍ਰੋਹੰ**।"
— ਸਾਰ **੫**, ੩੭, ੨ : ੧ (1211)

ਦ੍ਰੋਪਤੀ — ਪੰਜਾਂ ਪਾਂਡਵਾਂ ਦੀ ਪਤਨੀ, ਪੰਚਾਲ ਦੇਸ ਦੇ ਰਾਜੇ ਦਰੁਪਦ ਦੀ ਬੇਟੀ ਕ੍ਰਿਸ਼ਨਾ ਜਿਸ ਨੂੰ ਪਿਤਾ ਦੇ ਨਾਂ 'ਦ੍ਰੋਪਤੀ' ਤੇ ਦੇਸ਼ ਦੇ ਨਾਂ ਤੇ 'ਪੰਚਾਲੀ' ਕਿਹਾ ਗਿਆ
"ਜਿਉ ਪਕਰਿ **ਦ੍ਰੋਪਤੀ** ਦੁਸਟਾਂ ਆਨੀ ਹਰਿ ਹਰਿ ਲਾਜ ਨਿਵਾਰੇ।"
— ਨਟ **੪**, ਅਸ ੫, ੧* : ੨ (982)

ਦ੍ਰੋਪਦ — 'ਦ੍ਰੋਪਤੀ' ਦਾ ਪਿਤਾ ਪੰਚਾਲ ਦੇਸ਼ ਦਾ ਰਾਜਾ
"ਸਿਮਰਨ **ਦ੍ਰੋਪਦ** ਸੁਤ ਉਧਰੀ।"
— ਗੋਂਡ **ਨਾਮ**, ੧, ੩ : ੩ (874)

ਦ੍ਵਾਰਿ — ਦੁਆਰਾ, ਦਰਗਾਹ, ਬੂਹਾ
"ਬਚਨ ਗੁਰ ਰਿਦਿ ਧਰਹੁ ਪੰਚ ਭੂ ਬਸਿ ਕਰਹੁ ਜਨਮੁ ਕੁਲ ਉਧਰਹੁ **ਦ੍ਵਾਰਿ** ਹਰਿ ਮਾਨੀਅਹੁ।"
— ਸਵ **੪**, ਨਲ ੧੩ : ੪ (1400)

ਦ੍ਵਾਰਿਕਾ — ਗੁਜਰਾਤ ਵਿਚ ਸਮੁੰਦਰ ਦੇ ਕੰਢੇ ਵਸਿਆ ਇਕ ਸ਼ਹਿਰ, ਹਿੰਦੂ ਧਰਮ ਦੀਆਂ ਸਤ ਪਵਿੱਤਰ ਪੁਰੀਆਂ ਵਿਚੋਂ ਇਕ
"**ਦ੍ਵਾਰਿਕਾ** ਨਗਰੀ ਰਾਸਿ ਬੁਗੋਈ।"
— ਤਿਲੰ **ਨਾਮ**, ੩, ੧ : ੨ (727)

ਧ

ਧਾਂਉ — ਤੋਂ (ਮਹਾਨਕੋਸ਼) : ਦੌੜਦਾ ਹੈ (ਕੋਸ਼) ਭਟਕਦਾ ਫਿਰਦਾ ਹੈ (ਨਿਰਣੈ, ਧਾਂਵਦਾ ਹੈ (ਦਰਪਣ)
"ਚਿਤ ਚੇਤਿ ਅਚੇਤ ਜਾਨਿ ਸਤਸੰਗਤਿ ਭਰਮ ਅੰਧੇਰ ਮੋਹਿਓ ਕਤ **ਧਾਂਉ**।"— ਸਮੁ **੫**, ੨* : ੩ (1387)

ਧਉਲ — ਚਿਟ ਬਲਦ
"ਹੁਕਮੇ ਧਰਤੀ **ਧਉਲ** ਸਿਰਿ ਭਾਰੰ।"
— ਮਾਰੂ **੧**, ਸੋਲਾ ੧੬, ੧੧ : ੧ (1037)

ਧਉਲਹਰ — ਚਿੱਟੇ ਮਹਲ
"ਚਿਤੇ ਦਿਸਹਿ **ਧਉਲਹਰ** ਬਗੇ ਬੰਕ ਦੁਆਰ।"
— ਸਿਰੀ **੧**, ਅਸ ੧੫, ੧ : ੧ (62)
"ਆਗਿ ਲਗਉ ਤਿਹ **ਧਉਲਹਰ** ਜਿਹ ਨਾਹੀ ਹਰਿ ਕੋ ਨਾਉ।" (ਭਾਵ ਅਮੀਰ ਘਰ)
— ਸਲੋ **ਕਬ**, ੧੫ : ੨ (1365)

ਧਉਲਹਰੀ — ਉਚੇ ਸੁੰਦਰ ਮਹਲ
"ਗਚੁ ਜਿ ਲਗਾ ਗਿੜਵੜੀ ਸਖੀਏ **ਧਉਲਹਰੀ**।"
— ਸਲੋ **੧**, ੧ : ੩ (1410)

ਧਉਲੀ — ਬੁਢਾਪੇ ਵਿਚ, ਵਾਲਾਂ ਦੇ ਚਿਟੇ ਹੋ ਜਾਣ ਸਮੇ, ਚਿਟੇ ਵਾਲਾਂ ਸਮੇਂ
"ਫਰੀਦਾ ਕਾਲੀ ਜਿਨੀ ਨ ਰਾਵਿਆ **ਧਉਲੀ** ਰਾਵੈ ਕੋਇ।" — ਸਲੋ **ਫਰ**, ੧੨ : ੧ (1378)

ਧਉਲੁ — ਚਿੱਟਾ ਬਲਦ
"ਘਰੁ ਮਹਿ ਧਰਤੀ **ਧਉਲੁ** ਪਾਤਾਲਾ।"
— ਮਾਝ **੩**, ਅਸ ੨੮, ੨ : ੧ (126)
"ਆਪੇ ਧਰਤੀ **ਧਉਲੁ** ਅਕਾਸੰ।"
— ਮਾਰੂ **੧**, ਸੋਲਾ ੨, ੧ : ੧ (1021)

ਧਉਲੇ — 1. ਚਿਟੇ ਸੁਫੈਦ
"ਪੁੰਡਰ ਕੇਸ ਕੁਸਮ ਤੇ **ਧਉਲੇ** ਸਪਤ ਪਾਤਾਲ ਕੀ ਬਾਣੀ।" — ਸਿਰੀ **ਬੇਣੀ**, ੧, ੪ : ੧ (93)
"ਪਾਂਡੇ ਤੁਮਰਾ ਮਹਾਦੇਉ **ਧਉਲੇ** ਬਲਦ ਚੜਿਆ ਆਵਤੁ ਦੇਖਿਆ ਥਾ।"
— ਗੋਂਡ **ਨਾਮ**, ੭, ੨ : ੧ (875)

2. ਚਿਟੇ ਕੇਸ
"ਨਾਵੈ **ਧਉਲੇ** ਉਭੇ ਸਾਹ।"
— ਮਾਝ **੧**, ਵਾਰ ੧ਸ, **੧**, ੨ : ੯ (137)
"ਸੁਰਤਿ ਗਈ ਕਾਲੀ ਹੂ **ਧਉਲੇ** ਕਿਸੈ ਨ ਭਾਵੈ ਰਖਿਓ ਘਰੇ।"
— ਮਾਰੂ **੧**, ਅਸ ੮, ੮ : ੧ (1014)

ਧਕ — ਧਕੇ
"ਗੁਰ ਤੁਠੈ ਹਰਿ ਪਾਇਆ ਚੂਕੇ **ਧਕ** ਧਕੇ।"
— ਆਸਾ **੪**, ਛੰਤ ੧੬, ੪ : ੩ (449)

ਧਕਾ — ਹੁਜਕਾ, ਹਿਚਕੋਲਾ
"ਹੁਕਮੁ ਪਾਇਆ ਧੁਰਿ ਖਸਮ ਕਾ ਅਤੀ ਹੂ **ਧਕਾ** ਖਾਇ।"— ਮਾਝ **੧**, ਵਾਰ ੨੨ਸ, **੨**, ੧:੩ (148)
"ਕਿਤੀ ਲਹਾ ਸਹੰਮ ਜਾ ਬਖਸੇ ਤਾ **ਧਕਾ** ਨਹੀ।" (ਦੁਖਾਂ ਦਾ ਧੱਕਾ)
— ਸੂਹੀ **੩**, ਵਾਰ ੧੧ਸ, **੧**, ੨ : ੨ (789)

ਹੋਰ ਰੂਪ — ਧਕੇ —
"ਭਾਵੈ ਧੀਰਕ ਭਾਵੈ **ਧਕੇ** ਏਕ ਵਡਾਈ ਦੇਇ।"
— ਆਸਾ **੧**, ੩, ੧ : ੨ (349)
"ਆਪਣਾ ਪਰਾਇਆ ਨ ਪਛਾਣਈ ਖਸਮਹੁ **ਧਕੇ** ਖਾਇ।" (ਪਰੇ ਹਟਾਏ ਜਾਣ ਲਈ ਧਕੇਲਿਆਂ ਜਾਣਾ)
— ਬਿਹਾ **੪**, ਵਾਰ ੧੬ਸ, **੩**, ੧ : ੩ (554)

ਧਜ — ਲੀਰ
"ਫਰੀਦਾ ਪਾੜਿ ਪਟੋਲਾ **ਧਜ** ਕਰੀ ਕੰਬਲੜੀ ਪਹਿਰੇਉ।" (ਲੀਰੋ ਲੀਰ)
— ਸਲੋ **ਫਰ**, ੧੦੩ : ੧ (1383)

ਧਜਾ — ਝੰਡੇ
"ਕਬੀਰ ਹੈ ਗਇ ਬਾਹਨ ਸਘਨ ਘਨ ਲਾਖ **ਧਜਾ** ਫਹਰਾਹਿ।" — ਸਲੋ **ਕਬ**, ੧੧੨ : ੧ (1370)

ਧਣਖੁ — ਕਮਾਣ
"**ਧਣਖੁ** ਚੜਾਇਓ ਸਤ ਦਾ ਜਸ ਹੰਦਾ ਬਾਣੁ।"
— ਰਾਮ **ਬਸ**, ਵਾਰ ੬ : ੭ (968)

ਧਣੀ — 1. ਮਾਲਕ, ਸੁਆਮੀ ਭਾਵ ਪ੍ਰਭੂ
"ਮਨੁ ਤਨੁ ਤੇਰਾ ਤੂ **ਧਣੀ** ਗਰਬੁ ਨਿਵਾਰਿ ਸਮੇਉ।"
— ਸਿਰੀ **੧**, ੧੬, ੩ : ੩ (20)
"ਸਾਹੁ ਹਮਾਰਾ ਤੂੰ **ਧਣੀ** ਜੈਸੀ ਤੂੰ ਰਾਸਿ ਦੇਹਿ ਤੈਸੀ ਹਮ ਲੇਹਿ।" (ਮਾਲਕ ਭਾਵ ਵਾਹਿਗੁਰੂ)
— ਗਉ **੪**, ੪੫, ੧ : ੧ (165)
"ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ **ਧਣੀ**।" (ਮਾਲਕ ਭਾਵ ਪ੍ਰਭੂ)
— ਸਲੋ **ਫਰ**, ੧੨੯ : ੧ (1384)
2. ਪਤੀ
"ਹਰਿ ਜੇਠੁ ਰੰਗੀਲਾ ਤਿਸੁ **ਧਣੀ** ਜਿਸ ਕੈ ਭਾਗੁ ਮਥੰਨਿ।" (ਪਤੀ ਉਸੇ ਲਈ ਖ਼ੁਸ਼ੀ ਦੇਣ ਵਾਲਾ ਹੈ) — ਮਾਝ **੫**, ਬਾਰਾ ੪ : ੯ (134)
3. ਧਨ ਵਾਲਾ ਲੋਕਾ, ਧਨਵੰਤ
"ਹਸਤਿ ਰਥ ਅਸ੍ਵ ਪਵਨ ਤੇਜ **ਧਣੀ** ਭੂਮਨ ਚਤੁਰਾਂਗਾ।" — ਜੈਤ **੫**, ੧, ੩ : ੧ (700)
"ਵਖਰੁ ਹਿਕੁ ਅਪਾਰੁ ਨਾਨਕ ਖਟੇ ਸੋ **ਧਣੀ**।"
— ਰਾਮ **੫**, ਵਾਰ ੧੯ਸ, **੫**, ੧ : ੨ (965)

ਧਣੀਐ — ਮਾਲਕ, ਸੁਆਮੀ
"ਜਨ ਨਾਨਕ ਕਾ ਖਸਮੁ ਵਡਾ ਹੈ ਸਭਨਾ ਦਾ **ਧਣੀਐ**।" — ਗਉ **੪**, ਵਾਰ ੩੦ : ੫ (316)

ਧਤੂਰਾ — ਇਕ ਜ਼ਹਿਰੀਲਾ ਪੌਦਾ, ਨਸ਼ੀਲਾ ਪੌਦਾ
"ਤੁਮੀ ਤੁਮਾ ਵਿਸੁ ਅਕੁ **ਧਤੂਰਾ** ਨਿਮੁ ਫਲੁ।"
— ਮਾਝ **੧**, ਵਾਰ ੨੧ਸ, **੧**, ੧ : ੧ (147)

ਧੰਧ — ਧੰਧਾ, ਵਿਹਾਰ, ਕੰਮ, ਪੈਸੇ/ਧਨ ਕਮਾਉਣ ਲਈ ਕੀਤਾ ਕੰਮ
"ਭ੍ਰਮ ਮਹਿ ਸੋਈ ਸਗਲ ਜਗਤ **ਧੰਧ** ਅੰਧ।"
— ਆਸਾ **੫**, ੩੯, ੧ : ੧ (380)
"ਛੋਡਿ ਮਾਇਆ ਕੇ **ਧੰਧ** ਸੁਆਉ।"
— ਰਾਮ **੫**, ੮, ੧* : ੩ (885)

ਧੰਧਲੀ — ਧੰਧੇ
"ਵਿਣੁ ਨਾਮ ਹਰਿ ਕੇ ਕਛੁ ਨ ਸੂਝੈ ਅੰਧੁ ਬੂਡੌ **ਧੰਧਲੀ**।" — ਸੂਹੀ **੧**, ਛੰਤ ੫, ੬ : ੪ (767)

ਧੰਧੜਾ — ਧੰਧਾ, ਮਾਇਆ ਕਮਾਣ/ਇਕੱਠੀ ਕਰਨ ਦੇ ਕੰਮ, ਆਹਰ
"ਮੈ ਛਡਿਆ ਸਭੋ **ਧੰਧੜਾ**।"
— ਸਿਰੀ **੫**, ਅਸ ੨੯, ੮ : ੧ (73)
"ਰੋਵੈ ਮਾਇਆ ਮੁਠੜੀ **ਧੰਧੜਾ** ਰੋਵਣਹਾਰੇਵਾ।" (ਧੰਧਿਆਂ ਲਈ)
— ਵਡ **੧**, ਅਸ ੪, ੪ : ੨ (581)

ਹੋਰ ਰੂਪ — ਧੰਧੜੇ —
"**ਧੰਧੜੇ** ਕੁਲਾਹ ਚਿਤਿ ਨ ਆਵੈ ਹੇਕੜੋ।"
— ਗਉ **੫**, ਵਾਰ ੨੦ਸ, **੫**, ੧ : ੧ (323)

ਧੰਧੜੈ —
"ਆਪੇ ਆਪਿ ਉਪਾਇਦਾ ਪਿਆਰਾ ਸਿਰਿ ਆਪੇ **ਧੰਧੜੈ** ਲਾਹੁ।" (ਧੰਧੇ, ਆਹਰ)
— ਸੋਰ **੪**, ੧, ੩ : ੧ (604)

ਧਧਾ — ਗੁਰਮੁਖੀ ਵਰਣਮਾਲਾ ਦਾ 24ਵਾਂ ਚਿੰਨ੍ਹ, 'ਧ'
"**ਧਧਾ** ਧੂਰਿ ਪੁਨੀਤ ਤੇਰੇ ਜਨੂਆ।"
— ਗਉ **੫**, ਬਾਅ ੪ : ੧ (251)

ਧੰਧਾ — 1. ਕੰਮ, ਆਹਰ
"**ਧੰਧਾ** ਥਕਾ ਹਉ ਮੁਈ ਮਮਤਾ ਮਾਇਆ ਕ੍ਰੋਧੁ।"
— ਸਿਰੀ **੧**, ੧੪, ੩ : ੨ (19)
"ਤਿਸੁ ਕਾਰਣਿ ਕੰਮੁ ਨ **ਧੰਧਾ** ਨਾਹੀ ਧੰਧੈ ਗਿਰਹੀ ਜੋਗੀ।" — ਗੂਜ **੧**, ਅਸ ੧, ੫ : ੨ (503)
2. ਸੰਸਾਰ ਦੇ ਝਮੇਲੇ/ਦੌੜ ਭਜ, ਜੰਜਾਲ, ਕਜੀਆ
"**ਧੰਧਾ** ਧਾਵਤ ਰਹਿ ਗਏ ਲਾਗਾ ਸਾਚਿ ਪਿਆਰੁ।" (ਦੌੜ ਭੱਜ ਕਰਦੇ)
— ਸਿਰੀ **੩**, ੫੩, ੪ : ੩ (34)
"ਬ੍ਰਹਮ ਗਿਆਨੀ ਕੈ ਨਾਹੀ **ਧੰਧਾ**।" (ਜੰਜਾਲ)
— ਗਉ **੫**, ਸੁਖ ੮, ੪ : ੫ (273)
3. ਵਿਅਰਥ/ਨਿਰਾਰਥਕ ਕੰਮ
"**ਧੰਧਾ** ਪਿਟਿਹੁ ਭਾਈਹੋ ਤੁਮੁ ਕੂੜੁ ਕਮਾਵਹੁ।"
— ਆਸਾ **੧**, ਅਸ ੧੩, ੪ : ੧ (418)

ਹੋਰ ਰੂਪ — ਧੰਧਿ —
"ਜੈਸੇ ਮੀਠੈ ਸਾਦਿ ਲੋਭਾਏ ਝੂਠ **ਧੰਧਿ** ਦੁਰਗਾਧੇ।" (ਵਿਅਰਥ ਕੰਮਾਂ ਵਿਚ)
— ਆਸਾ **੫**, ੧੨੬, ੨ : ੨ (403)
4. ਸਬੰਧ, ਵਿਹਾਰ
"ਪਰ ਨਾਰੀ ਸਿਉ ਘਾਲੈ **ਧੰਧਾ**।" (ਝਖ ਮਾਰਦਾ ਹੈ) — ਭੈਰ **ਨਾਮ**, ੮, ੧ : ੨ (1165)

ਧੰਧਿਆ — ਝਮੇਲੇ/ਕਜੀਏ
"ਨਰਕਿ ਸੁਰਗਿ ਅਵਤਾਰ ਮਾਇਆ **ਧੰਧਿਆ**।"
— ਸੂਹੀ **੫**, ਅਸ ੫, ੩ : ੨ (761)

ਧੰਧੁ — 1. ਕਜੀਏ, ਸੰਸਾਰਿਕ ਝਮੇਲੇ, ਵਿਅਰਥ ਭਜ ਦੌੜ
"ਐਥੈ **ਧੰਧੁ** ਪਿਟਾਈਐ ਸਚੁ ਲਿਖਤੁ ਪਰਵਾਨੁ।" (ਸੰਸਾਰਿਕ ਕਾਰ ਵਿਚ ਖੁਆਰ ਹੋਣਾ)
— ਸਿਰੀ **੧**, ੧੯, ੪ : ੧ (21)
"ਮਮਤਾ ਮੋਹੁ ਸੁ ਬੰਧਨਾ ਪੁਤ੍ਰ ਕਲਤ੍ਰ ਸੁ **ਧੰਧੁ**।" (ਜੰਜਾਲ, ਝਮੇਲੇ)
— ਬਿਹਾ **੪**, ਵਾਰ ੭ਸ, **੩**, ੧ : ੨ (551)
"ਸਤਿਗੁਰ ਬਾਝਹੁ ਸਭੁ **ਧੰਧੁ** ਕਮਾਵੈ ਵੇਖਹੁ ਮਨਿ ਵੀਚਾਰੀ ਜੀਉ।" (ਚੋਟੀ ਬੱਧਾ ਕੰਮ ਕਰਨਾ)
— ਮਾਰੂ **੩**, ਅਸ ੧, ੭ : ੩ (1016)
2. ਕੰਮ ਕਾਜ
"ਬਿਖਿਆ ਕਾ ਸਭੁ **ਧੰਧੁ** ਪਸਾਰੁ।"
— ਭੈਰ **੫**, ੩੩, ੧* : ੧ (1145)

ਧੰਧੇ — 1. ਕੰਮ ਕਾਜ, ਆਹਰ
"ਸਿਰੇ ਸਿਰਿ **ਧੰਧੇ** ਲਾਇਆ।"
— ਸਿਰੀ **੧**, ਅਸ ੨੮, ੨ : ੨ (71)
2. ਵਿਅਰਥ ਕੰਮ, ਝਮੇਲੇ
"ਜਿਹ **ਧੰਧੇ** ਮਹਿ ਓਇ ਲਪਟਾਏ।"
— ਗਉ **੫**, ੭੮, ੧ : ੩ (178)

ਧਧੈ — 'ਧਧੇ' ਅਖਰ ਦੁਆਰਾ
"**ਧਧੈ** ਧਾਰਿ ਕਲਾ ਜਿਨਿ ਛੋਡੀ ਹਰਿ ਚੀਜੀ ਜਿਨਿ ਰੰਗ ਕੀਆ।"
— ਆਸਾ **੧**, ਪਟੀ, ੨੨ : ੧ (433)

ਧੰਧੈ — 1. ਦੁਨੀਆਵੀ ਕਜੀਏ/ਵਿਅਰਥ ਕੰਮ/ਝਮੇਲੇ
"ਗੁਰਿ ਰਾਖੇ ਸੇ ਉਬਰੇ ਹੋਰਿ ਮੁਠੀ **ਧੰਧੈ** ਠਗਿ।"
— ਸਿਰੀ **੧**, ੧੪, ੨ : ੩ (19)
"ਅੰਦਰਿ ਸਹਸਾ ਦੁਖੁ ਹੈ ਆਪੈ ਸਿਰਿ **ਧੰਧੈ** ਮਾਰ।"
— ਗੂਜ **੩**, ਵਾਰ ੧ਸ, **੩**, ੨ : ੧ (508)
2. ਕੰਮ ਕਾਜ
"ਪਹਿਲਾ ਪਹਰੁ **ਧੰਧੈ** ਗਇਆ ਦੂਜੈ ਭਰਿ ਸੋਇਆ।" — ਸਿਰੀ **੫**, ੭੪, ੩ : ੧ (43)
"ਸਭਨਾ ਕਾ ਦਾਤਾ ਏਕੁ ਹੈ ਸਿਰਿ **ਧੰਧੈ** ਲਾਇ।" (ਆਹਰ)— ਆਸਾ **੩**, ਅਸ ੩੧, ੮:੧ (427)
3. ਭਾਵ ਚੱਟੀ (ਬੱਧਾ), ਫਸਿਆ
"ਇਹੁ ਮਨੁ **ਧੰਧੈ** ਬਾਂਧਾ ਕਰਮ ਕਮਾਇ।"

ਧਨ — 1. ਪਤਨੀ, ਇਸਤ੍ਰੀ
"ਜੇ **ਧਨ** ਕੰਤਿ ਨ ਭਾਵਈ ਤ ਸਭਿ ਅਡੰਬਰ ਕੂੜੁ।" — ਸਿਰੀ **੧**, ੧੩, ੪ : ੩ (19)
"**ਧਨ** ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ।"
— ਸੂਹੀ **੩**, ਵਾਰ ੯ਸ, **੩**, ੩ : ੧ (788)
2. ਦੌਲਤ, ਪੈਸਾ ਮਾਇਆ
"ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ **ਧਨ** ਜੋਬਨ ਸਿਉ ਚਿਤੁ।"
— ਸਿਰੀ **੧**, ਪਹ ੧, ੩ : ੧ (75)
"**ਧਨ** ਭੂਮਿ ਕਾ ਜੋ ਕਰੈ ਗੁਮਾਨੁ।"
— ਗਉ **੫**, ਸੁਖ ੧੨, ੧ : ੭ (278)
3. ਸਰੀਰ (ਰੂਪੀ ਇਸਤ੍ਰੀ)
"ਜਾ ਸਾਥੀ ਉਠੀ ਚਲਿਆ ਤਾ **ਧਨ** ਖਾਕੂ ਰਾਲਿ।"
— ਸਿਰੀ **੫**, ੯੩, ੧ : ੨ (50)
"**ਧਨ** ਕਹੈ ਤੂ ਵਸੁ ਮੈ ਨਾਲੇ।"
— ਮਾਰੂ **੫**, ਸੋਲ ੨, ੭ : ੧ (1073)
4. ਸਲਾਹਣ ਯੋਗ
"**ਧਨ** ਧੰਨੁ ਗੁਰੂ ਨਾਨਕੁ ਸਮਦਰਸੀ ਜਿਨਿ ਨਿੰਦਾ ਉਸਤਤਿ ਤਰੀ ਤਰਾਂਤਿ।"
— ਮਲਾ **੪**, ੫, ੪ : ੨ (1264)
5. ਵਾਹ, ਚੰਗੀ
"ਪਿਰੁ ਵਾਤੜੀ ਨ ਪੁਛਈ **ਧਨ** ਸੋਹਾਗਣਿ ਨਾਉ।"
— ਸਲੋ **ਕਬ**, ੩੧ : ੨ (1379)

ਧੰਨ — ਸਲਾਹਣਯੋਗ
"ਨਾਨਕ ਦਾਸ ਸੇਈ ਜਨ **ਧੰਨ**।"
— ਭੈਰ **੫**, ੫੦, ੪ : ੪ (1151)

ਧਨੰ — ਧਨ, ਦੌਲਤ, ਮਾਇਆ
"ਨਚ ਦੁਰਲਭੰ **ਧਨੰ** ਰੂਪੰ ਨਚ ਦੁਰਲਭੰ ਸ੍ਵਰਗ ਰਾਜਨਹ।" — ਸਸ **੫**, ੩੫ : ੧ (1357)

ਧਨਹਿ — 1. ਧਨ/ਦੌਲਤ/ਮਾਇਆ ਦਾ
"ਕੋਈ ਕਹੈ ਮੈ **ਧਨਹਿ** ਪਸਾਰਾ।"
— ਰਾਮ **੫**, ਅਸ ੧, ੪ : ੩ (913)
"ਜੈਸੇ ਅਪਨੇ **ਧਨਹਿ** ਪ੍ਰਾਨੀ ਮਰਨੁ ਮਾਂਡੈ।" (ਧਨ ਲਈ) — ਬਸੰ **ਨਾਮ**, ੧, ੨ : ੧ (1195)

2. (ਸਰੀਰ ਰੂਪੀ) ਇਸਤ੍ਰੀ/ਪਤਨੀ
"ਪਿਰੁ **ਧਨਹਿ** ਸੀਗਾਰਿ ਰਖੈ ਸੰਗਾਨੈ।"
— ਮਾਰੂ **੫**, ਸੋਲਾ ੨, ੨ : ੨ (1072)

ਧਨਹੀਣੁ — ਦੌਲਤ ਤੋਂ ਵਿਹੂਣਾ
"ਨਾਨਕ ਮਨਮੁਖੁ ਜਗਤੁ **ਧਨਹੀਣੁ** ਹੈ ਅਗੈ ਭੁਖਾ ਕਿ ਖਾਇ।"
— ਬਿਹਾ **੪**, ਵਾਰ ੧ਸ, **੩**, ੨ : ੩ (548)

ਧਨਖੁ — ਧਨਸ਼, ਕਮਾਨ
"ਤਿਨਿ ਬਿਨੁ ਬਾਣੈ **ਧਨਖੁ** ਚਢਾਈਐ ਇਹੁ ਜਗੁ ਬੇਧਿਆ ਭਾਈ।"
— ਗਉ **ਕਬ**, ੪੬, ੩ : ੧ (333)

ਧਨੰਜੈ — ਸ਼ਾਬਦਕ ਅਰਥ ਧਨ ਨੂੰ ਜਿਤਣ ਵਾਲਾ ਭਾਵ ਪ੍ਰਭੂ ਜਿਸ ਦੀ ਸੇਵਾ ਤੋਂ ਧਨ ਦੀ ਪ੍ਰਾਪਤੀ ਹੁੰਦੀ ਹੈ
"**ਧਨੰਜੈ** ਜਲਿ ਥਲਿ ਹੈ ਮਹੀਐ।"
— ਮਾਰੂ **੫**, ਸੋਲਾ ੧੧, ੧੨ : ੨ (1083)

ਧਨਪਾਤੀ — ਧਨਵਾਨ, ਦੌਲਤਮੰਦ
"**ਧਨਪਾਤੀ** ਵਡ ਭੂਮੀਆ ਮੇਰੀ ਮੇਰੀ ਕਰਿ ਪਰਿਆ।" — ਸਿਰੀ **੫**, ੭੨, ੨ : ੨ (42)

ਧਨਵੰਤ — ਧਨਵਾਨ, ਦੌਲਤਮੰਦ, ਅਮੀਰ
"ਸੇ **ਧਨਵੰਤ** ਹਰਿ ਨਾਮੁ ਕਮਾਇ।"
— ਗਉ **੩**, ੩੨, ੧ : ੩ (161)
"ਸੇ **ਧਨਵੰਤ** ਜਿਨ ਹਰਿ ਪ੍ਰਭੁ ਰਾਸਿ।"
— ਬਸੰ **੫**, ੧੩, ੨ : ੧ (1184)

ਧਨਵੰਤਹਿ — ਅਮੀਰ, ਧਨਵਾਨ
"ਨਿਰਧਨ ਭਯੰ **ਧਨਵੰਤਹ** ਰੋਗੀਅੰ ਰੋਗ ਖੰਡਨਹ।"
— ਸਸ **੫**, ੨੦ : ੨ (1355)

ਧਨਵੰਤਾ — ਧਨਵਾਨ, ਦੌਲਤਮੰਦ, ਅਮੀਰ
"ਸੋ **ਧਨਵੰਤਾ** ਸੋ ਵਡ ਸਾਹਾ ਜੋ ਗੁਰ ਚਰਣੀ ਮਨੁ ਲਾਵਣਿਆ।"
— ਮਾਝ **੫**, ਅਸ ੩੫, ੫ : ੩ (130)

ਹੋਰ ਰੂਪ — ਧਨਵੰਤੀ —
"ਧਨਾਸਰੀ **ਧਨਵੰਤੀ** ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ।" (ਧਨਵਾਨ, ਅਮੀਰ) — ਸਲੋ **੩**, ੫੧ : ੧ (1419)

ਧਨਵੰਤੁ —
"ਓਹੁ **ਧਨਵੰਤੁ** ਕੁਲਵੰਤੁ ਪਤਿਵੰਤੁ।" (ਅਮੀਰ, ਧਨਵਾਨ)
— ਗਉ **੫**, ਸੁਖ ੨੩, ੮ : ੩ (294)

ਧਨਵੰਤੇ —
"ਸਤਿਗੁਰੁ ਸੇਵਨਿ ਸੇ **ਧਨਵੰਤੇ** ਐਥੈ ਓਥੈ ਨਾਮਿ ਸਮਾਵਣਿਆ।"
— ਮਾਝ **੩**, ਅਸ **੫**, ੩ : ੩ (112)

ਧਨਾ — 1. ਧਨ, ਦੌਲਤ
"ਲੋਭੀ ਅਨਦੁ ਕਰੈ ਪੇਖਿ **ਧਨਾ**।"
— ਗਉ **੫**, ੧੬੨, ੩ : ੧ (198)

2. ਧਣੀ, ਮਾਲਕ
"ਗੁਪਤ ਪ੍ਰਗਟ ਸਿਮਰਹਿ ਪ੍ਰਭ ਮੇਰੇ ਸਗਲ ਭਵਨ ਕਾ ਪ੍ਰਭ **ਧਨਾ**।"
— ਮਾਰੂ **੫**, ਸੋਲਾ ੮, ੫ : ੩ (1079)

ਧੰਨਾ — 1. ਸਲਾਹੁਣਯੋਗ, ਵਡਭਾਗੀ
"ਜਨੁ ਨਾਨਕੁ ਮੁਸਕਿ ਝਕੋਲਿਆ ਸਭੁ ਜਨਮੁ ਧਨੁ **ਧੰਨਾ**।" — ਆਸਾ **੪**, ਛੰਤ ੧੫, ੧ : ੪ (449)

2. ਇਕ ਭਗਤ ਜਿਸ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਸਾ ਰਾਗ (ਤਿੰਨ ਸ਼ਬਦ) ਤੇ ਧਨਾਸਰੀ ਰਾਗ (1 ਸ਼ਬਦ) ਦਰਜ ਹੈ। ਜੱਟ ਵੰਸ਼ ਵਿਚ ਇਸ ਦਾ ਜਨਮ 1473 ਈ. ਵਿਚ ਟਾਂਕ ਦੇ ਇਲਾਕੇ ਵਿਚ ਧੂਆਨ ਪਿੰਡ ਵਿਚ ਹੋਇਆ। ਗੁਰੂ ਦੀਖਸ਼ਾ ਰਾਮਾਨੰਦ ਜੀ ਤੋਂ ਲਈ।
"ਮਿਲੇ ਪ੍ਰਤਖਿ ਗੁਸਾਈਆ **ਧੰਨਾ** ਵਡਭਾਗਾ।"
— ਆਸਾ **ਧੰਨਾ**, ੨, ੪ : ੨ (488)

ਧਨਾਸਰੀ — ਦਿਨ ਦੇ ਤੀਜੇ ਪਹਿਰ ਗਾਈ ਜਾਣ ਵਾਲੀ ਕਾਫ਼ੀ ਠਾਟ ਦੀ ਸੰਪੂਰਨ ਰਾਗਣੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕ ਸੋਰਠ ਰਾਗ ਉਪਰੰਤ 10ਵੇਂ ਥਾਂ ਤੇ ਹੈ
"**ਧਨਾਸਰੀ** ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ।"
— ਸਲੋ **੩**, ੫੧ : ੧ (1419)

ਹੋਰ ਰੂਪ — ਧੰਨਾਸਰੀ —
"**ਧੰਨਾਸਰੀ** ਏ ਪਾਚਉ ਗਾਈ।"
— ਰਾਗ ੧ : ੧੨ (1429)

ਧਨਾਢਿ — ਧਨਵਾਨ, ਅਮੀਰ, ਧਨੀ
"ਬਹੁਤੁ **ਧਨਾਢਿ** ਅਚਾਰਵੰਤੁ ਸੋਭਾ ਨਿਰਮਲ

ਰੀਤਿ।" — ਸਿਰੀ **੫**, ਅਸ ੨੯, ੭ : ੧ (70)

ਧਨਿ — 1. ਦੌਲਤ/ਮਾਇਆ ਨੇ

"**ਧਨਿ** ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰਿ।"

— ਸਿਰੀ **੧**, ਅਸ ੧੩, ੧ : ੨ (61)

2. ਧੰਨਤਾ ਯੋਗ, ਸਲਾਹੁਣਯੋਗ, ਸਤਿਕਾਰਯੋਗ, ਪ੍ਰਸੰਸ਼ਾ ਯੋਗ

"**ਧਨਿ** ਮਸਤਕ ਚਰਨ ਕਮਲ ਹੀ ਪਰਸ।"

— ਗਉ **੫**, ੧੧੨*, ੨ : ੨ (201)

ਹੋਰ ਰੂਪ — ਧੰਨਿ —

"ਧੰਨੁ ਮੂਰਤ ਚਸੇ ਪਲ ਘੜੀਆ **ਧੰਨਿ** ਸੁ ਓਇ ਸੰਜੋਗਾ ਜੀਉ।"

— ਮਾਝ **੫**, ੧੨, ੧ : ੩ (99)

ਧੰਨਿਓ — ਮੈਂ ਧੰਨ ਕਹਿੰਦਾ ਹਾਂ, ਸਲਾਹੁੰਦਾ/ਪ੍ਰਸੰਸ਼ਾ ਕਰਦਾ ਹੈ, ਸਦਕੇ ਜਾਂਦਾ ਹਾਂ

"ਧਨਿ **ਧੰਨਿਓ** ਰਾਮ ਬੇਨੁ ਬਾਜੈ।"

— ਮਾਲੀ **ਨਾਮ**, ੧, ੧* : ੧ (988)

ਧਨੀ — 1. ਮਾਲਕ/ਸੁਆਮੀ ਪ੍ਰਭੂ

"ਸਰਬ ਬਿਆਪਿਤ ਪੂਰਨ **ਧਨੀ**।"

— ਗਉ **੫**, ੯੦, ੨ : ੩ (182)

"ਤੁਮ ਧਨ **ਧਨੀ** ਉਦਾਰ ਤਿਆਗੀ ਸ੍ਰਵਨਨ੍ਹ ਸੁਨੀਅਤੁ ਸੁਜਸੁ ਤੁਮ੍ਹਾਰ।" (ਧਨ ਦਾ ਮਾਲਕ)

— ਬਿਲਾ **ਕਬ**, ੭, ੧ : ੧ (856)

2. ਮਾਲਕ, ਪਤੀ

"ਮੁੰਧ ਨਿਮਾਨੜੀਆ ਜੀਉ ਬਿਨੁ **ਧਨੀ** ਪਿਆਰੇ।"

— ਗਉ **੧**, ਛੰਤ ੧, ੨ : ੧ (242)

3. ਧਨਵਾਨ, ਸ਼ਾਹੂਕਾਰ, ਧਨਾਢ

"ਜਾ ਕੈ ਗ੍ਰਿਹ ਸਭੁ ਕਿਛੁ ਹੈ ਪੂਰਨੁ ਸੋ ਭੇਟਿਆ ਨਿਰਭੈ **ਧਨੀ**।"

— ਆਸਾ **੫**, ੭੮, ੧* : ੨ (389)

"ਜਾ ਕਾ **ਧਨੀ** ਅਗਮ ਗੁਸਾਈ।" (ਸ਼ਾਹੂਕਾਰ, ਭਾਵ ਦਾਤਾ)

— ਆਸਾ **੫**, ੭੯, ੨ : ੧ (390)

ਧੰਨੀ — ਧੰਨ, ਧੰਨਤਾ ਯੋਗ, ਵਡਿਆਈ ਯੋਗ

"ਨਾਨਕ ਜਨਨੀ **ਧੰਨੀ** ਮਾਇ।"

— ਮਾਲਾ **੧**, ੮, ੪ : ੪ (1257)

ਧਨੀਆ — ਧਨਵੰਤੀ, ਮਾਇਆ ਨਾਲ ਪਿਆਰ ਕਰਨ ਵਾਲੀ

"ਮੇਰੀ ਬਹੁਰੀਆ ਕੋ **ਧਨੀਆ** ਨਾਉ।"

— ਆਸਾ **ਕਬ**, ੩੩, ੧ : ੧ (484)

ਧਨੀਤਾ — ਧਨਵਾਨ, ਅਮੀਰ

"ਸੂਮੁ ਕਰਤੇ ਦਮ ਆਢ ਕਉ ਤੇ ਗਨੀ **ਧਨੀਤਾ**।"

— ਬਿਲਾ **੫**, ੩੨, ੩ : ੨ (810)

ਧਨੁ — 1. ਦੌਲਤ, ਮਾਇਆ

"ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ **ਧਨੁ**।"

— ਜਪੁ **੧**, ੨੩ : ੩ (5)

2. ਪ੍ਰਸੰਸਾ/ਸਲਾਹੁਣ/ਵਡਿਆਈ ਯੋਗ

"**ਧਨੁ** ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ ਮਿਲਿ ਜਨ ਨਾਨਕ ਨਾਮੁ ਪਰਗਾਸਿ।"

— ਗੂਜ **੪**, ਸੋਦ ੪, ੪ : ੨ (10)

"**ਧਨੁ** ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ।"

— ਸਿਰੀ **੩**, ੪੯, ੧ : ੧ (32)

ਹੋਰ ਰੂਪ — ਧੰਨੁ —

"ਧਨੁ **ਧੰਨੁ** ਸਤਸੰਗਤਿ ਜਿਤੁ ਹਰਿ ਰਸੁ ਪਾਇਆ ਮਿਲਿ ਜਨ ਨਾਨਕ ਨਾਮੁ ਪਰਗਾਸਿ।"

— ਗੂਜ **੪**, ਸੋਦ ੪, ੪ : ੨ (10)

3. ਨਾਮ ਧਨ

"ਵਿਣੁ ਕਾਇਆ ਜਿ ਹੋਰ ਥੈ **ਧਨੁ** ਖੋਜਦੇ ਸੇ ਮੂੜ ਬੇਤਾਲੇ।" — ਗਉ **੪**, ਵਾਰ ੧੫ : ੪ (309)

ਧਨੋੁ — ਦੌਲਤ, ਧਨ

"ਹਰਿ ਕੀਰਤਨੁ ਆਧਾਰੁ ਨਿਹਚਲੁ ਏਹੁ **ਧਨੋੁ**।"

— ਆਸਾ **੫**, ੧੧੧, ੨ : ੨ (398)

ਧਨੇ — ਧਨ, ਦੌਲਤ, ਨਾਮ ਧਨ

"ਹੇ ਪਪੀਲਕਾ ਗ੍ਰਸਟੇ ਗੋਬਿੰਦ ਸਿਮਰਣ ਤੁਯੰ ਧਨੇ।"

— ਸਸ **੫**, ੬੩ : ੪ (1359)

(ਮਹਾਨਕੋਸ਼ ਅਰਥ 'ਧੰਨ' ਹੈ ਕਰਦਾ ਹੈ)

ਧੰਨੈ — ਧੰਨੇ (ਭਗਤ) ਨੇ

"**ਧੰਨੈ** ਸੇਵਿਆ ਬਾਲ ਬੁਧਿ।"

— ਬਸੰ **੫**, ਅਸ ੧, ੫ : ੧ (1192)

ਧਨੋ — 1. ਧਨ ਹੋ, ਪ੍ਰਸੰਸਾ ਯੋਗ ਹੈ

"ਸਤਸੰਗਤਿ ਸਤਿਗੁਰ ਧੰਨੁ **ਧਨੋੁ** ਧੰਨ ਧੰਨ **ਧਨੋ** ਜਿਤੁ ਮਿਲਿ ਹਰਿ ਬੁਲਗ ਬੁਲੋਗੀਆ।"

— ਕਾਨ **੪**, ਵਾਰ ੧ : ੪ (1313)

ਹੋਰ ਰੂਪ — ਧੰਨੋ —
"ਗੁਰਿ ਪਿਆਰੈ ਹਰਿ ਸੇਵਿਆ ਗੁਰ ਧੰਨੁ ਗੁਰੁ **ਧੰਨੋ**।" (ਧੰਨਤਾ ਯੋਗ)
— ਤਿਲੰ **੪**, ਅਸ ੨, ੯ : ੧ (725)
2. ਧਨ/ਦੌਲਤ ਸਮੇਤ
"ਜੀਅ ਪ੍ਰਾਨ ਮੇਰਾ **ਧਨੋ** ਸਾਹਿਬ ਕੀ ਮਨੀਆ।"
— ਆਸਾ **੫**, ੧੧੭, ੧* : ੧ (400)

ਧਪਟ — ਝਟ-ਪਟ, ਤੁਰੰਤ, ਛੇਤੀ
"ਖੂਲੈ ਕਪਟ **ਧਪਟ** ਬੁਝਿ ਤ੍ਰਿਸਨਾ ਜੀਵਉ ਪੇਖਿ ਦਰਸਾਰੀ।" — ਕੇਦਾ **੫**, ੫, ੧ : ੨ (1120)
('ਮਹਾਨਕੋਸ਼' ਇਸ ਦੇ ਅਰਥ 'ਹੁਣਾ', ਹਵਾ ਬੰਦ ਹੋਣ ਤੋਂ ਹੋਇਆ 'ਹੁੰਮ' ਦੇ ਰਿਹਾ ਹੈ)

ਧੰਮੀ — ਧਾਮਾਂ/ਘਰਾਂ ਵਿਚ (ਨਿਰਣੇ), ਧੜਪਚ, ਰੌਲਾ (ਦਰਪਣ/ਗੁਰੂ ਗ੍ਰੰਥ ਕੋਸ਼)
"ਉਦੋਸੀਆ ਘਰੇ ਹੀ ਵੁਠੀ ਕੁੜਿਈ ਰੰਨੀ **ਧੰਮੀ**।"
— ਸਲੋ **੧**, ੨੯ : ੨ (1412)

ਧਰ — 1. ਟੇਕ, ਆਸਰਾ
"ਮੈ **ਧਰ** ਤੇਰੀ ਪਾਰਬ੍ਰਹਮ ਤੇਰੈ ਤਾਣਿ ਰਹਾਉ।"
— ਸਿਰੀ **੫**, ੮੨, ੩ : ੨ (46)
ਹੋਰ ਰੂਪ — ਧਰੰ —
"ਅਧਰੰ **ਧਰੰ** ਧਾਰਣਹ ਨਿਰਧਨੰ ਧਨ ਨਾਮ ਨਰਹਰਹ।" (ਆਸਰਾ)
— ਸਸ **੫**, ੨੧ : ੧ (1355)
2. ਧਰਤੀ
"ਤੂੰ ਕਾਇਆ ਮੈ ਰੁਲਦੀ ਦੇਖੀ ਜਿਉ **ਧਰ** ਉਪਰਿ ਛਾਰੋ।" — ਗਉ **੧**, ੧੩, ੧ : ੩ (154)
"ਜਿਨਿ **ਧਰ** ਚਕ੍ਰ ਧਰੇ ਵੀਚਾਰੇ।" (ਪ੍ਰਿਥਵੀ)
— ਮਾਰੂ **੧**, ਸੋਲਾ ੧੨, ੧ : ੨ (1032)
3. ਮਿਟੀ
"ਸੋ ਤਨੁ **ਧਰ** ਸੰਗਿ ਰੁਲਿਆ।"
— ਗਉ **੫**, ੧੩੯*, ੩ : ੨ (210)
4. ਧੁਰਾ
"**ਧਰ** ਤੂਟੀ ਗਾਡੋ ਸਿਰ ਭਾਰਿ।"
— ਰਾਮ **੧**, ੧੧, ੨ : ੩ (879)
5. ਧਰਨਾ, ਟਿਕਾਉਣਾ
"ਫੁਨਿ ਮਨ ਬਚ ਕ੍ਰਮ ਜਾਨੁ ਅਨਤ ਦੂਜਾ ਨ ਮਾਨੁ ਨਾਮੁ ਸੋ ਅਪਾਰੁ ਸਾਰੁ ਦੀਨੋ ਗੁਰਿ ਰਿਦ **ਧਰ**।" — ਸਵ **੪**, ਨਲ ੩ : ੩ (1399)
ਹੋਰ ਰੂਪ — ਧਰੰ —
"ਕੰਚਨੁ ਤਨੁ ਹੋਇ ਪਰਸਿ ਪਾਰਸ ਕਉ ਜੋਤਿ ਸਰੂਪੀ ਧ੍ਯਾਨੁ **ਧਰੰ**।" (ਰੱਖ ਕੇ, ਧਰ ਕੇ, ਟਿਕਾ ਕੇ) — ਸਵ **੪**, ਗਯੰ ੪ : ੪ (1402)

ਧਰਉ — 1. ਧਰੇ, ਰਖੇ ਭਾਵ ਕਰੇ
"ਸਾਹਿਬੁ ਰੋਸੁ **ਧਰਉ** ਕਿ ਪਿਆਰੁ।"
— ਗਉ **ਕਬ**, ੬੯, ੧* : ੨ (338)
2. ਧਾਰਨ ਕਰਾਂ, ਗ੍ਰਹਿਣ ਕਰਾਂ
"ਪ੍ਰਿਅ ਪ੍ਰੇਮ ਸਹਜਿ ਮਨਿ ਅਨਦੁ **ਧਰਉ** ਰੀ।"
— ਅਸ **੫**, ੨੬, ੧* : ੧ (389)
3. ਮੈਂ ਧਰਾਂ/ਰਖਾਂ
"ਮਨੁ ਬੁਧਿ ਅਰਪਿ **ਧਰਉ** ਗੁਰ ਆਗੈ ਗੁਰ ਪਰਸਾਦੀ ਮੈ ਅਕਥੁ ਕਥਈਆ।"
— ਬਿਲਾ **੪**, ਅਸ ੩, ੩ : ੨ (834)

ਧਰਈ — ਧਰੀ, ਰਖੀ ਭਾਵ
"ਦੂਜੀ ਬਾਤ ਨ **ਧਰਈ** ਕਾਨਾ।" (ਭਾਵ ਸੁਣੀ)
ਹੋਰ ਰੂਪ — ਧਰਈਐ —
"ਹਰਿ ਪਰਪੰਚੁ ਕੀਆ ਸਭੁ ਕਰਤੈ ਵਿਚਿ ਆਪੇ ਆਪਣੀ ਜੋਤਿ **ਧਰਈਐ**।" (ਧਰੀ ਹੈ)
— ਗੋਂਡ **੪**, ੫, ੨ : ੧ (861)

ਧਰਹਾ — ਧਰਾਂ
"ਕਹੁ ਨਾਨਕ ਤਬ ਹੀ ਮਨ ਛੁਟੀਐ ਜਉ ਸਗਲੇ ਅਉਗਨ ਮੇਟਿ **ਧਰਹਾ**।" (ਭਾਵ ਦੇਵਾਂ)
— ਸਾਰ **੫**, ੪, ੪ : ੨ (1203)

ਧਰਹਿ — ਰਖੇ, ਧਰੇ
"ਅਠਸਠਿ ਤੀਰਥ ਜਹ ਸਾਧ ਪਗ **ਧਰਹਿ**।"
— ਰਾਮ **੫**, ੨੫, ੩ : ੧ (890)
"ਮਨਮੁਖ ਵਾਪਾਰੈ ਸਾਰ ਨ ਜਾਣਨੀ ਬਿਖੁ ਵਿਹਾਝਹਿ ਬਿਖੁ ਸੰਗ੍ਰਹਹਿ ਬਿਖ ਸਿਉ **ਧਰਹਿ** ਪਿਆਰੁ।"
(ਕਰੇ)— ਮਾਰੂ **੩**, ਵਾਰ ੧੬ਸ, **੩**, ੧:੧ (1091)

ਧਰਹੁ — 1. ਰਖੋ, ਧਰੋ, ਅਰਪਨ ਕਰੋ
"ਮਨੁ ਤਨੁ ਅਪਨਾ ਆਗੈ **ਧਰਹੁ**।"
— ਗਉ **੫**, ੧੨੬, ੧ : ੨ (191)
2. ਕਰੋ
"ਸਤ ਸੰਤੋਖ ਕਾ **ਧਰਹੁ** ਧਿਆਨੁ।"
— ਗਉ **ਕਬ**, ਥਿਤੀ ੧੫ : ੩ (344)

3. ਟਿਕਾਓ

"ਬਚਨ ਗੁਰ ਰਿਦਿ **ਧਰਹੁ** ਪੰਚ ਭੂ ਬਸਿ ਕਰਹੁ ਜਨਮੁ ਕੁਲ ਉਧਰਹੁ ਦ੍ਵਾਰਿ ਹਰਿ ਮਾਨੀਅਹੁ।"

— ਸਵ **੪**, ੧੩ : ੪ (1400)

ਧਰਕਟ — ਧਿਰਨਾਰੀ/ਫਿਟਕਾਰੀ ਹੋਈ ਭਾਵ ਬਦਚਲਣ

"ਓਹਿ ਘਰਿ ਘਰਿ ਫਿਰਹਿ ਕੁਸੁਧ ਮਨਿ ਜਿਉ **ਧਰਕਟ** ਨਾਰੀ।"

— ਸੋਰ **੪**, ਵਾਰ ੨੩ : ੩ (651)

ਹੋਰ ਰੂਪ — ਧਰਕਟੀ —

"ਮਾਇਆ ਮੋਹੁ **ਧਰਕਟੀ** ਨਾਰਿ।"

— ਬਿਲਾ **੧**, ੩, ੨ : ੧ (796)

ਧਰਚਰੀ — ਧਰਤੀ ਉਪਰ ਵਿਚਰਨ ਵਾਲੇ ਬਿਹੰਗਮ ਲੋਕ, ਜੋ ਇਕ ਥਾਂ ਟਿੱਕ ਕੇ ਨਹੀਂ ਰਹਿੰਦਾ

"ਜੋਗ ਧਿਆਨ ਭੇਖ ਗਿਆਨ ਫਿਰਤ ਫਿਰਤ ਧਰਤ ਧਰਤ **ਧਰਚਰੀ**।"

— ਕਾਨ **੫**, ੫੦, ੧* : ੨ (1308)

ਧਰਣ — ਧਰਤੀ

"ਤੁਧੁ ਥਾਪੇ ਚਾਰੇ ਜੁਗ ਤੂ ਕਰਤਾ ਸਗਲ **ਧਰਣ**।"

— ਮਾਰੂ **੫**, ਵਾਰ ੨ : ੫ (1095)

ਧਰਣਾ — ਧਰਤੀ

"ਰਖਿ ਰਖਿ ਪੈਰ ਧਰੇ ਪਉ **ਧਰਣਾ**।"

— ਮਾਰੂ **੧**, ਸੋਲਾ ੫, ੧੫ : ੧ (1023)

"ਕਲਾ ਉਪਾਇ ਧਰੀ ਜਿਨਿ **ਧਰਣਾ**।"

— ਮਾਰੂ **੫**, ਸੋਲਾ ੧, ੧ : ੧ (1071)

ਧਰਣਿ — ਧਰਤੀ

"ਜਿਨਿ ਧਾਰੇ ਬ੍ਰਹਮੰਡ **ਧਰਣਿ** ਅਗਾਸ।"

— ਗਉ **੫**, ੯੫, ੨ : ੧ (184)

"ਭਾਣੈ ਨਰਕਿ ਸੁਰਗਿ ਅਉਤਾਰੇ ਭਾਣੈ **ਧਰਣਿ** ਪਰੇਇ।" (ਧਰਤੀ ਤੇ)

— ਰਾਮ **੫**, ਵਾਰ ੧੨ਸ, **੫**, ੨ : ੨ (963)

ਧਰਣੀਧਰ — ਧਰਤੀ ਦਾ ਆਸਰਾ/ਟੇਕ ਭਾਵ ਕਰਤਾ/ਸਿਰਜਣਹਾਰ

"ਜਨਮ ਮਰਣ ਨਿਵਾਰਿ **ਧਰਣੀਧਰ** ਪਤਿ ਰਾਖੁ ਪਰਮਾਨੰਦ।"— ਗੂਜ **੫**, ਅਸ ੨, ੨ : ੨ (508)

"ਦੁਇ ਪਗ ਧਰਮੁ ਧਰੇ **ਧਰਣੀਧਰ** ਗੁਰਮੁਖਿ ਸਾਚੁ ਤਿਥਾਈ ਹੇ।" (ਧਰਤੀ ਨੂੰ ਧਾਰਨ ਵਾਲੇ)

— ਮਾਰੂ **੧**, ਸੋਲਾ ੪, ੮ : ੩ (1024)

ਹੋਰ ਰੂਪ — ਧਰਣੀਧਰਾ —

"ਹਉ ਨਾਮੁ ਹਰਿ ਦਾ ਸਦਾ ਜਾਚਉ ਦੇਹੁ ਪ੍ਰਭ **ਧਰਣੀਧਰਾ**।" (ਧਰਤੀ ਨੂੰ ਕਾਇਮ ਕਰਨ ਵਾਲੇ ਹਰੀ)

— ਧਨਾ **੧**, ਛੰਤ ੧, ੧ : ੪ (687)

ਧਰਣੀਧਰੁ —

"ਹਮਾਰਾ ਧਨੁ ਮਾਧਉ ਗੋਬਿੰਦੁ **ਧਰਣੀਧਰੁ** ਇਹੈ ਸਾਰ ਧਨੁ ਕਹੀਐ।"

— ਗਉ **ਕਬ**, ੫੮, ੧* : ੧ (336)

ਧਰਣੇ — ਰਖਿਆ/ਟਿਕਾਇਆ/ਧਰਿਆ ਹੈ

"ਪੇਖਿ ਦਰਸਨੁ ਨਾਨਕੁ ਜੀਵਿਆ ਮਨ ਅੰਦਰਿ **ਧਰਣੇ**।" — ਗਉ **੫**, ਵਾਰ ੯ : ੫ (320)

ਧਰਤ — 1. ਧਰਦਾ ਹੈ ਭਾਵ ਕਰਦਾ ਹੈ

"**ਧਰਤ** ਧੋਹ ਅਨਿਕ ਛਲ ਜਾਨੈ।"

— ਰਾਮ **੫**, ੫੨, ੩ : ੧ (899)

"ਕੋਟਿ ਧਿਆਨੀ **ਧਰਤ** ਧਿਆਨੁ।" (ਧਰਦੇ ਹਨ)

— ਭੈਰ **੫**, ਅਸ ੨, ੭ : ੨ (1156)

2. ਧਰਤੀ

"ਜੋਗ ਧਿਆਨ ਭੇਖ ਗਿਆਨ ਫਿਰਤ ਫਿਰਤ **ਧਰਤ** ਧਰਤ ਧਰਚਰੀ।"

— ਕਾਨ **੫**, ੫੦, ੧* : ੨ (1308)

ਧਰਤਾ — 1. ਰਖਦਾ

"ਜੀਅ ਸੰਗ ਪ੍ਰਭੁ ਅਪੁਨਾ **ਧਰਤਾ**।"

— ਆਸਾ **੫**, ੫੪, ੨ : ੨ (384)

"ਭਗਤੁ ਤੇਰਾ ਸੋਈ ਤੁਧੁ ਭਾਵੈ ਜਿਸ ਨੋ ਤੂ ਰੰਗੁ **ਧਰਤਾ**।" (ਧਰਦਾ ਹੈ)

— ਬਸੰ **੫**, ੨੦, ੨ : ੨ (1186)

2. ਧਾਰਨ ਵਾਲਾ

"ਤੂ ਆਪਿ ਕਰਤਾ ਸਭ ਸ੍ਰਿਸਟਿ **ਧਰਤਾ**। ਸਭ ਮਹਿ ਰਹਿਆ ਸਮਾਇ।"

— ਆਸਾ **੫**, ੫੪, ੨ : ੨ (406)

ਧਰਤਿ — ਧਰਤੀ

"ਸੁਣਿਐ **ਧਰਤਿ** ਧਵਲ ਆਕਾਸ।"

— ਜਪੁ **੧**, ੮ : ੨ (2)

ਧਰਤੀ — ਜ਼ਮੀਨ, ਪ੍ਰਿਥਵੀ, ਭੂਮੀ
"**ਧਰਤੀ** ਹੋਰੁ ਪਰੈ ਹੋਰੁ ਹੋਰੁ।"
— ਜਪੁ **੧**, ੧੬ : ੧੧ (3)

ਹੋਰ ਰੂਪ — ਧਰਤ੍ਰੀ —
"ਸਭੇ ਰੁਤੀ ਮਾਹ ਸਭਿ ਸਭਿ **ਧਰਤ੍ਰੀ** ਸਭਿ ਭਾਰ।"
— ਸਾਰ **੪**, ਵਾਰ ੧੧ਸ, **੧**, ੧ : ੨ (1241)

ਧਰਤੇ — 1. ਰਖਦੇ, ਕਰਦੇ, ਧਾਰਨ ਕਰਦੇ
"ਪਾਰਬ੍ਰਹਮ ਕਾ ਓਇ ਧਿਆਨੁ **ਧਰਤੇ**।"
— ਗਉ **੫**, ੮੬, ੩ : ੪ (181)
2. ਆਸਰਾ, ਟੇਕ
"ਸਭੇ ਧਿਰਾਂ ਨਿਖੁਟੀਅਸੁ ਹਿਰਿ ਲਈਅਸੁ **ਧਰਤੇ**।" — ਗਉ **੪**, ਵਾਰ ੩੨ : ੬ (317)

ਧਰਤੇਵ — ਧਰਤੀ
"ਸਾਗਰ ਇੰਦ੍ਰਾ ਅਰੁ **ਧਰਤੇਵ**।"
— ਭੈਰ **ਕਬ**, ੧੩, ੫ : ੨ (1160)

ਧਰਨ — ਧਾਰਨ ਵਾਲਾ ਭਾਵ ਪੈਦਾ ਕਰਨ/ਪਾਲਨ ਵਾਲਾ
"ਹਰਨ **ਧਰਨ** ਪੁਨ ਪੁਨਹ ਕਰਨ।"
— ਰਾਮ **੫**, ੫੯, ੧ : ੧ (901)

ਧਰਨਾ — 1. ਧਰਤੀ, ਪ੍ਰਿਥਵੀ
"ਹਰਿ ਸਿਮਰਨਿ ਧਾਰੀ ਸਭ **ਧਰਨਾ**।"
— ਗਉ **੫**, ਸੁਖ ੧, ੮ : ੫ (263)
2. ਧਰਣਾ, ਰਖਨਾ, ਧਾਰਨ ਕਰਨਾ, ਟਿਕਾਉਣਾ
"ਸੋ ਧਿਆਨੁ ਧਰਹੁ ਜਿ ਬਹੁਰਿ ਨ **ਧਰਨਾ**।"
— ਗਉ **ਕਬ**, ੧੮, ੨ : ੩ (327)
"ਤੁਮ੍ਰੀ ਆਸ ਭਰੋਸਾ ਤੁਮ੍ਰਾ ਤੁਮ੍ਰਾ ਨਾਮੁ ਰਿਦੈ ਲੈ **ਧਰਨਾ**।" (ਟਿਕਾਉਣਾ)
— ਕਾਨ **੫**, ੯, ੧ : ੧ (1299)

ਧਰਨਿ — ਧਰਤੀ ਵਿਚ
"**ਧਰਨਿ** ਮਾਹਿ ਆਕਾਸ ਪਇਆਲ।"
— ਗਉ **੫**, ਸੁਖ ੨੩, ੨ : ੩ (299)
"**ਧਰਨਿ** ਪੜੈ ਤਿਸੁ ਲਗੈ ਨ ਕਾਲਾ।" (ਧਰਤੀ ਤੇ ਪਏ ਨੂੰ ਭਾਵ ਨਮਰ ਨੂੰ)
— ਆਸਾ **੫**, ੧੩, ੩ : ੨ (374)
2. ਧਰਦੇ/ਕਰਦੇ ਹਨ
"ਹਰਿ ਸਿਉ ਚਿਤੁ ਨ ਲਾਇਨੀ ਵਾਦੀ **ਧਰਨਿ** ਪਿਆਰੁ।"
— ਮਾਰੂ **੩**, ਵਾਰ ੧੬ਸ, **੩**, ੧ : ੩ (1096)

ਧਰਨੀ — ਧਰਤੀ, ਪ੍ਰਿਥਵੀ
"ਤੀਰਥਿ ਨਾਇ ਅਰੁ **ਧਰਨੀ** ਭ੍ਰਮਤਾ ਆਗੈ ਠਉਰ ਨ ਪਾਵੈ।" — ਗਉ **੫**, ੧੬੪*, ੨ : ੧ (216)

ਧਰਨੀਧਰ — ਧਰਤੀ ਦਾ ਆਸਰਾ ਭਾਵ ਪ੍ਰਭੂ
"ਪਾਰੁ ਨ ਪਾਵੈ ਕੋ **ਧਰਨੀਧਰ** ਮੰਤ।"
— ਭੈਰ **ਕਬ**, ਅਸ ੧, ੩ : ੪ (1162)

ਧਰਮ — 1. ਧਾਰਮਿਕ ਜਾਂ ਨੈਤਿਕ ਗੁਣ, ਭਲਾਈ, ਨੇਕੀ ਚੰਗੇ ਕਰਮ, ਪੁੰਨ ਕਰਮ
"ਮੰਨੈ **ਧਰਮ** ਸੇਤੀ ਸਨਬੰਧੁ।"
— ਜਪੁ **੧**, ੧੪ : ੩ (3)
"ਸਾਧ ਰੇਣ ਮਜਨ ਸਭਿ **ਧਰਮ**।" (ਸ਼ੁਭ ਕਰਮ)
— ਗਉ **੫**, ੯੧, ੩ : ੨ (183)
"ਸਭਿ ਅਰਥਾ ਸਭਿ **ਧਰਮ** ਮਿਲੇ ਮਨਿ ਚਿੰਦਿਆ ਸੋ ਫਲੁ ਪਾਇਆ ਰਾਮ।"
— ਆਸਾ **੪**, ਛੰਤ ੯, ੬ : ੨ (443)
2. ਧਰਮੀ
"ਜੋ ਧਰਮੁ ਕਮਾਵੈ ਤਿਸੁ **ਧਰਮ** ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ।"
— ਮਾਝ **੧**, ਵਾਰ ੨ਸ, **੨**, ੨ : ੪ (138)
3. ਮਜ਼੍ਹਬ, ਦੀਨ
"ਸਾਧ ਕੈ ਸੰਗ ਦ੍ਰਿੜੈ ਸਭਿ **ਧਰਮ**।"
— ਗਉ **੫**, ਸੁਖ ੭, ੪ : ੭ (271)
"ਸੰਤ ਕਾ ਮਾਰਗੁ **ਧਰਮ** ਕੀ ਪਉੜੀ ਕੋ ਵਡਭਾਗੀ ਪਾਏ।" — ਸੋਰ **੫**, ੫੩, ੨ : ੧ (622)
"ਸਗਲ **ਧਰਮ** ਮਹਿ ਊਤਮ **ਧਰਮ**।"
— ਬਸੰ **੫**, ੯, ੩ : ੧ (1182)
4. ਨਿਯਮ, ਨਿਆਂ
"ਸਤਿਗੁਰੁ ਧਰਤੀ **ਧਰਮ** ਹੈ ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਏ।"
— ਗਉ **੪**, ਵਾਰ ੭ਸ, **੪**, ੧ : ੧ (302)
"ਸਾਚ **ਧਰਮ** ਕੀ ਕਰਿ ਦੀਨੀ ਵਾਰਿ।" (ਨਿਆਂ)
— ਆਸਾ **੫**, ਅਸ ੧, ੨ : ੧ (430)
5. ਕਰਮ (ਭਾਵ)
"ਬਹੁ ਬਿਧਿ **ਧਰਮ** ਨਿਰੂਪੀਐ ਕਰਤਾ ਦੀਸੈ ਸਭ ਲੋਇ।"— ਗਉ **ਰਵਿ**, ਅਸ ੧, ੨ : ੧ (346)

ਹੋਰ ਰੂਪ — ਧਰਮੰ —
"ਨਹ ਬਿਲੰਬ **ਧਰਮੰ** ਬਿਲੰਬ ਪਾਪੰ।" (ਧਰਮ ਦੇ ਕਰਮ) — ਸਸ **੫**, ੧੦ : ੧ (1354)

6. ਧਰਮ ਰਾਜ
"ਗਾਵਨਿ੍ ਤੁਧਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ **ਧਰਮ** ਦੁਆਰੇ।"
— ਆਸਾ **੧**, ਸੋਦ ੧, ੧ : ੪ (347)
"ਲੇਖਾ **ਧਰਮ** ਭਇਆ ਤਿਲ ਪੀੜੇ ਘਾਣੀ ਰਾਮ।" (ਧਰਮ ਰਾਜ ਦਾ)
— ਬਿਹਾ **੫**, ਛੰਤ ੨, ੨ : ੨ (546)

ਹੋਰ ਰੂਪ — ਧਰਮੰ —
"ਗਨੰਤ ਸ੍ਵਾਸਾ ਭੈਯਾਨ **ਧਰਮੰ**।"
— ਸਸ **੫**, ੩ : ੪ (1354)

7. ਵਰਨਾਸ਼੍ਰਮ ਦੇ ਨੀਯਤ ਕੀਤੇ ਫਰਜ਼, ਕਰਮ
"ਕਰਮ **ਧਰਮ** ਸਚੁ ਸਾਚਾ ਨਾਉ।"
— ਆਸਾ **੧**, ੧੪, ੨ : ੧ (353)
"ਸਰਬ **ਧਰਮ** ਮਾਨੋ ਤਿਹ ਕੀਏ ਜਿਹ ਪ੍ਰਭ ਕੀਰਤਿ ਗਾਈ।"— ਰਾਮ **੯**, ੨, ੨:੨ (902)

8. ਅਕੀਦਾ, ਵਿਸ਼ਵਾਸ਼
"ਰਖੁ **ਧਰਮ** ਭਰਮ ਬਿਦਾਰਿ ਮਨ ਤੇ ਉਧਰੁ ਹਰਿ ਨਿਰੰਕਾਰ।"
— ਗੂਜ **੫**, ਅਸ ੨, ੫ : ੨ (508)

9. ਸ਼ਾਸ਼ਤਰਾਂ ਅਨੁਸਾਰ ਜੀਵਨ ਵਿਚ ਪ੍ਰਾਪਤੀ ਦੇ ਮੰਨੇ ਗਏ ਚਾਰ ਪਦਾਰਥਾਂ ਵਿਚੋਂ ਇਕ; ਇਹ ਚਾਰ ਪਦਾਰਥ ਹਨ : ਧਰਮ, ਅਰਥ, ਕਾਮ ਤੇ ਮੋਖ ਇਥੇ ਧਰਮ ਤੋਂ ਭਾਵ ਹੈ ਆਪਣੇ ਨਿਯਮਾਂ ਵਿਚ ਪੱਕਾ ਹੋਣਾ
"**ਧਰਮ** ਅਰਥ ਕਾਮ ਸਭਿ ਪੂਰਨ ਮਨਿ ਚਿੰਦੀ ਇਛ ਪੁਜਾਏ।"
— ਸੂਹੀ **੫**, ਛੰਤ ੧੧, ੪ : ੪ (785)
"ਅਰਥ **ਧਰਮ** ਕਾਮ ਮੋਖ ਕਾ ਦਾਤਾ।"
— ਬਿਲਾ **੫**, ੧੨, ੩ : ੧ (806)

10. ਧਾਰਮਕ, ਧਰਮ ਵਲੋਂ ਨਿਰਧਾਰਤ ਕੀਤੇ ਹੋਏ
"ਬੰਧਨ ਕਰਮ **ਧਰਮ** ਹਉ ਕਰਤਾ।"
— ਭੈਰ **੫**, ੪੧, ੨ : ੨ (1147)

ਧਰਮ ਸਾਲ — ਧਰਮ ਕਮਾਉਣ ਦੀ ਥਾਂ
"ਤਿਸੁ ਵਿਚਿ ਧਰਤੀ ਥਾਪਿ ਰਖੀ **ਧਰਮ ਸਾਲ**।"
— ਜਪੁ **੧**, ੩੪ : ੩ (7)

ਧਰਮ ਸਾਲਾ — ਧਰਮ ਕਮਾਉਣ/ਧਰਮੀਆਂ ਦੇ ਠਹਿਰਨ ਦਾ ਸਥਾਨ
"ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ **ਧਰਮ ਸਾਲਾ**।" — ਗਉ **੫**, ਛੰਤ ੨, ੧ : ੨ (248)

ਧਰਮਸਾਲੀਐ — ਧਰਮ ਸਥਾਨ ਉਤੇ ਠਹਿਰਨ ਵਾਲਾ
"ਮੋਹਿ ਨਿਰਗੁਣ ਦਿਚੈ ਥਾਉ ਸੰਤ **ਧਰਮ ਸਾਲੀਐ**।"
— ਗੂਜ **੫**, ਵਾਰ ੩ : ੮ (518)

ਧਰਮ ਖੰਡ — ਮਨੁੱਖੀ ਆਤਮ ਵਿਕਾਸ ਦੇ ਪੰਜ ਖੰਡ ਵਿਚੋਂ ਪਹਿਲਾ ਖੰਡ/ਅਵਸਥਾ
"**ਧਰਮ ਖੰਡ** ਕਾ ਏਹੋ ਧਰਮੁ।"
— ਜਪੁ **੧**, ੩੫ : ੧ (7)

ਧਰਮ ਨਿਆਉ — ਸਚਾ ਨਿਆਂ, ਧਰਮ ਦਾ ਨਿਆਂ
"ਸਚਿਆਰਾ ਦੇਇ ਵਡਿਆਈ ਹਰਿ **ਧਰਮ ਨਿਆਉ** ਕੀਓਇ।" — ਸਿਰੀ **੪**, ਵਾਰ ੧੬ : ੩ (89)

ਧਰਮ ਨਿਆਏ — ਸਚਾ ਨਿਆਂ, ਧਰਮ ਦਾ ਇਨਸਾਫ
"ਹਰਿ ਕਾ ਏਕੁ ਅਚੰਭਉ ਦੇਖਿਆ ਮੇਰੇ ਲਾਲ ਜੀਉ ਜੋ ਕਰੇ ਸੁ **ਧਰਮ ਨਿਆਏ** ਰਾਮ।"
— ਬਿਹਾ **੫**, ਛੰਤ ੧, ੧ : ੧ (541)

ਧਰਮਰਾਓ — ਧਰਮਰਾਜ
"ਆਜੁ ਮੇਰੈ ਮਨਿ ਪ੍ਰਗਟੁ ਭਇਆ ਹੈ ਪੇਖੀਅਤ **ਧਰਮ ਰਾਓ**।"— ਸਿਰੀ **ਤ੍ਰਿਲੋ**, ੨, ੪ : ੧ (92)

ਧਰਮ ਰਾਇ — ਧਰਮਰਾਜ, ਨਿਆਇਕਾਰੀ ਰਾਜਾ
"**ਧਰਮ ਰਾਇ** ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ।" — ਸਿਰੀ **੩**, ੬੩, ੨ : ੧ (38)
"ਜਿਸੁ ਨਰ ਕੀ ਦੁਬਿਧਾ ਨ ਜਾਇ **ਧਰਮ ਰਾਇ** ਤਿਸੁ ਦੇਇ ਸਜਾਇ।" (ਨਿਆਂਕਾਰੀ ਰਾਜਾ)
— ਗੂਜ **੩**, ੬, ੩ : ੨ (491)

ਧਰਮ ਰਾਇਆ — ਧਰਮ ਰਾਜ
"ਛਲ ਬਪੁਰੀ ਇਹ ਕਉਲਾ ਡਰਪੈ ਅਤਿ ਡਰਪੈ **ਧਰਮ ਰਾਇਆ**।"
— ਮਾਰੂ **੫**, ੧, ੩ : ੨ (999)

ਧਰਮ ਰਾਜਾ — ਧਰਮ ਰਾਜ
"**ਧਰਮ ਰਾਜਾ** ਬਿਸਮਾਦੁ ਹੋਆ ਸਭ ਪਈ ਪੈਰੀ ਆਇ।" — ਆਸਾ **੫**, ੧੪੦, ੨ : ੨ (406)

ਧਰਮਾ — 1. ਧਰਮ
"ਜੋ ਤੁਧੁ ਭਾਵੈ ਸੋ ਸਚੁ **ਧਰਮਾ**।" (ਜੀਵਨ ਮਰਯਾਦਾ) — ਗਉ **੫**, ੯੩, ੩ : ੨ (180)
"ਥਿਤਿ ਪਾਈ ਆਨਦੁ ਭਇਆ ਗੁਰਿ ਕੀਨੇ **ਧਰਮਾ**।" (ਨੇਮ ਨਿਭਾਇਆ ਹੈ)
— ਬਿਲਾ **੫**, ੫੫, ੧ : ੨ (814)
2. ਧਰਮਾ, ਨੇਮ ਨਿਭਾਉਣ ਵਾਲਾ
"ਇਹੁ ਮਨੁ ਕਰਮਾ ਇਹੁ ਮਨੁ **ਧਰਮਾ**।"
— ਆਸਾ **੧**, ਅਸ ੮, ੩ : ੧ (415)
3. ਕਰਮ
"ਨਾਮੁ ਦ੍ਰਿੜਾਵੈ ਨਾਮੁ ਜਪਾਵੈ ਤਾ ਕਾ ਜੁਗ ਮਹਿ **ਧਰਮਾ**।" — ਧਨਾ **੫**, ੩੨, ੧ : ੨ (680)
"ਸਾਗਰ ਤੇ ਕੰਢੈ ਚੜੇ ਗੁਰਿ ਕੀਨੇ **ਧਰਮਾ**।" (ਪੁੰਨ ਕਰਮ, ਪਰਉਪਕਾਰ)
— ਮਾਰੂ **੫**, ੧੪, ੩ : ੨ (1002)

ਧਰਮਾਈ — ਮਾਇਆਧਾਰੀ
"ਰੰਗ ਪਰੰਗ ਕਤੀਫਿਆ ਪਹਿਰਹਿ **ਧਰ ਮਾਈ**।"
— ਸਾਰ **੪**, ਵਾਰ ੨੪ : ੨ (1247)

ਧਰਮਾਤਾ — ਧਰਮ ਵਿਚ ਮਸਤ
"ਗਿਰਸਤੀ ਗਿਰਸਤਿ **ਧਰਮਾਤਾ**।"
— ਸਿਰੀ **੫**, ਅਸ ੨੨, ੪ : ੨ (71)

ਧਰਮਾਪੁਰਿ — ਧਰਮ ਦੀ ਪੁਰੀ ਭਾਵ ਸਤਿਸੰਗ
"ਧਧੈ ਧਰਮੁ ਧਰ **ਧਰਮਾ ਪੁਰਿ** ਗੁਣਕਾਰੀ ਮਨੁ ਧੀਰਾ।" — ਰਾਮ **੧**, ਓਅੰ ੩ : ੧ (930)

ਧਰਮਿ — 1. ਧਰਮ/ਕਰਮ ਨਾਲ/ਦੁਆਰਾ
"ਕਾਹੂ ਜੁਗਤਿ ਕਿਤੈ ਨ ਪਾਈਐ **ਧਰਮਿ**।"
— ਗਉ **੫**, ਸੁਖ ੯, ੫ : ੯ (274)
2. ਸਚਾ
"ਵੈਰੁ ਕਰਨਿ ਨਿਰਵੈਰ ਨਾਲਿ **ਧਰਮਿ** ਨਿਆਇ ਪਚੰਦੇ।" — ਗਉ **੩**, ਵਾਰ ੩੧ : ੮ (317)
3. ਧਰਮੀਆਂ ਵਿਚ
"ਓਇ **ਧਰਮਿ** ਰਲਾਏ ਨਾ ਰਲਨਿ੍ ਓਨਾ ਅੰਦਰਿ ਕੂੜੁ ਸੁਆਉ।"
— ਗੂਜ **੩**, ਵਾਰ ੮ਸ, **੩**, ੨ : ੪ (511)
4. ਧਰਮ ਦੇ
"ਦੁਆਪੁਰਿ **ਧਰਮਿ** ਦੁਇ ਪੈਰ ਰਖਾਏ।"
— ਰਾਮ **੩**, ੧, ੩ : ੩ (880)

ਧਰਮੀ — ਧਰਮਵਾਲਾ, ਧਰਮ ਅਨੁਸਾਰ ਕਰਮ ਕਰਨ ਵਾਲਾ
"ਸੋ ਡਰੈ ਜਿ ਪਾਪ ਕਮਾਵਦਾ **ਧਰਮੀ** ਵਿਗਸੇਤੁ।"
— ਸਿਰੀ **੪**, ਵਾਰ ੧੬ : ੫ (89)

ਧਰਮੀਆ — ਧਰਮ ਅਨੁਸਾਰ ਕਰਮ ਕਰਨ ਵਾਲੇ
"ਜੈਕਾਰੁ ਕੀਓ **ਧਰਮੀਆ** ਕਾ ਪਾਪੀ ਕਉ ਡੰਡੁ ਦੀਓਇ।" — ਸਿਰੀ **੪**, ਵਾਰ ੧੬ : ੫ (89)

ਧਰਮੁ — 1. ਬਝਵਾਂ ਨਿਯਮ
"ਧੌਲੁ **ਧਰਮੁ** ਦਇਆ ਕਾ ਪੂਤੁ।"
— ਜਪੁ **੧**, ੧੬ : ੭ (3)
"ਅਮੁਲੁ **ਧਰਮੁ** ਅਮੁਲੁ ਦੀਬਾਣੁ।" (ਕਾਨੂੰਨ, ਨਿਯਮ) — ਜਪੁ **੧**, ੨੬ : ੫ (5)
"ਧਰਮ ਖੰਡ ਕਾ ਏਹੋ **ਧਰਮੁ**।" (ਨੇਮ)
— ਜਪੁ **੧**, ੩੫ : ੧ (7)
"ਜਿਹ ਪ੍ਰਸਾਦਿ ਤੇਰੋ ਰਹਤਾ **ਧਰਮੁ**।" (ਪ੍ਰਤਿਗਿਆ, ਨੇਮ) — ਗਉ **੫**, ਸੁਖ ੬, ੨ : ੭ (270)
"ਖਤ੍ਰੀਆ ਤ **ਧਰਮੁ** ਛੋਡਿਆ ਮਲੇਛ ਭਾਖਿਆ ਗਹੀ।" (ਸੰਜਮ, ਨੇਮ)
— ਧਨਾ **੧**, ੮, ੩ : ੧ (663)
2. ਧਰਮ ਰਾਜ, ਵੇਖੋ 'ਧਰਮ' (6)
"ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ **ਧਰਮੁ** ਦੁਆਰੇ।"
— ਜਪੁ **੧**, ੨੭ : ੪ (6)
"ਜੈ ਜੈ **ਧਰਮੁ** ਕਰੇ ਦੂਤ ਭਏ ਪਲਾਇਣ।"
— ਅਸ **੫**, ਛੰਤ ੧੨, ੩ : ੨ (460)
3. ਕਰਮ, ਵੇਖੋ 'ਧਰਮ' (5)
"ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ **ਧਰਮੁ** ਵੀਚਾਰੇ।"
— ਜਪੁ **੧**, ੨੭ : ੫ (6)
4. ਪੁੰਨ ਕਰਮ, ਭਲਾਈ, ਨੇਕੀ ਵੇਖੋ 'ਧਰਮ' (1)
"ਜਪੁ ਤਪੁ ਸੰਜਮੁ **ਧਰਮੁ** ਨ ਕਮਾਇਆ।
— ਅਸਾ **੫**, ਸੋਪੁ ੪, ੨ : ੧ (12)
"ਓਨੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ **ਧਰਮੁ** ਕਮਾਇਆ।"
— ਆਸਾ **੧**, ਵਾਰ ੭ : ੨ (467)
5. ਮਜ਼ਬ, ਦੀਨ, ਵੇਖੋ 'ਧਰਮ' (3)
"ਅਪਣਾ **ਧਰਮੁ** ਗਵਾਵਹਿ ਬੂਝਹਿ ਨਾਹੀ

ਅਨਦਿਨੁ ਦੁਖਿ ਵਿਹਾਣੀ।"
— ਸਿਰੀ **੩**, ੪੫, ੧ : ੨ (31)
"ਕਲਿ ਕਾਤੀ ਰਾਜੇ ਕਾਸਾਈ **ਧਰਮੁ** ਪੰਖ ਕਰਿ ਉਡਰਿਆ।"
— ਮਾਝ **੧**, ਵਾਰ ੧੬ਸ, **੧**, ੧ : ੧ (145)
6. ਨਿਆਂ, ਵੇਖੋ 'ਧਰਮ' (4)
"ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ **ਧਰਮੁ** ਬੀਚਾਰਿ।"— ਸਿਰੀ **੩**, ੬੩, ੨ : ੧ (38)
"ਸਦਾ **ਧਰਮੁ** ਜਾ ਕੈ ਦੀਬਾਣਿ।" (ਨਿਆਂ)
— ਮਾਲੀ **੫**, ੫; ੩ : ੧ (987)
7. ਫਰਜ਼, ਕਰਤਬ
"ਇਸੁ ਜੁਗ ਕਾ **ਧਰਮੁ** ਪੜਹੁ ਤੁਮ ਭਾਈ।"
— ਗਉ **੩**, ਅਸ ੩, ੧ : ੧ (230)
8. ਧਰਮ ਵਾਲੀ (ਗੱਲ)
"ਬੋਲੀਐ ਸਚੁ **ਧਰਮੁ** ਝੂਠੁ ਨ ਬੋਲੀਐ।"
— ਆਸਾ **ਫਰ**, ੨, ੩ : ੧ (488)
9. ਸ਼ਾਸ਼ਤਰਾਂ ਵਿਚ ਜੀਵਨ ਵਿਚ ਪ੍ਰਾਪਤੀ ਲਈ ਦਸੇ ਗਏ ਚਾਰ ਪਦਾਰਥਾਂ ਵਿਚੋਂ ਇਕ, ਵੇਖੋ 'ਧਰਮੁ' (9) (ਭਾਵ ਆਪਣੇ ਕੰਮਾਂ ਵਿਚ ਦ੍ਰਿੜ ਹੋਣਾ)
"**ਧਰਮੁ** ਅਰਥੁ ਸਭੁ ਹਿਰਿ ਲੇ ਜਾਵਹਿ ਮਨਮੁਖ ਅੰਧੁਲੇ ਖਬਰਿ ਨ ਪਈਆ।"
— ਬਿਲਾ **੪**, ਅਸ ੧, ੨ : ੨ (833)
10. ਪੁੰਨ, ਫਲ
"ਤਿਸ ਦੈ ਦਿਤੈ ਨਾਨਕਾ ਤੇਹੋ ਜੇਹਾ **ਧਰਮੁ**।"
— ਰਾਮ **੩**, ਵਾਰ ੬ਸ, **੩**, ੧ : ੨ (949)

ਧਰਮੇ — ਧਰਮ/ਪੁੰਨ ਕਰਮ
"ਕੂੜਹੁ ਕਰੇ ਵਿਣਾਸੁ **ਧਰਮੇ** ਤਗੀਐ।"
— ਗੂਜ **੫**, ਵਾਰ ੨ : ੨ (518)

ਧਰਾ — 1. ਧਰਤੀ ਉਤੇ
"ਨ ਸਿਧ ਸਾਧਿਕਾ **ਧਰਾ**।"
— ਮਾਝ **੧**, ਵਾਰ ੧੩ ਸ, **੧**, ੨ : ੨ (143)
2. ਰਖਿਆ, ਧਰਿਆ
"ਮਨ ਮਹਿ ਸਤਿਗੁਰ ਧਿਆਨੁ **ਧਰਾ**।"
— ਜੈਤ **੩**, ੬, ੧* : ੧ (701)
3. ਧਾਰਨ ਕੀਤਾ, ਅਪਣਾਇਆ
"ਮਾਲ ਮਿਲਖ ਭੰਡਾਰ ਨਾਮੁ ਅਨੰਤ **ਧਰਾ**।"
— ਰਾਮ **੫**, ਛੰਤ ੨, ੨ : ੨ (925)
4. ਆਸਰਾ, ਟੇਕ
"ਸੋ ਮੁਲਾ ਮਲਊਨ ਨਿਵਾਰੈ ਸੋ ਦਰਵੇਸੁ ਜਿਸ ਸਿਫਤਿ **ਧਰਾ**।"
— ਮਾਰੂ **੫**, ਸੋਲਾ ੧੨, ੬ : ੩ (1084)

ਧਰਾਇ — ਰਖਾਵੇ
"ਅਰਥ ਸਰੀਰੁ ਕਟਾਈਐ ਸਿਰਿ ਕਰਵਤੁ **ਧਰਾਇ**।"— ਸਿਰੀ **੧**, ਅਸ ੧੪, ੩ : ੧ (62)
ਹੋਰ ਰੂਪ — ਧਰਾਇਓ —
"ਅਣਹੋਦਾ ਨਾਉ **ਧਰਾਇਓ** ਪਾਧਾ ਅਵਰਾ ਕਾ ਭਾਰੁ ਤੁਧ ਲਇਆ।" (ਰਖਵਾਇਆ)
— ਅਸਾ **੩**, ਪਟੀ ੩ : ੨ (434)

ਧਰਾਇਆ — ਧਰਵਾਸ ਦਿਤਾ
"ਦੇਹਿ ਛਿਜੰਦੜੀ ਊਣ ਮਝੂਣਾ ਗੁਰਿ ਸਜਣਿ ਜੀਉ **ਧਰਾਇਆ**।"
— ਰਾਮ **੫**, ਵਾਰ ੧੬ਸ, **੫**, ੨ : ੧ (964)

ਧਰਾਇਣ — ਧਾਰਣ ਕਰਨ ਵਾਲਾ
"ਦਾੜਾ ਅਗ੍ਰੇ ਪ੍ਰਿਥਮਿ **ਧਰਾਇਣ**।"
— ਮਾਰੂ **੫**, ਸੋਲਾ ੧੧, ੩ : ੨ (1082)

ਧਰਾਇਣੁ — ਆਸਰਾ, ਟੇਕ
"ਤੂ ਆਪੇ ਕਰਤਾ ਸ੍ਰਿਸਟਿ **ਧਰਾਇਣੁ**।"
— ਭੈਰ **੪**, ੧, ੪ : ੧ (1134)

ਧਰਾਈ — 1. ਰਖਾਵਾਂ, ਧਰਵਾਂਵਾਂ
"ਸਭੁ ਦਿਨਸੁ ਰੈਣਿ ਦੇਖਉ ਗੁਰੁ ਅਪੁਨਾ ਵਿਚਿ ਅਖੀ ਗੁਰ ਪੈਰ **ਧਰਾਈ**।"
— ਸੂਹੀ **੪**, ਅਸ ੧, ੨੮ : ੧ (758)
2. ਰਖਾਈ
"ਅਬਿਚਲ ਨੀਵ **ਧਰਾਈ** ਸਤਿਗੁਰਿ ਕਬਹੂ ਡੋਲਤ ਨਾਹੀ।"— ਸਾਰ **੫**, ੧੧੫, ੨ : ੧ (1226)
ਹੋਰ ਰੂਪ — ਧਰਾਈਐ —
"ਮੋਟਾ ਨਾਉ **ਧਰਾਈਐ** ਗਲਿ ਅਉਗਣ ਭਾਰਾ।" (ਰਖਾਈਐ)
— ਮਾਰੂ **੧**, ਅਸ ੧, ੭ : ੨ (1009)
ਧਰਾਏ —
"ਜੇ ਕੋ ਨਾਉ **ਧਰਾਏ** ਵਡਾ ਸਾਦ ਕਰੇ ਮਨਿ ਭਾਣੇ।" (ਰਖਾਏ)
— ਆਸਾ **੧**, ੩੯, ੩ : ੧ (360)
"ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ

ਕਰਵਤ **ਧਰਾਏ**।"
— ਸੋਰ **੫**, ਅਸ ੩, ੩ : ੧ (642)

ਧਰਿ — 1. ਧਰ ਕੇ, ਰੱਖ ਕੇ
"ਸਤਿਗੁਰਿ ਪੁਰਖਿ ਵਿਖਾਲਿਆ ਮਸਤਕਿ **ਧਰਿ** ਕੈ ਹਥੁ ਜੀਉ।"
— ਸਿਰੀ **੫**, ਅਸ ੨੯, ੯ : ੩ (73)
"ਮੋਰ ਮੋਰ ਕਰਿ ਅਧਿਕ ਲਾਡੁ **ਧਰਿ** ਪੇਖਤ ਹੀ ਜਮਰਾਉ ਹਸੈ।" (ਰੱਖ ਭਾਵ ਕਰਕੇ)
— ਸਿਰੀ **ਕਬ**, ੧, ੧ : ੨ (92)
2. ਧਾਰਨ ਕਰਨ ਵਾਲਾ, ਧਾਰੀ
"ਕਾਹੂ ਹੋ ਡੇਡ **ਧਰਿ** ਹੋ।" (ਡੰਡਾ ਧਾਰੀ)
— ਗਉ **੫**, ੧੫੫*, ੧ : ੨ (213)
3. ਪਾਸੇ
"ਤੁਧਨੋ ਛੋਡਿ ਜਾਈਐ ਪ੍ਰਭ ਕੈਂ **ਧਰਿ**।"
— ਅਸ **੫**, ੫, ੩ : ੧ (371)
4. ਧਰਤੀ
"ਬਾਝੁ ਕਲਾ **ਧਰਿ** ਗਗਨ ਧਰੀਆ।"
— ਬਸੰ **੧**, ਅਸ ੩, ੨ : ੪ (1188)
5. ਧਾਰ ਕੇ, ਗ੍ਰਹਿਣ ਕਰ
"ਹਣਵੰਤੁ ਜਾਗੈ **ਧਰਿ** ਲੰਕੁਰੁ।"
— ਬਸੰ **ਕਬ**, ੨, ੨ : ੨ (1193)
6. ਧਾਰ ਕੇ, ਬਣਾ ਕੇ
"ਦੇਖਾ ਦੇਖੀ ਸ੍ਵਾਂਗੁ **ਧਰਿ** ਭੂਲੇ ਭਟਕਾ ਖਾਹਿ।"
— ਸਲੋ **ਕਬ**, ੧੩੫ : ੨ (1371)

ਧਰਿਓ — 1. ਧਰਿਆ, ਰਖਿਆ
"ਜਉ ਸਾਧੂ ਕਰੁ ਮਸਤਕਿ **ਧਰਿਓ** ਤਬ ਹਮ ਮੁਕਤ ਭਏ।" — ਗਉ **੫**, ੧੫੯*, ੨ : ੨ (214)
"ਲਹੁਰੀ ਸੰਗਿ ਭਈ ਅਬ ਮੇਰੈ ਜੇਠੀ ਅਉਰੁ **ਧਰਿਓ**।" (ਭਾਵ ਕਰ ਲਿਆ ਹੈ)
— ਆਸਾ **ਕਬ**, ੩੨, ੨ : ੨ (484)
"ਧ੍ਰਹ ਪੰਥੁ **ਧਰਿਓ** ਧਰਨੀਧਰ ਆਪਿ ਰਹੇ ਲਿਵ ਧਾਰਿ ਨ ਧਾਵਤ ਹੈ।" (ਭਾਵ ਕਾਇਮ ਕੀਤਾ)
— ਸਵ **੪**, ਮਥੁ ੩ : ੨ (1404)
2. ਧਾਰਿਆ, ਧਾਰਨ ਕੀਤਾ
"ਸੁਘਰ ਚਿਤ ਭਗਤ ਹਿਤ ਭੇਖੁ **ਧਰਿਓ** ਹਰਨਾਖਸੁ ਹਰਿਓ ਨਖ ਬਿਦਾਰਿ ਜੀਉ।"
— ਸਵ **੪**, ਗਯੰ ੭ : ੨ (1402)

ਧਰਿਓਨੁ — ਧਰਿਆ (ਉਨ੍ਹਾਂ ਨੇ)
"ਲਹਣੇ **ਧਰਿਓਨੁ** ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ।" — ਰਾਮ **ਬਸ**, ੧ : ੪ (966)

ਧਰਿਅਉ — ਰਖਿਆ, ਧਰਿਆ, ਟਿਕਾਇਆ
"ਤੈ ਪਢਿਅਉ ਇਕੁ ਮਨਿ **ਧਰਿਅਉ** ਇਕੁ ਕਰਿ ਇਕੁ ਪਛਾਣਿਓ।"— ਸਵ **੩**, ੧੨ : ੧ (1394)

ਧਰਿਆ — 1. ਰਖਿਆ
"ਸੈਲ ਪਥਰ ਮਹਿ ਜੰਤ ਉਪਾਏ ਤਾ ਕੇ ਰਿਜਕੁ ਆਗੈ ਕਰਿ **ਧਰਿਆ**।"
— ਗੂਜ **੫**, ਸੋਦ ੫, ੧ : ੨ (10)
"ਆਪਨੜਾ ਮਨੁ ਆਗੈ **ਧਰਿਆ** ਸਰਬਸੁ ਠਾਕੁਰਿ ਦੀਨੇ ਰਾਮ।" (ਭੇਟਾ ਕੀਤਾ)
— ਸੂਹੀ **੫**, ਛੰਤ ੮, ੨ : ੨ (782)
2. ਆਸਰਾ
"ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ **ਧਰਿਆ**।"
— ਗੂਜ **੫**, ਸੋਦ ੫, ੨ : ੧ (10)

ਧਰੀ — ਰਖੀ
"ਨਾਨਕ ਗੁਰਮੁਖਿ ਪਰਗਟੁ ਹੋਇਆ ਜਾ ਕਉ ਜੋਤਿ **ਧਰੀ** ਕਰਤਾਰਿ ਜੀਉ।"
— ਸਿਰੀ **੧**, ਅਸ ੨੮, ੧੫ : ੩ (72)
"ਪਉਣ ਉਪਾਇ **ਧਰੀ** ਸਭ ਧਰਤੀ ਜਲ ਅਗਨੀ ਕਾ ਬੰਧੁ ਕੀਆ।" (ਕਾਇਮ ਕੀਤੀ)
— ਆਸਾ **੧**, ੭, ੧ : ੧ (350)
"ਸਖੀ ਸਾਜਨੀ ਕੇ ਹਉ ਚਰਨ ਸਰੇਵਉ ਹਰਿ ਗੁਰ ਕਿਰਪਾ ਤੇ ਨਦਰਿ **ਧਰੀ**।" (ਕੀਤੀ)
— ਆਸਾ **੧**, ੨੨, ੨ : ੨ (356)
"ਜੁਗੁ ਜੁਗੁ ਜੀਵਉ ਮੇਰੀ ਅਬ ਕੀ **ਧਰੀ**।" (ਭਾਵ ਵਿਆਹੀ ਹੋਈ)
— ਆਸਾ **ਕਬ**, ੩੨, ੧* : ੨ (483)

ਹੋਰ ਰੂਪ — ਧਰ੍ਹੀ —
"ਮਨ ਤਨੁ ਪ੍ਰਾਨ **ਧਰ੍ਹੀ** ਤਿਸੁ ਆਗੈ ਨਾਨਕ ਆਪੁ ਗਵਾਈ।" (ਰਖਾਂ)
— ਮਲਾ **੩**, ੭, ੪ : ੨ (1260)

ਧਰੀਆ — 1. ਧਾਰਿਆ ਹੈ
"ਨਿਰਗੁਨ ਹਰੀਆ ਸਰਗੁਨ **ਧਰੀਆ**।"
— ਸੂਹੀ **੫**, ੪੪, ੧ : ੧ (746)

2. ਧਰਿਆ/ਕਾਇਮ ਕੀਤਾ ਹੋਇਆ ਹੈ
"ਬਾਝੁ ਕਲਾ ਧਰਿ ਗਗਨੁ **ਧਰੀਆ**।"
— ਬਸੰ **੧**, ਅਸ ੩, ੨ : ੪ (1188)

ਧਰੀਅੰ — ਰਖਿਆ
"ਹਸੁ ਕਮਲ ਮਾਥੇ ਪਰ **ਧਰੀਅੰ**।"
— ਸਵ **੪**, ਗਯੰ ੧ : ੨ (1401)

ਧਰੀਆਂ — ਰਖੀਆਂ
"ਫਰੀਦਾ ਏ ਵਿਸੁ ਗੰਦਲਾ **ਧਰੀਆਂ** ਖੰਡੁ ਲਿਵਾੜਿ।"
— ਸਲੋ **ਫਰ**, ੩੨ : ੧ (1379)

ਧਰੀਆਸੁ — ਧਰਿਆ, ਰਖਿਆ ਭਾਵ ਇਕੱਠਾ ਕੀਤਾ
"ਤੈ ਸਹ ਨਾਲਹੁ ਮੁਤੀਅਸੁ ਦੁਖਾ ਕੂੰ **ਧਰੀਆਸੁ** ਜੀਉ।" — ਸੂਹੀ **੧**, ਕੁਚ ੧ : ੧੪ (762)

ਧਰੀਐ — ਰਖੀਏ
"ਜੀਉ ਪ੍ਰਾਨ ਧਨ ਆਗੈ **ਧਰੀਐ**।"
— ਆਸਾ **੫**, ੮੪, ੧ : ੨ (391)
"ਦੂਜੈ ਪਾਥਰ **ਧਰੀਐ** ਪਾਉ।" (ਰਖਦੇ ਹਾਂ)
— ਗੂਜ **ਨਾਮ**, ੧, ੪ : ੨ (525)

ਧਰੀਜੈ — ਰੱਖੀ/ਧਰੀ ਹੈ
"ਵਿਚੇ ਧਰਤੀ ਵਿਚੇ ਪਾਣੀ ਵਿਚਿ ਕਾਸਟ ਅਗਨਿ **ਧਰੀਜੈ**।" — ਸੂਹੀ **੪**, ੧੨, ੩ : ੧ (735)
"ਊਂਦਰ ਦੂੰਦਰ ਪਾਸਿ **ਧਰੀਜੈ**।" (ਰਖੋ)
— ਰਾਮ **੧**, ਅਸ ੫, ੮ : ੧ (905)

ਧਰੁ — ਰਖ, ਸਥਾਪਤ ਕਰ, ਧਾਰਨ ਕਰ
"ਬੇਦ ਪੁਰਾਨ ਜਾਸ ਗੁਨ ਗਾਵਤ ਤਾ ਕੋ ਨਾਮੁ ਹੀਐ ਮੋ **ਧਰੁ** ਰੇ।" — ਗਉ **੯**, ੯, ੧ : ੧ (220)

ਧਰੇ — ਰਖੇ/ਕਰੇ, ਪਾਏ
"ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ **ਧਰੇ** ਪਿਆਰੁ।" — ਜਪੁ **੧**, ੪ : ੪ (2)
"ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ **ਧਰੇ**।" (ਭਾਵ ਕਢੇਗਾ) — ਜਪੁ **੧**, ੭ : ੫ (2)
"ਪਾਰਬ੍ਰਹਮ ਪ੍ਰਭੁ ਸੇਵਦੇ ਮਨ ਅੰਦਰਿ ਏਕੁ **ਧਰੇ**।" (ਟਿਕਾਏ) — ਮਾਝ **੫**, ਬਾਰਾ ੧੪ : ੬ (136)
"ਨਾਨਾ ਰੂਪੁ **ਧਰੇ** ਬਹੁ ਰੰਗੀ ਸਭ ਤੇ ਰਹੈ ਨਿਆਰਾ।" (ਧਾਰਨ ਕਰਦਾ ਹੈ)
— ਬਿਹਾ **੯**, ੨, ੨ : ੨ (537)
"ਕਰ **ਧਰੇ** ਚਕ੍ਰ ਬੈਕੁੰਠ ਤੇ ਆਏ ਗਜ ਹਸਤੀ ਕੇ ਪ੍ਰਾਨ ਉਧਾਰੀਅਲੇ।" (ਧਾਰਨ ਕਰ, ਪਕੜ ਕੇ)
— ਮਾਲੀ **ਨਾਮ**, ੨, ੧ : ੧ (988)
"ਜਿਨਿ ਧਰ ਚਕ੍ਰ **ਧਰੇ** ਵੀਚਾਰੇ।" (ਟਿਕਾਇਆ ਹੈ) — ਮਾਰੂ **੧**, ਸੋਲ ੧੨, ੧ : ੨ (1032)
"ਤਿਨ ਭਉ ਨਿਵਾਰਿ ਅਨਭੈ ਪਦੁ ਦੀਨਾ ਸਬਦ ਮਾਤ੍ਰ ਤੇ ਉਧਰ **ਧਰੇ**।" (ਉਦਾਰ ਕੇ ਰੱਖ ਦਿੱਤਾ)
— ਸਵ **੪**, ਕਲ ੨ : ੩ (1396)

ਧਰੇਉ — ਧਰਾਂ, ਲਾਵਾਂ
"ਸੇ ਗੁਣ ਮੰਞੁ ਨ ਆਵਨੀ ਹਉ ਕੈ ਜੀ ਦੋਸ **ਧਰੇਉ** ਜੀਉ।" — ਸੂਹੀ **੧**, ਕੁਚ ੧ : ੪ (762)

ਧਰੇਇ — ਰਖੇ, ਅਰਪਨ ਕਰੇ
"ਜਾ ਪਿਰੁ ਜਾਣੈ ਆਪਣਾ ਤਨੁ ਮਨੁ ਅਗੈ **ਧਰੇਇ**।"
— ਸਿਰੀ **੩**, ੪੨, ੧ : ੧ (31)
"ਆਪ ਉਲਾਮ੍ਹੇ ਚਿਤਿ **ਧਰੇਇ**।" (ਧਰਦਾ ਹੈ ਭਾਵ ਸੁਣਦਾ ਹੈ) — ਆਸਾ **੧**, ੩, ੨ : ੨ (349)
"ਭਾਣੈ ਮਿਟੀ ਸਾਜਿ ਕੈ ਭਾਣੈ ਜੋਤਿ **ਧਰੇਇ**।" (ਰਖਦਾ ਹੈ)
— ਰਾਮ **੫**, ਵਾਰ ੧੨ਸ, **੫**, ੨ : ੫ (963)
"ਲਾਖ ਜਤਨ ਕਰੈ ਓਹੁ ਚਿਤਿ ਨ **ਧਰੇਇ**।" (ਧਰਦਾ, ਭਾਵ ਧਿਆਨ ਨਹੀਂ ਕਰਦਾ)
— ਭੈਰ **ਕਬ**, ੮, ੧* : ੨ (1159)
"ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ।"— ਆਸਾ **੧**, ੩੫, ੨ : ੨ (359)

ਧਰੇਹ — ਧਰਾਂ, ਰਖਾਂ
"ਸੇ ਗੁਣ ਮੁਝੈ ਨ ਆਵਨੀ ਕੈ ਜੀ ਦੋਸੁ **ਧਰੇਹ**।"
— ਤਿਲੰ **੧**, ਅਸ ੧, ੪ : ੨ (725)

ਧਰੇਹੁ — ਰਖ ਲਵੋ
"ਕੂੜੁ ਠਗੀ ਗੁਝੀ ਨ ਰਹੈ ਕੂੜੁ ਮੁਲੰਮਾ ਪਲੇਟਿ **ਧਰੇਹੁ**।"
— ਗਉ **੪**, ਵਾਰ ੨੦ਸ, **੩**, ੧ : ੬ (311)

ਧਰੈ — 1. ਰਖਦਾ
"ਕਲਾ **ਧਰੈ** ਹਿਰੈ ਸੁਈ।" (ਭਾਵ ਪ੍ਰਦਾਨ ਕਰਦਾ)
— ਮਾਝ **੧**, ਵਾਰ ੧੩ਸ, **੧**, ੭ : ੩ (144)
"ਜਬ ਆਪਹਿ ਆਪਿ ਆਪਨੀ ਜੋਤਿ **ਧਰੈ**।" (ਰਖੇ)
— ਗਉ **੫**, ਸੁਖ ੨੧, ੭ : ੭ (291)
"ਜਿਸ ਕਾ ਜੀਉ ਤਿਸੁ ਆਗੈ **ਧਰੈ**।" (ਅਰਪਨ ਕਰੇ) — ਧਨਾ **੧**, ੪, ੩ : ੨ (661)

"ਅਪਨੀ ਕੀਮਤਿ ਆਪੇ **ਧਰੈ**।" (ਰਖਦਾ ਭਾਵ ਪਾਉਂਦਾ ਹੈ) — ਰਾਮ **੧**, ੮, ੩ : ੨ (878)

2. ਆਸਰੇ

"ਇਕ ਓਟ ਕੀਜੈ ਜੀਉ ਦੀਜੈ ਆਸ ਇਕ ਧਰਣੀ **ਧਰੈ**।" — ਰਾਮ **੫**, ਛੰਤ ੪, ੩ : ੩ (926)

3. ਧਰਤੀ ਵਿਚ

"ਸੋ ਮਾਇਆ ਲੈ ਗਾਡੈ **ਧਰੈ**।" (ਧਰਤੀ ਵਿਚ ਦਬਦਾ ਹੈ)— ਸਾਰ **ਨਾਮ**, ੧, ੩ : ੨ (1252)

ਧਰ੍ਉ — ਰਖਿਆ

"ਰਾਮਦਾਸੁ ਗੁਰੂ ਹਰਿ ਸਤਿ ਕੀਯਉ ਸਮਰਥ ਗੁਰੂ ਸਿਰਿ ਹਥੁ **ਧਰ੍ਉ**।"

— ਸਵ **੪**, ਕਲ ੧੧ : ੫ (1400)

ਧਵਲ — ਚਿੱਟ ਬਲਦ, ਪੁਰਾਣਾਂ ਅਨੁਸਾਰ ਉਹ ਬੈਲ ਜਿਸ ਨੇ ਪ੍ਰਿਥਵੀ ਨੂੰ ਆਪਣੇ ਸਿੰਗਾਂ ਤੇ ਚੁੱਕਿਆ ਹੋਇਆ ਹੈ

"ਸੁਣਿਐ ਧਰਤਿ **ਧਵਲ** ਆਕਾਸ।"

— ਜਪੁ **੧**, ੮ : ੨ (2)

ਧਵਲਹਰੁ — ਧੌਲਰ, ਮੰਦਰ

"ਢੰਢੋਲਿਮੁ ਢੂਢਿਮੁ ਡਿਠੁ ਮੈ ਨਾਨਕ ਜਗੁ ਧੂਏ ਕਾ **ਧਵਲਹਰੁ**।"

— ਮਾਝ **੧**, ਵਾਰ ੧ਸ, **੧**, ੩ : ੫ (138)

ਧਵਲੁ — ਸੁਫੈਦ, ਚਿਟਾ

"ਜਿਸੁ ਧੀਰਜੁ ਧੁਰਿ **ਧਵਲੁ** ਧੁਜਾ ਸੇਤਿ ਬੈਕੁੰਠ ਬੀਣਾ।" — ਸਵ **੩**, ੭ : ੨ (1393)

ਧਵਲੈ — ਚਿੱਟੇ ਬਲਦ, ਉਤੇ, ਉਸ ਬਲਦ ਉਪਰ ਜਿਸ ਨੇ ਪ੍ਰਿਥਵੀ ਦਾ ਭਾਰ ਚੁੱਕਿਆ ਹੋਇਆ ਹੈ

"**ਧਵਲੈ** ਉਪਰਿ ਕੇਤਾ ਭਾਰਿ।"

— ਜਪੁ **੧**, ੧੬ : ੧੦ (3)

ਧੜਾ — ਪੱਖ, ਸਾਕ, ਜੁਟ ਸਹਾਇਕ ਟੋਲਾ

"ਕਿਸਹੀ **ਧੜਾ** ਕੀ ਆਮਿਤ੍ਰ ਸੁਤ ਨਾਲਿ ਭਾਇ।"

— ਆਸਾ **੪**, ੫੪, ੧ : ੧ (366)

"ਮਾਇਆ ਮਦਿ ਮਾਤਾ ਹੋਛੀ ਬਾਤਾ ਮਿਲਣੁ ਨ ਜਾਈ ਭਰਮ **ਧੜਾ**।" (ਭਰਮ ਦਾ ਪੱਖ ਕਰਨ ਕਾਰਨ) — ਰਾਮ **੫**, ਛੰਤ ੧, ੧ : ੫ (924)

ਧੜੀ — ਪੱਟੀਆਂ

"ਸਾਚੁ **ਧੜੀ** ਧਨ ਮਾਡੀਐ ਕਾਪੜੁ ਪ੍ਰੇਮ ਸੀਗਾਰੁ।"

— ਸਿਰੀ **੧**, ਅਸ ੨, ੫ : ੧ (54)

ਧੜੀਐ — ਧੜੇ, ਜੁਟ

"ਮਾਂਦਲੁ ਬੇਦਿ ਸਿ ਬਾਜਣੋ ਘਣੋ **ਧੜੀਐ** ਜੋਇ।"

— ਮਾਰੂ **੩**, ਵਾਰੂ ੧੪ਸ, **੧**, ੨ : ੧ (1091)

ਧੜੇ — ਜੁਟ, ਸਬੰਧ

"ਜਿਨ੍ ਸਿਉ **ਧੜੇ** ਕਰਹਿ ਸੇ ਜਾਹਿ।"

— ਆਸਾ **੪**, ੫੪, ੨ : ੧ (366)

ਧਾਉ — ਜਾਣਾ, ਭਟਕਣਾ

"ਬਿਸ੍ਰਾਮ ਪਾਏ ਮਿਲਿ ਸਾਧਸੰਗਿ ਤਾ ਤੇ ਬਹੁੜਿ ਨ **ਧਾਉ**।" — ਬਿਲਾ **੫**, ੭੦, ੧ : ੨ (818)

"ਰੇ ਮਨ ਡੀਗਿ ਨ ਡੋਲੀਐ ਸੀਧੈ ਮਾਰਗਿ **ਧਾਉ**।" (ਚਲੋ, ਜਾਉ) — ਸਲੋ **੧**, ੭ : ੧ (1410)

ਧਾਇ — ਦੌੜ ਕੇ, ਧਾਅ ਕੇ

"ਜੇ ਸਉ ਅੰਮ੍ਰਿਤ ਨੀਰੀਐ ਭੀ ਬਿਖੁ ਫਲੁ ਲਾਗੈ **ਧਾਇ**।" — ਸਿਰੀ **੩**, ਅਸ ੧੯, ੪ : ੨ (65)

"ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ **ਧਾਇ**।" (ਭਟਕਦਾ)

— ਮਾਝ **੫**, ਬਾਰਾ ੧੩ : ੮ (136)

ਧਾਇਓ — ਦੌੜ ਪਿਆ

"ਖਿਨਹੂੰ ਭੈ ਨਿਰਭੈ ਖਿਨਹੂੰ ਖਿਨਹੂੰ ਉਠਿ **ਧਾਇਓ**।"

— ਆਸਾ **੫**, ੧੫੬, ੧ : ੧ (409)

"ਭ੍ਰਮਤ ਭਾਰ ਅਗਨਤ ਆਇਓ ਬਹੁ ਪ੍ਰਦੇਸਹ **ਧਾਇਓ**।" (ਲੰਘਿਆਂ/ ਫਿਰਿਆ ਹਾਂ)

— ਆਸਾ **੫**, ਛੰਤ ੮, ੩ : ੩ (458)

ਧਾਇਆ — 1. ਭਜਿਆ, ਭਟਕਿਆ ਫਿਰਿਆ

"ਸੋ ਬਹੁਰਿ ਨ ਕਤ ਹੀ **ਧਾਇਆ**।"

— ਗਉ **੫**, ੧੪੬, ੩ : ੨ (211)

2. ਚੜਿਆ ਆਉਂਦਾ

"ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ **ਧਾਇਆ**।"

— ਆਸਾ **੧**, ਅਸ ੧੨, ੪ : ੧ (417)

3. ਦੌੜਨਹਾਰ, ਭਟਕਣਹਾਰ

"ਮਨੁ ਮਾਇਆ ਮਨੁ **ਧਾਇਆ** ਮਨੁ ਪੰਖੀ ਆਕਾਸਿ।"— ਪ੍ਰਭਾ **੧**, ੧੦, ੧ : ੧ (1330)

ਧਾਈ — 1. ਤ੍ਰਿਪਤ ਹੋਈ

"ਰਜੀ **ਧਾਈ** ਸਦਾ ਸੁਖੁ ਜਾ ਕਾ ਤੂੰ ਮੀਰਾ।"

— ਆਸਾ **੫**, ੧੧੭, ੨ : ੨ (400)

2. ਧਾਵਣਾ, ਦੌੜ ਭੱਜ, ਭਟਕਣਾ

"ਗਣਤ ਮਿਟਾਈ ਚੂਕੀ **ਧਾਈ** ਕਦੇ ਨ ਵਿਆਪੈ ਮਨ ਚਿੰਦਾ।"
— ਆਸਾ **ਪ**, ਛੰਤ ੧, ੩ : ੪ (453)

"ਜਬ ਤੇ ਹੋਈ ਲਾਂਮੀ **ਧਾਈ** ਚਲਹਿ ਨਾਹੀ ਇਕ ਪੈਰੇ।" (ਕੂਚ, ਚੜਾਈ)
— ਗੂਜ **ਪ**, ੮, ੪ : ੨ (497)

3. ਧਾਵਾ, ਹਲਾ
"ਗਿਆਨ ਖੜਗੁ ਕਰਿ ਕਿਰਪਾ ਦੀਨਾ ਦੂਤ ਮਾਰੇ ਕਰਿ **ਧਾਈ** ਹੇ।"
— ਮਾਰੂ **ਪ**, ਸੋਲਾ ੧, ੯ : ੩ (1072)

ਧਾਈਐ — ਦੌੜਦੇ/ਭਟਕਦੇ ਫਿਰਨਾ
"ਸਚਿ ਨ ਧਰੇ ਪਿਆਰੁ ਧੰਧੈ **ਧਾਈਐ**।"
— ਮਾਝ **੧**, ਵਾਰ ੨੦ : ੩ (147)

"ਭੀਤਿ ਊਪਰੇ ਕੇਤਕੁ **ਧਾਈਐ** ਅੰਤਿ ਓਰਕੋ ਆਹਾ।" (ਭਜੀਐ, ਦੌੜੀਐ)
— ਆਸਾ **ਪ**, ੧੨੩, ੨ : ੨ (402)

"ਨਾ ਤੂ ਆਵਹਿ ਵਸਿ ਧਰਤੀ **ਧਾਈਐ**।" (ਧਾਉਣ/ਫਿਰਨ, ਚੱਕਰ ਲਾਉਣ ਨਾਲ)
— ਰਾਮ **ਪ**, ਵਾਰ ੧੦ : ੪ (962)

ਧਾਏ — ਦੌੜੇ ਭੱਜੇ, ਭਟਕੇ
"ਵਿਤ ਨਵਿਤ ਭ੍ਰਮਿਓ ਬਹੁ ਭਾਤੀ ਅਨਿਕ ਜਤਨ ਕਰਿ **ਧਾਏ**।" — ਮਾਰੂ **ਪ**, ੩, ੧ : ੧ (999)

ਧਾਹ — ਢਾਹ, ਰੋ ਕੇ ਉਚੀ ਸਾਰੀ ਹਾਹ ਮਾਰਨੀ
"ਗਏ ਸਿਗੀਤ ਪੁਕਾਰੀ **ਧਾਹ**।"
— ਮਾਝ **੧**, ਵਾਰ ੧ਸ, **੧**, ੨ : ੧੧ (138)

ਧਾਹੜੀ — ਉਚੀ ਉਚੀ ਆਵਾਜ਼ਾਂ ਕਢਣੀਆਂ, ਰੌਲਾ ਪਾਉਣਾ, ਧਾਹਾਂ ਮਾਰਨੀਆਂ
"ਦੇਵਲ ਦੇਵਲ **ਧਾਹੜੀ** ਦੇਸਹਿ ਉਗਵਤ ਸੂਰ।"
— ਸਲੋ **ਕਬ**, ੧੨੬ : ੨ (1371)

ਧਾਹੀ — ਢਾਹਾਂ ਮਾਰਕੇ
"ਝੂਠਿ ਵਿਛੁੰਨੀ ਰੋਵੈ **ਧਾਹੀ**।"
— ਮਾਝ **੧**, ਅਸ ੧, ੬ : ੨ (109)

ਧਾਕੁ — ਧੱਕਾ
"ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ **ਧਾਕੁ**।"
— ਬਿਲਾ **ਪ**, ੧੦੪, ੧ : ੨ (825)

ਧਾਗਾ — ਤਾਗਾ, ਸੂਤਰ ਦੀ ਵਟੀ ਹੋਈ ਤਾਰ, ਸੂਤਰੀ, ਡੋਰੀ
"ਸੁਇਨੇ ਕੀ ਸੂਈ ਰੁਪੇ ਕਾ **ਧਾਗਾ**।"
— ਆਸਾ **ਨਾਮ**, ੩, ੪ : ੧ (485)

ਹੋਰ ਰੂਪ — ਧਾਗੇ —
"ਨਾਇ ਵਿਸਰਿਐ ਧ੍ਰਿਗ ਜੀਵਣਾ ਤੂਟੇ ਕਚ **ਧਾਗੇ**।" — ਗਉ **੪**, ਵਾਰ ੧੯ : ੪ (322)

ਧਾਗੈ —
"ਸਭ ਪਰੋਈ ਇਕਤੁ **ਧਾਗੈ**।" (ਚੇਤਨ ਸਤਾ)
— ਮਾਝ **ਪ**, ੪੯, ੨ : ੧ (108)

ਧਾਣਕ — ਭਿਆਨਕ ਜਿਹੇ ਰੂਪ ਵਿਚ ਧਣਖਧਾਰੀ ਜੀਵਨ ਬਤੀਤ ਕਰਨ ਵਾਲੀ ਇਕ ਕੌਮ
"**ਧਾਣਕ** ਰੂਪਿ ਰਹਾ ਕਰਤਾਰ।"
— ਸਿਰੀ **੧**, ੨੯, ੧ : ੪ (24)

ਧਾਤੁ — 1. ਤਤ
"ਪੰਚ **ਧਾਤੁ** ਵਿਚਿ ਪਾਈਅਨੁ ਮੋਹੁ ਝੂਠੁ ਗੁਮਾਨੁ।"
— ਸੂਹੀ **੩**, ਵਾਰ ੪ : ੨ (786)

"ਅਸਟਮੀ ਅਸਟ **ਧਾਤੁ** ਕੀ ਕਾਇਆ।"
— ਗਉ **ਕਬ**, ਥਿਤੀ ੯ : ੧ (343)

ਇਹ ਅੱਠ ਧਾਤਾਂ ਹਨ : ਖਲੜੀ, ਵਾਲ, ਲਹੂ, ਨਾੜਾਂ, ਹੱਡੀ, ਪੱਠੇ, ਚਰਬੀ ਤੇ ਵੀਰਜ

2. ਪ੍ਰਭੂ ਜੋ ਸਭ ਨੂੰ ਧਾਰਨ ਕਰਦਾ ਹੈ। ਕਰਤਾ ਪੁਰਖ
"ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ **ਧਾਤੁ**।" — ਜਪੁ **੧**, ੨੨ : ੩ (5)

3. ਧਾਉਣਾ, ਦੌੜ
"ਤਰਕਸ ਤੀਰ ਕਮਾਣ ਸਾਂਗ ਤੇਗਬੰਦ ਗੁਣ **ਧਾਤੁ**।" — ਸਿਰੀ **੧**, ੭, ੩ : ੨ (16)

4. ਧਰਤੀ ਵਿਚੋਂ ਨਿਕਲਣ ਵਾਲਾ ਖਜਿ ਪਦਾਰਥ (ਨਿਰਣੈ, ਦਰਪਣ) ਭਾਵ ਜੀਵ ਆਤਮਾ (ਮਹਾਨਕੋਸ਼)
"**ਧਾਤੁ** ਮਿਲੈ ਫੁਨਿ **ਧਾਤੁ** ਕਉ ਸਿਫਤੀ ਸਿਫਤਿ ਸਮਾਇ।" — ਸਿਰੀ **੧**, ੧੨, ੧ : ੧ (18)

"ਅਸਟ **ਧਾਤੁ** ਪਾਤਿਸਾਹ ਕੀ ਘੜੀਐ ਸਬਦਿ ਵਿਗਾਸਿ।"
— ਸਿਰੀ **੧**, ਅਸ ੧੩, ੪ : ੨ (61)

"ਪਾਰਸੁ ਭੇਟਿ ਕੰਚਨੁ **ਧਾਤੁ** ਹੋਈ ਸਤਸੰਗਤਿ ਕੀ ਵਡਿਆਈ।"
— ਗੂਜ **੧**, ਅਸ ੪, ੬ : ੨ (505)

5. ਗੁਣ (ਮਹਾਨਕੋਸ਼), ਬੀਜ, ਮੂਲ (ਨਿਰਣੈ), ਅਸਲਾ (ਦਰਪਣ)
"ਜੇਹੀ **ਧਾਤੁ** ਤੇਹਾ ਤਿਨ ਨਾਉ।"
— ਸਿਰੀ **੧**, ੩੨, ੨ : ੨ (25)

6. ਮਾਇਆ, ਧਾਉਣ ਵਾਲੀ, ਨਾਸ਼ਵੰਤ
"ਤ੍ਰੈ ਗੁਣ ਸਭਾ **ਧਾਤੁ** ਹੈ ਦੂਜਾ ਭਾਉ ਵਿਕਾਰੁ।"
(ਭਾਵ ਨਾਸ਼ਵੰਤ)— ਸਿਰੀ **੩**, ੫੧, ੨:੧ (33)
"ਹੋਰੁ ਬਿਰਹਾ ਸਭ **ਧਾਤੁ** ਹੈ ਜਬ ਲਗੁ ਸਾਹਿਬ ਪ੍ਰੀਤਿ ਨ ਹੋਇ।" (ਚਲਾਇ ਮਾਨ)
— ਸਿਰੀ **੪**, ਵਾਰ ੧ਸ, **੩**, ੨ : ੧ (83)
"ਆਖਣੁ ਵੇਖਣੁ ਬੋਲਣੁ ਚਲਣੁ ਜੀਵਣੁ ਮਰਣਾ **ਧਾਤੁ**।" (ਚਲਾਇ ਮਾਨ)
— ਮਾਝ **੧**, ਵਾਰ ੧੫ਸ, **੧**, ੨ : ੩ (145)
"ਸੁਇਨਾ ਰੁਪਾ ਸਭ **ਧਾਤੁ** ਹੈ ਮਾਟੀ ਰਲਿ ਜਾਈ।" (ਮਾਇਆ, ਨਾਸ਼ਵਾਨ)
— ਮਾਰੂ **੧**, ਅਸ ੫, ੮ : ੧ (1012)

7. ਭੱਜ ਕੇ ਦੂਰ ਜਾਣ/ਮਾਇਆ ਵਾਲਾ
"ਲਿਵ **ਧਾਤੁ** ਦੁਇ ਰਾਹ ਹੈ ਹੁਕਮੀ ਕਾਰ ਕਮਾਇ।"
— ਸਿਰੀ **੪**, ਵਾਰ ੧੨ਸ, **੩**, ੨ : ੩ (87)
"ਨਾਨਕ **ਧਾਤੁ** ਲਿਵੈ ਜੋੜੁ ਨ ਆਵਈ ਜੇ ਲੋਚੈ ਸਭੁ ਕੋਇ।" (ਮਾਇਆਧਾਰੀ)
— ਗਉ **੪**, ਵਾਰ ੩੧ਸ, **੪**, ੨ : ੫ (316)

8. ਰੁਚੀ, ਧਾਵਣਾ
"ਪੰਜਵੈ ਖਾਣ ਪੀਅਣ ਕੀ **ਧਾਤੁ**।"
— ਮਾਝ **੧**, ਵਾਰ ੧ਸ, **੧**, ੨ : ੫ (137)

9. ਸੁਭਾਅ, ਪ੍ਰਕ੍ਰਿਤੀ
"ਕੁਤੇ ਚੰਦਨੁ ਲਾਈਐ ਭੀ ਸੋ ਕੁਤੀ **ਧਾਤੁ**।"
— ਮਾਝ **੧**, ਵਾਰ ੧੨ਸ, **੧**, ੧ : ੩ (143)

10. ਵਿਸ਼ਿਆਂ ਨੂੰ ਗ੍ਰਹਿਣ ਕਰਨ ਵਾਲੀਆਂ ਇੰਦ੍ਰੀਆਂ (ਮਹਾਨਕੋਸ਼), ਇਧਰ ਉਧਰ ਧਾਉਣਾ (ਸ਼ਬਦਾਰਥ) ਦੌੜ ਭੱਜ ਅਸ਼ਾਂਤੀ (ਨਿਰਣੈ) ਭਟਕਣਾ (ਦਰਪਣ)
"ਮਨੁ ਮਾਰੇ **ਧਾਤੁ** ਮਰਿ ਜਾਇ।"
— ਗਉ **੩**, ੨੫, ੧ : ੧ (159)
"ਡੂਬਿ ਮੁਏ ਬਿਨੁ ਪਾਣੀ ਗਤਿ ਨਹੀ ਜਾਣੀ ਹਉਮੈ **ਧਾਤੁ** ਸੰਸਾਰੇ।"
— ਗਉ **੩**, ਛੰਤ ੪, ੨ : ੩ (246)

(11) ਦੌੜ ਭੱਜ, ਭਟਕਣਾ
"ਤ੍ਰੈ ਗੁਣ **ਧਾਤੁ** ਬਹੁ ਕਰਮ ਕਮਾਵਹਿ ਹਰਿ ਰਸ ਸਾਦੁ ਨ ਆਇਆ।"
— ਸੋਰ **੩**, ੧੦, ੨ : ੧ (603)
(ਤਿੰਨਾਂ ਗੁਣਾਂ ਵਾਲੀ ਭਾਵ ਸੰਸਾਰਿਕ ਦੌੜ ਭੱਜ)
"ਮਨੁ ਮਰੈ **ਧਾਤੁ** ਮਰਿ ਜਾਇ।" (ਭੱਜ ਦੌੜ, ਤ੍ਰਿਸ਼ਨਾ) — ਧਨਾ **੩**, ੬, ੧ : ੧ (665)

ਧਾਤੁਰਬਾਜੀ — ਛਲ ਕਪਟ ਅਥਵਾ ਨਾਸ ਹੋ ਜਾਣ ਵਾਲੀ ਖੇਡ
"**ਧਾਤੁਰ ਬਾਜੀ** ਪਲਚਿ ਰਹੇ ਨ ਉਰਵਾਰੁ ਨ ਪਾਰੁ।"
— ਸਿਰੀ **੩**, ੪੦, ੩ : ੩ (29)

ਧਾਤੂ — 1. ਪੰਜ ਵਿਸ਼ੇ, (ਸ਼ਬਦ, ਸਪਰਸ, ਰੂਪ ਰਸ, ਗੰਧ : ਕਾਮਾਦਿਕ : ਦੌੜਨ/ਭਟਕਣ ਪੈਦਾ ਕਰਨ ਵਾਲੇ ਵਿਸ਼ੇ
"ਹਰਿ ਆਪੇ ਪੰਚ ਤਤੁ ਬਿਸਥਾਰਾ ਵਿਚ **ਧਾਤੂ** ਪੰਚ ਆਪਿ ਪਾਵੈ।" — ਬੈਰਾ **੪**, ੩, ੨ : ੧ (720)
"ਵਿਚਿ ਦੇਹੀ ਦੋਖ ਅਸਾਧ ਪੰਚ **ਧਾਤੂ** ਹਰਿ ਕੀਏ ਖਿਨ ਪਰਲੇ।" (ਕਾਮਾਦਿਕ)
— ਨਟ **੪**, ੨, ੨ : ੨ (975)

2. ਪੰਜ ਤਤ
"**ਧਾਤੂ** ਪੰਜਿ ਰਲਾਇ ਕੂੜਾ ਪਾਜਿਆ।"
— ਸਲੋ **੧**, ੧੪ : ੨ (1411)

ਧਾਧੇ — ਰੁਝੇਵੇਂ ਦੇ ਕਲੇਸ਼/ਕਜੀਏ ਵਿਚ ਰੁਝੇ
"ਨਾ ਉਸੁ ਧੰਧਾ ਨਾ ਹਮ **ਧਾਧੇ**।"
— ਆਸਾ **੫**, ੮੩, ੨ : ੨ (391)

ਧਾਨ — 1. ਧਨ, ਪਦਾਰਥ
"ਤੂਹੀ ਮਾਨ ਤੂੰਹੀ **ਧਾਨ** ਤੁਹੀ ਪਤਿ ਤੁਹੀ ਪ੍ਰਾਨ।
— ਗਉ **੫**, ੧੫੬*, ੨ : ੧ (213)
(ਮਹਾਨਕੋਸ਼ ਇਥੇ 'ਧਾਨ' ਦੇ ਅਰਥ 'ਆਸਰਾ' ਆਧਾਰ ਕਰਦੇ ਹਨ)

2. ਧਿਆਨ ਨਿਰਣੈ, ਕੋਸ਼) ; ਖੁਰਾਕ (ਦਰਪਣ); ਦਾਨ (ਸ਼ਬਦਾਰਥ)
"ਮਨੁ ਧਨੁ ਜੀਉ ਪਿੰਡੁ ਸਭੁ ਤੁਮਰਾ ਇਹੁ ਤਨੁ ਸੀਤੋ ਤੁਮਰੈ **ਧਾਨ**।"
— ਸਾਰ **੫**, ੬੪, ੧* : ੨ (1217)

ਧਾਨੰ — ਆਸਰਾ, ਆਧਾਰ

"ਜਾਨੈ ਕਉਨੁ ਤੇਰੋ ਭੇਉ, ਅਲਖ ਅਪਾਰ ਦੇਉ ਅਕਲ ਕਲਾ ਹੈ ਪ੍ਰਭ ਸਰਬ ਕੋ **ਧਾਨੰ**।"
— ਸਮੁ **੫**, ੪ : ੩ (1386)

ਧਾਨਾ — ਧਾਉਂਦਾ ਰਿਹਾ
"ਤਪਸੀ ਕਰਿ ਕੈ ਦੇਹੀ ਸਾਧੀ ਮਨੂਆ ਦਹਦਿਸ **ਧਾਨਾ**।" — ਮਾਰੂ **੫**, ੧੫, ੨ : ੧ (1003)

ਧਾਨਿ — (ਦਾਨ ਵਿਚ ਲਏ) ਅੰਨ ਦੇ
"ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ ਏਤੁ **ਧਾਨਿ** ਖਾਧੈ ਤੇਰਾ ਜਨਮੁ ਗਇਆ।"
— ਆਸਾ **੩**, ਪਟੀ ੬ : ੨ (435)

ਧਾਨੁ — (ਦਾਨ ਵਿਚ ਦਿੱਤਾ) ਅੰਨ
"**ਧਾਨੁ** ਪ੍ਰਭ ਕਾ ਖਾਨਾ।"
— ਗਉ **੫**, ੧੪੯, ੧* : ੨ (212)

ਧਾਪੇ — ਰੱਜਦੇ, ਤ੍ਰਿਪਤ ਹੁੰਦੇ
"ਮੁੰਡੀਆ ਅਨਦਿਨੁ **ਧਾਪੇ** ਜਾਹਿ।"
— ਗੋਂਡ **ਕਬ**, ੬, ੨ : ੪ (871)

ਧਾਮ — ਘਰ, ਨਿਵਾਸ ਸਥਾਨ, ਟਿਕਾਣਾ
"ਸੁੰਦਰ ਸੁਆਮੀ **ਧਾਮ** ਭਗਤਹ ਬਿਸ੍ਰਾਮ ਆਸਾ ਲਗਿ ਜੀਵਤੇ ਜੀਉ।"
— ਸਿਰੀ **੫**, ਛੰਤ ੩, ੩ : ੧ (80)
"ਪਰਮ ਅਤੀਤੁ ਪਰਮੇਸੁਰ ਕੈ ਰੰਗਿ ਰੰਗੵੋ ਬਾਸਨਾ ਤੇ ਬਾਹਰਿ ਪੈ ਦੇਖੀਅਤੁ **ਧਾਮ** ਸਿਉ।" (ਭਾਵ ਗ੍ਰਹਸਥ ਵਿਚ)— ਸਵ **੫**, ਮਥੁ ੩ : ੨ (1408)
ਹੋਰ ਰੂਪ — ਧਾਮਾ —
"ਅਗਣਤ ਊਚ ਅਪਾਰ ਠਾਕੁਰ ਅਗਮ ਜਾ ਕੋ **ਧਾਮਾ**।"— ਬਿਹਾ **੫**, ਛੰਤ ੬, ੩ : ੫ (546)

ਧਾਯਉ — ਦੌੜਿਆ/ਭਜਿਆ ਫਿਰਿਆ
"ਪੂਰਨ ਭੋ ਮਨ ਠਉਰ ਬਸੋ ਰਸ ਬਾਸਨ ਸਿਉ ਜੁ ਦਹੰ ਦਿਸਿ **ਧਾਯਉ**।"
— ਸਵ **੪**, ਨਲ ੧੦ : ੩ (1400)

ਧਾਯੰਤੇ — ਧਾਵਾ ਕਰਨਾ
"ਬਿਚਰਤੇ ਨਿਰਭਯੰ ਸਤ੍ਰੁ ਸੈਨਾ **ਧਾਯੰਤੇ** ਗੁੋਪਾਲ ਕੀਰਤਨਹ।" (ਕੀਰਤਨ ਰੂਪ ਧਾਵਾ)
— ਸਸ **੫**, ੨੯ : ੪ (1356)

ਧਾਰ — 1. ਜਲ ਆਦਿ ਦ੍ਰਵ ਪਦਾਰਥ ਦਾ ਵਹਾਉ, ਤਤੀਹਰੀ, ਧਰਾਲ ਧਾਰਾ
"ਤਿਸੁ ਮਹਿ **ਧਾਰ** ਚੁਐ ਅਤਿ ਨਿਰਮਲ ਰਸ ਮਹਿ ਰਸਨ ਚੁਆਇਆ।"
— ਸਿਰੀ **ਕਬ**, ੩, ੨ : ੨ (92)
2. ਧਾਰਨ ਕਰਕੇ
"ਗੁਰੁ ਗੋਵਿੰਦੁ ਸਲਾਹੀਐ ਭਾਈ ਮਨਿ ਤਨਿ ਹਿਰਦੈ **ਧਾਰ**।" — ਸੋਰ **੫**, ੨, ੧ : ੧ (608)
"ਕਾਹੂ ਪਵਨਧਾਰ ਜਾਤ ਬਿਹਾਏ।" (ਪਵਨ **ਧਾਰਨ** ਕਰਦਿਆਂ ਭਾਵ ਪ੍ਰਾਣਾਯਾਮ ਕਰਦਿਆਂ)— ਰਾਮ **੫**, ਅਸ ੩, ੪:੩ (914)
3. ਉਚੀ ਪਹਾੜੀ ਚੋਟੀ, ਉਚੀ ਜਲ ਧਾਰਾ (ਨਿਰਣੈ); ਉਚਾ ਲੰਮਾ ਪਹਾੜੀ ਸਿਲਸਿਲਾ (ਦਰਪਣ)
"ਨਾ ਜਲੁ ਡੂੰਗਰੁ ਨ ਊਚੀ **ਧਾਰ**।"
— ਮਲਾ **੧**, ਅਸ ੪, ੩ : ੩ (1275)
4. ਧਾਰਨ ਕਰਕੇ ਭਾਵ ਵਰਗੀ
"ਕਬੀਰ ਮਾਇਆ ਡੋਲਨੀ ਪਵਨੁ ਵਹੈ ਹਿਵ **ਧਾਰ**।" — ਸਲੋ **ਕਬ**, ੧੯ : ੧ (1365)
5. ਲਹਿਰ, ਪਾਣੀ ਦੀ ਧਾਰਾ
"ਇਸ ਭਰਵਾਸੇ ਜੋ ਰਹੇ ਬੂਡੇ ਕਾਲੀ **ਧਾਰ**।"
— ਸਲੋ **ਕਬ**, ੧੩੬ : ੨ (1371)

ਧਾਰੰ — ਧਾਰਨ ਕਰਨਾ
"ਸਤਿਗੁਰ ਚਰਣ ਕਵਲ ਰਿਦਿ **ਧਾਰੰ**।"
— ਸਵ **੫**, ਕਲ ੧ : ੩ (1406)

ਧਾਰਉ — ਧਰਨ ਕਰਾਂ, ਮੰਨਾਂ
"ਇਹ ਮਤਿ ਗੁਰ ਪ੍ਰਸਾਦਿ ਮਨਿ **ਧਾਰਉ**।"
— ਮਾਝ **੫**, ੩੩, ੩ : ੨ (104)

ਧਾਰਈ — ਧਾਰਨ ਕਰਦੇ/ਧਾਰਦੇ ਹਨ
"ਏਕਾ ਟੇਕ ਅਗੰਮ ਮਨਿ ਤਨਿ ਪ੍ਰਭੁ **ਧਾਰਈ**।"
— ਸਲੋ **੫**, ੬ : ੩ (1425)

ਧਾਰਏ — ਧਾਰਦਾ ਹੈ, ਕਰਦਾ ਹੈ
"ਰੂਪੁ ਰੰਗੁ ਪਿਆਰੁ ਹਰਿ ਸਿਉ ਹਰਿ ਆਪਿ ਕਿਰਪਾ **ਧਾਰਏ**।" — ਤੁਖਾ **੧**, ਛੰਤ ੬, ੩ : ੬ (1113)

ਧਾਰਹਿ — 1. ਧਰਨਾ, ਧਾਰਨ ਕਰਨਾ
"ਕਈ ਕੋਟਿ ਆਤਮ ਧਿਆਨੁ **ਧਾਰਹਿ**।"
— ਗਉ **੫**, ਸੁਖ ੧੦, ੧ : ੭ (275)
2. ਧਰੇ, ਟਿਕਾਵੇ
"ਪਗ **ਧਾਰਹਿ** ਸਾਸੁ ਲੇਖੈ ਲੈ ਤਉ ਉਧਰਹਿ ਹਰਿ ਗੁਣ ਗਾਇਲੇ।"
— ਗੋਂਡ **੫**, ੨, ੧ : ੨ (862)

ਧਾਰਹੁ — 1. ਧਾਰਨ ਕਰੋ ਲਿਆਓ ਭਾਵ ਕਰੋ/ਕਰਾਓ
"ਹਮ ਭੂਲ ਚੂਕ ਗੁਰ ਕਿਰਪਾ **ਧਾਰਹੁ** ਜਨ ਨਾਨਕ ਕੁਤਰੇ ਕਾਢੇ।" — ਗਉ **੪**, ੫੯, ੪ : ੨ (171)
"ਹਮ ਬਾਰਿਕ ਕਉ ਰਿਦ ਉਸਤਤਿ **ਧਾਰਹੁ** ਹਮ ਕਰਹ ਪ੍ਰਭੂ ਸਿਮਰਣੇ।" (ਲਿਆਓ, ਧਾਰਨ ਕਰਾਓ) — ਨਟ **੪**, ੬, ੩ : ੨ (977)
2. ਧਾਰਨ ਕਰੋ ਭਾਵ ਲਿਆਓ
"ਪਤਿਤ ਪਾਵਨ ਪ੍ਰਭ ਬਿਰਦੁ ਤੁਮ੍ਹਾਰੋ ਹਮਰੇ ਦੋਖ ਰਿਦੈ ਮਤ **ਧਾਰਹੁ**।"
— ਬਿਲਾ **੫**, ੧੨੩, ੧ : ੧ (829)

ਧਾਰਣ — 1. ਰਚਨਾ, ਬਣਾਵਟ
"**ਧਾਰਣ** ਧਾਰਿ ਰਹਿਓ ਬ੍ਰਹਮੰਡ।" (ਆਪ ਹੀ ਬ੍ਰਹਿਮੰਡ ਦੀ ਧਾਰਣਾ ਧਾਰ ਰਿਹਾ ਹੈ)
— ਗਉ **੫**, ਸੁਖ ੧੪, ੬ : ੮ (282)
2. ਸ੍ਰਿਸ਼ਟੀ
"ਧਰਿ **ਧਾਰਣ** ਦੇਖੈ ਜਾਣੈ ਆਪਿ।"
— ਬਸੰ **੧**, ਅਸ ੨, ੪ : ੪ (1188)

ਧਾਰਣੰ — ਧਾਰਨ ਕਰਦਾ/ਗ੍ਰਹਿਣ ਕਰਦਾ ਹੈ
"ਜੇਨ ਕਲਾ ਸਸਿ ਸੂਰ ਨਖੵਤ੍ਰ ਜੋਤਿੵੰ ਸਾਸੰ ਸਰੀਰ **ਧਾਰਣੰ**।" — ਸਸ **੫**, ੫੩ : ੨ (1359)

ਧਾਰਣਹ — ਧਾਰਨ ਕਰਦੇ ਹਨ, ਲੈਂਦੇ ਹਨ
"ਅਧਰੰ ਧਰੰ **ਧਾਰਣਹ** ਨਿਰਧਨੰ ਧਨ ਨਾਮ ਨਰਹਰਹ।" — ਸਸ **੫**, ੨੧ : ੧ (1355)
"ਰਮਣੰ ਕੇਵਲੰ ਕੀਰਤਨੰ ਸੁਧਰਮੰ ਦੇਹ **ਧਾਰਣਹ**।" (ਧਾਰਨ ਲਈ) — ਸਸ **੫**, ੨੬ : ੧ (1356)

ਧਾਰਣਹਾਰ — ਧਾਰਣ ਦੇ ਸਮਰਥ, ਧਾਰ ਸਕਣ ਵਾਲੇ ਨੇ
"ਦਇਆ ਧਾਰੀ ਤਿਨਿ **ਧਾਰਣਹਾਰ**।"
— ਰਾਮ **੫**, ਅਸ ੪, ੨ : ੩ (915)

ਧਾਰਣਾ — ਆਸਰਿਤ, ਆਸਰਾ ਦਿਤੀ ਹੋਈ
"ਦੂਜੀ ਅਵਰ ਨ ਜਾਪਸਿ ਕਾਈ ਸਗਲ ਤੁਮਾਰੀ **ਧਾਰਣਾ**।"— ਮਾਰੂ **੫**, ਸੋਲਾ ੬, ੧ : ੩ (1076)
(ਮਹਾਨਕੋਸ਼ ਅਰਥ 'ਧਾਰਣ ਦੀ ਕ੍ਰਿਆ' ਕਰਦਾ ਹੈ)

ਧਾਰਣੀ — ਧਾਰਨਾ, ਟਿਕਾਉਣਾ
"ਕੰਠ ਰਮਣੀਯ ਰਾਮ ਰਾਮ ਮਾਲਾ ਹਸਤ ਊਚ ਪ੍ਰੇਮ **ਧਾਰਣੀ**।" — ਸਸ **੫**, ੩੨ : ੧ (1356)

ਧਾਰਣੁ — ਆਸਰਾ, ਸਹਾਰਾ
"ਹਿਰਦੈ ਨਾਮੁ ਸਰਬ ਧਨੁ **ਧਾਰਣੁ** ਗੁਰ ਪਰਸਾਦੀ ਪਾਈਐ।" — ਭੈਰ **੧**, ੨, ੧ : ੧ (1127)

ਧਾਰਤ — ਧਾਰਨ ਕਰਦਿਆਂ
"ਗਹਿ ਭੁਜਾ ਲੇਵਹੁ ਨਾਮੁ ਦੇਵਹੁ ਦ੍ਰਿਸਟਿ **ਧਾਰਤ** ਮਿਟਤ ਪਾਪ।" (ਅੱਖਾਂ ਰੱਖਦਿਆਂ ਭਾਵ ਵੇਖਦਿਆਂ ਹੀ)
— ਆਸਾ **੫**, ਛੰਤ ੧੪, ੩ : ੫ (462)
"ਬਹਤੀ ਜਾਤ ਕਦੇ ਦ੍ਰਿਸਟਿ ਨ **ਧਾਰਤ**।" (ਭਾਵ ਧਿਆਨ ਨਹੀਂ ਦਿੰਦਾ)
— ਸੂਹੀ **੫**, ੩੩, ੧ : ੧ (743)
"ਰਾਮ ਰਤਨੁ ਰਿਦ ਤਿਲੁ ਨਹੀਂ **ਧਾਰਤ**।" (ਧਾਰਨ ਕਰਦਾ, ਭਾਵ ਵਸਾਉਂਦਾ ਟਿਕਾਉਂਦਾ ਹੈ)
— ਸੂਹੀ **੫**, ੩੩, ੨ : ੨ (743)

ਧਾਰਦਾ — ਧਾਰਨ ਕਰਦਾ
"ਅਨਿਕ ਰੂਪ ਖਿਨ ਮਾਹਿ ਕੁਦਰਤਿ **ਧਾਰਦਾ**।"
— ਗੂਜ **੫**, ਵਾਰ ੪ : ੫ (519)

ਧਾਰਨ — 1. ਸ੍ਰਿਸ਼ਟੀ, ਰਚਨਾ
"ਕਾਰਨ ਕਰਨਾ **ਧਾਰਨ** ਧਰਨਾ ਏਕੈ ਏਕੈ ਸੋਇਨਾ।"
— ਆਸਾ **੫**, ੧੪੪, ੨ : ੧ (407)
2. ਆਸਰਾ ਦੇਣ ਵਾਲੇ
"ਸਰਬ **ਧਾਰਨ** ਪ੍ਰਤਿਪਾਰਨ ਇਕ ਬਿਨਉ ਦੀਨਾ।" — ਮਾਰੂ **੫**, ੨੨, ੨ : ੧ (452)

ਧਾਰਨਾ — ਟਿਕਾਏ ਹਨ
"ਜੀਅ ਜੰਤ ਸਭ ਪੇਖੀਅਹਿ ਪ੍ਰਭ ਸਗਲ ਤੁਮਾਰੀ **ਧਾਰਨਾ**।" — ਰਾਮ **੫**, ਅਸ ੫, ੧ : ੧ (915)

ਧਾਰਾ — 1. ਧਾਰ, ਲਗਾਤਾਰ ਵਹਾਉ
"ਝਿਮਿ ਝਿਮਿ ਵਰਸੈ ਅੰਮ੍ਰਿਤ **ਧਾਰਾ**।"
— ਮਾਝ **੫**, ੨੬, ੨ : ੧ (102)
2. ਧਾਰਦਾ ਹੈ, ਦੇਂਦਾ ਹੈ
"ਅਹਿ ਨਿਸਿ ਪਾਲਹਿ ਰਾਖਿ ਲੇਹਿ ਆਤਮ ਸੁਖ **ਧਾਰਾ**।"— ਗਉ **੧**, ਅਸ ੧੨, ੧ : ੨ (228)
"ਜਿਨਿ ਕੀਆ ਤਿਸੁ ਸਿਮਰਿ ਪਰਾਨੀ ਜੀਉ ਪ੍ਰਾਨ ਜਿਨਿ **ਧਾਰਾ**।" (ਦਿੱਤਾ ਹੈ)
— ਦੇਵ **੫**, ੧੧, ੧ : ੧ (530)
3. ਧਾਰਿਆ/ਟਿਕਾਇਆ ਹੈ

"ਗੁੜੁ ਕਰਿ ਗਿਆਨੁ ਧਿਆਨੁ ਕਰਿ ਮਹੂਆ ਭਉ ਭਾਠੀ ਮਨ **ਧਾਰਾ**।"
— ਰਾਮ **ਕਬ**, ੨, ੧ : ੧ (969)

ਧਾਰਿ — 1. ਧਾਰ ਕੇ, ਕਰਕੇ
"ਭਗਤ ਜਨਾ ਕਉ ਰਾਖਦਾ ਆਪਣੀ ਕਿਰਪਾ **ਧਾਰਿ**।" — ਸਿਰੀ **੪**, ੮੧, ੪ : ੧ (46)
"ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹਰਿ ਜਪੀਐ ਕਿਰਪਾ **ਧਾਰਿ**।" (ਕਰੇ ਤਾਂ)
— ਸਿਰੀ **੪**, ਪਹ ੩, ੧ : ੬ (76)
"ਮੇਰੇ ਸਤਿਗੁਰ ਅਪਨੇ ਬਾਲਿਕ ਰਾਖਹੁ ਲੀਲਾ **ਧਾਰਿ**।" (ਕਰਕੇ, ਭਾਵ ਵਰਤਾਕੇ)
— ਆਸਾ **੫**, ੩੨, ੧* : ੧ (379)
2. ਰਖ ਕੇ, ਧਰ ਕੇ
"ਆਪਣੇ ਸੇਵਕ ਕੀ ਪੈਜ ਰਖੀਆ ਦੁਇ ਕਰਿ ਮਸਤਕਿ **ਧਾਰਿ** ਜੀਉ।"
— ਸਿਰੀ **੧**, ਅਸ ੨੮, ੧੬ : ੩ (72)
"ਤੁਲਾ **ਧਾਰਿ** ਤੋਲੇ ਸੁਖ ਸਗਲੇ ਬਿਨੁ ਹਰਿ ਦਰਸ ਸਭੋ ਹੀ ਥੋਰਾ।" (ਤਕੜੀ ਵਿਚ ਰੱਖ ਕੇ)
— ਗਉ **੫**, ੧੨੧*, ੧ : ੨ (204)
"ਆਪੇ ਕਾਰਣੁ ਜਿਨਿ ਕੀਆ ਕਰਿ ਕਿਰਪਾ ਪਗੁ **ਧਾਰਿ**।" (ਧਰਦਾ ਹੈ, ਪਾਉਂਦਾ ਹੈ (ਹਿਰਦੇ ਵਿਚ) ਭਾਵ ਮਿਲਦਾ ਹੈ।
— ਰਾਮ **੧**, ਓਅੰ ੫੨ : ੨ (937)
3. ਟਿਕਾ ਕੇ, ਧਾਰ ਕੇ, ਸੰਭਾਲ ਕੇ
"ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ **ਧਾਰਿ**।"
— ਮਾਝ **੧**, ਵਾਰ ੨੩ਸ, **੨**, ੨ : ੪ (148)
"ਓਹੁ ਕਿਉ ਮਨਹੁ ਵਿਸਾਰੀਐ ਹਰਿ ਰਖੀਐ ਹਿਰਦੈ **ਧਾਰਿ**।" (ਟਿਕਾਕੇ)
— ਗਉ **੩**, ਅਸ ੯, ੩ : ੨ (233)
"ਭਰਿਪੁਰਿ **ਧਾਰਿ** ਰਹੇ ਮਨ ਮਾਹੀ।" (ਸੰਭਾਲ ਕੇ ਹੇ ਹਰੀ ਸਰਬ ਵਿਆਪੀ ਹੋ ਸਭ ਨੂੰ ਮਨ ਵਿਚ ਸੰਭਾਲ ਰਹੇ ਹੋ)
— ਆਸਾ **੧**, ਅਸ ੯, ੬ : ੩ (416)
4. ਧਾਰਨ ਕਰਕੇ, ਗ੍ਰਹਿਣ ਕਰਕੇ, ਵਰਤਾ ਕੇ
"ਕਲਾ **ਧਾਰਿ** ਜਿਨਿ ਸਗਲੀ ਮੋਹੀ।" (ਵਰਤਾ ਕੇ) — ਗਉ **੫**, ਸੁਖ ੧੮, ੮ : ੨ (287)
"ਮੇਰੀ ਮੇਰੀ **ਧਾਰਿ** ਬੰਧਨਿ ਬੰਧਿਆ।" (ਧਾਰਨ/ਗ੍ਰਹਿਣ ਕਰਕੇ)
— ਸੂਹੀ **੫**, ੫, ੩ : ੧ (761)
"ਨਿਹਚਲੁ ਸਾਚੁ ਰਹਿਆ ਕਲ **ਧਾਰਿ**।" (ਵਰਤਾ ਕੇ) — ਬਿਲਾ **੩**, ਵਾ ੧, ੧੦ : ੫ (842)
5. ਖਿਲਰ ਰਹੀ, ਪਸਰ ਰਹੀ
"ਭਰਿਪੁਰਿ **ਧਾਰਿ** ਰਹੀ ਸੋਭ ਜਾ ਕੀ।"
— ਆਸਾ **੫**, ੨੪, ੧* : ੨ (376)
6. ਆਸਰਾ/ਸਹਾਰਾ ਦੇ ਰਿਹਾ
"ਭਰਿਪੁਰਿ **ਧਾਰਿ** ਰਹਿਆ ਸਭ ਠਉਰੇ।"
— ਆਸਾ **੧**, ਅਸ ੧, ੧* : ੨ (411)
7. ਸਮਝ ਲਈਏ, ਮੰਨ ਲਈਏ
"ਕਾਇਆ ਕਾਗਦੁ ਜੇ ਥੀਐ ਪਿਆਰੇ ਮਨੁ ਮਸਵਾਣੀ **ਧਾਰਿ**।"
— ਸੋਰ **੧**, ਅਸ ੩, ੮ : ੧ (636)

ਧਾਰਿਓ — 1. ਅਪਣਾਉਂਦਾ, ਹਿਰਦੇ ਵਿਚ ਟਿਕਾਉਂਦਾ
"ਉਨਮਤ ਮਾਨ ਹਿਰਿਓ ਮਨ ਮਾਹੀ ਗੁਰ ਕਾ ਸਬਦੁ ਨ **ਧਾਰਿਓ** ਰੇ।"
— ਗਉ **ਕਬ**, ੫੬, ੨ : ੨ (335)
2. ਰਖਿਆ
"ਚਤੁਰ ਦਿਸਾ ਕੀਨੋ ਬਲੁ ਅਪਨਾ ਸਿਰ ਊਪਰਿ ਕਰੁ **ਧਾਰਿਓ**।"
— ਧਨਾ **੫**, ੪੫, ੧ : ੧ (681)
3. ਬਣਾਇਆ, ਸਿਰਜਿਆ
"ਆਪੇ ਸਚੁ **ਧਾਰਿਓ** ਸਭੁ ਸਾਚਾ ਸਚੇ ਸਚਿ ਵਰਤੀਜਾ ਹੇ।"
— ਮਾਰੂ **੫**, ਸੋਲਾ ੩, ੪ : ੩ (1073)
"ਸੁਰਿ ਨਰ ਸਪਤ ਸਮੁਦ੍ਰ ਕਿਅ **ਧਾਰਿਓ** ਤ੍ਰਿਭਵਣ ਜਾਸੁ।" (ਟਿਕਾਇਆ)
— ਸਵ **੪**, ਨਲ ੫ : ੩ (1399)
4. ਆਸਰਾ ਦਿਤਾ
"ਗਰਭ ਕੁੰਟ ਮਹਿ ਜਿਨਹਿ **ਧਾਰਿਓ** ਨਹੀ ਬਿਖੈ ਬਨ ਮਹਿ ਹੋਰ।" (ਭਾਵ ਬਚਾਇਆ)
— ਕੇਦਾ **੫**, ੧੦, ੨ : ੧ (1121)

ਧਾਰਿਆ — 1. ਟਿਕਾਇਆ ਹੋਇਆ ਹੈ, ਆਸਰਾ ਦਿੱਤਾ ਹੋਇਆ ਹੈ
"ਜਿਨਿ ਕਰਿ ਕਾਰਣੁ **ਧਾਰਿਆ** ਸੋਈ ਸਾਰ ਕਰੇਇ।"
— ਸਿਰੀ **੩**, ੬੦, ੨ : ੧ (37)

"ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ **ਧਾਰਿਆ**।" (ਟਿਕਾਇਆ, ਸਥਾਪਿਤ ਕੀਤਾ)
— ਰਾਮ **ਬਸ**, ਵਾਰ ੭ : ੨ (968)
"ਵੇਕੀ ਜੰਤ ਉਪਾਇ ਅੰਤਰਿ ਕਲ **ਧਾਰਿਆ**।" (ਟਿਕਾਈ) — ਮਾਰੂ **ਪ**, ਵਾਰ ੧ : ੬ (1094)
2. ਗ੍ਰਹਿਣ ਕੀਤਾ, ਲਿਆ
"ਜਿਸੁ ਕਾਰਣਿ ਤਨੁ **ਧਾਰਿਆ** ਸੋ ਪ੍ਰਭੁ ਡਿਠਾ ਨਾਲਿ।" (ਜਨਮ ਲਿਆ)
— ਸਿਰੀ **ਪ**, ੮੭, ੨ : ੧ (48)
"ਗੁਰ ਗਿਆਨੁ ਖੜਗੁ ਹਥਿ **ਧਾਰਿਆ** ਜਮੁ ਮਾਰਿਅੜਾ ਜਮਕਾਲਿ।" (ਧਾਰਨ ਕਰ/ਫੜ ਕੇ) — ਗਉ **ੴ**, ਕਰ ੨, ੭ : ੨ (235)
"ਸਾਧ ਰੂਪ ਅਪਨਾ ਤਨੁ **ਧਾਰਿਆ**।" (ਧਾਰਨ ਕੀਤਾ, ਬਣਾਇਆ)
— ਮਾਰੂ **ਪ**, ੧੯, ੪ : ੨ (1005)
3. ਧਰਿਆ, ਰਖਿਆ
"ਸੇ ਮਥੇ ਨਿਹਚਲ ਰਹੇ ਜਿਨ ਗੁਰਿ **ਧਾਰਿਆ** ਹਥੁ।" — ਸਿਰੀ **ਪ**, ੯੦, ੩ : ੨ (49)
4. ਸਿਰਜੇ, ਬਣਾਏ
"ਅਨਦ ਬਿਨੋਦ ਭਰੇਪੁਰਿ **ਧਾਰਿਆ**।"
— ਆਸਾ **ਪ**, ੨੪, ੧ : ੧ (376)
"ਤੂ ਸਚਾ ਸਾਹਿਬੁ ਸਚੁ ਸਚੁ ਸਭੁ **ਧਾਰਿਆ**।" (ਬਣਾਇਆ)— ਮਾਰੂ **ਪ**, ਵਾਰ ੧ : ੧ (1094)
5. ਕਰਾਇਆ
"ਅਉਖਧ ਮੰਤ੍ਰ ਮੂਲ ਮਨ ਏਕੈ ਮਨਿ ਬਿਸ੍ਵਾਸੁ ਪ੍ਰਭ **ਧਾਰਿਆ**।"
— ਧਨਾ **ਪ**, ੧੬, ੨ : ੧ (675)

ਧਾਰੀ — 1. ਧਾਰਨ ਕਰਨਾ, ਗ੍ਰਹਿਣ ਕਰਨਾ, ਵਰਤਾਉਣਾ
"ਮੋਨੀ ਮੋਨਿ **ਧਾਰੀ**।"
— ਸਿਰੀ **ਪ**, ਅਸ ੨੭, ੩ : ੧ (71)
"ਆਪਿ ਦਇਆਲਿ ਦਇਆ ਪ੍ਰਭਿ **ਧਾਰੀ**।"
— ਮਾਝ **ੴ**, ੫, ੪ : ੧ (95)
"ਰਚਿ ਰਚਨਾ ਅਪਨੀ ਕਲ **ਧਾਰੀ**।" (ਵਰਤਾਈ)
— ਗਉ **ਪ**, ਸੁਖ ੧੮, ੮ : ੯ (288)
"ਗੁਰਿ ਪੂਰੈ ਅਪਨੀ ਕਲ **ਧਾਰੀ** ਸਭ ਘਟ ਉਪਜੀ ਦਇਆ।" (ਵਰਤਾਈ)
— ਸੋਰ **ਪ**, ੩੯, ੧ : ੩ (618)
2. ਕੀਤੀ
"ਪਾਰਬ੍ਰਹਮ ਪ੍ਰਭ ਕਿਰਪਾ **ਧਾਰੀ**।"
— ਗਉ **ਪ**, ੧੭੨, ੧ : ੨ (200)
3. ਸਿਰਜੀ, ਬਣਾ ਕੇ, ਟਿਕਾਈ
"ਚੇਤਿ ਮਨਾ ਪਾਰਬ੍ਰਹਮੁ ਪਰਮੇਸਰੁ ਸਰਬ ਕਲਾ ਜਿਨਿ **ਧਾਰੀ**।"
— ਗਉ **ਪ**, ਛੰਤ ੩, ੩ : ੧ (249)
"ਹਰਿ ਸਿਮਰਨਿ **ਧਾਰੀ** ਸਭ ਧਰਨਾ।" (ਬਣਾਈ)— ਗਉ **ਪ**, ਸੁਖ ੧, ੮ : ੫ (263)
4. ਜੋ ਟਿਕਾਈ ਹੋਈ ਹੈ ਭਾਵ ਰਚਨਾ
"ਆਪਿ ਸਤਿ ਸਤਿ ਸਭ **ਧਾਰੀ**।"
— ਗਉ **ਪ**, ਸੁਖ ੧੭, ੧ : ੫ (285)
5. ਗ੍ਰਹਿਣ ਕੀਤੀ, ਅਪਣਾਈ, ਅੰਗੀਕਾਰ ਕੀਤੀ
"ਗੁਣ ਵਿਹੂਣ ਮਾਇਆ ਮਲੁ **ਧਾਰੀ**।"
— ਆਸਾ **ੴ**, ੫੭, ੩ : ੧ (367)
"ਨਾਮ ਤੇਰੇ ਕੀ ਆਸ ਮਨਿ **ਧਾਰੀ**।" (ਭਾਵ ਰੱਖੀ) — ਆਸਾ **ਪ**, ੬੯, ੨ : ੨ (388)
"ਅਬ ਓਟ **ਧਾਰੀ** ਪ੍ਰਭ ਮੁਰਾਰੀ ਸਰਬ ਸੁਖ ਹਰਿ ਨਾਇਓ।" (ਲਈ, ਧਾਰਨ ਕੀਤੀ)
— ਆਸਾ **ਪ**, ਛੰਤ ੮, ੩ : ੪ (458)
"ਤਾ ਤੇ ਮੋਹਿ **ਧਾਰੀ** ਓਟ ਗੋਪਾਲ।" (ਲਈ)
— ਧਨਾ **ਪ**, ੨੧, ੧* : ੧ (676)
"ਮੇਰੀ ਤੇਰੀ ਮੁੰਦ੍ਰਾ **ਧਾਰੀ**।"
— ਰਾਮ **ਪ**, ੧੩, ੨ : ੨ (886)
"ਨਾਨਕ ਗੁਰਮੁਖਿ ਨਾਮੁ ਅਮੋਲਕੁ ਜੁਗਿ ਜੁਗਿ ਅੰਤਰਿ **ਧਾਰੀ**।" (ਵਸਾਈ)
— ਸਾਰ **੧**, ੩, ੪ : ੨ (1198)
"ਨਾਮ **ਧਾਰੀ** ਸਰਨਿ ਤੇਰੀ।" (ਧਾਰਨ ਕਰਦਾ ਭਾਵ ਜਪਦਾ)— ਕਲਿ **ਪ**, ੭, ੧ : ੧ (1322)
6. ਧਾਰਾ
"ਹਮਾਰੀ ਪਿਆਰੀ ਅੰਮ੍ਰਿਤ **ਧਾਰੀ** ਗੁਰਿ ਨਿਮਖ ਨ ਮਨ ਤੇ ਟਾਰੀ ਰੇ।"
— ਆਸਾ **ਪ**, ੧੩੪, ੧* : ੧ (404)
7. ਧਰਦਾ/ਕਰਦਾ ਹਾਂ
"ਗੁਰ ਕੈ ਬਚਨਿ ਰਿਦੈ ਧਿਆਨੁ **ਧਾਰੀ**।"
— ਸੂਹੀ **ਪ**, ੧੮, ੧ : ੧ (740)
8. ਵਾਲੀ
"ਪੰਚ ਬੈਲ ਗਡੀਆ ਦੇਹ **ਧਾਰੀ**।"

— ਰਾਮ **੧**, ੧੧, ੨ : ੧ (879)

9. ਧਾਰਨ ਕਰਾਂ, ਰੱਖਾਂ
"ਚਰਨ ਕਮਲ ਹਿਰਦੈ ਨਿਤ **ਧਾਰੀ**।"
— ਮਾਰੂ **੫**, ਸੋਲਾ ੧੪, ੧ : ੧ (1085)

ਧਾਰੀਅਨੁ — 1. ਕੀਤੀ
"ਜਿਨ ਕਉ ਕਿਰਪਾ **ਧਾਰੀਅਨੁ** ਤਿਨਾ ਸਤਿਗੁਰੁ ਮਿਲਿਆ ਆਇ।"— ਸਲੋ **੩**, ੧੮ : ੧ (1414)
2. ਸਿਰਜੀ, ਬਣਾਈ
"ਸਚੀ ਕੁਦਰਤਿ **ਧਾਰੀਅਨੁ** ਸਚਿ ਸਿਰਜਿਓਨੁ ਜਹਾਨੁ।" — ਸਿਰੀ **੫**, ੮੬, ੪ : ੨ (48)

ਧਾਰੀਆ — 1. ਸਿਰਜੀ/ਟਿਕਾਈ ਹੈ
"ਮਾਨਹਿ ਤ ਏਕੁ ਅਲੇਖੁ ਠਾਕੁਰੁ ਜਿਨਹਿ ਸਭ ਕਲ **ਧਾਰੀਆ**।"
— ਗਉ **੫**, ਛੰਤ ੨, ੨ : ੩ (248)
2. ਕੀਤੀ
"ਕਿਰਪਾ **ਧਾਰੀਆ** ਹਾਂ।"
— ਆਸਾ **੫**, ੧੬੨, ੧ : ੫ (410)
3. ਸਿਰਜੀ ਹੋਈ, ਬਣਾਈ ਹੋਈ ਭਾਵ ਸ੍ਰਿਸ਼ਟੀ
"ਤਿਸੁ ਸਿਉ ਲਾਇਨਿ੍ ਰੰਗੁ ਜਿਸ ਦੀ ਸਭ **ਧਾਰੀਆ**।"
— ਗੂਜ **੫**, ਵਾਰ ੯ : ੫ (520)
4. ਵਰਤਾਈ
"ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰ **ਧਾਰੀਆ**।"
— ਰਾਮ **੩**, ਅਨੰ ੫ : ੨ (917)

ਧਾਰੀਐ — 1. ਟਿਕਾਈ ਹੋਈ ਹੈ
"ਆਪੇ ਹੀ ਕਰਣਾ ਕੀਓ ਕਲ ਆਪੇ ਹੀ ਤੈ **ਧਾਰੀਐ**।" — ਆਸਾ **੧**, ਵਾਰ ੨੦ : ੧ (474)
2. ਥਾਪੀ ਹੋਈ ਭਾਵ ਸ੍ਰਿਸ਼ਟੀ
"ਕੂੜੁ ਨ ਜਾਪੈ ਕਿਛੁ ਤੇਰੀ **ਧਾਰੀਐ**।"
— ਗੂਜ **੫**, ਵਾਰ ੧ : ੩ (518)

ਧਾਰੀਕ — ਮਾਤਰ
"ਨਾਮ **ਧਾਰੀਕ** ਉਧਾਰੇ ਭਗਤਹ ਸੰਸਾ ਕਉਨ।"
— ਆਸਾ **੫**, ਛੰਤ ੮, ੪ : ੧ (458)

ਧਾਰੁ — 1. ਧਾਰਨ ਕਰ, ਵਸਾ, ਰਖ
"ਕਰਣੈਹਾਰੁ ਰਿਦੇ ਮਹਿ **ਧਾਰੁ**।"
— ਗਉ **੫**, ੧੪੯, ੩ : ੨ (196)
2. ਧਾਰ, ਧਾਰਾ
"ਨਿਜ ਘਰਿ **ਧਾਰੁ** ਚੁਐ ਅਤਿ ਨਿਰਮਲ ਜਿਨਿ ਪੀਆ ਤਿਨ ਹੀ ਸੁਖੁ ਲਹੀਆ।"
— ਬਿਲਾ **੪**, ਅਸ ੩, ੬ : ੨ (835)
3. ਧਾਰਨ ਕਰੋ, ਕਰੋ
"ਹਰਿ ਜੀਉ ਅਪਣੀ ਕਿਰਪਾ **ਧਾਰੁ**।"
— ਭੈਰ **੩**, ੮, ੧* : ੧ (1129)

ਧਾਰੇ — 1. ਟਿਕਾਏ
"ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ **ਧਾਰੇ**।" — ਜਪੁ **੧**, ੨੭ : ੧੪ (6)
2. ਟਿਕਾਏ, ਵਸਾਏ, ਰਖੇ
"ਹਰਿ ਹਰਿ ਨਾਮੁ ਦਇਆ ਮਨਿ **ਧਾਰੇ**।"
— ਮਾਝ **੪**, ੪, ੪ : ੨ (95)
"ਅਖਰ ਮਹਿ ਤ੍ਰਿਭਵਨ ਪ੍ਰਭਿ **ਧਾਰੇ**। (ਟਿਕਾਏ ਭਾਵ ਬਿਆਨੇ/ਪ੍ਰਗਟਾਏ)
— ਗਉ **੫**, ਬਾਅ ੫੪ : ੧ (261)
"ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ ਹਮ ਬਾਰਿਕ ਤੁਮਰੇ **ਧਾਰੇ**।" (ਥਾਪੇ ਹੋਏ)
— ਧਨਾ **੫**, ੧੨, ੧ : ੨ (674)
3. ਆਸਰੇ
"ਸੰਤ ਪਿਆਰੇ ਸਚੈ **ਧਾਰੇ** ਵਡਭਾਗੀ ਦਰਸਨੁ ਪਾਵਣਿਆ।"
— ਮਾਝ **੫**, ਅਸ ੩੫, ੧* : ੨ (130)
4. ਕਰੇ
"ਨਾਨਕ ਕਉ ਪ੍ਰਭ ਕਿਰਪਾ **ਧਾਰੇ**।"
— ਗਉ **੫**, ੧੧੧, ੪ : ੩ (202)
"ਬਿਨਵੰਤਿ ਨਾਨਕ ਸਰਣਿ ਤੇਰੀ ਰਾਖੁ ਕਿਰਪਾ **ਧਾਰੇ**।" (ਕਰਕੇ)
— ਆਸਾ **੫**, ਛੰਤ ੨, ੩ : ੬ (453)
5. ਗ੍ਰਹਿਣ ਕਰਦਾ, ਅੰਗੀਕਾਰ ਕਰਦਾ
"ਕੋਟਿ ਕਰਮ ਕਰੈ ਹਉ **ਧਾਰੇ**।"
— ਗਉ **੫**, ਸੁਖ ੧੨, ੩ : ੧ (278)
6. ਸਿਰਜਦਾ/ਰਚਦਾ ਹੈ
"ਕੁਦਰਤਿ ਬੀਚਾਰੇ ਧਾਰਣ **ਧਾਰੇ** ਜਿਨਿ ਕੀਆ ਸੋ ਜਾਣੈ।"— ਵਡ **੧**, ਅਲਾ ੨, ੪:੩ (580)
7. ਵਰਤਾਏ
"ਸਭਿ ਕੁਸਲ ਖੇਮ ਪ੍ਰਭਿ **ਧਾਰੇ**।"
— ਸੋਰ **੫**, ੬੫, ੧* : ੧ (625)

8. ਭਾਵ ਰਖਦਾ ਹੈ
"ਹਉਮੈ ਮਾਰਿ ਮਿਲੇ ਪਗੁ **ਧਾਰੇ**।"
— ਧਨਾ **੧**, ਅਸ ੧, ੫ : ੪ (686)

9. ਭਾਵ ਚੁੱਕ ਲਿਆ
"ਗੁਰਮਤਿ ਕ੍ਰਿਸਨਿ ਗੋਵਰਧਨ **ਧਾਰੇ**।"
— ਮਾਰੂ **੧**, ਸੋਲਾ ੨੦, ੧੦ : ੧ (1041)

ਧਾਰੈ — 1. ਉਧਾਰਦਾ ਹੈ (ਸ਼ਬਦਾਰਥ); ਆਸਰਾ ਦਿੰਦਾ ਹੈ (ਨਿਰਣੈ) ਧਰਵਾਸ ਦਿੰਦਾ ਹੈ, ਸਹਾਰਾ ਦਿੰਦਾ ਹੈ (ਦਰਪਣ) ਸੰਥਿਆ—ਦੋਵੇਂ ਅਰਥ ਦਿੰਦਾ ਹੈ—ਪਾਠ ਜਨਕ ਉਧਾਰੈ 'ਕਰਕੇ' ਜਨਕ ਨੂੰ ਉਧਾਰਦਾ ਹੈ। ਅਰਥ ਵੀ ਕਰਦਾ ਹੈ)
"ਹਰਿ ਕਾ ਨਾਮੁ ਜਨ ਕਉ **ਧਾਰੈ**।"
— ਗਉ **੫**, ੧੧੮, ੩ : ੧ (189)

2. ਕਰੇ
"ਜਾ ਕਉ ਅਪਨੀ ਕਿਰਪਾ **ਧਾਰੈ**।"
— ਗਉ **੫**, ੧੨੧, ੧ : ੧ (190)

3. ਧਾਰਨ ਕਰੇ, ਵਸਾਏ
"ਗੁਰ ਕਾ ਸਬਦੁ ਰਿਦ ਅੰਤਰਿ **ਧਾਰੈ**।"
— ਗਉ **੫**, ਅਸ ੩, ੧ : ੧ (236)

4. ਖਿਆਲ ਰਖਦਾ ਹੈ, ਲੋਚਦਾ ਹੈ, ਸੋਚਦਾ ਹੈ
"ਯਾ ਉਬਰਨ **ਧਾਰੈ** ਸਭੁ ਕੋਊ।"
— ਗਉ **੫**, ਬਾਅ ੪੩ : ੫ (259)

5. ਧਾਰਨ ਕਰਵਾਇਆ ਹੈ, ਬੰਨ੍ਹਿਆ ਹੈ
"ਸਗਲੀ ਸਮਗ੍ਰੀ ਅਪਨੈ ਸੂਤਿ **ਧਾਰੈ**।"
— ਗਉ **੫**, ਸੁਖ ੧੦, ੩ : ੯ (276)

6. ਸਮਝਦਾ ਹੈ
"ਜਬ **ਧਾਰੈ** ਕੋਊ ਬੈਰੀ ਮੀਤੁ।"
— ਗਉ **੫**, ਸੁਖ ੧੨, ੪ : ੫ (278)

7. ਧਾਰ ਦਾ
"ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅੰਮ੍ਰਿਤ **ਧਾਰੈ**।" — ਆਸਾ **੧**, ੩੮, ੪ : ੨ (360)

8. ਟਿਕਾਣਾ, ਸਥਿਰ ਕਰਨਾ
"ਸੁੰਨ ਸਬਦੁ ਅਪਰੰਪਰਿ **ਧਾਰੈ**।" (ਅਪੰਰਪਰ ਵਿਚ ਟਿਕਾਈ ਰਖਦਾ ਹੈ)
— ਰਾਮ **੧**, ਸਿਗੋ ੫੪ : ੩ (944)

ਧਾਰ੍ਯਿਉ — ਸਿਰਜਿਆ
"ਜਿਸਹਿ **ਧਾਰ੍ਯਿਉ** ਧਰਤਿ ਅਰੁ ਵਿਉਮੁ ਅਰੁ ਪਵਣੁ ਤੇ ਨੀਰ ਸਰ ਅਵਰ ਅਨਲ ਅਨਾਦਿ ਕੀਅਉ।"
— ਸਵ **੪**, ਨਲ ੫ : ੧ (1399)

ਧਾਵਉ — 1. ਚਲਣ
"ਚਰਨ ਠਾਕੁਰ ਕੈ ਮਾਰਗਿ **ਧਾਵਉ**।"
— ਗਉ **੫**, ੧੨੦, ੧ : ੨ (190)

2. ਜਾਵਾਂ
"ਨਾਮ ਰੰਗਿ ਇਹੁ ਮਨੁ ਤ੍ਰਿਪਤਾਨਾ ਬਹੁਰਿ ਨ ਕਤਹੂੰ **ਧਾਵਉ** ਰੇ।"
— ਆਸਾ **੫**, ੧੩੧, ੧ : ੨ (404)
"**ਧਾਵਉ** ਦਸਾ ਅਨੇਕ ਪ੍ਰੇਮ ਪ੍ਰਭ ਕਾਰਣੇ।" (ਜਾਂਦਾ, ਦੌੜਦਾ)
— ਫੁਨ **੫**, ੧੬ : ੧ (1363)

ਧਾਵਸਿ — ਦੌੜਦਾ ਹੈ, ਜਾਂਦਾ ਹੈ
"ਛੋਡਿ ਜਾਇ ਖਿਨ ਭੀਤਰਿ ਤਾ ਕਉ ਉਆ ਕਉ ਫਿਰਿ ਫਿਰਿ **ਧਾਵਸਿ** ਰੇ।"
— ਮਾਰੂ **੫**, ੭, ੧* : ੨ (1000)

ਧਾਵਸਿਤਾ — ਦੌੜਦਾ ਹੈ
"ਏਕਸੁ ਚਰਣੀ ਜੇ ਚਿਤੁ ਲਾਵਹਿ ਲਬਿ ਲੋਭਿ ਕੀ **ਧਾਵਸਿਤਾ**।" — ਗਉ **੧**, ੧੫, ੩ : ੨ (156)

ਧਾਵਹ — ਜਾਈਏ, ਭਟਕੀਏ
"ਭਗਤਿ ਠਗਉਰੀ ਪਾਇ ਮੋਹਹ ਅਨਤ ਕਤਹੂ ਨ **ਧਾਵਹ**।" — ਬਿਲਾ **੫**, ਛੰਤ ੨, ੨ : ੫ (846)

ਹੋਰ ਰੂਪ — ਧਾਵਹਿ —
"ਦਹ ਦਿਸਿ **ਧਾਵਹਿ** ਕਰਮਿ ਲਿਖਿਆਸੁ।" (ਦੌੜਦੇ/ਭਟਕਦੇ ਫਿਰਨ)
— ਗਉ **੧**, ੬, ੩ : ੪ (152)
"ਮਿਥਿਆ ਚਰਨ ਪਰ ਬਿਕਾਰ ਕਉ **ਧਾਵਹਿ**।" (ਦੌੜੇ/ਭਟਕਦੇ ਫਿਰਦੇ)
— ਗਉ **੫**, ਸੁਖ ੫, ੫ : ੫ (269)

ਧਾਵਹੀ —
"ਮਾਇਆ ਕਾਰਨਿ **ਧਾਵਹੀ** ਮੂਰਖ ਲੋਗ ਅਜਾਨ।" (ਦੌੜਦੇ/ਭਟਕਦੇ ਫਿਰਦੇ ਹਨ)
— ਸਲੋ **੯**, ੨੮ : ੧ (1427)

ਧਾਵਹੁ —
"ਅਵਗੁਣ ਛੋਡਿ ਗੁਣਾ ਕਉ **ਧਾਵਹੁ** ਕਰਿ ਅਵਗੁਣ ਪਛੁਤਾਹੀ ਜੀਉ।" (ਦੌੜਦਾ ਹੈ)
— ਸੋਰ **੧**, ੯, ੨ : ੧ (598)

ਧਾਵਣੀ — 1. ਭਜ ਦੌੜ, ਜੋਸ਼, ਉਤਸ਼ਾਹ
"ਬੰਨੁ ਬਦੀਆ ਕਰਿ **ਧਾਵਣੀ** ਤਾਂ ਕੋ ਆਖੈ ਧੰਨੁ।"
— ਸੋਰ **੧**, ੨, ੪ : ੨ (596)
2. ਦੌੜ ਭੱਜ ਕਰਨੀ, ਭਟਕਦੇ ਫਿਰਨਾ
"ਮਾਇਆ ਧੰਧਾ **ਧਾਵਣੀ** ਦੁਰਮਤਿ ਕਾਰ ਬਿਕਾਰ।"
— ਪ੍ਰਭਾ **੧**, ਅਸ ੩, ੨ : ੧ (1343)

ਧਾਵਣੀਆ — ਭਟਕਦੀ/ਦੌੜੀ ਭਜੀ ਫਿਰਦੀ ਹਾਂ
"ਹਉ ਮੁਠੜੀ ਧੰਧੈ **ਧਾਵਣੀਆ** ਪਿਰਿ ਛੋਡਿਅੜੀ ਵਿਧਣਕਾਰੇ।"— ਵਡ **੧**, ਅਲਾ ੩, ੨:੨ (581)

ਧਾਵਤ — 1. ਦੌੜਨ, ਦੌੜ ਭਜ ਕਰਨ
"ਧੰਧਾ **ਧਾਵਤ** ਰਹਿ ਗਏ ਲਾਗਾ ਸਾਚਿ ਪਿਆਰੁ।"
— ਸਿਰੀ **੩**, ੫੩, ੪ : ੩ (34)
"**ਧਾਵਤ** ਵਰਜੇ ਠਾਕਿ ਰਹਾਏ।" (ਭਟਕਣ/ਦੌੜਨ ਭਜਣ ਤੋਂ) — ਗਉ **੩**, ੨੬, ੩ : ੨ (159)
"**ਧਾਵਤ** ਮਨੂਆ ਆਵੈ ਠਾਇ।" (ਦੌੜਦਾ, ਚੰਚਲ)
— ਗਉ **੫**, ਅਸ ੨, ੨ : ੨ (236)
2. ਧਾਵਣਾ, ਭਟਕਣ, ਦੌੜ ਭਜ
"**ਧਾਵਤ** ਰਹੇ ਏਕੁ ਇਕੁ ਬੂਝਿਆ ਆਇ ਬਸੇ ਅਬ ਨਿਹਚਲੁ ਥਾਇ।"
— ਆਸਾ **੫**, ੯, ੨ : ੧ (373)
3. ਧਾਅ ਜਾਣ ਵਾਲਾ/ਨਾਸ ਹੋ ਜਾਣ ਵਾਲਾ ਪਦਾਰਥ
"**ਧਾਵਤ** ਕਉ ਧਾਵਹਿ ਬਹੁ ਭਾਤੀ ਜਿਉ ਤੇਲੀ ਬਲਦੁ ਭ੍ਰਮਾਇਓ।"
— ਟੋਡੀ **੫**, ੩, ੨:੨ (172)

ਧਾਵੰਤ — ਦੌੜਦਾ ਹੈ
"**ਧਾਵੰਤ** ਜੀਆ ਬਹੁ ਪ੍ਰਕਾਰੰ ਅਨਿਕ ਭਾਂਤਿ ਬਹੁ ਡੋਲਤੇ।" — ਸਸ **੫**, ੪੮ : ੨ (1358)

ਧਾਵਤੁ — ਦੌੜਨ ਤੋਂ
"ਇਹੁ ਮਨੁ **ਧਾਵਤੁ** ਤਾ ਰਹੈ ਜਾ ਆਪੇ ਨਦਰਿ ਕਰੇਇ।" — ਸਿਰੀ **੩**, ੪੩, ੧ : ੩ (30)

ਧਾਵਤੇ — ਦੌੜ ਪੈਂਦੇ
"ਲੈ ਫਾਹੇ ਉਠਿ **ਧਾਵਤੇ** ਸਿ ਜਾਨਿ ਮਾਰੇ ਭਗਵੰਤ।"
— ਸਲੋ **ਕਬ**, ੧੦ : ੨ (1365)

ਧਾਵਤੋ — ਦੌੜਦੇ, ਦੌੜੇ ਜਾਂਦੇ
"**ਧਾਵਤੋ** ਅਸਥਿਰੁ ਥੀਆ।"
— ਮਲਾ **੫**, ੨੩, ੧* : ੪ (1272)

ਧਾਵਦਾ — ਜਾਂਦਾ ਹੈ, ਭਜਾ ਫਿਰਦਾ ਹੈ
"ਜਹ ਜਹ ਮਨ ਤੂੰ **ਧਾਵਦਾ** ਤਹ ਤਹ ਹਰਿ ਤੇਰੈ ਨਾਲੇ।" — ਆਸਾ **੩**, ਛੰਤ ੭, ੩ : ੧ (440)
"ਮਨੂਆ ਦਹ ਦਿਸ **ਧਾਵਦਾ** ਓਹੁ ਕੈਸੇ ਹਰਿ ਗੁਣ ਗਾਵੈ।" (ਦੌੜਿਆ/ ਭਟਕਦਾ ਫਿਰਦਾ)
— ਵਡ **੩**, ਅਸ ੨, ੧ : ੧ (565)

ਧਾਵਦੇ — ਭਜੇ/ਭਟਕਦੇ ਫਿਰਦੇ
"ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨੀ **ਧਾਵਦੇ**।" — ਆਸਾ **੧**, ਵਾਰ ੯ : ੨ (468)

ਧਾਵਨ — 1. ਭਟਕਣ, ਦੌੜ ਭੱਜ
"ਮਨੁ ਮੇਰੋ **ਧਾਵਨ** ਤੇ ਛੂਟਿਓ ਕਰਿ ਬੈਠੋ ਬਿਸਰਾਮੁ।"
— ਬਸੰ **੯**, ੩, ੧* : ੨ (1186)
2. ਦੌੜਨ
"ਪਾਵਨ **ਧਾਵਨ** ਸੁਆਮੀ ਸੁਖ ਪੰਥਾ ਅੰਗ ਸੰਗ ਕਾਇਆ ਸੰਤ ਸਰਸਨ।"
— ਕਾਨ **੫**, ੨੯, ੧ : ੨ (1303)

ਧਾਵਨੋ — ਭਟਕਦਾ
"ਪ੍ਰਭ ਦਰਸ ਲੁਬਧ ਦਾਸ ਨਾਨਕ ਬਹੁੜਿ ਜੋਨਿ ਨ **ਧਾਵਨੋ**।" — ਕਲਿ **੫**, ੧੦, ੨ : ੨ (1323)

ਧਾਵਰਤਾ — ਦੌੜ ਭੱਜ, ਭਟਕਣ
"ਅਨਿਕ ਕਾਜ ਅਨਿਕ **ਧਾਵਰਤਾ** ਉਰਝਿਓ ਆਨ ਜੰਜਾਰੀ।" — ਸਾਰ **੫**, ੫੯, ੧* : ੨ (1216)

ਧਾਵਾ — ਦੌੜਦਾ, ਭਜਦਾ, ਭਟਕਦਾ
"ਖੋੜੇ ਛਾਡਿ ਨ ਦਹ ਦਿਸ **ਧਾਵਾ**।"
— ਗਉ **ਕਬ**, ਬਾਅ ੮ : ੨ (340)
"ਹੋਇ ਦਾਸ ਦਾਸੀ ਤਜਿ ਉਦਾਸੀ ਬਹੁੜਿ ਬਿਧੀ ਨ **ਧਾਵਾ**।" (ਦੌੜਨਾ ਪਵੇ)
— ਬਿਲਾ **੫**, ਛੰਤ ੩, ੧ : ੫ (847)

ਧਾਵੀਆ — ਦੌੜਨਾ, ਭਟਕਣਾ
"ਘਰ ਕਾ ਹੋਆ ਬੰਧਾਨੁ ਬਹੁੜਿ ਨ **ਧਾਵੀਆ**।"
— ਰਾਮ **੫**, ਵਾਰ ੧੫ : ੨ (964)

ਧਾਵੈ — 1. ਭਟਕਦਾ/ਭਜਾ/ਦੌੜਿਆ ਫਿਰੇ
"ਜਿਉ ਕੂਕਰੁ ਹਰਕਾਇਆ **ਧਾਵੈ** ਦਹ ਦਿਸ ਜਾਇ।" — ਸਿਰੀ **੫**, ੯੧, ੨ : ੧ (50)
"ਲੈ ਤੁਰੇ ਸਉਦਾਗਰੀ ਸਉਦਾਗਰ **ਧਾਵੈ**।" (ਤੁਰ ਪੈਂਦਾ ਹੈ, ਜਾਂਦਾ ਹੈ)
— ਗਉ **੪**, ੪੭, ੨ : ੧ (166)

"ਨਾਮੁ ਉਚਾਰੁ ਕਰੇ ਹਰਿ ਰਸਨਾ ਬਹੁੜਿ ਨ ਜੋਨੀ **ਧਾਵੈ**।" (ਆਉਂਦਾ)
— ਦੇਵ **੫**, ੧੪, ੧ : ੨ (531)
"ਕੋਟਿ ਕੋਟਿ ਕੋਟਿ ਲਖ **ਧਾਵੈ**।" (ਭਜੇ ਦੌੜੇ ਭਾਵ ਯਤਨ ਕਰੇ) — ਵਡ **੫**, ੧, ੧ : ੩ (562)
"ਭੈਰਉ ਭੂਤ ਸੀਤਲਾ **ਧਾਵੈ**।" (ਦੌੜਦਾ/ਭੱਜਦਾ ਹੈ) — ਗੋਂਡ **ਨਾਮ**, ੬, ੧ : ੧ (874)
(ਮਹਾਨ ਕੋਸ਼/ਨਿਰਣੈ ਇਸ ਦੇ ਅਰਥ 'ਧਿਆਉਂਦਾ ਹੈ' ਕਰਦਾ ਹੈ)
2. ਦੌੜਨਾ ਭਾਵ ਧਾਵਾ ਕਰਨਾ
"ਪ੍ਰਭ ਕੀ ਕਲਾ ਬਿਨਾ ਕਹ **ਧਾਵੈ**।" (ਕਿਥੇ ਦੌੜ/ਧਾਵਾ ਕਰ ਸਕਦਾ ਹੈ)
— ਗਉ **੫**, ਸੁਖ ੧੫, ੨ : ੬ (282)
3. ਮਹੁਏ ਦੇ ਫੁਲ ਜਿਨਾਂ ਤੋਂ ਸ਼ਰਾਬ ਬਣਦੀ ਹੈ
"ਗੁੜੁ ਕਰਿ ਗਿਆਨੁ ਧਿਆਨੁ ਕਰਿ **ਧਾਵੈ** ਕਰਿ ਕਰਣੀ ਕਸੁ ਪਾਈਐ।"
— ਆਸਾ **੧**, ੩੮, ੧ : ੧ (360)
4. ਧਿਆਵੇ
"ਜੀਅਨ ਸਭਨ ਦਾਤਾ ਅਗਮ ਗ੍ਯਾਨ ਬਿਖ੍ਯਾਤਾ ਅਹਿਨਿਸਿ ਧ੍ਯਾਨ **ਧਾਵੈ** ਪਲਕ ਨ ਸੋਵੈ ਜੀਉ।"
— ਸਵ **੪**, ਨਲ੍ਯ ੧ : ੩ (1398)

ਧਿਅਈਐ — ਸਿਮਰੀਏ
"ਜਿਸ ਦੈ ਵਸਿ ਸਭੁ ਕਿਛੁ ਸੋ ਸਭ ਦੂ ਵਡਾ ਸੋ ਮੇਰੇ ਮਨ ਸਦਾ **ਧਿਅਈਐ**।"
— ਗੋਂਡ **੪**, ੫, ੪ : ੧ (861)

ਧਿਆਉ — 1. ਸਿਮਰਾਂ, ਚਿੰਤਨ ਕਰਾਂ
"ਨਿਮਖ ਨਿਮਖ ਹਰਿ ਹਰਿ ਹਰਿ **ਧਿਆਉ**।"
— ਗਉ **੫**, ੮੪, ੨ : ੨ (180)
2. ਸਿਮਰੋ, ਧਿਆਨ ਕਰੋ, ਚਿੰਤਨ ਕਰੋ
"ਹਲਤੁ ਪਲਤੁ ਹੋਹਿ ਦੋਵੈ ਸੁਹੇਲੇ ਅਚਰਜ ਪੁਰਖੁ **ਧਿਆਉ**।"
— ਰਾਮ **੫**, ੪੧, ੧* : ੨ (895)

ਧਿਆਇ — ਸਿਮਰ, ਧਿਆਨ ਕਰ, ਚਿੰਤਨ ਕਰ
"ਮਨ ਮੇਰੇ ਹਰਿ ਹਰਿ ਨਿਰਮਲੁ **ਧਿਆਇ**।"
— ਸਿਰੀ **੩**, ੩੨, ੧* : ੧ (27)
ਹੋਰ ਰੂਪ — ਧਿਆਇਓ —
"ਗੁਰ ਕੈ ਬਚਨਿ **ਧਿਆਇਓ** ਮੋਹਿ ਨਾਉ।" (ਧਿਆਇਆ/ਸਿਮਰਿਆ/ਧਿਆਨ ਕੀਤਾ/ਚਿੰਤਨ ਕੀਤਾ ਹੈ)
— ਗਉ **੫**, ਅਸ ੮, ੧* : ੧ (239)
"ਜਹ ਜਹ ਅਉਸਰੁ ਆਇ ਬਨਿਓ ਹੈ ਤਹਾ ਤਹਾ ਹਰਿ **ਧਿਆਇਓ**।" (ਯਾਦ ਕੀਤਾ)
— ਗੂਜ **੫**, ੧੨, ੧ : ੨ (498)
ਧਿਆਇਆ —
"ਜਿਨੀ ਨਾਮ **ਧਿਆਇਆ** ਗਏ ਮਸਕਤਿ ਘਾਲਿ।" (ਸਿਮਰਿਆ, ਧਿਆਨ ਵਿਚ ਲਿਆਂਦਾ) — ਜਪ **੧**, ੩੮ਸ : ੫ (8)

ਧਿਆਇਆ — ਮੈ ਸਿਮਰਾਂ ਗਾ/ਧਿਆਨ ਧਰਾਂਗਾ
"ਸਤਿਗੁਰ ਪੂਛਉ ਜਾਇ ਨਾਮੁ **ਧਿਆਇਸਾ** ਜੀਉ।"
— ਧਨਾ **੧**, ਛੰਤ ੨, ੫ : ੨ (689)
ਹੋਰ ਰੂਪ — ਧਿਆਇਸੀ —
"ਕਰਿ ਕਿਰਪਾ ਸਤਿਗੁਰੁ ਮੇਲਿਓਨੁ ਮੁਖਿ ਗੁਰਮੁਖਿ ਨਾਮੁ **ਧਿਆਇਸੀ**।" (ਧਿਆਵੇਗਾ, ਸਿਮਰੇਗਾ)
— ਗਉ **੪**, ਵਾਰ ੧੮ਸ, **੪**, ੧ : ੧ (310)

ਧਿਆਇਹੁ — ਧਿਆਓ, ਸਿਮਰੋ
"ਘਰਿ ਬੈਠੇ ਗੁਰੂ **ਧਿਆਇਹੁ**।"
— ਸੋਰ **੫**, ੫੨, ੧ : ੨ (621)

ਧਿਆਇਣਾ — ਧਿਆਉਣਾ/ਸਿਮਰਨਾ ਚਾਹੀਦਾ ਹੈ
"ਰਸ ਰੂਪ ਰੰਗ ਅਨੰਤ ਬੀਠਲ ਸਾਸਿ ਸਾਸਿ **ਧਿਆਇਣਾ**।"
— ਰਾਮ **੫**, ਛੰਤ ੨, ੨ : ੪ (925)

ਧਿਆਇਥਈ — ਧਿਆ/ਸਿਮਰ/ਧਿਆਨ ਧਰ ਕੇ
"ਜਹ ਦਰਗਹਿ ਪ੍ਰਭੁ ਲੇਖਾ ਮਾਗੈ ਤਹ ਛੁਟੈ ਨਾਮੁ **ਧਿਆਇਥਈ**।"
— ਕਲਿ **੪**, ੪, ੧ : ੨ (1320)

ਧਿਆਇਦਾ — ਸਿਮਰਦਾ, ਧਿਆਨ ਧਰਦਾ
"ਇਕ ਸਾਹਾ ਤੁਧੁ **ਧਿਆਇਦਾ**।"
— ਸਿਰੀ **੫**, ਅਸ ੨੯, ੬ : ੨ (73)
ਹੋਰ ਰੂਪ — ਧਿਆਇਦਿਆ —
"**ਧਿਆਇਦਿਆ** ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ।" (ਧਿਆਉਣ ਨਾਲ)
— ਗੂਜ **੫**, ਵਾਰ ੧੨ਸ, **੫**, ੧ : ੨ (522)

ਧਿਆਇਦੀ —
"ਤੁਧਨੋ ਸਭ **ਧਿਆਇਦੀ** ਸਭ ਲਗੈ ਤੇਰੀ ਪਾਈ।" (ਸਿਮਰਦੀ ਪਿਆਰ ਧਰਦੀ)
— ਗਉ **੪**, ਵਾਰ ੧ : ੨ (301)

ਧਿਆਇਦੇ —
"ਸੁਣਿ ਸੁਣਿ ਤੁਝੈ **ਧਿਆਇਦੇ** ਤੇਰੇ ਭਗਤ ਰਤੇ ਗੁਣਤਾਸੁ ਜੀਉ।"
— ਸਿਰੀ **੫**, ਅਸ ੨੯, ੨੦ : 3 (74)

ਧਿਆਇਨਿ — ਸਿਮਰਨ, ਧਿਆਨ ਧਾਰਨ
"ਸਚੁ **ਧਿਆਇਨਿ** ਸੇ ਸਚਿ ਰਾਤੇ ਸਚੇ ਸਚਿ ਸਮਾਵਣਿਆ।"
— ਮਾਝ **੩**, ਅਸ ੧੮, ੧* : ੨ (119)

ਹੋਰ ਰੂਪ — ਧਿਆਇਨਿ੍ —
"ਨਾਮ **ਧਿਆਇਨਿ੍** ਰੰਗ ਸਿਉ ਗੁਰਮੁਖਿ ਨਾਮਿ ਲਗੰਨਿ੍।"
— ਸੂਹੀ **੩**, ਅਸ ੪, ੩ : ੧ (757)

ਧਿਆਇਲੇ — ਸਿਮਰੀਏ, ਧਿਆਨ ਧਰੀਏ, ਯਾਦ ਕਰੀਏ
"ਅਨੂਪ ਪਦਾਰਥੁ ਨਾਮੁ ਸੁਨਹੁ ਸਗਲ **ਧਿਆਇਲੇ** ਮੀਤਾ।" — ਗਉ **੫**, ੧੩੩, ੧* : ੧ (208)

ਧਿਆਈ — ਸਿਮਰੇ
"ਬਿਖੈ ਬਿਕਾਰ ਦੁਸਟ ਕਿਰਖਾ ਕਰੇ ਇਨ ਤਜਿ ਆਤਮੈ ਹੋਇ **ਧਿਆਈ**।"
— ਸਿਰੀ **੧**, ੨੬, ੨ : ੧ (23)
(ਮਹਾਨਕੋਸ਼ ਇਥੇ 'ਧਿਆਈ' ਦੇ ਅਰਥ 'ਧਿਆਨ ਵਿਚ ਮਗਨ' ਕਰਦਾ ਹੈ)
"ਸਾ ਮਤਿ ਦੀਜੈ ਜਿਤੁ ਤੁਧੁ **ਧਿਆਇ**।" (ਸਿਮਰਾਂ, ਯਾਦ ਕਰਾਂ) — ਮਾਝ **੫**, ੧੯, ੪ : ੨ (100)

ਹੋਰ ਰੂਪ — ਧਿਆਈਂ —
"ਮਨ ਤਨ ਅੰਤਰਿ ਤੁਝੈ **ਧਿਆਈਂ**।" (ਧਿਆਵਾਂ, ਸਿਮਰਾਂ, ਯਾਦ ਕਰਾਂ)
— ਆਸਾ **੫**, ੬੦, ੩ : ੧ (386)

ਧਿਆਈਐ —
"ਨਾਉ **ਧਿਆਈਐ** ਨਾਉ ਮੰਗੀਐ ਨਾਮੇ ਸਹਜਿ ਸਮਾਇ।" (ਸਿਮਰੀਏ, ਯਾਦ ਕਰੀਏ)
— ਸਿਰੀ **੩**, ੩੪, ੧ : ੪ (26)

ਧਿਆਈਜੈ — ਧਿਆਉਣਾ ਚਾਹੀਦਾ ਹੈ
"ਕਾਰਜੁ ਸਵਰੈ ਮਨ ਪ੍ਰਭੁ **ਧਿਆਈਜੈ**।"
— ਰਾਮ **੫**, ਅਸ ੧, ੬ : ੪ (913)

ਧਿਆਏ — ਸਿਮਰੇ, ਯਾਦ ਕਰੇ, ਧਿਆਨ/ਚਿੰਤਨ ਵਿਚ ਲਿਆਵੇ
"ਸਾਹੁਰੜੈ ਕੰਮ ਸਿਖੈ ਗੁਰਮੁਖਿ ਹਰਿ ਹਰਿ ਸਦਾ **ਧਿਆਏ**।" — ਸਿਰੀ **੪**, ਛੰਤ ੧, ੧ : ੩ (78)

ਹੋਰ ਰੂਪ — ਧਿਆਂਏ —
"ਹਰਿ ਜਨ ਰਾਮ ਰਾਮ ਰਾਮ **ਧਿਆਂਏ**।"
— ਸਾਰ **੫**, ੨੩, ੧* : ੧ (1208)

ਧਿਆਹਾ — ਧਿਆਓ, ਸਿਮਰੋ
"ਹਰਿ ਹਰਿ ਨਾਮੁ ਦਇਆਲੁ **ਧਿਆਹਾ**।"
— ਜੈਤ **੪**, ੮, ੨ : ੧ (698)
"ਜਿਉ ਤੁਧੁ ਭਾਵੈ ਤਿਉ ਤੂ ਰਾਖਹਿ ਗੁਰਮੁਖਿ ਨਾਮੁ **ਧਿਆਹਾ** ਹੇ।" (ਧਿਆਇਆ ਜਾਂਦਾ ਹੈ)
— ਮਾਰੂ **੩**, ਸੋਲਾ ੧੦, ੧੫ : ੩ (1054)

ਧਿਆਹੀ — ਧਿਆਉਂਦੇ ਹਨ
"ਤੂ ਸਾਹਿਬੁ ਅਗਮੁ ਦਇਆਲੁ ਹੈ ਸਭਿ ਤੁਧੁ **ਧਿਆਹੀ**।" — ਗਉ **੪**, ਵਾਰ ੪ : ੪ (302)

ਧਿਆਤਿ — ਧਿਆਉਂਦਾ/ਯਾਦ ਕਰਦਾ/ਸਿਮਰਦਾ ਹੈ
"ਜੋ ਜੋ ਰਚਿਓ ਸੁ ਤਿਸਹਿ **ਧਿਆਤਿ**।"
— ਗਉ **੫**, ਸੁਖ ੨੨, ੩ : ੬ (292)

ਧਿਆਨ — 1. ਸੁਰਤ, ਬਿਰਤੀ
"ਮੁੰਦਾ ਸੰਤੋਖੁ ਸਰਮੁ ਪਤੁ ਝੋਲੀ **ਧਿਆਨ** ਕੀ ਕਰਹਿ ਬਿਭੂਤਿ।" — ਜਪੁ **੧**, ੨੮ : ੧ (6)
"ਨਾਮ ਕੇ ਧਾਰੇ ਸੁਨਨ ਗਿਆਨ **ਧਿਆਨ**।" (ਸੁਰਤ ਜੋੜਨੀ) — ਗਉ **੫**, ਸੁਖ ੧੬, ੫ : ੪ (284)

ਹੋਰ ਰੂਪ — ਧਿਆਨੰ —
"ਗਗਨੰਤਰਿ ਵਾਸਿਆ ਗੁਣ ਪਰਗਾਸਿਆ ਗੁਣ ਮਹਿ ਗਿਆਨ **ਧਿਆਨੰ**।"
— ਸੋਰ **੧**, ਅਸ ੧, ੮ : ੧ (635)

2. ਖਿਆਲ
"ਮਨ ਆਠ ਪਹਰ ਕਰਿ ਤਿਸ ਕਾ **ਧਿਆਨ**।"
— ਗਉ **੫**, ਸੁਖ ੬, ੫ : ੨ (270)

ਧਿਆਨਾ — ਸੁਰਤ, ਬਿਰਤੀ, ਗਿਆਨ
"ਬਗ ਜਿਉ ਲਾਇ ਬਹੈ ਨਿਤ **ਧਿਆਨਾ**।"
— ਗਉ **੩**, ਅਸ ੨, ੬ : ੨ (230)

ਹੋਰ ਰੂਪ — ਧਿਆਨਾਂ —
"ਆਪੇ ਰੂਪ ਦਿਖਾਲਦਾ ਆਪੇ ਲਾਇ **ਧਿਆਨਾਂ**।"
— ਬਿਹਾ **੪**, ਵਾਰ ੧੯ : ੨ (556)

ਧਿਆਨਾਨਾਂ — ਧਿਆਨ, ਸੁਰਤ, ਬਿਰਤੀ
"ਹਿਰਦੇ ਪ੍ਰਗਾਸੁ ਗਿਆਨ ਗੁਰ ਗੰਮਿਤ ਗਗਨ ਮੰਡਲ ਮਹਿ **ਧਿਆਨਾਨਾਂ**।"
— ਗਉ **ਕਬ**, ੨੪, ੧ : ੧ (339)

ਧਿਆਨਿ — ਧਿਆਨ ਵਿਚ, ਯਾਦ ਵਿਚ
"ਖਸਮ ਸੇਤੀ ਅਰਦਾਸਿ ਵਖਾਣੈ ਉਰਧ **ਧਿਆਨਿ** ਲਿਵ ਲਾਗਾ।"
— ਸਿਰੀ **੧**, ਪਹ ੧, ੧ : ੩ (74)
"ਰਸਿ ਰਸਿਆ ਹਰਿਆ ਸਦਾ ਪਕੈ ਕਰਮਿ **ਧਿਆਨਿ**।" (ਧਿਆਨ ਦੁਆਰਾ)
— ਮਾਝ **੧**, ਵਾਰ ੨੦ਸ, **੧**, ੧ : ੨ (147)

ਧਿਆਨੀ — ਧਿਆਨ/ਸੁਰਤ ਲਾਉਣ ਵਾਲਾ, ਧਿਆਨ ਵਿਚ ਲਗਾ ਹੋਇਆ
"ਗਿਆਨੀ **ਧਿਆਨੀ** ਗੁਰ ਗੁਰਹਾਈ।"
— ਆਸਾ **੧**, ਸੋਦ ੨, ੨ : ੩ (9)
"ਜੋ ਇਸ ਮਾਰੇ ਸੁ ਸਹਜ **ਧਿਆਨੀ**।" (ਅਸਲ ਧਿਆਨ ਵਾਲਾ)
— ਗਉ **੫**, ਅਸ ੫, ੫ : ੪ (238)
"ਗਰਭ ਕੁੰਡਲ ਮਹਿ ਉਰਧ **ਧਿਆਨੀ**।" (ਧਿਆਨ ਵਿਚ ਬੈਠਾ)— ਮਾਰੂ **੧**, ਸੋਲਾ ੨, ੫ : ੧ (1027)

ਹੋਰ ਰੂਪ — ਧਿਆਨੀਆ —
"ਸਿਧ ਸਾਧਿਕ ਗਿਆਨੀ **ਧਿਆਨੀਆ** ਕਉਣੁ ਤੁਧੁਨੋ ਤੋਲੈ।"
— ਮਾਰੂ **੫**, ਵਾਰ ੨੩ : ੨ (1102)

ਧਿਆਨੁ — 1. ਸੁਰਤ, ਬਿਰਤੀ
"ਸੁਣਿਐ ਲਾਗੈ ਸਹਜਿ **ਧਿਆਨੁ**।"
— ਜਪੁ **੧**, ੧੦ : ੪ (3)
2. ਚਿੰਤਨ
"ਗੁਰਮੁਖਿ ਗਿਆਨੁ **ਧਿਆਨੁ** ਮਨਿ ਮਾਨੁ।"
— ਆਸਾ **੧**, ਅਸ ੬, ੧ : ੧ (414)

ਧਿਆਨੇ — ਧਿਆਨ/ਸੁਰਤ ਵਾਲਾ
"ਗੁਰ ਬਚਨੀ ਮਨੁ ਸਹਜ **ਧਿਆਨੇ**।"
— ਬਿਲਾ **੧**, ੪, ੧ : ੧ (796)

ਧਿਆਨੋ — ਧਿਆਨ, ਸੁਰਤਿ, ਬਿਰਤੀ
"ਗੁਰੁ ਸੇਵੀਜੈ ਅੰਮ੍ਰਿਤੁ ਪੀਜੈ ਜਿਸੁ ਲਾਵਹਿ ਸਹਜਿ **ਧਿਆਨੋ**।" — ਸੂਹੀ **੫**, ਛੰਤ ੧, ੩ : ੫ (777)

ਧਿਆਯਉ — ਧਿਆਇਆ, ਧਿਆਨ ਵਿਚ ਲਿਆਂਦਾ, ਚਿੰਤਨ ਕੀਤਾ, ਸਿਮਰਿਆ
"ਅਬਿਨਾਸੀ ਅਬਿਗਤੁ **ਧਿਆਯਉ**।"
— ਸਵ **੪**, ਕਲ ੧ : ੬ (1396)

ਧਿਆਵਉ — ਧਿਆਨ ਕਰੇ, ਚਿੰਤਨ ਕਰਾਂ, ਸਿਮਰਾਂ
"ਪ੍ਰਭ ਕਿਰਪਾ ਤੇ ਹਰਿ ਹਰਿ **ਧਿਆਵਉ**।"
— ਮਾਝ **੫**, ੨੪, ੧ : ੧ (101)

ਧਿਆਵਈ — ਧਿਆਉਂਦਾ/ਚਿੰਤਨ/ਧਿਆਨ ਵਿਚ ਲਿਆਉਂਦਾ ਹੈ
"ਜਿਸੁ ਹਰਿ ਹੋਇ ਕ੍ਰਿਪਾਲੁ ਸੋ ਨਾਮੁ **ਧਿਆਵਈ**।"
— ਸੋਰ **੪**, ਵਾਰ ੧੦ : ੪ (646)

ਹੋਰ ਰੂਪ — ਧਿਆਵਏ —
"ਸਗਲ ਖਾਣੀ ਸਗਲ ਬਾਣੀ ਸਦਾ ਸਦਾ **ਧਿਆਵਏ**।" (ਧਿਆਉਂਦੇ ਹਨ)
— ਆਸਾ **੫**, ਛੰਤ ੫, ੩ : ੪ (456)

ਧਿਆਵਹ — ਧਿਆਉਂਦੇ/ਧਿਆਨ ਵਿਚ ਲਿਆਉਂਦੇ ਹਾਂ
"ਕਹਿ ਨਾਮਦੇਉ ਹਮ ਨਰਹਰਿ **ਧਿਆਵਹ** ਰਾਮੁ ਅਭੈ ਪਦ ਦਾਤਾ।"
— ਭੈਰ **ਨਾਮ**, ੯, ੫ : ੨ (1165)

ਹੋਰ ਰੂਪ — ਧਿਆਵਹਿ —
"ਸਭਿ ਧਿਆਵਹਿ ਸਭਿ **ਧਿਆਵਹਿ** ਤੁਧੁ ਜੀ ਹਰਿ ਸਚੇ ਸਿਰਜਣਹਾਰਾ।" (ਸਿਮਰਦੇ/ਧਿਆਉਂਦੇ ਹਨ)
— ਆਸਾ **੪**, ਸੋਪੁ ੧, ੧ : ੨ (10)

ਧਿਆਵਹਿਗੇ —
"ਦਰਸਨੁ ਛੋਡਿ ਭਏ ਸਮਦਰਸੀ ਏਕੋ ਨਾਮੁ **ਧਿਆਵਹਿਗੇ**।"
— ਮਾਰੂ **ਕਬ**, ੪, ੨ : ੨ (1103)

ਧਿਆਵਹੀ —
"ਤੇਰਾ ਰੂਪੁ ਨ ਜਾਈ ਲਖਿਆ ਕਿਉ ਤੁਝਹਿ **ਧਿਆਵਹੀ**।" (ਸਿਮਰਾਂ)
— ਮਾਰੂ **੫**, ਵਾਰ ੩ : ੩ (1095)

ਧਿਆਵਹੁ —
"ਹਰਿ **ਧਿਆਵਹੁ** ਸੰਤਹੁ ਜੀ ਸਭਿ ਦੂਖ ਵਿਸਾਰਣਹਾਰਾ।" (ਸਿਮਰੋ)
— ਆਸਾ **੪**, ਸੋਖੁ ੧, ੧ : ੪ (10)

ਧਿਆਵਹੇ —
"ਜਹ ਸਾਧ ਸੰਤ ਇਕਤ੍ਰ ਹੋਵਹਿ ਤਹਾ ਤੁਝਹਿ **ਧਿਆਵਹੇ**।" (ਸਿਮਰਦੇ ਹਨ)
— ਗਉ **੫**, ਛੰਤ ੨, ੧ : ੪ (248)

ਧਿਆਵਣਾ — ਧਿਆਨ/ਸੁਰਤ ਵਿਚ ਲਿਆਉਣਾ, ਸਿਮਰਨਾ
"ਜੀਅ ਜੰਤ ਸਰਬਤ ਨਾਉ ਤੇਰਾ **ਧਿਆਵਣਾ**।"
— ਸੋਰ **੪**, ਵਾਰ ੨੫ : ੨ (652)

ਹੋਰ ਰੂਪ — ਧਿਆਵਣਿਆ —
"ਬਿਨੁ ਨਾਵੈ ਕੋ ਸੰਗਿ ਨ ਸਾਥੀ ਮੁਕਤੇ ਨਾਮੁ **ਧਿਆਵਣਿਆ**।"
— ਮਾਝ **੧**, ਅਸ ੧, ੪ : ੩ (109)

ਧਿਆਵਤ — ਸਿਮਰਦਿਆਂ, ਧਿਆਨ ਵਿਚ ਲਿਆਉਂਦਿਆਂ
"ਗੁਣ ਗਾਵਤ **ਧਿਆਵਤ** ਸੁਖ ਸਾਗਰ ਜੂਏ ਜਨਮੁ ਨ ਹਾਰੇ।" — ਗਉ **੫**, ੧੩੮*, ੩ : ੨ (210)

ਧਿਆਵਨ — ਸਿਮਰਨ, ਧਿਆਨ ਵਿਚ ਲਿਆਉਣਾ
"ਸਰਣੀ ਪਾਵਨ ਨਾਮ **ਧਿਆਵਨ** ਸਹਜਿ ਸਮਾਵਨ ਸੰਗਿ।" — ਧਨਾ **੫**, ੩੫, ੧* : ੨ (680)

ਧਿਆਵਨਹਾਰ — ਧਿਆਉਣ ਵਾਲਾ, ਸਿਮਰਨ ਵਾਲਾ
"ਨਾਮੁ ਸਤਿ ਸਤਿ **ਧਿਆਵਨਹਾਰ**।"
— ਗਉ **੫**, ਸੁਖ ੧੨, ੧ : ੪ (285)

ਧਿਆਵਨ ਜੋਗ — ਸਿਮਰਨ ਜੋਗ, ਧਿਆਨ ਵਿਚ ਲਿਆਏ ਜਾਣ ਦੇ ਲਾਇਕ
"ਨਾਨਕ ਸਦਾ ਧਿਆਈਐ **ਧਿਆਵਨ ਜੋਗ**।"
— ਗਉ **੫**, ਸੁਖ ੬, ੧ : ੧੦ (269)

ਹੋਰ ਰੂਪ — ਧਿਆਵਨ ਜੋਗੁ —
"ਮਨੁ ਤਨੁ ਸੀਤਲੁ ਸੁਖੀ ਭਇਆ ਪ੍ਰਭ **ਧਿਆਵਨਜੋਗੁ**।"
— ਬਿਲਾ **੫**, ੫੬, ੨ : ੧ (814)

ਧਿਆਵਨੁ — ਸਿਮਰਨ ਕਰਨ, ਧਿਆਉਣ
"ਨਾਮੋ ਗਾਵਨੁ ਨਾਮੁ **ਧਿਆਵਨੁ** ਨਾਮੁ ਹਮਾਰੇ ਪ੍ਰਾਨ ਅਧਾਰੈ।" — ਕਾਨ **੫**, ੨੪, ੧* : ੨ (1302)

ਹੋਰ ਰੂਪ — ਧਿਆਵਨਿ —
"ਜੋਗੀ ਸੁੰਨਿ **ਧਿਆਵਨਿ੍** ਜੇਤੇ ਅਲਖ ਨਾਮੁ ਕਰਤਾਰੁ।" (ਧਿਆਉਂਦੇ ਹਨ)
— ਆਸਾ **੧**, ਵਾਰ ੬ਸ, **੧**, ੧ : ੫ (465)

ਧਿਆਵਾ — ਸਿਮਰਾਂ
"ਗੁਰੁ ਸਜਣੁ ਮੇਰਾ ਮੇਲਿ ਹਰੇ ਜਿਤੁ ਮਿਲਿ ਹਰਿ ਨਾਮੁ **ਧਿਆਵਾ**।"
— ਵਡ **੪**, ੩, ੫ : ੧ (562)

ਧਿਆਵੀਐ — ਧਿਆਈਐ, ਸਿਮਰੀਏ
"ਹਰਿ ਹਰਿ ਨਾਮੁ ਅਮੋਲਕੁ ਹਰਿ ਪਹਿ ਹਰਿ ਦੇਵੈ ਤਾ ਨਾਮੁ **ਧਿਆਵੀਐ** ਰੇ।"
— ਕੇਦਾ **੪**, ੧, ੨ : ੧ (1118)

ਧਿਆਵੈ — ਸਿਮਰੇ, ਚਿਤ ਵਿਚ ਲਿਆਵੇ,
"ਹਰਿ **ਧਿਆਵੈ** ਹਰਿ ਉਚਰੈ ਵਣਜਾਰਿਆ ਮਿਤ੍ਰਾ ਹਰਿ ਹਰਿ ਨਾਮੁ ਸਮਾਰਿ।"
— ਸਿਰੀ **੪**, ਪਹ ੩, ੧ : ੨ (76)

ਧਿਕਾਰੁ — (ਸੰ. ਧਿਕ਼ਾਰ) ਤਿਰਸਕਾਰ, ਅਨਾਦਰ, ਬੁਰਾ ਭਲਾ ਕਹਿਣ,ਲਾਹਨਤ, ਫਿਟਕਾਰ
"ਲੋਕੁ **ਧਿਕਾਰੁ** ਕਹੈ ਮੰਗਤ ਜਨ ਮਾਗਤ ਮਾਨੁ ਨ ਪਾਇਆ।" — ਰਾਮ **੧**, ੮, ੪ : ੧ (878)

ਧਿਗੁ — ਲਾਹਨਤ/ਫਿਟਕਾਰ ਹੈ
"ਜੇ ਘਰਿ ਘਰਿ ਹੰਢੈ ਮੰਗਦਾ **ਧਿਗੁ** ਜੀਵਣੁ ਧਿਗੁ ਵੇਸੁ।" — ਬਿਹਾ **੪**, ਵਾਰ ੬, **੩**, ੧ : ੨ (550)

ਧਿਙਾਣਾ — ਧਰਾ, ਬੇਇਨਸਾਫੀ, ਅਨਿਆਏ
"ਹੋਵੈ ਪਰਵਾਣਾ ਕਰਹਿ **ਧਿਙਾਣਾ** ਕਲਿ ਲਖਣ ਵੀਚਾਰਿ।"
— ਰਾਮ **੧**, ਅਸ ੧, ੧* : ੨ (902)

ਹੋਰ ਰੂਪ — ਧਿਙਾਣੈ —
"ਤਉ ਕੜੀਐ ਜੇ ਕਿਛੁ ਹੋਇ **ਧਿਙਾਣੈ**।"
— ਭੈਰ **੪**, ੧੮, ੩ : ੨ (1140)

ਧਿਮਾਣੈ — ਧਿਆਨ ਵਿਚ, ਆਪਣੀ ਸੋਚ ਵਿਚ ਗਲਤਾਨ
"ਮੁਖਿ **ਧਿਮਾਣੈ** ਧਨ ਖੜੀ ਗੁਰਮੁਖਿ ਆਖੀ ਦੇਖੁ।"
— ਮਾਰੂ **੧**, ਅਸ ੩, ੫ : ੨ (1010)
(ਨੀਵਾਂ ਮੂੰਹ ਕਰਕੇ, ਉਦਾਸ ਸ਼ਕਲ ਵਿਚ (ਨਿਰਣੈ, ਦਰਪਣ)

ਧਿਰਾਂ — ਪੱਖ/ਤਰਫਦਾਰੀ ਕਰਨ ਵਾਲੇ, ਆਸਰਾ/ ਸਹਾਰਾ ਦੇਣ ਵਾਲੇ

"ਸਭੇ **ਧਿਰਾਂ** ਨਿਖੁਟੀਅਸੁ ਹਿਰਿ ਲਈਅਸੁ ਧਰ ਤੇ।" — ਗਉ **੪**, ਵਾਰ ੩੨ : ੬ (317)

ਧਿਰਿ — ਪਾਸੇ

"ਜਿਹ ਧਿਰਿ ਦੇਖਾ ਤਿਹ **ਧਿਰਿ** ਮਉਜੂਦੁ।"

— ਸਿਰੀ **੪**, ਵਾਰ ੪ਸ, **੧**, ੧ : ੮ (84)

"ਪਾਵ ਸੁਹਾਵੇ ਜਾਂ ਤਉ **ਧਿਰਿ** ਜੁਲਦੇ ਸੀਸੁ ਸੁਹਾਵਾ ਚਰਣੀ।" (ਵਲ)

— ਰਾਮ **੫**, ਵਾਰ ੧੫ਸ, **੫**, ੨ : ੧ (964)

ਧੀ — ਲੜਕੀ, ਬੇਟੀ

"ਹਲੁ ਜੋਤੈ ਉਦਮੁ ਕਰੇ ਮੇਰਾ ਪੁਤੁ **ਧੀ** ਖਾਇ।"

— ਗਉ **੪**, ੪੭, ੧ : ੨ (166)

ਧੀਅ — ਲੜਕੀ, ਬੇਟੀ

"ਪੁਤੁ ਜਿਨੂਰਾ **ਧੀਅ** ਜਿਨੂੰਰੀ ਜੋਰੂ ਜਿੰਨਾ ਦਾ ਸਿਕਦਾਰੁ।"

— ਬਿਹਾ **੪**, ਵਾਰ ੨੦ਸ, **੧**, ੧ : ੨ (556)

ਹੋਰ ਰੂਪ — **ਧੀਆ** —

"ਮਨਮੁਖੁ ਜਾਣੈ ਆਪਣੇ **ਧੀਆ** ਪੂਤ ਸੰਜੋਗੁ।"

— ਸਿਰੀ **੧**, ਅਸ ੧੫, ੩ : ੧ (63)

ਧੀਜਈ — ਧੀਰਜ ਫੜਦੇ

"ਤ੍ਰਿਸਨਾ ਹੋਈ ਬਹੁਤੁ ਕਿਵੈ ਨ **ਧੀਜਈ**।"

— ਮਲਾ **੧**, ਵਾਰ ੧੭ : ੫ (1285)

ਹੋਰ ਰੂਪ — **ਧੀਜਏ** —

"ਤੁਧੁ ਬਾਝੁ ਇਕੁ ਤਿਲੁ ਰਹਿ ਨ ਸਾਕਾ ਕਹਿਣ ਸੁਨਣਿ ਨ **ਧੀਜਏ**।"

— ਆਸਾ **੧**, ਛੰਤ ੧, ੨ : ੫ (436)

ਧੀਜੀਐ — ਧੀਰਜ ਫੜੀਏ

"ਚਲ ਚਿਤ ਬਿਤ ਅਨਿਤ ਪ੍ਰਿਅ ਬਿਨੁ ਕਵਨ ਬਿਧੀ ਨ **ਧੀਜੀਐ**।"

— ਬਿਹਾ **੫**, ਛੰਤ ੨, ੨ : ੩ (543)

ਧੀਜੈ — ਕਰੇ, ਧਰੇ

"ਅੰਤਰਿ ਪੰਚ ਅਗਨਿ ਕਿਉ ਧੀਰਜੁ **ਧੀਜੈ**।"

— ਰਾਮ **੧**, ਅਸ ੫, ੪ : ੧ (905)

"ਹਰਿ ਦਰਸਨ ਕੈ ਜਨ ਮੁਕਤਿ ਨ ਮਾਂਗਹਿ, ਮਿਲਿ ਦਰਸਨ ਤ੍ਰਿਪਤਿ ਮਨੁ **ਧੀਜੈ**।"

— ਕਲਿ **੪**, ਅਸ ੨, ੧ : ੨ (1324)

ਧੀਠਾ — 1. ਠਹਿਰਿਆ ਹੋਇਆ, ਜੰਮਿਆ ਹੋਇਆ, ਕਾਇਮ ਹੋਇਆ

"ਨਾਨਕ ਨਾਮੁ ਧਿਆਇ ਧਿਆਇ ਜੀਵੈ ਬਿਨਸਿਆ ਭ੍ਰਮੁ ਭਉ **ਧੀਠਾ** ਜੀਉ।"

— ਮਾਝ **੫**, ੪੯, ੪ : ੩ (109)

2. ਢੀਠ, ਨਿਰਲਜ

"ਇਸੁ ਗੜ ਮਹਿ ਹਰਿ ਰਾਮ ਰਾਇ ਹੈ ਕਿਛੁ ਸਾਦੁ ਨ ਪਾਵੈ **ਧੀਠਾ**।"

— ਗਉ **੪**, ੬੧, ੧ : ੧ (171)

ਧੀਨ — ਅਧੀਨ, ਤਾਬਿਆਦਾਰ

"ਤਿਸ ਹੀ ਕੋ ਗ੍ਰਿਹੁ ਸੋਈ ਪ੍ਰਭੁ ਨਾਨਕ ਸੋ ਠਾਕੁਰੁ ਤਿਸ ਹੀ ਕੋ **ਧੀਨ**।"

— ਟੋਡੀ **੫**, ੨੦, ੨ : ੨ (716)

ਧੀਰ — 1. ਧੀਰਜ, ਸ਼ਾਂਤੀ, ਟਿਕਾਉ

"ਸਚੀ ਸੰਗਤਿ ਬੈਸਣਾ ਸਚਿ ਨਾਮਿ ਮਨੁ **ਧੀਰ**।"

— ਸਿਰੀ **ਵ**, ਅਸ ੨੫, ੧ : ੩ (69)

(ਮਹਾਨਕੋਸ਼ ਅਰਥ 'ਧੀਰਜਵਾਲਾ' ਕਰਦਾ ਹੈ)

2. ਧੀਰਤ੍ਵ, ਧੀਰਜ ਦਾ ਭਾਵ

"ਨਾਨਕ ਭਗਤ ਆਨੰਦ ਮੈ ਪੇਖਿ ਪ੍ਰਭ ਕੀ **ਧੀਰ**।"

— ਬਿਲਾ **੫**, ੨੨, ੨ : ੨ (819)

3. ਧੀਰਜ ਵਾਨ

"ਸਾ ਮਤਿ ਨਿਰਮਲ ਕਹੀਅਤ **ਧੀਰ**।" (ਭਾਵ ਪਕੀ, ਦ੍ਰਿੜ)

— ਗਉ **੫**, ੧੬੧, ੧ : ੧ (198)

"ਖਲ ਮੁਗਧ ਮੂੜ ਕਟਾਖ੍ਯ ਸ੍ਰੀਧਰ ਭਏ ਗੁਣ ਮਤਿ **ਧੀਰ**।" — ਗੂਜ **੫**, ਅਸ ੨, ੬ : ੨ (508)

"ਤੁਮ ਗੰਭੀਰ **ਧੀਰ** ਉਪਕਾਰੀ ਹਮ ਕਿਆ ਬਪੁਰੇ ਜੰਤਰੀਆ।"— ਸਾਰ **੫**, ੪੫, ੨ : ੧ (1213)

4. ਧੀਰਜ/ਹੌਂਸਲਾ ਦੇਣ ਵਾਲੀ

"ਮਿਲੁ ਮਿਲੁ ਸਖੀ ਗੁਣ ਕਹੁ ਮੇਰੇ ਪ੍ਰਭ ਕੇ ਲੇ ਸਤਿਗੁਰ ਕੀ ਮਤਿ **ਧੀਰ**।"

— ਗੋਂਡ **੫**, ੬, ੩ : ੧ (862)

5. ਠਹਿਰ/ਟਿਕ ਸਕਨਾ

"ਵਾਰੀ ਆਪੋ ਆਪਣੀ ਕੋਇ ਨ ਬੰਧੈ **ਧੀਰ**।"

— ਰਾਮ **੧**, ਓਅੰ ੪੪ : ੨ (936)

"ਕੰਧੀ ਉਤੈ ਰੁਖੜਾ ਕਿਚਰਕੁ ਬੰਨੈ **ਧੀਰ**।"

— ਸਲੋ **ਫਰੀਦ**, ੧੯੬ : ੧ (1382)

6. ਆਸਰਾ, ਹੌਂਸਲਾ
"ਜਾ ਕਉ ਭਈ ਤੁਮਾਰੀ **ਧੀਰ**।"
— ਨਟ **੫**, ੩, ੧* : ੧ (978)
"ਜੈਸੀ ਦਾਸੇ **ਧੀਰ** ਮੀਰ।"
— ਬਸੰ **੫**, ੬, ੧ : ੩ (1181)

ਧੀਰਉ — ਧੀਰਜ ਆਉਣੀ, ਸ਼ਾਂਤੀ ਵਿਚ ਆਉਣਾ
"**ਧੀਰਉ** ਸੁਨਿ ਧੀਰਉ ਪ੍ਰਭ ਕਉ।"
— ਜੈਤ **੫**, ੩, ੧*;੧ (700)

ਧੀਰਏ — ਧੀਰਜ ਫੜੇ
"ਚਲਤਾ ਤੁਮਾਰੇ ਦੇਖਿ ਮੋਹੀ ਉਦਾਸ ਧਨ ਕਿਉ **ਧੀਰਏ**।" — ਗਉ **੫**, ਛੰਤ ੧, ੨ : ੩ (247)

ਧੀਰਹਿ — ਧੀਰਜ ਕਰਦੇ, ਧੀਰਜ ਵਿਚ ਆਉਂਦੇ ਭਾਵ ਚੁਪ ਕਰਦੇ
"ਪੜੇ ਰੇ ਸਗਲ ਬੇਦ ਨਹ ਚੂਕੈ ਮਨ ਭੇਦ ਇਕੁ ਖਿਨੁ ਨ **ਧੀਰਹਿ** ਮੇਰੇ ਘਰ ਕੇ ਪੰਚਾ।"
— ਧਨਾ **੫**, ਅਸ ੧, ੩ : ੧ (687)

ਧੀਰਕ — ਧੀਰਜ, ਹੌਂਸਲਾ ਬਨ੍ਹਾਣਾ
"ਭਾਵੈ **ਧੀਰਕ** ਭਾਵੈ ਧਕੇ ਏਕ ਵਡਾਈ ਦੇਇ।"
— ਆਸਾ **੧**, ੩, ੧ : ੨ (349)
"ਜਾ ਕੀ **ਧੀਰਕ** ਇਸੁ ਮਨਹਿ ਸਧਾਰੇ।" (ਧੀਰਜ)
— ਸੂਹੀ **੫**, ੧੩, ੩ : ੨ (739)

ਧੀਰਜ — ਸ਼ਾਂਤੀ, ਟਿਕਾਉ
"**ਧੀਰਜ** ਮਨਿ ਭਏ ਹਾਂ।"
— ਆਸਾ **੫**, ੧੬੨, ੧* : ੫ (410)

ਹੋਰ ਰੂਪ — ਧੀਰਜੁ —
"ਜਤੁ ਪਾਹਾਰਾ **ਧੀਰਜੁ** ਸੁਨਿਆਰ।" (ਮਨ ਦੀ ਟਿਕਾਓ ਵਾਲੀ ਅਵਸਥਾ)
— ਜਪੁ **੧**, ੩੮ : ੧ (8)
"ਕਰਿ ਕਿਰਪਾ ਸੰਤ ਮਿਲੇ ਮੋਹਿ ਤਿਨ ਤੇ **ਧੀਰਜੁ** ਪਾਇਆ।" (ਸ਼ਾਂਤੀ, ਟਿਕਾਓ)
— ਗਉ **੫**, ੧੨੫, ੩ : ੧ (206)

ਧੀਰਨਿ — ਧੀਰਜ/ਸਬਰ ਕਰਨ
"ਵੈਸਾਖਿ **ਧੀਰਨਿ** ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ।" — ਮਾਝ **੫**, ਬਾਰਾ ੩ : ੧ (133)

ਧੀਰਾ — ਧੀਰਜਵਾਨ/ਧੀਰਜ ਵਾਲਾ ਹੋਇਆ
"ਤਿਸਹਿ ਅਰਾਧਿ ਮੇਰਾ ਮਨੁ **ਧੀਰਾ**।"
— ਮਾਝ **੫**, ੧੧੨, ੧ : ੨ (202)
"ਲਾਲਿ ਰਤਾ ਮੇਰਾ ਮਨੁ **ਧੀਰਾ**।" (ਧੀਰਜਵਾਨ ਹੋਇਆ, ਟਿਕ ਗਿਆ)
— ਆਸਾ **੧**, ੧੭, ੩ : ੪ (354)

2. ਧੀਰਜ, ਦਿਲਾਸਾ
"ਕਾਲੁ ਨ ਛੋਡੈ ਬਿਨੁ ਸਤਿਗੁਰ ਕੀ **ਧੀਰਾ**।"
— ਗਉ **੧**, ਅਸ ੧੪, ੭ : ੩ (217)

3. ਧੀਰਜਵਾਨ, ਧੀਰਜਵਾਲਾ
"ਨੀਚਿ ਨੀਚਿ ਮਨੁ ਕੀਆ **ਧੀਰਾ**।"
— ਗਉ **ਕਬ**, ਬਾਅ ੧੮ : ੨ (341)

4. ਕਾਇਮ ਰਹਿਣ ਵਾਲਾ, ਸਥਿਰ ਰਹਿਣ ਵਾਲਾ
"ਗੁਰ ਪਰਸਾਦੀ ਪਾਈਐ ਨਿਹਚਲ ਧਨੁ **ਧੀਰਾ**।" (ਧੀਰਜ ਵਾਲਾ ਭਾਵ ਕਾਇਮ ਰਹਿਣ ਵਾਲਾ ਧਨ)
— ਗੂਜ **੩**, ਵਾਰ ੭ : ੩ (511)
"ਧਰਮ **ਧੀਰਾ** ਕਲਿ ਅੰਦਰੇ ਇਹੁ ਪਾਪੀ ਮੂਲਿ ਨ ਤਗੈ।" (ਕਲਜੁਗ ਵਿਚ ਧਰਮ ਹੀ ਕਾਇਮ ਰਹਿੰਦਾ ਹੈ)
— ਮਾਰੂ **੫**, ਵਾਰ ੧੧ : ੨ (1098)

ਧੀਰਿ — ਧੀਰਜ ਦੁਆਰਾ
"ਪ੍ਰੇਮ ਪਦਾਰਥੁ ਪਾਈਐ ਗੁਰ ਭਗਤੀ ਮਨ **ਧੀਰਿ**।"
— ਆਸਾ **੩**, ਅਸ ੩੬, ੬ : ੨ (429)

ਧੀਰਿਓ — ਟਿਕਿਆ ਹੈ
"ਕਵਨ ਥਾਨ **ਧੀਰਿਓ** ਹੈ ਨਾਮਾ ਕਵਨ ਬਸਤੁ ਅਹੰਕਾਰਾ।" — ਮਾਰੂ **੫**, ੪, ੧ : ੧ (999)

ਧੀਰਿਆ — ਹੌਂਸਲੇ ਵਿਚ ਆਇਆ, ਟਿਕਾਓ ਵਿਚ ਆਇਆ
"ਛੈਲ ਲੰਘੰਦੇ ਪਾਰਿ ਗੋਰੀ ਮਨੁ **ਧੀਰਿਆ**।"
— ਆਸਾ **ਫਰ**, ੨, ੪ : ੧ (488)

ਧੀਰੀਐ — ਧੀਰਜ ਫੜੀਏ, ਹੌਂਸਲੇ ਵਿਚ ਆਵੀਏ
"ਦੂਜੀ ਨਾਹੀ ਜਾਇ ਕਿਨਿ ਬਿਧਿ **ਧੀਰੀਐ**।"
— ਗਉ **੫**, ਵਾਰ ੧੬ਸ, **੫**, ੨ : ੨ (322)

ਧੀਰੀਜੈ — ਧੀਰਜ ਕਰਦੀਆਂ, ਸਾਂਤੀ/ਟਿਕਾਓ ਵਿਚ ਆਉਂਦੀਆਂ
"ਨੈਨ ਹਮਾਰੇ ਪ੍ਰਿਅ ਰੰਗ ਰੰਗਾਰੇ ਇਕੁ ਤਿਲੁ ਭੀ ਨਾ **ਧੀਰੀਜੈ**।"
— ਜੈਤ **੫**, ਛੰਤ ੧, ੧ : ੪ (703)

ਧੀਰੁ — 1. ਧੀਰਜਵਾਨ, ਧੀਰਜਵਾਲਾ
"ਜਾਤਿ ਜੁਲਾਹਾ ਮਤਿ ਕਾ **ਧੀਰੁ**।"
— ਗਉ **ਕਬ**, ੨੬, ੩ : ੧ (328)
2. ਸਹਾਰਾ
"ਧ੍ਰੰਮ **ਧੀਰੁ** ਗੁਰਮਤਿ ਗਭੀਰੁ ਪਰ ਦੁਖ ਬਿਸਾਰਣੁ।"
— ਸਵ **੫**, ਕਲ ੭ : ੧ (1407)

ਧੀਰੇ — ਧੀਰਜ ਵਿਚ ਆਉਂਦਾ, ਟਿਕਦਾ, ਸ਼ਾਂਤ ਹੁੰਦਾ
"ਹਰਿ ਜਪਿ ਜਪੇ ਮਨੁ **ਧੀਰੇ**।"
— ਮਾਝ **੫**, ਅਸ ੩੯, ੧* : ੧ (132)

ਧੀਰੇਉ — ਧੀਰਜ ਪਕੜੇ, ਟਿਕਾਓ/ਸ਼ਾਂਤੀ ਵਿਚ ਆਵੇ
"ਸਾ ਧਨ ਢੋਈ ਨ ਲਹੈ ਵਾਢੀ ਕਿਉ **ਧੀਰੇਉ**।"
— ਮਾਰੂ **੧**, ਅਸ ੯, ੧ : ੨ (1014)

ਧੀਰੈ — ਧੀਰਜ ਫੜਦਾ
"ਮਾਈ ਕਹਾ ਕਰਉ ਇਹੁ ਮਨੁ ਨ **ਧੀਰੈ**।"
— ਆਸਾ **੫**, ੧੧, ੧* : ੧ (373)
"ਕਿਨ ਬਿਧਿ ਹੀਅਰੋ **ਧੀਰੈ** ਨਿਮਾਨੋ।" (ਧੀਰਜ ਪਕੜੇ, ਹੌਂਸਲਾ ਕਰੇ)
— ਸੂਹੀ **੫**, ੫, ੧* : ੧ (737)

ਧੀਰੋਦਿ — ਧੀਰਜ ਆਉਣਾ
"ਬਾਝੁ ਪਿਆਰੇ ਆਪਣੇ ਬਿਰਹੀ ਨਾ **ਧੀਰੋਦਿ**।"
— ਮਾਰੂ **੫**, ਵਾਰ ੧੮ਸ, **੫**, ੩ : ੨ (1100)

ਧੁਹਿ — ਠੱਗ/ਧੋਖਾ ਦੇ ਗਈ, ਧ੍ਰੋਹ ਕਮਾ ਗਈ
"ਵੇਖਦਿਆਂ ਹੀ ਮਾਇਆ **ਧੁਹਿ** ਗਈ ਪਛੁਤਹਿ ਪਛੁਤਾਇਆ।"
— ਸਾਰ **੪**, ਵਾਰ ੨੧ : ੪ (1245)

ਧੁਹੈ — ਧ੍ਰੋਹ ਕਰਦਾ, ਧੋਖਾ ਦੇਂਦਾ
"ਅੰਤਿ ਕਾਲਿ ਤਿਥੈ **ਧੁਹੈ** ਜਿਥੈ ਹਥੁ ਨ ਪਾਇ।"
— ਸਲੋ **੩**, ੪੦ : ੨ (1417)

ਧੁਕਣੁ — ਦੌੜਨਾ, ਛਾਲਾਂ ਮਾਰਨਾ
"ਫਰੀਦਾ ਕੋਠੇ **ਧੁਕਣੁ** ਕੇਤੜਾ ਪਿਰ ਨੀਦੜੀ ਨਿਵਾਰਿ।" — ਸਲੋ **ਫਰ**, ੫੬ : ੧ (1380)

ਧੁਖਾਂ — ਸੁਲਗਣਾ, ਹੌਲੀ ਹੌਲੀ ਬਲਣਾ
"**ਧੁਖਾਂ** ਜਿਉ ਮਾਂਲੀਹ ਕਾਰਣਿ ਤਿੰਨ੍ਹਾ ਮਾ ਪਿਰੀ।"
— ਸਲੋ **ਫਰ**, ੮੨ : ੨ (1382)

ਧੁਖਿ — ਜਲਣ ਮਹਿਸੂਸ ਕਰ ਕੇ, ਭਾਵ ਥਕ ਕੇ
"ਫਰੀਦਾ ਰਾਤੀ ਵਡੀਆਂ **ਧੁਖਿ ਧੁਖਿ** ਉਠਨਿ ਪਾਸ।" — ਸਲੋ **ਫਰ**, ੨੧ : ੧ (1378)

ਧੁਖੀ — ਧੁਖਦੀ, ਬਲਦੀ
"ਸਾਂਤਿ ਪਾਵਹਿ ਹੋਵਹਿ ਮਨ ਸੀਤਲ ਅਗਨਿ ਨ ਅੰਤਰਿ **ਧੁਖੀ**।"— ਸੋਰ **੫**, ੩੦, ੨ : ੧ (617)

ਧੁਖੁ — ਧੁਖਣਾ, ਤਪਣਾ
"ਨਾਨਕ ਸਰਨਿ ਗਹੀ ਸੁਖ ਸਾਗਰ ਜਨਮ ਮਰਨ ਫਿਰਿ ਗਰਭ ਨ **ਧੁਖੁ**।"
— ਟੋਡੀ **੫**, ੨੯, ੨ : ੨ (718)

ਧੁਜਾ — ਝੰਡਾ
"ਜਿਸੁ ਧੀਰਜੁ ਧੁਰਿ ਧਵਲੁ **ਧੁਜਾ** ਸੇਤਿ ਬੈਕੁੰਠ ਬੀਣਾ।" — ਸਵ **੩**, ੭ : ੨ (1393)

ਧੁਣੈ — ਹਿਲਾਏ
"ਹਾਥ ਪਛੋੜੈ ਸਿਰੁ **ਧੁਣੈ** ਜਬ ਰੈਣਿ ਵਿਹਾਣੀ।" (ਪਛਤਾਵੇ ਵਿਚ ਸਿਰ ਹਿਲਾਵੈ)
— ਤਿਲੰ **੧**, ਅਸ ੧, ੨ : ੨ (725)

ਧੁੰਧਰਾਵਾ — ਉਜਾੜ ਦਿੱਤਾ, ਧੂੜ ਉਡਾ ਦਿੱਤੀ
"ਇਨ੍ਹ ਮੁੰਡੀਅਨ ਮੇਰਾ ਘਰੁ **ਧੁੰਧਰਾਵਾ**।"
— ਆਸਾ **ਕਬ**, ੩੩, ੧* : ੧ (484)

ਧੁੰਧਲਾ — ਧੁੰਧ ਰੰਗਾ, ਦੁਧੀਆ ਕਾਸ਼ਨੀ
"ਨਾ ਮੈਲਾ ਨਾ **ਧੁੰਧਲਾ** ਨਾ ਭਗਵਾ ਨਾ ਕਚੁ।
ਨਾਨਕ ਲਾਲੋ ਲਾਲੁ ਹੈ ਸਚੈ ਰਤਾ ਸਚੁ।"
— ਮਾਰੂ **੩**, ਵਾਰ ੮ਸ, **੧**, ੧ : ੧ (1089)

ਧੁੰਧਿ — ਇਕ ਨੇਤ੍ਰ ਰੋਗ ਜਿਸ ਕਾਰਨ ਧੁੰਧਲਾ ਨਜ਼ਰ ਆਉਂਦਾ ਹੈ
"ਨੇਤ੍ਰੀ **ਧੁੰਧਿ** ਕਰਨ ਭਏ ਬਹਰੇ ਮਨਮੁਖਿ ਨਾਮੁ ਨ ਜਾਨੀ।" — ਭੈਰ **੧**, ੪, ੧ : ੨ (1126)

ਧੁੰਧੂਕਾਰਾ — (ਸੰ. ਧ੍ਵਾਂਤਮ੍) ਹਨੇਰਾ
"ਅਰਬਦ ਨਰਬਦ **ਧੁੰਧੂਕਾਰਾ**।"
— ਮਾਰੂ **੧**, ਸੋਲਾ ੧੫, ੧ : ੧ (1035)

ਧੁੰਧੂਕਾਰਿ — ਹਨੇਰੇ ਵਿਚ
"**ਧੁੰਧੂਕਾਰਿ** ਨਿਰਾਲਮੁ ਬੈਠਾ ਨਾ ਤਦਿ ਧੰਧੁ ਪਸਾਰਾ ਹੇ।" — ਮਾਰੂ **੧**, ਸੋਲਾ ੭, ੧ : ੩ (1026)

ਧੁੰਧੂਕਾਰੇ — ਹਨੇਰੇ ਵਿਚ
"ਖੇਲੁ ਤਮਾਸਾ **ਧੁੰਧੂਕਾਰੇ**।"
— ਮਾਰੂ **੧**, ਸੋਲਾ ੩, ੯ : ੨ (1023)

ਹੋਰ ਰੂਪ — ਧੁੰਧੂਕਾਰੈ —
"ਕੇਤੜਿਆ ਜੁਗ **ਧੁੰਧੂਕਾਰੈ**।" (ਹਨੇਰੇ ਵਿਚ)
— ਮਾਰੂ **੧**, ਸੋਲਾ ੪, ੨ : ੧ (1023)

ਧੁੰਧੂਕਾਰੋ —
"ਏਕੈ ਪਰਗਟੁ ਏਕੈ ਗੁਪਤਾ ਏਕੈ **ਧੁੰਧੂਕਾਰੋ**।" (ਧੁੰਧੂਕਾਰ ਅਵਸਥਾ ਵਿਚ)
— ਸਾਰ **੫**, ੫੪, ੨ : ੧ (1215)

ਧੁਨਾ — ਧੁਨੀ, ਨਾਦ
"ਹਰਿ ਕੀਰਤਨ ਮਹਿ ਊਤਮ **ਧੁਨਾ**।"
— ਬਸੰ **੫**, ੮, ੪ : ੩ (1182)

ਧੁਨਿ — 1. ਧੁਨੀ, ਨਾਦ, ਸੁਰ
"ਨਾਨਕ ਤੇ ਮੁਖ ਉਜਲੇ **ਧੁਨਿ** ਉਪਜੈ ਸਬਦੁ ਨੀਸਾਣੁ।" — ਸਿਰੀ **੧**, ੨੨, ੪ : ੩ (22)
"ਸਚੀ ਬਾਣੀ ਸਚੁ **ਧੁਨਿ** ਸਚੁ ਸਬਦੁ ਵੀਚਾਰਾ।"
— ਵਡ **੩**, ਅਸ ੧, ੧ : ੧ (564)

2. ਸ਼ਬਦ
"ਗਿਆਨੁ ਧਿਆਨੁ **ਧੁਨਿ** ਜਾਣੀਐ ਅਕਥੁ ਕਹਾਵੈ ਸੋਇ।" (ਗਿਆਨ ਧਿਆਨ ਗੁਰੂ ਦੇ ਸਬਦ ਤੋਂ ਹੀ ਜਾਣੇ ਜਾਂਦੇ ਹਨ)
— ਸਿਰੀ **੧**, ਅਸ ੧੦, ੨ : ੧ (59)

3. ਲਗਨ, ਚਾਓ
"ਤ੍ਰਿਕੁਟੀ ਦੇਹ ਦੇਖਿ **ਧੁਨਿ** ਉਪਜੈ ਮਾਨ ਕਰਤ ਨਹੀ ਬੂਝੈ।"
— ਸਿਰੀ **ਬੇਣੀ**, ੧, ੫ : ੧ (93)
"ਸਹਜ ਸਮਾਧਿ **ਧੁਨਿ** ਗਹਿਰ ਗੰਭੀਰਾ।" (ਸਹਿਜ ਸਮਾਧੀ ਦੀ ਲਗਨ ਵਾਲਾ)
— ਰਾਮ **੫**, ੨੬, ੨ : ੨ (891)

4. ਜੀਵਨ ਰੌ, ਵਹਾਓ ਰਉਂ
"ਜੇਤਾ ਸ਼ਬਦ ਸੁਰਤਿ **ਧੁਨਿ** ਤੇਤੀ ਜੇਤਾ ਰੂਪੁ ਕਾਇਆ ਤੇਰੀ।"
— ਆਸਾ **੧**, ੫, ੧ : ੧ (350)

5. ਆਵਾਜ਼
"ਕਰਨਹੁ ਮਧੁ ਬਾਸੁਰੀ ਬਾਜੈ ਜਿਹਵਾ **ਧੁਨਿ** ਆਗਾਜਾ।" (ਆਵਾਜ ਪ੍ਰਗਟ ਹੁੰਦੀ ਹੈ)
— ਰਾਮ **੫**, ੭, ੧ : ੨ (884)

6. ਭਾਵ ਉਚਾਰਨਾ, ਧੁਨੀ ਦੇਣੀ
"ਅਨਿਕ ਬ੍ਰਹਮੇ ਜਾ ਕੇ ਬੇਦ **ਧੁਨਿ** ਕਰਹਿ।"
— ਸਾਰ **੫**, ਅਸ ੨, ੩ : ੧ (1235)

ਧੁਨਿਕਾਰ — ਇਕਰਸ ਧੁਨੀ
"ਪੰਚ ਸਬਦ **ਧੁਨਿਕਾਰ** ਧੁਨਿ ਤਹ ਬਾਜੈ ਸਬਦੁ ਨੀਸਾਣੁ।"
— ਮਲਾ **੧**, ਵਾਰ ੨੭ਸ, ੭, ੧ : ੨ (1291)

ਧੁਨਿਤ — ਅਲਾਪਿਆ/ਵਜਾਇਆ ਹੋਇਆ
"ਅਨਿਕ ਗੁਨਿਤ **ਧੁਨਿਤ** ਲਲਿਤ ਅਨਿਕ ਧਾਰ ਮੁਨੀ।" — ਭੈਰ **੫**, ੫੭, ੧ : ੨ (1153)

ਧੁਨੀ — 1. ਨਾਦ, ਸੰਗੀਤ
"ਅਨਹਦ **ਧੁਨੀ** ਦਰਿ ਵਜਦੇ ਦਰਿ ਸਚੈ ਸੋਭਾ ਪਾਇ।" — ਸਿਰੀ **੪**, ੭੦, ੩ : ੩ (42)

2. ਅਲਾਪੀ, ਗਾਈ
"ਸੋਰਠਿ ਗੋਂਡ ਮਲਾਰੀ **ਧੁਨੀ**।"
— ਰਾਗੁ ੧ : ੫੧ (1430)

ਧੁਨੀਐ — 1. ਵਜਾਈ ਦੇ (ਕੇਵਲ ਸ਼ਬਦਾਰਥ)
"ਅਨਹਦ ਚੋਜ ਭਗਤ ਭਵ ਭੰਜਨ ਅਨਹਦ ਵਾਜੇ **ਧੁਨੀਐ** ਰਾਮ।"
— ਸੂਹੀ **੫**, ਛੰਤ ੯, ੪ : ੨ (783)
('ਨਿਰਣੈ' ਤੇ ਦਰਪਣ ਇਸ ਦੇ ਅਰਥ 'ਧੁਨੀ' ਹੀ ਕਰਦੇ ਹਨ)

2. ਧੁਨੀ ਵਾਲਾ, ਸੁਰ ਵਾਲਾ
"ਸੋਹਿਲੜਾ ਪ੍ਰਭ ਸੋਹਿਲੜਾ ਅਨਹਦ **ਧੁਨੀਐ** ਸੋਹਿਲੜਾ।"
— ਰਾਮ **੫**, ਛੰਤ ੧, ੪ : ੨ (924)

ਧੁਨੇ — ਉਚਾਰਣ ਕੀਤੇ
"ਨਹੀ ਤੁਲਿ ਗੋਬਿਦ ਨਾਮ **ਧੁਨੇ**।"
— ਸਾਰ **੫**, ੧੩੧, ੧ : ੩ (1229)

ਧੁਨੈ — ਧੁਨੀ
"ਜਾਸੁ ਜਪਤ ਸੁਣਿ ਅਨਹਤ **ਧੁਨੈ**।"
— ਗਉ **੧**, ਅਸ ੨, ੭ : ੨ (236)

ਧੁੰਮਸ — ਸ਼ੋਰ, ਰੌਲਾ
"ਬਾਰਿ ਵਿਡਾਨੜੈ ਹੁੰਮਸ **ਧੁੰਮਸ** ਕੂਕਾ ਪਈਆ ਰਾਹੀ।"
— ਗੂਜ **੫**, ਵਾਰ ੧੦ਸ, **੫**, ੧ : ੧ (520)

ਧੁਰ — 1. ਪ੍ਰਧਾਨ ਸਥਾਨ ਮੁਖ ਸਥਾਨ, ਕੇਂਦਰ ਭਾਵ ਵਾਹਿਗੁਰੂ ਦੇ ਦਰੋਂ ਘਰੋਂ
"**ਧੁਰ** ਤੇ ਕਿਰਪਾ ਕਰਹੁ ਆਪਿ ਤਉ ਹੋਇ ਮਨਹਿ ਪਰਗਾਸੁ।" — ਗਉ **੫**, ਬਾਅ ੩੫ : ੨ (257)

"ਸਾਟੀ ਕਾਰ ਕਮਾਵਣੀ **ਧੁਰ** ਕੀ ਫੁਰਮਾਈ।" (ਪ੍ਰਭੂ ਦੇ ਦਰ ਤੋਂ)
— ਆਸਾ **੧**, ਅਸ ੧੭, ੭ : ੧ (420)

"**ਧੁਰ** ਕੀ ਬਾਣੀ ਆਈ।" (ਹਰੀ ਦੀ ਦਰਗਾਹ ਤੋਂ) — ਸੋਰ **੫**, ੭੭, ੨ : ੧ (628)

2. ਆਰੰਭ, ਆਦਿ

"ਅਹੰਬੁਧਿ ਕਉ ਬਿਨਸਨਾ ਇਹ **ਧੁਰ** ਕੀ ਢਾਲ।" (ਆਦਿ ਦੀ ਮਰਯਾਦਾ)
— ਬਿਲਾ **੫**, ੨੯, ੧ : ੧ (807)

ਧੁਰਹ — ਧੁਰ ਤੋਂ

"ਸੁਰਿ ਨਰ ਸਾਧਿਕ ਸਿਧ ਸਿਖ ਸੇਵੰਤ **ਧੁਰਹ** ਧੁਰੁ।" — ਸਵ **੪**, ਸਲ ੨ : ੨ (1406)

ਹੋਰ ਰੂਪ — ਧੁਰਹੁ —

"**ਧੁਰਹੁ** ਵਿਛੁੰਨੀ ਕਿਉ ਮਿਲੈ ਗਰਬਿ ਮੁਠੀ ਬਿਲਲਾਇ।" (ਧੁਰ ਤੋਂ, ਦਰਗਾਹ ਤੋਂ)
— ਸਿਰੀ **੧**, ਅਸ ੧੨, ੨ : ੩ (60)

ਧੁਰੰਧਰੁ — ਧੂੜੀ ਧਾਰਨ ਕਰਨ ਵਾਲਾ ਭਾਗ ਜੋਗੀ

"ਸੋਈ **ਧੁਰੰਧਰੁ** ਸੋਈ ਬਸੁੰਧਰੁ ਹਰਿ ਏਕ ਪ੍ਰੇਮ ਰਸ ਪਾਗੈ।" — ਸਾਰ **੫**, ੯੦, ੧* : ੨ (1221)

ਧੁਰਾਹੁ — ਧੁਰ ਤੋਂ

"ਆਇਆ ਮਰਣੁ **ਧੁਰਾਹੁ** ਹਉਮੈ ਰੋਈਐ।"
— ਆਸਾ **੪**, ੬੪, ੧ : ੧ (369)

ਹੋਰ ਰੂਪ — ਧੁਰਾਹੂ —

"ਸਰਬ ਜੀਆ ਸਿਰਿ ਲੇਖੁ **ਧੁਰਾਹੂ** ਬਿਨੁ ਲੇਖੈ ਨਹੀ ਕੋਈ ਜੀਉ।"
— ਸੋਰ **੧**, ੧੧, ੧ : ੧ (598)

ਧੁਰਿ — ਧੁਰ ਤੋਂ, ਪ੍ਰਭੂ ਦਰਗਾਹ ਤੋਂ, ਧੁਰੋਂ

"ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ ਤਿਨ **ਧੁਰਿ** ਮਸਤਕਿ ਲਿਖਿਆ ਲਿਖਾਸਿ।"
— ਗੂਜ **੪**, ਸੋਦ ੪, ੪ : ੧ (10)

"ਨਾਨਕ ਸਹ ਪ੍ਰੀਤਿ ਨ ਜਾਇਸੀ ਜੋ **ਧੁਰਿ** ਛੋਡੀ ਸਚੈ ਪਾਇ।" (ਮੁੱਢ ਤੋਂ)
— ਸਿਰੀ **੪**, ਵਾਰ ਪਸ, **੩**, ੧ : ੪ (84)

ਧੁਰੁ — ਧੁਰ/ਮੁੱਢ ਤੋਂ

"ਸੁਰਿ ਨਰ ਸਾਧਿਕ ਸਿਧ ਸਿਖ ਸੇਵੰਤ ਧੁਰਹ **ਧੁਰੁ**।" — ਸਵ **੪**, ਸਲ ੨ : ੨ (1406)

ਧੁਰੇ — ਧੁਰ ਤੋਂ, ਆਦਿ ਤੋਂ

"ਸੋਈ ਵਰਤੈ ਜਗਿ ਜਿ ਕੀਆ ਤੁਧੁ **ਧੁਰੇ**।"
— ਗੂਜ **੫**, ਵਾਰ ੧੧ : ੨ (521)

"ਜੋ ਗੁਰ ਮੇਲਿ ਉਧਾਰਿਆ ਪਿਆਰੇ ਤਿਨ **ਧੁਰੇ** ਪਇਆ ਸੰਜੋਗੁ।" (ਦਰਗਾਹੋਂ)
— ਸੋਰ **੫**, ਅਸ ੨, ੩ : ੪ (641)

ਧੁਵੀਜੈ — ਧੁਆਓ, ਧੁਆਈਜੇ

"ਰਾਮਾ ਮੈ ਸਾਧੂ ਚਰਨ **ਧੁਵੀਜੈ**।"
— ਕਲਿ **੪**, ਅਸ ੫, ੧* : ੧ (1419)

ਧੂ — 1. ਧ੍ਰੂਹ ਭਗਤ

"ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ **ਧੂ** ਉਪਦੇਸ।"
— ਜਪੁ **੧**, ੩੫ : ੫ (7)

2. ਘੁਪ, ਬਹੁਤ ਡੂੰਘਾ

"ਕਲਿ ਵਿਚਿ **ਧੂ** ਅੰਧਾਰੁ ਸਾ ਚੜਿਆ ਰੈ ਭਾਣੁ।"
— ਰਾਮ **ਬਸ**, ੬ : ੮ (968)

ਧੂਉ — ਧੂੰਆ

"ਭਾਹਿ ਬਲੰਦੀ ਵਿਝਵੀ **ਧੂਉ** ਨ ਨਿਕਸਿਓ ਕਾਇ।"
— ਸਿਰੀ **੧**, ੧੪, ੧ : ੨ (19)

ਧੂਅ — ਧ੍ਰੂ ਭਗਤ

"ਜਹਾ ਜਹਾ **ਧੂਅ** ਨਾਰਦੁ ਟੇਕੇ ਨੈਕੁ ਟਿਕਾਵਹੁ ਮੋਹਿ।" — ਗੋਂਡ **ਨਾਮ**, ੩, ੨ : ੧ (874)

ਧੂੰਆ — ਬਲਦੀ ਅੱਗ ਦੀ ਲਾਟ ਤੋਂ ਉਪਰ ਵਾਰ ਜਾਂ ਧੁੱਖ ਰਹੀ ਅੱਗ ਵਿਚੋਂ ਉਠ ਰਹੇ ਅਣਬਲੀ ਗੈਸ ਜੋ ਕਾਲੇ ਨੀਲੇ ਤੇ ਸਲੇਟੀ ਰੰਗ ਦੇ ਹੁੰਦੇ ਹਨ

"ਬੁਝਿ ਗਈ ਅਗਨਿ ਨ ਨਿਕਸਿਓ **ਧੂੰਆ**।"
— ਆਸਾ **ਕਬ**, ੧੧, ੨ : ੧ (478)

ਧੂਈ — ਧੂਣੀ, ਅੱਗ ਧੁਖਾਣ ਦੀ ਥਾਂ

"ਦਇਆ ਫਾਹੁਰੀ ਕਾਇਆ ਕਰਿ **ਧੂਈ**।"
— ਆਸਾ **ਕਬ**, ੭, ੩ : ੧ (477)

ਧੂਏ — ਧੂੰਏ

"ਢੰਢੋਲਿਮੁ ਢੂਢਿਮੁ ਡਿਠੁ ਮੈ ਨਾਨਕ ਜਗੁ **ਧੂਏ** ਕਾ ਧਵਲਹਰੁ।"
— ਮਾਝ **੧**, ਵਾਰ ੧ਸ, **੧**, ੩ : ੫ (138)

ਧੂਹ — ਖਿਚ ਕੇ

"ਦਰਸ ਪਿਆਸ ਮੇਰਾ ਮਨੁ ਮੋਹਿਓ ਕਾਢੀ ਨਰਕ ਤੇ **ਧੂਹ**।" — ਸਾਰ **੫**, ੧੧੮, ੧ : ੨ (1227)

ਧੂਪ — 1. ਧੁਪ
"ਤਹ ਪਾਵਸ ਸਿੰਧੁ **ਧੂਪ** ਨਹੀ ਛਹੀਆ ਤਹ ਉਤਪਤਿ ਪਰਲਉ ਨਾਹੀ।"
— ਗਉ **ਕਬ**, ੪੮, ੧ : ੧ (333)
"**ਧੂਪ** ਛਾਵ ਜੇ ਸਮ ਕਰਿ ਜਾਣੈ।" (ਭਾਵ ਦੁਖ)
— ਰਾਮ **੧**, ਓਅੰ ੨੪ : ੩ (932)
2. ਚਮਕ, ਸ਼ੋਭਾ
"ਕੁਲ ਰੂਪ **ਧੂਪ** ਗਿਆਨਹੀਨੀ ਤੁਝ ਬਿਨਾ ਮੋਹਿ ਕਵਨ ਮਾਤ।"
— ਆਸਾ **੫**, ਛੰਤ ੧੪, ੧ : ੫ (462)
3. ਸੁਗੰਧ ਵਾਲਾ ਧੂੰਆ ਪੈਦਾ ਕਰਨ ਵਾਲੇ ਪਦਾਰਥ
"**ਧੂਪ** ਦੀਪ ਨਈ ਬੇਦਹਿ ਬਾਸਾ।"
— ਗੂਜ **ਰਵਿ**, ੧, ੩ : ੧ (525)
ਹੋਰ ਰੂਪ — ਧੂਪੁ —
"**ਧੂਪੁ** ਮਲ ਆਨਲੋ ਪਵਣੁ ਚਵਰੋ ਕਰੇ ਸਗਲ ਬਨ ਰਾਇ ਫੂਲੰਤ ਜੋਤੀ।"
— ਧਨਾ **੧**, ਸੋਹ ੩, ੧ : ੨ (13)
4. ਸੁਗੰਧ ਵਾਲੇ ਪਦਾਰਥਾਂ ਦਾਂ ਧੂੰਆਂ
"ਅਨਿਕ ਬਾਰ ਕਰਉ ਤਿਹ ਬੰਦਨ ਮਨਹਿ ਚਰ੍ਾਵਉ **ਧੂਪ**।"— ਜੈਤ **੫**, ੮, ੧:੨ (301)
"ਰੂਪ **ਧੂਪ** ਸੁਗੰਧਤਾ ਕਾਪਰ ਭੋਗਾਦਿ।"
— ਬਿਲਾ **੫**, ੩੮, ੨ : ੧ (810)
ਹੋਰ ਰੂਪ — ਧੂਪੁ —
"ਜੋ ਤਿਸੁ ਭਾਵੈ ਸੋ ਥੀਐ ਤੂ ਦੀਪਕੁ ਤੂ **ਧੂਪੁ**।"
— ਮਾਰੂ **੧**, ਅਸ ੩, ੭ : ੩ (1010)

ਧੂਪੈ — ਧੁਖਾ ਦੇਵੇ
"ਸੋ ਅਉਧੂਤੀ ਜੋ **ਧੂਪੈ** ਆਖ।"
— ਰਾਮ **੩**, ਵਾਰ ੧੨ਸ, **੧**, ੩ : ੧ (952)

ਧੂੰਮ — ਧੂੰਆਂ
"**ਧੂੰਮ** ਬਾਦਰ ਸਭਿ ਮਾਇਆ ਸਾਜ।"
— ਬਸੰ **੫**, ਅਸ ੨, ੨ : ੨ (1192)

ਧੂਮ — ਧੂਆਂ
"ਊਡਿ ਜਾਇਗੋ **ਧੂਮ** ਬਾਦਰੋ ਇਕੁ ਭਾਜਹੁ ਰਾਮੁ ਸਨੇਹੀ।" — ਸੋਰ **੫**, ੪, ੧* : ੨ (609)

ਧੂਮਾ ਧਾਮ — ਧੂਮਧਾਮ, ਰੌਣਕ, ਚਹਿਲ ਪਹਿਲ
"ਆਇ ਪਰੇ ਧਰਮ ਰਾਇ ਕੇ ਬੀਚਹਿ **ਧੂਮਾ ਧਾਮ**।"
— ਸਲੋ **ਫਰ**, ੧੪੨ : ੨ (1372)

ਧੂਰ — ਧੂੜ, ਗਰਦ
"ਨਾਮ ਬਿਹੂਨੇ ਨਾਨਕਾ ਹੋਤ ਜਾਤ ਸਭੁ **ਧੂਰ**।"
— ਗਉ **੫**, ਬਾਅ ੪ਸ, ੨ (251)

ਧੂਰਤੁ — ਧੂੜੀ ਧਾਰਨ ਕਰਨ ਵਾਲਾ ਭਾਵ ਜੋਗੀ
"**ਧੂਰਤੁ** ਸੋਈ ਜਿ ਧੁਰ ਕਉ ਲਾਗੈ।"
— ਸਾਰ **੫**, ੯੦, ੧* : ੧ (1221)

ਧੂਰਮ — ਧੂੜ ਰੂਪੀ ਧਰਤੀ, ਥਲ
"ਊਰਮ **ਧੂਰਮ** ਜੋਤਿ ਉਜਾਲਾ।"
— ਰਾਮ **੧**, ਓਅੰ ੮ : ੧ (930)

ਧੂਰਾ — 1. (ਚਰਣ) ਧੂੜੀ, ਧੂੜ, ਗਰਦ, ਖਾਕ
"ਵਾਰਿ ਵਾਰਿ ਜਾਈ ਲਖ ਵਰੀਆ ਦੇਹੁ ਸੰਤਨ ਕੀ **ਧੂਰਾ** ਜੀਉ।" — ਮਾਝ **੫**, ੧੮, ੧ : ੩ (99)
2. ਮਿਟੀ
"ਏਕਿ ਨਚਾਵਹਿ ਏਕਿ ਭਵਾਵਹਿ ਇਕਿ ਆਇ ਜਾਇ ਹੋਇ **ਧੂਰਾ**।"
— ਰਾਮ **੫**, ੭, ੪ : ੨ (885)

ਧੂਰਾਇ — ਧੂੜੀ
"ਅਠਸਠਿ ਮਜਨੁ ਸੰਤ **ਧੂਰਾਇ**।"
— ਆਸਾ **੫**, ੨੫, ੨ : ੨ (377)

ਧੂਰਾਵਾ — ਧੂੜ ਨਾਲ
"ਰਿਦਾ ਪੁਨੀਤ ਰਿਦੈ ਹਰਿ ਬਸਿਓ ਮਸਤ ਪੁਨੀਤ ਸੰਤ **ਧੂਰਾਵਾ**।"
— ਸਾਰ **੫**, ੩੯, ੧ : ੨ (1212)

ਧੂਰਿ — 1. ਧੂੜੀ
"ਤੀਰਥ ਵਰਤ ਲਖ ਸੰਜਮਾ ਪਾਈਐ ਸਾਧੂ **ਧੂਰਿ**।"
— ਸਿਰੀ **੫**, ੮੬, ੩ : ੧ (48)
ਹੋਰ ਰੂਪ — ਧੂਰੀ —
"ਅਠਸਠਿ ਮਜਨੁ ਚਰਨਹ **ਧੂਰੀ**।"
— ਗਉ **੧**, ਅਸ ੮, ੧* : ੨ (224)
2. ਮਿਟੀ
"ਬਹੁਤੁ ਸਿਆਣਪ ਲਾਗੈ **ਧੂਰਿ**।" (ਭਾਵ ਪਾਪਾਂ ਦੀ ਮੈਲ) — ਆਸਾ **੧**, ੧੩, ੧ : ੨ (352)
"ਇਕਿ ਰੰਗਿ ਰਾਤੇ ਇਕਿ ਮਰਿ **ਧੂਰਿ**।" (ਮਿਟੀ/ਖਾਕ)
— ਬਿਲਾ **੧**, ਥਿਤੀ ੬ : ੫ (839)

ਧੂਰੇ — ਧੂੜੀ
"ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ

ਸੰਤਨ ਕੀ **ਧੂਰੇ**।"

— ਗਉ **੫**, ਸੋਹ ੫, ੪ : ੨ (13)

ਧੂਲਿ — ਧੂੜ, ਰਜ

"ਧਧੈ **ਧੂਲਿ** ਪੜੈ ਮੁਖਿ ਮਸਤਕਿ ਕੰਚਨ ਭਏ ਮਨੂਰਾ।" — ਰਾਮ **੧**, ਓਅੰ ੩ : ੨ (930)

ਧੂੜ — 1. ਮਿੱਟੀ; ਗਰਦ

"ਨ ਭੀਜੈ ਕੇਤੇ ਹੋਵਹਿ **ਧੂੜ**।" (ਮਿਟੀ ਵਿਚ ਲਿਬੜਨ ਨਾਲ)

— ਸਾਰ **੪**, ਵਾਰ ੧੫, **੧**, ੨ : ੯ (1237)

ਧੂੜਾ — ਚਰਨਾਂ ਹੇਠਲੀ ਮਿਟੀ

"ਜਿਨ ਹਰਿ ਅਰਥਿ ਸਰੀਰੁ ਲਗਾਇਆ ਗੁਰ ਸਾਧੂ ਬਹੁ ਸਰਧਾ ਲਾਇ ਮੁਖਿ **ਧੂੜਾ**।"

— ਜੈਤ **੪**, ੬, ੩ : ੧ (698)

ਧੂੜਿ — 1. ਰਜ, ਧੂੜੀ, ਚਰਨ ਧੂੜ

"ਸੰਤ ਜਨਾਂ ਕੀ **ਧੂੜਿ** ਨਿਤ ਬਾਂਛਹਿ ਨਾਮੁ ਸਚੇ ਕਾ ਗਹਣਾ।" — ਮਾਝ **੫**, ੫੦, ੩ : ੩ (109)

ਹੋਰ ਰੂਪ — ਧੂੜੀ —

"ਮਾਘਿ ਮਜਨੁ ਸੰਗਿ ਸਾਧੂਆਂ **ਧੂੜੀ** ਕਰਿ ਇਸਨਾਨੁ।"

— ਮਾਝ **੫**, ਬਾਰਾ ੧੨ : ੧ (135)

2. ਗਰਦ, ਮਿੱਟੀ

"ਸੇ ਸਿਰ ਕਾਤੀ ਮੁੰਨੀਅਨਿ੍ ਗਲ ਵਿਚਿ ਆਵੈ **ਧੂੜਿ**।"

— ਆਸਾ **੧**, ਅਸ ੧੧, ੧ : ੨ (417)

"ਪਿਰ ਬਾਝੜਿਅਹੁ ਮੇਰੇ ਪਿਆਰੇ ਆਂਗਣਿ **ਧੂੜਿ** ਲੁਤੇ।"

— ਆਸਾ **੪**, ਛੰਤ ੨੧, ੪ : ੨ (452)

"ਜਿਨ ਤੂ ਵਿਸਰਹਿ ਪਾਰਬ੍ਰਹਮ ਸੁਆਮੀ ਸੇ ਤਨ ਹੋਏ **ਧੂੜਿ**।"

— ਸੋਰ **੫**, ਅਸ ੨, ੪ : ੨ (641)

ਧੇਣਵਾ — ਗਊਆ

"ਨਦੀਆ ਹੋਵਹਿ **ਧਣੇਵਾ** ਸੁੰਮ ਹੋਵਹਿ ਦੁਧੁ ਘੀਉ।"

— ਮਾਝ **੧**, ਵਾਰ ੬ਸ, **੧**, ੧ : ੧ (141)

ਧੇਣੁ — ਗਉ ਭਾਵ ਕਾਮਧੇਨੁ ਗਊ

"ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ **ਧੇਣੁ**।"

— ਸਿਰੀ **੧**, ੧੨, ੧* : ੨ (18)

ਧੇਨ — ਗਊ ਭਾਵ ਕਾਮਧੇਨ ਗਊ

"ਅੰਮ੍ਰਿਤ ਸਸੀਅ **ਧੇਨ** ਲਛਿਮੀ ਕਲਪਤਰ ਸਿਖਰਿ ਸੁਨਾਗਰ ਨਦੀ ਚੇ ਨਾਥੰ।"

— ਧਨਾ **ਤ੍ਰਿਲੋ** ੧, ੪ : ੧ (695)

ਧੇਨੁ — ਗਊ

"**ਧੇਨੁ** ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ।"

— ਮਾਝ **੫**, ਬਾਰਾ ੧ : ੩ (133)

"ਦੁਧ ਬਿਨੁ **ਧੇਨੁ** ਪੰਖ ਬਿਨੁ ਪੰਖੀ ਜਲ ਬਿਨੁ ਉਤਭੁਜ ਕਾਮਿ ਨਾਹੀ।"

— ਆਸਾ **੧**, ੧੯, ੧ : ੧ (354)

ਧੈਰੁ — ਧਾਵਣਾ (ਸ਼ਬਦਾਰਥ); ਵਿਆਕੁਲਤਾ, ਘਬਰਾਹਟ, ਚੰਚਲਤਾ, ਦੌੜ ਭੱਜ (ਕੋਸ਼) ਜੋਤਣ ਲਾਇਕ (ਮਹਾਨਕੋਸ਼); ਭਟਕਣਾ (ਨਿਰਣੈ, ਦਰਪਣ)

"ਜਨਮਿ ਮਰਣਿ ਨਹੀ ਧੰਧਾ **ਧੈਰੁ**।"

— ਰਾਮ **੧**, ਓਅੰ ੧੫ : ੨ (931)

ਧੋਇ — ਧੋ/ਸਾਫ/ਉਜਲੀ ਕਰ ਲਈਏ

"ਦੇ ਸਾਬੂਣੁ ਲਈਐ ਓਹੁ **ਧੋਇ**।"

— ਜਪੁ **੧**, ੨੦ : ੪ (4)

"ਨਿਜ ਘਰਿ ਮਹਲੁ ਪਛਾਣੀਐ ਨਦਰਿ ਕਰੇ ਮਲੁ **ਧੋਇ**।" (ਧੋ ਦੇਵੇ ਸਾਫ ਕਰ ਦੇਵੇ)

— ਸਿਰੀ **੧**, ੧੨, ੩ : ੩ (18)

"ਹਰਿ ਹਰਿ ਸਦਾ ਧਿਆਈਐ ਮਲੁ ਹਉਮੈ ਕਢੈ **ਧੋਇ**।" (ਧੋ ਕੇ)

— ਸਿਰੀ **੩**, ੩੮, ੧* : ੨ (28)

"ਹਮਰੇ ਕਪਰੇ ਨਿੰਦਕੁ **ਧੋਇ**।" (ਧੋਂਦਾ ਹੈ)

— ਗਉ **ਕਬ**, ੨੧, ੧ : ੪ (339)

ਧੋਈ — 1. ਧੋ ਦਿਤੀ

"ਹਰਿ ਗੁਣ ਗਾਣਿ ਮਿਲੈ ਮਲੁ **ਧੋਈ**।"

— ਗਉ **੧**, ੧੧, ੧* : ੨ (225)

2. ਧੋਂਦੀ ਹੈ

"ਸਗਲ ਸ੍ਰਿਸਟਿ ਉਆ ਕੇ ਚਰਨ ਮਲਿ **ਧੋਈ**।" (ਧੋਂਦੀ ਹੈ)

— ਆਸਾ **੫**, ੬੩, ੨ : ੨ (386)

3. ਧੋਤੀ ਹੋਈ

"ਕਬੀਰ ਐਸਾ ਜੰਤੁ ਇਕੁ ਦੇਖਿਆ ਜੈਸੀ **ਧੋਈ** ਲਾਖ।" — ਸਲੋ **ਕਬ**, ੧੩੯ : ੧ (1371)

ਧੋਈਐ — 1. ਪਾਣੀ ਨਾਲ ਸਾਫ ਕਰੀਏ/ਧੋ ਦੇਈਏ
"ਸੰਤ ਪਗ **ਧੋਈਐ** ਹਾਂ।"
— ਆਸਾ **੧**, ੧੬੧, ੧ : ੧ (410)
2. ਸਾਫ/ਪਵਿੱਤਰ/ਉਜਲੇ ਕਰੀਏ
"ਕਬਹੂ ਮੈਲੁ ਭਰੇ ਅਭਿਮਾਨੀ ਕਬ ਸਾਧੂ ਸੰਗਿ **ਧੋਈਐ**।" — ਦੇਵ **੫** , ੨, ੧ : ੨ (528)

ਧੋਏ — 1. ਧੋ ਦਿਤੇ
"ਸਾਧ ਕੈ ਸੰਗਿ ਕਿਲਬਿਖ ਸਭ **ਧੋਏ**।" (ਭਾਵ ਖਤਮ ਕਰ ਦਿਤੇ)
— ਗਉ **੫**, ੧੪੪, ੩ : ੨ (194)
2. ਧੋਣ ਨਾਲ
"ਸਾਕਤ ਕਾਰੀ ਕਾਂਬਰੀ **ਧੋਏ** ਹੋਇ ਨ ਸੇਤੁ।"
— ਸਲੋ **ਕਬ**, ੧੦੦ : ੨ (1369)

ਧੋਹ — ਧ੍ਰੋਹ, ਧੋਖਾ, ਠਗੀ, ਛਲ, ਫਰੇਬ
"ਆਸ ਪਿਆਸ **ਧੋਹ** ਮੋਹ ਭਰਮ ਹੀ ਤੇ ਹੋਰੈ।"
— ਆਸਾ **੫**, ੧੫੪, ੧* : ੨ (408)
"ਤਿਆਗਿ ਮਾਇਆ **ਧੋਹ**।" (ਠਗੀ)
— ਮਲਾ **੫**, ੨੨, ੨ : ੪ (1272)
ਹੋਰ ਰੂਪ — ਧੋਹਿ —
"ਮਾਇਆ ਮੋਹਿ ਵਿਆਪਿਆ **ਧੋਹਿ**।" (ਧੋਖੇ ਵਿਚ) — ਰਾਮ **੫**, ੫੨, ੧ : ੨ (899)
ਧੋਹਿਆ —
"ਬਿਨੁ ਨਾਵੈ ਕੋ ਸਾਥਿ ਨ ਚਾਲੈ ਪੁਤ੍ਰ ਕਲਤ੍ਰ ਮਾਇਆ **ਧੋਹਿਆ**।" (ਮਾਇਆ ਰੂਪੀ ਧ੍ਰੋਹ, ਛੱਲ) — ਧਨਾ **੪**, ਛੰਤ ੧, ੪ : ੫ (690)

ਧੋਹੀ — ਧ੍ਰੋਹ/ਛਲ/ਕਪਟ ਕਰਨ ਵਾਲੀ
"ਗੁਰਿ ਕਹਿਆ ਇਹ ਝੂਠੀ **ਧੋਹੀ**।"
— ਪ੍ਰਭਾ **੫**, ਅਸ ੧, ੨ : ੨ (1347)

ਧੋਹੁ — ਧੋਖਾ, ਛਲ
"ਬਾਬਾ ਮਾਇਆ ਰਚਨਾ **ਧੋਹੁ**।"
— ਸਿਰੀ **੧**, ੩, ੧* : ੧ (15)

ਧੋਹੇ — ਠਗਦੀ
"ਉਪਜਤਾ ਬਿਕਾਰ ਦੁੰਦਰ ਨਉਪਰੀ ਝੁਨੰਤਕਾਰ ਸੁੰਦਰ ਅਨਿਗ ਭਾਉ ਕਰਤ ਫਿਰਤ ਬਿਨੁ ਗੋਪਾਲ **ਧੋਹੇ**।" — ਸਾਰ **੫**, ੧੩੯, ੧* : ੨ (1231)

ਧੋਹੈ — ਧੋ ਦਿੰਦਾ ਹੈ
"ਨਾਨਕ ਧਨੁ ਧੰਨੁ ਵਡੇ ਵਡਭਾਗੀ ਜਿਨ੍ ਗੁਰਮਤਿ ਨਾਮੁ ਰਿਦੈ ਮਲੁ **ਧੋਹੈ**।"
— ਗੂਜ **੪**, ੨, ੪ : ੨ (493)

ਧੋਖ — ਧੁਖ ਧੁਖੀ, ਚਿੰਤਾ, ਫਿਕਰ
"ਮੁਕਾਮੁ ਕਰਿ ਘਰਿ ਬੈਸਣਾ ਨਿਤ ਚਲਣੈ ਕੀ **ਧੋਖ**।" — ਸਿਰੀ **੧**, ਅਸ ੧੭, ੧ : ੧ (64)

ਧੋਖਾ — 1. ਛਲ, ਕਪਟ, ਠਗੀ
"ਅੰਦਰਿ **ਧੋਖਾ** ਨੀਦ ਨ ਸੋਵੈ।"
— ਸਿਰੀ **੪**, ਵਾਰ ੮ਸ, **੩**, ੧ : ੨ (85)
2. ਭੁਲੇਖਾ, ਭਰਮ, ਅਗਿਆਨ
"ਹਰਿ ਧਨ ਮੇਰੀ ਚਿੰਤ ਵਿਸਾਰੀ ਹਰਿ ਧਨੁ ਲਾਹਿਆ **ਧੋਖਾ**।"
— ਗੂਜ **੫**, ੩, ੩ : ੧ (496)

ਧੋਖੇ — ਧੁਖਾਏ (ਸੁੰਗਧਤ ਪਦਾਰਥਾਂ ਨੂੰ)
"ਕਹਾ ਭਇਆ ਨਰ ਦੇਵਾ **ਧੋਖੇ** ਕਿਆ ਜਲਿ ਬੋਰਿਓ ਗਿਆਤਾ।" (ਭਾਵ ਦੇਵਾਂ ਦੀ ਪੂਜਾ ਕਰੇ)
— ਗਉ **ਕਬ**, ੬੭, ੧ : ੨ (338)
ਹੋਰ ਰੂਪ — ਧੋਖੈ —
"ਅਗਨਿ ਰਸੁ ਸੋਖੈ ਮਰੀਐ **ਧੋਖੈ** ਭੀ ਸੋ ਕਿਰਤੁ ਨ ਹਾਰੇ।" (ਧੁੱਖ ਧੁੱਖ ਕੇ)
— ਤੁਖਾ **੧**, ਬਾਰਾ ੮ : ੩ (1108)

ਧੋਤਾ — ਸਾਫ ਹੋਇਆ, ਸ੍ਵਛ/ਨਿਰਮਲ/ਉਜਲ ਹੋਇਆ
"ਨਾਤਾ **ਧੋਤਾ** ਥਾਇ ਨ ਪਾਈ।"
— ਮਾਝ **੩**, ੯, ੨ : ੨ (114)
"ਤਹ ਬਿਨ ਮੈਲੁ ਕਹਹੁ ਕਿਆ **ਧੋਤਾ**।" (ਧੋਂਦਾ ਸੀ) — ਗਉ **੫**, ਸੁਖ ੨੧, ੪ : ੨ (291)

ਧੋਤਿਆ — ਧੋਣ ਨਾਲ
"**ਧੋਤਿਆ** ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ।"
— ਸੂਹੀ **੧**, ੩, ੧ : ੨ (729)

ਧੋਤੀ — 1. ਧੋਣ ਨਾਲ, ਪਾਣੀ ਨਾਲ ਸਾਫ ਕਰਨ ਤੇ
"ਮਲੁ ਹਉਮੈ **ਧੋਤੀ** ਕਿਵੈ ਨ ਉਤਰੈ ਜੇ ਸਉ ਤੀਰਥ ਨਾਇ।" — ਸਿਰੀ **੩**, ੬੪, ੧ : ੨ (39)
"ਖੰਨਲੀ **ਧੋਤੀ** ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ।"
— ਸੋਰ **੮**, ਵਾਰ ੨੨ਸ, **੩**, ੧ : ੨ (651)
2. ਲੱਕ ਦੁਆਲੇ ਬੰਨਣ ਵਾਲਾ ਕਪੜਾ, ਤੇੜ ਦੀ ਚਾਦਰ

"**ਧੋਤੀ** ਖੋਲਿ ਵਿਛਾਏ ਹੇਠਿ।"
— ਗਉ **੫**, ੧੦੭*, ੧ : ੧ (201)

3. ਯੋਗ ਦਾ ਇਕ ਕਰਮ ਜਿਸ ਦੁਆਰਾ ਸਰੀਰ ਦੇ ਅੰਦਰ ਦੀ ਸਫਾਈ ਕੀਤੀ ਜਾਂਦੀ ਹੈ। ਯੋਗ ਦੀ ਸੁਧੀ, ਇਹ ਚਾਰ ਪ੍ਰਕਾਰ ਦੀ ਮੰਨੀ ਜਾਂਦੀ ਹੈ ਅੰਤ੍ਰ ਧੌਤਿ, ਦੰਤ ਧੌਤਿ, ਰ੍ਰਿਦਯ ਧੌਤਿ ਤੇ ਗੁਦਾ ਧੌਤਿ।"

"**ਧੋਤੀ** ਡੰਡਉਤ ਪਰਸਾਦਨ ਭੋਗਾ।"
— ਗਉ **੫**, ਅਸ ੪, ੪ : ੩ (257)

"ਖਟੁ ਕਰਮਾ ਅਰੁ ਆਸਣੁ **ਧੋਤੀ**।"
— ਰਾਮ **੫**, ੧੨, ੩ : ੧ (888)

4. ਧੋਤੀ ਹੋਈ, ਉਜਲ, ਨਿਰਮਲ, ਸ੍ਵਛ
"ਬਾਹਰਿ **ਧੋਤੀ** ਤੂਮੜੀ ਅੰਦਰਿ ਵਿਸੁ ਨਿਕੋਰ।"
— ਸੂਹੀ **੫**, ਵਾਰ ੧੨ਸ, **੧**, ੨ : ੩ (789)

ਧੋਤੀਆ — ਲਕ ਦੁਆਲੇ ਬੰਨ੍ਹਣ ਵਾਲਾ ਕਪੜਾ, ਚਾਦਰਾ
"ਗਜ ਸਾਢੇ ਤੈ ਤੈ **ਧੋਤੀਆ** ਤਿਹਰੇ ਪਾਇਨਿ ਤਗ।"
— ਆਸਾ **ਕਬ**, ੨, ੧ : ੧ (475)

ਧੋਤੇ — ਧੋਣ ਨਾਲ, ਸਾਫ ਕਰਨ ਨਾਲ
"**ਧੋਤੇ** ਮੂਲਿ ਨ ਉਤਰਹਿ ਜੇ ਸਉ ਧੋਵਣ ਪਾਹਿ।"
— ਮਾਝ **੧**, ਵਾਰ ੨੪ਸ, **੧**, ੧ : ੨ (149)

ਹੋਰ ਰੂਪ — ਧੋਤੈ —
"ਪਾਣੀ **ਧੋਤੈ** ਉਤਰਸੁ ਖੇਹ।" (ਧੋਣ ਨਾਲ)
— ਜਪੁ **੧**, ੨੦ : ੨ (4)

ਧੋਪਈ — ਧੋਪਦਾ, ਸਾਫ ਹੁੰਦਾ
"ਪਾਣੀ ਚਿਤੁ ਨ **ਧੋਪਈ** ਮੁਖਿ ਪੀਤੈ ਤਿਖ ਜਾਇ।"
— ਸਾਰ **੪**, ਵਾਰ ੨ਸ, **੧**, ੨ : ੫ (1240)

ਧੋਪੈ — ਧੋਪੀਂਦਾ ਹੈ
"ਓਹੁ **ਧੋਪੈ** ਨਾਵੈ ਕੈ ਰੰਗਿ।"
— ਜਪੁ **੧**, ੨੦ : ੬ (4)

ਧੋਬੀ — ਕਪੜੇ ਧੋਣ ਵਾਲਾ
"**ਧੋਬੀ** ਧੋਵੈ ਬਿਰਹ ਬਿਰਾਤਾ।" (ਭਾਵ ਗੁਰੂ ਧੋਬੀ)
— ਬਸੰ **ਨਾਮ**, ੩, ੨ : ੧ (1196)

ਧੋਮੁ — ਇਕ ਰਿਸ਼ੀ ਜੋ ਪਾਂਡਵਾਂ ਦਾ ਪ੍ਰੋਹਤ ਸੀ
"ਗਾਵੈ ਗੁਣ **ਧੋਮੁ** ਅਟਲ ਮੰਡਲਵੈ ਭਗਤ ਭਾਇ ਰਸੁ ਜਾਣਿਓ।" — ਸਵ **੧**, ੩ : ੩ (1389)

ਧੋਰਾ — ਆਸਰਾ, ਸਹਾਰਾ
"ਮੋਹਿ ਅਨਾਥ ਨਿਰਗੁਨ ਗੁਣੁ ਨਾਹੀ ਮੈ ਆਹਿਓ ਤੁਮ੍ਹਰਾ **ਧੋਰਾ**।"
— ਗੂਜ **੫**, ੧੬, ੧* : ੨ (499)

ਧੋਰੁ — ਕਿਨਾਰੇ, ਕੰਢੇ
"ਅਧਿਕ ਗਰਤ ਸੰਸਾਰ ਸਾਗਰ ਕਰਿ ਦਇਆ ਚਾਰਹੁ **ਧੋਰੁ**।"
— ਕੇਦਾ **੫**, ੧੦, ੧ : ੧ (1121)

ਧੋਵਉ — ਧੋਵਾਂ, ਸਾਫ ਕਰਾਂ
"ਮੈਲੇ ਕਪਰੇ ਕਹਾ ਲਉ **ਧੋਵਉ**।"
— ਮਲਾ **ਰਵਿ**, ੩, ੧ : ੧ (1293)

ਧੋਵਹ — ਧੋਂਦੇ ਹਾਂ
"ਹਮ ਮਲਿ ਮਲਿ **ਧੋਵਹ** ਪਾਵ ਗੁਰੂ ਕੇ ਜੋ ਹਰਿ ਹਰਿ ਕਥਾ ਸੁਨਾਵੈ।"
— ਗਉ **੪**, ੬੪, ੨ : ੨ (172)

"ਹਰਿ ਕਿਰਪਾ ਧਾਰਿ ਮੇਲਹੁ ਸਤਸੰਗਤਿ ਹਮ **ਧੋਵਹ** ਪਗ ਜਨ ਕੇ।" (ਧੋਵੀਏ)
— ਸੂਹੀ **੪**, ੧, ੨ : ੨ (731)

ਹੋਰ ਰੂਪ — ਧੋਵਹਿ —
"ਅਹਿਨਿਸ ਕਸਮਲ **ਧੋਵਹਿ** ਨਾਹਿ।" (ਧੋਂਦੇ ਹਨ) — ਗਉ **ਕਬ**, ਵਾ ੫ : ੪ (344)

"ਜੇ ਸਉ **ਧੋਵਹਿ** ਤਾ ਮੈਲੁ ਨ ਜਾਈ।" (ਧੋਵਣ, ਧੋਣ)
— ਮਾਰੂ **੩**, ਸੋਲਾ ੨, ੧੦ : ੨ (1045)

ਧੋਵਹੀ —
"ਇਕਿ ਭਸਮ ਚੜ੍ਹਾਵਹਿ ਅੰਗਿ ਮੈਲੁ ਨ **ਧੋਵਹੀ**।"
— ਮਲਾ **੧**, ਵਾਰ ੧੫ : ੩ (1284)

ਧੋਵਹੁ —
"ਨਾਵਹੁ **ਧੋਵਹੁ** ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ।" (ਧੋਂਦੇ ਹੋ)
— ਰਾਮ **੧**, ਅਸ **੧**, ੬ : ੨ (903)

ਧੋਵਣ — ਧੋਣ ਲਈ
"ਧੋਤੈ ਮੂਲਿ ਨ ਉਤਰਹਿ ਜੇ ਸਉ **ਧੋਵਣ** ਪਾਹਿ।"
— ਮਾਝ **੧**, ਵਾਰ ੨੪ਸ, **੧**, ੧ : ੨ (149)

ਧੋਵਣਾ — ਧੋਵੀਦਾ ਹੈ
"ਨਾਮ ਤੇਰੈ ਕੈ ਰੰਗਿ ਦੁਰਮਤਿ **ਧੋਵਣਾ**।"
— ਗੂਜ **੫**, ਵਾਰ ੧੮ : ੩ (523)

ਧੋਵਣਿ — ਧੋਣ ਲਈ
"ਘੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ **ਧੋਵਣਿ** ਪਾਹੁ।"
— ਸੋਰ **੪**, ਵਾਰ ੨੨ਸ, **੩**, ੧ : ੨ (651)

ਧੋਵੰਦੋ — ਧੋ ਕੇ
"ਮਤੜੀ ਕਾਂਢਕੁ ਆਹ ਪਾਵ **ਧੋਵੰਦੋ** ਪੀਵਸਾ।"
— ਮਾਰੂ **੫**, ਵਾਰ ੧੫ਸ, **੫**, ੩ : ੧ (1099)

ਧੋਵਨ — ਧੋਣ ਲਈ
"ਸਰਿ **ਧੋਵਨ** ਚਾਲੀ ਲਾਡੁਲੀ।"
— ਬਸੰ **ਨਾਮ**, ੩, ੧* : ੨ (1196)

ਧੋਵਾ — ਧੋਂਦਾ ਹਾਂ
"ਓਇ ਵੇਪਰਵਾਹ ਨ ਬੋਲਨੀ ਹਉ ਮਲਿ ਮਲਿ **ਧੋਵਾ** ਤਿਨ ਪਾਇ।" — ਸਿਰੀ **੪**, ੬੯, ੧ : ੩ (41)

ਹੋਰ ਰੂਪ — ਧੋਵਾਂ —
"ਕੀਤਾ ਕਰਣਾ ਕਹਿਆ ਕਥਨਾ ਭਰਿਆ ਭਰਿ ਭਰਿ **ਧੋਵਾਂ**।"
— ਮਾਝ **੧**, ਵਾਰ ੬ਸ, **੧**, ੨ : ੨ (140)

ਧੋਵਾਇਆ — ਧੋਤਾ ਹੋਇਆ
"ਜਿਨ ਕੈ ਹਿਰਦੈ ਮੈਲੁ ਕਪਟੁ ਹੈ ਬਾਹਰੁ **ਧੋਵਾਇਆ**।"
— ਸਾਰ **੪**, ਵਾਰ, ੧੫ : ੧ (1243)

ਧੋਵਾਹਾ — ਧੋਤੀ ਜਾਂਦੀ ਹੈ
"ਕਿਲਵਿਖ ਮੈਲੁ ਪਾਪ **ਧੋਵਾਹਾ**।"
— ਜੈਤ **੫**, ੧੧, ੪ : ੨ (699)

ਧੋਵੈ — ਧੋਏ, ਸਾਫ/ਸ੍ਵਛ ਕਰੇ, ਧੋਂਦਾ ਹੈ
"ਬਾਹਰਿ ਮਲੁ **ਧੋਵੈ** ਮਨ ਕੀ ਜੂਠਿ ਨ ਜਾਇ।"
— ਸਿਰੀ **੪**, ਵਾਰ ੧੪ਸ, **੩**, ੩ : ੪ (88)
"ਦਾਨਸਬੰਦੁ ਸੋਈ ਦਿਲਿ **ਧੋਵੈ**।" (ਭਾਵ ਪਵਿਤਰ ਕਰੇ) — ਧਨਾ **੧**, ੭, ੪ : ੧ (662)

ਧੌਲ — ਬਲਦ
"**ਧੌਲੁ** ਧਰਮੁ ਦਇਆ ਕਾ ਪੂਤੁ।"
— ਜਪੁ **੧**, ੧੬ : ੭ (3)

ਧ੍ਹਾਇਯਉ — ਸਿਮਰੋ, ਧਿਆਓ
"ਕਰਣ ਕਾਰਣ ਸਮਰਥੁ ਸਦਾ ਸੋਈ ਸਰਬ ਜੀਅ ਮਨਿ **ਧ੍ਹਾਇਯਉ**।"
— ਸਵ **੪**, ਬਾਹ ੧ : ੬ (1405)

ਧ੍ਹਾਈਐ — ਸਿਮਰੀਏ, ਧਿਆਈਏ
"ਫੁਨਿ ਗੁਰੁ ਪਰਮਲ ਸਰਸ ਕਰਤ ਕੰਚਨੁ ਪਰਸ ਮੈਲੁ ਦੁਰਮਤਿ ਹਿਰਤ ਸਬਦਿ ਗੁਰੁ **ਧ੍ਹਾਈਐ**।"
— ਸਵ **੪**, ਨਲ ੧੫ : ੩ (1401)

ਧ੍ਰਕਟੀ — ਫਿਟਕਾਰਿਆ ਹੋਇਆ, ਧਿਰਕਾਰਿਆ ਹੋਇਆ, ਲਾਨ੍ਤੀ
"ਜਿਉ ਬੇਸੁਆ ਕੇ ਘਰਿ ਪੂਤੁ ਜਮਤੁ ਹੈ ਤਿਸੁ ਨਾਮੁ ਪਰਿਓ ਹੈ **ਧ੍ਰਕਟੀ**।"
— ਦੇਵ **੪**, ੬, ੧* : ੨ (528)

ਧ੍ਰਪੀਐ — ਰਜਾਈਏ
"ਪੀ ਅੰਮ੍ਰਿਤੁ ਇਹੁ ਮਨੁ ਤਨੁ **ਧ੍ਰਪੀਐ**।"
— ਗਉ **੫**, ਸੁਖ ੧੭, ੬ : ੨ (286)

ਧ੍ਰਮ — ਧਰਮ ਦੀ
"ਜੋਗ ਅਭਿਆਸ ਕਰਮ **ਧ੍ਰਮ** ਕਿਰਿਆ।"
— ਗਉ **੫**, ਸੁਖ ੩, ੧ : ੩ (265)

ਹੋਰ ਰੂਪ — ਧ੍ਰੰਮ —
"**ਧ੍ਰੰਮ** ਧਨਖੁ ਕਰ ਗਹਿਓ ਭਗਤ ਸੀਲਹ ਸਰਿ ਲਤਿਅਉ।" — ਸਵ **੩**, ੨੧ : ੨ (1396)

ਧ੍ਰਮਸਾਲ — ਧਰਮ ਕਮਾਉਣ ਦੇ ਸਥਾਨ
"ਕੋਟਿ ਬ੍ਰਹਮੰਡ ਜਾ ਕੇ **ਧ੍ਰਮਸਾਲ**।"
— ਭੈਰ **੫**, ਅਸ ੫, ੧ : ੨ (1156)

ਧ੍ਰਮਰਾਇ — ਧਰਮਰਾਜ
"ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ **ਧ੍ਰਮਰਾਇ**।" — ਸਲੋ **੫**, ੯ : ੨ (1425)

ਧ੍ਰਮਰਾਇਆ — ਧਰਮਰਾਜ
"ਕਰਹੋ **ਧ੍ਰਮਰਾਇਆ**।"
— ਸੂਹੀ **੫**, ੪੬, ੨ : ੨ (746)

ਧ੍ਰਾਪ — ਤ੍ਰਿਪਤ/ਖੁਸ਼/ਪ੍ਰਸੰਨ ਹੁੰਦਾ ਹੈ
"ਕੋਟਿ ਜਨਮ ਕੀ ਤ੍ਰਿਸਨਾ ਨਿਵਰੀ ਰਾਮ ਰਸਾਇਣਿ ਆਤਮ **ਧ੍ਰਾਪ**।"
— ਬਿਲਾ **੫**, ੮੫, ੧ : ੨ (821)

ਧ੍ਰਾਪਸਿ — ਤ੍ਰਿਪਤ ਹੁੰਦੀ, ਰਜਦੀ
"**ਧ੍ਰਾਪਸਿ** ਨਾ ਹੀ ਤ੍ਰਿਸਨਾ ਭੂਖ।"
— ਧਨਾ **੫**, ੧੯, ੨ : ੨ (675)

ਧ੍ਰਾਪਿ — ਰਜ ਗਿਆ
"ਤ੍ਰਿਸਨ ਬੁਝੀ ਆਸ ਪੁੰਨੀ ਮਨ ਸੰਤੋਖਿ **ਧ੍ਰਾਪਿ**।"
— ਗੂਜ **੫**, ਵਾਰ ੧੩ : ੭ (521)

ਧ੍ਰਾਪਿਓ — ਰਜਿਆ
"ਨਾਨਕ **ਧ੍ਰਾਪਿਓ** ਤਨਿ ਸੁਖੁ ਹੋਇ।"
— ਪ੍ਰਭਾ **੧**, ੧੪, ਪ : ੪ (1331)

ਧ੍ਰਾਪਿਆ — ਰਜ ਗਿਆ, ਤ੍ਰਿਪਤ ਹੋ ਗਿਆ
"ਹਰਿ ਰਸੁ ਚਾਖਤ **ਧ੍ਰਾਪਿਆ** ਮਨਿ ਰਸੁ ਲੈ ਹਸਨਾ।" — ਬਿਲਾ **ਪ**, ੪੩, ੨ : ੧ (811)
"ਫਿਰਦਾ ਕਿਤੈ ਹਾਲਿ ਜਾ ਡਿਠਮੁ ਤਾ ਮਨੁ **ਧ੍ਰਾਪਿਆ**।" (ਰਜ ਗਿਆ ਭਾਵ ਰਾਜੀ/ਖੁਸ਼ ਹੋ ਗਿਆ)
— ਮਾਰੂ **ਪ**, ਵਾਰ ੮ਸ, **ਪ**, ੧ : ੨ (1097)

ਧ੍ਰਾਪੀਆ — ਤ੍ਰਿਪਤੀ, ਸੰਤੁਸ਼ਟਤਾ
"ਬਿਨੁ ਸੰਗਤਿ ਸਾਧ ਨ **ਧ੍ਰਾਪੀਆ** ਬਿਨੁ ਨਾਵੈ ਦੂਖ ਸੰਤਾਪੁ।" — ਸਿਰੀ **੧**, ੧੭, ੩ : ੨ (20)

ਧ੍ਰਾਪੀਐ — ਤ੍ਰਿਪਤ ਹੋ/ਰਜ ਜਾਂਦਾ ਹੈ
"ਮਨ ਕਉ ਹੋਇ ਸੰਤੋਖੁ ਭੁਖਾ **ਧ੍ਰਾਪੀਐ**।"
— ਗੂਜ **ਪ**, ਵਾਰ ਪ : ੬ (519)

ਧ੍ਰਾਪੇ — ਰੱਜ ਜਾਣ
"ਦਾਤ ਕਰਹੁ ਮੇਰੇ ਦਾਤਾਰਾ ਜੀਅ ਜੰਤ ਸਭਿ **ਧ੍ਰਾਪੇ** ਜੀਉ।" — ਮਾਝ **ਪ**, ੩੪, ੨ : ੩ (104)
ਹੋਰ ਰੂਪ — ਧ੍ਰਾਪੈ —
"ਅਨਿਕ ਜਤਨ ਕਰਿ ਤ੍ਰਿਸਨ ਨਾ **ਧ੍ਰਾਪੈ**।" (ਤ੍ਰਿਪਤ ਹੋਏ, ਰਜੇ)
— ਗਉ **ਪ**, ਸੁਖ ੩, ੪ : ੨ (266)

ਧ੍ਰਿਸਟਬੁਧੀ — ਮਹਾਂਭਾਰਤ ਦੀ ਇਕ ਵਾਰਤਾ ਅਨੁਸਾਰ ਰਾਜਾ ਚੰਦਰਹਾਂਸ ਦਾ ਚਾਲਾਕ ਵਜ਼ੀਰ ਜਿਸ ਨੇ ਦੰਭ ਨਾਲ ਰਾਜੇ ਨੂੰ ਮਰਵਾਕੇ ਹਥਿਆਣਾ ਚਾਹਿਆ ਪਰ ਆਪਣਾ ਪੁੱਤਰ ਮਰਵਾ ਬੈਠਾ
"ਜਿਉ ਜਨ ਚੰਦ੍ਰਹਾਂਸੁ ਦੁਖਿਆ **ਧ੍ਰਿਸਟਬੁਧੀ** ਅਪੁਨਾ ਘਰੁ ਲੂਕੀ ਜਾਰੇ।"
— ਨਟ **੪**, ਅਸ ੪, ੬ : ੨ (982)

ਧ੍ਰਿਗ — ਫਿਟਕਾਰ, ਧ੍ਰਿਕਾਰ, ਗਿਲਾਨੀ ਤੇ ਅਨਾਦਰ ਬੋਧਿਕ ਸ਼ਬਦ
"ਧ੍ਰਿਗੰਤ ਮਾਤ ਪਿਤਾ ਸਨੇਹੰ **ਧ੍ਰਿਗ** ਸਨੇਹੰ ਭ੍ਰਾਤ ਬਾਂਧਵਹ।" — ਸਸ **ਪ**, ੨ : ੧ (1354)

ਧ੍ਰਿਗੰਤ — ਧ੍ਰਿਕਾਰ ਯੋਗ
"**ਧ੍ਰਿਗੰਤ** ਮਾਤ ਪਿਤਾ ਸਨੇਹੰ ਧ੍ਰਿਗੰ ਸਨੇਹੰ ਭ੍ਰਾਤ ਬਾਧਵਹ।" — ਸਸ **ਪ**, ੨ : ੧ (1354)

ਧ੍ਰਿਗੁ — ਧ੍ਰਿਕਾਰ/ਲਾਹਨਤ ਯੋਗ ਅਨਾਦਰ ਤੇ ਗਿਲਾਨੀ ਬੋਧਕ ਸ਼ਬਦ
"ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੈ **ਧ੍ਰਿਗੁ** ਜੀਵਾਸਿ।"
— ਗੂਜ **੪**, ਸੋਦ ੪, ੩ : ੨ (10)
"**ਧ੍ਰਿਗੁ** ਜੀਵਣੁ ਦੋਹਾਗਣੀ ਮੁਠੀ ਦੂਜੈ ਭਾਇ।"
— ਸਿਰੀ **੧**, ੧੩, ੧ : ੧ (18)

ਧ੍ਰੁਕਿ — ਦੌੜ ਕੇ, ਸ਼ੀਘਰ, ਛੇਤੀ
"ਪਤਣਿ ਕੂਕੇ ਪਾਤਣੀ ਵੰਞਹੁ **ਧ੍ਰੁਕਿ** ਵਿਲਾੜਿ।"
— ਮਾਰੂ **੧**, ਅਸ ੧੦, ੬ : ੧ (1015)

ਧ੍ਰੁਵ — ਸਥਿਰ, ਪਕਿਆਂ, ਅਚਲ
"ਗੁਰੂ ਸਮਰਥੁ ਗਹਿ ਕਰੀਆ **ਧ੍ਰੁਵ** ਬੁਧਿ ਸੁਮਤਿ ਸਮ੍ਹਾਰਨ ਕਉ।"
— ਸਵ **੪**, ਮਥੁ ੨ : ੧ (1404)

ਧ੍ਰੂ — ਇਕ ਆਦਰਸ਼ਕ ਭਗਤ
"**ਧ੍ਰੂ** ਪ੍ਰਹਿਲਾਦ ਜਪਿਓ ਹਰਿ ਜੈਸੇ।"
— ਗਉ **ਕਬ**, ੬੧, ੧ : ੨ (337)
ਹੋਰ ਰੂਪ — ਧ੍ਰੂਅ —
"ਨਾਰਦ ਕਹਤ ਸੁਨਤ **ਧ੍ਰੂਅ** ਬਾਰਿਕ ਭਜਨ ਮਾਹਿ ਲਪਟਾਨੋ।"
— ਬਿਲਾ **੯**, ੧, ੧ : ੨ (830)

ਧ੍ਰੋਹ — ਧੋਖਾ, ਠਗੀ
"ਪਰਪਚ **ਧ੍ਰੋਹ** ਮੋਹ ਮਿਟਨਾਈ।"
— ਗਉ **ਪ**, ਬਾਅ ੩੭ : ਪ (258)

ਧ੍ਰੋਹਨਿ — ਠਗਨੀ ਨੇ, ਧੋਖੇ ਬਾਜਾਂ ਨੇ
"ਸਾਧਿਕ ਸਿਧ ਸੁਰਦੇਵ ਮਨੁਖਾ ਬਿਨੁ ਸਾਧੂ ਸਭਿ **ਧ੍ਰੋਹਨਿ** ਧ੍ਰੋਹੇ।"
— ਆਸਾ **ਪ**, ੧, ੧* : ੨ (370)

ਧ੍ਰੋਹੁ — ਧੋਖਾ, ਛਲ, ਕਪਟ
"ਨਾਨਕ ਨਾਮ ਵਿਹੂਣੀਆ ਸੁੰਦਰਿ ਮਾਇਆ **ਧ੍ਰੋਹੁ**।"
— ਜੈਤ **ਪ**, ਵਾਰ ੮ਸ, **ਪ**, ੨ : ੨ (707)

ਧ੍ਰੋਹੇ — ਠਗ ਲਏ, ਛਲ ਲਏ
"ਸਾਧਿਕ ਸਿਧ ਸੁਕਦੇਵ ਮਨੁੱਖਾ ਬਿਨੁ ਸਾਧੂ ਸਭਿ ਧ੍ਰੋਹਨਿ **ਧ੍ਰੋਹੇ**।"
— ਆਸਾ **ਪ**, ੧, ੧* : ੨ (370)

ਧ੍ਯਾਇ — ਧਿਆਇ, ਸਿਮਰਦੇ
"ਸੰਤ ਤ੍ਰਿਪਤਾਸੇ ਹਰਿ ਹਰਿ **ਧ੍ਯਾਇ**।"
— ਆਸਾ **੫**, ੯੨, ੧* : ੧ (395)

ਧ੍ਯਾਇਅਉ — ਸਿਮਰਿਆ, ਧਿਆਇਆ
"ਮਸਤਕਿ ਨੀਸਾਣੁ ਸਚਉ ਕਰਮੁ ਕਲ੍ ਜੋੜਿ ਕਰ **ਧ੍ਯਾਇਅਉ**।" — ਸਵ **੩**, ੯ : ੫ (1394)
ਹੋਰ ਰੂਪ — ਧ੍ਯਾਇਅਓ —
"ਭਲਉ ਪ੍ਰਸਿਧੁ ਤੇਜੋ ਤਨੌ ਕਲ੍ ਜੋੜਿ ਕਰ **ਧ੍ਯਾਇਅਓ**।"
— ਸਵ **੩**, ੫ : ੫ (1393)

ਧ੍ਯਾਇਆ — ਸਿਮਰਿਆ
"ਹਰਿ ਹਰਿ ਚਰਣ ਸਰੇਵਹ ਤਿਨ ਕੇ ਜਿਨ ਸਤਿਗੁਰੁ ਪੁਰਖੁ ਪ੍ਰਭੁ **ਧ੍ਯਾਇਆ**।"
— ਵਡ **੪**, ਛੰਤ ੨, ੨ : ੩ (573)

ਧ੍ਯਾਇਯਓ — ਸਿਮਰਿਆ
"ਗੁਰਿ ਅਮਰਦਾਸਿ ਕਰਤਾਰੁ ਕੀਅਉ ਵਸਿ ਵਾਹੁ ਵਾਹੁ ਕਰਿ **ਧ੍ਯਾਇਯਓ**।"
— ਸਵ **੪**, ਬਲ ੨ : ੩ (1405)

ਧ੍ਯਾਈਐ — ਸਿਮਰੀਏ
"ਤੀਖਣ ਬਾਣ ਚਲਾਇ ਨਾਮੁ ਪ੍ਰਭ **ਧ੍ਯਾਈਐ**।"
— ਫੁਨ **੫**, ੧੬ : 3 (1363)

ਧ੍ਯਾਈ ਹੈ — ਧਿਆਓ, ਸਿਮਰੋ
"ਭਰਮ ਭੂਲੇ ਸੰਸਾਰ ਛੁਟਹੁ ਜੂਨੀ ਸੰਘਾਰ ਜਮ ਕੋ ਨ ਡੰਡ ਕਾਲ ਗੁਰਮਤਿ **ਧ੍ਯਾਈ ਹੈ**।"
— ਸਵ **੪**, ਨਲ ੨ : ੪ (1398)

ਧ੍ਯਾਨ — ਧਿਆਨ, ਸੁਰਤ
"ਜੀਅਨ ਸਭਨ ਦਾਤਾ ਅਗਮ ਗ੍ਯਾਨ ਬਿਖ੍ਯਾਤਾ ਅਹਿਨਿਸਿ **ਧ੍ਯਾਨ** ਧਾਵੈ ਪਲਕਨ ਸੋਵੈ ਜੀਉ।"
— ਸਵ **੪**, ਨਲ ੧ : ੩ (1398)
ਹੋਰ ਰੂਪ — ਧ੍ਯਾਨੰ —
"ਮੰਤ੍ਰੰ ਰਾਮ ਰਾਮ ਨਾਮੰ **ਧ੍ਯਾਨੰ** ਸਰਬ੍ਰਤ ਪੂਰਨਹ।" (ਧਿਆਨ)
— ਸਸ **੫**, ੪੦ : ੧ (1357)
"ਹਰਿ ਚਰਣ ਕਮਲ **ਧ੍ਯਾਨੰ** ਨਾਨਕ ਕੁਲ ਸਮੂਹ ਉਧਾਰਣਹ।" (ਸੁਰਤ)
— ਗਾਥਾ **੫**, ੧੧ : ੨ (1360)
ਧ੍ਯਾਨੁ —
"ਕਵਨ ਜੋਗੁ ਕਉਨੁ ਗ੍ਯਾਨੁ **ਧ੍ਯਾਨੁ** ਕਵਨ ਬਿਧਿ ਉਸ੍ਤਤਿ ਕਰੀਐ।" (ਧਿਆਨੁ)
— ਸਮੁ **੫**, ੮ : ੧ (1386)

ਧ੍ਯਾਵਣਹ — ਧਿਆਵਣ ਨਾਲ
"ਜੀਵਣੰ ਹਰਿ ਨਾਮ **ਧ੍ਯਾਵਣਹ**।"
— ਗਾਥਾ **੫**, ੧੫ : ੨ (1361)

ਧ੍ਯਿਾਵੈ — ਸਿਮਰੈ
"ਕਹੁ ਨਾਨਕ ਨਿਸਚੌ **ਧ੍ਯਿਾਵੈ**।"
— ਸਸ **੧**, ੧ : ੯ (1353)

ਨ

ਨ — ਨਸ਼ੇਧ ਬੋਧਕ
"ਸੋਚੈ ਸੋਚਿ **ਨ** ਹੋਵਈ ਜੇ ਸੋਚੀ ਲਖ ਵਾਰ।"
— ਜਪੁ **੧**, ੧ : ੧ (1)

ਹੋਰ ਰੂਪ — ਨੰ —
"ਨਾ ਇਹ ਮਾਰੀ **ਨੰ** ਮਰੈ ਨਾ ਇਹ ਹਟਿ ਵਿਕਾਇ।"
— ਬਿਲਾ **੪**, ਵਾਰ ੧੦ਸ, **੩**, ੨ : ੨ (853)

ਨਉ — 1. ਨੌ, ਗਿਣਤੀ ਦੀ ਇਕ ਇਕਾਈ
"**ਨਉ** ਨਿਧਿ ਉਪਜੈ ਨਾਮੁ ਏਕੁ ਕਰਮਿ ਪਵੈ ਨੀਸਾਣੁ।" — ਸਿਰੀ **੧**, ੧੩, ੨ : ੩ (19)
"**ਨਉ** ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ।"
— ਮਾਝ **੩**, ਅਸ ੨, ੩ : ੩ (110)

2. ਨੂੰ
"ਸਬਦਿ ਮਿਲੈ ਸੋ ਮਿਲਿ ਰਹੈ ਜਿਸ **ਨਉ** ਆਪੇ ਲਏ ਮਿਲਾਇ।"
— ਸਿਰੀ **੩**, ੩੬, ੨ : ੧ (27)

3. ਨੌਂ ਖੰਡ ਭਾਵ ਸਾਰੀ ਸ੍ਰਿਸ਼ਟੀ
"**ਨਉ** ਨਾਇਕ ਕੀ ਭਗਤਿ ਪਛਾਨੈ।" (ਸਾਰੀ ਸ੍ਰਿਸ਼ਟੀ ਦੇ ਮਾਲਕ ਦੀ ਭਗਤੀ।"
— ਗੋਂਡ **ਕਬ**, ੧੦, ੩ : ੩ (873)

ਨਉ-ਹੁਲਾ — ਨਵਾਂ ਹੁਲਾਰਾ
"ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ **ਨਉ ਹੁਲਾ**।"
— ਸਿਰੀ **੧**, ੨੪, ੧* : ੧ (23)

ਨਉਕਾ — ਕਿਸ਼ਤੀ, ਬੇੜੀ
"ਬੂਡਿ ਮੂਏ **ਨਉਕਾ** ਮਿਲੈ ਕਹੁ ਕਾਹਿ ਚਢਾਵਉ।"
— ਬਿਲਾ **ਸਧ**, ੧, ੩ : ੨ (858)

ਨਉਖੰਡ — ਨੌ ਭਾਗ
"**ਨਉਖੰਡ** ਪ੍ਰਿਥਮੀ ਫਿਰੈ ਚਿਰੁ ਜੀਵੈ।"
— ਗਉ **੫**, ਸੁਖ ੩, ੨ : ੧ (265)

ਨਉਘਰ — ਨੌ ਗੋਲਕਾਂ—ਨੱਕ, ਕੰਨ ਮੂੰਹ, ਅੱਖਾਂ ਆਦਿ
"**ਨਉ ਘਰ** ਥਾਪੇ ਹੁਕਮਿ ਰਜਾਈ।"
— ਮਾਰੂ **੧**, ਸੋਲਾ ੧੩, ੩ : ੨ (1033)

ਨਉਤਨ — ਨਵੀਂ
"ਸਾਚ ਕੀ ਮਤਿ ਸਦਾ **ਨਉਤਨ** ਸਬਦਿ ਨੇਹੁ ਨਵੇਲਓ।" — ਗਉ **੧**, ਛੰਤ ੧, ੩ : ੫ (242)

ਹੋਰ ਰੂਪ — ਨਉਤਨਾ —
"ਲਾਹਾ ਅਹਿਨਿਸਿ **ਨਉਤਨਾ** ਪਰਖੇ ਰਤਨੁ ਵੀਚਾਰਿ।" (ਨਵਾਂ, ਸਾਦਾ, ਤਾਜ਼ਾ)
— ਸਿਰੀ **੧**, ਅਸ ੬, ੩ : ੧ (56)

ਨਉਤਨੁ —
"ਤੂੰ ਸਤਿਗੁਰੁ ਹਉ **ਨਉਤਨੁ** ਚੇਲਾ।" (ਨਵਾਂ)
— ਗਉ **ਕਬ**, ੨, ੪ : ੧ (323)

ਨਉਤਨੋ —
"ਪਿਰੁ ਰੀਸਾਲੂ **ਨਉਤਨੋ** ਸਾਚਉ ਮਰੈ ਨ ਜਾਇ।" (ਨਵਾਂ, ਤਾਜ਼ਾ ਭਾਵ ਜੁਆਨ)
— ਸਿਰੀ **੧**, ਅਸ ੨, ੪ : ੨ (54)

ਨਉਨਿਧਿ — ਨੌ ਖਜ਼ਾਨੇ/ਸੁਖ ਦੇ ਸਾਮਾਨ, ਇਹ ਹਨ : ਪਦਮ (ਸੋਨਾ ਚਾਂਦੀ) ਮਹਾ ਪਦਮ (ਹੀਰੇ ਮੋਤੀ), ਸੰਖ (ਸੁੰਦਰ ਕਪੜੇ ਰਸਦਾਇਕ ਭੋਜਨ) ਮਕਰ (ਸ਼ਸ਼ਤਰ ਵਿਦਿਆ ਪ੍ਰਾਪਤੀ ਤੇ ਰਾਜ ਦਰਬਾਰ ਵਿਚ ਮਾਨ), ਕੱਛਪ (ਕਪੜੇ ਅਨਾਜ਼ ਦੀ ਸੌਦਾਗਰੀ), ਕੁੰਦ (ਸੋਨੇ ਦੀ ਸੌਦਾਗਰੀ), ਨੀਲ (ਮੋਤੀ ਮੂੰਗੇ ਦੀ ਸੌਦਾਗਰੀ) ਮੁਕੁੰਦ (ਕੋਮਲ ਕਲਾ ਦੀ ਪ੍ਰਾਪਤੀ) ਵਰਚ ਜਾਂ ਖਰਚ
"ਲੜਿ ਲੀਨੇ ਲਾਏ **ਨਉ ਨਿਧਿ** ਪਾਏ ਨਾਉ ਸਰਬਸੁ ਠਾਕੁਰਿ ਦੀਨਾ।"
— ਸਿਰੀ **੫**, ਛੰਤ ੨, ੫ : ੫ (80)

ਹੋਰ ਰੂਪ — ਨਉਨਿਧੇ —
"ਨਵਨਿਧੇ **ਨਉਨਿਧੇ** ਮੇਰੇ ਘਰ ਮਹਿ ਆਈ

ਰਾਮ।"— ਆਸਾ **ਪ**, ਛੰਤ ੧, ੩ : ੧ (452)

ਨਉਬਤਿ — (ਫਾ. ਨੌਬਤ) ਵੱਡਾ ਨਗਾਰਾ ਜੋ ਬਾਦਸ਼ਾਹਾਂ ਦੇ ਦਰਵਾਜ਼ੇ ਤੇ ਵਜਦਾ ਹੈ ਤੇ ਹਕੂਮਤ ਦਾ ਪ੍ਰਤੀਕ ਹੁੰਦਾ ਹੈ
"ਚਾਰਿ ਦਿਨ ਅਪਨੀ **ਨਉਬਤਿ** ਚਲੇ ਬਜਾਇ।" (ਭਾਵ ਹਕੂਮਤ ਕਰ ਚਲੇ)
— ਕੇਂਦਾ **ਕਬ**, ੬, ੧* : ੧ (1124)
"**ਨਉਬਤਿ** ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ।" (ਭਾਵ ਮੌਤ ਦਾ ਨਗਾਰਾ)
— ਸਲੋ **ਫਰ**, ੭੯ : ੨ (1382)

ਨਉਪਰੀ — ਝਾਂਜਰ, ਪਾਜ਼ੇਬ
"ਉਪਜਤਾ ਬਿਕਾਰ ਦੁੰਦਰ **ਨਉਪਰੀ** ਝੁਨੰਤਕਾਰ ਸੁੰਦਰ ਅਨਿਗ ਭਾਉ ਕਰਤ ਫਿਰਤ ਬਿਨੁ ਗੋਪਾਲ ਧੋਹੇ।" — ਸਾਰ **ਪ**, ੧੩੯, ੧* : ੨ (1231)

ਨਉਮੀ — ਨੌਵੀ
"**ਨਉਮੀ** ਨਵੇ ਛਿਦ੍ਰ ਅਪਵੀਤ।" (ਨੌਵੀਂ ਥਿਤ ਦੁਆਰਾ।" — ਗਉ **ਪ**, ਥਿਤੀ ੯ : ੧ (298)

ਨਉਰੰਗੀ — ਨਵੇਂ ਰੰਗ ਵਾਲੀ, ਨਉਰੰਗੀ
"ਕ੍ਰੋਧੁ ਨਿਵਾਰਿ ਜਲੇ ਹਉ ਮਮਤਾ ਪ੍ਰੇਮੁ ਸਦਾ **ਨਉਰੰਗੀ**।"— ਸਾਰ **੧**, ਅਸ ੨, ੧ : ੧ (1232)

ਨਈ — ਨਦੀਆਂ
"ਫਰੀਦਾ ਰਬ ਖਜੂਰੀ ਪਕੀਆ ਮਾਖਿਅ **ਨਈ** ਵਹੰਨਿ।" — ਸਲੋ **ਫਰ**, ੮੯ : ੧ (1382)

ਨਈਆ — ਨੀਯਮ ਬੰਨ੍ਹ ਵਾਲਾ, ਸੰਜਮ ਨਿਰਧਾਰਤ ਕਰਨ ਵਾਲਾ ਭਾਵ ਮਾਲਕ, ਪ੍ਰਭੂ
"**ਨਈਆ** ਤੇ ਬੈਰੇ ਕੰਨਾ।"
— ਧਨਾ **ਨਾਮ**, ੪, ੨ : ੨ (693)

ਨਈਬੇਦਹਿ — ਮੂਰਤੀ ਤੇ ਚੜਾਇਆ ਅਥਵਾ ਭੇਟਾ ਕੀਤਾ ਗਿਆ ਭੋਜਨ
"ਧੂਪ ਦੀਪ **ਨਈ ਬੇਦਹਿ** ਬਾਸਾ।"
— ਗੂਜ **ਰਵਿ**, ੧, ੩ : ੧ (525)

ਨਈਬੇਦਾ — ਮੂਰਤੀ ਨੂੰ ਭੇਟਾ ਕੀਤਾ ਗਿਆ ਭੋਜਨ
"ਕਾਇਅਉ ਧੂਪ ਦੀਪ **ਨਈਬੇਦਾ** ਕਾਇਅਉ ਪੂਜਉ ਪਾਤੀ।" — ਧਨਾ **ਪੀਪੀ**, ੧, ੧ : ੨ (695)

ਨਸਤਾ — ਭਜਦਾਂ
"ਅਪਦਾ ਕਾ ਮਾਰਿਆ ਗ੍ਰਿਹ ਤੇ **ਨਸਤਾ**।"
— ਪ੍ਰਭਾ **ਪ**, ਅਸ ੨, ੪ : ੨ (1348)

ਨਸਨਾ — ਭਜ ਜਾਣਾ
"ਸਾਧ ਸੰਗਤਿ ਕੈ ਬਾਸਬੈ ਕਲਮਲ ਸਭਿ **ਨਸਨਾ**।"
— ਬਿਲਾ **ਪ**, ੪੩, ੧ : ੧ (811)

ਨਸਾ — ਭਜ ਗਿਆ ਭਾਵ ਮੁੱਕ ਗਿਆ
"ਸੰਤਸੰਗਿ ਹਉਮੈ ਦੁਖ **ਨਸਾ**।"
— ਭੈਰ **ਪ**, ੩੭, ੩ : ੪ (1146)

ਨਸਿ — ਭੱਜ, ਦੌੜ
"ਜਮਕੰਕਰ **ਨਸਿ** ਗਏ ਵਿਚਾਰੇ।"
— ਆਸਾ **ਪ**, ੭੭, ੧ : ੨ (389)
"**ਨਸਿ** ਵੰਞਹੁ ਕਿਲਵਿਖਹੁ ਕਰਤਾ ਘਰਿ ਆਇਆ।"
— ਆਸਾ **ਪ**, ਛੰਤ ੧੨, ੨ : ੧ (460)
(ਮਹਾਨਕੋਸ਼ ਇਥੇ 'ਨਸਿ' ਦਾ ਭਾਵ ਫੌਰਨ, ਛੇਤੀ ਕਰਦਾ ਹੈ)

ਹੋਰ ਰੂਪ — ਨਸਿਆ —
"ਦੂਖੁ ਦਰਦੁ ਭਰਮੁ ਭਉ **ਨਸਿਆ**।"
— ਗਉ **ਪ**, ੧੧੯, ੪ : ੧ (189)

ਨਸੀ — ਭੱਜ/ਦੌੜ ਗਈ, ਮੁਕ ਗਈ
"ਕੂੜ ਗਏ ਦੁਬਿਧਾ **ਨਸੀ** ਪੂਰਨ ਸਚਿ ਭਰੇ।"
— ਮਾਝ **੧**, ਬਾਰਾ ੧੪ : ੫ (136)

ਹੋਰ ਰੂਪ — ਨਸੀਐ —
"ਮੇਰੇ ਮਨ ਸੋ ਪ੍ਰਭੁ ਸਦਾ ਨਾਲਿ ਹੈ ਸੁਆਮੀ ਕਹੁ ਕਿਥੈ ਹਰਿ ਪਹੁ **ਨਸੀਐ**।" (ਭਜੀਐ)
— ਗਉ **੪**, ੫੭, ੧ : ੧ (170)

ਨਸੇ — ਦੌੜ ਗਏ, ਮੁੱਕ ਗਏ
"ਜਨਮ ਜਨਮ ਕੇ ਕਿਲਵਿਖ **ਨਸੇ**।"
— ਗਉ **ਪ**, ੧੫੫, ੧ : ੨ (197)

ਹੋਰ ਰੂਪ — ਨਸੈ —
"ਦੂਖੁ ਦਰਦੁ ਤਿਹ ਨਾਨਕ **ਨਸੈ**।"
— ਗਉ **ਪ**, ੭੯, ੪ : ੪ (179)

ਨਹ — 1. ਨਾ, ਨਹੀਂ, ਨਿਸ਼ੇਧ ਬੋਧਕ ਸ਼ਬਦ
"ਆਖਣਿ ਜੋਰੁ ਚੁਪੈ **ਨਹ** ਜੋਰੁ।" (ਨਹੀਂ)
— ਜਪੁ **੧**, ੩੩ : ੧ (7)
"ਭਉਰੁ ਉਸਤਾਦੁ ਨਿਤ ਭਾਖਿਆ ਬੋਲ ਕਿਉ ਬੂਝੈ ਜਾ **ਨਹ** ਬੁਝਾਈ।" (ਨਾ)
— ਸਿਰੀ **੧**, ੨੭, ੨ : ੨ (24)
"ਜੀਵਤਿਆ **ਨਹ** ਮਰੀਐ।"

— ਰਾਮ **੧**, ੩, ੧* : ੨ (877)
(ਮਹਾਨਕੋਸ਼ ਇਥੇ 'ਨਹ' ਦੇ ਅਰਥ 'ਕਿਵੇਂ' ਕਰਦਾ ਹੈ)

ਹੋਰ ਰੂਪ — ਨਹਿ —
"ਜਿਹ ਨਰ ਰਾਮ ਭਗਤਿ **ਨਹਿ** ਸਾਧੀ।" (ਨਹੀਂ) — ਗਉ **ਕਬ**, ੨੫, ੧* : ੧ (328)
"ਆਨ ਉਪਾਵ ਸਗਰ ਕੀਏ **ਨਹਿ** ਦੂਖ ਸਾਕਹਿ ਲਾਹਿ।" (ਨਾ)
— ਮਲਾ **੫**, ੨੪, ੨ : ੧ (1272)

ਨਹੀ —
"ਕੇਤਿਆ ਗਣਤ **ਨਹੀ** ਵੀਚਾਰੁ।" (ਨਿਸ਼ੇਧ ਬੋਧਕ) — ਜਪੁ **੧**, ੨੫ : ੪ (5)

2. ਨਹੁੰ, ਨਉਂਧਰ
"ਚਾਕਰ **ਨਹ** ਦਾ ਪਾਇਨਿ੍ ਘਾਉ।" (ਨਹੁੰਆਂ ਨਾਲ)
— ਮਲਾ **੧**, ਵਾਰ ੨੨ਸ, **੧**, ੨ : ੨ (1288)

ਨਹੀਨ — ਨਹੀਂ
"ਮੋਹਿ ਐਸੇ ਬਨਜ ਸਿਉ **ਨਹੀਨ** ਕਾਜੁ।"
— ਬਸੰ **ਕਬ**, ੬, ੧* : ੧ (1195)

ਨਹੁ — ਨਹੀਂ
"ਸੇਜ ਇਕੇਲੀ ਨੀਦ **ਨਹੁ** ਨੈਨਹ ਪਿਰੁ ਪਰਦੇਸਿ ਸਿਧਾਇਓ।" — ਸੋਰ **੫**, ੬੧, ੧ : ੨ (624)

ਨਕ — ਸਰੀਰ ਦਾ ਇਕ ਅੰਗ, ਨਾਸਿਕਾ
"ਸੋਹਣੇ **ਨਕ** ਜਿਨ ਲੰਮੜੇ ਵਾਲਾ।"
— ਵਡਾ **੧**, ਛੰਤ ੨, ੨ : ੨ (567)
"ਤੇ ਨਰ ਨਿੰਦਕ ਸੋਭ ਨ ਪਾਵਹਿ ਤਿਨ **ਨਕ** ਕਾਟੇ ਸਿਰਜਨਹਾਰੀ।" (ਭਾਵ ਪੇਪਾਤ ਕੀਤੇ)
— ਭੈਰ **੪**, ੬, ੩ : ੨ (1135)

ਨਕਟ — ਨਕ-ਕਟੀ
"ਆਸਿ ਪਾਸਿ ਪੰਚ ਜੋਗੀਆ ਬੈਠੇ ਬੀਚਿ **ਨਕਟ** ਦੇ ਰਾਨੀ।" — ਆਸਾ **ਕਬ**, ੪, ੧ : ੨ (476)

ਨਕਟੀ — ਨਕ-ਵੱਢੀ
"**ਨਕਟੀ** ਕੋ ਠਨਗਨੁ ਬਾਡਾ ਡੂੰ।" (ਭਾਵ ਮਾਇਆ)
— ਆਸਾ **ਕਬ**, ੪, ੧* : ੧ (476)
"ਹਰਿ ਕੇ ਨਾਮ ਬਿਨਾ ਸੁੰਦਰਿ ਹੈ **ਨਕਟੀ**।" (ਨੱਕ ਵੱਢੀ ਭਾਵ ਗੁਣਹੀਣ)
— ਦੇਵ **੪**, ੬, ੧* : ੧ (528)

ਨਕਟੇ — ਨੱਕ-ਕਟੇ ਭਾਵ ਬੇਪਤੇ, ਬੇਇਜ਼ਤ
"ਨਾਮਹੀਣ ਫਿਰਹਿ ਸੇ **ਨਕਟੇ** ਤਿਨ ਘਸਿ ਘਸਿ ਨਕ ਵਢਾਇਆ।"
— ਰਾਮ **੪**, ੫, ੩ : ੨ (442)

ਨਕਿ — ਨੱਕ ਵਿਚ
"ਜੋ ਅਸਮਾਨਿ ਨ ਮਾਵਨੀ ਤਿਨ **ਨਕਿ** ਨਥਾ ਪਾਇ।" (ਭਾਵ ਕਾਬੂ ਕਰਨਾ ਸੰਜਮ ਵਿਚ ਲਿਆਉਣਾ) — ਸੋਰ **੧**, ੧, ੩ : ੨ (595)

ਹੋਰ ਰੂਪ — ਨਕ੍ਹੀ —
"ਨਾਨਕ ਵਿਣੁ ਨਾਵੈ **ਨਕ੍ਹੀ** ਵਢ੍ਹੀ ਫਿਰਹਿ ਸੋਭਾ ਮੂਲਿ ਨ ਪਾਹਿ।"
— ਵਡ **੪**, ਵਾਰ ੧੧ਸ, **੩**, ੧ : ੬ (590)

ਨਕੁ — ਸਰੀਰ ਦਾ ਇਕ ਅੰਗ, ਨਾਸਿਕਾ
"ਮਨਮੁਖੁ ਕਾਇਰੁ ਕਰੂਪੁ ਹੈ ਬਿਨੁ ਨਾਵੈ **ਨਕੁ** ਨਾਹਿ।" (ਭਾਵ ਪਤ ਨਹੀਂ)
— ਵਡ **੪**, ਵਾਰ ੧੩ਸ, **੩**, ੧ : ੧ (591)
"ਲੰਮਾ **ਨਕੁ** ਕਾਲੇ ਤੇਰੇ ਨੈਣ।"
— ਮਲਾ **੧**, ੯, ੧ : ੨ (1257)
"ਮਾਸੁ ਛੋਡਿ ਬੈਸਿ **ਨਕੁ** ਪਕੜਹਿ ਰਾਤੀ ਮਾਣਸ ਖਾਣੇ।"
— ਮਲਾ **੧**, ਵਾਰ ੨੫ਸ, **੧**, ੨ : ੪ (1289)

ਨਖ — ਨਹੁੰ
"ਸੰਤ ਪ੍ਰਹਲਾਦ ਕੀ ਪੈਜ ਜਿਨਿ ਰਾਖੀ ਹਰਨਾਖਸੁ **ਨਖ** ਬਿਦਰਿਓ।"
— ਬਿਲਾ **ਕਬ**, ੪, ੩ : ੨ (856)
"ਜਬ **ਨਖ** ਸਿਖ ਇਹੁ ਮਨੁ ਚੀਨਾ।" (ਨਹੁੰ ਤੋਂ ਸਿਰ ਤਕ ਭਾਵ ਪੂਰੀ ਤਰਾਂ)
— ਰਾਮ **ਕਬ**, ੧੦, ੧ : ੩ (971)

ਨਖਹ — ਨਹੁੰਆਂ ਨਾਲ
"ਹਰਨਾਖਸ ਜਿਨਿ **ਨਖਹ** ਬਿਦਾਰਿਓ ਸੁਰਿ ਨਰ ਕੀਏ ਸਨਾਥਾ।"
— ਭੈਰ **ਨਾਮ**, ੯, ੫ : ੧ (1165)

ਹੋਰ ਰੂਪ — ਨਖਹਿ —
"ਨਿੰਦਾ ਦੁਸਟੀ ਤੇ ਕਿਨਿ ਫਲੁ ਪਾਇਆ ਹਰਣਾਖਸ **ਨਖਹਿ** ਬਿਦਾਰੇ।" (ਨਹੁੰਆਂ ਨਾਲ) — ਸੋਰ **੩**, ੫, ੨ : ੨ (601)

ਨਖਹੁ —

"ਹਰਣਾਖਸੁ ਲੇ **ਨਖਹੁ** ਬਿਧਾਸਾ।" (ਨਹੁੰਆਂ ਨਾਲ) — ਗਉ **੧**, ਅਸ ੯, ੬ : ੨ (224)

ਨਖਿਅਤ੍ਰ — (ਸੰ. ਨਕ੍ਸ਼ਤ੍ਰਮ੍) ਤਾਰਿਆਂ ਦੇ ਸਮੂਹ ਚੰਦਰਮਾ ਦੇ ਰਾਹ ਵਿਚ ਆਉਂਦੇ ਤਾਰਾ-ਸਮੂਹ ਜੋ 27 ਮੰਨੇ ਜਾਂਦੇ ਹਨ ਤਾਰੇ

"**ਨਖਿਅਤ੍ਰ** ਸਸੀਅਰ ਸੂਰ ਧਿਆਵਹਿ ਬਸੁਧ ਗਗਨਾ ਗਾਵਏ।" — ਆਸਾ **੫**, ਛੰਤ ੫, ੩ : ੩ (456)

ਨਖਿਆਤਿ — ਨਖਤ੍ਰ, ਤਾਰਾ-ਸਮੂਹ

"ਅਨਿਕ ਸੂਰ ਸਸੀਅਰ **ਨਖਿਆਤਿ**।" — ਸਾਰ **੫**, ਅਸ ੨, ੪ : ੩ (1236)

ਨਖੀ — ਨਹੁੰਆਂ ਨਾਲ

"ਹਰਣਾਖਸੁ **ਨਖੀ** ਬਿਦਾਰਿਆ ਪ੍ਰਹਲਾਦੁ ਲੀਆ ਉਬਾਰਿ।" — ਭੈਰ **੩**, ੨੦, ੪ : ੪ (1133)

ਨਖ੍ਯ੍ਰ — ਤਾਰਾ—ਸਮੂਹ, ਤਾਰੇ

"ਕਈ ਕੋਟਿ ਸਸੀਅਰ ਸੂਰ **ਨਖ੍ਯ੍ਰ**।" — ਗਉ **੫**, ਸੁਖ ੧੦, ੩ : ੨ (276)

ਹੋਰ ਰੂਪ — ਨਖ੍ਯ੍ਰਾ —

"ਡਰਪੈ ਧਰਤਿ ਅਕਾਸੁ **ਨਖ੍ਯ੍ਰਾ** ਸਿਰ ਊਪਰਿ ਅਮਰੁ ਕਰਾਰਾ।" (ਤਾਰੇ) — ਮਾਰੂ **੫**, ੧, ੧ : ੧ (998)

ਨਖ੍ਯ੍ਰ —

"ਘਟੰਤ ਰੂਪੰ ਘਟੰਤ ਦੀਪੰ ਘਟੰਤ ਰਵਿ ਸਸੀਅਰ **ਨਖ੍ਯ੍ਰ** ਗਗਨੰ।"— ਸਸ **੫**, ੯ : ੧ (1354)

ਨਗ — (ਫ਼ਾ. ਨਗੀਨ) ਨਗੀਨਾ, ਮੋਤੀ ਕੀਮਤੀ ਪਥਰ/ਮੋਤੀ ਜੋ ਗਹਿਣਿਆਂ ਵਿਚ ਜੜਿਆ ਜਾਂਦਾ ਹੈ

"ਉਦਧਿ ਗੁਰੁ ਗਹਿਰ ਗੰਭੀਰ ਬੇਅੰਤੁ ਹਰਿ ਨਾਮ **ਨਗ** ਹੀਰ ਮਣਿ ਮਿਲਤ ਲਿਵ ਲਾਈਐ।" — ਸਵ **੪**, ਨਲ ੧੫ : ੨ (1401)

ਨੰਗ — 1. ਕੰਗਾਲੀ, ਗਰੀਬੀ

"ਜੇ ਕੋ ਹੋਵੈ ਦੁਬਲਾ **ਨੰਗ** ਭੁਖ ਕੀ ਪੀਰ।" — ਸਿਰੀ **੫**, ਅਸ ੨੬, ੨ : ੧ (70)

2. ਨੰਗੇ, ਬਸਤਰ ਰਹਿਤ ਭਾਵ ਗੁਰਬਤ ਵਿਚ

"ਇਕਨਾ ਭੋਗ ਭੋਗਾਇਦਾ ਮੇਰੇ ਗੋਵਿੰਦਾ ਇਕਿ ਨਗਨ ਫਿਰਹਿ **ਨੰਗ** ਨੰਗੀ ਜੀਉ।" (ਬਿਲਕੁਲ ਨੰਗੇ) — ਗਉ **੪**, ੬੮, ੨ : ੨ (174)

3. ਨਿਲੱਜ, ਬੇ-ਸ਼ਰਮ

"ਤਿਆਗਿ ਚਲਿਓ ਹੈ ਮੂੜ **ਨੰਗ**।" — ਗਉ **੫**, ੧੩੯*, ੨ : ੨ (210)

4. ਨੰਗਾਪਨ

"ਸੈ ਨੰਗੇ ਨਹ **ਨੰਗ** ਭੁਖੇ ਲਖ ਨ ਭੁਖਿਆ।" — ਮਾਰੂ **੫**, ਵਾਰ ੧੯ਸ, **੫**, ੧ : ੧ (1100)

ਨਗਜ — (ਫ਼ਾ. ਨਗਜ਼) ਸੁੰਦਰ, ਖ਼ੂਬਸੂਰਤ

"**ਨਗਜ** ਤੇਰੇ ਬੰਦੇ ਦੀਦਾਰੁ ਅਪਾਰੁ।" — ਭੈਰ **੫**, ੧੦, ੧ : ੧ (1139)

ਨਗਨ — ਨੰਗੇ ਬਸਤਰ ਰਹਿਤ

"ਇਕਨਾ ਭੋਗ ਭੋਗਾਇਦਾ ਮੇਰੇ ਗੋਵਿੰਦਾ ਇਕਿ **ਨਗਨ** ਫਿਰਹਿ ਨੰਗ ਨੰਗੀ ਜੀਉ।" — ਗਉ **੮**, ੬੮, ੨ : ੨ (174)

ਨੰਗਨਾ — ਨੰਗਾ, ਬੇਪਤ

"ਅਰਚਾ ਬੰਦਨ ਹਰਿ ਸਮਤ ਨਿਵਾਸੀ ਬਾਹੁੜਿ ਜੋਨਿ ਨ **ਨੰਗਨਾ**।" — ਮਾਰੂ **੫**, ਸੋਲਾ ੯, ੫ : ੩ (1080)

ਨਗਨੁ — ਨੰਗਾ

"ਜਟਾ ਮੁਕਟੁ ਤਨਿ ਭਸਮ ਲਗਾਈ ਬਸਤ੍ਰ ਛੋਡਿ ਤਨਿ **ਨਗਨੁ** ਭਇਆ।" — ਭੈਰ **੧**, ੮, ੪ : ੧ (1127)

ਨਗਰ — ਸ਼ਹਿਰ, ਵਸਤੀ

"ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ ਸੇਈ **ਨਗਰ** ਉਜਾੜੀ ਜੀਉ।"— ਮਾਝ **੫**, ੩੨, ੧ : ੩ (105)

ਹੋਰ ਰੂਪ — ਨਗਰੰ —

"ਮ੍ਰਿਗ ਤ੍ਰਿਸਨਾ ਗੰਧਰਬ **ਨਗਰੰ** ਦ੍ਰੁਮ ਛਾਯਾ ਰਚਿ ਦੁਰਮਤਿਹ।" (ਨਗਰੀ, ਵਸਤੀ) — ਸਸ **੫**, ੩੦ : ੧ (1356)

ਨਗਰਿ —

"ਸੂਨੇ **ਨਗਰਿ** ਪਰੇ ਠਗਹਾਰੇ।" (ਸ਼ਹਿਰ/ਵਸਤੀ ਵਿੱਚ) — ਗਉ **੫**, ੮੯, ੨ : ੪ (182)

"ਗਗਨ **ਨਗਰਿ** ਇਕ ਬੂੰਦ ਨ ਬਰਖੈ ਨਾਦੁ ਕਹਾ ਜੁ ਸਮਾਨਾ।" (ਭਾਵ ਦਸਮ ਦੁਆਰ ਵਿਚ) — ਆਸਾ **ਕਬ**, ੨੮, ੧ : ੧ (480)

ਨਗਰੀ —

"ਸਿਵ **ਨਗਰੀ** ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ।" (ਭਾਵ ਆਤਮ ਮੰਡਲ)

— ਆਸਾ **੧**, ੩੨, ੨ : ੧ (360)

"ਅਬਿਚਲ **ਨਗਰੀ** ਨਾਨਕ ਦੇਵ।" (ਵਸਤੀ)

— ਆਸਾ **੫**, ਅਸ ੧, ੮ : ੨ (431)

"ਸਭ **ਨਗਰੀ** ਮਹਿ ਏਕੋ ਰਾਜਾ ਸਭੇ ਪਵਿਤ੍ਰ ਹਹਿ ਥਾਵਾ।" (ਭਾਵ ਸੰਸਾਰ)

— ਮਾਰੂ **੩**, ੧, ੧ : ੨ (993)

"ਨਗਰੀ **ਨਗਰੀ** ਖਿਅਤ ਅਪਾਰ।" (ਭਾਵ ਥਾਂ ਥਾਂ)— ਭੈਰ **ਕਬ**, ਅਸ ੨, ੫ : ੨ (1163)

ਨਗਰੁ —

"ਆਪਨ **ਨਗਰੁ** ਆਪ ਤੇ ਬਾਧਿਆ।"

— ਗਉ **ਕਬ**, ੩੦, ੧* : ੧ (329)

2. ਭਾਵ ਸਰੀਰ

"**ਨਗਰੁ** ਮਹਿ ਆਪਿ ਬਾਹਰਿ ਫੁਨਿ ਆਪਨ ਪ੍ਰਭ ਮੇਰੇ ਕੋ ਸਗਲ ਬਸੇਰਾ।"

— ਬਿਲਾ **੪**, ੪, ੨ : ੧ (800)

"ਸੁ ਆਨੁ ਲੋਭੁ **ਨਗਰ** ਮਹਿ ਸਬਲਾ ਗੁਰੁ ਖਿਨ ਮਹਿ ਮਾਰਿ ਕਢਾਵੈਗੋ।"

— ਕਾਨ **੪**, ਅਸ ੫, ੩ : ੧ (1311)

ਹੋਰ ਰੂਪ — ਨਗਰੀ —

"ਅਨਦਿਨੁ **ਨਗਰੀ** ਹਰਿ ਗੁਣ ਗਾਇਆ।" (ਸਰੀਰ ਰੂਪੀ ਨਗਰੀ)

— ਗਉ **੪**, ੪੩, ੨ : ੩ (165)

"ਤਿਸੁ ਜੋਗੀ ਕੀ **ਨਗਰੀ** ਸਭੁ ਕੋ ਵਸੈ ਭੇਖੀ ਜੋਗੁ ਨ ਹੋਇ।" (ਸਰੀਰ)

— ਬਿਹਾ **੪**, ਵਾਰ ੨੧ਸ, **੩**, ੨ : ੨ (550)

ਨਗਰੀਆ —

"ਪੰਚ ਚੋਰ ਮਿਲਿ ਲਾਗੇ **ਨਗਰੀਆ** ਰਾਮ ਨਾਮ ਧਨੁ ਹਿਰਿਆ।" (ਸਰੀਰ)

— ਬਸੰ **੪**, ੩, ੨ : ੧ (1178)

ਨਗਰੁ —

"ਕਾਮਿ ਕਰੋਧਿ **ਨਗਰੁ** ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ।" (ਸਰੀਰ)

— ਗਉ **੪**, ਸੋਲਾ ੪, ੧ : ੧ (13)

"ਤਸਕਰ ਸਬਦਿ ਨਿਵਾਰਿਆ **ਨਗਰੁ** ਵੁਠਾ ਸਾਬਾਸਿ।" (ਜੀਵਨ ਰੂਪੀ)

— ਪ੍ਰਭਾ **੧**, ੧੦, ੧ : ੨ (1330)

ਨੰਗਾ — 1. ਕੰਗਾਲ, ਗਰੀਬ

"ਸਾਹਿਬੁ ਜਿਸ ਦਾ **ਨੰਗਾ** ਭੁਖਾ ਹੋਵੈ ਤਿਸ ਦਾ ਨਫਰੁ ਕਿਥਹੁ ਰਜਿ ਖਾਏ।"

— ਗਉ **੪**, ਵਾਰ ੧੨ਸ, **੪**, ੨ : ੧ (306)

ਹੋਰ ਰੂਪ — ਨੰਗੀ —

"ਇਕਨਾ ਭੋਗ ਭੋਗਾਇਦਾ ਮੇਰੇ ਗੋਵਿੰਦਾ ਇਕਿ ਨਗਨ ਫਿਰਹਿ ਨੰਗ **ਨੰਗੀ** ਜੀਉ।" (ਬਿਲਕੁਲ ਕੰਗਾਲ) — ਗਉ **੪**, ੬੮, ੨ : ੨ (174)

2. ਬੇਇਜ਼ਤ, ਨਿਰਲੱਜ

ਹੋਰ ਰੂਪ — ਨੰਗਾ —

"ਨਾਮਹੀਣ ਗਏ ਮੂੜ **ਨੰਗਾ**।"

— ਆਸਾ **੪**, ੫੮, ੩ : ੧ (367)

ਨੰਗੁ —

"ਰੰਗਿ ਰਤਾ ਨਚੈ **ਨੰਗੁ**।" (ਨਿਲਜ)

— ਮਾਝ **੧**, ਵਾਰ ੧੦ਸ, **੧**, ੧ : ੫ (142)

3. ਵਸਤਰ ਹੀਣ

"**ਨੰਗਾ** ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ।" (ਗੁਣ ਰੂਪੀ ਵਸਤਰ)

— ਆਸਾ **੧**, ਵਾਰ ੧੪ : ੪ (471)

ਹੋਰ ਰੂਪ — ਨੰਗਿ —

"ਨ ਭੀਜੈ ਤੀਰਥਿ ਭਵਿਐ **ਨੰਗਿ**।" (ਨੰਗੇ ਹੋ ਕੇ)

— ਸਾਰ **੪**, ਵਾਰ ੧ਸ, **੧**, ੨ : ੫ (1237)

ਨੰਗੇ —

"ਹਰਿ ਨਾਮੁ ਹਮਾਰਾ ਪੈਨਣੁ ਜਿਤੁ ਫਿਰਿ **ਨੰਗੇ** ਨ ਹੋਵਹ ਹੋਰ ਪੈਨਣ ਕੀ ਹਮਾਰੀ ਸਰਧ ਗਈ।" — ਵਡ **੪**, ਵਾਰ ੧੨ : ੨ (593)

ਨਚ — ਨਾ ਨਹੀਂ (ਹਨ)

"**ਨਚ** ਰਾਜ ਸੁਖ ਮਿਸਟੰ **ਨਚ** ਭੋਗ ਰਸ ਮਿਸਟੰ **ਨਚ** ਮਿਸਟੰ ਸੁਖ ਮਾਇਆ।"

— ਜੈਤ **੫**, ਵਾਰ ੧੧ਸ, **੫**, ੧ : ੧ (708)

"**ਨਚ** ਬਿਦਿਆ ਨਿਧਾਨ ਨਿਗਮੰ **ਨਚ** ਗੁਣਗ੍ਯ ਨਾਮ ਕੀਰਤਨਹ।" — ਸਸ **੫**, ੩੧ : ੧ (1356)

ਨਚਉ — ਨਚਾਂ ਗਾ

"ਹਉ ਬਹੁੜਿ ਛਿੰਝ ਨ **ਨਚਉ** ਨਾਨਕ ਅਉਸਰੁ ਲਧਾ ਭਾਲਿ ਜੀਉ।"

— ਸਿਰੀ **੫**, ਅਸ ੨੯, ੨੧ : ੩ (74)

ਨਚਸੀ — ਨਚੇਗਾ/ਨਚਦਾ ਹੈ

"ਜਰੁ ਜਰਵਾਣਾ ਕੰਨ੍ਹਿ ਚੜਿਆ **ਨਚਸੀ**।"

— ਮਲਾ **੧**, ਵਾਰ ੨੬ : ੪ (1290)

ਨਚਹਿ — ਨਚਦੇ ਹਨ
"ਕੇਤੇ **ਨਚਹਿ** ਮੰਗਤੇ ਗਿੜਿ ਮੁੜਿ ਪੂਰਹਿ ਤਾਲ।"
— ਆਸਾ **੧**, ਵਾਰ ੪ਸ, **੧**, ੨ : ੩ (464)

ਨਚਣਾ — ਨਾਚ ਕਰਨਾ
"ਹੋਰੁ **ਨਚਣਾ** ਖੁਸੀਆ ਮਨ ਮਾਹ।"
— ਆਸਾ **੧**, ੬, ੧* : ੨ (350)

ਨਚਣੁ — ਨਾਚ ਕਰਨਾ
"**ਨਚਣੁ** ਕੁਦਣੁ ਮਨ ਕਾ ਚਾਉ।"
— ਆਸਾ **੧**, ਵਾਰ ਪਸ, **੧**, ੨ : ੨੫ (465)

ਨਚਨਿ — ਨਚਦੇ ਹਨ, ਨਾਚ ਕਰਦੇ ਹਨ
"ਵਾਇਨਿ ਚੇਲੇ **ਨਚਨਿ** ਗੁਰ।"
— ਆਸਾ **੧**, ਵਾਰ ਪਸ, **੧**, ੨ : ੧ (465)

ਨਚਾ — ਨਚਦਾ ਹੈ
"ਜਿਉ ਨਾਨਕ ਆਪਿ ਨਚਾਇਦਾ ਤਿਵ ਹੀ ਕੋ **ਨਚਾ**।" — ਮਾਰੂ **੫**, ਵਾਰ ੨੨ : ੬ (1094)
"ਆਵੈ ਜਾਇ ਭਵਾਈਐ ਬਹੁ ਜੋਨੀ **ਨਚਾ**।"
— ਮਾਰੂ **੫**, ਵਾਰ ੧੫ : ੨ (1097)

ਨਚਾਇਦਾ — ਨਚਾਉਂਦਾ ਹੈ
"ਜਿਉ ਨਾਨਕ ਆਪਿ **ਨਚਾਇਦਾ** ਤਿਵ ਹੀ ਕੋ ਨਚਾ।" — ਮਾਰੂ **੩**, ਵਾਰ ੨੨ : ੬ (1094)

ਨਚਾਈ — ਨਚਾਵਾਂ
"ਨਿਰਤਿ ਕਰੀ ਇਹੁ ਮਨੁ **ਨਚਾਈ**।"
— ਗੂਜ **੩**, ਅਸ ੧, ੧ : ੧ (506)

ਹੋਰ ਰੂਪ — ਨਚਾਈਐ —
"ਹਥੋ ਹਥਿ **ਨਚਾਈਐ** ਵਣਜਾਰਿਆ ਮਿਤ੍ਰਾ ਜਿਉ ਜਸੁਦਾ ਘਰਿ ਕਾਨੁ।" (ਨਾਚ ਕਰਾਈਐ ਭਾਵ ਟਪਾਂਦੇ ਫਿਰੀਏ)
— ਸਿਰੀ **੧**, ਪਹ ੧, ੨ : ੨ (75)

ਨਚਾਏ — ਨਚਾਂਦਾ, ਭਟਕਾਉਂਦਾ
"ਮਾਇਆ ਮੋਹੁ ਇਸੁ ਮਨਹਿ **ਨਚਾਏ** ਅੰਤਰਿ ਕਪਟੁ ਦੁਖੁ ਪਾਵਣਿਆ।"
— ਮਾਝ **੩**, ਅਸ ੨੧, ੪ : ੩ (122)

ਨਚਾਵਹਿ — ਨਚਾਉਂਦਾ ਹੈ
"ਏਕਿ **ਨਚਾਵਹਿ** ਏਕਿ ਭਵਾਵਹਿ ਇਕਿ ਆਇ ਜਾਇ ਹੋਇ ਧੂਰਾ।"
— ਰਾਮ **੫**, ੭, ੪ : ੨ (884)

ਨਚਾਵੈ — ਨਚਾਉਂਦਾ ਹੈ
"ਜਿਉ ਪ੍ਰਭ ਭਾਵੈ ਤਿਵੈ **ਨਚਾਵੈ**।"
— ਗਉ **੫**, ਸੁਖ ੧੧, ੭ : ੮ (278)

ਨਚਿ — ਨਚ ਕੇ, ਨ੍ਰਿਤ ਕਰਕੇ
"**ਨਚਿ ਨਚਿ** ਟਪਹਿ ਬਹੁਤੁ ਦੁਖੁ ਪਾਵਹਿ।"
— ਗਉ **੫**, ੨੪, ੩ : ੨ (159)

ਨਚਿਐ — ਨਚਨ ਨਾਲ, ਨ੍ਰਿਤ ਕਰਨ ਨਾਲ
"**ਨਚਿਐ** ਟਪਿਐ ਭਗਤਿ ਨ ਹੋਇ।"
— ਗਉ **੩**, ੨੪, ੩ : ੩ (159)

ਨਚਿੰਦੁ — ਬੇ-ਫਿਕਰ/ਨਿਸਚਿੰਤ ਹੋ ਕੇ
"ਨਾਤੀ ਧੋਤੀ ਸੰਬਹੀ ਸੁਤੀ ਆਇ **ਨਚਿੰਦੁ**।"
— ਸਲੋ **ਫਰ**, ੩੩ : ੧ (1379)

ਨਚੈ — ਨਚਦਾ ਹੈ ਭਾਵ ਵਿਚਰਦਾ ਹੈ
"ਹਾਜਿ ਰੰਗੁ ਮਾਲਿ ਰੰਗੁ ਰੰਗਿ ਰਤਾ **ਨਚੈ** ਨੰਗੁ।"
— ਮਾਝ **੧**, ਵਾਰ ੧੦ਸ, **੧**, ੧ : ੫ (142)

ਨਜਰਿ — ਦ੍ਰਿਸ਼ਟ
"**ਨਜਰਿ** ਭਈ ਘਰੁ ਘਰ ਤੇ ਜਾਨਿਆ।" (ਭਾਵ ਮਿਹਰ ਦੀ ਦ੍ਰਿਸ਼ਟੀ)
— ਗਉ **੧**, ੮, ੨ : ੩ (153)

ਨਜੀਕਿ — ਨਜ਼ਦੀਕ, ਨੇੜੇ
"ਗੁਰ ਕੈ ਸਬਦਿ **ਨਜੀਕਿ** ਪਛਾਣਹੁ।"
— ਮਾਰੂ **੩**, ਸੋਲਾ ੨੪, ੧੫ : ੨ (1068)

ਨਟ — 1. ਨਾਟਕ ਖੇਡਣ ਵਾਲੇ, ਮਦਾਰੀ
"**ਨਟ** ਨਾਟਿਕ ਆਖਾਰੇ ਗਾਇਆ।"
— ਗਉ **੫**, ੮੧, ੨ : ੩ (179)
"**ਨਟ** ਵਟ ਖੇਲੈ ਸਾਰਿਗਪਾਨਿ।" (ਮਦਾਰੀ)
— ਗਉ **ਕਬ**, ੩੩, ੨ : ੨ (329)

ਹੋਰ ਰੂਪ — ਨਟਿ —
"ਮਾਇਆ ਮੋਹਿ **ਨਟਿ** ਬਾਜੀ ਪਾਈ।" (ਨਟ/ਬਾਜ਼ੀਗਰ ਨੇ)
— ਗਉ **੩**, ਅਸ ੩, ੫ : ੧ (230)

2. ਰਾਗ ਮੇਘ ਦੇ ਅੱਠ ਪੁੱਤਰਾਂ ਵਿਚੋਂ ਇਕ
"ਜਬਲੀਧਰ **ਨਟ** ਅਉ ਜਲਧਾਰਾ।"
— ਰਾਗ ੧ : ੫੬ (1430)

ਨਟੂ —
"ਮੰਦਲੁ ਨ ਬਾਜੈ **ਨਟੂ** ਪੈ ਸੂਤਾ।" (ਨਚਨ ਵਾਲਾ) — ਆਸਾ **ਕਬ**, ੧੧, ੧ : ੨ (478)

ਨਟੂਆ —
"**ਨਟੂਆ** ਭੇਖ ਦਿਖਾਵੈ ਬਹੁ ਬਿਧਿ ਜੈਸਾ ਹੈ ਓਹੁ ਤੈਸਾ ਰੇ।" (ਸਵਾਂਗੀ, ਨਾਟਕ ਕਰਨ ਵਾਲਾ) — ਆਸਾ **੫**, ੧੩੦, ੧ : ੧ (403)

ਨਟੂਐ —
"**ਨਟੂਐ** ਸਾਂਗੁ ਬਣਾਇਆ ਬਾਜੀ ਸੰਸਾਰਾ।" — ਆਸਾ **੧**, ਅਸ ੨੨, ੪ : ੧ (422)

ਨਠਯੋ — ਨਸ ਗਿਆ
"ਗਰਲ ਨਾਸੁ ਤਨਿ **ਨਠਯੋ** ਅਮਿਉ ਅੰਤਰ ਗਤਿ ਪੀਓ।" — ਸਵ **੨**, ੭ : ੨ (1392)

ਨਠੜੋ — ਭਜ ਗਿਆ, ਨਸ ਗਿਆ
"**ਨਠੜੋ** ਦੁਖ ਤਾਪੁ ਨਾਨਕ ਪ੍ਰਭ ਪੇਖੰਦਿਆ।" — ਜੈਤ **੫**, ਵਾਰ ੧੯ਸ, **੫**, ੨ : ੨ (709)

ਨਠੇ — ਦੌੜ ਗਏ, ਨਸ ਗਏ
"**ਨਠੇ** ਤਾਪ ਦੁਖ ਰੋਗ ਪੂਰੈ ਗੁਰ ਪ੍ਰਤਾਪਿ।" (ਭਾਵ ਮੁਕ ਗਏ) — ਗੂਜ **੫**, ਵਾਰ ੧੩ : ੪ (521)

ਨੰਢੜਾ — ਬਾਲ, ਛੋਟੀ ਉਮਰ ਦਾ
"ਜੇ ਜਾਣਾ ਸਹੁ **ਨੰਢੜਾ** ਤਾ ਥੋੜਾ ਮਾਣੁ ਕਰੀ।" (ਭਾਵ ਬਾਲ ਸੁਭਾ ਵਾਲਾ) — ਸਲੋ **ਫਰ**, ੪ : ੨ (1378)

ਨੰਢੀ — ਜਵਾਨੀ ਵਿਚ
"ਫਰੀਦਾ **ਨੰਢੀ** ਕੰਤੁ ਰਾਵਿਓ ਵਡੀ ਥੀ ਮੁਈਆਸੁ।" — ਸਲੋ **ਫਰ**, ੫੪ : ੧ (1380)

ਨਤ — ਨਹੀ ਤਾਂ ਭਾਵੇਂ
"ਸੁਰਾ ਅਪਵਿਤ੍ਰ **ਨਤ** ਅਵਰ ਜਲ ਰੇ ਸੁਰਸਰੀ ਮਿਲਤ ਨਹਿ ਹੋਇ ਆਨੰ।" — ਮਲਾ **ਰਵਿ**, ੧, ੧ : ੨ (1293)

ਨਤਰ — 1. ਤਾਨੀ ਦੇ ਤਣੇ ਹੋਏ ਧਾਗੇ
"ਛੋਡੀ ਨਲੀ ਤੰਤੁ ਨਹੀ ਨਿਕਸੈ **ਨਤਰ** ਰਹੀ ਉਰਝਾਈ।" — ਗਉ **ਕਬ**, ੫੪, ੪ : ੧ (335)
2. ਨਹੀਂ ਤਾਂ
"ਸੂਧੇ ਸੂਧੇ ਰੇਗਿ ਚਲਹੁ ਤੁਮ **ਨਤਰ** ਕੁਧਕਾ ਦਿਵਈਹੈ ਰੇ।" — ਬਿਲਾ **ਕਬ**, ੧, ੧* : ੨ (855)

ਨਥ — ਨਕੇਲ, ਨਕ ਵਿਚ ਪਾਈ ਰਸੀ
"ਨਕਿ **ਨਥ** ਖਸਮ ਹਥ ਕਿਰਤੁ ਧਕੇ ਲਦੇ।" — ਸੋਰ **੫**, ਵਾਰ ੨੮ਸ, **੨**, ੨ : ੧ (653)

ਨਥਹਾਰੇ — ਨਕੇਲ ਨੂੰ ਹੱਥ ਵਿਚ ਰਖਨ ਵਾਲਾ, ਭਾਵ ਵਸ ਵਿਚ ਰਖਣ ਵਾਲਾ ਆਪਣੀ ਇਛਾ ਅਨੁਸਾਰ ਤੋਰਨ ਵਾਲਾ
"ਜਗੰਨਾਥ ਸਭਿ ਜੰਤ੍ਰ ਉਪਾਏ ਨਕਿ ਖੀਨੀ ਸਭ **ਨਥਹਾਰੇ**।" — ਨਟ **੪**, ਅਸ ੨, ੮ : ੧ (981)

ਨਥਾ — ਨਕੇਲਾਂ
"ਜੋ ਅਸਮਾਨਿ ਨ ਮਾਵਨੀ ਤਿਨ ਨਕਿ **ਨਥਾ** ਪਾਇ।" (ਭਾਵ ਕਾਬੂ ਕਰੇ) — ਸੋਰ **੧**, ੧, ੩ : ੨ (595)

ਨਥਿ — ਨਕੇਲ ਪਾ ਕੇ
"ਏਵਡ ਵਧਾ ਮਾਵਾ ਨਾਹੀ ਸਭਸੈ **ਨਥਿ** ਚਲਾਈ।" — ਮਾਝ **੧**, ਵਾਰ ੧੯ਸ, **੧**, ੧ : ੪ (147)
"ਜੀਅ ਉਪਾਇ ਜੁਗਤਿ ਹਥਿ ਕੀਨੀ ਕਾਲੀ **ਨਥਿ** ਕਿਆ ਵਡਾ ਭਇਆ।" (ਨਕੇਲ ਪਾ ਕੇ, ਭਾਵ ਕਾਬੂ ਕਰਕੇ) — ਆਸਾ **੧**, ੭, ੨ : ੧ (350)
ਹੋਰ ਰੂਪ — **ਨਥਿਆ** —
"ਸਭੁ ਕੋ ਨਥੈ **ਨਥਿਆ** ਬਖਸੇ ਤੋੜੇ ਨਥ।" (ਨਕੇਲਿਆ, ਕਾਬੂ ਕੀਤਾ) — ਮਲਾ **੧**, ਵਾਰ ੨੪ਸ, **੧**, ੧ : ੭ (1289)

ਨਥਾਂੀ — ਨਥੀ ਹੋਈ ਹੈ, ਨਕੇਲੀ ਹੋਈ ਹੈ, ਕਾਬੂ ਵਿਚ ਹੈ, ਹੁਕਮ ਵਿਚ ਹੈ
"ਆਪਿ ਨਾਥੁ **ਨਥਾਂੀ** ਸਭ ਜਾ ਕੀ ਬਖਸੇ ਮੁਕਤਿ ਕਰਾਇਦਾ।" — ਮਾਰੂ **੧**, ਸੋਲਾ ੧੬, ੧੪ : ੩ (1037)

ਨਥੀਅਨੁ — ਨਥੀ ਹੋਈ/ਕਾਬੂ ਕੀਤੀ ਹੋਈ ਹੈ, ਹੁਕਮ ਅੰਦਰ ਰਖੀ ਹੈ
"ਆਪਿ ਨਾਥੁ ਸਭ **ਨਥੀਅਨੁ** ਸਭ ਹੁਕਿਮ ਚਲਾਈ।" — ਸਾਰ **੪**, ਵਾਰ ੩੬ : ੪ (1251)

ਨਥੈ — ਨਥ ਨਾਲ, ਨਕੇਲ ਨਾਲ
"ਸਭ ਕੋ **ਨਥੈ** ਨਥਿਆ ਬਖਸੇ ਤੋੜੇ ਨਥ।" — ਮਲਾ **੧**, ਵਾਰ ੨੪ਸ, **੧**, ੧ : ੭ (1289)

ਨੰਦ — ਗੋਕਲ ਦੇ ਗਵਾਲਿਆਂ ਦਾ ਮੁਖੀ, ਯਸ਼ੋਧਾ ਦਾ ਪਤੀ
"ਤੁਮ੍ ਜੁ ਕਹਤ ਹਉ **ਨੰਦ** ਕੋ ਨੰਦਨੁ ਨੰਦ ਸੁ ਨੰਦਨੁ ਕਾ ਕੋ ਰੇ।" — ਗਉ **ਕਬ**, ੭੦, ੧* : ੧ (338)

ਨੰਦਨ — ਪੁੱਤਰ
"ਸੰਗਿ ਅਲਾਪਹਿ ਆਠਉ **ਨੰਦਨ**।"

— ਰਾਗ ੧ : ੨ (1429)

ਨੰਦਨੀ — ਅਨੰਦ ਦੇਣ ਵਾਲੀ
"ਜੀਹ ਭਣਿ ਜੋ ਉਤਮ ਸਲੋਕ ਉਧਰਣੰ ਨੈਨ **ਨੰਦਨੀ**।" — ਸਸ **੫**, ੩੨ : ੨ (1356)

ਨੰਦਨੁ — ਪੁੱਤਰ
"ਤੁਮ੍ ਜੁ ਕਹਤ ਹਉ ਨੰਦ ਕੋ **ਨੰਦਨੁ** ਨੰਦ ਸੁ ਨੰਦਨੁ ਕਾ ਕੋ ਰੇ।"— ਗਉ **ਕਬ**, ੨੦, ੧* : ੧ (338)

ਨਦਰਿ — 1. (ਅ. ਨਜ਼ਰ) ਦ੍ਰਿਸ਼ਟੀ/ਨਿਗਾਹ ਵਿਚ
"ਓਹੁ ਵੇਖੈ ਓਨਾ **ਨਦਰਿ** ਨ ਆਵੈ ਬਹੁਤਾ ਏਹੁ ਵਡਾਣੁ।" (ਭਾਵ ਨਾ ਦਿਸੇ)
— ਜਪੁ **੧**, ੩੦ : ੪ (7)
"ਜਿਨ ਕਉ **ਨਦਰਿ** ਕਰਮ ਤਿਨ ਕਾਰ।"
— ਜਪੁ **੧**, ੩੮ : ੬ (8)

ਹੋਰ ਰੂਪ — ਨੰਦਰਿ —
"ਦੂਰਿ ਨਾਹੀ ਦੇਖਹੁ ਕਰਿ **ਨੰਦਰਿ**।"
— ਮਾਰੂ **੧**, ਸੋਲਾ ੬, ੧੨ : ੨ (1026)

2. ਮਿਹਰ ਦੀ ਨਜ਼ਰ, ਕ੍ਰਿਪਾ ਦ੍ਰਿਸ਼ਟੀ
"ਜੇ ਤਿਸੁ **ਨਦਰਿ** ਨ ਆਵਈ ਤ ਵਾਤ ਨ ਪੁਛੈ ਕੇ।" — ਜਪੁ **੧**, ੭ : ੪ (2)
"ਛਤੀਹ ਅੰਮ੍ਰਿਤ ਭਾਉ ਏਕ ਜਾ ਕਉ **ਨਦਰਿ** ਕਰੇਇ।" — ਸਿਰੀ **੧**, ੭, ੧ : ੩ (16)

ਨਦਰੀ — (ਅ. ਨਜ਼ਰ) 1. ਮਿਹਰ ਸਦਕਾ, ਕ੍ਰਿਪਾ ਦ੍ਰਿਸ਼ਟੀ ਕਰਕੇ
"ਕਰਮੀ ਆਵੈ ਕਪੜਾ **ਨਦਰੀ** ਮੋਖੁ ਦੁਆਰੁ।"
— ਜਪੁ **੧**, ੪ : ੬ (2)
"ਨਾਨਕ **ਨਦਰੀ** ਪਾਈਐ ਸਚੁ ਨਾਮੁ ਗੁਣਤਾਸ।"
— ਸਿਰੀ **੩**, ੩੪, ੪ : ੪ (26)

2. ਕ੍ਰਿਪਾ/ਮਿਹਰ ਦੀ ਨਜ਼ਰ ਤੋਂ
"ਨਾਨਕ **ਨਦਰੀ** ਬਾਹਰੇ ਰਾਚਹਿ ਦਾਨਿ ਨ ਨਾਇ।" (ਮਿਹਰ ਤੋਂ ਵਾਂਝੇ)
— ਸਿਰੀ **੧**, ੪, ੪ : ੩ (15)

3. ਮਿਹਰ ਦੀ ਨਜ਼ਰ ਕਰਨ ਵਾਲਾ ਭਾਵ ਪ੍ਰਭੂ
"ਨਾਨਕ **ਨਦਰੀ** ਨਦਰਿ ਨਿਹਾਲ।"
— ਜਪੁ **੧**, ੩੮ : ੭ (8)
"ਨਾਨਕ **ਨਦਰੀ** ਮਨਿ ਵਸੈ ਗੁਰਮੁਖਿ ਸਹਜਿ ਸਮਾਹਿ।" (ਪ੍ਰਭੂ)
ਗੂਜ **੩**, ਵਾਸ ੧ਸ, **੩**, ੧ : ੪ (508)
"ਨਾਨਕ **ਨਦਰੀ** ਨਦਰਿ ਕਰੇ ਤਾ ਨਾਮ ਧਨੁ ਪਲੈ ਪਾਇ।"
— ਬਿਲਾ **੪**, ਵਾਰ ੩ਸ, **੩**, ੨ : ੫ (850)

4. ਦ੍ਰਿਸ਼ਟੀ/ਨਿਗਾਹ/ਦਿਸਨ ਵਿਚ
"**ਨਦਰੀ** ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ।" — ਸਿਰੀ **੧**, ੨, ੩ : ੨ (14)
"ਸਭ **ਨਦਰੀ** ਅੰਦਰਿ ਵੇਖਦਾ ਜੈ ਭਾਵੈ ਤੈ ਦੇਇ।"
— ਸਿਰੀ **੩**, ੫੨, ੨ : ੩ (36)
"ਗੁਰ ਪਰਸਾਦੀ ਸਚੁ **ਨਦਰੀ** ਆਵੈ ਸਚੇ ਹੀ ਸੁਖੁ ਪਾਵਣਿਆ।" (ਦਿਸੇ)
— ਮਾਝ **੩**, ਅਸ ੧੯, ੬ : ੩ (120)

ਨਦੀ — ਜਲ ਧਾਰਾ, ਦਰਿਆ
"ਗੁਰੂ ਸਮੁੰਦੁ **ਨਦੀ** ਸਭਿ ਸਿਖੀ ਨਾਤੈ ਜਿਤੁ ਵਡਿਆਈ।"
— ਮਾਝ **੧**, ਵਾਰ ੨੬ਸ, **੧**, ੧ : ੨੪ (150)
"**ਨਦੀ** ਤਰੰਦੜੀ ਮੈਡਾ ਖੋਜੁ ਨ ਖੁੰਭੈ ਮੰਝਿ ਮੁਹਬਤਿ ਤੇਰੀ।"— ਗੂਜ **੫**, ਵਾਰ ੯ਸ, **੫**, ੧ : ੧ (520)

ਹੋਰ ਰੂਪ — ਨਦੀਆ —
"**ਨਦੀਆ** ਅਤੇ ਵਾਹ ਪਵਹਿ ਸਮੁੰਦਿ ਨ ਜਾਣੀਅਹਿ।" — ਜਪੁ **੧**, ੨੩ : ੨ (5)

ਨਦੀਚੇ — ਨਦੀਆਂ ਦਾ
"ਅੰਮ੍ਰਿਤ ਸਸੀਅ ਧੇਨ ਲਛਿਮੀ ਕਲਪਤਰ ਸਿਖਰਿ ਸੁਨਾਗਰ **ਨਦੀਚੇ** ਨਾਥੰ।"
— ਧਨਾ **ਤ੍ਰਿਲੋ**, ੧, ੪ : ੧ (695)

ਨੰਦੁ — 1. ਜਸ਼ੋਧਾ ਦਾ ਪਤੀ, ਇਕ ਗਵਾਲਾ
"ਲਖ ਚਉਰਾਸੀਹ ਜੀਅ ਜੋਨਿ ਮਹਿ ਭ੍ਰਮਤ **ਨੰਦੁ** ਬਹੁ ਥਾਕੋ ਰੇ।"— ਗਉ **ਕਬ**, ੨੦, ੧ : ੧ (338)

2. ਪੁੱਤਰ
"ਜਸਰਥ ਰਾਇ **ਨੰਦੁ** ਰਾਜਾ ਮੇਰਾ ਰਾਮ ਚੰਦੁ ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ।"
— ਰਾਮ **ਨਾਮ**, ੪, ੪ : ੨ (973)

ਨਨ — ਨਹੀਂ, ਕਦੇ ਨਹੀਂ
"ਸਹਸ ਤਵ ਨੈਨ **ਨਨ** ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ।"
— ਧਨਾ **੧**, ਸੋਹ ੩, ੨ : ੧ (13)

ਨਨਕਾਰੁ — ਇਨਕਾਰ ਭਾਵ ਰੋਕ ਟੋਕ
"ਜਿਹ ਸਿਮਰਨਿ ਨਾਹੀ **ਨਨਕਾਰੁ**।"

— ਰਾਮ **ਕਬ**, ੯, ੨ : ੧ (971)

ਨਨਦ — ਨਨਾਣ, ਪਤੀ ਦੀ ਭੈਣ
"ਸਖੀ ਸਹੇਲੀ **ਨਨਦ** ਗਹੇਲੀ ਦੇਵਰ ਕੈ ਬਿਰਹਿ ਜਰਉ ਰੇ।"— ਆਸਾ **ਕਬ**, ੨੫, ੧ : ੨ (482)

ਨਨਾ — ਨਹੀਂ
"ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ **ਨਨਾ** ਏਕ ਤੋਹੀ।"
— ਧਨਾ **੧**, ੯, ੨ : ੧ (663)

ਨੰਨਾ — 'ਨ' ਗੁਰਮੁਖੀ ਲਿਪੀ ਦਾ 25ਵਾਂ ਅੱਖਰ
"**ਨੰਨਾ** ਨਰਕਿ ਪਰਹਿ ਤੇ ਨਾਹੀ।"
— ਗਉ **੫**, ਬਾਅ ੩੬ : ੧ (257)

ਨੰਨਾਕਾਰੁ — ਇਨਕਾਰ, ਰੁਕਾਵਟ, ਰੋਕ ਟੋਕ
"**ਨੰਨਾਕਾਰੁ** ਨ ਹੋਤਾ ਤਾ ਕਹੁ।"
— ਗਉ **੫**, ਬਾਅ ੩੬ : ੫ (257)

ਨੰਨੈ — 'ਨ' ਅਖਰ ਦੁਆਰਾ
"**ਨੰਨੈ** ਨਾਹ ਭੋਗ ਨਿਤ ਭੋਗੈ ਨਾ ਡੀਠਾ ਨਾ ਸੰਮ੍ਹਾਲਿਆ।"— ਆਸਾ **੧**, ਪਟੀ ੨੩ : ੧ (433)

ਨਪਾਕ — (ਫ਼ਾ. ਨਾਪਾਕ) ਅਪਵਿੱਤਰ, ਪਲੀਤ
"ਨਾਨਕ ਦੁਨੀਆ ਸੰਗਿ ਗੁਦਾਰਿਆ ਸਾਕਤ ਮੂੜ **ਨਪਾਕ**।"
— ਗੂਜ **੫**, ਵਾਰ ੧੯ਸ, **੫**, ੧ : ੨ (523)

ਨਫਰੁ — (ਅ. ਨਫ਼ਰ) ਮਨੁੱਖ ਭਾਵ ਸੇਵਕ, ਨੌਕਰ
"ਸਾਹਿਬੁ ਜਿਸ ਕਾ ਨੰਗਾ ਭੁਖਾ ਹੋਵੈ ਤਿਸ ਦਾ **ਨਫਰੁ** ਕਿਥਹੁ ਰਜਿ ਖਾਏ।"
— ਗਉ **੪**, ਵਾਰ ੧੨ਸ, **੪**, ੨ : ੧ (306)

ਹੋਰ ਰੂਪ — ਨਫਰੈ —
"ਤੜ ਸੁਣਿਆ ਸਭਤੁ ਜਗਤ ਵਿਚਿ ਭਾਈ ਵੇਮੁਖੁ ਸਣੈ **ਨਫਰੈ** ਪਉਲੀ ਪਉਦੀ ਫਾਵਾ ਹੋਇ ਕੈ ਉਠਿ ਘਰਿ ਆਇਆ।" (ਸੇਵਕ/ਨੌਕਰ ਦੇ)
— ਗਉ **੪**, ਵਾਰ ੧੨ਸ, **੪**, ੧ : ੪ (306)

ਨਮਸਕਰਾ — ਪ੍ਰਣਾਮ/ਨਮਸਕਾਰ ਯੋਗ
"ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ **ਨਮਸਕਰਾ**।"
— ਗਉ **੫**, ਬਾਅ ੧ਸ : ੯ (250)

ਨਮਸਕਾਰ — ਪ੍ਰਣਾਮ, ਬੰਦਨਾ
"ਨਾਨਕ ਗੁਰ ਪੂਰੇ **ਨਮਸਕਾਰ**।"
— ਗਉ **੫**, ਸੁਖ ੨੪, ੧ : ੧੦ (295)

ਹੋਰ ਰੂਪ — ਨਮਸਕਾਰੰ —
"ਓਅੰ ਸਾਧ ਸਤਿਗੁਰ **ਨਮਸਕਾਰੰ**।"
— ਗਉ **੫**, ਬਾਅ ੧ : ੧ (250)

ਨਮਸਕਾਰਉ — ਨਮਸਕਾਰ/ਪ੍ਰਣਾਮ/ਬੰਦਨਾ ਕਰਦਾ ਹਾਂ
"ਏਕ ਨਿਰੰਕਾਰ ਲੇ ਰਿਦੈ **ਨਮਸਕਾਰਉ**।"
— ਭੈਰ **੫**, ੩, ੩ : ੨ (1136)

ਨਮਸਕਾਰਸਿ — ਨਮਸਕਾਰ ਕਰਦਾ ਹੈ
"ਸਫਲੁ ਓਹੁ ਮਾਥਾ ਸੰਤ **ਨਮਸਕਾਰਸਿ**।"
— ਗਉ **੫**, ੧੨੯, ੩ : ੧ (191)

ਨਮਸਕਾਰਹੁ — ਨਮਸਕਾਰ/ਬੰਦਨਾ ਕਰੋ
"ਹਰਿ ਕੇ ਦਾਸ ਕੇ ਚਰਣ **ਨਮਸਕਾਰਹੁ**।"
— ਗਉ **੫**, ੧੨੬, ੨ : ੨ (191)

ਨਮਸਕਾਰਦਾ — ਨਮਸਕਾਰ ਕਰਦਾ ਹਾਂ
"ਸਦਾ ਅਭਗੁ ਦੀਬਾਣੁ ਹੈ ਹਉ ਤਿਸੁ **ਨਮਸਕਾਰਦਾ**।"— ਗੂਜ **੫**, ਵਾਰ ੪ : ੮ (519)

ਨਮਸਕਾਰਾ — 1. ਨਮਸਕਾਰਿਆ ਹੈ
"ਨਉ ਖੰਡ ਪ੍ਰਿਥਮੀ ਇਸੁ ਤਨ ਮਹਿ ਰਵਿਆ ਨਿਮਖ ਨਿਮਖ **ਨਮਸਕਾਰਾ**।"
— ਗਉ **੫**, ੧੩੨*, ੧ : ੧ (208)

2. ਨਮਸਕਾਰ
"ਤਾ ਕਉ ਕੀਜੈ ਸਦ **ਨਮਸਕਾਰਾ**।"
— ਗਉ **੫**, ਸੁਖ ੫, ੧ : ੬ (268)

ਨਮਸਕਾਰਿ — ਨਮਸਕਾਰ ਕਰ
"ਗੁਰ ਕੇ ਚਰਨ ਕਮਲ **ਨਮਸਕਾਰਿ**।"
— ਗੋਂਡ **੫**, ੧੩, ੧ : ੧ (866)

ਹੋਰ ਰੂਪ — ਨਮਸਕਾਰਿਆ —
"ਘਟ ਘਟ ਅੰਤਰਿ ਪਾਰਬ੍ਰਹਮੁ **ਨਮਸਕਾਰਿਆ**।" (ਨਮਸਕਾਰ ਕੀਤੀ ਹੈ)
— ਮਾਝ **੫**, ੪੬, ੪ : ੨ (108)

ਨਮਸਕਾਰੀ — 1. ਨਮਸਕਾਰ ਕਰਦੇ ਹਨ, ਮਥਾ ਟੇਕਦੇ ਹਨ
"ਜਿਸੁ ਅੰਤਰੁ ਹਿਰਦਾ ਸੁਧੁ ਹੈ ਤਿਸੁ ਜਨ ਕਉ ਸਭਿ **ਨਮਸਕਾਰੀ**।"
— ਵਡ **੪**, ਵਾਰ ੯ : ੧ (589)

2. ਮੈਂ ਨਮਸਕਾਰ ਕਰਦਾ ਹਾਂ

"ਤਿਸੁ ਗੁਰਸਿਖ ਕੰਉ ਹੰਉ ਸਦਾ **ਨਮਸਕਾਰੀ** ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ।"
— ਵਡ **੪**, ਵਾਰ ੧੮ : ੫ (593)

ਨਮਸਕਾਰੁ — ਬੰਦਨਾ, ਪ੍ਰਣਾਮ
"ਹਰਿ ਤੁਧਨੋ ਕਰਹਿ ਸਭ **ਨਮਸਕਾਰੁ** ਜਿਨਿ ਪਾਪੈ ਤੇ ਰਾਖਿਆ।"— ਸਿਰੀ **੪**, ਵਾਰ ੧੨ : ੨ (90)

ਹੋਰ ਰੂਪ — ਨਮਸਕਾਰੇ —
"ਤੁਮ੍ਰੀ ਕ੍ਰਿਪਾ ਤੇ ਗੁਨ ਗਾਵੈ ਨਾਨਕ ਧਿਆਇ ਧਿਆਇ ਪ੍ਰਭ ਕਉ **ਨਮਸਕਾਰੇ**।" (ਨਮਸਕਾਰ ਕਰਦਾ ਹੈ)
— ਆਸਾ **੫**, ੩੬, ੪ : ੨ (379)
"ਜਨ ਨਾਨਕ ਕੀ ਸਰਧਾ ਪੂਰਹੁ ਠਾਕੁਰ ਭਗਤ ਤੇਰੇ **ਨਮਸਕਾਰੇ**।" (ਨਮਸਕਾਰ ਕਰਦਾ/ਸਿਰ ਨਿਵਾਉਂਦਾ ਹਾਂ)
— ਧਨਾ **੫**, ੪੦, ੨ : ੨ (681)

ਨਮਸਕਾਰੈ —
"ਨਿਮਖ ਨਿਮਖ ਠਾਕੁਰ **ਨਮਸਕਾਰੈ**।" (ਨਮਸਕਾਰ ਕਰੇ)
— ਗਉ **੫**, ਸੁਖ ੯ਸ : ੩ (274)
"ਕੁੰਚਰੁ ਪੋਟ ਲੈ ਲੈ **ਨਮਸਕਾਰੈ**।" (ਨਮਸਕਾਰ ਕਰਦਾ ਹੈ)— ਗੋਂਡ **ਕਬ**, ੪, ੩ : ੩ (871)

ਨਮਸਕਾਰੋ —
"ਪਤਿਤ ਪਵਿਤ੍ਰ ਲੀਏ ਕਰਿ ਅਪੁਨੇ ਸਗਲ ਕਰਤ **ਨਮਸਕਾਰੋ**।" (ਨਮਸਕਾਰ ਕਰਦੇ ਹਨ) — ਗੂਜ **੫**, ੧੦, ੧ : ੧ (498)
"ਜਿਨਿ ਦੀਆ ਤਿਸ ਕੈ ਕੁਰਬਾਨੈ ਗੁਰ ਪੂਰੇ **ਨਮਸਕਾਰੋ**।" (ਨਮਸਕਾਰ ਕਰੋ)
— ਸਾਰ **੫**, ੫੪, ੧* : ੨ (1215)

ਨਮਸਤੇ — (ਸੰ. ਨਮਸ੍ਯ) ਨਮਸਕਾਰ ਯੋਗ
"ਹਰਏ **ਨਮਸਤੇ** ਹਰਏ ਨਮਹ।"
— ਗੋਂਡ **ਨਾਮ**, ੫, ੧* : ੧ (874)

ਨਮਹ — ਨਮਸਕਾਰ ਹੈ
"ਆਦਿ ਗੁਰਏ **ਨਮਹ**।"
— ਗਉ **੫**, ਸੁਖ ੧ਸ : ੧ (262)

ਨਮੋ — ਨਮਸਕਾਰ, ਬੰਦਨਾ
"ਨਾਲਕ ਅਨਿਕ ਬਾਰ **ਨਮੋ** ਨਮਹ।"
— ਸਸ **੫**, ੬੩ : ੫ (1360)

ਨਯਣ — (ਸੰ. ਨਯਨਮ੍) ਅੱਖਾਂ, ਨੇਤਰ
"ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ **ਨਯਣ**।" — ਸਵ **੫**, ਮਥੁ ੧ : ੬ (1408)

ਹੋਰ ਰੂਪ — ਨਯਣਿ —
"ਨੈਣ ਤ ਪਰ ਸਕਯਥ **ਨਯਣਿ** ਗੁਰੁ ਅਮਰੁ ਪਿਖਿਜੈ।" — ਸਵ **੩**, ੧੦ : ੪ (1394)

ਨਯਨ — ਅੱਖਾਂ
"ਜਿਹ ਸਤਿਗੁਰ ਸਿਮਰੰਤ **ਨਯਨ** ਕੇ ਤਿਮਰ ਮਿਟਹਿ ਖਿਨੁ।" — ਸਵ **੪**, ਬਲ ੫ : ੧ (1405)

ਨਰ — 1. ਪੁਰਸ਼, ਜਨ, ਪ੍ਰਾਣੀ
"ਰੇ **ਨਰ** ਗਰਭ ਕੁੰਡਲ ਜਬ ਆਛਤ ਉਰਧ ਧਿਆਨ ਲਿਵ ਲਾਗਾ।"— ਸਿਰੀ **ਬੇਣੀ**, ੧, ੧ : ੧ (93)
"ਸੁਖੁ ਨ ਪਾਇਨਿ ਮੁਗਧ **ਨਰ** ਸੰਤ ਨਾਲਿ ਖਹੰਦੇ।"
— ਗਉ **੪**, ਵਾਰ ੧੨ : ੪ (306)

2. ਮਰਦ
"ਅਨਦ ਕਰਹਿ **ਨਰ** ਨਾਰੀ।"
— ਸੋਰ **੫**, ੨੨, ੧ : ੩ (628)
"**ਨਰ** ਸੈ ਨਾਰਿ ਹੋਇ ਅਉਤਰੈ।"
— ਗੋਂਡ **ਨਾਮ**, ੬, ੩ : ੨ (874)

3. ਦੇਵਤਿਆਂ ਦੀ ਇਕ ਖਾਸ ਜਾਤ, ਦੈਵੀ ਸੰਪਦਾ ਗੁਣਾਂ ਵਾਲੇ ਮਨੁੱਖ (ਸ਼ਬਦਾਰਥ)
"ਆਖਹਿ ਸੁਰਿ **ਨਰ** ਮੁਨਿ ਜਨ ਸੇਵ।"
— ਜਪੁ **੧**, ੨੬ : ੧੮ (6)

4. ਪ੍ਰਭ, ਪਾਰਬ੍ਰਹਮ
"**ਨਰ** ਨਿਹਕੇਵਲ ਨਿਰਭਉ ਨਾਉ।"
— ਗਉ **੧**, ਅਸ ੨, ੫ : ੧ (224)

5. ਮਨੁੱਖ
"**ਨਰ** ਤੇ ਸੁਰ ਹੋਇ ਜਾਤ ਨਿਮਖ ਮੈ ਸਤਿਗੁਰ ਬੁਧਿ ਸਿਖਲਾਈ।"
— ਗੋਂਡ **ਕਬ**, ੩, ੧ : ੧ (874)

ਨਰਸਿੰਘ — ਵਿਸ਼ਨੂੰ ਦਾ ਇਕ ਅਵਤਾਰ ਜਿਸ ਦਾ ਅੱਧਾ ਸਰੀਰ ਮਨੁੱਖ ਦਾ ਤੇ ਅੱਧਾ ਸ਼ੇਰ ਦਾ ਮੰਨਿਆ ਜਾਦਾ ਹੈ, ਇਸ ਨੇ ਹਰਨਾਕਸ਼ ਤੋਂ ਉਸ ਦੇ ਪੁੱਤਰ ਪ੍ਰਹਿਲਾਦ ਦੀ ਰਖਿਆ ਕੀਤੀ ਸੀ
"ਭਗਤ ਹੇਤਿ ਮਾਰਿਓ ਹਰਨਾਖਸੁ **ਨਰਸਿੰਘ** ਰੂਪ ਹੋਇ ਦੇਹ ਧਰਿਓ।"

— ਮਾਰੂ **ਨਾਮ**, ੧, ੪ : ੧ (1105)

ਨਰਹ — ਮਨੁੱਖਾਂ ਦਾ
"ਅਸਪਤਿ ਗਜਪਤਿ **ਨਰਹ** ਨਰਿੰਦ।"
— ਤਿਲੰ **ਨਾਮ**, ੩, ੪ : ੧ (727)
"ਜਾਞੀ ਨਾਉ **ਨਰਹ** ਨਿਹਕੇਵਲੁ ਰਵਿ ਰਹਿਆ ਤਿਹੁ ਲੋਈ।" (ਮਨੁੱਖਾਂ ਤੋਂ)
— ਸੂਹੀ **੧**, ਛੰਤ ੧, ੩ : ੪ (763)

ਨਰਹਰ — ਮਨੁੱਖਾਂ ਨੂੰ ਹਰਨ ਵਾਲਾ, ਨਰਸਿੰਘ ਅਰਥਾਤ ਹਰੀ, ਪ੍ਰਭੂ, ਵਾਹਿਗੁਰੂ
"**ਨਰਹਰ** ਨਾਮੁ **ਨਰਹਰ** ਨਿਹਕਾਮੁ।"
— ਗਉ **੧**, ੬, ੧* : ੨ (152)

ਹੋਰ ਰੂਪ — ਨਰਹਰਹ —
"ਦ੍ਰਿਸਟੰਤ ਏਕੋ ਸੁਨੀਅੰਤ ਏਕੋ ਵਰਤੰਤ ਏਕੋ **ਨਰਹਰਹ**।" (ਈਸ਼ਵਰ, ਪ੍ਰਭੂ)
— ਜੈਤ **੫**, ਵਾਰ ੨੦ਸ, **੫**, ੧ : ੧ (710)

ਨਰਹਰਾ —
"ਮੇਰੇ ਮਨ ਜਪਿ ਨਰਹਰ ਨਾਮੁ **ਨਰਹਰਾ**।" (ਪ੍ਰਭੂ) — ਬਿਲਾ **੪**, ੩, ੧* : ੧ (799)

ਨਰਹਰਿ —
"ਗਰਭ ਛੋਡਿ ਮ੍ਰਿਤ ਮੰਡਲ ਆਇਆ ਤਉ **ਨਰਹਰਿ** ਮਨਹੁ ਬਿਸਾਰਿਆ।" (ਪ੍ਰਭੂ)
— ਸਿਰੀ **ਬੇਣੀ**, ੧, ੧ : ੪ (93)

ਨਰਹਰੀ —
"ਜਹ ਜਹ ਦੇਖਾ ਤਹ **ਨਰਹਰੀ**।"
— ਰਾਮ **੧**, ੨, ੧ : ੨ (876)

ਨਰਹਰੀਐ —
"ਮੇਰਾ ਮਿਤ੍ਰੁ ਸਖਾ ਸੋ ਪ੍ਰੀਤਮੁ ਭਾਈ ਮੈ ਦਸੇ ਹਰਿ **ਨਰਹਰੀਐ**।"
— ਮਾਝ **੪**, ੩, ੨ : ੩ (95)

ਨਰਹਰੇ —
"ਖਿਨੁ ਖਿਨੁ ਨਰੁ ਨਾਰਾਇਨੁ ਗਾਵਹਿ ਮੁਖਿ ਬੋਲਹਿ ਨਰ **ਨਰਹਰੇ**।" (ਵਾਹਿਗੁਰੂ)
— ਨਟ **੪**, ੧, ੨ : ੧ (975)

ਨਰਹਰੈ —
"ਬਿਨਵੰਤਿ ਨਾਨਕ ਤਰੈ ਸਾਗਰੁ ਧਿਆਇ ਸੁਆਮੀ **ਨਰਹਰੈ**।" (ਵਾਹਿਗੁਰੂ ਨੂੰ)
— ਰਾਮ **੫**, ਛੰਤ ੩, ੧ : ੬ (925)

ਨਰਹੁ — ਪ੍ਰਾਣੀਓ, ਮਨੁੱਖੋ
"ਜਿਹ ਸਤਿਗੁਰ ਲਗਿ ਪ੍ਰਭੁ ਪਾਈਐ ਸੋ ਸਤਿਗੁਰੁ ਸਿਮਰਹੁ **ਨਰਹੁ**।"— ਸਵ **੪**, ਬਲ ੫ : ੬ (1405)

ਨਰਕ — ਦੋਜ਼ਕ, ਜਹਨੰਮ, ਪੁਰਾਣਾਂ ਅਨੁਸਾਰ ਉਹ ਦੇਸ਼ ਜਿਥੇ ਜੀਵ ਆਪਣੇ ਪਾਪਾਂ ਦਾ ਫਲ ਭੋਗਨ ਲਈ ਜਾਂਦਾ ਹੈ
"ਬਿਆਪਤ ਸੁਰਗ **ਨਰਕ** ਅਵਤਾਰ।"
— ਗਉ **੫**, ੮੮, ੧ : ੨ (182)
"**ਨਰਕ** ਸੁਰਗ ਫਿਰਿ ਫਿਰਿ ਅਵਤਾਰ।" (ਭਾਵ ਨੀਵਾਂ ਜਨਮ)— ਗਉ **੫**, ਸੁਖ ੧੨, ੩ : ੪ (278)

ਨਰਕਹ — ਨਰਕਾਂ ਵਿਚ
"ਮ੍ਰਿਤੁ ਜਨਮ ਭ੍ਰਮੰਤਿ **ਨਰਕਹ** ਅਨਿਕ ਉਪਾਵੰ ਨ ਸਿਧੵਤੇ।" — ਸਸ **੫**, ੪੨ : ੫ (1357)

ਨਰਕਘੋਰ — ਡੂੰਘੇ ਨਰਕ, ਭਿਆਨਕ ਡਰਾਉਣਾ ਨਰਕ,
"ਜਿਹ ਪ੍ਰਭੂ ਬਿਸਾਰਿ ਗੁਰ ਤੇ ਬੇਮੁਖਾਈ ਤੇ **ਨਰਕ ਘੋਰ** ਮਹਿ ਪਰਿਆ।"
— ਸੋਰ **੫**, ੧੫, ੩ : ੨ (613)

ਨਰਕਪਾਤੀ — ਨਰਕਾਂ ਦਾ ਪਾਤਰ, ਨਰਕਾਂ ਵਿਚ ਡਿਗਨ ਵਾਲਾ
"ਸੋ **ਨਰਕਪਾਤੀ** ਹੋਵਤ ਸੁਆਨੁ।"
— ਗਉ **੫**, ਸੁਖ ੧੨, ੧ : ੨ (278)

ਨਰਕਾ — ਨਰਕ
"ਕਵਨ ਸੁ ਮੁਕਤੀ ਕਵਨ ਸੁ **ਨਰਕਾ**।"
— ਮਾਰੂ **੫**, ਸੋਲਾ ੧੦, ੬ : ੧ (1081)

ਨਰਕਿ — ਨਰਕ ਵਿਚ
"**ਨਰਕਿ** ਨ ਸੇਈ ਪਾਈਐ।"
— ਮਾਝ **੫**, ਅਸ ੩੮, ੨ : ੨ (132)

ਹੋਰ ਰੂਪ — ਨਰਕੁ —
"**ਨਰਕੁ** ਸੁਰਗੁ ਦੁਇ ਭੰਚਨਾ ਹੋਇ ਬਹੁਰਿ ਬਹੁਰਿ ਅਵਤਾਰ।"
— ਗਉ **੫**, ੧੫੮*, ੨ : ੨ (214)

ਨਰਕੇ —
"ਰੰਗੁ ਨ ਲਗੀ ਪਾਰਬ੍ਰਹਮ ਤਾ ਸਰਪਰ **ਨਰਕੇ** ਜਾਇ।" (ਨਰਕ ਵਿਚ)
— ਸਿਰੀ **੫**, ਅਸ ੨੬, ੫ : ੪ (70)

ਨਰਜਾ — ਤਕੜੀ, ਤਰਾਜੂ

"ਬਾਰੰਬਾਰ ਮਾਇਆ ਤੇ ਅਟਕੈਲੈ **ਨਰਜਾ** ਮਨੁ ਤੋਲੈ ਦੇਵ।"— ਬਿਲਾ **ਕਬ**, ੧੨, ੧ : ੨ (857)

ਨਰਦੇਵ — ਮਨੁੱਖਾਂ ਵਿਚੋਂ ਦੇਵਤਾ ਰੂਪ, ਸਾਧੂ

"ਸੁਰ ਪਵਿਤ੍ਰ **ਨਰਦੇਵ** ਪਵਿਤ੍ਰਾ ਖਿਨੁ ਬੋਲਹੁ ਗੁਰਮੁਖਿ ਬਾਣੀ।" — ਰਾਮ **੫**, ੨, ੧* : ੨ (883)

ਨਰਹਰਹ — ਨਰਾਂ ਵਿਚੋਂ ਸ੍ਰੇਸ਼ਟ ਨਰ ਅਰਥਾਤ ਪ੍ਰਭੂ ਵਾਹਿਗੁਰੂ

"**ਨਰਹਰਹ** ਨਮਸਕਾਰੰ।"

— ਰਾਮ **੫**, ੫੯, ੧* : ੧ (901)

ਹੋਰ ਰੂਪ — ਨਰਹਰੇ —

"ਸਭਿ ਕਹਹੁ ਮੁਖਹੁ ਨਰ **ਨਰਹਰੇ** ਨਰ **ਨਰਹਰੇ** ਨਰ **ਨਰਹਰੇ** ਹਰਿ ਲਾਹਾ ਹਰਿ ਭਗਤਿ ਵਿਸੇਖਿਆ।"

— ਕਾਨ **੪**, ਵਾਰ ੯ : ੫ (1316)

ਨਰਨਾਥਾ — ਨਰਾਂ ਦੇ ਨਾਥ, ਮਨੁੱਖਾਂ ਦੇ ਮਾਲਕ ਭਾਵ ਪ੍ਰਭੂ

"ਰਾਖਿ ਲੇਹੁ ਨਿਰਗੁਨ **ਨਰਨਾਥਾ**।"

— ਗਉ **੫**, ਬਾਅ ੪੩ : ੮ (259)

ਨਰਪਤਿ — ਨਰਾਂ ਦਾ ਮਾਲਕ, ਰਾਜਾ, ਪ੍ਰਜਾਪਤੀ

"**ਨਰਪਤਿ** ਪ੍ਰੀਤਿ ਮਾਇਆ ਦੇਖਿ ਪਸਾਰਾ।"

— ਗਉ **੪**, ੪੧, ੩ : ੨ (166)

"**ਨਰਪਤਿ** ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ।" — ਸੋਰ **ਰਵਿ**, ੧, ੨ : ੧ (657)

ਨਰਬਦ — ਨ+ਅਰਬਦ, ਅਰਬਾਂ ਤੋਂ ਪਰੇ ਭਾਵ ਬੇਅੰਤ

"ਅਰਬਦ **ਨਰਬਦ** ਧੁੰਧੂਕਾਰਾ।"

— ਮਾਰੂ **੧**, ਸੋਲਾ ੧੫, ੧ : ੧ (1035)

ਨਰਵਿਰਤਿ — (ਸੰ. ਨਿਵ੍ਰਿਤਿ) ਤਿਆਗ, ਭੋਗਾਂ ਤੋਂ ਨਿਰਲੇਪਤਾ

"ਗੁਰਮੁਖਿ ਪਰਵਿਰਤਿ **ਨਰਵਿਰਤਿ** ਪਛਾਣੈ।"

— ਰਾਮ **੧**, ਸਿਗੋ ੩੧ : ੪ (941)

ਨਰਵੈ — ਨਰਾਂ ਵਿਚੋਂ ਉਤਮ ਨਰ (ਮਹਾਨਕੋਸ਼), ਹੇ ਨਾਰੀਓ (ਸ਼ਬਦਾਰਥ, ਨਿਰਣੈ, ਦਰਪਣ)

"ਕਹਤ ਕਬੀਰੁ ਸੁਨਹੁ ਨਰ **ਨਰਵੈ** ਪਰਹੁ ਏਕ ਕੀ ਸਰਨਾ।" — ਪ੍ਰਭਾ **ਕਬ**, ੨, ੬ : ੧ (1349)

ਨਰਾ — 1. ਮਨੁੱਖ, ਆਦਮੀ

"ਕੁਟੰਬੁ ਦੇਖਿ ਬਿਗਸਹਿ ਕਮਲਾ ਜਿਉ ਪਰ ਘਰਿ ਜੋਹਹਿ ਕਪਟ **ਨਰਾ**।"

— ਸਿਰੀ **ਤ੍ਰਿਲੋ**, ੨, ੧ : ੨ (92)

2. ਪ੍ਰਭੂ/ਹਰੀ ਦੀ

"ਸੋਈ ਸੇਖੁ ਮਸਾਇਕੁ ਹਾਜੀ ਸੋ ਬੰਦਾ ਜਿਸੁ ਨਜਰਿ **ਨਰਾ**।"

— ਮਾਰੂ **੫**, ਸੋਲਾ ੧੨, ੧੪ : ੩ (1184)

ਨਰਾਇਣ — ਸਭ ਨਰਾਂ ਵਿਚ ਨਿਵਾਸ-ਕਰਤਾ ਅਰਥਾਤ ਪ੍ਰਭੂ

"ਮਿਲੇ **ਨਰਾਇਣ** ਆਪਣੇ ਮਾਨੋਰਥੋ ਪੂਰਾ ਰਾਮ ਰਾਜੇ।" — ਆਸਾ **੫**, ਛੰਤ ੩, ੪ : ੧ (454)

ਹੋਰ ਰੂਪ — ਨਰਾਇਣਾ —

"ਨਾਮ ਨਰਹਰ ਨਿਧਾਨੁ ਜਿਨ ਕੈ ਰਸ ਭੋਗ ਏਕ **ਨਰਾਇਣਾ**।"

— ਰਾਮ **੫**, ਛੰਤ ੨, ੨ : ੩ (925)

ਨਰਾਇਣਿ —

"ਨਾਮੁ ਨਿਰੰਜਨੁ ਨੀਰਿ **ਨਰਾਇਣ**।"

— ਗੋਂਡ **੫**, ੧੯, ੧* : ੧ (868)

ਨਰਾਇਣੁ —

"ਜਪਿ ਮਨਾ ਤੂੰ ਰਾਮ **ਨਰਾਇਣੁ** ਗੋਵਿੰਦਾ ਹਰਿ ਮਾਧੋ।" — ਗਉ **੫**, ਛੰਤ ੩, ੧ : ੧ (248)

ਨਰਾਇਣੋ —

"ਜਿਸੁ ਮਨਿ ਵਸੈ **ਨਰਾਇਣੋ** ਸੋ ਕਹੀਐ ਭਗਵੰਤੁ।"— ਮਾਝ **੫**, ਦਿਨ ੩ : ੫ (137)

ਨਰਾਇਨੁ — ਪ੍ਰਭੂ

"ਨਾਮੇ ਦੇਖਿ **ਨਰਾਇਨੁ** ਹਸੈ।"

— ਭੈਰੋ **ਨਾਮ**, ੩, ੩ : ੨ (1164)

ਨਰਿ — ਮਨੁੱਖ, ਆਦਮੀ

"ਗਹਡਿਓ ਮੂੜ **ਨਰਿ** ਹਾਂ।"

— ਆਸਾ **੫**, ੧੫੭, ੧ : ੩ (409)

"ਸਾਕਤ **ਨਰਿ** ਸਬਦ ਸੁਰਤਿ ਕਿਉ ਪਾਈਐ।"

— ਮਾਰੂ **੧**, ਸੋਲਾ ੨੧, ੧੦ : ੨ (1042)

ਨਰਿੰਦ — ਰਾਜਾ, 'ਨਰਾਂ ਦਾ ਇੰਦ'

"ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ **ਨਰਿੰਦ**।" — ਜਪੁ **੧**, ੩੫ : ੯ (7)

ਨਰੁ — ਮਨੁੱਖ, ਜੀਵ

"ਸੋ **ਨਰੁ** ਜੰਮੈ ਨ ਮਰੈ ਨਾ ਆਵੈ ਨਾ ਜਾਇ।"

— ਸਿਰੀ **੧**, ੧੪, ੪ : ੨ (19)

ਨਰੂ — ਮਨੁੱਖ

"**ਨਰੂ** ਮਰੈ ਨਰੁ ਕਾਮਿ ਨ ਆਵੈ।"

— ਗੋਂਡ **ਕਬ**, ੨, ੧ : ੧ (870)

ਨਲਨੀ — ਨਲਕੀ, ਫਿਰਕੀ, ਤੋਤੇ ਨੂੰ ਫੜਨਦਾਇਕ ਜੰਤ੍ਰ,

"ਜਿਉ **ਨਲਨੀ** ਸੂਅਟਾ ਗਹਿਓ ਮਨ ਬਉਰਾ ਰੇ ਮਾਯਾ ਇਹੁ ਬਿਉਹਾਰੁ।"

— ਗਉ **ਕਬ**, ੫੨, ੩ : ੧ (336)

ਹੋਰ ਰੂਪ — ਨਲਿਨੀ —

"ਰਾਜੁ ਕਹਾਵੈ ਹਉ ਕਰਮ ਕਮਾਵੈ ਬਾਧਿਓ **ਨਲਿਨੀ** ਭ੍ਰਮਿ ਸੂਆ।"

— ਆਸਾ **੫**, ੧੪੯, ੨ : ੧ (407)

ਨਲੀ — ਨਲਕੀ

"**ਛੋਡੀ ਨਲੀ** ਤੰਤੁ ਨਹੀ ਨਿਕਸੈ ਨਤਰ ਰਹੀ ਉਰਝਾਈ।" — ਗਉ **ਕਬ**, ੫੪, ੪ : ੧ (335)

ਨਲ੍ਯ — ਇਕ ਭਟ ਜਿਸ ਦੇ ਗੁਰੂ ਰਾਮਦਾਸ ਜੀ ਦੀ ਉਪਮਾ ਵਿਚ 16 ਸਵਯੈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਮਿਲਤ ਹਨ

"**ਨਲ੍ਯ** ਕਵਿ ਪਾਰਸ ਪਰਸ ਕਰ ਕੰਚਨਾ ਹੋਇ ਚੰਦਨਾ ਸੁਬਾਸੁ ਜਾਸੁ ਸਿਮਰਤ ਅਨ ਤਰ।"

— ਸਵ **੪**, ਨਲ, ੩ : ੪ (1399)

ਨਵ — 1. ਨੌਂ, ਗਿਣਤੀ ਦੀ ਇਕ ਇਕਾਈ

"ਸਪਤ ਦੀਪ ਸਪਤ ਸਾਗਰਾ **ਨਵ** ਖੰਡ ਚਾਰਿ ਵੇਦ ਦਸ ਅਸਟ ਪੁਰਾਣਾ।"

— ਸਿਰੀ **੪**, ਵਾਰ ੪ : ੧ (84)

2. ਨੌਂ ਖੰਡ

"ਪੰਚ ਤੀਨਿ **ਨਵ** ਚਾਰਿ ਸਮਾਵੈ।"

— ਆਸਾ **੧**, ਅਸ ੫, ੫ : ੧ (414)

3. ਨੌਂ ਵਿਆਕਰਣ

"**ਨਵ** ਛਿਅ ਖਟੁ ਬੋਲਹਿ ਮੁਖ ਆਗਰ ਮੇਰਾ ਹਰਿ ਪ੍ਰਭੁ ਇਵਨ ਪਤੀਨੇ।"

— ਧਨਾ **੪**, ੭, ੨ : ੧ (668)

"**ਨਵ** ਛਿਅ ਖਟ ਕਾ ਕਰੇ ਬੀਚਾਰੁ।"

— ਸਾਰ **੪**, ਵਾਰ ੧ਸ, **੧**, ੩ : ੧ (1237)

4. ਨਵਾਂ/ਨਵੀਂ

"**ਨਵ** ਹਾਣਿ **ਨਵ** ਧਨ ਸਬਦਿ ਜਾਗੀ ਆਪਣੇ ਪਿਰ ਭਾਣੀਆ।" (ਨਵ-ਉਮਰ, ਨੌਜੁਵਾਨ, ਨਵੀ ਇਸਤ੍ਰੀ)

— ਬਿਲਾ **੧**, ਛੰਤ ੨, ੨ : ੩ (844)

ਨਵਖੰਡ — 1. ਪ੍ਰਿਥਵੀ ਦੇ ਨੌਂ ਭਾਗ, ਭਾਵ ਸਾਰੀ ਪ੍ਰਿਥਵੀ

"ਜੇ ਲਖ ਇਸਤਰੀਆ ਭੋਗ ਕਰਹਿ **ਨਵਖੰਡ** ਰਾਜੁ ਕਮਾਹਿ।" — ਸਿਰੀ **੩**, ੩੫, ੩ : ੧ (26)

"**ਨਵਖੰਡ** ਮਧੇ ਪੂਜੀਐ ਅਪਣੈ ਚਜਿ ਵੀਚਾਰਿ।"

— ਮਾਰੂ **੩**, ਵਾਰ ੧੧ਸ, **੩**, ੧ : ੨ (1090)

2. ਸਰੀਰ ਦੇ ਨੌਂ ਜੋੜ

"ਸਾਠ ਸੂਤ **ਨਵ ਖੰਡ** ਬਹਤਰਿ ਪਾਟੁ ਲਗੋਅਧਿਕਾਈ।"

— ਗਉ **ਕਬ**, ੫੪, ੧ : ੨ (335)

ਨਵਖੰਡਣਹ — ਨੌਂ ਭਾਗਾਂ ਵਾਲੀ

"ਬਸੰਤਿ ਸ੍ਵਰਗ ਲੋਕਹ ਜਿਤਤੇ ਪ੍ਰਿਥਵੀ **ਨਵਖੰਡਣਹ**।"

— ਜੈਤ **੫**, ਵਾਰ ੯ਸ, **੫**, ੧ : ੧ (707)

ਨਵਖੰਡਨ — ਨੌਂ ਭਾਗ, ਭਾਵ ਸਾਰੀ ਪ੍ਰਿਥਵੀ

"**ਨਵਖੰਡਨ** ਕੋ ਰਾਜੁ ਕਮਾਵੈ ਅੰਤਿ ਚਲੈਗੋ ਹਾਰੀ।"

— ਟੋਡੀ **੫**, ੨, ੧ : ੨ (712)

ਨਵਖੰਡਾ — ਨੌ ਭਾਗਾਂ

"ਨਾਉ ਨਉਮੀਨਵੇ ਨਾਥ **ਨਵਖੰਡਾ**।"

— ਬਿਲਾ **੧**, ਥਿਤੀ ੧੧ : ੧ (939)

ਨਵਗ੍ਰਹ — ਨੌਂ ਗ੍ਰਹਿ ਯਥਾ ਸੂਰਜ (sun), ਚੰਦ੍ਰ (moon), ਮੰਗਲ (mars), ਬੁਧ (mercury), ਵ੍ਰਿਤ ਸਪਤ੍ਰ (jupitor), ਸ਼ੁਕਰ (venus), ਸ਼ਨੇਛਰ (saptorn), ਰਾਹੁ (zirza), ਤੇ ਕੇਤੂ (The rarajons)

"**ਨਵ ਗ੍ਰਹ** ਕੋਟਿ ਠਾਢੇ ਦਰਬਾਰ।"

— ਭੈਰ **ਕਬ**, ਅਸ, ੨, ੨ : ੩ (1163)

ਨਵਘਰ — ਨੌਂ ਗੋਲਕਾਂ

"**ਨਵ ਘਰ** ਥਾਪਿ ਮਹਲ ਘਰੁ ਊਚਉ ਨਿਜ ਘਰਿ ਵਾਸੁ ਮੁਰਾਰੇ।"— ਤੁਖਾ **੧**, ਬਾਰਾ ੨ : ੪ (1107)

ਨਵੰਤ — ਨੌਂ

"**ਨਵੰਤ** ਦੁਆਰੰ ਭੀਤ ਰਹਿਤੰ ਬਾਇ ਰੂਪੰ ਅਸਥੰਭਨਹ।" — ਸਸ **੫**, ੪ : ੨ (1354)

ਨਵਤਨ — (ਸੰ. नूतन) ਨਵੇਂ, ਨਵੀਨ

"ਕਈ ਕੋਟਿ **ਨਵਤਨ** ਨਾਮ ਧਿਆਵਹਿ।"
— ਗਉ **੫**, ਸੁਖ ੧੦, ੧ : ੯ (275)
"ਅਹਿਨਿਸਿ **ਨਵਤਨ** ਨਿਰਮਲਾ ਮੈਲਾ ਕਬਹੂੰ ਨ ਹੋਇ।" (ਨਵਾਂ, ਭਾਵ ਸਜਰਾ)
— ਸੂਹੀ **੩**, ਵਾਰ ੧੫ਸ, **੧**, ੧ : ੪ (790)
"ਨਵਲ **ਨਵਤਨ** ਨਾਹੁ ਬਾਲਾ ਕਵਨ ਰਸਨਾ ਗੁਨ ਭਣਾ।" (ਨਵਾਂ, ਨਿਰੋਆ)
— ਬਿਲਾ **੫**, ਛੰਤ ੩, ੫ : ੪ (847)

ਹੋਰ ਰੂਪ — ਨਵਤਨੁ —
"ਗੁਣ ਨਿਧਾਨੁ **ਨਵਤਨੁ** ਸਦਾ ਪੂਰਨ ਜਾ ਕੀ ਦਾਤਿ।" (ਨਵਾਂ ਨਰੋਆ, ਤਾਜ਼ਾ)
— ਸਿਰੀ **੫**, ੮੩, ੩ : ੩ (47)

ਨਵਤਨੋ —
"ਨਿਰਮਲੁ ਨਾਮੁ ਸਦ **ਨਵਤਨੋ** ਆਪਿ ਵਸੈ ਮਨਿ ਆਇ।"
— ਸਿਰੀ **੩**, ੨੪, ੧* : ੨ (69)

ਨਵਨਿਧਿ — ਨੌਂ ਨਿਧੀਆਂ, ਧਨ ਸੰਪਦਾ ਦੇ ਖਜ਼ਾਨੇ
"ਸਤਿਗੁਰ ਮਿਲਿਐ ਉਲਟੀ ਭਈ **ਨਵ ਨਿਧਿ** ਖਰਚਿਉ ਖਾਉ।"
— ਸਿਰੀ **੪**, ਵਾਰ ੨੧ਸ, **੩**, ੨ : ੧ (91)

ਹੋਰ ਰੂਪ — ਨਵੰਨਿਧਿ —
"ਜਪਿ ਹਰਿ ਹਰਿ ਨਾਮੁ ਕਮਲ ਪਰਗਾਸੇ ਹਰਿਨਾਮੁ **ਨਵੰਨਿਧਿ** ਪਾਈ।"
— ਵਡ **੪**, ਛੰਤ ੧, ੨ : ੩ (572)

ਨਵਨਿਧੇ —
"**ਨਵਨਿਧੇ ਨਵਨਿਧੇ** ਮੇਰੇ ਘਰ ਮਹਿ ਆਈ ਰਾਮ।"— ਆਸਾ **੫**, ਛੰਤ ੧, ੩ : ੨ (456)

ਨਵਰੰਗ — ਨਵੇਂ ਰੰਗ ਵਾਲਾ, ਨੌਜੁਆਨ
"**ਨਵਰੰਗ** ਲਾਲੁ ਸੇਜ ਰਾਵਣ ਆਇਆ।"
— ਸੂਹੀ **੫**, ੪, ੪ : ੩ (737)

ਨਵਰੰਗੜੀਆ — ਨਵੇਂ ਰੰਗ ਵਿਚ ਰੰਗਿਆ, ਨਵੀਂ ਖੇਡ ਖੇਡਣ ਵਾਲਾ
"ਗੁਰਮੁਖਿ ਰੰਗੁ ਚਲੂਲਾ ਪਾਵੈ ਹਰਿ ਹਰਿ ਹਰਿ **ਨਵ ਰੰਗੜੀਆ**।"— ਵਡ **੪**, ਘੋੜੀ ੧, ੧ : ੪ (575)

ਨਵਰੰਗੀਆ — ਨਵੇਂ ਰੰਗ ਵਾਲਾ, ਨਵੀਂ ਖੇਡ ਖੇਡਣ ਵਾਲਾ
"ਮਹਾ ਮੰਗਲੁ ਰਹਸੁ ਥੀਆ ਪਿਰੁ ਦਇਆਲੁ ਸਦ **ਨਵ ਰੰਗੀਆ**।"
— ਜੈਤ **੫**, ਛੰਤ ੧, ੪ : ੩ (704)

ਨਵਲ — ਨੌਜੁਆਨ
"**ਨਵਲ** ਨਵਤਨ ਨਾਹੁ ਬਾਲਾ ਕਵਨ ਰਸਨਾ ਗੁਨ ਭਣਾ।" — ਬਿਲਾ **੫**, ਛੰਤ ੩, ੫ : ੪ (847)

ਨਵਲਾਇਆ — ਨੁਹਾਇਆ, ਅਸ਼ਨਾਨ ਕਰਵਾਇਆ
"ਗੁਰਿ ਅੰਮ੍ਰਿਤ ਸਰਿ **ਨਵਲਾਇਆ** ਸਭਿ ਲਾਥੇ ਕਿਲਵਿਖ ਪੰਕੁ।"
— ਸੂਹੀ **੪**, ੩, ੩ : ੨ (732)

ਨਵਾ — 1. ਨਵ, ਨਵੀਨ, ਨਯਾ
"ਸਾਹਿਬੁ ਮੇਰਾ ਨੀਤ **ਨਵਾ** ਸਦਾ ਸਦਾ ਦਾਤਾਰੁ।" (ਭਾਵ ਖੁਸ਼) — ਧਨਾ **੧**, ੧, ੧* : ੧ (660)
2. ਨੌਆਂ ਹੀ
"**ਨਵਾ** ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ।" — ਜਪੁ **੧**, ੭ : ੨ (2)
"**ਨਵਾ** ਖੰਡਾ ਵਿਚਿ ਜਾਣੀਆ ਅਪਨੇ ਚਜ ਵੀਚਾਰ।" — ਸਲੋ **੩**, ੩ : ੨ (1413)

ਨਵਾ-ਨਿਰੋਆ — 1. ਅਰੋਗ, ਸੁਅਸਤ
"ਸਭ ਰੋਗ ਮਿਟਾਵੇ **ਨਵਾ ਨਿਰੋਆ**।"
— ਸੂਹੀ **੫**, ੩੯, ੨ : ੧ (744)
2. ਨਵਾਂ/ਤਾਜ਼ਾ ਤੇ ਖੁਸ਼
"ਸਭ ਉਮਤਿ ਆਵਣ ਜਾਵਣੀ ਆਪੇ ਹੀ **ਨਵਾ ਨਿਰੋਆ**।" — ਰਾਮ **ਬਸ**, ੮ : ੪ (968)

ਨਵਿਤ — ਨਮਿਤ—ਖਾਤਰ, ਲਈ
"ਵਿਤ **ਨਵਿਤ** ਭ੍ਰਮਿਓ ਬਹੁ ਭਾਤੀ ਅਨਿਕ ਜਤਨ ਕਰਿ ਧਾਏ।" — ਮਾਰੂ **੫**, ੩, ੧ : ੧ (999)

ਨਵੇਂ — 1. ਨੌਂ ਹੀ
"ਨਉਮੀ **ਨਵੇਂ** ਛਿਦ੍ਰ ਅਪਵੀਤ।"
— ਗਉ **੫**, ਥਿਤੀ ੯ : ੧ (298)
2. ਨਵਾਂ, ਤਾਜ਼ਾ,
"ਜਨੁ ਨਾਨਕੁ ਬੋਲੈ ਸਚੁ ਨਾਮੁ ਸਚੁ ਸਚਾ ਸਦਾ **ਨਵੇ**।" — ਗਉ **੪**, ਵਾਰ ੨੧ : ੫ (312)
"ਅਗੈ ਜਾਤਿ ਨ ਜੋਰੁ ਹੈ ਅਗੈ ਜੀਉ **ਨਵੇਂ**।" (ਹੋਰ ਨਵੇਂ)
— ਆਸਾ **੧**, ਵਾਰ ੧੧ਸ, **੧**, ੩ : ੩ (469)

ਨਵੇਲ — ਨਵੀਂ ਭਾਵ ਜਵਾਨ

"ਨਾਨਕ ਮੁੰਧ **ਨਵੇਲ** ਸੁੰਦਰਿ ਦੇਖਿ ਪਿਰੁ ਸਾਧਾਰਿਆ।"— ਬਿਲਾ **੧**, ਛੰਤ ੧, ੧ : ੬ (843)

ਨਵੇਲਓ — ਨਵਾਂ, ਸਜਰਾ
"ਸਾਚ ਕੀ ਮਤਿ ਸਦਾ ਨਉਤਨ ਸ਼ਬਦਿ ਨੇਹੁ **ਨਵੇਲਓ**।" — ਗਉ **੧**, ਛੰਤ ੧, ੩ : ੫ (242)

ਨਵੇਲੜੀਆ — ਨਵੀਂ ਭਾਵ ਜਵਾਨ
"ਮੁੰਧ **ਨਵੇਲੜੀਆ** ਗੋਇਲਿ ਆਈ ਰਾਮ।"
— ਬਿਲਾ **੧**, ਛੰਤ ੧, ੧ : ੧ (843)

ਨਵੇਲੜੀਏ — ਨਵੀਂ ਜਵਾਨ ਰਹਿਣ ਵਾਲੀ ਇਸਤ੍ਰੀ
"ਸਚਿ **ਨਵੇਲੜੀਏ** ਜੋਬਨਿ ਬਾਲੀ ਰਾਮ।"
— ਬਿਲਾ **੧**, ਛੰਤ ੧, ੨ : ੧ (843)

ਨਵੇਲਾ — ਤਾਜ਼ਾ ਨਵਾਂ
"ਓਹੁ ਨੇਹੁ **ਨਵੇਲਾ**।"
— ਆਸਾ **੫**, ੧੫੦, ੧* : ੧ (407)
"ਕਰਿ ਸਾਂਈ ਪਿਰਹੜੀ ਰੰਗੁ **ਨਵੇਲਾ** ਹੋਇ।" (ਤਾਜ਼ਾ/ਸਜਰਾ ਭਾਵ ਜਦੋਂ ਅਜੇ ਜੁਆਨੀ ਹੀ ਹੈ)
— ਸਲੋ **ਫਰ**, ੧੨ : ੨ (1378)

ਨਵੈ — 1. ਨੌਂ ਤਰ੍ਹਾਂ ਦੀ
"ਭਗਤਿ **ਨਵੈ** ਪਰਕਾਰਾ।"
— ਸਿਰੀ **੫**, ਅਸ ੨੨, ੪ : ੧ (71)
2. ਨਬੇ, ਨੌਂ ਦਹਾਕਿਆਂ ਦੀ ਗਿਣਤੀ ਦੀ ਇਕ ਇਕਾਈ
"**ਨਵੈ** ਕਾ ਸਿਹਜਾਸਣੀ ਮੂਲਿ ਨ ਜਾਣੈ ਅਪ ਬਲੁ।"
— ਮਾਝ **੧**, ਵਾਰ ੧ਸ, **੧**, ੩ : ੪ (138)

ਨਵੈਨਿਧਿ — ਨੌਂ ਖਜ਼ਾਨੇ, ਧੰਨ ਸੰਪਦਾ
"ਨਾਮੁ **ਨਵੈਨਿਧਿ** ਪਾਇਆ ਭਰੇ ਅਖੁਟ ਭੰਡਾਰਾ।"
— ਆਸਾ **੩**, ਅਸ ੩੬, ੩ : ੨ (429)

ਨਾ — 1. ਨਸ਼ੇਧਾਤਮਕ ਸ਼ਬਦ, ਨਹੀਂ
"ਮੰਨੈ ਮੁਹਿ ਚੋਟਾ **ਨਾ** ਖਾਇ।"
— ਜਪੁ **੧**, ੧੩ : ੩ (3)
2. ਨਾਹੀ
"ਨਾ ਮਨੀਆਰੁ ਨ ਚੂੜੀਆ **ਨਾ** ਸੇ ਵੰਗੁੜੀਆਹਾ।"— ਵਡ **੧**, ੩, ੧ : ੨ (558)
ਹੋਰ ਰੂਪ — ਨਾਂ —
"**ਨਾਂ** ਤਸਵੀਸ ਖਿਰਾਜੁ ਨ ਮਾਲੁ।"
— ਗਉ **ਰਵਿ**, ੨, ੧ : ੩ (345)

ਨਾਉ — 1. ਨਾਮ
"ਅੰਮ੍ਰਿਤ ਵੇਲਾ ਸਚੁ **ਨਾਉ** ਵਡਿਆਈ ਵੀਚਾਰ।"
— ਜਪੁ **੧**, ੪ : ੫ (2)
"ਜਾ ਤੁਧੁ ਭਾਵੈ ਤਾ ਨਾਇ ਰਚਾਵਹਿ ਤੂੰ ਆਪੇ **ਨਾਉ** ਜਪਾਵਣਿਆ।"
— ਮਾਝ **੩**, ਅਸ ੨੨, ੩ : ੩ (122)
"ਸਬਦੇ ਹੀ **ਨਾਉ** ਊਪਜੈ ਸਬਦੇ ਮੇਲਿ ਮਿਲਾਇਆ।" (ਭਾਵ ਨਾਮ ਦਾ ਸਿਮਰਨ)
— ਸੋਰ **੪**, ਵਾਰ ੪ਸ, **੩**, ੨ : ੬ (644)
ਹੋਰ ਰੂਪ — ਨਾਂਉ —
"ਜਪਿ ਜਪਿ ਜੀਵਹਿ ਤੇਰਾ **ਨਾਂਉ**।"
— ਮਲਾ, **੫**, ੨੦, ੨ : ੩ (1270)
2. ਇਸ਼ਨਾਨ ਕਰਨਾ, ਨਹਾਉਣਾ
"ਅੰਤਰਗਤਿ ਤੀਰਥਿ ਮਲਿ **ਨਾਉ**।"
— ਜਪੁ **੧**, ੨੧ : ੪ (4)
"ਕਰਿ ਸੰਗਤਿ ਤੂ ਸਾਧ ਕੀ ਅਠਸਠਿ ਤੀਰਥ **ਨਾਉ**।" (ਨਹਾਉਣਾ ਹੈ)
— ਸਿਰੀ **੫**, ੮੫, ੩ : ੧ (47)
3. ਵਡਿਆਈ, ਸ਼ੋਭਾ, ਨਾਂ
"ਊਚੇ ਊਪਰਿ ਊਚਾ **ਨਾਉ**।"
— ਜਪੁ **੧**, ੨੪ : ੧੨ (5)
"ਫਕੜ ਜਾਤੀ ਫਕੜੁ **ਨਾਉ**।"
— ਸਿਰੀ **੪**, ਵਾਰ ੩ਸ, **੧**, ੧ : ੧ (83)
4. (ਨਾਂ) (name)
"ਤੀਹ ਕਰਿ ਰਖੇ ਪੰਜ ਕਰਿ ਸਾਥੀ **ਨਾਉ** ਸੈਤਾਨੁ ਮਤੁ ਕਟਿ ਜਾਈ।"
— ਸਿਰੀ **੧**, ੨੨, ੪ : ੧ (24)
"ਜੇਹੀ ਧਾਤੁ ਤੇਹਾ ਤਿਨ **ਨਾਉ**।"
— ਸਿਰੀ **੧**, ੩੨, ੨ : ੨ (25)
"ਆਇਆ ਗਇਆ ਮੁਇਆ **ਨਾਉ**।" (ਨਾਂ ਵੀ ਨਹੀਂ ਰਹਿੰਦਾ)
— ਮਾਝ **੧**, ਵਾਰ ੧ਸ, **੧**, ੨ : ੧੩ (138)
5. ਨਿਆਂ, ਨਿਆਉ ਦਾ ਸੰਖੇਪ, ਭਾਵ ਨਿਰਣਾ, ਫੈਸਲਾ
"**ਨਾਉ** ਕਰਤਾ ਕਾਦਰੁ ਕਰੇ ਕਿਉ ਬੋਲੁ ਹੋਵੈ ਜੋਖੀਵਦੈ।"— ਰਾਮ **ਬਸ**, ਵਾਰ ੧ : ੧ (966)
6. ਕਿਸ਼ਤੀ, ਬੇੜੀ
"ਅਜਹੁ ਸੁ **ਨਾਉ** ਸਮੁੰਦ੍ਰ ਮਹਿ ਕਿਆ ਜਾਨਉ

ਕਿਆ ਹੋਇ।"
— ਸਲੋ **ਕਬ**, ੩੯ : ੨ (1366)

ਨਾਊ — ਨਾਂ
"ਜਾ ਕਾ ਠਾਕੁਰੁ ਤੁਹੀ ਸਾਰਿੰਗਧਰ ਮੋਹਿ ਕਬੀਰਾ **ਨਾਊ** ਰੇ।" — ਗਉ **ਕਬ**, ੬੬, ੨ : ੨ (338)

ਨਾਓ — ਨਾਮ
"ਹਉ ਗੁਰ ਵਿਟਹੁ ਸਦ ਵਾਰਿਆ ਜਿਨਿ ਦਿਤੜਾ **ਨਾਓ**।" — ਤਿਲੰ **੪**, ਅਸ ੨, ੧੬ : ੨ (726)

ਨਾਇ — 1. ਨਾਂ
"ਸਾਚਾ ਸਾਹਿਬੁ ਸਾਚੁ **ਨਾਇ** ਭਾਖਿਆ ਭਾਉ ਅਪਾਰੁ।" — ਜਪੁ **੧**, ੪ : ੨ (2)
"ਸਾਚਾ ਸਾਹਿਬੁ ਸਾਚੈ **ਨਾਇ**।" (ਨਾਮ ਕਰਕੇ)
— ਆਸਾ **੧**, ਸੋਦ ੩, ੧* : ੨ (9)
2. ਇਸਨਾਨ ਕਰ, ਨਹਾ ਕੇ
"ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ **ਨਾਇ** ਕਰੀ।" — ਜਪੁ **੧**, ੬ : ੨ (2)
"ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ **ਨਾਇ**।" (ਨਹਾਵੇ)
— ਸਿਰੀ **੫**, ੬੪, ੧ : ੨ (39)
3. ਨਾਮ
"ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ **ਨਾਇ** ਵਾਸਾ।" (ਨਾਮ ਵਿਚ)
— ਧਨਾ **੧**, ਸੋਹ ੩, ੪ : ੨ (13)
4. ਨਹਾਉਣ ਕਰਕੇ, ਇਸ਼ਨਾਨ ਕਰਨ ਨਾਲ
"**ਨਾਇ** ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ।"
— ਮਾਝ **੧**, ਵਾਰ ੨੬ਸ, **੧**, ੧ : ੧੬ (150)

ਨਾਂਇ — ਨਾਮ ਨਾਲ, ਨਾਮ ਦੁਆਰਾ
"ਦਿਲ ਮਹਿ ਸਾਂਈ ਪਰਗਟੈ ਬੁਝੈ ਬਲੰਤੀ **ਨਾਂਇ**।"
— ਸਲੋ **ਕਬ**, ੧੮੬ : ੨ (1374)

ਨਾਇਓ — ਨਾਮ
"ਸਰਬ ਸੂਖ ਆਨੰਦ ਸਹਜ ਰਸ ਸੁਨਤ ਤੁਹਾਰੋ **ਨਾਇਓ**।" — ਸਾਰ **੫**, ੬੬, ੧* : ੨ (1217)

ਨਾਇਆ — 1. ਨਾਮ
"ਸਚੇ ਮੇਰੇ ਸਾਹਿਬਾ ਸਚੇ ਸਚੁ **ਨਾਇਆ**।"
— ਗਉ **੪**, ਵਾਰ ੨ : ੫ (301)
2. ਨਹਾਉਣਾ
"ਗੁਰਮਤਿ ਸਤਸਰਿ ਹਰਿ ਜਲਿ **ਨਾਇਆ**।"
— ਆਸਾ **੩**, ੪੪, ੪ : ੩ (262)
3. ਨਹਾਉਣ ਨਾਲ
"ਨਿਰਮਲ ਭਏ ਸਰੀਰ ਜਨ ਧੂਰੀ **ਨਾਇਆ**।"
— ਜੈਤ **੫**, ਵਾਰ ੧੮ : ੩ (710)

ਹੋਰ ਰੂਪ — ਨਾਈਐ —
"ਹਰਿਹਾਂ ਨਾਨਕ ਕਸਮਲ ਜਾਹਿ **ਨਾਈਐ** ਰਾਮਦਾਸ ਸਰ।"
— ਫੁਨ **੫**, ੧੦ : ੪ (1362)

ਨਾਇਕ — 1. ਸਵਾਮੀ, ਮਾਲਕ
"ਤਮ੍ਹ ਜੁ **ਨਾਇਕ** ਆਛਹੁ ਅੰਤਰਜਾਮੀ।"
— ਸਿਰੀ **ਰਵਿ**, ੧, ੨ : ੧ (93)

ਹੋਰ ਰੂਪ — ਨਾਇਕਾ —
"ਸਗਲ ਭਵਨ ਕੇ **ਨਾਇਕਾ** ਇਕੁ ਛਿਨੁ ਦਰਸੁ ਦਿਖਾਇ ਜੀ।" (ਮਾਲਕ)
— ਗਉ **ਰਵਿ**, ੧, ੧* : ੧ (346)

ਨਾਇਕਿ —
"ਘਰ ਕੀ **ਨਾਇਕਿ** ਘਰ ਵਾਸੁ ਨ ਦੇਵੈ।" (ਮਾਲਕ, ਭਾਵ ਮਾਇਆ)
— ਆਸਾ **੫**, ੪, ੧* : ੧ (371)
"ਘਰੁ ਮੇਰਾ ਇਹ **ਨਾਇਕਿ** ਹਮਾਰੀ।" (ਮਾਲਕ ਭਾਵ ਪਤਨੀ)— ਆਸਾ **੫**, ੪, ੪* : ੧ (371)

ਨਾਇਕੁ —
"ਐਸਾ **ਨਾਇਕੁ** ਰਾਮੁ ਹਮਾਰਾ।" (ਮਾਲਕ ਸ਼ਾਹ) — ਗਉ **ਕਬ**, ੪੯, ੧* : ੧ (333)
"ਜੋ ਸਮਰਥ ਸਰਬ ਗੁਣ **ਨਾਇਕੁ** ਤਿਸੁ ਕਉ ਕਬਹੁ ਨ ਗਾਵਸਿਰੇ।" (ਗੁਣਾਂ ਦਾ ਮਾਲਕ, ਸੁਆਮੀ) — ਮਾਰੂ **੫**, ੨, ੧ : ੧ (1000)
"**ਨਾਇਕੁ** ਏਕੁ ਬਨਜਾਰੇ ਪਾਚ।" (ਸ਼ਾਹ)
— ਬਸੰ **ਕਬ**, ੬, ੧ : ੧ (1194)

ਨਾਇਕੋ —
"ਪੰਚ ਭੂ **ਨਾਇਕੋ** ਆਪਿ ਸਿਰੰਦਾ ਜਿਨਿ ਸਚ ਕਾ ਪਿੰਡੁ ਸਵਾਰਿਆ।" (ਮਾਲਕ)
— ਸੂਹੀ **੧**, ਛੰਤ ੫, ੩ : ੪ (366)
2. (ਸੰ. ਨਾਯਕ) ਆਗੂ, ਮਾਰਗਦਰਸ਼ਨ, ਨੇਤਾ
"ਤੁਮ ਦਾਤੇ ਠਾਕੁਰ ਪ੍ਰਤਿਪਾਲਕ **ਨਾਇਕ** ਖਸਮ ਹਮਾਰੇ।" — ਧਨਾ **੫**, ੧੨, ੧ : ੧ (674)

ਨਾਇਣੁ — ਨਾਵੀਐ
"ਗੁਰ ਸਾਧੂ ਅੰਮ੍ਰਿਤ ਗਿਆਨ ਸਰਿ **ਨਾਇਣੁ**।"
— ਭੈਰ **੪**, ੧, ੩ : ੧ (1134)

ਨਾਈ — 1. ਵਡਿਆਈ, ਸ਼ੋਭਾ, ਨਾਂਮਣਾ
"ਵਡਾ ਸਾਹਿਬੁ ਵਡੀ **ਨਾਈ** ਕੀਤਾ ਜਾ ਕਾ ਹੋਵੈ।"
— ਜਪੁ **੧**, ੨੧ : ੧੭ (5)
2. ਨਾਵਾਂ ਵਾਲਾ
"ਪਾਕੀ **ਨਾਈ** ਪਾਕ ਥਾਇ ਸਚਾ ਪਰਵਦਿਗਾਰ।"
— ਸਿਰੀ **੧**, ਅਸ ੧, ੧* : ੨ (53)
"ਸਚਾ ਸਾਹਿਬੁ ਸਚੀ **ਨਾਈ**।" (ਨਾਮ ਕਰਕੇ)
— ਮਾਝ **੫**, ੩੪, ੩ : ੧ (104)
"ਕੀਰਤਿ ਸੂਰਤਿ ਮੁਕਤਿ ਇਕ **ਨਾਈ**।" (ਨਾਮ ਵਿਚ) — ਗਉ **੧**, ਅਸ ੨, ੭ : ੧ (221)
"ਬਿਘਨ ਗਏ ਹਰਿ **ਨਾਈ**।" (ਨਾਮ ਨਾਲ)
— ਸੋਰ **੫**, ੭੫, ੧ : ੪ (627)
ਹੋਰ ਰੂਪ — ਨਾਂਈ —
"ਨਾਨਕ ਸਚਾ ਸਚੀ **ਨਾਂਈ** ਸਚੁ ਪਵੈ ਧੁਰਿ ਲੇਖੈ।" (ਨਾਮ ਕਰਕੇ)
— ਸਾਰੁ **੪**, ਵਾਰ ੧੩ਸ, ੧, ੨ : ੪ (1242)
3. ਵਾਲ ਮੁੰਨਨ/ਹਜਾਮਤ ਕਰਨ ਤੇ ਨਹੁੰ ਕਟਨ ਵਾਲਾ, ਇਕ ਨੀਵੀਂ ਸ਼੍ਰੇਣੀ ਦਾ ਵਿਅਕਤੀ
"ਸੈਨੁ **ਨਾਈ** ਬੁਤਕਾਰੀਆ ਓਹੁ ਘਰਿ ਘਰਿ ਸੁਨਿਆ।"— ਆਸਾ **ਧੰਨਾ**, ੨, ੩ : ੧ (487)
4. ਨਿਵਾਉਂਦੇ, ਝੁਕਾਉਂਦੇ
"ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ **ਨਾਈ**।" — ਸੋਰ **ਕਬ**, ੧, ੧ : ੧ (654)
5. ਇਸ਼ਨਾਨ ਵਿਚ
"ਜੂਠਿ ਨ ਅੰਨੀ ਜੂਠਿ ਨ **ਨਾਈ**।"
— ਸਾਰ **੪**, ਵਾਰ ੭ਸ, **੧**, ੧ : ੩ (1240)

ਨਾਈਐ — 1. ਇਸ਼ਨਾਨ ਕਰੀਏ
"ਹਰਿ ਧੂੜੀ **ਨਾਈਐ** ਮੈਲੁ ਗਵਾਈਐ ਜਨਮ ਮਰਣ ਦੁਖ ਲਾਥੇ।"— ਆਸਾ **੫**, ਛੰਤ, ੨, ੪ : ੩ (453)
2. ਨਾਮ ਦੀ
"ਨਾਨਕ ਸਰਨਿ ਸਰਣਿ ਸੁਖ ਸਾਗਰ ਮੋਹਿ ਟੇਕ ਤੇਰੋ ਇਕ **ਨਾਈਐ**।"
— ਬਿਲਾ **੫**, ੯੨, ੨ : ੨ (822)

ਨਾਏ — 1. ਨਾਮ ਵਿਚ
"ਜਉ ਹੋਇ ਕ੍ਰਿਪਾਲ ਤ ਸਤਿਗੁਰੁ ਮੇਲੈ ਸਭਿ ਸੁਖ ਹਰਿ ਕੇ **ਨਾਏ**।"
— ਗਉ **੫**, ੧੫੨*, ੪ : ੧ (213)
"ਬਾਪਾਰਿ ਗੋਵਿੰਦ **ਨਾਏ**।" (ਨਾਮ ਦੇ)
— ਆਸਾ **੫**, ੧੫੩, ੧* : ੧ (408)
2. ਇਸ਼ਨਾਨ ਨਾਲ, ਨਹਾਉਣ ਨਾਲ
"ਅੰਤਰੁ ਨਿਰਮਲੁ ਅੰਮ੍ਰਿਤ ਸਰਿ **ਨਾਏ**।"
— ਆਸਾ **੩**, ੪੮, ੨ : ੩ (363)
"ਅਠਸਠਿ ਤੀਰਥ ਮਜਨੁ ਕੀਆ ਸਤ ਸੰਗਤਿ ਪਗ **ਨਾਏ** ਧੂਰਿ।" (ਨਹਾਵੇ)
— ਸਾਰ **੪**, ੧, ੨ : ੨ (1198)

ਨਾਂਏ — ਨਿਵਾਉਂਦਾ ਹੈ
"ਕਹਾ ਉਡੀਸੇ ਮਜਨੁ ਕੀਆ ਕਿਆ ਮਸੀਤਿ ਸਿਰੁ **ਨਾਂਏ**।" — ਪ੍ਰਭਾ **ਕਬ**, ੨, ੪ : ੧ (1349)

ਨਾਸ — 1. ਨਾਸ਼ਕ, ਦੂਰ ਕਰਨ ਵਾਲਾ
"ਭੈ ਭੰਜਨ ਅਘ ਦੂਖ **ਨਾਸ** ਮਨਹਿ ਅਰਾਧਿ ਹਰੇ।"
— ਗਉ **੫**, ਬਾਅ ੪੦ਸ : ੧ (258)
2. ਖਤਮ (ਹੋਏ, ਮੁਕੇ, ਨਸ਼ਟ (ਹੋਏ), ਦੂਰ ਹੋਏ
"ਕੋਟਿ ਅਘਾ ਗਏ **ਨਾਸ** ਹਰਿ ਇਕੁ ਧਿਆਇਆ।"
— ਜੈਤ **੫**, ਵਾਰ ੧੮ : ੨ (710)
ਹੋਰ ਰੂਪ — ਨਾਸੰ —
"ਸਰਣਿ ਸੰਤੰ ਕਿਲਬਿਖ **ਨਾਸੰ**।"
— ਸਸ **੫**, ੧੦ : ੩ (1354)

ਨਾਸਏ — ਨਾਸ (ਨਸ਼ਟ) ਹੋ ਜਾਂਦੇ ਹਨ
"ਭਜੁ ਸੰਗਿ ਸਾਧੂ ਇਕੁ ਅਰਾਧੂ ਜਨਮ ਮਰਨ ਦੁਖ **ਨਾਸਏ**।" — ਧਨਾ **੫**, ਛੰਤ ੧, ੧ : ੩ (691)

ਨਾਸਹਿ — ਨਸ਼ਟ ਹੋ ਗਏ, ਮੁਕ/ਦੂਰ ਹੋ ਗਏ
"ਕਲਿ ਕਲੇਸ ਮਿਟਹਿ ਭ੍ਰਮ **ਨਾਸਹਿ** ਮਨਿ ਚਿੰਦਿਆ ਫਲੁ ਪਾਈਐ।"
— ਗਉ **੫**, ਛੰਤ ੪, ੨ : ੩ (249)

ਨਾਸਤਿ — 1. ਨਹੀਂ ਹੈ
"ਏਕੁ ਸਬਦੁ ਦੂਜਾ ਹੋਰੁ **ਨਾਸਤਿ** ਕੰਦ ਮੂਲਿ ਮਨੁ ਲਾਵਸਿਤਾ।" — ਗਉ **੧**, ੧੫, ੧* : ੨ (155)
2. ਅਣਹੋਂਦ
"ਆਸਤਿ **ਨਾਸਤਿ** ਏਕੋ ਨਾਉ।"
— ਰਾਮ **੩**, ਵਾਰ ੧੨ਸ, **੧**, ੭ : ੩ (953)

ਨਾਸਨ — 1. ਨਾਸ਼ਕ, ਨਸ਼ਟ (ਖਤਮ, ਦੂਰ) ਕਰਨ ਵਾਲਾ
"ਤਾਪਾ ਬਿਨਾਸਨ ਦੂਖ **ਨਾਸਨ** ਮਿਲੁ ਪ੍ਰੇਮੁ ਮਨਿ ਤਨਿ ਅਤਿ ਘਨਾ।"
— ਆਸਾ **੫**, ਛੰਤ ੧੪, ੩ : ੩ (462)
2. ਨਸਨਾ, ਭਟਕਨ
"ਪ੍ਰਗਟ ਕੀਨੇ ਪ੍ਰਭ ਕਰਨੇਹਾਰੇ **ਨਾਸਨ** ਭਾਜਨ ਥਾਕੇ।" — ਧਨਾ **੫**, ੨੮, ੨ : ੧ (678)

ਨਾਸਨਾ — ਨਸ ਜਾਂਦਾ ਹੈ, ਦੂਰ ਹੋ ਜਾਂਦਾ ਹੈ
"ਸਖੀ ਮੋਰੈ ਕੰਠਿ ਰਤੰਨੁ ਪੇਖਿ ਦੁਖੁ **ਨਾਸਨਾ**।"
— ਫੁਨ **੫**, ੭ : ੨ (1362)

ਨਾਸਾ — 1. ਨਸ ਗਿਆ, ਭਜ ਗਿਆ, ਮੁੱਕ ਗਿਆ
"ਜੋ ਤੇਰੈ ਰੰਗਿ ਰਾਤੇ ਸੁਆਮੀ ਤਿਨ੍ ਕਾ ਜਨਮ ਮਰਣ ਦੁਖੁ **ਨਾਸਾ**।"
— ਸੂਹੀ **੫**, ੫੭, ੨ : ੧ (750)
2. ਨਾਸ (ਨਸ਼ਟ) ਹੋਣਾ, ਮਿਟਣਾ
"ਜੋ ਜਨ ਜਾਨਿ ਭਜਹਿ ਅਬਿਗਤ ਕਉ ਤਿਨ ਕਾ ਕਛੂ ਨ **ਨਾਸਾ**।"
— ਸੂਹੀ **ਕਬ**, ੪, ੪ : ੧ (793)

ਨਾਸਾਬੂਰੁ — ਬੇਸਬਰਾ
"**ਨਾਸਾਬੂਰੁ** ਹੋਵੈ ਫਿਰਿ ਮੰਗੈ ਨਾਰਦੁ ਕਰੇ ਖੁਆਰੀ।"
— ਬਸੰ **੧**, ਅਸ ੮, ੩ : ੧ (1191)

ਨਾਸਿ — ਨਾਸ ਹੈ/ਨਸ਼ਟ ਹੈ/ਖਤਮ ਹੈ/ ਦੂਰ ਹੋ ਜਾਂਦਾ ਹੈ
"ਕਾਮ ਕ੍ਰੋਧ ਗੁਰ ਸਬਦਿ **ਨਾਸਿ**।"
— ਬਸੰ **੫**, ੧੩, ੨ : ੨ (1184)

ਨਾਸਿਓ — ਨਾਸ ਹੋ ਗਿਆ, ਦੂਰ ਹੋ ਗਿਆ
"ਮਨਹਿ ਪ੍ਰਗਾਸੁ ਭਇਓ ਭ੍ਰਮੁ **ਨਾਸਿਓ** ਮੰਤ੍ਰੁ ਦੀਓ ਗੁਰ ਕਾਨ।" — ਕਾਨ **੫**, ੨੧, ੧ : ੨ (1302)

ਨਾਸੀ — ਮੁਕ ਗਈ
"ਸਹਜੇ ਦੁਬਿਧਾ ਤਨ ਕੀ **ਨਾਸੀ**।"
— ਗਉ **੫**, ਅਸ ੩, ੫ : ੨ (237)

ਨਾਸੁ — ਨਸ਼ਟ ਹੋਣਾ, ਮੁਕ ਜਾਣਾ
"ਸੁਣਿਐ ਦੂਖ ਪਾਪ ਕਾ **ਨਾਸੁ**।"
— ਜਪੁ **੧**, ੮ : ੬ (2)

ਨਾਸੇ — ਨਸ਼ਟ ਹੋ ਗਏ, ਮੁਕ ਗਏ
"ਸਿਮਰਤ ਸੁਆਮੀ ਕਿਲਵਿਖ **ਨਾਸੇ**।"
— ਗਉ **੫**, ੧੪੨, ੧ : ੧ (194)

ਹੋਰ ਰੂਪ — ਨਾਸੈ —
"ਹਰਿ ਸਿਮਰਤ ਤ੍ਰਾਸ ਸਭ **ਨਾਸੈ**।" (ਮੁਕ ਗਏ) — ਗਉ **੫**, ੧੧੬, ੧ : ੨ (189)
"ਮਿਲਤ ਸਾਂਤਿ ਉਪਜੈ ਦੁਰਤੁ ਦੂਰੰਤਰਿ **ਨਾਸੈ**।" (ਨਸ/ਭਜ ਜਾਂਦੇ ਹਨ)
— ਸਵ **੪**, ਕਲ ੬ : ੨ (1397)

ਨਾਸ੍ਤਿ — ਨਹੀਂ ਹੈ
"ਸੀਲ ਧਰਮ ਦਯਾ ਸੁਚ **ਨਾਸ੍ਤਿ** ਆਇਓ ਸਰਨਿ ਜੀਅ ਕੇ ਦਾਨੀ।" — ਸਮੁ **੫**, ੧* : ੬ (1387)

ਨਾਹ — 1. ਪਤੀ, ਨਾਥ, ਸੁਆਮੀ
"ਹਰਿ **ਨਾਹ** ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ।" — ਮਾਝ **੫**, ਬਾਰਾ ੧ : ੫ (133)
2. ਨਹੀਂ ਨਾ
"**ਨਹ** ਨੀਦ ਆਵੈ ਪ੍ਰੇਮ ਭਾਵੈ ਸੁਣਿ ਬੇਨੰਤੀ ਮੇਰੀਆ।"— ਗਉ **੧**, ਛੰਤ ੨, ੧ : ੩ (243)

ਨਾਹਾ — ਪਿਆਰੇ, ਸਵਾਮੀ, ਪਤੀ
"ਘਰਿ ਆਵਹੁ ਚਿਰੀ ਵਿਛੁੰਨਿਆ ਮਿਲੁ ਸਬਦਿ ਗੁਰੂ ਪ੍ਰਭ **ਨਾਹਾ**।"
— ਸੂਹੀ **੪**, ਛੰਤ ੫, ੨ : ੨ (776)

ਨਾਹਿ — 1. ਨਹੀਂ
"ਜਿਨਿ ਏਹਿ ਲਿਖੇ ਤਿਸੁ ਸਿਰਿ **ਨਾਹਿ**।"
— ਜਪੁ **੧**, ੧੯ : ੮ (4)

ਨਾਹਿਨ — ਨਹੀਂ, ਨਿਸ਼ੇਧਬੋਧਕ ਸ਼ਬਦ
"**ਨਾਹਿਨ** ਦਰਬੁ ਨ ਜੋਬਨ ਮਾਤੀ ਮੋਹਿ ਅਨਾਥ ਕੀ ਕਰਹੁ ਸਮਾਈ।" (ਨਹੀਂ ਹੈ)
— ਗਉ **੫**, ੧੧੮*, ੨ : ੧ (204)

ਨਾਹੀ — 1. ਨਹੀਂ
"ਜੇ ਹਉ ਜਾਣਾ ਆਖਾ **ਨਾਹੀ** ਕਹਣਾ ਕਥਨੁ ਨ ਜਾਈ।" — ਜਪੁ **੧**, ੫ : ੯ (2)
"ਜਹ ਭੀਤਰਿ ਘਟ ਭੀਤਰਿ ਬਸਿਆ ਬਾਹਰਿ ਕਾਹੇ **ਨਾਹੀ**।" (ਨਹੀਂ)
— ਰਾਮ **੧**, ੨, ੨ : ੧ (876)
(ਮਹਾਨ ਕੋਸ਼ ਇਥੇ 'ਨਾਹੀ' ਦੇ ਅਰਥ 'ਨਹਾਉਂਦਾ' 'ਸ਼ਨਾਨ ਕਰਦਾ' ਕਰਦੇ ਹਨ)
2. ਨਹੀਂ ਤਾਂ

"ਚੇਤਿ ਰਾਮੁ **ਨਾਹੀ** ਜਮ ਪੁਰਿ ਜਾਹਿਗਾ ਜਨੁ ਬਿਚਰੈ ਅਨਰਾਧਾ।"

— ਸਿਰੀ **ਬੇਣੀ**, ੧, ੧* : ੨ (93)

3. ਇਨਕਾਰ, ਨਿਸ਼ੇਧਾਤਮਕ ਸੰਭਾਵਨਾ, ਨੂੰ ਨਾ ਨਾ ਕਰਨ ਵਾਲਾ (ਰੋਕਣ ਵਾਲਾ (ਨਿਰਣੈ)

"**ਨਾਹੀ** ਦੇਖਿ ਨ ਭਾਜੀਐ ਪਰਮ ਸਿਆਨਪ ਏਹ।"

— ਗਉ **ਕਬ**, ਬਾਅ ੧੧ : ੨ (340)

(ਮਹਾਨ ਕੋਸ਼ ਇਸ ਦੇ ਅਰਥ 'ਪ੍ਰਤਿਬਿੰਬ' ਕਰਦੇ ਹਨ)

ਨਾਹੁ — ਪਤੀ, ਸਵਾਮੀ, ਪਿਆਰਾ

"ਨਵਲ ਨਵਤਨ **ਨਾਹੁ** ਬਾਲਾ ਕਵਨ ਰਸਨਾ ਗੁਨ ਭਣਾ।" — ਬਿਲਾ **੫**, ਛੰਤ ੩, ੫ : ੪ (847)

ਨਾਹੈ — ਪਤੀ/ਸਵਾਮੀ ਦੇ

"ਬਿਨੁ ਅਪਨੇ **ਨਾਹੈ** ਕੋਇ ਨ ਚਾਹੈ ਕਿਆ ਕਹੀਐ ਕਿਆ ਕੀਜੈ।"

— ਤੁਖਾ **੧**, ਛੰਤ ੪, ੨ : ੩ (1111)

ਨਾਕ — ਨਕ, ਸਰੀਰ ਦਾ ਇਕ ਅੰਗ

"ਨਾਮ ਬਿਨਾ ਨਕਟੇ ਨਰ ਦੇਖਹੁ ਤਿਨ ਘਸਿ ਘਸਿ **ਨਾਕ** ਵਢੀਜੈ।"

— ਕਲਿ **੪**, ਅਸ ੪, ੭ : ੧ (1325)

ਨਾਕਹਿ — ਨਕ ਤੋਂ

"ਪ੍ਰਣਵਤਿ ਨਾਮਦੇਉ **ਨਾਕਹਿ** ਬਿਨਾ।"

— ਭੈਰ **ਨਾਮ**, ੨, ੩ : ੧ (1163)

ਹੋਰ ਰੂਪ — ਨਾਕਹੁ —

"**ਨਾਕਹੁ** ਕਾਟੀ ਕਾਨਹੁ ਕਾਟੀ ਕਾਟਿ ਕੂਟਿ ਕੈ ਡਾਰੀ।" (ਨਕ ਤੋਂ)

— ਆਸਾ **ਕਬ**, ੪, ੪ : ੧ (476)

ਨਾਕਨ — ਨਕ

"ਫਾਟੇ **ਨਾਕਨ** ਟੂਟੇ ਕਾਧਨ ਕੋਦਉ ਕੋ ਭੁਸੁ ਖਈਹੈ।"

— ਗੂਜ **ਕਬ**, ੧, ੧* : ੨ (524)

ਨਾਕੁ — ਨਕ, ਸਰੀਰ ਦਾ ਇਕ ਅੰਗ

"ਜਿਨਿ ਕਨ ਕੀਤੇ ਅਖੀ **ਨਾਕੁ**।"

— ਧਨਾ **੧**, ੫, ੨ : ੧ (662)

ਨਾਗ — 1. ਸੱਪ

"ਕੇਤੇ **ਨਾਗ** ਕੁਲੀ ਮਹਿ ਆਏ ਕੇਤੇ ਪੰਖ ਉਡਾਏ।"

— ਗਉ **੧**, ੧੭, ੨ : ੨ (156)

2. ਨੰਗਾ ਹੀ

"ਨਾਗੋ ਆਇਓ **ਨਾਗ** ਸਿਧਾਸੀ ਫੇਰਿ ਫਿਰਿਓ ਘਰੁ ਕਾਲਿ ਗਰਸੂਆ।"

— ਗਉ **੫**, ੧੨੭*, ੧ : ੨ (206)

ਨਾਂਗ — ਨੰਗਾ ਹੀ

"ਰਥ ਨ ਅਸ੍ਵ ਨ ਗਜ ਸਿੰਘਾਸਨ ਛਿਨ ਮਹਿ ਤਿਆਗਤ **ਨਾਂਗ** ਸਿਧਾਰਹੁ।"

— ਸਮੁ **੫**, ੫* : ੩ (1388)

ਨਾਗਹ — ਹਾਥੀ ਦੀ

"ਆਰੂੜਤੇ ਅਸ੍ਵ ਰਥ **ਨਾਗਹ** ਬੁਝੰਤੇ ਪ੍ਰਭ ਮਾਰਗਹ।" — ਸਸ **੫**, ੨੯ : ੩ (1356)

ਨਾਗਨਿ — 1. ਸਪਨੀ, ਨਾਗ ਦੀ ਮਾਦਾ

"**ਨਾਗਨਿ** ਹੋਵਾ ਧਰ ਵਸਾ ਸਬਦੁ ਵਸੈ ਭਉ ਜਾਇ।"

— ਗਉ **੧**, ੧੯, ੪ : ੧ (157)

ਹੋਰ ਰੂਪ — ਨਾਗਨੀ —

"ਮਾਇਆ ਹੋਈ **ਨਾਗਨੀ** ਜਗਤਿ ਰਹੀ ਲਪਟਾਇ।"

— ਗੂਜ **੫**, ਵਾਰ ਪਸ, ੩, ੨ : ੧ (510)

2. ਭਾਵ ਮਾਇਆ

"ਛਲ **ਨਾਗਨਿ** ਸਿਉ ਮੇਰੀ ਟੂਟਨਿ ਹੋਈ।"

— ਪ੍ਰਭਾ **੫**, ਅਸ ੧, ੨ : ੧ (1347)

ਨਾਗਰ — 1. ਨਗਰ ਵਿਚ ਰਹਿਣ ਵਾਲਾ, ਸ਼ਹਿਰੀ ਭਾਵ ਉਤਮ, ਸਿਆਣਾ

"ਕਰਿ ਕਿਰਪਾ ਉਧਰੁ ਹਰਿ **ਨਾਗਰ**।" (ਉਤਮ/ਸਿਆਣੇ ਹਰਿ)

— ਸੂਹੀ **੩**, ਅਸ ੨, ੧ : ੨ (760)

"**ਨਾਗਰ** ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ।" (ਹੇ ਨਗਰ ਵਾਸੀਓ)

— ਮਲਾ **ਰਵਿ**, ੧, ੧* : ੧ (1293)

2. ਸੋਹਣੀ, ਉਤਮ, ਸੁੰਦਰ

"ਫਰੀਦਾ ਭੰਨੀ ਘੜੀ ਸਵੰਨਵੀ ਟੁਟੀ **ਨਾਗਰ** ਲਜੁ।" — ਸਲੋ **ਫਰ**, ੬੮ : ੧ (1381)

ਨਾਂਗੜਾ — ਨੰਗਾ

"ਬਾਬਾ **ਨਾਂਗੜਾ** ਆਇਆ ਜਗ ਮਹਿ ਦੁਖੁ ਸੁਖੁ ਲੇਖੁ ਲਿਖਾਇਆ।"

— ਵਡ **੧**, ਅਲਾ, ੫, ੩ : ੧ (582)

ਨਾਗਾ — 1. ਨੰਗਾ

"ਨਾ ਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ

ਜਾਸੀ **ਨਾਗਾ**।"— ਸਿਰੀ **੧**, ਪਹ ੧, ੧ : ੪ (74)

2. ਨਾ ਹੋਣਾ, ਅਣਹੋਂਦ ਦਾ ਭਾਵ

"ਮਿਰਤਕ ਪਿੰਡਿ ਪਦ ਮਦ ਨਾ ਅਹਿਨਿਸਿ ਏਕੁ ਅਗਿਆਨ ਸੁ **ਨਾਗਾ**।"

— ਸਿਰੀ **ਬੇਣੀ**, ੧, ੧ : ੨ (93)

ਨਾਗਾਂ — ਸੱਪਾਂ ਨੂੰ

"**ਨਾਗਾਂ** ਮਿਰਗਾ ਮਛੀਆ ਰਸੀਆ ਘਰਿ ਧਨੁ ਹੋਇ।"— ਮਲਾ **੧**, ਵਾਰ ੨ਸ, **੧**, ੧ : ੨ (1279)

ਨਾਂਗਾ — ਨੰਗਾ

"**ਨਾਂਗਾ** ਆਇਆ ਨਾਂਗੋ ਜਾਸੀ ਜਿਉ ਹਸਤੀ ਖਾਕੁ ਛਾਨੈ।" — ਆਸਾ **੫**, ੩੮, ੩ : ੩ (380)

ਨਾਗਾਦਿ — ਨਾਗ ਆਦਿਕ, ਸ਼ੇਸ਼ਨਾਗ ਆਦਿਕ

"ਗੁਣ ਗਾਵਹਿ ਪਾਯਾਲਿ ਭਗਤ **ਨਾਗਾਦਿ** ਭੁਯੰਗਮ।" — ਸਵ **੧**, ੯ : ੧ (1390)

ਨਾਗੀ — 1. ਸਪਾਂ ਨੂੰ

"ਮੰਤ੍ਰੀ ਹੋਇ ਅਠੂਹਿਆ **ਨਾਗੀ** ਲਗੈ ਜਾਇ।"

— ਮਝ **੧**, ਵਾਰ ੨੨ਸ, **੨**, ੧ : ੧ (148)

2. ਨੰਗੀ

"ਪ੍ਰਣਵਤਿ ਨਾਨਕੁ **ਨਾਗੀ** ਦਾਝੈ ਫਿਰਿ ਪਾਛੈ ਪਛੁਤਾਣੀਤਾ।"

— ਗਉ **੧**, ੧੫, ੪ : ੨ (156)

ਨਾਗੇ — ਨੰਗੇ

"ਕਿਆ **ਨਾਗੇ** ਕਿਆ ਬਾਧੇ ਚਾਮ।"

— ਗਉ **ਕਬ**, ੪, ੧* : ੧ (324)

ਹੋਰ ਰੂਪ — ਨਾਂਗੇ —

"ਨਾਂਗੇ ਅਵਨੁ **ਨਾਂਗੇ** ਜਾਨਾ।"

— ਭੈਰ **ਕਬ**, ੨, ੧ : ੧ (1157)

ਨਾਗੋ — ਨੰਗਾ

"**ਨਾਗੋ** ਆਇਓ ਨਾਗ ਸਿਧਾਸੀ ਫੇਰਿ ਫਿਰਿਓ ਅਰੁ ਕਾਲਿ ਗਰਸੂਆ।"

— ਗਉ **੫**, ੧੨੭*, ੧ : ੨ (206)

ਹੋਰ ਰੂਪ — ਨਾਂਗੋ —

"ਨਾ ਮਰਜਾਦੁ ਆਇਆ ਕਲਿ ਭੀਤਰਿ **ਨਾਂਗੋ** ਬੰਧਿ ਚਲਾਇਆ।"

— ਵਡ **੧**, ਅਲਾ ੫, ੩ : ੬ (582)

ਨਾਚ — ਨਚਣਾ, ਨ੍ਰਿਤ

"ਏ ਲੰਪਟ, **ਨਾਚ** ਅਧਰਮੰ।"

— ਪ੍ਰਭਾ **ਬੇਣੀ**, ੧, ੩ : ੪ (1351)

ਨਾਚਸਿ — ਨਚਦੇ ਹਨ

"ਪਗ **ਨਾਚਸਿ** ਚਿਤੁ ਅਕਰਮੰ।"

— ਪ੍ਰਭਾ **ਬੇਣੀ** ੧, ੩ : ੩ (1351)

ਨਾਚਹਿ — ਨਚੇ

"ਗੁਰ ਕੇ ਭਾਣੈ **ਨਾਚਹਿ** ਤਾ ਸੁਖਿ ਪਾਵਹਿ ਅੰਤੇ ਜਮ ਭਉ ਭਾਗੈ।"

— ਗੂਜ **੩**, ੧, ੧* : ੨ (506)

"ਜੀਅ ਜੰਤ ਸਭੇ ਹੀ ਨਾਚੇ **ਨਾਚਹਿ** ਖਾਣੀ ਚਾਰੀ।" (ਨਚਦੇ ਹਨ)

— ਗੂਜ **੩**, ਅਸ ੧, ੫ : ੨ (506)

ਨਾਚਹੁ — ਨਚੋ, ਨ੍ਰਿਤ ਕਰੋ

"ਮਨ ਰੇ ਛਾਡਹੁ ਭਰਮੁ ਪ੍ਰਗਟ ਹੋਇ **ਨਾਚਹੁ** ਇਆ ਮਾਇਆ ਕੇ ਡਾਂਡੇ।"

— ਗਉ **ਕਬ**, ੬੮, ੧ : ੧ (338)

ਨਾਚੰਤੀ — ਨਚਦੀਆਂ ਹਨ

"**ਨਾਚੰਤੀ** ਗੋਪੀ ਜੰਨਾ।"

— ਧਨਾ **ਨਾਮ**, ੪, ੨ : ੧ (693)

ਨਾਚਨ — ਨਚਨ, ਨਾਚ

"ਇਸੁ **ਨਾਚਨ** ਕੇ ਮਨ ਰਖਵਾਲ।"

— ਗੋਂਡ **ਕਬ**, ੧੦, ੨ : ੪ (872)

ਨਾਚਨਾ — ਨਚਨ ਵਾਲੀ ਭਾਵ ਸ੍ਰਿਸ਼ਟੀ

"ਕ੍ਰਿਸਟਾ ਤੇ ਜਾਨਉ ਹਰਿ ਹਰਿ ਨਾਚੰਤੀ **ਨਾਚਨਾ**।" (ਮਹਾਨ ਕੋਸ਼ ਅਰਥ 'ਮਾਇਆ' ਕਰਦੇ ਹਨ)

— ਧਨਾ **ਨਾਮ**, ੪, ੧ : ੩ (693)

ਨਾਚਨੁ — ਨਚਾਰ, ਨਚਨਾ ਵਾਲਾ

"**ਨਾਚਨੁ** ਸੋਇ ਜੁ ਮਨ ਸਿਉ ਨਾਚੈ।"

— ਗੋਂਡ **ਕਬ**, ੧੦, ੨ : ੧ (872)

ਨਾਚਨੋ — ਨਚਨ

"ਅਬ ਮੋਹਿ **ਨਾਚਨੋ** ਨ ਆਵੈ।" ('ਨਚਨ' ਨਹੀਂ ਹੁੰਦਾ) — ਆਸਾ **ਕਬ**, ੨੮, ੧* : ੧ (483)

"ਅਬ ਮੋਰੋ **ਨਾਚਨੋ** ਰਹੋ।" (ਭਾਵ ਭਟਕਣ ਮੁਕ ਗਈ) — ਸਾਰ **੫**, ੩, ੧* : ੧ (1203)

ਨਾਚਿਓ — ਨਚਿਆ, ਨਚਦਾ ਫਿਰਿਆ

"ਛੂਟਨ ਕੋ ਸਹਸਾ ਪਰਿਆ ਮਨ ਬਉਰਾ ਰੇ **ਨਾਚਿਓ** ਘਰ ਘਰ ਬਾਰਿ।"

— ਗਉ **ਕਬ**, ੫੭, ੨ : ੨ (336)

ਨਾਚੀ — ਨਚਨ ਲਗ ਪਈ
"ਜਬ **ਨਾਚੀ** ਤਬ ਘੂਘਟੁ ਕੈਸਾ ਮਟੁਕੀ ਫੋੜਿ ਨਿਰਾਰੀ।" — ਤੁਖਾ **੧**, ਛੰਤ ੪, ੪ : ੫ (1112)

ਨਾਚੁ — ਨਚ, ਨ੍ਰਿਤ ਕਰ
"**ਨਾਚੁ** ਰੇ ਮਨ ਗੁਰ ਕੈ ਆਗੈ।"
— ਗੂਜ **੩**, ਅਸ ੧, ੧* : ੧ (506)

ਨਾਚੇ — 1. ਨਚੇ, ਭਾਵ ਮਸਤੀ ਵਿਚ ਆਏ
"ਖੰਡ ਬ੍ਰਹਮੰਡ ਤ੍ਰੈ ਗੁਣ **ਨਾਚੇ** ਜਿਨ ਲਾਗੀ ਹਰਿ ਲਿਵ ਤੁਮਾਰੀ।"
— ਗੂਜ **੩**, ਅਸ ੧, ੫ : ੧ (506)

ਹੋਰ ਰੂਪ — ਨਾਚੈ —
"ਮਨੂਆ **ਨਾਚੈ** ਭਗਤਿ ਦ੍ਰਿੜਾਏ।" (ਨਾਚ ਕਰੇ)
— ਮਾਝ **੩**, ਅਸ ੨੧, ੩ : ੧ (121)

2. ਭਟਕਦੇ ਫਿਰੇ
"ਮਾਇਆ ਕੈ ਅਰਥਿ ਬਹੁਤੁ ਲੋਕ **ਨਾਚੇ** ਕੋ ਵਿਰਲਾ ਤਤੁ ਬੀਚਾਰੀ।"
— ਗੂਜ **੩**, ਅਸ ੧, ੮ : ੧ (506)

ਹੋਰ ਰੂਪ — ਨਾਚੈ —
"ਮਾਇਆ ਕਾਰਣਿ ਪਿੜ ਬੰਧਿ **ਨਾਚੈ** ਦੂਜੈ ਭਾਇ ਦੁਖੁ ਪਾਵਣਿਆ।" (ਭਟਕੇ)
— ਮਾਝ **੩**, ਅਸ ੨੧, ੬ : ੩ (122)

ਨਾਜਰੁ — (ਅ. ਨਾਜ਼ਰ) ਦੇਖਣ ਵਾਲਾ
"ਸਦ ਹਜੂਰਿ ਹਾਜਰੁ ਹੈ **ਨਾਜਰੁ** ਕਤਹਿ ਨ ਭਇਓ ਦੂਰਾਈ।" — ਮਾਰੂ **੫**, ੬, ੨ : ੨ (1000)

ਨਾਜੁ — ਅਨਾਜ
"ਮਨ ਦਸ **ਨਾਜੁ** ਟਕਾ ਚਾਰਿ ਗਾਂਠੀ ਐਂਡੌ ਟੇਡੌ ਜਾਤੁ।" — ਸਾਰ **ਕਬ**, ੧, ੧* : ੨ (1251)

ਨਾਟਸਾਲਾ — ਨਾਟ ਘਰ
"ਅੰਤਰਿ ਕ੍ਰੋਧੁ ਪੜਹਿ **ਨਾਟ ਸਾਲਾ**।"
— ਬਿਲਾ **੧**, ਅਸ ੨, ੪ : ੨ (832)

ਨਾਟਾ — ਨਚਿਆ ਅਰਥਾਤ ਭਟਕਿਆ
"ਬਿਨੁ ਰਸ ਰਾਤੇ ਮਨੁ ਬਹੁ **ਨਾਟਾ**।"
— ਗਉ **੨**, ਅਸ ੧੧, ੭ : ੩ (226)

ਨਾਟਿਕ — 1. ਨਾਟਕ, ਮੰਚ ਤੇ ਹਾਵ ਭਾਵ, ਲਬਾਸ ਤੇ ਬਾਣੀ ਦੁਆਰਾ ਸਾਕਾਰ ਕੀਤੀ ਗਈ ਘਟਨਾ, ਦ੍ਰਿਸ਼ ਕਾਵਿ
"ਨਟ **ਨਾਟਿਕ** ਆਖਾਰੇ ਗਾਇਆ।"
— ਗਉ **੫**, ੮੧, ੨ : ੩ (179)

2. ਨਾੜੀ, ਨਬਜ਼
"ਬੈਦਕ **ਨਾਟਿਕ** ਦੇਖਿ ਭੁਲਾਨੇ ਮੈ ਹਿਰਦੈ ਮਨਿ ਤਨਿ ਪ੍ਰੇਮਿ ਪੀਰ ਲਗਾਈਆ।"
— ਬਿਲਾ **੪**, ਅਸ ੬, ੨ : ੨ (836)

ਨਾਟੇ — ਨਾਟਕ
"ਸੁਖੁ ਨਾਹੀ ਪੇਖੈ ਨਿਰਤਿ **ਨਾਟੇ**।"
— ਭੈਰ **੫**, ੪੧, ੧ : ੨ (1147)

ਨਾਠਾ — 1. ਭਜ ਗਿਆ, ਦੂਰ ਹੋ ਗਿਆ
"ਸਹਜੁ ਭਇਆ ਭ੍ਰਮੁ ਖਿਨ ਮਹਿ **ਨਾਠਾ** ਮਿਲਿ ਜੋਤੀ ਜੋਤਿ ਸਮਾਈ।"
— ਗਉ **੫**, ੧੨੨*, ੪* : ੨ (205)

ਹੋਰ ਰੂਪ — ਨਾਠਿਆ —
"ਮਿਲਿ ਸਾਧ ਸੰਗਤਿ ਪ੍ਰਭੂ ਸਿਮਰੇ **ਨਾਠਿਆ** ਦੁਖ ਕਾਲ।" (ਨੱਠ ਗਿਆ)
— ਕਲਿ **੫**, ੮, ੧ : ੨ (1322)

2. ਭਟਕਨਾ, ਨਠਣਾ
"ਹੋਇ ਉਦਾਸੀ ਗ੍ਰਿਹੁ ਤਜਿ ਚਲਿਓ ਛੁਟਕੈ ਨਾਹੀ **ਨਾਠਾ**।" — ਮਾਰੂ **੫**, ੧੫, ੧ : ੩ (1003)

ਨਾਠੀ — 1. ਮੁਕ ਗਈ, ਨਠ ਗਈ
"ਲੋਚਨ ਸ੍ਰਮਹਿ ਬੁਧਿ ਬਲ **ਨਾਠੀ** ਤਾ ਕਾਮੁ ਪਵਸਿ ਮਾਧਾਣੀ।" — ਸਿਰੀ **ਬੇਣੀ**, ੧, ੪ : ੨ (93)
"ਗਇਆ ਕਰੋਧੁ ਮਮਤਾ ਤਨਿ **ਨਾਠੀ** ਪਾਖੰਡੁ ਭਰਮੁ ਗਵਾਇਆ।"— ਸੂਹੀ **੪**, ਛੰਤ ੧, ੨ : ੪ (773)

2. ਪ੍ਰਾਹੁਣਾ
"ਅਜਰਾਈਲੁ ਫਰੇਸਤਾ ਕੈ ਘਰਿ **ਨਾਠੀ** ਅਜੁ।"
— ਸਲੋ **ਫਰ**, ੬੮ : ੨ (1381)

ਨਾਠੀਅੜੇ — ਪ੍ਰਾਹੁਣੇ
"ਧਨੁ ਜੋਬਨੁ ਅਰੁ ਫੁਲੜਾ **ਨਾਠੀਅੜੇ** ਦਿਨ ਚਾਰਿ।"
— ਸਿਰੀ **੧**, ੨੮, ੧ : ੧ (23)

ਨਾਠੀਆ — ਪ੍ਰਾਹੁਣਿਆ
"ਸਾਥ ਲਡੇ ਤਿਨ **ਨਾਠੀਆ** ਭੀੜ ਘਣੀ ਦਰੀਆਉ।"
— ਮਾਰੂ **੧**, ਅਸ ੧੦, ੩ : ੨ (1015)

ਨਾਠੂੰਗੜਾ — ਗਡਾ, ਜਿਸ ਨਾਲ ਬੱਚਾ ਤੁਰਨਾ ਸਿਖਦਾ ਹੈ (ਮਹਾਨ ਕੋਸ਼); ਨਠ — ਠੂੰਗਾ, ਨਸਣ ਲਈ ਧੱਕਾ,

(ਦਰਪਣ, ਸ਼ਬਦਾਰਥ); ਨਠਣਾ (ਨਿਰਣੈ)
"ਨਾਰਾਇਣਿ ਲਇਆ **ਨਾਠੂੰਗੜਾ** ਪੈਰ ਕਿਥੈ ਰਖੈ।"
— ਗਉ **੪**, ਵਾਰ ੨੮ : ੧ (315)

ਨਾਠੇ — ਦੌੜ ਗਏ, ਦੂਰ ਹੋਏ
"ਦੂਖ **ਨਾਠੇ** ਸੁਖ ਆਇ ਸਮਾਏ।"
— ਗਉ **੫**, ੧੨੭, ੩ : ੧ (191)

ਨਾਤਰੁ — ਨਹੀਂ ਤਾਂ
"ਗੁਰ ਪਰਸਾਦਿ ਅਕਲਿ ਭਈ ਅਵਰੈ **ਨਾਤਰੁ** ਥਾ ਬੇਗਾਨਾ।" — ਗਉ **ਕਬ**, ੪੭, ੧* : ੨ (333)

ਨਾਤਾ — ਨਹਾਤਾ, ਇਸ਼ਨਾਨ ਕੀਤਾ
"ਤੀਰਥ **ਨਾਤਾ** ਕਿਆ ਕਰੇ ਮਨ ਮਹਿ ਮੈਲੁ ਗੁਮਾਨੁ।" — ਸਿਰੀ **੧**, ਅਸ ੧੨, ੪ : ੨ (61)

ਨਾਤਿਆ — ਇਸ਼ਨਾਨ ਕਰਨ ਨਾਲ
"ਇਕੁ ਭਾਉ ਲਥੀ **ਨਾਤਿਆ** ਦੁਇ ਭਾ ਚੜੀਅਸੁ ਹੋਰ।"— ਸੂਹੀ **੩**, ਵਾਰ ੧੨ਸ, **੧**, ੨ : ੨ (789)

ਨਾਤੀ — 1. ਪੋਤਰੇ
"ਇਕੁ ਲਖੁ ਪੂਤ ਸਵਾ ਲਖੁ **ਨਾਤੀ**।"
— ਆਸਾ **ਕਬ**, ੨੧, ੨ : ੧ (481)

2. ਨਹਾਤੀ, ਇਸ਼ਨਾਨ ਕੀਤੀ
"**ਨਾਤੀ** ਧੋਤੀ ਸੰਬਹੀ ਸੁਤੀ ਆਇ ਨਚਿੰਦੁ।"
— ਸਲੋ **ਫਰ**, ੩੩ : ੧ (1379)

ਨਾਤੇ — ਇਸ਼ਨਾਨ ਕੀਤਾ
"ਜਿਨ ਕਉ ਲਿਖਤੁ ਲਿਖੇ ਧੁਰਿ ਮਸਤਕਿ ਤੇ ਗੁਰ ਸੰਤੋਖ ਸਰਿ **ਨਾਤੇ**।"
— ਗਉ **੪**, ੫੪, ੩ : ੧ (169)

ਹੋਰ ਰੂਪ — ਨਾਤੈ —
"ਜੇ ਅਗੈ ਤੀਰਥੁ ਹੋਇ ਤਾ ਮਲੁ ਲਹੈ ਛਪੜਿ **ਨਾਤੈ** ਸਗਵੀ ਮਲੁ ਲਾਏ।" (ਨਹਾਉਣ ਨਾਲ, ਨਾਤਿਆਂ)
— ਮਾਝ **੧**, ਵਾਰ ੫ਸ, **੪**, ੨ : ੩ (140)

ਨਾਥ — 1. ਜੋਗੀਆਂ ਦੇ ਅੰਤ ਦੀ ਉਪਾਦੀ, ਵਡੇ ਜੋਗੀ
"ਕੇਤੇ ਸਿਧ ਬੁਧ **ਨਾਥ** ਕੇਤੇ ਕੇਤੇ ਦੇਵੀ ਵੇਸ।"
— ਜਪੁ **੧**, ੩੫ : ੭ (7)
"ਭੈ ਵਿਚਿ ਸਿਧਿ ਬੁਧ ਸੁਰ **ਨਾਥ**।"
— ਆਸਾ **੧**, ਵਾਰ ੪ਸ, **੧**, ੧ : ੯ (464)

2. ਸੁਆਮੀ, ਮਾਲਕ
"ਨਾਨਕ ਪ੍ਰਭ ਸਰਣਾਗਤੀ ਸਰਬ ਘਟਾ ਕੇ **ਨਾਥ**।" — ਸਿਰੀ **੫**, ੮੫, ੪ : ੩ (48)

ਹੋਰ ਰੂਪ — ਨਾਥੰ —
"ਅੰਮ੍ਰਿਤ ਸਸੀਅ ਧੇਨ ਲਛਿਮੀ ਕਲਪਤਰ ਸਿਖਰਿ ਸੁਨਾਗਰ ਨਦੀ ਚੇ **ਨਾਥੰ**।"
— ਧਨਾ **ਤ੍ਰਿਲੋ**, ੧, ੪ : ੧ (695)

ਨਾਥਹ — ਮਾਲਕਾਂ ਦੇ
"ਅਵਿਗਤੋ ਹਰਿ ਨਾਥੁ **ਨਾਥਹ** ਤਿਸੈ ਭਾਵੈ ਸੋ ਥੀਐ।" — ਬਿਲਾ **੧**, ਛੰਤ ੨, ੧ : ੩ (843)

ਨਾਥਣਹਾਰਾ — ਕਾਬੂ ਕਰਨ ਵਾਲਾ
"ਅਲਖੁ ਨ ਲਖੀਐ ਅਗਮੁ ਅਜੋਨੀ ਤੂੰ ਨਾਥਾਂ **ਨਾਥਣਹਾਰਾ**।"— ਮਲਾ **੧**, ੩, ੪ : ੨ (1255)

ਨਾਥਾ — ਨਾਥਾਂ ਦੇ
"ਆਨਦ ਮੂਲੁ ਨਾਥੁ ਸਿਰਿ **ਨਾਥਾ** ਸਤਿਗੁਰੁ ਮੇਲਿ ਮਿਲਾਈ।" — ਗੂਜ **੧**, ਅਸ ੪, ੫ : ੨ (505)

ਨਾਥੀ — ਨੱਥੀ/ਬੰਨ੍ਹੀ/ ਕਾਬੂ ਕੀਤੀ ਹੋਏ
"ਆਪਿ ਨਾਥੁ **ਨਾਥੀ** ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ।" — ਜਪੁ **੧**, ੨੯ : ੨ (6)

ਨਾਥੁ — 1. ਮਾਲਕ, ਸੁਆਮੀ
"ਦੀਨਾ **ਨਾਥੁ** ਸਰਬ ਸੁਖਦਾਤਾ।"
— ਗਉ **੧**, ੧੨, ੪ : ੩ (154)
"ਜਪਿ **ਨਾਥੁ** ਦਿਨੁ ਰੈਨਾਈ।" (ਭਾਵ ਹਰੀ)
— ਰਾਮ **੫**, ੧੩, ੧* : ੧ (886)
"ਜਿਸ ਨੋ ਹੋਆ **ਨਾਥੁ** ਕ੍ਰਿਪਾਲਾ।" (ਪ੍ਰਭੂ)
— ਰਾਮ **੫**, ੧੩, ੪ : ੧ (886)

2. ਜੋਗੀਆਂ ਦਾ ਗੁਰੂ/ਮਹੰਤ
"ਜੋਗੀ ਜੰਗਮ ਭੇਖੁ ਨ ਕੋਈ ਨਾ ਕੋ **ਨਾਥੁ** ਕਹਾਇਦਾ।"
— ਮਾਰੂ **੧**, ਸੋਲਾ ੧੫, ੫ : ੩ (1035)

ਨਾਥੇ — ਮਾਲਕ
"ਅਨਾਥ ਕੇ **ਨਾਥੇ** ਸ੍ਰਬ ਕੇ ਸਾਥੇ ਜਪਿ ਜੂਐ ਜਨਮੁ ਨ ਹਾਰੀਐ।"— ਬਿਰੀ **੫**, ਛੰਤ ੩, ੨ : ੫ (80)

ਨਾਦ — 1. ਵਾਜੇ, ਸੰਗੀਤ ਦੇ ਸਾਜ਼
"ਵਾਜੇ **ਨਾਦ** ਅਨੇਕ ਅਸੰਖਾ ਕੇਤੇ ਵਾਵਣਹਾਰੇ।"
— ਜਪੁ **੧**, ੨੭ : ੨ (6)
"ਤਹ ਹਰਿ ਜਸੁ ਗਾਵਹਿ **ਨਾਦ** ਕਵਿਤ।"

— ਧਨਾ **੫**, ੨੩, ੩ : ੨ (676)

2. ਸਿੰਙੀ, ਜੋਗੀਆਂ ਦਾ ਇਕ ਧੁਨੀ ਸਾਜ਼
"ਭਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ **ਨਾਦ**।"
— ਜਪੁ **੧**, ੨੯ : ੧ (6)
"ਇਕਨਾ **ਨਾਦ** ਨ ਬੇਦ ਗੀਅ ਰਸੁ ਰਸ ਕਸ ਨ ਜਾਣੰਤਿ।" (ਭਾਵ ਨ ਜੋਗੀ ਹਨ)
— ਸਾਰ **੪**, ਵਾਰ ੨੨ਸ, **੧**, ੨ : ੪ (1246)

ਹੋਰ ਰੂਪ — ਨਾਦੰ —
"ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ ਪੂਰੈ **ਨਾਦੰ**।"
— ਆਸਾ **੧**, ੩੭, ੨ : ੨ (360)

3. ਸੰਗੀਤ ਰਾਗ
"ਤਿਥੈ **ਨਾਦ** ਬਿਨੋਦ ਕੋਡ ਅਨੰਦ।"
— ਜਪੁ **੧**, ੩੬ : ੨ (7)
"ਖਟ ਤੁਰਸੀ ਮੁਖਿ ਬੋਲਣਾ ਮਾਰਣ **ਨਾਦ** ਕੀਏ।" ('ਨਾਮ ਕੀਰਤਨ' ਰੂਪੀ ਸੰਗੀਤ)
— ਸਿਰੀ **੧**, ੭, ੧ : ੨ (16)

4. ਸ਼ਬਦ ਦੀ ਧੁਨੀ
"ਜਾ ਕੀ ਦਿਸਟਿ **ਨਾਦ** ਲਿਵ ਲਾਗੈ।"
— ਸਿਰੀ **ਕਬ**, ੩, ੧* : ੨ (92)

5. ਸ਼ਬਦ ਰੂਪ
"**ਨਾਦ** ਬਿੰਦ ਕੀ ਸੁਰਤਿ ਸਮਾਇ।"
— ਆਸਾ **੧**, ੧੨, ੨ : ੩ (352)
"ਗੁਨ **ਨਾਦ** ਧੁਨਿ ਅਨੰਦ ਬੇਦ।" (ਭਾਵ ਸ਼ਬਦ)
— ਕਲਿ **੫**, ੫, ੧* : ੧ (1322)

ਹੋਰ ਰੂਪ — ਨਾਦੰ —
"ਗੁਮੁਖਿ **ਨਾਦੰ** ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ।" (ਗੁਰੂ ਦਾ ਵਾਕ ਹੀ ਸ਼ਬਦੋ)
— ਜਪੁ **੧**, ੫ : ੭ (2)

6. ਆਵਜ਼ ਧੁਨੀ, ਘੰਟਾ ਹੇੜਾ
"ਨਿਸਿ ਕੁਰੰਕ ਜੈਸੇ **ਨਾਦ** ਸੁਣਿ ਸ੍ਰਵਣੀ ਹੀਉ ਡਿਵੈ ਮਨ ਐਸੀ ਪ੍ਰੀਤਿ ਕੀਜੈ।"
— ਆਸਾ **੫**, ਛੰਤ ੪, ੪ : ੧ (455)
"**ਨਾਦ** ਭ੍ਰਮੇ ਜੈਸੇ ਮਿਰਗਾਏ।"
— ਗੋਂਡ **ਨਾਮ**, ੨, ੧ : ੧ (873)
"ਬਚਨ **ਨਾਦੁ** ਮੇਰੇ ਸ੍ਰਵਨਹੁ ਪੂਰੇ ਦੇਹਾ ਪ੍ਰਿਅ ਅੰਕਿ ਸਮਾਨੀ।" (ਧੁਨੀ, ਆਵਾਜ਼)
— ਸਾਰ **੫**, ੩੧, ੧* : ੨ (1210)

ਹੋਰ ਰੂਪ — ਨਾਂਦ —
"ਬਾਣ ਬੇਧੰਚ ਕੁਰੰਕ **ਨਾਦੰ** ਘਲਿ ਬੰਧਨ ਕੁਸਮ ਬਾਸਨਹ।"
— ਜੈਤ **੫**, ਵਾਰ ੧੨ਸ, **੫**, ੧ : ੨ (708)

7. ਸੰਖ
"ਤਿਨ ਘਰਿ ਬ੍ਰਹਮਣ ਪੂਰਹਿ **ਨਾਦ**।"
— ਆਸਾ **੧**, ਵਾਰ ੧੬ਸ, **੧**, ੨ : ੩ (471)

ਨਾਦਸਤ — ਸੁਖਮਨਾ ਨਾੜੀ
"ਚੰਦ ਸਤ ਭੇਦਿਆ **ਨਾਦਸਤ** ਪੂਰਿਆ ਸੂਰ ਸਤ ਖੋੜਸਾ ਦਤੁ ਕੀਆ।"
— ਮਾਰੂ **ਜੈਦੇ**, ੧, ੧ : ੧ (1106)

ਨਾਦਿ — 1. ਸ਼ਬਦ (ਰੂਪ) ਵਿਚ, ਭਾਵ ਵਾਹਿਗੁਰੂ ਵਿਚ
"**ਨਾਦਿ** ਸਮਾਇਲੋ ਰੇ ਸਤਿਗੁਰ ਭੇਟਿਲੇ ਦੇਵਾ।"
— ਸੋਰ **ਨਾਮ**, ੧, ੧* : ੧ (656)

2. ਸੰਗੀਤ ਵਿਚ
"ਰਾਗਿ **ਨਾਦਿ** ਮਨੁ ਦੂਜੈ ਭਾਇ।"
— ਪ੍ਰਭਾ **੧**, ਅਸ ੧, ੪ : ੧ (1342)

ਨਾਦੀ — 1. ਨਾਦ (ਸੰਖ, ਸਿੰਙੀ ਆਦਿ) ਵਜਾਉਣ ਦੁਆਰਾ
"ਕੋਈ ਗਾਵੈ ਰਾਗੀ **ਨਾਦੀ** ਬੇਦੀ ਬਹੁ ਭਾਤਿ ਕਰਿ ਨਹੀ ਹਰਿ ਹਰਿ ਭੀਜੈ ਰਾਮ ਰਾਜੇ।"
— ਆਸਾ **੪**, ਛੰਤ ੧੮, ੪ : ੧ (450)

2. (ਸੰ. ਨਾਦਿਨ) ਸਿੰਙੀ ਵਜਾਉਣ ਵਾਲਾ (ਧੁਨੀ (ਸ਼ਬਦ) ਦਾ ਅਭਿਆਸੀ) ਭਾਵ ਜੋਗੀ
"**ਨਾਦੀ** ਬੇਦੀ ਸਬਦੀ ਮੋਨੀ ਜਮ ਕੇ ਪਟੈ ਲਿਖਾਇਆ।"
(ਮਹਾਨਕੋਸ਼ ਇਸ ਦੇ ਅਰਥ 'ਚੇਲਾ' ਕਰਦਾ ਹੈ)
— ਸੋਰ **ਕਬ**, ੩, ੨ : ੨ (654)
"**ਨਾਦੀ** ਬੇਦੀ ਪੜ੍ਹਹਿ ਪੁਰਾਣ।"
— ਬਸੰ **੩**, ੪, ੨ : ੨ (1169)

ਨਾਦੁ — 1. (ਆਤਮ ਮੰਡਲ ਦਾ) ਸੰਗੀਤ, ਸ਼ਬਦ, ਧੁਨ
"ਅਨਦਿਨੁ ਹਰਿ ਸਾਲਾਹਹਿ ਸਾਚਾ ਨਿਰਮਲ **ਨਾਦੁ** ਵਜਾਵਣਿਆ।"
— ਮਾਝ **੩**, ਅਸ ੧੧, ੬ : ੩ (116)

2. ਸਿੰਗੀ ਤੋਂ ਧੁਨੀ/ਸੰਗੀਤ ਪੈਦਾ ਕਰਨਾ
"ਨਿਰਮਲ ਬਾਣੀ **ਨਾਦੁ** ਵਜਾਵੈ।"
— ਆਸਾ **੧**, ਅਸ ੧, ੪ : ੪ (411)

3. ਬੋਲਣ ਦੀ ਆਵਾਜ਼, ਧੁਨੀ
"ਗਗਨ ਨਗਰਿ ਇਕ ਬੂੰਦ ਨ ਬਰਖੈ **ਨਾਦੁ** ਕਹਾ ਸੁ ਸਮਾਨਾ।"
— ਆਸਾ **ਕਬ**, ੧੮, ੧ : ੧ (480)

4. ਸੰਗੀਤ ਦਾ ਸਾਜ਼, ਧੁਨੀ ਸਾਜ਼
"ਆਪੇ ਸਿੰਙੀ **ਨਾਦੁ** ਹੈ ਪਿਆਰਾ ਧੁਨਿ ਆਪਿ ਵਜਾਏ ਆਪੈ।"
— ਸੋਰ **੪**, ੩, ੩ : ੧ (605)

5. ਆਵਾਜ਼, ਧੁਨੀ, ਘੰਟਾ ਹੇੜਾ
"ਜਿਉ ਕੁਰੰਕ ਨਿਸਿ **ਨਾਦੁ** ਬਾਲਹਾ ਤਿਉ ਮੇਰੈ ਮਨਿ ਰਾਮਈਆ।"
— ਧਨਾ **ਨਾਮ**, ੩, ੧ : ੨ (693)

6. ਗਾਇਨ/ਧੁਨੀ (ਕਰਕੇ)
"ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ **ਨਾਦੁ** ਬਿਲਾਵਲੁ ਰਾਗੁ।"
— ਬਿਲਾ **੪**, ਵਾਰ ੧ਸ, **੪**, ੧ : ੧ (849)

ਨਾਦੈ — ਸੰਗੀਤ/ਗਾਇਨ ਤੋਂ
"ਰਾਗੈ **ਨਾਦੈ** ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ।" — ਸਲੋ **੩**, ੨੪ : ੩ (1423)
"ਕੁਰੰਕ **ਨਾਦੈ** ਨੇਹੁ।" (ਰਾਗ/ਸੰਗੀਤ ਨਾਲ)
— ਬਿਲਾ **੫**, ਅਸ ੨, ੯ : ੧ (838)

ਨਾਨਕ — ਗੁਰੂ ਨਾਨਕ (1469—1528), ਸਿੱਖਾਂ ਦੇ ਪਹਿਲੇ ਗੁਰੂ, ਗੁਰੂ ਬਾਣੀ ਵਿਚ ਵਰਤਿਆ ਗਿਆ ਸਿੱਖਾਂ ਦੇ ਗੁਰੂ ਸਾਹਿਬਾਨ ਦਾ ਕਾਵਿ—ਉਪਨਾਮ
"ਹੈ ਭੀ ਸਚੁ **ਨਾਨਕ** ਹੋਸੀ ਭੀ ਸਚੁ।"
— ਜਪੁ **੧**, ੧* : ੨ (1)

ਨਾਨਕਹ — ਹੇ ਨਾਨਕ
"ਸਾਧਸੰਗ ਸ੍ਨੇਹ ਸਤ੍ਰਿੰ ਸੁਖਯੰ ਬਸੰਤਿ **ਨਾਨਕਹ**।"
— ਸਸ **੫**, ੨ : ੫ (1354)

ਨਾਨਕਾ — ਹੇ ਨਾਨਕ
"ਹੁਕਮੁ ਹਾਸਲੁ ਕਰੀ ਬੈਠਾ **ਨਾਨਕਾ** ਸਭ ਵਾਉ।"
— ਸਿਰੀ **੧**, ੧, ੪ : ੨ (14)

ਨਾਨਕਿ — ਨਾਨਕ ਵਿਚ (ਅੰਦਰ) ਨੇ
"ਜਨ **ਨਾਨਕਿ** ਬ੍ਰਹਮੁ ਪਛਾਣਿਆ ਹਰਿ ਕੀਰਤਿ ਕਰਮ ਕਮਾਉ।" (ਨਾਨਕ ਨੇ)
— ਸਿਰੀ **੪**, ਵਣ ੧, ੨ : ੫ (82)
"ਜਨ **ਨਾਨਕਿ** ਕਮਲੁ ਪਰਗਾਸਿਆ ਮਨਿ ਹਰਿ ਹਰਿ ਵੁਠੜਾ ਹੇ।" (ਨਾਨਕ ਅੰਦਰ)
— ਸਿਰੀ **੪**, ਵਣ ੧, ੪ : ੫ (82)

ਨਾਨਕੁ — ਨਾਨਕ, ਵੇਖੋ 'ਨਾਨਕ'
"**ਨਾਨਕੁ** ਨੀਚੁ ਕਹੈ ਵੀਚਾਰੁ।"
— ਜਪੁ ੧, ੧੮ : ੯ (4)

ਨਾਨਕੈ — ਨਾਨਕ ਨੂੰ
"ਅਉਗਣਿਆਰੇ ਕਉ ਗੁਣੁ **ਨਾਨਕੈ** ਸਚੁ ਮਿਲੈ ਵਡਾਈ।"— ਆਸਾ **੧**, ਅਸ ੨੦, ੮ : ੨ (421)

ਨਾਨਕੋ — ਨਾਨਕ, ਨਿਮਾਣਾ ਨਾਨਕ
"ਜਨ **ਨਾਨਕੋ** ਸਰਣਾਗਤੀ ਦੇਹੁ ਗੁਰਮਤੀ ਭਜੁ ਰਾਮ ਰਾਮ ਰਾਮ।"
— ਕਾਨ **੪**, ੯, ੨ : ੨ (1297)

ਨਾਨਾ — 1. ਕਈ ਪ੍ਰਕਾਰ ਦੇ, ਕਈ ਕਿਸਮ ਦੇ, ਕਈ ਤਰ੍ਹਾਂ ਦੇ, ਵਭਿੰਨ
"**ਨਾਨਾ** ਰੂਪ ਸਦਾ ਹਹਿ ਤੇਰੇ ਤੁਝ ਹੀ ਮਾਹਿ ਸਮਾਹੀ।" — ਗਉ **੩**, ੩੫, ੨ : ੨ (162)
"**ਨਾਨਾ** ਕਰਤ ਨ ਛੂਟੀਐ ਵਿਣੁ ਗੁਣ ਜਮ ਪੁਰਿ ਜਾਹਿ।" — ਰਾਮ **੧**, ਓਅੰ ੩੭ : ੧ (934)
(ਮਹਾਨ ਕੋਸ਼ ਇਥੇ 'ਨਾਨਾ' ਦੇ ਅਰਥ ਨਹੀਂ ਨਹੀਂ ਕਰਦਾ ਹੈ)

2. ਨੰਨਾ, ਨਿੱਕਾ, ਛੋਟਾ ਭਾਵ ਨਿਮਾਣਾ
"ਨਾਨਕ ਮੁਕਤਿ ਦੁਆਰਾ ਅਤਿ ਨੀਕਾ **ਨਾਨਾ** ਹੋਇ ਸੁ ਜਾਇ।"
— ਗੂਜ **੩**, ਵਾਰ ੪ਸ, **੩**, ੨ : ੧ (509)

ਨਾਨੀ — 1. ਮਾਂ ਦੀ ਮਾਂ
"ਫੁਫੀ **ਨਾਨੀ** ਮਾਸੀਆ ਦੇਰ ਜੇਠਾਨੜੀਆਹ।"
— ਮਾਰੂ **੧**, ਅਸ ੧੦, ੨ : ੧ (1015)

2. ਛੋਟੀ, ਨਿੱਕੀ
"**ਨਾਨੀ** ਸੀ ਬੂੰਦ ਪਵਨੁ ਪਤਿ ਖੋਵੈ ਜਨਮਿ ਮਰੈ ਖਿਨੁ ਤਾਂਈ।"
— ਮਲਾ **੧**, ਅਸ ੨, ੪ : ੨ (1274)

ਨਾਨ੍ਹ — ਨੰਨੇ, ਨਿੱਕੇ ਜਿਹੇ
"ਕਿਆ ਹਮ ਕਿਰਮ **ਨਾਨ੍ਹ** ਨਿਕ ਕੀਰੇ ਤੁਮ੍ ਵਡ

ਪੁਰਖ ਵਡਾਗੀ।"— ਧਨਾ **੪**, ੨, ੩ : ੧ (667)

ਨਾਨ੍ਹਾ — ਛੋਟਾ

"ਹੁਕਮੇ **ਨਾਨ੍ਹਾ** ਵਡਾ ਥੀਵੈ।"

— ਰਾਮ **੫**, ਵਾਰ ੧੧ਸ, **੫**, ੨ : ੬ (962)

ਨਾਨ੍ਹੇ — ਨਿੱਕੇ, ਛੋਟੇ

"ਹਮ **ਨਾਨ੍ਹੇ** ਨੀਚ ਤੁਮ੍ ਬਡ ਸਾਹਿਬ ਕੁਦਰਤਿ ਕਉਣ ਬੀਚਾਰਾ।"

— ਸਾਰ **੫**, ਅਸ ੧, ੮ : ੧ (1235)

ਨਾਪਾਕ — (ਫ਼ਾ. ਨਾਪਾਕ) ਅਪਵਿਤਰ, ਮੈਲਾ

"ਸਿਰਜਣ ਹਾਰਿ ਭੁਲਾਇਆ ਵਿਣੁ ਨਾਵੈ **ਨਾਪਾਕ**।"

— ਸਿਰੀ **੫**, ੭੧, ੨ : ੪ (42)

ਹੋਰ ਰੂਪ — ਨਾਪਾਕੁ —

"ਸੁਲਹੀ ਕਾ ਹਾਥ ਕਹੀ ਨ ਪਹੁਚੈ ਸੁਲਹੀ ਹੋਇ ਮੂਆ **ਨਾਪਾਕੁ**।"

— ਬਿਲਾ **੫**, ੧੦੪, ੧* : ੨ (825)

ਨਾਪੈ — ਨਹਾਉਂਦਾ ਹੈ

"ਜਨਮ ਜਨਮ ਕੇ ਕਿਲਵਿਖ ਉਤਰਹਿ ਹਰਿ ਸੰਤ ਧੂੜੀ ਨਿਤ **ਨਾਪੈ** ਰਾਮ।"

— ਸੂਹੀ **੫**, ਛੰਤ ੫, ੨ : ੨ (780)

ਨਾਭਿ — ਧੁੰਨੀ, ਨਾਫ

"**ਨਾਭਿ** ਕਮਲ ਮਹਿ ਬੇਦੀ ਰਚਿ ਲੇ ਬ੍ਰਹਮ ਗਿਆਨ ਉਚਾਰਾ।" (ਭਾਵ ਹਿਰਦੇ ਰੂਪੀ ਕਮਲ)

— ਆਸਾ **ਕਬ**, ੨੪, ੨ : ੧ (482)

"ਜਿਉ ਮ੍ਰਿਗ **ਨਾਭਿ** ਬਸੈ ਬਾਸੁ ਬਸਨਾ ਭ੍ਰਮਿ ਭ੍ਰਮਿਓ ਝਾਰ ਗਹੇ।"

— ਪ੍ਰਭਾ **੪**, ਅਸ ੪, ੩ : ੨ (1336)

ਨਾਭਿਕਮਲ — ਧੁੰਨੀ ਤੋਂ ਉਪਜਿਆ ਕਮਲ

"**ਨਾਭਿ ਕਮਲ** ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖਿ ਕੰਠਿ ਸਵਾਰਿ।"— ਗੂਜ **੧**, ੨, ੧ : ੧ (489)

ਨਾਮ — 1. (ਫ਼ਾ. ਨਾਮ); ਸੰ. नामन्) ਨਾਉਂ, ਕਿਸੇ ਵਸਤੂ ਦਾ ਬੋਧ ਕਰਵਾਉਣ ਵਾਲਾ ਸ਼ਬਦ

"ਤਿਨ ਕੇ **ਨਾਮ** ਅਨੇਕ ਅਨੰਤ।"

— ਜਪੁ **੧**, ੩੪ : ੫ (7)

"**ਨਾਮ** ਧਾਰੀਕ ਝੂਠੇ ਸਭਿ ਸਾਕ।" (ਨਾਂ—ਮਾਤਰ)

— ਗਉ **੫**, ੧੧੨, ੧ : ੨ (188)

"ਹਰਿ ਹਰਿ **ਨਾਮ** ਰਸਨ ਆਰਾਧੇ।"

— ਗਉ **੫**, ੧੧੧*, ੨ : ੩ (202)

"ਸੁਖਮਨੀ ਸਹਜ ਗੋਬਿੰਦ ਗੁਨ **ਨਾਮ**।" (ਗੋਵਿੰਦ ਦਾ ਸੁਭਾਵਕ ਗੁਣ ਤੇ ਨਾਮ ਹੈ)

— ਗਉ **੫**, ਸੁਖ ੨੪, ੫ : ੩ (295)

ਹੋਰ ਰੂਪ — ਨਾਮੰ —

"ਸੁੰਨ ਸਮਾਧਿ ਮਹਾ ਪਰਮਾਰਥੁ ਤੀਨਿ ਭਵਣ ਪਤਿ **ਨਾਮੰ**।"

— ਸੋਰ **੧**, ਅਸ ੧, ੫ : ੧ (634)

2. ਪ੍ਰਭੂ ਬੋਧਕ ਸ਼ਬਦ, ਪ੍ਰਭੂ, ਕਰਤਾਰ

"ਸਾਚੇ **ਨਾਮ** ਕੀ ਲਾਗੈ ਭੂਖ।"

— ਆਸਾ **੧**, ਸੋਦ ੩, ੧ : ੩ (9)

"ਮਿਲੁ ਸਾਧਸੰਗਤਿ ਭਜੁ ਕੇਵਲ **ਨਾਮ**।"

— ਆਸਾ **੫**, ਸੋਪੁ ੪, ੧ : ੪ (12)

"ਦਰਸਨ **ਨਾਮ** ਕਉ ਮਨੁ ਆਛੈ।" (ਪ੍ਰਭੂ)

— ਦੇਵ **੫**, ੨੮, ੧* : ੧ (533)

3. ਪ੍ਰਭੂ ਦਾ ਨਾਮ, ਹਰੀ ਨਾਮ

"ਨਿਹਫਲ ਮਾਨੁਖੁ ਜਪੈ ਨਹੀ **ਨਾਮ**।"

— ਗਉ **੫**, ੧੨੪, ੩ : ੨ (190)

"ਸਤਿਗੁਰ ਤੇ ਪਾਇਆ **ਨਾਮ** ਨੀਸਾਨੁ।" (ਹਰੀ ਨਾਮ ਦਾ ਨੀਸਾਨ)

— ਗਉ **੫**, ੧੩੮, ੨ : ੨ (193)

"ਕਬੀਰ ਨਿਰਗੁਣ **ਨਾਮ** ਨ ਰੋਸੁ।" (ਤਿੰਨਾਂ ਗੁਣਾਂ ਤੋਂ ਉਪਰ ਪ੍ਰਭੂ ਨਾਮ ਤੋਂ ਬੇਮੁਖਨਾ ਹੈ)

— ਗਉ **ਕਬ**, ੯, ੪ : ੧ (325)

ਹੋਰ ਰੂਪ — ਨਾਮੰ —

"ਰਸਨਾ ਉਚਰੰਤਿ **ਨਾਮੰ** ਸ੍ਰਵਣੰ ਸੁਨੰਤਿ ਸਬਦ ਅੰਮ੍ਰਿਤਹ।" (ਹਰਿ ਨਾਮ)

— ਜੈਤ **੫**, ਵਾਰ ੧੪ਸ, **੫**, ੧ : ੧ (709)

ਨਾਂਮੰ —

"ਥਾਨ ਬਿਹੂਨ ਬਿਸ੍ਰਾਮ **ਨਾਂਮੰ** ਨਾਨਕ ਕ੍ਰਿਪਾਲ ਹਰਿ ਹਰਿ ਗੁਰਹ।"

— ਸਸ **੫**, ੩੨ : ੩ (1357)

ਨਾਮਹ — ਨਾਂਉਂ/ਨਾਮ

"ਤਤਹ ਕੁਟੰਬ ਮੋਹ ਮਿਥ੍ਯਾ ਸਿਮਰੰਤਿ ਨਾਨਕ ਰਾਮ ਰਾਮ **ਨਾਮਹ**।" — ਸਸ **੫**, ੩੦ : ੨ (1356)

ਹੋਰ ਰੂਪ — ਨਾਮਹਿ —

"ਆਵਤ ਸੋ ਜਨੁ **ਨਾਮਹਿ** ਰਾਤਾ।" (ਨਾਮ ਵਿਚ) — ਗਉ **੫**, ਬਾਅ ੧੩ : ੫ (352)

"ਮਾਗਨ ਤੇ ਜਿਹ ਤੁਮ ਰਖਹੁ ਸੁ ਨਾਨਕ **ਨਾਮਹਿ**

ਰੰਗ।" (ਨਾਮ ਦੀ)
— ਗਉ **੫**, ਬਾਅ ੪੧ਸ : ੨ (258)

ਨਾਮਹੀਣ — ਨਾਮ ਤੋਂ ਵਿਹੂਣਾ, ਨਾਮ ਤੋਂ ਸਖਣਾ, ਨਾਮ ਬਿਨਾਂ
"**ਨਾਮਹੀਣ** ਗਏ ਮੂੜ ਨੰਗਾ।"
— ਆਸਾ **੪**, ੫੮, ੩ : ੧ (367)

ਨਾਮਹੀਨ — ਨਾਮ ਤੋਂ ਵਿਹੂਣਾ ਰਿਹਾ, ਨਾਮ ਬਿਨਾਂ
"**ਨਾਮਹੀਨ** ਕਾਲਖ ਮੁਖਿ ਮਾਇਆ।"
— ਆਸਾ **੪**, ੫੬, ੩ : ੧ (366)

ਨਾਮਹੁ — ਨਾਮ ਨੂੰ, ਨਾਮ ਤੋਂ
"**ਨਾਮਹੁ** ਭੂਲੈ ਜਮ ਕਾ ਦੁਖੁ ਸਹਨਾ।"
— ਗਉ **੧**, ਅਸ ੧੪, ੩ : ੨ (227)

ਨਾਮਤਪੰ — ਨਾਮ ਦਾ ਤਪ
"ਅਸਥਾਨੁ ਹਰਿ ਨਿਹਕੇਵਲੰ ਸਤਿ ਮਤੀ **ਨਾਮਤਪੰ**।"— ਗੂਜ **੧**, ਅਸ ੫, ੪ : ੨ (505)

ਨਾਮਦੇਉ — ਮਹਾਂਰਾਸ਼ਟਰ ਦੇ ਇਕ ਉਘੇ ਛੀਂਬੇ ਭਗਤ (1270—1350) ਨਰਸੀ ਵਾਮਨੀ ਜਿਲਾ ਸਤਾਰਾ ਵਿਚ ਜਨਮੇ। ਆਪ ਦੀ ਬਾਣੀ (61 ਸ਼ਬਦ) ਵੱਖ ਵੱਖ 18 ਰਾਗਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ)
"ਅਹੰਕਾਰੀਆ ਨਿੰਦਕਾ ਪਿਠਿ ਦੇਇ **ਨਾਮਦੇਉ** ਮੁਖਿ ਲਾਇਆ।"— ਆਸਾ **੪**, ਛੰਤ ੨੦, ੪ : **੩** (451)
"ਕਹਤ **ਨਾਮਦੇਉ** ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ।" — ਆਸਾ **ਨਾਮ**, ੧, ੪ : ੧ (485)

ਨਾਮਦੇਅ — ਭਗਤ ਨਾਮਦੇਵ ਜੀ
"**ਨਾਮਦੇਅ** ਪ੍ਰੀਤਿ ਲਗੀ ਹਰਿ ਸੇਤੀ ਲੋਕੁ ਛੀਪਾ ਕਹੈ ਬੁਲਾਇ।"— ਸੂਹੀ **੪**, ੮, ੩ : ੨ (733)

ਨਾਮਦੇਇ — ਭਗਤ ਨਾਮ ਦੇਵ ਜੀ
"**ਨਾਮਦੇਇ** ਸਿਮਰਨੁ ਕਰਿ ਜਾਨਾਂ।"
— ਬਿਲਾ **ਨਾਮ**, ੧, ੨ : ੧ (858)

ਨਾਮਦੇਵ — ਮਹਾਂਰਾਸ਼ਟਰ ਦੇ ਇਕ ਭਗਤ
"**ਨਾਮਦੇਵ** ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ।"
— ਮਾਰੂ **ਰਵਿ**, ੧, ੨ : ੧ (1106)

ਨਾਮਧਨ — ਪ੍ਰਭੂ ਨਾਮ ਰੂਪੀ ਦੌਲਤ
"**ਨਾਮਧਨ** ਬਿਨੁ ਹੋਰ ਸਭ ਬਿਖੁ ਜਾਣੁ।"
— ਧਨਾ **੩**, ੨, ੧ : ੩ (664)

ਹੋਰ ਰੂਪ — ਨਾਮਧਨੁ —
"ਏਕੋ ਨਿਹਚਲ **ਨਾਮਧਨੁ** ਹੋਰੁ ਧਨੁ ਆਵੈ ਜਾਇ।"
— ਗੂਜ **੩**, ਵਾਰ ੭ਸ, **੩**, ੨ : ੧ (511)

ਨਾਮਨ — ਨਾਵਾਂ ਵਿਚ
"**ਨਾਮਨ** ਮਹਿ ਤੇਰੋ ਪ੍ਰਭ ਨਾਮਾ ਗਿਆਨਨ ਮਹਿ ਗਿਆਨੀ।" — ਗੂਜ **੫**, ੧, ੬ : ੧ (507)

ਨਾਮਨਾ — ਵਡਿਆਈ
"ਬਿਆਸ ਮਹਿ ਲੇਖੀਐ ਸਨਕ ਮਹਿ ਪੇਖੀਐ ਨਾਮ ਕੀ **ਨਾਮਨਾ** ਸਪਤ ਦੀਪਾ।"
— ਮਲਾ **ਰਵਿ**, ੨, ੧ : ੨ (1293)

ਨਾਮਰਸ — ਨਾਮ ਪ੍ਰਭੂ ਵਿਚ ਲਿਵਲੀਣ ਹੋਣ ਤੋਂ ਬਾਅਦ ਪ੍ਰਾਪਤ ਹੋਇਆ ਰਸ/ਅਨੰਦ
"ਸੁੰਨ ਸਮਾਧਿ **ਨਾਮ ਰਸ** ਮਾਤੇ।"
— ਗਉ **੫**, ਸੁਖ ੨, ੭ : ੬ (265)

ਹੋਰ ਰੂਪ — ਨਾਮਰਸਿ —
"ਪਗ ਧੂਰਿ ਬਾਂਛਉ ਸਦਾ ਜਾਚਉ **ਨਾਮਰਸਿ** ਬੈਰਾਗਨੀ।" (ਨਾਮ ਦੇ ਸੁਆਦ ਵਿਚ)
— ਬਿਹਾ **੫**, ਛੰਤ ੪, ੧ : ੩ (544)

ਨਾਮਰਸੁ —
"ਅਮਰੁ ਹੋਵੈ ਜੋ **ਨਾਮਰਸੁ** ਪਾਵੈ।"
— ਮਾਝ **੫**, ੨੨, ੨ : ੨ (101)

ਨਾਮਰੰਗੇ — ਨਾਮ ਦੇ ਪਿਆਰ ਦੁਆਰਾ
"ਮਿਲਿ ਸਾਧਸੰਗੇ **ਨਾਮਰੰਗੇ** ਮਨਿ ਲੋੜੀਦਾ ਪਾਇਆ।"— ਆਸਾ **੫**, ਛੰਤ ੯, ੪ : ੪ (459)

ਨਾਮਰਜਾਦੁ — ਬੇ—ਮਰਯਾਦਾ ਭਾਵ ਨੰਗਾ ਹੀ
"**ਨਾਮਰਜਾਦੁ** ਆਇਆ ਕਲਿ ਭੀਤਰਿ ਨਾਂਗੋ ਬੰਧਿ ਚਲਾਇਆ।"— ਵਡ **੧**, ਅਲਾ ੫, ੩ : ੬ (582)

ਨਾਮਰਾਤੇ — ਨਾਮ ਵਿਚ ਰਤੇ (ਰੰਗੇ) ਹੋਏ
"**ਨਾਮਰਾਤੇ** ਜੀਅ ਦਾਤੇ ਨਿਤ ਦੇਹਿ ਚੜਹਿ ਸਵਾਇਆ।"— ਬਿਹਾ **੫**, ਛੰਤ ੩, ੨ : ੪ (543)

ਨਾਮਾ — 1. ਭਗਤ ਨਾਮਦੇਵ
"**ਨਾਮਾ** ਛੀਬਾ ਕਬੀਰੁ ਜੋੁਲਾਹਾ ਪੂਰੇ ਗੁਰ ਤੇ ਗਤਿ ਪਾਈ।" — ਸਿਰੀ **੩**, ੨੨, ੩ : ੧ (67)
2. ਨਾਮ, ਨਾਂ
"ਤਿਸਹਿ ਪਰਾਪਤਿ ਹਰਿ ਹਰਿ **ਨਾਮਾ** ਜਿਸੁ ਮਸਤਕਿ ਭਾਗੀਠਾ ਜੀਉ।"

— ਮਾਝ **੫**, ੨੨, ੩ : ੩ (101)
"ਕਿੰਤੇ **ਨਾਮਾ** ਅੰਤੁ ਨ ਜਾਣਿਆ ਤੁਮ ਸਰਿ ਨਾਹੀ ਅਵਰੁ ਹਰੇ।"— ਰਾਮ **੧**, ੩, ੩ : ੧ (877)

3. ਪ੍ਰਭੂ ਦਾ ਨਾਮ
"ਜਾ ਕੈ ਹਿਰਦੈ ਦੀਓ ਗੁਰਿ **ਨਾਮਾ**।"
— ਗਉ **੫**, ੧੦੩, ੪ : ੧ (186)

4. ਵਡਿਆਈ, ਨਾਮਵਰੀ, ਸ਼ੋਭਾ
"ਕਵਨ ਥਾਨ ਧੀਰਿਓ ਹੈ **ਨਾਮਾ** ਕਵਨ ਬਸਤੁ ਅਹੰਕਾਰਾ।"— ਮਾਰੂ **੫**, ੪, ੧ : ੧ (999)

ਨਾਮਿ — 1. ਪ੍ਰਭੂ ਦੇ ਨਾਮ ਦੇ, ਪ੍ਰਭੂ ਦੇ ਨਾਮ ਦੁਆਰਾ, ਪ੍ਰਭੂ ਦੇ ਨਾਮ ਵਿਚ, ਪ੍ਰਭੂ ਦੇ ਨਾਮ ਦੀਆਂ
"ਨਾਨਕ **ਨਾਮਿ** ਵਿਸਾਰਿਐ ਦਰਿ ਗਇਆ ਕਿਆ ਹੋਇ।" — ਸਿਰੀ **੧**, ੮, ੪ : ੩ (17)
"ਨਾਨਕ ਤਰੀਐ ਸਚਿ **ਨਾਮਿ** ਸਿਰਿ ਸਾਹਾ ਪਾਤਿਸਾਹੁ।"
— ਸਿਰੀ **੧**, ਅਸ ੧੬, ੮ : ੧ (64)
"ਜਿਸ ਨਉ ਆਪਿ ਦਇਆਲੁ ਹੋਇ ਸੋ ਗੁਰਮੁਖਿ **ਨਾਮਿ** ਸਮਾਇ।"
— ਸਿਰੀ **੩**, ੩੬, ੨ : ੪ (27)
"ਨਾਨਕ **ਨਾਮਿ** ਵਡਾਈਆ ਕਰਮਿ ਪਰਾਪਤਿ ਹੋਇ।" (ਨਾਮ ਦੀਆਂ)
— ਸਿਰੀ **੩**, ਅਸ ੨੦, ੮ : ੩ (66)

2. ਨਾਂ/ਨਾਮ ਦੁਆਰਾ, ਨਾਂ ਨਾਲ, ਨਾਮ ਵਿਚ
"ਮਨੁ ਮਾਣਕੁ ਨਿਰਮੋਲੁ ਹੈ ਰਾਮ **ਨਾਮਿ** ਪਤਿ ਪਾਇ।" — ਸਿਰੀ **੧**, ੨੨, ੨ : ੧ (22)
"ਗੁਰਮੁਖਿ ਜਪ ਤਪ ਸੰਜਮੀ ਹਰਿ ਕੈ **ਨਾਮਿ** ਪਿਆਰੁ।"— ਸਿਰੀ **੩**, ੪੦, ੪ : ੧ (29)
"**ਨਾਮਿ** ਰਤਾ ਸੋਈ ਨਿਰਬਾਣੁ।" (ਨਾਮ ਵਿਚ)
— ਆਸਾ **੫**, ੫੨, ੩ : ੨ (385)

ਨਾਮੁ — ਪਵਿੱਤਰ ਸ਼ਬਦ (ਸ਼ਬਦਾਰਥ) ਪ੍ਰਭੂ ਦਾ ਨਾਮ
"ਐਸਾ **ਨਾਮੁ** ਨਿਰੰਜਨੁ ਹੋਇ।"
— ਜਪੁ **੧**, ੧੨ : ੫ (3)
"ਨਾਨਕ **ਨਾਮੁ ਨਾਮੁ** ਜਪੁ ਜਪਿਆ ਅੰਤਰਿ ਬਾਹਰਿ ਰੰਗਿ।" — ਗਉ **੫**, ਬਾਅ ੩੬ਸ : ੧ (257)
(ਮਹਾਨਕੋਸ਼ ਪਹਿਲੇ 'ਨਾਮੁ' ਦੇ ਅਰਥ 'ਪ੍ਰਸਿਧ' ਕਰਦੇ ਹਨ, ਦਰਪਣ — ਪ੍ਰਭੂ ਦਾ ਨਾਮ ਹੀ ਨਾਮ ਜਪਿਓ ਅਰਥ ਕਰਦਾ ਹੈ)

ਹੋਰ ਰੂਪ — ਨਾਮੋੁ —
"**ਨਾਮੋੁ** ਹੀ ਇਸ ਮਨ ਕਾ ਅਧਾਰੁ।" (ਪ੍ਰਭੂ ਦਾ ਨਾਮ) — ਗੋਂਡ **੫**, ੪, ੧ : ੨ (863)

2. ਪ੍ਰਭੂ, ਹਰੀ
"ਅੰਧੈ **ਨਾਮੁ** ਵਿਸਾਰਿਆ ਨਾ ਤਿਸੁ ਏਹ ਨ ਓਹੁ।"
— ਸਿਰੀ **੧**, ੩, ੧* : ੨ (15)
"ਗੁਰਮੁਖਿ **ਨਾਮੁ** ਸਲਾਹੀਐ ਹਉਮੈ ਨਿਵਰੀ ਭਾਹਿ।" — ਸਿਰੀ **੧**, ੧੨, ੧* : ੨ (20)

3. ਨਾਂ
"ਦੂਖੁ ਸੰਤਾਪੁ ਨ ਲਗਈ ਜਿਸੁ ਹਰਿ ਕਾ **ਨਾਮੁ** ਅਧਾਰੁ।" — ਸਿਰੀ **੫**, ੭੬, ੩ : ੨ (44)

ਨਾਮੁਹਰਿ — ਹਰਿ—ਨਾਮ, ਪ੍ਰਭੂ ਦਾ ਨਾਮ
"ਜਿਤੁ ਘਰਿ **ਨਾਮੁਹਰਿ** ਸਦਾ ਧਿਆਈਐ ਸੋਹਿਲੜਾ ਜੁਗ ਚਾਰੇ।"— ਆਸਾ **੩**, ਛੰਤ ੬, ੪ : ੫ (440)

ਨਾਮੁ-ਧਨ — ਪ੍ਰਭੂ ਨਾਮ ਰੂਪੀ ਦੌਲਤ
"ਤੋਟਿ ਨ ਆਵੈ ਮੂਲਿ ਸੰਚਿਆ **ਨਾਮੁਧਨ**।"
— ਜੈਤ **੫**, ਵਾਰ ੧੨ : ੩ (709)

ਨਾਮੁ ਭਗਤਿ — ਨਾਮ ਦੀ ਭਗਤੀ
"ਥਿਰੁ **ਨਾਮੁ ਭਗਤਿ** ਦਿੜੰ ਮਤੀ ਗੁਰਵਾਕਿ ਸਬਦ ਰਤੰ।" — ਗੂਜ **੧**, ਅਸ ੫, ੩ : ੨ (505)

ਨਾਮੇ — 1. ਨਾਮ ਦੁਆਰਾ ਹੀ, ਨਾਮ ਕਰਕੇ, ਨਾਮ ਸਦਕੇ ਹੀ
"ਨਾਉ ਧਿਆਈਐ ਨਾਉ ਮੰਗੀਐ **ਨਾਮੇ** ਸਹਜਿ ਸਮਾਇ।" — ਸਿਰੀ **੩**, ੩੪, ੧ : ੪ (26)

ਹੋਰ ਰੂਪ — ਨਾਮੈ —
"**ਨਾਮੈ** ਹੀ ਤੇ ਸੁਖੁ ਪਾਈਐ ਸਚੈ ਸਬਦਿ ਸੁਹਾਇ।" — ਸਿਰੀ **੩**, ੫੪, ੧ : ੪ (34)

2. ਨਾਮ ਵਿਚ
"ਅਨਦਿਨੁ **ਨਾਮੇ** ਰਤਿਆ ਸਚੇ ਸਚੀ ਸੋਇ।"
— ਸਿਰੀ **੩**, ੫੫, ੧ : ੨ (35)

3. ਭਗਤ ਨਾਮ ਦੇਵ ਦੇ
"ਜਪਹੀਨ ਤਪ ਹੀਨ ਕੁਲ ਹੀਨ ਕ੍ਰਮਹੀਨ **ਨਾਮੇ** ਕੇ ਸੁਆਮੀ ਤੇਊ ਤਰੇ।"
— ਗਉ **ਨਾਮ**, ੧, ੨ : ੨ (345)

ਨਾਮੈ — 1. ਨਾਮ ਦਵਾਰੇ, ਵੇਖੋ 'ਨਾਮੇ' (1)
"ਤਿਤੁ ਘਟਿ **ਨਾਮੈ** ਨਾਮਿ ਨਿਵਾਸੁ।" (ਨਾਮ ਦੁਆਰਾ

ਨਾਮ ਵਿਚ ਨਿਵਾਜਿਆ)
— ਮਲਾ **੩**, ਅਸ ੩, ੫ : ੪ (1277)

2. ਨਾਮ ਤੋਂ
"ਨਾਮੁ ਮਿਲੈ ਮਨੁ ਤ੍ਰਿਪਤੀਐ ਬਿਨੁ **ਨਾਮੈ** ਧ੍ਰਿਗੁ ਜੀਵਾਸੁ।" — ਸਿਰੀ **੪**, ੬੬, ੧ : ੧ (40)

3. ਨਾਮ ਦੀ
"**ਨਾਮੈ** ਸੁਰਤਿ ਸੁਨੀ ਮਨਿ ਭਾਈ।"
— ਆਸਾ **੪**, ੫੮, ੨ : ੧ (367)

4. ਨਾਮੀ, ਨਾਮ ਜਪਨ ਵਾਲਾ
"**ਨਾਮੈ** ਕੀ ਸਭ ਸੇਵਾ ਕਰੈ ਗੁਰਮੁਖਿ ਨਾਮੁ ਬੁਝਾਈ।"
— ਆਸਾ **੩**, ਅਸ ੨੯, ੭ : ੧ (426)

5. ਭਗਤ ਨਾਮਦੇਵ ਨੇ
"ਜਨ **ਨਾਮੈ** ਤਤੁ ਪਛਾਨਿਆ।"
— ਸੋਰ **ਨਾਮ**, ੩, ੩ : ੪ (657)

6. ਨਾਮ ਵਿਚ
"ਹਰਿ ਰਾਮ **ਨਾਮੈ** ਰਹਉ ਲਾਗੋ ਜਨ ਨਾਨਕ ਨਾਮਿ ਸਮਾਇਓ।"
— ਮਾਲੀ **੪**, ੩, ੪ : ੨ (985)

ਨਾਮੋ — 1. ਨਾਮ ਤੋਂ ਹੀ, ਕੇਵਲ ਨਾਮ ਤੋਂ ਹੀ
"ਓਨਾ ਅੰਦਰਿ ਨਾਮੁ ਨਿਧਾਨੁ ਹੈ **ਨਾਮੋ** ਪਰਗਟੁ ਹੋਇ।" — ਸਿਰੀ **੧**, ੮, ੩ : ੨ (17)

2. ਨਾਮ ਹੀ, ਕੇਵਲ ਨਾਮ
"ਨਾਮੁ ਜਪੇ **ਨਾਮੋ** ਆਰਾਧੇ ਨਾਮੇ ਸੁਖਿ ਸਮਾਵੈ।"
— ਮਾਝ **੧**, ਵਾਰ ੪ਸ, **੧**, ੨ : ੬ (139)

3. ਨਾਮ ਦੁਆਰਾ ਹੀ
"ਨਾਮੁ ਜਪੀ **ਨਾਮੋ** ਸੁਖ ਸਾਰੁ।"
— ਆਸਾ **੪**, ੫੬, ੧ : ੨ (366)

ਨਾਰਦ — 1. ਇਕ ਰਿਖੀ ਜੋ ਚੁਕ ਚੁਕਾ ਕੇ ਲੜਾਈ ਝਗੜੇ ਕਰਨ ਦਾ ਪ੍ਰਤੀਕ ਹੈ
"**ਨਾਰਦ** ਮੁਨਿ ਜਨ ਸੁਕ ਬਿਆਸ ਜਸੁ ਗਾਵਤ ਗੋਬਿੰਦ।" — ਗਉ **੫**, ਥਿਤੀ ੬ : ੩ (298)

2. ਚੰਚਲਤਾ ਦਾ ਪ੍ਰਤੀਕ
"ਪਾਂਚ **ਨਾਰਦ** ਕੈ ਸੰਗਿ ਬਿਧਵਾਰਿ।" (ਨਾਰਦ ਵਾਂਗ ਚੰਚਲ ਪੰਜ ਇੰਦਰੀਆਂ)
— ਗੋਂਡ **ਕਬ**, ੮, ੫ : ੨ (872)

ਨਾਰਦ ਮੁਨਿ — ਰਿਸ਼ੀ ਨਾਰਦ
"ਸਨਕ ਸਨੰਦਨ **ਨਾਰਦ ਮੁਨਿ** ਸੇਵਹਿ ਅਨਦਿਨੁ ਜਪਤ ਰਹਹਿ ਬਨਵਾਰੀ।"
— ਗੂਜ **੪**, ਅਸ ੧, ੨ : ੧ (507)

ਨਾਰਦਾਦਿ — ਨਾਰਦ ਆਦਿ ਰਿਸ਼ੀ
"ਸਿਮਰਹਿ ਨਖ੍ਯ੍ਰ ਅਵਰ ਧ੍ਰੂ ਮੰਡਲ **ਨਾਰਦਾਦਿ** ਪ੍ਰਹਲਾਦਿ ਵਰਾ।" — ਸਵ **੩**, ੨ : ੨ (1393)

ਨਾਰਦਿ — ਨਾਰਦ ਨੇ
"**ਨਾਰਦਿ** ਕਹਿਆ ਸਿ ਪੂਜ ਕਰਾਂਹੀ।"
— ਬਿਹਾ **੪**, ਵਾਰ ੨੦ਸ, **੧**, ੨ : ੨ (556)

ਨਾਰਦੀ — 1. ਨਾਰਦ ਦੇ ਪ੍ਰਕਾਰ ਦੀ ਭਾਵ ਪ੍ਰੇਮ ਵਾਲੀ
"ਭਗਤਿ **ਨਾਰਦੀ** ਰਿਦੈ ਨ ਆਈ ਕਾਛਿ ਕੂਛਿ ਤਨੁ ਦੀਨਾ।" — ਸੋਰ **ਕਬ**, ੩, ੩ : ੧ (654)

2. ਨਾਰਦ ਵਾਲਾ ਕੰਮ
"**ਨਾਰਦੀ** ਨਰਹਰ ਜਾਣਿ ਹਦੂਰੇ।"
— ਰਾਮ **੫**, ੮, ੩ : ੧ (885)

ਨਾਰਦੁ — ਇਕ ਰਿਸ਼ੀ
"**ਨਾਰਦੁ** ਨਾਚੈ ਕਲਿ ਕਾ ਭਾਉ।" (ਭਾਵ ਨਾਰਦ ਵਰਗੀ ਚੰਚਲ, ਚਲਾਇਮਾਨ ਤੇ ਫਸਾਦੀ ਮਨ)
— ਆਸਾ **੧**, ੪, ੧ : ੨ (349)
"ਨਾ ਸਾਬੂਰੁ ਹੋਵੈ ਫਿਰਿ ਮੰਗੈ **ਨਾਰਦੁ** ਕਰੇ ਖੁਆਰੀ।" (ਚੰਚਲ ਮਨ)
— ਬਸੰ **੧**, ਅਸ ੮, ੩ : ੧ (1191)

ਨਾਰਦੈ — ਰਿਸ਼ੀ ਨਾਰਦ ਨੂੰ
"ਪੂਛਹੁ ਬ੍ਰਹਮੇ **ਨਾਰਦੈ** ਬੇਦ ਬਿਆਸੈ ਕੋਇ।"
— ਸਿਰੀ **੧**, ਅਸ ੧੦, ੧* : ੨ (59)

ਨਾਰਾਇਣ — 1. ਸਭ ਨਰਾਂ ਵਿਚ ਨਿਵਾਸ ਕਰਤਾ, ਪਾਰਬ੍ਰਹਮ, ਕਰਤਾਰ, ਵਿਆਪਕ ਹਰਿ
"ਨਰ **ਨਾਰਾਇਣ** ਅੰਤਰ ਜਾਮਿ।"
— ਗਉ **੧**, ੮, ੩ : ੩ (153)
"ਚਿਤਿ ਚਿਤਵਹੁ **ਨਾਰਾਇਣ** ਏਕ।"
— ਗਉ **੫**, ਸੁਖ ੨੪, ੨ : ੫ (295)

2. ਕਨੌਜ ਦੇ ਇਕ ਬ੍ਰਾਹਮਣ ਅਜਾਮਲ ਦਾ ਛੋਟਾ ਪੁੱਤਰ ਜਿਸ ਨੂੰ ਬੁਲਾਉਂਦਿਆਂ ਉਸ ਦਾ ਉਧਾਰ ਹੋਇਆ
"ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ

ਨਾਰਾਇਣ ਬੋਲਾਰੇ।"
— ਨਟ **੪**, ਅਸ ੩, ੨ : ੧ (981)

ਨਾਰਾਇਣਹ — ਵਿਆਪਕ, ਵਿਆਪਕ ਹਰਿ
"ਗੁਰ ਗੋਬਿੰਦ ਗੋਪਾਲ ਗੁਰ ਗੁਰ ਪੂਰਨ **ਨਾਰਾਇਣਹ**।"
— ਜੈਤ **੫**, ਵਾਰ ੧੯ਸ, **੫**, ੧ : ੧ (710)
"ਜਾਚੰਤਿ ਨਾਨਕ ਕ੍ਰਿਪਾਲ ਕ੍ਰਿਪਾਲ ਪ੍ਰਸਾਦੰ ਨਹ ਬਿਸਰੰਤਿ ਨਹ ਬਿਸਰੰਤਿ **ਨਾਰਾਇਣਹ**।"
— ਸਸ **੫**, ੨੧ : ੬ (1356)

ਨਾਰਾਇਣਾ — ਪ੍ਰਭੂ, ਹਰਿ
"ਜੇ ਕੋ ਮੂੰ ਉਪਦੇਸੁ ਕਰਤੁ ਹੈ ਤਾ ਵਣਿ ਤ੍ਰਿਣਿ ਰਤੜਾ **ਨਾਰਾਇਣਾ**।"
— ਸਿਰੀ **ਤ੍ਰਿਲੋ**, ੨, ੫ : ੧ (92)

ਨਾਰਾਇਣਿ — ਪ੍ਰਭੂ ਵਲੋਂ
"**ਨਾਰਾਇਣਿ** ਲਇਆ ਨਠੂੰਗੜਾ ਪੈਰ ਕਿਥੈ ਰਖੈ।"
— ਗਉ **੪**, ਵਾਰ ੨੮ : ੧ (315)

ਨਾਰਾਇਣੁ — 1. ਪ੍ਰਭੂ, ਸਰਬ ਵਿਆਪਕ ਹਰਿ
"ਥਿਰੁ **ਨਾਰਾਇਣੁ** ਕਰੇ ਸੁ ਹੋਇ।"
— ਗਉ **੧**, ੭, ੩ : ੪ (153)
2. ਦਵਾ ਸਾਜ਼, ਦੁਆਈਆਂ ਬਣਾਉਣ ਵਾਲਾ
"ਆਪੇ ਵੈਦੁ ਆਪਿ **ਨਾਰਾਇਣੁ**।"
— ਰਾਮ **੫**, ਵਾਰ ੧੧ਸ **੫**, ੧ : ੧ (962)
('ਸ਼ਬਦਾਰਥ ਤੇ ਦਰਪਣ' ਇਥੇ ਵੀ 'ਨਾਰਾਇਣੁ' ਦੇ ਅਰਥ ਪਰਮਾਤਮਾ ਹੀ ਕਰਦੇ ਹਨ)

ਨਾਰਾਇਣੇ — ਪ੍ਰਭੂ, ਹਰਿ
"ਪਾਰਬ੍ਰਹਮੁ ਪਰਮੇਸਰੁ ਸੁਆਮੀ ਦੂਖ ਨਿਵਾਰਣੁ **ਨਾਰਾਇਣੇ**।" — ਕਲਿ **੪**, ੭, ੧* : ੧ (1321)
ਹੋਰ ਰੂਪ — ਨਾਰਾਇਣੈ —
"ਰੰਗ ਸਭੇ **ਨਾਰਾਇਣੈ** ਜੇਤੇ ਮਨਿ ਭਾਵੰਨਿ।" (ਪ੍ਰਭੂ ਦੇ) — ਮਾਝ **੫**, ਵਾਰ ੪ : ੪ (134)
ਨਾਰਾਇਣੋ —
"ਸਭਿ ਧਿਆਵਹੁ ਨਰ **ਨਾਰਾਇਣੋ ਨਾਰਾਇਣੋ** ਜਿਤੁ ਚੂਕਾ ਜਮ ਝਗੜੁ ਝਗੋਲੁ।" (ਪ੍ਰਭੂ ਨੂੰ)
— ਕਾਲ **੪**, ਵਾਰ ੧੨ : ੫ (1317)

ਨਾਰਾਇਨ — ਪ੍ਰਭੂ, ਹਰਿ
"**ਨਾਰਾਇਨ** ਮਿਲੇ ਨਾਨਕ ਏਕ।"
— ਗਉ **੫**, ਸੁਖ ੧੨, ੨ : ੧੦ (285)
ਹੋਰ ਰੂਪ — ਨਾਰਾਇਨਾ —
"ਜਹ ਖੇਲੈ ਸ੍ਰੀ **ਨਾਰਾਇਨਾ**।" (ਪ੍ਰਭੂ, ਹਰਿ)
— ਗਉ **ਨਾਮ**, ੧, ੩ : ੨ (988)
ਨਾਰਾਇਨੁ —
"ਮਨਿ ਮੁਕੰਦੁ ਜਿਹਬਾ **ਨਾਰਾਇਨੁ** ਪਰੈ ਨ ਜਮ ਕੀ ਫਾਸੀ।"
— ਗਉ **ਕਬ**, ਪ੮, ੨ : ੨ (336)

ਨਾਰਿ — 1. ਪਤਨੀ, ਇਸਤ੍ਰੀ
"ਹਰਿ ਜੀਉ ਇਉ ਪਿਰੁ ਰਾਵੈ **ਨਾਰਿ**।"
— ਸਿਰੀ **੧**, ਅਸ ੨, ੧* : ੧ (54)
"ਬੰਧਨ ਸੁਤ ਕੰਨਿਆ ਅਰੁ **ਨਾਰਿ**।"
— ਆਸਾ **੧**, ਅਸ ੧੦, ੨ : ੨ (416)
2. ਇਸਤ੍ਰੀ, ਜਨਾਨੀ, ਔਰਤ
"ਨਾਨਕ ਜਿਸੁ ਨਦਰਿ ਕਰੇ ਤਿਸੁ ਮੇਲਿ ਲਏ ਸਾਈ ਸੁਹਾਗਣਿ **ਨਾਰਿ**।"
— ਸਿਰੀ **੪**, ਵਾਰ ੧੯ਸ, **੩**, ੧ : ੩ (90)
"ਤਕਹਿ **ਨਾਰਿ** ਪਰਾਈਆ ਲੁਕਿ ਅੰਦਰਿ ਠਾਣੀ।"— ਗਉ **੪**, ਵਾਰ ੨੭ : ੨ (315)
"ਪੁਰਖ ਮਹਿ **ਨਾਰਿ ਨਾਰਿ** ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ।"
— ਰਾਮ **੧**, ੯, ੩ : ੧ (879)
(ਮਹਾਨਕੋਸ਼ ਇਥੇ ਅਰਥ 'ਮਾਇਆ' ਕਰਦਾ ਹੈ)
3. ਪਾਣੀ
"ਨਾਮੁ ਤੇਰਾ ਆਧਾਰੁ ਮੇਰਾ ਜਿਉ ਫੂਲੁ ਜਈ ਹੈ **ਨਾਰਿ**।" — ਗਉ **ਕਬ**, ੬੯, ੨ : ੧ (338)
4. ਸੁਆਨੀ
"ਗ੍ਰਿਹ ਵਸਿ ਗੁਰਿ ਕੀਨਾ ਹਉ ਘਰ ਕੀ **ਨਾਰਿ**।"
— ਸੂਹੀ **੫**, ੪, ੧ : ੧ (737)
5. ਨਲਕੀ, ਨਾਲ
"ਤੁਰੀ **ਨਾਰਿ** ਕੀ ਛੋਡੀ ਬਾਤਾ।"
— ਗੋਂਡ **ਕਬ**, ੬, ੨ : ੧ (871)
6. ਭਾਵ ਮਾਇਆ
"ਖਸਮੁ ਮਰੈ ਤਉ **ਨਾਰਿ** ਨ ਰੋਵੈ।"
— ਗੋਂਡ **ਕਬ**, ੭, ੧ : ੧ (871)
7. ਭਾਵ ਦੇਹ, ਸਰੀਰ
"ਸੰਗੀ ਜੋਗੀ **ਨਾਰਿ** ਲਪਟਾਣੀ।" (ਦੇਹ ਜੀਵ ਆਤਮਾ (ਜੋਗੀ) ਨੂੰ ਸੰਗੀ ਬਣਾ ਉਸ ਨਾਲ ਲਿਪਟੀ ਹੈ)

— ਮਾਰੂ **੫**, ਸੋਲਾ ੨, ੧ : ੧ (1072)

ਨਾਰੀ — 1. ਇਸਤ੍ਰੀ, ਔਰਤ
"**ਨਾਰੀ** ਅੰਦਰਿ ਸੋਹਣੀ ਮਸਤਕਿ ਮਣੀ ਪਿਆਰੁ।"
— ਸਿਰੀ **੧**, ਅਸ ੨, ੬ : ੧ (54)
"ਅਨਹਦ ਸਬਦ ਵਜਾਏ ਹਰਿ ਜੀਉ ਘਰਿ ਆਏ ਹਰਿ ਗੁਣ ਗਾਵਹੁ **ਨਾਰੀ**।" (ਹੇ ਇਸਤ੍ਰੀਓ ਭਾਵ ਹੇ ਸਖੀਓ) — ਸੂਹੀ **੩**, ਛੰਤ ੫, ੧ : ੩ (770)
2. ਪਤਨੀ
"**ਨਾਰੀ** ਦੇਖਿ ਵਿਗਾਸੀਅਹਿ ਨਾਲੇ ਹਰਖੁ ਸੁ ਸੋਗੁ।"— ਸਿਰੀ **੧**, ਅਸ ੧੫, ੩ : ੨ (63)
"ਪੁਤਾ ਦੇਖਿ ਵਿਗਸੀਐ **ਨਾਰੀ** ਸੇਜ ਭਤਾਰ।"
— ਸਿਰੀ **੧**, ਅਸ ੧੬, ੫ : ੧ (63)
3. ਨਾੜੀ
"ਮਨ ਰੇ ਪਵਨ ਦ੍ਰਿੜ ਸੁਖਮਨ **ਨਾਰੀ**।"
— ਗਉ **ਕਬ**, ੧੮, ੧* : ੨ (327)
4. ਇਸਤ੍ਰੀ ਦਾ ਵਿਸ਼ੇ ਅੰਗ, ਯੋਨਿ
"ਤਗੁ ਨ ਇੰਦ੍ਰੀ ਤਗੁ ਨ **ਨਾਰੀ**।"
— ਆਸਾ **੧**, ਵਾਰ ੧੫ਸ, **੧**, ੪ : ੧ (471)
5. ਇੰਦ੍ਰੀਆਂ
"ਦਸ **ਨਾਰੀ** ਅਉਧੂਤ ਦੇਨਿ ਚਮੋੜੀਐ।"
— ਗੂਜ **੫**, ਵਾਰ ੧੫ : ੩ (522)
"ਮਿਲ **ਨਾਰੀ** ਸਤਸੰਗਿ ਮੰਗਲੁ ਗਾਵੀਆ।" (ਭਾਵ ਇੰਦ੍ਰੀਆਂ) — ਰਾਮ **੫**, ਵਾਰ ੧੫ : ੧ (964)
6. ਭਾਵ ਪ੍ਰਕ੍ਰਿਤੀ
"**ਨਾਰੀ** ਪੁਰਖੁ ਪੁਰਖੁ ਸਭ ਨਾਰੀ ਸਭ ਏਕੋ ਪੁਰਖੁ ਮੁਰਾਰੇ।" (ਦੂਜੀ ਨਾਰੀ ਦਾ ਭਾਵ ਜੀਵ ਹੈ)
— ਨਟ **੪**, ਅਸ ੫, ੫ : ੧ (983)

ਨਾਰੇ — ਇਸਤ੍ਰੀ
"ਮਾਤਾ ਪਿਤ ਭਾਈ ਸੁਤ ਚਤੁਰਾਈ ਸੰਗਿ ਨ ਸੰਪੈ **ਨਾਰੇ**।" — ਆਸਾ **੧**, ਛੰਤ ੨, ੨ : ੩ (437)
"ਆਪਣੇ ਪਿਰ ਕੈ ਰੰਗਿ ਰਤੀ ਮੁਈਏ ਸੋਭਾਵੰਤੀ **ਨਾਰੇ**।" (ਹੇ ਨਾਰ/ਇਸਤ੍ਰੀ)
— ਵਡ **੩**, ਛੰਤ ੧, ੧ : ੧ (567)

ਨਾਲ — ਸੰਗ, ਸਾਥ
"ਹਰਿ ਅੰਤਰਿ ਬਾਹਰਿ **ਨਾਲ** ਹੈ ਮੇਰੀ ਜਿੰਦੁੜੀਏ ਸਭ ਵੇਖੈ ਮਨਿ ਮੁਕਰਾਈਐ ਰਾਮ।"
— ਬਿਹਾ **੪**, ਛੰਤ ੬, ੧ : ੨ (541)

ਨਾਲਹੁ — ਪਾਸੋਂ, ਕੋਲੋਂ ਤੋਂ
"ਨਾਨਕ ਮਨਮੁਖਾ **ਨਾਲਹੁ** ਤੁਟੀਆ ਭਲੀ ਜਿਨਾ ਮਾਇਆ ਮੋਹਿ ਪਿਆਰੁ।"
— ਬਿਹਾ **੪**, ਵਾਰ ੨ਸ, **੩**, ੧ : ੯ (549)

ਨਾਲਕਾ — ਨਾਲ ਦਾ, ਸੰਗ ਦਾ, ਸਾਥੀ, ਸੰਗੀ (ਕੋਸ਼); ਨਾਲ ਹੀ (ਸ਼ਬਦਾਰਥ), ਨਾਲ (ਦਰਪਣ) ਨਾਲ (ਨਿਰਣੈ)
"ਤਿਨ ਕੈ ਸੰਗਿ ਪਰਮਪਦੁ ਪਾਈ ਸਦਾ ਸੰਗੀ ਹਰਿ **ਨਾਲਕਾ**।"— ਮਾਰੂ **੫**, ਸੋਲਾ ੧੩, ੧੩ : ੩ (1085)

ਨਾਲਾ — 1. ਨਾਲ ਹੀ, ਸੰਗ ਹੀ
"ਅੰਮ੍ਰਿਤ ਨਾਮੁ ਸਦਾ ਸੁਖੁ **ਨਾਲਾ**।"
— ਗਉ **੧**, ਅਸ ੪, ੬ : ੪ (222)
2. ਨਾੜੂ
"ਫਰੀਦਾ ਜਿ ਦਿਹਿ **ਨਾਲਾ** ਕਪਿਆ ਜੇ ਗਲੁ ਕਪਹਿ ਚੁਖ।"— ਸਲੋ **ਫਰ**, ੭੬ : ੧ (1381)

ਨਾਲਿ — 1. ਸੰਗ, ਸਾਥ
"ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ **ਨਾਲਿ**।" — ਜਪੁ **੧**, ੧ : ੬ (1)
"ਗੁਰ **ਨਾਲਿ** ਤੁਲਿ ਨ ਲਗਈ ਖੋਜਿ ਡਿਠਾ ਬ੍ਰਹਮੰਡੁ।" (ਦੇ) — ਸਿਰੀ **੫**, ੯੦, ੪ : ੩ (50)
2. ਕੰਵਲ ਦੀ ਨਲਕੀ
"**ਨਾਲਿ** ਕੁਟੰਬੁ ਸਾਥਿ ਵਰਦਾਤਾ ਬ੍ਰਹਮਾ ਭਾਲਣ ਸ੍ਰਿਸਟਿ ਗਇਆ।"
— ਆਸਾ **੧**, ੭, ੩ : ੧ (350)
(ਬ੍ਰਹਮਾ ਕਮਲ ਦੀ ਨਾਲੀ ਵਿਚ ਟੁੱਭੀ ਮਾਰ ਕੇ ਸ੍ਰਿਸ਼ਟੀ ਦਾ ਮੁੱਢ ਭਾਲਣ ਗਿਆ)

ਨਾਲਿਆ — ਪਾਣੀ ਦਾ ਛੋਟਾ ਪਰਵਾਹ
"ਜਿਉ ਮੀਹਿ ਵੁਠੈ ਗਲੀਆ **ਨਾਲਿਆ** ਟੋਭਿਆ ਕਾ ਜਲੁ ਜਾਇ ਪਵੈ ਵਿਚਿ ਸੁਰਸਰੀ ਸੁਰਸਰੀ ਮਿਲਤ ਪਵਿਤ੍ਰੁ ਪਾਵਨੁ ਹੋਇ ਜਾਵੈ।"
— ਬਿਲਾ **੪**, ਵਾਰ ੧੩ : ੩ (855)

ਨਾਲੀ — ਨਾਲ, ਸੰਗ
"ਤਿਉ ਸਤਿਗੁਰ ਸਿਖ ਪ੍ਰੀਤ ਹਰਿ ਹਰਿ ਕੀ ਗੁਰੁ ਸਿਖ ਰਖੈ ਜੀਅ **ਨਾਲੀ**।"
— ਗਉ **੪**, ੫੧, ੨ : ੩ (168)

ਨਾਲੀਏਰ — ਨਾਰੀਅਲ, ਖੋਪਾ
"**ਨਾਲੀਏਰ** ਫਲ ਸੇਬਰਿ ਪਾਕਾ ਮੂਰਖ ਮੁਗਧ

ਗਵਾਰ।" — ਰਾਮ **ਕਬ**, ੧੨, ੧ : ੨ (972)

ਨਾਲੇ — 1. ਸਾਥ, ਸੰਗ
"ਗਾਵਹਿ ਇੰਦ ਇੰਦਾਸਣਿ ਬੈਠੇ ਦੇਵਤਿਆਂ ਦਰਿ **ਨਾਲੇ**।" — ਜਪੁ **੧**, ੨੭ : ੨ (6)
"ਸਚੁ ਸਚਾ ਜਿਨੀ ਅਰਾਧਿਆ ਸੇ ਜਾਇ ਰਲੇ ਸਚ **ਨਾਲੇ**।" (ਨਾਲ)
— ਗਉ **੪**, ਵਾਰ ੧੯ : ੩ (311)
2. ਨਾਲ ਹੀ, ਸੰਗ ਹੀ
"ਸਭਨਾ ਪਿਰੁ ਵਸੈ ਸਦਾ **ਨਾਲੇ**।"
— ਮਾਝ **੩**, ਅਸ ੫, ੫ : ੧ (112)

ਨਾਲੋ — ਤੋ ਪਾਸੋਂ
"ਨਾਨਕ ਮਨਮੁਖਾ **ਨਾਲੋਂ** ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ।"
— ਗਉ **੪**, ਵਾਰ ੩੧ਸ, **੪**, ੧ : ੫ (316)

ਨਾਂਵ -- (ਫ਼ਾ. ਨਾਵ) ਬੇੜੀ, ਕਿਸ਼ਤੀ ਨੌਕਾ
"ਸਾਧ **ਨਾਂਵ** ਬੈਠਾਵਹੁ ਨਾਨਕ ਭਵਸਾਗਰੁ ਪਾਰਿ ਉਤਾਰਾ।" — ਸਾਰ **੫**, ੮੧, ੨ : ੨ (1220)

ਨਾਵ — 1. ਨਾਂ, ਨਾਮ
"ਜੀਅ ਜਾਤਿ ਰੰਗਾ ਕੇ **ਨਾਵ**।"
— ਜਪੁ **੧**, ੧੬ : ੧੪ (3)
"**ਨਾਵ** ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ।"
— ਸਿਰੀ **੧**, ੬, ੪ : ੨ (16)
2. ਬੇੜੀ, ਨੌਕਾ
"ਪਾਵਕੁ ਸਾਗਰੁ ਗਹਰੋ ਚਰਿ ਸੰਤਨ **ਨਾਵ** ਤਰਾਇਓ।"
— ਗਉ **੫**, ਅਸ ੧੪, ੩ : ੧ (241)

ਨਾਵਉ — 1. ਨਾਂ, ਨਾਮ
"ਦਸ ਬੈਰਾਗਨਿ ਮੋਹਿ ਬਸਿ ਕੀਨ੍ਹੀ ਪੰਚਹੁ ਕਾ ਮਿਟ **ਨਾਵਉ**।" — ਧਨਾ **ਨਾਮ**, ੨, ੧ : ੧ (693)
2. ਅਕਾਲ ਪੁਰਖ/ਵਾਹਿਗੁਰੂ ਤੋਂ
"ਸਭ **ਨਾਵਉ** ਉਪਜੈ ਨਾਵਹੁ ਛੀਜੈ।"
— ਮਾਰੂ **੩**, ਸੋਲਾ ੨੦, ੭ : ੧ (1064)

ਨਾਵਏ — ਨਾਮ ਤੋਂ
"ਹਉ ਬਲਿਹਾਰੀ ਸਦਾ ਹੋਵਾ ਏਕ ਤੇਰੇ **ਨਾਵਏ**।"
— ਵਡ **੧**, ਛੰਤ ੨, ੪ : ੬ (567)

ਨਾਵਹਿ — ਨਹਾਉਂਦਾ ਹੈ
"ਸਤਿਗੁਰੁ ਪੁਰਖੁ ਅੰਮ੍ਰਿਤਸਰੁ ਵਡਭਾਗੀ **ਨਾਵਹਿ** ਆਇ।" — ਸਿਰੀ **੪**, ੬੬, ੪ : ੧ (40)

ਨਾਵਹੁ — 1. ਨਾਮ ਤੋਂ, ਪ੍ਰਭੂ/ਅਕਾਲਪੁਰਖ/ਹਰੀ ਤੋਂ
"**ਨਾਵਹੁ** ਭੁਲੀ ਜੇ ਫਿਰਾ ਫਿਰਿ ਫਿਰਿ ਆਵਉ ਜਾਉ।" — ਸਿਰੀ **੧**, ਅਸ ੬, ੭ : ੩ (57)
"ਨਾਨਕੁ ਏਕ ਕਹੈ ਬੇਨੰਤੀ **ਨਾਵਹੁ** ਗਤਿ ਪਤਿ ਪਾਈ।" — ਰਾਮ **੩**, ਅਸ ੨, ੨੭ : ੧ (910)
2. ਨਹਾਉਂਦੇ ਹੋ
"ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ **ਨਾਵਹੁ** ਕਾਹੀ ਜੀਉ।"— ਸੋਰ **੧**, ੯, ੩ : ੧ (598)
"**ਨਾਵਹੁ** ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ।"— ਰਾਮ **੧**, ਅਸ ੧, ੬ : ੨ (903)

ਨਾਵਣ — ਨਹਾਉਣ, ਇਸ਼ਨਾਨ ਕਰਨ
"ਤੀਰਥਿ **ਨਾਵਣ** ਜਾਉ ਤੀਰਥੁ ਨਾਮੁ ਹੈ।"
— ਧਨਾ **੧**, ਛੰਤ ੧, ੧ : ੧ (687)

ਹੋਰ ਰੂਪ — ਨਾਵਣਿ —
"ਹਰਿ ਆਪਿ ਕਰਤੈ ਪੁਰਬੁ ਕੀਆ ਸਤਿਗੁਰੁ ਕੁਲ ਖੇਤਿ **ਨਾਵਣਿ** ਗਇਆ।" (ਨਹਾਉਣ ਲਈ) — ਤੁਖਾ **੫**, ਛੰਤ ੪, ੧ : ੫ (1116)

ਨਾਵਣੁ —
"ਸਚੁ ਸੰਜਮੁ ਕਰਣੀ ਕਾਰਾਂ **ਨਾਵਣੁ** ਨਾਉ ਜਪੇਹੀ।" (ਇਸ਼ਨਾਨ)
— ਸਿਰੀ **੪**, ਵਾਰ ੨੦ਸ, **੧**, ੧ : ੩ (91)
"ਨਾਨਕ ਸਾਹਿਬੁ ਮਨਿ ਵਸੈ ਸਚਾ **ਨਾਵਣੁ** ਹੋਇ।" (ਇਸ਼ਨਾਨ)
— ਮਾਝ **੧**, ਵਾਰ ੧੭ਸ, **੧**, ੧ : ੧੦ (146)

ਨਾਵਣੋ —
"ਸੰਗਤਿ ਮੀਤ ਮਿਲਾਪੁ ਪੂਰਾ **ਨਾਵਣੋ**।"
— ਧਨਾ **੧**, ਛੰਤ ੧, ੩ : ੧ (688)

ਨਾਵੰਤਾ — ਇਸ਼ਨਾਨ ਕਰਦਾ, ਨਹਾਉਂਦਾ
"ਹੋਇ ਬੈਰਾਗੀ ਤੀਰਥਿ **ਨਾਵੰਤਾ** ਜੀਉ।"
— ਗਉ **੫**, ੧੬੬*, ੩ : ੨ (216)

ਨਾਵਨ — ਇਸ਼ਨਾਨ
"**ਨਾਵਨ** ਕਉ ਤੀਰਥ ਘਨੇ ਮਨ ਬਉਰਾ ਰੇ ਪੂਜਨ ਕਉ ਬਹੁ ਦੇਵ।"
— ਗਉ **ਕਬ**, ੫੭, ੪ : ੧ (336)

ਨਾਵਨਿ —

"ਨਾਨਕ ਜੇ ਸਿਰਖੁਥੇ **ਨਾਵਨਿ** ਨਾਹੀ ਤਾ ਸਤ ਚਟੇ ਸਿਰਿ ਛਾਈ।" (ਨਹਾਉਂਦੇ)
— ਮਾਝ **੧**, ਵਾਰ ੨੬ਸ, **੧**, ੧ : ੨੫ (150)

ਨਾਵਰੂਪ — ਬੇੜੀ/ਕਿਸ਼ਤੀ ਦੇ ਸਮਾਨ/ਦੀ ਤਰ੍ਹਾਂ
"**ਨਾਵ ਰੂਪ** ਭਇਓ ਸਾਧਸੰਗੁ ਭਵਨਿਧਿ ਪਾਰਿ ਪਰਾ।" — ਜੈਤ **੫**, ੬, ੨ : ੧ (701)

ਨਾਵੜਾ — ਨਾਮ, ਨਾਂ
"ਵਡਣੈ ਝਾਲਿ ਝਲੁੰਬਲੈ **ਨਾਵੜਾ** ਲਈਐ ਕਿਸੁ।"
— ਸਲੋ **੩**, ੬੨ : ੧ (1420)

ਨਾਵਾ — 1. ਨਹਾਂਵਾਂ, ਇਸ਼ਨਾਨ ਕਰਾਂ
"ਤੀਰਥਿ **ਨਾਵਾ** ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ।" — ਜਪੁ **੧**, ੬ : ੧ (2)
2. ਨਾਵਾਂ ਵਿਚ
"ਥਾਵਾ ਨਾਵ ਨ ਜਾਣੀਅਹਿ **ਨਾਵਾ** ਕੇਵਡੁ ਨਾਉ।"
— ਸਿਰੀ **੧**, ਅਸ ੧, ੫ : ੧ (53)
3. ਨੌਵਾਂ, ਨਵਮ
"ਅਠੀ ਪਹਰੀ ਅਠ ਖੰਡ **ਨਾਵਾ** ਖੰਡੁ ਸਰੀਰੁ।"
— ਮਾਝ **੧**, ਵਾਰ ੧੮ਸ, **੨**, ੧ : ੧ (146)
4. ਬੇੜੀਆਂ, ਕਿਸ਼ਤੀਆਂ
"ਜੇ ਤੂੰ ਪੜਿਆ ਪੰਡਿਤੁ ਬੀਨਾ ਦੁਇ ਅਖਰ ਦੁਇ **ਨਾਵਾ**।" — ਬਸੰ **੧**, ੧੦, ੩ : ੧ (1171)

ਨਾਵਾਇਆ — ਨਵਾਹਿਆਂ, ਇਸ਼ਨਾਨ ਕਰਵਾਇਆ
"ਮਨਮੁਖੁ ਅਭਿੰਨੁ ਨ ਭਿਜਈ ਪਥਰੁ **ਨਾਵਾਇਆ**।"
— ਸਾਰ **੪**, ਵਾਰ ੧੬ : ੩ (1244)

ਨਾਵਾਈਐ — ਨਹਾਈਐ, ਇਸ਼ਨਾਨ ਕਰੀਏ
"ਹਰਿ ਜਨ ਅੰਮ੍ਰਿਤੁ ਕੁੰਟ ਸਰ ਨੀਕੇ ਵਡਭਾਗੀ ਤਿਤੁ **ਨਾਵਾਈਐ**।"— ਰਾਮ **੪**, ੪, ੧ : ੨ (881)

ਨਾਵਾਏ — ਨਹਾਉਣ ਤੇ, ਇਸ਼ਨਾਨ ਕਰਨ ਤੇ
"ਨਿਰਭਉ ਨਿਰੰਕਾਰ ਨਹੀ ਚੀਨਿਆ ਜਿਉ ਹਸਤੀ **ਨਾਵਾਏ**।" — ਗਉ **੫**, ੧੫੨*, ੩ : ੨ (213)

ਨਾਵਾਰੇ — ਨਵਾਹੇ, ਇਸ਼ਨਾਨ ਕਰਾਏ
"ਰਾਮ ਹਰਿ ਅੰਮ੍ਰਿਤੁ ਸਰਿ **ਨਾਵਾਰੇ**।"
— ਨਟ **੪**, ਅਸ ੩, ੧* : ੧ (981)

ਨਾਵਾਲਿ — ਇਸ਼ਨਾਨ ਕਰਵਾ ਕੇ
"ਪੂਜ ਕਰੇ ਰਖੈ **ਨਾਵਾਲਿ**।"
— ਸਾਰ **੪**, ਵਾਰ ੯ਸ, **੧**, ੧ : ੨ (1240)

ਹੋਰ ਰੂਪ — ਨਾਵਾਲਿਆ —
"ਜਲਿ ਮਲਿ ਜਾਨੀ **ਨਾਵਾਲਿਆ** ਕਪੜਿ ਪਟਿ ਅੰਬਾਰੇ।" (ਨਵਾਇਆ)
— ਵਡ **੧**, ਅਲਾ ੩, ੬ : ੧ (580)

ਨਾਵਾਲੀਐ —
"ਜਲਿ ਹਸਤੀ ਮਲਿ **ਨਾਵਾਲੀਐ** ਸਿਰਿ ਭੀ ਫਿਰਿ ਪਾਵੈ ਛਾਰੁ।" (ਇਸ਼ਨਾਨ ਕਰਾਈਏ)
— ਕਾਨ **੪**, ਵਾਰ ੪ਸ, **੪**, ੨ : ੫ (1314)

ਨਾਵੈ — 1. ਨਾਮ (ਪ੍ਰਭੂ) ਦੇ
"ਵਿਣੁ **ਨਾਵੈ** ਨਾਹੀ ਕੋ ਥਾਉ।"
— ਜਪੁ **੧**, ੧੯ : ੧੧ (4)
"**ਨਾਵੈ** ਕੀ ਵਡਿਆਈ ਵਡੀ ਹੈ ਨਿਤ ਸਵਾਈ ਚੜੈ ਚੜਾਹੀ।" (ਨਾਮ ਦੀ)
— ਗਉ **੪**, ਵਾਰ ੧੫ਸ, **੪**, ੨ : ੧੩ (309)
"ਨਾਨਕ ਸਭ ਕਿਛੁ **ਨਾਵੈ** ਕੈ ਵਸਿ ਹੈ ਪੂਰੈ ਭਾਗਿ ਕੋ ਪਾਈ।"
— ਆਸਾ **੩**, ਅਸ ੨੯, ੮ : ੨ (426)

ਹੋਰ ਰੂਪ — ਨਾਵੈਂ —
"ਚੁਪੈ ਚੰਗਾ ਨਾਨਕਾ ਵਿਣੁ **ਨਾਵੈ** ਮੁਹਿ ਗੰਧੁ।"
— ਮਲਾ **੧**, ਵਾਰ ੨੩ਸ, **੧**, ੧ : ੪ (1288)
2. ਨੌਵੀਂ ਥਾਂ ਤੇ, ਨਵਮ, ਨੌਵੇਂ
"**ਨਾਵੈ** ਧਉਲੇ ਉਭੇ ਸਾਹ।"
— ਮਾਝ **੧**, ਵਾਰ ੧ਸ, **੧**, ੨ : ੯ (137)
3. ਨਹਾਵੇ, ਇਸ਼ਨਾਨ ਕਰੇ
"ਨਿਤ ਤੀਰਥਿ **ਨਾਵੈ** ਨ ਜਾਇ ਅਹੰਕਾਰਾ।"
— ਗਉ **੩**, ਅਸ ੩, ੩ : ੨ (230)
4. ਨਾਂ/ਨਾਮ ਤੋਂ
"ਹਉ ਵਾਰੀ ਵੰਞਾ ਘੰਨੀਐ ਵੰਞਾ ਤਉ ਸਾਹਿਬ ਕੇ **ਨਾਵੈ**।" — ਵਡ **੧**, ੧, ੧* : ੧ (557)

ਨਾੜੀ — ਰਗਾਂ
"ਲਉ **ਨਾੜੀ** ਸੂਆ ਹੈ ਅਸਤੀ।"
— ਰਾਮ **੫**, ੧੩, ੧ : ੨ (886)

ਹੋਰ ਰੂਪ — ਨਾੜ੍ਹੀ —
"ਹਾਡ ਮਾਸ **ਨਾੜ੍ਹੀ** ਕੋ ਪਿੰਜਰੁ ਪੰਖੀ ਬਸੈ ਬਿਚਾਰਾ।"— ਸੋਰ **ਰਵਿ**, ੬, ੧ : ੨ (659)

ਨਿਉਲੀ — ਯੋਗ ਦੀ ਇਕ ਕਿਰਿਆ, ਦੋਵੇਂ ਮੋਢੇ ਨੀਵੇਂ ਕਰ, ਪੇਟ ਦਾ ਵਲ ਕੱਢ ਕੇ

ਸਿੱਧਾ ਬੈਠਣਾ ਅਤੇ ਪ੍ਰਾਣਾਂ ਦੇ ਬਲ ਨਾਲ ਪੇਟ ਨੂੰ ਸੱਜੇ ਖੱਬੇ, ਹੇਠ ਉਪਰ ਇਸ ਤਰਾਂ ਚਲਾਉਣਾ ਜਿਵੇਂ ਮਟਕੇ ਵਿਚ ਮਧਾਣੀ ਨਾਲ ਦਹੀਂ ਫੇਰੀਦੀ ਹੈ, ਇਸ ਨਾਲ ਅੰਦਰੋਂ ਆਂਦਰਾਂ ਸਾਫ ਹੋ ਜਾਂਦੀਆਂ ਹਨ।

"**ਨਿਉਲੀ** ਕਰਮ ਕਰੈ ਬਹੁ ਆਸਨ।"
— ਗਉ **੫**, ਸੁਖ ੩, ੨ : ੫ (265)

ਨਿਆਉ — ਨਿਆਂ, ਇਨਸਾਫ
"ਤੂੰ ਸਚਾ ਆਪ **ਨਿਆਉ** ਸਚੁ ਤਾ ਡਰੀਐ ਕੇਤੁ।"
— ਸਿਰੀ **੪**, ਵਾਰ ੫ : ੪ (84)

ਨਿਆਇ — ਇਨਸਾਫ
"ਗੁਰਮੁਖ ਸਿਉ ਮਨਮੁਖੁ ਅੜੈ ਡੁਬੈ ਹਕਿ **ਨਿਆਇ**।"
— ਮਾਝ **੧**, ਵਾਰ ੨੨ਸ, **੨**, ੧ : ੪ (148)

ਨਿਆਈ — 1. ਵਾਂਗੂੰ, ਤਰਾਂ
"ਬਿਲਪ ਕਰੇ ਚਾਤ੍ਰਿਕ ਕੀ **ਨਿਆਈ**।"
— ਮਾਝ **੫**, ੮, ੧ : ੨ (96)
2. ਨਿਆਂ/ਇਨਸਾਫ ਕਰਨ ਵਾਲਾ, ਨਿਆਂਕਾਰੀ
"ਆਪੇ ਤਖਤਿ ਬਹੈ ਸਚੁ **ਨਿਆਈ** ਸਭ ਚੂਕੀ ਕੂਕ ਪੁਕਾਰਿਆ।"
— ਮਾਝ **੫**, ੧੦, ੩ : ੩ (97)
"ਅਗੈ ਸਭੁ ਆਪੇ ਵਰਤਦਾ ਹਰਿ ਸਚਾ **ਨਿਆਈ**।"— ਬਿਲਾ **੪**, ਵਾਰ ੫ : ੨ (851)

ਨਿਆਏ — ਇਨਸਾਫ, ਨਿਆਂ
"ਹਰਿ ਕਾ ਏਕੁ ਅਚੰਭਉ ਦੇਖਿਆ ਮੇਰੇ ਲਾਲ ਜੀਉ ਜੋ ਕਰੇ ਸੁ ਧਰਮ **ਨਿਆਏ** ਰਾਮ।"
— ਬਿਹਾ **੫**, ਛੰਤ ੧, ੧ : ੧ (541)
ਹੋਰ ਰੂਪ — ਨਿਆਂਏ —
"ਪ੍ਰਭ ਹਸਿ ਬੋਲੇ ਕੀਏ **ਨਿਆਂਏ**।"
— ਪ੍ਰਭਾ **੫**, ਅਸ ੧, ੮ : ੧ (1347)

ਨਿਆਮਤਿ — (ਅ. ਨਿਅਮਤ) ਬਖਸ਼ਿਸ਼, ਦਾਤ
"ਵਲੀ **ਨਿਆਮਤਿ** ਬਿਰਾਦਰਾ ਦਰਬਾਰ ਮਿਲਕ ਖਾਨਾਇ।" — ਤਿਲੰ **੫**, ੧, ੩ : ੧ (723)

ਨਿਆਰਉ — ਵਖ, ਅਲਗ
"ਹਰਖ ਸੋਗ ਤੇ ਰਹੈ **ਨਿਆਰਉ** ਨਾਹਿ ਮਾਨ ਅਪਮਾਨਾ।" — ਸੋਰ **੯**, ੧੧, ੧ : ੨ (633)

ਨਿਆਰਾ — 1. ਵਖ, ਅਲਗ, ਬੇਲਾਗ
"ਨਾਨ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ **ਨਿਆਰਾ**।"
— ਬਿਹਾ **੯**, ੨, ੨ : ੨ (537)
2. ਰਹਿਤ,
"ਸੋ ਸੁਆਮੀ ਤੁਮ ਨਿਕਟਿ ਪਛਾਨੋ ਰੂਪ ਰੇਖ ਤੇ **ਨਿਆਰਾ**।"— ਜੈਤ **੯**, ੩, ੧ : ੨ (703)

ਨਿਆਰੀ — ਵਖਰੀ, ਨਵੀਂ
"ਭਗਤ ਜਨਾ ਕੀ ਊਤਮ ਬਾਣੀ ਗਾਵਹਿ ਅਕਥ ਕਥਾ ਨਿਤ **ਨਿਆਰੀ**।"
— ਗੂਜ **੪**, ਅਸ ੧, ੪ : ੧ (507)

ਨਿਆਰੇ — ਵਖਰੇ
"ਤਨ ਤੇ ਪ੍ਰਾਨ ਹੋਤ ਜਬ **ਨਿਆਰੇ** ਟੇਰਤ ਪ੍ਰੇਤਿ ਪੁਕਾਰਿ।" — ਦੇਵ **੯**, ੨, ੧ : ੧ (536)

ਨਿਆਰੋ — ਨਿਰਲੇਪ, ਸੁਤੰਤਰ
"ਸਭ ਕੈ ਮਧਿ ਸਭ ਹੂ ਤੇ ਬਾਹਰਿ ਰਾਗ ਦੋਗ ਤੇ **ਨਿਆਰੋ**।"— ਸੂਹੀ **੫**, ਛੰਤ ੧੧, ੩ : ੫ (785)

ਨਿਆਵ — ਇਨਸਾਫ, ਨਿਆਂ
"ਰਾਜੇ ਚੁਲੀ **ਨਿਆਵ** ਕੀ ਪੜਿਆ ਸਚੁ ਧਿਆਨੁ।"
— ਸਾਰ **੪**, ਵਾਰ ੭ਸ, **੧**, ੨ : ੪ (1240)

ਨਿਸੰਕ — 1. ਬਿਨਾਂ ਝਿਜਕ ਦੇ ਭਾਵ ਨਿਧੜਕ ਹੋ ਕੇ
"ਬਹੁਰਿ ਕਮਾਵਹਿ ਹੋਇ **ਨਿਸੰਕ**।"
— ਪ੍ਰਭ **੫**, ਅਸ ੨, ੨ : ੩ (1348)
2. ਬੇਫਿਕਰ
"ਕਬੀਰ ਦਾਵੈ ਦਾਝਨੁ ਹੋਤੁ ਹੈ ਨਿਰਦਾਵੈ ਰਹੈ **ਨਿਸੰਕ**।" — ਸਲੋ **ਕਬ**, ੧੯੯ : ੧ (1373)

ਨਿਸਖਣ — ਖਾਲੀ
"ਫਰੀਦਾ ਮਹਲ **ਨਿਸਖਣ** ਰਹਿ ਗਏ ਵਾਸਾ ਆਇਆ ਤਲਿ।"
— ਸਲੋ **ਫਰ**, ੯੨ : ੧ (1382)

ਨਿਸੰਗ — 1. ਨਿਝੱਕ
"ਸਸੁਰੈ ਪੇਈਐ ਭੈ ਵਸੀ ਸਤਿਗੁਰੁ ਸੇਵਿ **ਨਿਸੰਗ**।"
— ਸੋਰ **੪**, ਵਾਰ ੧ਸ, **੧**, ੧ : ੩ (642)
2. ਨਿਰਸੰਦੇਹ
"ਧ੍ਰੂ ਕਉ ਮਿਲਿਆ ਹਰਿ **ਨਿਸੰਗ**।"
— ਬਸੰ **੫**, ਅਸ ੧, ੧ : ੪ (1192)
ਹੋਰ ਰੂਪ — ਨਿਸੰਗਾ —

"ਭੇਟੀਅਲੇ ਰਾਇ **ਨਿਸੰਗਾ**।" (ਨਿਰਸੰਦੇਹ)
— ਰਾਮ **ਕਬ**, ੧੦, ੨ : ੪ (972)

ਨਿਸੰਗਾ — 1. 'ਨਿਰਸਦੇਹ', ਵੇਖੋ 'ਨਿਸੰਗ'
2. ਬੇਫਿਕਰ ਹੋ ਕੇ
"ਪ੍ਰਿਉ ਅਪਨਾ ਗੁਰਿ ਬਸਿ ਕਰਿ ਦੀਨਾ ਭੋਗਉ ਭੋਗ **ਨਿਸੰਗਾ**।"
— ਸਾਰ **੫**, ੩੦, ੨ : ੧ (1210)

ਨਿਸੰਗੁ — 1. ਬਿਨਾਂ ਝਿਜਕ, ਬੇਫਿਕਰ, ਬੇਪਰਵਾਹ
"ਹੁਕਮੁ ਚਲਾਏ **ਨਿਸੰਗੁ** ਹੋਇ ਵਰਤੈ ਅਫਰਿਆ।"
— ਸਿਰੀ **੫**, ੭੨, ੩ : ੧ (42)
"ਮਨ ਰੇ ਸਤਿਗੁਰੁ ਸੇਵਿ **ਨਿਸੰਗੁ**।" (ਬੇ ਡਰ/ਸ਼ੰਕਾ ਰਹਿਤ ਹੋ ਕੇ)
— ਸਿਰੀ **੩**, ਅਸ ੨੫, ੧* : ੧ (69)
2. ਭਾਵ ਪ੍ਰਤੱਖ
"ਸਹਜਿ ਮਿਲਿਓ ਪਾਰਬ੍ਰਹਮੁ **ਨਿਸੰਗੁ**।"
— ਗਉ **੫**, ਅਸ ੩, ੪ : ੪ (236)

ਨਿਸੰਗੇ — ਨਿਧੜਕ ਹੋਕੇ, ਬਿਨਾਂ ਝਿਜਕ/ਭੈ ਦੇ
"ਮਿਲੁ ਸਾਧਸੰਗੇ ਭਜੁ **ਨਿਸੰਗੇ** ਕੁਲ ਸਮੂਹਾ ਤਾਰੀਐ।"— ਆਸਾ **੫**, ਛੰਤ ੧੩, ੨ : ੪ (461)

ਨਿਸੰਙੁ — ਨਿਰਸੰਦੇਹ
"ਗੁਰਿ ਤੁਠੈ ਹਰਿ ਉਪਦੇਸਿਆ ਹਰਿ ਭੇਟਿਆ ਰਾਉ **ਨਿਸੰਙੁ**।" — ਸੂਹੀ **੪**, ੩, ੧* : ੨ (732)

ਨਿਸਚਉ — ਨਿਸਚੇ
"ਸਭਿ ਫੋਕਟ **ਨਿਸਚਉ** ਕਰਮੰ।"
— ਆਸਾ **੧**, ਵਾਰ ੧੪ਸ, **੧**, ੨ : ੮ (470)

ਨਿਸਚੈ — ਨਿਸਚੇ ਨਾਲ, ਭਾਵ ਨਿਸਚੇ ਹੀ ਅਰਥਾਤ ਸਤਿ ਜਾਣੋ
"ਸਭ ਫੋਕਟ **ਨਿਸਚੈ** ਕਰਮੰ।"
— ਸਸ **੧**, ੧ : ੮ (1353)

ਨਿਸਚੌ — ਨਿਸਚੇ (ਭਰੋਸੇ) ਨਾਲ
"ਕਹੁ ਨਾਨਕ **ਨਿਸਚੌ** ਧ੍ਯਿਾਵੈ।"
— ਸਸ **੧**, ੧ : ੯ (1353)

ਨਿਸਤਰਿ — (ਸੰ. निस्तरणम) ਤਰਕੇ
"ਹਰਿ ਸਿਮਰਤ ਜਨ ਗਏ **ਨਿਸਤਰਿ** ਤਰੇ।"
— ਆਸਾ **ਰਵਿ**, ੫, ੧* : ੨ (487)

ਨਿਸਤਰਿਆ — ਤਰ ਕੇ ਪਾਰ ਹੋ ਗਿਆ, ਤਰ ਗਿਆ
"ਹਰਿ ਚਰਣ ਜਪਤ **ਨਿਸਤਰਿਆ**।"
— ਸੂਹੀ **੫**, ਛੰਤ ੩, ੩ : ੨ (779)

ਨਿਸਤਰੀ — ਪਾਰ ਹੋ ਗਈ ਭਾਵ ਮੁਕਤ ਹੋ ਗਈ
"ਗਊਤਮ ਸਤੀ ਸਿਲਾ **ਨਿਸਤਰੀ**।"
— ਗੋਂਡ **ਨਾਮ**, ੫, ੩ : ੪ (874)

ਨਿਸਤਰੀਐ — ਤਰੀਦਾ/ਮੁਕਤ ਹੋਈਦਾ ਹੈ
"ਸੰਤਹੁ ਰਾਮ ਨਾਮਿ **ਨਿਸਤਰੀਐ**।"
— ਸੋਰ **੫**, ੫੩, ੧* : ੧ (622)

ਨਿਸਤਰੇ — ਤਰ ਗਏ, ਸੰਸਾਰ ਭਵ ਸਾਗਰ ਤੋਂ ਪਾਰ ਹੋ ਗਏ
"ਚਿਤ ਲਾਗਾ ਸੇਈ ਜਨ **ਨਿਸਤਰੇ** ਤਉ ਪਰਸਾਦੀ ਸੁਖੁ ਪਾਇਆ।"
— ਆਸਾ **੧**, ਪਟੀ ੧੫ : ੨ (433)

ਹੋਰ ਰੂਪ — ਨਿਸਤਰੈ —
"ਹਰਿ ਕਾ ਨਾਮੁ ਜਪਤ **ਨਿਸਤਰੈ**।" (ਤਰਦਾ ਹੈ) — ਗਉ **੫**, ਸੁਖ ੨, ੨ : ੪ (264)

ਨਿਸਤਾਰ — ਛੁਟਕਾਰਾ, ਪਾਰ ਉਤਾਰਾ, ਉਧਾਰ
"ਸਾਧੂ ਸੰਗਮਿ ਹੈ **ਨਿਸਤਾਰ**।"
— ਗਉ **੫**, ੧੨੧, ੨ : ੨ (200)
"ਤੁਹੀ ਦਰੀਆ ਤੁਹੀ ਕਰੀਆ ਤੁਝੈ ਤੇ **ਨਿਸਤਾਰ**।" (ਪਾਰ ਉਤਾਰਾ)
— ਗਉ **ਕਬ**, ੬੯, ੧ : ੨ (338)

ਨਿਸਤਾਰਹਿ — ਪਾਰ ਉਤਾਰਾ ਦਿਤੇ
"ਹੋਹੁ ਕ੍ਰਿਪਾਲ ਦੀਨ ਦੁਖ ਭੰਜਨ ਹਾਥ ਦੇਇ **ਨਿਸਤਾਰਹਿ**।"— ਸਾਰ **੫**, ੩੪, ੧ : ੨ (1211)

ਨਿਸਤਾਰਹੁ — ਪਾਰ ਉਤਾਰ ਕਰੋ
"ਮੋਹਿ **ਨਿਸਤਾਰਹੁ** ਨਿਰਗੁਨੀ।"
— ਬਸੰ **੫**, ੨੧, ੧* : ੨ (1186)

ਨਿਸਤਾਰਣ — ਤਾਰਣ ਵਾਲਾ, ਪਾਰ ਉਤਾਰਾ ਕਰਨ ਵਾਲਾ
"ਜਿਸੁ ਭਾਵੈ ਤਿਸ ਹੀ **ਨਿਸਤਾਰਣ**।"
— ਮਾਰੂ **੫**, ੧੯, ੪ : ੪ (1005)

ਹੋਰ ਰੂਪ — ਨਿਸਤਾਰਣੁ —
"ਗੁਰ ਕੈ ਸਬਦਿ ਭਗਤਿ **ਨਿਸਤਾਰਣੁ**।"
— ਮਾਰੂ **੩**, ਸੋਲਾ ੧੨, ੧੧ : ੨ (1056)

ਨਿਸਤਾਰਾ — ਛੁਟਕਾਰਾ, ਉਧਾਰ, ਪਾਰ ਉਤਾਰਾ, ਮੁਕਤੀ

"ਨਾਨਕ ਭਾਇ ਭਗਤਿ **ਨਿਸਤਾਰਾ** ਦੁਬਿਧਾ ਵਿਆਪੈ ਦੂਜਾ।" — ਸਿਰੀ **੧**, ਪਹ ੨, ੨ : ੬ (75)
"ਹਰਿ ਆਪਿ ਕਰੇ ਆਪੇ **ਨਿਸਤਾਰਾ**।" (ਮੁਕਤ) — ਗਉ **੪**, ੪੪, ੩ : ੩ (165)
"ਹਰਿ ਸਿਉ ਜੁਰੈ ਤ ਹੋਇ **ਨਿਸਤਾਰਾ**।" (ਮੁਕਤੀ) — ਗਉ **੫**, ਅਸ ੬, ੧ : ੪ (238)
"ਗੁਰ ਕੇ ਚਰਨ ਜੀਅ ਕਾ **ਨਿਸਤਾਰਾ**।" — ਧਨਾ **੫**, ੫੭, ੧* : ੧ (684)
(ਮਹਾਨ ਕੋਸ਼ ਇਥੇ ਅਰਥ 'ਜਹਾਜ਼' ਕਰਦਾ ਹੈ)

ਨਿਸਤਾਰਿ — ਤਾਰਦਾ ਹੈ, ਪਾਰ ਉਤਾਰਾ ਕਰਦਾ ਹੈ
"ਸੁਖ ਸੇਵਾ ਅੰਦਰਿ ਰਖਿਐ ਆਪਣੀ ਨਦਰਿ ਕਰਹਿ **ਨਿਸਤਾਰਿ** ਜੀਉ।" — ਸਿਰੀ **੧**, ਅਸ ੨੮, ੧੨ : ੩ (72)

ਨਿਸਤਾਰਿਓ — ਪਾਰ ਉਤਾਰਾ ਕਰ ਦਿੱਤਾ
"ਬਾਹ ਪਕਰਿ ਭਵਜਲ **ਨਿਸਤਾਰਿਓ**।" — ਬਸੰ **੫**, ੧੭, ੨ : ੨ (1185)

ਨਿਸਤਾਰਿਅਨੁ — ਤਾਰਿਆ/ਪਾਰ ਉਤਾਰਾ ਕੀਤਾ ਹੈ
"ਹਰਿ ਭਗਤਾ ਨੋ ਦੇਇ ਪਿਆਰੁ ਕਰਿ ਅੰਗੁ **ਨਿਸਤਾਰਿਅਨੁ**।" — ਸਿਰੀ **੪**, ਵਾਰ ੧੯ : ੫ (91)

ਨਿਸਤਾਰਿਆ — ਤਾਰਿਆ, ਪਾਰ ਉਤਾਰਾ ਕੀਤਾ
"ਆਪ ਹੋਆ ਸਦਾ ਮੁਕਤੁ ਸਭੁ ਕੁਲੁ **ਨਿਸਤਾਰਿਆ**।" — ਸਿਰੀ **੪**, ਵਾਰ ੧੧ਸ, **੩**, ੧ : ੩ (86)

ਨਿਸਤਾਰੀ — ਉਧਾਰ/ਪਾਰ ਉਤਾਰਾ ਹੋਣਾ, ਤਰਨਾ
"ਨਾਨਕ ਦਾਤਿ ਦਇਆ ਕਰਿ ਦੇਵੈ ਰਾਮ ਨਾਮਿ **ਨਿਸਤਾਰੀ**।"— ਆਸਾ **੪**, ਛੰਤ ੯, ੧ : ੬ (443)
"ਹਰਿ ਹਰਿ ਨਾਮੁ ਧਿਆਈਐ ਹਰਿ ਹਰਿ **ਨਿਸਤਾਰੀ**।" (ਪਾਰ ਕਰਦਾ ਹੈ) — ਗੂਜ **੩**, ਵਾਰ ੩ : ੫ (509)
"ਸੰਤਹੁ ਗੁਰਮੁਖਿ ਨਾਮਿ **ਨਿਸਤਾਰੀ**।" (ਤਰੀਦਾ ਹੈ) — ਰਾਮ **੩**, ਅਸ ੪, ੧* : ੧ (910)

ਨਿਸਤਾਰੀਐ — ਉਧਾਰ/ਪਾਰ ਕਰੋ
"ਗੁਰ ਦੇਵਹੁ ਸਬਦੁ ਸੁਭਾਇ ਮੈ ਮੂੜਿ **ਨਿਸਤਾਰੀਐ** ਰਾਮ।" — ਤੁਖਾ **੪**, ਛੰਤ ੧, ੩ : ੨ (1114)

ਨਿਸਤਾਰੁ — ਉਧਾਰ, ਛੁਟਕਾਰਾ, ਪਾਰ ਉਤਾਰਾ
"ਮਾਗਉ ਕਾਹਿ ਰੰਕ ਸਭ ਦੇਖਉ ਤੁਮ ਹੀ ਤੇ ਮੇਰੋ **ਨਿਸਤਾਰੁ**।" — ਬਿਲਾ **ਕਬ**, ੭, ੧ : ੨ (856)

ਨਿਸਤਾਰੇ — ਤਾਰਦਾ ਹੈ
"ਗੁਰਮੁਖਿ ਮਧੁਸੂਦਨ **ਨਿਸਤਾਰੇ**।" — ਮਾਝ **੫**, ੧੩, ੨ : ੧ (98)

ਹੋਰ ਰੂਪ — ਨਿਸਤਾਰੈ —
"ਸਾਧਸੰਗਿ ਸਾਜਨ ਮੀਤ ਕੁਟੰਬ **ਨਿਸਤਾਰੈ**।" (ਤਾਰਦਾ ਹੈ) — ਗਉ **੫**, ਸੁਖ ੭, ੫ : ੨ (271)

ਨਿਸਤ੍ਰੇ — ਤਰ ਗਏ, ਉੱਧਰ ਗਏ, ਮੁਕਤ ਹੋ ਗਏ
"ਜਿਨਿ ਜਿਨਿ ਜਪੀ ਤੇਈ ਸਭਿ **ਨਿਸਤ੍ਰੇ** ਤਿਨ ਪਾਇਆ ਨਿਹਚਲ ਥਾਨਾਂ ਹੇ।" — ਮਾਰੂ **੫**, ਸੋਲਾ ੪, ੮ : ੩ (1075)

ਨਿਸਬਾਸੁਰ — ਰਾਤ ਦਿਨ ਭਾਵ ਸਦਾ, ਹਮੇਸ਼ਾਂ
"ਪ੍ਰਾਤਹ ਕਾਲ ਲਾਗਉ ਜਨ ਚਰਨੀ **ਨਿਸਬਾਸੁਰ** ਦਰਸੁ ਪਾਵਉ।"— ਦੇਵ **੫**, ੨੬, ੧ : ੧ (533)

ਨਿਸਲੁ — ਬੇਫਿਕਰ, ਲਤਾਂ ਪਸਾਰ ਕੇ ਸੌਣਾ
"ਹਰਿ ਬਿਨੁ ਕੋਈ ਮਾਰਿ ਜੀਵਾਲਿ ਨ ਸਕੈ ਮਨ ਹੋਇ ਨਿਚਿੰਦ **ਨਿਸਲੁ** ਹੋਇ ਰਹੀਐ।" — ਵਡ **੪**, ਵਾਰ ੨੧ : ੪ (594)

ਨਿਸਾਰਿਓ — ਪਾਇਆ
"ਕਰ ਮਹਿ ਅੰਮ੍ਰਿਤੁ ਆਨਿ **ਨਿਸਾਰਿਓ**।" — ਆਸਾ **੫**, ੭੬, ੨ : ੧ (389)

ਨਿਸਿ — (ਸੰ. ਨਿਸ਼ਾ) ਰਾਤ
"**ਨਿਸਿ** ਅੰਧਿਆਰੀ ਸੁਤੀਏ ਕਿਉ ਪਿਰ ਬਿਨੁ ਰੈਣਿ ਵਿਹਾਇ।" — ਸਿਰੀ **੧**, ਅਸ ੨, ੭ : ੧ (54)

ਨਿਸਿਦਿਨਿ — ਰਾਤ ਦਿਨ, ਹਮੇਸ਼ਾਂ, ਸਦਾ
"ਚੇਤਨਾ ਹੈ ਤਉ ਚੇਤ ਲੈ **ਨਿਸਿ ਦਿਨਿ** ਮੈ ਪ੍ਰਾਨੀ।" — ਤਿਲੰ **੯**, ੧, ੧* : ੧ (726)

ਹੋਰ ਰੂਪ — ਨਿਸਿਦਿਨੁ —
"**ਨਿਸਿਦਿਨੁ** ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ।" — ਸਲੋ **੯**, ੨੦ : ੨ (1427)

ਨਿਸੀ — ਰਾਤ
"ਸੂਹਾ ਰੰਗੁ ਸੁਪਨੈ **ਨਿਸੀ** ਬਿਨੁ ਤਾਗੇ ਗਲਿ ਹਾਰੁ।" — ਸੂਹੀ **੩**, ਵਾਰ ੪ਸ, **੧**, ੨ : ੧ (786)

ਨਿਸੂਲ — ਬੇਫਿਕਰ, ਲੰਮੀਆਂ ਲਤਾਂ ਕਰਕੇ ਸੌਣਾ

"ਹਰਿ ਭਗਤਾ ਕਾ ਮੇਲੀ ਸਰਬਤ ਸਉ **ਨਿਸੁਲ** ਜਨ ਟੰਗ ਧਰਿ।" — ਬਿਲਾ **੪**, ਵਾਰ ੨ : ੩ (849)

ਨਿਸੁਲ — ਅਟੱਲ, ਅਚੁਲ

"ਜਿਨਹੁ ਬਾਤ **ਨਿਸੁਲ** ਧ੍ਰੁਅ ਜਾਨੀ ਤੇਈ ਜੀਵ ਕਾਲ ਤੇ ਬਚਾ।"— ਸਵ **੪**, ਗਯੰ ੫ : ੧ (1402)

ਨਿਸ੍ਤਾਰਹੁ — ਤਾਰ ਲਓ, ਪਾਰ ਉਤਾਰਾ ਕਰ ਲਵੋ

"ਮਾਣਸ ਜਨਮੁ ਦੇਹ **ਨਿਸ੍ਤਾਰਹੁ**।"

— ਸਵ **੪**, ਗਯੰ ੧ : ੮ (1401)

ਨਿਹਸੰਗਾ — ਬੇਲਾਗ

"ਕਮਲਾ ਕੰਤ ਕਰਹਿ ਕੰਤੂਹਲ ਅਨਦ ਬਿਨੋਦੀ **ਨਿਹਸੰਗਾ**।"— ਮਾਰੂ **੫**, ਸੋਲਾ ੧੧, ੬ : ੩ (1082)

ਨਿਹਸਾਸਨਿ — ਬਿਨਾਂ ਸ਼ਾਸ਼ਨ ਦੇ, ਭਾਵ ਬਿਨਾਂ ਭੈ ਦੇ, ਨਿਡਰ ਹੋ

"ਸਾਸਨਿ ਸਾਸਿ ਸਾਸਿ ਬਲੁ ਪਾਈ ਹੈ **ਨਿਹਸਾਸਨਿ** ਨਾਮ ਧਿਆਵੈਗੋ।"

— ਕਾਨ **੪**, ਅਸ ੩, ੬ : ੧ (1310)

ਨਿਹਕੰਟਕ — (ਸੰ. कण्टक ਕੰਡਾ) ਬਿਨਾ ਕੰਡੇ ਭਾਵ ਬਿਨਾਂ ਦੁਖ, ਦੁਖ ਤੋਂ ਰਹਿਤ

"**ਨਿਹਕੰਟਕ** ਰਾਜੁ ਭੁੰਚਿ ਤੂ ਗੁਰਮੁਖਿ ਸਚੁ ਕਮਾਈ।" — ਮਾਰੂ **੩**, ਵਾਰ ੨ : ੧ (1087)

ਹੋਰ ਰੂਪ — **ਨਿਹਕੰਟਕੁ** —

"**ਨਿਹਕੰਟਕੁ** ਨਿਹਕੇਵਲੁ ਕਹੀਐ।"

— ਮਾਰੂ **੫**, ਸੋਲਾ ੧੧, ੧੨ : ੧ (1083)

ਨਿਹਕਪਟ — ਨਿਰਛਲ ਹੋ ਕੇ, ਬਿਨਾਂ ਕਪਟ ਦੇ

"**ਨਿਹਕਪਟ** ਸੇਵਾ ਕੀਜੈ ਹਰਿ ਕੇਰੀ ਤਾਂ ਮੇਰੇ ਮਨ ਸਰਬ ਸੁਖ ਪਈਐ।"

— ਗੋਂਡ **੪**, ੫, ੩ : ੨ (861)

ਨਿਹਕਰਮ — (ਸੰ. निष्कर्म्मन) ਜੋ ਕਰਮਾਂ ਤੋਂ ਲਿਪਤ ਨ ਹੋਵੇ, ਨਿਸ਼ਕਾਮ, ਕੰਮਾਂ ਦੇਫਲ ਦੀ ਯਾਚਨਾ ਨਾ ਕਰਨ ਵਾਲਾ

"ਕਰਮ ਕਰਤ ਹੋਵੈ **ਨਿਹਕਰਮ**।"

— ਗਉ **੫**, ਸੁਖ ੯, ੨ : ੩ (274)

ਨਿਹਕਰਮਾ — ਕਰਮਾਂ ਦੇ ਬੰਧਨ ਤੋਂ ਮੁਕਤ

"ਕਉਣ ਕਰਮ ਕਉਣ **ਨਿਹਕਰਮਾ** ਕਉਣੁ ਸੁ ਕਹੈ ਕਹਾਏ ਜੀਉ।"

— ਮਾਝ **੫**, ਅਸ ੩੬, ੨ : ੩ (131)

ਨਿਹਕਰਮੀ — ਨਿਰਲੇਪ, ਕਰਮਾਂ ਦੇ ਬੰਧਨ ਤੋਂ ਉਤੇ

"ਸੋ **ਨਿਹਕਰਮੀ** ਜੋ ਸਬਦੁ ਬੀਚਾਰੇ।"

— ਮਾਝ **੩**, ਅਸ ੩੨, ੨ : ੧ (128)

ਨਿਹਕਲੰਕ — ਕਲੰਕ/ਦਾਗ ਰਹਿਤ

"ਬਲਿਹਿ ਛਲਨ ਸਬਲ ਮਲਨ ਭਗ੍ਤਿ ਫਲਨ ਕਾਨ੍ ਕੁਅਰ **ਨਿਹਕਲੰਕ** ਬਜੀਡੰਕ ਚੜ੍ਹੂ ਦਲ ਰਵਿੰਦ ਜੀਉ।" — ਸਵ **੪**, ਗਯੰ ੯ : ੨ (1403)

ਨਿਹਕਾਮ — ਨਿਸ਼ਕਾਮ, ਬੇ-ਗਰਜ਼

"ਬਰਤੀ ਬਰਤ ਰਹੈ **ਨਿਹਕਾਮ**।"

— ਬਿਲਾ **੧**, ਥਿਤੀ ੧੬ : ੩ (840)

ਹੋਰ ਰੂਪ — **ਨਿਹਕਾਮਾ** —

"ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ **ਨਿਹਕਾਮਾ**।" (ਨਿਸ਼ਕਾਮ)

— ਕੇਦਾ **ਕਬ**, ੧, ੩ : ੧ (1123)

ਨਿਹਕਾਮੀ —

"ਸੇਵਾ ਕਰਤ ਹੋਇ **ਨਿਹਕਾਮੀ**।" (ਬੇਗਰਜ਼)

— ਗਉ **੫**, ਸੁਖ ੧੮, ੨ : ੧ (286)

ਨਿਹਕਾਮੁ —

"ਨਰਹਰ ਨਾਮੁ ਨਰਹਰ **ਨਿਹਕਾਮੁ**।"

— ਗਉ **੧**, ੬, ੧* : ੨ (152)

ਨਿਹਕਿੰਚਨਾ — ਕੁਝ ਭੀ ਨਹੀਂ, ਨਿਕੰਮਾ (ਸ਼ਬਦਾਰਥ, ਦਰਪਣ/ਕੋਸ਼ ਨਿਰਧਨਤਾ (ਮਹਾਨਕੋਸ਼, ਨਿਰਣੈ)

"ਏਕੋ ਦਾਨੁ ਸਰਬ ਸੁਖ ਗੁਣ ਨਿਧਿ ਆਨ ਮੰਗਨ **ਨਿਹਕਿੰਚਨਾ**।"

— ਮਾਰੂ **੫**, ਸੋਲਾ ੯, ੧੪ : ੩ (1080)

ਨਿਹਕੇਵਲ — 1. ਨਿਰਲੇਪ

"ਨਾਨਕ ਨਾਮਿ ਰਤੇ **ਨਿਹਕੇਵਲ** ਨਿਰਬਾਣੀ।"

— ਗਉ **੩**, ੩੩, ੪ : ੪ (162)

"ਦਰਸਨੁ ਦੇਖਿ ਲਈ **ਨਿਹਕੇਵਲ** ਜਨਮ ਮਰਣ ਦੁਖੁ ਨਾਸਾ।" (ਆਜ਼ਾਦ, ਨਿਰਲੇਪ)

— ਸੂਹੀ **੧**, ਛੰਤ ੩, ੧ : ੪ (764)

2. ਸ਼ੁਧ, ਨਿਰਮਲ, ਪਵਿਤਰ

"ਭ੍ਰਮੁ ਭਾਉ ਕਾਟਿ ਕੀਏ **ਨਿਹਕੇਵਲ** ਜਬ ਤੇ ਹਉਮੈ ਮਾਰੀ।"

— ਗਉ **੫**, ੧੨੮*, ੩ : ੧ (207)
"ਤੀਨ ਭਵਨ **ਨਿਹਕੇਵਲ** ਗਿਆਨੁ।"
— ਆਸਾ **੧**, ਅਸ ੬, ੨ : ੨ (414)

ਹੋਰ ਰੂਪ — ਨਿਹਕੇਵਲੰ —
"ਅਸਥਾਨੁ ਹਰਿ **ਨਿਹਕੇਵਲੰ** ਸਤਿ ਮਤੀ ਨਾਮ ਤਪੰ।" — ਗੂਜ **੧**, ਅਸ ੫, ੪ : ੨ (505)

ਨਿਹਕੇਵਲਾ —
"ਹਰਿ ਭਗਤ ਨਿਜ **ਨਿਹਕੇਵਲਾ** ਰਿਦ ਕਰਮਣਾ ਬਚਸਾ।" (ਪੂਰਨ ਤੌਰ ਤੇ ਪਵਿਤਰ)
— ਗੂਜ **ਜੈਦੇ**, ੧, ੪ : ੧ (526)

3. ਸ਼ੁਧ/ਨਿਰਮਲ/ਪਵਿੱਤਰ ਪ੍ਰਭੂ/ਹਰੀ (ਭਾਵ)
"ਮਨ ਰਤਿ ਨਾਮਿ ਰਤੇ **ਨਿਹਕੇਵਲ** ਆਦਿ ਜੁਗਾਦਿ ਦਇਆਲਾ।"
— ਸਾਰ **੧**, ਅਸ ੨, ੩ : ੨ (1233)

ਨਿਹਕੇਵਲੁ — 1. ਮੁਕਤ, ਰਹਿਤ
"ਆਸ ਅੰਦੇਸੇ ਤੇ **ਨਿਹਕੇਵਲੁ** ਹਉਮੈ ਸਬਦਿ ਜਲਾਏ।"
— ਆਸਾ **੧**, ਵਾਰ ੯ਸ, **੧**, ੨ : ੧੮ (468)

2. ਦੂਜਿਆਂ ਦੀ ਸਹਾਇਤਾ ਤੋਂ ਬਿਨਾਂ, ਸੁਤੰਤਰ
"ਜਾਂਵੀ ਨਾਉ ਨਰਹ **ਨਿਹਕੇਵਲੁ** ਰਵਿ ਰਹਿਆ ਤਿਹੁ ਲੋਈ।"
— ਸੂਹੀ **੧**, ਛੰਤ ੧, ੩ : ੪ (763)

3. ਨਿਰਲੇਪ/ਪਵਿਤਰ ਹਰਿ (ਭਾਵ)
"ਸਚੁ **ਨਿਹਕੇਵਲੁ** ਕਰਮਿ ਅਰਾਧੈ।"
— ਬਿਲਾ **੧**, ਥਿਤੀ ੧੦ : ੨ (839)

ਨਿਹੰਗਾ — ਨਿਧੜਕ, ਬੇਖੌਫ, ਬੇਪਰਵਾਹ
"ਨਿਰਭਉ ਹੋਇਓ ਭਇਆ **ਨਿਹੰਗਾ**।"
— ਆਸਾ **੫**, ੮੬, ੨ : ੧ (392)

ਨਿਹਚਉ — 1. ਨਿਸ਼ਚੇ ਹੀ, ਜ਼ਰੂਰ ਹੀ, ਯਕੀਨਨ, ਬਿਨਾਂ ਸੰਸੇ, ਨਿਰਸੰਦੇਹ, ਆਵਸ਼ਯ
"ਕਹਤ ਕਬੀਰ ਛੋਡਿ ਬਿਖਿਆ ਰਸ ਇਤੁ ਸੰਗਤਿ **ਨਿਹਚਉ** ਮਰਣਾ।"
— ਸਿਰੀ **ਕਬ**, ੧, ੨ : ੧ (92)
"ਸ੍ਰਿਸਟਾ ਕਰੈ ਸੁ **ਨਿਹਚਉ** ਹੋਇ।"
— ਰਾਮ **੧**, ਓਅੰ ੫੦ : ੨ (937)

2. ਨਿਸਚਾ, ਯਕੀਨ
"ਗੁਰੁ ਪੂਰੇ ਤੇ ਏਹ **ਨਿਹਚਉ** ਪਾਈਐ।"
— ਗਉ **੫**, ਥਿਤੀ ੧੨ : ੭ (299)

ਨਿਹਚਲ — (ਸੰ. ਨਿਸ਼ਚਲ) ਅਡੋਲ, ਸਥਿਰ, ਅਹਿੱਲ, ਕਾਇਮ ਰਹਿਣ ਵਾਲਾ ਅਟੱਲ
"ਸੇ ਮਥੇ **ਨਿਹਚਲ** ਰਹੇ ਜਿਨ ਗੁਰਿ ਧਾਰਿਆ ਹਥੁ।" — ਸਿਰੀ **੫**, ੯੦, ੩ : ੨ (49)
"ਸਦਾ ਹਰਿ ਸਚੁ ਮਨਿ ਵਸੈ **ਨਿਹਚਲ** ਮਤਿ ਅਪਾਰੁ।"
— ਸਿਰੀ **੪**, ਵਾਰ ੧ਸ, **੩**, ੧ : ੨ (83)
"ਸਉ ਦਾ ਮਿਲਿਆ **ਨਿਹਚਲ** ਚੀਤ।" (ਚਿਤ ਟਿਕਾਉ ਵਿਚ ਆ ਗਿਆ)
— ਆਸਾ **੫**, ੬, ੨ : ੪ (372)

ਨਿਹਚਲਾਇਆ — ਸਦਾ ਕਾਇਮ ਰਹਿਣ ਵਾਲਾ, ਸਥਿਰ
"ਨਾਨਕ ਭਏ ਅਚਿੰਤੁ ਹਰਿ ਧਨੁ **ਨਿਹਚਲਾਇਆ**।"
— ਗੂਜ **੩**, ਵਾਰ ੨੦ : ੫ (517)

ਨਿਹਚਲਾਧਾ — ਸਦਾ ਕਾਇਮ ਰਹਿਣ ਵਾਲਾ, ਸਥਿਰ
"ਚਾਰਿ ਬਿਨਾਸੀ ਖਟਹਿ ਬਿਨਾਸੀ ਇਕ ਸਾਧ ਬਚਨ **ਨਿਹਚਲਾਧਾ**।"— ਸਾਰ **੫**, ੬, ੨ : ੨ (1204)

ਨਿਹਚਲੁ — ਸਦਾ ਕਾਇਮ ਰਹਿਣ ਵਾਲਾ, ਸਥਿਰ, ਅਹਿੱਲ
"ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ **ਨਿਹਚਲੁ** ਕਰਤਾ ਸੋਈ।"
— ਆਸਾ **੪**, ਸੋਪੁ ੧, ੫ : ੨ (11)

ਹੋਰ ਰੂਪ — ਨਿਹਚਲੋ —
"ਸਚੁ ਧਰਮੁ ਤਪੁ **ਨਿਹਚਲੋ** ਦਿਨੁ ਰੈਨਿ ਅਰਾਧਾ।"— ਮਾਰੂ **੫**, ਵਾਰ ੧੯ : ੪ (1101)

ਨਿਹਚੈ — ਬਿਨਾ ਸੰਸੇ, ਨਿਸਚੇ ਹੀ ਯਕੀਨਨ
"ਕੇਵਲ ਨਾਮੁ ਜਪਹੁ ਰੇ ਪ੍ਰਾਨੀ ਤਬ ਹੀ **ਨਿਹਚੈ** ਤਰਨਾ।" — ਪ੍ਰਭਾ **ਕਬ**, ੨, ੬ : ੨ (1349)

ਨਿਹਤੇ — ਪਛਾੜੇ, ਢਾਹੇ, ਪਟਕਾਏ
"**ਨਿਹਤੇ** ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ।" — ਸਿਰੀ **੫**, ਅਸ ੨੯, ੧੮ : ੩ (74)

ਨਿਹਫਲ — (ਸੰ. ਨਿਸ਼ਫਲ) ਫਲਰਹਿਤ, ਵਿਅਰਥ
"**ਨਿਹਫਲ** ਮਾਨੁਖੁ ਜਪੈ ਨਹੀ ਨਾਮ।"
— ਗਉ **੫**, ੧੨੪, ੩ : ੨ (190)

"ਨਿਤ **ਨਿਹਫਲ** ਕਰਮ ਕਮਾਇ ਬਫਾਵੈ ਦੁਰਮਤੀਆ।" (ਫਜ਼ੂਲ, ਨਿਕੰਮੇ ਕੰਮ)
— ਤਿਲੰ **੪**, ੨, ੧ : ੧ (723)

ਹੋਰ ਰੂਪ — ਨਿਹਫਲੰ —
"**ਨਿਹਫਲੰ** ਤਸਿ ਜਨਮਸਿ ਜਾਵਤੁ ਬ੍ਰਹਮ ਨ ਬਿੰਦਤੇ।"
— ਮਾਝ **੧**, ਵਾਰ ੨੩ਸ, **੨**, ੨ : ੧ (148)

ਨਿਹਫਲਹ — ਨਿਸਫਲ, ਬਿਨਾ ਕਿਸੇ ਪ੍ਰਾਪਤੀ ਦੇ, ਵਿਅਰਥ
"ਆਤਮ ਰਤੰ ਸੰਸਾਰ ਗਹੰ ਤੇ ਨਰ ਨਾਨਕ **ਨਿਹਫਲਹ**।" — ਸਸ **੫**, ੬੫ : ੪ (1360)

ਨਿਹਫਲੁ — ਵਿਅਰਥ, ਨਿਸਫਲ, ਬਿਨਾਂ ਕਿਸੇ ਪ੍ਰਾਪਤੀ ਦੇ
"ਡਾਲੀ ਲਾਗੈ **ਨਿਹਫਲੁ** ਜਾਇ।"
— ਆਸਾ **੧**, ੪੪, ੨ : ੧ (362)
"**ਨਿਹਫਲੁ** ਤਿਨ ਕਾ ਜੀਵਿਆ ਜਿਖਸਮੁ ਨ ਜਾਣਹਿ ਆਪਣਾ ਅਵਰੀ ਕਉ ਚਿਤੁ ਲਾਇ।"
— ਗੂਜ **੩**, ਵਾਰ ੨ਸ, **੩**, ੧ : ੫ (509)

ਨਿਹਭਾਗੜੋ — ਅਭਾਗਾ, ਭਾਗ ਰਹਿਤ
"ਮਹਰਾਜ ਰੋ ਗਾਥੁ ਵਾਹੂ ਸਿਉ ਲੁਭੜਿਓ **ਨਿਹਭਾਗੜੋ** ਭਾਹਿ ਸੰਜੋਇਓ ਰੇ।"
— ਟੋਡੀ **੫**, ੧੯, ੧ : ੨ (715)

ਨਿਹਲੀਆ — ਨਿਹਾਰਿਆ, ਵੇਖਿਆ (ਮਹਾਨ ਕੋਸ਼, ਨਿਰਣੈ, ਦਰਪਣ, ਨਿਹਾਲ ਹੋਇਆ (ਸ਼ਬਦਾਰਥ)
"ਸਾਧ ਸੰਗਿ ਭਏ ਜਨ ਮੁਕਤੇ ਗਤਿ ਪਾਈ ਨਾਨਕ ਨਦਰਿ **ਨਿਹਲੀਆ**।"
— ਮਾਰੂ **੫**, ੧੮, ੫ : ੩ (1004)

ਨਿਹਾਰ — ਵੇਖ ਲੈ
"ਊਂਧੈ ਭਾਂਡੈ ਕਛੁ ਨ ਸਮਾਵੈ ਸੀਧੈ ਅੰਮ੍ਰਿਤੁ ਪਰੈ **ਨਿਹਾਰ**।" — ਗੂਜ **੧**, ਅਸ ੨, ੫ : ੨ (504)

ਨਿਹਾਰਉ — 1. ਵੇਖਦਾ ਹਾਂ
"ਏਕੋ ਏਕੀ ਨੈਨ **ਨਿਹਾਰਉ**।"
— ਆਸਾ **੫**, ੬੪, ੧ : ੧ (386)
2. ਨਿਹੜਾਵਉਂ, ਨੀਵਾਂ ਕਰਾਂ
"ਸੀਸੁ **ਨਿਹਾਰਉ** ਚਰਣ ਤਲਿ ਧੂਰਿ ਮੁਖਿ ਲਾਵਉ।" — ਸੂਹੀ **੫**, ੪੨, ੧ : ੨ (745)

ਨਿਹਾਰਹਿ — ਵੇਖਦੇ ਹਨ
"ਏਕੁ **ਨਿਹਾਰਹਿ** ਆਗਿਆ ਕਾਰ।"
— ਗਉ **੫**, ੮੬, ੨ : ੨ (181)

ਨਿਹਾਰਹੁ — ਵੇਖੋਗੇ
"ਸੂਰ ਨ ਬੀਰ ਨ ਮੀਰ ਨ ਖਾਨਮੰ ਸੰਗਿ ਨ ਕੋਊ ਦ੍ਰਿਸਟਿ **ਨਿਹਾਰਹੁ**।"— ਸਪੁ **੫**, ੫* : ੪ (1388)

ਨਿਹਾਰਾ — ਵੇਖਿਆ
"ਗੁਰ ਪਰਸਾਦੀ ਨਦਰਿ **ਨਿਹਾਰਾ**।"
— ਮਾਝ **੫**, ੩੯, ੩ : ੨ (106)

ਨਿਹਾਰਿ — ਵੇਖ ਕੇ
"ਗਰਤ ਘੋਰ ਅੰਧ ਤੇ ਕਾਢਹੁ ਪ੍ਰਭ ਨਾਨਕ ਨਦਰਿ **ਨਿਹਾਰਿ**।" — ਕਾਨ **੫**, ੧੯, ੨ : ੨ (1301)

ਹੋਰ ਰੂਪ — ਨਿਹਾਰਿਆ —
"ਦਾਸਹ ਏਕੁ **ਨਿਹਾਰਿਆ** ਸਭੁ ਕਛੁ ਦੇਵਨਹਾਰ।" (ਵੇਖਿਆ)
— ਗਉ **੫**, ਬਾਅ ੩੪ਸ : ੧ (257)

ਨਿਹਾਰੀ — ਦਰਸਨੁ ਕੀਤੇ, ਵੇਖਿਆ, ਸਮਝਿਆ
"ਜਲਿ ਥਲਿ ਮਹੀਅਲਿ ਗੁਪਤੋ ਵਰਤੈ ਗੁਰ ਸਬਦੀ ਦੇਖਿ **ਨਿਹਾਰੀ** ਜੀਉ।"
— ਸੋਰ **੧**, ੮, ੧* : ੨ (597)
"ਹਰਿ ਕਾ ਮਾਰਗੁ ਰਿਦੈ **ਨਿਹਾਰੀ**।" (ਵੇਖੇ, ਸਮਝੇ, ਵਿਚਾਰੇ) — ਧਨਾ **੫**, ੫੬, ੩ : ੨ (684)

ਹੋਰ ਰੂਪ — ਨਿਹਾਰੀਐ —
"ਸਚੋ ਸਚਾ ਸਚੁ ਸਚੁ **ਨਿਹਾਰੀਐ**।" (ਦੇਖੀਏ, ਸਮਝੀਏ) — ਗੂਜ **੫**, ਵਾਰ ੧ : ੨ (518)

ਨਿਹਾਰੇ — ਵੇਖ ਰਹੀ ਹੈ
"ਖਿਸੈ ਜੋਬਨੁ ਬਧੈ ਜਰੂਆ ਦਿਨ **ਨਿਹਾਰੇ** ਸੰਗਿ ਮੀਚੁ।" — ਆਸਾ **੫**, ਛੰਤ ੮, ੨ : ੫ (458)

ਹੋਰ ਰੂਪ — ਨਿਹਾਰੈ —
"ਪੰਥੁ **ਨਿਹਾਰੈ** ਕਾਮਨੀ ਲੋਚਨ ਭਰੀ ਲੇ ਉਸਾਸਾ।" (ਵੇਖਦੀ ਹੈ)
— ਗਉ **ਕਬ**, ੬੫, ੧ : ੧ (337)
"ਭਗਤ ਜਨਾ ਕੇ ਸਾਸ **ਨਿਹਾਰੈ**।" (ਵੇਖਦਾ ਭਾਵ ਧਿਆਨ ਰਖਦਾ ਹੈ)
— ਭੈਰ **੫**, ੪੬, ੩ : ੨ (1149)

ਨਿਹਾਲ — 1. ਮੁਰਾਦਮੰਦ, ਕਿਰਤਾਰਥ, ਮਨ-ਇਛਤ ਕਾਮਨਾਵਾਂ ਪੂਰੀਆਂ

ਹੋਈਆਂ ਹੋਣਾ, ਸਭ ਤਰ੍ਹਾਂ ਪ੍ਰਸੰਨ ਤੇ ਸੰਤੁਸ਼ਟ
"ਨਾਨਕ ਨਦਰੀ ਨਦਰਿ **ਨਿਹਾਲ**।"
— ਜਪੁ **੧**, ੩੮, : ੭ (8)
2. ਨਿਹਾਰ ਦੇਖ ਲਏਂਗਾ
"ਬਿਨੁ ਪਉੜੀ ਗੜਿ ਕਿਉ ਚੜਉ ਗੁਰ ਹਰਿ ਧਿਆਨ **ਨਿਹਾਲ**।"
— ਸਿਰੀ **੧**, ੯, ੨ : ੩ (17)
3. (ਨਿਹਾਲ) ਅਨੰਦਿਤ, ਮਹਾਂ ਸੁਖੀ
"ਪਾਰਬ੍ਰਹਮ ਜਪਿ ਸਦਾ **ਨਿਹਾਲ**।"
— ਸੋਰ **੫**, ੩੯, ੧* : ੨ (619)

ਨਿਹਾਲਸਾ — ਵੇਖਦੀ ਰਹਾਂ
"ਸਜਣ ਮੁਖੁ ਅਨੂਪੁ ਅਠੇ ਪਹਰ **ਨਿਹਾਲਸਾ**।"
— ਮਾਰੂ **੫**, ਵਾਰ ੧੭ਸ, **੫**, ੨ : ੧ (1100)

ਨਿਹਾਲਣਾ — ਨਿਹਾਲ ਕਰਨਾ, ਅਨੰਦਿਤ/ਸੰਤੁਸ਼ਟ/ਸੁਖੀ ਕਰਨਾ
"ਅਪਣੀ ਕੁਦਰਤਿ ਆਪੇ ਜਾਣੈ ਨਦਰੀ ਨਦਰਿ **ਨਿਹਾਲਣਾ**।"— ਮਾਰੂ **੫**, ਸੋਲਾ ੬, ੭ : ੩ (1077)

ਨਿਹਾਲਾ — 1. ਸੁਖੀ, ਅਨੰਦਿਤ, ਪ੍ਰਸੰਨ
"ਚਲਿਤ ਤੁਮਾਰੇ ਪ੍ਰਗਟ ਪਿਆਰੇ ਦੇਖਿ ਨਾਨਕ ਭਏ **ਨਿਹਾਲਾ**।" — ਮਾਝ **੫**, ੩੩, ੪ : ੩ (104)
2. ਨਿਹਾਲ/ਅਨੰਦਿਤ ਕਰਨ ਵਾਲੇ
"ਤਉ ਸਰਣਾਗਤਿ ਨਦਰਿ **ਨਿਹਾਲਾ**।"
— ਗਉ **੧**, ਅਸ ੧੭, ੧* : ੨ (228)
3. ਵੇਖਿਆ
"ਅਭਰਤ ਸਿੰਚਿ ਭਏ ਸੁਭਰ ਸਰ ਗੁਰਮਤਿ ਸਾਚੁ **ਨਿਹਾਲਾ**।"
— ਸਾਰ **੧**, ਅਸ ੨, ੩ : ੧ (1233)

ਨਿਹਾਲਿ — 1. ਨਿਹਾਰ/ਦੇਖ ਕੇ
"ਤ੍ਰਿਭਵਣ ਖੋਜਿ ਢੰਢੋਲਿਆ ਗੁਰਮੁਖਿ ਖੋਜਿ **ਨਿਹਾਲਿ**।" — ਸਿਰੀ **੧**, ੧੭, ੪ : ੨ (20)
"ਤਨਿ ਸੋਹੈ ਮਨੁ ਮੋਹਿਆ ਰਤੀ ਰੰਗਿ **ਨਿਹਾਲਿ**।"
— ਸਿਰੀ **੧**, ਅਸ ੫, ੩ : ੨ (56)
"ਬਨ ਫਿਰਿ ਥਕੇ ਬਨਵਾਸੀਆ ਪਿਰੁ ਗੁਰਮਤਿ ਰਿਦੈ **ਨਿਹਾਲਿ**।" (ਵੇਖ)
— ਗਉ **੪**, ਕਰ ੨, ੧ : ੨ (234)
"ਸੋ ਸਚੁ ਤੇਰੈ ਨਾਲਿ ਹੈ ਗੁਰਮੁਖਿ ਨਦਰਿ **ਨਿਹਾਲਿ**।" (ਗੁਰਾਂ ਦੁਵਾਰੇ ਨਜ਼ਰ ਨਾਲ ਵੇਖ)
— ਸੂਹੀ **੩**, ਅਸ ੩, ੧੧ : ੧ (755)
2. ਅਨੰਦਿਤ/ਸੁਖੀ ਕਰ
"ਜਲਿ ਥਲਿ ਮਹੀਅਲਿ ਪੂਰਿਆ ਪ੍ਰਭੁ ਆਪਣੀ ਨਦਰਿ **ਨਿਹਾਲਿ**।"
— ਸਿਰੀ **੫**, ੮੭, ੨ : ੨ (48)
"ਜੋ ਭਾਵੈ ਸੋ ਭੁੰਚਿ ਤੂ ਗੁਰਮੁਖਿ ਨਦਰਿ **ਨਿਹਾਲਿ**।" (ਗੁਰੂ ਰਾਹੀਂ ਹਰਿ ਦੀ ਮਿਹਰ ਦੀ ਨਜ਼ਰ ਨਾਲ ਸੁਖੀ ਹੋ ਜਾਹ)
— ਵਡ **੩**, ੩, ੨ : ੨ (569)

ਨਿਹਾਲਿਓਨੁ — ਨਿਹਾਲ/ਅਨੰਦਿਤ/ਸੁਖੀ ਕੀਤਾ
"ਦਾਸ ਰਖੇ ਕੰਠਿ ਲਾਇ ਨਦਰਿ **ਨਿਹਾਲਿਓਨੁ**।"
— ਸੋਰ **੪**, ਵਾਰ ੨੮ : ੪ (653)

ਨਿਹਾਲਿਆ — 1. ਦ੍ਰਿਸ਼ਟੀਗੋਚਰ ਰਖਣਾ, ਨਜ਼ਰ ਸਾਹਮਣੇ ਰਖਣਾ
"ਓਨੀ ਚਲਣੁ ਸਦਾ **ਨਿਹਾਲਿਆ** ਹਰਿ ਖਰਚੁ ਲੀਆ ਪਤਿ ਪਾਇ।" — ਸਿਰੀ **੪**, ੭੦, ੨ : ੨ (42)
2. ਵੇਖਿਆ
"ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ ਏਨ੍ਹੀ ਨੇਤ੍ਰੀ ਜਗਤੁ **ਨਿਹਾਲਿਆ**।"
— ਆਸਾ **੧**, ਵਾਰ ੧੩ : ੨ (470)

ਨਿਹਾਲਿਹ — ਤਕੀਏ, ਧਿਆਨ ਵਿਚ ਰਖੀਏ
"ਸਾਹਿਬੁ ਸਮਾਲਿਹ ਪੰਥੁ **ਨਿਹਾਲਿਹ** ਅਸਾ ਭਿ ਓਥੈ ਜਾਣਾ।"— ਵਡ **੧**, ਅਲਾ ੨, ੧ : ੩ (579)

ਨਿਹਾਲੀ — 1. ਵੇਖਾਂ
"ਨੈਨ **ਨਿਹਾਲੀ** ਤਿਸੁ ਪੁਰਖ ਦਇਆਲੈ।"
— ਮਾਝ **੫**, ੨੭, ੨ : ੨ (102)
"ਮਨ ਤਨ ਅੰਤਰਿ ਤੁਧੁ ਨਦਰਿ **ਨਿਹਾਲੀ**।" (ਵੇਖਦਾ ਹਾਂ) — ਮਾਝ **੫**, ਅਸ ੩੭, ੬ : ੨ (132)
2. (ਫਾ. ਨਿਹਾਲੀ ਨਿਹਰਲੀਨ) ਰਜਾਈ, ਤੁਲਾਈ
"ਲਾਲ **ਨਿਹਾਲੀ** ਫੂਲ ਗੁਲਾਲਾ।"
— ਗਉ **੧**, ਅਸ ੧੦, ੨ : ੨ (225)
3. ਨਿਹਾਲ/ਅਨੰਦਿਤ ਹੁੰਦੀ ਹਾਂ
"ਪੰਧਿ ਜੁਲੰਦੜੀ ਮੇਰਾ ਅੰਦਰੁ ਠੰਢਾ ਗੁਰ ਦਰਸਨੁ ਦੇਖਿ **ਨਿਹਾਲੀ**।"
— ਰਾਮ **੫**, ਵਾਰ ੧੭ਸ, **੫**, ੧ : ੨ (964)

ਨਿਹਾਲੀਐ — ਵੇਖਿਆ ਜਾਂਦਾ ਹੈ

"ਸਚੀ ਨਦਰਿ **ਨਿਹਾਲੀਐ** ਬਹੁੜਿ ਨਪਾਵੈ ਤਾਉ।"
— ਸਿਰੀ **੧**, ੧੫, ੨ : ੩ (19)
"ਨਾਨਕ ਦਾਸੁ ਸਦਾ ਗੁਣ ਗਾਵੈ ਇਕ ਭੋਰੀ ਨਦਰਿ **ਨਿਹਾਲੀਐ**।" (ਵੇਖੋ)
— ਮਾਝ **੫**, ੨੮, ੪ : ੩ (102)

ਨਿਹਾਲੁ — 1. ਸੁਖੀ, ਅਨੰਦਿਤ, ਖੁਸ਼
"ਅੰਦਰੁ ਲਗਾ ਰਾਮ ਨਾਮਿ ਅੰਮ੍ਰਿਤ ਨਦਰਿ **ਨਿਹਾਲੁ**।" — ਸਿਰੀ **੫**, ੮੬, ੧ : ੩ (98)
"ਹਰਿ ਤੁਧਹੁ ਬਾਹਰਿ ਕਿਛੁ ਨਹੀ ਗੁਰਸਬਦੀ ਵੇਖਿ **ਨਿਹਾਲੁ**।" — ਸਿਰੀ **੪**, ਵਾਰ ੭ : ੫ (85)
2. ਦੇਖ ਲੈ
"ਤਿਤੁ ਫਲ ਰਤਨ ਲਗਹਿ ਮੁਖਿ ਭਾਖਿਤ ਹਿਰਦੈ ਰਿਦੈ **ਨਿਹਾਲੁ**।"
— ਮਾਝ **੧**, ਵਾਰ ੨੦ਸ, **੧**, ੨ : ੨ (147)

ਨਿਹਾਲੇ — 1. ਵੇਖਦਾ ਹੈ
"ਜਲਿ ਥਲਿ ਪੂਰਿ ਰਹਿਆ ਬਨਵਾਰੀ ਘਟਿ ਘਟਿ ਨਦਰਿ **ਨਿਹਾਲੇ**।"
— ਸਿਰੀ **੫**, ਛੰਤ ੨, ੧ : ੫ (79)
2. ਅਨੰਦਿਤਾ/ਸੁਖ ਕਰ ਦਿੰਦਾ ਹੈ
"ਸਚਾ ਸਾਹਿਬੁ ਸਚੀ ਨਾਈ ਵੇਖੈ ਨਦਰਿ **ਨਿਹਾਲੇ**।"— ਵਡ **੫**, ਅਲਾ ੩, ੧ : ੫ (584)

ਨਿਹੋਰ — ਅਹਿਸਾਨ, ਮੁਥਾਜੀ
"ਹਰਿ ਸਕਤ ਸਰਨ ਸਮਰਥ ਨਾਨਕ ਆਨ ਨਹੀ **ਨਿਹੋਰ**।" — ਕੇਦਾ **੫**, ੧੦, ੨ : ੨ (1121)

ਨਿਹੋਰਾ — 1. ਬੇਨਤੀ, ਪ੍ਰਾਰਥਨਾ, ਮਿੰਨਤ
"ਸੇਵਾ ਕਰਉ ਦਾਸ ਦਾਸਨ ਕੀ ਅਨਿਕ ਭਾਂਤਿ ਤਿਸੁ ਕਰਉ **ਨਿਹੋਰਾ**।"
— ਗਉ **੫**, ੧੨੧*, ੧ : ੧ (204)
"ਕਰਉ **ਨਿਹੋਰਾ** ਬਹੁਤੁ ਬੇਨਤੀ ਸੇਵਉ ਦਿਨੁ ਰੈਨਾਈ।" — ਸਾਰ **੫**, ੧੫, ੩ : ੧ (1207)
2. ਮੁਥਾਜੀ, ਅਹਿਸਾਨ
"ਤਬ ਕਾਹੂ ਕਾ ਕਵਨੁ **ਨਿਹੋਰਾ**।"
— ਗਉ **ਕਬ**, ੨੨, ੧* : ੨ (328)
ਹੋਰ ਰੂਪ — ਨਿਹੋਰੋ —
"ਕਾਟਿ ਸਿਲਕ ਕੀਨੋ ਅਪੁਨੋ ਦਾਸਰੋ ਤਉ ਨਾਨਕ ਕਹਾ **ਨਿਹੋਰੋ**।"
— ਸੋਰ **੫**, ੩੫, ੨ : ੨ (618)

ਨਿਕ — ਨਿੱਕਾ
"ਕਿਆ ਹਮ ਕਿਰਮ ਨਾਨ੍ **ਨਿਕ** ਕੀਰੇ ਤੁਮ੍ ਵਡ ਪੁਰਖ ਵਡਾਗੀ।"— ਧਨਾ **੪**, ੨, ੩ : ੧ (667)

ਨਿਕਸਤ — ਨਿਕਲਦਾ
"ਮਨੁ ਮਾਇਆ ਮੈ ਰਮਿ ਰਹਿਓ **ਨਿਕਸਤ** ਨਾਹਿਨ ਮੀਤ।" — ਸਲੋ **੯**, ੩੨ : ੧ (1428)

ਨਿਕਸਾਈ — (ਸੰ. ਨਿਸ਼੍ਕ੍ਰਮਣਤ੍ਰ) ਕਢਵਾਈ, ਕੱਢ ਦਿੱਤੀ
"ਜਉ ਗੁਰਦੇਵ ਸਿਹਜ **ਨਿਕਸਾਈ**।"
— ਭੈਰ **ਨਾਮ**, ੧੧, ੬ : ੪ (1167)

ਨਿਕਸਿ — ਨਿਕਲ, ਭਜਾ ਜਾਂਦਾ
"**ਨਿਕਸਿ** ਜਾਤਉ ਰਹੇ ਅਸਥਿਰੁ ਜਾਮਿ ਸਚੁ ਪਛਾਣਿਆ।" (ਨਿਕਲ ਜਾਣ ਵਾਲਾ ਟਿੱਕ ਨ ਰਹਿਣ ਵਾਲਾ ਮਨ)
— ਗਉ **੧**, ਛੰਤ ੧, ੩ : ੪ (242)
"ਕਮਲ ਹੇਤਿ ਬਿਨਸਿਓ ਹੈ ਭਵਰਾ ਉਨਿ ਮਾਰਗੁ **ਨਿਕਸਿ** ਨ ਪਾਇਓ।" (ਨਿਕਲਣ ਦਾ)
— ਧਨਾ **੫**, ੨, ੧ : ੨ (670)

ਨਿਕਸਿਓ — 1. ਨਿਕਲਿਆ ਭਾਵ ਪੈਦਾ ਹੋਇਆ
"ਭਾਹਿ ਬਲੰਦੀ ਵਿਝਵੀ ਧੂਉ ਨ **ਨਿਕਸਿਓ** ਕਾਇ।"
— ਸਿਰੀ **੧**, ੧੪, ੧ : ੨ (19)
2. ਬਾਹਰ ਨਿਕਲਣਾ
"ਬੂਡਤ ਘੋਰ ਅੰਧ ਕੂਪ ਮਹਿ **ਨਿਕਸਿਓ** ਮੇਰੇ ਭਾਈ ਰੇ।"— ਆਸਾ **੫**, ੨੬, ੧* : ੨ (377)
"ਗਰਭ ਜੋਨਿ ਛੋਡਿ ਜਉ **ਨਿਕਸਿਓ** ਤਉ ਲਾਗੋ ਅਨਠਾਂਹੀ।"— ਸਾਰ **੫**, ੧੬, ੧ : ੨ (1207)
3. ਨਿਕਲਿਆ ਭਾਵ ਛੁਟਕਾਰਾ ਪਾਇਆ, ਮੁਕਤ ਹੋਇਆ
"ਸਾਧਸੰਗਿ ਇਨ ਦੁਖ ਤੇ **ਨਿਕਸਿਓ** ਨਾਨਕ ਏਕ ਪਰੀਤ।"— ਧਨਾ **੫**, ੯, ੪ : ੨ (673)
4. ਨਿਕਲਣਾ ਭਾਵ ਲੰਘਣਾ
"ਮਾਰਗਿ ਮੋਤੀ ਬੀਥਰੇ ਅੰਧਾ **ਨਿਕਸਿਓ** ਆਇ।"
— ਸਲੋ **ਕਬ**, ੧੧੪ : ੧ (1370)

ਨਿਕਸਿਆ — 1. ਬਾਹਰ ਨਿਕਲਣਾ
"**ਨਿਕਸਿਆ** ਫੂਕ ਤ ਹੋਇ ਗਇਓ ਸੁਆਹਾ।"
— ਆਸਾ **੫**, ੮੬, ੨ : ੪ (392)
"ਮਨੁ ਤਉ ਮੈਗਲੁ ਹੋਇ ਰਹਾ **ਨਿਕਸਿਆ** ਕਿਉ

ਕਰਿ ਜਾਇ।"
— ਗੂਜ **੩**, ਵਾਰ ੪ਸ, **ਕਬ**, ੧ : ੨ (509)
2. ਨਿਕਲਣਾ ਭਾਵ ਵੱਖ ਹੋਣਾ
"ਅੰਭੈ ਸੇਤੀ ਅੰਭੁ ਰਲਿਆ ਬਹੁੜਿ ਨ **ਨਿਕਸਿਆ** ਜਾਇ।"
— ਰਾਮ **੩**, ਵਾਰ ੧ਸ, **੩**, ੧ : ੫ (947)

ਨਿਕਸੀ — 1. ਬਾਹਰ ਨਿਕਲਣਾ, ਵਖ ਹੋਣਾ
"ਜਹ ਜਹ ਦੇਖਾ ਤਹ ਤਹ ਤੂ ਹੈ ਤੁਝ ਤੇ **ਨਿਕਸੀ** ਫੂਟਿ ਮਰਾ।" — ਸਿਰੀ **੧**, ੩੧, ੧ : ੨ (25)
2. ਨਿਕਲ ਗਈ ਭਾਵ ਭਜ ਗਈ, ਮੁਕ ਗਈ
"ਅਨਦੁ ਭਇਆ **ਨਿਕਸੀ** ਸਭ ਪੀਰਾ ਸਗਲ ਬਿਨਾਸੇ ਦਰਦਾ ਜੀਉ।"
— ਮਾਝ **੫**, ੨੪, ੨ : ੩ (101)
3. ਨਿਕਲੀ, ਭਾਵ ਰਹੀ
"ਧਰਮ ਰਾਇ ਜਸ ਲੇਖਾ ਮਾਗੈ ਬਾਕੀ **ਨਿਕਸੀ** ਭਾਰੀ।" — ਮਾਰੂ **ਕਬ**, ੭, ੨ : ੧ (1104)

ਨਿਕਸੁ — ਨਿਕਲਣਾ
"ਤ੍ਰਿਸਨਾ ਪੰਖੀ ਫਾਸਿਆ **ਨਿਕਸੁ** ਨ ਪਾਏ ਮਾਇ।"
— ਸਿਰੀ **੫**, ੯੧, ੩ : ੨ (50)

ਨਿਕਸੇ — ਨਿਕਲ ਗਏ
"ਭਰਮ ਮੋਹ ਧ੍ਰੋਹ ਸਭਿ **ਨਿਕਸੇ** ਜਬ ਕਾ ਦਰਸਨੁ ਪਾਇਆ।" — ਆਸਾ **੫**, ੪, ੪ : ੧ (380)
"ਭਾਰੇ ਢਹਤੇ ਢਹਿ ਪਏ ਹਉਲੇ **ਨਿਕਸੇ** ਪਾਰਿ।" (ਪਾਰ ਹੋ ਗਏ)— ਰਾਮ **੧**, ਓਅੰ ੩੧ : ੨ (933)

ਹੋਰ ਰੂਪ — ਨਿਕਸੈ —
"ਬਿਸੀਅਰੁ ਕਉ ਬਹੁ ਦੂਧੁ ਪੀਆਈਐ ਬਿਖੁ **ਨਿਕਸੈ** ਫੋਲਿ ਫੁਲੀਠਾ।" (ਨਿਕਲੇਗੀ)
— ਗਉ **੪**, ੬੧, ੩ : ੨ (171)
"ਜਿਹਵਾ ਬਚਨੁ ਸੁਧੁ ਨਹੀ **ਨਿਕਸੈ** ਤਬਰੇ ਧਰਮ ਕੀ ਆਸ ਕਰੈ।" (ਨਿਕਲਦੇ, ਉਚਾਰਨ ਕੀਤੇ ਜਾਂਦੇ) — ਆਸਾ **ਕਬ**, ੧੫, ੩ : ੨ (479)
"ਜਿਉ ਜਲੁ ਜਲ ਮਹਿ ਪੈਸਿ ਨ **ਨਿਕਸੈ** ਤਿਉ ਢੁਰਿ ਮਿਲਿਓ ਜੁਲਾਹੋ।" (ਨਿਕਲਦਾ/ਵਖ ਹੁੰਦਾ) — ਧਨਾ **ਕਬ**, ੩, ੧ : ੨ (692)
"ਏਹੁ ਮਨੁ ਮਾਇਆ ਮੋਹਿਆ ਅਉਧੂ **ਨਿਕਸੈ** ਸਬਦਿ ਵਿਚਾਰੀ।" (ਨਿਕਲਦਾ ਭਾਵ ਬਚਦਾ ਹੈ) — ਰਾਮ **੧**, ਅਸ ੯, ੨੪ : ੧ (908)

ਨਿਕਸੋ — ਨਿਕਲੇ ਭਾਵ ਲੰਘੇ
"ਮਨੁ ਤਉ ਮੈਗਲੁ ਹੋਇ ਰਹਿਓ **ਨਿਕਸੋ** ਕਿਉ ਕੈ ਜਾਇ।" — ਸਲੋ **ਕਬ**, ੫੮ : ੨ (1367)

ਨਿਕਚੁ — ਨਿਪਟ ਕਚਾ, ਬਿਲਕੁਲ ਕਚਾ
"ਜੋ ਮਰਿ ਜੰਮੇ ਸੁ ਕਚੁ **ਨਿਕਚੁ**।"
— ਆਸਾ **੧**, ਵਾਰ ੨ਸ, **੧**, ੧ : ੧੨ (463)

ਨਿਕਟ — (ਸੰ. ਨਿਕਟ) ਨੇੜੇ, ਨਜ਼ਦੀਕ, ਪਾਸ
"ਹਰਿ ਕੈ ਨਿਕਟਿ ਨਿਕਟਿ ਹਰਿ **ਨਿਕਟ** ਹੀ ਬਸਤੇ ਤੇ ਹਰਿ ਕੇ ਜਨ ਸਾਧੂ ਹਰਿ ਭਗਾਤ।"
— ਸਾਰ **੪**, ੮, ੨ : ੧ (1200)

ਨਿਕਟਵਰਤੀ — ਕੋਲ/ਨੇੜੇ ਰਹਿਣ ਵਾਲਾ, ਭਾਵ ਮੁਸਾਹਿਬ
"ਜਾਂ ਚੈ ਘਰਿ **ਨਿਕਟਵਰਤੀ** ਅਰਜਨੁ ਧ੍ਰੂ ਪ੍ਰਹਲਾਦੁ ਅੰਬਰੀਕੁ ਨਾਰਦੁ ਨੇਜੈ ਸਿਧ ਬੁਧ ਗਣ ਗੰਧਰਬ ਬਾਨਵੈ ਹੇਲਾ।"— ਮਲਾ **ਨਾਮ**, ੧, ੫ : ੧ (1292)

ਨਿਕਟਾਇਓ — ਨੇੜੇ, ਕੋਲ
"ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ **ਨਿਕਟਾਇਓ**।"— ਸੋਰ **੫**, ੬੧, ੩ : ੧ (624)

ਨਿਕਟਾਨੀ — ਨੇੜੇ, ਪਾਸ, ਕੋਲ
"ਰੋਗ ਸੋਗ ਦੂਖ ਜਰਾ ਮਰਾ ਹਰਿ ਜਨਹਿ ਨਹੀ **ਨਿਕਟਾਨੀ**।" — ਟੋਡੀ **੫**, ੧, ੨ : ੧ (711)

ਨਿਕਟਿ — ਨੇੜੇ, ਕੋਲ, ਪਾਸ
"ਹਰਿ ਸੰਤਹੁ ਦੇਖਹੁ ਨਦਰਿ ਕਰਿ **ਨਿਕਟਿ** ਵਸੈ ਭਰਪੂਰਿ।" — ਸਿਰੀ **੩**, ੩੭, ੨ : ੧ (27)

ਨਿਕਟੀ — ਨੇੜੇ/ਪਾਸ/ਕੋਲ/ਅੰਗ ਸੰਗ ਰਹਿਣ ਵਾਲਾ
"ਸੇਵਕ ਕਉ **ਨਿਕਟੀ** ਹੋਇ ਦਿਖਾਵੈ।"
— ਆਸਾ **੫**, ੧੨੯, ੧* : ੧ (403)

ਨਿਕਟੇ — ਨੇੜੇ/ਕੋਲ ਹੀ
"ਹੈ **ਨਿਕਟੇ** ਘਰੁ ਭੇਦੁ ਨ ਪਾਇਆ।"
— ਭੈਰ **੫**, ੧੬, ੧ : ੩ (1139)

ਨਿਕਥਾ — ਨਿਕਲਿਆ
"ਲੋਹੂ ਲਬੁ **ਨਿਕਥਾ** ਵੇਖੁ।"
— ਰਾਮ **੩**, ਵਾਰ ੧੯ਸ, **੧**, ੨ : ੬ (956)

ਨਿਕਲਹਿ — 1. ਚਿਤ੍ਰਿਤ ਹੋਣਾ
"ਤਿਨ ਮੁਖਿ ਟਿਕੇ **ਨਿਕਲਹਿ** ਜਿਨ ਮਨਿ ਸਚਾ ਨਾਉ।" — ਸਿਰੀ **੧**, ੬, ੨ : ੨ (16)
2. ਬਾਹਰ ਆਉਣਾ

"ਬਹੁਤੁ ਪਏ ਅਸਗਾਹ ਗੋਤੇ ਖਾਹਿ ਨ **ਨਿਕਲਹਿ**।"
— ਮਾਝ **੧**, ਵਾਰ ੧੭ਸ, **੧**, ੧ : ੪ (146)
"ਜਹ ਭੰਡਾਰੀ ਹੂ ਗੁਣ **ਨਿਕਲਹਿ** ਤੇ ਕੀਅਹਿ ਪਰਵਾਣੁ।"
— ਸਾਰ **੪**, ਵਾਰ ੫ਸ, **੨**, ੨ : ੩ (1239)

ਨਿਕਲਾਵੈ — ਬਾਹਰਿ ਕਢਾਵੈ
"ਤ੍ਰਾਹਿ ਤ੍ਰਾਹਿ ਸਰਨਿ ਜਨ ਆਏ ਗੁਰੁ ਹਾਥੀ ਦੇ **ਨਿਕਲਾਵੈਗੋ**।"
— ਕਾਨ **੪**, ਅਸ ੫, ੪ : ੨ (1311)

ਨਿਕਲਿ — 1. ਬਾਹਰ ਆਉਣਾ
"ਵਿਚਹੁ ਗਰਭੈ **ਨਿਕਲਿ** ਆਇਆ।"
— ਮਾਰੂ **੫**, ੩੧, ੩ : ੧ (1007)
2. ਪ੍ਰਗਟ ਹੋਣਾ, ਸਾਹਮਣੇ ਆਉਣਾ
"ਦੁਖ ਕੀਆ ਪੰਡਾ ਖੁਲ੍ਹੀਆ ਸੁਖੁ ਨ **ਨਿਕਲਿਓ** ਕੋਇ।"
— ਸਾਰ **੪**, ਵਾਰ ੮ਸ, **੧**, ੧ : ੩ (1240)

ਨਿਕਲੀ — ਬਾਹਰ ਆਉਣਾ
"ਲੋਭ ਵਿਕਾਰ ਨਾਵ ਡੁਬਦੀ **ਨਿਕਲੀ** ਜਾ ਸਤਿਗੁਰਿ ਨਾਮੁ ਦਿੜਾਏ।"
— ਆਸਾ **੪**, ਛੰਤ ੯, ੨ : ੪ (443)

ਨਿਕਲੇ — ਛੁਟ ਗਏ
"ਫਾਥੇ ਸੇਈ **ਨਿਕਲੇ** ਜਿ ਗੁਰ ਕੀ ਪੈਰੀ ਪਾਹਿ।"
— ਸਿਰੀ **੫**, ੨੩, ੩ : ੩ (43)

ਨਿਕਲੈ — 1. ਬਪੁਰ ਆਵੇ
"ਜੋ ਪਾਵਹਿ ਭਾਂਡੇ ਵਿਚਿ ਵਸਤੁ ਸਾ **ਨਿਕਲੈ** ਕਿਆ ਕੋਈ ਕਰੇ ਵੇਚਾਰਾ।"
— ਆਸਾ **੪**, ਛੰਤ ੧੨, ੨ : ੩ (449)
2. ਦੂਰ ਹੋਵੇ
"ਕੂੜੈ ਕੀ ਪਾਲਿ ਵਿਚਹੁ **ਨਿਕਲੈ** ਤਾ ਸਦਾ ਸੁਖੁ ਹੋਇ।" — ਗੂਜ **੩**, ੩, ੩ : ੨ (490)

ਨਿਕਾਚੇ — ਨਿਰੋਲ ਕੱਚੇ
"ਜੋ ਮਰਿ ਜੰਮਹਿ ਕਾਚ **ਨਿਕਾਚੇ**।"
— ਮਾਰੂ **੩**, ਸੋਲਾ ੧੨, ੬ : ੨ (1055)

ਨਿਕਾਣਿਆ — ਬੇ ਮੁਥਾਜ
"ਸਾਧੂ ਸੰਗਿ ਉਧਾਰੁ ਭਏ **ਨਿਕਾਣਿਆ**।"
— ਮਲਾ **੧**, ਵਾਰ ੨੨ : ੪ (1291)

ਨਿਕਾਣੀ — ਬੇਮੁਥਾਜ, ਬੇਪਰਵਾਹ
"ਪ੍ਰਭ ਜੀ ਭਾਣੀ ਭਈ **ਨਿਕਾਣੀ** ਸਫਲ ਜਨਮੁ ਪਰਵਾਨਾ।"— ਸੂਹੀ **੫**, ਛੰਤ ੪, ੪ : ੪ (779)

ਨਿਕਾਣੇ — ਬੇਪਰਵਾਹ, ਬੇਮੁਥਾਜ.
"ਕਹੁ ਨਾਨਕ ਜਿਨ ਸਤਿਗੁਰੁ ਭੇਟਿਆ ਸੇ ਸਭ ਤੇ ਭਏ **ਨਿਕਾਣੇ**।"— ਸੂਹੀ **੫**, ੫੧, ੪ : ੨ (748)

ਨਿਕਾਮੀ — ਨਿਕੰਮੀ
"ਇਕਸੁ ਹਰਿ ਜੀਉ ਬਾਹਰੀ ਸਭ ਫਿਰੈ **ਨਿਕਾਮੀ**।"
— ਮਾਰੂ **੫**, ਵਾਰ ੧੪ : ੨ (1099)

ਨਿਕਾਰਿ — ਨਿਕਾਲ, ਕੱਢ
"ਆਧ ਘਰੀ ਕੋਊ ਨਹਿ ਰਾਖੈ ਘਰ ਤੇ ਦੇਤ **ਨਿਕਾਰਿ**।" — ਦੇਵ **੯**, ੨, ੧ : ੨ (536)

ਨਿਕਾਲਾ — ਬਾਹਰ ਕੱਢਣ ਦਾ ਭਾਵ, ਇਥੇ ਦੇਸ਼ ਨਿਕਾਲਾ
"ਰੋਵੈ ਰਾਮੁ **ਨਿਕਾਲਾ** ਭਇਆ।"
— ਰਾਮ **੩**, ਵਾਰ ੧੪ਸ, **੧**, ੧ : ੫ (953)

ਨਿਕਾਲਿਅਨੁ — ਬਾਹਰ ਕਢੇ
"ਚਉਦਹ ਰਤਨ **ਨਿਕਾਲਿਅਨੁ** ਕਰਿ ਆਵਾਗਉਣੁ ਚਿਲਕਿਓਨੁ।"— ਰਾਮ **ਬਸ**, ਵਾਰ ੪ : ੪ (967)

ਨਿਕੀ — ਛੋਟੀ, ਲਘੂ ਅਕਾਰ ਦੀ
"ਖੰਨਿਅਹੁ ਤਿਖੀ ਵਾਲਹੁ **ਨਿਕੀ** ਏਤੁ ਮਾਰਗਿ ਜਾਣਾ।" — ਰਾਮ **੩**, ਅਨੰ ੧੪ : ੪ (918)

ਨਿਕੁਟੀ — ਛੋਟੀ, ਨਿਕੀ
"**ਨਿਕੁਟੀ** ਦੇਹ ਦੇਖਿ ਧੁਨਿ ਉਪਜੈ ਮਾਨ ਕਰਤ ਨਹੀ ਬੂਝੈ।" — ਸਿਰੀ **ਬੇਣੀ**, ੧, ੫ : ੧ (93)

ਨਿਕੋਰ — ਨਿਰੋਲ
"ਸਪੈ ਦੁਧੁ ਪੀਆਈਐ ਅੰਦਰਿ ਵਿਸੁ **ਨਿਕੋਰ**।"
— ਸੂਹੀ **੩**, ਅਸ ੩, ੧੬ : ੨ (755)

ਨਿਖੰਜਨੁ — ਨਾਸ ਕਰਨ ਵਾਲਾ
"ਭੈ ਭੈਜਨੁ ਅਤਿ ਪਾਪ **ਨਿਖੰਜਨੁ** ਮੇਰਾ ਪ੍ਰਭੁ ਅੰਤਿ ਸਖਾਈ।"— ਰਾਮ **੩**, ਅਸ ੩, ੨੦ : ੧ (910)

ਨਿਖੰਜਨੋ — ਨਾਸ/ਨਿਕੰਮਾ/ਨਿਰਅਸਰ ਕਰ ਦੇਣ ਵਾਲਾ
"ਅੰਤਿ ਚਲਦਿਆ ਹੋਇ ਬੇਲੀ ਜਮਦੂਤ ਕਾਲੁ **ਨਿਖੰਜਨੋ**।" — ਰਾਮ **ਸੁੰਦ**, ਸਦ ੨ : ੪ (923)

ਨਿਖਿਅਉ — ਅਬਿਨਾਸੀ, ਨਾਸ ਰਹਿਤ
"ਤਉ ਹੋਇ **ਨਿਖਿਅਉ** ਅਖੈ ਪਦੁ ਲਹੈ।"

— ਗਉ **ਕਬ**, ਬਾਅ ੮ : ੪ (340)

ਨਿਖੁਟਈ — ਮੁਕੇ, ਘਟ ਹੋਏ
"ਅੰਤਰਿ ਨਵਨਿਧਿ ਨਾਮੁ ਹੈ ਖਾਨਿ ਖਰਚਨਿ ਨ **ਨਿਖੁਟਈ** ਹਰਿ ਗੁਣ ਸਹਜਿ ਰਵੰਨਿ।"
— ਸੂਹੀ **੩**, ਅਸ ੩, ੩੨ : ੨ (756)

ਨਿਖੁਟਸੀ — ਮੁਕਣਾ, ਖਤਮ ਹੋਣਾ
"ਕਰਤਾ ਕਰੇ ਸੁ ਹੋਗੁ ਕੂੜੁ **ਨਿਖੁਟਸੀ**।"
— ਮਲਾ **੧**, ਵਾਰ ੨੬ : ੮ (1290)

ਨਿਖੁਟਤ — ਖਤਮ ਹੋਣਾ, ਮੁਕਣਾ
"ਪੀਵਿ ਰਹੇ ਜਲ **ਨਿਖੁਟਤ** ਨਾਹੀ।"
— ਗਉ **ਕਬ**, ੧, ੩ : ੨ (323)
"ਖਾਤ ਖਰਚਤ ਕਿਛੁ **ਨਿਖੁਟਤ** ਨਾਹੀ ਅਗਨਤ ਭਰੇ ਭੰਡਾਰੇ।"— ਸਾਰ **੫**, ੮੦, ੨ : ੧ (1220)

ਨਿਖੁਟਿ — ਮੁਕਣਾ, ਖਤਮ ਹੋਣਾ
"**ਨਿਖੁਟਿ** ਨ ਜਾਈ ਮੂਲਿ ਅਤੁਲ ਭੰਡਾਰਿਆ।"
— ਗਉ **੫**, ਵਾਰ ੯ਸ, **੫**, ੧ : ੩ (320)

ਨਿਖੁਟੀ — ਮੁਕ ਗਈ, ਖਤਮ ਹੋ ਗਈ
"ਤੂਟੇ ਤਾਗੇ **ਨਿਖੁਟੀ** ਪਾਨਿ।"
— ਗੋਂਡ **ਕਬ**, ੬, ੧ : ੧ (871)

ਨਿਖੁਟੀਅਸੁ — ਖਤਮ ਹੋ ਗਈਆਂ, ਮੁਕ ਗਈਆਂ
"ਸਭੇ ਧਿਰਾਂ **ਨਿਖੁਟੀਅਸੁ** ਹਿਰਿ ਲਈਅਸੁ ਧਰਤੇ।"
— ਗਉ **੪**, ਵਾਰ ੩੨ : ੬ (317)

ਨਿਖੁਟੇ — ਖਤਮ ਹੋ ਭਾਵ ਨਾਸ ਹੋ ਜਾਂਦਾ ਹੈ, ਹਾਰ ਜਾਂਦਾ ਹੈ
"ਕੂੜ **ਨਿਖੁਟੇ** ਨਾਨਕਾ ਓੜਕਿ ਸਚਿ ਰਹੀ।"
— ਰਾਮ **੩**, ਵਾਰ ੧੩ਸ, **੧**, ੨ : ੬ (953)

ਹੋਰ ਰੂਪ — ਨਿਖੁਟੈ —
"ਅਖੁਟੁ ਨਾਮ ਧਨੁ ਕਦੇ **ਨਿਖੁਟੈ** ਨਾਹੀ ਕਿਨੈ ਨ ਕੀਮਤਿ ਹੋਇ।" (ਮੁਕੇ)
— ਸੋਰ **੩**, ੨, ੧ : ੨ (600)

ਨਿਖੂਟਸਿ — ਮੁਕਦਾ, ਖਤਮ ਹੁੰਦਾ
"ਨਾਨਕ ਪਿੰਡੁ ਬਖਸੀਸ ਕਾ ਕਬਹੂੰ **ਨਿਖੂਟਸਿ** ਨਾਹਿ।" — ਆਸਾ **੧**, ੩੨, ੪ : ੨ (358)

ਨਿਖੂਟਾ — ਮੁਕ ਗਿਆ, ਖਤਮ ਹੋ ਗਿਆ
"ਬਾਤੀ ਸੂਕੀ ਤੇਲੁ **ਨਿਖੂਟਾ**।"
— ਆਸਾ **ਕਬ**, ੧੧, ੧ : ੧ (478)

ਨਿਖੂਟਿ — ਮੁਕ
"ਦੁਖ ਅਨੇਰਾ ਭੈ ਬਿਨਾਸੇ ਪਾਪ ਗਏ **ਨਿਖੂਟਿ**।"
— ਗੂਜ **੫**, ੨੯, ੧ : ੨ (502)

ਨਿਖੂਟੈ — ਮੁਕੇ, ਖਤਮ ਹੋਵੇ
"ਜਾ ਕਾ ਦਾਨੁ **ਨਿਖੂਟੈ** ਨਾਹੀ।"
— ਆਸਾ **੫**, ੯੯, ੨ : ੧ (395)

ਨਿਖੇਧ — ਮਨਾਹੀ ਵਾਲੇ, ਅਯੋਗ
"ਤਜਿ ਭਰਮ ਕਰਮ ਬਿਧਿ **ਨਿਖੇਧ** ਰਾਮ ਨਾਮੁ ਲੇਹੀ।" — ਧਨਾ **ਕਬ**, ੫, ੪ : ੧ (692)

ਨਿਖੇਧਿਆ — ਨਿਰਾਦਰਿਆ, ਨਿਕਾਰਿਆ, ਨਿੰਦਿਆ
"ਹਰਿ ਰਸਿਕ ਬੈਰਾਗੀ ਨਾਮਿ ਲਿਵ ਲਾਗੀ ਕਤਹੁ ਨ ਜਾਇ **ਨਿਖੇਧਿਆ**।"
— ਕੇਦਾ **੫**, ਛੰਤ ੧, ੩ : ੪ (1122)

ਨਿਗਹਾਰ — ਨਿਗਾਹ ਵਿਚ ਰਖਨ ਵਾਲੇ ਭਾਵ ਜਮਦੂਤ
"ਜਬ ਤੇ ਸਾਧੂ ਸੰਗੁ ਭਇਆ ਤਉ ਛੋਡਿ ਗਏ **ਨਿਗਹਾਰ**।" — ਮਾਰੂ **੫**, ੧੪, ੨ : ੧ (1002)

ਨਿਗਤਿਆ — ਜਿਨ੍ਹਾਂ ਦੀ ਕੋਈ ਗਤੀ ਨਹੀਂ, ਦੁਰਗਤ ਵਾਲੇ
"ਨਿਧਰਿਆ ਧਰ **ਨਿਗਤਿਆ** ਗਤਿ ਨਿਥਾਵਿਆ ਤੂ ਥਾਉ।" — ਸਾਰ **੫**, ੧, ੨ : ੧ (1202)

ਨਿਗਮ — ਵੇਦਾਂ ਦਾ ਮੰਤਰ ਭਾਗ ਭਾਵਾ ਵੇਦ
"ਗੁਣ ਗੂੜ ਗੁਪਤ ਅਪਾਰ ਕਰਤੇ **ਨਿਗਮ** ਅੰਤੁ ਨ ਪਾਵਹੇ।"— ਆਸਾ **੫**, ਛੰਤ ੧੦, ੩ : ੩ (459)
"ਜਾ ਕੇ **ਨਿਗਮ** ਦੂਧ ਕੇ ਠਾਟਾ।" (ਭਾਵ ਧਰਮ ਪੁਸਤਕਾਂ) — ਸੋਰ **ਕਬ**, ੫, ੧ : ੧ (655)

ਹੋਰ ਰੂਪ — ਨਿਗਮੰ —
"ਨਚ ਬਿਦਿਆ ਨਿਧਾਨ **ਨਿਗਮੰ** ਨਚ ਗੁਣਗ੍ਯ ਨਾਮ ਕੀਰਤਨਹ।"
— ਸਸ **੫**, ੩੧ : ੧ (1356)

ਨਿਗਮੁ —
"ਪਹਿਲਾ ਆਗਮੁ **ਨਿਗਮੁ** ਨਾਨਕੁ ਆਖਿ ਸੁਣਾਏ ਪੂਰੇ ਗੁਰ ਕਾ ਬਚਨੁ ਉਪਰਿ ਆਇਆ।" (ਵੇਦ ਭਾਵ ਗਿਆਨ)
— ਗਉ **੪**, ਵਾਰ ੮ਸ, **੪**, ੨ : ੨ (304)

ਨਿਗੁਸਾਂਏ — ਨਿਗੁਰੇ, ਨਿਖਸਮੇ
"ਕਬੀਰ **ਨਿਗੁਸਾਂਏ** ਬਹਿ ਗਏ ਥਾਂਘੀ ਨਾਹੀ ਕੋਇ।"

— ਸਲੋ **ਕਬ**, ੫੧ : ੧ (1367)

ਨਿਗੁਣੀਆ — ਗੁਣ ਵਿਹੂਣੀ, ਗੁਣਾਂ ਰਹਿਤ
"ਮੁੰਧ ਇਆਣੀ ਭੋਲੀ **ਨਿਗੁਣੀਆ** ਜੀਉ ਪਿਰ ਅਗਮ ਅਪਾਰਾ।" — ਗਉ **੩**, ਛੰਤ ੩, ੪ : ੧ (245)

ਨਿਗੁਰਾ — ਜਿਸ ਦਾ ਕੋਈ ਗੁਰੂ ਨਹੀਂ, ਗੁਰੂਹੀਨ
"ਸੋ **ਨਿਗੁਰਾ** ਜੋ ਮਰਿ ਮਰਿ ਜੰਮੈ ਨਿਗੁਰੇ ਆਵਣ ਜਾਵਣਿਆ।"
— ਮਾਝ **੩**, ਅਸ ੧੪, ੨ : ੩ (117)

ਨਿਗੁਰਿਆ — ਜਿੰਨਾਂ ਦਾ ਕੋਈ ਗੁਰੂ ਨਹੀਂ
"ਨਿਧਨਿਆ ਧਨੁ **ਨਿਗੁਰਿਆ** ਗੁਰੁ ਨਿੰਮਾਣਿਆ ਤੂ ਮਾਣੁ।" — ਮਾਰੂ **੧**, ੧੦, ੩ : ੧ (992)

ਨਿਗੁਰੀ — ਗੁਰੂ ਰਹਿਤ
"ਵਡਾ ਦਾਤਾ ਗੁਰਮੁਖਿ ਜਾਤਾ **ਨਿਗੁਰੀ** ਅੰਧ ਫਿਰੈ ਲੋਕਾਈ।"— ਰਾਮ **੩**, ਅਸ ੪, ੧੨ : ੧ (912)

ਨਿਗੁਰੇ — ਗੁਰੂ ਰਹਿਤ
"**ਨਿਗੁਰੇ** ਕਉ ਗਤਿ ਕਾਈ ਨਾਹੀ।"
— ਆਸਾ **੩**, ੪੦, ੩ : ੩ (361)

ਨਿਗ੍ਰਹ — ਮਨ ਇੰਦ੍ਰੀਆਂ ਨੂੰ ਰੋਕਨ ਦੀ ਕਿਰਿਆ
"ਪਾਂਚਉ ਇੰਦ੍ਰੀ **ਨਿਗ੍ਰਹ** ਕਰਈ।"
— ਗਉ **ਕਬ**, ਬਾਅ ੨੭ : ੩ (341)

ਹੋਰ ਰੂਪ — ਨਿਗ੍ਰਹਿ —
"ਨਾਮ ਬਿਨਾ ਗਤਿ ਕੋਇ ਨ ਪਾਵੈ ਹਠਿ **ਨਿਗ੍ਰਹਿ** ਬੇਬਾਣੈ।"— ਗਉ **੧**, ਛੰਤ ੨, ੩ : ੫ (243)

ਨਿਗ੍ਰਹੁ —
"ਹਠੁ **ਨਿਗ੍ਰਹੁ** ਕਰਿ ਕਾਇਆ ਛੀਜੈ।"
— ਰਾਮ **੧**, ਅਸ ੫, ੧ : ੧ (905)

ਨਿਘਰਤ — ਧਸਦੇ, ਗਡੇ ਜਾਂਦੇ, ਨਿਘਰਦੇ ਜਾਂਦੇ
"ਮੋਹ ਚੀਕੜਿ ਫਾਥੇ **ਨਿਘਰਤ** ਹਮ ਜਾਤੇ ਹਰਿ ਬਾਂਹ ਪ੍ਰਭੂ ਪਕਰਾਇ ਜੀਉ।"
— ਆਸਾ **੨**, ਛੰਤ ੧੨, ੪ : ੨ (447)

ਹੋਰ ਰੂਪ — ਨਿਘਰਤੁ —
"ਪੰਕਜ ਮੋਹ **ਨਿਘਰਤੁ** ਹੈ ਪ੍ਰਾਨੀ ਗੁਰੁ ਨਿਘਰਤ ਕਾਢਿ ਕਢਾਵੈਗੋ।"
— ਕਾਨ **੪**, ਅਸ ੫, ੪; ੧ (1311)

ਨਿਘਰਿਆ — ਬੇਘਰੇ
"ਫਰੀਦਾ ਗੋਰ ਨਿਮਾਣੀ ਸਡੁ ਕਰੇ **ਨਿਘਰਿਆ** ਘਰਿ ਆਉ।" — ਸਲੋ **ਫਰ**, ੯੩ : ੧ (1382)

ਨਿਚੰਦੁ — ਬੇਫਿਕਰ
"ਅਹਿਨਿਸਿ ਭਗਤਿ ਕਰੇ ਦਿਨੁ ਰਾਤੀ ਹਉਮੈ ਮਾਰਿ **ਨਿਚੰਦੁ**।" — ਸਿਰੀ **੩**, ੪੧, ੨ : ੨ (29)

ਨਿਚਿੰਦ — ਨਿਸਚਿੰਤ, ਬੇਫਿਕਰ
"ਹਰਿ ਬਿਨੁ ਕੋਈ ਮਾਰਿ ਜੀਵਾਲਿ ਨ ਸਕੈ ਮਨ ਹੋਇ **ਨਿਚਿੰਦ** ਨਿਸਚੁ ਹੋਇ ਰਹੀਐ।"
— ਵਡ **੪**, ਵਾਰ ੨੧ : ੪ (594)

ਹੋਰ ਰੂਪ — ਨਿਚਿੰਦਾ —
"ਲਬੁ ਲੋਭੁ ਤਜਿ ਹੋਹੁ **ਨਿਚਿੰਦਾ**।"
— ਮਾਰੂ **੧**, ਸੋਲਾ ੨੧, ੧ : ੨ (1041)

ਨਿਚਿੰਦੁ —
"ਲਾਲਿ ਰਤੀ ਲਾਲੀ ਭਈ ਗੁਰਮੁਖਿ ਭਈ **ਨਿਚਿੰਦੁ**।" (ਬੇਫਿਕਰ)
— ਰਾਮ **੧**, ਓਅੰ ੧੨ : ੪ (931)

ਨਿਚੀਜਿਆ — ਨਿਕੰਮੇ, ਤੁਛ, ਅਦਨੇ
"**ਨਿਚੀਜਿਆ** ਚੀਜ ਕਰੇ ਮੇਰਾ ਗੋਵਿੰਦੁ ਤੇਰੀ ਕੁਦਰਤਿ ਕਉ ਕੁਰਬਾਣੁ।"— ਸੋਰ **੫**, ੬੨, ੧* : ੨ (624)

ਨਿਜ — 1. ਆਪਣੇ, ਜੋ ਪਰਾਇਆ ਨਹੀਂ
"**ਨਿਜ** ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ।"— ਗਉ **੫**, ਸੋਹ ੫, ੩ : ੨ (13)

2. ਖਾਸ, ਵਿਸ਼ੇਸ਼
"**ਨਿਜ** ਭਗਤੀ ਸੀਲਵੰਤੀ ਨਾਰਿ।" (ਖਾਸ ਭਗਤੀ ਜੋ ਪ੍ਰਭੂ ਤੋਂ ਬਿਨਾਂ ਕਿਸੇ ਹੋਰ ਦੀ ਨ ਹੋਵੇ)
— ਆਸਾ **੫**, ੩, ੧ : ੧ (370)

"ਦਾਸਨਿ ਦਾਸ ਦਾਸ ਹੋਇ ਰਹੀਐ ਜੋ ਜਨ ਰਾਮ ਭਗਤ **ਨਿਜ** ਭਈਆ।" (ਖਾਸ ਭਗਤ)
— ਬਿਲਾ **੪**, ਅਸ ੩, ੩ : ੧ (834)

ਨਿਜਸੁਖ — ਆਪਣੇ ਨਾਲ ਸਦਾ ਟਿੱਕੇ ਰਹਿਣ ਵਾਲਾ ਅਨੰਦ, ਭਾਵ ਆਤਮਕ ਅਨੰਦ,
"ਤ੍ਰਿਸ਼ਨਾ ਸਕਲ ਬਿਨਾਸੀ ਮਨ ਤੇ **ਨਿਜਸੁਖ** ਮਾਹਿ ਸਮਾਇਆ।" — ਬਸੰ **੯**, ੩, ੨ : ੨ (1186)

ਨਿਜਘਰਿ — 1. ਆਤਮ ਸਰੂਪ ਵਿਚ, ਆਪਣਾ ਅਸਲੀ ਟਿਕਾਣਾ
"**ਨਿਜਘਰਿ** ਮਹਲੁ ਪਛਾਣੀਐ ਨਦਰਿ ਕਰੇ ਮਲੁ ਧੋਇ।" — ਸਿਰੀ **੧**, ੧੨, ੩ : ੨ (18)

"ਸਤਿਗੁਰ ਸੇਵੇ ਸਦਾ ਮਨੁ ਨਿਹਚਲੁ **ਨਿਜ ਘਰਿ**

ਵਾਸਾ ਪਾਵਣਿਆ।" (ਅਸਲੀ ਘਰ, ਵਾਹਿਗੁਰੂ ਦੀ ਹਜ਼ੂਰੀ)— ਮਾਝ **੩**, ਅਸ ੧੮, ੩ : ੩ (120)

ਹੋਰ ਰੂਪ — ਨਿਜਘਰੁ —

"ਖੋਜਤ ਖੋਜਤ **ਨਿਜਘਰੁ** ਪਾਇਆ।" (ਪ੍ਰਭੂ ਦੀ ਹਜ਼ੂਰੀ) — ਗਉ **੫**, ੮੫, ੪ : ੧ (181)

"ਘਰ ਮਹਿ **ਨਿਜਘਰੁ** ਪਾਇਆ ਸਤਿਗੁਰ ਦੇਇ ਵਡਾਈ।" (ਪ੍ਰਭੂ ਦਾ ਮਹੱਲ/ ਦਰਬਾਰ) — ਵਡ **੩**, ਛੰਤ ੬, ੪ : ੫ (572)

2. ਆਪਣਾ ਘਰ

"ਸਚੈ ਕੋਟਿ ਗਿਰਾਂਇ **ਨਿਜਘਰਿ** ਵਸਿਆ।" — ਮਾਝ **੧**, ਵਾਰ ੧੮ : ੩ (146)

ਨਿਜਥਾਇ — ਆਪਣੇ ਅਸਲ ਟਿਕਾਣੇ

"ਅਠਾਰਹ ਸਿਧੀ ਪਿਛੈ ਲਗੀਆ ਫਿਰਨਿ ਨਿਜਘਰਿ ਵਸੈ **ਨਿਜਥਾਇ**।" — ਸਿਰੀ **੪**, ਵਾਰ ੨੧ਸ. **੩**, ੨ : ੨ (91)

ਨਿਜਧਾਰੀ — ਆਪਣੇ ਉਤੇ ਧਾਰਨ ਕੀਤਾ

"ਅੰਗਦਿ ਅਨੰਤ ਮੂਰਤਿ **ਨਿਜਧਾਰੀ** ਅਗਮ ਗ੍ਯਾਨਿ ਰਸਿ ਰਸ੍ਯਉ ਹੀਅਉ।" — ਸਵ **੪**, ਬਲ ੨ : ੨ (1405)

ਨਿਜਪਤਿ — ਜੋ ਆਪਣਾ ਮਾਲਕ ਆਪ ਹੈ, ਸੁਤੰਤਰ

"ਸੋ ਸੰਮ੍ਰਥੁ **ਨਿਜਪਤਿ** ਹੈ ਦਾਤਾ।" — ਗਉ **ਕਬ**, ਅਸ ੩੮, ੪ : ੨ (330)

ਨਿਜਪਦ — ਆਤਮ ਪਦ, ਤੁਰੀਆ ਅਵਸਥਾ

"**ਨਿਜਪਦ** ਊਪਰਿ ਲਾਗੋ ਧਿਆਨੁ।" (ਆਪਣੇ ਸਰੂਪ ਦੀ ਲਖਤਾ ਉਤੇ ਧਿਆਨ ਜੋੜਿਆ ਹੈ) — ਭੈਰ **ਕਬ**, ੧੦, ੧* : ੧ (1159)

ਹੋਰ ਰੂਪ — ਨਿਜਪਦੁ —

"ਗੁਰਮੁਖਿ ਨਾਨਕ ਸਚਿ ਸਮਾਈਐ ਗੁਰਮੁਖਿ **ਨਿਜਪਦੁ** ਪਾਈਐ।" (ਸ੍ਵੈ ਸਰੂਪ) — ਪ੍ਰਭਾ **੧**, ੬, ੪ : ੨ (1329)

ਨਿਜਮਹਲੀ — ਆਪਣੇ ਅਸਲੀ ਘਰ, ਹਰੀ ਦੀ ਹਜ਼ੂਰੀ ਵਿਚ

"ਗੁਰਮੁਖਿ ਜਾਇ ਮਿਲੈ **ਨਿਜਮਹਲੀ** ਅਨਹਦ ਸਬਦੁ ਬਜਾਵੈਗੋ।"— ਕਾਨ **੪**, ਅਸ ੪, ੫ : ੨ (1310)

ਨਿਜਮਤਿ — ਆਪਣੀ ਪਕੀ ਰਾਇ

"ਤੇਰੇ ਨਾਮ ਅਵਿਲੰਬਿ ਬਹੁਤੁ ਜਨ ਉਧਰੇ ਨਾਮੇ ਕੀ **ਨਿਜਮਤਿ** ਏਹ।" — ਗੋਂਡ **ਨਾਮ**, ੩, ੨ : ੨ (874)

ਨਿਜੁ — 1. ਖਾਸ, ਵਿਸ਼ੇਸ਼

"ਜੋ ਜਨੁ ਭਗਤੁ ਦਾਸੁ **ਨਿਜੁ** ਪ੍ਰਭ ਕਾ ਸੁਣਿ ਜੀਵਾਂ ਤਿਸੁ ਸੋਇ।"— ਸਾਰ **੫**, ੯੭, ੧ : ੧ (1223)

2. ਆਪਣਾ ਆਪ, ਸ੍ਵੈ ਸਰੂਪ

"ਗੁਰ ਅਰਜਨ ਕਲੁਚਰੈ ਤੈ ਸਹਜਿ ਜੋਗੁ **ਨਿਜੁ** ਪਾਇਯਉ।"— ਸਵ **੫**, ਕਲ ੮ : ੬, (1408)

(ਨਿਜੁ ਜੋਗ ਭਾਵ ਅਸਲੀ ਮਿਲਾਪ)

ਨਿਝਰ — (ਸੰ. ਨਿਰ੍ਝਰ) ਇਕ ਰਸ/ਲਗਾਤਾਰ/ ਨਿਰੰਤਰ ਚਲਣ ਵਾਲਾ, ਝਰਨਾ (ਚਸ਼ਮਾ)

"**ਨਿਝਰ** ਧਾਰ ਚੁਐ ਅਤਿ ਨਿਰਮਲ ਇਹ ਰਸ ਮਨੂਆ ਰਾਤੋ ਰੇ।" — ਰਾਮ **ਕਬ**, ੧, ੪ : ੧ (969)

ਹੋਰ ਰੂਪ — ਨਿਝਰੁ —

"**ਨਿਝਰੁ** ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ।" — ਸੂਹੀ **੧**, ੮, ੩ : ੨ (730)

ਨਿਡਰਿਆ — ਨ ਡਰਨ ਵਾਲੇ, ਡਰ ਰਹਿਤ, ਡਰ ਤੋਂ ਖਾਲੀ/ਵਿਹੂਣੇ

"**ਨਿਡਰਿਆ** ਡਰੁ ਜਾਣੀਐ ਬਾਝੁ ਗੁਰੂ ਗੁਬਾਰੁ।" — ਸਿਰੀ **੧**, ਅਸ ੩, ੩ : ੩ (54)

ਨਿਡਰੁ — ਬੇਖੌਫ, ਨਿਰਭਉ

"ਤਬ ਕਵਨ **ਨਿਡਰੁ** ਕਵਨ ਕਤ ਡਰੈ।" — ਗਉ **੫**, ਸੁਖ ੨੧, ੨ : ੮ (291)

ਨਿਡਰੇ — ਬੇ ਖੌਫ, ਨਿਰਭਉ

"**ਨਿਡਰੇ** ਕਉ ਕੈਸਾ ਡਰੁ ਕਵਨੁ।" — ਗਉ **੧**, ਅਸ ੨, ੫ : ੨ (221)

ਨਿਤ — ਸਦਾ, ਹਮੇਸ਼ਾਂ, ਹਰ ਰੋਜ਼

"**ਨਿਤ ਨਿਤ** ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ।" — ਗਉ **੧**, ਸੋਹ ੧, ੨ : ੧ (12)

ਨਿਤਹਿ — ਹਮੇਸ਼ਾਂ, ਸਦਾ, ਨਿਤ

"ਘਰੀ ਨ ਮੁਹਤੁ ਨ ਚਸਾ ਬਿਲੰਬਹੁ ਕਾਲ **ਨਿਤਹਿ** ਨਿਤ ਹੇਰੈ।" — ਦੇਵ **੫**, ੧੨, ੧ : ੨ (530)

ਨਿਤਪ੍ਰਤਹ — ਹਰ ਰੋਜ਼, ਹਮੇਸ਼ਾਂ, ਸਦਾ

"ਰਮੰਤਿ ਗੁਣ ਗੋਬਿੰਦ **ਨਿਤ ਪ੍ਰਤਹ**।" — ਸਸ **੫**, ੪੨ : ੫ (1357)

ਨਿਤਪ੍ਰਤਿ — ਹਮੇਸ਼ਾਂ, ਹਰ ਰੋਜ਼, ਸਦਾ
"ਅਸੰਖ ਅਵਗਣ ਖਤੇ ਫੇਰੇ **ਨਿਤ ਪ੍ਰਤਿ** ਸਦ ਭੂਲੀਐ।" — ਜੈਤ **੫**, ਛੰਤ ੨, ੧ : ੩ (704)

ਹੋਰ ਰੂਪ — ਨਿਤਪ੍ਰਤੇ —
"ਅਚੇਤ ਮੂੜਾ ਨ ਜਾਣੰਤ ਘਟੰਤ ਸਾਸਾ **ਨਿਤਪ੍ਰਤੇ**।" — ਸਸ **੫**, ੬੧ : ੧ (1359)

ਨਿਤਬਾਲਾ — ਸਦਾ, ਜੁਆਨ
"ਪੂਰਨ ਪੁਰਖੁ ਨਵਤਨੁ **ਨਿਤ ਬਾਲਾ**।" — ਗਉ **੫**, ਅਸ ੧੧, ੭ : ੧ (240)

ਨਿਤਾ — ਹਮੇਸ਼ਾ, ਨਿਤ
"ਗੋਬਿੰਦ ਬਸੈ **ਨਿਤਾ** ਨਿਤ ਚੀਤ।" — ਗਉ **ਕਬ**, ਅਸ ੪੦, ੨ : ੪ (331)

ਨਿਤਾਣਾ — ਤਾਣ ਹੀਨ, ਕਮਜ਼ੋਰ, ਬਲਹੀਣ
"ਤਾਣ ਹੋਦੇ ਹੋਇ **ਨਿਤਾਣਾ**।" — ਸਲੋ **ਫਰ**, ੧੨੮ : ੨ (1384)

ਨਿਤਾਣਿਆ — ਤਾਣ ਰਹਿਤ ਪ੍ਰਾਣੀਆਂ/ਕਮਜ਼ੋਰਾਂ/ਮਾੜਿਆਂ ਦਾ
"ਸਾਹਿਬ **ਨਿਤਾਣਿਆ** ਕਾ ਤਾਣੁ।" — ਸਿਰੀ **੫**, ਅਸ ੨੬, ੧* : ੧ (70)

ਨਿਤਾਣੀ — ਤਾਣਹੀਣ, ਬਲਹੀਣ, ਕਮਜ਼ੋਰ
"ਨਿਮਾਣੀ **ਨਿਤਾਣੀ** ਹਰਿ ਬਿਨੁ ਕਿਉ ਪਾਵੈ ਸੁਖ ਮਹਲੀ।" — ਤੁਖਾ **੧**, ਬਾਰਾ ੭ : ੫ (1108)

ਹੋਰ ਰੂਪ — ਨਿਤਾਣੀਆ —
"ਹੋਦੈ ਤਾਣਿ **ਨਿਤਾਣੀਆ** ਰਹਹਿ ਨਿਮਾਨਣੀਆਹ।" — ਸਿਰੀ **੪**, ਵਾਰ ੭ਸ, **੧**, ੨ : ੫ (85)

ਨਿਤਾਣੁ — ਬਲਹੀਣਾਂ/ਨਿਤਾਣਿਆਂ ਦਾ
"ਸਤਿਗੁਰੁ ਮੇਰਾ ਤਾਣੁ **ਨਿਤਾਣੁ**।" — ਭੈਰ **੫**, ੨੪, ੩ : ੧ (1142)

ਨਿਤਾਣੇ — ਬਲਹੀਣ, ਕਮਜ਼ੋਰ
"ਜਿਨ੍ਹੀ ਸਤਿਗੁਰੁ ਸੇਵਿਆ ਤਾਣੁ **ਨਿਤਾਣੇ** ਤਿਸੁ।" — ਬਿਲਾ **੪**, ਵਾਰ ੧੨ਸ, **੩**, ੨ : ੧ (854)

ਨਿਤਾਪ੍ਰਤਿ — ਹਮੇਸ਼ਾ/ਸਦਾ/ਹਰ ਰੋਜ਼ ਦੀ
"ਵਰਤੁ ਨੇਮੁ **ਨਿਤਾ ਪ੍ਰਤਿ** ਪੂਜਾ।" — ਬਿਲਾ **੩**, ਵਾ ੧, ੭ : ੫ (841)

ਨਿਤਿ — ਹਮੇਸ਼ਾਂ, ਸਦਾ, ਹਰ ਰੋਜ਼
"**ਨਿਤਿ** ਅਹਿਨਿਸਿ ਹਰਿ ਪ੍ਰਭੁ ਸੇਵਿਆ ਸਤਗੁਰਿ ਦੀਆ ਨਾਮੁ।" — ਸਿਰੀ **੧**, ੧੯, ੨ : ੩ (21)

ਨਿਥਾਵਿਆ — ਜਿਨਾਂ ਦਾ ਕੋਈ ਥਾਂ/ਟਿਕਾਣਾ ਨਹੀਂ
"ਨਿਧਰਿਆ ਧਰ ਨਿਗਤਿਆ ਗਤਿ **ਨਿਥਾਵਿਆ** ਤੂ ਥਾਉ।" — ਸਾਰ **੫**, ੧, ੨ : ੧ (1202)

ਨਿਥਾਵੇ — ਜਿਸ ਦਾ ਕੋਈ ਟਿਕਾਣਾ ਨਾ ਹੋਵੇ
"ਗੁਰ ਚਰਣ ਕਮਲ ਗੁਰਿ ਧਨੁ ਦੀਆ ਮਿਲਿਆ **ਨਿਥਾਵੇ** ਥਾਉ।" — ਸਿਰੀ **੫**, ੮੮, ੧ : ੨ (48)

ਨਿੰਦ — 1. ਨਿੰਦਾ ਭਰੀ
"ਸ੍ਰਵਣ ਸੋਹੇ ਸੁਣਿ **ਨਿੰਦ** ਵੀਚਾਰ।" — ਗਉ **੫**, ੮੯, ੧ : ੨ (182)
2. ਨਿੰਦਾ, ਨਿੰਦਿਆ
"ਪਰ ਤ੍ਰਿਅ ਰਮਹਿ ਬਕਹਿ ਸਾਧ **ਨਿੰਦ**।" — ਗਉ **੫**, ਥਿਤੀ ੯ : ੩ (298)

ਨਿੰਦਉ — ਨਿੰਦਿਆ ਕਰੋ, ਦੋਸ਼ ਕਢੋ
"**ਨਿੰਦਉ ਨਿੰਦਉ** ਮੋ ਕਉ ਲੋਗੁ **ਨਿੰਦਉ**।" — ਗਉ **ਕਬ**, ੭੧, ੧* : ੧ (339)

ਨਿੰਦਸਿ — ਨਿੰਦਦੀ ਹੈ, ਦੋਸ਼ ਕਢਦੀ ਹੈ
"ਨਾਰਾਇਣ **ਨਿੰਦਸਿ** ਕਾਇ ਭੂਲੀ ਗਵਾਰੀ।" — ਧਨਾ **ਤ੍ਰਿਲੋ**, ੧, ੧* : ੧ (695)

ਨਿੰਦਹਿ — ਨਿੰਦਦਾ ਹੈ, ਦੋਸ਼ ਕਢਦਾ ਹੈ
"ਤਿਹ **ਨਿੰਦਹਿ** ਜਿਹ ਗੰਗਾ ਆਨੀ।" — ਗਉ **ਕਬ**, ੪੪, ੨ : ੨ (332)

ਹੋਰ ਰੂਪ — ਨਿੰਦਹੁ —
"ਸੰਤਾ ਕਉ ਮਤਿ ਕੋਈ **ਨਿੰਦਹੁ** ਸੰਤ ਰਾਮੁ ਹੈ ਏਕੋੁ।" — ਸੂਹੀ **ਕਬ**, ੫, ੪ : ੧ (793)

ਨਿੰਦਕ — ਨਿੰਦਾ ਕਰਨ ਵਾਲਾ
"ਅਸੰਖ **ਨਿੰਦਕ** ਸਿਰਿ ਕਰਹਿ ਭਾਰੁ।" — ਜਪੁ **੧**, ੧੮ : ੮ (4)

ਹੋਰ ਰੂਪ — ਨਿੰਦਕਾ —
"**ਨਿੰਦਕਾ** ਕੇ ਮੁਹ ਕਾਲੇ ਕਰੇ ਹਰਿ ਕਰਤੈ ਆਪਿ ਵਧਾਈ।" — ਗਉ **੪**, ਵਾਰ ੧੩ਸ, **੪**, ੧ : ੪ (307)

ਨਿੰਦਕਾਂ —
"**ਨਿੰਦਕਾਂ** ਪਾਸਹੁ ਹਰਿ ਲੇਖਾ ਮੰਗਸੀ ਬਹੁ ਦੇਇ ਸਜਾਈ।" — ਗਉ **੪**, ਵਾਰ ੩੦ਸ, **੪**, ੨ : ੫ (316)

ਨਿੰਦਕਿ —

"**ਨਿੰਦਕਿ** ਅਹਿਲਾ ਜਨਮੁ ਗਵਾਇਆ।"
(ਨਿੰਦਕ ਨੇ)— ਆਸਾ **੫**, ੪੧, ੧* : ੧ (380)

ਨਿੰਦਕੁ —
"**ਨਿੰਦਕੁ** ਮੁਆ ਉਪਜਿ ਵਡ ਤਾਪੁ।"
— ਗਉ **੫**, ੧੬੭, ੨ : ੨ (199)

ਨਿਦਲਿਅਉ — ਦਲਿਆ, ਕੁਚਲਿਆ
"ਪੰਚਾ ਹਰੁ **ਨਿਦਲਿਅਉ** ਸੁੰਨ ਸਹਿਜ ਨਿਜ ਘਰਿ ਸਹਾਰੁਉ।" — ਸਵ **੫**, ਕਲ ੯ : ੨ (1408)

ਨਿੰਦਾ — ਔਗੁਣ ਕਢਣ ਦੀ ਕਿਰਿਆ
"ਪਰ **ਨਿੰਦਾ** ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ।" — ਸਿਰੀ **੧**, ੪, ੧ : ੨ (15)

ਨਿਦਾਨ — ਅੰਤ ਨੂੰ, ਓੜਕ ਨੂੰ, ਆਖਰ ਨੂੰ
"ਰਾਖਨਹਾਰ ਰਖਿ ਲੇਇ **ਨਿਦਾਨ**।"
— ਗਉ **੫**, ੯੨, ੨ : ੨ (183)

ਹੋਰ ਰੂਪ — ਨਿਦਾਨਾ —
"ਮੋਹਨ ਜਮੁ ਨੇੜਿ ਨ ਆਵੈ ਤੁਧੁ ਜਪਹਿ **ਨਿਦਾਨਾ**।" (ਓੜਕ/ਅੰਤ ਨੂੰ)
— ਗਉ **੫**, ਛੰਤ ੨, ੩ : ੨ (248)

ਨਿਦਾਨਿ — 1. ਅੰਤ ਨੂੰ, ਓੜਕ
"ਮਾਇਆ ਕਾ ਰੰਗੁ ਸਭੁ ਫਿਕਾ ਜਾਤੋ ਬਿਨਸਿ **ਨਿਦਾਨਿ**।" — ਸਿਰੀ **੫**, ੭੮, ੨ : ੨ (45)
2. (ਨਾਦਾਨ) ਮੂਰਖ, ਬੇਸਮਝ, ਨਾਦਾਨ
"ਕਹਿ ਰਵਿਦਾਸ **ਨਿਦਾਨਿ** ਦਿਵਾਨੇ।"
— ਸੂਹੀ **ਰਵਿ**, ੨, ੩ : ੩ (794)

ਨਿੰਦਿਆ — ਨਿੰਦਾ, ਦੋਸ਼ ਕਢਣ ਦੀ ਕਿਰਿਆ
"ਪਰਦਾਰਾ **ਨਿੰਦਿਆ** ਰਸ ਰਚਿਓ ਰਾਮ ਭਗਤਿ ਨਹਿ ਕੀਨੀ।" — ਸੋਰ **੯**, ੩, ੧* : ੨ (632)

ਨਿੰਦੀਐ — ਦੀ ਨਿੰਦਾ ਕਰੀਏ, ਦੇ ਦੋਸ਼ ਕਢੀਏ
"ਕਬੀਰ ਨ੍ਰਿਪ ਨਾਰੀ ਕਿਉ **ਨਿੰਦੀਐ** ਕਿਉ ਹਰਿ ਚੇਰੀ ਕਉ ਮਾਨੁ।"
— ਸਲੋ **ਕਬ**, ੧੯੦ : ੧ (1373)

ਨਿੰਦੁ — 1. ਨਿੰਦਾ, ਯੋਗ, ਨਿੰਦਨੀਆ, ਬੁਰਾ
"ਜੋ ਅਨਿੰਦੁ **ਨਿੰਦੁ** ਕਰਿ ਛੋਡਿਓ ਸੋਈ ਫਿਰਿ ਫਿਰਿ ਖਾਤ।" — ਗੂਜ **੫**, ੫, ੩ : ੨ (496)
2. ਨਿੰਦਨਾ
"**ਨਿੰਦੁ** ਬਿੰਦੁ ਨਹੀ ਜੀਉ ਨ ਜਿੰਦੋ।"
— ਮਾਰੂ **੧**, ਸੋਲਾ ੧੫, ੯ : ੧ (1035)

ਨਿੰਦੈ — ਨਿੰਦਿਆ ਕਰਨ, ਦੋਸ਼ ਕਢਣ
"ਜੇ ਲੋਕੁ ਸਲਾਹੇ ਤਾ ਤੇਰੀ ਉਪਮਾ ਜੇ **ਨਿੰਦੈ** ਤ ਛੋਡਿ ਨ ਜਾਈ।"— ਸੂਹੀ **੪**, ਅਸ ੧, ੯ : ੧ (757)
"ਨਿੰਦਕੁ **ਨਿੰਦੈ** ਮੁਝੈ ਪਿਆਰਾ।" (ਨਿੰਦਦਾ ਹੈ)
— ਪ੍ਰਭਾ **੧**, ੧੨, ੧* : ੨ (1330)

ਨਿਦੋਸ਼ਾਂ — ਦੋਸ਼ ਰਹਿਤ, ਬੇਕਸੂਰ
"ਏਹੁ **ਨਿਦੋਸ਼ਾਂ** ਮਾਰੀਐ ਹਮ ਦੋਸਾਂ ਦਾ ਕਿਆ ਹਾਲੁ।" — ਸਲੋ **ਫਰ**, ੩੯ : ੨ (1379)

ਨਿਦ੍ਰਾ — ਨੀਂਦ
"ਜਿਉ ਸੁਪਨੈ ਨਿਸਿ ਭੁਲੀਐ ਜਸ ਲਗਿ **ਨਿਦ੍ਰਾ** ਹੋਇ।" — ਸਿਰੀ **੧**, ਅਸ ੧੫, ੭ : ੧ (63)

ਨਿਧਨ — ਨਿਰਧਨ, ਗਰੀਬ
"ਤਿ ਨਰ ਦੁਖ ਨਹ ਭੁਖ ਤਿ ਨਰ **ਨਿਧਨ** ਨਹੁ ਕਹੀਅਹਿ।" — ਸਵ **੩**, ੧੧ : ੧ (1394)
(ਮਹਾਨਕੋਸ਼ ਅਰਥ 'ਮਰਣ' ਕਰਦੇ ਹਨ)

ਨਿਧਨਿਆ — ਧਨ ਵਿਹੂਣਿਆਂ, ਗਰੀਬਾਂ
"**ਨਿਧਨਿਆ** ਧਨੁ ਨਿਗੁਰਿਆ ਗੁਰੁ ਨਿੰਮਾਣਿਆ ਤੂ ਮਾਣੁ।" — ਮਾਰੂ **੧**, ੧੦, ੩ : ੧ (992)

ਨਿਧਰਿਆ — ਨਿਰਾਸਰੇ, ਨਿਆਸਰੇ
"ਮੈ **ਨਿਧਰਿਆ** ਧਰ ਏਕ ਤੂ ਮੈ ਤਾਣੁ ਸਤਾਣਾ।"
— ਆਸਾ **੧**, ਅਸ ੨੦, ੧ : ੨ (421)

ਨਿਧਾਨ — ਖਜਾਨੇ, ਭੰਡਾਰ, ਨਿਧੀਆਂ ਦਾ ਘਰ, ਸੁਖਾਂ ਦਾ ਘਰ
"ਸਭਿ **ਨਿਧਾਨ** ਦਸ ਅਸਟ ਸਿਧਾਨ ਠਾਕੁਰ ਕਰ ਤਲ ਧਰਿਆ।"— ਗੂਜ **੫**, ਸੋਦ ੫, ੪ : ੧ (10)
"ਦੁਖ ਭੰਜਨ **ਨਿਧਾਨ** ਅਮੋਲੇ।" (ਭੰਡਾਰ)
— ਮਾਝ **੫**, ੧੬, ੨ : ੧ (99)
"ਜਿਸੁ ਮਨਿ ਬਸੈ ਸੁ ਹੋਤ **ਨਿਧਾਨ**।"
— ਗਉ **੫**, ਸੁਖ ੨੪, ੫ : ੪ (295)
(ਮਹਾਨਕੋਸ਼ ਇਥੇ ਅਰਥ 'ਸਥਾਪਨ', ਸਥਿਤ ਦਾ ਭਾਵ ਦਿੰਦਾ ਹੈ)

ਹੋਰ ਰੂਪ — ਨਿਧਾਨੰ —
"ਸਾਚੁ ਕਰਿ ਹਮ ਗਾਠਿ ਦੀਨੀ ਛੋਡਿ ਪਰਮ **ਨਿਧਾਨੰ**।"— ਆਸਾ **ਕਬ**, ੩੭, ੧ : ੨ (482)

ਨਿਧਾਨਾ —
"ਨਾਮ **ਨਿਧਾਨਾ** ਗੁਰਮੁਖਿ ਪਾਈਐ ਕਹੁ ਨਾਨਕ ਵਿਰਲੀ ਡੀਠਾ ਜੀਉ।"

— ਮਾਝ **੫**, ੨੨, ੪ : ੩ (101)

ਨਿਧਾਨਾ — 1. ਖਜ਼ਾਨਾ, ਵੇਖੋ 'ਨਿਧਾਨ'
"ਸਰਬ ਮਨੋਰਥ ਜੇ ਕੋ ਚਾਹੈ ਸੇਵੈ ਏਕ **ਨਿਧਾਨਾ**।" (ਖਜ਼ਾਨਾ ਭਾਵ ਹਰਿ)
— ਧਨਾ **੫**, ੮, ੩ : ੧ (672)
"ਤਿਸਹਿ ਪਰਾਪਤਿ ਹੋਇ **ਨਿਧਾਨਾ**।" (ਭਾਵ ਹਰਿ)
— ਮਾਰੂ **੫**, ਸੋਲਾ ੧੩, ੫ : ੧ (1085)
2. ਆਤਮ ਅਨੰਦ, ਆਤਮ ਸੰਤੁਸ਼ਟੀ
"ਤਾ ਮੇਰੈ ਮਨਿ ਭਇਆ **ਨਿਧਾਨਾ**।"
— ਗਉ **੫**, ੧੦੦, ੧ : ੨ (186)
3. ਨਿਧੀਆਂ ਦਾ ਭੰਡਾਰ/ਘਰ
"ਸੁਨਿ ਸ੍ਰਵਨ ਬਾਨੀ ਪੁਰਖ ਗਿਆਨੀ ਮਨਿ **ਨਿਧਾਨਾ** ਪਾਵਹੇ।"
— ਆਸਾ **੫**, ਛੰਤ ੮, ੪ : ੩ (458)

ਨਿਧਾਨੀ — ਨਿਧੀਆਂ/ਸੁੱਖਾਂ ਦਾ ਭੰਡਾਰ/ਖਜ਼ਾਨਾ
"ਪ੍ਰਿਅ ਰੰਗ ਦੇਖੈ ਜਪਤੀ ਨਾਮੁ **ਨਿਧਾਨੀ**।"
— ਕੇਦਾ **੫**, ੧, ੧* : ੨ (1119)

ਨਿਧਾਨੁ — ਖਜ਼ਾਨਾ
"ਨਾਨਕ ਗਾਵੀਐ ਗੁਣੀ **ਨਿਧਾਨੁ**।"
— ਜਪੁ **੧**, ੫ : ੪ (2)
"ਨਾਨਕ ਸਚ ਭਏ ਬਿਗਾਨਾ ਗੁਰਿ **ਨਿਧਾਨੁ** ਰਿਦੈ ਲੈ ਰਾਖਿਆ।" (ਭਾਵ ਨਾਮ ਦਾ ਖਜ਼ਾਨਾ)
— ਗਉ **੫**, ੧੬੧*, ੪ : ੨ (215)
"ਏਹੁ **ਨਿਧਾਨੁ** ਜਪੈ ਵਡਭਾਗੀ ਜੀਉ।" (ਭਾਵ ਹਰਿ) — ਗਉ **੫**, ੧੬੮*, ੩ : ੧ (217)
"ਅੰਤਰਿ ਸਬਦੁ **ਨਿਧਾਨੁ** ਹੈ ਮਿਲਿ ਆਪੁ ਗਵਾਈਐ।" (ਨਿਧੀਆਂ/ਸੁਖਾਂ ਦਾ ਘਰ)
— ਗਉ **੧**, ੧੨, ੨ : ੨ (228)

ਹੋਰ ਰੂਪ — ਨਿਧਾਨੋ —
"ਹਰਿ ਕਾ ਨਾਮੁ **ਨਿਧਾਨੋ** ਪਾਇਆ ਸੁਖੁ ਵਸਿਆ ਮਨਿ ਆਇ।" (ਖਜ਼ਾਨਾ)
— ਭੈਰ **੩**, ੧੧, ੩ : ੨ (1130)

ਨਿਧਾਰਾ — ਨਿਆਸਰਿਆ
"ਜੋ ਮੰਗੀਐ ਸੋਈ ਪਾਈਐ **ਨਿਧਾਰਾ** ਆਧਾਰੁ।"
— ਸਿਰੀ **੫**, ੮੩, ੨ : ੪ (47)

ਨਿਧਿ — 1. ਨਿਧੀਆਂ
"ਨਉ **ਨਿਧਿ** ਉਪਜੈ ਨਾਮੁ ਏਕੁ ਕਰਮਿ ਪਵੈ ਨੀਸਾਣੁ।" — ਸਿਰੀ **੧**, ੧੩, ੨ : ੩ (19)
"**ਨਿਧਿ** ਸਿਧਿ ਰਿਧਿ ਹਰਿ ਹਰਿ ਹਰਿ ਮੇਰੈ।" (ਨੌਂ ਨਿਧੀਆਂ) — ਮਾਝ **੫**, ੨੩, ੧ : ੧ (101)
2. ਖਜ਼ਾਨਾ, ਭੰਡਾਰ
"ਭਏ ਕਿਰਪਾਲ ਗੋਪਾਲ ਪ੍ਰਭ ਮੇਰੇ ਸਾਧ ਸੰਗਤਿ **ਨਿਧਿ** ਮਾਨਿਆ।"
— ਸਿਰੀ **੫**, ਛੰਤ ੩, ੩ : ੪ (81)
"ਸਾਧਸੰਗਿ ਪਾਈਐ **ਨਿਧਿ** ਨਾਮਾ।"
— ਗਉ **੫**, ੧੧੬, ੨ : ੧ (189)

ਨਿਧਿ ਗੁਣ — ਗੁਣਾਂ ਦਾ ਖਜ਼ਾਨਾ ਭਾਵ ਹਰਿ
"**ਨਿਧਿ ਗੁਣ** ਗਾਵਾ ਦੇਖਿ ਹਦੂਰਿ।"
— ਆਸਾ **੧**, ਅਸ ੧, ੨ : ੪ (411)

ਨਿਧਿ ਜਲੁ — ਸਮੁੰਦਰੀ ਪਾਣੀ
"ਅਗਨਿ ਮਰੈ ਜਲੁ ਲੋੜਿ ਲਹੁ ਵਿਣੁ ਗੁਰ **ਨਿਧਿ ਜਲੁ** ਨਾਹਿ।" — ਸਲੋ **੧**, ੯ : ੧ (1411)

ਨਿਧਿਨਾਮੁ — ਨਾਮ ਰੂਪੀ ਖਜ਼ਾਨਾ
"**ਨਿਧਿ ਨਾਮੁ** ਨਾਨਕ ਮੋਰੈ।"
— ਆਸਾ **੫**, ੧੫੪, ੨ : ੪ (408)

ਨਿਧੀ — ਨਿਧਿ, ਇਕ ਸ਼ਕਤੀ
"ਨਵ **ਨਿਧੀ** ਅਠਾਰਹ ਸਿਧੀ ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ।"
— ਸੋਰ **੪**, ਵਾਰ ੧੯ਸ, **੩**, ੧ : ੨ (649)

ਨਿਧੇ — ਖਜ਼ਾਨਾ, ਭੰਡਾਰ
"ਪ੍ਰਾਨ ਮਨੁ ਧਨੁ ਸਰਬਸੋ ਹਰਿ ਗੁਨ **ਨਿਧੇ** ਸੁਖ ਮੋਰ।" — ਕਾਨ **੫**, ੪੮, ੧ : ੧ (1307)

ਨਿਧੋ — ਖਜ਼ਾਨਾ
"ਹਿਰਦੈ ਗਾਵਹੁ ਨਾਮ **ਨਿਧੋ**।"
— ਗਉ **੫**, ਅਸ ੧੩, ੫ : ੨ (241)

ਨਿਨਾਉ — ਬਗੈਰ ਨਾਮ ਦੇ
"ਵਿਚਿ ਹਉਮੈ ਕਰਮ ਕਮਾਵਦੇ ਜਿਉ ਵੇਸੁਵਾ ਪੁਤੁ **ਨਿਨਾਉ**।" — ਸਿਰੀ **੪**, ਵਣ ੧, ੨ : ੨ (82)
(ਮਹਾਨਕੋਸ਼ ਇਸ ਦੇ ਅਰਥ 'ਬਦਨਾਮ' ਕਰਦਾ ਹੈ)

ਨਿਨਾਮ — ਨਾਮ ਤੋਂ ਬਿਨਾਂ
"ਸਾਕਤ ਬੇਸੁਆ ਪੂਤ **ਨਿਨਾਮ**।"
— ਗਉ **੫**, ਅਸ ੨, ੩ : ੨ (239)

ਨਿਪੰਗੁ — (ਸੰ. निष्पक) ਚਿਕੜ ਰਹਿਤ, ਨਿਰਮਲ,

ਸਾਫ
"ਊਨਵਿ ਊਨਵਿ ਆਇਆ ਵਰਸੈ ਨੀਰੁ **ਨਿਪੰਗੁ**।"
— ਮਲਾ **੧**, ਵਾਰ ਪਸ, **੩**, ੨ : ੧ (1280)

ਨਿਪਜਹਿ — ਉਪਜੇ, ਪੈਦਾ ਹੋਏ
"ਇਸਤ੍ਰੀ ਪੁਰਖ **ਨਿਪਜਹਿ** ਮਾਸਹੁ ਪਾਤਿਸਾਹ ਸੁਲਤਾਨਾਂ।"
— ਮਲਾ **੧**, ਵਾਰ ੨੫ਸ, **੧**, ੨ : ੧੯ (1290)

ਨਿਪਜਾਏ — ਪੈਦਾ ਕੀਤੇ, ਉਪਜਾਏ
"ਕਈ ਕੋਟਿ ਪਾਥਰ ਬਿਰਖ **ਨਿਪਜਾਏ**।"
— ਗਉ **੫**, ਸੁਖ ੧੦, ੩ : ੪ (275)

ਨਿਪਜਿ — ਪੈਦਾ ਹੋ ਕੇ, ਉਪਜਕੇ
"ਉਪਜੈ ਨਿਪਜੈ **ਨਿਪਜਿ** ਸਮਾਈ।"
— ਗਉ **ਕਬ**, ੧੧, ੧ : ੧ (325)

ਨਿਪਜੇ — ਪੈਦਾ ਹੋਏ
"ਅਗਨਿ ਬਿੰਬ ਜਲ ਭੀਤਰਿ **ਨਿਪਜੇ** ਕਾਹੇ ਕੰਮਿ ਉਪਾਏ।" — ਗਉ **੧**, ੧੨, ੧ : ੨ (156)

ਨਿਪਜੈ — ਵਧਣਾ, ਪੁਸ਼ਟਤ ਹੋਣਾ
"ਉਪਜੈ **ਨਿਪਜੈ** ਨਿਪਜਿ ਸਮਾਈ।"
— ਗਉ **ਕਬ**, ੧੧, ੧ : ੧ (325)

ਨਿਪਟਿ — ਸਰਾਸਰਾ, ਬਿਲਕੁਟ
"**ਨਿਪਟਿ** ਬਾਜੀ ਹਾਰਿ ਮੂਕਾ ਪਛੁਤਾਇਓ ਮਨਿ ਭੋਰਾ।" — ਆਸਾ **੫**, ੧੫੨, ੨ : ੨ (408)

ਨਿਪੰਨੇ — ਨਿਪਜੇ, ਪੈਦਾ ਹੋਏ
"ਮਾਤ ਪਿਤਾ ਕੀ ਰਕਤੁ **ਨਿਪੰਨੇ** ਮਛੀ ਮਾਸੁ ਨ ਖਾਂਹੀ।"
— ਮਲਾ **੧**, ਵਾਰ ੨੫ਸ, **੧**, ੨ : ੮ (1289)

ਨਿਪੂਤੇ — ਔਂਤਰੇ, ਪੁਤਰ ਰਹਿਤ
"ਜਬ ਕੀ ਮਾਲਾ ਲਈ **ਨਿਪੂਤੇ** ਤਬ ਤੇ ਸੁਖੁ ਨ ਭਇਓ।" — ਬਿਲਾ **ਕਬ**, ੪, ੧* : ੨ (856)

ਨਿਫਲ — 1. ਨਿਸਫਲ, ਫਲ ਰਹਿਤ
"ਸਗਲੀ ਫੂਲੀ **ਨਿਫਲ** ਨ ਕਾਈ।"
— ਆਸਾ **੫**, ੫੬, ੩ : ੨ (385)

2. ਬੇਅਰਥ, ਅਕਾਰਥ
"ਪਰ ਨਿੰਦਾ ਮੁਖ ਤੇ ਨਹੀ ਛੂਟੀ **ਨਿਫਲ** ਭਈ ਸਭ ਸੇਵਾ।"— ਸਾਰ **ਪਰ**, ੧, ੧ : ੨ (1253)

ਨਿਬਹਤ — ਨਿਭਣਾ, ਤਗਣਾ
"ਖਾਤ ਖਰਚਤ **ਨਿਬਹਤ** ਰਹੈ ਗੁਰ ਸਬਦੁ ਅਖੂਟ।"
— ਬਿਲਾ **੫**, ੬੨, ੧* : ੧ (816)

ਨਿਬਹਾਵੈ — ਨਿਭੇਗਾ
"ਕਰੁ ਗਹਿ ਲੇਹੁ ਓੜਿ **ਨਿਬਹਾਵੈ**।"
— ਗਉ **੫**, ਸੁਖ ੪, ੬ : ੨ (267)

ਨਿਬਹਿਆ — ਨਿਭਿਆ, ਪੁਗਿਆ
"ਪੀਸਤ ਪੀਸਤ ਚਾਬਿਆ ਸੋਈ **ਨਿਬਹਿਆ** ਸਾਥ।"
— ਸਲੋ **ਕਬ**, ੨੧੫ : ੨ (1376)

ਨਿਬਹੀ — ਨਿਭੀ, ਪੂਰੀ ਚੜੀ ਭਾਵ ਸਫਲ ਹੋਈ
"ਨਾਨਕ **ਨਿਬਹੀ** ਖੇਪ ਹਮਾਰੀ।" (ਤੋੜ ਪਹੁੰਚੀ)
— ਗਉ **੫**, ਸੁਖ ੨੪, ੪ : ੧੦ (295)
"ਐਥੈ ਓਥੈ **ਨਿਬਹੀ** ਨਾਲਿ।" (ਤੋੜ ਸਾਥ ਦਿੱਤਾ)
— ਰਾਮ **੧**, ੭, ੨ : ੪ (878)

ਨਿਬਹੈ — ਤੋੜ ਚੜੇ/ਨਿਭੈ, ਸਾਥ ਦੇਵੇ
"ਤੈਸੀ ਵਸਤੁ ਵਿਸਾਹੀਐ ਜੈਸੀ **ਨਿਬਹੈ** ਨਾਲਿ।"
— ਸਿਰੀ **੧**, ੨੩, ੧ : ੧ (22)

ਨਿਬਗ — ਬਹੁਤ ਸਫੈਦ/ਉਜਲ
"ਗਲੀ ਜਿਨ੍ਾ ਜਪ ਮਾਲੀਆ ਲੋਟੇ ਹਥਿ **ਨਿਬਗ**।"
— ਆਸ **ਕਬ**, ੨, ੧ : ੨ (475)

ਨਿਬਰਿਓ — ਮੁਕਿਆ
"ਸੋ ਤਰਵਰੁ ਚੰਦਨੁ ਹੋਇ **ਨਿਬਰਿਓ**।"
— ਭੈਰ **ਕਬ**, ੫, ੨ : ੨ (1158)

ਨਿਬਰੀ — ਮੁਕੀ
"ਸੋ ਸਲਿਤਾ ਗੰਗਾ ਹੋਇ **ਨਿਬਰੀ**।"
— ਭੈਰ **ਕਬ**, ੫, ੧ : ੨ (1158)

ਨਿਬਲ — ਕੰਮਜ਼ੋਰ
"ਇੰਦ੍ਰੀ ਸਬਲ **ਨਿਬਲ** ਬਿਬੇਕ ਬੁਧਿ ਪਰਮਾਰਥ ਪਰਵੇਸ ਨਹੀ।"— ਸੋਰ **ਰਵਿ**, ੩, ੨ : ੨ (658)

ਨਿਬੜਿਆ — ਮੁਕਿਆ
"ਨਾਨਕ ਜਿਨ੍ ਕਉ ਸਤਿਗੁਰੁ ਮਿਲਿਆ ਤਿਨ੍ ਕਾ ਲੇਖਾ **ਨਿਬੜਿਆ**।"
— ਆਸਾ **੩**, ਪਟੀ ੧੮ : ੨ (435)
"ਹੁਕਮੁ ਹੋਆ ਹਾਸਲੁ ਤਦੇ ਹੋਇ **ਨਿਬੜਿਆ** ਹੰਢਹਿ ਜੀਅ ਕਮਾਂਦੇ।"
— ਸੋਰ **੪**, ਵਾਰ ੨੯ਸ, **੪**, ੧ : ੨ (653)

ਨਿਬੜੈ — ਮੁਕੇ, ਖਤਮ ਹੋਵੇ
"ਪਤਿ ਸਿਉ ਲੇਖਾ **ਨਿਬੜੈ** ਰਾਮ ਨਾਮੁ ਪਰਗਾਸਿ।"
— ਸਿਰੀ **੧**, ਅਸ ੩, ੭ : ੩ (55)

ਨਿਬਾਸਨ — ਵਾਸ਼ਨਾ ਰਹਿਤ, ਇਛਾ ਰਹਿਤ
"ਬਾਸਨ ਮੇਟਿ **ਨਿਬਾਸਨ** ਹੋਈਐ ਕਲਮਲ ਸਗਲੇ ਜਾਲਕਾ।"— ਮਾਰੂ **੫**, ਸੋਲਾ ੧੩, ੭ : ੩ (1085)

ਨਿਬਾਹਿ — ਸਿਰੇ ਚਾੜ੍ਹੇ, ਪੂਰਾ ਕਰੇ, ਤੋੜ ਚਾੜ੍ਹੇ
"ਹਰਿ ਇਕ ਤੈ ਕਾਰੈ ਲਾਇਓਨੁ ਜਿਉ ਭਾਵੈ ਤਿਂਵੈ **ਨਿਬਾਹਿ** ਜੀਉ।"
— ਸਿਰੀ **੫**, ਅਸ ੨੯, ੩ : ੩ (73)
"**ਨਿਬਾਹਿ** ਲੇਹੁ ਮੋ ਕਉ ਪੁਰਖ ਬਿਧਾਤੇ ਓੜਿ ਪਹੁਚਾਵਹੁ ਦਾਤੇ।" (ਪੂਰਾ ਉਤਾਰੋ)
— ਗਉ **੫**, ੧੩੫*, ੧* : ੨ (209)
"ਆਪੁਨੀ ਭਗਤਿ **ਨਿਬਾਹਿ**।" (ਤੋੜ ਚਾੜ੍ਹੋ)
— ਆਸਾ **੫**, ੧੪੬, ੧* : ੧ (407)

ਨਿਬਾਹਿਓ — ਪੂਰਾ ਕਰਿਓ, ਸਿਰੇ ਚਾੜ੍ਹਿਓ
"ਨੇਮੁ **ਨਿਬਾਹਿਓ** ਸਤਿਗੁਰੂ ਪ੍ਰਭਿ ਕਿਰਪਾਧਾਰੀ।"
— ਆਸਾ **੫**, ੧੧੫, ੩ : ੨ (399)

ਨਿਬਾਹੀ — 1. ਸਾਥ ਦਿਓ, ਤੋੜ ਚਾੜ੍ਹੋ
"ਬੂਡਤ ਮੋਹ ਗ੍ਰਿਹ ਅੰਧ ਕੂਪ ਮਹਿ ਨਾਨਕ ਲੇਹੁ **ਨਿਬਾਹੀ**।" — ਸੋਰ **੫**, ੭, ੪ : ੨ (610)
"ਪਾਰਬ੍ਰਹਮ **ਨਿਬਾਹੀ** ਪੂਰੀ।" (ਤੋੜ ਚਾੜ੍ਹੀ)
— ਸੋਰ **੫**, ੫੮, ੧ : ੧ (623)
2. ਸਿਰੇ ਚਾੜ੍ਹੀ, ਪੂਰੀ ਕੀਤੀ
"ਖੇਪ **ਨਿਬਾਹੀ** ਬਹੁਤੁ ਲਾਭ ਘਰਿ ਆਏ ਪਤਿਵੰਤ।"— ਗਉ **੫**, ਬਾਅ ਪੜ : ੫ (261)

ਨਿਬਾਹੈ — ਨਿਭਾਂਦਾ/ਸਾਥ ਦਿੰਦਾ ਹੈ
"ਆਦਿ ਮਧਿ ਜੋ ਅੰਤਿ **ਨਿਬਾਹੈ**।"
— ਗਉ **੫**, ੧੧, ੧ : ੧ (240)

ਨਿਬਿਹੋ — ਸਾਥ ਨਿਭਿਆ, ਤੋੜ ਚੜ੍ਹਿਆ
"ਸੰਗ ਸਖਾ ਸਭਿ ਤਜਿ ਗਏ ਕੋਊ ਨ **ਨਿਭਿਹੋ** ਸਾਥਿ।" — ਸਲੋ **੯**, ੫੫ : ੧ (1429)
(ਹੁਣ ਦੀਆਂ ਬੀੜਾਂ ਵਿਚ ਇਹ ਪਾਠ 'ਨਿਬਹਿਓ' ਕਰ ਕੇ ਦਿੱਤਾ ਹੋਇਆ ਹੈ)

ਨਿਬੇਰਓ — ਮੁਕਾ ਦਿਤਾ
"ਸਾਚਿ ਸੂਚਾ ਸਦਾ ਨਾਨਕ ਗੁਰ ਸਬਦਿ ਝਗਰੁ **ਨਿਬੇਰਓ**।"— ਬਿਲਾ **੧**, ਛੰਤ ੨, ੪ : ੬ (844)

ਨਿਬੇਰਹਿ — ਮੁਕਾਉਂਦੇ ਹਨ
"ਪੰਚ ਤਤੁ ਮਿਲਿ ਦਾਨੁ **ਨਿਬੇਰਹਿ** ਟਾਂਡਾ ਉਤਰਿਓ ਪਾਰਾ।" — ਗਉ **ਕਬ**, ੪੯, ੨ : ੨ (333)

ਨਿਬੇਰਹੁ — ਮੁਕਾਓ, ਖਤਮ ਕਰੋ
"ਝਗਰਾ ਏਕੁ **ਨਿਬੇਰਹੁ** ਰਾਮ।"
— ਗਉ **ਕਬ**, ੪੨, ੧* : ੧ (331)

ਨਿਬੇਰਾ — 1. ਸਮਾਪਤੀ, ਖਾਤਮਾ, ਪਾਰ ਉਤਾਰਾ
"ਗੁਰ ਪਰਸਾਦੀ ਬੂਝਿ ਲੈ ਤਉ ਹੋਇ **ਨਿਬੇਰਾ**।"
— ਗਉ **੧**, ਅਸ ੧੮, ੧ : ੧ (229)
"ਸਾਧ ਸੰਗਿ ਸਭੁ ਹੋਤ **ਨਿਬੇਰਾ**।" (ਝਗੜੇ ਮੁਕ ਜਾਂਦੇ ਹਨ) — ਗਉ **੫**, ਸੁਖ ੭, ੧ : ੬ (271)
"ਗੁਰ ਪਰਮੇਸਰੁ ਨਾਨਕ ਭੇਟਿਓ ਸਚੈ ਸਬਦਿ **ਨਿਬੇਰਾ**।" (ਪਾਰ ਉਤਾਰਾ)
— ਰਾਮ **੧**, ੬, ੩ : ੨ (878)
2. ਫੈਸਲਾ
"ਮਿਲਿ ਰਾਜਨ ਰਾਮ **ਨਿਬੇਰਾ**।"
— ਸੋਰ **੫**, ੫੧, ੧ : ੪ (621)
"ਤਹ ਸਾਚ ਨਿਆਇ **ਨਿਬੇਰਾ**।"
— ਸੋਰ **੫**, ੫੧, ੩ : ੧ (621)
"ਕੋਈ ਬੂਝਹੁ ਗਿਆਨੀ ਕਰਹੁ **ਨਿਬੇਰਾ**।"
— ਮਾਰ **੧**, ਸੋਲਾ ੧੭, ੧੬ : ੨ (1038)
3. ਹਿਸਾਬ ਭੁਗਤਾਨ ਦੀ ਕਿਰਿਆ
"ਅੰਤਿ **ਨਿਬੇਰਾ** ਤੇਰੇ ਜੀਅ ਪਹਿ ਲੀਜੈ।"
— ਸੋਰ **ਕਬ**, ੯, ੧* : ੨ (656)

ਨਿਬੇਰਿ — ਖਤਮ ਕਰ/ਮੁਕਾ ਲਵੋ
"ਲੇਉ **ਨਿਬੇਰਿ** ਆਜੁ ਕੀ ਰਾਤੀ।"
— ਸੂਹੀ **ਕਬ**, ੩, ੨ : ੨ (792)
ਹੋਰ ਰੂਪ — ਨਿਬੇਰੀ —
"ਚਰਨ ਗਹੇ ਜਗਜੀਵਨ ਪ੍ਰਭ ਕੇ ਹਉਮੈ ਮਾਰਿ **ਨਿਬੇਰੀ**।"— ਸਾਰ **੧**, ੧, ੧* : ੨ (1197)
ਨਿਬੇਰੈ —
"ਅੰਤਰਿ ਜੋਤਿ ਸਬਦੁ ਧੁਨਿ ਜਾਗੈ ਸਤਿਗੁਰੁ ਝਗਰੁ **ਨਿਬੇਰੈ**।" (ਖਤਮ ਕਰੇ)
— ਗੂਜ **੧**, ੨, ੩ : ੨ (489)
ਨਿਬੇਰੋ —
"ਅੰਤਰ ਕੀ ਗਤਿ ਤੁਮ ਹੀ ਜਾਨੀ ਤੁਝ ਹੀ ਪਾਹਿ **ਨਿਬੇਰੋ**।"
— ਸੋਰ **੫**, ੩੫, ੧ : ੧ (618)

ਨਿਬੇੜਨਹਾਰੋ — ਫੈਸਲੇ ਕਰਨਾ
"ਕੁਦਰਤਿ ਤਖਤੁ ਰਚਾਇਆ ਸਚਿ **ਨਿਬੇੜਨਹਾਰੋ**।"

— ਵਡ **੧**, ਅਲਾ ੩, ੨ : ੪ (580)

ਨਿਬੇੜਾ — 1. ਫੈਸਲਾ
"ਏ ਮਨ ਮੇਰਿਆ ਆਵਾ ਗਉਣੁ ਸੰਸਾਰੁ ਹੈ ਅੰਤਿ ਸਚਿ **ਨਿਬੇੜਾ** ਰਾਮ।"
— ਵਡ **੩**, ਛੰਤ ੬, ੧ : ੧ (571)
2. ਭਾਵ ਤੱਤ, ਨਿਚੋੜ, ਸਾਰ
"ਚਹੁ ਜੁਗਾ ਕਾ ਹੁਣਿ **ਨਿਬੇੜਾ** ਨਰ ਮਨੁਖਾ ਨੋ ਏਕੁ ਨਿਧਾਨਾ।"
— ਬਿਲਾ **੩**, ੪, ੨ : ੧ (797)
"ਸਬਦੈ ਕਾ **ਨਿਬੇੜਾ** ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ।"
— ਰਾਮ **੧**, ਸਿਗੋ ੨੨ : ੧ (946)

ਨਿਬੇੜੀ — ਨਿਬੇੜਦੀ/ਨਜਿਠਦੀ ਹੈ
"ਕਲਿ ਕਲਵਾਲੀ ਸਰਾ **ਨਿਬੇੜੀ** ਕਾਜੀ ਕ੍ਰਿਸਨਾ ਹੋਆ।" — ਰਾਮ **੧**, ਆਸ ੧, ੫ : ੧ (903)

ਨਿਬੇੜੁ — ਨਿਬੇੜਾ, ਫੈਸਲਾ
"ਸਤਿਗੁਰ ਹਥਿ **ਨਿਬੇੜੁ** ਝਗੜੁ ਚੁਕਾਇਆ।"
— ਮਾਝ **੧**, ਵਾਰ ੪ : ੨ (139)

ਨਿਬੇੜੇ — ਨਿਬੇੜਦਾ/ਮੁਕਾਉਂਦਾ ਹੈ
"ਸਚੁ ਆਪਿ **ਨਿਬੇੜੇ** ਰਾਜੁ ਰਾਜਿ।"
— ਬਸੰ **੧**, ੨, ੧ : ੨ (1170)

ਨਿਭਰੰਤਾ — (ਸੰ. ਨਿਭ੍ਰੀਨ੍ਤ) ਭਰਮ ਰਹਿਤ,
"ਚੀਤਿ ਆਵੈ ਤਾਂ ਸਦ **ਨਿਭਰੰਤਾ**।"
— ਭੈਰ **੫**, ੨੧, ੩ : ੨ (1141)

ਨਿਭਰਾਂਤਿ — ਬਿਨਾਂ-ਭਰਮ ਭਾਵ ਨਿਰਸੰਦੇਹ
"ਕਾਇਆਂ ਅਗਨਿ ਕਰੇ **ਨਿਭਰਾਂਤਿ**।"
— ਮਲਾ **੧**, ੬, ੧ : ੨ (1256)

ਨਿਭਰਾਤੀ — 1. ਭਰਮ ਰਹਿਤ ਭਾਵ ਸ਼ੰਕਾ ਰਹਿਤ
"ਦੋਵੈ ਸਿਰੇ ਸਤਿਗੁਰੂ ਨਿਬੇੜੇ ਸੋ ਬੁਝੈ ਜਿਸੁ ਏਕ ਲਿਵਲਾਗੀ ਜੀਅਹੁ ਰਹੈ **ਨਿਭਰਾਤੀ**।"
— ਮਾਝ **੧**, ੧੧, ੪ : ੧ (992)
2. (ਸੰ. ਨਿਸ਼ਤ) ਚੁਪਚਾਪ ਸ਼ਾਂਤ
"ਅੰਤਰਿ ਬਿਖੁ ਬਾਹਰਿ **ਨਿਭਰਾਤੀ** ਤਾ ਜਮੁ ਕਰੇ ਖੁਆਰੀ।"
— ਮਾਰੂ **੧**, ਅਸ ੨, ੬ : ੪ (1013)

ਨਿਭਰਾਤੇ — ਨਿਰਸੰਦੇਹ
"ਸਹਨ ਸੀਲ ਪਵਨ ਅਰੁ ਪਾਣੀ ਬਸੁਧਾ ਖਿਮਾ **ਨਿਭਰਾਤੇ**।" — ਮਾਰੂ **੫**, ੪, ੨ : ੧ (999)

ਨਿਭਵਿਆਹ — ਨਿਡਰਾਂ ਨੂੰ
"ਜਿਨਾ ਭਉ ਤਿਨ੍ ਨਾਹਿ ਭਉ ਮੁਚੁ ਭਉ **ਨਿਭਵਿਆਹ**।"
— ਸੂਹੀ **੩**, ਵਾਰ ੮ਸ, **੨**, ੧ : ੧ (788)

ਨਿਮਸੈ — ਨਿਵਾਸ ਰਖਦਾ, ਵਸਦਾ ਹੈ
"ਘਘਾ ਘਟਿ ਘਟਿ **ਨਿਮਸੈ** ਸੋਈ।"
— ਗਉ **ਬਾਅ**, ੧੦ : ੧ (340)

ਨਿਮਕਾ — ਨਿਮਕ ਮਾਤਰ, ਥੋੜਾ ਜਿਹਾ, ਅੱਖ ਝਮਕਣ ਦੇ ਸਮੇਂ ਜਿੰਨ੍ਹਾਂ
"ਨਾਨਕ ਤਾ ਕੈ ਬਲਿਹਾਰੀ ਮਿਲੈ ਨਾਮੁ ਹਰਿ **ਨਿਮਕਾ**।" — ਤੁਖਾ **੫**, ਛੰਤ ੧, ੪ : ੬ (1117)

ਨਿਮਖ — 1. ਥੋੜਾ ਜਿਹਾ,
"**ਨਿਮਖ** ਏਕ ਹਰਿ ਨਾਮੁ ਦੇਇ ਮੇਰਾ ਮਨੁ ਤਨੁ ਸੀਤਲੁ ਹੋਇ।"
— ਸਿਰੀ **੫**, ੨੬, ੨ : ੨ (44)
2. ਅੱਖ ਦੇ ਝਮਕਣ ਜਿਨ੍ਹਾਂ ਸਮਾਂ, ਥੋੜਾ ਸਮਾਂ, ਛਿੰਨ ਭਰ
"ਕਰੇ ਦਇਆ ਪ੍ਰਭੁ ਆਪਣੀ ਇਕ **ਨਿਮਖ** ਨ ਮਨਹੁ ਵਿਸਾਰੁ।"
— ਸਿਰੀ **੫**, ੮੬, ੧* : ੨ (48)

ਨਿਮਖਕ — ਰਤਾ ਭਰ
"ਮੁਸਨ **ਨਿਮਖਕ** ਪ੍ਰੇਮ ਪਰਿ ਵਾਰਿ ਵਾਰਿ ਦੇਂਉ ਸਰਬ।" — ਚਉ **੫**, ੫ : ੨ (1364)

ਨਿਮਖਵਾ — ਨਿਮਖ ਭਰ, ਛਿੰਨ ਭਰ, ਅੱਖ ਦੇ ਫੋਰ ਜਿੰਨੇ ਸਮੇਂ ਲਈ
"ਮੇਰੇ ਮਨ ਭਜੁ ਰਾਮਨਾਮ ਹਰਿ **ਨਿਮਖਵਾ**।"
— ਪ੍ਰਭਾ **੪**, ੫, ੧* : ੧ (1336)

ਨਿਮਖ ਨਿਮਖ — 1. ਹਰ ਪਲ, ਹਰ ਸਮੇਂ
"**ਨਿਮਖ ਨਿਮਖ** ਹਰਿ ਹਰਿ ਹਰਿ ਧਿਆਉ।"
— ਗਉ **੫**, ੮੪, ੨ : ੨ (180)
2. ਰਤਾ ਰਤਾ, ਛੋਟੇ ਛੋਟੇ
"**ਨਿਮਖ ਨਿਮਖ** ਕਰਿ ਸਰੀਰੁ ਕਟਾਵੈ।"
— ਗਉ **੫**, ਸੁਖ ੩, ੨ : ੨ (265)

ਨਿਮਖਾ — ਅੱਖ ਦੇ ਫੋਰ ਜਿੰਨ੍ਹਾਂ ਸਮਾਂ, ਪਲ, ਛਿੰਨ
"ਸਿਮਰਹਿ ਘੜੀ ਮੂਰਤ ਪਲ **ਨਿਮਖਾ**।"
— ਮਾਰੂ **੫**, ਸੋਲਾ ੮, ੨ : ੧ (1079)

ਨਿਮਖਾਤੀ — ਛਿੰਨ ਭਰ ਲਈ
"ਹਰਿ ਹਰਿ ਕ੍ਰਿਪਾ ਕਰਹੁ ਪ੍ਰਭ ਅਪਨੀ ਮੁਖਿ ਦੇਵਹੁ ਹਰਿ **ਨਿਮਖਾਤੀ**।"
— ਧਨਾ **੪**, ੫, ੧ : ੨ (668)

ਨਿਮਖੁ — ਥੋੜ੍ਹੇ ਸਮੇਂ ਲਈ
"ਤੁਝ ਬਿਨੁ **ਨਿਮਖੁ** ਨ ਜਾਈ ਰਹਣਾ।"
— ਗਉ **੫**, ੮੨, ੧ : ੪ (181)

ਨਿਮਖੇ — ਘੜੀ ਘੜੀ, ਬਾਰ ਬਾਰ
"ਹਮਰੇ ਅਵਗਨ ਬਿਖਿਆ ਬਿਖੈ ਕੇ ਬਹੁ ਬਾਰ ਬਾਰ **ਨਿਮਖੇ**।"
— ਨਟ **੪**, ੩, ੩ : ੧ (976)

ਨਿਮਘਾ — ਨਿਮਖ ਮਾਤਰ, ਥੋੜਾ ਜਿਹਾ ਹੀ
"ਤੁਮ ਸਮਰਥ ਪੁਰਖ ਵਡੇ ਪ੍ਰਭ ਸੁਆਮੀ ਮੋ ਕਉ ਕੀਜੈ ਦਾਨੁ ਹਰਿ **ਨਿਮਘਾ**।"
— ਸੂਹੀ **੪**, ੨, ੪ : ੧ (731)

ਨਿਮਤ — ਨਿਮਿੱਤ, ਕਾਰਣ, ਵਜੋਂ
"**ਨਿਮਤ** ਨਾਮਦੇਉ ਦੂਧੁ ਪੀਆਇਆ।"
— ਆਸਾ **ਰਵਿ**, ੫, ੨ : ੧ (487)

ਨਿੰਮਰੀਭੂਤ — ਨਿਰਮਾਨਤਾ ਵਾਲੇ ਸੁਭਾਉ, ਨਿਰ ਅਭਿਮਾਨ, ਝੁਕਿਆ ਹੋਇਆ
"ਸਤਸੰਗਤਿ ਸਹਜ ਸਾਰਿ ਜਾਗੀਲੇ ਗੁਰ ਬੀਚਾਰਿ **ਨਿੰਮਰੀ ਭੂਤ** ਸਦੀਵ ਪਰਮ ਪਿਆਰਿ।"
— ਸਵ **੨**, ੨ : ੩ (1391)

ਨਿੰਮਲੁ — ਨਿਰਮਲ, ਉਜਲ
"ਨਾਨਕ ਕੁਲਿ **ਨਿੰਮਲੁ** ਅਵਤਰਿਉ ਅੰਗਦ ਲਹਣੇ ਸੰਗਿ ਹੁਅ।" — ਸਵ **੩**, ੧੬ : ੫ (1395)

ਨਿਮਾਣਾ — ਅਭਿਮਾਨ ਰਹਿਤ
"ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ ਗੁਰਮੁਖਿ **ਨਿਮਾਣਾ** ਹੋਹੁ।"
— ਆਸਾ **੩**, ਛੰਤ ੨, ੨ : ੧ (441)

ਨਿਮਾਣਿਆ — ਜਿਸ ਦਾ ਕੋਈ ਮਾਣ ਨ ਕਰੇ
"**ਨਿਮਾਣਿਆ** ਗੁਰੁ ਮਾਣੁ ਹੈ ਗੁਰੁ ਸਤਿਗੁਰ ਕਰੇ ਸਾਬਾਸਿ।" — ਸਿਰੀ **੪**, ੬੮, ੨ : ੨ (41)

ਹੋਰ ਰੂਪ — ਨਿੰਮਾਣਿਆ —
"**ਨਿੰਮਾਣਿਆ** ਹਰਿ ਮਾਣੁ ਹੈ ਹਰਿ ਪ੍ਰਭੁ ਹਰਿ ਆਪੈ ਰਾਮ।"
— ਬਿਲਾ **੪**, ਛੰਤ ੧, ੨ : ੧ (844)

ਨਿਮਾਣੀ — 1. ਅਭਿਮਾਨ ਰਹਿਤ
"ਹੋਇ **ਨਿਮਾਣੀ** ਢਹਿ ਪਵਾ ਪੂਰੇ ਸਤਿਗੁਰ ਪਾਸਿ।"
— ਸਿਰੀ **੪**, ੬੮, ੨ : ੧ (41)

2. ਜਿਸ ਦਾ ਕੋਈ ਮਾਨ ਨ ਕਰੇ
"ਸਰਬ ਕਲਾ ਪ੍ਰਭ ਪੂਰਣੋ ਮੰਞੁ **ਨਿਮਾਣੀ** ਥਾਉ।"
— ਮਾਝ **੫**, ਦਿਨ ੪ : ੧ (137)

ਹੋਰ ਰੂਪ — ਨਿਮਾਣੀਆ —
"ਖਸਮਹੁ ਘੁਥੀਆ ਫਿਰਹਿ **ਨਿਮਾਣੀਆ**।"
— ਸਿਰੀ **੧**, ਅਸ ੨੮, ੨ : ੨ (72)

ਨਿਮਾਣੀਆ —
"ਗੋਰਾਂ ਸੇ **ਨਿਮਾਣੀਆ** ਬਹਸਨਿ ਰੂਹਾਂ ਮਲਿ।"
— ਸਲੋ **ਫਰ**, ੯੨ : ੨ (1383)

3. ਵਿਚਾਰੀ
"ਜਿੰਦੁ **ਨਿਮਾਣੀ** ਕਢੀਐ ਹਡਾ ਕੂ ਕੜਕਾਇ।"
— ਸਲੋ **ਫਰ**, ੧ : ੩ (1377)
"ਫਰੀਦਾ ਗੋਰ **ਨਿਮਾਣੀ** ਸਡੁ ਕਰੇ ਨਿਘਰਿਆ ਘਰਿ ਆਉ।"
— ਸਲੋ **ਫਰ**, ੯੩ : ੧ (1382)

ਨਿਮਾਣੀਏ — ਜਿਨਾ ਦਾ ਕੋਈ ਮਾਣ ਨ ਕੋਈ
"ਸੂਹਵੀਏ **ਨਿਮਾਣੀਏ** ਸੋ ਸਹੁ ਸਦਾ ਸਮ੍ਹਾਲਿ।"
— ਸੂਹੀ **੩**, ਵਾਰ ੧ਸ, **੩**, ੨ : ੧ (785)

ਨਿਮਾਣੇ — ਜਿਸ ਦਾ ਕੋਈ ਮਾਣ ਨ ਕਰੇ
"ਮਾਣੁ **ਨਿਮਾਣੇ** ਤੂੰ ਧਣੀ ਤੇਰਾ ਭਰਵਾਸਾ।"
— ਆਸਾ **੫**, ੧੦੩, ੧* : ੧ (396)

ਨਿਮਾਨਣੀਆਹ — ਮਾਨ ਰਹਿਤ, ਭਾਵ ਅਭਿਮਾਨ ਰਹਿਤ
"ਹੋਦੈ ਤਾਣਿ ਨਿਤਾਣੀਆ ਰਹਹਿ **ਨਿਮਾਨਣੀਆਹ**।"
— ਸਿਰੀ **੪**, ਵਾਰ ੭ਸ, **੧**, ੨ : ੫ (85)

ਨਿਮਾਨੜੀਆ — ਜਿਸ ਦਾ ਕੋਈ ਮਾਨ ਨਾ ਕਰੇ
"ਮੁੰਧ **ਨਿਮਾਨੜੀਆ** ਜੀਉ ਬਿਨੁ ਧਨੀ ਪਿਆਰੇ।"
— ਗਉ **੧**, ਛੰਤ ੧, ੨ : ੧ (242)

ਨਿਮਾਨਾ — ਮਾਨ/ਅਭਿਮਾਨ ਰਹਿਤ
"ਹੋਇ **ਨਿਮਾਨਾ** ਜਗਿ ਰਹਹੁ ਨਾਨਕ ਨਦਰੀ ਪਾਰਿ।" — ਗਉ **੫**, ਬਾਅ ੪੪ਸ : ੨ (259)

ਨਿਮਾਨੀ — ਜਿਸ ਦਾ ਕੋਈ ਮਾਨ ਨਾ ਕਰੇ
"ਮੋਹਿ ਅਨਾਥ ਗਰੀਬ **ਨਿਮਾਨੀ**।"
—ਆਸਾ **੫**, ੯੫, ੩ : ੩ (394)

ਨਿਮਾਨੁ — ਅਪਮਾਨ
"ਮਾਨ **ਨਿਮਾਨੁ** ਵਵਾਈਐ ਹਰਿ ਚਰਣੀ ਲਾਗੋ ਰਾਮ।" —ਬਿਲਾ **੫**, ਛੰਤ ੪, ੧ : ੨ (848)
('ਦਰਪਣ ਤੇ ਨਿਰਨੈ' ਸੰਦ ਛੇਦ 'ਮਾਨਨਿ ਮਾਨ ਕਰਕੇ' 'ਮਾਨਨਿ ਦੇ ਅਰਥ 'ਹੇ ਮਾਨ ਵਾਲੀਏ' ਕਰਦੇ ਹਨ)

ਨਿਮਾਨੇ — ਜਿਸ ਦਾ ਕੋਈ ਮਾਨ ਨਾ ਕਰੇ
"ਜਿਨਿ ਦੀਆ **ਨਿਮਾਨੇ** ਕਉ ਮਾਨ।"
— ਗਉ **੫**, ੭੫, ੩ : ੨ (177)

ਨਿਮਾਨੋ — 1. ਵਿਚਾਰਾ, ਜਿਸ ਦਾ ਕੋਈ ਮਾਨ ਨਹੀਂ ਕਰਦਾ
"ਕਿਨ ਬਿਧਿ ਹੀਅਰੋ ਧੀਰੈ **ਨਿਮਾਨੋ**।"
— ਸੂਹੀ **੫**, ੫, ੧* : ੧ (737)
2. ਨਿਰਮਾਨ, ਅਭਿਮਾਨ ਰਹਿਤ
"ਏਕ ਮਹਲਿ ਤੂੰ ਹੋਹਿ ਅਫਾਰੋ ਏਕ ਮਹਲਿ **ਨਿਮਾਨੋ**।"
— ਗਉ **੫**, ੧੨੬*, ੧ : ੧ (206)

ਨਿੰਮਿਆ — (ਸੰ. ਨਿਰਮਿਤ) ਬੀਜ ਦਾ ਸਫੁਟਿਤ ਹੋਣਾ ਭਾਵ ਗਰਭ ਵਿਚ ਟਿਕਣਾ
"ਹੁਕਮੈ ਅੰਦਰਿ **ਨਿੰਮਿਆ** ਪਿਆਰੇ ਹੁਕਮੈ ਉਦਰ ਮਝਾਰਿ।" — ਸੋਰ **੧**, ਅਸ ੩, ੪ : ੧ (636)
ਹੋਰ ਰੂਪ — ਨਿੰਮੀਐ —
"ਭੰਡਿ ਜੰਮੀਐ ਭੰਡਿ **ਨਿੰਮੀਐ** ਭੰਡਿ ਮੰਗਣੁ ਵੀਆਹੁ।"
— ਆਸਾ **੧**, ਵਾਰ ੧੯ਸ, **੧**, ੨ : ੧ (473)

ਨਿਮੁ — ਸੰਘਣੀ ਛਾਂ ਵਾਲਾ ਇਕ ਦਰਖਤ ਜਿਸ ਦਾ ਫਲ ਕੌੜਾ ਹੁੰਦਾ ਹੈ
"ਤੁਮੀ ਤੁਮਾ ਵਿਸੁ ਅਕੁ ਧਤੂਰਾ **ਨਿਮੁ** ਫਲੁ।"
— ਮਾਝ **੧**, ਵਾਰ ੨੧ਸ, ੧, ੧ : ੧ (147)
ਹੋਰ ਰੂਪ — ਨਿੰਮੁ —
"ਜਿਉ ਚੰਦਨ ਸੰਗਿ ਬਸੈ **ਨਿੰਮੁ** ਬਿਰਖਾ ਗੁਨ ਚੰਦਨ ਕੇ ਬਸਖੇ।"
— ਨਟ **੪**, ੩, ੨ : ੨ (976)

ਨਿਮੁਣੀਆਦੀ — ਜਿਸ ਦੀ ਬੁਨਿਆਦ ਨਾ ਹੋਵੇ, ਅਸਾਰ
"ਨਾਨਕ ਨਾਮ ਵਿਹੂਣੀਆ **ਨਿਮੁਣੀਆਦੀ** ਦੇਹ।"
— ਮਾਰੂ **੫**, ਵਾਰ ੨੧ਸ, **੫**, ੩ : ੨ (1101)

ਨਿੰਮੁਨੀਆਦਾ — ਬੁਨਿਆਦ ਤੋਂ ਬਿਨਾ
"ਕੂੜਿ ਕਪਟਿ ਬੰਚਿ **ਨਿੰਮੁਨੀਆਦਾ** ਬਿਨਸਿ ਗਇਆ ਤਤਕਾਲੇ।" — ਆਸਾ **੫**, ੪੨, ੪ : ੧ (381)

ਨਿੰਮੇ — ਬੀਜ ਦਾ ਗਰਭ ਵਿਚ ਟਿਕਣਾ ਭਾਵ ਉਪਜੇ
"ਮਾਸਹੁ **ਨਿੰਮੇ** ਮਾਸਹੁ ਜੰਮੈ ਹਮ ਮਾਸੈ ਕੇ ਭਾਂਡੇ।"
—ਮਲਾ **੧**, ਵਾਰ ੨੫ਸ, **੧**, ੨ : ੧੦ (1290)

ਨਿਮ੍ਰਤਾਹ — ਨਿਮ੍ਰਿਤਾ ਦਾ
"ਸੈਨਾ ਸਾਧ ਸਮੂਹ ਸੂਰ ਅਜਿਤੰ ਸੰਨਾਹੰ ਤਨਿ **ਨਿੰਮ੍ਰਤਾਹ**।" — ਸਸ **੫**, ੨੯ : ੧ (1356)

ਨਿਮ੍ਰਿਤ — ਨਿੰਮ੍ਰਿਤਾ
"ਨੀਚ ਨੀਚ **ਨਿਮ੍ਰਿਤ** ਘਨੀ ਕਰਨੀ ਕਮਲ ਜਮਾਲ।" — ਚਉ **੫**, ੯ : ੨ (1364)

ਨਿਰਸ — ਰਸ ਰਹਿਤ, ਬੇਰਸ
"ਰਾਰਾ ਰਸੁ **ਨਿਰਸ** ਕਰਿ ਜਾਨਿਆ।"
— ਗਉ **ਕਬ**, ਬਾਅ ੩੫ : ੧ (342)

ਨਿਰਹਾਰ — ਨਿਰ-ਆਹਾਰ (ਭੁੱਖੇ) ਰਹਿਣ ਵਾਲੇ, ਕੁਝ ਨਾ ਖਾਣ ਵਾਲਾ, ਅਹਾਰ ਦਾ ਤਿਆਗੀ
"**ਨਿਰਹਾਰ** ਵਰਤੀ ਆਪਰਸਾ।"
— ਸਿਰੀ **੫**, ਅਸ ੨੨, ੬ : ੧ (71)

ਨਿਰੰਹਾਰੰ — ਭੋਜਨ ਨਾ ਖਾਣ ਵਾਲਾ
"ਨਹ ਗਿਰਹ **ਨਿਰੰਹਾਰੰ**।"
— ਰਾਮ **੫**, ੫੯, ੧ : ੨ (901)

ਨਿਰਹਾਰੀ — ਜੋ ਖਾਂਦਾ ਕੁਝ ਨਹੀ ਇਥੇ ਭਾਵ ਵਾਹਿਗੁਰੂ
"**ਨਿਰਹਾਰੀ** ਕੇਸਵ ਨਿਰਵੈਰਾ।"
— ਮਾਝ **੫**, ੧੩, ੩ : ੧ (98)

ਨਿਰੰਕਾਰ — 1. ਜਿਸ ਦਾ ਕੋਈ ਅਕਾਰ ਨਹੀਂ, ਭਾਵ ਵਾਹਿਗੁਰੂ
"ਤੂੰ ਸਦਾ ਸਲਾਮਤਿ **ਨਿਰੰਕਾਰ**।"
— ਜਪੁ **੧**, ੧੬ : ੨੬ (3)
"ਉਸਤਤਿ ਮਨ ਮਹਿ ਕਰਿ **ਨਿਰੰਕਾਰ**।"
— ਗਉ **੫**, ਸੁਖ ੧੪, ੨ : ੧ (281)
"ਤੋਟਿ ਨਾ ਆਵੈ ਜਪਿ **ਨਿਰੰਕਾਰ**।" (ਹਰੀ)
— ਆਸਾ **੫**, ੯੨, ੨ : ੨ (394)
ਹੋਰ ਰੂਪ — ਨਿਰੰਕਾਰੰ —
"ਆਦਿ ਮਧਿ ਅੰਤਿ **ਨਿਰੰਕਾਰੰ**।" (ਅਕਾਰ

ਰਹਿਤ ਪ੍ਰਭੂ/ਹਰਿ)
— ਗਉ **੫**, ਬਾਅ ੧* : ੨ (250)

ਨਿਰੰਕਾਰਾ —
"ਹਰਿ ਜਨ ਪ੍ਰੀਤਿ ਜਪੈ **ਨਿਰੰਕਾਰਾ**।" (ਅਕਾਰ ਰਹਿਤ ਹਰਿ)
— ਗਉ **੪**, ੪੧, ੩ : ੩ (164)

ਨਿਰੰਕਾਰਿ —
"**ਨਿਰੰਕਾਰਿ** ਜੋ ਰਹੈ ਸਮਾਇ।" (ਅਕਾਰ ਰਹਿਤ ਹਰਿ ਵਿਚ)
— ਰਾਮ **੩**, ਵਾਰ ੧੨ਸ, **੧**, ੨ : ੯ (953)

2. ਅਕਾਰ ਰਹਿਤ
"**ਨਿਰੰਕਾਰ** ਆਕਾਰ ਆਪਿ ਨਿਰਗੁਨ ਸਰਗੁਨ ਏਕ।" — ਗਉ **੫**, ਬਾਅ ੨ਸ : ੧ (250)
"**ਨਿਰੰਕਾਰ** ਮਹਿ ਆਕਾਰੁ ਸਮਾਵੈ।"
— ਆਸਾ **੧**, ਅਸ ੨, ੪ : ੧ (414)
"ਆਪਿ **ਨਿਰੰਕਾਰ** ਆਕਾਰੁ ਹੈ ਆਪੇ ਆਪੇ ਕਰੈ ਸੁ ਥੀਆ।"
— ਬਿਹਾ **੪**, ਵਾਰ ੨ : ੫ (551)

ਹੋਰ ਰੂਪ — ਨਿਰੰਕਾਰਾ —
"ਕਾਇਆ ਨਗਰਿ ਬਸਤ ਹਰਿ ਸੁਆਮੀ ਹਰਿ ਨਿਰਭਉ ਨਿਰਵੈਰੁ **ਨਿਰੰਕਾਰਾ**।" (ਅਕਾਰ ਰਹਿਤ) — ਬੈਰਾ **੪**, ੪, ੧ : ੧ (720)
"ਆਦਿ ਨਿਰੰਜਨੁ ਪ੍ਰਭੁ **ਨਿਰੰਕਾਰਾ**।"
—ਮਾਰੂ **੫**, ਸੋਲਾ ੫, ੧ : ੧ (1075)

ਨਿਰੰਕਾਰੀ —
"ਹਉ ਵਾਰੀ ਜੀਉ ਵਾਰੀ **ਨਿਰੰਕਾਰੀ** ਨਾਮੁ ਧਿਆਵਣਿਆ।" (ਅਕਾਰ ਰਹਿਤ ਨਾਮ)
— ਮਾਝ **੪**, ਅਸ ੩੪, ੧* : ੧ (129)
"ਹਉ ਪਾਪੀ ਪਤਿਤੁ ਪਰਮ ਪਾਖੰਡੀ ਤੂ ਨਿਰਮਲੁ **ਨਿਰੰਕਾਰੀ**।"
— ਸੋਰ **੧**, ੫, ੧ : ੧ (596)

ਨਿਰੰਕਾਰੀ — 1. ਅਕਾਰ ਰਹਿਤ, ਵੇਖੋ 'ਨਿਰੰਕਾਰ' (2)
2. ਅਕਾਰ ਰਹਿਤ ਪ੍ਰਭੂ ਦੇ ਉਪਾਸ਼ਕ
"ਇਕਿ **ਨਿਰੰਕਾਰੀ** ਨਾਮ ਆਧਾਰਿ।"
— ਮਾਝ **੧**, ਵਾਰ ੧੪ਸ, **੧**, ੨ : ੫ (144)
"ਆਤਮੁ ਚੀਨਿ ਭਏ **ਨਿਰੰਕਾਰੀ**।"
— ਆਸਾ **੧**, ਅਸ ੮, ੨ : ੫ (415)
3. ਅਕਾਰ ਰਹਿਤ ਹਰਿ
"ਅਵਰੁ ਨ ਜਾਨਹਿ ਬਿਨੁ **ਨਿਰੰਕਾਰੀ**।"
— ਗਉ **੫**, ੮੬, ੨ : ੪ (181)
"ਨਾਨਕ ਗਿਆਨ ਰਤਨੁ ਪਰਗਾਸਿਆ ਹਰਿ ਮਨਿ ਵਸਿਆ **ਨਿਰੰਕਾਰੀ** ਜੀਉ।"
— ਸੋਰ **੧**, ੮, ੪ : ੨ (589)
4. ਨਿਰੰਕਾਰ ਦੀ, ਅਕਾਰ ਰਹਿਤ ਪ੍ਰਭੂ ਦੀ
"ਰਚਨਾ ਰਾਚਿ ਰਹੇ **ਨਿਰੰਕਾਰੀ** ਪ੍ਰਭ ਮਨਿ ਕਰਮ ਸੁਕਰਮਾ।"
— ਤੁਖਾ **੧**, ਬਾਰਾ ੧ : ੫ (1107)

ਨਿਰੰਕਾਰੁ — 1. ਪ੍ਰਭੂ, ਹਰਿ
"ਸਚ ਖੰਡਿ ਵਸੈ **ਨਿਰੰਕਾਰੁ**।"
— ਜਪੁ **੧**, ੩੭ : ੧੧ (8)

ਹੋਰ ਰੂਪ — ਨਿਰੰਕਾਰੇ —
"ਭਾਵ ਖੰਡਨ ਦੁਖ ਭੰਜਨ ਸ੍ਵਾਮੀ ਭਗਤਿ ਵਛਲ **ਨਿਰੰਕਾਰੇ**।" (ਪ੍ਰਭੂ)
— ਧਨਾ **੫**, ੧, ੧ : ੧ (670)

ਨਿਰੰਕਾਰੈ —
"ਕਹੁ ਨਾਨਕ ਸੰਤਨ ਕਾ ਰਾਖਾ ਪਾਰਬ੍ਰਹਮ **ਨਿਰੰਕਾਰੈ**।" (ਨਿਰੰਕਾਰ, ਪ੍ਰਭੂ)
— ਸਾਰ **੫**, ੧੦, ੪ : ੨ (1205)

ਨਿਰੰਕਾਰੋ —
"ਆਇ ਨ ਜਾਇ ਬਸੈ ਇਹ ਠਾਹਰ ਜਹ ਆਸਨੁ **ਨਿਰੰਕਾਰੋ**।"
— ਸਾਰ **੫**, ੫੪, ੧ : ੨ (1215)
2. ਅਕਾਰ ਰਹਿਤ
"ਹਰਿ ਸਤਿ ਨਿਰੰਜਨ ਅਮਰੁ ਹੈ ਨਿਰਭਉ ਨਿਰਵੈਰੁ **ਨਿਰੰਕਾਰੁ**।"
— ਗਉ **੪**, ਵਾਰ ੬ਸ, **੪**, ੧ : ੧ (302)

ਨਿਰਖ — (ਸੰ. ਨਿਰੀਖ) ਜਿਸ ਨੂੰ ਤਕਦਾ ਹੈ, ਭਾਵ ਪ੍ਰਭੂ
"ਤਬ ਲੇ ਨਿਰਖਹਿ **ਨਿਰਖ** ਮਿਲਾਵਾ।"
— ਗਉ **ਕਬ**, ਬਾਅ ੨੬ : ੪ (341)
(ਮਹਾਨਕੋਸ਼ ਇਸ ਨੂੰ 'ਨਿਰੀਕ੍ਸ਼੍ਯ' ਤੋਂ ਵਿਉਤਪਤ ਮੰਨ ਅਰਥ 'ਤਕਣ ਯੋਗ' ਕਰਦਾ ਹੈ)

ਨਿਰਖਉ — ਵੇਖਦਾ ਹਾਂ
"ਚਿਤਿ ਚਿਤਵਉ ਹਰਿ ਰਸਨ ਅਰਾਧਉ **ਨਿਰਖਉ**

ਤੁਮਰੀ ਓਰ।"
— ਗੂਜ **੫**, ੨੦, ੧* : ੨ (500)

ਨਿਰਖਹਿ — ਵੇਖਣ ਵਾਲੇ ਨੂੰ
"ਤਬ ਲੇ **ਨਿਰਖਹਿ** ਨਿਰਖ ਮਿਲਾਵਾ।"
— ਗਉ **ਕਬ**, ਬਾਅ ੨੬ : ੪ (341)

ਨਿਰਖਤ — 1. ਵੇਖ ਦਿਆਂ
"ਨੰਨਾ ਨਿਸਿ ਦਿਨੁ **ਨਿਰਖਤ** ਜਾਈ।"
— ਗਉ **ਕਬ**, ਬਾਅ ੨੬ : ੧ (341)
"ਹਉ **ਨਿਰਖਤ** ਫਿਰਉ ਸਭਿ ਦੇਸ ਦਿਸੰਤਰ ਮੈ ਪ੍ਰਭ ਦੇਖਨ ਕੋ ਬਹੁਤੁ ਮਨਿ ਚਈਆ।" (ਵੇਖਦੀ)
— ਬਿਲਾ **੪**, ਅਸ ੫, ੨ : ੧ (836)
2. ਭਾਵ ਪਰਖ ਕੇ
"ਮੈ **ਨਿਰਖਤ ਨਿਰਖਤ** ਸਰੀਰੁ ਸਭੁ ਖੋਜਿਆ ਇਕੁ ਗੁਰਮੁਖਿ ਚਲਤੁ ਦਿਖਾਇਆ।"
— ਬਸੰ **੪**, ਅਸ ੧, ੩ : ੧ (1191)

ਨਿਰਖਿ — 1. ਪਰਖਕੇ, ਗਹੁ/ਧਿਆਨ ਕਰਕੇ
"ਰਾਮ ਨਾਮ ਬਿਨੁ ਸਭੈ ਬਿਗੂਤੇ ਦੇਖਹੁ **ਨਿਰਖਿ** ਸਰੀਰਾ।" — ਸੋਰ **ਕਬ**, ੧, ੪ : ੧ (654)
2. ਵੇਖ
"ਰਿਦੈ ਇਖਲਾਸੁ **ਨਿਰਖਿ** ਲੇ ਮੀਰਾ।"
— ਭੈਰ **ਕਬ**, ੭, ੪ : ੧ (1159)

ਨਿਰਖਿਉ — ਵੇਖਿਆ
"ਜਿਉ ਆਕਾਸੈ ਪੰਖੀਅਲੋ ਖੋਜੁ **ਨਿਰਖਿਉ** ਨ ਜਾਈ।" — ਗੂਜ **ਨਾਮ**, ੨, ੨ : ੧ (525)

ਨਿਰਖੀ — ਵੇਖੀ
"ਨਿਰਖਤ ਨਿਰਖਤ ਰੈਨਿ ਸਭ **ਨਿਰਖੀ** ਮੁਖੁ ਕਾਢੈ ਅੰਮ੍ਰਿਤੁ ਪੀਜੈ।"
— ਕਲਿ **੪**, ਅਸ ੫, ੫ : ੨ (1326)

ਨਿਰਗੰਧ — ਖੁਸ਼ਬੂ ਰਹਿਤ
"ਤਿਹ ਮਿਲਿ ਤੇਊ ਊਤਮ ਭਏ ਲੋਹ ਕਾਠ **ਨਿਰਗੰਧ**।" — ਸਲੋ **ਕਬ**, ੭੭ : ੨ (1368)

ਨਿਰਗਮ — ਨਿਗਮ, ਵੇਦ ਦਾ ਮੰਤਰ ਭਾਗ
"ਆਗਮ **ਨਿਰਗਮ** ਜੋਤਿਕ ਜਾਨਹਿ ਬਹੁ ਬਹੁ ਬਿਆਕਰਨਾ।"
— ਆਸਾ **ਕਬ**, ੫, ੨ : ੧ (476)

ਨਿਰਗੁਣ — 1. ਗੁਣ ਲਛਣ ਰਹਿਤ, ਤਿੰਨ ਗੁਣਾਂ ਤੋਂ ਉਪਰ
"**ਨਿਰਗੁਣ** ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ।"
— ਸਿਰੀ **੩**, ਅਸ ੨੩, ੭ : ੧ (68)
"ਬ੍ਰਹਮੰਡ ਖੰਡ ਪੂਰਨ ਬ੍ਰਹਮੁ ਗੁਣ **ਨਿਰਗੁਣ** ਸਮ ਜਾਣਿਓ।" — ਸਵ **੧**, ੯ : ੫ (1390)
2. ਜਿਸ ਦੇ ਗੁਣ ਨ ਕਹੇ ਜਾ ਸਕਨ, ਅਕਥ
"**ਨਿਰਗੁਣ** ਕਥਾ ਕਥਾ ਹੈ ਹਰਿ ਕੀ।"
— ਗਉ **੪**, ੪੦, ੧ : ੧ (164)
3. ਗੁਣ ਵਿਹੂਣੇ
"ਮਤੁ **ਨਿਰਗੁਣ** ਹਮ ਮੇਲੈ ਕਬਹੂੰ ਅਪੁਨੀ ਕਿਰਪਾ ਧਾਰਿ।" — ਗਉ **੪**, ੪੯, ੧* : ੨ (167)
"ਮੋਹਿ **ਨਿਰਗੁਣ** ਕਉ ਪ੍ਰਭਿ ਕੀਨੀ ਦਇਆ।"
— ਗਉ **੫**, ੯੧, ੪ : ੩ (183)

ਨਿਰਗੁਣਵੰਤੜੀਏ — ਹੇ ਗੁਣ-ਹੀਣ ਇਸਤ੍ਰੀਏ
"**ਨਿਰਗੁਣਵੰਤੜੀਏ** ਪਿਰੁ ਦੇਖਿ ਹਦੂਰੇ ਰਾਮ।"
— ਵਡ **੩**, ਛੰਤ ੧, ੨ : ੧ (567)

ਨਿਰਗੁਣਿ — ਗੁਣ ਵਿਹੂਣੇ
"ਨਾਨਕ **ਨਿਰਗੁਣਿ** ਗੁਣੁ ਕਰੇ ਗੁਣਵੰਤਿਆ ਗੁਣੁ ਦੇ।" — ਜਪੁ **੧**, ੭ : ੬ (2)

ਨਿਰਗੁਣਿਆਰਿਆ — ਗੁਣ-ਵਿਹੂਣੇ
"ਸਾਕਤ **ਨਿਰਗੁਣਿਆਰਿਆ** ਆਪਣਾ ਮੂਲੁ ਪਛਾਣੁ।" — ਸਿਰੀ **੧**, ਅਸ ੧੫, ੫ : ੧ (63)

ਨਿਰਗੁਣਿਆਰੇ — ਗੁਣ, ਵਿਹੂਣਾ
"ਮੈ **ਨਿਰਗੁਣਿਆਰੇ** ਕੋ ਗੁਣੁ ਨਾਹੀ ਆਪੇ ਤਰਸੁ ਪਇਓਈ।" — ਸਲੋ **੫**, ੧੫ : ੨ (1429)

ਨਿਰਗੁਣੀ — ਗੁਣ ਰਹਿਤ, ਗੁਣ ਵਿਹੂਣਾ
"ਤੂ ਆਪਿ ਦਇਆਲੁ ਦਇਆ ਕਰਿ ਮੇਲਹਿ ਹਮ **ਨਿਰਗੁਣੀ** ਨਿਮਾਣਿਆ।"
— ਤੁਖਾ **੪**, ਛੰਤ ੧, ੩ : ੪ (1114)

ਨਿਰਗੁਣੀਆਰੇ — ਗੁਣਹੀਨ/ਗੁਣ ਵਿਹੂਣੇ ਨੂੰ
"ਓਹੁ **ਨਿਰਗੁਣੀਆਰੇ** ਪਾਲਦਾ ਭਾਈ ਦੇਇ ਨਿਥਾਵੈ ਥਾਉ।" — ਸੋਰ **੫**, ਅਸ ੧, ੭ : ੨ (640)

ਨਿਰਗੁਣੁ — 1. ਤਿੰਨ ਗੁਣਾਂ ਤੋਂ ਰਹਿਤ, ਗੁਣ ਲਛਣ ਵਿਹੂਣ, ਅਕਾਲ ਪੁਰਖ ਦਾ ਇਕ ਰੂਪ
"**ਨਿਰਗੁਣੁ** ਸਰਗੁਣੁ ਹਰਿ ਹਰਿ ਮੇਰਾ ਕੋਈ ਹੈ ਜੀਉ ਆਣਿ ਮਿਲਾਵੈ ਜੀਉ।"
— ਮਾਝ **੫**, ੧੨, ੧ : ੨ (98)
"ਤੂੰ **ਨਿਰਗੁਣੁ** ਸਰਗੁਣੁ ਸੁਖਦਾਤਾ।"

— ਮਾਝ **੫**, ੨੮, ੩ : ੧ (102)

2. ਗੁਣ ਵਿਹੂਣਾ, ਨਿਕੰਮਾ

"ਘਟ ਅਵਘਟ ਡੂਗਰ ਘਣਾ ਇਕੁ **ਨਿਰਗੁਣੁ** ਬੈਲੁ ਹਮਾਰ।"

— ਗਉ **ਰਵਿ**, ੧, ੧ : ੧ (345)

ਨਿਰਗੁਣੇ — ਗੁਣ ਹੀਨ

"ਹਮ ਅਪਰਾਧੀ **ਨਿਰਗੁਣੇ** ਭਾਈ ਤੁਝ ਹੀ ਤੇ ਗੁਣੁ ਸੋਇ।" — ਸੋਰ **੧**, ਅਸ ੪, ੧ : ੨ (636)

ਨਿਰਗੁਨ — 1. ਗੁਣ ਵਿਹੂਨ

"ਮੋਹਿ **ਨਿਰਗੁਨ** ਮਤਿ ਥੋਰੀ ਆ ਤੂੰ ਸਦ ਹੀ ਦੀਨ ਦਇਆਲ।" — ਗਉ **੫**, ੧੧੬, ੨ : ੨ (203)

ਹੋਰ ਰੂਪ — ਨਿਰਗੁਨਿ —

"**ਨਿਰਗੁਨਿ** ਕਰੂਪਿ ਕੁਲਹੀਣ ਨਾਨਕ ਹਉ ਅਨਦ ਰੂਪ ਸੁਆਮੀ ਭਰਤ।"

— ਦੇਵ **੫**, ੩, ੨ : ੨ (529)

ਨਿਰਗੁਨੀ —

"ਮੋਹਿ ਨਿਸਤਾਰਹੁ **ਨਿਰਗੁਨੀ**।" (ਗੁਣ ਵਿਹੂਣੇ)

— ਬਸੰ **੫**, ੨੧, ੧* : ੨ (1186)

ਨਿਰਗੁਨੀਆਰ —

"**ਨਿਰਗੁਨੀਆਰ** ਇਆਨਿਆ ਸੋ ਪ੍ਰਭੁ ਸਦਾ ਸਮਾਲਿ।" (ਗੁਣੇ ਵਿਹੂਨੇ)

— ਗਉ **੫**, ਸੁਖ ੪ਸ : ੧ (266)

ਨਿਰਗੁਨੀਆਰੇ —

"**ਨਿਰਗੁਨੀਅਰੇ** ਗੁਨੁ ਨਹੀ ਕੋਈ ਤੁਮ ਦਾਨੁ ਦੇਹੁ ਮਿਹਰਵਾਨਾ।"

— ਸੋਰ **੫**, ੧੨, ੨ : ੨ (613)

2. ਤ੍ਰੈ ਗੁਣ ਅਤੀਤ

"ਤੂੰ **ਨਿਰਗੁਨ** ਤੂੰ ਸਰਗੁਨੀ।"

— ਗਉ **੫**, ੧੪੩*, ੨ : ੨ (211)

"ਤੇਰੀ **ਨਿਰਗੁਨ** ਕਥਾ ਕਾਇ ਸਿਉ ਕਹੀਐ ਐਸਾ ਕੋਇ ਬਿਬੇਕੀ।"

— ਗਉ **ਕਬ**, ੪੨, ੩ : ੧ (333)

ਹੋਰ ਰੂਪ — ਨਿਰਗੁਨੀਐ —

"ਚੂਕੀ ਪਿਆਸਾ ਪੂਰਨ ਆਸਾ ਗੁਰਮੁਖਿ ਮਿਲੁ **ਨਿਰਗੁਨੀਐ**।"

— ਰਾਮ **੫**, ਛੰਤ ੧, ੪ : ੫ (924)

ਨਿਰਗੁਨੁ — 1. ਗੁਣ ਵਿਹੂਣੇ

"ਮੋਹਿ **ਨਿਰਗੁਨੁ** ਸਭ ਗੁਨ ਤੇਰੇ।"

— ਗਉ **੫**, ੧੨੫*, ੧* : ੨ (205)

2. ਤ੍ਰੈ-ਗੁਣ ਅਤੀਤ, ਗੁਣ-ਲਛਣ ਰਹਿਤ

"**ਨਿਰਗੁਨੁ** ਆਪਿ ਸਰਗੁਨੁ ਭੀ ਓਹੀ।"

— ਗਉ **੫**, ਸੁਖ ੧੮, ੮ : ੧ (287)

"**ਨਿਰਗੁਨੁ** ਮਿਲਿਓ ਵਜੀ ਵਧਾਈ।" (ਤ੍ਰੈ ਗੁਨ ਅਤੀਤ ਪ੍ਰਭੂ)

— ਆਸਾ **੫**, ੮੨, ੧* : ੨ (392)

ਨਿਰੰਜਨ — ਮਾਇਆ ਤੋਂ ਨਿਰਲੇਪ, ਪਵਿਤਰ ਭਾਵ ਹਰਿ

"ਗਿਆਨ ਅੰਜਨੁ ਭੈ ਭੰਜਨਾ ਦੇਖੁ **ਨਿਰੰਜਨ** ਭਾਇ।"

— ਸਿਰੀ **੧**, ਅਸ ੨, ੩ : ੧ (57)

"ਨਾਮ **ਨਿਰੰਜਨ** ਏਕ ਲਿਵ ਲਾਗੀ ਜੀਉ।"

— ਗਉ **੫**, ੧੬੮*, ੩ : ੨ (217)

ਨਿਰੰਜਨ ਰਾਇ — ਮਾਇਆ ਤੋਂ ਨਿਰਲੇਪ ਰਾਜਾ ਭਾਵ ਵਾਹਿਗੁਰੂ

"ਸਗਲ ਇਛ ਮੇਰੀ ਪੁੰਨੀਆ ਮਿਲਿਆ **ਨਿਰਜੰਨ ਰਾਇ** ਜੀਉ।"

— ਰਾਮ **੫**, ਛੰਤ ੪, ੪ : ੧ (927)

ਨਿਰੰਜਨਾ — 1. ਮਾਇਆ ਤੋਂ ਰਹਿਤ, ਪਵਿਤਰ

"ਘਰਿ ਘਰਿ ਨਾਮੁ **ਨਿਰੰਜਨਾ** ਸੋ ਠਾਕੁਰੁ ਮੇਰਾ।"

— ਗਉ **੧**, ਅਸ ੧੮, ੧ : ੨ (229)

"ਸਭਿ ਧਿਆਵਹਿ ਤੁਧੁ ਮੇਰੇ ਪ੍ਰੀਤਮਾ ਤੂ ਸਤਿ ਸਤਿ ਪੁਰਖ **ਨਿਰੰਜਨਾ**।"

— ਕਾਨ **੪**, ਵਾਰ ੨ : ੨ (1313)

ਹੋਰ ਰੂਪ — ਨਿਰੰਜਨਿ —

"ਅੰਜਨ ਮਾਹਿ **ਨਿਰੰਜਨਿ** ਰਹੀਐ ਬਹੁੜਿ ਨ ਭਵਜਲਿ ਪਾਇਆ।" (ਮਾਇਆ ਰਹਿਤ)

— ਗਉ **ਕਬ**, ੪੬, ੧ : ੨ (332)

"ਮਨੁ ਤਨੁ ਨਾਮਿ **ਨਿਰੰਜਨਿ** ਰਾਤਉ ਚਰਨ ਕਮਲ ਲਿਵ ਲਾਇਆ।" (ਪਵਿਤਰ)

— ਮਲਾ **੫**, ੧੧, ੨ : ੧ (1268)

ਨਿਰੰਜਨੁ —

"ਆਪੇ ਆਪਿ **ਨਿਰੰਜਨੁ** ਸੋਇ।" (ਮਾਇਆ ਤੋਂ ਰਹਿਤ) — ਜਪੁ **੧**, ੫ : ੨ (2)

"ਐਸਾ ਨਾਮੁ **ਨਿਰੰਜਨੁ** ਹੋਇ।" (ਪਵਿੱਤਰ)

— ਜਪੁ **੧**, ੧੨ : ੫ (3)

"ਨਾਮੁ **ਨਿਰੰਜਨੁ** ਅਤਿ ਅਗਮ ਅਪਾਰਾ।"
— ਮਾਝ **੩**, ਅਸ ੬, ੨ : ੨ (112)

ਨਿਰੰਜਨੋ —
"ਨਿਧਰਿਆ ਧਰ ਏਕੁ ਨਾਮੁ **ਨਿਰੰਜਨੋ** ਜੀਉ।" (ਪਵਿੱਤਰ)
— ਧਨਾ **੫**, ਛੰਤ ੧, ੨ : ੧ (691)

2. ਮਾਇਆ ਤੋਂ ਰਹਿਤ ਪ੍ਰਭੂ
"ਤੁਧੁ ਜੇਵਡੁ ਦਾਤਾ ਤੂ ਹੈ **ਨਿਰੰਜਨਾ** ਤੂ ਸਚੁ ਮੇਰੈ ਮਨਿ ਭਾਇਆ।"
— ਗਉ **੪**, ਵਾਰ ੨ : ੪ (301)

ਹੋਰ ਰੂਪ — ਨਿਰੰਜਨਿ —
"ਸਚੁ ਅੰਜਨੋ ਅੰਜਨੁ ਸਾਰਿ **ਨਿਰੰਜਨਿ** ਰਾਤਾ ਰਾਮ।" (ਮਾਇਆ ਤੋਂ ਰਹਿਤ ਹਰੀ)
— ਆਸਾ **੧**, ਛੰਤ ੩, ੪ : ੧ (437)

ਨਿਰੰਜਨੀ —
"ਝੁਲੈ ਸੁ ਛਤੁ **ਨਿਰੰਜਨੀ** ਮਲਿ ਤਖਤੁ ਬੈਠਾ ਗੁਰ ਹਟੀਐ।" (ਮਾਇਆ ਤੋਂ ਰਹਿਤ ਹਰੀ ਦਾ) — ਰਾਮ **ਬਸ**, ਵਾਰ ੨ : ੩ (966)

ਨਿਰੰਜਨੁ —
"ਊਂਧ ਕਵਲੁ ਜਿਸੁ ਹੋਇ ਪ੍ਰਗਾਸਾ ਤਿਨਿ ਸਰਬ **ਨਿਰੰਜਨੁ** ਡੀਠਾ ਜੀਉ।" (ਨਿਰਲੇਪ ਹਰੀ)
— ਮਾਝ **੫**, ੪੯, ੨ : ੩ (108)

ਨਿਰੰਜਨੋ —
"ਅਚਰਜੁ ਰੂਪੁ **ਨਿਰੰਜਨੋ** ਗੁਰਿ ਮੇਲਾਇਆ ਮਾਇ।" (ਮਾਇਆ ਤੋਂ ਨਿਰਲੇਪ ਹਰੀ)
— ਸਿਰੀ **੫**, ੮੩, ੧ : ੪ (46)

ਨਿਰਜਾਸਿ — ਨਿਰਣਾ
"ਅੰਤਰਿ ਗੁਰਮੁਖਿ ਤੂ ਵਸਹਿ ਜਿਉ ਭਾਵੈ ਤਿਉ **ਨਿਰਜਾਸਿ**।" — ਸਿਰੀ **੧**, ੧੮, ੧ : ੩ (20)
"ਤੁਧੁ ਬਾਝਹੁ ਥਾਉ ਕੋ ਨਾਹੀ ਜਿਸੁ ਪਾਸਹੁ ਮੰਗੀਐ ਮਨਿ ਵੇਖਹੁ ਕੋ **ਨਿਰਜਾਸਿ**।" (ਨਿਰਣਾ ਕਰਕੇ)
— ਸਿਰੀ **੪**, ਵਾਰ ੯ : ੪ (86)

ਨਿਰਜੀਉ — ਜੀਵ ਰਹਿਤ, ਬੇਜਾਨ, ਨਿਰਜਿੰਦ
"ਸਰਜੀਉ ਕਾਟਹਿ **ਨਿਰਜੀਉ** ਪੂਜਹਿ ਅੰਤ ਕਾਲ ਕਉ ਭਾਰੀ।"
— ਗਉ **ਕਬ**, ੪੫, ੩ : ੧ (332)

ਨਿਰਜੋਗ — ਨਿਰਲੇਪ
"ਜਿਤੁ ਭੇਟੇ ਪਾਰਬ੍ਰਹਮ **ਨਿਰਜੋਗ**।"
— ਗਉ **੫**, ੧੨੯, ੧ : ੨ (191)

ਹੋਰ ਰੂਪ — ਨਿਰਜੋਗਾ —
"ਵਡੈ ਭਾਗਿ ਪਾਏ ਹਰਿ **ਨਿਰਜੋਗਾ**।"
— ਆਸਾ **੪**, ੫੭, ੨ : ੨ (367)

ਨਿਰਜੋਗੁ —
"ਆਪਿ ਅਤੀਤੁ ਅਲਿਪਤੁ ਹੈ **ਨਿਰਜੋਗੁ** ਹਰਿ ਜੋਗੀ।" (ਅਨਜੁੜਿਆ, ਨਿਰਲੇਪ)
— ਗੂਜ **੩**, ਵਾਰ ੧੩ : ੩ (514)

ਨਿਰਣਉ — ਨਵੀਨ ਜਲ (ਮਹਾਨਕੋਸ਼); ਵੇਖ ਕੇ (ਸ਼ਬਦਾਰਥ, ਦਰਪਣ); ਨਿਰਣਾ ਕਰਕੇ (ਨਿਰਣੈ)
"ਖੇਤਿ ਮਿਆਲਾ ਉਚੀਆ ਘਰੁ ਉਚਾ **ਨਿਰਣਉ**।"
— ਗੂਜ **੩**, ਵਾਰ ੨੧ਸ, **੩**, ੧ : ੧ (517)

ਨਿਰਤਕਾਰੀ — ਨਾਚ
"ਬਿਨੁ ਬਾਜੇ ਕੈਸੋ **ਨਿਰਤਕਾਰੀ**।"
— ਭੈਰ **੫**, ੧੯, ੧ : ੧ (1140)

ਨਿਰੰਤਰ — ਇਕ ਰਸ, ਲਗਾਤਾਰ
"ਗੁਰ ਕਾ ਸਬਦੁ ਨ ਚੀਨ੍ਹ ਹੀ ਤਤੁ ਸਾਰੁ **ਨਿਰੰਤਰ**।"
— ਆਸਾ **੧**, ਅਸ ੧੪, ੩ : ੨ (419)

ਨਿਰੰਤਰਿ — 1. ਪੂਰੀ ਤਰ੍ਹਾਂ ਅੰਦਰ
"ਤੂੰ ਘਟ ਘਟ ਅੰਤਰਿ ਸਰਬ **ਨਿਰੰਤਰਿ** ਜੀ ਹਰਿ ਏਕੋ ਪੁਰਖੁ ਸਮਾਣਾ।"
— ਆਸਾ **੪**, ਸੋਪੁ ੧, ੨ : ੧ (12)

2. ਸਮਾਨ, ਇਕੋ ਜਿਹਾ
"ਕਿਸੁ ਤੂੰ ਪੁਰਖੁ ਜੋਰੂ ਕਉਣ ਕਹੀਐ ਸਰਬ **ਨਿਰੰਤਰਿ** ਰਵਿ ਰਹਿਆ।"
— ਆਸਾ **੧**, ੭, ੨ : ੨ (350)

3. ਇਕ ਰਸ, ਲਗਾਤਾਰ
"ਸੋ ਛੂਟੈ ਮਹਾ ਜਾਲ ਤੇ ਜਿਸੁ ਗੁਰ ਸਬਦੁ **ਨਿਰੰਤਰਿ**।"
— ਆਸਾ **੫**, ੧੦੪, ੨ : ੨ (397)

ਹੋਰ ਰੂਪ — ਨਿਰੰਤਰੇ —
"ਆਪਿ ਕਰਤਾ ਕਰੇ ਸੋਈ ਪ੍ਰਭੁ ਆਪਿ ਅੰਤਿ **ਨਿਰੰਤਰੇ**।" (ਇਕ ਰਸ)
— ਸੂਹੀ **੧**, ਛੰਤ ੫, ੮ : ੪ (767)

ਨਿਰਤਾਏ — ਨਾਚ ਵਿਚ

"ਤਪੀ ਤਪੀਸੁਰ ਮੁਨਿ ਮਹਿ ਪੇਖਿਓ ਨਟ ਨਾਟਿਕ **ਨਿਰਤਾਏ**।" — ਭੈਰ **੫**, ੧੫, ੨ : ੨ (1139)

ਨਿਰਤਿ — 1. ਨਾਚ

"ਸਚਾ ਤਾਲੁ ਪੂਰੇ ਮਾਇਆ ਮੋਹੁ ਚੁਕਾਏ ਸਬਦੇ **ਨਿਰਤਿ** ਕਰਾਵਣਿਆ।"

— ਮਾਝ **੩**, ਅਸ ੨੧, ੩ : ੩ (121)

2. ਨਿਰਣਾ ਭਾਵ ਵਿਚਾਰ (ਸ਼ਬਦਾਰਥ); ਅਸਤਿ (ਮਹਾਨਕੋਸ਼)/ਸੰਥਿਆ, ਮਿਥਿਆ (ਨਿਰਣੈ); ਪਿਆਰ (ਦਰਪਣ)

"ਸਤਿ **ਨਿਰਤਿ** ਬੂਝੈ ਜੇ ਕੋਇ।"

— ਗਉ **੫**, ਸੁਖ ੧੬, ੭ : ੩ (284)

3. ਨਿਰਣੇ ਨਾਲ

"ਕਿਰਤ ਕਮਾਵਨ ਸਰਬ ਫਲ ਰਵੀਐ ਹਰਿ **ਨਿਰਤਿ**।"

— ਬਿਲਾ **੫**, ੬੦, ੩ : ੨ (816)

('ਪ੍ਰੀਤ ਨਾਲ' ਮਹਾਨਕੋਸ਼)

4. ਨਿਰਣਾ ਭਾਵ ਕੀਮਤ

"**ਨਿਰਤਿ** ਨ ਪਾਈਆ ਗਣੀ ਸਹੰਸ।"

— ਰਾਮ **੧**, ੭, ੪ : ੪ (878)

(ਮਾਰਗ, ਖੋਜ—ਮਹਾਨਕੋਸ਼)

5. ਪਰਖ, ਨਿਰਣਾ

"**ਨਿਰਤਿ** ਨ ਪਾਵੈ ਅਸੰਖ ਗੁਣ ਊਚਾ ਪ੍ਰਭ ਕਾ ਨਾਉ।"

— ਜੈਤ **੫**, ਛੰਤ ੨, ੨ਸ : ੧ (704)

(ਨਿਰਣਾ ਕਰਨ ਦੀ ਕਿਰਿਆ—ਮਹਾਨਕੋਸ਼)

ਨਿਰਤਿਕਾਰ — (ਸੰ. ਨਰ੍ਤਕ) ਨਾਚ ਕਰਨ ਵਾਲਾ

"ਮੇਘ ਸਮੈ ਮੋਰ **ਨਿਰਤਿਕਾਰ**।"

— ਬਸੰ **੫**, ੨, ੨ : ੧ (1180)

ਨਿਰਤਿਕਾਰੀ — 1. ਨਾਚ ਕਰਨ ਵਾਲਾ, ਨਚਾਰ, (ਮਹਾਨਕੋਸ਼), ਨਾਚ (ਨਿਰਣੈ, ਦਰਪਣ)

"ਰਾਮ ਕੋ **ਨਿਰਤਿਕਾਰੀ**।"

— ਰਾਮ **੫**, ੭, ੧* : ੧ (884)

2. ਨਾਚ ਕਰਨ ਦੀ ਕ੍ਰਿਯਾ (ਮਹਾਨਕੋਸ਼) ਨਾਚ (ਦਰਪਣ, ਨਿਰਣੈ)

"ਏਹੁ **ਨਿਰਤਿਕਾਰੀ** ਜਨਮਿ ਨ ਆਵੈ।"

— ਰਾਮ **੫**, ੮, ੩ : ੪ (885)

ਨਿਰੰਤੀ — ਨਿਰੰਤਰਤਾ/ਅਭੇਦਤਾ ਦੀ

"ਜਾ ਕਉ ਭੀਤਰਿ ਮਹਲਿ ਬੁਲਾਵਹਿ ਪੂਛਉ ਬਾਤ **ਨਿਰੰਤੀ**।" — ਮਾਰੂ **੧**, ੧੧, ੧* : ੨ (992)

ਨਿਰਤੇ — ਨਾਚ ਕਰਦੇ

"ਸੁਰਤਿ ਮਾਹਿ ਜੋ **ਨਿਰਤੇ** ਕਰਤੇ ਕਥਾ ਬਾਰਤਾ ਕਹਤੇ।" — ਆਸਾ **ਕਬ**, ੧੮, ੧* : ੩ (480)

ਨਿਰਤੵੰ — ਨਾਚ

"ਬਿਖਯੰਤ ਜੀਵੰ ਵਸੵੰ ਕਰੋਤਿ **ਨਿਰਤੵੰ** ਕਰੋਤਿ ਜਥਾ ਮਰਕਟਹ।" — ਸਸ **੫**, ੪੨ : ੨ (1358)

ਨਿਰਦਇਆ — ਦਇਆਹੀਨ, ਬੇਰਹਿਮ

"**ਨਿਰਦਇਆ** ਨਹੀ ਜੋਤਿ ਉਜਾਲਾ।"

— ਰਾਮ **੧**, ਅਸ ੨, ੪ : ੩ (903)

ਨਿਰਦਲਿਆ — ਦਲ ਕੇ ਦੂਰ ਕੀਤਾ

"ਕਹੁ ਨਾਨਕ ਤਿਨਿ ਜਨਿ **ਨਿਰਦਲਿਆ** ਸਾਧਸੰਗਤਿ ਕੈ ਝਲੀ ਰੇ।"

— ਆਸਾ **੫**, ੧੩੨, ੨ : ੨ (404)

ਨਿਰਦਾਵੈ — ਦਾਵੇ ਤੋਂ ਬਿਨਾਂ, ਭਾਵ ਮਮਤਾ ਰਹਿਤ

"ਕਬੀਰ ਦਾਵੈ ਦਾਝਨੁ ਹੋਤੁ ਹੈ **ਨਿਰਦਾਵੈ** ਰਹੈ ਨਿਸੰਕ।" — ਸਲੋ **ਕਬ**, ੧੬੯ : ੧ (1373)

ਨਿਰਦੈ — ਨਿਰਦਈ, ਦਇਆ ਰਹਿਤ

"**ਨਿਰਦੈ** ਜੰਤੁ ਤਿਸੁ ਦਇਆ ਨ ਪਾਈ।"

— ਸੂਹੀ **੫**, ੪੦, ੨ : ੨ (745)

ਨਿਰਦੋਖ — ਵਿਕਾਰ ਰਹਿਤ, ਦੋਸ਼ ਰਹਿਤ

"ਬ੍ਰਹਮ ਗਿਆਨੀ ਸਦਾ **ਨਿਰਦੋਖ**।"

— ਗਉ **੫**, ਸੁਖ ੮, ੧ : ੩ (272)

ਨਿਰਧਨ — ਧਨਹੀਨ, ਕੰਗਾਲ, ਗਰੀਬ

"ਇਕਿ **ਨਿਰਧਨ** ਸਦਾ ਭਉਕਦੇ ਇਕਨਾ ਭਰੇ ਤੁਜਾਰਾ।" — ਮਾਝ **੧**, ਵਾਰ ੭ : ੬ (141)

ਹੋਰ ਰੂਪ — ਨਿਰਧਨੰ —

"ਅਧਰੰ ਧਰੰ ਧਾਰਣਹ **ਨਿਰਧਨੰ** ਧਨ ਨਾਮ ਨਰਹਰਹ।" — ਸਸ **੫**, ੨੧ : ੧ (1356)

ਨਿਰਧਨਾ — ਗਰੀਬਾਂ, ਧਨਹੀਨਾਂ

"ਗਾਈ ਪੁਤਾ **ਨਿਰਧਨਾ** ਪੰਥੀ ਚਾਕਰੁ ਹੋਇ।"

— ਮਲਾ **੧**, ਵਾਰ ੨ਸ, **੧**, ੨ : ੨ (1279)

ਨਿਰਧਨੁ — ਧਨਹੀਨ, ਗਰੀਬ

"ਜਿਉ **ਨਿਰਧਨੁ** ਧਨੁ ਦੇਖਿ ਸੁਖੁ ਪਾਵੈ।"

— ਮਾਝ **੫**, ੨੧, ੨ : ੨ (100)

ਨਿਰਨਉ — ਨਿਰਣਾ, ਵਿਚਾਰ ਵਿਵੇਕ, ਇਨਸਾਫ
"ਦਾਦੀ ਦਾਦਿ ਨ ਪਹੁਚਨਹਾਰਾ ਚੂਪੀ **ਨਿਰਨਉ** ਪਾਇਆ ਰੇ।" (ਇਨਸਾਫ)
— ਆਸਾ **੫**, ੪੪, ੩ : ੧ (381)
"ਆਨ ਸੁਆਦ ਸਭਿ ਫਿਕਿਆ ਕਰਿ **ਨਿਰਨਉ** ਡੀਠਾ।" — ਜੈਤ **੫**, ਵਾਰ ੧੧ : ੨ (708)

ਨਿਰਪ — ਰਾਜਾ
"ਮਨਿ ਹਿਰਦੈ ਕ੍ਰੋਧੁ ਮਹਾ ਬਿਸਲੋਧ **ਨਿਰਪ** ਧਾਵਹਿ ਲੜਿ ਦੁਖੁ ਪਾਇਆ।"
— ਆਸਾ **੪**, ਛੰਤ ੧੧, ੨ : ੩ (445)

ਨਿਰਬਹੀਐ — ਨਿਰਬਾਹ ਹੋਵੇ, ਗੁਜ਼ਾਰਾ ਹੋਵੇ, ਨਿਭਾ ਸਕੀਏ
"ਬਿਨੁ ਗੁਰ ਪੰਥੁ ਨ ਸੂਝਈ ਕਿਤੁ ਬਿਧਿ **ਨਿਰਬਹੀਐ**।"
— ਗਉ **੧**, ਅਸ ੧੮, ੨ : ੨ (229)

ਨਿਰਬਾਹੁ — ਸਾਥ ਦੇਣਾ, ਨਿਭਾਉਣਾ, ਪਾਲਣਾ
"ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ **ਨਿਰਬਾਹੁ**।" — ਸਲੋ **ਕਬ**, ੯੩ : ੧ (1369)

ਨਿਰਬਾਣ — 1. ਮੋਖ, ਮੁਕਤੀ
"ਵਡਭਾਗੀ ਗੁਰ ਕੇ ਸਿਖ ਪਿਆਰੇ ਹਰਿ ਨਿਰਬਾਣੀ **ਨਿਰਬਾਣ** ਪਦੁ ਪਾਇਆ।"
— ਗੂਜ **੪**, ੫, ੨ : ੨ (494)
2. ਨਿਰੋਲ
"**ਨਿਰਬਾਣ** ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ।"
— ਸੂਹੀ **੫**, ੫੦, ੧ : ੨ (747)

ਨਿਰਬਾਣ ਪਦ — ਤੁਰੀਆ ਪਦ, ਮਾਇਆ ਤੋਂ ਨਿਰਲੇਪ ਹੋ ਕੇ, ਪ੍ਰਭੂ ਮਿਲਾਪ ਦੀ ਅਵਸਥਾ, ਅਬਿਨਾਸ਼ੀ ਪਦ
"ਹਰਿ ਜਨ ਪ੍ਰੀਤਿ ਲਾਈ ਹਰਿ **ਨਿਰਬਾਣਪਦ** ਨਾਨਕ ਸਿਮਰਤ ਹਰਿ ਹਰਿ ਭਗਵਾਨ।"
— ਆਸਾ **੪**, ੬੬, ੨ : ੨ (369)
ਹੋਰ ਰੂਪ — ਨਿਰਬਾਣ ਪਦੁ —
"ਜਨ ਨਾਨਕ **ਨਿਰਬਾਣ ਪਦੁ** ਪਾਇਆ ਹਰਿ ਉਤਮੁ ਹਰਿ ਪਦੁ ਚੰਗਾ।" (ਦੁਖ ਰਹਿਤ ਅਵਸਥਾ)
— ਵਡ **੪**, ਘੋੜੀ ੧, ੨ : ੬ (575)

ਨਿਰਬਾਣੀ — 1. ਵਿਰਕਤ, ਉਦਾਸੀ, ਤਿਆਗੀ
"ਆਪਿ **ਨਿਰਬਾਣੀ** ਆਪੇ ਭੋਗਾ।"
— ਮਾਝ **੫**, ੧੦, ੩ : ੨ (97)
"ਗੁਰੁ ਹਰਿ ਰੰਗਿ ਰਤੜਾ ਸਦਾ **ਨਿਰਬਾਣੀ** ਜੀਉ।" (ਭਾਵ ਨਿਰਲੇਪ)
— ਗਉ **੪**, ੬੫, ੨ : ੨ (173)
2. ਮੁਕਤੀ/ਅਬਿਨਾਸੀ ਪਦ ਤੁਰੀਆ ਅਵਸਥਾ, ਮੋਖ ਪਦ
"ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ ਇਉ ਪਾਵਸਿ ਪਦੁ **ਨਿਰਬਾਣੀ**।"
— ਸਿਰੀ **੧**, ੨੬, ੧ : ੨ (23)
3. ਮੁਕਤੀ ਦੇਣ ਵਾਲਾ, ਤੁਰੀਆ ਪਦ ਦਾਤਾ
"ਮੂਰਖ ਸਿਉ ਨਹ ਲੂਝੁ ਪਰਾਣੀ ਹਰਿ ਜਪੀਐ ਪਦੁ **ਨਿਰਬਾਣੀ** ਹੇ।"
— ਮਾਰੂ **੪**, ਸੋਲਾ ੨, ੫ : ੩ (1070)
"ਸਾਧ ਸੰਗਿ ਨਾਨਕ ਨਿਸਤਰੀਐ ਜੋ ਰਾਤੇ ਪ੍ਰਭ **ਨਿਰਬਾਣੀ**।"
— ਸਾਰ **੫**, ੮੨, ੨ : ੨ (1220)

ਨਿਰਬਾਣੁ — 1. ਨਿਰਲੇਪ, ਨਿਰਬੰਧਨ
"ਤੂੰ **ਨਿਰਬਾਣੁ** ਰਸੀਆ ਰੰਗਿ ਰਾਤਾ।"
— ਮਾਝ **੫**, ੨੮, ੩ : ੨ (102)
"ਨਾਨਕ ਜਿਨਿ ਜਪਿਆ **ਨਿਰਬਾਣੁ**।" (ਨਿਰਲੇਪ ਹਰੀ) — ਗਉ **੫**, ੧੨੩, ੨ : ੨ (200)
ਹੋਰ ਰੂਪ — ਨਿਰਬਾਣੇ —
"ਸਭ ਕੈ ਮਧੇ ਅਲਿਪਤ **ਨਿਰਬਾਣੇ**।" (ਨਿਰਲੇਪ)— ਮਾਝ **੫**, ੨੨, ੩ : ੨ (102)
2. ਮੁਕਤ/ਤੁਰੀਆ ਪਦ, ਦੁਖ ਰਹਿਤ ਅਵਸਥਾ
"ਜੀਵਨ ਪਦੁ **ਨਿਰਬਾਣੁ** ਇਕੋ ਸਿਮਰੀਐ।"
— ਗਉ **੪**, ਵਾਰ ੧੬ਸ, **੫**, ੨ : ੧ (322)
"ਰੰਗਿ ਰਤੇ **ਨਿਰਬਾਣੁ** ਸਚਾ ਗਾਵਹੀ।" (ਮੁਕਤ)
— ਗਉ **੪**, ਵਾਰ ੧੬ਸ, **੫**, ੨ : ੭ (322)
"ਜਿਸ ਕੀ ਆਸਾ ਤਿਸ ਹੀ ਸਉਪਿ ਕੈ ਏਹੁ ਰਹਿਆ **ਨਿਰਬਾਣੁ**।" (ਦੁਖ ਮੁਕਤ ਅਵਸਥਾ ਵਿਚ) — ਪ੍ਰਭਾ **੧**, ੮, ੪ : ੧ (1329)
3. ਨਿਰੋਲ
"ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ **ਨਿਰਬਾਣੁ** ਜੀਉ।"

— ਰਾਮ **ਸੁੰਦ**, ਸਦ, ੫ : ੧ (923)
"ਨਾਮੁ **ਨਿਰਬਾਣੁ** ਨਿਧਾਨੁ ਹਰਿ ਉਰਿ ਧਰਹੁ ਗੁਰੂ ਗੁਰੁ ਗੁਰੁ ਕਰਹੁ ਗੁਰੂ ਹਰਿ ਪਾਈਐ।"
— ਸਵ **੪**, ਨਲ ੧੫ : ੫ (1401)

ਨਿਰਬਾਣੇ — ਵੇਖੋ 'ਨਿਰਬਾਣੁ' (1)
"ਸਤਿਗੁਰ ਸੇਵਾ ਮਹਾ **ਨਿਰਬਾਣੇ**।" (ਤਿਆਗ, ਨਿਰਲੇਪਤਾ) — ਆਸਾ **੫**, ੫੭, ੨ : ੨ (385)

ਨਿਰਬਾਨ — 1. ਨਿਰਲੇਪ
"ਜਹ ਨਿਰਜੰਨ ਨਿਰੰਕਾਰ **ਨਿਰਬਾਨ**।"
— ਗਉ **੫**, ਸੁਖ ੨੧, ੪ : ੩ (291)
"ਪੂਰਨ ਪੂਰਿ ਰਹਿਓ **ਨਿਰਬਾਨ**।" (ਨਿਰਲੇਪ ਹਰੀ)
— ਭੈਰ **੫**, ੪੩, ੪ : ੨ (1148)
2. ਦੁਖ ਮੁਕਤ ਅਵਸਥਾ, ਤੁਰੀਆ ਅਵਸਥਾ
"ਜੀਵਤ ਮੁਕਤ ਸਦਾ **ਨਿਰਬਾਨ**।"
— ਭੈਰ **ਰਵਿ**, ੧, ੪ : ੨ (1167)

ਨਿਰਬਾਨਾ — ਮੁਕਤ, ਤੁਰੀਆ
"ਉਸਤਤਿ ਨਿੰਦਾ ਦੋਊ ਤਿਆਗੇ ਖੋਜੈ ਪਦੁ **ਨਿਰਬਾਨਾ**।" — ਗਉ **੯**, ੧, ੨ : ੧ (219)

ਨਿਰਬਾਨੀ — 1. ਨਿਰਲੇਪ
"ਅਨਦਿਨੁ ਜਾਪੈ ਪ੍ਰਭ **ਨਿਰਬਾਨੀ**।"
— ਗਉ **੫**, ਬਾਅ ੪੯ : ੪ (260)
"ਕਬੀਰ ਦਾਸ ਤੇਰੀ ਆਰਤੀ ਕੀਨੀ ਨਿਰੰਕਾਰ **ਨਿਰਬਾਨੀ**।" (ਨਿਰਦੁਖ ਹਰੀ)
— ਪ੍ਰਭਾ **ਕਬ**, ੫, ੩ : ੨ (1350)
2. ਮੁਕਤੀ/ਤੁਰੀਆ ਦਾ
"ਜਾ ਤੇ ਪਾਈਐ ਪਦੁ **ਨਿਰਬਾਨੀ**।"
— ਆਸਾ **੫**, ੫੬, ੧* : ੨ (385)

ਨਿਰਬਾਨੁ — 1. ਨਿਰਲੇਪ, ਮਾਇਆ ਤੋਂ ਬਚਿਆ ਹੋਇਆ
"ਗ੍ਰਿਹਸਤ ਮਹਿ ਸੋਈ **ਨਿਰਬਾਨੁ**।"
— ਗਉ **੫**, ਸੁਖ ੧੪, ੪ : ੬ (281)
2. ਦੁੱਖਾਂ ਤੋਂ ਉੱਚੀ ਅਸਵਥਾ, ਮੁਕਤ ਅਵਸਥਾ
"ਊਚ ਤੇ ਊਚ ਨਿਰਮਲ **ਨਿਰਬਾਨੁ**।"
— ਸਾਰ **੫**, ਅਸ ੨, ੧੨ : ੨ (1236)

ਨਿਰਬਾਨੈ — ਤਿਆਗੀ/ਉਦਾਸੀ ਦਾ
"ਪਾਪ ਕਰੇ ਕਰਿ ਮੂਕਰਿ ਪਾਵੈ ਭੇਖ ਕਰੈ **ਨਿਰਬਾਨੈ**।" — ਧਨਾ **੫**, ੩੬, ੧ : ੨ (680)

ਨਿਰਬਿਖਈ — ਵਿਸ਼ੇ ਰਹਿਤ
"ਦਰਸਨੁ ਪੇਖਿ ਭਏ **ਨਿਰਬਿਖਈ** ਪਾਏ ਹੈ ਸਗਲੇ ਥੋਕ।" — ਸਾਰ **ਸੂਰ**, ੧, ੧ : ੧ (1253)

ਨਿਰਬਿਘਨ — ਵਿਘਨ ਰਹਿਤ, ਬਿਨਾਂ ਕਿਸੇ ਰੁਕਾਵਟ ਦੇ
"**ਨਿਰਬਿਘਨ** ਭਗਤਿ ਭਜੁ ਹਰਿ ਹਰਿ ਨਾਉ।"
— ਭੈਰ **੫**, ੪੯, ੧* : ੧ (1150)

ਨਿਰਭਉ — 1. ਡਰ ਰਹਿਤ, ਬਿਨਾਂ ਕਿਸੇ ਭੈ ਦੇ, ਨਿਡਰ, ਬੇਖ਼ੌਫ
"ਜਿਨ ਨਿਰਭਉ ਜਿਨ ਹਰਿ **ਨਿਰਭਉ** ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ।"
— ਆਸਾ **੪**, ਸੋਪੁ ੧, ੩ : ੩ (11)
2. ਡਰ ਰਹਿਤ ਹਰੀ
"ਭੈ ਤੇ **ਨਿਰਭਉ** ਪਾਈਐ ਮਿਲਿ ਜੋਤੀ ਜੋਤਿ ਅਪਾਰ।"
— ਗੂਜ **੩**, ਵਾਰ ੧੯ਸ, **੩**, ੧ : ੧੦ (516)
3. ਡਰ ਰਹਿਤ ਜੀਵ, ਜੋ ਅਸਲ ਵਿਚ ਨਿਰਭੈਤਾ ਦਾ ਸਰੂਪ ਹੈ
"ਭੈ ਤੇ **ਨਿਰਭਉ** ਡਰਤਾ ਫਿਰੈ।"
— ਰਾਮ **੫**, ੫੪, ੨ : ੩ (900)

ਨਿਰਭਇਆ — ਨਿਰਭੈ ਹੋਇਆ
"ਸਿਮਰਿ ਸਿਮਰਿ ਮਨ ਤਨ ਸੁਖੀ ਨਾਨਕ **ਨਿਰਭਇਆ**।"
— ਬਿਲਾ **੫**, ੬੫, ੨ : ੨ (817)

ਨਿਰਭਏ — ਨਿਰਭੈ ਹੋ ਗਏ
"ਪੋਟ ਡਾਰਿ ਗੁਰੁ ਪੂਰਾ ਮਿਲਿਆ ਤਉ ਨਾਨਕ **ਨਿਰਭਏ**।" — ਗਉ **੫**, ੧੫੯*, ੪ : ੨ (214)

ਨਿਰਭਯੰ — ਨਿਰਭੈ, ਬਿਨਾ ਡਰ
"ਬਿਚਰਤੇ **ਨਿਰਭਯੰ** ਸਤ੍ਰੁ ਸੈਨਾ ਧਾਯੰਤੇ ਗੋੁਪਾਲ ਕੀਰਤਨਹ।" — ਸਸ **੫**, ੨੯ : ੪ (1356)

ਨਿਰਭਯਹ — ਨਿਰਭਉ
"ਦੁਖੰ ਭਯੰਤਿ ਸੁਖੰਭੈ ਭੀਤੰ ਤੇ **ਨਿਰਭਯਹ**।"
— ਸਸ **੫**, ੩੭ : ੨ (1357)

ਨਿਰਭਵਹ — ਨਿਰਭੈ
"ਅਸਥਿਤੰ ਸੋਗ ਹਰਖੰ ਭੈ ਖੀਣੰ ਤੇ **ਨਿਰਭਵਹ**।"
— ਸਸ **੫**, ੪੪ : ੩ (1358)

ਨਿਰਭਾਰ — ਭਾਰ ਰਹਿਤ

"ਓਇ ਜੁ ਸੇਵਹਿ ਸਬਦੁ ਸਾਰੁ ਗਾਖੜੀ ਬਿਖਮ ਕਾਰ ਤੇ ਨਰ ਭਵ ਉਤਾਰਿ ਕੀਏ **ਨਿਰਭਾਰ**।"
— ਸਵ **੨**, ੨ : ੨ (1391)

ਨਿਰਭੈ — 1. ਭੈ ਰਹਿਤ, ਬਿਨਾਂ ਡਰ/ਖੌਫ ਦੇ
"ਅਉਰ ਸਗਲ ਜਗੁ ਮਾਇਆ ਮੋਹਿਆ **ਨਿਰਭੈ** ਪਦੁ ਨਹੀ ਪਾਇਆ।"
— ਗਉ **੯**, ੮, ੩ : ੨ (200)

2. ਭੈ ਰਹਿਤ ਹਰੀ
"ਜਾ ਕੈ ਗ੍ਰਿਹ ਸਭੁ ਕਿਛੁ ਹੈ ਪੂਰਨੁ ਸੋ ਭੇਟਿਆ **ਨਿਰਭੈ** ਧਨੀ।"
— ਆਸਾ **੫**, ੨੮, ੧* : ੨ (389)
"ਬਜਰ ਕਪਾਟ ਮੁਕਤੇ ਗੁਰਮਤੀ **ਨਿਰਭੈ** ਤਾੜੀ ਲਾਈ।" (ਨਿਰਭਉ ਹਰੀ)
— ਸੋਰ **੧**, ੬, ੩ : ੨ (596)

ਨਿਰਮਏ — ਉਤਪਤ ਹੋਏ, ਬਣੇ
"ਓਅੰਕਾਰਿ ਬੇਦ **ਨਿਰਮਏ**।"
— ਰਾਮ **੧**, ਓਅੰ ੧ : ੫ (930)

ਨਿਰਮਯੋ — ਬਣਾਇਆ ਹੈ
"ਬੋਹਿਥਉ ਬਿਧਾਤੈ **ਨਿਰਮਯੋ** ਸਭ ਸੰਗਤਿ ਕੁਲ ਉਧਰਣ।" — ਸਵ **੩**, ੧੫ : ੫ (1395)

ਨਿਰਮਰਿ — ਨਿਰਮਲਤਾ ਵਾਲਾ, ਸਾਫ, ਧੁੰਧਲੇਪਨ ਤੋਂ ਰਹਿਤ
"ਆਨ ਨਾਹੀ ਸਮਸਰਿ ਉਜੀਆਰੋ **ਨਿਰਮਰਿ** ਕੋਟਿ ਪਰਾਛਤ ਜਾਹਿ ਨਾਮ ਲੀਏ ਹਰਿ ਹਰਿ।"
— ਸਮੁ **੫**, ੨ : ੩ (1385)

ਨਿਰਮਲ — 1. ਮੈਲ ਰਹਿਤ, ਉਜਲ, ਪਵਿੱਤਰ
"ਮਨਿ **ਨਿਰਮਲ** ਨਾਮੁ ਧਿਆਈਐ ਤਾ ਪਾਏ ਮੋਖ ਦੁਆਰੁ।" — ਸਿਰੀ **੩**, ੫੨, ੨ : ੩ (33)
"ਭਾਈਰੇ ਮੈਲੁ ਨਾਹੀ **ਨਿਰਮਲ** ਜਲਿ ਨਾਇ।"
— ਸਿਰੀ **੧**, ਅਸ ੨, ੧* : ੧ (57)
"ਕਾਜਰ ਕੋਠ ਮਹਿ ਭਈ ਨ ਕਾਰੀ **ਨਿਰਮਲ** ਬਰਨੁ ਬਨਿ ਓਰੀ।" (ਸਾਫ)
— ਆਸਾ **੫**, ੫੧, ੩ : ੧ (384)

2. ਸੁਅਸਤ, ਵਿਕਾਰ ਰਹਿਤ
"ਗੁਰ ਤੇ ਨਿਰਮਲੁ ਜਾਣੀਐ **ਨਿਰਮਲ** ਦੇਹ ਸਰੀਰੁ।"
— ਸਿਰੀ **੧**, ਅਸ ੨, ੧ : ੧ (57)

3. ਪਵਿੱਤਰ ਹਰੀ ਮੈਲ ਰਹਿਤ/ਉਜਲ
"ਅਨਦਿਨ ਗੁਣ ਗਾਵਹਿ ਸਦ **ਨਿਰਮਲ** ਸਹਜੇ ਨਾਮਿ ਸਮਾਤੇ।"
— ਸਿਰੀ **੩**, ਅਸ ੨੪, ੫ : ੨ (69)
"**ਨਿਰਮਲ** ਤੇ ਸਭ ਨਿਰਮਲ ਹੋਵੈ।"
— ਮਾਝ **੩**, ਅਸ ੨੦, ੫ : ੧ (121)
(ਦੂਜੇ 'ਨਿਰਮਲ' ਦੇ ਅਰਥ 'ਮੈਲ ਰਹਿਤ ਜੀਵ' ਹੈ)

4. ਉਜਲੀ, ਚੰਗੀ
"ਪ੍ਰੀਤਮ ਚਰਣੀ ਜੋ ਲਗੇ ਤਿਨ ਕੀ **ਨਿਰਮਲ** ਸੋਇ।" — ਮਾਝ **੫**, ਬਾਰਾ ੩ : ੨ (134)

5. ਸ੍ਰੇਸ਼ਟ
"ਗੁਰ ਸਬਦੀ ਆਰਾਧੀਐ ਜਪੀਐ **ਨਿਰਮਲ** ਮੰਤੁ।" — ਮਾਝ **੫**, ਦਿਨ ੩ : ੩ (137)

6. ਭਾਵ ਚਾਣਨ
"ਰੈਣਿ ਅੰਧਾਰੀ **ਨਿਰਮਲ** ਜੋਤਿ।"
— ਬਿਲਾ **੧**, ਅਸ ੧, ੬ : ੧ (831)

7. ਭਾਵ ਸਾਫ
"ਜੈਸੇ ਤਾ ਪਤੇ **ਨਿਰਮਲ** ਘਾਮਾ।"
— ਗੋਂਡ **ਨਾਮ**, ੪, ੫ : ੧ (874)

ਨਿਰਮਲੰ — ਪਵਿੱਤਰ
"**ਨਿਰਮਲੰ** ਸਾਧ ਸੰਗਹ ਜਪੰਤਿ ਨਾਨਕ ਗੋਪਾਲ ਨਾਮੰ।" — ਸਸ **੫**, ੪੨ : ੪ (1357)

ਨਿਰਮਲਉ — ਸ੍ਰੇਸ਼ਟ, ਚੰਗਾ, ਉਤਮ
"ਨਾਨਕ ਵਖਰ **ਨਿਰਮਲਉ** ਧੰਨੁ ਸਾਹੁ ਵਾਪਾਰੁ।"
— ਮਾਰੂ **੩**, ਵਾਰ ੧੩ਸ, **੧**, ੨ : ੨ (1090)

ਨਿਰਮਲਹ — ਸ੍ਰੇਸ਼ਟ, ਉਤਮ, ਚੰਗੇ
"ਰਿਦ ਬਸੰਤਿ ਭੈ ਭੀਤ ਦੂਤਹ ਕਰਮ ਕਰਤਮਹਾ **ਨਿਰਮਲਹ**।" — ਸਸ **੫**, ੧੯ : ੨ (1355)

ਨਿਰਮਲਾ — ਮੈਲ ਰਹਿਤ, ਉਜਲ, ਪਵਿੱਤਰ
"ਮੋਤੀ ਹੀਰਾ **ਨਿਰਮਲਾ** ਕੰਚਨ ਕੋਟ ਰੀਸਾਲ।"
— ਸਿਰੀ **੧**, ੯, ੨ : ੨ (17)
"ਸਾਧ ਸੰਗਤਿ ਹੋਇ **ਨਿਰਮਲਾ** ਕਟੀਐ ਜਮ ਕੀ ਫਾਸ।" (ਸ਼ੁਧ, ਉਜਲ, ਦੋਖ ਰਹਿਤ)
— ਸਿਰੀ **੫**, ੨੨, ੩ : ੧ (44)

ਨਿਰਮਲਾਇ — ਨਿਰਮਲਤਾ/ਸੁਛਤਾ ਵਾਲਾ
"ਸੁਭਾਵਤ ਜੈਸੇ ਬੈਸੰਤਰ ਅਲਿਪਤ ਸਦਾ

ਨਿਰਮਲਾਇ।"
— ਮਾਰੂ **੫**, ੧੧, ੪ : ੨ (1001)

ਨਿਰਮਲਿ — ਸਾਫ, ਮੈਲ ਰਹਿਤ
"**ਨਿਰਮਲਿ** ਜਲਿ ਨਾਏ ਮੈਲੁ ਗਵਾਏ ਭਏ ਪਵਿਤੁ ਸਰੀਰਾ।" — ਸੂਹੀ **੪**, ਛੰਤ ੩, ੨ : ੩ (774)
"ਪ੍ਰਭ ਮੇਰਾ ਸਦਾ ਨਿਰਮਲਾ ਮਨਿ **ਨਿਰਮਲਿ** ਪਾਇਆ ਜਾਇ।" (ਵਿਕਾਰ/ਈਰਖਾ ਦ੍ਵੈਤ ਰਹਿਤ, ਉਜਲ)
— ਸਿਰੀ **੩**, ਅਸ ੧੮, ੭ : ੧ (65)
"ਮਨਿ **ਨਿਰਮਲਿ** ਵਸੈ ਸਚੁ ਸੋਇ।" (ਸਾਫ ਹੋਣ ਨਾਲ) — ਗਉ **੩**, ੨੧, ੩ : ੨ (158)

ਨਿਰਮਲੀ — 1. ਉਜਲੀ, ਚੰਗੀ ਸ੍ਰੇਸ਼ਟ
"ਤਿਨ ਕੀ ਸੋਭਾ **ਨਿਰਮਲੀ** ਪਰਗਟੁ ਭਈ ਜਹਾਨ।"
— ਸਿਰੀ **੫**, ੮੦, ੪ : ੨ (45)
"ਸਤਿਗੁਰ ਕੀ ਸੇਵਾ **ਨਿਰਮਲੀ** ਨਿਰਮਲ ਜਨੁ ਹੋਇ ਸੁ ਸੇਵਾ ਘਾਲੇ।"
— ਗਉ **੪**, ਵਾਰ ੧੦ਸ, **੪**, ੧ : ੧ (304)
2. ਪਵਿੱਤਰ
"ਸਤਿ ਕਰਣੀ ਨਿਰਮਲ **ਨਿਰਮਲੀ**।"
— ਗਉ **੫**, ਸੁਖ ੧੬, ੬ : ੭ (284)

ਨਿਰਮਲੀਆ — ਪਵਿੱਤਰ
"ਅੰਮ੍ਰਿਤ ਨਾਮੁ ਸਦਾ **ਨਿਰਮਲੀਆ**।"
— ਮਾਝ **੫**, ੨੨, ੧ : ੧ (100)
"ਕਾਟ ਅਗਿਆਨ ਤਿਮਰ **ਨਿਰਮਲੀਆ** ਬੁਧਿ ਬਿਗਾਸ ਬਿਬੇਕਾ।" (ਨਿਰਮਲ ਕੀਤਾ)
— ਸਾਰ **੫**, ੨੨੧ : ੧ (1209)

ਨਿਰਮਲੁ — 1. ਪਵਿੱਤਰ
"**ਨਿਰਮਲੁ** ਮੈਲਾ ਨ ਥੀਐ ਸਬਦਿ ਰਤੇ ਪਤਿ ਹੋਇ।"
— ਸਿਰੀ **੧**, ੧੫, ੩ : ੩ (19)
"ਅਨਦਿਨੁ ਭਗਤੀ ਰਤਿਆ ਮਨੁ ਤਨੁ **ਨਿਰਮਲੁ** ਹੋਇ।" — ਸਿਰੀ **੩**, ੩੨, ੩ : ੨ (28)
2. ਪਵਿਤਰ, ਹਰਿ
"ਮਨ ਮੇਰੇ ਹਰਿ ਹਰਿ **ਨਿਰਮਲੁ** ਧਿਆਇ।"
— ਸਿਰੀ **੩**, ਅਸ ੩੭, ੧* : ੧ (27)
"ਗੁਰ ਤੇ **ਨਿਰਮਲੁ** ਜਾਣੀਐ ਨਿਰਮਲ ਦੇਹ ਸਰੀਰੁ।"
— ਸਿਰੀ **੧**, ਅਸ ੭, ੧ : ੧ (57)
3. ਵਿਕਾਰ ਰਹਿਤ
"ਸਾਚੇ ਮੈਲੁ ਨ ਲਗਈ ਮਨੁ **ਨਿਰਮਲੁ** ਹਰਿ ਧਿਆਇ।"
— ਸਿਰੀ **੩**, ੪੦, ੨ : ੧ (29)

ਨਿਰਮਲੋੁ — ਪਵਿਤਰ
"ਗੁਰਮਤੀ ਨਾਮੁ **ਨਿਰਮਲੋੁ** ਨਿਰਮਲ ਨਾਮ ਧਿਆਇ।" — ਸਲੋ **੪**, ੨੫ : ੨ (1423)

ਨਿਰਮਲੇ — ਉਜਲ, ਵਿਕਾਰ ਰਹਿਤ, ਸਾਫ ਪਵਿਤਰ
"ਸਬਦਿ ਰਤੇ ਸੇ **ਨਿਰਮਲੇ** ਹਉ ਸਦ ਬਲਿਹਾਰੈ ਜਾਸੁ।" — ਸਿਰੀ **੩**, ੩੭, ੧ : ੩ (27)
"ਸਚਿ ਰਤੇ ਸੇ **ਨਿਰਮਲੇ** ਜੋਤੀ ਜੋਤਿ ਮਿਲਾਇ।"
— ਸੋਰ **੪**, ਵਾਰ ੬ਸ, **੩**, ੨ : ੯ (645)

ਨਿਰਮਲੋ — ਪਵਿਤਰ
"ਰਾਮ ਨਾਮੁ ਧਨੁ **ਨਿਰਮਲੋ** ਗੁਰੁ ਦਾਤਿ ਕਰੇ ਪ੍ਰਭੁ ਸੋਇ।" — ਸਿਰੀ **੧**, ਅਸ ੧੫, ੧* : ੨ (62)

ਨਿਰਮਲੌ — ਨਿਰਮਲ, ਖੋਟੌ ਤੋਂ ਰਹਿਤ
"ਜਗੁ ਖੋਟੇ ਸਚੁ **ਨਿਰਮਲੌ** ਗੁਰ ਸਬਦੀਂ ਵੀਚਾਰਿ।"
— ਪ੍ਰਭਾ **੧**, ੧੩, ੪ : ੧ (1331)

ਨਿਰਮਾਇਲ — ਮੈਲ ਰਹਿਤ, ਨਿਰਮਲ
"ਪੰਚ ਸਬਦ **ਨਿਰਮਾਇਲ** ਬਾਜੇ।" (ਸ਼ੁੱਧ, ਪਵਿੱਤਰ) — ਰਾਮ **ਬੇਣੀ**, ੧, ੯ : ੩ (974)

ਨਿਰਮਾਇਲੁ — 1. ਪਵਿਤਰ, ਨਿਰਮਲ, ਮਾਇਆ ਤੋਂ ਰਹਿਤ
"ਪਿਰੁ **ਨਿਰਮਾਇਲੁ** ਸਦਾ ਸੁਖਦਾਤਾ ਨਾਨਕ ਸਬਦਿ ਮਿਲਾਏ।" — ਵਡ **੩**, ਅਲਾ ੧, ੪ : ੫ (583)
"ਅਤਿ **ਨਿਰਮਾਇਲੁ** ਸੀਝਸਿ ਦੇਹਾ।"
— ਰਾਮ **੧**, ਓਅੰ ੧੦ : ੬ (931)
"ਅਵਿਗਤੋ **ਨਿਰਮਾਇਲੁ** ਉਪਜੇ ਨਿਰਗੁਣ ਤੇ ਸਰਗੁਣੁ ਥੀਆ।" (ਨਿਰਮਲ ਸਰੂਪ)
— ਰਾਮ **੧**, ਸਿਗੋ ੨੪ : ੧ (940)
2. ਦੇਵਤੇ ਨੂੰ ਭੇਟ/ਅਰਪਣ ਕੀਤੀ ਵਸਤੂ
"ਆਤਮ ਜਉ **ਨਿਰਮਾਇਲੁ** ਕੀਜੈ ਆਪ ਬਰਾਬਰਿ ਕੰਚਨੁ ਦੀਜੈ ਰਾਮ ਨਾਮ ਸਰਿ ਤਊ ਨ ਪੂਜੈ।"
— ਰਾਮ **ਨਾਮ**, ੪, ੩ : ੨ (973)

ਨਿਰਮਾਲਕਾ — ਨਿਰਮਲ, ਸ੍ਰੇਸ਼ਟ
"ਕਾਮ ਕ੍ਰੋਧੁ ਅਹੰਕਾਰੁ ਤਜਾਏ ਤਿਸੁ ਜਨ ਕਉ ਉਪਦੇਸੁ **ਨਿਰਮਾਲਕਾ**।"

— ਮਾਰੂ **੫**, ਸੋਲਾ ੧੩, ੧੪ : ੩ (1085)

ਨਿਰਮਿਤ — ਨਿੰਮਿਆ ਭਾਵ ਰਖਿਆ
"ਰੰਚਕ ਰੇਤ ਖੇਤ ਤਨਿ **ਨਿਰਮਿਤ** ਦੁਰਲਭ ਦੇਹ ਸਵਾਰਿ ਧਰੀ।" — ਸਧੁ **੫**, ੩* : ੧ (1387)

ਨਿਰਮੋਹਤੇ — ਨਿਰਮੋਹ ਹੋ ਜਾਈਦਾ ਹੈ
"ਅਨਿਤ੍ ਰਚਨਾ **ਨਿਰਮੋਹਤੇ**।"
— ਸਸ **੫**, ੨੩ : ੫ (1356)

ਨਿਰਮੋਲਕ — ਜਿਸ ਦਾ ਮੂਲ ਨਹੀਂ ਪਾਇਆ ਜਾ ਸਕਦਾ, ਅਮੋਲਕ, ਵਡਮੁੱਲਾ
"ਕੀਰਤਨੁ **ਨਿਰਮੋਲਕ** ਹੀਰਾ।"
— ਰਾਮ **੫**, ੩੫, ੨ : ੧ (893)

ਹੋਰ ਰੂਪ — ਨਿਰਮੋਲਕੁ —
"ਸਿਮਰਤ ਨਾਮੁ ਨਿਧਾਨ **ਨਿਰਮੋਲਕੁ** ਮਨੁ ਮਾਣਕੁ ਪਤੀਆਨਾਂ ਰੇ।" (ਅਮੋਲ ਖਜ਼ਾਨਾ)
— ਆਸਾ **੫**, ੧੩੦, ੩ : ੨ (404)

ਨਿਰਮੋਲਕੋ —
"ਇਹੁ ਜੀਅਰਾ **ਨਿਰਮੋਲਕੋ** ਕਉਡੀ ਲਗਿ ਮੀਕਾ।" — ਬਿਲਾ **ਕਬ**, ੩, ੩ : ੨ (856)

ਨਿਰਮੋਲਾ — ਅਮੋਲਕ, ਵਡਮੁਲਾ
"ਜਿਨਿ ਦੀਆ ਤੁਧੁ ਨੀਰੁ **ਨਿਰਮੋਲਾ**।"
— ਰਾਮ **੫**, ਅਸ ੨, ੩ : ੨ (913)

ਹੋਰ ਰੂਪ — ਨਿਰਮੋਲੁ —
"ਮਨੁ ਮਾਣਕੁ **ਨਿਰਮੋਲੁ** ਹੈ ਰਾਮ ਨਾਮਿ ਪਤਿ ਪਾਇ।" (ਵਡਮੁਲਾ)
— ਸਿਰੀ **੧**, ੨੨, ੨ : ੧ (22)

ਨਿਰਲਜੇ — ਲਜਾ ਰਹਿਤ, ਬੇਹਯਾ, ਬੇਸ਼ਰਮ
"ਸਿਮਰਹਿ ਨਾਹੀ ਜੋਨਿ ਦੁਖ **ਨਿਰਲਜੇ** ਭਾਂਡ।"
— ਬਿਲਾ **੫**, ੫੮, ੨ : ੨ (815)

ਨਿਰਲੇਪ — ਜੋ ਲਿਪਤ/ਖਚਿਤ ਨਾ ਹੋਵੇ
"ਬ੍ਰਹਮ ਗਿਆਨੀ ਸਦਾ **ਨਿਰਲੇਪ**।"
— ਗਉ **੫**, ਸੁਖ ੮, ੧ : ੧ (272)

ਨਿਰਲੇਪਾ — ਖਚਿਤ/ਲਿਪਤ ਨ ਹੋਣ ਵਾਲਾ, ਨਿਆਰਾ/ਅਲੱਗ ਰਹਿਣ ਵਾਲਾ
"ਤਾਹੂ ਸੰਗ ਤਾਹੂ **ਨਿਰਲੇਪਾ**।"
— ਗਉ **੫**, ਬਾਅ ੪੨ : ੫ (259)

ਨਿਰਲੇਪੀ — ਅਲਗ, ਬੇਲਾਗ, ਨਿਆਰਾ
"ਸੁਖ ਦੁਖ ਰਹਿਤ ਸਦਾ **ਨਿਰਲੇਪੀ** ਜਾ ਕਉ ਕਹਤ ਗੁਸਾਈ।" — ਸੋਰ **੯**, ੫, ੩ : ੧ (632)

ਨਿਰਵਰਈ — ਦੂਰ ਕਰਦਾ ਹੈ, ਨਿਵਾਰਦਾ ਹੈ, ਹਟਾਂਦਾ ਹੈ
"ਪਾਪੁ ਪੁੰਨੁ ਦੋਊ **ਨਿਰਵਰਈ**।"
— ਗਉ **ਕਬ**, ਬਾਅ ੨੨ : ੪ (341)

ਨਿਰਵਾ — ਨੇੜੇ, ਸਮੀਪ, ਕੋਲ
"ਕੋਈ ਬੋਲੈ **ਨਿਰਵਾ** ਕੋਈ ਬੋਲੈ ਦੂਰਿ।"
— ਟੋਡੀ **ਨਾਮ**, ੧, ੧ : ੧ (718)

ਨਿਰਵਾਰੀ — ਦੂਰ ਕੀਤੀ, ਹਟਾਈ
"ਅਨਿਕ ਸਿਆਨੇ ਪਚਿ ਗਏ ਨਾ **ਨਿਰਵਾਰੀ** ਜਾਇ।" — ਸਲੋ **ਕਬ**, ੧੯੬ : ੨ (1375)

ਹੋਰ ਰੂਪ — ਨਿਰਵਾਰੋ —
"ਙੰਙਾ ਨਿਗ੍ਰਹਿ ਸਨੇਹੁ ਕਰਿ **ਨਿਰਵਾਰੋ** ਸੰਦੇਹ।" (ਹਟਾਓ, ਦੂਰ ਕਰੋ)
— ਗਉ **ਕਬ**, ਬਾਅ ੧੧ : ੧ (340)

ਨਿਰਵਿਰਤਿ — ਉਦਾਸੀਨਤਾ/ਦੁਨੀਆ ਵਲੋਂ ਉਪਰਾਮਤਾ ਦਾ ਭਾਵ
"ਪਰ ਵਿਰਤਿ **ਨਿਰਵਿਰਤਿ** ਹਾਠਾ ਦੋਵੈ ਵਿਚਿ ਧਰਮੁ ਫਿਰੈ ਰੈਬਾਰਿਆ।"
— ਮਲਾ **੧**, ਵਾਰ ੫ : ੩ (1280)

ਨਿਰਵਿਰਤੀ — ਉਦਾਸੀਨਤਾ ਵਾਲਾ ਭਾਵ ਤਿਅਗੀ, ਦੁਨੀਆਂ ਤੋਂ ਉਪਰਾਮ
"ਆਪਿ ਪਰਵਿਰਤਿ ਆਪਿ **ਨਿਰਵਿਰਤੀ** ਆਪੇ ਅਕਥੁ ਕਥੀਜੈ।"
— ਬਿਹਾ **੪**, ਵਾਰ ੮ : ੩ (551)

ਨਿਰਵੈਰ — ਵੈਰ ਰਹਿਤ, ਕਿਸੇ ਨਾਲ ਵੈਰ ਨ ਕਰਨ ਵਾਲਾ
"ਨਿਰਭਉ **ਨਿਰਵੈਰ** ਅਥਾਹ ਅਤੋਲੇ।"
— ਮਾਝ **੫**, ੧੬, ੨ : ੨ (99)

ਨਿਰਵੈਰਣਹ — ਨਿਰਵੈਰ/ਵੈਰ ਰਹਿਤ ਹੋਣਾ
"ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ **ਨਿਰਵੈਰਣਹ**।" — ਸਸ **੫**, ੪੦ : ੨ (1357)

ਨਿਰਵੈਰਾ — ਵੈਰ ਰਹਿਤ
"ਨਿਰਹਾਰੀ ਕੇਸਵ **ਨਿਰਵੈਰਾ**।"
— ਮਾਝ **੫**, ੧੩, ੩ : ੧ (98)

ਨਿਰਵੈਰਿ — ਵੈਰ ਰਹਿਤ ਪ੍ਰਭੂ ਵਿਚ
"ਸਤਿ ਸੂਰਉ ਸੀਲਿ ਬਲਵੰਤੁ ਸਤ ਭਾਇ ਸੰਗਤਿ

ਸਘਨ ਗਰੂਅ ਮਤਿ **ਨਿਰਵੈਰਿ** ਲੀਣਾ।"
— ਸਵ **੩**, ੭ : ੧ (1393)

ਨਿਰਵੈਰੁ — 1. ਵੈਰ ਰਹਿਤ
"ਤੂੰ **ਨਿਰਵੈਰੁ** ਸੰਤ ਤੇਰੇ ਨਿਰਮਲ।"
— ਮਾਝ **੫**, ੪੯, ੪ : ੧ (108)
2. ਵੈਰ ਰਹਿਤ ਪ੍ਰਭੂ
"ਨਿਰਾਹਾਰੀ **ਨਿਰਵੈਰੁ** ਸਮਾਇਆ।"
— ਮਾਰੂ **੫**, ਸੋਲਾ ੧੧, ੯ : ੧ (1082)
"ਰਾਜੁ ਜੋਗੁ ਮਾਣਿਓ ਬਸਿਓ **ਨਿਰਵੈਰੁ** ਰਿਦੰਤਰਿ।" — ਸਵ **੧**, ੬ : ੧ (1390)

ਨਿਰਵੈਰੇ — ਨਿਰਵੈਰ, ਵੈਰ ਰਹਿਤ
"ਭ੍ਰਮੁ ਭਉ ਕਾਟਿ ਕੀਏ **ਨਿਰਵੈਰੇ** ਜੀਉ।"
— ਗਉ **੫**, ੧੬੬*, ੪ : ੩ (217)
ਹੋਰ ਰੂਪ — ਨਿਰਵੈਰੈ —
"**ਨਿਰਵੈਰੈ** ਨਾਲਿ ਜਿ ਵੈਰੁ ਰਚਾਏ ਸਭੁ ਪਾਪੁ ਜਗਤੈ ਕਾ ਤਿਨਿ ਸਿਰਿ ਲਇਆ।"
— ਗਉ **੪**, ਵਾਰ ੧੩ਸ, **੪**, ੨ : ੫ (307)

ਨਿਰਾਸ — 1. ਨਿਰਾਸਾ, ਟੁੱਟੇ ਦਿਲ ਵਾਲਾ
"ਪੂਰੈ ਥਾਨਿ ਸੁਹਾਵਣੈ ਪੂਰੈ ਆਸ **ਨਿਰਾਸ**।"
— ਸਿਰੀ **੧**, ੯, ੪ : ੨ (17)
"**ਨਿਰਾਸ** ਆਸ ਕਰਣੰ ਸਗਲ ਅਰਥ ਆਲਯਹ।"
— ਸਸ **੫**, ੪੩ : ੩ (1357)
ਹੋਰ ਰੂਪ — ਨਿਰਾਸੰ —
"ਪਾਛੰ ਕਰੋਤਿ ਅਗੁਣੀਵਹ **ਨਿਰਾਸੰ** ਆਸ ਪੂਰਨਹ।" (ਨਿਰਾਸੀਆਂ ਨੂੰ)
— ਸਸ **੫**, ੨੦ : ੧ (1355)
2. ਆਸ ਰਹਿਤ, ਬੇਆਸ, ਨਾ ਉਮੀਦ
"ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ **ਨਿਰਾਸ**।"— ਮਾਝ **੫**, ਬਾਰਾ ੫ : ੫ (134)
3. ਨਿਰਾਸਤਾ
"ਜਾ ਕੈ ਆਸ ਨਾਹੀ **ਨਿਰਾਸ** ਨਾਹੀ ਚਿਤਿ ਸੁਰਤਿ ਸਮਝਾਈ।"
— ਪ੍ਰਭਾ **੧**, ੪, ੪ : ੧ (1328)

ਨਿਰਾਸਾ — 1. ਉਮੇਟ, ਬੇਆਸ, ਮਾਯੂਸ
"ਨਾਨਕ ਸਤਿਗੁਰੁ ਸੇਵਨਿ ਆਪਣਾ ਸੇ ਆਸਾ ਤੇ **ਨਿਰਾਸਾ**।" — ਮਾਝ **੧**, ਵਾਰ ੫ : ੮ (140)
"ਆਸ **ਨਿਰਾਸਾ** ਹਿਕੁ ਤੂ ਹਉ ਬਲਿ ਬਲਿ ਬਲਿ ਗਈਆਸ।" (ਆਸਾ ਤੋਂ ਰਹਿਤ)
— ਮਾਰੂ **੫**, ਵਾਰ ੧੮ਸ, **੫**, ੨ : ੨ (1100)
ਹੋਰ ਰੂਪ — ਨਿਰਾਸੀ —
"ਭਈ **ਨਿਰਾਸੀ** ਉਠਿ ਚਲੀ ਚਿਤ ਬੰਧਿ ਨ ਧੀਰਾ।" — ਗਉ **ਕਬ**, ੫੦, ੫ : ੧ (334)
2. ਇਛਾ ਰਹਿਤ, ਕੋਈ ਆਸ ਨ ਰੱਖਣ ਵਾਲਾ
"ਹੁਕਮੈ ਬੂਝੈ **ਨਿਰਾਸਾ** ਹੋਈ।"
— ਆਸਾ **੩**, ੨੫, ੧ : ੨ (423)
"ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ **ਨਿਰਾਸਾ**।"— ਸੋਰ **੯**, ੧੧, ੨ : ੧ (634)
ਹੋਰ ਰੂਪ — ਨਿਰਾਸੀ —
"ਵਿਚਿ ਆਸਾ ਹੋਇ **ਨਿਰਾਸੀ**।"
— ਬਿਲਾ **੪**, ੭, ੨ : ੩ (801)
4. ਉਦਾਸੀਨ, ਬੇਲਾਗ
"ਹਰਖ ਸੋਗ ਤੇ ਰਹਹਿ **ਨਿਰਾਸਾ**।"
— ਬਸੰ **੧**, ਅਸ ੪, ੬ : ੧ (1189)
ਹੋਰ ਰੂਪ — ਨਿਰਾਸੀ —
"ਭਈ **ਨਿਰਾਸੀ** ਕਰਮ ਕੀ ਫਾਸੀ ਬਿਨੁ ਗੁਰ ਭਰਮਿ ਭੁਲਾਨੀ।"
— ਮਲਾ **੧**, ੪, ੧ : ੨ (1255)
5. ਜਿਸ ਨੂੰ ਕੋਈ ਉਮੀਦ ਨ ਰਹੇ
"ਸੰਤ ਕਾ ਦੋਖੀ ਉਠਿ ਚਲੈ **ਨਿਰਾਸਾ**।"
— ਗਉ **੫**, ਸੁਖ ੧੩, ੭ : ੬ (280)

ਨਿਰਾਸੁ — 1. ਉਦਾਸੀਨ, ਇਛਾ-ਰਹਿਤ
"ਆਸਾ ਮਾਹਿ **ਨਿਰਾਸੁ** ਬੁਝਾਇਆ।"
— ਗਉ **੧**, ੧੨, ੪ : ੨ (154)
2. ਮਾਯੂਸ
"ਮਲੇਛੁ ਪਾਪੀ ਪਚਿਆ ਭਇਆ **ਨਿਰਾਸੁ**।"
— ਭੈਰ **੫**, ੯, ੪ : ੨ (1138)

ਨਿਰਾਸੇ — ਨਾ ਉਮੀਦ, ਮਾਯੂਸ
"ਓਇ ਜਿ ਆਵਹਿ ਆਸ ਕਰਿ ਜਾਹਿ **ਨਿਰਾਸੇ** ਕਿਤੁ।"
— ਆਸਾ **੧**, ਵਾਰ ੧੪ਸ, **੧**, ੧ : ੨ (470)

ਨਿਰਾਸੋ — ਨਿਰਾਸਾ, ਮਾਯੂਸ
"ਰਹਹਿ ਇਕਾਂਤ ਏਕੋ ਮਨਿ ਵਸਿਆ ਆਸਾ ਮਾਹਿ **ਨਿਰਾਸੋ**।" — ਰਾਮ **੧**, ਸਿਧੋ ੫ : ੩ (938)

ਨਿਰਾਹਾਰ — 1. ਜੋ ਕੁਝ ਖਾਂਦਾ ਨਹੀਂ

"**ਨਿਰਾਹਾਰ** ਨਿਰਵੈਰ ਸੁਖਦਾਈ।"
— ਗਉ **ਪ**, ਸੁਖ ੧੮, ੫ : ੫ (287)

ਹੋਰ ਰੂਪ — ਨਿਰਾਹਾਰੀ —
"**ਨਿਰਾਹਾਰੀ** ਨਿਰਵੈਰੁ ਸਮਾਇਆ।"
— ਮਾਰੂ **੫**, ਸੋਲ੍ਹਾ ੧੧, ੯ : ੧ (1082)

2. ਬਿਨਾ ਕੁਝ ਖਾਣ ਪੀਣ ਦੇ, ਬਿਨਾ ਆਹਾਰ
"ਕ੍ਰਿਆ ਕੁੰਟਿ **ਨਿਰਾਹਾਰ**।"
— ਸਾਰ **੫**, ੧੩੧, ੨ : ੨ (1229)

ਨਿਰਾਹਾਰੀ — 1. ਜੋ ਕੁਝ ਸੇਵਨ ਨਹੀਂ ਕਰਦਾ, ਵੇਖੋ 'ਨਿਰਾਹਾਰ' (1)

2. ਅਹਾਰ ਨ ਕਰਨ ਵਾਲਾ ਭਾਵ ਪ੍ਰਭੂ
"ਮੇਵੈ ਮਨ ਅਨਦਿਨੁ ਧਿਆਇ ਨਿਰੰਕਾਰੁ **ਨਿਰਾਹਾਰੀ**।"
— ਸਾਰ **੪**, ੧੧, ੧* : ੫ (1201)

3. ਬਿਨਾ ਕੁਝ ਖਾਣ ਦੇ, ਫਾਕੇ ਵਿਚ
"ਹਰਿ ਦਰਸਨ ਕਉ ਹਰਿ ਦਰਸਨ ਕਉ ਕੋਟਿ ਕੋਟਿ ਤੇਤੀਸ ਸਿਧ ਜਤੀ ਜੋਗੀ ਤਟ ਤੀਰਥ ਪਰਭਵਨ ਕਰਤ ਰਹਤ **ਨਿਰਾਹਾਰੀ**।"
— ਸਾਰ **੪**, ੧੧, ੧ : ੧ (1201)

ਨਿਰਾਹਾਰੁ — ਜਿਸ ਨੂੰ ਖਾਣ ਪੀਣ ਦੀ ਲੋੜ ਨ ਹੋਵੇ
"ਨਿਰਮਲੁ **ਨਿਰਾਹਾਰੁ** ਨਿਹਕੇਵਲੁ।"
— ਬਿਲਾ **੧**, ਥਿਤੀ ੧੩ : ੫ (840)

ਨਿਰਾਪਰਾਧ — ਬਿਨਾ ਕਸੂਰ ਦੇ
"**ਨਿਰਾਪਰਾਧ** ਚਿਤਵਉ ਬੁਰਿਆਈ।"
— ਆਸਾ **੫**, ੮, ੧* : ੨ (372)

ਨਿਰਾਫਲ — ਫਲ ਰਹਿਤ, ਨਿਸਫਲ, ਨਿਰਾਰਥ
"ਜਾਂ ਪਤਿ ਲੇਖੈ ਨ ਪਵੈ ਤਾਂ ਸਭਿ **ਨਿਰਾਫਲ** ਕਾਮ।"
— ਆਸਾ **੧**, ੩੧, ੧ : ੩ (358)

ਨਿਰਾਰ — ਨਿਰਾਲਾ, ਅਲਗ, ਵਖਰਾ
"ਕਰਤ ਫਿਰੇ ਭੇ ਬਨ ਭੇਖ ਮੋਹਨ ਰਹਤ **ਨਿਰਾਰ**।"
— ਦੇਵ **੫**, ੩੧, ੧* : ੧ (534)

ਨਿਰਾਰਥ — ਨਿਸਫਲ, ਬੇਅਰਥ-
"ਨੇਤ੍ਰ ਪਸਾਰੈ ਤਾ **ਨਿਰਾਰਥ** ਕਾਜਾ।"
— ਗਉ **੫**, ੮੦, ੨ : ੪ (179)

ਨਿਰਾਰਾ — ਨਿਰਾਲਾ, ਜੋ ਚਲਾਇਆ ਨ ਜਾ ਸਕੇ, ਵਖਰਾ, ਅੱਡ
"ਬੇਦ ਕਤੇਬ ਤੇ ਰਹਹਿ **ਨਿਰਾਰਾ**।"
— ਗਉ **ਕਬ**, ੩੧, ੩ : ੨ (329)

2. ਨਿਰਲੇਪ
"ਦੁਹੂ ਭਾਤਿ ਤੇ ਆਪਿ **ਨਿਰਾਰਾ**।"
— ਗਉ **੫**, ਬਾਅ ੨ : ੭ (250)
"ਰਾਮ ਭਗਤਿ ਜਨੁ ਰਹੈ **ਨਿਰਾਰਾ**।"
— ਆਸਾ **੧**, ੧੭, ੨ : ੪ (354)
"ਸਭਿ ਰਸ ਲੈਤ ਬਸਤ **ਨਿਰਾਰਾ**।"
— ਸੂਹੀ **੫**, ੪੫, ੧ : ੩ (746)

3. ਨਿਰਲੇਪ ਹਰੀ
"ਸਭ ਮਹਿ ਵਰਤੈ ਆਪਿ **ਨਿਰਾਰਾ**।"
— ਮਾਰੂ **੫**, ਸੋਲ੍ਹਾ ੫, ੧ : ੨ (1075)

ਨਿਰਾਰੀ — 1. ਨਿਰਾਲੀ, ਅਦਭੁਤ
"ਸਹਜ ਕੀ ਅਕਥ ਕਥਾ ਹੈ **ਨਿਰਾਰੀ**।"
— ਗਉ **ਕਬ**, ੩੬, ੧* : ੧ (333)

2. ਵਖ ਵਖ
"ਭਿੰਨ ਭਿੰਨ ਹੋਇ ਭਾਵ ਦਿਖਾਵਹਿ ਸਭਹੁ **ਨਿਰਾਰੀ** ਭਾਖੇ।" — ਰਾਮ **੧**, **੫**, ੭, ੩ : ੩ (884)

3. ਵਖਰੀ ਭਾਵ ਦੂਰ
"ਤ੍ਰੈ ਗੁਣ ਬਧਕ ਮੁਕਤਿ **ਨਿਰਾਰੀ**।"
— ਮਾਰੂ **੩**, ਸੋਲ੍ਹਾ, ੬, ੧੩ : ੨ (1049)
"ਜਬ ਨਾਚੀ ਤਬ ਘੂਘਟੁ ਕੈਸਾ ਮਟੁਕੀ ਫੋੜਿ **ਨਿਰਾਰੀ**।" (ਵਖ/ਦੂਰ ਹੋਣਾ)
— ਤੁਖਾ **੧**, ਛੰਤ ੪, ੪ : ੫ (1112)
"ਸਾਜਨ ਸੈਨ ਮੀਤ ਸੁਤ ਭਾਈ ਤਾਹੂ ਤੇ ਲੇ ਰਖੀ **ਨਿਰਾਰੀ**।" (ਵੱਖ, ਦੂਰ, ਲੁਕਾਕੇ)
— ਸਧੁ **੫**, ੬* : ੨ (1388)

ਨਿਰਾਰੇ — 1. ਨਿਰਾਲੇ
"ਸਚੁ ਸੇਵਹਿ ਸਚੁ ਵਣੰਜਿ ਲੈਹਿ ਗੁਣ ਕਥਹ **ਨਿਰਾਰੇ**।" — ਗਉ **੪**, ਵਾਰ ੧੪ : ੩ (308)

2. ਨਿਰਲੇਪ
"ਜਿਉ ਜਲ ਅੰਭ ਊਪਰਿ ਕਮਲ **ਨਿਰਾਰੇ**।"
— ਆਸਾ **੧**, ੧੫, ੨ : ੪ (353)

3. ਅੱਡ ਕਰ ਦਿੱਤੇ, ਦੂਰ ਕਰ ਦਿਤੇ
"ਕਰਿ ਕਿਰਪਾ ਅਪੁਨਾ ਦਾਸ ਕੀਨੋ ਬੰਧਨ ਤੋਰਿ **ਨਿਰਾਰੇ**।" — ਦੇਵ **੫**, ੧੮, ੨ : ੧ (531)

ਨਿਰਾਰੋ — ਨਿਰਾਲਾ, ਅਦਭੁਤ
"ਸਗਲ ਸ੍ਰਿਸਟਿ ਕੋ ਧਣੀ ਕਹੀਜੈ ਜਨ ਕੋ ਅੰਗੁ

ਨਿਰਾਰੇ।"
(ਮਹਾਨਕੋਸ਼ ਅਰਥ 'ਖਾਸ' ਕਰਦਾ ਹੈ)
— ਗੂਜ **੫**, ੧੦, ੧* : ੨ (498)

ਨਿਰਾਲੰਬੁ — ਬਿਨਾ ਸਹਾਰੇ
"**ਨਿਰਾਲੰਬੁ** ਨਿਰਹਾਰੁ ਨਿਹਕੇਵਲੁ ਨਿਰਭਉ ਤਾੜੀ ਲਾਵੈ।" — ਪ੍ਰਭਾ **੧**, ੧੭, ੩ : ੨ (1332)

ਨਿਰਾਲਮ — ਇਕ ਰਸ, ਇਕ ਟਕ
"ਪੰਚ ਤਤੁ ਲੈ ਹਿਰਦੈ ਰਾਖਹੁ ਰਹੈ **ਨਿਰਾਲਮ** ਤਾੜੀ।" (ਨਿਰਣੈ ਤੇ ਮਹਾਨਕੋਸ਼ ਇਸ ਦੇ ਅਰਥ 'ਨਿਰਲੇਪ' ਕਰਦਾ ਹੈ)
— ਰਾਮ **ਕਬ**, ੭, ੩ : ੧ (970)

ਨਿਰਾਲਮੁ — 1. ਨਿਰਲੇਪ
"ਰਹੈ **ਨਿਰਾਲਮੁ** ਏਕਾ ਸਚੁ ਕਰਣੀ।"
— ਗਉ **੧**, ਅਸ ੧੫, ੧ : ੬ (227)
2. ਆਸਰੇ ਤੋਂ ਬਿਨਾਂ (ਕਿਸੇ ਸਾਜ਼ ਆਦਿਕ ਦੇ)
"ਪੰਚ ਸਬਦ ਝੁਣਕਾਰੁ **ਨਿਰਾਲਮੁ** ਪ੍ਰਭਿ ਆਪੇ ਵਾਇ ਸੁਣਾਇਆ।"
— ਮਾਰੂ **੧**, ਸੋਲਾ ੧੯, ੮ : ੩ (1040)

ਨਿਰਾਲਮੋ — ਨਿਰਲੇਪ, ਬੇਲਾਗ
"ਅਹਿਨਿਸਿ ਰਹੈ **ਨਿਰਾਲਮੋ** ਕਾਰ ਧੁਰ ਕੀ ਕਰਣੀ।"
— ਆਸਾ **੧**, ਅਸ ੧੯, ੮ : ੧ (421)

ਨਿਰਾਲਾ — 1. ਵੱਖਰੀ ਤਰ੍ਹਾਂ ਦਾ, ਅਦਭੁਤ, ਵਿਲੱਖਣ
"ਅਨਹਤ ਬਾਣੀ ਥਾਨੁ **ਨਿਰਾਲਾ**।"
— ਗਉ **੫**, ੧੦੪, ੨ : ੧ (186)
ਹੋਰ ਰੂਪ — ਨਿਰਾਲੀ —
"ਮੋਹਨ ਤੇਰੇ ਬਚਨ ਅਨੂਪ ਚਾਲ **ਨਿਰਾਲੀ**।"
— ਗਉ **੫**, ਛੰਤ ੨, ੨ : ੧ (248)
2. ਨਿਰਲੇਪ
"ਕੋਈ ਗੁਰਮੁਖਿ ਬੂਝੈ ਸਬਦਿ **ਨਿਰਾਲਾ**।"
— ਮਾਰੂ **੧**, ਸੋਲਾ ੧੧, ੫ : ੨ (1031)

ਨਿਰਾਲੀ — 1. ਅਦਭੁਤ ਭਾਵ ਸੁੰਦਰ, ਵੇਖੋ 'ਨਿਰਾਲਾ' (1)
2. ਅਨੋਖੀ, ਵਿਲੱਖਣ
"ਭਗਤਿ **ਨਿਰਾਲੀ** ਅਲਾਹ ਦੀ ਜਾਪੈ ਗੁਰ ਵੀਚਾਰਿ।"
— ਆਸਾ **੩**, ਅਸ ੩੬, ੯ : ੧ (430)
"ਕ੍ਰਿਪਾ ਕਰਹੁ ਪ੍ਰਭ ਕਰਣੈਹਾਰੇ ਤੇਰੀ ਬਖਸ **ਨਿਰਾਲੀ**।" (ਵਖਰੇ ਪ੍ਰਕਾਰ ਦੀ)
— ਸੂਹੀ **੫**, ੫੩, ੨ : ੨ (748)

ਨਿਰਾਲੇ — 1. ਅਦਭੁੱਤ, ਵਿਲੱਖਣ
"ਸਾਲਾਹੀ ਸਚੁ ਸਾਲਾਹਣਾ ਸਚੁ ਸਚਾ ਪੁਰਖੁ **ਨਿਰਾਲੇ**।" — ਗਉ **੪**, ਵਾਰ ੧੯ : ੧ (311)
2. ਨਿਰਲੇਪ, ਬੇਲਾਗ, ਅਲੱਗ
"ਹਾਟੀ ਬਾਟੀ ਰਹਹਿ **ਨਿਰਾਲੇ** ਰੂਖਿ ਬਿਰਖਿ ਉਦਿਆਨੇ।"
— ਰਾਮ **੧**, ਸਿਗੋ ੭ : ੧ (938)

ਨਿਰੀਕਾਰ — ਅਕਾਰ ਰਹਿਤ
"ਰਾਮ ਨਾਮ ਪਰਮ ਧਾਮ ਸੁਧ ਬੁਧ **ਨਿਰੀਕਾਰ** ਸੁਮਾਰ ਸਰਬਰ ਕਉ ਕਾਹਿ ਜੀਉ।"
— ਸਵ **੪**, ਗਯੰ ੭ : ੧ (1402)

ਨਿਰੂਪੀਐ — ਨਿਰਣਾ ਕਰਕੇ/ਖੋਜ ਕੇ ਦਸੇ
"ਬਹੁ ਬਿਧਿ ਧਰਮ **ਨਿਰੂਪੀਐ** ਕਰਤਾ ਦੀਸੈ ਸਭ ਲੋਇ।" — ਗਉ **ਰਵਿ**, ਅਸ ੧, ੨ : ੧ (346)

ਨਿਰੋਆ — ਅਰੋਗ
"ਧਾਰਿ ਕ੍ਰਿਪਾ ਪ੍ਰਭ ਹਾਥ ਦੇ ਰਾਖਿਆ ਹਰਿ ਗੋਵਿਦੁ ਨਵਾ **ਨਿਰੋਆ**।"
— ਸੋਰ **੫**, ੪੯, ੧* : ੨ (620)

ਨਿਰੋਧਹੁ — ਰੋਕੋ, ਚਿਤ ਵ੍ਰਿਤਿ ਨੂੰ ਠਹਿਰਾਉ
"ਘਟ ਪਰਚਾ ਕੀ ਬਾਤ **ਨਿਰੋਧਹੁ**।"
— ਗਉ **ਕਬ**, ਬਾਅ ੩੯ : ੨ (342)

ਨਿਰੋਧਰ — ਉਹ ਮੰਤ੍ਰ ਜਿਸ ਦਾ ਅਸਰ ਜ਼ਾਇਲ/ਰੋਕਿਆ ਨ ਹੋ ਸਕੇ
"ਨਿਰਮਲ ਰੀਤਿ **ਨਿਰੋਧਰ** ਮੰਤ।"
— ਗਉ **੫**, ਥਿਤੀ ੮ : ੪ (298)
ਹੋਰ ਰੂਪ — ਨਿਰੋਧਰਾ —
"ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ ਗੁਰਦੇਵ ਮੰਤੁ **ਨਿਰੋਧਰਾ**।"
— ਗਉ **੫**, ਬਾਅ ੧ਸ : ੩ (250)
ਨਿਰੋਧਰੁ —
"ਏਕੁ ਸਬਦੁ ਰਾਮ ਨਾਮ **ਨਿਰੋਧਰੁ** ਗੁਰੁ ਦੇਵੈ ਪਤਿਮਤੀ।" (ਅਬਦਲ)
— ਰਾਮ **੧**, ਓਅੰ ੧੧ : ੪ (931)

ਨਿਰੋਧੁ — ਮਨ ਦੀ ਰੋਕ, ਚਿਤ ਵ੍ਰਿਤਿ ਦਾ ਠਹਿਰਾਉ
"ਕਰਮਿ ਮਿਲੈ ਸਚੁ ਪਾਈਐ ਗੁਰਮੁਖ ਸਦਾ **ਨਿਰੋਧੁ**।" — ਸਿਰੀ **੧**, ੧੪, ੩ : ੩ (19)

ਨਿਲਜ — ਲਜ ਰਹਿਤ, ਬੇਸ਼ਰਮ
"ਰੇ ਜੀਅ **ਨਿਲਜ** ਲਾਜ ਤੁੋਹਿ ਨਾਹੀ।" — ਗਉ **ਕਬ**, ਅਸ ੩੮, ੧* : ੧ (330)

ਨਿਲਾਜ — ਨਿਰਲਜ, ਬੇਗੈਰਤ
"ਕਿਉ ਨ ਹਰਿ ਕੋ ਨਾਮੁ ਲੇਹਿ ਮੂਰਖ **ਨਿਲਾਜ** ਰੇ।" — ਜੈਜਾ **੯**, ੪, ੧ : ੨ (1353)

ਹੋਰ ਰੂਪ — ਨਿਲਾਜੁ —
"ਬਡੋ **ਨਿਲਾਜੁ** ਅਜਹੂ ਨਹੀ ਹਾਰਿਓ।" — ਜੈਤ **ਰਵਿ**, ੧, ੫ : ੨ (710)

ਨਿਵਸਸਿ — ਨਿਉਂਦਾ ਹੈ, ਝੁਕਦਾ ਹੈ, ਪਰਿਣਾਮ ਕਰਦਾ ਹੈ
"ਚੰਦ ਕੁਮੁਦਨੀ ਦੂਰਹੁ **ਨਿਵਸਸਿ** ਅਨਭਉ ਕਾਰਨਿ ਰੇ।" — ਮਾਰੂ **੧**, ੪, ੨ : ੨ (990)

ਨਿਵਹਿ — 1. ਝੁਕੇ, ਸਮਰਪਨ ਕੀਤਾ, ਈਨ ਮੰਨੀ
"ਓਇ ਸਤਿਗੁਰ ਆਗੈ ਨਾ **ਨਿਵਹਿ** ਓਨਾ ਅੰਤਰਿ ਕ੍ਰੋਧੁ ਬਲਾਇ।" — ਸਿਰੀ **੪**, ੬੯, ੩ : ੩ (41)
"ਤਿਨ ਕਉ ਸਭਿ **ਨਿਵਹਿ** ਅਨਦਿਨੁ ਪੂਜ ਕਰਾਹੀ।" (ਈਨ ਮੰਨਦੇ ਹਨ) — ਗਉ **੩**, ਅਸ ੪, ੭ : ੨ (231)
2. ਨਿਮਰਤਾ ਗ੍ਰਹਿਣ ਕਰੇ
"ਫਿਕਾ ਬੋਲਹਿ ਨਾ **ਨਿਵਹਿ** ਦੂਜਾ ਭਾਉ ਸੁਆਉ।" (ਨਿਮਰਤਾ ਨਹੀਂ ਗ੍ਰਹਿਣ ਕਰਦਾ) — ਆਸਾ **੩**, ਅਸ ੩੦, ੧ : ੨ (426)
"ਭਗਤ ਜਨਾ ਕਉ ਸਦਾ ਨਿਵਿ ਰਹੀਐ ਜਨ **ਨਿਵਹਿ** ਤਾ ਫਲ ਗੁਨ ਪਾਵੈਗੋ।" — ਕਾਨ **੪**, ਅਸ ੨, ੫ : ੧ (1309)

ਨਿਵੰਤਿ — ਨਿਵਣਾ, ਨਿਮ੍ਰਤਾ ਗ੍ਰਹਿਣ ਕਰਨੀ
"**ਨਿਵੰਤਿ** ਹੋਵੰਤਿ ਮਿਥਿਆ ਚੇਤਨੰ ਸੰਤ ਸ੍ਵਜਨਹ।" — ਸਸ **੫**, ੬੦ : ੨ (1359)

ਨਿਵੰਧੈ — ਨੀਵੇਂ, ਡੂੰਘੇ
"ਪਉਦੀ ਜਾਇ ਪਰਾਲਿ ਪਿਛੈ ਹਥੁ ਨ ਅੰਬੜੈ ਤਿਤੁ **ਨਿਵੰਧੈ** ਤਾਲਿ।" — ਸੂਹੀ **੩**, ਵਾਰ ੧੭ਸ, **੧**, ੧ : ੨ (789)

ਨਿਵੰਨਿ — ਝੁਕਦੇ ਹਨ, ਈਨ ਮੰਨਦੇ ਹਨ
"ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ **ਨਿਵੰਨਿ**।" — ਮਾਝ **੫**, ਬਾਰਾ ੪ : ੧ (134)

ਨਿਵਰਹਿ — ਦੂਰ ਹੋਏ, ਨਸ਼ਟ ਹੋਏ
"ਦੂਤ ਦੁਸ਼ਮਨ ਸਭਿ ਤੁਝ ਤੇ **ਨਿਵਰਹਿ** ਪ੍ਰਗਟ ਪ੍ਰਤਾਪੁ ਤੁਮਾਰਾ।" — ਧਨਾ **੫**, ੪੪, ੧ : ੧ (681)

ਨਿਵਰੀ — ਦੂਰ ਹੋ ਗਈ
"ਗੁਰਮੁਖਿ ਨਾਮੁ ਸਲਾਹੀਐ ਹਉਮੈ **ਨਿਵਰੀ** ਭਾਹਿ।" — ਸਿਰੀ **੧**, ੧੭, ੧*੨ (20)

ਹੋਰ ਰੂਪ — ਨਿਵਰੇ —
"**ਨਿਵਰੇ** ਦੂਤ ਦੁਸਟ ਬੈਰਾਈ ਗੁਰ ਪੂਰੇ ਕਾ ਜਪਿਆ ਜਾਪੁ।" (ਦੂਰ ਹੋਏ) — ਬਿਲਾ **੫**, ੯੮, ੧ : ੧ (823)

ਨਿਵਰੈ —
"ਹਉਮੈ **ਨਿਵਰੈ** ਗੁਰ ਸਬਦੁ ਵੀਚਾਰੈ।" (ਦੂਰ ਹੁੰਦੀ ਹੈ) — ਗਉ **੧**, ਅਸ ੧੩, ੩ : ੧ (226)

ਨਿਵਰੈ — 1. ਦੂਰ ਹੋਏ ਵੇਖੋ 'ਨਿਵਰੀ'
2. ਨੇੜੇ, ਪਾਸ ਸਮੀਪ
"**ਨਿਵਰੈ** ਦੂਰਿ ਦੂਰਿ ਫੁਨਿ ਨਿਵਰੈ ਜਿਨਿ ਜੈਸਾ ਕਰਿ ਮਾਨਿਆ।" — ਗਉ **ਕਬ**, ੪੭, ੨ : ੧ (333)

ਨਿਵਲ — ਨਿਉਲੀ ਕਰਮ, ਯੋਗ ਅਨੁਸਾਰ ਪੇਟ ਨੂੰ ਸਜਿਓਂ ਖੱਬੇ ਤੇ ਖੱਬਿਓਂ ਸੱਜੇ ਭੁਆਣ ਦੀ ਕਿਰਿਆ ਜਿਸ ਨਾਲ ਆਂਦਰਾਂ ਸਾਫ ਹੋ ਜਾਂਦੀਆਂ ਹਨ।
"ਕਿਨਹੀ **ਨਿਵਲ** ਭੁਇਅੰਗਮ ਸਾਧੇ।" — ਰਾਮ **੫**, ਅਸ ੧, ੧ : ੩ (912)

ਹੋਰ ਰੂਪ — ਨਿਵਲਿ —
"ਪਾਠੁ ਪੜਿਓ ਅਰੁ ਬੇਦੁ ਬੀਚਾਰਿਓ **ਨਿਵਲਿ** ਭੁਅੰਗਮ ਸਾਧੇ।" — ਸੋਰ **੫**, ਅਸ ੩, ੧ : ੧ (641)

ਨਿਵਲੀ —
"**ਨਿਵਲੀ** ਕਰਮ ਆਸਨ ਚਉਰਾਸੀਹ ਇਨ ਮਹਿ ਸਾਂਤਿ ਨ ਆਵੈ ਜੀਉ।" — ਮਾਝ **੫**, ੧੨, ੨ : ੩ (98)

ਨਿਵਲੁ — ਜੰਦਰਾ, ਤਾਲਾ
"ਗੁਰੁ ਕੁੰਜੀ ਪਾਹੂ **ਨਿਵਲੁ** ਮਨੁ ਕੋਠਾ ਤਨੁ ਛਤਿ।"
— ਸਾਰ **੪**, ਵਾਰ ੧੪ਸ, **੨**, ੧ : ੧ (1237)

ਨਿਵਾਇ — ਝੁਕਾਏ
"ਕੋਈ ਕਰੈ ਪੂਜਾ ਕੋਈ ਸਿਰੁ **ਨਿਵਾਇ**।" (ਭਾਵ ਬੰਦਨਾ ਕਰੇ) — ਰਾਮ **੫**, ੯, ੨ : ੨ (885)

ਨਿਵਾਇਆ — ਝੁਕਾਇਆ, ਈਨ ਮਨਾਈ
"ਕੋਈ ਕਰਿ ਬਖੀਲੀ ਨਿਵੈ ਨਾਹੀ ਫਿਰਿ ਸਤਿਗੁਰੂ ਆਣਿ **ਨਿਵਾਇਆ**।"
— ਰਾਮ **ਸੁੰਦ**, ਸਦ ੬ : ੪ (924)

ਨਿਵਾਇਐ — ਨਿਵਾਨ/ਝੁਕਾਨ ਨਾਲ
"ਸੀਸ **ਨਿਵਾਇਐ** ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ।"
— ਆਸਾ **੧**, ਵਾਰ ੧੪ਸ, **੧**, ੧ : ੮ (470)

ਨਿਵਾਈ — ਝੁਕਾਈ
"ਗੁਰ ਸਤਿਗੁਰ ਤਾਣੁ ਦੀਬਾਣੁ ਹਰਿ ਤਿਨਿ ਸਭ ਆਣਿ **ਨਿਵਾਈ**।"
— ਗਉ **੪**, ਵਾਰ ੧੮ਸ, **੪**, ੨ : ੪ (310)

ਨਿਵਾਏ — ਝੁਕਾਏ
"ਨਾਨਕ ਨਾਮੁ ਅਰਾਧਿ ਸਭਨਾ ਤੇ ਵਡਾ ਸਚਿ ਨਾਵੈ ਅਗੈ ਆਣਿ **ਨਿਵਾਏ**।"
— ਸਿਰੀ **੪**, ਵਾਰ ੧੫ : ੫ (89)

ਨਿਵਾਸ — (ਸੰ. निवास) ਵਾਸਾ, ਟਿਕਾਣਾ, ਵਿਸ਼ਰਾਮ ਸਥਾਨ
"ਪੂਰੋ ਪੂਰੋ ਆਖੀਐ ਪੂਰੈ ਤਖਤਿ **ਨਿਵਾਸ**।"
— ਸਿਰੀ **੧**, ੯, ੪ : ੨ (17)

ਨਿਵਾਸਨੁ — ਨਿਵਾਸਾ, ਵਾਸਾ, ਟਿਕਾਣਾ
"ਜਿਸੁ ਨਾਮੁ ਰਿਦੈ ਤਿਸੁ ਤਖਤਿ **ਨਿਵਾਸਨੁ**।" (ਭਾਵ ਤਖਤ ਤੇ ਬੈਠਣਾ ਮਿਲਦਾ ਹੈ)
— ਭੈਰ **੫**, ਅਸ ੧, ੫ : ੨ (1156)

ਨਿਵਾਸਾ — 1. ਵਾਸਾ, ਰਿਹਾਇਸ਼
"ਤਿਤੁ ਸਰਵਰੜੈ ਭਈਲੇ **ਨਿਵਾਸਾ** ਪਾਣੀ ਪਾਵਕੁ ਤਿਨਹਿ ਕੀਆ।"
— ਆਸਾ **੧**, ਸੋਪੁ ੩, ੧ : ੧ (12)

2. ਸਮਾਈ, ਰਸਾਈ
"ਕੈਸੇ ਹੋਈ ਹੈ ਰਾਜਾ ਰਾਮ **ਨਿਵਾਸਾ**।"
— ਗਉ **ਕਬ**, ਅਸ ੩੬, ੧* : ੨ (330)

ਨਿਵਾਸਿ — ਵਾਸਾ
"ਸੰਤ ਪ੍ਰਸਾਦਿ ਮੋ ਕਉ ਨਾਮ **ਨਿਵਾਸਿ**।"
— ਗਉ **੫**, ੯, ੪ : ੪ (183)

ਨਿਵਾਸੀ — 1. ਵਸਨ ਵਾਲਾ, ਰਹਿਣ ਵਾਲਾ
"ਕਈ ਕੋਟਿ ਨਰਕ ਸੁਰਗ **ਨਿਵਾਸੀ**।"
— ਗਉ **੫**, ਸੁਖ ੧੦, ੫ : ੨ (276)

"ਤਖਤ **ਨਿਵਾਸੀ** ਪੰਚ ਸਮਾਇ।" (ਭਾਵ ਬੈਠਣ ਵਾਲਾ) — ਆਸਾ **੧**, ਅਸ ੧, ੬ : ੨ (411)

"ਜੁਗਤਿ ਜਾਨਿ ਨਹੀ ਰਿਦੈ **ਨਿਵਾਸੀ** ਜਲਤ ਜਾਲ ਜਮ ਫੰਧ ਪਰੇ।" (ਭਾਵ ਵਸਾਈ/ਟਿਕਾਈ)
— ਆਸਾ **ਧੰਨਾ** ੧, ੨ : ੧ (487)

2. ਧਾਰਨ ਵਾਲੇ (ਭਾਵ)
"ਕਿਸੁ ਕਾਰਣਿ ਇਹੁ ਭੇਖੁ **ਨਿਵਾਸੀ**।"
— ਰਾਮ **੧**, ਸਿਗੋ ੧੭ : ੨ (939)

ਨਿਵਾਸੁ — 1. ਵਾਸਾ
"ਏਤੇ ਰਸ ਸਰੀਰ ਕੇ ਕੈ ਘਟਿ ਨਾਮ **ਨਿਵਾਸੁ**।"
— ਸਿਰੀ **੧**, ੪, ੨ : ੩ (15)

"ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ **ਨਿਵਾਸੁ**।" (ਟਿਕਾਣਾ)
— ਆਸਾ **੧**, ਵਾਰ ੧੦ਸ, **੧**, ੨ : ੧੦ (468)

ਨਿਵਾਸੇ — ਵਾਸਾ ਕਰੇ
"ਸੂਖ ਸਹਜ ਆਨੰਦ **ਨਿਵਾਸੇ**।"
— ਗਉ **੫**, ੧੪੨, ੧ : ੨ (194)

ਹੋਰ ਰੂਪ — ਨਿਵਾਸੈ —
"ਜਨਮੁ ਤ ਇਹੁ ਸਕਯਥੁ ਜਿਤੁ ਨਾਮੁ ਹਰਿ ਰਿਦੈ **ਨਿਵਾਸੈ**।"
— ਸਵ **੩**, ੫ : ੩ (1393)

ਨਿਵਾਸੋ —
"ਮਨ ਪਿਆਰਿਆ ਜੀਉ ਮਿਤ੍ਰਾ ਕਰਿ ਸੰਤਾ ਸੰਗਿ **ਨਿਵਾਸੋ**।" (ਵਾਸਾ)
— ਸਿਰੀ **੫**, ਛੰਤ ੨, ੪ : ੧ (79)

ਨਿਵਾਹੂ — ਨਿਭਣ ਵਾਲਾ
"ਸੋ **ਨਿਵਾਹੂ** ਗਡਿ ਜੋ ਚਲਾਊ ਨ ਥੀਐ।"
— ਮਾਰੂ **੫**, ਵਾਰ ੧੪ਸ, **੫**, ੧ : ੧ (1099)

ਨਿਵਾਜ — (ਨਮਾਜ਼) ਬੰਦਗੀ, ਮੁਸਲਮਾਨਾਂ ਵਿਚ ਬੰਦਗੀ ਦਾ ਇਕ ਢੰਗ, ਮੁਸਲਮਾਨਾਂ ਦੀ ਅਬਾਦਤ

"ਪੰਜ ਵਖਤ **ਨਿਵਾਜ** ਗੁਜਾਰਹਿ ਪੜਹਿ ਕਤੇਬ ਕੁਰਾਣਾ।" — ਸਿਰੀ **੧**, ੨੮, ੪ : ੧ (24)

ਹੋਰ ਰੂਪ — ਨਿਵਾਜਾ —

"ਪੰਜਿ **ਨਿਵਾਜਾ** ਵਖਤ ਪੰਜਿ ਪੰਜਾ ਪੰਜੇ ਨਾਉ।" (ਨਮਾਜ਼ਾਂ)

— ਮਾਝ **੧**, ਵਾਰ ੭ਸ, **੧**, ੩ : ੧ (141)

ਨਿਵਾਜਾ — 1. ਨਮਾਜ਼, ਵੇਖੋ 'ਨਿਵਾਜ'

2. ਨਿਵਾਜਣ ਵਾਲਾ, ਵਡਿਆਈ ਦੇਣ ਵਾਲਾ

"ਅਨਦਿਨੁ ਅਨਦੁ ਹੋਵੈ ਮਨਿ ਮੇਰੈ ਗੁਰਮੁਖਿ ਮਾਗਉ ਤੇਰਾ ਨਾਮੁ **ਨਿਵਾਜਾ**।"

— ਬਿਲਾ **੩**, ੬, ੧* : ੨ (798)

ਹੋਰ ਰੂਪ — ਨਿਵਾਜਿ —

"ਜਿਨਹਿ **ਨਿਵਾਜਿ** ਸਾਜਿ ਹਮ ਕੀਏ ਤਿਸਹਿ ਬਿਸਾਰਿ ਅਵਰ ਲਗਰੀ।" (ਮਾਨ/ਵਡਿਆਈ ਦੇ ਕੇ)

— ਬਿਲਾ **ਕਬ**, ੬, ੧ : ੧ (856)

"ਮਾਟੀ ਮਹਿ ਜੋਤਿ ਰਖੀ **ਨਿਵਾਜਿ**।" (ਵਡਿਆਂ ਕੇ) — ਗੋਂਡ **੫**, ੩, ੧ : ੨ (862)

ਨਿਵਾਜਿਆ —

"ਆਪੇ ਖਸਮਿ **ਨਿਵਾਜਿਆ**।" (ਵਡਿਆਇਆ ਹੈ, ਮਾਣ ਦਿਤਾ ਹੈ)

— ਸਿਰੀ **੧**, ਅਸ ੨੮, ੧੬ : ੧ (72)

"ਪੰਚ ਤਤ ਰਚਿ ਜੋਤਿ **ਨਿਵਾਜਿਆ**।" (ਉਚਾ ਕੀਤਾ, ਵਡਿਆਇਆ)

— ਪ੍ਰਭਾ **੫**, ੧, ੧ : ੨ (1337)

ਨਿਵਾਜੀ —

"ਆਪੇ ਥਾਪਿ ਉਥਾਪਿ **ਨਿਵਾਜੀ**।" (ਵਡਿਆਈ, ਮਾਨ ਦਿੱਤਾ)

— ਮਾਰੂ **੩**, ਸੋਲਾ ੧੬, ੧ : ੨ (1059)

ਨਿਵਾਜੁ —

"ਗਰੀਬ **ਨਿਵਾਜੁ** ਗੁਸਈਆ ਮੇਰਾ ਮਾਥੈ ਛਤ੍ਰੁ ਧਰੈ।" (ਵਡਿਆਏ)

— ਮਾਰੂ **ਰਵਿ**, ੧, ੧* : ੨ (1106)

ਨਿਵਾਜੇ —

"ਜਿਸਹਿ **ਨਿਵਾਜੇ** ਸੋ ਜਨੁ ਸੂਰਾ।" (ਇਜ਼ਤ ਜਾਂ ਮਾਣ ਦੇਵੇ)

— ਗਉ **੫**, ੧੪੩, ੧* : ੨ (194)

ਨਿਵਾਜੈ —

"ਦੀਨ ਦਰਦ ਦੂਖ ਭੰਜਨ ਸੁਆਮੀ ਜਿਸੁ ਭਾਵੈ ਤਿਸਹਿ **ਨਿਵਾਜੈ** ਰੇ।" (ਮਾਨ/ਵਡਿਆਈ ਬਖਸ਼ਦਾ ਹੈ)

— ਗਉ **੫**, ੧੩੭*, ੨ : ੨ (209)

ਨਿਵਾਤ — (ਫਾ. ਨਬਾਤ) ਮਿਸਰੀ

"ਫਰੀਦਾ ਸਕਰ ਖੰਡੁ **ਨਿਵਾਤ** ਗੁੜੁ ਮਾਖਿਉ ਮਾਂਝਾ ਦੁਧੁ।" — ਸਲੋ **ਫਰ**, ੨੭ : ੧ (1379)

ਨਿਵਾਰ — (ਫਾ. ਨਵਾਰ) ਮੰਜੀ ਉਨਣ ਲਈ ਸੂਤ ਅਥਵਾ ਕਿਸੇ ਹੋਰ ਧਾਗੇ ਦੀ ਉਨੀ ਹੋਈ ਪਟੀ

"ਤੰਬੂ ਪਲੰਘ **ਨਿਵਾਰ** ਸਰਾਇਚੇ ਲਾਲਤੀ।"

— ਮਾਝ **੧**, ਵਾਰ ੮ : ੭ (141)

2. ਦੂਰ ਕਰਨ ਵਾਲਾ, ਹਟਾਉਣ ਵਾਲਾ

"ਦੂਖ ਦੀਨ ਦਰਦ **ਨਿਵਾਰ**।"

— ਬਿਲਾ **੫**, ਅਸ ੧, ੭ : ੧ (837)

ਨਿਵਾਰੰ — ਦੂਰ ਕਰਨ ਵਾਲਾ, ਦੂਰ ਕਰਨ ਦੇ ਸਮਰਥ

"ਦਸਨ ਬਿਹੂਨ ਭਯੰਗੰ ਮੰਤ੍ਰੰ ਗਾਰੁੜੀ **ਨਿਵਾਰੰ**।"

— ਗਾਥਾ **੫**, ੧੬ : ੧ (1361)

ਨਿਵਾਰਹਿ — ਦੂਰ ਕਰੇ

"ਦਰਦ **ਨਿਵਾਰਹਿ** ਜਾ ਕੇ ਆਪੇ।"

— ਗਉ **੫**, ਬਾਅ ੩੪ : ੭ (257)

ਹੋਰ ਰੂਪ — ਨਿਵਾਰਹੁ —

"ਤਜਿ ਅਭਿਮਾਨੁ ਜਨਮ ਮਰਣੁ **ਨਿਵਾਰਹੁ**।" (ਦੂਰ ਕਰੋ)

— ਗਉ **੫**, ੧੨੬, ੨ : ੧ (191)

ਨਿਵਾਰਣ — ਦੂਰ ਕਰਨ ਵਾਲਾ

"ਨਾਨਕ ਪ੍ਰਭੁ ਆਰਾਧੀਐ ਬਿਪਤਿ **ਨਿਵਾਰਣ** ਰਾਮ।" — ਰਾਮ **੫**, ਛੰਤ ੪, ੧ਸ : ੨ (926)

ਹੋਰ ਰੂਪ — ਨਿਵਾਰਣੰ —

"ਲਬ ਲੋਭ ਲਹਰਿ **ਨਿਵਾਰਣੰ** ਹਰਿ ਨ੍ਰਾਮ ਰਾਸਿ ਮਨੰ।" (ਦੂਰ ਕਰ ਦਿੰਦੀ ਹੈ)

— ਗੂਜ **੧**, ਅਸ ੫, ੮ : ੧ (506)

ਨਿਵਾਰਣਹ —

"ਪਤਿਤ ਪੁਨੀਤ ਗੋਬਿੰਦਹ ਸਰਬ ਦੋਖ **ਨਿਵਾਰਣਹ**।" (ਦੂਰ ਕਰਦਾ ਹੈ)

— ਜੈਤ **੫**, ਵਾਰ ੧੬ਸ, **੫**, ੧ : ੧ (709)

ਨਿਵਾਰਣਹਾਰਾ — ਦੂਰ ਕਰਨ ਵਾਲਾ
"ਤੀਨੇ ਤਾਪ **ਨਿਵਾਰਣਹਾਰਾ** ਦੁਖ ਹੰਤਾ ਸੁਖ ਰਾਸਿ।"
— ਟੋਡੀ **੫**, ੧੩, ੧ : ੧ (714)

ਹੋਰ ਰੂਪ — ਨਿਵਾਰਣਹਾਰਿ —
"ਗੁਰ ਕੈ ਭਾਣੈ ਜੋ ਚਲੈ ਸਭ ਦੂਖ **ਨਿਵਾਰਣਹਾਰਿ**।"
— ਸਿਰੀ **੪**, ਵਾਰ ੧੯ਸ, **੩**, ੧ : ੩ (89)

ਨਿਵਾਰਣਹਾਰੁ —
"ਗੁਰ ਸਬਦੀ ਸਚੁ ਪਾਇਆ ਦੂਖ **ਨਿਵਾਰਣਹਾਰੁ**।"
— ਸਿਰੀ **੩**, ੫੮, ੧ : ੨ (36)

ਨਿਵਾਰਣਹਾਰੋ —
"ਨਾਨਕ ਹਰਿ ਜਪਿ ਸੁਖੁ ਪਾਇਆ ਮੇਰੀ ਜਿੰਦੁੜੀਏ ਸਭਿ ਦੂਖ **ਨਿਵਾਰਣਹਾਰੋ** ਰਾਮ।"
— ਬਿਹਾ **੪**, ਛੰਤ ੪, ੧ : ੪ (540)

ਨਿਵਾਰਣਾ — ਬਚਾ ਲੈਣਾ, ਛੁਟਕਾਰਾ ਦੁਆਉਣਾ
"ਆਲਾ ਤੇ **ਨਿਵਾਰਣਾ** ਜਮ ਕਾਰਣਾ।"
— ਧਨਾ **ਨਾਮ**, ੪, ੩ : ੬ (694)

ਨਿਵਾਰਣਿਆ — ਨਿਵਾਰਣ/ਦੂਰ ਕਰਨ ਵਾਲੇ
"ਹਉ ਵਾਰੀ ਜੀਉ ਵਾਰੀ ਆਪ **ਨਿਵਾਰਣਿਆ**।"
— ਮਾਝ **੩**, ਅਸ ੧੫, ੧* : ੧ (118)

ਨਿਵਾਰਣੁ — ਦੂਰ ਕਰਨ ਵਾਲਾ,
"ਨਰਕ **ਨਿਵਾਰਣੁ** ਨਰਹ ਨਰੁ ਸਾਚਉ ਸਾਚੈ ਨਾਇ।" — ਰਾਮ **੧**, ਓਅੰ ੪੬ : ੨ (936)

ਹੋਰ ਰੂਪ — ਨਿਵਾਰਣੋ —
"ਦਇਆਲ ਦੁਖਹਰ ਸਰਣਿ ਦਾਤਾ ਸਗਲ ਦੋਖ **ਨਿਵਾਰਣੋ**।" (ਦੂਰ ਕਰਨ ਵਾਲਾ)
— ਰਾਮ **੫**, ਛੰਤ ੩, ੩ : ੩ (926)

ਨਿਵਾਰਣੋ — 1. ਦੂਰ ਕਰਨ ਵਾਲਾ, ਵੇਖੋ 'ਨਿਵਾਰਣੁ'
2. ਦੂਰ ਕਰਦਾ ਹੈ
"ਜਿਸੁ ਤੂ ਵੁਠਾ ਚਿਤਿ ਤਿਸੁ ਦਰਦੁ **ਨਿਵਾਰਣੋ**।"
— ਰਾਮ **੫**, ਵਾਰ ੧੩ : ੧ (963)

ਨਿਵਾਰਨ — ਦੂਰ ਕਰਨ, ਹਟਾਉਣ
"ਫੁਨਿ ਧ੍ਰੰਮ ਧੁਜਾ ਫਹਰੰਤਿ ਸਦਾ ਅਘਪੁੰਜ ਤਰੰਗ **ਨਿਵਾਰਨ** ਕਉ।"
— ਸਵ **੪**, ਮਥੁ ੨ : ੨ (1404)

ਨਿਵਾਰਨੁ — ਦੂਰ ਕਰਨ ਵਾਲਾ
"ਭਜ ਭੰਜਨੁ ਪਰ ਪੀਰ **ਨਿਵਾਰਨੁ** ਕਲ੍ਯ ਸਹਾਰੁ ਤੋਹਿ ਜਸੁ ਬਕਤਾ।" (ਦੂਰ ਕਰਨ ਵਾਲਾ)
— ਸਵ **੫**, ਕਲ ੬ : ੩ (1407)

ਨਿਵਾਰਾ — 1. ਨਵਾਰ ਦੇ
"ਕਾਹੂ ਦੀਨੇ ਪਾਟ ਪਟੰਬਰ ਕਾਹੂ ਪਲਘ **ਨਿਵਾਰਾ**।"
— ਆਸਾ **ਕਬ**, ੧੬, ੧ : ੧ (479)
2. ਦੂਰ ਕਰਦਾ ਹੈ
"ਆਪੇ ਬਖਸਿ ਲਏ ਤਿਸੁ ਭਾਵੈ ਹਉਮੈ ਗਰਬੁ **ਨਿਵਾਰਾ** ਹੇ।"
— ਮਾਰੂ **੧**, ਸੋਲਾ ੨, ੧੫ : ੩ (1027)

ਨਿਵਾਰਿ — 1. ਦੂਰ ਕਰਕੇ
"ਮਨੁ ਤਨੁ ਤੇਰਾ ਤੂ ਧਣੀ ਗਰਬੁ **ਨਿਵਾਰਿ** ਸਮੇਉ।"
— ਸਿਰੀ **੧**, ੧੬, ੩ : ੩ (20)
2. ਬਚਾ ਕੇ
"ਦ੍ਰੋਪਤੀ ਲਜਾ **ਨਿਵਾਰਿ** ਉਧਾਰਣ।"
— ਮਾਰੂ **੫**, ਸੋਲਾ ੧੧, ੬ : ੨ (1082)
3. ਦੂਰ ਕਰ
"ਪਰ ਧਨ ਪਰ ਦਾਰਾ ਪਰ ਨਿੰਦਾ ਇਨ ਸਿਉ ਪ੍ਰੀਤਿ **ਨਿਵਾਰਿ**।"
— ਆਸਾ **੫**, ੩੨, ੩ : ੧ (379)

ਨਿਵਾਰਿਓ — ਦੂਰ ਕੀਤਾ, ਛਡਿਆ
"ਪਾਪ ਕਰਤ ਸੁਕਚਿਓ ਨਹੀ ਨਹ ਗਰਬੁ **ਨਿਵਾਰਿਓ**।" — ਤਿਲੰ **੯**, ੩, ੨ : ੨ (727)

ਨਿਵਾਰਿਆ — ਦੂਰ ਕੀਤਾ, ਮੁਕਾ ਦਿੱਤਾ
"ਆਵਾਗਉਣੁ **ਨਿਵਾਰਿਆ** ਹੈ ਸਚਾ ਸੋਈ।"
— ਸੂਹੀ **੧**, ੪, ੩ : ੨ (729)

ਨਿਵਾਰਿਹੁ — ਦੂਰ ਕਰੋ
"ਮਨਸਾ ਮਾਰਿ **ਨਿਵਾਰਿਹੁ** ਆਸਾ।"

ਨਿਵਾਰੀ — 1. ਦੂਰ ਕੀਤੀ
"ਗੁਰਿ ਰਾਖੇ ਸੇ ਨਿਰਮਲੇ ਸਬਦਿ **ਨਿਵਾਰੀ** ਭਾਹਿ।"
— ਸਿਰੀ **੧**, ਅਸ ੧੬, ੨ : ੩ (64)
2. ਦੂਰ ਕਰਦਾ ਹਾਂ
"ਸਾਧ ਸੰਗਿ ਜਨਮ ਮਰਣ **ਨਿਵਾਰੀ**।"
— ਸੂਹੀ **੫**, ੧੮, ੨ : ੧ (740)
3. ਦੂਰ ਕਰਨ ਵਾਲਾ
"ਜੋ ਹਰਿ ਸੇਵਹਿ ਸੰਤ ਭਗਤ ਤਿਨ ਕੇ ਸਭਿ ਪਾਪ **ਨਿਵਾਰੀ**।"

— ਧਨਾ **੪**, ੧, ੧ : ੧ (666)

ਨਿਵਾਰੀਆ — ਦੂਰ ਕੀਤਾ
"ਸਾਖਾ ਤੀਨਿ **ਨਿਵਾਰੀਆ** ਏਕ ਸਬਦਿ ਲਿਵ ਲਾਇ।" — ਸਿਰੀ **੩**, ਅਸ ੨੦, ੩ : ੨ (66)
ਹੋਰ ਰੂਪ — ਨਿਵਾਰੀਐ —
"ਜਨਮ ਮਰਣੁ **ਨਿਵਾਰੀਐ** ਦੁਖੁ ਨ ਜਮਪੁਰਿ ਹੋਇ।" (ਦੂਰ ਕਰੀਏ)
— ਆਸਾ **੫**, ੧੩੬, ੩ : ੧ (405)

ਨਿਵਾਰੁ — 1. ਦੂਰ ਕਰੋ
"ਮਾਤਾ ਨਰਸਿੰਘ ਕਾ ਰੂਪੁ **ਨਿਵਾਰੁ**।"
— ਭੈਰ **੩**, ਅਸ ੧, ੧੧ : ੨ (1154)
2. ਦੂਰ ਕਰਨ ਵਾਲਾ
"ਕਲਿਪ ਤਰੁ ਰੋਗ ਬਿਦਾਰੁ ਸੰਸਾਰ ਤਾਪ **ਨਿਵਾਰੁ** ਆਤਮਾ ਤ੍ਰਿਬਿਧਿ ਤੇਰੈ ਏਕ ਲਿਵਤਾਰ।"
— ਸਵ **੨**, ੩ : ੪ (1391)

ਨਿਵਾਰੇ — 1. ਦੂਰ ਕੀਤੇ, ਮੇਟ ਦਿਤੇ
"ਜਨਮ ਮਰਣ ਰੋਗ ਸਭਿ **ਨਿਵਾਰੇ**।"
— ਮਾਝ **੫**, ੪੨, ੪ : ੨ (106)
"ਕਿਲਵਿਖ ਕਾਟੈ ਕ੍ਰੋਧੁ **ਨਿਵਾਰੇ**।" (ਦੂਰ ਕਰੇ)
— ਮਾਝ **੩**, ਅਸ ੧੩, ੪ : ੧ (117)
ਹੋਰ ਰੂਪ — ਨਿਵਾਰੈ —
"ਸਾਧ ਸੰਗਤਿ ਜਨਮ ਮਰਣੁ **ਨਿਵਾਰੈ** ਨਾਨਕ ਜਨ ਕੀ ਧੂਰਾ।" (ਦੂਰ ਕਰਦੀ ਹੈ)
— ਗਉ **੫**, ੧੬੨*, ੪ : ੨ (215)
"ਪੰਚ ਜਨਾ ਸਿਉ ਸੰਗੁ **ਨਿਵਾਰੈ**।" (ਦੂਰ ਕਰੇ, ਭਾਵ ਤੋੜੇ)
— ਗਉ **੫**, ਅਸ ੩, ੧ : ੨ (236)
"ਨਰਕ **ਨਿਵਾਰੈ** ਦੁਖ ਹਰੈ ਤੂਟਹਿ ਅਨਕਿ ਕਲੇਸ।" (ਦੂਰ ਕਰੇ, ਬਚਾ ਲਵੇ)
— ਗਉ **੫**, ਥਿਤੀ ੪ : ੩ (297)
2. ਬਚਾਇਆ
"ਜਿਉ ਪਕਰਿ ਦ੍ਰੋਪਤੀ ਦੁਸਟਾਂ ਆਨੀ ਹਰਿ ਹਰਿ ਲਾਜ **ਨਿਵਾਰੇ**।"
— ਨਟ **੪**, ਅਸ ੫, ੧* : ੨ (982)

ਨਿਵਾਰ੍ਉ — ਦੂਰ ਕੀਤੀ
"ਅਮਿਉ ਰਸਨਾ ਬਦਨਿ ਬਰ ਦਾਤਿ ਅਲਖ ਅਪਾਰ ਗੁਰ ਸੂਰ ਸਬਦਿ ਹਉਮੈ **ਨਿਵਾਰ੍ਉ**।"
— ਸਵ **੫**, ਕਲ ੯ : ੧ (1408)

ਨਿਵਾਵਹਿ — ਝੁਕਾਏ, ਨਿਵਾਏ
"ਪੂਰੇ ਤੇ ਪਰਧਾਨ **ਨਿਵਾਵਹਿ** ਪ੍ਰਭ ਮਥਾ।" (ਨਿਵਾਉਂਦੇ ਹਨ)
— ਜੈਤ **੫**, ਵਾਰ ੧੪ : ੨ (709)

ਨਿਵਾੜਾ — ਹਟਾਇਆ, ਦੂਰ ਕੀਤਾ
"ਜਿਨੀ ਠਗੀ ਜਗੁ ਠਗਿਆ ਸੇ ਤੁਧੁ ਮਾਰਿ **ਨਿਵਾੜਾ**।" — ਮਾਰੂ **੫**, ਵਾਰ ੧੦ : ੨ (1097)

ਨਿਵਿ — ਨਿਉਂ ਕੇ, ਨਮਰ ਹੋ ਕੇ, ਝੁਕ ਕੇ
"ਮਿਠਾ ਬੋਲਹਿ **ਨਿਵਿ** ਚਲਹਿ ਸੇਜੈ ਰਵੈ ਭਤਾਰੁ।"
— ਸਿਰੀ **੩**, ੪੬, ੨ : ੨ (31)

ਨਿਵਿਆ — ਝੁਕਿਆ
"ਤਿਸੁ ਕਉ ਜਗਤੁ **ਨਿਵਿਆ** ਸਭੁ ਪੈਰੀ ਪਇਆ ਜਸੁ ਵਰਤਿਆ ਲੋਈ।" (ਭਾਵ ਬੰਧਨਾ ਕੀਤੀ)
— ਗਉ **੪**, ਵਾਰ ੧੫ਸ, **੪**, ੩ : ੨ (309)

ਨਿਵੇ — ਨਿਵੰਦਾ ਹੈ
"ਤੇਰੈ ਨਾਮਿ **ਨਿਵੇ** ਰਹੇ ਲਿਵ ਲਾਇ।"
— ਤਿਲੰ **੧**, ੨, ੩ : ੩ (721)

ਨਿਵੈ — ਝੁਕੇ
"ਸੋ ਸਿਰੁ ਸਾਂਈ ਨ **ਨਿਵੈ** ਸੋ ਸਿਰੁ ਦੀਜੈ ਡਾਰਿ।"
— ਸਿਰੀ **੪**, ਵਾਰ ੧੫ਸ, **੨**, ੧ : ੧ (89)

ਨੀ — ਸੰਬੋਧਕ ਸ਼ਬਦ
"ਆਇ ਲਗੇ **ਨੀ** ਦਿਹ ਥੋੜੜੇ ਜਿਉ ਪਕਾ ਖੇਤੁ ਲੁਣੀਐ।" — ਗਉ **੪**, ਵਾਰ ੩੦ : ੩ (316)

ਨੀਅਤਿ — (ਅ. ਨੀਯਤ) ਇਰਾਦਾ, ਸੰਕਲਪ, ਮਨ ਦੀ ਸੋਚ, ਮਨਸ਼ਾ
"ਚਉਥੀ **ਨੀਅਤਿ** ਰਾਸਿ ਮਨੁ ਪੰਜਵੀ ਸਿਫਤਿ ਸਨਾਇ।"
— ਮਾਝ **੧**, ਵਾਰ ੭ਸ, **੧**, ੩ : ੩ (141)

ਨੀਸਾਣਿ — 1. ਝੰਡਾ
"ਸਚੈ ਸਬਦਿ **ਨੀਸਾਣਿ** ਠਾਕ ਨ ਪਾਈਐ।"
— ਮਾਝ **੧**, ਵਾਰ ੧੮ : ੭ (146)
2. ਨਿਸਾਨੀਆ
"ਸਗਲ ਭਗਤ ਜਾ ਚੈ **ਨੀਸਾਣਿ**।"
— ਮਲਾ **ਨਾਮ**, ੧, ੫ : ੫ (1292)

ਨੀਸਾਣਿਆ — 1. ਨਿਸ਼ਾਨ
"ਸਚੁ ਤੇਰਾ ਦਰਬਾਰੁ ਸਬਦੁ **ਨੀਸਾਣਿਆ**।"

— ਮਾਝ **੧**, ਵਾਰ ੧੩ : ੩ (144)

2. ਪ੍ਰਗਟ ਕੀਤਾ (ਕਰਕੇ)

"ਵਿਣੁ ਥੰਮ੍ਾ ਗਗਨੁ ਰਹਾਇ ਸਬਦੁ **ਨੀਸਾਣਿਆ**।" (ਭਾਵ ਹੁਕਮ ਦੁਆਰਾ)

— ਮਲਾ **੧**, ਵਾਰ ੧ : ੩ (1279)

"ਲਥੇ ਸਭਿ ਵਿਕਾਰ ਸਬਦਿ **ਨੀਸਾਣਿਆ**।" (ਸ਼ਬਦ ਰੂਪ ਧੌਂਸਾ ਵਜਣ ਨਾਲ)

— ਮਲਾ **੧**, ਵਾਰ ੨੨ : ੩ (1291)

ਨੀਸਾਣੀ — ਨਿਸ਼ਾਨ, ਪਰਮਾਣ, ਲਛਣ

"ਪ੍ਰਭ ਮਿਲਣੈ ਕੀ ਏਹ **ਨੀਸਾਣੀ**।"

— ਮਾਝ **੫**, ੪੨, ੩ : ੧ (106)

"ਇਹ **ਨੀਸਾਣੀ** ਸਾਧ ਕੀ ਜਿਸੁ ਭੇਟਤ ਤਰੀਐ।" (ਪਛਾਣ) — ਗਉ **੫**, ਵਾਰ ੧੧ : ੧ (320)

ਹੋਰ ਰੂਪ — ਨੀਸਾਣੀਆ —

"ਦੋਹਾਗਣੀ ਕਿਆ **ਨੀਸਾਣੀਆ**।"

— ਸਿਰੀ **੧**, ਅਸ ੨੮, ੨ : ੧ (72)

ਨੀਸਾਣੁ — 1. (ਫ. ਨਿਸ਼ਾਨ) ਨਿਸ਼ਾਨ, ਪਛਾਣ ਚਿੰਨ

"ਗਾਵੈ ਕੋ ਦਾਤਿ ਜਾਣੈ **ਨੀਸਾਣੁ**।"

— ਜਪੁ **੧**, ੩ : ੨ (1)

"ਅਮੁਲੁ ਧਰਮੁ ਅਮੁਲੁ **ਨੀਸਾਣੁ**।" (ਪ੍ਰਵਾਨਗੀ ਦਾ ਨਿਸ਼ਾਨ) — ਜਪੁ **੧**, ੨੬ : ੨ (5)

"ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ **ਨੀਸਾਣੁ**।" (ਪ੍ਰਵਾਨਗੀ ਦੀ ਸਹੀ)

— ਸਿਰੀ **੧**, ੬, ੧* : ੨ (16)

"ਗੁਰ ਕਾ ਸਬਦੁ ਸਚੁ **ਨੀਸਾਣੁ**।" (ਪਰਵਾਨਾ)

— ਆਸਾ **੧**, ੨੧, ੩ : ੨ (355)

"ਪਤਿ ਪਰਵਾਨਾ ਸਾਚ ਕਾ ਪਿਆਰੇ ਨਾਮੁ ਸਚਾ **ਨੀਸਾਣੁ**।" (ਮੋਹਰ, ਸਹੀ)

— ਸੋਰ **੧**, ਅਸ ੩, ੩ : ੧ (636)

2. ਜੋ ਪ੍ਰਗਟ ਹੈ (ਸ਼ਬਦਾਰਥ, ਸੰਥਿਆ, ਪ੍ਰਮਾਣ ਪੱਤਰ, ਰਾਹਦਾਰੀ (ਦਰਪਣ); ਝੰਡਾ (ਨਿਰਣੈ)

"ਮੇਰੇ ਮਨ ਜਪਿ ਰਾਮ ਨਾਮੁ **ਨੀਸਾਣੁ**।"

— ਸੋਰ **੪**, ੫, ੧* : ੧ (606)

3. ਨਿਸ਼ਾਨਾ, ਆਦਰਸ਼

"ਗੁਰ ਪਰਸਾਦੀ ਸੇਵੀਐ ਸਚੁ ਸਬਦਿ **ਨੀਸਾਣੁ**।"

— ਸੂਹੀ **੩**, ਵਾਰ ੧੧ : ੩ (789)

4. ਝੰਡਾ

"ਨਦਰਿ ਤਿਨ੍ਾ ਕਉ ਨਾਨਕਾ ਨਾਮੁ ਜਿਨ੍ਾ **ਨੀਸਾਣੁ**।"

— ਸਾਰ **੪**, ਵਾਰ ਪਸ, **੨**, ੨ : ੪ (1239)

5. ਧੌਂਸਾ

"ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ **ਨੀਸਾਣੁ**।"

— ਮਲਾ **੧**, ਵਾਰ ੨੭ਸ, **੧**, ੧ : ੨ (1291)

ਨੀਸਾਣੇ — ਨਿਸ਼ਾਨੇ ਗਏ, ਜਿਨ੍ਹਾਂ ਉਤੇ ਨੀਸਾਣੁ ਲਗ ਗਿਆ

"ਤਿਨ ਕੈ ਸੰਗਿ ਮਲੁ ਉਤਰੈ ਮੇਰੀ ਜਿੰਦੁੜੀਏ ਰੰਗਿ ਰਾਤੇ ਨਦਰਿ **ਨੀਸਾਣੇ** ਰਾਮ।"

— ਬਿਹਾ **੪**, ਛੰਤ ੬, ੨ : ੩ (541)

ਨੀਸਾਣੈ — 1. ਭਾਵ ਪ੍ਰਗਟ ਹੁੰਦਾ ਹੈ, ਨੀਸਾਣ ਪੈਂਦਾ ਹੈ

"ਗੁਰ ਕੈ ਸਬਦਿ ਨਾਮਿ **ਨੀਸਾਣੈ**।"

— ਮਾਝ **੧**, ਅਸ ੧, ੩ : ੨ (109)

2. ਪਰਵਾਨਾ

"ਸਚੁ **ਨੀਸਾਣੈ** ਠਾਕ ਨ ਪਾਇ।"

— ਆਸਾ **੧**, ੨੧, ੩ : ੪ (355)

"ਅਗੈ ਪੁਛ ਨ ਹੋਵਈ ਜੇ ਸਣੁ **ਨੀਸਾਣੈ** ਜਾਇ।" (ਪਰਵਾਣੇ) — ਸੂਹੀ **੧**, ੭, ੨ : ੨ (730)

"ਗੁਰ ਕੈ ਸਬਦਿ ਹਰਿ ਦਰਿ **ਨੀਸਾਣੈ**।" (ਪਰਵਾਨਾ ਵਡਿਆਈ ਦਾ)

— ਬਿਲਾ **੩**, ਵਾ ੨, ੩ : ੪ (842)

3. ਝੰਡੇ ਨਾਲ

"ਗੁਰ ਕੈ ਸਬਦਿ ਹਰਿ ਦਰਿ **ਨੀਸਾਣੈ**।" (ਝੰਡੇ ਸਮੇਤ ਪੁਜਦੇ ਹਨ, ਪਤਿ ਨਾਲ ਪੁਜਦੇ ਹਨ)

— ਬਸੰ **੩**, ੯, ੩ : ੨ (1175)

ਨੀਸਾਣੋ — 1. ਪਰਵਾਨਾ

"ਰੰਗਿ ਰਤੇ ਤੇਰੈ ਤੁਧੁ ਭਾਵਹਿ ਸਚੁ ਨਾਮੁ **ਨੀਸਾਣੋ** ਜੀਉ।" — ਮਾਝ **੫**, ੪੪, ੩ : ੩ (107)

2. ਨਿਸ਼ਾਨ

"ਗੁਣ ਗੁਣਹਿ ਸਮਾਣੇ ਮਸਤਕਿ ਨਾਮ **ਨੀਸਾਣੋ**।"

— ਤੁਖਾ **੧**, ਛੰਤ ੫, ੩ : ੧ (1112)

ਨੀਸਾਨੰ — ਨਿਸ਼ਾਨ ਪੈਂਦਾ ਹੈ (ਪ੍ਰਵਾਨਗੀ ਦਾ)

"ਜਪਿ ਮੁਕੰਦ ਮਸਤਕਿ **ਨੀਸਾਨੰ**।"

— ਗੋਂਡ **ਰਵਿ**, ੧, ੨ : ੨ (875)

ਨੀਸਾਨਾ — ਨਿਸਾਨ
"ਲਿਖਤੁ ਮਿਟੈ ਨਹੀ ਸਬਦੁ **ਨੀਸਾਨਾ**।"
— ਗਉ **੧**, ਅਸ ੧, ੭ : ੩ (221)

ਨੀਸਾਨੀ — 1. ਲੱਛਣ, ਪਛਾਣ
"ਸੁਨਿ ਸਖੀਏ ਪ੍ਰਭ ਮਿਲਣ **ਨੀਸਾਨੀ**।"
— ਸੂਹੀ **੫**, ੩, ੧* : ੧ (737)
2. ਦ੍ਰਿਸ਼ਟਾਂਤ, ਉਦਾਹਰਣ
"ਇਹ **ਨੀਸਾਨੀ** ਸੁਨਹੁ ਤੁਮ ਭਾਈ ਜਿਉ ਕਾਲਰ ਭੀਤਿ ਗਿਰੀਐ।"
— ਬਿਲਾ **੫**, ੯੫, ੧* : ੨ (823)

ਨੀਸਾਨੁ — 1. ਪਰਵਾਨਗੀ ਦੀ ਛਾਪ/ਚਿੰਨ
"ਕਰਮਿ ਪਵੈ **ਨੀਸਾਨੁ** ਨ ਚਲੈ ਚਲਾਇਆ।"
— ਮਾਝ **੧**, ਵਾਰ ੨੬ : ੬ (150)
2. ਪਰਵਾਨਾ
"ਸਾਚੁ ਸਬਦੁ ਜਾ ਕਾ **ਨੀਸਾਨੁ**।"
— ਆਸ **੫**, ੫੯, ੩ : ੨ (386)
"ਜਨਮ ਸਰਣ ਕੀ ਕਟੀਐ ਫਾਸੀ ਸਾਚੀ ਦਰਗਹ ਕਾ **ਨੀਸਾਨੁ**।"
— ਬਿਲਾ **੫**, ੯੯, ੧ : ੨ (824)
3. ਪ੍ਰਗਟ ਹੁੰਦਾ ਹੈ
"ਗੁਰਮੁਖਿ ਸੁਰਤਿ ਸਬਦੁ **ਨੀਸਾਨੁ**।"
— ਆਸਾ **੧**, ਅਸ ੬, ੧ : ੩ (414)
4. ਲਿਖਤ ਰੂਪ
"ਆਪੇ ਸਬਦੁ ਆਪੇ **ਨੀਸਾਨੁ**।"
— ਬਿਲਾ **੧**, ੩, ੧ : ੧ (795)
5. ਢੋਲ, ਨਗਾਰਾ
"ਗੁਰਮੁਖਿ ਮਨੂਆ ਇਕਤੁ ਘਰਿ ਆਵੈ ਮਿਲਉ ਗੋੁਪਾਲ **ਨੀਸਾਨੁ** ਬਜਈਆ।"
— ਬਿਲਾ **੪**, ਅਸ ੧, ੫ : ੨ (833)
"ਮਿਲਉ ਗੁਪਾਲ **ਨੀਸਾਨੁ** ਬਜਾਈ।" (ਢੋਲ ਵਜਾ ਕੇ ਭਾਵ ਗਜ ਵਜ ਕੇ, ਪ੍ਰਗਟ ਹੋਏ)
— ਭੈਰ **ਨਾਮ**, ੪, ੩ : ੨ (1164)
"ਗੁਰ ਰਾਮ ਦਾਸ ਕਲੵਚਰੈ ਤੈ ਸਬਦ **ਨੀਸਾਨੁ** ਬਜਾਇਅਉ।"
— ਸਵ **੪**, ਕਲ ੯ : ੬ (1398)

ਨੀਸਾਨੈ — 1. ਲਕਸ਼ (ਜਿਸ ਨੂੰ ਵੇਖ ਕੇ ਹਲਾ ਕੀਤਾ ਜਾਵੇ) ਉਤੇ
"ਗਗਨ ਦਮਾਮਾ ਬਾਜਿਓ ਪਰਿਓ **ਨੀਸਾਨੈ** ਘਾਓ।"
— ਮਾਰੂ **ਕਬ**, ੧੦, ੧ : ੧ (1105)
2. ਨਿਸ਼ਾਨ, ਛਾਪ, ਮੋਹਰ
"ਗੁਰੁ ਅਕੰਸੁ ਸਚੁ ਸਬਦੁ **ਨੀਸਾਨੈ**।"
— ਗਉ **੧**, ਅਸ ੨, ੧ : ੨ (221)

ਨੀਸੀ — ਨਹੀਂ
"ਯਾਰ ਵੇ ਪਿਰੁ ਆਪਣ ਭਾਣਾ ਕਿਛੁ **ਨੀਸੀ** ਛੰਦਾ।"
— ਜੈਤ **੫**, ਛੰਤ ੧, ੩ : ੧ (703)

ਨੀਹਣੋ — ਚਿੱਲਾ, ਬੰਨਣ ਵਾਲੀ ਰਸੀ
"ਸਬਰ ਮੰਝ ਕਮਾਣ ਏ ਸਬਰੁ ਕਾ **ਨੀਹਣੋ**।"
— ਸਲੋ **ਫਰ**, ੧੧੫ : ੧ (1384)

ਨੀਹਿ — 1. ਪਿਆਰ/ਸਨੇਹ ਮੁਹੱਬਤ ਨਾਲ
"**ਨੀਹਿ** ਜਿ ਵਿਧਾ ਮੰਨੁ ਪਛਾਣੂ ਵਿਰਲੋ ਥਿਉ।"
— ਸਿਰੀ **੪**, ਵਾਰ ੧੪ਸ, **੫**, ੨ : ੧ (321)
2. ਬੁਨਿਆਦ
"ਮਰਗ ਸਵਾਈ **ਨੀਹਿ** ਜਾਂ ਭਰਿਆ ਤਾਂ ਲਦਿਆ।" — ਸਲੋ **ਫਰ**, ੮ : ੨ (1378)

ਨੀਹੁ — ਪਿਆਰ, ਨੇਹੁ
"**ਨੀਹੁ** ਮਹਿੰਜਾ ਤਊ ਨਾਲਿ ਬਿਆ ਨੇਹ ਕੂੜਾਵੇ ਡੇਖੁ।"
— ਮਾਰੂ **੫**, ਵਾਰ ੧ਸ, **੫**, ੨ : ੧ (1094)

ਨੀਹੁਮ — ਪਿਆਰ, ਪ੍ਰੀਤ
"ਠਗਾ **ਨੀਹੁਮ** ਤ੍ਰੋੜਿ ਜਾਣੁ ਗੰਧ੍ਰਬਾ ਨਗਰੀ।"
— ਮਾਰੂ **੫**, ਵਾਰ ੧੩ਸ, **੫**, ੩ : ੧ (1098)

ਨੀਕਸਿ — ਨਿਕਲ
"ਹਉ ਬਲਿਹਾਰੀ ਤਿਨ ਕਉ ਪੈਸਿ ਜੁ **ਨੀਕਸਿ** ਜਾਹਿ।" — ਸਲੋ **ਕਬ**, ੨੬ : ੧ (1365)
ਹੋਰ ਰੂਪ — ਨੀਕਸੈ —
"ਦਫਤਰਿ ਲੇਖਾ **ਨੀਕਸੈ** ਮਾਰ ਮੁਹੈ ਮੁਹਿ ਖਾਇ।" (ਨਿਕਲਦਾ ਹੈ)
— ਸਲੋ **ਕਬ**, ੨੦੦ : ੨ (1375)

ਨੀਕਰਿ — ਨਿਕਲ
"ਕਿਲਵਿਖ ਦੋਖ ਗਏ ਸਭ **ਨੀਕਰਿ** ਜਿਉ ਪਾਨੀ ਮੈਲੁ ਹਰੇ।" — ਨਟ **੪**, ੧, ੧ : ੨ (975)

ਨੀਕਲਿ — ਨਿਕਲ
"ਦੁਰਮਤਿ ਮੈਲੁ ਗਈ ਸਭ **ਨੀਕਲਿ** ਸਤਸੰਗਤਿ ਮਿਲਿ ਬੁਧਿ ਪਾਇ।"

— ਰਾਮ **੪**, ੨, ੧ : ੨ (੮੮੧)

ਨੀਕਾ — 1. ਚੰਗੀ/ਪੂਰੀ (ਤਰ੍ਹਾਂ)

"ਸਸਾ ਸੋ **ਨੀਕਾ** ਕਰਿ ਸੋਧਹੁ।"

— ਗਉ **ਕਬ**, ੩੯ : ੧ (342)

2. ਚੰਗਾ, ਭਲਾ, ਉਤਮ, ਸੋਹਣਾ

"ਮੇਰਾ ਠਾਕੁਰੋ ਠਾਕੁਰੁ **ਨੀਕਾ** ਅਗਮ ਅਥਾਹਾ ਰਾਮ।"

— ਆਸਾ **੪**, ਛੰਤ ੮, ੩ : ੧ (442)

"ਸੰਤਹੁ ਰਾਮ ਦਾਸ ਸਰੋਵਰੁ **ਨੀਕਾ**।" (ਸੋਹਣਾ)

— ਸੋਰ **੫**, ੫੨, ੧* : ੧ (623)

"ਜੇ ਵਡਭਾਗੁ ਹੋਇ ਅਤਿ **ਨੀਕਾ** ਤਾਂ ਗੁਰ ਮਤਿ ਨਾਮੁ ਦ੍ਰਿੜੀਜੈ।" (ਉਤਮ)

— ਕਲਿ **੪**, ਅਸ ੬, ੬ : ੧ (1326)

"ਪਨੀਆ ਛਾਦਨੁ **ਨੀਕਾ**।" (ਸੋਹਣਾ)

— ਧਨਾ **ਧੰਨਾ**, ੧, ੧ : ੩ (695)

ਹੋਰ ਰੂਪ — ਨੀਕੀ —

"ਜਿਹ ਪ੍ਰਸਾਦਿ ਤੇਰੀ **ਨੀਕੀ** ਜਾਤਿ।" (ਚੰਗੀ, ਉਤਮ) — ਗਉ **੫**, ਸੁਖ ੬, ੫ : ੨ (270)

ਨੀਕੇ —

"ਕਥਨ ਸੁਨਾਵਨ ਗੀਤ **ਨੀਕੇ** ਗਾਵਨ ਮਨ ਮਹਿ ਧਰਤੇ ਗਾਰ।" (ਉਤਮ)

— ਦੇਵ **੫**, ੩੧, ੧ : ੧(534)

"**ਨੀਕੇ** ਗੁਣ ਗਾਉ ਮਿਟਹੀ ਰੋਗ।" (ਨਿਰਮਲ, ਉਤਮ) — ਟੋਡੀ **੫**, ੮, ੧* : ੧ (713)

"ਹਰਿ ਕੇ ਲੋਗ ਰਾਮ ਜਨ **ਨੀਕੇ** ਭਾਗਹੀਣ ਨ ਸੁਖਾਇ।" (ਭਲੇ)

— ਰਾਮ **੪**, ੨, ੩ : ੧ (881)

"**ਨੀਕੇ** ਸਾਚੇ ਕੇ ਵਾਪਾਰੀ।" (ਚੰਗੇ ਹਨ)

— ਮਾਰੂ **੧**, ਸੋਲਾ ੧੨, ੯ : ੧ (1032)

ਨੀਕੋ —

"ਹਮ ਪਾਪੀ ਤੁਮ ਪਾਪ ਖੰਡਨ **ਨੀਕੋ** ਠਾਕੁਰ ਦੇਸਾ।" — ਸੋਰ **੫**, ੧੨, ੧* : ੨ (613)

3. ਛੋਟਾ, ਨਿੱਕਾ

"ਨਾਨਕ ਮੁਕਤਿ ਦੁਆਰਾ ਅਤਿ **ਨੀਕਾ** ਨਾਨ੍ਹਾ ਹੋਇ ਸੁ ਜਾਇ।"

— ਗੂਜ **੩**, ਵਾਰ ੪ਸ, **੩**, ੨ : ੧ (509)

ਹੋਰ ਰੂਪ — ਨੀਕੀ —

"**ਨੀਕੀ** ਕੀਰੀ ਮਹਿ ਕਲ ਰਾਖੈ।"

— ਗਉ **੫**, ਸੁਖ ੧੨, ੫ : ੧ (285)

4. ਚੰਗਾ, ਭਾਵ ਪਿਆਰਾ

"ਮਾਈ ਬਾਪ ਕੋ ਬੇਟਾ **ਨੀਕਾ** ਸਸੁਰੈ ਚਤੁਰੁ ਜਵਾਈ।" — ਸੋਰ **੧**, ੩, ੧ : ੧ (596)

ਹੋਰ ਰੂਪ — ਨੀਕੀ —

"**ਨੀਕੀ** ਤੇਰੀ ਬਿਗਾਰੀ ਆਲੇ ਤੇਰਾ ਨਾਉ।"

— ਤਿਲੰ **ਨਾਮ**, ੩, ੧* : ੩ (727)

5. ਸਾਫ, ਸੁਥਰਾ

"ਪਵਨ ਸੂਤੁ ਸਭੁ **ਨੀਕਾ** ਕਰਿਆ ਸਤਿਗੁਰਿ ਸਬਦੁ ਵੀਚਾਰੇ।"

— ਨਟ **੪**, ਅਸ ੫, ੨ : ੧ (983)

ਨੀਘਰਿਆ — ਜਿਸ ਦਾ ਰਹਿਣ ਦਾ ਕੋਈ ਟਿਕਾਣਾ ਨਹੀਂ

"ਬਾਞੁ ਥੂਨੀਆ ਛਪਰਾ ਥਾਮ੍ਹਿਆ **ਨੀਘਰਿਆ** ਘਰੁ ਪਾਇਆ ਰੇ।"

— ਆਸਾ **੫**, ੪੪, ੨ : ੧ (381)

ਨੀਘਰੀਆ — ਬੇਘਰਾ ਕੀਤਾ

"ਮਾਇਆ ਮੋਹਣੀ **ਨੀਘਰੀਆ** ਜੀਉ ਕੂੜਿ ਮੁਠੀ ਕੂੜਿਆਰੇ।"

— ਗਉ **੧**, ਛੰਤ ੨, ੩ : ੧ (243)

ਨੀਘਰੁ — ਬੇ ਘਰਾ

"ਇਹੁ **ਨੀਘਰੁ** ਘਰੁ ਕਹੀ ਨ ਪਾਏ।"

— ਪ੍ਰਭਾ **੫**, ਅਸ ੧, ੬ : ੩ (1347)

ਨੀਚ — ਜਾਤਿ-ਗੁਣ ਅਥਵਾ ਕਰਮ ਵਿਚ ਨੀਵਾਂ, ਮੰਦਾ

"ਕਹੁ ਨਾਨਕ ਹਮ **ਨੀਚ** ਕਰੰਮਾ।"

— ਆਸਾ **੫**, ਸੋਪੁ ੪, ੨ : ੩ (12)

"ਊਤਮ ਸੇ ਦਰਿ ਊਤਮ ਕਹੀਅਹਿ **ਨੀਚ** ਕਰਮ ਬਹਿ ਰੋਇ।" (ਮਾੜੇ ਕੰਮਾਂ ਵਾਲਾ)

— ਸਿਰੀ **੧**, ੪, ੧* : ੨ (15)

ਹੋਰ ਰੂਪ — ਨੀਚੰ —

"ਊਚੰ ਤ **ਨੀਚੰ** ਨਾਨਾ ਸੁ ਮੂਚੰ।"

— ਸਸ **੫**, ੧੧ : ੨ (1355)

2. ਨਿਮਾਨਾ, ਨਿਤਾਣਾ, ਨਾਚੀਜ਼, ਵਿਚਾਰੇ

"ਖਿਨ ਮਹਿ ਥਾਪਿ ਨਿਵਜੇ ਠਾਕੁਰ **ਨੀਚ** ਕੀਟ ਤੇ ਕਰਹਿ ਰਾਜੰਗਾ।"

— ਬਿਲਾ **੫**, ੧੦੧, ੧ : ੧ (824)

"ਹਮ ਨਾਨ੍ਹੇ **ਨੀਚ** ਤੁਮ੍ਹੇ ਬਡ ਸਾਹਿਬ ਕੁਦਰਤਿ ਕਉਣ ਬੀਚਾਰਾ।" (ਨਿਮਾਣੇ ਜਿਹੇ)
— ਸਾਰ **੫**, ਅਸ ੧, ੮ : ੧ (1235)

ਨੀਚਹ — ਨੀਵੇਂ ਵਿਚ/ਨੂੰ
"ਰਾਜਾ ਰੰਕੁ ਕਰੈ ਖਿਨ ਭੀਤਰਿ **ਨੀਚਹ** ਜੋਤਿ ਧਰੀ।" — ਗੂਜ **੫**, ੧੮, ੧ : ੨ (499)
"**ਨੀਚਹ** ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ।" — ਮਾਰੂ **ਰਵਿ**, ੧, ੧ : ੨ (1106)
ਹੋਰ ਰੂਪ — ਨੀਚਹੁ —
"**ਨੀਚਹੁ** ਨੀਚੁ ਨੀਚੁ ਅਤਿ ਨਾਨ੍ਹਾ ਹੋਇ ਗਰੀਬੁ ਬੁਲਾਵਉ।" (ਨੀਵਿਆਂ ਤੋਂ)
— ਦੇਵ **੫**, ੫, ੧* : ੨ (529)

ਨੀਚਾ — 1. ਨੀਵਿਆ
"**ਨੀਚਾ** ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।"
— ਸਿਰੀ **੧**, ੩, ੪ : ੧ (15)
2. ਨੀਵਾਂ
"ਆਪਸ ਕਉ ਜੋ ਜਾਣੈ **ਨੀਚਾ**।"
— ਗਉ **੫**, ਸੁਖ ੩, ੬ : ੩ (266)

ਨੀਚਾਇ — ਨੀਚਾਂ/ਨੀਵਿਆਂ ਤੋਂ
"ਸੰਤ ਕੈ ਦੂਖਨਿ ਨੀਚੁ **ਨੀਚਾਇ**।"
— ਗਉ **੫**, ਸੁਖ ੧੩, ੨ : ੮ (279)

ਨੀਚਾਣੁ — ਨੀਚਤਾਵਾਨ, ਅਤਿ ਨੀਵਾਂ
"ਹਰਿ ਕੀ ਵਡਿਆਈ ਹਉ ਆਖਿ ਨ ਸਾਕਾ ਹਉ ਮੂਰਖੁ ਮੁਗਧੁ **ਨੀਚਾਣੁ**।"
— ਸੂਹੀ **੪**, ੧੫, ੪ : ੧ (736)

ਨੀਚੀ — ਨੀਵਿਆਂ
"ਨੀਚਾ ਅੰਦਰਿ ਨੀਚ ਜਾਤਿ **ਨੀਚੀ** ਹੂ ਅਤਿ ਨੀਚੁ।"
— ਸਿਰੀ **੧**, ੩, ੪ : ੧ (15)

ਨੀਚੁ — ਨੀਵਾਂ
"ਹੁਕਮੀ ਉਤਮੁ **ਨੀਚੁ** ਹੁਕਮਿ ਲਿਖਿ ਦੁਖ ਸੁਖ ਪਾਈਅਹਿ।" — ਜਪੁ **੧**, ੨ : ੩ (1)
"ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ **ਨੀਚੁ** ਸਦਾਈਐ।" (ਭਾਵ ਨਮਰ ਰਹੀਐ)
— ਆਸਾ **੧**, ਵਾਰ ੫ : ੩ (465)

ਨੀਚੇ — 1. ਨੀਵੇਂ
"ਸਗਲ ਸਮਗ੍ਰੀ ਮੋਹਿ ਵਿਆਪੀ ਕਬ ਊਚੇ ਕਬ **ਨੀਚੇ**।" — ਸੋਰ **੫**, ੯, ੧ : ੧ (611)
2. ਝੁਕਾ ਲਏ, ਨੀਵੇਂ
"**ਨੀਚੇ** ਲੋਇਨ ਕਰਿ ਰਹਉ ਲੇ ਸਾਜਨ ਘਟ ਮਾਹਿ।" — ਸਲੋ **ਕਬ**, ੨੩੪ : ੧ (1377)

ਨੀਝਰ — ਇਕ ਰਸ, ਲਗਾਤਾਰ, ਅਖੰਡ
"ਊਨਵ ਬਰਸੈ **ਨੀਝਰ** ਧਾਰਾ।"
— ਰਾਮ **੧**, ਓਅੰ ੮ : ੫ (930)
ਹੋਰ ਰੂਪ — ਨੀਝਰੁ —
"ਅਜਰੁ ਜਰੈ **ਨੀਝਰੁ** ਝਰੈ ਅਮਰ ਅਨੰਦ ਸਰੂਪ।" — ਪ੍ਰਭਾ **੧**, ੧੩, ੫ : ੧ (1331)

ਨੀਠਿ ਨੀਠਿ — ਮਸਾਂ, ਜਿਵੇਂ ਜਿਵੇਂ ਕਰਕੇ
"**ਨੀਠਿ ਨੀਠਿ** ਮਨੁ ਕੀਆ ਧੀਰਾ।"
— ਗਉ **ਕਬ**, ਬਾਅ ੧੮ : ੨ (341)

ਨੀਤ — ਹਮੇਸ਼ਾਂ, ਸਦੈਵ, ਨਿਤ, ਸਦਾ
"ਮਾਰਹਿ ਲੂਟਹਿ **ਨੀਤ ਨੀਤ** ਕਿਸੁ ਆਗੈ ਕਰੀ ਪੁਕਾਰ ਜਨਾ।"
— ਗਉ **੧**, ੧੪, ੧ : ੨ (155)
"**ਨੀਤ ਨੀਤ** ਘਰ ਬਾਂਧੀਅਹਿ ਜੇ ਰਹਣਾ ਹੋਈ।" (ਹਮੇਸ਼ਾਂ ਰਹਿਣ ਵਾਲੇ)
— ਆਸਾ **੧**, ਅਸ ੧੩, ੨ : ੧ (418)
"ਮਨ ਮੂਰਖ ਅਜਹੂ ਨਹ ਸਮਝਤ ਸਿਖ ਦੈ ਹਾਰਿਓ **ਨੀਤ**।" (ਰੋਜ਼) — ਦੇਵ **੯**, ੩, ੨ : ੧ (536)

ਨੀਤਾ — ਹਮੇਸ਼ਾਂ, ਸਦਾ, ਨਿਤ, ਹਰ ਰੋਜ਼
"ਨਾਨਕ ਹਰਿ ਭਜੁ **ਨੀਤਾ** ਨੀਤਿ।"
— ਗਉ **੧**, ਅਸ ੨, ੮ : ੩ (222)
"ਜਾ ਕੈ ਹਰਿ ਹਰਿ ਕੀਰਤਨੁ **ਨੀਤਾ**।"
— ਆਸਾ **੫**, ੫੮, ੧* : ੨ (385)

ਨੀਤਿ — ਸਦਾ ਲਈ
"ਸਬਦਿ ਰਪੈ ਘਰੁ ਪਾਈਐ ਨਿਰਬਾਣੀ ਪਦੁ **ਨੀਤਿ**।" — ਸਿਰੀ **੧**, ਅਸ ੮, ੪ : ੩ (58)

ਨੀਦ — 1. ਨੀਂਦ, ਨਿੰਦ੍ਰਾ
"ਬਿਨੁ ਗੁਰ **ਨੀਦ** ਨ ਆਵਈ ਦੁਖੀ ਰੈਣਿ ਵਿਹਾਇ।"
— ਸਿਰੀ **੩**, ੪੨, ੨ : ੨ (31)
"ਹਾਟੀ ਬਾਟੀ **ਨੀਦ** ਨ ਆਵੈ ਪਰ ਘਰਿ ਚਿਤੁ ਨ ਡੋੁਲਾਈ।" (ਅਵਿਦਿਆ ਦੀ ਨੀਂਦ)
— ਰਾਮ **੧**, ਸਿਗੋ ੮ : ੧ (939)
"ਗੁਰਮੁਖਿ ਜਾਗੈ **ਨੀਦ** ਨ ਸੋਵੈ।" (ਅਗਿਆਨਤਾ ਦੀ ਨੀਂਦ) — ਰਾਮ **੧**, ਸਿਗੋ ੫੪ : ੨ (944)

2. ਗਫਲਤ
"ਜੇ ਘਰੁ ਬੂਝੈ ਆਪਣਾ ਤਾ **ਨੀਦ** ਨ ਹੋਈ।"
— ਆਸਾ **੧**, ਅਸ ੧੩, ਪ : ੨ (418)

ਹੋਰ ਰੂਪ — ਨੀਂਦ —
"**ਨੀਂਦ** ਵਿਆਪਿਆ ਕਾਮਿ ਸੰਤਾਪਿਆ ਮੁਖਹੁ ਹਰਿ ਹਰਿ ਕਹਾਵੈ।"
— ਰਾਮ **੫**, ਵਾਰ ੭ਸ, **੫**, ੧ : ੪ (960)

ਨ੍ੀਦ —
"ਨਿਸਿ ਬਾਸੁਰ ਪ੍ਰਿਅ ਪ੍ਰਿਅ ਮੁਖਿ ਟੇਰਉ **ਨ੍ੀਦ** ਪਲਕ ਨਹੀ ਜਾਗਿਓ।"
— ਸਸ **੫**, ਪ, ੧ : ੧ (1203)

ਨੀਦੜੀ — ਨੀਂਦ, ਨਿਦ੍ਰਾ
"ਫਰੀਦਾ ਕੋਠੇ ਧੁਕਣੁ ਕੇਤੜਾ ਪਿਰ **ਨੀਦੜੀ** ਨਿਵਾਰਿ।" — ਸਲੋ **ਫਰ**, ਪ੬ : ੧ (1380)

ਨੀਦੜੀਏ — ਨੀਂਦੇ
"ਘਟੁ ਦੁਖ **ਨੀਦੜੀਏ** ਪਰਸਉ ਸਦਾ ਪਗਾ।"
— ਬਿਹਾ **੫**, ਛੰਤ ੪, ੧ : ੨ (544)

ਨ੍ੀਦ੍ਰਾਵਲੇ — ਨੀਦ ਭਰੇ ਭਾਵ ਅਗਿਆਨਤਾ ਭਰੇ
"ਜਿੰਨ੍ਹਾ ਨੈਣ **ਨ੍ੀਦ੍ਰਾਵਲੇ** ਤਿੰਨਾ ਮਿਲਣੁ ਕੁਆਉ।"
— ਸਲੋ **ਫਰ**, ੮੦ : ੨ (1382)

ਨੀਧਨ — ਨਿਰਧਨ, ਜਿਸ ਕੋਲ ਧਨ ਨਹੀਂ, ਗਰੀਬ
"**ਨੀਧਨ** ਕੌ ਧਨੁ ਨਾਮੁ ਪਿਆਰੁ।"
— ਪ੍ਰਭਾ **੧**, ੧੨, ੪ : ੩ (1331)

ਨੀਧਰਿਆ — ਨਿਰ-ਆਧਾਰ, ਬੇ-ਆਸਰਾ, ਨਿਓਟ
"**ਨੀਧਰਿਆ** ਧਰ ਤੇਰੀਆ ਇਕ ਨਾਮ ਅਧਾਰਾ।"
— ਬਿਲਾ **੫**, ੩ਪ, ੨ : ੨ (809)

ਨੀਧੇ — ਭੰਡਾਰ, ਖਜ਼ਾਨੇ
"ਜਨਮ ਜਨਮ ਕੀ ਹਉਮੈ ਮਨੁ ਨਿਕਸੀ ਹਰਿ ਅੰਮ੍ਰਿਤਿ ਹਰਿ ਜਲਿ **ਨੀਧੇ**।"
— ਬਸੰ **੪**, ਪ, ੩ : ੨ (1179)

ਨੀਂਬਾ — ਨਿੰਮ
"ਨੀਂਬੁ ਭਇਓ ਆਂਬੁ ਆਂਬੁ ਭਇਓ **ਨੀਂਬਾ** ਕੇਲਾ ਪਾਕਾ ਝਾਰਿ।"
— ਰਾਮ **ਕਬ**, ੧੨, ੧ : ੧ (972)

ਨੀਂਬੁ — ਨਿੰਮ
"ਪਲਕ ਦ੍ਰਿਸਟਿ ਦੇਖਿ ਭੂਲੋ ਆਕ **ਨੀਮ** ਕੋ ਤੂੰਮਰੁ।"
— ਆਸਾ **੫**, ੧੨੨, ੨ : ੧ (403)

ਹੋਰ ਰੂਪ — ਨੀਮੁ —
"ਅੰਮ੍ਰਿਤੁ ਲੈ ਲੈ **ਨੀਮੁ** ਸਿੰਚਾਈ।" (ਨਿੰਮ ਦਾ ਦਰਖਤ)
— ਆਸਾ **ਕਬ**, ੨੦, ਪ : ੧ (481)

ਨੀਮਿ੍ — ਨਹੀਂ
"ਦਰੁ ਬੀਭਾ ਮੈ **ਨੀਮਿ੍** ਕੋ ਕੈ ਕਰੀ ਸਲਾਮੁ।"
— ਆਸਾ **੧**, ੧੪, ੧* : ੧ (418)

ਨੀਮ੍ੀ — ਨਹੀਂ
"ਚਾਰੇ ਕੁੰਡਾ ਢੂਢੀਆ ਕੋ **ਨੀਮ੍ੀ** ਮੈਡਾ।"
— ਆਸਾ **੧**, ੧੪, ੧ : ੧ (418)

ਨੀਰ — 1. ਪਾਣੀ
"ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਮਛੁਲੀ **ਨੀਰ**।"
— ਸਿਰੀ **੧**, ਅਸ ੧੧, ੨ : ੧ (60)
"ਕਾਹੂ ਤੀਰ ਕਾਹੂ **ਨੀਰ** ਕਾਹੂ ਬੇਦ ਬੀਚਾਰ।" (ਭਾਵ ਤੀਰਥ ਇਸ਼ਨਾਨੀ)
— ਗਉ **੫**, ੧ਪਪ*, ੩ : ੧ (213)

2. ਨਿਕਟ, ਨੇੜੇ
"ਭੁਖ ਤਿਖ ਤਿਸੁ ਨ ਵਿਆਪਈ ਜਮੁ ਨਹੀਂ ਆਵੈ **ਨੀਰ**।"
— ਮਾਰੂ **੫**, ਵਾਰ ੨੩ਸ, **੫**, ੩ : ੨ (1102)

ਨੀਰਉ — ਨੇੜੇ, ਸਮੀਪ, ਕੋਲ
"ਜੀਅ ਪ੍ਰਾਨ ਮਨੁ ਤਨੁ ਸਭੁ ਅਰਪਉ **ਨੀਰਉ** ਪੇਖਿ ਪ੍ਰਭ ਕਉ ਨੀਰਉ।"
— ਜੈਤ **੫**, ੩, ੧ : ੧ (700)

ਨੀਰਾ — 1. ਨੇੜੇ, ਨਿਕਟ
"ਦੂਰਿ ਬਤਾਵਤ ਪਾਇਆ **ਨੀਰਾ**।"
— ਗਉ **ਕਬ**, ਥਿਤੀ ੧੨ : ੪ (344)

2. ਪਾਣੀ ਦੇ
"ਬਿਨੁ ਨਾਵੈ ਡੂਬਿ ਮੁਏ ਬਿਨੁ **ਨੀਰਾ**।"
— ਮਾਰੂ **੩**, ਸੋਲਾ ੮, ੧੩ : ੨ (1052)

ਨੀਰਾਰੇ — ਪਾਣੀ
"ਰਵਿ ਸਸਿ ਪਵਣੁ ਪਾਵਕੁ **ਨੀਰਾਰੇ**।"
— ਗਉ **੫**, ਅਸ ੪, ੩ : ੨ (237)

ਨੀਰਿ — ਪਾਣੀ
"ਜਲ ਥਲ **ਨੀਰਿ** ਭਰੇ ਸਰ ਸੁਭਰ ਬਿਰਥਾ ਕੋਇ ਨ ਜਾਏ ਜੀਉ।" (ਪਾਣੀ ਨਾਲ)

— ਮਾਝ **੫**, ੩੦, ੨ : ੩ (103)

"ਨਾਨਕ ਭਾਵੈ ਪਾਰਬ੍ਰਹਮ ਪਾਹਨ **ਨੀਰਿ** ਤਰੇ।" (ਪਾਣੀ ਤੇ) — ਗਉ **੫**, ਬਾਅ ੫੨ : ੮ (261)

"ਪਾਹਣੁ **ਨੀਰਿ** ਪਖਾਲੀਐ ਭਾਈ ਜਲ ਮਹਿ ਡੂਬਹਿ ਤੇਹਿ।" (ਪਾਣੀ ਵਿਚ/ਨਾਲ)

— ਸੋਰ **੧**, ਅਸ ੪, ੬ : ੨ (637)

ਨੀਰੀਐ — ਸਿੰਚੀਐ

"ਜੇ ਸਉ ਅੰਮ੍ਰਿਤੁ **ਨੀਰੀਐ** ਭੀ ਬਿਖੁ ਫਲੁ ਲਾਗੈ ਧਾਇ।" — ਸਿਰੀ **੩**, ਅਸ ੧੯, ੪ : ੨ (65)

ਨੀਰੁ — ਪਾਣੀ, ਜਲ

"ਨਾਉ **ਨੀਰੁ** ਚੰਗਿਆਈਆ ਸਤੁ ਪਰਮਲੁ ਤਨਿ ਵਾਸੁ।" — ਸਿਰੀ **੧**, ੫, ੩ : ੧ (16)

"ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ **ਨੀਰੁ** ਵਹੇ ਵਹਿ ਚਲੈ ਜੀਉ।" (ਭਾਵ ਹੰਝੂ)

— ਮਾਝ **੧**, ੧, ੩ : ੩ (94)

ਨੀਰੇ — ਪਰੋਸੇ, ਅਗੇ ਰਖੇ

"ਮੇਰੈ ਅੰਤਰਿ ਭੁਖ ਨ ਉਤਰੈ ਅੰਮਾਲੀ ਜੇ ਸਉ ਭੋਜਨ ਮੈ **ਨੀਰੇ**।"

— ਵਡ **੫**, ੯, ੧ : ੩ (564)

ਨੀਰੈ — 1. ਪਾਣੀ ਦੇ

"ਜਿਉ ਮਛੁਲੀ ਬਿਨੁ **ਨੀਰੈ** ਬਿਨਸੈ ਤਿਉ ਨਾਮੈ ਬਿਨੁ ਮਰਿ ਜਾਈ।" — ਸੋਰ **੪**, ੮, ੧ : ੨ (607)

2. ਪਰੋਸਦੀ ਹੈ

"ਸਾਰਿ ਸਮ੍ਹਾਲਿ ਮਾਤਾ ਮੁਖਿ **ਨੀਰੈ** ਤਬ ਓਹੁ ਤ੍ਰਿਪਤਿ ਅਘਾਈ।"

— ਮਲਾ **੫**, ੨, ੧ : ੨ (1266)

ਨੀਲ — 1. ਵੱਡੀ ਗਿਣਤੀ

"**ਨੀਲ** ਅਨੀਲ ਅਗਨਿ ਇਕ ਠਾਈ।"

— ਗਉ **੧**, ਅਸ ੨, ੩ : ੨ (221)

2. ਨੀਲੇ ਰੰਗ ਦਾ

"**ਨੀਲ** ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ।"

— ਆਸਾ **੧**, ਵਾਰ ੧੩ਸ, **੧**, ੨ : ੮ (470)

ਨੀਲਾ — ਨੀਲੇ ਰੰਗ ਦਾ

"ਮਲੁ ਜੂਈ ਭਰਿਆ **ਨੀਲਾ** ਕਲਾ ਖਿਧੋਲੜਾ ਤਿਨਿ ਵੇਮੁਖਿ ਵੇਮੁਖੈ ਨੋ ਪਾਇਆ।"

— ਗਉ **੪**, ਵਾਰ ੧੨ਸ, **੪**, ੧ : ੧ (306)

ਹੋਰ ਰੂਪ — ਨੀਲੀ —

"**ਨੀਲੀ** ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ।" — ਸਿਰੀ **੧**, ੭, ੨ : ੨ (16)

ਨੀਲੁ — ਵਡੀ ਗਿਣਤੀ ਭਾਵ ਬਹੁਤ ਵਡਾ

"**ਨੀਲੁ** ਅਨੀਲੁ ਅਗੰਮੁ ਸਰਜੀਤੁ ਸਬਾਇਆ।"

— ਮਲਾ **੧**, ਵਾਰ ੯ : ੫ (1282)

ਨੀਵ — ਬੁਨਿਆਦ, ਨੀਂਹ

"ਦੇ ਦੇ **ਨੀਵ** ਦਿਵਾਲ ਉਸਾਰੀ ਭਸਮੰਦਰ ਕੀ ਢੇਰੀ।"

— ਗਉ **੧**, ੧੩, ੫ : ੧ (155)

ਨੀਵਦੈ — ਨੀਂਹ ਦੇ ਕੇ

"ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ **ਨੀਵਦੈ**।" — ਰਾਮ **ਬਸ**, ਵਾਰ ੧ : ੩ (966)

ਨੀਵਾਂ — ਨੀਹਾਂ

"ਰਾਖਹੁ ਕੰਧ ਉਸਾਰਹੁ **ਨੀਵਾਂ**।"

— ਸੋਰ **ਰਵਿ**, ੬, ੨ : ੧ (659)

ਨ੍ਹੀਵਾਂ — ਝੁਕਾ

"ਆਪਨੜੇ ਗਿਰੀਵਾਨ ਮਹਿ ਸਿਰੁ **ਨ੍ਹੀਵਾਂ** ਕਰਿ ਦੇਖੁ।" — ਸਲੋ **ਫਰ**, ੬ : ੨ (1378)

ਨੀਵੀ — 1. ਨਿਮ੍ਰਤਾ ਵਿਚ, ਨੀਵੇਂ ਹੋਣ ਵਿਚ

"ਮਿਠਤੁ **ਨੀਵੀ** ਨਾਨਕਾ ਗੁਣ ਚੰਗਿਆਈਆ ਤਤੁ।"

— ਆਸਾ **੧**, ਵਾਰ ੧੪ਸ, **੧**, ੧ : ੪ (470)

2. ਨੀਵੇਂ, ਛੋਟੇ, ਨਿਮਾਣੇ, ਨਿਗੂਣੇ

"ਹਮ **ਨੀਵੀ** ਪ੍ਰਭੁ ਅਤਿ ਊਚਾ ਕਿਉ ਕਰਿ ਮਿਲਿਆ ਜਾਏ ਰਾਮ।"

— ਸੂਹੀ **੩**, ਛੰਤ ੭, ੨ : ੧ (772)

ਨੂਰ — 1. (ਅ. ਨੂਰ) ਚਮਕ, ਉਜਾਲਾ ਭਾਵ ਆਤਮ ਜੋਤ

"ਖਾਕ **ਨੂਰ** ਕਰਦੰ ਆਲਮ ਦੁਨੀਆਇ।"

— ਤਿਲੰ **੫**, ੧, ੧ : ੧ (723)

"ਏਕ **ਨੂਰ** ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।" — ਪ੍ਰਭਾ **ਕਬ**, ੩, ੧ : ੧ (1349)

2. ਪਾਕ ਦਾਮਨ ਇਸਤ੍ਰੀਆਂ (ਮਹਾਨਕੋਸ਼) : 'ਨਿਰਣੇ' ਤੇ 'ਦਰਪਣ' ਇਕੋ ਵੀ ਅਰਥ 'ਰੱਬੀ ਪ੍ਰਕਾਸ਼' ਹੀ ਕਰਦਾ ਹੈ)

"ਹੂਰ **ਨੂਰ** ਮੁਸਕੁ ਖੁਦਾਇਆ ਬੰਦਗੀ ਅਲਹ ਆਲਾ ਹੁਜਰਾ।"

— ਮਾਰੂ **੫**, ਸੋਲਾ ੧੨, ੫ : ੩ (1084)

ਹੋਰ ਰੂਪ — ਨੂਰੁ —
"ਹੋਵੈ ਸਿਫਤਿ ਖਸੰਮ ਦੀ **ਨੂਰੁ** ਅਰਸਹੁ ਕੁਰਸਹੁ ਝਟੀਐ।" (ਉਜਾਲਾ ਭਾਵ ਗਿਆਨ)
— ਰਾਮ **ਬਸ**, ਵਾਰ ੨ : ੭ (967)
"ਅਵਲਿ ਅਲਹ **ਨੂਰੁ** ਉਪਾਇਆ ਕੁਦਰਤਿ ਕੇ ਸਭ ਬੰਦੇ।" (ਜੋਤ, ਉਜਾਲਾ)
— ਪ੍ਰਭਾ **ਕਬ**, ੩, ੧ : ੧ (1349)

ਨੇ — ਸਕਰਮਕ ਭੂਤ ਕਾਲ ਦੀ ਕਿਰਿਆ ਦੇ ਕਰਤਾ ਦਾ ਚਿੰਨ੍ਹ
"ਜਿਉ ਸੰਪੈ ਤਿਉ ਬਿਪੱਤਿ ਹੈ ਬਿਧ **ਨੇ** ਰਚਿਆ ਸੋ ਹੋਇ।" — ਗਉ **ਕਬ**, ੬੩, ੩ : ੨ (337)

ਨੇਸ — (ਫ਼ਾ. ਨੇਸਤ) ਨਹੀਂ
"ਜਨ ਪਿਸਰ ਪਦਰ ਬਿਰਾਦਰਾਂ ਕਸ **ਨੇਸ** ਦਸਤੰਗੀਰ।" — ਤਿਲੰ **੧**, ੧, ੨ : ੧ (721)

ਨੇਹ — ਸਨੇਹ, ਪਿਆਰ, ਮੁਹਬਤ
"ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ **ਨੇਹ**।"
— ਸਿਰੀ **੧**, ੬, ੪ : ੩ (16)

ਹੋਰ ਰੂਪ — ਨੇਂਹ —
"ਕ੍ਰਿਪਾ ਸਿੰਧੁ ਕਰੁਣਾ ਪ੍ਰਭ ਧਾਰਹੁ ਹਰਿ ਪ੍ਰੇਮ ਭਗਤਿ ਕੋ **ਨੇਂਹ**।" (ਭਾਵ ਚਾਅ)
— ਜੈਤ **੫**, ੧੦, ੧* : ੨ (702)

ਨੇਹਾ — ਪਿਆਰ, ਸਨੇਹ, ਮੁਹਬਤ
"ਕਹੁ ਨਾਨਕ ਛੰਤ ਅਨੰਤ ਠਾਕੁਰ ਕੇ ਹਰਿ ਸਿਉ ਕੀਜੈ **ਨੇਹਾ** ਮਨ ਐਸਾ ਨੇਹੁ ਕਰੇਹੁ।"
— ਆਸਾ **੫**, ਛਤ ੪, ੨ : ੬ (455)

ਨੇਹਿ — ਪਿਆਰ/ਮੁਹਬਤ ਵਿਚ
"ਪਿਰੁ ਰਲੀਆ ਰਸਿ ਮਾਣਸੀ ਸਾਚਿ ਸਬਦਿ ਸੁਖੁ **ਨੇਹਿ**।" — ਸਿਰੀ **੧**, ਅਸ ੫, ੧* : ੨ (56)

ਨੇਹੀ — 1. ਦ੍ਰਿੜਤਾ, ਪਕਿਆਈ (ਸ਼ਬਦਾਰਥ), ਦੂਰ ਅੰਦੇਸ਼ੀ, ਪੇਸ਼ਬੀਨੀ (ਮਹਾਨਕੋਸ਼); ਵਿਕਾਰਾਂ ਨੂੰ ਵਸ ਵਿਚ ਕਰ ਲੈਣ ਦੀ ਸਮਰਥਾ, ਦ੍ਰਿੜਤਾ, ਧੀਰਜ (ਦਰਪਣ)
"ਨਾਨਾ ਰਣਿ ਰੂਤਉ ਨਰ **ਨੇਹੀ** ਕਰੈ।"
— ਗਉ **ਕਬ**, ਬਾਅ ੨੧ : ੧ (341)
2. ਨੇਹਣੀ, ਉਹ ਸਿੱਧੀ ਖੜੀ ਡੰਡੀ ਜਿਸ ਨਾਲ ਮਧਾਣੀ ਦੀ ਲੱਚ ਰਸੀ ਨਾਲ ਬੰਨ੍ਹੀਦੀ ਹੈ।
"ਜਿਨਿ ਬਾਸਕੁ ਨੇਤ੍ਰੈ ਘਤਿਆ ਕਰਿ **ਨੇਹੀ** ਤਾਣੁ।"
— ਰਾਮ **ਬਸ**, ਵਾਰ ੬ : ੩ (967)

ਨੇਹੁ — ਪਿਆਰ, ਪ੍ਰੇਮ
"ਤਿਸੁ ਸਿਉ **ਨੇਹੁ** ਨ ਕੀਜਈ ਜੋ ਦੀਸੈ ਚਲਣਹਾਰੁ।"
— ਸਿਰੀ **੧**, ੨੦, ੩ : ੨ (21)

ਨੇਕ — (ਫ਼ਾ. ਨੇਕ) ਭਲਾ, ਉਤਮ
"ਬਲਵੰਡ ਖੀਵੀ **ਨੇਕ** ਜਨ ਜਿਸੁ ਬਹੁਤੀ ਛਾਉ ਪਤ੍ਰਾਲੀ।" — ਰਾਮ **ਬਸ**, ਵਾਰ ੩ : ੮ (967)

ਨੇਕੀ — (ਫ਼ਾ. ਨੇਕੀ) ਭਲਾਈ, ਚੰਗਿਆਈ
"ਮੁਇਆ ਗੰਢੁ **ਨੇਕੀ** ਸਤੁ ਹੋਇ।"
— ਮਾਝ **੧**, ਵਾਰ ੧੨ਸ, **੧**, ੨ : ੧੦ (143)

ਹੋਰ ਰੂਪ — ਨੇਕੀਆ —
"ਕੁਦਰਿਤਿ **ਨੇਕੀਆ** ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ।"
— ਆਸਾ **੧**, ਵਾਰ ੩ਸ, **੧**, ੨ : ੬ (464)

ਨੇਖਾਸਿ — (ਅ. ਨੱਖਾਸ) ਪਸ਼ੂਆਂ ਤੇ ਗੁਲਾਮਾਂ ਦੀ ਮੰਡੀ
"ਅਉਗਣੁ ਜਾਣੈ ਤ ਪੁੰਨ ਕਰੇ ਕਿਉ ਕਿਉ **ਨੇਖਾਸਿ** ਬਿਕਾਈ।"
— ਪ੍ਰਭਾ **੧**, ਅਸ ੪, ੨ : ੨ (1344)

ਨੇਜਾ — (ਫ਼ਾ. ਨੇਜ਼ਾ) ਬਰਛਾ, ਇਕ ਹਥਿਆਰ
"ਵਾਜਾ **ਨੇਜਾ** ਪਤਿ ਸਿਉ ਪਰਗਟੁ ਕਰਮੁ ਤੇਰਾ ਮੇਰੀ ਜਾਤਿ।" — ਸਿਰੀ **੧**, ੭, ੩ : ੩ (16)

ਹੋਰ ਰੂਪ — ਨੇਜੇ —
"ਹੈਵਰ ਗੈਵਰ **ਨੇਜੇ** ਵਾਜੇ।" (ਬਰਛੇ)
— ਗਉ **੧**, ਅਸ ੧੦, ੫ : ੧ (225)

ਨੇਜੈ — ਇਕ ਰਿਖੀ ਜੋ ਗੰਗਾ ਨਦੀ (ਨੈ) ਤੋਂ ਜਨਮਿਆ ਮੰਨਿਆ ਜਾਂਦਾ ਹੈ, ਭੀਸ਼ਮ ਪਿਤਾਮਾ
"ਜਾਂ ਚੈ ਘਰਿ ਨਿਕਟ ਵਰਤੀ ਅਰਜਨੁ ਧ੍ਰੂ ਪ੍ਰਹਲਾਦੁ ਅੰਬਰੀਕੁ ਨਾਰਦੁ **ਨੇਜੈ** ਸਿਧ ਬੁਧ ਗਣ ਗੰਧਰਬ ਬਾਨਵੈ ਹੇਲਾ।"
— ਮਲਾ **ਨਾਮ**, ੧, ੫ : ੧ (1292)

ਨੇਤ — 1. ਹਮੇਸ਼ਾਂ, ਹਰ ਰੋਜ਼, ਨਿਤ
"ਗੁਰਸਿਉ **ਨੇਤ** ਧਿਆਨਿ ਹਾਂ।"
— ਆਸਾ **੫**, ੧੫੮, ੧* : ੨ (409)
"ਹਰਿ ਸਿਮਰਿ ਨਾਨਕ **ਨੇਤ**।"
— ਬਿਲਾ **੫**, ਅਸ ੨, ੭ : ੬ (838)
2. ਨੇਤ੍ਰ, ਅੱਖਾਂ

"ਧਨੁ ਓਹੁ ਮਸਤਕੁ ਧਨੁ ਤੇਰੇ **ਨੇਤ**।"
— ਗਉ **ਪ**, ੧੭੩, ੧ : ੨ (200)
"ਭਰਮੁ ਭੁਲਾਵਾ ਮਿਟਿ ਗਇਆ ਪ੍ਰਭ ਪੇਖਤ **ਨੇਤ**।" (ਅਖਾਂ ਨਾਲ)
— ਬਿਲਾ **ਪ**, ੩੯, ੩ : ੨ (810)
3. ਇਹ ਨਹੀਂ
"**ਨੇਤ ਨੇਤ** ਕਥੰਤਿ ਬੇਦਾ।"
— ਸਸ **ਪ**, ਪ੨ : ੩ (1359)

ਨੇਤੈ — ਨੇਤ੍ਰਾਂ ਵਿਚ, ਅਖਾਂ ਵਿਚ
"ਦੁਖੁ ਨਾਹੀ ਸਭੁ ਸੁਖੁ ਹੀ ਹੈਰੇ ਏਕੈ ਏਕੀ **ਨੇਤੈ**।"
— ਕਾਨ **ਪ**, ੨੨, ੧ : ੧ (1302)

ਨੇਤ੍ਰ — ਅਖਾਂ
"ਸਫਲੁ ਦਰਸਨੁ **ਨੇਤ੍ਰ** ਪੇਖਤ ਤਰਿਆ।"
— ਮਾਝ **ਪ**, ੧੨, ੧ : ੧ (99)

ਨੇਤ੍ਰਉ — ਨੇਤ੍ਰਾ, ਮਧਾਣੀ ਨੂੰ ਲਪੇਟੀ ਰਸੀ
"ਇਹੁ ਮਨੁ ਈਟੀ ਹਾਥਿ ਕਰਹੁ ਫੁਨਿ **ਨੇਤ੍ਰਉ** ਨੀਦ ਨ ਆਵੈ।" — ਸੂਹੀ **੧**, ੧, ੨ : ੧ (728)

ਨੇਤ੍ਰਹੁ — 1. ਅੱਖੀਓ
"ਏ **ਨੇਤ੍ਰਹੁ** ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ।"
— ਰਾਮ **੩**, ਅਨੰ ੩੬ : ੧ (922)
2. ਅਖਾਂ ਨਾਲ
"**ਨੇਤ੍ਰਹੁ** ਪੇਖਿ ਦਰਸੁ ਸੁਖੁ ਹੋਇ।"
— ਗਉ **ਪ**, ਸੁਖ ੨੦, ੬ : ੩ (290)

ਨੇਤ੍ਰਾ — 1. ਰਸੀ
"ਬੈਲ ਕਉ **ਨੇਤ੍ਰਾ** ਪਾਇ ਦੁਹਾਵੈ।"
— ਗਉ **ਪ**, ੧੬੦, ੨ : ੧ (198)
2. ਅੱਖਾਂ ਵਿਚ
"ਨਾਨਕ ਗਿਆਨ ਅੰਜਨੁ ਜਿਹ **ਨੇਤ੍ਰਾ**।"
— ਗਉ **ਪ**, ਬਾਅ ੨੨ : ੮ (254)

ਨੇਤ੍ਰਿ — ਨੇਤ੍ਰਾ, ਮਧਾਣੀ ਦੀ ਰਸੀ
"ਮਾਧਾਣਾ ਪਰਬਤੁ ਕਰਿ **ਨੇਤ੍ਰਿ** ਬਾਸਕੁ ਸਬਦਿ ਰਿੜਕਿਓਨੁ।"
— ਰਾਮ **ਬਸ**, ਵਾਰ ੪ : ੩ (967)

ਨੇਤ੍ਰੀ — ਅਖਾਂ ਵਿਚ, ਅਖਾਂ ਨਾਲ
"ਗੁਰ ਗਿਆਨ ਅੰਜਨੁ ਸਚੁ **ਨੇਤ੍ਰੀ** ਪਾਇਆ।"
— ਮਾਝ **੩**, ਅਸ ੨੫, ੩ : ੧ (124)
"**ਨੇਤ੍ਰੀ** ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰਨਾਉ।" (ਅਖਾਂ ਨਾਲ)
— ਗੂਜ **ਪ**, ਵਾਰ ੧ਸ, **ਪ**, ੧ : ੨ (517)

ਨੇਤ੍ਰੇ — ਅਖਾਂ ਨਾਲ
"ਸਦਾ ਨਿਹਾਰਹਿ ਏਕੋ **ਨੇਤ੍ਰੇ**।"
— ਗਉ **ਪ**, ਸੁਖ ੧੦, ੮ : ੪ (276)

ਨੇਤ੍ਰੈ — ਨੇਤ੍ਰੇ ਦੀ ਥਾਂ, ਮਧਾਣੀ ਦੀ ਰਸੀ ਦੀ ਜਗ੍ਹਾਂ
"ਜਿਨਿ ਬਾਸਕੁ **ਨੇਤ੍ਰੈ** ਘਤਿਆ ਕਹਿ ਨੇਹੀ ਤਾਣੁ।"
— ਰਾਮ **ਬਸ**, ਵਾਰ ੬ : ੩ (968)

ਨੇਧਾਨੁ — ਨਿਧਾਨ, ਖਜ਼ਾਨਾ
"ਤੂ ਸੁਖਦਾਤਾ ਬੇਅੰਤੁ ਹੈ ਗੁਣਦਾਤਾ **ਨੇਧਾਨੁ**।"
— ਮਲਾ **੧**, ਵਾਰ ੧੩ਸ, **੩**, ੨ : ੩ (1284)

ਨੇਬ — (ਫਾ. ਨਾਇਬ) ਸਹਾਇਕ ਅਹਿਲਕਾਰ, ਮੰਤ੍ਰੀ
"ਕਿਆ ਲਸਕਰ ਕਿਆ **ਨੇਬ** ਖਵਾਸੀ ਆਵੈ ਮਹਲੀ ਵਾਸੁ।"
— ਮਾਝ **੧**, ਵਾਰ ੧੦ਸ, **੧**, ੨ : ੫ (142)
"**ਨੇਬ** ਖਵਾਸ ਭਲਾ ਦਰਵਾਜਾ।" (ਭਾਵ ਕਰਮ ਇੰਦ੍ਰੇ) — ਮਾਰੂ **੧**, ਸੋਲਾ ੧੬, ੧੫ : ੨ (1037)
ਹੋਰ ਰੂਪ — ਨੇਬੁ —
"ਕਾਮੁ **ਨੇਬੁ** ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ।"
— ਆਸਾ **੧**, ਵਾਰ ੧੧ਸ, **੧**, ੨ : ੨ (468)

ਨੇਬੇਰਾ — ਫੈਸਲਾ, ਨਿਬੇੜਾ
"ਹਿੰਦੂ ਤੁਰਕ ਦੁਹਾਂ **ਨੇਬੇਰਾ**।" (ਭਾਵ ਦੁਹਾਂ ਤੋਂ ਪਲਾ ਛੁਡਾ ਲਿਆ ਹੈ)
— ਭੈਰ **ਪ**, ੩, ੧* : ੨ (1136)

ਨੇਬੇੜਾ — ਫੈਸਲਾ
"ਆਦਿ ਮਧਿ ਅੰਤਿ ਪ੍ਰਭੁ ਸੋਈ ਹਾਥਿ ਤਿਸੈ ਕੈ **ਨੇਬੇੜਾ**।"
— ਮਾਰੂ **ਪ**, ਸੋਲਾ ੧੦, ੧੫ : ੩ (1082)

ਨੇਮ — 1. ਨਿਯਮ, ਧਾਰਮਕ ਰਹਿਤ
"ਕਰਮ ਧਰਮ **ਨੇਮ** ਬ੍ਰਤ ਪੂਜਾ।"
— ਗਉ **ਪ**, ੧੬੫, ੨ : ੧ (199)
2. ਦੀਵਾਰ, ਘੇਰਾ, ਅਹਾਤਾ, ਚਕਰ
"ਖਟ **ਨੇਮ** ਕਰਿ ਕੋਠੜੀ ਬਾਂਧੀ ਬਸਤੁ ਅਨੂਪੁਬੀਚ ਪਾਈ।" — ਗਉ **ਕਬ**, ੨੩, ੧ : ੧ (339)

ਨੇਮਾ — ਨੀਯਮ, ਸੰਜਮ, ਧਾਰਮਕ ਰਹਿਤ
"ਜਾਪ ਤਾਪ ਦੇਵਉ ਸਭ **ਨੇਮਾ**।"
— ਆਸਾ **੫**, ੮੪, ੩ : ੧ (391)
"ਹਰਿ ਹਰਿ ਜਾਪ ਤਾਪ ਬ੍ਰਤ **ਨੇਮਾ**।"
— ਟੋਡੀ **੫**, ੧੨, ੨ : ੧ (715)

ਨੇਮੁ — ਨਿਯਮ, ਧਾਰਮਕ ਰਹਿਤ
"**ਨੇਮੁ** ਨਿਬਾਹਿਓ ਸਤਿਗੁਰੂ ਪ੍ਰਭਿ ਕਿਰਪਾ ਧਾਰੀ।"
— ਆਸਾ **੫**, ੧੧੫, ੩ : ੨ (399)
"ਵਰਤੁ **ਨੇਮੁ** ਨਿਤਾ ਪ੍ਰਤਿ ਪੂਜਾ।"
— ਬਿਲਾ **੩**, ਵਾਰ ੧, ੭ : ੫ (841)

ਨੇਰ — ਨੇੜੇ, ਕੋਲ, ਸਮੀਪ
"ਹੈ ਨਾਨਕ **ਨੇਰ** ਨੇਰੀ।"
— ਗਉ **੫**, ੧੫੬*, ੩ : ੨ (214)

ਨੇਰਉ — ਨੇੜੇ, ਕੋਲ
"ਜਾ ਕਾਰਣਿ ਜਗੁ ਢੂਢਿਅਉ **ਨੇਰਉ** ਪਾਇਅਉ ਤਾਹਿ।" — ਗਉ **ਕਬ**, ਬਾਅ ੧੬ : ੨ (341)

ਨੇਰਹੂ — ਨੇੜੇ ਤੋਂ
"ਲੂਕ ਕਰਤ ਬਿਕਾਰ ਬਿਖੜੇ ਪ੍ਰਭ **ਨੇਰਹੂ** ਤੇ ਨੇਰਿਆ।" — ਜੈਤ **੫**, ਛੰਤ ੨, ੧ : ੫ (704)

ਨੇਰਾ — ਨਿਕਟ
"ਘਟ ਘਟ ਅੰਤਰਿ ਵਰਤੈ **ਨੇਰਾ**।"
— ਮਾਝ **੫**, ੪੨, ੨ : ੨ (106)

ਨੇਰਿ — ਨੇੜੇ, ਨਿਕਟ
"ਸਾਧ ਸੰਗ ਕੈ ਨਾਹੀ **ਨੇਰਿ**।"
— ਗਉ **੫**, ੮੨, ੩;੩ (180)
"ਕੋਟਿ ਬਿਘਨ ਨਹੀਂ ਆਵਹਿ **ਨੇਰਿ**।"
— ਰਾਮ **੫**, ੧੮, ੧ : ੧ (888)

ਨੇਰਿਆ — ਨੇੜੇ, ਨਿਕਟ
"ਲੂਕ ਕਰਤ ਬਿਕਾਰ ਬਿਖੜੇ ਪ੍ਰਭ ਨੇਰਹੂ ਤੇ **ਨੇਰਿਆ**।" — ਜੈਤ **੫**, ਛੰਤ ੨, ੧ : ੫ (704)

ਨੇਰੀ — ਨੇੜੇ
"ਹੈ ਨਾਨਕ ਨੇਰ **ਨੇਰੀ**।"
— ਗਉ **੫**, ੧੫੬*, ੩ : ੨ (214)

ਨੇਰੇ — ਨੇੜੇ
"ਪ੍ਰਭ ਸੇਵਾ ਜਮੁ ਲਗੈ ਨ **ਨੇਰੇ**।"
— ਗਉ **੫**, ੧੫੮, ੨ : ੨ (197)

ਹੋਰ ਰੂਪ — ਨੇਰੈ —
"ਦੂਰਿ ਨ **ਨੇਰੈ** ਸਭ ਕੈ ਸੰਗਾ।"
— ਗਉ **੫**, ਅਸ ੧, ੮ : ੩ (236)

ਨੇਰੋ —
"ਪ੍ਰਭ ਜੀ ਤੂ ਮੇਰੋ ਠਾਕੁਰੁ **ਨੇਰੋ**।"
— ਸੋਰ **੫**, ੩੫, ੧* : ੧ (618)

ਨੇਵਰ — ਝਾਂਜਰਾਂ, ਬਾਂਕਾਂ
"ਪਗ **ਨੇਵਰ** ਛਨਕ ਛਨ ਹਰੀ।"
— ਗੋਂਡ **ਕਬ**, ੮, ੩ : ੨ (872)

ਨੇੜਾ — ਨਿਕਟ, ਪਾਸ, ਕੋਲ, ਨੇੜੇ
"ਨਾਨਕ ਨਾਮੁ ਸਮਾਲਿ ਤੂੰ ਸੋ ਦਿਨੁ **ਨੇੜਾ** ਆਇ ਓਇ।" — ਸਿਰੀ **੫**, ੮੨, ੪ : ੨ (50)

ਹੋਰ ਰੂਪ — ਨੇੜਿ —
"ਜਮਕਾਲੁ ਤਿਸੁ **ਨੇੜਿ** ਨ ਆਵੈ ਜੋ ਹਰਿ ਹਰਿ ਨਾਮੁ ਧਿਆਵਣਿਆ।" (ਨੇੜੇ)
— ਮਾਝ **੩**, ਅਸ ੪, ੬ : ੩ (111)

ਨੇੜੇ —
"ਜਮ ਜੰਦਾਰੁ ਨ ਆਵੈ **ਨੇੜੇ**।" (ਨਿਕਟ, ਪਾਸ)
— ਧਨਾ **੫**, ੫੫, ੪ : ੨ (684)

ਨੇੜੈ —
"ਕਰਮੀ ਆਪੋ ਆਪਣੀ ਕੇ **ਨੇੜੈ** ਕੇ ਦੂਰਿ।" (ਨਿਕਟ, ਸਮੀਪ)
— ਜਪੁ **੧**, ੩੮ਸ : ੪ (8)

ਨੈ — 1. ਨਦੀ
"ਗੋਪੀ **ਨੈ** ਗੋਆਲੀਆ।" (ਭਾਵ ਜਮਨਾ ਨਦੀ)
— ਸਿਰੀ **੧**, ਅਸ ੨੮, ੨੨ : ੧ (73)
(ਮਹਾਨਕੋਸ਼ ਇਸ ਦੇ ਅਰਥ 'ਬੰਸਰੀ' ਕਰਦੇ ਹਨ)
"ਤਿਸੁ ਵਿਚਿ ਭੁਖ ਬਹੁਤੁ **ਨੈ** ਸਾਨੁ।" (ਨਦੀ ਵਾਂਗ)
— ਗਉ **੧**, ੨, ੩ : ੨ (151)
(ਮਹਾਨਕੋਸ਼ ਇਥੇ ਵੀ 'ਨੈਸਾਨੁ' ਨੂੰ ਇਕ ਸ਼ਬਦ ਬਣਾ ਅਰਥ 'ਸਮੁੰਦਰ' ਕਰਦਾ ਹੈ)
"ਉਦਰੁ **ਨੈ** ਸਾਣੁ ਨ ਭਰੀਐ ਕਬਹੂ ਤ੍ਰਿਸਨਾ ਅਗਨਿ ਪਚਾਏ।" (ਪੇਟ ਨਦੀ ਵਾਂਗ ਸਾਣੂ ਨਹੀਂ ਭਰਦਾ)
— ਭੈਰ, **੩**, ੧੫, ੧ : ੨ (1131)
(ਮਹਾਨਕੋਸ਼ ਇਥੇ ਵੀ 'ਨੈਸਾਣੁ' ਨੂੰ ਸ਼ਬਦ ਬਣਾ ਅਰਥ ਸਮੁੰਦਰ ਕਰਦਾ ਹੈ)
2. ਨੇ

"ਸਤਿਗੁਰੁ ਪ੍ਰਮਾਣ ਬਿਧ **ਨੈ** ਸਿਰਿਉ ਜਗਿ ਜਸ ਤੂਰੁ ਬਜਾਇਅਉ।"
— ਸਵ **੪**, ਕਲ ੬ : ੫ (1397)

ਨੈਕ — ਥੋੜਾ, ਰਤਾਂ ਜਿਨ੍ਹਾਂ
"ਥਹ ਮਨੁ **ਨੈਕ** ਨ ਕਹਿਓ ਕਰੈ।"
— ਦੇਵ **੯**, ੧, ੧ : ੧ (536)

ਹੋਰ ਰੂਪ — ਨੈਕੁ —
"ਜਹਾ ਜਹਾ ਧੂਅ ਨਾਰਦੁ ਟੇਕੇ **ਨੈਕੁ** ਟਿਕਾਵਹੁ ਮੋਹਿ।" — ਗੋਂਡ **ਨਾਮ**, ੩, ੨ : ੧ (874)

ਨੈਣ — ਅਖਾਂ
"ਨਾਨਕ ਕੀ ਬੇਨੰਤੀਆ ਹਰਿ **ਸੁਰਜਨੁ** ਦੇਖਾ **ਨੈਣ**।"
(ਅਖਾਂ ਨਾਲ) — ਮਾਝ **੫**, ਦਿਨ **੧** : ੯ (136)

ਨੈਣ-ਪੰਸਦੋ — ਅਖਾਂ ਨੂੰ ਚੰਗਾ ਲਗਣ ਵਾਲਾ, ਸੁੰਦਰ
"**ਨੈਣ-ਪਸੰਦੋ** ਸੋਇ ਪੇਖਿ ਮੁਸਤਾਕ ਭਈ।"
— ਆਸਾ **੫**, ੧੦੫, ੩ : ੧ (397)

ਨੈਣਾ — ਅਖਾਂ
"ਨਾ ਮੈ ਰੂਪੁ ਨ ਬੰਕੇ **ਨੈਣਾ**।"
— ਸੂਹੀ **੧**, ਅਸ ੧, ੧* : ੧ (750)

ਨੈਣੀ — 1. ਅੱਖਾਂ ਨਾਲ/ਵਿਚ/ਨੂੰ
"ਅੰਮ੍ਰਿਤੁ ਵੇਖੈ ਪਰਖੈ ਸਦਾ **ਨੈਣੀ**।" (ਅਖਾਂ ਨਾਲ)
— ਮਾਝ **੩**, ਅਸ ੧੬, ੨ : ੨ (118)
"ਮੈ **ਨੈਣੀ** ਨੀਦ ਨ ਆਵੈ ਜੀਉ ਭਾਵੈ ਅੰਨੁ ਨ ਪਾਣੀ।" (ਅਖਾਂ ਵਿਚ)
— ਗਉ **੩**, ਛੰਤ ੨, ੪ : ੨ (244)
"ਭੈ ਕੀਆ ਦੇਹਿ ਸਲਾਈਆ **ਨੈਣੀ** ਭਾਵ ਕਾ ਕਰਿ ਸੀਗਾਰੋ।" (ਅਖਾਂ ਵਿਚ)
— ਤਿਲੰ **੧**, ੪, ੧ : ੪ (722)
"ਅੰਤਰਿ ਸਹਸਾ ਬਾਹਰਿ ਮਾਇਆ **ਨੈਣੀ** ਲਾਗਸਿ ਬਾਣੀ।" (ਅਖਾਂ ਨੂੰ)
— ਰਾਮ **੧**, ੨, ੪ : ੧ (877)
2. ਵੇਖਣ ਨੂੰ, ਜਾਹਰਾ/ਪ੍ਰਤਖ ਤੌਰ ਤੇ
"ਅੰਤਰਿ ਚਿੰਤਾ **ਨੈਣੀ** ਸੁਖੀ ਮੂਲਿ ਨ ਉਤਰੈ ਭੁਖ।"
— ਗਊ **੫**, ਵਾਰ ਪਸ, **੫**, ੧ : ੧ (319)

ਨੈਣੂ — ਮਖਣ
"ਨਾਨਕ ਆਤਸੜੀ ਮੰਝਿ **ਨੈਣੂ** ਬਿਆ ਢਲਿ ਪਬਣਿ ਜਿਉ ਜੁੰਮਿਓ।"
— ਮਾਰੂ **੫**, ਵਾਰ ਪਸ, **੫**, ੨ : ੨ (1095)

ਨੈਣੇ — ਅਖਾਂ ਦੁਆਰਾ/ਨਾਲ
"ਮਨੁ ਤਨੁ ਤਾਮਿ ਸਗਾਰਵਾ ਜਾਂ ਦੇਖਾ ਹਰਿ **ਨੈਣੇ**।"
— ਕਾਨ **੪**, ਵਾਰ ੧੨ਸ, **੪**, ੨ : ੧ (1317)

ਨੈਨ — ਅਖਾਂ
"ਸਹਸ ਤਵ **ਨੈਨ** ਨਨ **ਨੈਨ** ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋੁਹੀ।"
— ਧਨਾ **੧**, ਸੋਹ ੩, ੨ : ੧ (13)
"**ਨੈਨ** ਨਿਹਾਲੀ ਤਿਸੁ ਪੁਰਖ ਦਇਆਲੈ।" (ਅਖਾਂ ਨਾਲ ਦੇਖਾਂ) — ਮਾਝ **੫**, ੨੨, ੨ : ੨ (102)
"ਦੇਹੁ ਦਰਸੁ **ਨੈਨ** ਪੇਖਉ ਜਨ ਨਾਨਕ ਨਾਮ ਮਿਸਟ ਲਾਗੇ।" (ਨੈਣੀਂ)
— ਸਾਰ **੫**, ੧੩੧, ੨ : ੨ (1229)

ਨੈਨਹ — ਅਖਾਂ ਵਿਚ
"ਸੇਜ ਇਕੇਲੀ ਨੀਦ ਨਹੁ **ਨੈਨਹ** ਪਿਰੁ ਪਰਦੇਸਿ ਸਿਧਾਇਓ।" — ਸੋਰ **੫**, ੬੧, ੧ : ੨ (624)

ਨੈਨਹੁ — 1. ਅਖਾਂ ਵਜੋਂ, ਅਖਾਂ ਕਰਕੇ
"**ਨੈਨਹੁ** ਨੀਦ ਪਰਦ੍ਰਿਸਟਿ ਵਿਕਾਰ।"
— ਗਉ **੫**, ੮੯, ੧ : ੧ (182)
"**ਨੈਨਹੁ** ਸੂਤਕੁ ਬੈਨਹੁ ਸੂਤਕੁ ਸੂਤਕੁ ਸ੍ਰਵਨੀ ਹੋਈ।"
— ਗਉ **ਕਬ**, ਅਸ ੪੧, ੨ : ੧ (331)
2. ਅੱਖਾਂ ਦੁਆਰਾ
"**ਨੈਨਹੁ** ਪੇਖੁ ਠਾਕੁਰ ਕਾ ਰੰਗੁ।" (ਅਖਾਂ ਦੁਆਰਾ)
— ਗਉ **੫**, ਸੁਖ ੧੪, ੨ : ੫ (281)
"ਮੇਰੇ ਹੀਅਰੈ ਲੋਚ ਲਗੀ ਪ੍ਰਭ ਕੇਰੀ ਹਰਿ **ਨੈਨਹੁ** ਹਰਿ ਪ੍ਰਭੁ ਹੇਰਾ।"
— ਟੋਡੀ **੪**, ੧, ੧ : ੧ (711)
3. ਅੱਖਾਂ ਤੋਂ
"ਬਿਨੁ **ਨੈਨਹੁ** ਜਗਤੁ ਨਿਹਾਰਿਆ।"
— ਸੋਰ **ਕਬ**, ੬, ੨ : ੨ (655)
4. ਅੱਖਾਂ
"ਸੋਹਰਿ **ਨੈਨਹੁ** ਕੀ ਪੁਤਰੀ।"
— ਗੋਂਡ **ਨਾਮ**, ੫, ੨ : ੪ (874)
"ਕਰ ਕਰਿ ਤਾਲ ਪਖਾਵਜੁ **ਨੈਨਹੁ** ਮਾਥੈ ਵਜਹਿ ਰਬਾਬਾ।" — ਰਾਮ **੫**, ੭, ੧ : ੧ (884)

ਨੈਨਾ — ਅੱਖਾਂ ਦੇ

"ਨਿਜ ਘਰਿ ਜਾਇ ਅੰਮ੍ਰਿਤ ਰਸੁ ਪੀਆ ਬਿਨੁ **ਨੈਨਾ** ਜਗਤੁ ਨਿਹਾਰੇ।"
— ਨਟ **੪**, ਅਸ ੫, ੨ : ੨ (983)

"ਏ ਦੁਇ **ਨੈਨਾ** ਮਤਿ ਛੁਹਉ ਪਿਰ ਦੇਖਨ ਕੀ ਆਸ।" (ਅੱਖਾਂ)— ਸਲੋ **ਫਰ**, ੯੧ : ੨ (1382)

ਨੈਨਾਹ — ਅੱਖਾਂ ਦੀ
"ਅਜਹੂ ਜੀਉ ਨ ਛੋਡਈ ਰੰਕਾਈ **ਨੈਨਾਹ**।"
— ਸਲੋ **ਕਬ**, ੧੧੮ : ੨ (1370)

ਨੈਨਿ — ਅੱਖਾਂ ਨਾਲ
"**ਨੈਨਿ** ਦਰਸੁ ਪੇਖਉ ਨਿਸਿ ਭੋਰ।"
— ਮਾਲੀ **੫**, ੪, ੧ : ੨ (887)

ਹੋਰ ਰੂਪ — ਨੈਨੀ —
"**ਨੈਨੀ** ਪੇਖਤ ਸਾਧ ਦਇਆਲ।" (ਅਖਾਂ ਨਾਲ)
— ਗਉ **੫**, ਥਿਤੀ ੧੦ : ੪ (298)
"**ਨੈਨੀ** ਨੀਦ ਸੁਪਨ ਬਰਤਾਇਓ।" (ਅਖਾਂ ਵਿਚ) — ਗਉ **੫**, ਥਿਤੀ ੧੩ : ੮ (299)

ਨੈਨੂ — 1. ਮਖਣ
"ਨੀਰੁ ਬਿਲੋਵੈ ਅਤਿ ਸ੍ਰਮੁ ਪਾਵੈ **ਨੈਨੂ** ਕੈਸੇ ਰੀਸੈ।"
— ਸਾਰੂ **੫**, ੧੧, ੩ : ੧ (1205)

2. ਅੱਖਾਂ
"**ਨੈਨੂ** ਨਕਟੂ ਸ੍ਰਵਨੂ ਰਸਪਤਿ ਇੰਦ੍ਰੀ ਕਹਿਆ ਨਮਾਨਾ।"— ਮਾਰੂ **ਕਬ**, ੭, ੧ : ੨ (1104)

ਨੈਵੇਦੁ — ਦੇਵਤੇ ਨੂੰ ਭੇਟਾ ਕੀਤਾ ਭੋਜਨ
"ਆਨੀਲੇ ਦੂਧੁ ਰੀਧਾਈਲੇ ਖੀਰੰ ਠਾਕੁਰ ਕਉ **ਨੈਵੇਦੁ** ਕਰਉ।" — ਆਸਾ **ਨਾਮ**, ੨, ੩ : ੧ (485)

ਨੋ — 1. ਨੂੰ
"ਜਿਸ **ਨੋ** ਬਖਸੇ ਸਿਫਤਿ ਸਾਲਾਹ।"
— ਜਪੁ **੧**, ੨੫ : ੧੬ (5)

2. ਤੋਂ
"ਹਉ ਵਾਰੀ ਹਉ ਵਾਰਣੈ ਕੁਰਬਾਣੂ ਤੇਰੇ ਨਾਵ **ਨੋ**।" — ਸਿਰੀ **੧**, ਅਸ ੨੮, ੧' : ੧ (71)

3. ਲਈ, ਵਾਸਤੇ
"ਸਭੁ ਕੋ ਬੀਜੇ ਆਪਣੇ ਭਲੇ **ਨੋ** ਹਰਿ ਭਾਵੈ ਸੋ ਖੇਤੁ ਜਮਾਇਆ।"
— ਗਉ **੪**, ਵਾਰ ੯ਸ, **੪**, ੧ : ੩ (304)
"ਮਨਮੁਖਾ **ਨੋ** ਹਰਿ ਦੂਰਿ ਹੈ ਮੇਰੀ ਜਿੰਦੜੀਏ ਸਭ ਵੇਖੈ ਮਨਿ ਮੁਕਰਾਈਐ ਰਾਮ।"
— ਬਿਹਾ **੪**, ਛੰਤ ੬, ੧ : ੩ (541)

4. ਉਪਰ, ਉਤੇ
"ਜਿਸ **ਨੋ** ਕਿਰਪਾਲੁ ਹੋਵੈ ਹਰਿ ਆਪੇ ਤਿਸ ਨੋ ਹੁਕਮੁ ਮਨਾਵੈ।"
— ਬਿਹਾ **੪**, ਵਾਰ ੬ : ੫ (551)
(ਦੂਜੇ 'ਨੋ' ਦੇ ਅਰਥ 'ਨੂੰ' ਹਨ)
"ਨਾਨਕ ਹੁਕਮੁ ਕੋ ਗੁਰਮੁਖਿ ਬੁਝੈ ਜਿਸ **ਨੋ** ਕਿਰਪਾ ਕਰੇ ਰਜਾਇ।"
— ਬਿਹਾ **੪**, ਵਾਰ ੨੧ਸ, **੩**, ੧ : ੩ (556)

ਨ੍ਰਿਪ — (ਸੰ. नृप) ਰਾਜਾ
"**ਨ੍ਰਿਪ** ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ।" — ਬਿਲਾ **ਸਧ**, ੧, ੧ : ੧ (858)

ਨ੍ਰਿਪਤਿ — ਰਾਜਾ
"ਭਲਉ ਭੂ ਹਾਲੁ ਤੇਜੋ ਤਨਾ **ਨ੍ਰਿਪਤਿ** ਨਾਥੁ ਨਾਨਕ ਬਰਿ।" — ਸਵ **੩**, ੨੧ : ੫ (1396)

ਨ੍ਹਾਉਗੋ — ਇਸ਼ਨਾਨ ਕਰਾਂਗਾ
"ਅਠਸਠਿ ਤੀਰਥ ਗੁਰੂ ਦਿਖਾਏ ਘਟ ਹੀ ਭੀਤਰਿ **ਨ੍ਹਾਉਗੋ**।" — ਰਾਮ **ਨਾਮ**, ੨, ੩ : ੨ (973)

ਨ੍ਹਾਈ — ਨਹਾਉਂਦੀ ਹੈ
"ਲਉਕੀ ਅਠਸਠਿ ਤੀਰਥ **ਨ੍ਹਾਈ**।"
— ਸੋਰ **ਕਬ**, ੮, ੨ : ੧ (656)

ਨ੍ਹਾਈਐ — ਇਸ਼ਨਾਨ ਕਰੀਏ
"ਗੰਗਾ ਜਉ ਗੋਦਾਵਰਿ ਜਾਈਐ ਕੁੰਭਿ ਜਉ ਕੇਦਾਰ **ਨ੍ਹਾਈਐ** ਗੋਮਤੀ ਸਹਸ ਗਊ ਦਾਨੁ ਕੀਜੈ।"
— ਰਾਮ **ਨਾਮ**, ੪, ੨ : ੧ (973)

ਨ੍ਹਾਏ — ਇਸ਼ਨਾਨ ਕਰਦੇ ਹਨ
"ਜਿਨ ਕਉ ਤੁਮ੍ ਹਰਿ ਮੇਲਹੁ ਸੁਆਮੀ ਤੇ **ਨ੍ਹਾਏ** ਸੰਤੋਖ ਸਰਾ।" — ਬਿਲਾ **੪**, ੩, ੪ : ੧ (799)

ਨ੍ਹਾਤੇ — ਇਸ਼ਨਾਨ ਕੀਤਾ
"ਤੀਰਥਿ ਤੇਜੁ ਨਿਵਾਰਿ ਨ **ਨ੍ਹਾਤੇ** ਹਰਿ ਕਾ ਨਾਮ ਨ ਭਾਇਆ।" — ਮਲਾ **੧**, ੩, ੨ : ੧ (1255)

ਨ੍ਹਾਵਉ — ਇਸ਼ਨਾਨ ਕਰੋ
"ਬਿਨੁ ਜਲ ਸੰਗਮ ਮਨ ਮਹਿ **ਨ੍ਹਾਵਉ**।"
— ਗਉ **ਕਬ**, ੧੮, ੩ : ੨ (327)

ਨ੍ਹਾਵੈ — ਇਸ਼ਨਾਨ ਕਰੇ
"ਉਤਰਿ ਅਵ ਘਟਿ ਸਰਵਰਿ **ਨ੍ਹਾਵੈ**।"
— ਆਹਾ **੧**, ਅਸ, ੧, ੧ : ੧ (411)

ਪ

ਪਉ — 1. ਪੈ, ਪਵੋ

"**ਪਉ** ਸੰਤ ਸਰਣੀ ਲਾਗੁ ਚਰਣੀ ਮਿਟੈ ਦੂਖੁ ਅੰਧਾਰਾ।" — ਸਿਰੀ **੫**, ੯੫, ੨ : ੨ (51)

"ਨਾਨਕ ਸਤਿਗੁਰੁ ਸੇਵਿ ਚੜਿ ਬੋਹਿਥਿ ਭਉਜਲੁ ਪਾਰਿ **ਪਉ**।" (ਭਾਵ ਹੋ ਜਾ)

— ਗਉ **੫**, ਵਾਰ ੨ਸ, **੫**, ੧ : ੨ (318)

2. ਪਲ, ਘਟੀ, ਖਿਨ

"ਸਸੁ ਵਿਰਾਇਣਿ ਨਾਨਕ ਜੀਉ ਸਸੁਰਾ ਵਾਦੀ ਜੇਠੋ ਪਉ **ਪਉ** ਲੂਹੈ।"

— ਰਾਮ **੫**, ਵਾਰ ੧੩ਸ, **੫**, ੨ : ੧ (963)

3. ਉਪਰ

"ਰਖਿ ਰਖਿ ਪੈਰ ਧਰੇ **ਪਉ** ਧਰਣਾ।"

— ਮਾਰੂ **੧**, ਸੋਲਾ ੩, ੧੫ : ੧ (1023)

4. ਰਸਤੇ, ਪੰਧ, ਸਫਰ

"ਗੁਰੁ ਅਮਰਦਾਸੁ ਪਰਸੀਐ ਧਿਆਨੁ ਲਹੀਐ **ਪਉ** ਮੁਕਿਹਿ।" (ਭਾਵ ਆਵਾਗਵਨ)

— ਸਵ **੩**, ੧੪ : ੩ (1394)

(ਮਹਾਨਕੋਸ਼ ਇਸਦੇ 'ਪ੍ਰਾਪਤੀ' ਕਰਦੇ ਹਨ)

ਪਉਸਨਿ — ਪੈਣਗੀਆਂ

"ਤਲਬਾ **ਪਉਸਨਿ** ਆਕੀਆ ਬਾਕੀ ਜਿਨਾ ਰਹੀ।"

— ਰਾਮ **੩**, ਵਾਰ ੧੩ਸ, **੧**, ੨ : ੩ (953)

ਪਉਸੀ — ਪਵੇਗੀ

"ਦਿਨ ਤੇ ਸਰਪਰ **ਪਉਸੀ** ਰਾਤਿ।"

— ਆਸਾ **੫**, ੧੯, ੨ : ੧ (375)

ਪਉਢੀਅਲੇ — ਪਾਉਂਦੀ ਹੈ

"ਕਹਤ ਨਾਮਦੇਉ ਸੁਨਹੁ ਬਾਲਕੁ ਪਾਲਕ **ਪਉਢੀਅਲੇ**।"

— ਰਾਮ **ਨਾਮ**, ੧, ੪ : ੧ (972)

ਪਉਣ — ਪਵਨ, ਹਵਾ

"ਆਖਣੁ ਸੁਨਣਾ **ਪਉਣ** ਕੀ ਬਾਣੀ ਇਹੁ ਮਨੁ ਰਤਾ ਮਾਇਆ।" — ਸਿਰੀ **੧**, ੨੨, ੩ : ੧ (24)

ਪਉਣਵੇਗ — ਹਵਾ ਤੁਲ, ਬਹੁਤ ਤੇਜ਼

"ਸੋਇਨ ਸਾਖਤਿ **ਪਉਣਵੇਗ** ਧ੍ਰਿਗੁ ਧ੍ਰਿਗੁ ਚਤੁਰਾਈ।"

— ਸਾਰ **੪**, ਵਾਰ ੨੩ : ੩ (1244)

ਪਉਣੁ — ਹਵਾ, ਪਵਨ

"ਗਾਵਹਿ ਤੁਹਨੋ **ਪਉਣੁ** ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ।" — ਜਪੁ **੧**, ੨੨ : ੪ (6)

"ਨਾ ਮਨੁ ਚਲੈ ਨ **ਪਉਣੁ** ਉਡਾਵੈ।" (ਵਾਸ਼ਨਾ ਰੂਪ ਹਵਾ) — ਮਾਰੂ **੧**, ਸੋਲਾ ੧੯, ੮ : ੧ (1040)

"ਹਉ ਮੁਆ ਮੈ ਮਾਰਿਆ **ਪਉਣੁ** ਵਹੈ ਦਰੀਆਉ।" (ਸੁਆਸ)

—ਮਾਰੂ **੩**, ਵਾਰ ੨੫ਸ, **੧**, ੨ : ੧ (1091)

"**ਪਉਣੁ** ਮਾਰਿ ਮਨਿ ਜਾਪੁ ਕਰੇ ਸਿਰੁ ਮੁੰਡੀਤਲੈ ਦੇਇ।" (ਭਾਵ ਹਵਾ ਨਾਲ/ਚੰਚਲਤਾ)

— ਸਾਰ **੪**, ਵਾਰ ੧੦ਸ, **੧**, ੧ : ੨ (1241)

ਹੋਰ ਰੂਪ — ਪਉਣੈ —

"**ਪਉਣੈ** ਪਾਣੀ ਅਗਨੀ ਕਾ ਮੇਲੁ।" (ਹਵਾ ਦਾ) — ਗਉ **੧**, ੪, ੧ : ੧ (152)

"ਕਾਇਆ ਮਿਟੀ ਅੰਧੁ ਹੈ **ਪਉਣੈ** ਪੁਛਹੁ ਜਾਇ।" (ਜੀਵ ਆਤਮਾ)

— ਗੂਜ **੩**, ਵਾਰ ੭ਸ, **੩**, ੧ : ੩ (511)

ਪਉਤ — ਪੈਂਦੇ

"ਸੰਤਹ ਚਰਨ ਮਾਰਾ ਮੇਰੋ **ਪਉਤ**।" (ਪੈਂਦਾ ਹੈ)

— ਰਾਮ **੫**, ੨੧, ੧ : ੩ (889)

"ਪਾਪ ਬੰਧਨ ਨਿਤ **ਪਉਤ** ਜਾਹਿ।"

—ਬਸੰ **੫**, ਅਸ ੨, ੪ : ੪ (1192)

ਪਉਦਾ — ਪੈਂਦਾ

"ਹਰਿ ਹਰਿ ਨਾਮੁ ਮੁਖਿ ਹਰਿ ਹਰਿ ਬੋਲੀ ਮਨੁ ਹਰਿ ਰਸਿ ਟੁਲਿ ਟੁਲਿ **ਪਉਦਾ** ਜੀਉ।"

— ਮਾਝ **੪**, ੫, ੧ : ੩ (95)

ਹੋਰ ਰੂਪ — ਪਉਦੀ —

"ਤੜ ਸੁਣਿਆ ਸਭਤੁ ਜਗਤ ਵਿਚਿ ਭਾਈ ਵੇਮੁਖੁ ਸਣੈ ਨ ਫਰੈ ਪਉਲੀ **ਪਉਦੀ** ਫਾਵਾ ਹੋਇ ਕੇ ਉਠਿ ਘਰਿ ਆਇਆ।"

— ਗਉ **੪**, ਵਾਰ ੧੨ਸ, **੪**, ੧ : ੪ (306)
"**ਪਉਦੀ** ਜਾਇ ਪਰਾਲਿ ਪਿਛੈ ਹਥੁ ਨ ਅੰਬੜੈ ਤਿਤੁ ਨਿਵੰਧੈ ਤਾਲਿ।" (ਪੈਂਦੀ ਜਾਂਦੀ ਭਾਵ ਇਕੱਠੀ ਹੋਈ ਜਾਂਦੀ ਹੈ)
— ਸੂਹੀ **੩**, ਵਾਰ ੧੧ਸ, **੧**, ੧ : ੨ (789)

ਪਉਦੀਈ — ਪੈਂਦਿਆ
"ਥਾਉ ਨ ਹੋਵੀ **ਪਉਦੀਈ** ਹੁਣ ਸੁਣੀਐ ਕਿਆ ਰੂਆਇਆ।" (ਮਾਰ ਪੈਂਦਿਆਂ)
— ਆਸਾ **੧**, ਵਾਰ ੩ : ੪ (464)

ਪਉਦੇ — ਪੈਂਦੇ ਹਨ
"ਲੈ ਲੈ ਮੁਕਰਿ **ਪਉਦੇ** ਕਾਚੇ।"
— ਮਾਰੂ **੧**, ਸੋਲਾ ੫, ੩ : ੨ (1024)

ਪਉਨੁ — ਹਵਾ, ਪਵਨ
"ਮੈਲਾ **ਪਉਨੁ** ਪਾਵਕੁ ਅਰੁ ਨੀਰੁ।"
— ਭੈਰ **ਕਬ**, ੩, ੩ : ੨ (1158)

ਪਉਨੇ — ਤਿੰਨ ਚੁਥਾਈ, 3/4
"ਕਾਰਜੁ ਸਾਢੇ ਤੀਨਿ ਹਥ ਘਨੀਤ **ਪਉਨੇ** ਚਾਰਿ।"
— ਸਲੋ **ਕਬ**, ੨੧, ੮ : ੨ (1376)

ਪਉਨੈ — ਹਵਾ ਨਾਲ
"ਇੜਾ ਪਿੰਗੁਲਾ ਅਉਰੁ ਸੁਖਮਨਾ **ਪਉਨੈ** ਬੰਧਿ ਰਹਾਉਗੋ।" — ਰਾਮ **ਨਾਮ**, ੨, ੨ : ੧ (973)

ਪਉਲੀ — ਜੁੱਤੀ
"ਤੜ ਸੁਣਿਆ ਸਭਤੁ ਜਗਤ ਵਿਚ ਭਾਈ ਵੇਮੁਖੁ ਸਣੈ ਨਫਰੈ **ਪਉਲੀ** ਪਉਦੀ ਫਾਵਾ ਹੋਇ ਕੈ ਉਠਿ ਘਰਿ ਆਇਆ।"
— ਗਉ **੪**, ਵਾਰ ੧੨ਸ, **੪**, ੧ : ੪ (306)

ਪਉੜਿਓ — ਪੈਂਦਾ
"ਜਾ ਕੋ ਲਹਣੋ ਮਹਰਾਜ ਰੀ ਗਾਠੜੀਓ ਜਨ ਨਾਨਕ ਗਰਭਾਸਿ ਨ **ਪਉੜਿਓ** ਰੇ।"
— ਟੋਡੀ **੫**, ੧੯, ੨ : ੨ (715)

ਪਉੜੀ — 1. ਪੈਰ ਰਖਨ ਦੀ ਥਾਂ, ਸੀੜੀ, ਜ਼ੀਨਾ
"ਬਿਨ **ਪਉੜੀ** ਗੜਿ ਕਿਉ ਚੜਉ ਗੁਰ ਹਰਿ ਧਿਆਨ ਨਿਹਾਲ।"
— ਸਿਰੀ **੧**, ੯, ੨ : ੩ (17)

ਹੋਰ ਰੂਪ — ਪਉੜੀਆ —
"ਏ ਮਨ ਮੇਰਿਆ ਬਿਨੁ **ਪਉੜੀਆ** ਮੰਦਰਿ ਕਿਉ ਚੜੈ ਰਾਮ।"
— ਤੁਖਾ **੧**, ਛੰਤ ੬, ੫ : ੧ (1113)

2. ਭਾਵ ਅਵਸਥਾ
"ਚਉਥੀ **ਪਉੜੀ** ਗੁਰਮੁਖਿ ਊਚੀ ਸੋਚ ਸਚੁ ਕਮਾਵਣਿਆ।"
— ਮਾਝ **੩**, ਅਸ ੭, ੪ : ੩ (113)

ਹੋਰ ਰੂਪ — ਪਉੜੇ —
"ਜਹ **ਪਉੜੇ** ਸ੍ਰੀ ਕਮਲਾ ਕੰਤ।" (ਅਵਸਥਾ, ਟਿਕਾਣੇ)
— ਭੈਰ **ਕਬ**, ਅਸ ੧, ੪ : ੪ (1162)

ਪਉੜ੍ਹੇ —
"ਜਿਹ **ਪਉੜ੍ਹੇ** ਪ੍ਰਭ ਬਾਲ ਗੋਬਿੰਦ।" (ਟਿਕਾਣੇ)
— ਭੈਰ **ਕਬ**, ਅਸ ੧, ੧ : ੪ (1162)

3. ਭਾਵ ਉਪਦੇਸ਼
"ਕਹਤ ਨਾਨਕੁ ਗੁਰ ਸਚੇ ਕੀ **ਪਉੜੀ** ਰਹਸੀ ਅਲਖ ਨਿਵਾਸੀ।"
— ਮਾਰੂ **੧**, ਅਸ ੧੧, ੭ : ੨ (1016)

4. ਪਦਵੀ, ਮੰਜ਼ਿਲ
"ਇਸੁ **ਪਉੜੀ** ਤੇਜੋ ਨਰੁ ਚੂਕੈ ਸੁ ਆਇ ਜਾਇ ਦੁਖੁ ਪਾਇਦਾ।"
— ਮਾਰੂ **੫**, ਸੋਲਾ ੫, ੨ : ੩ (1075)

ਪਊਰਾਤਨੁ — ਪੁਰਾਣਾ, ਸਭ ਤੋਂ ਪਹਿਲਾ, ਆਦਿ
"ਦੂਸਰ ਆਨ ਨ ਅਵਰੁ ਪੁਰਖੁ **ਪਊਰਾਤਨੁ** ਸੁਣੀਐ।" — ਸਮੁ **੫**, ੬ : ੨ (1386)

ਪਇ — 1. ਰਹਿੰਦੇ ਹਨ
"ਬਿਸਟਾ ਅੰਦਰਿ ਕੀਟ ਸੇ **ਪਇ** ਪਚਹਿ ਵਾਰੋ ਵਾਰ।"
— ਸਿਰੀ **੪**, ਵਾਰ ੮ਸ, **੩**, ੨ : ੪ (85)

2. ਪੈ ਕੇ
"ਅਪਨੇ ਕੀਤੇ ਨੋ ਆਪਿ ਪ੍ਰਤਿਪਾਲੇ **ਪਇ** ਪੈਰੀ ਤਿਸਹਿ ਮਨਾਈ ਜੀਉ।"
— ਮਾਝ **੫**, ੪੧, ੨ : ੩ (106)

ਪਇਓ — ਪਇਆ
"ਆਇ **ਪਇਓ** ਨਾਨਕ ਗੁਰ ਚਰਨੀ ਤਉ ਉਤਰੀ ਸਗਲ ਦੁਰਾਛੈ।"
— ਦੇਵ **੫**, ੨੮, ੨ : ੨ (534)

ਪਇਓਈ — ਤੈਨੂੰ ਪਇਆ
"ਮੈ ਨਿਰਗੁਣਿਆਰੇ ਕੋ ਗੁਣ ਨਾਹੀ ਆਪੇ ਤਰਸੁ

ਪਇਓਈ।" — ਮੁੰਦਾ **੫**, ੧ਸ : ੨ (1429)

ਪਇਅੰਪੈ — ਕਹਿੰਦਾ ਹੈ
"ਨਾਨਕ **ਪਇਅੰਪੈ** ਚਰਣ ਜੰਪੈ ਨਾਮੁ ਜਪਤ ਗੋਬਿੰਦ ਨਹ ਅਲਸਾਈਐ।"
— ਆਸਾ **੫**, ਛੰਤ ੬, ੧ : ੬ (456)

ਪਇਆ — 1. ਪਿਆ
"ਲਖ ਚਉਰਾਸੀਹ ਫੇਰੁ **ਪਇਆ** ਕਾਮਣਿ ਦੂਜੈ ਭਾਇ।" — ਸਿਰੀ **੩**, ੪੭, ੨ : ੧ (31)
"ਤੂੰ ਸਚਾ ਸਾਹਿਬੁ ਸਿਫਤਿ ਸੁਆਲਿਉ ਜਿਨਿ ਕੀਤੀ ਸੋ ਪਾਰਿ **ਪਇਆ**।" (ਭਾਵ ਹੋ ਗਿਆ)
— ਆਸਾ **੧**, ਵਾਰ ੧੨ਸ, **੧**, ੨ : ੨ (469)
2. ਪੈਕੇ, ਪਇਆ
"ਸਰਣਿ **ਪਇਆ** ਨਾਨਕ ਸੋੁਹੇਲਾ।"
— ਆਸਾ **੫**, ੪੮, ੪ : ੨ (383)
ਹੋਰ ਰੂਪ — ਪਇਆ —
"ਜਾ ਕੀ ਸਰਣਿ **ਪਇਆ** ਸੁਖੁ ਪਾਈਐ ਬਾਹੁੜਿ ਦੂਖੁ ਨ ਹੋਈ।"
— ਸੋਰ **੫**, ੩੩, ੧* : ੨ (617)
3. ਭਾਵ ਚਲਦਾ
"ਬੰਧਨਿ ਜਾ ਕੈ ਸਭੁ ਜਗੁ ਬਾਧਿਆ ਅਵਰੀ ਕਾ ਨਹੀ ਹੁਕਮੁ **ਪਇਆ**।"
— ਆਸਾ **੧**, ਪਟੀ ੬ : ੨ (432)
4. ਭਾਵ ਨਿਸਚਿਤ ਹੈ
"ਦੇਦੇ ਵੇਖੈ ਹੁਕਮੁ ਚਲਾਏ ਜਿਉ ਜੀਆ ਕਾ ਰਿਜਕੁ **ਪਇਆ**।"
— ਆਸਾ **੧**, ਪਟੀ ੧੨ : ੨ (433)
"ਨਾਨਕ ਸਤਿਗੁਰੁ ਤਿਨਾ ਮਿਲਾਇਆ ਜਿਨਾ ਧੁਰੇ **ਪਇਆ** ਸੰਜੋਗੁ।" (ਨਿਸਚਿਤ ਹੈ)
— ਰਾਮ **੫**, ਵਾਰ ੧ਸ, **੫**, ੧ : ੪ (957)
5. ਭਇਆ, ਹੋਇਆ
"ਤਿਸ ਕਾ ਦੀਆ ਸਭਨੀ ਲੀਆ ਕਰਮੀ ਕਰਮੀ ਹੁਕਮੁ **ਪਇਆ**।"
— ਆਸਾ **੧**, ਪਟੀ ੨੨ : ੨ (433)
6. ਡਿਗਦੇ ਹੀ, ਪਿਆ ਹੀ
"ਜਾ ਕੀ ਸਰਣਿ **ਪਇਆ** ਗਤਿ ਪਾਈਐ।" (ਪਿਆ, ਡਿਗਿਆ)
— ਮਾਝ **੫**, ੪੧, ੩ : ੧ (106)
"ਕਾਇਆ ਹੰਸ ਕਿਆ ਪ੍ਰੀਤਿ ਹੈ ਜਿ **ਪਇਆ** ਹੀ ਛਡਿ ਜਾਇ।"
— ਗੂਜ **੩**, ਵਾਰ ੭ਸ, **੩**, ੧ : ੧ (511)
7. ਗਿਆ
"ਬੀਚੁ ਨ ਕੋਇ ਕਰੇ ਅਕ੍ਰਿਤ ਘਣੁ ਵਿਛੁੜਿ **ਪਇਆ**।"
— ਬਿਹਾ **੫**, ਛੰਤ ੭, ੩ : ੧ (546)
"ਆਦਿ ਪੁਰਖੁ ਅਪਰੰਪਰ ਸੋ ਪ੍ਰਭੁ ਹਰਿ ਨਾਮੁ ਰਿਦੈ ਲੈ ਪਾਰਿ **ਪਇਆ**।" (ਹੋ ਗਿਆ)
— ਰਾਮ **੧**, ਅਸ ੭, ੮ : ੨ (906)

ਪਇਆਣਾ — ਕੂਚ, ਚਲਾਣਾ, ਰਵਾਨਗੀ
"ਜੂਠਿ ਲਹੈ ਜੀਉ ਮਾਜੀਐ ਮੋਖ **ਪਇਆਣਾ** ਹੋਇ।"
— ਗੂਜ **੧**, ੧, ੨ : ੨ (489)
"ਸਾਹਿਬੁ ਸਿਮਰਹੁ ਮੇਰੇ ਭਾਈਹੋ ਸਭਨਾ ਏਹੁ **ਪਇਆਣਾ**।" (ਕੂਚ ਕਰਨਾ, ਮਰਨਾ)
— ਵਡ **੧**, ਅਲ ੧, ੨ : ੧ (579)
ਹੋਰ ਰੂਪ — ਪਇਆਣੇ —
"ਕਲਿ ਕਲੇਸ ਸਭ ਦੂਰਿ **ਪਇਆਣੇ**।" (ਕੂਚ ਕਰ/ਚਲੇ ਗਏ)
— ਮਾਝ **੫**, ੩੮, ੧ : ੨ (105)

ਪਇਆਨਾ — ਭਜ ਜਾਣਾ, ਕੂਚ ਕਰ ਜਾਣਾ
"ਜਹ ਅਨੰਦੁ ਦੁਖੁ ਦੂਰਿ **ਪਇਆਨਾ**।"
— ਪ੍ਰਭਾ **ਕਬ**, ੧, ੨ : ੧ (1349)

ਪਇਆਰੀ — ਪਾਤਾਲ ਵਿਚ
"ਬਿਨੁ ਗੁਰ ਪੂਛੇ ਜਾਇ **ਪਇਆਰੀ**।"
— ਗਉ **੧**, ਅਸ ੯, ੨ : ੩ (224)

ਪਇਆਲ — ਪਾਤਾਲ ਲੋਕ, ਪ੍ਰਿਥਵੀ ਤੋਂ ਹੇਠਲਾ ਲੋਕ
"ਸੁਰਗ **ਪਇਆਲ** ਮਿਰਤ ਭੂਅ ਮੰਡਲ ਸਰਬ ਸਮਾਨੋ ਏਕੈ ਓਹੀ।"
— ਗਉ **੫**, ੧੨੯*, ੧ : ੧ (207)
ਹੋਰ ਰੂਪ — ਪਇਆਲਾ —
"ਊਚਾ ਚੜੈ ਸੁ ਪਵੈ **ਪਇਆਲਾ**।" (ਪਾਤਾਲ ਵਿਚ ਡਿਗਦਾ ਹੈ) (ਭਾਵ ਅਹੰਕਾਰੀ ਡਿਗਦਾ ਹੈ) — ਆਸਾ **੫**, ੧੩, ੩ : ੧ (374)
(ਮਹਾਨਕੋਸ਼ ਇਸ ਦੇ ਅਰਥ 'ਥਲੇ' ਕਰਦਾ ਹੈ)
"ਨਾ ਤਦਿ ਸੁਰਗੁ ਮਛੁ **ਪਇਆਲਾ**।" (ਪਾਤਾਲ ਲੋਕ) — ਮਾਰੂ **੧**, ਸੋਲ ੧੫, ੩ : ੧ (1035)

ਪਇਆਲਿ —
"ਤੇਰਾ ਅੰਤੁ ਨ ਪਾਇਆ ਸੁਰਗਿ ਮਛਿ **ਪਇਆਲਿ** ਜੀਉ।" (ਪਾਤਾਲ ਵਿਚ)
— ਸਿਰੀ **੧**, ਅਸ ੨੮, ੧ : ੨ (71)

ਪਇਆਲਿ — 1. ਪਾਤਾਲ ਵਿਚ, ਵੇਖੋ 'ਪਇਆਲ'
"ਸੁਣੀਐ ਏਕੁ ਵਖਾਣੀਐ ਸੁਰਗਿ ਮਿਰਤਿ **ਪਇਆਲਿ**।"
— ਮਾਰੂ **੩**, ਵਾਰ ੧੫ਸ, **੧**, ੧ : ੧ (1091)

2. ਥਲੇ, ਹੇਠਾਂ
"ਸੁਇਨੇ ਕੈ ਪਰਬਤਿ ਗੁਫਾ ਕਰੀ ਕੈ ਪਾਣੀ **ਪਇਆਲਿ**।"
— ਮਾਝ **੧**, ਵਾਰ ੪ਸ, **੧**, ੧ : ੧ (139)

ਪਇਆਲੀ — ਪਾਤਾਲ ਵਲ
"ਇਹੁ ਮਨੂਆ ਖਿਨੁ ਊਭ **ਪਇਆਲੀ** ਭਰਮਦਾ ਇਕਤੁ ਘਰਿ ਆਣੈ ਰਾਮ।"
— ਆਸਾ **੪**, ਛੰਤ ੯, ੫ : ੨ (443)

ਹੋਰ ਰੂਪ — ਪਇਆਲੇ —
"ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ **ਪਇਆਲੇ**।" (ਪਾਤਾਲ ਦੀਆਂ)
— ਜਪੁ **੧**, ੨੭, ੧੧ (6)

ਪਇਐ — ਪੈਣ ਕਰਕੇ, ਪਈ ਹੋਈ
"ਆਵੈ ਜਾਇ ਭਵਾਈਐ **ਪਇਐ** ਕਿਰਤਿ ਕਮਾਇ।" (ਭਾਵ ਕਰਮ-ਲੇਖ ਲਿਖੇ ਜਾਣ ਕਰਕੇ)
— ਸਿਰੀ **੧**, ਅਸ ੧੦, ੭ : ੧ (59)
"ਤਿਤੁ ਘਿਇ ਹੋਮ ਜਗ ਸਦ ਪੂਜਾ **ਪਇਐ** ਕਾਰਜੁ ਸੋਹੈ।" (ਪੈਣ ਕਰਕੇ)
— ਮਾਝ **੧**, ਵਾਰ ੨੬ਸ, **੧**, ੧ : ੨੨ (150)
"**ਪਇਐ** ਕਿਰਤਿ ਕਮਾਵਣਾ ਕੋਇ ਨ ਮੇਟਣਹਾਰ।" (ਕੀਤੇ ਕਰਮਾਂ ਅਨੁਸਾਰ ਜੋ ਕਿਰਤ (ਸੁਭਾ) ਬਣ ਚੁਕਾ ਹੈ) — ਸੂਹੀ **੩**, ਅਸ ੩, ੧੯ : ੨ (756)
"ਵਿਣੁ ਭੈ **ਪਇਐ** ਭਗਤਿ ਨ ਹੋਇ।" (ਪੈਣ ਦੇ)
— ਬਿਲਾ **੧**, ਅਸ ੧, ੧ : ੩ (831)

ਪਈ — 1. ਪੜੀ
"ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ **ਪਈ** ਤਿਨ ਥਾਇ।" (ਭਾਵ ਸਫਲ ਹੋਈ)
— ਸਿਰੀ **੩**, ੩੭, ੫ : ੨ (28)
"ਗੁਰਮੁਖੀਆ ਸੋਹਾਗਣੀ ਤਿਨ ਦਇਆ **ਪਈ** ਮਨਿ ਆਇ।" — ਸਿਰੀ **੪**, ੬੯, ੨ : ੧ (41)

2. ਭਈ, ਹੋਈ
"ਵਿਰਲੇ ਕਉ ਸੋਝੀ **ਪਈ** ਗੁਰਮੁਖਿ ਮਨੁ ਸਮਝਾਇ।"
— ਸਿਰੀ **੧**, ਅਸ, ੧੪, ੮ : ੨ (62)

ਪਈਓ — ਪਈਆਂ ਹਨ
"ਥਾਲੈ ਵਿਚਿ ਤੈ ਵਸਤੂ **ਪਈਓ** ਹਰਿ ਭੋਜਨੁ ਅੰਮ੍ਰਿਤੁਸਰੁ।"
— ਸੋਰ **੪**, ਵਾਰ ੮ਸ, **੩**, ੧ : ੧ (645)

ਪਈਆ — 1. ਹੋਈ, ਪਈ
"ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ **ਪਈਆ** ਰਾਹੀ।"
— ਗੂਜ **੫**, ਵਾਰ, ੧੦ਸ, **੫**, ੧ : ੧ (520)
"ਹਉਮੈ ਜਾਇ ਤ ਨਿਰਮਲੁ ਹੋਵੈ ਗੁਰਮੁਖਿ ਪਰਚੈ ਪਰਮਪਦੁ **ਪਈਆ**।" (ਪਾਈ/ਪਾਈਦੀ ਹੈ)
— ਬਿਲਾ **੪**, ਅਸ ੨੭ : ੨ (834)

2. ਪਾਵਾਂ, ਧਰਾਂ
"ਸਤਿਗੁਰੁ ਦਇਆ ਕਰੇ ਪ੍ਰਭੁ ਮੇਲੇ ਮੈ ਤਿਸੁ ਆਗੈ ਸਿਰੁ ਕਟਿ ਕਟਿ **ਪਈਆ**।"
— ਬਿਲਾ **੪**, ਅਸ ੬, ੧* : ੨ (836)

ਪਈਆਸਿ — 1. ਪੈ ਗਈ, ਢਹਿ ਗਈ
"ਤੂ ਸਹੁ ਅਗਮੁ ਅਤੋਲਵਾ ਹਉ ਕਹਿ ਕਹਿ ਢਹਿ **ਪਈਆਸਿ** ਜੀਉ।"
— ਸੂਹੀ **੧**, ਕੂਚ ੨ : ੮ (762)

2. ਪਈ ਹੋਈ ਹੈ
"ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ **ਪਈਆਸਿ**।"
— ਸਿਰੀ **੪**, ੬੭, ੩ : ੨ (40)

ਹੋਰ ਰੂਪ — ਪਈਆਸੁ —
"ਕਸਤੂਰੀ ਕੈ ਭੋਲੜੈ ਗੰਦੇ ਡੁੰਮਿ **ਪਈਆਸੁ**।" (ਪਈ ਭਾਵ ਡਿਗੀ ਹੈ)
— ਸਿਰੀ **੪**, ਵਾਰ ੧੫ਸ, **੫**, ੨ : ੨ (89)

ਪਈਆਹੁ — ਪਈ/ਢਠੀ ਦੀ
"ਸਾਰਮ ਪਈ ਨਾਰਾਇਣੈ ਨਾਨਕ ਦਰਿ **ਪਈਆਹੁ**।"— ਮਾਝ **੫**, ਬਾਰਾ ੧੧ : ੮ (135)

ਪਈਐ — 1. ਪਈ ਦਾ ਹੈ
"ਜਿਸੁ ਲੜਿ ਲਗਿਐ ਜੀਵੀਐ ਭਵਜਲੁ **ਪਈਐ**

ਪਾਰਿ।" — ਗਉ **ਪ**, ੧੭੧*, ੩ : ੧ (218)

2. ਪਾਈਦੇ ਹਨ

"ਨਿਹਕਪਟ ਸੇਵਾ ਕੀਜੈ ਹਰਿ ਕੇਰੀ ਤਾਂ ਮੇਰੇ ਮਨ ਸਰਬ ਸੁਖ **ਪਈਐ**।"

— ਗੋਂਡ **੪**, ੫, ੩ : ੨ (861)

ਪਈਸੁ — ਪਈ ਹੈ, ਪੈਂਦੀ ਹੈ

"ਦੂਜੈ ਪਾਈ ਵਿਗੁਚੀਐ ਗਲਿ **ਪਈਸੁ** ਜਮ ਕੀ ਫਾਸ।" — ਮਾਝ **ਪ**, ਬਾਰਾ ੫ : ੩ (134)

ਪਈਹੈ — 1. ਪਾਇਆ

"ਜਨ ਭਗਤਨ ਕੋ ਕਹੋ ਨ ਮਾਨੋ ਕੀਓ ਅਪਨੋ **ਪਈਹੈ**।" — ਗੂਜ **ਕਬ**, ੧, ੨ : ੨ (524)

2. ਪ੍ਰਾਪਤ ਹੋਣਾ

"ਰਤਨ ਜਨਮੁ ਖੋਇਓ ਪ੍ਰਭੁ ਬਿਸਰਿਓ ਇਹੁ ਅਉਸਰੁ ਕਤ **ਪਈਹੈ**।"

— ਗੂਜ **ਕਬ**, ੧, ੩ : ੨ (524)

3. ਪਾਵੇਗਾ ਭਾਵ ਸਕਦਾ

"ਐਸੋ ਇਹੁ ਸੰਸਾਰ ਪੇਖਨਾ ਰਹਨੁ ਨ ਕੋਊ **ਪਈਹੈ** ਰੇ।" — ਬਿਲਾ **ਕਬ**, ੧, ੧* : ੧ (855)

ਪਏ — 1. ਪਇਆ

"ਸਰਣਿ **ਪਏ** ਪ੍ਰਭ ਆਪਣੇ ਗੁਰੁ ਹੋਆ ਕਿਰਪਾਲੁ।"

— ਸਿਰੀ **ਪ**, ੮੬, ੧ : ੧ (48)

2. ਭਏ, ਹੋਏ

"ਹਰਿ ਕਾ ਭਾਣਾ ਭਗਤੀ ਮੰਨਿਆ ਸੇਭਗਤ **ਪਏ** ਦਰਿ ਥਾਇ।" (ਕਬੂਲ/ਸਫਲ ਹੋਏ)

— ਸਿਰੀ **੩**, ਅਸ ੧੯, ੩ : ੨ (65)

3. ਪੈ ਗਏ, (ਜਾ ਡਿਗੇ)

"ਏਹੁ ਜਗੁ ਜਲਤਾ ਦੇਖਿ ਕੈ ਭਜਿ **ਪਏ** ਸਤਿਗੁਰ ਸਰਣਾ।"

— ਸਿਰੀ **੩**, ਅਸ ੨੫, ੬ : ੧ (70)

"ਨਾਨਕ ਆਇ **ਪਏ** ਸਰਣਾਏ।"

— ਆਸਾ **ਪ**, ੮੯, ੪ : ੪ (393)

4. ਪਏ ਹੋਏ ਹਨ, ਪੈ ਗਏ

"ਭਰਮ ਮੋਹ ਕਛੁ ਸੂਝਸਿ ਨਾਹੀ ਇਹ ਪੈਖਰ **ਪਏ** ਪੈਰਾ।"

— ਗਉ **ਪ**, ੧੬੩*, ੨ : ੨ (216)

5. ਡਿਗੇ ਹੋਏ

"ਧਰਤਿ ਅਸਮਾਨੁ ਨ ਝਲਈ ਵਿਚਿ ਵਿਸਟਾ **ਪਏ** ਪਚੰਨਿ।"

— ਗਉ **੩**, ਅਸ ੯, ੫ : ੨ (233)

6. ਸਹਾਇਕ ਕਿਰਿਆ

"ਤਿਸੁ ਸਰਣਾਈ ਢਹਿ **ਪਏ** ਪਿਆਰੇ ਜਿ ਅੰਤਰਜਾਮੀ ਜਾਣੁ।"

— ਸੋਰ **ਪ**, ਅਸ ੨, ੮ : ੨ (641)

"ਬਹੁਤੇ ਫੇਰ **ਪਏ** ਕਿਰਪਨ ਕਉ ਅਬ ਕਿਛੁ ਕਿਰਪਾ ਕੀਜੈ।"

— ਧਨਾ **੩**, ੯, ੨ : ੧ (666)

7. ਪੈ ਗਏ ਭਾਵ ਝਪਟੇ

"ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ **ਪਏ**।"

— ਸਲੋ **ਫਰ**, ੯੯ : ੨ (1383)

ਪਸਚਮ — ਪਛਮ, ਸੂਰਜ ਅਸਤ ਹੋਣ (ਡੁਬਣ) ਦੀ ਦਸ਼ਾ, ਭਾਵ ਪਿਛਲਾ

"**ਪਸਚਮ** ਦੁਆਰੇ ਕੀ ਸਿਲਓੜ।" (ਭਾਵ ਜਿਥੇ ਹਨੇਰਾ/ਅਗਿਆਨਤਾ ਹੈ)

— ਭੈਰ **ਕਬ**, ੧੦, ੩ : ੧ (1159)

ਪਸਣ — ਵੇਖਣ ਨੂੰ

"ਮੂ ਤਨਿ ਪ੍ਰੇਮੁ ਅਥਾਹ **ਪਸਣ** ਕੂ ਸਚਾ ਧਣੀ।"

— ਮਾਰੂ **ਪ**, ਵਾਰ ੧੫ਸ, **ਪ**, ੩ : ੨ (1099)

ਪਸੰਦੋ — 1. ਵੇਖ ਕੇ (ਫਾ. ਪਸੰਦ)

"ਮੂੰ ਜੁਲਾਊਂ ਤਥਿ ਨਾਨਕ ਪਿਰੀ **ਪਸੰਦੋ** ਹਰਿਓ ਥੀਓਸਿ।"

— ਮਾਰੂ **ਪ**, ਵਾਰ ੨੦ਸ, **ਪ**, ੨ : ੨ (1101)

2. ਪਸੰਦ, ਚੰਗਾ ਲਗਨ ਵਾਲਾ

"ਨੈਣ **ਪਸੰਦੋ** ਸੋਇ ਪੇਖਿ ਮੁਸਤਾਕ ਭਈ।" (ਅਖਾਂ ਨੂੰ ਚੰਗਾ ਲਗਨ ਵਾਲਾ ਭਾਵ ਸੁੰਦਰ)

— ਆਸਾ **ਪ**, ੧੦੫, ੩ : ੧ (397)

ਪਸਰਈਆ — ਫੈਲਿਆ ਹੋਇਆ

"ਏਕ ਦ੍ਰਿਸਟਿ ਸਭ ਸਮ ਕਰਿ ਜਾਣੈ ਨਦਰੀ ਆਵੈ ਸਭੁ ਬ੍ਰਹਮੁ **ਪਸਰਈਆ**।"

— ਬਿਲਾ **੪**, ਅਸ, ੧, ੨ : ੨ (833)

ਪਸਰਹਿ — ਫੈਲੇ

"**ਪਸਰਹਿ** ਕਲਾ ਸਹਜ ਪਰਗਾਸ।"

— ਗਉ **ਕਬ**, ਥਿਤੀ ੧੬ : ੨ (344)

ਪਸਰਿ — ਫੈਲ

"ਨਿਰਮਲ ਜੋਤਿ **ਪਸਰਿ** ਰਹੀ ਜੋਤੀ ਜੋਤਿ

ਮਿਲਾਈ।"

— ਆਸਾ **੩**, ਅਸ ੨੬, ੫ : ੨ (424)

ਹੋਰ ਰੂਪ — ਪਸਰਿਓ —

"**ਪਸਰਿਓ** ਆਪਿ ਹੋਇ ਅਨਤ ਤਰੰਗ।" (ਫੈਲਿਆ)

— ਗਉ **੫**, ਸੁਖ ੯, ੮ : ੫ (275)

"ਤਬ ਹਮ ਇਤਨਕੁ **ਪਸਰਿਓ** ਤਾਨਾਂ।" (ਖਿਲਾਰਿਆ, ਫੈਲਾਇਆ)

— ਆਸਾ **ਕਬ**, ੩੬, ੧ : ੨ (484)

ਪਸਰਿਆ —

"ਗੁੜੁ ਮਿਠਾ ਮਾਇਆ **ਪਸਰਿਆ** ਮਨਮੁਖੁ ਲਗਿ ਮਾਖੀ ਪਚੈ ਪਚਾਇ।" (ਖਿਲਰਿਆ, ਫੈਲਿਆ) — ਸਿਰੀ **੪**, ੭੦, ੧ : ੩ (41)

ਪਸਰੀ —

"ਬਿਖੁ ਬਿਖਿਆ **ਪਸਰੀ** ਅਤਿਘਨੀ।" (ਫੈਲੀ)

— ਗਉ **੫**, ੧੪੦*, ੨ : ੧ (210)

ਪਸਰੀਆ —

"ਬਾਹਰਿ ਕਾਢਿ ਬਿਖੁ **ਪਸਰੀਆ** ਪਿਆਰੇ ਮਾਇਆ ਮੋਹੁ ਵਧਾਇਆ।" (ਫੈਲੀ)

— ਸੋਰ **੫**, ਅਸ ੨, ੧ : ੨ (640)

ਪਸਰੇ —

"ਪੇਖੁ ਨਾਨਕ **ਪਸਰੇ** ਪਾਰਬ੍ਰਹਮ।" (ਫੈਲੇ ਹੋਏ ਭਾਵ ਵਿਆਪਕ)

— ਗਉ **੫**, ੧੫੦, ੪ : ੨ (196)

ਪਸਰੈ —

"ਜਹ **ਪਸਰੈ** ਪਾਸਾਰੁ ਸੰਤ ਪਰਤਾਪਿ।"

— ਗਉ **੫**, ਸੁਖ ੨੧, ੮ : ੨ (292)

ਪਸਾਉ — 1. ਫੈਲਾਓ, ਪਸਾਰਾ

"ਕੀਤਾ **ਪਸਾਉ** ਏਕੋ ਕਵਾਉ।"

— ਜਪੁ **੧**, ੧੬ : ੧੯ (3)

2. ਪਰਚਾਰ

"ਢਾਢੀ ਕਰੇ **ਪਸਾਉ** ਸਬਦੁ ਵਜਾਇਆ।"

— ਮਾਝ **੧**, ਵਾਰ ੨੭ : ੭ (150)

3. ਭਾਵ, 'ਹਾਵ ਭਾਵ'

"ਸੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ **ਪਸਾਉ**।"

— ਸਿਰੀ **੧**, ੧, ੭ : ੨ (14)

4. ਮਿਹਰ, ਬਖਸਿਸ਼, ਦਇਆ, ਕ੍ਰਿਪਾਲਤਾ

"ਮਨੁ ਰੰਗਹੁ ਵਡਭਾਗੀਹੋ ਗੁਰੁ ਤੁਠਾ ਕਰੇ **ਪਸਾਉ**।" — ਸਿਰੀ **੪**, ੬੭, ੨ : ੧ (40)

ਪਸਾਇ — ਕਿਰਪਾ ਨਾਲ

"ਧਨਿ ਸਤਿਗੁਰੁ ਸੇਵਿਓ ਜਿਸੁ **ਪਸਾਇ** ਗਤਿ ਅਗਮ ਜਾਣੀ।" — ਸਵ **੩**, ੮ : ੨ (1393)

ਪਸਾਰ — ਫੈਲਾ

"ਮੋਹ **ਪਸਾਰ** ਨਹੀ ਸੰਗਿ ਬੇਲੀ ਬਿਨੁ ਹਰਿ ਗੁਰ ਕਿਨਿ ਸੁਖੁ ਪਾਇਆ।"

— ਮਾਰੂ **੧**, ਸੋਲਾ ੨੨, ੪ : ੩ (1043)

ਪਸਾਰਹੁ — ਫੈਲਾਂਦੇ, ਪਸਾਰਦੇ

"ਥਥਾ ਥਿਰੁ ਕੋਊ ਨਹੀ ਕਾਇ **ਪਸਾਰਹੁ** ਪਾਵ।"

— ਗਉ **੫**, ਬਾਅ ੩੩ : ੧ (257)

ਪਸਾਰਣਾ — ਖਿਲਾਰਣਾ, ਫੈਲਾਣਾ

"ਆਪੇ ਗੁਪਤੁ ਆਪੇ ਹੈ ਪਰਗਟੁ ਅਪਣਾ ਆਪੁ **ਪਸਾਰਣਾ**।"

— ਮਾਰੂ **੫**, ਸੋਲਾ ੬, ੪ : ੩ (1077)

ਪਸਾਰਤ — ਫੈਲਾਉਂਦਿਆਂ, ਖਿਲਾਰਦਿਆਂ

"ਹਾਥ ਪਾਵ **ਪਸਾਰਤ** ਬਿਲਮੁ ਤਿਲੁ ਲਾਗੈ ਤਬਲਗੁ ਮੇਰਾ ਮਨੁ ਰਾਮ ਸਮ੍ਾਰੈ।"

— ਆਸਾ **੪**, ੬੨, ੩ : ੨ (368)

ਪਸਾਰਾ — ਫੈਲਾਓ, ਖਿਲਾਰਾ

"ਆਪਿ ਇਕੰਤੀ ਆਪਿ **ਪਸਾਰਾ**।"

— ਮਾਝ **੫**, ੪੮, ੩ : ੨ (108)

ਪਸਾਰਿ — 1. ਖਿਲਾਰ/ਫੈਲਾ ਕੇ

"ਉਰਵਾਰਿ ਪਾਰਿ ਮੇਰਾਸਹੁ ਵਸੈ ਹਉ ਮਿਲਉਗੀ ਬਾਹ **ਪਸਾਰਿ**।"

— ਗਉ **੧**, ੧੯, ੩ : ੨ (157)

"ਭਉ ਕਹਿ ਆਗੈ ਬਦਨੁ **ਪਸਾਰਿ**।" (ਮੂੰਹ ਲੰਮਾ ਕਰਕੇ) — ਰਾਮ **ਕਬ**, ੪, ੧* : ੨ (969)

ਹੋਰ ਰੂਪ — ਪਸਾਰਿਓ —

"ਬ੍ਰਹਮੁ ਪਸਾਰੁ **ਪਸਾਰਿਓ** ਭੀਤਰਿ ਸਤਿਗੁਰ ਤੇ ਸੋਝੀ ਪਾਈ।" (ਖਿਲਾਰਿਆ)

— ਧਨਾ **੫**, ੩, ੨ : ੨ (671)

ਪਸਾਰਿਆ —

"ਮਾਇਆ ਜਾਲੁ **ਪਸਾਰਿਆ** ਭੀਤਰਿ ਚੋਗ ਬਣਾਇ।" (ਖਿਲਾਰਿਆ)

— ਸਿਰੀ **੫**, ੯੧, ੩ : ੧ (50)

"ਜੋਤੀ ਜੋਤਿ ਮਿਲੀ ਸੁਖੁ ਪਾਇਆ ਜਨ ਨਾਨਕ

ਇਕੁ **ਪਸਾਰਿਆ** ਜੀਉ।" (ਸਾਰੇ ਵਿਆਪਕ ਦਿਸਦਾ ਹੈ) — ਮਾਝ **੫**, ੧੦, ੪ : ੩ (97)

2. ਖੋਲ ਕੇ

"ਦੇਖਹੁ **ਪਸਾਰਿ** ਨੈਨ ਸੁਨਹੁ ਸਾਧੂ ਕੇ ਬੈਨ ਪ੍ਰਾਨਪਤਿ ਚਿਤਿ ਰਾਖੁ ਸਗਲ ਹੈ ਮਰਨਾ।" — ਧਨਾ **੫**, ੩੦, ੧* : ੨ (678)

3. ਭਾਵ ਚੁਕਣਾ

"ਹਾਥੁ **ਪਸਾਰਿ** ਸਕੈ ਕੋ ਜਨ ਕਉ ਬੋਲਿ ਸਕੈ ਨ ਅੰਦਾਜਾ।" (ਹੱਥ ਚੱਕ ਸਕੇ) — ਬਿਲਾ **ਕਬ**, ੫, ੧ : ੨ (856)

ਪਸਾਰੀ — 1. ਪਾਸਾਰੇ/ਖਿਲਾਰੇ ਵਾਲੇ ਭਾਵ ਗ੍ਰਿਹਸਥੀ

"ਤਾੜੀ ਲਾਗੀ ਤ੍ਰਿਪਲੁ ਪਲਟੀਐ ਛੂਟੈ ਹੋਇ **ਪਸਾਰੀ**।" — ਗਉ **ਕਬ**, ੫੩, ੨ : ੨ (334)

2. ਪਸਾਰਾ, ਖਿਲਾਰੇ

"ਏਹ ਸਭਿ ਧੜੇ ਮਾਇਆ ਮੋਹ **ਪਸਾਰੀ**।" — ਆਸਾ **੪**, ੫੪, ੩ : ੧ (366)

"ਸੰਗਿ ਨਾਹੀ ਰੇ ਸਗਲ **ਪਸਾਰੀ**।" (ਖਿਲਾਰਾ) — ਰਾਮ **੫**, ੧੮, ੩ : ੨ (888)

3. ਖਿਲਾਰੀ

"ਸਭਿ ਜਾਚਿਕ ਤੂ ਏਕੋ ਦਾਤਾ ਮਾਗਹਿ ਹਾਥ **ਪਸਾਰੀ**।" (ਖਿਲਾਰ ਕੇ, ਟੱਡ ਕੇ) — ਗੂਜ **੪**, ਅਸ ੧, ੩ : ੨ (507)

"ਅਪਨੀ ਮਾਇਆ ਆਪਿ **ਪਸਾਰੀ** ਆਪਹਿ ਦੇਖਨਹਾਰਾ।" (ਖਿਲਾਰੀ) — ਬਿਹਾ **੯**, ੨, ੨ : ੧ (537)

ਪਸਾਰੁ — ਖਿਲਾਰਾ, ਪਸਾਰਾ

"ਗੋਇਲਿ ਆਇਆ ਗੋਇਲੀ ਕਿਆ ਤਿਸੁ ਡੰਫੁ **ਪਸਾਰੁ**।" — ਸਿਰੀ **੫**, ੯੨, ੧ : ੧ (50)

ਪਸਾਰੇ — 1. ਖਿਲਾਰੇ, ਖਿਲਾਰਾ

"ਮਨ ਪਿਆਰਿਆ ਜੀ ਮਿਤ੍ਰਾ ਹਰਿ ਬਿਨੁ ਝੂਠੁ **ਪਸਾਰੇ**।" — ਸਿਰੀ **੫**, ਛੰਤ ੨, ੨ : ੧ (79)

2. ਖੋਲ੍ਹ ਕੇ

"ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ **ਪਸਾਰੇ** ਮੀਤ।" — ਸੋਰ **੯**, ੧, ੧ : ੨ (631)

"ਹਿਰਦੈ ਕਾਮ ਕਾਮਨੀ ਮਾਗਹਿ ਰਿਧਿ ਮਾਗਹਿ ਹਾਥੁ **ਪਸਾਰੇ**।" (ਹੱਥ ਟੱਡ ਕੇ) — ਰਾਮ **੪**, ੬, ੨ : ੨ (882)

"ਆਇਓ ਸਾਮ ਨਾਨਕ ਓਟ ਹਰਿ ਕੀ ਲੀਜੈ ਭੁਜਾ **ਪਸਾਰੇ**।" (ਬਾਂਹ ਲੰਮੀ ਕਰਕੇ) — ਮਾਰੂ **੫**, ੨, ੪ : ੨ (999)

3. ਭਾਵ ਪਾਇਆ ਹੈ

"ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ ਨਾਮੁ ਤੇਰੋ ਤੇਲੁ ਲੇ ਮਾਹਿ **ਪਸਾਰੇ**।" (ਲੈ ਕੇ ਵਿਚ ਪਾਇਆ ਹੈ) — ਧਨਾ **ਰਵਿ**, ੩, ੨ : ੧ (694)

ਪਸਾਰੈ — 1. ਖੋਲੇ

"ਨੇਤ੍ਰ **ਪਸਾਰੈ** ਤਾ ਨਿਰਾਰਥ ਕਾਜਾ।" — ਗਉ **੫**, ੮੦, ੨ : ੪ (179)

2. ਖਿਲਾਰੇ, ਲੰਮੇ ਕਰੇ

"ਕਬ ਕੋ ਨਾਚੈ ਪਾਵ **ਪਸਾਰੈ** ਕਬ ਕੋ ਹਾਥ ਪਸਾਰੈ।" — ਆਸਾ **੪**, ੬੨, ੩ : ੧ (368)

ਪਸਾਰੋ — ਪਸਾਰਾ, ਖਿਲਾਰਾ

"ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ **ਪਸਾਰੋ**।" — ਮੁੰਦਾ **੫**, ੧ : ੫ (1429)

ਪਸਾਰੋੜਾ — ਪਸਾਰਾ

"ਬਾਬਾ ਆਇਆ ਹੈ ਉਠਿ ਚਲਣਾ ਇਹੁ ਜਗੁ ਝੂਠੁ **ਪਸਾਰੋੜਾ**।" — ਵਡ **੧**, ਅਲਾ ੫, ੧ : ੧ (581)

ਪਸਿੰਦੇ — ਪਸੰਦ, ਅਨੁਕੂਲ

"ਖਸਮ ਕੀ ਨਦਰਿ ਦਿਲਹਿ **ਪਸਿੰਦੇ** ਜਿਨੀ ਕਰਿ ਏਕੁ ਧਿਆਇਆ।" — ਸਿਰੀ **੧**, ੨੨, ੩ : ੨ (24)

ਪਸੀ — ਵੇਖਾਂ

"ਨੈਣ ਮਹਿੰਜੇ ਤਰਸਦੇ ਕਦਿ **ਪਸੀ** ਦੀਦਾਰੁ।" — ਮਾਰੂ **੫**, ਵਾਰ ੧ਸ, **੫**, ੧ : ੨ (1094)

ਹੋਰ ਰੂਪ — ਪਸੀਐ —

"ਇਕੋ ਸਿਰਜਣਹਾਰੁ ਨਾਨਕ ਬਿਆ ਨ **ਪਸੀਐ**।" (ਵੇਖੀਏ) — ਗੂਜ **੫**, ਵਾਰ ੧੩ਸ, **੫**, ੧ : ੨ (521)

ਪਸੁ — ਪਸੂ, ਜਾਨਵਰ, ਡੰਗਰ

"ਕੁਦਮ ਕਰੇ **ਪਸੁ** ਪੰਖੀਆਂ ਦਿਸੈ ਨਾਹੀ ਕਾਲੁ।" — ਸਿਰੀ **੫**, ੭੩, ੨ : ੧ (43)

ਹੋਰ ਰੂਪ — ਪਸੂ —

"ਕੇਤੇ ਰੁਖ ਬਿਰਖ ਹਮ ਚੀਨੇ ਕੇਤੇ **ਪਸੂ**

ਉਪਾਏ।"

— ਗਉ **੧**, ੧੨, ੨ : ੧ (156)

"ਮਨਮੁਖ ਤਤੁ ਨ ਜਾਣਨੀ **ਪਸੂ** ਮਾਹਿ ਸਮਾਨਾ।" (ਪਸੂ ਸੁਭਾਅ)

— ਮਾਰੂ **੧**, ਅਸ ੧, ੩ : ੩ (1009)

ਪਸੂਆ —

"ਉਰਝਿ ਰਹਿਓ ਰੇ ਬਾਵਰ ਗਾਵਰ ਜਿਉ ਕਿਰਖੈ ਹਰਿਆਇਓ **ਪਸੂਆ**।"

— ਗਉ **੫**, ੧੨੭*, ੧* : ੨ (206)

"ਮਿਰਤੁ ਹਸੈ ਸਿਰ ਊਪਰੇ **ਪਸੂਆ** ਨਹੀ ਬੂਝੈ।" (ਭਾਵ ਬੇਸਮਝ, ਅਗਿਆਨੀ)

— ਬਿਲਾ **੫**, ੩੬, ੧ : ੧ (809)

ਪਸੂਆਰਾ — ਪਸੂ+ਹਾਰੀ, ਜੀਵ ਮਾਰਨ ਵਾਲਾ, ਇਥੇ ਮਛੀਆਂ ਫੜਨ ਵਾਲਾ, ਮਾਹੀਗੀਰ

"ਜਿਉ ਮੀਨਾ ਹੇਰੈ **ਪਸੂਆਰਾ**।"

— ਗੋਂਡ **ਨਾਮ**, ੨, ੨ : ੧ (873)

ਪਸੇ — ਵੇਖੇ

"ਹਠ ਮਝਾਹੂ ਮਾ ਪਿਰੀ **ਪਸੇ** ਕਿਉ ਦੀਦਾਰੁ।" (ਭਾਵ ਦਿਸੇ)

— ਸਿਰੀ **੫**, ਛੰਤ ੩, ੧੩ : ੧ (80)

ਪਸੑਮਿ — ਸੂਰਜ ਅਸਤ ਹੋਣ ਵਾਲਾ ਦਿਸਾ

"ਉਤਰਿ ਦਖਿਣਹਿ ਪ੍ਰਬਿ ਅਰੁ **ਪਸੑਮਿ** ਜੈਜੈ ਕਾਰੁ ਜਪੰਥਿ ਨਰਾ।" — ਸਵ **੩**, ੧ : ੬ (1392)

ਪਹ — ਤੜਕਾ, ਅੰਮ੍ਰਿਤ ਵੇਲਾ, ਭੋਰ

"ਚਿੜੀ ਚੁਹਕੀ **ਪਹ** ਫੁਟੀ ਵਗਨਿ ਬਹੁਤੁ ਤਰੰਗ।"

— ਗਉ **੫**, ਵਾਰ ੬ਸ, **੫**, ੧ : ੧ (319)

ਪਹਨਾਮ — ਲੁਕੇ ਹੋਏ, ਜੋ ਕਿਸੇ ਗਿਣਤੀ ਵਿਚ ਨਾ ਹੋਣ, ਗੁਮਨਾਮ

"ਪ੍ਰਗਟ ਭਏ ਸੰਸਾਰ ਮਹਿ ਫਿਰਤੇ **ਪਹਨਾਮ**।"

— ਬਿਲਾ **੫**, ੨੬, ੨ : ੧ (819)

ਪਹਨਾਮੀ — ਲੁਕਾਉ, ਛੁਪਾ

"ਤਿਸੁ ਨਾਲਿ ਕਿਆ ਚਲੈ **ਪਹਨਾਮੀ**।"

— ਬਿਲਾ **੩**, ੧, ੪ : ੩ (833)

ਪਹਰ — ਦਿਨ ਰਾਤ ਦਾ ਅਠਵਾਂ ਭਾਗ, ਤਿੰਨ ਘੰਟੇ ਦਾ ਸਮਾਂ, ਸਮੇਂ ਦੀ ਇਕ ਇਕਾਈ

"ਆਠ **ਪਹਰ** ਪ੍ਰਭੁ ਧਿਆਇ ਤੂੰ ਗੁਣ ਗੋਵਿੰਦ ਨਿਤ ਗਾਉ।" — ਸਿਰੀ **੫**, ੭੭, ੧* : ੨ (44)

ਹੋਰ ਰੂਪ — ਪਹਰਾ —

"ਵਿਸੁਏ ਚਸਿਆ ਘੜੀਆ **ਪਹਰਾ** ਥਿਤੀ ਵਾਰੀ ਮਾਹੁ ਹੋਆ।" (ਪਹਰ ਦਾ ਬਹੁ ਵਚਨ)

— ਆਸਾ **੧**, ੨, ੨ : ੧ (12)

ਪਹਰਿ —

"ਚਉਥੈ **ਪਹਰਿ** ਸਬਾਹ ਕੈ ਸੁਰਤਿਆ ਉਪਜੈ ਚਾਉ।" (ਪਹਰਾਂ ਵਿਚ)

— ਮਾਝ **੧**, ਵਾਰ ੧੮ਸ, **੨**, ੧ : ੪ (146)

ਪਹਰੀ —

"ਸਤੀ **ਪਹਰੀ** ਸਤੁ ਭਲਾ ਬਹੀਐ ਪੜਿਆ ਪਾਸਿ।" (ਪਹਰਾਂ ਵਿਚ)

— ਮਾਝ **੧**, ਵਾਰ ੧੮ਸ, **੨**, ੧ : ੯ (146)

"ਘੜੀਏ ਘੜੀਏ ਮਾਰੀਐ **ਪਹਰੀ** ਲਹੈ ਸਜਾਇ।" (ਹਰ ਪਹਰ ਬਾਅਦ)

— ਸਲੋ **ਫਰ**, ੪੦ : ੧ (1379)

ਪਹਰੁ —

"ਪਹਿਲਾ **ਪਹਰੁ** ਧੰਧੈ ਗਇਆ ਦੂਜੈ ਭਰਿ ਸੋਇਆ।" (ਸਮੇਂ ਦੀ ਇਕ ਇਕਾਈ)

— ਸਿਰੀ **੫**, ੭੪, ੩ : ੧ (43)

ਪਹਰੂਆ — ਪਹਰਾ ਦੇਣ ਵਾਲਾ, ਚੌਕੀਦਾਰ, ਪਹਿਰੇਦਾਰ

"ਊਠਤ ਸੋਵਤ ਹਰਿ ਸੰਗਿ **ਪਹਰੂਆ**।"

— ਗਉ **੫**, ੧੫੪, ੧* : ੧ (196)

"ਪੰਚ **ਪਹਰੂਆ** ਦਰ ਮਹਿ ਰਹਤੇ ਤਿਨ ਕਾ ਨਹੀ ਪਤੀਆਰਾ।" (ਭਾਵ ਇੰਦਰੇ)

— ਗਉ **ਕਬ**, ੭੩, ੨ : ੧ (339)

"ਨਿਗਮ ਹੁਸੀਆਰ **ਪਹਰੂਆ** ਦੇਖਤ ਜਮੁ ਲੇ ਜਾਈ।" (ਪਹਿਰੇਦਾਰਾਂ ਦੇ ਦੇਖਿਆਂ)

— ਰਾਮ **ਕਬ**, ੧੨, ੧* : ੨ (972)

ਪਹਰੇ ਪਹਰੇ — ਹਰ ਸਮੇਂ, ਹਰ ਪਹਿਰ, ਦਿਨ ਰਾਤ

"ਬਿਨੁ ਹਰਿ ਭਗਤਿ ਕਰਾ ਥਿਤਿ ਪਾਵੈ ਫਿਰਤੌ **ਪਹਰੇ ਪਹਰੇ**।"

— ਗਉ **੫**, ੧੬੨, ੨ : ੨ (215)

(ਕੋਸ਼ ਇਸ ਦੇ ਹੋਰ ਅਰਥ 'ਡੰਡੀ ਡੰਡੀ ਭਟਕਣਾ' ਪਾਹਰਾ ਪਾਹਰਾ ਕਰਦੇ ਫਿਰਨਾ, ਪੁਸ਼ਾਕਾਂ ਪਹਿਣ ਪਹਿਣ ਕੇ ਫਿਰਣਾ, 'ਦਰ ਦਰ ਭਟਕਣਾ ਕਰਦਾ'

ਹੈ)

ਪਹਰੈ — ਪਹਿਰ ਵਿਚ

"ਪਹਿਲੇ **ਪਹਰੈ** ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ।" (ਭਾਵ ਆਯੂ ਦੇ ਪਹਿਲੇ ਹਿੱਸੇ ਵਿਚ) — ਸਿਰੀ **੧**, ਪਹ ੧, ੧ : ੧ (74)

ਪਹਾ — ਪਿਆ

"ਆਇਓ ਲਾਭੁ ਲਾਭਨ ਕੈ ਤਾਈ ਮੋਹਨਿ ਠਾਗਉਰੀ ਸਿਉ ਉਲਝਿ **ਪਹਾ**।"

— ਸਾਰ **੫**, ੪, ੨ : ੧ (1203)

ਪਹਾਰ — 1. ਪਹਾੜ

"ਇਹੁ ਜਗੁ ਧੂਏ ਕਾ **ਪਹਾਰ**।"

— ਬਸੰ **੯**, ੪, ੧ : ੧ (1187)

ਪਹਾਰਾ — ਸੰਸਾਰ ਵਿਚ, ਪਸਾਰੇ ਵਿਚ

"ਪ੍ਰਗਟ **ਪਹਾਰਾ** ਜਾਪਦਾ ਸਭ ਲੋਕ ਸੁਣੰਦੇ।" (ਮਹਾਨਕੋਸ਼ ਅਰਥ 'ਪ੍ਰਭਾਵ' ਸਮਰਥਯ ਕਰਦੇ ਹਨ) — ਗਉ **੪**, ਵਾਰ ੧੨ : ੩ (306)

ਹੋਰ ਰੂਪ — ਪਹਾਰੇ —

"ਪਹਿਰਿ ਸਿਰਪਾਉ ਸੇਵਕ ਜਨ ਮੇਲੇ ਨਾਨਕ ਪ੍ਰਗਟ **ਪਹਾਰੇ**।" (ਸੰਸਾਰ ਵਿਚ)

— ਸੋਰ **੫**, ੯੩, ੨ : ੨ (631)

ਪਹਿ — 1. ਪਾਸ, ਕੋਲ

"ਦੂਖ ਤਿਸੈ **ਪਹਿ** ਆਖੀਅਹਿ ਸੂਖ ਜਿਸੈ ਹੀ ਪਾਸਿ।" — ਸਿਰੀ **੧**, ੫, ੩ : ੩ (16)

"ਗੁਰ **ਪਹਿ** ਮੁਕਤਿ ਦਾਨੁ ਦੇ ਭਾਣੈ।" (ਕੋਲ, ਪਾਸ) — ਮਾਰੂ **੧**, ਸੋਲਾ ੬, ੧੦ : ੧ (1026)

2. ਤੋਂ, ਪਾਸੋਂ

"ਸਗਲ ਸੰਤਨ **ਪਹਿ** ਵਸਤੁ ਇਕ ਮਾਂਗਉ।"

— ਮਾਝ **੫**, ੧੮, ੧ : ੧ (99)

"ਅੰਤਿ ਨਿਬੇਰਾ ਤੇਰੇ ਜੀਅ **ਪਹਿ** ਲੀਜੈ।" (ਪਾਸੋਂ, ਕੋਲੋਂ) — ਸੋਰ **ਕਬ**, ੯, ੧* : ੨ (656)

3. ਨਾਲੋਂ

"ਤੋ **ਪਹਿ** ਦੁਗਣੀ ਮਜੂਰੀ ਦੈਹਉ ਮੋ ਕਉ ਬੇਢੀ ਦੇਹੁ ਬਤਾਈ ਹੋ।"

— ਸੋਰ **ਨਾਮ**, ੨, ੧ : ੨ (657)

ਪਹਿਚਾਣਿ — ਪਛਾਣ, ਵੇਖ

"ਅਰਧ ਉਰਧ ਬਿਚਿ ਸਮ **ਪਹਿਚਾਣਿ**।"

— ਗਉ **ਕਬ**, ਥਿਤੀ ੧੪ : ੨ (344)

ਪਹਿਚਾਨਾਂ — ਪਛਾਣਦਾ, ਜਾਣਦਾ,

"ਕਬੀਰ ਕਾ ਮਰਮੁ ਰਾਮ **ਪਹਿਚਾਨਾਂ**।"

— ਭੈਰ **ਕਬ**, ੬, ੪ : ੨ (1158)

ਹੋਰ ਰੂਪ — ਪਹਿਚਾਨਿਆ —

"ਗਈ ਠਗਉਰੀ ਠਗੁ **ਪਹਿਚਾਨਿਆ**।" (ਪਛਾਣਿਆ, ਜਾਣ ਲਿਆ)

— ਗਉ **ਕਬ**, ਅਸ ੩੯, ੩ : ੨ (331)

ਪਹਿਚਾਨੀਐ —

"ਸੂਰਾ ਸੋ **ਪਹਿਚਾਨੀਐ** ਜੁ ਲਰੈ ਦੀਨ ਕੇ ਹੇਤ।" (ਭਾਵ ਸਮਝੀਐ)

— ਮਾਰੂ **ਕਬ**, ੧੦, ੨ : ੧ (1105)

ਪਹਿਤਿ — ਦਾਲ

"ਭਾਤੁ **ਪਹਿਤਿ** ਅਰੁ ਲਾਪਸੀ ਕਰਕਰਾ ਕਾਸਾਰੁ।"

— ਆਸਾ **ਕਬ**, ੧੪, ੪ : ੧ (479)

ਪਹਿਨਾਮੀਆ — ਲੁਕ ਕੇ ਕੀਤੇ ਕੰਮ, ਭਾਵੇ ਮੰਦੇ ਕੰਮ, ਪਾਪ

"ਲਖ ਠਗੀਆ **ਪਹਿਨਾਮੀਆ** ਰਾਤਿ ਦਿਨਸੁ ਜੀਅ ਨਾਲ।"

— ਆਸਾ **੧**, ਵਾਰ ੧੫ਸ, **੧**, ੨ : ੨ (471)

ਪਹਿਰਉ — ਪਾਵਾਂ, ਪਹਿਣਾਂ

"ਕਿਆ **ਪਹਿਰਉ** ਕਿਆ ਓਢਿ ਦਿਖਾਵਉ।"

— ਗਉ **੧**, ਅਸ ੧੦, ੧* : ੧ (225)

ਹੋਰ ਰੂਪ — ਪਹਿਰਉਂਗੀ —

"ਫੂਲ ਮਾਲਾ ਗਲਿ **ਪਹਿਰਉਂਗੀ** ਹਾਰੋ।"

— ਆਸਾ **੧**, ੩੪, ੨ : ੧ (359)

ਪਹਿਰਸਿ — ਪਹਿਨਦੀ ਹੈ

"ਕਾਪੜੁ **ਪਹਿਰਸਿ** ਅਧਿਕੁ ਸੀਗਾਰੁ।"

— ਬਸੰ **੧**, ਅਸ ੧, ੬ : ੧ (1187)

ਪਹਿਰਹਿ — 1. ਪਹਿਣੇ ਜਾਂਦੇ ਹਨ

"ਸੁਖੁ ਦੁਖੁ ਦੁਇ ਦਰਿ ਕਪੜੇ **ਪਹਿਰਹਿ** ਜਾਇ ਮਨੁਖ।"

— ਮਾਝ **੧**, ਵਾਰ ੨੪ਸ, **੧**, ੨ : ੨ (149)

"ਤੂੰ ਦਾਤਾ ਜੀਆ ਸਭਨਾ ਕਾ ਤੇਰਾ ਦਿਤਾ **ਪਹਿਰਹਿ** ਖਾਇ।" (ਪਹਿਣਦਾ)

— ਆਸਾ **੫**, ਬਿਰ ੩, ੨ : ੧ (432)

2. ਪਾਵੇਂ

"ਕਢਿ ਕਸੀਦਾ **ਪਹਿਰਹਿ** ਚੋਲੀ ਤਾਂ ਤੁਮ੍

ਜਾਣੁਹੁਨਾਰੀ।"
— ਬਸੰ **੧**, ੧੦, ੨ : ੧ (1171)

ਹੋਰ ਰੂਪ — ਪਹਿਰਹੁ —
"ਹਰਿ ਹਰਿ ਸੀਗਾਰੁ ਬਨਾਵਹੁ ਹਰਿ ਜਨ ਹਰਿ ਕਾਪੜੁ **ਪਹਿਰਹੁ** ਖਿਮਕਾ।" (ਪਾਵਹੁ)
— ਸੋਰ **੪**, ਵਾਰ ੨੧ : ੨ (650)

ਪਹਿਰਣੁ — ਜਾਮਾ, ਪੌਸ਼ਾਕ
"ਨੀਲੀ ਸਿਆਹੀ ਕਦਾ ਕਰਣੀ **ਪਹਿਰਣੁ** ਪੈਰ ਧਿਆਨੁ।" — ਸਿਰੀ **੧**, ੭, ੨ : ੧ (16)

ਪਹਿਰਤ — ਪਾਉਣ ਨਾਲ, ਪਹਿਨਣ ਨਾਲ
"ਸਾਕਤ ਸਿਰਪਾਉ ਰੇਸਮੀ **ਪਹਿਰਤ** ਪਤਿ ਖੋਈ।"
— ਬਿਲਾ **੫**, ੪੪, ੩ : ੨ (811)
"ਤਜਿ ਗੋਪਾਲ ਆਨ ਰੰਗਿ ਰਾਚਤ ਮਿਥਿਆ **ਪਹਿਰਤ** ਖਾਤ।" (ਪਹਿਨਨਾ)
— ਕੇਦਾ **੫**, ੭, ੧* : ੨ (1120)

ਪਹਿਰਾ — ਪਾਵਾਂ, ਪਹਿਣਾਂ
"ਪੂਰਿ ਕਰਿ ਕਾਇਆ ਕਪੜੁ **ਪਹਿਰਾ** ਧੋਵਾ ਸਦਾ ਕਾਰਿ।"
— ਮਾਝ **੧**, ਵਾਰ ੪ਸ, **੧**, ੧ : ੩ (139)

ਪਹਿਰਾਇਆ — ਪੁਆਇਆ, ਸਿਰੋਪਾਉ, ਦਿਤਾ, ਵਡਿਆਇਆ, ਆਦਰ ਦਿਤਾ
"ਅਪੁਨੈ ਠਾਕੁਰਿ ਜੋ **ਪਹਿਰਾਇਆ** ਬਹੁਰਿ ਨ ਲੇਖਾ ਪੁਛਿ ਬੁਲਾਇਆ।" (ਭਾਵ ਸਿਰੋਪਾਉ ਦਿਤਾ, ਵਡਿਆਇਆ) — ਮਾਝ **੫**, ੨੫, ੪ : ੧ (102)
"ਨਾਨਕ ਤਿਸੁ ਪਤਿ ਰਾਖਸੀ ਜੋ ਪ੍ਰਭਿ **ਪਹਿਰਾਇਆ**।"
— ਬਿਲਾ **੫**, ੪੬, ੪ : ੨ (812)

ਪਹਿਰਾਵਉ — ਪੁਆਵਾਂ, ਪਹਿਨਾਵਾਂ
"ਦੇਇ ਮੁਹਾਰ ਲਗਾਮੁ **ਪਹਿਰਾਵਉ**।"
— ਗਉ **ਕਬ**, ੩੧, ੧ : ੧ (329)

ਪਹਿਰਾਵਾ — ਪੌਸ਼ਾਕ, ਕਪੜੇ
"**ਪਹਿਰਾਵਾ** ਦੇਖੇ ਉਭਿ ਜਾਹਿ।" (ਭਾਵ ਸਰੀਰ)
— ਬਸੰ **ਰਵਿ**, ੧, ੧ : ੨ (1196)

ਪਹਿਰਿ — ਪਾ ਕੇ, ਪਹਿਣ ਕੇ
"ਪਾਟ ਪਟੰਬਰ **ਪਹਿਰਿ** ਹਢਾਵਉ।"
— ਗਉ **੧**, ਅਸ ੧੦, ੧ : ੨ (225)
"ਪਾਰਬ੍ਰਹਮੁ ਜਪਿ **ਪਹਿਰਿ** ਸਨਾਹ।" (ਪਹਿਣ)
— ਸੂਹੀ **੫**, ੨੫, ੨ : ੧ (742)

ਪਹਿਰਿਆ — ਪਹਿਨਿਆ
"ਹਰਿ ਹਾਰੁ ਕੰਠਿ ਜਿਨੀ **ਪਹਿਰਿਆ** ਗੁਰ ਚਰਣੀ ਚਿਤੁ ਲਾਇ।" — ਸਿਰੀ **੩**, ੩੫, ੪ : ੧ (26)

ਪਹਿਰੀਜੈ — ਪਹਿਣੇ ਹਨ
"ਜਿਹ ਪ੍ਰਸਾਦਿ ਆਭੂਖਨ **ਪਹਿਰੀਜੈ**।"
— ਗਉ **੫**, ਸੁਖ ੬, ੪ : ੧ (270)

ਪਹਿਰੇ — ਪਾਏ, ਪਹਿਣੇ
"ਬਿਪਲ ਬਸਤ੍ਰ ਕੇਤੇ ਹੈ **ਪਹਿਰੇ** ਕਿਆ ਬਨ ਮਧੇ ਬਾਸਾ।" — ਗਉ **ਕਬ**, ੬੭, ੧ : ੧ (338)

ਪਹਿਰੇਉ — ਪਾਵਾਂ, ਪਹਿਣਾਂ
"ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ **ਪਹਿਰੇਉ**।" — ਸਲੋ **ਫਰ**, ੧੦੩ : ੧ (1383)

ਪਹਿਰੇਇ — ਪਾਂਦਾ/ਪਹਿਣਦਾ ਹੈ
"ਕਾਇ ਪਟੋਲਾ ਪਾੜਤੀ ਕੰਬਲੜੀ **ਪਹਿਰੇਇ**।"
— ਸਲੋ **ਫਰ**, ੧੦੪ : ੧ (1383)

ਪਹਿਰੈ — 1. ਪਾਂਦਾ/ਪਹਿਣਦਾ ਹੈ
"**ਪਹਿਰੈ** ਬਾਗਾ ਕਰਿ ਇਸਨਾਨਾ ਚੋਆ ਚੰਦਨ ਲਾਇ।" — ਗਉ **੫**, ੧੫੨*, ੩ : ੧ (213)
"ਸੂਹਾ ਵੇਸੁ ਸਭੁ ਉਤਾਰਿ ਧਰੇ ਗਲਿ **ਪਹਿਰੈ** ਖਿਮਾ ਸੀਗਾਰੁ।" (ਪਹਿਣੇ, ਪਾਵੇ)
— ਸੂਹੀ **੩**, ਵਾਰ ੪ਸ, **੩**, ੧ : ੪ (786)
2. ਪਹਿਰ ਵਿਚ, ਤਿੰਨ ਘੰਟੇ ਦੀ ਇਕ ਇਕਾਈ ਵਿਚ
"ਪਹਿਲੈ **ਪਹਿਰੈ** ਫੁਲੜਾ ਫਲੁ ਭੀ ਪਛਾ ਰਾਤਿ।"
— ਸਲੋ **ਫਰ**, ੧੧੨ : ੧ (1384)

ਪਹਿਲ — ਪਹਿਲਾਂ, ਅਵਲ
"**ਪਹਿਲ** ਪੁਰਸਾਬਿਰਾ।"
— ਧਨਾ **ਨਾਮ**, ੪, ੧* : ੧ (693)
"**ਪਹਿਲ** ਬਸੰਤੈ ਆਗਮਨਿ ਤਿਸ ਕਾ ਕਰਹੁ ਬੀਚਾਰੁ।"
— ਸੂਹੀ **੩**, ਵਾਰ ੧੯ਸ, **੨**, ੨ : ੧ (791)

ਪਹਿਲਰੀਆ — ਪਹਿਲਾਂ ਤੋਂ
"ਓਇ ਪ੍ਰਿਅ ਪ੍ਰੀਤਿ ਚੀਤਿ **ਪਹਿਲਰੀਆ**।" (ਭਾਵ ਧੁਰ ਤੋਂ ਹੀ) — ਸਾਰ **੫**, ੪੫, ੧* : ੧ (1213)

ਪਹਿਲਵਾਨੜਾ — ਲਾਡਲਾ ਪਹਿਲਵਾਨ (ਫਾ ਪਹਲਵਾਨ)

"ਹਉ ਗੋਸਾਈ ਦਾ **ਪਹਿਲਵਾਨੜਾ**।"
— ਸਿਰੀ **੫**, ਅਸ ੨੯, ੧੭ : ੧ (74)

ਪਹਿਲੜੀ — ਪਹਿਲੀ, ਅਰੰਭਲੀ
"ਹਰਿ **ਪਹਿਲੜੀ** ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ।"
— ਸੂਹੀ **੪**, ਛੰਤ ੨, ੧ : ੧ (773)

ਪਹਿਲਾ — 1. ਪਹਿਲਾਂ, ਪਹਿਲੇ, ਅਰੰਭ ਤੋਂ
"**ਪਹਿਲਾ** ਧਰਤੀ ਸਾਧਿ ਕੈ ਸਚੁ ਨਾਮੁ ਦੇ ਦਾਨੁ।"
— ਸਿਰੀ **੧**, ੧੩, ੨ : ੨ (19)

ਹੋਰ ਰੂਪ — ਪਹਿਲਾਂ —
"ਕਾਮਣਿ ਤਉ ਸੀਗਾਰੁ ਕਰਿ ਜਾ **ਪਹਿਲਾਂ** ਕੰਤੁ ਮਨਾਇ।"
— ਸੂਹੀ **੩**, ਵਾਰ ੯ਸ, **੩**, ੧ : ੧ (788)

2. ਮੁੱਢਲਾ, ਸ਼ੁਰੂ ਵਾਲਾ, ਪ੍ਰਥਮ
"**ਪਹਿਲਾ** ਪਹਰੁ ਧੰਧੈ ਗਇਆ ਦੂਜੈ ਭਰਿ ਸੋਇਆ।"
— ਸਿਰੀ **੫**, ੭੪, ੩ : ੧ (43)

ਪਹਿਲੀ — 1. ਭਾਵ ਪਿਛਲੀ, ਪੂਰਬਲੀ
"**ਪਹਿਲੀ** ਕਰੂਪਿ ਕੁਜਾਤਿ ਕੁਲਖਨੀ ਸਾਹੁਰੈ ਪੇਈਐ ਬੁਰੀ।" —ਆਸਾ **ਕਬ**, ੩੨, ੧ : ੧ (483)

2. ਪ੍ਰਥਮ
"ਜਨੁ ਕਹੈ ਨਾਨਕੁ ਲਾਤ **ਪਹਿਲੀ** ਆਰੰਭ ਕਾਜੁ ਰਚਾਇਆ।"
— ਸੂਹ **੪**, ਛੰਤ ੨, ੧ : ੬ (773)

ਪਹਿਲੇ — ਪਹਿਲਾਂ
"**ਪਹਿਲੇ** ਬਾਸੁ ਲਈ ਹੈ ਭਵਰਹ ਬੀਠਲ ਭੈਲਾ ਕਾਇ ਕਰਉ।"
— ਆਸਾ **ਨਾਮ**, ੨, ੨ : ੨ (485)

ਪਹਿਲੈ — 1. ਪ੍ਰਥਮ
"**ਪਹਿਲੈ** ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ।"
— ਸਿਰੀ **੧**, ਪਹ ੧, ੧ : ੧ (74)

2. ਪਹਿਲਾਂ
"**ਪਹਿਲੈ** ਪਿਆਰਿ ਲਗਾ ਥਣ ਦੁਧਿ।"
— ਮਾਝ **੧**, ਵਾਰ ੧ਸ, **੧**, ੨ : ੧ (137)

ਪਹਿਲੋ — ਪਹਿਲੋ, ਪ੍ਰਥਮ ਸਥਾਨ ਤੇ
"**ਪਹਿਲੋ** ਦੇ ਤੈਂ ਰਿਜਕੁ ਸਮਾਹਾ।"
— ਮਾਝ **੫**, ਅਸ ੩੫, ੬ : ੧ (130)

ਪਹੀ — 1. ਪੈਂਦੀ
"ਖਿਨ ਮਹਿ ਥਾਪਿ ਉਥਾਪਨਹਾਰੇ ਕੁਦਰਤਿ ਕੀਮ ਨ **ਪਹੀ**।" — ਦੇਵ **੫**, ੭, ੨ : ੨ (529)

2. ਪਾਂਧੀ, ਰਾਹੀ, ਹੋਰ ਵੇਖੋ 'ਪਹੀਆ'
"**ਪਹੀ** ਨ ਵੰਞੈ ਬਿਰਥੜਾ ਜੋ ਘਰਿ ਆਵੈ ਚਲਿ।"
— ਮਾਰੂ **੫**, ਵਾਰ ੩ਸ, **੫**, ੨ : ੨ (1095)

3. ਡਿੱਗੀ
"ਗੁਰ ਚਰਨ ਮਸਤਕੁ ਡਾਰਿ **ਪਹੀ**।"
— ਮਲਾ **੫**, ੨੬, ੨ : ੩ (1272)

ਪਹੀਆ — ਰਾਹੀ, ਮੁਸਾਫਰ, ਪਾਂਧੀ, ਹੋਰ ਵੇਖੋ 'ਪਹੀ' (2)
"ਆਵਤ **ਪਹੀਆ** ਖੂਧੇ ਜਾਹਿ।"
— ਗੋਂਡ **ਕਬ**, ੮, ੧ : ੨ (872)

ਹੋਰ ਰੂਪ — ਪਹੀਆਹ —
"ਆਵਨਿ ਵੰਞਨਿ ਨਾ ਰਹਨਿ ਪੂਰ ਭਰੇ **ਪਹੀਆਹ**।"
— ਮਾਰੂ **੧**, ਅਸ ੧੦, ੨ : ੨ (1015)

ਪਹੁ — ਕੋਲੋਂ, ਪਾਸੋਂ ਤੋਂ
"ਮੇਰੇ ਮਾਨ ਸੋ ਪ੍ਰਭੁ ਸਦਾ ਨਾਲਿ ਹੈ ਸੁਆਮੀ ਕਹੁ ਕਿਥੈ ਹਰਿ **ਪਹੁ** ਨਸੀਐ।"
— ਗਉ **੪**, ੫੭, ੧ : ੧ (170)

ਪਹੁਚਈ — ਪੁਜਦਾ, ਪਹੁੰਚਦਾ
"ਪੰਡਿਤੁ ਪੜਿ ਨ **ਪਹੁਚਈ** ਬਹੁ ਆਲ ਜੰਜਾਲਾ।"
— ਮਾਰੂ **੧**, ਅਸ ੬, ੪ : ੧ (1012)

ਪਹੁਚਤ — ਪੁਜਨਾ, ਪਹੁਚਿਨਾ
"ਕਾਹੂ ਬੋਲ ਨ **ਪਹੁਚਤ** ਪ੍ਰਾਨੀ।"
— ਗਉ **੫**, ਸੁਖ ੧੮, ੫ : ੩ (287)

ਪਹੁਚਨਹਾਰ — ਪੁਜਣ ਵਾਲਾ, ਪਹੁੰਚਨ ਵਾਲਾ
"ਜਹ ਜਹ ਪੇਖਉ ਤਹ ਤਹ ਸੁਆਮੀ ਕੋਇ ਨ **ਪਹੁਚਨਹਾਰ**।"
— ਧਨਾ **੫**, ੫੨, ੧ : ੧ (683)

ਹੋਰ ਰੂਪ — ਪਹੁਚਨਹਾਰਾ —
"ਤਿਸੁ ਨਹੀ ਦੂਜਾ ਕੋ **ਪਹੁਚਨਹਾਰਾ**।" (ਪਹੁੰਚਨ ਵਾਲਾ) — ਗਉ **੫**, ੭੧*, ੧* : ੨ (176)

ਪਹੁਚਨਹਾਰੁ —
"ਤਿਸੁ ਜਨ ਕਉ ਕੋਇ ਨ **ਪਹੁਚਨਹਾਰੁ**।"

(ਪਹੁੰਚਨ ਵਾਲਾ)
— ਗਉ **੫**, ਸੁਖ ੨੨, ੭ : ੮ (293)

ਪਹੁਚਾਇਦਾ — ਪਹੁੰਚਾਂਦਾ, ਅਪੜਦਾਉਂਦਾ
"ਸਭਨਾ ਸਾਰ ਕਰੇ ਸੁਖਦਾਤਾ ਆਪੇ ਰਿਜਕੁ **ਪਹੁਚਾਇਦਾ**।"
— ਮਾਰੂ **੩**, ਸੋਲਾ ੧੭, ੩ : ੩ (1060)

ਪਹੁਚਾਵਉ — ਪੁਜਦੇ ਕਰਾਂ ਭਾਵ ਭੇਜਾਂ
"ਦੁਤੀਏ ਮਤਾ ਦੂਇ ਮਾਨੁਖ **ਪਹੁਚਾਵਉ**।"
— ਆਸਾ **੫**, ੫, ੧ : ੨ (371)

ਪਹੁਚਾਵਏ — ਪਹੁੰਚਾਉਂਦਾ ਹੈ
"ਮਨਹੁ ਕਿਉ ਵਿਸਾਰੀਐ ਏਵਡੁ ਦਾਤਾ ਜਿ ਅਗਨਿ ਮਹਿ ਆਹਾਰੁ **ਪਹੁਚਾਵਏ**।"
— ਰਾਮ **੩**, ਅਨੰ ੨੮ : ੨ (920)

ਪਹੁਚਾਵਹੁ — ਪਹੁੰਚਾ ਦੇਵੋ
"ਨਿਬਾਹਿ ਲੇਹੁ ਮੋ ਕਉ ਪੁਰਖ ਬਿਧਾਤੇ ਓੜਿ **ਪਹੁਚਾਵਹੁ** ਦਾਤੇ।"
— ਗਉ **੫**, ੧੩੫*, ੧* : ੨ (209)

ਪਹੁਚਾਵਨਿਆ — ਪਹੁੰਚਾ ਦਿੰਦਾ ਹੈ
"ਨਿੰਦਾ ਕਰਿ ਕਰਿ ਬਹੁ ਭਾਰੁ ਉਠਾਵੈ ਬਿਨੁ ਮਜੂਰੀ ਭਾਰ **ਪਹੁਚਾਵਨਿਆ**।"
— ਮਾਝ **੩**, ਅਸ ੧੫, ੪ : ੩ (118)

ਪਹੁਚਿ — ਪੁਜਨਾ, ਅਪੜਨਾ
"**ਪਹੁਚਿ** ਨ ਸਾਕੈ ਕਾਹੂ ਬਾਤੈ ਆਗੈ ਠਉਰ ਨ ਪਾਇਆ।" — ਆਸਾ **੫**, ੪੧, ੧* : ੨ (380)
"**ਪਹੁਚਿ** ਨ ਸਾਕਹਿ ਜਨ ਤੇਰੇ ਕਉ।" (ਪੁਜ ਸਕਨਾ ਭਾਵ ਮੇਚ ਆ ਸਕਨਾ) ਤੁਲਨਾ ਤੇ ਬਰਾਬਰ ਦਾ ਹੋ ਸਕਨਾ)
— ਆਸਾ **੫**, ੭੭, ੨ : ੨ (389)
"**ਪਹੁਚਿ** ਨ ਸਕੈ ਕੋਇ ਤੇਰੀ ਟੇਕ ਜਨ।" (ਪੁਜ ਸਕਨਾ, ਇਥੇ ਭਾਵ ਨੁਕਸਾਨ ਪਹੁੰਚਾ ਸਕਨਾ)
— ਗੂਜ **੫**, ਵਾਰ ੭ : ੩ (519)
"ਰਜਿ ਨ ਕੋਈ ਜੀਵਿਆ **ਪਹੁਚਿ** ਨ ਚਲਿਆ ਕੋਇ।" (ਭਾਵ ਸਾਰੇ ਕੰਮ ਮੁਕਾ ਕੇ)
— ਸਲੋ **੧**, ੩੧ : ੧ (1412)

ਪਹੁਚੇ — ਪਹੁੰਚ/ਪੁਜ ਗਏ
"ਸਾਚੀ ਬਸਤੁ ਕੇ ਭਾਰ ਚਲਾਏ **ਪਹੁਚੇ** ਜਾਇ ਭੰਡਾਰੀ।" — ਕੇਦਾ **ਕਬ**, ੨, ੨ : ੨ (1123)

ਹੋਰ ਰੂਪ — ਪਹੁਚੈ —
"ਸਰੁ ਸੰਧੇ ਆਗਾਸ ਕਉ ਕਿਉ **ਪਹੁਚੈ** ਬਾਣੁ।" (ਪੁਜੇ)
— ਮਾਝ **੧**, ਵਾਰ ੨੨ਸ, ੨, ੨ : ੬ (148)
"ਇਹੁ ਸਰੀਰੁ ਜਜਰੀ ਹੈ ਇਸ ਨੋ ਜਰੁ **ਪਹੁਚੈ** ਆਏ।" (ਭਾਵ ਬੁਢਾਪਾ ਆ ਪਕੜੇਗਾ)
— ਵਡ **੩**, ੪, ੧ : ੧ (584)
"ਜੋ **ਪਹੁਚੈ** ਸੋ ਚਲਣਹਾਰੁ।"
— ਸੂਹੀ **੩**, ਵਾਰ ੧੩ਸ, **੧**, ੧ : ੪ (789)
"ਆਠ ਪਹਰ ਚਿਤਵੈ ਨਹੀ **ਪਹੁਚੈ** ਬੁਰਾ ਚਿਤਵਤ ਚਿਤਵਤ ਮਰੀਐ।" (ਬਰਾਬਰ ਹੋ ਸਕਨਾ) — ਬਿਲਾ **੫**, ੯੫, ੧ : ੨ (823)

ਪਹੁਤਾ — ਪਹੁੰਚਿਆ, ਮਿਲਿਆ
"ਗੁਰਮੁਖਿ ਚਿਤੁ ਨ ਲਾਇਓ ਅਤਿ ਦੁਖੁ **ਪਹੁਤਾ** ਆਇ।"
— ਸੋਰ **੪**, ਵਾਰ ੧੨ਸ, **੩**, ੨ : ੧ (647)
"ਮਹਲੁ ਨ ਪਾਵੈ ਕਹਤੋ **ਪਹੁਤਾ**।" (ਪੁਜਿਆ ਹੋਇਆਂ ਹਾਂ) — ਸੂਹੀ **੫**, ੭, ੧ : ੨ (738)

ਹੋਰ ਰੂਪ — ਪਹੁਤਿਆ —
"ਲੈ ਲੈ ਦਾਤ **ਪਹੁਤਿਆ** ਲਾਵੇ ਕਰਿ ਤਈਆਰੁ।" (ਪਹੁੰਚਿਆ)
— ਸਿਰੀ **੫**, ੭੪, ੨ : ੨ (43)

ਪਹੂਚਹਿ — ਪੁਜਦਾ ਹੈ, ਪਹੁੰਚਦਾ ਹੈ
"ਜਾਇ **ਪਹੂਚਹਿ** ਖਸਮ ਕਉ ਜਉ ਬੀਚਿ ਨ ਖਾਹੀ ਕਾਂਬ।" — ਸਲੋ **ਕਬ**, ੧੩੪ : ੨ (1311)

ਹੋਰ ਰੂਪ — ਪਹੂਚਾ —
"ਨਾਨਕ ਆਪਸ ਕਉ ਆਪਹਿ **ਪਹੂਚਾ**।" (ਪਹੁੰਚਦਾ, ਬਰਾਬਰੀ ਕਰਦਾ)
— ਗਉ **੫**, ਸੁਖ ੨੧, ੬ : ੧੦ (291)

ਪਹੂਚਿਓ —
"ਕਾਲੁ ਤਉ **ਪਹੂਚਿਓ** ਆਨਿ ਕਹਾ ਜੈਹੈ ਭਾਜਿ ਰੇ।" (ਪੁਜਾ)
— ਜੈਜਾ **੯**, ੪, ੧* : ੪ (1353)

ਪਹੂੰਚਿਓ —
"ਕਬੀਰਾ ਰਾਮੁ ਨ ਚੇਤਿਓ ਜਰਾ **ਪਹੂੰਚਿਓ** ਆਇ।" (ਪੁਜਾ)
— ਸਲੋ **ਕਬ**, ੧੩੨ : ੧ (1371)

ਪਹੂਚੀ — ਪੁਜੀ, ਪਹੁੰਚੀ
"ਜਨ ਕਾ ਰਾਖਾ ਆਪਿ ਸੁਆਮੀ ਬੇਮੁਖ ਕਉ ਆਇ **ਪਹੂਚੀ** ਮੀਚ।"
— ਸਾਰ **੫**, ੧੦੬, ੧* : ੨ (1224)

ਹੋਰ ਰੂਪ — ਪਹੂਚੀਐ —
"ਲੇਖਾ ਪੜਿ ਨ **ਪਹੂਚੀਐ** ਕਥਿ ਕਹਣੈ ਅੰਤੁ ਨ ਪਾਇ।"
— ਆਸਾ **੩**, ਅਸ ੩੨, ੭ : ੧ (427)

ਪਹੂਚੁ —
"ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ **ਪਹੂਚੁ**।" ਪਹੁੰਚਣ ਵਾਲਾ ਭਾਵ (ਜਾਣ ਵਾਲਾ ਹੈ) —ਸਿਰੀ **੧**, ਅਸ ੧੭, ੪ : ੧ (64)

ਪਹੂਚੇ —
"ਸਾਧੂ ਨ ਹੋਈਐ ਕਾਹੂ ਜਤਨਾ ਓੜਕਿ ਕੋ ਨ **ਪਹੂਚੈ**।" (ਪਹੁੰਚਦਾ)
—ਸੋਰ **੫**, ੯, ੧ : ੨ (611)

ਪਹੂਚੈ —
"ਜਿਹ ਪ੍ਰਸਾਦਿ ਤੁਝੁ ਕੋ ਨ **ਪਹੂਚੈ**।" (ਪਹੁਚਾਉਂਦਾ)
— ਗਉ **੫**, ਸੁਖ ੬, ੩ : ੭ (270)
"ਸੰਤ ਕਾ ਦੋਖੀ ਕਿਤੈ ਕਾਜਿ ਨ **ਪਹੂਚੈ**।" (ਪ੍ਰਾਪਤ ਕਰਦਾ)
— ਗਉ **੫**, ਸੁਖ ੧੩, ੫ : ੨ (280)

ਪਹੂੰਚੋ —
"ਨਾ ਹਰਿ ਭਜਿਓ ਨ ਖਤੁ ਫਟਿਓ ਕਾਲੁ **ਪਹੂਚੋ** ਆਇ।" (ਪੁਜਾ)
— ਸਲੋ **ਕਬ**, ੨੦੮ : ੨ (1375)

ਪੰਕ — 1. ਧੂੜ, ਚਰਨਧੂੜ
"ਤਿਨ ਕੀ **ਪੰਕ** ਹੋਵੈ ਜੇ ਨਾਨਕੁ ਤਉ ਮੂੜਾ ਕਿਛੁ ਪਾਈ ਰੇ।" — ਗਉ **੧**, ੧੬, ੪ : ੨ (156)
2. ਪੰਕਜ, ਕਮਲ
"ਉਰਧ **ਪੰਕ** ਲੈ ਸੂਧਾ ਕਰੈ।"
— ਗਉ **ਕਬ**, ਵਾ ੪ : ੪ (344)
3. ਖੰਭ, ਪਰ, ਪੰਖ
"ਪੰਕਜ ਫਾਥੇ **ਪੰਕ** ਮਹਾ ਮਦ ਗੁੰਫਿਆ।"
— ਫੁਨ **੫**, ੧੫ : ੧ (1363)
(ਮਹਾਨ ਕੋਸ਼ ਇਸ ਦੇ ਅਰਥ "ਫੁਲ ਦਾ ਮਧੁ ਪੀਣ ਵਾਲਾ ਭੌਰ" ਕਰਦਾ ਹੈ। ('ਕੋਸ਼' ਇਸ ਦੇ ਅਰਥ 'ਕਮਲ' ਕਰਦਾ ਹੈ)

ਪੰਕਜ — 1. ਚਿਕੜ
"ਭ੍ਰਮ ਕੀ ਕੁਈ ਤ੍ਰਿਸਨਾ ਰਸ **ਪੰਕਜ** ਅਤਿ ਤੀਖ੍ਯਣ ਮੋਹ ਕੀ ਫਾਸ।"
— ਗਉ **੫**, ੧੨੦*, ੧ : ੧ (204)

ਹੋਰ ਰੂਪ — ਪੰਕਜੁ —
"**ਪੰਕਜੁ** ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ।" (ਮੋਹ ਦਾ ਚਿਕੜ)
— ਆਸਾ **੧**, ਸੋਪੁ ੩, ੧ : ੨ (12)
2. (ਪੰਕ) ਚਿਕੜ ਤੋਂ ਉਪਜਿਆ ਭਾਵ ਕਮਲ
"ਤਿਨ ਕੀ ਪਗ **ਪੰਕਜ** ਹਮ ਧੂਰਿ।" (ਚਰਨ ਕਮਲਾਂ ਦੀ ਧੂੜ)
— ਗਉ **ਕਬ**, ੨੬, ੨ : ੨ (328)
3. ਕਮਲ ਭਾਵ ਅੱਖ
"ਪਲ **ਪੰਕਜ** ਮਹਿ ਕੋਟਿ ਉਧਾਰੇ।" (ਅਖ ਦੇ ਪਲਕਾਰੇ ਵਿਚ)
— ਧਨਾ **੧**, ਅਸ ੨, ੭ : ੩ (686)

ਪਕੰਦੀ — ਪਕਦੀ
"ਸਾਖ **ਪਕੰਦੀ** ਆਈਆ ਹੋਰ ਕਰੇਂਦੀ ਵੰਨ।"
— ਸਲੋ **ਫਰ**, ੧੧ : ੨ (1378)

ਪਕਨਿ — ਦ੍ਰਿੜ ਹੋਣ, ਸਿਰੇ ਚੜਨ
"ਮਤਾ ਕਰਉ ਸੋ **ਪਕਨਿ** ਨ ਦੇਈ।"
— ਅਸਾ **੫**, ੪, ੧ : ੧ (371)

ਪਕਰਸਿ — ਪਕੜੇਗਾ
"ਧਰਮ ਰਾਇ ਜਬ **ਪਕਰਸਿ** ਬਵਰੇ ਤਬ ਕਿਆ ਜਬਾਬੁ ਕਰੇਇ।"
— ਸਿਰੀ **੫**, ਪਹ ੪, ੨ : ੫ (77)

ਪਕਰਾਇ — ਫੜਾਓ, ਪਕੜਾਓ
"ਮੋਹ ਚੀਕੜਿ ਫਾਥੇ ਨਿਘਰਤ ਹਮ ਜਾਤੇ ਹਰਿ ਬਾਂਹ ਪ੍ਰਭੂ **ਪਕਰਾਇ** ਜੀਉ।"
— ਆਸਾ **੪**, ਛੰਤ ੧੨, ੪ : ੨ (447)

ਹੋਰ ਰੂਪ — ਪਕਰਾਈ —
"ਪ੍ਰਭਿ ਬਾਂਹ **ਪਕਰਾਈ** ਊਤਮ ਮਤਿ ਪਾਈ ਗੁਰ ਚਰਣੀ ਜਨ ਲਾਗਾ।" (ਫੜਾਈ)
— ਆਸਾ **੪**, ਛੰਤ ੧੨, ੪ : ੨ (447)

ਪਕਰਾਏ —
"ਗੁਰਿ **ਪਕਰਾਏ** ਹਰਿ ਕੇ ਚਰਨਾ।" (ਫੜਾਏ)

— ਰਾਮ **੫**, ੨੬, ੨ : ੨ (887)

ਪਕਰਿ — ਫੜ ਕੇ

"ਬਾਹ **ਪਕਰਿ** ਲੀਨੋ ਕਰਿ ਅਪਨਾ।"

— ਗਉ **੫**, ੯੬, ੨ : ੩ (184)

ਹੋਰ ਰੂਪ — ਪਕਰਿਓ —

"ਸਾਧ ਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ **ਪਕਰਿਓ** ਗਢ ਕੋ ਰਾਜਾ।"

— ਭੈਰ **ਕਬ**, ੧੭, ੫ : ੨ (1161)

ਪਕਰਿਆ —

"ਪ੍ਰਹਿਲਾਦੁ ਜਨੁ ਹਰਨਾਖਿ **ਪਕਰਿਆ** ਹਰਿ ਰਾਖਿ ਲੀਓ ਤਰਾਇਆ।" (ਪਕੜਿਆ)

— ਮਾਲੀ **੪**, ੧, ੨ : ੨ (984)

ਪਕਰੀ —

"ਨਾਨਕ ਓਟ **ਪਕਰੀ** ਪ੍ਰਭ ਸੁਆਮੀ।" (ਪਕੜੀ, ਫੜੀ)

— ਗਉ **੫**, ੧੦੮*, ੪ : ੨ (201)

ਪਕਰੇ —

"ਜਨਮ ਦੋਖ ਪਰੇ ਮੇਰੇ ਪਾਛੈ ਅਬ **ਪਕਰੇ** ਨਿਹਚਲੁ ਸਾਧੂ ਪਾਇ।" (ਫੜੇ)

— ਆਸਾ **੫**, ੮, ੩ : ੧ (373)

"ਮ੍ਰਿਗ **ਪਕਰੇ** ਬਿਨੁ ਘੋਰ ਹਥੀਆਰ।" (ਪਕੜੇ, ਕਾਬੂ ਕੀਤੇ)

— ਭੈਰ **੫**, ੪, ੧* : ੨ (1136)

ਪਕਰੈ —

"ਜਗਿ ਮਰਣੁ ਨ ਭਾਇਆ ਨਿਤ ਆਪੁ ਲੁਕਾਇਆ ਮਤ ਜਮੁ **ਪਕਰੈ** ਲੈ ਜਾਇ ਜੀਉ।" (ਫੜਕੇ)

— ਆਸਾ **੪**, ਛੰਤ, ੧੩, ੨ : ੧ (447)

"ਉਸੁ ਸਾਚੇ ਦੀਬਾਨ ਮਹਿ ਪਲਾ ਨ **ਪਕਰੈ** ਕੋਇ।" (ਭਾਵ ਕੋਈ ਤੰਗ ਨਹੀਂ ਕਰੇਗਾ)

— ਸਲੋ **ਕਬ**, ੨੦੧ : ੨ (1375)

ਪਕੜਹਿ — ਫੜੇ, ਪਕੜੇ

"ਚੜਿ ਕੈ ਘੋੜੜੈ ਕੁੰਦੇ **ਪਕੜਹਿ** ਖੂੰਡੀ ਦੀ ਖੇਡਾਰੀ।"

— ਗਉ **੫**, ਵਾਰ ੧੯ਸ, **੫**, ੨ : ੧ (322)

ਪਕੜਾਏ — ਫੜਾਏ

"ਗੁਰਿ **ਪਕੜਾਏ** ਪ੍ਰਭ ਕੇ ਪੈਰਾ।"

— ਮਾਰੂ **੫**, ਸੋਲਾ ੧੩, ੧੫ : ੨ (1085)

ਪਕੜਿ — ਫੜਕੇ, ਪਕੜ ਕੇ

"ਬਾਹ **ਪਕੜਿ** ਗੁਰਿ ਕਾਢਿਆ ਸੋਈ ਉਤਰਿਆ ਪਾਰਿ।" — ਸਿਰੀ **੫**, ੭੬, ੩ : ੩ (44)

ਹੋਰ ਰੂਪ — ਪਕੜਿਆ —

"ਜਮਿ **ਪਕੜਿਆ** ਤਬ ਹੀ ਪਛੁਤਾਨਾ।" (ਫੜਿਆ)

— ਗਉ **੩**, ਅਸ ੨, ੬ : ੩ (230)

ਪਕੜੀ —

"ਢਾਹਿ ਮੜੋਲੀ ਲੂਟਿਆ ਦੇਹੁਰਾ ਸਾਧਨ **ਪਕੜੀ** ਏਕ ਜਨਾ।" (ਫੜੀ, ਫੜ ਲਈ)

— ਗਉ **੧**, ੧੪, ੩ : ੧ (155)

"ਨਾਨਕ **ਪਕੜੀ** ਟੇਕ ਏਕ ਪਰਮੇਸਰੁ ਰਖੈ ਨਿਦਾਨ।" (ਫੜੀ, ਲਈ)

— ਰਾਮ **੫**, ਛੰਤ ੪, ੩ਸ : ੨ (926)

ਪਕੜੀਐ —

"ਅਹਿ ਕਰੁ ਕਰੇ ਸੁ ਅਹਿਕਰੁ ਪਾਏ ਕੋਈ ਨ **ਪਕੜੀਐ** ਕਿਸੈ ਥਾਇ।" (ਫੜੀਏ)

— ਆਸਾ **੫**, ੧੪੦, ੩ : ੨ (406)

ਪਕੜੇ —

"ਨਾਨਕ **ਪਕੜੇ** ਚਰਣ ਹਰਿ ਤਿਸੁ ਦਰਗਹ ਮਲੈ।" (ਫੜੇ)

— ਗਉ **੫**, ਵਾਰ ੮ : ੫ (320)

"**ਪਕੜੇ** ਚਲਾਇਆ ਅਪਣਾ ਕਮਾਇਆ ਮਹਾ ਮੋਹਨੀ ਰਾਤਿਆ।" (ਫੜ ਕੇ)

— ਬਿਹਾ **੫**, ਛੰਤ ੭, ੩ : ੩ (546)

ਪਕੜੈ —

"ਘਟੁ ਬਿਨਸੈ ਦੁਖੁ ਅਗ ਲੋ ਜਮੁ **ਪਕੜੈ** ਪਛੁਤਾਇ।" (ਫੜਨ ਤੇ)

— ਸਿਰੀ **੧**, ਅਸ ੧੦, ੫ : ੨ (59)

ਪਕਾ — 1. ਪੂਰੀ ਤਰਾਂ ਰਸ ਦਾਇਕ ਹੋ ਜਾਣਾ, ਕਟਣ, ਤੋੜਨ ਅਥਵਾ ਆਪਣੇ ਆਪ ਝੜਨ ਲਈ ਤਿਆਰ

"ਜਾ **ਪਕਾ** ਤਾ ਕਟਿਆ ਰਹੀ ਸੁ ਪਲਰਿ ਵਾੜਿ।"

— ਮਾਝ **੧**, ਵਾਰ ੧੧ਸ, **੧**, ੧ : ੧ (142)

2. ਮੁਸਤਕਿਲ, ਪਰਮਾਨੈਂਟ

"ਜਿਉ **ਪਕਾ** ਰੋਗੀ ਵਿਲਲਾਇ।"

— ਧਨਾ **੧**, ੫, ੧ : ੪ (661)

3. ਪਕਾਇਆ, ਅਗ ਨਾਲ ਰਿਣਨਾ

"ਨਾਨਕ ਪੀਠਾ **ਪਕਾ** ਸਾਜਿਆ ਧਰਿਆ ਆਣਿ ਮਉਜੂਦੁ।"
— ਮਾਰੂ **੫**, ਵਾਰ ੬ਸ, **੫**, ੨ : ੧ (1096)

ਪਕਾਇਆ — 1. ਨਜਿਠਿਆ, ਭਾਵ ਕੀਤਾ
"ਗੁਣੀ ਗਿਆਨੀ ਬਹਿ ਮਤਾ **ਪਕਾਇਆ** ਫੇਰੇ ਤਤੁ ਦਿਵਾਏ।"— ਸੂਹੀ **੪**, ਛੰਤ ੧, ੪ : ੪ (773)
2. ਰਿੰਨ੍ਹਿਆ
"ਅਗਨਿ ਭੀ ਜੂਠੀ ਪਾਨੀ ਜੂਠਾ ਜੂਠੀ ਬੈਸਿ **ਪਕਾਇਆ**।"
— ਬਸੰ **ਕਬ**, ੭, ੩ : ੧ (1195)
3. ਦ੍ਰਿੜ੍ਹ ਸੰਕਲਪ ਕਰਨਾ
"ਇਸਤ੍ਰੀ ਪੁਰਖੈ ਅਤਿ ਨੇਹੁ ਬਹਿ ਮੰਦੁ **ਪਕਾਇਆ**।"
— ਸਾਰ **੪**, ਵਾਰ ੩੩ : ੧ (1250)

ਪਕਾਈ — ਪੁਖਤਗੀ, ਪਕਾਪਣ, ਪਕਿਆਈ
"ਕਚ **ਪਕਾਈ** ਓਥੈ ਪਾਇ।"
— ਜਪੁ **੧**, ੩੪ : ੧੦ (7)

ਪਕਾਈਆ — ਅਗ ਉਤੇ ਸੇਕੀਆਂ ਭਾਵ ਬਣਾਈਆ
"ਨਾਨਕ ਕੁਸਰੀਆ **ਪਕਾਈਆ** ਪਾਈਆ ਥਾਲੈ ਮਾਹਿ।"
— ਮਾਰੂ **੫**, ਵਾਰ ੬ਸ, **੫**, ੩ : ੧ (1096)

ਪਕਾਈਐ — ਨਿਰਣਾ ਕਰੀਏ, ਨਜਿਠੀਏ, ਕਰੀਏ
"ਸੁਣਿ ਸਖੀਏ ਇਹ ਭਲੀ ਬਿਨੰਤੀ ਏਹੁ ਮਤਾਂਤੁ **ਪਕਾਈਐ**।"
— ਗਉ **੫**, ਛੰਤ ੪, ੨ : ੧ (249)

ਪਕਾਏ — ਬਣਾਏ
"ਰਾਜਾ ਰਾਮ ਕਕਰੀਆ ਬਰੇ **ਪਕਾਏ**।"
— ਆਸਾ **ਕਬ**, ੬, ੧* : ੧ (477)

ਪਕਾਵੈ — ਰਿੰਨੇ, ਬਣਾਏ
"ਆਪਿ **ਪਕਾਵੈ** ਆਪਿ ਭਾਂਡੇ ਦੇਇ ਪਰੋਸੈ ਆਪੇ ਹੀ ਬਹਿ ਖਾਵੈ।"
— ਬਿਹਾ **੪**, ਵਾਰ ੬ : ੨ (551)

ਪਕਿਆ — ਦ੍ਰਿੜ, ਕਚੇ ਦੇ ਉਲਟ, ਨਾਲ ਨਿਬਹਨ ਵਾਲਾ
"ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ **ਪਕਿਆ**।"
— ਮਾਰੂ **੫**, ਵਾਰ ੨੨ਸ, **੫**, ੧ : ੧ (1102)

ਪਕੀ — 1. ਵਢਣ ਲਈ ਤਿਆਰ
"ਹਰੀ ਨਾਹੀ ਨਹ ਡਡੁਰੀ **ਪਕੀ** ਵਢਣਹਾਰ।"
— ਸਿਰੀ **੫**, ੭੪, ੨ : ੧ (43)
2. ਪੁਗੀ ਹੋਈ
"ਦੇਖਹਿ ਕੀਤਾ ਆਪਣਾ ਧਰਿ ਕਚੀ **ਪਕੀ** ਸਾਰੀਐ।" (ਭਾਵ ਚੰਗੇ ਮੰਦੇ ਜੀਵ)
— ਆਸਾ **੧**, ਵਾਰ ੨੦ : ੨ (474)

ਪਕੀਆਂ — ਖਾਣ ਲਈ ਤਿਆਰ, ਰਸਦਾਇਕ ਹੋਣਾ
"ਫਰੀਦਾ ਰਬ ਖਜੂਰੀ **ਪਕੀਆਂ** ਮਾਖਿਅ ਨਈ ਵਹੰਨਿ੍।" — ਸਲੋ **ਫਰ**, ੮੯ : ੧ (1382)

ਪਕੀਸਾਰੀ — ਚੌਪੜ ਦੀ ਉਹ ਨਰਦ ਜੋ ਚੌਪੜ ਦੇ 42 ਘਰ ਲੰਘਾ ਕੇ ਪੁੰਗ ਜਾਵੇ
"ਆਪੇ ਧਰਿ ਦੇਖਹਿ ਕਚੀ **ਪਕੀਸਾਰੀ**।"
— ਮਾਝ **੩**, ਅਸ ੭, ੭ : ੨ (113)

ਪੰਕੁ — ਖੰਭ, ਪਰ
"ਮੇਰੇ ਠਾਕੁਰ ਕੇ ਜਨ ਅਲਿਪਤ ਹੈ ਮੁਕਤੇ ਜਿਉ ਮੁਰਗਾਈ **ਪੰਕੁ** ਨ ਭੀਜੈ।"
— ਕਲਿ **੪**, ਅਸ ੨, ੨ : ੨ (1324)

ਪਕੇ — ਪੁੱਖਤਾ, ਚੂਨੇ, ਸੀਮੰਟ ਆਦਿ ਨਾਲ ਚਿਣਿਆ
"ਦਰ ਘਰ ਮਹਲਾ ਸੋਹਣੇ **ਪਕੇ** ਕੋਟ ਹਜਾਰ।"
— ਸਿਰੀ **੧**, ਅਸ ੧੬, ੩ : ੧ (63)

ਪਕੈ — 1. ਪਕਦਾ ਹੈ, ਰਸਦਾਇਕ ਹੁੰਦਾ ਹੈ
"ਰਸਿ ਰਸਿਆ ਹਰਿਆ ਸਦਾ **ਪਕੈ** ਕਰਮਿ ਧਿਆਨਿ।"
— ਮਾਝ **੧**, ਵਾਰ ੨੦ਸ, **੧**, ੧ : ੨ (147)
"ਦਹਦਿਸਿ ਸਾਖ ਹਰੀ ਹਰੀਆਵਲ ਸਹਜਿ **ਪਕੈ** ਸੋ ਮੀਠਾ।" — ਤੁਖਾ **੧**, ਬਾਰਾ ੧੧ : ੫ (1109)
2. ਪੁਗੇ
"ਸਤਰੰਜ ਬਾਜੀ **ਪਕੈ** ਨਾਹੀ ਕਚੀ ਆਵੈ ਸਾਰੀ।"
— ਆਸਾ **੧**, ੩੬, ੩ : ੨ (359)

ਪਖ — ਪਾਸੇ, ਪਹਿਲੂ
"ਦੁਖੀ ਦੁਹਾਗਨਿ ਦੁਇ **ਪਖ** ਹੀਨੀ।"
— ਸੂਹੀ **ਰਵਿ**, ੧, ੨ : ੧ (793)

ਪੰਖ — 1. ਖੰਭ, ਪਰ
"ਕਲਿ ਕਾਤੀ ਰਾਜੇ ਕਾਸਾਈ ਧਰਮੁ **ਪੰਖ** ਕਰਿ ਉਡਰਿਆ।" (ਪਰ ਲਾਕੇ)

— ਮਾਝ **੧**, ਵਾਰ ੧੬ਸ, **੧**, ੧ : ੧ (145)

2. ਭਾਵ ਪੰਛੀ

"ਕੇਤੇ ਨਾਗ ਕੁਲੀ ਮਹਿ ਆਏ ਕੇਤੇ **ਪੰਖ** ਉਡਾਏ।" (ਭਾਵ ਪੰਛੀ ਬਣੇ)

— ਗਉ **੧**, ੧੭, ੨ : ੨ (156)

"ਫਰੀਦਾ **ਪੰਖ** ਪਰਾਹੁਣੀ ਦੁਨੀ ਸੁਹਾਵਾ ਬਾਗੁ।" (ਭਾਵ ਜੀਵ ਰੂਪ ਪੰਛੀ)

— ਸਲੋ **ਫਰ**, ੭੯ : ੧ (1382)

ਪਖਈਆਂ — ਧੋਂਦਾ ਹਾਂ

"ਕ੍ਰਿਪਾ ਕਰਹੁ ਮਧਸੂਦਨ ਮਾਧਉ ਮੈ ਖਿਨੁ ਖਿਨੁ ਸਾਧੂ ਚਰਣ **ਪਖਈਆਂ**।"

— ਬਿਲਾ **੪**, ਅਸ ੪, ੧* : ੨ (835)

ਪੰਖਣੂ — ਖੰਭਾਂ ਵਾਲਾ ਜੀਵ, ਪੰਛੀ

"ਖੇਲਿ ਗਏ ਸੇ **ਪੰਖਣੂ** ਜੋ ਚੁਗ ਦੇ ਸਰ ਤਲਿ।"

— ਸਿਰੀ **੧**, ਅਸ ੧੧, ੮ : ੧ (60)

"ਨਾਰਿ ਨ ਪੁਰਖੁ ਨ **ਪੰਖਣੂੰ** ਸਾਚਉ ਚਤੁਰੁ ਸਰੂਪੁ।"

— ਮਾਰੂ **੧**, ਅਸ ੩, ੭ : ੨ (1010)

ਪਖਲਾਵਉ — ਧੋਵਾਂ

"ਜਲ ਢੋਵਉ ਇਹ ਸੀਸ ਕਰਿ ਕਰ ਪਗ **ਪਖਲਾਵਉ**।" — ਬਿਲਾ **੫**, ੫੧, ੧ : ੧ (813)

ਪਖਾ — 1. ਹਵਾ ਝੁਲਾਉਣ ਦਾ ਯੰਤਰ

"ਪੈਰਾ ਧੋਵਾ **ਪਖਾ** ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ।"

— ਸਿਰੀ **੫**, ਅਸ ੨੯, ੧੦ : ੩ (73)

2. ਪਖਾ ਝਲਣ ਦੀ ਸੇਵਾ

"ਪਾਨੀ **ਪਖਾ** ਕਰਉ ਤਜਿ ਅਭਿਮਾਨ।"

— ਆਸਾ **੫**, ੮੪, ੧ : ੩ (391)

"**ਪਖਾ** ਪਾਣੀ ਪੀਸਿ ਬਿਗਸਾ ਪੈਰ ਧੋਇ।"

— ਗੂਜ **੫**, ਵਾਰ ੩ : ੬ (518)

ਪਖਾਣੀ — ਪਥਰਾਂ ਦੇ

"ਅਚਿੰਤ ਦਾਨੁ ਦੇਇ ਪ੍ਰਭੁ ਮੇਰਾ ਵਿਚਿ ਪਾਥਰ ਕੀਟ **ਪਖਾਣੀ** ਹੇ।"

— ਮਾਰੂ **੪**, ਸੋਲਾ ੨, ੬ : ੩ (1070)

ਪਖਾਨ — ਪਥਰ

"ਜਹਾ ਜਾਈਐ ਤਹ ਜਲ **ਪਖਾਨ**।" (ਭਾਵ ਠਾਕਰ ਦੁਆਰੇ) — ਬਸੰ **ਰਾਮਾ**, ੧, ੨ : ੧ (1195)

ਪਖਾਰਉ — ਧੋਵਾਂ

"ਚਰਨ **ਪਖਾਰਉ** ਕਰਿ ਸੇਵਾ ਜੇ ਠਾਕੁਰ ਭਾਵੈ।"

— ਬਿਲਾ **੫**, ੩੫, ੪ : ੧ (809)

ਪਖਾਰਿ — ਧੋ ਕੇ

"ਚਰਣ **ਪਖਾਰਿ** ਕਰਉ ਗੁਰ ਸੇਵਾ ਬਾਰਿ ਜਾਉ ਲਖ ਬਰੀਆ।"

— ਗਉ **੫**, ੧੨੮*, ੪ : ੧ (207)

ਹੋਰ ਰੂਪ — ਪਖਾਰੀਐ —

"ਬਾਹਰੁ ਉਦਕਿ **ਪਖਾਰੀਐ** ਘਟ ਭੀਤਰਿ ਬਿਬਿਧਿ ਬਿਕਾਰ।" (ਧੋਈਏ)

— ਗਉ **ਰਵਿ**, ਅਸ ੧, ੪ : ੧ (346)

ਪਖਾਰੇ —

"ਇਕ ਬਿਨਉ ਬੇਨਤੀ ਕਰਉ ਗੁਰ ਆਗੈ ਮੈਂ ਸਾਧੂ ਚਰਨ **ਪਖਾਰੇ**।" (ਧੋਵਾਂ)

— ਨਟ **੪**, ਅਸ ੧, ੨ : ੨ (980)

ਪਖਾਰੈ —

"ਕਰ ਸੰਗਿ ਸਾਧੂ ਚਰਨ **ਪਖਾਰੈ** ਸੰਤ ਧੂਰਿ ਤਨਿ ਲਾਵੈ।" (ਧੋਵੇ)

— ਆਸਾ **੫**, ੪੩, ੩ : ੧ (381)

"ਜਨ ਨਾਨਕੁ ਤਿਨ ਕੇ ਚਰਨ **ਪਖਾਰੈ** ਜੋ ਹਰਿ ਚਰਨੀ ਜਨੁ ਲਾਗਾ।" (ਧੋਂਦਾ ਹੈ)

— ਮਾਲੀ **੪**, ੪, ੪ : ੨ (985)

ਪਖਾਲਦੇ — ਧੋਂਦੇ ਹਾਂ

"ਹਮ ਤਿਨ ਕੇ ਚਰਣ **ਪਖਾਲਦੇ** ਧੂੜਿ ਘੋਲਿ ਘੋਲਿ ਪੀਜੈ।" — ਤਿਲੰ **੪**, ਅਸ ੨, ੧੨ : ੨ (726)

ਪਖਾਲਾ — ਧੋਵਾਂ

"ਪਾਉ **ਪਖਾਲਾ** ਤਿਸ ਕੇ ਮਨਿ ਤਨਿ ਨਿਤ ਭਾਵਉ।"

— ਗਉ **੫**, ਵਾਰ ੧ਸ, **੫**, ੨ : ੨ (318)

ਹੋਰ ਰੂਪ — ਪਖਾਲਿ —

"ਵਸਤ੍ਰ **ਪਖਾਲਿ** ਜੋ ਤੇਰੈ ਮਾਰਗਿ ਚਾਲੈ।" (ਧੋ ਕੇ)

— ਮਾਝ **੧**, ਵਾਰ ੪ਸ, **੧**, ੨ : ੧ (139)

ਪਖਾਲੀ —

"ਤਿਸੁ ਚਰਣ **ਪਖਾਲੀ** ਜੋ ਤੇਰੈ ਮਾਰਗਿ ਚਾਲੈ।" (ਧੋਵਾਂ) — ਮਾਝ **੫**, ੨੭, ੨ : ੧ (102)

ਪਖਾਲੀਅਹਿ —

"ਤਿਸ ਕੇ ਚਰਨ **ਪਖਾਲੀਅਹਿ** ਨਾਨਕ ਹਉ ਬਲਿਹਾਰੈ ਜਾਉ।" (ਧੋਈਐ)

— ਬਿਹਾ **੪**, ਵਾਰ ੬ਸ, **੧**, ੧ : ੪ (550)

ਪਖਾਲੀਐ —

"ਪਾਹਣੁ ਨੀਰਿ **ਪਖਾਲੀਐ** ਭਾਈ ਜਲ ਮਹਿ ਬੂਡਹਿ ਤੇਹਿ।"

— ਸੋਰ **੧**, ਅਸ ੪, ੬ : ੨ (637)

ਪਖਾਲੇ —

"ਸੋ ਪਾਖੰਡੀ ਜਿ ਕਾਇਆ **ਪਖਾਲੇ**।" (ਧੋਵੈ ਭਾਵ ਪਾਪ ਦੂਰ ਕਰੇ)

— ਰਾਮ **੩**, ਵਾਰ ੧੨ਸ, **੧**, ੫ : ੧ (952)

ਪਖਾਲੈ —

"ਜਨ ਨਾਨਕੁ ਤਿਸ ਕੇ ਚਰਨ **ਪਖਾਲੈ** ਜੋ ਹਰਿ ਜਨੁ ਨੀਚੁ ਜਾਤਿ ਸੇਵਕਾਣੁ।" (ਧੋਂਦਾ ਹੈ)

— ਗੋਂਡ **੪**, ੪, ੪ : ੨ (861)

ਪਖਾਲੀਅਹਿ — ਧੋਂਦਾ ਹੈ

"ਬਾਹਰਿ ਦੇਵ **ਪਖਾਲੀਅਹਿ** ਜੇ ਮਨੁ ਧੋਵੈ ਕੋਇ।"

— ਗੂਜ **੧**, ੧, ੨ : ੧ (489)

ਪਖਾਵਜ — ਤਬਲਾ, ਸੰਗੀਤ ਦਾ ਇਕ ਸਾਜ, ਜੋੜੀ

"ਰਬਾਬੁ **ਪਖਾਵਜ** ਤਾਲ ਘੁੰਘਰੂ ਅਨਹਦ ਸਬਦੁ ਵਜਾਵੈ।"

— ਆਸਾ **੫**, ੪੩, ੧* : ੨ (381)

ਹੋਰ ਰੂਪ — ਪਖਾਵਜੁ —

"ਵਾਜਾ ਮਤਿ **ਪਖਾਵਜੁ** ਭਾਉ।"

— ਆਸਾ **੧**, ੬, ੧ : ੧ (350)

ਪੰਖਿ — ਪੰਛੀ

"ਬਿਰਖ ਬਸੇਰੋ **ਪੰਖਿ** ਕੋ ਤੈਸੋ ਇਹੁ ਸੰਸਾਰੁ।"

— ਗਉ **ਕਬ**, ੬੪, ੧ : ੨ (337)

ਪਖਿਆਰੀ — ਪਟੀਆਂ ਸਵਾਰਨ ਵਾਲੀ, ਵੇਸਵਾ ਭਾਵ ਮਾਇਆ

"ਕਰਿ ਸੀਗਾਰੁ ਬਹੈ **ਪਖਿਆਰੀ**।"

— ਗੋਂਡ **ਕਬ**, ੭, ੨ : ੩ (871)

ਪੰਖੀ — ਪੰਛੀ

"**ਪੰਖੀ** ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ।"

— ਸਿਰੀ **੧**, ੨, ੩ : ੧ (14)

ਪੰਖੀਅਲੋ — ਪੰਛੀ

"ਜਿਉ ਆਕਾਸੈ **ਪੰਖੀਅਲੋ** ਖੋਜੁ ਨਿਰਖਿਓ ਨ ਜਾਈ।" — ਗੂਜ **ਨਾਮ**, ੨, ੨ : ੧ (525)

ਪੰਖੀਆਂ — ਪੰਛੀਆਂ

"ਫਰੀਦਾ ਹਉ ਬਲਿਹਾਰੀ ਤਿਨ੍ **ਪੰਖੀਆ** ਜੰਗਲਿ ਜਿੰਨ੍ਾ ਵਾਸੁ।" — ਸਲੋ **ਫਰ**, ੧੦੧ : ੧ (1383)

ਹੋਰ ਰੂਪ — ਪੰਖੀਆਂ —

"ਚਲਿ ਚਲਿ ਗਈਆਂ **ਪੰਖੀਆਂ** ਜਿਨ੍ਹੀ ਵਸਾਏ ਤਲ।" (ਪੰਛੀ)

— ਸਲੋ **ਫਰ**, ੬੬ : ੧ (1381)

ਪਖੀਜੈ — ਧੋਵਾਂ

"ਨਾਨਕ ਕ੍ਰਿਪਾ ਕ੍ਰਿਪਾ ਕਰਿ ਧਾਰਹੁ ਮੈ ਸਾਧੂ ਚਰਨ **ਪਖੀਜੈ**।"— ਕਲਿ **੪**, ਅਸ ੪, ੮ : ੨ (1325)

ਪਖੁ — 1. ਸਾਥੀ, ਸਹਾਇਕ

"ਮੈ ਹਰਿ ਬਿਨੁ **ਪਖੁ** ਧੜਾ ਅਵਰੁ ਨ ਕੋਈ ਹਉ ਹਰਿ ਗੁਣ ਗਾਵਾ ਅਸਖ ਅਨੇਕ।"

— ਆਸਾ **੪**, ੫੪, ੧* : ੨ (366)

2. ਚੰਦਰਮਾ ਦੇ ਹਿਸਾਬ ਨਾਲ 14 ਦਿਨਾਂ ਦਾ ਸਮਾਂ

"ਮਾਹੁ **ਪਖੁ** ਕਿਹੁ ਚਲੈ ਨਾਹੀ, ਘੜੀ ਮੁਹਤੁ ਕਿਛੁ ਹੰਢੈ।"

— ਰਾਮ **੩**, ਵਾਰ ੧੯ਸ, **੧**, ੧ : ੬ (955)

3. ਤਰਫਦਾਰੀ, ਸਹਾਇਤਾ

"ਜਿਨ ਕਾ **ਪਖੁ** ਕਰਹਿ ਤੂ ਸੁਆਮੀ ਤਿਨ ਕੀ ਊਪਰਿ ਗਲ ਤੁਧੁ ਆਣੀ ਹੇ।"

— ਮਾਰੂ **੪**, ਸੋਲਾ ੨, ੧੪ : ੩ (1071)

ਪਖੇ — ਪਖਾਲੇ, ਧੋਤੇ

"ਗੁਰ ਪਰਸਾਦੀ ਹਰਿ ਨਾਮੁ ਧਿਆਇਓ ਹਮ ਸਤਿਗੁਰ ਚਰਨ **ਪਖੇ**।"

— ਨਟ **੪**, ੩, ੧* : ੨ (976)

ਪੰਖੇਰੂ — ਪੰਛੀ

"ਮਤਿ **ਪੰਖੇਰੂ** ਕਿਰਤੁ ਸਾਥਿ ਕਬ ਉਤਮ ਕਬ ਨੀਚ।"

— ਮਾਝ **੧**, ਵਾਰ ੨੧ਸ, **੧**, ੨ : ੧ (147)

ਪਗ — 1. ਪੈਰ, ਚਰਨ

"ਸਤਿਗੁਰ **ਪਗ** ਧੂਰਿ ਜਿਨਾ ਮੁਖਿ ਲਾਈ।"

— ਗਉ **੪**, ੪੩, ੩ : ੧ (165)

2. ਪਗੜੀ, ਦਸਤਾਰ

"ਫਰੀਦਾ ਮੈ ਭੋਲਾਵਾ **ਪਗ** ਦਾ ਮਤੁ ਮੈਲੀ ਹੋਇ ਜਾਇ।" — ਸਲੋ **ਫਰ**, ੨੬ : ੧ (1379)

ਪਗਹ — ਪੈਰਾਂ

"ਕਾਟੀ ਬੇਰੀ **ਪਗਹ** ਤੇ ਗੁਰਿ ਕੀਨੀ ਬੰਦਿ ਖਲਾਸੁ।"

— ਮਾਰੂ **੫**, ੧੪, ੧ : ੨ (1002)

ਹੋਰ ਰੂਪ — ਪਗਹੁ —

"ਦਾਰਾ ਸੁਖ ਭਇਓ ਦੀਨੁ **ਪਗਹੁ** ਪਰੀ ਬੇਰੀ।" (ਪੈਰਾਂ ਵਿਚ)

— ਜੈਜਾ **੯**, ੩, ੧ : ੨ (1352)

ਪਗਰਉ — ਪਕੜਾ, ਧਾਰਨ ਕਰਾਂ, ਗ੍ਰਹਿਣ ਕਰਾਂ

"ਪੰਚਾ ਤੇ ਏਕੁ ਛੂਟਾ ਜਉ ਸਾਧ ਸੰਗਿ **ਪਗਰਉ**।"

— ਸਾਰ **੫**, ੧੩੫, ੧* : ੨ (1230)

ਪਗਰਾਲ — ਚਰਨ ਧੂੜ

"ਮੋ ਕੋ ਦੀਜੈ ਦਾਨੁ ਪ੍ਰਭ ਸੰਤਨ **ਪਗਰਾਲ**।"

— ਬਿਲਾ **੫**, ੪੧, ੨ : ੨ (811)

ਪਗਰੀ — 1. ਪਗੜੀ, ਪਗ, ਦਸਤਾਰ

"ਖੂਬੁ ਤੇਰੀ **ਪਗਰੀ** ਮੀਠੇ ਤੇਰੇ ਬੋਲ।"

— ਤਿਲਾ **ਨਾਮ**, ੩, ੧ : ੧ (727)

2. ਪਗ (ਚਰਨਾਂ) ਦੀ

"ਸੰਧਿਕ ਤੋਹਿ ਸਾਧ ਨਹੀ ਕਹੀਅਉ ਸਰਨਿ ਪਰੇ ਤੁਮਰੀ **ਪਗਰੀ**।"

— ਬਿਲਾ **ਕਬ**, ੬, ੨ : ੧ (856)

3. ਪਗੜੀ, ਧਾਰਨ ਕੀਤੀ

"ਸੀਲੁ ਧਰਮੁ ਜਪੁ ਭਗਤਿ ਨ ਕੀਨੀ ਹਮ ਅਭਿਮਾਨ ਟੇਢ **ਪਗਰੀ**।"

— ਬਿਲਾ **ਕਬ**, ੬, ੧* : ੨ (856)

ਪਗਰੇਣੁ — ਚਰਨ ਧੂੜੀ

"ਜਨ **ਪਗਰੇਣੁ** ਵਡਭਾਗੀ ਪਾਵੈ।"

— ਗਉ **੪**, ੪੦, ੩ : ੩ (164)

ਪਗਾ — ਪੈਰਾਂ ਦੇ

"ਜੈਸੇ ਧਰਤੀ ਮਧੇ ਪਾਣੀ ਪਰਗਾਸਿਆ ਬਿਨੁ **ਪਗਾ** ਵਰਸਤ ਫਿਰਾਹੀ।"

— ਗਉ **੩**, ੩੫, ੧ : ੨ (162)

ਪਗਿ — ਪੈਰ ਦੇ

"**ਪਗਿ** ਖਿਸਿਐ ਰਹਣਾ ਨਹੀ ਆਗੈ ਠਉਰੁ ਨ ਪਾਇ।" — ਸਿਰੀ **੩**, ੩੭, ੪ : ੨ (28)

"ਜਨੁ ਨਾਨਕੁ ਤਿਸੁ **ਪਗਿ** ਲਾਵਨੋ।" (ਪੈਰੀਂ)

— ਬਿਲਾ **੪**, ੭, ੨ : ੬ (801)

"ਹਰਿ ਜਨ ਸੰਤ ਕਰਿ ਕਿਰਪਾ **ਪਗਿ** ਲਾਇਣੁ।" (ਚਰਨੀ) — ਭੈਰ **੪**, ੧, ੧* : ੧ (1134)

ਹੋਰ ਰੂਪ — ਪਗੀ —

"ਤਿਸੁ ਸਤਿਗੁਰ ਕੀ ਸਭ **ਪਗੀ** ਪਵਹੁ ਜਿਨਿ ਮੋਹ ਅੰਧੇਰੁ ਚੁਕਾਇਆ।" (ਪੈਰੀਂ, ਚਰਨੀ)

— ਵਡ **੪**, ਵਾਰ ੩ : ੪ (586)

ਪਗੀਂ —

"ਜਾਤ ਨਜਾਤਿ ਦੇਖਿ ਮਤ ਭਰਮਹੁ ਸੁਕ ਜਨਕ **ਪਗੀਂ** ਲਗ ਧਿਆਵੈਗੋ।" (ਚਰਨੀਂ)

— ਕਾਨ **੪**, ਅਸ ੨, ੭ : ੧ (1309)

ਪਗੁ —

"ਪੰਕਜੁ ਮੋਹ **ਪਗੁ** ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ।" (ਪੈਰ)

— ਆਸਾ **੧**, ਸੋਪੁ ੩, ੧ : ੨ (12)

ਪੰਗੁ — ਪਿੰਗਲਾ

"ਮੇਰਾ ਚਿਤੁ ਨ ਚਲੈ ਮਨੁ ਭਇਓ **ਪੰਗੁ**।"

— ਬਸੰ **ਰਾਮਾ**, ੧, ੧* : ੨ (1195)

ਪਗੇ — ਪੈਰਾਂ ਦੀ

"ਭਵਨ ਭਵਨ ਪਵਿਤ੍ਰ ਸਭਿ ਕੀਏ ਜਹ ਧੂਰਿ ਪਰੀ ਜਨ **ਪਗੇ**।" — ਨਟ **੪**, ੪, ੩ : ੨ (976)

ਪੰਕੁ — ਚਿਕੜ

"ਗੁਰਿ ਅੰਮ੍ਰਿਤ ਸਰਿ ਨਵਲਾਇਆ ਸਭਿ ਲਾਥੇ ਕਿਲਵਿਖ **ਪੰਕੁ**।"

— ਸੂਹੀ **੪**, ੩, ੩ : ੨ (732)

ਪੰਚ — 1. ਗੁਰਮੁਖ, ਸੰਤ, ਪਹੁੰਚੇ ਹੋਏ

"**ਪੰਚ** ਪਰਵਾਣ **ਪੰਚ** ਪਰਧਾਨੁ।"

— ਜਪੁ **੧**, ੧੬ : ੧ (3)

"ਸਹਜਿ ਮਿਲਾਏ ਹਰਿ ਮਨਿ ਭਾਏ **ਪੰਚ** ਮਿਲੇ ਸੁਖੁ ਪਾਇਆ।" (ਸੰਤ ਜਨ)

— ਸੂਹੀ **੧**, ਛੰਤ ੨, ੧ : ੩ (764)

2. ਗਿਣਤੀ ਦੀ ਇਕ ਇਕਾਈ, ਇਕ ਜਮਾ ਚਾਰ

"**ਪੰਚ** ਭੂਤ ਸਚਿ ਭੈ ਰਤੇ ਜੋਤਿ ਸਚੀ ਮਨ ਮਾਹਿ।" — ਸਿਰੀ **੧**, ੧੫, ੪ : ੨ (19)

3. ਪੰਜ ਗੁਣਾਂ ਵਾਲੇ ਪਦਾਰਥ

"ਰਸੁ ਮਿਸੁ ਮੇਧੁ ਅੰਮ੍ਰਿਤੁ ਬਿਖੁ ਚਾਖੀ ਤਉ **ਪੰਚ** ਪ੍ਰਗਟ ਸੰਤਾਪੈ।" (ਪੰਜ ਕਾਮਾ ਦਿਕ)

— ਸਿਰੀ **ਬੇਣੀ**, ੧, ੨ : ੨ (93)

"**ਪੰਚ** ਦੂਤ ਮੁਹਹਿ ਸੰਸਾਰਾ।" (ਪੰਜ ਕਾਮਾਦਿਕ)

— ਮਾਝ **੩**, ਅਸ ੭, ੨ : ੧ (113)

"**ਪੰਚ** ਵਸਹਿ ਮਿਲਿ ਜੋਤਿ ਅਪਾਰ।" (ਪੰਜ

ਤਤ, ਪਉਣ, ਪਾਣੀ, ਅਗਨੀ ਆਦਿ)
— ਗਉ **੧**, ੫, ੪ : ੨ (152)
"ਏਕ ਬਸਤੁ ਬਿਨੁ **ਪੰਚ** ਦੁਹੇਲੇ ਓਹ ਬਸਤੁ ਅਗੋਚਰ ਠਾਈ।" (ਪੰਜ ਗਿਆਨ ਇੰਦਰੇ)
— ਗਉ **੫**, ੧੨੨*, ੨ : ੨ (205)
"ਕਬ ਕੋਊ ਮੇਲੈ **ਪੰਚ** ਸਤ ਗਾਇਣ ਕਬ ਕੋ ਰਾਗ ਧੁਨਿ ਉਠਾਵੈ।" (ਪੰਜ ਤਾਰਾਂ)
— ਆਸਾ **੪**, ੬੨, ੨ : ੧ (368)
"**ਪੰਚ** ਮਨਾਏ **ਪੰਚ** ਰੁਸਾਏ।" (ਪਹਿਲੇ ਪੰਜ ਗੁਣ, ਦੂਜੇ ਪੰਜ ਔਗੁਣ ਵਿਕਾਰ)
— ਆਸਾ **੫**, ਅਸ ੧, ੧ : ੧ (430)
"ਵਾਜੇ ਵਜੇ ਸਚੀ ਬਾਣੀਆ **ਪੰਚ** ਮੁਏ ਮਨੁਮਾਰੇ।" (ਭਾਵ ਪੰਜ ਸੰਬੰਧੀ—ਮਾਂ, ਪਿਉ, ਇਸਤ੍ਰੀ, ਪੁੱਤਰ, ਭਰਾ)
— ਵਡ **੧**, ਅਲਾ ੩, ੬ : ੨ (580)

4. ਚੌਧਰੀ, ਮੁਖੀ
"**ਪੰਚ** ਲੋਗ ਸਭਿ ਹਸਣ ਲਗੇ ਤਪਾ ਲੋਭਿ ਲਹਰਿ ਹੈ ਗਾਲਿਆ।"
— ਗਉ **੪**, ਵਾਰ ੩੦ਸ, ੪, ੧ : ੩ (315)

ਪਚਸੀ — ਤਬਾਹ, ਹੋਵੇਗਾ, ਮਿਟੇਗਾ, ਨਾਸ ਹੋਏਗਾ
"ਜੋ ਗਰਬੈ ਸੋ **ਪਚਸੀ** ਪਿਆਰੇ ਜਪਿ ਨਾਨਕ ਭਗਤਿ ਸਮਾਹਾ।"— ਸੋਰ **੪**, ੬, ੪ : ੩ (607)

ਪਚਹਿ — ਗਲਦੇ ਸੜਦੇ, ਮਿਟ ਜਾਂਦੇ, ਸਮਾ ਜਾਂਦੇ, ਨਾਸ ਹੁੰਦੇ, ਗਰਕ ਹੁੰਦੇ ਹਨ
"ਪਾਪੋ ਪਾਪੁ ਕਮਾਵਦੇ ਪਾਪੇ **ਪਚਹਿ** ਪਚਾਇ।"
— ਸਿਰੀ **੩**, ੫੬, ੪ : ੨ (36)
"ਬਿਨੁ ਨਾਮ ਹਰਿ ਕੇ ਭਰਮਿ ਭੂਲੇ **ਪਚਹਿ** ਮੁਗਧ ਅਚੇਤਿਆ।" (ਭਾਵ ਭਟਕਦੇ ਫਿਰਦੇ ਹਨ)
— ਆਸਾ **੧**, ਛੰਤ ੫, ੪ : ੪ (439)
"ਨਾਮੁ ਬਿਸਾਰਿ **ਪਚਹਿ** ਅਭਿਮਾਨੁ।" (ਸੜਦੇ ਹਨ)
— ਰਾਮ **੧**, ਅਸ ੬, ੩ : ੨ (905)

ਪੰਚਹੁ — 1. ਹੇ ਪੰਚੋ/ਮੁੱਖੀਓ
"ਜੋ ਗੁਰ ਗੋਪੇ ਆਪਣਾ ਸੁ ਭਲਾ ਨਾਹੀ **ਪੰਚਹੁ** ਓਨਿ ਲਾਹਾ ਮੂਲੁ ਸਭੁ ਗਵਾਇਆ।"
— ਗਉ **੪**, ਵਾਰ ੯ਸ, **੪**, ੨ : ੬ (304)

2. ਪੰਜਾਂ (ਕਾਮਾਦਿਕਾਂ) ਨੇ ਹੀ
"ਸੁੰਦਰ ਸੁਘਰ ਸਰੂਪ ਸਿਆਨੇ **ਪੰਚਹੁ** ਹੀ ਮੋਹਿ ਛਲੀ ਰੇ।"
— ਆਸਾ **੫**, ੧੩੨, ੧ : ੨ (404)

ਪੰਚਜਨਾ — 1. ਪੰਜਾਂ ਤੋਂ ਭਾਵ ਕਾਮਾਦਿਕਾਂ
"**ਪੰਜ ਜਨਾ** ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ।"
— ਸੋਰ **੫**, ਅਸ ੩, ੧ : ੨ (641)
"**ਪੰਜ ਜਨਾ** ਗੁਰਿ ਵਸਗਤਿ ਆਣੇ ਤਉ ਉਨਮਨਿ ਨਾਮਿ ਲਗਾਨੀ।"
— ਸਾਰ **੪**, ੫, ੪ : ੧ (1200)

2. ਦੋਸਤ, ਮਿੱਤਰ, ਸਾਥੀ
"**ਪੰਚ ਜਨਾ** ਸਿਉ ਬਾਤ ਬਤਊਆ ਚੀਤੁ ਸੁ ਡੋਰੀ ਰਾਖੀਅਲੇ।"
— ਰਾਮ **ਨਾਮ**, ੧, ੧ : ੨ (972)

ਪੰਚ ਤਤ — ਪੌਣੀ, ਪਾਣੀ, ਧਰਤੀ, ਅਗਨੀ ਤੇ ਆਕਾਸ਼ ਸ੍ਰਿਸ਼ਟੀ/ਸਰੀਰ ਇੰਨਾਂ ਪੰਜਾਂ ਤੱਤਾਂ ਦੇ ਮੰਨੇ ਜਾਂਦੇ ਹਨ।
"**ਪੰਚ ਤਤ** ਮਿਲਿ ਭਇਓ ਸੰਜੋਗਾ ਇਨ ਮਹਿ ਕਵਨ ਦੁਰਾਤੇ।"— ਮਾਰੂ **੫**, ੪, ੨ : ੨ (999)

ਹੋਰ ਰੂਪ — ਪੰਚ ਤਤੁ —
"**ਪੰਚ ਤਤੁ** ਕੀ ਕਰਿ ਮਿਰਗਾਣੀ ਗੁਰ ਕੈ ਮਾਰਗਿ ਚਾਲੈ।" — ਆਸਾ **ਕਬ**, ੭, ੨ : ੨ (477)
"ਹਰਿ ਆਪੇ **ਪੰਚ ਤਤੁ** ਬਿਸਥਾਰਾ।" (ਪੰਚ ਤੱਤਾਂ ਦੇ ਸਰੀਰ)
— ਬੈਰਾ **੪**, ੩, ੨ : ੧ (720)

ਪੰਚ ਦੂਤ — ਪੰਜ ਕਾਮਾਦਿਕ
"**ਪੰਚ ਦੂਤ** ਰਚਿ ਸੰਗਤਿ ਗੋਸਟਿ ਮਤਵਾਰੋ ਮਦ ਮਾਇਓ।" — ਟੋਡੀ **੫**, ੩, ੪ : ੨ (712)

ਪਚੰਦੇ — ਸੜਦੇ, ਦੁਖ ਭੋਗਦੇ, ਤਬਾਹ ਹੁੰਦੇ
"ਵੈਰੁ ਕਰਹਿ ਨਿਰਵੈਰ ਨਾਲਿ ਧਰਮ ਨਿਆਇ **ਪਚੰਦੇ**।" — ਗਉ **੪**, ਵਾਰ ੧੨ : ੮ (306)

ਪੰਚ ਧਾਤੁ — ਪੰਚ ਤੱਤ
"**ਪੰਚ ਧਾਤੁ** ਕਰਿ ਪੁਤਲਾ ਕੀਆ।"
— ਮਾਰੂ **੫**, ੩੧, ੧ : ੨ (1007)

ਪੰਚਨ — ਪੰਜਾਂ ਨੇ ਭਾਵ ਕਾਮਾਦਿਕਾਂ ਨੇ
"ਇਨ **ਪੰਚਨ** ਮੇਰੋ ਮਨੁ ਜੁ ਬਿਗਾਰਿਓ।"
— ਜੈਤ **ਰਵਿ**, ੧, ੨ : ੧ (710)

ਪਚੰਨਿ — ਖੁਆਰ ਹੁੰਦੇ, ਭਟਕਦੇ ਫਿਰਦੇ

"ਧਰਤਿ ਅਸਮਾਨੁ ਨ ਝਲਈ ਵਿਚਿ ਵਿਸਟਾ ਪਏ **ਪਚੰਨਿ**।" — ਗਉ ੩, ਅਸ ੯, ੫ : ੨ (233)

ਪੰਚਭੂ — ਭੂਤਾਂ ਦੇ ਸੂਖਮ ਤਤ ਤੋਂ ਬਣਿਆ ਅੰਤਹਕਰਣ, ਮਨ
"ਊਂਧਉ ਖਪਰੁ **ਪੰਚਭੂ** ਟੋਪੀ।"
— ਰਾਮ **੧**, ਸਿਗੋ ੧੧ : ੧ (939)
"**ਪੰਚ ਭੂ** ਆਤਮਾ ਵਸਿ ਕਰਹਿ ਤਾ ਤੀਰਥ ਕਰਹਿ ਨਿਵਾਸੁ।" — ਗੂਜ **੩**, ੮, ੨ : ੨ (491)

ਪੰਚਮ — ਪੰਜਵੀ
"**ਪੰਚਮ** ਹਰਖ ਦਿਸਾਖ ਸੁਨਾਵਹਿ।"
— ਰਾਮ ੧ : ੯ (1429)

ਪੰਚਮਿ — ਪੰਜਵੀਂ, ਥਿਤ ਦੁਆਰਾ
"**ਪੰਚਮਿ** ਪੰਚ ਪ੍ਰਧਾਨ ਤੇ ਜਿਹ ਜਾਨਿਓ ਪਰਪੰਚੁ।"
— ਗਉ **੫**, ਥਿਤੀ ੫ : ੧ (297)
ਹੋਰ ਰੂਪ — ਪੰਚਮੀ —
"**ਪੰਚਮੀ** ਪੰਚ ਦੂਤ ਬੇਤਾਲਾ।" (ਪੰਜਵੀਂ ਥਿਤ ਦੁਆਰਾ) — ਬਿਲਾ **੧**, ਥਿਤੀ ੬ : ੧ (839)

ਪਚਾ — ਸੜਿਆ, ਖਪ ਗਿਆ
"ਜਮ ਦੂਤੀ ਹੈ ਹੇਰਿਆ ਦੁਖ ਹੀ ਮਹਿ **ਪਚਾ**।"
— ਮਾਰੂ-**੫**, ਵਾਰ ੧੫ : ੨ (1099)

ਪੰਚਾ — 1. ਗੁਰਮੁਖ
"**ਪੰਚਾ** ਕਾ ਗੁਰੁ ਏਕੁ ਧਿਆਨੁ।"
— ਜਪੁ **੧**, ੧੬ : ੪ (3)
2. ਪੰਜੇ ਵਿਕਾਰ ਭਾਵ ਕਾਮਾਦਿਕ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ
"ਸੰਤ ਸੁਪ੍ਰਸੰਨ ਆਏ ਵਸਿ **ਪੰਚਾ**।"
— ਗਉ **੫**, ੧੧੫, ੩ : ੧ (189)
3. ਮੁਖੀ, ਚੌਧਰੀ, ਪੰਚਾਇਤ ਦੇ ਮੈਂਬਰਾਂ ਭਾਵ ਪੰਚਾਇਤ
"ਬਾਹਰਿ ਬਹੈ **ਪੰਚਾ** ਵਿਚਿ ਤਪਾ ਸਦਾਏ।"
— ਗਉ **੪**, ਵਾਰ ੩੦, **੪**, ੧ : ੮ (315)

ਪਚਾਇ — ਖੁਆਰ ਹੋਣਾ, ਖਪਣਾ, ਨਾਸ ਹੋਣਾ
"ਜਿਸੁ ਸਤਗੁਰੁ ਪੁਰਖੁ ਨ ਭੇਟਿਓ ਸੁ ਭਉਜਲਿ ਪਚੈ **ਪਚਾਇ**।" — ਸਿਰੀ **੧**, ੨੨, ੩ : ੨ (22)
"ਬਿਸਟਾ ਕਾ ਕੀੜਾ ਬਿਸਟਾ ਮਾਹਿ **ਪਚਾਇ**।"
— ਆਸਾ **੩**, ੪੪, ੨ : ੪ (362)
ਹੋਰ ਰੂਪ — ਪਚਾਇਆ —
"ਕੋਈ ਨਿੰਦਕੁ ਵਡਿਆਈ ਦੇਖਿ ਨ ਸਕੈ ਸੋ ਕਰਤੈ ਆਪਿ **ਪਚਾਇਆ**।" (ਸਾੜਿਆ, ਗਾਲਿਆ)
— ਗਉ **੪**, ਵਾਰ ੧੦ਸ, **੪**, ੨ : ੨ (305)
"ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੋ ਸਾਚੈ ਮਾਰਿ **ਪਚਾਇਆ**।" (ਸਾੜਿਆ, ਤਬਾਹ ਕੀਤਾ)
— ਗਉ **੫**, ਵਾਰ ੧੨ਸ, **੪**, ੧ : ੮ (306)

ਪੰਚਾਇਣ — 1. ਪੰਜ ਗੁਣ (ਸਤ, ਸੰਤੋਖ, ਦਇਆ, ਧਰਮ ਤੇ ਧੀਰਜ)
"ਰਾਜਾ ਤਖਤਿ ਟਿਕੈ ਗੁਣੀ ਭੈ **ਪੰਚਾਇਣੁ** ਰਤੁ।"
— ਮਾਰੂ **੧**, ੧੦, ੧ : ੪ (994)

ਪੰਚਾਇਣਿ — ਪੈਂਚਣ, ਪ੍ਰਧਾਨ, ਮੁਖ ਪੰਚ
"ਤਸਕਰ ਮਾਰਿ ਵਸੀ **ਪੰਚਾਇਣਿ** ਅਦਲੁ ਕਰੇ ਵੀਚਾਰੇ।" — ਸੂਹੀ **੧**, ਛੰਤ ੩, ੨ : ੫ (765)

ਪੰਚਾਇਣੁ — ਪੰਜਵਾਂ
"ਚਾਰੇ ਜਾਗੇ ਚਹੁ ਜੁਗੀ **ਪੰਚਾਇਣੁ** ਆਪੇ ਹੋਆ।"
— ਰਾਮ **ਬਸ**, ਵਾਰ ੮ : ੧ (968)

ਪਚਾਈ — ਨਾਸ਼ ਕੀਤਾ
"ਜੋ ਦਾਸ ਤੇਰੇ ਕੀ ਨਿੰਦਾ ਕਰੇ ਤਿਸੁ ਮਾਰਿ **ਪਚਾਈ**।"
— ਗੂਜ **੩**, ਵਾਰ ੨੧ : ੪ (517)
ਹੋਰ ਰੂਪ — ਪਚਾਏ —
"ਦੁਸਟ ਅਹੰਕਾਰੀ ਮਾਰਿ **ਪਚਾਏ**।" (ਸਾੜੇ, ਨਾਸ਼ ਕੀਤਾ)
— ਗੋਂਡ **੫**, ਅਸ ੧, ੨ : ੨ (869)

ਪਚਾਸ — ਪੰਜਾਹ, ਗਿਣਤੀ ਦੀ ਇਕ ਇਕਾਈ
"ਅੰਧਾ ਚਾਨਣਿ ਰਖੀਐ ਦੀਵੇ ਬਲਹਿ **ਪਚਾਸ**।"
— ਮਾਝ **੧**, ਵਾਰ ੧੨ਸ, **੧**, ੧ : ੫ (143)
ਹੋਰ ਰੂਪ — ਪਚਾਸਾ —
"ਅਭੂਲੁ ਨ ਭੂਲੈ ਲਿਖਿਓ ਨ ਚਲਾਵੈ ਮਤਾ ਨ ਕਰੈ **ਪਚਾਸਾ**।" (ਪੰਜਾਹ)
— ਸਾਰ **੫**, ੩੮, ੧ : ੧ (1212)
ਪੰਚਾਸਾ —
"ਤੇ ਤਸਕਰ ਜੋ ਨਾਮੁ ਨ ਲੇਵਹਿ ਵਾਸਹਿ ਕੋਟ **ਪੰਚਾਸਾ**।" (ਪੰਜਾਹ)
— ਪ੍ਰਭਾ **੧**, ੩, ੨ : ੨ (1328)

ਪਚਾਸੀ — ਅਸੀ + 5, ਗਿਣਤੀ ਦੀ ਇਕ ਇਕਾਈ

"ਚਾਲੀਸੀ ਪੁਰੁ ਹੋਇ **ਪਚਾਸੀ** ਪਗੁ ਖਿਸੈ ਸਠਾ ਕਾ ਬੋਢੇਪਾ ਆਵੈ।"

— ਮਾਝ **੧**, ਵਾਰ ੧ਸ, **੧**, ੩ : ੨ (138)

ਪੰਚਾਹਰੁ — ਪੰਜਾਂ (ਇੰਦ੍ਰੀਆਂ) ਨੂੰ ਹਰਨ ਵਾਲੇ (ਵਿਸ਼ੇ)

"**ਪੰਚਾਹਰੁ** ਨਿਦਲਿਅਉ ਸੁੰਨ ਸਹਜਿ ਨਿਜਘਰਿ ਸਹਾਰ੍ਉ।" — ਸਵ **੫**, ਕਲ ੯ : ੨ (1408)

ਪਚਾਹਾ — ਪਚਾਇਆ, ਨਾਸ ਕੀਤਾ

"ਕੁਵਲੀਆ ਪੀੜੁ ਆਪਿ ਮਰਾਇਦਾ ਪਿਆਰਾ ਕਰਿ ਬਾਲਕ ਰੂਪਿ **ਪਚਾਹਾ**।"

— ਸੋਰ **੪**, ੬, ੨ : ੩ (606)

ਪਚਾਹਿ — ਖੁਆਰ ਹੁੰਦੇ ਹਨ

"ਜਮ ਦਰਿ ਬਧੇ ਮਾਰੀਅਹਿ ਫਿਰਿ ਵਿਸਟਾ ਮਾਹਿ **ਪਚਾਹਿ**।"

— ਸੋਰ **੪**, ਵਾਰ ੧੫ਸ, **੩**, ੧ : ੨ (648)

ਪਚਾਹੀ — ਸੜੇ, ਨਾਸ ਹੋਏ

"ਅਜੈ ਸੁ ਚੋਭ ਕਉ ਬਿਲਲ ਬਿਲਾਤੇ ਨਰਕੇ ਘੋਰ **ਪਚਾਹੀ**।" — ਰਾਮ **ਕਬ**, ੩, ੪ : ੨ (969)

ਪੰਚਾਕਾਰੀ — ਪੰਜਾਂ ਦੀ ਕੌਂਸਲ ਬਣਾਨ ਵਾਲਾ

"ਆਪੇ ਰਾਜਨੁ **ਪੰਚਾਕਾਰੀ**।"

— ਮਾਰੂ **੧**, ਸੋਲਾ ੨, ੧੦ : ੨ (1022)

ਪਚਾਨੁ — ਖੁਰਾਕ, ਪਚਨਸ਼ੀਲ

"ਕੂਕਰ ਕੂੜੁ ਕਮਾਈਐ ਗੁਰ ਨਿੰਦਾ ਪਚੈ **ਪਚਾਨੁ**।"

— ਸਿਰੀ **੧**, ੧੯, ੩ : ੧ (21)

ਪਚਾਨੇ — ਸੜ ਗਏ

"ਤਿਨ ਕੇ ਕਰਮਹੀਨ ਧੁਰਿ ਪਾਏ ਦੇਖਿ ਦੀਪਕੁ ਮੋਹਿ **ਪਚਾਨੇ**।"— ਗਉ **੪**, ੫੬, ੩ : ੨ (170)

ਪਚਾਰਾ — ਪਤਿਆਉਣ ਦਾ ਕੰਮ, ਪਰਚਾਉਣਾ

"ਲੋਕ **ਪਚਾਰਾ** ਕਰੈ ਦਿਨੁ ਰਾਤਿ।"

— ਗਉ **੫**, ਸੁਖ ੪, ੫ : ੨ (267)

ਪਚਾਰੀਐ — ਪ੍ਰਸਿਧ ਹੁੰਦਾ, ਵਜਦਾ ਹੈ

"ਜੇਹਾ ਘਾਲੇ ਘਾਲਣਾ ਤੇਵੇ ਹੋ ਨਾਉ **ਪਚਾਰੀਐ**।"

— ਆਸਾ **੧**, ਵਾਰ ੧੨ : ੨ (469)

ਪਚਾਰੈ — ਪਰਚਾਉਣ ਨਾਲ, ਤਸੱਲੀ ਕੀਤਿਆ

"ਲੋਕ **ਪਚਾਰੈ** ਗਤਿ ਨਹੀ ਹੋਇ।"

— ਰਾਮ **੫**, ੨੪, ੨ : ੩ (890)

ਪੰਚਾਲੀ — ਪੰਚਾਲ ਦੇਸ ਦੀ (ਸ਼ਹਿਜ਼ਾਦੀ, ਦਰੋਪਦੀ)

"**ਪੰਚਾਲੀ** ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿਆਈ।" —ਮਾਰੂ **੯**, ੧, ੧ : ੧ (1008)

ਪਚਾਵਣਿਆ — ਸੜਦਾ/ਖਪਦਾ ਹੈ

"ਅੰਨਾ ਬੋਲਾ ਕਿਛੁ ਨਦਰਿ ਨ ਆਵੈ ਮਨਮੁਖ ਪਾਪਿ **ਪਚਾਵਣਿਆ**।"

— ਮਾਝ **੩**, ਅਸ ੪, ੪ : ੩ (111)

"ਗੁਰਮੁਖਿ ਹੋਵੈ ਸੁ ਅਪਣਾ ਘਰੁ ਰਾਖੈ ਪੰਚ ਦੂਤ ਸਬਦਿ **ਪਚਾਵਣਿਆ**।" (ਨਾਸ ਕਰੇ)

— ਮਾਝ **੩**, ਅਸ ੭, ੨ : ੩ (113)

ਪਚਾਵੈ — ਸੜਦਾ/ਖੁਆਰ ਹੁੰਦਾ ਹੈ

"ਈਹਾ ਸੁਖੁ ਨਹੀ ਦਰਗਹ ਢੋਈ ਜਮਪੁਰਿ ਜਾਇ **ਪਚਾਵੈ**।" — ਆਸਾ **੫**, ੪੧, ੧ : ੨ (380)

ਪਚਿ — 1. ਖਪ ਕੇ, ਸੜ ਕੇ, ਖੁਆਰ ਹੋ ਕੇ

"ਦੁਬਿਧਾ ਲਾਗੇ **ਪਚਿ** ਮੁਏ ਅੰਤਰਿ ਤ੍ਰਿਸਨਾ ਅਗਿ।"

— ਸਿਰੀ **੧**, ੧੪, ੨ : ੨ (19)

"**ਪਚਿ ਪਚਿ** ਮੁਏ ਬਿਖੁ ਦੇਖਿ ਪਤੰਗਾ।" (ਸੜ ਮੋਏ) — ਆਸਾ **੪**, ੫੮, ੩ : ੨ (367)

"ਅਰਝਿ ਉਰਝਿ ਕੈ **ਪਚਿ** ਮੂਆ ਚਾਰਉ ਬੇਦਹੁ ਮਾਹਿ।" (ਖੁਆਰ ਹੋ ਕੇ)

— ਸਲੋ **ਕਬ**, ੨੩੨ : ੨ (1377)

ਹੋਰ ਰੂਪ — ਪਚਿਆ —

"ਮੰਦਾ ਚਿਤਵਤ ਚਿਤਵਤ **ਪਚਿਆ** ਜਿਨਿ ਰਚਿਆ ਤਿਨਿ ਦੀਨਾ ਧਾਕੁ।" (ਸੜਿਆ)

— ਬਿਲਾ **੫**, ੧੦੪, ੧ : ੨ (825)

"ਮਲੇਛੁ ਪਾਪੀ **ਪਚਿਆ** ਭਇਆ ਨਿਰਾਸੁ।" (ਗਰਕ ਹੋਇਆ)

— ਭੈਰ **੫**, ੯, ੪ : ੨ (1138)

2. ਪੋਚ ਕੇ ਭਾਵ ਸਵਾਰ ਬਣਾ ਕੇ

"ਬਾਰੂ ਭੀਤਿ ਬਨਾਈ ਰਚਿ **ਪਚਿ** ਰਹਤ ਨਹੀ ਦਿਨ ਚਾਰਿ।"

— ਸੋਰ **੯**, ੮, ੧ : ੧ (633)

ਪਚਿਹਾਰੀ — ਖਪ ਖਪ ਕੇ ਹਾਰ ਗਏ

"ਕਬੀਰੈ ਪਕਰੀ ਟੇਕ ਰਾਮ ਕੀ ਤੁਰਕ ਰਹੇ **ਪਚਿਹਾਰੀ**।"— ਆਸਾ **ਕਬ**, ੮, ੪ : ੨ (477)

ਹੋਰ ਰੂਪ — ਪਚਿਹਾਰੇ —

"ਜੋਗੀ ਜਤੀ ਤਪੀ **ਪਚਿਹਾਰੇ** ਅਰੁ ਬਹੁ ਲੋਗੁ ਸਿਆਨੇ।" (ਖਪ ਕੇ ਹਾਰ ਗਏ)

— ਬਿਹਾ **੯**, ੨, ੧* : ੨ (537)

ਪਚੀਐ — ਖੁਆਰ ਹੋਈਦਾ ਹੈ

"ਵਿਣੁ ਨਾਵੈ ਵੇਕਾਰਿ ਭਰਮੇ **ਪਚੀਐ**।"

— ਮਾਝ **੧**, ਵਾਰ ੯ : ੪ (142)

"ਹਰਿ ਅਭਿਮਾਨੁ ਨ ਜਾਈ ਜੀਅਹੁ ਅਭਿਮਾਨੇ ਪੈ **ਪਚੀਐ**।" (ਸੜੀਦਾ ਹੈ)

— ਪ੍ਰਭਾ **੧**, ਅਸ ੪, ੭ : ੨ (1344)

ਪਚੀਸ — ਪੰਝੀ (ਗੁਣ, ਪ੍ਰਕ੍ਰਿਤੀਆਂ), ਪੰਜ ਤੱਤਾਂ ਦੇ ਗੁਣ

"ਪਾਂਚ **ਪਚੀਸ** ਮੋਹਾ ਮਦ ਮਤਸਰ ਆੜੀ ਪਰਬਲ ਮਾਇਆ।" — ਭੈਰ **ਕਬ**, ੧੭, ੧ : ੧ (1161)

ਪਚੀਸਕ — ਪੰਝੀਆਂ ਦਾ ਭਾਵ ਸਾਰਿਆਂ ਤੱਤਾਂ, ਗੁਣਾਂ ਦਾ

"ਬਰਧ **ਪਚੀਸਕ** ਸੰਗੁ ਕਾਚ।"

— ਬਸੰ **ਕਬ**, ੬, ੧ : ੨ (1194)

ਪਚੀਜੈ — ਸੜ ਜਾਂਦੇ, ਖਪ ਜਾਂਦੇ ਹਨ

"ਮਾਇਆ ਮਾਇਆ ਕੇ ਜੋ ਅਧਿਕਾਈ ਵਿਚਿ ਮਾਇਆ ਪਚੈ **ਪਚੀਜੈ**।"

— ਕਲਿ **੪**, ਅਸ ੬, ੭ : ੧ (1326)

ਪਚੇ — 1. ਸੜੇ, ਗਰਕ ਹੋਏ

"ਮੋਹਿ **ਪਚੇ** ਪਚਿ ਅੰਧਾ ਮੂਆ।"

— ਆਸਾ **੫**, ੮੬, ੩ : ੪ (392)

"ਨਿੰਦਕ ਨਿੰਦਾ ਕਰਿ **ਪਚੇ** ਜਮਕਾਲਿ ਗ੍ਰਸੀਏ।"

— ਬਿਲਾ **੫**, ੫੬, ੧* : ੨ (815)

2. ਖਪ ਗਏ

"ਡਰਿ ਡਰਿ **ਪਚੇ** ਮਨਮੁਖ ਵੇਚਾਰੇ।"

— ਧਨਾ **੫**, ੨੪, ੧* : ੨ (677)

ਪੰਚੇ — 1. ਗੁਰਮੁਖ

"**ਪੰਚੇ** ਪਾਵਹਿ ਦਰਗਹਿ ਮਾਨੁ।"

— ਜਪੁ **੧**, ੧੬ : ੨ (3)

2. ਪੰਜੇ (ਗਿਆਨ ਇੰਦਰੇ) ਹੀ

"**ਪੰਚੇ** ਰੁੰਨੇ ਦੁਖਿ ਭਰੇ ਬਿਨਸੇ ਦੂਜੈ ਭਾਇ।"

— ਸਿਰੀ **੧**, ੧੪, ੧ : ੩ (19)

"ਜੋ ਹਰਿ ਨਾਮੁ ਧਿਆਇਦੇ ਮੇਰੀ ਜਿੰਦੜੀਏ ਤਿਨਾ **ਪੰਚੇ** ਵਸਗਤਿ ਆਏ ਰਾਮ।" (ਪੰਜਾਂ ਕਾਮਾਦਿਕ)

— ਬਿਹਾ **੪**, ਛੰਤ ੩, ੨ : ੧ (539)

"ਸਭਿ ਸਖੀਆ **ਪੰਚੇ** ਮਿਲੇ ਗੁਰਮੁਖਿ ਨਿਜ ਘਰਿ ਵਾਸੁ।" (ਸਤ, ਸੰਤੋਖ, ਦਇਆ, ਧਰਮ ਧੀਰਜ ਦੇ ਸਤੇ ਗੁਣ)

— ਮਲਾ **੧**, ਵਾਰ ੨੭ਸ, **੧**, ੧ : ੯ (1291)

"**ਪੰਚੇ** ਸਬਦ ਵਜੇ ਮਤਿ ਗੁਰਮਤਿ ਵਡਭਾਗੀ ਅਨਹਦ ਵਜਿਆ।" (ਪੰਜ ਤਰ੍ਹਾਂ ਦੇ ਵਾਜੇ ਤਾਰ, ਚੰਮ, ਧਾਤ, ਘੜੇ ਤੇ ਫੂਕ ਵਾਲੇ ਜੰਤਰ)

— ਕਾਨ **੪**, ਵਾਰ ੭ : ੧ (1315)

ਪਚੈ — 1. ਪਚਦੀ/ਹਜ਼ਮ ਹੁੰਦੀ ਹੈ

"ਕੂਕਰ ਕੂੜੁ ਕਮਾਈਐ ਗੁਰ ਨਿੰਦਾ **ਪਚੈ** ਪਚਾਨੁ।"

— ਸਿਰੀ **੧**, ੧੯, ੩ : ੧ (21)

2. ਖੁਆਰ ਹੁੰਦੇ ਹਨ

"ਜਿਸ ਸਤਗੁਰੁ ਪੁਰਖੁ ਨ ਭੇਟਿਓ ਸੁ ਭਉਜਲਿ **ਪਚੈ** ਪਚਾਇ।"

— ਸਿਰੀ **੧**, ੨੨, ੩ : ੨ (22)

3. ਖਪੇ, ਮਿਟੇ, ਨਾਸ ਹੋਏ

"ਉਪਜੈ **ਪਚੈ** ਹਰਿ ਬੂਝੈ ਨਾਹੀ।"

— ਮਾਝ **੩**, ਅਸ ੩੦, ੬ : ੧ (127)

"ਝੁਰਿ ਝੁਰਿ **ਪਚੈ** ਜੈਸੇ ਤ੍ਰਿਅ ਰੰਡ।" (ਸੜਦਾ, ਗਲਦਾ ਹੈ)

— ਭੈਰ **੫**, ੫੩, ੧ : ੪ (1151)

ਪੰਚੈ — ਪੰਜੇ (ਕਾਮਾਦਿਕ) ਹੀ

"ਭਾਖਿ ਨੇ **ਪੰਚੈ** ਹੋਇ ਸਬੂਰੀ।"

— ਭੈਰ **ਕਬ**, ੪, ੨ : ੨ (1158)

ਪਛਮ — ਇਕ ਦਿਸ਼ਾ, ਪੂਰਬ ਦੇ ਉਲਟ ਦੀ ਦਿਸ਼ਾ ਜਿਧਰ ਸੂਰਜ ਅਸਤ ਹੁੰਦਾ ਹੈ, ਲਹਿੰਦੀ ਦਿਸ਼ਾ

"ਮਤਾ ਕਰੈ **ਪਛਮ** ਕੈ ਤਾਈ ਪੂਰਬ ਹੀ ਲੈ ਜਾਤ।"

— ਗੂਜ **੫**, ੫, ੧ : ੧ (496)

ਹੋਰ ਰੂਪ — ਪਛਮਿ —

"ਖਿਨੁ ਪੂਰਬਿ ਖਿਨੁ **ਪਛਮਿ** ਛਾਏ ਜਿਉ ਚਕੁ ਕੁਮ੍ਹਿਆਰਿ ਭਵਾਇਆ।" (ਲਹਿੰਦੇ ਵਲ)

— ਆਸਾ **੪**, ਛੰਤ ੮, ੨ : ੪ (442)

ਪਛਾ — ਪਿਛਲਾ/ਪਿਛਲੀ

"ਪਹਿਲੈ ਪਹਰੈ ਫੁਲੜਾ ਫੁਲ ਭੀ **ਪਛਾ** ਰਾਤਿ।"

— ਸਲੋ **ਫਰ**, ੧੧੨ : ੧ (1384)

ਪਛਾਣਈ — ਪਛਾਣਦਾ, ਸਿਆਣਦਾ

"ਮਨਮੁਖਿ ਕੰਤੁ ਨ **ਪਛਾਣਈ** ਤਿਨ ਕਿਉ ਰੈਣਿ ਵਿਹਾਇ।" — ਸਿਰੀ **੩**, ੬੧, ੨ : ੧ (38)
"ਸੋ ਕਹੀਐ ਦੇਵਾਨਾ ਆਪੁ ਨ **ਪਛਾਣਈ**।" (ਪਛਾਣਦਾ ਭਾਵ ਸਮਝਦਾ)
— ਮਾਝ **੧**, ਵਾਰ ੯ : ੨ (142)

ਪਛਾਣਏ — ਪਛਾਣਦਾ ਭਾਵ ਜਾਣਦਾ ਹੈ, ਦਾ ਗਿਆਤਾ ਹੈ
"ਮਨੁ ਮਾਰਿ ਰੀਝੈ ਸਬਦਿ ਸੀਝੈ ਤ੍ਰੈ ਲੋਕ ਨਾਥੁ **ਪਛਾਣਏ**।"
— ਬਿਲਾ **੧**, ਛੰਤ ੨, ੪ : ੩ (844)

ਪਛਾਣਸਿ — ਪਛਾਣਦਾ ਹੈ, ਭਾਵ ਸਮਝਦਾ ਹੈ
"ਅਵਰੁ ਨ ਜਾਣਸਿ ਸਬਦ **ਪਛਾਣਸਿ** ਅੰਤਰਿ ਜਾਣਿ ਪਛਾਤਾ।"— ਭੈਰ **੧**, ੬, ੧ : ੨ (1126)

ਪਛਾਣਸੀ — ਪਛਾਣ ਲਏਗਾ
"ਨਾਨਕ ਵਸਤੁ **ਪਛਾਣਸੀ** ਸਚੁ ਸਉਦਾ ਜਿਸੁ ਪਾਸਿ।" — ਸਿਰੀ **੧**, ੧੧, ੪ : ੨ (18)

ਪਛਾਣਹਿ — ਪਛਾਣੇ, ਸਿੰਞਾਣੇ, ਭਾਵ ਸਮਝੇ
"ਖਸਮੁ **ਪਛਾਣਹਿ** ਆਪਣਾ ਤਨੁ ਮਨੁ ਆਗੈ ਦੇਇ।"
— ਸਿਰੀ **੩**, ੬੧, ੪ : ੨ (38)

ਹੋਰ ਰੂਪ — ਪਛਾਣਹੀ —
"ਆਪਣਾ ਪਿਰੁ ਨ **ਪਛਾਣਹੀ** ਕਿਆ ਮੁਹੁ ਦੇਸਹਿ ਜਾਇ।" (ਜਾਣਨਾ)
— ਸਿਰੀ **੩**, ੬੧, ੧ : ੨ (37)

ਪਛਾਣਹੁ —
"ਗੁਰ ਸਬਦੀ ਹਰਿ ਅੰਤਰਿ **ਪਛਾਣਹੁ**।" (ਜਾਣੋ, ਪਛਾਣੋ, ਸਮਝੋ)
— ਮਾਝ **੩**, ਅਸ ੧੨, ੮ : ੨ (116)

ਪਛਾਣਹੂ —
"ਰੋਵਹੁ ਸਚੁ ਸਲਾਹਿ ਹੁਕਮੁ **ਪਛਾਣਹੂ**।" (ਸਮਝੋ, ਜਾਣੋ ਭਾਵ ਮੰਨੋ)
— ਆਸਾ **੧**, ਅਸ ੧੬, ੩ : ੨ (419)

ਪਛਾਣਹੇ —
"ਧਨੁ ਸੰਚਿ ਹਰਿ ਹਰਿ ਨਾਮ ਵਖਰੁ ਗੁਰ ਸਬਦਿ ਭਾਉ **ਪਛਾਣਹੇ**।" (ਸਮਝੇ, ਜਾਣੇ
— ਤੁਖਾ **੧**, ਛੰਤ ੬, ੪ : ੩ (1113)

ਪਛਾਣਦਾ — ਜਾਣਦਾ
"ਹਉ ਗੁਰ ਮਿਲਿ ਇਕੁ **ਪਛਾਣਦਾ**।"
— ਸਿਰੀ **੫**, ਅਸ ੨੯, ੩ : ੧ (73)

ਪਛਾਣੰਦੋ — ਸਮਝਦਾ, ਜਾਣਦਾ
"ਮੁਖਹੁ ਅਲਾਏ ਹਭ ਮਰਣੁ **ਪਛਾਣੰਦੋ** ਕੋਇ।"
— ਮਾਰੂ **੫**, ਵਾਰ ੧੫ਸ, **੫**, ੧ : ੧ (1099)

ਪਛਾਣਨਿ — ਜਾਣਨ, ਸਮਝਣ
"ਮੂਲੁ **ਪਛਾਣਨਿ** ਤਿਨ ਨਿਜ ਘਰਿ ਵਾਸਾ ਸਹਜੇ ਹੀ ਸੁਖੁ ਹੋਈ।"— ਪ੍ਰਭਾ **੩**, ੫, ੨ : ੧ (1334)

ਹੋਰ ਰੂਪ — ਪਛਾਣਨੀ —
"ਅੰਧੇ ਆਪੁ ਨ **ਪਛਾਣਨੀ** ਦੂਜੈ ਪਚਿ ਜਾਵਹਿ।" (ਜਾਣਦੇ, ਸਮਝਦੇ)
— ਮਾਰੂ **੩**, ਵਾਰ ੯ : ੨ (1089)

ਪਛਾਣਾ — ਜਾਣਿਆ, ਲਖਿਆ
"ਗੁਰੂ ਮਿਲਿ ਨਾਨਕ ਪਾਰਬ੍ਰਹਮੁ **ਪਛਾਣਾ**।"
— ਸਿਰੀ **੫**, ੯੭, ੪ : ੨ (52)
"ਸਾਧ ਕੈ ਸੰਗਿ ਪਾਰਬ੍ਰਹਮ **ਪਛਾਣਾ**।" (ਪਛਾਣੀਦਾ ਹੈ) — ਗਉ **੫**, ੯੩, ੨ : ੪ (183)

ਪਛਾਣਿ — ਜਾਣ ਕੇ, ਲਖ ਕੇ, ਸਮਝਕੇ
"ਹੁਕਮੁ **ਪਛਾਣਿ** ਤਾ ਖਸਮੈ ਮਿਲਣਾ।"
— ਸਿਰੀ **ਕਬ**, ੧, ੩* : ੨ (92)
"ਹਮਰੀ ਗਣਤ ਨ ਗਣੀਆ ਕਾਈ ਅਪਣਾ ਬਿਰਦੁ **ਪਛਾਣਿ**।" (ਪਛਾਣ ਕੇ ਭਾਵ ਵਰਤ ਕੇ)
— ਸੋਰ **੫**, ੪੪, ੧ : ੧ (619)
"ਨਾਨਕ ਗਾਹਕੁ ਕਿਉ ਲਏ ਸਕੈ ਨ ਵਸਤੁ **ਪਛਾਣਿ**।" (ਸਿਵਾਣ, ਜਾਣ)
— ਰਾਮ **੩**, ਵਾਰ ੧੬ਸ, **੨**, ੨ : ੪ (954)

ਹੋਰ ਰੂਪ — ਪਛਾਣਿਓ —
"ਸਚਾ ਸਬਦੁ ਨ **ਪਛਾਣਿਓ** ਸੁਪਨਾ ਗਇਆ ਵਿਹਾਇ।" (ਪਛਾਣਿਆ, ਜਾਣਿਆ)
— ਸਿਰੀ **੩**, ੫੪, ੩ : ੨ (34)

ਪਛਾਣਿਆ —
"ਗੁਰਮਤਿ ਜਿਨੀ **ਪਛਾਣਿਆ** ਸੇ ਦੇਖਹਿ ਸਦਾ ਹਦੂਰਿ।" (ਜਾਣਿਆ, ਸਮਝਿਆ)
— ਸਿਰੀ **੩**, ੩੭, ੨ : ੨ (27)

ਪਛਾਣੀ —
"ਗੁਰਮੁਖਿ ਅੰਮ੍ਰਿਤ ਬਾਣੀ ਬੋਲਹਿ ਸਭ ਆਤਮ ਰਾਮੁ **ਪਛਾਣੀ**।" (ਜਾਣਿਆ, ਲਖਿਆ)
— ਸਿਰੀ **੩**, ਅਸ ੨੪, ੬ : ੧ (69)

"ਇਕੁ ਕਰਮੁ ਧਰਮੁ ਨ ਹੋਇ ਸੰਜਮੁ ਜਾਮਿ ਨ ਏਕੁ **ਪਛਾਣੀ**।" (ਪਛਾਣਦੇ, ਭਾਵ ਮੰਨਦੇ)
—ਵਡ **੧**, ਛੰਤ ੨, ੩ : ੬ (566)

"ਅੰਮ੍ਰਿਤੁ ਬਾਣੀ ਸਬਦਿ **ਪਛਾਣੀ** ਦੁਖ ਕਾਟੈ ਹਉ ਮਾਰਾ।" (ਪਛਾਣੀਦੀ ਹੈ)
—ਭੈਰ **੧**, ਅਸ ੧, ੧ : ੨ (1153)

ਪਛਾਣੀਐ —
"ਨਿਜ ਘਰਿ ਮਹਲੁ **ਪਛਾਣੀਐ** ਨਦਰਿ ਕਰੇ ਮਲੁ ਧੋਇ।" (ਜਾਣੀਐ, ਲਖੀਐ)
— ਸਿਰੀ **੧**, ੧੨, ੩ : ੩ (18)

ਪਛਾਣੁ — ਜਾਣ, ਲਖ, ਸਮਝ
"ਸਾਕਤ ਨਿਰਗੁਣਿਆਰਿਆ ਆਪਣਾ ਮੂਲੁ **ਪਛਾਣੁ**।" — ਸਿਰੀ **੧**, ਅਸ ੧੫, ੫ : ੧ (63)

"ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਗੁਰਮੁਖਿ ਸਬਦੁ **ਪਛਾਣੁ**।" (ਸਮਝ)
—ਸਿਰੀ **੪**, ਪਹ ੨, ੪ : ੬ (76)

"ਗੁਰ ਕੈ ਸਬਦਿ ਅੰਤਰਿ ਬ੍ਰਹਮੁ **ਪਛਾਣੁ**।" (ਪਛਾਣੋ, ਬਲਖੋ)—ਆਸਾ **੩**, ੫੧, ੨ : ੪ (364)

"ਆਵਣ ਜਾਣਾ ਸਬਦੁ **ਪਛਾਣੁ**।" (ਸਮਝ)
— ਮਾਰੂ **੩**, ਸੋਲਾ ੧੫, ੧੩ : ੨ (1059)

ਪਛਾਣੂ — 1. ਜਾਣਨ ਵਾਲਾ, ਪਛਾਣਨ ਵਾਲਾ, ਗਿਆਤਾ ਵਾਕਫ
"ਇਕ **ਪਛਾਣੂ** ਜੀਅ ਕਾ ਇਕੋ ਰਖਣਹਾਰੁ।"
— ਸਿਰੀ **੫**, ੭੯, ੧ : ੧ (45)

"ਜਾਣੂ ਵਸੰਦੋ ਮੰਝਿ **ਪਛਾਣੂ** ਕੋ ਹੇਕੜੋ।" (ਬੁਝਣਹਾਰ, ਜਾਣਨਹਾਰ)
— ਮਾਰੂ **੫**, ਵਾਰ ੧੪ਸ, **੫**, ੨ : ੧ (1099)

2. ਮਿਤਰ, ਦੋਸਤ
"ਹਿਕਸ ਕੂੰ ਤੂ ਆਹਿ **ਪਛਾਣੂ** ਭੀ ਹਿਕੁ ਕਰਿ।"
— ਮਾਰੂ **੫**, ਵਾਰ ੧੯ਸ, **੫**, ੩ : ੧ (1101)

ਪਛਾਣੇ — 1. ਵਿਚਾਰੇ, ਦ੍ਰਿਸ਼ਟੀ ਗੋਚਰ ਕੀਤੇ
"ਬਾਂਹ ਪਕੜਿ ਠਾਕੁਰਿ ਹਉ ਘਿਧੀ ਗੁਣ ਅਗਵਣ ਨ **ਪਛਾਣੇ**।"
— ਜੈਤ **੫**, ਛੰਤ ੧, ੩ : ੪ (704)

2. ਜਾਣੇ, ਲਖੇ, ਪਛਾਣ ਕੀਤੀ
"ਹਰਿ ਭਗਤਿ ਕਰਹਿ ਵਿਚਹੁ ਆਪੁ ਗਵਾਵਹਿ ਜਿਨ ਗੁਣ ਅਵਗਣ **ਪਛਾਣੇ** ਰਾਮ।"
— ਸੂਹੀ **੩**, ਛੰਤ ੨, ੨ : ੨ (768)

ਹੋਰ ਰੂਪ — ਪਛਾਣੈ —
"ਆਪੁ **ਪਛਾਣੈ** ਬੂਝੈ ਸੋਇ।" (ਲਖੇ, ਜਾਣੇ)
— ਸਿਰੀ **੧**, ੩੦, ੪ : ੨ (25)

"ਬੁਰਾ ਭਲਾ ਨ **ਪਛਾਣੈ** ਪ੍ਰਾਣੀ ਆਗੈ ਪੰਥੁ ਕਰਾਰਾ।" (ਸਮਝੇ)
— ਸਿਰੀ **੫**, ਪਹ ੪, ੨ : ੩ (77)

"ਰਸੀਆ ਹੋਵੈ ਮੁਸਕ ਕਾ ਤਬ ਫੂਲੁ **ਪਛਾਣੈ**।" (ਸ਼ਿਨਾਖਤ ਕਰਦਾ ਹੈ)
— ਤਿਲੰ **੧**, ਅਸ ੧, ੯ : ੨ (725)

"ਨਾਨਕ ਮਹਲੀ ਮਹਲੁ **ਪਛਾਣੈ** ਗੁਰਮਤੀ ਹਰਿ ਪਾਏ।" (ਭਾਵ ਲਭ ਲੈਣਾ)
— ਸੂਹੀ **੩**, ਛੰਤ ੪, ੩ : ੬ (770)

ਪਛਾਣੋਵਾ — ਪਛਾਣੋ, ਜਾਣੋ, ਸਮਝੋ
"ਸਚੜਾ ਦੂਰਿ ਨ ਭਾਲੀਐ ਘਟਿ ਘਟਿ ਸਬਦੁ **ਪਛਾਣੋਵਾ**।"
— ਵਡ **੧**, ਅਲਾ ੪, ੧ : ੨ (581)

ਪਛਾਤਾ — ਪਛਾਣਿਆ, ਜਾਣਿਆ, ਸਮਝਿਆ
"ਨਾਨਕ ਨਾਮੁ ਮਿਲੈ ਵਡਿਆਈ ਗੁਰ ਕੈ ਸਬਦਿ **ਪਛਾਤਾ**।"
— ਸਿਰੀ **੨**, ਅਸ ੨੨, ੮ : ੩ (68)

ਪਛਾਤੀ — ਪਹਿਚਾਣੀ, ਜਾਣੀ, ਲਖੀ
"ਗੁਰ ਕੀ ਬਾਣੀ ਸਬਦਿ **ਪਛਾਤੀ** ਸਾਚਿ ਰਹੇ ਲਿਵ ਲਾਏ।" — ਭੈਰ **੩**, ਅਸ ੨, ੭ : ੨ (1155)

ਪਛਾਨ — ਪਹਿਚਾਣ, ਜਾਣ, ਲਖ
"ਨਾਨਕ ਗੁਰਮੁਖਿ ਬ੍ਰਹਮੁ **ਪਛਾਨ**।"
— ਗਉ **੫**, ਥਿਤੀ ੧੪ : ੮ (299)

ਪਛਾਨਉ — ਵੇਖਦੇ ਹੋ, ਦ੍ਰਿਸ਼ਟਮਾਨ ਕਰਦੇ ਹੋ
"ਲੋਭ ਮੋਹ ਮਾਇਆ ਮਮਤਾ ਫੁਨਿ ਜਿਹ ਘਟਿ ਮਾਹਿ **ਪਛਾਨਉ**।"
— ਧਨਾ **੯**, ੩, ੧* : ੨ (685)

ਪਛਾਨਈ — ਪਛਾਣਦਾ ਹੈ, ਸਮਝਦਾ ਹੈ
"ਬਿਨਵੰਤਿ ਨਾਨਕ ਕਰਹੁ ਕਿਰਪਾ ਸੋਇ ਤੁਝਹਿ **ਪਛਾਨਈ**।"
— ਰਾਮ **੫**, ਛੰਤ ੨, ੩ : ੬ (925)

ਹੋਰ ਰੂਪ — ਪਛਾਨਹਿ —
"ਅਨਬੋਲੇ ਕਉ ਤੁਹੀ **ਪਛਾਨਹਿ** ਜੋ ਜੀਅਨ

ਮਹਿ ਹੋਤਾ।" (ਪਹਿਚਾਣਦਾ/ਜਾਣਦਾ ਹੈ)
— ਬਿਲਾ **੫**, ੯੪, ੧ : ੧ (823)

ਪਛਾਨਹੁ —
"ਕਹੁ ਨਾਨਕ ਹਰਿ ਬਿਰਦੁ **ਪਛਾਨਹੁ** ਭੂਲੇ ਸਦਾ ਪਰਾਨੀ।" (ਪਹਿਚਾਨੋ, ਸੰਮਾਲੋ ਭਾਵ ਵਰਤੋ) — ਸੋਰ **੯**, ੧੦, ੩ : ੨ (633)
"ਤੈਸੇ ਹੀ ਤੁਮ ਤਾਹਿ **ਪਛਾਨਹੁ** ਭਗਤਿ ਹੀਨ ਜੋ ਪ੍ਰਾਨੀ।" (ਜਾਣੋ, ਸਮਝੋ)
— ਬਿਲਾ **੯**, ੩, ੨ : ੨ (831)

ਪਛਾਨਣਿਆ — ਪਹਿਚਾਣ ਕਰ ਲਿਆ
"ਗੁਰ ਪਰਸਾਦਿ ਮਿਟਿਆ ਅੰਧਿਆਰਾ ਘਟਿ ਚਾਨਣੁ ਆਪੁ **ਪਛਾਨਣਿਆ**।"
— ਮਾਝ **੩**, ਅਸ ੩੨, ੭ : ੩ (129)

ਪਛਾਨਾ — ਪਹਿਚਾਣਿਆ, ਜਾਣਿਆ, ਲਖਿਆ
"ਪੂਰੇ ਗੁਰ ਕੈ ਸਬਦਿ **ਪਛਾਨਾ**।"
— ਗਉ **੧**, ੧੧, ੧* : ੨ (154)
"ਮਾਟੀ ਏਕ ਭੇਖ ਧਰਿ ਨਾਨਾ ਤਾ ਮਹਿ ਬ੍ਰਹਮੁ **ਪਛਾਨਾ**।" (ਪਹਿਚਾਣਿਆ ਭਾਵ ਦੇਖਿਆ ਹੈ)
— ਆਸਾ **ਕਬ**, ੧੭, ੫ : ੧ (480)
"ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ **ਪਛਾਨਾ**।" (ਪਹਿਚਾਨਿਆ ਭਾਵ ਯਾਦ ਰੱਖਿਆ)
— ਤਿਲੰ **੯**, ੧, ੧ : ੨ (726)

ਹੋਰ ਰੂਪ — ਪਛਾਨਾਂ —
"ਜੋਲਾ ਹੋ ਘਰੁ ਅਪਨਾ ਚੀਨ੍ਹਾਂ ਘਟ ਹੀ ਰਾਮ **ਪਛਾਨਾਂ**।" (ਜਾਣ ਲਿਆ)
— ਆਸਾ **ਕਬ**, ੩੬, ੩ : ੨ (484)

ਪਛਾਨਿ —
"ਖਸਮੁ **ਪਛਾਨਿ** ਤਰਸ ਕਰਿ ਜੀਅ ਮਹਿ ਮਾਰਿ ਮਣੀ ਕਰਿ ਫੀਕੀ।" (ਪਹਿਚਾਣ/ਜਾਣ ਕੇ)
— ਆਸਾ **ਕਬ**, ੧੭, ੪ : ੧ (480)

ਪਛਾਨਿਓ —
"ਤੁਮ ਤੇ ਸੇਵ ਤੁਮ ਤੇ ਜਪ ਤਾਪਾ ਤੁਮ ਤੇ ਤਤੁ **ਪਛਾਨਿਓ**।" (ਸਮਝਿਆ, ਜਾਣਿਆ)
— ਸਾਰ **੫**, ੬੨, ੨ : ੧ (1216)

ਪਛਾਨਿਆ —
"ਉਨਮਤ ਕਾਮਿ ਮਰਾ ਬਿਖੁ ਭੂਲੈ ਪਾਪੁ ਪੁੰਨੁ ਨ **ਪਛਾਨਿਆ**।" (ਜਾਣਿਆ, ਸ਼ਿਨਾਖਤ ਕੀਤੀ)
— ਸਿਰੀ **ਬੇਣੀ**, ੧, ੩ : ੨ (93)
"ਜਿਨਿ ਰਾਮੁ ਜਾਨਿਆ ਤਿਨਹਿ **ਪਛਾਨਿਆ**।" (ਸਮਝਿਆ)
— ਗਉ **ਕਬ**, ੧੮, ੧ : ੩ (327)

ਪਛਾਨੀ — 1. ਤਕੀ, ਪਕੜੀ
"ਹੰਉ ਹਉਰੋ ਤੂ ਠਾਕੁਰੁ ਗਉਰੋ ਨਾਨਕ ਸਰਨਿ **ਪਛਾਨੀ**।" — ਆਸਾ **੫**, ੧੩੫, ੩ : ੧ (404)
2. ਸ਼ਨਾਖਤ ਕਰ ਲਏ
"ਹੰਸੁ ਹੁਇ ਹੀਰਾ ਲੇਇ **ਪਛਾਨੀ**।"
— ਆਸਾ **ਕਬ**, ੩੧, ੧* : ੨ (483)

ਹੋਰ ਰੂਪ — ਪਛਾਨੀਐ —
"ਗਾਹਕ ਗੁਨੀ ਅਪਾਰ ਸੁ ਤਤੁ **ਪਛਾਨੀਐ**।" (ਪਛਾਣੇ, ਸ਼ਨਾਖਤ ਕਰੇ)
— ਫੁਨ **੫**, ੧੨ : ੨ (1362)
3. ਜਾਣੀ, ਸਮਝੀ
"ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ **ਪਛਾਨੀ**।"
— ਸੋਰ **੯**, ੧੧, ੩ : ੧ (634)

ਪਛਾਨੁ — ਜਾਣ, ਸਮਝ, ਸ਼ਨਾਖਤ ਕਰ
"ਅੰਤਰਜਾਮੀ ਸਦਾ ਸੰਗਿ ਕਰਣੈਹਾਰੁ **ਪਛਾਨੁ**।"
— ਸਿਰੀ **੫**, ੮੧, ੨ : ੨ (46)
"ਕਲਿ ਕੀਰਤਿ ਸਬਦੁ **ਪਛਾਨੁ**।" (ਸ਼ਬਦ ਨੂੰ ਸਮਝੋ/ਵਿਚਾਰੋ)
— ਆਸਾ **੩**, ਅਸ ੨੫, ੨ : ੧ (424)
"ਗੁਰ ਪ੍ਰਸਾਦਿ ਘਟਿ ਘਟਿ **ਪਛਾਨੁ**।" (ਭਾਵ ਵੇਖ)
— ਬਸੰ **੫**, ੧੧, ੨ : ੪ (1183)
"ਸੁਪਨੇ ਜਿਉ ਧਨੁ **ਪਛਾਨੁ**।" (ਸਮਝ, ਜਾਣ)
— ਜੈਜਾ **੯**, ੧, ੧ : ੧ (1352)

ਪਛਾਨੂ — ਪਛਾਨਣ ਵਾਲਾ, ਵਾਕਫ, ਸੰਗੀ
"ਹਰਿ ਕਾ ਨਾਮੁ ਤਹ ਨਾਲਿ **ਪਛਾਨੂ**।"
— ਗਉ **੫**, ਸੁਖ ੨, ੪ : ੬ (264)

ਪਛਾਨੇ — ਪਛਾਨੀਦਾ/ਜਾਣੀਦਾ ਹੈ
"ਹਰਿ ਬਿਨੁ ਕਿਉ ਰਹੀਐ ਗੁਰ ਸਬਦਿ **ਪਛਾਨੇ**।"
— ਬਿਲਾ **੧**, ੪, ੧ : ੪ (796)

ਹੋਰ ਰੂਪ — ਪਛਾਨੈ —
"ਸਬਦਿ **ਪਛਾਨੈ** ਤੀਨੇ ਭਉਨ।" (ਪਛਾਨਦਾ ਹੈ) — ਗਉ **੧**, ਅਸ ੨, ੫ : ੩ (221)
"ਪ੍ਰਭ ਅਪਨੇ ਕਾ ਹੁਕਮੁ **ਪਛਾਨੈ**।" (ਸਮਝਦਾ

ਹੈ) — ਗਉ **੫**, ਸੁਖ ੧੨, ੭ : ੬ (286)

"ਉਪਦੇਸੁ ਕਰੈ ਆਪਿ ਨ ਕਮਾਵੈ ਤਤੁ ਸਬਦੁ ਨ **ਪਛਾਨੈ**।" (ਸਮਝੇ)

— ਆਸਾ **੫**, ੩੮, ੩ : ੨ (380)

"ਹਰਿ ਕੇ ਚੋਜ ਵਿਡਾਨ ਦੇਖੁ ਜਨ ਜੋ ਖੋਟਾ ਖਰਾ ਇਕ ਨਿਮਖ **ਪਛਾਨੈ**।" (ਪਛਾਨ, ਸ਼ਨਾਖਤ ਕਰ ਲੈਂਦਾ ਹੈ)

— ਕਲਿ **੪**, ੫, ੩ : ੧ (1320)

ਪਛਾਨੋ — 1. ਸਮਝੋ

"ਸੋ ਸੁਆਮੀ ਤੁਮ ਨਿਕਟਿ **ਪਛਾਨੋ** ਰੂਪ ਰੇਖ ਤੇ ਨਿਆਰਾ।" — ਜੈਤ **੯**, ੩, ੧ : ੨ (703)

2. ਸ਼ਨਾਖਤ ਕਰੋ

"ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ **ਪਛਾਨੋ**।" — ਬਸੰ **੯**, ੧, ੧* : ੨ (1186)

ਪਛਾਵਿਆ — ਪਰਛਾਵੇਂ ਹਨ

"ਜੇਤੇ ਮਾਇਆ ਰੰਗ ਤੇਤ **ਪਛਾਵਿਆ**।"

— ਆਸਾ **੫**, ੧੧੧, ੩ : ੧ (398)

ਪਛਾੜਸੀ — ਪਛਾੜੇਗਾ ਭਾਵ ਦੂਰ ਕਰੇਗਾ

"ਖਿਨ ਮਹਿ ਮਾਰਿ **ਪਛਾੜਸੀ** ਭਾਇ ਦੂਜੈ ਠਾਗੈ।"

— ਮਾਰੂ **੩**, ਵਾਰ ੧੨ : ੨ (1090)

ਪਛਾੜਹਿ — ਪਟਾਕ ਕੇ ਸੁਟਣਾ

"ਆਪੁ **ਪਛਾੜਹਿ** ਧਰਤੀ ਨਾਲਿ।"

— ਆਸਾ **੧**, ਵਾਰ ੫ਸ, **੧**, ੨ : ੬ (465)

ਪਛਾੜਿ — ਪਟਕਾ ਕੇ ਸੁਟ ਭਾਵ ਡੇਗ, ਢਾਹ ਲੈ

"ਪਾਪੜਿਆ **ਪਛਾੜਿ** ਬਾਣੁ ਸਚਾਵਾ ਸੰਨ੍ਹਿ ਕੈ।"

— ਗੂਜ **੫**, ਵਾਰ ੧੩ਸ, ੫, ੨ : ੧ (521)

ਪਛਾੜਿਅਨੁ — ਪਟਕਾ ਮਾਰੇ

"ਨਿੰਦਕ ਪਕੜਿ **ਪਛਾੜਿਅਨੁ** ਝੂਠੇ ਦਰਬਾਰੇ।"

— ਗਉ **੫**, ਵਾਰ ੨੦ਸ, **੫**, ੨ : ੩ (323)

ਹੋਰ ਰੂਪ — ਪਛਾੜੀਐ —

"ਲਹਰੀ ਨਾਲਿ **ਪਛਾੜੀਐ** ਭੀ ਵਿਗਸੈ ਅਸਨੇਹਿ।" (ਧਕਿਆ ਜਾਂਣਾ)

— ਸਿਰੀ **੧**, ਅਸ ੧੧, ੧ : ੨ (59)

ਪਛਾੜੇ —

"ਊਚਾ ਕੂਕੇ ਤਨਹਿ **ਪਛਾੜੇ**।" (ਪਟਕਦੇ ਹਨ)

— ਮਾਝ **੩**, ਅਸ ੨੧, ੪ : ੧ (121)

ਪਛਾੜਿਉ —

"ਮੋਹੁ ਮਲਿ ਬਿਵਸਿ ਕੀਅਉ ਕਾਮੁ ਗਹਿ ਕੇਸ **ਪਛਾੜਿਉ**।"

— ਸਵ **੪**, ਸਲ ੧ : ੧ (1406)

ਪਛਿਮ — ਸੂਰਜ ਅਸਤ ਹੋਣ ਦੀ ਦਿਸ਼ਾ, ਲਹਿੰਦਾ

"**ਪਛਿਮ** ਫੇਰਿ ਚੜਾਵੈ ਸੂਰੁ।"

— ਰਾਮ **ਬੇਣੀ**, ੧, ੭ : ੪ (974)

ਹੋਰ ਰੂਪ — ਪਛਿਮਿ —

"ਦਖਨ ਦੇਸਿ ਹਰੀ ਕਾ ਬਾਸਾ **ਪਛਿਮਿ** ਅਲਹ ਮੁਕਾਮਾ।" (ਪਛਮ ਵਿਚ)

— ਪ੍ਰਭਾ **ਕਬ**, ੨, ੨ : ੧ (1349)

ਪਛੁਤਈਹੈ — ਪਛਤਾਂਦਾ ਹੈ

"ਕਹਤ ਕਬੀਰ ਰਾਮ ਨਾਮ ਬਿਨੁ ਮੂੰਡ ਧੁਨੇ **ਪਛੁਤਈਹੈ**।" — ਗੂਜ **ਕਬ**, ੧, ੪ : ੨ (524)

ਪਛੁਤਹਿ — ਪਿਛੋਂ

"ਵੇਖਦਿਆ ਹੀ ਮਾਇਆ ਧੁਹਿ ਗਈ **ਪਛੁਤਹਿ** ਪਛੁਤਾਇਆ।"

— ਸਾਰ **੪**, ਵਾਰ ੨੧ : ੪ (1245)

ਪਛੁਤਾਇ — ਪਛਤਾਉਂਦਾ ਹੈ

"ਜੇ ਕੋ ਕਹੈ ਪਿਛੈ **ਪਛੁਤਾਇ**।"

— ਜਪ **੧**, ੧੨ : ੨ (3)

ਹੋਰ ਰੂਪ — ਪਛੁਤਾਇਓ —

"ਨਿਪਟਿ ਬਾਜੀ ਹਾਰਿ ਮੂਕਾ **ਪਛੁਤਾਇਓ** ਮਨਿ ਭੋਰਾ।" (ਪਛਤਾਉਂਦਾ ਹੈ)

— ਆਸਾ **੫**, ੧੫੨, ੨ : ੨ (408)

ਪਛੁਤਾਇਆ —

"ਉਠਿ ਚਲਿਆ **ਪਛੁਤਾਇਆ** ਪਰਿਆ ਵਸਿ ਜੰਦਾਰ।" — ਸਿਰੀ **੫**, ੭੪, ੧ : ੩ (43)

ਪਛੁਤਾਇਦਾ — ਪਛਤਾਉਂਦਾ ਹੈ

"ਮਿਥਿਆ ਲੋਭੁ ਨਾਹੀ ਘਰਿ ਵਾਸਾ ਲਬਿ ਪਾਪਿ **ਪਛੁਤਾਇਦਾ**।"

— ਮਾਰੂ **੧**, ਸੋਲਾ ੧੬, ੧੫ : ੩ (1037)

ਪਛੁਤਾਈ — ਪਛਤਾਉਂਦਾ ਹੈ

"ਹਰਿ ਸੁਖਦਾਤਾ ਮਨਿ ਨਹੀ ਵਸਿਆ ਅੰਤਿ ਗਇਆ **ਪਛੁਤਾਈ**।"

— ਸਿਰੀ **੩**, ਅਸ ੧੮, ੪ : ੩ (65)

ਹੋਰ ਰੂਪ — ਪਛੁਤਾਏ —

"ਕਿਆ ਦੇਨਿ ਮੁਹੁ ਜਾਏ ਅਵਗੁਣਿ **ਪਛੁਤਾਏ**

ਦੁਖੋ ਦੁਖੁ ਕਮਾਏ।" (ਪਛਤਾਉਂਦੇ ਹਨ)
— ਵਡ **੩**, ਅਲਾ ੪, ੨ : ੩ (1259)

ਪਛੁਤਾਸੀ — ਪਛੁਤਾਵੇਂਗਾ
"ਅੰਤਿ ਕਾਲਿ **ਪਛੁਤਾਸੀ** ਅੰਧੁਲੇ ਜਾ ਜਮਿ ਪਕੜਿ ਚਲਾਇਆ।"
— ਸਿਰੀ **੧**, ਪਹ ੨, ੩ : ੩ (76)

ਪਛੁਤਾਹਿ — ਪਛਤਾਏਂਗਾ
"ਮੂੜੇ ਫਿਰਿ ਪਾਛੈ **ਪਛੁਤਾਹਿ** ਰੇ।"
— ਗਉ **੧**, ਅਸ ੧੮, ੧* : ੨ (156)
"ਨਾ ਤਿਸੁ ਏਹੁ ਨ ਓਹੁ ਹੈ ਅਵਗੁਣਿ ਫਿਰਿ **ਪਛੁਤਾਹਿ**।" (ਪਛਤਾਉਂਦਾ ਹੈ)
— ਰਾਮ **੧**, ਓਅੰ ੩੨ : ੨ (935)

ਹੋਰ ਰੂਪ — ਪਛੁਤਾਹਿਗਾ —
"ਰਾਮੁ ਸਿਮਰੁ **ਪਛੁਤਾਹਿਗਾ** ਮਨ।"
— ਮਾਰੂ **ਕਬ**, ੧, ੧* : ੧ (1106)

ਪਛੁਤਾਹੀ — ਪਛਤਾਉਂਦਾ ਹੈ
"ਅਵਗੁਣ ਛੋਡਿ ਗੁਣਾ ਕਉ ਧਾਵਹੁ ਕਰਿ ਅਵਗੁਣ **ਪਛੁਤਾਹੀ** ਜੀਉ।"
— ਸੋਰ **੧**, ੯, ੨ : ੧ (598)

ਪਛੁਤਾਹੁ — ਪਛਤਾਉਣ ਨਾਲ
"ਫਿਰਿ **ਪਛੁਤਾਹੁ** ਨ ਪਾਵਹੁ ਪਾਰੁ।"
— ਭੈਰ **ਕਬ**, ੯, ੩ : ੪ (1159)

ਪਛੁਤਾਹੁਗੇ — ਪਛਤਾਵਾ ਕਰੋਗੇ
"ਫਿਰਿ ਪਾਛੈ **ਪਛੁਤਾਹੁਗੇ** ਪ੍ਰਾਨ ਜਾਹਿੰਗੇ ਛੂਟਿ।"
— ਸਲੋ **ਕਬ**, ੪੧ : ੨ (1366)

ਪਛੁਤਾਣਾ — ਪਛਤਾਉਣ ਲਗਾ
"ਅਵਗਤਿ ਬਾਣਿ ਛੋਡਿ ਮ੍ਰਿਤ ਮੰਡਲਿ ਤਉ ਪਾਛੈ **ਪਛੁਤਾਣਾ**।" — ਸਿਰੀ **ਬੇਣੀ**, ੧, ੪ : ੪ (93)

ਹੋਰ ਰੂਪ — ਪਛੁਤਾਣੀ —
"ਰੈਣਿ ਵਿਹਾਣੀ **ਪਛੁਤਾਣੀ** ਉਠਿ ਚਲੀ ਗਈ ਨਿਰਾਸ।" (ਪਛਤਾਉਂਦਿਆਂ)
— ਮਾਝ **੫**, ਬਾਹਾ ੫ : ੫ (134)
"ਅੰਧੁ ਨ ਜਾਣੈ ਫਿਰਿ **ਪਛੁਤਾਣੀ**।" (ਪਛਤਾਉਂਦਾ ਹੈ)
— ਆਸਾ **੧**, ਵਾਰ ੯ਸ, **੧**, ੨ : ੧੪ (467)

ਪਛੁਤਾਣੀਆ —
"ਸਬਦੁ ਸਾਚਾ ਗੁਰਿ ਦਿਖਾਇਆ ਮਨਮੁਖੀ **ਪਛੁਤਾਣੀਆ**।" (ਪਛਤਾਉਂਦੇ ਹਨ)
— ਗਉ **੧**, ਛੰਤ ੧, ੩ : ੩ (242)

ਪਛੁਤਾਣੀਤਾ — ਪਛਤਾਉਂਦਾ ਹੈ
"ਪ੍ਰਣਵਤਿ ਨਾਨਕੁ ਨਾਗੀ ਦਾੜੈ ਫਿਰਿ ਪਾਛੈ **ਪਛੁਤਾਣੀਤਾ**।"— ਗਉ **੧**, ੧੫, ੪ : ੨ (156)

ਪਛੁਤਾਣੇ — ਪਛਤਾਉਂਦਾ ਹੈ
"ਸਤਿਗੁਰ ਸੇਵਾ ਨ ਕਰਹਿ ਫਿਰਿ ਫਿਰਿ **ਪਛੁਤਾਣੇ**।"
— ਗਉ **੩**, ੩੨, ੩ : ੨ (163)
"ਸਰਪਰ ਵੀਛੁੜਣਾ ਮੋਹੇ **ਪਛੁਤਾਣੇ** ਰਾਮ।" (ਪਛਤਾਉਂਦੇ ਹਨ)
— ਬਿਹਾ **੪**, ਛੰਤ ੯, ੩ : ੨ (548)

ਪਛੁਤਾਤਾ — ਪਛਤਾਉਂਦਾ ਹੈ
"ਮਨਮੁਖ ਭਰਮਿ ਭੁਲੇ ਭੇਖਧਾਰੀ ਅੰਤ ਕਾਲਿ **ਪਛੁਤਾਤਾ** ਹੇ।"
— ਮਾਰੂ **੩**, ਸੋਲਾ ੯, ੮ : ੩ (1052)

ਪਛੁਤਾਨਾ — ਪਛਤਾਉਂਦਾ ਹੈ
"ਜਮਿ ਪਕੜਿਆ ਤਬ ਹੀ **ਪਛੁਤਾਨਾ**।"
— ਗਉ **੩**, ਅਸ ੨, ੬ : ੩ (230)

ਪਛੁਤਾਨਿਆ — ਪਛਤਾਇਆ
"ਬੇਦ ਕੀ ਬਿਪਤਿ ਪੜੀ **ਪਛੁਤਾਨਿਆ**।"
— ਗਉ **੧**, ਅਸ ੯, ੧ : ੨ (224)

ਪਛੁਤਾਨੀ — ਪਛਤਾਈ
"ਗਇਆ ਸੁ ਜੋਬਨ ਧਨ **ਪਛੁਤਾਨੀ**।"
— ਆਸਾ **੧**, ੨੬, ੩ : ੨ (357)
"ਆਪ ਕਮਾਨੇ ਕਉ ਲੇ ਬਾਂਧੇ ਫਿਰਿ ਪਾਛੈ **ਪਛੁਤਾਨੇ**।" (ਪਛਤਾਉਂਦੇ ਹਨ)
— ਆਸਾ **੫**, ੧੨੮, ੧ : ੨ (403)

ਪਛੁਤਾਨੇ — ਪਛਤਾਏ
"ਬਿਨਵੰਤਿ ਨਾਨਕ ਬਿਨੁ ਨਾਮ ਹਰਿ ਕੇ ਕੇਤਿਆ **ਪਛੁਤਾਨੇ**।" —ਬਿਹਾ **੫**, ੯, ੩ : ੬ (548)

ਹੋਰ ਰੂਪ — ਪਛੁਤਾਨੈ —
"ਤਾ ਤੇ ਜਨ ਕਉ ਅਨਦੁ ਭਇਆ ਹੈ ਰਿਦ ਸੁਧ ਮਿਲੇ ਖੋਟੇ **ਪਛੁਤਾਨੈ**।" (ਪਛੁਤਾਏ)
— ਕਲਿ **੪**, ੫, ੩ : ੨ (1321)

ਪਛੁਤਾਪ — ਪਛਤਾਵਾ
"ਖਿਨ ਮਹਿ ਛੋਡਿ ਜਾਇ ਬਿਖਿਆ ਰਸੁ ਤਉ ਲਾਗੈ **ਪਛੁਤਾਪ**।"

— ਸਾਰ **੪**, ੭, ੧ : ੨ (1200)

ਪਛੁਤਾਪਿਆ — ਪਛਤਾਇਆ
"ਕਾਮ ਕ੍ਰੋਧਿ ਅਹੰਕਾਰਿ ਮੂਠਾ ਖੋਇ ਗਿਆਨੁ **ਪਛੁਤਾਪਿਆ**।"
— ਬਿਹਾ **੫**, ਛੰਤ ੭, ੩ : ੫ (546)

ਪਛੁਤਾਪੈ — ਪਸਚਾਤਾਪ ਕਰਵਾਉਂਦਾ ਹੈ
"ਕਾਹੂ ਉਦਿਆਨ ਭ੍ਰਮਤ **ਪਛੁਤਾਪੈ**।"
—ਗਉ **੫**, ਬਾਅ ੧੭ : ੬ (253)

ਪਛੁਤਾਜਉ — ਪਛਤਾਵਾ
"ਕਲਿ ਘੋਰ ਸਮੁਦ੍ਰ ਮੈ ਬੂਡਤ ਥੇ ਕਬਹੂ ਮਿਟਿ ਹੈ ਨਹੀ ਰੇ **ਪਛੁਤਾਜਉ**।"
— ਸਵ **੫**, ਮਥੁ ੬ : ੨ (1409)

ਪਛੁਤਾਵਏ — ਪਛਤਾਉਂਦਾ ਹੈ
"ਜੋ ਪ੍ਰਭੁ ਦੇਇ ਤਿਸੁ ਚੇਤੈ ਨਾਹੀ ਅੰਤਿ ਗਇਆ **ਪਛੁਤਾਵਏ**।"
— ਧਨਾ **੪**, ਛੰਤ ੧, ੪ : ੪ (690)

ਪਛੁਤਾਵਹਿ — ਪਛਤਾਉਂਦਾ ਹੈ
"ਘਾਲਿ ਘਾਲਿ ਅਨਿਕ **ਪਛੁਤਾਵਹਿ**।"
— ਗਉ **੫**, ਬਾਅ ੨੦ : ੫ (254)

ਹੋਰ ਰੂਪ — ਪਛੁਤਾਵਹਿਗਾ —
"ਫਿਰਿ **ਪਛੁਤਾਵਹਿਗਾ** ਮੂੜਿਆ ਤੂੰ ਕਵਨ ਕੁਮਤਿ ਭ੍ਰਮਿ ਲਾਗਾ।"
— ਸਿਰੀ **ਬੇਣੀ**, ੧, ੧* : ੧ (93)

ਪਛੁਤਾਵਹੇ — ਪਛੁਤਾਉਂਦਾ ਹੈ
"ਗਾਰਬਿ ਲਾਗਾ ਜਾਹਿ ਮੁਗਧ ਮਨ ਅੰਤਿ ਗਇਆ **ਪਛੁਤਾਵਹੇ**।"
— ਆਸਾ **੩**, ਛੰਤ ੭, ੬ : ੩ (441)

ਪਛੁਤਾਵਣਾ — ਪਛਤਾਵਾ ਹੋਣਾ
"ਆਇ ਗਇਆ **ਪਛੁਤਾਵਣਾ** ਜਿਉ ਸੁੰਞੈ ਘਰਿ ਕਾਉ।" — ਸਿਰੀ **੧**, ਅਸ ੮, ੩ : ੩ (58)

ਹੋਰ ਰੂਪ — ਪਛੁਤਾਵਣਿਆ —
"ਮਨਮੁਖ ਜਨਮੁ ਗਇਆ ਹੈ ਬਿਰਥਾ ਅੰਤਿ ਗਇਆ **ਪਛੁਤਾਵਣਿਆ**।" (ਪਛਤਾਉਂਦਾ ਹੈ) — ਮਾਝ **੩**, ਅਸ ੩੦, ੬ : ੩ (127)

ਪਛੁਤਾਵਾ — ਪਸਚਾਤਾਪ, ਅਫਸੋਸ
"ਨਾਨਕ ਨਾਲਿ ਨ ਚਲਈ ਫਿਰਿ **ਪਛੁਤਾਵਾ** ਹੋਇ।"
— ਸੂਹੀ **੩**, ਵਾਰ ੭ਸ, **੨**, ੨ : ੨ (787)

ਪਛੁਤਾਵੈ — ਪਛਤਾਉਂਦਾ ਹੈ
"ਓਹ ਬਿਨਸੈ ਉਹੁ ਮਨਿ **ਪਛੁਤਾਵੈ**।"
— ਗਉ **੫**, ਸੁਖ ੫, ੩ : ੪ (268)

ਹੋਰ ਰੂਪ — ਪਛੋੁਤਾਵੈ —
"ਦਾਤਿ ਕਰੈ ਨਹੀ **ਪਛੋੁਤਾਵੈ**।" (ਪਛਤਾਉਂਦਾ)
— ਪ੍ਰਭਾ **੫**, ੧, ੩ : ੩ (1337)

ਪਛੁਤੋਹੀ — ਪਛਤਾਏਗਾ
"ਤੂਟਿ ਜਾਇਗੋ ਸੂਤੁ ਬਾਪੁਰੇ ਫਿਰਿ ਪਾਛੈ **ਪਛੁਤੋਹੀ**।"
— ਸੋਰ **੫**, ੪, ੩ : ੨ (609)

ਪਛੋਤਾਉ — ਪਛਤਾਵਾ
"ਨ ਹੋਵੀ **ਪਛੋਤਾਉ** ਤੁਧਨੋ ਜਪਤਿਆ।"
— ਗੂਜ **੫**, ਵਾਰ ੭ : ੨ (519)

ਪਛੋਤਾਇ — ਪਛਤਾਵਾ
"ਹਰਿ ਕੀਆ ਸਦਾ ਸਦਾ ਵਡਿਆਈਆ ਦੇਇ ਨ **ਪਛੋਤਾਇ**।"
— ਸੋਰ **੪**, ਵਾਰ ੨੯ਸ, **੩**, ੧ : ੨ (653)

ਹੋਰ ਰੂਪ — ਪਛੋਤਾਇਆ —
"ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ **ਪਛੋਤਾਇਆ**।" (ਪਛਤਾਇਆ)
— ਪ੍ਰਭਾ **੧**, ਅਸ ੪, ੧ : ੨ (1344)

ਪਛੋਤਾਇਦਾ — ਪਛਤਾਉਂਦਾ
"ਜਿਸੁ ਬਖਸੇ ਤਿਸੁ ਦੇ ਵਡਿਆਈ ਮੇਲਿ ਨ **ਪਛੋਤਾਇਦਾ**।"
— ਮਾਰੂ **੧**, ਸੋਲਾ ੧੪, ੧੩ : ੩ (1035)

ਪਛੋਤਾਈਐ — ਪਛਤਾਈਏ
"ਜੀਵਦਿਆ ਮਰੁ ਮਾਰਿ ਨ **ਪਛੋਤਾਈਐ**।"
— ਮਾਝ **੧**, ਵਾਰ ੨੦ : ੧ (147)

ਪਛੋਤਾਹਿ — ਪਛਤਾਉਂਦਾ ਹੈ
"ਝੂਠੁ ਧਤੇ ਕਰਿ **ਪਛੋਤਾਹਿ**।"
— ਆਸਾ **੪**, ੫੪, ੨ : ੨ (366)

ਪਛੋਤਾਣੀ — ਪਛਤਾਈ, ਪਛਤਾਵਾ ਕਰਨਾ ਪਿਆ
"ਦੂਜੈ ਲਾਗੀ ਫਿਰਿ **ਪਛੋਤਾਣੀ**।"
— ਮਾਝ **੩**, ਅਸ ੩੩, ੪ : ੨ (129)

ਹੋਰ ਰੂਪ — ਪਛੋਤਾਣੇ —
"ਪਾਪ ਕਰੈ ਤਾ **ਪਛੋਤਾਣੇ**।" (ਪਛਤਾਏ)
— ਧਨਾ **੫**, ੨੨, ੩ : ੪ (676)

ਪਛੋਤਾਵਏ — ਪਛਤਾਏ

"ਮਿਲਿ ਸਾਧਸੰਗਤਿ ਕਰਹਿ ਰਲੀਆ ਫਿਰਿ ਨ **ਪਛੋਤਾਵਏ**।"
— ਤੁਖਾ **੧**, ਛੰਤ ੬, ੪ : ੩ (1113)

ਪਛੋਤਾਵਹੀ — ਪਛਤਾਉਂਦਾ
"ਸਾਹਿਬੁ ਰਿਦੈ ਵਸਾਇ ਨ **ਪਛੋਤਾਵਹੀ**।"
— ਆਸਾ **੧**, ਅਸ ੧੬, ੮ : ੧ (420)

ਪਛੋਤਾਵਹੁ — ਪਛਤਾਵਾ ਕਰੋ, ਪਛਤਾਵੋ
"ਵਣਜੁ ਕਰਹੁ ਮਖਸੂਦੁ ਲੈਹੁ ਮਤ **ਪਛੋਤਾਵਹੁ**।"
— ਆਸਾ **੧**, ਅਸ ੧੩, ੭ : ੧ (418)

ਪਛੋਤਾਵਣਾ — ਪਛਤਾਉਣਾ
"ਕਰਿ ਅਉਗਣ **ਪਛੋਤਾਵਣਾ**।"
— ਆਸਾ **੧**, ਵਾਰ ੧੪ : ੫ (471)

ਹੋਰ ਰੂਪ — ਪਛੋਤਾਵਣਿਆ —
"ਹਉਮੈ ਕਰਿ ਕਰਿ ਜਾਇ ਘਣੇਰੀ ਕਰਿ ਅਵਗਣ **ਪਛੋਤਾਵਣਿਆ**।"
— ਮਾਝ **੧**, ਅਸ ੧, ੭ : ੩ (109)

ਪਛੋਤਾਵਾ — ਪਛਤਾਵਾ
"**ਪਛੋਤਾਵਾ** ਨਾ ਮਿਲੈ ਜਬ ਚੂਕੈਗੀ ਸਾਰੀ।"
— ਤਿਲੰ **੧**, ਅਸ ੧, ੩ : ੧ (725)

ਪਛੋਤਾਵੈ — ਪਛਤਾਉਂਦਾ
"ਆਪੇ ਦੇਇ ਨ **ਪਛੋਤਾਵੈ**।"
— ਮਾਝ **੩**, ਅਸ ੬, ੫ : ੭ (112)

ਪਛੋਰਹਿ — ਪਟਕਾਏ, ਮਾਰੇ, ਪਛਾੜੇ
"ਹਾਥ **ਪਛੋਰਹਿ** ਸਿਰੁ ਧਰਨਿ ਲਗਾਹਿ।"
— ਭੈਰ **੫**, ੫੪, ੭ : ੩ (1152)

ਪਛੋੜੀ — ਪਟਕਾਏ, ਮਾਰੇ
"ਭ੍ਰਮਿ ਭ੍ਰਮਿ ਰੋਵੈ ਹਾਥ **ਪਛੋੜੀ**।"
— ਆਸਾ **੫**, ੪, ੩ : ੨ (375)

ਹੋਰ ਰੂਪ — ਪਛੋੜੀਐ —
"ਕਾਪੜ ਜਿਵੈ **ਪਛੋੜੀਐ** ਘੜੀ ਮੁਹਤ ਘੜੀਆਲੁ।" (ਪਟਕਾਈਏ ਭਾਵ ਕੁਟੀਏ)
— ਮਾਰੂ **੩**, ਵਾਰ ੪ਸ, **੩**, ੧ : ੩ (1088)

ਪਛੋੜੈ —
"ਸਿਰੁ ਹਾਥ **ਪਛੋੜੈ** ਅੰਧਾ ਮੂੜ।" (ਪਟਕਾ/ਪਟਕਾ ਕੇ ਮਾਰਨਾ)
— ਗਉ **੫**, ੧੯੮, ੨ : ੨ (199)

ਪੰਜਵਾ — ਚੌਥੇ ਤੋਂ ਅਗਲਾ, ਪੰਜਵੀਂ ਥਾਂ ਤੇ, ਪੰਚਮ
"ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ **ਪੰਜਵਾ** ਪਾਇਆ ਘਿਰਤੁ।"
— ਆਸਾ **੧**, ਵਾਰ ੧੯ਸ, **੧**, ੧ : ੫ (473)

ਹੋਰ ਰੂਪ — ਪੰਜਵੀਂ —
"ਚਉਥੀ ਨੀਅਤਿ ਰਾਸਿ ਮਨੁ **ਪੰਜਵੀ** ਸਿਫਤਿ ਸਨਾਇ।"
— ਮਾਝ **੧**, ਵਾਰ ੭ਸ, **੧**, ੩ : ੩ (141)

ਪੰਜਵੈ —
"**ਪੰਜਵੈ** ਖਾਣ ਪੀਅਣ ਕੀ ਧਾਤੁ।"
— ਮਾਝ **੧**, ਵਾਰ ੧ਸ, **੧**, ੨ : ੫ (137)

ਪੰਜਾ — ਪੰਜਾਂ ਦੇ ਹੀ
"ਪੰਜਿ ਨਿਵਾਜਾ ਵਖਤ ਪੰਜਿ **ਪੰਜਾ** ਪੰਜੇ ਨਾਉ।"
— ਮਾਝ **੧**, ਵਾਰ ੭ਸ, **੧**, ੩ : ੧ (141)

ਪੰਜਿ — ਪੰਜ, ਗਿਣਤੀ ਦੀ ਇਕ ਇਕਾਈ, ਚਾਰ ਜਮਾ ਇਕ
"ਹਉ ਹੋਆ ਮਾਹਰੁ ਪਿੰਡ ਦਾ ਬੰਨਿ ਆਦੇ **ਪੰਜਿ** ਸਰੀਕ ਜੀਉ।"
— ਸਿਰੀ **੫**, ੨੯, ੪ : ੩ (73)
"ਤੀਸਿ ਇਕੁ ਅਰੁ **ਪੰਜਿ** ਸਿਧੁ ਪੈਤੀਸ ਨ ਖੀਣਉ।" (ਸੰਗੀਤ ਦੇ ਪੰਜ ਅੰਗ (ਗਾਇਣ, ਵਾਦਣ, ਲੈ, ਤਾਲ, ਨ੍ਰਿਤ) — ਸਵ **੩**, ੧੨ : ੪ (1394)

ਪੰਜੀਰੁ — ਘੀ ਵਿਚ ਆਟਾ ਭੁੰਨ ਕੇ ਜੀਰਾ ਮਿਲਾ ਕੇ ਬਣਾਇਆ ਇਕ ਖਾਦ ਪਦਾਰਥ
"ਕਰਿ **ਪੰਜੀਰੁ** ਖਵਾਇਓ ਚੋਰ।"
— ਭੈਰ **੫**, ੧, ੨ : ੧ (1136)

ਪਜੂਤਾ — 1. ਪਕੜਿਆ ਹੋਇਆ ਭਾਵ ਸਹਾਰਾ ਪ੍ਰਾਪਤ
"ਚਰਣੀ ਚਲੈ **ਪਜੂਤਾ** ਆਗੈ ਵਿਣੁ ਸੇਵਾ ਫਲ ਲਾਗੇ।"
— ਆਸਾ **੧**, ੧੯, ੭ : ੨ (354)
2. ਫੜਿਆ ਹੋਇਆ
"ਸਾਹੁ **ਪਜੂਤਾ** ਪ੍ਰਵਣਤਿ ਨਾਨਕ ਲੇਖਾ ਦੇਹਾ।"
— ਆਸਾ **੧**, ੩੪, ੪ : ੨ (359)

ਪੰਜੇ — ਪੰਜ ਹੀ
"ਪੰਜਿ ਨਿਵਾਜਾ ਵਖਤ ਪੰਜਿ ਪੰਜਾ **ਪੰਜੇ** ਨਾਉ।"
— ਮਾਝ **੧**, ਵਾਰ ੭ਸ, **੧**, ੩ : ੧ (141)

ਪੰਞ — ਪਏ ਹਾਂ
"ਸਤਸੰਗਤਿ ਸਾਧ ਦਇਆ ਕਰਿ ਮੇਲਹੁ ਸਰਣਾਗਤਿ

ਸਾਧੂ **ਪੰਢੂ**।"
— ਬਸੰ **੪**, ੭, ੨ : ੧ (1179)

ਪਟ — 1. ਰੇਸ਼ਮ
"ਘਿਅ **ਪਟ** ਭਾਂਡਾ ਕਹੈ ਨ ਕੋਇ।"
— ਤਿਲੰ **੧**, ੨, ੩ : ੧ (721)
2. ਤਖਤੇ
"ਦੂਖੁ ਦਰਵਾਜਾ ਰੋਹੁ ਰਖਵਾਲਾ ਆਸਾ ਅੰਦੇਸਾ ਦੁਇ **ਪਟ** ਜੜੇ।"
— ਰਾਮ **੧**, ੩, ੨ : ੧ (877)

ਪਟਕੈ — ਪਟਕਾ ਕੇ ਮਾਰੇ, ਪਟਕਾਏ
"ਜਉ ਜਮੁ ਘਾਟਿ ਕੇਸ ਗਹਿ **ਪਟਕੈ** ਤਾ ਦਿਨ ਕਿਛੁ ਨ ਬਸਾਹਿਗਾ।"
— ਮਾਰੂ **ਕਬ**, ੧, ੨ : ੧ (1106)

ਪਟਣ — 1. ਨਗਰ, ਸ਼ਹਿਰ
"ਹਾਟ **ਪਟਣ** ਗੜ ਕੋਠੜੀ ਸਚੁ ਸਉਦਾ ਵਾਪਾਰ।"
— ਸਿਰੀ **੧**, ਅਸ ੭, ੨ : ੩ (57)
ਹੋਰ ਰੂਪ — ਪਟਣੁ —
"ਹਾਟੁ **ਪਟਣੁ** ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ।"
— ਰਾਮ **੧**, ਸਿਗੋ ੮ : ੩ (939)

ਪਟੰਤਰਾ — (ਪਟ-ਅੰਤਰਾ) ਪਟੇ ਦਾ ਭੇਦ ਭਾਵ ਗੂੜ੍ਹ ਭੇਦ (ਸ਼ਬਦਾਰਥ, ਨਿਰਣੈ) ਸਮਾਨਤਾ, ਮੁਕਾਬਲਾ (ਮਹਾਨਕੋਸ਼); ਨਿਰਣਾ, ਫੈਸਲਾ (ਕੋਸ਼, ਨਿਬੇੜਾ, ਸੰਥਿਆ)
"ਨਾਨਕ ਏਹੁ **ਪਟੰਤਰਾ** ਤਿਤੁ ਦੀਬਾਣਿ ਗਇਆਹ।"
— ਸੂਹੀ **੩**, ਵਾਰ ੮ਸ, **੨**, ੧ : ੨ (788)

ਪਟੰਤਰਿ — ਬਰਾਬਰ, ਤੁਲ, ਸਮਾਨ
"ਤਾਸੁ **ਪਟੰਤਰਿ** ਨ ਪੂਜੈ ਹਰਿ ਜਨ ਕੀ ਪਨਿਹਾਰਿ।"
— ਸਲੋ **ਕਬ**, ੧੫੯ : ੨ (1373)

ਪਟੰਬਰ — ਪਟ+ਅੰਬਰ, ਰੇਸ਼ਮੀ ਵਸਤਰ
"ਪਾਟ **ਪਟੰਬਰ** ਪਹਿਰਿ ਹਢਾਵਉ।"
— ਗਉ **੧**, ਅਸ ੧੦, ੧ : ੨ (225)

ਪਟੰਬੁ — ਪਾਖੰਡ
"ਕਰਿ **ਪਟੰਬੁ** ਗਲੀਂ ਮਨੁ ਲਾਵਸਿ ਸੰਸਾ ਮੂਲਿ ਨ ਜਾਵਸਿਤਾ।" — ਗਉ **੧**, ੧੫, ੩ : ੧ (155)

ਪਟਮੰਜਰੀ — ਇਕ ਰਾਗਨੀ, ਦੀਪਕ ਰਾਗ ਦੀਆਂ ਪੰਜ ਰਾਗਨੀਆਂ ਵਿਚੋਂ ਇਕ
"ਕਛੇਲੀ **ਪਟਮੰਜਰੀ** ਟੋਡੀ ਕਹੀ ਅਲਾਪਿ।"
— ਰਾਗ ੧ : ੩੫ (1430)

ਪਟਰਾਨੀ — ਵਡੀ ਰਾਣੀ
"ਬਸੁਧਾ ਬਸਿ ਕੀਨੀ ਸਭ ਰਾਜੇ ਬਿਨਤੀ ਕਰੈ **ਪਟਰਾਨੀ**।" (ਭਾਵ ਪ੍ਰਹਿਲਾਦ ਦੀ ਮਾਂ)
— ਭੈਰ **ਨਾਮ**, ੯, ੨ : ੧ (1165)

ਪਟਲ — ਪੜਦੇ, ਧੋਖੇ
"ਸੰਪਤਿ ਬਿਪਤਿ **ਪਟਲ** ਮਾਇਆ ਧਨੁ।"
— ਆਸਾ **ਰਵਿ**, ੪, ੨ : ੧ (487)
ਹੋਰ ਰੂਪ — ਪਟਲਿ —
"ਪਾਰਬ੍ਰਹਮੁ ਮਾਇਆ **ਪਟਲਿ** ਬਿ ਸਰਿਆ।" (ਪਰਦੇ ਨਾਲ, ਪਰਦੇ ਸਦਕਾ)
— ਬਿਲਾ **੫**, ੧੬, ੩ : ੨ (805)
ਪਟਲੁ —
"ਜੀਵਨ ਪ੍ਰਾਨ ਹਰਿ ਧਨੁ ਸੁਖੁ ਤੁਮ ਹੀ ਹਉਮੈ **ਪਟਲੁ** ਕ੍ਰਿਪਾ ਕਰਿ ਜਾਰਹੁ।"
— ਬਿਲਾ **੫**, ੧੨੩, ੧ : ੨ (829)

ਪਟਲੁ — 1. ਪਰਦਾ, ਵੇਖੋ 'ਪਟਲ'
2. ਓਟ, ਆਸਰਾ, ਭਾਵ ਆਸ ਕਰਨੀ
"ਗਹੁ ਪਾਰਬ੍ਰਹਮ ਸਰਨ ਹਿਰਦੈ ਕਮਲ ਚਰਨ ਅਵਰ ਆਸ ਕਛੁ **ਪਟਲੁ** ਨ ਕੀਜੈ।"
— ਧਨਾ **੫**, ੨੯, ੩ : ੧ (678)

ਪਟਵਾਰੀ — ਪਿੰਡ ਦਾ ਪਤੀਵਾਰ ਹਿਸਾਬ ਰਖਨ ਵਾਲਾ ਕਰਮਚਾਰੀ
"ਹਰਿ ਕੇ ਲੋਗਾ ਮੋ ਕਉ ਨੀਤਿ ਡਸੈ **ਪਟਵਾਰੀ**।"
— ਸੂਹੀ **ਕਬ**, ੫, ੧* : ੧ (793)

ਪਟਿ — ਪਟ (ਰੇਸ਼ਮ) ਦੇ
"ਜਲਿ ਮਲਿ ਜਾਨੀ ਨਾਵਾਲਿਆ ਕਪੜਿ **ਪਟਿ** ਅੰਬਾਰੇ।" — ਵਡ **੧**, ਅਲਾ ੩, ੬ : ੧ (580)

ਪਟੀ — ਅਖਰ ਲਿਖਣ ਦੀ ਤਖਤੀ
"ਸਚੀ **ਪਟੀ** ਸਚੁ ਮਨਿ ਪੜੀਐ ਸਬਦੁ ਸੁ ਸਾਰੁ।"
— ਰਾਮ **੧**, ਓਅੰ ੫੪ : ੩ (938)

ਪਟੀਆ — 1. ਇਸਤ੍ਰੀ ਦੇ ਸ਼ਿੰਗਾਰ ਵਜੋਂ ਮਥੇ ਤੇ ਚਪਕਾਏ ਕੇਸ, ਜ਼ੁਲਫ
"ਜਿਨ ਸਿਰਿ ਸੋਹਨਿ **ਪਟੀਆ** ਮਾਂਗੀ ਪਾਇ ਸੰਧੂਰੁ।"— ਆਸਾ **੧**, ਅਸ ੧੧, ੧ : ੧ (417)

2. ਤਖ਼ਤੀ
"ਮੇਰੀ **ਪਟੀਆ** ਲਿਖਹੁ ਹਰਿ ਗੋਵਿੰਦ ਗੋਪਾਲਾ।"
— ਭੈਰ **੩**, ੨੦, ੧ : ੧ (1133)

ਪਟੁ — ਰੇਸ਼ਮੀ ਵਸਤਰ
"ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ **ਪਟੁ** ਲੇਈ।" — ਆਸਾ **੧**, ੩੫, ੩ : ੧ (359)

ਪਟੈ — ਸਨਦ, ਅਧਿਕਾਰ ਪੱਤਰ
"ਨਾਦੀ ਬੇਦੀ ਸਬਦੀ ਮੋਨੀ ਜਮ ਕੇ **ਪਟੈ** ਲਿਖਾਇਆ।"
— ਸੋਰ **ਕਬ**, ੩, ੨ : ੨ (654)

ਪਟੋਲਾ — ਰੇਸ਼ਮੀ ਵਸਤਰ
"ਪ੍ਰੇਮ **ਪਟੋਲਾ** ਤੈ ਸਹਿ ਦਿਤਾ ਢਕਣ ਕੂ ਪਤਿ ਮੇਰੀ।"
— ਗੂਜ **੫**, ਵਾਰ ੮ਸ, **੫**, ੧ : ੧ (520)

ਪਠਾਇ — ਭੇਜ ਕੇ,
"ਧੁਰਹੁ ਖਸਮਿ ਭੇਜਿਆ ਸਚੈ ਹੁਕਮਿ **ਪਠਾਇ**।"
— ਸਲੋ **੩**, ੫੧ : ੨ (1420)

ਹੋਰ ਰੂਪ — ਪਠਾਇਓ —
"ਗੁਰਿ ਨਾਨਕ ਪ੍ਰਭ ਪਾਹਿ **ਪਠਾਇਓ** ਮਿਲਹੁ ਸਖਾ ਗਲਿ ਲਾਗੈ।" (ਭੇਜਿਆ)
— ਸਾਰ **੫**, ੨੮, ੨ : ੨ (1210)

ਪਠਾਇਆ —
"ਪਾਰਬ੍ਰਹਮਿ ਪ੍ਰਭਿ ਮੇਘੁ **ਪਠਾਇਆ**।" (ਭੇਜਿਆ) — ਸਿਰੀ **੫**, ੪੧, ੧ : ੧ (106)

ਪਠਾਈਂ —
"ਧਨ ਵਾਂਢੀ ਪਿਰੁ ਦੇਸ ਨਿਵਾਸੀ ਸਚੇ ਗੁਰ ਪਹਿ ਸਬਦੁ **ਪਠਾਈਂ**।" (ਭੇਜਦੀ ਹੈ)
— ਮਲਾ **੧**, ਅਸ ੧, ੫ : ੧ (1273)

ਪਠਾਏ —
"ਜਾ ਆਏ ਤਾ ਤਿਨਹਿ **ਪਠਾਏ** ਚਾਲੇ ਤਿਨੈ ਬੁਲਾਇ ਲਇਆ।" (ਭੇਜੇ)
— ਰਾਮ **੧**, ਅਸ ੨, ੧੦ : ੧ (907)
"ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ **ਪਠਾਏ**।" (ਭੇਜੇ, ਨੀਅਤ ਕੀਤੇ ਗਏ)
— ਰਾਮ **੩**, ਅਨੰ ੩੨ : ੧ (922)

ਪਠਾਣਾ — ਅਫਗਾਨ
"ਮੁਗਲ **ਪਠਾਣਾ** ਭਈ ਲੜਾਈ ਰਣ ਮਹਿ ਤੇਗ ਵਗਾਈ।"— ਆਸਾ **੧**, ਅਸ ੧੨, ੫ : ੧ (418)

ਪਠਾਣੀ — ਪਠਾਣਾ ਵਾਲਾ
"ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ **ਪਠਾਣੀ** ਅਮਲੁ ਕੀਆ।"
— ਆਸਾ **੧**, ਵਾਰ ੧੩ਸ, **੧**, ੨ : ੧੦ (470)

ਪਠਾਵਹੁ — ਭੇਜੋ, ਘਲੋ
"ਪਾਛੈ ਤੇ ਜਮੁ ਕਿਉ ਨ **ਪਠਾਵਹੁ**।"
— ਗਉ **ਕਬ**, ੩੨, ੩ : ੨ (329)

ਪੰਡ — ਗਠੜੀ
"ਰੋਵਣ ਵਾਲੇ ਜੇਤੜੇ ਸਭਿ ਬੰਨਹਿ **ਪੰਡ** ਪਰਾਲਿ।" (ਪਰਾਲੀ ਦੀ ਗਠੜੀ ਬੰਨਣੀ ਭਾਵ ਬੇਅਰਥ ਕਾਵਾਂ ਰੌਲੀ ਪਾਣੀ) — ਸਿਰੀ **੧**, ੩, ੨ : ੩ (15)

ਪੰਡਤ — ਵਿਦਿਆ ਵਿਚ ਨਿਪੁੰਨ ਮਨੁੱਖ
"ਬੇਦੁ ਪੁਕਾਰੈ ਮੁਖ ਤੇ **ਪੰਡਤ** ਕਾਮਾ ਮਨ ਕਾ ਮਾਠਾ।" — ਮਾਰੂ **੫**, ੧੫, ੧ : ੧ (1003)

ਪੰਡਤੀ — ਪੰਡਤਾਂ (ਵਿਦਿਵਾਨਾਂ) ਨੇ
"ਵੇਲ ਨ ਪਾਈਆ **ਪੰਡਤੀ** ਜਿ ਹੋਵੈ ਲੇਖੁ ਪੁਰਾਣੁ।"
— ਜਪ **੧**, ੨੧ : ੧੧ (4)

ਪੰਡਾ — ਗਠੜੀਆਂ
"ਦੁਖ ਕੀਆ **ਪੰਡਾ** ਖੁਲ੍ਹੀਆ ਸੁਖੁ ਨ ਨਿਕਲਿਓ ਕੋਇ।"
— ਸਾਰ **੪**, ਵਾਰ ੮ਸ, **੧**, ੧ : ੩ (1240)

ਪੰਡਿਤ — ਵਿਦਿਆ ਵਿਚ ਨਿਪੁੰਨ, ਵਿਦਵਾਨ, ਗਿਆਨਵਾਨ
"ਗਾਵਨਿ **ਪੰਡਿਤ** ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ।" — ਜਪੁ **੧**, ੨੨ : ੧੦ (6)
"**ਪੰਡਿਤ** ਵਖਾਣਹਿ ਪੋਥੀਆ ਸਿਧ ਬਹਹਿ ਦੇਵ ਸਥਾਨਿ।"— ਸਿਰੀ **੧**, ਅਸ ੧੨, ੨ : ੨ (64)
"**ਪੰਡਿਤ** ਹਰਿ ਪੜੁ ਤਜਹੁ ਵਿਕਾਰਾ।"
— ਗਉ **੩**, ਅਸ ੨, ੧* : ੧ (229)

ਹੋਰ ਰੂਪ — ਪੰਡਿਤਹ —
"ਭਾਗ ਉਦਿਮ ਲਬਧੵੰ ਮਾਇਆ ਨਾਨਕ ਸਾਧਸੰਗਿ ਖਲ **ਪੰਡਿਤਹ**।" (ਪੰਡਿਤ ਨੂੰ)
— ਸਸ **੫**, ੩੧ : ੩ (1356)

ਪੰਡਿਤਾ —
"ਸੁਆਮੀ **ਪੰਡਿਤਾ** ਤੁਮ੍ ਦੇਹੁ ਮਤੀ।" (ਹੇ ਪੰਡਿਤ) — ਬਸੰ **੧**, ੧੧, ੧* : ੧ (1171)

ਪੰਡਿਤਾਂ —

"ਪੂਛਾ ਗਿਆਨੀ **ਪੰਡਿਤਾਂ** ਪੂਛਾ ਬੇਦ ਬੀਚਾਰ।" (ਪੰਡਿਤਾਂ ਨੂੰ)
— ਸਾਰ **੪**, ਵਾਰ ੧੧ਸ, **੧**, ੨ : ੨ (1241)

ਪੰਡਿਤੁ —
"**ਪੰਡਿਤੁ** ਪੜੈ ਬੰਧ ਨ ਮੋਹ ਬਾਧਾ ਨਹ ਬੂਝੈ ਬਿਖਿਆ ਪਿਆਰਿ।" (ਗਿਆਨਵਾਨ) (ਵਿਦਿਆਵਾਨ)
— ਸਿਰੀ **੩**, ੫੧, ੨ : ੨ (33)
"ਤਤੁ ਪਛਾਣੈ ਸੋ **ਪੰਡਿਤੁ** ਹੋਈ।"
— ਮਾਝ **੩**, ਅਸ ੩੨, ੧ : ੨ (128)

ਪੰਡੀਅਨ — ਪੰਡਤਾਂ
"ਫੇਰਿ ਦੀਆ ਦੇਹੁਰਾ ਨਾਮੇ ਕਉ **ਪੰਡੀਅਨ** ਕਉ ਪਿਛਵਾਰਲਾ।"
— ਮਲਾ **ਨਾਮ**, ੨, ੩ : ੨ (1293)

ਪਡੀਆ — ਪੰਡਤ
"**ਪਡੀਆ** ਕਵਨ ਕੁਮਤਿ ਤੁਮ ਲਾਗੇ।"
— ਮਾਰੂ **ਕਬ**, ੧, ੧* : ੧ (1102)

ਪੰਡੀਆ — ਪੰਡਤ, ਪਾਂਡੇ
"ਅਚਰਜ ਏਕੁ ਸਨਹੁ ਰੇ **ਪੰਡੀਆ** ਅਬ ਕਿਛੁ ਕਹਨੁ ਨ ਜਾਈ।"
—ਸਿਰੀ **ਕਬ**, ੩, ੧ : ੧ (92)

ਪੰਡੈ — ਪੰਡ ਵਿਚ ਭਾਵ ਹਦ ਵਿਚ ਬੱਝਾ
"ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ **ਪੰਡੈ** ਪਾਇਆ।" — ਬਸੰ **੧**, ੧੧, ੨ : ੧ (1171)

ਪਢਿਅਉ — ਪੜਿਆ
"ਤੈ **ਪਢਿਅਉ** ਇਕੁ ਮਨਿ ਧਰਿਅਉ ਇਕੁ ਕਰਿ ਇਕੁ ਪਛਾਣਿਓ।"— ਸਵ **੩**, ੧੨ : ੧ (1394)

ਪਢੇ — ਪੜੇ
"**ਪਢੇ** ਗੁਨੇ ਨਾਹੀ ਕਛੁ ਬਉਰੇ ਜਉ ਦਿਲਮਹਿ ਖਬਰਿ ਨ ਹੋਈ।"
— ਆਸਾ **ਕਬ**, ੨੯, ੨ : ੨ (483)

ਪਣ੍ਹੀਆ — ਜੋਤੀ, ਜੋੜੇ
"ਨਾਨਕ **ਪਣ੍ਹੀਆ** ਪਹਿਰੈ ਸੋਇ।"
— ਮਲਾ **੧**, ੬, ੪ : ੪ (1256)

ਪਤ — 1. ਪਤੇ
"ਪਬਣਿ ਕੇਰੇ **ਪਤ** ਜਿਉ ਢਲਿ ਢੁਲਿ ਜੁੰਮਣਹਾਰਿ।"
— ਸਿਰੀ **੧**, ੨੪, ੧ : ੨ (23)
"**ਪਤ** ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ।" — ਬਸੰ **੧**, ੧, ੨ : ੨ (1168)
2. ਤੂੰਬੇ
"ਭਉ ਭਾਉ ਦੁਇ **ਪਤ** ਲਾਇ ਜੋਗੀ ਇਹੁ ਸਰੀਰੁ ਕਰਿ ਡੰਡੀ।"
— ਰਾਮ **੩**, ਅਸ ੧, ੫ : ੧ (908)

ਪਤੰਗ — ਪਤੰਗਾ, ਭੰਬਟ, ਪਰਵਾਨਾ, ਭੌਰਾ
"ਕਬਹੂ ਕੀਟ ਹਸਤਿ **ਪਤੰਗ** ਹੋਇ ਜੀਆ।"
— ਗਉ **੫**, ਸੁਖ ੧੧, ੭ : ੫ (277)
"ਲਪਟਿ ਰਹਿਓ ਰਸਿ ਲੋਭੀ **ਪਤੰਗ**।" (ਭੌਰਾ)
— ਗਉ **੫**, ਸੁਖ ੧੫, ੪ : ੮ (283)

ਪਤੰਗਮ — ਪਤੰਗੇ
"ਅਸਥਾਵਰ ਜੰਗਮ ਕੀਟ **ਪਤੰਗਮ** ਘਟਿ ਘਟਿ ਰਾਮੁ ਸਮਾਨਾ ਰੇ।"
— ਮਾਲੀ **ਨਾਮ**, ੩, ੧ : ੨ (988)

ਪਤੰਗਾ — ਭੰਬਟ, ਪਰਵਾਨ, ਭੌਰਾ
"ਕਈ ਜਨਮ ਭਏ ਕੀਟ **ਪਤੰਗਾ**।"
— ਗਉ **੫**, ੧੨, ੧ : ੧ (176)

ਪਤੰਗੁ — 1. ਕੀੜਾ, ਲੇਹਾ (ਸ਼ਬਦਾਰਥ, ਕੋਸ਼)
"ਸਤਿਗੁਰੁ ਸੇਵਿਐ ਹਰਿ ਮਨਿ ਵਸੈ ਲਗੈ ਨ ਮੈਲੁ **ਪਤੰਗੁ**।"— ਸਿਰੀ **੫**, ਅਸ ੨੫, ੧* : ੨ (69)
(ਮਹਾਨਕੋਸ਼ ਤੇ ਨਿਰਣੈ ਇਸ ਦੇ ਅਰਥ 'ਕਿਸੇ ਅੰਗ ਨੂੰ ਅਤੇ ਦਰਪਣ' ਰਤਾ ਵੀ ਕਰਦੇ ਹਨ)
2. ਪਤੰਗਾ, ਕੀੜਾ
"ਭ੍ਰਿੰਗ **ਪਤੰਗੁ** ਕੁੰਚਰੁ ਅਰੁ ਮੀਨਾ।"
— ਗਉ **੧**, ਅਸ ੧੧, ੩ : ੧ (225)
3. ਰਤਾ ਵੀ, ਥੋੜੀ ਜਿਹੀ ਵੀ
"ਮਾਇਆ ਮੋਹ ਮੈਲੁ **ਪਤੰਗੁ** ਨ ਲਾਗੈ ਗੁਰਮਤੀ ਹਰਿ ਨਾਮਿ ਭੀਜੈ ਹੇ।"
— ਮਾਰੂ **੩**, ਸੋਲਾ ੬, ੭ : ੩ (1049)
"ਓਨਾ ਮੈਲੁ **ਪਤੰਗੁ** ਨ ਲਗਈ ਜਿ ਚਲਨਿ ਸਤਿਗੁਰ ਭਾਇ।" — ਸਲੋ **੩**, ੪੫ : ੪ (1418)

ਪਤਣਿ — ਨਦੀ ਕਨਾਰੇ ਦਾ ਉਹ ਸਥਾਨ ਜਿਥੇ ਬੇੜੀ ਆ ਕੇ ਖਲੋਂਦੀ ਹੈ, ਦਰਿਆ ਤੋਂ ਪਾਰ ਹੋਣ ਦਾ ਸਥਾਨ
"**ਪਤਣਿ** ਕੂਕੇ ਪਾਤਣੀ ਵੰਞਹੁ ਧ੍ਰੁਕਿ ਵਿਲਾੜਿ।"
— ਮਾਰੂ **੧**, ਅਸ ੧੦, ੬ : ੧ (1015)

ਹੋਰ ਰੂਪ — ਪਤਣੁ —
"ਆਪੇ **ਪਤਣੁ** ਪਾਤਣੀ ਪਿਆਰਾ ਆਪੇ ਪਾਰਿ ਲੰਘਾਹੁ।" — ਸੋਰ **੪**, ੧, ੩ : ੩ (604)

ਪਤੰਤਿ — ਡਿਗਦਾ ਹੈ
"**ਪਤੰਤਿ** ਮੋਹ ਕੂਪ ਦੁਰਲਭ੍ਯ ਦੇਹੰ ਤਤ ਆਸ੍ਰਯੰ ਨਾਨਕ।" — ਸਸ **੫**, ੩ : ੫ (1354)

ਪਤਨ — ਡਿਗਦਾ ਹੈ
"ਜਿਉ ਦੀਪ **ਪਤਨ** ਪਤੰਗ।"
— ਬਿਲਾ **੫**, ਅਸ ੨, ੮ : ੧ (838)

ਹੋਰ ਰੂਪ — ਪਤਨੁ —
"ਜੋ ਨਿੰਦੈ ਤਿਸ ਕਾ **ਪਤਨੁ** ਹੋਇ।" (ਅਧੋਗਤ, ਜ਼ਵਾਲ) — ਗੋਂਡ **੫**, ੧੮, ੩ : ੨ (867)

ਪਤਰਿ — ਪਤਰ (ਭਾਂਡੇ) ਵਿਚ
"ਇਕਤੁ **ਪਤਰਿ** ਭਰਿ ਉਰਕਟ ਕੁਰਕਟ ਇਕਤੁ ਪਤਰਿ ਭਰਿ ਪਾਨੀ।"
— ਆਸਾ **ਕਬ**, ੪, ੧ : ੧ (476)

ਪਤਰਿਆ — ਪਤਿ ਰਹਿਤ ਹੋਇਆ, ਡਿਗਿਆ
"ਕਵਨੁ ਕਵਨੁ ਨਹੀ **ਪਤਰਿਆ** ਤੁਮ੍ਹਰੀ ਪਰਤੀਤਿ।"
— ਬਿਲਾ **੫**, ੫੮, ੧ : ੧ (815)

ਪਤਰੀਐ — ਪਤਰਾਂ (ਪਤਿਆਂ) ਵਾਲੇ
"ਨਾਨਕ ਮਿਠੈ **ਪਤਰੀਐ** ਵੇਖਹੁ ਲੋਕਾ ਆਇ।"
— ਮਾਝ **੧**, ਵਾਰ ੧੧ਸ, **੧**, ੨ : ੫ (143)

ਪਤਲਿ — 1. ਪਤਿਆਂ ਦੀ ਥਾਲੀ
"ਪਿਛੈ **ਪਤਲਿ** ਸਦਿਹੁ ਕਾਵ।"
— ਮਾਝ **੧**, ਵਾਰ ੧ਸ, **੧**, ੨ : ੧੪ (138)
2. ਮਰੇ ਦੇ ਕਲਿਆਣ ਲਈ ਪੱਤਿਆਂ ਦੀ ਥਾਲੀ/ਡੂੰਨੇ ਵਿਚ ਬ੍ਰਾਹਮਣਾਂ ਆਦਿ ਨੂੰ ਭੋਜਨ ਕਰਵਾਉਣਾ
"ਓਨਾ ਪਿੰਡੁ ਨ **ਪਤਲਿ** ਕਿਰਿਆ ਨ ਦੀਵਾ ਮੁਏ ਕਿਥਾਊ ਪਾਹੀ।"
— ਮਾਝ **੧**, ਵਾਰ ੨੬ਸ, **੧**, ੧ : ੫ (149)

ਪਤਲੀ — ਕੰਮਜ਼ੋਰ
"ਇਕ ਆਪ੍ਹੀਨੈ **ਪਤਲੀ** ਸਹ ਕੇਰੇ ਬੋਲਾ।"
— ਸੂਹੀ **ਫਰ**, ੨, ੨ : ੧ (794)

ਪਤਾਲ — ਪ੍ਰਿਥਵੀ ਦੇ ਹੇਠਲਾ ਲੋਕ
"ਖੰਡ **ਪਤਾਲ** ਦੀਪ ਸਭਿ ਲੋਆ।"
— ਮਾਰੂ **੫**, ਸੋਲਾ ੫, ੭ : ੧ (1076)

ਹੋਰ ਰੂਪ — ਪਤਾਲੰ —
"ਦਹ ਦਿਸਿ ਹੁਕਮੁ ਵਰਤੈ ਪ੍ਰਭ ਤੇਰਾ ਚਹੁ ਦਿਸਿ ਨਾਮ **ਪਤਾਲੰ**।" (ਪਤਾਲਾਂ ਵਿਚ ਵੀ)
— ਮਲਾ **੧**, ਅਸ ੪, ੮ : ੧ (1275)

ਪਤਾਲਾ —
"ਡੋਲੁ ਬਧਾ ਕਸਿ ਜੇਵਰੀ ਆਕਾਸਿ **ਪਤਾਲਾ**।" (ਪਤਾਲ ਵਿਚ ਭਾਵ ਹੇਠਾਂ)
— ਗਉ **੧**, ਅਸ ੧੨, ੬ : ੨ (228)
"ਆਪੇ ਤਖਤੁ ਰਚਾਇਓਨੁ ਆਕਾਸ **ਪਤਾਲਾ**।" (ਪਾਤਾਲ) — ਸੂਹੀ **੩**, ਵਾਰ ੧ : ੧ (785)

ਪਤਾਲੀ —
"ਖਾਣੀ, ਬਾਣੀ ਗਗਨ **ਪਤਾਲੀ** ਜੰਤਾ ਜੋਤਿ ਤੁਮਾਰੀ।" (ਪਾਤਾਲਾਂ ਵਿਚ)
— ਮਾਰੂ **੧**, ਅਸ ੭, ੯ : ੨ (1013)

ਪਤਿ — 1. ਮਾਨ, ਪ੍ਰਤਿਸ਼ਟਾ, ਇਜ਼ਤ, ਸ਼ੋਭਾ, ਸ਼ਾਨ
"ਮੰਨੈ **ਪਤਿ** ਸਿਉ ਪਰਗਟੁ ਜਾਇ।"
— ਜਪੁ **੧**, ੧੪ : ੨ (3)
"ਰਾਮ ਕਲਾ ਨਿਬਹੈ **ਪਤਿ** ਸਾਰੀ।" ਇਜ਼ਤ ਭਾਵ ਸ਼ਾਨ — ਰਾਮ **੧**, ੧੧, ੨ : ੨ (879)
"**ਪਤਿ** ਨਾਮੁ ਪਾਵਹਿ ਅਰਿ ਸਿਧਾਵਹਿ ਝੋਲਿ ਅੰਮ੍ਰਿਤ ਪੀ ਰਸੋ।" (ਸ਼ੋਭਾ)
— ਤੁਖਾ **੧**, ਛੰਤ ੬, ੪ : ੫ (1113)
2. ਪਤੀ ਦੀਆਂ, ਪਤੀ ਨੂੰ ਮਿਲਣ ਲਈ ਭਾਵ ਪ੍ਰਭੂ ਨੂੰ ਮਿਲਣ ਲਈ
"ਏਹੁ ਰਾਹਿ **ਪਤਿ** ਪਵੜੀਆ ਚੜੀਐ ਹੋਇ ਇਕੀਸ।" — ਜਪੁ **੧**, ੩੨ : ੩ (7)
('ਨਿਰਣੈ' ਇਥੇ 'ਪਤਿ' ਦੇ ਅਰਥ 'ਇਜ਼ਤ' ਕਰਦਾ ਹੈ)
"ਜਤ ਕਤਾ ਤਤ ਪੇਖੀਐ ਹਰਿ ਪੁਰਖ **ਪਤਿ** ਪਰਧਾਨ।" (ਪਤੀ)
— ਕਲਿ **੫**, ੪, ੨ : ੧ (1322)
3. ਖਾਨਦਾਨ, ਕੁਲ (ਕੇਵਲ ਮਹਾਨਕੋਸ਼)
"ਖੋਟੇ ਜਾਤਿ ਨ **ਪਤਿ** ਹੈ ਖੋਟਿ ਨ ਸੀਝਸਿ ਕੋਇ।"
— ਸਿਰੀ **੧**, ੨੩, ੩ : ੨ (23)
('ਨਿਰਣੈ' ਤੇ ਹੋਰ ਟੀਕਾਕਾਰ ਇਥੇ ਵੀ ਅਰਥ ਇਜ਼ਤ ਹੀ ਕਰਦਾ ਹੈ)
"ਹਮਰੀ ਜਾਤਿ **ਪਤਿ** ਸਚੁ ਨਾਉ।" (ਕੁਲ)
— ਆਸਾ **੧**, ੧੪, ੪ : ੧ (353)
4. ਮਾਲਕ, ਸਵਾਮੀ

"ਬਿਨਉ ਸੁਨਹੁ ਤੁਮ **ਪ੍ਰਾਨਪਤਿ** ਪਿਆਰੇ ਕਿਰਪਾ ਨਿਧਿ ਦਇਆਲਾ।"
— ਗਉ **੫**, ੧੩੦, ੩ : ੧ (207)
"ਜਹ ਨਿਰਮਲ ਪੁਰਖੁ ਪੁਰਖ **ਪਤਿ** ਹੋਤਾ।" (ਪੁਰਖਾਂ ਦਾ ਪਤੀ, ਸ਼੍ਰੋਮਣੀ ਪੁਰਖ ਭਾਵ ਪ੍ਰਭੂ)
— ਗਉ **੫**, ਸੁਖ ੨੧, ੪ : ੧ (291)

5. ਰਸੂਖ ਪਾ ਕੇ (ਕੇਵਲ ਸ਼ਬਦਾਰਥ) ਬਾਕੀ ਸਾਰੇ ਟੀਕਾਕਾਰ ਅਰਥ ਇਜਤ ਹੀ ਕਰਦੇ ਹਨ
"ਮਨ ਕਰਹਲਾ ਮੇਰੇ ਸਾਜਨਾ ਹਰਿ ਖਰਚੁ ਲੀਆ **ਪਤਿ** ਪਾਇ।"
— ਗਉ **੪**, ਕਰ ੧, ੯ : ੧ (234)
(ਗੁਰੂ ਨਾਲ ਰਸੂਖ ਪਾਕੇ ਹਰਿ ਨਾਮ ਦਾ ਖਰਚਾ ਲਿਆ)

6. ਸਾਖ, ਇਤਬਾਰ
"ਨਾਇ ਮੰਨਿਐ **ਪਤਿ** ਉਪਜੈ ਸਾਲਾਹੀ ਸਚੁ ਸੂਤੁ।"
— ਆਸਾ **੧**, ਵਾਰ ੧੫ਸ, **੧**, ੩ : ੧ (471)
"ਪੈਨਣੁ ਗੁਣ ਚੰਗਿਆਈਆ ਭਾਈ ਆਪਣੀ **ਪਤਿ** ਕੇ ਸਾਦ ਆਪੇ ਖਾਇ।" (ਇਤਬਾਰ)
— ਸਲੋ **੩**, ੫੧ : ੬ (1419)

7. ਪ੍ਰਤੀਤੀ, ਨਿਸਚੇ
"**ਪਤਿ** ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ।"
— ਰਾਮ **੧**, ਅਸ ੧, ੬ : ੧ (903)
('ਦਰਪਣ' ਇਥੇ 'ਪਤਿ' ਦੇ ਅਰਥ 'ਪ੍ਰਭੂਗਤੀ' ਕਰਦਾ ਹੈ)

ਪਤਿਸਟਿਆ — ਨਿਕਲਿਆ
"ਕਉੜਾ ਹੋਇ **ਪਤਿਸਟਿਆ** ਪਿਆਰੇ ਤਿਸ ਤੇ ਉਪਜਿਆ ਸੋਗੁ।"
— ਸੋਰ **੫**, ਅਸ ੨, ੩ : ੨ (641)

ਪਤਿਸਾਹੀ — ਪਾਤਸਾਹਿਤ, ਹਕੂਮਤ
"ਏਕੋ ਅਮਰੁ ਏਕਾ **ਪਤਿਸਾਹੀ** ਜੁਗੁ ਜੁਗੁ ਸਿਰਿ ਕਾਰ ਬਣਾਈ ਹੇ।"
— ਮਾਰੂ **੩**, ਸੋਲਾ ੩, ੧ : ੩ (1046)
ਹੋਰ ਰੂਪ — ਪਤਿਸਾਹੀਆ —
"ਨਾਨਕ ਹੋਰਿ **ਪਤਿਸਾਹੀਆ** ਕੂੜੀਆ ਨਾਮਿ ਰਤੇ ਪਾਤਿਸਾਹ।"
— ਸਲੋ **੩**, ੧੧ : ੪ (1413)

ਪਤਿਤ — ਡਿਗਿਆ ਹੋਇਆ (ਧਰਮ ਕਰਮ ਤੋਂ) ਪਾਪੀ
"**ਪਤਿਤ** ਪਾਵਨ ਨਾਮੁ ਕੈਸੇ ਹੁੰਤਾ।"
— ਸਿਰੀ **ਰਵਿ**, ੧, ੧* : ੨ (93)
"ਕੋਟਿ **ਪਤਿਤ** ਉਧਾਰੇ ਖਿਨ ਮਹਿ ਕਰਤੇ ਬਾਰ ਨ ਲਾਗੈ ਰੇ।" — ਗਉ **੫**, ੧੩੭*, ੨ : ੧ (209)
"ਅਜਾਮਲ ਗਜ ਗਨਿਕਾ **ਪਤਿਤ** ਕਰਮ ਕੀਨੇ।" (ਡਿੱਗੇ ਹੋਏ, ਭਾਵ ਨੀਚ)
— ਧਨਾ **ਕਬ**, ੫, ੨ : ੧ (692)
"**ਪਤਿਤ** ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿਆਇ।" (ਭਾਵ ਨੀਵੀਂ ਜਾਤ)
— ਸੂਹੀ **੪**, ੯, ੨ : ੨ (733)
ਹੋਰ ਰੂਪ — ਪਤਿਤਾ —
"**ਪਤਿਤਾ** ਪੁਨੀਤਾ ਹੋਹਿ ਤਿਨ੍ ਸੰਗਿ ਜਿਨ੍ ਬਿਧਾਤਾ ਪਾਇਆ।" (ਡਿਗਿਆ ਹੋਇਆ)
— ਬਿਹਾ **੫**, ਛੰਤ ੩, ੨ : ੩ (543)
ਪਤਿਤੁ —
"ਹਉ ਪਾਪੀ **ਪਤਿਤੁ** ਪਰਮ ਪਾਖੰਡੀ ਤੂ ਨਿਰਮਲੁ ਨਿਰੰਕਾਰੀ।" (ਡਿੱਗਿਆ ਹੋਇਆ)
— ਸੋਰ **੧**, ੫, ੧ : ੧ (596)

ਪਤਿਵੰਤ — ਇਜ਼ਤ ਵਾਲੇ, ਇਜਤਦਾਰ
"ਖੇਪ ਨਿਬਾਹੀ ਬਹੁਤੁ ਲਾਭ ਘਰਿ ਆਏ **ਪਤਿਵੰਤ**।" — ਗਉ **੫**, ਬਾਅ ੫੩ : ੫ (261)
ਹੋਰ ਰੂਪ — ਪਤਿਵੰਤਾ —
"ਸੋਈ ਸਿਆਣਾ ਸੋ **ਪਤਿਵੰਤਾ** ਹੁਕਮੁ ਲਗੈ ਜਿਸੁ ਮੀਠਾ ਜੀਉ।" (ਇਜਤ ਵਾਲਾ)
— ਮਾਝ **੫**, ੪੯, ੧ : ੩ (108)
ਪਤਿਵੰਤੁ —
"ਓਹੁ ਧਨਵੰਤੁ ਕੁਲਵੰਤੁ **ਪਤਿਵੰਤੁ**।" (ਪਤਿ ਵਾਲਾ)— ਗਉ **੫**, ਸੁਖ ੨੩, ੮ : ੩ (294)
ਪਤਿਵੰਤੇ —
"ਪ੍ਰਭ ਕਉ ਸਿਮਰਹਿ ਸੇ **ਪਤਿਵੰਤੇ**।" (ਇਜ਼ਤ ਵਾਲੇ) — ਗਉ **੫**, ਸੁਖ ੧, ੫ : ੨ (263)

ਪਤੀ — 1. ਪਤ੍ਰੀ, ਜਨਮ ਕੁੰਡਲੀ
"ਪੰਡਿਤ ਪਾਧੇ ਆਣਿ **ਪਤੀ** ਬਹਿ ਵਾਚਾਈਆ ਬਲਿਰਾਮ ਜੀਉ।"
— ਸੂਹੀ **੪** ਛੰਤ ੧, ੪ : ੨ (773)

2. ਸੁਆਮੀ, ਮਾਲਕ
"ਸੋ ਐਸਾ ਰਾਜਾ ਤ੍ਰਿਭਵਣ **ਪਤੀ**।"
— ਮਲਾ **ਨਾਮ**, ੧, ੩ : ੬ (1292)

ਪਤੀਅਈਹੈ — ਤਸੱਲੀ ਹੁੰਦੀ
"ਕਹਨ ਕਹਾਵਨ ਨਹ **ਪਤੀਅਈਹੈ**।"
— ਗਉ **ਕਬ**, ੪, ੪ : ੧ (325)

ਪਤੀਆ — 1. ਅਜ਼ਮਾਇਸ਼, ਪਰਤਾਵਾ
"ਤੀਨਿ ਬਾਰ **ਪਤੀਆ** ਭਰਿ ਲੀਨਾ।"
— ਗੋਂਡ **ਕਬ**, ੪, ੪ : ੧ (871)

2. ਇਤਬਾਰ, ਸਾਖ
"ਤ ਨਾਮਦੇਵ ਕਾ **ਪਤੀਆ** ਜਾਇ।"
— ਭੈਰ **ਨਾਮ**, ੧੦, ੨੬ : ੨ (1166)

3. ਤਸੱਲੀ, ਵਿਸ਼ਵਾਸ਼
"ਇਹੁ ਕਿਛੁ **ਪਤੀਆ** ਮੁਝੈ ਦਿਖਾਇ।"
— ਭੈਰ **ਨਾਮ**, ੧੦, ੨੩ : ੨ (1166)

ਪਤੀਆਇ— 1. ਤਸਲੀ ਕਰਕੇ, ਖੁਸ਼ ਹੋ ਕੇ ਰੀਝ ਕੇ
"ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ **ਪਤੀਆਇ**।"
— ਸਿਰੀ **੧**, ੨੩, ੧* : ੨ (22)

2. ਪਤੀਜਦਾ, ਨਿਸ਼ਾ ਹੁੰਦੀ, ਤਸਲੀ ਹੁੰਦੀ
"ਮਿਲਿਆ ਕਾ ਕਿਆ ਮੇਲੀਐ ਸਬਦਿ ਮਿਲੇ **ਪਤੀਆਇ**।"
— ਸਿਰੀ **੧**, ਅਸ ੧੧, ੯੨ (60)
"ਸਚੇ ਹੀ **ਪਤੀਆਇ** ਸਚਿ ਵਿਗਸਿਆ।" (ਸਰਚਿਆ, ਪਤੀਜਿਆ)
— ਮਾਝ **੧**, ਵਾਰ ੧੮ : ੨ (146)
"ਕਬੀਰ ਦੇਖਿ ਕੈ ਕਿਹ ਕਹ ਕਹਉ ਕਹੇ ਨ ਕੋ **ਪਤੀਆਇ**।" (ਤਸੱਲੀ ਹੁੰਦੀ)
— ਸਲੋ **ਕਬ**, ੧੨੨ : ੧ (1371)

ਹੋਰ ਰੂਪ — ਪਤੀਆਇਆ—
"ਸਿਕਦਾਰਹੁ ਨਹ **ਪਤੀਆਇਆ**।" (ਤਸੱਲੀ ਹੋਈ) — ਸੋਰ **੫**, ੫੧, ੧ : ੨ (621)

3. ਰਾਜੀ/ ਖੁਸ਼ ਹੋ ਜਾਵੇ
"ਦੂਧੁ ਪੀਉ ਮੇਰੋ ਮਨੁ **ਪਤੀਆਇ**।"
— ਭੈਰ **ਨਾਮ**, ੩, ੧* : ੨ (1163)

ਹੋਰ ਰੂਪ — ਪਤੀਆਇਆ—
"ਪ੍ਰੇਮ ਭਗਤਿ ਪ੍ਰਭਿ ਮਨੁ **ਪਤੀਆਇਆ**।"
(ਪ੍ਰਸੰਨ/ਖੁਸ਼ ਹੁੰਦਾ ਹੈ)
— ਧਨਾ **੧**, ਅਸ ੨, ੪ : ੪ (686)

4. ਪਰਤਾਵਾ ਕਰਕੇ, ਪਰਖ ਕੇ, ਨਿਰਨਾ ਕਰਕੇ
"ਸਭੁ ਕੋਈ ਦੇਖੈ **ਪਤੀਆਇ**।"
— ਭੈਰ **ਨਾਮ**, ੧੦, ੧੮ : ੨ (1166)

ਪਤੀਆਇਦਾ— ਖੁਸ਼ ਕਰਦਾ, ਰੀਝਾਂਦਾ
"ਜਿਸ ਨੋ ਤੂੰ **ਪਤੀਆਇਦਾ** ਸੋ ਸਣੁ ਤੁਝੈ ਅਨਿਤ।"
— ਸਿਰੀ **੫**, ੭੧, ੩ : ੨ (42)

ਪਤੀਆਈਅਨੁ— ਤਸੱਲੀ ਕਰਵਾਉਣੀ
"ਆਪੇ ਹੀ ਉਪਦੇਸਦਾ ਗੁਰਮੁਖਿ **ਪਤੀਆਈਅਨੁ**।"
— ਰਾਮ **੩**, ਵਾਰ ੨੧ : ੨ (956)

ਪਤੀਆਏ — 1. ਪਰਚ ਜਾਏ
"ਦਉਥੇ ਪਦ ਕਉ ਜੇ ਮਨੁ **ਪਤੀਆਏ**।"
— ਧਨਾ **੧**, ਅਸ ੧, ੭ : ੪ (686)

2. ਤਸਲੀ ਕਰਦਾ ਹੈ
"ਪਾਤਿਸਾਹ ਸਾਹ ਉਮਰਾਉ **ਪਤੀਆਏ**।"
— ਗੋਂਡ **੫**, ਅਸ ੧, ੨ : ੧ (869)

ਪਤੀਆਹੀ — ਪਤੀਜਦਾ ਹੈ। ਸੰਤੁਸ਼ਟ ਹੋ ਜਾਂਦਾ ਹੈ, ਤਸੱਲੀ ਹੋ ਜਾਂਦੀ ਹੈ
"ਅਬ ਹਮ ਤੁਮ ਏਕ ਭਏ ਹਹਿ ਏਕੈ ਦੇਖਤ ਮਨੁ **ਪਤੀਆਹੀ**।"
— ਗਉ **ਕਬ**, ੭੨, ੧ : ੨ (339)

ਪਤੀਆਗਾ — ਤਸੱਲੀ ਹੋ ਗਈ
"ਗੁਰ ਪੂਛੇ ਮਨੁ **ਪਤੀਆਗਾ**।"
— ਸੋਰ **ਨਾਮ**, ੩, ੨ : ੪ (657)

ਪਤੀਆਨਾ — 1. ਪਤੀਜਦਾ, ਰਜ਼ਦਾ, ਨਿਸ਼ਾ, ਤਸੱਲੀ ਹੋ ਜਾਣੀ
"ਅਨਿਕ ਰੂਪ ਦੇਖਿਨਹ **ਪਤੀਆਨਾ**।"
— ਗਉ **੫**, ੮੦, ੧ : ੨ (179)

ਹੋਰ ਰੂਪ — ਪਤੀਆਨੇ —
"ਮਨਿ ਸੰਤੋਖੁ ਆਤਮ **ਪਤੀਆਨੇ**।"
(ਪਤੀਜਦਾ/ਨਿਸ਼ਾ ਹੋ ਜਾਂਦੀ ਹੈ)
— ਗਉ **੫**, ਸੁਖ ੧੮, ੪ : ੬ (287)

2. ਖੁਸ਼/ਪ੍ਰਸਨ ਹੋਣਾ
"ਹਿਕਮਤਿ ਹੁਕਮਿ ਨ ਪ੍ਰਭੁ **ਪਤੀਆਨਾ**।"
— ਗਉ **੫**, ਬਾਅ ੫੦ : ੨ (260)

ਹੋਰ ਰੂਪ — ਪਤੀਆਨੋ —

"ਇਹ ਬਿਧਿ ਨਹ **ਪਤੀਆਨੋ** ਠਾਕੁਰ ਜੋਗ ਜੁਗਤਿ ਕਰਿ ਜੈਨ।"

— ਧਨਾ **੫**, ੧੩, ੨ : ੨ (674)

3. ਪਰਚਨਾ

"ਸਿਮਰਤ ਨਾਮੁ ਨਿਧਾਨੁ ਨਿਰਮੋਲਕੁ ਮਨੁ ਮਾਣਕੁ **ਪਤੀਆਨਾ** ਰੇ।"

— ਆਸਾ **੫**, ੧੩੦, ੩ : ੨ (404)

ਪਤੀਆਰ — ਪਤਿਆਉਣ (ਲਈ), ਤਸੱਲੀ ਕਰਵਾਉਣ ਲਈ

"ਅਵਰਿ ਕਰਮ ਲੋਕਹ **ਪਤੀਆਰ**।"

— ਭੈਰ **੫**, ੨੫, ੪ : ੪ (1142)

ਪਤੀਆਰਾ— 1. ਪਤੀਜਨ ਵਾਲਾ

"ਜਹ ਆਪਨ ਆਪੁ ਆਪਿ **ਪਤੀਆਰਾ**।"

— ਗਉ **੫**, ਸੁਖ ੨੧, ੬ : ੭ (291)

(ਮਹਾਨਕੋਸ਼ ਅਰਥ ਪੜੀਵਾਲਾ ਕਰਦਾ ਹੈ)

2. ਇਤਬਾਰ, ਵਿਸ਼ਵਾਸ਼, ਭਰੋਸਾ

"ਪੰਚ ਪਹਰੂਆ ਦਰ ਮਹਿ ਰਹਤੇ ਤਿਨ ਕਾ ਨਹੀ **ਪਤੀਆਰਾ**।"

— ਗਉ **ਕਬ**, ੭੩, ੨ : ੧ (339)

3. ਪਤੀਜਿਆ, ਸੰਤੁਸ਼ਟ ਹੋਇਆ, ਰਜ਼ਿਆ

"ਤਉ ਭੀ ਮੇਰਾ ਮਨੁ ਨ **ਪਤੀਆਰਾ**।"

— ਆਸਾ **੫**, ੧੧, ੧ : ੨ (373)

ਪਤੀਆਰੁ— ਪਰਤਾਵਾ, ਪਰਖ, ਨਿਰਨਾ

"ਹਮ ਸਰਿ ਦੀਨੁ ਦਇਆਲੁ ਨ ਤੁਮਸਰਿ ਅਬ **ਪਤੀਆਰੁ** ਕਿਆ ਕੀਜੈ।"

— ਧਨਾ **ਰਵਿ**, ੧, ੧ : ੧ (694)

ਪਤੀਆਰੈ— ਖੁਸ਼ ਹੋਣ ਨਾਲ, ਪਤੀਜਨ ਨਾਲ

"ਲੋਕ **ਪਤੀਆਰੈ** ਕਛੂ ਨ ਪਾਈਐ।"

— ਸੂਹੀ **੫**, ੨, ੨ : ੩ (736)

ਪਤੀਆਵਣਿਆ— ਪਤੀਜਦਾ ਹੈ, ਤਸੱਲੀ ਹੁੰਦੀ ਹੈ

"ਦੀਨ ਦਇਆਲ ਮੇਰੇ ਸਾਹਿਬਾ, ਸਚੇ ਮਨੁ **ਪਤੀਆਵਣਿਆ**।"

— ਮਾਝ **੧**, ਅਸ ੧, ੧ : ੩ (109)

ਪਤੀਆਵੈ— ਖੁਸ਼ ਕਰੇ, ਰੀਝਾਵੈ, ਤਸੱਲੀ ਕਰਵਾਏ

"ਊਹਾ ਕਾਮਿ ਨ ਆਵੈ ਇਹ ਬਿਧਿ ਓਹੁ ਲੋਗਨ ਹੀ **ਪਤੀਆਵੈ**।"— ਗਉ **੫**, ੧੬੪*, ੨ : ੨ (216)

ਪਤੀਐ— ਪਤੀ ਜੇ, ਪਰਚੇ

"ਝੂਠਿ ਨ **ਪਤੀਐ** ਪਰਚੈ ਸਾਚੈ।"

— ਗੋਂਡ **ਕਬ**, ੧੦, ੨ : ੨ (872)

ਪਤੀਜਈ— ਰਾਜ਼ੀ ਹੋਣਾ

"ਸਚਾ ਅਲਖ ਅਭੇਉ ਹਠਿ ਨ **ਪਤੀਜਈ**।"

— ਮਨਾ **੧**, ਵਾਰ ੧੭ : ੧ (1285)

ਪਤੀਜਾ— ਪ੍ਰਸੰਨ ਹੋਇਆ

"ਅੰਤਰਿ ਬਾਹਰਿ ਸਭੁ ਕਿਛੁ ਜਾਣੈ ਆਪੇ ਹੀ ਆਪਿ **ਪਤੀਜਾ** ਹੇ।"

— ਮਾਰੂ **੫**, ਸੋਲਾ ੩, ੬ : ੩ (1074)

ਪਤੀਜਿਆ— ਪਤਿਆਇਆ, ਨਿਸਚੇਵਾਨ ਹੋਇਆ

"ਹਰਿ ਨਿਰਭਉ ਨਾਮਿ **ਪਤੀਜਿਆ** ਮੇਰੀ ਜਿੰਦੁੜੀਏ ਸਭਿ ਝਖ ਮਾਰਨੁ ਦੁਸਟ ਕੁਪਤੇ ਰਾਮ।"

— ਬਿਹਾ **੪**, ਛੰਤ ੫, ੩ : ੩ (541)

ਪਤੀਜੈ— 1. ਪ੍ਰਸੰਨ ਹੁੰਦਾ ਹੈ

"ਸਚਾ ਸਚੋ ਸਚਿ **ਪਤੀਜੈ**।"

— ਮਾਝ **੩**, ਅਸ ੯, ੭ : ੧ (114)

2. ਰੀਝਦਾ, ਰਜ਼ਦਾ

"ਸਬਦੇ **ਪਤੀਜੈ** ਅੰਕੁ ਭੀਜੈ ਸੁ ਮਹਲੁ ਮਹਲਾ ਅੰਤਰੇ।"

— ਸੂਹੀ **੧**, ਛੰਤ ੫, ੮ : ੩ (767)

3. ਵਿਸ਼ਵਾਸ਼ ਕਰਨਾ, ਇਤਬਾਰ ਕਰਨਾ

"ਹਠਿ ਨ **ਪਤੀਜੈ** ਨਾ ਬਹੁ ਭੇਖੈ।"

— ਧਨਾ **੧**, ਅਸ ੨, ੪ : ੨ (686)

ਪਤੀਣਾ— ਪਤੀਜਿਆ, ਪ੍ਰਤੀਤ ਹੋ ਜਾਵੇ, ਤਸੱਲੀ ਹੋ ਜਾਵੇ

"ਸੇਵਕੁ ਸੇਵਾ ਤਾਂ ਕਰੇ ਸਚ ਸਬਦਿ **ਪਤੀਣਾ**।"

— ਸੂਹੀ **੧**, ਛੰਤ ੫, ੮ : ੨ (767)

ਹੋਰ ਰੂਪ — ਪਤੀਣੀ —

"ਪੇਈਅੜੈ ਘਰਿ ਸਬਦਿ **ਪਤੀਣੀ** ਸਾਹੁਰੜੈ ਪਿਰ ਭਾਣੀ।" (ਪਤੀਜੀ)

— ਤੁਖਾ **੧**, ਛੰਤ ੩, ੪ : ੫ (1111)

ਪਤੀਣੀਆਂ— ਕੰਮਜ਼ੋਰ ਹੋ ਗਈਆਂ

"ਫਰੀਦਾ ਅਖੀ ਦੇਖਿ **ਪਤੀਣੀਆਂ** ਸੁਣਿ ਸੁਣਿ ਰੀਣੇ ਕੰਨ।" — ਸਲੋ **ਫਰ**, ੧੧੧ : ੧ (1378)

ਪਤੀਣੇ— ਪ੍ਰਤੀਜ ਗਏ, ਭਰੋਸਾ ਬੱਝਾ

"ਨਾਨਕ ਹਉਮੈ ਮਾਰਿ **ਪਤੀਣੇ** ਵਿਰਲੇ ਦਾਸ ਉਦਾਸਾ।" — ਆਸਾ **੧**, ਛੰਤ ੩, ੪ : ੬ (437)

"ਲੋਕ **ਪਤੀਣੇ** ਕਛੂ ਨ ਹੋਵੈ ਨਾਹੀ ਰਾਮੁ ਅਯਾਨਾ।" (ਤਸੱਲੀ ਹੋਣ ਨਾਲ)

— ਆਸਾ **ਕਬ**, ੩੨, ੧ : ੨ (484)

ਹੋਰ ਰੂਪ — ਪਤੀਣੈ —

"ਕਬ ਕੋਊ ਲੋਗਨ ਕਉ ਪਤੀਆਵੈ ਲੋਕਿ **ਪਤੀਣੈ** ਨਾ ਪਤਿ ਹੋਇ।"

— ਆਸਾ **੪**, ੬੨, ੪ : ੧ (368)

ਪਤੀਣੋਹਿ— ਪਤੀਜਿਆ, ਭਰੋਸਾ ਹੋਇਆ

"ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ **ਪਤੀਣੋਹਿ**।"

— ਸਲੋ **ਫਰ**, ੨੩ : ੨ (1381)

ਪਤੀਨ— ਪਤੀਜ ਗਏ, ਨਿਸ਼ਾ ਹੋ ਗਈ

"ਪੇਖਿਓ ਲਾਲਫੁ ਪਾਟ ਬੀਚ ਖੋਏ ਅਨਦ ਚਿਤਾ ਹਰਖੇ **ਪਤੀਨ**।"

— ਟੋਡੀ **੫**, ੨੦,੨ : ੧ (716)

ਹੋਰ ਰੂਪ — ਪਤੀਨਾ—

"ਮਨ ਕਠੋਰ ਅਜਹੂ ਨ **ਪਤੀਨਾ**।" (ਤਸਲੀ ਹੋਈ, ਪਤੀਜਿਆ)

— ਗੋਂਡ **ਕਬ**, ੪, ੪ : ੨ (871)

ਪਤੀਨਾ— 1. ਨਿਸ਼ਾ ਹੋਈ, ਵੇਖੋ 'ਪਤੀਨ'

2. ਖੁਸ਼ ਹੋਇਆ

"ਆਪੇ ਆਪੁ ਉਪਾਇ **ਪਤੀਨਾ**।"

— ਮਾਰੂ **੧**, ਸੋਲਾ ੧, ੩ : ੨ (1020)

ਪਤੀਨੀ— ਪਤੀਜੇ, ਨਿਸ਼ਾ ਹੋਈ

"ਜਿਸੁ ਬੁਝਾਏ ਸੋ ਬੁਝਸੀ ਸਚੈ ਸਬਦਿ **ਪਤੀਨੀ**।"

— ਰਾਮ **੩**, ਵਾਰ ੭ : ੪ (949)

ਪਤੀਨੇ— 1. ਤਸੱਲੀ ਹੋ ਜਾਣਾ

"ਸਹਜ ਸੁਭਾਇ ਮਿਲੈ ਗੋਪਾਲਾ ਨਾਨਕ ਸਚਿ **ਪਤੀਨੇ**।" — ਸੋਰ **੫**, ੬੨, ੨ : ੨ (626)

2. ਪ੍ਰਸੰਨ ਹੋਣਾ, ਰੀਝਣਾ

"ਨਵ ਛਿਅ ਖਟੁ ਬੋਲਹਿ ਮੁਖ ਆਗਰ ਮੇਰਾ ਹਰਿ ਪ੍ਰਭੁ ਇਵ ਨ **ਪਤੀਨੇ**।"

— ਧਨਾ **੪**, ੭, ੨ : ੧ (668)

ਪਤੁ— 1. ਪਾਤ੍ਰ

"ਮੁੰਦਾ ਸੰਤੋਖੁ ਸਰਮੁ **ਪਤੁ** ਝੋਲੀ ਧਿਆਨ ਕੀ ਕਰਹਿ ਬਿਭੂਤਿ।" (ਖਪਰ, ਚਿਪੀ)

—ਜਪੁ **੧**, ੨੮ : ੧ (6)

2. ਪਤੇ

"ਤਿਤੁ ਸਾਖਾ ਮੂਲੁ **ਪਤੁ** ਨਹੀ ਡਾਲੀ ਸਿਰਿ ਸਭਨਾ ਪਰਧਾਨਾ।"

— ਆਸਾ **੧**, ਛੰਤ ੨, ੨ : ੪ (436)

ਪਤੇ— 1. ਪਤੀ, ਸੁਆਮੀ, ਮਾਲਕ

"ਦਿਨ ਖਾਤ ਜਾਤ ਬਿਹਾਤ ਪ੍ਰਭ ਬਿਨੁ ਮਿਲਹੁ ਪ੍ਰਭ ਕਰੁਣਾ **ਪਤੇ**।"

—ਆਸਾ **੫**, ਛੰਤ ੧੪, ੧ : ੩ (462)

"ਮਨਿ ਪ੍ਰੀਤਿ ਲਾਗੈ ਵਡੈ ਭਾਗੈ ਕਬ ਮਿਲੀਐ ਪੂਰਨ **ਪਤੇ**।" (ਪਤੀ ਨੂੰ)

— ਬਿਲਾ **੫**, ਛੰਤ ੧, ੧ : ੩ (845)

2. ਹੇ ਪਤੀ, ਹੇ ਮਾਲਕ ਪ੍ਰਭੂ

"ਹਮ ਮੂਰਖ ਅਗਿਆਨ ਸਰਨਿ ਪ੍ਰਭ ਤੇਰੀ ਕਰਿ ਕਿਰਪਾ ਰਾਖਹੁ ਮੇਰੀ ਲਾਜ **ਪਤੇ**।"

— ਰਾਮ **੧**, ੧, ੧* : ੨ (876)

ਪਤ੍ਰ— 1. ਪਤੇ

"ਪਾਰਜਾਤੁ ਘਰਿ ਆਗਨਿ ਮੇਰੈ ਪੁਹਪ **ਪਤ੍ਰ** ਤਤੁ ਡਾਲਾ।" — ਗੂਜ **੧**, ਅਸ ੧, ੩ : ੧ (503)

2. ਖਪਰ

"ਮੁੰਦ੍ਰਾ ਮੋਨਿ ਦਇਆ ਕਰਿ ਝੋਲੀ **ਪਤ੍ਰ** ਕਾ ਕਰਹੁ ਬੀਚਾਰੁ ਰੇ।"

— ਰਾਮ **ਕਬ**, ੭, ੧ : ੧ (970)

3. ਚਿਠੀ, ਲਿਖਤ, ਫੁਰਮਾਣ

"ਛਤ੍ਰ ਨ **ਪਤ੍ਰ** ਨ ਚਉਰ ਨ ਚਾਵਰ ਬਹਤੀ ਜਾਤ ਰਿਦੈ ਨ ਬਿਚਾਰਹੁ।"

—ਸਹ **੫**, ੫* : ੨ (1388)

ਪਤ੍ਰਾਲੀ— ਸੰਘਣੇ ਪਤਿਆਂ ਵਾਲੀ

"ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ **ਪਤ੍ਰਾਲੀ**।" — ਰਾਮ **ਬਸ**, ਵਾਰ ੩ : ੮ (967)

ਪਤ੍ਰੀ — 1. ਚਿੱਠੀ

"ਪ੍ਰਥਮੇ ਮਤਾ ਜਿ **ਪਤ੍ਰੀ** ਚਲਾਵਉ।"

— ਆਸਾ **੫**, ੫, ੧ : ੧ (371)

(ਮਹਾਨਕੋਸ਼ ਇਸ ਦੇ ਅਰਥ 'ਕਾਸਦ' ਚਿੱਠੀ ਲੈ ਜਾਣ ਵਾਲਾ ਕਰਦਾ ਹੈ)

2. ਤਿਥਪਤ੍ਰ, ਜੰਤਰੀ

"ਮਨ ਕੀ **ਪਤ੍ਰੀ** ਵਾਚਣੀ ਸੁਖੀ ਹੂ ਸੁਖੁ ਸਾਰੁ।"

—ਮਾਰੂ **੩**, ਵਾਰ ੨੨ਸ, **੩**, ੨ : ੧ (1093)

ਪੜਾਇ— ਪਤੀਜਦਾ, ਵਿਸ਼ਵਾਸ਼ ਲਿਆਉਂਦਾ,

ਨਿਸਚਾ ਕਰਦਾ
"ਅਜੌਂ ਨ **ਪਤ੍ਰਾਇ** ਨਿਗਮ ਭਏ ਸਾਖੀ।"
— ਜੈਤ **ਰਵਿ**, ੧, ੩ : ੨ (710)

ਪੰਥ— ਰਸਤਾ, ਰਾਹ
"ਨਾਨਕ ਕਹਤ ਮੁਕਤਿ **ਪੰਥ** ਇਹੁ ਗੁਰਮੁਖਿ ਹੋਇ ਤੁਮ ਪਾਵਉ।" — ਗਉ **੯**, ੫, ੨ : ੨ (219)

ਪਥਰ— ਪਾਹਨ, ਪਾਖਾਣ, ਧਰਤੀ ਦਾ ਉਹ ਕਰੜਾ ਪਦਾਰਥ ਜਿਸ ਦੇ ਸਿਲ, ਵੱਟੇ, ਚਟਾਣ ਰੂਪ ਸਾਨੂੰ ਦਿਸਦੇ ਹਨ।
"ਸੈਲ **ਪਥਰ** ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ।"
— ਗੂਜ **੫**, ਸੋਦ ੫, ੧ : ੨ (10)
"ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ **ਪਥਰ** ਤਾਰੇ।" (ਭਾਰਾ ਪਦਾਰਥ)
— ਗਉ **੧**, ਅਸ ੧੭, ੫ : ੨ (156)
"**ਪਥਰ** ਪਾਪ ਬਹੁ ਲਦਿਆ ਕਿਉ ਤਰੀਐ ਤਾਰੀ।" (ਕਰੜਾ, ਬਜਰ ਪਾਪ)
— ਗੂਜ **੩**, ਵਾਰ ੩ : ੨ (509)
ਹੋਰ ਰੂਪ — ਪਥਰੁ —
"ਕਰਿ ਕਿਰਪਾ ਡੁਬਦਾ **ਪਥਰੁ** ਲੀਜੈ।"
— ਮਾਝ **੫**, ੨੯, ੪ : ੨ (103)

ਪੰਥਾ— ਮਾਰਗ, ਰਸਤਾ
"ਹਮ ਅੰਧੁਲੇ ਗਿਆਨਹੀਨ ਅਗਿਆਨੀ ਕਿਉ ਚਾਲਹ ਮਾਰਗਿ **ਪੰਥਾ**।"
— ਜੈਤ **੪**, ੧, ੪ : ੧ (696)
"**ਪੰਥਾ** ਪ੍ਰੇਮ ਨ ਜਾਣਈ ਭੂਲੀ ਫਿਰੈ ਗਵਾਰਿ।" (ਰਸਤਾ ਪ੍ਰੇਮ ਦਾ)
— ਸਲੋ **੫**, ੧੮ : ੧ (1425)
(ਮਹਾਨਕੋਸ਼ ਅਰਥ 'ਸਤੀ' ਕਰਦਾ ਹੈ)

ਪੰਥਿ — ਰਸਤੇ ਉਪਰ
"ਬਿਖਮ ਘੋਰ **ਪੰਥਿ** ਚਾਲਣਾ ਪ੍ਰਾਣੀ ਰਵਿ ਸਸਿ ਤਹ ਨ ਪ੍ਰਵੇਸੰ।" — ਸਿਰੀ **ਤ੍ਰਿਲੋ**, ੨, ੩ : ੧ (92)

ਪਥਿਕ — ਰਾਹੀ-ਮੁਸਾਫਰ
"**ਪਥਿਕ** ਪਿਆਸ ਚਿਤ ਸਰੋਵਰ ਆਤਮ ਜਲੁ ਲੈਨ।" — ਮਲਾ **੫**, ੨੯, ੨ : ੧ (1273)

ਪੰਥੀ — 1. ਰਾਹੀ ਮੁਸਾਫਰ
"ਗਾਈ ਪੁਤਾ ਨਿਰਧਨਾ **ਪੰਥੀ** ਚਾਕਰੁ ਹੋਇ।"
— ਮਲਾ **੧**, ਵਾਰ ੨ਸ, **੧**, ੨ : ੨ (1279)
"ਕਬੀਰ ਰੋੜਾ ਹੂਆ ਤ ਕਿਆ ਭਇਆ **ਪੰਥੀ** ਕਉ ਦੁਖੁ ਦੇਇ।"
— ਸਲੋ **ਕਬ**, ੧੪੭ : ੧ (1372)
2. ਪੰਥ/ਸੰਗਠਨ ਨਾਲ ਸਬੰਧ ਰਖਣ ਵਾਲਾ
"ਆਈ **ਪੰਥੀ** ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ।" — ਜਪੁ **੨**, ੨੮ : ੩ (6)

ਪਥੁ — ਪ੍ਰਹੇਜ਼, ਸੰਜਮ
"ਗੁਰਿ ਅੰਮ੍ਰਿਤ ਨਾਮੁ ਪੀਆਲਿਆ ਜਨਮ ਮਰਨ ਕਾ **ਪਥੁ**।" — ਸਿਰੀ **੫**, ੯੦, ੩ : ੩ (49)
(ਮਹਾਨਕੋਸ਼ ਇਸ ਦੇ ਅਰਥ ਰੋਗੀ ਲਈ ਗੁਣਕਾਰੀ ਪਦਾਰਥ ਕਰਦੇ ਹਨ)

ਪੰਥੁ — ਰਸਤਾ, ਮਾਰਗ, ਰਾਹ
"ਮੰਨੈ ਮਗੁ ਨ ਚਲੈ **ਪੰਥੁ**।"
— ਜਪੁ **੧**, ੧੪ : ੩ (3)
"ਭਰਮੁ ਜਰਾਇ ਚਰਾਈ ਬਿਭੂਤਾ **ਪੰਥੁ** ਏਕੁ ਕਰਿ ਪੇਖਿਆ।" (ਭਾਵ ਜੋਗ ਪੰਥ)
— ਗਉ **੫**, ੧੩੨*, ੩ : ੧ (208)

ਪਦ— 1. ਪੈਰ, ਚਰਨ
"ਸਹਜ ਪਦ ਬਿਮਲ ਨਨ ਏਕ **ਪਦ** ਗੰਧ ਬਿਨੁਸਹਸ ਤਵ ਗੰਧ ਇਵ ਚਲਤ ਮੋਹੀ।"
— ਧਨਾ **੧**, ਸੋਲਾ ੩, ੨ : ੨ (113)
2. ਦਰਜਾ, ਸਥਾਨ, ਅਵਸਥਾ
"ਚਉਥੇ **ਪਦ** ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ।"
— ਸਿਰੀ **੩**, ਅਸ ੨੩, ੬ : ੩ (68)
"ਲਾਲਚੁ ਕਰੈ ਜੀਵਨ **ਪਦ** ਕਾਰਨ ਲੋਚਨ ਕਛੂ ਨ ਸੂਝੈ।" — ਸਿਰੀ **ਬੇਣੀ**, ੧, ੫ : ੨ (93)
3. ਰੁਤਬਾ, ਪਦਵੀ, ਦਰਜਾ
"ਮਿਰਤਕ ਪਿੰਡਿ **ਪਦ** ਮਦ ਨ ਅਹਿਨਿਸਿ ਏਕੁ ਅਗਿਆਨੁ ਸੁ ਨਾਗਾ।"
— ਸਿਰੀ **ਬੇਣੀ**, ੧, ੧ : ੨ (93)

ਪਦੰ — ਸਥਾਨ, ਟਿਕਾਣਾ
"ਗੋਬਿੰਦ ਗੋਬਿੰਦੇਤਿ ਜਪਿ ਨਰ ਸਕਲ ਸਿਧਿ **ਪਦੰ**।"
— ਗੂਜ **ਜੈਦੇ**, ੧, ੫ : ੧ (526)
(ਮਹਾਨਕੋਸ਼ ਇਸ ਦੇ ਅਰਥ ਦੇਣ ਵਾਲਾ ਕਰਦਾ ਹੈ)

(ਸੰਖਿਆ ਅਰਥ ਪਦਵੀਆਂ ਕਰਦਾ ਹੈ)

ਪਦਹਿ— ਪਦਵੀ, ਰੁਤਬਾ
"ਕਿਸੁ ਜਾਤਿ ਤੇ ਕਿਹ **ਪਦਹਿ** ਅਮਰਿਓ ਰਾਮ ਭਗਤਿ ਬਿਸੇਖ।"
— ਕੇਦਾ **ਰਵਿ**, ੧, ੧* : ੨ (1124)

ਪਦਮ — ਕਮਲ
"ਹਰਿ ਜਪਤ ਤੇਊ ਜਨਾ **ਪਦਮ** ਕਵਲਾਸ ਪਤਿ ਤਾਸ ਸਮਤੁਲਿ ਨਹੀ ਆਨ ਕੋਊ।" (ਇਥੇ ਭਾਵ 'ਚਰਨ ਕਮਲ')
— ਮਲਾ **ਰਵਿ**, ੨, ੧* : ੨ (1293)

ਪਦਮਨਿ— ਪਦਮ, ਕਮਲ
"ਬਿਮਲ ਮਝਾਰਿ ਬਸਸਿ ਨਿਰਮਲ ਜਲ **ਪਦਮਨਿ** ਜਾਵਲ ਰੇ।"
— ਮਾਰੂ **੧**, ੪, ੧ : ੧ (990)

ਪਦਮੁ— 1. ਕਮਲ
"ਮਸਤਕਿ **ਪਦਮੁ** ਦੁਆਲੈ ਮਣੀ।"
— ਰਾਮ **ਬੇਣੀ**, ੧, ੯ : ੧ (974)

2. ਯੋਗ ਦਾ ਇਕ ਆਸਨ
"ਮਗਰ ਪਾਛੈ ਕਛੁ ਨ ਸੂਝੈ ਏਹੁ **ਪਦਮੁ** ਅਲੋਅ।"
— ਧਨਾ **੧**, ੮, ੨ : ੨ (663)

ਪਦਰ— (ਫ਼ਾ. ਪਿਦਰ) ਪਿਤਾ
"ਜਨ ਪਿਸਰ **ਪਦਰ** ਬਿਰਾਦਰਾਂ ਕਸ ਨੇਸ ਦਸਤੰਗੀਰ।" — ਤਿਲੰ **੧**, ੧, ੨ : ੧ (721)

ਪਦਵੀ— ਰੁਤਬਾ
"ਜੀਵਨ **ਪਦਵੀ** ਹਰਿ ਕੇ ਦਾਸ।"
— ਗਉ **੫**, ੧੭੦, ੧ : ੧ (200)

ਪਦਾਰਥ— ਵਸਤ, ਚੀਜ਼, ਕੀਮਤੀ ਵਸਤੂ, ਚੰਗੀ ਚੀਜ਼
"ਰਤਨ **ਪਦਾਰਥ** ਮਾਣਕਾ ਸੁਇਨਾ ਰੁਪਾ ਖਾਕੁ।"
— ਸਿਰੀ **੫**, ੮੪, ੨ : ੧ (47)

ਹੋਰ ਰੂਪ — ਪਦਾਰਥਿ—
"ਘਰਿ ਹੋਦੈ ਰਤਨਿ **ਪਦਾਰਥਿ** ਭੁਖੇ ਭਾਗਹੀਣ ਹਰਿ ਦੂਰੇ।" (ਵਸਤ, ਅਮਲੋਕ ਚੀਜ਼)
— ਵਡ **੪**, ਛੰਤ ੩, ੩ : ੪ (574)

ਪਦਾਰਥੁ—
"ਸੰਤ ਸਭਾ ਗੁਰੁ ਪਾਈਐ ਮੁਕਤਿ **ਪਦਾਰਥੁ** ਧੇਣੁ।" (ਵਸਤੂ)
— ਸਿਰੀ **੧**, ੧੨, ੧* : ੨ (18)
"ਇਹੁ ਜਨਮੁ **ਪਦਾਰਥੁ** ਪਾਇ ਕੈ ਹਰਿ ਨਾਮੁ ਨ ਚੇਤੈ ਲਿਵ ਲਾਇ।" (ਅਮੋਲਕ ਵਸਤੂ)
— ਸਿਰੀ **੧**, ੩੨, ੪ : ੧ (28)

ਪਦਾਰਥੋ—
"ਹਰਿ ਲਧਾ ਰਤਨੁ **ਪਦਾਰਥੋ** ਫਿਰਿ ਬਹੁੜਿ ਨ ਚਲਿਆ।" (ਪਦਾਰਥ, ਵਸਤੂ)
— ਆਸਾ **੪**, ਛੰਤ ੧੮, ੧ : ੩ (450)

ਪਦਿ— ਪਦਵੀ ਤੋਂ/ ਰਾਹੀਂ
"ਸਤਗੁਰਿ ਮਿਲਿਐ ਤ੍ਰਿਕੁਟੀ ਛੂਟੈ ਚਉਥੈ **ਪਦਿ** ਮੁਕਤਿ ਦੁਆਰੁ।"
— ਸਿਰੀ **੩**, ੫੧, ੨ : ੩ (33)

ਪੰਦਿ— (ਫ਼ਾ. ਪੰਦ) ਸਿਖਿਆ, ਨਸੀਅਤ
"ਮੈ ਪਤਿ ਕੀ **ਪੰਦਿ** ਨ ਕਰਣੀ ਕੀ ਕਾਰ।"
— ਸਿਰੀ **੧**, ੨੯, ੧* : ੧ (24)
"ਨਾਨਕ ਅਗੈ ਊਤਮ ਸੇਈ ਜਿ ਪਾਪਾਂ **ਪੰਦਿ** ਨ ਦੇਹੀ।"
— ਸਿਰੀ **੪**, ਵਾਰ ੨੦ਸ, **੧**, ੧ : ੪ (91)

ਪੰਦੀ— ਸਿਖਿਆ ਵਾਲੇ
"ਦੁਇ **ਪੰਦੀ** ਦੁਇ ਰਾਹ ਚਲਾਏ।" (ਦੋ ਸਿਖਿਆ ਵਾਲੇ ਭਾਵ ਗੁਰਮੁੱਖ ਤੇ ਮਨਮੁਖ)
— ਮਾਰੂ **੧**, ਸੋਲਾ ੧੨, ੨ : ੨ (1032)

ਪਦੁ— ਪਦਵੀ, ਸਥਾਨ
"ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ ਇਉ ਪਾਵਸਿ **ਪਦੁ** ਨਿਰਬਾਣੀ।"
— ਸਿਰੀ **੧**, ੨੬, ੧ : ੨ (23)

ਪੰਦ੍ਰਹ— ਪੰਦਰਾਂ
"**ਪੰਦ੍ਰਹ** ਥਿਤੀ ਸਾਤ ਵਾਰ।"
— ਗਉ **ਕਬ**, ਥਿਤੀ ੧ਸ : ੧ (343)

ਪੰਧ— ਰਸਤਾ, ਮਾਰਗ, ਰਾਹ
"ਪਾਵ ਜੁਲਾਈ **ਪੰਧ** ਤਉ ਨੈਣੀ ਦਰਸੁ ਦਿਖਾਲਿ।"
— ਸੂਹੀ **੫**, ਅਸ ੪, ੪ : ੧ (761)

ਪਧਤਿ— ਰਾਹ, ਨੇਮ
"ਇਹ **ਪਧਤਿ** ਤੇ ਮਤ ਚੂਕਹਿ ਰੇ ਮਨ ਭੇਦੁ ਬਿਭੇਦੁ ਨ ਜਾਨ ਬੀਅਉ।"
— ਸਵ **੪**, ਮਥੁ ੫ : ੩ (1409)

ਪਧਰੋ— ਪੱਧਰ, ਹਮਵਾਰ, ਪਧਰੀ

"ਜੋੜਣਹਾਰਾ ਸੰਤੁ ਨਾਨਕ ਪਾਧਰੁ **ਪਧਰੋ**।"
— ਗਉ **੫**, ਵਾਰ ੧੪ਸ, **੫**, ੨ : ੨ (321)

ਪੰਧਾ — ਪੈਂਡੇ, ਸਫਰ
"ਫਿਰਦੀ ਫਿਰਦੀ ਨਾਨਕ ਜੀਉ ਹਉ ਫਾਵੀ ਥੀ ਦੀ ਬਹੁਤੁ ਦਿਸਾਵਰ **ਪੰਧਾ**।"

ਪਧਾਊਆ— ਰਾਹੀਆਂ, ਮੁਸਾਫਰਾਂ
"ਪੁਛਹੁ ਜਾਇ **ਪਧਾਊਆ** ਚਲੇ ਚਾਕਰ ਹੋਇ।"
— ਸਿਰੀ **੧**, ਅਸ ੬, ੮ : ੧ (57)

ਪੰਧਾਣੂ— ਪਾਂਧੀ, ਰਾਹੀ, ਮੁਸਾਫਰ
"ਸੁਖ ਘਟ ਓਗੜੂਇ ਇਸੁ **ਪੰਧਾਣੂ** ਘਰ ਘਣੇ।"
— ਮਾਝ **੫**, ਵਾਰ ੧੩ਸ, **੫**, ੩ : ੨ (1098)

ਪੰਧਿ— ਰਸਤੇ, ਮਾਰਗ, ਰਾਹ ਤੇ
"**ਪੰਧਿ** ਜੁਲੰਧੜੀ ਮੇਰਾ ਅੰਦਰੁ ਠੰਢਾ ਗੁਰ ਦਰਸਨੁ ਦੇਖਿ ਨਿਹਾਲੀ।"
— ਰਾਮ **੫**, ਵਾਰ ੧੨ਸ, **੫**, ੧ : ੨ (964)

ਪੰਧੀਆਂ— ਰਸਤੇ, ਮਾਰਗ, ਰਾਹ
"ਕਥੜੀਆ ਸੰਤਾਹ ਤੇ ਸੁਖਾਊ **ਪੰਧੀਆ**।"
— ਮਾਰੂ **੫**, ਵਾਰ ੨੧ਸ, **੫**, ੨ : ੧ (1101)

ਪੰਧੁ— ਰਸਤਾ, ਮਾਰਗ, ਰਾਹ
"ਹਉ ਖੜੀ ਨਿਹਾਲੀ **ਪੰਧੁ** ਮਤੁ ਮੂੰ ਸਜਣੁ ਆਵਏ।"
— ਸਲੋ **੪**, ੫ : ੧ (1421)

ਪਨਹ—(ਫਾ. ਪਨਾਹ) ਓਟ, ਆਸਰਾ, ਟੇਕ
"ਤੇਰੀ **ਪਨਹ** ਖੁਦਾਇ ਤੂ ਬਖਸੰਦਗੀ।"
— ਆਸਾ **ਫਰ**, ੧, ੪ : ੧ (488)

ਪਨਹੀ— ਜੁਤੀ
"ਲੋਗੁ ਗਠਾਵੈ **ਪਨਹੀ**।"
— ਸੋਰ **ਰਵਿ**, ੨, ੧* : ੨ (659)

ਪਨਹੀਓ— ਜੁਤੀ
"ਕਬਹੂ ਪਾਇ **ਪਨਹੀਓ** ਨ ਪਾਵੈ।"
— ਭੈਰ **ਨਾਮ**, ੫, ੨ : ੨ (1164)

ਪਨਾਹਿ— ਓਟ, ਟੇਕ
"ਜਿਨਾ ਭਾਗ ਮਥਾਹੜੈ ਤਿਨ ਉਸਤਾਦ **ਪਨਾਹਿ**।"
— ਮਾਰੂ **੫**, ਵਾਰ ੬ਸ, **੫**, ੧ : ੨ (1096)

ਪਨਿਹਾਰਾ— ਜਲ ਢੋਣ ਵਾਲਾ, ਸੇਵਕ ਮਹਿਰਾ
"ਹਰਿ ਕਾ ਸੰਤੁ ਪਰਾਨ ਧਨ ਤਿਸ ਕਾ **ਪਨਿਹਾਰਾ**।"
— ਸੂਹੀ **੫**, ੪੨, ੧ : ੧ (745)

ਪਨਿਹਾਰਿ— ਜਲ ਢੋਣ ਵਾਲੀ ਸੇਵਕਾ, ਭਾਵ ਨਿਮਾਣੀ ਸੇਵਕਾ
"ਦਾਸਨਿ ਦਾਸੀ ਕੀ **ਪਨਿਹਾਰਿ**।"
— ਆਸਾ **੫**, ੮੪, ੨ : ੧ (391)

ਹੋਰ ਰੂਪ — ਪਨਿਹਾਰੀ—
"ਕੂਅਟਾ ਏਕੁ ਪੰਚ **ਪਨਿਹਾਰੀ**।" (ਪਾਣੀ ਲਜਨ ਵਾਲੀਆਂ)— ਗਉ **ਕਬ**. ੧੨, ੩ : ੧ (325)
"ਅਵਰ ਜੋਨਿ ਤੇਰੀ **ਪਨਿਹਾਰੀ**।" (ਭਾਵ ਸੇਵਕ) — ਆਸਾ **੫**, ੧੨, ੪ : ੧ (374)
"ਕ੍ਰਿਪਾ ਕ੍ਰਿਪਾ ਕਰਿ ਜਗਤ ਪਿਤ ਸੁਆਮੀ ਹਮ ਦਾਸਨਿ ਦਾਸ ਕੀਜੈ **ਪਨਿਹਾਰੀ**।" (ਸੇਵਕ) — ਭੈਰ **੪**, ੬, ੧* : ੨ (1135)
"ਊਪਰਿ ਕੂਪੁ ਗਗਨ **ਪਨਿਹਾਰੀ** ਅੰਮ੍ਰਿਤੁ ਪੀਵਣਹਾਰਾ ।" (ਭਾਵ ਬੁੱਧੀ)
— ਪ੍ਰਭਾ **੧**, ੧੫, ੨ : ੧ (1331)

ਪਨਿਹਾਰੇ—
"ਨਾਨਕ ਦਾਸਨਿ ਦਾਸੁ ਕਹਤੁ ਹਮ ਦਾਸਨ ਕੇ **ਪਨਿਹਾਰੇ**।" (ਭਾਵ ਸੇਵਕ)
— ਨਟ **੪**, ਅਸ ੧, ੮ : ੨ (981)

ਪਨਿਹਾਰੋ—
"ਜਨੁ ਨਾਨਕੁ ਹਰਿ ਕਾ ਦਾਸੁ ਹੈ ਹਰਿ ਦਾਸ **ਪਨਿਹਾਰੋ**।"
— ਆਸਾ **੪**, ਛੰਤ ੧੨, ੩ : ੪ (450)

ਪੰਨੈ— ਖਾਤੇ /ਲੇਖੇ ਵਿਚ
"ਚਿਰੀ ਵਿਛੁੰਨੇ ਮੇਲਿਅਨੁ ਸਤ ਗੁਰ **ਪੰਨੈ** ਪਾਇ।" (ਭਾਵ ਆਪਣੇ ਲੜ ਲਾ ਕੇ)
— ਸਿਰੀ **੩**, ੪੯, ੩ : ੨ (32)
"ਨਾਨਕ ਤਿਨ ਕਾ ਆਖਿਆ ਆਪਿ ਸੁਣੇਜਿ ਲਇਅਨੁ **ਪੰਨੈ** ਪਾਇ।"(ਆਪਣੀ ਵਹੀ ਤੇ ਚੜਾ ਲਏ)— ਬਿਲਾ **੪**, ਵਾਰ ੯ਸ, **੩**, ੧ : ੩ (853)

ਪਨ੍ਹੀਆ— ਜੁਤੀ
"**ਪਨ੍ਹੀਆ** ਛਾਦਨੁ ਨੀਕਾ।"
— ਧਨਾ **ਧੰਨਾ**, ੧, ੧ : ੩ (695)

ਪਪਨਾ— ਪਾਪਾਂ ਤੋਂ
"ਪ੍ਰਭ ਦੀਨ ਦਇਆਲ ਭਗਤ ਭਵ ਤਾਰਨ ਹਮ ਪਾਪੀ ਰਾਖੁ **ਪਪਨਾ**।"
— ਬਿਲਾ **੪**, ੧, ੪ : ੧ (799)

ਪਪਾ— 'ਪ' ਗੁਰਮੁਖੀ ਲਿਪੀ ਦਾ 26ਵਾਂ ਚਿੰਨ੍ਹ

"**ਪਪਾ** ਪਰਮਿਤਿ ਪਾਰੁ ਨ ਪਾਇਆ।"
— ਗਉ **੫**, ਬਾਅ ੩੨ : ੧ (258)

ਪਪੀਲਕਹ— (ਸੰ. ਪਿਪੀਲਕ) ਕੀੜੀ, ਚਿਊਂਟੀ
"ਮਸਕੰ ਭਗਨੰਤ ਸੈਲੰ ਕਰਦਮੰ ਤਰੰਤ **ਪਪੀਲਕਹ**।"
— ਸਸ **੫**, ਪਪ : ੧ (1359)

ਪਪੀਲਕਾ— ਕੀੜੀ
"ਹੇ **ਪਪੀਲਕਾ** ਗ੍ਰਸਟੇ ਗੋਬਿੰਦ ਸਿਮਰਣ ਤੁਯੰ ਧਨੇ।"
— ਸਸ **੫**, ੬੩ : ੪ 1359)

ਪਪੈ— 'ਪ' ਅੱਖਰ ਦੁਆਰਾ
"**ਪਪੈ** ਪਾਤਿਸਾਹੁ ਪਰਮੇਸਰੁ ਵੇਖਣ ਕਉ ਪਰਪੰਚੁ ਕੀਆ।" — **ਆਸਾ ੧, ਪਟੀ** ੨੪ : ੧ (433)

ਪਪੋਰਹੁ— ਪਲੋਸਦੇ ਹੋ, ਲਾਡ ਨਾਲ ਪਾਲਦੇ ਹੋ
"ਰੇ ਨਰ ਕਾਹੇ **ਪਪੋਰਹੁ** ਦੇਹੀ।"
— ਸੋਰ **੫**, ੪, ੧* : ੧ (609)

ਪਪੋਲਿ— ਪਾਲਣ ਪੋਸਨ ਕਰਕੇ, ਪਲੋਸ ਕੇ
"ਉਨ੍ ਕੈ ਸੰਗਿ ਤੂ ਰਖੀ **ਪਪੋਲਿ**।"
— ਆਸਾ **੫**, ੮੨, ੨ : ੩ (390)

ਹੋਰ ਰੂਪ — ਪਪੋਲੀਐ—
"ਭਲਕੇ ਉਠਿ **ਪਪੋਲੀਐ** ਵਿਣੁ ਬੁਝੇ ਮੁਗਧ ਅਜਾਣਿ।" (ਪਾਲੀ ਪੋਸੀਦਾ ਹੈ)
— ਸਿਰੀ **੫**, ੨੩, ੧ : ੧ (43)

ਪਬਣਿ— ਪਾਣੀ ਵਿਚ ਉਗਦੀ ਚੌਪਤੀ, ਨੀਲੋਫਰ
"**ਪਬਣਿ** ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ।"
— ਸਿਰੀ **੧**, ੨੪, ੧ : ੨ (23)

ਪਬਰ— ਹੇ ਕਮੱਲ (ਸ਼ਬਦਾਰਥ, ਗਿਰਾਰਥ)
"**ਪਬਰ** ਤੂੰ ਹਰੀਆਵਲਾ ਕਵਲਾ ਕੰਚਨ ਵੰਨਿ।"
— ਸਲੋ **੧**, ੩੦ : ੧ (1412)
(ਨਿਰਣੈ ਕੋਸ਼ ਇਸ ਦੇ ਅਰਥ ਸਰੋਵਰ) ਛਪੜ, ਕਰਦਾ ਹੈ ਅਤੇ ਮਹਾਨਕੋਸ਼ ਅਤਿ ਸ੍ਰੇਸ਼ਟ, ਦਰਪਣ ਇਸ ਨੂੰ ਸੰਸਕ੍ਰਿਤ ਦੇ ਜਅਕਾਦਹ ਤੋਂ ਵਿਉਂਤਪਤ ਮੰਨ ਅਰਥ ਕਰਦਾ ਹੈ 'ਕੌਲ' ਫੁਲਾਂ ਦੀ 'ਖਾਣ' ਸਰੋਵਰ)

ਪਯਾਲ— ਪਾਤਾਲ
"ਜਤ ਕਤਹ ਤਤਹ ਦ੍ਰਿਸ਼ਟੰ ਸ੍ਵਰਗ ਮਰਤ **ਪਯਾਲ** ਲੋਕਹ।" — ਸਸ **੫**, ੩੬ : ੧ (1357)

ਹੋਰ ਰੂਪ — ਪਯਾਲਾ —
"ਜਿਨਿ ਆਕਾਸ ਕੁਲਹ ਸਿਰਿ ਕੀਨੀ ਕਉ ਸੈ ਸਪਤ **ਪਯਾਲਾ**।" (ਪਾਤਾਲ)
— ਭੈਰ **ਨਾਮ**, ੧, ੧ : ੧ (1167)

ਪਯਾਲਿ—
"ਤੂ ਜਲਿ ਥਲਿ ਗਗਨਿ **ਪਯਾਲਿ** ਪੂਰਿ ਰਹ੍ਾ ਅੰਮ੍ਰਿਤ ਤੇ ਮੀਠੇ ਜਾ ਕੇ ਬਚਨਾ।" (ਪਾਤਾਲ ਵਿਚ) — ਸਵ **੪**, ਗਯੰ ੧੩ : ੨ (1403)

ਪਰ— 1. ਪਰਾਈ, ਦੂਸਰੇ ਦੀ, ਹੋਰਨਾ ਦੀ
"**ਪਰ** ਨਿੰਦਾ **ਪਰ** ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ।" — ਸਿਰੀ **੧**, ੪, ੧ : ੨ (15)
"ਆਨ ਮਨਉ ਤਉ **ਪਰ** ਘਰ ਜਾਉ।" (ਦੂਸਰੇ)
— ਗਉ **੧**, ੮, ੪ : ੧ (153)
"ਸੂਦੁ ਵੈਸੁ **ਪਰ** ਕਿਰਤਿ ਕਮਾਵੈ।" (ਹੋਰਨਾ ਦੀ)
— ਗਉ **੪**, ੩੯, ੩ : ੨ (164)
2. ਉਪਰ, ਉਤੇ
"ਕਹ ਪਿੰਗੁਲ ਪਰਬਤ **ਪਰ** ਭਵਨ।"
— ਗਉ **੫**, ਸੁਖ ੪, ੬ : ੨ (267)
"ਤੇਰੋ ਜਨੁ ਹੋਇ ਸੋਇ ਕਤ ਡੋਲੈ ਤੀਨਿ ਭਵਨ **ਪਰ** ਛਾਜਾ।"
— ਬਿਲਾ **ਕਬ**, ੫, ੧ : ੧ (856)
3. ਪ੍ਰਕਾਰ, ਉਪਰ (ਅਧਾਰ ਤੇ)
"ਸੁਧ ਕਵਨ **ਪਰ** ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ।"
— ਗਉ **ਰਵਿ**, ਅਸ ੧, ੪ : ੨ (346)
(ਨਿਰਣੈ ਇਸ ਦੇ ਅਰਥ 'ਚੰਗੀ ਤਰ੍ਹਾਂ' ਕਰਦੇ ਹਨ)
4. ਖੰਭ
"ਆਵਤ ਜਾਤ ਨ ਦੀਸਹੀ ਨ **ਪਰ** ਪੰਖੀ ਤਾਹਿ।"
— ਬਿਹਾ **੪**, ਵਾਰ ੬ਸ, **੩**, ੨ : ੨ (550)
5. ਤੇ (ਜਿਵੇ ਦੂਰੀ ਤੇ)
"ਪਾਂਚ ਕੋਸ **ਪਰ** ਗਊ ਚਰਾਵਤ ਚੀਤੁ ਸੁ ਬਛਰਾ ਰਾਖੀਅਲੇ।"
— ਰਾਮ **ਨਾਮ**, ੧, ੩ : ੨ (972)
6. ਚੰਗੀ ਤਰ੍ਹਾਂ, ਭਲੀ ਪ੍ਰਕਾਰ
"ਚਰਣ ਤ **ਪਰ** ਸਕਯਥ ਚਰਣ ਗੁਰ ਅਮਰ ਪਵਲਿਰਯ।"
— ਸਵ **੩**, ੧੦ : ੧ (1394)

ਪਰੰ— ਪਰ੍ਹਾਂ
"ਪਰਮਦਭੁਤੰ ਪਰਕ੍ਰਿਤਿ **ਪਰੰ** ਜਦਿ ਚਿੰਤਿ ਸਰਬ

ਗਤੰ।" —ਗੂਜ **ਜੈਦੇ**, ੧, ੧ : ੨ (526)

ਪਰਉ— 1. ਪਵਾਂ
"ਤਾ ਕੈ ਚਰਣਿ **ਪਰਉ** ਤਾ ਜੀਵਾ ਜਨ ਕੈ ਸੰਗਿ ਨਿਹਾਲਾ।" —ਗਉ **੫**, ੧੩੧*, ੩ : ੧ (207)
2. ਪਵੇ, ਪਏ
"ਨੇਤ੍ਰ ਪੁਨੀਤ ਭਏ ਦਰਸ ਪੇਖੇ ਮਾਥੈ **ਪਰਉ** ਰਵਾਲ।" —ਧਨਾ **੫**, ੩੮, ੧ : ੧ (680)
3. ਪੜ੍ਹਾਂ
"ਬਿਦਿਆ ਨ **ਪਰਉ** ਬਾਦੁ ਨਹੀ ਜਾਨਉ।" — ਬਿਲਾ **ਕਬ**, ੨, ੧ : ੧ (855)

ਪਰਉਗੀ— ਪਵਾਂਗੀ
"ਕਾਮ ਕਰੀ ਸਭ ਤਿਆਗਿ ਕੈ ਹਉ ਸਰਨਿ **ਪਰਉਗੀ**।"— ਸਾਰ **੫**, ੧੩੬, ੨ : ੨ (1230)

ਪਰਉਪਕਾਰ— ਦੂਜੇ ਦੇ ਭਲੇ/ਉਪਕਾਰ ਦਾ ਕੰਮ/ ਕ੍ਰਿਆ, ਪਰਾਇਆ ਭਲਾ
"ਬ੍ਰਹਮ ਗਿਆਨੀ **ਪਰਉਪਕਾਰ** ਉਮਾਹਾ।" —ਗਉ **੫**, ਸੁਖ ੮, ੪ : ੪ (273)
ਹੋਰ ਰੂਪ — ਪਰਉਪਕਾਰਾ—
"ਮਿਥਿਆ ਤਨ ਨਹੀ **ਪਰਉਪਕਾਰਾ**।" (ਪਰਾਪਇਆ ਭਲਾ) —ਗਉ **੫**, ਸੁਖ ੫, ੫ : ੨ (269)
ਪਰਉਪਕਾਰਿਆ—
"ਓਇ ਪੁਰਖ ਪ੍ਰਾਣੀ ਧੰਨਿ ਜਨ ਹਹਿ ਉਪਦੇਸੁ ਕਰਹਿ **ਪਰਉਪਕਾਰਿਆ**।" (ਪਰਾਏ ਦੇ ਭਲੇ ਵਾਲਾ) —ਗਉ **੪**, ਵਾਰ ੨੦ਸ, ੪, ੨ : ੨ (311)

ਪਰਉਪਕਾਰੀ— ਪਰਾਇਆ ਭਲਾ ਕਰਨ ਵਾਲਾ
"ਪ੍ਰਭ ਕਉ ਸਿਮਰਹਿ ਸੇ **ਪਰਉਪਕਾਰੀ**।" —ਗਉ **੫**, ਸੁਖ ੧, ੬ : ੧ (263)
ਹੋਰ ਰੂਪ — ਪਰਉਪਕਾਰੀਆ—
"ਉਪਦੇਸੁ ਕਹੇ ਗੁਰੁ ਸਤਿਗੁਰੁ ਪੂਰਾ ਗੁਰੁ ਸਤਿਗੁਰੁ **ਪਰਉਪਕਾਰੀਆ** ਜੀਉ।" —ਮਾਝ **੪**, ੨, ੪ : ੩ (96)

ਪਰਉਪਕਾਰੁ— ਪਰਾਇਆ/ ਦੂਜੇ ਦਾ ਭਲਾ
"**ਪਰਉਪਕਾਰੁ** ਪੁੰਨੁ ਬਹੁ ਕੀਆ ਭਉ ਦੁਤਰੁ ਤਾਰਿ ਪਰਾਵੋ।" — ਗਉ **੪**, ੫੯, ੨ : ੨ (171)

ਪਰਉਪਕਾਰੇ— ਪਰਾਏ /ਦੂਜਿਆਂ ਦੇ ਭਲੇ ਲਈ
"ਹਰਿ ਜਨ ਊਤਮ ਊਤਮ ਬਾਣੀ ਮੁਖਿ ਬੋਲਹਿ **ਪਰਉਪਕਾਰੇ**।" — ਗੂਜ **੪**, ੩, ੧ : ੧ (493)

ਪਰਈ— ਪੈਂਦਾ
"ਦੂਣਿ ਨ **ਪਰਈ** ਫੰਕ ਬਿਚਾਰੈ।" —ਗਉ **ਕਬ**, ਬਾਅ ੨੮ : ੩ (341)

ਪਰਈਆ— 1. ਪਿਆ ਹੈ
"ਬਾਰ ਬਾਰ ਖਿਨੁ ਖਿਨੁ ਪਲੁ ਕਹੀਐ ਹਰਿ ਪਾਰ ਨ ਪਾਵੈ ਪਰੈ **ਪਰਈਆ**।" —ਬਿਲਾ **੪**, ਅਸ ੨, ੫ : ੨ (834)
2. ਪਰਾਏ / ਦੂਸਰੇ ਦੀ
"ਮਨ ਕੀ ਬਿਰਥਾ ਮਨ ਹੀ ਜਾਣੈ ਅਵਰੁ ਕਿ ਜਾਣੈ ਕੋ ਪੀਰ **ਪਰਈਆ**।" —ਬਿਲਾ **੪**, ਅਸ ੫, ੧ : ੨ (836)

ਪਰਸ— 1. ਛੂਹਨ ਨਾਲ, ਛੋਹ ਪ੍ਰਾਪਤ ਕਰਕੇ
"ਧਨਿ ਮਸਤਕ ਚਰਨ ਕਮਲ ਹੀ **ਪਰਸ**।" —ਗਉ **੫**, ੧੧੦*, ੨ : ੨ (201)
"ਪਰਸਨ **ਪਰਸ** ਭਏ ਕੁਬਿਜਾ ਕਉ ਲੈ ਬੈਕੁੰਠਿ ਸਿਧਾਰੇ।" (ਛੋਹ ਪ੍ਰਾਪਤ ਕਰਦੇ) —ਨਟ **੪**, ੩, ੧ : ੨ (981)
2. (ਸੰ : ਸ੍ਪਰ੍ਸ਼) ਛੋਹ, ਸਪਰਸ਼
"ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ **ਪਰਸ** ਪਰਾ।" —ਗਉ **੫**, ਬਾਅ ੧*ਸ : ੪ (250)
3. ਪਾਰਸ
"ਪਰਮ **ਪਰਸ** ਗੁਰੁ ਭੇਟੀਐ ਪੂਰਬ ਲਿਖਤ ਲਿਲਾਟ।" —ਗਉ **ਰਵਿ**, ਅਸ ੧, ੬ : ੧ (346)

ਪਰਸਉ— ਛੋਹਾਂ, ਸਪਰਸ਼ ਪ੍ਰਾਪਤ ਕਰਾਂ
"ਸਫਲ ਮੂਰਤਿ **ਪਰਸਉ** ਸੰਤਨ ਕੀ ਇਹੈ ਧਿਆਨਾ ਧਰਨਾ।" (ਭਾਵ ਦਰਸ਼ਨ ਕਰਾਂ) —ਦੇਵ **੫**, ੧੬, ੨ : ੧ (531)

ਪਰਸਹਿ— ਪਰਸਦੇ ਭਾਵ ਪ੍ਰਾਪਤ ਕਰਦੇ ਹਨ
"**ਪਰਸਹਿ** ਸੰਤ ਪਿਆਰੁ ਜਿਹ ਕਰਤਾਰਹ ਸੰਜੋਗੁ।" —ਸਵ **੩**, ੭ : ੩ (1393)

ਪਰਸੰਗੁ — ਸਿਲਸਿਲਾ
"ਆਵਾ ਗਵਨੁ ਹੋਤੁ ਹੈ ਫੁਨਿ ਫੁਨਿ ਇਹੁ **ਪਰਸੰਗੁ** ਨ ਤੂਟੈ।" —ਰਾਮ **ਕਬ**, ੮, ੨ : ੨ (971)

ਪਰਸਣਿ— ਛੂਹਣ ਲਈ, ਸਪਰਸ਼ ਪ੍ਰਾਪਤੀ ਲਈ, ਸਪਰਸ਼ ਕਰਨ ਲਈ
"ਤਿਸ ਕੀ ਸੋਇ ਸੁਣੀ ਮਨੁ ਹਰਿਆ ਤਿਸੁ ਨਾਨਕ **ਪਰਸਣਿ** ਆਵੈ।"
—ਆਸਾ **੫**, ੧੨੯, ੨ : ੨ (403)

ਪਰਸਤ— 1. ਛੂੰਹਦਿਆਂ ਹੀ
"**ਪਰਸਤ** ਚਰਨ ਗਤਿ ਨਿਰਮਲ ਰੀਤਿ।"
— ਗਉ **੫**, ਸੁਖ ੧੮, ੪ : ੨ (287)
2. ਚਰਨ ਛੂੰਹਦਿਆਂ
"ਸਾਧੂ **ਪਰਸਤ** ਹੀ ਪ੍ਰਭ ਪਾਇਆ ਗੋਬਿਦ ਸਰਣਿ ਤੁਮਾਰੀ।" — ਸੋਰ **੪**, ੭, ੧ : ੨ (607)

ਪਰਸਨ— 1. ਸਪਰਸ਼, ਛੋਹ
"ਦਰਸਨ **ਪਰਸਨ** ਸਰਸਨ ਹਰਸਨ ਰੰਗਿ ਰੰਗੀ ਕਰਤਾਰੀ ਰੇ।"
—ਆਸਾ **੫**, ੧੩੪, ੧ : ੧ (404)
"ਨੈਨ ਤਰਸਨ ਦਰਸ **ਪਰਸਨ** ਨਹ ਨੀਦ ਰੈਣਿ ਵਿਹਾਣੀਆ।" (ਭਾਵ ਕਰਨ ਲਈ)
—ਬਿਹਾ **੫**, ਛੰਤ ੨, ੧ : ੪ (542)
"ਮੇਰੇ ਮਨ ਪ੍ਰੀਤਿ ਚਰਨ ਪ੍ਰਭ **ਪਰਸਨ**।" (ਛੋਹਨ ਲਈ) —ਕਾਨ **੫**, ੨੯, ੧* : ੧ (1303)
2. ਪ੍ਰਸੰਨ ਹੋ ਕੇ, ਰੀਝ ਕੇ, ਖੁਸ਼ ਹੋ ਕੇ (ਮਹਾਨਕੋਸ਼)
"**ਪਰਸਨ** ਪਰਸ ਭਏ ਕੁਬਿਜਾ ਕਉ ਲੈ ਬੈਕੁੰਠਿ ਸਿਧਾਰੇ।"
—ਨਟ **੪**, ਅਸ ੩, ੧ : ੨ (981)

ਪਰਸਨਹਾਰ— ਸਪਰਸ਼ ਪ੍ਰਾਪਤ ਕਰਨ ਵਾਲਾ, ਛੂੰਹਣ ਵਾਲਾ
"ਚਰਨ ਸਤਿ ਸਤਿ **ਪਰਸਨਹਾਰ**।"
—ਗਉ **੫**, ਸੁਖ ੧੭, ੧ : ੧ (285)

ਪਰਸਨਾ— ਸਪਰਸ਼ ਕਰਨਾ, ਛੂਹਣਾ
"ਐਸੀ ਕਉਨ ਬਿਧੇ ਦਰਸਨ **ਪਰਸਨਾ**।"
—ਕਾਨ **੫**, ੩੫, ੧* : ੧ (1305)

ਪਰਸਨਿ— ਪ੍ਰਸੰਨਤਾ ਨਾਲ, ਖੁਸ਼ ਹੋ ਕੇ
"**ਪਰਸਨਿ** ਪਰਸੁ ਭਏ ਸਾਧੂ ਜਨ ਜਨੁ ਹਰਿ ਭਗਵਾਨੁ ਦਿਖੀਜੈ।" —ਕਲਿ **੪**, ਅਸ ੨, ੫ : ੨ (1324)

ਪਰਸਨੁ— ਛੋਹ ਪ੍ਰਾਪਤ ਕਰਦੇ ਹਨ
"ਗੁਰਬਾਣੀ ਸਿਉ ਪ੍ਰੀਤਿ ਸੁ **ਪਰਸਨੁ**।"
—ਮਾਰੂ **੧**, ਸੋਲਾ ੧੧, ੧੫ : ੨ (1032)

ਪਰਸਰਾਮੁ— ਪਰਸ (ਕੁਹਾੜੇ) ਵਾਲਾ ਰਾਮ ਜੋ ਰਿਸ਼ੀ ਜਾਮਦਗਨ ਤੇ ਕਾਮਲੀ ਰੇਣਕਾ ਦਾ ਪੁੱਤਰ ਸੀ ਤੇ ਵਿਸ਼ਨੂੰ ਦਾ ਅਵਤਾਰ ਮੰਨਿਆ ਜਾਂਦਾ ਸੀ, ਤਪੱਸਿਆ ਕਰਨ ਗਏ ਪਿਛੋਂ ਸਹਸ੍ਰਬਾਹੂ ਨੇ ਇਸ ਦੇ ਪਿਤਾ ਨੂੰ ਮਾਰ ਦਿਤਾ ਵਾਪਸ ਆਉਣ ਤੇ ਇਸ ਦੀ ਮਾਂ ਪਿੱਟ ਰਹੀ ਸੀ।
"**ਪਰਸਰਾਮੁ** ਰੋਵੈ ਘਰਿ ਆਇਆ।"
— ਰਾਮ **੩**, ਵਾਰ ੧੪ਸ, **੧**, ੧ : ੨ (953)

ਪਰਸਰਾਮੇਸੁਰ— ਪਰਸਰਾਮੁ
"ਗਾਵੈ ਜਮਦਗਨਿ **ਪਰਸਰਾਮੇਸੁਰ** ਕਰ ਕੁਠਾਰੁ ਰਘੁ ਤੇਜੁ ਹਰਿਓ।"
— ਸਵ **੧**, ੪ : ੨ (1389)

ਪਰਸਾਦ— ਕ੍ਰਿਪਾ, ਬਖਸ਼ਿਸ਼, ਅਨੁਗ੍ਰਹਿ
"ਭ੍ਰਮ ਭੈ ਛੂਟੇ ਗੁਰ **ਪਰਸਾਦ**।"
— ਰਾਮ **੫**, ਅਸ ੪, ੮ : ੩ (915)
ਹੋਰ ਰੂਪ — ਪਰਸਾਦੰ—
"**ਪਰਸਾਦੰ** ਗੁਰ ਦਰਸਨਹ।" (ਕ੍ਰਿਪਾ ਦੁਆਰਾ)
— ਗਾਥਾ **੫**, ੧੭ : ੩ (1361)

ਪਰਸਾਦਨ— ਅੰਨ ਭੋਜਨ
"ਧੋਤੀ ਡੰਡਉਤਿ **ਪਰਸਾਦਨ** ਭੋਗਾ।"
—ਗਉ **੫**, ਅਸ ੪, ੪ : ੩ (237)

ਪਰਸਾਦਾ— ਕ੍ਰਿਪਾ, ਬਖਸ਼ਿਸ਼, ਅਨੁਗ੍ਰਹਿ
"ਕਹਿ ਕਬੀਰ ਮੈ ਪੂਰਾ ਪਾਇਆ ਭਏ ਰਾਮ **ਪਰਸਾਦਾ**।"—ਆਸਾ **ਕਬ**, ੨੮, ੩ : ੨ (483)

ਪਰਸਾਦਿ— ਕ੍ਰਿਪਾ/ ਅਨੁਗ੍ਰਹਿ /ਬਖਸ਼ਿਸ਼ ਸਦਕਾ
"ਗੁਰ **ਪਰਸਾਦਿ** ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ।" —ਗੂਜ **੫**, ਸੋਦ ੫, ੧* : ੨ (10)
ਹੋਰ ਰੂਪ — ਪਰਸਾਦੀ—
"ਗੁਰ **ਪਰਸਾਦੀ** ਛੁਟੀਐ ਬਿਖੁ ਭਵਜਲੁ ਸਬਦਿ ਗੁਰ ਤਰਣਾ।" (ਕ੍ਰਿਪਾ ਦੁਆਰਾ)
—ਸਿਰੀ **੩**, ੫੧, ੧* : ੨ (33)
ਪਰਸਾਦੁ—
"ਗੁਰ **ਪਰਸਾਦੁ** ਕਰੇ ਨਾਮੁ ਦੇਵੈ ਨਾਮੇ ਨਾਮਿ ਸਮਾਵਣਿਆ।" (ਕ੍ਰਿਪਾ, ਬਖਸ਼ਿਸ਼)
— ਮਾਝ **੪**, ਅਸ ੩੪, ੭ : ੧ (130)

ਪਰਸਾਦੇ—
"ਹਮ ਆਈ ਵਸਗਤਿ ਗੁਰ **ਪਰਸਾਦੇ**।" (ਕ੍ਰਿਪਾ ਨਾਲ)
—ਆਸਾ **੫**, ੧, ੧* : ੪ (370)

ਪਰਸਿ— ਛੋਹ ਕੇ, ਸਪਰਸ਼ ਪ੍ਰਾਪਤ ਕਰਕੇ
"ਤਿਨ ਕਾ ਦਰਸੁ **ਪਰਸਿ** ਸੁਖੁ ਹੋਈ।" (ਭਾਵ ਦਰਸ਼ਨ ਕਰ)
—ਗਉ **੧**, ਅਸ ੧੬, ੪ : ੨ (228)
"ਰਾਮ ਨਾਮੁ ਮੇਰੈ ਪ੍ਰਾਣਿ ਵਸਾਏ ਸਤਿਗੁਰ **ਪਰਸਿ** ਹਰਿ ਨਾਮਿ ਸਮਈਆ।"
—ਬਿਲਾ **੪**, ਅਸ ੩, ੧ : ੨ (834)
"ਪਾਰਸੁ ਜਬ ਭੇਟੈ ਗੁਰੁ ਪੂਰਾ ਤਾ ਪਾਰਸੁ **ਪਰਸਿ** ਦਿਖਾਇਣਾ।"
—ਮਾਰੂ **੫**, ਸੋਲਾ ੭, ੭ : ੩ (1078)
"ਵਡੈ ਭਾਗਿ ਸਤਸੰਗਤਿ ਪਾਈ ਗੁਰੁ ਸਤਿਗੁਰੁ **ਪਰਸਿ** ਭਗਵਾਨ।" (ਭੇਟ ਕੇ, ਮਿਲ ਕੇ)
—ਪ੍ਰਭਾ **੪**, ੧, ੩ : ੨ (1335)

ਹੋਰ ਰੂਪ — ਪਰਸਿਓ—
"ਹਰਿ ਗੁਰੁ ਨਾਨਕੁ ਜਿਨ੍ ਪਰਸਿਓ ਤਿਨ੍ ਸਭ ਕੁਲ ਕੀਓ ਉਧਾਰੁ।" (ਭੇਟੇ, ਮਿਲੇ)
—ਸਮੁ **੫**, ੫ : ੬ (1386)

ਪਰਸਿਆ—
"ਜਿਨ **ਪਰਸਿਆ** ਗੁਰੁ ਸਤਿਗੁਰੂ ਪੂਰਾ ਤਿਨ ਕੇ ਕਿਲਵਿਖ ਨਾਸ ਗਵਾਇਆ।" (ਛੋਹਿਆ ਭਾਵ ਦਰਸ੍ਨ ਕੀਤੇ)
—ਤੁਖਾ **੪**, ਛੰਤ ੪, ੩ : ੪ (1116)

ਪਰਸਿਐ—
"ਪਾਰਸਿ **ਪਰਸਿਐ** ਪਾਰਸੁ ਹੋਇ ਜੋਤੀ ਜੋਤਿ ਸਮਾਇ।" (ਛੂਹੀਏ)
—ਸਿਰੀ **੩**, ੩੬, ੪ : ੩ (27)

ਪਰਸਿਧ— ਮਸ਼ਹੂਰ, ਜਾਣਿਆ ਪਹਿਚਾਣਿਆ
"ਜਾ ਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ ਤਿਹੂ ਰੇ ਲੋਕ **ਪਰਸਿਧ** ਕਬੀਰਾ।"
—ਮਲਾ **ਰਵਿ**, ੨, ੨ : ੨ (1293)

ਪਰਸੀ— ਮੈਂ ਛੂਹਾਂ
"ਸਰਬ ਕਲਿਆਣਾ ਤਿਤੁ ਦਿਨਿ ਹਰਿ **ਪਰਸੀ** ਗੁਰ ਕੇ ਪਾਉ।" —ਮਾਝ **੫**, ਦਿਨ ੪ : ੯ (137)

ਪਰਸੀਐ— ਛੂਹੀਐ
"ਬਾਸਨੁ ਕਾਰੋ **ਪਰਸੀਐ** ਤਉ ਕਛੁ ਲਾਗੈ ਦਾਗੁ।"
—ਸਲੋ **ਕਬ**, ੧੩੧ : ੨ (1371)

ਪਰਸੁ— 1. ਛੋਹ
"ਰਾਮ ਗੁਰੁ ਪਾਰਸੁ **ਪਰਸੁ** ਕਰੀਜੈ।"
—ਕਲਿ **੪**, ਅਸ ੨, ੧* : ੧ (1324)
2. ਪਾਰਸ
"ਨਾਮ **ਪਰਸੁ** ਜਿਨਿ ਪਾਇਓ ਸਤੁ ਪ੍ਰਗਟਿਓ ਰਵਿ ਲੋਇ।" —ਸਵ **੨**, ੮ : ੩ (1392)

ਪਰਸੂਤਿ— ਔਲਾਦ, ਸੰਤਾਨ
"ਮਾਇਆ ਮਾਈ ਤ੍ਰੈ ਗੁਣ **ਪਰਸੂਤਿ** ਜਮਾਇਆ।"
—ਮਾਰੂ **੩**, ਸੋਲਾ ੨੨, ੨ : ੧ (1066)

ਪਰਸੇ— ਛੋਹੇ, ਛੋਹ ਦੇਵੇ
"ਹਰਿ ਨਾਮੁ ਵਡਾਈ ਸਤਿਗੁਰ ਤੇ ਪਾਈ ਸੁਖੁ ਸਤਿਗੁਰ ਦੇਵ ਮਨੁ **ਪਰਸੇ**।"
—ਵਡ **੪**, ਛੰਤ ੧, ੨ : ੫ (572)
"ਜਨੁ ਨਾਨਕੁ ਤਿਨ ਕਉ ਅਨਦਿਨੁ **ਪਰਸੇ** ਜੋ ਕ੍ਰਿਪਾ ਕਰੇ ਹਰਿ ਰਾਇ।" (ਭਾਵ ਦਰਸ਼ਨ ਕਰੇ)
—ਸੂਹੀ **੪**, ੮, ੪ : ੨ (733)
"ਮੇਰਾ ਘਰੁ ਬਨਿਆ ਬਨੁ ਤਾਲੁ ਬਨਿਆ ਪ੍ਰਭ **ਪਰਸੇ** ਹਰਿ ਰਾਇਆ ਰਾਮ।" (ਭਾਵ ਮਿਲੇ)
— ਸੂਹੀ **੫**, ਛੰਤ ੭, ੪ : ੧ (782)
"ਪਾਰਸ **ਪਰਸੇ** ਫਿਰਿ ਪਾਰਸੁ ਹੋਏ ਹਰਿ ਜੀਉ ਅਪਣੀ ਕਿਰਪਾ ਧਾਰੀ।" (ਛੂਹਿਆਂ)
—ਰਾਮ **੩**, ਅਸ ੪, ੨ : ੧ (911)

ਹੋਰ ਰੂਪ — ਪਰਸੈ—
"ਹਰਖ ਸੋਗ **ਪਰਸੈ** ਜਿਹ ਨਾਹਨਿ ਸੋ ਮੂਰਤਿ ਹੈ ਦੇਵਾ।" (ਛੂਹੇ, ਭਾਵ ਨਿਕਟ ਆਵੇ)
—ਗਉ **੯**, ੭, ੧ : ੨ (220)
"ਜਬ ਲਗੁ ਦਰਸੁ ਨ **ਪਰਸੈ** ਪ੍ਰੀਤਮ ਤਬ ਲਗੁ ਭੂਖ ਪਿਆਸੀ।" (ਭਾਵ ਵੇਖੇ)
—ਸਾਰ **੧**, ੨, ੧ : ੧ (1197)

ਪਰਸ੍ਉ — ਛੂਹਿਆਂ, ਦਰਸ਼ਨ ਕੀਤਿਆਂ
"ਸਫਲਥੁ ਜਨਮੁ ਕਲੁਚਰੇ ਗੁਰੁ **ਪਰਸ੍ਉ** ਅਮਰ ਪ੍ਰਗਾਸੁ।" —ਸਵ **੩**, ੮ : ੪ (1394)

ਪਰਹ— ਪੈਂਦੇ ਹਾਂ
"ਪਾਇ **ਪਰਹ** ਸਤਿਗੁਰੂ ਕੈ ਜਿਨਿ ਭਰਮੁ

ਬਿਦਾਰਿਆ।"

—ਆਸਾ **੫**, ੧੧੫, ੧* : ੧ (399)

ਪਰਹਰਹੁ— ਛੱਡ ਦੇਉ, ਤਿਆਗ ਦੇਉ

"ਮੁੰਧੇ ਸੂਹਾ **ਪਰਹਰਹੁ** ਲਾਲੁ ਕਰਹੁ ਸੀਗਾਰੁ।"

— ਸੂਹੀ **੩**, ਵਾਰ ੫ਸ, **੩**, ੨ : ੧ (787)

ਪਰਹਰਨਾ— ਪਰਾਇਆ ਮਾਲ ਚੁਰਾਣਾ

"**ਪਰਹਰਨਾ** ਲੋਭੁ ਝੂਠ ਨਿੰਦਾ ਇਵ ਹੀ ਕਰਤ ਗੁਦਾਰੀ।" — ਧਨਾ **੫**, ੪੨, ੧ : ੧ (681)

ਪਰਹਰਾਇ— ਦੂਰ ਕਰੇ

"ਬਿਖੁ ਹਉਮੈ ਮਮਤਾ **ਪਰਹਰਾਇ**।"

— ਬਸੰ **੧**, ੫, ੩ : ੩ (1169)

ਪਰਹਰਿ— ਹਟਾ ਕੇ, ਦੂਰ ਕਰਕੇ, ਤਿਆਗ ਕਰਕੇ

"ਦੂਖੁ **ਪਰਹਰਿ** ਸੁਖੁ ਘਰਿ ਲੈ ਜਾਇ।"

— ਜਪੁ **੧**, ੫ : ੬ (2)

"ਨੀਦ ਭੂਖ ਸਭ **ਪਰਹਰਿ** ਤਿਆਗੀ ਸੁੰਨੇ ਸੁੰਨਿ ਸਮਾਵੈ।" (ਦੂਰ ਕਰਕੇ, ਪਰਾਂ ਹਟਾ ਕੇ)

— ਆਸਾ **੪**, ਛੰਤ, ੮, ੩ : ੪ (442)

ਹੋਰ ਰੂਪ — ਪਰਹਰਿਆ—

"ਦਰਸਨ ਪੇਖਤ ਸਭ ਦੁਖ **ਪਰਹਰਿਆ** ਜੀਉ।" (ਦੂਰ ਕੀਤਾ)

— ਗਉ **੫**, ੧੬੭*, ੪ : ੨ (217)

ਪਰਹਰੀ—

"ਨਾਨਕ ਨਾਮੁ ਪਵਿਤੁ ਹਰਿ ਮੁਖਿ ਬੋਲੀ ਸਭਿ ਦੁਖ **ਪਰਹਰੀ**।" (ਮੈਂ ਦੂਰ ਕਰਾਂ)

— ਗਉ **੪**, ਵਾਰ ੨ਸ, **੪**, ੨ : ੨, (301)

"ਪਰ ਧਨ ਪਰ ਦਾਰਾ **ਪਰਹਰੀ**।" (ਤਿਆਗੀ, ਦੂਰ ਕੀਤੀ)

— ਭੈਰ **ਨਾਮ**, ੧, ੧ : ੧ (1163)

ਪਰਹਰੀਆ—

"ਕਾਮ ਕ੍ਰੋਧੁ ਨਿੰਦਾ **ਪਰਹਰੀਆ** ਕਾਢੇ ਸਾਧੂ ਕੈ ਸੰਗਿ ਮਾਰਿ।" (ਦੂਰ ਕੀਤੇ)

— ਸਾਰ **੫**, ੧੧੨, ੧ : ੧ (1226)

ਪਰਹਰੀਐ—

"ਹਰਿ ਗੁਣ ਗੁੰਫਹੁ ਮਨਿ ਮਾਲ ਹਰਿ ਸਭ ਮਲੁ **ਪਰਹਰੀਐ**।" (ਦੂਰ ਕਰੀਏ)

— ਗਉ **੫**, ਵਾਰ ੧੧ : ੪ (320)

ਪਰਹਰੇ—

"ਹਰਿ ਗੁਰ ਸਰਣਾਈ ਭਜਿ ਪਉ ਜਿੰਦੂ ਸਭ ਕਿਲਵਿਖ ਦੁਖ **ਪਰਹਰੇ**।" (ਦੂਰ ਕੀਤੇ)

— ਸਿਰੀ **੪**, ਵਣ ੧, ੪* : ੨ (82)

ਪਰਹਰੈ—

"ਜਨਮ ਮਰਨ ਦੁਖੁ **ਪਰਹਰੈ** ਸਬਦਿ ਰਹਿਆ ਭਰਪੂਰਿ।" (ਦੂਰ ਕਰੇ)

— ਸਿਰੀ **੩**, ੫੩, ੧* : ੨ (34)

ਪਰਹਾਰਿ— ਚੋਟ ਨਾਲ

"ਭ੍ਰਮ ਬਨ ਦਹਨ ਭਏ ਖਿਨ ਭੀਤਰਿ ਰਾਮ ਨਾਮ **ਪਰਹਾਰਿ**।"

— ਸਾਰ **੫**, ੧੧੨, ੧* : ੨ (1225)

(ਮਹਾਨਕੋਸ਼ ਅਰਥ ਅੱਗ ਨਾਲ ਕਰਦਾ ਹੈ)

ਪਰਹਾਰੀ— 1. ਦੂਰ ਕਰਨ ਵਾਲਾ

"ਦੀਨ ਕਾ ਦਇਆਲੁ ਮਾਧੌ ਗਰਬ **ਪਰਹਾਰੀ**।"

— ਧਨਾ **ਨਾਮ**, ੫, ੨ : ੧ (694)

2. ਦੂਰ ਕਰਕੇ

"ਗੁਰਮਤਿ ਜਾਗੇ ਦੁਰਮਤਿ **ਪਰਹਾਰੀ**।"

— ਰਾਮ **੧**, ਅਸ ੩, ੪ : ੨ (904)

ਪਰਹਿ— ਪਵੇ

"ਨੰਨਾ ਨਰਕਿ **ਪਰਹਿ** ਤੇ ਨਾਹੀ।"

— ਗਉ **੫**, ਬਾਅ ੩੬ : ੧ (257)

"ਨਾਨਕ ਜਾ ਤੇ **ਪਰਹਿ** ਪਰਾਗ।" (ਭਾਵ ਹੋ ਜਾਵੇ)

— ਗਉ **੫**, ਬਾਅ ੪੧ : ੮ (259)

"ਕਵਨ ਕਵਨ ਜਾਚਹਿ ਪ੍ਰਭ ਦਾਤੇ ਤਾ ਕੇ ਅੰਤ ਨ **ਪਰਹਿ** ਸੁਮਾਰ।" (ਪੈਂਦਾ, ਹੁੰਦਾਂ)

— ਗੂਜ **੧**, ਅਸ ੨, ੧ : ੧ (503)

ਹੋਰ ਰੂਪ — ਪਰਹੁ—

"ਸਾਧੂ ਸੰਗਿ ਕੀ ਸਰਨੀ **ਪਰਹੁ**।" (ਪਵੋ)

— ਗਉ **੫**, ੧੨੬, ੧ : ੧ (191)

ਪਰਕਾਸਿਓ— ਪ੍ਰਗਟ ਕੀਤਾ ਹੈ

"ਸਬਦੁ ਗੁਰੂ **ਪਰਕਾਸਿਓ** ਹਰਿ ਰਸਨ ਬਸਾਯਉ।"

— ਸਵ **੫**, ਕਲ ੧ : ੧੦ (1407)

ਪਰਕਾਸ੍ਯਾ— ਪ੍ਰਗਟ ਹੋਇਆ ਭਾਵ ਚਮਕਿਆ

"ਜਾਗ੍ਯਾ ਮਨੁ ਕਵਲੁ ਸਹਜਿ **ਪਰਕਾਸ੍ਯਾ** ਅਭੈ ਨਿਰੰਜਨੁ ਘਰਹਿ ਲਹਾ।"

— ਸਵ **੪**, ਕਲ ੩ : ੨ (1397)

ਪਰਕਾਰ—ਢੰਗ, ਤਰੀਕਾ

"ਏਕੈ ਕਨਿਕ ਅਨਿਕ ਭਾਤਿ ਸਾਜੀ ਬਹੁ **ਪਰਕਾਰ** ਰਚਾਇਓ।" —ਗਉ **੫**, ੧੨੩*, ੪ : ੧ (205)

ਹੋਰ ਰੂਪ — ਪਰਕਾਰਾ—

"ਇਹ ਬਿਧਿ ਖੋਜੀ ਬਹੁ **ਪਰਕਾਰਾ** ਬਿਨੁ ਸੰਤਨ ਨਹੀਂ ਪਾਏ।" (ਢੰਗਾਂ/ਤਰੀਕਿਆਂ ਨਾਲ) —ਮਾਰੂ **੫**, ੩, ੩ : ੧ (999)

ਪਰਕਾਰੀ—

"ਅੰਡਜ ਜੇਰਜ ਸੇਤਜ ਉਤਭੁਜ ਬਹੁ **ਪਰਕਾਰੀ** ਪਾਲਕਾ।" (ਢੰਗਾਂ/ਤਰੀਕਿਆਂ ਨਾਲ) —ਮਾਰੂ **੫**, ਸੋਲਾ ੧੨, ੪ : ੩ (1084)

ਪਰਕਾਰੇ—

"ਜੇਨ ਕੇਨ **ਪਰਕਾਰੇ** ਹਰਿ ਹਰਿ ਜਸੁ ਸੁਨਹੁ ਸ੍ਰਵਨ।" (ਤਰੀਕੇ/ਢੰਗ ਨਾਲ) —ਆਸਾ **੫**, ਛੰਤ ੮, ੪ : ੨ (458)

2. ਕਿਸਮ, ਭਾਂਤ

"ਹੁਕਮੇ ਅਨਿਕ ਰੰਗ **ਪਰਕਾਰ**।" —ਗਉ **੫**, ਸੁਖ ੧੧, ੧ : ੮ (277)

ਹੋਰ ਰੂਪ — ਪਰਕਾਰਾ—

"ਭਗਤਿ ਨਵੈ **ਪਰਕਾਰਾ**।" (ਕਿਸਮ) —ਸਿਰੀ **੫**, ਅਸ ੨੨, ੪ : ੧ (71)

ਪਰਕਾਰਿ—

"ਤ੍ਰਿਸਨਾ ਚਲਤ ਬਹੁ **ਪਰਕਾਰਿ**।" (ਕਿਸਮ/ਭਾਂਤ ਦੀ) —ਸਾਰ **੫**, ੧੦੨, ੧* : ੧ (1225)

ਪਰਕਾਰੀ—

"ਮਾਇਆ ਬਿਆਪਤ ਬਹੁ **ਪਰਕਾਰੀ**।" —ਗਉ **੫**, ੮੮, ੧* : ੧ (182)

ਪਰਕਾਰੋਵਾ— ਕਿਸਮਾਂ ਦਾ, ਭਾਂਤਾਂ ਦਾ

"ਨਾ ਜਲੁ ਲੇਫ ਤੁਲਾਈਆ ਨਾ ਭੋਜਨ **ਪਰਕਾਰੋਵਾ**।" —ਵਡ **੧**, ਅਲਾ ੪, ੩ : ੨ (581)

ਪਰਕਿਰਤਿ— (ਸੰ. ਪ੍ਰਕ੍ਰਿਤਿ) ਮਾਇਆ ਦਾ ਮੋਹ

"**ਪਰਕਿਰਤਿ** ਛੋਡੈ ਤਤੁ ਪਛਾਣੈ।" —ਭੈਰ **੩**, ੨, ੪ : ੨ (1128)

ਪਰਕ੍ਰਿਤਿ— ਮਾਇਆ

"ਪਰਮਦਭੁਤੰ **ਪਰਕ੍ਰਿਤਿ** ਪਰੰ ਜਦਿ ਚਿੰਤਿ ਸਰਬ ਗਤੰ।" —ਗੂਜ **ਜੈਦੇ**, ੧, ੧ : ੨ (526)

ਪਰਖ— ਜਾਂਚ, ਚੰਗੀ ਤਰਾਂ ਵੇਖਣ ਦੀ ਕ੍ਰਿਆ, ਗੁਣ ਦੋਸ਼ ਦੀ ਪੜਤਾਲ

"ਓਨਾ **ਪਰਖ** ਨ ਆਵਈ ਅਧੁ ਨ ਪਲੈ ਪਾਇ।" —ਸਾਰ **੪**, ਵਾਰ ੩੨ਸ, **੩**, ੧ : ੪ (1249)

ਪਰਖਣ— ਜਾਂਚ ਕਰਨ

"ਨਾਨਕ ਅੰਧਾ ਹੋਇ ਕੈ ਰਤਨਾ **ਪਰਖਣ** ਜਾਇ।" —ਰਾ **੩**, ਵਾਰ ੧੫ਸ, **੨**, ੧ : ੧ (954)

ਪਰਖਣਹਾਰਾ— ਜਾਂਚ/ਪੜਤਾਲ ਕਰਨ ਵਾਲਾ

"ਖੋਟੁ ਨ ਕੀਚਈ ਪ੍ਰਭੁ **ਪਰਖਣਹਾਰਾ**।" —ਆਸਾ **੫**, ਛੰਤ ੧੩, ੩ : ੧ (461)

ਹੋਰ ਰੂਪ — ਪਰਖਣਹਾਰੁ—

"ਇਕਿ ਖੋਟੇ ਇਕਿ ਖਰੇ ਆਪੇ **ਪਰਖਣਹਾਰੁ**।" —ਮਾਝ **੧**, ਵਾਰ ੧੨ : ੨ (143)

ਪਰਖਣਹਾਰੈ—

"ਆਪੇ ਪਰਖੇ **ਪਰਖਣਹਾਰੈ** ਬਹੁਰਿ ਸੂਲਾਕੁ ਨ ਹੋਈ।" (ਜਾਂਚ/ਪਰਖ ਕਰਨ ਵਾਲੇ) —ਭੈਰ **੧**, ਅਸ ੧, ੨ : ੧ (1153)

ਪਰਖਾਇ— ਪਰਖ ਕਰਵਾ ਲਵੋ

"ਜੇ ਆਪਿ ਪਰਖ ਨ ਆਵਈ ਤਾਂ ਪਾਰਖੀਆਂ ਥਾਵਹੁ ਲਇਓ **ਪਰਖਾਇ**।" —ਸਾਰ **੪**, ਵਾਰ ੩੨ਸ, **੩**, ੧ : ੫ (1249)

ਪਰਖਾਇਆ— ਪਰਖ ਕਰਵਾਈ

"ਗੁਰ ਕੈ ਸਬਦਿ ਪਰਖਿ **ਪਰਖਾਇਆ**।" —ਮਾਝ **੩**, ਅਸ ੬, ੧ : ੨ (112)

ਪਰਖਾਵਤ — ਪਰਖ ਆ ਜਾਵੇ

"ਅਚਿੰਤ ਲਾਲੁ ਗ੍ਰਿਹ ਭੀਤਰਿ ਪ੍ਰਗਟਿਓ ਅਗਮ ਜੈਸੇ **ਪਰਖਾਵਤ**।" —ਸਾਰ **੫**, ੯, ੩ : ੨ (1205)

ਪਰਖਿ— ਪਰਖ ਕੇ, ਜਾਂਚ/ਪੜਤਾਲ ਕਰਕੇ

"ਆਪੇ ਰਤਨੁ **ਪਰਖਿ** ਤੂੰ ਆਪੇ ਮੋਲੁ ਅਪਾਰੁ।" —ਸਿਰੀ **੧**, ਅਸ ੩, ੧ : ੨ (54)

"ਖਰੇ **ਪਰਖਿ** ਖਜਾਨੈ ਪਾਇਹਿ ਖੋਟੇ ਭਰਮਿ ਭੁਲਾਵਣਿਆ।" —ਮਾਝ **੩**, ਅਸ ੧੬, ੬ : ੩ (119)

ਪਰਖਿਆ— ਪਰਖ ਕੀਤੀ, ਜਾਂਚ/ਪੜਤਾਲ ਕੀਤੀ

"ਮਨੁ ਮਾਣਕੁ ਜਿਨਿ **ਪਰਖਿਆ** ਗੁਰ ਸਬਦੀ ਵੀਚਾਰਿ।" —ਮਾਰੂ **੩**, ਵਾਰ ੧੯ਸ, **੩**, ੨ : ੧ (1093)

ਪਰਖੀਅਨਿ— ਪਰਖੇ ਜਾਂਦੇ ਹਨ
"ਖੋਟੇ ਖਰੇ ਸਭਿ **ਪਰਖੀਅਨਿ** ਤਿਤੁ ਸਚੇ ਕੈ ਦਰਬਾਰਾ ਰਾਮ।" —ਵਡ **੩**, ਛੰਤ ੪, ੩ : ੧ (570)

ਪਰਖੀਐ — ਪਰਖ ਕਰੀਏ, ਗੁਣ/ਦੋਸ਼ ਦੀ ਜਾਂਚ/ ਪੜਤਾਲ ਕਰੀਏ
"ਜਾਤੀ ਦੈ ਕਿਆ ਹਥਿ ਸਚੁ **ਪਰਖੀਐ**।" —ਮਾਝ **੧**, ਵਾਰ ੧੦ : ੧ (142)

ਪਰਖੇ— ਪਰਖ ਕਰੇ
"ਲਾਹਾ ਅਹਿਨਿਸਿ ਨਉਤਨਾ **ਪਰਖੇ** ਰਤਨੁ ਵੀਚਾਰਿ।" —ਸਿਰੀ **੧**, ਅਸ ੬, ੩ : ੧ (56)

ਹੋਰ ਰੂਪ — ਪਰਖੈ—
"ਅੰਮ੍ਰਿਤੁ ਵੇਖੈ **ਪਰਖੈ** ਸਦਾ ਨੈਣੀ।" (ਪਰਖ ਕਰਦਾ ਹੈ) —ਮਾਝ **੩**, ਅਸ ੧੬, ੨ : ੨ (118)

ਪਰੰਗ— ਪ੍ਰਧਾਨ ਰੰਗਾਂ ਦਾ ਮੇਲ ਤੋਂ ਬਣਿਆ ਰੰਗ
"ਰੰਗ **ਪਰੰਗ** ਉਪਾਰਜਨਾ ਬਹੁ ਬਹੁ ਬਿਧਿ ਭਾਤੀ।" (ਰੰਗ ਪਰੰਗ ਤੋਂ ਭਾਵ ਹੈ ਰੰਗ ਬਰੰਗੀ) —ਮਾਝ **੧**, ਵਾਰ ੧ : ੨ (138)

ਪਰਗਟ— ਪ੍ਰਤੱਖ, ਜ਼ਾਹਿਰ
"**ਪਰਗਟ** ਪਾਹਾਰੈ ਜਾਪਦੇ ਸਭਿ ਲੋਕ ਸੁਣੰਦੇ।" —ਗਉ **੪**, ਵਾਰ ੩੧ : ੩ (316)

ਪਰਗਟਨਾ— ਪ੍ਰਤੱਖ
"ਆਪ ਹੀ ਗੁਪਤ ਆਪਿ **ਪਰਗਟਨਾ**।" —ਬਿਗਾ **੫**, ੨, ੩ : ੨ (803)

ਪਰਗਟੜਾ— ਪ੍ਰਗਟ/ਪ੍ਰਤੱਖ ਹੋਇਆ
"ਕੇਤੜਿਆ ਦਿਨ ਧੁੰਧੂਕਾਰਾ ਆਪੇ ਕਰਤਾ **ਪਰਗਟੜਾ**।" —ਮਾਰੂ **੫**, ਸੋਲਾ ੧੦, ੧੨ : ੩ (1082)

ਪਰਗਟਾ— ਪ੍ਰਗਟ/ਪ੍ਰਤਖ ਹੋਇਆ
"ਗੁਰਮੁਖਾ ਨੋ ਪੰਥੁ **ਪਰਗਟਾ** ਦਰਿ ਠਾਕ ਨ ਕੋਈ ਪਾਇ।" —ਸਿਰੀ **੧**, ੧੦, ੩ : ੧ (42)

ਪਰਗਟਿ—ਪ੍ਰਤਖ
"**ਪਰਗਟਿ** ਪਹਾਰੈ ਜਾਪਦਾ।" —ਸਿਰੀ **੧**, ਅਸ ੨੮, ੩ : ੧ (71)
"ਨਿੰਦਕ ਕਾ **ਪਰਗਟਿ** ਪਹਾਰਾ।" (ਖਿਲਾਰਾ ਪ੍ਰਤਖ ਹੋ ਜਾਂਦਾ ਹੈ) —ਗੋਂਡ **ਰਵਿ**, ੨, ੪ : ੨ (875)

ਹੋਰ ਰੂਪ — ਪਰਗਟਿਆ—
"ਸਚਾ ਸਾਹਿਬੁ ਆਪਿ ਗੁਰਮੁਖਿ **ਪਰਗਟਿਆ**।" (ਜ਼ਾਹਿਰ ਹੋਇਆ) —ਰਾਮ **੫**, ਵਾਰ ੧ : ੮ (957)

ਪਰਗਟਿਆਈ—
"ਅਗਿਆਨੁ ਅੰਧੇਰਾ ਕਟਿਆ ਜੋਤਿ **ਪਰਗਟਿਆਈ**।" (ਪ੍ਰਤੱਖ ਹੋਈ ਜ਼ਾਹਿਰ ਹੋਈ) —ਬਿਲਾ **੪**, ਛੰਤ ੨, ੨ : ੩ (845)

ਪਰਗਟੀ— 1. ਉਜਲੀ ਹੋਈ
"ਰਾਮ ਰਮਤ ਮਤਿ **ਪਰਗਟੀ** ਆਈ।" —ਗਉ **ਕਬ**, ੧੪, ੪ : ੧ (326)
2. ਪਰਗਟ/ਪ੍ਰਤਖ ਹੋਇਆ, ਜ਼ਾਹਿਰ ਹੋਇਆ
"ਕਰਿ ਕਿਰਪਾ ਹਰਿ **ਪਰਗਟੀ** ਆਇਆ।" —ਅਸ **੪**, ੧੮, ੧ : ੧ (375)

ਪਰਗਟੀਆਇਦਾ— ਪ੍ਰਤਖ/ਜ਼ਾਹਿਰ ਹੁੰਦਾ ਹੈ
"ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ **ਪਰਗਟੀਆਇਦਾ**।" —ਗਉ **੧**, ਸੋਲਾ ੧੫, ੧੫ : ੩ (1036)

ਪਰਗਟੀਆਏ— ਪ੍ਰਗਟ/ਜ਼ਾਹਿਰ ਕੀਤੇ
"ਬਲਿਹਾਰੀ ਗੁਰ ਆਪਣੇ ਜਿਨਿ ਅਉਗਣ ਮੇਟਿ ਗੁਣ **ਪਰਗਟੀਆਏ**।" —ਮਾਰੂ **੪**, ਵਾਰ ੭ : ੪ (303)

ਪਰਗਟੀਐ— ਪ੍ਰਗਟ/ ਪ੍ਰਤਖ ਹੁੰਦਾ ਹੈ
"ਆਪੇ ਹੋਵਹਿ ਗੁਪਤੁ ਆਪੇ **ਪਰਗਟੀਐ**।" —ਰਾਮ **੫**, ਵਾਰ ੨੨ : ੫ (966)

ਪਰਗਟੀਏਸਾ— ਪ੍ਰਗਟਿਆ ਹੈ, ਪ੍ਰਤਖ ਹੋਇਆ ਹੈ
"ਗੁਰ ਸੇਵਾ ਤੇ ਜਾਣਿਆ ਸਚੁ **ਪਰਗਟੀਏਸਾ**।" —ਰਾਮ **੩**, ਵਾਰ ੧੬ : ੪ (955)

ਪਰਗਟੁ— 1. ਪ੍ਰਤਖ/ਪ੍ਰਸਿਧਾ/ਉਘਾ ਹੋ ਕੇ
"ਮੰਨੈ ਪਤਿ ਸਿਉ **ਪਰਗਟੁ** ਜਾਇ।" —ਜਪੁ **੧**, ੧੪ : ੨ (3)
"ਗੁਰ ਕਾ ਬਚਨੁ **ਪਰਗਟੁ** ਸੰਸਾਰਿ।" (ਪ੍ਰਤੱਖ) —ਗਉ **੫**, ੭੪, ੪ : ੨ (177)
"**ਪਰਗਟੁ** ਹੋਆ ਸਾਧ ਸੰਗਿ ਹਰਿ ਦਰਸਨੁ ਪਾਇਆ।" (ਪ੍ਰਸਿਧ ਜ਼ਾਹਿਰ) —ਆਸਾ **ਧੰਨਾ**, ੨, ੨ : ੨ (487)
"ਅਨਦਿਨੁ ਹਰਿ ਕੇ ਗੁਣ ਰਵੈ ਗੁਣ **ਪਰਗਟੁ**

ਕਿਤਾ।" (ਪ੍ਰਤਖ ਕਰਦਾ ਭਾਵ ਬਿਆਨਦਾ ਹੈ)
—ਗੂਜ **੩**, ਵਾਰ ੯ : ੪ (512)
"ਹਰਿ ਹਰਿ ਅੰਮ੍ਰਿਤ ਬਚਨ ਸੁਣਾਵਹੁ ਗੁਰ ਮਿਲਿਐ **ਪਰਗਟੁ** ਹੋਈ ਰਾਮ।" (ਪ੍ਰਤਖ ਹੁੰਦਾ ਭਾਵ ਮਿਲਦਾ ਹੈ) —ਜੈਤ **੪**, ੭, ੨ : ੩ (698)

ਹੋਰ ਰੂਪ — ਪਰਗਟੈ—
"ਦਿਲ ਮਹਿ ਸਾਂਈ **ਪਰਗਟੈ** ਬੁਝੈ ਬਲੰਤੀ ਨਾਂਇ।" (ਜ਼ਾਹਿਰ, ਸਾਕਾਤਸਰ)
—ਸਲੋ **ਕਬ** , ੧੯੬ : ੨ (1374)

ਪਰਗਟੋ—
"ਹਰਿ ਰਤਨ ਪਦਾਰਥੋ **ਪਰਗਟੋ** ਪੂਰਨੋ ਛੋਡਿ ਨ ਕਤਹੂ ਜਾਇ।"
—ਆਸਾ **੫**, ਛੰਤ ੩, ੨ : ੪ (454)

2. ਉਜਲੀ, ਸਾਫ
"ਮਤਿ ਮਲੀਣ **ਪਰਗਟੁ** ਭਈ ਜਪਿ ਨਾਮੁ ਮੁਰਾਰਾ।" —ਗਉ **੩**, ੩੮, ੧ : ੨ (163)

3. ਪਸਰਾ, ਸਵਛ
"ਗੁਰਿ ਪੂਰੈ **ਪਰਗਟੁ** ਮਾਰਗੁ ਦਿਖਾਇਆ।"
— ਆਸਾ **੫**, ੨੬, ੩ : ੨ (377)

ਪਰਗੜੀਐ— ਪ੍ਰਗਟ ਹੁੰਦਾ ਹੈ
"ਤੂੰ ਘਟਿ ਘਟਿ ਇਕੁ ਵਰਤਦਾ ਗੁਰਮੁਖਿ **ਪਰਗੜੀਐ**।" —ਗਉ **੪**, ਵਾਰ ੩ : ੩ (301)

ਪਰਗਾਸ— 1. ਪ੍ਰਕਾਸ਼, ਚਾਨਣ
"ਜਨ ਨਾਨਕ ਛੂਟੈ ਗੁਰ **ਪਰਗਾਸ**।" (ਭਾਵ ਗਿਆਨ) —ਗਉ **੩**, ੩੪, ੪ : ੨ (162)
"ਜਾ ਕੀ ਜੋਤਿ ਜੀਅ **ਪਰਗਾਸ**।" (ਹਿਰਦੇ ਨੂੰ ਪ੍ਰਕਾਸਦੀ ਹੈ, ਚਾਨਣ ਕਰਦੀ ਹੈ)
—ਗਉ **੫**, ੯੫, ੨ : ੨ (184)
"ਸ਼ਾਂਤਿ ਸਹਜ ਸੂਖ ਮਨਿ ਉਪਜਿਓ ਕੋਟਿ ਸੂਰ ਨਾਨਕ **ਪਰਗਾਸ**।" (ਚਾਨਣ)
—ਟੋਡੀ **੫**, ੨੪, ੨ : ੨ (717)

2. ਪ੍ਰਗਟ ਹੋਣਾ, ਪ੍ਰਕਾਸ਼ਮਾਨ ਹੋਣਾ
"ਜਨਿ ਨਾਨਕਿ ਨਾਮੁ ਧਿਆਇਆ ਗੁਰਮੁਖਿ **ਪਰਗਾਸ**।"—ਗਉ **੪**, ੪੭, ੪ : ੩ (166)
"ਸਰਬ ਸੂਖ ਨਾਨਕ **ਪਰਗਾਸ**।" (ਸਾਰੇ ਸੁਖ ਪ੍ਰਗਟ ਹੋਣ)
—ਗਉ **੫**, ਸੁਖ ੨੦, ੮ : ੧੦ (290)

ਹੋਰ ਰੂਪ — ਪਰਗਾਸੰ—
"ਆਪੇ ਸਾਚੇ ਗੁਣ **ਪਰਗਾਸੰ**।" (ਪ੍ਰਕਾਸ਼ਮਾਨ/ ਪ੍ਰਗਟ ਕਰਨਾ, ਉਜਾਗਰ ਕਰਨਾ)
—ਮਾਰੂ **੧**, ਸੋਲਾ ੨, ੧ : ੨ (1021)

ਪਰਗਾਸਹੁ—
"ਗੁਰਮਤਿ ਰਾਮ ਨਾਮੁ **ਪਰਗਾਸਹੁ** ਸਦਾ ਰਹਹੁ ਸਰਣਾਈ।" (ਪਰਕਾਸ਼ ਕਰੋ ਜਗਾਉ)
—ਸੋਰ **੪**, ੯, ੧* : ੨ (607)

ਪਰਗਾਸਾ— 1. ਚਾਨਣ ਕਰਦਾ ਹੈ
"ਜਿਉ ਅੰਧਿਆਰੈ ਦੀਪਕੁ **ਪਰਗਾਸਾ**।"
—ਮਾਝ **੫**, ੨੧, ੩ : ੧ (100)

2. ਖਿੜਿਆ
"ਹਉਮੈ ਮਾਰਿ ਕਮਲੁ **ਪਰਗਾਸਾ**।"
—ਗਉ **੩**, ੩੩, ੩ : ੨ (161)

3. ਪ੍ਰਤੱਖ ਹੋਇਆ, ਪ੍ਰਗਟ ਹੋਇਆ
"ਸਭੁ ਨਦਰੀ ਆਇਆ ਬ੍ਰਹਮੁ **ਪਰਗਾਸਾ**।"
—ਗਉ **੫**, ੭੧*, ੪ : ੨ (176)
"ਪੰਚ ਤਤੁ ਸੁੰਨਹੁ **ਪਰਗਾਸਾ**।" (ਪ੍ਰਗਟ ਕੀਤਾ)
—ਮਾਝ **੧**, ਸੋਲਾ ੧੭, ੧੪ : ੧ (1038)

4. ਜਗਾਇਆ, ਪ੍ਰਕਾਸ਼ਮਾਨ ਕੀਤਾ
"ਅੰਧਕਾਰੁ ਮਿਟਿਓ ਤਿਹ ਤਨ ਤੇ ਗੁਰਿ ਸਬਦਿ ਦੀਪਕੁ **ਪਰਗਾਸਾ**।"
—ਗਉ **੫**, ੧੩੩*, ੧ : ੧ (208)
"ਤੈਸੀ ਬੁਧਿ ਕਰਹੁ **ਪਰਗਾਸਾ** ਲਾਗੈ ਪ੍ਰਭ ਸੰਗਿ ਪ੍ਰੀਤਿ।" —ਟੋਡੀ **੫**, ੫, ੧* : ੨ (712)

5. ਗਿਆਨ/ ਚਾਨਣ
"ਗੁਰ ਕੈ ਬਾਣਿ ਬਜਰ ਕਲ ਛੇਦੀ ਪ੍ਰਗਟਿਆ ਪਦੁ **ਪਰਗਾਸਾ**।"
—ਗਉ **ਕਬ**, ੪੬, ੨ : ੧ (332)
"ਬਿਗਸੈ ਮਨੁ ਹੋਵੈ **ਪਰਗਾਸਾ** ਬਹੁਰਿ ਨ ਗਰਭੈ ਪਰਨਾ।" (ਗਿਆਨ ਰੂਪ ਚਾਨਣ)
—ਦੇਵ **੫**, ੧੬, ੧ : ੨ (531)

ਪਰਗਾਸਿ— 1. ਪ੍ਰਗਟਾਵੇ, ਰੋਸ਼ਨ ਕਰੋ
"ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ **ਪਰਗਾਸਿ**।"
—ਗੂਜ **੪**, ਸੋਦ ੪, ੧ : ੨ (10)

2. ਪ੍ਰਕਾਸ਼ ਦੁਆਰਾ
"ਸਚੁ ਵਖਰੁ ਧਨੁ ਰਾਸਿ ਲੈ ਪਾਈਐ ਗੁਰ **ਪਰਗਾਸਿ**।"—ਸਿਰੀ **੧**, ੨੧, ੨ : ੧ (21)

ਪਰਗਾਸਿਓ— 1. ਪ੍ਰਗਟ ਹੋਇਆ ਹੈ
"ਪਾਪੁ ਪੁੰਨੁ ਦੁਇ ਬੈਲ ਬਿਸਾਹੇ ਪਵਨੁ ਪੂਜੀ **ਪਰਗਾਸਿਓ**।"
—ਗਉ **ਕਬ**, ੪੯, ੧ : ੧ (333)
2. ਪ੍ਰਕਾਸ਼ਮਾਨ ਕੀਤਾ, ਦਿਤਾ
"ਕਾਟਿ ਸਕਤਿ ਸਿਵ ਸਹਜੁ **ਪਰਗਾਸਿਓ** ਏਕੈ ਏਕ ਸਮਾਨਾਨਾ।"
—ਗਉ **ਕਬ**, ੭੪, ੪ : ੧ (340)

ਪਰਗਾਸਿਆ— 1. ਪ੍ਰਕਾਸ਼ਮਾਨ/ਉਜਾਗਰ/ਪ੍ਰਗਟ ਕੀਤਾ
"ਨਾਨਕ ਗਿਆਨ ਰਤਨੁ **ਪਰਗਾਸਿਆ** ਹਰਿ ਮਨਿ ਵਸਿਆ ਨਿਰੰਕਾਰੀ ਜੀਉ।"
—ਸੋਰ **੧**, ੮, ੪ : ੧ (598)
"ਗੁਰਿ ਪੂਰੈ ਹਰਿ ਧਨੁ **ਪਰਗਾਸਿਆ** ਹਰਿ ਕਿਰਪਾ ਤੇ ਵਸੈ ਮਨਿ ਆਇ।" (ਭਾਵ ਦਿਖਾਇਆ)
—ਧਨਾ **੧**, ੧, ੧* : ੨ (663)
2. ਖਿੜ ਗਿਆ
"ਅੰਤਰਿ ਕਮਲੁ **ਪਰਗਾਸਿਆ** ਗੁਰ ਗਿਆਨੀ ਜਾਗੇ ਰਾਮ।"
—ਬਿਲਾ **੪**, ਛੰਤ ੨, ੧ : ੩ (845)
3. ਪ੍ਰਜਵਲਿਤ ਕੀਤਾ, ਰੁਸ਼ਾਇਆ
"ਦੀਪਕ ਤੇ ਦੀਪਕੁ **ਪਰਗਾਸਿਆ** ਤ੍ਰਿਭਵਣ ਜੋਤਿ ਦਿਖਾਈ।"
—ਰਾਮ **੧**, ਅਸ ੮, ੭ : ੧ (907)

ਪਰਗਾਸੀ— 1. ਉਜਲੀ ਕੀਤੀ
"ਦੁਰਮਤਿ ਮੇਟਿ ਬੁਧਿ **ਪਰਗਾਸੀ** ਜਨ ਨਾਨਕ ਗੁਰਮੁਖਿ ਤਾਰੀ।"
—ਗੂਜ **੫**, ੨, ੪ : ੨ (495)
2. ਪ੍ਰਗਟ ਕੀਤੀ
"ਬ੍ਰਹਮੈ ਬੇਦ ਬਾਣੀ **ਪਰਗਾਸੀ** ਮਾਇਆ ਮੋਹ ਪਸਾਰਾ।" —ਵਡ **੩**, ੫, ੨ : ੧ (559)
ਹੋਰ ਰੂਪ — ਪਰਗਾਸੀਆ—
"ਅੰਤਰਿ ਜੋਤਿ **ਪਰਗਾਸੀਆ** ਨਾਨਕ ਨਾਮਿ ਸਮਾਇ।" (ਪ੍ਰਕਾਸ਼ਮਾਨ ਕੀਤੀ)
—ਸਲੋ **੪**, ੧ : ੨ (1421)

ਪਰਗਾਸੁ— 1. ਚਾਨਣ ਭਾਵ ਗਿਆਨ
"ਸਚੁ ਸੰਜਮੁ ਕਰਣੀ ਸੋ ਕਰੇ ਗੁਰਮੁਖਿ ਹੋਇ **ਪਰਗਾਸੁ**।" —ਸਿਰੀ **੩**, ੩੫, ੧* : ੨ (26)
2. ਪ੍ਰਗਟ ਪ੍ਰਕਾਸ਼ਮਾਨ
"ਹਿਰਦੈ ਸੁਖੁ ਭਇਆ **ਪਰਗਾਸੁ**।"
—ਗਉ **੩**, ਅਸ ੭, ੨ : ੧ (232)
3. ਚਾਣਨ, ਰੋਸ਼ਨੀ
"ਜਿਉ ਅੰਧਕਾਰ ਦੀਪਕ **ਪਰਗਾਸੁ**।"
—ਗਉ **੫**, ਸੁਖ ੧੫, ੩ : ੫ (282)
4. ਖਿੜ ਜਾਂਦਾ ਹੈ
"ਮਿਟੈ ਅੰਧੇਰਾ ਅਗਿਆਨਤਾ ਭਾਈ ਕਮਲ ਹੋਵੈ **ਪਰਗਾਸੁ**।"
—ਸੋਰ **੫**, ਅਸ ੧, ੩ : ੩ (640)
"ਰਸਨਾ ਹਰਿ ਰਸੁ ਨ ਚਖਿਓ ਕਮਲੁ ਨ ਹੋਇਓ **ਪਰਗਾਸ**।"
—ਰਾਮ **੩**, ਵਾਰ ੭ਸ, **੩**, ੨ : ੨ (949)

ਪਰਗਾਸੇ— 1. ਰੌਸ਼ਨਾ ਦੇਣਾ
"ਅੰਧਕਾਰ ਦੀਪਕ **ਪਰਗਾਸੇ**।"
—ਗਉ **੫**, ਸੁਖ ੧੮, ੬ : ੯ (287)
"ਕਰਿ ਕਿਰਪਾ ਪ੍ਰਭ ਆਇ ਮਿਲੁ ਮੇਰੀ ਜਿੰਦੁੜੀਏ ਗੁਰਮਤਿ ਨਾਮੁ **ਪਰਗਾਸੇ** ਰਾਮ।"
—ਬਿਹਾ **੪**, ਛੰਤ ੧, ੪ : ੧ (538)
ਹੋਰ ਰੂਪ — ਪਰਗਾਸੈ—
"ਭਗਤ ਦਇਆ ਤੇ ਬੁਧਿ **ਪਰਗਾਸੈ** ਦੁਰਮਤਿ ਦੂਖ ਤਜਾਵਨਾ।"
—ਮਾਰੂ **੫**, ਅਸ ੫, ੩ : ੧ (1018)
2. ਖਿੜ ਜਾਣਾ
"ਪ੍ਰਭੁ ਹੋਇ ਕ੍ਰਿਪਾਲੁ ਕਮਲੁ **ਪਰਗਾਸੇ**।"
—ਦੇਵ **੫**, ੧, ੧* : ੨ (528)
ਹੋਰ ਰੂਪ — ਪਰਗਾਸੈ—
"ਹਰਿ ਹੁਣ ਜਪਤ ਕਮਲੁ **ਪਰਗਾਸੈ**।"
—ਗਉ **੫**, ੧੧੬, ੧ : ੧ (189)

ਪਰਗਾਸੋ— ਚਾਣਨ ਹੁੰਦਾ ਹੈ
"ਮਨ ਪਿਆਰਿਆ ਜੀਉ ਮਿਤ੍ਰਾ ਹਰਿ ਨਾਮੁ ਜਪਤ **ਪਰਗਾਸੋ**।" —ਸਿਰੀ **੫**, ਛੰਤ ੨, ੪ : ੨ (80)

ਪਰਗਾੜਾ— ਪ੍ਰਗਟ/ਜ਼ਾਹਿਰ ਕੀਤਾ
"ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਗੁਪਤੁ ਨਾਮੁ **ਪਰਗਾੜਾ**।"
—ਜੈਤ **੪**, ੫, ੨ : ੨ (697)

ਪਰਗਾਮੀ— (ਸੰ. ਧਾਰਮਾਮਿਨ੍) ਪਾਰ ਜਾਣ ਵਾਲਾ ਭਾਵ ਪਾਰ ਲੰਘਾਣ ਵਾਲਾ
"ਗੁਰ ਅਮਰਦਾਸਿ ਥਿਰੁ ਥਪਿਅਉ **ਪਰਗਾਮੀ** ਤਾਰਣ ਤਰਣ।"
—ਸਵ **੪**, ਸਲ ੨ : ੫ (1406)

ਪਰਗ੍ਰਿਹ— (ਸੰ. ਧਰਗ੍ਰਹ) ਪਰਾਇਆ ਘਰ ਭਾਵ ਸੁੰਦਰ ਨਾਰੀ
"ਸੁੰਦਰ ਨਾਰੀ ਅਨਿਕ ਪਰਕਾਰੀ **ਪਰਗ੍ਰਿਹ** ਬਿਕਾਰੀ।" —ਗਉ **੫**, ੧੫੪*, ੨ : ੧ (213)

ਹੋਰ ਰੂਪ — ਪਰਗ੍ਰਿਹੰ—
"ਲੋਭਾਦਿ ਦ੍ਰਿਸਟਿ **ਪਰਗ੍ਰਿਹੰ** ਜਦਿ ਬਿਧਿ ਆਚਰਣੰ।" (ਪਰਾਏ ਘਰ ਭਾਵ ਪਰਾਈ ਇਸਤ੍ਰੀ) —ਗੂਜ **ਜੈਦੇ**, ੧, ੩ : ੧ (526)

ਪਰਗ੍ਰਿਹਿ—
"ਰੇ ਨਰ ਕਾਇ **ਪਰਗ੍ਰਿਹਿ** ਜਾਇ।" (ਪਰਾਏ ਘਰ) —ਮਾਰੂ **੫**, ੧੧, ੧* : ੧ (1001)

ਪਰਗ੍ਰਿਹੁ—
"ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹ **ਪਰਗ੍ਰਿਹੁ**।" (ਪਰਾਈ ਇਸਤ੍ਰੀ)
—ਅਸ **੫**, ੧੨੭, ੨ : ੨ (403)

ਪਰਘਰ— ਪਰਾਏ ਘਰ
"**ਪਰਘਰ** ਜੋਹਹਿ ਘਰੁ ਨਹੀ ਭਾਲਹਿ।"
— ਮਾਰੂ **੧**, ਸੋਲਾ ੨, ੩ : ੨ (1021)

ਹੋਰ ਰੂਪ — ਪਰਘਰਿ—
"ਨਾਮੁ ਨਿਧਾਨੁ ਪਾਇਆ **ਪਰਘਰਿ** ਜਾਇ ਨ ਕੋਇ।" (ਪਰਾਏ ਘਰ, ਕਿਸੇ ਹੋਰ ਘਰ)
—ਗੂਜ **੩**, ੯, ੨ : ੨ (492)

ਪਰਘਰੁ—
"**ਪਰ ਘਰੁ** ਜੋਹੈ ਹਾਣੇ ਹਾਣਿ।" (ਪਰਾਇਆ ਘਰ ਭਾਵ ਪਰਾਈ ਇਸਤ੍ਰੀ)
—ਰਾਮ **੧**, ਸਿਗੋ ੨੯ : ੨ (941)

ਪਰਚਉ— 1. ਵਾਕਫੀ, ਸਾਂਝ
"ਐਸੋ **ਪਰਚਉ** ਪਾਇਓ।"
—ਗਉ **੫**, ੧੨੩*, ੧* : ੧ (205)

2. ਪਿਆਰ
"ਪਰਮ ਜੋਤਿ ਸਿਉ **ਪਰਚਉ** ਲਾਵਾ।"
—ਗਉ **ਕਬ**, ਬਾਅ ੨੭ : ੨ (341)

3. ਸਿਧੀ ਦਾ ਚਮਤਕਾਰ ਭਾਵ ਹੈਰਾਨ ਕਰਨ ਵਾਲੀ ਤਬਦੀਲੀ
"ਬਰਸੁ ਏਕੁ ਹਉ ਫਿਰਿਓ ਕਿਨੈ ਨਹੁ **ਪਰਚਉ** ਲਾਯਉ।" (ਭਾਵ ਨਿਸ਼ਾ ਨਹੀਂ ਕੀਤੀ)
—ਸਵ **੩**, ੨੦ : ੩ (1395)

4. ਗਿਆਨ, ਉਪਦੇਸ
"**ਪਰਚਉ** ਪ੍ਰਮਾਣ ਗੁਰ ਪਾਇਅਉ ਤਿਨ ਸਕਯਥਉ ਜਨਮੁ ਜਗਿ।"
—ਸਵ **੪**, ਕਲ ੧੧ : ੫ (1398)

ਪਰਚੰਡਿ— (ਸੰ. ਪ੍ਰਚੰਡ) ਤੇਜ਼, ਪ੍ਰਤਾਪ
"ਕ੍ਰੋਧੁ ਖੰਡਿ **ਪਰਚੰਡਿ** ਲੋਭ ਅਪਮਾਨ ਸਿਉ ਝਾੜਉ।" —ਸਵ **੪**, ਸਲ ੧ : ੨ (1406)

ਪਰਚੰਡੁ— ਪਰਬਲ, ਬਲਵਾਨ, ਤੇਜ਼, ਤੀਬਰ
"ਗਿਆਨ ਖੰਡ ਮਹਿ ਗਿਆਨੁ **ਪਰਚੰਡੁ**।"
—ਜਪੁ **੧**, ੩੬ : ੧ (7)

ਪਰਚਾ— 1. ਪਛਾਣ, ਵਾਕਫੀ, ਮੇਲ
"ਆਤਮੇ ਨੋ ਆਤਮੇ ਦੀ ਪ੍ਰਤੀਤਿ ਹੋਇ ਤਾ ਘਰ ਹੀ **ਪਰਚਾ** ਪਾਇ।"
—ਸਿਰੀ **੪**, ਵਾਰ ੧੨ਸ, **੩**, ੧ : ੨ (87)

2. ਪਰਚ ਜਾਵੇ, ਤਸਲੀ ਹੋ ਜਾਵੇ, ਟਿਕ ਜਾਵੇ
"ਘਟ **ਪਰਚਾ** ਕੀ ਬਾਤ ਨਿਰੋਧਹੁ।"
—ਗਉ **ਕਬ**, ਬਾਅ ੩੯ : ੨ (342)
"ਜਬ ਸੁਪ੍ਰਸਨ ਭਏ ਪ੍ਰਭ ਮੇਰੇ ਗੁਰਮੁਖਿ **ਪਰਚਾ** ਲਾਇ।" (ਗੁਰੂ ਦੁਆਰਾ ਤਸੱਲੀ ਕਰਵਾਈ)
—ਸਾਰ **੪**, ੪, ੫ : ੧ (1199)

3. ਕਰਾਮਾਤ, ਚਮਤਕਾਰ
"ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ **ਪਰਚਾ** ਲਾਇਆ।"
—ਆਸਾ **੧**, ਅਸ ੧੨, ੪ : ੩ (418)

4. ਗਿਆਨ
"ਘਰ ਹੀ **ਪਰਚਾ** ਪਾਇਆ ਜੋਤੀ ਜੋਤਿ ਮਿਲਾਇ।"
—ਵਡ **੪**, ਵਾਰ ੪ਸ, **੩**, ੨ : ੬ (487)

ਪਰਚਾਇ— ਰੁਝਾ ਕੇ, ਲਾ ਕੇ
"ਇਸੁ **ਪਰਚਾਇ** ਪਰਚਿ ਰਹੁ ਏਸੁ।"
—ਗਉ **ਕਬ**, ੯, ੪ : ੨ (325)

ਪਰਚਾਇਣੁ— ਗਿਆਨ ਕਰਾਉਣਾ

"ਭੇਦੁ ਬਭੀਖਣ ਗੁਰਮੁਖਿ **ਪਰਚਾਇਣੁ**।"
— ਰਾਮ **੧**, ਸਿਗੋ ੪੦ : ੪ (942)

ਪਰਚਾਯਉ— ਵਾਕਫੀ/ਸਾਂਝ ਪਾ ਦਿਤੀ
"ਅਗਮ ਅਗੋਚਰ ਗਤਿ ਗਭੀਰੁ ਸਤਿਗੁਰਿ **ਪਰਚਾਯਉ**।" —ਸਵ **੫**, ਕਲ ੮ : ੨ (1408)

ਪਰਚਿ— ਪਤੀਜਿਆ/ਰੁਝਿਆ
"ਇਸ ਪਰਚਾਇ **ਪਰਚਿ** ਰਹੁ ਏਸੁ।"
—ਗਉ **ਕਬ**, ੯, ੪ : ੨ (325)

ਪਰਚੂਨ— ਥੋੜੇ ਥੋੜੇ (ਸ਼ੁਭ ਕਰਮ)
"ਪੂਰਬਿ ਜਨਮਿ **ਪਰਚੂਨ** ਕਮਾਏ ਹਰਿ ਹਰਿ ਹਰਿ ਨਾਮਿ ਪਿਆਰੇ।"
— ਨਟ **੪**, ਅਸ ੩, ੭ : ੧ (982)

ਪਰਚੇ— ਪਰਚਨ ਭਾਵ ਨਿਸ਼ਾ/ਨਿਸਚਾ ਹੋਣ ਤੋਂ ਬਿਨਾਂ
"ਵਿਣੁ ਪਾਰਸੈ ਪੂਜ ਨ ਹੋਵਈ ਵਿਣੁ ਮਨ **ਪਰਚੇ** ਅਵਰਾ ਸਮਝਾਇ।"
—ਗੂਜ **੩**, ੭, ੩ : ੧ (491)

ਪਰਚੈ— 1. ਪਰਚ ਜਾਣ ਨਾਲ, ਸਾਂਝ ਪੈ ਜਾਣ ਨਾਲ
"ਘਟ **ਪਰਚੈ** ਜਉ ਉਪਜੈ ਭਾਉ।"
—ਗਉ **ਕਬ**, ਬਾਅ ੩੯ : ੩ (342)
"ਗੁਰ ਪਰਚੈ ਗੁਰ **ਪਰਚੈ** ਧਿਆਇਆ ਮੈ ਹਿਰਦੇ ਰਾਮੁ ਰਵਾਇਆ ਰਾਮ।"
(ਸਾਂਝ ਪੈ ਜਾਣ ਨਾਲ, ਮਿਲਾਪ ਨਾਲ)
— ਆਸਾ **੪**, ਛੰਤ ੯, ੨ : ੨ (443)

2. ਗਿਆਨ
"ਬਿਨੁ **ਪਰਚੈ** ਨਹੀ ਥਿਰਾ ਰਹਾਇ।"
—ਗਉ **ਕਬ**, ਥਿਤੀ ੭ : ੨ (343)
"**ਪਰਚੈ** ਰਾਮ ਰਵੈ ਜਉ ਕੋਈ।" (ਗਿਆਨ ਦੁਆਰਾ) —ਭੈਰ **ਰਵਿ** ੧, ੧* : ੧ (1167)

3. ਤਸੱਲੀ/ਨਿਸ਼ਾ ਹੋਣ ਤੇ
"ਸਤਿਗੁਰਿ **ਪਰਚੈ** ਹਰਿ ਨਾਮਿ ਸਮਾਨਾ।"
—ਬਿਲਾ **੩**, ੩, ੧* : ੧ (797)
"ਝੂਠਿ ਨ ਪਤੀਐ **ਪਰਚੈ** ਸਾਚੈ।" (ਪਤੀਜਦਾ ਹੈ, ਤ੍ਰਿਪਤ ਹੁੰਦਾ ਹੈ)
—ਗੋਂਡ **ਕਬ**, ੧੦, ੨ : ੨ (872)

4. ਭਾਵ ਆਸਰੇ/ਓਟ ਨਾਲ ਭਰੋਸੈ
"ਹਉਮੈ ਜਾਇ ਤ ਨਿਰਮਲੁ ਹੋਵੈ ਗੁਰਮੁਖਿ **ਪਰਚੈ** ਪਰਮ ਪਦੁ ਪਈਆ।"
—ਬਿਲਾ **੪**, ਅਸ ੨, ੭ : ੨ (834)
"ਗੁਰ **ਪਰਚੈ** ਤਿਸੁ ਕਾਲੁ ਨ ਖਾਇ।"
— ਬਿਲਾ **੧**, ਥਿਤੀ ੧੫ : ੪ (840)

5. ਸਾਂਝ/ਵਾਕਫੀ
"ਸਤਿਗੁਰੁ **ਪਰਚੈ** ਮਨਿ ਮੁੰਦ੍ਰਾ ਪਾਈ ਗੁਰ ਕਾ ਸਬਦੁ ਤਨਿ ਭਸਮ ਦ੍ਰਿੜਈਆ।"
—ਬਿਲਾ **੪**, ੭, ੧ : ੧ (835)

6. ਪਸੰਨ ਹੁੰਦਾ ਹੈ
"**ਪਰਚੈ** ਰਾਮੁ ਰਵਿਆ ਘਟ ਅੰਤਰਿ ਅਸਥਿਰੁ ਰਾਮੁ ਰਵਿਆ ਰੰਗਿ ਪ੍ਰੀਤਿ।"
—ਕਾਨ **੪**, ੫, ੨ : ੨ (1296)
"ਸਤਿਗੁਰ **ਪਰਚੈ** ਵਸਗਤਿ ਆਵੈ ਮੋਖ ਮੁਕਤਿ ਸੋ ਪਾਵੈਗੋ।"
—ਕਾਨ **੪**, ਅਸ ੪, ੩ : ੨ (1310)

ਪਰਛੰਨਾ— (ਸੰ. ਪਰਿਚ੍ਛਤ੍ਰ) ਲੁਕਿਆ ਹੋਇਆ, ਗੁਪਤ
"ਇਕੋ ਆਪਿ ਫਿਰੈ **ਪਰਛੰਨਾ**।"
—ਮਾਝ **੩**, ਅਸ ੪, ੧ : ੧ (111)
"ਇਕਤੁ ਰੂਪਿ ਫਿਰਹਿ **ਪਰਛੰਨਾ** ਕੋਇ ਨ ਕਿਸ ਹੀ ਜਿਹਾ।" —ਸੋਰ **੧**, ੪, ੨ : ੨ (596)

ਪਰਜ— ਪਰਜਾ, ਲੋਕਾਈ ਭਾਵ ਸ੍ਰਿਸ਼ਟੀ
"ਜਨਮੇ ਸੂਤਕੁ ਮੂਏ ਫੁਨਿ ਸੂਤਕੁ ਸੂਤਕ **ਪਰਜ** ਬਿਗੋਈ।"
(ਮਹਾਨਕੋਸ਼ ਅਰਥ ਸੰਤਾਨ, ਔਲਾਦ ਕਰਦੇ ਹਨ)
—ਗਉ **ਕਬ**, ਅਸ ੪੧, ੧ : ੨ (331)
"ਦੂਜੈ ਭਾਇ ਸਭ **ਪਰਜ** ਵਿਗੋਈ।"
—ਧਨਾ **੩**, ੪, ੧ : ੩ (664)

ਪਰਜੰਤ— ਅੰਤਮ ਸੀਮਾ, ਆਖਰੀ ਸੀਮਾ
"ਪਰਮਾਣੋ **ਪਰਜੰਤ** ਆਕਾਸਹੋ ਦੀਪ ਲੋਅ ਸਿਖੰਡਣਹ।" —ਗਾਥਾ **੫**, ੨ : ੧ (1360)

ਪਰਜਰਿ— ਪਰਾਏ (ਪਦਾਰਥਾਂ ਦੇ ਮੋਹ ਨੂੰ) ਸਾੜ ਕੇ (ਸ਼ਬਦਾਰਥ) ਪਰ (ਸ਼ਤਰੂ) ਦੁਆਰਾ ਪ੍ਰਾਪਤ ਸੰਤਾਪ (ਮਹਾਨਕੋਸ਼)
"ਅਸਜਰਿ **ਪਰਜਰਿ** ਜਰਿ ਜਬ ਰਹੈ।"
—ਗਉ **ਕਬ**, ਬਾਅ ੧੪ : ੩ (340)

ਪਰਜਲੈ— ਪਰ੍ਹਾਂ, ਸਾੜ ਦੇਵੇ
"ਸਤਿਗੁਰੁ ਸੇਵਿ ਮੋਹੁ **ਪਰਜਲੈ** ਘਰ ਹੀ ਮਾਹਿ

ਉਦਾਸਾ।" —ਸਿਰੀ **੩**, ੪੧, ੧* : ੨ (29)

ਪਰਜਾ— 1. ਰਿਆਇਆ, ਜਿੰਨ੍ਹਾਂ ਤੇ ਰਾਜ ਕੀਤਾ ਜਾਵੇ

"ਕੂੜੁ ਰਾਜਾ ਕੂੜੁ **ਪਰਜਾ** ਕੂੜੁ ਸਭੁ ਸੰਸਾਰੁ।" —ਆਸਾ **੧**, ਵਾਰ ੧੦ਸ, **੧**, ੧ : ੧ (468)

"ਰਾਜਾ **ਪਰਜਾ** ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ।" —ਬਿਲਾ **ਕਬ**, ੧, ੨ : ੨ (855)

2. ਲੋਕਾਈ, ਲੋਕ

"ਵਾਹੁ ਵਾਹੁ ਕਰਹਿ ਸੇਈ ਜਨ ਸੋਹਣੇ ਤਿਨ੍ ਕਉ **ਪਰਜਾ** ਪੂਜਣ ਆਈ।" —ਗੂਜ **੩**, ਵਾਰ ੧੪ਸ, **੩**, ੨ : ੪ (514)

ਪਰਜਾਰੀ— ਬਾਲੀ, ਪ੍ਰਜਵਲਿਤ ਕੀਤੀ

"ਪਰਪੰਚ ਬੇਣੁ ਤਹੀ ਮਨੁ ਰਾਖਿਆ ਬ੍ਰਹਮ ਅਗਨਿ **ਪਰਜਾਰੀ**।" —ਰਾਮ **੧**, ਅਸ ੯, ੫ : ੧ (907)

ਪਰਜਾਰੈ— 1. ਸਾੜਦੀ ਹੈ

"ਦੁਰਮਤਿ ਅਗਨਿ ਜਗਤ **ਪਰਜਾਰੈ**।" —ਗਉ **੧**, ਅਸ ੧੧, ੨ : ੨ (225)

2. ਬਲੇ, ਪ੍ਰਕਾਸ਼ੇ, ਪ੍ਰਜਵਲਿਤ ਕਰੇ

"ਕਾਇਆ ਕੀ ਅਗਨਿ ਬ੍ਰਹਮੁ **ਪਰਜਾਰੈ**।" —ਭੈਰ **ਕਬ**, ੧੧, ੨ : ੨ (1160)

ਪਰਜਾਲਣਾ— ਚੰਗੀ ਤਰਾਂ ਸਾੜਨਾ

"ਗੁਰ ਉਪਦੇਸਿ ਤੁਟਹਿ ਸਭਿ ਬੰਧਨ ਇਹੁ ਭਰਮੁ ਮੋਹੁ **ਪਰਜਾਲਣਾ**।" —ਮਾਰੂ **੫**, ਸੋਲਾ ੬, ੧੨ : ੩ (1077)

ਪਰਜਾਲਿ— ਚੰਗੀ ਤਰਾਂ ਸਾੜ ਕੇ

"ਪੂਜਾ ਪ੍ਰੇਮ ਮਾਇਆ **ਪਰਜਾਲਿ**।" —ਆਸਾ **੧**, ੨੦, ੩ : ੧ (355)

ਹੋਰ ਰੂਪ — ਪਰਜਾਲੀ—

"ਬ੍ਰਹਮ ਅਗਨਿ ਸਹਜੇ **ਪਰਜਾਲੀ** ਏਕਹਿ ਚੋਟ ਸਿਝਾਇਆ।" (ਚੰਗੀ ਤਰਾਂ ਸਾੜੀ) —ਭੈਰ **ਕਬ**, ੧੨, ੪ : ੨ (1161)

ਪਰਜਾਲੀਐ—

"ਗੁਰ ਕੈ ਸਬਦਿ **ਪਰਜਾਲੀਐ** ਤਾ ਏਹ ਵਿਚਹੁ ਜਾਇ।" (ਚੰਗੀ ਤਰ੍ਹਾਂ ਸਾੜੀਏ) —ਗੂਜ **੩**, ਵਾਰ ੧੩ਸ, **੩**, ੧ : ੩ (513)

ਪਰਜਾਲੇ— 1. ਪ੍ਰਕਾਸ਼ਮਾਨ/ਪ੍ਰਜਵਲਿਤ ਕਰੇ, ਬਾਲੇ

"ਕਾਇਆ ਕੀ ਅਗਨਿ ਬ੍ਰਹਮੁ **ਪਰਜਾਲੇ**।" —ਰਾਮ **੩**, ਵਾਰ ੧੨ਸ, **੨**, ੫ : ੨ (952)

2. ਸਾੜੇ ਹਨ

"ਸੁਪਨੈ ਸੁਖੁ ਨ ਦੇਖਨੀ ਬਹੁ ਚਿੰਤਾ **ਪਰਜਾਲੇ**।" —ਸਿਰੀ **੩**, ੪੨, ੩ : ੩ (30)

ਪਰਣਾ— 1. ਆਧਾਰ, ਆਸਰਾ, ਓਟ, ਟੇਕ

"ਅਗਮ ਅਗੋਚਰੁ ਸਾਹਿਬੋ ਜੀਆਂ ਕਾ **ਪਰਣਾ**।" —ਗਉ **੫**, ਵਾਰ ੨੦ : ੨ (323)

2. ਪੈਣਾ

"ਤਿਨ੍ ਜਰਾ ਨ ਮਰਣਾ ਨਰਕਿ ਨ **ਪਰਣਾ** ਜੋ ਹਰਿ ਨਾਮੁ ਧਿਆਵੈ।" —ਆਸਾ **੧**, ਛੰਤ ੪, ੪ : ੪ (438)

ਪਰਣਾਇ— ਵਿਆਹ ਕੇ, ਸ਼ਾਦੀ ਕਰਕੇ

"ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ **ਪਰਣਾਇ**।" —ਸਲੋ **ਫਰ**, ੧ : ੫ (1377)

ਪਰਣੈ— ਭਾਰ, ਆਧਾਰ ਤੇ, ਆਸਰੇ

"ਅਖੀ **ਪਰਣੈ** ਜੇ ਫਿਰਾਂ ਦੇਖਾਂ ਸਭੁ ਆਕਾਰੁ।" —ਸਾਰ **੪**, ਵਾਰ ੧੧ਸ, **੧**, ੨ : ੧ (1241)

"ਆਪੁ ਛਡੁ ਸਦਾ ਰਹੈ **ਪਰਣੈ** ਗੁਰ ਬਿਨੁ ਅਵਰੁ ਨ ਜਾਣੈ ਕੋਇ।" —ਰਾਮ **੩**, ਅਸ ੨੧ : ੪ (919)

ਪਰਤ— ਡਿਗਦੇ/ਪੈਂਦੇ ਨੂੰ

"ਭੁਜਬਲ ਬੀਰ ਬ੍ਰਹਮ ਸੁਖ ਸਾਗਰ ਗਰਤ **ਪਰਤ** ਗਹਿ ਲੇਹੁ ਅੰਗੁਰੀਆ।" —ਗਉ **੫**, ੧੧੫, ੧* : ੨ (203)

ਪਰਤਖਿ— ਜ਼ਾਹਿਰ, ਅਖਾਂ ਦੇ ਸਾਹਮਣੇ, ਸਾਖਿਆਤ ਪ੍ਰਗਟ ਤੌਰ ਤੇ

"**ਪਰਤਖਿ** ਪਿਰੁ ਘਰਿ ਨਾਲਿ ਪਿਆਰਾ ਵਿਛੁੜਿ ਚੋਟਾ ਖਾਇ।" —ਗਉ **੪**, ਕਰ ੧, ੩ : ੨ (234)

"ਸਤਿਗੁਰੂ **ਪਰਤਖਿ** ਹੋਦੈ ਬਹਿ ਰਾਜੁ ਆਪਿ ਟਿਕਾਇਆ ।" (ਭਾਵ ਜਿਊਂਦਿਆਂ ਹੀ) —ਰਾਮ **ਸੁੰਦ**, ਸਦ ੪ : ੫ (923)

"ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ **ਪਰਤਖਿ** ਗੁਰੂ ਨਿਸਤਾਰੇ।" (ਸਾਖਿਆਤ) —ਨਟ **੪**, ਅਸ ੪, ੫ : ੨ (982)

ਹੋਰ ਰੂਪ — ਪਰਤਖੁ—

"ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜਨੁ **ਪਰਤਖੁ** ਹਰਿ।" (ਸਾਖਿਆਤ)

—ਸਵ **੫**, ਮਧੁ ੭ : ੬ (1409)

ਪਰਤਛਿ— ਪਰਤਖ, ਪ੍ਰਗਟ ਤੌਰ ਤੇ

"**ਪਰਤਛਿ** ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ।"

—ਸਵ **੫**, ਮਥੁ ੫ : ੪ (1409)

ਪਰਤਨ— ਪਰਾਇਆ ਤਨ ਭਾਵ ਪਰਾਈ ਇਸਤ੍ਰੀ

"ਪਰਧਨ **ਪਰਤਨ** ਪਰ ਕੀ ਨਿੰਦਾ ਇਨ ਸਿਉ ਪ੍ਰੀਤਿ ਨ ਲਾਗੈ।"

—ਧਨਾ **੫**, ੧੪, ੨ : ੧ (674)

"ਪਰਧਨ **ਪਰਤਨ** ਪਰ ਤੀ ਨਿੰਦਾ ਪਰ ਅਪਬਾਦੁ ਨ ਛੂਟੈ।" —ਰਾਮ **ਕਬ**, ੮, ੨ : ੧ (971)

(ਮਹਾਨਕੋਸ਼ ਇਥੇ ਅਰਥ 'ਪਰਾਇਆ ਪੁਤਰ' ਕਰਦਾ ਹੈ)

ਪਰਤਾਪ— 1. (ਸੰ. प्रताप) ਇਕਬਾਲ, ਤੇਜ ਵਡਿਆਈ

"ਗੁਣ ਗੋਬਿੰਦ ਅਚਰਜ **ਪਰਤਾਪ**।"

—ਗਉ **੫**, ੧੬੩, ੨ : ੨, (198)

2. (ਸੰ. प्रतापिन्) ਪਰਤਾਪ/ਤੇਜ ਵਾਲਾ

"ਅਲਖ ਅਭੇਵ ਪੁਰਖ **ਪਰਤਾਪ**।"

—ਗਉ **੫**, ਸੁਖ ੧੪, ੬ : ੯ (282)

ਪਰਤਾਪਏ— ਅਤਿ ਦੁਖ ਦੇਂਦਾ ਹੈ

"ਫਿਰਿ ਹੋਇ ਤਾਤਾ ਖਰਾਮਾਤਾ ਨਾਮ ਬਿਨੁ **ਪਰਤਾਪਏ**।"

—ਆਸਾ **੧**, ਛੰਤ ੫, ੧ : ੩ (438)

ਪਰਤਾਪਹਿਗਾ— ਬਹੁਤ ਤਪੇਂਗਾ, ਦੁਖੀ ਹੋਵੇਂਗਾ

"ਪ੍ਰਣਵਤਿ ਨਾਨਕੁ ਦਾਸਨਿ ਦਾਸਾ **ਪਰਤਾਪਹਿਗਾ** ਪ੍ਰਾਣੀ।" —ਰਾਮ **੧**, ੭, ੪ : ੨ (877)

ਪਰਤਾਪਦਾ— ਲੋਚਦਾ, ਤੀਬਰ ਇਛਾਵਾਨ ਹੁੰਦਾ, ਤਾਂਘਦਾ, ਚਾਹੁੰਦਾ

"ਸਭੁ ਨਾਵੈ ਨੋ **ਪਰਤਾਪਦਾ**।"

—ਸਿਰੀ **੧**, ਅਸ ੨੮, ੩ : ੨ (71)

"ਹਰਿ ਨਾਵੈ ਨੋ ਸਭੁ ਕੋ **ਪਰਤਾਪਦਾ** ਵਿਣੁ ਭਾਗਾਂ ਪਾਇਆ ਨ ਜਾਇ।"

—ਮਲਾ **੧**, ਅਸ ੨, ੮ : ੧ (1277)

ਪਰਤਾਪਿ— ਤੇਜ - ਵਡਿਆਈ ਲਈ/ਸਦਕਾ

"ਜਹ ਪਸਰੈ ਪਾਸਾਰੁ ਸੰਤ **ਪਰਤਾਪਿ**।"

—ਗਉ **੫**, ਸੁਖ ੨੧, ੮ : ੨ (292)

"ਪਾਪੀ ਮੂਆ ਗੁਰ **ਪਰਤਾਪਿ**।" (ਤੇਜ ਸਦਕਾ)

—ਭੈਰ **੫**, ੯, ੧* : ੨ (1137)

ਪਰਤਾਪੁ— 1. ਬਹੁਤ ਤਪਨਾ, ਬਹੁਤ ਦੁੱਖ

"**ਪਰਤਾਪੁ** ਲਗਾ ਦੋਹਾਗਣੀ ਭਾਗ ਜਿਨਾ ਕੇ ਨਾਹਿ ਜੀਉ।" —ਸਿਰੀ **੧**, ਅਸ ੨੮, ੬ : ੩ (72)

"ਕਿਉ ਲਾਗੀ ਨਿਵਰੈ **ਪਰਤਾਪੁ**।"

— ਰਾਮ **੧**, ਅਸ ੨, ੨ : ੨ (909)

ਹੋਰ ਰੂਪ — ਪਰਤਾਪੈ —

"ਖਿਨ ਮਹਿ ਬਿਨਸਿ ਜਾਇ **ਪਰਤਾਪੈ** ਡੰਡ ਧਰਮ ਰਾਇ ਕਾ ਲਾਗਾ।" (ਦੁਖੀ ਹੁੰਦਾ ਹੈ)

—ਮਾਲੀ **੪**, ੪, ੨ : ੨ (995)

"ਫਿਰਿ ਏਹ ਵੇਲਾ ਹਾਥਿ ਨ ਆਵੈ **ਪਰਤਾਪੈ** ਪਛੁਤਾਵੈਗੋ।" (ਦੁੱਖੀ ਹੁੰਦਾ ਹੋਇਆ)

—ਕਾਨ **੪**, ਅਸ ੩, ੭ : ੨ (1310)

2. ਵਡਿਆਈ, ਇਕਬਾਲ, ਤੇਜ, ਸੋਭਾ, ਸ਼ਾਨ, ਮਹਾਨਤਾ

"ਨਾਨਕੁ ਪੇਖਿ ਜੀਵੈ **ਪਰਤਾਪੁ**।"

—ਗਉ **੫**, ੧੫੭, ੪ : ੨ (197)

ਹੋਰ ਰੂਪ — ਪਰਤਾਪੈ —

"ਨਾਨਕ ਸੋ ਪ੍ਰਭੁ ਜੀਅ ਕਾ ਦਾਤਾ ਪੂਰਾ ਜਿਸੁ **ਪਰਤਾਪੈ**।" (ਤੇਜ, ਇਕਬਾਲ)

—ਸੂਹੀ **੫**, ਛੰਤ ੫, ੨ : ੬ (780)

ਪਰੰਤਿਆਗੀ— ਚੰਗੀ ਤਰਾਂ ਤਿਆਗ ਕਰਨ ਵਾਲਾ

"ਸਰਬ ਦੋਖ **ਪਰੰਤਿਆਗੀ** ਸਰਬ ਧਰਮ ਦ੍ਰਿੜੰਤਣ:।" —ਗਾਥਾ **੫**, ੨੨ : ੧ (1361)

ਪਰਤਿਪਾਲ— ਪਾਲਣਹਾਰ

"**ਪਰਤਿਪਾਲ** ਪ੍ਰਭ ਕ੍ਰਿਪਾਲ ਕਵਨ ਗੁਨ ਗਨੀ।"

—ਭੈਰ **੫**, ੫੭, ੧* : ੧ (1153)

ਪਰਤੀ— 1. ਪੈਂਦੀ ਹੈ

"ਪੂਰਨ ਹੋਤ ਨ ਕਤਹੁ ਬਾਤਹਿ ਅੰਤ **ਪਰਤੀ** ਹਾਰਿ।" —ਸਾਰ **੫**, ੧੦੭, ੧* : ੨ (1225)

2. ਪਰਾਈ ਇਸਤ੍ਰੀ

"ਪਰਧਨ ਪਰਤਨ **ਪਰਤੀ** ਨਿੰਦਾ ਪਰ ਅਪਬਾਦੁ ਨ ਛੂਟੈ।" —ਰਾਮ **ਕਬ**, ੮, ੨ : ੧ (971)

ਪਰਤੀਤ— ਨਿਸਚਾ, ਭਰੋਸਾ

"ਅਪਨੀ **ਪਰਤੀਤ** ਆਪ ਹੀ ਖੋਵੈ।"

—ਗਉ **੫**, ਸੁਖ ੫, ੨ : ੫ (268)

ਹੋਰ ਰੂਪ — **ਪਰਤੀਤਿ—**
"ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ **ਪਰਤੀਤਿ**।" (ਨਿਸਚਾ, ਸਿਦਕ)
—ਜਪੁ **੧**, ੨੮ : ੨ (6)
"ਕਹੁ ਨਾਨਕ ਮਨਿ ਭਈ **ਪਰਤੀਤਿ**।" (ਯਕੀਨ, ਨਿਸਚਾ, ਵਿਸ਼ਵਾਸ਼)
—ਗਉ **੫**, ੧੪੨, ੪ : ੧ (194)
"ਨਾਨਕ ਕਉ ਉਪਜੀ **ਪਰਤੀਤਿ**।" (ਯਕੀਨ, ਸ਼ਰਧਾ) —ਗੋਂਡ **੫**, ੧੮, ੪ : ੩ (868)
ਪਰਤੀਤੀ—
"ਜੋ ਬਿਨੁ **ਪਰਤੀਤੀ** ਕਪਟੀ ਕੂੜੀ ਕੂੜੀ ਅਖੀ ਮੀਟਦੇ ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ।" —ਸੂਹੀ **੪**, ੧੧, ੩ : ੨ (734)

ਪਰਤੁ— ਪੈਂਦਾ
"ਕਾਚੀ ਗਾਗਰਿ ਨੀਰੁ **ਪਰਤੁ** ਹੈ ਇਹੈ ਤਨ ਕੀ ਇਹੈ ਬਡਾਈ।"
—ਸੋਰ **ਕਬ**, ੨, ੧ : ੨ (654)

ਪਰਤੇ— ਪੈਂਦੇ
"ਸਰਬ ਲੋਕ ਮਾਇਆ ਕੇ ਮੰਡਲ ਗਿਰਿ ਗਿਰਿ **ਪਰਤੇ** ਧਰਣੀ।"
—ਗੁਝ **੫**, ੧੬੨*, ੧* : ੨ (215)
"ਪਿੰਗਲੁ ਪਰਬਤ **ਪਰਤੇ** ਪਾਰਿ।" (ਹੁੰਦੇ)
—ਰਾਮ **੫**, ਅਸ ੪, ੪ : ੩ (914)

ਪਰਤੈ— ਹੋਰ ਤੋਂ, ਹੋਰ ਦੁਆਰਾ
"ਸਤਿਗੁਰ ਨੋ ਮਿਲੇ ਸੁ ਹਰਿ ਮਿਲੇ ਨਾਹੀ ਕਿਸੈ **ਪਰਤੈ**।" —ਗਉ **੪**, ਵਾਰ ੨੪ : ੫ (314)

ਪਰਤ੍ਰਿਅ— ਪਰਾਈ ਇਸਤ੍ਰੀ
"**ਪਰਤ੍ਰਿਅ** ਰਾਵਣਿ ਜਹਿ ਸੇਈ ਤਾ ਲਾਜੀਅਹਿ।"
—ਫੁਨ **੫**, ੮ : ੧ (1362)

ਪਰਥਾਇ— 1. ਹਰ ਥਾਂ, ਹਰ ਰਸਮ ਰੀਤ ਸਮੇਂ
"ਜਜਿ ਕਾਜਿ **ਪਰਥਾਇ** ਸੁਹਾਈ।"
—ਆਸਾ **੫**, ੩, ੧* : ੨ (371)
2. ਨਮਿਤ
"**ਪਰਥਾਇ** ਸਾਖੀ ਮਹਾਪੁਰਖ ਬੋਲਦੇ ਸਾਝੀ ਸਗਲ ਜਹਾਨੈ।"
—ਸੋਰ **੪**, ਵਾਰ ੧੨ਸ, **੩**, ੧ : ੧ (647)
(ਮਹਾਨਕੋਸ਼ ਅਰਥ 'ਨਿਯਮ' ਕਰਦਾ ਹੈ)
"ਮਹਾਪੁਰਖਾ ਕਾ ਬੋਲਣਾ ਹੋਵੈ ਕਿਤੈ **ਪਰਥਾਇ**।" (ਪ੍ਰਸੰਗ ਵਿਚ)
—ਸੂਹੀ **੩**, ਅਸ ੩, ੮ : ੧ (755)
3. ਪ੍ਰਲੋਕ ਲਈ
"ਨਾਨਕ ਪ੍ਰੀਤਮ ਰਸਿ ਮਿਲੇ ਲਾਹਾ ਲੈ **ਪਰਥਾਇ**।"
—ਰਾਮ **੧**, ਓਅੰ ੪੬ : ੬ (936)

ਪਰਥਾਈ— 1. ਸਦਕੇ, ਦੁਆਰਾ
"ਕਿਰਪਾ ਤੇ ਸੁਖੁ ਪਾਇਆ ਸਾਚੇ **ਪਰਥਾਈ**।"
—ਆਸਾ **੧**, ਅਸ ੧੮, ੩ : ੨ (420)
(ਮਹਾਨਕੋਸ਼ ਇਸ ਦੇ ਅਰਥ ਜੋ ਸਭ ਸਥਾਨਾਂ ਤੋਂ ਪਰੇ ਹੈ ਉਸ ਵਿਚ ਤੁਰੀਯਾ ਪਦਵੀ ਵਿਚ ਕਰਦਾ ਹੈ)
2. ਪਰਾਏ ਥਾਂ, ਭਾਵ ਪ੍ਰਭੂ ਤੋਂ ਬਿਨਾ ਕਿਤੋਂ ਹੋਰੋ
"ਨਾਨਕ ਆਸੜੀ ਨਿਬਾਹਿ ਮਾਨੁਖ **ਪਰਥਾਈ** ਲਜੀਵਦੋ।"
—ਮਾਰੂ **੫**, ਵਾਰ ੧੯ਸ, **੫**, ੩ : ੨ (1101)

ਪਰਥਾਏ— 1. ਸਭਨਾਂ ਥਾਵਾਂ ਤੋਂ ਪਰੇ ਭਾਵ ਪ੍ਰਲੋਕ ਵਿਚ
"ਆਪਣੇ ਘਰ ਅੰਦਰਿ ਰਸੁ ਭੁੰਚੁ ਤੂ ਲਾਹਾ ਲੈ **ਪਰਥਾਏ** ਰਾਮ।"
—ਵਡ **੩**, ਛੰਤ ੨, ੨ : ੨ (568)
2. ਨਮਿਤ, ਕਿਸੇ ਮਨੋਰਥ ਦੀ ਪੂਰਤੀ ਲਈ
"ਰਾਜੇ ਧਰਮੁ ਕਰਹਿ **ਪਰਥਾਏ**।"
—ਮਾਰੂ **੧**, ਸੋਲਾ ੪, **੯** : ੧ (1024)

ਪਰੰਦਏ— ਪਰਿੰਦੇ, ਪੰਛੀ (ਫਾ. ਪਰਿੰਦਹ)
"**ਪਰੰਦਏ** ਨ ਗਿਰਾਹ ਜਰ।"
—ਮਾਝ **੧**, ਵਾਰ ੧੩ਸ, **੧**, ੬ : ੧ (144)

ਪਰਦਰਬ— ਪਰਾਇਆ ਮਾਲ
"ਮਿਥਿਆ ਹਸਤ **ਪਰਦਰਬ** ਕਉ ਹਿਰਹਿ।"
—ਗਉ **੫**, ਸੁਖ ੫, ੫ : ੨ (268)
ਹੋਰ ਰੂਪ — **ਪਰਦਰਬੁ—**
"ਹਿਰਹਿ **ਪਰਦਰਬੁ** ਉਦਰ ਕੈ ਤਾਈ।"
—ਗਉ **੫**, ਥਿਤੀ ੯ : ੫ (298)

ਪਰਦਾ— (ਫਾ. ਪਰਦਾ) 1. ਪੜਦਾ, ਓਹਲਾ
"ਖੰਡ ਬ੍ਰਹਮੰਡ ਕਾ ਏਕੋ ਠਾਣਾ ਗੁਰਿ **ਪਰਦਾ** ਖੋਲਿ ਦਿਖਾਇਓ।"
—ਗਉ **੫**, ੧੨੩*, ੩ : ੧ (205)

"ਅਪੁਨੇ ਜਨ ਕਾ **ਪਰਦਾ** ਢਾਕੈ।" (ਭਾਵ ਇਜ਼ਤ ਰਖੇ) —ਗਉ ੫, ਸੁਖ ੧੨, ੪ : ੧ (285)

2. ਲੁਕਾ

"ਭ੍ਰਮ ਕੇ ਮੂਸੇ ਤੂੰ ਰਾਖਤ **ਪਰਦਾ** ਪਾਛੈ ਜੀਅ ਕੀ ਮਾਨੀ।"

—ਆਸਾ ੫, ੧੨੮, ੧* : ੨ (403)

ਪਰਦਾਰਾ— ਪਰਾਈ ਇਸਤ੍ਰੀ

"ਪਰਧਨ **ਪਰਦਾਰਾ** ਪਰਨਿੰਦਾ ਇਨ ਸਿਉ ਪ੍ਰੀਤਿ ਨਿਵਾਰਿ।" —ਆਸਾ ੫, ੩੨, ੩ : ੧ (379)

ਪਰਦੁਖ— ਪਰਾਇਆ/ਦੂਜਿਆਂ ਦਾ ਦੁਖ

"ਭਯਭੰਜਨੁ **ਪਰ ਦੁਖ** ਨਿਵਾਰੁ ਅਪਾਰੁ ਅਨੰਭਉ।"

— ਸਵ ੫, ਕਲ ੫ : ੨ (1407)

ਪਰਦੂਖਨਾ— ਦੂਜਿਆਂ ਦਾ ਬੁਰਾ ਚਿਤਵਨਾ

"ਨਿੰਦ ਚਿੰਦ **ਪਰਦੂਖਨਾ** ਏ ਖਿਨ ਮਹਿ ਜਾਰੀ।"

—ਬਿਲਾ ੫, ੪੦, ੩ : ੧ (810)

ਪਰਦੇ— ਪੜਦੇ

"ਭ੍ਰਮ ਕੇ **ਪਰਦੇ** ਸਤਿਗੁਰ ਖੋਲ੍ਹੇ।"

—ਆਸਾ ੫, ੫੨, ੧* : ੨ (385)

ਪਰਦੇਸ— ਵਿਦੇਸ਼, ਦੂਜਾ/ਪਰਾਇਆ ਦੇਸ

"ਕਈ ਕੋਟਿ **ਪਰਦੇਸ** ਭ੍ਰਮਾਹਿ।"

—ਗਉ ੫, ਸੁਖ ੧੦, ੨ : ੮ (275)

ਪਰਦੇਸਹਿ— ਪਰਦੇਸਾਂ ਵਿਚ

"ਦੇਸੁ ਛੋਡਿ **ਪਰਦੇਸਹਿ** ਧਾਇਆ।"

—ਪ੍ਰਭਾ ੫, ਅਸ ੨, ੪ : ੩ (1348)

ਪਰਦੇਸਨਿ— ਦੂਸਰੇ ਦੇਸ ਦੀ ਵਸਨੀਕ

"ਰੂਪਹੀਨ ਬੁਧਿ ਬਲ ਹੀਨੀ ਮੋਹਿ **ਪਰਦੇਸਨਿ** ਦੂਰ ਤੇ ਆਈ।" —ਗਉ ੫, ੧੧੮*, ੧ : ੧ (204)

ਪਰਦੇਸਿ— ਦੂਜੇ ਦੇਸ ਵਿਚ

"ਪਿਰੁ **ਪਰਦੇਸਿ** ਸਿਗਾਰੁ ਬਣਾਏ।"

—ਮਾਝ ੩, ਅਸ ੩੦, ੨ : ੧ (127)

ਪਰਦੇਸੀ— ਦੂਜੇ ਦੇਸ ਦਾ ਵਸਨੀਕ

"ਪਿਰੁ **ਪਰਦੇਸੀ** ਜੇ ਥੀਐ ਧਨ ਵਾਂਢੀ ਝੂਰੇਇ।"

—ਸਿਰੀ ੧, ਅਸ ੫, ੨ : ੧ (56)

"ਮਨੁ **ਪਰਦੇਸੀ** ਆਇਆ ਮਿਲਿਓ ਸਾਧ ਕੈ ਸੰਗਿ।" (ਭਾਵ ਮੁਸਾਫਰ)

—ਆਸਾ ੫, ਅਸ ੨, ੨ : ੧ (431)

"ਮੇਰੇ ਮਨ **ਪਰਦੇਸੀ** ਵੇ ਪਿਆਰੇ ਆਉ ਘਰੇ।" (ਭਾਵ ਭਟਕਣ ਵਾਲੇ)

—ਆਸਾ ੪, ਛੰਤ ੨੧, ੧ : ੧ (451)

"ਅੰਧੁਲਾ ਨੀਚ ਜਾਤਿ **ਪਰਦੇਸੀ** ਖਿਨੁ ਆਵੈ ਤਿਲੁ ਜਾਵੈ।" (ਭਾਵ ਬਿਗਾਨਾ, ਓਪਰਾ)

—ਸੂਹੀ ੧, ੯, ੪ : ੧ (731)

ਹੋਰ ਰੂਪ — ਪਰਦੇਸੀਆ—

"ਕਰਹਲੇ ਮਨ **ਪਰਦੇਸੀਆ** ਕਿਉ ਮਿਲੀਐ ਹਰਿ ਮਾਇ।" (ਹੇ ਪਰਦੇਸੀ)

—ਗਉ ੪, ਕਰ ੧, ੧ : ੧ (234)

ਪਰਦੇਸੁ— ਪਰਾਇਆ ਦੇਸ, ਦੂਜਾ ਦੇਸ, ਵਿਦੇਸ਼

"**ਪਰਦੇਸੁ** ਝਾਗਿ ਸਉਦੇ ਕਉ ਆਇਆ।" (ਭਾਵ ਹੋਰ ਜੂਨਾਂ ਵਿਚੋਂ ਹੁੰਦਾ ਹੋਇਆ)

—ਆਸਾ ੫, ੬, ੧ : ੧ (372)

ਪਰਦ੍ਰਿਸਟਿ— ਪਰਾਏ ਧਨ-ਪਰਾਈ ਇਸਤ੍ਰੀ ਵਲ ਲੋਭ ਦ੍ਰਿਸ਼ਟੀ

"ਨੈਨਹੁ ਨੀਦ **ਪਰਦ੍ਰਿਸਟਿ** ਵਿਕਾਰ।"

—ਗਉ ੫, ੮੯, ੧ : ੧ (182)

ਪਰਦ੍ਰੋਹ— ਹੋਰਨਾਂ ਨਾਲ ਧੋਖਾ

"**ਪਰਦ੍ਰੋਹ** ਕਰਤ ਬਿਕਾਰ ਨਿੰਦਾ ਪਾਪ ਰਤ ਕਰ ਝਾਰ।" —ਸਾਰ ੫, ੧੨੯, ੨ : ੧ (1229)

ਪਰਦ੍ਰੋਹੀ— ਧੋਖਾ ਕਰਨ ਵਾਲਾ, ਧੋਖੇਬਾਜ਼

"ਹਮ ਪਾਪੀ ਬਲਵੰਚੀਆ ਮੇਰੀ ਜਿੰਦੁੜੀਏ **ਪਰਦ੍ਰੋਹੀ** ਠਗ ਮਾਇਆ ਰਾਮ।"

— ਬਿਹਾ ੪, ਛੰਤ ੩, ੩ : ੧ (539)

ਪਰਧਨ— ਪਰਾਇਆ ਧਨ

"**ਪਰਧਨ** ਪਰ ਦਾਰਾ ਪਰ ਨਿੰਦਾ ਇਨ ਸਿਉ ਪ੍ਰੀਤਿ ਨਿਵਾਰਿ।" —ਆਸਾ ੫, ੩੨, ੩ : ੧ (379)

ਹੋਰ ਰੂਪ — ਪਰਧਨੁ—

"ਬਹੁ ਪਰਪੰਚ ਕਰਿ **ਪਰਧਨੁ** ਲਿਆਵੈ।" (ਪਰਾਇਆ ਧਨ)

—ਸੋਰ ਕਬ, ੯, ੧ : ੧ (656)

ਪਰਧਾਨੁ— ਮੁਖੀ, ਸਿਰਮੌਰ, ਸ਼੍ਰੇਸ਼ਟ, ਉਤਮ

"ਆਪੇ ਵਡਾ ਆਪਿ ਹੈ ਪਿਆਰਾ ਆਪੇ ਹੀ **ਪਰਧਾਨੁ**।" —ਸੋਰ ੪, ੫, ੪ : ੧ (606)

ਪਰਧਾਨ— ਮੁਖੀ, ਸ਼੍ਰੇਸ਼ਟ, ਉਤਮ, ਵਡਿਆਈ ਵਾਲਾ

"ਜਿਨਾ ਸਤਿਗੁਰ ਸਿਉ ਚਿਤੁ ਲਾਇਆ ਸੇ ਪੂਰੇ **ਪਰਧਾਨ**।" —ਸਿਰੀ ੫, ੮੦, ੧ : ੧ (45)

ਹੋਰ ਰੂਪ — ਪਰਧਾਨਾ—

"ਤਿਤੁ ਸਾਖਾ ਮੂਲੁ ਪਤੁ ਨਹੀ ਡਾਲੀ ਸਿਰਿ ਸਭਨਾ **ਪਰਧਾਨਾ**।" (ਮੁਖੀਏ, ਸ੍ਰੇਸਟ)
—ਆਸਾ **੧**, ਛੰਤ ੨, ੨ : ੪ (436)

"ਪੰਚ ਲੋਕ ਵਸਹਿ **ਪਰਧਾਨਾ**।" (ਪ੍ਰਧਾਨ ਹੋ ਕੇ) —ਮਾਰੂ **੧**, ਸੋਲਾ ੧੯, ੩ : ੨ (1039)

ਪਰਧਾਨਾਂ—

"ਆਪੇ ਦਾਨਾਂ ਬੀਨਿਆ ਆਪੇ **ਪਰਧਾਨਾਂ**।" (ਮੁਖੀ, ਪ੍ਰਧਾਨ)
—ਬਿਹਾ **੪**, ਵਾਰ ੧੯ : ੧ (556)

ਪਰਧਾਨਿ—

"ਤੂੰ ਸਤਵੰਤੀ ਤੂੰ **ਪਰਧਾਨਿ**।" (ਮੁਖੀ/ਸ੍ਰੇਸ਼ਟ ਇਸਤ੍ਰੀ) -- ਆਸਾ **੫**, ੫੨, **੩** : ੧ (384)

ਪਰਧਾਨੁ—

"ਨਾਨਕ ਦਰਿ **ਪਰਧਾਨੁ** ਸੋ ਦਰਗਹਿ ਪੈਧਾ ਜਾਇ।" (ਮੁਖੀ, ਸ਼੍ਰੇਸ਼ਟ, ਸ਼੍ਰੋਮਣੀ)
—ਸਿਰੀ **੧**, ੧੪, ੪ : ੩ (19)

"ਹਰਿ ਸਜਣੁ ਗੁਰੁ ਸੇਵਦੇ ਗੁਰ ਕਰਣੀ **ਪਰਧਾਨ**।" (ਮੁਖ/ਸ੍ਰੇਸ਼ਟ ਕਰਨੀ)
— ਸਿਰੀ **੧**, ੧੯, ੪ : ੨ (21)

"ਹਉ ਸੂਰਾ **ਪਰਧਾਨੁ** ਹਉ ਕੋ ਨਾਹੀ ਮੁਝਹਿ ਸਮਾਨੀ।" (ਮੁੱਖੀ, ਚੋਧਰੀ, ਵਡਿਆਈ ਵਾਲਾ) —ਗਉ **੫**, ਅਸ ੧੫, ੨ : ੧ (242)

"ਗੁਰਮੁਖਿ ਭਉ ਭੰਜਨੁ **ਪਰਧਾਨੁ**।" (ਪ੍ਰਧਾਨ ਵਾਹਿਗੁਰੂ) —ਰਾਮ **੧**, ਸਿਗੋ ੩੬ : ੪ (942)

ਪਰਧਾਨੇ—

"ਅਚਾਰਵੰਤਿ ਸਾਈ **ਪਰਧਾਨੇ**।" (ਪ੍ਰਧਾਨ, ਸ਼੍ਰੋਮਣੀ, ਮੁਖੀ)
—ਮਾਝ **੫**, ੧੧, ੩ : ੧ (97)

ਪਰਧਾਨੋ—

"ਅਗਮ ਅਗੋਚਰੁ ਅਪਰ ਅਪਾਰਾ ਪਾਰਬ੍ਰਹਮੁ **ਪਰਧਾਨੋ**।"
—ਆਸਾ **੧**, ਛੰਤ ੩, ੧ : ੩ (437)

ਪਰਨ— ਪੈਣ

"ਹਰਿ ਦਾਸਨ ਕੀ ਆਗਿਆ ਮਾਨਤ ਤੇ ਨਾਹੀ ਫੁਨਿ ਗਰਭ **ਪਰਨ**।"
— ਸਾਰ **੫**, ੧੩, ੨ : ੨ (1206)

ਹੋਰ ਰੂਪ — ਪਰਨਾ—

"ਲੈਤ ਦੇਤ ਉਨੁ ਮੂਕਰਿ **ਪਰਨਾ**।" (ਜਾਣਾ, ਪੈਣਾ) —ਆਸਾ **੫**, ੮, ੧ : ੨ (372)

"ਬਿਗਸੈ ਮਨੁ ਹੋਵੈ ਪਰਗਾਸਾ ਬਹੁਰਿ ਨ ਗਰਭੈ **ਪਰਨਾ**।" (ਪੈਣਾ)
—ਦੇਵ **੫**, ੧੬, ੧ : ੨ (531)

2. ਆਸਰਾ, ਓਟ, ਟੇਕ

"ਠਾਕੁਰ ਜੀਉ ਤੁਹਾਰੋ **ਪਰਨਾ**।"
— ਕਾਨ **੫**, ੯, ੧* : ੧ (1299)

ਪਰਨਾਰੀ— ਪਰਾਈ ਇਸਤ੍ਰੀ

"ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ **ਪਰਨਾਰੀ**।"
—ਮਾਰੂ **੧**, ਅਸ ੭, ੬ : ੨ (1013)

ਪਰਨਿੰਦਕਾ— ਪਰਾਈ ਨਿੰਦਾ ਕਰਨ ਵਾਲੇ

"ਓਇ ਆਪਿ ਡੁਬੇ **ਪਰਨਿੰਦਕਾ** ਸਗਲੇ ਕੁਲ ਡੋਬੇਨਿ।"
—ਰਾਮ **੩**, ਵਾਰ ੧੦ਸ, **੩**, ੨ : ੪ (951)

ਪਰਨਿੰਦਾ— ਪਰਾਈ ਨਿੰਦਾ

"ਮਿਥਿਆ ਸ੍ਰਵਨ **ਪਰਨਿੰਦਾ** ਸੁਨਹਿ।"
—ਗਉ **੫**, ਸੁਖ ੫, ੫ : ੧ (268)

ਪਰਪਚ— ਅਡੰਬਰ, ਪਾਖੰਡ, ਠਗੀ, ਧੋਖਾ

"**ਪਰਪਚ** ਧ੍ਰੋਹ ਮੋਹ ਮਿਟਨਾਈ।"
—ਗਉ **੫**, ਬਾਅ ੩੭ : ੫ (258)

ਪਰਪੰਚ— 1. ਪੰਜਾਂ ਤੱਤਾਂ ਦਾ ਵਿਸਤਾਰ, ਸ੍ਰਿਸ਼ਟੀ

"**ਪਰਪੰਚ** ਬਿਆਧਿ ਤਿਆਗੈ ਕਵਰੇ।"
—ਗਉ **੧**, ਅਸ ੧੧, ੧ : ੨ (225)

"ਇਸੁ **ਪਰਪੰਚ** ਮਹਿ ਸਾਚੇ ਨਾਮ ਕੀ ਵਡਿਆਈ ਮਤੁ ਕੋ ਧਰਹੁ ਗੁਮਾਨਾ।"
—ਬਿਲਾ **੩**, ੪, ੧ : ੨ (797)

ਹੋਰ ਰੂਪ — ਪਰਪੰਚਿ—

"ਪਧੇ ਪਾਰਿ ਨ ਪਵਹੀ ਮੂੜੇ **ਪਰਪੰਚਿ** ਤੂੰ ਪਲਚਿ ਰਹਿਆ।" (ਸੰਸਾਰ ਵਿਚ)
—ਆਸਾ **੩**, ਪਟੀ ੧੦ : ੧ (435)

ਪਰਪੰਚੁ—

"ਜਹ ਆਪਿ ਰਚਿਓ **ਪਰਪੰਚੁ** ਅਕਾਰੁ।" (ਸ੍ਰਿਸਟੀ)
—ਗਉ **੫**, ਸੁਖ ੨੧, ੭ : ੧ (291)

2. ਪਾਖੰਡ, ਛਲ ਧੋਖਾ

"ਪਤਿ ਰਾਖੀ ਗੁਰਿ ਪਾਰਬ੍ਰਹਮ ਤਜਿ **ਪਰਪੰਚ** ਮੋਹ ਬਿਕਾਰ।"
—ਗਉ **੫**, ਬਾਅ ੩੭ਸ : ੧ (258)
"ਕਰਿ **ਪਰਪੰਚ** ਉਦਰ ਨਿਜ ਪੋਖਿਓ ਪਸੁ ਕੀ ਨਿਆਈ ਸੋਇਓ।"
—ਸੋਰ **੯**, ੧੦, ੧ : ੨ (633)
ਹੋਰ ਰੂਪ — ਪਰਪੰਚਿ—
"**ਪਰਪੰਚਿ** ਵਿਆਪਿ ਰਹਿਆ ਮਨੁ ਦੋਇ।" (ਛਲ ਵਿੱਚ) — ਗਉ **੧**, ੨, ੩ : ੩ (153)
ਪਰਪੰਚੁ—
"ਮਨੁ ਨ ਸੁਹੇਲਾ **ਪਰਪੰਚੁ** ਹੀਲਾ।" (ਧੋਖਾ, ਕਪਟ) —ਗਉ **੫**, ੮੧, ੩ : ੪ 179
"ਕਰਿ **ਪਰਪੰਚੁ** ਜਗਤ ਕਉ ਡਹਕੈ ਅਪਨੋ ਉਦਰੁ ਭਰੈ।" (ਛੱਲ, ਕਪਟ)
—ਦੇਵ **੯**, ੧, ੧ : ੨ (536)
3. ਅਡੰਬਰ, ਲੀਲਾ, ਖੇਡ
"**ਪਰਪੰਚ** ਵੇਖਿ ਰਹਿਆ ਵਿਸਮਾਦੁ।"
—ਬਸੰ **੩**, ੬, ੩ : ੩ (1174)
ਹੋਰ ਰੂਪ — ਪਰਪੰਚੁ—
"ਝੂਠਾ **ਪਰਪੰਚੁ** ਜੋਰਿ ਚਲਾਇਆ।" (ਪਸਾਰਾ, ਖੇਡ) —ਗਉ **ਕਬ**, ੬੦, ੨ : ੨ (337)

ਪਰੰਪਰ— ਪਰੇ ਤੋਂ ਪਰੇ
"ਅਪਰ **ਪਰੰਪਰ** ਪੁਰਖ ਸਿਉ ਪ੍ਰੇਮੁ ਲਾਗੌ ਬਿਨੁ ਭਗਵੰਤ ਰਸੁ ਨਾਹੀ ਅਉਰੈ ਕਾਮ ਸਿਉ।"
—ਸਵ **੫**, ਮਥੁ ੩ : ੩ (1408)
ਹੋਰ ਰੂਪ — ਪਰੰਪਰੁ—
"ਏਕੋ ਏਕੁ ਸੁ ਅਪਰ **ਪਰੰਪਰੁ** ਪਰਖਿ ਖਜਾਨੈ ਪਾਇਦਾ।"
—ਮਾਰੂ **੧**, ਸੋਲਾ ੧੩, ੧੨ : ੩ (1034)

ਪਰਪੁਰਖਾ— ਪਰਾਇਆ ਮਰਦ
"ਜੈਸੀ **ਪਰਪੁਰਖਾ** ਰਤ ਨਾਰੀ।"
—ਭੈਰ **ਨਾਮ**, ੨, ੨ : ੧ (1164)

ਪਰਪੂਰਨ— ਸੰਪੂਰਨ, ਪੂਰੀ ਤਰਾਂ ਭਰਪੂਰ
"ਨਿਰਮਲ ਨਾਮੁ ਸੁਧਾ **ਪਰਪੂਰਨ** ਸਬਦ ਤਰੰਗ ਪ੍ਰਗਟਿਤ ਦਿਨ ਆਗਰੁ।"
—ਸਵ **੪**, ਮਥੁ ੪ : ੧ (1404)

ਪਰਫੜੁ— ਅਨੰਦਿਤ ਹੋ ਕੇ ਖਿੜ/ਪ੍ਰਸੰਨ ਹੋ ਕੇ
"**ਪਰਫੜੁ** ਚਿਤ ਸਮਾਲਿ ਸੋਇ ਸਦਾ ਸਦਾ ਗੋਬਿੰਦੁ।"
— ਬਸੰ **੧**, ੧, ੧ : ੨ (1168)
ਹੋਰ ਰੂਪ — ਪਰਫੜੈ—
"ਸਤਸੰਗੇ ਮਨੁ **ਪਰਫੜੈ** ਮਿਲਿ ਮੇਘ ਧਰ ਸੁਹਾਗ।" (ਅਨੰਦਿਤ ਹੁੰਦਾ ਹੈ)
— ਮਲਾ **੫**, ੨੨, ੧ : ੧ (1272)

ਪਰਫੁਲਿਤ— ਖਿੜਦੇ/ਖਿੜੇ
"ਜਿਉ ਉਦਿਆਨ ਕੁਸਮ **ਪਰਫੁਲਿਤ** ਕਿਨਹਿਨ ਘ੍ਰਾਉ ਲਇਓ।"
—ਗਉ **ਕਬ**, ੫੯, ੨ : ੧ (336)

ਪਰਫੁਲੈ— ਪ੍ਰਫੁਲਿਤ ਹੁੰਦਾ ਹੈ, ਖਿੜਦਾ ਹੈ, ਅਨੰਦਿਤ ਹੁੰਦਾ ਹੈ
"ਸਾਧ ਕੈ ਸੰਗਿ ਸਦਾ **ਪਰਫੁਲੈ**।"
—ਗਉ **੫**, ਸੁਖ ੭, ੨ : ੨ (271)

ਪਰਫੁੜੇ— ਪ੍ਰਫੁਲਿਤ ਹੋਏ ਅਰਥਾਤ ਵਧੇ
"ਸਾਦ ਕੀਤੇ ਦੁਖ **ਪਰਫੁੜੇ** ਪੂਰਬਿ ਲਿਖੇ ਮਾਇ।"
—ਮਾਰੂ **੧**, ੧, ੨ : ੧ (989)

ਪਰਫੁੜੈ— ਖਿੜਦਾ ਹੈ, ਅਨੰਦਿਤ ਹੁੰਦਾ ਹੈ
"ਜਿਤੁ ਡਿਠੈ ਤਨੁ **ਪਰਫੁੜੈ** ਚੜੈ ਚਵਗਣਿ ਵੰਨੁ।"
—ਸਲੋ **੧**, ੩੦ : ੪ (1412)

ਪਰਫੂਲਤਾ— ਖਿੜਿਆ/ਪਰਫੂਲਤ ਰਹਿੰਦਾਹੈ
"**ਪਰਫੂਲਤਾ** ਰਹੇ।"
—ਬਸੰ **੫**, ੧੮, ੧ : ੪ (1185)

ਪਰਫੂਲਿਤ— ਅਨੰਦਿਤ ਹੋ ਗਈ, ਖਿੜ ਗਈ
"ਆਤਮ ਜੋਤਿ ਭਈ **ਪਰਫੂਲਿਤ** ਪੁਰਖੁ ਨਿਰੰਜਨੁ ਦੇਖਿਆ ਹਜੂਰਿ।"
—ਸਾਰ **੪**, ੧, ੧ : ੨ (1198)

ਪਰਬਤ— ਪਹਾੜ
"ਕਹ ਪਿੰਗੁਲ **ਪਰਬਤ** ਪਰਭਵਨ।"
—ਗਉ **੫**, ਸੁਖ ੪, ੬ : ੨ (267)
ਹੋਰ ਰੂਪ — ਪਰਬਤਿ—
"ਸੁਇਨੇ ਕੈ **ਪਰਬਤਿ** ਗੁਫਾ ਕਰੀ ਕੈ ਪਾਣੀ ਪਇਆਲਿ।" (ਪਹਾੜ ਵਿਚ)
—ਮਾਝ **੧**, ਵਾਰ ੪ਸ, **੧**, ੧ : ੧ (139)
ਪਰਬਤੁ—
"ਊਚਉ **ਪਰਬਤੁ** ਗਾਖੜੋ ਨਾ ਪਉੜੀ ਤਿਤੁ ਤਾਸੁ।" —ਸਿਰੀ **੧**, ਅਸ ੧੬, ੧ : ੨ (63)

"ਕਹਤ ਕਬੀਰ ਸੁਨਹੁ ਰੇ ਸੰਤਹੁ ਕੀਟੀ **ਪਰਬਤੁ** ਖਾਇਆ।"—ਆਸਾ **ਕਬ**, ੬, ੪ : ੧ (477)
(ਮਹਾਨਕੋਸ਼ ਇਥੇ ਅਰਥ 'ਅੰਹਕਾਰ' ਦੇ ਕਰਦਾ ਹੈ)

ਪਰਬਲ— ਬਲਵਾਨ
"ਪਾਂਚ ਪਚੀਸ ਮੋਹ ਮਦ ਮਤਸਰ ਆਡੀ **ਪਰਬਲ** ਮਾਇਆ।" —ਭੈਰ **ਕਬ**, ੧੨, ੧ : ੧ (1161)

ਪਰਬਾਦ— ਝੂਠੀ ਬਦਨਾਮੀ, ਨਿੰਦਾ
"ਅਹੰਬੁਧਿ **ਪਰਬਾਦ** ਨੀਤ ਲੋਭ ਰਸਨਾ ਸਾਦਿ।"
—ਬਿਲਾ **੫**, ੩੮, ੧ : ੧ (810)

ਪਰਬੀਨ— ਨਿਪੁਣ, ਪੂਰਾ ਜਾਣਨ ਵਾਲਾ, ਸਿਆਣਾ
"ਜਾਨਨਹਾਰ ਪ੍ਰਭੂ **ਪਰਬੀਨ**।"
—ਗਉ **੫**, ਸੁਖ ੫, ੭ : ੩ (269)

ਹੋਰ ਰੂਪ — ਪਰਬੀਨਾ—
"ਨਾਨਕ ਜਿਸ ਨੋ ਹਰਿ ਮਿਲਾਏ ਸੋ ਸਰਬ ਗੁਣ **ਪਰਬੀਨਾ**।" (ਪੂਰਨ)
—ਬਿਹਾ **੫**, ਛੰਤ ੯, ੪ : ੬ (548)

ਪਰਬੋਧਹ— ਪ੍ਰਬੁੱਧ ਕਰੀਏ, ਸਮਝੀਐ
"ਚਲੁ ਚਲੁ ਸਖੀ ਹਮ ਪ੍ਰਭੁ **ਪਰਬੋਧਹ** ਗੁਣ ਕਾਮਣ ਕਰਿ ਹਰਿ ਪ੍ਰਭੁ ਲਹੀਆ।"
—ਬਿਲਾ **੪**,, ਅਸ ੫, ੪ : ੧ (836)

ਹੋਰ ਰੂਪ — ਪਰਬੋਧਹਿ—
"ਜਗੁ **ਪਰਬੋਧਹਿ** ਮੜੀ ਬਧਾਵਹਿ।" (ਸਮਝਾਉਂਦਾ, ਉਪਦੇਸ਼ ਦੇਂਦਾ)
—ਰਾਮ **੧**, ਅਸ ੨, ੧ : ੧ (903)

ਪਰਬੋਧਹੁ—
"ਆਪਣਾ ਮਨੁ **ਪਰਬੋਧਹੁ** ਬੂਝਹੁ ਸੋਈ।" (ਜਗਾਓ, ਗਿਆਨ ਬਧ ਕਰੋ)
—ਗਉ **੩**, ਅਸ ੨, ੪ : ੧ (230)
"ਮਨੁ **ਪਰਬੋਧਹੁ** ਹਰਿ ਕੈ ਨਾਇ।" (ਸਮਝਾਓ)
—ਗਉ **੫**, ਸੁਖ ੧੯, ੩ : ੧ (288)

ਪਰਬੋਧਦਾ— ਸਿਖਿਆ ਦੇਂਦਾ
"ਦੂਜੈ ਭਾਇ ਜਗਤੁ **ਪਰਬੋਧਦਾ** ਨਾ ਬੂਝੈ ਬੀਚਾਰੁ।"
—ਸਿਰੀ **੪**, ਵਾਰ ੧੦ਸ, **੩**, ੧ : ੩ (86)

ਪਰਬੋਧਾ— ਗਿਆਨ ਹੋਇਆ, ਜਾਗਿਆ
"ਸਾਧ ਸੰਗਤਿ ਮਹਿ ਮਨੁ **ਪਰਬੋਧਾ**।"
—ਕਾਨ **੫**, ੩, ੨ : ੨ (1298)

ਹੋਰ ਰੂਪ — ਪਰਬੋਧਿਆ—
"ਗੁਰਿ ਤੁਠੈ ਮਨੁ **ਪਰਬੋਧਿਆ** ਹਰਿ ਪੀਆ ਰਸੁ ਗਟ ਕੇ।" (ਪ੍ਰਬੁੱਧ ਕੀਤਾ, ਗਿਆਨਵਾਨ ਕੀਤਾ, ਜਗਾਇਆ)
— ਸੂਹੀ **੪**, ੧, ੧* : ੨ (731)

ਪਰਬੋਧੈ—
"ਸੋ ਪੰਡਿਤੁ ਜੋ ਮਨੁ **ਪਰਬੋਧੈ**।" (ਸਮਝਾਵੈ, ਸਿਖਿਆ ਦੇਵੇ)
—ਗਉ **੫**, ਸੁਖ ੯, ੪ : ੧ (274)

ਪਰਭਵਣੁ— ਭ੍ਰਮਣ ਕਰਨਾ, ਘੁੰਮਣਾ
"ਏਹੁ ਜੋਗੁ ਨ ਹੋਵੈ ਜੋਗੀ ਜਿ ਕੁਟੰਬੁ ਛੋਡਿ **ਪਰਭਵਣੁ** ਕਰਹਿ।" —ਰਾਮ **੩**, ਅਸ ੧, ੮ : ੧ (909)

ਪਰਭਵਨ— ਫਿਰਨਾ, ਘੁੰਮਣਾ
"ਹਰਿ ਦਰਸਨ ਕਉ ਹਰਿ ਦਰਸਨ ਕਉ ਕੋਟਿ ਕੋਟਿ ਤੇਤੀਸ ਸਿਧ ਜਤੀ ਜੋਗੀ ਤਟ ਤੀਰਥ **ਪਰਭਵਨ** ਕਰਤ ਰਹਤ ਨਿਰਾਹਾਰੀ।"
—ਸਾਰ **੪**, ੧੧, ੧ : ੧ (1201)

ਪਰਭਾਤਿ— ਉਸ ਸਮੇਂ ਜਦੋਂ ਪ੍ਰਭਾ (ਰੋਸ਼ਨੀ) ਉਗਦੀ ਹੈ, ਤੜਕੇ, ਸਵੇਰੇ, ਭੋਰ ਸਮੇਂ
"ਜੈਸੇ ਰੈਣਿ ਪਰਾਹੁਣੇ ਉਠਿ ਚਲਸਹਿ **ਪਰਭਾਤਿ**।"
—ਸਿਰੀ **੫**, ੯੨, ੨ : ੧ (50)

ਪਰਭਾਤਿਹਿ— ਸਵੇਰੇ ਸਮੇਂ
"ਇਕਿ ਪੜਹਿ ਸੁਣਹਿ ਗਾਵਹਿ **ਪਰਭਾਤਿਹਿ** ਕਰਹਿ ਇਸ੍ਨਾਨੁ।" —ਸਵ **੪**, ਗਯੰ ੪ : ੨ (1402)

ਪਰਭਾਤੀ—ਸਵੇਰੇ, ਭੌਰ ਸਮੇਂ
"ਉਦਮੁ ਕਰੇ ਭਲਕੇ **ਪਰਭਾਤੀ** ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ।"
—ਗਉ **੪**, ਵਾਰ ੧੧ਸ, **੪**, ੨ : ੨ (305)

ਹੋਰ ਰੂਪ — ਪਰਭਾਤੇ—
"ਤੁਝ ਹੀ ਮਨ ਰਾਤੇ ਅਹਿਨਿਸਿ **ਪਰਭਾਤੇ** ਹਰਿ ਰਸਨਾ ਜਪਿ ਮਨ ਰੇ।" (ਸਵੇਰੇ)
—ਸੋਰ **੧**, ੫, ੨ : ੨ (597)

ਪਰਮ— ਸਭ ਤੋਂ ਉਚੀ
"ਜਿਤੁ ਮਿਲਿਐ **ਪਰਮ** ਗਤਿ ਪਾਈਐ।"
—ਸਿਰੀ **੧**, ਅਸ ੨੮, ੪ : ੨ (71)
"ਹਉ ਪਾਪੀ ਪਤਿਤੁ **ਪਰਮ** ਪਾਖੰਡੀ ਤੂ ਨਿਰਮਲੁ ਨਿਰੰਕਾਰੀ।" (ਮਹਾਂਪਾਖੰਡੀ)

—ਸੋਰ **੧**, ੫, ੧ : ੧ (596)

ਹੋਰ ਰੂਪ — ਪਰਮੰ—

"ਭਵ ਭੂਤ ਭਾਵ ਸਮਬ੍ਹਿਅੰ **ਪਰਮੰ** ਪ੍ਰਸੰਨ ਮਿਦੰ।" — ਗੂਜ **ਜੈਦੇ**, ੧, ੨ : ੨ (526)

ਪਰਮਹੰਸ — 1. ਪੂਰਨ ਮਨੁੱਖ ਭਾਵ ਬ੍ਰਹਮ ਗਿਆਨੀ

"ਨਾਮਿ ਰਤੇ **ਪਰਮਹੰਸ** ਬੈਰਾਗੀ ਨਿਜਘਰਿ ਤਾੜੀ ਲਾਈ ਹੇ।"

—ਮਾਰੂ **੩**, ਸੋਲਾ ੩, ੩ : ੩ (1046)

ਹੋਰ ਰੂਪ — ਪਰਮਹੰਸੁ—

"**ਪਰਮਹੰਸੁ** ਸਚੁ ਜੋਤਿ ਅਪਾਰ।" (ਭਾਵ ਗੁਰਮੁੱਖ)

—ਗਉ **੧**, ਅਸ ੧੫, ੫ : ੨ (227)

2. ਚਾਰ ਤਰ੍ਹਾਂ ਦੇ ਸੰਨਿਆਸੀਆਂ ਵਿਚੋਂ ਸਭ ਤੋਂ ਸ੍ਰੇਸ਼ਟ, ਇਹ ਵੰਡ ਹੈ — ਕੁਟੀਚਕ, ਵਹੂਦਕ, ਹੰਸ ਅਤੇ ਪਰਮਹੰਸ

"ਕਲਿ ਮਹਿ ਪ੍ਰੇਤ ਜਿਨੀ ਰਾਮੁ ਨ ਪਛਾਤਾ ਸਤਜੁਗਿ **ਪਰਮਹੰਸੁ** ਬੀਚਾਰੀ।"

—ਭੈਰ **੩**, ੧੬, ੧ : ੧ (1131)

ਪਰਮਗਤਿ— 1. ਉਤਮ ਗਤੀ, ਮੁਕਤੀ

"ਸੁਣਿ ਸੁਣਿ ਹੋਵੈ **ਪਰਮਗਤਿ** ਮੇਰੀ।"

—ਮਾਝ **੫**, ੩੦, ੧ : ੨ (103)

ਹੋਰ ਰੂਪ — ਪਰਮਗਤੇ —

"ਸਾਧ ਸੰਗਿ ਪਾਵਹੁ **ਪਰਮਗਤੇ**।"

—ਭੈਰ **੫**, ੫, ੧* : ੨ (1137)

2. ਉਚੀ ਪਦਵੀ

"ਛਾਰੁ ਕੀ ਪੁਤਰੀ **ਪਰਮਗਤਿ** ਪਾਈ।"

—ਗਉ **੫**, ਬਾਅ ੨੩ : ੨ (255)

ਹੋਰ ਰੂਪ — ਪਰਮਗਤੇ—

"ਨਾਨਕ ਨਾਮੁ ਧਿਆਇ ਪੂਰਨ ਸਾਧ ਸੰਗਿ ਪਾਈ **ਪਰਮਗਤੇ**।"

—ਆਸਾ **ਛੰਤ** ੫, ੯, ੨ : ੬ (458)

ਪਰਮਤਤ— 1. ਆਤਮ ਗਿਆਨ, ਉਚਾ/ਗੂੜ੍ਹ ਗਿਆਨ

"ਪੀਪਾ ਪ੍ਰਣਵੈ **ਪਰਮਤਤੁ** ਹੈ ਸਤਿਗੁਰੁ ਹੋਇ ਲਖਾਵੈ।" — ਧਨਾ **ਪੀਪਾ**, ੧, ੨ : ੨ (695)

ਹੋਰ ਰੂਪ — ਪਰਮਤੰਤ—

"ਬਾਬਾ ਜੁਗਤਾ ਜੀਉ ਜੁਗ ਜੋਗੀ **ਪਰਮਤੰਤ** ਮਹਿ ਜੋਗੰ।"

—ਆਸਾ **੧**, ੩੨, ੧* : ੧ (360)

2. ਭਾਵ ਵਾਹਿਗੁਰੂ, ਪ੍ਰਭੂ

"ਅੰਤਰਿ ਰਤਨੁ ਪਦਾਰਥੁ ਮੇਰੈ **ਪਰਮਤਤੁ** ਵੀਚਾਰੋ।"

—ਸੂਹੀ **੧**, ਛੰਤ ੨, ੩ : ੩ (764)

ਹੋਰ ਰੂਪ — ਪਰਮਤੰਤੁ—

"ਆਪੇ ਤੰਤੁ **ਪਰਮਤੰਤੁ** ਸਭੁ ਆਪੇ ਆਪੇ ਠਾਕੁਰੁ ਦਾਸੁ ਭਇਆ।" (ਤੱਤਾਂ ਦਾ ਤੱਤ ਭਾਵ ਪਰਮਤੰਤ ਅਰਥਾਤ ਵਾਹਿਗੁਰੂ)

—ਬਿਹਾ **੪**, ਵਾਰ ੧੩ : ੧ (553)

ਪਰਮਦਭੁਤੰ— ਮਹਾ ਅਸਚਰਜ

"**ਪਰਮਦਭੁਤੰ** ਪਰਕ੍ਰਿਤਿ ਪਰੰ ਜਦਿ ਚਿੰਤਿ ਸਰਬ ਗਤੰ।" —ਗੂਜ **ਜੈਦੇ**, ੧, ੧ : ੨ (526)

ਪਰਮਨਿਧਾਨ— ਵਡਾ ਖਜ਼ਾਨਾ ਭਾਵ ਪ੍ਰਭੂ ਨਾਮ

"ਮਿਲਿ ਸੰਗਤਿ ਤਜਿ ਅਭਿਮਾਨ ਕਹੁ ਨਾਨਕ ਪਾਏ ਹੈ **ਪਰਮ ਨਿਧਾਨ**।"

— ਦੇਵ **੫**, ੩੪, ੨ : ੩ (535)

ਹੋਰ ਰੂਪ — ਪਰਮਨਿਧਾਨੁ—

"ਸੋ ਸਤਿਗੁਰੂ ਸਾ ਸੇਵਾ ਸਤਿਗੁਰ ਕੀ ਸਫਲ ਹੈ ਜਿਸ ਤੇ ਪਾਈਐ **ਪਰਮਨਿਧਾਨੁ**।" (ਵਡਾ ਖਜ਼ਾਨਾ, ਨਿਧੀਆਂ ਦਾ ਘਰ, ਸੁਖਾਂ ਦਾ ਘਰ ਭਾਵ ਪ੍ਰਭੂ ਨਾਮ)

ਪਰਮਨੁ— 1. ਮਨ ਤੋਂ ਪਰੇ, ਜਿਸ ਨੂੰ ਮਨ ਨਹੀਂ ਜਾਣ ਸਕਦਾ

"ਜੋ ਜਨ ਪਰਮਿਤਿ **ਪਰਮਨੁ** ਜਾਨਾ।"

—ਗਉ **ਕਬ**, ੧੦, ੧ : ੧ (325)

2. ਦੂਜੇ ਦਾ ਦਿਲ

"ਜਿਉ ਮਨੁ ਦੇਖਹਿ **ਪਰਮਨੁ** ਤੈਸਾ।"

—ਪ੍ਰਭਾ **੧**, ਅਸ ੧, ੩ : ੧ (1342)

ਪਰਮਪਦ— ਉੱਚੀ ਪਦਵੀ, ਭਾਵ ਮੁਕਤੀ

"ਸੰਤ ਚਾਰਣ ਗੁਰ ਸੇਵਾ ਲਾਗੇ ਤਿਨੀ **ਪਰਮਪਦ** ਪਾਏ ਰਾਮ।"

—ਸੂਹੀ **੫**, ਛੰਤ ੫, ੩ : ੨ (780)

ਹੋਰ ਰੂਪ — ਪਰਮਪਦੁ—

"ਗੁਰ ਪਰਸਾਦਿ **ਪਰਮਪਦੁ** ਪਾਇਆ ਸੂਕੇ ਕਾਸਟ ਹਰਿਆ।" (ਉਚੀ ਪਦਵੀ ਭਾਵ

ਮੁਕਤੀ) —ਗੂਜ **੫**, ਸੋਦ ੫, ੧੯ : ੨ (10)

ਪਰਮਪੁਰਖ— ਉਚਾ (ਸ੍ਰੇਸ਼ਟ) ਪੁਰਖ ਭਾਵ ਪ੍ਰਭੂ
"ਓਇ **ਪਰਮ ਪੁਰਖ** ਦੇਵਾਧਿ ਦੇਵ।"
—ਬਸੰ **ਕਬ**, ੪, ੫ : ੧ (1194)

ਪਰਮ ਬੈਸਨੋ— ਸਭ ਤੋਂ ਸ੍ਰੇਸ਼ਟ ਵਿਸ਼ਨੂ ਭਗਤ
"**ਪਰਮ ਬੈਸਨੋ** ਪ੍ਰਭ ਪੇਖਿ ਹਜੂਰਿ।"
—ਭੈਰ **੫**, ੪੦, ੧ : ੪ (1147)

ਪਰਮਲ— 1. ਸੁਗੰਧਦਾਰ ਵਸਤੂਆਂ ਨੂੰ ਮਿਲਾ (ਕੁੱਟ) ਕੇ ਬਣਾਈ ਸੁਗੰਧ
"ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ **ਪਰਮਲ** ਕੀ ਵਾਸੁ।" —ਸਿਰੀ **੧**, ੪, ੨ : ੧ (15)
2. ਚੰਦਨ
"ਇਆ ਦੇਹੀ **ਪਰਮਲ** ਮਹ ਕੰਦਾ।"
— ਗਉ **ਕਬ**, ੧੨, ੨ : ੧ (325)
"ਅਕਹੁ **ਪਰਮਲ** ਭਏ ਅੰਤਰਿ ਵਾਸਨਾ ਵਸਾਈ।"
—ਵਡ **੩**, ਅਸ ੨, ੫ : ੨ (565)
3. ਸੁਗੰਧਤ, ਰਸੀਲਾ
"ਫੁਨਿ ਗੁਰੂ **ਪਰਮਲ** ਸਰਸ ਕਰਤ ਕੰਚਨੁ ਪਰਸ ਮੈਲੁ ਦੁਰਮਤਿ ਹਿਰਤ ਸਬਦਿ ਗੁਰੁ ਧ੍ਯਾਈਐ।"
—ਸਵ **੪**, ਨਲ ੧੫ : ੩ (1401)

ਪਰਮਲਾਦਿ— ਪਰਮਲ ਚੰਦਨ ਆਦਿ ਸੁਗੰਧਤ ਵਸਤੂ
"ਸਰਬੇ ਆਦਿ **ਪਰਮਲਾਦਿ** ਕਾਸਟ ਚੰਦਨੁ ਭੈਇਲਾ।" —ਪ੍ਰਭਾ **ਨਾਮ**, ੨, ੨ : ੨ (1351)

ਪਰਮਲੀਓ— ਸੁਗੰਧ ਵਾਂਗੂੰ
"ਮਲੈ ਨ ਲਾਛੈ ਪਾਰ ਮਲੋ **ਪਰਮਲੀਓ** ਬੈਠੋ ਰੀ ਆਈ।" —ਗੂਜ **ਨਾਮ**, ੨, ੧ : ੧ (525)

ਪਰਮਲੁ— 1. ਸੁੰਗਧੀ
"ਨਾਉ ਨੀਰੁ ਚੰਗਿਆਈਆ ਸਤੁ **ਪਰਮਲੁ** ਤਨਿ ਵਾਸੁ।" — ਸਿਰੀ **੧**, ੫, ੩ : ੧ (16)
2. ਪਰਾਈ ਮੈਲ
"ਕਾਈ ਆਸ ਨ ਪੁੰਨੀਆ ਨਿਤ **ਪਰਮਲੁ** ਹਿਰਤੇ।"
— ਗਉ **੪**, ਵਾਰ ੩੨ : ੪ (317)
3. ਚੰਦਨ
"ਨਾਮ **ਪਰਮਲੁ** ਹਿਰਦੈ ਰਹਿਆ ਸਮਾਇ।"
— ਵਡ **੩**, ੨, ੩ : ੨ (560)
4. ਸੁਗੰਧਤ, ਸੁਗੰਧੀ ਵਾਲਾ
"ਚੰਦਨ ਭਗਤਾ ਜੋਤਿ ਇਨੇਹੀ ਸਰਬੇ **ਪਰਮਲੁ** ਕਰਣਾ।" —ਤਿਲੰ **੧**, ੨, ੨ : ੨ (721)

ਪਰਮਾਣੋ— ਪ੍ਰਮਾਣੂ
"**ਪਰਮਾਣੋ** ਪਰਜੰਤ ਆਕਾਸਹ ਦੀਪ ਲੋਅ ਸਿਖੰਡਣਹ।" —ਗਾਥਾ **੫**, ੨ : ੧ (1360)

ਪਰਮਾਤਮੁ— ਪਰਮਆਤਮਾ, ਪ੍ਰਭੂ ਪਾਰਬ੍ਰਹਮ
"ਜਿਨੀ ਆਤਮੁ ਚੀਨਿਆ **ਪਰਮਾਤਮੁ** ਸੋਈ।"
— ਆਸਾ **੧**, ਅਸ ੨੦, ੬ : ੧ (421)

ਪਰਮਾਦ— ਬਹੁਤੀ ਮਸਤੀ, ਕਮਲਾਪਨ ਭਾਵ ਭੁਲੇਖਾ
"ਸਾਧਸੰਗਿ ਗਾਏ ਗੁਨ ਗੋਬਿੰਦ ਬਿਨਸਿਓ ਸਭੁ **ਪਰਮਾਦ**।" —ਸਾਰ **੫**, ੧੧੨, ੧ : ੨ (1226)

ਪਰਮਾਦਿ— ਸਭ ਤੋਂ ਪਹਿਲਾਂ, ਆਦਿ ਤੇ
"**ਪਰਮਾਦਿ** ਪੁਰਖਮਨੋ ਪਿਮੰ ਸਤਿ ਆਦਿ ਭਾਵ ਰਤੰ।" —ਗੂਜ **ਜੈਦੇ**, ੧, ੧ : ੧ (526)

ਪਰਮਾਦੀ— ਮਸਤੀ ਵਾਲੇ
"ਬਿਸਮ ਬਿਨੋਦ ਰਹੇ **ਪਰਮਾਦੀ**।"
—ਪ੍ਰਭ **੧**, ਅਸ ੨, ੫ : ੧ (1342)

ਹੋਰ ਰੂਪ — ਪਰਮਾਦੁ—
"ਝੂਰਿ ਮਰੈ ਦੇਖੈ **ਪਰਮਾਦੁ**।" (ਬਹੁਤੀ ਮਸਤੀ, ਪਾਗਲਪਣ)
—ਰਾਮ **੧**, ਓਅੰ ੨੬ : ੨ (933)

ਪਰਮਾਨੰਦ— 1. ਪਰਮ-ਆਨੰਦ ਸਰੂਪ, ਵਾਹਿਗੁਰੂ, ਪ੍ਰਭੂ
"ਰਸਿ ਗਾਏ ਗੁਨ **ਪਰਮਾਨੰਦ**।"
—ਗਉ **੫**, ੧੧੦, ੧ : ੪ (201)
"ਸਾਧਸੰਗਿ ਭਜੁ **ਪਰਮਾਨੰਦ**।"
—ਗਉ **੫**, ਸੁਖ ੨੪, ੨ : ੨ (295)
2. ਮਹਾਨ ਅਨੰਦ, ਪੂਰਨ ਅਨੰਦ
"ਬ੍ਰਹਮ ਗਿਆਨੀ ਕੈ ਮਨਿ **ਪਰਮਾਨੰਦ**।"
—ਗਉ **੫**, ਸੁਖ ੮, ੫ : ੨ (273)
3. ਜਿਲਾ ਸੋਲਾਪੁਰ ਦੇ ਪਿੰਡ ਬਾਰਸੀ ਦਾ ਵਸਨੀਕ ਇਕ ਭਗਤ ਜਿਸ ਦਾ ਇਕ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਾਰੰਗ ਰਾਗ ਵਿਚ ਦਰਜ ਹੈ
"**ਪਰਮਾਨੰਦ** ਸਾਧ ਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ।" —ਸਾਰ **ਪਰ**, ੧, ੩ : ੨ (1253)

4. ਪਰਸੁਖੀ, ਪੂਰਨ ਅਨੰਦ ਵਾਲੇ
"ਬੰਦਹਿ ਜੋ ਚਰਣ ਸਰਣਿ ਸੁਖੁ ਪਾਵਹਿ **ਪਰਮਾਨੰਦ** ਗੁਰਮੁਖਿ ਕਹੀਐਂ।"
—ਸਵ **੪**, ਗਯੰ ੧ : ੧੮ (1401)

ਪਰਮਾਨੰਦਾ— ਪਰਮ ਅਨੰਦ ਸਰੂਪ, ਪ੍ਰਭੂ, ਵਾਹਿਗੁਰੂ
"ਜੋ ਨ ਸੁਨਹਿ ਜਸੁ **ਪਰਮਾਨੰਦਾ**।"
—ਗਉ **੫**, ੧੧੧, ੩ : ੧ (188)

ਪਰਮਾਨੰਦੁ— 1. ਮਹਾਨ ਸੁਖ, ਪੂਰਨ ਆਨੰਦ, ਉਚੇ ਤੋਂ ਉਚਾ ਅਨੰਦ
"ਗੁਰਮਤਿ ਪਾਏ **ਪਰਮਾਨੰਦੁ**।"
—ਗਉ **੧**, ੧੨, ੩ : ੪ (154)

2. ਮਹਾਂ ਅਨੰਦ ਸਰੂਪ ਪ੍ਰਭੂ
"ਮਨਿ ਤਨਿ ਰਵਿਆ **ਪਰਮਾਨੰਦੁ**।"
—ਗਉ **੫**, ੧੬੪, ੩ : ੨ (199)

ਹੋਰ ਰੂਪ — ਪਰਮਾਨੰਦੇ—
"ਸੈਨੁ ਭਣੈ ਭਜੁ **ਪਰਮਾਨੰਦੇ**।" (ਪਰਮ ਅਨੰਦ ਸਰੂਪ ਪ੍ਰਭੂ ਨੂੰ)

ਪਰਮਾਨਾਦੁ— ਪਰਮ ਅਨੰਦ ਪ੍ਰਭੂ ਨੂੰ
"ਜਨ ਨਾਨਕ ਗੁਰਮੁਖਿ ਉਬਰੇ ਜਪਿ ਹਰਿ ਹਰਿ **ਪਰਮਾਨਾਦੁ**।"
—ਗਉ **੪**, ਵਾਰ ੨ਸ, **੪**, ੧ : ੪ (301)

ਪਰਮਾਰਥ— ਆਤਮ-ਵਿਦਿਆ, ਪਰਮਾਰਥ
"ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ **ਪਰਮਾਰਥ** ਪਰਵੇਸ ਨਹੀ।"—ਸੋਰ **ਰਵਿ**, ੩, ੨ : ੨ (658)

ਪਰਮਾਰੰਥ— ਪਰਮਾਰਥੀ, ਆਤਮ ਮਾਰਗ ਦੇ ਖੋਜੀ
"ਹਰਿ ਗੁਣ ਗਾਵਹਿ ਮਿਲਿ **ਪਰਮਾਰੰਥ**।"
—ਆਸਾ **੧**, ਅਸ ੪, ੬ : ੪ (413)

ਪਰਮਾਰਥੁ— 1. ਆਤਮ-ਗਿਆਨ
"ਗੁਰ ਕੈ ਸਬਦਿ ਸਮਾਈਐ **ਪਰਮਾਰਥੁ** ਜਾਣੈ।"
—ਆਸਾ **੧**, ੧੫, ੨ : ੨ (419)

2. ਪਰਮ ਅਰਥ, ਸਭ ਤੋਂ ਉਚਾ/ਸ੍ਰੇਸ਼ਟ ਧਨ
"ਸੁੰਨ ਸਮਾਧਿ ਮਹਾ **ਪਰਮਾਰਥੁ** ਤੀਨਿ ਭਵਣ ਪਤਿ ਨਾਮੰ।"
—ਸੋਰ **੧**, ਅਸ ੧, ੫ : ੧ (634)

"ਗੁਰ ਪ੍ਰਸਾਦਿ ਪਾਈਐ **ਪਰਮਾਰਥੁ** ਸਤ ਸੰਗਤਿ ਸੇਤੀ ਮਨੁ ਖਚਨਾ।"
—ਸਵ **੪**, ਗਯੰ ੧੩ : ੪ (1403)

3. ਮਹਾਂ ਤਤ
"ਬਿਆਸ ਬਿਚਾਰਿ ਕਹਿਓ **ਪਰਮਾਰਥੁ** ਰਾਮ ਨਾਮ ਸਰਿ ਨਾਹੀ।"
—ਸੋਰ **ਰਵਿ**, ੪, ੨ : ੪ (658)

ਪਰਮਿਤਿ— 1. ਜਿਸ ਦਾ ਮਿਤਿ (ਅੰਦਾਜ਼ਾ) ਨਾ ਲਾਇਆ ਜਾ ਸਕੇ, ਮਿਣਤੀ ਤੋਂ ਪਰੇ
"ਪਪਾ **ਪਰਮਿਤਿ** ਪਾਰੁ ਨ ਪਾਇਆ।"
—ਗਉ **੫**, ਬਾਅ ੩੨ : ੧ (258)

2. ਯਥਾਰਥ ਗਿਆਨ, ਪ੍ਰਮਾਣ ਦੁਆਰਾ ਪ੍ਰਾਪਤ ਗਿਆਨ
"ਸੁਰਤਿ ਸਿਮ੍ਰਿਤਿ ਦੁਇ ਕੰਨੀ ਮੁੰਦਾ **ਪਰਮਿਤਿ** ਬਾਹਰਿ ਖਿੰਥਾ।"
—ਗਉ **ਕਬੁ**, ੫੩, ੧ : ੧ (334)

ਪਰਮਿਤ੍ਰੀ— ਪਰਾਏ ਮਿਤ੍ਰਾਂ ਦੀ, ਜ਼ਾਹਿਰਾ ਮਿਤ੍ਰਾਂ ਦੀ, ਦਿਖਾਵੇ ਦੇ ਮਿਤ੍ਰਾਂ ਦੀ
"ਜੇ ਕਿਛੁ ਆਸ ਅਵਰ ਕਰਹਿ **ਪਰਮਿਤ੍ਰੀ** ਮਤ ਤੂੰ ਜਾਣਹਿ ਤੇਰੈ ਕਿਤੈ ਕੰਮਿ ਆਈ।"
—ਗੋਂਡ **੪**, ੧, ੩ : ੧ (859)

ਪਰਮੇਸਰ— ਪਰਮ ਈਸ਼ਵਰ, ਸਭ ਤੋਂ ਵੱਡਾ ਸੁਆਮੀ, ਪ੍ਰਭੂ
"**ਪਰਮੇਸਰ** ਤੇ ਭੁਲਿਆਂ ਵਿਆਪਨਿ ਸਭੇ ਰੋਗ।"
—ਮਾਝ **੫**, ਬਾਰਾ ੯ : ੨ (135)

ਹੋਰ ਰੂਪ — ਪਰਮੇਸਰਾ—
"ਜੀਅ ਜੰਤ ਸਭਿ ਤੁਝੁ ਧਿਆਵਹਿ ਪੁਰਖਪਤਿ **ਪਰਮੇਸਰਾ**।" (ਹੇ ਪੁਰਖਾਂ ਦੇ ਮਾਲਕ ਪਰਮੇਸਰਾ)
—ਰਾਮ **੫**, ਛੰਤ ੨, ੩ : ੩ (925)

ਪਰਮੇਸਰਿ—
"ਮੀਹੁ ਪਾਇਆ **ਪਰਮੇਸਰਿ** ਪਾਇਆ।" (ਪਰਮੇਸਰ ਨੇ)
—ਮਾਝ **੫**, ੩੯, ੧ : ੧ (105)

ਪਰਮੇਸਰੁ—
"ਅਬਿਨਾਸੀ ਪੁਰਖੁ ਪਾਇਆ **ਪਰਮੇਸਰੁ** ਬਹੁ ਸੋਭ ਖੰਡ ਬ੍ਰਹਮੰਡਾ ਹੇ।" (ਪ੍ਰਭੂ)
—ਗਉ **੪**, ਸੋਹ ੪, ੩ : ੨ (13)

ਪਰਮੇਸਰੈ—
"ਰੰਗਿ ਰਤੇ **ਪਰਮੇਸਰੈ** ਜਨ ਨਾਨਕ ਤਿਨ ਬਲਿ

ਜਾਤ।" (ਪ੍ਰਭੂ ਦੇ)
—ਗਉ ੫, ੧੬੯, ੪ : ੨ (218)

ਪਰਮੇਸਰੋ—
"ਪਾਰਬ੍ਰਹਮੁ **ਪਰਮੇਸਰੋ** ਸਭ ਬਿਧਿ ਜਾਨਣਹਾਰ।"
—ਗਉ ੫, ਥਿਤੀ ੧੬ : ੫ (300)

ਪਰਮੇਸੁਰ—
"ਗਿਆਨ ਧਿਆਨ ਪੂਰਨ **ਪਰਮੇਸੁਰ** ਪ੍ਰਭੁ ਸਭਨਾ ਗਲਾ ਜੋਗਾ ਜੀਉ।"
—ਮਾਝ ੫, ੪੮, ੨ : ੩ (108)

ਪਰਮੇਸੁਰਹ—
"ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ **ਪਰਮੇਸੁਰਹ**।" (ਪਰਮੇਸ਼ਰ ਨੂੰ)
—ਜੈਤ ੫, ਵਾਰ ੧ਸ, ੫, ੧ : ੧ (705)
"ਸਾਧ ਸੰਗੇਣਿ ਗੁਣ ਰਮਤ ਨਾਨਕ ਸਰਣਿ ਪੂਰਨ **ਪਰਮੇਸੁਰਹ**।" (ਪਰਮੇਸ਼ਰ ਦੀ)
—ਸਸ ੫, ੫੯ : ੨ (1359)

ਪਰਮੇਸੁਰਾ—
"ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ **ਪਰਮੇਸੁਰਾ**।" (ਪ੍ਰਭੂ)
—ਗਉ ੫, ਬਾਅ ੧ਸ : ੧ (250)

ਪਰਮੇਸੁਰਿ—
"ਸੰਤ ਕਾ ਨਿੰਦਕੁ **ਪਰਮੇਸੁਰਿ** ਮਾਰਾ।" (ਪ੍ਰਭੂ ਨੇ) — ਗਉ ੫, ਸੁਖ ੧੩, ੩ : ੪ (280)

ਪਰਮੇਸੁਰੁ—
"ਕੀਮਤਿ ਕਹਣੁ ਨ ਜਾਈਐ **ਪਰਮੇਸੁਰੁ** ਬੇਅੰਤੁ।" (ਪ੍ਰਭੂ)
—ਮਾਝ ੫, ਦਿਨ ੩ : ੪ (137)

ਪਰਮੇਸ੍ਰ—
"**ਪਰਮੇਸ੍ਰ** ਤਹ ਬਸਹਿ ਦਇਆਲ।"
—ਗਉ ੫, ਥਿਤੀ ੧੬ : ੬ (299)

ਪਰਮੇਸ੍ਰਹ —
"ਸਿਰ ਮਸ੍ਤਕ ਰਖ੍ਯਾ ਪਾਰਬ੍ਰਹਮੰ ਹਸ੍ਤ ਕਾਯਾ ਰਖ੍ਯਾ **ਪਰਮੇਸ੍ਵਰਹ**।"
—ਸਸ ੫, ੫੨ : ੧ (1358)

ਪਰਲਉ— ਸੰਸਾਰ ਦਾ ਪ੍ਰਕ੍ਰਿਤੀ ਵਿਚ ਲੈਅ ਹੋਣ ਦਾ ਭਾਵ ਭਾਵ ਨਾਸ ਹੋਣਾ
"ਉਤਪਤਿ **ਪਰਲਉ** ਸਬਦੇ ਹੋਵੈ।"
—ਮਾਝ ੩, ੧੪, ੧ : ੧ (117)

ਪਰਲਪ— ਚੰਗੀ ਤਰ੍ਹਾਂ ਲਿਖਿਆ ਹੋਇਆ
"ਖਾਈ ਕੋਟੁ ਨ **ਪਰਲਪ** ਗਾਰਾ।"
— ਭੈਰ **ਕਬ**, ੧੬, ੩ : ੧ (1161)

ਪਰਲਾ— ਪੈਂਦਾ ਹੈ
"ਗੁਰ ਕਿਰਪਾ ਤੇ ਹਿਰਦੈ ਵਾਸੈ ਭਉ ਜਲੁ ਪਾਰਿ **ਪਰਲਾ**।" —ਰਾਮ ੫, ੧੨, ੧* : ੨ (891)

ਪਰਲੇ— ਨਾਸ
"ਵਿਚਿ ਦੇਹੀ ਦੋਖ ਅਸਾਧ ਪੰਚ ਧਾਤੂ ਹਰਿ ਕੀਏ ਖਿਨ **ਪਰਲੇ**।" —ਨਟ ੪, ੨, ੨ : ੨ (975)
ਹੋਰ ਰੂਪ — ਪਰਲੈ —
"ਭੰਨਣ ਘੜਣ ਸਮਰਥੁ ਹੈ ਓਪਤਿ ਸਭ **ਪਰਲੈ**।" (ਨਾਸ ਕਰਨ)
—ਮਾਰੂ ੫, ਵਾਰ ੨੩ : ੩ (1102)

ਪਰਲੋਕ— ਦੂਜਾ ਲੋਕ ਅਥਵਾ ਉਹ ਲੋਕ ਜੋ ਸਰੀਰ ਤਿਆਗਨ ਤੋਂ ਬਾਅਦ ਮਿਲਣਾ ਹੈ
"ਇਹ ਲੋਕ ਸੁਖੀਏ **ਪਰਲੋਕ** ਸੁਹੇਲੇ।"
—ਗਉ ੫, ਸੁਖ ੨੨, ੪ : ੯ (293)
ਹੋਰ ਰੂਪ — ਪਰਲੋਕਿ—
"ਇਹ ਲੋਕਿ **ਪਰਲੋਕਿ** ਸੰਗਿ ਸਹਾਈ ਜਤ ਕਤ ਮੋਹਿ ਰਖਵਾਲੇ।" (ਪਰਲੋਕ ਵਿਚ)
—ਧਨਾ ੫, ੩੨, ੧ : ੨ (679)

ਪਰਲੋਭ— ਪਰਾਏ ਦਾ ਲਾਲਚ
"ਮਿਥਿਆ ਮਨ **ਪਰਲੋਭ** ਲੁਭਾਵਹਿ।"
—ਗਉ ੫, ਸੁਖ ੫, ੫ : ੬ (269)
ਹੋਰ ਰੂਪ — ਪਰਲੋਭਾ—
"ਪਰਾਦਾਰਾ ਪਚ ਧਨੁ **ਪਰਲੋਭਾ** ਹਉਮੈ ਬਿਖੈ ਬਿਕਾਰ।" (ਪਰਾਏ ਦਾ ਲਾਲਚ)
—ਮਲਾ ੧, ੫, ੧ : ੨ (1255)

ਪਰਲੌ — ਪਰਲੋ, ਨਾਸ ਹੋਣ ਦੀ ਕਿਰਿਆ
"ਅਪੁਨੋ ਭਾਵਨੁ ਕਰਿ ਮੰਤ੍ਰਿ ਨ ਦੂਸਰੋ ਧਰਿ ਓਪਤਿ **ਪਰਲੌ** ਏਕੈ ਨਿਮਖਤੁ ਘਰਿ ।"
—ਸਮੁ ੫, ੨ : ੨ (1385)

ਪਰਵਸਿ — ਦੂਜਿਆਂ ਦੇ ਕਾਬੂ
"ਕਾਮ ਹੇਤਿ ਕੁੰਚਰੁ ਲੈ ਫਾਂਕਿਓ ਓਹ **ਪਰਵਸਿ** ਭਇਓ ਬਿਚਾਰਾ।"

—ਧਨਾ **੫**, ੨, ੨ : ੧ (671)

ਪਰਵਦਗਾਰ — ਪਾਲਣ ਵਾਲਾ (ਫਾ. ਪਰਵਰਦਗਾਰ)
"**ਪਰਵਦਗਾਰ** ਅਪਾਰ ਅਗਮ ਬੇਅੰਤ ਤੂ।"
—ਆਸਾ **ਫਰ**, ੧, ੩ : ੧ (488)

ਹੋਰ ਰੂਪ — ਪਰਵਦਗਾਰਾ—
"ਨਾਨਕੁ ਸਾਇਰੁ ਏਵ ਕਹਤੁ ਹੈ ਸਚੇ **ਪਰਵਦਗਾਰਾ**।" (ਪਾਲਣਹਾਰ ਪ੍ਰਭੂ)
—ਧਨਾ **੧**, ੨, ੨ : ੨ (660)

ਪਰਵਦਗਾਰੁ—
"**ਪਰਵਦਗਾਰੁ** ਸਾਲਾਹੀਐ ਜਿਸ ਦੇ ਚਲਤ ਅਨੇਕ।" (ਪਾਲਣਹਾਰ ਪ੍ਰਭੂ)
—ਸਿਰੀ **੫**, ੮੯, ੪ : ੧ (49)

ਪਰਵਦਗਾਰੋ—
"ਸਚੁ ਸਿਰੰਦਾ ਸਚਾ ਜਾਣੀਐ ਸਚੜਾ **ਪਰਵਦਗਾਰੋ**।" (ਪਾਲਣਹਾਰ ਪ੍ਰਭੂ)
—ਵਡ **੧**, ਅਲਾ ੩, ੧ : ੧ (580)

ਪਰਵਦਿਗਾਰ—
"ਨਿਤ ਜਪੀਐ ਸਾਸਿ ਗਿਰਾਸਿ ਨਾਉ **ਪਰਵਦਿਗਾਰ** ਦਾ।" (ਪਾਲਣਹਾਰ ਪ੍ਰਭੂ)
— ਗੂਜ **੫**, ਵਾਰ ੪ : ੧ (518)

ਪਰਵਦਿਗਾਰੁ—
"ਪਾਕੀ ਨਾਈ ਪਾਕ ਥਾਇ ਸਚਾ **ਪਰਵਦਿਗਾਰੁ**।"
—ਸਿਰੀ **੧**, ਅਸ ੧, ੧* : ੨ (53)

ਪਰਵਰਿਆ— ਵਡਾ/ਸ੍ਰੇਸ਼ਟ ਹੋਇਆ
"ਓਸੁ ਅੰਤਰਿ ਨਾਮੁ ਨਿਧਾਨੁ ਹੈ ਨਾਮੋ **ਪਰਵਰਿਆ**।"
— ਸਿਰੀ **੪**, ਵਾਰ ੧੧ : ੩ (87)
(ਮਹਾਨਕੋਸ਼ ਅਰਥ 'ਘਿਰਿਆ ਹੋਇਆ' ਕਰਦੇ ਹਨ)

ਪਰਵਰਿਅਉ— ਪ੍ਰਵਿਰਤ ਕੀਤਾ, ਪ੍ਰਵੇਸ਼ ਕੀਤਾ
"ਆਪਿ ਨਰਾਇਣੁ ਕਲਾ ਧਾਰਿ ਜਗ ਮਹਿ **ਪਰਵਰਿਅਉ**।" —ਸਵ **੩**, ੧੬ : ੧ (1395)

ਪਰਵਾਹ — 1. ਫਿਕਰ, ਚਿੰਤਾ, ਡਰ, ਮੁਥਾਜੀ ਬੁੜ
"ਤਉ **ਪਰਵਾਹ** ਕੇਹੀ ਕਿਆ ਕੀਜੈ।"
—ਆਸਾ **੧**, ੯, ੧* : ੧ (351)
"ਜਿਸ ਦਾ ਕੀਤਾ ਸਭੁ ਕਿਛੁ ਹੋਵੈ ਤਿਸ ਨੋ **ਪਰਵਾਹ** ਨਾਹੀ ਕਿਸੈ ਕੇਰੀ।"
—ਬਿਹਾ **੪**, ਵਾਰ ੧੬ : ੧ (554)

ਹੋਰ ਰੂਪ — ਪਰਵਾਹਾ—
"ਕਹੁ ਨਾਨਕ ਕਾਹੂ **ਪਰਵਾਹਾ** ਜਉ ਸੁਖ ਸਾਗਰੁ ਮੈਂ ਪਾਇਆ।"
—ਸਾਰ **੫**, ੪੧, ੨ : ੨ (1212)

2. ਵਹਾ, ਵਹਿਣ, ਵੇਗ
"ਰਿਧਿ ਸਿਧਿ ਨਵਨਿਧਿ ਜਾ ਕੈ ਅੰਮ੍ਰਿਤਾ **ਪਰਵਾਹ**।"
—ਮਾਰੂ **੫**, ਅਸ ੨, ੫ : ੧ (1017)
"ਪ੍ਰੇਮ ਭਗਤਿ **ਪਰਵਾਹ** ਪ੍ਰੀਤਿ ਪੁਬਲੀ ਨ ਹੁਟਇ।" — ਸਵ **੪**, ਕਲ ੮ : ੧ (1397)

ਪਰਵਾਣ— 1. ਮਾਨੀਨਯ
"ਪੰਚ **ਪਰਵਾਣ** ਪੰਚ ਪਰਧਾਨੁ।"
—ਜਪੁ **੧**, ੧੬ : ੧ (3)

2. ਕਬੂਲ
"ਜੋ ਤਿਸੁ ਭਾਵੈ ਸੋ **ਪਰਵਾਣ**।"
—ਮਲਾ **੧**, ੮, ੩ : ੪ (1257)

ਪਰਵਾਣਾ— 1. (ਫਾ—ਪਰਵਾਨਾ) ਚਿਠੀ ਭਾਵ ਹੁਕਮ, ਫੁਰਮਾਨ
"ਕਿਰਤੁ ਪਇਆ **ਪਰਵਾਣਾ** ਲਿਖਿਆ ਬਹੁੜਿ ਹੁਕਮੁ ਨ ਹੋਈ।" —ਆਸਾ **੧**, ੩੬, ੨ : ੧ (359)
"**ਪਰਵਾਣਾ** ਆਇਆ ਹੁਕਮਿ ਪਠਾਇਆ ਫੇਰਿ ਨ ਸਕੈ ਕੋਈ।" (ਹੁਕਮਨਾਮਾ)
—ਧਨਾ **੧**, ਛੰਤ ੨, ੧ : ੪ (688)

2. ਤੋਲ, ਵੱਟਾ, ਪਰਮਾਣ
"ਪਤਿ **ਪਰਵਾਣਾ** ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ।"
—ਆਸਾ **੧**, ਵਾਰ ੧੧ਸ, **੧**, ੨ : ੧੦ (469)

3. ਪਰਵਾਣ, ਕਬੂਲ
"ਹੋਵੈ **ਪਰਵਾਣਾ** ਕਰਹਿ ਧਿਙਾਣਾ ਕਲਿ ਲਖਣ ਵੀਚਾਰਿ।"
—ਰਾਮ **੧**, ਅਸ ੧, ੧* : ੨ (902)
(ਮਹਾਨਕੋਸ਼ ਇਸ ਦੇ ਅਰਥ 'ਗਿਆਤਾ' 'ਵਿਦਵਾਨ' ਕਰਦਾ ਹੈ)

ਹੋਰ ਰੂਪ — ਪਰਵਾਣਿ—
"ਆਤਮ ਰਾਮੁ ਲੇਹੁ **ਪਰਵਾਣਿ**।" (ਪਰਵਾਨ ਹੋ ਕੇ ਮਕਬੂਲ ਹੋ ਕੇ)
—ਗਉ **ਕਬ**, ਥਿਤੀ ੮ : ੨ (343)

ਪਰਵਾਣੁ— 1. ਮਾਪ, ਪੈਮਾਨਾ, ਵੱਟਾ
"ਅਮੁਲੁ ਤੁਲੁ ਅਮੁਲੁ **ਪਰਵਾਣੁ**।"
—ਜਪੁ **੧**, ੨੬ : ੬ (5)
"ਆਪੇ ਕੀਮਤਿ ਪਾਇਦਾ ਪਿਆਰਾ ਆਪੇ ਤੁਲੁ **ਪਰਵਾਣੁ**।" (ਪੈਮਾਣਾ)
—ਸੋਰ **੪**, ੫, ੪ : ੨ (606)
2. ਪ੍ਰਵਾਣਿਤ, ਮਾਨੀਨਯ
"ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ **ਪਰਵਾਣੁ**।"
('ਦਰਪਣ' ਅਰਥ, 'ਪ੍ਰਤੱਖ' ਕਰਦਾ ਹੈ)
— ਜਪੁ **੧**, ੩੦ : ੧ (7)
"ਤਿਥੈ ਸੋਹਨਿ ਪੰਚ **ਪਰਵਾਣੁ**।" (ਮੰਨੀ ਹੋਈ/ ਪ੍ਰਮਾਣਿਤ ਗੱਲ ਹੈ)
—ਜਪੁ **੧**, ੩੪ : ੯ (7)
"ਲਖ ਨੇਕੀਆ ਚੰਗਿਆਈਆ ਲਖ ਪੁੰਨਾ **ਪਰਵਾਣੁ**।" (ਮੰਨੇ ਹੋਏ)
—ਆਸਾ **੧**, ਵਾਰ ੮ਸ, **੧**, ੨ : ੧ (467)
3. ਕਬੂਲ, ਮਨਜੂਰ
"ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ **ਪਰਵਾਣੁ**।" (ਭਾਵ ਸਫਲ, ਸਕਾਰਥਾ)
—ਸਿਰੀ **੧** ,੪, ੩ : ੧ (15)
"ਨਾਨਕ ਆਏ ਸੇ **ਪਰਵਾਣੁ** ਹਹਿ ਜਿਨ ਗੁਰਮਤੀ ਹਰਿ ਧਿਆਇ।"
—ਸਿਰੀ **੩**, ੩੮, ੪ : ੩ (28)
"ਲਬਿ ਨ ਚਲਈ ਸਚਿ ਰਹੈ ਸੋ ਵਿਸਟੁ **ਪਰਵਾਣੁ**।"
—ਮਾਝ **੧**, ਵਾਰ ੨੨ਸ, **੨**, ੨ : ੫ (148)
"ਹਰਿ ਅਬਿਨਾਸੀ ਸਦਾ ਥਿਰ ਨਿਹਚਲੁ ਤਿਸੁ ਮੇਰੇ ਮਨ ਭਜੁ **ਪਰਵਾਣੁ**।" (ਮਨਜੂਰ ਹੋ ਜਾ) —ਗੋਂਡ **੪**, ੪, ੧ : ੨ (861)
ਹੋਰ ਰੂਪ — ਪਰਵਾਣੋ—
"ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ **ਪਰਵਾਣੋ**।" (ਕਬੂਲ ਹੋਵੇ)
—ਵਡ **੧**, ਅਸ ੨, ੩ : ੧ (580)
3. ਪ੍ਰਮਾਣੀਕ
"ਤੂੰ ਦਾਤਾ ਨਾਮੁ **ਪਰਵਾਣੁ**।"
—ਬਿਲਾ **੧**, ੩, ੧ : ੪ (796)

ਪਰਵਾਣੋ— 1. ਕਬੂਲ, ਪਰਵਾਨ, ਵੇਖੋ 'ਪਰਵਾਣੁ' (3)
2. ਪ੍ਰਵਾਨ ਕਰੋ
"ਜਿਨਿ ਜਗੁ ਥਾਪਿ ਵਤਾਇਆ ਜਾਲੋ ਸੋ ਸਾਹਿਬੁ **ਪਰਵਾਣੋ**।"
— ਵਡ **੧**, ਅਲਾ ੪, ੧ : ੬ (581)

ਪਰਵਾਨ— 1. ਕਬੂਲ, ਮਨਜੂਰ
"ਪ੍ਰਭ ਕਉ ਸਿਮਰਹਿ ਸੇ ਜਨ **ਪਰਵਾਨ**।"
—ਗਉ **੫**, ਸੁਖ ੧, ੫ : ੩ (263)
ਹੋਰ ਰੂਪ — ਪਰਵਾਨਾ—
"ਜਿਤੁ ਸੇਵਿਐ ਦਰਗਹ ਪਤਿ **ਪਰਵਾਨਾ**।" (ਕਬੂਲ ਪੈਂਦੀ ਹੈ)
—ਗਉ **੩**, ੨੨, ੧ : ੩ (159)
2. ਸਫਲ
"ਜਿਨ ਸੰਤਨ ਜਾਨਿਆ ਤੂ ਠਾਕੁਰ ਤੇ ਆਏ **ਪਰਵਾਨੇ**।"—ਸਾਰ **੫**, ੬੪, ੨ : ੧ (1217)
ਹੋਰ ਰੂਪ — ਪਰਵਾਨਾ—
"ਧੰਨੁ ਸੁਵੇਲਾ ਜਿਤੁ ਹਰਿ ਗਾਵਤ ਸੁਨਣਾ ਆਏ ਤੇ **ਪਰਵਾਨਾ** ਜੀਉ।"
—ਮਾਝ **੫**, ੨੯, ੧ : ੨ (103)
3. ਪ੍ਰਮਾਣਿਕ
"ਹਰਿ ਹਰਿ ਦਰਸ ਸਮਾਨ ਆਤਮਾਵੰਤ ਗਿਆਨ ਜਾਣੀਆ ਅਕਲਗਤਿ ਗੁਰ **ਪਰਵਾਨ**।"
—ਸਵ **੨**, ੪ : ੨ (1391)

ਪਰਵਾਨਾ— 1. ਕਬੂਲ ਪੈਣਾ, ਵੇਖੋ 'ਪਰਵਾਨਾ' (1)
ਹੋਰ ਰੂਪ — ਪਰਵਾਨਾਂ—
"ਮਨ ਓਇ ਦਿਨਸ ਧੰਨਿ **ਪਰਵਾਨਾ**।" (ਕਬੂਲ)
—ਸਾਰ **੫**, ੪੬, ੧* : ੧ (1213)
ਪਰਵਾਨਿਆ—
"ਧੰਨੁ ਸਤੀ ਦਰਗਹ **ਪਰਵਾਨਿਆ**।" (ਕਬੂਲਿਆ ਗਿਆ ਹੈ)
—ਗਬ **੫**, ੯੯, ੪ : ੨ (185)
2. ਸਫਲ, ਵੇਖੋ 'ਪਰਵਾਨ' (2)
3. ਚਿਠੀ, ਪੱਤਰ, ਲੇਖ, ਹੁਕਮਨਾਮਾ
"ਪਤਿ **ਪਰਵਾਨਾ** ਸਾਚ ਕਾ ਪਿਆਰੇ ਨਾਮੁ ਸਚਾ ਨੀਸਾਣੁ।"
—ਸਾਰ **੧**, ਅਸ ੩, ੩ : ੧ (636)
"ਲਿਖਿਆ ਕਿਰਤੁ ਧੁਰੇ **ਪਰਵਾਨਾ**।"
—ਰਾਮ **੧**, ਓਅੰ ੨੪ : ੬ (932)

4. ਪ੍ਰਮਾਣਿਤ, ਪੁਸ਼ਟਿਤ ਕੀਤਾ ਹੋਇਆ
"ਪਤਿ ਮਤਿ ਪੂਰੀ ਪੂਰਾ **ਪਰਵਾਨਾ** ਨਾ ਆਵੈ ਨ ਜਾਸੀ।" —ਸੂਹੀ **੧**, ਛੰਤ ੩, ੪ : ੫ (765)
('ਦਰਪਣ' ਇਸ ਦੇ ਅਰਥ 'ਹੁਕਮ' ਕਰਦਾ ਹੈ, ਸ਼ਬਦਾਰਥ, ਉਹ ਚਿੱਠੀ ਜਿਸ ਨਾਲ ਕਿਸੇ ਦੀ ਹਜ਼ੂਰੀ ਵਿਚ ਜਾਣ ਦੀ ਆਗਿਆ ਮਿਲੇ)

ਪਰਵਾਨੀ— ਪ੍ਰਤਿਬਿੰਬ, ਪਰਛਾਈ
"ਜੈਸੇ ਦਰਪਨ ਮਾਹਿ ਬਦਨ **ਪਰਵਾਨੀ**।"
—ਕਾਨ **ਨਾਮ**, ੧, ੧* : ੨ (1318)

ਪਰਵਾਨੁ— 1. ਕਬੂਲ, ਮਨਜ਼ੂਰ
"ਐਥੈ ਧੰਧੁ ਪਿਟਾਈਐ ਸਚੁ ਲਿਖਤੁ **ਪਰਵਾਨੁ**।"
—ਸਿਰੀ **੧**, ੧੯, ੪ : ੧ (21)
"ਤੂ ਮੇਰੀ ਗਤਿ ਪਤਿ ਤੂ **ਪਰਵਾਨੁ**।" (ਤੂੰ ਭਾਵ ਤੇਰਾ ਹੁਕਮ ਮੈਨੂੰ ਪ੍ਰਵਾਨ ਹੈ)
—ਆਸਾ **੫**, ੭੪, ੩ : ੧ (389)
(ਸ਼ਬਦਾਰਥ ਇਸ ਦੇ ਅਰਥ ਪਰਵਾਨ ਕਰਨ ਵਾਲਾ ਕਰਦੇ ਹਨ)

ਹੋਰ ਰੂਪ — ਪਰਵਾਣੋ—
"ਦੇਵੈ ਸਚੁ ਦਾਨੋ ਸੋ **ਪਰਵਾਣੋ** ਸਦ ਦਾਤਾ ਵਡਦਾਣਾ।" (ਕਬੂਲ ਹੈ)
—ਤੁਖਾ **੧**, ਛੰਤ ੫, ੪ : ੩ (1112)

ਪਰਵਾਨੋੁ—
"ਜੋ ਤਿਸੁ ਭਾਵੈ ਨਾਨਕਾ ਹੁਕਮੁ ਸੋਈ **ਪਰਵਾਨੋੁ**।" —ਸਿਰੀ **੧**, ੩੧, ੪ : ੩ (25)

2. ਜੋ ਮੰਨੀ ਗਈ ਹੈ, ਪ੍ਰਸਿਧ, ਮੰਨਿਆ ਪ੍ਰਮੰਨਿਆ
"ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ **ਪਰਵਾਨੁ**।"—ਮਾਝ **੫**, ਬਾਰਾ ੧੨ : ੬ (136)

3. ਸਫਲ, ਕਬੂਲ
"ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ **ਪਰਵਾਨੁ**।"
— ਆਸਾ **੧**, ਵਾਰ ੨੨ਸ, **੨**, ੧ : ੪ (474)

4. ਮਾਪ, ਪੈਮਾਨਾ
"ਇਸ ਪਤੀਆ ਕਾ ਇਹੈ **ਪਰਵਾਨੁ**।"
—ਭੈਰ **ਨਾਮ**, ੧੦, ੨੪ : ੧ (1166)
(ਮਹਾਨਕੋਸ਼ ਇਸ ਦੇ ਅਰਥ 'ਨਤੀਜਾ' ਫਲ ਕਰਦਾ ਹੈ)

5. ਪ੍ਰਮਾਣੀਕ
"ਤੈ ਤਾ ਹਦਰਥਿ ਪਾਇਓ ਮਾਨੁ ਸੇਵਿਆ ਗੁਰ **ਪਰਵਾਨੁ** ਸਾਧਿ ਅਜਗਰੁ ਜਿਨਿ ਕੀਆ ਉਨਮਾਨੁ।" —ਸਵ **੨**, ੪ : ੨ (1391)

ਪਰਵਾਰ— ਟਬਰ
"ਓਇ ਆਪਿ ਛੁਟੇ **ਪਰਵਾਰ** ਸਿਉ ਤਿਨ ਪਿਛੈ ਸਭੁ ਜਗਤੁ ਛੁਟੀਵੇ।" —ਸਿਰੀ **੪**, ੩ : ੫ (83)
"ਬਿਲਛਿ ਬਿਨੋਦ ਆਨੰਦ ਸੁਖ ਮਾਣਹੁ ਖਾਇ ਜੀਵਹੁ ਸਿਖ **ਪਰਵਾਰ**।" (ਭਾਵ ਸਬੰਧੀ)
—ਸੋਰ **੫**, ੩੮, ੧ : ੨ (618)

ਹੋਰ ਰੂਪ — ਪਰਵਾਰਾ—
"ਹਰਿ ਨਾਮੁ ਹਮਾਰੀ ਸੰਗਤਿ ਅਤਿ ਪਿਆਰੀ ਹਰਿ ਨਾਮੁ ਕੁਲੁ ਹਰਿ ਨਾਮੁ **ਪਰਵਾਰਾ**।" (ਪਰਵਾਰ, ਟਬਰ)
—ਵਡ **੪**, ਵਾਰ ੧੫ : ੪ (592)

ਪਰਵਾਰਾ— 1. ਟੱਬਰ, ਕੁਟੰਬ, ਵੇਖੋ 'ਪਰਵਾਰ'
2. ਆਰ ਪਾਰ, ਹਦਬੰਨਾ, ਪਾਰਾਵਾਰ
"ਕੋਇ ਨ ਜਾਣੈ ਤੇਰਾ **ਪਰਵਾਰਾ**।"
—ਮਾਰੂ **੩**, ਸੋਲਾ ੧੨, ੪ : ੨ (1060)

ਪਰਵਾਰਿ— ਪਰਵਾਰ/ਟਬਰ ਵਿਚ
"ਜਾ ਤਿਸੁ ਭਾਣਾ ਤਾ ਜੰਮਿਆ **ਪਰਵਾਰਿ** ਭਲਾ ਭਾਇਆ।" (ਪਰਵਾਰ ਵਿਚ ਚੰਗਾ ਲੱਗਾ)
—ਰਾਮ **੩**, ਅਨੰ ੨੯ : ੩ (921)

ਹੋਰ ਰੂਪ — ਪਰਵਾਰਿਆ—
"ਸਾਧ ਜਨਾ ਹੋਏ ਕਿਰਪਾਲਾ ਬਿਗਸੇ ਸਭਿ **ਪਰਵਾਰਿਆ**।"
—ਬਿਲਾ **੫**, ੨੩, ੧ : ੨ (806)

ਪਰਵਾਰੀ—
"ਸੰਤ ਜਨਾ ਕੀ ਕਥਾ ਨ ਭਾਵੈ ਓਇ ਡੂਬੇ ਸਣੁ **ਪਰਵਾਰੀ**।" (ਪਰਵਾਰ)
—ਗੂਜ **੪**, ਅਸ ੧, ੫ : ੨ (507)

ਪਰਵਾਰੁ—
"ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ **ਪਰਵਾਰੁ**।" (ਤੇਰੀ ਮਿਹਰ ਦੀ ਨਜ਼ਰ ਮੇਰਾ ਕੁਟੰਬ ਹੈ) —ਸਿਰੀ **੧**, ੨, ੪ : ੧ (16)

ਪਰਵਾਰੇ—
"ਮੋਹਨ ਤੂੰ ਸੁਫਲੁ ਫਲਿਆ ਸਣੁ **ਪਰਵਾਰੇ**।" (ਟਬਰ, ਕੁਟੰਬ)
—ਗਉ **੫**, ਛੰਤ ੨, ੪ : ੧ (248)

"ਤਾਪੁ ਛੋਡਿ ਗਇਆ **ਪਰਵਾਰੇ**।" (ਪਰਵਾਰ ਨੂੰ) —ਸੋਰ **੫**, ੫੬, ੧ : ੨ (622)

ਪਰਵਾਰੈ —
"ਮੰਨੈ **ਪਰਵਾਰੈ** ਸਾਧਾਰੁ।" (ਪਰਵਾਰ ਨੂੰ) —ਜਪੁ **੧**, ੧੫ : ੨ (3)

ਪਰਵਾਲਾ— ਮੂੰਗਾ, ਸੁਚਾ ਨਗ
"ਸੁਇਨੇ ਕਾ ਬਿਰਖੁ ਪਤ **ਪਰਵਾਲਾ** ਫੁਲ ਜਵੇਹਰ ਲਾਲ।"—ਮਾਝ **੧**, ਵਾਰ ੨੦ਸ, **੧**, ੨ : ੧ (147)

ਹੋਰ ਰੂਪ — ਪਰਵਾਲੇ—
"ਨਾਮੁ ਨਿਧਾਨੁ ਹਰਿ ਵਣਜੀਐ ਹੀਰੇ **ਪਰਵਾਲੇ**।" —ਗਉ **੪**, ਵਾਰ ੧੫ : ੩ (309)

ਪਰਵਿਦਗਾਰ— ਪਾਲਣਹਾਰ ਭਾਵ ਪ੍ਰਭੂ
"ਜਿਨਿ ਇਹੁ ਜਮੂਆ ਸਿਰਜਿਆ ਸੁ ਜਪਿਆ **ਪਰਵਿਦਗਾਰ**।" — ਸੋਲ **ਫਰ**, ੧੪੦ : ੨ (1371)

ਪਰਵਿਰਤਿ— 1. (ਸੰ. ਪ੍ਰਵ੍ਰਤਿ) ਹੋਰਨਾਂ ਵਿਚ ਲਗਨ ਵਾਲਾ ਭਾਵ ਗ੍ਰਿਹਸਥੀ, ਸੰਸਾਰੀ
"ਆਪਿ **ਪਰਵਿਰਤਿ** ਆਪਿ ਨਿਰਵਿਰਤੀ ਆਪੇ ਅਕਥੁ ਕਥੀਜੈ।" —ਬਿਹਾ **੪**, ਵਾਰ ੮ : ੩ (551)
"ਕਿਨਹੀ ਕੀਆ **ਪਰਵਿਰਤਿ** ਪਸਾਰਾ।" (ਭਾਵ ਸੰਸਾਰਿਕ) —ਰਾਮ **੫**, ਅਸ ੧, ੧ : ੧ (912)
2. ਗ੍ਰਹਿਣ ਕਰਨ ਯੋਗ, ਧਾਰਨ ਕਰਨ ਯੋਗ
"ਗੁਰਮੁਖਿ **ਪਰਵਿਰਤਿ** ਨਰ ਵਿਰਤਿ ਪਛਾਣੈ।" —ਰਾਮ **੧**, ਸਿਗੋ ੩੧ : ੪ (941)
3. ਦੂਜਿਆਂ ਦੀ ਰਸਮ ਰੀਤ
"**ਪਰਵਿਰਤਿ** ਨ ਪੜਹੁ ਰਹੀ ਸਮਝਾਇ।" —ਭੈਰ **੩**, ਅਸ ੧, ੩ : ੨ (1154)

ਪਰਵਿਰਤੀ— (ਸੰ. ਪਰਿਵ੍ਰ=ਤਿ) ਵਾਪਸ ਆਉਣ ਦੀ ਕਿਰਿਆ, ਸੰਸਾਰ ਵਲ ਮੁੜਨਾ
"ਹਰਿ ਪਹਿਲੜੀ ਲਾਵ **ਪਰਵਿਰਤੀ** ਕਰਮ ਦ੍ਰਿੜਾਇਆ ਬਲਿ ਰਾਮ ਜੀਉ।" (ਗ੍ਰਿਹਸਥ ਧਰਮ ਦੇ ਫਰਜ਼) —ਸੂਹੀ **੪**, ਛੰਤ ੨, ੧ : ੧ (773)
2. ਵਿਹਾਰਕ ਅਵਸਕਾ, ਗ੍ਰਹਿਣ ਕਰਨ ਦੀ ਅਵਸਥਾ
"**ਪਰਵਿਰਤੀ** ਨਰਵਿਰਤਿ ਪਛਾਣੈ।" —ਮਾਰੂ **੧**, ਸੋਲਾ ੨, ੧੪ : ੧ (1027)

ਪਰਵੇਸ— 1. ਵਸਨਾ, ਸਥਿਤ ਹੋਣਾ, ਨਿਵਾਸ ਹੋਣਾ
"ਰਾਮ ਨਾਮ ਹਿਰਦੈ **ਪਰਵੇਸ**।" —ਗਉ **੫**, ੯੭, ੩ : ੪ (185)
2. ਪਹੁੰਚ, ਵਸਾਈ
"ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ ਪਰਮਾਰਥ **ਪਰਵੇਸ** ਨਹੀ।"—ਸੋਰ **ਰਵਿ**, ੩, ੨:੨ (658)
3. ਲੀਨਤਾ, ਸਮਾ ਜਾਣ
"ਜਿਸ ਤੇ ਉਪਜੇ ਤਿਸੁ ਮਹਿ **ਪਰਵੇਸ**।" —ਰਾਮ **੫**, ੪੯, ੪ : ੨ (898)

ਪਰਵੇਸਾ— 1. ਪਰਾਇਆ ਵੇਸ, ਸ੍ਵਾਂਗ, ਹੋਰ ਰੂਪ
"ਅਨਿਕ ਜੋਨਿ ਭ੍ਰਮਿਓ ਭ੍ਰਮ ਭੀਤਰਿ ਸੁਖਹਿ ਨਾਹੀ **ਪਰਵੇਸਾ** ਰੇ।" —ਆਸਾ **੫**, ੧੩੦, ੧ : ੨ (404)
2. ਪ੍ਰਵੇਸ਼ ਕੀਤਾ, ਆ ਵਸਿਆ/ਟਿਕਿਆ
"ਗੁਰ ਕੇ ਚਰਨ ਰਿਦੈ **ਪਰਵੇਸਾ**।" —ਦੇਵ **੫**, ੧੮, ੧* : ੧ (531)
3. ਟਿਕਾਣਾ, ਨਿਵਾਸ
"ਏਹੁ ਸਦੇਸਾ ਪ੍ਰਭ ਜੀਉ ਕੈਸਾ ਕਹ ਮੋਹਨ **ਪਰਵੇਸਾ**।" —ਸਾਰ **੫**, ਛੰਤ ੧, ੩ : ੩ (1237)

ਪਰਵੇਸੁ— 1. ਦਖਲ, ਪਹੁੰਚ, ਰਸਾਈ
"ਤਿਹੁ ਗੁਣ ਕਾ ਨਾਹੀ **ਪਰਵੇਸੁ**।" —ਗਉ **੫**, ਸੁਖ ੨੧, ੬ : ੪ (291)
2. ਨਿਵਾਸ
"ਗੁਰੁ ਪੂਰਾ ਜਿਸੁ ਭੇਟਿਆ ਤਾ ਕੈ ਸੁਖਿ **ਪਰਵੇਸੁ**।" —ਬਿਲਾ **੫**, ੫੪, ੧* : ੧ (814)

ਪਰਵੇਲਿ— ਪਰਾਈ ਇਸਤ੍ਰੀ
"ਕਿਆ ਗਾਲਾਇਓ ਭੂਛ **ਪਰਵੇਲਿ** ਨ ਜੋਹੇ ਕੰਤ ਤੂ।" —ਮਾਰੂ **੫**, ਵਾਰ ੪ਸ, **੫**, ੩ : ੧ (1095)

ਪਰਾ— 1. ਪਰ੍ਹੇ
"ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ **ਪਰਾ**।" —ਗਉ **੫**, ੧ਸ : ੪ (250)
(ਮਹਾਨਕੋਸ਼ ਇਸ ਦੇ ਅਰਥ 'ਸ੍ਰੇਸ਼ਟ' ਉਤਮ ਕਰਦਾ ਹੈ)
2. ਪਿਛਲੇਰਾ
"**ਪਰਾ** ਪੂਰਬਲਾ ਅੰਕੁਰੁ ਜਾਗਿਆ।" —ਸੋਰ **੫**, ੨੨, ੨ : ੧ (627)

3. ਪਿਆ, ਪੜਾ, ਹੋ ਗਿਆ
"ਨਾਵ ਰੂਪ ਭਇਓ ਸਾਧ ਸੰਗੁ ਭਵਨਿਧਿ ਪਾਰਿ **ਪਰਾ**।" — ਜੈਤ ੫, ੬, ੨ : ੧ (701)
"ਮਤ ਹਰਿ ਪੂਛੈ ਕਉਨੁ ਹੈ **ਪਰਾ** ਹਮਾਰੇ ਬਾਰ।" —ਸਲੋ **ਕਬ**, ੬੧ : ੨ (1367)

ਪਰਾਇ— ਹੋ ਗਿਆ, ਹੋ ਪਿਆ
"ਅੰਚਲੁ ਗਹਿਆ ਸਾਧ ਕਾ ਨਾਨਕ ਭੈ ਸਾਗਰੁ ਪਾਰਿ **ਪਰਾਇ**।" —ਆਸਾ **੫**, ਬਿਰ ੧, ੮ : ੧ (431)

ਪਰਾਇਓ— 1. ਪਰਾਇਆ, ਬਿਗਾਨਾ
"ਜੋ **ਪਰਾਇਓ** ਸੋਈ ਅਪਨਾ।" —ਗਉ **੫**, ੯੮, ੧ : ੧ (185)
2. ਪਿਆ, ਹੋ ਗਿਆ
"ਦੂਰਿ **ਪਰਾਇਓ** ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ।" —ਧਨਾ **੫**, ੩, ੩ : ੨ (671)

ਪਰਾਇਆ— 1. ਬਿਗਾਨਾ, ਪਰਾਇਆ
"ਝੂਠਾ ਰੁਦਨੁ ਹੋਆ ਦੋੁਆਲੈ ਖਿਨ ਮਹਿ ਭਇਆ **ਪਰਾਇਆ**।"—ਸਿਰੀ **੧**, ਪਰ ੧, ੪ : ੪ (75)
ਹੋਰ ਰੂਪ — ਪਰਾਇਐ—
"ਅਪਨਾ ਛੋਡਿ **ਪਰਾਇਐ** ਰਾਤਾ।" (ਬਿਗਾਨੇ) —ਮਾਰੂ **੫**, ੧੯, ੨ : ੫ (1004)
2. ਹੋ ਗਿਆ, ਜਾ ਪਿਆ
"ਸਭਿ ਸੁਖ ਪਰਗਟਿਆ ਦੁਖ ਦੂਰਿ **ਪਰਾਇਆ** ਰਾਮ।" —ਬਿਹਾ **੫**, ਛੰਤ ੨, ੫ : ੨ (547)

ਪਰਾਇਣ— ਆਸਰਾ, ਆਧਾਰ
"ਪ੍ਰੇਮ **ਪਰਾਇਣ** ਪ੍ਰੀਤਮ ਰਾਉ।" (ਵਸ ਵਿਚ) —ਗਉ **੫**, ਅਸ ੪, ੫ : ੩ (222)
"ਦੀਨਾ ਨਾਥ ਭਗਤ **ਪਰਾਇਣ**।" (ਆਸਰਾ) —ਸੂਹੀ **੫**, ਅਸ ੨, ੧* : ੨ (760)
"ਜੈਸੀਂ ਮੂੜ ਕੁਟੰਬ **ਪਰਾਇਣ**।" —ਭੈਰ **ਨਾਮ**, ੨, ੧ : ੩ (1164)
(ਮਹਾਨਕੋਸ਼ ਅਰਥ ਤਤਪਰ ਲਗਾ ਹੋਇਆ ਪ੍ਰਵਿਰਤ ਕਰਦਾ ਹੈ)

ਪਰਾਇਣਾ— ਪਈਦਾ ਹੈ
"ਸਤਿ ਪੁਰਖੁ ਸਤਿਗੁਰੁ ਪਰਮੇਸਰੁ ਜਿਸ ਭੇਟਤ ਪਾਰਿ **ਪਰਾਇਣਾ**।" —ਮਾਰੂ **੫**, ਸੋਲ ੨, ੫:੩ (1078)

ਪਰਾਇਣਿ— ਆਸਰਾ
"ਸਾਕਤ ਕੀ ਓਹ ਪਿੰਡ **ਪਰਾਇਣਿ**।" —ਗੋਂਡ **ਕਬ**, ੭, ੩ : ੩ (872)
"ਗੁਰ ਕੀ ਸੇਵਾ ਮੁਕਤਿ **ਪਰਾਇਣਿ** ਅਨਦਿਨੁ ਕੀਰਤਨੁ ਕੀਨਾ ਹੇ।" (ਆਸਰਾ ਭਾਵ ਵਸੀਲਾ) —ਮਾਰੂ **੧**, ਸੋਲਾ ੮, ੧੧ : ੩ (1028)
ਹੋਰ ਰੂਪ — ਪਰਾਇਣੁ—
"ਨਾਨਕ ਗੁਰਮੁਖਿ ਮੁਕਤਿ **ਪਰਾਇਣੁ** ਹਰਿ ਪੂਰੈ ਭਾਗਿ ਮਿਲਾਇਆ।" —ਮਾਰੂ **੧**, ਸੋਲਾ ੨੧, ੧੦ : ੩ (1042)

ਪਰਾਈ— 1. ਬਿਗਾਨੀ, ਦੂਸਰੇ ਦੀ
"ਵਸਤੁ **ਪਰਾਈ** ਅਪੁਨੀ ਕਰਿ ਜਾਨੈ ਹਉਮੈ ਵਿਚਿ ਦੁਖੁ ਘਾਲੇ।" —ਮਾਝ **੧**, ਵਾਰ ੪ਸ, **੧**, ੨ : ੪ (139)
"ਹੁਕਮੁ ਭਇਆ ਬਾਹਰੁ ਘਰੁ ਛੋਡਿਆ ਖਿਨ ਮਹਿ ਭਈ **ਪਰਾਈ**।" (ਓਪਰੀ, ਬਿਗਾਨੀ ਜਿਸ ਨਾਲ ਕੋਈ ਸਬੰਧ ਨਾ ਹੋਵੇ) —ਸੋਰ **੧**, ੩, ੧ : ੩ (596)
ਹੋਰ ਰੂਪ — ਪਰਾਈਆ —
"ਤਕਹਿ ਨਾਰਿ **ਪਰਾਈਆ** ਲੁਕਿ ਅੰਦਰਿ ਠਾਣੀ।" (ਦੂਜਿਆਂ ਦੀਆਂ ਬਿਗਾਨੀਆਂ) —ਗਉ **੪**, ਵਾਰ ੨੨ : ੨ (315)
ਪਰਾਏ—
"ਜਿਉ ਰਾਖਾ ਖੇਤ ਊਪਰਿ **ਪਰਾਏ**।" (ਬਿਗਾਨੇ) —ਗਉ **੫**, ੮੦, ੩ : ੧ (179)
2. ਹੋ ਗਿਆ, ਪੈ ਗਿਆ
"ਗੁਰ ਪ੍ਰਸਾਦਿ ਭਉ ਪਾਰਿ **ਪਰਾਈ**।" —ਆਸਾ **੫**, ੩੩, ੨ : ੨ (378)
"ਮਿਲਿ ਸਾਧੂ ਹਰਿ ਜਸੁ ਗਾਵੈ ਨਾਨਕੁ ਭਉਜਲੁ ਪਾਰਿ **ਪਰਾਈ**।" —ਗੂਜ **੫**, ੧੨, ੨:੨ (499)

ਪਰਾਹੀ— ਪੈ ਗਈ, ਹੋ ਗਈ
"ਨਾਮੁ ਜਪਤ ਤਹ ਪਾਰਿ **ਪਰਾਈ**।" —ਗਉ **੫**, ਸੁਖ ੨, ੩ : ੨ (264)

ਪਰਾਹੁਣਾ— ਮਹਿਮਾਨ, ਅਤਿਥੀ
"ਭਲਕੇ ਉਠਿ **ਪਰਾਹੁਣਾ** ਮੇਰੈ ਘਰਿ ਆਵਉ।" (ਸੰਤ ਪਰਾਹੁਣਾ) —ਗਉ **੫**, ੧ਸ, **੫**, ੨ : ੧ (318)

ਹੋਰ ਰੂਪ — ਪਰਾਹੁਣੀ—
"ਫਰੀਦਾ ਪੰਖ **ਪਰਾਹੁਣੀ** ਦੁਨੀ ਸੁਹਾਵਾ ਬਾਗ" (ਮਹਿਮਾਨ ਇਸਤ੍ਰੀ)
—ਸਲੋ **ਫਰ**, ੭੯ : ੧ (1382)

ਪਰਾਹੁਣੇ —
"ਜੈਸੇ ਰੈਣਿ **ਪਰਾਹੁਣੇ** ਉਠਿ ਚਲਸਹਿ ਪ੍ਰਭਾਤਿ।" (ਮਹਿਮਾਨ)
— ਸਿਰੀ **੫**, ੯੨, ੨ : ੧ (50)

ਪਰਾਕਉ — ਉਤਮ, ਪ੍ਰਾਕ੍ਰਮ
"ਅਖੀ ਅੰਧੁ ਜੀਭ ਰਸੁ ਨਾਹੀ ਰਹੇ **ਪਰਾਕਉ** ਤਾਣਾ।" — ਸਿਰੀ **੧**, ਪਹ ੨, ੪ : ੩ (76)

ਪਰਾਕੁਇ — ਪ੍ਰਾਕ੍ਰਮ, ਬਲ
"ਸਤਿਗੁਰ ਆਤਮ ਦੇਵ ਦੀ ਖੜਗਿ ਜੋਰਿ **ਪਰਾਕੁਇ** ਜੀਅ ਦੈ।"
— ਰਾਮ **ਬਸ**, ਵਾਰ ੧ : ੫ (966)

ਪਰਾਕ੍ਰਿਤਹ — ਦੂਜੇ ਦੀ ਕ੍ਰਿਤ, ਦੂਜੇ ਦੀ ਸੇਵਾ/ਟਹਿਲ
"ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ **ਪਰਾਕ੍ਰਿਤਹ**।"
— ਆਸਾ **੧**, ਵਾਰ ੧੨ਸ, **੨**, ੩ : ੨ (469)

ਪਰਾਖਾ — ਪਰਖਿਆ, ਜਾਂਚ ਕੀਤੀ
"ਦੀਨ ਦਇਆਲਿ ਮਿਲਾਇਓ ਗੁਰੁ ਸਾਧੂ ਗੁਰਿ ਮਿਲਿਐ ਹੀਰੁ **ਪਰਾਖਾ**।"
— ਜੈਤ **੪**, ੨, ੧* : ੨ (696)

ਹੋਰ ਰੂਪ — ਪਰਾਖੈ —
"ਆਪੇ ਦਾਨਾ ਸਚੁ **ਪਰਾਖੈ**।" (ਪਰਖਦਾ ਹੈ)
— ਮਾਰੂ **੧**, ਸੋਲਾ ੧੨, ੫ : ੨ (1032)

ਪਰਾਗ — ਪਰੰਗਤ, ਸੁਤੰਤਰ
"ਨਾਨਕ ਜਾ ਤੇ ਪਰਹਿ **ਪਰਾਗ**।"
— ਗਉ **੫**, ਬਾਅ ੪੧ : ੮ (259)

ਪਰਾਛਤ — ਪਾਪ
"ਏਕੁ ਅਰਾਧਿ **ਪਰਾਛਤ** ਗਏ।"
— ਗਉ **੫**, ਸੁਖ ੧੯, ੮ : ੮ (289)
"ਸਗਲ **ਪਰਾਛਤ** ਲਾਥੇ।"
— ਸੋਰ **੫**, ੫੨, ੩ : ੧ (621)

ਪਰਾਢੇ — ਪਰਲੇ ਪਾਸੇ/ਪਾਰ ਕਰਉ ਦਿਤੇ
"ਪਰਉਪਕਾਰੁ ਪੁੰਨੁ ਬਹੁ ਕੀਆ ਭਉ ਦੁਤਰੁ ਤਾਹਿ **ਪਰਾਢੇ**।" — ਗਉ **੪**, ੫੯, ੨ : ੨ (171)

ਪਰਾਣ — ਸ੍ਵਾਸ, ਦਮ, ਜਾਨ
"ਸੋ ਕਿਉ ਮਨਹੁ ਵਿਸਾਰੀਐ ਜਾ ਕੇ ਜੀਅ **ਪਰਾਣ**।"
— ਸਿਰੀ **੧**, ਪ, ੪ : ੧ (16)

ਹੋਰ ਰੂਪ — ਪਰਾਣਾ —
"ਨਾਨਕੁ ਬਿਨਵੈ ਤਿਸੈ ਸਰੇਵਹੁ ਜਾ ਕੇ ਜੀਅ **ਪਰਾਣਾ**।" (ਸ੍ਵਾਸ, ਜਾਨ)
— ਧਨਾ **੧**, ੨, ੧ : ੨ (660)
"ਸੁਣਿ ਬਾਵਰੇ ਸੇਵਿ ਠਾਕੁਰੁ ਨਾਥੁ **ਪਰਾਣਾ**।" (ਸ੍ਵਾਸਾਂ ਦਾ)
— ਸੂਹੀ **੫**, ਛੰਤ ੧, ੨ : ੧ (777)

ਪਰਾਣੀ — 1. ਪ੍ਰਾਣਾਂ (ਸੁਆਸ ਲੈਣ) ਵਾਲਾ ਜੀਵ, ਭਾਵ ਮਨੁੱਖ, ਪ੍ਰਾਣਧਾਰੀ ਜੀਵ
"ਗੁਰਮੁਖਿ ਨਾਮੁ ਸਮਾਲਿ **ਪਰਾਣੀ** ਅੰਤੇ ਹੋਇ ਸਖਾਈ।" — ਸਿਰੀ **੫**, ਪਹ, **੪**, ੪ : ੩ (77)

ਹੋਰ ਰੂਪ — ਪਰਾਣੀਆ —
"ਰੰਗ ਰੂਪ ਰਸ ਬਾਦਿ ਕਿ ਕਰਹਿ **ਪਰਾਣੀਆ**।" (ਹੇ ਪ੍ਰਾਣੀ)
— ਗਉ **੫**, ਵਾਰ ੧੬ਸ, **੫**, ੨ : ੫ (322)

2. ਸਮਝੀ, ਪਛਾਤੀ, ਜਾਣੀ
"ਪੂਰੇ ਗੁਰ ਕੀ ਸੁਮਤਿ **ਪਰਾਣੀ**।"
— ਗਉ **੫**, ੯੬, ੯ : ੪ (184)

ਪਰਾਣੁ — ਸੁਆਸ,
"ਜਿਸ ਕਾ ਜੀਉ **ਪਰਾਣੁ** ਹੈ ਅੰਤਰਿ ਜੋਤਿ ਅਪਾਰਾ।" — ਮਾਝ **੧**, ਵਾਰ ੬ : ੨ (140)

ਪਰਾਤਮਾ — (ਸੰ. परात्मन्) ਪਰਮਾਤਮਾ, ਪਾਰਬ੍ਰਹਮ
"ਆਤਮਾ **ਪਰਮਾਤਮਾ** ਏਕੋ ਕਰੈ।"
— ਧਨਾ **੧**, ੪, ੧ : ੩ (661)

ਪਰਾਤਮੁ — ਵਡੀ ਆਤਮਾ ਭਾਵ ਪ੍ਰਭੂ
"ਆਤਮੁ ਚੀਨਿ **ਪਰਾਤਮੁ** ਚੀਨਹੁ ਗੁਰ ਸੰਗਤਿ ਇਹੁ ਨਿਸਤਾਰਾ ਹੇ।"
— ਮਾਰੂ **੧**, ਸੋਲਾ ੧੦, ੮ : ੩ (1030)

ਪਰਾਤਾ — 1. ਪਿਆ ਹੈ, ਪੈਂਦਾ ਹੈ
"ਨਾਨਕੁ ਗੁਰ ਚਰਣਿ **ਪਰਾਤਾ**।"
—ਸਿਰੀ **੫**, ਅਸ ੨੭, ੮ : ੩ (71)
"ਨਾਨਕ ਉਨ ਜਨ ਚਰਨ **ਪਰਾਤਾ**।"
— ਗਉ **੫**, ਸੁਖ ੫, ੭ : ੧੦ (269)

"ਤਿਨ ਕੀ ਪੰਕ ਪਾਈਐ ਵਡਭਾਗੀ ਜਨ ਨਾਨਕੁ ਚਰਨਿ **ਪਰਾਤਾ**।" (ਪਿਆਂ)
— ਮਾਲੀ **੪**, ੨, ੪ : ੨ (984)

2. ਅਤਿਅੰਤ ਪ੍ਰੀਤਵਾਨ ਹੋਇਆ
"ਕਰਿ ਬੀਚਾਰੁ ਆਚਾਰੁ **ਪਰਾਤਾ**।"
— ਆਸਾ **੧**, ਅਸ ੭, ੧੦ : ੧ (415)
"ਗੁਰਿ ਪੂਰੈ ਦੀਆ ਉਪਦੇਸਾ ਤੁਮ ਹੀ ਸੰਗਿ **ਪਰਾਤਾ**।" (ਤੇਰੇ ਨਾਲ ਧਿਆਨ ਲੱਗ ਗਿਆ)
— ਸੋਰ **੫**, ੨੦, ੧* : ੨ (614)

3. ਪਛਾਣਿਆ, ਪਛਾਣ ਲਿਆ
"ਬਾਧੇ ਮੁਕਤਿ ਨਾਹੀ ਜੁਗ ਚਾਰੇ ਜਮਕੰਕਰਿ ਕਾਲਿ **ਪਰਾਤਾ** ਹੇ।"
— ਮਾਰੂ **੧**, ਸੋਲਾ ੧੧, ੯ : ੩ (1031)

ਪਰਾਤਿ — 1. ਹੋਰ ਪਰੇ, ਹੋਰ ਅਗੇ
"ਗੁਨ ਬੇਅੰਤ ਬੇਅੰਤ ਭਨੁ ਨਾਨਕ ਕਹਨੁ ਨ ਜਾਈ ਪਰੈ **ਪਰਾਤਿ**। — ਦੇਵ **੫**, ੩੫, ੨ : ੨ (535)

2. ਪੁਆ ਕੇ, ਲਾ ਕੇ
"ਛਡਾਇ ਲੀਓ ਮਹਾਬਲੀ ਤੇ ਅਪਨੇ ਚਰਨ **ਪਰਾਤਿ**।" — ਧਨਾ **੫**, ੪੧, ੧ : ੧ (681)

ਪਰਾਤੀ — ਪਛਾਤੀ ਹੈ ਭਾਵ ਗ੍ਰਹਿਣ ਕੀਤੀ/ਲਈ ਹੈ
"ਹਰਿ ਗੁਰ ਪੂਰੇ ਕੀ ਓਟ **ਪਰਾਤੀ**।"
— ਮਾਰੂ **੧**, ਸੋਲਾ ੧੦, ੧੨ : ੧ (1031)

ਪਰਾਤੇ — 1. ਹੋ ਜਾਂਦੇ ਹਨ, ਪੈ ਜਾਂਦੇ ਹਨ
"ਕਰਿ ਕਿਰਪਾ ਜਿਸੁ ਰਾਖਹੁ ਸੰਗੇ ਤੇ ਤੇ ਪਾਰਿ **ਪਰਾਤੇ**।" — ਗਉ **੫**, ੧੩੫*, ੨ : ੨ (209)
"ਸੋਵਤ ਜਾਗਿ ਹਰਿ ਹਰਿ ਹਰਿ ਗਾਇਆ ਨਾਨਕ ਗੁਰ ਚਰਨ **ਪਰਾਤੇ**।"
— ਦੇਵ **੫**, ੮, ੨ : ੨ (530)

2. ਪਛਾਤੇ ਹਨ
"ਤਿਨ੍ਹ ਕੀ ਸੋਭਾ ਸਭਨੀ ਥਾਈ ਜਿਨ੍ਹ ਪ੍ਰਭ ਕੇ ਚਰਣ **ਪਰਾਤੇ**।"
— ਸੂਹੀ **੫**, ੫੧, ੧ : ੨ (748)

3. ਪ੍ਰੋਏ
"ਤਿਨ ਸਾਧੂ ਚਰਣ ਲੈ ਰਿਦੈ **ਪਰਾਤੇ**।"
— ਮਾਰੂ **੫**, ਸੋਲਾ ੧੧, ੧੯ : ੨ (1083)

ਹੋਰ ਰੂਪ — ਪਰਾਤੋ —
"ਨਾਨਕ ਗੁਰ ਸਬਦਿ **ਪਰਾਤੋ**।" (ਪ੍ਰੋਤੇ ਗਏ ਹਾਂ) — ਗਉ **੫**, ੧੫੭*, ੩ : ੨ (214)

ਪਰਾਧ — ਅਪਰਾਧ, ਗੁਨਾਹ, ਪਾਪ
"ਕੋਟਿ **ਪਰਾਧ** ਮਿਟੇ ਤੇਰੀ ਸੇਵਾ ਦਰਸਨਿ ਦੂਖੁ ਉਤਾਰਿਓ।" — ਦੇਵ **੫**, ੬, ੧ : ੧ (529)

ਪਰਾਧੀ — ਅਪਰਾਧੀ, ਪਾਪੀ
"ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ **ਪਰਾਧੀ** ਤਰਿਆ ਰੇ।" — ਸੋਰ **੫**, ੧੩, ੪ : ੧ (612)

ਪਰਾਨ — 1. ਜਾਨ, ਸੁਆਸ
"ਅਗਨਿ ਮਾਹਿ ਹੋਮਤ **ਪਰਾਨ**।"
— ਗਉ **੫**, ਸੁਖ ੩, ੨ : ੩ (265)
"ਅਲਹ ਰਾਮ ਕੇ ਪਿੰਡੁ **ਪਰਾਨ**।" (ਦੇਹ ਤੇ ਸਵਾਸ)
— ਭੈਰ **੫**, ੩, ੪ : ੨ (1136)

ਹੋਰ ਰੂਪ — ਪਰਾਨਾ —
"ਸੋ ਕਿਉ ਵਿਸਰੈ ਜਿਸ ਕੇ ਜੀਅ **ਪਰਾਨਾ**।" (ਸੁਆਸ ਜਾਨ)
— ਗਉ **੩**, ੨੨, ੧ : ੧ (159)

2. ਜੀਵਨ, ਜਿੰਦਗੀ
"ਨਿਰਭਉ ਭਏ **ਪਰਾਨ** ਚਿੰਤਾ ਸਗਲ ਲਹੀ।"
— ਆਸਾ **੫**, ਛੰਤ ੯, ੧ : ੨ (458)

3. ਪਏ ਹਨ
"ਜਿਨਿ ਜਪਿਆ ਤੇ ਪਾਰਿ **ਪਰਾਨ**।"
— ਪ੍ਰਭਾ **੪**, ੭, ੧* : ੩ (1337)

ਹੋਰ ਰੂਪ — ਪਰਾਨਾ —
"ਸੂਖੁ ਭਇਆ ਦੁਖੁ ਦੂਰਿ **ਪਰਾਨਾ**।" (ਜਾ ਪਿਆ, ਨਠ ਗਿਆ)
— ਮਾਝ **੫**, ੨੩, ੨ : ੧ (103)

ਪਰਾਨਥ — ਪੈਂਦਾ ਹੈ
"ਗੁਰੁ ਨਾਨਕੁ ਉਪਦੇਸੁ ਕਹਤੁ ਹੈ ਜੋ ਸੁਨੈ ਸੋ ਪਾਰਿ **ਪਰਾਨਥ**।" — ਮਾਰੂ **੫**, ੧੦, ੪ : ੨ (1001)

ਪਰਾਨਾ — 1. ਸੁਆਸ, ਵੇਖੋ 'ਪਰਾਨ' (1)

2. ਜਾ ਪਿਆ, ਨੱਠ ਗਿਆ, ਵੇਖੋ ਪਰਾਨ (3)
"ਨਾਮੁ ਲੈਤ ਦੁਖੁ ਦੂਰਿ **ਪਰਾਨਾ**।"
— ਭੈਰ **੫**, ੨੫, ੨ : ੧ (1142)

3. ਪਾਰ ਕਰਨ ਵਾਲਾ
"ਹਰਿ ਧਨੁ ਤੁਲਹਾ, ਹਰਿ ਧਨੁ ਬੇੜੀ ਹਰਿ ਹਰਿ ਤਾਰਿ **ਪਰਾਨਾ**।"

— ਗੂਜ **੫**, ੩, ੨ : ੨ (495)

4. ਪਾਰ ਹੋ ਜਾਏਗਾ, ਭਾਵ ਮੁਕਤ ਹੋ ਜਾਵੇਂਗਾ
"ਪਾਰਬ੍ਰਹਮ ਅਪਰੰਪਰ ਸੁਆਮੀ ਸਿਮਰਤ ਪਾਰਿ **ਪਰਾਨਾ**।" — ਧਨਾ **੫**, ੮, ੩ : ੨ (672)

5. ਜਿੰਦ, ਪ੍ਰਾਣ
"ਗੁਰ ਖਿਨੁ ਖਿਨੁ ਪ੍ਰੀਤਿ ਲਗਾਵਹੁ ਮੇਰੈ ਹੀਅਰੈ ਮੇਰੇ ਪ੍ਰੀਤਮ ਨਾਮੁ **ਪਰਾਨਾ**।"
— ਜੈਤ **੪**, ੩, ੨ : ੧ (697)

ਪਰਾਨਿ — ਹੋ ਗਿਆ, ਪੈ ਗਿਆ
"ਭੈ ਪਾਵਕ ਪਾਰਿ **ਪਰਾਨਿ** ਹਾਂ।"
—ਆਸਾ **੧**, ੧੫੮, ੨ : ੨ (409)
"ਬਾਲਕ ਬਿਰਧਿ ਨ ਸੁਰਤਿ **ਪਰਾਨਿ**।" (ਹੁੰਦੀ)
— ਆਸਾ **੧**, ਅਸ ੬, ੬ : ੧ (414)

ਪਰਾਨੀ — 1. ਪ੍ਰਾਣਵੰਤ, ਜੀਵ, ਮਨੁੱਖ
"ਅੰਤਰਿ ਲਹਰਿ ਲੋਭਾਨ **ਪਰਾਨੀ** ਸੋ ਪ੍ਰਭੁ ਚਿਤਿ ਨ ਆਵੈ।" — ਸਿਰੀ **੫**, ਪਹ ੪, ੩ : ੩ (77)
"ਸਿਮਰਹੁ ਹਰਿ ਹਰਿ ਨਾਮੁ **ਪਰਾਨੀ**।" (ਹੇ ਮਨੁੱਖ)
— ਗੋਂਡ **੫**, ੨੨, ੧' : ੧ (615)

2. ਪਾਉਂਦਾ ਹੈ ਭਾਵ ਲੈਂਦਾ ਹੈ
"ਕਾਚੀ ਪਾਕੀ ਬਾਢਿ **ਪਰਾਨੀ**।"
— ਆਸਾ **੫**, ੧੯, ੧ : ੨ (375)

ਪਰਾਨੁ — ਸੁਆਸ, ਜਿੰਦ
"ਤਿਸੁ ਬਿਨੁ ਮੇਰਾ ਕੋ ਨਹੀ ਜਿਸ ਕਾ ਜੀਉ **ਪਰਾਨੁ**।"
— ਸਿਰੀ **੧**, ਅਸ ੧੦, ੮ : ੧ (59)

ਪਰਾਨੈ — ਸਮਝਦਾ ਹੈ, ਪਛਾਣਦਾ ਹੈ
"ਜੋ ਹੋਵਨੁ ਸੋ ਦੂਰਿ **ਪਰਾਨੈ**।"
— ਗਉ **੫**, ਸੁਖ ੪, ੪ : ੪ (267)

ਪਰਾਪਤਿ — 1. ਮਿਲਣ ਦਾ ਭਾਵ
"ਭਈ **ਪਰਾਪਤਿ** ਮਾਨੁਖ ਦੇਹੁਰੀਆ।"
— ਆਸਾ **੫**, ਸੋਪ, ੪, ੧ : ੧ (12)
"ਬਿਨੁ ਗੁਰ ਮਹਲੁ ਨ ਪਾਈਐ ਨਾਮੁ ਨ **ਪਰਾਪਤਿ** ਹੋਇ।" (ਮਿਲਣਾ)
— ਸਿਰੀ **੩**, ੪੪, ੩ : ੧ (30)
"ਕਹੁ ਨਾਨਕ ਤਿਸੁ ਭਇਓ **ਪਰਾਪਤਿ** ਜਿਸੁ ਪੂਰਬ ਲਿਖੇ ਕਾ ਲਹਨਾ।" (ਹਾਸਲ)
—ਸੋਰ **੫**, ਅਸ ੩, ੮ : ੨ (642)
"ਅਚਰਜੁ ਸੁਨਿਓ **ਪਰਾਪਤਿ** ਭੇਟੁਲੇ ਸੰਤ ਚਰਨ ਚਰਨ ਮਨੁ ਲਾਈਐ।" (ਹਾਸਲ ਹੁੰਦਾ ਹੈ)
— ਬਿਲਾ **੫**, ੯੨, ੧ : ੨ (822)
(ਮਹਾਨ ਕੋਸ਼ ਇਸ ਦੇ ਅਰਥ 'ਕਰਤਾਰ, ਵਾਹਿਗੁਰੂ' ਕਰਦਾ ਹੈ)

2. ਪ੍ਰਤਖ
"ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ **ਪਰਾਪਤਿ** ਹੋਇ।" — ਮਾਝ **੫**, ਬਾਰਾ ੩ : ੮ (134)

ਪਰਾਪਤੀ — ਲਾਭ ਮਿਲਣ ਦਾ ਭਾਵ, ਹਾਸਲ
"ਕਬੀਰ ਸਾਧੂ ਸੰਗੁ **ਪਰਾਪਤੀ** ਲਿਖਿਆ ਹੋਇ ਲਿਲਾਟ।" — ਸਲੋ **ਕਬ**, ੨੩੧ : ੧ (1377)

ਪਰਾਪਤੇ — ਮਿਲ ਜਾਣਾ, ਹਾਸਲ ਹੋ ਜਾਣਾ
"ਸਭੇ ਥੋਕ **ਪਰਾਪਤੇ** ਜੇ ਆਵੈ ਇਕੁ ਹਥਿ।"
— ਸਿਰੀ **੫**, ੭੬, ੧ : ੧ (44)

ਪਰਾ ਪੂਰਬਣਹ — ਮੁਢ ਕਦੀਮਾ, ਪੂਰਬ ਤੋਂ ਵੀ ਪਹਿਲਾਂ ਦਾ
"ਗਾਥਾ ਗਾਵੰਤਿ ਨਾਨਕ ਭਬੰ **ਪਰਾ ਪੂਰਬਣਹ**।" (ਭਾਵ ਪਰੰਪਰਾ ਤੋਂ)
— ਗਾਥਾ, ੧੮ : ੨ (1361)

ਪਰਾ ਪੂਰਬਲਾ — ਮੁਢ ਕਦੀਮ ਦਾ, ਬਹੁਤ ਪਹਿਲਾਂ ਦਾ
"**ਪਰਾ ਪੂਰਬਲਾ** ਲੀਖਿਆ ਮਿਲਿਆ ਅਬ ਆਇ।"
— ਬਿਲਾ **੫**, ੪੯, ੨ : ੧ (813)

ਪਰਾਭਯੰ — ਹਰਾਣਾ, ਮਾਤ ਪਾਉਣਾ
"ਇਛਸਿ ਜਮਾਦਿ **ਪਰਾਭਯੰ** ਜਸੁ ਸ੍ਰਸਤਿ ਸੁਕ੍ਰਿਤ ਕ੍ਰਿਤੰ।" — ਗੂਜ **ਜੈਦੇ**, ੧, ੨ : ੨ (526)

ਪਰਾਰਾ — ਪਰਾਲੀ ਦਾ
"ਕਾਹੂ ਗਰੀ ਗੋਦਰੀ ਨਾ ਹੀ ਕਾਹੂ ਖਾਨ **ਪਰਾਰਾ**।"
— ਆਸਾ **ਕਬ**, ੧੬, ੧ : ੨ (479)

ਪਰਾਰੇ — ਬਹੁਤ ਮਰੇ, ਦੂਰ
"ਸਾਕਤ ਬਚਨ ਬਿਛੂਆ ਜਿਉ ਡਸੀਐ ਤਜਿ ਸਾਕਤ ਪਰੈ **ਪਰਾਰੇ**।"
— ਨਟ **੪**, ੩, ੫ : ੨ (982)

ਪਰਾਲ — ਪਰਾਲੀ, ਭਾਵ ਵਿਅਰਥ ਕੰਮ, ਫਲ ਰਹਿਤ/ਅਸਾਰ ਕਿਰਿਆਵਾਂ
"ਛੋਡਿ ਜਾਹਿ ਸੇ ਕਰਹਿ **ਪਰਾਲ**।"
— ਧਨਾ **੫**, ੨੨, ੧ : ੧ (676)

ਹੋਰ ਰੂਪ — ਪਰਾਲਾ —

"ਤਤੁ ਨ ਚੀਨਹਿ ਬੰਨਹਿ ਪੰਡ **ਪਰਾਲਾ**।" (ਪਰਾਲੀ ਦੀ, ਭਾਵ ਅਸਾਰ ਕਰਮਕਾਂਡ)
— ਗਉ **੩**, ਅਸ ੪, ੨ : ੩ (231)

ਪਰਾਲਿ —
"ਰੋਵਣ ਵਾਲੇ ਜੇਤੜੇ ਸਭਿ ਬੰਨਹਿ ਪੰਡ **ਪਰਾਲਿ**।" (ਪਰਾਲੀ ਦੀ ਵਿਅਰਥ ਵਸਤ ਦੀ (ਭਾਵ ਨਿਰੀ ਕਾਂਵਾਂ ਰੌਲੀ ਪੀਂਦੇ ਹਨ)
— ਸਿਰੀ **੧**, ੩, ੨ : ੩ (15)
"ਪਉੜੀ ਜਾਇ **ਪਰਾਲਿ** ਪਿਛੈ ਹਥੁ ਨ ਅੰਬੜੈ ਤਿਤੁ ਨਿਵੰਧੈ ਤਾਲਿ।" (ਪਰਾਲੀ)
— ਸਿਰੀ **੩**, ਵਾਰ ੧੧ਸ, **੧**, ੧ : ੨ (789)

ਪਰਾਲੀ —
"ਗੁਰਸਿਖਾ ਕੇ ਮੁਖ ਉਜਲੇ ਮਨਮੁਖ ਥੀਏ **ਪਰਾਲੀ**।" (ਘਾਹ, ਫੂਸ, ਪੀਲੇ ਰੰਗਵਲੇ)
— ਰਾਮ **ਬਸ**, ਵਾਰ ੩ : ੧੦ (967)

ਪਰਾਲੁ —
"ਛਿਜੈ ਕਾਇਆ ਹੋਇ **ਪਰਾਲੁ**।" (ਪਰਾਲੀ ਵਾਂਗ ਨਿਕੰਮੀ)
— ਮਲਾ **੧**, ਵਾਰ ੨੦ਸ, **੧**, ੧ : ੨ (1287)

ਪਰਾਵਹੁ — ਪਰਾਪਤ ਕਰੋ, ਪਾਓ
"ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ **ਪਰਾਵਹੁ**।"
— ਆਸਾ **੧**, ਅਸ ੧੩, ੭ : ੨ (418)

ਪਰਾਵੈ — ਰੋਕਦਾ ਹੈ
"ਬਾਹਰਿ ਜਾਤਉ ਉਲਟਿ **ਪਰਾਵੈ**।"
— ਆਸਾ **੧**, ਅਸ ੫, ੫ : ੩ (414)
"ਗੁਰਮੁਖਿ ਮਨੂਆ ਉਲਟਿ **ਪਰਾਵੈ**।"
— ਮਾਰੂ **੩**, ਸੋਲਾ ੧੫, ੨ : ੧ (1058)

ਪਰਿ — 1. ਉਤੇ, ਤੇ, ਉਪਰ
"ਖਿਸਰਿ ਗਇਓ ਭੂਮ **ਪਰਿ** ਡਾਰਿਓ।"
— ਆਸਾ **੫**, ੭੬, ੨ : ੨ (389)
2. ਪੈ, ਪਿਆ
"ਆਨ ਉਪਾਉ ਨ ਕੋਊ ਸੂਝੈ ਹਰਿ ਦਾਸਾ ਸਰਣੀ **ਪਰਿ** ਰਹਾ।"— ਸਾਰ **੫**, ੪, ੪ : ੧ (1203)
3. ਹੋਰ ਵੱਧ
"ਅੰਮ੍ਰਿਤ ਪ੍ਰਵਾਹ ਸਰਿ ਅਤੁਲ ਭੰਡਾਰ ਭਰਿ ਪਰੈ ਹੀ ਤੇ ਪਰੈ ਅਪਰ ਅਪਾਰ **ਪਰਿ**।"
— ਸਮੁ **੫**, ੨ : ੧ (1385)

ਪਰਿਓ — 1. ਪਿਆ, ਡਿਗਿਆ
"ਜਗੁ ਐਸਾ ਮੋਹਿ ਗੁਰਹਿ ਦਿਖਾਇਓ ਤਉ ਸਰਣਿ **ਪਰਿਓ** ਤਜਿ ਗਰਬਸੂਆ।"
— ਗਉ **੫**, ੧੨੭*, ੪ : ੧ (206)
"ਅੰਧ ਕੂਪ ਮਹਿ **ਪਰਿਓ** ਪਰਾਨੀ ਭਰਮ ਗੁਬਾਰ ਮੋਹ ਬੰਧਿ ਪਰੇ।"
— ਬਿਲਾ **੫**, ੯੬, ੨ : ੧ (823)
2. ਪਿਆ, ਪੈ ਗਿਆ, ਹੋ ਗਿਆ
"ਹਰਿ ਜੀਉ ਨਾਮੁ **ਪਰਿਓ** ਰਾਮਦਾਸੁ।"
— ਸੋਰ **੫**, ੧੩, ੧* : ੩ (612)
3. ਸਹਾਇਕ ਕਿਰਿਆ, ਪਿਆ
"ਕਾਲੁ ਬਿਆਲੁ ਜਿਉ **ਪਰਿਓ** ਡੋਲੈ ਮੁਖੁ ਪਸਾਰੇ ਮੀਤ।" (ਪਿਆ ਫਿਰਦਾ ਹੈ)
— ਸੋਰ **੯**, ੧, ੧ : ੨ (631)
"**ਪਰਿਓ** ਕਾਲੁ ਸਭੈ ਜਗ ਊਪਰ ਮਾਹਿ ਲਿਖੇ ਭ੍ਰਮ ਗਿਆਨੀ।"
— ਸੋਰ **ਕਬ**, ੩, ੪ : ੧ (654)
"ਨਾਨਕ ਦਾਸ ਸੰਤ ਪਾਛੈ **ਪਰਿਓ** ਰਾਖਿ ਲੇਹੁ ਇਹ ਬਾਰੀ।" (ਪਿਆ ਹੈ)
— ਟੋਡ **੫**, ੯, ੨ : ੨ (713)
"ਠਾਕੁਰ ਤੇ ਜਨੁ ਜਨ ਤੇ ਠਾਕੁਰੁ ਖੇਲੁ **ਪਰਿਓ** ਹੈ ਤੋ ਸਿਉ।" (ਬਣੀ, ਪਈ ਹੈ)
— ਸਾਰੰ **ਨਾਮ**, ੨, ੧* : ੨ (1252)

ਪਰਿਅਉ — ਪਿਆ
"ਸਾਧਸੰਗਤਿ ਕੈ ਪਾਛੈ **ਪਰਿਅਉ** ਜਨ ਨਾਨਕ ਹਰਿ ਰਸੁ ਪਾਇਆ।"
— ਟੋਡੀ **੫**, ੪, ੪ : ੨ (712)

ਪਰਿਆ — 1. ਪਿਆ ਹੋਇਆ ਹੈ
"ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ **ਪਰਿਆ**।"
— ਗੂਜ **੫**, ਸੋਦ ੫, ੧ : ੧ (10)
2. ਡਿਗ ਪਿਆ ਭਾਵ ਮਰ ਗਿਆ, ਮੁਕ ਗਿਆ
"ਧਨਪਾਤੀ ਵਡ ਭੂਮੀਆ ਮੇਰੀ ਮੇਰੀ ਕਰਿ **ਪਰਿਆ**।"— ਸਿਰੀ **੫**, ੭੨, ੨ : ੨ (42)
3. ਪਿਆ, ਸਹਾਇਕ ਕਿਰਿਆ
"ਉਠਿ ਚਲਿਆ ਪਛੁਤਾਇਆ **ਪਰਿਆ** ਵਸਿ ਜੰਦਾਰ।" — ਸਿਰੀ **੫**, ੭੪, ੧ : ੩ (43)

"ਛੂਟਨ ਕੋ ਸਹਸਾ **ਪਰਿਆ** ਮਨ ਬਉਰਾ ਰੇ ਨਾਚਿਓ ਘਰ ਘਰ ਬਾਰਿ।"
— ਗਉ **ਕਬ**, ੫੭, ੨ : ੨ (336)
"ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ **ਪਰਿਆ** ਰੇ।" (ਪਿਆ, ਆਇਆ) — ਸੋਰ **੫**, ੧੩, ੪ : ੨ (612)
"ਕਿਆ ਤੂ ਜੋਗੀ ਗਰਬਹਿ **ਪਰਿਆ**।"
— ਰਾਮ **੫**, ੧੩, ੧ : ੪ (886)
4. ਡਿਗਿਆ
"ਤਿਨ ਕੀ ਸਰਣਿ **ਪਰਿਆ** ਮਨੁ ਮੇਰਾ।"
— ਮਾਝ **੫**, ੨੭, ੪ : ੧ (102)
"ਕਾਮ ਕ੍ਰੋਧਿ ਮੋਹ ਕੂਪਿ **ਪਰਿਆ**।" (ਡਿਗਿਆ)
— ਟੋਡੀ **੫**, ੧੬, ੪ : ੧ (715)
5. ਭਾਵ ਜੋਗਾ, ਸਮਰਥ
"ਤਹ ਇਹੁ ਕਹਾ ਕਮਾਵਨ **ਪਰਿਆ** ਜਬ ਇਹੁ ਕਛੂ ਨ ਹੋਤਾ।"
— ਗਉ **੫**, ੧੬੩*, ੩ : ੧ (216)

ਪਰਿਹੈ — 1. ਪੈਂਦਾ ਹੈ, ਵਜਦਾ ਹੈ
"ਊਠਤ ਬੈਠਤ ਠੇਗਾ **ਪਰਿਹੈ** ਤਬ ਕਤ ਮੂਡ ਲੁਕਈ ਹੈ।" — ਗੂਜ **ਕਬ**, ੧, ੧ : ੨ (524)
2. ਪਏ, ਡਿਗੇ
"ਸੋ ਭਜਿ **ਪਰਿਹੈ** ਗੁਰ ਕੀ ਸਰਨਾ।"
— ਭੈਰ **ਨਾਮ**, ੮, ੪ : ੨ (1165)
3. ਪੈਂਦੀ ਹੈ, ਦਾਖਲ ਹੁੰਦੀ ਹੈ
"ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ **ਪਰਿਹੈ** ਰੇਤੁ।" — ਸਲੋ **ਕਬ**, ੯੮ : ੧ (1369)

ਪਰਿਵਾ — (ਸੰ. ਪਰ੍ਵਨ੍) ਏਕਮ ਥਿਤ
"**ਪਰਿਵਾ** ਪ੍ਰੀਤਮ ਕਰਹੁ ਬੀਚਾਰ।"
— ਗਉ **ਕਬ**, ਥਿਤੀ ੨ : ੧ (343)

ਪਰੀ — 1. ਸੁੰਦਰ ਇਸਤ੍ਰੀ ਭਾਵ ਰਾਗਨੀ
"ਕੇਤੇ ਰਾਗ **ਪਰੀ** ਸਿਉ ਕਹੀਅਨਿ ਕੇਤੇ ਗਾਵਣਹਾਰੇ।" — ਜਪੁ **੧**, ੨੭ : ੩ (6)
2. ਪਈ
"ਭਨਤਿ ਨਾਨਕ ਮੇਰੀ ਪੂਰੀ **ਪਰੀ**।"
— ਗਉ **੫**, ੧੨੩, ੪ : ੨ (190)
"ਨਾਨਕ ਜੋ ਪ੍ਰਭ ਭਾਣਿਆ ਪੂਰੀ ਤਿਨਾ **ਪਰੀ**।" (ਭਾਵ ਸਫਲਤਾ ਮਿਲੀ)
— ਗਉ **੫**, ਬਾਅ ੧੮ : ੮ (253)
"ਸਮਝਿ **ਪਰੀ** ਤਉ ਬਿਸਰਿਓ ਗਾਵਨੁ।" (ਸਮਝੀ) —ਆਸਾ **ਕਬ**, ੧੧, ੩ : ੨ (478)
"ਭਵਨ ਭਵਨ ਪਵਿਤ੍ਰ ਸਭਿ ਕੀਏ ਜਹ ਧੂਰਿ **ਪਰੀ** ਜਨ ਪਗੇ।" (ਪਈ)
—ਨਟ **੪**, ੪, ੩ : ੨ (976)
3. ਗਈ
"ਕਾਹਿ ਕਵਨ ਤੇ ਛੂਟਿ **ਪਰੀ**।"
—ਆਸਾ **੫**, ੫੩, ੨ : ੨ (384)
4. ਡਿਗੀ
"ਤੁਮ੍ਰੀ ਟੇਕ ਪੂਰੇ ਮੇਰੇ ਸਤਿਗੁਰ ਮਨ ਸਰਨਿ ਤੁਮ੍ਾਰੈ **ਪਰੀ**।"
— ਗੂਜ **੫**, ੧੮, ੨ : ੧ (499)
5. ਹੋ ਗਈ, ਪਈ
"ਸਾਂਝ **ਪਰੀ** ਦਹ ਦਿਸ ਅੰਧਿਆਰਾ।"
— ਸੂਹੀ **ਰਵਿ**, ੨, ੩ : ੨ (794)
6. ਭਈ, ਹੋ ਗਈ
"ਐਸੀ ਹੋਇ **ਪਰੀ**।"
— ਸਾਰ **੫**, ੧੩੨, ੧* : ੧ (1230)
7. ਪਈ ਭਾਵ ਤੁਰ ਪਈ
"ਕਬੀਰ ਜਿਹ ਮਾਰਗਿ ਪੰਡਿਤ ਗਏ ਪਾਛੈ **ਪਰੀ** ਬਹੀਰ।"
— ਸਲੋ **ਕਬ**, ੧੬, ੫ : ੧ (1373)

ਪਰੀਆ — 1. ਪਈਆਂ
"ਛਤ੍ਰਧਾਰ ਬਾਦਿਸਾਹੀਆ ਵਿਚਿ ਸਹਸੇ **ਪਰੀਆ**।"
— ਸਿਰੀ **੫**, ੭੨, ੧ : ੨ (42)
ਹੋਰ ਰੂਪ — ਪਰੀਐ —
"ਸਿਧ ਸਾਧਿਕ ਤੇਤੀਸ ਕੋਰਿ ਤਿਰੁ ਕੀਮ **ਪਰੀਐ**।" (ਪਈ)
— ਸਮੁ **੫**, ੮ : ੨ (1386)
2. ਸੁੰਦਰ ਇਸਤਰੀਆਂ ਭਾਵ ਰਾਗਨੀਆਂ
"ਰਾਗ ਰਤਨ **ਪਰੀਆ** ਪਰਵਾਰ।"
— ਆਸਾ **੧**, ੯, ੪ : ੧ (351)
3. ਡਿਗੀਆਂ
"ਗਰਬਿ ਗਰਬਿ ਊਆਹੂ ਮਹਿ **ਪਰੀਆ**।"
— ਆਸਾ **੫**, ੮੬, ੧* : ੨ (392)
"ਕਰੁਣ ਕ੍ਰਿਪਾਲ ਗੋਪਾਲ ਦੀਨ ਬੰਧੁ ਨਾਨਕ ਉਧਰੁ ਸਰਨਿ **ਪਰੀਆ**।"
— ਕਾਨ **੫**, ੩੦, ੨ : ੨ (1303)

ਹੋਰ ਰੂਪ — ਪਰੀਐ —
"ਸਾਧ ਸੰਗਤਿ ਕੀ ਸਰਨੀ **ਪਰੀਐ** ਚਰਣ ਰੇਨੁ ਮਨੁ ਬਾਛੈ।" (ਢਹਿ ਪਈਏ)
— ਦੇਵ **੫**, ੨੮, ੧ : ੨ (533)

ਪਰੀਸਹਿ — ਪਰੋਸਦੇ ਹਨ
"ਸੰਗਤਿ ਕੁਲ ਤਾਰੇ ਸਾਚੁ **ਪਰੀਸਹਿ**।"
— ਮਾਰੂ **੧**, ਸੋਲਾ, ੬, ੪ : ੨ (1025)

ਪਰੀਖ — ਪਰਖ
"ਤਨੁ ਮਨੁ ਸੀਤਲੁ ਸਾਚੁ **ਪਰੀਖ**।"
— ਗਉ **੧**, ੫, ੩ : ੨ (152)

ਪਰੀਖਿਆ — 1. ਪਰਖ ਲਿਆ, ਸਮਝ ਲਿਆ
"ਜਿਸੁ ਮਨਿ ਬਸੈ ਤਿਸੁ ਸਾਚੁ **ਪਰੀਖਿਆ**।"
— ਗਉ **੫**, ਸੁਖ ੨੨, ੬ : ੪ (293)
2. ਪਰਖ/ਜਾਂਚ ਕਰਵਾਈ
"ਉਕਤਿ ਜੋਤਿ ਲੈ ਸੁਰਤਿ **ਪਰੀਖਿਆ**।" (ਪਰਖ ਦੀ ਸਮਝ)
— ਰਾਮ **੫**, ਅਸ ੨, ੧ : ੩ (913)

ਪਰੀਖ੍ਤੁ — ਅਰਜਨ ਦਾ ਪੋਤਾ ਜਿਸਨੂੰ ਸੁਖ ਦੇਵ ਰਿਸ਼ੀ ਨੇ ਭਾਗਵਤ ਪੁਰਾਣ ਸੁਣਾਇਆ ਸੀ
"ਸੁਖਦੇਉ **ਪਰੀਖ੍ਤੁ** ਗੁਣ ਰਵੈ ਗੋਤਮ ਰਿਖਿ ਜਸੁ ਗਾਇਓ।" — ਸਵ **੧**, ੮ : ੫ (1390)

ਪਰੀਚੈ — ਜਾਣਕਾਰੀ, ਗਿਆਨ
"ਨਾਨਕ ਹਰਿ ਕਥਾ ਸੁਣੀ ਮੁਖਿ ਬੋਲੀ ਗੁਰਮਤਿ ਹਰਿ ਨਾਮਿ **ਪਰੀਚੈ** ਜੀਉ।"
— ਸਵ **੪**, ੬, ੪ : ੩ (96)

ਪਰੀਜੈ — ਪਈਏ, ਡਿਗੀਏ
"ਮਾਨੁ ਨ ਕੀਜੈ ਸਰਣਿ **ਪਰੀਜੈ** ਦਰਸਨੁ ਕਉ ਬਲਿਹਾਰੀ।"
— ਆਸਾ **੫**, ਛੰਤ ੪, ੨ : ੪ (455)

ਪਰੀਠਾ — ਪਰੋਸਿਆ, ਪਰੋਸ ਧਰਿਆ
"ਜਿਨ ਗੁਰ ਬਚਨ ਸੁਖਾਨੇ ਹੀਅਰੈ ਤਿਨ ਆਗੈ ਆਣਿ **ਪਰੀਠਾ**।"
— ਗਉ **੪**, ੬੧, ੨ : ੨ (171)
(ਮਹਾਨ ਕੋਸ਼ ਅਰਥ ਪਾਸ ਖੜਾ ਕੀਤਾ (ਪਰਤਖ) ਕਰਦਾ ਹੈ)

ਪਰੀਤਮ — ਪਿਆਰਾ
"ਮਿਲਉ **ਪਰੀਤਮ** ਸੁਆਮੀ ਅਪੁਨੇ ਸਗਲੇ ਦੂਖ ਹਰਉਰੇ।" — ਆਸਾ **੫**, ੫੦, ੧* : ੧ (383)

ਪਰੀਤਾ — ਪਿਆਰ, ਪ੍ਰੀਤ, ਮੋਹ
"ਨਾਉ ਪ੍ਰਭਾਤੈ ਸਬਦਿ ਧਿਆਈਐ ਛੋਡਹੁ ਦੁਨੀ **ਪਰੀਤਾ**।" — ਪ੍ਰਭਾ **੧**, ੯, ੪ : ੧ (1330)

ਪਰੀਤਿ — ਪਿਆਰ, ਪ੍ਰੀਤ
"ਮਾਇਆ ਮੋਹ **ਪਰੀਤਿ** ਧ੍ਰਿਗੁ ਸੁਖੀ ਨ ਦੀਸੈ ਕੋਇ।" — ਸਿਰੀ **੫**, ੮੩, ੧* : ੨ (47)
ਹੋਰ ਰੂਪ — ਪਰੀਤੀ —
"ਗੰਢੁ **ਪਰੀਤੀ** ਮਿਠੇ ਬੋਲ।" (ਪਿਆਰ ਦੀ)
— ਮਾਝ **੧**, ਵਾਰ ੧੨ਸ, **੧**, ੨ : ੮ (143)

ਪਰੀਲਾ — ਅਕਥਨੀਯ, ਜੋ ਬਿਆਨ ਨ ਕੀਤੀ ਜਾ ਸਕੇ
"ਮਿਲਬੇ ਕੀ ਮਹਿਮਾ ਬਰਨਿ ਨ ਸਾਕਉ ਨਾਨਕ ਪਰੈ **ਪਰੀਲਾ**।"
— ਗੂਜ **੫**, ੧੩, ੨ : ੨ (498)

ਪਰੀਵਾਂ — ਪਵਾਂ, ਹੋਵਾਂ
"ਨਾਨਕ ਕੀ ਧਰ ਤੂੰਹੈ ਠਾਕੁਰ ਹਰਿ ਅੰਗਿ ਪਾਰਿ **ਪਰੀਵਾਂ** ਜੀਉ।"
— ਮਾਝ **੫**, ੧੬, ੪ : ੩ (99)

ਪਰੁ — 1. ਪਉ, ਡਿਗ ਪੈ
"ਤਿਸ ਕੀ ਸਰਨੀ **ਪਰੁ** ਮਨਾ ਜਿਸੁ ਜੇਵਡੁ ਅਵਰੁ ਨ ਕੋਇ।" — ਸਿਰੀ **੫**, ੨੨, ੨ : ੧ (44)
2. ਹੀ
"ਮੁਕਾਮੁ ਤਾ **ਪਰੁ** ਜਾਣੀਐ ਜਾ ਰਹੈ ਨਿਹਚਲੁ ਲੋਕ।"
— ਸਿਰੀ **੧**, ਅਸ ੧੨, ੧ : ੨ (64)
3. ਪਰੰਤੂ, ਲੇਕਨ
"ਇਸਨਾਨੁ ਕਰੈ **ਪਰੁ** ਮੈਲੁ ਨ ਜਾਈ।"
— ਮਾਝ **੩**, ਅਸ ੩੨, ੬ : ੨ (129)
4. ਚੰਗੀ ਤਰ੍ਹਾਂ (ਸ਼ਬਦਾਰਥ) ਦਰਪਣ, ਅਵਸ਼ਯ, ਜ਼ਰੂਰ (ਮਹਾਨ ਕੋਸ਼)
"ਜੋ ਗੁਰੁ ਕਹੈ ਸੋਈ **ਪਰੁ** ਕੀਜੈ ਤਿਸਨਾ ਅਗਨਿ ਬੁਝਾਈਐ।"— ਗਉ **੩**, ਛੰਤ ੧, ੧:੪ (243)

ਪਰੁਹੋਗੁ — ਜ਼ਰੂਰ ਹੋਵੇਗਾ
"ਜੋ ਕਿਛੁ ਕਰੇ ਸੋਈ **ਪਰੁ ਹੋਗੁ**।"
— ਬਸੰ **੩**, ੬, ੪ : ੨ (1174)

ਪਰੁਜਾਣੈ — ਚੰਗੀ ਤਰ੍ਹਾਂ ਜਾਣਦਾ ਹੈ
"ਜਾ ਕਾ ਕਾਰਜੁ ਸੋਈ **ਪਰੁਜਾਣੈ** ਜੇ ਗੁਰ ਕੈ ਸਬਦਿ ਸਮਾਹੀ।" — ਗਉ **੩**, ੩੫, ੩ : ੨ (162)

ਪਰੁਜਾਨੈ — ਚੰਗੀ ਤਰ੍ਹਾਂ ਜਾਣਦਾ ਹੈ
"ਉਆ ਕਾ ਮਰਮੁ ਓਹੀ **ਪਰੁਜਾਨੈ** ਓਹੁ ਤਉ ਸਦਾ ਅਬਿਨਾਸੀ।"
— ਗਉ **ਕਬ**, ੫੨, ੪ : ੨ (334)

ਪਰੁਲੀ — ਵਿਨਾਸ਼ਕ, ਪਰਲੋ ਕਰਤਾ
"ਧਰਮ ਰਾਇ **ਪਰੁਲੀ** ਪ੍ਰਤਿਹਾਰੁ।"
— ਮਲਾ **ਨਾਮ**, ੧, ੨ : ੪ (1292)

ਪਰੂਰਉ — ਇਲਾ ਦੇ ਗਰਭ ਤੋਂ ਪੈਦਾ ਹੋਇਆ ਬੁੱਧ ਦਾ ਪੁੱਤਰ ਤੇ ਚੰਦ੍ਰਮਾ ਦਾ ਪੋਤਾ ਜੋ ਪਹਿਲਾਂ ਚੰਦ੍ਰ ਵੰਸ/ਰਾਜਾ ਸੀ।
"ਦੂਰਬਾ **ਪਰੂਰਉ** ਅੰਗਰੈ ਗੁਰ ਨਾਨਕ ਜਸੁ ਗਾਇਓ।" — ਸਵ **੧**, ੧੦ : ੫ (1390)

ਪਰੇ — 1. ਪਏ, ਡਿਗੇ
"ਸਰਣਿ **ਪਰੇ** ਕੀ ਰਾਖਹੁ ਸਰਮਾ।"
— ਆਸਾ **੫**, ਸੋਪੁ ੪, ੨ : ੪ (12)
"ਕਹਤੁ ਕਬੀਰ ਸੁਨਹੁ ਰੇ ਪ੍ਰਾਨੀ **ਪਰੇ** ਕਾਲ ਗ੍ਰਸ ਕੂਆ।" (ਪਏ, ਵਿਚ ਡਿਗੇ)
— ਸੋਰ **ਕਬ**, ੨, ੪ : ੧ (654)

2. ਗਏ
"ਇਤਨੇ ਜਨਮ ਭੂਲਿ **ਪਰੇ** ਸੇ ਜਾ ਪਾਇਆ ਤਾ ਭੂਲੇ ਨਾਹੀ।"
— ਗਉ **੩**, ੩੫, ੩ : ੧ (162)
"ਹਾਰਿ **ਪਰੇ** ਅਬ ਪੂਰਾ ਦੀਜੈ।" (ਭਾਵ) ਰਹਿ ਗਏ) — ਗਉ **ਕਬ**, ੧੩, ੪ : ੨ (326)

3. ਪੈ ਗਏ
"ਅਗਲੇ ਮੁਏ ਸਿ ਪਾਛੈ **ਪਰੇ**।"
— ਗਉ **੫**, ੨੮, ੧ : ੧ (178)
"ਗੁਰਮਤਿ ਖੋਜ **ਪਰੇ** ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ।" (ਵਿਚ ਪਏ ਭਾਵ ਲਗੇ)
—ਬਸੰ **੪**, ੩, ੨ : ੩ (1178)

4. ਰਹਿ ਗਏ
"ਜਨਮੁ ਦੋਖ **ਪਰੇ** ਮੇਰੇ ਪਾਛੈ ਅਬ ਪਕਰੇ ਨਿਹਚਲੁ ਸਾਧੂ ਪਾਇ।"
— ਆਸਾ **੫**, ੯, ੩ : ੧ (373)

ਪਰੇਇ — ਡੇਗੇ, ਸੁੱਟੇ
"ਭਾਣੈ ਨਰਕਿ ਸੁਰਗਿ ਅਉਤਾਰੇ ਭਾਣੈ ਧਰਣਿ **ਪਰੇਇ**।"
— ਰਾਮ **੫**, ਵਾਰ ੧੨ਸ, ੫, ੨ : ੨ (963)

ਪਰੇਸਾਨੀ — ਹੈਰਾਨੀ, ਘਬਰਾਹਟ
"ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ **ਪਰੇਸਾਨੀ** ਮਾਹਿ।" — ਤਿਲੰ **ਕਬ**, ੧, ੧* : ੧ (727)

ਪਰੇਕੈ — ਪਉ ਇਕ ਦੀ ਭਾਵ ਇਕ ਦੀ ਸਰਣੀ ਪਏ ਹੋਏ ਨੂੰ
"ਰਾਮ ਨਾਮ ਦੇ ਸਰਣਿ **ਪਰੇਕੈ**।"
— ਮਾਝ **੧**, ਸੋਲਾ, ੯, ੧੬ : ੨ (1029)

ਪਰੇਟੇ — ਲਪੇਟਿਆ ਹੋਇਆ
"ਬਿਸਟਾ ਅਸਤ ਰਕਤੁ **ਪਰੇਟੇ** ਚਾਮ।"
— ਆਸਾ **੫**, ੧੪, ੩ : ੧ (374)

ਪਰੇਤ — ਭੂਤ, ਜਿੰਨ, ਬਹੁਤ ਗਿਰੇ ਹੋਏ ਜੀਵ
"ਪਸੂ **ਪਰੇਤ** ਮੁਗਧ ਭਏ ਸ੍ਰੋਤੇ ਹਰਿ ਨਾਮਾ ਮੁਖਿ ਗਾਇਆ।" — ਸੋਰ **੫**, ੨੧, ੧ : ੨ (614)

ਹੋਰ ਰੂਪ — ਪਰੇਤਹੁ —
"**ਪਰੇਤਹੁ** ਕੀਤੋਨੁ ਦੇਵਤਾ ਤਿਨਿ ਕਰਣੈਹਾਰੇ।" (ਭੂਤਾਂ ਤੋਂ)
— ਗਉ **੫**, ਵਾਰ ੨੦ਸ, **੫**, ੨ : ੧ (323)

ਪਰੇਤੁ —
"ਖਿਨ ਮਹਿ ਬਿਨਸਿਓ ਮਹਾ **ਪਰੇਤੁ**।" (ਵਡਾ ਭੂਤ, ਇਕੋ ਭਾਵ ਅਹੰਕਾਰ)
— ਭੈਰ **੫**, ੪੬, ੨ : ੨ (1149)

ਪਰੇਰੇ — ਹੋਰ ਪਰੇ, ਦੂਰ ਪਰੇਰੇ
"ਪੂਰਉ ਪੁਰਖੁ ਰਿਦੈ ਹਰਿ ਸਿਮਰਤ ਮੁਖੁ ਦੇਖਤ ਅਘ ਜਾਹਿ **ਪਰੇਰੇ**।"
— ਸਵ **੪**, ਨਲ੍ ੯ : ੪ (1400)

ਹੋਰ ਰੂਪ — ਪਰੇਰੈ —
"ਆਨਦਾ ਗੁਨ ਗਾਇ ਮੰਗਲ ਕਸਮਲਾ ਮਿਟਿ ਜਾਹਿ **ਪਰੇਰੈ**।" (ਦੂਰ)
— ਕਾਨ **੫**, ੧੬, ੧ : ੧ (1301)

ਪਰੇਵੈ — ਪੈਂਦਾ ਹੈ
"ਜਤਨ ਕਰਉ ਉਰਝਾਇ **ਪਰੇਵੈ**।"
—ਆਸਾ **੫**, ੪, ੧* : ੨ (371)

ਪਰੈ — 1. ਅਗਾਂਹ, ਦੂਰ

"ਧਰਤੀ ਹੋਰੁ **ਪਰੈ** ਹੋਰੁ ਹੋਰੁ।"
— ਜਪੁ **੧**, ੧੬ : ੧੧ (3)
"ਤिਸ ਤੇ **ਪਰੈ** ਨਾਹੀ ਕਿਛੁ ਕੋਇ।"
— ਗਉ **ਪ**, ਸੁਖ ੧੬, ੧ : ੩ (283)

2. ਪਵੇ, ਡਿਗੇ
"ਉਨ ਕੀ ਸਰਣਿ **ਪਰੈ** ਸੋ ਤਰਿਆ ਸੰਤਸੰਗਿ ਪੂਰਨ ਆਸਾ।"
— ਗਉ **ਪ**, ੧੩੧*, ੨ : ੨ (207)
"ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ **ਪਰੈ**।" (ਪਏ, ਡਿਗੇ)
— ਸਲੋ **ਕਬ**, ੨੧੬ : ੨ (1376)

3. ਪੈਂਦਾ, ਹੁੰਦਾ
"ਇਸੁ ਮਾਰੀ ਬਿਨੁ ਥਾਇ **ਨ ਪਰੈ**।"
— **ਗਉ, ਪ, ਅਸ** ਪ, ੬ : ੧ (238)
"**ਕਹੀਅਤ ਆਨ ਅਚਰੀਅਤ** ਅਨ ਕਛੁ ਸਮਝ **ਨ ਪਰੈ** ਅਪਰ ਮਾਇਆ।" (ਪੈਂਦੀ ਭਾਵ **ਆਉਂਦੀ**) — ਸੋਰ **ਰਵਿ**, ੩, ੩ : ੧ (658)

4. ਪਿਆ, ਟਿਕਿਆ
"ਧਰਨਿ **ਪਰੈ** ਉਰਵਾਰਿ ਨ ਜਾਈ।"
— ਗਉ **ਕਬ**, ੧੬, ੧* : ੨ (326)
"ਪਿੰਡੁ **ਪਰੈ** ਤਉ ਪ੍ਰੀਤਿ ਨ ਤੋਰਉ।" (ਭਾਵ ਨਸ਼ਟ ਹੋ ਜਾਵੇ)
— ਆਸਾ **ਕਬ**, ੩ਪ, ੨ : ੨ (484)

5. ਹੋ ਜਾਵੇ
"ਨਾਨਕ ਭਉਜਲੁ ਪਾਰਿ **ਪਰੈ** ਜਉ ਗਾਵੈ ਪ੍ਰਭ ਕੇ ਗੀਤ।" — ਦੇਵ **੯**, ੩, ੨ : ੨ (536)

6. ਲਗੇ
"ਜਿਉ ਬੇਸ੍ਵਾ ਕੇ **ਪਰੈ** ਅਖਾਰਾ।"
— ਭੈਰ **ਨਾਮ**, ੮, ੩ : ੧ (1165)

ਪਰੋ — ਪਰਸੋਂ (ਕੋਸ਼ ਮਹਾਨ ਕੋਸ਼), ਨਾਸ ਹੋ ਜਾਣ ਵਾਲਾ (ਦਰਪਣ), ਪੈਂਦਾ (ਨਿਰਣੈ)
"ਜੋ ਉਪਜਿਓ ਸੋ ਬਿਨਸਿ ਹੈ **ਪਰੋ** ਆਜੁ ਕੈ ਕਾਲਿ।"
— ਸਲੋ **੯**, ਪ੨ : ੧ (1428)

ਪਰੋਊ — ਪ੍ਰੋ ਲੈਂਦਾ ਹੈ
"ਏਕ ਨਾਮ ਲੇ ਮਨਹਿ **ਪਰੋਊ**।"
— ਗਉ **ਪ**, ਬਾਅ ੧੪ : ੬ (253)

ਪਰੋਇ — ਪ੍ਰੋ ਲਏ
"ਸਗਲ ਵਿਕਾਰੀ ਹਾਰੁ **ਪਰੋਇ**।"
— ਗਉ **੧**, ਅਸ ੪, ੩ : ੨ (222)
"ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ **ਪਰੋਇ**।" (ਪ੍ਰੋ ਕੇ) — ਗਉ **ਪ**, ਬਾਅ ਪਪ : ੮ (262)

ਹੋਰ ਰੂਪ — ਪਰੋਇਓ —
"ਪਵਨਿ **ਪਰੋਇਓ** ਸਗਲ ਅਕਾਰਾ ਪਾਵਕ ਕਾਸਟ ਸੰਗੇ।" (ਪ੍ਰੋਇਆ ਹੈ)
— ਸਾਰ **ਪ**, ਅਸ ੧, ੩ : ੧ (1235)

ਪਰੋਇਆ —
"ਹਰਿ ਨਾਮੁ ਰਿਦੈ **ਪਰੋਇਆ**।" (ਪ੍ਰੋ ਲਿਆ)
— ਸੋਰ **ਪ**, ੭੨, ੧ : ੧ (627)

ਪਰੋਈ —
"ਸਭ **ਪਰੋਈ** ਇਕਤੁ ਧਾਗੈ।" (ਪ੍ਰੋ ਲਈ ਹੈ)
— ਮਾਝ **ਪ**, ੪੯, ੨ : ੧ (108)
"ਤਿਨ ਕੀ ਧੂਰਿ ਨਾਨਕ ਦਾਸੁ ਬਾਛੈ ਜਿਨ ਹਰਿ ਨਾਮੁ ਰਿਦੈ **ਪਰੋਈ**।" (ਪ੍ਰੋਇਆ ਹੈ ਭਾਵ ਵਸਾਇਆ ਹੈ)
— ਸੋਰ **ਪ**, ੩੩, ੨ : ੨ (618)

ਪਰੋਈਐ —
"ਸੂਤ ਬਿਨਾ ਕੈਸੇ ਮਣੀ **ਪਰੋਈਐ**।"
— ਗੋਂਡ **ਕਬ**, ੯, ੨ : ੨ (872)

ਪਰੋਈਲੇ —
"ਆਨੀਲੇ ਫੂਲ **ਪਰੋਈਲੇ** ਮਾਲਾ ਠਾਕੁਰ ਕੀ ਹਉ ਪੂਜ ਕਰਉ।" (ਪ੍ਰੋਕੇ)
— ਆਸਾ **ਨਾਮ**, ੨, ੨ : ੧ (485)

ਪਰੋਏ —
"ਏਕੈ ਸੂਤਿ **ਪਰੋਏ** ਮਣੀਏ।"
— ਰਾਮ **ਪ**, ੧੨, ੩ : ੧ (886)

ਪਰੋਸਨਹਾਰੈ — ਵਰਤਾਵਾ, ਭੋਜਨ ਅਗੇ ਰਖਨਵਾਲਾ
"ਪੇਖੇ ਬਿੰਜਨ **ਪਰੋਸਨਹਾਰੈ**।"
— ਕਾਨ **ਪ**, ਪ, ੨ : ੧ (1299)

ਪਰੋਸਨ — ਵਰਤਾਉਣ
"ਜੂਠੀ ਕਰਛੀ **ਪਰੋਸਨ** ਲਾਗਾ ਜੂਠੇ ਹੀ ਬੈਠਿ ਖਾਇਆ।" —ਬਸੰ **ਕਬ**, ੭, ੩ : ੨ (1195)

ਪਰੋਸੈ — (ਬਰਤਨ ਵਿਚ ਪਾ ਕੇ) ਅਗੇ ਰਖੇ, ਵਰਤਾਏ
"ਆਪਿ ਪਕਾਵੈ ਆਪਿ ਭਾਂਡੇ ਦੇਇ **ਪਰੋਸੈ** ਆਪੇ

ਹੀ ਬਹਿ ਖਾਵੈ।"

— ਬਿਹਾ **੪**, ਵਾਰ ੬ : ੨ (551)

ਪਰੋਹੀ — ਪਰੋਏ

"ਅਨਿਕ ਭਾਤਿ ਕਰਿ ਮਣੀਏ ਸਾਜੇ ਕਾਚੈ ਤਾਗਿ **ਪਰੋਹੀ**।" — ਸੋਰ **੫**, ੪, ੩ : ੧ (609)

ਪਰੋਤ — ਸੀਤਾ ਹੋਇਆ

"ਕਰ ਜੋਰਿ ਨਾਨਕ ਦਾਨੁ ਮਾਗੈ ਹਰਿ ਰਖਉ ਕੰਠਿ **ਪਰੋਤ**।" — ਕੇਦਾ **੫**, ੧੩, ੨ : ੨ (1121)

ਪਰੋਤਾ — ਪਰੋਇਆ ਭਾਵ ਧਾਰਨ ਕੀਤਾ

"ਸਦ ਬੈਰਾਗੀ ਤਤੁ **ਪਰੋਤਾ**।"

— ਰਾਮ **੧**, ਅਸ ੩, ੬ : ੨ (904)

ਹੋਰ ਰੂਪ — ਪਰੋਤੀਆ —

"ਨਾਨਕ ਪੇਖਿ ਜੀਉ ਇਕਤੁ ਸੂਤਿ **ਪਰੋਤੀਆ**।"

— ਮਾਰੂ **੫**, ਵਾਰ ੨੧ਸ, **੫**, ੩ : ੩ (1101)

ਪਰੋਵਹਿ — ਪ੍ਰੋਂਦਾ ਹੈ

"ਆਪੇ ਸਕਤਾ ਆਪ ਸੁਰਤਾ ਸਕਤੀ ਜਗਤੁ **ਪਰੋਵਹਿ**।"

— ਸਾਰ **੪**, ਵਾਰ ੧੩ਸ, **੧**, ੧ : ੨ (1242)

ਹੋਰ ਰੂਪ — ਪਰੋਵਹੁ —

"ਕਰ ਹਰਿ ਹਟ ਮਾਲ ਟਿੰਡ **ਪਰੋਵਹੁ** ਤਿਸੁ ਭੀਤਰਿ ਮਨੁ ਜੋਵਹੁ।" (ਭਾਵ ਬਣਾਉ)

— ਬਸੰ **੧**, ੯, ੨ : ੧ (1171)

ਪਰੋਵਣਾ — ਪ੍ਰੋਈ ਰਖਦੇ ਭਾਵ ਵਸਾਈ ਰਖਦੇ ਹਨ

"ਨਾਉ ਨਾਨਕ ਬਖਸੀਸ ਮਨ ਮਾਹਿ **ਪਰੋਵਣਾ**।"

— ਗੂਜ **੫**, ਵਾਰ ੧੮ : ੮ (523)

ਪਰੋਵਨਹਾਰਾ — ਪ੍ਰੋਨ ਵਾਲਾ

"ਏਕਹਿ ਸੂਤਿ **ਪਰੋਵਨਹਾਰਾ**।"

— ਗਉ **੫**, ਬਾਅ, ੨ : ੨ (250)

ਪਰੋਵੈ — ਪ੍ਰੋਂਦਾ ਹੈ

"ਨਾਨਕ ਹੀਰਾ ਹੀਰੈ ਬੇਧਿਆ ਗੁਣ ਕੈ ਹਾਰਿ **ਪਰੋਵੈ**।" — ਤੁਖਾ **੧**, ਛੰਤ ੫, ੨ : ੬ (1112)

ਪਰ੍ਹਿਉ — ਪਿਆ, ਡਿਗਿਆ

"ਪ੍ਰਭ ਦਾਤਉ ਦਾਤਾਰ **ਪਰ੍ਹਿਉ** ਜਾਚਕੁ ਇਕੁ ਸਰਨਾ।" — ਸਮੁ **੫**, ੯ : ੧ (1387)

ਪਲ — 1. ਸਮੇਂ ਦੀ ਇਕ ਇਕਾਈ, ਪਲਕਾਰੇ/ ਅੱਖ ਦੇ ਝਪਕਣ ਜਿਨਾਂ ਸਮਾਂ

"ਘੜੀ ਮੂਰਤ ਸਿਮਰਤ **ਪਲ** ਵੰਞਹਿ ਜੀਵਣੁ ਸਫਲੁ ਤਿਥਾਈ।" — ਮਾਝ **੫**, ੪੫, ੧ : ੩ (107)

"**ਪਲ** ਪੰਕਜ ਮਹਿ ਕੋਟਿ ਉਧਾਰੇ।"

— ਧਨਾ **੧**, ਅਸ ੨, ੭ : ੩ (686)

ਪਲਕ — ਅੱਖ ਝਮਕਣ ਜਿਨ੍ਹਾਂ ਸਮਾਂ, ਪਲ ਭਰ

"**ਪਲਕ** ਦਿਸਟਿ ਤਾ ਕੀ ਲਾਗਹੁ ਪਾਈ।"

— ਆਸਾ **੫**, ੭੯, ੩ : ੨ (390)

"ਮੁਖੁ ਡੇਖਾਊ **ਪਲਕ** ਛਡਿ ਆਨ ਨ ਡੇਊ ਚਿਤੁ।"

— ਜੈਤ **੫**, ਵਾਰ ੧੨ਸ, **੫**, ੨ : ੧ (708)

(ਮਹਾਨਕੋਸ਼ ਇਥੇ ਇਸ ਦੇ ਅਰਥ 'ਅੱਖ ਦਾ ਪੜਦਾ, ਪਪੋਟਾ ਕਰਦਾ ਹੈ')

ਪਲਕਾ — 1. ਅੱਖ ਦੇ ਪੜਦੇ

"**ਪਲਕਾ** ਨ ਲਾਗੈ ਪ੍ਰਿਅ ਪ੍ਰੇਮ ਪਾਗੈ ਚਿਤਵੰਤਿ ਅਨਦਿਨੁ ਪ੍ਰਭ ਮਨਾ।"

— ਆਸਾ **੫**, ਛੰਤ ੧੪, ੨ : ੪ (462)

2. ਪਲਕ (ਪਲ ਭਰ ਦੇ ਸਮੇਂ ਵਿਚ)

"ਹਰਿ ਹਰਿ ਨਾਮੁ ਬੋਲਹੁ ਦਿਨੁ ਰਾਤੀ ਸਭ ਕਿਲਬਿਖ ਕਾਟੈ ਇਕ **ਪਲਕਾ**।"

— ਸੋਰ **੫**, ਵਾਰ ੨੧ : ੪ (650)

ਪਲਘ — ਪਲੰਘ, ਮੰਜਾ, ਖਾਟ

"ਕਾਹੂ ਦੀਨੇ ਪਾਟ ਪਟੰਬਰ ਕਾਹੂ **ਪਲਘ** ਨਿਵਾਰਾ।"

— ਆਸਾ **ਕਬ**, ੧੬, ੧ : ੧ (479)

ਹੋਰ ਰੂਪ — ਪਲੰਘ —

"ਤੰਬੂ **ਪਲੰਘ** ਨਿਵਾਰ ਸਰਾਇਚੇ ਲਾਲਤੀ।"

— ਮਾਝ **੧**, ਵਾਰ ੮ : ੨ (141)

ਪਲਘਿ —

ਧਰਤੀ ਤ ਹੀਰੇ ਲਾਲ ਜੜਤੀ **ਪਲਘਿ** ਲਾਲ ਜੜਾਉ।" (ਪਲੰਗਾਂ ਨਾਲ)

— ਸਿਰੀ **੧**, ੧, ੨ : ੧ (14)

ਪਲੰਘੁ —

"ਲਬੈ ਮਾਲੈ ਘੁਲਿ ਮਿਲਿ ਮਿਚਲਿ ਊਂਘੈ ਸਉੜਿ **ਪਲੰਘੁ**।"

— ਮਲਾ **੧**, ਵਾਰ ੨੩ਸ, **੧**, ੧ : ੨ (1288)

ਪਲਚਾਈ — ਉਲਝੀ

"ਮਾਤਾ ਪਿਤਾ ਸਭੁ ਹੇਤੁ ਹੈ ਹੇਤੇ **ਪਲਚਾਈ** ਰਾਮ।"

— ਵਡ **੩**, ਛੰਤ ੬, ੨ : ੨ (571)

ਪਲਚਿ — ਉਲਝੇ, ਫਸੇ

"ਧਾਤੁਰ ਬਾਜੀ **ਪਲਚਿ** ਰਹੇ ਨਾ ਉਰਵਾਰੁ ਨ

ਪਾਰੁ।" — ਸਿਰੀ **੩**, ੪੦, ੩ : ੩ (29)

ਪਲਟਾਇ — ਮੁੜ ਕੇ, ਪਰਤ ਕੇ
"ਲੈ ਕਮਲੀ ਚਲਿਓ **ਪਲਟਾਇ**।"
— ਭੈਰ **ਨਾਮ**, ੬, ੨ : ੧ (1164)

ਪਲਟਿ — ਬਦਲ ਕੇ, ਉਲਟ ਕੇ
"ਗੁਰ ਗੋਬਿੰਦ ਕੇ ਬਿਨੁ ਮਿਲੇ **ਪਲਟਿ** ਭਈ ਸਭ ਖੇਹ।" — ਸਲੋ **ਕਬ**, ੧੭੯ : ੨ (1374)

ਪਲਟਿਆ — ਬਦਲਿਆ, ਉਲਟਿਆ
"ਗੁਰਿ ਮਿਲਿਐ ਵੇਸੁ **ਪਲਟਿਆ** ਸਾ ਧਨ ਸਚੁ ਸੀਗਾਰੋ।" — ਵਡ **੧**, ਅਸ ੩, ੮ : ੧ (581)
"ਗੁਰਮੁਖਿ ਹੋਵੈ ਸੁ **ਪਲਟਿਆ** ਹਰਿ ਰਾਤੀ ਸਾਜਿ ਸੀਗਾਰਿ।" (ਪਰਤਿਆ ਮਾਇਆ ਤੋਂ)
— ਸੂਹੀ **੩**, ਵਾਰ ੧ਸ, **੩**, ੧ : ੫ (785)

ਹੋਰ ਰੂਪ — ਪਲਟੀਐ —
"ਤਾੜੀ ਲਾਗੀ ਤ੍ਰਿਪਲੁ **ਪਲਟੀਐ** ਛੂਟੈ ਹੋਇ ਪਸਾਰੀ।" (ਪਰਤੀਏ)
— ਗਉ **ਕਬ**, ੫੩, ੨ : ੨ (334)
"ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ **ਪਲਟੀਐ**।" (ਪ੍ਰਵਰਤਤ ਕਰੀਏ, ਬਦਲੀਏ) — ਰਾਮ ਬਸ ਵਾਰ ੨ : ੨ (966)

ਪਲਟੁ —
"ਨਾਨਕੁ ਕਾਇਆ **ਪਲਟੁ** ਕਰਿ ਮਲਿ ਤਖਤੁ ਬੈਠਾ ਸੈ ਡਾਲੀ।" (ਤਬਦੀਲ, ਬਦਲ)
— ਰਾਮ **ਬਸ**, ਵਾਰ ੩ : ੫ (967)

ਪਲਤ — ਪਰਲੋਕ
"ਖਾਵਹੁ ਖਰਚਹੁ ਤੋਟਿ ਨ ਆਵੈ ਹਲਤ **ਪਲਤ** ਕੈ ਸੰਗੈ।" — ਗੂਜ **੫**, ੩, ੪ : ੧ (496)

ਹੋਰ ਰੂਪ — ਪਲਤਿ —
"ਹਲਤਿ **ਪਲਤਿ** ਸੁਖੁ ਪਾਇਦੇ ਜਪਿ ਜਪਿ ਰਿਦੈ ਮੁਰਾਰਿ।" (ਪਰਲੋਕ ਵਿਚ)
— ਸਿਰੀ **੩**, ੪੨, ੨ : ੨ (30)

ਪਲਤੁ —
ਹਲਤੁ **ਪਲਤੁ** ਤਿਨੀ ਦੋਵੈ ਗਵਾਏ ਦੁਖੇ ਦੁਖਿ ਵਿਹਾਵਣਿਆ।"
— ਮਾਝ **੩**, ਅਸ ੨੩, ੫ : ੩ (123)

ਪਲਤੇ — ਸਾੜ ਪੈਦਾ ਕਰਦਾ ਹੈ, ਸਾੜਦਾ ਹੈ
"ਚਬੇ ਤਤਾ ਲੋਹ ਸਾਰੁ ਵਿਚਿ ਸੰਘੈ **ਪਲਤੇ**।"
— ਗਉ **੪**, ਵਾਰ ੩੨ : ੨ (317)

ਪਲਫਾ — ਪੱਲਾ ਭਰ, ਪੱਲ ਵਿਚ
"ਕੋਟਿ ਕੋਟਿ ਕੇ ਦੋਖ ਸਭ ਜਨ ਕੇ ਹਰਿ ਦੂਰਿ ਕੀਏ ਇਕ **ਪਲਫਾ**।"
— ਪ੍ਰਭਾ **੪**, ੫, ੩ : ੨ (1336)

ਪਲਰਿ — 1. ਪਰਾਲੀਵਤ ਭਾਵ ਫਜੂਲ ਸਮਝ ਕੇ
"ਰਤਨੁ ਪਦਾਰਥੁ **ਪਲਰਿ** ਤਿਆਗੈ।"
— ਮਾਝ **੩**, ਅਸ ੮, ੪ : ੧ (113)
(ਮਹਾਨਕੋਸ਼ ਅਰਥ 'ਪੱਥਰ' ਕਰਦੇ ਹਨ)
2. ਦਾਣੇ ਰਹਿਤ, ਫੂਸ
"ਜਾ ਪਕਾ ਤਾ ਕਟਿਆ ਰਹੀ ਸੁ **ਪਲਰਿ** ਵਾੜਿ।"
— ਮਾਝ **੧**, ਵਾਰ ੧੧ਸ, **੧**, ੧ : ੧ (142)

ਹੋਰ ਰੂਪ — ਪਲਰੀ —
"ਅਉਗਣ ਵਿਕਣਿ **ਪਲਰੀ** ਜਿਸੁ ਦੇਹਿ ਸੁ ਸਚੇ ਪਾਏ।" (ਪਰਾਲੀ/ਫੂਸ ਵਾਂਗ)
— ਗਉ **੪**, ਵਾਰ ੭ : ੩ (303)

ਪਲਵ — ਪੱਤੇ
"ਕਰ **ਪਲਵ** ਸਾਖਾ ਬੀਚਾਰੇ।"
— ਰਾਮ **ਬੇਣੀ**, ੧, ੭ : ੧ (974)

ਪਲਵੈ — ਪਤਿਆਂ ਸਹਿਤ ਭਾਵ ਹਰੀ ਭਰੀ
"ਤਤੀ ਤੋਇ ਨ **ਪਲਵੈ** ਜੇ ਜਲਿ ਟੁਬੀ ਦੇਇ।"
— ਸਲੋ **ਫਰ**, ੬੨ : ੨ (1381)

ਪਲਾ — ਦਾਮਨ
"ਜਾ ਕੋ ਰੇ ਕਰਮੁ ਭਲਾ ਤਿਨਿ ਓਟ ਗਹੀ ਸੰਤ **ਪਲਾ** ਤਿਨ ਨਾਹੀ ਰੇ ਜਮੁ ਸੰਤਾਵੈ ਸਾਧੂ ਕੀ ਸੰਗਨਾ।" — ਧਨਾ **੫**, ੩੦, ੨ : ੧ (678)
"ਉਸੁ ਸਾਚੇ ਦੀਬਾਨ ਮਹਿ **ਪਲਾ** ਨ ਪਕਰੈ ਕੋਇ।" (ਪਲੂ, ਭਾਵ ਕੋਈ ਤੰਗ ਨਹੀਂ ਕਰੇਗਾ)
— ਸਲੋ **ਕਬ**, ੨੦੦ : ੨ (1375)

ਪਲਾਇਣ — ਭਜ ਗਏ, ਦੂਰ ਹੋ ਗਏ
"ਜੈ ਜੈ ਧਰਮੁ ਕਰੇ ਦੂਤ ਭਏ **ਪਲਾਇਣ**।"
— ਆਸਾ **੧**, ਛੰਤ ੧੨, ੩ : ੨ (460)

ਪਲਾਇਨ — ਦੂਰ ਹੋ ਜਾਂਦੇ ਹਨ
"ਸਾਧੂ ਕੈ ਸੰਗਿ ਪਾਪ **ਪਲਾਇਨ**।"
— ਗਉ **੫**, ਸੁਖ ੭, ੫ : ੭ (271)

ਪਲਾਸ — ਢੱਕ ਦਾ ਬੂਟਾ, ਇਕ ਨਿਕੰਮਾ ਰੁੱਖ
"ਮਿਲਿ ਸਤਸੰਗਤਿ ਪਰਮ ਪਦੁ ਪਾਇਆ ਮੈ ਹਿਰਡ

ਪਲਾਸ ਸੰਗਿ ਹਰਿ ਬੂਹੀਆ।"
— ਬਿਲਾ **੪**, ਅਸ ੨, ੧ : ੨ (834)

ਹੋਰ ਰੂਪ — ਪਲਾਸੁ —
"ਜਿਹ ਕੁਲ ਦਾਸੁ ਨ ਊਪਜੈ ਸੋ ਕੁਲ ਢਾਕੁ **ਪਲਾਸੁ**।" — ਸਲੋ **ਕਬ**, ੧੧੧ : ੨ (1370)

ਪਲਾਹ — ਕੀਰਨੇ, ਵਿਰਲਾਪ, ਤਰਲੇ
"ਕਰਣ **ਪਲਾਹ** ਕਰੇ ਬਹੁਤੇਰੇ ਸਾ ਧਨ ਮਹਲੁ ਨ ਪਾਵੈ।" — ਤਿਲੰ **੧**, ੪, ੨ : ੨ (722)

ਪਲਾਣੁ — ਕਾਠੀ
"ਘੋੜਾ ਕੀਤੋ ਸਹਜ ਦਾ ਜਤੁ ਕੀਓ **ਪਲਾਣੁ**।"
— ਰਾਮ **ਬਸ**, ਵਾਰ ੬ : ੬ (968)

ਪਲਾਣੇ — ਕਾਠੀਆਂ ਨਾਲ ਸਜੇ ਹੋਏ
"ਤੁਰੇ **ਪਲਾਣੇ** ਪਉਣ ਵੇਗ ਹਰਿ ਰੰਗੀ ਹਰਮ ਸਵਾਰਿਆ।"
— ਆਸਾ **੧**, ਵਾਰ ੧੨ : ੧ (472)

ਪਲਾਤਾ — ਪਰਲੋਕ
"ਭਇਓ ਕ੍ਰਿਪਾਲ ਠਾਕੁਰੁ ਸੇਵਕ ਕਉ ਸਵਰੇ ਹਲਤ **ਪਲਾਤਾ**।" — ਮਾਰੂ **੫**, ੫, ੪ : ੧ (1000)

ਪਲਾਵ — ਕੀਰਨੇ, ਵਿਰਲਾਪ
"ਜਿਉ ਜਲਿ ਥੋੜੈ ਮਛੁਲੀ ਕਰਣ **ਪਲਾਵ** ਕਰੇਇ।"
— ਸਿਰੀ **੧**, ਅਸ ੫, ੨ : ੨ (56)
"ਕਰਣ **ਪਲਾਵ** ਕਰੇ ਨਹੀ ਪਾਵੈ ਇਤ ਉਤ ਢੂਢਤ ਥਾਕਿ ਪਰੇ।" (ਭਾਵ ਤਰਲੇ ਮਿੰਨਤਾਂ)
— ਮਾਰੂ **੧**, ਅਸ ੮, ੪ : ੧ (1014)

ਪਲਿਆ — ਪਰਵਰਸ਼ ਪ੍ਰਾਪਤ ਕੀਤਾ, ਵੱਡਾ ਹੋਇਆ
"ਫਰੀਦਾ ਸਿਰੁ **ਪਲਿਆ** ਦਾੜੀ ਪਲੀ ਮੁਛਾਂ ਭੀ ਪਲੀਆਂ।" (ਭਾਵ ਪੀਲੇ/ਚਿੱਟੇ ਹੋ ਗਏ)
— ਸਲੋ **ਫਰ**, ੫੫ : ੧ (1380)

ਪਲੀ — ਪਲਿਤ ਹੋਈ, ਵਡੀ ਹੋਈ
"ਫਰੀਦਾ ਸਿਰੁ ਪਲਿਆ ਦਾੜੀ **ਪਲੀ** ਮੁਛਾਂ ਭੀ ਪੀਆਂ।" (ਭਾਵ ਪੀਲੀ/ਚਿੱਟੀ ਹੋਈ)
— ਸਲੋ **ਫਰ**, ੫੫ : ੧ (1380)

ਪਲੀਆ — ਪੱਲੇ, ਲੜ
"ਗ੍ਰਿਹਿ ਮੜੀ ਮਸਾਣੀ ਬਨ ਮਹਿ ਬਸਤੇ ਊਠਿ ਤਿਨਾ ਕੈ ਲਾਗੀ **ਪਲੀਆ**।"
— ਮਾਰੂ **੫**, ੧੮, ੪ : ੩ (1004)

ਪਲੀਆਂ — ਵਡੀਆਂ, ਹੋਈਆਂ
"ਫਰੀਦਾ ਸਿਰੁ ਪਲਿਆ ਦਾੜੀ ਪਲੀ ਮੁਛਾਂ ਭੀ **ਪਲੀਆਂ**।" — ਸਲੋ **ਫਰ**, ੫੫ : ੧ (1380)

ਪਲੀਤਹ — (ਫਾ. ਪਲੀਦ), ਨੀਚ, ਗੰਦੇ
"ਪਾਂਚ **ਪਲੀਤਹ** ਕਉ ਪਰਬੋਧੈ।" (ਪੰਜ ਇੰਦਰੇ)
— ਗੋਂਡ **ਕਬ**, ੧੦, ੩ : ੨ (873)

ਪਲੀਤਾ — 1. (ਫਾ. ਪਲੀਤਹ) ਅੱਗ ਲਾਉਣ ਲਈ ਬਣਾਇਆ ਗਿਆ, ਮਸਾਲੇ ਵਾਲਾ ਧਾਗਾ
"ਕਹੁ ਕਬੀਰ ਜਿਨਿ ਦੀਆ **ਪਲੀਤਾ** ਤਿਨਿ ਤੈਸੀ ਝਲ ਦੇਖੀ।" — ਗਉ **ਕਬ**, ੪੨, ੩ : ੨ (333)
2. ਤੋਪ ਨੂੰ ਅੱਗ ਦੇਣ ਦਾ ਤੋੜਾ
"ਪ੍ਰੇਮ **ਪਲੀਤਾ** ਸੁਰਤਿ ਹਵਾਈ ਗੋਲਾ ਗਿਆਨੁ ਚਲਾਇਆ।"
— ਭੈਰ **ਕਬ**, ੧੨, ੪ : ੧ (1161)

ਪਲੀਤੀ — (ਫਾ. ਪਲੀਦ), ਗੰਦਾ, ਅਪਵਿੱਤਰ
"ਮੂਤ **ਪਲੀਤੀ** ਕਪੜੁ ਹੋਇ।"
— ਜਪੁ **੧**, ੨੦ : ੩ (4)

ਹੋਰ ਰੂਪ — ਪਲੀਤੁ —
"ਜੇ ਰਤੁ ਲਗੈ ਕਪੜੈ ਜਾਮਾ ਹੋਇ **ਪਲੀਤੁ**।" (ਗੰਦਾ, ਅਪਵਿੱਤਰ)
— ਮਾਝ **੧**, ਵਾਰ ੬ਸ, **੧**, ੧ : ੧ (140)

ਪਲੁ — ਸਮੇਂ ਦੀ ਇਕ ਇਕਾਈ, ਪਲਕ ਝਮਕਨ ਜਿਨਾ ਸਮਾਂ
"ਜਿਨ ਖਿਨੁ **ਪਲੁ** ਨਾਮੁ ਨ ਵੀਸਰੈ ਤੇ ਜਨ ਵਿਰਲੇ ਸੰਸਾਰਿ।" — ਸਿਰੀ **੧**, ੨੦, ੧* : ੨ (21)

ਪਲੂ — ਫੁਲ ਦੀ ਪੰਖੜੀ, ਪੱਤੇ
"**ਪਲੂ** ਅਨਤ ਮੂਲੁ ਬਿਚਕਾਰਿ।"
— ਰਾਮ **ਬੇਣੀ**, ੧, ੮ : ੨ (974)

ਪਲੇ — ਪਲ ਵਿਚ, ਅੱਖ ਝਮਕਾਣ ਦੇ ਸਮੇਂ ਵਿਚ
"ਬਿਨਵੰਤਿ ਨਾਨਕ ਦਇਆ ਧਾਰੀ ਮੇਲਿ ਲੀਨੇ ਇਕ **ਪਲੇ**।" — ਜੈਤ **੫**, ੨, ੪ : ੬ (705)
2. ਲੜ, ਦਾਮਨ
"ਨਾਨਕ ਦਾਸ ਧੂਰਿ ਜਨ ਬਾਂਛੈ ਉਧਰਹਿ ਲਾਗਿ **ਪਲੇ**।" — ਸਾਰ **੫**, ੧੨੦, ੨ : ੨ (1227)

ਪਲੇਟਿ — ਲਪੇਟ ਕੇ, ਗਲੇਫ ਕੇ
"ਕੂੜਿ ਠਗੀ ਗੁਝੀ ਨ ਰਹੈ ਕੂੜੁ ਮੁਲੰਮਾ **ਪਲੇਟਿ** ਧਰੇਹੁ।"— ਗਉ **੪**, ਵਾਰ ੨੦ਸ, **੩**, ੧: ੬ (311)

ਹੋਰ ਰੂਪ — ਪਲੇਟਿਆ —
"ਗ੍ਰਿਸਤਿ ਕੁਟੰਬਿ **ਪਲੇਟਿਆ** ਕਦੇ ਹਰਖੁ ਕਦੇ ਸੋਗੁ।" (ਭਾਵ ਘਿਰਿਆ ਹੋਇਆ)
— ਸਿਰੀ **੫**, ੨੬, ੩ : ੨ (70)

ਪਲੇਟੇ —
"ਪਸੂ ਮਾਣਸ ਚੰਮਿ **ਪਲੇਟੇ** ਅੰਦਰਹੁ ਕਾਲਿਆ।" (ਲਪੇਟੇ ਹੋਏ)
— ਮਲਾ **੧**, ਵਾਰ ੧੪ : ੬ (1284)

ਪਲੈ — 1. ਲੜ ਵਿਚ
"ਤਿਨ ਮਤਿ ਤਿਨ ਪਤਿ ਤਿਨ ਧਨੁ **ਪਲੈ** ਜਿਨ ਹਿਰਦੈ ਰਹਿਆ ਸਮਾਇ।" (ਭਾਵ ਕੋਲ)
— ਸਿਰੀ **੧**, ੪, ੪ : ੧ (15)
"ਨਉ ਨਿਧਿ ਨਾਮੁ ਨਿਧਾਨੁ ਹਰਿ ਮੈ **ਪਲੈ** ਬਧਾ ਛਿਕਿ ਜੀਉ।"
— ਸਿਰੀ **੫**, ਅਸ ੨੯, ੮ : ੩ (73)
2. ਲੜ
"ਹਭੇ ਸਾਕ ਕੂੜਾਵੇ ਡਿਠੇ ਤਉ **ਪਲੈ** ਤੈਡੈ ਲਾਗੀ।"
— ਰਾਮ **੫**, ਵਾਰ ੧੪ਸ, **੫**, ੧ : ੨ (963)

ਪਲੋ — ਪਲ ਭਰ ਵਿਚ
"ਜਉ ਦਿਨੁ ਰੈਨਿ ਤਊ ਲਉ ਬਜਿਓ ਮੂਰਤ ਘਰੀ **ਪਲੋ**।" — ਸਾਰ **੫**, ੩, ੩ : ੧ (1203)

ਪਲੋਇ — ਪਲਾਇਣ ਕਰ/ਤੁਰ ਜਾਂਦੇ ਹਨ, ਲੋਪ ਹੋ ਜਾਂਦੇ ਹਨ
"ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ **ਪਲੋਇ**।" — ਸਿਰੀ **੧**, ਅਸ ੧੭, ੮ : ੧ (64)

ਪਲੋਸਉ — ਮਲਦਾ ਹਾਂ
"ਦਿਵਸ ਰੈਨਿ ਤੇਰੇ ਪਾਉ **ਪਲੋਸਉ** ਕੇਸ ਚਵਰ ਕਰਿ ਫੇਰੀ।" — ਰਾਮ **ਕਬ**, ੪, ੧ : ੨ (969)

ਪਲੋਸਿ — ਮਲ ਕੇ, ਹੱਥ ਫੇਰ ਕੇ
"ਮੂਡ **ਪਲੋਸਿ** ਕਮਰ ਬਧਿ ਪੋਥੀ।"
— ਗੋਂਡ **ਕਬ**, ੬, ੩ : ੩ (871)

ਪਲੋਵੈ — ਲੈ/ਲੀਨ ਹੋਵੇ
"ਤੀਨਿ ਤਿਲੋਕ ਸਮਾਧਿ **ਪਲੋਵੈ**।"
— ਰਾਮ **ਬੇਣੀ**, ੧, ੫ : ੨ (974)

ਪਲ੍ਰਨਿ — ਭੋਹ ਦੇ, ਪਰਾਲੀ ਦੇ (ਭਾਅ)
"ਅਗਵਣ ਵਿਕਣਿ **ਪਲ੍ਰਨਿ** ਗੁਣ ਕੀ ਸਾਝ ਕਰੰਨਿ੍।"— ਸੂਹੀ **੩**, ਅਸ ੩, ੨੫ : ੨ (756)

ਪਲ੍ਰਿ — 1. ਪਰਾਲੀ/ਭੋਹ ਦੇ (ਬਦਲੈ)
"ਹਰਿ ਸੁਖੁ **ਪਲ੍ਰਿ** ਤਿਆਗਿਆ ਨਾਮੁ ਵਿਸਾਰਿ ਦੁਖੁ ਪਾਏ।"
— ਬਿਲਾ **੪**, ਵਾਰ ੫ਸ, **੩**, ੧ : ੨ (850)
2. ਦੂਰ ਕਰ ਕੇ
"ਦੂਖੁ **ਪਲਰਿ** ਹਰਿ ਨਾਮੁ ਵਸਾਏ।"
— ਮਲਾ **੩**, ਅਸ ੩, ੧ : ੨ (1277)

ਪਵਈ — ਪੈਂਦੀ
"ਸਰ ਭਰਿ ਥਲ ਹਰੀਆਵਲੇ ਇਕ ਬੂੰਦ ਨ **ਪਵਈ** ਕੇਹ।" — ਸਿਰੀ **੧**, ਅਸ ੧੧, ੩ : ੨ (60)
(ਮਹਾਨਕੋਸ਼ ਇਸ ਦੇ ਅਰਥ ਪ੍ਰੀਂਦਾ ਕਰਦਾ ਹੈ)
"ਬਿਨੁ ਹਰਿ ਭਗਤਿ ਨ **ਪਵਈ** ਥਾਇ।"
— ਆਸਾ **੧**, ਅਸ ੧੦, ੬ : ੨ (416)

ਪਵਈਆ — ਪੈਂਦਾ ਹੈ ਪ੍ਰਾਪਤ ਹੁੰਦਾ ਹੈ, ਪਾਉਂਦਾ ਹੈ
"ਧਾਵਤੁ ਧਾਇ ਤਦੇ ਘਰਿ ਆਵੈ ਹਰਿ ਹਰਿ ਸਾਧੂ ਸਰਣਿ **ਪਵਈਆ**।"
— ਬਿਲਾ **੪**, ਅਸ ੪, ੨ : ੨ (835)
"ਅਨੇਕ ਜਨਮ ਕੇ ਵਿਛੁੜੇ ਜਨ ਮੇਲੇ ਜਾ ਸਤਿਸਤਿ ਸਤਿਗੁਰ ਸਰਣਿ **ਪਵਈਆ**।"
— ਬਿਲਾ **੪**, ਅਸ ੬, ੪ : ੨ (836)

ਪਵਸਿ — ਪੈਂਦੀ ਹੈ
"ਲੋਚਨ ਸ੍ਰਮਹਿ ਬੁਧਿ ਬਲ ਨਾਠੀ ਤਾ ਕਾਮੁ **ਪਵਸਿ** ਮਾਧਾਣੀ।" — ਸਿਰੀ **ਬੇਣੀ**, ੧, ੪ : ੨ (93)

ਪਵਹਿ — ਪੈਂਦੇ ਹਨ
"ਨਦੀਆ ਅਤੈ ਵਾਹ **ਪਵਹਿ** ਸਮੁੰਦਿ ਨ ਜਾਣੀਅਹਿ।" — ਜਪੁ **੧**, ੨੩ : ੧ (5)

ਹੋਰ ਰੂਪ — ਪਵਹੀ —
"ਪਧੈ ਪਾਰਿ ਨ **ਪਵਹੀ** ਮੂੜੇ ਪਰਪੰਚਿ ਤੂੰ ਪਲਚਿ ਰਹਿਆ।" (ਪੈਂਦਾ)
— ਅਸ **੩**, ਪਟੀ ੧੦ : ੧ (435)

ਪਵਹੁ —
"ਤਿਸੁ ਸਤਿਗੁਰ ਕੀ ਸਭ ਪਗੀ **ਪਵਹੁ** ਜਿਨਿ ਮੋਹ ਅੰਧੇਰੁ ਚੁਕਾਇਆ।" (ਡਿਗ ਪਵੋ)
— ਵਡ **੪**, ਵਾਰ ੩ : ੪ (586)

ਪਵਗੋ — ਪਾਵਨ, ਪਵਿੱਤਰ
"ਤੁਮਰੀ ਸੰਗਤਿ ਹਰਿ ਕੋ ਕੋ ਨ ਉਧਰਿਓ ਪ੍ਰਭ

ਕੀਏ ਪਤਿਤ **ਪਵਗੇ**।"
— ਨਟ **੪**, ੪, ੨ : ੧ (976)

ਪਵਣ — ਹਵਾ
"**ਪਵਣ** ਪਾਣੀ ਅਗਨੀ ਪਾਤਾਲ।"
— ਜਪੁ **੧**, ੩੪ : ੨ (7)
ਹੋਰ ਰੂਪ — ਪਵਣਾ —
"ਸੇਜ ਸੁਖਾਲੀ ਸੀਤਲੁ **ਪਵਣਾ** ਸਹਜ ਕੇਲ ਰੰਗ ਕਰਣਾ ਜੀਉ।"
— ਮਾਝ **੫**, ੧੯, ੩ : ੩ (100)

ਪਵਣਾ — 1. ਪੈਣਾ
"ਗਲਾਂ ਕਰੇ ਘਣੇਰੀਆ ਤਾ ਅੰਨ੍ਹੇ **ਪਵਣਾ** ਖਾਤੀ ਟੋਵੈ।"
— ਸਲੋ **੧**, ੩੨ : ੨ (1412)
2. ਹਵਾ, ਵੇਖੋ ਪਵਣ
ਹੋਰ ਰੂਪ — ਪਵਣਿ —
"ਪਾਣੀ ਪ੍ਰਾਣ **ਪਵਣਿ** ਬੰਧਿ ਰਾਖੇ ਚੰਦੁ ਸੂਰਜੁ ਮੁਖਿ ਦੀਏ।" (ਪਵਣ ਨਾਲ)
— ਰਾਮ **੧**, ੪, ੨ : ੧ (877)
ਪਵਣੁ —
"**ਪਵਣੁ** ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।" (ਹਵਾ)
— ਜਪੁ **੧**, ੩੮ਸ : ੧ (8)
"ਏਕੋ **ਪਵਣੁ** ਮਾਟੀ ਸਭ ਏਕਾ ਸਭ ਏਕਾ ਜੋਤਿ ਸਬਾਈਆ।" (ਭਾਵ ਸੁਆਸ)
— ਮਾਝ **੪**, ੭, ੩ : ੧ (96)
"ਅਖੀ ਅੰਧੁ ਜੀਭ ਰਸੁ ਨਾਹੀ ਕੰਨੀ **ਪਵਣੁ** ਨ ਵਾਜੈ।" (ਭਾਵ ਆਵਾਜ਼)
— ਆਸਾ **੧**, ੧੯, ੨ : ੧ (354)

ਪਵਣੇ — ਪੈਂਦੇ ਹਨ
"ਨਾਨਕ ਜਨਿ ਪਾਇਆ ਮਤਿ ਗੁਰਮਤਿ ਜਪਿ ਹਰਿ ਹਰਿ ਪਾਰਿ **ਪਵਣੇ**।"
— ਭੈਰ **੪**, ੭, ੪ : ੨ (1136)

ਪਵਣੈ — ਹਵਾ/ਸੁਆਸਾਂ ਦੇ
"**ਪਵਣੈ** ਕੈ ਵਸਿ ਦੇਹੁਰੀ ਮਸਤਕਿ ਸਚੁ ਨੀਸਾਣੁ।"
— ਸਿਰੀ **੧**, ਅਸ ੧੫, ੫ : ੩ (63)

ਪਵੰਦੜੇ — ਪੈਂਦੇ ਭਾਵ ਲਗਦੇ
"ਪਾਰਿ **ਪਵੰਦੜੇ** ਡਿਠੁ ਮੈ ਸਤਿਗੁਰ ਬੋਹਿਥਿ ਚਾੜਿ।"
— ਮਾਰੂ **੧**, ਅਸ ੧੦, ੬ : ੨ (1015)

ਪਵੰਦੀ — ਪੈਂਦਿਆਂ
"ਕਿੜੀ **ਪਵੰਦੀ** ਮੁਹਾਇਓਨੁ ਭਾਈ ਬਿਖਿਆ ਨੋ ਲੋਭਾਇ।" — ਸੋਰ **੩**, ਅਸ ੩, ੭ : ੨ (639)
ਹੋਰ ਰੂਪ — ਪਵੰਦੀਈ —
"ਫਰੀਦਾ ਕਿੜੀ **ਪਵੰਦੀਈ** ਖੜਾ ਨ ਆਪੁ ਮੁਹਾਇ।" — ਸਲੋ **ਫਰ**, ੧ : ੮ (1377)

ਪਵਦੇ — ਪੈਂਦੇ
"ਝੜਿ ਝੜਿ **ਪਵਦੇ** ਕਚੇ ਬਿਰਹੀ ਜਿਨ੍ਹਾ ਕਾਰਿ ਨ ਆਈ।" — ਸਲੋ **੫**, ੧ : ੨ (1424)

ਪਵਨ — ਹਵਾ
"ਏਕ ਜੁ ਬਾਤ ਅਨੂਪ ਬਨੀ ਹੈ **ਪਵਨ** ਪਿਆਲਾ ਸਾਜਿਆ।" (ਭਾਵ ਸੁਆਸਾਂ ਦਾ)
— ਸਿਰੀ **ਕਬ**, ੩, ੩ : ੧ (92)
"ਅਸੁ **ਪਵਨ** ਹਸਤਿ ਅਸਵਾਰੀ।" (ਹਵਾ ਵਾਂਗ)
— ਗਉ **੫**, ੮੧, ੨ : ੧ (179)
"ਕਾਹੂ **ਪਵਨ** ਧਾਰ ਜਾਤਿ ਬਿਹਾਏ।" (ਪ੍ਰਾਣਾਯਾਮ ਕਰਦਿਆਂ) — ਰਾਮ **੫**, ਅਸ ੩, ੪ : ੩ (914)
ਹੋਰ ਰੂਪ — ਪਵਨਾ —
"ਸਾਚੇ ਤੇ **ਪਵਨਾ** ਭਇਆ ਪਵਨੈ ਤੇ ਜਲੁ ਹੋਇ।"
— ਸਿਰੀ **੧**, ੧੫, ੩ : ੧ (19)
"ਬੋਲੈ **ਪਵਨਾ** ਗਗਨੁ ਗਰਜੈ।" (ਪ੍ਰਾਣ)
— ਰਾਮ **੧**, ਸਿਗੋ ੫੦ : ੫ (943)

ਪਵੰਨਾ — ਪਵਿੱਤਰ, ਪਾਵਨ
"ਕਵਨ ਕਵਨ ਕੀ ਗਤਿ ਮਿਤਿ ਕਹੀਐ ਹਰਿ ਕੀਏ ਪਤਿਤ **ਪਵੰਨਾ**।"
— ਬਿਲਾ **੪**, ੧, ੩ : ੧ (799)

ਪਵਨਿ — 1. ਪੈਂਦੇ ਹਨ
"ਢੰਢੋਲਤ ਢੂਢਤ ਹਉ ਫਿਰੀ ਢਹਿ ਢਹਿ **ਪਵਨਿ** ਕਰਾਰਿ।" — ਰਾਮ **੧**, ਓਅੰ ੩੧ : ੧ (933)
"**ਪਵਨਿ** ਨ ਇਤੀ ਮਾਮਲੇ ਸਹਾਂ ਨ ਇਤੀ ਦੁਖ।" (ਪੈਣ) — ਸਲੋ **ਫਰ**, ੭੬ : ੨ (1381)
ਹੋਰ ਰੂਪ — ਪਵੰਨਿ —
"ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ **ਪਵੰਨਿ**।" (ਪੈਂਦੇ ਹਨ)
— ਗਉ **੧**, ਸੋਹ ੧, ੪ : ੧ (12)
"ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ **ਪਵੰਨਿ**।"— ਸੂਹੀ **੩**, ਅਸ ੩, ੬ : ੨ (755)

2. ਹਵਾ ਨਾਲ
"**ਪਵਨਿ** ਅਫਾਰ ਤੋਰ ਚਾਮਰੋ ਅਤਿ ਜਜਰੀ ਤੇਰੀ ਰੇ ਮਾਟੁਲੀ।"
— ਸਾਰ **੫**, ੬੧, ੧* : ੨ (1216)

ਹੋਰ ਰੂਪ — ਪਵਨੁ —
"ਏਕੋ **ਪਵਨੁ** ਕਹਾ ਕਉਨੁ ਰੋਤਿ।"
— ਗਉ **੫**, ੧੧੨, ੨ : ੨ (188)
"ਪਾਪੁ ਪੁੰਨੁ ਦੁਇ ਬੈਲ ਬਿਸਾਹੇ **ਪਵਨੁ** ਪੂਜੀ ਪਰਗਾਸਿਓ।" (ਸੁਆਸਾਂ ਦੀ)
— ਗਉ **ਕਬ**, ੪੯, ੧ : ੧ (333)
"**ਪਵਨੁ** ਨ ਸਾਧਿਆ ਸਚੁ ਨ ਅਰਾਧਿਆ।"
(ਸੁਆਸ) — ਰਾਮ **੧**, ਸਿਗੋ ੬੨ : ੪ (945)

ਪਵਨੈ —
"ਸਾਚੇ ਤੇ ਪਵਨਾ ਭਇਆ **ਪਵਨੈ** ਤੇ ਜਲੁ ਹੋਇ।" (ਪਵਨ ਤੋਂ)
— ਸਿਰੀ **੧**, ੧੫, ੩ : ੧ (19)
"ਸੰਤਹੁ ਮਨ **ਪਵਨੈ** ਸੁਖੁ ਬਨਿਆ।" (ਪਵਨ ਵਰਗੇ ਮਨ ਨੂੰ)
— ਸੋਰ **ਕਬ**, ੧੦, ੧* : ੧ (656)

ਪਵਲਿਰਯ — ਛੇਤੀ ਪੈਂਦੇ ਹਨ ਭਾਵ ਤੇਜ਼ ਚਾਲ ਚਲਦੇ ਹਨ
"ਚਰਣ ਤ ਪਰ ਸਕਯਥ ਚਰਣ ਗੁਰ ਅਮਰ **ਪਵਲਿਰਯ**।" — ਸਵ **੩**, ੧੦ : ੧ (1394)

ਪਵੜੀਆ — ਪਉੜੀਆਂ
"ਏਤੁ ਰਾਹਿ ਪਤਿ **ਪਵੜੀਆ** ਚੜੀਐ ਹੋਇ ਇਕੀਸ।" — ਜਪੁ **੧**, ੩੨ : ੩ (7)

ਪਵਾ — ਕਾਰਜ ਦੇ ਹੋਣ ਦੀ ਕਿਰਿਆ
"ਹਉ ਗੁਰ ਸਰਣਾਈ ਢਹਿ **ਪਵਾ** ਕਰਿ ਦਇਆ ਮੇਲੇ ਪ੍ਰਭੁ ਸੋਇ।" (ਡਿਗ ਪਵਾਂ)
— ਸਿਰੀ **੪**, ੬੫, ੨ : ੩ (39)
"ਵਡਾ ਵੇਪਰਵਾਹੁ ਸਤਿਗੁਰੁ ਮਿਲੈ ਤ ਪਾਰਿ **ਪਵਾ**।" (ਹੋਵਾਂ)
— ਮਾਰੂ **੩**, ਵਾਰ ੧੪ਸ, **੧**, ੩ : ੩ (1091)

ਹੋਰ ਰੂਪ — ਪਵਾਂ —
"ਆਪ ਤਿਆਗਿ ਸਰਣੀ **ਪਵਾਂ** ਮੁਖਿ ਬੋਲੀ ਮਿਠੜੇ ਵੈਣ।"
— ਮਾਝ **੫**, ਦਿਨ ੧ : ੨ (136)

ਪਵਾਇ — ਪੁਆ ਕੇ, ਆਯੋਜਿਤ ਕਰਕੇ
"ਆਪੇ ਛਿੰਝ **ਪਵਾਇ** ਮਲਾ ਖਾੜਾ ਰਚਿਆ।"
— ਮਲਾ **੧**, ਵਾਰ ੪ : ੧ (1280)

ਹੋਰ ਰੂਪ — ਪਵਾਇਆ —
"ਪਾਥਰ ਕਉ ਬਹੁ ਨੀਰੁ **ਪਵਾਇਆ**।" (ਪੁਆਇਆ)
— ਭੈਰ **੫**, ੫, ੨ : ੧ (1137)

ਪਵਾਇਦਾ — ਪੁਆਉਂਦਾ
"ਆਪੇ ਸਰਣਿ **ਪਵਾਇਦਾ** ਮੇਰੇ ਗੋਵਿੰਦਾ ਹਰਿ ਭਗਤ ਜਨਾ ਰਾਖੁ ਲਾਜੈ ਜੀਉ।"
— ਗਉ **੪**, ੬੮, ੪ : ੩ (174)

ਪਵਾਈ — ਕਰਾਉਂਦਾ
"ਹਰਿ ਦਸਹੁ ਸੰਤਹੁ ਜੀ ਹਰਿ ਖੋਜੁ **ਪਵਾਈ** ਜੀਉ।"
— ਗਉ **੪**, ੭੦, ੩ : ੨ (175)
"ਸਾਚ ਧਰਮ ਕਾ ਬੇੜਾ ਬਾਂਧਿਆ ਭਵਜਲੁ ਪਾਰਿ **ਪਵਾਈ**।" (ਕਰਾ ਦਿਤੀ)
— ਰਾਮ **੫**, ਅਸ ੬, ੧੬ : ੧ (916)

ਪਵਾਹੀ — ਪਹੇ/ਮਾਰਗ/ਰਸਤੇ ਦੀ
"ਫਰੀਦਾ ਥੀਉ **ਪਵਾਹੀ** ਦਭੁ।"
— ਸਲੋ **ਫਰ**, ੧੬ : ੧ (1378)

ਪਵਾਨ — ਪਵਨ, ਹਵਾ
"ਜੈਸੇ ਰਾਜ ਰੰਕ ਕਉ ਲਾਗੈ ਤੁਲਿ **ਪਵਾਨ**।"
— ਗਉ **੫**, ਸੁਖ ੮, ੧ : ੬ (272)

ਪਵਾਰਿ — ਯਮਲੋਕ ਵਿਚ, ਪਲੋਕ ਵਿਚ
"ਚਉਥੈ ਆਈ ਊਂਘ ਅਖੀ ਮੀਟਿ **ਪਵਾਰਿ** ਗਇਆ।" (ਭਾਵ ਘੂਕ ਸੌ ਗਿਆ)
—ਮਾਝ **੧**, ਵਾਰ ੧੨ਸ, **੧**, ੧ : ੨ (146)

ਪਵਾੜੇ — ਝਗੜੇ
"ਮਹਾ ਬਚਿਤ੍ਰ ਸੁੰਦਰ ਆਖਾੜੇ ਰਣ ਮਹਿ ਜਿਤੇ **ਪਵਾੜੇ**।" (ਝਗੜੇ ਜੰਗ ਵਿਚ ਜਿਤ ਕੇ ਮੁਕਾ ਦਿਤੇ) — ਆਸਾ **੫**, ੩੮, ੨ : ੧ (380)
(ਮਹਾਨਕੋਸ਼ ਇਸ ਦੇ ਅਰਥ 'ਰਾਜੇ' ਕਰਦਾ ਹੈ)

ਪਵਿਤ — ਨਿਰਮਲ, ਪਵਿਤਰ, ਸ਼ੁਧ
"ਗੁਰ ਤੇ **ਪਵਿਤ** ਪਾਵਨ ਸੁਚਿ ਹੋਇ।"
— ਗਉ **੩**, ੨੨, ੨ : ੩ (158)

ਹੋਰ ਰੂਪ — ਪਵਿਤਾ —
"ਸਤਿਗੁਰੁ ਸੇਵਹਿ ਸੇ ਜਨ ਨਿਰਮਲ **ਪਵਿਤਾ**।"

(ਪਵਿਤਰ)
— ਗਉ **੩**, ਅਸ ੫, ੬ : ੧ (231)

ਪਵਿਤੁ —
"ਜਤੁ ਸਤੁ ਤਪੁ **ਪਵਿਤੁ** ਸਰੀਰਾ ਹਰਿ ਹਰਿ ਮੰਨਿ ਵਸਾਏ।" (ਪਵਿਤਰ, ਨਿਰਮਲ)
— ਸਿਰੀ **੩**, ੪੫, ੩ : ੨ (31)

ਪਵਿਤ੍ਰ — ਨਿਰਮਲ ਸ਼ੁਧ
"ਕਹਤੇ **ਪਵਿਤ੍ਰ** ਸੁਣ ਤੇ ਸਭਿ ਧੰਨੁ ਲਿਖਤੀ ਕੁਲੁ ਤਾਰਿਆ ਜੀਉ।"
— ਸਿਰੀ **੫**, ਛੰਤ ੩, ੫ : ੧ (81)

ਪਵਿਤ੍ਰਤਹ — ਪਵਿਤ੍ਰਤਾ
"ਕੋਟਿ ਦਾਨ ਇਸਨਾਨੰ ਅਨਿਕ ਸੋਧਨ **ਪਵਿਤ੍ਰਤਹ**।"
— ਜੈਤ **੫**, ਵਾਰ ੫ਸ, ੧ : ੧ (706)

ਪਵਿਤ੍ਰਾ — ਪਵਿਤਰ, ਨਿਰਮਲ
"ਜੀਅ ਜੰਤ ਸਭਿ ਭਏ **ਪਵਿਤ੍ਰਾ** ਸਤਿਗੁਰ ਕੀ ਸਚੁ ਸਾਖੀ।" — ਸੋਰ **੫**, ੫੩, ੩ : ੨ (622)

ਪਵਿਤ੍ਰੁ — ਨਿਰਮਲ, ਪਵਿਤਰ
"ਖਾਣਾ ਪੀਣਾ **ਪਵਿਤ੍ਰੁ** ਹੈ ਦਿਤੋਨੁ ਰਿਜਕੁ ਸੰਬਾਹਿ।"
— ਆਸਾ **੧**, ਵਾਰ ੧੮ਸ, ੧, ੩ : ੩ (472)

ਪਵੀਛੇ — ਪਵਿਤਰ ਹੋਏ, ਪਾਵਨ ਥੀਏ
"ਤੁਮ੍ਰਾ ਜਨੁ ਜਾਤਿ ਅਵਿਜਾਤਾ ਹਰਿ ਜਪਿਓ ਪਤਿਤ **ਪਵੀਛੇ**।"
— ਬਸੰ **੪**, ੪, ੨ : ੧ (1178)

ਪਵੀਜੈ — ਪਵੋ, ਪੈਣਾ ਚਾਹੀਦਾ ਹੈ
"ਜੇ ਆਤਮ ਕਉ ਸੁਖੁ ਸੁਖੁ ਨਿਤ ਲੋੜਹੁ ਤਾਂ ਸਤਿਗੁਰ ਸਰਨਿ **ਪਵੀਜੈ**।"
— ਕਲਿ **੪**, ਅਸ ੬, ੫ : ੨ (1326)

ਪਵੀਤ — ਪਵਿਤਰ, ਸ਼ੁੱਧ, ਨਿਰਮਲ
"ਨਾਮੁ ਲੈਤ ਤੇ ਸਗਲ **ਪਵੀਤ**।"
— ਭੈਰ **੫**, ੩੫, ੨ : ੩ (1145)

ਹੋਰ ਰੂਪ — **ਪਵੀਤਾ** —
"ਕਹੁ ਰੇ ਪੰਡੀਆ ਕਉਨ **ਪਵੀਤਾ**।"
(ਪਵਿਤਰ)— ਗਉ **ਕਬ**, ੪੧, ੧* : ੧ (331)

ਪਵੀਧੇ — ਪਿਆ ਹਾਂ
"ਹਰਿ ਭਾਵੈ ਸੁਣਿ ਬਿਨਉ ਬੇਨਤੀ ਜਨ ਨਾਨਕ ਸਰਣਿ **ਪਵੀਧੇ**।"
— ਬਸੰ **੪**, ੫, ੪ : ੨ (1179)

ਪਵੇਨ — ਪਵਿਤਰ
"ਹਰਿ ਕੇ ਸੰਤ ਮਿਲੇ ਹਰਿ ਮਿਲਿਆ ਹਮ ਕੀਏ ਪਤਿਤ **ਪਵੇਨ**।"
— ਕਾਨ **੪**, ੨, ੨ : ੨ (1295)

ਪਵੈ — ਪਏ, ਪੈਂਦਾ
"ਨਦਰੀ ਕਰਮਿ **ਪਵੈ** ਨੀਸਾਣੁ।"
— ਜਪੁ **੧**, ੩੪ : ੯ (7)
"ਤੇਰੇ ਦਾਨੈ ਕੀਮਤਿ ਨਾ **ਪਵੈ** ਤਿਸੁ ਦਾਤੇ ਕਵਣੁ ਸੁਮਾਰੁ।" (ਪੈਂਦੀ)
— ਗਉ **੧**, ਸੋਹ ੧, ੨ : ੨ (12)
"ਨਉ ਨਿਧਿ ਉਪਜੈ ਨਾਮੁ ਏਕੁ ਕਰਮਿ **ਪਵੈ** ਨੀਸਾਣੁ।" (ਪੈਂਦਾ ਹੈ)
— ਸਿਰੀ **੧**, ੧੩, ੨ : ੩ (19)

ਪੜ — ਵਾਚ
"ਤੁਧੁ ਸਿਰਿ ਲਿਖਿਆ ਸੋ **ਪੜ** ਪੰਡਿਤ ਅਵਰਾ ਨੋ ਨ ਸਿਖਾਲਿ ਬਿਖਿਆ।"
— ਆਸਾ **੩**, ਪਟੀ ੫ : ੧ (434)

ਹੋਰ ਰੂਪ — **ਪੜਉ** —
"ਨਾਮੇ ਸੁਚਿ ਨਾਮੋ **ਪੜਉ** ਨਾਮੇ ਚਜੁ ਆਚਾਰੁ।"
(ਪੜਦਾ ਹਾਂ, ਵਾਚਦਾ ਹਾਂ)
— ਆਸਾ **੧**, ੨੦, ੧* : ੨ (355)

ਪੜਉ — 1. ਪੜਦਾ ਹਾਂ, ਵੇਖੋ 'ਪੜ'
2. ਪੈਂਦਾ
"ਦੁਬਿਧਾ ਨ **ਪੜਉ** ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ।"
— ਸੋਰ **੧**, ਅਸ ੧, ੧ : ੧ (634)

ਪੜਈਆ — ਪੜਿਆ ਹੈ
"ਖਿਨੁ ਪਲੁ ਰਹਿ ਨ ਸਕਉ ਬਿਨੁ ਨਾਵੈ ਗੁਰਮੁਖਿ ਹਰਿ ਹਰਿ ਪਾਠ **ਪੜਈਆ**।"
— ਬਿਲਾ **੪**, ਅਸ ੧, ੧* : ੨ (833)

ਪੜਈਐ — ਪੜੀਏ, ਭਾਵ ਜਪੀਏ
"ਮੇਰੇ ਮਨ ਹਰਿ ਜਪਿ ਹਰਿ ਨਿਤ **ਪੜਈਐ**।"
— ਗੋਂਡ **੪**, ੫, ੧* : ੧ (861)

ਪੜਹਿ — 1. ਪਠਨ ਕੀਤਾ ਹੈ, ਪੜੇ ਹਨ
"ਤੇਰੇ ਅਨੇਕ ਤੇਰੇ ਅਨੇਕ **ਪੜਹਿ** ਬਹੁ ਸਿਮ੍ਰਿਤਿ ਸਾਸਤ ਜੀ ਕਰਿ ਕਿਰਿਆ ਖਟੁ ਕਰਮ ਕਰੰਤਾ।"
— ਆਸਾ **੪**, ਸਪੁ ੧, ੪ : ੪ (11)

"ਪੰਜ ਵਖਤ ਨਿਵਾਜ ਗੁਜਾਰਹਿ **ਪੜਹਿ** ਕਤੇਬ ਕੁਰਾਣਾ।" (ਪੜਦਾ ਹੈ)

— ਸਿਰੀ **੧**, ੨੮, ੪ : ੧ (24)

ਹੋਰ ਰੂਪ — ਪੜਹੁ —

"ਇਸੁ ਜੁਗ ਕਾ ਧਰਮੁ **ਪੜਹੁ** ਤੁਮ ਭਾਈ।" (ਪਠਨ ਕਰੋ, ਵਾਚੋ)

— ਗਉ **੩**, ਅਸ ੩, ੧ : ੧ (230)

2. ਪੈਂਦਾ ਹੈ

"ਹਰਿ ਛੋਡਨਿ ਸੇ ਦੁਰਜਨਾ **ਪੜਹਿ** ਦੋਜਕ ਕੈ ਸੂਲਿ।"

— ਗਉ **੫**, ਵਾਰ ੧੮ਸ, ੫, ੨ : ੨ (322)

ਹੋਰ ਰੂਪ — ਪੜਹੁ —

"ਜੂਐ ਜਨਮੁ ਨ ਹਾਰਹੁ ਅਪਣਾ ਭਾਜਿ **ਪੜਹੁ** ਤੁਮ ਹਰਿ ਸਰਣਾ।" (ਪਵੋ)

— ਆਸਾ **੧**, ਪਟੀ ੧੪ : ੨ (433)

ਪੜਣ — ਪਠਨ

"ਆਪੇ ਚਾਟਸਾਲ ਆਪਿ ਹੈ ਪਾਧਾ ਆਪੇ ਚਾਟੜੇ **ਪੜਣ** ਕਉ ਆਣੇ।"

— ਬਿਹਾ **੪**, ਵਾਰ ੧੧ : ੧ (552)

ਹੋਰ ਰੂਪ — ਪੜਣਾ —

"ਹੋਰੁ ਕੂੜੁ **ਪੜਣਾ** ਕੂੜੁ ਬੋਲਣਾ ਮਾਇਆ ਨਾਲਿ ਪਿਆਰੁ।" (ਪਠਨ ਕਰਨਾ)

— ਸਿਰੀ **੪**, ਵਾਰ ੬ਸ, ੩, ੨ : ੧ (84)

ਪੜਣਿ —

"ਸੁਚਾ ਹੋਇ ਕੈ ਜੇਵਿਆ ਲਗਾ **ਪੜਣਿ** ਸਲੋਕੁ।" (ਪਠਨ ਕਰਨ)

— ਆਸਾ **੪**, ਵਾਰ ੧੯, **੧**, ੧ : ੩ (473)

ਪੜਤ — 1. ਪਠਨ ਕਰਨ ਨਾਲ

"ਦੂਜੈ ਭਾਇ ਜੇਤਾ ਪੜਹਿ **ਪੜਤ** ਗੁਣਤ ਸਦਾ ਦੁਖੁ ਹੋਈ।" — ਗੂਜ **੩**, ੯, ੧ : ੨ (492)

2. ਪੈਂਦੇ ਹਨ

"ਜਿਤ ਮਿਰਗ **ਪੜਤ** ਹੈ ਚੋਰੀ।"

— ਸੋਰ **ਕਬ**, ੧੦, ੧ : ੨ (656)

ਪੜਤਉ — ਪੜਦਿਆਂ, ਪਠਨ ਕਰਦਿਆਂ

"ਕਹਤਉ **ਪੜਤਉ** ਸੁਣਤਉ ਏਕ।"

— ਧਨਾ **੧**, ਅਸ ੧, ੨ : ੧ (686)

ਪੜੰਤਉ — ਪੈਂਦਿਆਂ

"ਨਰਕਿ **ਪੜੰਤਉ** ਕਿਉ ਰਹੈ ਕਿਉ ਬੰਚੈ ਜਮਕਾਲੁ।"

— ਰਾਮ **੧**, ਓਅੰ ੩੮ : ੫ (935)

ਪੜਤਾ — ਪਠਨ ਕਰਦਾ

"ਮੁਖਿ ਬੇਦ ਚਤੁਰ **ਪੜਤਾ**।"

— ਗੋਂਡ **ਨਾਮ**, ੧, ੨ : ੩ (873)

ਪੜਤਿਆ — ਪੈਂਦੇ ਹਨ

"ਸਭ ਦੂ ਵਡੇ ਭਾਗ ਗੁਰਸਿਖਾ ਕੇ ਜੋ ਗੁਰ ਚਰਣੀ ਸਿਖ **ਪੜਤਿਆ**।"

— ਸੋਰ **੪**, ਵਾਰ ੧੮ : ੫ (649)

ਪੜੰਤਿਆ — ਪੜਦਿਆਂ/ਪੜਨ ਵਾਲਿਆਂ ਤੋਂ

"ਪੂਛਉ ਬੇਦ **ਪੜੰਤਿਆ** ਮੂਠੀ ਵਿਣੁ ਮਾਨੇ।"

— ਮਾਰੂ **੧**, ਅਸ ੬, ੮ : ੨ (1012)

ਪੜਤੇ — ਪੈਂਦੇ, ਡਿਗਦੇ

"ਜੋ ਜੋ ਕਰਤੇ ਅਹੰਮੇਉ ਝੜਿ ਧਰਤੀ **ਪੜਤੇ**।"

— ਗਉ **੪**, ਵਾਰ ੩੨ : ੮ (317)

ਹੋਰ ਰੂਪ — ਪੜੰਤੇ —

"ਜਨਮ ਭਵੰਤੇ ਨਰਕਿ **ਪੜੰਤੇ** ਤਿਨ ਕੇ ਕੁਲ ਉਧਾਰੇ।" (ਪੈਂਦੇ)

— ਆਸਾ **੫**, ੧੪੧, ੨ : ੧ (406)

ਪੜਦਾ — (ਫਾ. ਪਰਦਾ) ਪਰਦਾ

"ਅੰਤਰਿ ਅਗਿਆਨ ਦੁਖ ਭਰਮੁ ਹੈ ਵਿਚਿ **ਪੜਦਾ** ਦੂਰਿ ਪਈਆਸਿ।"

— ਸਿਰੀ **੪**, ੬੨, ੩ : ੨ (40)

"ਸਾਸਿ ਸਾਸਿ ਹਰਿ ਗਾਵੈ ਨਾਨਕੁ ਸਤਿਗੁਰ ਢਾਕਿ ਲੀਆ ਮੇਰਾ **ਪੜਦਾ** ਜੀਉ।" (ਭਾਵ ਮੇਰੀ ਇਜ਼ਤ ਰਖ ਲਈ) — ਮਾਝ **੫**, ੨੪, ੪ : ੩ (101)

"ਗੁਰਿ ਖੋਲਿਆ **ਪੜਦਾ** ਦੇਖਿ ਭਈ ਨਿਹਾਲੁ।" (ਭਾਵ ਭੇਦ ਖੋਲਿਆ)

— ਬਿਲਾ **੫**, ੧, ੪ : ੪ (801)

"ਜਿਸੁ ਕਰਮੁ ਖੁਲਿਆ ਤਿਸੁ ਲਹਿਆ **ਪੜਦਾ** ਜਿਨਿ ਗੁਰ ਪਹਿ ਮੰਨਿਆ ਸੁਭਾਇ।" (ਭਰਮ ਦਾ ਪਰਦਾ) — ਮਾਰੂ **੫**, ੧੧, ੫ : ੧ (1002)

ਪੜਦੇ — 1. ਪਠਨ ਕਰਦੇ

"ਬਰਕਤਿ ਤਿਨ ਕਉ ਅਗਲੀ **ਪੜਦੇ** ਰਹਨਿ ਦਰੂਦ।" (ਉਚਾਰਣ ਕਰਦੇ)

— ਸਿਰੀ **੧**, ਅਸ ੧, ੩ : ੩ (53)

2. ਪਰਦੇ

"ਅਨਿਕ **ਪੜਦੇ** ਮਹਿ ਕਮਾਵੈ ਵਿਕਾਰ।"
— ਗਉ **੫**, ੧੪੦, ੩ : ੧ (194)

ਪੜਨ — ਪਠਨ ਕਰਨ
"ਆਇਓ ਸੁਨਨ **ਪੜਨ** ਕਉ ਬਾਣੀ।"
— ਸਾਰ **੫**, ੭੯, ੧* : ੧ (1219)

ਹੋਰ ਰੂਪ — ਪੜਨਿ —
"ਗਾਵਨਿ ਪੰਡਿਤ **ਪੜਨਿ** ਰਖੀਸਰ ਜੁਗੁ ਜੁਗੁ ਵੇਦਾ ਨਾਲੇ।" — ਜਪੁ **੧**, ੨੭ : ੧੦ (6)

ਪੜਨਸਾਲ — ਪਾਠਸ਼ਾਲਾ, ਸਕੂਲ
"ਪ੍ਰਹਲਾਦ ਪਠਾਏ **ਪੜਨਸਾਲ**।"
— ਬਸੰ **ਕਬ**, ੪, ੧ : ੧ (1194)

ਪੜਾ — ਪਠਨ ਕਰਾਂ
"ਹੋਵਾ ਪੰਡਿਤੁ ਜੋਤਕੀ ਵੇਦ **ਪੜਾ** ਮੁਖਿ ਚਾਰਿ।"
— ਮਾਰੂ **੩**, ਵਾਰ ੧੧ਸ, **੩**, ੧ : ੧ (1090)

ਪੜਾਇ — ਪੜ੍ਹਵਾ ਕੇ, ਚਿਰਵਾਕੇ
"ਕੰਨ **ਪੜਾਇ** ਕਿਆ ਖਾਜੈ ਭੁਗਤਿ।"
— ਰਾਮ **੩**, ਵਾਰ ੧੨ਸ, **੧**, ੭ : ੨ (953)

ਹੋਰ ਰੂਪ — ਪੜਾਏ —
"ਮਖਟੂ ਹੋਇ ਕੈ ਕੰਨ **ਪੜਾਏ**।"
— ਸਾਰ **੪**, ਵਾਰ ੨੨ਸ, **੧**, ੧ : ੩ (1245)

ਪੜ੍ਹਾਵਸਿ — ਪੜ੍ਹਾਉਂਦਾ/ਪਠਨ ਕਰਾਉਂਦਾ ਹੈ
"ਮੈ ਕਉ ਕਹਾ **ਪੜ੍ਹਾਵਸਿ** ਆਲ ਜਾਲ।"
—ਬਸੰ **ਕਬ**, ੪, ੧ : ੩ (1194)

ਪੜਾਵਹਿ — ਪੜ੍ਹਾਉਣ
"ਕਿਸੈ **ਪੜਾਵਹਿ** ਪੜਿ ਗੁਣਿ ਬੂਝੇ ਸਤਿਗੁਰ ਸਬਦਿ ਸੰਤੋਖਿ ਰਹੇ।"— ਆਸਾ **੧**, ੧੭, ੧ : ੨ (353)

ਪੜਾਵਣੇ — ਪੜ੍ਹਾਉਣ ਨਾਲ
"ਨਾ ਤੂ ਆਵਹਿ ਵਸਿ ਬੇਦ **ਪੜਾਵਣੇ**।"
— ਰਾਮ **੫**, ਵਾਰ ੧੦ : ੨ (962)

ਪੜਾਵਤ — ਪੜ੍ਹਾਉਂਦਿਆਂ
"ਸੂਆ **ਪੜਾਵਤ** ਗਨਿਕਾ ਤਰੀ।"
— ਗੋਂਡ **ਨਾਮ**, ੫, ੨ : ੩ (874)

ਪੜਿ — 1. ਪੜ ਕੇ, ਪਠਨ ਕਰਕੇ
"ਸੁਣਿਐ **ਪੜਿ ਪੜਿ** ਪਾਵਹਿ ਮਾਨੁ।"
— ਜਪੁ **੧**, ੧੦ : ੩ (3)
"ਸੂਤੁ ਜਨੇਊ **ਪੜਿ** ਗਲਿ ਪਾਵੈ।" (ਮੰਤਰ ਪੜ੍ਹਕੇ)
— ਰਾਮ **੩**, ਵਾਰ ੧੧ਸ, **੧**, ੨ : ੨ (951)

2. ਪੈ ਕੇ
"ਪਾਸਿ ਨ ਦੇਈ ਕੋਈ ਬਹਣਿ ਜਗਤ ਮਹਿ ਗੂਹ **ਪੜਿ** ਸਗਵੀ ਮਲੁ ਲਾਇ ਮਨਮੁਖੁ ਆਇਆ।"
— ਗਉ **੪**, ਵਾਰ ੧੨ਸ, **੪**, ੧ : ੨ (306)
"ਰੀ ਰੀ ਲਲੀ ਪਾਪ ਕਮਾਣੇ **ਪੜਿ** ਅਵਗਣ ਗੁਣ ਵੀਸਰਿਆ।"— ਆਸਾ **੩**, ਪਟੀ ੧:੨ (434)
"ਹਰਿ ਆਪੇ ਮਾਰੈ ਹਰਿ ਆਪੇ ਛੋਡੈ ਮਨ ਹਰਿ ਸਰਣੀ **ਪੜਿ** ਰਹੀਐ।" (ਪੈ)
— ਵਡ **੪**, ਵਾਰ ੨੧ : ੩ (594)

ਪੜਿਓ — ਪੜਿਆ, ਪਠਨ ਕੀਤਾ
"ਪਾਠੁ **ਪੜਿਓ** ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ।"
— ਸੋਰ **੫**, ਅਸ ੩, ੧ : ੧ (641)

ਪੜਿਆ — 1. ਪੜਿਆ ਹੋਇਆ
"ਨਾ ਹਉ ਜਤੀ ਸਤੀ ਨਹੀ **ਪੜਿਆ** ਮੂਰਖ ਮੁਗਧਾ ਜਨਮੁ ਭਇਆ।"
— ਆਸਾ **੫**, ਸੋਪੁ ੩, ੨ : ੧ (12)
"**ਪੜਿਆ** ਅਣਪੜਿਆ ਪਰਮ ਗਤਿ ਪਾਵੈ।"
— ਗਉ **੫**, ੧੫੯, ੧ : ੨ (197)

2. ਪਿਆ
"ਜਮ ਡੰਡਾ ਗਲਿ ਸੰਗਲੁ **ਪੜਿਆ** ਭਾਗਿ ਗਏ ਸੇ ਪੰਚ ਜਨਾ।"
— ਗਉ **੧**, ੧੪, ੩ : ੨ (155)
"ਗਿਆਨ ਅੰਜਨ ਜਾਕੀ ਨੇਤ੍ਰੀ **ਪੜਿਆ** ਤਾ ਕਉ ਸਰਬ ਪ੍ਰਗਾਸਾ।"
— ਸੋਰ **੫**, ੬, ੩ : ੧ (610)
"ਸੰਤਨ ਕੀ ਸਰਣਾਈ **ਪੜਿਆ**।"
— ਮਾਰੂ **੫**, ਸੋਲਾ ੧੨, ੭ : ੧ (1078)

3. ਉਚਾਰਣ ਕੀਤਾ
"ਮੈ ਮੂਰਖ ਹਰਿ ਹਰਿ ਜਪੁ **ਪੜਿਆ**।"
— ਗਉ **੪**, ੩੯, ੧ : ੩ (163)

4. ਵਾਪਰਿਆ
"ਜੈਸਾ ਲਿਖਿਆ ਤੈਸਾ **ਪੜਿਆ** ਮੇਟਿ ਨ ਸਕੈ ਕੋਈ।"
— ਆਸਾ **੧**, ੩੬, ੨ : ੨ (359)

5. ਭਾਵ ਡਿਗ ਪਿਆ, ਢਹਿ ਢੇਰੀ ਹੋ ਗਿਆ
"ਸੂਰਜ ਚੜਿਆ ਪਿੰਡੁ **ਪੜਿਆ** ਤੇਲੁ ਤਾਵਣਿ

ਤਾਤਓ।"
— ਆਸਾ **੧**, ਛੰਤ ੫, ੨ : ੪ (439)

6. ਭਾਵ ਸਿਖਿਆ
"ਮਨ ਐਸਾ ਲੇਖਾ ਤੂੰ ਕੀ **ਪੜਿਆ**।"
— ਆਸਾ **੩**, ਪਟੀ ੧* : ੧ (434)

7. ਹੋਇਆ, ਪੈ ਗਿਆ
"ਭੈ ਕਉ ਭਉ **ਪੜਿਆ** ਸਿਮਰਤ ਹਰਿ ਨਾਮ।"
— ਭੈਰ **੫**, ੫੨, ੧* : ੧ (1151)

8. ਪਠਨ ਨਾਲ, ਪੜਨ ਨਾਲ ਭਾਵ ਗਿਆਨਵਾਨ ਹੋਣ ਨਾਲ
"ਤੀਰਥਿ ਭਰਮੈ ਰੋਗੁ ਨ ਛੂਟਸਿ **ਪੜਿਆ** ਬਾਦੁ ਬਿਬਾਦੁ ਭਇਆ।"
— ਭੈਰ **੧**, ਅਸ ੧, ੮ : ੧ (1153)

ਹੋਰ ਰੂਪ — ਪੜਿਐ —
"**ਪੜਿਐ** ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ।" — ਸਿਰੀ **੩**, ੬੪, ੧ : ੪ (59)

ਪੜਿਬੇ/ਪੜਿਬੋ — ਪੜਨਾ ਭਾਵ ਵਿਦਵਤਾ/ਗਿਆਨ
"ਕਬੀਰ ਮੈ ਜਾਨਿਓ **ਪੜਿਬੋ** ਭਲੋ **ਪੜਿਬੇ** ਸਿਉ ਭਲ ਜੋਗੁ।" — ਸਲੋ **ਕਬ**, ੪੫ : ੧ (1366)

ਪੜੀ — ਪਈ
"ਬੇਦ ਕੀ ਬਿਪਤਿ **ਪੜੀ** ਪਛੁਤਾਨਿਆ।"
— ਗਉ **੧**, ਅਸ ੯, ੧ : ੨ (224)

ਪੜੀਅਹਿ — ਉਚਾਰਨ ਕਰੀਏ, ਪਠਨ ਕਰੀਏ, ਵਾਚੀਏ
"ਬੋਲਾ ਜੋ ਸਮਝਾਈਐ **ਪੜੀਅਹਿ** ਸਿੰਮ੍ਰਿਤ ਪਾਠ।"
— ਮਾਝ **੧**, ਵਾਰ ੧੨ਸ, **੧**, ੧ : ੪ (143)
"ਦੁਇ ਮਾਈ ਦੁਇ ਬਾਪਾ **ਪੜੀਅਹਿ** ਪੰਡਿਤ ਕਰਹੁ ਬੀਚਾਰੋ।" (ਭਾਵ ਦਸੀਦੇ ਹਨ)
— ਬਸੰ **੧**, ੧੧, ੧ : ੨ (1171)

ਪੜੀਆਹ — ਪੈਂਦੀਆਂ ਹਨ
"ਤਿਨ ਦੁਖੁ ਨ ਕਬਹੁ ਉਤਰੈ ਸੇ ਜਮ ਕੈ ਵਸ **ਪੜੀਆਹ**।"— ਮਾਝ **੫**, ਬਾਰਾ ੧੦ : ੫ (135)
"ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ **ਪੜੀਆਹ**।" (ਪਈਆਂ ਢਠੀਆਂ ਹਨ)
— ਮਾਝ **੫**, ਬਾਰਾ ੧੦ : ੮ (135)

ਪੜੀਐ — 1. ਪਠਨ ਕਰੀਏ
"**ਪੜੀਐ** ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ।" — ਸਿਰੀ **੩**, ਅਸ ੨੩, ੬ : ੨ (68)

2. ਭਾਵ ਕਹੀਦਾ ਹੈ
"ਤੁਧੁ ਜੇਵਡੁ ਹੋਇ ਸੁ ਆਖੀਐ ਤੁਧੁ ਜੇਹਾ ਤੂਹੈ **ਪੜੀਐ**।" — ਗਉ **੪**, ਵਾਰ ੩ : ੨ (301)

3. ਪੈਂਦੇ ਹਨ
"ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ **ਪੜੀਐ**।"
— ਗਉ **੪**, ਵਾਰ ੯ : ੪ (304)
"ਥਿਰੁ ਸਾਧੂ ਸਰਣੀ **ਪੜੀਐ** ਚਰਣੀ ਅਬ ਟੂਟਸਿ ਮੋਹ ਜੁ ਕਿਤੀਐ।" (ਪਈਏ)
— ਆਸਾ **੫**, ਛੰਤ ੪, ੩ : ੫ (455)

ਪੜੀਵਦੈ — ਪ੍ਰਾਪਤ ਕਰਨ ਲਈ
"ਦੇ ਗੁਨਾ ਸਤਿ ਭੈਣ ਭਰਾਵ ਹੈ ਪਾਰੰਗਤਿ ਦਾਨੁ **ਪੜੀਵਦੈ**।" — ਰਾਮ **ਬਸ**, ਵਾਰ ੧ : ੨ (966)

ਪੜੁ — ਪੜ੍ਹ
"ਪੰਡਿਤ ਹਰਿ **ਪੜੁ** ਤਜਹੁ ਵਿਕਾਰਾ।"
— ਗਉ **੩**, ਅਸ ੨, ੧* : ੧ (229)

ਹੋਰ ਰੂਪ — ਪੜੇ —
"ਆਖਹਿ **ਪੜੇ** ਕਰਹਿ ਵਖਿਆਣ।" (ਪਠਨ ਕਰੇ) — ਜਪੁ **੧**, ੨੬ : ੧੨ (5)

ਪੜੇ — 1. ਪਠਨ ਕਰੇ, ਵੇਖੋ 'ਪੜੁ'

ਹੋਰ ਰੂਪ — ਪੜੈ —
"ਪੰਡਿਤੁ **ਪੜੈ** ਬੰਧਨ ਮੋਹ ਬਾਧਾ ਨਹ ਬੂਝੈ ਬਿਖਿਆ ਪਿਆਰਿ।"
— ਸਿਰੀ **੩**, ੫੧, ੨ : ੨ (33)

2. ਪੜਿਆ, ਹੋਇਆ ਨੂੰ
"ਲੇਖੈ ਸਾਹ ਲਵਾਈਅਹਿ **ਪੜੇ** ਕਿ ਪੁਛਣ ਜਾਉ।"
— ਸਿਰੀ **੧**, ੩, ੧ : ੩ (15)

3. ਪਏ, ਡਿਗੇ
"ਗਣਤੀ ਗਣੀ ਨ ਜਾਇ ਤੇਰੈ ਦਰਿ **ਪੜੇ**।"
— ਗੂਜ **੫**, ਵਾਰ ੨ : ੨ (518)

ਪੜੈ — 1. ਪੜਦਾ ਹੈ, ਵੇਖੋ 'ਪੜੇ' (1)

2. ਪਵੇ
"ਆਪਣੀ ਖੇਤੀ ਰਖਿ ਲੈ ਕੂੰਜ **ਪੜੈ**ਗੀ ਖੇਤਿ।"
— ਸਿਰੀ **੩**, ੫੪, ੧* : ੨ (34)
"ਤਿਸ ਕੈ ਪਾਲੈ ਕਛੂ ਨ **ਪੜੈ**।" (ਪੈਂਦਾ)
— ਗਉ **੫**, ੮੦, ੩ : ੪ (179)

3. ਡਿਗਣ ਨਾਲ, ਭਾਵ ਮੁਕਣ ਨਾਲ
"ਪਿੰਡੁ **ਪੜੈ** ਜੀਉ ਖੇਲਸੀ ਬਦਫੈਲੀ ਕਿਆ ਹਾਲੁ।"— ਸਿਰੀ **੧**, ਅਸ ੧੬, ੪ : ੩ (63)
"ਉਡੈ ਨ ਹੰਸਾ **ਪੜੈ** ਨ ਕੰਧੁ।" (ਡਿਗੇ ਭਾਵ ਮੁਕੇ, ਨਾਸ ਹੋਵੇ)
— ਰਾਮ **੧**, ਸਿਗੋ ੧੬ : ੨ (939)
"ਪਿੰਡੁ **ਪੜੈ** ਤਉ ਹਰਿ ਗੁਨ ਗਾਇ।" (ਸਰੀਰ, ਭਾਵੇਂ ਨਾਸ ਹੋ ਜਾਵੇ)
— ਭੈਰ **ਨਾਮ**, ੧੦, ੭ : ੨ (1165)

ਪੜੋਸਣਿ — ਗਵਾਂਢਣ, ਨਾਲ ਦੇ ਘਰ ਰਹਿਣ ਵਾਲੀ
"ਪਾੜ **ਪੜੋਸਣਿ** ਪੂਛਿ ਲੇ ਨਾਮਾ ਕਾ ਪਹਿ ਛਾਨਿ ਛਵਾਈ ਹੋ।" — ਸੋਰ **ਨਾਮ**, ੨, ੧ : ੧ (657)

ਪੜ੍ਹਹਿ — ਪੜ੍ਹਦਾ ਹੈ
"ਮੂਰਖ ਦੁਬਿਧਾ **ਪੜ੍ਹਹਿ** ਮੂਲੁ ਨ ਪਛਾਣਹਿ ਬਿਰਥਾ ਜਨਮੁ ਗਵਾਇਆ।"
— ਭੈਰ **੩**, ੨੧, ੩ : ੧ (1133)
ਹੋਰ ਰੂਪ — ਪੜ੍ਹਹਿ —
"ਨਾਦੀ ਬੇਦੀ **ਪੜ੍ਹਹਿ** ਪੁਰਾਣ।" (ਪੜ੍ਹਦੇ ਹਨ)
— ਬਸੰ **੩**, ੪, ੨ : ੨ (1169)

ਪੜ੍ਹਤ — ਪੜ੍ਹਦੇ
"**ਪੜ੍ਹਤ** ਗੁਨਤ ਐਸੇ ਸਭ ਮਾਰੇ ਕਿਨਹੂੰ ਖਬਰਿ ਨ ਜਾਨੀ।" — ਆਸਾ **ਕਬ**, ੮, ੧* : ੨ (477)

ਪੜ੍ਹਾਇਆ — ਸਿਖਿਆ ਦਿਤੀ, ਸਮਝਾਇਆ
"ਰਾਜਾ ਜਨਮੇਜਾ ਦੇ ਮਤੀਂ ਬਰਜਿ ਬਿਆਸਿ **ਪੜ੍ਹਾਇਆ**।"
— ਪ੍ਰਭਾ **੧**, ਅਸ ੪, ੪ : ੧ (1344)

ਪੜ੍ਹਾਵਸਿ — ਪੜ੍ਹਾਉਂਦਾ ਹੈ
"ਮੋ ਕਉ ਕਹਾ **ਪੜ੍ਹਾਵਸਿ** ਆਲ ਜਾਲ।"
— ਬਸੰ **ਕਬ**, ੪, ੧ : ੩ (1194)

ਪੜ੍ਹਿ — ਪੜ੍ਹ ਕੇ
"ਦੁਖੁ ਦੁਖੁ ਅਗੈ ਆਖੀਐ **ਪੜ੍ਹਿ ਪੜ੍ਹਿ** ਕਰਹਿ ਪੁਕਾਰ।"
— ਸਾਰ **੪**, ਵਾਰ ੮ਸ, **੧**, ੧ : ੨ (1240)

ਪੜ੍ਹੁ — ਪਠਨ ਕਰੇ
"ਜਪਿ ਮਨ ਰਾਮ ਨਾਮੁ **ਪੜ੍ਹੁ** ਸਾਰੁ।"
— ਸਾਵ **੪**, ੬, ੧* : ੧ (1200)

ਪੜ੍ਹੰਤਾ — ਪੜ੍ਹਦਾ
"ਸਾਸਤ੍ਰ ਬੇਦ ਪੁਰਾਣ **ਪੜ੍ਹੰਤਾ**।"
— ਸਵ **੪**, ਵਾਰ ੧੩ਸ, **੧**, ੧ : ੧ (1242)

ਪੜ੍ਹਨ — ਪਠਨ
"ਮੇਰੋ ਅਉਰ **ਪੜਨ** ਸਿਉ ਨਹੀ ਕਾਮੁ।"
— ਬਸੰ **ਕਬ**, ੪, ੧* : ੨ (1194)

ਪੜ੍ਹਿ — ਪੜ੍ਹ ਕੇ
"ਪੰਡਿਤ ਜਨ ਮਾਤੇ **ਪੜ੍ਹਿ** ਪੁਰਾਨ।"
— ਬਸੰ **ਕਬ**, ੨, ੧ : ੧ (1193)

ਪੜ੍ਹਿਆ — ਪੜ੍ਹੇ ਹੋਏ
"ਹਰਣਾਂ ਬਾਜਾਂ ਤੈ ਸਿਕਦਾਰਾਂ ਏਨ੍ਹਾ **ਪੜ੍ਹਿਆ** ਨਾਉ।" (ਇਨਾਂ ਦਾ ਨਾਂ ਪੜ੍ਹੇ ਹੋਏ ਹੈ)
— ਮਲਾ **੧**, ਵਾਰ ੨੨ਸ, **੧**, ੨ : ੧ (1288)

ਪਾ — (ਫ਼ਾ. ਪਾ) ਪੈਰ, 'ਪਦ' ਦਾ ਸੰਖੇਪ
"ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣਵੰਤਿਆ **ਪਾ** ਛਾਰੁ।"
— ਆਸਾ **੧**, ਵਾਰ ੬ਸ, **੧**, ੧ : ੧੪ (466)
"ਗੁਰ ਅਮਰਦਾਸ ਕੀਰਤੁ ਕਹੈ ਤ੍ਰਾਹਿ ਤ੍ਰਾਹਿ ਤੁਅ **ਪਾ** ਸਰਣ।" — ਸਵ **੩**, ੧੫ : ੬ (1395)

ਪਾਉ — 1. ਪੈਰ
"ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ **ਪਾਉ**।" — ਸਿਰੀ **੧**, ੧, ੪ : ੧ (14)
"**ਪਾਉ** ਪਖਾਲਾ ਤਿਸ ਕੇ ਮਨਿ ਤਨਿ ਨਿਤ ਭਾਵਉ।"
— ਗਉ **੫**, ਵਾਰ ੧ਸ, **੫**, ੨ : ੨ (318)
2. ਪਵਾਂ, ਜਾਵਾਂ
"ਤੂ ਦੇਖਹਿ ਹਉ ਮੁਕਰਿ **ਪਾਉ**।"
— ਸਿਰੀ **੧**, ੩੧, ੨ : ੩ (25)
"ਸਾਧ ਤੇਰੇ ਕੇ ਚਰਨੀ **ਪਾਉ**।"
— ਗਉ **੫**, ਸੁਖ ੧੬, ੧ : ੯ (284)
"ਜਿਨਿ ਮੋਹੇ ਬ੍ਰਹਮੰਡ ਖੰਡ ਤਾਹੂ ਮਹਿ **ਪਾਉ**।" (ਪੈ ਰਿਹਾ ਹਾਂ)
— ਸੂਹੀ **੫**, ੪੩, ੧* : ੧ (745)
3. ਪਾਵਾਂ, ਪ੍ਰਾਪਤ ਕਰਾਂ
"ਸਿਮਰਿ ਸਿਮਰਿ ਸਦਾ ਸੁਖ **ਪਾਉ**।"
— ਗਉ **੫**, ਸੁਖ ੧੯, ੩ : ੬ (288)
ਹੋਰ ਰੂਪ — ਪਾਂਉ —
"ਅੰਤਰਿ ਪਿਆਸ ਚਾਤ੍ਰਿਕ ਜਿਉ ਜਲ ਕੀ

ਸਫਲ ਦਰਸਨੁ ਕਦਿ **ਪਾਂਉ**।" (ਪਾਵਾਂ, ਪ੍ਰਾਪਤ ਕਰਾਂ) — ਸਾਰ **੫**, ੧, ੧* : ੨ (1202)

4. ਤੋਲ ਦੀ ਇਕ ਇਕਾਈ, ਸੇਰ ਦਾ ਚਉਣਾ ਹਿੱਸਾ
"**ਪਾਉ** ਘੀਉ ਸੰਗਿ ਲੂਨਾ।"
— ਸੋਰ **ਕਬ**, ੧੧, ੨ : ੧ (656)

ਪਾਉ — ਪੈਰ
"ਤਿਸੁ ਜਨ ਕੇ ਹਉ ਮਲਿ ਮਲਿ ਧੋਵਾ **ਪਾਉ**।"
— ਸਾਰ **੪**, ੧੦, ੧ : ੩ (1201)

ਪਾਇ — 1. ਪੈਂਦੀ
"ਮੰਨੈ ਮਾਰਗਿ ਠਾਕ ਨ **ਪਾਇ**।"
— ਜਪੁ **੧**, ੧੪ : ੧ (3)

2. ਭਾਵ ਹੌਂਸਲਾ
"ਜੇ ਕੋ ਖਾਇਕੁ ਆਖਣਿ **ਪਾਇ**।"
— ਜਪੁ **੧**, ੨੫ : ੧੨ (5)

3. ਪਾਈ ਜਾਂਦੀ ਭਾਵ ਪਤਾ ਲਗਦੀ ਹੈ
"ਕਚ ਪਕਾਈ ਓਥੈ **ਪਾਇ**।"
— ਜਪੁ **੧**, ੩੪ : ੧੧ (7)

4. ਪਾ ਕੇ
"ਕੁਸਾ ਕੁਟੀਆ ਵਾਰ ਵਾਰ ਪੀਸਣਿ ਪੀਸਾ **ਪਾਇ**।" — ਸਿਰੀ **੧**, ੨, ੨ : ੧ (14)
"ਸਹਜੇ ਖੇਤੀ ਰਾਹੀਐ ਸਚੁ ਨਾਮੁ ਬੀਜੁ **ਪਾਇ**।"
— ਸਿਰੀ **੩**, ੫੫, ੨ : ੧ (35)
"ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ **ਪਾਇ**।" (ਪਾ ਕੇ, ਭਾਵ ਵਛਾ ਕੇ)
— ਰਾਮ **੧**, ਓਅੰ ੪੬ : ੧ (936)

5. ਪ੍ਰਾਪਤ ਕਰਦਾ ਹੈ, ਹਾਸਲ ਕਰਦਾ ਹੈ
"ਮਨ ਚਿੰਦਿਆ ਵਰੁ ਪਾਵਣਾ ਜੋ ਇਛੈ ਸੋ ਫਲੁ **ਪਾਇ**।" — ਸਿਰੀ **੩**, ੩੪, ੧ : ੩ (26)
"ਵਿਣ ਬੋਹਿਥ ਭੈ ਡੁਬੀਐ ਪਿਆਰੇ ਕੰਧੀ **ਪਾਇ** ਕਹਾਹਿ।" (ਕੰਢਾ ਕਿਵੇਂ ਪ੍ਰਾਪਤ ਕਰੇ, ਕੰਢੇ ਤੇ ਕਿਵੇਂ ਲਗੇ)
— ਸੋਰ **੧**, ਅਸ ੩, ੧* : ੨ (636)

6. ਚਰਨ, ਪੈਰ
"ਸਤਗੁਰੁ ਸੇਵਨਿ ਆਪਣਾ ਹਉ ਤਿਨ ਕੈ ਲਾਗਉ **ਪਾਇ**।" — ਸਿਰੀ **੩**, ੫੪, ੪ : ੩ (35)
"ਵੇਖਿ ਜਿ ਮਿਠਾ ਕਟਿਆ ਕਟਿ ਕੁਟਿ ਬਧਾ **ਪਾਇ**।" (ਪੈਰਾਂ ਤੋਂ)
— ਮਾਝ **੧**, ਵਾਰ ੧੧ਸ, **੧**, ੨ : ੧ (143)

7. ਭਾਵ ਸਕਨਾ
"ਜੋਤੀ ਹੂ ਪ੍ਰਭੁ ਜਾਪਦਾ ਬਿਨੁ ਸਤਿਗੁਰ ਬੂਝ ਨ **ਪਾਇ**।" — ਸਿਰੀ **੩**, ੫੬, ੨ : ੩ (35)
"ਤਉ ਕੁਦਰਤਿ ਕੀਮਤਿ ਨਹੀ **ਪਾਇ**।"
— ਗਉ **੧**, ੩, ੧* : ੨ (152)

8. ਪੈਦਾ ਕਰ/ਸਿਰਜ ਕੇ
"ਜੀਉ **ਪਾਇ** ਤਨੁ ਸਾਜਿਆ ਰਖਿਆ ਬਣਤ ਬਣਾਇ।"
— ਮਾਝ **੧**, ਵਾਰ ੨ਸ, **੧**, ੧ : ੧ (138)

9. ਪਾਇਆ, ਸ਼ਕਤੀ, ਕਦਰ (ਸ਼ਬਦਾਰਥ); ਬੁਨਿਆਦ, ਨੀਂਹ (ਮਹਾਨਕੋਸ਼/ਨਿਰਣੇ) ਇਜ਼ਤ ਪਾਇਆਂ (ਦਰਪਣ)
"ਨਾਨਕ ਜੇਤੇ ਕੂੜਿਆਰ ਕੂੜੈ ਕੂੜੀ **ਪਾਇ**।"
— ਮਾਝ **੧**, ਵਾਰ ੭ਸ, **੧**, ੩ : ੫ (141)

10. ਪਾਉਂਦਾ ਹੈ
"ਵਿਣੁ ਨਾਵੈ ਦੁਖੁ **ਪਾਇ** ਆਵਣਜਾਣਿਆ।"
— ਮਾਝ **੧**, ਵਾਰ ੧੩ : ੭ (144)

11. ਪਾ ਕੇ ਭਾਵ ਮਾਰ ਕੇ
"ਝੁੰਡੀ **ਪਾਇ** ਬਹਨਿ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ।"
— ਮਾਝ **੧**, ਵਾਰ ੨੬ਸ, **੧**, ੧ : ੮ (149)

12. ਭਾਵ ਜਾਂਦਾ ਹੈ
"ਖਾਦਾ ਪੈਨਦਾ ਮੂਕਰਿ **ਪਾਇ**।"
— ਗਉ **੫**, ੧੪੭, ੧ : ੧ (195)

13. ਸੁਟਿਆ ਜਾਣਾ, ਪਾਣਾ
"ਸੰਤ ਕੈ ਦੂਖਨਿ ਨਰਕ ਮਹਿ **ਪਾਇ**।"
— ਗਉ **੫**, ਸੁਖ ੧੩, ੧ : ੪ (279)

14. ਪਾਓ
"ਕੁਹਿ ਬਕਰਾ ਰਿੰਨਿ੍ ਖਾਇਆ ਸਭੁ ਕੋ ਆਖੈ **ਪਾਇ**।"
— ਆਸਾ **੧**, ਵਾਰ ੧੫ਸ, **੧**, ੨ : ੪ (471)

15. ਪਾਓ ਭਾਵ ਦਿਓ
"ਮੈ ਦਰਿ ਮਾਗਤੁ ਭੀਖਿਆ **ਪਾਇ**।"
— ਤਿਲੰ **੧**, ੨, ੧* : ੨ (721)

16. ਕੋਲੋ, ਪਾਸੋਂ
"ਤੇਰਾ ਅੰਤੁ ਨ ਪਾਇਆ ਕਹਾ **ਪਾਇ**।" (ਕਿਸ ਕੋਲੋਂ) — ਬਸੰ **੧**, ੨, ੩ : ੨ (1168)

17. ਪਾਇਆਂ, ਮੁਲ

"ਤੋਲਾ ਮਾਸਾ ਰਤਕ **ਪਾਇ**।"
— ਸਾਰ **੪**, ਵਾਰ ੬ਸ, **੧**, ੧ : ੭ (1239)

ਪਾਂਇ — ਬੁਨਿਆਦ, ਨੀਹ
"ਜੋਗ ਜੁਗਤਿ ਕੀ ਇਹੈ **ਪਾਂਇ**।"
— ਬਸੰ **੧**, ਅਸ ੫, ੫ : ੨ (1189)

ਪਾਇਓ — 1. ਪ੍ਰਾਪਤ ਕੀਤਾ, ਹਾਸਲ ਕੀਤਾ
"ਵਖਤੁ ਨ **ਪਾਇਓ** ਕਾਦੀਆਂ ਜਿ ਲਿਖਨਿ ਲੇਖੁ ਕੁਰਾਣੁ।" (ਭਾਵ ਜਾਣਿਆ)
— ਜਪੁ **੧**, ੨੧ : ੧੨ (4)
"ਬਿਨੁ ਗੁਰ ਕਿਨੈ ਨ **ਪਾਇਓ** ਬਿਰਥਾ ਜਨਮ ਗਵਾਇ।" — ਸਿਰੀ **੩**, ੫੨, ੧ : ੨ (33)

ਹੋਰ ਰੂਪ — ਪਾਇਓਇ —
"ਲਖ ਚਉਰਾਸੀਹ ਭ੍ਰਮਤਿਆ ਦੁਲਭ ਜਨਮੁ **ਪਾਇਓਇ**।" (ਤੂੰ ਪ੍ਰਾਪਤ ਕੀਤਾ)
— ਸਿਰੀ *੫*, ੯੨, ੪ : ੧ (50)

2. ਪਾਇਆ, ਪ੍ਰਦਾਨ ਕੀਤਾ, ਹੋਰ ਵੇਖੋ ਪਾਇਓਨੁ
"ਮਿਰਤਕ ਕਉ **ਪਾਇਓ** ਤਨਿ ਸਾਸਾ ਬਿਛੁਰਤ ਆਨਿ ਮਿਲਾਇਆ।"
— ਸੋਰ **੫**, ੨੧, ੧ : ੧ (614)

3. ਪਾਇਆ ਭਾਵ ਸਕਿਆ
"ਕਮਲ ਹੇਤਿ ਬਿਨਸਿਓ ਹੈ ਭਵਰਾ ਉਨਿ ਮਾਰਗੁ ਨਿਕਸਿ ਨ **ਪਾਇਓ**।"
— ਧਨਾ **੫**, ੨, ੧ : ੨ (670)

ਪਾਇਓਨੁ — 1. ਪਾਇਆ ਹੈ, ਪ੍ਰਦਾਨ ਕੀਤਾ ਹੈ
"ਆਪਣਾ ਭਉ ਤਿਨ **ਪਾਇਓਨੁ** ਜਿਨ ਗੁਰ ਕਾ ਸਬਦੁ ਬੀਚਾਰਿ।"— ਸਿਰੀ **੩**, ੫੬, ੧:੧ (35)

2. ਪਾਇਆ ਭਾਵ ਤੋਰਿਆ
"ਭੂਲਾ ਮਾਰਗਿ **ਪਾਇਓਨੁ** ਗੁਣ ਅਵਗੁਣ ਨ ਬੀਚਾਰਿ।"— ਸਿਰੀ **੫**, ੮੮, ੪ : ੩ (49)

3. ਪਾਇਆ ਹੈ ਭਾਵ ਖਿਲਾਰਿਆ ਹੈ, ਰਚਿਆ ਹੈ, ਉਪਾਇਆ ਹੈ
"ਹਰਿ ਰੰਗੁ ਅਖਾੜਾ **ਪਾਇਓਨੁ** ਮੇਰੇ ਲਾਲ ਜੀਉ ਆਵਣੁ ਜਾਣੁ ਸਬਾਏ ਰਾਮ।"
— ਬਿਹਾ **੫**, ਛੰਤ ੧, ੧ : ੨ (542)
"ਹਉਮੈ ਝਗੜਾ **ਪਾਇਓਨੁ** ਝਗੜੈ ਜਗੁ ਮੁਇਆ।" (ਪੈਦਾ ਕੀਤਾ ਹੈ)
— ਸੂਹੀ **੩**, ਵਾਰ ੧੪ : ੨ (790)

4. ਪ੍ਰਾਪਤ ਕੀਤਾ
"ਜੇਹਾ ਧੁਰਿ ਲਿਖਿ **ਪਾਇਓਨੁ** ਸੇ ਕਰਮ ਕਮਿਤਾ।" — ਸੂਹੀ **੩**, ਵਾਰ ੫ : ੫ (787)

ਪਾਇਅਉ — ਪ੍ਰਾਪਤ ਕਰ ਲਿਆ
"ਗੁਰ ਪਰਸਾਦਿ ਭਇਓ ਮਨੁ ਨਿਰਮਲੁ ਸਰਬ ਸੁਖਾ ਸੁਖ **ਪਾਇਅਉ**।"
— ਗੂਜ **੫**, ੬, ੧* : ੨ (496)

ਪਾਇਅਨੁ — ਪਾਇਆ ਹੈ
"ਜੰਤ ਉਪਾਇ ਵਿਚਿ **ਪਾਇਅਨੁ** ਕਰਤਾ ਅਲਗੁ ਅਪਾਰੁ।" — ਰਾਮ **੧**, ਓਅੰ ੪੯ : ੮ (937)
"ਇਕਿ ਆਪੇ ਉਝੜਿ **ਪਾਇਅਨੁ** ਇਕਿ ਭਗਤੀ ਲਾਇਅਨੁ।" — ਰਾਮ **੩**, ਵਾਰ ੨੧ : ੩ (956)

ਪਾਇਅੜਾ — ਪ੍ਰਾਪਤ ਕੀਤਾ
"ਹਰਿ **ਪਾਇਅੜਾ** ਵਡਭਾਗੀਈ ਮੇਰੇ ਗੋਵਿੰਦਾ ਨਿਤ ਲੈ ਲਾਹਾ ਮਨਿ ਹਸੁ ਜੀਉ।"
— ਗਉ **੪**, ੬੬, ੩ : ੪ (173)

ਹੋਰ ਰੂਪ — ਪਾਇਅੜੇ —
"ਜਿਨੀ ਹਰਿ ਹਰਿ ਨਾਮੁ ਧਿਆਇਆ ਤਿਨੀ **ਪਾਇਅੜੇ** ਸਰਬ ਸੁਖਾ।" (ਪ੍ਰਾਪਤ ਕਰ ਲਏ) — ਵਡ **੪**, ਵਾਰ ੬ : ੧ (588)

ਪਾਇਆ — 1. ਪ੍ਰਾਪਤ ਕੀਤਾ
"ਜਿਨਿ ਸੇਵਿਆ ਤਿਨਿ **ਪਾਇਆ** ਮਾਨੁ।"
— ਜਪੁ **੧**, ੫ : ੩ (2)
"ਭਾਲਿ ਰਹੇ ਹਮ ਰਹਣੁ ਨ **ਪਾਇਆ** ਜੀਵਤਿਆ ਮਰਿ ਰਹੀਐ।" (ਸਕਿਆ, ਰਹਿਣਾ; ਪ੍ਰਾਪਤ ਨ ਹੋਇਆ) — ਧਨਾ **੧**, ੨, ੫ : ੨ (661)
"ਉਆ ਕਾ ਅੰਤੁ ਨ ਕਾਹੂ **ਪਾਇਆ**।" (ਪਾ ਸਕਿਆ, ਪ੍ਰਾਪਤ ਕਰ ਸਕਿਆ)
— ਗਉ **੫**, ਬਾਅ, ੧੨ : ੪ (252)
"ਪਹੁੰਚਿ ਨ ਸਾਕੈ ਕਾਹੂ ਬਾਤੈ ਆਗੈ ਠਉਰ ਨ **ਪਾਇਆ**।" (ਪ੍ਰਾਪਤ ਹੋਇਆ, ਭਾਵ ਮਿਲਿਆ)
— ਆਸਾ **੫**, ੪੧, ੧* : ੨ (380)

2. ਡਾਲਿਆ ਭਾਵ ਸਥਿਤ ਕੀਤਾ
"ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹਰਿ **ਪਾਇਆ** ਉਦਰ ਮੰਝਾਰਿ।"
— ਸਿਰੀ **੪**, ਪਾਹ ੩, ੧ : ੧ (76)
"ਸੰਤਨ ਮੋ ਕਉ ਹਰਿ ਮਾਰਗਿ **ਪਾਇਆ**।"

(ਭਾਵ ਤੋਰਿਆ)

— ਮਾਝ **੫**, ੨੧, ੪ : ੧ (100)

3. ਦਿਤਾ

"ਮੁਹਲਤਿ ਕਰਿ ਦੀਨੀ ਕਰਮ ਕਮਾਣੇ ਜੈਸਾ ਲਿਖਤੁ ਧੁਰਿ **ਪਾਇਆ**।"

— ਸਿਰੀ **੫**, ਪਹ ੪, ੧ : ੩ (77)

4. ਉਪਾਇਆ ਭਾਵ ਪੈਦਾ ਕੀਤਾ

"ਹਉਮੈ ਗਰਬੁ ਉਪਾਇ ਕੈ ਲੋਭੁ ਅੰਤਰਿ ਜੰਤਾ **ਪਾਇਆ**।"

— ਮਾਝ **੧**, ਵਾਰ ੩ਸ, **੨**, ੨ : ੧ (139)

"ਮੂਰਖ ਗਣਤ ਗਣਾਇ ਝਗੜਾ **ਪਾਇਆ**।" (ਭਾਵ ਖੜਾ ਕੀਤਾ)

— ਮਾਝ **੧**, ਵਾਰ ੪ : ੬ (139)

5. ਭਾਵ ਵਸਾਇਆ, ਬਰਸਾਇਆ

"ਮੀਹੁ ਪਇਆ ਪਰਮੇਸਰਿ **ਪਾਇਆ**।"

— ਮਾਝ **੫**, ੩੯, ੧ : ੧ (105)

6. ਲਗਾਣਾ, ਪਾਉਣਾ

"ਗੁਰ ਗਿਆਨ ਅੰਜਨੁ ਸਚੁ ਨੇਤ੍ਰੀ **ਪਾਇਆ**।"

— ਮਾਝ **੩**, ਅਸ ੨੫, ੩ : ੧ (124)

"ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ **ਪਾਇਆ** ਤੇਲੁ।" (ਪਾਉਣਾ)

— ਆਸਾ **੧**, ੩੨, ੧ : ੧ (358)

7. ਪੈਦਾ

"ਬਰਤ ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ ਨ **ਪਾਇਆ**।"

— ਗਉ **੫**, ੧੬੪*, ੧ : ੧ (216)

"ਅਸਟ ਦਸੀ ਚਹੁ ਭੇਦੁ ਨ **ਪਾਇਆ**।" (ਲਭਿਆ, ਜਾਣਿਆ, ਪਾਲਿਆ)

— ਆਸਾ **੧**, ੨੦, ੫ : ੩ (355)

"ਗੁਰਿ ਪੂਰੈ ਨਾਨਕ ਹਰਿ **ਪਾਇਆ**।" (ਪਾਲਿਆ) — ਆਸਾ **੪**, ੫੫, ੪ : ੨ (366)

8. ਪਾ ਦਿਤਾ ਭਾਵ ਲਿਖ ਦਿਤਾ

"ਜੋ ਕਰਿ **ਪਾਇਆ** ਸੋਈ ਹੋਗੁ।" (ਹੱਥ ਵਿਚ ਲਿਖ ਦਿਤਾ)

— ਗਉ **੫**, ਸੁਖ ੧੬, ੨ : ੨ (284)

"ਨਾਨਕ ਨਾਮੁ ਤਿਨਾ ਕਉ ਮਿਲਿਆ ਜਿਨ ਕਉ ਧੁਰਿ ਲਿਖਿ **ਪਾਇਆ**।" (ਦਿਤਾ)

— ਸੋਰ **੪**, ਵਾਰ ੪ਸ, **੩**, ੧ : ੪ (644)

9. ਪਹਿਨਾਇਆ, ਗਲ ਪੁਆਇਆ

"ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ ਤਿਨਿ ਵੇਮੁਖਿ ਵੇਮੁਖੈ ਨੋ **ਪਾਇਆ**।"

— ਗਉ **੪**, ਵਾਰ ੧੨ਸ, **੪**, ੧ : ੧ (306)

"ਗੁਣ ਹਾਰੁ ਤੈ **ਪਾਇਆ** ਰੰਗੁ ਲਾਲੁ ਬਣਾਇਆ ਤਿਸੁ ਹਭੋ ਕਿਛੁ ਸੁਹੰਦਾ।"

— ਜੈਤ **੫**, ਛੰਤ ੧, ੩ : ੫ (704)

10. ਭਾਵ ਸੁਟਿਆ ਵਛਾਇਆ

"ਮਛੁਲੀ ਵਿਛੁੰਨੀ ਨੈਣ ਰੁੰਨੀ ਜਾਲੁ ਬਧਿਕਿ **ਪਾਇਆ**।"

— ਆਸਾ **੧**, ਛੰਤ ੫, ੩ : ੩ (439)

11. ਡੇਗਿਆ, ਲਾਇਆ

"ਤਿਸ ਕਉ ਤਲਕੀ ਕਿਸੈ ਦੀ ਨਾਹੀ ਹਰਿ ਦੀਬਾਨਿ ਸਭਿ ਆਣਿ ਪੈਰੀ **ਪਾਇਆ**।"

— ਵਡ **੪**, ਵਾਰ ੧੪ : ੨ (591)

12. ਭਾਵ ਲਾਇਆ

"ਬੰਧੁ **ਪਾਇਆ** ਮੇਰੈ ਸਤਿਗੁਰਿ ਪੂਰੈ ਹੋਈ ਸਰਬ ਕਲਿਆਣ।"

— ਸੋਰ **੫**, ੪੪, ੧* : ੨ (619)

13. ਵੇਖਿਆ

"ਹਰਿ ਸੰਗਿ ਸਹਾਈ **ਪਾਇਆ**।"

— ਸੋਰ **੫**, ੫੯, ੧ : ੨ (623)

14. ਭੋ ਗਿਆ

"ਅਛਤ ਰਾਜ ਬਿਛੁਰਤ ਦੁਖੁ **ਪਾਇਆ** ਸੋ ਗਤਿ ਭਈ ਹਮਾਰੀ।"

— ਸੋਰ **ਰਵਿ**, ੧, ੨ : ੨ (658)

15. (ਭੋਜਨ) ਛਕਿਆ

"ਖੀਰ ਸਮਾਨਿ ਸਾਗੁ ਮੈ **ਪਾਇਆ** ਗੁਨ ਗਾਵਤ ਰੈਨਿ ਬਿਹਾਨੀ।"

— ਮਾਰੂ **ਕਬ**, ੯, ੩ : ੧ (1105)

16. ਰਸਤੀ

"ਗੁਰ ਚਰਣ ਲਾਗਿ ਹਮ ਬਿਨਵਤਾ ਪੂਛਤ ਕਹ ਜੀਉ **ਪਾਇਆ**।"

— ਆਸਾ **ਕਬ**, ੧, ੧ : ੧ (475)

(ਸ਼ਬਦਾਰਥ, ਦਰਪਣ, ਸੰਥਿਆ ਇਥੇ ਅਰਥ 'ਉਪਾਇਆ' ਪੈਦਾ ਕੀਤਾ ਕਰਦੇ ਹਨ ਤੇ ਨਿਰਣੈ 'ਰਖਿਆ')

17. ਰਖਿਆ ਭਾਵ ਬੰਨਿਆ

"ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ **ਪਾਇਆ**।"

— ਬਸ **੧**, ੧੧, ੨ : ੧ (1171)

ਪਾਇਆਥਾ — ਪ੍ਰਾਪਤ ਕੀਤਾ ਹੈ

"ਮਾਨਕੁ ਪਾਇਓ ਰੇ ਪਾਇਓ ਹਰਿ ਪੂਰਾ **ਪਾਇਆਥਾ**।"

—ਮਾਰੂ **੫**, ੧੨, ੧* : ੧ (1002)

ਪਾਇਐ — 1. ਪ੍ਰਾਪਤ ਕਰੀਦਾ ਹੈ, ਮਿਲਦਾ ਹੈ

"ਗਿਆਨ ਪਦਾਰਥੁ ਮਤਿ ਗੁਰ ਤੇ **ਪਾਇਐ**।"

— ਗੂਜ **੫**, ਵਾਰ ੮ : ੬ (520)

2. ਪ੍ਰਾਪਤ ਹੋਣ ਨਾਲ, ਪਾਣ ਨਾਲ, ਮਿਲਣ ਨਾਲ

"ਇਤੁ ਧਨਿ **ਪਾਇਐ** ਭੁਖ ਲਥੀ ਸੁਖੁ ਵਸਿਆ ਮਨਿ ਆਇ।"

— ਮਾਰੂ **੩**, ਵਾਰ ੧੭ਸ, **੩**, ੧ : ੩ (1092)

ਪਾਇਸਾ — ਪਾਉਂਦੇ ਹਨ, ਕਰਦੇ ਹਨ

"ਦੀਦਾਰੁ ਪੂਰੇ **ਪਾਇਸਾ** ਥਾਉ ਨਾਹੀ ਖਾਇਕਾ।"

— ਸਿਰੀ **੪**, ਵਾਰ ੨ਸ, **੧**, ੨ : ੨ (83)

ਹੋਰ ਰੂਪ — ਪਾਇਸੀ —

"ਜੋ ਇਛੈ ਸੋ ਫਲੁ **ਪਾਇਸੀ** ਪੁਤੁ ਧਨੁ ਲਖਮੀ ਖੜਿ ਮੇਲੇ ਹਰਿ ਨਿਸਤਾਰੇ।" (ਪਾਵੇਗਾ, ਪ੍ਰਾਪਤ ਕਰੇਗਾ)

— ਗਉ **੪**, ਵਾਰ ੧੪ਸ, **੪**, ੧ : ੯ (307)

ਪਾਇਹਿ —

"ਬਹੁ ਮਾਣੁ ਕੀਆ ਤੁਧੁ ਉਪਰੇ ਤੂੰ ਆਪੇ **ਪਾਇਹਿ** ਥਾਇ ਜੀਉ।" (ਪਾਉਂਦਾ ਹੈ)

— ਸਿਰੀ **੫**, ਅਸ ੨੯, ੧੪ : ੩ (74)

"ਹਰਿ ਸਰਣਾਈ ਭਜਿ ਪਉ **ਪਾਇਹਿ** ਮੋਖ ਦੁਆਰੁ।" (ਪਾਵੇਗਾ)

— ਆਸਾ **੩**, ਅਸ ੩੫, ੩ : ੨ (429)

ਪਾਇਹੁ —

"ਧਰਮ ਰਾਇ ਜਮਕੰਕਰਾ ਨੋ ਆਖਿ ਛਡਿਆ ਏਸੁ ਤਪੇ ਨੋ ਤਿਥੈ ਖੜਿ **ਪਾਇਹੁ** ਜਿਥੈ ਮਹਾ ਮਹਾਂ ਹਤਿਆਰਿਆ।" (ਪਾਇਆ ਨੇ)

— ਗਉ **੪**, ਵਾਰ ੩੦ਸ, **੪**, ੧ : ੧੧ (316)

ਪਾਇਕ — ਦਾਸ, ਸੇਵਕ

"ਧਰਤੀ ਸੇਵਕ **ਪਾਇਕ** ਚਰਨਾ।"

— ਮਾਝ **੫**, ੩੫, ੩ : ੨ (130)

ਪਾਇਣਾ — ਮਿਲਦਾ ਹੈ

"ਅਨਾਥਾ ਨਾਥੁ ਦੀਨ ਦੁਖ ਭੰਜਨੁ ਸੋ ਗੁਰ ਪੂਰੇ ਤੇ **ਪਾਇਣਾ**।"

— ਮਾਰੂ **੫**, ਸੋਲਾ ੭, ੩ : ੩ (1078)

ਪਾਇਤਾ — ਪਾ ਦਿਤਾ

"ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਰਿ **ਪਾਇਤਾ** ਉਦਰੈ ਮਾਹਿ।"

— ਸਿਰੀ **੫**, ਪਹ ੪, ੧ : ੧ (77)

ਪਾਇਦਾ — ਪਾਉਂਦਾ ਹੈ

"ਮਨਿ ਚਿੰਦੀ ਸੋ ਫਲੁ **ਪਾਇਦਾ**।" (ਪ੍ਰਾਪਤ ਕਰਦਾ ਹੈ) — ਸਿਰੀ **੫**, ਅਸ ੨੯, ੭ : ੨ (73)

"ਗੁਰਮੁਖਾ ਨੋ ਫਲੁ **ਪਾਇਦਾ** ਸਚਿ ਨਾਮਿ ਸਮਾਈ।" (ਭਾਵ ਮਿਲਦਾ ਹੈ)

— ਗਉ **੪**, ਵਾਰ ੧ : ੪ (301)

"ਆਪਿ ਅਖਾੜਾ **ਪਾਇਦਾ** ਪਿਆਰਾ ਕਰਿ ਬਾਲਕ ਰੂਪਿ ਪਚਾਹਾ।" (ਪਿੜ ਬੰਨ੍ਹਦਾ)

— ਸੋਰ **੪**, ੬, ੩ : ੧ (606)

"ਹਰਿ ਆਪੇ ਭਿਖਿਆ **ਪਾਇਦਾ** ਸਭ ਸਿਸਟਿ ਉਪਾਈ ਜੀਅ ਜੰਤ।" (ਭਾਵ ਦਿੰਦਾ ਹੈ)

— ਕਾਨ **੪**, ਵਾਰ ੬ਸ, **੪**, ੧ : ੫ (1315)

ਹੋਰ ਰੂਪ — ਪਾਇਦੇ —

"ਹਲਤਿ ਪਲਤਿ ਸੁਖੁ **ਪਾਇਦੇ** ਜਪਿ ਜਪਿ ਰਿਦੈ ਮੁਰਾਰਿ।" (ਪਾਉਂਦੇ ਹਨ)

— ਸਿਰੀ **੩**, ੪੨, ੨ : ੨ (30)

ਪਾਇਨਿ — 1. ਪਾਉਂਦੇ/ਪ੍ਰਾਪਤ ਕਰਦੇ ਹਨ

"ਦਰਿ ਸੇਵਨਿ ਸੰਤ ਜਨ ਖੜੇ **ਪਾਇਨਿ** ਗੁਣੀ ਨਿਧਾਨੁ।" — ਸਿਰੀ **੩**, ੪੯, ੧ : ੩ (32)

"ਮੁੰਢਹੁ ਭੁਲੇ ਮੁੰਢ ਤੇ ਕਿਥੈ **ਪਾਇਨਿ** ਹਥੁ।" (ਪਾਉਣ)

— ਗਉ **੪**, ਵਾਰ ੨੭ਸ, **੫**, ੨ : ੧ (315)

ਹੋਰ ਰੂਪ — ਪਾਇਨੀ —

"ਮਨਮੁਖ ਮਹਲੁ ਨ **ਪਾਇਨੀ** ਕੂੜਿ ਮੁਠੀ ਕੂੜਿਆਰ।" (ਪਾਉਂਦੇ)

— ਸਿਰੀ **੩**, ੫੩, ੨ : ੪ (34)

ਪਾਇਨਿ੍ —

"ਕਿਉ **ਪਾਇਨਿ੍** ਡੋਹਾਗਣੀ ਦੁਖੀ ਰੈਣਿ ਵਿਹਾਇ।" (ਪ੍ਰਾਪਤ ਕਰਨ, ਪਾਉਣ)

— ਆਸਾ **੩**, ਅਸ ੩੩, ੨ : ੨ (428)

"ਚਾਕਰ ਨਹਦਾ **ਪਾਇਨਿ੍** ਘਾਉ।" (ਲਾਂਦੇ, ਕਰਦੇ)
— ਮਲਾ **੧**, ਵਾਰ ੨੨ਸ, **੧**, ੨ : ੭ (1288)

ਪਾਇਨੀ੍ —
"ਦੋਹਾਗਣੀ ਮਹਲੁ ਨ **ਪਾਇਨੀ੍** ਨ ਜਾਣਨਿ ਪਿਰ ਕਾ ਸੁਆਉ।" (ਪਾਉਂਦੀਆਂ)
— ਆਸਾ **੩**, ਅਸ ੩੦, ੧ : ੧ (426)

2. ਪਾਂਦੇ, ਪਹਿਨਦੇ
"ਗਜ ਸਾਢੇ ਤੈ ਤੈ ਧੋਤੀਆ ਤਿਹਰੇ **ਪਾਇਨਿ** ਤਗ।" — ਆਸਾ **ਕਬ**, ੨, ੧ : ੧ (475)

ਪਾਇਬਾ — ਪਾਇਆ ਭਾਵ ਕੀਤਾ
"ਤਿਨ ਕੇ ਭਾਗ ਖੀਨ ਧੁਰਿ ਪਾਏ ਜਿਨ ਸਤਿਗੁਰ ਦਰਸੁ ਨ **ਪਾਇਬਾ**।"— ਜੈਤ **੪**, ੪, ੩:੧ (697)

ਹੋਰ ਰੂਪ — ਪਾਇਬੋ —
"ਪਾਰੁ ਕੈ ਸੇ **ਪਾਇਬੋ** ਰੇ।" (ਪਾਵਾਂ, ਹੋਵਾਂਗੇ)
— ਗਉ **ਰਵਿ**, ਅਸ ੧, ੧* : ੧ (346)

ਪਾਇਯਉ — ਪ੍ਰਾਪਤ ਕੀਤਾ, ਪਾਇਆ
"ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ **ਪਾਇਯਉ**।"
— ਸਵ **੪**, ਬਲ ੧ : ੭ (1405)

ਪਾਈ — 1. ਨਿਸਚਿਤ ਕੀਤੀ, ਅਨੁਮਾਨੀ
"ਸਭ ਕੀਮਤਿ ਮਿਲਿ ਕੀਮਤਿ **ਪਾਈ**।"
— ਆਸਾ **੧**, ਸੋਦ ੨, ੨ : ੨ (9)

2. ਪ੍ਰਾਪਤ ਕੀਤੀ, ਹਾਸਲ ਕੀਤੀ, ਮਿਲੀ
"ਜਿਨ ਹਰਿ ਜਨ ਸਤਿਗੁਰ ਸੰਗਤਿ **ਪਾਈ** ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ।"
— ਗੂਜ **੪**, ਸੋਦ ੪, ੪ : ੧ (10)

"ਪੂਰੈ ਗੁਰਿ ਸਭ ਸੋਝੀ **ਪਾਈ**।"
— ਗਉ **੩**, ਅਸ ੩, ੧ : ੨ (230)

"ਹਲਤੈ ਵਿਚਿ ਸਾਕਤ ਦੁਹੇਲੇ ਭਏ ਹਥਹੁ ਛੁੜਕਿ ਗਇਆ ਅਗੈ ਪਲਤਿ ਸਾਕਤੁ ਹਰਿ ਦਰਗਹ ਢੋਈ ਨ **ਪਾਈ**।" (ਮਿਲੀ)
— ਸੂਹੀ **੪**, ੧੦, ੫ : ੨ (734)

3. ਭਾਵ ਜਾਣੀ, ਲਖੀ
"ਐਬ ਤਨਿ ਚਿਕੜੋ ਇਹੁ ਮਨੁ ਮੀਡਕੋ ਕਮਲ ਕੀ ਸਾਰ ਨਹੀ ਮੂਲਿ **ਪਾਈ**।"
— ਸਿਰੀ **੧**, **੨੮**, ੨ : ੨ (24)

4. ਕੀਤੀ
"ਲੇਵੈ ਦੇਵੈ ਢਿਲ ਨ **ਪਾਈ**।" (ਭਾਵ ਕਰਦਾ)
— ਸਿਰੀ **੧**, ੩੦, ੧* : ੨ (25)

"ਸੀਤਲ ਸਾਂਤਿ ਸਹਜ ਸੁਖੁ ਪਾਇਆ ਠਾਢਿ **ਪਾਈ** ਪ੍ਰਭਿ ਆਪੇ ਜੀਉ।"
— ਮਾਝ **੫**, ੩੪, ੧ : ੩ (104)

5. ਧਰੀ, ਸਥਿਤ ਕੀਤੀ
"ਇਹੁ ਸਰੀਰੁ ਮਾਇਆ ਕਾ ਪੁਤਲਾ ਵਿਚਿ ਹਉਮੈ ਦੁਸਟੀ **ਪਾਈ**।"
— ਸਿਰੀ **੩**, ੪੫, ੨ : ੧ (31)

"ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ **ਪਾਈ**।"
— ਮਾਰੂ **੫**, ੪, ੩ : ੧ (999)

6. ਪਾਵਾਂ, ਪ੍ਰਾਪਤ ਕਰਾਂ
"ਨਾਨਕ ਗੁਰੁ ਸਾਲਾਹੀ ਆਪਣਾ ਜਿਦੂ **ਪਾਈ** ਪ੍ਰਭੁ ਸੋਇ।"
— ਸਿਰੀ **੩**, ੬੦, ੪ : ੪ (37)

"ਤਿਨ ਕੀ ਸੰਗਤਿ ਮਿਲਿ ਰਹਾ ਦਰਗਹ **ਪਾਈ** ਮਾਨ।"
— ਗਉ **੪**, ਵਾਰ ੨੨ਸ, **੪**, ੧ : ੪ (313)

ਹੋਰ ਰੂਪ — ਪਾਈਂ —
"ਜੋ ਤੁਮ ਦੇਹੁ ਸੋਈ ਸੁਖੁ **ਪਾਈਂ**।" (ਪ੍ਰਾਪਤ ਕਰਦਾ ਹਾਂ)
— ਆਸਾ **੫**, ੬੦, ੧ : ੨ (386)

7. ਪੈਰੀਂ, ਚਰਨੀ
"ਲਾਖ ਕੋਟ ਖੁਸੀਆ ਰੰਗ ਰਾਵੈ ਜੋ ਗੁਰ ਲਾਗਾ **ਪਾਈ** ਜੀਉ।"
— ਮਾਝ **੫**, ੨੩, ੧ : ੩ (101)

ਹੋਰ ਰੂਪ — ਪਾਈਂ —
"ਗਤਿ ਹੋਵੈ ਸੰਤਹ ਲਗਿ **ਪਾਈਂ**।" (ਚਰਨੀਂ)
— ਆਸਾ **੫**, ੬੦, ੪ : ੨ (386)

8. ਪਾਈ, ਰਖੀ
"ਗੁਰਮੁਖਿ ਸੇਵਾ ਹਰਿ ਘਾਲ ਥਾਇ **ਪਾਈ**।"
— ਗਉ **੩**, ੩੨, ੧* : ੨ (161)

"ਸਤਸੰਗਤਿ ਮਹਿ ਤਿਨ ਹੀ ਵਾਸਾ ਜਿਨ ਕਉ ਧੁਰਿ ਲਿਖਿ **ਪਾਈ** ਹੇ।"
— ਮਾਰੂ **੩**, ਸੋਲਾ ੧, ੧੫ : ੩ (1044)

9. ਕਰ ਦਿਤੀ

"ਤਾਪ ਗਏ **ਪਾਈ** ਪ੍ਰਭਿ ਸਾਂਤਿ।"
— ਗਉ **੫**, ੧੨੮, ੧ : ੧ (191)

10. ਦਿਤੀ
"ਮਹਾ ਕਸਾਬਿ ਛੁਰੀ ਸਟਿ **ਪਾਈ**।"
— ਰਾਮ **੫**, ੫੦, ੨ : ੨ (898)

11. ਰਚੀ, ਖਿਲਾਰੀ
"ਮਾਇਆ ਮੋਹਿ ਨਟਿ ਬਾਜੀ **ਪਾਈ**।"
— ਗਉ **੩**, ਅਸ ੩, ੫ : ੧ (230)
"ਬਾਜੀਗਰਿ ਜੈਸੇ ਬਾਜੀ **ਪਾਈ**।"
— ਸੂਹੀ **੫**, ੧, ੧ : ੧ (736)

12. ਡੇਗੀ, ਪਾ ਦਿਤੀ
"ਜਨ ਨਾਨਕ ਹਰਿ ਆਰਾਧਿਆ ਤਿਨਿ ਪੈਰੀ ਆਣਿ ਸਭ **ਪਾਈ**।"
— ਗਉ **੪**, ਵਾਰ ੧੩ਸ, ੪, ੧ : ੬ (307)
"ਸੰਤਾ ਸੰਗਤਿ ਨਰਕਿ ਨ **ਪਾਈ**।" (ਸੁਟੀ ਜਾਂਦੀ)
— ਮਾਰੂ **੫**, ਅਸ ੮, ੮ : ੨ (1020)

13. ਪੈਂਦਾ ਹੈ
"ਸਤਿਗੁਰੁ ਮਿਲੈ ਤ ਹਉਮੈ ਤੂਟੈ ਤਾ ਕੋ ਲੇਖੈ **ਪਾਈ**।" — ਆਸਾ **੧**, ੧੬, ੨ : ੨ (353)

14. ਪਈ, ਪੈਂਦੀ
"ਕਹਾ ਸੁ ਸੇਜ ਸੁਖਾਲੀ ਕਾਮਣਿ ਜਿਸੁ ਵੇਖਿ ਨੀਦ ਨ **ਪਾਈ**।"
— ਆਸਾ **੧**, ੧੨, ੨ : ੨ (417)
"ਜਾ ਕੈ ਅੰਤਰਿ ਦਰਦੁ ਨ **ਪਾਈ**।" (ਪਈ, ਉਠੀ) — ਸੂਹੀ **ਰਵਿ**, ੧, ੧* : ੨ (793)

15. ਜੁਲਾਹੇ ਦੀ ਪੈਰਾਂ ਦੀ ਖੜਾ, ਪਊਏ
"**ਪਾਈ** ਜੋਰਿ ਬਾਤ ਇਕ ਕੀਨੀ ਤਹ ਤਾਂਤੀ ਮਨੁ ਮਾਨਾਂ।"
— ਆਸਾ **ਕਬ**, ੩੬, ੩ : ੧ (484)

16. ਪਨਘੜੀ ਦੀ ਪਿਆਲੀ ਜਿਸ ਦੇ ਥੱਲੇ ਛੇਕ ਹੁੰਦਾ ਹੈ ਜਿਸ ਰਾਹੀਂ ਪਾਣੀ ਪਿਆਲੀ ਵਿਚ ਭਰਦਾ ਰਹਿੰਦਾ ਹੈ ਤੇ ਜਦ ਪਿਆਲੀ ਭਰ ਜਾਂਦੀ ਹੈ ਤਾਂ ਡੁਬ ਜਾਂਦੀ ਹੈ
"ਮੁਹਲਤਿ ਪੁਨੀ **ਪਾਈ** ਭਰੀ ਜਾਨੀਅੜਾ ਘਤਿ ਚਲਾਇਆ।"
— ਵਡ **੧**, ਅਲਾ ੧, ੧ : ੨ (579)

17. ਪਹਿਨਾਂ, ਪਾਵਾਂ
"ਸਤਿਗੁਰੁ ਪਰਚੈ ਮਨਿ ਮੁੰਦ੍ਰਾ **ਪਾਈ** ਗੁਰ ਕਾ ਸਬਦੁ ਤਨਿ ਭਸਮ ਦ੍ਰਿੜਈਆ।"
— ਬਿਲਾ **੪**, ਅਸ ੪, ੧ : ੧ (835)
"ਤਿਤੁ ਕਾਰਣਿ ਕਨਿ ਮੁੰਦ੍ਰਾ **ਪਾਈ**।" (ਪਹਿਣੀਆਂ ਹਨ)
— ਰਾਮ **੩**, ਵਾਰ ੧੧ਸ, **੧**, ੨ : ੧੦ (952)

18. ਭਾਵ ਕੀਤੀ ਹੋਈ
"ਸਤਿਗੁਰ ਕੀ ਬੇਨਤੀ **ਪਾਈ** ਹਰਿ ਪ੍ਰਭਿ ਸੁਣੀ ਅਰਦਾਸਿ ਜੀਉ।"
— ਰਾਮ **ਸੰਦ**, ਸਦ ੨ : ੫ (923)

19. ਭਾਵ ਲਈ
"ਜਬ ਤੇ ਜਾਨਿ **ਪਾਈ** ਏਹ ਬਾਤਾ ਤਬ ਕੁਸਲ ਖੇਮ ਸਭ ਥੀਓ।"
— ਨਟ **੫**, ੨, ੨ : ੧ (978)
"ਐਸੀ ਜਾਨਿ **ਪਾਈ**।"
— ਮਾਰੂ **੫**, ੨੦, ੧* : ੧ (1005)

20. ਕੀਤੀ (ਮੁਹਾਵਰੇ ਵਿਚ)
"ਭਾਉ ਲਾਗਾ ਗੋਬਿਦ ਸਿਉ ਘਾਲ **ਪਾਈ** ਥਾਇ।"
— ਮਾਰੂ **੫**, ੧੩, ੩ : ੧ (1002)

21. ਪਏ, ਗਏ
"ਦੇਦੇ ਤੋਟਿ ਨ ਆਵਈ ਲੈ ਲੈ ਥਕਿ **ਪਾਈ**।"
— ਮਾਰੂ **੧**, ਅਸ ੬, ੫ : ੩ (1012)

22. ਭਾਵ ਮਿਲਿਆ, ਸਕੀ
"ਜਾ ਕੇ ਬਿਛੁਰਤ ਹੋਤ ਮਿਰਤਕਾ ਗ੍ਰਿਹ ਮਹਿ ਰਹਨੁ ਨ **ਪਾਈ**।"
— ਸਾਰ **੫**, ੧੨, ੧* : ੨ (1207)

23. ਭਾਈ, ਚੰਗੀ ਲਗੀ
"ਪੈਨ੍ਣੁ ਖਾਣਾ ਚੀਤਿ ਨ **ਪਾਈ**।"
— ਪ੍ਰਭਾ **੧**, ੧੪, ੧ : ੩ (1331)

ਪਾਈਂ — ਪਾਉਂਦਾ
"ਜੇ ਜਾਣਾ ਲੜੁ ਛਿਜਣਾ ਪੀਡੀ **ਪਾਈਂ** ਗੰਢਿ।"
— ਸਲੋ **ਫਰ**, ੫ : ੧ (1378)

ਪਾਂਈ — 1. ਪੈਰੀਂ
"ਜੋ ਪਾਥਰ ਕੀ **ਪਾਂਈ** ਪਾਇ।"
— ਭੈਰ **ਕਬ**, ੧੨, ੧ : ੩ (1160)

2. ਪ੍ਰਾਪਤ ਕਰਾਂ
"ਆਠ ਪਹਰ ਅਪਨਾ ਪ੍ਰਭੁ ਸਿਮਰਨੁ ਵਡਭਾਗੀ ਹਰਿ **ਪਾਂਈ**।"
— ਸਾਰ **੫**, ੧੮, ੧* : ੨ (1207)

ਪਾਈਅਹਿ — 1. ਪ੍ਰਾਪਤ ਕਰੀਦਾ/ਪਾਈਦਾ ਹੈ
"ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ **ਪਾਈਅਹਿ**।" — ਜਪੁ **੧**, ੨ : ੩ (1)
ਹੋਰ ਰੂਪ — ਪਾਈਅਨਿ —
"ਸਤਿਗੁਰਿ ਤੁਠੈ **ਪਾਈਅਨਿ** ਅੰਦਰਿ ਰਤਨ ਭੰਡਾਰਾ।" (ਪ੍ਰਾਪਤ ਕਰੀਦਾ ਹੈ)
— ਮਾਝ **੧**, ਵਾਰ ੭ : ੨ (141)
"**ਪਾਈਅਨਿ** ਸਭਿ ਨਿਧਾਨ ਤੇਰੈ ਰੰਗਿ ਰਤਿਆ।" (ਪ੍ਰਾਪਤ ਕਰੀਦੇ ਹਨ)
— ਗੂਜ **੫**, ਵਾਰ ੭ : ੧ (519)
2. ਰਖੀਏ, ਸੁਟੀਏ, ਸਾਂਭੀਏ
"ਖਰੇ ਖਜਾਨੈ **ਪਾਈਅਹਿ** ਖੋਟੇ ਸਟੀਅਹਿ ਬਾਹਰ ਵਾਰਿ।" — ਮਾਝ **੧**, ਵਾਰ ੧੨ : ੩ (143)
3. ਪਈਦਾ
"ਜਮ ਕੈ ਪੰਥਿ ਨ **ਪਾਈਅਹਿ** ਫਿਰਿ ਨਾਹੀ ਮਰਣੇ।" — ਗਉ **੫**, ਵਾਰ ੯ : ੨ (320)
4. ਪਾਈਏ, ਪਹਿਨੀਏ
"ਜਿਤੁ ਤਨਿ **ਪਾਈਅਹਿ** ਨਾਨਕਾ ਸੇ ਤਨ ਹੋਵਹਿ ਛਾਰ।"
— ਆਸਾ **੧**, ਵਾਰ ੪ਸ, **੧**, ੨ : ੭ (464)

ਪਾਈਅਨੁ — ਵਰਤਾਉਂਦਾ ਹੈ, ਪਾਉਂਦਾ ਹੈ
"ਵਾਹੁ ਵਾਹੁ ਸਿਰਜਣਹਾਰ **ਪਾਈਅਨੁ** ਠਾਢਿ ਆਪਿ।" — ਗੂਜ **੫**, ਵਾਰ ੧੩ : ੧ (521)

ਪਾਈਅਨਿ੍ — ਪਾਏ/ਧਕੇ ਜਾਂਦੇ
"ਮਨਮੁਖ ਜਮ ਮਗਿ **ਪਾਈਅਨਿ੍** ਜਿਨ੍ ਦੂਜਾ ਭਾਉ ਪਿਆਰਾ।" — ਗੂਜ **੩**, ਵਾਰ ੧੨ : ੩ (513)
2. ਪ੍ਰਾਪਤ ਕਰਦੇ ਹਨ
"ਵਿਰਲੇ ਕੇਈ **ਪਾਈਅਨਿ੍** ਜਿਨ੍ਹਾ ਪਿਆਰੇ ਨੇਹ।"
— ਰਾਮ **੫**, ੨੧ਸ, **੫**, ੨ : ੨ (966)

ਪਾਈਅਲੇ — ਪ੍ਰਾਪਤ ਕੀਤੀ ਭਾਵ ਮਿਲੀ ਹੈ
"ਐਸੀ ਗੁਰਮਤਿ **ਪਾਈਅਲੇ**।"
— ਆਸਾ **੫**, ੨੬, ੧* : ੧ (377)

ਪਾਈਆ — 1. ਪਾਇਆ, ਭਾਵ ਜਾਣਿਆ
"ਵੇਲ ਨ **ਪਾਈਆ** ਪੰਡਤੀ ਜਿ ਹੋਵੈ ਲੇਖੁ ਪੁਰਾਣੁ।"
— ਜਪੁ **੧**, ੨੧ : ੧੧ (4)
"ਕੀਮਤਿ ਕਿਨੈ ਨ **ਪਾਈਆ** ਕਹਣਿ ਨ ਵਡਾ ਹੋਇ।" — ਸਿਰੀ **੧**, ੩, ੩ : ੨ (15)
2. ਪਾਉਣੀ ਭਾਵ ਆਉਣੀ
"ਸਾਲਾਹੀ ਸਾਲਾਹਿ ਏਤੀ ਸੁਰਤਿ ਨ **ਪਾਈਆ**।"
— ਜਪੁ **੧**, ੨੩ : ੧ (5)
3. ਪਾਈ ਭਾਵ ਪ੍ਰਾਪਤ ਕੀਤੀ
"ਤੁਧੁ ਵਿਣੁ ਸਿਧੀ ਕਿਨੈ ਨ **ਪਾਈਆ**।"
— ਆਸਾ **੧**, ਸੋਦ ੨, ੩ : ੩ (9)
"ਮਨਿ ਲੋਚੈ ਹਰਿ ਮਿਲਣ ਕਉ ਕਿਉ ਦਰਸਨੁ **ਪਾਈਆ**।" (ਪ੍ਰਾਪਤ ਕਰੀਏ/ਪ੍ਰਾਪਤ ਹੋਏ)
— ਮਾਰੂ **੫**, ਵਾਰ ੧੨ : ੧ (1098)
4. ਪਾਈਆ, ਡਾਲੀਆਂ, ਪਹਿਨਾਈਆਂ
"ਤਿਨ੍ ਗਲਿ ਸਿਲਕਾ **ਪਾਈਆ** ਤੁਟਨਿ੍ ਮੋਤਸਰੀਆ।"
— ਆਸਾ **੧**, ਅਸ ੧੧, ੩ : ੩ (417)
5. ਸੁੱਟੀ
"ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ **ਪਾਈਆ**।"
— ਰਾਮ **੩**, ਅਨੰ ੧੦ : ੪ (918)
6. ਰਖੀਆ, ਪਰੋਸੀਆਂ
"ਨਾਨਕ ਭੁਸਰੀਆ ਪਕਾਈਆ **ਪਾਈਆ** ਥਾਲੈ ਮਾਹਿ।"
— ਮਾਰੂ **੫**, ਵਾਰ ੬ਸ, **੫**, ੩ : ੧ (1096)

ਪਾਈਐ — 1. ਪ੍ਰਾਪਤ ਕਰੀਦਾ ਹੈ
"ਨਾਨਕ ਨਦਰੀ **ਪਾਈਐ** ਕੂੜੀ ਕੂੜੈ ਠੀਸ।"
— ਜਪੁ **੧**, ੩੨ : ੫ (7)
"ਤਾ ਦਰਗਹ ਬੈਸਣੁ **ਪਾਈਐ**।" (ਭਾਵ ਮਿਲਦਾ ਹੈ) — ਸਿਰੀ **੧**, ੩੩, ੪ : ੨ (26)
"ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ **ਪਾਈਐ** ਪਾਰੋ।"
— ਰਾਮ **੧**, ਸਿਗੋ ੪ : ੧ (938)
2. ਪਾਉਣਾ ਭਾਵ ਰਖਣਾ
"ਭਉ ਵਟੀ ਇਤੁ ਤਨਿ **ਪਾਈਐ**।"
— ਸਿਰੀ **੧**, ੩੩, ੨ : ੨ (25)
"ਰਸੁ ਕਸੁ ਟਟਰਿ **ਪਾਈਐ** ਤਪੈ ਤੈ ਵਿਲਲਾਇ।" (ਕੜਾਹੇ ਵਿਚ ਉਲਟ/ਪਾ ਦੇਈਏ)
— ਮਾਝ **੧**, ਵਾਰ ੧੧ਸ, **੧**, ੨ : ੩ (143)
3. ਪਾਉਣਾ ਭਾਵ ਉਪਰ ਡੋਲਣਾ/ਸੁਟਣਾ
"ਅਗਨਿ ਮਰੈ ਜਲੁ **ਪਾਈਐ** ਜਿਉ ਬਾਰਿਕ ਦੂਧੈ ਮਾਇ।"— ਸਿਰੀ **੧**, ਅਸ ੧੫, ੮ : ੧ (63)

4. ਖਾਣ ਲਈ ਅਗੇ ਰਖੀਏ
"ਚਉਣੇ ਸੁਇਨਾ **ਪਾਈਐ** ਚੁਣਿ ਚੁਣਿ ਖਾਵੈ ਘਾਸੁ।"
— ਮਾਝ **੧**, ੧੨ਸ, **੧**, ੧ : ੬ (143)

5. ਰਖੀਏ ਭਾਵ ਲਗੀਏ
"ਲੋਹਾ ਮਾਰਣਿ **ਪਾਈਐ** ਢਹੈ ਨ ਹੋਇ ਕਪਾਸ।"
— ਮਾਝ **੧**, ਵਾਰ ੧੨ਸ, **੧**, ੧ : ੭ (143)

6. ਪੈਂਦੀ ਭਾਵ ਆਉਂ
"ਸਚੈ ਸਬਜਿ ਨੀਸਾਣਿ ਠਾਕ ਨ **ਪਾਈਐ**।"
— ਮਾਝ **੧**, ਵਾਰ ੧੮ : ੭ (147)

7. ਪਾਣੀ (ਪਣ ਘੜੀ ਦੀ ਪਿਆਲੀ) ਦੇ
"ਮੁਹਤੁ ਨ ਚਸਾ ਵਿਲੰਮੁ ਭਰੀਐ **ਪਾਈਐ**।"
— ਮਾਝ **੧**, ਵਾਰ ੨੦ : ੭ (147)
"ਕੋ ਰਹੈ ਨ ਭਰੀਐ **ਪਾਈਐ**।"
— ਆਸਾ **੧**, ਵਾਰ ੫ : ੫ (465)

8. ਉਲਟੀਏ
"ਵਡਭਾਗੀ ਸਤਿਗੁਰੁ ਮਿਲੈ ਮੁਖ ਅੰਮ੍ਰਿਤੁ **ਪਾਈਐ**।"
— ਗਉ **੩**, ੩੭, ੨ : ੨ (103)

9. ਸਕੀਦਾ
"ਹੋਨੁ ਨ **ਪਾਈਐ** ਰਾਮ ਕੇ ਦਾਸਾ।"
— ਗਉ **੫**, ੮੨, ੧ : ੪ (180)
"ਜਾਣੁ ਨ **ਪਾਈਐ** ਪ੍ਰਭ ਦਰਬਾਰਾ।"
— ਸੂਹੀ **੫**, ਅਸ ੧, ੪ : ੨ (759)

10. ਪਾਈਏ, ਰਲਾਈਏ
"ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ **ਪਾਈਐ**।"
— ਆਸਾ **੧**, ੩੮, ੧ : ੧ (360)

11. ਰਖੀਏ
"ਪਤਿ ਪਰਵਾਣਾ ਪਿਛੈ **ਪਾਈਐ** ਤਾ ਨਾਨਕ ਤੋੜਿਆ ਜਾਪੈ।"
— ਆਸਾ **੧**, ਵਾਰ ੧੧ਸ, **੧**, ੨ : ੧੦ (469)
"ਜਪੁ ਪਿੜਾਈ **ਪਾਈਐ** ਬਿਖੁ ਅੰਤਰਿ ਮਨਿ ਰੋਸੁ।" (ਭਾਵ ਡਕੀਏ)
— ਮਾਰੂ **੧**, ਅਸ ੨, ੪ : ੧ (1009)

12. ਪਹਿਨੀਏ
"ਹੋਇ ਪੁਰਾਣਾ ਸੁਟੀਐ ਭੀ ਫਿਰਿ **ਪਾਈਐ** ਹੋਰੁ।"
— ਆਸਾ **੧**, ਵਾਰ ੧੫ਸ, **੧**, ੨ : ੫ (471)

13. ਪਾਏ ਜਾਂਦੇ
"ਬਹੁੜਿ ਨ ਜੋਨੀ **ਪਾਈਐ**।"
— ਸੋਰ **੫**, ੫੯, ੩ : ੪ (624)
"ਜਿਸੁ ਆਪਿ ਬੁਲਾਏ ਆਪਿ ਸੁ ਹਰਿ ਮਾਰਗਿ **ਪਾਈਐ**।" — ਸੋਰ **੪**, ਵਾਰ ੪ : ੪ (644)

14. ਪਈਏ
"ਸਰਬ ਸੁਖਾ ਕਾ ਦਾਤਾ ਸਤਿਗੁਰੁ ਤਾ ਕੀ ਸਰਨੀ **ਪਾਈਐ**।"— ਸੋਰ **੫**, ੮੯, ੧ : ੧ (630)

15. ਪਾਂਦਾ
"ਤਿਨਾ ਠਾਕ ਨ **ਪਾਈਐ** ਪਿਆਰੇ ਅੰਮ੍ਰਿਤ ਰਸਨ ਹਰੇ।" — ਸੋਰ **੧**, ਅਸ ੩, ੧ : ੨ (636)

16. ਪਾ ਸਕਨਾ, ਜਾਣ ਸਕਨਾ
"ਤੇਰੀ ਗਤਿ ਮਿਤਿ ਤੂਹੈ ਜਾਣਹਿ ਕੁਦਰਤਿ ਕੀਮ ਨ **ਪਾਈਐ**।"
— ਸੂਹੀ **੫**, ੫੩, ੩ : ੨ (748)
"ਅਗਮੁ ਅਗੋਚਰੁ ਮਿਤਿ ਨਹੀ **ਪਾਈਐ** ਸਗਲ ਘਟਾ ਆਧਾਰੁ।"
— ਸਾਰ **੫**, ੮੬, ੨ : ੧ (1221)

ਪਾਏ — 1. ਪ੍ਰਾਪਤ ਹੁੰਦੇ
"ਤਾ ਕੇ ਅੰਤ ਨ **ਪਾਏ** ਜਾਹਿ।"
— ਜਪੁ **੧**, ੨੪ : ੮ (5)
"ਤਾ ਮਨੁ ਖੀਵਾ ਜਾਣੀਐ ਜਾ ਮਹਲੀ **ਪਾਏ** ਥਾਉ।" (ਪ੍ਰਾਪਤ ਕਰੇ) — ਸਿਰੀ **੧**, ੫, ੨ : ੩ (16)
"ਬਿਨੁ ਸਬਦੈ ਕਿਉ **ਪਾਏ** ਪਾਰੁ।" (ਭਾਵ ਪਾਰ ਲਗੇ/ਪਹੁੰਚੇ) — ਬਿਲਾ **੩**, ੬੨, ੮ : ੪ (842)
"ਚਾਰਿ ਪਦਾਰਥ ਚਾਰੇ **ਪਾਏ** ਗੁਰਮਤਿ ਨਾਨਕ ਹਰਿ ਭਜਹੁ।" ('ਮਹਾਨਕੋਸ਼' ਇਸ ਦੇ ਅਰਥ 'ਧਰਮ ਦੇ ਚਰਨ' ਕਰਦਾ ਹੈ)
— ਬਿਲਾ **੪**, ੪੪ : ੨ (800)

ਹੋਰ ਰੂਪ — ਪਾਂਏ —
"ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ **ਪਾਂਏ**।" (ਮਿਲ ਜਾਂਦੇ/ਪ੍ਰਾਪਤ ਹੁੰਦੇ ਹਨ)
— ਸਾਰ **੫**, ੨੩, ੧* : ੨ (1208)

2. ਪਾਉਂਦਾ, ਸਕਦਾ
"ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ **ਪਾਏ** ਮਾਇ।" (ਦੇ ਸਕਦਾ ਹੈ)
— ਸਿਰੀ **੫**, ੯੧, ੩ : ੨ (50)
"ਤਿਸ ਕਾ ਭੋਜਨੁ ਨਾਨਕਾ ਵਿਰਲਾ **ਪਾਏ** ਕੋਇ।"

(ਦੇ ਸਕਦਾ ਹੈ)

— ਰਾਮ **੩**, ਵਾਰ ੬ਸ, **੩**, ੧ : ੪ (949)

(ਮਹਾਨਕੋਸ਼ ਇਸ ਦੇ ਅਰਥ ਛਕਦਾ/ਖਾਂਦਾ ਹੈ ਕਰਦਾ ਹੈ)

3. ਪਾਵੇ

"ਨਾਨਕ ਤਾ ਪਰੁ ਜਾਪੈ ਜਾ ਪਤਿ ਲੇਖੈ **ਪਾਏ**।"

— ਸਿਰੀ **੪**, ਵਾਰ ੩ਸ, **੧**, ੧ : ੪ (83)

"ਬਹੁ ਕਰਮ ਕਰੈ ਕਿਛੁ ਥਾਇ ਨ **ਪਾਏ**।" (ਪਾਉਂਦਾ)

— ਮਾਝ **੩**, ਅਸ ੩੦, ੫ : ੨ (127)

"ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ **ਪਾਏ**।" (ਪਾਂਦਾ ਹੈ)

— ਮਾਝ **੧**, ਵਾਰ ੫ਸ, **੪**, ੨ : ੨ (140)

"ਸਾ ਸੇਵਾ ਪ੍ਰਭ ਭਾਵਸੀ ਜੋ ਪ੍ਰਭ **ਪਾਏ** ਥਾਇ।" (ਭਾਵ ਕਬੂਲ ਕਰੇ)

— ਸੂਹੀ **੩**, ਅਸ ੪, ੮ : ੧ (757)

4. ਪਾਏ ਗਏ, ਰਖੇ ਗਏ

"ਤਿਨ ਕੇ ਕਰਮਹੀਨ ਧੁਰਿ **ਪਾਏ** ਦੇਖਿ ਦੀਪਕੁ ਮੋਹਿ ਪਚਾਨੇ।"

— ਗਉ **੪**, ੫੬, ੩ : ੨ (170)

5. ਚਰਨੀਂ, ਚਰਨ

"ਨਾਨਕ ਤਾ ਕੈ ਲਾਗਉ **ਪਾਏ**।"

— ਗਉ **੫**, ਸੁਖ ੧, ੩ : ੧੦ (263)

"ਹਉ ਵਾਰਿਆ ਤਿਨ ਸੋਹਾਗਣੀ ਅੰਮਾਲੀ ਤਿਨ ਕੇ ਧੋਵਾ ਸਦ **ਪਾਏ**।"

— ਵਡ **੫**, ੯, ੪ : ੪ (564)

6. ਡੇਗੇ, ਪਾ ਦਿਤੇ

"ਜਿਨ ਕਉ ਆਪਿ ਦੇਇ ਵਡਿਆਈ ਜਗਤੁ ਭੀ ਆਪੇ ਆਣਿ ਤਿਨ ਕਉ ਪੈਰੀ **ਪਾਏ**।"

— ਗਉ **੪**, ਵਾਰ ੧੪ਸ, **੪**, ੨ : ੧ (308)

7. ਪਾਉਂਦਾ ਹੈ, ਰਖਦਾ ਹੈ

"ਜੇਹਾ ਅੰਦਰਿ **ਪਾਏ** ਤੇਹਾ ਵਰਤੈ ਆਪੇ ਬਾਹਰਿ ਪਾਵਣਿਆ।"

— ਮਾਝ **੩**, ਅਸ ੧੫, ੭ : ੩ (113)

"ਜਾਂ ਭਉ **ਪਾਏ** ਆਪਣਾ ਬੈਰਾਗੁ ਉਪਜੈ ਮਨਿ ਆਇ।" (ਪਾਉਂਦਾ ਹੈ, ਪੈਦਾ ਕਰਦਾ ਹੈ)

— ਗੂਜ **੩**, ੫, ੨ : ੧ (490)

"ਆਪੇ ਮਾਲੀ ਆਪਿ ਸਭੁ ਸਿੰਚੈ ਆਪੇ ਹੀ ਮੁਹਿ **ਪਾਏ**।" (ਭਾਵ ਖਾਂਦਾ ਹੈ)

— ਬਿਹਾ **੪**, ਵਾਰ ੧੫ : ੨ (554)

8. ਮਿਲਿਆ, ਪ੍ਰਾਪਤ ਕੀਤਾ

"ਮੀਤਾ ਐਸੇ ਹਰਿ ਜੀਉ **ਪਾਏ**।"

— ਦੇਵ **੫**, ੨੨, ੧* : ੧ (533)

9. ਭਾਵ ਲਾਉਣਾ

"ਧਰਮੁ ਦਲਾਲੁ **ਪਾਏ** ਨੀਸਾਣੁ।"

— ਸੂਹੀ **੩**, ਵਾਰ ੧੩ਸ, **੧**, ੧ : ੫ (789)

10. ਪਾ ਕੇ

"ਬਿਨੁ ਥੰਮਾ ਰਾਖੇ ਸਚੁ ਕਲ **ਪਾਏ**।"

— ਮਾਰੂ **੧**, ਸੋਲਾ ੧੨, ੬ : ੨ (1037)

ਪਾਸ — 1. ਕੋਲ, ਸਮੀਪ, ਨੇੜੇ

"ਆਸ **ਪਾਸ** ਘਨ ਤੁਰਸੀ ਕਾ ਬਿਰਵਾ ਮਾਝ ਬਨਾਰਸਿ ਗਾਊਂ ਰੇ।"

— ਗਉ **ਕਬ**, ੬੬, ੧ : ੧ (338)

"ਹਮਰੇ ਅਵਗੁਨ ਸੰਗਿ ਗੁਰ ਮੇਟੇ ਜਨ ਨਾਨਕ ਮੇਲਿ ਲੀਏ ਪ੍ਰਭ **ਪਾਸ**।"

— ਕਾਨ **੪**, ੩, ੪ : ੨ (1295)

2. ਪਾਸੋਂ, ਤੋਂ, ਕੋਲੋਂ

"ਜਗਤ **ਪਾਸ** ਤੇ ਲੇਤੇ ਦਾਨੁ।"

— ਗੋਂਡ **੫**, ੧੧, ੨ : ੧ (865)

3. ਪਾਸੇ, ਤਰਫ

"ਕਿਆ ਤਕਹਿ ਬਿਆ **ਪਾਸ** ਕਰਿ ਹੀਅੜੇ ਹਿਕੁ ਅਧਾਰੁ।"

— ਮਾਰੂ **੩**, ਵਾਰ ੧੧ਸ, **੫**, ੩ : ੧ (1098)

4. ਪਾਸਕੂ ਦੇ, ਵਾਧੂ ਦੇ

"ਗਿਆਰਹ ਮਾਸ **ਪਾਸ** ਕੈ ਰਾਖੇ ਏਕੈ ਮਾਹਿ ਨਿਧਾਨਾ।"

— ਪ੍ਰਭਾ **ਕਬ**, ੨, ੩ : ੨ (1349)

5. ਪਾਸਾ, ਬਗਲ

"ਫਰੀਦਾ ਰਾਤੀ ਵਡੀਆਂ ਧੁਖਿ ਧੁਖਿ ਉਠਨਿ **ਪਾਸ**।" — ਸਲੋ **ਫਰ**, ੨੧ : ੧ (1379)

ਪਾਸਹੁ — 1. ਕੋਲੇ

"ਸਭਿ ਤੁਧੈ **ਪਾਸਹੁ** ਮੰਗਦੇ ਨਿਤ ਕਰਿ ਅਰਦਾਸਿ।"

— ਸਿਰੀ **੪**, ਵਾਰ ੯ : ੨ (86)

2. ਪਾਸਿਆਂ ਤੋਂ

"ਕੋਠੇ ਮੰਡਪ ਮਾੜੀਆ **ਪਾਸਹੁ** ਚਿਤਵੀਆਹਾ।"

— ਸੂਹੀ **੧**, ੩, ੨ : ੧ (729)

ਪਾਸਾ — 1. ਚੋਪੜ ਦੀ ਖੇਡ ਦੀ ਗੋਟ
"ਵੇਖਹਿ ਕੀਤਾ ਆਪਣਾ ਕਰਿ ਕੁਦਰਤਿ **ਪਾਸਾ** ਢਾਲਿ ਜੀਉ।"
— ਸਿਰੀ **੧**, ਅਸ ੨੯, ੨ : ੩ (71)
"ਸਭੁ ਸਫਲਿਓ ਜਨਮੁ ਤਿਨਾ ਦਾ ਗੁਰਮੁਖਿ ਜਿਨਾ ਮਨੁ ਜਿਣਿ **ਪਾਸਾ** ਢਾਲਿਆ।" (ਭਾਵ ਖੇਡ ਖੇਡੀ)
— ਸਿਰੀ **੪**, ਛੰਤ ੧, ੩ : ੪ (78)
2. ਪਾਸ/ਨੇੜੇ
"ਹਰਿ ਮੇਲਹੁ ਸੰਤ ਜੀਉ ਗੋਵਿੰਦ ਪ੍ਰਭ **ਪਾਸਾ** ਜੀਉ।" — ਮਾਝ **੪**, ੬੯, ੪ : ੨ (175)
"ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ ਅਜਹੁ ਬੰਨਾਰਸੀ ਆਸ **ਪਾਸਾ**।" (ਨੇੜੇ ਤੇੜੇ)
— ਮਲਾ **ਰਵਿ**, ੨, ੩ : ੧ (1293)
3. ਕੋਲ, ਪਾਸ
"ਐਸੀ ਰਹਤ ਰਹਉ ਹਰਿ **ਪਾਸਾ**।"
— ਗਉ **ਕਬ**, ੧੮, ੪ : ੨ (327)
"ਦੂਖੁ ਸੂਖੁ ਹਮਰਾ ਤਿਸ ਹੀ **ਪਾਸਾ**।"
—ਭੈਰ **੫**, ੩੨, ੪ : ੨ (1145)
4. ਤਰਫ, ਦਿਸ਼ਹ, ਓਰ
"ਛਛਾ ਇਹੈ ਛਤ੍ਰਪਤਿ **ਪਾਸਾ**।" (ਭਾਵ ਰਸਤਾ, ਮਾਰਗ)— ਗਉ **ਕਬ**, ਬਾਅ ੧੩ : ੧ (340)
5. ਚੋਪੜ ਭਾਵ ਸੰਸਾਰ
"ਆਪੇ **ਪਾਸਾ** ਆਪੇ ਸਾਰੀ।"
— ਮਾਰੂ **੧**, ਸੋਲਾ ੧, ੫ : ੨ (1020)
6. ਪਾਸੋਂ, ਕੋਲੋਂ
"ਜਿਸੁ ਵਖਰ ਕਉ ਤੁਮ ਆਏ ਹਹੁ ਸੋ ਪਾਇਓ ਸਤਿਗੁਰ **ਪਾਸਾ** ਹੇ।"
— ਮਾਰੂ **੫**, ਸੋਲਾ ੨, ੬ : ੩ (1073)
7. ਭਾਵ ਨਾਲ
"ਓਇ ਕਿਰਪਾ ਕਰਿ ਕੈ ਮੇਲਿਅਨੁ ਨਾਨਕ ਹਰਿ **ਪਾਸਾ**।"— ਸਾਰ **੪**, ਵਾਰ ੨੬ : ੫ (1247)

ਪਾਸਾਰ — 1. ਖਿਲਾਰ, ਵਿਸਤਾਰ
"ਕਈ ਬਾਰ ਪਸਰਿਓ **ਪਾਸਾਰ**।"
— ਗਉ **੫**, ਸੁਖ ੧੦, ੭ : ੫ (276)
2. ਪਸਾਰੀ
"ਸਚੁ ਵਖਰੁ ਜਿਨੀ ਲਦਿਆ ਸੇ ਸਚੜੇ **ਪਾਸਾਰ**।"
— ਸਲੋ **੫**, ੧੭ : ੨ (1425)

ਪਾਸਾਰਾ — ਖਿਲਾਰਾ, ਵਿਸਤਾਰ, ਖਿਲਾਰ
"ਮਨਮੁਖ ਖੋਟੀ ਰਾਸਿ ਖੋਟਾ **ਪਾਸਾਰਾ**।" (ਲੈਣ/ਦੇਣ ਦਾ ਪਾਸਾਰ/ਵਪਾਰ)
— ਮਾਝ **੩**, ਅਸ ੧੧, ੭ : ੧ (116)
"ਸਾਂਗੁ ਉਤਾਰਿ ਥੰਮਿ੍ਓ **ਪਾਸਾਰਾ**।" (ਭਾਵ ਸ੍ਰਿਸ਼ਟੀ, ਬ੍ਰਹਮੰਡ) — ਸੂਹੀ **੫**, ੧, ੧ : ੩ (736)
"ਸਚੈ ਆਪਣਾ ਖੇਲੁ ਰਚਾਇਆ ਆਵਾ ਗਉਣੁ **ਪਾਸਾਰਾ**।"
— ਸੂਹੀ **੩**, ਅਸ ੨, ੭ : ੨ (754)

ਪਾਸਾਰਿਆ — ਪਸਾਰੇ, ਖਿਲਾਰ
"ਕੋਠੇ ਮੰਡਪ ਮਾੜੀਆ ਲਾਇ ਬੈਠੇ ਕਰਿ **ਪਾਸਾਰਿਆ**।"
— ਆਸਾ **੧**, ਵਾਰ ੨੨ : ੨ (472)

ਪਾਸਾਰੀ — 1. ਪਾਸਾਰ, ਖਿਲਾਰਾ
"ਝੂਠਾ ਡੰਫੁ ਝੂਠੁ **ਪਾਸਾਰੀ**।"
— ਗਉ **੫**, ਸੁਖ ੧੯, ੫ : ੮ (288)
2. ਸੌਦਾ ਖਿਲਾਰਨ ਵਾਲਾ, ਜੌਹਰੀ
"ਆਪਹਿ ਰਤਨ ਜਵਾਹਰ ਮਾਨਿਕ ਆਪੈ ਹੈ **ਪਾਸਾਰੀ**।"
— ਕੇਦਾ **ਕਬ**, ੨, ੩ : ੧ (1123)

ਪਾਸਾਰੁ — ਖਿਲਾਰ, ਵਿਸਤਾਰ
"ਜੋ ਦੀਸੈ ਸੋ ਸਗਲ ਤੂੰਹੈ ਪਸਰਿਆ **ਪਾਸਾਰੁ**।"
— ਸਿਰੀ **੫**, ੯੫, ੪ : ੧ (51)
"ਆਪੇ ਸੂਖਮੁ ਭਾਲੀਐ ਆਪੇ **ਪਾਸਾਰੁ**।" (ਪ੍ਰਤਖ ਖਿਲਾਰ) — ਬਿਹਾ **੪**, ਵਾਰ ੨੧ : ੨ (556)

ਪਾਸਾਰੇ — ਪਸਾਰਾ, ਖਿਲਾਰਾ
"ਏਕੋ ਏਕੁ ਆਪਿ ਇਕੁ ਏਕੈ ਏਕੈ ਹੈ ਸਗਲਾ **ਪਾਸਾਰੇ**।" — ਆਸਾ **੫**, ੩੬, ੩ : ੧ (379)

ਪਾਸਿ — 1. ਕੋਲ, ਅਗੇ
"ਹਰਿ ਕੇ ਜਨ ਸਤਿਗੁਰ ਸਤਪੁਰਖਾ ਬਿਨਉ ਕਰਉ ਗੁਰ **ਪਾਸਿ**।"— ਗੂਜ **੪**, ਸੋਦ ੪, ੧ : ੧ (10)
"ਮਨੁ ਬੇਚੈ ਸਤਿਗੁਰ ਕੈ **ਪਾਸਿ**।"
— ਗਉ **੫**, ਸੁਖ ੧੮, ੨ : ੫ (286)
2. ਫਾਹੀ ਵਿਚ ਭਾਵ ਕੋਲ
"ਜਿਨ ਹਰਿ ਹਰਿ ਹਰਿਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ **ਪਾਸਿ**।"
— ਗੂਜ **੪**, ਸੋਦ ੪, ੩ : ੧ (10)

3. ਹਵਾਲੇ
"ਜੀਉ ਪਿੰਡੁ ਸਭੁ ਤੇਰੈ **ਪਾਸਿ**।"
— ਸਿਰੀ **੧**, ੩੧, ੩ : ੪ (25)

4. ਨੇੜੇ, ਨਿਕਟ ਆਲੇ ਦੁਆਲੇ
"ਓਨਾ **ਪਾਸਿ** ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ।"
— ਸਿਰੀ **੪**, ੬੬, ੩ : ੩ (40)
"ਜਿਸੁ ਤੂੰ ਦੇਹਿ ਤਿਸੁ ਸਭੁ ਕਿਛੁ ਮਿਲੈ ਇਕਨਾ ਦੂਰਿ ਹੈ **ਪਾਸਿ**।"
— ਸਿਰੀ **੪**, ਵਾਰ ੯ : ੩ (86)

5. ਪਾਸ, ਕੋਲ
"ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ **ਪਾਸਿ**।" — ਸਿਰੀ **੫**, ੯੯, ੪ : ੧ (52)
"ਸਾਹਿ ਪਠਾਇਆ ਸਾਹੈ **ਪਾਸਿ**।"
— ਆਸਾ **੫**, ੬, ੨ : ੧ (372)

6. ਪਾਸੇ, ਵਖ
"ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ **ਪਾਸਿ**।"
— ਆਸਾ **੧**, ਵਾਰ ੨੨ਸ, **੨**, ੩ : ੩ (474)
"ਊਂਦਰ ਦੂੰਦਰ **ਪਾਸਿ** ਧਰੀਜੈ।" (ਇਕ ਪਾਸੇ)
— ਰਾਮ **੧**, ਅਸ ੫, ੮ : ੧ (905)

7. ਬਰਾਬਰ ਦਾ, ਤੁਲ
"ਜਿਸ ਨੋ ਤੂ ਦੇਹਿ ਤਿਸੁ ਸਭੁ ਕਿਛੁ ਮਿਲੈ ਕੋਈ ਹੋਰੁ ਸਰੀਕੁ ਨਾਹੀ ਤੁਧੁ **ਪਾਸਿ**।"
— ਬਿਹਾ **੪**, ਵਾਰ ੨ : ੨ (549)

8. ਤਰਫ, ਪਾਸੇ, ਪਾਸਾ
"ਕੇਤੜਿਆ ਜੁਗ ਵਾਪਰੇ ਇਕਤੁ ਪਇਆ **ਪਾਸਿ**।" — ਸਲੋ **ਫਰ**, ੬੭ : ੨ (1381)

ਪਾਸੀ — 1. ਪਾਵੇਗਾ
"ਕੂੜਿ ਲਬਿ ਜਾਂ ਥਾਇ ਨ **ਪਾਸੀ** ਅਗੈ ਲਹੈ ਨ ਠਾਉ।" — ਵਡ **੧**, ਅਲਾ ੫, ੧ : ੩ (581)

2. ਨਾਲ
"ਸੋ ਜਨੁ ਮਿਲਿਆ ਹਰਿ **ਪਾਸੀ**।"
— ਬਿਲਾ **੪**, ੭, ੨ : ੪ (801)

3. ਕੋਲ, ਪਾਸ
"ਜਿਉ ਜਾਣਹੁ ਤਿਉ ਰਾਖਹੁ ਠਾਕੁਰ ਸਭੁ ਕਿਛੁ ਤੁਮ ਹੀ **ਪਾਸੀ**।"
— ਸਾਰ **੫**, ੫੧, ੧ : ੨ (1214)

ਪਾਸੁ — 1. ਨਿਕਟਤਾ, ਸੰਗ
"ਗੁਰਮੁਖਿ ਹੋਇ ਸੁ ਅਲਿਪਤੋ ਵਰਤੈ ਓਸ ਦਾ **ਪਾਸੁ** ਛਡਿ ਗੁਰ ਪਾਸਿ ਬਹਿ ਜਾਇਆ।"
— ਗਉ **੪**, ਵਾਰ ੮ਸ, **੪**, ੨ : ੫ (304)
"ਤਾ ਅਨਦਿਨੁ ਸੇਵਾ ਕਰੇ ਸਤਿਗੁਰੂ ਕੀ ਕਬਹਿ ਨ ਛੋਡੈ **ਪਾਸੁ**।"
— ਰਾਮ **੩**, ਵਾਰ ੭ਸ, **੩**, ੨ : ੬ (949)
"ਤ੍ਰਿਸਨਾ **ਪਾਸੁ** ਨ ਛੋਡਈ ਬੈਰਾਗੀਅੜੇ।" (ਸੰਗਤ)
— ਮਾਰੂ **ਕਬ**, ੮, ੪ : ੧ (1104)

2. ਪਾਸਾ, ਪੱਖ
"ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ **ਪਾਸੁ**।" — ਸਲੋ **ਫਰ**, ੧੦੧ : ੨ (1383)
"ਜਿਨਿ ਸਬਦੁ ਕਮਾਇ ਪਰਮਪਦੁ ਪਾਇਓ ਸੇਵਾ ਕਰਤ ਨ ਛੋਡਿਓ **ਪਾਸੁ**।"
— ਸਵ **੪**, ਕੀਰ ੧ : ੧ (1405)

ਪਾਸੇ — 1. ਕੋਲ, ਪਾਸ
"ਹਰਿ ਅੰਮ੍ਰਿਤ ਭਗਤਿ ਭੰਡਾਰ ਹੈ ਗੁਰ ਸਤਿਗੁਰ **ਪਾਸੇ** ਰਾਮ ਰਾਜੇ।"
— ਆਸਾ **੪**, ਛੰਤ ੧੭, ੧ : ੧ (449)

2. ਸਰੀਰ ਦੇ ਅੰਗ
"ਕੰਚਨ ਵੰਨੇ **ਪਾਸੇ** ਕਲਵਤਿ ਚੀਰਿਆ।"
— ਆਸਾ **ਫਰ**, ੨, ੪ : ੨ (488)

3. ਨਿਕਟ, ਕੋਲ
"ਸੰਤ ਸਭਾ ਜਹ ਬੈਸਹਿ ਪ੍ਰਭ **ਪਾਸੇ**।"
— ਮਾਰੂ **੫**, ਸੋਲਾ ੬, ੮ : ੧ (1077)

ਪਾਸੈ — ਪਾਸੇ (ਚੋਪੜ ਦੀ ਖੇਡ) ਵਿਚ
"ਹੁਕਮੀ ਬਾਧੇ **ਪਾਸੈ** ਖੇਲਹਿ ਚਉਪੜਿ ਏਕਾ ਸਾਰੀ।" — ਮਾਰੂ **੧**, ਸੋਲਾ ੧੧, ੪ : ੨ (1015)

ਪਾਹ — ਪੈ, ਪਉ
"ਹਰਿ ਦੇਹੁ ਪ੍ਰਭੂ ਮਤਿ ਊਤਮਾ ਗੁਰ ਸਤਿਗੁਰ ਕੈ ਪਗਿ **ਪਾਹ**।"
— ਕਾਨ **੪**, ਵਾਰ ੫ਸ, **੪**, ੧ : ੩ (1314)

ਪਾਹਣ — ਪਥਰ
"ਜਿਸੁ **ਪਾਹਣ** ਕਉ ਠਾਕੁਰੁ ਕਹਤਾ।"
— ਸੂਹੀ **੫**, ੯, ੨ : ੧ (739)

ਹੋਰ ਰੂਪ — ਪਾਹਣੁ —
"**ਪਾਹਣੁ** ਨੀਰਿ ਪਖਾਲੀਐ ਭਾਈ ਜਲ ਮਾਹਿ ਬੂਡਹਿ ਤੇਹਿ।" (ਭਾਵ ਪੱਥਰ ਦੀ ਮੂਰਤੀ)

— ਸੋਰ **੧**, ਅਸ ੪, ੬ : ੨ (637)

ਪਾਹਨ — ਪਥਰ
"ਜਿਸੁ ਸਿਮਰਤ ਡੂਬਤ **ਪਾਹਨ** ਤਰੇ।"
— ਗਉ **੫**, ੯੦, ੩ : ੪ (103)
"ਜਿਸੁ **ਪਾਹਨ** ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ।" (ਪਥਰ ਦੀ ਮੂਰਤੀ)
— ਆਸਾ **ਕਬ**, ੧੪, ੧ : ੨ (479)
"ਕ੍ਰਿਪਾ ਕ੍ਰਿਪਾ ਕਰਿ ਗੁਰੂ ਮਿਲਾਏ ਹਮ **ਪਾਹਨ** ਸਬਦਿ ਗੁਰ ਤਾਰੇ।" (ਜੜ੍ਹ ਬੁੱਧੀ ਵਾਲੇ, ਪੱਥਰ)
— ਨਟ **੪**, ਅਸ ੨, ੧* : ੨ (981)

ਪਾਹਰੂਆਰਾ — ਪਹਿਰੇਦਾਰ, ਚੌਕੀਦਾਰ
"**ਪਾਹਰੂਅਰਾ** ਛਬਿ ਚੋਰੁ ਨ ਲਾਗੈ।"
— ਆਸਾ **੧**, ੨੦, ੪ : ੨ (355)

ਪਾਹਾ — 1. ਅਸੀਂ ਪਾਈਏ, ਪਾਇਆ
"ਕਰਿ ਸੇਵਾ ਸੰਤਾ ਅੰਮ੍ਰਿਤੁ ਮੁਖਿ **ਪਾਹਾ** ਜੀਉ।"
— ਗਉ **੪**, ੬੫, ੩ : ੩ (173)
"ਨਾਨਕ ਰਾਮ ਨਾਮਿ ਨਿਸਤਾਰਾ ਸਬਦਿ ਰਤੇ ਹਰਿ **ਪਾਹਾ**।" — ਸੋਰ **੩**, ੨, ੪ : ੩ (600)
2. ਪਈਏ
"ਸਾਧ ਜਨਾ ਕੀ ਚਰਣੀ **ਪਾਹਾ**।"
— ਸੂਹੀ **੫**, ੨੬, ੧* : ੨ (742)
3. ਪਾਸੋਂ, ਕੋਲੋਂ
"ਖੋਜੀ ਖੋਜਿ ਲਧਾ ਹਰਿ ਸੰਤਨ **ਪਾਹਾ** ਰਾਮ।"
— ਬਿਲਾ **੫**, ਛੰਤ ੧, ੨ : ੨ (845)

ਪਾਹਾਰਾ — 1. ਵੇਖੋ 'ਪਹਾਰਾ' ਜਿਥੇ ਸੁਨਿਆਰ ਬਹਿ ਕੇ ਕੰਮ ਕਰਦਾ ਹੈ
"ਜਤੁ **ਪਾਹਰਾ** ਧੀਰਜੁ ਸੁਨਿਆਰੁ।"
— ਜਪੁ **੧**, ੩੮ : ੧ (8)
2. ਪਸਾਰਾ, ਅਡੰਬਰ
"ਨਿੰਦਕ ਕਾ ਪਰਗਟਿ **ਪਹਾਰਾ**।"
— ਗੋਂਡ **ਰਵਿ**, ੨, ੪ : ੨ (875)
ਹੋਰ ਰੂਪ — ਪਾਹਾਰੈ —
"ਪਰਗਟਿ **ਪਾਹਾਰੈ** ਜਾਪਦਾ।" (ਪਸਾਰੇ ਭਾਵ ਸੰਸਾਰ ਵਿਚ)
— ਸਿਰੀ **੧**, ਅਸ ੨੮, ੩ : ੧ (71)

ਪਾਹਿ — 1. ਪੈਂਦੇ ਹਨ, ਜਾਂਦੇ ਹਨ
"ਦੇਦਾ ਦੇ ਲੈਦੇ ਥਕਿ **ਪਾਹਿ**।"
— ਜਪੁ **੧**, ੩ : ੧੧ (2)
"ਕੇਤੇ ਲੈ ਲੈ ਮੁਕਰੁ **ਪਾਹਿ**।"
— ਜਪੁ **੧**, ੨੫ : ੬ (5)
2. ਪ੍ਰਾਪਤ ਕਰਦਾ ਹੈ
"ਜਿਵ ਫੁਰਮਾਏ ਤਿਵ ਤਿਵ **ਪਾਹਿ**।"
— ਜਪੁ **੧**, ੧੯ : ੯ (4)
ਹੋਰ ਰੂਪ — ਪਾਂਹਿ —
"ਸਚੀ ਗਾਸੀ ਸਚੁ ਧਨੁ ਉਤਮ ਪਦਵੀ **ਪਾਂਹਿ**।" (ਪ੍ਰਾਪਤ ਕਰਦੇ ਹਨ)
— ਸਲੋ **੩**, ਪ੩ : ੩ (1419)
3. ਲਗਣਾ, ਤਤਪਰ ਹੋਣਾ
"ਕੇਤੇ ਆਖਹਿ ਆਖਣਿ **ਪਾਹਿ**।"
— ਜਪੁ **੧**, ੨੬, ੧੯ (6)
4. ਕੋਲ, ਨੇੜ, ਸਮੀਪ
"ਅੰਧੇ ਤੂੰ ਬੈਠਾ ਕੰਧੀ **ਪਾਹਿ**।"
— ਸਿਰੀ **੫**, ੭੪, ੧* : ੧ (43)
5. ਪਾਣ ਨਾਲ, ਰਲਾਣ ਨਾਲ
"ਮਾਰਣ **ਪਾਹਿ** ਹਰਾਮ ਮਹਿ ਹੋਇ ਹਲਾਲੁ ਨ ਜਾਇ।"
— ਮਾਝ **੧**, ਵਾਰ ੭ਸ, **੧**, ੨ : ੪ (141)
6. ਸੁੱਟੇ ਜਾਣੇ
"ਖਤਿਅਹੁ ਜੰਮੇ ਖਤੇ ਕਰਨਿ ਤ ਖਤਿਆ ਵਿਚਿ **ਪਾਹਿ**।"
— ਮਾਝ **੧**, ਵਾਰ ੨੪ਸ, **੧**, ੧ : ੧ (149)
7. ਪਾਈ ਜਾਂਦੀ
"ਤੇਰੇ ਗੁਣ ਅਨੇਕ ਕੀਮਤਿ ਨਹ **ਪਾਹਿ**।"
— ਗਉ **੩**, ੨੮, ੧ : ੩ (160)
8. ਅਗੇ, ਕੋਲ, ਸਨਮੁਖ
"ਕਹੁ ਬੇਨੰਤੀ ਅਪੁਨੇ ਸਤਿਗੁਰ **ਪਾਹਿ**।"
— ਗਉ **੫**, ੯੦, ੧* : ੧ (182)
9. ਪਾਸ, ਕੋਲ
"ਖਖਾ ਖੂਨਾ ਕਛੁ ਨਹੀ ਤਿਸੁ ਸੰਮ੍ਰਥ ਕੈ **ਪਾਹਿ**।"
— ਗਉ **੫**, ਬਾਅ ੧੮ : ੧ (253)
"ਅੰਤਰਿ ਕੀ ਗਤਿ ਤੁਮ ਹੀ ਜਾਨੀ ਤੁਝ ਹੀ **ਪਾਹਿ** ਨਿਬੇਰੋ।" (ਪਾਸ ਹੀ)
— ਸੋਰ **੫**, ੩੫, ੧ : ੧ (618)
10. ਆ ਪੈਣੇ
"**ਪਾਹਿ** ਏਤੇ ਜਾਹਿ ਵੀਸਰਿ ਨਾਨਕਾ ਇਕੁ ਨਾਮੁ।"

— ਸਲੋ **੩**, ੪ : ੩ (1413)

ਪਾਹਿਆ — ਪਾਹ ਲਗੀ, ਪਾਣ ਚੜੀ
"ਇਹੁ ਤਨੁ ਮਾਇਆ **ਪਾਹਿਆ** ਪਿਆਰੇ ਲੀਤੜਾ ਲਬਿ ਰੰਗਾਏ।" — ਤਿਲੰ **੧**, ੩, ੧ : ੧ (721)

ਪਾਹੀ — 1. ਜੁਤੀਆਂ
"ਨਾਨਕ ਬਖਸੇ ਬਖਸੀਅਹਿ ਨਾਹਿ ਤ **ਪਾਹੀ** ਪਾਹਿ।"
— ਮਾਝ **੧**, ਵਾਰ ੨੪ਸ, **੧**, ੧ : ੩ (149)

2. ਪਾਏ, ਸੁਟੇ ਜਾਣਗੇ
"ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਮੁਏ ਕਿਥਾਊ **ਪਾਹੀ**।"
— ਮਾਝ **੧**, ਵਾਰ ੨੬ਸ, **੧**, ੧ : ੫ (149)
"ਕੋਈ ਜਾਇ ਮਿਲੈ ਤਿਨ ਨਿੰਦਕਾ ਮੁਹ ਫਿਕੇ ਥੁਕ ਫੁਕ ਮੁਹਿ **ਪਾਹੀ**।" (ਪਾਈਆਂ ਜਾਂਦੀਆਂ ਹਨ)
— ਗਉ **੪**, ਵਾਰ ੧੫ਸ, **੪**, ੨ : ੨ (308)

3. ਪ੍ਰਾਪਤ ਕਰਨਾ
"ਸੁਖੋ ਸੁਖੁ **ਪਾਹੀ**।"
— ਆਸਾ **੫**, ੧੪੩, ੩ : ੨ (407)

4. ਪਾਂਦੇ, ਪਾਉਂਦੇ
"ਬਦਤਿ ਤ੍ਰਿਲੋਚਨੁ ਸੁਨੁ ਰੇ ਪ੍ਰਾਣੀ ਕਣ ਬਿਨੁ ਗਾਹੁ ਕਿ **ਪਾਹੀ**।"
— ਗੂਜ **ਤ੍ਰਿਲੋ**, ੧, ੪ : ੨ (526)

ਪਾਹੀ — 1. ਪਾਸ, ਕੋਲ
"ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ **ਪਾਹੀ** ਜੀਉ।"
— ਸੋਰ **੧**, ੯, ੧ : ੧ (598)

2. ਪ੍ਰਾਪਤ ਹੁੰਦਾ ਹੈ
"ਪਰਹਰਿ ਲੋਭੁ ਨਿੰਦਾ ਕੂੜੁ ਤਿਆਗਹੁ ਸਚੁ ਗੁਰ ਬਚਨੀ ਫਲੁ **ਪਾਹੀ** ਜੀਉ।"
— ਸੋਰ **੧**, ੯, ੪ : ੧ (598)
"ਮੀਨੁ ਬਿਛੋਹਾ ਨ ਸਹੈ ਜਲ ਬਿਨੁ ਮਰਿ **ਪਾਹੀ**।" (ਪੈਂਦੀ ਹੈ)
— ਕੇਦਾ **੫**, ਛੰਤ ੧, ੨ : ੨ (1122)

ਪਾਂਹੀ — 1. ਪਾਉਂਦੇ ਹਨ
"ਕਣੁ ਨਾਹੀ ਤੁਹ ਗਾਹਣ ਲਾਗੇ ਧਾਇ ਧਾਇ ਦੂਖ **ਪਾਂਹੀ**।" — ਸਾਰ **੫**, ੧੬, ੨ : ੨ (1207)

2. ਪੈਂਦਾ ਹੈ
"ਅਨਿਕ ਜਤਨ ਕਰਿ ਰਹਣੁ ਨ ਪਾਵੈ ਆਚੁ ਕਾਚੁ ਢਰਿ **ਪਾਂਹੀ**।"
— ਮਲਾ **੧**, ਅਸ ੨, ੧ : ੨ (1274)

ਪਾਹੁ — 1. ਪਵੋ, ਪੈ ਜਾਉ
"ਸਭਿ ਸਿਆਣਪਾ ਛਡਿ ਕੈ ਗੁਰ ਕੀ ਚਰਣੀ **ਪਾਹੁ**।"
— ਸਿਰੀ **੫**, ੭੭, ੧ : ੩ (44)

2. ਲਾਗ
"ਭੈ ਵਿਚਿ ਖੁੰਬਿ ਚੜਾਈਐ ਸਰਮੁ **ਪਾਹੁ** ਤਨਿ ਹੋਇ।"
— ਆਸਾ **੧**, ਵਾਰ ੧੧ਸ, **੧**, ੧ : ੫ (468)

3. ਪਾ ਦਿਓ, ਪਾਓ
"ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ **ਪਾਹੁ**।" (ਭਾਵ ਲਗ ਜਾਉ)
— ਸੋਰ **੪**, ਵਾਰ ੨੨ਸ, **੩**, ੧ : ੨ (651)
"ਭਗਤ ਜਨਾ ਕਉ ਸਨਮੁਖੁ ਹੋਵੈ ਸੁ ਹਰਿ ਰਾਸਿ ਲਏ ਵੇਮੁਖ ਭਸੁ **ਪਾਹੁ**।"
— ਬਿਲਾ **੪**, ਵਾਰ ੭ : ੩ (852)

ਪਾਹੁਚਾ — ਵਿਆਹ ਦਾ ਸੱਦਾ
"ਘਰਿ ਘਰਿ ਏਹੋ **ਪਾਹੁਚਾ** ਸਦੜੇ ਨਿਤ ਪਵੰਨਿ।"
— ਗਉ **੧**, ੨੦, ੪ : ੧ (157)

ਹੋਰ ਰੂਪ — **ਪਾਹੁੰਚਾ** —
"ਘਰਿ ਘਰਿ ਏਹੋ **ਪਾਹੁੰਚਾ** ਸਦੜੇ ਨਿਤ ਪਵੰਨਿ।" — ਗਉ **੧**, ਸੋਹ ੧, ੪ : ੧ (12)

ਪਾਹੁਣਾ — ਮਹਿਮਾਨ, ਪ੍ਰਾਹੁਣਾ
"ਸੁੰਞੇ ਘਰ ਕਾ **ਪਾਹੁਣਾ** ਜਿਉ ਆਇਆ ਤਿਉ ਜਾਇ।" — ਸਿਰੀ **੩**, ੫੪, ੩ : ੩ (34)

ਪਾਹੁਣਿਅਉ — ਪ੍ਰਾਹੁਣਾ, ਮਹਿਮਾਨ
"ਮਹਲ ਭਗਤੀ ਘਰਿ ਸਚੈ ਸਜਣ **ਪਾਹੁਣਿਅਉ**।"
— ਗੂਜ **੩**, ਵਾਰ ੨੧ਸ, **੩**, ੧ : ੨ (517)

ਪਾਹੁਣਿਆ — ਪ੍ਰਾਹੁਣੇ, ਮਹਿਮਾਨ
"ਹਰਿ ਪ੍ਰੀਤਿ ਕਰੀਜੈ ਮਾਨੁ ਨ ਕੀਜੈ ਇਕ ਰਾਤੀ ਕੇ ਹਭਿ **ਪਾਹੁਣਿਆ**।"
— ਆਸਾ **੫**, ਛੰਤ ੪, ੩ : ੩ (455)

ਪਾਹੁਣੀ — ਪ੍ਰਾਹੁਣੀ, ਮਹਿਮਾਨ
"ਭਰਿ ਜੋਬਨਿ ਮੈ ਮਤ ਪੇਈਅੜੈ ਘਰਿ **ਪਾਹੁਣੀ** ਬਲਿ ਰਾਮ ਜੀਉ।"— ਸੂਹੀ **੧**, ਛੰਤ ੧, ੧:੧ (763)

ਪਾਹੁਨ — ਮਹਿਮਾਨ, ਪ੍ਰਾਹੁਣੇ
"ਏਕ ਰੈਣ ਕੇ **ਪਾਹੁਨ** ਤੁਮ ਆਏ ਬਹੁ ਜੁਗ ਆਸ ਬਧਾਏ।" — ਗਉ **੫**, ੧੫੨*, ੧ : ੧ (212)
ਹੋਰ ਰੂਪ — ਪਾਹੁਨੜੇ —
"**ਪਾਹੁਨੜੇ ਪਾਹੁਨੜੇ** ਮੇਰੇ ਸੰਤ ਪਿਆਰੇ ਰਾਮ।" (ਪ੍ਰਾਹੁਣੇ)— ਆਸਾ **੫**, ਛੰਤ ੪, ੩ : ੩ (452)
ਪ੍ਰਾਹੁਨੇ —
"ਚਾਰਿ ਦਿਵਸ ਕੇ **ਪ੍ਰਾਹੁਨੇ** ਬਡ ਬਡ ਰੂੰਧਹਿ ਠਾਉ।" — ਸਲੋ **ਕਬ**, ੬੪ : ੨ (1367)

ਪਾਹੂ — 1. ਪ੍ਰਾਹੁਨੇ ਭਾਵ ਜਮਦੂਤ
"**ਪਾਹੂ** ਘਰਿ ਆਏ ਮੁਕਲਾਊ ਆਏ।" — ਗਉ **ਕਬ**, ੫੦, ੧* : ੨ (333)
2. ਲਾਗ, ਮਾਇਆ ਦੀ ਅਗਿਆਨਤਾ ਦੀ ਪਾਹ
"ਗੁਰੁ ਕੁੰਜੀ **ਪਾਹੂ** ਨਿਵਲੁ ਮਨੁ ਕੋਠਾ ਤਨੁ ਛਤਿ।" — ਸਾਰ **੪**, ਵਾਰ ੧੨ਸ, **੨**, ੧ : ੧ (1237)

ਪਾਹੂਚਾ — ਪਹੁੰਚ, ਤਾਕਤ, ਪਾਇਆ
"ਉਪਮਾ ਸੁਨਹੁ ਰਾਜਨ ਕੀ ਸੰਤਹੁ ਕਹਤ ਜੇਤ **ਪਾਹੂਚਾ**।" — ਸਾਰ **੫**, ਅਸ ੧, ੨ : ੧ (1235)

ਪਾਹੇਹਿ — ਪਾਹ/ਲਾਗ ਦੇ ਕੇ
"ਜਿਉ ਮਾਜੀਠੈ ਕਪੜੇ ਰੰਗੇ ਭੀ **ਪਾਹੇਹਿ**।" — ਸੋਰ **੪**, ਵਾਰ ੫ਸ, **੩**, ੨ : ੨ (644)

ਪਾਹੈ — ਲਾਗ ਤੋਂ
"ਨਾਨਕ **ਪਾਹੈ** ਬਾਹਰਾ ਕੋਰੈ ਰੰਗੁ ਨ ਸੋਇ।" — ਆਸਾ **੧**, ਵਾਰ ੧੧ਸ, **੧**, ੧ : ੪ (468)

ਪਾਕ — 1. (ਫ਼ਾ. ਪਾਕ) ਪਵਿਤਰ
"ਪਾਕੀ ਨਾਈ **ਪਾਕ** ਥਾਇ ਸਚਾ ਪਰਵਦਿਗਾਰੁ।" — ਸਿਰੀ **੧**, ਅਸ ੧, ੧* : ੨ (53)
ਹੋਰ ਰੂਪ — ਪਾਕੰ —
"ਅਲਾਹ **ਪਾਕੰ** ਪਾਕ ਹੈ ਸਕ ਕਰਉ ਜੇ ਦੂਸਰ ਹੋਇ।" — ਤਿਲੰ **ਕਬ**, ੧, ੪ : ੧ (727)
2. ਪਕਵਾਨ, ਪਕਿਆਂ ਹੋਇਆ ਅੰਨ ਰਸੋਈ
"ਮਾਲਾ ਤਿਲਕੁ ਸੋਚ **ਪਾਕ** ਹੋਤੀ।" — ਗਉ **੫**, ੪, ੪ : ੨ (237)
3. (ਪੱਕੀ ਹੋਈ) ਰੋਟੀ/ਭੋਜਨ
"ਸੁਰ ਤੇ ਤੀਸਉ ਜੇਵਹਿ **ਪਾਕ**।" — **ਭੈਰ ਕਬ**, ਅਸ ੨, ੨ : ੨ (1163)

ਪਾਕਸਾਰ — ਰਸੋਈ, ਭੋਜਨ ਬਣਾਨ ਦਾ ਸਥਾਨ
"ਅਪਰਸ ਕਰਤ **ਪਾਕਸਾਰ**।" — ਸਾਰ **੫**, ੧੩੧, ੨ : ੩ (1229)

ਪਾਕਸਾਲ — ਰਸੋਈ, ਵੇਖੋ 'ਪਾਕਸਾਰ'
"ਕਰੀ **ਪਾਕਸਾਲ** ਸੋਚ ਪਵਿਤ੍ਰਾ ਹੁਣਿ ਲਾਵਹੁ ਭੋਗੁ ਹਰਿ ਰਾਏ।" — ਮਲਾ **੫**, ੧, ੨ : ੨ (1266)

ਪਾਕਨਿ — ਪਕਨ, ਰਸੀਲੇ ਹੋਣ
"ਕਬੀਰ ਫਲ ਲਾਗੇ ਫਲਨਿ **ਪਾਕਨਿ** ਲਾਗੇ ਆਂਬ।" — ਸਲੋ **ਕਬ**, ੧੩੪ : ੧ (1371)

ਪਾਕੜਿਆ — ਪਕੜਿਆ, ਕਾਬੂ ਕੀਤਾ
"ਛਛੈ ਛੀਜਹਿ ਅਹਿਨਿਸਿ ਮੂੜੇ ਕਿਉ ਛੂਟਹਿ ਜਮਿ **ਪਾਕੜਿਆ**।" — ਆਸਾ **੩**, ਪਟੀ ੨ : ੨ (434)

ਪਾਕੜੀ — ਪਕੜੀ/ਕਾਬੂ ਕੀਤੀ
"ਕੀਤੇ ਕਾਰਣਿ **ਪਾਕੜੀ** ਕਾਲੁ ਨ ਟਲੈ ਸਿਰਾਹੁ।" — ਸਿਰੀ **੧**, ਅਸ ੪, ੧ : ੩ (55)

ਪਾਕਾ — ਪਕਿਆ
"ਮੋਦੀ ਕੇ ਘਰ ਖਾਣਾ **ਪਾਕਾ** ਵਾ ਕਾ ਲੜਕਾ ਮਾਰਿਆ ਥਾ।" — ਗੋਂਡ **ਨਾਮ**, ੭, ੨ : ੨ (875)
"ਨੀਂਬੁ ਭਇਓ ਆਂਬੁ ਆਂਬੁ ਭਇਓ ਨੀਂਬਾ ਕੇਲਾ **ਪਾਕਾ** ਝਾਰਿ।" (ਪਕਿਆ/ਰਸੀਲਾ ਹੋਇਆ) — ਰਾਮ **ਕਬ**, ੧੨, ੧ : ੧ (972)

ਪਾਕੀ — 1. ਪਵਿਤਰ
"**ਪਾਕੀ** ਨਾਈ ਪਾਕ ਥਾਇ ਸਚਾ ਪਰਵਦਿਗਾਰ।" — ਸਿਰੀ **੧**, ਅਸ ੧, ੧* : ੨ (53)
ਹੋਰ ਰੂਪ — ਪਾਕੁ —
"ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ **ਪਾਕੁ**।" (ਪਵਿਤਰ) — ਆਸਾ **੧**, ਵਾਰ ੩ਸ, **੧**, ੨ : ੮ (464)
2. ਪਕੀ ਹੋਈ
"ਕਾਚੀ **ਪਾਕੀ** ਬਾਢਿ ਪਰਾਨੀ।" — ਆਸਾ **੫**, ੧੯, ੧ : ੨ (375)

ਪਾਕੁ — 1. ਪਵਿਤਰ, ਵੇਖੋ 'ਪਾਕੀ' (1)
2. ਪਕਿਆ ਹੋਇਆ, ਪਕਵਾਨ, ਭੋਜਨ
"ਤਾ ਹੋਆ **ਪਾਕੁ** ਪਵਿਤੁ।" — ਆਸਾ **੧**, ਵਾਰ ੧੯ਸ, **੧**, ੧ : ੬ (273)

"ਕਰਹਿ ਸੋਮ **ਪਾਕੁ** ਹਿਰਹਿ ਪਰਦਰਬਾ ਅੰਤਰਿ ਝੂਠ ਗੁਮਾਨ।"— ਸਾਰ **੫**, ੨, ੨:੧ (1203)

3. ਨਿਰਲੇਪ

"ਦੀਨ ਦੁਨੀਆ ਏਕ ਤੂਹੀ ਸਭ ਖਲਕ ਹੀ ਤੇ **ਪਾਕੁ**।" — ਤਿਲੰ **੫**, ੫, ੧* : ੨ (724)

4. ਪਵਿਤਰ ਪ੍ਰਭੂ

"ਤੂੰ ਨਾਪਾਕੁ **ਪਾਕੁ** ਨਹੀ ਸੂਝਿਆ ਤਿਸ ਕਾ ਮਰਮੁ ਨ ਜਾਨਿਆ।"

— ਪ੍ਰਭ **ਕਬ**, ੪, ੪ : ੧ (1350)

ਪਾ ਕੇ — 1. ਪੱਕੇ, ਰਸੀਲੇ ਹੋਏ

"ਜਿਉ ਬਨ ਫਲ **ਪਾ ਕੇ** ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ।"

— ਸਲੋ **ਕਬ**, ੩੦ : ੨ (1366)

2. ਪੱਕੇ/ਪੁੱਜੇ ਹੋਈ (ਗੁਰੂ)

"ਕਬੀਰ ਜਉ ਤੁਹਿ ਸਾਧ ਪਿਰੰਮ ਕੀ **ਪਾ ਕੇ** ਸੇਤੀ ਖੇਲੁ।"

— ਸਲੋ **ਕਬ**, ੨੪੦ : ੧ (1377)

ਪਾਖ — 1. ਪਖਾਂ (ਭਾਵ ਮਾਇਆ ਤੇ/ਰਾਮ ਵਾਲੇ)

"ਦੁਹੂ **ਪਾਖ** ਕਾ ਆਪਹਿ ਧਨੀ।"

— ਗਉ **੫**, ਸੁਖ ੨੧, ੮ : ੩ (292)

2. ਪਾਸੇ

"ਸਰਬ **ਪਾਖ** ਰਾਖੁ ਮੁਰਾਰੇ।"

— ਦੇਵ **੫**, ੨੫, ੧ : ੧ (533)

ਪਾਂਖ — ਪੰਖ, ਪਰ, ਖੰਭ

"ਨਿਕਸੁ ਰੇ ਪੰਖੀ ਸਿਮਰਿ ਹਰਿ **ਪਾਂਖ**।"

— ਗਉ **੫**, ੧੨੦*, ੧* : ੧ (204)

ਪਾਖੰਡ — ਝੂਠਾ ਅਡੰਬਰ, ਦਿਖਾਵਾ, ਦੰਭ

"ਪੁਤ੍ਰ ਕਲਤਿ ਧਨਿ ਮਾਇਆ ਚਿਤੁ ਲਾਏ ਝੂਠੁ ਮੋਹੁ **ਪਾਖੰਡ** ਵਿਕਾਰੁ।"

— ਆਸਾ **੩**, ੪੨, ੧* : ੨ (363)

ਹੋਰ ਰੂਪ — ਪਾਖੰਡਾ —

"ਛੋਡੀਲੇ **ਪਾਖੰਡਾ**।" (ਦਿਖਾਵਾ, ਦੰਭ)

— ਆਸਾ **੧**, ਵਾਰ ੧੯ਸ, **੧**, ੧ : ੪ (471)

ਪਾਖੰਡਿ —

"**ਪਾਖੰਡਿ** ਭਗਤਿ ਨ ਹੋਵਈ ਦੁਬਿਧਾ ਬੋਲੁ ਖੁਆਰੁ।" (ਦੰਭ ਕਰਕੇ, ਪਾਖੰਡ ਦੁਆਰਾ)

— ਸਿਰੀ **੩**, ੩੯, ੨ : ੨ (28)

ਪਾਖੰਡੀ — 1. ਝੂਠਾ ਦਿਖਾਵਾ ਕਰਨ ਵਾਲਾ, ਦਿਖਾਵੇ ਦਾ ਧਰਮੀ, ਦੰਭ ਕਰਨ ਵਾਲਾ

"ਲੋਭੀ ਕਪਟੀ ਪਾਪੀ **ਪਾਖੰਡੀ** ਮਾਇਆ ਅਧਿਕ ਲਗੈ।" — ਆਸਾ **੫**, ੩੪, ੧* : ੨ (359)

ਹੋਰ ਰੂਪ — ਪਾਖੰਡੀਆ —

"ਹਉ ਪਾਪੀ **ਪਾਖੰਡੀਆ** ਭਾਈ ਮਨਿ ਤਨਿ ਨਾਮ ਵਿਸੇਖੁ।"

— ਸੋਰ **੧**, ਅਸ ੪, ੧* : ੨ (637)

2. ਇਕ ਵਾਮ ਵਰਗੀ ਮਤ ਜਿਸ ਦੇ ਅਨੁਆਈ ਲੋਕਾਂ ਦੀਆਂ ਨਜ਼ਰਾਂ ਤੋਂ ਬਚਣ ਲਈ ਉਪਰੋਂ ਹੋਰ ਤੇ ਵਿਚੋਂ ਹੋਰ ਕਰਮ ਕਰਦੇ ਹਨ

"ਸੋ **ਪਾਖੰਡੀ** ਜਿ ਕਾਇਆ ਪਖਾਲੇ।"

— ਰਾਮ **੩**, ਵਾਰ ੧੨ਸ, **੧**, ੫ : ੧ (952)

ਪਾਖੰਡੁ — ਝੂਠਾ ਦਿਖਾਵਾ, ਦੰਭ

"ਮਨ ਕਰਹਲਾ ਮੇਰੇ ਪ੍ਰਾਨ ਤੂੰ ਮੈਲੁ **ਪਾਖੰਡੁ** ਭਰਮੁ ਗਵਾਇ।" — ਗਉ **੪**, ਕਰ ੧, ੬ : ੧ (234)

ਪਾਖਣ — ਪਥਰ

"ਹਰਿ ਦਇਆ ਪ੍ਰਭ ਧਾਰਹੁ **ਪਾਖਣ** ਹਮ ਤਾਰਹੁ ਕਢਿ ਲੇਵਹੁ ਸਬਦਿ ਸੁਭਾਇ ਜੀਉ।"

— ਆਸਾ **੪**, ਛੰਤ ੧੨, ੪ : ੧ (446)

ਹੋਰ ਰੂਪ — ਪਾਖਣਿ —

"**ਪਾਖਣਿ** ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ।" (ਪਥਰ ਵਿਚ)

— ਆਸਾ **ਧੰਨਾ**, ੩, ੩ : ੧ (488)

ਪਾਖੰਤਣ — ਖੰਭਾਂ ਦਾ

"**ਪਾਖੰਤਣ** ਬਾਜ ਬਜਾਇਲਾ।"

— ਭੈਰ **ਨਾਮ**, ੧੦, ੧੫ : ੧ (1166)

ਪਾਖਰ — ਕਾਠੀ, ਘੋੜੇ ਦੇ ਸਰੀਰ ਨੂੰ ਜ਼ਖਮਾਂ ਤੋਂ ਬਚਾਉਣ ਲਈ ਲੋਹੇ ਦਾ ਝੂਲ

"ਘੋੜੇ **ਪਾਖਰ** ਸੁਇਨੇ ਸਾਖਤਿ ਬੂਝਣੁ ਤੇਰੀ ਵਾਟ।"

— ਆਸਾ **੧**, ੭, ੩ : ੧ (16)

ਹੋਰ ਰੂਪ — ਪਾਖਰੇ —

"ਹਸਤੀ ਘੋੜੇ **ਪਾਖਰੇ** ਲਸਕਰ ਲਖ ਅਪਾਰ।"

— ਸਿਰੀ **੧**, ਅਸ ੧੬, ੩ : ੨ (63)

"ਤਾ ਜੀ ਰਥ ਤੁਖਾਰ ਹਾਥੀ **ਪਾਖਰੇ**।"

— ਮਾਝ **੧**, ਵਾਰ ੮ : ੫ (141)

ਪਾਖਾ — 1. ਪੱਖਾ, ਪੰਖਾ, ਹਵਾ ਚਲਾਉਣ ਦਾ

ਜੰਤਰ
"ਤਿਸੁ ਗੁਰ ਕਉ ਝੁਲਾਵਉ **ਪਾਖਾ**।"
— ਗਉ **ਪ**, ਅਸ, ੯, ੩ : ੧ (239)
2. ਪੱਖ ਵਿਚ, ਤਰਫ
"ਹਰਿ ਅੰਗੀਕਾਰੁ ਕਰਹੁ ਪ੍ਰਭ ਸੁਆਮੀ ਹਮ ਪਰੇ ਭਾਗਿ ਤੁਮ **ਪਾਖਾ**।"
— ਜੈਤ **੪**, ੨, ੩ : ੨ (696)

ਪਾਖਾਕ — ਚਰਨ ਧੂੜ, ਪੈਰ ਦੀ ਧੂੜ (ਫਾ. ਪਾਖਾਕ)
"ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ **ਪਾਖਾਕ**।" — ਤਿਲੰ **੧**, ੧, ੪ : ੨ (721)

ਪਾਖਾਣ — ਪੱਥਰ
"ਕੀਟ ਹਸਤ **ਪਾਖਾਣ** ਜੰਤ ਸਰਬ ਮੈ ਪ੍ਰਤਿਪਾਲ ਤੂ।" — ਸਾਰ **ਪ**, ੧੩੮, ੧* : ੨ (1231)
ਹੋਰ ਰੂਪ — ਪਾਖਾਣੁ —
"ਜਿਉ **ਪਾਖਾਣੁ** ਨਾਵ ਚੜਿ ਤਰੈ।"
— ਗਉ **ਪ**, ਸੁਖ ੧੫, ੩ : ੩ (282)

ਪਾਖਾਨ — ਪਥਰ
"**ਪਾਖਾਨ** ਕਢਿ ਕੈ ਮੂਰਤਿ ਕੀਨ੍ਹੀ ਦੇ ਕੈ ਛਾਤੀ ਪਾਉ।" — ਆਸਾ **ਕਬ**, ੧੪, ੩ : ੧ (479)

ਪਾਖਿਆ — ਪੱਖ (ਸ਼ਰਨ) ਆ ਕੇ
"ਜਨ ਨਾਨਕ ਭਏ ਨਿਹਾਲੁ ਪ੍ਰਭ ਕੀ **ਪਾਖਿਆ**।"
— ਵਡ **੪**, ਵਾਰ ੨੦ : ੫ (594)

ਪਾਖੀ — ਪਖ ਵਿਚ ਤਰਫ
"ਸੰਤਾ ਬਿਨੁ ਤੈ ਕੋਇ ਨ ਛਾਡਿਆ ਸੰਤ ਪਰੇ ਗੋਬਿੰਦ ਕੀ **ਪਾਖੀ**।"
— ਸਾਰ **ਪ**, ੧੨੨, ੧ : ੨ (1227)

ਪਾਖੁ — ਪੱਖ ਭਾਵ ਸਹਾਇਤਾ, ਤਰਫ ਦਾਰੀ
"ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ **ਪਾਖੁ** ਸੁਆਮੀ।" — ਟੋਡੀ **ਪ**, ੧, ੧* : ੨ (711)

ਪਾਗ — ਪਗੜੀ, ਦਸਤਾਰ
"ਜਿਹ ਸਿਰਿ ਰਚਿ ਰਚਿ ਬਾਧਤ **ਪਾਗ**।"
— ਗਉ **ਕਬ**, ੩੫, ੧ : ੧ (330)

ਪਾਗਉ — ਪਾ/ਸੁਟ ਦਿਆਂ
"ਲੋਕਨ ਕੀਆ ਵਡਿਆਈਆਂ ਬੈਸੰਤਰਿ **ਪਾਗਉ**।"
— ਬਿਲਾ **ਪ**, ੩੨, ੧ : ੧ (808)

ਪਾਗਹਿ — ਸੁਟ ਰਿਹਾ ਹੈ
"ਗੋਬਿੰਦ ਤਿਆਗਿ ਆਨ ਲਾਗਹਿ ਅੰਮ੍ਰਿਤੋ ਡਾਰਿ ਭੂਮਿ **ਪਾਗਹਿ**।"
— ਕਾਨ **ਪ**, ੩੧, ੧ : ੧ (1304)

ਪਾਗਾ — 1. ਲਪੇਟਿਆ ਗਿਆ ਭਾਵ ਮਗਨ ਹੋ ਗਿਆ
"ਚਰਨ ਕਮਲ ਜਾ ਕਾ ਮਨੁ ਰਾਗਿਓ ਅਮਿਅ ਸਰੋਵਰ **ਪਾਗਾ**।"
— ਧਨਾ **ਪ**, ੪੨, ੧ : ੨ (682)
2. ਪਾਇਆ
"ਆਤਮੁ ਜਿਤਾ ਗੁਰਮਤੀ ਆਗੰਜਤ **ਪਾਗਾ**।"
— ਰਾਮ **ਪ**, ਵਾਰ ੧੨ : ੪ (965)

ਪਾਗਿਓ — 1. ਪਗਾਂ (ਪੈਰਾਂ) ਤੇ
"ਮਾਨੁ ਅਭਿਮਾਨੁ ਦੋਊ ਸਮਾਨੇ ਮਸਤਕ ਡਾਰਿ ਗੁਰ **ਪਾਗਿਓ**।" — ਗਉ **ਪ**, ੧੬੦*, ੧ : ੧ (215)
2. ਪਿਆ ਅਥਵਾ ਲਗਾ
"ਸਫਲੁ ਜਨਮੁ ਨਾਨਕ ਤਬ ਹੂਆ ਜਉ ਪ੍ਰਭ ਜਸ ਮਹਿ **ਪਾਗਿਓ**।"
— ਮਾਰੂ **੯**, ੩, ੨ : ੨ (1008)

ਪਾਗੀ — ਪਗਾਂ (ਚਰਨਾਂ) ਦੀ
"ਦਰਸ ਪਿਆਸ ਆਸ ਏਕਹਿ ਕੀ ਟੇਕ ਹੀਐਂ ਪ੍ਰਿਅ **ਪਾਗੀ**।"
— ਸਾਰ **ਪ**, ੬੨, ੧ : ੨ (1217)

ਪਾਗੀਐ — ਲਪੇਟੀਐ, ਲਬੇੜੀਏ
"ਗਹਿ ਕੰਠਿ ਲਾਈਐ ਨਹ ਲਜਾਈਐ ਚਰਨ ਰਜ ਮਨੁ **ਪਾਗੀਐ**।"
— ਬਿਲਾ **ਪ**, ੨, ੨ : ੪ (846)

ਪਾਗੇ — 1. ਚਰਨਾਂ ਵਿਚ
"ਸੁਭ ਦਿਵਸ ਆਏ ਸਹਜਿ ਪਾਏ ਸਗਲ ਨਿਧਿ ਪ੍ਰਭ **ਪਾਗੇ**।"
— ਆਸਾ **ਪ**, ਛੰਤ ੧੦, ੪ : ੫ (459)
2. ਲਿਪਟਨ ਪੈਣ/ਮਗਨ ਹੋਣ ਦੇ
"ਖਿਨੁ ਰਹਨੁ ਨ ਪਾਵਉ ਬਿਨੁ ਪਗ **ਪਾਗੇ**।"
— ਸੂਹੀ **ਪ**, ੫, ੩ : ੩ (737)
ਹੋਰ ਰੂਪ — ਪਾਗੈ —
"ਸੋਈ ਧੁਰੰਧਰੁ ਸੋਈ ਬਸੁੰਧਰ ਹਰਿ ਏਕ ਪ੍ਰੇਮ ਰਸ **ਪਾਗੈ**।" (ਮਗਨ ਰਹਿੰਦਾ ਹੈ)
— ਸਾਰ **ਪ**, ੯੦, ੧* : ੨ (1221)

ਪਾਚ — ਪੰਜ

"ਨਾਇਕੁ ਏਕੁ ਬਨਜਾਰੇ **ਪਾਚ**।"
— ਬਸੰ **ਕਬ**, ੬, ੧ : ੧ (1194)

ਹੋਰ ਰੂਪ — ਪਾਂਚ —
"ਕਿਨਹੂ ਲਾਖ **ਪਾਂਚ** ਕੀ ਜੋਰੀ।" (ਪੰਜਲਖ)
— ਗਉ **ਕਬ**, ੬੦, ੩ : ੧ (337)

ਪਾਚਉ — ਪੰਜੇ
"ਤਨੁ ਰੈਨੀ ਮਨੁ ਪੁਨਰਪਿ ਕਰਿ ਹਉ **ਪਾਚਉ** ਤਤ ਬਰਾਤੀ।" — ਆਸਾ **ਕਬ**, ੨੪, ੧ : ੧ (482)

ਹੋਰ ਰੂਪ — ਪਾਂਚਉ —
"**ਪਾਂਚਉ** ਇੰਦ੍ਰੀ ਨਿਗ੍ਰਹ ਕਰਈ।" (ਪੰਜੇ ਹੀ)
— ਗਉ **ਕਬ**, ਬਾਅ ੨੨ : ੩ (341)

ਪਾਚਹੁ — ਪੰਜਾਂ (ਕਾਮਾਦਿਕਾਂ) ਨੂੰ
"**ਪਾਚਹੁ** ਮੁਸਿ ਮੁਸਲਾ ਬਿਛਾਵੈ ਤਬ ਤਉ ਦੀਨੁ ਪਛਾਨੈ।" — ਆਸਾ **ਕਬ**, ੧੨, ੩ : ੨ (480)

ਪਾਚਨੁ — ਪਾਣ (ਤੰਦਾਂ ਨੂੰ ਜੋੜਨ ਲਈ ਲਾਏ ਜਾਣ ਵਾਲੀ ਮਾਇਆ)
"ਗਜੀ ਨ ਮਿਨੀਐ ਤੋਲਿ ਨ ਤੁਲੀਐ **ਪਾਚਨੁ** ਸੇਰ ਅਢਾਈ।" — ਗਉ **ਕਬ**, ੫੪, ੨ : ੧ (335)

ਪਾਚਾ — ਪਿਲਾ
"ਬਿਨਸਿ ਜਾਇ ਕੂਰਾ ਕਚੁ **ਪਾਚਾ**।" (ਕੱਚਾ ਪਿਲਾ)
— ਗਉ **੪**, ੪੨, ੪ : ੨ (164)

ਪਾਚੇ — ਖੁਆਰ ਹੋਏ
"ਤਿਨ ਕਉ ਜਨਮੁ ਮਰਣੁ ਅਤਿ ਭਾਰੀ ਵਿਚਿ ਵਿਸਟਾ ਮਰਿ ਮਰਿ **ਪਾਚੇ**।"
— ਗਉ **੪**, ੫੫, ੨ : ੨ (169)

ਪਾਂਚੈ — ਪੰਚਮੀ ਥਿਤਿ
"**ਪਾਂਚੈ** ਪੰਚ ਤਤ ਬਿਸਥਾਰ।"
— ਗਉ **ਕਬ**, ਥਿਤੀ ੬ : ੧ (343)

ਪਾਛੰ — ਪਿਛੇ
"**ਪਾਛੰ** ਕਰੋਤਿ ਅਗ੍ਰਣੀਵਹ ਨਿਰਾਸੰ ਆਸ ਪੂਰਨਹ।" — ਸਸ **੫**, ੨੦ : ੧ (1355)

ਪਾਛਾਰੁ — ਪੈਰਾਂ ਦੀ ਧੂੜ, ਚਰਨ ਧੂੜ
"ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣਵੰਤਿਆ **ਪਾਛਾਰੁ**।"
— ਆਸਾ **੧**, ਵਾਰ ੬ਸ, **੧**, ੧ : ੧੪ (466)

ਪਾਛੇ — ਪਿਛੋਂ
"ਭਾਈ ਮੀਤ ਬੰਧਪ ਸਖੇ **ਪਾਛੇ** ਤਿਨਹੂ ਕਉ ਸੰਪਾਨੀ।" — ਗਉ **੫**, ਅਸ ੧੫, ੫ : ੧ (242)

ਪਾਛੈ — 1. ਪਿਛੇ
"ਉਡੇ ਊਡਿ ਆਵੈ ਸੈ ਕੋਸਾ ਤਿਸੁ **ਪਾਛੈ** ਬਚਰੇ ਛਰਿਆ।" — ਗੂਜ **੫**, ਸੋਦ ੫, ੩ : ੧ (10)

2. ਪਿਛੋਂ, ਬਾਅਦ ਵਿਚ, ਮਗਰੋਂ
"ਧ੍ਰਿਗੁ ਜੀਵਣੁ ਸੰਸਾਰਿ ਤਾ ਕੈ **ਪਾਛੈ** ਜੀਵਣਾ।"
— ਸਿਰੀ **੪**, ਵਾਰ ੩ਸ, **੨**, ੨ : ੨ (83)

"ਆਗੈ **ਪਾਛੈ** ਹੁਕਮਿ ਸਮਾਇ।"
— ਗਉ **੧**, ੨, ੨ : ੪ (151)

3. ਸਦਕਾ
"ਜਿਸ ਨੋ ਤੁਮਹਿ ਦਿਖਾਇਓ ਦਰਸਨ ਸਾਧ ਸੰਗਤਿ ਕੈ **ਪਾਛੈ**।"
— ਗਉ **੫**, ੧੩੦*, ੪ : ੧ (207)

"ਨਾਨਕ ਪਤਿਤ ਪਵਿਤ ਮਿਲਿ ਸੰਗਤਿ ਗੁਰ ਸਤਿਗੁਰ **ਪਾਛੈ** ਛੁਕਟੀ।"
— ਦੇਵ **੪**, ੬, ੨ : ੨ (528)

4. ਭਾਵ ਇਕ ਪਾਸੇ
"ਦਸ ਬਸਤੂ ਲੈ **ਪਾਛੈ** ਪਾਵੈ।"
— ਗਉ **੫**, ਸੁਖ ੫, ੧ : ੧ (268)

5. ਪਿਛਲੇ, ਪੂਰਬਲੇ
"**ਪਾਛੈ** ਭੋਗ ਜੁ ਭੋਗਵੇ ਤਿਨ ਕੋ ਗੁੜੁ ਲੈ ਖਾਹਿ।"
— ਸਲੋ **ਕਬ**, ੪੪ : ੨ (1366)

ਪਾਜ — 1. ਦਿਖਾਵਾ, ਫਰੇਬ
"ਬਿਨਸਿ ਜਾਇ ਝੂਠੇ ਸਭਿ **ਪਾਜ**।"
— ਗਉ **੫**, ਅਸ ੧੦, ੪ : ੨ (240)

ਹੋਰ ਰੂਪ — ਪਾਜਾ —
"ਅਬੇ ਤਬੇ ਕੂੜੇ ਹੇ **ਪਾਜਾ**।"
— ਗਉ **੧**, ਅਸ ੧੦, ੭ : ੨ (225)

2. ਭੇਤ, ਪੋਲ
"ਤਬ ਜਾਨਹੁਗੇ ਜਬ ਉਘਰੈਗੋ **ਪਾਜ**।"
— ਗਉ **ਕਬ**, ੩, ੩ : ੨ (324)

ਪਾਜਿਆ — 1. ਪਾਇਆ
"ਸੋਲਹ ਕੀਏ ਸੀਗਾਰ ਕਿ ਅੰਜਨ **ਪਾਜਿਆ**।"
— ਫੁਨ **੫**, ੩ : ੨ (1361)

2. ਦਿਖਾਵਾ, ਫਰੇਬ
"ਧਾਤੂ ਪੰਜਿ ਰਲਾਇ ਕੂੜਾ **ਪਾਜਿਆ**।"
— ਸਲੋ **੧**, ੧੪ : ੨ (1411)

ਪਾਜੁ — ਦਿਖਾਵਾ
"ਪਾਖੰਡਿ ਪ੍ਰੇਮੁ ਨ ਪਾਈਐ ਖੋਟਾ **ਪਾਜੁ** ਖੁਆਰੁ।"
— ਸਿਰੀ **੧**, ਅਸ ੨, ੧ : ੩ (54)
"ਕੂੜੁ ਠਗੀ ਗੁਝੀ ਨ ਰਹੈ ਮੁਲੰਮਾ **ਪਾਜੁ** ਲਹਿ ਜਾਇ।" (ਉਤੋਂ ਉਤੋਂ ਦਾ, ਦਿਖਾਵੇ ਦਾ)
— ਗਉ **੪**, ਵਾਰ ੭ਸ, **੪**, ੨ : ੫ (303)

ਪਾਜੇ — 1. ਦਿਖਾਵੇ
"ਲਸਕਰ ਨੇਬ ਖਵਾਸੀ **ਪਾਜੇ**।"
— ਗਉ **੧**, ਅਸ ੧੦, ੫ : ੨ (225)
2. ਲਗੇ ਹੋਏ, ਰੁਝੇ ਹੋਏ, ਖਚਿਤ ਹੋਏ
"ਜੀਅ ਜੰਤ ਮਾਇਆ ਮੋਹਿ **ਪਾਜੇ**।"
— ਬਿਲਾ **੩**, ਵਾ ੨, ੧ : ੨ (842)

ਪਾਟ — 1. ਪਟ, ਰੇਸ਼ਮ
"**ਪਾਟ** ਪਟੰਬਰ ਪਹਿਰਿ ਹਢਾਵਉ।"
— ਗਉ **੧**, ਅਸ ੧੦, ੧ : ੨ (225)
2. ਪੜਦਾ, ਕਨਾਤ
"ਪੇਖਿਓ ਲਾਲਨੁ **ਪਾਟ** ਬੀਚ ਖੋਏ ਅਨਦ ਚਿਤਾ ਹਰਖੇ ਪਤੀਨ।"
— ਟੋਡੀ **੫**, ੨੦, ੨ : ੧ (716)

ਪਾਟਕ — ਪਤਨ ਭਾਵ ਨਗਰ/ਸ਼ਹਿਰ
"ਵੈਸੁਤ ਵੈ ਬਿਤ ਵੈ ਪੁਰ **ਪਾਟਨ** ਬਹੁਰਿ ਨ ਦੇਖੈ ਆਇ।" — ਕੇਦਾ **ਕਬ**, ੬, ੨ : ੧ (1124)

ਪਾਟੀ — 1. ਪਟੀ, ਤਖਤੀ
"ਲੈ **ਪਾਟੀ** ਪਾਧੇ ਕੈ ਆਇਆ।"
— ਭੈਰ **੩**, ਅਸ ੧, ੨ : ੨ (1154)
2. ਫਟ ਗਈ, ਫਾਟੀ
"ਜਿਨ੍ ਕੀ ਚੀਰੀ ਦਰਗਹ **ਪਾਟੀ** ਤਿਨ੍ਾ ਮਰਣਾ ਭਾਈ।"
— ਆਸਾ **੧**, ਅਸ ੧੨, ੫ : ੩ (418)

ਪਾਟੁ — 1. ਪੇਟਾ
"ਸਾਠ ਸੂਤ ਨਵ ਖੰਡ ਬਹਤਰਿ **ਪਾਟੁ** ਲਗੋ ਅਧਿਕਾਈ।"
— ਗਉ **ਕਬ**, ੫੪, ੧ : ੨ (335)
2. ਪਟ, ਰੇਸ਼ਮ
"ਹਰਿ **ਪਾਟੁ** ਲਗਾ ਅਧਿਕਾਈ ਬਹੁ ਬਹੁ ਬਿਧਿ ਭਾਤਿ ਕਰਿ।"
— ਸੋਰ **੪**, ਵਾਰ ੧੧ : ੨ (646)
3. ਪਟਨ, ਨਗਰ, ਸ਼ਹਿਰ
"ਮਾਨੈ ਹਾਟੁ ਮਾਨੈ **ਪਾਟੁ** ਮਾਨੈ ਹੈ ਪਾਸਾਰੀ।"
— ਪ੍ਰਭਾ **ਨਾਮ**, ੧, ੨ : ੧ (1350)

ਪਾਟੇ — ਫਟ ਗਏ
"ਇਕਨ੍ਾ ਪੇਰਣ ਸਿਰ ਖੁਰ **ਪਾਟੇ** ਇਕਨ੍ਾ ਵਾਸੁ ਮਸਾਣੀ।"
— ਆਸਾ **੧**, ਅਸ ੧੨, ੬ : ੨ (418)
ਹੋਰ ਰੂਪ — ਪਾਟੈ —
"ਹੋਇ ਪੁਰਾਣਾ ਕਪੜੁ **ਪਾਟੈ** ਸੂਈ ਧਾਗਾ ਗੰਢੈ।"
— ਰਾਮ **੩**, ਵਾਰ ੧੯ਸ, **੧**, ੧ : ੫ (955)

ਪਾਠ — 1. ਪੜ੍ਹਨਾ, ਪਠਨ ਕਰਨ
"ਅਸੰਖ ਗਰੰਥ ਮੁਖਿ ਵੇਦ **ਪਾਠ**।"
— ਜਪੁ **੧**, ੧੭ : ੩ (3)
"ਬੇਦ **ਪਾਠ** ਮਤਿ ਪਾਪਾ ਖਾਇ।" (ਪੜ੍ਹਨ ਨਾਲ)
— ਸੂਹੀ **੩**, ਵਾਰ ੧੭ਸ, **੧**, ੧ : ੨ (791)
2. ਸਬਕ, ਸੰਥਾ, ਜੋ ਬਾਰ ਬਾਰ ਪੜ੍ਹਿਆ ਜਾਵੇ।
"ਹਰਿ ਮੁਖਿ **ਪਾਠ** ਪੜੈ ਬੀਚਾਰ।"
— ਆਸਾ **੧**, ੨੦, ੩ : ੪ (355)

ਪਾਠੰਗਾ — ਪਾਠ-ਅੰਗ, ਗੁਰਸ਼ਬਦ ਦਾ ਉਦੇਸ਼
"ਨਿਰਭਉ ਭਏ ਨਾਨਕ ਭਉ ਮਿਟਿਆ ਹਰਿ ਪਾਇਓ **ਪਾਠੰਗਾ**।" — ਸਾਰ **੫**, ੩੦, ੨ : ੨ (1210)

ਪਾਠਾ — ਪਾਠ, ਜਿਸ ਨੂੰ ਬਾਰ ਬਾਰ ਪੜ੍ਹਿਆ ਜਾਵੇ, ਸੰਥਾ
"ਪੜਿ ਪੜਿ ਪੋਥੀ ਸਿੰਮ੍ਰਿਤਿ **ਪਾਠਾ**।"
— ਗਉ **੧**, ਅਸ ੧੧, ੭ : ੧ (226)

ਪਾਠਿ — ਪਾਠ ਕਰਨ ਨਾਲ
"ਬੁਧਿ **ਪਾਠਿ** ਨ ਪਾਈਐ ਬਹੁ ਚਤੁਰਾਈਐ ਭਾਇ ਮਿਲੈ ਮਨਿ ਭਾਣੇ।"
— ਆਸਾ **੧**, ਛੰਤ ੧, ੪ : ੫ (436)

ਪਾਠੁ — ਸੰਥਾ, ਸਬਕ
"**ਪਾਠੁ** ਪੜੈ ਨ ਬੂਝਈ ਭੇਖੀ ਭਰਮਿ ਭੁਲਾਇ।"
— ਸਿਰੀ **੩**, ਅਸ ੨੧, ੩ : ੨ (66)

ਪਾਂਡਵ — ਰਾਜਾ ਪਾਂਡੂ ਦੀ ਔਲਾਦ
"ਰੋਵਹਿ **ਪਾਂਡਵ** ਭਏ ਮਜੂਰ।"
— ਰਾਮ **੩**, ਵਾਰ ੧੪ਸ, **੧**, ੧ : ੯ (954)

ਪਾਡੇ — ਪੰਡਿਤ, ਤੀਰਥ ਪੁਰੋਹਿਤ, ਪੁਜਾਰੀ
"ਏਹੁ ਜਨੇਊ ਜੀਅ ਕਾ ਹਈ ਤ **ਪਾਡੇ** ਘਤੁ।" (ਹੇ

ਪੰਡਿਤ)— ਆਸਾ **੧**, ਵਾਰ ੧੫ਸ, **੧**, ੧:੨ (471)

ਹੋਰ ਰੂਪ — ਪਾਂਡੇ —

"ਹਮਰੇ ਰਾਮ ਨਾਮ ਕਹਿ ਉਬਰੇ ਬੇਦ ਭਰੋਸੇ **ਪਾਂਡੇ** ਡੂਬਿ ਮਰਹਿ।"

— ਰਾਮ **ਕਬ**, ੫, ੩ : ੨ (970)

ਪਾਣਾ — ਪਣਹੀ, ਜੁਤੀ

"ਫਿਕਾ ਮੂਰਖੁ ਆਖੀਐ **ਪਾਣਾ** ਲਹੈ ਸਜਾਇ।"

— ਆਸਾ **੧**, ਵਾਰ ੨੦ਸ, **੧**, ੧ : ੪ (473)

ਪਾਣਿ — ਪਾਣੀ ਦਾ

"ਜੇ ਤੂੰ ਤਾਰੂ **ਪਾਣਿ** ਤਾਹੂ ਪੁਛੁ ਤਿੜੰਨ੍ ਕਲ।"

— ਸਲੋ **੧**, ੩ : ੧ (1410)

('ਮਹਾਨਕੋਸ਼' ਇਸ ਦਾ ਅਰਥ 'ਆਪ' ਵੀ ਕਰਦੇ ਹਨ)

ਪਾਣੀ — ਜਲ

"**ਪਾਣੀ** ਧੋਤੈ ਉਤਰਸੁ ਖੇਹ।"

— ਜਪੁ **੧**, ੨੦ : ੨ (4)

ਪਾਣੀਐ — ਪਾਣੀ ਵਿਚ, ਪਾਣੀ ਤੋਂ

"ਜਿਮੀ ਵਸੰਦੀ **ਪਾਣੀਐ** ਈਧਣੁ ਰਖੈ ਭਾਹਿ।"

— ਗੂਜ **੫**, ਵਾਰ ੧੧ਸ, **੫**, ੨ : ੧ (521)

"ਜਿਉ ਮੀਨਾ ਬਿਨੁ **ਪਾਣੀਐ** ਤਿਉ ਸਾਕਤੁ ਮਰੈ ਪਿਆਸ।" — ਸੋਰ **੧**, ੭, ੧ : ੧ (597)

ਪਾਣੀਹਾਰੀਆ — ਪਾਣੀ ਭਰਨ ਵਾਲੇ

"ਅਠਾਰਹ ਭਾਰ ਬਨਸਪਤੀ ਮਾਲਣੀ ਛਿਨਵੈ ਕਰੋੜੀ ਮੇਘ ਮਾਲਾ **ਪਾਣੀਹਾਰੀਆ**।"

— ਮਲਾ **ਨਾਮ**, ੧, ੪ : ੨ (1292)

ਪਾਣੁ — ਪੈਣ ਦੀ ਆਦਤ, ਪੈਣਾ

"ਗਦਹੁ ਚੰਦਨਿ ਖਉਲੀਐ ਭੀ ਸਾਹੂ ਸਿਉ **ਪਾਣੁ**।"

— ਸੂਹੀ **੩**, ਵਾਰ ੧੪ਸ, **੧**, ੧ : ੪ (790)

ਪਾਤ — 1. ਪਾਤਸ਼ਾਹ

"ਕੇਤੀਆ ਖਾਣੀ ਕੇਤੀਆ ਬਾਣੀ ਕੇਤੇ **ਪਾਤ** ਨਰਿੰਦ।" — ਜਪੁ **੧**, ੩੫ : ੯ (7)

2. ਪੱਤੇ

"ਖਬਰ ਕਰਤੁ ਹੈ **ਪਾਤ** ਪਤ ਡਾਲੀ।"

— ਆਸਾ **੫**, ੫੬, ੨ : ੨ (385)

3. ਪੰਖ

"ਭਾਂਭੀਰੀ ਕੇ **ਪਾਤ** ਪਰਦੋ ਬਿਨੁ ਪੇਖੇ ਦੂਰਾਇਓ।"

— ਸੋਰ **੫**, ੬੧, ੩ : ੨ (624)

ਪਾਤਉ — ਪਾਤਰ, ਨਾਇਕ

"ਦਸ **ਪਾਤਉ** ਪੰਚ ਸੰਗੀਤਾ ਏਕੈ ਭੀਤਰਿ ਸਾਥੇ।" (ਭਾਵ ਇੰਦ੍ਰੀਆਂ)

— ਰਾਮ **੫**, ੭, ੩ : ੨ (884)

ਪਾਤਣ — ਮਲਾਹ ਭਾਵ ਗੁਰੂ

"ਬੇੜੇ ਨੋ ਕਪਰੁ ਕਿਆ ਕਰੇ ਜੇ **ਪਾਤਣ** ਰਹੈ ਸੁਚੇਤਿ।" — ਸਲੋ **ਫਰ**, ੮੬ : ੨ (1382)

ਪਾਤਣੀ — ਮਲਾਹ

"ਆਪੇ ਪਤਣੁ **ਪਾਤਣੀ** ਪਿਆਰਾ ਆਪੇ ਪਾਰਿ ਲੰਘਾਹੁ।" — ਸੋਰ **੪**, ੧, ੩ : ੩ (604)

ਪਾਤਰੋ — ਪੱਤਰ, ਚਿਠੀ

"ਏਕ ਕੇਸਰੋ ਸਿਧਿ ਕਰਤ ਲਾਲੁ ਤਬ ਚਤੁਰ **ਪਾਤਰੋ** ਆਇਓ।" — ਸੋਰ **੫**, ੬੧, ੧* : ੨ (624)

ਪਾਤਾਲ — ਪ੍ਰਿਥਵੀ ਦੇ ਹੇਠਲਾ ਲੋਕ

"ਸੁਣਿਐ ਦੀਪ ਲੋਅ **ਪਾਤਾਲ**।"

— ਜਪੁ **੧**, ੮ : ੩ (2)

ਹੋਰ ਰੂਪ — ਪਾਤਾਲੰ —

"ਗਿਰੰਤ ਗਿਰਿ ਪਤਿਤ **ਪਾਤਾਲੰ** ਜਲੰਤ ਦੇ ਦੀਪ ਬੈਸ੍ਵਾਂਤਰਹ।" — ਸਸ **੫**, ੧੭ : ੧ (1355)

ਪਾਤਾਲਪੁਰੀ — ਪਾਤਾਲ, ਧਰਤੀ ਹੇਠਲਾ ਲੋਕ

"**ਪਾਤਾਲਪੁਰੀ** ਜੈਕਾਰ ਧੁਨਿ ਕਬਿ ਜਨ ਕਲ ਵਖਾਣਿਓ।" — ਸਵ **੧**, ੬ : ੫ (1390)

ਪਾਤਾਲਾ — ਪ੍ਰਿਥਵੀ ਦੇ ਹੇਠਲੇ ਲੋਕ

"**ਪਾਤਾਲਾ** ਪਾਤਾਲ ਲਖ ਆਗਾਸਾ ਆਗਾਸ।"

— ਜਪੁ **੧**, ੨੨ : ੧ (5)

ਹੋਰ ਰੂਪ — ਪਾਤਾਲਿ —

"ਆਕਾਸੀ **ਪਾਤਾਲਿ** ਤੂੰ ਤ੍ਰਿਭਵਣਿ ਰਹਿਆ ਸਮਾਇ।" (ਪ੍ਰਿਥਵੀ ਹੇਠਲੇ ਲੋਕ ਵਿਚ)

— ਸਿਰੀ **੧**, ਅਸ ੧੩, ੯ : ੧ (62)

"ਆਕਾਸਿ ਗਗਨੁ **ਪਾਤਾਲਿ** ਗਗਨੁ ਹੈ ਚਹੁ ਦਿਸਿ ਗਗਨੁ ਰਹਾਇਲੇ।"

— ਗੋਂਡ **ਕਬ**, ੩, ੧ : ੧ (870)

ਪਾਤਾਲੀ —

"**ਪਾਤਾਲੀ** ਆਕਾਸੀ ਸਖਨੀ ਲਹਬਰ ਬੂਝੀ ਖਾਈ ਰੇ।" (ਪਾਤਾਲਾਂ ਵਿਚ)

— ਆਸਾ **੫**, ੪੪, ੧ : ੧ (381)

ਪਾਤਾਲੁ —

"ਤਦਹੁ ਆਕਾਸੁ ਨ **ਪਾਤਾਲੁ** ਹੈ ਨਾ ਤ੍ਰੈ ਲੋਈ।" (ਧਰਤੀ ਹੇਠਲਾ ਲੋਕ)
— ਗੂਜ **੩**, ਵਾਰ ੧ : ੩ (509)

ਪਾਤਿ — ਪਤ, ਇਜ਼ਤ, ਮਾਨ ਪ੍ਰਤਿਸ਼ਟਾ
"ਜਨ ਨਾਨਕ ਕੀ ਲਜ **ਪਾਤਿ** ਗੁਰੂ ਹੈ ਸਿਰੁ ਬੇਚਿਓ ਸਤਿਗੁਰ ਆਗੇ।"
— ਗਉ **੪**, ੬੨, ੫ : ੨ (172)

ਪਾਂਤਿ — ਖਾਨਦਾਨੀ, ਖਾਨਦਾਨ
"ਦੁਤੀਆ ਤੇਰੀ ਮਨੀਐ **ਪਾਂਤਿ**।"
— ਆਸਾ **੫**, ੧੨, ੧ : ੨ (374)

ਪਾਤਿਸਾਹ — ਤਖ਼ਤ ਦਾ ਮਾਲਕ, ਰਾਜਾ, ਸੁਲਤਾਨ (ਫਾ. ਪਾਤਸ਼ਾਹ)
"ਸੁਣਿਐ ਸੇਖ ਪੀਰ **ਪਾਤਿਸਾਹ**।"
— ਜਪੁ **੧**, ੧੧ : ੨ (3)

ਹੋਰ ਰੂਪ — **ਪਾਤਿਸਾਹਾ** —
"ਸਿਰਿ ਸਾਹਾ **ਪਾਤਿਸਾਹਾ**।"
— ਸੋਰ **੫**, ੫੨, ੨ : ੩ (621)

ਪਾਤਿਸਾਹਿ —
"ਨਾਨਕ ਸਚੈ **ਪਾਤਿਸਾਹਿ** ਡੁਬਦਾ ਲਇਆ ਕਢਾਇ।" (ਬਾਦਸ਼ਾਹ ਨੇ)
— ਸਿਰੀ **੫**, ੭੩, ੪ : ੩ (43)

ਪਾਤਿਸਾਹਿਬੁ — ਸੁਲਤਾਨ, ਪਾਤਸ਼ਾਹ
"ਸੋ ਪਾਤਿਸਾਹੁ ਸਾਹਾ **ਪਾਤਿਸਾਹਿਬੁ** ਨਾਨਕ ਰਹਣੁ ਰਜਾਈ।" — ਜਪੁ **੧**, ੨੭ : ੨੨ (6)

ਪਾਤਿਸਾਹੀ — 1. ਬਾਦਸ਼ਾਹਾਂ ਦਾ, ਸੁਲਤਾਨਾਂ ਦਾ
"ਨਾਨਕ **ਪਾਤਿਸਾਹੀ** ਪਾਤਿਸਾਹੁ।"
— ਜਪੁ **੧**, ੨੫ : ੧੭ (5)

2. ਬਾਦਸ਼ਾਹਿਤ, ਰਾਜ, ਬਾਦਸ਼ਾਹੀ
"ਸਚ **ਪਾਤਿਸਾਹੀ** ਅਮਰੁ ਸਚੁ ਸਚੇ ਸਚਾ ਥਾਨੁ।"
— ਸਿਰੀ **੫**, ੮੬, ੪ : ੧ (48)
"ਕਾਇਮੁ ਦਾਇਮੁ ਸਦਾ **ਪਾਤਿਸਾਹੀ**।"
— ਗਉ **ਰਵਿ**, ੨, ੨ : ੧ (345)

ਹੋਰ ਰੂਪ — **ਪਾਤਿਸਾਹੀਆ**—
"ਲਖ ਖੁਸੀਆ **ਪਾਤਿਸਾਹੀਆ** ਜੇ ਸਤਿਗੁਰ ਨਦਰਿ ਕਰੇਇ।" (ਰਾਜ ਭਾਵ ਰੁਤਬੇ, ਪਦਵੀਆਂ) — ਸਿਰੀ **੫**, ੭੬, ੨ : ੧ (44)

ਪਾਤਿਸਾਹੁ — ਬਾਦਸ਼ਾਹ, ਸੁਲਤਾਨ
"ਨਾਨਕ ਸਚਾ **ਪਾਤਿਸਾਹੁ** ਪੂਛਿ ਨ ਕਰੇ ਬੀਚਾਰੁ।"
— ਸਿਰੀ **੧**, ੭, ੪ : ੩ (17)

ਪਾਤਿਕ — ਪਾਤ (ਡਿਗਣ) ਵਾਲਾ ਕਰਮ, ਪਾਪ, ਗੁਨਾਹ
"ਕੋਟਿ ਜਨਮ ਕੇ ਲਹਹਿ **ਪਾਤਿਕ** ਗੋਬਿੰਦ ਲੋਚਾ ਪੂਰਿ।" — ਗੂਜ **੫**, ੩੦, ੧* : ੨ (502)

ਪਾਤੀ — 1. ਪਤੇ ਪਤੀ
"ਜਿਸੁ ਪਾਹਨ ਕਉ **ਪਾਤੀ** ਤੋਰੈ ਸੋ ਪਾਹਨ ਨਿਰਜੀਉ।"
— ਆਸਾ **ਕਬ**, ੧੪, ੧ : ੨ (479)

2. ਪਤੇ ਵਿਚ
"ਪਾਤੀ ਤੋਰੈ ਮਾਲਿਨੀ **ਪਾਤੀ ਪਾਤੀ** ਜੀਉ।"
— ਆਸਾ **ਕਬ**, ੧੪, ੧ : ੧ (479)
(ਪਹਿਲੇ 'ਪਾਤੀ' ਦੇ ਅਰਥ 'ਪਤੇ' ਹੈ)

3. ਜਾਤ ਭਾਈਆਂ ਦੀ ਪੰਗਤੀ, ਕੁਲ ਗੋਤਰ
"ਕਹਾ ਕਰਉ ਜਾਤੀ ਕਹ ਕਰਉ **ਪਾਤੀ**।"
— ਆਸਾ **ਨਾਮ**, ੩, ੧* : ੧ (485)

4. ਪਤਿ, ਇਜ਼ਤ
"ਹਰਿ ਹਰਿ ਭਗਤਿ ਬਨੀ ਅਤਿ ਸੋਭਾ ਹਰਿ ਜਪਿਓ ਊਤਮ **ਪਾਤੀ**।"
— ਧਨਾ **੪**, ੫, ੩ : ੨ (668)

5. ਪਤਲ, ਪਤਿਆਂ ਦੀ ਥਾਲੀ
"ਜਤੁ ਸਤੁ ਚਾਵਲ ਦਇਆ ਕਣਕ ਕਰਿ ਪ੍ਰਾਪਤਿ **ਪਾਤੀ** ਧਾਨੁ।"
— ਪ੍ਰਭਾ **੧**, ੭, ੩ : ੧ (1329)

ਪਾਤ੍ਰ — 1. ਯੋਗ ਪੁਰਸ਼
"ਅਸਟ ਪੁਤ੍ਰ ਭੈਰਵ ਕੇ ਗਾਵਹਿ ਗਾਇਨ **ਪਾਤ੍ਰ**।"
— ਰਾਗ ੧ : ੧੨ (1429)

2. ਭਾਂਡਾ
"ਕਾਇਆ **ਪਾਤ੍ਰ** ਪ੍ਰਭੁ ਕਰਣੈਹਾਰਾ।"
— ਮਾਰੂ **੫**, ਸੋਲਾ ੯, ੧੫ : ੧ (1081)

ਪਾਥ — 1. ਰਸਤਾ, ਮਾਰਗ
"ਸਾਧ ਸੰਗਤਿ ਗੁਣ ਉਚਾਰਣ ਹਰਿ ਨਾਮ ਅੰਮ੍ਰਿਤ **ਪਾਥ**।" — ਮਾਰੂ **੫**, ੩੦, ੨ : ੧ (1007)
('ਮਹਾਨਕੋਸ਼' ਇਸ ਦੇ ਅਰਥ 'ਜਲ' ਦਿੰਦੇ ਹਨ)

2. ਪਥਰ
"ਸੁਆਮੀ ਅਭੈ ਨਿਰੰਜਨ ਨਰਹਰਿ ਤੁਮ੍ਹ ਰਾਖਿ

ਲੇਹੁ ਹਮ ਪਾਪੀ **ਪਾਥ**।"

— ਕਾਨ **੪**, ੬, ੧ : ੧ (1296)

ਪਾਂਥ — ਰਸਤੇ, ਸਫਰ, ਮੁਸਾਫਰੀ

"ਜਮ ਮਾਰਗ ਕੈ ਸੰਗੀ **ਪਾਂਥ**।"

—ਭੈਰ **੫**, ੧, ੧ : ੨ (1137)

ਪਾਥਰ — 1. ਕੁਕਰਮਾਂ ਦੇ ਭਾਰ ਨਾਲ ਬੋਝਲ

"ਪਾਪੀ **ਪਾਥਰ** ਡੂਬਦੇ ਗੁਰਮਤਿ ਹਰਿ ਤਾਰੇ।"

—ਗਉ **੩**, ੩੮, ੩ : ੨ (163)

"ਪਸੁ ਪ੍ਰੇਤ ਮੁਘਦ **ਪਾਥਰ** ਕਉ ਤਾਰੈ।"

—ਗਉ **੫**, ਸੁਖ ੯, ੫ : ੬ (274)

ਹੋਰ ਰੂਪ — ਪਾਥਰੁ —

"**ਪਾਥਰੁ** ਡਬਦਾ ਕਾਢਿ ਲੀਆ ਸਾਚੀ ਵਡਿਆਈ।"

—ਵਡ **੩**, ਅਸ ੨, ੪ : ੨ (565)

2. ਪਥਰ

"ਗਲਿ **ਪਾਥਰ** ਕੈਸੇ ਤਰੈ ਅਥਾਹ।"

—ਗਉ **੫**, ਸੁਖ ੪, ੫ : ੮ (267)

"ਕਈ ਕੋਟਿ **ਪਾਥਰ** ਬਿਰਖ ਨਿਪਜਾਏ।"

—ਗਉ **੫**, ਸੁਖ ੧੦, ੩ : ੪ (275)

ਹੋਰ ਰੂਪ — ਪਾਥਰੁ —

"**ਪਾਥਰੁ** ਲੇ ਪੂਜਹਿ ਮੁਗਧ ਗਵਾਰ।" (ਭਾਵ ਪੱਥਰ ਦੀ ਮੂਰਤੀ)

—ਬਿਹਾ **੪**, ਵਾਰ ੨੦ਸ, **੧**, ੨ : ੪ (556)

ਪਾਧਰ — 1. ਰਸਤਾ

"ਭੋਲਤਣਿ ਭੈ ਮਨਿ ਵਸੈ ਹੇਕੈ **ਪਾਧਰ** ਹੀਡੁ।"

—ਮਾਰੂ **੩**, ਵਾਰ ੧੪ਸ, **੧**, ੧ : ੧ (1090)

ਹੋਰ ਰੂਪ — ਪਾਧਰੁ—

"ਜੋੜਣਹਾਰਾ ਸੰਤੁ ਨਾਨਕ **ਪਾਧਰੁ** ਪਧਰੋ।"

—ਗਉ **੫**, ਵਾਰ ੧੪ਸ, **੫**, ੨ : ੨ (321)

"ਸਤਿਗੁਰਿ ਦਇਆਲਿ ਹਰਿ ਨਾਮ ਦ੍ਰਿੜਾਇਆ ਹਰਿ **ਪਾਧਰੁ** ਹਰਿ ਪ੍ਰਭ ਕੇਰਾ।"

— ਟੋਡੀ **੪**, ੧, ੨ : ੨ (711)

('ਮਹਾਨਕੋਸ਼' ਇਥੇ ਅਰਥ ਰਾਹ ਦਸਨ ਵਾਲਾ ਕਰਦੇ ਹਨ)

2. ਪੱਧਰਾ, ਸਿੱਧਾ

"ਜਿਤੁ ਮਿਲਿ ਹਰਿ **ਪਾਧਰ** ਬਾਟ।"

—ਕਾਲ **੪**, ੧੦, ੧* : ੨ (1297)

('ਮਹਾਨਕੋਸ਼' ਇਥੇ ਅਰਥ 'ਨਗਰ' ਕਰਦਾ ਹੈ)

ਪਾਧਰੁ — ਪਿੰਡ, ਨਗਰ

"ਕਰ ਜੋੜਿ ਗੁਰ ਪਹਿ ਕਰਿ ਬਿਨੰਤੀ ਰਾਹੁ **ਪਾਧਰੁ** ਗੁਰੁ ਦਸੈ।" —ਸੂਹੀ **੧**, ਛੰਤ ੫, ੬ : ੬ (767)

ਪਾਧਾ — ਅਧਿਆਪਕ, ਉਪਦੇਸ਼ ਦੇਣ ਵਾਲਾ

"ਧੰਨੁ ਧੰਨੁ ਗੁਰੂ ਗੁਰ ਸਤਿਗੁਰੁ **ਪਾਧਾ** ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ।"

—ਗਉ **੪**, ੫੧, ੧* : ੨ (168)

ਪਾਧਾਊ — ਮੁਸਾਫਰ, ਪਾਂਧੀ, ਰਾਹੀ, ਪੰਧ ਤੇ ਜਾਣ ਵਾਲਾ

"**ਪਾਧਾਊ** ਸੰਸਾਰੁ ਗਾਰਬਿ ਅਟਿਆ।"

—ਜੈਤ **੫**, ਛੰਤ ੩, ੧ : ੧ (705)

ਪਾਧੇ — ਅਧਿਆਪਕ, ਉਪਦੇਸ਼ ਦੇਣ ਵਾਲੇ

"ਪੰਡਿਤ **ਪਾਧੇ** ਜੋਇਸੀ ਨਿਤ ਪੜ੍ਹਹਿ ਪੁਰਾਣਾ।"

—ਆਸਾ **੧**, ਅਸ ੧੪, ੪ : ੧ (419)

ਪਾਨ — 1. ਪੀਣ ਵਾਲੀ ਵਸਤੂ

"ਅੰਮ੍ਰਿਤ ਰਸੁ ਖਾਵਹਿ ਖਾਨ **ਪਾਨ**।"

—ਗਉ **੫**, ੧੪੫, ੩ : ੧ (195)

2. ਪੀਓ, ਪੀਣ ਦੀ ਕਿਰਿਆ

"ਹਰਿ ਅੰਮ੍ਰਿਤ **ਪਾਨ** ਕਰਹੁ ਸਾਧਸੰਗਿ।"

—ਗਉ **੫**, ਥਿਤੀ ੧੨ : ੩ (299)

"**ਪਾਨ** ਕਰਤ ਪਾਇਓ ਪਾਇਓ ਰਾਮਈਆ ਧਨੁ।" (ਪੀ ਕੇ)

—ਆਸਾ **ਰਵਿ**, ੪, ੧* : ੨ (486)

ਹੋਰ ਰੂਪ — ਪਾਨੰ —

"ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ **ਪਾਨੰ**।" (ਪੀ ਕੇ)

—ਮਲਾ **ਰਵਿ**, ੧, ੧ : ੧ (1293)

ਪਾਂਨ —

"ਅੰਮ੍ਰਿਤ ਨਾਮੁ ਪ੍ਰਿਅ ਪ੍ਰੀਤਿ ਮਨੋਹਰ ਇਹੈ ਅਘਾਵਨ **ਪਾਂਨ** ਕਉ।" (ਪੀਣਾ)

—ਸਾਰ **੫**, ੨੦, ੧ : ੧ (1208)

3. (ਫਾ. ਪਾਨ) ਤਾਂਬੋਲ, ਨਾਗਰ ਵੇਲ-ਦਾ ਪੱਤਾ ਜਿਸ ਵਿਚ ਕਥਾ, ਚੂਨਾ, ਸਪਾਰੀ, ਇਲਾਚੀ ਆਦਿ ਪਾ ਕੇ ਖਾਂਦੇ ਹਨ।

"ਕਹਾ ਸੁ **ਪਾਨ** ਤੰਬੋਲੀ ਹਰਮਾ ਹੋਈਆ ਛਾਈ ਮਾਈ।"—ਆਸਾ **੧**, ਅਸ ੧੨, ੨ : ੩ (417)

4. ਜਲ
"ਮਿਥਿਆ ਕਾਪਰ ਸੁਗੰਧ ਚਤੁਰਾਈ ਮਿਥਿਆ ਭੋਜਨ **ਪਾਨ**।"
—ਸਾਰ **ਮ**, ੫੪, ੧ : ੨ (1215)

ਪਾਨਹੀ — ਪਾਨ ਹੀ, ਜੁਤੀ
"ਤਾ ਕੇ ਪਗ ਕੀ **ਪਾਨਹੀ** ਮੇਰੇ ਤਨ ਕੋ ਚਾਮੁ।"
—ਸਲੋ **ਕਬ**, ੬੩ : ੨ (1367)

ਪਾਨਾ — ਤਾਂਬੋਲ, ਵੇਖੋ 'ਪਾਨ' (3)
"ਚੋਆ ਚੰਦਨੁ ਬਹੁ ਘਣਾ **ਪਾਨਾ** ਨਾਲਿ ਕਪੂਰੁ।"
—ਸਿਰੀ **੧**, ੧੩, ੪ : ੨ (19)

ਪਾਨਾਂ — ਪਿਆਇਆ
"ਸਤੁ ਸੰਤੋਖੁ ਦੀਆ ਗੁਰਿ ਪੂਰੈ ਨਾਮੁ ਅੰਮ੍ਰਿਤੁ ਪੀ **ਪਾਨਾਂ** ਹੇ।"
—ਮਾਰੂ **ਮ**, ਸੋਲਾ ੪, ੭ : ੩ (1075)

ਪਾਨਿ — 1. ਕਪੜੇ ਨੂੰ ਉਣਨ ਲਗਿਆ ਲਾਈ ਜਾਂਦੀ ਮਾਇਆ
"ਤੂਟੇ ਤਾਗੇ ਨਿਖੁਟੀ **ਪਾਨਿ**।"
—ਗੋਂਡ **ਕਬ**, ੬, ੧ : ੧ (871)

2. ਪੀਣਾ
"ਕਬੀਰ ਭਾਂਗ ਮਾਛੁਲੀ ਸੁਰਾ **ਪਾਨਿ** ਜੋ ਜੋ ਪ੍ਰਾਨੀ ਖਾਂਹਿ।" —ਸਲੋ **ਕਬ**, ੨੩੩ : ੧ (1377)

ਪਾਨੀ — ਪਾਣੀ, ਜਲ
"ਜਿਉ ਭਏ ਦਾਦੁਰ **ਪਾਨੀ** ਮਾਹੀ।"
—ਗਉ **ਕਬ**, ੫, ੧ : ੨ (324)
"**ਪਾਨੀ** ਮੈਲਾ ਮਾਟੀ ਗੋਰੀ।" (ਭਾਵ ਪਿਤਾ ਦਾ ਵੀਰਜ) —ਗਉ **ਕਬ**, ੬੦, ੧ : ੧ (336)
"**ਪਾਨੀ** ਪਖਾ ਕਰਉ ਤਜਿ ਅਭਿਮਾਨੁ।" (ਪਾਣੀ ਪਿਆਉਣ/ਢੋਣ ਦੀ ਸੇਵਾ)
—ਆਸਾ **ਮ**, ੮੪, ੧ : ੩ (391)
"ਇਕਤੁ ਪਤਰਿ ਭਰਿ ਉਰਕਟ ਕੁਰਕਟ ਇਕਤੁ ਪਤਰਿ ਭਰਿ **ਪਾਨੀ**।" (ਭਾਵ ਸ਼ਰਾਬ)
—ਆਸਾ **ਕਬ**, ੪, ੧ : ੧ (476)
"ਇਸੁ **ਪਾਨੀ** ਤੇ ਜਿਨਿ ਤੂ ਘਰਿਆ।" (ਭਾਵ ਰਕਤ ਬੂੰਦ) —ਰਾਮ **ਮ**, ਅਸ ੨, ੧ : ੧ (913)

ਪਾਨੀਓ — ਪਾਣੀ/ਜਲ ਵੀ
"ਤਬ ਤੇਰੀ ਓਕ ਕੋਈ **ਪਾਨੀਓ** ਨ ਪਾਵੈ।"
—ਸੋਰ **ਕਬ**, ੯, ੨ : ੨ (656)

ਪਾਨੀਆ — ਪਾਣੀ/ਜਲ ਤੋਂ
"**ਪਾਨੀਆ** ਬਿਨੁ ਮੀਨੁ ਤਲਫੈ।"
—ਗੋਂਡ **ਨਾਮ**, ੪, ੧* : ੧ (874)

ਪਾਨੀਹਾਰ — ਪਾਣੀ ਭਰਨ ਵਾਲੇ, ਸੇਵਕ, ਦਾਸ, ਗੁਲਾਮ
"ਰਾਮ ਭਗਤ ਕੇ **ਪਾਨੀਹਾਰ**।"
—ਗੋਂਡ **ਮ**, ੧੧, ੧* : ੨ (865)

ਹੋਰ ਰੂਪ — ਪਾਨੀਹਾਰੇ—
"ਦਾਸ ਦਾਸਨ ਕੇ **ਪਾਨੀਹਾਰੇ**।" (ਪਾਣੀ ਢੋਣ ਵਾਲੇ) —ਗਉ **ਮ**, ਬਾਅ ੨੩ : ੨ (254)

ਪਾਨੋ — ਪਾਣੀ
"ਤੁਮਰੋ ਦੂਧੁ ਬਿਦਰ ਕੋ **ਪਾਨੋ** ਅੰਮ੍ਰਿਤੁ ਕਰਿ ਮੈ ਮਾਨਿਆ।" —ਮਾਰੂ **ਕਬ**, ੯, ੧ : ੨ (1105)

ਪਾਪ — ਦੁਸ਼ਕਰਮ, ਮਾੜਾ ਕਰਮ, ਕੁਕਰਮ
"ਸੁਣਿਐ ਦੂਖ **ਪਾਪ** ਕਾ ਨਾਸੁ।"
—ਜਪੁ **੧**, ੮ : ੬ (2)

ਹੋਰ ਰੂਪ — ਪਾਪੰ —
"ਨਹ ਬਿਲੰਬ ਧਰਮੰ ਬਿਲੰਬ **ਪਾਪੰ**।"
—ਸਸ **ਮ**, ੧੦ : ੧ (1354)

ਪਾਪਖੰਡਨ — ਪਾਪਾਂ ਨੂੰ ਨਸ਼ਟ ਕਰਨ ਵਾਲਾ
"ਹਮ ਪਾਪੀ ਤੁਮ **ਪਾਪ ਖੰਡਨ** ਨੀਕੋ ਠਾਕੁਰ ਦੇਸਾ।"
—ਸੋਰ **ਮ**, ੧੭, ੧* : ੨ (613)

ਪਾਪਗੇ — ਪਾਪੀਆਂ/ਦੁਸ਼ ਕਰਮੀਆਂ ਨੂੰ, ਪਾਪ ਗ੍ਰਹਤਾਂ ਨੂੰ
"ਤੁਮ ਸਰਣਾਗਤਿ ਪ੍ਰਤਿਪਾਲਕ ਸੁਆਮੀ ਹਮ ਰਾਖਹੁ ਵਡ **ਪਾਪਗੇ**।" —ਨਟ **੪**, ੪, ੧ : ੨ (976)

ਪਾਪੜਿਆ — ਪਾਪਾਂ ਨੂੰ
"**ਪਾਪੜਿਆ** ਪਛਾੜਿ ਬਾਣੁ ਸਚਾਵਾ ਸੰਨ੍ਹਿ ਕੈ।"
—ਗੂਜ **ਮ**, ਵਾਰ ੧੩ਸ, **ਮ**, ੨ : ੧ (521)

ਪਾਪਾ — 1. ਕੁਕਰਮਾਂ, 'ਪਾਪ' ਦਾ ਬਹੁ ਵਚਨ
"ਭਰੀਐ ਮਤਿ **ਪਾਪਾ** ਕੈ ਸੰਗਿ।"
—ਜਪੁ **੧**, ੨੦ : ੫ (4)
"ਸਾਧਸੰਗਿ **ਪਾਪਾ** ਮਲੁ ਖੋਵੈ।" (ਪਾਪਾਂ ਦੀ)
—ਗਉ **ਮ**, ਸੁਖ ੯, ੩ : ੫ (274)

ਹੋਰ ਰੂਪ — ਪਾਪਾਂ —
"ਨਾਨਕ ਅਗੈ ਉਤਮ ਸੇਈ ਜਿ **ਪਾਪਾਂ** ਪੰਦਿ ਨ ਦੇਹੀ।" (ਪਾਪਾਂ ਦੀ/ਵਾਲੀ)

—ਸਿਰੀ **੪**, ਵਾਰ ੨੦ਸ, **੧**, ੧ : ੪ (91)

ਪਾਪਾਤਮਾ — ਜੋ ਸਦਾ ਪਾਪਾਂ ਵੱਲ ਰੁਚਿਤ ਰਹੇ
"ਹੇ ਜਨਮ ਮਰਣ ਮੂਲੰ ਅਹੰਕਾਰੰ **ਪਾਪਾਤਮਾ**।"
—ਸਸ **੫**, ੪੯ : ੧ (1358)

ਪਾਪਿ — ਪਾਪ/ਕੁਕਰਮ/ਦੁਸ਼ਕਰਮ ਵਿਚ
"ਅੰਨਾ ਬੋਲਾ ਕਿਛੁ ਨਦਰਿ ਨ ਆਵੈ ਮਨਮੁਖ **ਪਾਪਿ** ਪਚਾਵਣਿਆ।"
—ਮਾਝ **੩**, ਅਸ ੪, ੪ : ੩ (111)
"ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ **ਪਾਪਿ** ਕਮਾਵੈ ਪਾਪੀ ਜਾਣੀਐ।" (ਪਾਪ ਦੇ ਕਰਨ ਨਾਲ)
—ਮਾਝ **੧**, ਵਾਰ ੨ਸ, **੨**, ੨ : ੪ (138)
"ਬਿਨੁ ਹਰਿ ਸਿਮਰਣ **ਪਾਪਿ** ਸੰਤਾਪੀ।" (ਪਾਪ ਕਰਨ ਕਰਕੇ) —ਆਸਾ **੧**, ੨੪, ੨ : ੨ (356)

ਪਾਪਿਸਟ — ਵਡੇ ਪਾਪੀ, ਮਹਾਂ ਪਾਪੀ
"ਹਰਿ ਜੀਉ ਤਿਨ ਕਾ ਦਰਸਨੁ ਨਾ ਕਰਹੁ **ਪਾਪਿਸਟ** ਹਤਿਆਰੀ।" —ਸੋਰ **੪**, ਵਾਰ ੨੩ : ੨ (651)

ਪਾਪੀ — ਕੁਕਰਮੀ, ਦੁਸ਼ਕਰਮ ਕਰਨ ਵਾਲੇ, ਪਾਪ ਕਰਨ ਵਾਲਾ
"ਸਚਾ ਸਾਹਿਬੁ ਸਚੁ ਨਿਆਉ **ਪਾਪੀ** ਨਰੁ ਹਾਰਦਾ।"
—ਸਿਰੀ **੪**, ਵਾਰ ੧੮ : ੪ (90)

ਹੋਰ ਰੂਪ — ਪਾਪੀਆ —
"**ਪਾਪੀਆ** ਨੋ ਨ ਦੇਈ ਥਿਰੁ ਰਹਣਿ ਚੁਣਿ ਨਰਕ ਘੋਰਿ ਚਾਲਿਅਨੁ।" (ਪਾਪੀ ਦਾ ਬਹੁ-ਵਚਨ) —ਸਿਰੀ **੪**, ਵਾਰ ੧੯ : ੪ (90)

ਪਾਪੀਸਣਿ — ਪਾਪੀਆਂ ਸਮੇਤ
"ਜਣੀ ਲਖਾਵਹੁ ਅਸੰਤ **ਪਾਪੀਸਣਿ**।"
—ਆਸਾ **ਰਵਿ**, ੨, ੩ : ੨ (486)

ਪਾਪੁ — ਕੁਕਰਮ, ਪਾਪ
"ਕਾਇਆ ਅੰਦਰਿ **ਪਾਪੁ** ਪੁੰਨੁ ਦੁਇ ਭਾਈ।"
—ਮਾਝ **੩**, ਅਸ ੨੮, ੪ : ੧ (126)

ਪਾਪੇ — ਪਾਪ ਵਿਚ ਹੀ
"ਪਾਪੋ ਪਾਪੁ ਕਮਾਵਦੇ **ਪਾਪੇ** ਪਚਹਿ ਪਚਾਇ।"
—ਸਿਰੀ **੩**, ੫੬, ੪ : ੨ (36)
"ਪਾਪਿ ਲਦੇ **ਪਾਪੇ** ਪਾਸਾਰਾ।" (ਪਾਪ ਦਾ ਹੀ)
—ਰਾਮ **੧**, ਓਅੰ ੩੮ : ੨ (935)

ਪਾਪੈ — ਪਾਪ ਤੋਂ
"ਹਰਿ ਤੁਧਨੋ ਕਰਹਿ ਸਭ ਨਮਸਕਾਰੁ ਜਿਨਿ **ਪਾਪੈ** ਤੇ ਰਾਖਿਆ।"
—ਸਿਰੀ **੪**, ਵਾਰ ੧੭ : ੨ (90)
"ਅਠਸਠਿ ਤੀਰਥ ਭਰਮਿ ਵਿਗੂਚਹਿ ਕਿਉ ਮਲੁ ਧੋਪੈ **ਪਾਪੈ**।" (ਪਾਪ ਦੀ)
—ਮਾਰੂ **੧**, ਅਸ ੭, ੩ : ੪ (1013)
"ਜੋ ਨਰੁ ਉਸ ਦੀ ਸਰਣੀ ਪਰੈ ਤਿਸੁ ਕੰਬਹਿ **ਪਾਪੈ**।" (ਪਾਪ) —ਮਾਰੂ **੫**, ਵਾਰ ੮ : ੩ (1097)

ਪਾਪੋ — ਪਾਪ
"**ਪਾਪੋ** ਪਾਪੁ ਕਮਾਵਦੇ ਪਾਪੇ ਪਚਹਿ ਪਚਾਇ।"
—ਸਿਰੀ **੩**, ੫੬, ੪ : ੨ (36)

ਪਾਯੰ — ਪਾਂਦਾ ਹੈ
"ਸੋਊ ਸਰਨਿ ਪਰੈ ਜਿਹ **ਪਾਯੰ**।"
—ਗਉ **੫**, ਬਾਅ ੩ : ੩ (250)

ਪਾਯਉ — ਪਾਇਆ, ਪ੍ਰਾਪਤ ਕੀਤਾ
"ਕੁਲ ਸੰਬੂਹ ਸਮੁਧਰੇ **ਪਾਯਉ** ਨਾਮ ਨਿਵਾਸੁ।"
—ਸਵ **੩**, ੮ : ੩ (1393)

ਪਾਯਾ — ਪ੍ਰਾਪਤ ਕੀਤਾ, ਪਾਇਆ
"ਇਨਿ ਸਤਗੁਰੁ ਸੇਵਿ ਸਬਦ ਰਸੁ **ਪਾਯਾ** ਨਾਮੁ ਨਿਰੰਜਨ ਉਰਿਧਰਿਆ।"
—ਸਵ **੪**, ਕਲ ੧ : ੧੦ (1396)

ਪਾਯਾਲਿ — ਪਾਤਾਲ
"ਗੁਣ ਗਾਵਹਿ **ਪਾਯਾਲਿ** ਭਗਤ ਨਾਗਾਦਿ ਭਯੰਗਮ।" —ਸਵ **੧**, ੯ : ੧ (1390)

ਪਾਰ — 1. ਅੰਤ, ਹੱਦ
"ਸੁਖੁ ਪ੍ਰਭ ਸਿਮਰਨ ਕਾ ਅੰਤੁ ਨ **ਪਾਰ**।"
—ਗਉ **੫**, ਸੁਖ ੧, ੭ : ੮ (263)
2. ਦੂਜਾ ਕਿਨਾਰਾ, ਪਰਲਾ ਕਿਨਾਰਾ ਭਾਵ ਪਰਲੋਕ
"ਕਹਿ ਕਬੀਰ ਉਰਵਾਰ ਨ **ਪਾਰ**।"
—ਗਉ **ਕਬ**, ਥਿਤੀ ੧ਸ : ੨ (343)
"ਉਰਵਾਰ **ਪਾਰ** ਕੇ ਦਾਨੀਆ ਲਿਖਿ ਲੇਹੁ ਆਨ ਪਤਾਲੁ।" (ਲੋਕ ਪ੍ਰਲੋਕ)
—ਗਉ **ਰਵਿ**, ੧, ੩,੧ (346)

ਹੋਰ ਰੂਪ — ਪਾਰੰ —
"ਕਰਿ ਕਰਤਾ ਉਤਰਸਿ **ਪਾਰੰ**।" (ਪਰਲੇ ਕੰਢੇ)
—ਰਾਮ **ਕਬ**, ੧੦, ੪ : ੨ (972)

ਪਾਰਸ — ਮੰਨਿਆ ਜਾਂਦਾ ਉਹ ਪਥਰ ਜਿਸ ਦੀ ਛੋਹ ਨਾਲ ਲੋਹਾ ਸੋਨਾ ਬਣ ਜਾਂਦਾ ਹੈ।

"ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ **ਪਾਰਸ** ਪਰਸ ਪਰਾ।"
—ਗਉ **੫**, ਬਾਅ ੧੫ : ੪ (250)
"ਮੈਲਾ ਊਜਲੁ ਤਾ ਥੀਐ **ਪਾਰਸ** ਸੰਗਿ ਭੀਜੈ।" (ਭਾਵ ਗੁਰੂ ਪਾਰਸ)
—ਮਾਰੂ **੧**, ਅਸ ੬, ੭ : ੨ (1012)

ਪਾਰਸਹਿ — ਪਾਰਸ ਨਾਲ
"ਲੋਹਾ ਕੰਚਨੁ ਹਿਰਨ ਹੋਇ ਕੈਸੇ ਜਉ **ਪਾਰਸਹਿ** ਨ ਪਰਸੈ।" —ਰਾਮ **ਰਵਿ**, ੧, ੧ : ੨ (973)

ਪਾਰਸਿ — ਪਾਰਸ ਦੇ/ਨੂੰ/ਨਾਲ
"**ਪਾਰਸਿ** ਪਰਸਿਐ ਪਾਰਸੁ ਹੋਇ ਜੋਤੀ ਜੋਤਿ ਸਮਾਇ।" (ਭਾਵ ਗੁਰੂ ਦੇ ਮਿਲਾਪ ਨਾਲ)
—ਸਿਰੀ **੩**, ੩੬, ੪ : ੩ (27)
ਹੋਰ ਰੂਪ — ਪਾਰਸੁ —
"ਨਿਜ ਘਰਿ **ਪਾਰਸੁ** ਤਜਹੁ ਗੁਨ ਆਨ।" (ਭਾਵ ਪ੍ਰਭੂ)
—ਗਉ **ਕਬ**, ੯, ੩ : ੨ (325)
"**ਪਾਰਸੁ** ਪਰਸਿ ਪਰਮ ਪਦੁ ਪਾਵੈ।" (ਗੁਰੂ ਰੂਪ ਪਾਰਸ)
—ਆਸਾ **੧**, ਅਸ ੧, ੨ : ੪ (411)

ਪਾਰਸੈ — ਪਾਰਸ ਹੋਇਆ, ਭਾਵ ਗੁਣਵਾਣ ਹੋਇਆ
"ਵਿਣੁ **ਪਾਰਸੈ** ਪੂਜ ਨ ਹੋਵਈ ਵਿਣੁ ਮਨ ਪਰਚੇ ਅਵਰਾ ਸਮਝਾਏ।"
—ਗੂਜ **੩**, ੭, ੩ : ੧ (491)

ਪਾਰਖ — ਪਰਖ ਸਕਨ ਦੇ ਸਮਰਥ, ਸੂਝਵਾਣ
"ਕਬੀਰ ਰਾਮ ਰਤਨੁ ਮੁਖੁ ਕੋਥਰੀ **ਪਾਰਖ** ਆਗੈ ਖੋਲਿ।" —ਸਲੋ **ਕਬ**, ੨੨੫ : ੧ (1376)

ਪਾਰਖੀਆ — ਪਰਖਨ ਵਾਲਾ, ਭਾਵ ਸੂਝਵਾਣ
"**ਪਾਰਖੀਆ** ਵਥੁ ਸਮਾਲਿ ਲਈ ਗੁਰ ਸੋਝੀ ਹੋਈ।"
—ਆਸਾ **੩**, ਅਸ ੨੮, ੪ : ੧ (425)

ਪਾਰਖੁ — ਪਰਖ ਕਰਨ ਵਾਲਾ, ਪਾਰਖੂ
"ਨਾਨਕ **ਪਾਰਖੁ** ਆਪਿ ਜਿਨਿ ਖੋਟਾ ਖਰਾ ਪਛਾਣਿਆ।" —ਮਾਝ **੧**, ਵਾਰ ੧੩ : ੮ (144)
ਹੋਰ ਰੂਪ — ਪਾਰਖੂ —
"ਆਪੇ ਪਰਖੇ **ਪਾਰਖੂ** ਪਵੈ ਖਜਾਨੈ ਰਾਸਿ।"
—ਸਿਰੀ **੧**, ਅਸ ੧੩, ੪ : ੩ (61)

ਪਾਰੰਗਤਿ — ਪਾਰ ਪੁਜਾ ਭਾਵ ਮੁਕਤ
"ਨਾਨਕ ਸੋ **ਪਾਰੰਗਤਿ** ਹੋਇ।"
—ਰਾਮ **੧**, ਅਸ ੭, ੪ : ੬ (878)
"ਦੇ ਗੁਨਾ ਸਤਿ ਭੈਣ ਭਰਾਵ ਹੈ **ਪਾਰੰਗਤਿ** ਦਾਨੁ ਪੜੀਵਦੈ।" (ਪੂਰੀ ਪੈਣੀ, ਕਬੂਲ ਹੋਣਾ)
—ਰਾਮ **ਬਸ**, ੧ : ੨ (966)

ਪਾਰਗਰਾਮ — (ਸੰ. ਪਾਰਗਾਮਿਨ=) ਪਾਰ ਜਾਣ ਵਾਲਾ
"ਸਾਧੂ ਸੰਗਤਿ **ਪਾਰਗਰਾਮ**।" (ਪਾਰ/ਮੁਕਤ ਹੋਈਦਾ ਹੈ) —ਬਸੰ **੫**, ੮, ੩ : ੪ (1182)

ਪਾਰਗਰਾਮਨੋ — ਪਾਰ ਕਰਨ ਵਾਲਾ
"ਸਾਗਰ ਲਹਰਿ ਸੰਸਾ ਸੰਸਾਰੁ ਗੁਰੁ ਬੋਹਿਥੁ **ਪਾਰਗਰਾਮਨੋ**।"
—ਗਉ **੫**, ੧੪੦, ੧* : ੧ (210)

ਪਾਰਗਰਾਮੀ — 1. ਪਾਰ ਹੋਇਆ ਭਾਵ ਮੁਕਤ
"ਨਾਨਕੁ ਕਹਤੋ ਇਹੁ ਬੀਚਾਰਾ ਜਿ ਕਮਾਵੈ ਸੁ **ਪਾਰਗਰਾਮੀ**।"—ਗਉ **੫**, ੧੬੪, ੪ : ੧ (216)
ਹੋਰ ਰੂਪ — ਪਾਰਗਿਰਾਮੀ —
"ਜਿਨਿ ਸੇਵਿਆ ਸੇ **ਪਾਰਗਿਰਾਮੀ** ਕਾਰਜ ਸਗਲੇ ਥੀਏ ਜੀਉ।"
—ਮਾਝ **੫**, ੩੫, ੩ : ੩ (104)
2. ਮੁਕਤੀ ਦਾਤਾ, ਪਾਰ ਕਰਨ ਵਾਲਾ
"ਨਾਵ ਰੂਪ ਸਾਧਸੰਗ ਨਾਨਕ **ਪਾਰਗਰਾਮੀ**।"
—ਸਾਰ **੫**, ੧੩੪, ੨ : ੩ (1230)
ਹੋਰ ਰੂਪ — ਪਾਰਗਿਰਾਮ —
"ਪਾਹਣ ਨਾਵ ਨ **ਪਾਰਗਿਰਾਮੀ**।" (ਪਾਰ ਜਾਣ ਵਾਲੀ) —ਸੂਹੀ **੫**, ੯, ੩ : ੨ (739)

ਪਾਰਚ — ਕਪੜੇ
"ਮਿਥਿਆ ਮੋਹ ਬੰਧਹਿ ਨਿਤ **ਪਾਰਚ**।" (ਭਾਵ ਕਮਰ ਬੰਨਦਾ ਹੈ, ਦੁਨਿਆਵੀ ਕੰਮਾਂ ਲਈ ਤਤਪਰ ਹੁੰਦਾ ਹੈ) —ਸੂਹੀ **੫**, ੩੩, ੧ : ੨ (743)

ਪਾਰਜਾਤ — ਮਨੋਕਾਮਨਾ ਪੂਰੀਆਂ ਕਰਨ ਵਾਲਾ ਸਮੁੰਦਰ ਤੋਂ ਨਿਕਲਿਆ ਇੰਦਰ ਦੇਵਤੇ ਦੇ ਬਾਗ ਵਿਚ ਸਥਿਤ ਇਕ ਬ੍ਰਿਛ
"ਚਾਰ ਪਦਾਰਥ ਅਸਟ ਮਹਾ ਸਿਧਿ ਕਾਮਧੇਨੁ **ਪਾਰਜਾਤ** ਹਰਿ ਹਰਿ ਰੁਖੁ।"
—ਟੋਡੀ **੫**, ੨੯, ੨ : ੧ (717)

ਹੋਰ ਰੂਪ — ਪਾਰਜਾਤੁ —
"ਗੁਰੁ ਤੀਰਥ ਗੁਰੁ **ਪਾਰਜਾਤੁ** ਗੁਰੁ ਮਨਸਾ ਪੂਰਣਹਾਰੁ।"
—ਸਿਰੀ **੫**, ੯੯, ੩ : ੧ (52)

ਪਾਰਣਾ — ਭਰੋਸਾ, ਆਸਰਾ
"ਇਕਿ ਭੂਖੇ ਇਕਿ ਤ੍ਰਿਪਤਿ ਅਘਾਏ ਸਭਸੈ ਤੇਰਾ **ਪਾਰਣਾ**।"
—ਮਾਰੂ **੫**, ਸੋਲਾ ੬, ੩ : ੩ (1077)

ਪਾਰਥਉ — ਪ੍ਰਿਥਾ (ਕੁੰਤੀ) ਦਾ ਪੁਤਰ ਅਰਜਨ
"ਗੁਰੁ ਅਰਜੁਨੁ ਪੁਰਖੁ ਪ੍ਰਮਾਣੁ **ਪਾਰਥਉ** ਚਾਲੈ ਨਾਹੀ।" —ਸਵ **੫**, ਕਲ ੯, ੧ : ੧ (1408)

ਪਾਰਦੋ — ਪਰਦਾ (ਫ਼ਾ. ਪਰਦਾ)
"ਹੋਇ ਕ੍ਰਿਪਾਲ ਗੁਰ ਲਾਹਿ **ਪਾਰਦੋ** ਮਿਲਉ ਲਾਲ ਮਨੁ ਹਰੀਆ।"
—ਸਾਰ **੫**, ੨੪, ੧ : ੨ (1209)

ਪਾਰਬਤੀ — ਹਿਮਾਲੀਆ ਪਰਬਤ ਦੀ ਪੁਤਰੀ ਓਮਾ ਜੋ ਸ਼ਿਵਜੀ ਨਾਲ ਵਿਆਹੀ ਗਈ, ਸ਼ਿਵਜੀ ਦੀ ਪਤਨੀ
"ਗੁਰ ਈਸਰੁ ਗੁਰੁ ਗੋਰਖੁ ਬਰਮਾ ਗੁਰੁ **ਪਾਰਬਤੀ** ਮਾਈ।" —ਜਪੁ **੧**, ੫ : ੮ (2)

ਪਾਰਬ੍ਰਹਮ — ਬ੍ਰਹਮ ਜੋ ਸਰਬ ਅਵਸਥਾ ਤੋਂ ਪਰੇ ਹੈ, ਪ੍ਰਭੂ
"ਰੰਗੁ ਨ ਲਗੀ **ਪਾਰਬ੍ਰਹਮ** ਤਾ ਸਰਪਰ ਨਰਕੇ ਜਾਇ।" —ਸਿਰੀ **੫**, ਅਸ ੨੬, ੫ : ੪ (70)

ਹੋਰ ਰੂਪ — ਪਾਰਬ੍ਰਹਮੰ —
"ਸਿਰ ਮਸ੍ਤਕ ਰਖ੍ਯਾ **ਪਾਰਬ੍ਰਹਮੰ** ਹਸ੍ਤ ਕਾਯਾ ਰਖ੍ਯਾ ਪਰਮੇਸ੍ਵਰਹ।"
—ਸਸ **੫**, ੫੨ : ੧ (1358)

ਪਾਰਬ੍ਰਹਮਣਹ — ਪਾਰਬ੍ਰਹਮ ਦਾ/ਵਲ
"ਨਾਨਕ ਤਿਨ ਸਦ ਬਲਿਹਾਰੰ ਜਿਨਾ ਧਿਆਨੁ **ਪਾਰਬ੍ਰਹਮਣਹ**।"
—ਜੈਤ **੫**, ਵਾਰ ੧੪ਸ, **੫**, ੧ : ੨ (709)

ਪਾਰਬ੍ਰਹਮਾ — ਪਾਰਬ੍ਰਹਮ ਤੋਂ
"ਭੇਦ ਨਹੀ ਹੈ **ਪਾਰਬ੍ਰਹਮਾ**।"
—ਗਉ **੫**, ਅਸ ੧, ੪ : ੪ (235)

ਹੋਰ ਰੂਪ — ਪਾਰਬ੍ਰਹਮਿ —
"**ਪਾਰਬ੍ਰਹਮਿ** ਪ੍ਰਭਿ ਮੇਘੁ ਪਠਾਇਆ।" (ਪਾਰਬ੍ਰਹਮ ਨੇ)
—ਮਾਝ **੫**, ੪੧, ੧ : ੧ (106)
"**ਪਾਰਬ੍ਰਹਮਿ** ਸਾ ਅਗਨਿ ਮਹਿ ਸਾੜੀ।"
—ਗਉ **੫**, ੧੬੭, ੧ : ੨ (199)

ਪਾਰਬ੍ਰਹਮੁ —
"ਤੂੰ **ਪਾਰਬ੍ਰਹਮੁ** ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ।"
—ਆਸਾ **੪**, ਸੋਪ ੧, ੨ : ੪ (11)

ਪਾਰਮਲੋ — ਮਲੀਨਤਾ ਤੋਂ ਪਰੇ, ਨਿਰਮਲ
"ਮਲੈ ਨ ਲਾਛੈ **ਪਾਰਮਲੋ** ਪਰਮਲੀਓ ਬੈਠੋ ਰੀ ਆਈ।" —ਗੂਜ **ਨਾਮ**, ੨, ੧ : ੧ (525)

ਪਾਰਾ — 1. ਅੰਤ, ਪਾਰ, ਹਦ
"ਹਰਿ ਆਪੇ ਨਾਨਕ ਪਾਵੈ **ਪਾਰਾ**।"
—ਗਉ **੪**, ੪੪, ੪ : ੩ (165)
2. ਪਾਰਲਾ ਕੰਢਾ, ਪਾਰਲਾ ਪਾਸਾ
"ਗੁਰਮੁਖਿ ਭਉਜਲੁ ਉਤਰਹੁ **ਪਾਰਾ**।" (ਭਾਵ ਮੁਕਤ ਹੋਵੇ)
—ਗਉ **੩**, ਅਸ ੨, ੧* : ੨ (230)

ਪਾਰਾਵਰਿਆ — ਪਾਰਾਵਾਰ, ਅੰਤ (ਵਿਸਤਾਰ)
"ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ ਤੇਰਾ ਅੰਤੁ ਨ **ਪਾਰਾਵਾਰਿਆ**।"
—ਗੂਜ **੫**, ਸੋਦ ੫, ੪ : ੨ (10)

ਪਾਰਾਵਾਰ — ਉਰਲਾ ਤੇ ਪਰਲਾ ਕੰਢਾ, ਹਦ ਬੰਨਾ, ਵਿਸਤਾਰ ਦਾ ਅੰਤ, ਸੀਮਾ
"ਉਸਤਤਿ ਕਰਹਿ ਅਨੇਕ ਜਨ ਅੰਤੁ ਨ **ਪਾਰਾਵਾਰ**।" —ਗਉ **੫**, ਸੁਖ ੧੦ਸ:੧ (275)

ਹੋਰ ਰੂਪ — ਪਾਰਾਵਾਰਾ —
"ਨਾਨਕ ਅੰਤੁ ਨ **ਪਾਰਾਵਾਰਾ**।"
—ਗਉ **੫**, ਬਾਅ ੨ : ੮ (250)

ਪਾਰਾਵਾਰਿਆ —
"ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ **ਪਾਰਾਵਰਿਆ**।"
—ਰਾਮ **ਕਬ**, ਵਾਰ ੭ : ੪ (968)

ਪਾਰਾਵਾਰੀ —
"ਕੀਮਤਿ ਕਉਣੁ ਕਰੇ ਤੇਰੀ ਕਰਤੇ ਪ੍ਰਭ ਅੰਤੁ ਨ **ਪਾਰਾਵਾਰੀ**।"
—ਰਾਮ **੫**, ਅਸ ੮, ੭ : ੧ (916)

ਪਾਰਾਵਾਰੁ —
"ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ **ਪਾਰਾਵਾਰੁ**।" —ਸਿਰੀ **੧**, ੬, ੧ : ੩ (16)
"ਨਾਨਕ ਨਾਮੁ ਸਲਾਹਿ ਤੂੰ ਅੰਤੁ ਨ **ਪਾਰਾਵਾਰੁ**।"
—ਸਿਰੀ **੩**, ਪ੨, ੪ : ੩ (36)

ਪਾਰਾਵਾਰੇ —
"ਗਹਿਰ ਗੰਭੀਰ ਬਿਅੰਤ ਗੁਸਾਈ ਅੰਤੁ ਨਹੀ ਕਿਛੁ **ਪਾਰਾਵਾਰੇ**।"
—ਆਸਾ **੫**, ੩੬, ੪ : ੧ (379)

ਪਾਰਿ — 1. ਪਰਲੇ ਪਾਸੇ
"ਬਾਹ ਪਕੜਿ ਗੁਰਿ ਕਾਢਿਆ ਸੋਈ ਉਤਰਿਆ **ਪਾਰਿ**।" (ਭਾਵ ਮੁਕਤ ਹੋ ਗਿਆ)
—ਸਿਰੀ **੫**, ੨੬, ੩ : ੩ (44)
2. ਭਾਵ ਪਰਲੋਕ
"ਉਰਵਾਰਿ **ਪਾਰਿ** ਸਭ ਏਕੋ ਦਾਨੀ।"
—ਗਉ **ਕਬ**, ੬੧, ੪ : ੨ (337)
3. ਭਾਵ (ਵਸ) ਚਲੇ, ਹੋ ਸਕੇ
"ਝੂਠਾ ਮਦੁ ਮੂਲਿ ਨ ਪੀਚਈ ਜੇ ਕਾ **ਪਾਰਿ** ਵਸਾਇ।"
—ਬਿਹਾ **੪**, ਵਾਰ ੧੬ਸ, **੩**, ੧ : ੫ (554)
"ਸਾਕਤ ਸੰਗੁ ਨ ਕੀਜਈ ਪਿਆਰੇ ਜੇ ਕਾ **ਪਾਰਿ** ਵਸਾਇ।"
—ਸੋਰ **੫**, ਅਸ ੨, ੫ : ੧ (641)
4. ਪਾ ਕੇ ਭਾਵ ਮਾਰ ਕੇ
"ਬਾਟ **ਪਾਰਿ** ਘਰੁ ਮੂਸਿ ਬਿਰਾਨੋ ਪੇਟੁ ਭਰੇ ਅਪ੍ਰਾਧੀ।"
—ਸਾਰ **ਪਰ**, ੧, ੨ : ੧ (1253)

ਪਾਰਿਓ — ਪਾਇਆ, ਕੀਤਾ
"ਪਲੁ ਪਲੁ ਹਰਿ ਜੀ ਤੇ ਅੰਤਰੁ **ਪਾਰਿਓ**।"
—ਜੈਤ **ਰਵਿ**, ੧, ੨ : ੨ (710)

ਪਾਰੀ — 1. ਪਰਲੇ ਕੰਢੇ, ਪਾਰ
"ਓਛੀ ਭਗਤਿ ਕੈਸੇ ਉਤਰਸਿ **ਪਾਰੀ**।"
—ਗਉ **ਕਬ**, ੧੫, ੪ : ੨ (326)
2. ਪਾਲੀ ਭਾਵ ਇਕਠੀ ਕੀਤੀ
"ਪ੍ਰਾਨ ਮਾਨ ਦਾਨ ਮਗ ਜੋਹਨ ਹੀਤੁ ਚੀਤੁ ਦੇ ਲੇ ਲੇ **ਪਾਰੀ**।" —ਸਮੁ **੫**, ੬* : ੧ (1388)

ਪਾਰੀਆ — ਪਾਇਆ
"ਖੋਜਤ ਫਿਰੇ ਅਸੰਖ ਅੰਤੁ ਨ **ਪਾਰੀਆ**।"
—ਮਾਝ **੩**, ਅਸ ੧੨, ੧ : ੧ (240)

ਪਾਰੁ — 1. ਪਰਲੇ ਕੰਢੇ, ਪਾਰ
"ਧਾਤੁਰ ਬਾਜੀ ਪਲਚਿ ਰਹੇ ਨ ਉਰਵਾਰੁ ਨ **ਪਾਰੁ**।" (ਭਾਵ ਪਰਲੋਕ)
—ਸਿਰੀ **੩**, ੪੦, ੩ : ੩ (29)
"ਮਾਇਆ ਮੋਹੁ ਗੁਬਾਰੁ ਹੈ ਤਿਸ ਦਾ ਨ ਦਿਸੈ ਉਰਵਾਰੁ ਨ **ਪਾਰੁ**।" (ਪਾਰਲਾ ਕੰਢਾ)
—ਸਿਰੀ **੪**, ਵਾਰ ੧੬ਸ, **੩**, ੨ : ੧ (89)
2. ਹਦ, ਹਦਬੰਨਾ, ਅੰਤ
"ਪਾਰਬ੍ਰਹਮ ਕਾ ਅੰਤੁ ਨ **ਪਾਰੁ**।"
—ਗਉ **੫**, ਅਸ ੪, ੮ : ੧ (237)
"ਮਿਲਿ ਗੁਰ ਸੰਗਤਿ ਪਾਵਉ **ਪਾਰੁ**।" (ਅੰਤ, ਹਦਬੰਦਾ) —ਆਸਾ **੧**, ੧੫, ੩ : ੪ (353)
"**ਪਾਰੁ** ਨ ਪਾਵੈ ਕੋ ਧਰਨੀਧਰ ਮੰਤ।" (ਭਾਵ ਭੇਤ ਪਾ ਸਕਨਾਂ)
—ਭੈਰ **ਕਬ**, ੧, ੩ : ੪ (1162)

ਪਾਰੇ — 1. ਪਾਰ, ਪਰਲੇ ਕੰਢੇ
"ਨਾਮਿ ਰਤੇ ਭਉਜਲ ਉਤਰਹਿ **ਪਾਰੇ**।" (ਭਾਵ ਮੁਕਤ ਹੋ) —ਗਉ **੩**, ੩੩, ੨ : ੪ (161)
"ਭਰਮਿ ਭੁਲਾਣੇ ਸਿ ਮਨਮੁਖ ਕਹੀਅਹਿ ਨਾ ਉਰਵਾਰਿ ਨ **ਪਾਰੇ**।"
—ਬਿਲਾ **੩**, ੧, ੩ : ੩ (797)
"ਮਾਰਗੁ ਪੰਥੁ ਨ ਜਾਣਉ ਵਿਖੜਾ ਕਿਉ ਪਾਈਐ ਪਿਰੁ **ਪਾਰੇ**।" (ਪਰਲੇ ਕੰਢੇ/ਪਾਸੇ)
—ਤੁਖਾ **੧**, **ਛੰਤ** ੪, ੩ : ੪ (1111)
2. ਹਦਬੰਨਾ
"ਕੋਟਿ ਕੋਟਿ ਤੇਤੀਸ ਧਿਆਵਹਿ ਤਾ ਕਾ ਅੰਤੁ ਨ ਪਾਵਹਿ **ਪਾਰੇ**।"
—ਰਾਮ **੪**, ੬, ੨ : ੧ (882)

ਪਾਰੈ — 1. ਪਾਰ ਕਰ, ਪਾਰਲੇ ਕੰਢੇ ਲਾ
"ਹਮ ਬਾਰਿਕ ਦੀਨ ਪਿਤਾ ਪ੍ਰਭ ਮੇਰੇ ਜਿਉ ਜਾਨਹਿ ਤਿਉ **ਪਾਰੈ**।"—ਸਾਰ **੫**, ੫੨, ੧* : ੨ (1214)
2. ਪਾਰਾਵਾਰ, ਹਦਬੰਨਾ
"ਕਵਨ ਕਵਨ ਕਵਨ ਗੁਨ ਕਹੀਐ ਅੰਤੁ ਨਹੀ ਕਛੁ **ਪਾਰੈ**।"
—ਕਾਨਾ **੫**, ੨੦, ੧ : ੧ (1302)

ਪਾਰੋ — 1. ਪਰਲਾ ਕੰਢਾ
"ਹਮ ਮੂਰਖ ਕਿਛੂਅ ਨ ਜਾਣ ਹਾ ਕਿਵ ਪਾਵਹ **ਪਾਰੋ**।" —ਆਸਾ **੪**, ਛੰਤ ੧੭, ੩ : ੩ (450)
2. ਪਾਰਾਵਾਰ, ਹਦ ਬੰਨਾ
"ਸੋ ਹਰਿ ਹਰਿ ਤੁਮ੍ ਸਦ ਹੀ ਜਾਪਹੁ ਜਾ ਕਾ ਅੰਤੁ ਨ **ਪਾਰੋ**।"
—ਗੂਜ **੫**, ੪, ੧ : ੨ (496)

ਪਾਰੋਸੀ — ਗੁਆਂਢੀ
"**ਪਾਰੋਸੀ** ਕੇ ਜੋ ਹੂਆ ਤੂ ਅਪਨੇ ਭੀ ਜਾਨੁ।"
—ਸਲੋ **ਕਬ**, ੧੬੭ : ੨ (1373)

ਪਾਲ — 1. ਪੱਲਾ
"ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ **ਪਾਲ**।" —ਧਨਾ **੫**, ੩੮, ੨ : ੨ (680)
2. ਪਾਲਕ, ਪਾਲਣਹਾਰ
"ਜਿਉ ਰਾਖੈ ਮਹਤਾਰੀ ਬਾਰਿਕ ਕਉ ਤੈਸੇ ਹੀ ਪ੍ਰਭ **ਪਾਲ**।"
—ਧਨਾ **੫**, ੩੯, ੧* : ੨ (680)
3. ਦਾਮਨ, ਪੱਲੇ
"ਜਗਤ ਉਧਾਰਨ ਸਾਧ ਪ੍ਰਭ ਤਿਨ੍ ਲਾਗਹੁ **ਪਾਲ**।" —ਬਿਲਾ **੫**, ੪੧, ੨ : ੧ (811)
4. ਬਾਦਬਾਨ
"ਉਧਰੇ ਭ੍ਰਮ ਮੋਹ ਸਾਗਰ।"
"ਲਗਿ ਸੰਤਨਾ ਪਰ **ਪਾਲ**।"
—ਕੇਦਾ **੫**, ੨, ੨ : ੬ (1119)

ਪਾਲਹਿ — ਪਾਲਣਾ ਕਰਦਾ ਹੈ, ਪਾਲਦਾ ਹੈ
"ਅਹਿਨਿਸਿ **ਪਾਲਹਿ** ਰਾਖਿ ਲੇਹਿ ਆਤਮ ਸੁਖੁ ਸਾਰਾ।" —ਗਉ **੧**, ਅਸ ੧੭, ੧ : ੨ (228)

ਪਾਲਕਾ — ਪਾਲਦਾ ਹੈ
"ਅੰਡਜ ਜੇਰਜ ਸੇਤਜ ਉਤਭੁਜ ਬਹੁ ਪਰਕਾਰੀ **ਪਾਲਕਾ**।"
—ਮਾਰੂ **੫**, ਸੋਲਾ ੧੩, ੪ : ੩ (1085)

ਪਾਲਣਾ — ਪਾਲਦਾ ਹੈ
"ਆਪਿ ਉਪਾਏ ਉਪਾਵਣਹਾਰਾ ਆਪਣਾ ਕੀਆ **ਪਾਲਣਾ**।" —ਮਾਰੂ **੫**, ਸੋਲਾ ੬, ੯ : ੩ (1077)

ਪਾਲਤੀ — ਪਾਲਦੀ ਹੈ
"ਜਿਉ ਜਨਨੀ ਗਰਭੁ **ਪਾਲਤੀ** ਸੁਤ ਕੀ ਕਰਿ ਆਸਾ।" —ਗਉ **੪**, ੪੬, ੧ : ੧ (165)

ਹੋਰ ਰੂਪ — ਪਾਲਤੇ —
"ਸਰਣਾਗਤੀ ਪ੍ਰਭ **ਪਾਲਤੇ** ਹਰਿ ਭਗਤਿ ਵਛਲੁ ਨਾਇਆ।" (ਪਾਲਦੇ ਹਨ)
—ਮਾਲੀ **੪**, ੧, ੨ : ੧ (984)

ਪਾਲਦਾ — ਪਾਲਣਾ ਕਰਦਾ ਹੈ
"ਅਕਿਰਤਘਣਾ ਨੋ **ਪਾਲਦਾ** ਪ੍ਰਭ ਨਾਨਕ ਸਦ ਬਖਸਿੰਦੁ।" —ਸਿਰੀ **੫**, ੮੩, ੪ : ੪ (47)

ਪਾਲਨ — 1. ਪਾਲਣ ਹਾਰ
"ਦਰਬਾਰਨ ਮਹਿ ਤੇਰੋ ਦਰਬਾਰਾ ਸਰਨ **ਪਾਲਨ** ਟੀਕਾ।" —ਗੂਜ **੫**, ਅਸ ੧, ੫ : ੧ (507)
2. ਪੰਘੂੜਾ, ਪਾਲਨਾ
"ਕਹਤ ਨਾਮਦੇਉ ਸੁਨਹੁ ਤਿਲੋਚਨ ਬਾਲਕੁ **ਪਾਲਨ** ਪਉਢੀਅਲੇ।"
—ਰਾਮ **ਨਾਮ**, ੧, ੪ : ੧ (972)
3. ਪਾਲਣਾ ਹੋਣੀ
"ਜੈਸੇ **ਪਾਲਨ** ਸਰਨਿ ਸੇਂਘ।"
—ਮਾਲੀ **੫**, ੩, ੨ : ੪ (987)

ਪਾਲਨਹਾਰਾ — ਪਾਲਣਾ ਕਰਨ ਵਾਲਾ
"ਸੇਵਕ ਕਉ ਪ੍ਰਭ **ਪਾਲਨਹਾਰਾ**।"
—ਗਉ **੫**, ਸੁਖ ੧੭, ੩ : ੭ (285)

ਪਾਲਨਾ — ਪਾਲਣਾ (ਕੀਤੀ)
"ਤੂ ਦਾਤਾ ਸਭਨਾ ਜੀਆ ਕਾ ਆਪਨ ਕੀਆ **ਪਾਲਨਾ**।" —ਰਾਮ **੫**, ਅਸ ੫, ੭ : ੧ (915)

ਪਾਲਾ — 1. ਪਾਲਣਾ ਕੀਤੀ, ਪਾਲਿਆ
"ਮਾਤ ਗਰਭ ਮਹਿ ਤੁਮ ਹੀ **ਪਾਲਾ**।"
—ਮਾਝ **੫**, ਅਸ ੩੭, ੫ : ੨ (132)
2. ਸੀਤ, ਠੰਡ, ਸਰਦੀ
"ਅਗੀ **ਪਾਲਾ** ਕਪੜੁ ਹੋਵੈ ਖਾਣਾ ਹੋਵੈ ਵਾਉ।"
—ਮਾਝ **੧**, ਵਾਰ ੯ਸ, **੧**, ੪ : ੧ (142)
"**ਪਾਲਾ** ਤਾਊ ਕਛੂ ਨ ਬਿਆਪੈ ਰਾਮ ਨਾਮ ਗੁਨ ਗਾਇ।" (ਭਾਵ ਡਰ, ਭਉ)
—ਆਸਾ **੫**, ੩੧, ੧ : ੧ (378)
3. ਪਾਲਿਆ, ਪਾਲਣਾ ਕੀਤੀ
"ਕਰਿ ਕਿਰਪਾ ਅਪੁਨੇ ਕਰਿ ਰਾਖੇ ਮਾਤ ਪਿਤਾ ਜਿਉ **ਪਾਲਾ**।"
—ਸੋਰ **੫**, ੫੮, ੧* : ੨ (623)
4. ਪੱਲੇ

"ਗੁਰ ਕਾ ਬਚਨੁ ਤਿਨਿ ਬਾਧਿਓ **ਪਾਲਾ**।"
—ਪ੍ਰਭਾ **੫**, ਅਸ ੨, ੮ : ੨ (1348)

ਪਾਲਿ — 1. ਕੰਧ, ਪਰਦਾ
"ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ **ਪਾਲਿ**।"
— ਜਪੁ **੧**, ੧ : ੭ (1)

2. ਬੰਨ੍ਹ, ਬੰਧ
"ਸੂਕੇ ਸਰਵਰਿ **ਪਾਲਿ** ਬੰਧਾਵੈ ਲੂਣੈ ਖੇਤਿ ਹਥ ਵਾਰਿ ਕਰੈ।"
—ਆਸਾ **ਕਬ**, ੧੫, ੨ : ੧ (479)

3. ਪਾਲਣਾ ਕਰਕੇ
"ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ **ਪਾਲਿ**।"
—ਬਿਹਾ **੪**, ਵਾਰ ੧੪ਸ, **੫**, ੨ : ੨ (554)

4. ਕੰਢਿਆਂ ਤੱਕ, ਵਟਾਂ ਤੱਕ
"ਕਬੀਰ **ਪਾਲਿ** ਸਮੁਹਾ ਸਰਵਰੁ ਭਰਾ ਪੀ ਨ ਸਕੈ ਕੋਈ ਨੀਰੁ।"
—ਸਲੋ **ਕਬ**, ੧੭੦ : ੧ (1373)

"ਨਾਨਕ ਗੁਰਮੁਖਿ ਉਬਰੇ ਗੁਰੁ ਸਰਵਰੁ ਸਚੀ **ਪਾਲਿ**।" (ਵੱਟ ਸਚ ਦੀ ਹੈ)
—ਸਲੋ **੧**, ੮ : ੪ (1411)

ਪਾਲਿਓ — 1. ਪਾਲੇ, ਨਿਭਾਏ, ਪੂਰੇ ਕੀਤੇ
"ਪੁਤ੍ਰੀ ਕਉਲੁ ਨ **ਪਾਲਿਓ** ਕਰਿ ਪੀਰਹੁ ਕੰਨ੍ਹ ਮੁਰਟੀਐ।" —ਰਾਮ **ਬਸ**, ੨ : ੧੦ (967)

2. ਪਾਲਣਾ ਕੀਤੀ, ਪਾਲੇ
"ਕਬੀਰ ਹਰਿ ਕਾ ਸਿਮਰਨੁ ਛਾਡਿ ਕੈ **ਪਾਲਿਓ** ਬਹੁਤੁ ਕੁਟੰਬੁ।"
—ਸਲੋ **ਕਬ**, ੧੦੬ : ੧ (1370)

ਹੋਰ ਰੂਪ — ਪਾਲਿਆ —
"ਆਪੇ ਰਚਨੁ ਰਚਾਇ ਆਪੇ ਹੀ **ਪਾਲਿਆ**।"
—ਗੂਜ **੫**, ਵਾਰ ੧੯ : ੬ (523)

ਪਾਲੀ —
"ਅਨਿਕ ਜਤਨ ਕਰਿ ਕਾਇਆ **ਪਾਲੀ**।"
—ਗਉ **ਕਬ**, ੧੧, ੨ : ੧ (325)

ਪਾਲੀ — 1. ਪਾਲਣਾ ਕੀਤੀ, ਵੇਖੋ 'ਪਾਲਿਓ' (2)

2. ਲੜ, ਪਲੇ
"ਸਤਗੁਰੁ ਦਇਆ ਕਰੇ ਸੁਖਦਾਤਾ ਹਮ ਲਾਵੈ ਆਪਨ **ਪਾਲੀ**।"—ਧਨਾ **੪**, ੪, ੧ : ੨ (667)

3. ਨਿਭਾਹੀ
"ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ **ਪਾਲੀ**।"
—ਸਾਰ **ਪਰ** ੧, ੩ : ੧ (1253)

ਪਾਲੀਅਹਿ — ਪਾਲੀਦੇ ਹਨ, ਪਾਲਣਾ ਕਰੀਦੀ ਹੈ
"ਹਰ ਰੰਗੀ ਤੁਰੇ ਨਿਤ **ਪਾਲੀਅਹਿ** ਕਿਤੈ ਕਾਮਿ ਨ ਆਈ।" —ਸੋਰ **੪**, ਵਾਰ ੧੫ : ੩ (648)

ਹੋਰ ਰੂਪ — ਪਾਲੀਐ —
"ਮੇਰਾ ਮੇਰਾ ਕਰਿ **ਪਾਲੀਐ** ਵਣਜਾਰਿਆ ਮਿਤ੍ਰਾ ਲੇ ਮਾਤ ਪਿਤਾ ਗਲਿ ਲਾਇ।" (ਪਾਲਣਾ ਕਰੀਏ) —ਸਿਰੀ **੪**, ਪਹ ੩, ੨ : ੨ (76)

"ਜਿਸਹਿ ਬੁਝਾਏ ਸੋਈ ਬੂਝੈ ਓਹੁ ਬਾਲਕ ਵਾਗੀ **ਪਾਲੀਐ**।" (ਪਾਲਦਾ ਹੈ)
—ਮਾਰੂ **੫**, ਅਸ ੭, ੫ : ੩ (1019)

ਪਾਲੁ — ਪਲੰਘ, ਸੇਜਾ
"ਜਾ ਚੈ ਘਰਿ ਕੂਰਮਾ **ਪਾਲੁ** ਸਹਸ੍ਰ ਫਨੀ ਬਾਸਕੁ ਸੇਜ ਵਾਲੂਆ।"
—ਮਲਾ **ਨਾਮ**, ੧, ੪ : ੧ (1292)

ਪਾਲੇ — 1. ਨਿਭਾਏ
"ਐਸੀ ਜੁਗਤਿ ਜੋਗ ਕਉ **ਪਾਲੇ**।"
—ਰਾਮ **੧**, ੫, ੧ : ੩ (877)

2. ਪਾਲਦਾ ਹੈ, ਪਰਵਰਸ਼ ਕਰਦਾ ਹੈ
"**ਪਾਲੇ** ਬਾਲਕ ਵਾਗਿ ਦੇ ਕੈ ਆਪਿ ਕਰ।"
—ਰਾਮ **੫**, ੨ : ੪ (957)

ਪਾਲੈ — ਪਲੇ ਵਿਚ
"ਤਿਸ ਕੈ **ਪਾਲੈ** ਕਛੂ ਨ ਪੜੈ।"
—ਗਉ **੫**, ੮੦, ੩ : ੪ (179)

"ਕਰਿ ਸੇਵਾ ਸਤਿਗੁਰ ਅਪੁਨੇ ਕੀ ਗੁਰ ਤੇ ਪਾਈਐ **ਪਾਲੈ**।" (ਪਲੇ ਵਿਚ)
—ਗਉ **੫**, ੧੫੩*, ੩ : ੨ (213)

ਪਾਵ — ਪੈਰ, ਪਦ
"**ਪਾਵ** ਮਲੋਵਾ ਮਲਿ ਮਲਿ ਧੋਵਾ ਮਿਲਿ ਹਰਿ ਜਨ ਹਰਿ ਰਸੁ ਪੀਚੈ ਜੀਉ।"
—ਮਾਝ **੪**, ੬, ੨ : ੩ (96)

ਪਾਵਉ — 1. ਪ੍ਰਾਪਤ ਹੋਵੇ, ਪ੍ਰਾਪਤ ਕਰਾਂ, ਮਿਲੇ
"ਰਮਈਆ ਰੇਨੁ ਸਾਧ ਜਨ **ਪਾਵਉ**।"
—ਗਉ **੫**, ੭੫, ੧* : ੧ (177)

"ਸਾਧਸੰਗਿ ਤਾ ਬੈਠਣੁ **ਪਾਵਉ**।" (ਪਾਵਾਂਗਾ, ਮਿਲੇਗਾ) —ਗਉ **੫**, ੬੧, ੪ : ੨ (183)

"ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ **ਪਾਵਉ**।" (ਪ੍ਰਾਪਤ ਕਰੋ) —ਗਉ **੯**, ੫; ੨ : ੨ (219)

"ਪਾਛੈ ਬਹੁਰਿ ਨ ਆਵਨੁ **ਪਾਵਉ**।" (ਹੋਵੇ, ਪ੍ਰਾਪਤ ਕਰਾਂ) —ਧਨਾ **ਨਾਮ**, ੨, ੧* : ੧ (693)

ਹੋਰ ਰੂਪ — ਪਾਵਓ —

"ਕਰਿ ਦਇਆ ਦਾਨੁ ਦਇਆਲ ਸਾਚਾ ਹਰਿ ਨਾਮ ਸੰਗਤਿ **ਪਾਵਓ**।" (ਪ੍ਰਾਪਤ ਕਰਾਂ) —ਤੁਖਾ **੧**, ਛੰਤ ੬, ੫ : ੫ (1113)

2. ਭਾਵ ਵੇਖਾਂ, ਨਿਕਲੇ

"ਓਹੁ ਸੁਖੁ ਤਿਲੁ ਸਮਾਨਿ ਨ **ਪਾਵਉ**।" —ਆਸਾ **੫**, ੧੧, ੧ : ੪ (373)

3. ਗ੍ਰਹਿਣ ਕਰਾਵਾਂ, ਪਾਵਾਂ

"ਦੇਹ **ਪਾਵਉ** ਜੀਨ ਬੁਝਿ ਚੰਗਾ ਰਾਮ।" (ਦੇਹ ਰੂਪ ਘੋੜੀ ਨੂੰ ਜ਼ੀਨ ਇਹ ਪਾਵਾਂ) —ਵਡ **੪**, ਘੋੜੀ ੧, ੨ : ੧ (575)

ਪਾਵਈ — 1. ਪ੍ਰਾਪਤ ਕਰਨਾ

"ਹਰਿ ਕਾ ਮਹਲੁ ਨ **ਪਾਵਈ** ਮਰਿ ਵਿਸਟਾ ਮਾਹਿ ਸਮਾਇ।" —ਸਿਰੀ **੩**, ੩੫, ੧ : ੨ (26)

ਹੋਰ ਰੂਪ — ਪਾਵਏ —

"ਤਨੁ ਮਨੁ ਪਿਰ ਆਗੈ ਸਬਦਿ ਸਭਾਗੈ ਘਰਿ ਅੰਮ੍ਰਿਤ ਫਲੁ **ਪਾਵਏ**।" (ਪ੍ਰਾਪਤ ਕਰਦਾ ਹੈ) —ਆਸਾ **੧**, ਛੰਤ ੧, ੪ : ੪ (436)

2. ਪਾਈ ਜਾ ਸਕਦੀ

"ਤਿਚਰੁ ਥਾਹ ਨ **ਪਾਵਈ** ਜਿਚਰੁ ਸਾਹਿਬ ਸਿਉ ਮਨ ਭੰਨੈ।"—ਮਾਰੂ **੫**, ਵਾਰ ੧੧ : ੬ (1098)

ਪਾਵਏ — 1. ਪ੍ਰਾਪਤ ਕਰਦਾ ਹੈ, ਵੇਖੋ 'ਪਾਵਈ' (1)

2. ਪਾਉਂਦਾ/ਡਾਲਦਾ ਹੈ

"ਪਿੰਡੁ ਪਤੁਲਿ ਕਿਰਿਆ ਦੀਵਾ ਫੁਲ ਹਰਿ ਸਰਿ **ਪਾਵਏ**।" —ਰਾਮ **ਸੁੰਦ**, ਸਦ ੫ : ੪ (923)

ਪਾਵਸ — ਵਰਖਾ ਰੁੱਤ

"ਤਹ **ਪਾਵਸ** ਸਿੰਧੁ ਧੂਪ ਨਹੀ ਛਹੀਆ ਤਹ ਉਤਪਤਿ ਪਰਲਉ ਨਾਹੀ।" —ਗਉ **ਕਬ**, ੪੮, ੧ : ੧ (333)

('ਮਹਾਨਕੋਸ਼', ਇਸ ਦੇ ਅਰਥ ਅਕਾਸ਼ ਤੇ ਪ੍ਰਿਥਵੀ ਕਰਦਾ ਹੈ)

ਪਾਵਸਿ — 1. ਪਾਵੇਗਾ, ਪ੍ਰਾਪਤ ਕਰੇਗਾ

"ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ ਇਉ **ਪਾਵਸਿ** ਪਦੁ ਨਿਰਬਾਣੀ।" —ਸਿਰੀ **੧**, ੨੬, ੧ : ੨ (23)

2. ਵਰਖਾ, ਝੜੀ

"ਤਾ ਤੇ ਬਿਖੈ ਭਈ ਮਤਿ **ਪਾਵਸਿ** ਕਾਇਆ ਕਮਲੁ ਕੁਮਲਾਣਾ।" —ਸਿਰੀ **ਬੇਣੀ**, ੧, ੪ : ੩ (93)

ਪਾਵਸਿਤਾ — ਪਾਵੇਂ/ਲੱਭੇ ਗਾ

"ਜੋਗ ਜੁਗਤਿ ਇਵ **ਪਾਵਸਿਤਾ**।" —ਗਉ **੧**, ੧੫, ੧* : ੧ (155)

ਪਾਵਸੀ — ਪਾਵੇਗਾ

"ਕਰਸਨਿ ਤਖਤਿ ਸਲਾਮੁ ਲਿਖਿਆ **ਪਾਵਸੀ**।" —ਮਾਝ **੧**, ਵਾਰ ੧੧ : ੮ (143)

ਪਾਵਹ — ਪ੍ਰਾਪਤ ਕਰੀਏ, ਪਾਈਏ

"ਹਮ ਮੂਰਖ ਕਿਛੂਅ ਨ ਜਾਣਹਾ ਕਿਵ **ਪਾਵਹ** ਪਾਰੋ।" —ਆਸਾ **੪**, ੧੨, ੩ : ੩ (450)

ਹੋਰ ਰੂਪ — ਪਾਵਹਿ —

"ਸੁਣਿਐ ਪੜਿ ਪੜਿ **ਪਾਵਹਿ** ਮਾਨੁ।" (ਪ੍ਰਾਪਤ ਕਰਦਾ/ਪਾਉਂਦਾ ਹੈ)—ਜਪੁ **੧**, ੧੦ : ੩ (3)

ਪਾਵਹੀ —

"ਕਿਸ ਹੀ ਚਿਤਿ ਨ **ਪਾਵਹੀ** ਬਿਸਰਿਆ ਸਭ ਸਾਕ।" (ਯਾਦ ਨਹੀਂ ਕਰਦਾ, ਮਨ ਨਹੀਂ ਲਿਆਉਂਦਾ)—ਸਿਰੀ **੫**, ੭੧, ੨ : ੩ (42)

"ਬਿਨੁ ਸਤਿਗੁਰ ਸੇਵੇ ਠਵਰ ਨ **ਪਾਵਹੀ** ਮਰਿ ਜੰਮਹਿ ਆਵਹਿ ਜਾਹਿ।" (ਪ੍ਰਾਪਤ ਕਰਦਾ) —ਬਿਹਾ **੪**, ਵਾਰ ੧੧ਸ, **੪**, ੧ : ੨ (552)

ਪਾਵਹੁ — 1. ਪਾਓ

"ਸੰਬਤਿ ਸਾਹਾ ਲਿਖਿਆ ਮਿਲਿ ਕਰਿ **ਪਾਵਹੁ** ਤੇਲੁ।" (ਭਾਵ ਤੇਲ ਚੋਵੋ) —ਗਉ **੧**, ਸੋਲਾ ੧, ੩ : ੧ (12)

2. ਪਾਵੋ, ਪ੍ਰਾਪਤ ਕਰੋ

"ਨਿਜ ਘਰਿ ਮਹਲੁ **ਪਾਵਹੁ** ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ।" —ਗਉ **੫**, ਸੋਲਾ ੫, ੩ : ੨ (13)

ਹੋਰ ਰੂਪ — ਪਾਵਹੇ —
"ਮਨਿ ਬਚਨਿ ਕਰਮਿ ਜਿ ਤੁਧੁ ਅਰਾਧਹਿ ਸੇ ਸਭੇ ਫਲ **ਪਾਵਹੇ**।" (ਪ੍ਰਾਪਤ ਕਰਦਾ ਹੈ)
—ਗਉ **੫**, ਛੰਤ ੨, ੩ : ੪ (248)

ਪਾਵਕ — ਜੋ ਪਵਿਤਰ ਕਰੇ, ਅਗਨੀ
"ਨਾਨਕ ਜਿਉ **ਪਾਵਕ** ਕਾ ਸਹਜ ਸੁਭਾਉ।"
—ਗਉ **੫**, ਸੁਖ ੮, ੧ : ੧੦ (272)
"**ਪਾਵਕ** ਤੋਅ ਅਸਾਧ ਘੋਰੰ ਅਗਮ ਤੀਰ ਨਹ ਲੰਘਨਹ।" (ਤ੍ਰਿਸ਼ਨਾ ਰੂਪੀ ਅੱਗ)
—ਸਸ **੫**, ੫੮ : ੪ (1359)

ਹੋਰ ਰੂਪ — ਪਾਵਕੁ —
"ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ **ਪਾਵਕੁ** ਤਿਨਹਿ ਕੀਆ।" (ਤ੍ਰਿਸ਼ਨਾ ਰੂਪੀ ਅੱਗ)
—ਆਸਾ **੧**, ਸੋਪੁ ੩, ੧ : ੧ (12)
"ਰਵਿ ਸਸਿ ਪ੍ਵਣੁ **ਪਾਵਕੁ** ਨੀਰਾਰੇ।"
—ਗਉ **੫**, ਅਸ ੪, ੩ : ੨ (237)

ਪਾਵਕੁ — 1. ਅਗਨ ਵੇਖੋ 'ਪਾਵਕ'
2. ਭਾਵ ਜੋਤ
"ਘਰਿ ਘਰਿ ਲਸਕਰੁ **ਪਾਵਕੁ** ਤੇਰਾ ਧਰਮੁ ਕਰੇ ਸਿਕਦਾਰੀ।"
—ਬਸੰ **੧**, ਅਸ ੮, ੨ : ੧ (1190)

ਹੋਰ ਰੂਪ — ਪਾਵਕੋ —
"ਨਾਨਕ ਰਾਮ ਨਾਮੁ ਜਪਿ **ਪਾਵਕੋ** ਤਿਨ ਕਿਲਬਿਖ ਦਾਹਨਹਾਰ।"
—ਗਉ **੫**, ਛੰਤ ੩, ੧ਸ : ੨ (248)

ਪਾਵਣ — ਪਾਉਣ ਲਈ
"ਹਰਿ ਚੇਤਿ ਰੇ ਮਨ ਮਹਲੁ **ਪਾਵਣ** ਸਭ ਦੂਖ ਭੰਜਨੁ ਰਾਇਆ।" —ਗਉ **੪**, ੧, ੩ : ੧ (984)

ਪਾਵਣਹਾਰਾ — ਪਾਉਣ ਵਾਲਾ
"ਆਪੇ ਮਾਰਗਿ **ਪਾਵਣਹਾਰਾ** ਆਪੇ ਕਰਮ ਕਮਾਏ।" —ਵਡ **੧**, ਅਲਾ ੪, ੪ : ੫ (581)

ਹੋਰ ਰੂਪ — ਪਾਵਣਹਾਰੈ —
"ਕੀਮਤਿ ਪਾਈ **ਪਾਵਣਹਾਰੈ**।"
—ਮਾਰੂ **੧**, ਸੋਲਾ ੧੬, ੫ : ੧ (1036)

ਪਾਵਣਾ — 1. ਪ੍ਰਾਪਤ ਕਰਨਾ, ਪਾਉਣਾ
"ਮਨ ਚਿੰਦਿਆ ਵਰੁ **ਪਾਵਣਾ** ਜੋ ਇਛੈ ਸੋ ਫਲੁ ਪਾਇ।" —ਸਿਰੀ **੩**, ੩੪, ੧ : ੩ (26)
"ਮੰਦਾ ਕਿਸੈ ਨ ਆਖਿ ਝਗੜਾ **ਪਾਵਣਾ**।" (ਭਾਵ ਖੜ੍ਹਾ ਕਰਨਾ)
—ਵਡ **੧**, ਛੰਤ ੧, ੩ : ੨ (566)
2. ਪਾਇਆ ਜਾਣਾ, ਪੈਣਾ
"ਜੋ ਜੋ ਜਪੈ ਸੋਈ ਵਡਭਾਗੀ ਬਹੁੜਿ ਨ ਜੋਨੀ **ਪਾਵਣਾ**।"
—ਮਾਰੂ **੫**, ਸੋਲਾ ੧੪, ੬ : ੩ (1086)
"ਅਕਿਰਤ ਘਣੈ ਕਉ ਰਖੈ ਨਾ ਕੋਈ ਨਰਕ ਘੋਰ ਮਹਿ **ਪਾਵਣਾ**।" (ਭਾਵ ਸੁਟਣਾ)
—ਮਾਰੂ **੫**, ਸੋਲਾ ੧੪, ੭ : ੩ (1086)

ਪਾਵਣਿਆ — 1. ਪਾਉਂਦਾ ਹੈ, ਪ੍ਰਾਪਤ ਕਰਦਾ ਹੈ
"ਅਨਦਿਨੁ ਸਦਾ ਰਹੈ ਰੰਗਿ ਰਾਤਾ ਦਰਿ ਸਚੈ ਸੋਝੀ **ਪਾਵਣਿਆ**।" (ਭਾਵ ਪੈਂਦੀ)
—ਮਾਝ **੩**, ਅਸ ੨, ੪ : ੩ (110)
"ਅਨਦਿਨੁ ਸਦਾ ਫਿਰੈ ਬਿਲਲਾਈ ਬਿਨੁ ਪਿਰ ਨੀਦ ਨ **ਪਾਵਣਿਆ**।"
—ਮਾਝ **੩**, ਅਸ ੩, ੪ : ੩ (110)
2. ਪਾਉਣ ਵਾਲਾ, ਪ੍ਰਾਪਤ ਕਰਤਾ
"ਨਾਨਕ ਆਪੇ ਆਪਿ ਵਰਤੈ ਗੁਰਮੁਖਿ ਸੋਝੀ **ਪਾਵਣਿਆ**।"
—ਮਾਝ **੩**, ਅਸ ੭, ੮ : ੩ (113)

ਪਾਵਣੇ — ਪ੍ਰਾਪਤ ਕਰੀਦੇ ਹਨ
"ਪੂਰਬ ਲਿਖੇ **ਪਾਵਣੇ** ਸਾਚੁ ਨਾਮੁ ਦੇ ਰਾਸਿ।"
—ਸਿਰੀ **੫**, ੯੯, ੪ : ੨ (52)

ਪਾਵਤ — 1. ਪ੍ਰਾਪਤ ਕਰਦਾ, ਪਾਉਂਦਾ
"ਸੰਗਿ ਬੈਠਨੋ ਕਹੀ ਨ **ਪਾਵਤ** ਹੁਣਿ ਸਗਲ ਚਰਣ ਸੇਵਈ।" —ਆਸਾ **੫**, ੧੨੪, ੨ : ੨ (402)
"ਸੁਖ ਕੈ ਹੇਤਿ ਬਹੁਤੁ ਦੁਖੁ **ਪਾਵਤ** ਸੇਵ ਕਰਤ ਜਨ ਜਨ ਕੀ।" —ਆਸਾ **੯**, ੧, ੧ : ੧ (411)

ਹੋਰ ਰੂਪ — ਪਾਵਤੁ —
"**ਪਾਵਤੁ** ਰਲੀਆ ਜੋਬਨਿ ਬਲੀਆ।" (ਪ੍ਰਾਪਤ ਕਰਦਾ ਹੈ) —ਆਸਾ **੫**, ੫੫, ੧ : ੧ (385)
2. ਪਾਏ, ਸਕਿਆ, ਲਏ
"ਆਨ ਉਪਾਵ ਜੇਤੇ ਕਿਛੁ ਕਹੀਅਹਿ ਤੇਤੇ ਸੀਖੇ **ਪਾਵਤ**।" (ਸਿਖ ਪਾਇਆ/ਲਏ ਹਨ)
—ਸਾਰ **੫**, ੯, ੩ : ੧ (1205)
"ਜਿਹ ਘਰ ਮਹਿ ਬੈਸਨੁ ਨਹੀ **ਪਾਵਤ** ਸੋ ਥਾਨੁ

ਮਿਲਿਓ ਬਾਸਾਨੀ।" (ਪਾਂਦਾ, ਸਕਦਾ)
—ਸਾਰ **ਪ**, ੩੧, ੧ : ੨ (1210)

ਪਾਵਨ — 1. ਪਵਿੱਤਰ ਕਰਨ ਵਾਲਾ
"ਪਤਿਤ **ਪਾਵਨ** ਨਾਮੁ ਕੈਸੇ ਹੁੰਤਾ।"
—ਸਿਰੀ **ਰਵਿ**, ੧, ੧* : ੨ (93)

ਹੋਰ ਰੂਪ — ਪਾਂਵਨ —
"ਸਰਬ ਸੀਲ ਮਮੰ ਸੀਲੰ ਸਰਬ **ਪਾਂਵਨ** ਮਮ ਪਾਂਵਨਹ।" (ਪਵਿਤਰ ਕਰਨ ਵਾਲਾ)
—ਸਸ **ਪ**, ੩੮ : ੧ (1357)

ਪਾਂਵਨਹ —
"ਸਰਬ ਸੀਲ ਮਮੰ ਸੀਲੰ ਸਰਬ ਪਾਂਵਨ ਮਮ **ਪਾਂਵਨਹ**।" (ਪਵਿਤਰ ਕਰਦਾ ਹੈ)
—ਸਸ **ਪ**, ੩੮ : ੧ (1357)

2. ਪਵਿੱਤਰ, ਸ਼ੁੱਧ
"ਗੁਰ ਤੇ ਪਵਿਤ **ਪਾਵਨ** ਸੁਚਿ ਹੋਇ।"
—ਗਉ **੩**, ੨੨, ੨ : ੩ (158)
"ਇਕਿ ਧੁਰਿ ਪਵਿਤ **ਪਾਵਨ** ਹਹਿ ਤੁਧੁ ਨਾਮੇ ਲਾਏ।"
—ਆਸਾ **੩**, ਅਸ ੩੨, ੪ : ੧ (427)
"**ਪਾਵਨ** ਪਤਿਤ ਪੁਨੀਤ ਕਤਹ ਨਹੀ ਸੇਵੀਐ।" (ਪਵਿਤਰ ਹਰੀ)—ਫੁਨ **ਪ**, ੧੯ : ੧ (1363)

3. ਪਾ ਲੈਂਦਾ ਹੈ
"ਸਰਣੀ **ਪਾਵਨ** ਨਾਮ ਧਿਆਵਨ ਸਹਜਿ ਸਮਾਵਨ ਸੰਗਿ।" —ਧਨਾ **ਪ**, ੩੫, ੧* : ੨ (680)

4. ਪਵਿਤਰ ਹੋ ਜਾਈਦਾ ਹੈ
"ਕੋਟਿ ਜਨਮ ਕੇ ਕਿਲਬਿਖ ਨਾਸਹਿ ਸਿਮਰਤ **ਪਾਵਨ** ਤਨ ਮਨ ਸੁਖ।"
—ਟੋਡੀ **ਪ**, ੨੯, ੧ : ੧ (717)

5. ਪਵਿਤਰ ਕੀਤੇ
"ਗੋਤਮ ਨਾਰਿ ਅਹਿਲਿਆ ਤਾਰੀ **ਪਾਵਨ** ਕੇਤਕ ਤਾਰੀਅਲੇ।"
—ਮਾਲੀ **ਨਾਮ**, ੨, ੨ : ੧ (988)
(ਮਹਾਨਕੋਸ਼ ਇਥੇ ਅਰਥ 'ਸ਼ਰਨਾਗਤ, ਸ਼ਰਨ ਆਇਆ' ਕਰਦੇ ਹਨ)

6. ਪੈਰ
"**ਪਾਵਨ** ਧਾਵਨ ਸੁਆਮੀ ਸੁਖ ਪੰਥਾ ਅੰਗ ਸੰਗ ਕਾਇਆ ਸੰਤ ਸਰਸਨ।"
—ਕਾਨ **ਪ**, ੨੯, ੧ : ੨ (1303)
"ਧਾਵਨ **ਪਾਵਨ** ਕੂਰ ਕਮਾਵਨ ਇਹ ਬਿਧਿ ਕਰਤ ਅਉਧ ਤਨ ਜਾਰੀ।"
—ਸਮੁ **ਪ**, ੬* : ੩ (1388)

ਪਾਵਨਾ — 1. ਪਵਿਤਰ
"ਪਾਵਨਾ ਤੇ ਮਹਾ **ਪਾਵਨ** ਕੋਟਿ ਦਾਨ ਇਸਨਾਨ।"
—ਮਾਰੂ **ਪ**, ਅਸ ੨, ੭ : ੨ (1017)

ਹੋਰ ਰੂਪ — ਪਾਵਨੁ —
"ਪਵਿਤੁ **ਪਾਵਨੁ** ਪਰਮ ਬੀਚਾਰੀ।"
—ਗਉ **੪**, ਵਾਰ ੩੩ਸ, **੩**, ੧ : ੩ (317)

2. ਪਾਉਣਾ, ਧਾਰਨ ਕਰਨਾ
"ਦਰਸਨੁ ਭੇਟਤ ਹੋਤ ਪੁਨੀਤਾ ਪੁਨਰਪਿ ਗਰਭ ਨ **ਪਾਵਨਾ**।"
—ਮਾਰੂ **ਪ**, ਅਸ ੫, ੪ : ੧ (1018)

ਹੋਰ ਰੂਪ — ਪਾਵਨਿ —
"ਨਿੰਦਕ ਟਿਕਨੁ ਨ **ਪਾਵਨਿ** ਮੂਲੇ ਊਡਿ ਗਏ ਬੇਕਾਰ।" (ਪਾਉਂਦੇ)
—ਧਨਾ **ਪ**, ੫੨, ੧* : ੨ (683)

ਪਾਵਨੁ — 1. ਪਵਿਤਰ ਵੇਖੋ 'ਪਾਵਨਾ' (1)
"ਹਰਿ ਨਾਮੁ ਹਿਰਦੈ ਪਵਿਤ੍ਰੁ **ਪਾਵਨੁ** ਇਹੁ ਸਰੀਰੁ ਤਉ ਸਰਣੀ।" (ਪਵਿਤਰ, ਸ਼ੁਧ)
—ਗੂਜ **੧**, ਅਸ ੫, ੭ : ੨ (506)

2. ਪੈਂਦੇ ਹਨ
"ਕੋ ਰੋਵੈ ਕੋ ਹਸਿ ਹਸਿ **ਪਾਵਨੁ**।"
—ਆਸਾ **ਪ**, ੭੫, ੧* : ੨ (389)

3. ਪਵਿਤਰ ਕਰਨ ਵਾਲਾ
"ਪਤਿਤ **ਪਾਵਨੁ** ਤੇਰੋ ਨਾਮੁ ਪਾਰਬ੍ਰਹਮ ਮੈ ਏਹਾ ਓਟਾਇਆ।"
—ਆਸਾ **ਪ**, ੧੨੫, ੧* : ੨ (402)

ਪਾਵਨੇ — ਪਾਉਂਦੇ ਹਨ
"ਅਲਿਪਤ ਬੰਧਨ ਰਹਤ ਕਰਤਾ ਕੀਆ ਆਪਨਾ **ਪਾਵਨੇ**।" —ਬਿਹਾ **ਪ**, ਛੰਤ ੮, ੨ : ੪ (547)

ਪਾਵਨੋ — ਪਵਿਤਰ ਕਰਨ ਵਾਲਾ
"ਬੋਲਹੁ ਭਈਆ ਰਾਮ ਨਾਮੁ ਪਤਿਤ **ਪਾਵਨੋ**।"
—ਬਿਲਾ **੪**, ੭, ੧* : ੧ (801)

ਪਾਵੜੈ — ਰਕਾਬਾਂ
"ਸਹਜ ਕੈ **ਪਾਵੜੈ** ਪਗੁ ਧਰਿ ਲੀਜੈ।"
—ਗਉ **ਕਬ**, ੩੧, ੧* : ੨ (329)

ਪਾਵਾ — 1. ਪ੍ਰਾਪਤ ਕਰਾਂ, ਪ੍ਰਾਪਤ ਕੀਤਾ, ਪਾਇਆ
"ਸਾਧੂ ਸੰਗੁ ਮਸਕਤੇ ਤੂਠੈ **ਪਾਵਾ** ਦੇਵ।"
—ਸਿਰੀ **੫**, ੭੫, ੩ : ੨ (44)
"ਸਰਬ ਨਿਧਾਨ ਨਾਮਿ ਹਰਿ ਹਰਿ ਕੈ ਜਿਸੁ ਕਰਮਿ ਲਿਖਿਆ ਤਿਨਿ **ਪਾਵਾ**।" (ਪਾਇਆ)
—ਸਾਰ **੫**, ੩੮, ੨ : ੧ (1212)
2. ਪਵਾਂ
"ਤਿਆਗੀ ਸਰਨਿ **ਪਾਵਾ**।"
—ਸਿਰੀ **੫**, ਅਸ ੨੭, ੮ : ੨ (71)
3. ਲਭ ਲਿਆ ਹੈ, ਪਾ ਲਿਆ ਹੈ
"ਜਿਹ ਗੜੁ ਗੜਿਓ ਸੁ ਗੜ ਮਹਿ **ਪਾਵਾ**।"
—ਗਉ **ਕਬ**, ਬਾਅ ੨੦ : ੪ (341)
4. ਪੈਰਾਂ
"ਪੰਚ ਮਾਰਿ **ਪਾਵਾ** ਤਲਿ ਦੀਨੇ।"
—ਆਸਾ **ਕਬ**, ੩, ੨ : ੩ (476)
5. ਸਕਾਂ
"ਨਾਨਕ ਕੀ ਪ੍ਰਭ ਪਾਸਿ ਬੇਨੰਤੀ ਤੇਰੇ ਜਨ ਦੇਖਣੁ **ਪਾਵਾ**।" —ਸੂਹੀ **੫**, ੫੪, ੪ : ੨ (749)

ਪਾਵਾੜਾ — ਸੰਸਾਰ ਅਖਾੜਾ
"ਗੁਰਿ ਭਉਜਲੁ ਪਾਰਿ ਲੰਘਾਇਆ ਜਿਤਾ **ਪਾਵਾੜਾ**।" —ਮਾਰੂ **੫**, ਵਾਰ ੧੦ : ੩ (1097)

ਪਾਵੀਐ — ਪਾਈਏ, ਪ੍ਰਾਪਤ ਕਰੀਏ
"ਸਭੁ ਕੋ ਭਗਤਿ ਕਰੇ ਹਰਿ ਕੇਰੀ ਹਰਿ ਭਾਵੈ ਸੋ ਥਾਇ **ਪਾਵੀਐ** ਰੇ।"
—ਕੇਦਾ **੪**, ੧, ੧ : ੨ (1118)
"ਹਮ ਬਾਰਿਕ ਹਰਿ ਪਿਤਾ ਪ੍ਰਭ ਮੇਰੇ ਮੋਕਉ ਦੇਹੁ ਮਤੀ ਜਿਤੁ ਹਰਿ **ਪਾਵੀਐ** ਰੇ।"
—ਕੇਦਾ **੪**, ੧, ੪ : ੧ (1118)

ਪਾਵੇ — ਪਾਏ/ਪ੍ਰਾਪਤ ਕੀਤੇ ਹਨ
"ਹਰਿ ਸੰਤਨ **ਪਾਵੇ**।"
—ਆਸਾ **੫**, ੧੪੭, ੧* : ੨ (407)

ਪਾਵੈ — 1. ਪ੍ਰਾਪਤ ਕਰਦਾ ਹੈ, ਪਾਉਂਦਾ ਹੈ
"ਜੇ ਕੋ **ਪਾਵੈ** ਤਿਲ ਕਾ ਮਾਨੁ।"
—ਜਪੁ **੧**, ੨੧ : ੨ (4)
2. ਭਾਵ ਸਕਨਾ, ਪਾ ਸਕਦਾ
"ਜੋ ਹਰਿ ਜਨ ਭਾਵੈ ਸੋ ਕਰੇ ਦਰਿ ਫੇਰੁ ਨ **ਪਾਵੈ** ਕੋਇ।" —ਸਿਰੀ **੫**, ੭੧, ੪ : ੩ (42)
3. ਪਾਏ
"ਹਰਿ ਕੀ ਸੇਵਾ ਸਫਲ ਹੈ ਗੁਰਮੁਖਿ **ਪਾਵੈ** ਥਾਇ।"
—ਸਿਰੀ **੪**, ਵਾਰ ੧੦ : ੧ (86)
"ਗਊ ਚਰਿ ਸਿੰਘ ਪਾਛੈ **ਪਾਵੈ**।" (ਪਾਉਂਦਾ ਹੈ)
—ਗਉ **੫**, ੧੬੦, ੨ : ੨ (198)
4. ਪੈਰੀਂ
"ਹਮ ਹਰਿ ਰਾਖੇ ਲਗਿ ਸਤਿਗੁਰ **ਪਾਵੈ**।"
—ਆਸਾ **੫**, ੧, ੨ : ੪ (370)

ਪਾੜ — ਨਾਲ ਦੀ, ਪਾਸ ਦੀ
"**ਪਾੜ** ਪੜੋਸਣਿ ਪੂਛਿ ਲੇ ਨਾਮਾ ਕਾ ਪਹਿ ਛਾਨਿ ਛਵਾਈ ਹੋ।" —ਸੋਰ **ਨਾਮ**, ੨, ੧ : ੧ (657)

ਪਾੜਤੀ — ਫਾੜਦੀ
"ਕਾਇ ਪਟੋਲਾ **ਪਾੜਤੀ** ਕੰਬਲੜੀ ਪਹਿਰੇਇ।"
—ਸਲੋ **ਫਰ**, ੧੦੪ : ੧ (1383)

ਪਾੜਿ — ਫਾੜ ਕੇ
"ਫਰੀਦਾ **ਪਾੜਿ** ਪਟੋਲਾ ਧਜ ਕਰੀ ਕੰਬਲੜੀ ਪਹਿਰੇਉ।" —ਸਲੋ **ਫਰ**, ੧੦੩ : ੧ (1387)

ਪਾੜੀ — ਛੁਟੀ
"ਪਾਹਰ ਬੋਰੀ ਪਿਰਥਮੀ ਪੰਡਿਤ **ਪਾੜੀ** ਬਾਟ।"
—ਸਲੋ **ਕਬ**, ੧੩੭ : ੨ (1371)

ਪਾੜੇ — ਫਾੜੇ
"ਲੋਹਾ ਵਢੇ ਦਰਜੀ **ਪਾੜੇ** ਸੂਈ ਧਾਗਾ ਸੀਵੈ।"
—ਰਾਮ **੩**, ਵਾਰ ੧੯ਸ, **੧**, ੧ : ੩ (955)

ਪਿਉ — ਪਿਤਾ
"ਸਭਨਾ ਕਾ ਮਾ **ਪਿਉ** ਆਪਿ ਹੈ ਆਪੇ ਸਾਰ ਕਰੇਇ।"
—ਸੋਰ **੪**, ਵਾਰ ੨੯ਸ, **੩**, ੨ : ੨ (653)

ਪਿਊਸ — ਦੇਵਤਿਆਂ ਦੇ ਪੀਣ ਵਾਲਾ ਜਲ, ਅੰਮ੍ਰਿਤ
"ਹੁਤੀ ਜੁ ਪਿਆਸ **ਪਿਊਸ** ਪਿਵੰਨ ਕੀ ਬੰਛਤ ਸਿਧਿ ਕਉ ਬਿਧਿ ਮਿਲਾਯਉ।"
—ਸਵ **੪**, ਨਲ ੧੦ : ੨ (1400)

ਪਿਆਉ — ਸੇਵਨ ਕਰਾਓ, ਪਿਲਾਓ
"ਅਨਦਿਨੁ ਜਾਗੈ ਕਦੇ ਨ ਸੋਵੈ ਸਹਜੇ ਅੰਮ੍ਰਿਤੁ **ਪਿਆਉ**।"
—ਬਿਲਾ **੪**, ਵਾਰ ੯ਸ, **੩**, ੨ : ੨ (853)

ਪਿਆਈ — ਪਿਲਾਈ, ਪਿਆਉਂਦਾ ਹੈ
"ਘਟ ਅੰਤਰਿ ਅੰਮ੍ਰਿਤੁ ਰਖਿਓਨੁ ਗੁਰਮੁਖਿ ਕਿਸੈ

ਪਿਆਈ।" —ਰਾਮ **੩**, ਵਾਰ ੫ : ੫ (951)

ਪਿਆਏ — ਪਿਆਉਂਦਾ ਹੈ

"ਹਰਿ ਰੰਗਿ ਰਹਹਿ ਸਦਾ ਰੰਗਿ ਰਾਤੇ ਰਸਨਾ ਹਰਿ ਰਸੁ **ਪਿਆਏ**।"

—ਗੂਜ **੩**, ਵਾਰ ੧੧ : ੩ (513)

ਪਿਆਸ — ਤ੍ਰਿਖਾ, ਪੀਣ ਦੀ ਇਛਾ, ਲੋਚਾ

"ਹਰਿ ਜਨ ਕੇ ਵਡ ਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ **ਪਿਆਸ**।"

—ਗੂਜ **੪**, ਸੋਦ ੪, ੨ : ੧ (10)

"ਮਨਿ ਤਨਿ **ਪਿਆਸ** ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ।"

—ਮਾਝ **੫**, ਬਾਰਾ ੮ : ੨ (135)

ਪਿਆਸਾ — 1. ਤ੍ਰਿਖਾਵੰਤ, ਲੋਚਾਵਾਨ, ਲੋਚਕ

"ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ **ਪਿਆਸਾ**।"

—ਧਨਾ **੧**, ਸੋਲਾ ੩, ੪ : ੧ (13)

ਹੋਰ ਰੂਪ — ਪਿਆਸਿ —

"ਕਿਆ ਮਾਗਉ ਕਿਆ ਕਹਿ ਸੁਣੀ ਮੈ ਦਰਸਨ ਭੂਖ **ਪਿਆਸਿ** ਜੀਉ।" (ਲੋਚਾ)

—ਸੂਹੀ **੧**, ਕੁਚ ੨ : ੯ (762)

ਪਿਆਸਿਆ —

"ਹਰਿ ਦਿਨੁ ਕਿਉ ਰਹੀਐ ਦੂਖ ਕਿਨਿ ਸਹੀਐ ਚਾਤ੍ਰਿਕ ਬੂੰਦ **ਪਿਆਸਿਆ**।" (ਤ੍ਰਿਖਾਵੰਤ, ਚਾਹਵਾਨ)

—ਕੇਦਾ **੫**, ਛੰਤ ੧, ੨ : ੩ (1122)

2. ਤ੍ਰਿਸ਼ਨਾ

"ਤਿਸ ਤੇ ਉਪਜੇ ਦੇਵ ਮੋਹਿ **ਪਿਆਸਾ**।"

—ਗਉ **੩**, ਅਸ ੪, ੧ : ੨ (230)

"ਜਿਸ ਕਉ ਸਬਦੁ ਬਸਾਵੈ ਅੰਤਰਿ ਚੂਕੈ ਤਿਸਹਿ **ਪਿਆਸਾ**।"

—ਸੂਹੀ **ਕਬ**, ੪, ੩ : ੧ (793)

ਹੋਰ ਰੂਪ — ਪਿਆਸਿ —

"ਇਕੋ ਸਤਿਗੁਰੁ ਜਾਗਤਾ ਹੋਰੁ ਜਗੁ ਸੂਤਾ ਮੋਹਿ **ਪਿਆਸਿ**।" (ਤ੍ਰਿਸ਼ਨਾ)

—ਵਡ **੪**, ਵਾਰ ੧੨ਸ, **੩**, ੨ : ੧ (592)

ਪਿਆਸੀ — ਤ੍ਰਿਖਾਵੰਤ, ਚਾਹਵਾਨ

"ਆਸ **ਪਿਆਸੀ** ਚਿਤਵਉ ਦਿਨੁ ਰੈਨੀ ਹੈ ਕੋਈ ਸੰਤੁ ਮਿਲਾਵੈ ਨੇਰਾ।"

—ਗਉ **੫**, ੧੨੧*, ੧* : ੨ (204)

ਹੋਰ ਰੂਪ — ਪਿਆਸੇ —

"ਬਿਖੁ ਬਿਹਾਝਹਿ ਬਿਖੁ ਮੋਹ **ਪਿਆਸੇ** ਕੂੜੁ ਬੋਲਿ ਬਿਖੁ ਖਾਵਣਿਆ।"

—ਮਾਝ **੩**, ਅਸ ੧੮, ੭ : ੩ (120)

ਪਿਆਸੋ —

"ਭੂਖ **ਪਿਆਸੋ** ਜੋ ਭਵੈ ਕਿਆ ਤਿਸੁ ਮਾਗਉ ਦੇਇ।" —ਮਾਰੂ **੧**, ਅਸ ੩, ੬ : ੧ (1010)

"ਭੂਖ **ਪਿਆਸੋ** ਆਥਿ ਕਿਉ ਦਰਿ ਜਾਇਸਾ ਜੀਉ।" (ਮਾਇਆ ਦਾ ਭੁੱਖਾ ਤੇ ਚਾਹਵਾਨ)

—ਧਨਾ **੧**, ਛੰਤ ੨, ੫ : ੧ (689)

ਪਿਆਰ — 1. ਪ੍ਰੇਮ, ਮੁਹਬਤ, ਸਨੇਹ

"ਸਚੈ ਆਸਣਿ ਸਚਿ ਰਹੈ ਸਚੈ ਪ੍ਰੇਮ **ਪਿਆਰ**।"

—ਸਿਰੀ **੧**, ਅਸ ੬, ੪ : ੩ (56)

2. ਪਿਆਰਾ

"ਸਖਾ ਸੈਨੁ **ਪਿਆਰ** ਪ੍ਰੀਤਮੁ ਨਾਮੁ ਹਰਿ ਕਾ ਜਪੁ ਜਪੋ।" —ਤੁਖਾ **੧**, ਛੰਤ ੬, ੨ : ੬ (1113)

ਪਿਆਰੜੇ — ਹੇ ਪਿਆਰੇ

"ਜੇ ਕਰੁ ਗਹਹਿ **ਪਿਆਰੜੇ** ਤੁਧੁ ਨ ਛੋਡਾ ਮੂਲਿ।"

—ਗਉ **੫**, ਵਾਰ ੧੮ਸ, **੫**, ੨ : ੧ (322)

ਪਿਆਰਾ — ਪ੍ਰਿਯ, ਜਿਸ ਨਾਲ/ਨੂੰ ਪਿਆਰ ਕੀਤਾ ਜਾਏ

"ਇਕੁ ਤਿਲੁ **ਪਿਆਰਾ** ਵੀਸਰੈ ਰੋਗੁ ਵਡਾ ਮਨ ਮਾਹਿ।" —ਸਿਰੀ **੧**, ੨੦, ੧ : ੧ (21)

ਪਿਆਰਿ — ਪਿਆਰ/ਪ੍ਰੇਮ ਦੁਆਰਾ/ਰਾਹੀ/ਸਦਕਾ

"ਸਚੁ ਕਰਣੀ ਦੇ ਪਾਈਐ ਦਰੁ ਘਰੁ ਮਹਲੁ **ਪਿਆਰਿ**।" —ਸਿਰੀ **੧**, ੧੨, ੨ : ੨ (18)

"ਪਹਿਲੈ **ਪਿਆਰਿ** ਲਗਾ ਥਣ ਦੁਧਿ।" (ਪਿਆਰ ਨਾਲ) —ਮਾਝ **੧**, ਵਾਰ ੧ਸ, **੧**, ੨ : ੧ (137)

ਪਿਆਰਿਆ — 1. ਹੇ ਮੇਰੇ ਪਿਆਰੇ

"ਸੁਣਿ ਮਨ ਮਿਤ੍ਰ **ਪਿਆਰਿਆ** ਮਿਲੁ ਵੇਲਾ ਹੈ ਏਹ।" —ਸਿਰੀ **੧**, ੧੭, ੧ : ੧ (20)

2. ਪਿਆਰ ਕੀਤਾ ਹੈ

"ਸੋਹਨਿ ਸਚਿ ਦੁਆਰਿ ਨਾਮੁ **ਪਿਆਰਿਆ**।"

—ਸਿਰੀ **੪**, ਵਾਰ ੧੧ਸ, **੩**, ੧ : ੪ (86)

"ਨਾਨਕ ਗੁਰਮੁਖਿ ਰਸਨਾ ਹਰਿ ਜਪੈ ਹਰਿ ਕੈ

ਨਾਇ **ਪਿਆਰਿਆ**।" (ਪਿਆਰ ਕਰਦੀ ਹੈ)
—ਬਿਹਾ **੪**, ਵਾਰ ਪਸ, **੩**, ੨ : ੨ (550)

3. ਪਿਆਰੇ ਨੂੰ
"ਸਤਸੰਗਤਿ ਮਹਿ ਹਰਿ ਉਸਤਤਿ ਹੈ ਸੰਗਿ ਸਾਧੂ ਮਿਲੇ **ਪਿਆਰਿਆ**।"
—ਗਉ **੪**, ਵਾਰ ੨੦ਸ, **੪**, ੨ : ੧ (311)

4. ਪਿਆਰਿਆਂ ਨੂੰ
"ਹਰਿ ਰੰਗਿ ਜਾਗੇ ਪਾਪ ਭਾਗੇ ਮਿਲੇ ਸੰਤ **ਪਿਆਰਿਆ**।"
—ਸੂਹੀ **੫**, ਛੰਤ ੩, ੧ : ੩ (778)
"ਜਾਣਿਆ ਅਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ **ਪਿਆਰਿਆ**।" (ਪਿਆਰਿਆ ਉਪਰ)
—ਰਾਮ **੩**, ਅਨੰ ੭ : ੨ (917)

5. ਪਿਆਰੇ
"ਦਸਨਿ ਸੰਤ **ਪਿਆਰਿਆ** ਸੁਣਹੁ ਲਾਇ ਚਿਤਾ।"
—ਰਾਮ **੫**, ਵਾਰ ੧੯ : ੭ (964)
"ਤਿਨਾ **ਪਿਆਰਿਆ** ਭਾਈਆ ਅਗੈ ਦਿਤਾ ਬੰਨਿ੍।" (ਪਿਆਰ ਕਰਨ ਵਾਲਿਆ)
—ਸਲੋ **ਫਰ**, ੧੦੦ : ੪ (1383)

ਪਿਆਰਿਹੋ — ਹੇ ਪ੍ਰਿਯ ਜਨੋ, ਹੇ ਪਿਆਰੇ ਸਜਨੋ
"ਸਿਖਹੁ ਸਬਦੁ **ਪਿਆਰਿਹੋ** ਜਨਮ ਮਰਨ ਕੀ ਟੇਕ।" —ਗਉ **੫**, ਵਾਰ ੯ਸ, **੫**, ੨ : ੧ (320)

ਪਿਆਰੀ — 1. ਜਿਸ ਨੂੰ ਪਿਆਰ ਕੀਤਾ ਜਾਵੇ, ਪਿਆਰ ਯੋਗ ਲਗਨ ਵਾਲੀ, ਪਿਆਰ ਦੀ ਪਾਤਰ
"ਗੁਰਸਿਖਾਂ ਕੈ ਮਨਿ **ਪਿਆਰੀ** ਭਾਣੀ।"
—ਮਾਝ **੪**, ੭, ੪ : ੨ (96)
"ਕਹੁ ਕਬੀਰ ਸੰਤਨ ਕੀ ਬੈਰਨਿ ਤੀਨਿ ਲੋਕ ਕੀ **ਪਿਆਰੀ**।" —ਆਸਾ **ਕਬ**, ੪, ੪ : ੨ (476)

2. ਹੇ ਪਿਆਰੀ
"ਅੰਮ੍ਰਿਤ ਰਸੁ ਪੀਵਹੁ ਪ੍ਰਭ **ਪਿਆਰੀ**।" (ਹੇ ਪਿਆਰੀ ਜੀਭ)
—ਗਉ **੫**, ੧੪੪, ੧* : ੨ (194)

3. ਪਿਆਰ ਕਰਦੇ ਹਨ
"ਇਕ ਕਾਮਣਿ ਹਿਤਕਾਰੀ ਮਾਇਆ ਮੋਹਿ **ਪਿਆਰੀ** ਮਨਮੁਖ ਸੋਇ ਰਹੇ ਅਭਾਗੇ।"
—ਵਡ **੩**, ਛੰਤ ੩, ੪ : ੫ (569)
"ਸੋ ਸਤਿਗੁਰੁ ਸਭਨਾ ਕਾ ਮਿਤੁ ਹੈ ਸਭ ਤਿਸਹਿ **ਪਿਆਰੀ**।" —ਵਡ **੪**, ਵਾਰ ੯ : ੪ (589)

ਪਿਆਰੀਆ — ਪਿਆਰ ਦੀਆਂ ਪਾਤਰ, ਪਿਆਰੀਆਂ ਲਗਣ ਵਾਲੀਆਂ
"ਆਵਹੁ ਭੈਣ ਤੁਸੀ ਮਿਲਹੁ **ਪਿਆਰੀਆ**।"
—ਮਾਝ **੪**, ੭, ੧ : ੧ (96)

ਪਿਆਰੁ — ਪ੍ਰੇਮ
"ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ **ਪਿਆਰੁ**।" —ਜਪੁ **੧**, ੪ : ੪ (2)

ਪਿਆਰੇ — 1. ਸੰਬੋਧਨ, ਹੇ ਪ੍ਰਿਯ
"ਤੇਰੈ ਭਰੋਸੈ **ਪਿਆਰੇ** ਮੈ ਲਾਡ ਲਡਾਇਆ।"
—ਸਿਰੀ **੫**, ੮੭, ੧ : ੧ (51)

2. ਜਿਸ ਨੂੰ ਪਿਆਰਾ ਕੀਤਾ ਜਾਵੇ, ਪ੍ਰਿਯ
"ਮਿਲੁ ਮੇਰੇ **ਪਿਆਰੇ** ਪ੍ਰਾਨ ਅਧਾਰੇ ਗੁਣ ਸਾਧਸੰਗਿ ਮਿਲਿ ਗਾਵਏ।"
—ਸਿਰੀ **੫**, ਛੰਤ ੩, ੧ : ੫ (80)
"ਘਰਿ ਘਰਿ ਕੰਤੁ ਮਹੇਲੀਆ ਰੂੜੈ ਹੇਤਿ **ਪਿਆਰੇ**।"—ਵਡ **੧**, ਅਲਾ ੩, ੭:੩ (581)

ਪਿਆਰੈ — 1. ਪਿਆਉਂਦਾ ਹੈ
"ਬਾਰ ਬਿਵਸਥਾ ਤੁਝਹਿ **ਪਿਆਰੈ** ਦੂਧ।"
—ਗਉ **੫**, ਸੁਖ ੪, ੧ : ੫ (266)

2. ਪ੍ਰੇਮ ਨੇ
"ਬਿਨੁ **ਪਿਆਰੈ** ਭਗਤਿ ਨ ਹੋਵਈ ਨਾ ਸੁਖੁ ਹੋਇ ਸਰੀਰਿ।"
—ਆਸਾ **੩**, ਅਸ ੩੬, ੬ : ੧ (429)

3. ਪਿਆਰੇ ਨੇ
"ਆਪੇ ਧਰਤੀ ਸਾਜੀਅਨੁ **ਪਿਆਰੈ** ਪਿਛੈ ਟੂੰਕ ਚੜਾਇਆ।" —ਸੋਰ **੪**, ੪, ੧ : ੩ (605)

ਪਿਆਰੋ — 1. ਪ੍ਰਿਯ, ਪਿਆਰੇ ਨੂੰ
"ਹੈ ਕੋਈ ਰਾਮ **ਪਿਆਰੋ** ਗਾਵੈ।"
—ਗਉ **੫**, ੧੧੭*, ੧* : ੧ (203)
"ਪ੍ਰਾਨ **ਪਿਆਰੋ** ਮਨਹਿ ਅਧਾਰੋ ਚੀਤਿ ਚਿਤਵਉ ਜੈਸੇ ਪਾਨ ਤੰਬੋਲੀ।"
—ਬਿਲਾ **੫**, ੮੯ , ੧* : ੨ (822)

2. ਪਿਆਰ ਕਰਕੇ
"ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ **ਪਿਆਰੋ**।"
—ਵਡ **੧**, ਅਲਾ ੧, ੪ : ੧ (579)

3. ਪਿਆਲਾ
"ਓਹੀ ਭਾਠੀ ਓਹੀ ਪੋਚਾ ਓਹੀ **ਪਿਆਰੋ** ਓਹੀ ਰੂਚਾ।" —ਗਉ **੫**, ੧੫੭*, ੨ : ੧ (214)

ਪਿਆਲ — ਪਿਆਲਾ
"ਸੁਰਤਿ **ਪਿਆਲ** ਸੁਧਾ ਰਸੁ ਅੰਮ੍ਰਿਤੁ ਏਹੁ ਮਹਾ ਰਸੁ ਪੇਉ ਰੇ।" —ਰਾਮ **ਕਬ**, ੧, ੩ : ੨ (969)

ਪਿਆਲਾ — ਕਟੋਰਾ, ਪਾਤਰ
"ਏਕ ਜੁ ਬਾਤ ਅਨੂਪ ਬਨੀ ਹੈ ਪਵਨ **ਪਿਆਲਾ** ਸਾਜਿਆ।" —ਸਿਰੀ **ਕਬ**, ੩, ੩ : ੧ (92)

ਪਿਈਵੀ — ਬਰੀਕ, ਸੂਖਮ
"ਖੰਨਿਅਹੁ ਤਿਖੀ ਬਹੁਤੁ **ਪਿਈਣੀ**।"
—ਸੂਹੀ **ਫਰ**, ੧, ੪ : ੨ (794)

ਪਿਸਨ — ਚਿਚੜ
"ਅਪਨਾ ਆਪੁ ਤੂ ਕਬਹੁ ਨ ਛੋਡਸਿ **ਪਿਸਨ** ਪ੍ਰੀਤਿ ਜਿਉ ਰੇ।" —ਮਾਰੂ **੧**, ੪, ੩ : ੨ (990)

ਪਿਸਨੰ — ਚੁਗਲ
"ਦੁਰਬਚਨ ਭੇਦ ਭਰਮੰ ਸ੍ਰਾਕਤ **ਪਿਸਨੰ** ਤ ਸੁਰਜਨਹ।" —ਸਸ **੫**, ੪੪ : ੨ (1358)

ਪਿਸਰ — (ਫਾ. ਪਿਸਰ) ਪੁਤਰ, ਬੇਟਾ
"ਜਨ **ਪਿਸਰ** ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ।" —ਤਿਲੰ **੧**, ੧, ੨ : ੧ (721)

ਪਿਸਾਚ — ਦੇਵਤਿਆਂ ਦੀ ਇਕ ਨੀਵੀਂ ਸ਼੍ਰੇਣੀ
"ਕਈ ਕੋਟਿ ਜਖ੍ਹ ਕਿੰਨਰ **ਪਿਸਾਚ**।"
—ਗਉ **੫**, ਸੁਖ ੧੦, ੪ : ੬ (276)

ਪਿਕਾਬਰ — (ਫਾ. ਪੈਗੰਬਰ) ਪੈਗਾਮ (ਸੁਨੇਹਾ) ਲੈ ਜਾਣ ਵਾਲਾ
"ਪੀਰ **ਪਿਕਾਬਰ** ਸੇਖ ਮਸਾਇਕ ਅਉਲੀਏ।"
—ਗੂਜ **੫**, ਵਾਰ ੨ : ੫ (518)

ਪਿਖਹੁ — ਦੇਖੋ, ਵੇਖੋ
"ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ **ਪਿਖਹੁ** ਨਯਣ।" —ਸਵ **੫**, ਮਥੁ ੧ : ੬ (1408)

ਪਿਖਤ — ਵੇਖਿਆ
"ਜਿਹ **ਪਿਖਤ** ਅਤਿ ਹੋਇ ਰਹਸੁ ਮਨਿ ਸੋਈ ਸੰਤ ਸਹਾਰੁ ਗੁਰੂ ਰਾਮਦਾਸੁ।"
—ਸਵ **੪**, ਕੀਰ ੨ : ੪ (1406)

ਪਿਖੰਤਿਹ — ਵੇਖਦਿਆਂ ਹੀ
"ਉਦਾਰਉ ਚਿਤ ਦਾਰਿਦ ਹਰਨ **ਪਿਖੰਤਿਹ** ਕਲਮਲ ਤ੍ਰਸਨ।" —ਸਵ **੨**, ੭ : ੫ (1392)

ਪਿਖੰਦੋ — ਵੇਖਦਿਆਂ
"ਡੂਖੇ ਕੋੜਿ ਨ ਡੁਖ ਨਾਨਕ ਪਿਰੀ **ਪਿਖੰਦੋ** ਸੁਭ ਦਿਸਟਿ।"
—ਮਾਰੂ **੫**, ਵਾਰ ੧੯ਸ, **੫**, ੧ : ੨ (1100)

ਪਿਖੰਨ੍ਹਿ — ਵੇਖਦੀਆਂ ਹਨ
"ਅਖੀ ਪ੍ਰੇਮਿ ਕਸਾਈਆਂ ਹਰਿ ਹਰਿ ਨਾਮੁ **ਪਿਖੰਨ੍ਹਿ**।"
—ਕਾਨ **੪**, ਵਾਰ ੧੩ਸ, **੪**, ੨ : ੧ (1318)

ਪਿਖਾ — ਵੇਖਾਂ
"ਹਰਿ ਅਗਮੁ ਅਗੋਚਰੁ ਅਗਮੁ ਹਰਿ ਕਿਉ ਕਰਿ ਹਰਿ ਦਰਸਨੁ **ਪਿਖਾ**।"
—ਕਾਨ **੪**, ਵਾਰ ੮ : ੧ (1316)

ਹੋਰ ਰੂਪ — ਪਿਖਿ —
"ਜਪੁ ਤਪੁ ਸਤੁ ਸੰਤੋਖੁ **ਪਿਖਿ** ਦਰਸਨੁ ਗੁਰ ਸਿਖਹ।" (ਵੇਖਕੇ)
—ਸਵ **੩**, ੧੭ : ੧ (1395)

ਪਿਖਿਜੈ — ਵੇਖੀਐ
"ਨੈਣ ਤ ਪਰ ਸਕਯਥ ਨਯਣਿ ਗੁਰੁ ਅਮਰੁ **ਪਿਖਿਜੈ**।" —ਸਵ **੩**, ੧੦ : ੪ (1394)

ਪਿਖੁ — ਵੇਖ
"ਸਗਲ ਗੁਣਾ ਗੁਣ ਊਤਮੋ ਭਰਤਾ ਦੂਰਿ ਨ **ਪਿਖੁ** ਰੀ।" —ਆਸਾ **੫**, ੧੧੮, ੧ : ੨ (400)

ਹੋਰ ਰੂਪ — ਪਿਖੈ —
"ਮੁੰਧ ਇਆਣੀ ਪੇਈਅੜੈ ਕਿਉ ਕਰਿ ਹਰਿ ਦਰਸਨੁ **ਪਿਖੈ**।" (ਵੇਖੇ)
—ਸਿਰੀ **੪**, ਛੰਤ ੧, ੧ : ੧ (78)

ਪਿੰਗੰ — ਪਿੰਗਲਾ
"ਸਾਗਰੰ ਲੰਘੰਤਿ **ਪਿੰਗੰ** ਤਮ ਪਰਗਾਸ ਅੰਧਕਹ।"
—ਸਸ **੫**, ੫੫ : ੨ (1359)

ਪਿੰਗਲਾ — ਹਠਯੋਗ ਅਨੁਸਾਰ ਤਿੰਨ ਪ੍ਰਧਾਨ ਨਾੜੀਆਂ ਵਿਚੋਂ ਇਕ ਜੋ ਸਰੀਰ ਦੇ ਸਜੇ ਪਾਸੇ ਹੈ, ਸੂਰਯ ਨਾੜੀ
"ਇੜਾ **ਪਿੰਗਲਾ** ਸੁਖਮਨ ਬੰਦੈ ਏ ਅਵਗਨ ਕਤ ਜਾਹੀ।" —ਗਉ **ਕਬ**, ੫੭, ੧ : ੨ (334)

ਪਿੰਗੁਰੀਆ — ਪਿੰਗਲਾ, ਜਿਸ ਦੇ ਪੈਰ ਨ ਹੋਣ, ਲੂਲਾ

"ਸ੍ਰਵਨਿ ਨ ਸੁਰਤਿ ਨੈਨ ਸੁੰਦਰ ਨਹੀ ਆਰਤ ਦੁਆਰਿ ਰਟਤ **ਪਿੰਗੁਰੀਆ**।"
—ਗਉ **੫**, ੧੧੫*, ੧ : ੧ (203)

ਪਿੰਗੁਲ — ਪਿੰਗਲਾ, ਜਿਸ ਦੇ ਪੈਰ ਨ ਹੋਣ
"ਕਹਾ **ਪਿੰਗੁਲ** ਪਰਬਤ ਪਰ ਭਵਨ।"
—ਗਉ **੫**, ਸੁਖ ੪, ੬ : ੭ (267)

ਹੋਰ ਰੂਪ — ਪਿੰਗੁਲਾ —
"ਕਰਮ ਕਰਿ ਅਰੁਣ **ਪਿੰਗੁਲਾ** ਰੀ।"
—ਧਨਾ **ਤ੍ਰਿਲੋ**, ੧, ੨ : ੨ (695)

ਪਿੰਗੁਲਾ — 1. ਲੂਲਾ, ਵੇਖੋ 'ਪਿੰਗੁਲ'
2. ਹਠ ਯੋਗ ਅਨੁਸਾਰ ਤਿੰਨ ਪ੍ਰਧਾਨ ਨਾੜੀਆਂ ਵਿਚੋਂ ਇਕ
"ਸੁਖਮਨਾ ਇੜਾ **ਪਿੰਗੁਲਾ** ਬੂਝੈ ਜਾ ਆਪੇ ਅਲਖੁ ਲਖਾਏ।" —ਰਾਮ **੧**, ਸਿਗੋ ੬੦ : ੫ (944)
3. ਇਕ ਵੇਸਵਾ
"ਅਜਾਮਲੁ **ਪਿੰਗੁਲਾ** ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ।" —ਕੇਦਾ **ਰਵਿ**, ੧, ੩ : ੧ (1124)

ਪਿੰਗੁਲੁ — ਪਿੰਗੁਲਾ, ਲੂਲਾ
"ਪਾਵਹੁ ਤੇ **ਪਿੰਗੁਲੁ** ਭਇਆ ਮਾਰਿਆ ਸਤਿਗੁਰ ਬਾਨ।" —ਸਲੋ **ਕਬ**, ੧੯੩ : ੨ (1374)

ਪਿਚੁ — ਪਿਲਾ
"ਹੋਰ ਕਚੀ ਮਤੀ ਕਚੁ **ਪਿਚੁ** ਅੰਧਿਆ ਅੰਧੁ ਬੀਚਾਰੁ।" (ਕਚਾ ਪਿਲਾ)
—ਸਾਰ **੫**, ਵਾਰ ੧੧ਸ, **੧**, ੨ : ੬ (1242)
"ਸਤਿਗੁਰ ਕੀ ਰੀਸੈ ਹੋਰਿ ਕਚੁ **ਪਿਚੁ** ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ।"
—ਗਉ **੪**, ਵਾਰ ੯ : ੪ (304)

ਪਿਛੰਉਡੀ — ਪਿਛੇ ਪੈਣਾ, ਘਟਨਾ
"ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ **ਪਿਛੰਉਡੀ** ਹੋਇਲਾ।"
—ਮਲਾ **ਨਾਮ**, ੨, ੨ : ੨ (1292)

ਪਿਛਹੁ — ਪਿਛਲੇ ਪਾਸਿਉ
"ਅਗਹੁ ਦੇਖੈ **ਪਿਛਹੁ** ਦੇਖੈ ਤੁਝ ਤੇ ਕਹਾ ਛਪਾਵੈ।"
—ਗਉ **੧**, ੧੭, ੩ : ੨ (156)
2. ਪਿਛਲੀ, ਪਿਛਲਾ ਭਾਗ
"**ਪਿਛਹੁ** ਰਾਤੀ ਸਦੜਾ ਨਾਮੁ ਖਸਮ ਕਾ ਲੇਹਿ।"
—ਮਾਰੂ **੧**, ੧, ੧ : ੧ (989)

ਪਿਛਲ — ਪਿਛਲੀ
"ਫਰੀਦਾ **ਪਿਛਲ** ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ।" —ਸਲੋ **ਫਰ**, ੧੦੭ : ੧ (1383)

ਪਿਛਲੇ — ਪਹਿਲੇ, ਪਿਛੇ ਦੇ
"ਜੇ ਗੁਰ ਕੀ ਸਰਣੀ ਫਿਰਿ ਓਹੁ ਆਵੈ ਤਾ **ਪਿਛਲੇ** ਅਉਗਣ ਬਖਸਿ ਲਇਆ।"
—ਗਉ **੪**, ਵਾਰ ੧੩ਸ, **੪**, ੨ : ੮ (307)

ਪਿਛਵਾਰਲਾ — ਪਿਛਲਾ ਪਾਸਾ
"ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ **ਪਿਛਵਾਰਲਾ**।"
—ਮਲਾ **ਨਾਮ**, ੨, ੩ : ੨ (1293)

ਪਿਛਾ — 1. ਬੀਤਿਆਂ ਸਮਾਂ, ਲੰਘ ਚੁੱਕਾ ਵਕਤ
"ਅਗਹੁ ਨੇੜਾ ਆਇਆ **ਪਿਛਾ** ਰਹਿਆ ਦੂਰਿ।"
—ਸਲੋ **ਫਰ**, ੯ : ੨ (1378)
2. ਪਿਛੇ, ਪਿਛਲੀ ਓਰ
"ਆਗਾਹ ਕੂ ਤ੍ਰਾਘਿ **ਪਿਛਾ** ਫੇਰਿ ਨ ਮੁਹਡੜਾ।"
—ਮਾਰੂ **੫**, ਵਾਰ ੭ਸ, **੫**, ੧ : ੧ (1096)

ਪਿਛਾਹਾ — ਪਿਛੇ, ਪਿਛਲੇ ਪਾਸੇ
"ਕੂੜਿਆਰ **ਪਿਛਾਹਾ** ਸਟੀਅਨਿ ਕੂੜੁ ਹਿਰਦੈ ਕਪਟੁ ਮਹਾ ਦੁਖੁ ਪਾਵੈ।"
—ਗਉ **੪**, ਵਾਰ ੬ : ੪ (302)

ਪਿਛੀ — ਪਿਛੇ, ਪਿਛਲੇ ਪਾਸੇ ਵੱਲ
"ਲਕੀ ਕਾਸੇ ਹਥੀ ਫੁੰਮਣ ਅਗੋ **ਪਿਛੀ** ਜਾਹੀ।"
—ਮਾਝ **੧**, ਵਾਰ ੨੬ਸ, **੧**, ੧ : ੯ (149)

ਪਿਛੈ — 1. ਪਿਛੋਂ, ਬਾਅਦ ਵਿਚ, ਜਾਣ ਤੋਂ ਬਾਅਦ
"ਅੰਤੇ ਸਤਿਗੁਰੁ ਬੋਲਿਆ ਮੈ **ਪਿਛੈ** ਕੀਰਤਨੁ ਕਰਿਅਹੁ ਨਿਰਬਾਣੁ ਜੀਉ।"
—ਰਾਮ **ਸੁੰਦ**, ਸਦ ੫ : ੧ (923)
"ਜੇ ਕੋ ਕਹੈ **ਪਿਛੈ** ਪਛੁਤਾਇ।"
—ਜਪੁ **੧**, ੧੨ : ੨ (3)
2. ਪਿਛੇ, ਮਗਰ ਮਗਰ
"ਤਿਨਾ **ਪਿਛੈ** ਰਿਧਿ ਸਿਧਿ ਫਿਰੈ ਓਨਾ ਤਿਲੁ ਨ ਤਮਾਇ।" —ਸਿਰੀ **੩**, ੩੫, ੪ : ੨ (26)
"**ਪਿਛੈ** ਲਗਿ ਚਲੀ ਮਾਇਆ।"
—ਸੋਰ **੫**, ੬੪, ੨ : ੨ (625)
3. ਸਦਕਾ, ਬਰਕਤ ਨਾਲ
"ਤਿਨਾ **ਪਿਛੈ** ਛੁਟੀਐ ਜਿਨ ਅੰਦਰਿ ਨਾਮੁ

ਨਿਧਾਨੁ।" —ਸਿਰੀ **੫**, ੯੮, ੨ : ੨ (52)

4. ਭਾਵ ਤਕੜੀ ਦੇ ਦੂਜੇ ਪਲੇ ਵਿਚ

"ਧਰਿ ਤਾਰਾਜੀ ਅੰਬਰੁ ਤੋਲੀ **ਪਿਛੈ** ਟੰਕੁ ਚੜਾਈ।"

—ਮਾਝ **੧**, ਵਾਰ ੧੯ਸ, **੧**, ੧ : ੩ (147)

"ਪਤਿ ਪਰਵਾਣਾ **ਪਿਛੈ** ਪਾਈਐ ਤਾ ਨਾਨਕ ਤੋਲਿਆ ਜਾਪੈ।"

—ਆਸਾ **੧**, ਵਾਰ ੧੧ਸ, **੧**, ੨ : ੧੦ (469)

5. ਲੰਘ ਚੁਕਿਆ ਸਮਾਂ

"ਓਸੁ ਅਗੈ **ਪਿਛੈ** ਢੋਈ ਨਾਹੀ ਜਿਸੁ ਅੰਦਰਿ ਨਿੰਦਾ ਮੁਹਿ ਅੰਬ ਪਇਆ।"

—ਗਉ **੪**, ਵਾਰ ੧੩ਸ, **੪**, ੨ : ੬ (307)

"ਆਗੈ ਘਾਮ **ਪਿਛੈ** ਰੁਤਿ ਜਾਡਾ ਦੇਖਿ ਚਲਤ ਮਨੁ ਡੋਲੇ।" —ਤੁਖਾ **੧**, ਬਾਰਾ ੧੧ : ੪ (1109)

6. ਭਾਵ ਐਧਰ ਉਧਰ

"ਓਇ ਆਗੈ **ਪਿਛੈ** ਬਹਿ ਮੁਹੁ ਛੁਪਾਇਨਿ ਨ ਰਲਨੀ ਖੋਟੇਆਰੇ।"

—ਗਉ **੪**, ਵਾਰ ੨੧ਸ, **੪**, ੧ : ੪ (312)

7. ਭਾਵ ਲੋਕ

"ਅਗੈ **ਪਿਛੈ** ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ।"

—ਸੋਰ **੪**, ਵਾਰ ੧੨ਸ, **੩**, ੨ : ੨ (649)

ਪਿਛੈਰੀ — ਪਿਛੋਂ ਮਗਰੋਂ

"ਪਹਿਲਾ ਪੂਤੁ **ਪਿਛੈਰੀ** ਮਾਈ।"

—ਆਸਾ **ਕਬ**, ੨੨, ੧ : ੧ (481)

ਪਿਛੋ — ਮਗਰੋਂ, ਬਾਅਦ ਵਿਚ

"**ਪਿਛੋ** ਦੇ ਤੈਂ ਜੰਤੁ ਉਪਾਹਾ।"

—ਮਾਝ **੫**, ਅਸ ੩੫, ੬ : ੨ (130)

ਪਿਛੋਦੇ — ਪਿਛੋਂ

"ਅਗੋ ਦੇ ਸਤ ਭਾਉ ਨ ਦਿਚੈ **ਪਿਛੋਦੇ** ਆਖਿਆ ਕੰਮਿ ਨ ਆਵੈ।"

—ਗਉ **੪**, ਵਾਰ ੧੧ਸ, **੪**, ੧ : ੧ (305)

ਪਿੰਜਰ — ਸਰੀਰ ਰੂਪੀ ਪਿੰਜਰਾ

"ਨਾਨਕ ਜਿਸੁ **ਪਿੰਜਰ** ਮਹਿ ਬਿਰਹਾ ਨਹੀ ਸੋ ਪਿੰਜਰੁ ਲੈ ਜਾਰਿ।"

—ਸਿਰੀ **੪**, ਵਾਰ ੧੫ਸ, **੨**, ੧ : ੨ (89)

"ਜਤੁ ਸਤੁ ਸੰਜਮੁ ਸੀਲੁ ਨ ਰਾਖਿਆ ਪ੍ਰੇਤ **ਪਿੰਜਰ** ਮਹਿ ਕਾਸਟੁ ਭਇਆ।" (ਭਾਵ ਸਰੀਰ)

—ਰਾਮ **੧**, ਅਸ ੭, ੨ : ੧ (906)

ਹੋਰ ਰੂਪ — ਪਿੰਜਰਾ —

"ਕਾਗਾ ਚੂੰਡਿ ਨ **ਪਿੰਜਰਾ** ਬਸੈ ਤ ਉਡਰਿ ਜਾਹਿ।" (ਭਾਵ ਸੁਕਾ ਸਰੀਰ)

—ਸਲੋ **ਫਰ**, ੯੨ : ੧ (1382)

ਪਿੰਜਰਿ — ਪਿੰਜਰੇ ਵਿਚ

"**ਪਿੰਜਰਿ** ਪੰਖੀ ਬੰਧਿਆ ਕੋਇ।"

—ਬਿਲਾ **੧**, ਥਿਤੀ ੭ : ੩ (839)

ਪਿੰਜਰੁ — 1. ਸਰੀਰ (ਰੂਪੀ ਪਿੰਜਰਾ)

"ਨਾਨਕ ਜਿਸੁ **ਪਿੰਜਰ** ਮਹਿ ਬਿਰਹਾ ਨਹੀ ਸੋ ਪਿੰਜਰੁ ਲੈ ਜਾਰਿ।"

—ਸਿਰੀ **੪**, ਵਾਰ ੧੫ਸ, **੨**, ੧ : ੨ (89)

ਹੋਰ ਰੂਪ — ਪਿੰਜਰੈ —

"ਜਿਤੁ **ਪਿੰਜਰੈ** ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ।" (ਸਰੀਰ)

—ਸਲੋ **ਫਰ**, ੯੨ : ੨ (1382)

2. ਪਿੰਜਰਾ

"ਤੂੰ **ਪਿੰਜਰੁ** ਹਉ ਸੂਅਟਾ ਤੋਰ।"

—ਗਉ **ਕਬ**, ੨, ੨ : ੧ (323)

3. ਢਾਂਚਾ

"ਹਾਡ ਮਾਸ ਨਾੜੀਂ ਕੋ **ਪਿੰਜਰੁ** ਪੰਖੀ ਬਸੈ ਬਿਚਾਰਾ।" —ਸੋਰ **ਰਵਿ**, ੬, ੧ : ੨ (659)

"ਫਰੀਦਾ ਤਨੁ ਸੁਕਾ **ਪਿੰਜਰੁ** ਥੀਆ ਤਲੀਆ ਖੂੰਡਹਿ ਕਾਗ।" (ਹੱਡੀਆਂ ਦਾ ਢਾਂਚਾ)

—ਸਲੋ **ਫਰ**, ੯੦ : ੧ (1382)

ਪਿਜੈ — ਪੀਂਦਾ/ਪਾਨ ਕਰਦਾ ਹੈ

"ਧਨੁ ਧਨੁ ਪੁਰਖ ਸਾਬਾਸਿ ਹੈ ਜਿਨ ਸਚੁ ਰਸਨਾ ਅੰਮ੍ਰਿਤੁ **ਪਿਜੈ**।"

—ਗਉ **੪**, ਵਾਰ ੨੦ : ੩ (312)

ਪਿੰਵਾਇਆ — ਪਿੰਜਨ ਨਾਲ ਰੂੰ ਨੂੰ ਸਾਫ਼ ਕਰਦਿਆਂ

"ਵੇਲਿ **ਪਿੰਵਾਇਆ** ਕਤਿ ਵੁਣਾਇਆ।"

—ਰਾਮ **੩**, ਵਾਰ ੧੯ਸ, **੧**, ੧ : ੧ (955)

ਪਿਟਨਿ — ਪਿਟਦੇ ਹਨ ਭਾਵ ਕਰਦੇ ਹਨ

"ਅੰਧੇ ਆਪੁ ਨ ਜਾਣਨੀ ਫਕੜੁ **ਪਿਟਨਿ** ਧੰਧੁ।"

—ਰਾਮ **੫**, ਵਾਰ ੫ਸ, **੫**, ੨ : ੭ (959)

ਪਿਟੰਨਿ — ਪਿਟਦੀਆਂ ਹਨ

"ਗਲ੍ਾ **ਪਿਟੰਨਿ** ਸਿਰੁ ਖੋਹੇਨਿ।"
—ਸਲੋ **੧**, ੬ : ੨ (1410)

ਪਿਟਾਈ — ਪਿਟਦੇ ਹਨ, ਮੁਸੀਬਤ ਸਮਝ ਕੇ, ਫਜ਼ੂਲ ਰੂਪ ਵਿਚ ਕਰਦੇ ਹਨ
"ਇਕਨਾ ਸਤਿਗੁਰੁ ਮੇਲਿ ਸੁਖੁ ਦੇਵਹਿ ਇਕਿ ਮਨਮੁਖਿ ਧੰਧੁ **ਪਿਟਾਈ**।"
—ਸੂਹੀ **੪**, ੧੩, ੨ : ੧ (735)
ਹੋਰ ਰੂਪ — ਪਿਟਾਈਐ —
"ਐਥੇ ਧੰਧੁ **ਪਿਟਾਈਐ** ਸਚੁ ਲਿਖਤੁ ਪਰਵਾਨੁ।"
(ਪਿਟੀਦਾ ਹੈ)—ਸਿਰੀ **੧**, ੧੯, ੪ : ੧ (21)
ਪਿਟਿਹੁ —
"ਧੰਧਾ **ਪਿਟਿਹੁ** ਭਾਈਹੋ ਤੁਮ੍ ਕੂੜੁ ਕਮਾਵਹੁ।"
(ਵਿਅਰਥ ਔਖੇ ਹੋ ਕੇ ਕੰਮ ਕਰਨਾ)
—ਆਸਾ **੧**, ਅਸ ੧੩, ੪ : ੧ (418)

ਪਿਟੇ — ਵਿਅਰਥ ਖੇਚਲ ਉਠਾਉਣਾ
"ਧੰਧੁ **ਪਿਟੇ** ਸੰਸਾਰੁ ਸਚੁ ਨ ਭਾਇਆ।"
—ਆਸਾ **੧**, ਅਸ ੧੬, ੧ : ੨ (419)

ਪਿਠਿ — ਕੰਡ
"ਅਹੰਕਾਰੀ ਨਿੰਦਕਾ **ਪਿਠਿ** ਦੇਇ ਨਾਮ ਦੇਉ ਮੁਖਿ ਲਾਇਆ।"
—ਆਸਾ **੧**, ਛੰਤ ੨੦, ੪ : ੩ (451)

ਪਿਡ — ਭਾਂਡਾ ਭਾਵ ਸਰੀਰ
"ਕੁਦਰਤਿ ਅਹਿ ਵੇਖਾਲੀਅਨੁ ਜਿਣਿ ਐਵਡ **ਪਿਡ** ਠਿਣਕਿਓਨੁ।"—ਰਾਮ **ਬਸ**, ਵਾਰ ੪ : ੫ (967)

ਪਿੰਡ — 1. ਗ੍ਰਾਮ, ਵਸਤੀ
"ਹਉ ਹੋਆ ਮਾਹਰੁ **ਪਿੰਡ** ਦਾ ਬੰਨਿ ਆਦੇ ਪੰਜਿ ਸਰੀਕ ਜੀਉ।" (ਇਥੇ ਭਾਵ 'ਸਰੀਰ' ਰੂਪੀ ਗ੍ਰਾਮ ਦਾ) —ਸਿਰੀ **੫**, ਅਸ ੨੯, ੪ : ੩ (73)
2. ਸਰੀਰ, ਦੇ
"ਜੀਅ **ਪਿੰਡ** ਦੇ ਪ੍ਰਾਨ ਅਧਾਰੇ।"
—ਆਸਾ **੫**, ੯੯, ੧ : ੨ (395)
"ਸਾਕਤ ਕੀ ਓਹ **ਪਿੰਡ** ਪਰਾਇਣਿ।" (ਦੇਹ ਦਾ ਆਸਰਾ)—ਗੌਂਡ **ਕਬ**, ੭, ੩ : ੩ (872)

ਪਿੰਡਾ — ਸਰੀਰ
"ਸੂਚੇ ਏਹਿ ਨ ਆਖੀਅਹਿ ਬਹਨਿ ਜਿ **ਪਿੰਡਾ** ਧੋਇ।"
—ਆਸਾ **੧**, ਵਾਰ ੧੭ਸ, **੧**, ੨ : ੩ (472)

ਪਿੰਡਿ — 1. ਪਿੰਨਾ
"ਮਿਰਤਕ **ਪਿੰਡਿ** ਪਦ ਮਦ ਨਾ ਅਹਿਨਿਸਿ ਏਕੁ ਅਗਿਆਨ ਸੁ ਨਾਗਾ।"
—ਸਿਰੀ **ਬੇਣੀ**, ੧, ੧ : ੨ (93)
2. ਸਰੀਰ ਵੱਲੋਂ, ਸਰੀਰ ਕਰਕੇ, ਸਰੀਰ ਵਿਚ
"**ਪਿੰਡਿ** ਮੂਐ ਜੀਉ ਕਿਹ ਘਰਿ ਜਾਤਾ।"
—ਗਉ **ਕਬ**, ੧੮, ੧ : ੧ (327)
"ਸੋ ਬ੍ਰਹਮੰਡਿ **ਪਿੰਡਿ** ਸੋ ਜਾਨੁ।"
—ਭੈਰ **ਕਬ**, ਅਸ ੧, ੬ : ੧ (1162)

ਪਿੰਡੁ — 1. ਸਰੀਰ
"ਨਾਨਕ ਨਾਮਿ ਸੰਤੋਖੀਆ ਜੀਉ **ਪਿੰਡੁ** ਪ੍ਰਭ ਪਾਸਿ।"
—ਸਿਰੀ **੧**, ੧੬, ੫ : ੩ (20)
ਹੋਰ ਰੂਪ — ਪਿੰਡੇ —
"ਜੋ ਬ੍ਰਹਮੰਡੇ ਸੋਈ **ਪਿੰਡੇ** ਜੋ ਖੋਜੈ ਸੋ ਪਾਵੈ।"
—ਧਨਾ **ਪੀਪਾ**, ੧, ੨ : ੧ (695)
2. ਚਾਵਲਾਂ ਦਾ ਪਿੰਨਾ
"**ਪਿੰਡੁ** ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ।"
—ਆਸਾ **੧**, ੩੨, ੨ : ੧ (358)
"ਗਇਆ **ਪਿੰਡੁ** ਭਰਤਾ।"
—ਗੋਂਡ **ਨਾਮ**, ੧, ੨ : ੧ (873)

ਪਿਤ — 1. ਪਿਤਾ, ਬਾਪ
"**ਪਿਤ** ਸੁਤੋ ਸਗਲ ਕਾਲਤ੍ਰ ਮਾਤਾ ਤੇਰੇ ਹੋਹਿ ਨ ਅੰਤਿ ਸਖਾਇਆ।"
—ਸਿਰੀ **੧**, ੨੬, ੧* : ੨ (23)
"ਹੋਏ ਕ੍ਰਿਪਾਲ ਮਾਤ **ਪਿਤ** ਨਿਆਈ ਬਾਰਿਕ ਜਿਉ ਪ੍ਰਤਿਪਾਰਿਆ।"
—ਆਸਾ **੫**, ੪੫, ੧ : ੨ (382)
2. ਸਰੀਰ ਦੀ ਗਰਮੀ ਦੀ ਬਿਮਾਰੀ
"ਕਾਢਿ ਕੁਠਾਰੁ **ਪਿਤ** ਬਾਤ ਹੰਤਾ ਅਉਖਧੁ ਹਰਿ ਕੋ ਨਾਉ।"
—ਟੋਡੀ **੫**, ੧੩, ੧* : ੨ (714)

ਪਿਤਰ — 1. ਵਡੇ ਵਡੇਰੇ, ਬਜ਼ੁਰਗ, ਬਾਪ ਦਾਦਾ ਆਦਿ
"ਜੀਵਤ **ਪਿਤਰ** ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ।" —ਗਉ **ਕਬ**, ੪੫, ੧ : ੧ (332)
ਹੋਰ ਰੂਪ — ਪਿਤਰਾ —

"ਆਪਿ ਡੁਬੈ ਕਿਉ **ਪਿਤਰਾ** ਤਾਰੈ।"
—ਰਾਮ **੧**, ਅਸ ੪, ੪ : ੨ (904)
2. ਮੋਏ ਹੋਏ ਬਜ਼ੁਰਗ, ਪਿਤਾਮਾ
"ਘਰ ਕੇ ਦੇਵ **ਪਿਤਰ** ਕੀ ਛੋਡੀ ਗੁਰ ਕੋ ਸਬਦੁ ਲਇਓ।" —ਬਿਲਾ **ਕਬ**, ੪, ੪ : ੨ (856)
3. ਪਿਤਾ
"ਮਾਤਰ **ਪਿਤਰ** ਤਿਆਗਿ ਕੈ ਮਨੁ ਸੰਤਨ ਪਾਹਿ ਬੇਚਾਰਿਓ।"
—ਸਾਰ **੫**, ੧੩੭, ੧ : ੧ (1230)

ਪਿਤਰੀ — 1. ਪਿਤਰਾਂ/ਵੱਡੇ ਵਡੇਰਿਆਂ ਨੂੰ
"ਆਪਿ ਤਰੈ **ਪਿਤਰੀ** ਨਿਸਤਾਰੇ।"
—ਗਉ **੧**, ਅਸ ੭, ੩ : ੩ (223)
2. ਮੁਏ ਹੋਏ ਬਜ਼ੁਰਗਾਂ/ਪਿਤਾਮਾਂ ਨੂੰ
"ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ **ਪਿਤਰੀ** ਦੇਇ।"
—ਆਸਾ **੧**, ਵਾਰ ੧੭ਸ, **੧**, ੧ : ੧ (472)

ਪਿਤਾ — ਬਾਪ
"ਪਵਣੁ ਗੁਰੂ ਪਾਣੀ **ਪਿਤਾ** ਮਾਤਾ ਧਰਤਿ ਮਹਤੁ।"
—ਜਪੁ **੧**, ੩੮ਸ : ੧ (8)

ਪਿਤਾਈ — ਪਿਤਾ, ਬਾਪ
"ਪ੍ਰਤਿਪਾਲੈ ਬਾਰਿਕ ਕੀ ਨਿਆਈ ਜੈਸੇ ਮਾਤ **ਪਿਤਾਈ**।" —ਸਾਰ **੫**, ੪੮, ੧ : ੨ (1214)

ਪਿਤਾਮਹ — (ਗੰਗਾ ਦੇ ਪੁੱਤਰ) ਭੀਸ਼ਮ ਪਿਤਾਮਹ, ਪ੍ਰਤਿਗਿਆ ਦੀ ਦ੍ਰਿੜਤਾ ਤੇ ਬ੍ਰਹਮਚਾਰਯ ਦਾ ਪ੍ਰਤੀਕ
"ਸੋਈ ਨਾਮੁ ਸਿਮਰਿ ਗੰਗੇਵ **ਪਿਤਾਮਹ** ਚਰਣ ਚਿਤ ਅੰਮ੍ਰਿਤ ਰਸਿਆ।" —ਸਵ **੩**, ੪ : ੨ (1393)

ਪਿਤੁ — ਮਾਸ (ਮਹਾਨਕੋਸ਼), ਪਿਤਾ (ਦਰਪਣ), ਨਿਰਣੈ
"ਰਤੁ **ਪਿਤੁ** ਕੁਤਿਹੋ ਚਟਿ ਜਾਹੁ।"
—ਮਲਾ **੧**, ਵਾਰ ੨੨ਸ, **੧**, ੨ : ੮ (1288)

ਪਿੰਧੀ — ਖੂਹ ਦੀ ਟਿੰਡ
"**ਪਿੰਧੀ** ਉਭਕਲੇ ਸੰਸਾਰਾ।"
—ਧਨਾ **ਨਾਮ**, ੪, ੩ : ੧ (693)

ਪਿਨਣੇ — ਮੰਗਨ ਵਾਲੇ
"ਜਾਂ ਮੂੰ ਇਕੁ ਤ ਲਖ ਤਉ ਜਿਤੀ **ਪਿਨਣੇ** ਦਰਿ ਕਿਤੜੇ।" —ਸਲੋ **੫**, ੪ : ੧ (1425)

ਪਿਯੂ — ਪਿਉ, ਪਿਤਾ
"**ਪਿਯੂ** ਦਾਦੇ ਜੇਵਿਹਾ ਪੋਤਾ ਪਰਵਾਣੁ।"
—ਰਾਮ **ਬਸ**, ਵਾਰ ੬ : ੨ (968)

ਪਿਰ — 1. ਪਤੀ, ਭਰਤਾ
"ਜੇ ਲੋੜਹਿ ਵਰੁ ਕਾਮਣੀ ਨਹ ਮਿਲੀਐ **ਪਿਰ** ਕੂਰਿ।" —ਸਿਰੀ **੧**, ੯, ੧ : ੨ (17)
"ਮੁੰਧੇ **ਪਿਰ** ਬਿਨੁ ਕਿਆ ਸੀਗਾਰੁ।"
—ਸਿਰੀ **੧**, ੧੩, ੧* : ੧ (18)
2. ਪ੍ਰਭੂ ਪਤੀ
"ਅੰਤਰਿ ਏਕ **ਪਿਰ** ਹਾਂ।"
—ਆਸਾ **੫**, ੧੫੭, ੨ : ੩ (409)
3. ਪ੍ਰਿਯ, ਪਿਆਰੇ
"ਸੀਗਾਰੁ ਕਰੇ **ਪਿਰ** ਖਸਮ ਨ ਭਾਵੈ।"
—ਮਾਰੂ **੩**, ਸੋਲ੍ਹ ੪, ੭ : ੨ (1047)

ਪਿਰਹੜੀ — ਪ੍ਰੇਮ, ਪਿਆਰ, ਪ੍ਰੀਤੀ
"ਨਾਨਕ ਸੇਈ ਧੰਨੁ ਜਿਨਾ **ਪਿਰਹੜੀ** ਸਚ ਸਿਉ।"
—ਜੈਤ **੫**, ਵਾਰ ੧੪ਸ, **੫**, ੨ : ੨ (709)

ਪਿਰਹਿ — ਪਤੀ ਨੂੰ
"ਨਾਨਕ ਕਾਮਣਿ **ਪਿਰਹਿ** ਪਿਆਰੀ ਵਿਚਹੁ ਆਪੁ ਗਵਾਏ।" —ਗਉ **੩**, ਛੰਤ ੩, ੧ : ੬ (245)
"ਮੀਠੀ **ਪਿਰਹਿ** ਕਹਾਨੀ।" (ਪਤੀ ਦੀਆਂ)
—ਬਿਲਾ **੫**, ੧੨੮, ੨* : ੫ (830)

ਪਿਰਹੁ — ਪਤੀ ਤੋਂ
"ਕਾਮਣਿ **ਪਿਰਹੁ** ਭੁਲੀ ਜੀਉ ਮਾਇਆ ਮੋਹਿ ਪਿਆਰੇ।" —ਗਉ **੩**, ਛੰਤ ੨, ੩ : ੧ (244)

ਪਿਰਘਾ — ਪੂਜਨ ਯੋਗ, ਪਿਆਰਾ
"ਮੇਰੇ ਮਨ ਭਜੁ ਰਾਮ ਨਾਮ ਅਤਿ **ਪਿਰਘਾ**।"
—ਸੂਹੀ **੪**, ੨, ੧* : ੧ (731)

ਪਿਰਥਮੀ — ਧਰਤੀ, ਸ੍ਰਿਸ਼ਟੀ
"ਪਾਹਨ ਬੋਰੀ **ਪਿਰਥਮੀ** ਪੰਡਿਤ ਪਾੜੀ ਬਾਟ।"
—ਸਲੋ **ਕਬ**, ੧੩੭, ੨ (1371)
"ਛਤ੍ਰੁ ਸਿੰਘਾਸਨੁ **ਪਿਰਥਮੀ** ਗੁਰ ਅਰਜੁਨ ਕਉ ਦੇ ਆਇਅਉ।" —ਸਵ **੫**, ਹਰਿ ੨ : ੬ (1409)

ਪਿਰੰਨਿ — ਪਿਆਰੇ ਵੱਲ
"ਨਾਨਕ ਹਰਿ ਆਪੇ ਜਾਣਦਾ ਜਿਨਿ ਲਾਈ ਪ੍ਰੀਤਿ **ਪਿਰੰਨਿ**।"
—ਗਉ **੪**, ਵਾਰ ੪ਸ, **੪**, ੨ : ੨ (301)

ਪਿਰਮ — ਪ੍ਰੇਮ, ਪਿਆਰ
"ਇਹੁ **ਪਿਰਮ** ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ।"—ਰਾਮ **੩**, ਵਾਰ ੨ਸ, **੩**, ੨ : ੩ (947)

ਪਿਰੰਮ — 1. ਅਤਿ ਪਿਆਰਾ, ਜਿਸ ਨਾਲ ਪਿਆਰ ਕੀਤਾ ਜਾਵੇ
"ਮੇਰੈ ਮਨਿ ਤਨਿ ਪ੍ਰੇਮੁ **ਪਿਰੰਮ** ਕਾ ਮੇਰੇ ਗੋਵਿੰਦਾ ਹਰਿ ਪੂੰਜੀ ਰਾਖੁ ਹਮਾਰੀ ਜੀਉ।"
—ਮਾਝ **੪**, ੬੭, ੪ : ੨ (174)
2. ਪ੍ਰੇਮ
"ਕਬੀਰ ਜਉ ਤੁਹਿ ਸਾਧ **ਪਿਰੰਮ** ਕੀ ਸੀਸੁ ਕਾਟਿ ਕਰਿ ਗੋਇ।"
—ਸਲੋ **ਕਬ**, ੨੩੯ : ੧ (1377)

ਪਿਰਮਲੁ — ਖ਼ੁਸ਼ਬੂ, ਸੁਗੰਧੀ
"ਪ੍ਰੇਮ **ਪਿਰਮਲੁ** ਤਨਿ ਲਾਵਣਾ ਅੰਤਰਿ ਰਤਨ ਵਿਚਾਰ।"
—ਆਸਾ **੩**, ਅਸ ੩੦, ੬ : ੨ (426)

ਪਿਰਮੁ — 1. ਪ੍ਰੇਮ
"ਗਿਆਨ ਵਿਹੂਣੀ ਪਿਰ ਮੁਤੀਆ **ਪਿਰਮੁ** ਨ ਪਾਇਆ ਜਾਇ।"
—ਸਿਰੀ **੩**, ੬੧, ੩ : ੧ (38)
"ਆਪਣਾ ਲਾਇਆ **ਪਿਰਮੁ** ਨ ਲਗਈ ਜੇ ਲੋਚੈ ਸਭੁ ਕੋਇ।" —ਸਲੋ **ਫਰ**, ੧੩ : ੨ (1378)
2. ਪ੍ਰਿਯ, ਪਿਆਰਾ
"ਨਿਜ ਘਰਿ ਸੂਤੜੀਏ **ਪਿਰਮੁ** ਜਗਾਏ ਰਾਮ।"
—ਬਿਲਾ **੧**, ਛੰਤ ੨, ੨ : ੨ (844)
"ਸਚਾ ਸਉਦਾ ਖਰਚੁ ਸਚੁ ਅੰਤਰਿ **ਪਿਰਮੁ** ਪਿਆਰੁ।" (ਪ੍ਰਿਯ ਵਾਲਾ)
—ਸਲੋ **੩**, ੨੬ : ੫ (1415)

ਪਿਰਾ — ਹੇ ਪਿਆਰੇ/ਪ੍ਰਿਯ
"ਗੁਰ ਕੀ ਸੇਵਾ ਕਰਿ **ਪਿਰਾ** ਜੀਉ ਹਰਿ ਨਾਮੁ ਧਿਆਏ।" —ਗਉ **੩**, ਛੰਤ ੫, ੧ : ੧ (246)
"ਅਸੁਨਿ ਆਉ **ਪਿਰਾ** ਸਾਧਨ ਝੂਰਿ ਮੁਈ।" (ਹੇ ਪਿਆਰੇ/ਪਤੀ)
—ਤੁਖਾ **੧**, ਬਾਰਾ ੧੧ : ੧ (1108)

ਪਿਰਾਹਨੁ — ਚੋਲਾ, ਲਿਬਾਸ
"ਹਿਵੈ ਕਾ ਘਰੁ ਮੰਦਰੁ ਅਗਨਿ **ਪਿਰਾਹਨੁ**।"
— ਰਾਮ **੧**, ਸਿਗੋ ੪੫ : ੩ (943)

ਪਿਰਾਗੁ — ਪ੍ਰਯਾਗ, ਉਹ ਥਾਂ ਜਿਥੇ ਗੰਗਾ, ਜਮਨਾ ਤੇ ਸਰਸਵਤੀ ਤਿੰਨੇ ਨਦੀਆਂ ਮਿਲਦੀਆਂ ਹਨ।
"ਬੇਣੀ ਸੰਗਮੁ ਤਹ **ਪਿਰਾਗੁ** ਮਨੁ ਮਜਨੁ ਕਰੇ ਤਿਥਾਈ।" —ਰਾਮ **ਬੇਣੀ**, ੧, ੧ : ੨ (974)
ਹੋਰ ਰੂਪ — ਪਿਰਾਗੇ —
"ਨਾਨਕ ਧੂੜਿ ਪੁਨੀਤ ਸਾਧ ਲਖ ਕੋਟਿ **ਪਿਰਾਗੇ**।" —ਗਉ **੫**, ਵਾਰ ੧੬ : ੫ (322)

ਪਿਰਾਣਿ — ਪਛਾਣ, ਸਮਝ
"ਪੂਰਬ ਪ੍ਰੀਤਿ **ਪਿਰਾਣਿ** ਲੈ ਮੋਟਉ ਠਾਕੁਰੁ ਮਾਣਿ।"
—ਮਾਰੂ **੩**, ਵਾਰ ੧੩ਸ, **੧**, ੩ : ੧ (1090)
"ਥੈਂ ਭਾਵੈ ਦਰੁ ਲਹਸਿ **ਪਿਰਾਣਿ**।"
—ਮਲਾ **੧**, ਅਸ ੪, ੨ : ੪ (1275)
(ਮਹਾਨਕੋਸ਼ ਇਸ ਦੇ ਅਰਥ 'ਪ੍ਰਾਣੀ, ਜੀਵ' ਕਰਦਾ ਹੈ)

ਪਿਰਾਣੁ — ਜਾਣਾ
"ਰਕਤੁ ਬਿੰਦੁ ਕਾ ਇਹੁ ਤਨੋ ਅਗਨੀ ਪਾਸਿ **ਪਿਰਾਣੁ**।" —ਸਿਰੀ **੧**, ਅਸ ੧੫, ੫ : ੨ (63)

ਪਿਰਾਨੀ — ਪੀੜ ਕਰਨ ਲੱਗੀ ਹੈ, ਦੁਖਣ ਲੱਗੀ ਹੈ
"ਕਾਗ ਉਡਾਵਤ ਭੁਜਾ **ਪਿਰਾਨੀ**।"
—ਸੂਹੀ **ਕਬ**, ੨, ੪ : ੧ (792)

ਪਿਰਿ — ਪਤੀ ਨੇ
"ਸਚਿ ਸੁਹਾਗਣਿ ਸਾ ਭਲੀ **ਪਿਰਿ** ਮੋਹੀ ਗੁਣ ਸੰਗਿ।"
—ਸਿਰੀ **੧**, ਅਸ ੬, ੬ : ੩ (57)

ਪਿਰੀ — 1. ਪਤੀ, ਪ੍ਰੀਤਮ
"ਹਠ ਮਝਾਹੂ ਮਾ **ਪਿਰੀ** ਪਸੇ ਕਿਉ ਦੀਦਾਰ।"
—ਸਿਰੀ **੫**, ਛੰਤ ੩, ੧੩ : ੧ (80)
2. ਪਿਆਰੇ/ਪ੍ਰੀਤਮ ਦਾ
"ਓਹਾ ਪ੍ਰੇਮ **ਪਿਰੀ**।"
—ਆਸਾ **੫**, ੧੪੩, ੧* : ੧ (406)
"**ਪਿਰੀ** ਮਿਲਾਵਾ ਜਾ ਥੀਆ ਸਾਈ ਸੁਹਾਵੀ ਰੁਤਿ।" (ਭਾਵ ਪ੍ਰਭੂ)
—ਗੂਜ **੫**, ਵਾਰ ੧੩ਸ, **੫**, ੧ : ੧ (522)

ਪਿਰੀਅੰਨਿ — ਪਿਰ ਨਾਲ, ਪਿਆਰੇ ਨਾਲ

"ਲਗੜੀਆ **ਪਿਰੀਅੰਨਿ** ਪੇਖੰਦੀਆ ਨਾ ਤਿਪੀਆ।"
—ਮਾਰੂ **੫**, ਵਾਰ ੨੧ਸ, ੫, ੧ : ੧ (1101)

ਪਿਰੀਆ — ਪਤੀ, ਪ੍ਰਭੂ
"ਨਿਜ ਮੰਦਰਿ **ਪਿਰੀਆ**।"
—ਸੂਹੀ **੫**, ੪੪, ੧ : ੩ (746)

ਪਿਰੀਏ — ਹੇ ਪ੍ਰਿਯ! ਹੇ ਪਿਆਰੇ
"ਕਿਤੀ ਲਖ ਕਰੋੜਿ **ਪਿਰੀਏ** ਰੋਮ ਨ ਪੁਜਨਿ ਤੇਰਿਆ।" —ਸੂਹੀ **੫**, ਅਸ ੪, ੫ : ੧ (761)

ਪਿਰੁ — ਪਤੀ, ਪ੍ਰਿਯ
"ਨਾ ਬੇੜੀ ਨਾ ਤੁਲਹੜਾ ਨਾ ਪਾਈਐ **ਪਿਰੁ** ਦੂਰਿ।"
—ਸਿਰੀ **੧**, ੯, ੧ : ੩ (17)
"ਭਨਤਿ ਨਾਨਕੁ ਸਭਨਾ ਕਾ **ਪਿਰੁ** ਏਕੋ ਸੋਇ।" (ਪ੍ਰਭੂ ਪਤੀ) —ਆਸਾ **੧**, ੧੦, ੪ : ੧ (351)

ਪਿਰੇ - ਪਿਰ/ਪਤੀ ਨੇ
"ਮੋਹੀ ਪ੍ਰੇਮ **ਪਿਰੇ** ਪ੍ਰਭਿ ਅਬਿਨਾਸੀ ਰਾਮ।"
—ਬਿਲਾ **੧**, ਛੰਤ ੨, ੧ : ੨ (843)

ਪਿਲਾਇਆ — ਪਿਆਰਿਆ
"ਬਿਨੁ ਸ੍ਰਵਣਾ ਖੀਰੁ **ਪਿਲਾਇਆ**।"
—ਬਸੰ **ਕਬ**, ੩, ੧ : ੩ (1194)

ਪਿਵੰਨ — ਪੀਵਣ
"ਹੁਤੀ ਜੁ ਪਿਆਸ ਪਿਊਸ **ਪਿਵੰਨ** ਕੀ ਬੰਛਤ ਸਿਧਿ ਕਉ ਬਿਧਿ ਮਿਲਾਯਉ।"
—ਸਵ **੪**, ਨਲ ੧੦ : ੨ (1400)

ਪਿਵੀਜੈ — ਪੀਵੀਏ
"ਜਬ ਲਗਿ ਸਾਸੁ ਹੋਇ ਅੰਤਰਿ ਸਾਧੂ ਧੂਰਿ **ਪਿਵੀਜੈ**।"
—ਕਲਿ **੪**, ਅਸ ੬, ੧* : ੨ (1326)

ਪਿੜ — 1. ਅਖਾੜਾ
"ਮਾਇਆ ਕਾਰਣਿ **ਪਿੜ** ਬੰਧਿ ਨਾਚੈ ਦੂਜੈ ਭਾਇ ਦੁਖੁ ਪਾਵਣਿਆ।"
—ਮਾਝ **੩**, ਅਸ ੨੧, ੬ : ੩ (122)
2. ਲੜਾਈ, ਝਗੜਾ
"ਭੀ ਉਠਿ ਰਚਿਓਨੁ ਵਾਦੁ ਸੈ ਵਰ੍ਹਿਆ ਕੀ **ਪਿੜ** ਬਧੀ।" (ਝਗੜਾ ਵਿਡ ਲਿਆ)
—ਮਾਝ **੧**, ਵਾਰ ੧੨ਸ, **੧**, ੧ : ੮ (146)
3. ਬਾਜ਼ੀ, ਖੇਡ
"ਬਹੁ ਚਿੰਤਾ **ਪਿੜ** ਚਾਲੈ ਹਾਰੀ।" (ਜੀਵਨ ਰੂਪੀ ਖੇਡ)—ਗਉ **੧**, ਅਸ ੩, ੪ : ੨ (222)
"ਨਾਮੁ ਧਿਆਏ ਤਾ ਸੁਖੁ ਪਾਏ ਬਿਨੁ ਨਾਵੈ **ਪਿੜ** ਕਾਚੀ।" —ਵਡ **੧**, ਅਲਾ ੪, ੧ : ੪ (581)

ਪਿੜਾਈ — ਪਟਾਰੀ
"ਸਪੁ **ਪਿੜਾਈ** ਪਾਈਐ ਬਿਖੁ ਅੰਤਰਿ ਮਨਿ ਰੋਸੁ।"
—ਮਾਰੂ **੧**, ਅਸ ੨, ੪ : ੧ (1009)

ਪਿੜੁ — 1. ਅਖਾੜਾ, ਮੈਦਾਨ
"ਜਿਸ ਤੂੰ ਮੇਲਹਿ ਸੋ ਮਿਲੈ ਜਾਇ ਸਚਾ **ਪਿੜੁ** ਮਲਿ।" —ਸਿਰੀ **੧**, ਅਸ ੧੧, ੮ : ੩ (60)
2. ਰਣ ਦਾ ਮੈਦਾਨ
"ਕਾਹੂ ਬਿਹਾਵੈ ਸੋ **ਪਿੜੁ** ਮਾਲਤ।"
—ਰਾਤ **੫**, ਅਸ ੩, ੫ : ੨ (914)

ਪੀ — ਪਾਨ ਕਰਕੇ
"**ਪੀ** ਅੰਮ੍ਰਿਤੁ ਸੰਤੋਖਿਆ ਦਰਗਹਿ ਪੈਧਾ ਜਾਇ।"
—ਸਿਰੀ **੧**, ਅਸ ੧੪, ੨ : ੩ (62)

ਪੀਉ — 1. ਪੀ, ਪਾਨ ਕਰ
"ਅੰਮ੍ਰਿਤੁ ਰਸਨਾ **ਪੀਉ** ਪਿਆਰੀ।"
—ਗਉ **੫**, ੮੪, ੧* : ੧ (180)
2. ਪਤੀ, ਮਾਲਕ
"ਦੇਖਿਆ ਤਿਹੂੰ ਲੋਕ ਕਾ **ਪੀਉ**।"
—ਗਉ **ਕਬ**, ਥਿਤੀ ੧੩ : ੩ (344)
"ਨਾ ਜਾਨਉ ਕਿਆ ਕਰਸੀ **ਪੀਉ**।"
—ਸੂਹੀ **ਕਬ**, ੨, ੧ : ੨ (792)
3. ਪ੍ਰਿਯ ਪਿਆਰਾ
"ਲਾਖ ਭਗਤ ਅਰਾਧਹਿ ਜਪਤੇ ਪੀਉ **ਪੀਉ**।"
—ਆਸਾ **੫**, ੧੦੬, ੧ : ੧ (397)
"ਪਾਛੇ ਕਿਸਹਿ ਪੁਕਾਰਹਿ **ਪੀਉ ਪੀਉ**।"
—ਬਸੰ **ਰਵਿ**, ੧, ੩ : ੪ (1196)
"ਦੀਨਾ ਨਾਥੁ **ਪੀਉ** ਬਨਵਾਰੀ।" (ਪਿਆਰਾ ਹਰੀ) —ਪ੍ਰਭਾ **੧**, ੧੪, ੩ : ੨ (1331)
4. ਪਿਲਾ ਕੇ, ਪਾਨ ਕਰਾ ਕੇ
"ਤਿਨਿ ਪ੍ਰਭਿ ਸਾਚੈ ਆਪਿ ਭੁਲਾਇਆ ਬਿਖੈ ਠਗਉਰੀ **ਪੀਉ**।"
—ਸਾਰ **੫**, ੧੦੨, ੧* : ੨ (1224)

ਪੀਊ — 1. ਪਿਤਾ ਦੀ
"ਮਾਊ **ਪੀਊ** ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ।"—ਮਾਝ **੧**, ਵਾਰ ੨੬ਸ, **੧**, ੧ : ੪ (149)

2. ਪਿਤਾ, ਬਾਪ
"**ਪੀਊ** ਦਾਦੇ ਕਾ ਖੋਲਿ ਡਿਠਾ ਖਜਾਨਾ।"
—ਗਉ **੫**, ੧੦੦, ੧ : ੧ (186)

ਪੀਓ — 1. ਪਾਨ ਕਰੋ, ਪੀਵੋ
"ਅੰਮ੍ਰਿਤੁ ਨਾਮੁ **ਪੀਓ** ਮਨੁ ਤ੍ਰਿਪਤਿਆ ਅਨਭੈ ਠਹਰਾਇਓ।" —ਗਉ **੫**, ੧੩੬, ੨ : ੨ (209)
2. ਪੀਤਾ ਹੈ
"ਅੰਮ੍ਰਿਤੁ ਨਾਮੁ ਤੁਮ੍ਹਾਰਾ ਠਾਕੁਰ ਏਹੁ ਮਹਾ ਰਸੁ ਜਨਹਿ **ਪੀਓ**।"
—ਆਸਾ **੫**, ੪੭, ੧ : ੧ (382)

ਪੀਓਈਐ — ਪਾਨ ਕਰੀਦਾ ਹੈ, ਪੀਤਾ ਜਾਂਦਾ ਹੈ
"ਗੁਰਮਤਿ ਮਨੂਆ ਅਸਥਿਰੁ ਰਾਖਹੁ ਇਨ ਬਿਧਿ ਅੰਮ੍ਰਿਤੁ **ਪੀਓਈਐ**।"
—ਗਉ **ਕਬ**, ੪੬, ੧* : ੨ (332)

ਪੀਅ — ਪਿਆਰੇ, ਪ੍ਰੀਤਮ, ਪਤੀ
"ਧੰਨਿ ਸੁਹਾਗਨਿ ਜੋ **ਪੀਅ** ਭਾਵੈ।"
—ਆਸਾ **ਕਬ**, ੩੦, ੩ : ੧ (483)

ਪੀਅਉ — 1. ਪਾਨ ਕਰੋ, ਪੀਵੋ
"ਅਪਿਉ **ਪੀਅਉ** ਅਕਥੁ ਕਥਿ ਰਹੀਐ।"
—ਗਉ **੧**, ਅਸ ੧੫, ੨ : ੧ (227)
2. ਪੀਤਾ ਹੈ
"ਪ੍ਰੇਮ ਠਗਉਰੀ ਜਿਨ ਕਉ ਪਾਈ ਤਿਨ ਰਸੁ **ਪੀਅਉ** ਭਾਰੀ।"
—ਜੈਤ **੫**, ੧੧, ੧ : ੨ (702)

ਪੀਅਹਿ — 1. ਪੀਂਦੇ ਹਨ, ਪਾਨ ਕਰਦੇ ਹਨ
"ਸਿਰੁ ਖੋਹਾਇ **ਪੀਅਹਿ** ਮਲਵਾਣੀ ਜੂਠਾ ਮੰਗਿ ਮੰਗਿ ਖਾਹੀ।"
—ਮਾਝ **੧**, ਵਾਰ ੨੬ਸ, **੧**, ੧ : ੧ (149)
2. ਪੀਵੇਂ
"**ਪੀਅਹਿ** ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣ ਜਾਉ।"
—ਮਾਰੂ **੧**, ੬, ੩ : ੧ (991)

ਪੀਅਹੁ — ਪਾਨ ਕਰੋ, ਪੀਵੋ
"ਸਤਿਗੁਰੁ ਸੇਵਿ ਸਫਲ ਹਰਿ ਦਰਸਨੁ ਮਿਲਿ ਅੰਮ੍ਰਿਤੁ ਹਰਿ ਰਸੁ **ਪੀਅਹੁ**।"
—ਬਿਲਾ **੪**, ੪, ੨ : ੨ (800)

ਪੀਅਣ— ਪੀਣ
"ਪੰਜਵੈ ਖਾਣ **ਪੀਅਣ** ਕੀ ਧਾਤੁ।"
—ਮਾਝ **੧**, ਵਾਰ ੧ਸ, **੧**, ੨ : ੫ (137)

ਪੀਅਣੁ— ਪੀਣਾ
"ਕੋਟਿ ਕੋਟੀ ਮੇਰੀ ਆਰਜਾ ਪਵਣੁ **ਪੀਅਣੁ** ਅਪਿਆਉ।" —ਸਿਰੀ **੧**, ੨, ੧ : ੧ (14)

ਪੀਅੰਤ— ਪੀਣ
"ਖਾਤ **ਪੀਅੰਤ** ਮੂਏ ਨਹੀ ਜਾਨਿਆ।"
—ਰਾਮ **੧**, ਓਅੰ ੧੯ : ੫ (932)

ਪੀਅਰੀ— ਪੀਲੀ
"ਕਬੀਰ ਹਰਦੀ **ਪੀਅਰੀ** ਚੂੰਨਾਂ ਊਜਲ ਭਾਇ।"
—ਸਲੋ **ਕਬ**, ੫੬ : ੧ (1367)

ਪੀਅਲਾ— ਪੀਲੇ ਰੰਗ ਦਾ
"ਬਗਾ ਰਤਾ **ਪੀਅਲਾ** ਕਾਲਾ ਬੇਦਾ ਕਰੀ ਪੁਕਾਰ।"
—ਮਾਝ **੧**, ਵਾਰ ੪ਸ, **੧**, ੧ : ੪ (139)

ਪੀਆ— 1. ਪੀਵਾਂ, ਪਾਨ ਕਰਾਂ
"ਨਦਰੀ ਕਿਸੈ ਨ ਆਵਊਨ ਕਿਛੁ **ਪੀਆ** ਨ ਖਾਉ।"
—ਸਿਰੀ **੧**, ੨, ੩ : ੨ (15)
2. ਪੀਤਾ, ਪਾਨ ਕੀਤਾ
"ਜਿਨਾ ਪਰਾਪਤਿ ਤਿਨ **ਪੀਆ** ਹਉਮੈ ਵਿਚਹੁ ਖੋਇ।" —ਸਿਰੀ **੩**, ੪੬, ੪ : ੨ (31)

ਪੀਆਉ — ਪੀਤਾ, ਪਾਨ ਕੀਤਾ
"ਮਨਿ ਹਰਿ ਹਰਿ ਵਸਿਆ ਗੁਰਮਤਿ ਹਰਿ ਰਸਿਆ ਹਰਿ ਹਰਿ ਰਸ ਗਟਾਕ **ਪੀਆਉ** ਜੀਉ।"
—ਆਸਾ **੪**, ਛੰਤ ੧੩, ੧ : ੫ (447)

ਪੀਆਇ— ਪਿਆ ਕੇ, ਛਕਾ ਕੇ, ਪਿਲਾ ਕੇ
"ਦੂਧੁ **ਪੀਆਇ** ਭਗਤੁ ਘਰਿ ਗਇਆ।"
—ਭੈਰ **ਨਾਮ**, ੩, ੪ : ੧ (1164)

ਪੀਆਇਆ— ਪਿਲਾਇਆ
"ਮਨੁ ਹਰਿ ਰੰਗਿ ਰਾਤਾ ਹਰਿ ਰਸੁ **ਪੀਆਇਆ**।"
—ਮਾਝ **੪**, ੫, ੧ : ੨ (95)

ਪੀਆਈ— ਪਿਲਾਈ
"ਭਿਖਿਆ ਨਾਮਿ ਰਜੇ ਸੰਤੋਖੀ ਅੰਮ੍ਰਿਤੁ ਸਹਜਿ **ਪੀਆਈ**।" —ਸੋਰ **੧**, ਅਸ ੧, ੩ : ੪ (634)
"ਜੇਤੇ ਘਟ ਅੰਮ੍ਰਿਤੁ ਸਭ ਹੀ ਮਹਿ ਭਾਵੈ ਤਿਸਹਿ **ਪੀਆਈ**।" (ਪਿਆਉਂਦਾ ਹੈ)
—ਕੇਦਾ **ਕਬ**, ੩, ੨ : ੨ (1123)
ਹੋਰ ਰੂਪ — ਪੀਆਈਐ—

"ਬਿਸੀਅਰ ਕਉ ਬਹੁ ਦੂਧੁ **ਪੀਆਈਐ** ਬਿਖੁ ਨਿਕਸੈ ਫੋਲਿ ਫੁਲੀਠਾ।" (ਪਿਲਾਈਏ)
—ਗਉ **੪**, ੬੧, ੩ : ੨ (171)

ਪੀਆਏ— ਪਿਆਵੇ, ਪਿਆਉਂਦਾ ਹੈ
"ਅੰਮ੍ਰਿਤੁ ਪੀਵੈ ਜਿਸ ਨੋ ਆਪਿ **ਪੀਆਏ**।"
—ਮਾਝ **੩**, ਅਸ ੧੨, ੭ : ੧ (119)

ਪੀਆਲਿਆ— ਪਿਆਇਆ
"ਗੁਰਿ ਅੰਮ੍ਰਿਤ ਨਾਮੁ ਪੀਆਲਿਆ ਜਨਮ ਮਰਨ ਕਾ ਪਥੁ।" —ਸਿਰੀ ੫, ੮੦, ੩ : ੩ (49)

ਪੀਆਵਣ ਹਾਰਾ— ਪਿਆਉਣ ਵਾਲਾ
"ਹਰਿ ਅੰਮ੍ਰਿਤੁ ਆਪਿ **ਪੀਆਵਣ ਹਾਰਾ**।"
—ਗਉ **੪**, ੪੪, ੩ : ੨ (165)

ਹੋਰ ਰੂਪ — ਪੀਆਵਣਹਾਰੁ—
"ਵਿਖੁ ਵਿਚਿ ਅੰਮ੍ਰਿਤੁ ਪ੍ਰਗਟਿਆ ਕਰਮਿ **ਪੀਆਵਣਹਾਰੁ**।"
—ਸੋਰ **੪**, ਵਾਰ ੧੦ਸ, **੩**, ੨ : ੫ (646)

ਪੀਆਵਣਿਆ— ਪਿਆਉਣ ਵਾਲਾ
"ਅੰਮ੍ਰਿਤੁ ਰਸਨਾ ਬੋਲੈ ਦਿਨੁ ਰਾਤੀ ਮਨਿ ਤਨਿ ਅੰਮ੍ਰਿਤੁ **ਪੀਆਵਣਿਆ**।"
—ਮਾਝ **੩**, ਅਸ ੧੬, ੩ : ੪ (118)

ਪੀਆਵੈ— ਪਿਆਏ
"ਜਿਸਹਿ ਜਗਾਇ **ਪੀਆਵੈ** ਇਹੁ ਰਸੁ ਅਕਥ ਕਥਾ ਤਿਨਿ ਜਾਨੀ।"—ਗਉ **੫**, ਸੋਲਾ ੫, ੨ : ੨ (13)

ਪੀਐ— ਪੀਂਦਾ ਹੈ ਪੀਵੇ
"ਖੀਰੁ **ਪੀਐ** ਖੇਲਾਈਐ ਵਣਜਾਰਿਆ ਮਿਤ੍ਰਾ ਮਾਤ ਪਿਤਾ ਸੁਤ ਹੇਤੁ।"
—ਸਿਰੀ **੧**, ਪਹ ੨, ੧ : ੨ (75)
"ਖਿਮਾ ਧੀਰਜੁ ਕਰਿ ਗਉ ਲਵੇਰੀ ਸਹਜੇ ਬਛਰਾ ਖੀਰੁ **ਪੀਐ**।" —ਪ੍ਰਭਾ **੧**, ੭, ੪ : ੧ (1329)

ਪੀਏ— ਪੀਵੇ
"ਕਰਿ ਕਿਰਪਾ ਪ੍ਰਭ ਭਗਤੀ ਲਾਵਹੁ ਸਚੁ ਨਾਨਕ ਅੰਮ੍ਰਿਤੁ **ਪੀਏ** ਜੀਉ।"
—ਮਾਝ **੫**, ੩੫, ੪ : ੩ (105)

ਹੋਰ ਰੂਪ — ਪੀਏਉ —
"ਜੇ ਪੂਰਬਿ ਹੋਵੈ ਲਿਖਿਆ ਤਾ ਅੰਮ੍ਰਿਤੁ ਸਹਜਿ **ਪੀਏਉ**।" (ਪੀਵੀਦਾ ਹੈ, ਪੀਂਦਾ ਹੈ)
—ਸੂਹੀ **੪**, ਅਸ ੨, ੩ : ੨ (758)

ਪੀਸਉ— ਪੀਹਵਾਂ, ਪੀਹਾਂ (ਚੱਕੀ)
"ਪਾਣੀ ਪਖਾ **ਪੀਸਉ** ਸੇਵਕ ਕੈ ਠਾਕੁਰ ਹੀ ਕਾ ਆਹਰੁ ਜੀਉ।"
—ਮਾਝ **੫**, ੨੫, ੧ : ੩ (101)

ਪੀਸਣ— ਪੀਹਨ ਲਈ
"ਦੁਇ ਪੁੜ ਚਕੀ ਜੋੜਿ ਕੈ **ਪੀਸਣ** ਆਇ ਬਹਿਠੁ।"
—ਮਾਝ **੧**, ਵਾਰ ੧੧ਸ, **੧**, ੧ : ੩ (142)

ਹੋਰ ਰੂਪ — ਪੀਸਣਿ —
"ਕੁਸਾ ਕਟੀਆ ਵਾਰ ਵਾਰ **ਪੀਸਣਿ** ਪੀਸਾ ਪਾਇ।" (ਪੀਹਣ ਲਈ, ਪਾਸੇ ਜਾਣ ਲਈ)
—ਸਿਰੀ **੧**, ੨, ੨ : ੧ (14)

ਪੀਸਣੁ —
"ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ **ਪੀਸਣੁ** ਪੀਸਿ ਕਮਾਵਾ।" (ਪੀਹਨ, ਪੀਸਣ ਯੋਗ ਅੰਨ) —ਸੂਹੀ **੫**, ੫੪, ੪ : ੧ (749)

ਪੀਸਣੁ — 1. ਪੀਹਨ, ਪੀਸਣ ਯੋਗ ਵਸਤ, ਵੇਖੋ 'ਪੀਹਣ'
2. ਪੀਹਣ ਦਾ ਵੱਟਾ
"ਸਿਲਾ ਸੰਤੋਖ **ਪੀਸਣੁ** ਹਥਿ ਦਾਨੁ।"
—ਮਲਾ **੧**, ੮, ੧ : ੨ (1257)

ਪੀਸਤ — ਪੀਂਹਦੇ ਹੋਏ
"**ਪੀਸਤ** ਪੀਸਤੁ ਚਾਬਿਆ ਸੋਈ ਨਿਬਹਿਆ ਸਾਥ।" —ਸਲੋ **ਕਬ**, ੨੧੫ : ੨ (1376)

ਪੀਸਨੁ — ਪੀਹਨ
"**ਪੀਸਨੁ** ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ।"
—ਸੂਹੀ **੫**, ੪੧, ੨ : ੧ (745)

ਪੀਸਾ — ਪੀਹਾਂ
"ਕੁਸਾ ਕਟੀਆ ਵਾਰ ਵਾਰ ਪੀਸਣਿ **ਪੀਸਾ** ਪਾਇ।"
—ਸਿਰੀ **੧**, ੨, ੨ : ੧ (14)

ਪੀਸਾਇ — ਪੀਸਾ, ਪਿਹਾ
"ਕਬੀਰ ਮਹਿਦੀ ਕਰਿ ਕੈ ਘਾਲਿਆ ਆਪੁ **ਪੀਸਾਇ ਪੀਸਾਇ**।"
—ਰਾਮ **੩**, ਵਾਰ ੨ਸ, **ਕਬ**, ੧ : ੧ (947)

ਹੋਰ ਰੂਪ — ਪੀਸਾਈ—
"ਪ੍ਰਭਿ ਆਣਿ ਆਣਿ ਮਹਿੰਦੀ **ਪੀਸਾਈ** ਆਪੇ ਘੋਲਿ ਘੋਲਿ ਅੰਗਿ ਲਈਆ।"
—ਬਿਲਾ **੪**, ਅਸ ੬, ੮ : ੧ (837)

ਪੀਸਾਵੈ — ਪਿਹਾਉਂਦਾ ਹੈ
"ਆਪੇ ਧਰਤੀ ਆਪੇ ਹੈ ਰਾਹਕੁ ਆਪਿ ਜੰਮਾਇ **ਪੀਸਾਵੈ**।" —ਬਿਹਾ **੪**, ਵਾਰ ੬ : ੧ (550)

ਪੀਸਿ — ਪੀਹ ਕੇ
"ਪਖਾ ਪਾਣੀ **ਪੀਸਿ** ਬਿਗਸਾ ਪੈਰ ਧੋਇ।" —ਗੂਜ **੫**, ਵਾਰ ੩ : ੬ (518)

ਹੋਰ ਰੂਪ — ਪੀਸੁ—
"ਪਾਣੀ ਪਖਾ **ਪੀਸੁ** ਦਾਸ ਕੈ ਤਬ ਹੋਹਿ ਨਿਹਾਲੁ।" (ਪੀਹਣ) —ਬਿਲਾ **੫**, ੪੪, ੧ : ੧ (811)

ਪੀਸੈ—
"ਆਪੇ **ਪੀਸੈ** ਆਪੇ ਘਸੈ ਆਪੇ ਹੀ ਲਾਇ ਲਏਇ।" (ਪੀਹੇ) —ਰਾਮ **੩**, ਵਾਰ ੨ਸ, **੩**, ੨ : ੨ (947)

ਪੀਕ— ਪੀਤਾ ਹੈ
"ਗਾਵਤ ਸੁਨਤ ਦੋਊ ਭਏ ਮੁਕਤੇ ਜਿਨਾ ਗੁਰਮੁਖਿ ਖਿਨੁ ਹਰਿ **ਪੀਕ**।" —ਪ੍ਰਭਾ **੪**, ੩, ੧ : ੨ (1336)

ਪੀਕੀ— ਪੀਤੀ
"ਬਿਖਾਰੀ ਨਿਰਾਰੀ ਅਪਾਰੀ ਸਹਜਾਰੀ ਸਾਧਸੰਗਿ ਨਾਨਕ **ਪੀਕੀ** ਰੇ।" —ਆਸਾ **੫**, ੧੩੩, ੨ : ੧ (404)
(ਮਹਾਨਕੋਸ਼ ਨੇ 'ਪੀ+ਕੀ' ਕਰਕੇ ਅਰਥ 'ਪਤੀ ਦੀ' ਕੀਤਾ ਹੈ)

ਪੀਚਈ— ਪੀਣਾ ਚਾਹੀਦਾ
"ਝੂਠਾ ਮਦ ਮੂਲਿ ਨ **ਪੀਚਈ** ਜੇ ਕਾ ਪਾਰਿ ਵਸਾਇ।"—ਬਿਹਾ **੪**, ਵਾਰ ੧੬ਸ, **੩**, ੧:੫ (554)

ਹੋਰ ਰੂਪ — ਪੀਚੈ—
"ਪਾਵ ਮਲੋਵਾ ਮਲਿ ਮਲਿ ਧੋਵਾ ਮਿਲਿ ਹਰਿ ਜਨ ਹਰਿ ਰਸੁ **ਪੀਚੈ** ਜੀਉ।" —ਮਾਝ **੪**, ੬, ੨ : ੩ (96)

ਪੀਛੈ— ਪਿਛੇ
"ਜਿਨੀ ਮੇਰਾ ਪਿਆਰਾ ਰਾਵਿਆ ਤਿਨ **ਪੀਛੈ** ਲਾਗਿ ਫਿਰਾਉ।" —ਸਿਰੀ **੪**, ੬੮, ੧ : ੨ (41)

ਪੀਜਈ— ਪੀਵੀਏ, ਪਾਨ ਕਰੀਏ
"ਲਾਹਾ ਨਾਮੁ ਸੰਸਾਰਿ ਅੰਮ੍ਰਿਤੁ **ਪੀਜਈ**।" —ਮਲਾ **੧**, ਵਾਰ ੧੭ : ੭ (1285)

ਪੀਜਾ— ਪੀਤਾ
"ਸੁਰਤਿ ਸਬਦੁ ਰਿਦ ਅੰਤਰਿ ਜਾਗੀ ਅਮਿਉ ਝੋਲਿ ਝੋਲਿ **ਪੀਜਾ** ਹੇ।" —ਮਾਰੂ **੫**, ਸੋਲਾ ੩, ੧੩ : ੩ (1074)

ਪੀਜੀਐ— ਪੀਵੀਏ, ਪਾਨ ਕਰੀਏ
"ਸੋਰਠਿ ਸੋ ਰਸੁ **ਪੀਜੀਐ** ਕਬਹੂ ਨ ਫੀਕਾ ਹੋਇ।" —ਸਲੋ **੫**, ੫ : ੧ (1425)

ਪੀਜੈ— ਪੀਵਏ
"ਹਰਿ ਹਰਿ ਅੰਮ੍ਰਿਤ ਹਰਿ ਮਨਿ ਭਾਵੈ ਮਿਲਿ ਸਤਿਗੁਰ ਅੰਮ੍ਰਿਤੁ **ਪੀਜੈ** ਜੀਉ।" —ਮਾਝ **੪**, ੪, ੨ : ੩ (96)

ਪੀਠਾ— ਪੀਸਿਆ, ਪੀਹ ਦਿਤਾ
"ਹਉ ਬਲਿਹਾਰੀ ਸੰਤਨ ਤੇਰੇ ਜਿਨਿ ਕਾਮੁ ਕ੍ਰੋਧੁ ਲੋਭੁ **ਪੀਠਾ** ਜੀਉ।" —ਮਾਝ **੫**, ੪੯, ੩ : ੪ (108)

ਪੀਠਿ— ਪਿੱਠ, ਕੰਡ
"ਆਗੇ ਬੈਠਾ **ਪੀਠਿ** ਫਿਰਾਇ।" —ਭੈਰ **ਕਬ**, ੮, ੧ : ੨ (1159)
"ਮਤੁ ਲਕਰੀ ਸੋਟਾ ਤੇਰੀ ਪਰੈ **ਪੀਠਿ**।" (ਪਿਠ ਉਤੇ) —ਬਸੰ **ਕਬ**, ੧*, ੩ : ੨ (1196)

ਪੀਠੇ— ਪੀਠਿਆਂ, ਪੀਸਿਆ ਭਾਵ ਦੁਖ ਦਿਤਾ
"ਅਸਥਿਰ ਭਏ ਸਾਚ ਰੰਗਿ ਰਾਤੇ ਜਨਮ ਮਰਨ ਬਾਹੁਰਿ ਨਹੀ **ਪੀਠੇ**।" —ਟੋਡੀ **੫**, ੨੭, ੧ : ੨ (717)

ਪੀਡੀ— ਪਕੀ, ਮਜ਼ਬੂਤ
"ਜੇ ਜਾਣਾ ਲੜੁ ਛਿਜਣਾ **ਪੀਡੀ** ਪਾਈਂ ਗੰਢਿ।" —ਸਲੋ **ਫਰ**, ੫ : ੧ (1378)

ਪੀਣਾ— ਪਾਨ ਕਰਨਾ
"ਨਾਨਕ ਆਖੈ ਗੋਰ ਸਦੇਈ ਰਹਿਓ **ਪੀਣਾ** ਖਾਣਾ।" —ਸਿਰੀ **੧**, ੨੮, ੪ : ੨ (24)

ਪੀਣੇ— ਪੀਣ ਵਾਲੇ
"ਰਤੁ **ਪੀਣੇ** ਰਾਜੇ ਸਿਰੈ ਉਪਰਿ ਰਖੀਅਹਿ ਏਵੈ ਜਾਪੈ ਭਾਉ।" —ਮਾਝ **੧**, ਵਾਰ ੯ਸ, **੧**, ੩ : ੨ (142)

ਪੀਤ— 1. ਪੀਂਦਿਆ
"ਖਾਤ **ਪੀਤ** ਖੇਲਤ ਹਸਤ ਬਿਸਥਾਰ।" —ਗਉ **੫**, ੧੧੧, ੨ : ੧ (188)

"ਖਾਤ **ਪੀਤ** ਖੇਲਤ ਹਸਤ ਭਰਮੇ ਜਨਮ ਅਨੇਕ।"
—ਗਉ **੫**, ਪ੩ਸ : ੧ (261)

2. ਪੀਲਾ ਭਾਵ ਵਾਹਿਗੁਰੂ (ਨਾਵ)
"**ਪੀਤ** ਪੀਤੰਬਰ ਤ੍ਰਿਭਵਣ ਧਣੀ।" (ਭਾਵ ਅਕਾਲ ਪੁਰਖ)
—ਮਾਰੂ **੫**, ਸੋਲਾ ੧੧, ੧੧ : ੧ (1082)

3. ਪੀਲੇ (ਵਿਸ਼ੇਸ਼ਣ)
"**ਪੀਤ** ਬਸਨ ਕੁੰਦ ਦਸਨ ਪ੍ਰਿਅ ਸਹਿਤ ਕੰਠ ਮਾਲ ਮੁਕਟੁ ਸੀਸਿ ਮੋਰ ਪੰਖ ਚਾਹਿ ਜੀਉ।"
—ਸਵ **੪**, ਗਯੰ, ੮ : ੧ (1402)

ਪੀਤੰਬਰ— ਪੀਲੇ ਰੰਗ ਦੇ ਵਸਤ੍ਰ
"ਜਹਾ ਬਸਹਿ **ਪੀਤੰਬਰ** ਪੀਰ।" (ਪੀਲੇ ਰੰਗ ਦੇ ਵਸਤਰ ਪਾਉਣ ਵਾਲਾ, ਭਾਵ ਕ੍ਰਿਸ਼ਨ)
—ਆਸਾ **ਕਬ**, ੧੩, ੧ : ੨ (478)

ਹੋਰ ਰੂਪ — ਪੀਤੰਬਰੁ—
"ਬਦਤਿ ਤਿਲੋਚਨੁ ਤੇ ਨਰ ਮੁਕਤਾ **ਪੀਤੰਬਰੁ** ਵਾ ਕੇ ਰਿਦੈ ਬਸੈ।" (ਭਾਵ ਵਾਹਿਗੁਰੂ)
—ਗੂਜ **ਤ੍ਰਿਲੋ**, ੨, ੫ : ੨ (526)

ਪੀਤਾ— 1. ਪਾਨ ਕੀਤਾ
"ਹਰਿ ਜੀ ਸਫਲਿਓ ਬਿਰਖੁ ਹੈ ਅੰਮ੍ਰਿਤੁ ਜਿਨਿ **ਪੀਤਾ** ਤਿਸੁ ਤਿਖਾ ਲਹਾਵਣਿਆ।"
—ਮਾਝ **੩**, ਅਸ ੧੦, ੧ : ੩ (114)

ਪੀਤਾਂਬਰ— ਪੀਲੇ ਵਸਤ੍ਰ ਪੀਲੇ ਵਸਤ੍ਰ ਪਾਣ ਵਾਲਾ ਭਾਵ ਕ੍ਰਿਸ਼ਨ ਭਾਵ ਅਕਾਲ ਪੁਰਖ
"ਪੀਤ **ਪੀਤਾਂਬਰ** ਤ੍ਰਿਭਵਣ ਧਣੀ ਥੰਭ ਮਾਹਿ ਹਰਿ ਭਾਖੈ।" —ਭੈਰ **ਨਾਮ**, ੯, ੪ : ੨ (1165)

ਪੀਤਿਆ— ਪੀਣ ਨਾਲ, ਪਾਨ ਕਰਨ ਨਾਲ
"ਅਘੜੋ ਘੜਾਵੈ ਸਬਦੁ ਪਾਵੈ ਅਪਿਉ ਹਰਿ ਰਸੁ **ਪੀਤਿਆ**।"—ਵਡ **੪**, ਘੋੜੀ ੧, ੩ : ੪ (575)

ਪੀਤੀ— ਪਾਨ ਕੀਤੀ
"ਜਿਨਿ **ਪੀਤੀ** ਤਿਸੁ ਮੋਖ ਦੁਆਰ।"
—ਮਲਾ **੧**, ਅਸ ੪, ੫ : ੪ (1275)

ਹੋਰ ਰੂਪ — ਪੀਤੈ—
"ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ **ਪੀਤੈ** ਤਿਖ ਜਾਇ।" (ਪੀਣ ਨਾਲ)
—ਸਿਰੀ **੩**, ੫੫, ੨ : ੩ (35)

ਪੀਨੇ— ਪੀਤੇ, ਪਾਨ ਕੀਤੇ
"ਅੰਮ੍ਰਿਤ ਨਾਮ ਮਹਾ ਰਸ **ਪੀਨੇ**।"
—ਗਉ **੫**, ੧੦੮*, ੨ : ੨ (201)

ਪੀਪ— ਪਿਪਲ ਦਾ ਦਰਖਤ
"ਸੰਗਤਿ ਸੰਤ ਸੰਗਿ ਲਗਿ ਊਚੇ ਜਿਉ **ਪੀਪ** ਪਲਾਸ ਖਾਇ ਲੀਜੈ।"—ਕਲਿ **੪**, ਅਸ ੪, ੪ : ੧ (1325)

ਪੀਪਾ— 1483 ਸੰਗਤ ਵਿਚ ਜਨਮੇ ਗਗਨੌਰ ਦਾ ਰਾਜਾ ਜੋ ਪਹਿਲਾ ਦੁਰਗਾ ਭਗਤ ਸੀ ਪਰ ਫਿਰ ਰਾਮਾਨੰਦ ਜੀ ਦੇ ਪ੍ਰਭਾਵ ਅਧੀਨ ਵੈਰਾਗ ਵਿਚ ਆ ਘਰ ਬਾਹਰ ਛੱਡ ਭਗਤ ਹੋਏ। ਇਨਾਂ ਦਾ ਇਕ ਸ਼ਬਦ ਧਨਾਸਰੀ ਰਾਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹੈ।
"**ਪੀਪਾ** ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ।" —ਧਨਾ **ਪੀਪਾ**, ੧, ੨ : ੨ (695)

ਪੀਰ— (ਫ਼ਾ. ਪੀਰ) 1. ਗੁਰੂ, ਧਾਰਮਿਕ ਆਗੂ
"ਸੁਣਿਐ ਸਿਧ **ਪੀਰ** ਸੁਰਿ ਨਾਥ।"
—ਜਪੁ **੧**, ੮ : ੧ (2)

2. ਪੀੜ, ਪੀੜਾ
"ਨਿਰਮਲੁ ਸਾਚੋ ਮਨਿ ਵਸੈ ਸੋ ਜਾਣੈ ਅਭ **ਪੀਰ**।"
—ਸਿਰੀ **੧**, ਅਸ ੨, ੧ : ੨ (57)

3. ਦੁੱਖ, ਬਿਪਤਾ
"ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ **ਪੀਰ**।"
—ਸਿਰੀ **੫**, ਅਸ ੨੬, ੨ : ੧ (70)

4. ਦਰਦ
"ਜਿਨਹਿ ਉਪਾਏ ਤਿਸ ਕਉ **ਪੀਰ**।"
—ਭੈਰ **੫**, ੬, ੧ : ੨ (1137)

ਪੀਰਹੁ— ਪੀਰ ਤੋਂ, ਧਾਰਮਿਕ ਆਗੂ ਤੋਂ
"ਪੁਤ੍ਰੀ ਕਉਲੁ ਨ ਪਾਲਿਓ ਕਰਿ **ਪੀਰਹੁ** ਕੰਨ੍ ਮੁਰਟੀਐ।"
—ਰਾਮ **ਬਸ**, ਵਾਰ ੨ : ੧੦ (967)

ਪੀਰਤਨੁ— ਪੀਲਾਪਨ
"ਕਬੀਰ ਹਰਦੀ **ਪੀਰਤਨੁ** ਹਰੈ ਚੂਨ ਚਿਹਨੁ ਨ ਰਹਾਇ।" —ਸਲੋ **ਕਬ**, ੫੨ : ੧ (1367)

ਪੀਰਾ— 1. ਪੀਰ, ਗੁਰੂ (ਫ਼ਾ. ਪੀਰ)
"ਹਮ ਜੇਰ ਜਿਮੀ ਦੁਨੀਆ **ਪੀਰਾ** ਮਸਾਇਕ ਰਾਇਆ।"
—ਮਾਝ **੧**, ਵਾਰ ੧੩ਸ, **੧**, ੧ : ੧ (143)

ਹੋਰ ਰੂਪ — ਪੀਰਾਂ—
"ਗੁਰ **ਪੀਰਾਂ** ਕੀ ਚਾਕਰੀ ਮਹਾਂ ਕਰੜੀ ਸੁਖ ਸਾਰੁ।" —ਸਲੋ **੪**, ੧੬ : ੧ (1422)
2. ਪੀੜ
"ਵਡੇ ਕਹਾਵਹਿ ਹਉਮੈ ਤਨਿ **ਪੀਰਾ**।"
—ਗਉ **੧**, ਅਸ ੧੪, ੭ : ੨ (227)

ਪੀਰਿ— ਗੁਰੂ ਤੋਂ, ਗੁਰੂ ਵਲੋਂ (ਫਾ. ਪੀਰ)
"ਜੋ ਨਰ **ਪੀਰਿ** ਨਿਵਾਜਿਆ ਤਿਨ੍ਾ ਅੰਚ ਨ ਲਾਗ।"
—ਰਾਮ **੫**, ਵਾਰ ੨੧ਸ, **੫**, ੧ : ੨ (966)
ਹੋਰ ਰੂਪ — ਪੀਰੁ—
ਪੂਜ ਲਗੈ **ਪੀਰੁ** ਆਖੀਐ ਸਭੁ ਮਿਲੈ ਸੰਸਾਰੁ।
(ਗੁਰੂ) —ਸਿਰੀ **੧**, ੮, ੨ : ੧ (17)
ਪੀਰੈ—
"ਲਖ ਚਉਰਾਸੀਹ ਤਰਸਦੇ ਫਿਰੇ ਬਿਨੁ ਗੁਰ ਭੇਟੇ **ਪੀਰੈ**।" (ਗੁਰੂ ਦੇ)
—ਸਿਰੀ **੩**, ੬੩, ੧ : ੨ (38)

ਪੀਰੈ— 1. ਪੀਰ/ਗੁਰੂ ਦੇ, ਵੇਖੋ 'ਪੀਰਿ'
2. ਪੀੜ
"ਬਿਨਸੈ ਮੋਹੁ ਭਰਮੁ ਦੁਖੁ **ਪੀਰੈ**।"
—ਕਾਨ **੫**, ੨੨, ੧* : ੨ (1303)

ਪੀਲਕੁ— ਮੁਹਾਵਤ, ਪੀਲ (ਹਾਥੀ) ਦਾ ਪ੍ਰੇਰਣਾ ਕਰਤਾ
"ਮਨੁ ਕੁੰਚਰੁ **ਪੀਲਕੁ** ਗੁਰੂ ਗਿਆਨੁ ਕੁੰਡਾ ਜਹ ਖਿੰਚੇ ਤਹ ਜਾਇ।"
—ਗੂਜ **੩**, ਵਾਰ ੨੦ਸ, **੩**, ੨ : ੧ (516)

ਪੀਲਾਏ— ਪਿਆਵੇ
"ਮਨਸਾ ਕਟੋਰੀ ਕੂੜਿ ਭਰੀ **ਪੀਲਾਏ** ਜਮ ਕਾਲੁ।"
—ਬਿਹਾ **੪**, ਵਾਰ ੧੨ਸ, **ਮਰ**, ੨ : ੨ (553)

ਪੀਲਾਵਉ— ਪਿਆਓ, ਪਾਨ ਕਰਵਾਉ।
"ਅੰਮ੍ਰਿਤ ਗੁਣ ਸੰਤ ਬੋਲਤੇ ਸੁਣਿ ਮਨਹਿ **ਪੀਲਾਵਉ**।" —ਬਿਲਾ **੫**, ਪ੧, ੨ : ੧ (813)

ਪੀਲਾਵਾ— ਪਿਆਉਣ ਵਾਲਾ ਵਰਤਾਉਣ ਵਾਲਾ
"ਕ੍ਰੋਧ ਕਟੋਰੀ ਮੋਹਿ ਭਰੀ **ਪੀਲਾਵਾ** ਅਹੰਕਾਰੁ।"
—ਬਿਹਾ **੪**, ਵਾਰ ੧੨ਸ, **ਮਰੁ**, ੧ : ੨ (553)

ਪੀਵਉ— ਪੀਓ, ਪਾਨ ਕਰੋ
"ਗੁਰ ਦੀਆ ਸਚੁ ਅੰਮ੍ਰਿਤੁ **ਪੀਵਉ**।"
—ਬਸੰ **੧**, ਅਸ ੪, ੭ : ੧ (1189)

ਪੀਵਸਾ— ਪੀਵਾਂਗਾ
"ਮਤੜੀ ਕਾਂਢਕੁ ਆਹ ਪਾਣ ਧੋਵੰਦੋ **ਪੀਵਸਾ**।"
—ਮਾਰੂ **੫**, ਵਾਰ ੧੫ਸ, **੫**, ੩ : ੧ (1099)
ਹੋਰ ਰੂਪ — ਪੀਵਸਿ—
"ਨਿਕਟਿ ਨੀਰੁ ਪਸੁ **ਪੀਵਸਿ** ਨ ਝਾਗਿ।"
(ਪੀਂਦਾ) —ਗਉ **ਕਬ**, ੨੪, ੨ : ੨ (328)

ਪੀਵਹ— ਪੀਂਦਾ ਹੈ
"ਗੁਣ ਗਾਇ ਜੀਵਹ ਹਰਿ ਅਮਿਉ **ਪੀਵਹ** ਜਨਮ ਮਰਣਾ ਭਾਗਏ।"
—ਕਾਨ **੫**, ਛੰਤ ੧, ੨ : ੩ (1312)
ਹੋਰ ਰੂਪ — ਪੀਵਹਿ —
"ਅੰਮ੍ਰਿਤੁ **ਪੀਵਹਿ** ਸਦਾ ਸਦਾ ਸਚੈ ਨਾਮਿ ਪਿਆਰਿ।" (ਪੀਂਦੇ ਹਨ)
—ਸਿਰੀ **੩**, ੩੮, ੧ : ੩ (28)
ਪੀਵਹੁ—
"ਅੰਮ੍ਰਿਤ ਨਾਮੁ **ਪੀਵਹੁ** ਮੇਰੇ ਭਾਈ।" (ਪੀਓ)
—ਗਉ **੫**, ੧੨੬, ੧* : ੧ (191)

ਪੀਵਣਹਾਰਾ— ਪੀਣ ਵਾਲਾ
"ਊਪਰਿ ਕੂਪੁ ਗਗਨ ਪਨਿਹਾਰੀ ਅੰਮ੍ਰਿਤੁ **ਪੀਵਣਹਾਰਾ**।"
—ਪ੍ਰਭਾ **੧**, ੧੫, ੨ : ੧ (1332)
ਹੋਰ ਰੂਪ — ਪੀਵਣਹਾਰੁ—
"ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ **ਪੀਵਣਹਾਰੁ**।"
—ਮਾਝ **੫**, ਬਾਰਾ ੬ : ੪ (134)

ਪੀਵਣਾ— ਪੀਂਦੇ ਹਨ
"ਗੁਰਮੁਖਿ ਅੰਮ੍ਰਿਤੁ **ਪੀਵਣਾ** ਵਾਹੁ ਵਾਹੁ ਕਰਹਿ ਲਿਵ ਲਾਇ।"
—ਗੂਜ **੩**, ਵਾਰ ੧੯ਸ, **੩**, ੨ : ੩ (515)

ਪੀਵਤ— 1. ਪੀਂਦਿਆਂ ਹੀ
"**ਪੀਵਤ** ਹੂ ਪਰਵਾਣੁ ਭਇਆ ਪੂਰੈ ਸਬਦਿ ਸਮਾਇ।" —ਸਿਰੀ **੩**, ੫੦, ੨ : ੩ (33)
2. ਪੀਂਦੇ ਹਨ
"ਰਾਮ ਰਸਾਇਣੁ **ਪੀਵਤ** ਬੀਰ।"
—ਗਉ **੫**, ੧੬੧, ੧ : ੨ (198)
ਹੋਰ ਰੂਪ — ਪੀਵਤੰ—
"ਅੰਮ੍ਰਿਤ ਨਾਮੁ ਨਾਰਾਇਣ ਨਾਨਕ **ਪੀਵਤੰ** ਸੰਤ

ਨ ਤ੍ਰਿਪ੍ਤੇ।" —ਸਸ **੫**, ੨੬ : ੨ (1356)

ਪੀਵਤਿ—
"**ਪੀਵਤਿ** ਅੰਮ੍ਰਿਤ ਨਾਮੁ ਜਨ ਨਾਮੇ ਰਹੇ ਅਘਾਇ।" (ਪੀਣ ਨਾਲ)
—ਗੂਜ **੫**, ਵਾਰ ੧੪ : ੮ (522)

ਪੀਵਤੁ—
"ਕਲਿ ਕਲਵਾਲੀ ਮਾਇਆ ਮਦੁ ਮੀਠਾ ਮਨੁ ਮਤਵਾਲਾ **ਪੀਵਤੁ** ਰਹੈ।" (ਪੀਂਦਾ)
—ਆਸਾ **੧**, ੫, ੪ : ੧ (350)

ਪੀਵਤੇ—
"ਮਨਿ ਤਨੇ ਗਲਤਾਨ ਸਿਮਰਤ ਪ੍ਰਭ ਨਾਮ ਹਰਿ ਅੰਮ੍ਰਿਤੁ **ਪੀਵਤੇ** ਜੀਉ।" (ਪੀਂਦੇ ਹਨ)
—ਸਿਰੀ **੫**, ਛੰਤ ੩, ੩ : ੨ (81)

ਪੀਵਦੈ— ਪੀਂਦੇ ਹਨ
"ਲਹਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤੁ **ਪੀਵਦੈ**।" —ਰਾਮ **ਬਸ**, ਵਾਰ ੧ : ੪ (966)

ਪੀਵਨ— 1. ਪੀਂਦਾ ਹੈ
"ਸਭਿ ਘਟ ਭੋਗੈ ਹਰਿ ਰਸੁ **ਪੀਵਨ**।"
—ਮਾਰੂ **੧**, ਸੋਲਾ ੧੧, ੩ : ੨ (1031)
2. ਪੀਣ ਦੀ, ਪਾਨ ਕਰਨ ਦੀ
"ਚਿਤਹਿ ਉਲਾਸ ਆਸ ਮਿਲਬੇ ਕੀ ਚਰਨ ਕਮਲ ਰਸ **ਪੀਵਨ**।"
—ਮਲਾ **੫**, ੧੨, ੧* : ੨ (1269)

ਪੀਵਨਹਾਰਾ— ਪੀਣ ਵਾਲਾ
"ਸੁਖਮਨ ਨਾਰੀ ਸਹਜ ਸਮਾਨੀ ਪੀਵੈ **ਪੀਵਨਹਾਰਾ**।"
—ਰਾਮ **ਕਬ**, ੨, ੧ : ੨ (969)
ਹੋਰ ਰੂਪ — ਪੀਵਨਹਾਰੁ—
"ਤਉ ਮਨੁ ਮਤਵਾਰੋ **ਪੀਵਨਹਾਰੁ**।"
—ਗਉ **ਕਬ**, ਵਾ ੨ : ੪ (344)

ਪੀਵਨਾ— ਪੀਣਾ, ਪਾਨ ਕਰਨਾ
"ਪੀਵਨਾ ਜਿਤੁ ਮਨੁ ਆਘਾਵੈ ਨਾਮੁ ਅੰਮ੍ਰਿਤ ਰਸੁ **ਪੀਵਨਾ**।" —ਮਾਰੂ **੫**, ਅਸ ੬, ੧ : ੧ (1019)
ਹੋਰ ਰੂਪ — ਪੀਵਨਿ—
"ਬਿਖੈ ਰਸ ਭੋਗ ਅੰਮ੍ਰਿਤ ਸੁਖ ਸਾਗਰ ਰਾਮ ਨਾਮ ਰਸੁ **ਪੀਵਨਿ**।" (ਪੀਣ)
—ਸਾਰ **੫**, ੯੧, ੧* : ੨ (1222)

ਪੀਵਨੋ—
"ਪ੍ਰਭੁ ਪੁਰਖੁ ਜਗਜੀਵਨੋ ਸੰਤ ਰਸੁ **ਪੀਵਨੋ** ਜਪਿ ਭਰਮ ਮੋਹ ਦੁਖ ਡਾਰਾ।"
—ਆਸਾ **੫**, ਛੰਤ ੩, ੩ : ੫ (454)

ਪੀਵਾ— ਪਾਨ ਕਰਾਂ, ਛੱਕਾਂ
"ਸਗਲੇ ਦੂਖ ਪਾਣੀ ਕਰਿ **ਪੀਵਾ** ਧਰਤੀ ਹਾਕ ਚਲਾਈ।"
—ਮਾਝ **੧**, ਵਾਰ ੧੯ਸ, **੧**, ੧ : ੨ (147)
ਹੋਰ ਰੂਪ — ਪੀਵਾਂ —
"ਨਾਮੁ ਰਸਾਇਣੁ ਮਨੁ ਤ੍ਰਿਪਤਾਇਣ ਗੁਰਮੁਖਿ ਅੰਮ੍ਰਿਤੁ **ਪੀਵਾਂ** ਜੀਉ।"
—ਮਾਝ **੫**, ੧੬, ੩ : ੩ (99)

ਪੀਵਿ— ਪੀਣ ਨਾਲ, ਪਾਨ ਕਰਨ ਨਾਲ
"**ਪੀਵਿ** ਰਹੇ ਜਲ ਨਿਖੁਟਤ ਨਾਹੀ।"
—ਗਉ **ਕਬ**, ੧, ੩ : ੨ (323)

ਪੀਵਿਆ— ਪੀਣ ਨਾਲ
"ਸਬਦਿ ਸਵਾਰੀਆਸੁ ਅੰਮ੍ਰਿਤੁ **ਪੀਵਿਆ**।"
—ਮਾਝ **੧**, ਵਾਰ ੨੨ : ੮ (148)

ਪੀਵੀਐ — ਪਾਨ ਕਰੀਏ
"ਹਰਿ ਅਮਿਉ ਰਸਾਇਣੁ **ਪੀਵੀਐ**।"
—ਮਾਝ **੫**, ਅਸ, ੩੮, ੪ : ੧ (132)

ਪੀਵੇ— ਪਾਨ ਕਰੀਏ
"ਤਿਨ ਜਮਕਾਲੁ ਨ ਵਿਆਪਈ ਜਿਨ ਸਚੁ ਅੰਮ੍ਰਿਤੁ **ਪੀਵੇ**।" —ਸਿਰੀ **੪**, ਵਾਰ ੩ : ੪ (83)
ਹੋਰ ਰੂਪ — ਪੀਵੈ —
"ਜਿਹਵਾ ਰਤੀ ਸਬਦਿ ਸਚੈ ਅੰਮ੍ਰਿਤੁ **ਪੀਵੈ** ਰਸਿ ਗੁਣ ਗਾਇ।"
—ਸਿਰੀ **੩**, ੫੮, ੨ : ੩ (36)

ਪੀੜ— (ਸੰ. ਪੀਡ਼) ਦੁੱਖ, ਪੀੜਾ
"ਬਿਨੁ ਗੁਰ ਰੋਗੁ ਨ ਤੁਟਈ ਹਉਮੈ **ਪੀੜ** ਨ ਜਾਇ।"
—ਸਿਰੀ **੩**, ੫੭, ੧ : ੧ (36)
2. ਮਰੋੜ, ਖਮ, ਮੁਰਝਾ ਕੇ ਲਿਫ ਜਾਣ ਦਾ ਭਾਵ
"ਹਰਿ ਹਰਿ ਕਰਹਿ ਸਿ ਸੂਕਹਿ ਨਾਹੀ ਨਾਨਕ **ਪੀੜ** ਨ ਖਾਹਿ ਜੀਉ।"
—ਆਸਾ **੧**, ਛੰਤ ੪, ੪ : ੫ (438)

ਪੀੜਤੇ— ਪੀੜਦੇ, ਵੇਲਣੇ ਰਾਹੀਂ, ਨਿਚੋੜਦੇ
"ਕਬੀਰ ਘਾਣੀ **ਪੀੜਤੇ** ਸਤਿਗੁਰ ਲੀਏ ਛਡਾਇ।"

—ਸਲੋ **ਕਬ**, ੨੦੨ : ੧ (1375)

ਪੀੜਾ— ਪੀੜ, ਦੁਖ

"ਚਿੰਤਾ ਰੋਗੁ ਗਈ ਹਉ **ਪੀੜਾ** ਆਪਿ ਕਰੇ ਪ੍ਰਤਿਪਾਲਾ ਜੀਉ।" —ਮਾਝ **੫**, ੧੫, ੨ : ੩ (99)

ਪੀੜਾਇਦਾ— ਪੀੜਾਉਂਦਾ ਹੈ, ਵੇਲਣੇ ਰਾਹੀਂ ਨਿਚੋੜਿਆ ਜਾਂਦਾ ਹੈ

"ਅਗੈ ਜਮਕਾਲੁ ਲੇਖਾ ਲੇਵੈ ਜਿਉ ਤਿਲ ਘਾਣੀ **ਪੀੜਾਇਦਾ**।"

—ਮਾਰੂ **੩**, ਸੋਲਾ ੧੯, ੯ : ੩ (1063)

ਪੀੜਿ— ਪੀੜ ਕੇ, ਵੇਲਣੇ/ ਕੋਹਲੂ ਰਾਹੀਂ ਨਿਚੋੜਕੇ

"ਦਰਿ ਲਏ ਲੇਖਾ **ਪੀੜਿ** ਛੁਟੈ ਨਾਨਕਾ ਜਿਉ ਤੇਲੁ।"

—ਆਸਾ **੧**, ਵਾਰ ੨੦ਸ, **੧**, ੨ : ੯ (473)

ਪੀੜੀ— 1. ਵੰਸ਼, ਖਾਨਦਾਨ, ਦਾ ਸਿਲਸਿਲਾ

"ਹਰਿ ਜੁਗਹ ਜੁਗੋ ਜਗ ਜਗਹ ਜੁਗੋ ਸਦ **ਪੀੜੀ** ਗੁਰੂ ਚਲੰਦੀ।"

—ਸਿਰੀ **੪**, ਛੰਤ ੧, ੫ : ੨ (79)

"ਵਧੀ ਵੇਲਿ ਬਹੁ **ਪੀੜੀ** ਚਾਲੀ।"

—ਆਸਾ **੫**, ੧੦੧, ੩ : ੧ (396)

2. ਪੀੜੀਦੇ ਹਨ, ਵੇਲਣੇ/ਕੋਹਲੂ ਵਿਚ ਨਿਚੋੜੇ ਜਾਂਦੇ ਹਨ

"ਲੇਖਾ ਲੀਜੈ ਤਿਲ ਜਿਉ **ਪੀੜੀ**।"

—ਮਾਰੂ **੧**, ਸੋਲਾ ੮, ੧੦ : ੨ (1028)

ਪੀੜੀਐ— 1. ਦੁਖੀ ਹੋਵੇ

"ਜਿਤੁ ਖਾਧੈ ਤਨੁ **ਪੀੜੀਐ** ਮਨ ਮਹਿ ਚਲਹਿ ਵਿਕਾਰ।" —ਸਿਰੀ **੧**, ੭, ੧* : ੨ (16)

2. ਪੀੜੇ/ਨਿਚੋੜੇ ਜਾਂਦੇ ਹਨ

"ਜਿਉ ਤਨੁ ਕੋਲੂ **ਪੀੜੀਐ** ਰਤੁ ਨ ਭੋਰੀ ਡੇਹਿ।"

—ਸੋਰ **੪**, ਵਾਰ ੫ਸ, **੩**, ੧ : ੧ (644)

ਪੀੜੇ— 1. ਪੀੜਦਾ/ਨਿਚੋੜਦਾ ਹੈ

"ਲੇਖਾ ਧਰਮ ਭਇਆ ਤਿਲ **ਪੀੜੇ** ਘਾਣੀ ਰਾਮ।"

—ਬਿਹਾ **੫**, ਛੰਤ ੭, ੨ : ੨ (546)

2. ਜੁੜੇ ਹੋਏ ਭਾਗ ਤਿਆਰ

"ਖੇਮੇ ਛਤ੍ਰ ਸਰਾਇਚੇ ਦਿਸਨਿ ਰਥ **ਪੀੜੇ**।"

—ਮਾਰੂ **੧**, ੧, ੧ : ੨ (989)

ਪੁਸਤਕ — ਕਿਤਾਬ, ਪੋਥੀ

"ਕਥਨੈ ਕਹਣਿ ਨ ਛੁਟੀਐ ਨ ਪੜਿ **ਪੁਸਤਕ** ਭਾਰ।"

—ਮਾਰੂ **੧**, ਅਸ ੯, ੮ : ੧ (59)

ਹੋਰ ਰੂਪ — ਪੁਸ੍ਤਕ—

"ਪੜ੍ਹਿ **ਪੁਸ੍ਤਕ** ਸੰਧਿਆ ਬਾਦੰ।"

—ਸਸ **੧**, ੧ : ੧ (1353)

ਪੁਹਪ— ਫੁੱਲ

"**ਪੁਹਪ** ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ।" —ਧਨਾ **੯**, ੧, ੧ : ੧ (684)

ਪੁਹਮਿ— ਧਰਤੀ ਦੇ

"ਗੁਰੂ ਅਮਰਦਾਸੁ ਪਰਸੀਐ **ਪੁਹਮਿ** ਪਾਤਿਕ ਬਿਨਾਸਹਿ।" —ਸਵ **੩**, ੧੪ : ੧ (1394)

ਪੁਕਰੋਰੈ— ਪੁਕਾਰਦਾ, ਸਹਾਇਤਾ ਕਰਦਾ ਬਹੁੜਦਾ

"ਪ੍ਰਭ ਜੀ ਕੋ ਨਾਮੁ ਅੰਤਿ **ਪੁਕਰੋਰੈ**।"

—ਕਾਨ **੫**, ੩੪, ੧ : ੬ (1304)

(ਮਹਾਨਕੋਸ਼ ਅਰਥ 'ਉਪਕਾਰੀ ਸਿੱਧ ਹੋਣ' ਕਰਦਾ ਹੈ)

ਪੁਕਾਰ— 1. ਸਦ, ਚਾਂਗ, ਸਹਾਇਤਾ ਲਈ ਮਾਰੀ ਚੀਕ

"ਸਦਾ ਸ਼ਾਂਤਿ ਸੁਖੁ ਮਨਿ ਵਸੈ ਚੂਕੈ ਕੂਕ **ਪੁਕਾਰ**।"

—ਸਿਰੀ **੪**, ਵਾਰ ੧੦ਸ, **੩**, ੨ : ੨ (86)

2. ਉਚੀ ਕੂਕ ਕੇ ਪੜਾਂ

"ਬਗਾ ਰਤਾ ਪੀਅਲਾ ਕਾਲਾ ਬੇਦਾ ਕਰੀ **ਪੁਕਾਰ**।"

—ਮਾਝ **੧**, ਵਾਰ ੪ਸ, **੧**, ੧ : ੪ (139)

3. ਫਰਿਆਦ, ਵਾਸਤਾ

"ਮਨ ਮੂਰਖ ਕਹ ਕਰਹਿ **ਪੁਕਾਰ**।"

—ਗਉ **੫**, ਬਾਅ ੪੧ : ੪ (258)

"ਕੂਕ **ਪੁਕਾਰ** ਕੋ ਨ ਸੁਣੇ ਓਹੁ ਅਉਖਾ ਹੋਇ ਹੋਇ ਰੋਇਆ।"

—ਗਉ **੪**, ਵਾਰ ੧੬ਸ, **੪**, ੧ : ੩ (309)

"ਆਪਿ ਕਰਾਏ ਕਰੇ ਆਪਿ ਹਉ ਕੈ ਸਿਉ ਕਰੀ **ਪੁਕਾਰ**।"

—ਆਸਾ **੧**, ਵਾਰ ੨੩ : ੪ (475)

"ਜੀਉ ਡਰਤੁ ਹੈ ਆਪਣਾ ਕੈ ਸਿਉ ਕਰੀ **ਪੁਕਾਰ**।" (ਭਾਵ ਹਾਲ ਦੱਸਾਂ)

—ਧਨਾ **੧**, ੧, ੧ : ੧ (660)

4. ਭਾਵ ਅਰਦਾਸ, ਬੇਨਤੀ

"ਢਾਢੀ ਕਹੇ **ਪੁਕਾਰ** ਪ੍ਰਭੂ ਸੁਣਾਇਸੀ।"

—ਗੂਜ **੩**, ਵਾਰ ੫ : ੧ (510)

"ਸੁਣੀ **ਪੁਕਾਰ** ਸਮਰਥ ਸੁਆਮੀ ਬੰਧਨ ਕਾਟਿ ਸਵਾਰੇ।" (ਬੇਨਤੀ)॥
—ਸੋਰ **੫**, ੯੩, ੨ : ੩ (631)

ਪੁਕਾਰਉ— ਉਚਾਰਾਂ ਭਾਵ ਜਪਾਂ
"ਅਬ ਤਬ ਏਕੋ ਏਕੁ **ਪੁਕਾਰਉ** ਆਦਿ ਜੁਗਾਦਿ ਸਖਾਈ।" —ਗੂਜ **੧**, ਅਸ ੩, ੬ : ੨ (504)

ਪੁਕਾਰਹਿ— 1. ਕੂਕ ਕੂਕ ਕੇ ਆਖਦੇ ਹਨ
"ਬੇਦ ਸਾਸਤ੍ਰ ਜਨ **ਪੁਕਾਰਹਿ** ਸੁਨੈ ਨਾਹੀ ਡੋਰਾ।"
—ਆਸਾ **੫**, ੧੫੨, ੨ : ੧ (408)

2. ਪੁਕਾਰ/ ਫਰਿਆਦ ਕਰਨਾ
"ਸਰਬ ਬਿਧਿ ਭ੍ਰਮਤੇ **ਪੁਕਾਰਹਿ** ਕਤਹਿ ਨਾਹੀ ਛੋਟਿ।" —ਗੂਜ **੫**, ੩੦, ੫ : ੧ (502)

ਪੁਕਾਰਣਿ— ਬੁਲਾਣ ਲਈ, ਸਦਣ ਵਾਸਤੇ
"ਮੁਕਤਿ ਅਨੰਤ **ਪੁਕਾਰਣਿ** ਜਾਈ।"
—ਗਉ **ਕਬ**, ੨੨, ੧ : ੨ (328)

ਪੁਕਾਰਤੇ— ਕੂਕ ਕੂਕ ਕੇ ਆਖਦੇ
"ਧਨੁ ਧਨੁ ਕਹਾ **ਪੁਕਾਰਤੇ** ਮਾਇਆ ਮੋਹ ਸਭ ਕੂਰ।" —ਗਉ **੫**, ਬਾਅ ੪ਸ : ੧ (250)

ਪੁਕਾਰਨਿ— ਕੂਕ ਕੂਕ ਕੇ ਕਹਿਣਾ
"ਸਿਮ੍ਰਿਤਿ ਬੇਦ ਪੁਰਾਣ **ਪੁਕਾਰਨਿ** ਪੋਥੀਆ।"
—ਸੂਹੀ **੫**, ਅਸ ੫, ੧ : ੧ (761)

ਪੁਕਾਰਾ— 1. ਉਚੀ ਉਚੀ ਪੜ੍ਹਿਆ/ ਉਚਾਰਨ ਕੀਤਾ
"ਪੰਡਿਤੁ ਵੇਦੁ **ਪੁਕਾਰਾ**।"
—ਸਿਰੀ **੫**, ਅਸ ੨੨, ੪ : ੨ (71)

2. ਫਰਿਆਦ
"ਜਮਕਾਲਿ ਗਰਠੇ ਕਰਹਿ **ਪੁਕਾਰਾ**।"
—ਮਾਝ **੩**, ਅਸ ੨੬, ੭ : ੨ (125)

3. ਕੂਕ ਪੁਕਾਰ ਕਰਨੀ
"ਕੰਠ ਗਹਨ ਤਬ ਕਰਨ **ਪੁਕਾਰਾ**।"
—ਸੂਹੀ **ਕਬ**, ੧, ੩ : ੧ (792)

ਪੁਕਾਰਿ— ਉਚੀ ਉਚੀ ਬੋਲ ਕੇ
"ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ **ਪੁਕਾਰਿ**।" —ਗਉ **੫**, ੧੫੮*, ੪ : ੧ (214)

ਪੁਕਾਰਿਆ— 1. ਫਰਿਆਦ
"ਆਪੇ ਤਖਤਿ ਬਹੈ ਸਚੁ ਨਿਆਈ ਸਭ ਚੂਕੀ ਕੂਕ **ਪੁਕਾਰਿਆ** ਜੀਉ।"
—ਮਾਝ **੫**, ੧੦, ੩ : ੩ (97)

2. ਫਰਿਆਦ ਕੀਤੀ
"ਊਪਰਿ ਭੁਜਾ ਕਰਿ ਮੈ ਗੁਰ ਪਹਿ **ਪੁਕਾਰਿਆ** ਤਿਨਿ ਹਉ ਲੀਆ ਉਬਾਰੀ।"
—ਸੂਹੀ **ਕਬ**, ੫, ੧* : ੨ (793)

ਪੁਕਾਰੀ— 1. ਉਚੀ ਉਚੀ ਬੋਲ ਕੇ
"ਗਏ ਸਿਗੀਤ **ਪੁਕਾਰੀ** ਧਾਹ।"
—ਮਾਝ **੧**, ਵਾਰ ੧ਸ, **੧**, ੨ : ੧ (138)

ਹੋਰ ਰੂਪ — ਪੁਕਾਰੀਆ—
"ਗੁਰ ਸੇਵਾ ਭਉ ਜਲੁ ਤਰੀਐ ਕਹਉ **ਪੁਕਾਰੀਆ**।" (ਪੁਕਾਰ ਕੇ)
—ਗਉ **੫**, ਅਸ ੧੨, ੮ : ੨ (241)

ਪੁਕਾਰੇ—
"ਬੇਦੁ **ਪੁਕਾਰੇ** ਵਾਚੀਐ ਬਾਣੀ ਬ੍ਰਹਮ ਬਿਆਸੁ।"
—ਸਿਰੀ **੧**, ਅਸ ੭, ੬ : ੧ (57)

ਪੁਕਾਰੈ—
"ਵੇਦੁ **ਪੁਕਾਰੈ** ਤ੍ਰਿਬਿਧਿ ਮਾਇਆ।"
—ਮਾਝ **੩**, ਅਸ ੩੧, ੭ : ੧ (128)

2. ਫਰਿਆਦ ਕਰਦੀ
"ਇਕਿ ਸੰਗਿ ਹਰਿ ਕੈ ਕਰਹਿ ਰਲੀਆ ਹਉ **ਪੁਕਾਰੀ** ਦਰਿ ਖਲੀ।"
—ਆਸਾ **੧**, ਛੰਤ ੧, ੩ : ੪ (436)

ਹੋਰ ਰੂਪ — ਪੁਕਾਰੇ—
"ਮਨਮੁਖਿ ਕਾਮਿ ਵਿਆਪੀ ਮੋਹਿ ਸੰਤਾਪੀ ਕਿਸੁ ਆਗੈ ਜਾਇ **ਪੁਕਾਰੇ**।"
—ਗਉ **੩**, ਛੰਤ ੩, ੩ : ੫ (245)

ਪੁਕਾਰੈ—
"ਕਬੀਰ ਸਤੀ **ਪੁਕਾਰੈ** ਚਿਹ ਚੜੀ ਸੁਨੁ ਹੋ ਬੀਰ ਮਸਾਨ।"
—ਸਲੋ **ਕਬ**, ੮੫ : ੧ (1368)

ਪੁਕਾਰੈ— 1. ਉਚੀ ਉਚੀ ਬੋਲ ਕੇ, ਵੇਖੋ 'ਪੁਕਾਰੀ' (1)

2. ਆਖੇ, ਕਰੇ, ਸ਼ਿਕਾਇਤ ਕਰੇ
"ਅਬ ਜਨ ਊਪਰਿ ਕੌਨ **ਪੁਕਾਰੈ**।"
—ਸਾਰ **੫**, ੬੮, ੧* : ੧ (1217)

3. ਚੀਕਾਂ ਮਾਰਨੀਆਂ, ਰੌਲਾ ਪਾਣਾ, ਚੀਕ ਚਿਹਾੜਾ ਪਾਉਣਾ
"ਕਬੀਰ ਮਾਰੇ ਬਹੁਤੁ ਪੁਕਾਰਿਆ ਪੀਰ **ਪੁਕਾਰੈ** ਅਉਰ।" —ਸਲੋ **ਕਬ**, ੧੯੨ : ੧ (1374)

ਪੁਚਾਰੈ— ਪੁਚ ਪੁਚ ਕਰਨਾ,ਪਿਆਰਨਾ
"ਜਿਉ ਕਾ ਪੁਰਖੁ **ਪੁਚਾਰੈ** ਨਾਰੀ।"
—ਗਉ **੫**, ੧੬੦, ੧ : ੨ (198)

ਪੁਛ— 1. ਖਬਰ, ਜਾਣਕਾਰੀ
"ਨਾਨਕ ਸਚੇ ਨਾਮ ਕੀ ਕੇਤੀ ਪੁਛਾ **ਪੁਛ**।" (ਭਾਵ ਬੇਅੰਤ 'ਸਿਕ' ਹੈ)
—ਮਾਝ **੧**, ਵਾਰ ੨੩ਸ, **੧**, ੧ : ੩ (148)

ਹੋਰ ਰੂਪ — ਪੁਛਈ—
"ਪਿਰੁ ਵਾਤੜੀ ਨ **ਪੁਛਈ** ਧਨ ਸੋਹਾਗਣਿ ਨਾਉ।" (ਪੁਛਦਾ, ਖਬਰ ਨਹੀਂ ਲੈਂਦਾ)
—ਸਲੋ **ਫਰ**, ੩੧ : ੨ (1379)

ਪੁਛਹਿ—
"ਇਕਿ ਘਰਿ ਆਵਹਿ ਆਪਣੈ ਇਕਿ ਮਿਲਿ ਮਿਲਿ **ਪੁਛਹਿ** ਸੁਖ।" (ਪੁਛਦੇ/ਜਾਣਕਾਰੀ ਲੈਂਦੇ ਹਨ)—ਆਸਾ **੧**, ਅਸ ੧੧, ੭:੧ (417)

ਪੁਛਹੁ—
"ਜਾਇ **ਪੁਛਹੁ** ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ।" (ਪੁਛੋ, ਜਾਣਕਾਰੀ ਲਵੋ)
—ਸਿਰੀ **੧**, ੧੦, ੨ : ੧ (17)
"ਮਨ ਹਠਿ ਕਿਨੈ ਨ ਪਾਇਓ **ਪੁਛਹੁ** ਵੇਦਾ ਜਾਇ।" (ਭਾਵੇ ਵੇਦਾਂ ਵਿਚੋਂ ਵੇਖ ਲਵੋ)
—ਸਿਰੀ **੪**, ਵਾਰ ੧੦ : ੪ (86)

2. ਕਦਰ,ਆਦਰ
"ਦਰਿ ਦਰਵਾਣੀ ਨਾਹਿ ਮੂਲੇ **ਪੁਛ** ਤਿਸੁ।"
—ਸੂਹੀ **੧**, ੫, ੩ : ੨ (729)

3. ਪ੍ਰਸ਼ਨ ਭਾਵ ਰੋਕ, ਪੁਛਣਾ
"ਅਗੈ **ਪੁਛ** ਨ ਹੋਵਈ ਜੇ ਸਣੁ ਨੀਸਾਣੈ ਜਾਇ।"
—ਸੂਹੀ **੧**, ੭, ੨ : ੨ (730)

4. ਪੁਛ ਪੜਤਾਲ ਭਾਵ ਹਿਸਾਬ
"ਸਉਪੇ ਜਿਸੁ ਭੰਡਾਰ ਫਿਰਿ **ਪੁਛ** ਨ ਲੀਤੀਅਨੁ।"
—ਰਾਮ **੫**, ਵਾਰ ੪ : ੨ (958)

ਹੋਰ ਰੂਪ — ਪੁਛਈ—
"ਲੇਖਾ ਕੋਇ ਨ **ਪੁਛਈ** ਜਾ ਹਰਿ ਬਖਸੰਦਾ।"
—ਮਾਰੂ **੫**, ਵਾਰ ੭ : ੬ (1096)

ਪੁਛਣ— ਜਾਣਕਾਰੀ ਹਾਸਲ ਕਰਨ ਲਈ
"ਲੇਖੇ ਸਾਹ ਲਵਾਈਅਹਿ ਪੜੇ ਕਿ **ਪੁਛਣ** ਜਾਉ।"
—ਸਿਰੀ **੧**, ੩, ੧ : ੧ (15)

ਹੋਰ ਰੂਪ — ਪੁਛਣਿ—
"ਅੰਬੜਿ ਕੋਇ ਨ ਸਕਈ ਹਉ ਕਿਸ ਨੋ **ਪੁਛਣਿ** ਜਾਉ।" (ਪੁਛਣ ਲਈ)
—ਸਿਰੀ **੧**, ਅਸ ੧, ੫ : ੩ (53)

ਪੁਛਾ— ਪੁਛ ਲਵਾਂ, ਪੁਛਾਂ
"ਜਾਇ **ਪੁਛਾ** ਤਿਨ ਸਜਣਾ ਪ੍ਰਭੁ ਕਿਤੁ ਬਿਧਿ ਮਿਲੈ ਮਿਲਾਇ।" —ਸਿਰੀ **੪**, ੬੫, ੧ : ੩ (39)

ਹੋਰ ਰੂਪ — ਪੁਛਿ—
"ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ **ਪੁਛਿ** ਲਿਖੁ ਬੀਚਾਰੁ।" (ਪੁਛ ਕੇ)
—ਸਿਰੀ **੧**, ੬, ੧ : ੨ (16)

ਪੁਛਿਆ—
"ਨਾਨਕ **ਪੁਛਿਆ** ਦੇਇ ਪੁਜਾਇ।" (ਪੁਛਣ ਤੇ ਪੁਛਿਆ)
—ਸਾਰ **੪**, ਵਾਰ ੬ਸ, **੧**, ੧ : ੮ (1239)
"ਮਰਣਿ ਨ ਮੂਰਤੁ **ਪੁਛਿਆ** ਪੁਛੀ ਥਿਤਿ ਨ ਵਾਰੁ।" (ਦਰਿ ਆਫਤ ਕੀਤਾ)
— ਸਾਰ **੪**, ਵਾਰ ੧੭ਸ, **੧**, ੧ : ੧ (1244)

ਪੁਛੀ—
"ਨਾ ਧਨ **ਪੁਛੀ** ਨ ਮਤਾ ਪਕਾਇਆ।" (ਪੁਛਿਆ, ਵਿਸ਼ਵਾਸ਼ ਵਿਚ ਲਿਆ)
—ਮਾਰੂ **੫**, ਸੋਲਾ ੭, ੧੦ : ੨ (1073)
"ਮਰਣਿ ਨ ਮੂਰਤੁ ਪੁਛਿਆ **ਪੁਛੀ** ਥਿਤਿ ਨ ਵਾਰੁ।" (ਦਰਿਆਫਤ ਕੀਤੀ)
—ਸਾਰ **੪**, ਵਾਰ ੧੭ਸ, **੧**, ੧ : ੧ (1244)

ਪੁਛੀਆ—
"ਜਾ ਸਹਿ ਬਾਤ ਨ **ਪੁਛੀਆ** ਅੰਮਾਲੀ ਤਾ ਬਿਰਥਾ ਜੋਬਨੁ ਸਭੁ ਜਾਏ।"
—ਵਡ **੫**, ੯, ੪ : ੨ (564)

ਪੁਛੀਐ—
"ਕਾਮੁ ਨੇਬੁ ਸਦਿ **ਪੁਛੀਐ** ਬਹਿ ਬਹਿ ਕਰੇ ਬੀਚਾਰ।"
—ਆਸਾ **੧**, ਵਾਰ ੧੧ਸ, **੧**, ੨ : ੨ (468)

ਪੁਛੁ—
"ਜੇ ਤੂੰ ਤਾਰੂ ਪਾਣਿ ਤਾਹੂ **ਪੁਛੁ** ਤਿੜੰਨ੍ਹ ਕਲ।" (ਦਰਿਆਫਤ ਕਰ)
—ਸਲੋ **੧**, ੩ : ੧ (1410)

ਪੁਛੈ—

"ਜੇ ਤਿਸੁ ਨਦਰਿ ਨ ਆਵਈ ਤਾ ਵਾਤ ਨ **ਪੁਛੈ** ਕੇ।" (ਪੁਛਦਾ) —ਜਪੁ **੧**, ੭ : ੪ (2)

ਪੁੰਜ— ਸਮੁਦਾਇ, ਢੇਰ, ਸਮੂਹ
"ਫੁਨਿ ਧ੍ਰੰਮ ਧੁਜਾ ਫਹਰੰਤਿ ਸਦਾ ਅਘ **ਪੁੰਜ** ਤਰੰਗ ਨਿਵਾਰਨ ਕਉ।"—ਸਵ **੪**, ਮਥੁ ੨ : ੨ (1404)

ਪੁਜਈ— ਪੁਜਣਾ, ਪਹੁੰਚਣਾ
"ਹਰਿ ਨਾਮੈ ਤੁਲਿ ਨ **ਪੁਜਈ** ਜੇ ਲਖ ਕੋਟੀ ਕਰਮ ਕਮਾਇ।" —ਸਿਰੀ **੧**, ਅਸ ੧੪, ੨ : ੩ (62)

ਪੁਜਹਿ— ਪੁਜਣਾ ਭਾਵ ਬਰਾਬਰ ਤੁਲ ਹੋ ਸਕਨਾ
"ਹਰਿ ਹਰਿ ਨਾਮ ਨ **ਪੁਜਹਿ** ਪੁਜਾਹਾ।"
—ਜੈਤ **੪**, ੧੧, ੩ : ੨ (699)

ਪੁਜੰਤੀਆ— ਪੂਰੀਆਂ ਹੁੰਦੀਆਂ
"ਪ੍ਰਭ ਮਾਨ ਪੂਜਨ ਦੁਖ ਬਿਦੀਰਨ ਸਗਲ ਇਛ **ਪੁਜੰਤੀਆ**।"
—ਆਸਾ **੫**, ਛੰਤ ੧੪, ੪ : ੩ (462)

ਪੁਜਨਿ— ਪੁਜ ਸਕਦੇ
"ਕਿਤੀ ਲਖ ਕਰੋੜਿ ਪਿਰੀਏ ਰੋਮ ਨ **ਪੁਜਨਿ** ਤੇਰਿਆ।" —ਸੂਹੀ **੫**, ਅਸ ੪, ੫ : ੧ (761)

ਪੁਜਾਇ— ਪੂਰਾ ਕਰ ਦੇਣਾ, ਪੂਰੀ ਕਰੇ
"ਨਾਨਕ ਪੁਛਿਆ ਦੇਇ **ਪੁਜਾਇ**।" (ਘਰ ਪੂਰਾ ਕਰ ਦੇਣਾ)
— ਸਾਰ **੪**, ਵਾਰ ੧੬ਸ, **੧**, ੧ : ੮ (1239)
"ਹਰਿ ਸਾਧਹ ਸਰਣਾਗਤੀ ਨਾਨਕ ਆਸ **ਪੁਜਾਇ**।" (ਪੂਰੀ ਕਰੇ)
—ਰਾਮ **੫**, ਰੁਤੀ ੫, ੨ਸ : ੨ (928)

ਹੋਰ ਰੂਪ — ਪੁਜਾਇਆ—
"ਸਖੀ ਮੰਗਲੋ ਗਾਇਆ ਇਛ **ਪੁਜਾਇਆ** ਬਹੁੜਿ ਮਾਇਆ ਹੋਹਿਆ।" (ਪੂਰੀ ਕੀਤੀ)
—ਸਿਰੀ **੫**, ਛੰਤ ੩, ੪ : ੫ (81)

ਪੁਜਾਇਣ— ਪੂਰੀਆਂ ਕਰਨ ਵਾਲਾ
"ਬਿਨਵੰਤਿ ਨਾਨਕ ਸਿਮਰਿ ਸੁਆਮੀ ਸਗਲ ਆਸ **ਪੁਜਾਇਣ**।"
—ਆਸਾ **੫**, ਛੰਤ ੧੨, ੩ : ੬ (461)

ਪੁਜਾਈ— ਪੂਰੀ ਕਰ ਦਿਤੀ
"ਜਾ ਕੈ ਹਿਰਦੈ ਵਸਿਆ ਤੂ ਕਰਤੇ ਤਾ ਕੀ ਤੈਂ ਆਸ **ਪੁਜਾਈ**।" —ਸੋਰ **੫**, ੮, ੧ : ੧ (610)
"ਆਠ ਪਹਰ ਹਰਿ ਧਿਆਇ ਕੈ ਮਨ ਇਛ **ਪੁਜਾਈ**।" —ਜੈਤ **੫**, ਵਾਰ ੧੫ : ੩ (709)

ਹੋਰ ਰੂਪ — ਪੁਜਾਈਆ—
"ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ **ਪੁਜਾਈਆ**।"
—ਰਾਮ **੩**, ਅਨੰ ੪ : ੩ (917)

ਪੁਜਾਏ—
"ਗੁਰਮੁਖਿ ਨਾਨਕ ਤਿਸੈ ਅਰਾਧੇ ਮਨ ਕੀ ਆਸ **ਪੁਜਾਏ** ਜੀਉ।" (ਪੂਰੀ ਕਰੇ)
—ਮਾਝ **੫**, ੩੦, ੪ : ੩ (103)

ਪੁਜਾਹਾ— ਪੁਜਦਾ
"ਹਰਿ ਹਰਿ ਨਾਮ ਨ ਪੁਜਹਿ **ਪੁਜਾਹਾ**।"
—ਜੈਤ **੪**, ੧੧, ੩ : ੨ (699)

ਪੁਜਾਮੀ— ਪੂਰੀ ਹੋਈ
"ਗੁਨ ਗਾਵਤ ਗੋਵਿੰਦ ਕੇ ਸਭ ਇਛ **ਪੁਜਾਮੀ** ਰਾਮ।"
—ਬਿਲਾ **੫**, ੫, ੩ : ੩ (848)

ਪੁਜਾਰਿਆ— ਪੁਜੀ, ਪੂਰੀ ਹੋਈ
"ਮਲ ਇਛੇ ਨਾਨਕ ਫਲ ਪਾਏ ਪੂਰਨ ਇਛ **ਪੁਜਾਰਿਆ**।"—ਬਿਲਾ **੫**, ੨੩, ੨ : ੨ (807)

ਪੁਜਾਵਹਿ— ਪੂਜ ਸਕਦੇ
"ਜੇ ਸਉ ਸਾਇਰ ਮੇਲੀਅਹਿ ਤਿਲੁ ਨ **ਪੁਜਾਵਹਿ** ਰੋਇ।" (ਭਾਵ ਬਿਆਨ ਨਹੀਂ ਕਰ ਸਕਦੇ)
—ਸਿਰੀ **੧**, ਅਸ ੧, ੨ : ੨ (53)

ਪੁਜਾਵਹੁ— ਪੂਰੀ ਕਰੋ
"ਜਨ ਨਾਨਕ ਕੀ ਹਰਿ ਆਸ **ਪੁਜਾਵਹੁ** ਹਰਿ ਦਰਸਨਿ ਸਾਂਤਿ ਸਰੀਰ।"
—ਗੋਂਡ **੪**, ੬, ੪ : ੧ (862)

ਪੁਜਾਵਣਹਾਰਾ— ਪੂਰੀ ਕਰਨ ਵਾਲਾ
"ਮਨ ਕੀ ਇਛ **ਪੁਜਾਵਣਹਾਰਾ**।"
—ਮਾਝ **੫**, ੩੯, ੪ : ੧ (106)

ਹੋਰ ਰੂਪ — ਪੁਜਾਵਣਹਾਰੁ—
"ਗੁਰ ਪਰਸਾਦਿ ਪਰਮਪਦੁ ਪਾਇਆ ਸਭ ਇਛ **ਪੁਜਾਵਣਹਾਰੁ**।"
—ਭੈਰ **੩**, ੧੭, ੧* : ੧ (1132)

ਪੁਜਾਵਣਿਆ— ਪੂਰੀ ਕਰਦਾ ਹੈ
"ਸਤਿਗੁਰੁ ਸੇਵਨਿ ਸਦਾ ਸੁਖਦਾਤਾ ਸਭ ਇਛਾ ਆਪਿ **ਪੁਜਾਵਣਿਆ**।"
—ਮਾਝ **੩**, ਅਸ ੪, ੫ : ੩ (111)

ਪੁਜਿ— ਪਹੁੰਚੇ
"**ਪੁਜਿ** ਦਿਵਸ ਆਏ ਲਿਖੇ ਪਾਏ ਦੁਖੁ ਧਰਮ ਦੂਤਹ ਡਿਠਿਆ।" (ਭਾਵ ਲਿਖੇ ਦਸ ਪੂਰੇ ਹੋ ਗਏ)
—ਜੈਤ **੫**, ਛੰਤ ੩, ੧ : ੫ (705)

ਪੁਜੀ— ਪੂਰਨ ਹੋਈ
"ਅਨਦਿਨੁ ਅਨਦੁ ਭਇਆ ਵਡਭਾਗੀ ਸਭ ਆਸ **ਪੁਜੀ** ਜਨ ਕੇਰੀ।"
—ਗਉ **੫**, ੫੮, ੩ : ੨ (170)

ਪੁਜੈ— 1. ਪੁਜ ਸਕਦਾ, ਤੁਲ ਹੋ ਸਕਦਾ
"ਰਸਨਾ ਉਚਰੈ ਗੁਣਵਤੀ ਕੋਇ ਨ **ਪੁਜੈ** ਦਾਨੁ।"
—ਸਿਰੀ **੫**, ੮੮, ੩ : ੨ (49)
2. ਪੂਰੀ ਹੋਵੇ
"ਸੰਤ ਕੇ ਦੋਖੀ ਕੀ **ਪੁਜੈ** ਨ ਆਸਾ।"
—ਗਉ **੫**, ਸੁਖ ੧੩, ੨ : ੫ (280)

ਪੁੰਡਰ— ਸੁਫੈਦ, ਚਿਟਾ
"ਕਕੈ ਕੇਸ **ਪੁੰਡਰ** ਜਬ ਹੂਏ ਵਿਣੁ ਸਾਬੂਣੈ ਉਜਲਿਆ।" —ਆਸਾ **੧**, ਪਟੀ ੫ : ੧ (432)

ਪੁੰਡਰਕ— ਚਿਟਾ ਕਮਲ
"ਪਹਿਲ ਪਰੀਏ **ਪੁੰਡਰਕ** ਵਨਾ।"
—ਧਨਾ **ਨਾਮ**, ੪, ੧ : ੧ (693)

ਪੁਣੇਦੇ — ਛਾਣਦੇ
"ਹਭੇ ਭਸੁ **ਪੁਣੇਦੇ** ਵਤਨੁ ਜਾ ਮੈ ਸਜਣੁ ਤੂਹੈ।"
— ਰਾਮ **੫**, ਵਾਰ ੧੩ਸ, **੫**, ੨ : ੨ (963)

ਪੁਤ— ਪੁੱਤਰ, ਬੇਟਾ
"**ਪੁਤ** ਭਾਈ ਭਾਤੀਜੇ ਰੋਵਹਿ ਪ੍ਰੀਤਮ ਅਤਿ ਪਿਆਰੇ।" —ਵਡ **੧**, ਅਲਾ ੫, ੪ : ੪ (582)

ਪੁਤਹਹੁ— ਪੁਤਰੋ
"ਜਨ ਨਾਨਕ ਕੇ ਗੁਰਸਿਖ **ਪੁਤਹਹੁ** ਹਰਿ ਜਪਿਅਹੁ ਹਰਿ ਨਿਸਤਾਰਿਆ।"
—ਗਉ **੪**, ਵਾਰ ੨੦ਸ, **੪**, ੨ : ੧੦ (312)

ਪੁਤਰਾ— ਪੁਤਲਾ
"ਮਾਟੀ ਕਾ **ਪੁਤਰਾ** ਕੈਸੇ ਨਚਤ ਹੈ।"
—ਆਸਾ **ਰਵਿ**, ੬, ੧* : ੧ (487)

ਪੁਤਰੀ— ਪੁਤਲੀ
"ਕਾਠ ਕੀ **ਪੁਤਰੀ** ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ।" —ਗਉ **੫**, ੧੨੬*, ੩ : ੧ (206)
"**ਪੁਤਰੀ** ਤੇਰੀ ਬਿਧਿ ਕਰਿ ਥਾਟੀ।" (ਭਾਵ ਸਰੀਰ)
—ਆਸਾ **੫**, ੧੪, ੧ : ੧ (374)

ਪੁਤਲਾ— 1. ਗੁਡੀ
"ਇਹੁ ਸਰੀਰੁ ਮਾਇਆ ਕਾ **ਪੁਤਲਾ** ਵਿਚਿ ਹਉਮੈ ਦੁਸਟੀ ਪਾਈ।" —ਸਿਰੀ **੩**, ੪੫, ੨ : ੧ (31)
2. ਭਾਵ ਸਰੀਰ
"ਪੰਚ ਧਾਤੁ ਕਰਿ **ਪੁਤਲਾ** ਕੀਆ।"
—ਮਾਰੂ **੫**, ੩੧, ੧ : ੨ (1007)

ਪੁਤਾ— ਪੁਤਰਾਂ ਨੂੰ
"**ਪੁਤਾ** ਦੇਖਿ ਵਿਗਸੀਐ ਨਾਰੀ ਸੇਜ ਭਤਾਰ।"
—ਸਿਰੀ **੧**, ਅਸ ੧੬, ੫ : ੧ (63)
"ਗੁਰਸਿਖਾ ਇਕੋ ਪਿਆਰੁ ਗੁਰਮਿਤਾ **ਪੁਤਾ** ਭਾਈਆ।" (ਪੁਤਰਾਂ ਵਾਲਾ)
—ਸੋਰ **੪**, ਵਾਰ ੧੪ : ੪ (648)

ਹੋਰ ਰੂਪ — ਪੁਤਿ—
"**ਪੁਤਿ** ਕੁਟੰਬਿ ਗ੍ਰਿਹਿ ਮੋਹਿਆ ਮਾਇ।" (ਪੁਤਰ ਰਾਹੀਂ)—ਗਉ **੩**, ੩੨, ੩ : ੩ (161)

ਪੁਤੀ—
"**ਪੁਤੀ** ਭਾਤੀਈ ਜਾਵਾਈ ਸਕੀ ਅਗਹੁ ਪਿਛਹੁ ਟੋਲਿ ਡਿਠਾ ਲਾਹਿਓਨੁ ਸਭਨਾ ਕਾ ਅਭਿਮਾਨੋ।" (ਪੁਤਰਾਂ)
—ਬਿਲਾ **੪**, ਵਾਰ ੧੦ : ੨ (853)

ਪੁਤੀਂ—
"**ਪੁਤੀਂ** ਗੰਢੁ ਪਵੈ ਸੰਸਾਰਿ।" (ਪੁਤਰਾਂ ਨਾਲ)
—ਮਾਝ **੧**, ਵਾਰ ੧੨ਸ, **੧**, ੨ : ੪ (143)

ਪੁਤੁ—
"**ਪੁਤੁ** ਕਲਤੁ ਮੋਹੁ ਬਿਖੁ ਹੈ ਅੰਤਿ ਬੇਲੀ ਕੋਇ ਨ ਹੋਇ।" —ਸਿਰੀ **੪**, ੭੦, ੧* : ੨ (41)

ਪੁਤ੍ਰ— ਪੁੱਤਰ, ਬੇਟਾ
"ਕਿਆ ਤੂ ਰਤਾ ਦੇਖਿ ਕੈ **ਪੁਤ੍ਰ** ਕਲਤ੍ਰ ਸੀਗਾਰ।"
—ਸਿਰੀ **੫**, ੭੧, ੧ : ੧ (42)

ਹੋਰ ਰੂਪ — ਪੁਤ੍ਰਹ—
"ਅਪਜੰਸ ਮਿਟੰਤ ਸਤ **ਪੁਤ੍ਰਹ**।" (ਪੁਤਰ ਦੇ)
—ਗਾਥਾ **੫**, ੧੪ : ੧ (1361)

ਪੁਤ੍ਰਨ— ਪੁਤਰਾਂ ਦੇ
"ਮੇਘ ਰਾਗ **ਪੁਤ੍ਰਨ** ਕੇ ਨਾਮਾ।"
—ਰਾਮ ੧ : ੫੮ (1430)

ਪੁਤ੍ਰਵੰਤੀ— ਪੁਤਰ ਵਾਲੀ

"**ਪੁਤ੍ਰਵੰਤੀ** ਸੀਲਵੰਤਿ ਸੋਹਾਗਣਿ।"
—ਮਾਝ **੫**, ੧੧, ੨ : ੨ (97)

ਪੁਤ੍ਰਾਂ— ਪੁਤਰਾਂ ਨੇ
"ਸਿਖਾਂ **ਪੁਤ੍ਰਾਂ** ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ।" —ਰਾਮ **ਬਸ**, ਵਾਰ ੪ : ੮ (1867)

ਹੋਰ ਰੂਪ — ਪੁਤ੍ਰਿ—
"**ਪੁਤ੍ਰਿ** ਕਲਤ੍ਰਿ ਮੋਹਿ ਲਪਟਿਆ ਵਣਜਾਰਿਆ ਮਿਤ੍ਰਾ ਅੰਤਰਿ ਲਹਰਿ ਲੋਭਾਨੁ।"
—ਸਿਰੀ **੫**, ਪਹ ੪, ੩ : ੨ (7)

ਪੁਤ੍ਰੀ— 1. ਬੇਟੀ, ਲੜਕੀ, ਧੀ
"ਸਾਇਰ ਕੀ **ਪੁਤ੍ਰੀ** ਬਿਦਾਰਿ ਗਵਾਈ।" (ਭਾਵ ਲਛਮੀ) —ਗਉ **੩**, ਅਸ ੨, ੮ : ੨ (230)
"ਬੇਦ ਕੀ **ਪੁਤ੍ਰੀ** ਸਿੰਮ੍ਰਿਤ ਭਾਈ।"
—ਗਉ **ਕਬ**, ੩੦, ੧ : ੧ (329)
2. ਪੁਤਰਾਂ ਨੇ
"**ਪੁਤ੍ਰੀ** ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ਹ ਮੁਰਟੀਐ।"
—ਰਾਮ **ਬਸ**, ਵਾਰ ੨ : ੧੦ (967)

ਪੁਤ੍ਰੁ — ਪੁਤਰ, ਬੇਟਾ
"ਜਿਥੈ **ਪੁਤ੍ਰੁ** ਕਲਤ੍ਰੁ ਨ ਬੇਲੀ ਕੋਈ ਤਿਥੈ ਹਰਿ ਆਪਿ ਛਡਾਇਦਾ।"
—ਮਾਰੂ **੫**, ਸੋਲਾ ੫, ੧੧ : ੩ (1076)

ਪੁਨ— 1. ਫਿਰ
"ਹਰਨ ਧਰਨ **ਪੁਨ** ਪੁਨਹ ਕਰਨ।"
—ਰਾਮ **੫**, ੫੯, ੧ : ੧ (901)
2. ਸ਼ੁਭ/ਪਵਿਤਰ ਕਰਮ, ਸ਼ੁਕਰਮ
"ਸੰਤ ਜਨਾ ਸਿਉ ਸੰਗੁ ਪਾਈਐ ਵਡੈ **ਪੁਨ**।"
—ਜੈਤ **੫**, ਵਾਰ ੧੭ : ੪ (709)

ਹੋਰ ਰੂਪ — ਪੁੰਨ—
"**ਪੁੰਨ** ਦਾਨ ਚੰਗਿਆਈਆਂ ਬਿਨੁ ਸਚੇ ਕਿਆ ਤਾਸੁ।" —ਸਿਰੀ **੧**, ਅਸ ੬, ੧ : ੨ (56)

ਪੁੰਨ— 1. ਸ਼ੁਭ ਕਰਮ, ਸੁਕਰਮ, ਵੇਖੋ 'ਪੁਨ' (2)
2. ਸ਼ੁਭ, ਉਤਮ, ਸ੍ਰੇਸ਼ਟ
"ਗੁਰਮਤੀ ਹਰਿ ਰਸੁ ਚਾਖਿਆ ਸੇ **ਪੁੰਨ** ਪਰਾਣੀ।"
—ਗੂਜ **੩**, ਵਾਰ ੧੭ : ੪ (515)
"ਜੋ ਗੁਰਸਿਖ ਗੁਰੁ ਸੇਵਦੇ ਸੇ **ਪੁੰਨ** ਪਰਾਣੀ।"
—ਤਿਲੰ **੪**, ਅਸ ੨, ੧੦ : ੧ (726)

ਹੋਰ ਰੂਪ — ਪੁੰਨੰ—
"ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ **ਪੁੰਨੰ**।" —ਰਾਮ **੧**, ਸਿਧੋ ੫੧ : ੨ (943)

ਪੁਨਹ— ਫਿਰ, ਬਾਰਬਾਰ, ਮੁੜ ਮੁੜ
"ਪਤਿਤ ਅਸੰਖ ਪੁਨੀਤ ਕਰਿ **ਪੁਨਹ ਪੁਨਹ** ਬਲਿਹਾਰ।"
—ਗਉ **੫**, ਛੰਤ ੩, ੧ਸ : ੧ (248)

ਪੁਨਹਚਰਣਾ— ਪ੍ਰਾਸਚਿਤ ਕਰਮ, ਜਪ ਹੋਮ ਆਦਿ
"ਕਿਲਵਿਖ ਹਰਣਾ ਨਾਮ **ਪੁਨਹਚਰਣਾ** ਨਾਮੁ ਜਮ ਕੀ ਤ੍ਰਾਸ ਹਰਾ।"
—ਰਾਮ **੫**, ਛੰਤ ੨, ੨ : ੫ (925)

ਪੁਨਹਚਰਨ— ਪਿਛੋਂ ਕੀਤੇ ਕਰਮ, ਪ੍ਰਾਸਚਿਤ ਕਰਮ, ਕਿਸੇ ਕੰਮ ਦੀ ਸਫਲਤਾ ਅਥਵਾ ਕਿਸੇ ਸਿੱਧੀ ਲਈ ਕੀਤੇ ਕਰਮ
"ਅਨਿਕ **ਪੁਨਹਚਰਨ** ਕਰਤ ਨਹੀ ਤਰੈ।"
—ਗਉ **੫**, ਸੁਖ ੨, ੧ : ੭ (264)

ਹੋਰ ਰੂਪ — ਪੁਨਹਚਰਨਾ—
"ਨਾਮ ਤਤੁ ਕਲਿ ਮਹਿ **ਪੁਨਹਚਰਨਾ**।"
—ਗਉ **੫**, ਸਲੋ ੨੦ : ੪ (254)

ਪੁਨਹਚਾਰ— ਪ੍ਰਾਸਚਿਤ ਕਰਮ—ਜਪ,ਹੋਮ ਆਦਿ
"ਨਾਨਕ ਉਧਰੇ ਨਾਮ **ਪੁਨਹਚਾਰ**।"
—ਭੈਰ **੫**, ੨੫, ੪ : ੩ (1142)

ਹੋਰ ਰੂਪ — ਪੁਨਹਚਾਰੁ—
"ਮੰਤ੍ਰੁ ਤੰਤ੍ਰੁ ਅਉਖਧੁ **ਪੁਨਹਚਾਰੁ**।"
—ਗਉ **੫**, ੯੬, ੩ : ੧ (184)

ਪੁਨਹਿ— ਫੇਰ, ਮੁੜਕੇ, ਦੁਬਾਰਾ
"ਉਪਦੇਸ ਗੁਰੂ ਮਮ **ਪੁਨਹਿ** ਨ ਗਰਭੰ ਬਿਖੁ ਤਜਿ ਅੰਮ੍ਰਿਤੁ ਪੀਆਇਆ।"
—ਗੂਜ **੧**, ਅਸ ੧, ੮ : ੨ (503)

ਪੁੰਨਹੁ— ਸ਼ੁਭ ਕਰਮ
"ਜੇ ਲੋੜਹਿ ਚੰਗਾ ਆਪਣਾ ਕਰਿ **ਪੁੰਨਹੁ** ਨੀਚੁ ਸਦਾਈਐ।" —ਆਸਾ **੧**, ਵਾਰ ੫ : ੩ (465)

ਪੁੰਨਫਲ— ਸ਼ੁਭ ਕਰਮਾਂ ਦਾ ਫਲ
"ਦੁਲਭ ਜਨਮੁ **ਪੁੰਨਫਲ** ਪਾਇਓ ਬਿਰਥਾ ਜਾਤ ਅਬਿਬੇਕੈ।" —ਸੋਰ **ਰਵਿ**, ੩, ੧ : ੧ (658)

ਪੁਨਰਪਿ— ਫਿਰ ਮੁੜ ਕੇ, ਦੁਬਾਰਾ
"ਨਾਨਕ ਤਤੁ ਤਤ ਸਿਉ ਮਿਲਿਆ **ਪੁਨਰਪਿ** ਜਨਮਿ

ਨ ਆਹੀ।" —ਗਉ **੩**, ੩੫, ੪ : ੨ (162)

ਪੁੰਨੜੀਆ— ਪੂਰਾ ਹੋਈ
"ਮੁਹਲਤਿ **ਪੁੰਨੜੀਆ** ਕਿਤੁ ਕੂੜਿ ਲੋਭਾਇਆ।"
—ਆਸਾ **੫**, ਛੰਤ ੧੧, ੧ : ੨ (459)

ਪੁੰਨਾ— ਪੁੰਨ ਕਰਕੇ, ਸ਼ੁਭ ਕਰਮ ਵਜੋਂ
"ਲਖ ਨੇਕੀਆ ਚੰਗਿਆਈਆਂ ਲਖ **ਪੁੰਨਾ** ਪਰਵਾਣੁ।"—ਆਸਾ **੧**, ਵਾਰ ੮ਸ, **੧**, ੨ : ੧ (467)

ਪੁਨਿ— ਫਿਰ
"ਊਪਰਿ ਗਗਨੁ ਗਗਨ ਪਰਿ ਗੋਰਖੁ ਤਾ ਕਾ ਅਗਮੁ ਗਰੂ **ਪੁਨਿ** ਵਾਸੀ।"
—ਮਾਰੂ **੧**, ੧੧, ੫ : ੧ (992)

ਪੁੰਨਿ— ਉਤਮ ਕਰਮ ਸਦਕਾ
"ਮਾਣ ਸ ਜਨਮੁ **ਪੁੰਨਿ** ਕਰਿ ਪਾਇਆ ਬਿਨੁ ਨਾਵੈ ਧ੍ਰਿਗੁ ਧ੍ਰਿਗੁ ਬਿਰਥਾ ਜਾਈ।"
—ਗੂਜ **੪**, ੪, ੩ : ੧ (493)
"ਧੰਨੁ ਮਾਣਸ ਜਨਮੁ **ਪੁੰਨਿ** ਪਾਈਆ ਰਾਮ।"
—ਵਡ **੪**, ਘੋੜੀ ੧, ੧ : ੨ (575)

ਪੁੰਨਿਆ— 1. ਪੂਰਨ ਹੁੰਦੇ ਹਨ
"ਸਗਲ ਮਨੋਰਥ **ਪੁੰਨਿਆ** ਅਮਰਾ ਪਦ ਪਾਈ।"
—ਗਉ **੫**, ਵਾਰ ੩ : ੪ (318)
2. ਭੈਰਉ ਰਾਗ ਦੀਆਂ ਪੰਜ ਰਾਗਨੀਆਂ ਵਿਚੋਂ 'ਇਕ'
"**ਪੁੰਨਿਆ** ਕੀ ਗਾਵਹਿ ਬੰਗਲੀ।"
—ਰਾਗ ੧ : ੬ (1429)

ਪੁੰਨਿ ਪਦਾਰਥੁ— ਉਤਮ ਵਸਤੂ
"ਐਸਾ ਨਾਮੁ ਰਤਨੁ ਨਿਰਮੋਲਕੁ **ਪੁੰਨਿ ਪਦਾਰਥੁ** ਪਾਇਆ।" —ਸੋਰ **ਭੀਖ**, ੨, ੧ : ੧ (659)

ਪੁਨੀ— 1. ਪੂਰੀ ਹੋਣੀ, ਪੁਗੀ
"ਇਛ **ਪੁਨੀ** ਵਡਭਾਗਣੀ ਵਰੁ ਪਾਇਆ ਹਰਿ ਰਾਇ।" —ਮਾਝ **੫**, ਬਾਰਾ ੧੩ : ੫ (136)
"ਮੁਹਲਤਿ **ਪੁਨੀ** ਪਾਈ ਭਰੀ ਜਾਨੀਅੜਾ ਘਤਿ ਚਲਾਇਆ।" (ਪੁੱਗੀ)
—ਵਡ **੧**, ਅਲ ੧, ੧ : ੨ (578)
2. ਪੁੰਨ/ਸ਼੍ਰੇਸ਼ਟ ਕਰਮ ਕਰਕੇ
"ਨਾਨਕ ਸੇਵ ਅਪਾਰ ਦੇਵ ਤਟਹ ਖਟਹ ਬਰਤ ਪੂਜਾ ਗਵਨ ਭਵਨ ਜਾਤ੍ਰ ਕਰਨ ਸਗਲ ਫਲ **ਪੁਨੀ**।" —ਭੈਰ **੫**, ੫੭, ੨ : ੨ (1153)

ਪੁੰਨੀ— 1. ਪੁੰਨ (ਸ਼੍ਰੇਸ਼ਟ ਕਰਮ) ਕਰਨ ਵਾਲਾ
"**ਪੁੰਨੀ** ਪਾਪੀ ਆਖਣੁ ਨਾਹਿ।"
—ਜਪੁ **੧**, ੨੦ : ੭ (4)
2. ਪੁਗੀ, ਪੂਰਨ ਹੋਈ, ਵੇਖੋ 'ਪੁੰਨੀ' (1)
"ਮੁਹਲਤਿ **ਪੁੰਨੀ** ਚਲਣਾ ਤੂੰ ਸੰਮਲੁ ਘਰ ਬਾਰੁ।"
—ਸਿਰੀ **੫**, ੯੨, ੧ : ੨ (50)
ਹੋਰ ਰੂਪ — ਪੁੰਨੀਆ—
"ਸਿਮਰਿ ਸੁਆਮੀ ਸੁਖਹਗਾਮੀ ਇਛ ਸਗਲੀ **ਪੁੰਨੀਆ**।" (ਪੂਰਨ ਹੋਈ)
—ਸਿਰੀ **੫**, ਛੰਤ ੨, ੪ : ੩ (80)
ਪੁਨੀਐ—
"ਨਾਨਕ ਗੁਰੁ ਪਰਮੇਸਰੁ ਪਾਇਆ ਜਿਸੁ ਪ੍ਰਸਾਦਿ ਇਛ **ਪੁਨੀਐ**।"
—ਸੂਹੀ **੫**, ਛੰਤ ੯, ੪ : ੬ (783)

ਪੁਨੀਤ— ਪਵਿਤਰ
"ਮਹਾ **ਪੁਨੀਤ** ਭਏ ਸੁਖ ਸੈਲ।"
—ਗਉ **੫**, ੭੭, ੧ : ੨ (178)
ਹੋਰ ਰੂਪ — ਪੁੰਨੀਤ—
"ਪੇਖਤ ਹੀ **ਪੁੰਨੀਤ** ਹੋਇ ਭੇਟਤ ਜਪੀਐ ਨਾਉ।"
—ਸਲੋ **ਕਬ**, ੧੩੦ : ੨ (1371)
ਪੁਨੀਤਾ—
"ਦਰਸਨਿ ਤੇਰੈ ਭਵਨ **ਪੁਨੀਤਾ**।" (ਪਵਿੱਤਰ)
—ਮਾਝ **੫**, ੧੮, ੩ : ੧ (99)
ਪੁਨੀਤਿ—
"ਹਰਿ ਹਰਿ ਨਾਮੁ ਦੀਓ ਮੁਖਿ ਅਉਖਧੁ ਜਨ ਨਾਨਕ ਪਤਿਤ **ਪੁਨੀਤਿ**।"
—ਕਾਨ **੪**, ੫, ੪ : ੨ (1296)

ਪੁਨੁ— ਸ਼ੁਭ/ਸ਼੍ਰੇਸ਼ਟ ਕਰਮ
"ਕਰਿ ਡੰਡਉਤ **ਪੁਨੁ** ਵਡਾ ਹੇ।"
—ਗਉ **੪**, ਸੋਹ ੪, ੧* : ੨ (13)
ਹੋਰ ਰੂਪ — ਪੁੰਨੁ—
"ਪੋਤੈ ਜਿਨ ਕੈ **ਪੁੰਨੁ** ਹੈ ਤਿਨ ਸਤਸੰਗਤਿ ਮੇਲਾਇ।" (ਸ਼ੁਭ ਕਰਮ, ਨੇਕੀ)
—ਸਿਰੀ **੩**, ੪੪, ੧ : ੩ (30)

ਪੁੰਨੁ— 1. ਸ਼ੁਭ ਕਰਮ, ਨੇਕੀ, ਵੇਖੋ 'ਪੁਨੁ'
"ਇਹੁ **ਪੁੰਨੁ** ਪਦਾਰਥੁ ਤੇਰਾ।" (ਭਲਾਈ)
—ਸੋਰ **੫**, ੬੪, ੪ : ੨ (625)

2. ਵਡਿਆਈ
"ਹਮ ਪਾਪੀ ਸੰਗਿ ਗੁਰ ਉਬਰੇ **ਪੁੰਨੁ** ਸਤਿਗੁਰ ਕੇਰਾ।" —ਗਉ **੪**, ੫੦, ੨ : ੩ (167)

3. ਉਪਕਾਰ
"ਗੁਰਿ ਹਰਿ ਮਾਰਗੁ ਦਸਿਆ ਗੁਰ **ਪੁੰਨੁ** ਵਡ ਪੁੰਨੋ।" —ਤਿਲੰ **੪**, ਅਸ ੨, ੯ : ੨ (725)

ਪੁੰਨੇ— ਪੁਗੇ, ਪੂਰੇ ਹੋਏ
"ਕਾਂਇਆ ਹੰਸ ਥੀਆ ਵੇਛੋੜਾ ਜਾਂ ਦਿਨ **ਪੁੰਨੇ** ਮੇਰੀ ਮਾਏ।" —ਵਡ **੧**, ਅਲਾ ੧, ੧ : ੪ (579)

ਪੁਬ— ਪਹਿਲੇ, ਪਿਛਲੇ ਜਨਮ ਵਿਚ
"ਤੇ ਪੀਵਹਿ ਸੰਤ ਕਰਹਿ ਮਨਿ ਮਜਨੁ **ਪੁਬ** ਜਿਨਹੁ ਸੇਵਾ ਕਰੀਆ।"
—ਸਵ **੪**, ਕਲ ੨ : ੨ (1496)

ਪੁਬਲੀ— ਪੂਰਬਲੀ, ਪਹਿਲੀ
"ਪ੍ਰੇਮ ਭਗਤਿ ਪਰਵਾਹ ਪ੍ਰੀਤਿ **ਪੁਬਲੀ** ਨ ਹੁਟਇ।"
—ਸਵ **੪**, ਕਲ ੮ : ੧ (1397)

ਪੁਬਿ— ਪੂਰਬ ਦਿਸ਼ਾ ਵਿਚ
"ਉਤਰਿ ਦਖਿਣਹਿ **ਪੁਬਿ** ਅਰੁ ਪਸ੍ਮਿ ਜੈ ਜੈਕਾਰੁ ਜਪੰਥਿ ਨਰਾ।" —ਸਵ **੩**, ੧ : ੬ (1392)

ਪੁਰ— 1. ਪੂਰਨ, ਭਰਿਆ ਹੋਇਆ
"ਨਾਨਕ **ਪੁਰ** ਦਰ ਵੇਪਰਵਾਹ ਤਉ ਦਰਿ ਊਣਾ ਨਾਹਿ ਕੋ ਸਚਾ ਵੇਪਰਵਾਹੁ।"
—ਸੂਹੀ **੩**, ਵਾਰ ੧੦ਸ, **੧**, ੧ : ੬ (788)

2. ਪੁਤ
"ਦੁਇ **ਪੁਰ** ਜੋਰਿ ਰਸਾਈ ਭਾਠੀ ਪੀਉ ਮਹਾ ਰਸੁ ਭਾਰੀ।" —ਰਾਮ **ਕਬ**, ੨, ੨ : ੧ (969)

ਪੁਰਈ— ਪੁਰੀਆਂ, ਨਗਰੀਆਂ, ਵਸਤੀਆਂ
"ਤੁਧੁ ਜੇਵਡੁ ਦਾਤਾਰੁ ਮੈ ਕੋਈ ਨਦਰਿ ਨ ਆਵਈ ਤੁਧੁ ਸਭਸੈ ਨੋ ਦਾਨੁ ਦਿਤਾ ਖੰਡੀ ਵਰਭੰਡੀ ਪਾਤਾਲੀ **ਪੁਰਈ** ਸਭ ਲੋਈ।"
—ਬਿਹਾ **੪**, ਵਾਰ ੩ : ੫ (549)

ਪੁਰਸ— ਪੁਰਸ਼, ਮਨੁੱਖ, ਆਦਮੀ, ਵਿਅਕਤੀ
"ਸਿਧ ਸਾਧਿਕ ਅਰੁ ਜੋਗੀ ਜੰਗਮ ਪੀਰ **ਪੁਰਸ** ਬਹੁਤੇਰੇ।" —ਰਾਮ **੧**, ੪, ੩ : ੧ (877)

ਪੁਰਸਲਾਤ— ਮੁਸਲਮਾਨੀ ਮਤਿ ਅਨੁਸਾਰ ਦੋਜ਼ਖ ਦੀ ਅੱਗ ਉਪਰ ਬਣਿਆ ਬਾਰੀਕ ਪੁਲ (ਅ. ਪੁਲ-ਏ-ਸਰਾਤ)
"**ਪੁਰਸਲਾਤ** ਕਾ ਪੰਥੁ ਦੁਹੇਲਾ।"
—ਸੂਹੀ **ਰਵਿ**, ੧, ੨ : ੩ (793)
"ਵਾਲਹੁ ਨਿਕੀ **ਪੁਰਸਲਾਤ** ਕੰਨੀ ਨ ਸੁਣੀਆਇ।"
—ਸਲੋ **ਫਰ**, ੧ : ੨ (1377)

ਪੁਰਸਾਈ— ਪੁਛ
"ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ **ਪੁਰਸਾਈ**।" (ਮਹਾਨਕੋਸ਼ ਇਸ ਦੇ ਅਰਥ ਮਰਦਾਨਗੀ ਕਰਦਾ ਹੈ) —ਆਸਾ **੧**, ੩੯, ੨ : ੧ (360)

ਪੁਰਸਾਦਮਰਾ— (ਪੁਰਸਾ+ਅਮਰਾ) ਪ੍ਰਮਾਤਮਾ ਤੋਂ ਮਾਇਆ ਹੋਈ
"ਅਥੋਨ **ਪੁਰਸਾਦਮਰਾ**।"
—ਧਨਾ **ਨਾਮ**, ੪, ੧* : ੨ (693)

ਪੁਰਸਾਬਿਰਾ— ਪੁਰਸ਼+ਆਬਰਾ, ਹਰੀ ਪ੍ਰਗਟ ਸੀ
"ਪਹਿਲ **ਪੁਰਸਾਬਿਰਾ**।"
—ਧਨਾ **ਨਾਮ**, ੪, ੧* : ੧ (693)

ਪੁਰਖ— 1. ਪੁਰਸ਼, ਹਸਤੀ, ਵਿਅਕਤੀ
"ਜਿੰਨਾ ਸਤਗੁਰੁ ਰਸਿ ਮਿਲੈ ਸੇ ਪੂਰੇ **ਪੁਰਖ** ਸੁਜਾਣ।"
—ਸਿਰੀ **੧**, ੨੨, ੪ : ੧ (22)
"ਤੁਮਦਾਤੇ ਤੁਮ **ਪੁਰਖ** ਬਿਧਾਤਾ।" (ਫਲ ਦਾਤਾ)
—ਮਾਝ **੫**, ੧੮, ੨ : ੧ (99)
"ਓਇ **ਪੁਰਖ** ਪ੍ਰਾਣੀ ਧੰਨਿ ਜਨ ਹਹਿ ਉਪਦੇਸੁ ਕਰਹਿ ਪਰਉਪਕਾਰੀਆ।"
—ਗਉ **੪**, ਵਾਰ ੨੦ਸ, **੪**, ੨ : ੨ (311)
"ਗੁਰੁ ਸਰਵਰੁ ਮਾਨ ਸਰੋਵਰੁ ਹੈ ਵਡਭਾਗੀ **ਪੁਰਖ** ਲਹੰਨ੍ਹਿ।" (ਜੀਵ)
—ਸੂਹੀ **੩**, ਅਸ ੪, ੨ : ੧ (757)

2. ਮਰਦ ਪਤੀ
"ਨਾਰੀ **ਪੁਰਖ** ਪਿਆਰੁ ਪ੍ਰੇਮਿ ਸੀਗਾਰੀਆ।"
—ਮਾਝ **੧**, ਵਾਰ ੨੨ : ੧ (148)
"ਇਸਤਰੀ **ਪੁਰਖ** ਕਾਮਿ ਵਿਆਪੇ ਜੀਉ ਰਾਮ ਨਾਮ ਕੀ ਬਿਧਿ ਨਹੀ ਜਾਣੀ।"
—ਗਉ **੩**, ਛੰਤ ੪, ੨ : ੧ (245)
"ਕਾ ਕੀ ਮਾਤ ਪਿਤਾ ਕਹੁ ਕਾ ਕੋ ਕਵਨ **ਪੁਰਖ** ਕੀ ਜੋਈ।"
—ਆਸਾ **ਕਬ**, ੯, ੨ : ੧ (478)

3. 'ਪੂ' ਨਰਕ ਤੋਂ ਰਖਿਆ ਕਰਨ ਵਾਲੇ, ਪਰਮਾਤਮਾ, ਹਰੀ

"ਬੇਅੰਤ ਗੁਣ ਤੇਰੇ ਕਥੇ ਨ ਜਾਹੀ ਸਤਿਗੁਰ **ਪੁਰਖ** ਮੁਰਾਰੇ।"
—ਗਉ **੫**, ਛੰਤ ੨, ੪ : ੫ (248)

"ਨਾਨਕ ਤਿਸੁ **ਪੁਰਖ** ਕਾ ਕਿਨੈ ਅੰਤੁ ਨ ਪਾਇਆ।"
—ਗਉ **੫**, ਸੁਖ ੧੬, ੨ : ੧੦ (284)

"ਸਤਗੁਰ ਜੇਵਡੁ ਅਵਰੁ ਨ ਕੋਈ ਮਿਲਿ ਸਤਿਗੁਰ **ਪੁਰਖ** ਧਿਆਈਐ।" (ਸਮਰਥ, ਹਸਤੀ, ਵਾਹਿਗੁਰੂ) —ਰਾਮ **੪**, ੪, ੨ : ੨ (881)

4. ਮਰਦਉਪੁਣੇ ਵਾਲੇ, ਨਰ
"ਪੁਰਖੈ ਸੇਵਹਿ ਸੇ **ਪੁਰਖ** ਹੋਵਹਿ ਜਿਨੀ ਹਉਮੈ ਸਬਦਿ ਜਲਾਈ।"
—ਵਡ **੪**, ਵਾਰ ੧੫ਸ, **੩**, ੨ : ੪ (592)

ਪੁਰਖਈਆ— ਹਸਤੀ, ਵੇਖੋ 'ਪੁਰਖ' (1)
"ਗੁਰਮੁਖ ਅਗਮ ਅਗੋਚਰੁ ਧਿਆਇਆ ਹਉ ਬਲਿ ਬਲਿ ਸਤਿਗੁਰ ਸਤਿ **ਪੁਰਖਈਆ**।"
—ਬਿਲਾ **੪**, ਅਸ ੩, ੧ : ੧ (834)

ਪੁਰਖਹ— ਪੁਰਖ ਦੀ
"ਹੋਵੰਤ ਆਗਿਆ ਭਗਵਾਨ **ਪੁਰਖਹ** ਨਾਨਕ ਕੀਟੀ ਸਾਸ ਅਕਰਖਤੇ।" —ਸਸ **੫**, ੭ : ੩ (1354)

ਪੁਰਖਨ— 1. ਪੁਰਖਾਂ, ਹਸਤੀਆਂ
"ਬਾਣੀ ਮੰਤ੍ਰੁ ਮਹਾ **ਪੁਰਖਨ** ਕੀ ਮਨਹਿ ਉਤਾਰਨ ਮਾਂਨ ਕਉ।" —ਸਾਰ **੫**, ੨੦, ੨ : ੧ (1208)

2. ਮਰਦ/ਆਦਮੀ/ ਪੁਰਸ਼ ਲਈ/ ਵਾਸਤੇ
"ਨਾਰੀ ਤੇ ਜੋ ਪੁਰਖੁ ਕਰਾਵੈ **ਪੁਰਖਨ** ਤੇ ਜੋ ਨਾਰੀ।" —ਸਾਰ **ਕਬ**, ੨, ੪ : ੧ (1252)

ਪੁਰਖ ਪਤੇ— ਮਨੁੱਖਾਂ ਦੇ ਪਤੀ(ਮਾਲਕ)
"**ਪੁਰਖ ਪਤੇ** ਭਗਵਾਨ ਤਾ ਕੀ ਸਰਣਿ ਗਹੀ।"
—ਆਸਾ **੫**, ਛੰਤ ੯, ੧ : ੧ (458)

ਪੁਰਖਾ— 1. ਵਿਅਕਤੀਆਂ, ਜੀਵਾਂ
"ਸਿਧਾ **ਪੁਰਖਾ** ਕੀਆ ਵਡਿਆਈਆ।"
—ਆਸਾ **੧**, ਸੋਦ ੨, ੩ : ੨ (9)

ਹੋਰ ਰੂਪ — ਪੁਰਖਾਂ
"ਮਹਾ **ਪੁਰਖਾਂ** ਕੀ ਨਿੰਦਾ ਕਾ ਵੇਖੁ ਜਿ ਤਪੇ ਨੋ ਫਲੁ ਲਗਾ ਸਭੁ ਗਇਆ ਤਪੇ ਕਾ ਘਾਲਿਆ।"
—ਗਉ **੪**, ਵਾਰ ੩੦ਸ, **੪**, ੧ : ੨ (315)

2. ਪੁਰਖ
"ਜਿਹਵਾ ਕਿਆ ਗੁਣ ਆਖਿ ਵਖਾਣਹ ਤੁਮ ਵਡ ਅਗਮ ਵਡ **ਪੁਰਖਾ**।"
—ਜੈਤ **੪**, ੨, ੪ : ੧ (697)

3. ਆਦਮੀ, ਮਰਦ
"ਪੁਰਖ ਮਹਿ ਨਾਰਿ ਨਾਰਿ ਮਹਿ **ਪੁਰਖਾ** ਬੂਝਹੁ ਬ੍ਰਹਮ ਗਿਆਨੀ।"
—ਰਾਮ **੧**, ੯, ੩ : ੧ (879)

4. ਹੇ ਪੁਰਖ, ਹੇ ਮਨੁੱਖ, ਹੇ ਭਲੇ ਪੁਰਸ਼
"ਇਨ ਬਿਧਿ ਮਨੁ ਸਮਝਾਈਐ **ਪੁਰਖਾ** ਬਾਹੁੜਿ ਚੋਟ ਨ ਖਾਈਐ।"
—ਰਾਮ **੧**, ਸਿਗੋ ੯ : ੩ (939)

ਪੁਰਖਾਰਥੁ— ਬਲ
"ਨਾਨਕ ਕੈ ਮਨਿ ਇਹੁ **ਪੁਰਖਾਰਥੁ**।" (ਭਾਵ ਆਸਰਾ, ਧਰਵਾਸ)
—ਭੈਰ **੫**, ੫੧, ੪ : ੩ (1151)

ਪੁਰਖਿ— 1. ਪੁਰਖ ਨੇ
"ਸਤਿਗੁਰਿ **ਪੁਰਖਿ** ਮਿਲਾਇਆ ਇਕੋ ਸਜਣੁ ਸੋਇ।" —ਸਿਰੀ **੫**, ੭੧, ੪ : ੧ (42)

2. ਹਰਿ/ ਪ੍ਰਭੂ ਨੇ
"ਸਚੈ **ਪੁਰਖਿ** ਅਲਖਿ ਸਿਰਜਿ ਨਿਹਾਲਿਆ।"
—ਮਾਝ **੧**, ਵਾਰ ੨੪ : ੨ (149)

3. ਸ਼ਕਤੀਮਾਨ ਨੇ, ਸਮਰਥ ਨੇ
"ਸਤਿਗੁਰ **ਪੁਰਖਿ** ਜਿ ਮਾਰਿਆ ਭ੍ਰਮਿ ਭ੍ਰਮਿਆ ਘਰੁ ਛੋਡਿ ਗਇਆ।"
—ਸੋਰ **੪**, ਵਾਰ ੨੭ਸ, **੪**, ੨ : ੧ (653)

"ਹਉ ਨਿਰਗੁਣੁ ਢਾਢੀ ਬਖਸਿਓਨੁ ਪ੍ਰਭਿ **ਪੁਰਖਿ** ਵੇਦਾਵੈ।" —ਮਾਰੂ **੫**, ਵਾਰ ੯ : ੮ (1097)

ਪੁਰਖੀ— ਵਿਅਕਤੀਆਂ, ਮਨੁੱਖਾਂ, ਜੀਆਂ
"ਜਿਨੀ **ਪੁਰਖੀ** ਸਤਗੁਰੁ ਨ ਸੇਵਿਓ ਸੇ ਦੁਖੀਏ ਜੁਗ ਚਾਰਿ।" —ਸਿਰੀ **੩**, ੫੩, ੧ : ੧ (34)

ਪੁਰਖੁ— ਜੋ ਹਰ ਸਰੀਰ ਵਿਚ ਵਿਆਪਕ ਹੈ, ਪਰਮਾਤਮਾ
"ਸੋ **ਪੁਰਖੁ** ਨਿਰੰਜਨੁ ਹਰਿ **ਪੁਰਖੁ** ਨਿਰੰਜਨੁ ਹਰਿ ਅਗਮਾ ਅਗਮ ਅਪਾਰਾ।"
—ਆਸਾ **੪**, ਸੋਪੁ ੧, ੧ : ੧ (10)

"ਅਕੁਲ ਨਿਰੰਜਨ **ਪੁਰਖੁ** ਅਗਮੁ ਅਪਾਰੀਐ।"

(ਹਰਿ, ਪ੍ਰਭੂ) —ਗੂਜ **੫**, ਵਾਰ ੧ : ੧ (518)

2. ਸਮਰਥ

"ਜਿਸੁ ਸਤਿਗੁਰੁ **ਪੁਰਖੁ** ਨ ਭੇਟਿਓ ਸੁ ਭਉ ਜਲਿ ਪਚੈ ਪਚਾਇ।"

—ਸਿਰੀ **੧**, ੨੨, ੩ : ੨ (22)

3. ਮਹਾ ਪੁਰਖ, ਸ੍ਰੇਸ਼ਟ ਪੁਰਖ

"ਘਰਿ ਹੋਦਾ **ਪੁਰਖੁ** ਨ ਪਛਾਣਿਆ ਅਭਿਮਾਨਿ ਮੁਠੇ ਅਹੰਕਾਰਿ।"

—ਸਿਰੀ **੩**, ੫੩, ੧ : ੨ (34)

4. ਪਤੀ

"ਹਰਿ ਸੰਤ ਜਨਾ ਮਿਲਿ ਕਾਰਜੁ ਸੋਹਿਆ ਵਰੁ ਪਾਇਆ **ਪੁਰਖੁ** ਅਨੰਦੀ।"

—ਸਿਰੀ **੪**, ਛੰਤ ੧, ੩ : ੫ (78)

"ਕਿਸੁ ਤੂੰ **ਪੁਰਖੁ** ਜੋਰੂ ਕਉਣ ਕਹੀਐ ਸਰਬ ਨਿਰੰਤਰ ਰਵਿ ਰਹਿਆ।"

—ਆਸਾ **੧**, ੭, ੨ : ੨ (350)

5. ਵਿਅਕਤੀ, ਜਨ, ਪੁਰਸ਼, ਮਨੁੱਖ

"ਜਿਸ ਨੋ ਦੇਵੈ ਦਇਆ ਕਰਿ ਸੋਈ **ਪੁਰਖੁ** ਸੁ ਜਾਨੁ।" —ਮਾਝ **੫**, ਬਾਰ ੧੨ : ੭ (136)

"ਸੋਈ **ਪੁਰਖੁ** ਜਪੈ ਭਗਵਾਨ।"

—ਗਉ **੫**, ੯੭, ੪ : ੨ (185)

"ਜੀਵਨ **ਪੁਰਖੁ** ਮਿਲਿਆ ਹਰਿ ਰਾਇਆ।" (ਹਸਤੀ) —ਗਉ **੫**, ੧੧੭, ੪ : ੧ (189)

6. ਮਰਦ, ਸੂਰਮਾ, ਬਹਾਦਰ

"ਸਚੁ ਸਚਾ ਸਤਿਗੁਰੁ **ਪੁਰਖੁ** ਹੈ ਜਿਨਿ ਕਾਮੁ ਕ੍ਰੋਧੁ ਬਿਖੁ ਮਾਰਿਆ।"

—ਗਉ **੪**, ਵਾਰ ੧੭ : ੨ (310)

7. ਆਦਮੀ, ਇਸਤ੍ਰੀ ਦੇ ਉਲਟ ਮਰਦ

"ਕਉਨ ਕੋ **ਪੁਰਖੁ** ਕਉਨ ਕੀ ਨਾਰੀ।"

—ਗਉ **ਕਬ**, ਅਸ ੩੯, ੨ : ੧ (331)

8. ਜੀਵਾਤਮਾ (ਮਹਾਨਕੋਸ਼)

"ਪੁਰਖੈ **ਪੁਰਖੁ** ਮਿਲਿਆ ਗੁਰੁ ਪਾਇਆ ਜਿਨ ਕਉ ਕਿਰਪਾ ਭਈ ਤੁਮਾਰੀ।"

—ਸੋਰ **੪**, ੭, ੪ : ੧ (607)

ਪੁਰਖੈ— 1. ਪੁਰਸ਼, ਵਿਅਕਤੀ, ਮਰਦ

"ਪਿਰੁ ਛੋਡਿਆ ਘਰਿ ਆਪਣਾ ਪਰ **ਪੁਰਖੈ** ਨਾਲਿ ਪਿਆਰੁ।"

—ਸਿਰੀ **੪**, ਵਾਰ ੧੭ਸ, **੩**, ੧ : ੨ (89)

"**ਪੁਰਖੈ** ਪੁਰਖੁ ਮਿਲਿਆ ਸੁਖੁ ਪਾਇਆ ਸਭ ਚੂਕੀ ਆਵਣ ਜਾਨੀ।" (ਪੁਰਖ ਨੂੰ)

—ਸਾਰ **੪**, ੫, ੨ : ੨ (1199)

2. ਸੂਰਮਾ, ਮਰਦਊਪੁਣੇ ਵਾਲਾ

"**ਪੁਰਖੈ** ਸੇਵਹਿ ਸੇ ਪੁਰਖ ਹੋਵਹਿ ਜਿਨੀ ਹਉਮੈ ਸਬਦਿ ਜਲਾਈ।"

—ਵਡ **੪**, ਵਾਰ ੧੫ਸ, **੩**, ੨ : ੪ (592)

3. ਪ੍ਰਮਾਤਮਾ

"**ਪੁਰਖੈ** ਪੁਰਖੁ ਮਿਲਿਆ ਗੁਰੁ ਪਾਇਆ ਜਿਨ ਕਉ ਕਿਰਪਾ ਭਈ ਤੁਮਾਰੀ।"

—ਸੋਰ **੪**, ੭, ੪ : ੧ (607)

4. ਆਦਮੀ, ਮਰਦ, ਇਸਤ੍ਰੀ ਦੇ ਵਿਪ੍ਰੀਤ

"ਇਸਤਰੀ **ਪੁਰਖੈ** ਖਟਿਐ ਭਾਉ।"

—ਰਾਮ **੩**, ੧੧ਸ, **੧**, ੧ : ੩ (951)

"ਇਸਤਰੀ **ਪੁਰਖੈ** ਬਹੁ ਪ੍ਰੀਤਿ ਮਿਲਿ ਮੋਹੁ ਵਧਾਇਆ।"

—ਸਾਰ **੪**, ਵਾਰ ੩੨ : ੧ (1249)

5. ਗੁਰੂ ਪੁਰਖ ਨੇ

"ਅਚਰੁ ਚਰੈ ਬਿਬੇਕ ਬੁਧਿ ਪਾਏ **ਪੁਰਖੈ** ਪੁਰਖੁ ਮਿਲਾਇ।"

—ਮਲਾ **੩**, ਅਸ ੧, ੪ : ੨ (1276)

ਪੁਰਖੋ— ਪੁਰਖ, ਸ਼ਕਤੀਮਾਲ

"**ਪੁਰਖੋ** ਬਿਧਾਤਾ ਏਕੁ ਸ੍ਰੀਧਰੁ ਕਿਉ ਮਿਲਹ ਤੁਝੈ ਉਡੀਣੀਆ।"

—ਗਉ **੫**, ਛੰਤ ੧, ੧ : ੩ (247)

ਪੁਰਖੋਤਮ— ਉਤਮ ਪੁਰਖ ਦਾ, ਹਰਿ/ਵਾਹਿਗੁਰੂ ਦਾ

"ਐਸੇ ਗਿਆਨ ਪ੍ਰਗਟਿਆ **ਪੁਰਖੋਤਮ** ਕਹੁ ਕਬੀਰ ਰੰਗਿ ਰਾਤਾ।" —ਸਿਰੀ **ਕਬ**, ੩, ੪ : ੧ (92)

ਹੋਰ ਰੂਪ — ਪੁਰਖੋਤਮੰ—

"ਨਹ ਸਮਰਥੰ ਨਹ ਸੇਵਕੰ ਨਹ ਪ੍ਰੀਤਿ ਪਰਮ **ਪੁਰਖੋਤਮੰ**।" (ਉਤਮ/ਸ੍ਰੇਸ਼ਟ ਪੁਰਖ ਭਾਵ ਪ੍ਰਭੂ) —ਸਸ **੫**, ੨੨ : ੧ (1356)

ਪੁਰਖੋਤਮੁ—

"ਹਰਿ ਹਰਿ ਨਾਮੁ ਭਜਿਓ **ਪੁਰਖੋਤਮੁ** ਸਭਿ ਬਿਨਸੇ ਦਾਲਦ ਦਲਘਾ।"

—ਸੂਹੀ **੪**, ੨, ੧ : ੧ (731)

ਪੁਰਖੋਤਮੋ—

"ਪਰਮ ਜੋਤਿ **ਪੁਰਖੋਤਮੋ** ਜਾ ਕੈ ਰੇਖ ਨ ਰੂਪ।"
(ਉਤਮੁ ਪੁਰਖ ਭਾਵ ਪ੍ਰਮਾਤਮਾ ਦੀ)
—ਬਿਲਾ **ਕਬ**, ੧੦, ੧ : ੨ (857)

ਪੁਰਜਾ— (ਫ਼ਾ. ਪੁਰਜ਼ਾ) ਟੁਕੜਾ, ਖੰਡ
"**ਪੁਰਜਾ ਪੁਰਜਾ** ਕਟਿ ਮਰੈ ਕਬਹੂ ਨ ਛਾਡੈ ਖੇਤੁ।"
—ਮਾਰੂ **ਕਬ**, ੧੦, ੨ : ੨ (1105)

ਪੁਰੰਦਰੀਏ— ਪੁਰੀ ਅੰਦਰ ਭਾਵ ਸ਼ਹਿਰ (ਵਸਤੀ) ਅੰਦਰ
"ਆਨੀਲੇ ਕੁੰਭੁ ਭਰਾਈਲੇ ਊਦਕ ਰਾਜ ਕੁਆਰਿ **ਪੁਰੰਦਰੀਏ**।"
(ਪਤੀ, ਪੁਤਰ, ਕੰਨਿਆ ਆਦਿ ਨਾਲ ਪੂਰੀ ਇਸਤ੍ਰੀ ਮਹਾਨਕੋਸ਼)
—ਰਾਮ **ਨਾਮ**, ੧, ੨ : ੧ (972)

ਪੁਰਬ— 1. ਪਿਛਲੀ, ਪਹਿਲੀ, ਪੂਰਬਲੀ
"ਤਿਸੁ ਮਿਲਿਆ ਜਿਸੁ **ਪੁਰਬ** ਕਮਾਈ।"
—ਮਾਝ **੫**, ੪੮, ੨ : ੨ (108)
"ਤਿਨਿ ਹਰਿ ਧਨੁ ਪਾਇਆ ਜਿਸੁ **ਪੁਰਬ** ਲਿਖੇ ਕਾ ਲਹਣਾ।" (ਪਹਿਲਾਂ ਦੇ ਲਿਖੇ ਭਾਵ ਭਾਗਾਂ ਅਨੁਸਾਰ) —ਆਸਾ **੫**, ੧੮, ੪ : ੧ (375)
2. ਸ਼ੁਭ ਅਵਸਰ(ਦਸ ਪੁਰਬ ਜਦੋਂ ਪਰੰਪਰਕ ਤੌਰ ਤੇ ਇਸ਼ਨਾਨ ਕਰਨਾ ਚੰਗਾ ਮੰਨਿਆ ਜਾਂਦਾ ਹੈ) ਉਹ ਹਨ : ਅੱਠੇ, ਚੌਦੇਂ, ਮਸਿਆ, ਸੰਗਰਾਂਦ, ਪੂਰਨਮਾਸ਼ੀ, ਉਤਰਾਇਣ, ਦਖਣਾਇਣ, ਵਯ ਤਿਪਾਤ, ਚੰਨ ਤੇ ਸੂਰਜ ਦੇ ਗ੍ਰਹਿਣ)
"ਗੁਰ ਗਿਆਨ ਸਾਚਾ ਥਾਨੁ ਤੀਰਥੁ ਦਸ **ਪੁਰਬ** ਸਦਾ ਦਸਾਹਰਾ।"
—ਧਨਾ **੧**, ਛੰਤ ੧, ੧ : ੩ (687)

ਪੁਰਬਾਇਆ— ਪੁਰਬ (ਸ਼ੁਭ ਅਵਸਰ) ਹੋ ਜਾਂਦੇ ਹਨ ਭਾਵ ਤੀਰਥਾਂ ਦਾ ਫਲ ਪ੍ਰਾਪਤ ਹੋ ਜਾਂਦਾ ਹੈ
"ਨਾਮੁ ਲੈਤ ਸਗਲ **ਪੁਰਬਾਇਆ**।"
—ਭੈਰ **੫**, ੨੫, ੧ : ੩ (1142)

ਪੁਰਬਾਨਿਆ— ਪੁਰਬਾਂ ਦਾ, ਸ਼ੁਭ ਅਵਸਰਾਂ ਦਾ
"ਤੀਰਥ ਧਰਮ ਵੀਚਾਰ ਨਾਵਣ **ਪੁਰਬਾਨਿਆ**।"
—ਮਲਾ **੧**, ਵਾਰ ੧ : ੬ (1279)

ਪੁਰਬਿ— ਪਹਿਲਾਂ
"ਜੈਸਾ ਬੀਜੇ ਸੋ ਲੁਣੈ ਜੇਹਾ **ਪੁਰਬਿ** ਕਿਨੈ ਬੋਇਆ।"
—ਗਉ **੪**, ਵਾਰ ੧੯ਸ, **੪**, ੧ : ੨ (309)
"ਹੇਤੇ ਪਲਚਾਈ **ਪੁਰਬਿ** ਕਮਾਈ ਮੇਟਿ ਨ ਸਕੈ ਕੋਈ।" (ਪਿਛਲੀ, ਪਹਿਲਾਂ ਦੀ)
—ਵਡ **੩**, ਛੰਤ ੬, ੨ : ੩ (571)
"ਮਿਲਿ ਸੰਗਿ ਸੋਹੇ ਦੇਖਿ ਮੋਹੇ **ਪੁਰਬਿ** ਲਿਖਿਆ ਪਾਇਆ।" (ਪਹਿਲਾਂ ਦਾ ਭਾਵ ਧੁਰ ਦਾ)
—ਮਲਾ **੫**, ਛੰਤ ੧, ੪ : ੫ (1278)

ਪੁਰਬੀ— 1. ਪੁਰਬਾਂ, ਖਾਸ ਤਿਉਹਾਰਾਂ ਅਥਵਾ ਸ਼ੁਭ ਅਵਸਰਾਂ ਤੇ
"**ਪੁਰਬੀ** ਨਾਵੈ ਵਰਨਾਂ ਕੀ ਦਾਤਿ।"
—ਬਸੰ **੧**, ੩, ੨ : ੩ (1169)
2. ਤਿਉਹਾਰਾਂ ਦੇ ਮੇਲੇ
"ਅਠਸਠਿ ਤੀਰਥ ਦੇਵੀ ਥਾਪੇ **ਪੁਰਬੀ** ਲਗੈ ਬਾਣੀ।"
—ਮਾਝ **੧**, ਵਾਰ ੨੬ਸ, **੧**, ੧ : ੧੫ (150)

ਪੁਰਬੁ— 1. ਮਹਾਤਮ, ਵਡਿਆਈ
"ਏਕੁ **ਪੁਰਬੁ** ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ।" —ਸੋਰ **੧**, ੪, ੩ : ੨ (596)
"ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ **ਪੁਰਬੁ** ਹੋਆ।" —ਤੁਖਾ **੪**, ਛੰਤ ੪, ੩ : ੧ (1116)
2. ਸ਼ੁਭ ਅਵਸਰ, ਤਿਉਹਾਰ
"ਨਾਵਣੁ **ਪੁਰਬੁ** ਅਭੀਚੁ ਗੁਰ ਸਤਿਗੁਰ ਦਰਸੁ ਭਇਆ।"
—ਤੁਖਾ **੪**, ਛੰਤ ੪, ੧ : ੧ (1116)

ਪੁਰਬੇ— ਪਿਛਲਾ, ਪੂਰਬਲਾ
"**ਪੁਰਬੇ** ਕਮਾਏ ਸ੍ਰੀ ਰੰਗ ਪਾਏ ਹਰਿ ਮਿਲੇ ਚਿਰੀ ਵਿਛੁੰਨਿਆ।"
—ਸਿਰੀ **੫**, ਛੰਤ ੨, ੪ : ੪ (80)

ਪੁਰਾਇਨਿ— ਚੌਪਤੀ, ਜਲ ਉਪਰ ਫੈਲਣ ਵਾਲੀ ਇਕ ਸਬਜੀ
"ਜਲ **ਪੁਰਾਇਨਿ** ਰਸ ਕਮਲ ਪਰੀਖ।"
—ਗਉ **੧**, ੫, ੩ : ੩ (152)

ਪੁਰਾਈ— ਪੂਰੀ ਕੀਤੀ, ਪੁਗਾਈ
"ਨਾਨਕੁ ਗੁਰ ਵਿਟਹੁ ਵਾਰਿਆ ਜਿਨਿ ਹਰਿ ਨਾਮੁ ਦੀਆ ਮੇਰੇ ਮਨ ਕੀ ਆਸ **ਪੁਰਾਈ**।"
—ਵਡ **੪**, ਵਾਰ ੫ : ੫ (588)

ਹੋਰ ਰੂਪ — ਪੁਰਾਈਆ—

"ਹਉ ਸੁਤੀ ਹੋਇ ਅਚਿੰਤ ਮਨਿ ਆਸ **ਪੁਰਾਈਆ**।" (ਪੂਰੀ ਹੋਈ)
—ਫੁਨ **੫**, ੪ : ੩ (1362)

ਪੁਰਾਈਐ—
"ਆਸਾ ਇਤੀ ਆਸ ਕਿ ਆਸ **ਪੁਰਾਈਐ**।" (ਪੂਰੀ ਕਰਨੀ ਚਾਹੀਦੀ ਹੈ ਪੂਰੀ ਕਰੋ)
—ਫੁਨ **੫**, ੫ : ੧ (1362)

ਪੁਰਾਣ— 1. ਹਿੰਦੂਆਂ ਦੇ ਧਾਰਮਿਕ ਗ੍ਰੰਥ, ਪ੍ਰਸਿੱਧ 18 ਹਨ
"ਆਖਿਹ ਵੇਦ ਪਾਠ **ਪੁਰਾਣ**।"
—ਜਪੁ **੧**, ੨੬ : ੧੧ (5)
2. ਪ੍ਰਾਚੀਨ ਪ੍ਰਸੰਗ ਤੇ ਇਤਿਹਾਸ
"ਪੋਥੀ **ਪੁਰਾਣ** ਕਮਾਈਐ।"
—ਸਿਰੀ **੧**, ੩੩, ੨ : ੧ (25)

ਪੁਰਾਣਾ— 1. ਬੋਲਾ, ਕੰਮਜ਼ੋਰ
"ਦਿਨ ਥੋੜੜੇ ਥਕੇ ਭਇਆ **ਪੁਰਾਣਾ** ਚੋਲਾ।"
—ਸਿਰੀ **੧**, ੨੪, ੧* : ੨ (23)
"ਹੋਇ **ਪੁਰਾਣਾ** ਸੁਟੀਐ ਭੀ ਫਿਰਿ ਪਾਈਐ ਹੋਰੁ।"
—ਆਸਾ **੧**, ਵਾਰ ੧੫ਮ, **੧**, ੨ : ੫ (471)

ਹੋਰ ਰੂਪ — ਪੁਰਾਣੀ—
"ਏਹੁ ਜੋਬਨੁ ਸਾਸੁ ਹੈ ਦੇਹ **ਪੁਰਾਣੀ**।" (ਬੋਧੀ,ਕੰਮਜ਼ੋਰ)
—ਮਾਰੂ **੧**, ਸੋਲ ੬, ੫ : ੨ (1025)
2. ਹਿੰਦੂਆਂ ਦੇ ਧਾਰਮਿਕ ਗ੍ਰੰਥ
"ਸਪਤ ਦੀਪ ਸਪਤ ਸਾਗਰਾ ਨਵ ਖੰਡ ਚਾਰਿ ਵੇਦ ਦਸ ਅਸਟ **ਪੁਰਾਣਾ**।"
—ਸਿਰੀ **੪**, ਵਾਰ ੪ : ੧ (84)

ਹੋਰ ਰੂਪ — ਪੁਰਾਣੀ —
"ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ **ਪੁਰਾਣੀ** ਗਾਇਆ।" (ਪੁਰਾਣਾਂ ਦੁਆਰਾ)
—ਸੂਹੀ **੫**, ੧੦, ੧ : ੫ (783)

ਪੁਰਾਣੁ—
"ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ **ਪੁਰਾਣੁ**।" —ਜਪੁ **੧**, ੨੧ : ੧੧ (40)

ਪੁਰਾਤਨ— ਪੁਰਾਣੀ, ਪ੍ਰਾਚੀਨ
"ਕਥਾ **ਪੁਰਾਤਨ** ਇਉ ਸੁਣੀ ਭਗਤਨ ਕੀ ਬਾਨੀ।"
—ਬਿਲਾ **੫**, ੫੬, ੩ : ੧ (815)

ਹੋਰ ਰੂਪ — ਪੁਰਾਤਨੁ—
"ਜੋ ਜੋ ਤਰਿਓ **ਪੁਰਾਤਨੁ** ਨਵਤਨੁ ਭਗਤਿ ਭਾਇ ਹਰਿ ਦੇਵਾ।" (ਪੁਰਾਣੇ ਸਮੇਂ)
—ਸਾਰ **੫**, ੭੫, ੨ : ੧ (1219)

ਪੁਰਾਨ— 1. ਹਿੰਦੂਆਂ ਦੇ ਧਾਰਮਕ ਗ੍ਰੰਥ, ਵੇਖੋ 'ਪੁਰਾਣ'
"ਬੇਦ **ਪੁਰਾਨ** ਸਾਧ ਮਗ ਸੁਨਿ ਕਰਿ ਨਿਮਖ ਨ ਹਰਿ ਗੁਨ ਗਾਵੈ।"
—ਗਉ **੯**, ੬, ੧* : ੨ (220)

ਹੋਰ ਰੂਪ — ਪੁਰਾਨਾ—
"ਅਖਰ ਸਾਸਤ੍ਰ ਸਿੰਮ੍ਰਿਤਿ **ਪੁਰਾਨਾ**।"
—ਗਉ **੫**, ਬਾਅ ੫੪ : ੩ (261)
2. ਪੁਰਾਣਾ, ਪਹਿਲਾਂ ਤੋਂ
"ਹਰਿ ਹਰਿ ਰਸੁ ਪਾਇਆ ਗੁਰਮਤਿ ਹਰਿ ਧਿਆਇਆ ਧੁਰਿ ਮਸਤਕਿ ਭਾਗ **ਪੁਰਾਨ** ਜੀਉ।"
—ਆਸਾ **੪**, ਛੰਤ ੧੨, ੧ : ੨ (446)

ਪੁਰਾਨਾ— 1. ਹਿੰਦੂਆਂ ਦੇ ਧਾਰਮਿਕ ਗ੍ਰੰਥ, ਵੇਖੋ 'ਪੁਰਾਨ' (1)

ਹੋਰ ਰੂਪ — ਪੁਰਾਨਾਂ —
"ਜਬ ਤੁਮ ਸੁਨਿ ਲੇ ਬੇਦ **ਪੁਰਾਨਾਂ**।"
—ਆਸਾ **ਕਬ**, ੩੬, ੧ : ੧ (484)

ਪੁਰਾਨੁ—
"ਤੈ ਨਰ ਕਿਆ **ਪੁਰਾਨੁ** ਸੁਨਿ ਕੀਨਾ।"
—ਸਾਰ **ਪਰ**, ੧, ੧* : ੧ (1253)
2. ਬੋਦਾ, ਕੰਮਜ਼ੋਰ
"ਕਾਮ ਚੋਲਨਾ ਭਇਆ ਹੈ **ਪੁਰਾਨਾ** ਗਇਆ ਭਰਮੁ ਸਭੁ ਛੂਟੀ।"
—ਆਸਾ **ਕਬ**, ੨੮, ੨ : ੨ (483)
3. ਪੂਰਬਲਾ, ਪਹਿਲਾ, ਵੇਖੋ 'ਪੁਰਾਨ' (2)
"ਜਿਨ ਮਨਿ ਪ੍ਰੀਤਿ ਲਗੀ ਹਰਿ ਕੇਰੀ ਤਿਨ ਧੁਰਿ ਭਾਗ **ਪੁਰਾਨਾ**।"
—ਜੈਤ **੪**, ੩, ੩ : ੧ (697)

ਪੁਰਾਬ— ਪੁਰ+ਆਬ, ਪਾਣੀ ਨਾਲ ਭਰਿਆ (ਫਾ. ਪੁਰ+ਆਬ)
"**ਪੁਰਾਬ** ਖਾਮ ਕੂਜੈ ਹਿਕਮਤਿ ਖੁਦਾਇਆ।"
—ਮਲਾ **੧**, ਵਾਰ ੨੨ਸ, **੧**, ੨ : ੫ (1291)

ਪੁਰਿ— 1. ਪੁਰੀ
"ਸਾਚਾ ਵਾਸਾ **ਪੁਰਿ** ਗਗਨੰਦਰਿ।"
—ਮਾਰੂ **੧**, ਸੋਲਾ ੧੩, ੧ : ੨ (1033)
2. ਪੂਰਨ ਕਰਕੇ
"**ਪੁਰਿ** ਕਰਿ ਕਾਇਆ ਕਪੜੁ ਪਹਿਰਾ ਧੋਵਾ ਸਦਾ ਕਾਰਿ।"
—ਮਾਝ **੧**, ਵਾਰ ੪ਸ, **੧**, ੧ : ੩ (139)

ਪੁਰਿਵਨ— ਚੌਪਤੀ, ਪਾਣੀ ਵਿਚ ਉਗਦੇ ਇਕ ਬੂਟੇ ਦੇ ਪਤੇ
"ਜਹ ਉਪਜੈ ਬਿਨਸੈ ਤਹੀ ਜੈਸੇ **ਪੁਰਿਵਨ** ਪਾਤ।"
—ਬਿਲਾ **ਕਬ**, ੧੦, ੨ : ੨ (857)

ਪੁਰੀ— 1. ਨਗਰੀ
"ਸਿਵ ਪੁਰੀ ਬ੍ਰਹਮ ਇੰਦ੍ਰ **ਪੁਰੀ** ਨਿਹਚਲੁ ਕੋ ਥਾਉ ਨਾਹਿ।" —ਗਉ **੫**, ੧੫੮*, ੩ : ੧ (214)
ਹੋਰ ਰੂਪ — ਪੁਰੀਆ—
"ਭੁਖਿਆ ਭੁਖ ਨ ਉਤਰੀ ਜੇ ਬੰਨਾ **ਪੁਰੀਆ** ਭਾਰ।" (ਦੇਸਾਂ ਨੂੰ ਆਪਣੇ ਵਸ ਕਰ ਲਵਾਂ)
—ਜਪੁ **੧**, ੧ : ੩ (1)
"ਨਾਮ ਕੇ ਧਾਰੇ **ਪੁਰੀਆ** ਸਭ ਭਵਨ।"
—ਗਉ **੫**, ਸੁਖ ੧੬, ੫ : ੨ (284)
2. ਦੁਆਰਕਾ ਪੁਰੀ
"ਕਾਸੀ ਕਾਂਤੀ **ਪੁਰੀ** ਦੁਆਰਾ।"
—ਮਾਰੂ **੧**, ਸੋਲਾ ੨, ੯ : ੨ (1022)

ਪੁਰੀਆ— 1. ਲੋਕ, ਵੇਖੋ 'ਪੁਰੀ' (1)
2. ਪੂਰੀ, ਸੰਪੂਰਨ
"ਗਜ ਨਵ ਗਜ ਦਸ ਗਜ ਇਕੀਸ **ਪੁਰੀਆ** ਏਕ ਤਨਾਈ।"
—ਗਉ **ਕਬ**, ੫੪, ੧ : ੧ (335)
3. ਨਲੀਆਂ
"ਛੂਟੇ ਕੂੰਡੇ ਭੀਗੈ **ਪੁਰੀਆ** ਚਲਿਓ ਜੁਲਾਹੋ ਰੀਸਾਈ।"
—ਗਉ **ਕਬ**, ੫੪, ੩ : ੨ (335)
4. ਪੁੜੀ
"ਕਬੀਰਾ ਧੂਰਿ ਸਕੇਲਿ ਕੈ **ਪੁਰੀਆ** ਬਾਂਧੀ ਦੇਹ।"
—ਸਲੋ **ਕਬ**, ੧੭੮ : ੧ (1374)

ਪੁਰੀਈ— ਪੁਰੀਆਂ ਵਿਚ
"ਖੰਡੀ ਬ੍ਰਹਮੰਡੀ ਪਾਤਾਲੀ **ਪੁਰੀਈ** ਤ੍ਰਿਭਵਣ ਤਾੜੀ ਲਾਈ ਹੇ।"—ਮਾਰੂ **੧**, ਸੋਲਾ ੩, ੧੦ : ੩ (1023)

ਪੁਰੀਏ— ਪੁਰੀ/(ਬ੍ਰਹਮੰਡ) ਵਿਚ
"ਪਹਿਲ **ਪੁਰੀਏ** ਪੁੰਡਰਕ ਵਨਾ।"
—ਧਨਾ **ਨਾਮ**, ੪, ੧ : ੧ (693)

ਪੁਰੁ— 1. ਭਰਿਆ ਹੋਇਆ, ਪੂਰਾ, ਮੁਕੰਮਲ
"ਚਾਲੀਸੀ **ਪੁਰੁ** ਹੋਇ ਪਚਾਸੀ ਪਗੁ ਖਿਸੈ ਸਠੀ ਕਾ ਬੋਢੇਪਾ ਆਵੈ।"
—ਮਾਝ **੧**, ਵਾਰ ੧ਸ, **੧**, ੩ : ੨ (138)
"ਤੂੰ **ਪੁਰੁ** ਸਾਗਰੁ ਮਾਣਕ ਹੀਰੁ।"
—ਆਸਾ **੧** , ਅਸ ੩, ੫ : ੧ (412)

ਪੁਰੈਨ— ਚੌਪਤੀ
"ਜੈਸੇ **ਪੁਰੈਨ** ਪਾਤ ਰਹੈ ਜਲ ਸਮੀਪ ਭਨਿ ਰਵਿਦਾਸ ਜਨਮੇ ਜਗਿ ਓਇ।"
—ਬਿਲਾ **ਰਵਿ**, ੨, ੩ : ੨ (858)

ਪੁੜ— ਚੱਕੀ ਦੇ ਹੇਠਲਾ ਤੇ ਉਪਰਲਾ ਪੱਥਰ
"ਦੁਇ **ਪੁੜ** ਚਕੀ ਜੋੜਿ ਕੈ ਪੀਸਣ ਆਇ ਬਹਿਠੁ।"
—ਮਾਝ **੧**, ਵਾਰ ੧੧ਸ, **੧**, ੧ : ੩ (142)
"ਦੁਇ **ਪੁੜ** ਜੋੜਿ ਵਿਛੋੜਿਅਨੁ ਗੁਰ ਬਿਨੁ ਘੋਰੁ ਅੰਧਾਰੋ।" (ਭਾਵ ਜ਼ਮੀਨ ਅਸਮਾਨ)
—ਵਡ **੧**, ਅਲਾ ੩, ੧ : ੩ (580)
ਹੋਰ ਰੂਪ — ਪੁੜੁ—
"**ਪੁੜੁ** ਧਰਤੀ **ਪੁੜੁ** ਪਾਣੀ ਆਸਣੁ ਚਾਰਿ ਕੁੰਟ ਚਉਬਾਰਾ।" —ਸੋਰ **੧**, ੪, ੧ : ੧ (596)

ਪੂਅਰ— ਧੂਣੀ
"ਅੰਤਰਿ ਅਗਨਿ ਨ ਗੁਰ ਬਿਨੁ ਬੂਝੈ ਬਾਹਿਰ **ਪੂਅਰ** ਤਾਪੈ।"
—ਮਾਰੂ **੧**, ਅਸ ੨, ੩ : ੧ (1013)
ਹੋਰ ਰੂਪ — ਪੂੰਅਰ—
"**ਪੂੰਅਰ** ਤਾਪ ਗੇਰੀ ਕੇ ਬਸਤ੍ਰਾ।"
—ਪ੍ਰਭਾ **੫**, ਅਸ ੨, ੪ : ੧ (1348)

ਪੂਕਾਰ— 1. ਪੁਕਾਰ, ਕੂਕ ਕੂਕ ਕੇ ਸ਼ਿਕਾਇਤ ਕਰਨੀ, ਦੁਖ ਭਰਿਆ ਚੀਕ ਚਹਾੜਾ, ਫਰਿਆਦ
"ਮਨ ਭੁਖਾ ਭੁਖਾ ਮਤ ਕਰਹਿ ਮਤ ਤੂ ਕਰਹਿ **ਪੂਕਾਰ**।" —ਸਿਰੀ **੩**, ੩੬, ੫ : ੧ (27)
"ਜਮ ਦਰਿਬਾਧੇ ਮਾਰੀਅਹਿ ਕੂਕ ਨ ਸੁਣੈ **ਪੂਕਾਰ**।"
—ਸਿਰੀ **੩**, ਅਸ ੨੫, ੫ : ੨ (69)

"ਤੂ ਆਪੇ ਸਭੁ ਕਿਛੁ ਜਾਣਾ ਕਿਸੁ ਆਗੈ ਕਰੀ **ਪੂਕਾਰ**।" —ਮਲਾ **੩**, ੩, ੩ : ੩ (1258)

2. ਉਚੀ ਉਚੀ ਪੜ੍ਹ ਕੇ ਸੁਣਾਉਣਾ

"ਲੋਭੀ ਅਨ ਕਉ ਸੇਵਦੇ ਪੜਿ ਵੇਦਾ ਕਰੈ **ਪੂਕਾਰ**।" —ਸਿਰੀ **੩**, ੪੩, ੩ : ੨ (30)

ਪੂਕਾਰੰਤਾ— ਪੁਕਾਰਦਾ, ਫਰਿਆਦ ਕਰਦਾ, ਚੀਕ ਚਹਾੜਾ ਪਾਂਦਾ ਰਹਿੰਦਾ

"**ਪੂਕਾਰੰਤਾ** ਅਜਾਣੰਤਾ।"

—ਸਾਰ **੪**, ਵਾਰ ੧੩ਸ, **੧**, ੧ : ੨ (1242)

ਪੂਕਾਰਦਾ— ਚੀਕਦਾ ਭਾਵ ਲੋਚਦਾ

"ਬਾਬੀਹਾ ਜਿਸ ਨੋ ਤੂ **ਪੂਕਾਰਦਾ** ਤਿਸ ਨੋ ਲੋਚੈ ਸਭੁ ਕੋਇ।"

—ਮਲਾ **੧**, ਵਾਰ ੨ਸ, **੩**, ੧ : ੧ (1281)

ਪੂਕਾਰਨ— ਸ਼ਿਕਾਇਤ (ਫਰਿਆਦ) ਕਰਨ

"**ਪੂਕਾਰਨ** ਕਉ ਜੋ ਉਦਮੁ ਕਰਤਾ ਗੁਰੁ ਪਰਮੇਸਰੁ ਤਾ ਕੋ ਮਾਰੈ।"

—ਸਾਰ **੫**, ੬੮, ੧* : ੨ (1217)

ਪੂਕਾਰਾ— ਪੁਕਾਰ, ਦੁਖ ਭਰੀ ਸ਼ਿਕਾਇਤ,ਚੀਕ ਚਹਾੜਾ

"ਜਮਪੁਰਿ ਬਧੇ ਮਾਰੀਅਨਿ ਕੋ ਸੁਣੈ ਨ **ਪੂਕਾਰਾ**।"

—ਗੂਜ **੩**, ਵਾਰ ੧੨ : ੪ (513)

ਪੂਕਾਰੇ— ਉਚੀ ਉਚੀ ਕੂਕ ਕੇ ਕਹਿਣਾ

"ਸਾਸਤ੍ਰ ਸਿਮ੍ਰਿਤਿ ਬੇਦ **ਪੂਕਾਰੇ**।"

—ਗਉ **੫**, ਬਾਅ ੪੮ : ੨ (260)

ਪੂੰਗਰਾ— ਪੁੱਤਰ, ਬੱਚਾ

"ਕਬੀਰੁ **ਪੂੰਗਰਾ** ਰਾਮ ਅਲਹ ਕਾ ਸਭ ਗੁਰ ਪੀਰ ਹਮਾਰੇ।"

—ਪ੍ਰਭਾ **ਕਬ**, ੨, ੫ : ੨ (1349)

ਪੂੰਗੜਾ— ਪੁੱਤਰ

"ਨ ਹਉ ਤੇਰਾ **ਪੂੰਗੜਾ** ਨ ਤੂ ਮੇਰੀ ਮਾਇ।"

—ਭੈਰ **ਨਾਮ**, ੧੦, ੨ : ੧ (1165)

ਪੂਛ— 1. ਪੁਛ, ਪੁਛਣਾ, ਪੁਛਪਾਛ

"ਆਗੈ **ਪੂਛ** ਨ ਹੋਵਈ ਜਿਸੁ ਬੇਲੀ ਗੁਰੁ ਕਰਤਾਰੁ।"

—ਸਿਰੀ **੧**, ਅਸ ੧੫, ੨ : ੨ (62)

2. ਦੁੰਮ, ਪੂਛਲ

"ਸੁਆਨ **ਪੂਛ** ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ।" —ਦੇਵ **੯**, ੧, ੨ : ੧ (536)

ਪੂਛਉ— ਮੈਂ ਪੁਛਾਂ, ਦਰਿਆਫਤ ਕਰਾਂ

"ਕਿਸੁ ਹਉ ਸੇਵੀ ਕਿਆ ਜਪੁ ਕਰੀ ਸਤਗੁਰ **ਪੂਛਉ** ਜਾਇ।" —ਸਿਰੀ **੩**, ੫੪, ੧ : ੧ (34)

"ਸੁਣਿ ਸੁਆਮੀ ਅਰਦਾਸਿ ਹਮਾਰੀ **ਪੂਛਉ** ਸਾਚੁ ਬੀਚਾਰੋ।" (ਪੁਛਦਾ ਹਾਂ)

—ਰਾਮ **੧**, ਸਿਗੋ ੬ : ੧ (938)

ਹੋਰ ਰੂਪ — ਪੂਛਉਗੀ—

"ਜਿਨੀ ਸਖੀ ਸਹੁ ਰਾਵਿਆ ਤਿਨ **ਪੂਛਉਗੀ** ਜਾਏ।" —ਤਿਲੰ **੧**, ਅਸ ੧, ੫ : ੧ (725)

ਪੂਛਸਿ— ਪੁਛੇਗਾ

"ਜਮ ਦੁਆਰ ਜਬ **ਪੂਛਸਿ** ਬਵਰੇ ਤਬ ਕਿਆ ਕਹਸਿ ਮੁਕੰਦਾ।"

—ਆਸਾ **ਕਬ**, ੨੬, ੧* : ੨ (482)

ਪੂਛਹ— ਪੁਛਦੇ ਹਾਂ

"ਹਮ ਪੂਛਹ ਹਮ **ਪੂਛਹ** ਸਤਿਗੁਰ ਪਾਸਿ ਬੇਨੰਤੀ।"

—ਵਡ **੪**, ਛੰਤ ੪, ੧ : ੨ (574)

ਹੋਰ ਰੂਪ — ਪੂਛਹੁ—

"ਪੜਿਐ ਮੈਲੁ ਨ ਉਤਰੈ **ਪੂਛਹੁ** ਗਿਆਨੀਆ ਜਾਇ।" (ਪੁਛ ਲਵੋ)

—ਸਿਰੀ **੩**, ੬੪, ੧ : ੪ (39)

"ਜਾਣਹੁ ਜੋਤਿ ਨ **ਪੂਛਹੁ** ਜਾਤੀ ਆਗੈ ਜਾਤਿ ਨ ਹੇ।" (ਪੁਛੋ)

—ਆਸਾ **੧**, ੩, ੧* : ੧ (349)

ਪੂੰਛਟ— ਪੂਛ, ਦੁੰਮ

"ਤੇਰੀ **ਪੂੰਛਟ** ਊਪਰਿ ਝਮਕ ਬਾਲ।"

—ਬਸੰ **ਕਬ**, ੧, ੧ : ੨ (1196)

ਪੂਛਤ— ਪੁਛਦਾ ਹੈ

"ਤਬ ਚਿਤ੍ਰ ਗੁਪਤ ਕਿਸੁ **ਪੂਛਤ** ਲੇਖਾ।"

—ਗਉ **੫**, ਸੁਖ ੨੧, ੩ : ੬ (291)

"ਗੁਰਚਰਣ ਲਾਗਿ ਹਮ ਬਿਨਵਤਾ **ਪੂਛਤ** ਕਹ ਜੀਉ ਪਾਇਆ।" (ਪੁਛਦਾ ਹਾਂ)

—ਆਸਾ **ਕਬ**, ੧, ੧ : ੧ (475)

ਹੋਰ ਰੂਪ — ਪੂਛਤਾ—

"ਹਮ ਰੁਲਤੇ ਫਿਰਤੇ ਕੋਈ ਬਾਤ ਨ **ਪੂਛਤਾ** ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ।"

—ਗਉ **੪**, ੪੯, ੪ : ੨ (167)

ਪੂਛਾਂ— ਪੁਛਾਂ

"ਗੁਰ ਸਤਿਗੁਰ ਪਾਸਹੁ ਹਰਿ ਗੋਸਟਿ **ਪੂਛਾਂ** ਕਰਿ ਸਾਂਝੀ ਹਰਿ ਗੁਣ ਗਾਵਾਂ।"
—ਵਡ **੪**, ੩, ੫ : ੨ (562)

ਪੂਛਿ— 1. ਪੁਛ ਕੇ
"ਮੈ ਆਪਣਾ ਗੁਰੁ **ਪੂਛਿ** ਦੇਖਿਆ ਅਵਰੁ ਨਾਹੀ ਥਾਉ।" —ਸਿਰੀ **੧**, ੧, ੧* : ੨ (14)
"ਹਰਿ ਜੋ ਕਿਛੁ ਕਰੇ ਸੁ ਆਪੇ ਆਪੇ ਓਹੁ **ਪੂਛਿ** ਨ ਕਿਸੇ ਕਰੈ ਬੀਚਾਰਿ।"
—ਭੈਰ **੪**, ੫, ੪ : ੧ (1135)
2. ਪੂਛਲ, ਪੂਛ
"ਅਪਨਾ ਆਪੁ ਤੂ ਕਬਹੁ ਨ ਛੋਡਸਿ ਸੁਆਨ **ਪੂਛਿ** ਜਿਉ ਰੇ।"
—ਮਾਰੂ **੧**, ੪, ੪ : ੨ (990)

ਪੂਛਿਆ— ਪੁਛਿਆ
"ਮੈ ਗੁਰੁ **ਪੂਛਿਆ** ਆਪਣਾ ਸਾਚਾ ਬੀਚਾਰੀ ਰਾਮ।"
—ਆਸਾ **੧**, ਛੰਤ ੫, ੨ : ੨ (439)

ਪੂਛਿਲੇ— ਪੁਛਣ ਲਗੀ
"ਪਾੜ ਪੜੋਸਣਿ **ਪੂਛਿਲੇ** ਨਾਮਾ ਕਾ ਪਹਿ ਛਾਨਿ ਛਵਾਈ ਹੋ।" —ਸੋਰ **ਨਾਮ**, ੨, ੧ : ੧ (657)

ਪੂਛੀਐ— ਪੁਛੀਏ
"ਜਾਤਿ ਜਨਮੁ ਨਹ **ਪੂਛੀਐ** ਸਚ ਘਰੁ ਲੇਹੁ ਬਤਾਇ।" —ਪ੍ਰਭਾ **੧**, ੧੦, ੪ : ੧ (1330)
"ਤੈ ਸਹ ਬਾਤ ਨ **ਪੂਛੀਐ** ਕਬਹੁ ਨ ਲਾਈ ਪਾਇ।"
(ਪੁਛੀ, ਪੁਛਦਾਂ) —ਸਲੋ **ਕਬ**, ੬੫ : ੨ (1367)

ਪੂਛੇ— ਪੁਛਣ, ਦਰਿਆਫਤ ਕਰਨ
"ਕਹੁ ਕਬੀਰ ਗੂੰਗੈ ਗੁੜੁ ਖਾਇਆ **ਪੂਛੇ** ਤੇ ਕਿਆ ਕਹੀਐ।" —ਗਉ **ਕਬ**, ੫੧, ੪ : ੨ (334)
"ਕਿਸੈ ਨ **ਪੂਛੇ** ਬਖਸੇ ਆਪਿ।" (ਪੁਛਦਾ)
—ਆਸਾ **੧**, ਅਸ ੩, ੪ : ੪ (412)
"ਸੰਗਿ ਕੁਸੰਗੀ ਬੈਸਤੇ ਤਬ **ਪੂਛੇ** ਧਰਮ ਰਾਇ।"
(ਪੁਛੇਗਾ)
—ਰਾਮ **੫**, ਵਾਰ ੨੦ਸ, **੫**, ੨ : ੨ (965)

ਹੋਰ ਰੂਪ — ਪੂਛੈ—
"ਘਟ ਫੂਟੇ ਕੋਊ ਬਾਤ ਨ **ਪੂਛੈ** ਕਾਢਹੁ ਕਾਢਹੁ ਹੋਈ।" (ਪੁਛਦਾ)
—ਆਸਾ **ਕਬ**, ੯, ੨ : ੨ (478)
"ਮਤ ਹਰਿ **ਪੂਛੈ** ਕਉਨੁ ਹੈ ਮੇਰੇ ਜਾਤਿ ਨ ਨਾਉ।" (ਪੁਛ ਲਏ)
—ਸਲੋ **ਕਬ**, ੬੦ : ੨ (1367)

ਪੂਜ— 1. ਪੂਜਾ
"**ਪੂਜ** ਲਗੈ ਪੀਰੁ ਆਖੀਐ ਸਭੁ ਮਿਲੈ ਸੰਸਾਰੁ।"
—ਸਿਰੀ **੧**, ੮, ੨ : ੧ (17)
"ਸੇਵਾ **ਪੂਜ** ਕਰਉ ਤਿਸੁ ਮੂਰਤਿ ਕੀ ਨਾਨਕੁ ਤਿਸੁ ਪਗ ਚਾਟੈ।" —ਗਉ **੫**, ੧੩੨*, ੫ : ੨ (208)
2. ਪੂਜਯ, ਪੂਜਨਯੋਗ, ਪੂਜਨੀਕ
"ਜਿਨ੍ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ **ਪੂਜ** ਕਰਾਵਾ।"
—ਆਸਾ **੪**, ਛੰਤ ੧੯, ੨ : ੪ (450)
"ਸਰਬ **ਪੂਜ** ਚਰਨ ਗੁਰ ਸੇਉ।"
—ਗੋਂਡ **੫**, ੯, ੧ : ੪ (864)
3. ਮਾਨਤਾ
"ਵਿਣੁ ਪਾਰਸੈ **ਪੂਜ** ਨ ਹੋਵਈ ਵਿਣੁ ਮਨ ਪਰਚੇ ਅਵਰਾ ਸਮਝਾਏ।"
—ਗੂਜ **੩**, ੨, ੩ : ੧ (491)
4. ਪੂਜਿਆ ਜਾਣਾ
"ਨਾਇ ਤੇਰੈ ਤਰਣਾ ਨਾਇ ਪਤਿ **ਪੂਜ**।"
—ਪ੍ਰਭਾ **੧**, ੧, ੧ : ੧ (1327)

ਪੂਜਉ— ਪੂਜਾ ਕਰਾਂ, ਮਾਨਤਾ ਦੇਵਾਂ
"ਕਿਸੁ ਹਉ **ਪੂਜਉ** ਦੂਜਾ ਨਦਰਿ ਨ ਆਈ।"
—ਗੂਜ **ਨਾਮ**, ੧, ੩ : ੨ (525)

ਪੂਜਸਿ— 1. ਪੂਜਦੇ
"**ਪੂਜਸਿ** ਨਾਹੀ ਹਰਿ ਹਰੇ ਨਾਨਕ ਨਾਮ ਅਮੋਲ।"
—ਗਉ **੫**, ਸੁਖ ੩ਸ : ੨ (265)
"ਏਕ ਨ **ਪੂਜਸਿ** ਨਾਮੈ ਹਰੀ।" (ਪੂਜਦੀ)
—ਭੈਰ **ਨਾਮ**, ੧, ੩ : ੨ (1163)
2. ਪੂਜਦੇ ਹਨ
"ਸਿਲ **ਪੂਜਸਿ** ਬਗੁਲ ਸਮਾਧੰ।"
—ਆਸਾ **੧**, ਵਾਰ ੧੪ਸ, **੧**, ੨ : ੨ (470)

ਪੂਜਹ— ਪੂਜਦੇ ਹਾਂ
"ਹਰਿ ਨਾਮੁ ਹਮ ਸ੍ਰੇਵਹ ਹਰਿ ਨਾਮੁ ਹਮ **ਪੂਜਹ** ਹਰਿ ਨਾਮੇ ਹੀ ਮਨੁ ਰਾਤਾ।"
—ਵਡ **੪**, ਵਾਰ ੧੬ : ੨ (592)

ਹੋਰ ਰੂਪ — ਪੂਜਹਿ—
"ਕੋਟਿ ਜਨਾ ਜਾ ਕੈ **ਪੂਜਹਿ** ਪੈਰਾ।" (ਪੂਜਦੇ

ਹਨ) —ਮਾਝ **੫**, ੧੩, ੩ : ੨ (98)

ਪੂਜਹੁ—
"ਕਾਰਜ ਸਭਿ ਸਵਾਰਿ ਲੈ ਨਿਤ **ਪੂਜਹੁ** ਗੁਰ ਕੇ ਪਾਵ ਜੀਉ।" (ਪੂਜਾ ਕਰੋ)
—ਮਾਝ **੫**, ਅਸ ੩੮, ੫ : ੩ (132)

ਪੂਜਹੋ—
"ਪ੍ਰਭ **ਪੂਜਹੋ** ਨਾਮੁ ਅਰਾਧਿ।" (ਪੂਜਾ ਕਰੋ)
—ਕਾਨ **੫**, ੩੩, ੧* : ੧ (1304)

ਪੂਜਣ— ਪੂਜਾ ਕਰਨ ਲਈ
"ਵਾਹੁ ਵਾਹੁ ਕਰਹਿ ਸੇਈ ਜਨ ਸੋਹਣੇ ਤਿਨ੍ ਕਉ ਪਰਜਾ **ਪੂਜਣ** ਆਈ।"
—ਗੂਜ **੩**, ਵਾਰ ੧੪ਸ, **੩**, ੨ : ੪ (514)

ਪੂਜਣਜੁਗਤੁ — ਪੂਜਾ ਕੀਤੇ ਜਾਣ ਦਾ ਅਧਿਕਾਰੀ, ਪੂਜਨਯੋਗ
"ਸੋਈ ਬ੍ਰਹਮਣੁ **ਪੂਜਣਜੁਗਤੁ**।"
—ਸਲੋ **੧**, ੧੬ : ੫ (1411)

ਪੂਜੰਤਾ— ਪੂਜਣ ਵਾਲਾ
"ਤੂ ਆਪੇ ਠਾਕੁਰੁ ਸੇਵਕੋ ਆਪੇ **ਪੂਜੰਤਾ**।"
—ਮਾਰੂ **੫**, ਵਾਰ ੪ : ੨ (1095)

ਪੂਜਦੇ— ਪੂਜਾ ਕਰਦੇ ਹਨ
"ਦੂਜੈ ਭਾਇ ਅਗਿਆਨੀ **ਪੂਜਦੇ** ਦਰਗਹ ਮਿਲੈ ਸਜਾਇ।"
—ਸਿਰੀ **੪**, ਵਾਰ ੧੩ਸ, **੩**, ੨ : ੨ (88)

ਪੂਜਨ— ਪੂਜਾ ਕਰਨ ਲਈ
"**ਪੂਜਨ** ਚਾਲੀ ਬ੍ਰਹਮ ਠਾਇ।"
—ਬਸੰ **ਰਾਮਾ**, ੧, ੧ : ੩ (1195)

ਪੂਜਨੀ— ਪੂਜਨ ਕਰਨਾ
"ਆਤਮਾ ਰਾਮੁ ਨ **ਪੂਜਨੀ** ਦੂਜੈ ਕਿਉ ਸੁਖੁ ਹੋਇ।"
—ਸਲੋ **੩**, ੨੦ : ੨ (1414)

ਪੂਜਾ— 1. ਪੂਜਨ ਦੀ ਕ੍ਰਿਆ
"ਅਸੰਖ **ਪੂਜਾ** ਅਸੰਖ ਤਪ ਤਾਉ।"
—ਜਪੁ **੧**, ੧੭ : ੨ (3)
"ਰੂਪ ਕਰੇ ਕਰਿ ਵੇਖੈ ਵਿਗਸੈ ਆਪੇ ਹੀ ਆਪਿ **ਪੂਜਾ** ਹੇ।" (ਪੂਜਾ ਕਰਦਾ ਹੈ)
—ਮਾਰੂ **੫**, ਸੋਲਾ ੩, ੨ : ੩ (1073)
2. ਭਾਵ ਸਤਿਕਾਰ, ਸਨਮਾਨ
"**ਪੂਜਾ** ਅਰਚਾ ਬੰਦਨ ਦੇਵਾ ਜੀਉ।"
—ਗਉ **੫**, ੧੬੭*, ੩ : ੨ (217)
3. ਪੁਜਿਆ ਹੈ
"ਆਪੇ ਆਪਿ ਨਿਰੰਜਨ **ਪੂਜਾ**।"
—ਮਾਰੂ **੫**, ਸੋਲਾ ੧੦, ੧੧ : ੨ (1081)

ਪੂਜਾਚਾਰ— ਪੂਜਾ ਦਾ ਆਚਾਰ, ਪੂਜਨ ਆਦਿ ਕਰਮ
"ਸਤਜੁਗਿ ਸਤੁ ਤੇਤਾ ਜਗੀ ਦੁਆਪਰਿ **ਪੂਜਾਚਾਰ**।"
—ਗਉ **ਰਵਿ**, ਅਸ ੧, ੧ : ੧(346)

ਪੂਜਾਰਿਆ— ਪੂਜੇ, ਪੂਜਾ ਕੀਤਾ
"ਪ੍ਰਭ ਨਾਨਕ ਚਰਣ **ਪੂਜਾਰਿਆ**।"
—ਬਸੰ **੫**, ੧੪, ੪ : ੨ (1184)

ਪੂਜਾਰੀ— ਪੂਜਾ ਕਰਨ ਵਾਲਾ
"ਏਕ ਨਾਮ ਕੋ ਥੀਓ **ਪੂਜਾਰੀ** ਮੋ ਕਉ ਅਚਰਜੁ ਗੁਰਹਿ ਦਿਖਾਇਓ।"
—ਗਉ **੫**, ੧੩੬*, ੧ : ੨ (209)

ਪੂਜਾਰੇ— ਪੂਜੇ, ਪੂਜਨ ਕੀਤੇ
"ਈਹਾਂ ਊਹਾਂ ਚਰਣ **ਪੂਜਾਰੇ**।"
—ਪ੍ਰਭਾ **੫**, ੧੦, ੩ : ੩ (1340)

ਪੂਜਾਵੈ— ਪੂਜਾ ਕਰਾਵੇ
"ਜੇ ਓਹੁ ਦੁਆਦਸ ਸਿਲਾ **ਪੂਜਾਵੈ**।"
—ਗੋਂਡ **ਰਵਿ**, ੨, ੧ : ੨ (875)

ਪੂਜਿ— 1. ਪੂਜਾ ਕਰ
"ਸੰਚਿ ਹਰਿ ਧਨੁ **ਪੂਜਿ** ਸਤਿਗੁਰੁ ਛੋਡਿ ਸਗਲ ਵਿਕਾਰ।" —ਸਿਰੀ **੫**, ੯੫, ੧ : ੧ (51)
2. ਪੂਜ ਕੇ
"ਬੁਤ **ਪੂਜਿ ਪੂਜਿ** ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ।" —ਸੋਰ **ਕਬ**, ੧, ੧ : ੧ (654)

ਪੂਜਿਆ— ਪੂਜਨ ਕੀਤਾ ਹੈ
"ਜਿਨ੍ ਨਾਨਕੁ ਸਤਿਗੁਰੁ **ਪੂਜਿਆ** ਤਿਨ ਹਰਿ ਪੂਜ ਕਰਾਵਾ।"
—ਆਸਾ **੪**, ਛੰਤ ੧੯, ੨ : ੪ (450)

ਪੂਜੀ— 1. ਪੂਜਾ ਕੀਤੀ
"ਗਾਡਰ ਲੇ ਕਾਮਧੇਨੁ ਕਰਿ **ਪੂਜੀ**।"
—ਗਉ **੫**, ੧੬੦, ੩ : ੧ (198)
2. ਪੂੰਜੀ, ਰਾਸ, ਮੂੜੀ
"ਸਚੁ **ਪੂਜੀ** ਨਾਮੁ ਦ੍ਰਿੜਾਇ ਪ੍ਰਭ ਵਣਜਾਰੇ ਥਾਰੇ।"
—ਗਉ **੪**, ਵਾਰ ੧੪ : ੨ (308)

ਪੂੰਜੀ— ਰਾਸ, ਮੂੜੀ, ਧਨ ਰਾਸ਼ੀ
"ਸਾਚੀ **ਪੂੰਜੀ** ਸਚੁ ਸੰਜਮੋ ਆਠ ਪਹਰ ਗੁਣ ਗਾਉ।"
—ਸਿਰੀ **੫**, ੮੮, ੧ : ੩ (48)

ਪੂਜੀਅਹਿ— ਪੂਜਨ ਕਰੀਏ
"ਤਿਸੁ ਜਨ ਕੇ ਪਗ ਨਿਤ **ਪੂਜੀਅਹਿ** ਮੇਰੀ ਜਿੰਦੁੜੀਏ ਜੋ ਮਾਰਗਿ ਧਰਮ ਚਲੇਸਹਿ ਰਾਮ।"
—ਬਿਹਾ **੪**, ਛੰਤ ੪, ੩ : ੩ (540)

ਪੂਜੀਆ— ਪੂਜਿਆ ਜਾਵਾਂ
"ਨਵਖੰਡ ਮਧੇ **ਪੂਜੀਆ** ਅਪਣੈ ਚਜਿ ਵੀਚਾਰਿ।"
—ਮਾਰੂ **੩**, ਵਾਰ ੧੧ਸ, **੩**, ੧ : ੨ (1090)

ਪੂਜੀਐ— ਪੂਜਨ ਕਰੀਏ
"ਨਾਉ **ਪੂਜੀਐ** ਨਾਉ ਮੰਨੀਐ ਅਖੰਡੁ ਸਦਾ ਸਚੁ ਹੋਇ।" —ਸਿਰੀ **੧**, ੮, ੩ : ੩ (17)

ਪੂਜੇ— ਪੂਜਨ ਕਰਦਾ ਹੈ, ਪੂਜਦਾ ਹੈ
"ਜੋ ਚਿਤੁ ਲਾਇ **ਪੂਜੇ** ਗੁਰ ਮੂਰਤਿ ਸੋ ਮਨ ਇਛੇ ਫਲ ਪਾਵੈ।"
—ਗਉ **੪**, ਵਾਰ ੮ਸ, **੪**, ੧ : ੪ (303)

ਪੂਜੇਹਾ— ਪੂਜੀਏ, ਪੂਜਾ ਕਰੀਏ
"ਕਰ ਜੋੜਹੁ ਸੰਤ ਇਕਤ੍ਰ ਹੋਇ ਮੇਰੇ ਲਾਲ ਜੀਉ ਅਬਿਨਾਸੀ ਪੁਰਖੁ **ਪੂਜੇਹਾ** ਰਾਮ।"
—ਬਿਹਾ **੫**, ਛੰਤ ੧, ੩ : ੧ (542)

ਪੂਜੈ— 1. ਪੂਜਦਾ/ਪੂਜਨ ਕਰਦਾ ਹੈ
"ਅਠਿਸਠਿ ਤੀਰਥ ਗੁਰ ਕੀ ਚਰਣੀ **ਪੂਜੈ** ਸਦਾ ਵਿਸੇਖੁ।"
—ਮਾਝ **੧**, ਵਾਰ ੨੦ਸ, **੧**, ੨ : ੪ (147)
"**ਪੂਜੈ** ਪ੍ਰਾਣ ਹੋਵੈ ਥਿਰੁ ਕੰਧੁ।" (ਸ੍ਵਾਸ ਸ੍ਵਾਸ ਜਪੇ)
—ਮਲਾ **੧**, ਵਾਰ ੨੪ਸ, **੧**, ੨ : ੨ (1289)
2. ਪੂਰੀ ਹੋਵੇ, ਪੁਗੇ
"ਤਾ ਕੀ ਆਸ ਨ **ਪੂਜੈ** ਕਾਇ।"
—ਗਉ **੫**, ੧੩੪, ੩ : ੨ (192)
"ਜਿਸ ਕੀ **ਪੂਜੈ** ਅਉਧ ਤਿਸੈ ਕਉਣੁ ਰਾਖਈ।"
—ਫੁਨ **੫**, ੨੧ : ੧ (1363)
3. ਪੁਜਦਾ, ਅਪੜਦਾ, ਤੁਲ ਹੋਣਾ
"ਰਾਮ ਨਾਮ ਸਰਿ ਅਵਰੁ ਨ **ਪੂਜੈ**।"
—ਰਾਮ **੧**, ਅਸ ੫, ੧ : ੩ (905)
"ਅਸੁਮੇਧ ਜਗੁ ਕੀਜੈ ਸੋਨਾ ਗਰਭ ਦਾਨੁ ਦੀਜੈ ਰਾਮ ਨਾਮ ਸਰਿ ਤਊ ਨ **ਪੂਜੈ**।"
—ਰਾਮ **ਨਾਮ**, ੪, ੧ : ੨ (973)

ਪੂਠੋ— ਪੁਠੇ ਕਰਕੇ, ਉਲਟੇ ਕਰਕੇ
"ਖੋਟੋ **ਪੂਠੋ** ਰਾਲੀਐ ਬਿਨੁ ਨਾਵੈ ਪਤਿ ਜਾਇ।"
—ਪ੍ਰਭਾ **੧**, ੧੦, ੩ : ੨ (1330)

ਪੂਤ— 1. ਪੁੱਤਰ
"ਮਨਮੁਖੁ ਜਾਣੈ ਆਪਣੇ ਧੀਆ **ਪੂਤ** ਸੰਜੋਗੁ।"
—ਸਿਰੀ **੧**, ਅਸ ੧੫, ੩ : ੧ (63)
2. ਪਵਿੱਤਰ
"ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ **ਪੂਤ**।"
—ਆਸਾ **੧**, ਵਾਰ ੧੫ਸ, **੧**, ੨ : ੩ (471)

ਪੂਤਹਿ— ਪੁੱਤਰ ਨਾਲ
"ਜਿਉ ਮਾਤ **ਪੂਤਹਿ** ਹੇਤੁ।"
—ਬਿਲਾ **੫**, ਅਸ ੨, ੭ : ੫ (838)

ਪੂਤਨਾ— ਕ੍ਰਿਸ਼ਨ ਜੀ ਨੂੰ ਮਾਰਨ ਲਈ ਕੰਸ ਵਲੋਂ ਭੇਜੀ ਗਈ ਦਾਈ ਜਿਸ ਨੇ ਥਨਾਂ ਨੂੰ ਵਿਹੁ ਲਾ ਕੇ ਕ੍ਰਿਸ਼ਨ ਨੂੰ ਦੁੱਧ ਪਿਆਣਾ ਚਾਹਿਆ ਸੀ।
"ਹਰਿ ਹਰਿ ਕਰਤ **ਪੂਤਨਾ** ਤਰੀ।"
—ਗੋਂਡ **ਨਾਮ**, ੫, ੩ : ੧ (874)

ਪੂਤਰੀ— ਪੁਤਲੀ, ਅੱਖ ਦੀ ਧੀਰੀ
"ਸੋ ਹਰਿ ਨੈਨਹੁ ਕੀ **ਪੂਤਰੀ**।"
—ਗੋਂਡ **ਨਾਮ**, ੫, ੨ : ੪ (874)

ਪੂਤਰੇ— ਪੁਤਲੇ
"ਕਬੀਰ ਮਾਟੀ ਕੇ ਹਮ **ਪੂਤਰੇ** ਮਾਨਸੁ ਰਾਖਿਉ ਨਾਉ।" —ਸਲੋ **ਕਬ**, ੬੪ : ੧ (1367)

ਪੂਤਾ— ਸੁਨ, ਪੁੱਤਰ
"ਮਾਈ ਖਾਟਿ ਆਇਓ ਘਰਿ **ਪੂਤਾ**।"
—ਗੂਜ **੫**, ੩, ੧* : ੧ (495)
"**ਪੂਤਾ** ਮਾਤਾ ਕੀ ਆਸੀਸ।" (ਹੇ ਪੁਤਰਾ)
—ਗੂਜ **੫**, ੪, ੧* : ੧ (496)
"ਆਈ **ਪੂਤਾ** ਇਹੁ ਜਗੁ ਸਾਰਾ।" (ਭਾਵ ਸੰਤਾਨ)
—ਬਿਲਾ **੧**, ਥਿਤੀ ੧੧ : ੩ (839)
ਹੋਰ ਰੂਪ — ਪੂਤਿ—
"**ਪੂਤਿ** ਪਿਤਾ ਇਕੁ ਜਾਇਆ।" (ਪੁੱਤਰ ਨੇ)
—ਸੋਰ **ਕਬ**, ੬, ੨ : ੩ (655)
ਪੂਤੀ—

"ਸੋਹਾਗਨਿ ਕਿਰਪਨ ਕੀ **ਪੂਤੀ**।" (ਪੁਤਰੀ)
—ਗੋਂਡ **ਕਬ**, ੮, ੨ : ੧ (872)

ਪੂਤੁ—
"ਧੌਲੁ ਧਰਮੁ ਦਇਆ ਕਾ **ਪੂਤੁ**।"
—ਜਪੁ **੧**, ੧੬ : ੨ (3)

ਪੂਨਿਉ— ਪੂਰਨਮਾਸੀ, ਪੁੰਨਿਆ
"**ਪੂਨਿਉ** ਪੂਰਾ ਚੰਦ ਅਕਾਸ।"
—ਗਉ **ਕਬ**, ਥਿਤੀ ੧੬ : ੧ (344)

ਪੂਰ— 1. ਐਨੇ ਯਾਤਰੀ ਜੋ ਇਕ ਵਾਰ ਬੇੜੀ ਉਤੇ ਬੈਠ ਕੇ ਪਾਰ ਲੰਘ ਸਕਣ, ਹੋਰ ਵੇਖੋ 'ਪੂਰਿ'
"ਭਗਤੀ ਨਾਮ ਵਿਹੂਣਿਆ ਆਵਹਿ ਵੰਞਹਿ **ਪੂਰ**।"
—ਸਿਰੀ **੫**, ੮੪, ੩ : ੩ (47)
"ਭੈ ਵਿਚਿ ਆਵਹਿ ਜਾਵਹਿ **ਪੂਰ**।"
—ਆਸਾ **੧**, ਵਾਰ ੪ਸ, **੧**, ੧ : ੧੨ (464)

2. ਪੂਰਨ
"ਸੋਈ ਜਪੁ ਜੋ ਪ੍ਰਭ ਜੀਉ ਭਾਵੈ ਭਾਣੈ **ਪੂਰ** ਗਿਆਨਾ ਜੀਉ।" —ਮਾਝ **੫**, ੨੦, ੧ : ੩ (100)
"ਨਾਨਕ **ਪੂਰ** ਕਰੰਮ ਸਤਿਗੁਰ ਚਰਣੀ ਲਗਿਆ।" (ਪੂਰਨ ਭਾਵ ਵੱਡੇ ਭਾਗ ਹਨ)
—ਜੈਤ **੫**, ਵਾਰ ੧੯ਸ, **੫**, ੨ : ੨ (710)

3. ਵਿਆਪਕ
"ਕੀਟ ਹਸਤਿ ਮਹਿ **ਪੂਰ** ਸਮਾਨੇ।"
—ਗਉ **੫**, ਬਾਅ ੧੨ : ੫ (252)

4. ਪੂਰਿਆਂ ਹੋਇਆ, ਭਰਿਆ ਹੋਇਆ ਭਰਪੂਰ
"ਭਨਿਤ ਨਾਨਕ ਤਾ ਕਾ **ਪੂਰ** ਖਜਾਨਾ।"
—ਆਸਾ **੫**, ੫੨, ੪ : ੨ (385)

5. ਪੂਰੇ ਹੋਣੇ ਭਾਵ ਪ੍ਰਾਪਤ ਹੋ ਜਾਵੇ
"ਸੰਤ ਪ੍ਰਸਾਦਿ ਮੇਰੇ **ਪੂਰ** ਮਨੋਰਥ ਕਰਿ ਕਿਰਪਾ ਭੇਟੇ ਗੁਣਤਾਸ।"—ਟੋਡੀ **੫**, ੨੪, ੨:੧ (716)

ਪੂਰਉ— 1. ਪੂਰੀਆਂ ਕਰ ਲਵਾਂ
"ਜੋ ਚਾਹਉ ਸੋਈ ਸੋਈ ਪਾਵਉ ਆਸਾ ਮਨਸਾ **ਪੂਰਉ** ਜਪਿ ਪ੍ਰਭ ਕਉ।"
—ਜੈਤ **੫**, ੩, ੩ : ੧ (700)

2. ਪੂਰਨ
"**ਪੂਰਉ** ਪੁਰਖੁ ਰਿਦੈ ਹਰਿ ਸਿਮਰਤ ਮੁਖੁ ਦੇਖਤ ਅਘ ਜਾਹਿ ਪਰੇਰੇ।"
—ਸਵ **੪**, ਨਲ ੯ : ੪ (1400)

ਪੂਰਈਆ— ਪੂਰਦੇ ਹਨ, ਦੇਂਦੇ ਹਨ
"ਹਰਿ ਹਰਿ ਉਸਤਤਿ ਕਰੈ ਦਿਨੁ ਰਾਤੀ ਰਖਿ ਰਖਿ ਚਰਣ ਹਰਿ ਤਾਲ **ਪੂਰਈਆ**।"
—ਬਿਲਾ **੪**, ਅਸ ੩, ੫ : ੨ (835)

ਪੂਰਹਿ— ਪੂਰਦੇ ਹਨ
"ਕੇਤੇ ਨਚਹਿ ਮੰਗਤੇ ਗਿੜਿ ਮੁੜਿ **ਪੂਰਹਿ** ਤਾਲ।"
—ਆਸਾ **੧**, ਵਾਰ ੪ਸ, **੧**, ੨ : ੩ (464)
"ਤਿਨ ਘਰਿ ਬ੍ਰਹਮਣ **ਪੂਰਹਿ** ਨਾਦ।" (ਸੰਖ ਪੂਰਦੇ ਭਾਵ ਵਜਾਂਦੇ ਹਨ)
—ਆਸਾ **੧**, ਵਾਰ ੧੯ਸ, **੧**, ੨ : ੩ (471)

ਪੂਰਹੁ— ਪੂਰੀ ਕਰੋ, ਪੁਜਾਵੋ
"ਜਨ ਨਾਨਕ ਕੀ ਸਰਧਾ **ਪੂਰਹੁ** ਠਾਕੁਰ ਭਗਤ ਤੇਰੇ ਨਮਸਕਾਰੇ।"
—ਧਨਾ **੫**, ੪੦, ੨ : ੨ (681)

ਪੂਰਕ— 1. ਭਰਨ ਵਾਲਾ, ਪੂਰਨ ਕਰਤਾ
"ਅਪਾਰ ਅਗਮ ਗੋਬਿੰਦ ਠਾਕੁਰ ਸਗਲ **ਪੂਰਕ** ਪ੍ਰਭ ਧਨੀ।"
—ਆਸਾ **੫**, ਛੰਤ ੫, ੨ : ੩ (455)

ਹੋਰ ਰੂਪ — ਪੂਰਕੁ —
"ਇਛਾ **ਪੂਰਕੁ** ਰਖੈ ਨਿਦਾਨ।"
—ਆਸਾ **੫**, ੨੦, ੧ : ੨ (376)

2. ਭਰਪੂਰ
"ਏਕ ਅਨੇਕ ਬਿਆਪਕ **ਪੂਰਕ** ਜਤ ਦੇਖਉ ਤਤ ਸੋਈ।" —ਆਸਾ **ਨਾਮ**, ੧, ੧ : ੧ (485)

3. ਯੋਗਮਤ ਅਨੁਸਾਰ ਪ੍ਰਾਣਾਯਾਮ ਸਮੇਂ ਸੁਆਸਾਂ ਨੂੰ ਅੰਦਰ ਠਹਿਰਾਉਣਾ
"ਰੇਚਕ ਕੁੰਭਕ **ਪੂਰਕ** ਮਨ ਹਾਠੀ।"
—ਮਾਰੂ **੧**, ਸੋਲਾ ੨੨, ੧੪ : ੨ (1043)

ਪੂਰਣਹ — ਭਰਪੂਰ
"ਬ੍ਰਹਮਣਹ ਸੰਗਿ ਉਧਰਣੰ ਬ੍ਰਹਮ ਕਰਮ ਜਿ **ਪੂਰਣਹ**।" —ਸਸ **੫**, ੬੫ : ੧ (1360)

ਪੂਰਣਹਾਰ — ਪੂਰੀਆਂ ਕਰਨ ਵਾਲਾ
"ਕਾਹੇ ਮਨ ਤੂ ਡੋਲਤਾ ਹਰਿ ਮਨਸਾ **ਪੂਰਣਹਾਰ**।"
—ਰਾਮ **੫**, ਵਾਰ ੬ਸ, **੫**, ੨ : ੧ (959)

ਹੋਰ ਰੂਪ — ਪੂਰਣਹਾਰਾ —
"ਤੂੰ ਦਇਆਲੁ ਕ੍ਰਿਪਾਲੁ ਕ੍ਰਿਪਾ ਨਿਧਿ ਮਨਸਾ **ਪੂਰਣਹਾਰਾ**।"—ਸੂਹੀ **੫**, ੪੮, ੨ : ੧ (747)

ਪੂਰਣਹਾਰੁ —
"ਗੁਰੁ ਤੀਰਥੁ ਗੁਰੁ ਪਾਰਜਾਤੁ ਗੁਰੁ ਮਨਸਾ **ਪੂਰਣਹਾਰੁ**।"
—ਸਿਰੀ ਪ, ੯੯, ੩ : ੧ (52)

ਪੂਰਣੁ — ਪੂਰਣਤਾ
"ਆਪੇ ਭਾਂਡੇ ਸਾਜਿਅਨੁ ਆਪੇ **ਪੂਰਣੁ** ਦੇਇ।"
—ਆਸਾ ੧, ਵਾਰ ੨੪ਸ, ੧, ੧ : ੧ (475)

ਪੂਰਣੋ — ਪੂਰਨ
"ਸਰਬ ਕਲਾ ਪ੍ਰਭ **ਪੂਰਣੋ** ਮੰਞੁ ਨਿਮਾਣੀ ਥਾਉ।"
—ਮਾਝ ਪ, ਦਿਨ ੪ : ੨ (137)

ਪੂਰਨ — 1. ਪੂਰੇ, ਸੰਪੂਰਨ, ਮੁਕੰਮਲ
"ਪਾਇਆ ਲਾਹਾ ਲਾਭੁ ਨਾਮੁ **ਪੂਰਨ** ਹੋਏ ਕਾਮ।"
—ਸਿਰੀ ਪ, ੮੧, ੩ : ੨ (46)
"ਗੁਣ ਨਿਧਾਨੁ ਨਵਤਨੁ ਸਦਾ **ਪੂਰਨ** ਜਾ ਕੀ ਦਾਤਿ।" —ਸਿਰੀ ਪ, ੮੩, ੩ : ੩ (47)
"ਪਾਲਹਿ ਅਕਿਰਤਘਨਾ **ਪੂਰਨ** ਦ੍ਰਿਸ਼ਟਿ ਤੇਰੀ ਰਾਮ।" (ਮੁਕੰਮਲ ਭਾਵ ਵੈਰ ਵਿਰੋਧ ਮੇਰ ਤੇਰ ਤੋਂ) —ਬਿਹਾ ਪ, ਛੰਤ ੮, ੩ : ੨ (547)
"ਸਦ ਬਲਿਹਾਰਿ ਜਾਉ ਪ੍ਰਭ ਅਪੁਨੇ ਜਿਨਿ **ਪੂਰਨ** ਪੈਜ ਸਵਾਰੀ।" (ਪੂਰੀ ਤਰਾਂ)
—ਸੋਰ ਪ, ੨੪, ੩ : ੨ (615)

ਹੋਰ ਰੂਪ — ਪੂਰਨੰ—
"ਖਟ ਲਖ੍ਣ **ਪੂਰਨੰ** ਪੁਰਖਹ ਨਾਨਕ ਨਾਮ ਸਾਧ ਸ੍ਵਜਨਹ।" (ਪੂਰਨ ਪੁਰਖ)
—ਸਸ ਪ, ੪੦ : ੨ (1357)

2. ਭਾਵ ਸਫਲ
"ਸਾਧੂ ਸੰਗਤਿ ਮਨਿ ਵਸੈ **ਪੂਰਨ** ਹੋਵੈ ਘਾਲ।"
—ਬਸੰ ਪ, ੯੯, ੧* : ੨ (52)
"ਸੁਣੀ ਬੇਨੰਤੀ ਠਾਕੁਰਿ ਮੇਰੈ **ਪੂਰਨ** ਹੋਈ ਘਾਲੀ ਜੀਉ।" (ਸਫਲ ਹੋਈ)
—ਮਾਝ ਪ, ੩੯, ੨ : ੩ (106)

3. ਪੂਰੀ ਕਰ
"ਹਰਿ ਲੋਚਾ **ਪੂਰਨ** ਮੇਰੀਆ।"
—ਸਿਰੀ ਪ, ਅਸ ੨੯, ੧੫ : ੨ (74)
"ਭਰਤਾ ਚਿਤਵਤ **ਪੂਰਨ** ਆਸਾ।" (ਪੂਰੀ ਹੁੰਦੀ ਹੈ) —ਮਾਝ ਪ, ੨੧, ੩ : ੨ (100)

ਹੋਰ ਰੂਪ — ਪੂਰਨਹ—
"ਪਾਛੰ ਕਰੋਤਿ ਅਗ੍ਰਣੀਵਹ ਨਿਰਾਸੰ ਆਸ **ਪੂਰਨਹ**।" (ਪੂਰੀ ਕਰਨ ਵਾਲੇ)
—ਸਸ ਪ, ੨੦ : ੧ (100)

4. ਭਾਵ ਚੰਗੇ
"**ਪੂਰਨ** ਭਾਗ ਭਏ ਜਿਸੁ ਪ੍ਰਾਣੀ।"
—ਮਾਝ ਪ, ੪੨, ੪ : ੧ (108)
"ਕਹੁ ਨਾਨਕ ਜਾ ਕੇ **ਪੂਰਨ** ਭਾਗ।"
—ਗਉ ਪ, ੧੫੯, ੪ : ੧ (198)

ਹੋਰ ਰੂਪ — ਪੂਰਨਹ—
"ਭਾਵੀ ਉਦੋਤ ਕਰਣੰ ਹਰਿ ਰਮਣੰ ਸੰਜੋਗ **ਪੂਰਨਹ**।"
—ਜੈਤ ਪ, ਵਾਰ ੧੫ਸ, ਪ, ੧ : ੧ (709)

5. ਭਾਵ ਪੂਰਨ ਪ੍ਰਭੂ
"ਮਿਲਿ ਸਾਧੂ ਸਰਣਿ ਗਹੁ **ਪੂਰਨ** ਰਾਮ ਰਤਨੁ ਹੀਅਰੇ ਸੰਗਿ ਰਾਖੁ।"
—ਗਉ ਪ, ੧੨੦*, ੧* : ੨ (204)

6. ਭਰਿਆ ਭਰਪੂਰ ਭਾਵ ਵਿਆਪਕ
"**ਪੂਰਨ** ਸਭਨੀ ਜਾਈ ਜੀਉ।"
—ਗਉ ਪ, ੧੬੬*, ੧ : ੪ (216)
"ਜੀਅਨ ਕਾ ਦਾਤਾ **ਪੂਰਨ** ਸਭ ਠਾਇ।"
—ਧਨਾ ਪ, ੨੪, ੨ : ੧ (677)

ਹੋਰ ਰੂਪ — ਪੂਰਨੰ—
"ਸੁਭੰਤ ਤੁਯੰ ਅਚੁਤ ਗੁਣਗ੍ਹੰ **ਪੂਰਨੰ** ਬਹੁ ਲੋ ਕ੍ਰਿਪਾਲਾ।" —ਸਸ ਪ, ੫ : ੧ (1354)

7. ਪੂਰੀ ਭਾਵ ਰਜ ਕੇ
"ਭੋਜਨ **ਪੂਰਨ** ਰਹੇ ਅਘਾਈ।"
—ਆਸਾ ਪ, ੨੯, ੧ : ੨ (390)

8. ਭਾਵ ਪੂਰੀ ਤਰਾਂ ਭਰਪੂਰ ਕਰਦਾ ਹੈ ਅਰਥਾਤ ਰਜਾਂਦਾ ਹੈ
"ਕਹੈ ਧੰਨਾ **ਪੂਰਨ** ਤਾਹੂ ਕੋ ਮਤ ਰੇ ਜੀਅ ਡਰਾਂਹੀ।"
—ਆਸਾ **ਧਨਾ**, ੩, ੩ : ੨ (488)
"ਰਸਨਾ ਏਕ ਅਨੇਕ ਗੁਣ **ਪੂਰਨ** ਜਨ ਕੀ ਕੇਤਕ ਉਪਮਾ ਕਹੀਐ।" (ਭਰਪੂਰ ਹਨ)
—ਸੋਰ ਪ, ੭, ੩ : ੧ (610)

ਪੂਰਨੰ— 1. ਪੂਰਨ/ਮੁਕੰਮਲ, ਵੇਖੋ 'ਪੂਰਨ' (1)
2. ਵਿਆਪਕ, ਵੇਖੋ ਪੂਰਨ (6)

ਪੂਰਨਹ— 1. ਚੰਗੇ, ਵੇਖੋ 'ਪੂਰਨ' (4) ਪੂਰੀ ਕਰਨ

ਵਾਲਾ, ਵੇਖੋ 'ਪੂਰਨ' (4)

ਪੂਰਨਹਾਰ— ਪੂਰੀ ਕਰਨ ਵਾਲਾ
"ਸਗਲ ਮਨੋਰਥ **ਪੂਰਨਹਾਰ**।"
—ਭੈਰ **੫**, ੫੫, ੨ : ੩ (1152)

ਹੋਰ ਰੂਪ — ਪੂਰਨਹਾਰੀ—
"ਸਗਲ ਮਨੋਰਥ **ਪੂਰਨਹਾਰੀ**।"
—ਭੈਰ **੫**, ੨੬, ੨ : ੪ (1142)

ਪੂਰਨਪਦੁ— ਪੂਰਨ ਪਦਵੀ, ਉਹ ਆਤਮਕ ਅਵਸਥਾ ਜਿਥੇ ਉਕਾਈ ਦੀ ਸੰਭਾਵਨਾ ਨਹੀਂ ਹੁੰਦੀ।
"ਹਰਿ ਸਿਮਰਤ **ਪੂਰਨਪਦੁ** ਪਾਇਆ।"
—ਗਉ **੫**, ੧੩੮, ੩ : ੧ (193)

ਪੂਰਨ ਪੁਰਖ— ਸਰਬ ਗੁਣ ਭਰਪੂਰ ਸਰਬ ਵਿਆਪਕ ਪ੍ਰਭੂ
"ਕਰਿ ਕਿਰਪਾ ਸਾਧੂ ਸੰਗਿ ਭੇਟੇ **ਪੂਰਨ ਪੁਰਖ** ਸੁਜਾਨ।" —ਜੈਤ **੫**, ੧੧, ੧* : ੨ (702)

ਪੂਰਨਮਾ— ਪੁੰਨਿਆ
"**ਪੂਰਨਮਾ** ਪੂਰਨ ਪ੍ਰਭ ਏਕੁ ਕਰਣ ਕਾਰਣ ਸਮਰਥ।" —ਗਉ **੫**, ਥਿਤੀ ੧੬ : ੧ (300)

ਪੂਰਨੁ— 1. ਪੂਰੀ, ਪ੍ਰਾਪਤ
"ਆਸ ਮਨੋਰਥੁ **ਪੂਰਨੁ** ਹੋਵੈ ਭੇਟਤ ਗੁਰ ਦਰਸਾਇਆ ਜੀਉ।"
—ਮਾਝ **੫**, ੩੨, ੨ : ੩ (104)

2. ਸਰਬ ਗੁਣ ਭਰਪੂਰ (ਪ੍ਰਭੂ)
"ਪੂਰਿ ਰਹਿਓ **ਪੂਰਨੁ** ਸਭ ਠਾਇ।"
—ਗਉ **੫**, ਸੁਖ ੧੬, ੪ : ੬ (284)

ਹੋਰ ਰੂਪ — ਪੂਰਨੋ—
"ਹਰਿ ਰਤਨ ਪਦਾਰਥੋ ਪਰਗਟੋ **ਪੂਰਨੋ** ਛੋਡਿ ਨ ਕਤਹੂ ਜਾਏ।"
—ਆਸਾ **੫**, ਛੰਤ ੩, ੨ : ੪ (454)

3. ਮੁਕੰਮਲ, ਸੰਪੂਰਨ
"**ਪੂਰਨੁ** ਕਬਹੁ ਨ ਡੋਲਤਾ ਪੂਰਾ ਕੀਆ ਪ੍ਰਭ ਆਪਿ।"—ਗਉ **੫**, ਥਿਤੀ ੧੬ਸ : ੧ (300)

4. ਵਿਆਪਕ, ਭਰਪੂਰ
"ਨਹ ਦੂਰਿ ਸਦਾ ਹਦੂਰਿ ਠਾਕੁਰੁ ਦਹਦਿਸ **ਪੂਰਨੁ** ਸਦ ਸਦਾ।"
—ਆਸਾ **੫**, ਛੰਤ ੭, ੧ : ੪ (457)

ਹੋਰ ਰੂਪ — ਪੂਰਨੋ—
"ਜਲਿ ਥਲਿ ਮਹੀਅਲਿ **ਪੂਰਨੋ** ਅਪਰੰਪਰ ਸੋਈ।" —ਕਾਨ **੪**, ਵਾਰ ੧੩ : ੧ (1318)

5. ਸੰਪੂਰਨਤਾ/ਪੂਰਨਤਾ ਦੀ ਪਦਵੀ
"ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ **ਪੂਰਨੁ** ਦੀਜੈ।" —ਧਨਾ **ਰਵਿ**, ੧, ੧ : ੨ (694)

ਪੂਰਨੋ— 1. ਸਰਬ ਗੁਣ ਭਰਪੂਰ ਪ੍ਰਭੂ, ਵੇਖੋ 'ਪੂਰਨੁ' (2)

2. ਵਿਆਪਕ, ਵੇਖੋ 'ਪੂਰਨੁ' (4)

ਪੂਰਬ— 1. ਪਹਿਲਾਂ ਦਾ ਭਾਵ ਰਜ਼ਾ ਤੋਂ
"**ਪੂਰਬ** ਲਿਖਿਆ ਸੁ ਮੇਟਣਾ ਨ ਜਾਏ।" (ਭਾਵ ਪ੍ਰਭੂ ਦਾ)
—ਸਿਰੀ **੪**, ਵਾਰ ੧੪ਸ, **੩**, ੩ : ੮ (88)

2. ਪਿਛਲਾ, ਪਹਿਲਾ
"**ਪੂਰਬ** ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ।"
—ਗਉ **੫**, ੧੧੯*, ੨ : ੧ (204)
"**ਪੂਰਬ** ਜਨਮ ਹਉ ਤਪ ਕਾ ਹੀਨਾ।"
—ਗਉ **ਕਬ**, ੧੫, ੧ : ੨ (326)

3. ਇਕ ਦਿਸ਼ਾ, ਮਸ਼ਰਕ (ਕ਼ਤਵ)
"ਮਤਾ ਕਰੈ ਪਛਮ ਕੈ ਤਾਈ **ਪੂਰਬ** ਹੀ ਲੈ ਜਾਤ।" —ਗੂਜ **੫**, ੫, ੧ : ੧ (496)

ਪੂਰਬਲਾ— ਪਹਿਲੇ, ਪਿਛਲੇ
"ਆਇ ਬਨਿਓ **ਪੂਰਬਲਾ** ਭਾਗੁ।"
—ਰਾਮ **੫**, ੩੧, ੨ : ੧ (892)

ਹੋਰ ਰੂਪ — ਪੂਰਬਲੀ—
"ਪਰਾ **ਪੂਰਬਲੀ** ਭਾਵਨੀ ਪਰਗਟੁ ਹੋਈ ਆਇ।" (ਪਹਿਲੀ)
—ਸਲੋ **ਕਬ**, ੨੦੭ : ੨ (1375)

ਪੂਰਬਲੋ—
"**ਪੂਰਬਲੋ** ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਣਿ ਤਾਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ।"
—ਧਨਾ **ਤਿਲੋ**, ੧, ੬ : ੧ (695)

ਪੂਰਬਿ— ਪਹਿਲੀ ਭਾਵ ਰਜ਼ਾ ਤੋਂ, ਧੁਰੋਂ, ਮੁੱਢ ਤੋਂ
"**ਪੂਰਬਿ** ਲਿਖਤ ਲਿਖੇ ਗੁਰੁ ਪਾਇਆ ਮਨਿ ਹਰਿ ਲਿਵ ਮੰਡਲ ਮੰਡਾ ਹੇ।"
—ਗਉ **੪**, ਸੋਹ ੪, ੧ : ੨ (13)

"**ਪੂਰਬਿ** ਲਿਖਿਆ ਕਮਾਵਣਾ ਕੋਇ ਨ ਮੇਟਣ ਹਾਰੁ।" (ਧੁਰੋਂ ਲਿਖਿਆ)
—ਸਿਰੀ **੩**, ੩੬, ੩ : ੪ (27)

ਪੂਰਬੇਣ— ਪਿਛਲੇ, ਪਹਿਲੇ
"ਦਾਨੰ ਪਰਾ **ਪੂਰਬੇਣ** ਭੁੰਚੰਤੇ ਮਹੀਪਤੇ।"
—ਸਸ **੫**, ੨੪ : ੧ (1356)

ਪੂਰਾ— 1. ਪੂਰਨ, ਮੁਕੰਮਲ, ਕਾਮਲ
"ਗੁਰਮੁਖਿ **ਪੂਰਾ** ਜੇ ਕਰੇ ਪਾਈਐ ਸਾਚੁ ਅਤੋਲੁ।"
—ਸਿਰੀ **੧**, ੯, ੧* : ੨ (17)
"ਸੰਗਤਿ ਮੀਤ ਮਿਲਾਪੁ **ਪੂਰਾ** ਨਾਵਣੋ।" (ਭਾਵ ਸਚਾ, ਅਸਲ)—ਧਨਾ **੧**, ਛੰਤ ੧, ੩ : ੧ (688)
2. ਸਫਲ
"ਸਭ ਕੋ ਤੁਮ ਹੀ ਤੇ ਵਰਸਾਵੈ ਅਉਸਰੁ ਕਰਹੁ ਹਮਾਰਾ **ਪੂਰਾ** ਜੀਉ।"
—ਮਾਝ **੫**, ੧੮, ੨ : ੩ (99)
"**ਪੂਰਾ** ਮਾਰਗੁ **ਪੂਰਾ** ਇਸਨਾਨੁ।"
—ਗਉ **੫**, ੧੧੫, ੨ : ੧ (188)
3. ਪੂਰਨ/ਕਾਮਲ ਪ੍ਰਭੂ
"ਸੇਈ ਪੂਰੇ ਸਾਹ ਜਿਨੀ **ਪੂਰਾ** ਪਾਇਆ।"
—ਮਾਝ **੧**, ਵਾਰ ੧੭ਸ, **੨**, ੨ : ੧ (146)
"ਗੁਰ ਬਿਨੁ **ਪੂਰਾ** ਕੋਇ ਨ ਪਾਵੈ।"
—ਆਸਾ **੧**, ਅਸ ੬, ੫ : ੩ (414)
4. ਚੰਗਾ
"ਕਹੁ ਨਾਨਕ ਜਾ ਕਾ **ਪੂਰਾ** ਕਰਮ।"
—ਗਉ **੫**, ੧੧੫, ੪ : ੧ (189)
"ਹਰਿ ਹਰਿ ਹਰਿ ਅਉਖਧੁ ਜਗਿ **ਪੂਰਾ** ਜਪਿ ਹਰਿ ਹਰਿ ਹਉਮੈ ਮਾਰੀ।" (ਉਤਮ)
—ਧਨਾ **੪**, ੧, ੩ : ੨ (667)
5. ਪੂਰਨਤਾ, ਪੂਰਨ ਪਦਵੀ
"ਹਾਰਿ ਪਰੇ ਅਬ **ਪੂਰਾ** ਦੀਜੈ।"
—ਗਉ **ਕਬ**, ੧੩, ੪ : ੨ (326)
6. ਪੂਰਾ ਹੋਇਆ, ਪ੍ਰਾਪਤ ਹੋਇਆ
"ਹਰਿ ਮਿਲੇ ਨਰਾਇਣ ਨਾਨਕਾ ਮਾਨੋਰਥੋ **ਪੂਰਾ**।"
— ਆਸਾ **੫**, ਛੰਤ ੩, ੪ : ੬ (454)

ਪੂਰਾਈ— ਪੂਰੀ ਕੀਤੀ
"ਗੁਰ ਮਨ ਕੀ ਆਸ **ਪੂਰਾਈ**।"
—ਗਉ **੫**, ੧੬੬*, ੪ : ੪ (217)

ਪੂਰਾਨ— ਪੂਰਨ, ਵਿਆਪਕ
"ਕੀਟ ਹਸਤਿ ਸਗਲ **ਪੂਰਾਨ**।"
—ਗੋਂਡ **੫**, ੫, ੨ : ੨ (863)

ਪੂਰਿ— 1. ਯਾਤਰੀ ਸਮੂਹ ਜੋ ਇਕ ਵਾਰ ਬੇੜੀ ਵਿਚ ਬੈਠ ਪਾਰ ਜਾ ਸਕਨ
"ਇਕਿ ਆਵਹਿ ਇਕਿ ਜਾਵਹੀ **ਪੂਰਿ** ਭਰੇ ਅਹੰਕਾਰਿ।" —ਸਿਰੀ **੧**, ੧੬, ੧ : ੨ (20)
2. ਭਰੀ, ਵਿਆਪਕ, ਭਰਪੂਰ
"ਮੇਰੇ ਮਨ ਅਹਿਨਿਸਿ **ਪੂਰਿ** ਰਹੀ ਨਿਤ ਆਸਾ।"
—ਸਿਰੀ **੩**, ੪੧, ੧* : ੧ (29)
"ਜਲਿ ਥਲਿ **ਪੂਰਿ** ਰਹਿਆ ਬਨਵਾਰੀ ਘਟਿ ਘਟਿ ਨਦਰਿ ਨਿਹਾਲੇ।"
—ਸਿਰੀ **੫**, ਛੰਤ ੨, ੧ : ੫ (79)
"ਦੇਂਦੇ ਤੋਟਿ ਨਾਹੀ ਤਿਸੁ ਕਰਤੇ **ਪੂਰਿ** ਰਹਿਓ ਰਤਨਾਗਰ ਰੇ।"
—ਗਉ **੫**, ੧੩੭*, ੪ : ੩ (209)
3. ਪੂਰੀ ਕਰੋ, ਹੋਰ ਵੇਖੋ ਪੂਰਿਓ
"ਮੇਰੀ ਸਰਧਾ **ਪੂਰਿ** ਜਗਜੀਵਨ ਦਾਤੇ ਮਿਲਿ ਹਰਿ ਦਰਸਨਿ ਮਨੁ ਭੀਜੈ ਜੀਉ।"
—ਮਾਝ **੪**, ੪, ੧ : ੩ (95)
4. ਪੂਰੀ, ਸੰਪੂਰਨ, ਮੁਕੰਮਲ
"ਸੁਖਵੰਤੀ ਸਾ ਨਾਰਿ ਸੋਭਾ **ਪੂਰਿ** ਬਣਾ।"
—ਆਸਾ **੫**, ਛੰਤ ੭, ੨ : ੨ (457)
"ਅਭੈ ਪਦ **ਪੂਰਿ** ਤਾਪ ਤਹ ਨਾਸੇ ਕਹਿ ਕਬੀਰ ਬੀਚਾਰੀ।" (ਅਭੈ ਪਦਵੀ ਪੂਰਨ ਕਰਨ ਨਾਲ) —ਕੇਦਾ **ਕਬ**, ੩, ੪ : ੧ (1123)
5. ਭਰ ਕੇ ਲਿਆਂਦੇ
"ਜੈਸੇ ਕੁੰਭ ਉਦਕ **ਪੂਰਿ** ਆਨਿਓ ਤਬ ਉਹ ਭਿੰਨ ਦ੍ਰਿਸਟੋ।" —ਸਾਰ **੫**, ੩, ੪ : ੧ (1203)

ਪੂਰਿਓ— ਪੂਰੇ ਹੋਏ
"ਮਨੋਰਥੁ ਕੋਇ ਨ **ਪੂਰਿਓ** ਚਾਲੇ ਊਠਿ ਨਿਰਾਸ।"
—ਸਲੋ **ਕਬ**, ੨੦੫ : ੨ (1375)

ਪੂਰਿਅੜੀ— ਪੂਰੀ ਕੀਤੀ
"ਜਨ ਨਾਨਕ **ਪੂਰਿਅੜੀ** ਮਨਿ ਆਸਾ ਜੀਉ।"
—ਗਉ **੪**, ੬੯, ੪ : ੪ (175)

ਪੂਰਿਆ— 1. ਵਿਆਪਕ ਹੈ, ਸਮਾ ਰਿਹਾ ਹੈ
"ਜਲਿ ਥਲਿ ਮਹੀਅਲਿ **ਪੂਰਿਆ** ਪ੍ਰਭੁ ਆਪਣੀ

ਨਦਰਿ ਨਿਹਾਲਿ।"
—ਸਿਰੀ **੫**, ੮੭, ੨ : ੨ (48)

2. ਭਰਿਆ ਹੋਣਾ,ਭਰਪੂਰ ਹੋਣਾ
"ਹਰਿ ਅੰਮ੍ਰਿਤਸਰੁ ਗੁਰਿ **ਪੂਰਿਆ** ਮਿਲਿ ਸੰਗਤੀ ਮਲੁ ਲਹਿ ਜਾਇ।"
—ਗਉ **੪**, ਕਰ ੧, ੭ : ੨ (234)

3. ਪੂਰਾ ਕੀਤਾ
"ਸਿਮਰਿ ਸਿਮਰਿ ਦਾਤਾਰੁ ਮਨੋਰਥ **ਪੂਰਿਆ**।"
—ਗੂਜ **੫**, ਵਾਰ ੨੧ : ੧ (524)

4. ਪੂਰਨ, ਕਾਮਲ
"ਸਭ ਇਛ ਪੁੰਨੀ ਆਸ ਪੂਰੀ ਮਿਲੇ ਸਤਿਗੁਰ **ਪੂਰਿਆ**।"
—ਰਾਮ **੩**, ਛੰਤ ੩, ੪ : ੫ (926)

5. ਰੋਕ ਲਏ (ਪ੍ਰਾਣ)
"ਚੰਦ ਸਤ ਭੇਦਿਆ ਨਾਦ ਸਤ **ਪੂਰਿਆ** ਸੂਰ ਸਤ ਖੋੜਸਾ ਦਤੁ ਕੀਆ।"
—ਮਾਰੂ **ਜੈਦ**, ੧, ੧ : ੧ (1106)

ਪੂਰੀ— 1. ਪੂਰਨ, ਕਿਸੇ ਉਨ ਤੋਂ ਰਹਿਤ
"ਜਹ ਕਰਣੀ ਤਹ **ਪੂਰੀ** ਮਤਿ।"
—ਸਿਰੀ **੧**, ੩੦, ੩ : ੩ (25)
"**ਪੂਰੀ** ਰਹੀ ਜਾ ਪੂਰੈ ਰਾਖੀ।" (ਪੂਰੀ ਤਰਾਂ, ਚੰਗੀ ਤਰਾਂ, ਪਰਨ ਰੂਪ ਵਿਚ)
—ਗਉ **੫**, ੧੧੪, ੧* : ੧ (188)
"ਸਾ ਮਤਿ **ਪੂਰੀ** ਜਿਤੁ ਹਰਿ ਗੁਣ ਗਾਵੈ।" (ਸ੍ਰੇਸ਼ਟ, ਉਤਮ, ਕਾਮਲ)
—ਗਉ **੫**, ੧੧੬, ੧* : ੧ (189)

2. ਭਾਵ ਸਫਲ ਹੋ ਗਈ
"ਭਨਤਿ ਨਾਨਕ ਮੇਰੀ **ਪੂਰੀ** ਪਰੀ।"
—ਗਉ **੫**, ੧੨੩, ੪ : ੨ (190)
"ਗੁਰਿ ਪੂਰੈ ਕੀਤੀ **ਪੂਰੀ**।" (ਸਫਲਤਾ ਬਖਸ਼ੀ)
—ਸੋਰ **੫**, ੬੦, ੧ : ੧ (624)

3. ਪ੍ਰਾਪਤ ਹੋਈ, ਪੂਰੀ ਹੋਈ
"**ਪੂਰੀ** ਆਸਾ ਮਨੁ ਤ੍ਰਿਪਤਾਇਆ।"
—ਆਸਾ **੫**, ੧੧, ੪ : ੪ (373)

4. ਚੰਗੀ ਤਰਾਂ, ਪੂਰੀ ਤਰਾਂ
"ਗੁਰਿ ਪੂਰੈ **ਪੂਰੀ** ਸਭ ਰਾਖੀ ਹੋਏ ਸਰਬ ਦਇਆਲ।"
—ਸੋਰ **੫**, ੫੦, ੧* : ੨ (621)

5. ਸਹੀ, ਠੀਕ
"ਡੋਰੀ **ਪੂਰੀ** ਮਾਪਹਿ ਨਾਹੀ ਬਹੁ ਬਿਸਟਾਲਾ ਲੇਹੀ।" —ਸੂਹੀ **ਕਬ**, ੫, ੨ : ੨ (793)

6. ਤਸਲੀ/ਨਿਸ਼ਾ ਹੋ ਗਈ
"ਭਨਿਤ ਨਾਨਕ ਮੇਰੀ **ਪੂਰੀ** ਪਰੀ।"
—ਗਉ **੫**, ੧੨੩, ੪ : ੨ (190)

7. ਭਾਵ ਸਿਰੇ ਚੜੀ
"ਨਾਨਕ ਸਤਿਗੁਰਿ ਮਿਲਿਐ ਸਭ **ਪੂਰੀ** ਪਰੀ ਪਈ ਜਿਸ ਨੋ ਕਿਰਪਾ ਕਰੇ ਰਜਾਇ।"
—ਸੋਰ **੪**, ਵਾਰ ੧੯ਸ, **੩**, ੨ : ੫ (649)

ਪੂਰੀਅਤ— ਪੂਰੇ ਜਾਂਦੇ/ਵਜਾਏ ਜਾਂਦੇ ਹਨ
"ਕੋਟਿ **ਪੂਰੀਅਤ** ਹੈ ਜਾ ਕੈ ਨਾਦ।"
—ਭੈਰ **੫**, ਅਸ ੨, ੪ : ੧ (1156)

ਪੂਰੀਅਲੇ— ਵਿਆਪਕ ਹੈ
"ਜਾਂਚੈ ਘਰਿ ਦਿਗ ਦਿਸੈ ਸਰਾਇਚਾ ਬੈਕੁੰਠ ਭਵਨ ਚਿਤ੍ਰਸਾਲਾ ਸਪਤ ਲੋਕ ਸਾਮਾਨਿ **ਪੂਰੀਅਲੇ**।"
—ਮਲਾ **ਨਾਮ**, ੧, ੧ : ੧ (1292)

ਪੂਰੀਆ— ਪ੍ਰਾਪਤ ਹੋਈਆਂ, ਮਿਲੀਆਂ
"ਮਨ ਕੀਆ ਇਛਾ **ਪੂਰੀਆ** ਸਬਦਿ ਰਹਿਆ ਭਰਪੂਰਿ।" —ਸਿਰੀ **੩**, ੫੪, ੨ : ੧ (34)

ਪੂਰੀਐ— ਪੂਰੀਆਂ ਕਰੋ, ਪ੍ਰਾਪਤ ਕਰਾਓ
"ਜੀਅ ਕੀ ਲੋਚਾ **ਪੂਰੀਐ** ਮਿਲੈ ਸੁਆਮੀ ਕੰਤੁ।"
—ਮਾਝ **੫**, ਦਿਨ ੩ : ੬ (137)

ਪੂਰੀਏ— ਪੂਰੀ ਹੋਵੇ
"ਤਰਲਾ ਜੁਆਣੀ ਆਪਿ ਭਾਣੀ ਇਛ ਮਨ ਕੀ **ਪੂਰੀਏ**।" —ਵਡ **੧**, ਛੰਤ ੨, ੮ : ੩ (567)

ਪੂਰੀਨਾ— ਭਰੇ ਗਏ, ਪੂਰੇ ਗਏ
"ਨੀਚਾ ਤੇ ਊਚ ਊਨ **ਪੂਰੀਨਾ**।"
—ਬਿਲਾ **੫**, ੧੨, ੩ : ੧ (804)

ਪੂਰੁ— 1. ਬੇੜੀ ਵਿਚ ਇਕ ਸਮੇਂ ਬੈਠ ਕੇ ਪਾਰ ਲਗਨ ਵਾਲਾ ਜਨ ਸਮੂਹ
"ਬਿਨੁ ਸਬਦੈ ਭਰਮਾਈਐ ਦੂਬਿਧਾ ਡੋਬੇ **ਪੂਰੁ**।"
—ਸਿਰੀ **੧**, ੧੫, ੧ : ੩ (19)
"ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ **ਪੂਰੁ**।" (ਜਨ ਸਮੂਹ)
—ਆਸਾ **੧**, ਵਾਰ ੧੦ਸ, **੧**, ੧ : ੮ (468)

2. ਪੂਰੀ ਕਰੋ

"ਜੀਵਨ ਸੁਖੁ ਸਭੁ ਸਾਧਸੰਗਿ ਪ੍ਰਭ ਮਨਸਾ **ਪੂਰੁ**।"
—ਬਿਲਾ **੫**, ੪੨, ੨ : ੨ (811)

ਪੂਰੇ— ਪੂਰੀ ਕਰੋ
"ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ **ਪੂਰੇ**।" —ਗਉ **੫**, ਸੋਹ ੫, ੪ : ੧ (13)
"ਚਰਨ ਸੇਵ ਸੰਤ ਸਾਧ ਕੇ ਸਗਲ ਮਨੋਰਥ **ਪੂਰੇ**।" (ਪੂਰੇ ਹੁੰਦੇ ਹਨ, ਸਫਲ ਹੁੰਦੇ ਹਨ)
—ਮਾਝ **੫**, ਅਸ ੩੯, ੩ : ੧ (133)
"ਪ੍ਰਭ ਕੈ ਸਿਮਰਨਿ ਕਾਰਜ **ਪੂਰੇ**।"
—ਗਉ **੫**, ਸੁਖ ੧, ੭ : ੧ (263)
2. ਪੂਰਨ, ਕਾਮਲ, ਹੋਰ ਵੇਖੋ 'ਪੂਰੈ'
"ਜਿਨੀ ਸਚੁ ਵਣੰਜਿਆ ਗੁਰ **ਪੂਰੇ** ਸਾਬਾਸਿ।"
—ਸਿਰੀ **੧**, ੧੧, ੪ : ੨ (18)
3. ਪੂਰਨ ਭਾਵ ਸ੍ਰੇਸ਼ਟ
"ਜਿਨਾ ਸਤਿਗੁਰ ਸਿਉ ਚਿਤੁ ਲਾਇਆ ਸੇ **ਪੂਰੇ** ਪਰਧਾਨ।" —ਸਿਰੀ **੫**, ੮੦, ੧ : ੧ (45)
4. ਭਾਵ ਪੂਰਾ ਪ੍ਰਭੂ
"ਦੀਦਾਰੁ **ਪੂਰੇ** ਪਾਇਸਾ।"
—ਸਿਰੀ **੪**, ਵਾਰ ੨ਸ, **੧**, ੨ : ੨ (83)
"ਨਾਨਕ ਪੂਰਾ ਪਾਇਆ **ਪੂਰੇ** ਕੇ ਗੁਨ ਗਾਉ।"
—ਗਉ **੫**, ਸੁਖ ੨੪ਸ : ੨ (295)
5. ਵਜਾਏ (ਤਾਲ ਪੂਰੇ-ਸੰਗੀਤ ਦੀ ਲੈ ਅਨੁਸਾਰ ਤਾਲੀ ਵਜਾਉਣੀ ਅਥਵਾ ਨਚਨਾ)
"ਬਹੁ ਤਾਲ **ਪੂਰੇ** ਵਾਜੇ ਵਜਾਏ।"
—ਮਾਝ **੩**, ਅਸ ੨੧, ੬ : ੧ (122)
"**ਪੂਰੇ** ਤਾਲ ਜਾਣੈ ਸਾਲਾਹ।"
—ਆਸਾ **੧**, ੬, ੧* : ੧ (350)
"ਅਨਦੁ ਭਇਆ ਨਾਨਕ ਮਨਿ ਸਾਚਾ ਪੂਰਨ **ਪੂਰੇ** ਨਾਦ।"
—ਸਾਰ **੫**, ੬੯, ੨ : ੨ (1218)
6. ਭਾਵ ਪੂਰਾ ਗੁਰੂ
"ਏਕੁ ਨਾਮੁ ਵਸਿਆ ਘਟ ਅੰਤਰਿ **ਪੂਰੇ** ਕੀ ਵਡਿਆਈ।"
—ਰਾਮ **੩**, ਅਸ ੫, ੧* : ੨ (912)
7. ਭਰੇ, ਭਰਪੂਰ ਕਰੇ
"ਨਉ ਸਰ ਸੁਭਰ ਦਸਵੈ **ਪੂਰੇ**।"
—ਰਾਮ **੧**, ਸਿਗੋ ੫੩ : ੧ (943)
8. ਭਾਵ ਮੁਕਨ ਤੇ
"ਅਨਿਕ ਜਤਨ ਕਰਿ ਇਹੁਤਨੁ ਰਾਖਹੁ ਰਹੈ ਅਵਸਥਾ **ਪੂਰੇ**।" (ਅਵਸਥਾ ਪੂਰੀ ਹੈ ਭਾਵ ਮੁਕਨ ਤੇ) —ਕੇਦਾ **ਕਬ**, ੪, ੨ : ੨ (1124)

ਪੂਰੇਵ— ਪੂਰ ਕਰਦਾ ਹੈ
"ਸਤਿਗੁਰ ਕੈ ਬਲਿਹਾਰਣੈ ਮਨਸਾ ਸਭ **ਪੂਰੇਵ**।"
—ਸਿਰੀ **੫**, ੭੫, ੩ : ੩ (44)

ਪੂਰੈ— 1. ਕਾਮਲ/ਪੂਰਨ
"ਮੇਰੇ ਠਾਕੁਰ **ਪੂਰੈ** ਤਖਤਿ ਅਡੋਲੁ।"
—ਸਿਰੀ **੧**, ੯, ੧* : ੧ (17)
"ਸਾਹਿਬੁ ਸੇਵਨਿ੍ ਆਪਣਾ **ਪੂਰੈ** ਸਬਦਿ ਵੀਚਾਰਿ।" (ਪੂਰਨ ਗੁਰਸਬਦ ਭਾਵ ਸਰਬ ਗੁਣੀ)
—ਗੂਜ **੩**, ਵਾਰ ੧੦ : ੨ (512)
ਹੋਰ ਰੂਪ — ਪੂਰੋ—
"**ਪੂਰੋ ਪੂਰੋ** ਆਖੀਐ ਪੂਰੈ ਤਖਤਿ ਨਿਵਾਸ।"
—ਸਿਰੀ **੧**, ੯, ੪ : ੧ (17)
2. ਪੂਰਨ ਭਾਵ ਠੀਕ
"ਸਚ ਕਸਵਟੀ ਲਾਈਐ ਤੁਲੀਐ **ਪੂਰੈ** ਤੋਲਿ।"
—ਸਿਰੀ **੧**, ੨੧, ੧ : ੨ (22)
3. ਚੰਗੈ
"ਜਿਨਿ ਕਿਨੈ ਪਾਇਆ ਸਾਧਸੰਗਤੀ **ਪੂਰੈ** ਭਾਗਿ ਬੈਰਾਗਿ।" —ਸਿਰੀ **੩**, ੪੧, ੪ : ੧ (29)
"**ਪੂਰੈ** ਭਾਗਿ ਸਤਗੁਰੁ ਮਿਲੈ ਜਾ ਭਾਗੈ ਕਾ ਉਦਉ ਹੋਇ।" —ਸਿਰੀ **੩**, ੪੬, ੩ : ੧ (31)
4. ਭਾਵ ਪੂਰਮ ਪ੍ਰਭੂ/ਗੁਰੂ
"**ਪੂਰੈ** ਪੂਰਾ ਕਰਿ ਛੋਡਿਆ ਹੁਕਮਿ ਸਵਾਰਣ-ਹਾਰ।"
—ਸਿਰੀ **੪**, ਵਾਰ ੧੯ਸ, **੩**, ੨ : ੩ (90)
5. ਵਜਾਉਂਦਾ ਹੈ
"ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ **ਪੂਰੈ** ਨਾਦੰ।" — ਆਸਾ **੧**, ੩੭, ੨ : ੨ (360)
6. ਨਚਦਾ ਹੈ
"ਇਸੁ ਮਨ ਆਗੇ **ਪੂਰੈ** ਤਾਲ।"
—ਗੋਂਡ **ਕਬ**, ੧੦, ੨ : ੩ (872)
7. ਪੂਰੀ ਕਰੇ, ਪੁਗਾਵੇ
"ਸਭ ਆਸਾ ਮਨਸਾ **ਪੂਰੈ** ਧਾਰੀ।"
—ਮਾਰੂ **੪**, ਸੋਲਾ ੨, ੮ : ੨ (1070)

ਪੂਰੋ— ਸੰਪੂਰਨ,ਕਾਮਲ, ਪ੍ਰਬੀਨ, ਵੇਖੋ ਪੂਰੇ (1)

ਪੂਲਾ— (ਸੰ. ਪੂਲ) ਘਾਹ ਦਾ ਬੰਨਿਆ ਗਠਾ, ਮੁਠਾ
"ਕੇਸ ਜਲੇ ਜੈਸੇ ਘਾਸ ਕਾ **ਪੂਲਾ**।"
—ਗੋਂਡ **ਕਬ**, ੨, ੨ : ੨ (870)

ਪੂਲੁ— ਪੰਡ, ਗੰਠ (ਕਰਮਾਂ ਦੀ)
"ਹਰਿ ਕੇ ਭਜਨ ਬਿਨੁ ਬਿਰਥਾ **ਪੂਲੁ**।"
—ਭੈਰ **ਪ**, ੪੫, ੨ : ੪ (1149)
(ਮਹਾਨਕੋਸ਼ ਇਸ ਦੇ ਅਰਥ 'ਥੋਥਾ ਦਾਣਾ' ਕਰਦੇ ਹਨ)

ਪੇਉ— 1. ਪੀ, ਪਾਨ ਕਰ
"ਜਿਉ ਜਿਉ ਸਾਹਬੁ ਮਨਿ ਵਸੈ ਗੁਰਮੁਖਿ ਅੰਮ੍ਰਿਤੁ **ਪੇਉ**।" —ਸਿਰੀ **੧**, ੧੬, ੩ : ੨ (20)
"ਸੁਰਤਿ ਪਿਆਲ ਸੁਧਾ ਰਸੁ ਅੰਮ੍ਰਿਤੁ ਏਹੁ ਮਹਾ ਰਸੁ **ਪੇਉ** ਰੇ।" (ਮੈਂ ਪੀਂਦਾ ਹਾਂ)
—ਰਾਮ **ਕਬ**, ੧, ੩ : ੨ (969)
(ਮਹਾਨਕੋਸ਼ ਇਸ ਦੇ ਅਰਥ ਪੀਣਯੋਗ ਕਰਦਾ ਹੈ)

ਪੇਈਅੜੈ— ਪਿਤਾ ਦੇ ਘਰ, ਪੇਕੇ ਘਰ ਭਾਵ ਇਹ ਲੋਕ
"**ਪੇਈਅੜੈ** ਸਹੁ ਸੇਵਿ ਤੂੰ ਸਾਹੁਰੜੈ ਸੁਖਿਵਸੁ।"
—ਸਿਰੀ **ਪ**, ੮੩, ੩ : ੧ (50)
"ਡੂੰਗਰੁ ਦੇਖਿ ਡਰਾਵਣੋ **ਪੇਈਅੜੈ** ਡਰੀਆਸੁ।" (ਭਾਵ ਇਸ ਲੋਕ ਵਿਚ)
—ਸਿਰੀ **੧**, ਅਸ ੧੬, ੧ : ੧ (63)

ਪੇਈਆ— ਪਿਤਾ ਦਾ ਘਰ, ਪੇਕਾ ਘਰ, ਇਹ ਲੋਕ
"ਲਗੀ ਆਵਹਿ ਸਾਹੁਰੈ ਨਿਤ ਨ **ਪੇਈਆ** ਹੋਇ।"
—ਸਿਰੀ **੧**, ੨੪, ੩ : ੨ (23)

ਹੋਰ ਰੂਪ — ਪੇਈਐ—
"ਨਾਨਕ ਸੁਤੀ **ਪੇਈਐ** ਜਾਣੁ ਵਿਰਤੀ ਸੰਨਿ।" (ਪੇਕੇ ਘਰ/ਇਸ ਲੋਕ ਵਿਚ)
—ਸਿਰੀ **੧**, ੨੪, ੪ : ੧ (23)

ਪੇਸਿ— (ਫਾ.ਪੇਸ਼) ਸਨਮੁਖ, ਸਾਹਮਣੇ
"ਯਕ ਅਰਜ ਗੁਫਤਮ **ਪੇਸਿ** ਤੋ ਦਰ ਗੋਸ ਕੁਨ ਕਰਤਾਰ।" —ਤਿਲੰ **੧**, ੧, ੧ : ੧ (721)

ਪੇਹਨੁ— (ਫਾ. ਪੀਰਾਹਨ) ਜਾਮਾ, ਵਸਤਰ, ਕਪੜੇ, ਪਹਿਰਨ, ਚੋਲਾ
"ਛਪਨ ਕੋਟਿ ਕਾ **ਪੇਹਨੁ** ਤੇਰਾ ਸੋਲਹ ਸਹਸ ਇਜਾਰਾ।" —ਭੈਰ **ਨਾਮ**, ੧, ੨ : ੧ (1167)

ਪੇਕਾਂਬਰ— (ਅ. ਪੈਗੰਬਰ) ਸੁਨੇਹਾ, ਲਿਆਉਣ ਵਾਲਾ
"ਪੀਰ **ਪੇਕਾਂਬਰ** ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ।" —ਆਸਾ **੧**, ੩੩, ੨ : ੨ (358)

ਪੇਖੰ— ਵੇਖਦੇ
"ਬੇਦ ਪੜਹਿ ਸੰਪੂਰਨਾ ਤਤੁ ਸਾਰ ਨ **ਪੇਖੰ**।"
—ਮਾਰੂ **ਪ**, ਵਾਰ ੧੩ : ੪ (1099)

ਪੇਖਉ— 1. ਵੇਖਦਾ ਹਾਂ
"ਜਹ **ਪੇਖਉ** ਤਹਾ ਤੁਮ ਬਸਨਾ।"
—ਗਉ **ਪ**, ੮੨, ੨ : ੩ (181)
"ਪ੍ਰਭ ਜੀਉ **ਪੇਖਉ** ਦਰਸੁ ਤੁਮਾਰਾ।" (ਵੇਖਾਂ)
—ਦੇਵ **ਪ**, ੨੦, ੧* : ੧ (532)
2. ਵੇਖਦਾ ਹੈ
"ਆਗਿਆ ਕਾਰੀ ਸਦਾ ਸੁਖੁ ਭੁੰਚੈ ਜਤ ਕਤ **ਪੇਖਉ** ਹਰਿ ਗੁਨੀ।"
—ਰਾਮ **ਪ**, ੩, ੨ : ੨ (883)

ਪੇਖਹਿ— 1. ਵੇਖਦਾ ਹੈ
"ਜਿਹ ਪ੍ਰਸਾਦਿ **ਪੇਖਹਿ** ਬਿਸਮਾਦ।"
—ਗਉ **ਪ**, ਸੁਖ ੬, ੬ : ੨ (270)
2. ਵੇਖਦੇ ਹਨ
"ਸਦਾ ਸਹਾਈ ਸੰਤ **ਪੇਖਹਿ** ਸਦਾ ਹਜੂਰਿ।"
—ਆਸਾ **ਪ**, ੧੦੬, ੨ : ੧ (397)

ਹੋਰ ਰੂਪ — ਪੇਖਹੁ—
"ਆਠ ਪਹਰ ਪ੍ਰਭ **ਪੇਖਹੁ** ਨੇਰਾ।" (ਵੇਖੋ)
—ਗਉ **ਪ**, ਸੁਖ ੨੨, ੫ : ੨ (293)

ਪੇਖਣਾ— ਵੇਖਣਾ
"ਨੇਤ੍ਰੀ ਸਤਿਗੁਰੁ **ਪੇਖਣਾ** ਸ੍ਰਵਣੀ ਸੁਨਣਾ ਗੁਰ ਨਾਉ।"
—ਗੂਜ **ਪ**, ਵਾਰ ੧੫, **ਪ**, ੧ : ੨ (517)

ਹੋਰ ਰੂਪ — ਪੇਖਣੋ—
"ਜਿਉ ਜਲ ਮਾਝੈ ਮਾਛਲੋ ਮਾਰਗੁ **ਪੇਖਣੋ** ਨ ਜਾਈ।" (ਵੇਖਿਆ)
—ਗੂਜ **ਨਾਮ**, ੨, ੨ : ੨ (525)

ਪੇਖਤ— 1. ਵੇਖਣ ਨਾਲ, ਵੇਖ ਕੇ, ਵੇਖਦਿਆਂ ਹੀ, ਦਰਸ਼ਨ ਕਰਦਿਆਂ
"ਜਿਸੁ **ਪੇਖਤ** ਕਿਲਵਿਖ ਹਿਰਹਿ ਮਨਿ ਤਨਿ ਹੋਵੈ ਸਾਂਤਿ।" —ਸਿਰੀ **ਪ**, ੮੩, ੩ : ੧ (47)

"ਦਰਸਨ **ਪੇਖਤ** ਸਭ ਦੁਖ ਪਰਹਰਿਆ।"
—ਗਉ **ਪ**, ੧੬੭*, ੪ : ੨ (217)

2. ਵੇਖਣਾ
"ਸੋ ਜਨ ਦੁਤਰੁ **ਪੇਖਤ** ਨਾਹੀ।" (ਔਖਿਆਈ ਨਹੀਂ ਵੇਖਦਾ)
—ਰਾਮ **ਪ**, ਪ੩, ੧ : ੨ (899)

ਹੋਰ ਰੂਪ — ਪੇਖੰਤ—
"ਮ੍ਰਿਗੀ **ਪੇਖੰਤ** ਬਧਿਕ ਪ੍ਰਹਾਰੇਣ ਲਖ੍ਯ ਆਵਧਹ।" (ਵੇਖਿਆ/ਤਾੜਿਆ)
—ਸਸ **ਪ**, ੬ : ੧ (1354)

ਪੇਖਤਾ—
"ਤਿਆਗੀਐ ਗੁਮਾਨੁ ਮਾਨੁ **ਪੇਖਤਾ** ਦਇਆਲ ਲਾਲ ਹਾਂ ਹਾਂ ਮਨ ਚਰਨ ਰੇਨ।"
—ਕਾਨ **ਪ**, ੩੮, ੧* : ੧ (1305)

ਪੇਖਤੇ—
"ਜੋ ਸੁਖੁ ਦਰਸਨੁ **ਪੇਖਤੇ** ਪਿਆਰੇ ਮੁਖ ਤੇ ਕਹਣੁ ਨ ਜਾਇ।" (ਵੇਖਣ ਨਾਲ, ਦਰਸ਼ਨ ਕਰਨ ਨਾਲ)
—ਆਸਾ **ਪ**, ਬਿਰ ੨, ੫ : ੧ (432)

ਪੇਖੰਤੇ—
"ਕਤੰਚ ਚਪਲ ਮੋਹਨੀ ਰੂਪੰ **ਪੇਖੰਤੇ** ਤਿਆਗੰ ਕਰੋਤਿ।" —ਸਸ **ਪ**, ੧ : ੩ (1354)

3. ਵੇਖਦਿਆ ਵੇਖਦਿਆ
"ਲੂਣੁ ਖਾਇ ਕਰਹਿ ਹਰਾਮਖੋਰੀ **ਪੇਖਤ** ਨੈਨ ਬਿਦਾਰਿਓ।"
—ਮਾਰੂ **ਪ**, ੮, ੧* : ੨ (1001)

"**ਪੇਖਤ** ਮਾਇਆ ਰੰਗ ਬਿਹਾਇ।"
—ਭੈਰ **ਪ**, ੨੮, ੨ : ੧ (1143)

ਪੇਖੰਦੜੋ— ਵੇਖਣ ਵਾਲਾ(ਮਹਾਨਕੋਸ਼), ਵੇਖਦਾ ਹੋਇਆ (ਨਿਰਣੈ), ਵੇਖਣ ਨੂੰ (ਦਰਪਣ)
"**ਪੇਖੰਦੜੋ** ਕੀ ਭੁਲੁ ਤੁੰਮਾ ਦਿਸਮੁ ਸੋਹਣਾ।"
—ਜੈਤ **ਪ**, ਵਾਰ ੧੦ਸ, **ਪ**, ੨ : ੧ (708)

ਪੇਖੰਦੀਆ— ਵੇਖਣ ਨਾਲ ਦਰਸ਼ਨ ਕਰਨ ਨਾਲ
"ਨਠੜੋ ਦੁਖ ਤਾਪੁ ਨਾਨਕ ਪ੍ਰਭੁ **ਪੇਖੰਦੀਆ**।"
—ਜੈਤ **ਪ**, ਵਾਰ ੧੬ਸ, **ਪ**, ੨ : ੨ (709)

ਹੋਰ ਰੂਪ — ਪੇਖੰਦਿਆ—
"ਲਗੜੀਆਂ ਪਿਰੀਅੰਨਿ **ਪੇਖੰਦੀਆ** ਨ ਤ੍ਰਿਪੀਆ।"
—ਮਾਰੂ **ਪ**, ਵਾਰ ੨੧ਸ, **ਪ**, ੧ : ੧ (1101)

ਪੇਖੰਦੋ— ਵੇਖਦਾ ਰਹਿੰਦਾ ਹੈ,ਨਿਗਾਹ ਰਖਦਾ ਹੈ
"ਨਾਨਕ ਆਸੜੀ ਨਿਬਾਹਿ ਸਚਾ **ਪੇਖੰਦੋ** ਸਚੁ ਧਣੀ।"
—ਜੈਤ **ਪ**, ਵਾਰ ੧੩ਸ, **ਪ**, ੨ : ੨ (708)

ਪੇਖਨ— ਵੇਖਣ ਲਈ, ਦਰਸ਼ਨਾਂ ਲਈ
"ਹਰਿ **ਪੇਖਨ** ਕਉ ਸਿਮਰਤ ਮਨੁ ਮੇਰਾ।"•
—ਗਉ **ਪ**, ੧੨੧, ੧ : ੧ (204)

ਪੇਖਨਹਾਰ— ਵੇਖਣ ਵਾਲੇ
"ਦਰਸਨੁ ਸਤਿ ਸਤਿ **ਪੇਖਨਹਾਰ**।"
—ਗਉ **ਪ**, ਸੁਖ ੧੭, ੧ : ੩ (285)

ਹੋਰ ਰੂਪ — ਪੇਖਨਹਾਰੁ—
"ਪੇਖੈ **ਪੇਖਨਹਾਰੁ** ਦਇਆਲਾ ਜੇਤਾ ਸਾਜੁ ਸੀਗਾਰੀ।" —ਰਾਮ **ਪ**, ੭, ੧* : ੨ (884)

ਪੇਖਨਾ— ਖੇਡ, ਤਮਾਸ਼ਾ, ਦਿਖਾਵਾ
"ਐਸੋ ਇਹੁ ਸੰਸਾਰੁ **ਪੇਖਨਾ** ਰਹਨੁ ਨ ਕੋਊ ਪਈ ਹੈ ਰੇ।" —ਬਿਲਾ **ਕਬ**, ੧, ੧* : ੧ (855)
"ਦਿਵਸ ਚਾਰਿ ਕੋ **ਪੇਖਨਾ** ਅੰਤਿ ਖੇਹ ਕੀ ਖੇਹ।" (ਦਿਖਾਵਾ, ਖੇਡ)
—ਸਲੋ **ਕਬ**, ੧੭੮ : ੨ (1374)
"ਜਿਉ ਸੁਪਨਾ ਅਰੁ **ਪੇਖਨਾ** ਐਸੇ ਜਗ ਕਉ ਜਾਨਿ।"
—ਸਲੋ **ਕਬ**, ੨੩ : ੧ (1427)

ਪੇਖਨੁ— ਵੇਖਣਾ
"ਜੇਤਾ **ਪੇਖਨੁ** ਤੇਤਾ ਧਿਆਨੁ।"
—ਗਉ **ਪ**, ਅਸ ੩, ੨ : ੪ (236)

ਪੇਖਾ— 1. ਵੇਖਿਆ ਹੈ
"ਸੇ ਨੇਤ੍ਰ ਪਰਵਾਣੁ ਜਿਨੀ ਦਰਸਨੁ **ਪੇਖਾ**।"
—ਮਾਝ **ਪ**, ੨੯, ੨ : ੧ (103)
"ਜੀਵਨੁ ਤਉ ਗਨੀਐ ਹਰਿ **ਪੇਖਾ**।" (ਵੇਖਿਆ ਹੋਵੇ) —ਸਾਰ **ਪ**, ੮੮, ੧* : ੧ (1221)

2. ਮੈਂ ਵੇਖਾਂ
"ਕਿਉ **ਪੇਖਾ** ਪ੍ਰੀਤਮੁ ਕਵਣ ਸੁਕਰਣੀ ਜੀਉ।"
—ਗਉ **ਪ**, ੧੬੬*, ੨ : ੧ (216)

ਪੇਖਾਗਿਓ— ਵੇਖਾਂ
"ਕਰਹੁ ਕ੍ਰਿਪਾ ਮੋਹਿ ਪ੍ਰਭੂ ਮਿਲਾਵਹੁ ਨਿਮਖ ਦਰਸੁ **ਪੇਖਾਗਿਓ**।" —ਸਾਰ **੪**, ੫, ੩ : ੨ (1204)

ਪੇਖਾਰਉ— ਵਿਖਾਵਾ
"ਕਹ **ਪੇਖਾਰਉ** ਹਉ ਕਰਿ ਚਤੁਰਾਈ ਬਿਸਮਨ ਬਿਸਮੇ ਕਹਨ ਕਹਾਤਿ।"
—ਦੇਵ **ਪ**, ੩੫, ੧ : ੧ (535)

ਪੇਖਿ— ਵੇਖ ਕੇ
"ਬਿਆਪਤ ਧਨ ਨਿਰਧਨ **ਪੇਖਿ** ਸੋਭਾ।"
—ਗਉ **ਪ**, ੮੮, ੧ : ੩ (182)

ਹੋਰ ਰੂਪ — ਪੇਖਿਓ—
"ਗੁਰ ਕੈ ਬਚਨਿ **ਪੇਖਿਓ** ਸਭੁ ਬ੍ਰਹਮੁ ।" (ਵੇਖਿਆ ਹੈ)
—ਗਉ **ਪ**, ਅਸ ੮, ੪ : ੨ (239)

ਪੇਖਿਆ—
"ਭਰਮੁ ਜਰਾਇ ਚਰਾਈ ਬਿਭੂਤਾ ਪੰਥੁ ਏਕੁ ਕਰਿ **ਪੇਖਿਆ**।" (ਵੇਖਿਆ ਹੈ)
—ਗਉ **ਪ**, ੧੩੨*, ੩ : ੧ (208)
"ਮਹਾ ਬਿਖਮੁ ਸੰਸਾਰੁ ਵਿਰਲੈ **ਪੇਖਿਆ**।" (ਵੇਖਿਆ ਭਾਵ ਸਮਝਿਆ ਹੈ)
—ਆਸਾ **ਪ**, ੧੧੦, ੪ : ੧ (398)

ਪੇਖੀ—
"ਬਹੁ ਰੰਗ ਮਾਇਆ ਬਹੁ ਬਿਧਿ **ਪੇਖੀ**।" (ਵੇਖੀ) —ਗਉ **ਪ**, ੮੧, ੧ : ੧ (179)

ਪੇਖੀਅਲੇ— ਵੇਖਿਆ ਹੈ
"ਆਜੁ ਮੇਰੈ ਮਨਿ ਪ੍ਰਗਟੁ ਭਇਆ ਹੈ **ਪੇਖੀਅਲੇ** ਧਰਮ ਰਾਓ।"
—ਸਿਰੀ **ਤ੍ਰਿਲੋ**, ੨, ੪ : ੧ (92)

ਪੇਖੀਐ— ਦੇਖਦੇ ਹਾਂ
"ਸਭੁ ਜਗੁ ਚਲਤਉ **ਪੇਖੀਐ** ਨਿਹਚਲੁ ਹਰਿ ਕੋ ਨਾਉ।" —ਆਸਾ **ਪ**, ਅਸ ੨, ੪ : ੧ (431)
"ਪ੍ਰਭ **ਪੇਖੀਐ** ਬਿਸਮਾਦ।"
—ਬਿਲਾ **ਪ**, ਅਸ ੧, ੪ : ੧ (837)

ਪੇਖੁ— ਵੇਖ
"ਨੇਤ੍ਰ ਸੰਤਨ ਕਾ ਦਰਸਨੁ **ਪੇਖੁ**।"
—ਗਉ **ਪ**, ੧੨੦, ੨ : ੧ (190)

ਹੋਰ ਰੂਪ — ਪੇਖੇ—
"ਸਰਬ ਨਿਧਾਨ **ਪੇਖੇ** ਮਨ ਮਾਹਿ।" (ਵੇਖੇ)
—ਗਉ **ਪ**, ੭੭, ੨ : ੩ (178)

ਪੇਖੈ—
"**ਪੇਖੈ** ਬੋਲੈ ਸੁਣੈ ਸਭੁ ਆਪ।" (ਵੇਖਦਾ ਹੈ)
—ਗਉ **ਪ**, ੯੨, ੩ : ੧ (183)

ਪੇਟਿ— ਢਿੱਡ ਵਿਚ, ਉਦਰ ਮਾਹਿ
"ਗਰਧਪ ਵਾਂਗੂ ਲਾਹੇ **ਪੇਟਿ**।"
—ਗਉ **ਪ**, ੧੦੨*, ੧ : ੨ (201)

ਹੋਰ ਰੂਪ — ਪੇਟੁ—
"ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ **ਪੇਟੁ**।" (ਢਿੱਡ)
—ਸੂਹੀ **੩**, ਵਾਰ ੧੯ਸ, **੧**, ੨ : ੩ (790)

ਪੇਡ— 1. ਬੂਟਾ, ਦਰਖਤ
"ਏਕੁ ਬਗੀਚਾ **ਪੇਡ** ਘਨ ਕਰਿਆ।"
—ਆਸਾ **ਪ**, ੫੬, ੧ : ੧ (385)
2. ਮੂਲ, ਮੁਢ, ਅਰੰਭ
"ਪਾਇਓ **ਪੇਡ** ਥਾਨਿ ਹਾਂ।"
—ਆਸਾ **ਪ**, ੧੫੮, ੧ : ੪ (409)
"ਕਬੀਰ ਜੈਸੀ ਉਪਜੀ **ਪੇਡ** ਤੇ ਜਉ ਤੈਸੀ ਨਿਬਹੈ ਓੜਿ।" —ਸਲੋ **ਕਬ**, ੧੫੩ : ੧ (1372)

ਪੇਡਾ— ਦਰਖਤ/ਬੂਟੇ ਦਾ ਧੜ, ਤਨਾ
"ਡਾਲਾ ਸਿਉ **ਪੇਡਾ** ਗਟਕਾਵਹਿ।"
—ਆਸਾ **ਕਬ**, ੩੪, ੩ : ੨ (476)

ਪੇਡਿ— 1. ਮੁੱਢ ਤੋਂ ਹੀ, ਸ਼ੁਰੂ ਤੋਂ ਹੀ
"**ਪੇਡਿ** ਲਗੀ ਹੈ ਜੀਅੜਾ ਚਾਲਣ ਹਾਰੋ।"
—ਆਸਾ **੧**, ੩੪, ੩ : ੨ (359)
2. ਦਰਖਤ ਤੋਂ
"ਤਿਸ ਕੈ **ਪੇਡਿ** ਲਗੇ ਫਲ ਫੂਲਾ।"
—ਆਸਾ **ਕਬ**, ੨੨, ੩ : ੨ (481)

ਹੋਰ ਰੂਪ — ਪੇਡੁ—
"ਤੂੰ **ਪੇਡੁ** ਸਾਖ ਤੇਰੀ ਫੂਲੀ।" (ਦਰਖਤ, ਬੂਟਾ)
—ਮਾਝ **ਪ**, ੨੮, ੧ : ੧ (102)

ਪੇਡੁ— 1. ਦਰਖਤ, ਦੇਖੋ 'ਪੇਡਿ' (2)
2. ਤਨਾ, ਮੁੱਢ
"ਕਰਮ **ਪੇਡੁ** ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ।" (ਤਨਾ, ਮੁੱਢ)
—ਬਸੰ **੧**, ੧, ੨ : ੧ (1168)

ਪੇਡੇ— ਦਰਖਤਾਂ/ਬੂਟਿਆਂ ਨਾਲ

ਪੇਰਣ— (ਫਾ. ਪੈਰਾਹਨ) ਚੋਲਾ, ਲਿਬਾਸ, ਲੰਮਾ ਕੁੜਤਾ

"ਇਕਨ੍ਹਾ **ਪੇਰਣ** ਸਿਰ ਖੁਰ ਪਾਟੇ ਇਕਨ੍ਹਾ ਵਾਸੁ ਮਸਾਣੀ।"— ਆਸਾ **੧**, ਅਸ ੧੨, ੬ : ੨ (418)

ਪੇਰੁ— ਪੈਰ

"ਨਾਨਕ ਅਜੁ ਕਲਿ ਆਵਸੀ ਗਾਫਲ ਫਾਹੀ **ਪੇਰੁ**।"
—ਗੂਜ **੫**, ਵਾਰ ੩ਸ, **੫**, ੧ : ੨ (518)

ਪੇਲ— ਪ੍ਰੇਰ ਕੇ, ਧਕ ਕੇ

"ਜਨ ਨਾਨਕ ਕੇ ਪ੍ਰਭ ਅੰਤਰਜਾਮੀ ਹਰਿ ਲਾਵਹੁ ਮਨੂਆ **ਪੇਲ**।"
—ਆਸਾ **੪**, ੬੧, ੪ : ੨ (368)

"ਅਚਿੰਤੁ ਜਾਲੁ ਕਾਲੁ ਚਕ੍ਰ **ਪੇਲ**।" (ਧਕਦਾ/ਚਲਾਂਦਾ ਹੈ) —ਰਾਮ **੫**, ੫੨, ੧ : ੪ (899)

ਪੇਲਿ— ਪੀੜਨਾ

"ਤਿਨ ਕਉ ਕਾਲੁ ਨ ਸਾਕੈ **ਪੇਲਿ**।" (ਭਾਵ ਦਬਾਉਣਾ)
—ਆਸਾ **੧**, ੧੫, ੨ : ੨ (353)

"ਕਾਚੀ ਸਰਸਉ **ਪੇਲਿ** ਕੈ ਨਾ ਖਲਿ ਭਈ ਨ ਤੇਲੁ।"
—ਸਲੋ **ਕਬ**, ੨੪੦ : ੨ (1377)

ਪੇਲੈ— ਪ੍ਰੇਰੇ

"ਕਾਲੁ ਕੰਟਕੁ ਮਾਰੇ ਸਚੁ **ਪੇਲੈ**।" (ਸਦਾ ਆਪ ਪ੍ਰੇਰਦਾ ਹੈ) —ਆਸਾ **੧**, ਅਸ ੮, ੨ : ੪ (415)

ਪੇਵਕੜੈ— ਪੇਕੇ ਘਰ, ਮਾਪਿਆਂ ਦੇ ਘਰ, ਇਸ ਲੋਕ ਵਿਚ

"**ਪੇਵਕੜੈ** ਹਰਿ ਜਪਿ ਸੁਹੇਲੀ ਵਿਚਿ ਸਾਹੁਰੜੈ ਖਰੀ ਸੋਹੰਦੀ।" —ਸਿਰੀ **੪**, ਛੰਤ ੧, ੩ : ੨ (78)

ਪੇੜੈ— 1. ਪਿੰਨੇ (ਮਹਾਨਕੋਸ਼/ਨਿਰਣੈ) ਵਸ ਵਿਚ, ਪੇਟੇ (ਸ਼ਬਦਾਰਥ, ਦਰਪਣ)

"ਮਿਟੀ ਮੁਸਲਮਾਨ ਕੀ **ਪੇੜੈ** ਪਈ ਕੁਮ੍ਹਿਆਰ।"
—ਆਸਾ **੧**, ਵਾਰ ੬ਸ, **੧**, ੨ : ੧ (466)

2. ਪਲੇ, ਭਾਂਡੇ ਵਿਚ

"ਜੇ ਫਿਰਿ ਮਿਠਾ **ਪੇੜੈ** ਪਾਇ।"
—ਸਾਰ **੪**, ਵਾਰ ੧੫ਸ, **੧**, ੨ : ੨ (1243)

ਪੈ— 1. ਪੈਕੇ, ਪਕੜ ਕੇ

"ਨਾਨਕ ਆਖੈ ਰਾਹਿ **ਪੈ** ਚਲਣਾ ਮਾਲੁ ਧਨੁ ਕਿਤ ਕੂ ਸੰਜਿਆਹੀ।"
—ਸਿਰੀ **੧**, ੨੨, ੪ : ੨ (24)

"**ਪੈ** ਪਾਇ ਮਨਾਈ ਸੋਇ ਜੀਉ।" (ਡਿਗ ਕੇ)
—ਸਿਰੀ **੫**, ਅਸ ੨੯, ੧* : ੧ (73)

2. ਪੈ ਕੇ ਭਾਵ ਭਾਰੂ ਹੋ ਕੇ

"**ਪੈ** ਕੋਇ ਨ ਕਿਸੈ ਰਞਾਣਦਾ।"
—ਸਿਰੀ **੫**, ਅਸ ੨੯, ੧੩ : ੨ (74)

"ਸਕਤਾ ਸੀਹੁ ਮਾਰੇ **ਪੈ** ਵਗੈ ਖਸਮੈ ਸਾ ਪੁਰਸਾਈ।" (ਪੈ/ਭਾਰੂ ਹੋਕੇ)
—ਆਸਾ **੧**, ੩੯, ੨ : ੧ (360)

3. ਪੈ ਕੇ ਭਾਵ ਡਿਗ ਕੇ

"ਅਨਿਕ ਅਨਿਕ ਭੋਗ ਰਾਜ ਬਿਸਰੇ ਪ੍ਰਾਣੀ ਸੰਸਾਰ ਸਾਗਰ **ਪੈ** ਅਮਰੁ ਭਇਆ।"
—ਸਿਰੀ **ਤ੍ਰਿਲੋ**, ੨, ੨ : ੧ (92)

"ਸਦਾ ਸਦਾ ਜਪੀ ਤੇਰਾ ਨਾਮੁ ਸਤਿਗੁਰ ਪਾਇ **ਪੈ**।"
—ਰਾਮ **੫**, ਵਾਰ ੮ਸ, **੫**, ੧ : ੨ (961)

4. ਰਾਹੀਂ, ਦੁਆਰਾ

"ਕੰਨੀ ਸੂਤਕੁ ਕੰਨਿ **ਪੈ** ਲਾਇਤਬਾਰੀ ਖਾਹਿ।"
—ਆਸਾ **੧**, ਵਾਰ ੧੮ਸ, **੧**, ੨ : ੩ (472)

5. ਪੈ ਕੇ ਭਾਵ ਲੇਟ ਕੇ

"ਇਕਿ ਨਿਹਾਲੀ **ਪੈ** ਸਵਨਿ੍ ਇਕਿ ਉਪਰਿ ਰਹਨਿ ਖੜੇ।"
—ਆਸਾ **੧**, ਵਾਰ ੨੪ਸ, **੧**, ੧ : ੩ (475)

"ਮੰਦਲੁ ਨ ਬਾਜੈ ਨਟੁ **ਪੈ** ਸੂਤਾ।"
—ਆਸਾ **ਕਬ**, ੧੧, ੧ : ੨ (478)

6. ਪਰ, ਪ੍ਰੰਤੂ

"ਸੇਜ ਏਕ **ਪੈ** ਮਿਲਨੁ ਦੁਹੇਰਾ।"
—ਆਸਾ **ਕਬ**, ੩੦, ੨ : ੨ (483)

"ਪਰਮ ਅਤੀਤੁ ਪਰਮੇਸੁਰ ਕੈ ਰੰਗਿ ਰੰਗੌ ਬਾਸਨਾ ਤੇ ਬਾਹਰਿ **ਪੈ** ਦੇਖੀਅਤੁ ਧਾਮ ਸਿਉ।"
—ਸਵ **੫**, ਮਥੁ ੩ : ੨ (1408)

7. ਪੈਰ

"ਕਹਿ ਰਵਿਦਾਸ ਹਾਥ **ਪੈ** ਨੇਰੈ ਸਹਜੇ ਹੋਇ ਸੁ ਹੋਈ।" —ਸੋਰ **ਰਵਿ**, ੧, ੪ : ੨ (658)

8. ਗ੍ਰਸਤ ਹੋ

"ਹਰਿ ਅਭਿਮਾਨੁ ਨ ਜਾਈ ਜੀਅਹੁ ਅਭਿਮਾਨੇ **ਪੈ** ਪਚੀਐ।"
—ਪ੍ਰਭਾ **੧**, ਅਸ ੪, ੭ : ੨ (1344)

9. ਤੋਂ ਕੋਲੋਂ

"ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ **ਪੈ** ਜਬਾਬੁ ਨ ਹੋਇ।"
—ਸਾਰ **ਨਾਮ**, ੩, ੧ : ੨ (1253)

ਪੈਓਹਰੀ— ਥਣਾਂ ਵਾਲੀ
"ਉਤੰਗੀ **ਪੈਓਹਰੀ** ਗਹਿਰੀ ਗੰਭੀਰੀ।"
—ਸਲੋ **੧**, ੧ : ੧ (1410)

ਪੈਆਰੁ— ਪਰਾਲੀ, ਧਾਨ ਦਾ ਫੂਸ
"ਕਬਹੂ ਭੂਮਿ **ਪੈਆਰੁ** ਨ ਪਾਵੈ।"
—ਭੈਰ **ਨਾਮ**, ੫, ੩ : ੨ (1164)

ਪੈਸਉ— ਪੈਂਦਾ
"ਤੀਰਥ ਦੇਖਿ ਨ ਜਲ ਮਹਿ **ਪੈਸਉ** ਜੀਅ ਜੰਤ ਨ ਸਤਾਵਉਗੋ।" —ਰਾਮ **ਨਾਮ**, ੨, ੩ : ੧ (973)

ਪੈਸਕਾਰਿਆ— ਪਸਾਰਾ, ਆਗਮਨ ਅਡੰਬਰ
"ਧੰਨੁ ਸੁ ਤੇਰਾ ਥਾਨੁ ਹੈ ਸਚੁ ਤੇਰਾ **ਪੈਸਕਾਰਿਆ**।"
—ਰਾਮ **ਬਸ**, ਵਾਰ ੨ : ੨ (968)
(ਮਹਾਨਕੋਸ਼ ਅਰਥ 'ਇਨਾਮ' ਪੁਰਸਕਾਰ ਕਰਦਾ ਹੈ)

ਪੈਸਾ— ਭਾਵ ਤਾਂਬਾ, ਪੈਸਾ ਇਕ ਸਿੱਕਾ ਜੋ ਤਾਂਬੇ ਦਾ ਬਣਿਆ ਹੁੰਦਾ ਹੈ
"ਸੁਰਗ ਨਰਕ ਅੰਮ੍ਰਿਤ ਬਿਖੁ ਏ ਸਭ ਤਿਉ ਕੰਚਨ ਅਰੁ **ਪੈਸਾ**।" —ਗਉ **੯**, ੭, ੨ : ੧ (220)

ਪੈਸਿ— ਪੈ ਕੇ , ਪ੍ਰਵੇਸ਼ ਕਰਕੇ
"ਜਿਉ ਜਲੁ ਜਲ ਮਹਿ **ਪੈਸਿ** ਨ ਨਿਕਸੈ ਤਿਉ ਢੁਰਿ ਮਿਲਿਓ ਜੁਲਾਹੋ।"
—ਧਨਾ **ਕਬ**, ੩, ੧ : ੨ (692)

ਪੈਸੀਲੇ— ਪ੍ਰਵੇਸ਼ ਹੋਇਆ ਹੈ
"**ਪੈਸੀਲੇ** ਗਗਨ ਮਝਾਰੰ।"
—ਰਾਮ **ਕਬ**, ੧੦, ੨ : ੨ (972)

ਪੈਸੈ— ਪਵੇ
"ਤਉ ਦੂਜੀ ਦ੍ਰਿਸਟਿ ਨ **ਪੈਸੈ** ਕਬੈ।"
—ਗਉ **ਕਬ**, ਵਾ ੬ : ੪ (344)
"ਏਹੁ ਸੰਸਾਰੁ ਤਿਸੈ ਕੀ ਕੋਠੀ ਜੋ **ਪੈਸੈ** ਸੋ ਗਰਬਿ ਜਰੈ।" (ਪੈਂਦਾ ਹੈ)
—ਮਾਰੂ **੧**, ਅਸ ੧੧, ੬ : ੨ (1016)

ਪੈਕਾਨੈ— (ਫਾ.ਪੈਕਾਨੀ) ਰਤਨ, ਮਾਣਿਕ (ਮਹਾਨ-ਕੋਸ਼)
"ਜਾ ਕਉ ਰਾਖਿ ਲੇਇ ਮੇਰਾ ਸੁਆਮੀ ਤਾ ਕਉ ਸੁਮਤਿ ਦੇਇ **ਪੈਕਾਨੈ**।"
(ਰਤਨ ਰੂਪ ਸਿਖਿਆ ਭਾਵ ਅਮੋਲਕ ਸਿਖਿਆ)
—ਕਲਿ **੪**, ੫, ੨ : ੧ (1320)
(ਨਿਰਣੈ 'ਦਰਪਨ' ਸ਼ਬਦਾਰਥ 'ਪੈ+ਕਾਨੈ' ਕਰਕੇ ਅਰਥ ਕੰਨ ਵਿਚ ਅਥਵਾ ਬੜੇਧਿਆਨ ਨਾਲ ਕਰਦਾ ਹੈ)

ਪੈਕਾਬਰ— ਸੁਨੇਹਾ ਲਿਆਉਣ ਵਾਲੇ, ਪੈਗੰਬਰ
"ਸਵਾ ਲਾਖ **ਪੈਕਾਬਰ** ਤਾ ਕੇ।"
—ਭੈਰ **ਕਬ**, ੧੫, ੧ : ੨ (1161)
ਹੋਰ ਰੂਪ — ਪੈਕਾਂਬਰ —
"ਪੀਰ **ਪੈਕਾਂਬਰ** ਸੇਖ।"
—ਰਾਮ **੫**, ੪੫, ੩ : ੨ (897)

ਪੈਕਾਮਰ— ਪੈਗੰਬਰ, ਸੁਨੇਹਾ ਲਿਆਉਣ ਵਾਲੇ
"ਪੀਰ **ਪੈਕਾਮਰ** ਸਾਲਕ ਸਾਦਕ ਸੁਹਦੇ ਅਉਰੁ ਸਹੀਦ।" —ਸਿਰੀ **੧**, ਅਸ ੧, ੩ : ੧ (53)

ਪੈਕਾਮੁ— (ਫਾ.ਪੈਕਾਨ) ਤੀਰ
"ਪਿਰਮ **ਪੈਕਾਮੁ** ਨ ਨਿਕਲੈ ਲਾਇਆ ਤਿਨਿ ਸੁਜਾਣਿ।" —ਸਲੋ **੧**, ੧੩ : ੪ (1411)

ਪੈਕਾਰੁ— ਪੰਕਾਰ,ਨਿਆਰੀਆ ਜੋ ਪੁਰਾਣੇ ਸਮੇਂ ਟਕਸਾਲ ਦੀ ਸੁਆਹ ਵਿਚੋਂ ਚਾਂਦੀ ਸੋਨਾ ਨਿਖਾਰਦਾ ਸੀ
"ਨਿਰਮਲੁ ਸਾਚਿ ਰਤਾ **ਪੈਕਾਰੁ**।"
—ਆਸਾ **੧**, ਅਸ ੫, ੨ : ੨ (413)
(ਮਹਾਨਕੋਸ਼ ਇਥੇ ਅਰਥ 'ਇਰਾਦਾ' ਖਿਆਲ, ਸੰਕਲਪ ਕਰਦੇ ਹਨ)

ਪੈਖਰ— 1. ਪੈਰ ਜਕੜਨ ਦਾ ਬੰਧਨ, ਢੰਗਾ
"ਭਰਮ ਮੋਹ ਕਛੁ ਸੂਝਸਿ ਨਾਹੀ ਇਹ **ਪੈਖਰ** ਪਏ ਪੈਰਾ।" —ਗਉ **੫**, ੧੬੩*, ੨ : ੨ (216)
ਹੋਰ ਰੂਪ — ਪੈਖਰੁ—
"ਖਰ ਕਾ **ਪੈਖਰੁ** ਤਉ ਛੂਟੈ ਜਉ ਊਪਰਿ ਲਾਦਾ।" (ਰੱਸਾ ਜੋ ਪੈਰ ਨੂੰ ਪਾ ਕੇ ਖੋਤੇ ਨੂੰ ਕਿਲ੍ਹੇ ਨਾਲ ਬੰਨ੍ਹੀਦਾ ਹੈ)
—ਬਿਲਾ **੫**, ੫੮, ੧* : ੨ (815)

ਪੈਖੜੁ— ਢੰਗਾ, ਬੰਧਨ
"ਹਉਮੈ **ਪੈਖੜੁ** ਤੇਰੇ ਮਨੈ ਮਾਹਿ।"
—ਬਸੰ **੧**, ਅਸ ੫, ੬ : ੧ (1189)

ਪੈਖਾਕ— ਚਰਨ ਧੂੜ, ਪੈ (ਫਾ. ਪੈਰ) + ਖਾਕ (ਫਾ. ਮਿੱਟੀ)
"ਹੋਇ **ਪੈਖਾਕ** ਫਕੀਰ ਮੁਸਾਫਰੁ ਇਹੁ ਦਰਵੇਸੁ ਕਬੂਲੁ ਦਰਾ।"—ਮਾਰੂ **੫**, ਸੋਲਾ ੧੨, ੧:੩ (1083)

ਹੋਰ ਰੂਪ — ਪੈਖਾਕਾ—
"ਮਕਾ ਮਿਹਰ ਰੋਜਾ **ਪੈਖਾਕਾ**।"
—ਮਾਰੂ **੫**, ੧੨, ੫ : ੧ (1084)

ਪੈਜ— 1. ਇਜ਼ਤ, ਮਾਨ, ਲਾਜ
"ਆਪਣੇ ਸੇਵਕ ਕੀ **ਪੈਜ** ਰਖੀਆ ਦੁਇ ਕਰ ਮਸਤਕਿ ਧਾਰਿ ਜੀਉ।"
—ਸਿਰੀ **੧**, ਅਸ ੨੮, ੧੬ : ੨ (72)
"ਐਜੀ ਰਾਖਹੁ **ਪੈਜ** ਨਾਮ ਅਪੁਨੇ ਕੀ ਤੁਝ ਹੀ ਸਿਉ ਬਨਿ ਆਈ।" (ਲਾਜ)
—ਗੂਜ **੧**, ਅਸ ੩, ੨ : ੧ (504)
2. ਨਾਮਵਰੀ
"ਅੰਦਰਹੁ ਝੂਠੇ **ਪੈਜ** ਬਾਹਰਿ ਦੁਨੀਆ ਅੰਦਰਿ ਫੈਲੁ।"
—ਆਸਾ **੧**, ਵਾਰ ੨੦ਸ, **੧**, ੨ : ੧ (473)

ਪੈਝੈ— 1. ਪਹਿਰੀਏ, ਪਾਈਏ
"ਵਿਣੁ ਨਾਵੈ ਸਭ ਵਿਸੁ **ਪੈਝੈ** ਖਾਈਐ।"
—ਮਾਝ **੧**, ਵਾਰ ੧੪ : ੪ (144)
2. ਭਾਵ ਮਾਨ ਪ੍ਰਾਪਤ ਕਰੇ, ਇਜ਼ਤ ਪ੍ਰਾਪਤ ਕਰੇ
"ਮਿਤੁ **ਪੈਝੈ** ਮਿਤੁ ਬਿਗਸੈ ਜਿਸੁ ਮਿਤ ਕੀ ਪੈਜ ਭਾਵਏ।" —ਰਾਮ **ਸੁੰਦ**, ੪ : ੩ (923)
(ਮਹਾਨਕੋਸ਼ ਅਰਥ 'ਪਹਿਰਾਇਆ ਜਾਵੇ' ਕਰਦਾ ਹੈ)
"ਮਾਨੈ ਹੁਕਮੁ ਸੁ ਦਰਗਹ **ਪੈਝੈ** ਸਾਚ ਮਿਲਾਇ ਸਮਾਇਦਾ।" (ਮਾਨ ਪਾਂਦਾ ਹੈ)
—ਮਾਰੂ **੧**, ਸੋਲਾ ੧੬, ੧੩ : ੩ (1037)
3. ਭਾਵ ਸਿਰੋਪਾ ਪਾਣ ਨਾਲ
"ਸਾਰ ਸਬਦਿ **ਪੈਝੈ** ਪਤਿ ਹੋਈ।"
—ਮਾਰੂ **੧**, ਸੋਲਾ ੨, ੧੫ : ੨ (1027)

ਪੈਠੀ— ਪ੍ਰਵੇਸ਼ ਕਰ ਗਈ, ਸਮਾ ਗਈ
"ਮਾਰੁ ਮਾਰੁ ਸ੍ਰਪਨੀ ਨਿਰਮਲ ਜਲਿ **ਪੈਠੀ**।"
—ਆਸਾ **ਕਬ**, ੧੯, ੧* : ੧ (480)

ਪੈਡਾ— ਮਾਰਗ, ਪੰਧ
"ਮਨੁ ਕਰਿ ਬੈਲੁ ਸੁਰਤਿ ਕਰਿ **ਪੈਡਾ** ਗਿਆਨ ਗੋਨਿ ਭਰਿ ਡਾਰੀ।"—ਕੇਦਾ **ਕਬ**, ੨, ੪ : ੧ (1123)

ਪੈਡੇ— 1. ਦੂਰੀ, ਫਾਸਲਾ
"**ਪੈਡੇ** ਬਿਨੁ ਬਾਦ ਘਨੇਰੀ।"
—ਬਸੰ **ਕਬ**, ੩, ੩ : ੨ (1194)

ਪੈਡੈ— ਰਸਤੇ/ਮਾਰਗ ਵਿਚ
"ਜਿਹ **ਪੈਡੈ** ਲੂਟੀ ਪਨਿਹਾਰੀ।"
—ਆਸਾ **੫**, ੯੧, ੧ : ੧ (393)
"ਜਿਹ **ਪੈਡੈ** ਮਹਾ ਅੰਧ ਗੁਬਾਰਾ।" (ਸਫਰ ਵਿਚ)
—ਗਉ **੫**, ਸੁਖ ੨, ੪ : ੩ (264)

ਪੈਤੀਸ— ਗਿਣਤੀ ਦੀ ਇਕ ਇਕਾਈ, ਪੈਂਤੀ
"ਤੀਸ ਇਕ ਅਰ ਪੰਜਿ ਸਿਧੁ **ਪੈਤੀਸ** ਨ ਖੀਣਉ।"
—ਸਵ **੩**, ੧੨ : ੪ (1394)

ਪੈਦਾਇਸਿ— ਉਤਪਤੀ, ਰਚਨਾ, ਕਿਰਤ (ਫ. ਪੈਦਾਇਸ਼)
"ਅਸਮਾਨ ਜਿਮੀ ਦਰਖਤ ਆਬ **ਪੈਦਾਇਸਿ** ਖੁਦਾਇ।" —ਤਿਲੰ **੫**, ੧, ੧ : ੨ (723)

ਪੈਧਾ— 1. ਪਹਿਨਾਇਆ, ਪੁਆਇਆ
"ਨਾਨਕ ਦਰਿ ਪਰਧਾਨੁ ਸੋ ਦਰਗਹਿ **ਪੈਧਾ** ਜਾਇ।" (ਇਜ਼ਤ ਦਾ ਕਪੜਾ/ਖਿਲਤ/ਸਿਰੋਪਾ) ਪਹਿਨਾਇਆ ਜਾਂਦਾ ਹੈ) —ਸਿਰੀ **੧**, ੧੪, ੪ : ੩ (19)
ਹੋਰ ਰੂਪ — ਪੈਧੇ—
"ਤਿਨ ਐਥੈ ਓਥੈ ਮੁਖ ਉਜਲੇ ਹਰਿ ਦਰਗਹ **ਪੈਧੇ** ਜਾਹੀ।"
—ਸਿਰੀ **੪**, ਵਾਰ ੧੪ : ੫ (89)
2. ਪਾਉਂਦਾ, ਪਹਿਰਦਾ, ਪਹਿਣਦਾ
"ਹੁਕਮੀ **ਪੈਧਾ** ਜਾਇ ਦਰਗਹ ਭਾਣੀਐ।" (ਸਿਰੋਪਾ ਪਹਿਣਦਾ ਹੈ)
—ਆਸਾ **੧**, ਅਸ ੧੬, ੫ : ੧ (420)
3. ਪਾਇਆ, ਪਹਿਰਿਆ
"ਤਿਨ ਕਾ ਖਾਧਾ **ਪੈਧਾ** ਮਾਇਆ ਸਭੁ ਪਵਿਤੁ ਹੈ ਜੋ ਨਾਮਿ ਹਰਿ ਰਾਤੇ।"
—ਸੋਰ **੪**, ਵਾਰ ੧੬ : ੧ (648)
ਹੋਰ ਰੂਪ — ਪੈਧੀ—
"ਹਰਿ ਚੋਲੀ ਦੇਹ ਸਵਾਰੀ ਕਢਿ **ਪੈਧੀ** ਭਗਤਿ ਕਰਿ।" (ਪਾਈ, ਪਹਿਣੀ)
—ਸੋਰ **੪**, ਵਾਰ ੧੧ : ੧ (646)
ਪੈਧੈ—
"ਜਿਤੁ **ਪੈਧੈ** ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ।" (ਪਹਿਨਣ ਨਾਲ)
—ਸਿਰੀ **੧**, ੭, ੨* : ੨ (16)

ਪੈਨਣ— ਪਾਉਣ, ਪਹਿਰਣ

"ਹਰਿ ਨਾਮੁ ਹਮਾਰਾ ਪੈਨਣੁ ਜਿਤੁ ਫਿਰਿ ਨੰਗੇ ਨ ਹੋਵਹ ਹੋਰ **ਪੈਨਣ** ਕੀ ਹਮਰੀ ਸਰਧ ਗਈ।"
—ਵਡ **੪**, ਵਾਰ ੧੨ : ੨ (593)

ਹੋਰ ਰੂਪ — ਪੈਨਣਾ —
"ਸਚੁ ਖਾਣਾ ਸਚੁ **ਪੈਨਣਾ** ਟੇਕ ਨਾਨਕ ਸਚੁ ਕੀਤੁ।" (ਪਾਉਣਾ)
—ਸਿਰੀ **੫**, ੭੫, ੪ : ੪ (44)

ਪੈਨਣੁ— 1. ਪਹਿਰਣ, ਪੋਸ਼ਾਕ, ਪਹਿਰਾਵਾ
"ਤਿਸੁ ਵਣੁ ਸਭੁ ਅਪਵਿਤ੍ਰੁ ਹੈ ਜੇਤਾ **ਪੈਨਣੁ** ਖਾਣੁ।"
—ਸਿਰੀ **੧**, ੫, ੪ : ੨ (16)
"ਰਤਾ **ਪੈਨਣੁ** ਮਨੁ ਰਤਾ ਸੁਪੇਦੀ ਸਤੁ ਦਾਨੁ।"
—ਸਿਰੀ **੧**, ੭, ੨ : ੧ (16)
2. ਪਾਉਣਾ, ਪਹਿਰਣਾ
"ਮਾਲੁ ਜੋਬਨੁ ਛੋਡਿ ਵੈਸੀ ਰਹਿਓ **ਪੈਨਣੁ** ਖਾਇਆ।"
—ਆਸਾ **੫**, ਛੰਤ ੧੧, ੧ : ੫ (460)
"ਬਿਨੁ ਨਾਵੈ **ਪੈਨਣੁ** ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ।"
—ਸੋਰ **੪**, ਵਾਰ ੨੦ਸ, **੩**, ੨ : ੩ (650)

ਪੈਨਦਾ— ਪਾਉਂਦਾ
"ਖਾਦਾ **ਪੈਨਦਾ** ਮੂਕਰਿ ਪਾਇ।"
—ਗਉ **੫**, ੧੪੭, ੧ : ੧ (195)

ਪੈਨੰਦਿਆਂ— ਪਾਉਂਦਿਆਂ, ਪਹਿਰਦਿਆਂ
"ਹਸੰਦਿਆਂ ਖੇਲੰਦਿਆਂ **ਪੈਨੰਦਿਆ** ਖਾਵੰਦਿਆਂ ਵਿਚੇ ਹੋਵੈ ਮੁਕਤਿ।"
—ਗੂਜ **੫**, ਵਾਰ ੧੬ਸ, **੫**, ੨ : ੨ (522)

ਪੈਨਦੇ— ਪਹਿਰਦੇ, ਪਾਉਂਦੇ
"ਜੇ ਬਿਨੁ ਸਤਿਗੁਰ ਸੇਵੇ ਖਾਦੇ **ਪੈਨਦੇ** ਸੇ ਮੁਏ ਮਰਿ ਜੰਮੇ ਕੋੜੇ।" —ਗਉ **੪**, ਵਾਰ ੧੧ : ੪ (306)

ਪੈਨਨਿ— ਪਾਣ
"ਜਿਚਰੁ **ਪੈਨਨਿ** ਖਾਵਨ੍ਹੇ ਤਿਚਰੁ ਰਖਨਿ ਗੰਢੁ।"
—ਰਾਮ **੫**, ਵਾਰ ੫ਸ, **੫**, ੨ : ੩ (959)

ਪੈਨਾ— ਪਾਉਂਦਾ ਹਾਂ
"ਜਿਉ ਤੂੰ ਰਾਖਹਿ ਤਿਉ ਰਹਾ ਤੇਰਾ ਦਿਤਾ **ਪੈਨਾ** ਖਾਉ।" —ਮਾਝ **੫**, ਦਿਨ ੪ : ੪ (137)

ਪੈਨਾਇਆ— ਪੁਆਇਆ, ਪਹਿਰਾਇਆ ਭਾਵ ਖਿਲਤ ਦਿਤੀ, ਸਿਰੋਪਾ ਨਾਲ ਨਿਵਾਜਿਆ
"ਹਰਿ ਦਾਤੈ ਹਰਿ ਨਾਮੁ ਜਪਾਇਆ ਨਾਨਕੁ **ਪੈਨਾਇਆ**।" (ਭਾਵ ਖਿਲਤ ਪਹਿਨਾਈ, ਸਿਰੋਪਾ ਦਿਤਾ) —ਸਿਰੀ **੪**, ਵਾਰ ੨੧ : ੫ (91)

ਹੋਰ ਰੂਪ — ਪੈਨਾਈਓ—
"ਗੁਰਿ ਦੀਬਾਣਿ ਕਵਾਇ **ਪੈਨਾਈਓ**।"
—ਸਿਰੀ **੫**, ਅਸ ੨੯, ੪ : ੨ (73)

ਪੈਨਾਈਅਹਿ—
"ਤੇ ਹਰਿ ਦਰਗਹਿ **ਪੈਨਾਈਅਹ** ਜਿਨ ਹਰਿ ਵੁਠਾ ਮਨ ਮਾਹਿ।"
—ਗਉ **੪**, ਵਾਰ ੧੨ਸ, **੪**, ੧ : ੫ (310)

ਪੈਨਾਈਅਨਿ—
"ਹਰਿ ਦਰਗਹ ਜਨ **ਪੈਨਾਈਅਨਿ** ਜਿਨ ਹਰਿ ਮਨਿ ਵਸਿਆ ਆਇ।" (ਭਾਵ ਸਨਮਾਨੇ ਗਏ/ਵਡਿਆਏ ਗਏ)
—ਕਾਨ **੪**, ਵਾਰ ੯ਸ, **੪**, ੧ : ੪ (1316)

ਪੈਨਾਈਆ—
"ਹਰਿ ਦਰਗਹ **ਪੈਨਾਈਆ** ਹਰਿ ਆਪਿ ਗਲਿ ਲਾਈਆ।"
—ਤਿਲੰ **੪**, ਅਸ ੨, ੧੧ : ੨ (726)

ਪੈਨਾਈਐ—
"ਖੜਿ ਦਰਗਹ **ਪੈਨਾਈਐ** ਮੁਖਿ ਹਰਿ ਨਾਮ ਨਿਵਾਸੁ।" —ਸਿਰੀ **੧**, ੧੮, ੩ : ੩ (21)

ਪੈਨਾਏ—
"ਓਨਾ ਹਲਤਿ ਪਲਤਿ ਮੁਖ ਉਜਲੇ ਓਇ ਹਰਿ ਦਰਗਹ ਸਚੀ **ਪੈਨਾਏ**।"
—ਗਉ **੪**, ਵਾਰ ੭ਸ, **੪**, ੧ : ੩ (302)

ਪੈਨਾਵਏ—
"ਤੁਸੀ ਵੀਚਾਰਿ ਦੇਖਹੁ ਪੁਤ ਭਾਈ ਹਰਿ ਸਤਿਗੁਰੂ **ਪੈਨਾਵਏ**।"—ਰਾਮ **ਸੁੰਦ**, ਸਦ ੪ : ੪ (923)

ਪੈਨੈ— ਪਾਏ, ਪਹਿਰੇ
"ਪੈਰੀ ਚਲੈ ਹਥੀ ਕਰਣਾ ਦਿਤਾ **ਪੈਨੈ** ਖਾਇ।"
—ਮਾਝ **੧**, ਵਾਰ ੨ਸ, **੧**, ੧ : ੩ (138)
"ਜਿਸ ਕਾ ਦੀਆ **ਪੈਨੈ** ਖਾਇ।"
—ਗਉ **੫**, ੧੪੫, ੧ : ੧ (195)

ਪੈਨ੍ਉ— ਪਾਉਂਦਾ/ਪਹਿਰਦਾ ਹਾਂ
"ਤੁਮਰਾ ਦੀਆ **ਪੈਨ੍ਉ** ਖਾਂਈ।"
—ਆਸਾ **੫**, ੬੦, ੨ : ੧ (386)

ਪੈਨ੍ਣਹਾਰੁ— ਪਾਉਣ ਵਾਲਾ
"ਕੂੜੁ ਸੁਇਨਾ ਕੂੜੁ ਰੁਪਾ ਕੂੜੁ **ਪੈਨ੍ਣਹਾਰੁ**।"
—ਆਸਾ **੧**, ਵਾਰ ੧੦ਸ, **੧**, ੧ : ੩ (468)

ਪੈਨ੍ਣਾ— ਪਾਉਣਾ, ਪਹਿਰਨਾ, ਅੰਗੀਕਾਰ ਕਰਨਾ
"ਅੰਮ੍ਰਿਤੁ ਖਾਣਾ **ਪੈਨ੍ਣਾ** ਨਾਨਕ ਨਾਇ ਵਡਿਆਈ ਹੋਇ।"
—ਬਿਲਾ **੪**, ਵਾਰ ੬ਸ, **੩**, ੧ : ੪ (851)

ਪੈਨ੍ਣੁ— 1. ਪੋਸ਼ਾਕ, ਪਹਿਰਾਵਾ
"ਭਗਤਾਂ ਕਾ ਭੋਜਨੁ ਹਰਿ ਨਾਮ ਨਿਰੰਜਨੁ **ਪੈਨ੍ਣੁ** ਭਗਤਿ ਬਡਾਈ।"
—ਸਾਰ **੩**, ਅਸ ੧, ੨ : ੧ (1233)

2. ਪਹਿਨਣੇ, ਪਾਉਂਣੇ
"**ਪੈਨ੍ਣੁ** ਖਾਣਾ ਚੀਤਿ ਨ ਪਾਈ।"
—ਪ੍ਰਭਾ **੧**, ੧੪, ੧ : ੩ (1331)

ਪੈਨ੍ਾਇਆ— ਵਡਿਆਇਆ ਗਿਆ, ਖਿਲਤ ਪੈਨਾਈ ਗਈ
"ਨਾਨਕ ਤੇ ਹਰਿ ਦਰਿ **ਪੈਨ੍ਾਇਆ** ਮੇਰੀ ਜਿੰਦੁੜੀਏ ਜੋ ਗੁਰਮੁਖਿ ਭਗਤਿ ਮਨੁ ਲਾਵੈ ਰਾਮ।"
—ਬਿਹਾ **੪**, ਛੰਤ ੪, ੪ : ੪ (540)

ਪੈਨ੍ੈ — ਪਾਉਂਦਾ, ਪਹਿਰਦਾ
"ਜਿਉ ਤੂ ਰਾਖਹਿ ਤਿਵ ਹੀ ਰਹਣਾ ਤੁਮਰਾ **ਪੈਨ੍ੈ** ਖਾਇ।" — ਸਾਰ **੫**, ੯੮, ੧ : ੨ (1223)

ਪੈਯਾ — ਪਿਆ
"ਨਾਨਕ ਤਿਨ ਕੌ ਸਤਿਗੁਰੁ ਮਿਲਿਆ ਜਿਨਾ ਧੁਰੇ **ਪੈਯਾ** ਪਰਵਾਣਾ।"
— ਰਾਮ **੩**, ਵਾਰ ੨੧ਸ, **੧**, ੧ : ੬ (956)

ਪੈਰ — ਚਰਨ, ਪੈਰ
"ਨੀਲੀ ਸਿਆਹੀ ਕਦਾ ਕਰਣੀ ਪਹਿਰਣੁ **ਪੈਰ** ਧਿਆਨੁ।" — ਸਿਰੀ **੧**, ੭, ੨ : ੨ (16)
"**ਪੈਰ** ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ।"
— ਸਿਰੀ **੫**, ਅਸ ੨੯, ੧੦ : ੩ (73)

ਪੈਰਾ — ਚਰਨ, ਪੈਰ
"ਕੋਟਿ ਜਨਾ ਜਾ ਕੇ ਪੂਜਹਿ **ਪੈਰਾ**।"
— ਮਾਝ **੫**, ੧੩, ੩ : ੨ (98)
"**ਪੈਰਾ** ਬਾਝਹੁ ਚਲਣਾ ਵਿਣੁ ਹਥਾ ਕਰਣਾ।" (ਪੈਰਾਂ)
— ਮਾਝ **੧**, ਵਾਰ ੩ਸ, **੨**, ੧ : ੨ (139)
"ਭਰਮ ਮੋਹ ਕਛੁ ਸੂਝਸਿ ਨਾਹੀ ਇਹ ਪੈਖਰ ਪਏ **ਪੈਰਾ**।" (ਪੈਰਾਂ ਵਿਚ)
— ਗਉ **੫**, ੧੬੩*, ੨ : ੨ (216)

ਪੈਰਿ — 1. ਕਦਮ ਥੋੜਾ ਜਿਹਾ ਫਾਸਲਾ
"ਇਕ **ਪੈਰਿ** ਚਲੈ ਮਾਇਆ ਮੋਹੁ ਵਧਾਏ।"
— ਰਾਮ **੩**, ੧, ੪ : ੨ (880)

2. ਪੈਰ ਵਿਚ, ਪੈਰੀਂ
"ਓਹੀਂ **ਪੈਰਿ** ਲੋਹਾਰੀ।"
— ਮਾਰੂ **੫**, ੧੨, ੩ : ੪ (1004)

ਹੋਰ ਰੂਪ — ਪੈਰੀ —
"ਫਾਥੇ ਸੇਈ ਨਿਕਲੇ ਜਿ ਗੁਰ ਕੀ **ਪੈਰੀ** ਪਾਹਿ।"
(ਪੈਰੀਂ) — ਸਿਰੀ **੫**, ੭੩, ੩ : ੩ (43)
"**ਪੈਰੀ** ਚਲੈ ਹਥੀ ਕਰਣਾ ਦਿਤਾ ਪੈਨੈ ਖਾਇ।"
(ਪੈਰਾਂ ਨਾਲ)
— ਮਾਝ **੧**, ਵਾਰ ੨ਸ, **੧**, ੧ : ੩ (138)

ਪੈਰੁ — ਪੈਰ, ਚਰਨ, ਪਾਦ
"ਭਰੀਐ ਹਥੁ **ਪੈਰੁ** ਤਨੁ ਦੇਹ।"
— ਜਪੁ **੧**, ੨੦ : ੧ (4)

ਪੈਰੇ — 1. ਚਰਨੀ, ਪੈਰਾਂ ਵਿਚ
"ਪਤਿਤ ਪਵਿਤ ਲਗਿ ਗੁਰ ਕੇ **ਪੈਰੇ** ਜੀਉ।"
— ਗਉ **੫**, ੧੬੬*, ੪ : ੨ (217)
"ਜੋ ਕੀਜੈ ਸੋ ਬੰਧਨੁ **ਪੈਰੇ**।"
— ਮਾਰੂ **੫**, ਸੋਲਾ ੫, ੫ : ੨ (1075)

2. ਕਦਮ, ਥੋੜਾ ਜਿਹਾ ਫਾਸਲਾ
"ਜਬ ਤੇ ਹੋਈ ਲਾਂਮੀ ਧਾਈ ਚਲਹਿ ਨਾਹੀ ਇਕ **ਪੈਰੇ**।" — ਗੂਜ **੫**, ੮, ੪ : ੨ (497)

ਪੈਰੈ — ਚਰਨੀ, ਪੈਰਾਂ ਉਪਰ
"ਅੰਮ੍ਰਿਤ ਨਾਮੁ ਅਉਖਧੁ ਮੁਖਿ ਦੀਨੋ ਜਾਇ ਪਇਆ ਗੁਰ **ਪੈਰੈ**।" — ਸਾਰ **੫**, ੫੦, ੧ : ੨ (1214)

ਪੋਹਤ — ਪੋਹਣਾ, ਅਸਰ ਕਰਮਾ, ਮਹਿਸੂਸ ਹੋਣਾ, ਨਿਕਟ ਆਉਣਾ
"ਜਾਸੁ ਜਪਤ ਇਹ ਅਗਨਿ ਨ **ਪੋਹਤ**।"
— ਗਉ **੫**, ਅਸ ੨, ੬ : ੧ (236)

ਹੋਰ ਰੂਪ — ਪੋਹੰਤਿ —
"ਸੋਭਾ ਹੀਨ ਨਹ ਭਵੰਤਿ ਨਹ **ਪੋਹੰਤਿ** ਸੰਸਾਰ ਦੁਖਨਹ।" (ਅਸਰ ਕਰਦੇ)
— ਸਸ **੫**, ੨੮ : ੨ (1356)

ਪੋਹਿ — 1. ਅਸਰ ਕਰੇ
"ਸੁਣਿਐ **ਪੋਹਿ** ਨ ਸਕੈ ਕਾਲੁ।"
— ਜਪੁ **੧**, ੮ : ੪ (2)
"ਬਿਖਿਆ **ਪੋਹਿ** ਨ ਸਕਈ ਮਿਲਿ ਸਾਧੂ ਗੁਣ ਗਾਹੁ।" — ਮਾਝ **੫**, ਬਾਰਾ ੧੧ : ੪ (135)
"ਆਪਣੈ ਘਰਿ ਤੂ ਸੁਖਿ ਵਸਹਿ **ਪੋਹਿ** ਨ ਸਕੈ ਜਮਕਾਲੁ ਜੀਉ।" (ਭਾਵ ਡਰਾ ਨਹੀਂ ਸਕਦੀ
— ਵਡ **੩**, ਛੰਤ ੩, ੧ : ੨ (569)

ਹੋਰ ਰੂਪ — ਪੋਹਿਆ —
"ਕਰੁ ਗਹਿ ਲੀਨੇ ਨਾਨਕ ਪ੍ਰਭ ਪਿਆਰੇ ਸੰਸਾਰੁ ਸਾਗਰੁ ਨਹੀ **ਪੋਹਿਆ**।"
— ਸਿਰੀ **੫**, ਛੰਤ ੩, ੪ : ੬ (81)

ਪੋਹੇ —
"ਦੂਖੁ ਦਰਦੁ ਵਡ ਰੋਗੁ ਨ **ਪੋਹੇ** ਤਿਸੁ ਮਾਇ।" (ਛੋਹ ਸਕਨਾ)
— ਗੂਜ **੫**, ਵਾਰ ੧੪ : ੫ (522)

ਪੋਹੈ —
"ਮਾਇਆ ਅਗਨਿ ਨ **ਪੋਹੈ** ਤਿਨ ਕਉ ਰੰਗਿ ਰਤੇ ਗੁਣ ਗਾਵਣਿਆ।" (ਛੂਹਦੀ)
— ਮਾਝ **੫**, ਅਸ ੩੭, ੫ : ੩ (132)

2. ਬਿਕਰਮੀ ਸੰਮਤ ਦਾ 10ਵਾਂ ਮਹੀਨਾ, ਸਰਦੀ ਦਾ ਮਹੀਨਾ
"ਰੁਤਿ ਸਿਸੀਅਰ ਸੀਤਲ ਹਰਿ ਪ੍ਰਗਟੇ ਮੰਘਰ **ਪੋਹਿ** ਜੀਉ।"— ਰਾਮ **੫**, ਰੁਤੀ ੬ : ੧ (929)

ਪੋਖਹਿ — ਭਰਦੇ ਹਨ, ਤ੍ਰਿਪਤ ਕਰਦੇ ਹਨ
"ਅਨਾਥ ਰਵਾਣਿ ਉਦਰੁ ਲੇ **ਪੋਖਹਿ** ਮਾਇਆ ਗਈਆ ਹਾਟਿ।"— ਸਾਰ **੫**, ੧੦੫, ੧:੧ (1224)

ਪੋਖਣ — ਭਾਵ ਖਾਣ ਪੀਣ, ਪਾਲਣਾ ਕਰਨ
"ਭਰਣ **ਪੋਖਣ** ਸੰਗਿ ਅਉਧ ਬਿਹਾਣੀ।"
— ਸੂਹੀ **੫**, ੩੩, ੩ : ੧ (743)
"ਬਿਸੁੰਭਰ ਪੂਰਨ ਸੁਖਦਾਤਾ ਸਗਲ ਸਮਗ੍ਰੀ **ਪੋਖਣ** ਭਰਣ।" (ਪਾਲਣਹਾਰ, ਪਾਲਣਾ ਕਰਨ ਵਾਲਾ)
— ਬਿਲਾ **੫**, ੧੧੬, ੧ : ੧ (827)

ਹੋਰ ਰੂਪ — ਪੋਖਣੁ —
"ਹਸਤ ਦੇਇ ਪ੍ਰਤਿਪਾਲਦਾ ਭਰਣ **ਪੋਖਣੁ** ਕਰਣਾ।" (ਪਾਲਣਾ ਕਰਦਾ)
— ਗਉ **੫**, ਵਾਰ ੨੦ : ੩ (323)

ਪੋਖਰਿ — ਤਲਾ, ਛਪੜੀ
"**ਪੋਖਰਿ ਪੋਖਰਿ** ਢੂਢਤੇ ਭਲੋ ਨ ਕਹਿ ਹੈ ਕੋਇ।"
— ਸਲੋ **ਕਬ**, ੫੦ : ੨ (1367)

ਹੋਰ ਰੂਪ — ਪੋਖਰੁ —
"**ਪੋਖਰੁ** ਨੀਰੁ ਵਿਰੋਲੀਐ ਮਾਖਨ ਨਹੀ ਰੀਸੈ।" (ਛਪੜਦਾ)
— ਗਉ **੧**, ਅਸ ੧੮, ੭ : ੨ (229)

ਪੋਖਿ — 1. 'ਪੋਹ' ਦਾ ਮਹੀਨਾ, ਬਿਕਰਮੀ ਸੰਮਤ ਦਾ ਦਸਵਾਂ ਮਹੀਨਾ
"**ਪੋਖਿ** ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ।" — ਮਾਝ **੫**, ਬਾਰਾ ੧੧ : ੧ (135)
2. ਪਾਲ ਲੈ, ਭਰ ਲੈ
"ਸੂਰ ਸਰੁ ਸੋਸਿ ਲੈ ਸੋਮ ਸਰੁ **ਪੋਖਿ** ਲੈ ਜੁਗਤਿ ਕਰਿ ਮਰਤੁ ਸੁ ਸਨਬੰਧੁ ਕੀਜੈ।"
— ਮਾਰੂ **੧**, ੯, ੧ : ੧ (991)

ਪੋਖਿਓ — ਭਰਿਆ, ਪਾਲਿਆ
"ਕਰਿ ਪਰਪੰਚ ਉਦਰ ਨਿਜ **ਪੋਖਿਓ** ਪਸੁ ਕੀ ਨਿਆਈ ਸੋਇਓ।"
— ਸੋਰ **੯**, ੧੦, ੧ : ੨ (633)

ਪੋਖੁ — ਪੋਹ ਦਾ ਮਹੀਨਾ
"**ਪੋਖੁ** ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ।" — ਮਾਝ **੫**, ਬਾਰਾ ੧੧ : ੯ (135)

ਪੋਖੈ — 1. ਪਲਦਾ ਹੈ
"ਪੰਚ ਭੂ ਆਤਮਾ ਹਰਿ ਨਾਮ ਰਸਿ **ਪੋਖੈ**।"
— ਗਉ **੫**, ਥਿਤੀ ੧੨ : ੬ (299)
2. ਭਰੇ
"ਸਰ ਭਰਿ ਸੋਖੈ ਭੀ ਭਰਿ **ਪੋਖੈ** ਸਮਰਥ ਵੇਪਰਵਾਹੈ।"
— ਰਾਮ **੧**, ਓਅੰ ੪੧ : ੩ (935)

ਪੋਚ — 1. ਤੁਛ, ਭੈੜੀ, ਕਮੀਨੀ
"ਮੇਰੀ ਸੰਗਤਿ **ਪੋਚ** ਸੋਚ ਦਿਨੁ ਰਾਤੀ।"
— ਗਉ **ਰਵਿ**, ੧, ੧ : ੧ (345)
2. ਦੰਭ, ਦਿਖਾਵਾ, ਪਾਪ
"ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ **ਪੋਚ**।"
— ਬਿਲਾ **੫**, ੫੯, ੨ : ੨ (816)
3. ਲੇਪ, ਲਗਾਓ, ਨੁਕਸ
"ਨਾ ਕਛੁ **ਪੋਚ** ਮਾਟੀ ਕੇ ਭਾਂਡੇ ਨਾ ਕਛੁ **ਪੋਚ**

ਕੁੰਭਾਰੈ।"— ਪ੍ਰਭਾ **ਕਬ**, ੩, ੨ : ੨ (1350)

ਪੋਚਨਹਾਰੀ — ਭੱਠੀ ਪੁੱਠ ਚੜ੍ਹੇ ਬਰਤਨ ਨੂੰ ਠੰਢੇ ਪਾਣੀ ਦਾ ਪੋਚਾ ਦੇਣ ਵਾਲੀ (ਲੀਰ ਜਾਂ ਕਪੜਾ)

"ਮੁਦ੍ਰਾ ਮਦਕ ਸਹਜ ਧੁਨਿ ਲਾਗੀ ਸੁਖਮਨ **ਪੋਚਨਹਾਰੀ** ਰੇ।"— ਰਾਮ **ਕਬ**, ੧, ੨ : ੨ (969)

ਪੋਚਾ — 1. ਭਾਫ ਨੂੰ ਠੰਢਾ ਰਖਨ ਲਈ ਬਰਤਨ ਨੂੰ ਠੰਢੇ ਪਾਣੀ ਦਾ ਦਿਤੇ ਜਾਣ ਵਾਲਾ ਪੋਚਾ

"ਓਹੀ ਭਾਠੀ ਓਹੀ **ਪੋਚਾ** ਉਹੀ ਪਿਆਰੋ ਉਹੀ ਰੂਚਾ।" — ਗਉ **੫**, ੧੫੭*, ੨ : ੧ (214)

2. ਦੋਸ਼

"ਨਾ ਉਸੁ ਲੇਪ ਨ ਹਮ ਕਉ **ਪੋਚਾ**।"

— ਆਸਾ **੫**, ੮੩, ੩ : ੨ (391)

ਪੋਚਾਰਿ — 1. ਪੁਚਕਾਰ ਕੇ, ਪਿਆਰ ਲਾਡ ਨਾਲ

"ਅੰਤਰਿ ਬਾਹਰਿ ਮੁਖਿ ਦੇ ਗਿਰਾਸੁ ਖਿਨੁ ਖਿਨੁ **ਪੋਚਾਰਿ**।" — ਗਉ **੪**, ੫੧, ੧ : ੨ (168)

2. ਪੋਚ ਕੇ, ਮਾਂਜ ਸੁਆਰ ਕੇ

"ਰਖਹਿ **ਪੋਚਾਰਿ** ਮਾਟੀ ਕਾ ਭਾਂਡਾ।"

— ਸੂਹੀ **੫**, ੨੦, ੩ : ੧ (741)

ਪੋਟ — ਪੋਟਲੀ, ਗੰਡ

"ਪਾਪੁ ਪੁੰਨੁ ਬੀਜ ਕੀ **ਪੋਟ**।"

— ਗਉ **੧**, ੫, ੨ : ੨ (152)

ਪੋਟਲੀ — ਗੰਡ, ਪੰਡ

"ਬੰਨ੍ਹਿ ਉਠਾਈ **ਪੋਟਲੀ** ਜਿਥੈ ਵੰਞਾ ਘਤਿ।"

— ਸਲੋ **ਫਰ**, ੨ : ੨ (1378)

ਪੋਤਦਾਰੀ — ਮੁਨੀਮੀ, ਖਜ਼ਾਨਚੀ ਪੁਨਾ

"ਤਿਸ ਕੀ ਕਰਿ **ਪੋਤਦਾਰੀ** ਫਿਰਿ ਦੂਖੁ ਨ ਲਾਗੈ।" (ਸੰਭਾਲ, ਖਜ਼ਾਨਚੀਪੁਣਾ)

— ਬਸੰ **੫**, ੮, ੧ : ੪ (1182)

ਪੋਤਾ — (ਫ਼ਾ. ਪੂਤਾ) ਖਜ਼ਾਨਾ

"ਪ੍ਰਾਪਤਿ **ਪੋਤਾ** ਕਰਮੁ ਪਸਾਉ।"

— ਰਾਮ **੧**, ੮, ੨ : ੧ (878)

2. ਪੋਤਰਾ, ਪੁੱਤਰ ਦਾ ਪੁੱਤਰ

"ਪਿਯੂ ਦਾਦੇ ਜੇਵਿਹਾ **ਪੋਤਾ** ਪਰਵਾਣੁ।"

— ਰਾਮ **ਬਸ**, ੬ : ੨ (968)

ਪੋਤੀ — ਪੇਟਾ

"ਮਿਲਿ ਜੋਤਿ ਜੋਤੀ ਓਤਿ **ਪੋਤੀ** ਹਰਿ ਨਾਮੁ ਸਭਿ ਰਸ ਭੋਗੋ।"— ਬਿਲਾ **੫**, ਛੰਤ ੧, ੩ : ੫ (846)

ਪੋਤੁ — ਜਹਾਜ਼, ਨਉਕਾ

"ਹਰਿ ਹਰਿ ਨਾਮੁ **ਪੋਤੁ** ਬੋਹਿਥਾ ਖੇਵਟੁ ਸਬਦੁ ਗੁਰੁ ਪਾਰਿ ਲੰਘਈਆ।"

— ਬਿਲਾ **੪**, ਅਸ ੧, ੪ : ੧ (833)

ਪੋਤੇਦਾਰ — ਖਜ਼ਾਨਚੀ

"ਸਿਫਤਿ ਜਿਨਾ ਕਉ ਬਖਸੀਐ ਸੇਈ **ਪੋਤੇਦਾਰ**।"

— ਸਾਰ **੪**, ਵਾਰ ਪਸ, **੨**, ੨ : ੧ (1239)

ਪੋਤੈ — ਖਜਾਨੇ ਵਿਚ, ਪਲੇ

"**ਪੋਤੈ** ਜਿਨ ਕੈ ਪੁੰਨੁ ਹੈ ਤਿਨ ਸਤਸੰਗਤਿ ਮੇਲਾਇ।"

— ਸਿਰੀ **੩**, ੪੪, ੧ : ੩ (30)

ਪੋਤ੍ਰਾ — ਪੁੱਤਰ ਦਾ ਪੁੱਤਰ

"ਪਿਯੂ ਦਾਦੇ ਜੇਵਿਹਾ **ਪੋਤ੍ਰਾ** ਪਰਵਾਣੁ।"

— ਰਾਮ **ਬਸ**, ਵਾਰ ੬ : ੨੦ (968)

ਪੋਥੀ — ਗ੍ਰੰਥ, ਪੁਸਤਕ, ਧਾਰਮਕ ਗ੍ਰੰਥ

"**ਪੋਥੀ** ਪੁਰਾਣੁ ਕਮਾਈਐ।"

— ਸਿਰੀ **੧**, ੩੩, ੨ : ੧ (25)

ਪੋਥੀਆ — ਧਾਰਮਕ ਗ੍ਰੰਥ

"ਪੰਡਿਤ ਵਾਚਹਿ **ਪੋਥੀਆ** ਨਾ ਬੂਝਹਿ ਵੀਚਾਰੁ।"

— ਸਿਰੀ **੧**, ਅਸ ੫, ੬ : ੧ (56)

ਪ੍ਰਸੰਗ — ਵਾਰਤਾ, ਕਥਾ

"ਰਾਜ ਭੁਇਅੰਗ **ਪ੍ਰਸੰਗ** ਜੈਸੇ ਹਹਿ ਅਬ ਕਛੁ ਮਰਮੁ ਜਨਾਇਆ।"

— ਸੋਰ **ਰਵਿ**, ੧, ੩ : ੧ (658)

ਪ੍ਰਸੰਨ — 1. (ਸੰ. प्रसन्न) ਖੁਸ਼

"ਬੈਸਨੋ ਸੋ ਜਿਸੁ ਊਪਰਿ **ਸੁਪ੍ਰਸੰਨ**।"

— ਗਉ **੫**, ਸੁਖ ੯, ੨ : ੧ (274)

2. ਅਨੰਦ ਰੂਪ(ਪ੍ਰਭ)

"ਦੀਨ ਦਇਆਲ **ਪ੍ਰਸੰਨ** ਪੂਰਨ ਜਾਚੀਐ ਰਜ ਸਾਧ।"— ਗੂਜ **੫**, ਅਸ ੨, ੪ : ੨ (508)

ਪ੍ਰਸੰਨਮਿਦੰ — ਅਨੰਦ ਰੂਪ

"ਭਵ ਭੂਤ ਭਾਵ ਸਮਬ੍ਹਿਅੰ ਪਰਮੰ **ਪ੍ਰਸੰਨਮਿਦੰ**।"

— ਗੂਜ **ਜੈਦੇ**, ੧, ੨ : ੨ (526)

ਪ੍ਰਸੰਨੁ — ਖੁਸ਼

"ਸਭ ਬਿਧਿ ਮਾਨ੍ਹਿਉ ਮਨੁ ਤਬ ਹੀ ਭਯਉ **ਪ੍ਰਸੰਨੁ** ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ।"

— ਸਵ **੪**, ਨਲ ੪ : ੫ (1399)

ਪ੍ਰਸਾਦ — ਦੇਵਤਾ/ਪ੍ਰਭੂ ਨੂੰ ਅਰਪਤ ਹੋਇਆ ਖਾਣ ਯੋਗ ਪਦਾਰਥ
"ਜੇ ਓਹੁ ਅਨਿਕ **ਪ੍ਰਸਾਦ** ਕਰਾਵੈ।"
— ਗੋਂਡ **ਰਵਿ**, ੨, ੩ : ੧ (875)

ਪ੍ਰਸਾਦੰ — ਕ੍ਰਿਪਾ
"ਜਾਚੰਤਿ ਨਾਨਕ ਕ੍ਰਿਪਾਲ **ਪ੍ਰਸਾਦੰ** ਨਹ ਬਿਸਰੰਤਿ ਨਹ ਬਿਸਰੰਤਿ ਨਾਰਾਇਣਹ।"
— ਸਸ **੫**, ੨੧ : ੬ (1356)

ਪ੍ਰਸਾਦਹ — ਕ੍ਰਿਪਾ ਸਦਕਾ
"ਵਰਤੰਤਿ ਸੁਖ ਆਨੰਦ **ਪ੍ਰਸਾਦਹ**।"
— ਸਸ **੫**, ੨੩ : ੩ (1356)

ਪ੍ਰਸਾਦਿ — ਕ੍ਰਿਪਾ ਨਾਲ ਕ੍ਰਿਪਾ ਸਦਕਾ
"ਜਿਸੁ **ਪ੍ਰਸਾਦਿ** ਮਾਇਆ ਸਿਲਕ ਕਾਟੀ।"
— ਗਉ **੫**, ੭੫, ੪ : ੧ (177)

ਹੋਰ ਰੂਪ — ਪ੍ਰਸਾਦੀ —
"ਬਿਨਵੰਤਿ ਨਾਨਕ ਗੁਰ **ਪ੍ਰਸਾਦੀ** ਸਦਾ ਹਰਿ ਰੰਗੁ ਮਾਣੀ।" (ਕ੍ਰਿਪਾ ਨਾਲ ਦੁਆਰਾ)
— ਆਸਾ **੫**, ਛੰਤ ੨, ੧ : ੬ (453)

ਪ੍ਰਸਾਦੁ —
"ਨਾਨਕ ਪ੍ਰਭ ਸਰਣਾਗਤੀ ਕਰਿ **ਪ੍ਰਸਾਦੁ** ਗੁਰਦੇਵ।" (ਕ੍ਰਿਪਾ, ਮਿਹਰ)
— ਗਉ **੫**, ਸੁਖ ੬ਸ : ੨ (269)

ਪ੍ਰਸਾਦੁ — 1. ਕ੍ਰਿਪਾ, ਮਿਹਰ ਵੇਖੋ 'ਪ੍ਰਸਾਦਿ'
2. ਪ੍ਰਸ਼ਾਦ (ਨਿਰਣੈ), ਖੈਰ, ਦਾਨ (ਦਰਪਣ)
"ਗੁਰਮੁਖਿ ਪਾਈਐ ਨਾਮ **ਪ੍ਰਸਾਦੁ**।"
— ਬਸੰ **੩**, ੬, ੩ : ੪ (1174)

ਪ੍ਰਸਿਧੁ — ਮਸ਼ਹੂਰ, ਨਾਮਵਰ
"ਭਲਉ **ਪ੍ਰਸਿਧੁ** ਤੇਜੋ ਤਨੌ ਕਲ੍ ਜੋੜਿ ਕਰ ਧਾਇਅਓ।" — ਸਵ **੩**, ੫ : ੫ (1393)

ਪ੍ਰਸੀਨਾ — ਪ੍ਰਸੰਨ, ਖੁਸ਼
"ਕਹੁ ਨਾਨਕ ਪ੍ਰਭ ਭਏ **ਪ੍ਰਸੀਨਾ**।"
— ਬਿਲਾ **੫**, ੧੨, ੪ : ੨ (804)

ਪ੍ਰਸੇਵ — ਚੋਈ, ਟਪਕੀ (ਮਹਾਨਕੋਸ਼) ਪਸੀਨਾ
"ਨਖ **ਪ੍ਰਸੇਵ** ਜਾ ਚੈ ਸੁਰਸਰੀ।"
— ਮਲਾ **ਨਾਮ**, ੧, ੪ : ੩ (1292)

ਪ੍ਰਹਲਾਦ — ਹਰਨਾਖਸ਼ ਦਾ ਪੁੱਤਰ, ਇਕ ਭਗਤ
"**ਪ੍ਰਹਲਾਦ** ਉਧਾਰੇ ਕਿਰਪਾ ਧਾਰੀ।"
— ਗਉ **੧**, ਅਸ ੯, ੪ : ੩ (224)

ਹੋਰ ਰੂਪ — ਪ੍ਰਹਲਾਦਿ —
"ਅੰਮਰੀਕਿ **ਪ੍ਰਹਲਾਦਿ** ਸਰਣਿ ਗੋਬਿੰਦ ਗਤਿ ਪਾਈ।" — ਸਵ **੩**, ੧੩ : ੪ (1394)

ਪ੍ਰਹਲਾਦੁ —
"ਹਰਣਾਖਸੁ ਦੁਸਟੁ ਹਰਿ ਮਾਰਿਆ **ਪ੍ਰਹਲਾਦੁ** ਤਰਾਇਆ।"
— ਆਸਾ **੪**, ਛੰਤ ੨੦, ੪ : ੨ (451)

ਪ੍ਰਹਾਰ — ਮਾਰਨ ਵਾਲਾ, ਕਰਨ ਵਾਲਾ
"ਬਧਿਕੁ ਉਧਾਰਿਓ ਖਮਿ **ਪ੍ਰਹਾਰ**।"
— ਬਸੰ **੫**, ਅਸ ੧, ੩ : ੧ (1192)

ਪ੍ਰਹਾਰਣਹ — ਮਾਰਨ ਨਾਲ, ਨਾਲ ਵਾਰ ਕਰਨ ਨਾਲ
"ਹਤੰ ਪੰਚ ਸਤ੍ਰੇਣ ਨਾਨਕ ਹਰਿ ਬਾਣੇ **ਪ੍ਰਹਾਰਣਹ**।"
— ਗਾਥਾ **੫**, ੬ : ੩ (1360)

ਪ੍ਰਹਾਰੇਣ — ਮਾਰਨ ਲਗਾ
"ਮ੍ਰਿਗੀ ਪੇਖੰਤ ਬਧਿਕ **ਪ੍ਰਹਾਰੇਣ** ਲਖ੍ ਆਵਧਹ।"
— ਸਸ **੫**, ੬ : ੧ (1354)

ਪ੍ਰਹਿਲਾਦਾ — ਪ੍ਰਹਲਾਦ
"ਜਿਉ ਗੁਰ ਉਪਦੇਸਿ ਤਰੇ **ਪ੍ਰਹਿਲਾਦਾ** ਗੁਰੁ ਸੇਵਕ ਪੈਜ ਰਖਾਵੈਗੋ।"
— ਕਾਨ **੪**, ਅਸ ੬, ੧ : ੨ (1311)

ਹੋਰ ਰੂਪ — ਪ੍ਰਹਿਲਾਦਿ —
"ਧ੍ਰੂ **ਪ੍ਰਹਿਲਾਦਿ** ਜਪਿਓ ਹਰਿ ਜੈਸੇ।"
— ਗਉ **ਕਬ**, ੬੧, ੧ : ੨ (337)

ਪ੍ਰਹਿਲਾਦਿਕ —
"ਗਾਵਹਿ ਇੰਦ੍ਰਾਦਿ ਭਗਤ **ਪ੍ਰਹਿਲਾਦਿਕ** ਆਤਮਰਸੁ ਜਿਨਿ ਜਾਣਿਓ।" (ਪ੍ਰਹਲਾਦ ਆਦਿਕ) — ਸਵ **੧**, ੨ : ੩ (1389)

ਪ੍ਰਹਿਲਾਦੁ —
"**ਪ੍ਰਹਿਲਾਦੁ** ਜਨੁ ਹਰਨਾਖਿ ਪਕਰਿਆ ਹਰਿ ਰਾਖਿ ਲੀਓ ਤਰਾਇਆ।"
— ਮਾਲੀ **੪**, ੧, ੨ : ੨ (984)

ਪ੍ਰਹਿਲਾਦੈ —
"ਕੀਨੀ ਰਖਿਆ ਭਗਤ **ਪ੍ਰਹਿਲਾਦੈ** ਹਰਨਾਖਸ ਨਖਹਿ ਬਿਦਾਰੇ।" (ਪ੍ਰਹਲਾਦ ਦੀ)
— ਮਾਰੂ **੫**, ੨, ੩ : ੧ (999)

ਪ੍ਰਕਾਸੰ — ਪ੍ਰਕਾਸ਼, ਚਾਣਨ

"ਅੰਧਕਾਰ ਸਿਮਰਤ **ਪ੍ਰਕਾਸੰ** ਗੁਣ ਰਮੰਤ ਅਘ ਖੰਡਨਹ।" — ਸਸ **੫**, ੧੯ : ੧ (1355)

ਪ੍ਰਕਾਸੈ — ਪ੍ਰਗਟ ਕਰੇ, ਜ਼ਾਹਿਰ ਕਰੇ

"ਸੰਤੋਖ ਸਰੋਵਰਿ ਬਸੈ ਅਮਿਅ ਰਸੁ ਰਸਨ **ਪ੍ਰਕਾਸੈ**।" — ਸਵ **੪**, ਕਲ ੬ : ੧ (1397)

ਪ੍ਰਕਾਰ — ਤਰ੍ਹਾਂ, ਭਾਂਤ, ਕਿਸਮ

"ਭੋਜਨੁ ਅਨਿਕ **ਪ੍ਰਕਾਰ** ਬਹੁ ਕਪਰੇ।" —ਗਉ **੫**, ਅਸ ੪, ੧ : ੩ (237)

ਹੋਰ ਰੂਪ — ਪ੍ਰਕਾਰੰ —

"ਅਨਿਤ੍ਯ ਵਿਤੰ ਅਨਿਤ੍ਯ ਚਿਤੰ ਅਨਿਤ੍ਯ ਆਸਾ ਬਹੁ ਬਿਧਿ **ਪ੍ਰਕਾਰੰ**।" — ਸਸ **੫**, ੧੬ : ੧ (1355)

ਪ੍ਰਕਾਰਾ — 1. ਕਿਲ੍ਹਾ, ਕੋਟ (ਮਹਾਨਕੋਸ਼)

"ਤੁਮ ਹੀ ਦੀਏ ਅਨਿਕ **ਪ੍ਰਕਾਰਾ** ਤੁਮ ਹੀ ਦੀਏ ਮਾਨ।" — ਸਾਰ **੫**, ੬੪, ੧ : ੧ (1217)

(ਨਿਰਣੈ ਤੇ ਦਰਪਣ ਇਥੇ ਵੀ ਅਰਥ 'ਕਿਸਮਾਂ' ਕਰ ਰਿਹਾ ਹੈ)

2. ਕਿਸਮ, ਭਾਂਤ

"ਕਹੰਤ ਬੇਦਾ ਗੁਣੰਤ ਗੁਨੀਆ ਸੁਣੰਤ ਬਾਲਾ ਬਹੁ ਬਿਧਿ **ਪ੍ਰਕਾਰਾ**।"— ਸਸ **੫**, ੧੪ : ੧ (1355)

ਹੋਰ ਰੂਪ — ਪ੍ਰਕਾਰਿ —

"ਕਿਤੈ **ਪ੍ਰਕਾਰਿ** ਨ ਤੂਟਉ ਪ੍ਰੀਤਿ।" (ਤਰ੍ਹਾਂ ਵੀ) — ਧਨਾ **੫**, ੫੮, ੧* : ੧ (684)

ਪ੍ਰਕਾਰੀ —

"ਅਨਿਕ **ਪ੍ਰਕਾਰੀ** ਬਸਤ੍ਰ ਓਢਾਏ।" (ਤਰਾਂ ਦੇ) — ਧਨਾ **੫**, ੫੬, ੨ : ੧ (684)

"ਅਨਿਕ **ਪ੍ਰਕਾਰੀ** ਮੋਹਿਆ ਬਹੁ ਬਿਧਿ ਇਹੁ ਸੰਸਾਰੁ।" (ਕਈ ਤਰਾਂ ਨਾਲ) — ਸਿਰੀ **੫**, ੯੧, ੪ : ੧ (50)

ਪ੍ਰਕਾਰੇਣ — ਪ੍ਰਕਾਰ ਦੇ, ਕਿਸਮ ਦੇ

"ਨਾਨਕ ਭੋਜਨ ਅਨਿਕ **ਪ੍ਰਕਾਰੇਣ** ਨਿੰਦਕ ਆਵਧ ਹੋਇ ਉਪਤਿਸਟਤੇ।"— ਸਸ **੫**, ੨੨ : ੨ (1356)

ਪ੍ਰਗਟ — ਪ੍ਰਤੱਖ, ਜਾਹਰਾ

"**ਪ੍ਰਗਟ** ਪ੍ਰਤਾਪੁ ਵਰਤਾਇਓ ਸਭੁ ਲੋਕੁ ਕਰੈ ਜੈਕਾਰੁ ਜੀਉ।" — ਸਿਰੀ **੧**, ਅਸ ੨੮, ੧੨ : ੩ (72)

ਪ੍ਰਗਟਈ — 1. ਪ੍ਰਗਟ ਹੋਵੇ, ਪ੍ਰਤਖ ਹੋਵੇ

"ਨਿਤ੍ਰ ਘਰਿ ਹਰਿ ਕੰਤੁ ਨ **ਪ੍ਰਗਟਈ** ਭਠਿ ਨਗਰ ਸੇ ਗ੍ਰਾਮ।" (ਭਾਵ ਆਵੇ) — ਮਾਝ **੫**, ਬਾਰਾ ੧ : ੬ (133)

2. ਪ੍ਰਸਿੱਧ ਹੋਣਾ

"ਮੋਹਿ ਕਿਰਪਨ ਕਉ ਕੋਇ ਨ ਜਾਨਤ ਸਗਲ ਭਵਨ **ਪ੍ਰਗਟਈ**।" — ਆਸਾ **੫**, ੧੨੪, ੨ : ੧ (402)

ਪ੍ਰਗਟਾਇਓ — ਪ੍ਰਗਟ ਕੀਤਾ, ਪ੍ਰਤੱਖ ਕੀਤਾ, ਰੋਸ਼ਨ ਕੀਤਾ

"ਭਇਓ ਪ੍ਰਗਾਸੁ ਸਰਬ ਉਜੀਆਰਾ ਗੁਰ ਗਿਆਨੁ ਮਨਹਿ **ਪ੍ਰਗਟਾਇਓ**।" — ਗਉ **੫**, ੧੩੬*, ੨ : ੧ (209)

ਹੋਰ ਰੂਪ — ਪ੍ਰਗਟਾਇਆ —

"ਖੁਦੀ ਮਿਟੀ ਚੂਕਾ ਭੋਲਾਵਾ ਗੁਰਿ ਮਨ ਹੀ ਮਹਿ **ਪ੍ਰਗਟਾਇਆ** ਜੀਉ।" (ਜ਼ਾਹਰ ਕੀਤਾ, ਪ੍ਰਤੱਖ ਕੀਤਾ) — ਮਾਝ **੫**, ੩੨, ੩ : ੩ (104)

"ਨਾਨਕ ਸੋ ਸੇਵਕੁ ਦਹ ਦਿਸਿ **ਪ੍ਰਗਟਾਇਆ**।" (ਪ੍ਰਸਿੱਧ ਕੀਤਾ ਰੋਸ਼ਨ ਕੀਤਾ) — ਗਉ **੫**, ਸੁਖ ੧੨, ੪ : ੧੦ (285)

"ਜਹ ਜਹ ਸੰਤ ਅਰਾਧਿਆ ਤਹ ਤਹ **ਪ੍ਰਗਟਾਇਆ**।" (ਪ੍ਰਤੱਖ ਹੋਇਆ) — ਆਸਾ **੫**, ਛੰਤ ੬, ੪ : ੨ (456)

ਪ੍ਰਗਟਾਏ —

"ਕਿਨਿ ਬਿਧਿ ਮਿਲੀਐ ਕਿਨਿ ਬਿਧਿ ਬਿਛੁਰੈ ਇਹ ਬਿਧਿ ਕਉਣੁ **ਪ੍ਰਗਟਾਏ** ਜੀਉ।" (ਦਸੇ ਪ੍ਰਤਖ ਕਰੇ) — ਮਾਝ **੫**, ਅਸ ੩੬, ੩ : ੩ (131)

ਪ੍ਰਗਟਾਨੀ — ਪ੍ਰਗਟ/ਪ੍ਰਤੱਖ ਹੋਈ

"ਜਿਤੁ ਲਾਗੋ ਮਨੁ ਬਾਸਨਾ ਅੰਤਿ ਸਾਈ **ਪ੍ਰਗਟਾਨੀ**।" — ਗਉ **੫**, ਅਸ ੧੫, ੬ : ੨ (242)

ਪ੍ਰਗਟਾਵਣਿਆ — ਪ੍ਰਗਟ ਹੁੰਦਾ ਹੈ

"ਤੂ ਸਾਹਿਬ ਸਰਣਿ ਸੁਖਦਾਤਾ ਸਤਿ ਸੰਗਤਿ ਜਪਿ **ਪ੍ਰਗਟਾਵਣਿਆ**।" — ਮਾਝ **੫**, ਅਸ ੩੨, ੨ : ੩ (132)

ਪ੍ਰਗਟਾਵੈ — ਪ੍ਰਤੱਖ ਕਰੇ ਭਾਵ ਪ੍ਰਸਿੱਧ ਕਰੇ

"ਤਿਸੁ ਤਤਕਾਲ ਦਹ ਦਿਸ **ਪ੍ਰਗਟਾਵੈ**।" — ਗਉ **੫**, ਸੁਖ ੧੧, ੪ : ੪ (277)

ਪ੍ਰਗਟਿ — ਪ੍ਰਤੱਖ, ਪ੍ਰਕਾਸ਼ਮਾਨ
"ਆਦਿ ਜੁਗਾਦਿ **ਪ੍ਰਗਟਿ** ਪਰਤਾਪੁ।"
— ਗਉ **੫**, ੧੬੭, ੭ : ੧ (199)
"ਤਾ ਤੇ ਅੰਗਦੁ ਲਹਣਾ **ਪ੍ਰਗਟਿ** ਤਾਸੁ ਚਰਣਹ ਲਿਵ ਰਹਿਅਉ।" — ਸਵ **੩**, ੧੫ : ੨ (1395)
"ਕਲਿ ਸਮੁਦ੍ਰ ਭਏ ਰੂਪ **ਪ੍ਰਗਟਿ** ਹਰਿ ਨਾਮ ਉਧਾਰਨੁ (ਪ੍ਰਕਾਸ਼ਮਾਨ ਹੋਏ)"
— ਸਵ **੫**, ਮਥੁ ੭ : ੧ (1409)
ਹੋਰ ਰੂਪ — ਪ੍ਰਗਟਿਓ —
"**ਪ੍ਰਗਟਿਓ** ਸੋ ਜਨੁ ਸਗਲੇ ਭਵਨ।" (ਪ੍ਰਤੱਖ ਹੋ ਗਿਆ/ਪ੍ਰਸਿਧ ਹੋ ਗਿਆ)
— ਆਸਾ **੫**, ੮੯, ੩ : ੧ (393)
"**ਪ੍ਰਗਟਿਓ** ਜੋਤਿ ਸਹਜ ਸੁਖ ਸੋਭਾ ਬਾਜੇ ਅਨਹਤ ਬਾਨੀ।" (ਪ੍ਰਕਾਸ਼ ਹੋ ਗਿਆ)
— ਧਨਾ **੫**, ੫, ੪ : ੧ (672)
ਪ੍ਰਗਟਿਆ —
"ਐਸੇ ਗਿਆਨ **ਪ੍ਰਗਟਿਆ** ਪੁਰਖੋਤਮ ਕਹੁ ਕਬੀਰ ਰੰਗਿ ਰਾਤਾ।" (ਪ੍ਰਗਟ/ਪ੍ਰਤੱਖ, ਪ੍ਰਕਾਸ਼ਮਾਨ ਹੋਇਆ)
— ਸਿਰੀ **ਕਬ**, ੩, ੪ : ੧ (92)
"ਵਿਖੁ ਵਿਚਿ ਅੰਮ੍ਰਿਤੁ **ਪ੍ਰਗਟਿਆ** ਕਰਮਿ ਪੀਆਵਣਹਾਰੁ।" (ਪ੍ਰਤੱਖ ਹੋਇਆ, ਪ੍ਰਗਟ ਹੋਇਆ)
— ਸੋਰ **੪**, ਵਾਰ ੧੦ਸ, **੩**, ੨ : ੫ (646)

ਪ੍ਰਗਟਿਤ — ਪ੍ਰਗਟ ਹੁੰਦੀਆਂ ਹਨ ਭਾਵ ਉਠਦੀਆਂ ਹਨ
"ਨਿਰਮਲ ਨਾਮੁ ਸੁਧਾ ਪਰਪੂਰਨ ਸਬਦ ਤਰੰਗ **ਪ੍ਰਗਟਿਤ** ਦਿਨ ਆਗਰੁ।"
— ਸਵ **੪**, ਮਥੁ ੪ : ੧ (1404)

ਪ੍ਰਗਟੀ — ਪ੍ਰਗਟ ਹੋਈ, ਉਦੈ ਹੋਈ, ਪ੍ਰਕਾਸ਼ਮਾਨ ਹੋਈ
"ਗੁਰਮੁਖਿ ਬੁਧਿ **ਪ੍ਰਗਟੀ** ਪ੍ਰਭ ਜਾਸੁ।"
— ਗਉ **੩**, ਅਸ ੭, ੭ : ੩ (232)
"ਮਸਤਕਿ ਮਣੀ ਪ੍ਰੀਤਿ ਬਹੁ **ਪ੍ਰਗਟੀ** ਹਰਿ ਨਾਮੈ ਹਰਿ ਸੋਹਾਇਆ।" (ਭਾਵ ਚਮਕੀ)
— ਆਸਾ **੪**, ਛੰਤ ੧੨, ੧ : ੪ (446)
ਹੋਰ ਰੂਪ — ਪ੍ਰਗਟੀਆ —
"ਨਿਰਭਉ ਨਿਰੰਕਾਰੁ ਅਲਖੁ ਹੈ ਗੁਰਮੁਖਿ **ਪ੍ਰਗਟੀਆ**।" (ਪ੍ਰਤੱਖ ਹੋਇਆ)
— ਗੂਜ **੩**, ਵਾਰ ੧੯ : ੪ (516)

ਪ੍ਰਗਟੀਨਾ — ਪ੍ਰਗਟ ਹੋ ਗਿਆ, ਪ੍ਰਸਿੱਧ ਹੋ ਗਿਆ ਭਾਵ ਫੈਲ ਗਿਆ
"ਜੈ ਜੈ ਕਾਰੁ ਜਗਤਿ **ਪ੍ਰਗਟੀਨਾ**।"
— ਬਿਲਾ **੫**, ੧੨, ੭ : ੨ (804)

ਪ੍ਰਗਟੁ — 1. ਪ੍ਰਤੱਖ, ਪ੍ਰਕਾਸ਼ਮਾਨ
"ਗੁਪਤੁ **ਪ੍ਰਗਟੁ** ਸਭ ਜਾਣੀਐ ਜੇ ਮਨੁ ਰਾਖੈ ਠਾਇ।"
— ਸਿਰੀ **੧**, ਅਸ ੭, ੩ : ੨ (57)
"ਦੂਖ ਭੂਖ ਦਾਰਿਦ੍ਰ ਨਾਠੇ **ਪ੍ਰਗਟੁ** ਮਗੁ ਦਿਖਾਇਆ।" (ਪ੍ਰਤੱਖ, ਸਹੀ)
— ਆਸਾ **੫**, ਛੰਤ ੯, ੪ : ੩ (459)
"ਗੁਝਾ ਕਮਾਣਾ **ਪ੍ਰਗਟੁ** ਹੋਆ ਈਤ ਉਤਹਿ ਖੁਆਰੀ।" (ਜ਼ਾਹਰ ਹੋਇਆ)
— ਆਸਾ **੫**, ਛੰਤ ੧੧, ੩ : ੫ (460)
"ਭਰਪੁਰਿ ਧਾਰਿ ਰਹਿਆ ਨਿਹਕੇਵਲੁ ਗੁਪਤੁ **ਪ੍ਰਗਟੁ** ਸਭ ਠਾਈ ਹੇ।" (ਪ੍ਰਤੱਖ)
— ਮਾਰੂ **੧**, ਸੋਲਾ ੨, ੧੨ : ੩ (1022)
2. ਪ੍ਰਸਿੱਧ
"ਜਿਹ ਪ੍ਰਸਾਦਿ ਤੂੰ **ਪ੍ਰਗਟੁ** ਸੰਸਾਰਿ।" (ਪ੍ਰਸਿੱਧ)
— ਗਉ **੫**, ਸੁਖ ੬, ੭ : ੧ (270)

ਪ੍ਰਗਟੇ — 1. ਪ੍ਰਤੱਖ ਹੋਏ, ਜ਼ਾਹਿਰ ਹੋਏ
"ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ **ਪ੍ਰਗਟੇ** ਆਇ।" — ਮਾਝ **੫**, ਬਾਰਾ ੧੩ : ੧ (136)
"**ਪ੍ਰਗਟੇ** ਗੁਪਾਲ ਮਹਾਂਤ ਕੈ ਮਾਥੈ।" (ਪ੍ਰਤੱਖ ਹੁੰਦੇ/ ਝਲਕਦੇ ਹਨ)
— ਗਉ **੫**, ਸੁਖ ੨੪, ੩ : ੯ (295)
"ਕੋਟਿ ਬਿਘਨ ਲਾਥੇ ਪ੍ਰਭ ਸਰਣਾ **ਪ੍ਰਗਟੇ** ਭਲੇ ਸੰਜੋਗਾ।" (ਭਾਵ ਖੁਲ੍ਹੇ)
— ਸੋਰ **੫**, ੧੧, ੧ : ੨ (611)
ਹੋਰ ਰੂਪ — ਪ੍ਰਗਟੈ —
"ਸਾਧ ਕੈ ਸੰਗਿ **ਪ੍ਰਗਟੈ** ਸੁ ਗਿਆਨੁ।" (ਪ੍ਰਤੱਖ ਹੁੰਦਾ ਹੈ, ਜ਼ਾਹਿਰ ਹੁੰਦਾ ਹੈ, ਭਾਵ ਸਮਝ ਆਉਂਦਾ ਹੈ)
— ਗਉ **੫**, ਸੁਖ ੭, ੧ : ੪ (271)
2. ਪ੍ਰਸਿੱਧ/ਉਘੇ ਹੋਏ

"ਜਨ ਨਾਨਕ ਹਰਿ ਹਰਿ ਹਰਿ ਜਪਿ **ਪ੍ਰਗਟੇ** ਮਤਿ ਗੁਰਮਤਿ ਨਾਮਿ ਸਮਾਨੇ।"
— ਗਉ **੪**, ੫੬, ੪ : ੨ (170)

ਪ੍ਰਗਾਸ — ਪ੍ਰਜਵਲਤ
"ਗਤਿ ਪਾਵਹਿ ਮਤਿ ਹੋਇ **ਪ੍ਰਗਾਸ**।" (ਭਾਵ ਉਜਲੀ) — ਗਉ **੫**, ਬਾਅ ੩੨ : ੪ (257)
"ਬੁਧਿ **ਪ੍ਰਗਾਸ** ਪ੍ਰਗਟ ਭਈ ਉਲਟਿ ਕਮਲ ਬਿਗਸਨਾ।" (ਭਾਵ ਚਮਕ ਉਠੀ)
— ਬਿਲਾ **੫**, ੪੩, ੨ : ੨ (811)
2. ਚਾਣਨ
"ਘਟਿ ਘਟਿ ਪੂਰਨ ਬ੍ਰਹਮ **ਪ੍ਰਗਾਸ**।"
— ਗਉ **੫**, ਸੁਖ ੧੧, ੪ : ੮ (277)
"ਸੰਤ ਸੰਗਤਿ ਮਿਲਿ ਭਇਆ **ਪ੍ਰਗਾਸ**।"
— ਪ੍ਰਭਾ **੫**, ੧੨, ੧ : ੧ (1341)
ਹੋਰ ਰੂਪ — ਪ੍ਰਗਾਸਾ —
"ਤੁਮਰੀ ਕ੍ਰਿਪਾ ਤੇ ਹੋਇ **ਪ੍ਰਗਾਸਾ** ਸਰਬ ਮਇਆ ਪ੍ਰਤਿਪਾਲਾ ਜੀਉ।"
— ਮਾਝ **੫**, ੩੩, ੩ : ੩ (104)
3. ਭਾਵ ਖਿੜਨਾ
"ਚਾਰਿ ਪਦਾਰਥ ਕਮਲ **ਪ੍ਰਗਾਸ**।" (ਹਿਰਦੇ ਰੂਪ ਕਮਲ ਖਿੜ ਜਾਂਦਾ ਹੈ)
— ਗਉ **੫**, ਸੁਖ ੨੪, ੬ : ੫ (296)
4. ਪ੍ਰਕਾਸ਼ਮਾਨ ਹੋਣ ਭਾਵ ਉਦੈ ਹੋਣ
"ਰਵਿ **ਪ੍ਰਗਾਸ** ਰਜਨੀ ਜਥਾ ਗਤਿ ਜਾਨਤ ਸਭ ਸੰਸਾਰ।"
— ਗਉ **ਰਵਿ**, ਅਸ ੧, ੫ : ੧ (346)

ਪ੍ਰਗਾਸਾ — 1. ਚਾਣਨ, ਵੇਖੋ 'ਪ੍ਰਗਾਸ' (2)
2. ਜਨਮ ਲਿਆ ਪ੍ਰਕਾਸ਼ਮਾਨ ਹੋਏ
"ਗੁਰ ਰਾਮਦਾਸ ਘਰਿ ਜੀਅਉ **ਪ੍ਰਗਾਸਾ**।"
— ਸਵ **੫**, ਕਲ ੧ : ੫ (1406)

ਪ੍ਰਗਾਸਿ — ਭਾਵ ਖਿੜਕੇ
"ਕਮਲੁ **ਪ੍ਰਗਾਸਿ** ਸਦਾ ਰੰਗਿ ਰਾਤਾ ਅਨਹਦ ਸਬਦੁ ਵਜਾਇਆ।" — ਸੋਰ **੩**, ੭, ੩ : ੩ (602)
ਹੋਰ ਰੂਪ — ਪ੍ਰਗਾਸਿਆ —
"ਅੰਤਰਿ ਕਮਲੁ **ਪ੍ਰਗਾਸਿਆ** ਅੰਮ੍ਰਿਤੁ ਭਰਿਆ ਅਘਾਇ।" (ਖਿੜਿਆ)
— ਸਿਰੀ **੧**, ੨੦, ੪ : ੨ (22)

ਪ੍ਰਗਾਸਿਆ — 1. ਖਿੜਿਆ, ਵੇਖੋ 'ਪ੍ਰਗਾਸਿ'
ਹੋਰ ਰੂਪ — ਪ੍ਰਗਾਸੀ —
"ਸਚੈ ਸਬਦਿ ਸਦਾ ਮਤਿ ਉਤਮ ਅੰਤਰਿ ਕਮਲੁ **ਪ੍ਰਗਾਸੀ** ਹੇ।" (ਖਿੜਾ ਦਿਤਾ)
— ਮਾਰੂ **੩**, ਸੋਲਾ ੫, ੩ : ੩ (1048)
ਪ੍ਰਗਾਸੀਐ —
"ਗੁਰ ਮੁਖਿ ਕਮਲੁ **ਪ੍ਰਗਾਸੀਐ** ਭਾਈ ਰਿਦੈ ਹੋਵੈ ਪਰਗਾਸੁ।"
— ਸੋਰ **੫**, ਅਸ ੧, ੫ : ੩ (640)
2. ਪ੍ਰਗਟ ਹੈ, ਜ਼ਾਹਿਰ ਹੈ
"ਜੈਸੇ ਧਰਤੀ ਮਧੇ ਪਾਣੀ **ਪਰਗਾਸਿਆ** ਬਿਨੁ ਪਗਾ ਵਰਸਤ ਫਿਰਾਹੀ।"
— ਗਉ **੩**, ੩੫, ੧ : ੨ (162)
3. ਦਸਿਆ, ਪ੍ਰਗਟਾਇਆ
"ਹਰਿ ਹਰਿ ਨਾਮੁ **ਪਰਗਾਸਿਆ** ਮੇਰੇ ਗੋਵਿੰਦਾ ਸਭ ਦਾਲਦ ਦੁਖ ਲਹਿ ਜਾਹੀ ਜੀਉ।"
— ਮਾਝ **੪**, ੬੨, ੧ : ੩ (173)
4. ਸਮਝ ਵਿਚ ਲਿਆਂਦਾ, ਸਮਝਾਇਆ
"ਸੋ ਮਰਨਾ ਗੁਰ ਸਬਦਿ **ਪ੍ਰਗਾਸਿਆ**।"
— ਗਉ **ਕਬ**, ੨੦, ੧ : ੨ (327)
5. ਜਗਿਆ, ਰੋਸ਼ਨ ਹੋਇਆ, ਪ੍ਰਕਾਸ਼ਮਾਨ ਹੋਇਆ
"ਨਾਨਕ ਨਾਮੁ ਰਤਨੁ **ਪਰਗਾਸਿਆ** ਐਸੀ ਗੁਰਮਤਿ ਪਾਈ।"— ਆਸਾ **੧**, ਛੰਤ ੩, ੩ : ੬ (437)
ਹੋਰ ਰੂਪ — ਪ੍ਰਗਾਸੀ —
"ਮਨਮੁਖ ਅੰਧੇ ਕਿਛੂ ਨ ਸੂਝੈ ਗੁਰਮਤਿ ਨਾਮੁ **ਪ੍ਰਗਾਸੀ** ਹੇ।" (ਪ੍ਰਕਾਸ਼ਮਾਨ ਕੀਤਾ)
— ਮਾਰੂ **੩**, ਸੋਲਾ ੫, ੧੪ : ੩ (1040)
"ਗੁਰ ਦਰਸੁ ਪਾਇਆ ਅਗਿਆਨੁ ਗਵਾਇਆ ਅੰਤਰਿ ਜੋਤਿ **ਪ੍ਰਗਾਸੀ**।" (ਜਗਾਈ)
— ਤੁਖਾ **੪**, ਛੰਤ ੪, ੧ : ੩ (1116)
ਪ੍ਰਗਾਸੀਆ —
"ਅੰਤਰਿ ਜੋਤਿ **ਪ੍ਰਗਾਸੀਆ** ਏਕਸੁ ਸਿਉ ਲਿਵ ਲਾਇ।" (ਜਗਾਈ)
— ਸਿਰੀ **੫**, ੮੧, ੧ : ੨ (46)
6. ਬਣਿਆ, ਹੋਂਦ ਵਿਚ ਆਇਆ
"ਜਿਉ **ਪ੍ਰਗਾਸਿਆ** ਮਾਟੀ ਕੁੰਭੇਉ।"
— ਪ੍ਰਭਾ **ਨਾਮ**, ੩, ੨ : ੧ (1351)

ਪ੍ਰਗਾਸੁ — 1. ਰੋਸ਼ਨ, ਪ੍ਰਕਾਸ਼ਮਾਨ, ਪ੍ਰਗਟ

"ਜਿਸੁ ਅੰਦਰਿ ਨਾਮ **ਪ੍ਰਗਾਸੁ** ਹੈ ਓਹੁ ਸਦਾ ਸਦਾ ਥਿਰੁ ਹੋਇ।" — ਸਿਰੀ **੩**, ੩੨, ੩ : ੪ (28)

2. ਚਾਨਣ, ਪ੍ਰਕਾਸ਼

"ਭਇਓ **ਪ੍ਰਗਾਸੁ** ਸਰਬ ਉਜੀਆਰਾ ਗੁਰ ਗਿਆਨੁ ਮਨਹਿ ਪ੍ਰਗਟਾਇਓ।"

— ਗਉ **੫**, ੧੩੬, ੨ : ੧ (209)

"ਤਾ ਕੈ ਹਿਰਦੈ ਹੋਇ **ਪ੍ਰਗਾਸੁ**।" (ਗਿਆਨ ਦਾ ਚਾਨਣ) — ਗੋਂਡ **੫**, ੧੨, ੪ : ੨ (866)

3. ਗਿਆਨ ਹੋ ਗਿਆ, ਸਮਝ ਆ ਗਈ

"ਗੁਰਮੁਖਿ **ਪ੍ਰਗਾਸੁ** ਭਇਆ ਸਾਤਿ ਆਈ ਦੁਰਮਤਿ ਬੁਧਿ ਨਿਵਾਰੀ।"

— ਸੋਰ **੪**, ੨, ੩ : ੧ (607)

4. ਖਿੜ ਗਿਆ

"ਕਮਲ **ਪ੍ਰਗਾਸੁ** ਭਇਆ ਗੁਰੁ ਪਾਇਆ ਹਰਿ ਜਪਿਓ ਭ੍ਰਮੁ ਭਉ ਭਾਗਾ।"

— ਮਾਲੀ **੪**, ੪, ੧* : ੨ (985)

ਪ੍ਰਗਾਸੇ — ਪ੍ਰਜਵਲਿਤ ਹੋਏ, ਰੋਸ਼ਨ ਹੋ ਗਏ

"ਨਾਮੁ ਨਿਧਾਨੁ ਧਿਆਨ ਅੰਤਰਗਤਿ ਤੇਜ ਪੁੰਜ ਤਿਹੁ ਲੋਗ **ਪ੍ਰਗਾਸੇ**।"

— ਸਵ **੪**, ਮਥੁ ੬ : ੧ (1404)

ਪ੍ਰਚੰਡ — ਬਹੁਤ ਤੇਜ਼

"ਕਰਿ ਪ੍ਰਗਾਸੁ **ਪ੍ਰਚੰਡ** ਪ੍ਰਗਟਿਓ ਅੰਧਕਾਰੁ ਬਿਨਾਸੁ।" — ਮਾਰੂ **੫**, ਅਸ ੩, ੫ : ੧ (1018)

ਹੋਰ ਰੂਪ — ਪ੍ਰਚੰਡੁ —

"ਗਿਆਨੁ **ਪ੍ਰਚੰਡੁ** ਬਲਿਆ ਘਟਿ ਚਾਨਣੁ ਘਰ ਮੰਦਰ ਸੋਹਾਇਆ।" (ਤੇਜ਼)

— ਸੂਹੀ **੪**, ਛੰਤ ੩, ੩ : ੪ (774)

ਪ੍ਰਜਾਰੈ — ਸਾੜੇ, ਭਸਮ ਕਰੇ

"ਗੁਹਜ ਪਾਵਕੋ ਬਹੁਤੁ **ਪ੍ਰਜਾਰੈ** ਮੋ ਕਉ ਸਤਿਗੁਰਿ ਦੀਓ ਹੈ ਬਤਾਇ।"

— ਗੂਜ **੫**, ੨੧, ੧* : ੨ (500)

ਪ੍ਰਣਵਤਿ — ਬੇਨਤੀ ਕਰਦਾ ਹੈ, ਸਤਿਕਾਰ ਨਾਲ ਕਹਿਣਾ

"**ਪ੍ਰਣਵਤਿ** ਨਾਨਕ ਤਿਨ ਕੀ ਸਰਣਾ ਜਿਨ ਤੂ ਨਾਹੀ ਵਿਸਰਿਆ।"— ਆਸਾ **੧**, ਸੋਪੁ ੩, ੨ : ੨ (12)

(ਮਹਾਨਕੋਸ਼ ਇਸ ਦੇ ਅਰਥ 'ਸ਼ਰਧਾਵਾਨ' ਕਰਦਾ ਹੈ)

ਪ੍ਰਣਵੈ — ਨਿਮਰਤਾ ਸਹਿਤ ਕਹਿਣਾ, ਕਹਿਣਾ

"**ਪ੍ਰਣਵੈ** ਨਾਨਕੁ ਬੇਨਤੀ ਤੂ ਸਰਵਰੁ ਤੂ ਹੰਸੁ।"

— ਸਿਰੀ **੧**, ੨੫, ੪ : ੧ (23)

"ਥਾਨ ਥਨੰਤਰਿ ਨਾਮਾ **ਪ੍ਰਣਵੈ** ਪੂਰਿ ਰਹਿਓ ਤੂੰ ਸਰਬ ਮਹੀ।"— ਆਸਾ **ਨਾਮ**, ੨, ੪ : ੨ (485)

(ਮਹਾਨਕੋਸ਼ ਇਥੇ ਅਰਥ 'ਨਮਸਕਾਰ ਕਰਦਾ ਹੈ' ਕਰਦਾ ਹੈ)

"ਨਾਮਾ **ਪ੍ਰਣਵੈ** ਸੇਲ ਮਸੇਲ।" (ਕਹੇ)

— ਭੈਰ **ਨਾਮ**, ੧੦, ੧੯ : ੧ (1166)

ਪ੍ਰਤਖਿ — ਪ੍ਰਗਟ ਤੌਰ ਤੇ, ਜ਼ਾਹਿਰਾ

"ਤੀਨਿ ਦੇਵ **ਪ੍ਰਤੱਖਿ** ਤੋਰਹਿ ਕਰਹਿ ਕਿਸ ਕੀ ਸੇਉ।" — ਆਸਾ **ਕਬ**, ੧੪, ੨ : ੨ (479)

"ਮਿਲੇ **ਪ੍ਰਤਖਿ** ਗੁਸਾਈਆ ਧੰਨਾ ਵਡਭਾਗਾ।"

— ਆਸਾ **ਧਨਾ** ੨, ੪ : ੨ (488)

ਪ੍ਰਤਗਿਆ — ਦ੍ਰਿੜ ਨਿਸ਼ਚਾ

"ਰਾਮ ਸੰਗਿ ਨਾਮਦੇਵ ਜਨ ਕਉ **ਪ੍ਰਤਗਿਆ** ਆਈ।" — ਟੋਡੀ **ਨਾਮ**, ੨, ੧ : ੧ (718)

ਪ੍ਰਤਪਾਨੀ — ਬਹੁਤ ਤਪਾਨਾ

"ਸਰਬ ਜੀਅ ਕੀਏ **ਪ੍ਰਤਪਾਨੀ**।"

— ਮਲਾ **੧**, ਅਸ ੫, ੩ : ੧ (1275)

ਪ੍ਰਤਾਪ — ਵਡਿਆਈ, ਇਕਬਾਲ, ਤੇਜ

"ਅਨਦੁ ਭਇਆ ਪੇਖਤ ਹੀ ਨਾਨਕ **ਪ੍ਰਤਾਪ** ਪੁਰਖ ਨਿਰਬਾਣੀ।" — ਸੋਰ **੫**, ੧੮, ੪ : ੨ (614)

ਪ੍ਰਤਾਪਿ — 1. ਮਿਹਰ ਸਦਕਾ, ਦਇਆ ਸਦਕਾ

"ਹਰਿ **ਪ੍ਰਤਾਪਿ** ਜਨ ਅਵਰ ਨ ਜਾਣੀ।"

— ਗਉ **੫**, ਸੁਖ ੨, ੭ : ੪ (265)

"ਸੰਤ **ਪ੍ਰਤਾਪਿ** ਦੁਰਤੁ ਸਭੁ ਨਸੈ।"

— ਗਉ **੫**, ਸੁਖ ੨, ੮ : ੬ (265)

2. ਬਲ/ਤੇਜ/ਜ਼ੋਰ ਨਾਲ

"ਸੰਤ **ਪ੍ਰਤਾਪਿ** ਸਾਧ ਕੈ ਸੰਗੇ ਹਰਿ ਹਰਿ ਨਾਮੁ ਧਿਆਵਉ ਰੇ।"

— ਆਸਾ **੫**, ੬੪, ੧* : ੨ (387)

"ਨਠੇ ਤਾਪ ਦੁਖ ਰੋਗ ਪੂਰੈ ਗੁਰ **ਪ੍ਰਤਾਪਿ**।"

— ਗੂਜ **੫**, ਵਾਰ ੧੩ : ੪ (521)

ਹੋਰ ਰੂਪ — ਪ੍ਰਤਾਪੁ —

"ਪ੍ਰਗਟ **ਪ੍ਰਤਾਪੁ** ਵਰਤਾਇਓ ਸਭੁ ਲੋਕੁ ਕਰੈ ਜੈਕਾਰੁ ਜੀਉ।" (ਤੇਜ਼)

— ਸਿਰੀ **੧**, ਅਸ ੨੮, ੧੭ : ੩ (72)
"ਭਗਤਿ ਸਿਰਪਾਉ ਦੀਓ ਜਨ ਅਪੁਨੇ **ਪ੍ਰਤਾਪੁ** ਨਾਨਕ ਪ੍ਰਭ ਜਾਤਾ।" (ਵਡਿਆਈ)
— ਸੋਰ **੫**, ੯੪, ੨ : ੨ (631)

ਪ੍ਰਤਿ — 1. ਹਠ
"ਦਿਨ **ਪ੍ਰਤਿ** ਕਰੈ ਕਰੈ ਪਛੁਤਾਪੈ ਸੋਗ ਲੋਭ ਮਹਿ ਸੂਕੈ।" — ਧਨਾ **੫**, ੬, ੩ : ੨ (672)
"ਨਿਤ **ਪ੍ਰਤਿ** ਨਾਵਣੁ ਰਾਮ ਸਰਿ ਕੀਜੈ।" (ਭਾਵ ਹਰ ਰੋਜ਼) — ਗਉ **੫**, ੧੬੪, ੧* : ੧ (198)
2. ਨਾਲ
"ਅਜਾਮਲ ਪ੍ਰੀਤਿ ਪੁਤ੍ਰ **ਪਤਿ** ਕੀਨੀ ਕਰਿ ਨਾਰਾਇਣ ਬੋਲਾਰੇ।"
— ਨਟ **੪**, ਅਸ ੩, ੨ : ੧ (981)

ਪ੍ਰਤਿਹਾਰ — 1. ਦਰਬਾਨ
"ਧਰਮ ਕੋਟਿ ਜਾ ਕੈ **ਪ੍ਰਤਿਹਾਰ**।"
— ਭੈਰ **ਕਬ**, ਅਸ ੨, ੨ : ੪ (1163)

ਪ੍ਰਤਿ-ਨਿਤ — ਨਿਤਾ ਪ੍ਰਤੀ, ਹਮੇਸ਼ਾ, ਸਦਾ
"ਬਰਧਮਾਨ ਹੋਵਤ ਦਿਨ **ਪ੍ਰਤਿਨਿਤ** ਆਵਤ ਨਿਕਟਿ ਬਿਖੰਮ ਜਰੀ।" — ਸਮੁ **੫**, ੩* : ੪ (1387)
('ਦਰਪਣ' 'ਦਿਨਪ੍ਰਤਿ' ਵਜੋਂ ਸੰਦੀ ਛੇਦ ਕਰਕੇ ਅਰਥ 'ਹਰ ਰੋਜ਼' 'ਸਦਾ' ਕਰਦਾ ਹੈ)

ਪ੍ਰਤਿਪਲਘਾ — ਪ੍ਰਤਿਪਾਲਕ, ਪਾਲਣਾ ਕਰਨ ਵਾਲੇ
"ਹਰਿ ਰਾਖੁ ਰਾਖੁ ਜਨ ਕਿਰਮ ਤੁਮਾਰੇ ਸਰਣਾਗਤਿ ਪੁਰਖ **ਪ੍ਰਤਿਪਲਘਾ**।"
— ਸੂਹੀ **੪**, ੨, ੩ : ੧ (731)

ਪ੍ਰਤਿਪਲੀਆ — ਪਾਲਦਾ ਹੈ
"ਜੀਅ ਜੰਤ ਸਗਲੇ **ਪ੍ਰਤਿਪਲੀਆ**।"
— ਮਾਰੂ **੫**, ੧੮, ੧* : ੨ (1004)

ਪ੍ਰਤਿਪਾਰ — ਪਾਲਨਾ
"ਸੋ ਕਾਹੇ ਨ ਕਰੈ **ਪ੍ਰਤਿਪਾਰ**।"
— ਗਉ **ਕਬ**, ੨੨, ੨ : ੨ (328)

ਪ੍ਰਤਿਪਾਰਨ — ਪਾਲਣਹਾਰਾ
"ਸਰਬ ਧਾਰਨ **ਪ੍ਰਤਿਪਾਰਨ** ਇਕ ਬਿਨਉ ਦੀਨਾ।"
— ਮਾਰੂ **੫**, ੨੨, ੨ : ੧ (1005)

ਪ੍ਰਤਿਪਾਰਿਆ — ਪਾਲਿਆ, ਪਾਲਣਾ ਕੀਤੀ
"ਹੋਏ ਕ੍ਰਿਪਾਲ ਮਾਤ ਪਿਤ ਨਿਆਈ ਬਾਰਿਕ ਜਿਉ **ਪ੍ਰਤਿਪਾਰਿਆ**।"— ਆਸਾ **੫**, ੪੫, ੧ : ੨ (382)

ਪ੍ਰਤਿਪਾਰੇ — 1. ਪਾਲੇ, ਪਾਲਣਾ ਕਰੇ
"ਜੀਅ ਜੰਤ ਸਗਲੇ **ਪ੍ਰਤਿਪਾਰੇ**।"
— ਮਾਝ **੫**, ੩੦, ੩ : ੨ (103)
2. ਪਾਲੇ ਹੋਏ
"ਹਮ ਬਾਰਿਕ **ਪ੍ਰਤਿਪਾਰੇ** ਤੁਮਰੇ ਤੂ ਬਡ ਪੁਰਖੁ ਪਿਤਾ ਮੇਰਾ ਮਾਇਆ।"
— ਕਲਿ **੪**, ੧, ੧* : ੨ (1319)
ਹੋਰ ਰੂਪ — ਪ੍ਰਤਿਪਾਰੈ —
"ਨਿਤ **ਪ੍ਰਤਿਪਾਰੈ** ਬਾਪ ਜੈਸੇ ਮਾਈ।" (ਪ੍ਰਤਿਪਾਲਣਾ ਕਰਦਾ ਹੈ)
— ਗਉ **੫**, ੧੧੩*, ੧ : ੨ (202)

ਪ੍ਰਤਿਪਾਲ — 1. ਪਾਲਣਹਾਰ, ਪ੍ਰਤਿਪਾਲਕ
"**ਪ੍ਰਤਿਪਾਲ** ਮਹਾ ਦਇਆਲ ਦਾਨਾ ਦਇਆ ਧਾਰੇ ਸਭ ਕਿਸੈ।"— ਗਉ **੫**, ਛੰਤ ੩, ੪ : ੩ (249)
"ਥਾਨ ਥਨੰਤਰਿ ਰਵਿ ਰਹਿਆ ਸਰਬ ਜੀਆ **ਪ੍ਰਤਿਪਾਲ** ਜੀਉ।"
— ਸੂਹੀ **੫**, ਅਸ ੩, ੫ : ੧ (760)
2. ਪਾਲਣਾ ਕਰਦਾ ਹੈ, ਪਾਲਦਾ ਹੈ
"ਸਾਧੂ ਸੰਗਤਿ ਨਿਰਮਲਾ ਆਪਿ ਕਰੇ **ਪ੍ਰਤਿਪਾਲ**।"— ਸਿਰੀ **੫**, ੮੦, ੨ : ੨ (45)
"ਜਿਉ ਭਾਵੈ ਤਿਉ ਮੋਹਿ **ਪ੍ਰਤਿਪਾਲ**।" (ਪਾਲਣਾ ਕਰ) — ਬਿਲਾ **੫**, ੧੨੧, ੧* : ੧ (828)
ਹੋਰ ਰੂਪ — ਪ੍ਰਤਿਪਾਲੰ —
"ਜੇਨ ਕਲਾ ਮਾਤ ਗਰਭ **ਪ੍ਰਤਿਪਾਲੰ** ਨਹ ਛੇਦੰਤ ਜਠਰ ਰੋਗਣਹ।"
— ਸਸ **੫**, ੫੩ : ੩ (1359)
3. ਪ੍ਰਤਿਪਾਲਣਾ, ਰਖਿਆ
"ਅਪਨੇ ਭਗਤ ਪਰਿ ਕੀ **ਪ੍ਰਤਿਪਾਲ**।"
— ਭੈਰ **ਨਾਮ**, ੧੦, ੧੬ : ੧ (1166)

ਪ੍ਰਤਿਪਾਲਹਿ — ਪਾਲਣਾ ਕਰਦਾ ਹੈ
"ਸਰਬ **ਪ੍ਰਤਿਪਾਲਹਿ** ਸਗਲ ਸਮਾਲਹਿ ਸਗਲਿਆ ਤੇਰੀ ਛਾਉ।" — ਕੇਦਾ **੫**, ੪, ੨ : ੧ (1120)
ਹੋਰ ਰੂਪ — ਪ੍ਰਤਿਪਾਲਹੀ —
"ਤੂ ਸਰਬ ਜੀਆ **ਪ੍ਰਤਿਪਾਲਹੀ**।" (ਪਾਲਦਾਂ ਹੈ) — ਸਿਰੀ **੧**, ੧੮, ੧ : ੨ (20)
ਪ੍ਰਤਿਪਾਲਹੁ —
"ਨਿਮਖ ਨਿਮਖ ਤੁਮ ਹੀ **ਪ੍ਰਤਿਪਾਲਹੁ** ਹਮ

ਬਾਰਿਕ ਤੁਮਰੇ ਧਾਰੇ।" (ਪਾਲਣਾ ਕਰਦੇ ਹੋ) — ਧਨਾ **ਪ**, ੧੨, ੧ : ੨ (674)

ਪ੍ਰਤਿਪਾਲਕ — ਪਾਲਣਹਾਰ, ਪਾਲਣਾ ਕਰਨ ਵਾਲਾ
"ਤੁਮ ਦਇਆਲ ਸਰਣਿ **ਪ੍ਰਤਿਪਾਲਕ** ਮੋ ਕਉ ਦੀਜੈ ਦਾਨੁਹਰਿ ਹਮ ਜਾਚੇ।"
— ਗਉ **੪**, ਪ, ਪ, ੩ : ੧ (169)

ਪ੍ਰਤਿਪਾਲਕਹ — ਪਾਲਣਹਾਰ, ਪਾਲਣ ਵਾਲਾ
"ਦਇਆਲ ਏਕ ਭਗਵਾਨ ਪੁਰਖਹ ਨਾਨਕ ਸਰਬ ਜੀਅ **ਪ੍ਰਤਿਪਾਲਕਹ**।"
— ਸਸ **ਪ**, ੧੫ : ੩ (1355)

ਪ੍ਰਤਿਪਾਲਕੁ — ਪਾਲਣਹਾਰ
"ਜਿਸ ਕਾ ਸਾ ਸੋਈ **ਪ੍ਰਤਿਪਾਲਕੁ** ਹਤਿ ਤਿਆਗੀ ਹਉਮੈ ਹੰਤਨਾ।"
— ਮਾਰੂ **ਪ**, ਸੋਲਾ ੯, ੭ : ੩ (1080)

ਪ੍ਰਤਿਪਾਲਣ — ਪਾਲਣ
"ਕਰਿ ਕਿਰਪਾ **ਪ੍ਰਤਿਪਾਲਣ** ਲਾਗਾ ਕਰੀ ਤੇਰਾ ਕਰਾਇਆ।"— ਧਨਾ **ਪ**, ੭੧, ੧* : ੨ (627)
2. ਪਾਲਣਹਾਰ
"ਲੋਭ ਮੋਹ ਵਸਿ ਕਰਣ ਸਰਣ ਜਾਚਿਕ **ਪ੍ਰਤਿਪਾਲਣ**।"— ਸਵ **੨**, ਪ : ੩ (1391)

ਪ੍ਰਤਿਪਾਲਦਾ — ਪਾਲਣਾ ਕਰਦਾ
"ਹਰਿ ਜੀਅ ਸਭੇ **ਪ੍ਰਤਿਪਾਲਦਾ** ਘਟਿ ਘਟਿ ਰਮਈਆ ਸੋਇ।"
— ਸਿਰੀ **੪**, ਵਣ ੧, ੧ : ੨ (81)

ਪ੍ਰਤਿਪਾਲਾ — 1. ਪਾਲਣਾ
"ਹਮ ਬਾਰਿਕ ਦੀਨ ਕਰਹੁ **ਪ੍ਰਤਿਪਾਲਾ**।"
— ਮਾਝ **੪**, ੨, ੩ : ੨ (94)
2. ਪਾਲਣਹਾਰ, ਪਾਲਣਾ ਕਰਨ ਵਾਲੇ
"ਤੁਮਰੀ ਕ੍ਰਿਪਾ ਤੇ ਹੋਇ ਪ੍ਰਗਾਸਾ ਸਰਬ ਮਇਆ **ਪ੍ਰਤਿਪਾਲਾ** ਜੀਉ।"
— ਮਾਝ **ਪ**, ੩੩, ੩ : ੩ (104)
"ਜਿਥੈ ਰਖਹਿ ਬੈਕੁੰਠੁ ਤਿਥਾਈ ਤੂ ਸਭਨਾ ਕੇ **ਪ੍ਰਤਿਪਾਲਾ** ਜੀਉ।"
— ਮਾਝ **ਪ**, ੪੦, ੩ : ੩ (106)

ਪ੍ਰਤਿਪਾਲਿ — 1. ਪਾਲਣਹਾਰ, ਪਾਲਣਾ ਕਰਨ ਵਾਲਾ
"ਮਾਇਆ ਮੋਹਿ ਵਿਸਾਰਿਆ ਜਗਤ ਪਿਤਾ **ਪ੍ਰਤਿਪਾਲਿ**।" — ਸਿਰੀ **੩**, ੪੩, ੪ : ੧ (30)
2. ਪਾਲਣਾ ਕਰਦਾ ਹੈ
"ਸਾਸਿ ਸਾਸਿ ਸੰਤਹ **ਪ੍ਰਤਿਪਾਲਿ**।"
— ਗੋਂਡ **ਪ**, ੧੮, ੨ : ੩ (867)

ਪ੍ਰਤਿਪਾਲਿਓਨੁ — ਪਾਲਿਆ ਹੈ
"ਆਪੇ ਜੰਤ ਉਪਾਇ ਆਪਿ **ਪ੍ਰਤਿਪਾਲਿਓਨੁ**।"
— ਸੋਰ **੪**, ਵਾਰ ੨੮ : ੩ (653)

ਪ੍ਰਤਿਪਾਲਿਆ — ਪਾਲਣਾ ਕੀਤੀ
"ਮਾਤ ਗਰਭ ਮਹਿ ਜਿਨਿ **ਪ੍ਰਤਿਪਾਲਿਆ**।"
— ਮਾਰੂ **ਪ**, ਸੋਲਾ ੧, ੩ : ੧ (1071)

ਪ੍ਰਤਿਪਾਲੀ — ਪਾਲਣਹਾਰ, ਪਾਲਣਾ ਕਰਨ ਵਾਲਾ
"ਹਮ ਬਾਰਿਕ ਹਰਿ ਪਿਤਾ **ਪ੍ਰਤਿਪਾਲੀ**।"
— ਭੈਰ **੪**, ੩, ੪ : ੧ (1134)

ਪ੍ਰਤਿਪਾਲੇ — ਪਾਲਦਾ ਹੈ
"ਪ੍ਰਭ **ਪ੍ਰਤਿਪਾਲੇ** ਸੇਵਕ ਸੁਖਦਾਤਾ।"
— ਮਾਝ **ਪ**, ੨੫, ੧ : ੨ (101)
"ਨਾਨਕ ਦਾਸ ਖਸਮਿ **ਪ੍ਰਤਿਪਾਲੇ**।" (ਪਾਲੇ)
— ਬਿਲਾ **ਪ**, ੨, ੪ : ੩ (801)
ਹੋਰ ਰੂਪ — ਪ੍ਰਤਿਪਾਲੈ —
"ਦਇਆ ਪੁਰਖ ਪੂਰਨ **ਪ੍ਰਤਿਪਾਲੈ**।" (ਪਾਲਣਹਾਰ)
— ਗਉ **ਪ**, ਅਸ ੧੦, ੧* : ੨ (240)
"**ਪ੍ਰਤਿਪਾਲੈ** ਨਾਨਕ ਹਮਹਿ ਆਪਹਿ ਮਾਈ ਬਾਪ।" (ਪਾਲਦਾ ਹੈ)
— ਗਉ **ਪ**, ਬਾਅ ੩੨ : ੮ (257)

ਪ੍ਰਤਿਬਿੰਬੁ — ਪਰਛਾਵਾਂ, ਅਕਸ
"ਜਿਉ **ਪ੍ਰਤੀਬਿੰਬੁ** ਬਿੰਬ ਕਉ ਮਿਲੀ ਹੈ ਉਦਕ ਕੁੰਭੁ ਬਿਗਰਾਨਾ।" — ਆਸਾ **ਕਬ**, ੧, ੪ : ੧ (475)

ਪ੍ਰਤੀਤਿ — 1. ਗਿਆਨ,ਸੋਝੀ, ਜਾਣਕਾਰੀ
"ਆਤਮੇ ਨੋ ਆਤਮੇ ਦੀ **ਪ੍ਰਤੀਤਿ** ਹੋਇ ਤਾ ਘਰ ਹੀ ਪਰਚਾ ਪਾਇ।"
— ਸਿਰੀ **੪**, ਵਾਰ ੧੨ਸ, **੩**, ੧ : ੨ (87)
2. ਯਕੀਨ ਨਿਸਚਾ
"ਦ੍ਰਿੜੁ ਕਰਿ ਮਾਨੈ ਮਨਹਿ **ਪ੍ਰਤੀਤਿ**।"
— ਗਉ **ਪ**, ਸੁਖ ੪, ੭ : ਪ (267)
"ਹਿਰਦੈ **ਪ੍ਰਤੀਤਿ** ਬਨੀ ਪ੍ਰਭ ਕੇਰੀ ਸੇਵਾ ਸੁਰਤਿ ਬੀਚਾਰੀ।" — ਸਾਰ **੪**, ੨, ੧ : ੧ (1198)

ਪ੍ਰਥਮ — 1. ਪਹਿਲਾਂ
"**ਪ੍ਰਥਮ** ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ।" — ਤੁਖਾ **੪**, ਛੰਤ ੪, ੩ : ੧ (1116)
ਹੋਰ ਰੂਪ — ਪ੍ਰਥਮੇ —
"**ਪ੍ਰਥਮੇ** ਬ੍ਰਹਮਾ ਕਾਲੈ ਘਰਿ ਆਇਆ।"
— ਗਉ **੧**, ਅਸ ੧੪, ੧ : ੧ (227)
2. ਪਹਿਲਾ
"**ਪ੍ਰਥਮ** ਰਾਜ ਭੈਰਉ ਵੈ ਕਰਹੀ।"
— ਰਾਗ ੧ : ੩ (1429)
ਹੋਰ ਰੂਪ — ਪ੍ਰਥਮੇ —
"**ਪ੍ਰਥਮੇ** ਤੇਰੀ ਨੀਕੀ ਜਾਤਿ।" (ਪਹਿਲੀ ਗੱਲ)
— ਆਸਾ **੫**, ੧੨, ੧ : ੧ (374)

ਪ੍ਰਦੇਸਹ — ਪ੍ਰਾਇਆ ਦੇਸਾਂ
"ਭ੍ਰਮਤ ਭਾਰ ਅਗਨਤ ਆਇਓ ਬਹੁ **ਪ੍ਰਦੇਸਹ** ਧਾਇਓ।"— ਆਸਾ **੫**, ਛੰਤ ੮, ੩ : ੩ (458)

ਪ੍ਰਦੇਸੁ — ਦੂਜਾ ਦੇਸ
"ਤਨਿ ਸੁਗੰਧ ਢੂਢੈ **ਪ੍ਰਦੇਸੁ**।" (ਭਾਵ ਦੂਜਾ ਸਥਾਨ)
— ਬਸੰ **ਰਵਿ**, ੧, ੨ : ੨ (1196)

ਪ੍ਰਧਾਨ — ਸ੍ਰੇਸ਼ਟ, ਉਤਮ, ਮੁਖੀ, ਸ੍ਰੋਮਣੀ
"ਪ੍ਰਭ ਕਉ ਸਿਮਰਹਿ ਸੇ ਪੁਰਖ **ਪ੍ਰਧਾਨ**।"
— ਗਉ **੫**, ਸੁਖ ੧, ੫ : ੪ (263)
"ਤਿਹ ਬਡਭਾਗ ਬਸਿਓ ਮਨਿ ਜਾ ਕੈ ਕਰਮ **ਪ੍ਰਧਾਨ** ਮਥਾਨਾਨਾ।" (ਸ੍ਰੇਸ਼ਟ/ਚੰਗੇ ਭਾਗ)
— ਗਉ **ਕਬ**, ੭੪, ੩ : ੨ (339)
ਹੋਰ ਰੂਪ — ਪ੍ਰਧਾਨੁ —
"ਸਗਲ ਪੁਰਖ ਮਹਿ ਪੁਰਖੁ **ਪ੍ਰਧਾਨੁ**।" (ਸ੍ਰੋਮਣੀ)
— ਗਉ **੫**, ਸੁਖ ੩, ੬ : ੧ (266)
"ਕਲਜੁਗਿ ਨਾਮੁ **ਪ੍ਰਧਾਨੁ** ਪਦਾਰਥੁ ਭਗਤ ਜਨਾ ਉਧਰੇ।" (ਸ੍ਰੇਸ਼ਟ)
— ਮਾਰੂ **੪**, ੧, ੨ : ੧ (995)
"ਕ੍ਰੋਧੁ **ਪ੍ਰਧਾਨੁ** ਮਹਾ ਬਡ ਦੁੰਦਰ ਤਹ ਮਨੁ ਮਾਵਾਸੀ ਰਾਜਾ।" (ਮੁੱਖੀ)
— ਭੈਰ **ਕਬ**, ੧੭, ੨ : ੨ (1161)

ਪ੍ਰਨਾਸਨ — ਨਾਸ ਕਰਨ ਵਾਲਾ
"ਦ੍ਰਿਸਟਿ ਧਰਤ ਤਮਹਰਨ ਦਹਨ ਅਘ ਪਾਪ **ਪ੍ਰਨਾਸਨ**।" — ਸਵ **੨**, ੫ : ੧ (1391)

ਪ੍ਰਪੰਚੁ — ਝਮੇਲਾ, ਖਿਲਾਰਾ, ਅਡੰਬਰ
"ਛੋਡਿ **ਪ੍ਰਪੰਚੁ** ਪ੍ਰਭ ਸਿਉ ਰਚਹੁ ਤਜਿ ਕੂੜੇ ਨੇਹ।"
— ਬਿਲਾ **੫**, ੪੭, ੨ : ੨ (812)

ਪ੍ਰਫੁਲਿਆ — ਖਿੜ ਪਿਆ
"ਘਰਿ ਨਾਹੁ ਨਿਹਚਲੁ ਅਨਦ ਸਖੀਏ ਚਰਨ ਕਮਲ **ਪ੍ਰਫੁਲਿਆ**।" — ਰਾਮ **੫**, ਰੁਤੀ ੨ : ੩ (928)

ਪ੍ਰਬਲ — ਜ਼ੋਰਦਾਰ, ਬਲਵਾਨ
"ਅਬ ਇਹ ਪ੍ਰੀਤਿ ਮਹਾ **ਪ੍ਰਬਲ** ਭਈ ਆਨ ਬਿਖੈ ਜਰੀ।" — ਕੇਦਾ **੫**, ੧, ੧* : ੨ (1121)

ਪ੍ਰਬਲਚੰਡ — ਮਾਲ ਕਉਸਕ ਰਾਗ ਦੇ ਅੱਠ ਪੁੱਤਰਾਂ ਵਿਚੋਂ ਇਕ
"**ਪ੍ਰਬਲਚੰਡ** ਕਉਸਕ ਉਭਾਰਾ।"
— ਰਾਗ ੧ : ੨੦ (1430)

ਪ੍ਰਬੀਣੰ — ਨਿਪੁੰਨ
"ਨਚ ਦੁਰਲਭੰ ਬਿਦਿਆ **ਪ੍ਰਬੀਣੰ** ਨਚ ਦੁਰਲਭੰ ਚਤੁਰ ਚੰਚਲਹ।"— ਸਸ **੫**, ੩੫ : ੪ (1357)

ਪ੍ਰਬੀਨ — ਨਿਪੁੰਨ
"ਜਾਨ **ਪ੍ਰਬੀਨ** ਸੁਆਮੀ ਪ੍ਰਭ ਮੇਰੇ ਸਰਣਿ ਤੁਮਾਰੀ ਅਹੀ।" — ਦੇਵ **੫**, ੭, ੨ : ੧ (529)

ਪ੍ਰਬੀਨਾ — ਸਿਆਣਾ, ਨਿਪੁੰਨ
"ਮੰਤ੍ਰੁ ਦ੍ਰਿੜਾਇ ਹਰਿ ਅਉਖਧੁ ਗੁਰਿ ਦੀਓ ਤਉ ਮਿਲਿਓ ਸਗਲ **ਪ੍ਰਬੀਨਾ**।"
— ਸਾਰ **੫**, ੩੩, ੧ : ੨ (1211)

ਪ੍ਰਬੋਧੇ — ਗਿਆਨਵਾਨ/ਸੋਝੀਵਾਨ ਹੁੰਦਾ, ਸਮਝਦਾ
"ਬਿਨੁ ਨਾਵੈ ਇਹੁ ਮਨੁ ਨ **ਪ੍ਰਬੋਧੇ**।"
— ਰਾਮ **੫**, ਅਸ ੧, ੮ : ੨ (913)

ਪ੍ਰਭ — ਪ੍ਰਭੂ, ਪ੍ਰਮਾਤਮਾ ਰੱਬ
"ਹਮ ਗਰੀਬ ਮਸਕੀਨ **ਪ੍ਰਭ** ਤੇਰੇ ਹਰਿ ਰਾਖੁ ਰਾਖੁ ਵਡਵਡਾ ਹੇ।"— ਗਉ **੪**, ਸੋਹ ੪, ੪ : ੧ (13)
ਹੋਰ ਰੂਪ — ਪ੍ਰਭੰ —
"ਦੁਰਲਭੰ ਏਕ ਭਗਵਾਨ ਨਾਮਹ ਨਾਨਕ ਲਬਧਿੵੰ ਸਾਧਸੰਗਿ ਕ੍ਰਿਪਾ **ਪ੍ਰਭੰ**।" (ਪ੍ਰਭੂ ਦੀ)
— ਸਸ **੫**, ੩੫ : ੫ (1357)

ਪ੍ਰਭਤਾ — ਵਡਿਤਣ, ਸਾਹਿਬੀ
"ਜੋਬਨੁ ਧਨੁ **ਪ੍ਰਭਤਾ** ਕੈ ਮਦ ਮੈ ਅਹਿਨਿਸਿ ਰਹੈ ਦਿਵਾਨਾ।" — ਧਨਾ **੯**, ੨, ੧ : ੨ (685)

ਪ੍ਰਭਵਨੁ — ਗਮਨ, ਫਿਰਨਾ, ਦੌੜਨਾ
"**ਪ੍ਰਭਵਨੁ** ਕਰੈ ਬੂਝੈ ਨਹੀ ਤ੍ਰਿਸਨਾ ਮਿਲਿ ਸੰਗਿ

ਸਾਧ ਦਇਆ ਘਰੁ ਲਹੀਆ।"
— ਬਿਲਾ **੪**, ਅਸ ੪, ੪ : ੨ (835)

ਪ੍ਰਭਾਤਾ — ਪ੍ਰਭਾਤ ਸਮੇਂ, ਸਵੇਰੇ
"ਮਨਿ ਰਾਮੁ ਨਹੀ ਜਾਤਾ ਸਾਝ **ਪ੍ਰਭਾਤਾ** ਅਵਘਟਿ ਰੁਧਾ ਕਿਆ ਕਰੇ।"
— ਤੁਖਾ **੧**, ਛੰਤ ੬, ੧ : ੫ (1112)

ਹੋਰ ਰੂਪ — ਪ੍ਰਭਾਤੈ —
"ਨਾਉ **ਪ੍ਰਭਾਤੈ** ਸਬਦਿ ਧਿਆਈਐ ਛੋਡਹੁ ਦੁਨੀ ਪਰੀਤਾ।" (ਸਵੇਰ ਵੇਲੇ)
— ਪ੍ਰਭਾ **੧**, **੯**, ੪ : ੧ (1330)

ਪ੍ਰਭਿ — ਪ੍ਰਭੂ (ਨੇ, ਨੂੰ ਆਦਿ)
"ਸਚੈ ਸਬਦਿ ਮਨੁ ਮੋਹਿਆ **ਪ੍ਰਭਿ** ਆਪੇ ਲਏ ਮਿਲਾਇ।" (ਪ੍ਰਭੂ ਨੇ)
— ਸਿਰੀ **੩**, ੫੬, ੨ : ੧ (35)
"ਜਾ ਦੇਖਾ ਪ੍ਰਭੁ ਆਪਣਾ **ਪ੍ਰਭਿ** ਦੇਖਿਐ ਦੁਖੁ ਜਾਇ।" (ਪ੍ਰਭੂ ਨੂੰ) — ਸਿਰੀ **੪**, ੬੫, ੧ : ੨ (39)

ਹੋਰ ਰੂਪ — ਪ੍ਰਭੁ —
"**ਪ੍ਰਭੁ** ਹਰਿ ਮੰਦਰੁ ਸੋਹਣਾ ਤਿਸੁ ਮਹਿ ਮਾਣਕ ਲਾਲ।" (ਪ੍ਰਭੂ)
— ਸਿਰੀ **੧**, ੯, ੨ : ੧ (17)

ਪ੍ਰਭੂ —
"ਆਪੇ **ਪ੍ਰਭੂ** ਦਇਆਲੁ ਹੈ ਆਪੇ ਦੇਇ ਬੁਝਾਇ।" — ਸਿਰੀ **੩**, ੬੦, ੧ : ੩ (37)

ਪ੍ਰਭੋ — ਮਾਲਕ
"ਜਪਿ ਮਨ ਗੋਵਿੰਦੁ ਹਰਿ ਗੋਵਿੰਦੁ ਗੁਣੀ ਨਿਧਾਨੁ ਸਭ ਸ੍ਰਿਸਟਿ ਕਾ **ਪ੍ਰਭੋ** ਮੇਰੇ ਮਨ ਹਰਿ ਬੋਲਿ ਹਰਿ ਪੁਰਖੁ ਅਬਿਨਾਸੀ।"
— ਸਾਰ **੪**, ੧੨, ੧* : ੧ (1202)

ਪ੍ਰਮਾਣ — ਨਮੂਨੇ ਦੀ, ਪ੍ਰਮਾਣੀਕ
"ਮੂਰਤਿ ਪੰਚ **ਪ੍ਰਮਾਣ** ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ।" — ਸਵ **੫**, ਮਥੁ ੧ : ੬ (1408)

ਹੋਰ ਰੂਪ — ਪ੍ਰਮਾਣਿ —
"ਜਗੁ ਜਿਤਉ ਸਤਿਗੁਰ **ਪ੍ਰਮਾਣਿ** ਮਨਿ ਏਕੁ ਧਿਆਯਉ।"— ਸਵ **੪**, ਕਲ ੨ : ੧ (1397)

ਪ੍ਰਮਾਣਿ — 1. ਪ੍ਰਮਾਣੀਕ, ਨਮੂਨੇ ਦਾ, ਵੇਖੋ 'ਪ੍ਰਮਾਣ'
2. ਤੁਲ, ਸਮਾਨ, ਵਰਗਾ
"ਗੁਰ ਗਮ **ਪ੍ਰਮਾਣਿ** ਅਜਰੁ ਜਰਿਓ ਸਰਿ ਸੰਤੋਖ ਸਮਾਇਯਉ।"— ਸਵ **੫**, ਕਲ ੮ : ੫ (1408)

ਪ੍ਰਮਾਣੁ — 1. ਪ੍ਰਮਾਣੀਕ, ਮਕਬੂਲ
"ਕਲਿਜੁਗਿ **ਪ੍ਰਮਾਣੁ** ਨਾਨਕ ਗੁਰੁ ਅੰਗਦੁ ਅਮਰੁ ਕਹਾਇਓ।" — ਸਵ **੧**, ੭ : ੫ (1309)
2. ਸਮਾਨ, ਤੁਲ, ਬਰਾਬਰ ਦਾ
"ਗੁਰ ਗਮਿ **ਪ੍ਰਮਾਣੁ** ਤੈ ਪਾਇਓ ਸਤੁ ਸੰਤੋਖੁ ਗ੍ਰਾਹਜਿ ਲਯੋ।"— ਸਵ **੨**, ੬ : ੫ (1392)
3. ਵਾਂਗੂ
"ਗੁਰਿ ਰਾਮਦਾਸ ਅਰਜੁਨੁ ਵਰ੍ਉ ਪਾਰਸੁ ਪਰਸੁ **ਪ੍ਰਮਾਣੁ**।" — ਸਵ **੫**, ਕਲ ੪ : ੪ (1407)

ਪ੍ਰਵਣੇ — ਪ੍ਰਵਾਨ ਹੈ, ਕਬੂਲ ਹੈ
"ਮੇਰੇ ਮਨ ਕਲਿ ਕੀਰਤਿ ਹਰਿ **ਪ੍ਰਵਣੇ**।"
— ਨਟ **੪**, ੬, ੧* : ੧ (976)
(ਮਹਾਨਕੋਸ਼ ਇਸ ਦੇ ਅਰਥ 'ਆਸ਼ਕ' ਕਰਦਾ ਹੈ)

ਪ੍ਰਵਾਹ — ਧਾਰਾ, ਵਹਿਣ, ਝਰਣੇ, ਚਸ਼ਮੇ
"ਅੰਮ੍ਰਿਤ **ਪ੍ਰਵਾਹ** ਸਰਿ ਅਤੁਲ ਭੰਡਾਰ ਭਰਿ ਪਰੈ ਹੀ ਤੇ ਪਰੈ ਅਪਰ ਅਪਾਰ ਪਰਿ।"
— ਸਮੁ **੫**, ੨ : ੧ (1385)
(ਮਹਾਨਕੋਸ਼ 'ਪ੍ਰਵਾਹਸਰਿ' ਨੂੰ ਇਕੱਠਿਆਂ ਕਰ ਅਰਥ 'ਨਿਰੰਤਰ ਵਹਿਣ ਵਾਲੀ ਨਦੀ' ਕਰਦਾ ਹੈ)

ਪ੍ਰਵਿਰਤਿ — ਰੁਝਿਆ ਹੋਇਆ, ਲੁਗਿਆ ਹੋਇਆ
"**ਪ੍ਰਵਿਰਤਿ** ਮਾਰਗੰ ਵਰਤੰਤਿ ਬਿਨਾਸਨੰ।" (ਭਾਵ ਦੁਨੀਆ ਵਿਚ ਰੁਝੇ ਰਹਿਣ ਦਾ ਮਾਰਗ)
— ਸਸ **੫**, ੧੨ : ੪ (1355)

ਪ੍ਰਵੇਸ — ਦਾਖਲਾ
"ਸਤਿ ਤੇ ਜਨ ਜਾ ਕੈ ਰਿਦੈ **ਪ੍ਰਵੇਸ**।" (ਭਾਵ ਵਸ ਜਾਣਾ) — ਗਉ **੫**, ਸੁਖ ੧੬, ੭ : ੨ (284)
"ਲੋਗੁ ਬਪੁਰਾ ਕਿਆ ਸਰਾਹੈ ਤੀਨਿ ਲੋਕ **ਪ੍ਰਵੇਸ**।" (ਪਸਰਿਆ ਹੋਇਆ ਭਾਵ ਉਸ ਦੀ ਉਪਮਾ ਖਿਲਰੀ ਹੋਈ ਹੈ)— ਕੇਦਾ **ਰਵਿ**, ੧, ੨:੨ (1124)

ਹੋਰ ਰੂਪ — ਪ੍ਰਵੇਸੰ —
"ਬਿਖਮ ਘੋਰ ਪੰਥਿ ਚਾਲਣਾ ਪ੍ਰਾਣੀ ਰਵਿ ਸਸਿ ਤਹ ਨ **ਪ੍ਰਵੇਸੰ**।" (ਦਖਲ)
— ਸਿਰੀ **ਬੇਣੀ**, ੨, ੩ : ੧ (92)
"ਨਿਸਿ ਜਾਗਸਿ ਭਗਤਿ **ਪ੍ਰਵੇਸੰ**।" (ਭਗਤੀ ਵਿਚ ਦਖਲ ਹੋ ਭਾਵ ਲਗ)
— ਪ੍ਰਭਾ **ਬੇਣੀ**, ੧, ੩ : ੨ (1351)

ਪ੍ਰਵੇਸਾ —
"ਦੂਖ ਬਿਨਸੇ ਸੁਖ ਅਨਦ **ਪ੍ਰਵੇਸਾ** ਤ੍ਰਿਸਨ ਬੁਝੀ ਮਨ ਤਨ ਸਚੁ ਧ੍ਰਾਪੇ।" (ਦਾਖਲ ਹੋਇਆ)

ਪ੍ਰਵੇਸੁ —
"ਗਿਆਨ **ਪ੍ਰਵੇਸੁ** ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ।" (ਦਾਖਲ ਹੋਣ)
— ਆਸਾ **ਧੰਨਾ**, ੧, ੩ : ੧ (487)

ਪ੍ਰਵੇਸੈ —
"ਸਗਲ ਭਵਨ ਮਹਿ ਸਬਲ **ਪ੍ਰਵੇਸੈ**।" (ਦਾਖਲ ਹੁੰਦੀ ਹੈ, ਪ੍ਰਵੇਸ਼ ਕਰਦੀ ਹੈ)
— ਆਸਾ **੫**, ੪, ੩ : ੨ (371)

ਪ੍ਰਾਗ — ਹਿੰਦੂਆਂ ਦਾ ਇਕ ਤੀਰਥ ਅਸਥਾਨ
"**ਪ੍ਰਾਗ** ਇਸਨਾਨੇ।"
— ਗੋਂਡ **ਨਾਮ**, ੧, ੧ : ੩ (873)

ਹੋਰ ਰੂਪ — ਪ੍ਰਾਗਿ —
"ਮਕਰ **ਪ੍ਰਾਗਿ** ਦਾਨੁ ਬਹੁ ਕੀਆ ਸਰੀਰੁ ਦੀਓ ਅਧ ਕਾਟਿ।" (ਪ੍ਰਾਗ ਤੀਰਥ ਤੇ)
— ਮਾਲੀ **੪**, ੬, ੨ : ੧ (96)

ਪ੍ਰਾਛਤ — 1. ਪਾਪ ਦੂਰ ਕਰਨ ਲਈ ਕੀਤਾ ਕਰਮ, ਪ੍ਰਾਸਚਿਤ
"ਕਰਿ ਕੀਰਤਿ ਗੋਵਿੰਦ ਗੁਣੀਐ ਸਗਲ **ਪ੍ਰਾਛਤ** ਦੁਖ ਹਰੇ।"— ਆਸਾ **੫**, ਛੰਤ ੪, ੧ : ੫ (454)
2. ਪਾਪ
"ਸੁਣਿ ਮਨਸੀਖ ਸਾਧੂ ਜਨ ਸਗਲੋ ਥਾਰੇ ਸਗਲੇ **ਪ੍ਰਾਛਤ** ਮਿਟਿਓ ਰੇ।"
— ਟੋਡ **੫**, ੧੯, ੨ : ੧ (715)

ਪ੍ਰਾਣ — ਸਵਾਸ, ਜਿੰਦ ਜਾਨ, ਜੀਵਨ
"ਇਕਸ ਕਾ ਮਨਿ ਆਸਰਾ ਇਕੋ **ਪ੍ਰਾਣ** ਅਧਾਰੁ।" (ਭਾਵ ਜੀਵਨ) — ਸਿਰੀ **੫**, ੭੯, ੧ : ੨ (45)
"ਮੈਂ ਗੁਰ ਬਿਨੁ ਅਵਰੁ ਨ ਕੋਈ ਬੇਲੀ ਗੁਰੁ ਸਤਿਗੁਰੁ **ਪ੍ਰਾਣ** ਹਮ੍ਾਰੇ।" (ਜਿੰਦ ਜਾਨ)
— ਵਡ **੪**, ਛੰਤ ੩, ੪ : ੪ (574)
"ਪੂਜਾ **ਪ੍ਰਾਣ** ਸੇਵਕੁ ਜੇ ਸੇਵੇ ਇਨ੍ਹ ਬਿਧਿ ਸਾਹਿਬੁ ਰਵਤੁ ਰਹੈ।" (ਸਵਾਸ)
— ਸੂਹੀ **੧**, ੧, ੩ : ੨ (728)
"ਸੰਤਨ ਕੇ **ਪ੍ਰਾਣ** ਅਧਾਰ।" (ਜੀਵਨ ਦਾ)
— ਰਾਮ **੫**, ੩੮, ੩੨ : ੩ (895)

ਪ੍ਰਾਣ ਅਧਾਰੀ — ਨਿਰਾਹਰੀ, ਪ੍ਰਾਣਾਯਮ ਕਰਨ ਵਾਲੇ ਜੋਗੀ
"ਤੇਤੀਸ ਕਰੋੜੀ ਦਾਸ ਤੁਮ੍ਾਰੇ ਰਿਧਿ ਸਿਧਿ **ਪ੍ਰਾਣ ਅਧਾਰੀ**।"— ਆਸਾ **੩**, ਅਸ ੨੩, ੨ : ੧ (423)

ਪ੍ਰਾਣਨਾਥ — ਜਿੰਦਜਾਨ ਦੇ ਮਾਲਕ
"ਹੇ **ਪ੍ਰਾਣ ਨਾਥ** ਗੋਬਿੰਦਹ ਕ੍ਰਿਪਾ ਨਿਧਾਨ ਜਗਦ ਗੁਰੋ।" — ਸਸ **੫**, ੫੦ : ੧ (1358)

ਪ੍ਰਾਣਪਤਿ — ਪ੍ਰਾਣਾਂ ਦੇ ਮਾਲਕ
"ਭਗਤ ਤੇਰੇ ਸਭਿ **ਪ੍ਰਾਣਪਤਿ** ਪ੍ਰੀਤਮ ਤੂੰ ਭਗਤਨ ਕਾ ਪਿਆਰਾ।"— ਸੂਹੀ **੫**, ੪੮, ੨ : ੨ (747)

ਹੋਰ ਰੂਪ — ਪ੍ਰਾਣਪਤੀ —
"ਨਾਨਕ ਦ੍ਰਿਸਟਿ ਆਇਓ ਸ੍ਰਬ ਠਾਈ **ਪ੍ਰਾਣਪਤੀ** ਹਰਿ ਸਮਕਾ।"
— ਸਾਰ **੫**, ੨੨, ੨ : ੨ (1209)

ਪ੍ਰਾਣਪ੍ਰੀਤਮ — ਪ੍ਰਾਣਾਂ ਅਰਥਾਤ ਜਿੰਦ ਜਾਨ ਤੋਂ ਪਿਆਰਾ
"ਗੁਣ ਗੋਵਿੰਦ ਗਾਉ ਨਿਤ ਨਿਤ **ਪ੍ਰਾਣ ਪ੍ਰੀਤਮ** ਸੁਆਮੀਆ।"
— ਸੂਹੀ **੫**, ਛੰਤ ੨, ੩ : ੩ (778)

ਪ੍ਰਾਣਿ — ਸੁਆਸਾਂ ਵਿਚ, ਦਮ ਦਮ ਵਿਚ
"ਰਾਮ ਨਾਮੁ ਮੇਰੈ **ਪ੍ਰਾਣਿ** ਵਸਾਏ ਸਤਿਗੁਰ ਪਰਸਿ ਹਰਿ ਨਾਮਿ ਸਮਈਆ।"
— ਬਿਲਾ **੪**, ਅਸ ੩, ੧ : ੨ (834)

ਪ੍ਰਾਣੀ — ਪ੍ਰਾਣਧਾਰੀ, ਜੀਵ ਭਾਵ ਮਨੁੱਖ
"**ਪ੍ਰਾਣੀ** ਤੂੰ ਆਇਆ ਲਾਹਾ ਲੈਣਿ।" (ਹੇ ਮਨੁੱਖ)
— ਸਿਰੀ **੫**, ੭੩, ੧* : ੧ (43)
"ਕਹੁ ਨਾਨਕ **ਪ੍ਰਾਣੀ** ਪਹਿਲੈ ਪਹਰੈ ਹੁਕਮਿ ਪਇਆ ਗਰਭਾਸਿ।" (ਜੀਵ)
— ਸਿਰੀ **੧**, ਪਹ ੧, ੧ : ੬ (74)
"ਹਥੋ ਹਥਿ ਨਚਾਈਐ **ਪ੍ਰਾਣੀ** ਮਾਤ ਕਹੈ ਸੁਤੁ ਮੇਰਾ।" (ਭਾਵ ਬਚਾ)
— ਸਿਰੀ **੧**, ਪਹ ੧, ੨ : ੩ (74)

ਪ੍ਰਾਣੀਆ — 1. ਜੀਵਾਂ, ਮਨੁੱਖਾਂ
"ਨਿਰਮਲ ਜੋਤਿ ਤਿਨ **ਪ੍ਰਾਣੀਆ** ਓਇ ਚਲੇ ਜਨਮੁ ਸਵਾਰਿ ਜੀਉ।"
— ਸਿਰੀ **੫**, ਅਸ ੨੮, ੨੩ : ੩ (73)
2. ਹੇ ਪ੍ਰਾਣੀ, ਹੇ ਮਨੁੱਖ

"ਤੂ ਕਾਹੇ ਡੋਲਹਿ **ਪ੍ਰਾਣੀਆ** ਤੁਧੁ ਰਾਖੈਗਾ ਸਿਰਜਣਹਾਰੁ।"
— ਤਿਲੰ **ਪ**, ੩, ੧ : ੧ (724)

ਪ੍ਰਾਣੀਹੋ — ਹੇ ਪਾਣੀਓ, ਹੇ ਜੀਵੋ, ਹੇ ਮਨੁੱਖ ਜਨੋ
"ਤਿਸੈ ਸਰੇਵਹੁ **ਪ੍ਰਾਣੀਹੋ** ਜਿਸ ਦੈ ਨਾਉ ਪਲੈ।"
— ਗਉ **ਪ**, ਵਾਰ ੮ : ੧ (320)

ਪ੍ਰਾਤ — ਪ੍ਰਭਾਤ, ਸਵੇਰ
"ਸੰਧਿਆ **ਪ੍ਰਾਤ** ਇਸਾਨੁ ਕਰਾਹੀ।"
— ਗਉ **ਕਬ**, ੫, ੧ : ੧ (324)

ਪ੍ਰਾਤਹਕਾਲ — ਸੂਰਜ ਚੜ੍ਹਨ ਤੋਂ ਪਹਿਲਾਂ ਦਾ ਵੇਲਾ, ਸਵੇਰ ਵੇਲੇ
"**ਪ੍ਰਾਤਹਕਾਲ** ਲਾਗਉ ਜਨ ਚਰਨੀ ਨਿਸ ਬਾਸੁਰ ਦਰਸੁ ਪਾਵਉ।"— ਦੇਵ **ਪ**, ੨੬, ੧ : ੧ (533)

ਹੋਰ ਰੂਪ — ਪ੍ਰਾਤਹਕਾਲਿ —
"**ਪ੍ਰਾਤਹਕਾਲਿ** ਹਰਿ ਨਾਮੁ ਉਚਾਰੀ।"
— ਸੂਹੀ **ਪ**, ੩੦, ੧ : ੧ (743)

ਪ੍ਰਾਤਮਾ — ਜੀਵਾਤਮਾ
"**ਪ੍ਰਾਤਮਾ** ਪਾਰਬ੍ਰਹਮ ਕਾ ਰੂਪੁ।"
— ਗੋਂਡ **ਪ**, ੨੧, ੧* : ੨ (868)

ਪ੍ਰਾਨ — ਪ੍ਰਾਣਾਂ, ਸੁਆਸਾਂ, ਭਾਵ ਜੀਵਨ ਦਾ
"ਗੁਰਮਤਿ ਨਾਮੁ ਮੇਰਾ **ਪ੍ਰਾਨ** ਸਖਾਈ ਹਰਿ ਕਰਿਤਿ ਹਮਰੀ ਰਹਿਰਾਸਿ।"
— ਗੂਜ **ਬ**, ਸੋਦ ੪, ੧* : ੨ (10)

"ਕਿਉ ਮਨਹੁ ਬੇਸਾਰੀਐ ਨਿਮਖ ਨਹੀ ਟਾਰੀਐ ਗੁਣਵੰਤ **ਪ੍ਰਾਨ** ਹਮਾਰੇ।" (ਜੀਅ ਜਾਨ)
— ਸਿਰੀ **ਪ**, ਛੰਤ ੩, ੨ : ੩ (80)

"**ਪ੍ਰਾਨ** ਗਏ ਕਹੁ ਕਾਕੀ ਮਾਇਆ।" (ਸੁਆਸ ਮੁੱਕ ਗਏ) — ਗਉ **ਕਬ**, ੮, ੨ : ੨ (325)

2. ਪ੍ਰਾਨੀ, ਮਨੁੱਖ (ਮਹਾਨਕੋਸ਼)
"**ਪ੍ਰਾਨ** ਤਰਨ ਕਾ ਇਹੈ ਸੁਆਉ।"
— ਗਉ **ਪ**, ਸੁਖ ੨੨, ੫ : ੬ (293)

ਹੋਰ ਰੂਪ — ਪ੍ਰਾਨੰ —
"ਮਨੁ ਧਨੁ ਤੇਰੋ **ਪ੍ਰਾਨੰ** ਏਕੈ ਸੂਤਿ ਹੈ ਜਹਾਨੰ ਕਵਨ ਉਪਮਾ ਦੇਉ ਬਡੇ ਤੇ ਬਡਾਨੰ।"
— ਸਮੁ **ਪ**, ੪ : ੨ (1386)

ਪ੍ਰਾਨ ਅਧਾਰ — ਜੀਵਨ ਦਾ ਆਸਰਾ
"ਨਾਨਕ ਸਰਣਿ ਤੁਮ੍ਾਰੀ ਕਰਤੇ ਤੂੰ ਪ੍ਰਭ **ਪ੍ਰਾਨ ਅਧਾਰ**।" — ਗੂਜ **ਪ**, ੨੩, ੨ : ੧ (500)

ਹੋਰ ਰੂਪ — ਪ੍ਰਾਨ ਅਧਾਰਾ —
"ਅਤਿ ਪ੍ਰੀਤਮ ਮਨ ਮੋਹਨਾ ਘਟ ਸੋਹਨਾ **ਪ੍ਰਾਨ ਅਧਾਰਾ** ਰਾਮ।"
— ਬਿਹਾ **ਪ**, ਛੰਤ ੨, ੧ : ੧ (542)

ਪ੍ਰਾਨ ਅਧਾਰੀ —
"ਸਾਜਨ ਮੀਤ ਸਖਾ ਹਰਿ ਬੰਧਪ ਜੀਅ ਧਾਨ ਪ੍ਰਭ **ਪ੍ਰਾਨ ਅਧਾਰੀ**।" (ਪ੍ਰਾਨਾਂ ਦਾ ਆਸਰਾ)
— ਸਮੁ **ਪ**, ੯ : *੫ (1389)

ਪ੍ਰਾਨ ਅਧਾਰੇ —
"ਤੂੰ ਪ੍ਰੀਤਮ ਤੂੰ **ਪ੍ਰਾਨ ਅਧਾਰੇ**।"
— ਸੂਹੀ **ਪ**, ੧੫, ੧* : ੧ (740)

ਪ੍ਰਾਨਸਖਾ — ਪ੍ਰਾਨਾਂ ਦੇ ਦੋਸਤ ਭਾਵ ਪ੍ਰਾਨ ਰਖਿਅਕ
"ਮੇਰੇ **ਪ੍ਰਾਨਸਖਾ** ਗੁਰ ਕੇ ਸਿਖ ਭਾਈ ਮੋ ਕਉ ਕਰਹੁ ਉਪਦੇਸੁ ਹਰਿ ਮਿਲੈ ਮਿਲਾਇਆ।"
— ਗੂਜ **ਬ**, ੫, ੧* : ੨ (493)

ਪ੍ਰਾਨਨਾਥ — ਪ੍ਰਾਨਾਂ ਦੇ ਮਾਲਕ/ਸੁਆਮੀ
"**ਪ੍ਰਾਨ ਨਾਥ** ਅਨਾਥ ਦਾਤੇ ਦੀਨ ਗੋਬਿਦ ਸਰਨ।"
— ਕਾਨ **ਪ**, ੪੦, ੨ : ੧ (1306)

ਪ੍ਰਾਨਪਤਿ — ਪ੍ਰਾਨਾਂ ਦੇ ਮਾਲਕ ਭਾਵ ਹਰਿ
"ਕਵਨ ਗੁਨ **ਪ੍ਰਾਨ ਪਤਿ** ਮਿਲਉ ਮੇਰੀ ਮਾਈ।"
— ਗਉ **ਪ**, ੧੧੮*, ੧* : ੧ (204)

ਹੋਰ ਰੂਪ — ਪ੍ਰਾਨਪਤੀ —
"ਇਕ ਨਿਮਖ ਮਿਲਾਵਹੁ ਮੋਹਿ **ਪ੍ਰਾਨਪਤੀ** ਰੀ।"
(ਪ੍ਰਭੂ) — ਸੂਹੀ **ਪ**, ੧੦, ੩ : ੨ (739)

ਪ੍ਰਾਨਪਤੇ —
"ਮੁਖਿ ਪਰੈ ਹਰੈ ਪਿਆਸ ਮੇਰੀ ਜੀਅ ਹੀਆ **ਪ੍ਰਾਨਪਤੇ**।" (ਪ੍ਰਭੂ)
— ਬਿਲਾ **ਪ**, ਛੰਤ ੩, ੪ : ੩ (847)

ਪ੍ਰਾਨਪਿਆਰੇ — ਪ੍ਰਾਨਾਂ ਤੋਂ ਪਿਆਰੇ, ਬਹੁਤ ਪਿਆਰ
"ਹਰਿ ਬਿਸਰੁ ਨਾਹੀ **ਪ੍ਰਾਨ ਪਿਆਰੇ** ਚਿਤਵੰਤਿ ਦਰਸਨੁ ਸਦ ਮਨਾ।"
— ਬਿਹਾ **ਪ**, ਛੰਤ ੬, ੪ : ੪ (546)

ਪ੍ਰਾਨਮੁਖ — ਜਲਾਦ (ਕੇਵਲ ਮਹਾਨਕੋਸ਼)
"ਦੇਖਿ ਬੈਸਨੋ **ਪ੍ਰਾਨ ਮੁਖ** ਭਾਗਾ।"
— ਪ੍ਰਭਾ **ਬੇਣੀ**, ੧, ੧ : ੪ (1351)

ਪ੍ਰਾਨਾ — ਜਿੰਦ ਜਾਨ, ਜੀਵਨ

"ਮਧੁ ਸੂਦਨ ਮੇਰੇ ਮਨ ਤਨ **ਪ੍ਰਾਨਾ**।"
— ਮਾਝ **੪**, ੨, ੧ : ੧ (94)

ਪ੍ਰਾਨਾਨਾਂ — ਪ੍ਰਾਨ, ਜਿੰਦ ਜਾਨ
"ਸਿਵ ਸਨਕਾਦਿ ਜਾਸੁ ਗੁਨ ਗਾਵਹਿ ਤਾਸੁ ਬਸਹਿ ਮੋਰੇ **ਪ੍ਰਾਨਾਨਾਂ**।"
— ਗਉ **ਕਬ**, ੭੪, ੧* : ੨ (339)

ਪ੍ਰਾਨਿ — ਪ੍ਰਾਨਾਂ ਵਿਚ
"ਹਰਿ ਨਾਮੋ ਹਰਿ ਨਾਮੁ ਦੇਵੈ ਮੇਰੈ **ਪ੍ਰਾਨਿ** ਵਸਾਏ ਰਾਮ।" — ਆਸਾ **੪**, ਛੰਤ ੮, ੧ : ੨ (442)
"ਨੈਨ ਬੈਨ ਸ੍ਰਵਨ ਸੁਨੀਐ ਅੰਗ ਅੰਗੇ ਸੁਖ **ਪ੍ਰਾਨਿ**।" (ਭਾਵ ਸੁਆਸ ਸੁਆਸ)
— ਕਲਿ **੫**, ੪, ੧* : ੨ (1322)

ਪ੍ਰਾਨੀ — 1. ਪ੍ਰਾਣ ਧਾਰੀ ਭਾਵ ਜੀਵ ਅਥਵਾ ਮਨੁੱਖ
"ਪੂਰਬਿ ਕਰਮਿ ਲਿਖਿਆ ਧੁਰਿ **ਪ੍ਰਾਨੀ**।"
— ਗਉ **੫**, ੧੬੯, ੧* : ੨ (199)
"**ਪ੍ਰਾਨੀ** ਕਉਨੁ ਉਪਾਉ ਕਰੈ।" (ਮਨੁੱਖ)
— ਸੋਰ **੯**, ੫, ੧* : ੧ (632)
"ਮੋਹ ਮਗਨ ਪਤਿਤ ਸੰਗਿ **ਪ੍ਰਾਨੀ** ਐਸੇ ਮਨਹਿ ਬਿਸਾਰਨ।" (ਪ੍ਰਾਨੀਆਂ ਦੇ)
— ਬਿਲਾ **੫**, ੮੩, ੧* : ੨ (820)
2. ਹੇ ਜੀਵ, ਹੇ ਮਨੁੱਖ
"ਬਿਨੁ ਹਰਿ ਭਗਤਿ ਨਾਹੀ ਸੁਖੁ **ਪ੍ਰਾਨੀ** ਬਿਨੁ ਗੁਰ ਗਰਬੁ ਨ ਜਾਈ।"
— ਗੂਜ **੧**, ਅਸ ੩, ੨ : ੨ (504)

ਪ੍ਰਾਨੀਅਹੁ — ਹੇ ਜੀਵ ਧਾਰੀਓ, ਹੇ ਪਾਨੀਓ
"ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ **ਪ੍ਰਾਨੀਅਹੁ**।"
— ਸਵ **੪**, ਨਲ ੧੩ : ੨ (1400)

ਪ੍ਰਾਨੇ — ਪ੍ਰਾਣ, ਜਿੰਦ
"ਜਿਸ ਤੇ ਤੁਮ ਹਰਿ ਜਾਨੇ ਸੁਆਮੀ ਸੋ ਸਤਿਗੁਰੁ ਮੇਲਿ ਮੇਰਾ **ਪ੍ਰਾਨੇ**।"
— ਗਉ **੪**, ੫੬, ੧ : ੨ (169)

ਪ੍ਰਾਪਤੰ — ਪ੍ਰਾਪਤ ਹੁੰਦੇ ਹਨ
"**ਪ੍ਰਾਪਤੰ** ਧਰਮ ਲਖ੍ਹਣ।"
— ਸਸ **੫**, ੧੦ : ੪ (1354)

ਹੋਰ ਰੂਪ — ਪ੍ਰਾਪਤਿ —
"ਨਾਨਕ ਮਨੁ ਤਨੁ ਅਰਪਿ ਗੁਰ ਆਗੈ ਜਿਸੁ **ਪ੍ਰਾਪਤਿ** ਸੋ ਪਾਏ।" (ਪ੍ਰਾਪਤ ਹੋਣਾ ਲਿਖਿਆ ਹੈ, ਭਾਵ ਭਾਗਾਂ ਵਿਚ ਹੋਵੇ) — ਆਸਾ **੪**, ਛੰਤ ੮, ੩ : ੬ (442)
"**ਪ੍ਰਾਪਤਿ** ਪੋਤਾ ਕਰਮੁ ਪਸਾਉ।" (ਪ੍ਰਾਪਤ ਹੁੰਦਾ ਹੈ) — ਰਾਮ **੧**, ੮, ੨ : ੧ (878)

ਪ੍ਰਿਉ — 1. ਪਤੀ
"ਕਹੁ ਨਾਨਕ ਜਿਨਿ **ਪ੍ਰਿਉ** ਪਰਮੇਸੁਰ ਕਰਿ ਜਾਨਿਆ।" — ਗਉ **੫**, ੯੯, ੪ : ੧ (185)
"**ਪ੍ਰਿਉ** ਸਹਜ ਸੁਭਾਈ ਛੋਡਿ ਨ ਜਾਈ ਮਨਿ ਲਾਗਾ ਰੰਗੁ ਮਜੀਠਾ।"
— ਆਸਾ **੫**, ਛੰਤ ੩, ੧ : ੫ (454)
"ਸੇਜ ਏਕ **ਪ੍ਰਿਉ** ਸੰਗਿ ਦਰਸੁ ਨ ਪਾਈਐ ਰਾਮ।" (ਭਾਵ ਪਰਮੇਸਰ)
— ਬਿਹਾ **੫**, ਛੰਤ ੨, ੩ : ੧ (543)
"**ਪ੍ਰਿਉ** ਸੇਵਹੁ ਪ੍ਰਭ ਪ੍ਰੇਮ ਅਧਾਰਿ।" (ਪਿਆਰੇ ਪ੍ਰਭੂ ਨੂੰ ਆਰਾਧੋ)
— ਬਸੰ **੧**, ਅਸ ੧, ੭ : ੩ (1187)
2. ਪਿਆਰਾ, ਪ੍ਰਿਅ
"**ਪ੍ਰਿਉ ਪ੍ਰਿਉ** ਨਾਮੁ ਤੇਰਾ ਦਰਸਨੁ ਚਾਹੈ ਜੈਸੇ ਦ੍ਰਿਸਟਿ ਓਹ ਚੰਦ ਚਕੋਰੀ।" (ਪਿਆਰਾ ਪਿਆਰਾ ਉਚਾਰਦੇ)
— ਗਉ **੫**, ੧੩੪*, ੨ : ੨ (208)
"ਗੁਰ ਦੇਖੇ ਸਰਧਾ ਮਨ ਪੂਰੀ ਜਿਉ ਚਾਤ੍ਰਿਕ **ਪ੍ਰਿਉ ਪ੍ਰਿਉ** ਬੂੰਦ ਮੁਖਿ ਪਈਆ।" (ਪੀਉ ਪੀਉ) — ਬਿਲਾ **੪**, ਅਸ ੬, ੧ : ੨ (836)

ਪ੍ਰਿਅ — 1. ਪਿਆਰੇ
"ਹੁਣਿ ਕਦਿ ਮਿਲੀਐ **ਪ੍ਰਿਅ** ਤੁਧੁ ਭਗਵੰਤਾ।"
— ਮਾਝ **੫**, ੮, ੩ : ੨ (96)
"ਨਾਨਕਾ ਭਗਤਿ **ਪ੍ਰਿਅ** ਹੋ।"
— ਗਉ **੫**, ੧੫੫, ੩ : ੨ (213)
ਹੋਰ ਰੂਪ — ਪ੍ਰਿਅੰ —
"ਭ੍ਰਿਤਿਆ **ਪ੍ਰਿਅੰ** ਬਸ੍ਰਾਮ ਚਰਣੰ।" (ਭਗਤਾਂ ਦੇ ਪਿਆਰੇ) — ਸਸ **੫**, ੫ : ੩ (1354)
2. ਪਤੀ
"ਸੀਲ ਸੰਜਮਿ **ਪ੍ਰਿਅ** ਆਗਿਆ ਮਾਨੈ।"
— ਗਉ **੫**, ੯੯, ੨ : ੨ (185)
"**ਪ੍ਰਿਅ** ਸਿਉ ਰਾਤੀ ਧਨ ਸੋਹਾਗਣਿ ਨਾਰਿ।"
— ਅਸ **੫**, ੨, ੩ : ੪ (370)
"ਜਨਮ ਮਰਣ ਅਨੇਕ ਬੀਤੇ **ਪ੍ਰਿਅ** ਸੰਗ ਬਿਨੁ

ਕਛੂ ਨਹ ਗਤੇ।" (ਪਿਆਰੇ ਹਰੀ)
— ਆਸਾ **੫**, ਛੰਤ ੧੪, ੧ : ੪ (462)

ਪ੍ਰਿਅਹਿ — ਪਿਆਰੇ ਦਾ
"ਨਾਨਕ ਆਏ ਸਫਲ ਤੇ ਜਾ ਕਉ **ਪ੍ਰਿਅਹਿ** ਸੁਹਾਗ।" — ਗਉ **੫**, ਬਾਅ ੧੯ : ੮ (254)

ਪ੍ਰਿਥਮਿ — ਪ੍ਰਿਥਵੀ, ਧਰਤੀ
"ਦਾਤਾ ਅਗ੍ਹੋ **ਪ੍ਰਿਥਮਿ** ਧਰਾਇਣ।"
— ਮਾਰੂ **੫**, ਸੋਲਾ ੧੧, ੩ : ੨ (1082)

ਪ੍ਰਿਥਮੀ — ਪ੍ਰਿਥਵੀ,ਧਰਾ, ਧਰਤੀ
"ਨਉ ਖੰਡ **ਪ੍ਰਿਥਮੀ** ਇਸੁ ਤਨ ਮਹਿ ਰਵਿਆ ਨਿਮਖ ਨਿਮਖ ਨਮਸਕਾਰਾ।"
— ਗਉ **੫**, ੧੩੨*, ੧ : ੧ (208)
"ਅੰਨੁ ਧੰਨੁ ਬਹੁਤੁ ਉਪਜਿਆ **ਪ੍ਰਿਥਮੀ** ਰਜੀ ਤਿਪਤਿ ਅਘਾਇ।"
— ਗਉ **੫**, ਵਾਰ ੧੯ਸ, **੫**, ੧ : ੨ (321)

ਪ੍ਰਿਥਮੀ ਪਤਿ — ਪ੍ਰਿਥਵੀ ਦਾ ਮਾਲਕ
"ਤਿਨਿ ਹਰੀ ਚੰਦਿ **ਪ੍ਰਿਥਮੀ ਪਤਿ** ਰਾਜੈ ਕਾਗਦਿ ਕੀਮ ਨ ਪਾਈ।"
— ਪ੍ਰਭਾ **੧**, ਅਸ ੪, ੨ : ੧ (1344)

ਪ੍ਰਿਥਵੀ — (ਸੰ. ਪ੍ਰਿਥਿਵੀ) ਧਰਾ, ਧਰਤੀ
"ਬਸੰਤਿ ਸ੍ਵਰਗ ਲੋਕਹ ਜਿਤਤੇ **ਪ੍ਰਿਥਵੀ** ਨਵ ਖੰਡਣਹ।"
— ਜੈਤ **੫**, ਵਾਰ ੮ਸ, **੫**, ੧ : ੧ (707)

ਪ੍ਰਿਮ — ਪ੍ਰੇਮ, ਪਿਆਰ
"ਐਸਾ ਸੀਗਾਰੁ ਮੇਰੇ ਪ੍ਰਭ ਭਾਵੈ ਹਰਿ ਲਾਗੈ ਪਿਆਰਾ **ਪ੍ਰਿਮ** ਕਾ।" — ਸੋਰ **੪**, ਵਾਰ ੨੧ : ੩ (650)

ਪ੍ਰੀਤਮ — 1. ਪਤੀ, ਪਿਆਰਾ
"ਸਦਾ ਅਨੰਦਿ ਰਹੈ ਦਿਨੁ ਰਾਤੀ ਮਿਲਿ **ਪ੍ਰੀਤਮ** ਸੁਖੁ ਪਾਏ।" — ਸਿਰੀ **੩**, ੪੫, ੩ : ੩ (31)
"ਮੇਰੇ **ਪ੍ਰੀਤਮ** ਕਾ ਮੈ ਦੇਇ ਸਨੇਹਾ।"
— ਮਾਝ **੪**, ੩, ੨ : ੨ (95)

2. ਪਿਆਰੇ
"ਨਾਨਕ ਸਿਖ ਦੇਇ ਮਨ **ਪ੍ਰੀਤਮ** ਸਾਧਸੰਗਿ ਭ੍ਰਮੁ ਜਾਲੇ।" (ਪਿਆਰੇ ਮਨ)
— ਸਿਰੀ **੫**, ਛੰਤ ੨, ੧ : ੬ (79)
"ਬਿਨੁ ਗੁਰ **ਪ੍ਰੀਤਮ** ਆਪਣੇ ਜੀਉ ਕਉਣੁ ਭਰਮੁ ਚੁਕਾਏ।"— ਗਉ **੩**, ਛੰਤ ੧, ੪ : ੨ (244)

3. ਭਾਵ ਪ੍ਰਭੂ
"**ਪ੍ਰੀਤਮ** ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ।" — ਮਾਝ **੫**, ਬਾਰਾ ੩ : ੨ (134)

ਪ੍ਰੀਤਮਹੁ — ਪਿਆਰਿਓ
"ਸਾਜਨ ਮੇਰੇ **ਪ੍ਰੀਤਮਹੁ** ਤੁਮ ਸਹ ਕੀ ਭਗਤਿ ਕਰੇਹੋ।" — ਆਸਾ **੩**, ਛੰਤ ੨, ੧ : ੧ (440)

ਪ੍ਰੀਤਮਾ — ਪਿਆਰੇ, ਪਿਆਰਿਆ
"ਮੇਰੇ **ਪ੍ਰੀਤਮਾ** ਹਉ ਜੀਵਾ ਨਾਮੁ ਧਿਆਇ।"
— ਸਿਰੀ **੪**, ੬੬, ੧* : ੧ (40)
"ਮਨ ਕਰਹਲਾ ਮੇਰੇ **ਪ੍ਰੀਤਮਾ** ਹਰਿ ਰਿਦੈ ਭਾਲਿ ਭਾਲਾਇ।" — ਗਉ **੪**, ਕਰ ੧, ੪ : ੧ (234)

ਪ੍ਰੀਤਮਿ — ਪਿਆਰੇ ਨੇ ਭਾਵ ਪ੍ਰਭੂ ਪਿਆਰੇ ਨੇ
"**ਪ੍ਰੀਤਮਿ** ਮੋਹਿ ਲਇਆ ਮਨੁ ਮੇਰਾ ਪਾਇਆ ਕਰਮ ਬਿਧਾਤਾ।" — ਸੂਹੀ **੩**, ਛੰਤ ੬, ੪ : ੪ (772)

ਪ੍ਰੀਤਮੁ — 1. ਪਿਆਰਾ
"ਸੋ ਪ੍ਰਭੁ **ਪ੍ਰੀਤਮੁ** ਮਨਿ ਵਸੈ ਜਿ ਸਭਸੈ ਦੇਇ ਅਧਾਰੁ।" — ਸਿਰੀ **੩**, ੬੨, ੨ : ੪ (138)

2. ਪਤੀ, ਪਿਆਰਾ
"ਮੈ ਮਨਿ ਤਨਿ ਬਿਰਹੁ ਅਤਿ ਅਗਲਾ ਕਿਉ **ਪ੍ਰੀਤਮੁ** ਮਿਲੈ ਘਰਿ ਆਇ।"
— ਸਿਰੀ **੪**, ੬੫, ੧ : ੧ (39)

3. ਚਾਹਵਾਨ, ਲੋਚਵਾਨ, ਪ੍ਰੇਮੀ
"ਦਰ ਦਰਸਨ ਕਾ **ਪ੍ਰੀਤਮੁ** ਹੋਵੈ ਮੁਕਤਿ ਬੈਕੁੰਠੈ ਕਰੈ ਕਿਆ।" (ਪ੍ਰੇਮੀ ਬਣ ਜਾਂਦਾ ਹੈ)
— ਆਸਾ **੧**, ੩੮, ੩ : ੨ (360)

4. ਭਾਵ ਪ੍ਰਭੂ
"ਗੁਰੁ ਪੂਰਾ ਮੇਲਾਵੈ ਮੇਰਾ **ਪ੍ਰੀਤਮੁ** ਹਉ ਵਾਰਿ ਵਾਰਿ ਆਪਣੇ ਗੁਰੂ ਕਉ ਜਾਸਾ।"
— ਵਡ **੪**, ੧, ੧* : ੨ (561)

ਪ੍ਰੀਤਮੈ — 1. ਪ੍ਰੀਤਮ ਭਾਵ ਪਿਆਰੇ ਪ੍ਰਭੂ ਨਾਲ
"ਸਰਧਾ ਲਾਗੀ ਸੰਗਿ **ਪ੍ਰੀਤਮੈ** ਇਕੁ ਤਿਲੁ ਰਹਣੁ ਨ ਜਾਇ।" — ਰਾਮ **੫**, ਰੁਤੀ ੪, ੧ਸ : ੧ (928)

2. ਪਿਆਰੇ ਨੂੰ
"ਤਿਸੁ ਮਿਲੀਐ ਸਤਿਗੁਰ **ਪ੍ਰੀਤਮੈ** ਜਿਨਿ ਹੰਉਮੈ ਵਿਚਹੁ ਮਾਰੀ।"
— ਵਡ **੪**, ਵਾਰ ੨ : ੨ (586)

ਪ੍ਰੀਤਿ — 1. ਪਿਆਰ, ਨੇਹੁ, ਪ੍ਰੇਮ

"ਲਖ ਸਿਆਣਪ ਜੇ ਕਰੀ ਲਖ ਸਿਉ **ਪ੍ਰੀਤਿ** ਮਿਲਾਪੁ।" — ਸਿਰੀ **੧**, ੧੭, ੩ : ੧ (20)

"**ਪ੍ਰੀਤਿ** ਲਗੀ ਤਿਸੁ ਸਚ ਸਿਉ ਮਰੈ ਨ ਆਵੈ ਜਾਇ।" — ਸਿਰੀ **੫**, ੮੩, ੧ : ੧ (46)

"ਪ੍ਰੇਮ **ਪ੍ਰੀਤਿ** ਸਦਾ ਧਿਆਈਐ ਭੈ ਭਾਇ ਭਗਤਿ ਦ੍ਰਿੜਾਵਣਿਆ।" (ਭਾਵ ਲਗਨ, ਪ੍ਰੇਮ ਦੀ ਲਗਨ ਨਾਲ) — ਮਾਝ **੩**, ਅਸ ੬, ੪ : ੩ (112)

"ਮੇਰੈ ਅੰਤਰਿ **ਪ੍ਰੀਤਿ** ਲਗੀ ਦੇਖਨ ਕਉ ਗੁਰਿ ਹਿਰਦੈ ਨਾਲਿ ਦਿਖਾਇਆ।" (ਚਾਉ) — ਗਉ **੪**, ੬੩, ੩ : ੧ (172)

ਹੋਰ ਰੂਪ — ਪ੍ਰੀਤੀ —

"ਬਿਨੁ **ਪ੍ਰੀਤੀ** ਭਗਤਿ ਨ ਹੋਵਈ ਬਿਨੁ ਸਬਦੈ ਥਾਇ ਨ ਪਾਇ।" — ਸਿਰੀ **੩**, ਅਸ ੨੧, ੭ : ੧ (67)

2. ਤ੍ਰਿਪਤੀ, ਸੰਤੁਸ਼ਟਤਾ, ਪ੍ਰਸੰਨਤਾ

"ਮੀਨੇ **ਪ੍ਰੀਤਿ** ਭਈ ਜਲਿ ਨਾਇ।" — ਗਉ **੪**, ੪੧, ੧ : ੨ (164)

"ਕਾਮਨਿ **ਪ੍ਰੀਤਿ** ਜਾ ਪਿਰੁ ਘਰਿ ਆਵੈ।" — ਗਉ **੪**, ੪੧, ੨ : ੨ (164)

"ਭੂਖੇ **ਪ੍ਰੀਤਿ** ਹੋਵੈ ਅੰਨੁ ਖਾਇ।" — ਗਉ **੪**, ੪੨, ੧ : ੨ (164)

ਪ੍ਰੀਧੇ — ਪ੍ਰੋਸਿਆ, ਸਾਹਮਣੇ ਰਖਿਆ, ਪ੍ਰਤੱਖ ਕੀਤਾ

"ਜਨ ਜਪਿਓ ਨਾਮੁ ਨਿਰੰਜਨੁ ਨਰਹਰਿ ਉਪਦੇਸਿ ਗੁਰੂ ਹਰਿ **ਪ੍ਰੀਧੇ**।" — ਬਸੰ **੪**, ੫, ੩ : ੧ (1179)

ਪ੍ਰੇਉ — ਪਿਆਰਾ,ਪ੍ਰਿਯ

"ਓਹੁ ਘਟਿ ਘਟਿ ਰਾਵੈ ਸਰਬ **ਪ੍ਰੇਉ**।" — ਬਸੰ **੧**, ੬, ੨ : ੨ (1170)

ਪ੍ਰੇਤ — 1. (ਸੰ. ਪ੍ਰੇਤ) ਚੰਦਰੀ ਰੂਹ ਭੂਤ, ਮੋਏ ਹੋਏ ਦੀ ਅਬਗਤ ਆਤਮਾ ਜੋ ਦੁਖਦਾਈ ਰੂਪ ਵਿਚ ਘੁੰਮਦੀ ਫਿਰੇ

"ਪਸੁ **ਪ੍ਰੇਤ** ਮੁਘਦ ਪਾਥਰ ਕਉ ਤਾਰੈ।" — ਗਉ **੫**, ਸੁਖ ੯, ੫ : ੬ (274)

"**ਪ੍ਰੇਤ** ਪਿੰਜਰ ਮਹਿ ਦੂਖ ਘਨੇਰੇ।" (ਸਰੀਰ ਜੋ ਮਨ ਰੂਪੀ ਪ੍ਰੇਤ ਦੇ ਰਹਿਣ ਦਾ ਪਿੰਜਰਾ ਹੈ) — ਮਾਰੂ **੧**, ਸੋਲਾ ੯, ੬ : ੧ (1029)

2. ਇਕ ਜੂਨ, ਪ੍ਰਥਮ ਜੂਨ ਜਿਸ ਵਿਚ ਆਤਮਾ ਲਿੰਗ ਸਰੀਰ ਵਿਚ ਰਹਿ ਕੇ ਅਤਿ ਦੁੱਖੀ ਹੁੰਦੀ ਹੈ।

"ਕਈ ਕੋਟ ਭੂਤ **ਪ੍ਰੇਤ** ਸੂਕਰ ਮ੍ਰਿਗਾਚ।" — ਗਉ **੫**, ਸੁਖ ੧੦, ੪ : ੮ (276)

3. ਰਵਾਨਾ ਹੋਇਆ, ਮੋਇਆ ਹੋਇਆ

"ਤਨ ਤੇ ਪ੍ਰਾਨ ਹੋਤ ਜਬ ਨਿਆਰੇ ਟੇਰਤ **ਪ੍ਰੇਤ** ਪੁਕਾਰਿ।" — ਦੇਵ **੯**, ੨, ੧ : ੧ (536)

ਪ੍ਰੇਤਤਹ — ਪ੍ਰੇਤ (ਜਿੰਨ, ਭੂਤ)ਹਨ

"ਹਰਿ ਭਗਤਿ ਭਾਵ ਹੀਣੰ ਨਾਨਕ ਪ੍ਰਭ ਬਿਸਰਤ ਤੇ **ਪ੍ਰੇਤਤਹ**।" — ਜੈਤ **੫**, ਵਾਰ ੪ਸ, **੫**, ੧ : ੨ (706)

ਪ੍ਰੇਤਾ — ਭੈੜੀਆਂ ਰੂਹਾਂ

"ਪਸੁ ਪੰਖੀ ਭੂਤ ਅਰੁ **ਪ੍ਰੇਤਾ**।" — ਮਾਰੂ **੫**, ੧੯, ੩ : ੧ (1005)

ਹੋਰ ਰੂਪ — ਪ੍ਰੇਤੁ —

"ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ **ਪ੍ਰੇਤੁ**।" (ਭੂਤ ਜਿੰਨ) — ਮਾਝ **੫**, ਬਾਰਾ ੭ : ੩ (134)

ਪ੍ਰੇਮ — (ਸੰ. ਪ੍ਰੇਮਜ) ਪਿਆਰ, ਨਿਹੁੰ, ਸਨੇਹ

"**ਪ੍ਰੇਮ** ਪਦਾਰਥ ਪਾਈਐ ਗੁਰਮੁਖਿ ਤਤੁ ਵੀਚਾਰੁ।" — ਸਿਰੀ **੧**, ਅਸ ੧੨, ੫ : ੧ (61)

"ਅੰਦਰੁ ਖਾਲੀ **ਪ੍ਰੇਮ** ਬਿਨੁ ਢਹਿ ਢੇਰੀ ਤਨੁ ਛਾਰੁ।" — ਸਿਰੀ **੧**, ਅਸ ੧੫, ੧ : ੩ (62)

ਹੋਰ ਰੂਪ — ਪ੍ਰੇਮਿ —

"ਸੋਭਾ ਸੁਰਤਿ ਸੁਹਾਵਣੀ ਸਾਚੈ **ਪ੍ਰੇਮਿ** ਅਪਾਰ।" (ਪ੍ਰੇਮ ਵਿਚ) — ਸਿਰੀ **੧**, ਅਸ ੨, ੬ : ੨ (54)

ਪ੍ਰੇਮੁ —

"ਪਾਖੰਡਿ **ਪ੍ਰੇਮੁ** ਨ ਪਾਈਐ ਖੋਟਾ ਪਾਜੁ ਖੁਆਰੁ।" — ਸਿਰੀ **੧**, ੨, ੧ : ੩ (54)

ਪ੍ਰੇਰਹੁ — ਚਲਾਵੋ, ਉਤਸ਼ਾਹਿਤ ਕਰੋ

"ਜਿਤੁ ਮਾਰਗਿ ਤੁਮ **ਪ੍ਰੇਰਹੁ** ਸੁਆਮੀ ਤਿਤੁ ਮਾਰਗਿ ਹਮ ਜਾਤੇ।" — ਗਉ **੪**, ੫੪, ੧ : ੨ (169)

ਪ੍ਰੇਰਿ — ਚਲਾਉਣਾ, ਧਕਣਾ

"ਤਿਨ ਹੀ ਮਾਹਿ ਅਟਿਕ ਜੋ ਉਰਝੇ ਇੰਦ੍ਰੀ **ਪ੍ਰੇਰਿ** ਲਇਓ।" (ਭਾਵ ਭਰਮਾ ਲਿਆ) — ਗਉ **ਕਬ**, ੫੯, ੩ : ੨ (336)

ਹੋਰ ਰੂਪ — ਪ੍ਰੇਰਿਓ —

"ਸੁਆਦ ਲੁਭਤ ਇੰਦ੍ਰੀ ਰਸ **ਪ੍ਰੇਰਿਓ** ਮਦ ਰਸ ਲੈਤ ਬਿਕਾਰਿਓ ਰੇ।" (ਭਾਵ ਭਰਮਿਆ)

— ਗਉ **ਕਬ**, ੫੬, ੩ : ੧ (335)

ਪ੍ਰੇਰੇ —

"ਉਦਮ ਮਤਿ ਪ੍ਰਭ ਅੰਤਰਜਾਮੀ ਜਿਉ **ਪ੍ਰੇਰੇ** ਤਿਉ ਕਰਨਾ।" (ਚਲਾਉਂਦਾ, ਉਤਸ਼ਾਹਿਤ ਕਰਦਾ, ਪ੍ਰੇਰਨਾ ਦਿੰਦਾ ਹੈ)

— ਬਿਲਾ **੪**, ੧, ੧ : ੧ (798)

ਫ

ਫਉਜ — (ਅ. ਫੌਜ) ਲਸ਼ਕਰ, ਸੈਨਾ
"ਵਡੀ ਕੋਮ ਵਸਿ ਭਾਗਹਿ ਨਾਹੀ ਮੁਹਕਮ **ਫਉਜ** ਹਠਲੀ ਰੇ।"— ਆਸਾ **੫**, ੧੩੨, ੨ : ੧ (404)

ਫਸਲਿ — (ਅ. ਫਸਲ) ਤਿਆਰ ਖੇਤੀ
"**ਫਸਲਿ** ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ।"
— ਮਲਾ **੧**, ਵਾਰ ੧੯ਸ, **੧**, ੧ : ੫ (1280)

ਫਹਰੰਤਿ — ਹਵਾ ਵਿਚ ਲਹਿਰਾਣਾ/ਝੂਲਣਾ
"ਫੁਨਿ ਧ੍ਰੰਮ ਧੁਜਾ **ਫਹਰੰਤਿ** ਸਦਾ ਅਘ ਪੁੰਜ ਤਰੰਗ ਨਿਵਾਰਨ ਕਉ।"
— ਸਵ **੪**, ਮਥੁ ੨ : ੨ (1404)

ਫਹਰਾਇ — ਲਹਿਰਾਏ, ਝੂਲੇ
"ਊਚ ਭਵਨ ਕਨਕਾਮਨੀ ਸਿਖਰਿ ਧਜਾ **ਫਹਰਾਇ**।" — ਸਲੋ **ਕਬ**, ੧੫੦ : ੨ (1372)

ਫਹਾਇਨਿ — ਫਸਾਉਂਦੇ ਹਨ
"ਫਾਂਧੀ ਲਗੀ ਜਾਤਿ **ਫਹਾਇਨਿ** ਅਗੈ ਨਾਹੀ ਥਾਉ।"
— ਮਲਾ **੧**, ਵਾਰ ੨੨ਸ, **੧**, ੨ : ੨ (1288)

ਫਹਾਈਐ — ਫਸਾਈਐ, ਪਕੜੀਏ
"ਮਾਗਰਮਛੁ **ਫਹਾਈਐ** ਕੁੰਡੀ ਜਾਲੁ ਵਤਾਇ।"
— ਮਾਰੂ **੧**, ਅਸ ੨, ੫ : ੧ (1009)

ਫਹਾਏ — ਫਸਦੇ ਹਨ
"ਏਕੈ ਜਾਲਿ **ਫਹਾਏ** ਪੰਖੀ।"
— ਗਉ **੫**, ੯੨, ੪ : ੧ (180)

ਫਹੀ — 1. ਫਸ ਹੋਈ (ਜਿੰਦ) ਨੂੰ
"ਆਵਣੁ ਜਾਣੁ ਨ ਸੁਝਈ ਭੀੜੀ ਗਲੀ **ਫਹੀ**।"
(ਫਸਾਉਣ ਵਾਲੀ) ਮਹਾਨਕੋਸ਼
— ਰਾਮ **੩**, ਵਾਰ ੧੩ਸ, **੧**, ੨ : ੫ (953)

2. ਫਸਾਉਂਦੀ
"ਸਿਮਰਿ ਸਿਮਰਿ ਜੀਵਤ ਹਰਿ ਨਾਨਕ ਜਮ ਕੀ ਤੀਰ ਨ **ਫਹੀ**।"
— ਸਾਰ **੫**, ੧੦੯, ੨ : ੨ (1225)
(ਨਹੀਂ ਫਸਦਾ (ਸ਼ਬਦਾਰਥ), ਨਹੀ ਫਸੀਦਾ (ਦਰਪਣ)

ਫੰਕ — ਫਾੜੀ, ਫਾਂਕ
"ਤਾ ਫਲ **ਫੰਕ** ਲਖੈ ਜਉ ਕੋਈ।"
— ਗਉ **ਕਬ**, ਬਾਅ ੨੮ : ੨ (341)

ਫਕਰੁ — (ਅ. ਫਕਰ) ਫਕੀਰੀ
"ਕਰਿ **ਫਕਰੁ** ਦਾਇਮ ਲਾਇ ਚਸਮੇ ਜਹ ਤਹਾ ਮਉਜੂਦੁ।" — ਤਿਲੰ **ਕਬ**, ੧, ੩ : ੨ (727)

ਫਕੜ — ਅਧਾਰ, ਫਲ ਰਹਿਤ ਭਾਵ ਫਜ਼ੂਲ, ਵਿਆਰਥ
"**ਫਕੜ** ਜਾਤੀ ਫਕੜੁ ਨਾਉ।"
— ਸਿਰੀ **੪**, ਵਾਰ ੩ਸ, **੧**, ੧ : ੧ (83)

ਫਕੜਿ — ਬਦਨਾਮੀ ਦਾ ਢੰਡੋਰਾ, ਮਖੌਲ, ਭੰਡੀ
"ਲੋਕਾ ਮਤ ਕੋ **ਫਕੜਿ** ਪਾਇ।"
— ਆਸਾ **੧**, ੩੨, ੧* : ੧ (358)
(ਮਹਾਨਕੋਸ਼ ਅਰਥ ਅਧਾਰ ਕਰਮ ਵਿਚ, ਫੋਕੜ ਵਿਚ ਕਰਦਾ ਹੈ)

ਫਕੜੀ — ਭੰਡੀ, ਤੋੜੀ
"ਓਸੁ ਪਿਛੈ ਵਜੈ **ਫਕੜੀ** ਮੁਹੁ ਕਾਲਾ ਆਗੈ ਭਇਆ।"
— ਸੋਰ **੪**, ਵਾਰ ੨੭ਸ, **੪**, ੨ : ੨ (653)

ਫਕੜੁ — 1. ਫਜ਼ੂਲ, ਅਧਾਰ, ਫੋਕਟ
"ਫਕੜ ਜਾਤੀ **ਫਕੜੁ** ਨਾਉ।"
— ਸਿਰੀ **੪**, ਵਾਰ ੩ਸ, **੧**, ੧ : ੧ (83)
"ਹੋਰੁ **ਫਕੜੁ** ਹਿੰਦੂ ਮੁਸਲਮਾਣੈ।"
— ਰਾਮ **੩**, ਵਾਰ ੧੧ਸ, **੧**, ੨ : ੧੬ (952)

2. ਬਕਬਾਦ, ਗੰਦਾ ਮੰਦਾ ਬੋਲ
"ਹੈਨਿ ਵਿਰਲੇ ਨਾਹੀ ਘਣੇ ਫੈਲ **ਫਕੜੁ** ਸੰਸਾਰੁ।"
— ਸਲੋ **੧**, ੧੨ : ੧ (1411)
(ਮਹਾਨਕੋਸ਼ ਅਰਥ 'ਫਕੀਰ' ਕਰਦਾ ਹੈ)

ਫਕਾ — (ਅ. ਫਾਕਾ) ਨਿਰਾਹਾਰ ਰਹਿਣ ਦਾ ਭਾਵ (ਮਹਾਨਕੋਸ਼)
(ਚੁਟਕੀਕੁ, ਥੋੜਾ ਜਿਹਾ, (ਦਰਪਣ, ਨਿਰਣੈ, ਸ਼ਬਦਾਰਥ)

"ਇਕਿ ਖਾਵਹਿ ਬਖਸ ਤੋਟਿ ਨ ਆਵੈ ਇਕਨਾ **ਫਕਾ** ਪਾਇਆ ਜੀਉ।"
— ਗਉ **੪**, ੬੬, ੪ : ੨ (173)

ਫਕੀਰ — 1. (ਅ. ਫ਼ਕੀਰ) ਸਾਧੂ, ਦਰਵੇਸ਼
"ਹੋਇ ਪੈ ਖਾਕ **ਫਕੀਰ** ਮੁਸਾਫਰੁ ਇਹੁ ਦਰਵੇਸੁ ਕਬੂਲੁ ਦਰਾ।"
— ਮਾਰੂ **੫**, ਸੋਲਾ ੧੨, ੧ : ੩ (1083)
2. ਨਿਰਧਨ, ਕੰਗਾਲ
"ਜਿਨ ਕੈ ਪਲੈ ਧਨੁ ਵਸੈ ਤਿਨ ਕਾ ਨਾਉ **ਫਕੀਰ**।"
— ਮਲਾ **੧**, ਵਾਰ ੨ਸ, **੧**, ੧ : ੩ (1287)
"ਇਕਿ ਦੇ ਖਾਹਿ ਨਿਖੁਟੈ ਨਾਹੀ ਇਕ ਸਦਾ ਫਿਰਹਿ **ਫਕੀਰ**।"
— ਮਲਾ **੧**, ਵਾਰ ੨੪ਸ, **੧**, ੧ : ੫ (1289)

ਫਕੀਰਾ — ਸਾਧੂਆਂ/ਦਰਵੇਸ਼ਾਂ/ਫਕੀਰਾਂ ਵਾਲਾ
"ਕਾਜੀ ਸੇਖ ਭੇਖ **ਫਕੀਰਾ**।"
— ਗਉ **੧**, ਅਸ ੧੪, ੭ : ੧ (227)
ਹੋਰ ਰੂਪ — ਫਕੀਰਾਂ —
"ਮਿਸਲ **ਫਕੀਰਾਂ** ਗਾਖੜੀ ਸੁ ਪਾਈਐ ਪੂਰ ਕਰੰਮਿ।" (ਫਕੀਰਾਂ ਵਰਗੀ/ਦੀ)
— ਸਲੋ **ਫਰ**, ੧੧੧ : ੨ (1383)

ਫਕੀਰੁ — ਮੰਗਤਾ, ਸਾਧੂ ਦਰਵੇਸ਼
"ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ **ਫਕੀਰੁ**।"
— ਰਾਮ **੧**, ਓਅੰ ੪੪ : ੧ (936)

ਫਕੀਰੈ — ਫਕੀਰ ਦੇ
"ਪੂਰੈ ਗੁਰਿ ਬਖਸਾਈਅਹਿ ਸਭਿ ਗੁਨਹ **ਫਕੀਰੈ**।"
— ਮਾਰੂ **੧**, ਅਸ ੬, ੧ : ੩ (1012)

ਫਗਣੁ — ਬਿਕਰਮੀ ਸੰਮਤ ਦਾ ਬਾਰਵਾਂ ਮਹੀਨਾ
"ਹਿਮਕਰ ਰੁਤਿ ਮਨਿ ਭਾਵਤੀ ਮਾਘੁ **ਫਗਣੁ** ਗੁਣਵੰਤ ਜੀਉ।"
— ਰਾਮ **੫**, ਰੁਤੀ, ੭ : ੨ (929)

ਫਟਕ — ਕਰ ਦੀਆ
"ਮੁੰਦ੍ਰਾ **ਫਟਕ** ਬਨਾਈ ਕਾਨਿ।"
— ਰਾਮ **੧**, ਅਸ ੨, ੬ : ੧ (903)

ਫਟਿਓ — ਪਾਟਿਆ ਭਾਵ ਮੁਕਿਆ
"ਨਾ ਹਰਿ ਭਜਿਓ ਨ ਖਤੁ **ਫਟਿਓ** ਕਾਲੁ ਪਹੂੰਚੋ ਆਇ।"
— ਸਲੋ **ਕਬ**, ੨੦੮ : ੨ (1375)

ਫਤਿਹ — (ਅ.) ਫਤਹਿ) ਜਿਤ, ਵਿਜੈ
"ਫਾਹੇ ਕਾਟੇ ਮਿਟੇ ਗਵਨ **ਫਤਿਹ** ਭਈ ਮਨਿ ਜੀਤ।"
— ਗਉ **੫**, ਬਾਅ ੩੮ਸ : ੧ (258)

ਫੰਦ — ਬੰਧਨ
"ਭਉ ਚੂਕਾ ਟੂਟੇ ਸਭਿ **ਫੰਦ**।"
— ਆਸਾ **੫**, ੮੧, ੪ : ੨ (392)

ਫੰਦਾ — ਬੰਧਨ, ਜਾਲ
"ਤਬ ਸਗਲੇ ਇਸੁ ਮੇਲਹਿ **ਫੰਦਾ**।"
— ਗਉ **੫**, ਅਸ ੧, ੨ : ੨ (235)

ਫਦੀਹਤਿ — (ਅ. ਫ਼ਜ਼ੀਹਤ) ਭਾਵ ਵਿਸ਼ਟਾ, ਗੰਦਗੀ
"ਫੋਲਿ **ਫਦੀਹਤਿ** ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ।"
— ਮਾਝ **੧**, ਵਾਰ ੨੬ਸ, **੧**, ੧ : ੨ (149)

ਫੰਦੇ — ਜਾਲ, ਬੰਧਨ, ਫਾਹੇ
"ਮਨਮੁਖਿ ਭੂਲੀ ਬਹੁਤੀ ਰਾਹੀ ਫਾਥੀ ਮਾਇਆ **ਫੰਦੇ**।"
— ਸੂਹੀ **੫**, ਛੰਤ ੪, ੩ : ੪ (779)

ਫੰਧ — 1. ਫਾਹੀ
"ਕਹੁ ਨਾਨਕ ਬਿਨੁ ਹਰਿ ਭਜਨ ਪਰਤ ਤਾਹਿ ਜਮ **ਫੰਧ**।"
— ਸਲੋ **੯**, ੨੬ : ੨ (1427)
ਹੋਰ ਰੂਪ — ਫੰਧਾ —
"ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ ਕਾਟੈ ਜਮ ਕੀ **ਫੰਧਾ**।"
— ਸੋਰ **੫**, ੩੪, ੧* : ੨ (618)
2. ਜਾਲ, ਬੰਧਨ
"ਕਰਣੋ ਹੁਤੋ ਸੁਨਾ ਕੀਓ ਪਰਿਓ ਲੋਭ ਕੈ **ਫੰਧ**।"
— ਸਲੋ **੯**, ੩੬ : ੧ (1428)
ਹੋਰ ਰੂਪ — ਫੰਧਾ —
"ਜਾ ਪਹਿ ਜਾਉ ਆਪੁ ਛੁਟਕਾਵਨਿ ਤੇ ਬਾਧੇ ਬਹੁ **ਫੰਧਾ**।"
— ਗਉ **ਕਬ**, ੫੧, ੧*:੨ (334)

ਫਧਿ — ਫਸ
"ਮਨੁ ਮਾਇਆ ਮੈ **ਫਧਿ** ਰਹਿਓ ਬਿਸਰਿਓ ਗੋਬਿੰਦ ਨਾਮੁ।"
— ਸਲੋ **੯**, ੩੦ : ੧ (1427)
ਹੋਰ ਰੂਪ — ਫਧਿਓ —
"ਦੁਰਮਤਿ ਸਿਉ ਨਾਨਕ **ਫਧਿਓ** ਰਾਖਿ ਲੇਹੁ ਭਗਵਾਨ।"
— ਸਲੋ **੯**, ੩੪ : ੨ (1428)

ਫੰਧੁ — ਬੰਦਨ, ਫੰਦਾ
"ਭ੍ਰਮ ਕਾ ਮੋਹਿਆ ਪਾਵੈ **ਫੰਧੁ**।"
— ਭੈਰ **ਕਬ**, ੧੨, ੨ : ੨ (1160)

ਹੋਰ ਰੂਪ — ਫੰਧੇ —
"ਹਉਮੈ ਮਾਇਆ ਕੇ ਗਲਿ **ਫੰਧੇ**।" (ਬੰਧਨ, ਫਾਹੀਆਂ)
— ਮਾਰੂ **੧**, ਸੋਲਾ ੨੦, ੮ : ੨ (1041)

ਫਨ — (ਅ. ਫਨ) ਛਲ, ਭੇਖ
"ਮਾਤ ਪਿਤਾ ਭਾਈ ਸੁਤ ਬਨਿਤਾ ਹਿਤੁ ਲਾਗੋ ਸਭ **ਫਨ** ਕਾ।" — ਸਾਰ **ਕਬ**, ੧, ੧* : ੨ (1253) (ਮਹਾਨਕੋਸ਼ ਇਸ ਦਾ ਅਰਥ 'ਵਿਭੂਤੀ' 'ਧਨ ਸੰਪਦਾ' ਕਰਦਾ ਹੈ)

ਫਨਖਾਨੇ — ਫਨਾ ਹੋ ਜਾਣ ਵਾਲਾ ਘਰ, ਧੋਖੇ ਦਾ ਘਰ ਭਾਵ ਛੱਲ ਹੈ
"ਚੇਤਸਿ ਨਾਹੀ ਦੁਨੀਆ **ਫਨਖਾਨੇ**।"
— ਸੂਹੀ **ਰਵਿ**, ੨, ੩ : ੪ (794)

ਫਨਾਇ — ਨਾਸਵਾਨ , ਫਨਾ ਹੋ ਜਾਣ ਵਾਲਾ
"ਬੰਦੇ ਚਸਮ ਦੀਦੰ **ਫਨਾਇ**।"
— ਤਿਲੰ **੫**, ੧, ੧* : ੧ (723)

ਫਨਿੰਦ — ਸੱਪਾਂ ਦਾ ਰਾਜਾ, ਸ਼ੇਸ਼ਨਾਗ
"ਰਾਮ ਰਵਣ ਦੁਰਤ ਦਵਣ ਸਕਲ ਭਵਣ ਕੁਸਲ ਕਰਣ ਸਰਬ ਭੂਤ ਆਪਿ ਹੀ ਦੇਵਾਧਿ ਦੇਵ ਸਹਸ ਮੁਖ **ਫਨਿੰਦ** ਜੀਉ।"
— ਸਵ **੪**, ਗਯੰ ੯ : ੩ (1403)

ਫਨੀ — (ਸੰ. ਫਣਿਨ੍) ਫਨਾਂ ਵਾਲਾ
"ਸਹਸ **ਫਨੀ** ਸੇਖ ਅੰਤੁ ਨ ਜਾਨੈ।"
— ਮਾਰੂ **੫**, ਸੋਲਾ ੧੧, ੧੬ : ੨ (1083)

ਫੰਨੀ — ਫਨ (ਛਲ) ਵਾਲੀ
"ਧ੍ਰਿਗੁ ਤਨੁ ਧ੍ਰਿਗੁ ਧਨੁ ਧ੍ਰਿਗੁ ਇਹ ਮਾਇਆ ਧ੍ਰਿਗੁ ਧ੍ਰਿਗੁ ਮਤਿ ਬੁਧਿ **ਫੰਨੀ**।"
— ਬਿਲਾ **ਕਬ**, ੯, ੧ : ੧ (857)

ਫਫਾ — ਗੁਰਮੁਖੀ ਲਿਪੀ ਦਾ 27ਵਾਂ ਅੱਖਰ 'ਫ'
"**ਫਫਾ** ਫਿਰਤ ਫਿਰਤ ਤੂ ਆਇਆ।"
— ਗਉ **੫**, ਬਾਅ ੩੮ : ੧ (258)

ਫਫੈ — 'ਫ' ਦੁਆਰਾ
"**ਫਫੈ** ਫਾਹੀ ਸਭੁ ਜਗੁ ਫਾਸਾ ਜਮ ਕੈ ਸੰਗਲਿ ਬੰਧਿ ਲਇਆ।" — ਆਸਾ **੧**, ਪਟੀ ੨੫ : ੧ (433)

ਫਬ — ਫਬਦੇ ਹਨ, ਸੋਹਣੇ ਲਗਦੇ ਹਨ
"ਜਿਨੀ ਸਚੁ ਅਰਾਧਿਆ ਨਾਨਕ ਮਨਿ ਤਨਿ **ਫਬ**।"
— ਸਲੋ **੫**, ੧੪ : ੨ (1425)

ਫਬੀ — ਸ਼ੋਭਦੀ ਹੈ, ਮਾਫ਼ਕ ਆਈ
"ਗੁਰਿ ਪੂਰੈ ਦੀਓ ਹਰਿ ਨਾਮਾ ਜੀਅ ਕਉ ਏਹਾ ਵਸਤੁ **ਫਬੀ**। — ਗੂਜ **੫**, ੮, ੧* : ੨ (497)

ਫਬੋ — ਫਬਦਾ/ਚੰਗਾ ਲਗਦਾ ਹੈ, ਮਾਫਕ ਹੈ
"ਇਕੁ ਨਾਉ ਤੇਰਾ ਮੈ **ਫਬੋ**।"
— ਸੋਰ **ਕਬ**, ੧੧, ੪ : ੨ (656)

ਫਰਹੇ — ਫਾਟਕ, ਬੂਹੇ, ਖਿੜਨ
"**ਫਰਹੇ** ਮੁਹਕਮ ਗੁਰ ਗਿਆਨੁ ਬੀਚਾਰਿ।"
— ਆਸਾ **੫**, ਅਸ ੧, ੨ : ੨ (430)

ਫਰਕਿ — ਚੁਸਤੀ ਨਾਲ, ਤੁਰੰਤ, ਝਟਪਟ
"ਜਬ ਦੇਖਿਓ ਬੇੜਾ ਜਰਜਰਾ ਤਬ ਉਤਰਿ ਪਰਿਓ ਹਉ **ਫਰਕਿ**।" — ਸਲੋ **ਕਬ**, ੬੭ : ੨ (1368)

ਫਰਕੁ — 1. ਵਿੱਥ, ਅੰਤਰ
"ਆਪੇ **ਫਰਕੁ** ਕੀਤੋਨੁ ਘਰ ਅੰਤਰਿ ਆਪੇ ਬਣਤ ਬਣਾਵਣਿਆ।"
— ਮਾਝ **੩**, ਅਸ ੨੭, ੧ : ੩ (125)

2. ਭੇਦ, ਵਖਰਤਾ
"ਸਭਨਾ ਨਦਰਿ ਏਕ ਹੈ ਆਪੇ **ਫਰਕੁ** ਕਰੇਇ।"
— ਵਡ **੩**, ੨, ੪ : ੧ (559)

ਫਰਾਇ — ਪੜਵਾ ਕੇ, ਚਿਰਾ ਕੇ
"ਕਾਨ **ਫਰਾਇ** ਹਿਰਾਏ ਟੂਕਾ।"
— ਪ੍ਰਭਾ **੫**, ਅਸ ੨, ੫ : ੧ (1348)

ਫਰੀਦ — ਬਾਰਵੀਂ ਸਦੀ ਦਾ ਇਕ ਸੂਫੀ ਫਕੀਰ ਜਿਸ ਦੇ 4 ਸ਼ਬਦ ਤੇ 117 ਸਲੋਕ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।
"ਆਜੁ ਮਿਲਾਵਾ ਸੇਖ **ਫਰੀਦ** ਟਾਕਿਮ ਕੂੰਜੜੀਆਂ ਮਨਹੁ ਮਚਿੰਦੜੀਆ।"
— ਆਸਾ **ਫਰ**, ੨, ੧* : ੧ (488)

ਹੋਰ ਰੂਪ — ਫਰੀਦਾ —
"ਜਿਮੀ ਪੁਛੈ ਅਸਮਾਨ **ਫਰੀਦਾ** ਖੇਵਟ ਕਿੰਨਿ ਗਏ।" (ਹੇ ਫਰੀਦ)
— ਆਸਾ **ਫਰ**, ੨, ੮ : ੧ (488)

ਫਰੀਦੁ —
"ਬੋਲੈ ਸੇਖ **ਫਰੀਦੁ** ਪਿਆਰੇ ਅਲਹ ਲਗੇ।"
— ਆਸਾ **ਫਰ**, ੨, ੧ : ੧ (488)

ਫਰੀਦੈ —
"ਸੇਖ **ਫਰੀਦੈ** ਖੈਰੁ ਦੀਜੈ ਬੰਦਗੀ।" (ਫਰੀਦ

ਨੂੰ) — ਆਸਾ **ਫਰ**, ੧, ੪ : ੨ (488)

ਫਰੁਫਰਿਆ — ਫੜਫੜਾਇਆ ਭਾਵ ਉਡਾਰੀ ਲਾਈ
"ਸੋਰਹ ਮਧੇ ਪਵਨੁ ਝਕੋਰਿਆ ਆਕਾਸੇ **ਫਰੁ ਫਰਿਆ**।" — ਰਾਮ **ਕਬ**, ੬, ੨ : ੨ (970)

ਫਰੂ — ਫੜਨ ਵਾਲਾ
"ਜਮਕਾਲੈ ਵਸਿ ਜਗੁ ਬਾਂਧਿਆ ਤਿਸ ਦਾ **ਫਰੂ** ਨ ਕੋਇ।"
('ਮਹਾਨਕੋਸ਼' ਅਰਥ 'ਦਸਤਗੀਰ' ਕਰਦਾ ਹੈ
— ਵਡ **੪**, ਵਾਰ ੭ਸ, **੩**, ੧ : ੩ (588)

ਫਰੇ — ਫੜਕੇ, ਪਕੜ ਕੇ
"ਕਹੁ ਨਾਨਕ ਪ੍ਰਭ ਹੋਤ ਦਇਆਰਾ ਗੁਰੁ ਭੇਟੈ ਕਾਢੇ ਬਾਹ **ਫਰੇ**।"
— ਬਿਲਾ **੫**, ੯੬, ੨ : ੨ (823)

ਫਰੇਸਤਾ — ਫਰਿਸ਼ਤਾ (ਫ਼ਾ. ਫਿਰਿਸ਼ਤਾ)
"ਅਜਰਾਈਲੁ **ਫਰੇਸਤਾ** ਤਿਲ ਪੀੜੇ ਘਾਣੀ।"
— ਗਉ **੪**, ਵਾਰ ੨੨ : ੫ (315)

ਫਰੋਸ਼ੀ — (ਫ਼ਾ. ਫਰੋਸ਼ਦੀਨ) ਵੇਚਣ ਦੀ ਕਿਰਿਆ
"ਓਹੁ ਗਲ **ਫਰੋਸੀ** ਕਰੇ ਬਹੁਤੇਰੀ ਓਸ ਦਾ ਬੋਲਿਆ ਕਿਸੈ ਨ ਭਾਇਆ।" (ਭਾਵ ਗਲਾਂ ਦਾ ਖਟਿਆ ਖਾਣਾ)— ਗਉ **੪**, ਵਾਰ ੮ਸ, **੪**, ੨ : ੩ (303)

ਫਲ — 1. ਕਰਮ ਦਾ ਨਤੀਜਾ, ਲਾਹਾ, ਪ੍ਰਾਪਤੀ
"ਮਨ ਇਛੇ **ਫਲ** ਭੁੰਚਿ ਤੂੰ ਸਭੁ ਚੂਕੈ ਸੋਗੁ ਸੰਤਾਪ।"
— ਸਿਰੀ **੫**, ੮੨, ੧* : ੨ (48)
"ਸਿਮਰਤ ਨਾਮ ਮੁਕਤਿ **ਫਲ** ਪਾਹਿ।"
— ਗਉ **੫**, ੧੫੨, ੩ : ੨ (196)
2. ਮੇਵਾ, ਦਰਖਤ ਦੇ ਫਲ
"ਬਿਨੁ ਗੁਰ ਮਹਲੁ ਨ ਜਾਪਈ ਨਾ ਅੰਮ੍ਰਿਤ **ਫਲ** ਪਾਹਿ।"— ਸਿਰੀ **੩**, ਅਸ ੨੦, ੨: ੩ (66)
"ਬਨਸਪਤਿ ਮਉਲੀ **ਫਲ** ਫੁਲ ਪੇਡੇ।"
— ਗਉ **੫**, ੮੪, ੪ : ੧ (180)
"**ਫਲ** ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ।"
— ਆਸਾ **੧**, ਵਰ ੧੪ਸ, **੧**, ੧ : ੩ (470)

ਫਲਹਿ — ਫਲਦਾ ਫੂਲਦਾ ਹੈ
"ਜਿਹ ਪ੍ਰਸਾਦਿ ਸੰਪੂਰਨ **ਫਲਹਿ**।"
— ਗਉ **੫**, ਸੁਖ ੬, ੬ : ੬ (270)

ਫਲਗੁਣਿ — ਬਿਕਰਮੀ ਸੰਮਤ ਦਾ 12ਵਾਂ ਮਹੀਨਾ, ਫਗਣ
"**ਫਲਗੁਣਿ** ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ।" — ਮਾਝ **੫**, ਬਾਰਾ ੧੩ : ੧ (136)

ਫਲਗੁਨਿ — 'ਫੱਗਣ' ਦਾ ਮਹੀਨਾ
"**ਫਲਗੁਨਿ** ਮਨਿ ਰਹਸੀ ਪ੍ਰੇਮੁ ਸੁਭਾਇਆ।"
— ਤੁਖਾ **੧**, ਬਾਰਾ ੧੬ : ੧ (1109)

ਫਲਘਾ — ਫਲ
"ਧਰਮ ਰਾਇ ਸਿਰਿ ਡੰਡੁ ਲਗਾਨਾ ਫਿਰਿ ਪਛੁਤਾਨੇ ਹਥ **ਫਲਘਾ**।" — ਸੂਹੀ **੪**, ੨, ੨ : ੨ (731)

ਫਲਣੇ — ਸੁਫਲ/ਫਲ ਵਾਲੇ ਹੋਣੇ, ਫਲ ਮਿਲਣੇ/ਲੈਣੇ
"ਤੁਮ ਜਲਨਿਧਿ ਹਰਿ ਮਾਨ ਸਰੋਵਰ ਜੋ ਸੇਵੈ ਸਭ **ਫਲਣੇ**।" — ਨਟ **੪**, ੬, ੪ : ੧ (977)

ਫਲੰਤ — ਸੁਫਲ/ਫਲ ਦੇਵੇ
"ਕਬੀਰ ਐਸਾ ਬੀਜੁ ਬੋਇ ਬਾਰਹ ਮਾਸ **ਫਲੰਤ**।"
— ਸਲੋ **ਕਬ**, ੨੨੯ : ੧ (1376)

ਫਲਤੇ — ਫਲ ਮਿਲਦੇ ਹਨ
"ਜੇਵੇਹੇ ਕਰਮ ਕਮਾਵਦਾ ਤੇਵੇਹੇ **ਫਲਤੇ**।"
— ਗਉ **੪**, ਵਾਰ ੩੨ : ੧ (317)

ਫਲਨ — ਫਲ ਦੇਣ ਵਾਲਾ
"ਬਲਹਿ ਛਲਨ ਸਬਲ ਮਲਨ ਭਗਿ **ਫਲਨ** ਕਾਨ੍ ਕੁਅਰ ਨਿਹਕਲੰਕ ਬਜੀ ਡੰਕ ਚੜ੍ਹੂ ਦਲ ਰਵਿੰਦ ਜੀਉ।" — ਸਵ **੪**, ਗਯੰ ੯ : ੨ (1403)

ਫਲਨਾ — ਫਲ ਸਹਿਤ ਹੋਣਾ
"ਸਭਿ ਕਹਹੁ ਮੁਖਹੁ ਰਿਖੀਕੇਸੁ ਹਰੇ ਰਿਖੀਕੇਸੁ ਹਰੇ ਜਿਤੁ ਪਾਵਹਿ ਸਭ ਫਲ **ਫਲਨਾ**।"
— ਕਾਨ **੪**, ਵਾਰ ੨ : ੫ (1313)

ਫਲਨਿ — ਫਲ ਦੇਣ ਲਗੇ
"ਕਬੀਰ ਫਲ ਲਾਗੇ **ਫਲਨਿ** ਪਾਕਨਿ ਲਾਗੇ ਆਂਬ।"
— ਸਲੋ **ਕਬ**, ੧੩੪ : ੧ (1371)

ਫਲਾ — 1. ਲਾਭ ਪ੍ਰਾਪਤੀ
"ਹਰਿ ਸੰਗਿ ਰਾਤੇ ਸੁਫਲ **ਫਲਾ**।" (ਭਾਵ ਫਲ ਦਾ ਫੁਲਦਾ ਹੈ) — ਗਉ **੫**, ੧੦੯*, ੧ : ੪ (201)
"ਸਭਿ ਪਦਾਰਥ ਸਭਿ **ਫਲਾ** ਸਰਬ ਗੁਣਾ ਜਿਸੁ ਮਾਹਿ।" (ਪ੍ਰਾਪਤੀਆਂ)
— ਗਉ **੫**, ੧੨੧*, ੨ : ੧ (218)
2. ਫਲਾਂ ਵਾਲਾ

"ਸਰਬ **ਫਲਾ** ਪੁੰਨੁ ਪਾਇਆ।"
— ਸੋਰ **੫**, ੬੪, ੪ : ੪ (615)

ਫਲਾਧਿਆ — ਫਲ ਲਾਧਿਆ, ਫਲ ਪ੍ਰਾਪਤ ਕੀਤਾ, ਫਲ ਪਾਇਆ
"ਸਚੁ ਸਚੇ ਨੋ ਸਾਬਾਸਿ ਹੈ ਸਚੁ ਸਚਾ ਸੇਵਿ **ਫਲਾਧਿਆ**।"— ਗਉ **੪**, ਵਾਰ ੨੨ : ੫ (313)

ਫਲਾਂਨਦ — ਫਲ+ਅਨੰਦ, ਫਲਾਂ ਦਾ ਅਨੰਦ
"ਜਹਾਂ ਕੀਰਤਨੁ ਸਾਧ ਸੰਗਤਿ ਰਸੁ ਤਹ ਸਘਨ ਬਾਸ **ਫਲਾਂਨਦ**।"— ਸਾਰ **੫**, ੭, ੨ : ੨ (1204)

ਫਲਿ — ਫਲ ਵਿਚ, ਪ੍ਰਾਪਤੀ ਨਾਲ
"ਹਰਿ ਰਸਿ **ਫਲਿ** ਰਾਤੇ ਨਾਨਕਾ ਕਰਮਿ ਸਚਾ ਨੀਸਾਣੁ।"
— ਬਿਹਾ **੪**, ਵਾਰ ੬ਸ, **੩**, ੨ : ੪ (550)

ਫਲਿਓ — ਫਲਿਆ, ਸੁ — ਫਲ ਹੋਇਆ
"ਸਹਜ ਤਰੋਵਰ **ਫਲਿਓ** ਗਿਆਨ ਅੰਮ੍ਰਿਤ ਫਲ ਲਾਗੇ।" — ਸਵ **੪**, ਕਲ ੯ : ੩ (1397)

ਫਲਿਆ — 1. ਫਲਾਂ ਵਾਲਾ ਹੋਇਆ, ਸੁ — ਫਲ ਹੋਇਆ
"ਮੋਹਨ ਤੂੰ ਸੁਫਲੁ **ਫਲਿਆ** ਸਣੁ ਪਰਵਾਰੇ।"
— ਗਉ **੫**, ਛੰਤ ੨, ੪ : ੧ (248)
2. ਭਾਵ ਵਧਿਆ
"ਹਰਿ ਪ੍ਰਭਿ ਫੁਰਮਾਇਆ ਮਿਟੀ ਬਲਾਇਆ ਸਾਚੁ ਧਰਮੁ ਪੁੰਨੁ **ਫਲਿਆ**।"
— ਸੂਹੀ **੫**, ੭, ੩ : ੩ (781)

ਫਲੀਅਹਿ — ਫਲਦੇ ਹਨ ਭਾਵ ਵੱਧਦੇ ਹਨ
"**ਫਲੀਅਹਿ** ਫੂਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ।"
— ਆਸਾ **੧**, ਵਾਰ ੧ਸ, **੧**, ੩ : ੪ (463)

ਫਲੁ — 1. ਲਾਹਾ, ਪ੍ਰਾਪਤੀ, ਲਾਭ, ਪ੍ਰਤਿਫਲ
"ਮਨ ਚਿੰਦਿਆ ਵਰੁ ਪਾਵਣਾ ਜੋ ਇਛੈ ਸੋ **ਫਲੁ** ਪਾਇ।" — ਸਿਰੀ **੩**, ੩੪, ੧ : ੩ (26)
"ਜਿਸ ਕਾ ਸਾ ਤਿਸ ਤੇ **ਫਲੁ** ਪਾਇਆ।"
— ਮਾਝ **੫**, ੩੮, ੪ : ੧ (105)
2. ਮੇਵਾ, ਦਰਖ਼ਤ ਦਾ ਫਲ
"ਜੇ ਸਉ ਅੰਮ੍ਰਿਤੁ ਨੀਰੀਐ ਭੀ ਬਿਖੁ **ਫਲੁ** ਲਾਗੈ ਧਾਇ।"
— ਸਿਰੀ **੩**, ਅਸ ੧੯, ੪ : ੨ (65)
"ਅੰਮ੍ਰਿਤ **ਫਲੁ** ਜਿਨੀ ਚਾਖਿਆ ਸਚਿ ਰਹੇ ਅਘਾਈ।"
— ਆਸਾ **੧**, ਅਸ ੨੦, ੭ : ੧ (421)

ਫਲੇ — ਫਲ ਲਗੇ
"ਨਾਨਕ ਤੇਜਨ ਸੁਫਲ **ਫਲੇ**।"
— ਗਉ **੫**, ੧੨੭, ੪ : ੨ (191)

ਫਲੋਹਾਰ — ਫਲ+ਅਹਾਰ, ਕੇਵਲ ਫਲ ਖਾਣਾ
"**ਫਲੋਹਾਰ** ਕੀਏ ਫਲੁ ਜਾਇ।"
— ਬਿਲਾ **੧**, ਥਿਤੀ ੧੪ : ੩ (840)

ਫੜਾਏ — ਪਕੜਾਵੇ
"ਅੰਧ ਕੂਪ ਤੇ ਕਾਢਿਅਨੁ ਲੜੁ ਆਪਿ **ਫੜਾਇ**।"
— ਰਾਮ **੫**, ਵਾਰ ੨੧ : ੭ (966)

ਫੜਿ — ਪਕੜ ਕੇ
"ਪ੍ਰਭ ਦਾਸ ਕਾ ਦੁਖੁ ਨ ਖਵਿ ਸਕਹਿ **ਫੜਿ** ਜੋਨੀ ਜੁਤੇ।" — ਗੂਜ **੫**, ਵਾਰ ੨੦ : ੨ (523)

ਫੜੀਅਗੁ — ਪਕੜਿਆ ਜਾਵੇਗਾ
"ਹੋਂਦਾ **ਫੜੀਅਗੁ** ਨਾਨਕ ਜਾਣੁ।"
— ਮਲਾ **੧**, ਵਾਰ ੨੪ਸ, **੧**, ੨ : ੭ (1289)

ਫੜੁ — ਪਖੰਡ, ਦੰਭ
"**ਫੜੁ** ਕਰਿ ਲੋਕਾ ਨੋ ਦਿਖਲਾਵਹਿ।"
— ਮਲਾ **੧**, ਵਾਰ ੨੫ਸ, **੧**, ੨ : ੫ (1289)

ਫੜੇ — ਫੜ ਕੇ
"ਅਜਰਾਈਲਿ **ਫੜੇ** ਫੜਿ ਕੁਠੇ।"
— ਮਾਰੂ **੫**, ਅਸ ੮, ੨ : ੨ (1020)

ਫਾਸ — 1. ਫਾਹੀ, ਫੰਧਾ
"ਸਾਧ ਸੰਗਤਿ ਹੋਇ ਨਿਰਮਲਾ ਕਟੀਐ ਜਮ ਕੀ **ਫਾਸ**।" — ਸਿਰੀ **੫**, ੭੭, ੩ : ੧ (44)
ਹੋਰ ਰੂਪ — **ਫਾਂਸ** —
"ਹੀਤ ਮੋਹ ਭੈ ਭਰਮ ਭ੍ਰਮਣੰ ਅਹੰ **ਫਾਂਸ** ਤੀਖ੍ਣ ਕਠਿਨਹ।" — ਸਸ **੫**, ੫੮ : ੩ (1359)
2. ਫਸਦਾ ਹੈ
"ਇਹੁ ਮਾਇਆ ਮੋਹ ਕੁਟੰਬੁ ਹੈ ਭਾਇ ਦੂਜੇ **ਫਾਸ**।" — ਗਉ **੫**, ੪੭, ੪ : ੧ (166)

ਫਾਸਏ — ਫਾਹੀ, ਫੰਧਾ
"ਧੁਰਿ ਕਰਮੁ ਲਿਖਿਆ ਸਾਚੁ ਸਿਖਿਆ ਕਟੀ ਜਮ ਕੀ **ਫਾਸਏ**।"— ਧਨਾ **੫**, ਛੰਤ ੧, ੧ : ੪ (691)

ਫਾਸਸਿ — ਫਸਦਾ ਹੈ

"ਮੈਗਲ ਜਿਉ **ਫਾਸਸਿ** ਕਾਮਹਾਰ।"
— ਬਸੰ **੧**, ਅਸ ੨, ੨ : ੩ (1188)

ਫਸਾਹਿ — ਫਸਦਾ ਹੈ
"ਕਿਆ ਲੈ ਆਇਆ ਲੇ ਜਾਇ ਕਿਆ **ਫਾਸਹਿ** ਜਮ ਜਾਲਾ।"— ਗਉ **੧**, ਅਸ ੧੨, ੬ : ੧ (228)

ਫਾਸਹਿਗਾ — ਫਸੇਗਾ
"ਜਮ ਪੁਰਿ **ਫਾਸਹਿਗਾ** ਜਮ ਜਾਲੀ।"
— ਮਾਰੂ **੧**, ੧੨, ੫ : ੨ (993)

ਫਾਸਨ — ਫਸਨ, ਕਾਬੂ ਆ ਜਾਣ
"**ਫਾਸਨ** ਕੀ ਬਿਧਿ ਸਭੁ ਕੋਊ ਜਾਨੈ ਛੂਟਨ ਕੀ ਇਕੁ ਕੋਈ।"— ਗਉ **ਕਬ**, ੪੧, ੩ : ੧ (331)

ਫਾਸਾ — ਫਾਹੀ, ਫੰਧਾ
"ਸਿਮਰਿ ਸਿਮਰਿ ਸਿਮਰਿ ਗੁਣ ਗਾਵਾ ਕਾਟੀ ਜਮ ਕੀ **ਫਾਸਾ** ਜੀਉ।"— ਮਾਝ **੫**, ੩੮, ੨:੩ (105)

ਫਾਂਸਿ — ਫਾਹੀ
"ਕਾਲ ਕੈ **ਫਾਂਸਿ** ਸਕਤ ਸਰੁ ਸਾਂਧਿਆ।"
— ਆਸਾ **੫**, ੮੧, ੨ : ੨ (390)

ਫਾਸਿਆ — ਫਸਿਆ
"ਤ੍ਰਿਸਨਾ ਪੰਖੀ **ਫਾਸਿਆ** ਨਿਕਸੁ ਨ ਪਾਏ ਮਾਇ।"
— ਸਿਰੀ **੫**, ੯੧, ੩ : ੨ (50)

ਫਾਸੀ — ਫੰਧਾ
"ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ ਤਿਨ ਤੂਟੀ ਜਮ ਕੀ **ਫਾਸੀ**।"
— ਆਸਾ **੪**, ਸੋਪੁ ੧, ੩ : ੨ (11)

ਫਾਸੇ — 1. ਫਸੀ, ਫਸਦਾ ਹੈ
"ਮੋਹ ਮਗਨ ਮੀਠ ਜੋਨਿ **ਫਾਸੇ**।"
— ਗਉ **੫**, ਬਾਅ ੨ : ੨ (251)

ਹੋਰ ਰੂਪ — ਫਾਸੈ —
"ਫਿਰਿ ਫਿਰਿ ਫਾਹੀ **ਫਾਸੈ** ਕਊਆ।" (ਫਸਦਾ ਹੈ) — ਰਾਮ **੧**, ਓਅੰ ੩੯ : ੧ (935)

2. ਫਾਹੀਆ
"ਜਨਮ ਮਰਣੁ ਨ ਹੋਇ ਤਿਸ ਕਉ ਕਟੈ ਜਮ ਕੇ **ਫਾਸੇ**।"— ਬਿਹਾ **੫**, ਛੰਤ ੫, ੧ : ੪ (545)

ਫਾਹਾ — ਫੰਧਾ, ਫਾਸੀ
"ਜਮ ਕਾ **ਫਾਹਾ** ਗਲਹੁ ਨ ਕਟੀਐ ਫਿਰਿ ਫਿਰਿ ਆਵੈ ਜਾਇ।"
— ਸਿਰੀ **੪**, ਵਾਰ ੯ਸ, **੩**, ੧ : ੪ (85)

ਫਾਹਾਵਤ — ਫਸਾਉਂਦਾ,ਫਹਾਉਂਦਾ
"ਜਾਲੁ ਪਸਾਰਿ ਚੋਗ ਬਿਸਥਾਰੀ ਪੰਖੀ ਜਿਉ **ਫਾਹਾਵਤ** ਹੇ।" — ਬਿਲਾ **੫**, ੮੮, ੪ : ੧ (822)

ਫਾਹੀ — 1. ਫੰਧਾ, ਬੰਧਨ
"**ਫਾਹੀ** ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ।"
— ਸਿਰੀ **੧**, ੨੩, ੨ : ੩ (23)

2. ਫਹਾਉਣ, ਫਸਾਉਣ
"**ਫਾਹੀ** ਸੁਰਤਿ ਮਲੂਕੀ ਵੇਸੁ।"
— ਸਿਰੀ **੧**, ੨੯, ੩ : ੧ (24)

ਫਾਹੀਐ — ਫਹਾਈਦਾ ਹੈ
"ਦੁਰਮਤਿ ਫਾਥਾ **ਫਾਹੀਐ** ਫਿਰਿ ਫਿਰਿ ਪਛੋਤਾਇ।"
— ਮਾਰੂ **੧**, ਅਸ ੨, ੫ : ੨ (1009)

ਫਾਹੀਵਾਲ — ਫਾਹੀ ਪਾਉਣ ਵਾਲੇ
"ਸਰਵਰ ਪੰਖੀ ਹੇਕੜੋ **ਫਾਹੀਵਾਲ** ਪਚਾਸ।"
— ਸਲੋ **ਫਰ**, ੧੨੫ : ੧ (1384)

ਫਾਹੁਰੀ — ਫਹੁੜੀ, ਧੂਣੀ ਵਿਚੋਂ ਭਸਮ ਇਕੱਠੀ ਕਰਨ ਦਾ ਜੰਤਰ
"ਦਇਆ **ਫਾਹੁਰੀ** ਕਾਇਆ ਕਰਿ ਧੂਈ ਦ੍ਰਿਸਟਿ ਕੀ ਅਗਨਿ ਜਲਾਵੈ।"
— ਆਸਾ **ਕਬ**, ੨, ੩ : ੧ (477)

ਫਾਹੇ — 1. ਫਾਹੀਆਂ, ਬੰਧਨ
"ਸਿਮਰਤ ਨਾਮੁ ਕਾਟੇ ਸਭਿ **ਫਾਹੇ**।"
— ਮਾਝ **੫**, ੩੪, ੪ : ੨ (104)

2. ਕਮੰਦ
"ਲੈ **ਫਾਹੇ** ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ।"
— ਗਉ **੪**, ਵਾਰ ੨੨ : ੧ (315)
"ਲੈ **ਫਾਹੇ** ਉਠਿ ਧਾਵਤੇ ਸਿ ਜਾਨਿ ਮਾਰੇ ਭਗਵੰਤ।" (ਭਾਵ 'ਸੰਨ੍ਹ' ਮਾਰਨ ਦਾ ਸਾਮਾਨ)
— ਸਲੋ **ਕਬ**, ੧੦ : ੨ (1365)

ਫਾਕਿਓ — ਫਸਾਇਆ, ਗ੍ਰਸਿਆ
"ਡੀਹਰ ਨਿਆਈ ਮੋਹਿ **ਫਾਕਿਓ** ਰੇ।"
— ਟੋਡੀ **੫**, ੧੯, ੧* : ੩ (715)
"**ਫਾਕਿਓ** ਮੀਨ ਕਪਿਕ ਕੀ ਨਿਆਈ ਤੂ ਉਰਝਿ ਰਹਿਓ ਕੁਸੰਭਾਇਲੇ।" (ਫਸਿਆ ਹੈ)
— ਗੋਂਡ **੫**, ੨, ੧ : ੧ (862)

ਫਾਂਕਿਓ — 1. ਫਾੜੀ ਫਾੜੀ ਕੀਤੀ
"ਮੀਨੁ ਪਕਰਿ **ਫਾਂਕਿਓ** ਅਰੁ ਕਾਟਿਓ ਰਾਂਧਿ ਕੀਓ

ਬਹੁ ਬਾਨੀ।" — ਸੋਰ **ਰਵਿ**, ੨, ੨ : ੧ (658)

2. ਫਸਾ ਲਿਆ

"ਕਾਮ ਹੇਤਿ ਕੁੰਚਰੁ ਲੈ **ਫਾਂਕਿਓ** ਓਹੁ ਪਰਵਸਿ ਭਇਓ ਬਿਚਾਰਾ।" — ਧਨਾ **੫**, ੨, ੨ : ੧ (667)

ਫਾਕੀ — ਫਸੀ

"ਅਤਿ ਗਰਬੈ ਮੋਹਿ **ਫਾਕੀ** ਤੂੰ।"

— ਆਸਾ **੫**, ੧੨, ੧* : ੨ (374)

ਫਾਕੈ — ਕੁਕਰਮ ਕਰਨਾ

"ਦੇਇ ਕਿਵਾੜ ਅਨਿਕ ਪੜਦੇ ਮਹਿ ਪਰਦਾਰਾ ਸੰਗਿ **ਫਾਕੈ**।" — ਸੋਰ **੫**, ੨੬, ੩ : ੧ (616)

ਫਾਗ — ਫਗਣ ਮਹੀਨੇ ਦਾ ਉਤਸਵ, ਹੋਲੀ

"ਆਜੁ ਹਮਾਰੈ ਬਨੇ **ਫਾਗ**।"

— ਬਸੰ **੫**, ੧, ੨ : ੧ (1180)

ਫਾਟ — ਜ਼ਖਮੀ

"ਨਾਨਕ ਆਪਨ ਕਟਾਰੀ ਆਪਸ ਕਉ ਲਾਈ ਮਨੁ ਅਪਨਾ ਕੀਨੋ **ਫਾਟ**।"

— ਸਾਰ **੫**, ੧੦੫, ੨ : ੨ (1224)

ਫਾਟਾ — ਫਟਿਆ ਭਾਗ ਮਿੱਟ ਗਿਆ, ਮੁਕ ਗਿਆ

"ਜਪਿ ਗੋਵਿਦ ਭਰਮੁ ਭਉ **ਫਾਟਾ**।"

— ਮਾਰੂ **੫**, ੧੯, ੧ : ੧੦ (1004)

ਹੋਰ ਰੂਪ — ਫਾਟਿਓ —

"ਧਰਮ ਰਾਇ ਅਬ ਕਹਾ ਕਰੈਗੋ ਜਉ **ਫਾਟਿਓ** ਸਗਲੋ ਲੇਖਾ।" (ਮੁੱਕ ਗਿਆ)

— ਸੋਰ **੫**, ੧੯, ੩ : ੨ (614)

ਫਾਟੇ —

"**ਫਾਟੇ** ਨਾਕਨ ਟੂਟੇ ਕਾਧਨ ਕੋਦਉ ਕੋ ਭੁਸੁ ਖਈਹੈ।" (ਫੱਟੇ ਹੋਏ)

— ਗੂਜ **ਕਬ**, ੧, ੧* : ੨ (524)

"ਡੋਲਤ ਡੋਲਤ ਹੇ ਸਖੀ **ਫਾਟੇ** ਚੀਰ ਸੀਗਾਰ।" (ਫੱਟ ਗਏ ਭਾਵ ਬੇ-ਅਰਥ ਹੋ ਗਏ)

— ਰਾਮ **੧**, ਓਅੰ ੩੦ : ੧ (933)

ਫਾਟੈ —

"ਮਿਲਿ ਸਾਧੂ ਸੰਗਿ ਉਧਾਰੁ ਹੋਇ **ਫਾਟੈ** ਜਮਕਾਗਰੁ।" (ਫਟ ਗਏ ਭਾਵ ਮੁੱਕ ਜਾਂਦਾ ਹੈ) — ਕਾਨ **੪**, ਵਾਰ ੧੪ : ੩ (1318)

ਫਾਥਾ — ਫਸਿਆ ਹੋਇਆ

"ਓਤੈ ਸਾਥਿ ਮਨੁਖੁ ਹੈ **ਫਾਥਾ** ਮਾਇਆ ਜਾਲਿ।"

— ਸਿਰੀ **੫**, ੭੩, ੨ : ੨ (43)

ਹੋਰ ਰੂਪ — ਫਾਥਿਆ —

"ਮਨ ਕਰਹਲਾ ਵੀਚਾਰੀਆ ਮਨਮੁਖ **ਫਾਥਿਆ** ਮਹਾ ਜਾਲਿ।" (ਫਸਿਆ)

— ਗਉ **੪**, ਕਰ ੨, ੨ : ੧ (234)

ਫਾਥੀ —

"ਗੁਰ ਸਬਦੁ ਨ ਮਾਨੈ ਫਾਹੀ **ਫਾਥੀ** ਸਾ ਧਨ ਮਹਲੁ ਨ ਪਾਏ।(ਫਸੀ)

— ਧਨਾ **੧**, ਛੰਤ ੩, ੪ : ੫ (689)

ਫਾਥੇ —

"ਫਾਹੀ **ਫਾਥੇ** ਮਿਰਗ ਜਿਉ ਦੂਖੁ ਘਣੋ ਨਿਤ ਰੋਇ।" (ਫਸੇ)

— ਸਿਰੀ **੧**, ੨੩, ੨ : ੩ (23)

"ਹਰਿ ਤੇਰੀ ਸਭ ਕਰਹਿ ਉਸਤਤਿ ਜਿਨਿ **ਫਾਥੇ** ਕਾਢਿਆ।" (ਫਸੇ ਹੋਏ ਨੂੰ)

— ਸਿਰੀ **੪**, ਵਾਰ ੧੨ : ੧ (90)

ਫਾਥੋਹੁ — ਫਸਿਆ ਹੈ

"**ਫਾਥੋਹੁ** ਮਿਰਗ ਜਿਵੈ ਪੇਖਿ ਰੈਣਿ ਚੰਦ੍ਰਾਇਣੁ।"

— ਆਸਾ **੫**, ਛੰਤ ੧੧, ੨ : ੧ (460)

ਫਾਦਲੁ — ਫਜ਼ੂਲ

"ਬੋਲਣੁ **ਫਾਦਲੁ** ਨਾਨਕਾ ਦੁਖੁ ਸੁਖੁ ਖਸਮੈ ਪਾਸਿ।"

— ਮਾਝ **੧**, ਵਾਰ ੧੯ਸ, **੨**, ੧ : ੧੨ (146)

ਹੋਰ ਰੂਪ — ਫਾਦਿਲੁ —

"ਪਿਰ ਕੈ ਕਾਮਿ ਨ ਆਵਈ ਬੋਲੇ **ਫਾਦਿਲੁ** ਬਾਦਿ।"— ਸਿਰੀ **੧**, ਅਸ ੫, ੫ : ੨ (56)

ਫਾਧਿ — ਫੰਧਾ, ਬੰਧਨ, ਫਾਹੀ

"ਮੋਹ ਕੈ **ਫਾਧਿ** ਕਲਸਰੁ ਸਾਂਧਿਆ।"

— ਗਉ **ਕਬ**, ੩੦, ੧* : ੨ (329)

ਫਾਧਿਓ — ਫੰਧਾ, ਫਾਹਾ

"ਕਰਿ ਕਿਰਪਾ ਅਪੁਨਾ ਦਾਸੁ ਕੀਨੋ ਕਾਟੇ ਮਾਇਆ **ਫਾਧਿਓ**।" — ਦੇਵ **੫**, ੧੩, ੧ : ੧ (530)

ਫਾਂਧਿਓ — ਫਸਿਆ/ਉਲਝਿਆ ਪਿਆ ਹੈ

"ਅਪਨੇ ਸੁਖ ਸਿਉ ਹੀ ਜਗੁ **ਫਾਂਧਿਓ** ਕੋ ਕਾਹੂ ਕੋ ਨਾਹੀ।" — ਸੋਰ **੯**, ੧੨, ੧* : ੨ (634)

ਫਾਂਧੀ — ਫਾਹੀ, ਬੰਧਨ

"**ਫਾਂਧੀ** ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ।"

— ਮਲਾ **੧**, ਵਾਰ ੨੨ਸ, **੧**, ੨ : ੨ (1288)

ਫਾਧੋ — ਫਾਹੀ ਬੰਧਨ
"ਧਿਆਇ ਮਨਾ ਮੁਰਾਰਿ ਮੁਕੰਦੇ ਕਟੀਐ ਕਾਲ ਦੁਖ **ਫਾਧੋ**।"— ਗਉ **੫**, ਛੰਤ ੩, ੧ : ੨ (248)

ਫਾਨਾਇਆ — ਨਾਸਵੰਤ (ਅ. ਫ਼ਨਾ)
"ਮੀਰ ਮਲਕ ਉਮਰੇ **ਫਾਨਾਇਆ** ਏਕ ਮੁਕਾਮ ਖੁਦਾਇ ਦਰਾ।"
— ਮਾਰੂ **੫**, ਸੋਲਾ ੧੨, ੮ : ੩ (1084)

ਫਾਨੀ — (ਅ. ਫਾਨੀ) ਨਾਸ਼ਵਾਨ, ਨਾਸ਼ ਹੋਣ ਵਾਲਾ
"ਦੁਨੀਆ ਮੁਕਾਮੇ **ਫਾਨੀ** ਤਹਕੀਕ ਦਿਲ ਦਾਨੀ।"
— ਤਿਲੰ **੧**, ੧, ੧* : ੧ (721)

ਫਾਰਿ — ਫਾੜ ਕੇ ਭਾਵ ਭੰਨ ਕੇ
"ਚਿਰਗਟ **ਫਾਰਿ** ਚਟਾਰਾਲੈ ਗਇਓ ਤਰੀ ਤਾਗਰੀ ਛੂਟੀ।" — ਆਸਾ **ਕਬ**, ੧੬, ੪ : ੨ (480)

ਹੋਰ ਰੂਪ — ਫਾਰਿਆ —
"ਚਿਤ੍ਰ ਗੁਪਤ ਕਾ ਕਾਗਦੁ **ਫਾਰਿਆ** ਜਮਦੂਤਾ ਕਛੂ ਨ ਚਲੀ।" (ਫਾੜ ਦਿਤਾ)
— ਸਿਰੀ **੫**, ਛੰਤ ੨, ੩ : ੫ (79)

ਫਾਰੇ —
"ਸਰਣਿ ਸੂਰ **ਫਾਰੇ** ਜਮ ਕਾਗਰ।" (ਫਾੜ ਦਿੱਤੇ ਹਨ)— ਗਉ **੫**, ੧੫੦, ੧* : ੨ (196)
"ਜੈਸੀ ਰਾਖੀ ਲਾਜ ਭਗਤ ਪ੍ਰਹਿਲਾਦ ਕੀ ਹਰਨਾਖਸ **ਫਾਰੇ** ਕਰ ਆਜ।" (ਚੀਰ ਸੁਟਿਆ) — ਸਵ **੪**, ਨਲ ੧੨ : ੨ (1400)

ਫਾਰੈ —
"ਮਾਇਆ ਫਾਸ ਬੰਧ ਨਹੀ **ਫਾਰੈ** ਅਰੁ ਮਨ ਸੁੰਨਿ ਨ ਲੂਕੇ।" (ਫਾੜਦਾ ਭਾਵ ਤੋੜਦਾ)
— ਆਸਾ **ਕਬ**, ੧, ੨ : ੧ (475)

ਫਾਵਾ — ਬੇਪਤਾ/ਅਪਮਾਣਿਤ ਹੋ ਕੇ (ਮਹਾਨਕੋਸ਼) ਪਾਗਲ, ਬਉਰਾ (ਨਿਰਣੈ, ਦਰਪਣ, ਸ਼ਬਦਾਰਥ)
"ਤੜ ਸੁਣਿਆ ਸਭਤੁ ਜਗਤ ਵਿਚਿ ਭਾਈ ਵੇਮੁਖੁ ਸਣੈ ਨਫਰੈ ਪਉਲੀ ਪਉਦੀ **ਫਾਵਾ** ਹੋਇ ਕੈ ਉਠਿ ਘਰਿ ਆਇਆ।"
— ਗਉ **੪**, ਵਾਰ ੧੨ਸ, **੪**, ੧ : ੪ (306)

ਫਾਵੀ — ਫਾਵਾ ਦਾ ਇਸਤ੍ਰੀ ਲਿੰਗ, ਪਾਗਲ, ਬਾਉਰੀ
"ਭਰਮਿ ਭੁਲਾਈ ਸਭੁ ਜਗੁ ਫਿਰੀ **ਫਾਵੀ** ਹੋਈ ਭਾਲਿ।" (ਭਾਵ ਥਕ ਗਈ)
— ਰਾਮ **੩**, ਵਾਰ ੩ਸ, **੩**, ੧ : ੧ (947)
"ਫਿਰਦੀ ਫਿਰਦੀ ਨਾਨਕ ਜੀਉ ਹਉ **ਫਾਵੀ** ਥੀਈ ਬਹੁਤੁ ਦਿਸਾਵਰ ਪੰਧਾ।" (ਭਾਵ ਵਿਆਕੁਲ ਹੋ ਗਈ)— ਰਾਮ **੫**, ਵਾਰ ੧੪ਸ, **੫**, ੨ : ੧ (963)

ਫਿਕਰੀਆ — ਫਿਕੇ, ਬੇਸੁਆਦ
"ਹਰਿ ਰਸ ਬਿਨੁ ਸਭਿ ਸੁਆਦ **ਫਿਕਰੀਆ**।"
— ਆਸਾ **੫**, ੫੫, ੩ : ੨ (385)

ਫਿਕਰੁ — (ਅ. ਫਿਕਰ) ਸੋਚ, ਚਿੰਤਾ, ਅਸ਼ਾਂਤੀ
"ਬੇਦ ਕਤੇਬ ਇਫਤਰਾ ਭਾਈ ਦਿਲ ਕਾ **ਫਿਕਰੁ** ਨ ਜਾਇ।" — ਤਿਲੰ **ਕਬ**, ੧, ੧ : ੧ (727)

ਫਿਕਾ — 1. ਬੇਸੁਆਦਾ ਜੋ ਮਿਠਾ ਭਾਵ ਪਿਆਰ ਭਰਿਆ ਨਾ ਹੋਵੇ
"**ਫਿਕਾ** ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ।" (ਭਾਵ ਰੁਖਾ)
— ਸਿਰੀ **੧**, ੪, ੩ : ੨ (15)
"**ਫਿਕਾ** ਬੋਲਹਿ ਨ ਨਿਵਹਿ ਦੂਜਾ ਭਾਉ ਸੁਆਉ।" (ਭਾਵ ਕੌੜਾ ਬੋਲਣਾ)
— ਆਸਾ **੩**, ਅਸ ੩੦, ੧ : ੨ (426)

2. ਬੇਰਸਾ, ਬੇਸੁਆਦ
"ਮਤਿ ਅਲੂਣੀ **ਫਿਕਾ** ਸਾਦੁ।"
— ਸਿਰੀ **੧**, ੩੨, ੩ : ੨ (25)

3. ਸ਼ੋਭਾਹੀਨ ਪਾਵ ਕਚਾ
"ਮਾਇਆ ਕਾ ਰੰਗੁ ਸਭੁ **ਫਿਕਾ** ਜਾਤੋ ਬਿਨਸਿ ਨਿਦਾਨਿ।"— ਸਿਰੀ **੫**, ੭੮, ੨ : ੨ (45)
"ਹੋਰਿ ਸਾਦ ਸਭਿ ਫਿਕਿਆ ਤਨੁ ਮਨੁ **ਫਿਕਾ** ਹੋਇ।" — ਗਉ **੫**, ੧੭੨*, ੧ : ੧ (218)

4. ਬਦਜੁਬਾਨ, ਕੌੜਾ/ਰੁੱਖਾ ਬੋਲਣ ਵਾਲਾ
"**ਫਿਕਾ** ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ।"
— ਆਸਾ **੧**, ਵਾਰ ੨੦ਸ, **੧**, ੧ : ੩ (473)

ਫਿਕਾਨੇ — ਫਿਕੇ
"ਨਾਮ ਬਿਨਾ ਸਚਿ ਫੀਕ **ਫਿਕਾਨੇ** ਜਨਮਿ ਮਰੈ ਫਿਰਿ ਆਵੈਗੋ।"
— ਕਾਨ **੪**, ਅਸ ੧, ੫ : ੨ (1308)

ਫਿਕਿਆ — ਬੇਰਸ, ਬੇਸੁਆਦ
"ਹੋਰਿ ਸਾਦ ਸਭਿ **ਫਿਕਿਆ** ਤਨੁ ਮਨੁ ਫਿਕਾ ਹੋਇ।" — ਗਉ **੫**, ੧੭੨*, ੧ : ੧ (218)

ਫਿਕੀ — ਸ਼ੋਭਾਹੀਨ
"ਫਿਕੋ ਫਿਕਾ ਸਦੀਐ ਫਿਕੇ **ਫਿਕੀ** ਸੋਇ।"
— ਆਸਾ **੧**, ਵਾਰ ੨੦ਸ, **੧**, ੧ : ੨ (473)

ਫਿਕੇ — 1. ਸ਼ੋਭਾਹੀਨ
"ਜਿ ਬਿਨੁ ਸਤਿਗੁਰ ਸੇਵੇ ਆਪੁ ਗਣਾਇਦੇ ਤਿਨ ਅੰਦਰਿ ਕੂੜੁ ਫਿਟੁ ਫਿਟੁ ਮੁਹ **ਫਿਕੇ**।"
— ਗਉ **੪**, ਵਾਰ ੮ : ੪ (308)
2. ਬੇਰਸ, ਬੇਸੁਆਦ
"ਫਲ **ਫਿਕੇ** ਫੁਲ ਬਕਬਕੇ ਕੰਮਿ ਨ ਆਵਹਿ ਪਤ।"
— ਆਸਾ **੧**, ਵਾਰ ੧੪ਸ, **੧**, ੧ : ੩ (470)
3. ਬਦਜ਼ੁਬਾਨ, ਜੋ ਮਿਠਾ ਨ ਬੋਲੇ
"ਫਿਕਾ ਦਰਗਹ ਸਟੀਐ ਮੁਹਿ ਥੁਕਾ **ਫਿਕੇ** ਪਾਇ।"
— ਆਸਾ **੧**, ਵਾਰ ੨੦ਸ, **੧**, ੧ : ੩ (473)

ਫਿਕੈ — ਕੌੜਾ
"ਨਾਨਕ **ਫਿਕੈ** ਬੋਲੀਐ ਤਨੁ ਮਨੁ ਫਿਕਾ ਹੋਇ।"
— ਆਸਾ **੧**, ਵਾਰ ੨੦ਸ, **੧**, ੧ : ੧ (473)

ਫਿਕੋ — ਬਦਜ਼ੁਬਾਨ, ਮਿਠਾ ਨਾ ਬੋਲਣ ਵਾਲਾ
"**ਫਿਕੋ** ਫਿਕਾ ਸਦੀਐ ਫਿਕੇ ਫਿਕੀ ਸੋਇ।"
— ਆਸਾ **੧**, ਵਾਰ ੨੦ਸ, ੧, ੧ : ੨ (473)

ਫਿਟਕ — ਫਿਟਕਾਰ
"**ਫਿਟਕ** ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ।" — ਸਲੋ **੩**, ੩ : ੨ (1413)
(ਮਹਾਨਕੋਸ਼ ਇਸ ਦੇ ਅਰਥ 'ਖੋਟਾ' ਕਰਮ ਕਰਨ ਦੀ ਵਾਦੀ ਆਖਦਾ ਹੈ)

ਫਿਟਕਾ — ਫਿਟਕਾਰਾਂ
"ਫਿਟਕ **ਫਿਟਕਾ** ਕੋੜੁ ਬਦੀਆ ਸਦਾ ਸਦਾ ਅਭਿਮਾਨੁ।" — ਸਲੋ **੩**, ੪ : ੨ (1413)

ਫਿਟਕਾਰਿਆ — ਲਾਹਨਤ ਪਾਣਾ, ਫਿਟਕਾਰ ਆਉਣੀ
"ਫਿਰਿ ਏਸੁ ਤਪੇ ਦੈ ਮੁਹਿ ਕੋਈ ਲਗਹੁ ਨਾਹੀ ਏਹੁ ਸਤਿਗੁਰਿ ਹੈ **ਫਿਟਕਾਰਿਆ**।"
— ਗਉ **੪**, ਵਾਰ ੩੦ਸ, **੪**, ੧ : ੧੨ (316)

ਫਿਟਕਿਆ — ਧ੍ਰਿਕਾਰੇ ਹੋਏ
"ਸਤਗੁਰੂ ਕਿਆ **ਫਿਟਕਿਆ** ਮੰਗਿ ਥਕੇ ਸੰਸਾਰਿ।"
— ਸਿਰੀ **੩**, ਪ੩, ੧ : ੩ (34)

ਫਿਟਕੀਅਹਿ — ਫਿਟਕਾਰੇ ਜਾਂਦੇ ਹਨ, ਲਾਹਨਤਾਂ ਪੈਂਦੀਆਂ ਹਨ
"ਕੂੜਿਆਰਾ ਕੇ ਮੁਹ **ਫਿਟਕੀਅਹਿ** ਸਚੁ ਭਗਤੁ ਵਡਿਆਈ।" — ਬਿਲਾ **੪**, ਵਾਰ ਪ : ੩ (851)

ਫਿਟਕੇ — ਫਿਟਕਾਰੇ
"ਗੁਰਿ ਬਾਬੈ **ਫਿਟਕੇ** ਸੇ ਫਿਟੇ ਗੁਰਿ ਅੰਗਦਿ ਕੀਤੇ ਕੂੜਿਆਰੇ।"
— ਗਉ **੪**, ਵਾਰ ੧੪ਸ, **੪**, ੧ : ਪ (307)
"ਨਿੰਦਕ ਕਉ **ਫਿਟਕੇ** ਸੰਸਾਰੁ।" (ਫਿਟ ਕਰਦਾ ਹੈ) — ਭੈਰ **ਪ**, ਪ੪, ੧ : ੧ (1151)

ਫਿਟਾ — ਫਿਟਕਿਆ ਹੋਇਆ
"ਦਯਿ ਵਿਗੋਏ ਫਿਰਹਿ ਵਿਗੁਤੇ **ਫਿਟਾ** ਵਤੈ ਗਲਾ।" (ਭਾਵ ਆਵਾ ਹੀ ਊਤ ਹੈ)
— ਮਾਝ **੧**, ਵਾਰ ੨੬ਸ, **੧**, ੧ : ੧੧ (150)

ਫਿਟਿਆ — ਨਿੰਦਾ ਯੋਗ ਫਿਟਕਾਰਯੋਗ
"ਨਾਨਕ ਮਨ ਕੇ ਕੰਮ **ਫਿਟਿਆ** ਗਣਤ ਨ ਆਵਹੀ।"
— ਸੂਹੀ **੩**, ਵਾਰ ੧੧ਸ, **੧**, ੨ : ੧ (789)

ਫਿਟੁ — 1. ਧਿਰਕਾਰ ਹੈ
"ਬਿਨ ਨਾਵੈ ਧ੍ਰਿਗੁ **ਵਾਸੁਫਿਟੁ** ਸੁ ਜੀਵਿਆ।"
— ਮਾਝ **੧**, ਵਾਰ ੨੨ : ੨ (148)
2. ਧਿਰਕਾਰਯੋਗ
"ਵਿਣੁ ਪਰਮੇਸਰ ਜੋ ਕਰੇ **ਫਿਟੁ** ਸੁ ਜੀਵਣੁ ਸੋਇ।"
— ਗਉ **ਪ**, ੧੨੨*, ੧ : ੨ (218)

ਫਿਟੇ — ਧਿਰਕਾਰੇ ਗਏ, ਫਿਟਕਾਰੇ ਗਏ
"ਗੁਰਿ ਬਾਬੈ ਫਿਟਕੇ ਸੇ **ਫਿਟੇ** ਗੁਰਿ ਅੰਗਦਿ ਕੀਤੇ ਕੂੜਿਆਰੇ।"
— ਗਉ **੪**, ਵਾਰ ੧੪ਸ, **੪**, ੧ : ਪ (307)

ਫਿਟੈ — ਖਰਾਬ ਹੋ ਜਾਂਏ, ਧਿਰਕਾਰਯੋਗ ਹੋ ਜਾਏ
"ਇਹ ਅੰਨੁ ਅਸਾਡਾ **ਫਿਟੈ**।"
— ਆਸਾ **੧**, ਵਾਰ ੧੬ਸ, **੧**, ੨ : ੧੮ (472)

ਫਿਰਉ — ਮੈਂ ਫਿਰਦੇ ਹਾਂ
"ਜੋ ਪ੍ਰਭ ਕੀ ਹਰਿ ਕਥਾ ਸੁਨਾਵੈ ਅਨਦਿਨੁ **ਫਿਰਉ** ਤਿਸੁ ਪਿਛੈ ਵਿਰਾਗੀ।"
— ਗਉ **ਪ**, ੧੧੯*, ੧ : ੨ (204)

ਫਿਰਹਿ — ਫਿਰਦੇ ਹਨ
"ਮਨਮੁਖ **ਫਿਰਹਿ** ਨ ਜਾਣਹਿ ਸਤਗੁਰੁ ਹਉਮੈ

ਅੰਦਰਿ ਲਾਗਿ।"— ਸਿਰੀ **੩**, ੪੧, ੪ : ੨ (29)

ਹੋਰ ਰੂਪ — ਫਿਰਹੁ —

"ਢਢਾ ਢੂਢਤ ਕਹਾ **ਫਿਰਹੁ** ਢੂਢਨੁ ਇਆ ਮਨ ਮਾਹਿ।" (ਫਿਰਦੇ ਹੋ)

— ਗਉ **੫**, ਬਾਅ ੩੦ : ੧ (256)

ਫਿਰਣਸੀਹ — ਫੇਰੂ ਦੇ ਸਿੰਘ, ਬਾਬਾ ਫੇਰੂ ਜੀ ਗੁਰੂ ਅੰਗਦ ਦੇਵ ਜੀ ਦੇ ਪਿਤਾ ਸਨ

"ਗੁਰੁ ਜਗਤ **ਫਿਰਣਸੀਹ** ਅੰਗਰਉ ਰਾਜੁ ਜੋਗੁ ਲਹਣਾ ਕਰੈ।" — ਸਵ **੨**, ੫ : ੬ (1391)

ਫਿਰਣਾ — ਵਿਚਰਨਾ, ਫੇਰਾ ਪਾਉਣਾ, ਫਿਰਦੇ ਰਹਿਣਾ

"ਜੋ ਭਾਗੈ ਤਿਸੁ ਜੋਨੀ **ਫਿਰਣਾ**।"

— ਮਾਰੂ **੫**, ਅਸ ੭, ੭ : ੨ (1019)

"ਭੈ ਤੇ ਬੈਰਾਗੁ ਊਪਜੈ ਹਰਿ ਖੋਜਤ **ਫਿਰਣਾ**।"

— ਮਾਰੂ **੫**, ਵਾਰ ੨੨ : ੫ (1102)

ਫਿਰਤ — 1. ਫਿਰਦੇ ਹਨ

"ਬਨੁ ਬਨੁ ਖੋਜਤ **ਫਿਰਤ** ਬੈਰਾਗੀ।"

— ਗਉ **੫**, ੧੧੭*, ੧ : ੧ (203)

"ਫਫਾ **ਫਿਰਤ ਫਿਰਤ** ਤੂ ਆਇਆ।" (ਫਿਰਦਾ ਫਿਰਦਾ, ਭ੍ਰਮਨ ਕਰਦਾ, ਭਾਵ ਭਟਕਦਾ ਹੋਇਆ)

— ਗਉ **੫**, ਬਾਅ ੩੮ : ੧ (258)

ਹੋਰ ਰੂਪ — ਫਿਰੰਤ —

"**ਫਿਰੰਤ** ਜੋਨਿ ਅਨੇਕ ਜਠਰਾਗਨਿ ਨਹ ਸਿਮਰੰਤ ਮਲੀਣ ਬੁਧੰ।"

— ਸਸ **੫**, ੧੬ : ੩ (1355)

2. ਫਿਰਨ ਨਾਲ

"ਨਗਨ **ਫਿਰਤ** ਜੌ ਪਾਈਐ ਜੋਗੁ।"

— ਗਉ **ਕਬ**, ੪, ੧ : ੧ (324)

ਫਿਰਤਉ — ਫਿਰਦਾ ਹੈ

"**ਫਿਰਤਉ** ਗਰਬ ਗੁਬਾਰਿ ਮਰਣੁ ਨਹ ਜਾਨਈ।"

— ਫੁਨ **੫**, ੨੦ : ੩ (1363)

ਫਿਰਤਾ — ਫਿਰਦਾ

"ਬਿਆਪਾਰੀ ਬਸੁਧਾ ਜਿਉ **ਫਿਰਤਾ**।"

— ਗਉ **੫**, ਬਾਅ ੨੪ : ੬ (255)

"ਤਬ ਲਗੁ ਗਰਭ ਜੋਨਿ ਮਹਿ **ਫਿਰਤਾ**।" (ਭਟਕਦਾ) — ਗਉ **੫**, ਸੁਖ ੧੨, ੪ : ੪ (278)

ਹੋਰ ਰੂਪ — ਫਿਰਤੀ —

"ਬਨੁ ਬਨੁ **ਫਿਰਤੀ** ਖੋਜਤੀ ਹਾਰੀ ਬਹੁ ਅਵਗਾਹਿ।" (ਫਿਰਦੀ ਹੈ)

— ਆਸਾ **੫**, ਛੰਤ ੫, ੧ਸ : ੧ (455)

ਫਿਰੰਤੀ —

"ਜੈਸੀ ਗਗਨਿ **ਫਿਰੰਤੀ** ਊਡਤੀ ਕਪਰੇ ਬਾਗੇ ਵਾਲੀ।" (ਫਿਰਦੀ ਹੈ)

— ਗਉ **੪**, ੫੧, ੨ : ੧ (168)

ਫਿਰਤੁ —

"ਦੇਖੈ ਦੇਖੈ ਸੁਨੈ ਬੋਲੈ ਦਉਰਿਓ **ਫਿਰਤੁ** ਹੈ।" (ਫਿਰਦਾ ਹੈ)

— ਆਸਾ **ਰਵਿ**, ੬, ੧* : ੨ (487)

ਫਿਰਤੇ —

"ਹਮ ਰੁਲਤੇ **ਫਿਰਤੇ** ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ।" (ਫਿਰਦੇ, ਭਟਕਦੇ)

— ਗਉ **੪**, ੪੯, ੪ : ੨ (167)

ਫਿਰਤੋ —

"ਬਿਨੁ ਹਰਿ ਭਗਤਿ ਕਹਾ ਥਿਤਿ ਪਾਵੈ **ਫਿਰਤੋ** ਪਹਰੇ ਪਹਰੇ।"

— ਗਉ **੫**, ੧੬੨*, ੨ : ੨ (215)

ਫਿਰਤੌ —

"ਕਾਹੇ ਭਈਆ **ਫਿਰਤੌ** ਫੂਲਿਆ ਫੂਲਿਆ।" (ਫਿਰਦਾ ਹੈ)— ਸੋਰ **ਕਬ**, ੨, ੧* : ੧ (654)

ਫਿਰਥਈ — ਫਿਰਦਾ ਹੈ/ਫਿਰਦੇ ਹਨ

"ਧਰਮੁ ਅਰਥੁ ਸਭੁ ਕਾਮੁ ਮੋਖੁ ਹੈ ਜਨ ਪੀਛੈ ਲਗਿ **ਫਿਰਥਈ**।" — ਕਲਿ **੪**, ੪, ੧* : ੨ (1320)

ਫਿਰਦਾ — ਭ੍ਰਮਣ ਕਰਦਾ, ਭ੍ਰਮਦਾ

"ਬਿਨੁ ਸਬਦੈ ਜਗੁ ਭੁਲਦਾ **ਫਿਰਦਾ** ਦਰਗਹ ਮਿਲੈ ਸਜਾਇ।" — ਸੋਰ **੩**, ੨, ੧* : ੨ (600)

ਹੋਰ ਰੂਪ — ਫਿਰਦਿਆ —

"ਇਕਨਾ ਮੇਲਿ ਸਤਿਗੁਰੁ ਮਹਲਿ ਬੁਲਾਏ ਇਕਿ ਭਰਮਿ ਭੂਲੇ **ਫਿਰਦਿਆ**।" (ਭ੍ਰਮਣ ਕਰਦਿਆਂ)— ਬਿਹਾ **੫**, ਛੰਤ ੧, ੧ : ੪ (542)

ਫਿਰਦੀ —

"**ਫਿਰਦੀ ਫਿਰਦੀ** ਦਹ ਦਿਸਾ ਜਲ ਪਰਬਤ ਬਨ ਰਾਇ।" (ਭ੍ਰਮਣ ਕਰਦੀ)

— ਗਉ **੫**, ਵਾਰ ੧੭ਸ, **੫**, ੨ : ੧ (322)

ਫਿਰਦੇ —

"ਲਖ ਚਉਰਾਸੀਹ **ਫਿਰਦੇ** ਰਹੇ ਬਿਨੁ ਸਤਿਗੁਰ ਮੁਕਤਿ ਨ ਹੋਈ।" (ਭ੍ਰਮਦੇ)
— ਸਿਰੀ **੫**, ਅਸ ੨੫, ੭ : ੧ (70)
"ਇਕਨਾ ਨੋ ਸਭ ਸੋਝੀ ਆਈ ਇਕਿ **ਫਿਰਦੇ** ਬੇਪਰਵਾਹਾ।" (ਵਿਚਰਦੇ)
— ਸਲੋ **ਫਰ**, ੯੮ : ੩ (1383)

ਫਿਰੰਦੇ — ਫਿਰਦੇ/ਭ੍ਰਮਦੇ ਰਹਿੰਦੇ
"ਸਾਕਤ ਮੂੜ ਮਾਇਆ ਕੇ ਬਧਿਕ ਵਿਚਿ ਮਾਇਆ ਫਿਰਹਿ **ਫਿਰੰਦੇ**।"— ਬਿਲਾ **੪**, ੬, ੨ : ੧ (800)
ਹੋਰ ਰੂਪ — ਫਿਰੰਦੈ —
"ਰਥਿ **ਫਿਰੰਦੈ** ਦੀਸਹਿ ਥਾਵ।" (ਫਿਰਦੇ)
— ਮਲਾ **੧**, ੮, ੨ : ੨ (1257)

ਫਿਰਨ — ਫੇਰੇ, ਭਟਕਣਾ, ਟਕਰਾਂ
"ਨਾਨਕ ਗੁਰ ਤੇ ਥਿਤ ਪਾਈ **ਫਿਰਨ** ਮਿਟੇ ਨਿਤ ਨੀਤ।" — ਗਉ **੫**, ਬਾਅ ੩੮ਸ : ੨ (258)

ਫਿਰਨਿ — ਸਹਾਇਕ ਕਿਰਿਆ, ਫਿਰਦੀਆਂ ਹਨ
"ਅਠਾਹਰ ਸਿਧੀ ਪਿਛੈ ਲਗੀਆ **ਫਿਰਨਿ** ਨਿਜ ਘਰਿ ਵਸੈ ਨਿਜ ਥਾਇ।"
— ਸਿਰੀ **੪**, ਵਾਰ ੨੧ਸ, **੩**, ੨ : ੨ (91)
"ਭਰਮੇ ਭੂਲੇ **ਫਿਰਨਿ** ਦਿਨ ਰਾਤੀ ਮਰਿ ਜਨਮਹਿ ਜਨਮੁ ਗਵਾਵਣਿਆ।" (ਫਿਰਦੇ ਹਨ)
— ਮਾਝ **੩**, ਅਸ ੧੧, ੭ : ੩ (116)
ਹੋਰ ਰੂਪ — ਫਿਰੰਨਿ —
"ਤਿਸਨਾ ਭੁਖ ਨ ਉਤਰੈ ਅਨਦਿਨੁ ਜਲਤ **ਫਿਰੰਨਿ**।" (ਫਿਰਦੀਆਂ ਭਾਵ ਭਟਕਦੀਆਂ ਹਨ) — ਸੂਹੀ **੩**, ਅਸ ੧, ੪ : ੨ (755)
ਫਿਰੰਨ੍ਹਿ —
"ਦਿਲਿ ਖੋਟੈ ਆਕੀ **ਫਿਰਨ੍ਹਿ** ਬੰਨ੍ਹਿ ਭਾਰੁ ਉਚਾਇਨ੍ਹਿ ਛਟੀਐ।" (ਫਿਰਦੇ ਹਨ)
— ਰਾਮ **ਬਸ**, ਵਾਰ ੨ : ੧੧ (967)

ਫਿਰਾ — ਫਿਰਦਾ ਹਾਂ
"ਖੋਜਤ ਖੋਜਤ ਮੈ **ਫਿਰਾ** ਖੋਜਉ ਬਨ ਥਾਨ।"
— ਬਿਲਾ **੫**, ੬੧, ੧ : ੧ (816)
ਹੋਰ ਰੂਪ — ਫਿਰਾਂ —
"ਅਖੀ ਪਰਣੈ ਜੇ **ਫਿਰਾਂ** ਦੇਖਾਂ ਸਭੁ ਆਕਾਰ।" (ਮੈਂ ਫਿਰ ਜਾਵਾਂ)
— ਸਾਰ **੪**, ਵਾਰ ੧੧ਸ, **੧**, ੨ : ੧ (1241)

ਫਿਰਾਉ — 1. ਮੈਂ ਫਿਰਦਾ ਹਾਂ
"ਜਿਨੀ ਮੇਰਾ ਪਿਆਰਾ ਰਾਵਿਆ ਤਿਨ ਪੀਛੈ ਲਾਗਿ **ਫਿਰਾਉ**।" — ਸਿਰੀ **੪**, ੬੮, ੧ : ੨ (41)
2. ਫਿਰਾਏ ਜਾਂਦੇ ਹਨ
"ਹੁਕਮੇ ਕਰਮ ਕਮਾਵਣੇ ਪਇਐ ਕਿਰਤਿ **ਫਿਰਾਉ**।"
— ਸਿਰੀ **੩**, ਅਸ ੨੦, ੫ : ੧ (66)
3. ਫੇਰੀ ਲਾਵੇ ਭਾਵ ਵਿਚਰੇ
"ਤਨੁ ਮਨੁ ਸਉਪੇ ਜੀਅ ਸਉ ਭਾਈ ਲਏ ਹੁਕਮਿ **ਫਿਰਾਉ**।" — ਸਲੋ **੫**, ੫੧ : ੨ (1419)

ਫਿਰਾਇ — 1. ਫਿਰਦਾ ਹੈ
"ਮਨ ਮੁਖ ਰਲਾਇਆ ਨਾ ਰਲੈ ਪਇਐ ਕਿਰਤਿ **ਫਿਰਾਇ**।"
— ਸਿਰੀ **੪**, ਵਾਰ ੧੨ਸ, **੩**, ੨ : ੨ (87)
"ਇਕਿ ਹੁਕਮੁ ਮੰਨਿ ਨ ਜਾਣਨੀ ਭਾਈ ਦੂਜੈ ਭਾਇ **ਫਿਰਾਇ**।" (ਫਿਰਦੇ ਰਹਿੰਦੇ ਭਾਵ ਟਕਰਾਂ ਮਾਰਦੇ ਰਹਿੰਦੇ ਹਨ) — ਸਲੋ **੩**, ੫੧ : ੯ (1419)
2. ਫੇਰ ਕੇ ਭਾਵ ਮੋੜ ਕੇ
"ਕਾਮਿ ਕ੍ਰੋਧਿ ਲੋਭਿ ਮੋਹਿ ਬਿਆਪਿਓ ਨੇਤ੍ਰ ਰਖੇ **ਫਿਰਾਇ**।"— ਮਾਰੂ **੫**, ੧੧, ੩ : ੧ (1001)
"ਆਗੇ ਬੈਠਾ ਪੀਠਿ **ਫਿਰਾਇ**।" (ਪਿਠ ਮੋੜ ਕੇ) — ਭੈਰ **ਕਬ**, ੮, ੧ : ੨ (1159)

ਫਿਰਾਹਰਿ — ਫੇਰਾਂ ਵਿਚ, ਫਿਰਨ ਦਾ ਆਹਰ
"ਬਿਨੁ ਨਾਵੈ ਬਹੁ ਫੇਰੁ **ਫਿਰਾਹਰਿ**।" (ਭਾਵ ਭੰਬਲ ਭੂਸੇ ਖਾਣੇ)
— ਰਾਮ **੫**, ਵਾਰ ੧੮ਸ, **੫**, ੧ : ੩ (965)

ਫਿਰਾਹਿ — ਫਿਰਦੇ ਹਨ ਭਾਵ ਗੇੜੇ ਕਢਦੇ ਹਨ
"ਅਸੰਖ ਕੂੜਿਆਰ ਕੂੜੇ **ਫਿਰਾਹਿ**।"
— ਜਪੁ **੧**, ੧੮ : ੬ (4)
"ਸੰਗਿ ਤੁਹਾਰੈ ਪ੍ਰਭੁ ਬਸੈ ਬਨੁ ਬਨੁ ਕਹਾ **ਫਿਰਾਹਿ**।" (ਫਿਰਦਾ ਹੈ) — ਗਉ **੫**, ਬਾਅ ੩੦ : ੨ (256)
ਹੋਰ ਰੂਪ — ਫਿਰਾਹੀ —
"ਅਨਦਿਨੁ ਦੂਜੈ ਭਾਇ **ਫਿਰਾਹੀ**।" (ਫਿਰਦਾ ਹੈ) — ਮਾਝ **੩**, ਅਸ ੩੦, ੬ : ੨ (127)
"ਜਿਨ ਗੁਰੁ ਗੋਪਿਆ ਆਪਣਾ ਸੇ ਲੈਦੇ ਢਾਹਾ **ਫਿਰਾਹੀ**।" (ਫਿਰਦੇ ਹਨ) ਸਹਾਇਕ ਕਿਰਿਆ)

— ਗਉ **੪**, ਵਾਰ ੧੫ਸ, **੪**, ੨ : ੪ (308)

ਫਿਰਾਤਾ — ਫਿਰਾਂਦੀ ਹੈ

"ਮਾਇਆ ਮਨਸਾ ਮੋਹਣੀ ਦਹ ਦਿਸ **ਫਿਰਾਤਾ**।"

— ਗੂਜ **੩**, ਵਾਰ ੧੫ : ੨ (514)

ਫਿਰਾਮੀ — ਫਿਰਦੇ ਹਨ

"ਮਨੁ ਰਤਾ ਕੁਟੰਬ ਸਿਉ ਨਿਤ ਗਰਬਿ **ਫਿਰਾਮੀ**।"

— ਮਾਰੂ **੫**, ਵਾਰ ੧੪ : ੩ (1099)

ਫਿਰਾਵਉ — ਫੇਰਾ, ਉਲਟਾਵੋ

"ਰੀ ਕਲਵਾਰਿ ਗਵਾਰਿ ਮੂਢ ਅਤਿ ਉਲਟੋ ਪਵਨੁ **ਫਿਰਾਵਉ**।" — ਕੇਦਾ **ਕਬ**, ੩, ੧ : ੧ (1123)

ਫਿਰਿ — 1. ਫੇਰ, ਮੁੜ ਕੇ

"ਗਾਵੈ ਕੋ ਜੀਅ ਲੈ **ਫਿਰਿ** ਦੇਹ।"

— ਜਪੁ **੧**, ੩ : ੬ (92)

"ਦੂਜੈ ਭਾਇ ਕੋ ਨ ਮਿਲੈ **ਫਿਰਿ ਫਿਰਿ** ਆਵੈ ਜਾਇ।" (ਮੁੜ ਮੁੜ ਕੇ) — ਸਿਰੀ **੩**, ੩੬, ੨ : ੨ (27)

"ਰਾਮ ਨਾਮ ਸਾਲਾਹਿ ਤੂ **ਫਿਰਿ** ਆਵਣ ਜਾਣੁ ਨ ਹੋਇ।" (ਮੁੜ ਕੇ, ਫੇਰ)

— ਸਿਰੀ **੩**, ੫੨, ੧* : ੨ (36)

"**ਫਿਰਿ** ਪਛੁਤਾਵਹਿਗਾ ਮੂੜਿਆ ਤੂੰ ਕਵਨ ਕੁਮਤਿ ਭ੍ਰਮਿ ਲਾਗਾ।" (ਭਾਵ ਪਿਛੋਂ)

— ਸਿਰੀ **ਬੇਣੀ**, ੧, ੧* : ੧ (93)

2. ਫਿਰ ਕੇ, ਉਲਟ ਕੇ

"ਦੂੜ ਲਗੇ **ਫਿਰਿ** ਚਾਕਰੀ ਸਤਿਗੁਰ ਕੇ ਵੇਸਾਹੁ।"

— ਸਿਰੀ **੧**, ੧੧, ੧ : ੨ (18)

"ਗੁਰੂ ਪਾਸਹੁ **ਫਿਰਿ** ਚੇਲਾ ਖਾਇ।" (ਉਲਟਾ)

— ਆਸਾ **੧**, ੪, ੨ : ੧ (349)

3. ਗਮਨ ਕਰਕੇ, ਭਰਮਨ ਕਰਕੇ ਭਾਵ ਭਟਕ ਭਟਕ ਕੇ

"ਬਨ **ਫਿਰਿ** ਥਕੇ ਬਨਵਾਸੀਆ ਪਿਰੁ ਗੁਰਮਤਿ ਰਿਦੈ ਨਿਹਾਲਿ।"

— ਗਉ **੪**, ਕਰ, ੨, ੧ : ੨ (234)

"ਨਿਮਖ ਮਾਹਿ ਚਾਰਿ ਕੁੰਟ **ਫਿਰਿ** ਆਵੈ।"

— ਗਉ **੫**, ਸੁਖ ੧੧, ੩ : ੮ (277)

4. ਘੁੰਮ ਗਈ ਭਾਵ ਵ੍ਯਾਪਰ ਗਈ, ਵਿਆਪਕ ਹੋ ਗਈ, ਫੈਲ ਗਈ

"ਬਾਬਰਵਾਣੀ **ਫਿਰਿ** ਗਈ ਕੁਇਰੁ ਨ ਰੋਟੀ ਖਾਇ।"— ਆਸਾ **੧**, ਅਸ ੧੧, ੫ : ੩ (417)

ਫਿਰਿਓ — ਫਿਰਿਆ, ਵਿਆਪਕ ਹੋਇਆ, ਪੈ ਗਿਆ

"ਨਾਗੋ ਆਇਆ ਨਾਗ ਸਿਧਾਸੀ ਫੇਰਿ **ਫਿਰਿਓ** ਅਰੁ ਕਾਲਿ ਗਰਸੂਆ।"

— ਗਉ **੫**, ੧੨੨*, ੧ : ੨ (206)

"ਦਸ ਦਿਸ ਖੋਜਤ ਮੈ **ਫਿਰਿਓ** ਜਤ ਦੇਖਉ ਤਤ ਸੋਇ।" — ਗਉ **੫**, ਥਿਤੀ ੧੦ਸ : ੧ (298)

"ਬਰਸ ਏਕੁ ਹਉ **ਫਿਰਿਓ** ਕਿਨੈ ਨਹੁ ਪਰਚਉ ਲਾਯਉ।" (ਘੁੰਮਿਆ)

— ਸਵ **੩**, ੨੦ : ੩ (1395)

ਹੋਰ ਰੂਪ — ਫਿਰਿਆ —

"ਸਗਲ ਤਿਆਗਿ ਬਨ ਮਧੇ **ਫਿਰਿਆ**।" (ਘੁੰਮਿਆ, ਗਮਨ ਕੀਤਾ)

— ਗਉ **੫**, ਸੁਖ ੩, ੧ : ੪ (265)

ਫਿਰੀ —

"ਹਉ ਹਉ ਕਰਤੀ ਜਗੁ **ਫਿਰੀ** ਨਾ ਧਨੁ ਸੰਪੈ ਨਾਲਿ।" — ਸਿਰੀ **੩**, ੪੨, ੩ : ੧ (32)

ਫਿਰੀ — 1. ਗਮਨ ਕੀਤਾ,ਭਟਕੀ ਵੇਖੋ 'ਫਿਰਿਓ'

2. ਫੈਲੀ

"ਗੁਰ ਅੰਗਦ ਦੀ ਦੋਹੀ **ਫਿਰੀ** ਸਚੁ ਕਰਤੈ ਬੰਧਿ ਬਹਾਲੀ।" — ਰਾਮ **ਬਸ**, ਵਾਰ ੩ : ੪ (67)

3. ਪਲਟੀ, ਬਦਲੀ, ਤਬਦੀਲ ਹੋਈ

"ਫਰੀਦਾ ਰੁਤਿ **ਫਿਰੀ** ਵਣੁ ਕੰਬਿਆ ਪਤ ਝੜੇ ਝੜਿ ਪਾਹਿ।"

— ਸਲੋ **ਫਰ**, ੧੦੨ : ੧ (1383)

ਫਿਰੀਆ — ਫਿਰਦਾ ਹੈ, ਭਟਕਦਾ ਹੈ

"ਕਿਰਤਨਿ ਜੁਰੀਆ ਬਹੁ ਬਿਧਿ **ਫਿਰੀਆ** ਪਰ ਕਉ ਹਿਰੀਆ।" — ਸੂਹੀ **੫**, ੪ : ੨ (746)

ਫਿਰੁ — ਫੇਰ, ਮੁੜ ਕੇ

"ਬੰਦੇ ਖੋਜੁ ਦਿਲ ਹਰ ਰੋਜ ਨਾ **ਫਿਰੁ** ਪਰੇਸਾਨੀ ਮਾਹਿ।" — ਤਿਲੰ **ਕਬ**, ੧, ੧* : ੧ (727)

ਫਿਰੇ — 1. ਗਮਨ ਕਰਦੇ ਰਹੇ, ਭਟਕਦੇ ਰਹੇ, ਭਉਂਦੇ ਰਹੇ

"ਲਖ ਚਉਰਾਸੀਹ ਤਰਸਦੇ **ਫਿਰੇ** ਬਿਨੁ ਗੁਰ ਭੇਟੇ ਪੀਰੈ।" (ਭਾਵ ਰਹੇ)

— ਸਿਰੀ **੩**, ੬੩, ੧ : ੨ (38)

"ਨਾਮੇ ਕੇ ਸੁਆਮੀ ਅੰਤਰਜਾਮੀ **ਫਿਰੇ** ਸਗਲ

ਬੇਦੇਸਵਾ।" (ਫਿਰਦਾ ਹੈ,ਵਿਆਪਕ ਹੈ)
— ਭੈਰ **ਨਾਮ**, ੧, ੪ : ੨ (1167)

2. ਮੁੜੇ
"ਸਤਿਗੁਰ ਤੇ ਜੋ ਮੁਹ **ਫਿਰੇ** ਸੇ ਬਧੇ ਦੁਖ ਸਹਾਹਿ।"
— ਸੋਰ **੪**, ਵਾਰ ੭ਸ, **੩**, ੧ : ੧ (645)

ਫਿਰੈ — 1. ਫਿਰਦੀਆਂ ਹਨ
"ਤਿਨਾ ਪਿਛੈ ਰਿਧਿ ਸਿਧਿ **ਫਿਰੈ** ਓਨਾ ਤਿਲੁ ਨ ਤਮਾਇ।" — ਸਿਰੀ **੩**, ੩੫, ੪ : ੨ (26)
"ਬਿਨੁ ਸਤਿਗੁਰ ਮੁਕਤਿ ਨ ਪਾਈਐ ਮਨਮੁਖਿ **ਫਿਰੈ** ਦਿਵਾਨੁ।" (ਫਿਰਦਾ ਹੈ)
— ਸਿਰੀ **੩**, ੬੩, ੩ : ੩ (39)

2. ਟਲਦਾ
"ਧੁਰਿ ਲਿਖਿਆ ਪਰਵਾਣਾ **ਫਿਰੈ** ਨਾਹੀ ਗੁਰੁ ਜਾਇ ਹਰਿ ਪ੍ਰਭ ਪਾਸਿ ਜੀਉ।"
— ਰਾਮ **ਸੁੰਦ**, ਸਦ, ੩ : ੬ (923)
"ਚੀਰੀ ਜਾ ਕੀ ਨ **ਫਿਰੈ** ਸਾਹਿਬੁ ਸੋ ਪਰਵਾਣੁ।"
— ਸਾਰ **੪**, ਵਾਰ ਪਸ, **੨**, ੧ : ੨ (1239)

3. ਮੁੜਦਾ, ਤੁਰਦਾ
"ਰਥੁ **ਫਿਰੈ** ਛਾਇਆ ਧਨ ਤਾ ਕੈ ਟੀਡੁ ਲਵੈ ਮੰਝਿ ਬਾਰੇ।"
— ਤੁਖਾ **੧**, ਬਾਰਾ ੮ : ੪ (1108)

4. ਘੁੰਮਦਾ/ਦਿਸ਼ਾ ਬਦਲਦਾ ਹੈ
"ਭਗਤ ਜਨਾਂ ਕਉ ਦੇਹੁਰਾ **ਫਿਰੈ**।"
— ਭੈਰ **ਨਾਮ**, ੬, ੩ : ੨ (1164)

ਫਿਰੋ — ਫਿਰਦਾ ਹੈ
"ਜਿਉ ਕਨਿਕੋ ਕੋਠਾਰੀ ਚੜਿਓ ਕਬਰੋ ਹੋਤ **ਫਿਰੋ**।"
— ਸਾਰ **੫**, ੩, ੨ : ੧ (1203)

ਫਿਲਹਾਲ — (ਫਾ. ਅਲਹਾਲ) ਇਸੇ ਸਮੇਂ, ਵਰਤਮਾਨ ਕਾਲ ਵਿਚ/ਦਾ
"ਦੁਨੀਆ ਚੀਜ **ਫਿਲਹਾਲ** ਸਗਲੇ ਸਚੁ ਸੁਖੁ ਤੇਰਾ ਨਾਉ।(ਹੁਣ ਦੇ ਸਮੇਂ ਭਾਵ ਥੋੜੇ ਸਮੇਂ ਲਈ)
— ਤਿਲੰ **੫**, ੪, ੪ : ੧ (724)

ਹੋਰ ਰੂਪ — ਫਿਲਹਾਲਾ —
"ਦਿਲ ਮਹਿ ਜਾਨਹੁ ਸਭ **ਫਿਲਹਾਲਾ**।" (ਥੁੜ ਚਿਰਾ)— ਮਾਰੂ **੫**, ਸੋਲਾ ੧੨, ੮ : ੧ (1084)

ਫੀਕ — 1. ਫਿੱਕੇ, ਰਸਹੀਣ, ਫੋਕਟ
"ਜਿਤਨੇ ਰਸ ਅਨਰਸ ਹਮ ਦੇਖੇ ਸਭ ਤਿਤਨੇ **ਫੀਕ** ਫੀਕਾਨੇ।" — ਗਉ **੪**, ਪ੬, ੨ : ੧ (170)

2. ਅਸਾਰ, ਢੌਂਗ, ਨਿਹਰਥਕ
"ਜਿਨ ਹਰਿ ਹਿਰਦੈ ਨਾਮੁ ਨ ਵਸਿਓ ਤਿਨ ਸਭਿ ਕਾਰੇਜ **ਫੀਕ**।"
— ਪ੍ਰਭਾ **੪**, ੩, ੩ : ੧ (1336)

ਫੀਕਾ — 1. ਰਸਹੀਨ
"ਬਿਨੁ ਗੁਣ ਕਾਮਿ ਨ ਆਵਈ ਮਾਇਆ **ਫੀਕਾ** ਸਾਦੁ।" — ਸਿਰੀ **੧**, ਅਸ ੧੩, ੬ : ੩ (61)
"ਹਰਿ ਰਸੁ ਨ ਚਾਖੈ **ਫੀਕਾ** ਆਲਾਇ।" (ਭਾਵ ਖਰਵਾ ਬੋਲਦੀ ਹੈ)
— ਗਉ **੩**, ੨੩, ੨ : ੨ (158)

2. ਸ਼ੋਭਾਹੀਨ
"ਮਨ ਤਨੁ **ਫੀਕਾ** ਦੂਜੈ ਭਾਇ।"
— ਗਉ **੩**, ਅਸ ੩, ੨ : ੨ (230)

3. ਅਧਾਰ, ਨਿਰਾਥਕ, ਬੇਰਸ
"ਮਨਮੁਖ ਪਥਰੁ ਸੈਲੁ ਹੈ ਧ੍ਰਿਗੁ ਜੀਵਣੁ **ਫੀਕਾ**।"
— ਆਸਾ **੧**, ਅਸ ੧੫, ੭ : ੧ (49)

ਫੀਕਾਨੇ — ਫਿੱਕੇ, ਬੇਰਸ
"ਜਿਤਨੇ ਰਸ ਅਨਰਸ ਹਮ ਦੇਖੇ ਸਭ ਤਿਤਨੇ ਫੀਕ **ਫੀਕਾਨੇ**।" — ਗਉ **੪**, ਪ੬, ੨ : ੧ (170)

ਫੀਕਿਆ — ਫਿਕੇ, ਬੇਸੁਆਦ
"ਆਨ ਸੁਆਦ ਸਭਿ **ਫੀਕਿਆ** ਕਰਿ ਨਿਰਨਉ ਡੀਠਾ।" — ਜੈਤ **੫**, ਵਾਰ ੧੧ : ੨ (708)

ਫੀਕੀ — 1. ਬੇਸੁਆਦ, ਬੇਰਸ
"ਨੀਕੀ ਜੀਅ ਕੀ ਹਰਿ ਕਥਾ ਊਤਮ ਆਨ ਸਗਲ ਰਸ **ਫੀਕੀ** ਰੇ।"
— ਆਸਾ **੫**, ੧੩੩, ੧* : ੧ (404)

2. ਕਮਜ਼ੋਰ, ਸਤਾਹੀਣ
"ਖਸਮੁ ਪਛਾਨਿ ਤਰਸ ਕਰਿ ਜੀਅ ਮਹਿ ਮਾਰਿ ਮਣੀ ਕਰਿ **ਫੀਕੀ**।"
— ਆਸਾ **ਕਬ**, ੧੭, ੪ : ੧ (480)

3. ਸ਼ੋਭਾਹੀਣ
"ਸਾਚੀ ਸੁਰਤਿ ਸੁਹਾਵਣੀ ਮਨਮੁਖ ਮਤਿ **ਫੀਕੀ**।"
— ਮਾਰੂ **੫**, ਅਸ ੪, ੪ : ੨ (1011)

ਫੀਕੇ — ਫਿਕੇ (ਭਾਵ ਕਚੇ) ਬੇਰਸ
"ਆਨ ਰੰਗ **ਫੀਕੇ** ਸਭ ਮਾਇਆ।"
— ਗਉ **੫**, ੧੪੧, ੩ : ੨ (194)

"ਹਮ ਨਿਰਗੁਣੀ ਮਨੂਰ ਅਤਿ **ਫੀਕੇ** ਮਿਲਿ ਸਤਿਗੁਰ ਪਾਰਸੁ ਕੀਜੈ।" (ਭਾਵ ਰੁਖੇ ਜੀਵਨ ਵਾਲੇ)
— ਕਲਿ **੪**, ਅਸ ੨, ੧* : ੨ (1324)

ਫੀਟੈ — ਵਿਗੜਨਾ, ਖਰਾਬ ਹੋਣਾ
"ਥਾਨਿ ਮਾਨਿ ਸਚੁ ਏਕੁ ਹੈ ਕਾਜੁ ਨ **ਫੀਟੈ** ਕੋਇ।"
— ਰਾਮ **੧**, ਓਅੰ ੩੪ : ੨ (934)

ਫੀਰੁ — ਫੇਰਾ, ਗੇੜਾ
"ਜਨਮ ਮਰਣ ਕਾ ਦੁਖੁ ਗਇਆ ਫਿਰਿ ਪਵੈ ਨ **ਫੀਰੁ**।" — ਸੂਹੀ **੩**, ਵਾਰ ੧੦ : ੪ (789)

ਫੀਲੁ — (ਅ. ਫੀਲ) ਹਾਥੀ,ਹਸਤੀ
"**ਫੀਲੁ** ਰਬਾਬੀ ਬਲਦ ਪਖਾਵਜ ਕਊਆ ਤਾਲ ਬਜਾਵੈ।" — ਆਸਾ **ਕਬ**, ੬, ੧ : ੧ (477)

ਫੁਸੀ — ਬੁਜ਼ਦਿਲ, ਕਾਇਰ
"ਜਿਉ ਤਿਸ ਦੀ ਵਡਿਆਈ ਆਪਿ ਕਰਾਈ ਵਰੀਆਮੁ ਨ **ਫੁਸੀ** ਕੋਈ।"
— ਵਡ **੩**, ਛੰਤ ੪, ੪ : ੩ (570)

ਫੁਟੰਨਿ — ਫੁਟ ਜਾਵਣ
"ਨਾਨਕ ਸੇਈ ਤੰਨ **ਫੁਟੰਨਿ** ਜਿਨਾ ਸਾਂਈ ਵਿਸਰੈ।" (ਭਾਵ ਵਿਕਾਰਾਂ ਨਾਲ ਗੰਦੇ ਹੋ ਜਾਂਦੇ ਹਨ)
— ਗਉ **੫**, ਵਾਰ ੨੦ਸ, **੫**, ੧ : ੨ (323)

ਫੁਟੀ — ਉਗਮੀ ਹੋਈ
"ਚਿੜੀ ਚੁਹਕੀ ਪਹੁ **ਫੁਟੀ** ਵਗਨਿ ਬਹੁਤੁ ਤਰੰਗ।"
— ਗਉ **੪**, ਵਾਰ ੬ਸ, **੫**, ੧ : ੧ (319)

ਫੁਨਿ — 1. ਫਿਰ, ਫੇਰ, ਮੁੜ
"ਧਾਤੁ ਮਿਲੈ **ਫੁਨਿ** ਧਾਤੁ ਕਉ ਸਿਫਤੀ ਸਿਫਤਿ ਸਮਾਇ।" — ਸਿਰੀ **੧**, ੧੨, ੧ : ੧ (18)
"ਕਾਚਾ ਧਨੁ **ਫੁਨਿ** ਆਵੈ ਜਾਏ।" (ਮੁੜ ਮੁੜ ਕੇ)
— ਧਨਾ **੩**, ੭, ੧* : ੨ (665)

2. ਅਤੇ ਹੋਰ
"ਸੁਇਨਾ ਰੂਪਾ **ਫੁਨਿ** ਨਹੀ ਦਾਮ।"
— ਗਉ **੫**, ੧੦੬, ੩ : ੧ (187)
"**ਫੁਨਿ** ਮਨ ਬਚ, ਕ੍ਰਮ ਜਾਨੁ ਅਨਤ ਦੂਜਾ ਨ ਮਾਨੁ ਨਾਮੁ ਸੁ ਅਪਾਰੁ ਸਾਰੁ ਦੀਨੋ ਗੁਰਿ ਰਿਦ ਧਰ।" — ਸਵ **੪**, ਨਲ ੩ : ੩ (1399)

3. ਭੀ
"ਜਲੁ ਨਹੀ ਪਵਨੁ ਪਾਵਕੁ **ਫੁਨਿ** ਨਾਹੀ ਸਤਿਗੁਰ ਤਹਾ ਸਮਾਹੀ।"
— ਗਉ **ਕਬ**, ੪੮, ੨ : ੨ (333)
"ਜਨਮ ਜਨਮ ਕੇ ਪਾਪ ਖੋਇ ਕੈ **ਫੁਨਿ** ਬੈਕੁੰਠਿ ਸਿਧਾਵੈ।" (ਉਪਰੰਤ)
— ਰਾਮ **੯**, ੧, ੧ : ੨ (902)
"ਡਗਰੀ ਚਾਲ ਨੇਤ੍ਰ **ਫੁਨਿ** ਅੰਧਲੇ ਸਬਦ ਸੁਰਤਿ ਨਹੀ ਭਾਈ।"— ਭੈਰ **੧**, ੫, ੩ : ੧ (1126)

ਫੁਫੀ — ਭੂਆ, ਪਿਤਾ ਦੀ ਭੈਣ
"**ਫੁਫੀ** ਨਾਨੀ ਮਾਸੀਆ ਦੇਰ ਜਠਾਨੜੀਆਹ।"
— ਮਾਰੂ **੧**, ਅਸ ੧੦, ੨ : ੧ (1015)

ਫੁੰਮਣ — ਸੂਤ ਦੀ ਕੂਚੀ
"ਲਕੀ ਕਾਸੇ ਹਥੀ **ਫੁੰਮਣ** ਅਗੋ ਪਿਛੀ ਜਾਹੀ।"
— ਮਾਝ **੧**, ਵਾਰ ੨੬ਸ, **੧**, ੧ : ੯ (149)

ਫੁਰਮਾਇ — ਹੁਕਮ ਕਰੇ, ਫਰਮਾਨ ਕਰੇ
"ਕਾਜੀ ਮੁਲਾਂ ਬਿਨਤੀ **ਫੁਰਮਾਇ**।" (ਭਾਵ ਕਹੇ)
— ਭੈਰ **ਨਾਮ**, ੧੦, ੨੨ : ੧ (1166)

ਹੋਰ ਰੂਪ — ਫੁਰਮਾਇਓ —
"ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ **ਫੁਰਮਾਇਓ**।" (ਹੁਕਮ ਕੀਤਾ)
— ਸਵ **੧**, ੭ : ੬ (1390)

ਫੁਰਮਾਇਅੜੈ — ਹੁਕਮ ਕਰਨ ਕਰਕੇ, ਫੁਰਮਾਨ ਕਰਕੇ
"ਸਾਹੈ ਕੈ **ਫੁਰਮਾਇਅੜੈ** ਜੀ ਦੇਹੀ ਵਿਚ ਜੀਉ ਆਇ ਪਇਆ।"
— ਮਾਰੂ **੫**, ੩੧, ੧ : ੩ (1007)

ਫੁਰਮਾਇਆ — ਹੁਕਮ ਕੀਤਾ, ਕਹਿਆ
"ਰਾਤਿ ਦਿਹੈ ਕੈ ਵਾਰ ਧੁਰਹੁ **ਫੁਰਮਾਇਆ**।"
— ਮਾਝ **੧**, ਵਾਰ ੨੨ : ੨ (150)
"ਉਡਰਿ ਹੰਸੁ ਚਲਿਆ **ਫੁਰਮਾਇਆ** ਭਸਮੈ ਭਸਮ ਸਮਾਣੀ।" (ਕਹੇ/ਹੁਕਮ ਅਨੁਸਾਰ)
— ਤੁਖਾ **੧**, ਛੰਤ ੪, ੧ : ੫ (1111)

ਫੁਰਮਾਇਸਿ — 1. (ਫਾ. ਫੁਰਮਾਇਸ਼) ਹੁਕਮ
"ਲਖਾ ਉਪਰਿ **ਫੁਰਮਾਇਸਿ** ਤੇਰੀ ਲਖ ਉਠਿ ਰਾਖਹਿ ਮਾਨੁ।" — ਆਸਾ **੧**, ੩੧, ੧ : ੨ (358)

2. ਹਕੂਮਤ
"ਰਾਮ ਮਿਲਖ ਅਰੁ ਬਹੁਤੁ **ਫੁਰਮਾਇਸਿ**।"
— ਆਸਾ **੫**, ੧੧, ੩ : ੩ (373)
"ਕਰਿ **ਫੁਰਮਾਇਸਿ** ਖਾਇਆ ਵੇਖਿ ਮਹਲਤਿ

ਮਰਣੁ ਵਿਸਾਰਿਆ।"
— ਆਸਾ **੧**, ਵਾਰ ੧੭ : ੪ (472)

ਫੁਰਮਾਇਸੀ — ਹੁਕਮ
"ਬਹੁਤੁ ਕਰਹਿ **ਫੁਰਮਾਇਸੀ** ਵਰਤਹਿ ਹੋਇ ਅਫਾਰ।" — ਸਿਰੀ **੫**, ੭੧, ੧ : ੩ (42)

ਫੁਰਮਾਈ — ਕਹੀ ਭਾਵ ਨਿਸਚਿਤ ਕੀਤੀ, ਹੁਕਮ ਕੀਤੀ ਹੋਈ
"ਕਰਣੀ ਕਾਰ ਧੁਰਹੁ **ਫੁਰਮਾਈ**।"
— ਆਸਾ **੩**, ੪੬, ੨ : ੧ (363)
"ਗਤਿ ਅਵਗਤਿ ਕੀ ਚਿੰਤ ਨਾਹੀ ਸਤਿਗੁਰੂ **ਫੁਰਮਾਈ**।" (ਦੱਸੀ, ਸਿਖਿਆ ਦਿਤੀ)
— ਪ੍ਰਭਾ **੧**, ੪, ੩ : ੨ (1328)

ਫੁਰਮਾਈਐ — ਹੁਕਮ ਕਰੋ, ਕਹੋ
"ਹਉ ਗੋਲਾ ਲਾਲਾ ਤੁਧੁ ਮੈ ਹੁਕਮੁ **ਫੁਰਮਾਈਐ**।"
— ਸੋਰ **੪**, ਵਾਰ ੨ : ੪ (643)

ਫੁਰਮਾਏ — ਕਹੇ, ਹੁਕਮ ਕਰੇ, ਵੇਖੋ ਫੁਰਮਾਣੁ
"ਜਿਵ **ਫੁਰਮਾਏ** ਤਿਵ ਤਿਵ ਪਾਹਿ।"
— ਜਪੁ **੧**, ੧੯ : ੯ (4)

ਫੁਰਮਾਣੁ — (ਫ. ਫਰਮਾਨ) 1. ਹੁਕਮ
"ਅਮੁਲੁ ਕਰਮੁ ਅਮੁਲੁ **ਫੁਰਮਾਣੁ**।"
— ਜਪੁ **੧**, ੨੬ : ੮ (5)
2. ਹੁਕਮ ਨਾਮਾ
"ਸਚਾ ਤੇਰਾ ਹੁਕਮੁ ਸਚਾ **ਫੁਰਮਾਣੁ**।"
— ਆਸਾ **੧**, ਵਾਰ ੨ਸ, **੧**, ੧ : ੫ (463)

ਫੁਰਮਾਣੈ — ਹੁਕਮ ਵਿਚ, ਹੁਕਮ ਅਨੁਸਾਰ
"ਸਾਧਿਕ ਸਿਧ ਗੁਰੂ ਬਹੁ ਚੇਲੇ ਖੋਜਤ ਫਿਰਹਿ **ਫੁਰਮਾਣੈ**।" — ਰਾਮ **੧**, ਸਿਗੋ ੭੩ : ੩ (946)

ਫੁਰਮਾਨੀ — ਹੁਕਮ ਮੰਨਣਾ, ਆਗਿਆ ਕਰਤਾ
"**ਫੁਰਮਾਨੀ** ਹੈ ਕਾਰ ਖਸਮਿ ਪਠਾਇਆ।"
— ਮਾਝ **੧**, ਵਾਰ ੧੦ : ੫ (142)

ਫੁਰਮਾਨੁ — ਹੁਕਮ
"ਸਚੁ ਤੇਰਾ **ਫੁਰਮਾਨੁ** ਸਬਦੇ ਸੋਹਿਆ।"
— ਮਾਝ **੧**, ਵਾਰ ੨੬ : ੪ (150)

ਫੁਰਮਾਵਹਿ — ਹੁਕਮ ਕਰੇ
"ਜਿਉ **ਫੁਰਮਾਵਹਿ** ਤਿਉ ਚਲਾ ਸਚੁ ਲਾਲ ਪਿਆਰੇ।"— ਮਾਰੂ **੧**, ਅਸ ੪, ੧* : ੨ (1010)

ਫੁਰਮਾਵੈ — ਹੁਕਮ ਕਰਦਾ, ਕਹਿੰਦਾ, ਦਸਦਾ
"ਅਲਹ ਅਵਲਿ ਦੀਨ ਕੋ ਸਾਹਿਬੁ ਜੋਰੁ ਨਹੀ **ਫੁਰਮਾਵੈ**।"— ਆਸਾ **ਕਬ**, ੧੭, ੧ : ੨ (480)

ਫੁਰਿਆ — ਅਨੁਭਵ ਹੋਇਆ, ਅਹੁੜਿਆ, ਮਾਲੂਮ ਹੋਇਆ
"ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ ਅਮਰਦਾਸ ਗੁਰ ਕਉ **ਫੁਰਿਆ**।"
— ਸਵ **੩**, ੧ : ੮ (1393)

ਫੁਰੀ — ਸੁਝੀ, ਖਿਆਲ ਆਇਆ
"ਰਿਧਿ ਸਿਧਿ ਜਾ ਕਉ **ਫੁਰੀ** ਤਬ ਕਾਹੂ ਸਿਉ ਕਿਆ ਕਾਜ।"
— ਮਾਰੂ **ਕਬ**, ੩, ੧ : ੧ (1103)

ਫੁਲ — 1. ਕੁਸਮ, ਪੂਰੀ ਪਿੜੀ ਹੋਈ ਕਲੀ, ਪੁਸ਼ਪ
"ਸੁਇਨੇ ਕਾ ਬਿਰਖੁ ਪਤ ਪਰਵਾਲਾ **ਫੁਲ** ਜਵੇਹਰ ਲਾਲ।"
— ਮਾਝ **੧**, ਵਾਰ ੨੦ਸ, **੧**, ੨ : ੧ (147)
2. ਅਸਥੀਆਂ, ਮਿਰਤਕ ਦੀਆਂ ਸੜ ਕੇ ਸੁਫੈਦ ਹੋਇਆ ਹੱਡੀਆਂ
"ਪਿੰਡੁ ਪਤਲਿ ਕਿਰਿਆ ਦੀਵਾ **ਫੁਲ** ਹਰਿ ਸਰਿ ਪਾਵਏ।"— ਰਾਮ **ਸੁੰਦ**, ਸਦ ੫ : ੪ (923)

ਫੁਲਵਤ — ਫੁਲਦਾ ਹੈ, ਮਾਨ ਕਰਦਾ ਹੈ
"ਬਲੂਆ ਕੇ ਘਰੂਆ ਮਹਿ ਬਸਤੇ **ਫੁਲਵਤ** ਦੇਹ ਅਇਆਨੇ।"— ਕੇਦਾ **ਕਬ**, ੪, ੪ : ੧ (1124)

ਫੁਲੜਾ — ਕੋਮਲ, ਫੁਲ
"ਧਨੁ ਜੋਬਨੁ ਅਰੁ **ਫੁਲੜਾ** ਨਾਠੀਅੜੇ ਦਿਨ ਚਾਰਿ।"
— ਸਿਰੀ **੧**, ੨੪, ੧ : ੧ (23)

ਫੁਲਾ — 'ਫੁਲ' ਦਾ ਬਹੁ ਵਚਨ
"ਕਿਆ ਤੂੰ ਰਤਾ ਗਿਰਸਤ ਸਿਉ ਸਭ **ਫੁਲਾ** ਦੀ ਬਾਗਾਤਿ।" — ਸਿਰੀ **੫**, ੯੨, ੨ : ੨ (50)

ਫੁਲੀ — ਫੁਲਾਂ ਵੱਲ
"ਏਨੀ **ਫੁਲੀ** ਰਉ ਕਰੇ ਅਵਰ ਕਿ ਚੁਣੀਅਹਿ ਡਾਲ।"
— ਸੂਹੀ **੩**, ਵਾਰ ੧੯ਸ, **੧**, ੧ : ੨ (791)

ਫੁਲੀਅਹਿ — ਪ੍ਰਫੁਲਤ ਹੋਈ
"ਫਲੀਅਹਿ **ਫੁਲੀਅਹਿ** ਬਪੁੜੇ ਭੀ ਤਨ ਵਿਚਿ ਸੁਆਹ।"
— ਆਸਾ **੧**, ਵਾਰ ੧ਸ, **੧**, ੩ : ੪ (463)

ਫੁਲੀਠਾ — ਫੁਲਿਆ ਹੋਇਆ, ਛਾਲਾ, ਜ਼ਹਿਰ ਦੀ

ਥੈਲੀ
"ਬਿਸੀਅਰ ਕਉ ਬਹੁ ਦੂਧੁ ਪੀਆਈਐ ਬਿਖੁ ਨਿਕਸੈ ਫੋਲਿ **ਫੁਲੀਠਾ**।"— ਗਉ **੪**, ੬੧, ੩ : ੨ (171)

ਫੂਲੁ — ਫੁਲ, ਪੁਸ਼ਪ
"ਨਾਨਕ ਗੁਰੁ ਸੰਤੋਖੁ ਰੁਖੁ ਧਰਮੁ **ਫੁਲੁ** ਫਲ ਗਿਆਨੁ।"
— ਮਾਝ **੧**, ਵਾਰ ੨੦ਸ, **੧**, ੧ : ੧ (147)

ਫੂਲੇ — ਫੁਲ ਪਏ, ਪ੍ਰਫੁਲਿਤ ਹੋਏ, ਖਿੜੇ
"ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ **ਫੁਲੇ**।" — ਤੁਖਾ **੧**, ਬਾਰਾ ੧੧ : ੩ (1109)

ਹੋਰ ਰੂਪ — ਫੂਲੈ —
"ਤ੍ਰਾਹੈ ਥਲ ਸਿਰਿ ਸਰੁ ਵਹੈ ਕਮਲੁ **ਫੂਲੈ** ਆਕਾਸਿ ਜੀਉ।" (ਖਿੜਕ)
— ਸੂਹੀ **੧**, ਕੁਚ ੨ : ੪ (762)

ਫੂਏਫਾਲ — ਖਿੰਡੇ ਖੁਸੇ, ਖਿਲਰੇ ਪੁਲਰੇ
"ਕੂਚ ਬਿਚਾਰੈ **ਫੂਏ ਫਾਲ**।"
— ਗੋਂਡ **ਕਬ**, ੬, ੧ : ੩ (871)

ਫੂਕ — 1. ਸੁਆਸ, ਪ੍ਰਾਣ
"ਨਿਕਸਿਆ **ਫੂਕ** ਤ ਹੋਇ ਗਇਓ ਸੁਆਹਾ।"
— ਆਸਾ **੫**, ੮੬, ੨ : ੪ (392)
2. ਜੋਰ ਨਾਲ ਮੂੰਹ ਵਿਚੋਂ ਕਢੀ ਹਵਾ
"ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ **ਫੂਕ**।" — ਸਲੋ **ਕਬ**, ੧੫੮ : ੨ (1372)

ਫੂਕਿ — 1. ਅਹੰਕਾਰ
"ਸਭੁ ਕੋ ਭਰਿਆ **ਫੂਕਿ** ਆਖਣਿ ਕਹਿਣ ਨ ਥੰਮੀਐ।"
— ਸਾਰ **੪**, ਵਾਰ ੧੯ਸ, **੧**, ੨ : ੩ (1244)
"ਅੰਧੀ **ਫੂਕਿ** ਮੁਈ ਦੇਵਾਨੀ।" (ਅਹੰਕਾਰ ਵਿਚ)
— ਮਲਾ **੧**, ਵਾਰ ੧੯ਸ, **੧**, ੨ : ੩ (1286)
2. ਸਾੜ, ਸੁਆਹ ਕਰ ਦੇਵੇ
"ਕਬੀਰ ਐਸਾ ਕੋ ਨਹੀ ਇਹੁ ਤਨੁ ਦੇਵੈ **ਫੂਕਿ**।"
— ਸਲੋ **ਕਬ**, ੮੪ : ੧ (1368)

ਫੂਕੈ — ਫੂੰਕਾਰੇ ਮਾਰੇ
"ਡਕੈ **ਫੂਕੈ** ਖੇਹ ਉਡਾਵੈ ਸਾਹਿ ਗਇਐ ਪਛੁਤਾਇ।"
— ਮਲਾ **੧**, ਵਾਰ ੧੯ਸ, **੧**, ੨ : ੨ (1286)

ਫੂਟ ਮਫੂਟ — ਫੁਟ ਗਿਆ, ਟੁੱਟ ਗਿਆ, ਚੂਰ ਚੂਰ ਹੋ ਗਿਆ
"ਕਬੀਰ ਖਿੰਥਾ ਜਲਿ ਕੋਇਲਾ ਭਈ ਖਾਪਰੁ **ਫੂਟ ਮਫੂਟ**।" — ਸਲੋ **ਕਬ**, ੪੮ : ੧ (1367)

ਫੂਟਾ — ਟੁੱਟ ਗਿਆ, ਫੁਟ ਗਿਆ
"ਤ੍ਰਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ **ਫੂਟਾ**।" — ਗਉ **ਕਬ**, ਅਸ ੪੩, ੧ : ੨ (331)

ਫੂਟਿ — ਫੁਟ ਕੇ
"ਜਹ ਜਹ ਦੇਖਾ ਤਹ ਤਹ ਤੂ ਹੈ ਤੁਝ ਤੇ ਨਿਕਸੀ **ਫੂਟਿ** ਮਰਾ।" — ਸਿਰੀ **੧**, ੩੧, ੧ : ੨ (25)
"ਦਹ ਦਿਸ ਟਾਂਡੇ ਗਇਓ **ਫੂਟਿ**।" (ਭਾਵ ਟੁੱਟ, ਖਤਮ) — ਬਸੰ **ਕਬ**, ੬, ੩ : ੨ (1195)
"ਕਬੀਰ ਗਾਗਰਿ ਜਲ ਭਰੀ ਆਜੁ ਕਾਲ੍ਹਿ ਜੈਹੈ **ਫੂਟਿ**।" (ਟੁੱਟ, ਭੱਜ)
— ਸਲੋ **ਕਬ**, ੭੩ : ੧ (1368)

ਹੋਰ ਰੂਪ — ਫੂਟੀ —
"ਕਾਮੁ ਕ੍ਰੋਧੁ ਮਾਇਆ ਲੈ ਜਾਰੀ ਤ੍ਰਿਸਨਾ ਗਾਗਰਿ **ਫੂਟੀ**।" (ਟੁੱਟ ਗਈ)
— ਆਸਾ **ਕਬ**, ੨੮, ੨ : ੧ (483)
"**ਫੂਟੀ** ਆਖੈ ਕਛੂ ਨ ਸੂਝੈ ਬੂਡਿ ਮੂਏ ਬਿਨੁ ਪਾਨੀ।" (ਟੁੱਟੀ ਹੋਈ, ਅੱਖ ਭਾਵ ਅੰਨੀ ਅੱਖ) — ਕੇਦਾ **ਕਬ**, ੪, ੧ : ੨ (1124)

ਫੂਟੇ —
"ਘਟ **ਫੂਟੇ** ਘਟਿ ਕਬਹਿ ਨ ਹੋਈ।"
— ਗਉ **ਕਬ**, ਬਾਅ ੧੦ : ੨ (340)
"ਪਾਂਚ ਨਾਰਦ ਕੇ ਮਿਟਵੇ **ਫੂਟੇ**।" (ਟੁੱਟ ਗਏ)
— ਗੋਂਡ **ਕਬ**, ੮, ੫ : ੩ (872)

ਫੂਟੈ —
"ਕਾਮ ਕ੍ਰੋਧ **ਫੂਟੈ** ਬਿਖੁ ਮਾਟੁ।"
— ਗਉ **੧**, ੬, ੪ : ੨ (153)
"ਕਾਚੀ ਗਾਗਰਿ ਸਰਪਰ **ਫੂਟੈ**।" (ਟੁੱਟਦੀ ਹੈ) — ਗਉ **੪**, ਬਾਅ ੨੧ : ੬ (254)
"ਛਿਨੁ ਛਿਨੁ ਅਉਧ ਬਿਹਾਤੁ ਹੈ **ਫੂਟੈ** ਘਟ ਜਿਉ ਪਾਨੀ।" (ਤਿੜਕੇ ਹੋਏ ਘੜੇ)
— ਤਿਲੰ **੯**, ੧, ੧* : ੨ (726)

ਫੂਟੋ —
"**ਫੂਟੋ** ਆਂਡਾ ਭਰਮ ਕਾ ਮਨਹਿ ਭਇਓ ਪਰਗਾਸ।" (ਟੁੱਟ ਗਿਆ)
— ਮਾਰੂ **੫**, ੧੪, ੧ : ੧ (1002)

ਫੂਲ — ਫੁਲ, ਪੁਸ਼ਪ
"ਲਾਲ ਨਿਹਾਲੀ **ਫੂਲ** ਗੁਲਾਲਾ।
— ਗਉ **੧**, ਅਸ ੧੦, ੨ : ੨ (225)
"**ਫੂਲ** ਮਾਲਾ ਗਲਿ ਪਹਿਰਉਗੀ ਹਾਰੋ।"
— ਆਸਾ **੧**, ੩੪, ੨ : ੧ (359)

ਫੂਲਹ — ਫੁਲ ਤੋਂ
"ਫਫਾ ਬਿਨੁ **ਫੂਲਹ** ਫਲੁ ਹੋਈ।"
— ਗਉ **ਕਬ**, ਬਾਅ ੨੮ : ੧ (341)

ਫੂਲਹਿ — 1. ਫੂਲਦੇ ਹਨ, ਮਾਨ ਕਰਦੇ ਹਨ
"ਜੋਰ ਜੁਲਮ **ਫੂਲਹਿ** ਘਨੋ ਕਾਚੀ ਦੇਹ ਬਿਕਾਰ।"
— ਗਉ **੫**, ਬਾਅ ੨੪ਸ : ੧ (255)
2. ਖਿੜਦੇ ਹਨ
"ਕਹ **ਫੂਲਹਿ** ਆਨੰਦ ਬਿਖੈ ਸੋਗ ਕਬ ਹਸਨੋ ਕਬ ਰੋਈਐ।"— ਦੇਵ **੫**, ੨, ੧ : ੧ (528)
"ਏਹਿ ਜੀਅ ਜੰਤ **ਫੂਲਹਿ** ਹਰਿ ਚਿਤੁ ਲਾਇ।" (ਖੁਸ਼/ਅਨੰਦਿਤ ਹੁੰਦੇ ਹਨ)
— ਬਸੰ **੩**, ੧੨, ੧ : ੨ (1177)

ਫੂਲੰਤ — ਖਿੜ ਰਹੀ ਹੈ
"ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ **ਫੂਲੰਤ** ਜੋਤੀ।"
— ਧਨਾ **੧**, ਸੋਹ ੩, ੧ : ੧ (13)

ਫੂਲਾ — ਫੁਲ
"ਤਿਸ ਕੈ ਪੇਡਿ ਲਗੇ ਫਲ **ਫੂਲਾ**।"
— ਆਸਾ **ਕਬ**, ੨੨, ੩ : ੨ (481)

ਫੂਲਿ — 1. ਫੁਲ ਉਪਰ
"ਭਵਰਾ **ਫੂਲਿ** ਭਵੰਤਿਆ ਦੁਖੁ ਅਤਿ ਭਾਰੀ ਰਾਮ।"
— ਆਸਾ **੧**, ਛੰਤ ੫, ੨ : ੧ (439)
2. ਫੁਲ ਫੁਲ ਕੇ ਭਾਵ ਮਨਮਤਾ ਹੋ ਕੇ
"ਲੋਭ ਲਹਰਿ ਕਉ ਬਿਗਸਿ **ਫੂਲਿ** ਬੈਠਾ।"
— ਸੂਹੀ **੫**, ੮, ੨ : ੧ (738)
3. ਖਿੜ ਰਹੀ
"**ਫੂਲਿ** ਰਹੀ ਸਗਲੀ ਬਨਰਾਇ।"
— ਭੈਰ **ਕਬ**, ੧੪, ੨ : ੪ (1161)

ਫੂਲਿਆ — ਮਾਨਮਤਾ ਹੋਇਆ
"ਚੋ ਆ ਚੰਦਨ ਦੇਹ **ਫੂਲਿਆ**।"
— ਗਉ **੫**, ੧੩੯*, ੩ : ੧ (210)

ਫੂਲੀ — 1. ਫੁੱਟੀ ਹੋਈ
"ਤੂੰ ਪੇਡੁ ਸਾਖ ਤੇਰੀ **ਫੂਲੀ**।"
— ਮਾਝ **੫**, ੨੮, ੧ : ੧ (102)
2. ਖਿੜੀ, ਪ੍ਰਫੁਲਿਤ ਹੋਈ
"ਸਗਲੀ **ਫੂਲੀ** ਨਿਫਲ ਨ ਕਾਈ।"
— ਆਸਾ **੫**, ੫੬, ੩ : ੨ (385)
3. ਮਾਨਮਤੀ ਹੋਈ, ਅੰਹਕਾਰੀ ਹੋਈ
"ਮਾਟੀ **ਫੂਲੀ** ਰੂਪੁ ਬਿਕਾਰੁ।"
— ਬਸੰ **੧**, ਅਸ ੧, ੬ : ੨ (1187)

ਫੂਲੁ — ਫੁਲ, ਪੁਸ਼ਪ
"ਨਾਮ ਤੇਰਾ ਆਧਾਰੁ ਮੇਰਾ ਜਿਉ **ਫੂਲੁ** ਜਈ ਹੈ ਨਾਰਿ।" — ਗਉ **ਕਬ**, ੬੯, ੨ : ੧ (338)
(ਮਹਾਨਕੋਸ਼ 'ਫੂਲੁਜਈ' ਨੂੰ ਇਕ ਸ਼ਬਦ ਬਣਾ ਅਰਥ 'ਫੁੱਲਦੀ ਮਾਂ ਭਾਵ ਵੇਲ' ਕਰਦਾ ਹੈ)

ਫੂਲੇ — ਖਿੜ ਪਿਆ
"ਊਚੈ ਥਲਿ **ਫੂਲੇ** ਕਮਲ ਅਨੂਪ।"
— ਰਾਮ **੫**, ੫੦, ੩ : ੨ (898)
"ਬਨ **ਫੂਲੇ** ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ।" (ਫੁਲ/ਖਿੜ ਪਵੇ)
— ਤੁਖਾ **੧**, ਬਾਰਾ ੫ : ੨ (1108)
ਹੋਰ ਰੂਪ — ਫੂਲੈ —
"ਤਬ ਲਗੁ ਬਨੁ **ਫੂਲੈ** ਹੀ ਨਾਹਿ।"
— ਭੈਰ **ਕਬ**, ੧੪, ੨ : ੨ (1161)

ਫੂੜਿ — ਮੰਦ/ਖੋਟੇ ਬੋਲ ਬੋਲਣ ਵਾਲੀ, ਖਰਵੀ
"ਬੋਲੈ ਕਉੜਾ ਜਿਹਬਾ ਕੀ **ਫੂੜਿ**।"
— ਆਸਾ **੫**, ੯੬, ੧ : ੨ (394)

ਫੇਟ — ਠੋਕਰ, ਧਕਾ, ਸਟ
"ਭਜੁ ਸਾਧਸੰਗਿ ਗੋਬਿੰਦ ਨਾਨਕ ਕਛੁ ਨ ਲਾਗੈ **ਫੇਟ**।" — ਸਾਰ **੫**, ੧੦੪, ੨ : ੨ (1224)
ਹੋਰ ਰੂਪ — ਫੇਟੈ —
"ਜਮਕਾਲ ਕੀ ਫਿਰਿ ਆਵੈ ਨ **ਫੇਟੈ**।" (ਫੇਟ ਵਿਚ ਚੋਟ ਦੇ ਘੇਰੇ ਵਿਚ)
— ਬਸੰ **੩**, ੧੬, ੩ : ੨ (1176)
"ਜਮ ਜੰਦਾਰੁ ਨ ਮਾਰੇ **ਫੇਟੈ**।" (ਸਟ, ਧਕਾ)
— ਮਾਰੂ **੧**, ਸੋਲਾ ੧੬, ੬ : ੨ (1036)

ਫੇਨ — ਝਗ
"ਜਲ ਤਰੰਗ ਅਰੁ **ਫੇਨ** ਬੁਦਬੁਦਾ ਜਲ ਤੇ ਭਿੰਨ ਨ ਹੋਈ।" — ਆਸਾ **ਨਾਮ**, ੧, ੨ : ੧ (485)

ਹੋਰ ਰੂਪ — ਫੇਨੁ —
"ਤੂੰ ਜਲਨਿਧਿ ਤੂੰ **ਫੇਨੁ** ਬੁਦਬੁਦਾ ਤੁਧੁ ਬਿਨੁ ਅਵਰੁ ਨ ਭਾਲੀਐ ਜੀਉ।"
— ਮਾਝ **੫**, ੨੮, ੧ : ੨ (102)

ਫੇਰ — 1. ਗੇੜਾ, ਚਕਰ
"ਮਰਿ ਮਰਿ ਜੰਮਹਿ **ਫੇਰ** ਪਵਹਿ ਘਣੇਰੇ।"
— ਮਾਝ **੩**, ਅਸ ੧੯, ੧ : ੨ (120)
"ਸਹਜ ਕੇਲ ਅਨਦ ਖੇਲ ਰਹੇ **ਫੇਰ** ਭਏ ਮੇਲ।"
— ਗਉ **੫**, ੧੫੨, ੩ : ੧ (214)
2. ਬਹੁੜ, ਦੁਬਾਰਾ
"ਜੈਸੇ ਹਰ ਹਟ ਕੀ ਮਾਲਾ ਟਿੰਡ ਲਗਤ ਹੈ ਇਕ ਸਖਨੀ ਹੋਰ **ਫੇਰ** ਭਰੀਅਤ ਹੈ।"
— ਪ੍ਰਭਾ **੧**, ੮, ੨ : ੧ (1329)

ਫੇਰਉ — 1. ਮੋੜਾਂ
"ਰਾਮੁ ਛੋਡਿ ਚਿਤੁ ਅਨਤ ਨ **ਫੇਰਉ**।"
— ਗੋਂਡ **ਨਾਮ**, ੨, ੧* : ੨ (873)
2. ਭਾਵ ਝਲਾਂ
"ਪਖਾ **ਫੇਰਉ** ਪੀਸਉ ਸੰਤ ਆਗੈ ਚਰਣ ਧੋਇ ਸੁਖੁ ਪਾਇਣਾ।"
— ਮਾਰੂ **੫**, ਸੋਲਾ ੭, ੧੩ : ੩ (1078)

ਫੇਰਹਿ — ਮੋੜੇ
"ਸਤਗੁਰ ਤੇ ਜੋ ਮੁਹ **ਫੇਰਹਿ** ਮਥੇ ਤਿਨ ਕਾਲੇ।"
— ਸਿਰੀ **੩**, ੪੨, ੩ : ੧ (30)

ਫੇਰਤੇ — ਫੇਰਦੇ ਹਨ
"ਮਨਿ **ਫੇਰਤੇ** ਹਰਿ ਸੰਗਿ ਸੰਗੀਆ।"
— ਮਲਾ **੫**, ੨੩, ੨ : ੪ (1272)

ਫੇਰਦਾ — ਝਲਦਾ
"ਪੈਰ ਧੋਵਾ ਪਖਾ **ਫੇਰਦਾ** ਤਿਸੁ ਨਿਵਿ ਨਿਵਿ ਲਗਾ ਪਾਇ ਜੀਉ।"
— ਸਿਰੀ **੫**, ਅਸ ੨੯, ੧੦ : ੩ (73)

ਫੇਰਨਿ੍ — ਹਲਾਉਣ, ਘੁਮਾਉਣ
"ਪੈਰ ਹਲਾਇਨਿ **ਫੇਰਨਿ੍** ਸਿਰ।"
— ਆਸਾ **੧**, ਵਾਰ ੫ਸ, **੧**, ੨ : ੨ (465)

ਫੇਰਾ — ਚਕਰ, ਗੇੜਾ
"ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ **ਫੇਰਾ**।"— ਗਉ **੫**, ਸੋਹ ੫, ੩ : ੨ (13)
"ਗੁਰਮੁਖਿ ਮਿਲੈ ਤਾ ਚੂਕੈ **ਫੇਰਾ**।"
— ਮਾਝ **੩**, ਅਸ ੨੨, ੩ : ੨ (122)
"ਆਪੇ ਸਚਾ ਬਖਸਿ ਲਏ ਫਿਰਿ ਹੋਇ ਨ **ਫੇਰਾ** ਰਾਮ।" (ਭਾਵ ਸੰਸਾਰ ਵਿਚ ਜਨਮ)
— ਵਡ **੩**, ਛੰਤ ੬, ੧ : ੨ (571)

ਫੇਰਾਈਐ — ਫਿਰਾਈ ਗਈ, ਕੀਤੀ ਗਈ, ਪ੍ਰਸਾਰੀ ਗਈ
"ਲਹਣੇ ਦੀ **ਫੇਰਾਈਐ** ਨਾਨਕਾ ਦੋਹੀ ਖਟੀਐ।"
— ਰਾਮ **ਬਸ**, ਵਾਰ ੨ : ੧ (966)

ਫੇਰਾਵਤ — ਭੁਆਂਦੇ
"ਪੰਚ ਦੂਤ ਮੂਡ ਪਰਿ ਠਾਢੇ ਕੇਸ ਗਹੇ **ਫੇਰਾਵਤ** ਹੇ।" — ਬਿਲਾ **੫**, ੮੮, ੩ : ੧ (821)

ਫੇਰਿ — 1. ਫਿਰ
"**ਫੇਰਿ** ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ।"
— ਜਪੁ **੧**, ੪ : ੩ (2)
2. ਗੇੜ, ਚਕਰ
"ਲਖ ਚਉਰਾਸੀਹ ਭ੍ਰਮਤਾ **ਫੇਰਿ**।"
— ਗਉ **੫**, ੮੨, ੩ : ੪ (180)
3. ਮੁੜਕੇ, ਦੁਬਾਰਾ
"**ਫੇਰਿ** ਓਹ ਵੇਲਾ ਓਸੁ ਹਥਿ ਨ ਆਵੈ ਓਹੁ ਆਪਣਾ ਬੀਜਿਆ ਆਪੇ ਖਾਵੈ।"
— ਗਉ **੪**, ਵਾਰ ੮ਸ, **੪**, ੧ : ੬ (303)
"ਉਤ ਤਾਕੈ ਉਤ ਤੇ ਉਤ ਪੇਖੈ ਆਵੈ ਲੋਭੀ **ਫੇਰਿ**।" (ਮੁੜ ਮੁੜ ਕੇ)
— ਧਨਾ **੫**, ੩੬, ੧* : ੨ (680)
4. ਮੋੜੋ, ਹਟਾਓ
"ਅਨ ਸਿਉ ਤੋਰਿ **ਫੇਰਿ** ਹਾਂ।"
— ਆਸਾ **੫**, ੧੫੭, ੧* : ੪ (409)
5. ਮੋੜ
"ਹਉ ਵਾਰੀ ਮੁਖੁ **ਫੇਰਿ** ਪਿਆਰੇ।" (ਮੇਰੇ ਵਲ ਕਰ) — ਆਸਾ **ਕਬ**, ੩੫, ੧* : ੧ (484)
6. ਵਾਪਸ ਭੇਜ, ਮੋੜ
"ਪਰਵਾਣਾ ਆਇਆ ਹੁਕਮਿ ਪਠਾਇਆ **ਫੇਰਿ** ਨ ਸਕੈ ਕੋਈ।"
— ਧਨਾ **੧**, ਛੰਤ ੨, ੧ : ੪ (688)
7. ਭਾਵ ਮੇਟ ਸਕੀਏ, ਟਾਲ ਸਕੀਏ
"ਲਿਖਿਆ **ਫੇਰਿ** ਨ ਸਕੀਐ ਜਿਉ ਭਾਵੀ ਤਿਉ ਸਾਰਿ।" — ਰਾਮ **੧**, ਓਅੰ ੫੨ : ੪ (937)

8. ਫੇਰ ਕੇ, ਗੇੜਾ ਦੇ ਕੇ, ਘੁਮਾ ਕੇ
"ਪਛਿਮ **ਫੇਰਿ** ਚੜਾਵੈ ਸੂਰੁ।"
— ਰਾਮ **ਬੇਣੀ** ੧, ੭ : ੪ (974)
"**ਫੇਰਿ** ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ।" (ਘੁੰਮਾ ਦਿਤਾ)
— ਮਲਾ **ਨਾਮ**, ੨, ੩ : ੨ (1292)
9. ਫੇਰ ਕੇ ਭਾਵ ਜਪ ਕੇ
"ਹਿਰਦੈ **ਫੇਰਿ** ਚਲੈ ਤੁਧੁ ਨਾਲੀ।"
— ਭੈਰ **੪**, ੩, ੧ : ੨ (1134)

ਫੇਰਿਆ — ਚਕਰਾਂ/ਗੇੜਿਆਂ ਤੋਂ
"ਬਿਨਵੰਤਿ ਨਾਨਕ ਦਇਆ ਧਾਰਹੁ ਕਾਢਿ ਭਵਜਲ **ਫੇਰਿਆ**।" — ਜੈਤ **੫**, ਛੰਤ ੨, ੧ : ੬ (704)

ਫੇਰਿਐ — ਫੇਰਨ/ਮੋੜਨ ਨਾਲ
"ਮੁਹਿ **ਫੇਰਿਐ** ਮੁਹੁ ਜੂਠਾ ਹੋਇ।"
— ਸਾਰ **੪**, ਵਾਰ ੭ਸ, **੧**, ੧ : ੮ (1240)

ਫੇਰੀ — 1. ਭੁਆਟਣੀ
"ਭਉ **ਫੇਰੀ** ਹੋਵੈ ਮਨ ਚੀਤਿ।"
— ਆਸਾ **੧**, ੬, ੩ : ੧ (350)
"ਜੈਸੇ ਬਾਜੇ ਬਿਨੁ ਨਹੀ ਲੀਜੈ **ਫੇਰੀ**।" (ਭਾਵ ਨਾਚ ਨਹੀਂ ਹੁੰਦਾ) — ਗੋਂਡ **ਕਬ**, ੯, ੪ : ੧ (872)
"ਵਾਰੀ **ਫੇਰੀ** ਸਦਾ ਘੁਮਾਈ ਕਵਨੁ ਅਨੂਪ ਤੇਰੋ ਠਾਉ।" (ਭਾਵ ਪ੍ਰਦਖਨਾ ਕਰਾਂ)
— ਕੇਦਾ **੫**, ੪, ੧ : ੨ (1110)
2. ਝਲਾਂ
"ਨਿਤ ਪਖਾ **ਫੇਰੀ** ਸੇਵ ਕਮਾਵਾ ਤਿਸੁ ਆਗੈ ਪਾਣੀ ਢੋਵਾਂ।"— ਵਡ **੪**, ੩, ੪ : ੨ (561)
3. ਫੇਰਿਆ/ਘੁੰਮਾਇਆ ਹੈ
"ਤੂ ਘਰ ਘਰ ਰਮਈਐ **ਫੇਰੀ**।"
— ਸੋਰ **ਕਬ**, ੫, ੨ : ੨ (655)
4. ਫੇਰਦਾ ਹਾਂ
"ਦਿਵਸ ਰੈਨਿ ਤੇਰੇ ਪਾਉ ਪਲੋਸਉ ਕੇਸ ਚਵਰ ਕਰਿ **ਫੇਰੀ**।"— ਰਾਮ **ਕਬ**, ੪, ੧ : ੨ (969)
5. ਗੇੜਾ ਚਕਰ (ਜਨਮ ਮਰਨ ਦਾ)
"ਬਿਨੁ ਸਬਦੈ ਚੂਕੈ ਨਹੀ **ਫੇਰੀ**।"
— ਮਾਰੂ **੩**, ਸੋਲਾ ੮, ੧੫ : ੨ (1052)
6. ਉਲਟਾ ਦਿਤੀ
"ਗਿਰਿ ਤਰ ਜਲ ਜੁਆਲਾ ਭੈ ਰਾਖਿਓ ਰਾਜਾ ਰਾਮਿ ਮਾਇਆ **ਫੇਰੀ**।"
— ਭੈਰ **ਨਾਮ**, ੯, ੩ : ੨ (1165)
"ਬਿਖਿਅਨ ਸਿਉ ਅਤਿ ਲੁਭਾਨਿ ਮਤਿ ਨਾਹਿਨ **ਫੇਰੀ**।" (ਉਲਟਾਈ)
— ਜੈਜਾ **੯**, ੩, ੧* : ੩ (1352)

ਫੇਰੀਆ — 1. ਚੱਕਰ ਲਾਣ/ਗੋਲ ਗੋਲ ਘੁੰਮਣ ਦੀ ਕਿਰਿਆ
"ਮਲ ਲਥੇ ਲੈਦੇ **ਫੇਰੀਆ**।"
— ਸਿਰੀ **੫**, ਅਸ ੨੯, ੧੮ : ੨ (74)
2. ਫਿਰਦਿਆਂ, ਭਾਵ ਜਨਮ ਮਰਨ ਦੇ ਗੇੜ ਕੱਢਦਿਆਂ
"ਆਵਣੇ ਜਾਵਣੇ ਖਰੇ ਡਰਾਵਣੇ ਤੋਟਿ ਨ ਆਵੈ **ਫੇਰੀਆ**।"— ਸੂਹੀ **੧**, ਛੰਤ ੫, ੭ : ੪ (767)

ਫੇਰੀਐ — 1. ਟਾਲਿਆ, ਮੋੜਿਆ
"ਸਹੀ ਤੇਰਾ ਫੁਰਮਾਨੁ ਕਿਨੈ ਨ **ਫੇਰੀਐ**।"
— ਰਾਮ **੫**, ਵਾਰ ੧੬ : ੭ (965)
2. ਫਿਰਵਾਈਐ, ਪ੍ਰਸਾਰਿਤ ਕਰੀਏ
"ਸਭ ਜਗ ਮਹਿ ਦੋਹੀ **ਫੇਰੀਐ** ਬਿਨੁ ਨਾਵੈ ਸਿਰਿ ਕਾਲੁ।"— ਸਿਰੀ **੧**, ਅਸ ੧੬, ੪ : ੨ (63)

ਫੇਰੁ — 1. ਗੇੜ, ਫੇਰਾ
"ਲਖ ਚਉਰਾਸੀਹ **ਫੇਰੁ** ਪਇਆ ਕਾਮਣਿ ਦੂਜੈ ਭਾਇ।" (ਜਨਮ ਮਰਨ ਦਾ)
— ਸਿਰੀ **੩**, ੪੭, ੨ : ੧ (31)
"ਬਿਨੁ ਬੂਝੈ ਵਡਾ **ਫੇਰੁ** ਪਇਆ ਫਿਰਿ ਆਵੈ ਜਾਈ।"
— ਗੂਜ **੩**, ਵਾਰ ੮ : ੧ (511)
2. ਮੋੜ
"ਜੋ ਹਰਿ ਜਨ ਭਾਵੈ ਸੋ ਕਰੇ ਦਰਿ **ਫੇਰੁ** ਨ ਪਾਵੈ ਕੋਇ।" — ਸਿਰੀ **੫**, ੭੧, ੪ : ੩ (42)
3. ਰੋਕ, ਠਾਕ
"ਕੀਤਾ ਲੋੜਨਿ ਸੋਈ ਕਰਾਇਨਿ ਦਰਿ **ਫੇਰੁ** ਨ ਕੋਈ ਪਾਇਦਾ।"
— ਮਾਰੂ **੫**, ਸੋਲਾ ੫, ੧੦ : ੩ (1076)

ਫੇਰੁਆਣਿ — ਫੇਰੂ ਦਾ ਪੁਤ, ਗੁਰੂ ਅੰਗਦ ਦੇਵ
"ਫੇਰਿ ਵਸਾਇਆ **ਫੇਰੁ ਆਣਿ** ਸਤਿਗੁਰਿ ਖਾਡੂਰੁ।"
— ਰਾਮ **ਬਸ**, ੫ : ੧ (967)

ਫੇਰੇ — 1. ਭਟਕਨ
"ਇਹੁ ਮਨੁ ਭੂਲਾ ਜਾਂਦਾ **ਫੇਰੇ**।" (ਭਟਕਦਾ ਫਿਰਦਾ

ਹੈ) — ਮਾਝ **੩**, ਅਸ ੧੬, ੫ : ੨ (118)

2. ਗੇੜੇ, ਚਕਰ
"ਫਿਰਿ ਬਹੁੜਿ ਨ ਭਵਜਲ **ਫੇਰੇ** ਜੀਉ।"
— ਮਾਝ **੪**, ੬੯, ੨ : ੪ (175)

3. ਮੋੜੇ
"ਸਤਿਗੁਰ ਤੇ ਜੋ ਮੁਹ **ਫੇਰੇ** ਤੇ ਵੇਮੁਖ ਬੁਰੇ ਦਿਸੰਨਿ।"— ਗਉ **੩**, ਅਸ ੯, ੧ : ੧ (233)

4. ਬਦਲੀ (ਹਾਲਤ)
"ਜਿਨ ਕੇ ਜੀਅ ਤਿਨੈ ਹੀ **ਫੇਰੇ** ਆਪੇ ਭਇਆ ਸਹਾਈ।"— ਧਨਾ **੫**, ੨੮, ੪ : ੧ (678)

5. ਭੁਲੇਖੇ
"ਅਸੰਖ ਅਵਗਣ ਖਤੇ **ਫੇਰੇ** ਨਿਤ ਪ੍ਰਤਿ ਸਦ ਭੂਲੀਐ।"— ਜੈਤ **੫**, ਛੰਤ ੨, ੧ : ੩ (704)

6. ਵਿਆਹ ਲਈ ਪਵਿਤਰ ਸਥਾਨ ਦੁਆਲੇ ਕੀਤੀਆਂ ਪਰਕਰਮਾਂ
"ਗੁਣੀ ਗਿਆਨੀ ਬਹਿ ਮਤਾ ਪਕਾਇਆ **ਫੇਰੇ** ਤਤੁ ਦਿਵਾਏ।"
— ਸੂਹੀ **੪**, ਛੰਤ ੧, ੪ : ੪ (773)

7. ਮਾਲਾ ਦੇ ਮਣਕੇ ਅਗੇ ਕਰਕੇ ਨਾਮ ਜਪਣ ਦੀ ਕਿਰਿਆ
"**ਫੇਰੇ** ਤਸਬੀ ਕਰੇ ਖੁਦਾਇ।"
— ਰਾਮ **੩**, ਵਾਰ ੧੧ਸ, **੧**, ੧ : ੮ (951)

ਹੋਰ ਰੂਪ — ਫੇਰੈ —
"ਮਾਲਾ **ਫੇਰੈ** ਮੰਗੈ ਬਿਭੂਤ।"
— ਰਾਮ **੫**, ੧੭, ੩ : ੩ (888)

ਫੇਰੋ — ਬਦੀਆਂ, ਫੇੜ
"ਬਖਸਿ ਲੈਹੁ ਸਾਹਿਬ ਪ੍ਰਭ ਅਪਨੇ ਲਾਖ ਖਤੇ ਕਰਿ **ਫੇਰੋ**।" — ਸੋਰ **੫**, ੩੫, ੧ : ੨ (618)
"ਪੇਖਤ ਸੁਨਤ ਸਭਨ ਕੈ ਸੰਗੇ ਥੋਰੈ ਕਾਜ ਬੁਰੋ ਕਹ **ਫੇਰੋ**।" (ਬੁਰੇ ਕੰਮ)
— ਕਾਨ **੫**, ੨੫, ੧* : ੨ (1302)
(ਮਹਾਨਕੋਸ਼ ਇਸ ਦੇ ਅਰਥ 'ਫੇੜਨੇ' 'ਕਮਾਉਣੇ' ਕਰਦਾ ਹੈ)

ਫੇੜ — ਬਦੀ, ਬੁਰੇ ਕੰਮ
"ਤਨਿ ਫਿਟੈ **ਫੇੜ** ਕਰੇਨਿ।"
— ਆਸਾ **੧**, ਵਾਰ ੧੬ਸ, **੧**, ੨ : ੧੯ (472)
"ਜਨਮ ਮਰਨ ਦੁਖ **ਫੇੜ** ਕਰਮ ਸੁਖ ਜੀਅ ਜਨਮ ਤੇ ਛੂਟੈ।" — ਆਸਾ **ਕਬ**, ੧, ੧* : ੨ (475)

ਫੇੜਿਆ — ਮਾੜਾ ਕੀਤਾ, ਵਿਗਾੜਿਆ, ਗੰਵਾਇਆ
"ਸਿਰਿ ਪੈਰੀ ਕਿਆ **ਫੇੜਿਆ** ਅੰਦਰਿ ਪਿਰੀ ਨਿਹਾਲਿ।" — ਸਲੋ **ਫਰ**, ੧੨੦ : ੨ (1384)

ਫੇੜੇ — ਮਾੜੇ ਕਰਮ, ਬੁਰਾਈਆਂ
"ਪਰ ਧਨ ਦੋਖ ਕਿਛੁ ਪਾਪ ਨ **ਫੇੜੇ**।" (ਵਿਗਾੜ)
— ਧਨਾ **੫**, ੫੫, ੪ : ੧ (684)
"**ਫੇੜੇ** ਕੇ ਦੁਖੁ ਸਹੈ ਜੀਉ।"
— ਬਸੰ **ਰਵਿ**, ੧, ੩ : ੩ (1196)

ਫੈਲ — ਦਿਖਾਵਾ, ਦਿਖਾਵੇ ਦੇ ਕੰਮ
"ਹੈਨਿ ਵਿਰਲੇ ਨਾਹੀ ਘਣੇ **ਫੈਲ** ਫਕੜੁ ਸੰਸਾਰੁ।"
— ਸਲੋ **੧**, ੧੨ : ੧ (1411)
(ਮਹਾਨਕੋਸ਼ ਇਸ ਦੇ ਅਰਥ 'ਕਰਨੀ ਕਰਕੇ' ਕਰਦਾ ਹੈ)

ਫੈਲੁ — ਫੈਲਾਓ, ਪਾਸਾਰਾ, ਦਿਖਾਵਾ, ਅਡੰਬਰ
"ਬਿਨਸਿ ਜਾਇ ਹਉਮੈ ਬਿਖੁ **ਫੈਲੁ**।"
— ਗਉ **੫**, ਸੁਖ ੧੯, ੭ : ੨ (289)
"ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ **ਫੈਲੁ**।"
— ਆਸਾ **੧**, ਵਾਰ ੨੦ਸ, **੧**, ੨ : ੧ (473)

ਫੋਕ — ਅਸਾਰ, ਫਜ਼ੂਲ, ਨਿਰਾਰਥਕ
"ਆਨ ਅਚਾਰ ਬਿਉਹਾਰ ਹੈ ਜੇਤੇ ਬਿਨੁ ਹਰਿ ਸਿਮਰਨ **ਫੋਕ**।"— ਧਨਾ **੫**, ੫੦, ੨ : ੧ (682)

ਫੋਕਟ — ਸਾਰ ਰਹਿਤ, ਥੋਥਾ, ਨਿਰਾਰਥਕ
"ਸਭਿ **ਫੋਕਟ** ਨਿਸਚਉ ਕਰਮੰ।"
— ਆਸਾ **੧**, ਵਾਰ ੧੪ਸ, **੧**, ੨ : ੮ (470)

ਫੋਕਟਈਆ — ਥੋਥੇ
"ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ ਸਭੁ ਬਾਦਿ ਸੀਗਾਰੁ ਫੋਕਟ **ਫੋਕਟੀਆ**।"
— ਬਿਲਾ **੪**, ਅਸ ੫, ੭ : ੧ (836)

ਫੋਗੁ — ਫੋਕ, ਰਸ ਹੀਨ ਛਿਲੜ
"ਭੀ ਸੋ **ਫੋਗੁ** ਸਮਾਲੀਐ ਦਿਚੈ ਅੰਗਿ ਜਾਲਾਇ।"
— ਮਾਝ **੧**, ਵਾਰ ੧੧ਸ, **੧**, ੨ : ੪ (143)

ਫੋਰ — ਨਿਮਖ, ਅੱਖ ਦੇ ਝਮਕਨ ਦਾ ਸਮਾਂ
"ਨਾਮੁ ਜਪੈ ਨਾਨਕੁ ਦਾਸੁ ਤੁਮਰੋ ਉਧਰਸਿ ਆਖੀ **ਫੋਰ**।" — ਗੂਜ **੫**, ੨੦, ੨ : ੨ (500)

ਫੋਰਿ — ਤੋੜ ਕੇ
"ਤ੍ਰਿਕੁਟੀ **ਫੋਰਿ** ਭਰਮੁ ਭਉ ਭਾਗਾ ਲਜਭਾਨੀ ਮਟੁਕੀ

ਮਾਟ।" — ਮਾਲੀ **੪**, ੬, ੩ : ੨ (986)

ਫੋਰੀ — 1. ਟੁੱਟ ਗਈ, ਤੋੜੀ ਗਈ
"ਅੰਤ ਕੀ ਬਾਰ ਗਗਰੀਆ **ਫੋਰੀ**।"
— ਗਉ **ਕਬ**, ੬੦, ੩ : ੨ (337)
2. ਟੁੱਟੀ ਹੋਈ, ਤਿੜਕੀ ਹੋਈ
"ਤੂਟਤ ਬਾਰ ਨ ਲਾਗੈ ਤਾ ਕਉ ਜਿਉ ਗਾਗਰਿ ਜਲ **ਫੋਰੀ**।"
— ਸਾਰ **੫**, ੯੪, ੧ : ੨ (1222)

ਫੋਰੁ — ਅੱਖ ਦੇ ਫਰਕਨ ਜਿਨਾਂ ਸਮਾਂ
"ਹਰਨ ਭਰਨ ਜਾ ਕਾ ਨੇਤ੍ਰ **ਫੋਰੁ**।"
— ਗਉ **੫**, ਸੁਖ ੧੬, ੨ : ੩ (284)

ਫੋਲਿ — ਫਰੋਲ ਕੇ
"**ਫੋਲਿ** ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ।"
— ਮਾਝ **੧**, ਵਾਰ ੨੬ਸ, **੧**, ੧ : ੨ (149)

ਫੋੜਿ — ਤੋੜ ਕੇ
"ਅੰਡਜ **ਫੋੜਿ** ਜੋੜਿ ਵਿਛੋੜਿ।"
— ਬਿਲਾ **੧**, ਥਿਤੀ ੩ : ੨ (839)

ਹੋਰ ਰੂਪ — ਫੋੜੀਐ —
"ਗੁਰੁਪੂਰਾ ਆਰਾਧਿ ਬਿਖਮ ਦਲੁ **ਫੋੜੀਐ**।"
(ਤੋੜੀਐ) — ਗੂਜ **੫**, ਵਾਰ ੧੫ : ੨ (523)

ਬ

ਬਉਰਾ — ਝੱਲਾ, ਪਾਗਲ, ਸ਼ੁਦਾਈ, ਦੀਵਾਨਾ, ਕਮਲਾ
"ਜੋ ਹਲਾਹਲ ਸੋ ਪੀਵੈ **ਬਉਰਾ**।"
— ਗਉ **੫**, ੮੨, ੩ : ੧ (180)

ਬਉਰਾਇਆ — ਝੱਲਾ ਹੋਇਆ ਹੋਇਆ ਹੈ
"ਵਿਣੁ ਨਾਵੈ ਸਭੁ ਜਗੁ **ਬਉਰਾਇਆ** ਨਾਮੁ ਮਿਲੈ ਸੁਖ ਪਾਈਐ।"— ਆਸਾ **੫**, ੪੬, ੨ : ੨ (382)

ਬਉਰਾਣੀ — ਝੱਲੀ, ਸ਼ੁਦਾਈ
"ਬਿਨੁ ੈ ਸਭ ਫਿਰੈ **ਬਉਰਾਣੀ**।"
— ਆਸਾ **੩**, ਅਸ ੨੫, ੫ : ੪ (424)

ਬਉਰਾਨੰ — ਝੱਲਾ, ਸ਼ੁਦਾਈ
"ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ **ਬਉਰਾਨੰ**।"
— ਸੋਰ **੧**, ਅਾ ੮ : ੩ (635)

ਹੋਰ ਰੂਪ — **ਬਉਰਾਨਾ** -
"ਹਉਮੈ ਵਿਚਿ ਸਭ . **ਬਉਰਾਨਾ**।" (ਝੱਲਾ ਹੋਇਆ ਹੋਇ ਦੀਵਾਨਾ)
- ਗਉ **੩**, ੨੬, ੧ : ੧ (159)

ਬਉਰਾਨਿਆ —
"ਬਹੁ ਬਿਧਿ ਕਰਮ ਕਰਹਿ ਭਾਇ ਦੂਜੈ ਬਿਨੁ ਸਬਦੇ **ਬਉਰਾਨਿਆ**।" (ਝੱਲੇ ਹੋਏ ਹੋਏ)
— ਸਾਰ **੩**, ਅਸ ੩, ੧ : ੨ (1234)

ਬਉਰਾਨੇ —
"ਨ ੁਖ ਭਰਮਿ ਭੁਲੇ **ਬਉਰਾਨੇ**।" (ਝੱਲੇ)
— ਬਿਲਾ **੧**, ੪, ੧ : ੩ (796)

ਬਉਰਾਨੋ —
"ਹਰਿ ਗੁਨ ਕਥਤ ਸੁਨਤ **ਬਉਰਾਨੋ**।" (ਸ਼ੁਦਾਈ)— ਬਿਲਾ **ਕਬ**, ੨, ੧ : ੨ (856)

ਬਉਰੀ — ਕਮਲੀ
"ਮੇਰੀ ਮਤਿ **ਬਉਰੀ** ਮੈ ਰਾਮੁ ਬਿਸਾਰਿਓ ਕਿਨ ਬਿਧਿ ਰਹਨਿ ਰਹਉ ਰੇ।"
— ਆਸਾ **ਕਬ**, ੨੫, ੧* : ੧ (482)

ਬਉਰੇ — ਸ਼ੁਦਾਈ, ਝੱਲੇ, ਦੀਵਾਨੇ, ਕਮਲੇ
"ਛਾਡਿ ਕਤੇਬ ਰਾਮੁ ਭਜੁ **ਬਉਰੇ** ਜੁਲਮ ਕਰਤ ਹੈ ਭਾਰੀ।" — ਆਸਾ **ਕਬ**, ੮, ੪ : ੧ (477)
"ਖਬਰਿ ਨ ਕਰਹਿ ਦੀਨ ਕੇ **ਬਉਰੇ** ਤਾ ਤੇ ਜਨਮ ਅਲੇਖੇ।" (ਭਾਵ ਕਟੜ, ਤੁਅਸਬੀ)
— ਆਸਾ **ਕਬ**, ੨੯, ੧* : ੨ (483)

ਬਇਆਲਿ — ਸੰਝ ਸਮੇਂ ਸੂਰਜ ਡੁਬਣ ਸਮੇਂ (ਮਹਾਨਕੋਸ਼) : ਸਵੇਰੇ (ਦਰਪਣ, ਸ਼ਬਦਾਰਥ, ਸੰਥਿਆ,) ਹਿੰਸਕ ਜੰਤੂ ਵਾਂਗੂੰ (ਸੰਖਿਆ); ਰੋਜੀ ਲਈ (ਨਿਰਣੈ)
"ਭਲਕੇ ਭਉਕਹਿ ਸਦਾ **ਬਇਆਲਿ**।"
— ਸਿਰੀ **੧**, ੨੯, ੧ : ੨ (24)

ਬਇਆਲੀਸ — ਗਿਣਤੀ ਦੀ ਇਕ ਇਕਾਈ, ਚਾਲੀ ਜਮਾਂ ਦੋ, ਬਿਆਲੀ
"**ਬਇਆਲੀਸ** ਲਖ ਜੀ ਜਲ ਮਹਿ ਹੋਤੇ ਬੀਠਲੁ ਭੈਲਾ ਕਾਇ ਕਰਉ।"
— ਆਸਾ **ਨਾ'** ੨, ੧ : ੨ (485)

ਬਈਅਰਿ — ਜ਼ੋਰੂ,ਵਿਆ ਇਸਤ੍ਰੀ, ਪਤਨੀ
"**ਬਈਅਰਿ** ਨਾਮਿ ਸੋੁਹਾ ਸਚੁ ਸਵਾਰਣਹਾਰੇ।"
— ਵ ਅਲਾ ੩, ੮ : ੩ (581)
"**ਬਈਅਰਿ** ਬੋਲੈ ਮ ਲੀ ਭਾਈ ਸਾਚੁ ਕਹੈ ਪਿਰ ਭਾਇ।" — ਸੋਰ **੧**, ਅਸ ੪, ੮ : ੧ (637)
(ਬਾਂਗਰ ਦੀ ਇਸਤ੍ਰੀ ਭਾਵ ਅਸਭਯ ਪ੍ਰਾਣੀ)

ਬੰਸ — ਬਿਨਾ ਅੰਸ਼, ਬਾਂਝ ਇਸਤ੍ਰੀ
"**ਬੰਸ** ਕੋ ਪੂਤੁ ਬੀਆਹਨ ਚਲਿਆ ਸੁਇਨੇ ਮੰਡਪ ਛਾਏ।" — ਆਸਾ **ਕਬ**, ੬, ੩ : ੧ (477)

ਬਸਉ — ਵਸਾਂ, ਰਹਾਂ
"ਬਾਬਾ ਅਬ ਨ **ਬਸਉ** ਇਹ ਗਾਉ।"
— ਮਾਰੂ **ਕਬ**, ੭, ੧* : ੧ (1104)

ਬਸਇ — ਵਸਦਾ ਹੈ
"**ਬਸਇ** ਕੋਰਧੁ ਸਰੀਰਿ ਚੰਡਾਰਾ।"

— ਸੂਹੀ **੫**, ਅਸ ੧, ੩ : ੧ (759)

ਬਸਸਿ — ਵਸਦਾ ਹੈ
"ਬਿਮਲ ਮਝਾਰਿ **ਬਸਸਿ** ਨਿਰਮਲ ਜਲ ਪਦਮਨਿ ਜਾਵਲ ਰੇ।" — ਮਾਰੂ **੧**, ੪, ੧ : ੧ (990)

ਬਸਹਿ — ਵਸੇ, ਵਸਦਾ ਹੈ
"ਆਇ **ਬਸਹਿ** ਸਾਧੂ ਕੈ ਸੰਗੇ।"
— ਗਉ **੫**, ਥ਼ਾਰਾ ੧੩ : ੩ (252)
"ਨਾਨਕ ਜਿਹ ਮਨਿ **ਬਸਹਿ** ਗੁਪਾਲਾ।" (ਵਸਦਾ ਹੈ) — ਗਉ **੫**, ਬਾਅ ੧੬ : ੮ (253)
"ਜਿਸੁ ਕ੍ਰਿਪਾ ਕਰਹਿ **ਬਸਹਿ** ਤਿਸੁ ਨੇਰਾ।" (ਵਸਦਾ ਹੈ) — ਸੂਹੀ **੫**, ੩੨, ੨ : ੨ (743)

ਬਸਹੀਅਉ — ਵਸਦਾ ਹੈ
"ਨਾਨਕੁ ਕਹਤ ਸੁਨਹੁ ਰੇ ਲੋਗਾ ਸੰਤ ਰਸਨ ਕੋ **ਬਸਹੀਅਉ**।" — ਜੈਤ **੫**, ੨, ੨ : ੨ (700)

ਬਸਹੁ — ਵਸੋ
"ਸੁਖੁ ਪਾਵਹੁ ਸਹਜੇ **ਬਸਹੁ** ਦਰਸਨੁ ਦੇਖਿ ਨਿਹਾਲ।"
— ਗਉ **੫**, ਬਾਅ ੩੦ : ੪ (256)

ਬਸਖੇ — ਵਸਦੇ ਹਨ
"ਜਿਉ ਚੰਦਨ ਸੰਗਿ ਬਸੈ ਨਿੰਮੁ ਬਿਰਖਾ ਗੁਨ ਚੰਦਨ ਕੇ **ਬਸਖੇ**।" — ਨਟ **੪**, ੩, ੩ : ੧ (976)

ਬਸਤ — ਵਸਦਾ ਹੈ
"ਏਕ ਅਖਰੁ ਹਰਿ ਮਨਿ **ਬਸਤ** ਨਾਨਕ ਹੋਤ ਨਿਹਾਲ।" — ਗਉ **੫**, ਬਾਅ ੫੪ਸ : ੨ (261)

ਬਸੰਤ — 1. ਵਸਦੀ, ਵਾਸਾ ਹੋਣਾ
"ਫੁਨਿ ਗਰਭਿ ਨਾਹੀ **ਬਸੰਤ**।"
— ਰਾਮ **੫**, ੪੯, ੧ : ੪ (898)
"ਦ੍ਰਿਸਟ ਤੁਯੰ ਅਮੋਘ ਦਰਸਨੰ **ਬਸੰਤ** ਸਾਧ ਰਸਨਾ।" (ਵਸਦਾ ਹੈ)
— ਸਸ **੫**, ੮ : ੪ (1354)

2. ਵਸਨ ਵਾਲਾ
"ਧੰਨੁ ਸੁ ਥਾਨੁ **ਬਸੰਤ** ਧੰਨੁ ਜਹ ਜਪੀਐ ਨਾਮੁ।"
— ਬਿਲਾ **੫**, ੫੯, ੩ : ੧ (816)

3. ਇਕ ਰੁਤ, ਸੁਹਾਵਣੀ ਖੇੜੇ ਦੀ ਰੁਤ
"ਰੁਤਿ ਸਰਸ **ਬਸੰਤ** ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ।" — ਰਾਮ **੫**, ਰੁਤੀ ੨ : ੧ (927)

4. ਇਕ ਰਾਗ, ਰਾਗ ਹਿੰਡੋਲ ਦੇ ਸਤ ਪੁਤਰਾਂ ਵਿਚੋਂ ਇਕ ਬਾਕੀ ਛੇ ਹਨ : ਸੁਰਮਾਨੰਦ, ਭਾਸਕਰ, ਚੰਦ੍ਰ ਬਿੰਬ, ਮੰਗਲਨ, ਸਰਸਬਾਨ, ਬਿਨੋਦਾ ਤੇ ਕਮੋਦਾ
"ਗਾਵਹਿ ਸਰਸ **ਬਸੰਤ** ਕਮੋਦਾ।"
— ਰਾਗ ੧ : ੩੨ (1430)

ਬਸਤਉ — ਵਸਦਾ ਸੀ
"ਨਾਭਿ ਕਮਲੁ ਅਸਥੰਭੁ ਨ ਹੋਤੋ ਤਾ ਨਿਜ ਘਰਿ **ਬਸਤਉ** ਪਵਨੁ ਅਨਰਾਗੀ।"
— ਰਾਮ **੧**, ਸਿਗੋ ੬੭ : ੨ (945)

ਬਸਤਨੀ — ਬੰਨ੍ਹੇਗਾ (ਫ਼ਾ. ਬਸਤਨ)
"ਜਬ ਅਜਰਾਈਲੁ **ਬਸਤਨੀ** ਤਬ ਚਿਕਾਰੇ ਬਿਦਾਇ।" — ਤਿਲੰ **੫**, ੧, ੩ : ੨ (723)

ਬਸਤਰ — ਕਪੜੇ, ਪੌਸ਼ਾਕ
"ਜੈਸੇ **ਬਸਤਰ** ਦੇਹ ਓਢਾਨੇ ਦਿਨ ਦੋਇ ਚਾਰਿ ਭੋਰਾਹਾ।" — ਆਸਾ **੫**, ੧੨੩, ੨ : ੧ (402)

ਹੋਰ ਰੂਪ — ਬਸਤਰੁ —
"ਨਾਮੈ ਖਿੰਥਾ ਨਾਮੈ **ਬਸਤਰੁ**।"
— ਰਾਮ **੫**, ੧੩, ੪ : ੩ (886)

ਬਸਤਾ — 1. ਵਸਤਰ, ਕਪੜੇ
"ਬਿਆਪਤ ਹਸਤਿ ਘੋੜੇ ਅਰੁ **ਬਸਤਾ**।"
— ਗਉ **੫**, ੮੮, ੨ : ੩ (182)

2. ਵਸਦਾ, ਰਹਿੰਦਾ
"ਕਾਚ ਕੋਠਰੀ ਮਾਹਿ ਤੂੰ **ਬਸਤਾ** ਸੰਗਿ ਸਗਲ ਬਿਖੈ ਕੀ ਬਿਆਧੇ।"
— ਆਸਾ **੫**, ੧੨੬, ੧* : ੨ (402)
"ਹਰਿ ਘਟਿ ਘਟੇ ਘਟਿ **ਬਸਤਾ** ਹਰਿ ਜਲਿ ਥਲੇ ਹਰਿ ਬਸਤਾ ਹਰਿ ਥਾਨ ਥਾਨੰਤਰਿ ਬਸਤਾ ਮੈ ਹਰਿ ਦੇਖਨ ਕੋ ਚਾਉ।" (ਸਥਿਤ)
— ਸਾਰ **੪**, ੧੦, ੧ : ੧ (1201)

ਬਸੰਤਿ — 1. ਵਾਸਾ ਦਿੰਦਾ ਹੈ
"ਸਾਧ ਸੰਗ ਸ੍ਰੇਹ ਸਤ੍ਰਿ ਸੁਖਯੰ **ਬਸੰਤਿ** ਨਾਨਕਹ।"
— ਸਸ ੨ : ੫ (1354)

2. ਵਸਦਾ ਹੈ
"ਰਿਦ **ਬਸੰਤਿ** ਭੈ ਭੀਤ ਦੂਤਹ ਕਰਮ ਕਰਤ ਮਹ ਨਿਰਮਲਹ।" — ਸਸ **੫**, ੧੯ : ੨ (1355)

ਬਸਤੀ — ਵਸਦੀ ਹੈ
"ਇਹ **ਬਸਤੀ** ਤਾ ਬਸਤ ਸਰੀਰਾ।"
— ਆਸਾ **ਕਬ**, ੧੯, ੫ : ੧ (480)

ਬਸੰਤੀ — ਇਕ ਰਾਗਣੀ ਰਾਗ ਹੰਡੋਲ ਦੀਆਂ ਪੰਜ ਰਾਗਣੀਆਂ ਵਿਚੋਂ ਇਕ, ਹੋਰ ਚਾਰ ਹਨ: ਤੇਲੰਗੀ, ਦੇਵਕਰੀ, ਸੰਦੂਰ ਤੇ ਸਹਸ ਅਹੀਰੀ
"**ਬਸੰਤੀ** ਸੰਦੂਰ ਸੁਹਾਈ।"
— ਰਾਗ ੧ : ੨੬ (1430)

ਬਸਤੁ — 1. ਵਸਦਾ ਹੈ
"ਇਸ ਹੀ ਮਧੇ **ਬਸਤੁ** ਅਪਾਰ।"
— ਗਉ **੫**, ੮੫, ੧ : ੨ (181)
"ਏਕੁ ਸਬਦੁ ਮੇਰੈ ਪ੍ਰਾਨਿ **ਬਸਤਿ ਹੈ** ਬਾਹੁੜਿ ਜਨਮਿ ਨ ਆਵਾ।" — **ਬਿਲਾ ੧**, ੨, ੧ : ੨ (795)
2. ਵਸਤੁ, ਚੀਜ਼
"ਏਕ **ਬਸਤੁ** ਬਿਨੁ ਪੰਚ ਦੁਹੇਲੇ ਓਹ **ਬਸਤੁ** ਅਗੋਚਰ ਠਾਈ।"
— ਗਉ **੫**, ੧੨੨*, ੨ : ੨ (205)
"**ਜਿਸ ਕੀ ਬਸਤੁ** ਤਿਸੁ ਆਗੈ ਰਾਖੈ।"
— ਗਉ **੫**, ਸੁਖ ੫, ੨ : ੭ (268)

ਬਸੰਤੁ — ਖੁਸ਼ੀ ਖੇੜੇ ਦੀ ਰੁਤਿ
"ਚੜਿ ਚੇਤੁ **ਬਸੰਤੁ** ਮੇਰੇ ਪਿਆਰੇ ਭਲੀਆ ਰੁਤੇ।"
— ਆਸਾ **੪**, ਛੰਤ ੨੧, ੪ : ੧ (452)

ਬਸਤੂ — ਚੀਜ਼ਾਂ, ਵਸਤਾਂ
"ਦਸ **ਬਸਤੂ** ਲੇ ਪਾਛੈ ਪਾਵੈ।"
— ਗਉ **੫**, ਸੁਖ ੫, ੧ : ੧ (268)

ਬਸਤੇ — ਵਸਦੇ, ਰਹਿੰਦੇ
"ਏਕਾ ਸੰਗਤਿ ਇਕਤੁ ਗ੍ਰਿਹਿ **ਬਸਤੇ** ਮਿਲਿ ਬਾਤ ਨ ਕਰਤੇ ਭਾਈ।"
— ਗਉ **੫**, ੧੨੨*, ੨ : ੧ (205)
ਹੋਰ ਰੂਪ — ਬਸੰਤੇ —
"ਅਜਾ ਭੋਗੰਤ ਕੰਦ ਮੂਲੰ **ਬਸੰਤੇ** ਸਮੀਪਿ ਕੇਹਰਹ।" (ਵਸਦੇ, ਰਹਿੰਦੇ)
— ਸਸ **੫**, ੪੧ : ੧ (1357)

ਬਸੰਤੈ — ਬਸੰਤ ਰੁਤ ਦਾ
"ਪਹਿਲ **ਬਸੰਤੈ** ਆਗਮਨਿ ਤਿਸੁ ਕਾ ਕਰਹੁ ਬੀਚਾਰੁ।"
— ਸੂਹੀ **੩**, ਵਾਰ ੧੯ਸ, **੨**, ੨ : ੧ (791)

ਬਸਤੋ — ਵਸਦਾ ਹੈ
"ਪੁਰਖੁ ਪੂਰਨ ਸੁਖਹ ਦਾਤਾ ਸੰਗਿ **ਬਸਤੋ** ਨੀਤ।"
— ਮਾਰੂ **੫**, ੨੬, ੧ : ੧ (1006)
ਹੋਰ ਰੂਪ — ਬਸੰਤੋ —
"ਨਿਕਟਿ **ਬਸੰਤੋ** ਬਾਂਸੋ ਨਾਨਕ ਅਹੰ ਬੁਧਿ ਨ ਬੋਹਤੇ।" — ਗਾਥਾ **੫**, ੫ : ੨ (1360)
ਬਸਤੌ —
"ਤਬ ਅਰੋਗ ਜਬ ਤੁਮ ਸੰਗਿ **ਬਸਤੌ** ਛੁਟਕਤ ਹੋਇ ਰਵਾਰੈ।"
— ਸਾਰ **੫**, ੫੨, ੧ : ੨ (1214)
ਬਸੰਤੌ —
"ਗੁਣ ਗਾਵੈ ਬਲਿ ਰਾਉ ਸਪਤ ਪਾਤਾਲਿ **ਬਸੰਤੌ**।" (ਵਸਦਾ)
— ਸਵ **੧**, ੧੦ : ੩ (1390)

ਬਸਤ੍ਰ — ਵਸਤਰ, ਕਪੜੇ, ਪਹਿਰਾਵਾ
"ਬਿਮਲ **ਬਸਤ੍ਰ** ਕੇਤੇ ਹੈ ਪਹਿਰੇ ਕਿਆ ਬਨ ਮਧੇ ਬਾਸਾ।" — ਗਉ **ਕਬ**, ੬੭, ੧ : ੧ (338)
ਹੋਰ ਰੂਪ — ਬਸਤ੍ਰਾ —
"ਮਿਥਿਆ ਰਥ ਹਸਤੀ ਅਸ੍ਵ **ਬਸਤ੍ਰਾ**।"
— ਗਉ **੫**, ਸੁਖ ੫, ੪ : ੫ (268)

ਬਸਨ — 1. ਵਸਨ, ਰਹਿਣ
"ਖਿਨੁ ਗ੍ਰਿਹ ਮਹਿ **ਬਸਨ** ਨ ਦੇਵਹੀ ਜਿਨ ਸਿਉ ਸੋਈ ਹੇਤੁ।" — ਜੈਤ **੫**, ਵਾਰ ੪ : ੨ (706)
ਹੋਰ ਰੂਪ — ਬਸਨੰ —
"ਉਦਿਆਨ **ਬਸਨੰ** ਸੰਸਾਰੰ ਸਨਬੰਧੀ ਸ੍ਵਾਨ ਸਿਆਲ ਖਰਹ।"
— ਸਸ **੫**, ੫੮ : ੧ (1359)
2. ਵਸਤ੍ਰ, ਕਪੜੇ, ਪਹਿਰਾਵਾ
"ਪੀਤ **ਬਸਨ** ਕੁੰਦ ਦਸਨ ਪ੍ਰਿਅ ਸਹਿਤ ਕੰਠ ਮਾਲ ਮੁਕਟੁ ਸੀਸਿ ਮੋਰ ਪੰਖ ਚਾਹਿ ਜੀਉ।"
— ਸਵ **੪**, ਗਯੰ ੮ : ੧ (1402)

ਬਸਨਾ — 1. ਵਸਦਾ ਹੈ
"ਜਹ ਪੇਖਉ ਤਹਾ ਤੁਮ **ਬਸਨਾ**।"
— ਗਉ **੫**, ੮੭, ੨ : ੩ (181)
"ਮਹਾ ਉਦਿਆਨ ਪਾਵਕ ਸਾਗਰ ਭਏ ਹਰਖ ਸੋਗ ਮਹਿ **ਬਸਨਾ**।" (ਵਸਨਾ ਪੈਂਦਾ ਹੈ)
— ਆਸਾ **੫**, ੫੦, ੨ : ੧ (383)
"ਦਹਦਿਸ ਧਾਵਨ ਮਿਟਿ ਗਏ ਨਿਰਮਲ ਥਾਨਿ **ਬਸਨਾ**।" (ਵਾਸਾ ਹੁੰਦਾ ਹੈ)

— ਬਿਲਾ **੫**, ੪੩, ੩ : ੨ (811)

2. ਵਾਸ਼ਨਾ ਲੈਣ ਵਾਲਾ ਅਰਥਾਤ ਨਕ

"ਤੂੰ ਆਪੇ ਰਸਨਾ ਆਪੇ **ਬਸਨਾ** ਅਵਰੁ ਨ ਦੂਜਾ ਕਹਉ ਮਾਈ।"

— ਆਸਾ **੧**, ੫, ੧ : ੨ (350)

(ਮਹਾਨਕੋਸ਼ ਇਸ ਦੇ ਅਰਥ 'ਰਸ' ਕਰਦਾ ਹੈ)

3. ਨਾਫਾ (ਕਸਤੂਰੀ ਦਾ) (ਸ਼ਬਦਾਰਥ) ਜਿਸ ਵਿਚ ਖੁਸ਼ਬੂ ਵਸਦੀ ਹੈ, ਨਾਭਾ (ਕੋਸ਼), ਕਸਤੂਰੀ (ਦਰਪਣ) (ਨਿਰਣੈ)

"ਜਿਉ ਮ੍ਰਿਗ ਨਾਭਿ ਬਸੈ ਬਾਸੁ **ਬਸਨਾ** ਭ੍ਰਮਿ ਭ੍ਰਮਿਓ ਝਾਰ ਗਹੇ।"

— ਪ੍ਰਭਾ **੪**, ੪, ੩ : ੨ (1336)

(ਮਹਾਨਕੋਸ਼ ਅਰਥ 'ਕੀਮਤੀ, ਵੱਡਮੁਲਾ' ਕਰਦਾ ਹੈ)

ਬਸਨਿ — ਵਸਨ, ਵਾਸਾ ਕਰਨ

"ਗ੍ਰਿਹਿ **ਬਸਨਿ** ਨ ਦੇਈ ਵਖਿ ਵਖਿ ਭਰਮਾਵੈ।"

— ਆਸਾ **੫**, ੪, ੧ : ੪ (371)

ਹੋਰ ਰੂਪ — ਬਸਨੁ —

"ਈਹਾ ਖਾਟਿ ਚਲਹੁ ਹਰਿ ਲਾਹਾ ਆਗੈ **ਬਸਨੁ** ਸੁਹੇਲਾ।" — ਗਉ **੫**, ਸੋਹ ੫, ੧ : ੨ (13)

ਬਸਫਾ — ਵਸਿਆ, ਨਿਵਾਸ ਹੋ ਗਿਆ

"ਹਰਿ ਹਰਿ ਦਾਨੁ ਦੀਓ ਗੁਰਿ ਪੂਰੈ ਹਰਿ ਨਾਮਾ ਮਨਿ ਤਨਿ **ਬਸਫਾ**।"

— ਪ੍ਰਭਾ **੪**, ੫, ੧* : ੨ (1336)

ਬਸਰੀਆ — ਵਸ ਰਿਹਾ ਹਾਂ, ਨਿਵਾਸ ਹੈ

"ਹਮ ਨੀਚ ਬਿਰਖ ਤੁਮ ਮੈਲਾਗਰ ਲਾਜ ਸੰਗਿ ਸੰਗਿ **ਬਸਰੀਆ**।"

— ਸਾਰ **੫**, ੪੫, ੧ : ੨ (1213)

"ਭੁਇਅੰਗਨਿ **ਬਸਰੀਆ**।" (ਵਾਸਾ ਸੀ)

— ਬਿਹਾ **੫**, ੧, ੧ : ੨ (537)

ਬਸਾ — 1. ਵਾਸਾ ਕਰਾਂ, ਵਸਾਂ

"ਹਰਣੀ ਹੋਵਾ ਬਨਿ **ਬਸਾ** ਕੰਦ ਮੂਲ ਚੁਣਿ ਖਾਉ।"

— ਗਉ **੧**, ੧੯, ੧ : ੧ (157)

2. ਵਸੀ, ਰਹਿ ਗਈ

"ਖਾਨ ਪਾਨ ਆਨ ਨਹੀ ਖੁਧਿਆ ਤਾ ਕੈ ਚਿਤਿ ਨ ਬਸਾ।" — ਧਨਾ **੫**, ੭, ੧* : ੨ (672)

ਬਸਾਇ — 1. ਵਸਾਉਂਦਾ

"ਦੇਵਨਹਾਰ ਦਾਤਾਰ ਪ੍ਰਭ ਨਿਮਖ ਨ ਮਨਹਿ **ਬਸਾਇ**।" — ਗਉ **੫**, ਬਾਅ ੫੨ : ੪ (261)

"ਚਰਨਾਰਬਿੰਦ **ਬਸਾਇ** ਹਿਰਦੈ ਬਹੁਰਿ ਜਨਮ ਨ ਮਾਰ।" (ਵਾਸਾ ਲਵੇ)

— ਸਾਰ **੫**, ੧੨੬, ੧ : ੨ (1228)

ਹੋਰ ਰੂਪ — ਬਸਾਇਓ —

"ਨਾਮੁ ਸੰਗੀ ਸੋ ਮਨਿ ਨ **ਬਸਾਇਓ**।" (ਵਸਾਇਆ)— ਟੋਡੀ **੫**, ੧੬, ੨ : ੧ (715)

ਬਸਾਇਅਉ —

"ਹਰਿ ਨਾਮਿ ਲਾਗਿ ਜਗ ਉਧਰ੍ਉ ਸਤਿਗੁਰੁ ਰਿਦੈ **ਬਸਾਇਅਉ**।" (ਵਸਾਣ ਨਾਲ)

— ਸਵ **੫**, ਕਲ ੯ : ੩ (1408)

ਬਸਾਇਆ —

"ਚਰਨ ਕਮਲ ਗੁਰ ਰਿਦੈ **ਬਸਾਇਆ**।" (ਵਸਾਇਆ)

— ਗਉ **੫**, ੧੧੨*, ੧ : ੨ (202)

"ਬਿਨੁ ਠਾਹਰ ਨਗਰੁ **ਬਸਾਇਆ**।" (ਵਸਾ ਦਿਤਾ) — ਸੋਰ **ਕਬ**, ੬, ੨ : ੪ (655)

ਬਸਾਈ —

"ਹਰਿ ਕੀ ਕਥਾ ਰਿਦ ਮਾਹਿ **ਬਸਾਈ**।" (ਵਸਾਈ, ਸਥਿਤ ਕੀਤੀ)

— ਗਉ **੫**, ੧੪੬, ੨ : ੧ (195)

"ਇਆ ਮੰਦਰ ਮਹਿ ਕੌਨ **ਬਸਾਈ**।" (ਵਸਦਾ ਹੈ) — ਗੋਂਡ **ਕਬ**, ੫, ੧* : ੧ (871)

ਬਸਾਈਐ —

"ਨਾਮੁ ਪਦਾਰਥੁ ਮਨਹਿ **ਬਸਾਈਐ**।" (ਵਸਾਈਐ, ਸਥਿਤ ਕਰੀਏ)

— ਗਉ **ਕਬ**, ੭੧, ੧ : ੨ (339)

ਬਸਾਏ —

"ਕੁਸਲ ਖੇਮ ਪ੍ਰਭਿ ਆਪਿ **ਬਸਾਏ**।" (ਵਸਾਈ, ਵਰਤਾਈ, ਸਥਿਤ ਕੀਤੀ)

— ਗਉ **੫**, ੧੫੮, ੧* : ੨ (197)

2. ਵਸ ਚਲਣਾ, ਜ਼ੋਰ ਚਲਣਾ, ਪੇਸ਼ ਜਾਣਾ

"ਜੰਮਣੁ ਮਰਣਾ ਮਿਟਿ ਗਇਆ ਕਾਲੈ ਕਾ ਕਿਛੁ ਨ **ਬਸਾਇ**।"

— ਸੋਰ **੪**, ਵਾਰ ੨੪ਸ, **੩**, ੧ : ੨ (651)

"ਮੇਰੋ ਚਪਲ ਬੁਧਿ ਸਿਉ ਕਹਾ **ਬਸਾਇ**।"

— ਬਸੰ **ਕਬ**, ੫, ੧* : ੨ (1194)

"ਐਸੇ ਘਰ ਹਮ ਬਹੁਤ **ਬਸਾਏ**।" (ਆਬਾਦ ਕੀਤੇ, ਭਾਵ ਕਈ ਜੂਨਾਂ ਭੁਗਤੀਆਂ)
— ਗਉ **ਕਬ**, ੧੩, ੧* : ੧ (326)
"ਕਤਹੂ ਨ ਜਾਏ ਘਰਹਿ **ਬਸਾਏ**।" (ਟਿੱਕ ਗਿਆ, ਵਸ ਗਿਆ)— ਕਾਨ **ਪ**, ੪੬, ੧ : ੨ (1307)
ਹੋਰ ਰੂਪ — ਬਸਾਈ —
"ਰਤਨੁ ਗਿਆਨੁ ਸਭ ਕੋ ਹਿਰਿ ਲੀਨਾ ਤਾ ਸਿਉ ਕਛੁ ਨ **ਬਸਾਈ**।" (ਵਸ/ਜ਼ੋਰ ਚਲਣਾ)
— ਗਉ **੯**, ੪, ੧ : ੨ (219)

ਬਸਾਹਿ — ਵਸਾ, ਸਥਿਤ ਕਰ
"ਨਾਮੁ ਪਦਾਰਥੁ ਹੋਇ ਸਕਾਰਥੁ ਹਿਰਦੈ ਚਰਨ **ਬਸਾਹਿ**।" — ਆਸਾ **ਪ**, ੧੪੬, ੧ : ੧ (407)

ਬਸਾਹਿਗਾ — ਵਸ ਚਲੇਗਾ, ਜ਼ੋਰ ਚਲੇਗਾ
"ਜਉ ਜਮੁ ਆਇ ਕੇਸ ਗਹਿ ਪਟਕੈ ਤਾ ਦਿਨ ਕਿਛੁ ਨ **ਬਸਾਹਿਗਾ**।"
— ਮਾਰੂ **ਕਬ**, ੧, ੨ : ੧ (1106)

ਬਸਾਹੀ — ਵਸਾਇਆ
"ਭੈ ਭੰਜਨ ਪ੍ਰਭ ਮਨਿ ਨ **ਬਸਾਹੀ**।"
— ਗਉ **ਪ**, ੧੫੬, ੧* : ੧ (197)
"ਜਾ ਕੈ ਮਨਿ ਤਨਿ ਨਾਮੁ **ਬਸਾਹੀ**।" (ਵਸਿਆ ਹੈ) — ਗਉ **ਪ**, ਬਾਅ ਪ੬ : ੨ (257)

ਬਸਾਨਾ — ਵਸਦਾ ਹੈ
"ਭੈ ਤੇ ਨਿਰਭਉ ਹੋਇ **ਬਸਾਨਾ**।"
— ਗਉ **ਪ**, ਸੁਖ ੧੭, ੨ : ੫ (285)
ਹੋਰ ਰੂਪ — ਬਸਾਨੀ —
"ਤਿਨ ਹਰਿ ਹਿਰਦੈ ਬਾਸੁ **ਬਸਾਨੀ** ਛੂਟਿ ਗਈ ਮੁਸਕੀ ਮੁਸਕਾਕ।" (ਵਸ ਗਈ)
— ਕਾਨ **੪**, ੪, ੩ : ੨ (1295)

ਬਸਾਯਉ — ਵਸਾਇਆ, ਵਾਸਾ ਕਰਵਾਇਆ
"ਸਬਦੁ ਗੁਰੂ ਪਰਕਾਸਿਓ ਹਰਿ ਰਸਨ **ਬਸਾਯਉ**।"
— ਸਵ **ਪ**, ਕਲ ੧ : ੧੦ (1407)

ਬਸਾਰੇ — ਵਸਦੇ ਹਨ, ਵਾਸਾ ਕਰਦੇ ਹਨ
"ਧੰਨਿ ਸੁ ਥਾਨੁ ਧੰਨਿ ਓਇ ਭਵਨਾ ਜਾ ਮਹਿ ਸੰਤ **ਬਸਾਰੇ**।" — ਧਨਾ **ਪ**, ੪੦, ੨ : ੧ (681)

ਬਸਾਵਉ — ਵਸਾਉਂਦਾ ਹਾਂ
"ਹਰਿ ਸੇਵਉ ਹਰਿ ਰਿਦੈ **ਬਸਾਵਉ** ਹਰਿ ਪਾਇਆ ਸਤ ਸੰਗਾ।" — ਸਾਰ **ਪ**, ੩੦, ੧ : ੧ (1210)

ਬਸਾਵਹੁ — ਵਸਾਓ, ਭਾਵ ਧਾਰਨ ਕਰੋ
"ਸੁਨਿ ਉਪਦੇਸੁ ਹਿਰਦੈ **ਬਸਾਵਹੁ**।"
— ਗਉ **ਪ**, ਸੁਖ ੨੨, ੫ : ੯ (293)

ਬਸਾਵੈ — ਵਸਾ ਦੇਵੇ
"ਕਿਨਕਾ ਏਕੁ ਜਿਸੁ ਜੀਅ **ਬਸਾਵੈ**।"
— ਗਉ **ਪ**, ਸੁਖ ੧, ੧ : ੭ (262)

ਬਸਿ — 1. ਕਾਬੂ ਵਿਚ, ਵਸ ਵਿਚ
"ਕਾਮ ਕ੍ਰੋਧ ਮੋਹ **ਬਸਿ** ਪ੍ਰਾਨੀ ਹਰਿ ਮੂਰਤਿ ਬਿਸਰਾਈ।" — ਗਉ **੯**, ੨, ੧ : ੧ (219)
2. ਨਿਵਾਸ ਕਰੇ, ਵਾਧਾ ਕਰੇ
"ਅੰਤਰਿ ਮਨ ਤਨ **ਬਸਿ** ਰਹੇ ਈਤ ਊਤ ਕੇ ਮੀਤ।"— ਗਉ **ਪ**, ਬਾਅ ੧੫ਸ : ੧ (253)
"ਸੋਈ **ਬਸਿ** ਰਸਿ ਮਨ ਮਿਲੇ ਗੁਨ ਨਿਰਗੁਨ ਏਕ ਬਿਚਾਰ।" (ਵਸ ਕੇ)
— ਗਉ **ਕਬ**, ਅਸ ੧, ੭ : ੨ (346)
"ਮਨਿ ਤਨਿ **ਬਸਿ** ਰਹੇ ਮੇਰੇ ਪ੍ਰਾਨ।"
— ਜੈਤ **ਪ**, ੧੧, ੧* : ੧ (702)
ਹੋਰ ਰੂਪ — ਬਸਿਓ —
"ਜਾ ਕੈ ਰਿਦੈ **ਬਸਿਓ** ਹਰਿ ਨਾਮ।" (ਵਸਾਇਆ ਹੈ)
— ਗਉ **ਪ**, ੧੫੬, ੨ : ੧ (197)
"ਮਨ ਕਾਮਨਾ ਤੀਰਥ ਜਾਇ **ਬਸਿਓ** ਸਿਰਿ ਕਰਵਤ ਧਰਾਏ।" (ਭਾਵ ਜਾ ਰਿਹਾ)
— ਸੋਰ **ਪ**, ਅਸ ੩, ੩ : ੧ (642)
"ਤੋਰੇ ਭਰੋਸੇ ਮਗਹਰ **ਬਸਿਓ** ਮੇਰੇ ਤਨ ਕੀ ਤਪਤਿ ਬੁਝਾਈ।" (ਨਿਵਾਸ ਕੀਤਾ)
— ਰਾਮ **ਕਬ**, ੩, ੨ : ੧ (969)
ਬਸਿਆ —
"ਪ੍ਰਭੁ ਅਬਿਨਾਸੀ **ਬਸਿਆ** ਘਟ ਭੀਤਰਿ ਹਰਿ ਮੰਗਲੁ ਨਾਨਕੁ ਗਾਵੈ ਜੀਉ।" (ਵਸਿਆ)
— ਮਾਝ **ਪ**, ੧੨, ੪ : ੩ (98)

ਬਸਿਸਟਿ — ਇਕ ਵੈਦਕ ਰਿਸ਼ੀ ਜੋ ਰਾਮਚੰਦਰ ਜੀ ਦਾ ਗੁਰੂ, ਵੇਦਾਂਤ ਦਾ ਪ੍ਰਚਾਰਕ ਸੀ।
"ਗੁਰ ਮੁਖਿ **ਬਸਿਸਟਿ** ਹਰਿ ਉਪਦੇਸੁ ਸੁਣਾਈ।"
— ਵਡ **੪**, ਵਾਰ ੧੩ : ੩ (591)

ਬਸੀਅਲੇ — ਵਸਦੇ ਹਨ
"ਏਕ ਨਗਰੀ ਪੰਚ ਚੋਰ **ਬਸੀਅਲੇ** ਬਰਜਤ ਚੋਰੀ

ਧਾਵੈ।" — ਗੂਜ **੧**, ਅਸ ੧, ੧ : ੧ (503)

ਬਸੀਐ — ਵਸੀਦਾ ਹੈ
"ਜਾਗਨ ਤੇ ਸੁਪਨਾ ਭਲਾ **ਬਸੀਐ** ਪ੍ਰਭ ਸੰਗਿ।"
— ਬਿਲਾ **੫**, ੬੧, ੧* : ੨ (816)

ਬਸੀਸਿ — ਸਿਰ ਉਪਰ
"ਤਾਹਿ ਕਹਾ ਪਰਵਾਹ ਕਾਹੂ ਕੀ ਜਾ ਕੈ **ਬਸੀਸਿ** ਧਰਿਓ ਗੁਰਿ ਹਥੁ।"
— ਸਵ **੪**, ਮਥੁ ੭ : ੪ (1405)

ਬਸੀਜੈ — ਵਸ ਜਾਂਦੀ ਹੈ
"ਸਭ ਨਾਰ ਮਹਿ ਪ੍ਰਾਨੀ ਉਤਮੁ ਹੋਵੈ ਰਾਮ ਨਾਮੈ ਬਾਸੁ **ਬਸੀਜੈ**।"
— ਕਲਿ **੪**, ਅਸ ੪, ੪ : ੨ (1325)

ਬਸੀਠਾ — ਵਿਚੋਲਾ, ਦੂਤ, ਵਕੀਲ
"ਹਰਿ ਅਗਮ ਅਗੋਚਰੁ ਪਾਰਬ੍ਰਹਮੁ ਹੈ ਮਿਲਿ ਸਤਿਗੁਰ ਲਾਗਿ **ਬਸੀਠਾ**।"
— ਗਉ **੪**, ੬੧, ੨ : ੧ (171)

ਬਸੀਠੀ — ਵਿਚੋਲਗੀ
"ਹਰਿ ਆਪਨੀ ਕ੍ਰਿਪਾ ਕਰੀ ਆਪਿ ਗ੍ਰਿਹਿ ਆਇਓ ਹਮ ਹਰਿ ਕੀ ਗੁਰ ਕੀਈ ਹੈ **ਬਸੀਠੀ** ਹਮ ਹਰਿ ਦੇਖੇ ਭਈ ਨਿਹਾਲ ਨਿਹਾਲ ਨਿਹਾਲ ਨਿਹਾਲ।"
— ਨਟ **੪**, ੭, ੧ : ੨ (977)

ਬਸੀਠੁ — ਵਿਚੋਲਾ
"ਆਪੇ ਮੋਤੀ ਊਜਲੋ ਆਪੇ ਭਗਤ **ਬਸੀਠੁ**।"
— ਸਿਰੀ **੧**, ਅਸ ੩, ੨ : ੨ (54)

ਬਸੁ — 1. ਵਾਸਨਾ, ਵਾਸ
"**ਬਸੁ** ਜਲ ਨਿਤ ਨ ਵਸਤ ਅਲੀਅਲ ਮੇਰ ਚਚਾ ਗੁਨ ਰੇ।" — ਮਾਰੂ **੧**, ੪, ੨ : ੧ (990)
2. ਵਸ, ਜ਼ੋਰ
"ਹਉ ਨਾਹੀ ਨਾਹੀ ਕਿਛੁ ਮੇਰਾ ਨ ਹਮਰੋ **ਬਸੁ** ਚਾਰੀ।" — ਸਾਰ **੫**, ੫੯, ੨ : ੧ (1216)

ਬਸੁਅ ਰੋਮਾਵਲਿ — ਧਰਤੀ ਦੀ ਰੋਮਾਵਲੀ ਭਾਵ ਬਨਸਪਤੀ
"ਘਨਹਰ ਬੂੰਦ **ਬਸੁਅ ਰੋਮਾਵਲਿ** ਕੁਸਮ ਬਸੰਤ, ਗਨੰਤ ਨ ਆਵੈ।"— ਸਵ **੩**, ੨੨ : ੧ (1396)
(ਮਹਾਨਕੋਸ਼ ਅਰਥ 'ਗਾਂ' ਤੇ ਭੇਡ ਦੇ ਰੋਮੇ ਕਰਦਾ ਹੈ)

ਬਸੁਧ — ਪ੍ਰਿਥਵੀ, ਧਰਤੀ
"ਨਖਿਅਤ੍ਰ ਸਸੀਅਰ ਸੂਰ ਧਿਆਵਹਿ **ਬਸੁਧ** ਗਗਨਾ ਗਾਵਏ।" — ਆਸਾ **੫**, ਛੰਤ **੫**, ੩ : ੩ (456)

ਬੰਸੁ — ਖਾਨਦਾਨ
"ਬੂਡਾ **ਬੰਸੁ** ਕਬੀਰ ਕਾ ਉਪਜਿਓ ਪੂਤੁ ਕਮਾਲੁ।"
— ਸਲੋ **ਕਬ**, ੧੧੫ : ੧ (1370)

ਬਸੁੰਧਰੁ — ਧਨੀ, ਦੌਲਤਮੰਦ
"ਸੋਈ ਧੁਰੰਧਰੁ ਸੋਈ **ਬਸੁੰਧਰੁ** ਹਰਿ ਏਕ ਪ੍ਰੇਮ ਰਸ ਪਾਗੈ।" — ਸਾਰ **੫**, ੯੦, ੧* : ੨ (1221)
(ਸ਼ਬਦਾਰਥ ਇਸ ਦੇ ਅਰਥ ਬਸਤ੍ਰ ਧਾਰਨ ਵਾਲਾ, ਕਾਪੜੀਆ ਕਰਦਾ ਹੈ)

ਬਸੁਧਾ — ਪ੍ਰਿਥਵੀ
"ਬਿਆਪਾਰੀ **ਬਸੁਧਾ** ਜਿਉ ਫਿਰਤਾ।" (ਧਰਤੀ ਉਪਰ ਭਾਵ ਦੇਸ ਬਦੇਸ)
— ਗਉ **੫**, ਬਾਅ ੨੪ : ੬ (255)
"ਜਿਉ **ਬਸੁਧਾ** ਕੋਊ ਖੋਦੈ ਕੋਊ ਚੰਦਨ ਲੇਪ।"
— ਗਉ **੫**, ਸੁਖ ੮, ੧ : ੮ (272)

ਬਸੇ — ਵਸੇ, ਸਥਿਤ ਹੋਏ
"ਹਰਿ ਕੇ ਚਰਣ ਰਿਦੇ ਮਹਿ **ਬਸੇ**।"
— ਗਉ **੫**, ੧੫੫, ੧ : ੧ (197)
"ਕਹੁ ਕਬੀਰ ਲਿਵ ਲਾਗਿ ਰਹੀ ਹੈ ਜਹਾ **ਬਸੇ** ਦਿਨ ਰਾਤੀ।" (ਵਸਦਾ ਹੈ)
— ਗਉ **ਕਬ**, ੫੨, ੪ : ੧ (334)

ਬਸੇਰਾ — 1. ਟਿਕਾਣਾ ਕਰਨਾ, ਆਵਸਨਾ, ਟਿਕਾਉ ਕਰਨਾ, ਵਾਸਾ ਕਰਨਾ
"ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਦੇ ਮਨਹਿ **ਬਸੇਰਾ**।"
— ਗਉ **੫**, ਸੋਲਾ ੫, ੩ : ੧ (13)
ਹੋਰ ਰੂਪ — ਬਸੇਰੋ —
"ਕਹਿ ਕਿਰਪਾ ਪ੍ਰਭ ਰਿਦੈ **ਬਸੇਰੋ**।" (ਵਾਸਾ ਕਰਨਾ) — ਕਾਨ **੫**, ੨੮, ੧ : ੧ (1303)
2. ਵਾਸਾ, ਟਿਕਾਣਾ, ਡੇਰਾ
"ਜਿਸਹਿ ਸੀਗਾਰੇ ਨਾਨਕਾ ਤਿਸੁ ਸੁਖਹਿ **ਬਸੇਰਾ**।"— ਆਸਾ **੫**, ੧੧੭, ੪ : ੨ (400)
"ਘਰਿ ਘਰਿ ਮੰਗਲ ਗਾਵਹੁ ਨੀਕੇ ਘਟਿ ਘਟਿ ਤਿਸਹਿ **ਬਸੇਰਾ**।"
— ਜੈਤ **੫**, ੪, ੧* : ੨ (700)
ਹੋਰ ਰੂਪ — ਬਸੇਰੋ —

"ਬਿਰਖ **ਬਸੇਰੋ** ਪੰਖਿ ਕੋ ਤੈਸੋ ਇਹੁ ਸੰਸਾਰੁ।" (ਵਾਸਾ, ਟਿਕਾਣਾ)
— ਗਉ **ਕਬ**, ੬੪, ੧ : ੨ (337)

ਬਸੈ — 1. ਵਸੇ, ਪਵੇ
"ਸਾਰਿੰਗ ਪ੍ਰੀਤਿ **ਬਸੈ** ਜਲ ਧਾਰਾ।" (ਮੀਂਹ ਵਸੇ)
— ਗਉ **੪**, ੪੧, ੩ : ੧ (164)

2. ਵਸਦਾ ਹੈ, ਬਸੇਰਾ ਕਰਦਾ ਹੈ
"ਕਾਲੁ ਕੰਟਕੁ ਲੋਭੁ ਮੋਹੁ ਨਾਸੈ ਜੀਅ ਜਾ ਕੈ ਪ੍ਰਭੁ **ਬਸੈ**।" — ਗਉ **੫**, ਛੰਤ ੩, ੪ : ੪ (249)
"ਸਾਧੂ ਸੰਗਤਿ ਤਉ **ਬਸੈ** ਜਉ ਆਪਨ ਹੋਹਿ ਦਇਆਲ।"
— ਗਉ **੫**, ਬਾਅ ੨੨ : ੪ (255)

ਹੋਰ ਰੂਪ — ਬਸੈ —
"ਚਰਨ ਕਮਲ ਮੇਰੇ ਹੀਅਰੇ **ਬਸੈਂ**।" (ਵਸਨ, ਟਿਕਨ) — ਬਸੰ **ਨਾਮ**, ੧, ੧* : ੨ (1195)

ਬਸੋ —
"ਪੂਰਨ ਭੋਮਨ ਠਉਰ **ਬਸੋ** ਰਸ ਬਾਸਨ ਸਿਉ ਜੁ ਦਹੰ ਦਿਸਿ ਧਾਯਉ।"
— ਸਵ **੪**, ਨਲ ੧੦ : ੩ (1400)

3. ਬੈਠਾ ਹੈ, ਟਿਕਿਆ ਹੈ (ਭਾਵ)
"ਕਾਗਾ ਚੂੰਡਿ ਨ ਪਿੰਜਰਾ **ਬਸੈ** ਤ ਉਡਰਿ ਜਾਹਿ।"
— ਸਲੋ **ਫਰ**, ੯੨ : ੧ (1382)

ਬਸੋਲੇ — ਰੰਬਾ, ਕਦੋਲਾ, ਜ਼ਮੀਨ ਖੋਦਨ ਦਾ ਸੰਦ
"ਕਾਮੁ ਕ੍ਰੋਧੁ ਦੋਇ ਕਰਹੁ **ਬਸੋਲੇ** ਗੋਡਹੁ ਧਰਤੀ ਭਾਈ।" — ਬਸੰ **੧**, ੯, ੩ : ੧ (1171)

ਬਸੰਤ — ਵਸ ਹੋ ਜਾਂਦੀਆਂ ਹਨ
"**ਬਸੰਤ** ਰਿਖਿਅੰ ਤਿਆਗ ਮਾਨੰ।"
— ਸਸ **੫**, ੧੩ : ੩ (1355)

ਬਹਸਨਿ — ਬੈਠਣਗੀਆਂ
"ਗੋਰਾਂ ਸੇ ਨਿਮਾਣੀਆ **ਬਹਸਨਿ** ਰੂਹਾਂ ਮਲਿ।"
— ਸਲੋ **ਫਰ**, ੯੨ : ੨ (1383)

ਬਹਹਿ — ਬੈਠਦੇ ਹਨ
"ਪੰਡਿਤ ਵਖਾਣਹਿ ਪੋਥੀਆ ਸਿਧ **ਬਹਹਿ** ਦੇਵ ਸਥਾਨਿ।"— ਸਿਰੀ **੧**, ਅਸ ੧੭, ੨ : ੨ (64)
"ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ **ਬਹਹਿ** ਘਰ ਬਾਰੁ।" (ਬੈਠਦੇ ਭਾਵ ਦਿੰਦੇ ਹਨ)
— ਆਸਾ **੧**, ਵਾਰ ੧੧ਸ, **੧**, ੨ : ੮ (469)

ਹੋਰ ਰੂਪ — ਬਹਹੁ —
"ਕਾਮ ਕ੍ਰੋਧ ਸੰਗਿ ਕਬਹੁ ਨ **ਬਹਹੁ**।" (ਬੈਠੋ)
— ਗਉ **ਕਬ**, ੫ : ੨ (343)

ਬਹਕਾਰ — ਮਹਿਕਾਰ, ਖੁਸ਼ਬੂ
"ਧਰਮੁ ਫੁਲੁ ਫਲੁ ਗੁਰਿ ਗਿਆਨੁ ਦ੍ਰਿੜਾਇਆ **ਬਹਕਾਰ** ਬਾਸੁ ਜਗਿ ਦੀਜੈ।"
— ਕਲਿ **੪**, ਅਸ ੪, ੫ : ੨ (1325)

ਬਹਕਾਰਿ — ਮਹਿਕ ਦੀ/ਫੈਲਦੀ ਹੈ
"ਚੰਦਨ ਗੰਧ ਸੁਗੰਧ ਹੈ ਬਹੁ ਬਾਸਨਾ **ਬਹਕਾਰਿ**।"
— ਮਲਾ **੩**, ੯, ੩ : ੧ (1261)

ਬਹਕਾਰੁ — ਮਹਿਕ ਖਿਲਾਰਨਾ
"ਤੀਰਥਿ ਨਾਵਹਿ ਅਰਚਾ ਪੂਜਾ ਅਗਰ ਵਾਸੁ **ਬਹਕਾਰੁ**।"
— ਆਸਾ **੧**, ਵਾਰ ੬ਸ, **੧**, ੧ : ੪ (465)

ਬਹਣਿ — ਬੈਠਣ
"ਅਉਗੁਣਵੰਤੀ ਗੁਣੁ ਕੋ ਨਹੀ **ਬਹਣਿ** ਨ ਮਿਲੈ ਹਦੂਰਿ।" — ਸਿਰੀ **੩**, ੫੯, ੨ : ੧ (37)

ਬਹਤਰਿ — ਸਤਰ ਜਮਾ ਦੋ, ਗਿਣਤੀ ਦੀ ਇਕ ਇਕਾਈ
"ਸਾਠ ਸੂਤ ਨਵ ਖੰਡ **ਬਹਤਰਿ** ਪਾਟੁ ਲਗੋ ਅਧਿਕਾਈ।"— ਗਉ **ਕਬ**, ੫੪, ੧ : ੨ (335)

ਬਹੰਤਿ — ਵਹਿ ਤੁਰੇ, ਵਗੇ
"**ਬਹੰਤਿ** ਅਗਾਹ ਤੋਯੰ ਤਰੰਗੰ ਦੁਖੰਤ ਗ੍ਰਹ ਚਿੰਤਾ ਜਨਮੰਤ ਮਰਣਹ।"— ਸਸ **੫**, ੨੨ : ੨ (1355)
"ਨਾਮ ਬਿਹੂਣ ਬਿਖਮਤਾ ਨਾਨਕ **ਬਹੰਤਿ** ਜੋਨਿ ਬਾਸਰੋ ਰੈਣੀ।" (ਵਹਿੰਦਾ ਭਾਵ ਭਟਕਦਾ ਫਿਰਦਾ)
— ਗਾਥਾ **੫**, ੮ : ੨ (1360)

ਬਹਤੀ — ਵਗਦੀ, ਵਹਿੰਦੀ
"**ਬਹਤੀ** ਮਨਸਾ ਰਾਖਹੁ ਬਾਂਧਿ।"
— ਗਉ **ਕਬ**, ਥਿਤੀ ੧੦ : ੨ (343)

ਬਹਦਿਆ — ਬੈਠਦਿਆਂ
"ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ **ਬਹਦਿਆ** ਉਠਦਿਆ ਹਰਿ ਨਾਮੁ ਧਿਆਵੈ।"
— ਗਉ **੪**, ਵਾਰ ੧੧ਸ, **੪**, ੨ : ੪ (305)

ਹੋਰ ਰੂਪ — ਬਹੰਦਿਆ —
"ਉਠੰਦਿਆ **ਬਹੰਦਿਆ** ਸਵੰਦਿਆ ਸੁਖੁ ਸੋਇ।"
— ਗਉ **੫**, ਵਾਰ ੧੩, **੫**, ੧ : ੧ (321)

ਬਹਨਿ — ਬੈਠਦੇ ਹਨ
"ਖੁੰਡੀ ਪਾਇ **ਬਹਨਿ** ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ।"
— ਮਾਝ **੧**, ਵਾਰ ੨੬ਸ, **੧**, ੧ : ੮ (149)

ਬਹਰਾ — ਬੋਲਾ, ਜੋ ਕੰਨਾਂ ਤੋਂ ਨ ਸੁਣੇ
"ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ **ਬਹਰਾ** ਹੋਇ।"— ਸਲੋ **ਕਬ**, ੧੮੪ : ੧ (1374)
ਹੋਰ ਰੂਪ — ਬਹਰੇ —
"**ਬਹਰੇ** ਕਰਨ ਅਕਲਿ ਭਈ ਹੋਛੀ ਸਬਦ ਸਹਜੁ ਨਹੀ ਬੂਝਿਆ।"
— ਭੈਰ **੧**, ੩, ੩ : ੧ (1126)

ਬਹਲ — (ਫਾ. ਬਹਿਲ) ਅਰਪਨ, ਭੇਟਾ
"ਪ੍ਰਾਨ ਮਨੁ ਧਨੁ ਸੰਤ **ਬਹਲ**।"
— ਮਾਲੀ **੫**, ੪, ੧ : ੪ (987)

ਬਹਲੇ — ਬਹੁਤੇ
"ਉਦਰੈ ਕਾਰਣਿ ਆਪਣੇ **ਬਹਲੇ** ਭੇਖ ਕਰੇਨਿ।"
— ਰਾਮ **੩**, ਵਾਰ ੬ਸ, **੩**, ੨ : ੨ (949)

ਬਹਾਇ — ਰੁੜਾ ਦਿਤੇ
"ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ **ਬਹਾਇ**।"
— ਸਲੋ **ਕਬ**, ੧੦੪ : ੨ (1370)

ਬਹਾਨਾ — (ਫਾ. ਬਹਾਨਾ) ਹੀਲ ਹੁਜਤ, ਦਲੀਲ, ਪਜ
"ਸਾਹਿਬ ਤੇ ਸੇਵਕੁ ਸੇਵ ਸਾਹਿਬ ਤੇ ਕਿਆ ਕੋ ਕਹੈ **ਬਹਾਨਾ**।" — ਬਿਲਾ **੩**, ੩, ੧ : ੧ (797)

ਬਹਾਨੈ — ਬਹਾਨੇ ਨਾਲ
"ਕਰਉ ਅਢਾਈ ਧਰਤੀ ਮਾਂਗੀ ਬਾਵਨ ਰੂਪਿ **ਬਹਾਨੈ**।" — ਪ੍ਰਭਾ **੧**, ਅਸ ੪, ੩ : ੧ (1344)

ਬਹਾਲਹਿ — ਬੈਠਾਏ
"ਜੇ ਪਾਸਿ **ਬਹਾਲਹਿ** ਤਾ ਤੁਝਹਿ ਅਰਾਧੀ ਜੇ ਮਾਰਿ ਕਢਹਿ ਭੀ ਧਿਆਈ।"
— ਸੂਹੀ **੪**, ਅਸ ੧, ੮ : ੧ (757)
"ਤੂ ਆਪੇ ਮੇਲਿ **ਬਹਾਲਹਿ** ਪਾਸਿ।" (ਬਠਾਉਂਦਾ ਹੈ) — ਮਾਰੂ **੩**, ਸੋਲਾ ੨੩, ੧੦ : ੨ (1067)

ਬਹਾਲਿਅਨੁ — ਬੈਠਾਇਆ ਹੈ
"ਹਰਿ ਭਗਤਾ ਨੋ ਦੇਇ ਅਨੰਦੁ ਥਿਰੁ ਘਰੀ **ਬਹਾਲਿਅਨੁ**।"— ਸਿਰੀ **੪**, ਵਾਰ ੧੯ : ੩ (90)

ਬਹਾਲਿਆ — ਬੈਠਾਇਆ
"ਅਗੋ ਦੇ ਸਦਿਆ ਸਤੈ ਦੀ ਭਿਖਿਆ ਲਏ ਨਾਹੀ ਪਿਛੋ ਦੇ ਪਛੁ ਤਾਇ ਕੈ ਆਣਿ ਤਪੈ ਪੁਤੁ ਵਿਚਿ **ਬਹਾਲਿਆ**।"
— ਗਉ **੪**, ਵਾਰ ੩੦ਸ, **੪**, ੧ : ੨ (315)

ਬਹਾਲੀ — ਬੈਠਾਈ
"ਧਰਮ ਕਲਾ ਹਰਿ ਬੰਧਿ **ਬਹਾਲੀ**।" (ਭਾਵ ਪਕੀ ਕੀਤੀ) — ਆਸਾ **੫**, ੧੦੧, ੩ : ੨ (396)
"ਗੁਰ ਅੰਗਦ ਦੀ ਦੋਹੀ ਫਿਰੀ ਸਚੁ ਕਰਤੈ ਬੰਧਿ **ਬਹਾਲੀ**।" (ਭਾਵ ਪਕੀ/ਪੁਸ਼ਟੀ ਕਰ ਦਿਤੀ)
— ਰਾਮ **ਬਸ**, ਵਾਰ ੩ : ੪ (967)

ਬਹਾਲੀਓਨੁ — ਬੈਠਾਇਆ
"ਸਭੇ ਗਲਾ ਆਪਿ ਥਾਟਿ **ਬਹਾਲੀਓਨੁ**।"
— ਸੋਰ **੪**, ਵਾਰ ੨੮ : ੧ (653)

ਬਹਾਲੀਐ — ਬੈਠਾਏ ਜਾਂਦੇ ਹਨ
"ਹਰਿ ਕੈ ਤਖਤਿ **ਬਹਾਲੀਐ** ਨਿਜ ਘਰਿ ਸਦਾ ਵਸੀਜੈ।" — ਗੂਜ **੩**, ਵਾਰ ੧੬ : ੪ (515)

ਬਹਾਲੇ — ਬੈਠਾਵੇ
"ਜੇ ਰਾਜਿ **ਬਹਾਲੇ** ਤਾ ਹਰਿ ਗੁਲਾਮੁ ਘਾਸੀ ਕਉ ਹਰਿ ਨਾਮੁ ਕਢਾਈ।"
— ਗਉ **੪**, ੪੬, ੪ : ੨ (166)
ਹੋਰ ਰੂਪ — ਬਹਾਲੈ —
"ਆਪੇ ਸੰਗਤਿ ਸਦਿ **ਬਹਾਲੈ** ਆਪੇ ਵਿਦਾ ਕਰਾਵੈ।" — ਬਿਹਾ **੪**, ਵਾਰ ੬ : ੪ (551)

ਬਹਾਵਨੋ — ਰੋੜ੍ਹ ਦਿੱਤੇ, ਵਹਾ ਕੇ ਲੈ ਗਿਆ
"ਗ੍ਰਿਹ ਬਾਲੂ ਨੀਰਿ **ਬਹਾਵਨੋ**।"
— ਗਉ **੫**, ੧੪੨*, ੩ : ੨ (211)

ਬਹਿ — 1. ਬੈਠ ਕੇ
"ਮੰਨੇ ਕਾ **ਬਹਿ** ਕਰਨਿ ਵੀਚਾਰੁ।"
— ਜਪੁ **੧**, ੧੨ : ੪ (3)
2. ਵਹਿ, ਰੁੜ੍ਹ
"ਕਬੀਰ ਨਿਗੁਸਾਂਏ **ਬਹਿ** ਗਏ ਥਾਂਘੀ ਨਾਹੀ ਕੋਇ।" — ਸਲੋ **ਕਬ**, ੫੧ : ੧ (1367)
3. ਭਾਵ ਰਹਿ (ਗਏ), ਕੰਮ ਕਰਨੋਂ ਹੱਟ ਗਏ
"ਚਬਣ ਚਲਣ ਰਤੰਨ ਸੇ ਸੁਣੀਅਰ **ਬਹਿ** ਗਏ।"
— ਸਲੋ **ਫਰ**, ੨੨ : ੧ (1381)

ਬਹਿਕ੍ਰਮ — ਉਮਰ, ਅਵਸਥਾ
"ਜੋਬਨ **ਬਹਿਕ੍ਰਮ** ਕਨਿਕ ਕੁੰਡਲਹ।"

— ਸਸ **੫**, ੧੧ : ੨ (1354)

ਬਹਿਠਾ — ਬੈਠਾ, ਧਮਕਿਆ

"ਫਰੀਦਾ ਦੁਹੁ ਦੀਵੀ ਬਲੰਦਿਆ ਮਲਕੁ **ਬਹਿਠਾ** ਆਇ।" — ਸਲੋ **ਫਰ**, ੪੮ : ੧ (1380)

ਬਹਿਠਿਆ — ਬੈਠਿਆਂ

"ਜਿਸੁ ਪਾਸਿ **ਬਹਿਠਿਆ** ਸੋਹੀਐ ਸਭਨਾ ਦਾ ਵੇਸਾਹੁ।" — ਸਲੋ **੫**, ੨੨ : ੨ (1426)

ਬਹਿਠੀ — ਬੈਠੀ

"ਜਿਥੈ ਡਿਠਾ ਮਿਰਤਕੋ ਇਲ **ਬਹਿਠੀ** ਆਇ।" — ਗਉ **੫**, ਵਾਰ ੧੨ਸ, **੫**, ੨ : ੨ (322)

ਹੋਰ ਰੂਪ — ਬਹਿਠੀਆ —

"ਇਕੁ ਲਖੁ ਲਹਨਿ **ਬਹਿਠੀਆ** ਲਖੁ ਲਹਨਿ ਖੜੀਆ।" — ਆਸਾ **੧**, ਅਸ ੧੧, ੩ : ੧ (417)

ਬਹਿਠੁ — ਬੈਠੇ

"ਦੁਇ ਪੁੜ ਚਕੀ ਜੋੜਿ ਕੈ ਪੀਸਣ ਆਇ **ਬਹਿਠੁ**।" — ਮਾਝ **੧**, ਵਾਰ ੧੧ਸ, **੧**, ੧ : ੩ (142)

ਬਹਿਠੇ — ਬੈਠੇ

"ਅੰਬਰਿ ਕੂੰਜਾ ਕੁਰਲੀਆ ਬਗ **ਬਹਿਠੇ** ਆਇ।" — ਸੂਹੀ **੧**, ਕੁਚ ੧ : ੧੧ (762)

ਬਹਿਣ — ਭੈਣ ਭਾਵ ਦੇਹੀ

"ਬੀਰ ਚਲੇ ਘਰਿ ਆਪਣੈ **ਬਹਿਣ** ਬਿਰਹਿ ਜਲਿ ਜਾਇ।" — ਰਾਮ **੧**, ਓਅੰ ੪੦ : ੨ (935)

ਬਹਿਨ — ਭੈਣ

"ਸਗਲਿਆ ਕੀ ਹਉ **ਬਹਿਨ** ਭਾਨਜੀ ਜਿਨਹਿ ਬਰੀ ਤਿਸੁ ਚੇਰੀ।" — ਆਸਾ **ਕਬ**, ੪, ੨ : ੨ (476)

ਬਹੀ — ਵਹਿ ਗਈ, ਰੁੜ੍ਹ ਗਈ

"ਦਰਸਨੁ ਪੇਖਿ ਮੇਰਾ ਮਨੁ ਮੋਹਿਓ ਦੁਰਮਤਿ ਜਾਤ **ਬਹੀ**।" — ਸਾਰ **੫**, ੧੦੯, ੧* : ੨ (1225)

ਬਹੀਆ — ਬਾਹੀਆਂ, ਲਚਕੀਲੀਆਂ ਡਾਂਗਾਂ ਜਿਨ੍ਹਾਂ ਨਾਲ ਭਾਰ ਲਾਹਿਆ ਜਾਂਦਾ ਹੈ

"ਨਉ **ਬਹੀਆਂ** ਦਸ ਗੋਨਿ ਆਹਿ।" — ਬਸੰ **ਕਬ**, ੬, ੧ : ੩ (1194)

ਬਹੀਐ — ਬੈਠੀਏ

"ਸਤੀ ਪਹਿਰੀ ਸਤੁ ਭਲਾ **ਬਹੀਐ** ਪੜਿਆ ਪਾਸਿ।"— ਮਾਝ **੧**, ਵਾਰ ੧੮ਸ, **੨**, ੧:੯ (146)

ਬਹੀਰ — ਵਹੀਰ, ਜਾਂਦੇ ਲੋਕਾਂ ਦੀ ਭੀੜ

"ਕਬੀਰ ਜਿਹ ਮਾਰਗਿ ਪੰਡਿਤ ਗਏ ਪਾਛੈ ਪਰੀ **ਬਹੀਰ**।" — ਸਲੋ **ਕਬ**, ੧੬੫ : ੧ (1373)

ਬਹੁ — ਬਹੁਤੁ, ਅਨੇਕ

"ਤੇਰੇ ਅਨੇਕ ਤੇਰੇ ਅਨੇਕ ਪੜਹਿ **ਬਹੁ** ਸਿਮ੍ਰਿਤਿ ਸਾਸਤ ਜੀ ਕਰਿ ਕਿਰਿਆ ਖਟੁ ਕਰਮ ਕਰੰਤਾ।" — ਆਸਾ **੪**, ਸੋਪੁ ੧, ੪ : ੪ (11)

ਬਹੁਤ — ਅਧਿਕ ਜ਼ਿਆਦਾ

"ਬਸਤ੍ਰ ਬਿਭੂਖਨ ਸੁਖ **ਬਹੁਤ** ਬਿਸੇਖੈ।" — ਆਸਾ **੫**, ੧੧, ੨ : ੧ (373)

ਹੋਰ ਰੂਪ — ਬਹੁਤਾ —

"**ਬਹੁਤਾ** ਕਹੀਐ ਬਹੁਤਾ ਹੋਇ।" — ਜਪੁ **੧**, ੨੪ : ੧੦ (5)

ਬਹੁਤੀ —

"ਦੂਜੈ ਭਾਇ ਦੁਖੁ ਲਾਇਦਾ **ਬਹੁਤੀ** ਦੇਇ ਸਜਾਇ।" — ਸਿਰੀ **੩**, ੫੧, ੪ : ੨ (33)

ਬਹੁਤੁ —

"ਤਿਥੈ ਘਾੜਤਿ ਘੜੀਐ **ਬਹੁਤੁ** ਅਨੂਪੁ।" — ਜਪੁ **੧**, ੩੬ : ੪ (7)

ਬਹੁਤੇਰਾ — ਵਧੇਰੇ, ਬਹੁਤਾ

"ਜੇ **ਬਹੁਤੇਰਾ** ਪੜਿਆ ਹੋਵਹਿ ਕੋ ਰਹੈ ਨ ਭਰੀਐ ਪਾਈ।" — ਸਿਰੀ **੧**, ੨੮, ੨ : ੨ (24)

ਹੋਰ ਰੂਪ — ਬਹੁਤੇਰਿਆ —

"ਬਿਲਲਾਟ ਕਰਹਿ **ਬਹੁਤੇਰਿਆ** ਪਿਆਰੇ ਉਤਰੈ ਨਾਹੀ ਸੂਲ।" — ਸੋਰ **੫**, ਅਸ ੨, ੪ : ੩ (641)

ਬਹੁਤੇਰੀ —

"**ਬਹੁਤੇਰੀ** ਥਾਈ ਰਲਾਇ ਰਲਾਇ ਦਿਤਾ ਉਘੜਿਆ ਪੜਦਾ ਅਗੈ ਆਇ ਖਲੋਹਾ।" (ਬਹੁਤ ਸਾਰੀਆਂ) — ਰਾਮ **੫**, ਵਾਰ ੭ਸ, **੫**, ੨ : ੮ (960)

ਬਹੁਤੇਰੇ —

"ਹਰਿ ਇਕਸੁ ਹਥਿ ਆਇਆ ਵਰਸਾਣੇ **ਬਹੁਤੇਰੇ**।" — ਮਾਝ **੫**, ੨੨, ੪ : ੧ (101)

ਬਹੁਤੈ — ਬਹੁਤ ਸਾਰੇ, ਅਧਿਕ

"ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ ਧਨਿ **ਬਹੁਤੈ** ਡਿਠੈ ਤਪੈ ਧਰਮੁ ਹਾਰਿਆ।"

— ਗਉ **੪**, ਵਾਰ ੩੦ਸ, **੪**, ੧ : ੪ (315)

ਹੋਰ ਰੂਪ — ਬਹੁਤੋ —

"**ਬਹੁਤੋ** ਬਹੁਤੁ ਵਖਾਣੀਐ ਊਚੋ ਊਚਾ ਥਾਉ।"

— ਸਿਰੀ **੫**, ੭੭, ੪ : ੧ (44)

ਬਹੁਬਿਧਿ — ਕਈ ਤਰ੍ਹਾਂ ਦੇ, ਕਈ ਪ੍ਰਕਾਰ ਦੇ

"ਆਪੇ **ਬਹੁ ਬਿਧਿ** ਰੰਗੁਲਾ ਸਖੀਏ ਮੇਰਾ ਲਾਲੁ।"

— ਸਿਰੀ **੧**, ੨੫, ੩ : ੧ (23)

ਹੋਰ ਰੂਪ — ਬਹੁਬਿਧੀ —

"ਰੰਗ ਤਮਾਸੇ **ਬਹੁ ਬਿਧੀ** ਚਾਇ ਲਗਿ ਰਹਿਆ।"

— ਸਿਰੀ **੫**, ਅਸ ੨੬, ੬ : ੩ (70)

ਬਹੁਰੰਗੀ — 1. ਕਈ ਰੰਗਾਂ ਵਾਲਾ, ਬਹੁ ਪੱਖੀ, ਬਹੁ ਪਰਤੀ, ਕਈ ਤਰ੍ਹਾਂ ਦੇ, ਅਨੇਕਤਾ ਦਾ ਧਾਰਨੀ

"ਇਹ ਮਨੂਆ ਖਿਨੁ ਨ ਟਿਕੈ **ਬਹੁ ਰੰਗੀ** ਦਹ ਦਹ ਦਿਸਿ ਚਲਿ ਚਲਿ ਹਾਢੇ।"

— ਗਉ **੪**, ੫੯, ੧ : ੧ (171)

"**ਬਹੁ ਰੰਗੀ** ਰਸ ਭੋਗਿਆ ਸਬਦਿ ਰਹੈ ਨਿਰਬਾਣੁ।" (ਕਈ ਤਰ੍ਹਾਂ ਦੇ)

— ਬਿਹਾ **੫**, ਵਾਰ ੬ਸ, **੩**, ੨ : ੩ (550)

"ਏਕੋ ਰੂਪ ਏਕੋ **ਬਹੁ ਰੰਗੀ** ਸਭੁ ਏਕਤੁ ਬਚਨਿ ਚਲਾਵੈਗੋ।"— ਕਾਨ **੪**, ਅਸ ੪, ੪ : ੨ (1310)

ਹੋਰ ਰੂਪ — ਬਹੁ-ਰੰਗੇ —

"ਹੈਵਰ ਗੈਵਰ **ਬਹੁ ਰੰਗੇ** ਕੀਏ ਰਥ ਅਥਾਕ।" (ਅਨੇਕ ਪ੍ਰਕਾਰ ਦੇ)

— ਸਿਰੀ **੫**, ੭੧, ੨ : ੨ (42)

2. ਬਹੁ ਰੰਗੀ ਜੀਵ, ਖੁਸ਼ੀਆਂ ਮਾਨਣ ਵਾਲੇ ਜੀਵ

"ਰਸਿ ਰਸਿ ਭੋਗ ਕਰਹਿ **ਬਹੁਰੰਗੀ**।"

— ਗਉ **੫**, ੮੨, ੪ : ੨ (180)

ਬਹੁਰਿ — ਫਿਰ, ਦੁਬਾਰਾ, ਮੁੜ ਕੇ

"ਨਿਜਘਰਿ ਮਹਲੁ ਪਾਵਹੁ ਸੁਖ ਸਹਜੇ **ਬਹੁਰਿ** ਨ ਹੋਇਗੋ ਫੇਰਾ।" — ਗਉ **੫**, ੫, ੩ : ੨ (13)

ਬਹੁਰੀਆ — ਪਤਨੀ, ਵਹੁਟੀ, ਇਸਤ੍ਰੀ, ਬਹੂ

"ਹਰਿ ਮੇਰੋ ਪਿਰੁ ਹਉ ਹਰਿ ਕੀ **ਬਹੁਰੀਆ**।"

— ਆਸਾ **ਕਬ**, ੩੦, ੧* : ੧ (483)

ਬਹੁਰੂਪਿ — ਬਹੁਰੂਪੀਏ/ਅਨੇਕ ਰੂਪ ਧਾਰਨ ਵਾਲੇ (ਫਕੀਰ)

"ਇਕ ਸਬਦੀ **ਬਹੁ ਰੂਪਿ** ਅਵਧੂਤਾ।"

— ਸਿਰੀ **੫**, ੭੭, ੫ : ੧ (71)

ਬਹੁਰੂਪੀਆ — ਅਨੇਕ ਰੂਪ ਧਾਰਨ ਵਾਲਾ, ਨਟ

"ਸਰਬ ਸਾਸਤ੍ਰ **ਬਹੁਰੂਪੀਆ** ਅਨਗਰੂਆ ਅਖਾੜਾ ਮੰਡਲੀਕ ਬੋਲ ਬੋਲਹਿ ਕਾਡੇ।"

— ਮਲਾ **ਨਾਮ**, ੧, ੩ : ੨ (1292)

ਬਹੁੜਿ — ਫਿਰ

"ਸਚੀ ਨਦਰਿ ਨਿਹਾਲੀਐ **ਬਹੁੜਿ** ਨ ਪਾਵੈ ਤਾਉ।"

— ਸਿਰੀ **੧**, ੧੫, ੨ : ੩ (19)

"ਇਕੁ ਖਿਨੁ ਹਿਰਦੈ ਸਾਂਤਿ ਨ ਆਵੈ ਜੋਗੀ ਬਹੁੜਿ **ਬਹੁੜਿ** ਉਠਿ ਧਾਵੈ ਜੀਉ।" (ਮੁੜ ਮੁੜ)

— ਮਾਝ **੫**, ੧੨, ੩ : ੩ (98)

"ਹੋਇ ਦਾਸ ਦਾਸੀ ਤਜਿ ਉਦਾਸੀ **ਬਹੁੜਿ** ਬਿਧੀ ਨ ਧਾਵਾ।" — ਬਿਲਾ **੫**, ਛੰਤ ੩, ੧ : ੫ (847) (ਮਹਾਨਕੋਸ਼ ਇਥੇ ਅਰਥ 'ਅਨੇਕ' ਨਾਨਾ ਕਰਦਾ ਹੈ)

ਬਹੂ — ਵਹੁਟੀ, ਪਤਨੀ

"ਦਿਨ ਦਸ ਪਾਂਚ **ਬਹੂ** ਭਲੇ ਆਈ।"

— ਆਸਾ **ਕਬ**, ੩੪, ੨ : ੨ (484)

ਬਹੈ — 1. ਬੈਠੇ

"ਜੋਗੀ ਤ ਆਸਣੁ ਕਰਿ **ਬਹੈ** ਮੁਲਾ ਬਹੈ ਮੁਕਾਮਿ।"

— ਸਿਰੀ **੧**, ਅਸ ੧੭, ੨ : ੧ (64)

2. ਵਗੇ

"ਨੈਨਹੁ ਨੀਰੁ **ਬਹੈ** ਤਨੁ ਖੀਨਾ ਭਏ ਕੇਸ ਦੁਧਵਾਨੀ।"— ਸੋਰ **ਭੀਖ**, ੧, ੧ : ੧ (659)

"ਗੰਗ ਜਮੁਨ ਜਉ ਉਲਟੀ **ਬਹੈ**।"

— ਭੈਰ **ਨਾਮ**, ੧੦, ੧੩ : ੧ (1166)

ਬਹੋਰਾ — ਮੋੜ ਲਿਆਂਦਾ

"ਸੰਤ ਪ੍ਰਸਾਦਿ ਗਾਏ ਗੁਨ ਸਾਗਰ ਜਨਮ ਜਨਮ ਕੋ ਜਾਤ **ਬਹੋਰਾ**।"

— ਗਉ **੫**, ੧੨੧*, ੨ : ੧ (208)

(ਮਹਾਨਕੋਸ਼ ਅਰਥ 'ਗੇੜ ਚੱਕਰ' ਕਰਦਾ ਹੈ)

ਹੋਰ ਰੂਪ — ਬਹੋਰਿ —

"ਕਬੀਰ ਇਹ ਤਨੁ ਜਾਇਗਾ ਸਕਹੁ ਤ ਲੇਹੁ **ਬਹੋਰਿ**।" (ਮੋੜ)

— ਸਲੋ **ਕਬ**, ੨੨ : ੧ (1365)

ਬਹੋਰਿ — 1. ਮੋੜ, ਵੇਖੋ 'ਬਹੋਰਾ'

2. ਫੇਰ, ਦੁਬਾਰਾ, ਮੁੜਕੇ
"ਕਾਇਆ ਹਾਂਡੀ ਕਾਠ ਕੀ ਨ ਓਹ ਚਰ੍ਹੈ **ਬਹੋਰਿ**।" — ਸਲੋ **ਕਬ**, ੭੦ : ੨ (1368)

ਬਹੋਰੀ — ਮੋੜ ਲਿਆਂਦੀ
"ਨਾਮੇ ਕੇ ਸੁਆਮੀ ਸੀਅ **ਬਹੋਰੀ** ਲੰਕ ਭਭੀਖਣ ਆਪਿਓ ਰੇ।" — ਸੋਰ **ਨਾਮ**, ੨, ੪ : ੨ (657)

ਬਹੋਰੈ — ਮੁੜ ਕੇ, ਫੇਰ, ਦੁਬਾਰਾ
"ਅਮਰਾਪੁਰ ਬਾਸਾ ਕਰਹੁ ਹਰਿ ਗਇਆ **ਬਹੋਰੈ** ਬਿਤ।" — ਸਲੋ **ਕਬ**, ੧੬੩ : ੨ (1373)

ਬਹੋੜਿ — ਮੋੜ, ਪਰਤਾ
"ਆਪਣੀ ਕ੍ਰਿਪਾ ਕਰੇ ਹਰਿ ਮੇਰਾ ਨਾਨਕ ਲਏ **ਬਹੋੜਿ**।"
— ਗਉ **੪**, ਵਾਰ ੨੫ਸ, **੩**, ੨ : ੪ (314)

ਬਹੋੜੁ — ਮੋੜ ਕੇ ਲਿਆਉਣ ਵਾਲਾ
"ਗਈ **ਬਹੋੜੁ** ਬੰਦੀ ਛੋੜੁ ਨਿਰੰਕਾਰ ਦੁਖਦਾਰੀ।"
— ਸੋਰ **੫**, ੬੨, ੧ : ੧ (624)

ਬੰਕ — ਬਾਂਕੇ, ਸੁੰਦਰ ਛਬੀ ਵਾਲੇ
"ਚਿਤੇ ਦਿਸਹਿ ਧਉਲਹਰ ਬਗੇ **ਬੰਕ** ਦੁਆਰ।"
— ਸਿਰੀ **੧**, ਅਸ ੧੫, ੧ : ੧ (62)

ਬਕਉ — ਬੋਲਾਂ
"ਅਧਿਕ **ਬਕਉ** ਤੇਰੀ ਲਿਵ ਰਹੀਆ।"
— ਪ੍ਰਭਾ **੧**, ੧੨, ੧ : ੨ (1330)

ਬਕਹਿ — ਕਹਿੰਦੇ ਹਨ, ਬੋਲਦੇ ਹਨ
"ਪਰ ਤ੍ਰਿਅ ਰਮਹਿ **ਬਕਹਿ** ਸਾਧ ਨਿੰਦ।"
— ਗਉ **੫**, ਥਿਤੀ ੯ : ੩ (298)

ਬਕਤ — ਬੋਲਦਿਆਂ, ਕਹਿੰਦਿਆਂ, ਆਖਦਿਆਂ
"ਜਿਹਵਾਂ **ਬਕਤ** ਪਾਈ ਗਤਿ ਮਤਿ।" (ਰਸਨਾ ਨਾਲ ਹਰਿ ਜਸ ਆਖਦਿਆਂ)
— ਰਾਮ **੫**, ੨੮, ੪ : ੨ (891)

ਬਕਤਾ — ਵਕਤਾ, ਬੋਲਣ ਵਾਲਾ
"ਕਉਨੁ ਸੁ ਗਿਆਨੀ ਕਉਨੁ ਸੁ **ਬਕਤਾ**।" (ਜਸ ਕਰਨ ਵਾਲਾ)
— ਮਾਝ **੫**, ਅਸ ੩੬, ੧ : ੨ (131)
"ਏਕ ਮਹਲਿ ਤੂੰ ਪੰਡਿਤੁ **ਬਕਤਾ** ਏਕ ਮਹਲਿ ਖਲੁ ਹੋਤਾ।" (ਭਾਵ ਵਖਿਆਣ ਕਰਨ ਵਾਲਾ)
— ਗਉ **੫**, ੧੨੬*, ੨ : ੧ (206)

ਹੋਰ ਰੂਪ — **ਬਕਤੇ** —
"ਜਗ ਮਹਿ **ਬਕਤੇ** ਦੂਧਾਧਾਰੀ।" (ਆਖੇ ਜਾਂਦੇ, ਅਖਵਾਉਂਦੇ)
— ਗੋਂਡ **ਕਬ**, ੧੧, ੩ : ੩ (873)

ਬਕਤੈ —
"**ਬਕਤੈ** ਬਕਿ ਸਬਦੁ ਸੁਨਾਇਆ।" (ਆਖਣ ਵਾਲੇ ਭਾਵ ਗੁਰੂ)
— ਰਾਮ **ਕਬ**, ੧੦, ੪ : ੧ (972)

ਬਕਤੋ —
"**ਬਕਤੋ** ਕਰਤਾ ਬੂਝਤ ਕਰਤਾ।" (ਬੋਲਣ ਵਾਲਾ) — ਗੋਂਡ **੫**, ੧, ੨ : ੧ (862)

ਬਕਨ — ਕਹਿਣ ਆਖਣ
"ਸੁਨੀਐ ਅਵਰ ਅਵਰ ਬਿਧਿ ਬੁਝੀਐ **ਬਕਨ** ਕਥਨ ਰਹਤਾ।" — ਗੂਜ **੫**, ੧੧, ੧* : ੨ (498)

ਹੋਰ ਰੂਪ — **ਬਕਨਾ** —
"ਸਾਕਤ ਕਾ **ਬਕਨਾ** ਇਉ ਜਾਨਉ ਜੈਸੇ ਪਵਨੁ ਝੁਲਾਈ।" (ਬੋਲਣਾ)
— ਸੋਰ **੫**, ੩, ੩ : ੨ (609)

ਬਕਨੇ —
"ਬਿਨੁ **ਬਕਨੇ** ਬਿਨੁ ਕਹਣ ਕਹਾਵਣ ਅੰਤਰਜਾਮੀ ਜਾਨੈ।" — ਸਾਰ **੫**, ੧੨੮, ੨ : ੧ (1228)

ਬਕਬਕੇ — ਬੇਸੁਆਦੇ
"ਫਲ ਫਿਕੇ ਫੁਲ **ਬਕਬਕੇ** ਕੰਮਿ ਨ ਆਵਹਿ ਪਤ।"
— ਆਸਾ **੧**, ਵਾਰ ੧੪ਸ, **੧**, ੧ : ੩ (470)

ਬਕਬਾਇਆ — ਬਕਬਾਦ, ਫਜ਼ੂਲ ਗੱਲਾਂ
"ਸਭੁ ਕਿਛੁ ਜਾਣੈ ਮੇਰੇ ਜੀਅ ਕਾ ਪ੍ਰੀਤਮੁ ਬਿਸਰਿ ਗਏ **ਬਕਬਾਇਆ**।"
— ਮਾਰੂ **੫**, ੧੫, ੪* : ੨ (1003)

ਬਕਬਾਈ — ਬੇਅਰਥ ਬੋਲਣਾ, ਫਜ਼ੂਲ ਬੋਲਣਾ
"ਜਾ ਕੈ ਬਰਤੁ ਨਾਹੀ ਨੇਮੁ ਨਾਹੀ ਨਾਹੀ **ਬਕਬਾਈ**।" — ਪ੍ਰਭਾ **੧**, ੪, ੩ : ੧ (1328)

ਬਕਬਾਦੁ — ਬਕਵਾਸ, ਫਜ਼ੂਲ/ਬੇ ਅਰਥ ਬੋਲਣਾ
"ਕਾਂਇ ਰੇ **ਬਕਬਾਦੁ** ਲਾਇਓ।"
— ਟੋਡੀ **ਨਾਮ**, ੧, ੧* : ੧ (718)

ਬਕਰਾ — ਇਕ ਚੌਟੰਗਾ ਨਰ ਪਸ਼ੂ ਜਿਸ ਦੀ ਬਲੀ ਦਿਤੀ ਜਾਂਦੀ ਹੈ ਮਾਸ ਖਾਧਾ ਜਾਂਦਾ ਹੈ
"ਕੁਹਿ **ਬਕਰਾ** ਰਿੰਨਿ੍ ਖਾਇਆ ਸਭੁ ਕੋ ਆਖੈ ਪਾਇ।" — ਆਸਾ **੧**, ਵਾਰ ੧੫ਸ, **੧**, ੨:੪ (471)

ਬਕਰੀ — ਇਕ ਚੌਟੰਗੀ ਮਦੀਨ ਪਸੂ, ਬਕਰੇ ਦਾ ਇਸਤ੍ਰੀ ਲਿੰਗ
"ਆਪੇ ਹੀ ਭਉ ਪਾਇਦਾ ਪਿਆਰਾ ਬੰਨਿ **ਬਕਰੀ** ਸੀਹੁ ਹਢਾਇਆ।"— ਸੋਰ **੪**, ੪, ੨ : ੩ (606)

ਬਕਰੀਦਿ — ਉਹ ਈਦ (ਤਿਉਹਾਰ) ਜਿਸ ਤੇ ਬਕਰੇ ਦੀ ਕੁਰਬਾਨੀ ਦੇ ਉਸ ਦੇ ਮਾਸ ਦਾ ਸੇਵਨ ਕੀਤਾ ਜਾਂਦਾ ਹੈ।
"ਜਾ ਕੈ ਈਦਿ **ਬਕਰੀਦਿ** ਕੁਲ ਗਊ ਰੇ ਬਧੁ ਕਰਹਿ ਮਾਨੀਅਹਿ ਸੇਖ ਸਹੀਦ ਪੀਰਾ।"
— ਮਲਾ **ਰਵਿ**, ੨, ੨ : ੧ (1293)

ਬੰਕਾ — ਬਾਂਕਾ, ਸਜਧਜ ਵਾਲਾ, ਸੁੰਦਰ
"ਕਿਉ ਲੀਜੈ ਗਢੁ **ਬੰਕਾ** ਭਾਈ।" (ਭਾਵ ਪਕਾ)
— ਭੈਰ **ਕਬ**, ੧੭, ੧* : ੧ (1161)

ਬਕਾਹਿ — ਬਕਦੇ ਅਰਥਾਤ ਬੋਲਦੇ ਹਨ
"ਦਰੋਗੁ ਪੜਿ ਪੜਿ ਖੁਸੀ ਹੋਇ ਬੇਖਬਰ ਬਾਦੁ **ਬਕਾਹਿ**।" — ਤਿਲੰ **ਕਬ**, ੧, ੨ : ੧ (727)

ਬਕਿ — ਬੋਲ ਕੇ, ਆਖ ਕੇ, ਉਚਾਰ ਕੇ
"ਬਕਤੈ **ਬਕਿ** ਸਬਦੁ ਸੁਨਾਇਆ।"
— ਰਾਮ **ਕਬ**, ੧੦, ੪ : ੧ (972)

ਬਕਿਬੋ — ਆਖਦਾ ਹੈ, ਕਹਿੰਦਾ ਹੈ
"ਕਾਜੀ **ਬਕਿਬੋ** ਹਸਤੀ ਤੋਰੁ।"
— ਗੋਂਡ **ਕਬ**, ੪, ੧* : ੨ (870)

ਬਕੀਐ — ਆਖੀਏ, ਕਹੀਏ
"ਨਹ ਸੁਣੀਐ ਨਹ ਮੁਖ ਤੇ **ਬਕੀਐ** ਨਹ ਮੋਹੈ ਉਹ ਡੀਠੀ।" — ਧਨਾ **੫**, ੧੧, ੨ : ੧ (673)

ਬਕੀਤਾ — ਵਿਆਖਿਆਨ ਕਰਤਾ, ਵਕਤਾ, ਬੋਲਣ ਵਾਲਾ
"ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ **ਬਕੀਤਾ**।"
— ਬਿਲਾ **੫**, ੩੭, ੧ : ੧ (809)

ਬੰਕੁੜਾ — ਬਾਂਕਾ ਛਬੀ ਵਾਲਾ, ਸੁੰਦਰ
"ਕਮਰਿ ਕਟਾਰਾ **ਬੰਕੁੜਾ** ਬੰਕੇ ਕਾ ਅਸਵਾਰੁ।"
— ਰਾਮ **੩**, ਵਾਰ ੧੯ਸ, **੧**, ੩ : ੧ (956)

ਬੰਕੇ — 1. ਸੁੰਦਰ, ਬਾਂਕੇ
"ਕਹਾ ਸੁ ਆਰਸੀਆ ਮੁਹ **ਬੰਕੇ** ਐਥੈ ਦਿਸਹਿ ਨਾਹੀ।" — ਆਸਾ **੧**, ਅਸ ੧੨, ੧ : ੩ (417)
2. ਸੁੰਦਰ/ਬਾਂਕੇ ਪਤੀ
"ਜਿਨ੍ ਕੇ **ਬੰਕੇ** ਘਰੀ ਨ ਆਇਆ ਤਿਨ੍ ਕਿਉ ਰੈਣਿ ਵਿਹਾਣੀ।"
— ਆਸਾ **੧**, ਅਸ ੧੨, ੬ : ੩ (418)
3. ਸੁੰਦਰ/ਬਾਂਕੇ ਘੋੜੇ
"ਕਮਰਿ ਕਟਾਰਾ ਬੰਕੁੜਾ **ਬੰਕੇ** ਕਾ ਅਸਵਾਰੁ।"
— ਰਾਮ **੩**, ਵਾਰ ੧੯ਸ, **੧**, ੩ : ੧ (956)

ਬਕੈ — ਆਖੇ, ਕਹੇ, ਕਥਨ ਕਰੇ
"ਆਖਣਿ ਆਖੈ **ਬਕੈ** ਸਭੁ ਕੋਇ।"
— ਆਸਾ **੩**, ੪੩, ੩ : ੧ (362)
"**ਬਕੈ** ਨ ਬੋਲੈ ਹਰਿ ਗੁਣ ਗਾਵੈ।" (ਵਾਧੂ/ਫਜ਼ੂਲ ਬੋਲੇ) — ਆਸਾ **੧**, ਅਸ ੧, ੧ : ੨ (411)
"ਸਾਸਤੁ ਬੇਦੁ **ਬਕੈ** ਖੜੋ ਭਾਈ ਕਰਮ ਕਰਹੁ ਸੰਸਾਰੀ।" (ਬੋਲਦੇ ਭਾਵ ਪਾਠ ਕਰਦੇ ਹੋ)
— ਸੋਰ **੧**, ਅਸ ੨, ੨ : ੧ (635)

ਬਖਸ — (ਫ਼ਾ. ਬਖ਼ਸ਼) ਦਾਤ, ਬਖਸ਼ਿਸ਼,ਮਿਹਰ
"ਸਭਨਾ ਕਾ ਦਾਤਾ ਏਕੁ ਹੈ ਆਪੇ **ਬਖਸ** ਕਰੇਇ।"
— ਸਿਰੀ **੩**, ੪੨, ੪ : ੧ (30)

ਬਖਸਹਿ — 1. ਬਖਸ਼ਿਸ਼ ਕਰਕੇ
"ਇਕਨਾ **ਬਖਸਹਿ** ਮੇਲਿ ਲੈਹਿ ਗੁਰਮਤੀ ਤੁਧੈ ਲਾਇਆ।" — ਮਾਝ **੧**, ਵਾਰ ੩ : ੪ (139)
2. ਬਖਸ਼ਿਸ਼ ਕਰਦਾ ਹੈ, ਬਖਸ਼ੇ
"ਜਿਸੁ ਤੂੰ **ਬਖਸਹਿ** ਨਾਮੁ ਜਪਾਇ।"
— ਆਸਾ **੧**, ਅਸ ੯, ੨ : ੩ (416)

ਬਖਸਣਹਾਰ — ਬਖਸ਼ਿਸ਼ ਕਰਨ ਵਾਲਾ
"ਗੁਰ ਸਰਣਾਈ ਭਜਿ ਪਏ ਬਖਸੇ **ਬਖਸਣਹਾਰ**।"
— ਆਸਾ **੩**, ਅਸ ੩੭, ੩ : ੨ (430)
ਹੋਰ ਰੂਪ — ਬਖਸਣਹਾਰਾ —
"ਆਪੇ ਮੇਲਿ ਮਿਲੀਐ ਜੀਉ ਆਪੇ **ਬਖਸਣਹਾਰਾ**।" (ਬਖਸ਼ਿਸ਼ ਕਰਨ ਵਾਲਾ)
— ਗਉ **੩**, ਛੰਤ ੩, ੪ : ੨ (245)

ਬਖਸਣਹਾਰਾ — 1. ਬਖਸ਼ਿਸ਼ ਕਰਨ ਵਾਲਾ, ਬਖਸ਼ਿੰਦ, ਵੇਖੋ 'ਬਖਸਣਹਾਰ'
ਹੋਰ ਰੂਪ — ਬਖਸਣਹਾਰੁ —
"ਗੁਰ ਪਰਸਾਦੀ ਦੇਵਣਹਾਰੁ।"
"ਨਾਨਕ ਬਖਸੇ **ਬਖਸਣਹਾਰ**।" (ਦਾਤ ਕਰਨ ਵਾਲਾ)— ਆਸਾ **੩**, ੪੮, ੪ : ੪; ੫ (363)
"ਤੁਧੁ ਜੇਵਡੁ ਦਾਤਾ ਕੋ ਨਹੀ ਤੂ **ਬਖਸਣਹਾਰੁ**।"
— ਮਾਰੂ **੧**, ਅਸ ੫, ੬ : ੨ (1011)

2. ਮੁਆਫ ਕਰ ਦੇਣ ਵਾਲਾ
"ਅਵਗਣ **ਬਖਸਣਹਾਰਾ** ਕਾਮਣਿ ਕੰਤੁ ਪਿਆਰਾ ਘਟਿ ਘਟਿ ਰਹਿਆ ਸਮਾਈ।"
— ਗਉ **੩**, ਛੰਤ ੩, ੪ : ੩ (245)

ਹੋਰ ਰੂਪ — ਬਖਸਣਹਾਰੁ —
"ਆਪਿ ਛਡਾਏ ਛੁਟੀਐ ਆਪੇ **ਬਖਸਣਹਾਰੁ**।"
— ਸਿਰੀ **੧**, ਅਸ ੧੫, ੨ : ੩ (62)
"ਹਉ ਪਾਪੀ ਤੂੰ **ਬਖਸਣਹਾਰੁ**।"
— ਆਸਾ **੧**, ੨੪, ੧ : ੨ (356)
"ਗੁਨਹਾਂ **ਬਖਸਣਹਾਰੁ** ਸਬਦੁ ਕਮਾਵਹੀ।"
— ਆਸਾ **੧**, ੧੯, ੮ : ੨ (420)

ਬਖਸਣਹਾਰੈ —
"ਜੋ ਕਿਛੁ ਕਰਣਾ ਸੋ ਕਰਿ ਰਹਿਆ **ਬਖਸਣਹਾਰੈ** ਬਖਸਿ ਲਇਆ।"
— ਰਾਮ **੧**, ਅਸ ੨, ੧੦ : ੨ (907)

ਬਖਸੰਦ — 1. ਬਖਸ਼ਿਸ਼ ਕਰਨ ਵਾਲੇ
"ਕ੍ਰਿਪਾ ਨਿਧਾਨ ਦਇਆਲ **ਬਖਸੰਦ**।"
— ਗਉ **੫**, ਸੁਖ ੧੬, ੧ : ੮ (284)
2. ਮੁਆਫ ਕਰਨ ਵਾਲੇ ਨੇ, ਬਖਸਣ ਵਾਲੇ ਨੇ, ਬਖਸ਼ਣਹਾਰ ਨੇ
"ਕੰਠਿ ਲਾਇ ਅਵਗੁਣ ਸਭਿ ਮੇਟੇ ਦਇਆਲ ਪੁਰਖ **ਬਖਸੰਦ**।"
— ਧਨਾ **੫**, ੪੫, ੧* : ੨ (681)

ਬਖਸੰਦਗੀ — ਬਖਸਣਹਾਰ — ਬਖਸ਼ਣ ਵਾਲਾ
"ਤੇਰੀ ਪਨਹ ਖੁਦਾਇ ਤੂ **ਬਖਸੰਦਗੀ**।"
— ਆਸਾ **ਫਰ**, ੧, ੪ : ੧ (488)

ਬਖਸੰਦਾ — ਬਖਸ਼ਣ ਵਾਲਾ
"ਲੇਖਾ ਕੋਇ ਨ ਪੁਛਈ ਜਾ ਹਰਿ **ਬਖਸੰਦਾ**।"
— ਮਾਰੂ **੫**, ਵਾਰ ੨ : ੬ (1096)

ਬਖਸੰਦੁ — ਬਖਸ਼ਣਹਾਰ
"ਗੁਰੁ ਕਰਤਾ ਗੁਰੁ ਸਦ **ਬਖਸੰਦੁ**।"
— ਮਾਰੂ **੫**, ਸੋਲਾ ੯, ੧੨ : ੨ (1080)

ਬਖਸਨਹਾਰ — ਮੁਆਫ ਕਰਨ ਵਾਲਾ
"**ਬਖਸਨਹਾਰ** ਬਖਸਿ ਲੈ ਨਾਨਕ ਪਾਰਿ ਉਤਾਰ।"
— ਗਉ **੫**, ਬਾਅ ੫੨ਸ : ੨ (261)

ਹੋਰ ਰੂਪ — ਬਖਸਨਹਾਰਾ —
"ਅਸੰਖ ਖਤੇ ਖਿਨ **ਬਖਸਨਹਾਰਾ**।"
— ਗਉ **੫**, ਬਾਅ ੪੯ : ੭ (260)

ਬਖਸਨਹਾਰੇ —
"ਹਮ ਅਪਰਾਧੀ ਸਦ ਭੂਲਤੇ ਤੁਮ੍ **ਬਖਸਨਹਾਰੇ**।"
— ਬਿਲਾ **੫**, ੩੪, ੧* : ੨ (809)

ਬਖਸਾਇ — ਮੁਆਫ ਕਰਵਾਣਾ
"ਸਭੇ ਗੁਨਹ **ਬਖਸਾਇ** ਲਇਓਨੁ ਮੇਲੇ ਮੇਲਣਹਾਰਿ।"
— ਆਸਾ **੩**, ਅਸ ੩੪, ੮ : ੧ (428)

ਹੋਰ ਰੂਪ — ਬਖਸਾਇਆ —
"ਅਵਗਣ ਗੁਣੀ **ਬਖਸਾਇਆ** ਹਰਿ ਸਿਉ ਲਿਵ ਲਾਈ।" (ਮੁਆਫ ਕਰਾਇਆ)
— ਆਸਾ **੩**, ੩੩, ੧* : ੧ (428)

ਬਖਸਾਈਅਹਿ —
"ਪੂਰੈ ਗੁਰਿ **ਬਖਸਾਈਅਹਿ** ਸਭਿ ਗੁਨਹ ਫਕੀਰੈ।" (ਬਖਸਾਏ ਜਾਣਗੇ)
— ਮਾਰੂ **੧**, ਅਸ ੬, ੧ : ੪ (1012)

ਬਖਸਾਵਣਿਆ — ਬਖਸ਼ੀਂਦੇ ਹਨ
"ਅਵਗਣਿ ਮੁਠੀ ਮਹਲੁ ਨ ਪਾਏ ਅਵਗਣ ਗੁਣਿ **ਬਖਸਾਵਣਿਆ**।"
— ਮਾਝ **੧**, ਅਸ ੧, ੬ : ੩ (109)

ਬਖਸਾਤੇ — ਬਖਸ਼ ਦਿਤੇ
"ਹਮ ਅਪਰਾਧੀ ਤੁਮ੍ **ਬਖਸਾਤੇ**।"
— ਭੈਰ **੫**, ੨੩, ੧ : ੨ (1141)

ਬਖਸਿ — 1. ਬਖਸ਼ ਕੇ, ਬਖਸ਼ਿਸ਼ ਨਾਲ
"ਆਪੇ ਜਗਜੀਵਨੁ ਸੁਖਦਾਤਾ ਆਪੇ **ਬਖਸਿ** ਮਿਲਾਏ।" — ਸਿਰੀ **੩**, ੪੮, ੨ : ੧ (32)
"ਗੁਰਮੁਖਿ **ਬਖਸਿ** ਜਮਾਈਅਨੁ ਮਨਮੁਖੀ ਮੂਲੁ ਗਵਾਇਆ।"
— ਗਉ **੪**, ਵਾਰ ੯ਸ, **੪**, ੧ : ੨ (304)
2. ਬਖਸ਼ੋ
"ਗੁਣਵੰਤਾ ਹਰਿ ਹਰਿ ਦਇਆਲੁ ਕਰਿ ਕਿਰਪਾ **ਬਖਸਿ** ਅਵਗਣ ਸਭਿ ਮੇਰੇ।"
— ਗਉ **੪**, ੫੦, ੧* : ੨ (167)

ਬਖਸਿਓਸੁ — ਉਸ ਨੇ ਬਖਸ਼ ਦਿਤਾ
"ਜਿਥੈ ਕੋ ਵੇਖੇ ਤਿਥੈ ਮੇਰਾ ਸਤਿਗੁਰੂ ਹਰਿ **ਬਖਸਿਓਸੁ** ਸਭੁ ਜਹਾਨੁ।"

— ਬਿਲਾ **੪**, ਵਾਰ ੧੦ : ੩ (853)

ਬਖਸਿਓਨੁ — ਉਸ ਨੇ ਬਖਸਿਆ
"ਭਗਤਿ ਖਜਾਨਾ **ਬਖਸਿਓਨੁ** ਹਰਿ ਨਾਮੁ ਨਿਧਾਨੁ।"
— ਸੂਹੀ **੩**, ਵਾਰ ੪ : ੫ (786)

ਬਖਸਿਅਨੁ — ਉਨ੍ਹਾਂ ਨੇ ਬਖਸ਼ੇ
"ਕਉਣ ਕਉਣ ਅਪਰਾਧੀ **ਬਖਸਿਅਨੁ** ਪਿਆਰੇ ਸਾਚੈ ਸਬਦਿ ਵੀਚਾਰਿ।"
— ਸੋਰ **੩**, ਅਸ ੨, ੨ : ੧ (638)

ਬਖਸਿਆ — 1. ਬਖਸ਼ਿਸ਼ ਕੀਤੀ ਹੈ
"ਨਾਨਕ ਕਉ ਗੁਰਿ **ਬਖਸਿਆ** ਨਾਮੈ ਸੰਗਿ ਜੁਟੁ।"
— ਗਉ **੪**, ਵਾਰ ੨੯ : ੫ (315)
"ਆਪਿ ਕ੍ਰਿਪਾਲਿ ਕ੍ਰਿਪਾ ਪ੍ਰਭਿ ਧਾਰੀ ਸਤਿਗੁਰਿ **ਬਖਸਿਆ** ਹਰਿ ਨਾਮੁ।" (ਦਾਤ ਦਿਤੀ)
— ਆਸਾ **੫**, ੧੪੦, ੧ : ੨ (406)
2. ਮੁਆਫ ਕੀਤਾ
"ਭੂਲ ਚੂਕ ਅਪਨਾ ਬਾਰਿਕੁ **ਬਖਸਿਆ** ਪਾਰਬ੍ਰਹਮ ਭਗਵਾਨਾ।"— ਆਸਾ **੫**, ੪੮, ੧ : ੨ (383)
"**ਬਖਸਿਆ** ਪਾਰਬ੍ਰਹਮ ਪਰਮੇਸਰਿ ਸਗਲੇ ਰੋਗ ਬਿਦਾਰੇ।" — ਸੋਰ **੫**, ੪੬, ੧ : ੧ (620)

ਬਖਸਿਹਿ — 1. ਬਖਸ਼ ਦੇਵੇ, ਮੁਆਫ ਕਰ ਦੇਵੇ
"ਲੂਣ ਹਰਾਮੀ ਨਾਨਕੁ ਲਾਲਾ **ਬਖਸਿਹਿ** ਤੁਧੁ ਵਡਿਆਈ।" — ਮਾਰੂ **੧**, ੬, ੪ : ੧ (991)
2. ਬਖਸ਼ਿਸ਼ ਕਰਕੇ, ਮਿਹਰ ਕਰਕੇ
"ਇਕਨ੍ਹਾ **ਬਖਸਿਹਿ** ਮੇਲਿ ਲੈਹਿ ਇਕਿ ਦਰਗਹ ਮਾਰਿ ਕਢੇ ਕੂੜਿਆਰ।"
— ਆਸਾ **੩**, ੩੨, ੩ : ੨ (427)

ਬਖਸਿੰਦ — ਬਖਸ਼ ਦਿਤੇ
"ਧੰਨੁ ਸਾਹ ਪੂਰੈ **ਬਖਸਿੰਦ**।"
— ਆਸਾ **੫**, ੬, ੪ : ੨ (372)
"ਜੀਅ ਜੰਤ ਸਗਲੇ **ਬਖਸਿੰਦ**।"
— ਗੋਂਡ **੫**, ੧੫, ੧ : ੪ 9866)

ਬਖਸਿੰਦਾ — ਬਖਸ਼ਿਸ਼ ਕਰਨ ਵਾਲਾ
"ਗੁਰੁ ਦਇਆਲੁ ਸਦਾ **ਬਖਸਿੰਦਾ**।"
— ਮਾਰੂ **੫**, ਸੋਲਾ ੪, ੧ : ੨ (1074)

ਬਖਸਿੰਦੁ — 1. ਮੁਆਫ ਕਰਨ ਵਾਲਾ
"ਨਾਨਕ ਸਗਲੇ ਦੋਖ ਉਤਾਰਿਅਨੁ ਪ੍ਰਭੁ ਪਾਰਬ੍ਰਹਮ **ਬਖਸਿੰਦੁ**।" — ਸਿਰੀ **੫**, ੮੨, ੪ : ੩ (46)
2. ਬਖਸ਼ਿਸ਼ ਕਰਨ ਵਾਲਾ, ਦਾਤ ਬਖਸ਼ਨ ਵਾਲਾ
"ਸੰਤ ਅਰਾਧਨਿ ਸਦ ਸਦਾ ਸਭਨਾ ਕਾ **ਬਖਸਿੰਦੁ**।"— ਮਾਝ **੫**, ਦਿਨ ੩ : ੧ (137)

ਬਖਸੀ — ਮੁਆਫ ਕੀਤੀ
"**ਬਖਸੀ** ਹਿੰਦੂ ਮੈ ਤੇਰੀ ਗਾਇ।" (ਭਾਵ ਛੱਡੀ)
— ਭੈਰ **ਨਾਮ**, ੧੦, ੨੨ : ੨ (1166)

ਬਖਸੀਅਹਿ — ਬਖਸੇ ਜਾਂਦੇ ਭਾਵ ਮੁਆਫ ਕੀਤੇ ਜਾਂਦੇ ਹਾਂ
"ਨਾਨਕ ਬਖਸੇ **ਬਖਸੀਅਹਿ** ਨਾਹਿ ਤ ਪਾਹੀ ਪਾਹਿ।"
— ਮਾਝ **੧**, ਵਾਰ ੨੪ਸ, **੧**, ੧ : ੩ (149)

ਬਖਸੀਅਨੁ — ਬਖਸ਼ੀ (ਦਾਤ ਵਜੋਂ ਦਿਤੀ) ਜਾਂਦੀ ਹੈ
"ਹਰਿ ਭਗਤਾਂ ਨੋ ਨਿਤ ਨਾਵੈ ਦੀ ਵਡਿਆਈ **ਬਖਸੀਅਨੁ** ਨਿਤ ਚੜੈ ਸਵਾਈ।"
— ਗਉ **੪**, ਵਾਰ ੩੦ਸ, **੪**, ੨ : ੩ (316)

ਬਖਸੀਐ — ਬਖਸ਼ੀ (ਦਾਤ ਵਜੋਂ ਦਿਤੀ) ਜਾਂਦੀ ਹੈ
"ਸਿਫਤਿ ਜਿਨਾ ਕਉ **ਬਖਸੀਐ** ਸੇਈ ਪੋਤੇਦਾਰ।"
— ਸਾਰ **੪**, ਵਾਰ ੫ਸ, **੨**, ੨ : ੧ (1239)

ਬਖਸੀਸ — ਦਾਤ, ਬਖਸ਼ਿਸ਼, ਮਿਹਰ (ਫਾ. ਬਖਸ਼ੀਦਨ)
"ਇਕਨਾ ਹੁਕਮੀ **ਬਖਸੀਸ** ਇਕਿ ਹੁਕਮੀ ਸਦਾ ਭਵਾਈਅਹਿ।" — ਜਪੁ **੧**, ੨ : ੪ (1)

ਬਖਸੀਸੀ — ਬਖਸ਼ਿਸ਼ ਕਰਨ ਵਾਲਾ, ਦਾਤਾਰ
"ਤੂੰ **ਬਖਸੀਸੀ** ਅਗਲਾ ਨਿਤ ਦੇਵਹਿ ਚੜਹਿ ਸਵਾਇਆ।" — ਆਸਾ **੧**, ਵਾਰ ੭ : ੪ (467)

ਬਖਸੇ — 1. ਦਾਤ ਦੇਵੇ, ਮਿਹਰ ਕਰੇ (ਫ਼. ਬਖ਼ਸ਼)
"ਜਿਸ ਨੋ **ਬਖਸੇ** ਸਿਫਤਿ ਸਾਲਾਹ।"
— ਜਪੁ **੧**, ੨੫ : ੧੯ (5)
ਹੋਰ ਰੂਪ — ਬਖਸੈ —
"ਸਿਫਤਿ ਖਜਾਨਾ ਬਖਸ਼ ਹੈ ਜਿਸੁ **ਬਖਸੈ** ਸੋ ਖਰਚੈ ਖਾਇ।" (ਬਖਸ਼ਦਾ/ਦਾਤ ਕਰਦਾ ਹੈ)
— ਬਿਹਾ **੪**, ਵਾਰ ੧ਸ, **੩**, ੨ : ੧ (548)
2. ਮੁਆਫ ਕਰ ਦੇਵੇ
"ਜੇ ਗੁਰੁ ਝਿੜਕੇ ਤ ਮੀਠਾ ਲਾਗੈ ਜੇ **ਬਖਸੇ** ਤ ਗੁਰ ਵਡਿਆਈ।"
— ਸੂਹੀ **੪**, ਅਸ ੧, ੨੫ : ੧ (758)

"ਕਿਤੀ ਲਹਾ ਸਹੰਮ ਜਾ **ਬਖਸੇ** ਤ ਧਕਾ ਨਹੀ।"
— ਸੂਹੀ **੩**, ਵਾਰ ੧੧ਸ, **੧**, ੨ : ੨ (789)

ਬਖਾਣਿ — ਕਥਨ ਕਰਦੇ ਹਨ, ਕਹਿੰਦੇ ਹਨ
"ਤੇਰਸਿ ਤੇਰਹ ਅਗਮ **ਬਖਾਣਿ**।"
— ਗਉ **ਕਬ**, ਥਿਤੀ ੧੪ : ੧ (344)

ਹੋਰ ਰੂਪ — ਬਖਾਣਿਅਉ —
"ਅਜੋਨੀ ਸੰਭਵਿਅਉ ਸੁਜਸੁ ਕਲੵ ਕਵੀਅਣਿ **ਬਖਾਣਿਅਉ**।" (ਬਿਆਨ ਕੀਤਾ)
— ਸਵ **੫**, ਕਲ ੪ : ੨ (1407)

ਬਖਾਣੀ —
"ਸਿਮ੍ਰਿਤਿ ਸਾਸਤ੍ਰ ਬੇਦ **ਬਖਾਣੀ**।"
— ਗਉ **੫**, ਸੁਖ ੨੪, ੭ : ੪ (296)

ਬਖਾਣੈ —
"ਸਿਵ ਬਿਰੰਚਿ ਧਰਿ ਧ੍ਯਾਨੁ ਨਿਤਹਿ ਜਿਸੁ ਬੇਦੁ **ਬਖਾਣੈ**।" (ਬਿਆਨ ਕਰਦਾ ਹੈ)
— ਸਵ **੪**, ਮਥੁ ੧ : ੨ (1404)

ਬਖਾਨ — ਬਿਆਨ ਕੀਤਾ, ਆਖਿਆ
"ਰਾਮ ਨਾਮੁ ਨਿਤ ਰਸਨ **ਬਖਾਨ**।"
— ਗਉ **੫**, ੧੭੧, ੧ : ੧ (200)

ਹੋਰ ਰੂਪ — ਬਖਾਨਉ —
"ਤਿਸ ਕੀ ਮਹਿਮਾ ਕਉਨ **ਬਖਾਨਉ**।" (ਬਿਆਨ ਕਰੇ)
— ਗਉ **੫**, ਸੁਖ ੧੭, ੭ : ੭ (286)

ਬਖਾਨਨੋ —
"ਏਕਹਿ ਏਕ **ਬਖਾਨਨੋ** ਨਾਨਕ ਏਕ ਅਨੇਕ।" (ਆਖੀਦਾ/ਬਿਆਨੀਦਾ ਹੈ)
— ਗਉ **੫**, ਬਾਅ ੨ਸ : ੨ (250)

ਬਖਾਨਾਂ —
"ਬਾਤਨ ਹੀ ਬੈਕੁੰਠੁ **ਬਖਾਨਾਂ**।" (ਬਿਆਨ ਕਰਦੇ ਹਨ, ਆਖਦੇ ਹਨ)
— ਭੈਰ **ਕਬ**, ੧੬, ੧ : ੨ (1161)

ਬਖਾਨਿ —
"ਨਾਨਕ ਜਨ ਇਹ **ਬਖਾਨਿ** ਜਗ ਮਹਿ ਬਿਰਾਜੁ ਰੇ।" (ਬਿਆਨ ਕੇ)
— ਜੈਜਾ **੯**, ੪, ੨ : ੨ (1353)
"ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ **ਬਖਾਨਿ**।" (ਆਖ)
— ਸਲੋ **੯**, ੧੬ : ੨ (1427)

ਬਖਾਨਿਓ —
"ਜੋਤਿ ਪ੍ਰਗਾਸ ਭਈ ਮਾਟੀ ਸੰਗਿ ਦੁਲਭ ਦੇਹ **ਬਖਾਨਿਓ**।" (ਆਖੀ ਗਈ)
— ਸਾਰ **੫**, ੬੨, ੧ : ੨ (1216)

ਬਖਾਨਿਆ —
"ਨਹੀ ਦੋਖ ਬੀਚਾਰੇ ਪੂਰਨ ਸੁਖ ਸਾਰੇ ਪਾਵਨ ਬਿਰਦੁ **ਬਖਾਨਿਆ**।" (ਕਿਹਾ ਜਾਂਦਾ ਹੈ)
— ਕੇਦਾ **੫**, ਛੰਤ ੧, ੪ : ੩ (1122)

ਬਖਾਨੀ —
"ਹਰਿ ਕੋ ਜਸੁ ਸੁਨਿ ਰਸਨ **ਬਖਾਨੀ**।" (ਬਿਆਨ ਕੀਤੀ)
— ਗਉ **੫**, ਸੁਖ ੩, ੮ : ੮ (266)
"ਜਾ ਤਿਸੁ ਭਾਵੈ ਸਤਿਗੁਰੁ ਭੇਟੈ ਏਕੋ ਨਾਮੁ **ਬਖਾਨੀ**।" (ਉਚਾਰਦਾ ਹੈ)
— ਕੇਦਾ **ਕਬ**, ੪, ੩ : ੨ (1124)

ਬਖਾਨੀਐ —
"ਏਕੋ ਏਕੁ **ਬਖਾਨੀਐ** ਬਿਰਲਾ ਜਾਣੈ ਸ੍ਵਾਦੁ।" (ਬਿਆਨ ਕਰੀਏ)
— ਗਉ **੫**, ਥਿਤੀ ੧੧ਸ : ੧ (299)

ਬਖਾਨੁ —
"ਰਸਨਾ ਰਾਮ ਰਾਮ **ਬਖਾਨੁ**।" (ਉਚਾਰ, ਜਪੁ)
— ਕੇਦਾ **੫**, ੧੧, ੧* : ੧ (1121)

ਬਖਾਨੇ —
"ਸਿੰਮ੍ਰਿਤਿ ਸਾਸਤ ਬੇਦ **ਬਖਾਨੇ**।" (ਭਾਵ ਪੜ੍ਹ ਲਏ) — ਗਉ **੫**, ੧੧੧*, ੩ : ੧ (202)

ਬਖਾਨੈ —
"ਮੁਖਿ ਤਾ ਕੋ ਜਸੁ ਰਸਨ **ਬਖਾਨੈ**।" (ਬਿਆਨ ਕਰ, ਕਰ)
— ਗਉ **੫**, ਸੁਖ ੬, ੨ : ੬ (270)
"ਸਾਚੁ ਕਤੇਬ **ਬਖਾਨੈ** ਅਲਹੁ ਨਾਰਿ ਪੁਰਖੁ ਨਹੀ ਕੋਈ।" (ਬਿਆਨ ਕਰਦਾ ਹੈ)
— ਆਸਾ **ਕਬ**, ੨੯, ੨ : ੧ (483)
"ਗੁਣ ਅਨਿਕ ਰਸਨਾ ਕਿਆ **ਬਖਾਨੈ** ਅਗਨਤ ਸਦਾ ਅਕਥ।" (ਬਿਆਨ ਕਰੇ)
— ਗੂਜ **੫**, ੨੯, ੩ : ੨ (502)

ਬਖਾਨੋ —
"ਹਰਖ ਸੋਗ ਤੇ ਰਹੈ ਅਤੀਤ੍ਹਾ ਜੋਗੀ ਤਾਹਿ **ਬਖਾਨੋ**।" (ਕਹੀਦਾ ਹੈ)

— ਧਨਾ **੯**, ੩, ੧ : ੨ (685)
"ਗਜ ਕੀ ਤ੍ਰਾਸ ਮਿਟੀ ਛਿਨਹੂ ਮਹਿ ਜਬ ਹੀ ਰਾਮ **ਬਖਾਨੋ**।" (ਆਖਿਆ ਉਚਾਰਿਆ)
— ਬਿਲਾ **੯**, ੧, ੧ : ੧ (830)

ਬਖਿਆਣ — ਭਾਵ ਵਿਚਾਰ
"ਸੰਤ ਸਭਾ ਮਿਲਿ ਕਰਹੁ **ਬਖਿਆਣੁ**।"
— ਰਾਮ **੫**, ੫੪, ੪ : ੧ (900)

ਬਖਿਆਨ — ਆਖਦੇ ਭਾਵ ਦਸਦੇ ਹਨ, ਕਥਨ
"ਬੇਦ **ਬਖਿਆਨ** ਕਰਤ ਸਾਧੂ ਜਨ ਭਾਗਹੀਨ ਸਮਝਤ ਨਹੀ ਖਲੁ।"
— ਟੋਡੀ **੫**, ੨੬, ੨ : ੧ (717)
"ਅਨਿਕ ਜੁਗਤਿ ਹੋਵਤ **ਬਖਿਆਨ**।"
— ਸਾਰ **੫**, ਅਸ ੨, ੬ : ੨ (1236)

ਬਖਿਆਨਹਿ — ਕਥਨ ਕਰਦੇ ਹਨ
"ਜੇਤਾ ਸੁਨਹਿ ਤੇਤਾ **ਬਖਿਆਨਹਿ**।"
— ਗਉ **੫**, ਸੁਖ ੭, ੮ : ੨ (272)

ਬਖੀਲ — (ਅ. ਬਖ਼ੀਲ) ਕੰਜੂਸ (ਕੋਸ਼) ਚੁਗਲ ਖੋਰ (ਦਰਪਣ) (ਨਿਰਣੈ) ਲਾਲਚੀ (ਮਹਾਨਕੋਸ਼)
"ਬਦਬਖਤ ਹਮ ਚੁ **ਬਖੀਲ** ਗਾਫਿਲ ਬੇਨਜਰ ਬੇਬਾਕ।" — ਤਿਲੰ **੧**, ੧, ੪ : ੧ (721)

ਬਖੀਲੀ — ਈਰਖਾ (ਸ਼ਬਾਦਰਥ/ਮਹਾਨਕੋਸ਼) ਨਿੰਦਾ (ਦਰਪਣ), ਚੁਗਲੀ(ਨਿਰਣੈ)
"ਤਿਨ ਕੀ **ਬਖੀਲੀ** ਕੋਈ ਕਿਆ ਕਰੇ ਜਿਨ ਕਾ ਅੰਗੁ ਕਰੇ ਮੇਰਾ ਹਰਿ ਕਰਤਾਰਾ।"
— ਸੂਹੀ **੪**, ੯, ੧ : ੨ (733)
"ਕੋਈ ਕਰਿ **ਬਖੀਲੀ** ਨਿਵੈ ਨਾਹੀ ਫਿਰਿ ਸਤਿਗੁਰੂ ਆਣਿ ਨਿਵਾਇਆ।" (ਦੁਸ਼ਮਨੀ ਈਰਖਾ)
— ਰਾਮ **ਸੁੰਦ** ਸਦ, ੬ : ੪ (924)
"ਮਨਮੁਖੁ ਤਿਨ ਕੀ **ਬਖੀਲੀ** ਕਿ ਕਰੇ ਜਿ ਸਚੈ ਸਬਦਿ ਸਵਾਰੇ।" (ਚੁਗਲੀ)
— ਸਾਰ **੪**, ਵਾਰ ੩੨ਸ, **੩**, ੨ : ੫ (1249)

ਬਖੋਰਹੁ — ਖਾਓ (ਅ. ਬੁਖ਼ੁਰ)
"ਹਕੁ ਹਲਾਲੁ **ਬਖੋਰਹੁ** ਖਾਣਾ।"
— ਮਾਰੂ **੫**, ਸੋਲਾ ੧੨, ੧੧ : ੧ (1084)

ਬਖੋਰਾਇ — ਤੂੰ ਖਾਂਦਾ ਹੈ (ਫ. ਬਖ਼ੁਰੀ)
"ਗੈਬਾਨ ਹੈਵਾਨ ਹਰਾਮ ਕੁਸਤਨੀ ਮੁਰਦਾਰ **ਬਖੋਰਾਇ**।" — ਤਿਲੰ **੫**, ੧, ੨ : ੧ (723)

ਬਖ੍ਾਣੀ — ਆਖੀ, ਕਹੀ, ਬਿਆਨੀ
"ਘਟਿ ਘਟਿ ਸੁਨੀ ਸ੍ਰਵਨ **ਬਖ੍ਾਣੀ**।"
— ਗਉ **੫**, ਸੁਖ ੧੨, ੮ : ੮ (279)

ਬਖ੍ਾਨ — ਕਥਨ, ਵਰਣਨ, ਵਖਿਆਨ
"ਅਨਿਕ ਪ੍ਰਕਾਰ ਕੀਓ **ਬਖ੍ਾਨ**।"
— ਗਉ **੫**, ਸੁਖ ੨੧, ੭ : ੮ (292)

ਹੋਰ ਰੂਪ — ਬਖ੍ਾਨੁ —
"ਕਬਹੂ ਹੋਇ ਪੰਡਿਤੁ ਕਰੇ **ਬਖ੍ਾਨੁ**।"
— ਗਉ **੫**, ਸੁਖ ੧੧, ੭ : ੧ (277)

ਬਗ — 1. ਬਗਲਾ
"**ਬਗ** ਜਿਉ ਲਾਇ ਬਹੈ ਨਿਤ ਧਿਆਨਾ।"
— ਗਉ **੩**, ਅਸ ੨, ੬ : ੨ (230)
2. ਚਿੱਟੇ ਕੇਸ
"ਭਵਰ ਗਏ **ਬਗ** ਬੈਠੇ ਆਇ।"
— ਸੂਹੀ **ਕਬ**, ੨, ੧* : ੨ (792)

ਬੰਗਾਲੀ — 'ਭੈਰਉ' ਦੀਆਂ ਪੰਜ ਰਾਗਨੀਆਂ ਵਿਚੋਂ ਇਕ, ਬਾਕੀ ਚਾਰ ਹਨ ਭੈਰਵੀ, ਬਿਲਾਵਲੀ ਪੁੰਨਿਆ ਤੇ ਅਸਲੇਖੀ
"ਪੁੰਨਿਆ ਕੀ ਗਾਵਹਿ **ਬੰਗਲੀ**।"
— ਰਾਗ ੧ : ੬ (1429)

ਬਗਾ — 1. ਚਿੱਟਾ
"**ਬਗਾ** ਰਤਾ ਪੀਅਲਾ ਕਾਲਾ ਬੇਦਾ ਕਰੀ ਪੁਕਾਰ।"
— ਮਾਝ **੧**, ਵਾਰ ੪ਸ, **੧**, ੧ : ੪ (139)
2. ਬਗਲਾ, ਬਗਲੇ
"ਹੰਸ ਸਿ ਹੰਸਾ ਬਗ ਸੇ **ਬਗਾ** ਘਟ ਘਟ ਕਰੇ ਬੀਚਾਰੁ।"— ਆਸਾ **੧**, ਛੰਤ ੪, ੧ : ੫ (438)
"**ਬਗਾ** ਬਗੇ ਕਪੜੇ ਤੀਰਥ ਮੰਝਿ ਵਸੰਨ੍ਿ।"
— ਸੂਹੀ **੧**, ੩, ੩ : ੧ (729)
3. ਬਗਲੇ ਵਾਂਗ
"ਠਗ ਦਿਸਟਿ **ਬਗਾ** ਲਿਵ ਲਾਗਾ।"
— ਪ੍ਰਭਾ **ਬੇਣੀ**, ੧, ੧ : ੩ (1351)

ਹੋਰ ਰੂਪ — ਬਗਾਂ —
"ਹੰਸਾਂ ਵੇਖਿ ਤਰੰਦਿਆ **ਬਗਾਂ** ਭਿ ਆਯਾ ਚਾਉ।" (ਬਗਲਿਆਂ ਨੂੰ)
— ਵਡ **੪**, ਵਾਰ ੧ਸ, **੩**, ੩ : ੧ (585)

ਬੰਗਾਲਮ — ਭੈਰਉ ਰਾਗ ਦੇ ਅੱਠ ਪੁੱਤਰਾਂ ਵਿਚੋਂ

ਇਕ ਬਾਕੀ ਸਤ ਹਨ ਪੰਚਮ, ਹਰਖ,
ਦਿਸਾਖ ਮਧੁ ਮਾਧਵ ਲਲਤ, ਬਿਲਾਵਲ
"**ਬੰਗਾਲਮ** ਮਧੁ ਮਾਧਵ ਗਾਵਹਿ।"
— ਰਾਗ ੧ : ੧੦ (1429)

ਬਗੀਚਾ — ਬਾਗ
"ਏਕੁ **ਬਗੀਚਾ** ਪੇਡ ਘਨ ਕਰਿਆ।"
— ਆਸਾ **੫**, ੫੬, ੧ : ੧ (385)

ਬਗੁ — ਬਗਲਾ
"ਮਨਮੁਖੁ ਸਦਾ **ਬਗੁ** ਮੈਲਾ ਹਉਮੈ ਮਲੁ ਲਾਈ।"
— ਮਾਝ **੩**, ਅਸ ੩੨, ੬ : ੧ (128)

ਬਗੁਲ — ਬਗਲਿਆਂ ਵਾਂਗ
"ਸਿਲ ਪੂਜਸਿ **ਬਗੁਲ** ਸਮਾਧੰ।"
— ਆਸਾ **੧**, ਵਾਰ ੧੪ਸ, **੧**, ੨ : ੨ (470)

ਹੋਰ ਰੂਪ — **ਬਗੁਲਾ** —
"ਕਿਆ ਹੰਸੁ ਕਿਆ **ਬਗੁਲਾ** ਜਾ ਕਉ ਨਦਰਿ ਕਰੇਇ।"
— ਸਿਰੀ **੪**, ਵਾਰ ੨੦ਸ, **੧**, ੨ : ੧ (91)

ਬਗੁਲਾਰੇ — ਬਗਲੇ ਵਾਂਗ
"ਜਾ ਗੁਰੁ ਕਹੈ ਉਠਹੁ ਮੇਰੇ ਭਾਈ ਬਹਿ ਜਾਹਿ ਘੁਸਰਿ **ਬਗੁਲਾਰੇ**।"
— ਗਉ **੪**, ਵਾਰ ੨੧ਸ, **੪**, ੧ : ੨ (312)

ਬਗੁਲੇ — ਬਗਲੇ
"**ਬਗੁਲੇ** ਜਿਉ ਰਹਿਆ ਪੰਖ ਪਸਾਰਿ।"
— ਭੈਰ **੫**, ੫੪, ੩ : ੩ (1152)

ਬਗੇ — 1. ਸੁਫੈਦ
"ਚਿਤੇ ਦਿਸਹਿ ਧਉਲਹਰ **ਬਗੇ** ਬੰਕ ਦੁਆਰ।"
— ਸਿਰੀ **੧**, ਅਸ ੧੫, ੧ : ੧ (62)

2. ਬਗਲੇ
"ਘੁਟਿ ਘੁਟਿ ਜੀਆ ਖਾਵਣੇ **ਬਗੇ** ਨ ਕਹੀਅਨਿ੍।"
— ਸੂਹੀ **੧**, ੩, ੩ : ੨ (729)

ਬਚ — ਬਚਨ
"ਮਨ **ਬਚ** ਕ੍ਰਮ ਗੋਵਿੰਦ ਅਧਾਰੁ।"
— ਗਉ **੫**, ੧੫੫, ੩ : ੧ (197)

ਬੰਚ — ਠਗੀ, ਧੋਖਾ, ਵਲਛਲ
"ਅਨਿਕ **ਬੰਚ** ਬਲਛਲ ਕਰਹੁ ਮਾਇਆ ਏਕ ਉਪਾਵ।"
— ਗਉ **੫**, ਬਾਅ ੩੩ : ੨ (257)

ਬੰਚਉ — ਬਚ ਸਕਦਾ ਹੈ
"ਲਾਖ ਅਹੇਰੀ ਏਕੁ ਜੀਉ ਕੇਤਾ **ਬੰਚਉ** ਕਾਲੁ।"
— ਸਲੋ **ਕਬ**, ੫੩ : ੨ (1367)

ਬਚਉਨੀ — ਬਚਨ ਕਥਨ
"ਕੇਸਵਾ **ਬਚਉਨੀ** ਅਈਏ ਮਈਏ ਏਕ ਆਨ ਜੀਉ।"
— ਧਨਾ **ਨਾਮ**, ੪, ੨ : ੫ (693)

ਬਚਸਾ — ਬਾਣੀ ਕਰਕੇ, ਬਚਨ ਦੁਆਰਾ
"ਹਰਿ ਭਗਤ ਨਿਜ ਨਿਹ ਕੇਵਲਾ ਰਿਦ ਕਰਮਣਾ **ਬਚਸਾ**।"
— ਗੂਜ **ਜੈਦੇ**, ੧, ੪ : ੨ (526)

ਬਚਨ — 1. ਕਥਨ, ਬਾਣੀ, ਹੁਕਮ ਬੋਲ
"ਸਤਿਗੁਰ **ਬਚਨ** ਕਮਾਵਣੇ ਸਚਾ ਏਹੁ ਵੀਚਾਰੁ।"
— ਸਿਰੀ **੫**, ੯੯, ੧ : ੩ (52)
"ਕੁਆਰ ਕੰਨਿਆ ਜੈਸੇ ਸੰਗਿ ਸਹੇਰੀ ਪ੍ਰਿਅ **ਬਚਨ** ਉਪਹਾਸ ਕਹੋ।" (ਗਲਾਂ)
— ਸਾਰ **੫**, ੩, ੧ : ੧ (1203)

2. ਉਪੇਦਸ
"ਜਾਇ ਪੁਛਹੁ ਸਿਮ੍ਰਿਤਿ ਸਾਸਤ ਬਿਆਸ ਸੁਕ ਨਾਰਦ **ਬਚਨ** ਸਭ ਸ੍ਰਿਸਟਿ ਕਰੇਨਿ।"
— ਰਾਮ **੩**, ਵਾਰ ੧੦ਸ, **੩**, ੧ : ੩ (951)

ਬਚਨ ਰਚਨਾ — ਬਚਨਾ ਦੀ ਕ੍ਰਿਤੀ, ਪੁਸਤਕ
"ਅਵਰ ਸਭ ਤਿਆਗਿ **ਬਚਨ ਰਚਨਾ**।" (ਗਲਾਂ ਦੀ ਦੁਨੀਆਂ) — ਸੋਰ **ਰਵਿ**, ੪, ੧* : ੨ (658)

ਬਚਨਾ — ਬਚਨ, ਕਥਨ, ਬੋਲ
"ਤੂ ਜਲਿ ਥਲਿ ਗਗਨਿ ਪਯਾਲਿ ਪੂਰਿ ਰਹ੍ਯਾ ਅੰਮ੍ਰਿਤ ਤੇ ਮੀਠੇ ਜਾ ਕੇ **ਬਚਨਾ**।"
— ਸਵ **੪**, ਗਯੰ ੩ : ੨ (1403)

ਬਚਨਾਕੀ — ਬਚਨ ਰਾਹੀਂ ਭਾਵ ਰਸਨਾ ਦੁਆਰਾ
"ਹਰਿ ਕੇ ਸੇਵਕ ਸੇ ਹਰਿ ਪਿਆਰੇ ਜਿਨ ਜਪਿਓ ਹਰਿ **ਬਚਨਾਕੀ**।"— ਧਨਾ **੪**, ੬, ੨ : ੧ (668)

ਬਚਨਾਤਿ — ਬਚਨਾਂ ਦੁਆਰਾ
"ਗੁਰ **ਬਚਨਾਤਿ** ਕਮਾਤ ਕ੍ਰਿਪਾ ਤੇ ਬਹੁਰਿ ਨ ਕਤਹੂ ਧਾਇਓ।"
— ਸਾਰ **੫**, ੫੩, ੧ : ੧ (1214)

ਹੋਰ ਰੂਪ — **ਬਚਨਾਂਤਿ** —
"ਠਾਕੁਰ ਭੇਟੇ ਗੁਰ **ਬਚਨਾਂਤਿ**।"
— ਕਾਨ **੫**, ੨, ੨ : ੨ (1298)

ਬਚਨਾਰੇ — ਬਚਨਾਂ/ਕਥਨਾਂ/ਬੋਲਾਂ ਨੂੰ
"ਸੁਨਿ ਗਾਵਉ ਗੁਰ **ਬਚਨਾਰੇ**।"
— ਦੇਵ **੫**, ੨੫, ੩ : ੧ (533)

ਬਚਨਿ — ਬਚਨਾਂ ਰਾਹੀਂ/ਦੁਆਰਾ, ਉਪਦੇਸ਼ ਦੁਆਰਾ
"ਜਿਹ ਕਾਲ ਕੈ ਮੁਖਿ ਜਗਤੁ ਸਭੁ ਗ੍ਰਸਿਆ ਗੁਰ ਸਤਿਗੁਰ ਕੈ **ਬਚਨਿ** ਹਰਿ ਹਮ ਬਾਚੇ।" (ਭਾਵ ਉਪਦੇਸ਼) — ਗਉ **੪**, ੫੫, ੧* : ੨ (169)

ਹੋਰ ਰੂਪ — ਬਚਨੀ —
"ਸੁਰਤਿ ਹੋਵੈ ਪਤਿ ਊਗਵੈ ਗੁਰ **ਬਚਨੀ** ਭਉ ਖਾਇ।" (ਬਚਨਾਂ ਦੁਆਰਾ)
— ਸਿਰੀ **੧**, ੧੦, ੪ : ੨ (18)
"**ਬਚਨੀ** ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ।" (ਬਚਨਾਂ ਉਪਰ ਨਿਸਚਾ ਹੋ ਜਾਵੇ)
— ਧਨਾ **ਰਵਿ**, ੧, ੧ : ੨ (694)

ਬਚੰਨੀ —
"ਇਸ ਮਾਇਆ ਕਉ ਦ੍ਰਿੜੁ ਕਰਿ ਰਾਖਹੁ ਬਾਂਧੇ ਆਪ **ਬਚੰਨੀ**।" (ਬਚਨਾਂ ਦਆਰਾ)
— ਬਿਲਾ **ਕਬ**, ੯, ੧ : ੨ (857)

ਬਚਨੁ —
"ਜੇ ਹੋਵੀ ਪੂਰਬਿ ਲਿਖਿਆ ਤਾ ਗੁਰ ਕਾ **ਬਚਨੁ** ਕਮਾਹਿ।" (ਉਪਦੇਸ਼, ਸਿਖਿਆ)
— ਸਿਰੀ **੫**, ੭੪, ੧* : ੨ (43)

ਬਚਰਹਿ — ਬਚੇ
"ਜੈਸੇ **ਬਚਰਹਿ** ਕੂੰਜ ਮਨ ਮਾਇਆ ਮਮਤਾ ਰੇ।"
— ਸਲੋ **ਕਬ**, ੧੨੩ : ੨ (1371)

ਹੋਰ ਰੂਪ — ਬਚਰੇ —
"ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ **ਬਚਰੇ** ਛਰਿਆ।"— ਗੂਜ **੫**, ਸੋਦ ੫, ੩ : ੧ (10)

ਬੰਚਲਾ — ਠਗਿਆ ਗਿਆ, ਵੰਚਿਤ ਹੋ ਗਿਆ
"ਸੁੰਦਰ ਪੁਰਖ ਬਿਰਾਜਿਤ ਪੇਖਿ ਮਨੁ **ਬੰਚਲਾ**।"
— ਫੁਨ **੫**, ੧੩ : ੨ (1362)

ਬਚਾ — ਬਚ ਗਿਆ
"ਜਿਨਹੁ ਬਾਤ ਨਿਸ੍ਚਲ ਧ੍ਰੂਅ ਜਾਨੀ ਤੇਈ ਜੀਵ ਕਾਲ ਤੇ **ਬਚਾ**।" — ਸਵ **੪**, ਗਯੰ ੫ : ੧ (1403)

ਬਚਿ — ਧੋਖੇ ਦੇ ਕਾਰਣ
"ਕੂੜਿ ਕਪਟਿ **ਬੰਚਿ** ਨਿੰਮੁਨੀਆਦਾ ਬਿਨਸਿ ਗਇਆ ਤਤਕਾਲੇ।" — ਆਸਾ **੫**, ੩੨, ੩ : ੧ (381)

ਬਚਿਆ — ਬਚ ਗਿਆ
"ਮੁਚੁ ਮੁਚੁ ਗਰਭ ਗਏ ਕੀਨ **ਬਚਿਆ**।"
— ਗਉ **ਕਬ**, ੨੫, ੨ : ੧ (328)

ਬਚਿਤਿ — ਚਿਤ ਵਿਚ
"ਅਨਿਕ ਉਪਾਵ ਕਰਉ ਮਾਇਆ ਕਉ **ਬਚਿਤਿ** ਧਰਉ ਮੇਰੀ ਮੇਰੀ ਕਰਤ ਸਦ ਹੀ ਬਿਹਾਵੈ।"
— ਧਨਾ **੫**, ਅਸ ੧, ੨ : ੧ (687)

ਬਚਿਤ੍ਰ — ਅਜੀਬ, ਵਚਿਤ੍ਰ, ਅਸਚਰਜ
"ਚਿਤ੍ਰ **ਬਚਿਤ੍ਰ** ਇਹੈ ਅਵਝੇਰਾ।"
— ਗਉ **ਕਬ**, ਬਾਅ ੧੨ : ੩ (340)

ਹੋਰ ਰੂਪ — ਬਚਿਤ੍ਰਿ —
"ਚਾਤ੍ਰਿਕ ਚਿਤ ਪਿਆਸ ਚਾਤ੍ਰਿਕ ਚਿਤ ਪਿਆਸ ਹੇ ਘਨ ਬੂੰਦ **ਬਚਿਤ੍ਰਿ** ਮਨ ਆਸ ਹੇ ਅਲ ਪੀਵਤ ਬਿਨਸਤ ਤਾਪ।"
— ਆਸਾ **੫**, ਛੰਤ ੧੪, ੩ : ੨ (462)
"ਮੋਹਨੀ ਮਹਾ **ਬਚਿਤ੍ਰਿ** ਚੰਚਲਿ ਅਨਿਕ ਭਾਵ ਦਿਖਾਵਏ।" (ਬਹੁਰੰਗੀ)
— ਬਿਲਾ **੫**, ਛੰਤ ੩, ੨ : ੩ (847)

ਬਚੈ — ਬਚ ਰਹੇ
"ਜੋ ਜਾਨਤ ਆਪਨ ਆਪ **ਬਚੈ**।"
— ਗਉ **੫**, ਸੁਖ ੧੧, ੩ : ੬ (277)

ਹੋਰ ਰੂਪ — ਬੰਚੈ —
"ਨਰਕਿ ਪੜੰਤਉ ਕਿਉ ਰਹੈ ਕਿਉ **ਬੰਚੈ** ਜਮਕਾਲੁ।" (ਬਚੇ)
— ਰਾਮ **੧**, ਓਅੰ ੩੮ : ੫ (935)

ਬੰਛਹਿ — ਚਾਹੁੰਦੇ ਹਨ, ਲੋਚਦੇ ਹਨ
"ਰਘੁਬੰਸਿ ਤਿਲਕੁ ਸੁੰਦਰੁ ਦਸ ਰਥ ਘਰਿ ਮੁਨਿ **ਬੰਛਹਿ** ਜਾ ਕੀ ਸਰਣੰ।"
— ਸਵ **੪**, ਗਯੰ ੨ : ੫ (1401)

ਬੰਛਤ — ਇਛਤ
"ਸੇਵ ਸੁਆਮੀ ਸਤਿਗੁਰ ਦਾਤਾ ਮਨ **ਬੰਛਤ** ਫਲ ਆਈਐ।" — ਗਉ **੫**, ੧੫੩*, ੨ : ੨ (213)

ਬਛਰਾ — ਵੱਛਾ, ਗਊ ਦਾ ਜਾਇਆ
"ਪਾਂਚ ਕੋਸ ਪਰ ਗਊ ਚਰਾਵਤ ਚੀਤੁ ਸੁ **ਬਛਰਾ** ਰਾਖੀਅਲੇ।" — ਰਾਮ **ਨਾਮ**, ੧, ੩ : ੨ (972)
"ਖਿਮਾ ਧੀਰਜੁ ਕਰਿ ਗਊ ਲਵੇਰੀ ਸਹਜੇ **ਬਛਰਾ** ਖੀਰੁ ਪੀਐ।" (ਮਨ ਰੂਪੀ ਵੱਛਾ)
— ਪ੍ਰਭਾ **੧**, ੨, ੪ : ੧ (1329)

ਬਛਰਾਕ — ਵੱਛਾ
"ਹਰਿ ਕੇ ਸੰਤ ਮਿਲੇ ਹਰਿ ਮਿਲਿਆ ਜੈਸੇ ਗਊ

ਦੇਖਿ **ਬਛਰਾਕ**।"
— ਕਾਨ **੪**, ੪, ੨ : ੨ (1295)

ਬਛਰੂ — ਛੋਟਾ ਵੱਛਾ
"ਆਪੇ **ਬਛਰੂ** ਗਉ ਖੀਰੁ।"
— ਬਸੰ **੪**, ਅਸ ੭, ੩ : ੧ (1190)

ਹੋਰ ਰੂਪ — ਬਛਰੈ —
"ਪਹਿਲੋ ਦੂਧ ਬਿਟਾਰਿਓ **ਬਛਰੈ** ਬੀਠਲੁ ਭੈਲਾ ਕਾਇ ਕਰਉ।" (ਵੱਛੇ ਨੇ)
— ਆਸਾ **ਨਾਮ** , ੨, ੩ : ੨ (485)

ਬਛਲ — ਪਿਆਰਾ
"ਦੀਨ ਦਇਆਲ ਕ੍ਰਿਪਾਲ ਦਮੋਦਰ ਭਗਤਿ **ਬਛਲ** ਭੈ ਹਾਰੀ।" — ਰਾਮ **ਕਬ**, ੮, ੫ : ੧ (971)

ਹੋਰ ਰੂਪ — ਬਛਲੁ —
"ਉਨ੍ ਕੇ ਬਸਿ ਆਇਓ ਭਗਤਿ **ਬਛਲੁ** ਜਿਨਿ ਰਾਖੀ ਆਨ ਸੰਤਾਨੀ।"
— ਸਾਰ **੫**, ੩੧, ੨ : ੧ (1210)

ਬੰਛਵਹੁ — ਇੱਛਦੇ/ਚਾਹੁੰਦੇ ਹੋ
"ਜਉ ਤ ਸਭ ਸੁਖ ਇਤ ਉਤ ਤੁਮ **ਬੰਛਵਹੁ** ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਪ੍ਰਾਨੀਅਹੁ।"
— ਸਵ **੪**, ਨਲ ੧੩ : ੫ (1400)

ਬੰਛਾਵਤ — ਇਛਾ ਕਰਨ ਲਗਾ
"ਕੋਊ ਨਰਕ ਕੋਊ ਸੁਰਗ **ਬੰਛਾਵਤ**।"
— ਗਉ **੫**, ਸੁਖ ੨੧, ੭ : ੪ (292)

ਬਛੂਰਾ — ਵੱਛਾ, ਗਊ ਦਾ ਜਾਇਆ
"ਜਿਉ **ਬਛੂਰਾ** ਦੇਖਿ ਗਊ ਸੁਖੁ ਮਾਨੈ ਤਿਉ ਨਾਨਕ ਹਰਿ ਗਲਿ ਲਾਵੀਐ ਰੇ। "
— ਕੇਦਾ **੪**, ੧, ੪ : ੨ (1118)

ਬਜਈਆ — ਵਜਾ ਕੇ
"ਗੁਰਮੁਖਿ ਮਨੂਆ ਇਕਤੁ ਘਰਿ ਆਵੈ ਮਿਲਉ ਗੋੁਪਾਲ ਨੀਸਾਨੁ **ਬਜਈਆ**।"
— ਬਿਲਾ **੪**, ਅਸ ੧, ੫ : ੨ (833)

ਬਜਹਿ — ਵਜਦਾ ਹੈ
"ਅਨਹਦ **ਬਜਹਿ** ਸਦਾ ਭਰਪੂਰ।"
— ਰਾਮ **ਕਬ**, ੯, ੧ : ੪ (971)

ਬਜਗਾਰੀ — (ਫਾ. ਬਜ਼ਾਕਾਰੀ) ਪਾਪ, ਬੁਰਾਈ
"ਦੇਉ ਜਬਾਬੁ ਹੋਇ **ਬਜਗਾਰੀ**।"
— ਭੈਰ **ਕਬ**, ੧੫, ੪ : ੨ (1161)

ਬਜੰਤਾ — ਵਜਦਾ
"ਤਹ ਅਨਹਦ ਸਬਦ **ਬਜੰਤਾ**।"
— ਸੋਰ **ਨਾਮ**, ੧, ੨ : ੨ (657)

ਬਜਰ — ਕਰੜੇ, ਸਖ਼ਤ
"ਗੁਰ ਸਾਖੀ ਮਿਟਿਆ ਅੰਧਿਆਰਾ **ਬਜਰ** ਕਪਾਟ ਖੁਲਾਵਣਿਆ।"
— ਮਾਝ **੩**, ਅਸ ੨, ੬ : ੩ (110)
"ਹਰਿ ਸਿਮਰਨ ਕੀ ਵੇਲਾ **ਬਜਰ** ਸਿਰਿ ਪਰੈ।"
(ਬਿਜ) — ਭੈਰ **੫**, ੨੮, ੧ : ੪ (1143)

ਹੋਰ ਰੂਪ — ਬਜਰੁ —
"ਕਾਮੁ ਕ੍ਰੋਧੁ ਬਿਖੁ **ਬਜਰੁ** ਭਾਰੁ।" (ਕਰੜਾ, ਸਖ਼ਤ)— ਬਸੰ **੧**, ਅਸ ੧, ੧* : ੧ (1187)

ਬਜਾਇ — ਵਜਾ ਕੇ
"ਚਾਰਿ ਦਿਨ ਅਪਨੀ ਨਉਬਤਿ ਚਲੇ **ਬਜਾਇ**।"
— ਕੇਦਾ **ਕਬ**, ੬, ੧* : ੧ (1124)

ਬਜਾਇਅਉ — ਵਜਾਇਆ
"ਸਤਿਗੁਰੁ ਪ੍ਰਮਾਣੁ ਬਿਧ ਨੈ ਸਿਰਿਉ ਜਗਿ ਜਸ ਤੂਰੁ **ਬਜਾਇਅਉ**।"
— ਸਵ **੪**, ਕਲ ੬ : ੫ (1397)

ਬਜਾਇਲਾ — ਵਜਾਉਂਦੇ ਹੋਏ
"ਪਾਖੰਤਣ ਬਾਜ **ਬਜਾਇਲਾ**।"
— ਭੈਰ **ਨਾਮ**, ੧੦, ੧੫ : ੧ (1166)

ਬਜਾਈ — ਵਜਾਈ
"ਬਾਜੀਗਰ ਡੰਕ **ਬਜਾਈ**।"
— ਸੋਰ **ਕਬ**, ੪, ੨ : ੧ (655)

ਹੋਰ ਰੂਪ — ਬਜਾਈਐ —
"ਅੰਧੇ ਏਕ ਨ ਲਾਗਈ ਜਿਉ ਬਾਂਸੁ **ਬਜਾਈਐ** ਫੂਕ।" — ਸਲੋ **ਕਬ**, ੧੫੮ : ੨ (1372)

ਬਜਾਏ — ਵਜਾਏ
"ਸਾਧ ਸੰਤ ਮਨਾਏ ਪ੍ਰਿਅ ਪਾਏ ਗੁਨ ਗਾਏ ਪੰਚ ਨਾਦ ਤੂਰ **ਬਜਾਏ**।"
— ਆਸਾ **੫**, ੧੫੩, ੧* : ੨ (408)

ਬਜਾਰਹਿ — ਬਜ਼ਾਰ ਨੂੰ
"ਬਜਾਰੀ ਸੋ ਜੁ **ਬਜਾਰਹਿ** ਸੋਧੈ।" (ਸਰੀਰ ਰੂਪੀ ਬਜ਼ਾਰ ਨੂੰ) — ਗੋਂਡ **ਕਬ**, ੧੦, ੩ : ੧ (873)

ਬਜਾਰੀ — ਕੰਜਰ, ਵਿਭਚਾਰੀ
"**ਬਜਾਰੀ** ਸੋ ਜੁ ਬਜਾਰਹਿ ਸੋਧੈ।" (ਮਹਾਨਕੋਸ਼

ਅਰਥ 'ਦਰੋਗਾ' ਬਜਾਰ ਨੂੰ ਸੋਸਨ ਵਾਲਾ ਕਰਦਾ ਹੈ — ਗੋਂਡ **ਕਬ** ੧੦, ੩ : ੧ (873)

ਬਜਾਰੀਆ — (ਚਉਰਾਸੀ ਵਿਚ) ਭ੍ਰਮਣ ਵਾਲਾ, ਭੌਂਦੂ
"ਆਵਾਗਉਣੁ **ਬਜਾਰੀਆ** ਬਾਜਾਰੁ ਜਿਨੀ ਰਚਾਇਆ।"— ਮਲਾ **੧**, ਵਾਰ ੨੫ : ੨ (1290)

ਬਜਾਵਉਗੋ — ਵਜਾਵਾਂਗਾ
"ਬੇਦ ਪੁਰਾਨ ਸਾਸਤ੍ਰ ਆਨੰਤਾ ਗੀਤ ਕਬਿਤ ਨ **ਗਾਵਉਗੋ**।" — ਰਾਮ **ਨਾਮ**, ੨, ੧ : ੨ (972)

ਬਜਾਵਹਿ — ਵਜਾਵੇ, ਵਜਾਉਂਦਾ ਹੈ
"ਨਿਰਭਉ ਕੈ ਘਰਿ **ਬਜਾਵਹਿ** ਤੂਰ।"
— ਰਾਮ **ਕਬ**, ੯, ੧ : ੩ (971)

ਬਜਾਵਤੇ — ਵਜਾਉਂਦੇ ਹਾਂ
"ਕਬੀਰ ਜੋ ਹਮ ਜੰਤੁ **ਬਜਾਵਤੇ** ਟੂਟਿ ਗਈਂ ਸਭ ਤਾਰ।" — ਸਲੋ **ਕਬ**, ੧੦੩ : ੨ (1369)

ਬਜਾਵਨਹਾਰ — ਵਜਾਉਣ ਵਾਲਾ ਭਾਵ ਆਤਮਾ
"ਜੰਤੁ ਬਿਚਾਰਾ ਕਿਆ ਕਰੈ ਚਲੇ **ਬਜਾਵਨਹਾਰ**।"
— ਸਲੋ **ਕਬ**, ੧੦੩ : ੧ (1369)

ਹੋਰ ਰੂਪ — ਬਜਾਵਨਹਾਰਾ —
"ਹਮ ਤੇਰੇ ਜੰਤ ਤੂ **ਬਜਾਵਨਹਾਰਾ**।" (ਵਜਾਉਣ ਵਾਲਾ) — ਭੈਰ **੫**, ੩੧, ੨ : ੧ (1144)

ਬਜਾਵਨਹਾਰੋ —
"**ਬਜਾਵਨਹਾਰੋ** ਕਹਾ ਗਇਓ ਜਿਨਿ ਇਹੁ ਮੰਦਰੁ ਕੀਨ੍ਹਾ।"— ਆਸਾ **ਕਬ**, ੧੮, ੨ : ੧ (480)

ਬਜਾਵੈ — ਵਜਾਏ
"ਕਬ ਕੋ ਭਾਲੈ ਘੁੰਘਰੂ ਤਾਲਾ ਕਬ ਕੋ **ਬਜਾਵੈ** ਰਬਾਬੁ।" — ਆਸਾ **੪**, ੬੨, ੧ : ੧ (368)

ਬਜਿਓ — ਵਜਦਾ ਹੈ
"ਜਉ ਦਿਨੁ ਰੈਨਿ ਤਊ ਲਉ **ਬਜਿਓ** ਮੂਰਤ ਘਰੀ ਪਲੋ।" — ਸਾਰ **੫**, ੩, ੩ : ੧ (1203)

ਬਜਿਤ੍ਰ — ਵਾਜਾ, ਸਾਜ਼
"ਪੰਚ **ਬਜਿਤ੍ਰ** ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ।"
— ਰਾਮ **੫**, ੮, ੨ : ੧ (885)

ਬਜੀ — ਵਜੀ
"**ਬਜੀ** ਬਧਾਈ ਸਹਜੇ ਸਮਾਈ ਬਹੁੜਿ ਦੂਖਿ ਨ ਰੁੰਨੀਆ।"— ਕਾਨ **੫**, ਛੰਤ ੧, ੪ : ੪ (1312)

ਹੋਰ ਰੂਪ — ਬਜੈ —
"ਟੂਟੀ ਤੰਤੁ ਨ **ਬਜੈ** ਰਬਾਬੁ।" (ਵਜਦਾ)
— ਆਸਾ **ਕਬ**, ੧੧, ੨ : ੧ (478)

ਬਟਕ — ਬੋਹੜ ਦਾ ਦਰਖਤ
"**ਬਟਕ** ਬੀਜ ਮਹਿ ਰਵਿ ਰਹਿਓ ਜਾ ਕੋ ਤੀਨਿ ਲੋਕ ਬਿਸਥਾਰ।"
— ਗਉ **ਕਬ**, ਬਾਅ ੩ : ੨ (340)

ਬਟਰੀਆ — ਵਾਟ (ਰਾਹ) ਤੇ ਤੁਰਨ ਵਾਲਾ, ਰਾਹੀ, ਮੁਸਾਫਰ
"ਸਗਲ **ਬਟਰੀਆ**।"
— ਬਿਹਾ **੫**, ੧, ੩ : ੧ (537)

ਬਟਵਾਰਈ — ਡਾਕੂ ਲੁਟੇਰੇ, ਵਾਟ ਮਾਰਨ ਵਾਲੇ
"ਬੀਧਾ ਪੰਚ **ਬਟਵਾਰਈ** ਉਪਜਿਓ ਮਹਾ ਖੇਦੁ।"
— ਬਿਲਾ **੫**, ੫੮, ੩ : ੨ (815)

ਬਟਵਾਰਾ — ਵਾਟਮਾਰ, ਲੁਟੇਰਾ, ਧਾੜਵੀ
"ਕਾਮ ਕ੍ਰੋਧੁ ਦੁਇ ਭਏ ਜਗਾਤੀ ਮਨ ਤਰੰਗ **ਬਟਵਾਰਾ**।" — ਗਉ **ਕਬ**, ੪੯, ੨ : ੧ (333)

ਹੋਰ ਰੂਪ — ਬਟਵਾਰੇ —
"ਮੁਸਨਹਾਰ ਪੰਚ **ਬਟਵਾਰੇ**।" (ਲੁਟੇਰੇ)
— ਗਉ **੫**, ੮੯, ੨ : ੩ (182)

ਬਟਾਊ — ਵਾਟ ਤੇ ਜਾਣ ਵਾਲਾ, ਰਾਹੀ
"**ਬਟਾਊ** ਸਿਉ ਜੋ ਲਾਵੈ ਨੇਹ।"
— ਗਉ **੫**, ਸੁਖ ੫, ੩ : ੨ (268)

ਬਟੂਆ — 1. ਛੋਟੀ ਥੈਲੀ, ਗੁਥਲੀ, ਫਕੀਰ ਦੀ ਸੁਆਹ ਰਖਨ ਦੀ ਥੈਲੀ
"ਖੰਡ ਬ੍ਰਹਮੰਡ ਮਹਿ ਸਿੰਙੀ ਮੇਰਾ **ਬਟੂਆ** ਸਭੁ ਜਗੁ ਭਸਮਾਧਾਰੀ।"— ਗਉ **ਕਬ**, ੫੩, ੨ : ੧ (334)
2. ਭਾਵ ਸਰੀਰ
"**ਬਟੂਆ** ਏਕੁ ਬਹਤਰਿ ਆਧਾਰੀ ਏਕੋ ਜਿਸਹਿ ਦੁਆਰਾ।"— ਆਸਾ **ਕਬ**, ੭, ੧ : ੧ (477)

ਬਡ — ਵਡਾ
"ਬ੍ਰਹਮ ਗਿਆਨੀ ਕਾ **ਬਡ** ਪਰਤਾਪੁ।" (ਭਾਵ ਬਹੁਤ) — ਗਉ **੫**, ਸੁਖ ੮, ੬ : ੬ (273)
"ਪੰਡਿਤ ਗੁਣੀ ਸੂਰ ਹਮ ਦਾਤੇ ਏਹਿ ਕਹਹਿ **ਬਡ** ਹਮ ਹੀ।" (ਵਡੇ)
— ਗਉ **ਕਬ**, ੫੧, ੨ : ੨ (334)
"ਨਾਨਕ **ਬਡ** ਭਾਗਿਆ ਮੇਰੇ ਮਨਾ।" (ਉਤਮ)
— ਆਸਾ **੫**, ੧੬੧, ੧* : ੬ (410)

"ਹਮ ਪਾਥਰ ਲੋਹ ਲੋਹ **ਬਡ** ਪਾਥਰ ਗੁਰ ਸੰਗਤਿ ਨਾਵ ਤਰਾਵੈਗੋ।" (ਵਡੇ, ਮਹਾਨ, ਭਾਰੀ)
— ਕਾਨ **੪**, ਅਸ ੩, ੪ : ੧ (1309)

ਬਡਨਾ — ਵਡਾ
"ਸਬਦੁ ਪਛਾਣਿ ਰਾਮ ਰਸੁ ਪਾਵਹੁ ਓਹੁ ਊਤਮੁ ਸੰਤੁ ਭਇਓ ਬਡ **ਬਡਨਾ**।"
— ਗੋਂਡ **੪**, ੩, ੩ : ੧ (860)

ਬਡਪਨਾ — ਵਡਿਆਈ, ਐਸ਼ਵਰਜ
"ਜਲਿ ਜਾਉ ਏਹੁ **ਬਡਪਨਾ** ਮਾਇਆ ਲਪਟਾਏ।"
— ਸੂਹੀ **੫**, ੪੧, ੧ : ੨ (745)

ਬਡਪੁਰਖ — ਵਡਾ/ਮਹਾਨ ਪੁਰਖ
"**ਬਡ ਪੁਰਖ** ਪੂਰਨ ਗੁਣ ਸੰਪੂਰਨ ਭ੍ਰਮ ਭੀਤਿ ਹਰਿ ਹਰਿ ਮਿਲਿ ਭਗਹ।"
— ਬਿਹਾ **੫**, ਛੰਤ ੪, ੨ : ੫ (544)

ਬਡਭਾਗ — ਵਡੇ (ਉਤਮ) ਭਾਗ
"ਤਿਹ **ਬਡਭਾਗ** ਬਸਿਓ ਮਨਿ ਜਾ ਕੈ ਕਰਮ ਪ੍ਰਧਾਨ ਮਥਾਨਾਨਾ।"— ਗਉ **ਕਬ**, ੭੪, ੩ : ੨ (399)

ਹੋਰ ਰੂਪ — **ਬਡਭਾਗਿ** —
"ਬਿਨਵੰਤਿ ਨਾਨਕ ਸਰਣਿ ਸੁਆਮੀ **ਬਡਭਾਗਿ** ਦਰਸਨੁ ਪਾਏ।"
— ਕਾਨ **੫**, ਛੰਤ ੧, ੧ : ੬ (1312)

ਬਡਭਾਗੀ —
"ਨਿਰਮਲ ਨਾਮਿ ਲਗੇ **ਬਡਭਾਗੀ** ਨਿਰਮਲੁ ਨਾਮਿ ਸੁਹਾਵਣਿਆ।" (ਵੱਡੇ ਉਤਮ ਭਾਗਾਂ ਵਾਲੇ)
— ਮਾਝ **੩**, ਅਸ ੨੦, ੫ : ੩ (121)

ਬਡਭਾਗਾਂ —
"ਇਹੁ ਮਨੁ ਦੇਇ ਕੀਏ ਸੰਤ ਮੀਤਾ ਕ੍ਰਿਪਾਲ ਭਏ **ਬਡਭਾਗਾਂ**।" (ਵੱਡੇ ਭਾਗਾਂ ਨਾਲ/ਸਦਕਾ) — ਮਲਾ **੫**, ੫, ੨ : ੧ (1267)

ਬਡਭਾਗੀਅਹ —
"ਬਸੰਤਿ ਸਾਧ ਰਿਦਯੰ ਅਚੁਤ ਬੁਝੰਤਿ ਨਾਨਕ **ਬਡਭਾਗੀਅਹ**।" (ਵਡੇ ਭਾਗਾਂ ਨਾਲ)
— ਸਸ **੫**, ੫੨ : ੬ (1359)

ਬਡਭਾਗੀਆ —
"ਨਹ ਦੂਖ ਪਾਵੈ ਪ੍ਰਭ ਧਿਆਵੈ ਧੰਨਿ ਤੇ **ਬਡਭਾਗੀਆ**।" (ਵਡੇ ਭਾਗਾਂ ਵਾਲੇ)
— ਬਿਹਾ **੫**, ਛੰਤ ੪, ੩ : ੩ (544)

ਬਡਭਾਗੀਹੋ —
"ਰਾਮੁ ਰਮਹੁ **ਬਡਭਾਗੀਹੋ** ਜਲਿ ਥਲਿ ਮਹੀਅਲਿ ਸੋਇ।" (ਵੱਡੇ ਭਾਗਾਂ ਵਾਲਿਓ)
— ਗੂਜ **੫**, ਵਾਰ ੧੪ਸ, **੫**, ੨ : ੧ (521)

ਬਡਭਾਗੇ —
"ਗੁਰ ਪ੍ਰਸਾਦਿ ਪਾਈਅਹਿ ਧੰਨਿ ਤੇ ਜਨ **ਬਡਭਾਗੇ**।" (ਵਡੇ ਭਾਗਾਂ ਵਾਲੇ)
— ਸਵ **੪**, ਕਲ ੯ : ੪ (1397)

ਬਡਭਾਗੈ —
"ਜਿਸ ਨੋ ਕ੍ਰਿਪਾ ਕਰਹਿ **ਬਡਭਾਗੈ**।" (ਵਡੇ ਭਾਗਾਂ ਕਰਕੇ)
— ਗਉ **੫**, ਸੁਖ ੧੪, ੭ : ੮ (282)

ਬਡਭਾਗੋ —
"ਸੋ ਮਿਲੈ ਜੋ **ਬਡਭਾਗੋ**।" (ਵੱਡੇ ਭਾਗਾਂ ਵਾਲਾ ਹੈ) — ਗਉ **ਕਬ**, ੬੬, ੧* : ੨ (338)

ਬਡਾ — ਵਡਾ
"ਜਨਨੀ ਜਾਨਤ ਸੁਤੁ **ਬਡਾ** ਹੋਤੁ ਹੈ ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ।"
— ਸਿਰੀ **ਕਬ**, ੧, ੧ : ੧ (91)
"ਵਾਹੁ ਵਾਹੁ ਕਾ **ਬਡਾ** ਤਮਾਸਾ।" (ਵਿਸ਼ਾਲ)
— ਸਵ **੪**, ਗਯੰ ੧੨ : ੧ (1403)

ਬਡਾਈ — 1. ਮਹਿਮਾ, ਵਡਿਆਈ, ਸੋਭਾ
"ਆਪ ਜਾਨੈ ਸਾਧ **ਬਡਾਈ**।"
— ਗਉ **੫**, ਸੁਖ ੭, ੩ : ੯ (271)
"ਕਾਚੀ ਗਾਗਰਿ ਨੀਰੁ ਪਰਤੁ ਹੈ ਇਆ ਤਨ ਕੀ ਇਹੈ **ਬਡਾਈ**।" (ਭਾਵ ਗੁਣ ਲਛਣ)
— ਸੋਰ **ਕਬ**, ੨, ੧ : ੨ (654)

2. ਵਡਾਪਣ
"ਕਬੀਰ ਬਾਂਸੁ **ਬਡਾਈ** ਬੂਡਿਆ ਇਉ ਮਤ ਡੂਬਹੁ ਕੋਇ।" — ਸਲੋ **ਕਬ**, ੧੨ : ੧ (1365)

ਬਡਾਨੰ — ਵਡਾ
"ਮਨ ਧਨੁ ਤੇਰੋ ਪ੍ਰਾਨੰ ਏਕੈ ਸੁਤਿ ਹੈ ਜਹਾਨੰ ਕਵਨ ਉਪਮਾ ਦੇਉ ਬਡੇ ਤੇ **ਬਡਾਨੰ**।"
— ਸਮੁ **੫**, ੪ : ੩ (1386)

ਬਡਾਨੀ — ਵਡਾ, ਬਲੀ, ਡਾਢਾ ਅਤਿ ਪ੍ਰਬਲ
"ਰਾਜਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ **ਬਡਾਨੀ** ਰੇ।" — ਬਿਲਾ **ਕਬ**, ੧, ੨ : ੨ (855)

ਬਡਿਆਈ — ਮਹਿਮਾ ਸ਼ੋਭਾ, ਵਡਿਆਈ
"ਅਨਿਕ ਰਾਜ ਭੋਗ **ਬਡਿਆਈ**।"
— ਗਉ **੫**, ਸੁਖ ੨੦, ੮ : ੩ (290)

ਬਡੀ — ਵਡੀ
"ਕਹੁ ਕਬੀਰ ਜਬ ਲਹੁਰੀ ਆਈ **ਬਡੀ** ਕਾ ਸੁਹਾਗੁ ਟਰਿਓ।" — ਆਸਾ **ਕਬ**, ੩੨, ੨ : ੧ (483)

ਬਡੀਰੇ — ਵਡੇ ਕੀਤੇ, ਵਡਿਆਏ, ਨਿਵਾਜੇ ਹੋਏ
"ਜਿਨ ਕੇ ਜਣੇ **ਬਡੀਰੇ** ਤੁਮ ਹਉ ਤਿਨ ਸਿਉ ਝਗਰਤ ਪਾਪ।"— ਸਾਰ **੪**, ੨, ੧* : ੨ (1200)

ਬਡੇ — ਵਡੇ, ਉਤਮ
"**ਬਡੇ ਬਡੇ** ਅਹੰਕਾਰੀਆ ਨਾਨਕ ਗਰਬਿ ਗਲੇ।"
— ਗਉ **੫**, ਸੁਖ ੧੨ਸ : ੨ (278)
"**ਬਡੇ** ਭਾਗ ਗੁਰੁ ਸੇਵਹਿ ਅਪੁਨਾ ਭੇਦੁ ਨਾਹੀ ਗੁਰਦੇਵ ਮੁਰਾਰ।" (ਉਤਮ)
— ਗੂਜ **੧**, ਅਸ ੨, ੭ : ੧ (504)

ਹੋਰ ਰੂਪ — ਬਡੈ —
"ਸਹਜ ਸਮਾਧਿ ਉਪਾਧਿ ਰਹਤ ਫੁਨਿ **ਬਡੈ** ਭਾਗਿ ਲਿਵ ਲਾਗੀ।" (ਵਡੇ)
— ਸੋਰ **ਰਵਿ**, ੪, ੩ : ੧ (658)

ਬਡੋ —
"ਗਰਬੁ **ਬਡੋ** ਮੂਲੁ ਇਤਨੋ।" (ਵਡਾ, ਬਹੁਤ),
— ਗਉ **੫**, ੧੪੮*, ੧* : ੧ (212)

ਬਡੌ —
"ਜੋਬਨ ਰੂਪ ਮਾਇਆ ਮਦ ਮਾਤਾ ਬਿਚਰਤ ਬਿਕਲ **ਬਡੌ** ਅਭਿਮਾਨੀ।" (ਵਡਾ)
— ਸਮੁ **੫**, ੧* : ੩ (1387)

ਬਢਹਿ — ਵਧਦੇ ਹਨ
"ਬੋਲਤ ਬੋਲਤ **ਬਢਹਿ** ਬਿਕਾਰਾ।"
— ਗੋਂਡ **ਕਬ**, ੧, ੩ : ੧ (870)

ਬਢੰਤਉ — ਵੱਧਦਾ
"ਕਬੀਰ ਟਾਲੈ ਟੋਲੈ ਦਿਨੁ ਗਇਆ ਬਿਆਜੁ **ਬਢੰਤਉ** ਜਾਇ।" — ਸਲੋ **ਕਬ**, ੨੦੮ : ੧ (1375)

ਬਢਨ — ਵਧਨ
"ਛਨਿ ਘਾਲੇ ਸਭ ਦਿਵਸ ਸਾਸ ਨਹ **ਬਢਨ** ਘਟਨ ਤਿਲੁ ਸਾਰ।"— ਗਉ **੫**, ਬਾਅ ੨੧ਸ : ੧ (254)

ਬਢਾਇ — ਵੱਧਾ ਲੈਂਦੀ ਹੈ
ਬਿਨੁ ਹਰਿ ਭਜਨ ਸੰਗਲ ਦੁਖ ਪਾਵਤ ਜਿਉ ਪ੍ਰੇਮ **ਬਢਾਇ** ਸੂਤ ਕੇ ਹਟੂਆ।
— ਸਮ **੫**, ੧੧* : ੩ (1389)

ਹੋਰ ਰੂਪ — ਬਢਾਇਓ —
"ਜਨਮ ਮਰਨ ਮਨ ਮੋਹੁ **ਬਢਾਇਓ**।" (ਵਧਾਇਆ)
— ਗਉ **੫**, ਬਾਅ ੨ : ੬ (250)

ਬਢਾਈ —
"ਤਾ ਕੋ ਦੂਖੁ ਹਰਿਓ ਕਰੁਣਾ ਮੈ ਅਪਨੀ ਪੈਜ **ਬਢਾਈ**।" (ਵਧਾਈ)
— ਮਾਰੂ **੯**, ੧, ੧ : ੨ (1008)

ਬਢਾਵਹਿ — ਕਟਾਵੇਂ
"ਜੇ ਤਖਤਿ ਬੈਸਾਲਹਿ ਤਉ ਦਾਸ ਤੁਮ੍ਹਾਰੇ ਘਾਸੁ **ਬਢਾਵਹਿ** ਕੇਤਕ ਬੋਲਾ।"
— ਸਾਰ **੫**, ੩੬, ੨ : ੧ (1211)

ਬਢਿਓ — ਵੱਧਿਆ
"ਸੁਤ ਬਨਿਤਾ ਸਾਜਨ ਸੁਖ ਬੰਧਤ ਤਾ ਸਿਉ ਮੋਹੁ **ਬਢਿਓ** ਸੁਘਨਾ।"— ਸਮੁ **੫**, ੪* : ੩ (1387)

ਬਢੀ — ਵਧੀ
"ਗੁਨ ਤੇ ਪ੍ਰੀਤਿ **ਬਢੀ** ਅਨ ਭਾਂਤੀ ਜਨਮ ਮਰਨ ਫਿਰਿ ਤਾਨਿਆ।"
— ਆਸਾ **ਧੰਨਾ**, ੧, ੧ : ੨ (487)

ਹੋਰ ਰੂਪ — ਬਢੈ —
"ਨਾ ਓਹੁ **ਬਢੈ** ਨ ਘਟਤਾ ਜਾਇ।"
— ਗਉ **ਨਾਮ**, ਥਿਤੀ ੩ : ੩ (343)

ਬਣਈ — ਬਣਦਾ, ਬਣ ਜਾਂਦਾ
"ਹੰਸਾ ਵਿਚਿ ਬੈਠਾ ਬਗੁ ਨ **ਬਣਈ** ਨਿਤ ਬੈਠਾ ਮਛੀ ਨੋ ਤਾਰ ਲਾਵੈ।"
— ਰਾਮ **੫**, ਵਾਰ ੭ਸ, **੫**, ੧ : ੬ (960)

ਬਣਸਪਤਿ — ਬਨਾਸਪਤੀ, ਸਬਜ਼ੀ, ਬ੍ਰਿਛ ਬੂਟੇ ਆਦਿ
"ਆਪੇ ਭਾਰ ਅਠਾਰਹ **ਬਣਸਪਤਿ** ਆਪੇ ਹੀ ਫਲ ਲਾਏ।" — ਬਿਹਾ **੪**, ਵਾਰ ੧੫ : ੧ (554)

ਬਣਜੁ — ਲੈਣ ਦੇਣ, ਬਪਾਰ
"ਐਸਾ **ਬਣਜੁ** ਕਰਹੁ ਗ੍ਰਿਹ ਭੀਤਰਿ ਜਿਤੁ ਉਤਰੈ ਭੂਖ ਪਿਆਸਾ ਹੇ।"
— ਮਾਰੂ **੫**, ਸੋਲਾ ੨, ੪ : ੩ (1072)

ਬਣਜੇ — ਲੈਣ ਦੇਣ, ਬਪਾਰ ਕਰੇ

"ਨਾਮ ਰਤਨੁ ਗੁਣਾ ਹਰਿ **ਬਣਜੇ** ਲਾਦਿ ਵਖਰੁ ਲੈ ਚਾਲਿਓ।" — ਮਾਰੂ **੫**, ੫, ੧ : ੨ (1000)

ਬਣਤ — 1. ਬਣਤਰ, ਬਣਾਵਟ, ਰਚਨਾ

"ਆਪੇ ਫਰਕੁ ਕੀਤੋਨੁ ਘਟ ਅੰਤਰਿ ਆਪੇ **ਬਣਤ** ਬਣਾਵਣਿਆ।"

— ਮਾਝ **੩**, ਅਸ ੨੨, ੧ : ੩ (125)

"ਸਗਲੀ **ਬਣਤ** ਬਣਾਈ ਆਪੇ।"

— ਮਾਝ **੫**, ਅਸ ੩੬, ੯ : ੧ (131)

2. ਵਿਉਂਤ, ਬਾਨ੍ਹੂ, ਜੁਗਤ, ਪ੍ਰਬੰਧ, ਬਿਧ

"ਸਤਿਗੁਰ ਸੇਤੀ ਮਨੁ ਰਤਾ ਰਖਿਆ **ਬਣਤ** ਬਣਾਇ।"

— ਗਉ **੪**, ਵਾਰ ੨੩ਸ, **੪**, ੨ : ੨ (313)

"ਤਿਸੁ ਗੁਰ ਕਉ ਸਦ ਬਲਿਹਾਰਣੈ ਜਿਨਿ ਹਰਿ ਸੇਵਾ **ਬਣਤ** ਬਣਾਈ।"

— ਵਡ **੪**, ਵਾਰ ੫ : ੨ (588)

"ਜਿਉ ਜਲ ਮਹਿ ਕਮਲੁ ਅਲਿਪਤੁ ਹੈ ਐਸੀ **ਬਣਤ** ਬਣਾਇ।" (ਪ੍ਰਬੰਧ/ਵਿਉਂਤਰਚ ਬਾਨ੍ਹੂ ਬੰਨ) — ਮਲਾ **੧**, ੭ : ੬ (1281)

ਬਣਤਿਆ — ਬਣ ਜਾਂਦੇ ਹਨ

"ਧਨੁ ਧਨੁ ਭਾਗ ਤਿਨਾ ਸਾਧ ਜਨਾ ਹਰਿ ਕੀਰਤਨ ਗਾਇ ਗੁਣੀ ਜਨ **ਬਣਤਿਆ**।"

— ਸੋਰ **੪**, ਵਾਰ ੧੮ : ੩ (649)

ਬਣਤੀ — ਬਣਦੀ ਹੈ

"ਏਨਾ ਨੋ ਭਉ ਅਗਲਾ ਪੂਰੀ ਬਣਤ **ਬਣਤੀ**।"

— ਰਾਮ **੩**, ਵਾਰ ੩ : ੪ (948)

ਬਣਤੈ — ਪ੍ਰਬੰਧ ਵਿਚ

"ਸਭ ਕੀਤਾ ਤੇਰਾ ਵਰਤਦਾ ਸਭ ਤੇਰੀ **ਬਣਤੈ**।"

— ਗਉ **੪**, ਵਾਰ ੨੪ : ੩ (314)

ਬਣਾ — ਬਣੀ, ਬਣਿਆ

"ਸੁਖਵੰਤੀ ਸਾ ਨਾਰਿ ਸੋਭਾ ਪੂਰਿ **ਬਣਾ**।"

— ਆਸਾ **੫**, ਛੰਤ ੭, ੨ : ੨ (457)

"ਮਧੁਰ ਬਾਨੀ ਪਿਰਹਿ ਮਾਨੀ ਥਿਰੁ ਸੋਹਾਗੁ ਤਾ ਕਾ **ਬਣਾ**।" — ਆਸਾ **੫**, ਛੰਤ ੭, ੨ : ੫ (457)

ਬਣਾਇ — ਬਣਾ ਕੇ, ਰਚ ਕੇ ਸਿਰਜ ਕੇ

"ਮਾਇਆ ਜਾਲੁ ਪਸਾਰਿਆ ਭੀਤਰਿ ਚੋਗ **ਬਣਾਇ**।" — ਸਿਰੀ **੫**, ੯੧, ੩ : ੧ (50)

"ਪਾਤਿਸਾਹੀ ਭਗਤ ਜਨਾ ਕਉ ਦਿਤੀਅਨੁ ਸਿਰਿ ਛਤੁ ਸਚਾ ਹਰਿ **ਬਣਾਇ**।" (ਭਾਵ ਧਰ ਕੇ ਸ਼ੁਭ ਇਮਾਨ ਕਰਕੇ)

— ਵਡ **੪**, ਵਾਰ ੧੧, **੩**, ੧ : ੨ (590)

"ਸਬਦਿ ਸਚੈ ਰੰਗੁ ਲਾਲੁ ਕਰਿ ਭੈ ਭਾਇ ਸੀਗਾਰੁ **ਬਣਾਇ**।" (ਬਣਾਂਦੀ ਭਾਵ ਕਰਦੀ ਹੈ)

— ਸੂਹੀ **੩**, ਵਾਰ ੩ਸ, **੩**, ੨ : ੪ (786)

ਬਣਾਇਆ — ਸਿਰਜਿਆ, ਰਚਿਆ

"ਜਿਤੁ ਘਰਿ ਪਿਰਿ ਸੋਹਾਗੁ **ਬਣਾਇਆ**।"

— ਮਾਝ **੫**, ੧੧, ੧ : ੧ (97)

"ਅੰਦਰਿ ਹੀਰਾ ਲਾਲੁ **ਬਣਾਇਆ**।" (ਭਾਵ ਰਖਿਆ) — ਮਾਝ **੩**, ਅਸ ੬, ੧ : ੧ (112)

ਹੋਰ ਰੂਪ — ਬਣਾਈ —

"ਸਗਲੀ ਬਣਤ **ਬਣਾਈ** ਆਪੇ।" (ਸਿਰਜੀ, ਰਚੀ) — ਮਾਝ **੫**, ਅਸ ੩੬, ੯ : ੧ (131)

"ਨਾਨਕ ਨਾਮੁ ਪਦਾਰਥੁ ਦੀਜੈ ਹਿਰਦੈ ਕੰਠਿ **ਬਣਾਈ**।" (ਮਨ ਤੇ ਗਲ ਵਿਚ ਸਵਾਰ ਕੇ ਰੱਖਾਂ) — ਗੂਜ **੧**, ਅਸ ੩, ੮ : ੨ (504)

ਬਣਾਈਅਨੁ —

"ਆਪੇ ਸੇਵ **ਬਣਾਈਅਨੁ** ਗੁਰਮੁਖਿ ਆਪੇ ਅੰਮ੍ਰਿਤੁ ਪੀਆ।" (ਭਾਵ ਸਿਖਾਈ)

— ਬਿਹਾ **੪**, ਵਾਰ ੭ : ੪ (551)

ਬਣਾਈਆ —

"ਸਚੁ ਸਚਾ ਕੁਦਰਤਿ ਜਾਣੀਐ ਦਿਨੁ ਰਾਤੀ ਜਿਨਿ **ਬਣਾਈਆ**।" (ਬਣਾਇਆ, ਰਚਿਆ)

— ਗਉ **੪**, ਵਾਰ ੨੩ : ੧ (313)

ਬਣਾਏ —

"ਭੈ ਭਾਇ ਸੀਗਾਰੁ **ਬਣਾਏ**।(ਬਣਾਵੇ)

— ਮਾਝ **੩**, ਅਸ ੫, ੪ : ੧ (112)

"ਪਿਰੁ ਪਰਦੇਸਿ ਸਿਗਾਰੁ **ਬਣਾਏ**।" (ਕਰੇ)

— ਮਾਝ **੩**, ਅਸ ੩੦, ੭ : ੧ (127)

"ਆਪੇ ਭਾਂਤਿ **ਬਣਾਏ** ਬਹੁ ਰੰਗੀ ਸਿਸਟਿ ਉਪਾਇ ਪ੍ਰਭਿ ਖੇਲੁ ਕੀਐ।" (ਸਿਰਜੇ)

— ਪ੍ਰਭਾ **੩**, ੬, ੧ : ੧ (1334)

ਬਣਾਵਹਿ — ਸਿਰਜੇ, ਬਣਾਏ

"ਸਾਵਲ ਸੁੰਦਰ ਰੂਪ **ਬਣਾਵਹਿ** ਬੇਣੁ ਸੁਨਤ ਸਭ ਮੋਹੈਗਾ।"— ਮਾਰੂ **੫**, ਸੋਲਾ ੧੧, ੯ : ੩ (1082)

ਬਣਾਵਣਿਆ — ਬਣਾਨਾ, ਭਾਵ ਕਰਨਾ

"ਸੇਜ ਸੁਹਾਵੀ ਸਦਾ ਪਿਰੁ ਰਾਵੇ ਸਚੁ ਸੀਗਾਰੁ **ਬਣਾਵਣਿਆ**।"

— ਮਾਝ **੩**, ਅਸ ੩, ੫ : ੩ (110)

ਹੋਰ ਰੂਪ — ਬਣਾਵਣੀ —

"ਸਭ ਤੇਰੀ ਬਣਤ **ਬਣਾਵਣੀ** ਨਾਨਕ ਭਲ ਭਲਾ।" (ਬਣਾਨੀ ਸਿਰਜਨੀ)

— ਗਉ **੪**, ਵਾਰ ੯ਸ, **੪**, ੨ : ੮ (304)

ਬਣਾਵੈ —

"ਗੁਰ ਸਬਦੀ ਸੀਗਾਰੁ **ਬਣਾਵੈ**।" (ਬਣਾਏ ਭਾਵ ਕਰੇ)— ਆਸਾ **੩**, ੪੭, ੨ : ੨ (363)

ਬਣਿ — 1. ਬਣੀ, ਬਣਨ ਦੀ ਕਿਰਿਆ

"ਗੁਰਮੁਖਿ ਲੋਭੁ ਨਿਵਾਰੀਐ ਹਰਿ ਸਿਉ **ਬਣਿ** ਆਈ।"— ਆਸਾ **੧**, ਅਸ ੧੫, ੩ : ੨ (419)

"ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ **ਬਣਿਆਈ**।" (ਭਾਵ ਰਾਸ ਹੋ ਗਏ)

— ਸੋਰ **੫**, ੧੧, ੪ : ੧ (611)

"ਕਥਨ ਕਹਣ ਕਉ ਸੋਝੀ ਨਾਹੀ ਜੋ ਪੇਖੈ ਤਿਸੁ **ਬਣਿ** ਆਵੈ।" (ਭਾਵ ਮੁਆਫਤ ਆਵੇ)

— ਰਾਮ **੫**, ੪, ੨ : ੨ (883)

2. ਵਨ, ਜੰਗਲ

"**ਬਣਿ** ਤ੍ਰਿਣਿ ਤ੍ਰਿਭਵਣਿ ਪੂਰਿ ਪੂਰਨ ਕੀਮਤਿ ਕਹਣੁ ਨ ਜਾਈ।"

— ਬਿਹਾ **੫**, ਛੰਤ ੫, ੪ : ੫ (545)

ਬਣਿਆ — 1. ਹੋ ਗਿਆ, ਬਣ ਗਿਆ

"ਊਚ ਨੀਚ ਸਭੁ ਇਕ ਸਮਾਨਿ ਕੀਟ ਹਸਤੀ **ਬਣਿਆ**।" — ਗਉ **੫**, ਵਾਰ ੭ : ੪ (319)

"ਗੁਰ ਸਬਦੀ ਮੈਲੁ ਉਤਰੈ ਤਾ ਸਚੁ **ਬਣਿਆ** ਸੀਗਾਰੁ।" (ਹੋਇਆ)

— ਸੂਹੀ **੩**, ਅਸ ੩, ੧੭ : ੨ (755)

2. ਸਜਿਆ, ਸੋਭਨੀਕ ਹੋਇਆ, ਸੋਹਣਾ ਲਗ ਰਿਹਾ ਹੈ

"ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ **ਬਣਿਆ**।"

— ਰਾਮ **੩**, ਅਨੰ ੩੪ : ੨ (922)

ਬਣੀ — ਹੋ ਗਈ, ਬਣ ਗਈ

"ਸਤਿਗੁਰ ਸੇਵਾ ਸਫਲ ਹੈ **ਬਣੀ**।"

— ਗਉ **੪**, ੪੩, ੧ : ੧ (165)

"ਪੰਖ ਤੁਟੇ ਫਾਹੀ ਪੜੀ ਅਵਗੁਣਿ ਭੀੜ **ਬਣੀ**।"

— ਰਾਮ **੧**, ਓਅੰ ੩੩ : ੪ (934)

ਹੋਰ ਰੂਪ — ਬਣੀਐ —

"ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ **ਬਣੀਐ**।" (ਬਣੀਦਾ ਹੈ)

— ਗਉ **੪**, ਵਾਰ ੯ : ੩ (304)

ਬਣੇ —

"ਸਭ ਸਿੰਗਾਰ **ਬਣੇ** ਤਿਸੁ ਗਿਆਨੇ।" (ਬਣ ਗਏ, ਹੋਏ) — ਮਾਝ **੫**, ੧੧, ੩ : ੨ (97)

ਬਣੁ — ਬਾਗ

"ਦਾਧੀਲੇ ਲੰਕਾ ਗੜੁ ਉਪਾੜੀਲੇ ਰਾਵਣ **ਬਣੁ** ਸਜਿ ਬਿਸਲਿ ਆਨਿ ਤੋਖੀਲੇ ਹਰੀ।"

— ਧਨਾ **ਤ੍ਰਿਲੋ**, ੧, ੫ : ੧ (695)

ਬਣੇ — 1. ਬਣ ਗਏ, ਹੋਏ, ਵੇਖੋ 'ਬਣੀ'

2. ਫਬੇ, ਸ਼ੋਭਨੀਕ ਹੋਏ, ਜਚੇ

"ਜਿਨ ਸਾਸਿ ਗਿਰਾਸਿ ਧਿਆਇਆ ਮੇਰਾ ਹਰਿ ਹਰਿ ਸੇ ਸਾਚੀ ਦਰਗਹ ਹਰਿ ਜਨ **ਬਣੇ**।"

— ਭੈਰ **੪**, ੭, ੩ : ੨ (1136)

ਬਣੈ — 1. ਬਣ ਜਾਵੇ, ਖੜੀ ਹੋ ਜਾਵੇ

"ਜਾ ਕਉ ਮੁਸਕਲੁ ਅਤਿ **ਬਣੈ** ਢੋਈ ਕੋਇ ਨ ਦੇਇ।" — ਸਿਰੀ **੫**, ਅਸ ੨੬, ੧ : ੧ (70)

2. ਬਣਦੀ/ਜਚਦੀ ਹੈ

"ਸਾਹਿਬ ਸੇਤੀ ਹੁਕਮੁ ਨ ਚਲੈ ਕਹੀ **ਬਣੈ** ਅਰਦਾਸਿ।"

— ਆਸਾ **੧**, ਵਾਰ ੨੨ਸ, **੨**, ੩ : ੪ (474)

ਬਤਊਆ — ਗਲਬਾਤ, ਵਾਰਤਾਲਾਪ

"ਪੰਚ ਜਨਾ ਸਿਉ ਬਾਤ **ਬਤਊਆ** ਚੀਤੁ ਸੁ ਡੋਰੀ ਰਾਖੀਅਲੇ।" — ਰਾਮ **ਨਾਮ**, ੧, ੧ : ੨ (972)

ਬਤਨ — ਮੁਖ, ਮੂੰਹ

"ਕਾਗ **ਬਤਨ** ਬਿਸਟਾ ਮਹਿ ਵਾਸ।"

— ਗਉ **੫**, ਅਸ ੭, ੨ : ੨ (239)

ਬੰਤਰ — ਬਾਂਦਰ

"**ਬੰਤਰ** ਚੀਤੇ ਅਰੁ ਸਿੰਘਾਤਾ।"

— ਭੈਰ **ਕਬ**, ੧੩, ੪ : ੨ (1160)

"**ਬੰਤਰ** ਕੀ ਸੈਨਾ ਸੇਵੀਐ ਮਨਿ ਤਨਿ ਜੁਝੁ ਅਪਾਰੁ।" — ਸਲੋ **੧**, ੨੫ : ੨ (1412)

(ਮਹਾਨਕੋਸ਼ ਇਥੇ ਅਰਥ 'ਜੰਗਲ ਵਿਚ ਫਿਰਨ ਵਾਲੇ' ਕਰਦਾ ਹੈ)

ਬਤਾਉ — ਦਸ
"ਕਾਢਿ ਖੜਗੁ ਕਾਲੁ ਭੈ ਕੋਪਿਓ ਮੋਹਿ **ਬਤਾਉ** ਜੁ ਤੁਹਿ ਰਾਖੈ।"— ਭੈਰ **ਨਾਮ**, ੯, ੪ : ੧ (1165)

ਬਤਾਇ — ਦਸ
"ਗੁਹਜ ਪਾਵਕੋ ਬਹੁਤੁ ਪ੍ਰਜਾਰੈ ਮੋ ਕਉ ਸਤਿਗੁਰਿ ਦੀਉ ਹੈ **ਬਤਾਇ**।" (ਭਾਵ ਖਬਰਦਾਰ ਕਰ ਦਿਤਾ ਹੈ) — ਗੂਜ **੫**, ੨੧, ੧* : ੨ (500)
"ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ **ਬਤਾਇ**।" (ਭਾਵ ਜਾਣਨਾ, ਸਿਖਣਾ ਚਾਹੀਦਾ ਹੈ) — ਪ੍ਰਭਾ **੧**, ੧੦, ੪ : ੧ (1330)

ਹੋਰ ਰੂਪ — ਬਤਾਇਓ —
"ਕਰੀ ਕ੍ਰਿਪਾ ਦਇਆਲ ਬੀਠੁਲੈ ਸਤਿਗੁਰ ਮੁਝਹਿ **ਬਤਾਇਓ**।" (ਦਸਿਆ, ਦਸ ਦਿਤਾ) — ਗਉ **੫**, ੧੨੩*, ੧* : ੨ (205)

ਬਤਾਇਆ —
"ਗੁਰਿ ਸਤਿਗੁਰਿ ਦਾਤੈ ਪੰਥੁ **ਬਤਾਇਆ** ਹਰਿ ਮਿਲਿਆ ਆਇ ਪ੍ਰਭੁ ਮੇਰੀ।" (ਦਸਿਆ) — ਗਉ **੪**, ੫੮, ੩ : ੧ (170)

ਬਤਾਈ —
"ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ **ਬਤਾਈ**।" (ਦਸੇ ਦਸ ਦੇਵੇ) — ਗਉ **੫**, ੧੨੨*, ੧* : ੨ (204)
"ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ **ਬਤਾਈ**।" (ਦਸੀ ਭਾਵ ਸਮਝਾਈ) — ਸੋਰ **੯**, ੩, ੩ : ੨ (632)

ਬਤਾਏ —
"ਪਾਇ ਲਗਉ ਬੇਨਤੀ ਕਰਉ ਲੇਉਗੀ ਪੰਥੁ **ਬਤਾਏ**।" (ਭਾਵ ਪੁੱਛ ਲਵਾਂਗੀ) — ਤਿਲੰ **੧**, ਅਸ ੧, ੫ : ੨ (725)

ਬਤਾਵਉ — ਦਸਾਂ, ਪ੍ਰਗਟ ਕਰਾਂ
"ਕਵਨ ਪਰਾਧ **ਬਤਾਵਉ** ਅਪੁਨੇ ਮਿਥਿਆ ਮੋਹ ਮਗਨਾਰੇ।" — ਮਾਰੂ **੫**, ੨, ੪ : ੧ (999)

ਹੋਰ ਰੂਪ — ਬਤਾਵਹੁ —
"ਸੋ ਸੁਖੁ ਮੋ ਕਉ ਸੰਤ **ਬਤਾਵਹੁ**।" (ਦਸੋ) — ਗਉ **੫**, ੮੧, ੧* : ੧ (179)

ਬਤਾਵਤ — ਦਸਦਾ ਸੀ
"ਦੂਰਿ **ਬਤਾਵਤ** ਪਾਇਆ ਨੀਰਾ।" — ਗਉ **ਕਬ**, ਥਿਤੀ ੧੨ : ੪ (344)

ਹੋਰ ਰੂਪ — ਬਤਾਵੈ —
"ਗੁਰ ਗਮ ਗਿਆਨ **ਬਤਾਵੈ** ਭੇਦ।" (ਦਸਦਾ ਹੈ) — ਗਉ **ਕਬ**, ਥਿਤੀ ੯ : ੩ (343)
"ਹਰਿ ਦਾ ਪੰਥੁ ਕੋਊ **ਬਤਾਵੈ** ਹਉ ਤਾ ਕੈ ਪਾਇ ਲਾਗੀ।" (ਦਸੇ) — ਮਲਾ **੪**, ੯, ੧* : ੨ (1265)

ਬਤੀਸ — ਬੱਤੀ, ਦੋ ਉਪਰ ਤੀਹ, ਗਿਣਤੀ ਦੀ ਇਕ ਇਕਾਈ
"ਨ ਸੋਹੈ **ਬਤੀਸ** ਲਖਨਾ।" — ਭੈਰ **ਨਾਮ**, ੨, ੩ : ੨ (1163)
"ਜੈਸੇ ਕਾਤੀ ਤੀਸ **ਬਤੀਸ** ਹੈ ਵਿਚਿ ਰਾਖੈ ਰਸਨਾ ਮਾਸ ਰਤੁ ਕੇਰੀ।" — ਗਉ **੪**, ੫੧, ੩ : ੧ (168)

ਬਤੀਹ — ਬੱਤੀ, ਦੋ ਉਪਰ ਤੀਹ, ਗਿਣਤੀ ਦੀ ਇਕ ਇਕਾਈ
"**ਬਤੀਹ** ਸੁਲਖਣੀ ਸਚੁ ਸੰਤਤਿ ਪੂਤ।" — ਆਸਾ **੫**, ੩, ੩ : ੧ (371)

ਬਦ — ਭੈੜੇ
"ਦਸ ਅਉਰਾਤ ਰਖਹੁ **ਬਦ** ਰਾਹੀ।" — ਮਾਰੂ **੫**, ਸੋਲਾ ੧੨, ੪ : ੨ (1083)
"ਬਨਿਤਾ ਛੋਡਿ **ਬਦ** ਨਦਰਿ ਪਰ ਨਾਰੀ।" (ਭੈੜੀ, ਬੁਰੀ) — ਪ੍ਰਭਾ **੫**, ਅਸ ੨, ੫ : ੩ (1348)

ਬੰਦ — 1. ਬੰਦਨਾ ਪ੍ਰਣਾਮ, ਨਮਸਕਾਰ
"ਲਸਕਰ ਤਰਕਸ ਬੰਦ **ਬੰਦ** ਜੀਉ ਜੀਉ ਸਗਲੀ ਕੀਤ।" — ਸਿਰੀ **੫**, ਅਸ ੨੬, ੭ : ੩ (70)
"ਕਲਿ ਭਗਵਤ **ਬੰਦ** ਚਿਰਾਮੰ।" — ਪ੍ਰਭਾ **ਬੇਣੀ**, ੧, ੧* : ੧ (1351)

2. ਬੰਨ੍ਹਣ ਵਾਲੇ
"ਲਸਕਰ ਤਰਕਸ **ਬੰਦ ਬੰਦ** ਜੀਉ ਜੀਉ ਸਗਲੀ ਕੀਤ।"— ਸਿਰੀ **੫**, ਅਸ ੨੬, ੭ : ੩ (70)

3. ਬੰਧਨ, ਬੰਨ੍ਹਣ ਦੀ ਸ਼ਕਤੀ
"ਮਿਰਤਕ ਭਏ ਦਸੈ **ਬੰਦ** ਛੂਟੇ ਮਿਤ੍ਰ ਭਾਈ ਸਭ ਛੋਰੇ।" — ਆਸਾ **ਕਬ**, ੧੮, ੫ : ੧ (480)

ਬਦਉ — ਆਖਦਾ ਕਹਿੰਦਾ
"ਹੋਰ ਕਥਨੀ **ਬਦਉ** ਨ ਸਗਲੀ ਛਾਰੁ।" — ਰਾਮ **੧**, ਅਸ ੪, ੨ : ੪ (904)

ਬੰਦਉ — 1. ਬੰਦਾ, ਸੇਵਕ
"**ਬੰਦਉ** ਹੋਇ ਬੰਦਗੀ ਗਹੈ।"
— ਗਉ **ਕਬ**, ਬਾਅ ੨੯ : ੩ (341)
2. ਨਮਸਕਾਰ ਕਰਾਂ
"ਅੰਮ੍ਰਿਤ ਬਚਨ ਮਨ ਮਹਿ ਸਿੰਚਉ **ਬੰਦਉ** ਬਾਰ ਬਾਰ।" — ਸੂਹੀ **੫**, ੪੨, ੩ : ੨ (745)

ਬਦਉਗਾ — ਮੰਨਦਾ, ਮਨਜ਼ੂਰ ਕਰਨਾ
"ਸਕਤਿ ਸਨੇਹੁ ਕਰਿ ਸੁੰਨਤਿ ਕਰੀਐ ਮੈਨ **ਬਦਉਗਾ** ਭਾਈ।" — ਆਸਾ **ਕਬ**, ੮, ੨ : ੧ (477)

ਬੰਦਸਿ — ਬਣਾਵਟ ਦਾ, ਸਕਲ ਦਾ ਭਾਵ ਵਰਗਾ ਜਿਹਾ
"ਤੈਡੀ **ਬੰਦਸਿ** ਮੈ ਕੋਇ ਨ ਡਿਠਾ ਤੂ ਨਾਨਕ ਮਨਿ ਭਾਣਾ।"
— ਰਾਮ **੫**, ਵਾਰ ੧੫ਸ, **੫**, ੧ : ੧ (964)

ਬੰਦਹਿ — ਬੰਦਨਾ ਕਰੇ
"**ਬੰਦਹਿ** ਜੋ ਚਰਣ ਸਰਣਿ ਸੁਖੁ ਪਾਵਹਿ ਪਰਮਾਨੰਦ ਗੁਰਮੁਖਿ ਕਹੀਐ।"
— ਸਵ **੪**, ਗਯੰ ੧ : ੧੮ (1401)

ਬਦਹੁ — ਬਿਦਨਾ, ਸੁਰਤ ਲਾਉਣੀ
"**ਬਦਹੁ** ਕੀ ਨ ਹੋਡ ਮਾਧਉ ਮੋ ਸਿਉ।"
— ਸਾਰ **ਨਾਮ**, ੨, ੧* : ੧ (1252)

ਬੰਦਕ — ਬੰਧਨਾ ਕਰਨ ਵਾਲਾ
"**ਬੰਦਕ** ਹੋਇ ਬੰਧ ਸੁਧਿ ਲਹੈ।"
— ਗਉ **ਕਬ**, ਬਾਅ ੨੯ : ੪ (342)

ਬੰਦਗੀ — ਭਗਤੀ (ਫ. ਬੰਦਗੀ)
"ਬੰਦੇ **ਬੰਦਗੀ** ਇਕਤੀਆਰ।"
— ਗਉ **ਕਬ**, ੬੯, ੧* : ੧ (338)
"ਸੇਖ ਫਰੀਦੈ ਖੈਰੁ ਦੀਜੈ **ਬੰਦਗੀ**।"
— ਸਲੋ **ਫਰ**, ੧, ੪ : ੨ (488)
"ਆਖੀਂ ਸੇਖਾਂ **ਬੰਦਗੀ** ਚਲਣੁ ਅਜੁ ਕਿ ਕਲਿ।" (ਸੇਖਾਂ ਨੂੰ ਆਖੀਂ ਕਿ ਭਗਤੀ ਕਰੋ)
— ਸਲੋ **ਫਰ**, ੯੭ : ੩ (1383)
(ਮਹਾਨਕੋਸ਼ ਇਥੇ ਅਰਥ 'ਸਲਾਮ' ਕਰਦਾ ਹੈ)

ਬਦਤਿ — ਕਹਿੰਦਾ ਹੈ
"ਐਜੀ ਤੂੰ ਆਪੇ ਸਭ ਕਿਛੁ ਜਾਣਦਾ **ਬਦਤਿ** ਤ੍ਰਿਲੋਚਨੁ ਰਾਮਈਆ।" — ਸਿਰੀ **ਤਿਲੋ**, ੨, ੫ : ੨ (92)

ਬਦਦੁਆਇ — ਬਦ ਅਸੀਸ, ਦੁਰ ਅਸੀਸ
"ਲੈਦਾ **ਬਦ ਦੁਆਇ** ਤੂੰ ਮਾਇਆ ਕਰਹਿ ਇਕਤ।"
— ਸਿਰੀ **੫**, ੭੧, ੩ : ੧ (42)

ਬਦਨ — ਮੂੰਹ, ਮੁਖ
"ਜਿਨਿ ਧਨ ਪਿਰ ਕਾ ਸਾਦੁ ਨ ਜਾਨਿਆ ਸਾ ਬਿਲਖ **ਬਦਨ** ਕੁਮਲਾਨੀ।"
— ਮਲਾ **੧**, ੪, ੧* : ੧ (1255)
"ਜੈਸੇ ਦਰਪਨ ਮਾਹਿ **ਬਦਨ** ਪਰਵਾਨੀ।"
— ਕਾਨ **ਨਾਮ**, ੧, ੧ : ੨ (1318)

ਬੰਦਨ — ਬੰਧਨਾ, ਪ੍ਰਣਾਮ, ਨਮਸਕਾਰ
"ਪੂਜਾ ਅਰਚਾ **ਬੰਦਨ** ਦੇਵਾ ਜੀਉ।"
— ਗਉ **੫**, ੧੬੭*, ੩ : ੨ (217)
ਹੋਰ ਰੂਪ — ਬੰਦਨਾ —
"ਕਰਉ **ਬੰਦਨਾ** ਅਨਿਕਵਾਰ ਸਰਨਿ ਪਰਉ ਹਰਿ ਰਾਇ।" (ਨਮਸਕਾਰ)
— ਗਉ **੫**, ਥਿਤੀ ੨ਸ : ੧ (296)

ਬਦਨਾਉ — ਬਦਨਾਮ, ਬੁਰੀ ਸੋਭਾ ਵਾਲੀ
"ਜਿਉ ਛੁਟੜਿ ਘਰਿ ਘਰਿ ਫਿਰੈ ਦੁਹਚਾਰਣਿ **ਬਦਨਾਉ**।"
— ਸੋਰ **੪**, ਵਾਰ ੭ਸ, **੩**, ੨ : ੨ (645)

ਬਦਨਾਵੀ — ਬਦਨਾਮੀ
"ਜੋ ਕੋ ਨਾਉ ਲਏ **ਬਦਨਾਵੀ** ਕਲਿ ਕੇ ਲਖਣ ਏਈ।" — ਰਾਮ **੧**, ਅਸ ੧, ੩ : ੨ (902)

ਬਦਨਿ — ਮੁਖ ਦੁਆਰਾ, ਮੂੰਹ ਰਾਹੀਂ
"ਅਮਿਉ ਰਸਨਾ **ਬਦਨਿ** ਬਰਦਾਤਿ ਅਲਖ ਅਪਾਰ ਗੁਰ ਸੂਰ ਸਬਦਿ ਹਉਮੈ ਨਿਵਾਰ੍ਉ।"
— ਸਵ **੫**, ਕਲ ੯ : ੧ (1408)

ਬਦਨੀ — ਮੂੰਹ ਦੁਆਰਾ, ਜੁਬਾਨੀ
"ਕਥਨੀ **ਬਦਨੀ** ਨ ਪਾਈਐ ਹਉਮੈ ਵਿਚਹੁ ਜਾਇ।"
— ਸਿਰੀ **੩**, ੫੦, ੧ : ੨ (33)
(ਕਥਨੀ ਬਦਨੀ ਜੁਬਾਨੀ ਗੱਲਾਂ ਬਾਤਾਂ ਫੋਕਟ ਗੱਲਾਂ)

ਬਦਨੁ — ਮੂੰਹ ਭਾਵ ਚਿਹਰਾ
"ਹਥਹੁ ਛੁੜਕੀ ਤਨੁ ਸਿਆਹੁ ਹੋਇ **ਬਦਨੁ** ਜਾਇ ਕੁਮਲਾਇ।"
— ਗੂਜ **੩**, ਵਾਰ ੫ਸ, **੩**, ੧ : ੪ (510)

ਬਦਨੈ — ਮੂੰਹ ਤੋਂ
"**ਬਦਨੈ** ਬਿਨੁ ਖਿਰ ਖਿਰ ਹਾਸਤਾ।"
— ਬਸੰ **ਕਬ**, ੩, ੨ : ੨ (1194)

ਬਦਫੈਲੀ — 1. ਕੁਕਰਮੀ, ਦੁਰ ਅਚਾਰੀ, ਬੁਰੇਅਮਲਾਂ ਵਾਲਾ, ਐਬੀ, ਮੰਦ ਕਰਮੀ
"ਪਿੰਡੁ ਪੜੈ ਜੀਉ ਖੇਲਸੀ **ਬਦਫੈਲੀ** ਕਿਆ ਹਾਲੁ।"
— ਸਿਰੀ **੧**, ਅਸ ੧੯, ੪ : ੩ (63)
2. ਬੁਰੇ ਕੰਮ, ਮੰਦੇ ਕੰਮ
"ਖਾਇ ਖਾਇ ਕਰੇ **ਬਦਫੈਲੀ** ਜਾਣੁ ਵਿਸੂ ਕੀ ਵਾੜੀ ਜੀਉ।"
— ਮਾਝ **੫**, ੩੨, ੨ : ੩ (105)

ਬਦਬਖਤ — ਅਭਾਗਾ, ਮੰਦ ਭਾਗਾ (ਫ. ਬਦਬਖ਼ਤ)
"**ਬਦਬਖਤ** ਹਮ ਚੁ ਬਖੀਲ ਗਾਫਿਲ ਬੇਨਜਰ ਬੇਬਾਕ।" — ਤਿਲੰ **੧**, ੧, ੪ : ੧ (721)

ਬਦਰਾ — (ਅੰ. ਬਦਰਾਹ) ਥੈਲਾ, ਤੋੜਾ
"ਨਾਨਕ **ਬਦਰਾ** ਮਾਲ ਕਾ ਭੀਤਰਿ ਧਰਿਆ ਆਣਿ।"
— ਸੂਹੀ **੩**, ਵਾਰ ੧੨ਸ, **੧**, ੧ : ੧ (789)

ਬਦਲਹਾ — ਬਦਲੇ, ਇਵਜ਼ ਵਿਚ
"ਦੁਲਭ ਜਨਮੁ ਚਿਰੰਕਾਲ ਪਾਇਓ ਜਾਤਉ ਕਉਡੀ **ਬਦਲਹਾ**।" — ਸਾਰ **੫**, ੪, ੧ : ੧ (1203)

ਬਦਲਾਹੁ — ਬਦਲ ਜਾਂਦੀ ਹੈ, ਤਬਦੀਲ ਹੋ ਜਾਂਦੀ ਹੈ
"ਗੁਰ ਪਰਸਾਦੀ ਜੀਵਤੁ ਮਰੈ ਉਲਟੀ ਹੋਵੈ ਮਤਿ **ਬਦਲਾਹੁ**।"
— ਸੋਰ **੪**, ਵਾਰ ੨੨ਸ, **੩**, ੧ : ੩ (651)

ਬਦਲਾਵਨਿ — ਵੱਟੇ ਵਿਚ, ਬਦਲ ਵਿਚ
"ਆਨ ਦੇਵ **ਬਦਲਾਵਨਿ** ਦੈਹਉ।"
— ਗੋਂਡ **ਨਾਮ**, ੬, ੧* : ੨ (874)

ਬਦਲੀ — ਤਬਦੀਲ ਹੋਈ, ਉਲਟੀ
"ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ **ਬਦਲੀ** ਸਿਧਿ ਪਾਈ।"— ਗਉ **ਕਬ**, ੨੨, ੨ : ੨ (339)

ਬਦਲੇ — ਬਦਲ ਵਿਚ, ਵੱਟੇ ਵਿਚ, ਇਵਜ਼
"ਹੀਰੇ ਜੈਸਾ ਜਨਮੁ ਹੈ ਕਉਡੀ **ਬਦਲੇ** ਜਾਇ।"
— ਗਉ **੧**, ੧੮, ੧ : ੨ (156)
ਹੋਰ ਰੂਪ — ਬਦਲੈ —
"ਇਹੁ ਮਾਣਕੁ ਜੀਉ ਨਿਰਮੋਲੁ ਹੈ ਇਉ ਕਉਡੀ **ਬਦਲੈ** ਜਾਇ।"
— ਸਿਰੀ **੧**, ੨੨, ੩ : ੩ (22)

ਬੰਦਾ — 1. (ਫਾ. ਬੰਦਾਹ) ਦਾਸ, ਸੇਵਕ
"ਵਖਤੁ ਵੀਚਾਰੇ ਸੁ **ਬੰਦਾ** ਹੋਇ।"
— ਸਿਰੀ **੪**, ਵਾਰ ੪ਸ, **੧**, ੧ : ੨ (984)
"ਮੈ **ਬੰਦਾ** ਬੈ ਖਰੀਦੁ ਸਚੁ ਸਾਹਿਬੁ ਮੇਰਾ।" (ਭਾਵ ਗੁਲਾਮ) — ਆਸਾ **੫**, ੧੦੩, ੧ : ੧ (396)
2. ਮਨੁੱਖ
"ਨਾ ਜਮ ਕਾਣਿ ਨ ਛੰਦਾ **ਬੰਦਾ**।" (ਮਨੁੱਖ ਦੀ ਮੁਥਾਜੀ)
— ਮਾਰੂ **੧**, ਸੋਲਾ ੪, ੧੪ : ੨ (1024)
"ਆਇਓ **ਬੰਦਾ** ਦੁਨੀ ਵਿਚਿ ਵਤਿ ਆਸੂਣੀ ਬੰਨ੍ਹਿ।" — ਸਲੋ **ਫਰ**, ੧੦੦ : ੨ (1383)

ਬੰਦਾਹ — ਜਨਾਂ, ਬੰਦਿਆਂ, ਮਨੁੱਖਾਂ
"ਬੁਗੋ ਨਾਨਕ ਅਰਦਾਸਿ ਪੇਸਿ ਦਰਵੇਸ **ਬੰਦਾਹ**।"
— ਤਿਲੰ **੫**, ੧, ੪ : ੨ (723)

ਬਦਿ — ਆਖ ਕੇ ਭਾਵ ਜੋਪ, ਉਚਾਰੋ
"**ਬਦਿ** ਅੰਮ੍ਰਿਤ ਤਤ ਮਾਇਅੰ।"
— ਗੂਜ **ਜੈਦੇ**, ੧, ੧* : ੨ (526)

ਬੰਦਿ — ਬੰਧਨ, ਕੈਦ, ਬੰਦੀ
"**ਬੰਦਿ** ਖਲਾਸੀ ਭਾਣੈ ਹੋਇ।"
— ਜਪੁ **੧**, ੨੫ : ੧੦ (5)

ਬੰਦਿਗੀ — ਭਗਤੀ
"ਕਰਿ **ਬੰਦਿਗੀ** ਛਾਡਿ ਮੈ ਮੇਰਾ।"
— ਸੂਹੀ **ਰਵਿ**, ੨, ੨ : ੩ (794)

ਬਦੀ — (ਫਾ. ਬਦੀ) ਬੁਰਾਈ
"ਜੇ **ਬਦੀ** ਕੇਰ ਤਾ ਤਸੂ ਨ ਛੀਜੈ।" (ਬੁਰਾਈ ਭਾਵ ਨਿੰਦਾ) — ਧਨਾ **੧**, ੬, ੧ : ੨ (662)
"ਸਬ ਰੋਜ ਗਸਤਮਦਰ ਹਵਾ ਕਰਦੇਮ **ਬਦੀ** ਖਿਆਲ।" — ਤਿਲੰ **੧**, ੧, ੩ : ੧ (721)

ਬੰਦੀ — 1. ਦਾਸੀ, ਸੇਵਕਾ
"ਮਾਇਆ **ਬੰਦੀ** ਖਸਮ ਕੀ ਤਿਨ ਅਗੈ ਕਮਾਵੈ ਕਾਰ।"— ਸਿਰੀ **੪**, ਵਾਰ ੧੮ਸ, **੩**, ੨:੨ (90)
2. ਬੰਧਨ, ਕੈਦ
"ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇਸਾਹਿਬ **ਬੰਦੀ** ਮੋਚ।"— ਮਾਝ **੫**, ਬਾਰਾ ੯ : ੮ (135)
3. ਬੰਦਸ, ਦਾਸ ਭਾਵ
"**ਬੰਦੀ** ਅੰਦਰਿ ਸਫਿਤਿ ਕਰਾਏ ਤਾ ਕਉ ਕਹੀਐ

ਬੰਦਾ।" — ਆਸਾ **੧**, ੩੬, ੪ : ੨ (359)

4. ਗੁਲਾਮੀ

"ਜਗੁ **ਬੰਦੀ** ਮੁਕਤੇ ਹਉ ਮਾਰੀ।"

— ਆਸਾ **੧**, ਅਸ ੩, ੬ : ੧ (413)

ਬਦੀਆ — ਬੁਰਾਈਆਂ, ਪਾਪ

"ਕੁਦਰਤਿ ਨੇਕੀਆ ਕੁਦਰਤਿ **ਬਦੀਆ** ਕੁਦਰਤਿ ਮਾਨੁ ਅਭਿਮਾਨੁ।"

— ਆਸਾ **੧**, ਵਾਰ ੩ਸ, **੧**, ੨ : ੬ (464)

ਬੰਦੀਖਾਨਾ — ਜੇਲ੍ਹ, ਕਾਰਾਗਾਰ, ਕੈਦਖਾਨਾ

"ਲਬੁ ਅਧੇਰਾ **ਬੰਦੀਖਾਨਾ** ਅਉਗਣ ਪੈਰਿ ਲੁਹਾਰੀ।"

— ਬਸੰ **੧**, ਅਸ ੮, ੩ : ੨ (1191)

ਬਦੁਖ — ਦੁਖ

"ਮਣ ਭਰਿ ਦੁਖ **ਬਦੁਖ**।"

— ਮਾਰੂ **੩**, ਵਾਰ ੧੪ਸ, **੧**, ੩ : ੩ (1091)

ਬੰਦੇ — 1. ਹੇ ਮਨੁੱਖ, ਹੇ ਜਨ (ਫ਼. ਬੰਦਾ)

"ਇੜਾ ਪਿੰਗਲਾ ਸੁਖਮਨ **ਬੰਦੇ** ਏ ਅਵਗਨ ਕਤ ਜਾਹੀ।"

2. ਸੇਵਕ, ਦਾਸ

"ਹਮ ਮਸਕੀਨ ਖੁਦਾਈ **ਬੰਦੇ** ਤੁਮਰਾ ਜਸੁ ਮਨਿ ਭਾਵੈ।" — ਆਸਾ **ਕਬ**, ੧੨, ੧ : ੧ (480)

(ਦਰਪਣ ਤੇ ਨਿਰਣੈ ਇਸ ਦੇ ਅਰਥ 'ਬੰਦੇ' ਭਾਵ ਜੀਵ ਹੀ ਕਰਦਾ ਹੈ)

"ਨਗਜ ਤੇਰੇ **ਬੰਦੇ** ਦੀਦਾਰੁ ਅਪਾਰੁ।" (ਭਾਵ ਜਗਤ) — ਭੈਰ **੫**, ੧੦, ੧ : ੧ (1138)

3. ਜੀਵ, ਮਨੁੱਖ, ਲੋਕ

"ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ **ਬੰਦੇ**।"

— ਪ੍ਰਭਾ **ਕਬ**, ੩, ੧ : ੧ (1349)

ਬਦੈ — ਬਦਣਾ, ਗਿਣਤੀ ਵਿਚ ਲਿਆਉਣਾ

"ਕਿਸੈ ਨ **ਬਦੈ** ਆਪਿ ਅੰਹਕਾਰੀ।"

— ਗਉ **੫**, ਸੁਖ ੧੨, ੨ : ੭ (278)

ਬੰਧ — 1. ਬੰਧਨ

"ਜੇਤੀ ਸਿਆਨਪ ਕਰਮ ਹਉ ਕੀਏ ਤੇਤੇ **ਬੰਧ** ਪਰੇ।" — ਗਉ **੫**, ੧੫੯*, ੨ : ੧ (214)

"ਧੰਧ **ਬੰਧ** ਬਿਨਸੇ ਮਾਇਆ ਕੇ ਸਾਧੂ ਸੰਗਤਿ ਮਿਟੇ ਬਿਸੂਰ।" (ਭਾਵ ਉਲਝਨਾਂ)

— ਟੋਡੀ **੫**, ੨੩, ੧ : ੨ (716)

2. ਰੋਕ, ਰੁਕਾਵਟ, ਵਿਘਨ

"ਢਾਹਨ ਲਾਗੇ ਧਰਮ ਰਾਇ ਕਿਨਹਿ ਨ ਘਾਲਿਓ **ਬੰਧ**।" — ਗਉ **੫**, ਬਾਅ ੩੦ਸ : ੧ (256)

3. ਬੰਧਨਾ ਵਿਚ, ਬਝਾ ਹੋਇਆ

"ਤਬ **ਬੰਧ** ਮੁਕਤਿ ਕਹੁ ਕਿਸ ਕਉ ਗਨੀ।"

— ਗਉ **੫**, ਸੁਖ ੨੧, ੨ : ੨ (291)

"ਮੁਕਤ **ਬੰਧ** ਸਭਿ ਤੁਝ ਤੇ ਹੋਏ ਐਸਾ ਆਖਿ ਵਖਾਣੇ।"

"ਗੁਰਮੁਖਿ ਹੋਵੈ ਸੋ ਮੁਕਤੁ ਕਹੀਐ ਮਨਮੁਖ **ਬੰਧ** ਵਿਚਾਰੇ।"— ਬਿਲਾ **੩**, ੧, ੨ : ੨;੩ (796)

"ਮੈ ਗੁਨ **ਬੰਧ** ਸਗਲ ਕੀ ਜੀਵਨਿ ਮੇਰੀ ਜੀਵਨਿ ਮੇਰੇ ਦਾਸ।" (ਬਝਾ ਭਾਵ ਖਿਚਿਆ ਹੋਣਾ)

— ਸਾਰ **ਨਾਮ**, ੩, ੨ : ੧ (1253)

4. ਸਬੰਧੀ

"ਬੰਦਕ ਹੋਇ **ਬੰਧ** ਸੁਧਿ ਲਹੈ।"

— ਗਉ **ਕਬ**, ਬਾਅ ੨੯ : ੪ (342)

"ਮਾਤ ਪਿਤਾ ਸੁਤ **ਬੰਧ** ਜਨ ਹਿਤੁ ਜਾ ਸਿਉ ਕੀਨਾ।" — ਤਿਲੰ **੯**, ੨, ੧ : ੧ (726)

5. ਬੱਝਾ, ਗ੍ਰਸਿਆ

"ਰੋਗ **ਬੰਧ** ਰਹਨੁ ਰਤੀ ਨ ਪਾਵੈ।"

— ਭੈਰ **੫**, ੨੦, ੩ : ੩ (1141)

"ਅੰਧ ਬਿਉਹਾਰ **ਬੰਧ** ਮਨ ਧਾਵੈ।"

— ਭੈਰ **੫**, ੨੮, ੨ : ੩ (1143)

6. ਬੰਨ੍ਹ

"ਜੈਸੇ ਪਵਨੁ **ਬੰਧ** ਕਰਿ ਰਾਖਿਓ ਬੂਝ ਨ ਆਵਤ ਜਾਵਤ।" — ਸਾਰ **੫**, ੯, ੧ : ੨ (1205)

ਹੋਰ ਰੂਪ — ਬੰਧਉ —

"ਹਉ **ਬੰਧਉ** ਹਉ ਸਾਧਉ ਬੈਰੁ।" (ਮੈਂ ਬੰਨ੍ਹ ਲਵਾਂਗਾ) — ਗਉ **੫**, ੭੮, ੩ : ੨ (178)

ਬਧਹਿ — ਵੱਧੇ, ਜ਼ਿਆਦਾ ਹੋਏ

"ਤਿਲੁ ਨਹੀ **ਬਧਹਿ** ਘਟਹਿ ਨ ਘਟਾਏ।"

— ਮਾਰੂ **੫**, ਸੋਲਾ ੧੪, ੧੩ : ੨ (1086)

ਬੰਧਹਿ — 1. ਬੰਧਨਾਂ ਵਿਚ

"ਬਹੁ **ਬੰਧਹਿ** ਪਰੀਆ।"

— ਬਿਹਾ **੫**, ੧, ੩ : ੩ (537)

2. ਬੰਨ੍ਹਦਾ ਰਹਿੰਦਾ ਹੈ

"ਮਿਥਿਆ ਮੋਹ **ਬੰਧਹਿ** ਨਿਤ ਪਾਰਚ।"

— ਸੂਹੀ **੫**, ੩੩, ੧ : ੨ (743)

ਹੋਰ ਰੂਪ — ਬੰਧਹੁ —
"ਤੋਸਾ **ਬੰਧਹੁ** ਜੀਅ ਕਾ ਐਥੈ ਓਥੈ ਨਾਲਿ।"
(ਬੰਨ੍ਹੋ) — ਸਿਰੀ **੫**, ੯੦, ੧ : ੨ (49)

ਬਧਕ — ਕੈਦੀ, ਬਧੇ ਜਕੜੇ ਹੋਏ
"ਤ੍ਰੈ ਗੁਣ **ਬਧਕ** ਮੁਕਤਿ ਨਿਰਾਰੀ।"
— ਮਾਰੂ **੩**, ਸੋਲਾ ੬, ੧੩ : ੨ (1049)

ਬੰਧਕਾਰੀ — ਬੰਨ੍ਹਣ ਵਾਲੇ
"ਆਸਾ ਮਨਸਾ ਬੰਧਨੀ ਭਾਈ ਕਰਮ ਧਰਮ **ਬੰਧਕਾਰੀ**।"— ਸੋਰ **੧**, ਅਸ ੨, ੧ : ੧ (635)

ਬਧਕਿ — ਸ਼ਿਕਾਰੀ ਨੇ
"ਜਿਉਂ ਜਲ ਤੰਤੁ ਪਸਾਰਿਓ **ਬਧਕਿ** ਗ੍ਰਸਿ ਮੀਨਾ ਵਸਗਤਿ ਖਰਿਆ।"
— ਕਾਨ **੪**, ੧, ੨ : ੨ (1294)

ਬੰਧਚਿ — ਬੰਨ੍ਹਣ ਵਾਲਾ, ਬੰਧਨਾ ਵਿਚ ਫਸਾਉਣ ਵਾਲਾ
"**ਬੰਧਚਿ** ਬੰਧਨੁ ਪਾਇਆ।" (ਭਾਵ ਮਾਇਆ)
— ਰਾਮ **ਕਬ**, ੧੦, ੧ : ੧ (971)

ਬੰਧਨ — 1. ਫਾਹੀ, ਜੰਜਾਲ, ਪਕੜ
"ਪੰਡਿਤੁ ਪੜੈ **ਬੰਧਨ** ਮੋਹ ਬਾਧਾ ਨਹ ਬੂਝੈ ਬਿਖਿਆ ਪਿਆਰਿ।" — ਸਿਰੀ **੧**, ਪ੧, ੨ : ੨ (33)
2. ਬੰਨ੍ਹਣ ਦਾ
"ਬੇੜਾ ਬੰਧਿ ਨ ਸਕਿਓ **ਬੰਧਨ** ਕੀ ਵੇਲਾ।"
— ਸੂਹੀ **ਫਰ**, ੨, ੧ : ੧ (794)
3. ਜਿਸ ਨਾਲ ਬੇੜੀ ਆਦਿ ਬੰਨ੍ਹੀਏ
"**ਬੰਧਨ** ਕਾਟਿ ਤਰੈ ਹਰਿ ਨਾਇ।"
— ਗਉ **੫**, ੧੪੭, ੪* : ੨ (195)

ਬੰਧਨ ਛੋਰਿ — ਬੰਧਨਾ ਨੂੰ ਖੋਲ੍ਹਣ/ਤੋੜਨ ਵਾਲਾ
"ਅਭੈ ਪਦੁ ਦਾਨੁ ਸਿਮਰਨੁ ਸੁਆਮੀ ਕੋ ਪ੍ਰਭ ਨਾਨਕ **ਬੰਧਨ ਛੋਰਿ**।" — ਜੈਤ **੫**, ੯, ੨ : ੨ (701)

ਬੰਧਨ-ਮੁਕਤੁ — ਬੰਧਨਾ ਤੋਂ ਮੁਕਤ ਕਰਨ ਵਾਲਾ
"**ਬੰਧਨ-ਮੁਕਤੁ** ਸੰਤਹੁ ਮੇਰੀ ਰਾਖੈ ਮਮਤਾ।"
— ਸਿਰੀ **੫**, ੯੭, ੩ : ੨ (52)

ਬੰਧਨਾ — 1. ਬੰਧਨ, ਪਕੜ, ਫਾਹੀ
"ਹਉਮੈ ਏਈ **ਬੰਧਨਾ** ਫਿਰਿ ਫਿਰਿ ਜੋਨੀ ਪਾਹਿ।"
— ਆਸਾ **੧**, ਵਾਰ ੭ਸ, **੧**, ੨ : ੨ (466)
"ਬਿਨੁ ਸਤਿਗੁਰ ਸੇਵੇ ਜੀਅ ਕੇ **ਬੰਧਨਾ** ਜੇਤੇ ਕਰਮ ਕਮਾਹਿ।" (ਬੰਨ੍ਹਣ ਵਾਲਾ ਭਾਵ ਬੰਧਨ)
— ਬਿਹਾ **੪**, ਵਾਰ ੧੧ਸ, **੪**, ੧ : ੧ (552)

ਬੰਧਨਿ — 1. ਬੰਧਨ ਵਿਚ
"ਇਕਨਾ ਮਨਮੁਖਿ ਸਬਦੁ ਨ ਭਾਵੈ **ਬੰਧਨਿ** ਬੰਧਿ ਭਵਾਇਆ।" — ਸਿਰੀ **੩**, ੨੪, ੪ : ੧ (69)
"**ਬੰਧਨਿ** ਬਿਨਸੈ ਮੋਹਵਿਕਾਰ।" (ਬੰਧਨ ਸਦਕਾ)
— ਆਸਾ **੧**, ਅਸ ੧੦, ੧ : ੨ (416)
2. ਰਸੀ, ਉਹ ਵਸਤ ਜਿਸ ਨਾਲ ਕਿਸੇ ਨੂੰ ਬੰਨ੍ਹਿਆ ਜਾਵੇ
"ਦਿਸਟਿ ਬਿਕਾਰੀ **ਬੰਧਨਿ** ਬਾਂਧੈ ਹਉ ਤਿਸ ਕੈ ਬਲਿ ਜਾਈ।"— ਪ੍ਰਭਾ **੧**, ੯, ੧ : ੧ (1329)

ਬੰਧਨੀ — ਬੰਧਨ ਪਾਣ ਵਾਲੀ
"ਆਸਾ ਮਨਸਾ **ਬੰਧਨੀ** ਭਾਈ ਕਰਮ ਧਰਮ ਬੰਧਕਾਰੀ।"— ਸੋਰ **੧**, ਅਸ ੨, ੧ : ੧ (635)

ਬੰਧਨੁ — 1. ਫਾਹੀ, ਬੰਧਨ, ਜਾਲ
"ਬੰਧਚਿ **ਬੰਧਨੁ** ਮਾਇਆ।"
— ਰਾਮ **ਕਬ**, ੧੦, ੧ : ੧ (971)
2. ਜੋੜ, ਮੇਲ ਸੰਗਠਿਤ
"ਪਉਣ ਪਾਣੀ ਅਗਨੀ ਕਾ **ਬੰਧਨੁ** ਕਾਇਆ ਕੋਟੁ ਰਚਾਇਦਾ।"
— ਮਾਰੂ **੧**, ਸੋਲਾ ੧੬, ੧ : ੩ (1036)

ਬੰਧਪ — 1. ਰਿਸ਼ਤੇਦਾਰ, ਸੰਬੰਧੀ, ਸਾਕ
"ਤ੍ਰਿਸਨਾ ਮਾਇਆ ਮੋਹਣੀ ਸੁਤ **ਬੰਧਪ** ਘਰ ਨਾਰਿ।" — ਸਿਰੀ **੧**, ਅਸ ੧੩, ੧ : ੧ (61)

ਹੋਰ ਰੂਪ — ਬੰਧਪਾ —
"ਮਾਤ ਪਿਤਾ ਸੁਤ **ਬੰਧਪਾ** ਕੂੜੇ ਸਭੇ ਸਾਕ।"
(ਸੰਬੰਧੀ) — ਸਿਰੀ **੫**, ੮੪, ੨ : ੨ (47)

ਬੰਧਪੁ —
"ਤੂੰ ਮੇਰਾ **ਬੰਧਪੁ** ਤੂੰ ਮੇਰਾ ਭ੍ਰਾਤਾ।"
— ਮਾਝ **੫**, ੩੧, ੧ : ੨ (103)

ਬੰਧਪੋ —
"ਮੇਰਾ ਮਾਤ ਪਿਤਾ ਸੁਤ **ਬੰਧਪੋ** ਮੈ ਹਰਿ ਬਿਨੁ ਅਵਰੁ ਨ ਮਾਇ।"
— ਮਾਰੂ **੪**, ੩, ੧* : ੨ (996)

ਬੰਧਰੋ — ਬੰਧੂ, ਮਿੱਤਰ, ਸਹਾਇਕ
"ਦੀਨ **ਬੰਧਰੋ** ਦਾਸ ਦਾਸਰੋ ਸੰਤਹ ਹਕੀ ਸਾਰਾਨ।"
— ਸਾਰ **੫**, ਪ੮, ੨ : ੧ (1215)

ਬੰਧਵ — ਸੰਬੰਧੀ, ਰਿਸ਼ਤੇਦਾਰ

"ਕਤੰਚ ਭ੍ਰਾਤ ਮੀਤ ਹਿਤ **ਬੰਧਵ** ਕਤੰਚ ਮੋਹ ਕੁਟੰਬ੍ਯ੍ਯਤੇ।" — ਸਸ **੫**, ੧ : ੨ (1353)

ਬਧਾ — 1. ਬੰਨ੍ਹਿਆ
"ਗੁਰਿ ਸਚੈ **ਬਧਾ** ਬੇਹੁ ਰਖਵਾਲੇ ਗੁਰਿ ਦਿਤੇ।" (ਭਾਵ ਵਸਾਇਆ)
— ਸੋਰ **੪**, ਵਾਰ ੨੭ : ੧ (653)
"ਨਾਨਕ **ਬਧਾ** ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ।" (ਭਾਵ ਪਾਇਆ)
— ਸਿਰੀ **੫**, ੭੬, ੪ : ੩ (44)
"ਨਉ ਨਿਧਿ ਨਾਮੁ ਨਿਧਾਨੁ ਹਰਿ ਮੈ ਪਲੈ **ਬਧਾ** ਛਿਕਿ ਜੀਉ।"
— ਸਿਰੀ **੫**, ਅਸ ੨੯, ੪ : ੩ (73)
2. ਬੰਨ੍ਹਿਆ ਹੋਇਆ, ਬਝਾ ਹੋਇਆ
"ਅਵਗਣਿ **ਬਧਾ** ਮਾਰੀਐ ਛੂਟੈ ਗੁਰਮਤਿ ਨਾਇ।"
— ਸਿਰੀ **੧**, ਅਸ ੧੩, ੭ : ੩ (61)
"ਸਾਧਾ ਸਰਣੀ ਜੋ ਪਵੈ ਸੁ ਛੁਟੈ **ਬਧਾ**।" (ਬਝਾ ਹੋਇਆ) — ਗਉ **੫**, ਵਾਰ ੧੦ : ੨ (320)

ਬੰਧਾ — ਬੰਧਨ
"ਬਾਧਿਓ ਆਪਨ ਹਉ ਹਉ **ਬੰਧਾ**।"
— ਗਉ **੫**, ਬਾਅ ੩੯ : ੫ (258)
2. ਬੰਨ੍ਹ ਲਿਆ
"ਬ੍ਰਹਮ ਗਿਆਨੀ ਲੇ ਧਾਵਤੁ **ਬੰਧਾ**।"
— ਗਉ **੫**, ਸੁਖ ੮, ੪ : ੬ (273)
3. ਰੋਕ
"ਜੇ ਲਖ ਕਰਮ ਕਮਾਈਅਹਿ ਕਿਛੁ ਪਵੈ ਨ **ਬੰਧਾ**।" — ਆਸਾ **੫**, ੧੦੩, ੪ : ੧ (396)
4. ਬੰਨ੍ਹਿਆ ਗਿਆ, ਬੰਧਨਾ ਵਿਚ ਪੈਂਦਾ ਹੈ
"ਕਰਮ ਕਰੈ ਤ **ਬੰਧਾ** ਨਹ ਕਰੈ ਤ ਨਿੰਦਾ।"
— ਮਾਰੂ **੫**, ਅਸ ੭, ੪ : ੧ (1019)

ਬੰਧਾਂ — ਬੰਨ੍ਹਾਂ ਭਾਵ ਧਾਰਨ ਕਰਾਂ
"ਨਦਰਿ ਕਰੇ ਤਾਂ **ਬੰਧਾਂ** ਧੀਰ।"
— ਮਲਾ **੧**, ੯, ੩ : ੩ (1257)

ਬੰਧਾਇਓ — ਬੰਨਵਾ ਦਿੱਤਾ, ਫਸਾ ਦਿੱਤਾ
"ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ **ਬੰਧਾਇਓ**।" — ਜੈਤ **੯**, ੧, ੧* : ੨ (702)

ਬਧਾਇਆ — ਵਧਾਇਆ
"ਘਰਿ ਘਰਿ ਖਾਇਆ ਪਿੰਡੁ **ਬਧਾਇਆ** ਖਿੰਥਾ ਮੁੰਦਾ ਮਾਇਆ।"
— ਗੂਜ **ਤ੍ਰਿਲੋ**; ੧, ੨ : ੧ (526)

ਬੰਧਾਇਆ — ਬੰਨਵਾਇਆ, ਫਸਾਇਆ
"ਅੰਤਿ ਸੰਗ ਕਾਹੂ ਨਹੀ ਦੀਨਾ ਬਿਰਥਾ ਆਪੁ **ਬੰਧਾਇਆ**।" — ਸੋਰ **੯**, ੩, ੧ : ੨ (632)

ਬਧਾਈ — ਮੁਬਾਰਕ, ਸ਼ੁਭ ਕਾਮਨਾਵਾਂ
"ਬਜੀ **ਬਧਾਈ** ਸਹਜੇ ਸਮਾਈ ਬਹੁੜਿ ਦੂਖਿ ਨ ਰੁੰਨੀਆ।"— ਕਾਨ **੫**, ਛੰਤ ੧, ੪ : ੪ (1312)

ਬਧਾਏ — ਬੰਨ੍ਹੀ ਬੈਠੇ
"ਏਕ ਰੈਣ ਕੇ ਪਾਹੁਨ ਤੁਮ ਆਏ ਬਹੁ ਜੁਗ ਆਸ **ਬਧਾਏ**।" — ਗਉ **੪**, ੧੫੨*, ੧ : ੧ (212)

ਬੰਧਾਨ — 1. ਪਕਾ ਨਿਯਮ
"ਆਪੇ ਪਤਿ ਰਾਖੀ ਸੇਵਕ ਕੀ ਆਪਿ ਕੀਓ **ਬੰਧਾਨ**।" (ਭਾਵ ਸਥਿਰਤਾ ਕੀਤੀ)
— ਸਾਰ **੫**, ੬੩, ੨ : ੧ (1216)
ਹੋਰ ਰੂਪ — ਬੰਧਾਨਿ —
"ਤਸਬੀ ਯਾਦਿ ਕਰਹੁ ਦਸ ਮਰਦਨੁ ਸੁੰਨਤਿ ਸੀਲੁ **ਬੰਧਾਨਿ** ਬਰਾ।" (ਜ਼ਬਤ ਵਿਚ)
— ਮਾਰੂ **੫**, ਸੋਲਾ ੧੨, ੭ : ੩ (1084)

ਬੰਧਾਨੀ — 1. ਬਝਾ/ਬੰਨ੍ਹਿਆ ਹੋਇਆ
"ਅਹੰਬੁਧਿ ਸੁਚਿ ਕਰਮ ਕਰਿ ਇਹ ਬੰਧਨ **ਬੰਧਾਨੀ**।"— ਗਉ **੫**, ਅਸ ੧੫, ੭ : ੧ (242)
2. ਉਸਾਰੀ (ਸ਼ਬਦਾਰਥ), ਮਰਯਾਦਾ (ਦਰਪਣ); ਬੰਨ੍ਹ ਦਿਤੀ, ਆਬਾਦ ਕਰ ਦਿਤੀ (ਨਿਰਣੈ)
"ਕਹੁ ਨਾਨਕ ਨਿਹਚਲ ਘਰੁ ਬਾਧਿਓ ਗੁਰਿ ਕੀਓ **ਬੰਧਾਨੀ**।" — ਧਨਾ **੫**, ੫, ੪ : ੨ (672)
(ਮਹਾਨਕੋਸ਼ ਅਰਥ 'ਬੰਧਨ ਵਾਲਾ' ਕਰਦਾ ਹੈ)

ਬੰਧਾਨੁ — 1. ਰਿਸ਼ਤੇਦਾਰੀ, ਸਮਾਜ ਦਾ ਬੰਧੇਜ
"ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ **ਬੰਧਾਨੁ**।"
— ਆਸਾ **੧**, ਵਾਰ ੧੯ਸ, **੧**, ੨ : ੩ (473)
2. ਮਰਯਾਦਾ
"ਘਰ ਕਾ ਹੋਆ **ਬੰਧਾਨੁ** ਬਹੁੜਿ ਨ ਧਾਵੀਆ।" (ਭਾਵ ਇਸਥਿਰਤਾ)
— ਰਾਮ **੫**, ਵਾਰ ੧੫ : ੨ (964)

ਬਧਾਵਹਿ — ਵਧਾਉਂਦਾ ਹੈ
"ਜਗੁ ਪਰਬੋਧਹਿ ਮੜੀ **ਬਧਾਵਹਿ**।"
— ਰਾਮ **੩**, ਅਸ ੨, ੧ : ੧ (903)

ਬੰਧਾਵਤ — ਬੰਨ੍ਹਾ
"ਅਲੀਅਲ ਗੁੰਜਾਤ ਅਲੀਅਲ ਗੁੰਜਾਤ ਹੇ ਮਕਰੰਦ ਰਸ ਬਾਸਨ ਮਾਤ ਹੇ ਪ੍ਰੀਤਿ ਕਮਲ **ਬੰਧਾਵਤ** ਆਪ।" — ਆਸਾ **੫**, ਛੰਤ ੧੪, ੩ : ੧ (462)

ਬਧਾਵਨੁ — ਬਧ ਕਰਨ ਲਈ, ਮਾਰਨ ਲਈ
"ਕਾਲੁ ਅਕਾਲੁ ਖਸਮ ਕਾ ਕੀਨ੍ਹਾ ਇਹੁ ਪਰਪੰਚੁ **ਬਧਾਵਨੁ**।" — ਮਾਰੂ **ਕਬ**, ੬, ੨ : ੧ (1104)

ਬਧਾਵਾ — ਬੰਨ੍ਹਦਾ ਹੈ
"ਤਾਹਿ ਛਾਡਿ ਕਤ ਆਪੁ **ਬਧਾਵਾ**।"
— ਗਉ **ਕਬ**, ਬਾਅ ੧੩ : ੪ (340)

ਬੰਧਾਵੈ — ਬੰਨ੍ਹਵਾਉਂਦਾ ਹੈ
"ਪੂਤ ਮੀਤ ਮਾਇਆ ਮਮਤਾ ਸਿਉ ਇਹ ਬਿਧਿ ਆਪੁ **ਬੰਧਾਵੈ**।" — ਗਉ **੯**, ੩, ੧ : ੧ (219)

ਬਧਿ — ਬੰਨ੍ਹ ਕੇ
"ਮੂਡ ਪਲੋਸਿ ਕਮਰ **ਬਧਿ** ਪੋਥੀ।"
— ਗੋਂਡ **ਕਬ**, ੬, ੩ : ੩ (871)

ਬੰਧਿ — 1. ਬੰਨ੍ਹ ਕੇ, ਜੋੜ ਕੇ
"ਆਬ ਖਾਕੁ ਜਿਨਿ **ਬੰਧਿ** ਰਹਾਈ ਧੰਨੁ ਸਿਰਜਣਹਾਰੋ।"— ਸਿਰੀ **੧**, ੨੮, ੧ : ੨ (24)
"ਆਸਾ **ਬੰਧਿ** ਚਲਾਈਐ ਮੁਹੇ ਮੁਹਿ ਚੋਟਾ ਖਾਇ।" (ਭਾਵ ਰਖਕੇ, ਲਾ ਕੇ)
— ਸਿਰੀ **੧**, ਅਸ ੧੩, ੨ : ੨ (61)
2. ਬੰਧਨ
"ਅੰਧ ਕੂਪ ਮਹਿ ਪਰਿਓ ਪਰਾਨੀ ਭਰਮ ਗੁਬਾਰ ਮੋਹ **ਬੰਧਿ** ਪਰੇ।"
— ਬਿਲਾ **੫**, ੯੬, ੨ : ੧ (823)

ਬੰਧਿਅਉ — ਬੰਨ੍ਹ ਦਿਤਾ
"ਭਵ ਸਾਗਰੁ **ਬੰਧਿਅਉ** ਸਿਖ ਤਾਰੇ ਸੁਪ੍ਰਸੰਨੈ।"
— ਸਵ **੪**, ਸਲ ੧ : ੪ (1406)

ਬੰਧਿਆ — ਬੰਨ੍ਹਿਆ
"ਮੇਰੀ ਮੇਰੀ ਧਾਰਿ ਬੰਧਨਿ **ਬੰਧਿਆ**।"
— ਸੂਹੀ **੫**, ਅਸ ੫, ੩ : ੧ (761)
"ਮੂਲ ਦੁਆਰੈ **ਬੰਧਿਆ** ਬੰਧੁ।" (ਭਾਵ ਜੋੜਿਆ, ਬਣਾਇਆ) — ਭੈਰ **ਕਬ**, ੧੦, ੨ : ੧ (1159)

ਬਧਿਕ — 1. ਸ਼ਿਕਾਰੀ, ਫਾਂਧੀ
"ਸੀਚਾ ਨੇ ਜਿਉ ਪੰਖੀਆ ਜਾਲੀ **ਬਧਿਕ** ਹਾਥਿ।"
— ਸਿਰੀ **੧**, ਅਸ ੪, ੩ : ੧ (55)
"ਸਾਕਤ **ਬਧਿਕ** ਮਾਇਆ ਧਾਰੀ ਤਿਨ ਜਮ ਜੋਹਨਿ ਲਾਗੇ।" (ਹਿੰਸਾ ਕਰਨ ਵਾਲਾ)
— ਗਉ **੪**, ੬੨, ੪ : ੧ (172)
"ਕਾਲੁ ਅਹੇਰੀ ਫਿਰੈ **ਬਧਿਕ** ਜਿਉ ਕਹਹੁ ਕਵਨ ਬਿਧਿ ਕੀਜੈ।" (ਕਸਾਈ)
— ਧਨਾ **ਕਬ**, ੨, ੧ : ੨ (692)
ਹੋਰ ਰੂਪ — ਬਧਿਕਿ —
"ਮਛੁਲੀ ਵਿਛੁੰਨੀ ਨੈਣ ਰੁੰਨੀ ਜਾਲੁ **ਬਧਿਕਿ** ਪਾਇਆ।" (ਸ਼ਿਕਾਰੀ ਨੇ)
— ਆਸਾ **੧**, ਛੰਤ ੫, ੩ : ੩ (439)
ਬਧਿਕੁ —
"**ਬਧਿਕੁ** ਉਧਾਰਿਓ ਖਮਿ ਪ੍ਰਹਾਰ।"
— ਬਸੰ **੫**, ਅਸ ੧, ੩ : ੧ (1192)
2. ਬਧੇ ਹੋਏ, ਕੈਦੀ
"ਅਵਗਣਿ ਮੁਠੀ ਜੇ ਫਿਰਹਿ **ਬਧਿਕ** ਥਾਇ ਨ ਪਾਹਿ ਜੀਉ।"
— ਸੂਹੀ **੧**, ਅਸ ੨, ੨ : ੨ (751)
"ਸਾਕਤ ਮੂੜ ਮਾਇਆ ਕੇ **ਬਧਿਕ** ਵਿਚਿ ਮਾਇਆ ਫਿਰਹਿ ਫਿਰੰਦੇ।"
— ਬਿਲਾ **੪**, ੬, ੨ : ੧ (800)
ਹੋਰ ਰੂਪ — ਬਧਿਕੁ —
"ਜੰਮਣੁ ਮਰਣਾ ਆਦਿ ਗਇਆ **ਬਧਿਕੁ** ਜੀਉ ਬਿਕਾਰੋ।" (ਬੰਨ੍ਹਿਆ ਗਿਆ)
— ਵਡ **੧**, ਅਲਾ ੩, ੩ : ੨ (580)

ਬੰਧਿਪ — ਸੰਬੰਧੀ, ਰਿਸ਼ਤੇਦਾਰ
"ਗੁਰਦੇਵ ਸਖਾ ਅਗਿਆਨੁ ਭੰਜਨੁ ਗੁਰਦੇਵ **ਬੰਧਿਪ** ਸਹੋਦਰਾ।" — ਗਉ **੫**, ਬਾਅ ੧ਸ : ੨ (250)
ਹੋਰ ਰੂਪ — ਬੰਧਿਪੋ —
"ਮੀਤ ਸਖਾ ਸੁਤ **ਬੰਧਿਪੋ** ਸਭਿ ਤਿਸ ਦੇ ਜਣਿਆ।" — ਗਉ **੫**, ਵਾਰ ੨ : ੪ (319)

ਬਧੀ — 1. ਬੰਨ੍ਹੀ
"ਬਾਝਹੁ ਗੁਰੂ ਅਚੇਤੁ ਹੈ ਸਭ **ਬਧੀ** ਜਮਕਾਲਿ।"
— ਸਿਰੀ **੩**, ੪੩, ੪ : ੨ (30)
"ਮੈ **ਬਧੀ** ਸਚੁ ਧਰਮਸਾਲ ਹੈ।" (ਕਾਇਮ ਕੀਤੀ, ਬਣਾਈ) — ਸਿਰੀ **੫**, ਅਸ ੨੯, ੧੦ : ੧ (73)
2. ਬੰਨ੍ਹੇ ਹੋਈ
"ਰੂਪੁ ਨ ਜਾਣੈ ਸੋਹਣੀਐ ਹੁਕਮਿ **ਬਧੀ** ਸਿਰਿ ਕਾਰੋ।"— ਵਡ **੧**, ਅਲਾ ੩, ੪ : ੩ (580)

ਬੰਧੀ — 1. ਬਝੀ ਹੋਈ, ਬੰਨ੍ਹੀ ਹੋਈ
"ਤ੍ਰਿਹੁ ਗੁਣ **ਬੰਧੀ** ਦੇਹੁਰੀ ਜੋ ਆਇਆ ਜਗਿ ਸੋ ਖੇਲੁ।" — ਸਿਰੀ **੧**, ੧੮, ੪ : ੨ (21)
"ਆਸਾ **ਬੰਧੀ** ਮੂਰਖ ਦੇਹ।" (ਜਕੜੀ ਹੋਈ)
— ਗਉ **੫**, ੨੮, ੨ : ੧ (178)
"ਕਬੀਰ ਥੂਨੀ ਪਾਈ ਥਿਤਿ ਭਈ ਸਤਿਗੁਰ **ਬੰਧੀ** ਧੀਰ।" (ਬੰਨ੍ਹੀ)— ਸਲੋ **ਕਬ**, ੧੬੧ : ੧ (1373)
2. ਸਬੰਧੀ, ਰਿਸ਼ਤੇਦਾਰ
"ਭਾਈ **ਬੰਧੀ** ਹੇਤੁ ਚੁਕਾਇਆ।"
— ਸਲੋ **੧**, ੫ : ੩ (1410)

ਬਧੁ — 1. ਬਝਾ, ਬੰਨ੍ਹਿਆ
"ਦੁਖਿ ਸੁਖਿ ਏਹੁ ਜੀਉ **ਬਧੁ** ਹੈ ਹਉਮੈ ਕਰਮ ਕਮਾਇ।"— ਸਿਰੀ **੩**, ਅਸ ੨੧, ੬ : ੨ (67)
2. ਵਢਣਾ, ਕਟਣਾ, ਮਾਰਨਾ
"ਜਾ ਕੈ ਈਦਿ ਬਕਰੀਦਿ ਕੁਲ ਗਊ ਰੇ **ਬਧੁ** ਕਰਹਿ ਮਾਨੀਅਹਿ ਸੇਖ ਸਹੀਦ ਪੀਰਾ।"
— ਮਲਾ **ਰਵਿ**, ੨, ੨ : ੧ (1293)

ਬੰਧੁ — 1. ਬੰਧਨ
"ਗੁਰਮੁਖਿ ਮੁਕਤੋ **ਬੰਧੁ** ਨ ਪਾਇ।"
— ਗਉ **੧**, ੬, ੨ : ੩ (152)
"ਮਾਇਆ ਮੋਹ **ਬੰਧੁ** ਪ੍ਰਭਿ ਕੀਤਾ।"
— ਗਉ **੫**, ਬਾਅ ੩੪ : ੬ (257)
2. ਸਬੰਧੀ, ਰਿਸ਼ਤੇਦਾਰ
"ਸਾਜਨੁ **ਬੰਧੁ** ਸੁਮਿਤ੍ਰੁ ਸੋ ਹਰਿ ਨਾਮੁ ਹਿਰਦੈ ਦੇਇ।" — ਗਉ **੫**, ੧੭੨*, ੩ : ੧ (218)
3. ਰੋਕ, ਬੰਨ੍ਹ
"ਸਾਕਤ ਲੋਭੀ **ਬੰਧੁ** ਨ ਪਾਇਆ।"
— ਗਉ **੫**, ਅਸ ੭, ੬ : ੨ (239)
"ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ **ਬੰਧੁ**।" (ਰੁਕਾਵਟ, ਰੋਕ)
— ਗਉ **੫**, ਬਾਅ ੧੯ : ੩ (254)
"ਵੇਖਦਿਆ ਹੀ ਭਜਿ ਜਾਨਿ ਕਦੇ ਨ ਪਾਇਨਿ **ਬੰਧੁ**।" (ਭਾਵ ਕਾਇਮ ਨਹੀਂ ਰਹਿੰਦੇ)
— ਰਾਮ **੫**, ਵਾਰ ਪਸ, **੫**, ੨ : ੨ (959)
4. ਸੰਬਧ, ਮੇਲ, ਜੋੜ
"ਪਉਣੁ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ **ਬੰਧੁ** ਕੀਆ।"
— ਆਸਾ **੧**, ੭, ੧ : ੧ (350)
"ਮੈਗਲਹਿ ਕਾਮੈ **ਬੰਧੁ**।" (ਸਨਬੰਧ)
— ਬਿਲਾ **੫**, ਅਸ ੨, ੮ : ੩ (838)
"ਕੂੜਾ ਗੰਢੁ ਨ ਚਲਈ ਚਿਕੜਿ ਪਥਰ **ਬੰਧੁ**।" (ਜੋੜ)
— ਰਾਮ **੫**, ਵਾਰ ਪਸ, **੫**, ੨ : ੬ (959)
5. ਬੰਨ੍ਹਿਆ ਹੋਇਆ
"ਮਨ ਕਾ ਅੰਧੁਲਾ ਮਾਇਆ ਕਾ **ਬੰਧੁ**।"
— ਆਸਾ **੧**, ੧੮, ੨ : ੩ (354)
6. ਕੈਦ
"ਸਤਿਗੁਰਿ ਰਾਖੇ **ਬੰਧੁ** ਨ ਪਾਈ।"
— ਆਸਾ **੧**, ਅਸ ੧੦, ੮ : ੨ (416)
7. ਬਾਨ੍ਹਣੂ ਭਾਵ ਸਾਮਾਨ ਜਾਂ ਸਾਧਨ
"ਤੀਨੇ ਓਜਾੜੇ ਕਾ **ਬੰਧੁ**।"
— ਧਨਾ **੧**, ੭, ੨ : ੪ (662)
8. ਬੰਨ੍ਹ, ਬਣਾ
"ਜਪ ਤਪ ਕਾ **ਬੰਧੁ** ਬੇੜੁਲਾ ਜਿਤੁ ਲੰਘਹਿ ਵਹੇਲਾ।" — ਸੂਹੀ **੧**, ੭, ੧ : ੧ (729)
9. ਬੰਨ੍ਹ (ਦਿਉ), ਜਕੜ (ਦਿਉ)
"ਸੁੰਨ ਨਿਰੰਤਰਿ ਦੀਜੈ **ਬੰਧੁ**।"
— ਰਾਮ **੧**, ਸਿਗੋ ੧੬ : ੧ (939)
10. ਰਿਸ਼ਤਾ, ਸਬੰਧ
"ਫਾਥਾ ਚੁਗੈ ਨਿਤ ਚੋਗੜੀ ਲਗਿ **ਬੰਧੁ** ਵਿਗਾੜੀ।"
— ਮਾਰੂ **੧**, ਅਸ ੪, ੬ : ੨ (1011)
11. ਮਿਤ੍ਰ, ਬੰਧੂ
"ਕਰੁਣ ਕ੍ਰਿਪਾਲ ਗੋਪਾਲ ਦੀਨ **ਬੰਧੁ** ਨਾਨਕ ਉਧਰੁ ਸਰਨਿ ਪਰੀਆ।"
— ਕਾਨ **੫**, ੩੦, ੨ : ੨ (1303)

ਬਧੇ — 1. ਬੰਨ੍ਹੇ (ਹੋਏ), ਬਝੇ (ਹੋਏ)
"ਜਮ ਦਰਿ **ਬਧੇ** ਮਾਰੀਅਹਿ ਕੂਕ ਨ ਸੁਣੈ ਪੂਕਾਰ।"
— ਸਿਰੀ **੩**, ਅਸ ੨੫, ੫ : ੨ (69)
"ਪੰਜੇ **ਬਧੇ** ਮਹਾਬਲੀ ਕਰਿ ਸਚਾ ਢੋਆ।" (ਭਾਵ ਕਾਬੂ ਕੀਤੇ) — ਬਸੰ **੫**, ਵਾਰ ੨ : ੧ (1193)
"ਇਕਨੀ ਲਦਿਆ ਇਕਿ ਲਦਿ ਚਲੇ ਇਕਨੀ **ਬਧੇ** ਭਾਰ।" (ਬੰਨ੍ਹੇ ਹਨ ਭਾਵ ਤਿਆਰ ਖੜੇ ਹਨ)
— ਸਾਰ **੪**, ਵਾਰ ੧੭ਸ, **੧**, ੧ : ੨ (1244)
2. ਵਧੇ
"**ਬਧੇ** ਬਿਕਾਰ ਲਿਖੇ ਬਹੁ ਕਾਗਰ।"

— ਗਉ **੫**, ੧੪੭, ੪ : ੧ (195)

3. ਵੱਧਦਾ ਹੈ

"ਤ੍ਰਿਬਿਧਿ ਰੋਗ ਮਹਿ **ਬਧੇ** ਬਿਕਾਰਾ।"

— ਭੈਰ **੫**, ੨੦, ੨ : ੪ (1141)

ਬੰਧੇ — ਬਝੇ

"ਮਾਇਆ ਫਾਸ ਬੰਧ ਬਹੁ **ਬੰਧੇ** ਹਰਿ ਜਪਿਓ ਖੁਲ ਖੁਲਨੇ।" — ਨਟ **੪**, ੫, ੩ : ੧ (976)

"ਆਸਾ **ਬੰਧੇ** ਦਾਨੁ ਕਰਾਏ।" (ਬਝੇ ਹੋਏ)

— ਮਾਰੂ **੧**, ਸੋਲਾ ੪, ੯ : ੨ (1024)

ਬਧੈ — 1. ਵਧੇ, ਬਹੁਤਾ ਹੋਵੇ

"ਪ੍ਰੀਤਿ ਬਿਨਾ ਕੈਸੇ **ਬਧੈ** ਸਨੇਹੁ।"

— ਗਉ **ਕਬ**, ੨੩, ੧* : ੧ (328)

2. ਬੰਨ੍ਹਦਾ

"ਹਰਿ ਸਿਮਰਤ ਮੋਹੁ ਮਾਨੁ ਨ **ਬਧੈ**।"

— ਭੈਰ **੫**, ੪੯, ੨ : ੩ (1150)

ਬੰਧੈ — 1. ਬੰਨ੍ਹਦਾਂ ਹੈ

"ਕੈ **ਬੰਧੈ** ਕੈ ਡਾਨਿ ਲੇਇ ਕੈ ਨਰਪਤਿ ਮਰਿ ਜਾਇਆ।" — ਗਉ **੪**, ੪੮, ੨ : ੨ (166)

"ਵਾਰੀ ਆਪੋ ਆਪਣੀ ਕੋਇ ਨ **ਬੰਧੈ** ਧੀਰਿ।" (ਬੰਨ੍ਹਦਾ ਭਾਵ ਕਰਦਾ)

— ਰਾਮ **੧**, ਓਅੰ ੪੪ : ੨ (936)

2. ਰੋਕ ਸਕਦਾ

"ਹਰਿ ਹਰਿ ਨਾਮ ਜਪੰਤਿਆ ਕੋਇ ਨ **ਬੰਧੈ** ਵਾਟ।"

— ਰਾਮ **੫**, ਵਾਰ ੯ਸ, **੫**, ੨ : ੨ (961)

"ਅਸੁਰ ਨਦੀ ਕਾ **ਬੰਧੈ** ਮੂਲੁ।" (ਬੰਦ ਕਰੇ)

— ਰਾਮ **ਬੇਣੀ**, ੧, ੭ : ੩ (974)

ਬਧੋਹੁ — ਬੱਧਾ ਹੈ ਭਾਵ ਵਸਾਇਆ ਹੈ

"**ਬਧੋਹੁ** ਪੁਰਖਿ ਬਿਧਾਤੈ ਤਾਂ ਤੂ ਸੋਹਿਆ।"

— ਫੁਨ **੫**, ੧੦ : ੨ (1362)

ਬਨ — 1. ਜੰਗਲ, ਉਦਿਆਨ

"**ਬਨ** ਮਹਿ ਭੂਲੀ ਜੇ ਫਿਰਾ ਬਿਨੁ ਗੁਰ ਬੂਝ ਨ ਪਾਉ।" — ਸਿਰੀ **੧**, ਅਸ ੬, ੭ : ੨ (57)

"ਭਾਤਿ ਭਾਤਿ **ਬਨ** ਬਨ ਅਵਗਾਹੇ।" (ਜੰਗਲ)

— ਮਾਝ **੫**, ੧੨, ੧ : ੨ (98)

(ਦੂਜ 'ਬਨ' ਦਾ ਅਰਥ 'ਪਾਣੀ' ਇਥੇ ਭਾਵ ਤੀਰਥ ਹੈ)

"ਜਬ ਲਗੁ ਸਿੰਘੁ ਰਹੈ **ਬਨ** ਮਾਹਿ।" (ਭਾਵ ਸਰੀਰ)

— ਭੈਰ **ਕਬ**, ੧੪, ੨ : ੧ (1161)

2. ਪਾਣੀ

"ਅੰਮ੍ਰਿਤ ਖੰਡੁ ਦੂਧਿ ਮਧੁ ਸੰਚਸਿ ਤੂ **ਬਨ** ਚਾਤੁਰ ਰੇ।" — ਮਾਰੂ **੧**, ੪, ੩ : ੧ (990)

"ਬਿਖਿਆ **ਬਨ** ਤੇ ਜੀਉ ਉਧਾਰਹੁ।" (ਵਿਸ਼ਿਆਂ ਦੇ ਪਾਣੀ ਭਾਵ ਸੰਸਾਰ ਸਾਗਰ ਤੋਂ)

— ਮਾਰੂ **੫**, ੧੯, ੧ : ੮ (1004)

3. ਪੀਲੂ ਦਾ ਬ੍ਰਿਛ

"**ਬਨ** ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ।"

— ਤੁਖਾ **੧**, ਬਾਰਾ ੫ : ੨ (1108)

ਬਨਈਆ — ਬਨਾਉਣ ਵਾਲਾ, ਸਿਰਜਨ ਵਾਲਾ

"ਹਰਿ ਗਤਿ ਮਿਤਿ ਕਰਤਾ ਆਪੇ ਜਾਣੈ ਸਭ ਬਿਧਿ ਹਰਿ ਹਰਿ ਆਪਿ **ਬਨਈਆ**।"

— ਬਿਲਾ **੪**, ਅਸ ੨, ੩ : ੧ (834)

ਬਨਸਪਤਿ — ਬ੍ਰਿਛ, ਬੂਟੇ, ਘਾਹ ਆਦਿ

"**ਬਨਸਪਤਿ** ਮਉਲੀ ਫਲ ਫੁਲ ਪੇਡੇ।"

— ਗਉ **੫**, ੮੪, ੪ : ੧ (180)

ਬਨਹਰਪਾਤ — ਜੰਗਲ ਦੇ ਹਰੇ ਪਤੇ

"ਹਰਿ ਚੰਦਉਰੀ **ਬਨ ਹਰ ਪਾਤ** ਰੇ ਇਹੈ ਤੁਹਾਰੋ ਬੀਤ।" — ਧਨਾ **੫**, ੯, ੧* : ੨ (673)

ਬਨਹਿ — 1. ਬਨ (ਜੰਗਲ) ਦੇ

"ਗ੍ਰਿਹ **ਬਨਹਿ** ਤੀਰੈ ਬਰਤ ਪੂਜਾ ਬਾਟ ਘਾਟੈ ਜੋਹਨੀ।" — ਬਿਲਾ **੫**, ਛੰਤ ੩, ੨ : ੫ (847)

"**ਬਨਹਿ** ਬਸੇ ਕਿਉ ਪਾਈਐ ਜਉ ਲਉ ਮਨਹੁ ਨ ਤਜਹਿ ਬਿਕਾਰ।" (ਬਨ ਵਿਚ)

— ਮਾਰੂ **ਕਬ**, ੨, ੧ : ੧ (1103)

2. ਬਣ ਆਵੇ

"ਤੂੰ ਬ੍ਰਹਮਨੁ ਮੈ ਕਾਸੀਕ ਜੁਲਹਾਮੁਹਿ ਤੋਹਿ ਬਰਾਬਰੀ ਕੈਸੇ ਕੈ **ਬਨਹਿ**।"

— ਰਾਮ **ਕਬ**, ੫, ੩ : ੧ (970)

ਬੰਨਹਿ — ਬੰਨ੍ਹਦੇ ਹਨ

"ਰੋਵਣ ਵਾਲੇ ਜੇਤੜੇ ਸਭਿ **ਬੰਨਹਿ** ਪੰਡ ਪਰਾਲਿ।"

— ਸਿਰੀ **੧**, ੩, ੨ : ੩ (15)

ਬਨਖੰਡ — ਜੰਗਲ

"**ਬਨਖੰਡ** ਜਾਇ ਜੋਗੁ ਤਪੁ ਕੀਨੋ ਕੰਦ ਮੂਲੁ ਚੁਨਿ ਖਾਇਆ।" — ਸੋਰ **ਕਬ**, ੩, ੨ : ੧ (654)

ਹੋਰ ਰੂਪ — ਬਨਖੰਡਿ —
"**ਬਨਖੰਡਿ** ਮਾਇਆ ਮੋਹਿ ਹੈਰਾਨਾ।" (ਜੰਗਲ ਵਿਚ) — ਆਸਾ **੧**, ਅਸ ੮, ੧ : ੨ (415)

ਬਨਛੇ — ਚਾਹੁੰਦੇ ਹਾਂ, ਬਾਂਛਦੇ ਹਾਂ
"ਹਰਿ ਦੀਨ ਦਇਆਲ ਕਰਹੁ ਪ੍ਰਭ ਕਿਰਪਾ ਗੁਰ ਸਤਿਗੁਰ ਚਰਣ ਹਮ **ਬਨਛੇ**।"
— ਬਸੰ **੪**, ੪, ੧ : ੨ (1178)

ਬਨਜ — ਵਿਉਪਾਰ
"ਮੋਹਿ ਐਸੇ **ਬਨਜ** ਸਿਉ ਨਹੀਨ ਕਾਜੁ।"
— ਬਸੰ **ਕਬ**, ੬, ੧* : ੧ (1195)

ਬਨਜਹੁ — ਖਰੀਦਦਾ ਹਾਂ, ਵਣਜ ਕਰਦਾ ਹੈ
"ਹਰਿ ਧਨੁ **ਬਨਜਹੁ** ਹਰਿ ਧਨੁ ਸੰਚਹੁ ਜਿਸ ਲਾਗਤ ਹੈ ਨਹੀ ਚੋਰ।"— ਮਲਾ **੪**, ੮, ੧ : ੧ (1265)

ਬਨਜਨਹਾਰੇ — ਖਰੀਦਨ ਵਾਲੇ, ਵਣਜ ਕਰਨ ਵਾਲੇ, ਵਣਜਾਰੇ
"**ਬਨਜਨਹਾਰੇ** ਬਾਹਰਾ ਕਉਡੀ ਬਦਲੈ ਜਾਇ।" (ਭਾਵ ਜਿਸ ਨੂੰ ਪਹਿਚਾਨ ਹੈ)
— ਸਲੋ **ਕਬ**, ੧੫੪ : ੨ (1372)

ਬਨਜਨਿ — ਵਣਜ ਕਰਨ ਲਈ, ਖਰੀਦਨ ਲਈ
"ਰਤਨ ਜਵੇਹਰ **ਬਨਜਨਿ** ਆਇਓ ਕਾਲਰੁ ਲਾਦਿ ਚਲਾਇਓ।"— ਮਾਰੂ **੫**, ਅਸ ੧, ੨ : ੧ (1017)

ਬਨਜਾਰਨਿ — ਵਣਜ ਕਰਨ ਵਾਲੀ
"ਮੈ **ਬਨਜਾਰਨਿ** ਰਾਮ ਕੀ।"
— ਗਉ **੧**, ੧੯, ੧* : ੧ (157)

ਬਨਜਾਰਾ — ਵਣਜ ਕਰਨ ਵਾਲਾ, ਵਿਉਪਾਰੀ
"ਸਗਲ ਸੰਸਾਰ ਕੀਓ **ਬਨਜਾਰਾ**।"
— ਗਉ **ਕਬ**, ੪੯, ੧* : ੨ (333)

ਹੋਰ ਰੂਪ — ਬਨਜਾਰੇ —
"ਨਾਇਕੁ ਏਕੁ **ਬਨਜਾਰੇ** ਪਾਚ।"
— ਬਸੰ **ਕਬ**, ੬, ੧ : ੧ (1194)

ਬਨਜਾਰੋ —
"ਕੋ **ਬਨਜਾਰੋ** ਰਾਮ ਕੋ ਮੇਰਾ ਟਾਂਡਾ ਲਾਦਿਆ ਜਾਇਰੇ।"— ਗਉ **ਰਵਿ**, ੧, ੧* : ੧ (345)

ਬਨਜਿ — ਵਣਜ ਦੀ, ਬਿਉਪਾਰ ਦੀ
"ਝੂਠੈ **ਬਨਜਿ** ਉਠਿ ਹੀ ਗਈ ਹਾਟਿਓ।"
— ਮਲਾ **ਰਵਿ**, ੩, ੨ : ੨ (1293)

ਬਨਜਿਆ — ਵਣਜ ਕੀਤਾ, ਖਰੀਦਿਆ
"ਕਿਨਹੀ **ਬਨਜਿਆ** ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ।" — ਕੇਦਾ **ਕਬ**, ੨, ੧ : ੧ (1123)

ਬਨਜੁ — ਵਣਜ, ਸੌਦਾਗਰੀ, ਬਿਉਪਾਰ
"ਏਕੋ **ਬਨਜੁ** ਏ ਕੋ ਬਿਉਹਾਰੀ।"
— ਗਉ **੫**, ੮੬, ੨ : ੩ (181)

ਬਨਤ — ਬਣਤਰ, ਰਚਨਾ
"ਜਿਨਿ ਤੇਰੀ ਮਨ **ਬਨਤ** ਬਨਾਈ।"
— ਗਉ **੫**, ਸੁਖ ੬, ੪ : ੨ (270)
"ਨਾਨਾ ਬਿਧਿ ਕਰਿ **ਬਨਤ** ਬਨਾਈ।"
— ਗਉ **੫**, ਸੁਖ ੧੬, ੪ : ੨ (284)

ਬਨਤੁ — ਬਣਦੀ
"ਜਿਥੈ ਅਉਘਟੁ ਆਇ **ਬਨਤੁ** ਹੈ ਪ੍ਰਾਣੀ।"
— ਮਾਰੂ **੫**, ਸੋਲ ੫, ੧੧ : ੧ (1076)

ਬਨਮਾਲਾ — 1. ਜੰਗਲੀ ਫੁਲਾਂ ਭਾਵ ਬਨਸਪਤੀ ਦੀ ਮਾਲਾ ਅਥਵਾ ਹਾਰ ਪਾਉਣ ਵਾਲਾ, ਭਾਵ ਵਾਹਿਗੁਰੂ
"ਜਿਨੁ ਕੈ ਮਸਤਕਿ ਲੀਖਿਆ ਹਰਿ ਮਿਲਿਆ ਹਰਿ **ਬਨਮਾਲਾ**।" — ਮਾਲੀ **੪**, ੫, ੧ : ੨ (985)
2. ਗਿਟਿਆਂ ਤਕ ਲੰਮੀ ਫੁਲਾਂ ਦੀ ਮਾਲਾ ਜੋ ਕ੍ਰਿਸ਼ਨ ਜੀ ਪਾਂਦੇ ਸਨ
"**ਬਨਮਾਲਾ** ਬਿਭੂਖਨ ਕਮਲ ਨੈਨ।"
— ਮਾਰੂ **੫**, ਸੋਲਾ ੧੧, ੧੦ : ੧ (1082)

ਬਨਵਾਸਾ — ਜੰਗਲਾਂ ਦਾ ਨਿਵਾਸ
"ਪੂਜਿ ਸਿਲਾ ਤੀਰਥ **ਬਨਵਾਸਾ**।"
— ਧਨਾ **੧**, ਅਸ ੨, ੬ : ੧ (686)

ਬਨਵਾਸੀ — ਜੰਗਲਾਂ ਵਿਚ ਰਹਿਣ ਵਾਲਾ
"ਤਜੈ ਗਿਰਸਤੁ ਭਇਆ **ਬਨਵਾਸੀ** ਇਕੁ ਖਿਨੁ ਮਨੂਆ ਟਿਕੈ ਨ ਟਿਕਈਆ।"
— ਬਿਲਾ **੪**, ਅਸ ੨, ੨ : ੧ (835)

ਹੋਰ ਰੂਪ — ਬਨਵਾਸੀਆ —
"ਬਨ ਫਿਰਿ ਥਕੇ **ਬਨਵਾਸੀਆ** ਪਿਰੁ ਗੁਰਮਤਿ ਰਿਦੈ ਨਿਹਾਲਿ।"
— ਗਉ **੪**, ਕਰ ੨, ੧ : ੨ (234)

ਬਨਵਾਰੀ — ਬਨਮਾਲਾ (ਜੰਗਲ ਦੇ ਫੁਲਾਂ ਭਾਵ ਬਨਸਪਤੀ ਦੀ ਮਾਲਾ ਪਹਿਰਨ ਵਾਲਾ, ਵਿਸ਼ਨੂੰ ਭਾਵ ਪ੍ਰਭੂ
"ਜਲਿ ਥਲਿ ਪੂਰਿ ਰਹਿਆ **ਬਨਵਾਰੀ** ਘਟਿ ਘਟਿ

ਨਦਰਿ ਨਿਹਾਲੇ।"
— ਸਿਰੀ **੫**, ਛੰਤ ੨, ੧ : ੫ (79)

ਹੋਰ ਰੂਪ — ਬਨਵਾਰੀਆ —
"ਤੁਧੁ ਬਚਨਿ ਗੁਰ ਕੈ ਵਸਿ ਕੀਆ ਆਦਿ ਪੁਰਖੁ **ਬਨਵਾਰੀਆ**।" (ਪ੍ਰਭੂ)
— ਗਉ **੫**, ਛੰਤ ੨, ੨ : ੪ (248)
"ਤੁਧੁ ਬਾਝੁ ਸਮਰਥ ਕੋਇ ਨਾਹੀ ਕ੍ਰਿਪਾ ਕਰਿ **ਬਨਵਾਰੀਆ**।" (ਹੇ ਪ੍ਰਭੂ)
— ਰਾਮ **੩**, ਅਨੰ ੬ : ੩ (917)

ਬਨਵਾਲੀ — ਜੰਗਲੀ ਫੁਲਾਂ/ਬਨਸਪਤੀ ਦੀ ਮਾਲਾ ਪਹਿਰਨ ਵਾਲਾ, ਵਿਸ਼ਨੂੰ ਭਾਵ ਹਰੀ
"ਜਨ ਨਾਨਕ ਸਤਿਗੁਰੁ ਮੇਲਿ ਹਰਿ ਹਰਿ ਮਿਲਿਆ **ਬਨਵਾਲੀ**।"— ਆਸਾ **੪**, ਛੰਤ ੧੬, ੨ : ੪ (449)
"ਹਰਿ ਹਰਿ ਜਪਨੁ ਜਪਿ ਲੋਚ ਲੋਚਾਨੀ ਹਰਿ ਕਿਰਪਾ ਕਰਿ **ਬਨਵਾਲੀ**।" (ਹੇ ਪ੍ਰਭੂ)
— ਧਨਾ **੪**, ੪, ੪ : ੧ (668)

ਬਨਾ — 1. ਬਨਾਂ ਵਿਚ ਜੰਗਲਾਂ ਬੇਲਿਆਂ
"ਆਸ ਪਾਸ ਘਨ ਤੁਰਸੀ ਕਾ ਬਿਰਵਾ ਮਾਝ **ਬਨਾ** ਰਸਿ ਗਾਊਂ ਰੇ।"
— ਗਉ **ਕਬ**, ੬੬, ੧ : ੧ (338)
"ਡੂੰਗਰਿ ਜਲਾ ਥਲਾ ਭੂਮਿ **ਬਨਾ** ਫਲ ਕੰਦਰਾ।"
— ਮਾਰੂ **੫**, ਵਾਰ ੨੧ਸ, **੫**, ੩ : ੧ (1101)
2. ਬਣੇ ਹੋਏ, ਸੰਵਾਰੇ ਹੋਏ
"ਬਿਨੁ ਕੰਤ ਪਿਆਰੇ ਨਾਹ ਸੂਖ ਸਾਰੇ ਹਾਰ ਕੰਙਣ ਧ੍ਰਿਗੁ **ਬਨਾ**।"
— ਰਾਮ **੫**, ਰੁਤੀ ੫ : ੩ (928)
"ਗੁਰ ਪਰਸਾਦਿ ਬਸੰਤੁ **ਬਨਾ**।" (ਬਣਿਆ ਹੋਇਆ, ਫਬਿਆ ਹੋਇਆ)
— ਬਸੰ **੫**, ੧੦, ੧* : ੧ (1182)

ਬੰਨਾ — 1. ਬੰਨ੍ਹ ਲਵਾਂ
"ਭੁਖਿਆ ਭੁਖ ਨ ਉਤਰੀ ਜੇ **ਬੰਨਾ** ਪੁਰੀਆ ਭਾਰ।"
— ਜਪੁ **੧**, ੧ : ੩ (1)
2. ਆਸਰਾ
"ਪਰਮੇਸਰਿ ਦਿਤਾ **ਬੰਨਾ**।"
— ਸੋਰ **੫**, ੨੨, ੧ : ੧ (628)
3. ਕੰਢਾ
"ਫਰੀਦਾ ਮਉਤੈ ਦਾ **ਬੰਨਾ** ਏਵੈ ਦਿਸੈ ਜਿਉ ਦਰਿਆਵੈ ਢਾਹਾ।"
— ਸਲੋ **ਫਰ**, ੯੮ : ੧ (1383)

ਬਨਾਇਓ — ਸਿਰਜਿਆ, ਬਣਾਇਆ
"ਆਦਿ ਮਧਿ ਪ੍ਰਭੁ ਅੰਤਿ ਸੁਆਮੀ ਅਪਨਾ ਥਾਟੁ **ਬਨਾਇਓ** ਆਪਿ।"
— ਬਿਲਾ **੫**, ੧੦੫, ੧ : ੧ (825)

ਹੋਰ ਰੂਪ — ਬਨਾਇਆ —
"ਆਵਨ ਜਾਨੁ ਇਕੁ ਖੇਲੁ **ਬਨਾਇਆ**।" (ਸਿਰਜਿਆ, ਕੀਤਾ)
— ਗਉ **੫**, ਸੁਖ ੨੩, ੬ : ੫ (294)
"ਕਰਿ ਆ ਭਰਣ ਸਵਾਰੀ ਸੇਜਾ ਕਾਮਨਿ ਥਾਟੁ **ਬਨਾਇਆ**।"— ਟੋਡੀ **੫**, ੪, ੨ : ੧ (712)

ਬਨਾਈ —
"ਸਾਧੋ ਰਚਨਾ ਰਾਮ **ਬਨਾਈ**।" (ਸਿਰਜੀ, ਬਣਾਈ) — ਗਉ **੯**, ੨, ੧* : ੧ (219)

ਬਨਾਏ —
"ਅਪਨੇ ਚਰਿਤ ਪ੍ਰਭਿ ਆਪਿ **ਬਨਾਏ**।" (ਸਿਰਜੇ, ਬਣਾਏ)
— ਗਉ **੫**, ਸੁਖ ੧੮, ੮ : ੩ (287)

ਬਨਾਸਪਤਿ — ਰੁਖ ਬ੍ਰਿਖ ਘਾਹ ਵਾਲੇ ਬੂਟੇ, ਬਨਸਪਤਿ
"ਭੀਤਰਿ ਅਗਨਿ **ਬਨਾਸਪਤਿ** ਮਉਲੀ ਸਾਗਰੁ ਪੰਡੈ ਪਾਇਆ।" — ਬਸੰ **੧**, ੧੧, ੨ : ੧ (1171)

ਹੋਰ ਰੂਪ — ਬਨਾਸਪਤੀ —
"ਅਠਾਰਹ ਭਾਰ **ਬਨਾਸਪਤੀ** ਮਾਲਣੀ ਛਿਨੈਵ ਕਰੋੜੀ ਮੇਘ ਮਾਲਾ ਪਾਣੀ ਹਾਰੀਆ।"
— ਮਲਾ **ਨਾਮ**, ੧, ੪ : ੨ (1292)

ਬਨਾਯਉ — ਬਣਾਇਆ, ਸਥਾਪਤ ਕੀਤਾ
"ਗੋਬਿੰਦਵਾਲੁ ਗੋਬਿੰਦ ਪੁਰੀ ਸਮ ਜਲੑਨ ਤੀਰਿ ਬਿਪਾਸ **ਬਨਾਯਉ**।"
— ਸਵ **੪**, ਨਲ ੧੦ : ੪ (1400)

ਬਨਾਰਸ — ਵਾਰਾਨਸੀ, ਵਰਣਾ ਤੇ ਅਸਿ ਨਦੀਆਂ ਵਿਚ ਵਸਿਆ ਸ਼ਹਿਰ, ਹਿੰਦੂਆਂ ਦਾ ਇਕ ਤੀਰਥ ਸਥਾਨ
"ਤਜੀਲੇ **ਬਨਾਰਸ** ਮਤਿ ਭਈ ਥੋਰੀ।"
— ਗਉ **ਕਬ**, ੧੫, ੧* : ੨ (326)

ਹੋਰ ਰੂਪ — ਬਨਾਰਸਿ —

"ਗੰਗ **ਬਨਾਰਸਿ** ਸਿਫਤਿ ਤੁਮਾਰੀ ਨਾਵੈ ਆਤਮ ਗਾਉ।" — ਆਸਾ **੧**, ੩੨, ੩ : ੧ (358)

ਬੰਨਾਰਸੀ — ਬਨਾਰਸ ਦੇ
"ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ ਅਜਹੁ **ਬੰਨਾਰਸੀ** ਆਸ ਪਾਸਾ।"
— ਮਲਾ **ਰਵਿ**, ੨, ੩ : ੧ (1293)

ਬਨਾਵਉ — ਬਣਾਵਾਂ
"ਤਾਜ ਕੁਲਹ ਸਿਰਿ ਛਤ੍ਰੁ **ਬਨਾਵਉ**।" (ਭਾਵ ਸਜਾਵਾਂ) — ਗਉ **੧**, ਅਸ ੧੦, ੬ : ੨ (225)

ਬਨਾਵਹੁ — 1. ਘੜੋ, ਬਣਾਉ
"ਗੁਰ ਕੈ ਸਬਦਿ **ਬਨਾਵਹੁ** ਇਹੁ ਮਨੁ।"
— ਆਸਾ **੫**, ੨੫, ੧ : ੧ (377)
2. ਬਣਾਵੋ ਭਾਵ ਲਗਾਉ
"ਹਰਿ ਹਰਿ ਸੀਗਾਰੁ **ਬਨਾਵਹੁ** ਹਰਿ ਜਨ ਹਰਿ ਕਾਪੜੁ ਪਹਿਰਹੁ ਖਿਮ ਕਾ।"
— ਸੋਰ **੪**, ਵਾਰ ੨੧ : ੨ (650)

ਬਨਾਵੈ — ਬਣਾਉਂਦਾ ਹੈ
"ਆਪੇ ਠਾਕੁਰੁ ਆਪੇ ਸੇਵਕੁ ਆਪਿ **ਬਨਾਵੈ** ਭਾਤੀ।"
— ਧਨਾ **੪**, ੫, ੪ : ੧ (668)

ਬਨਿ — 1. ਜੰਗਲ ਵਿਚ
"ਹਰਣੀ ਹੋਵਾ **ਬਨਿ** ਬਸਾ ਕੰਦ ਮੂਲ ਚੁਣਿ ਖਾਉ।"
— ਗਉ **੧**, ੧੯, ੧ : ੧ (157)
2. ਬਣੀ, ਜੁੜੀ
"ਸੰਤ ਜਨਾ ਸਿਉ ਪ੍ਰੀਤਿ **ਬਨਿ** ਆਈ।"
— ਗਉ **੪**, ੪੦, ੪ : ੧ (164)
"ਜਨ ਨਾਨਕ ਹਰਿ ਭਏ ਦਇਆਲਾ ਤਉ ਸਭ ਬਿਧਿ **ਬਨਿ** ਆਈ।" (ਭਾਵ ਢੋ ਢੁਕ ਮਏ, ਬਿਧਾਂ ਬਣ ਆਈਆਂ)
— ਗਉ **੯**, ੪, ੨ : ੨ (219)
"ਭਇਓ ਦਇਆਲੁ ਕ੍ਰਿਪਾਲੁ ਦੁਖ ਹਰਤਾ ਸੰਤਨ ਸਿਉ **ਬਨਿ** ਆਈ।" (ਭਾਵ ਮੇਲ ਹੋ ਗਿਆ)
— ਸਾਰ **੫**, ੪੪, ੨ : ੧ (1213)
3. ਭਾਵ ਫਬਦੀ/ਢੁਕਦੀ ਹੈ
"ਸਾਧ ਕੀ ਸੋਭਾ ਸਾਧ **ਬਨਿ** ਆਈ।"
— ਗਉ **੫**, ਸੁਖ ੭, ੮ : ੯ (272)
"ਕਾਜੀ ਬੋਲਿਆ **ਬਨਿ** ਨਹੀ ਆਵੈ।" (ਸ਼ੋਭਦਾ ਨਹੀਂ, ਯੋਗ ਨਹੀਂ)
— ਆਸਾ **ਕਬ**, ੧੭, ੧* : ੧ (480)
"ਜਾ ਕਉ ਗੁਰਿ ਦੀਨੋ ਇਹੁ ਅੰਮ੍ਰਿਤੁ ਤਿਸ ਹੀ ਕਉ **ਬਨਿ** ਆਵੈ।" (ਸ਼ੋਭਦਾ/ਅਥਵਾ ਪ੍ਰਾਪਤ ਹੁੰਦਾ ਹੈ) — ਧਨਾ **੫**, ੭, ੧ : ੨ (672)

ਬੰਨਿ — 1. ਬੰਨ੍ਹ ਕੇ
"ਗੁਣਾ ਗਵਾਈ ਗੰਠੜੀ ਅਵਗਣ ਚਲੀ **ਬੰਨਿ**।"
— ਸਿਰੀ **੧**, ੨੪, ੪ : ੨ (23)
2. ਬੰਨ੍ਹਣ, ਜਕੜਨ
"ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ **ਬੰਨਿ**।" — ਮਾਝ **੫**, ਬਾਰਾ ੪ : ੨ (134)

ਬਨਿਓ — ਬਣਿਆ ਹੈ
"ਕਾਜਰ ਕੋਠ ਮਹਿ ਭਈ ਨ ਕਾਰੀ ਨਿਰਮਲ ਬਰਨੁ **ਬਨਿਓ** ਰੀ।"— ਆਸਾ **੫**, ੫੧, ੩ : ੧ (384)

ਬਨਿਆ — 1. ਫਬਦਾ ਹੈ, ਸ਼ੋਭਨੀਕ ਹੁੰਦਾ ਹੈ
"ਧੀਰਜੁ ਜਸੁ ਸੋਭਾ ਤਿਹ **ਬਨਿਆ**।"
— ਗਉ **੫**, ਬਾਅ ੩੫ : ੫ (257)
"ਮੇਰਾ ਘਰੁ ਬਨਿਆ ਬਨੁ ਤਾਲੁ **ਬਨਿਆ** ਪ੍ਰਭ ਪਰਸੇ ਹਰਿ ਰਾਇਆ ਰਾਮ।" (ਸਜਦਾ/ਫਬਦਾ ਹੈ) — ਸੂਹੀ **੫**, ਛੰਤ ੭, ੪ : ੧ (782)
2. ਬਣਦਾ ਹੈ ਭਾਵ ਪ੍ਰਾਪਤ ਹੋ ਜਾਂਦਾ ਹੈ
"ਜੋਗੁ **ਬਨਿਆ** ਤੇਰਾ ਕੀਰਤਨੁ ਗਾਈ।"
— ਆਸਾ **੫**, ੫੮, ੧ : ੨ (385)
3. ਬਣਿਆ
"ਐਸਾ ਇਕੁ ਤੇਰਾ ਖੇਲੁ **ਬਨਿਆ** ਹੈ ਸਭ ਮਹਿ ਏਕੁ ਸਮਾਨਾ।"
— ਬਿਲਾ **੩**, ੩, ੧ : ੨ (797)

ਬਨਿਤਾ — (ਸੰ. ਵਨਿਤਾ) ਪਤਨੀ, ਵਹੁਟੀ
"ਜਨਨਿ ਪਿਤਾ ਲੋਕ ਸੁਤ **ਬਨਿਤਾ** ਕੋਇ ਨ ਕਿਸ ਕੀ ਧਰਿਆ।"— ਗੂਜ **੫**, ਸੋਦ ੫, ੨ : ੧ (10)
2. (ਸੰ. ਰਚਿਗਾ) ਇਸਤ੍ਰੀ, ਜਨਾਨੀ, ਮਹਿਲਾ
"ਸੁਤ ਦਾਰਾ **ਬਨਿਤਾ** ਅਨੇਕ ਬਹੁਤੁ ਰੰਗ ਅਰੁ ਵੇਸ।" — ਸਿਰੀ **੫**, ੮੫, ੧ : ੨ (47)

ਬਨੀ — 1. ਬਣੀ, ਉਸਦੀ
"ਜਗੁ ਸੁਪਨਾ ਬਾਜੀ **ਬਨੀ** ਖਿਨ ਮਹਿ ਖੇਲੁ ਖੇਲਾਇ।" — ਸਿਰੀ **੧**, ੧੧, ੩ : ੧ (18)
"ਅਹਿਨਿਸਿ **ਬਨੀ** ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ।" (ਭਾਵ ਜੁੜੀ ਰਹਿੰਦੀ ਹੈ)

— ਆਸਾ **੧**, ੩੮, ੧* : ੨ (360)
(ਮਹਾਨ ਕੋਸ਼ ਇਸਦਾ ਅਰਥ 'ਨਸ਼ੇ ਦਾ ਸਰੂਰ' ਕਰਦਾ ਹੈ)
2. ਫਬਦੀ ਹੈ
"ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ **ਬਨੀ**।" — ਗਉ **੫**, ਸੁਖ ੮, ੮ : ੯ (274)
3. ਸਰੀ, ਹੋ ਸਕੀ
"ਹਰਿ ਹਰਿ ਭਗਤਿ **ਬਨੀ** ਮਤਿ ਗੁਰਮਤਿ ਧੁਰਿ ਮਸਤਕਿ ਪ੍ਰਭਿ ਲਿਖਿਆ।"
— ਕਲਿ **੪**, ੨, ੧ : ੨ (1319)

ਬਨੀਜੈ — ਬਣਦੀ ਹੈ
"ਹਰਿ ਕੈ ਭਾਣੈ ਗੁਰੁ ਮਿਲੈ ਸੇਵਾ ਭਗਤਿ **ਬਨੀਜੈ**।"
— ਗੂਜ **੩**, ਵਾਰ ੧੬ : ੧ (515)

ਬਨੁ — 1. ਪਾਣੀ
"ਅੰਮ੍ਰਿਤੁ ਹਰਿ ਪੀਵਤੇ ਸਦਾ ਥਿਰ ਥੀਵਤੇ ਬਿਖੈ **ਬਨੁ** ਫੀਕਾ ਜਾਨਿਆ।"
— ਸਿਰੀ **੫**, ਛੰਤ ੩, ੩ : ੩ (81)
"ਪ੍ਰਭ ਗੁਨ ਗਾਇ ਬਿਖੈ **ਬਨੁ** ਤਰਿਆ ਕੁਲਹ ਸਮੂਹ ਉਧਾਰਿਓ।" (ਬਿਖ ਦਾ ਪਾਣੀ ਭਾਵ ਸਮੁੰਦਰ)
— ਦੇਵ **੫**, ੩੦, ੧ : ੨ (534)
"ਬਿਖੈ **ਬਨੁ** ਫੀਕਾ ਤਿਆਗਿ ਰੀ ਸਖੀਏ ਨਾਮੁ ਮਹਾ ਰਸੁ ਪੀਓ।" (ਜਲ/ਪਾਣੀ ਭਾਵ ਰਸ)
— ਬਿਲਾ **੫**, ੫, ੧ : ੧ (802)
2. ਜੰਗਲ
"ਗ੍ਰਿਹੁ **ਬਨੁ** ਸਮਸਰਿ ਸਹਜਿ ਸੁਭਾਇ।"
— ਆਸਾ **੧**, ੧੧, ੧ : ੧ (351)
"**ਬਨੁ ਬਨੁ** ਫਿਰਤ ਉਦਾਸ ਬੂੰਦ ਜਲ ਕਾਰਣੇ।" (ਮਹਾਨ ਕੋਸ਼ ਅਰਥ 'ਬਦਲ' ਕਰਦਾ ਹੈ)
— ਫੁਨ **੫**, ੧੧ : ੩ (1362)
3. ਬਾਗ
"ਮੇਰਾ ਘਰੁ ਬਨਿਆ **ਬਨੁ** ਤਾਲੁ ਬਨਿਆ ਪ੍ਰਭ ਪਰਸੇ ਹਰਿ ਰਾਇਆ ਰਾਮ।"
— ਸੂਹੀ **੫**, ਛੰਤ ੭, ੪ : ੧ (782)
"ਸੋਹੇ ਬੰਕ ਦੁਆਰ ਸਗਲਾ **ਬਨੁ** ਹਰਾ।" (ਬਾਗ)
— ਬਿਲਾ **੫**, ਛੰਤ ੩, ੫ : ੨ (847)

ਬੰਨੁ — ਬੰਨ੍ਹਣ ਦੀ ਕਿਰਿਆ, ਬੰਨ੍ਹਣ
"ਖਰਚੁ **ਬੰਨੁ** ਚੰਗਿਆਈਆ ਮਤੁ ਮਨ ਜਾਣਹਿ ਕਲੁ।" — ਸੋਰ **੧**, ੨, ੩ : ੨ (595)

ਬਨੇ — 1. ਬਣੇ, ਬਣ ਜਾਵੇ ਭਾਵ ਹੋਏ
"ਗਗਨ ਮੈ ਥਾਲੁ ਰਵਿ ਚੰਦੁ ਦੀਪਕ **ਬਨੇ** ਤਾਰਿਕਾ ਮੰਡਲ ਜਨਕ ਮੋਤੀ।"
— ਧਨਾ **੧**, ਸੋਹ ੩, ੧ : ੧ (13)
"ਸਰਬ ਸੁਖਾ **ਬਨੇ** ਤੇਰੈ ਓਲ੍ਹੈ।" (ਭਾਵ ਮਿਲ ਜਾਂਦੇ ਹਨ) — ਆਸਾ **੫**, ੫੭, ੧* : ੧ (385)
ਹੋਰ ਰੂਪ — ਬਨੈ —
"ਤਿਸੁ ਸਿਉ ਆਲਸੁ ਕਿਉ **ਬਨੈ** ਮਾਇ।"
— ਗਉ **੫**, ੧੪੫, ੧ : ੨ (195)
2. ਫਬੇ, ਸ਼ੋਭਨੀਕ ਹੋਏ, ਹੋਰ ਵੇਖੋ 'ਬਨੈ' (3)
"ਚਮਰ ਪੋਸ ਕਾ ਮੰਦਰ ਤੇਰਾ ਇਹ ਬਿਧਿ **ਬਨੇ** ਗੁਪਾਲਾ।"— ਭੈਰ **ਨਾਮ**, ੧, ੧ : ੨ (1167)
"ਮਿਲੁ ਸਖੀ ਸਹੇਲੀ ਹਰਿ ਗੁਨ **ਬਨੇ**।" (ਫਬਦੇ ਹਨ) — ਬਸੰ **੧**, ੬, ੧* : ੧ (1170)

ਬਨੈ — 1. ਬਣੇ, ਵੇਖੋ 'ਬਨੇ' (1)
"ਤਾ ਸਿਉ ਟੂਟੀ ਕਿਉ **ਬਨੈ** ਜਾ ਕੇ ਜੀਅ ਪਰਾਨ।" (ਭਾਵ ਜੁੜੇ) — ਸਲੋ **ਕਬ**, ੨੧੭ : ੨ (1376)
2. ਜੰਗਲਾਂ ਵਿਚ
"ਮਨੁ ਘਨੈ ਭ੍ਰਮੈ **ਬਨੈ**।"
— ਸਾਰ **੫**, ੨੪, ੧* : ੧ (1272)
3. ਫਬਿਆ ਹੈ, ਸ਼ੋਭਨੀਕ ਹੈ
"ਊਪਰਿ **ਬਨੈ** ਅਕਾਸੁ ਤਲੈ ਧਰ ਸੋਹਤੀ।"
— ਸਲੋ **ਕਬ**, ੯ : ੧ (1362)

ਬੰਨੈ — 1. ਬੰਨ੍ਹ ਭਾਵ ਰਖ ਸਕਦਾ ਹੈ
"ਕੰਧੀ ਉਤੈ ਰੁਖੜਾ ਕਿਚਰਕੁ **ਬੰਨੈ** ਧੀਰੁ।"
— ਸਲੋ **ਫਰ**, ੯੬ : ੧ (1382)
2. ਵਟ, ਹਦ ਬੰਨਾ
"ਇਸੁ ਹਰਿ ਧਨ ਕਾ ਕੋਈ ਸਰੀਕੁ ਨਾਹੀ ਕਿਸੈ ਕਾ ਖਤੁ ਨਾਹੀ ਕਿਸੈ ਕੈ ਸੀਵ **ਬੰਨੈ** ਰੋਲੁ ਨਾਹੀ ਜੇ ਕੋ ਹਰਿ ਧਨ ਕੀ ਬਖੀਲੀ ਕਰੇ ਤਿਸ ਕਾ ਮੁਹੁ ਹਰਿ ਚਹੁ ਕੁੰਡਾ ਵਿਚ ਕਾਲਾ ਕਰਾਇਆ।"
— ਬਿਲਾ **੪**, ਵਾਰ ੯ : ੪ (853)

ਬਨੋ — ਜੰਗਲਾਂ ਵਿਚ
"ਹਉ ਬਨੁ **ਬਨੋ** ਦੇਖਿ ਰਹੀ ਤ੍ਰਿਣੁ ਦੇਖਿ ਸਬਾਇਆ ਰਾਮ।" — ਆਸਾ **੧**, ਛੰਤ ੨, ੪ : ੧ (437)

ਬੰਨ੍ਹ — ਬੰਨ੍ਹ ਕੇ
"ਦਿਲਿ ਖੋਟੈ ਆਕੀ ਫਿਰਨਿ੍ ਬੰਨ੍ਹ ਭਾਰੁ ਉਚਾਇਨਿ੍ ਛਟੀਐ।" — ਰਾਮ **ਬਲ**, ਵਾਰ ੨ : ੧੧ (967)

ਬਨ੍ਹਾਇਆ — ਬੰਨ੍ਹਾ/ਬੰਨਵਾ ਲਿਆ
"ਜਿਉ ਪੰਖੀ ਕਪੋਤਿ ਆਪੁ ਬਨ੍ਹਾਇਆ ਮੇਰੀ ਜਿੰਦੁੜੀਏ ਤਿਉ ਮਨਮੁਖ ਸਭਿ ਵਸਿ ਕਾਲੇ ਰਾਮ।" — ਬਿਹਾ **੪**, ਛੰਤ ੨, ੩ : ੨ (538)

ਬੰਨਿ੍ — ਬੰਨ੍ਹ ਕੇ
"ਗੁਣ ਰਾਸਿ ਬੰਨਿ੍ ਪਲੈ ਆਨੀ।" — ਆਸਾ **੫**, ੬, ੧ : ੩ (372)

ਬੰਨ੍ਹੈ — ਬੰਨ੍ਹਦਾ ਹੈ
"ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ।" — ਮਲਾ **੧**, ਵਾਰ ੧੯ਸ, **੧**, ੧ : ੨ (1286)

ਬਪੁਰਾ — ਵਿਚਾਰਾ, ਦੀਨ
"ਆਗਿਆਕਾਰੀ ਬਪੁਰਾ ਜੀਉ।" — ਗਉ **੫**, ਸੁਖ ੧੧, ੫ : ੩ (277)

ਹੋਰ ਰੂਪ — ਬਪੁਰੀ —
"ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ।" (ਵਿਚਾਰੀ) — ਗਉ **੫**, ੧੨੬*, ੩ : ੧ (206)
"ਜੋ ਰਾਤੇ ਮਾਤੇ ਸੰਗਿ ਬਪੁਰੀ ਮਾਇਆ ਮੋਹ ਸੰਤਾਪ।" (ਨਾਮੁਰਾਦ) — ਕਾਨ **੫**, ੪੪, ੧ : ੧ (1307)

ਬਪੁਰੇ —
"ਸਰਪਰ ਗਵਨੁ ਕਰਹਿਗੇ ਬਪੁਰੇ।" (ਵਿਚਾਰੇ) — ਗਉ **੫**, ਅਸ ੪, ੧ : ੪ (237)
"ਧ੍ਰੋਹ ਮੋਹ ਦੂਰਿ ਕਰਿ ਬਪੁਰੇ ਸੰਗਿ ਗੋਪਾਲਹਿ ਜਾਨੁ।" (ਹੇ ਵਿਚਾਰੇ/ਦੀਨ) — ਸਾਰ **੫**, ੫੮, ੧* : ੨ (1215)

ਬਪੁਰੈ —
"ਸੁਰਿ ਨਰ ਗਣ ਗੰਧਰਬੇ ਜਪਿਓ ਰਿਖਿ ਬਪੁਰੈ ਹਰਿ ਗਾਇਆ।" (ਵਿਚਾਰੇ) — ਮਾਰੂ **੪**, ਵਾਰ ੨, ੨ : ੧ (995)

ਬਪੁਰੋ —
"ਮਿਟਹਿ ਅਘ ਤੇਰੇ ਜਨਮ ਜਨਮ ਕੇ ਕਵਨੁ ਬਪੁਰੋ ਜਾਮੁ।" (ਵਿਚਾਰਾ) — ਮਾਰੂ **੫**, ੨੪, ੧ : ੨ (1006)

ਬਪੁੜਾ — ਵਿਚਾਰਾ
"ਆਪੇ ਰੂਪ ਕਰੇ ਬਹੁ ਭਾਂਤੀ ਨਾਨਕੁ ਬਪੁੜਾ ਏਵਕ ਹੈ।" — ਆਸਾ **੧**, ੫, ੪ : ੨ (350)
"ਜੇ ਜਾਣਾ ਬਗੁ ਬਪੁੜਾ ਤ ਜਨਮਿ ਨ ਦੇਦੀ ਅੰਗੁ।" (ਕਮਬਖਤ) — ਵਡ **੪**, ਵਾਰ ੧ਸ, **੩**, ੨ : ੨ (585)

ਹੋਰ ਰੂਪ — ਬਪੁੜੀ —
"ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ।" (ਵਿਚਾਰੀ) — ਆਸਾ **੧**, ਵਾਰ ੬ਸ, **੧**, ੨ : ੩ (466)

ਬਪੁੜੇ —
"ਹੁਕਮੁ ਨ ਜਾਣਹਿ ਬਪੁੜੇ ਭੂਲੇ ਫਿਰਹਿ ਗਵਾਰ।" — ਸਿਰੀ **੩**, ਅਸ ੨੦, ੬ : ੧ (66)

ਬਪੁੜੇਂ —
"ਕਿਆ ਉਠਿ ਉਠਿ ਦੇਖਹੁ ਬਪੁੜੇਂ ਇਸੁ ਮੇਘੈ ਹਥਿ ਕਿਛੁ ਨਾਹਿ।" (ਵਿਚਾਰੇ ਨੂੰ) — ਮਲਾ **੧**, ਵਾਰ ੬ਸ, **੩**, ੨ : ੧ (1280)

ਬਪੁੜੈ —
"ਤਨੁ ਭਸਮ ਢੇਰੀ ਜਮਹਿ ਹੇਰੀ ਕਾਲਿ ਬਪੁੜੈ ਜਿਤਿਆ।" (ਵਿਚਾਰੇ ਨੇ) — ਆਸਾ **੫**, ਛੰਤ ੧੧, ੧ : ੪ (459)

ਬਪੁੜੋ —
"ਜਨਮ ਮਰਨ ਕਉ ਇਹੁ ਜਗੁ ਬਪੁੜੋ ਇਨਿ ਦੂਜੈ ਭਗਤ ਵਿਸਾਰੀ ਜੀਉ।" (ਵਿਚਾਰਾ ਕਮਬਖਤ) — ਸੋਰ **੧**, ੮, ੩ : ੧ (598)

ਬਫਾਵੈ — ਫੁਲਦਾ ਹੈ, ਗਰਬ ਕਰਨਾ, ਸ਼ੇਖੀ ਮਾਰਨਾ, ਡੀਂਗਾ ਮਾਰਨਾ
"ਨਿਤ ਨਿਹਫਲ ਕਰਮ ਕਮਾਇ ਬਫਾਵੈ ਦੁਰਮਤੀਆ।" — ਤਿਲੰ **੪**, ੨, ੧ : ੧ (723)
"ਜੇ ਕੋ ਏਕ ਕਰੈ ਚੰਗਿਆਈ ਮਨਿ ਚਿਤਿ ਬਹੁਤੁ ਬਫਾਵੈ।" — ਪ੍ਰਭਾ **੧**, ੩, ੩ : ੧ (1328)

ਬੰਬ — ਆਵਾਜ਼, ਖਬਰ, ਸੋਘ
"ਧੰਧੇ ਹੀ ਮਹਿ ਮਰਿ ਗਇਓ ਬਾਹਰਿ ਭਈ ਨ ਬੰਬ।" — ਸਲੋ **ਕਬ**, ੨੨੬ : ੨ (1376)

ਬਬਾ — ਗੁਰਮੁਖੀ ਲਿਪੀ ਦਾ ਅਠਾਈਵਾਂ ਅਖਰ, 'ਬ'

"**ਬਬਾ** ਬ੍ਰਹਮੁ ਜਾਨਤ ਤੇ ਬ੍ਰਹਮਾ।"
— ਗਉ **੫**, ਬਾਅ ੩੯ : ੧ (258)

ਬਬਾੜੇ — ਬੋਲੇ, ਕਹੇ, ਬਕੇ
"ਹਉ ਮਾਰਉ ਹਉ ਬੰਧਉ ਛੋਡਉ ਮੁਖ ਤੇ ਏਵ **ਬਬਾੜੇ**।" — ਆਸਾ **੫**, ੩੮, ੨ : ੨ (380)

ਬਬੀਹਾ — ਪਪੀਹਾ, ਚਾਤ੍ਰਿਕ, ਇਕ ਛੋਟਾ ਪੰਛੀ
"ਪ੍ਰਿਉ ਪ੍ਰਿਉ ਚਵੈ **ਬਬੀਹਾ** ਬੋਲੇ ਭੁਇਅੰਗਮ ਫਿਰਹਿ ਡਸੰਤੇ।" — ਤੁਖਾ **੧**, ਬਾਰਾ ੧੦ : ੪ (1108)

ਬਬੈ — 'ਬ' ਅਖਰ ਦੁਆਰਾ
"**ਬਬੈ** ਬਾਜੀ ਖੇਲਣ ਲਾਗਾ ਚਉਪੜਿ ਕੀਤੇ ਚਾਰਿ ਜੁਗਾ।" — ਆਸਾ **੧**, ਪਟੀ ੨੬ : ੧ (433)

ਬਭੀਖਣ — ਰਾਵਣ ਦਾ ਛੋਟਾ ਭਰਾ
"ਭੇਦ **ਬਭੀਖਣ** ਗੁਰਮੁਖਿ ਪਰਚਾਇਣੁ।"
— ਰਾਮ **੧**, ਸਿਗੋ ੪੦ : ੪ (942)

ਬੰਮ੍ਰੁ — ਬ੍ਰਹਮਾ
"ਕਾਲ ਕਲਮ ਹੁਕਮੁ ਹਾਥਿ ਕਹਹੁ ਕਉਨੁ ਮੇਟਿ ਸਕੈ ਈਸੁ **ਬੰਮ੍ਰੁ** ਗ੍ਯਾਨੁ ਧ੍ਯਾਨੁ ਧਰਤ ਹੀਐ ਚਾਹਿ ਜੀਉ।" — ਸਵ **੪**, ਗਯ ੬ : ੪ (1402)

ਬਯਣ — ਬਚਨ, ਵਚਨ
"ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ **ਬਯਣ**।"
— ਸਵ **੫**, ਮਥੁ ੧ : ੫ (1408)

ਬਰ — ਵਰ, ਪਤੀ
"ਲਖਿਮੀ **ਬਰ** ਸਿਉ ਜਉ ਲਿਉ ਲਾਵੈ।"
— ਗਉ **ਕਬ**, ਬਾਅ ੪੩ : ੩ (342)

ਬਰਸ — 1. ਵਰ੍ਹੇ
"ਪੜੀਅਹਿ ਜੇਤੇ **ਬਰਸ ਬਰਸ** ਪੜੀਅਹਿ ਜੇਤੇ ਮਾਸ।"— ਆਸਾ **੧**, ਵਾਰ ੯ਸ, **੧**, ੧ : ੩ (467)

2. ਵਸਣਾ
"ਜੈਸੇ ਕਿਰਖਹਿ **ਬਰਸ** ਮੇਘ।"
— ਮਾਲੀ **੫**, ੩, ੨ : ੩ (987)

3. ਵਰਖਾ/ਮੀਂਹ
"ਜਲ ਥਲ ਨੀਰਿ ਭਰੇ **ਬਰਸ** ਰੁਤੇ ਰੰਗੁ ਮਾਣੀ।"
— ਤੁਖਾ **੧**, ਬਾਰਾ ੧੦ : ੨ (1108)

ਬਰਸਹਿ — ਵਸੇਂ, ਵਸਦਾ ਹੈ
"ਬਰਸਨਾ ਤ ਬਰਸੁ ਘਨਾ ਬਹੁੜਿ **ਬਰਸਹਿ** ਕਾਹਿ।"— ਗੂਜ **੩**, ਵਾਰ ੨੧ਸ, **੩**, ੧: ੩ (517)

ਬਰਸਤ — ਵਸਦਾ ਹੈ
"ਚਾਤ੍ਰਿਕ ਚਿਤਵਤ **ਬਰਸਤ** ਮੇਂਹ।"
— ਜੈਤ **੫**, ੧੦, ੧ : ੧ (702)

ਹੋਰ ਰੂਪ — ਬਰਸਤੁ —
"ਜੈਸੀ ਧਰਤੀ ਊਪਰਿ ਮੇਘੁਲਾ **ਬਰਸਤੁ** ਹੈ ਕਿਆ ਧਰਤੀ ਮਧੇ ਪਾਣੀ ਨਾਹੀ।"
— ਗਉ **੩**, ੩੫, ੧ : ੧ (162)

ਬਰਸਨਹਾਰੁ — ਵਸਨ ਵਾਲਾ
"ਸਾਵਣੁ ਆਇਆ ਹੇ ਸਖੀ ਜਲਹਰੁ **ਬਰਸਨਹਾਰੁ**।"
— ਮਲਾ **੧**, ਵਾਰ ੪ਸ, **੨**, ੨ : ੧ (1280)

ਬਰਸਨਾ — ਵਸਨਾ
"**ਬਰਸਨਾ** ਤ ਬਰਸੁ ਘਨਾ ਬਹੁੜਿ ਬਰਸਹਿ ਕਾਹਿ।"
— ਗੂਜ **੩**, ਵਾਰ ੨੧ਸ, **੩**, ੧ : ੩ (517)

ਹੋਰ ਰੂਪ — ਬਰਸਨਿ —
"**ਬਰਸਨਿ** ਮੇਘ ਅਪਾਰ ਨਾਨਕ ਸੰਗਮਿ ਪਿਰੀ ਸੁਹੰਦੀਆ।" (ਵਧਨ ਨਾਲ)
— ਮਾਰੂ **੫**, ਵਾਰ ੨੨ਸ, **੫**, ੨ : ੨ (1102)

ਬਰਸਿ — ਵਸ ਕੇ
"ਘਨਿਹਰ **ਬਰਸਿ** ਸਗਲ ਜਗੁ ਛਾਇਆ।"
— ਮਲਾ **੫**, ੧੧, ੧* : ੧ (1268)

ਬਰਸੀ — ਬਰਸਾਉਣ ਵਾਲੀ
"ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ **ਬਰਸੀ**।"
— ਗਉ **੫**, ਸੁਖ ੮, ੩ : ੬ (272)

ਬਰਸੁ — 1. ਵਸੋ, ਵਸ
"ਜੈਸੀ ਚਾਤ੍ਰਿਕ ਪਿਆਸ ਖਿਨੁ ਖਿਨੁ ਬੂੰਦ ਚਵੈ **ਬਰਸੁ** ਸੁਹਾਵੇ ਮੇਹੁ।"
— ਆਸਾ **੫**, ਛੰਤ ੪, ੨ : ੨ (455)

2. ਵਰਖਾ
"ਰੁਤਿ **ਬਰਸੁ** ਸੁਹੇਲੀਆ ਸਾਵਣ ਭਾਦਵੇ ਆਨੰਦ ਜੀਉ।" — ਰਾਮ **੫**, ਰੁਤੀ ੪ : ੧ (928)
"ਉਨਵਿ ਘਨ ਛਾਏ **ਬਰਸੁ** ਸੁਭਾਏ ਮਨਿ ਤਨਿ ਪ੍ਰੇਮੁ ਸੁਖਾਵੈ।" (ਵਰਖਾ ਹੋਈ ਹੈ)
— ਤੁਖਾ **੧**, ਬਾਰਾ ੪ : ੫ (1107)

3. ਵਰ੍ਹਾ, ਸਾਲ
"**ਬਰਸੁ** ਏਕੁ ਹਉ ਫਿਰਓ ਕਿਨੈ ਨਹੁ ਪਰਚਉ

ਲਾਯਉ।" — ਸਵ **੩**, ੨੦ : ੩ (1395)

ਬਰਸੈ — ਵਸੇ
"ਜਿਉ ਧਰਤੀ ਸੋਭ ਕਰੇ ਜਲੁ **ਬਰਸੈ** ਤਿਉ ਸਿਖੁ ਗੁਰ ਮਿਲ ਬਿਗਸਾਈ।"
— ਸੂਹੀ **੪**, ਅਸ ੧, ੧੬ : ੧ (758)

ਬਰਕਸ — (ਫ਼ਾ. ਬਰ ਅਕਸ) ਵਿਪਰੀਤ, ਉਲਟ, ਵਿਰੁੱਧ
"ਦਿਨ ਕੀ ਬੈਠ ਖਸਮ ਕੀ **ਬਰਕਸ** ਇਹ ਬੇਲਾ ਕਤ ਆਈ।"— ਗਉ **ਕਬ**, ੫੪, ੩ : ੧ (335)

ਬਰਕਤਿ — 1. (ਬਰਕਤ) ਅਧਿੱਕਤਾ, ਵ੍ਰਿਧੀ, ਵਾਧਾ (ਅ. ਬਰਕਤ)
"**ਬਰਕਤਿ** ਤਿਨ ਕਉ ਅਗਲੀ ਪੜਦੇ ਰਹਨਿ ਦਰੂਦ।" — ਸਿਰੀ **੧**, ਅਸ ੧, ੩ : ੩ (53)
2. ਸਦਕੇ, ਬਦੌਲਤ, ਤੁਫੈਲਸੇ, ਕ੍ਰਿਪਾ ਸਦਕਾ
"ਜੋ ਮਨਿ ਚਿਤਿ ਇਕੁ ਅਰਾਧਦੇ ਤਿਨ ਕੀ **ਬਰਕਤਿ** ਖਾਹਿ ਅਸੰਖ ਕਰੋੜੇ।"
— ਗਉ **੪**, ਵਾਰ ੧੧ : ੨ (306)
ਹੋਰ ਰੂਪ — ਬਰਕਤੀ —
"ਪੰਡਿਤ ਤਿਨ ਕੀ **ਬਰਕਤੀ** ਸਭੁ ਜਗਤੁ ਖਾਇ ਜੋ ਰਤੇ ਹਰਿ ਨਾਇ।" (ਬਰਕਤ ਨਾਲ, ਸਦਕੇ)
— ਸੋਰ **੪**, ਵਾਰ ੧੨ਸ, **੩**, ੨ : ੩ (647)

ਬਰਖ — ਬਰਸ, ਵਰ੍ਹੇ
"ਅਨਿਕ **ਬਰਖ** ਕੀਏ ਜਪ ਤਾਪਾ।"
— ਮਾਝ **੫**, ੧੨, ੩ : ੧ (98)

ਬਰਖਸਿ — ਵਰਸ਼ਾ ਵਿਚ, ਬਰਖਾ ਵਿਚ
"**ਬਰਖਸਿ** ਬਾਣੀ ਬੁਦਬੁਦਾ ਹੇਰਿ।"
— ਬਸੰ **੧**, ਅਸ ੧, ੨ : ੨ (1187)

ਬਰਖਨ — ਵਰ੍ਹਿਆਂ ਦਾ
"ਗਯਉ ਦੁਖੁ ਦੂਰਿ **ਬਰਖਨ** ਕੋ ਸੁ ਗੁਰੂ ਮੁਖੁ ਦੇਖਿ ਗੁਰੂ ਸੁਖੁ ਪਾਯਉ।"
— ਸਵ **੪**, ਨਲ ੧੦ : ੫ (1400)

ਬਰਖਾ — ਬਾਰਸ਼
"ਬਾਦਲ ਬਿਨੁ **ਬਰਖਾ** ਹੋਈ।"
— ਸੋਰ **ਨਾਮ**, ੩, ੧ : ੩ (657)

ਬਰਖਿ — ਵਸ ਕੇ
"ਕਬੀਰ ਅੰਬਰ ਘਨਹਰੁ ਛਾਇਆ **ਬਰਖਿ** ਭਰੇ ਸਰ ਤਾਲ।" — ਸਲੋ **ਕਬ**, ੧੨੪ : ੧ (1371)

ਬਰਖੁਰਦਾਰ — ਨੇਕ ਨਸੀਬਵਾਲਾ, ਭਲਾ ਬਚਾ (ਫ. ਬਰਖ਼ੁਰਦਾਰ)
"ਖੁਦਾਇ ਏਕੁ ਬੁਝਿ ਦੇਵਹੁ ਬਾਂਗਾਂ ਬੁਰਗੂ **ਬਰਖੁਰਦਾਰ** ਖਰਾ।"
— ਮਾਰੂ **੫**, ਸੋਲਾ ੧੨, ੧੦ : ੩ (1084)

ਬਰਖੈ — ਵਸਦਾ ਹੈ, ਵਰ੍ਹਦਾ ਹੈ
"ਤਹ ਨਾਨਕ ਹਰਿ ਹਰਿ ਅੰਮ੍ਰਿਤੁ **ਬਰਖੈ**।"
— ਗਉ **੫**, ਸੁਖ ੨, ੪ : ੧੦ (264)

ਬਰੰਗਨ — (ਸੰ. ਬਰਾਂਗਨਾ) ਇਸਤ੍ਰੀਆਂ ਭਾਵ ਰਾਗਨੀਆਂ
"ਰਾਗ ਏਕ ਸੰਗਿ ਪੰਚ **ਬਰੰਗਨ**।"
— ਰਾਗ ੧ : ੧ (1429)

ਬਰਜਤ — ਰੋਕਦਿਆਂ, ਵਰਜਣ ਦੇ ਬਾਵਜੂਦ
"ਏਕ ਨਗਰੀ ਪੰਚ ਚੋਰ ਬਸੀਅਲੇ **ਬਰਜਤ** ਚੋਰੀ ਧਾਵੈ।" — ਗੂਜ **੧**, ਅਸ ੧, ੧ : ੧ (503)

ਬਰਜਿ — ਰੋਕ ਕੇ ਵਰਜ ਕੇ, ਮੰਨ੍ਹਾ ਕਰਕੇ
"ਨਗਰੀ ਏਕੈ ਨਉ ਦਰਵਾਜੇ ਧਾਵਤੁ **ਬਰਜਿ** ਰਹਾਈ।" — ਕੇਦਾ **ਕਬ**, ੩, ੩ : ੧ (1123)
ਹੋਰ ਰੂਪ — ਬਰਜੈ —
"ਕਬੀਰ ਲਾਗੀ ਪ੍ਰੀਤਿ ਸੁਜਾਨ ਸਿਉ **ਬਰਜੈ** ਲੋਗੁ ਅਜਾਨੁ।"
— ਸਲੋ **ਕਬ**, ੨੧੨ : ੧ (1376)

ਬਰਤ — ਵਰਤ, ਬਿਨਾ ਅਹਾਰ ਰਹਿਣ ਦਾ ਨਿਯਮ
"**ਬਰਤ** ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁਨ ਪਾਇਆ।" — ਗਉ **੫**, ੧੬੪*, ੧ : ੨ (216)
"ਦਿਨਸੁ ਰੈਣਿ **ਬਰਤ** ਅਰੁ ਭੇਦਾ।" (ਵਰਤ ਭਾਵ ਬਝਵੇਂ ਨਿਯਮ)
— ਗਉ **੫**, ਅਸ ੪, ੩ : ੩ (237)
(ਮਹਾਨਕੋਸ਼ ਅਰਥ 'ਬ੍ਰਹਮਾਂਡ' ਕਰਦਾ ਹੈ)

ਬਰਤਨ — ਵਰਤਨ, ਇਸਤਮਾਲ ਕਰਨ, ਵਰਤੋਂ
"**ਬਰਤਨ** ਕਉ ਸਭੁ ਕਿਛੁ ਭੋਜਨ ਭੋਗਾਇ।"
— ਗੋਂਡ **੫**, ੩, ੧ : ੩ (862)

ਬਰਤਨਹਾਰ — ਫਿਰ ਜਾਣ ਵਾਲਾ
"ਮੇਘ ਕੀ ਛਾਇਆ ਜੈਸੇ **ਬਰਤਨਹਾਰ**।"
— ਭੈਰ **੫**, ੩੩, ੩ : ੩ (1145)

ਬਰਤਨਿ — ਨਿਤ ਦੀ ਵਰਤੋਂ ਵਿਚ ਆਉਣ ਵਾਲੀ

ਵਸਤ
"ਭਗਤ ਜਨਾ ਕੀ **ਬਰਤਨਿ** ਨਾਮੁ।"
— ਗਉ **੫**, ਸੁਖ ੨, ੫ : ੧ (264)
(ਮਹਾਨਕੋਸ਼ ਅਰਥ 'ਆਚਾਰ', 'ਕ੍ਰਿਯਾ', 'ਕਰਮਕਾਂਡ' ਕਰਦਾ ਹੈ)

ਬਰਤਾਇਆ — ਵਰਤਾ ਦਿੱਤਾ
"ਜਨਕ ਰਾਜ **ਬਰਤਾਇਆ** ਸਤਜੁਗੁ ਆਲੀਣਾ।"
— ਸਵ **੫**, ਕਲ ੩ : ੧ (1407)

ਬਰਤੀ — ਵਰਤ ਰਖਨ ਵਾਲਾ
"**ਬਰਤੀ** ਬਰਤ ਰਹੈ ਨਿਹਕਾਮ।"
— ਬਿਲਾ **੧**, ਥਿਤੀ ੧੬ : ੩ (840)

ਬਰਤੁ — ਵਰਤ, ਉਪਹਾਸ
"ਇਨ ਬਿਧਿ **ਬਰਤੁ** ਸੰਪੂਰਨ ਭਇਆ।"
— ਗਉ **੫**, ਥਿਤੀ ੧੧ : ੪ (299)

ਬਰਤੈ — 1. ਵਰਤਾ ਹੈ
"ਖਾਤ ਪੀਤ **ਬਰਤੈ** ਅਨਦ ਉਲਾਸਿ।"
— ਗਉ **੫**, ਸੁਖ ੫, ੨ : ੨ (268)
2. ਰਹੇ, ਨਿਵਾਸ ਰਖੇ
"ਜਬ ਲਗੁ ਜੋਤਿ ਕਾਇਆ ਮਹਿ **ਬਰਤੈ** ਆਪਾ ਪਸੂ ਨ ਬੂਝੈ।"
— ਧਨਾ **ਕਬ**, ੨, ੨ : ੧ (692)

ਬਰਦ — ਬਲਦ
"**ਬਰਦ** ਚਢੇ ਡਉਰੂ ਢਮਕਾਵੈ।"
— ਗੋਂਡ **ਨਾਮ**, ੬, ੨ : ੨ (874)

ਬਰਦਾਤਾ — ਵਰ ਦੇਣ ਵਾਲਾ ਬਖਸ਼ਿੰਦ
"ਇਕ ਮਨਿ ਪੁਰਖੁ ਧਿਆਇ **ਬਰਦਾਤਾ**।"
— ਸਵ **੧**, ੧ : ੧ (1389)

ਬਰਦਾਤਿ — ਵਰ ਦਿੰਦੇ ਹੋ
"ਅਮਿਉ ਰਸਨਾ ਬਦਨਿ **ਬਰਦਾਤਿ** ਅਲਖ ਅਪਾਰ ਗੁਰ ਸੂਰ ਸਬਦਿ ਹਉਮੈ ਨਿਵਾਰ੍ਉ।"
— ਸਵ **੫**, ਕਲ ੯ : ੧ (1408)

ਬਰਦਾਯਉ — ਵਰਤਾਇਆ
"ਹਰਿ ਨਾਮੁ ਰਸਨਿ ਗੁਰਮੁਖਿ **ਬਰਦਾਯਉ** ਉਲਟਿ ਗੰਗ ਪਸ੍ਚਮਿ ਧਰੀਆ।"
— ਸਵ **੩**, ੧ : ੭ (1393)

ਬਰਧ — ਬਲਦ
"**ਬਰਧ** ਪਚੀਸਕ ਸੰਗੁ ਕਾਚ।"
— ਬਸੰ **ਕਬ**, ੬, ੧ : ੨ (1194)

ਬਰਧੰਤਿ — ਵੱਧਣਾ ਹੈ
"**ਬਰਧੰਤਿ** ਜਰੂਆ ਹਿਤ੍ਹੰਤ ਮਾਇਆ।"
— ਸਸ **੫**, ੩ : ੨ (1354)

ਬਰਧਮਾਨ — ਵਧਦਾ ਹੈ
"**ਬਰਧਮਾਨ** ਹੋਵਤ ਦਿਨ ਪ੍ਰਤਿ ਨਿਤ ਆਵਤ ਨਿਕਟਿ ਬਿਖੰਮ ਜਰੀ।" — ਸਮੁ **੫**, ੩* : ੪ (1387)

ਬਰਨ — 1. ਵਰਨ, ਜਾਤ, ਵਰਣ ਚਾਰ ਹਨ - ਬ੍ਰਾਹਮਣ, ਖਤ੍ਰੀ, ਵੈਸ਼, ਸ਼ੂਦਰ
"ਚਾਰਿ **ਬਰਨ** ਚਉਹਾ ਕੇ ਮਰਦਨ ਖਟੁ ਦਰਸਨ ਕਰ ਤਲੀ ਰੇ।"
— ਆਸਾ **੫**, ੧੩੨, ੧ : ੧ (404)
"**ਬਰਨ** ਆਸ੍ਰਮ ਸਾਸਤ੍ਰ ਸੁਨਉ ਦਰਸਨ ਕੀ ਪਿਆਸ।" (ਵਰਣ-ਆਸ਼੍ਰਮ ਹਨ: ਬ੍ਰਹਮਚਾਰਜ, ਗ੍ਰਿਹਸਥ, ਵਾਨਪ੍ਰਸਥ ਸੰਨਿਆਸ)
— ਬਿਲਾ **੫**, ੬੧, ੨ : ੧ (816)
2. ਰੰਗ
"ਗਿਆਨੁ ਧਿਆਨੁ ਸਭ ਦਾਤਿ ਕਥੀਅਲੇ ਸੇਤ **ਬਰਨ** ਸਭਿ ਦੂਤਾ।"
— ਗੂਜ **੧**, ਅਸ ੧, ੭ : ੧ (503)
3. ਉਚੀ ਜਾਤ
"ਗਾਵਤ ਸੁਨਤ ਜਪਤ ਉਧਰੈ **ਬਰਨ** ਅਬਰਨਾ ਸਭਹੂੰ।" — ਦੇਵ **੫**, ੪, ੧* : ੨ (529)
4. ਵਰਣਨ, ਕਥਨ, ਹੋਰ ਵੇਖੋ 'ਬਰਨੰ'
"ਬੇਅੰਤ ਮਹਿਮਾ ਤਾ ਕੀ ਕੇਤਕ **ਬਰਨ**।"
— ਰਾਮ **੫**, ੧੮, ੨ : ੩ (888)
5. ਸਿਫਤ
"**ਬਰਨ** ਸਹਿਤ ਜੋ ਜਾਪੈ ਨਾਮੁ।"
— ਭੈਰ **ਰਵਿ**, ੧, ੧ : ੩ (1167)
(ਮਹਾਨ ਕੋਸ਼ ਅਰਥ 'ਵਰਣਨਯੋਗ' ਕਰਦੇ ਹਨ।)
6. ਵਰੁਣ ਦੇਵਤਾ, ਸਮੁੰਦਰ ਦਾ ਦੇਵਤਾ
"ਅਨਿਕ **ਬਰਨ** ਅਨਿਕ ਕਨਿਕ ਸੁਮੇਰ।"
— ਸਾਰ **੫**, ਅਸ ੨, ੭ : ੨ (1236)
7. ਭਾਵ ਸੁਭਾ
"ਰਾਮ ਸਨੇਹੀ ਤਉ ਮਿਲੈ ਦੋ ਨਉ **ਬਰਨ** ਗਵਾਇ।" (ਉਤਮ/ਅਧਮ ਜਾਤੀ ਸੁਭਾ ਭਾਵਨਾ) — ਸਲੋ **ਕਬ**, ੫੬ : ੨ (1367)

ਬਰਨੰ — ਬਿਆਨ/ਕਥਨ ਕੀਤਾ ਗਿਆ
"ਜਗਜੀਵਨੁ ਜਗੰਨਾਥੁ ਜਲ ਥਲ ਮਹਿ ਰਹਿਆ ਪੂਰਿ ਬਹੁ ਬਿਧਿ **ਬਰਨੰ**।"
— ਸਵ **੪**, ਗਯੰ ੪ : ੫ (1402)

ਬਰਨਉ — ਬਿਆਨ/ਕਥਨ ਕਰਾਂ
"ਮਹਮਾ ਨਾਮ ਕਹਾ ਲਉ **ਬਰਨਉ** ਰਾਮ ਕਹਤ ਬੰਧਨ ਤਿਹ ਤੂਟਾ।"
— ਸੋਰ **੯**, ੪, ੨ : ੨ (632)

ਬਰਨਥੇ — ਵਰਣਨ/ਕਥਨ/ਬਿਆਨ ਕੀਤੇ ਹਨ
"ਹਰਿ ਕੇ ਗੁਨ ਬਹੁਤ ਬਹੁਤ ਬਹੁ ਸੋਭਾ ਹਮ ਤੁਛ ਕਰਿ ਕਰਿ **ਬਰਨਥੇ**।"
— ਕਲਿ **੪**, ੩, ੪ : ੧ (1320)

ਬਰਨਾਂ — ਰੰਗ ਦਾ
"ਹਮ ਚਿਨੀ ਪਾਤਿਸਾਹ ਸਾਂਵਲੇ **ਬਰਨਾਂ**।"
— ਤਿਲ **ਨਾਮ**, ੩, ੩ : ੨ (727)

ਬਰੰਨਾ — ਵਰਨ, ਜਾਤੀਆਂ
"ਚਾਰਿ ਆਸਰਮ ਚਾਰਿ **ਬਰੰਨਾ** ਮੁਕਤਿ ਭਏ ਸੇਵ ਤੋਊ।" — ਦੇਵ **੫**, ੩੩, ੧ : ੨ (535)

ਬਰਨਿ — ਬਿਆਨ/ਕਥਨ ਕਰਨਾ
"**ਬਰਨਿ** ਨ ਸਾਕਉ ਤੁਮਰੇ ਰੰਗਾ ਗੁਣ ਨਿਧਾਨ ਸੁਖ ਦਾਤੇ।" — ਗਉ **੫**, ੧੨੮*, ੨ : ੧ (207)

ਬਰਨੁ — 1. ਰੰਗ
"ਜਬ ਇਸ ਕਾ **ਬਰਨੁ** ਚਿਹਨੁ ਨ ਜਾਪਤ।"
— ਗਉ **੫**, ਸੁਖ ੨੧, ੧ : ੫ (290)

2. ਵਰਨ
"**ਬਰਨੁ** ਜਾਤਿ ਕੋਊ ਪੂਛੈ ਨਾਹੀ ਬਾਛਹਿ ਚਰਨ ਰਵਾਰੋ।" — ਗੂਜ **੫**, ੧੦, ੧ : ੨ (498)

ਬਰਨੇ — ਬਿਆਨੇ, ਕਥਨ ਕੀਤੇ
"ਅਚਰਜ ਸਾਦ ਤਾ ਕੇ **ਬਰਨੇ** ਨ ਜਾਹੀ।"
— ਸੂਹੀ **੫**, ੨੨, ੨ : ੨ (742)

ਬਰਨੇਹ — ਵਰਣਨ ਹੁੰਦਾ ਹੈ
"ਊਚੇ ਤੇ ਊਚਾ ਵਡਾ ਸਭ ਸੰਗਿ **ਬਰਨੇਹ**।"
— ਬਿਲਾ **੫**, ੪੨, ੪ : ੧ (812)

ਬਰਨੈ — ਬਿਆਨ ਕਰੇ, ਵਰਣਨ ਕਰੇ
"ਸਾਧ ਕੀ ਮਹਮਾ **ਬਰਨੈ** ਕਉਨੁ ਪ੍ਰਾਨੀ।"
— ਗਉ **੫**, ਸੁਖ ੭, ੧ : ੯ (271)

ਬਰਭੰਡੁ — (ਸੰ. ब्रहमन्ड) ਬ੍ਰਹਮਾ ਦਾ ਅੰਡਾ, ਬ੍ਰਹਮੰਡ, ਸ੍ਰਿਸਟੀ, ਭੂਗੋਲਕ ਤੇ ਖਗੋਲਕ ਰਗਤਾ
"ਜਹ **ਬਰਭੰਡੁ** ਪਿੰਡੁ ਤਹ ਨਾਹੀ ਰਚਨਹਾਰ ਤਹ ਨਾਹੀ।" — ਗਉ **ਕਬ**, ੫੨, ੨ : ੧ (334)

ਬਰਮਾ — ਬ੍ਰਹਮਾ, ਹਿੰਦੂ ਦੀ ਦੇਵ-ਤ੍ਰਿਕੜੀ ਦਾ ਇਕ ਦੇਵਤਾ
"ਗੁਰੁ ਈਸਰੁ ਗੁਰੁ ਗੋਰਖੁ **ਬਰਮਾ** ਗੁਰੁ ਪਾਰਬਤੀ ਮਾਈ।" — ਜਪੁ **੧**, ੫ : ੮ (2)

ਬਰਮਾਉ — ਬ੍ਰਹਮਾ
"ਸੁਅਸਤਿ ਆਥਿ ਬਾਣੀ **ਬਰਮਾਉ**।"
— ਜਪੁ **੧**, ੨੧ : ੭ (4)

ਬਰਮੇ — 1. ਬ੍ਰਹਮਾ ਨੇ
"ਆਖਹਿ **ਬਰਮੇ** ਆਖਹਿ ਇੰਦ।"
— ਜਪੁ **੧**, ੨੬ : ੧੩ (5)

2. ਬਹੁਤ ਸਾਰੇ ਬ੍ਰਹਮਾ
"ਕੇਤੇ **ਬਰਮੇ** ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ।" — ਜਪੁ **੧**, ੩੫ : ੪ (7)

ਬਰਲਿਆ — ਪਾਗਲ/ਸ਼ੁਦਾਈ ਹੋਇਆ, ਬੌਂਦਲਿਆ
"ਬਿਨੁ ਸਬਦੈ ਜਗਤੁ **ਬਰਲਿਆ** ਕਹਣਾ ਕਛੂ ਨ ਜਾਇ।" — ਸਲੋ **੩**, ੩੬ : ੧ (1417)

ਬਰਲੁ — 1. ਪਾਗਲਪੁਣਾ, ਝਲਪੁਣਾ, ਸ਼ੁਦਾ
"ਜਿਤੁ ਪੀਤੈ ਮਤਿ ਦੂਰਿ ਹੋਇ **ਬਰਲੁ** ਪਵੈ ਵਿਚਿ ਆਇ।"
— ਬਿਹਾ **੪**, ਵਾਰ ੧੬ਸ, **੩**, ੧ : ੨ (554)

2. ਅਸਪਸ਼ਟ ਬੋਲ, ਅਉਲ ਜਲੂਲ
"ਓਸੁ ਅਰਲੁ **ਬਰਲੁ** ਮੁਹਹੁ ਨਿਕਲੈ ਨਿਤ ਝਗੂ ਸੁਟਦਾ ਮੁਆ।"
— ਸੋਰ **੪**, ਵਾਰ ੨੭ਸ, **੪**, ੨ : ੩ (653)

ਬਰੜਾਇ — ਸੁਤੇ ਪਏ ਅਚੇਤ ਅਵਸਥਾ ਵਿਚ ਬੁੜ ਬੁੜ ਕਰਨਾ ਅਥਵਾ ਬੋਲਣਾ
"ਕਬੀਰ ਸੁਪਨੈ ਹੂ **ਬਰੜਾ** ਇਕੈ ਜਿਤ ਮੁਖਿ ਨਿਕਸੈ ਰਾਮੁ।" — ਸਲੋ **ਕਬ**, ੬੩ : ੧ (1367)

ਹੋਰ ਰੂਪ — ਬਰੜਾਇਓ —
"ਨੈਨੀ ਨੀਦ ਸੁਪਨ **ਬਰੜਾਇਓ**।"
— ਗਉ **੫**, ਥਿਤੀ ੧੮ : ੮ (299)

ਬਰਾ — ਚੰਗਾ, ਉਤਮ, ਸ੍ਰੇਸ਼ਟ
"ਤਸਬੀ ਯਾਦਿ ਕਰਹੁ ਦਸ ਮਰਦਨੁ ਸੁੰਨਤਿ ਸੀਲੁ

ਬੰਧਾਨਿ **ਬਰਾ**।"

— ਮਾਰੂ **੫**, ਸੋਲਾ ੧੨, ੭ : ੩ (1084)

ਬਰਾਸਾਇਆ — ਵਰ ਸਹਿਤ ਹੋਇਆ, ਫਲ ਪਾਇਆ

"ਤਿਉ ਸਾਕਤ ਤੇ ਕੋਨ **ਬਰਸਾਇਆ**।"

— ਭੈਰ **੫**, ੫, ੪ : ੨ (1137)

ਬਰਾਹ — ਸੂਰ ਦੇ ਸਰੀਰ ਵਾਲਾ ਦੇਵਤਾ, ਇਕ ਅਵਤਾਰ

"ਖਗ ਤਨ ਮੀਨ ਤਨ ਮ੍ਰਿਗ ਤਨ **ਬਰਾਹ** ਤਨ ਸਾਧੂ ਸੰਗਿ ਉਧਾਰੇ।"— ਮਲਾ **੫**, ੧੩, ੧* : ੨ (1269)

ਬਰਾਤ — ਜਾਗੀਰ

"ਬਹੁਤੁ ਪ੍ਰਤਾਪੁ ਗਾਂਉ ਸਉ ਪਾਏ ਦੁਇ ਲਖਟਕਾ **ਬਰਾਤ**।" — ਸਾਰ **ਕਬ**, ੧, ੧ : ੧ (1251)

ਬਰਾਤੀ — ਜਾਂਞੀ

"ਤਨੁ ਰੈਨੀ ਮਨੁ ਪੁਰਰਪਿ ਕਰਿ ਹਉ ਪਾਚਉ ਤਤ **ਬਰਾਤੀ**।" — ਆਸਾ **ਕਬ**, ੨੪, ੧ : ੧ (482)

ਬਰਾਬਰਿ — 1. ਤੁਲ, ਸਮਾਨ

"ਜੀਅੜਾ ਅਗਨਿ **ਬਰਾਬਰਿ** ਤਪੈ ਭੀਤਰਿ ਵਗੈ ਕਾਤੀ।" — ਗਉ **੧**, ੧੭, ੬ : ੧ (156)

2. ਬਰਾਬਰੀ ਤੁਲਣਾ, ਸਮਾਨਤਾ

"ਕਰਉ **ਬਰਾਬਰਿ** ਜੋ ਪ੍ਰਿਅ ਸੰਗਿ ਰਾਤੀ ਇਹ ਹਉਮੈ ਕੀ ਢੀਠਾਈ।"

— ਮਲਾ **੫**, ੬, ੧ : ੨ (1267)

ਬਰਾਬਰੀ — ਮੁਕਾਬਲਾ, ਸਾਹਮਣਾ

"ਖਸਮੈ ਕਰੇ **ਬਰਾਬਰੀ** ਫਿਰਿ ਗੈਰਤਿ ਅੰਦਰਿ ਪਾਇ।" — ਆਸਾ **੧**, ਵਾਰ ੨੨ : ੩ (474)

ਬਰਾਬਰੇ — ਤੁਲ ਸਮਾਨ

"ਨਾਨਕ ਕੋੜੀ ਨਰਕ **ਬਰਾਬਰੇ** ਉਜੜੁ ਸੋਈ ਥਾਉ।"

— ਜੈਤ **੫**, ਵਾਰ ੯ਸ, **੫**, ੨ : ੨ (707)

ਬਰਿ — ਵਰ ਨਾਲ

"ਭਲਉ ਭੂਹਾਲੁ ਤੇਜੋ ਤਨਾ ਨ੍ਰਿਪਤਿ ਨਾਥੁ ਨਾਨਕ **ਬਰਿ**।" — ਸਵ **੩**, ੨੧ : ੫ (1396)

ਬਰੀ — ਵਿਆਹਿਆ ਹੈ

"ਸਗਲਿਆ ਕੀ ਹਉ ਬਹਿਨ ਭਾਨਜੀ ਜਿਨਹਿ **ਬਰੀ** ਤਿਸੁ ਚੇਰੀ।"

— ਆਸਾ **ਕਬ**, ੪, ੨ : ੨ (476)

"ਭੁਲੀ ਸਰੀ ਮੁਈ ਮੇਰੀ ਪਹਿਲੀ **ਬਰੀ**।" (ਪਰਣਾਹੀ/ਵਿਆਹੀ ਹੋਈ)

— ਆਸਾ **ਕਬ**, ੩੨, ੧* : ੧ (483)

ਬਰੀਆ — 1. ਅਵਸਰ, ਮੌਕਾ

"ਮਿਲੁ ਜਗਦੀਸ ਮਿਲਨ ਕੀ **ਬਰੀਆ**।"

— ਗਉ **੫**, ੭੨, ੧* : ੧ (176)

2. ਵਾਰੀ, ਵੇਰੀ

"ਚਰਣ ਪਖਾਰਿ ਕਰਉ ਗੁਰ ਸੇਵਾ ਬਾਰਿ ਜਾਉ ਲਖ **ਬਰੀਆ**।"

— ਗਉ **੫**, ੧੨੮*, ੪ : ੧ (207)

3. ਸਮੇਂ, ਵੇਰ

"ਮੁਕਤਿ ਕੀ **ਬਰੀਆ** ਕਹਾ ਛਪਾਨੀ।"

— ਗੋਂਡ **ਨਾਮ**, ੬, ੪ : ੨ (874)

4. ਬਰਸ, ਵਰ੍ਹੇ

"ਏਕ ਨਿਮਖ ਜੋ ਬਿਸਰੈ ਸੁਆਮੀ ਜਾਨਉ ਕੋਟਿ ਦਿਨਸ ਲਖ **ਬਰੀਆ**।"

— ਸਾਰ **੫**, ੨੪, ੨ : ੧ (1209)

ਬਰੇ — ਵੜੇ

"ਰਾਜਾ ਰਾਮ ਕਕਰੀਆ **ਬਰੇ** ਪਕਾਏ।"

— ਆਸਾ **ਕਬ**, ੬, ੧* : ੧ (477)

ਬਰੇਡਾ — ਸ਼ਰਬਤ

"ਅਲਉਤੀ ਕਾ ਜੈਸੇ ਭਇਆ **ਬਰੇਡਾ** ਜਿਨਿ ਪੀਆ ਤਿਨਿ ਜਾਨਿਆ।"

— ਗਉ **ਕਬ**, ੪੭, ੨ : ੨ (333)

ਬਲ — 1. ਸ਼ਕਤੀ, ਸਮਰਥਾ

"ਲੋਚਨ ਸੂਮਹਿ ਬੁਧਿ **ਬਲ** ਨਾਠੀ ਤਾ ਕਾਮੁ ਪਵਸਿ ਮਾਧਾਣੀ।" — ਸਿਰੀ **ਬੇਣੀ**, ੧, ੪ : ੨ (93)

2. ਵਲ, ਧੋਖਾ, ਠੱਗੀ

"ਅਨਿਕ ਬੰਚ **ਬਲ** ਛਲ ਕਰਹੁ ਮਾਇਆ ਏਕ ਉਪਾਵ।"— ਗਉ **੫**, ਬਾਅ ੩੩ : ੨ (257)

ਬਲਉ — ਸੜੇ, ਬਲੇ

"ਹਉਮੈ ਮਮਤਾ ਜਲਿ **ਬਲਉ** ਲੋਭੁ ਜਲਉ ਅਭਿਮਾਨੁ।"

— ਸਿਰੀ **੧**, ਅਸ ੧੦, ੮ : ੨ (59)

ਬਲਇਓ — ਬਲ

"ਸਾਇਰੁ ਸੋਖਿ ਭੁਜੰ **ਬਲਇਓ**।"

— ਆਸਾ **ਕਬ**, ੧੫, ੧* : ੨ (479)

ਬਲਈਆ — ਜਗਿਆ, ਬਲਿਆ, ਪ੍ਰਦੀਪਤ

ਹੋਇਆ
"ਖਿਮਾ ਸੀਗਾਰ ਕਰੇ ਪ੍ਰਭ ਖੁਸੀਆ ਮਨਿ ਦੀਪਕ ਗੁਰ ਗਿਆਨੁ **ਬਲਈਆ**।"
— ਬਿਲਾ **੪**, ਅਸ ੫, ੪ : ੧ (836)

ਬਲਹਰ — ਛਤੀਰ
"ਜੈਸੇ ਮੰਦਰ ਮਹਿ **ਬਲਹਰ** ਨਾ ਠਾਹਰੈ।"
— ਗੋਂਡ **ਕਬ**, ੯, ੧ : ੧ (872)

ਬਲਹਿ — ਜਗਦੇ ਹਨ
"ਅੰਧਾ ਚਾਨਣਿ ਰਖੀਐ ਦੀਵੇ **ਬਲਹਿ** ਪਚਾਸ।"
— ਮਾਝ **੧**, ਵਾਰ ੧੨ਸ, **੧**, ੧ : ੫ (143)

ਬਲਹੀਣ — ਨਿਤਾਣਾ, ਸ਼ਕਤੀਹੀਣ
"ਅਨਾਥ ਨਾਥ ਗੋਬਿੰਦਹ **ਬਲਹੀਣ** ਬਲ ਕੇਸਵਹ।"
— ਸਸ **੫**, ੨੧ : ੨ (1356)

ਹੋਰ ਰੂਪ — ਬਲਹੀਨ —
"ਮੂਰਖ ਮੁਗਧ ਅਨਾਥ ਚੰਚਲ **ਬਲਹੀਨ** ਨੀਚ ਅਜਾਣਾ।"
— ਬਿਹਾ **੫**, ਛੰਤ ੩, ੧ : ੫ (543)

ਬਲੰਤੀ — ਮਚਦੀ, ਬਲਦੀ
"ਏਕਿ ਚਲੇ ਹਮ ਦੇਖੇ ਸੁਆਮੀ ਭਾਹਿ **ਬਲੰਤੀ** ਆਈ।" — ਰਾਮ **੧**, ੧, ੩ : ੨ (876)

ਬਲਤੋ — ਬਲਦੇ, ਮਚਦੇ
"**ਬਲਤੋ** ਜਲਤੋ ਤਉਕਿਆ ਗੁਰ ਚੰਦਨੁ ਸੀਤਲਾਇਓ।"— ਗਉ **੫**, ਅਸ ੧੪, ੧: ੧ (241)

ਬਲਦ — ਬੈਲ
"ਤ੍ਰਿਸਨਾ ਜਲਤ ਕਿਰਤ ਕੇ ਬਾਧੇ ਜਿਉ ਤੇਲੀ **ਬਲਦ** ਭਵੰਦੇ।" — ਬਿਲਾ **੪**, ੬, ੨ : ੨ (800)

ਬਲੰਦੜੀ — ਬਲਦੀ
"ਭਾਹਿ **ਬਲੰਦੜੀ** ਬੁਝਿ ਗਈ ਰਖੰਦੜੋ ਪ੍ਰਭੁ ਆਪਿ।"
— ਜੈਤ **੫**, ਵਾਰ ੧੮ਸ, **੫**, ੨ : ੧ (709)

ਬਲੰਦਿਆਂ — ਜਗਦਿਆਂ, ਬਲਦਿਆਂ
"ਫਰੀਦਾ ਦੁਹੁ ਦੀਵੀ **ਬਲੰਦਿਆ** ਮਲਕੁ ਬਹਿਠਾ ਆਇ।" — ਸਲੋ **ਫਰ**, ੪੮ : ੧ (1380)

ਬਲਦੀ — ਮਚਦੀ
"**ਬਲਦੀ** ਜਲਿ ਨਿਵਰੈ ਕਿਰਪਾ ਤੇ ਆਪੇ ਜਲਨਿਧਿ ਪਾਇਦਾ।"— ਮਾਰੂ **੧**, ਸੋਲਾ ੧੩, ੪ : ੩ (1033)

ਹੋਰ ਰੂਪ — ਬਲੰਦੀ —
"ਭਾਹਿ **ਬਲੰਦੀ** ਵਿਝਵੀ ਧੂਉ ਨ ਨਿਕਸਿਓ ਕਾਇ।" (ਬਲਦੀ)
— ਸਿਰੀ **੧**, ੧੪, ੧ : ੨ (19)

ਬਲਦੁ — ਬੈਲ
"ਓਹੁ ਤੇਲੀ ਸੰਦਾ **ਬਲਦੁ** ਕਰਿ ਨਿਤ ਭਲਕੇ ਉਠਿ ਪ੍ਰਭਿ ਜੋਇਆ।"
— ਗਉ **੪**, ਵਾਰ ੧੯ਸ, **੪**, ੧ : ੫ (309)

ਬਲਨ — ਜੀਵਨ ਬਿਤਾਉਂਣ ਦਾ ਢੰਗ
"**ਬਲਨ** ਬਰਤਨ ਕਉ ਸਨਬੰਧੁ ਚਿਤਿ ਆਇਆ।"
— ਭੈਰ **੫**, ੩੩, ੧ : ੨ (1145)

ਬਲਨੰ — ਬਲ, ਸਮਰਥਾ
"ਮਿਥੰਤ ਦੇਹੰ ਖੀਣੰਤ **ਬਲਨੰ**।"
— ਸਸ **੫**, ੩ : ੧ (1354)

ਬਲਨਾ — 1. ਸੜਨਾ
"ਬਿਨੁ ਸਿਮਰਨ ਜੋ ਜੀਵਨੁ **ਬਲਨਾ** ਸਰਪ ਜੈਸੇ ਅਰਜਾਰੀ।" — ਟੋਡੀ **੫**, ੨, ੧ : ੧ (712)
"ਜਿਨਿ ਦੀਆ ਤੁਧੁ ਪਾਵਕੁ **ਬਲਨਾ**।"
— ਰਾਮ **੫**, ੨, ੩ : ੩ (913)

2. ਬਲ ਵਾਲਾ
"ਹੇ ਅਜਿਤ ਸੂਰ ਸੰਗ੍ਰਾਮੰ ਅਤਿ **ਬਲਨਾ** ਬਹੁ ਮਰਦਨਹ।" — ਸਸ **੫**, ੪੫ : ੧ (1358)

ਬਲੰਨ੍ਹਿ — ਬਲਦੇ ਹਨ
"ਤਨੁ ਤਪੈ ਤਨੂਰ ਜਿਉ ਬਾਲਣੁ ਹਡ **ਬਲੰਨ੍ਹਿ**।"
— ਸਲੋ **ਫਰ**, ੧੧੯ : ੧ (1384)

ਬਲਬੰਚ — ਠਗੀ, ਵਲਛਲ
"**ਬਲਬੰਚ** ਕਰੈ ਨ ਜਾਨੈ ਲਾਭੈ ਸੋ ਧੂਰਤੁ ਨਹੀ ਮੂੜ੍ਹਾ।" — ਸਾਰ **੫**, ੯੦, ੧ : ੧ (1221)

ਹੋਰ ਰੂਪ — ਬਲਬੰਚਾ —
"ਕਾ ਕਉ ਦੁਰਾਉ ਕਾ ਸਿਉ **ਬਲਬੰਚਾ** ਜਹ ਜਹ ਪੇਖਉ ਤਹ ਤਹ ਨੇਰਾ।"
— ਬਿਹਾ **੫**, ੧੧੨, ੨ : ੧ (827)

ਬਲਬੰਚੁ —
"ਕੁਸਮ ਬਾਸ ਬਹੁ ਰੰਗੁ ਘਣੋ ਸਭ ਮਿਥਿਆ **ਬਲਬੰਚੁ**।"— ਗਉ **੫**, ਥਿਤੀ ੫ : ੨ (297)

ਬਲਭਦ੍ਰ — ਸ੍ਰੀ ਕਿਸ਼ਨ ਜੀ ਦੇ ਵਡੇ ਭਰਾ
"ਕ੍ਰਿਸਨੁ **ਬਲਭਦ੍ਰੁ** ਗੁਰ ਪਗ ਲਗਿ ਧਿਆਵੈ।"
— ਗਉ **੪**, ੪੩, ੪ : ੨ (165)

ਬਲਲੇ — ਬਲਿਹਾਰ

"ਹਰਿ ਕੇ ਸੰਤ ਮਿਲਿ ਰਾਮ ਰਸੁ ਪਾਇਆ ਹਮ ਜਨ ਕੈ ਬਲਿ **ਬਲਲੇ**।"
— ਨਟ **੪**, ੨, ੧ : ੨ (975)

ਬਲਵੰਚੀਆ — ਧੋਖੇਬਾਜ਼, ਵਲਛਲ ਕਰਨ ਵਾਲਾ
"ਹਮ ਪਾਪੀ **ਬਲਵੰਚੀਆ** ਮੇਰੀ ਜਿੰਦੜੀਏ ਗੁਰਿ ਪੂਰੈ ਗਤਿ ਮਿਤਿ ਪਾਇਆ ਰਾਮ।"
— ਬਿਹਾ **੪**, ਛੰਤ ੩, ੩ : ੧ (539)

ਬਲਵੰਡ — ਗੁਰੂ ਘਰ ਦਾ ਕੀਰਤਨੀਆ ਜਿਸ ਦੇ 'ਸਤੇ' ਨਾਲ ਰਲ ਕੇ ਰਚੀ ਇਕ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਮਕਲੀ ਰਾਗ ਵਿਚ ਸੰਮਿਲਤ ਹੈ।
"**ਬਲਵੰਡ** ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ।" — ਰਾਮ **ਬਸ**, ਵਾਰ ੩ : ੮ (967)

ਬਲਵੰਡਾ — ਸ਼ਕਤੀਸ਼ਾਲੀ, ਬਲਵਾਨ
"ਘਟਿ ਘਟਿ ਨਾਥੁ ਮਹਾ **ਬਲਵੰਡਾ**।"
— ਬਿਲਾ **੧**, ਥਿਤੀ ੧੧ : ੨ (839)

ਬਲਵੰਤ — ਬਲਕਾਰ, ਬਲਵਾਲਾ, ਤਾਕਤਵਰ
"**ਬਲਵੰਤ** ਬਲਾਤ ਕਾਰਣਹ।"
— ਸਸ **੫**, ੬੩ : ੨ (1359)

ਬਲਵੰਤਕਾਰੀ — ਬਲਵਾਨ, ਤਾਕਤਵਰ
"ਬਹੁ ਜਵਨ ਕਰਤਾ **ਬਲਵੰਤਕਾਰੀ** ਸੇਵੰਤ ਸੂਰ ਚਤੁਰ ਦਿਸਹ।" — ਸਸ **੫**, ੭ : ੧ (1354)

ਬਲਵੰਤਿ — ਬਲਵਾਨ ਭਾਵ ਮਾਇਆ
"**ਬਲਵੰਤਿ** ਬਿਆਪਿ ਰਹੀ ਸਭ ਮਹੀ।"
— ਗੂਜ **੫**, ੧੪, ੧* : ੧ (498)

ਬਲਵੰਤੁ — ਤਾਕਤਵਰ, ਬਲਵਾਨ ਤਕੜਾ
"ਸਭ ਤੇ ਆਪ ਜਾਨੈ **ਬਲਵੰਤੁ**।"
— ਗਉ **੫**, ਸੁਖ ੧੨, ੨ : ੫ (278)

ਬਲਾਇ — 1. ਬਲਾ, ਭਿਆਨਕ ਸ਼ੈ, ਭੂਤ
"ਓਇ ਸਤਿਗੁਰ ਆਗੈ ਨ ਨਿਵਹਿ ਓਨਾ ਅੰਤਰਿ ਕ੍ਰੋਧ **ਬਲਾਇ**।"— ਸਿਰੀ **੪**, ੬੯, ੩ : ੩ (41)
"ਜੋ ਉਪਜੈ ਜੋ ਬਿਨਸਿ ਹੈ ਦੁਖੁ ਕਰਿ ਰੋਵੈ **ਬਲਾਇ**।" (ਮੇਰੀ ਬਲਾ ਰੋਵੇ)
— ਗਉ **ਕਬ**, ੬੪, ੨ : ੨ (337)

2. ਆਫਤ, ਬਿਪਤਾ, ਮੁਸੀਬਤ
"ਤਿਸ ਕੀ ਗਈ **ਬਲਾਇ** ਮਿਟੇ ਅੰਦੇਸਿਆ।"
— ਗੂਜ **੫**, ਵਾਰ ੫ : ੨ (519)

ਬਲਾਇਆ — ਮਚਾਇਆ, ਪ੍ਰਜਵਲਿਤ ਕੀਤਾ
"ਗੁਰ ਗਿਆਨੁ ਪ੍ਰਚੰਡੁ **ਬਲਾਇਆ** ਅਗਿਆਨੁ ਅੰਧੇਰਾ ਜਾਇ।"— ਸਿਰੀ **੩**, ੪੦, ੨ : ੩ (29)

2. ਬਲਾਈ, ਆਫਤਾਂ, ਬਿਪਤਾ, ਮੁਸੀਬਤਾਂ
"ਹਰਿ ਪ੍ਰਭਿ ਫੁਰਮਾਇਆ ਮਿਟੀ **ਬਲਾਇਆ** ਸਾਚੁ ਧਰਮੁ ਪੁੰਨੁ ਫਲਿਆ।"
— ਸੂਹੀ **੫**, ਅਸ ੭, ੩ : ੩ (781)

ਬਲਾਈ — ਬਲਾਵਾਂ
"ਸੁਨਤ ਜਪਤ ਹਰਿ ਨਾਮ ਜਸੁ ਤਾ ਕੀ ਦੂਰਿ **ਬਲਾਈ**।" — ਬਿਲਾ **੫**, ੫੩, ੪ : ੧ (814)

ਬਲਾਏ — 1. ਬਲਾ, ਆਫਤ ਹੰਕਾਰ ਰੂਪ
"ਗੁਰ ਭੇਟਤ ਹਉ ਗਈ **ਬਲਾਏ**।"
— ਮਾਝ **੫**, ੨੪, ੪ : ੨ (101)

2. ਬਿਤਾਏ
"ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ **ਬਲਾਏ**।"
— ਧਨਾ **ਨਾਮ**, ੧, ੧ : ੨ (692)

ਬਲਾਤ — ਧਕਾ, ਵਧੀਕ
"ਬਲਵੰਤ **ਬਲਾਤ** ਕਾਰਣਹ।"
— ਸਸ **੫**, ੬੩ : ੨ (1359)

ਬਲਿ — 1. ਬਲਿਹਾਰ, ਸਦਕੇ, ਕੁਰਬਾਨ, ਵਾਰਕੇ
"ਜਨ ਨਾਨਕ **ਬਲਿ ਬਲਿ** ਸਦ **ਬਲਿ** ਜਾਈਐ ਤੇਰਾ ਅੰਤੁ ਨ ਪਾਰਾਵਾਰਿਆ।"
— ਗੂਜ **੫**, ਸੋਦ ੫, ੪ : ੨ (10)

2. ਸੜਨਾ
"ਹਰਿ ਬਿਨੁ ਜੀਉ ਜਲਿ **ਬਲਿ** ਜਾਉ।"
— ਸਿਰੀ **੧**, ੧, ੧* : ੧ (14)
"ਮਨਮੁਖਿ ਵਿਛੁੜੀ ਦੂਰਿ ਮਹਲੁ ਨ ਪਾਏ **ਬਲਿ** ਗਈ ਬਲਿ ਰਾਮ ਜੀਉ।" (ਸੜ ਗਈ)
— ਸੂਹੀ **੪**, ਛੰਤ ੧, ੩ : ੧ (773)
"ਸ੍ਰੀ ਗੋਪਾਲੁ ਨ ਉਚਰਹਿ **ਬਲਿ** ਗਈਏ ਦੁਹਚਾਰਣਿ ਰਸਨਾ ਰਾਮ।" (ਸੜ ਜਾਣੀਏ)
— ਬਿਹਾ **੫**, ਛੰਤ ੪, ੩ : ੧ (848)

3. ਬਲ ਕਰਕੇ, ਸ਼ਕਤੀ ਕਰਕੇ, ਬਲ ਸਦਕਾ
"ਤਿਤੁ **ਬਲਿ** ਰੋਗੁ ਨ ਬਿਆਪੈ ਕੋਈ।"
— ਗਉ **੫**, ੧੫੦, ੧ : ੨ (196)

4. ਪ੍ਰਹਿਲਾਦ ਦਾ ਪੋਤਰਾ ਵਿਰੋਚਨ ਦਾ ਪੁਤਰ ਇਕ

ਪ੍ਰਤਾਪੀ ਰਾਜਾ ਜਿਸਨੂੰ ਛਲਣ ਲਈ ਵਿਸ਼ਨੂੰ ਬਾਵਨ ਰੂਪ ਧਾਰ ਕੇ ਢਾਈ ਕਦਮ ਧਰਤੀ ਦਾਨ ਵਿਚ ਮੰਗੀ । ਦੋ ਕਦਮ ਵਿਚ ਅਕਾਸ਼ ਤੇ ਧਰਤੀ ਮਿਣ ਗਈ ਤੇ ਅੱਧੇ ਵਿਚ 'ਬਲਿ' ਰਾਜੇ ਦਾ ਸਰੀਰ
"**ਬਲਿ** ਰਾਜਾ ਮਾਇਆ ਅਹੰਕਾਰੀ।"
— ਗਉ **੧**, ਅਸ ੯, ੨ : ੧ (224)
"ਨਾਮੇ ਕਹੈ ਭਗਤਿ ਬਸਿ ਕੇਸਵ ਅਜਹੂੰ **ਬਲਿ** ਕੇ ਦੁਆਰ ਖਰੋ।"
— ਮਾਰੂ **ਨਾਮ**, ੩, ੪ : ੨ (1105)

ਬਲਿਓ — ਜਗਿਆ, ਪ੍ਰਜਵਲਿਤ ਹੋਇਆ
"ਗੁਰਿ ਗਿਆਨੁ ਦ੍ਰਿੜਾਇਓ ਦੀਪ **ਬਲਿਓ**।"
— ਗਉ **੫**, ਅਸ ੧੩, ੭ : ੨ (241)
ਹੋਰ ਰੂਪ — ਬਲਿਆ —
"**ਬਲਿਆ** ਗੁਰ ਗਿਆਨ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ।।" (ਜਗਿਆ)
— ਸਿਰੀ **੪**, ਛੰਤ ੧, ੨ : ੩ (78)

ਬਲਿਹਰੀਐ — ਬਲਿਹਾਰ ਜਾਈਐ
"ਰਤਨ ਜਨਮੁ ਸਫਲੁ ਗੁਰਿ ਕੀਆ ਦਰਸਨ ਕਉ **ਬਲਿਹਰੀਐ**।"— ਗਉ **੫**, ੧੫੩*, ੧* : ੨ (213)

ਬਲਿਹਾਰ — ਕੁਰਬਾਨ, ਵਾਰਨੇ, ਸਦਕੇ
"ਪਾਰਬ੍ਰਹਮੁ ਸੁਖ ਸਾਗਰੋ ਨਾਨਕ ਸਦ **ਬਲਿਹਾਰ**।"
— ਸਿਰੀ **੫**, ੮੧, ੪ : ੪ (46)
ਹੋਰ ਰੂਪ — ਬਲਿਹਾਰੰ —
"ਨਾਨਕ ਤਿਨ ਸਦ **ਬਲਿਹਾਰੰ** ਜਿਨਾ ਧਿਆਨੁ ਪਾਰਬ੍ਰਹਮਣਹ।"
— ਜੈਤ **੫**, ਵਾਰ ੧੪ਸ, **੫**, ੧ : ੨ (709)

ਬਲਿਹਾਰਣਿਆ — ਕੁਰਬਾਣ ਹਾਂ, ਸਦਕੇ ਜਾਂਦਾ ਹਾਂ, ਨਿਛਾਵਰ ਹਾਂ
"ਹਉ ਵਾਰੀ ਜੀਉ ਵਾਰੀ ਸਤਿਗੁਰ ਕੈ **ਬਲਿਹਾਰਣਿਆ**।"
— ਮਾਝ **੩**, ਅਸ ੨, ੧* : ੧ (110)
ਹੋਰ ਰੂਪ — ਬਲਿਹਾਰਣੇ —
"ਹਰਿਹਾਂ ਤਿਉ ਹਰਿ ਜਨੁ ਮਾਂਗੈ ਨਾਮੁ ਨਾਨਕ **ਬਲਿਹਾਰਣੇ**।"— ਫੁਨ **੫**, ੧੧ : ੪ (1362)
ਬਲਿਹਾਰਣੈ —
"ਹਉ ਤਿਨ ਕੈ **ਬਲਿਹਾਰਣੈ** ਜਿਨਾ ਨਾਮੇ ਲਗਾ ਪਿਆਰੁ।" (ਨਿਛਾਵਰ ਹਾਂ)
— ਸਿਰੀ **੩**, ੩੪, ੩ : ੩ (261)

ਬਲਿਹਾਰਨੈ — ਕੁਰਬਾਣ ਜਾਵਾਂ, ਵਾਰੇ ਜਾਵਾ
"ਬਾਰਨੈ **ਬਲਿਹਾਰਨੈ** ਲਖ ਬਰੀਆ।"
— ਗਉ **੫**, ੧੪੩*, ੧* : ੨ (211)

ਬਲਿਹਾਰਾ — ਕੁਰਬਾਨ, ਬਲਿਹਾਰ
"ਸਦਾ ਸਦਾ ਜਾਈ **ਬਲਿਹਾਰਾ**।"
— ਮਾਝ **੫**, ੩੯, ੪ : ੨ (106)
ਹੋਰ ਰੂਪ — ਬਲਿਹਾਰਿ —
"ਸਦ **ਬਲਿਹਾਰਿ** ਜਾਈਐ ਕੁਰਬਾਨਾ।" (ਵਾਰਨੇ, ਸਦਕੇ, ਕੁਰਬਾਨ)
— ਮਾਝ **੫**, ੩੬, ੩ : ੨ (105)
ਬਲਿਹਾਰਿਓ —
"ਨਾਨਕ ਓਟ ਗਹੀ ਜਗਦੀ ਸੁਰ ਪੁਨਹ ਪੁਨਹ **ਬਲਿਹਾਰਿਓ**।" (ਕੁਰਬਾਨ ਜਾਂਦਾ ਹਾਂ)
— ਦੇਵ **੫**, ੩੦, ੨ : ੨ (554)
ਬਲਿਹਾਰਿਆ —
"ਚਰਨ ਰੇਨ ਬਾਂਛੈ ਨਿਤ ਨਾਨਕੁ ਪੁਨਹ ਪੁਨਹ **ਬਲਿਹਾਰਿਆ**।" (ਕੁਰਬਾਨ ਜਾਂਦਾ ਹੈ।
— ਧਨਾ **੫**, ੧੬, ੨ : ੨ (675)
ਬਲਿਹਾਰੀ —
"ਸਦ **ਬਲਿਹਾਰੀ** ਗੁਰ ਅਪੁਨੇ ਵਿਟਹੁ ਜਿਹਰਿ ਸੇਤੀ ਚਿਤੁ ਲਾਏ।"
— ਸਿਰੀ **੩**, ਅਸ ੨੨, ੭ : ੩ (68)
ਬਲਿਹਾਰੀਆ —
"ਕੀਏ ਮਿਤ੍ਰ ਅਨੇਕ ਇਕਸੁ **ਬਲਿਹਾਰੀਆ**।" (ਬਲਿਹਾਰ ਜਾਂਦਾ ਹਾਂ)
— ਗਉ **੫**, ਅਸ ੧੨, ੪ : ੧ (241)
ਬਲਿਹਾਰੀਐ —
"ਤੇਰੀ ਗਤਿ ਮਿਤਿ ਲਖੀ ਨ ਜਾਇ ਹਉ ਤੁਧੁ **ਬਲਿਹਾਰੀਐ**।" (ਸਦਕੇ ਹਾਂ)
— ਗੂਜ **੫**, ਵਾਰ ੧ : ੮ (518)
ਬਲਿਹਾਰੁ —
"ਹਰਿ ਜਨ ਹਰਿ ਲਿਵ ਉਧਰੇ ਨਾਨਕ ਸਦ **ਬਲਿਹਾਰੁ**।" (ਕੁਰਬਾਨੇ)
— ਸਿਰੀ **੫**, ੯੧, ੪ : ੩ (50)
ਬਲਿਹਾਰੇ —
"ਕਰਿ ਕਿਰਪਾ ਅਪੁਨੋ ਨਾਮੁ ਦੀਜੈ ਨਾਨਕ

ਸਦ **ਬਲਿਹਾਰੇ**।" (ਕੁਰਬਾਨ ਹਾਂ)
— ਗਉ **੫**, ੧੩੮*, ੪ : ੨ (210)

ਬਲਿਹਾਰੈ —
"ਸੁਣਹਿ ਵਖਾਣਹਿ ਜੇਤੜੇ ਹਉ ਤਿਨ **ਬਲਿਹਾਰੈ** ਜਾਉ।" (ਕੁਰਬਾਣ ਸਦਕੇ)
— ਸਿਰੀ **੧**, ੫, ੨ : ੨ (16)

ਬਲਿਹਿ — (ਰਾਜਾ) ਬਲ ਨੂੰ
"**ਬਲਿਹਿ** ਛਲਨ ਸਬਲ ਮਲਨ ਭਗ੍ਤਿ ਫਲਨ ਕਾਨ੍ ਕੁਅਰ ਨਿਹਕਲੰਕ ਬਜੀ ਡੰਕ ਚੜ੍ਹੂ ਦਲ ਰਵਿੰਦ ਜੀਉ।" — ਸਵ **੪**, ਗਯੰ ੯ : ੨ (1403)

ਬਲਿਰਾਮ — ਹੇ ਰਾਮ ਤੇਰੇ ਤੋਂ ਕੁਰਬਾਨ ਜਾਂਦਾ ਹਾਂ
"ਸਤਿਗੁਰੁ ਪੁਰਖੁ ਮਿਲਾਇ ਅਵਗਣ ਵਿਕਣਾ ਗੁਣ ਰਵਾ **ਬਲਿਰਾਮ** ਜੀਉ।"
— ਸੂਹੀ ਮ : **੪**, ਛੰਤ ੧, ੧ : ੧ (773)

ਬਲੀ — ਬਲਵਾਲਾ, ਬਲਵਾਨ, ਤਾਕਤਵਰ
"ਸੂਰਬੀਰ ਬਚਨ ਕੇ **ਬਲੀ**।"
— ਆਸਾ **੫**, ੮੮, ੩ : ੩ (392)

ਬਲੀਆ — 1. ਬਲਿਆ, ਜਗਿਆ, ਪ੍ਰਜ੍ਵਲਿਤ ਹੋਇਆ
"ਗੁਰ ਦੀਪਕੁ ਗਿਆਨੁ ਸਦਾ ਮਨਿ **ਬਲੀਆ** ਜੀਉ।" — ਗਉ **੪**, ੬੬, ੧ : ੨ (173)

2. ਤਾਕਤਵਰ, ਬਲਵਾਨ
"ਪਾਵਤੁ ਰਲੀਆ ਜੋਬਨਿ **ਬਲੀਆ**।" (ਜੋਬਨ ਕਰਕੇ ਬਲੀ ਹੈ)
— ਆਸਾ **੫**, ੫੫, ੧ : ੧ (385)

ਬਲੀਐ — ਸੜੀਏ
"ਚਉਧਰੀ ਰਾਉ ਸਦਾਈਐ ਜਲਿ **ਬਲੀਐ** ਅਭਿਮਾਨ।"— ਸਿਰੀ **੧**, ਅਸ ੧੬, ੬ : ੨ (63)

ਬਲੁ — 1. ਸ਼ਕਤੀ, ਸਮਰਥਾ
"ਰਾਮ ਕੋ **ਬਲੁ** ਪੂਰਨ ਭਾਈ।"
— ਗਉ **੪**, ੧੧੪*, ੧* : ੧ (202)
"ਜਬ ਬੁਧਿ ਹੋਤੀ ਤਬ **ਬਲੁ** ਕੈਸਾ ਅਬ ਬੁਧਿ **ਬਲੁ** ਨ ਟਿਕਾਈ।" (ਪਹਿਲਾ ਬਲੁ ਆਤਮਕ ਸ਼ਕਤੀ ਦੂਜਾ ਬਲਿ ਮਾਇਕ ਸ਼ਕਤੀ)
— ਗਉ **ਕਬ**, ੨੨, ੨ : ੧ (339)

2. ਭਾਵ ਆਸਰਾ, ਮਦਦ
"ਮਾਤ ਪਿਤਾ ਭਾਈ ਸੁਤ ਬੰਧਪ ਤਿਨ ਕਾ **ਬਲੁ** ਹੈ ਥੋਰਾ।" — ਗੂਜ **੫**, ੧੬, ੧ : ੧ (499)

ਬਲੂਆ — ਰੇਤ ਦਾ ਘਰ
"**ਬਲੂਆ** ਕੇ ਘਰੂਆ ਮਹਿ ਬਸਤੇ ਫੂਲਵਤ ਦੇਹ ਅਇਆਨੇ।"— ਕੇਦਾ **ਕਬ**, ੪, ੪ : ੧ (1124)

ਬਲੇ — ਬਲਿਹਾਰ
"ਕੁਰਬਾਣੀ ਵੰਞਾ ਵਾਰਣੈ **ਬਲੇ** ਬਲਿ ਕਿਤਾ।"
— ਰਾਮ **੫**, ਵਾਰ ੧੯ : ੬ (965)

ਬਲੇਂਡਾ — ਉਹ ਲੰਬੀ ਬਲੀ ਅਥਵਾ ਛਤੀਰ ਜਿਸ ਤੇ ਛਪਰ ਟਿਕਿਆ ਹੁੰਦਾ ਹੈ ਭਾਵ ਆਸਰਾ
"ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ **ਬਲੇਂਡਾ** ਟੂਟਾ।" — ਗਉ **ਕਬ**, ੪੩, ੧ : ੧ (331)

ਬਲੇਦ — ਬਲਦ
"ਭਉ ਭੁਇ ਪਵਿਤੁ ਪਾਣੀ ਸਤਿ ਸੰਤੋਖੁ **ਬਲੇਦ**।"
— ਰਾਮ **੩**, ਵਾਰ ੧੨ਸ, **੧**, ੨ : ੧ (955)

ਬਲੈ — ਜਗੇ
"ਦੀਵਾ **ਬਲੈ** ਨ ਸੋਝੀ ਪਾਇ।"
— ਆਸਾ **੩**, ੫੧, ੧ : ੪ (364)

ਬਲ੍ਯ — ਇਕ ਭੱਟ ਜਿਸ ਦੇ 3 ਸਵਯੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਹਨ
"ਸੋਈ ਰਾਮਦਾਸੁ ਗੁਰ **ਬਲ੍ਯ** ਭਣਿ ਮਿਲਿ ਸੰਗਤਿ ਧੰਨਿ ਧੰਨਿ ਕਰਹੁ।"
— ਸਵ **੪**, ਬਾਲ ੫ : ੫ (1405)

ਬਵਰਈ — ਮੂਰਖ, ਝੱਲਾ
"ਅਹੰ ਅਹੰ ਅਹੈ ਅਵਾਰ ਮੂੜ ਮੂੜ ਮੂੜ **ਬਵਰਈ**।"
— ਕਾਨ **੫**, ੫੦, ੧ : ੧ (1308)

ਬਵਰੇ — ਪਾਗਲ, ਝਲਾ, ਬਉਰਾ, ਮੂਰਖ
"ਧਰਮ ਰਾਇ ਜਬ ਪਕਰਸਿ **ਬਵਰੇ** ਤਬ ਕਿਆ ਜਬਾਬੁ ਕਰੇਇ।"
— ਸਿਰੀ **੫**, ਪਹ ੪, ੨ : ੫ (77)
"ਛੋਡਿ ਕਪਟੁ ਨਿਤ ਹਰਿ ਭਜੁ **ਬਵਰੇ**।"
— ਬਿਲਾ **ਕਬ**, ੮, ੧* : ੨ (857)

ਬਾਇ — 1. ਵਾਯੂ, ਪਵਨ, ਹਵਾ
"ਅਪੁ ਤੇਜੁ **ਬਾਇ** ਪ੍ਰਿਥਮੀ ਆਕਾਸਾ।"
— ਗਉ **ਕਬ**, ੧੮, ੪ : ੧ (327)
"ਨਵੰਤ ਦੁਆਰੰ ਭੀਤ ਰਹਿਤੰ **ਬਾਇ** ਰੂਪੰ ਅਸਥੰਭਨਹ।" (ਭਾਵ ਸੁਆਸ)

— ਸਸ **੫**, ੪ : ੨ (1356)

2. ਵਜਦੀ ਹੈ

"ਤਉ ਅਨਹਦ ਬੇਣੁ ਸਹਜ ਮਹਿ **ਬਾਇ**।"

— ਗਉ **ਕਬ**, ਵਾ ੧ : ੪ (344)

ਬਾਇਆ — ਹਵਾ

"ਭਇਓ ਕ੍ਰਿਪਾਲੁ ਦਇਆਲੁ ਦੁਖ ਭੰਜਨੁ ਲਗੈ ਨ ਤਾਤੀ **ਬਾਇਆ**।"

— ਸਾਰ **੫**, ੪੧, ੧* : ੨ (1212)

ਬਾਇਸ — ਕਾਂ

"ਸੁਆਨ ਸੂਕਰ **ਬਾਇਸ** ਜਿਵੈ ਭਟਕਤ ਚਲਿਓ ਊਠਿ।" — ਮਾਰੂ **ਕਬ**, ੧, ੧* : ੨ (1105)

ਬਾਈ — ਮਾਈ

"ਆਵਨ ਕਿਨੈ ਨ ਪੇਖਿਓ ਕਵਨੈ ਜਾਣੈ ਰੀ **ਬਾਈ**।"

— ਗੂਜ **ਨਾਮ**, ੨, ੧ : ੨, (525)

ਬਾਸ — 1. ਵਸਨ ਦੀ ਥਾਂ, ਘਰ

"**ਬਾਸ** ਬਾਸਰੀ ਏਕੈ ਸੁਆਮੀ ਉਦਿਆਨ ਦ੍ਰਿਸਟਾਗਿਓ।" (ਇਥੇ ਭਾਵ ਬਸਤੀ)

— ਗਉ **੫**, ੧੬੦*, ੨ : ੧ (215)

2. ਵਾਸਾ ਹੈ

"ਲਾਲਚ ਝੂਠ ਬਿਖੈ ਬਿਆਧਿ ਇਆ ਦੇਹੀ ਮਹਿ **ਬਾਸ**।"— ਗਉ **੫**, ਬਾਅ ੪੫ਸ : ੧ (259)

ਹੋਰ ਰੂਪ — ਬਾਸੰ —

"ਭੈ ਅਟਵੀਅੰ ਮਹਾਨਗਰ **ਬਾਸੰ** ਧਰਮ ਲਖ੍ਹਣ ਪ੍ਰਭ ਮਇਆ।" (ਵਾਸਾ)

— ਸਸ **੫**, ੪੪ : ੪ (1358)

ਬਾਸਉ —

"**ਬਾਸਉ** ਸੰਗਿ ਗੁਪਾਲ ਸਗਲ ਸੁਖ ਰਾਸਿ ਹਰਿ।" (ਮੈਂ ਵਸਾਂ)— ਫੁਨ **੫**, ੭ : ੩ (1362)

3. ਵਾਸ਼ਨਾ, ਖੁਸ਼ਬੂ, ਗੰਧ

"ਭਸਮ **ਬਾਸ** ਬਹੁ ਰੰਗੁ ਘਣੇ ਸਭ ਮਿਥਿਆ ਬਲਬੰਚੁ।"— ਗਉ **੫**, ਥਿਤੀ ੫ : ੨ (297)

ਬਾਸਕ — ਨਾਗ ਰਾਜ ਪੁਰਾਣਾਂ ਅਨੁਸਾਰ ਜਿਸਦਾ ਨੇਤਾ ਬਣਾ ਕੇ ਦੇਵਤਿਆਂ ਨੇ ਸਮੁੰਦਰ ਨੂੰ ਰਿੜਕਿਆ ਸੀ।

"**ਬਾਸਕ** ਕੋਟਿ ਸੇਜ ਬਿਸਥਰਹਿ।"

— ਭੈਰ **ਕਬ**, ਅਸ ੨, ੩ : ੨ (1163)

ਹੋਰ ਰੂਪ — ਬਾਸਕੁ —

"ਮਾਧਾਣਾ ਪਰਬਤੁ ਕਰਿ ਨੇਤ੍ਰਿ **ਬਾਸਕੁ** ਸਬਦਿ ਰਿੜਕਿਓਨੁ।"

— ਰਾਮ **ਬਲ**, ਵਾਰ ੪ : ੩ (967)

ਬਾਸਨ — 1. ਸੁਗੰਧਤ

"ਚੰਦਨ ਬਾਸੁ ਭਏ ਮਨ **ਬਾਸਨ** ਤਿਆਗ ਘਟਿਓ ਅਭਿਮਾਨਾਨਾ।"— ਗਉ **ਕਬ** ੭੪, ੨ : ੨ (339)

2. ਸੁਗੰਧ, ਖੁਸ਼ਬੂ

"ਅਬ ਉਰਝਿਓ ਅਲਿ ਕਮਲੇਹ **ਬਾਸਨ** ਮਾਹਿ ਮਗਨ ਇਕੁ ਖਿਨੁ ਭੀਨਾਹਿ ਟਰੈ।"

— ਆਸਾ **੫**, ਛੰਤ ੪, ੧ : ੨ (454)

ਹੋਰ ਰੂਪ — ਬਾਸਨਾ —

"ਚੰਦਨ ਗੰਧ ਸੁਗੰਧ ਹੈ ਬਹੁ **ਬਾਸਨਾ** ਬਹਕਾਰਿ।" (ਖੁਸ਼ਬੂ)

— ਮਾਝ **੩**, ੯, ੩ : ੧ (1261)

3. ਭਾਂਡੇ, ਬਰਤਨ

"**ਬਾਸਨ** ਮਾਂਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ।"— ਆਸਾ **ਕਬ**, ੨, ੨ : ੧ (476)

"ਜਾਸਨ **ਬਾਸਨ** ਸਹਜ ਕੇਲ ਕਰੁਣਾ ਮੈ ਏਕ ਅਨੰਤ ਅਨੂਪੈ ਠਾਓ।" (ਭਾਵ ਜਸ ਦੇ ਪਾਤਰ) — ਦੇਵ **੫**, ੩੮, ੧ : ੧ (536)

4. ਵਾਸ਼ਨਾ, ਇਛਾ

"ਅਹੰਬੁਧਿ ਮੋਹ ਮਨ **ਬਾਸਨ** ਦੇ ਕਰਿ ਗਡਹਾ ਗਾਡੀ।" (ਮਨ ਦੀ ਵਾਸ਼ਨਾ)

— ਧਨਾ **੫**, ੩, ੧* : ੨ (671)

"**ਬਾਸਨ** ਮੇਟਿ ਨਿਬਾਸਨ ਹੋਈਐ ਕਲਮਲ ਸਗਲੇ ਜਾਲ ਕਾ।" (ਇੱਛਾ ਖਤਮ ਕਰਕੇ)

— ਮਾਰੂ **੫**, ਸੋਲ ੧੩, ੭ : ੩ (1085)

ਹੋਰ ਰੂਪ — ਬਾਸਨਾ —

"ਜਿਤੁ ਲਾਗੋ ਮਨੁ **ਬਾਸਨਾ** ਅੰਤਿ ਸਾਈ ਪ੍ਰਗਟਾਨੀ।" (ਵਾਸ਼ਨਾ)

— ਗਉ **੫**, ਅਸ ੧੫, ੬ : ੧ (242)

"ਅੰਤਰਿ ਹਰਿ ਨਾਮੁ **ਬਾਸਨਾ** ਸਮਾਣੀ।" (ਇਛਾ)

— ਗਉ **੪**, ਵਾਰ ੩੩ਸ, **੩**, ੧ : ੫ (317)

"ਮਨ **ਬਾਸਨਾ** ਰਚਿ ਬਿਖੈ ਬਿਆਧਿ।" (ਖਾਹਿਸ਼ਾਂ) — ਧਨਾ **੫**, ੧੯, ੩ : ੧ (675)

5. ਗੰਧ ਲੈਣ ਵਾਲਾ ਅੰਗ, ਨਕ

"ਹਸਤ ਕਮਾਵਨ **ਬਾਸਨ** ਰਸਨਾ।"

— ਰਾਮ **੫**, ਅਸ ੨, ੫ : ੨ (913)

6. ਘਰ, ਨਿਵਾਸ ਸਥਾਨ

"ਗੁਰ ਪ੍ਰਸਾਦਿ ਨਾਨਕ ਸੁਖ **ਬਾਸਨ**।" (ਸੁਖੀ ਘਰ) — ਗਉ **੫**, ੧੧੦*, ੪ : ੪ (202)

(ਸੁਖ ਵਿਚ ਵਸਨ ਵਾਲੇ ਸ਼ਬਦਾਰਥ ਦਰਪਦ ਸੁਖ ਦੇ ਵਾਸੀ (ਨਿਰਣੈ)

ਹੋਰ ਰੂਪ — ਬਾਸਨਹ —

"ਗੋਬਿੰਦ ਨਾਮ ਜਪੰਤਿ ਮਿਲਿ ਸਾਧ ਸੰਗਹ ਨਾਨਕ ਸੇ ਪ੍ਰਾਣੀ ਸੁਖ **ਬਾਸਨਹ**।" (ਵਸਣ ਵਾਲੇ) — ਸਸ **੫**, ੨੮ : ੩ (1356)

ਬਾਸਨਾ —

"ਮੇਰੈ ਹਾਥਿ ਪਦਮੁ ਆਗਨਿ ਸੁਖ **ਬਾਸਨਾ**।" (ਵਾਸਾ) — ਫੁਨ **੫**, ੭ : ੧ (1362)

ਬਾਸਨਾ — 1. ਸੁਗੰਧ, ਵੇਖੋ 'ਬਾਸਨ' (2)

2. ਵਾਸ਼ਨਾ, ਇਛਾ, ਵੇਖੋ 'ਬਾਸਨ' (4)

3. ਘਰ, ਨਿਵਾਸ ਸਥਾਨ, ਵੇਖੋ 'ਬਾਸਨ' (6)

ਬਾਸਨੁ — 1. ਬਰਤਨ

"**ਬਾਸਨੁ** ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ।" — ਸਲੋ **ਕਬ**, ੧੩੧ : ੨ (1371)

2. ਵਾਸਾ ਹੈ

"ਕੇਵਲ ਬ੍ਰਹਮ ਪੂਰਨ ਤਹ **ਬਾਸਨੁ**।" — ਰਾਮ **੫**, ੩੫, ੩ : ੨ (894)

ਬਾਸਬੈ — ਵਸਨ ਕਰਕੇ

"ਸਾਧ ਸੰਗਤਿ ਕੈ **ਬਾਸਬੈ** ਕਲਮਲ ਸਭਿ ਨਸਨਾ।" — ਬਿਖਾ **੫**, ੪੩, ੧ : ੧ (811)

ਬਾਸਰੀ — ਵਸਨ ਵਾਲਾ

"ਬਾਸ **ਬਾਸਰੀ** ਏਕੈ ਸੁਆਮੀ ਉਦਿਆਨ ਦ੍ਰਿਸਟਾਗਿਓ।"— ਗਉ **੫**, ੧੬੦*, ੨ : ੧ (215)

ਬਾਸਰੋ — 1. ਨਿਵਾਸ ਸਥਾਨ, ਘਰ

"ਬੀਸ ਸਪਤਾਹਰੋ **ਬਾਸਰੋ** ਸੰਗ੍ਰਹੈ ਤੀਨਿ ਖੋੜਾ ਨਿਤ ਕਾਲੁ ਸਾਰੈ।" — ਸਿਰੀ **੧**, ੨੯, ੩ : ੧ (23)

2. ਦਿਨ

"ਹਰਿ ਮਨਿ ਬਸੇ ਨਿਸਿ **ਬਾਸਰੋ**।" — ਕਲਿ **੫**, ੭, ੪ : ੧ (1322)

ਬਾਸਾ — 1. ਨਿਵਾਸ

"ਉਆ ਮਹਲੀ ਪਾਵਹਿ ਤੂ **ਬਾਸਾ**।" — ਗਉ **੫**, ਬਾਅ ੧੦ : ੫ (252)

2. ਖੁਸ਼ਬੂ

"ਧੂਪ ਦੀਪ ਨਈ ਬੇਦਹਿ **ਬਾਸਾ**।" — ਗੂਜ **ਰਵਿ**, ੧, ੩ : ੧ (525)

3. ਪੰਛੀ

"ਉਹੀ ਤੇ ਹਰਿਓ ਉਹਾ ਲੇ ਧਰਿਓ ਜੈਸੇ **ਬਾਸਾ** ਮਾਸ ਦੇਤ ਝਾਟੁਲੀ।" — ਸਾਰ **੫**, ੬੧, ੧ : ੧ (1216)

ਬਾਸਾਨੀ — ਵਸਣ ਲਈ

"ਜਿਹ ਘਰ ਮਹਿ ਬੈਸਨੁ ਨਹੀ ਪਾਵਤ ਸੋ ਥਾਨੁ ਮਿਲਿਓ **ਬਾਸਾਨੀ**।" — ਸਾਰ **੫**, ੩੧, ੧ : ੨ (1210)

ਬਾਸਿ — ਵਸ

"**ਬਾਸਿ** ਰਹਿਓ ਹੀਅਰੇ ਕੈ ਸੰਗੇ ਪੇਖਿ ਮੋਹਿਓ ਮਨੁ ਲੀਲਾ।" — ਗੂਜ **੫**, ੧੩, ੧* : ੨ (498)

ਬਾਸਿਬੋ — ਵਸਦਾ ਹੈ

"ਮੇਰੈ ਮਨਿ **ਬਾਸਿਬੋ** ਗੁਰ ਗੋਬਿੰਦ।" — ਸਾਰ **੫**, ੭, ੧* : ੧ (1204)

ਬਾਸੀ — ਵਸੇਬਾ, ਵਾਸ

"ਮਰਨੁ ਭਇਆ ਮਗਹਰ ਕੀ **ਬਾਸੀ**।" — ਗਉ **ਕਬ**, ੧੫, ੩ : ੨ (326)

ਬਾਸੁ — 1. ਵਾਸ, ਨਿਵਾਸ

"ਤਰਵਰ ਪੰਖੀ ਬਹੁ ਨਿਸਿ **ਬਾਸੁ**।" — ਗਉ **੧**, ੬, ੩ : ੧ (152)

2. ਵਸ, ਨਿਵਾਸ ਕਰ

"ਦਯ ਗੁਸਾਈ ਮੀਤੁਲਾ ਤੂੰ ਸੰਗਿ ਹਮਾਰੈ **ਬਾਸੁ** ਜੀਉ।"— ਗਉ **੫**, ੧੧੬*, ੧* : ੧ (203)

3. ਗੰਧ, ਵਾਸ਼ਨਾ

"ਮਿਥਿਆ **ਬਾਸੁ** ਲੇਤ ਬਿਕਾਰਾ।" — ਗਉ **੫**, ਸੁਖ ੫, ੫ : ੮ (269)

ਬਾਂਸੁ — ਘਾਹ ਦੀ ਜਾਤ ਦਾ ਇਕ ਪਤਲਾ ਲੰਮਾ ਬੂਟਾ ਜੋ ਪੋਰੀਆਂ ਵਾਲੇ ਲੰਮੇ ਤਨੇ ਵਾਲਾ ਬੂਟਾ ਜੋ ਵਿਚੋਂ ਪੋਲਾ ਹੁੰਦਾ ਹੈ।

"ਕਬੀਰ **ਬਾਂਸੁ** ਬਡਾਈ ਬੂਡਿਆ ਇਉ ਮਤ ਡੂਬਹੁ ਕੋਇ।" — ਸਲੋ **ਕਬ**, ੧੨ : ੧ (1365)

ਬਾਸੁਦੇਉ — ਸਰਬ ਵਿਆਪਕ ਪ੍ਰਭੂ

"ਚੇਤਹੁ **ਬਾਸੁਦੇਉ** ਬਨਵਾਲੀ।" — ਗੂਜ **੧**, ਅਸ ੧, ੧* : ੧ (503)

ਬਾਸੁਦੇਵ — ਸਰਬ-ਵਿਆਪਕ ਪਰਮੇਸ਼ਰ
"**ਬਾਸੁਦੇਵ** ਬਸਤ ਸਭ ਠਾਇ।"
— ਰਾਮ **੫**, ੪੫, ੪ : ੩ (497)

ਬਾਸੁਦੇਵਸਿ — ਸਰਬ ਵਿਆਪਕ ਪ੍ਰਭੂ ਭਾਵ ਪਰਮਾਤਮਾ
"ਆਤਮਾ **ਬਾਸੁਦੇਵਿਸੁ** ਜੇ ਕੋ ਜਾਣੈ ਭੇਉ।"
— ਆਸਾ **੧**, ਵਾਰ ੧੨ਸ, **੨**, ੪ : ੨ (469)

ਬਾਸੁਦੇਵਹ — ਸਰਬ ਵਿਆਪਕ ਪ੍ਰਭੂ
"ਘਟਿ ਘਟਿ ਬਸੰਤ **ਬਾਸੁਦੇਵਹ**।"
— ਸਸ **੫**, ੨੧ : ੫ (1356)

ਬਾਸੁਰ — ਦਿਨ
"ਝਾਲਾਘੇ ਉਠਿ ਨਾਮੁ ਜਪਿ ਨਿਸਿ **ਬਾਸੁਰ** ਆਰਾਧਿ।"— ਗਉ **੫**, ਬਾਅ ੨੫ਸ : ੧ (255)

ਬਾਸੁਰੀ — ਬਾਂਸਰੀ
"ਕਰਨਹੁ ਮਧੁ **ਬਾਸੁਰੀ** ਬਾਜੈ ਜਿਹਵਾ ਧੁਨਿ ਆਗਾਜਾ।" — ਰਾਮ **੫**, ੭, ੧ : ੨ (884)

ਬਾਸੇ — ਬਾਸ਼ਾ, ਇਕ ਸ਼ਿਕਾਰੀ ਪੰਛੀ
"ਵਸਿ ਆਣਿਹੁ ਵੇ ਜਨ ਇਸੁ ਮਨ ਕਉ ਮਨੁ **ਬਾਸੇ** ਜਿਉ ਨਿਤ ਭਉਦਿਆ।"
— ਸੂਹੀ **੪**, ਛੰਤ ੬, ੨ : ੧ (776)

ਬਾਸੈ — ਵਸ ਜਾਂਦਾ ਹੈ
"ਗੁਰ ਮੁਖਿ ਜਾ ਕੈ ਮਨਿ ਤਨਿ **ਬਾਸੈ**।"
— ਧਨਾ **੫**, ੨੪, ੨ : ੪ (677)

ਬਾਂਸੋ — ਬਾਂਸ ਦੇ
"ਨਿਕਟਿ ਬਸੰਤੋ **ਬਾਂਸੋ** ਨਾਨਕ ਅਹੰ ਬੁਧਿ ਨ ਬੋਹਤੇ।" — ਗਾਥਾ **੫**, ੫ : ੨ (1360)

ਬਾਸ੍ਵਦੇਵਸੁ — ਸਰਬ ਵਿਆਪਕ ਪ੍ਰਭੂ ਵੇਖੋ ਬਾਸੁਦੇਵਸਿ
"ਆਤਮੰ ਸ੍ਰੀ **ਬਾਸ੍ਵਦੇਵਸੁ** ਜੇ ਕੋਈ ਜਾਨਸਿ ਭੇਵ।"
— ਸਸ **੧**, ੪ : ੨ (1353)

ਬਾਹ — ਬਾਂਹ, ਬਾਜ਼ੂ
"ਕਹੁ ਨਾਨਕ **ਬਾਹ** ਲੁਡਾਈਐ।"
— ਸਿਰੀ **੧**, ੩੩, ੪ : ੩ (26)
"ਮੈ ਅਜਾਨੁ ਜਨੁ ਤਰਿਬੇ ਨ ਜਾਨਉ ਬਾਪ ਬੀਠੁਲਾ **ਬਾਹ** ਦੇ।" (ਭਾਵ ਸਹਾਇਕ ਹੋਵੋ।
— ਗੋਂਡ **ਨਾਮ**, ੩, ੧* : ੨ (873)

ਹੋਰ ਰੂਪ — ਬਾਂਹ —
"ਪ੍ਰਭਿ **ਬਾਂਹ** ਪਕਰਾਈ ਊਤਮ ਮਤਿ ਪਾਈ ਗੁਰ ਚਰਣੀ ਜਨੁ ਲਾਗਾ।"
— ਆਸਾ **੪**, ਛੰਤ ੧੨, ੪ : ੩ (447)

ਬਾਹਉ — ਪਾਉਂਦਾ ਹਾਂ
"ਜਬ ਲਗੁ ਤਾਗਾ **ਬਾਹਉ** ਬੇਹੀ।"
— ਗੂਜ **ਕਬ**, ੨, ੨ : ੧ (524)

ਬਾਹਕ — ਵਾਹੁਣ ਵਾਲਾ ਭਾਵ
"ਖਾਤ ਪੀਤ ਅਨੇਕ ਬਿਜੰਨ ਜੈਸੇ ਭਾਰ **ਬਾਹਕ** ਖੋਤ।" (ਭਾਰ ਢੋਣ ਵਾਲਾ)
— ਕੇਦਾ **੫**, ੧੩, ੧ : ੧ (1121)

ਬਾਹਜ — ਵਿਹੂਣੇ, ਵਿਹਵੇਂ, ਸਖਣੇ
"ਜੋ ਪ੍ਰਭ ਕੀਏ ਭਗਤਿ ਤੇ **ਬਾਹਜ** ਤਿਨ ਤੇ ਸਦਾ ਡਰਾਨੇ ਰਹੀਐ।"
— ਗਉ **ਕਬ**, ੪੪, ੧* : ੨ (332)

ਬਾਹਨ — (ਸੰ. वाहन) ਸਵਾਰੀ ਗਡੀ, ਰੱਥ ਆਦਿ
"ਕਬੀਰ ਹੈ ਗਇ **ਬਾਹਨ** ਸਘਨ ਘਨ ਲਾਖ ਧਜਾ ਫਹਰਾਹਿ।" — ਸਲੋ **ਕਬ**, ੧੧੨ : ੧ (1370)

ਹੋਰ ਰੂਪ — ਬਾਹਨੁ —
"ਖਰ **ਬਾਹਨੁ** ਉਹੁ ਛਾਰੁ ਉਡਾਵੈ।"
— ਗੋਂਡ **ਨਾਮ**, ੬, ੧ : ੨ (874)

ਬਾਹਰ — ਬਾਹਰਲੇ
"**ਬਾਹਰ** ਭੇਖਿ ਨ ਪਾਈਐ ਪ੍ਰਭੁ ਅੰਤਰ ਜਾਮੀ।"
— ਮਾਰੂ **੫**, ਵਾਰ ੧੪ : ੧ (1099)
"**ਬਾਹਰ** ਕਾ ਮਾਸੁ ਮੰਦਾ ਸੁਆਮੀ ਘਰ ਕਾ ਮਾਸੁ ਚੰਗੇਰਾ।" (ਬਾਹਰੋਂ ਲਿਆਂਦਾ)
— ਮਾਰੂ **੧**, ਵਾਰ ੨੫ਸ, **੧**, ੨ : ੧੨ (1290)

ਬਾਹਰਹੁ — 1. ਬਾਹਰਲੇ ਪਾਸਿਉਂ ਜ਼ਾਹਰਾ ਤੌਰ ਤੇ ਪ੍ਰਗਟ ਰੂਪ ਵਿਚ
"ਓਇ ਅੰਦਰਹੁ **ਬਾਹਰਹੁ** ਨਿਰਮਲੇ ਸਚੇ ਸਚਿ ਸਮਾਇ।" — ਸਿਰੀ **੩**, ੨੮, ੪ : ੨ (28)
"ਜੇ **ਬਾਹਰਹੁ** ਭੁਲਿ ਚੁਕਿ ਬੋਲਦੇ ਭੀ ਖਰੇ ਹਰਿ ਭਾਣੇ।" — ਆਸਾ **੪**, ਛੰਤ ੧੯, ੧ : ੨ (450)
"ਜੀਅਹੁ ਮੈਲੇ **ਬਾਹਰਹੁ** ਨਿਰਮਲ।" (ਸਰੀਰਕ ਤੌਰ ਤੇ) — ਰਾਮ **੩**, ਅਨੰ ੧੯ : ੧ (919)

ਬਾਹਰਵਾਰਿ — ਬਾਹਰਲੇ ਪਾਸੇ, ਬਾਹਰ
"ਖਰੇ ਖਜਾਨੈ ਪਾਈਅਹਿ ਖੋਟੇ ਸਟੀਅਹਿ **ਬਾਹਰਵਾਰਿ**।"— ਮਾਝ **੧**, ਵਾਰ ੧੩ : ੩ (143)

ਬਾਹਰਾ — 1. ਵਖਰਾ, ਉਪਰ, ਅਡਰਾ
"ਸਚੁ ਸਰਾ ਗੁੜ **ਬਾਹਰਾ** ਜਿਸੁ ਵਿਚਿ ਸਚਾ ਨਾਉ।"
— ਸਿਰੀ **੧**, ੫, ੨ : ੧ (16)
"ਤੂੰ ਵਰਨਾ ਚਿਹਨਾ **ਬਾਹਰਾ**।"
— ਸਿਰੀ **੫**, ਅਸ ੨੯, ੨੦ : ੧ (74)
2. ਓਪਰਾ, ਬੇਗਾਨਾ
"ਸਭੇ ਸਾਂਝੀਵਾਲ ਸਦਾਇਨਿ ਤੂ ਕਿਸੈ ਨ ਦਿਸਹਿ **ਬਾਹਰਾ** ਜੀਉ।"
— ਮਾਝ **੫**, ੯, ੩ : ੩ (97)
3. ਵਿਹੂਨਾ, ਬਿਨਾ
"ਨਾਨਕ ਪਾਹੈ **ਬਾਹਰਾ** ਕੋਰੈ ਰੰਗੁ ਨ ਸੋਇ।" (ਭਾਵ ਕੋਰਾ)
— ਆਸਾ **੨**, ਵਾਰ ੧੧ਸ, **੧**, ੧ : ੪ (468)
"ਨਾਨਕ ਏਕੀ **ਬਾਹਰਾ** ਦੂਜਾ ਨਾਹੀ ਕੋਇ।" (ਬਿਨਾ) — ਵਡ **੧**, ੨, ੪ : ੧ (557)
"ਜਿਉ ਜੋਗੀ ਜਤ **ਬਾਹਰਾ** ਤਪੁ ਨਾਹੀ ਸਤੁ ਸੰਤੋਖੁ।" — ਸੋਰ **੧**, ੭, ੩ : ੧ (597)

ਬਾਹਰਿ — 1. ਵਖਰਾ, ਅਲਗ
"ਹੁਕਮੈ ਅੰਦਰਿ ਸਭੁ ਕੋ **ਬਾਹਰਿ** ਹੁਕਮ ਨ ਕੋਇ।"
— ਜਪੁ **੧**, ੨ : ੫ (1)
2. ਅੰਦਰ ਦੇ ਉਲਟ
"ਘਰਿ ਇਕੋ **ਬਾਹਰਿ** ਇਕੋ ਥਾਨ ਥਨੰਤਰਿ ਆਪਿ।" — ਸਿਰੀ **੫**, ੭੯, ੩ : ੧ (45)
3. ਬਾਹਰੋਂ, ਸਰੀਰ ਤੋਂ
"**ਬਾਹਰਿ** ਮਲੁ ਧੋਵੈ ਮਨ ਕੀ ਜੂਠਿ ਨ ਜਾਏ।"
— ਸਿਰੀ **੪**, ਵਾਰ ੧੪ਸ, **੩**, ੩ : ੪ (88)
"**ਬਾਹਰਿ** ਜਨੇਊ ਜਿਚਰੁ ਜੋਤਿ ਹੈ ਨਾਲਿ।" (ਬਾਹਰਲਾ, ਬਾਹਰ ਵਾਲਾ)
— ਆਸਾ **੧**, ੨੦, ੨ : ੧ (355)

ਬਾਹਰੀ — ਵਿਹੂਣੀ, ਵਾਂਜੀ, ਬਿਨਾ ਬਗੈਰ
"ਸਾ ਧਨ ਨਾਵੈ **ਬਾਹਰੀ** ਅਵਗਣਵੰਤੀ ਰੋਇ।"
— ਸਿਰੀ **੩**, ੬੦, ੩ : ੪ (37)
"ਨਾਨਕ ਏਕੀ **ਬਾਹਰੀ** ਹੋਰ ਦੂਜੀ ਨਾਹੀ ਜਾਇ।"
— ਆਸਾ **੧**, ਵਾਰ ੨੪ : ੪ (475)

ਬਾਹਰੁ — 1. ਅੰਦਰ ਦੇ ਉਲਟ
"ਅੰਤਰਿ ਵਸਤੁ ਮੂੜਾ **ਬਾਹਰੁ** ਭਾਲੇ।"
— ਮਾਝ **੩**, ਅਸ ੧੪, ੭ : ੧ (117)
"**ਬਾਹਰੁ** ਉਦਕਿ ਪਖਾਰੀਐ ਘਟ ਭੀਤਰਿ ਬਿਬਿਧ ਬਿਕਾਰ।" — ਗਉ **ਰਵਿ**, ੧, ੪ : ੧ (347)
2. ਬਾਹਰੋਂ
"ਅੰਤਰੁ ਮੈਲਾ **ਬਾਹਰੁ** ਨਿਤ ਧੋਵੈ।"
— ਭੈਰ **੫**, ੫੩, ੩ : ੩ (1151)

ਬਾਹਰੇ — 1. ਵਿਹੂਣੇ, ਵਾਂਜੇ ਬਿਨਾਂ, ਬਗੈਰ
"ਨਾਨਕ ਨਦਰੀ **ਬਾਹਰੇ** ਰਾਚਹਿ ਦਾਨਿ ਨ ਨਾਇ।"
— ਸਿਰੀ **੧**, ੪, ੪ : ੩ (15)
"ਮਨਮੁਖ ਗੁਣ ਤੈ **ਬਾਹਰੇ** ਬਿਨੁ ਨਾਵੈ ਮਰ ਦੇ ਝੂਰਿ।" — ਸਿਰੀ **੩**, ੩੭, ੨ : ੪ (27)
2. ਪਰ੍ਹਾਂ
"ਕੀਮ ਨ ਸਕਾ ਪਾਇ ਸੁਖ ਮਿਤੀ ਹੂ **ਬਾਹਰੇ**।"
— ਜੈਤ **੫**, ਵਾਰ ੧੫ਸ, **੫**, ੨ : ੧ (709)
3. ਅੰਦਰ ਦੇ ਉਲਟ
"ਸੋ ਅੰਤਰਿ ਜੋ **ਬਾਹਰੇ** ਬਿਨਸੇ ਤਹ ਭਰਮਾ।"
— ਬਿਲਾ **੫**, ੬੧, ੪ : ੧ (816)

ਬਾਹੜੀ — ਬਾਹਵਾਂ
"ਮਿਲੁ ਮੇਰੇ ਬੀਠੁਲਾ ਲੈ **ਬਾਹੜੀ** ਵਲਾਇ।"
— ਸਿਰੀ **ਤ੍ਰਿਲੋ**, ੨, ੧* : ੪ (92)
ਹੋਰ ਰੂਪ — **ਬਾਹੜੀਆਂ** —
"ਸੀਆਲੇ ਸੋਹੰਦੀਆਂ ਪਿਰ ਗਲਿ **ਬਾਹੜੀਆਂ**।"
— ਆਸਾ **ਫਰ** ੨, ੬ : ੨ (488)
ਬਾਹੜੀਆਹਾ —
"ਜੋ ਸਹ ਕੰਠਿ ਨ ਲਗੀਆ ਜਲਨੁ ਸਿ **ਬਾਹੜੀਆਹਾ**।"— ਵਡ **੧**, ੩, ੧ : ੮ (558)

ਬਾਹਾ — ਬਾਹਵਾਂ
"ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ **ਬਾਹਾ**।" — ਵਡ **੧**, ੩, ੧ : ੫ (557)
2. ਬਾਹਵਾਂ ਦੀ
"ਹਰਿ ਕਾ ਨਾਮੁ ਕੋਟਿ ਲਖ **ਬਾਹਾ**।"
— ਮਾਰੂ **੫**, ਸੋਲਾ ੧, ੯ : ੧ (1072)

ਬਾਹਿਆ — ਚਲਾਇਆ, ਮਾਰਿਆ
"ਕਬੀਰ ਸਾਚਾ ਸਤਿਗੁਰੁ ਮੈ ਮਿਲਿਆ ਸਬਦੁ ਜੁ **ਬਾਹਿਆ** ਏਕੁ।" (ਸਬਦ ਰੂਪੀ ਬਾਨ ਚਲਾਇਆ)
— ਸਲੋ **ਕਬ**, ੧੫੭ : ੨ (1372)

ਬਾਹੀ — 1. ਬਾਹਵਾਂ
"ਛੂਟਤ ਨਹੀ ਕੋਟਿ ਲਖ **ਬਾਹੀ**।"

— ਗਉ ੫, ਸੁਖ ੨, ੩ : ੧ (264)

2. ਪਲੰਘ ਦੀ ਬਾਹੀ

"ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ **ਬਾਹੀ** ਸਣੁ ਬਾਹਾ।" — ਵਡ ੧, ੩, ੧ : ੫ (557)

ਬਾਹੁਰਿ — ਫੇਰ

"ਜੋ ਜਨ ਪਾਰਬ੍ਰਹਮਿ ਅਪਨੇ ਕੀਨੇ ਤਿਨ ਕਾ **ਬਾਹੁਰਿ** ਕਛੁ ਨ ਬੀਚਾਰੇ।"

— ਟੋਡੀ ੫, ੩੦, ੨ : ੧ (718)

ਬਾਹੁੜਿ — ਫੇਰ, ਮੁੜ ਕੇ

"ਗਿਆਨ ਮਹਾ ਰਸੁ ਭੋਗਵੈ **ਬਾਹੁੜਿ** ਭੂਖ ਨ ਹੋਇ।" — ਸਿਰੀ ੧, ੧੮, ੫ : ੨ (21)

ਬਾਹੁੜਿਓ — ਮਿਥਿਆ

"ਅਜੈ ਸੁ ਰਬੁ ਨ **ਬਾਹੁੜਿਓ** ਦੇਖੁ ਬੰਦੇ ਦੇ ਭਾਗ।"

— ਸਲੋ ਫਰ, ੯੦ : ੨ (1382)

ਹੋਰ ਰੂਪ — ਬਾਹੁੜੈ —

"ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ **ਬਾਹੁੜੈ**।" (ਮਿਲੇ ਭਾਵ ਵਾਪਸ ਆਵੈ)

— ਤੁਖਾ ੧, ਬਾਰਾ ੫ : ੨ (1108)

ਬਾਹੇ — ਬਾਹਵਾਂ

"ਜਾਮਿ ਗੁਰੂ ਹੋਇ ਵਲਿ ਲਖ **ਬਾਹੇ** ਕਿਆ ਕਿਜਇ।"

— ਸਵ ੪, ਨਲ ੭ : ੨ (1399)

ਬਾਕੀ — ਹਿਸਾਬ ਕਰਨ ਪਿਛੋਂ ਕਿਸੇ ਵਲ ਰਹੀ ਰਕਮ

"ਲੇਖਾ ਧਰਮ ਰਾਇ ਕੀ **ਬਾਕੀ** ਜਪਿ ਹਰਿ ਹਰਿ ਨਾਮੁ ਕਿਰਖੈ।"

— ਸਿਰੀ ੪, ਛੰਤ ੧, ੧ : ੫ (78)

ਬਾਂਕੀ — ਸੁੰਦਰ, ਸਜੀਲੀ

"ਏਹ ਦੇਹ ਸੁ **ਬਾਂਕੀ** ਜਿਤੁ ਹਰਿ ਜਾਪੀ ਹਰਿ ਹਰਿ ਨਾਮਿ ਸੁਹਾਵੀਆ।"

— ਵਡ ੪, ਘੋੜੀ ੧, ੧ : ੫ (575)

ਬਾਕੀਵਾਲਾ — ਕੀਤੇ ਕਰਮਾਂ ਦੇ ਹਿਸਾਬ ਦੀ ਜੋ ਬਾਕੀ ਕਢਦਾ ਹੈ, ਧਰਮਰਾਜ

"**ਬਾਕੀਵਾਲਾ** ਤਲਬੀਐ ਸਿਰਿ ਮਾਰੇ ਜੰਦਾਰੁ ਜੀਉ।"

— ਸੂਹੀ ੧, ਅਸ ੨, ੫ : ੧ (751)

ਬਾਗ — 1. (ਫਾ. ਬਾਗ) ਬਗੀਚਾ

"**ਬਾਗ** ਸੁਹਾਵੇ ਸੋਹਣੇ ਚਲੈ ਹੁਕਮੁ ਅਫਾਰ।"

— ਸਿਰੀ ੫, ਅਸ ੨੬, ੬ : ੨ (70)

2. ਚਿੱਟੇ, ਬੱਗਾ

"ਘਰ ਗਚ ਕੀਤੇ ਬਾਗੇ **ਬਾਗ**।"

— ਸਾਰ ੪, ਵਾਰ ੧੫ਸ, ੧, ੨ : ੨ (1243)

ਬਾਂਗ — ਅਜ਼ਾਨ, ਨਮਾਜ਼ ਲਈ ਪੁਕਾਰ

"ਕਹੁ ਰੇ ਮੁਲਾਂ **ਬਾਂਗ** ਨਿਵਾਜ।"

— ਭੈਰ ਕਬ, ੪, ੧* : ੪ (693)

ਬਾਗਾ — ਚਿਟੇ ਕਪੜੇ

"ਪਹਿਰੈ **ਬਾਗਾ** ਕਰਿ ਇਸਨਾਨਾ ਚੋਆ ਚੰਦਨ ਲਾਏ।" — ਗਉ ੫, ੧੫੨*, ੩ : ੧ (213)

"ਕਲਰ ਖੇਤੀ ਤਰਵਰ ਕੰਠੇ **ਬਾਗਾ** ਪਹਿਰਹਿ ਕਜਲੁ ਝਰੈ।" — ਮਾਰੂ ੧, ਅਸ ੧੧, ੬ : ੧ (1016)

ਬਾਂਗਾ — (ਫ. ਬਾਂਗ) ਬਾਂਗ, ਅਜ਼ਾਨ, ਨਮਾਜ਼ ਲਈ ਪੁਕਾਰ

"**ਬਾਂਗਾ** ਬੁਰਗੂ ਸਿੰਙੀਆ ਨਾਲੇ ਮਿਲੀ ਕਲਾਣ।"

— ਸੂਹੀ ੩, ਵਾਰ ੧੪ਸ, ੧, ੨ : ੧ (790)

ਹੋਰ ਰੂਪ — ਬਾਂਗਾਂ —

"ਖੁਦਾਇ ਏਕੁ ਬੁਝਿ ਦੇਵਹੁ **ਬਾਂਗਾਂ** ਬੁਰਗੂ ਬਰਖੁਰਦਾਰ ਖਰਾ।"

— ਮਾਰੂ ੫, ਸੋਲਾ ੧੨, ੧੦ : ੩ (1084)

ਬਾਗਾਤਿ — ਬਗੀਚੀ, ਬਾਗ

"ਕਿਆ ਤੂੰ ਰਤਾ ਗਿਰਸਤ ਸਿਉ ਸਭ ਫੁਲਾ ਕੀ **ਬਾਗਾਤਿ**।" — ਸਿਰੀ ੫, ੯੨, ੨ : ੨ (50)

ਬਾਗੀਚੇ — ਬਾਗ

"ਸਗਲ ਮੇਵੇ ਸੁੰਦਰ **ਬਾਗੀਚੇ**।"

— ਗਉ ੫, ੮੧, ੩ : ੨ (179)

ਬਾਗੁ — ਬਾਗ ਬਗੀਚਾ

"ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ **ਬਾਗੁ**।"

— ਬਿਲਾ ੪, ਵਾਰ ੧ਸ, ੪, ੧ : ੪ (849)

ਬਾਗੇ — ਸੁਫੈਦ, ਬੱਗੇ

"ਜੈਸੀ ਗਗਨਿ ਫਿਰੰਤੀ ਊਡਤੀ ਕਪਰੇ **ਬਾਗੇ** ਵਾਲੀ।" — ਗਉ ੪, ੫੧, ੨ : ੧ (168)

ਬਾਘੁ — ਬਗਿਆੜ

"ਪਾਛੈ **ਬਾਘੁ** ਡਰਾਵਣੋ ਆਗੈ ਅਗਨਿ ਤਲਾਉ।"

— ਸਲੋ ੧, ੭ : ੨ (1410)

ਬਾਚਾ — ਬਚਨ, ਬਾਣੀ

"ਸਾਤੈਂ ਸਤਿ ਕਰਿ **ਬਾਚਾ** ਜਾਨਿ।"

— ਗਉ **ਕਬ**, ਥਿਤੀ ੮ : ੧ (343)

"ਮਨਸਾ **ਬਾਚਾ** ਕਰਮਨਾ ਮੈ ਦੇਖੈ ਦੋ ਜਕ ਜਾਤ।" (ਬਚਨ ਕਰਕੇ/ਬਾਣੀ ਕਰਕੇ)

— ਮਾਰੂ **ਕਬ**, ੧, ੨ : ੨ (1105)

ਬਾਚੀਅਹਿ — ਵਾਚੀਐ, ਪੜ੍ਹੇ ਜਾਂਦੇ ਹਨ

"ਨਿਤ ਪੁਰਾਣ **ਬਾਚੀਅਹਿ** ਬੇਦ ਬ੍ਰਹਮਾ ਮੁਖਿ ਗਾਵੈ।" — ਸਵ **੫**, ਹਰਿ ੧ : ੨ (1409)

ਬਾਂਚਿਆ — ਬਚਿਆ

"ਮਨਹੁ ਕਠੋਰੁ ਮਰੈ ਬਾਨਾਰਸਿ ਨਰਕੁ ਨ **ਬਾਂਚਿਆ** ਜਾਈ।" — ਆਸਾ **ਕਬ**, ੩੨, ੩ : ੧ (484)

ਬਾਚੁ — ਬਚ

"ਬਿਖੈ **ਬਾਚੁ** ਹਰਿ ਰਾਚੁ ਸਮਝੁ ਮਨ ਬਉਰਾ ਰੇ।"

— ਗਉ **ਕਬ**, ੫੨, ੧* : ੧ (336)

ਹੋਰ ਰੂਪ — ਬਾਚੇ —

"ਜਿਹ ਕਾਲ ਕੈ ਮੁਖਿ ਜਗਤੁ ਸਭੁ ਗ੍ਰਸਿਆ ਗੁਰ ਸਤਿ ਗੁਰ ਕੈ ਬਚਨਿ ਹਰਿ ਹਮ **ਬਾਚੇ**।" (ਬਚੇ ਹਾਂ, ਬਚ ਗਏ)

— ਗਉ **੪**, ੫੫, ੧* : ੨ (169)

ਬਾਂਚੇ —

"ਸੇ ਜਨ **ਬਾਂਚੇ** ਜੋ ਪ੍ਰਭਿ ਰਾਖੇ।" (ਬਚ ਗਏ)

— ਆਸਾ **੧**, ੧੩, ੩ : ੩ (352)

ਬਾਛ — ਵੱਛਾ, ਬਛਰਾ

"ਗਊ **ਬਾਛ** ਕਉ ਸੰਚੈ ਖੀਰੁ।"

— ਸਾਰ **ਨਾਮ**, ੧, ੨ : ੩ (1252)

ਬਾਛਉ — ਲੋਚਦਾ ਹਾਂ, ਮੰਗਦਾ ਹਾਂ

"ਤਿਨ ਸੰਤਨ ਕੀ **ਬਾਛਉ** ਧੂਰਿ।"

— ਗਉ **੫**, ਸੁਖ ੧੫, ੩ : ੯ (282)

ਹੋਰ ਰੂਪ — ਬਾਂਛਉ —

"ਪਗ ਧੂਰਿ **ਬਾਂਛਉ** ਸਦਾ ਜਾਚਉ ਨਾਮ ਰਸਿ ਬੈਰਾਗਨੀ।"

— ਬਿਹਾ **੫**, ਛੰਤ ੪, ੧ : ੩ (544)

ਬਾਛਹਿ —

"ਧਨੁ ਨਹੀ **ਬਾਛਹਿ** ਸੁਰਗ ਨ ਆਛਹਿ।" (ਮੰਗਦਾ, ਲੋਚਨਾ)

— ਗਉ **੫**, ਬਾਅ ੪ : ੩ (251)

ਬਾਂਛਹਿ —

"ਸੰਤ ਜਨਾਂ ਕੀ ਧੂੜਿ ਨਿਤ **ਬਾਂਛਹਿ** ਨਾਮੁ ਸਚੇ ਕਾ ਗਹਣਾ।" (ਲੋਚੇ, ਮੰਗੇ)

— ਮਾਝ **੫**, ੫੦, ੩ : ੩ (109)

ਬਾਂਛਹੁ —

"ਸਗਲ ਧਰਮ ਪੁੰਨ ਫਲ ਪਾਵਹੁ ਧੂਰਿ **ਬਾਂਛਹੁ** ਸਭ ਜਨ ਕਾ ।" (ਮੰਗੋ)

— ਸਾਰ **ਕਬ**, ੧, ੨ : ੧ (1253)

ਬਾਛਤ — ਚਾਹੁੰਦੇ/ਲੋਚਦੇ ਹਨ

"ਜਾਂ ਗਤਿ ਕਉ ਜੋਗੀਸੁਰ **ਬਾਛਤ** ਸੋ ਗਤਿ ਛਿਨ ਮਹਿ ਪਾਈ।" — ਰਾਮ **੯**, ੧, ੨ : ੨ (902)

ਹੋਰ ਰੂਪ — ਬਾਂਛਤ —

"ਮਨ **ਬਾਂਛਤ** ਫਲ ਦੇਤ ਹੈ ਸੁਆਮੀ ਜੀਅ ਕੀ ਬਿਰਥਾ ਸਾਰੇ।"

— ਸਿਰੀ **੫**, ਛੰਤ ੩, ੨ : ੪ (80)

ਬਾਛਤੇ — ਇਛੇ, ਮੰਗੇ, ਚਾਹੇ

"ਫਲ ਪਾਵਹਿ ਮਨ **ਬਾਛਤੇ** ਤਪਤਿ ਤੁਹਾਰੀ ਜਾਇ।"

— ਗਉ **੫**, ਬਾਅ ੩੨ : ੨ (257)

ਬਾਛਦੇ — ਇਛੇ ਦੇ, ਮੰਗਦੇ, ਲੋਚਦੇ

"ਤਿਨ ਕੀ ਧੂੜਿ ਹਮ **ਬਾਛਦੇ** ਕਰਮੀ ਪਲੈ ਪਾਇ।"

— ਰਾਮ **੫**, ਵਾਰ ੪ਸ, **੫**, ੧ : ੪ (958)

ਬਾਛਰ — ਵਛੇ ਦਾ ਖੁਰ

"ਸਾਗਰੁ ਤਰਿਓ **ਬਾਛਰ** ਖੋਜ।"

— ਰਾਮ **੫**, ੫੧, ੩ : ੧ (899)

ਬਾਛਾ — ਵੱਛਾ

"ਜੈਸੇ ਗਾਇ ਕਾ **ਬਾਛਾ** ਛੂਟਲਾ।"

— ਗੋਂਡ **ਨਾਮ**, ੪, ੨ : ੧ (847)

ਬਾਂਛਾਂਈ — ਮੰਗਦਾ ਹਾਂ

"ਚਰਨ ਸੰਤਨ ਕੇ ਮਾਥੇ ਮੇਰੇ ਊਪਰਿ ਨੈਨਹੁ ਧੂਰਿ **ਬਾਂਛਾਈ**।" — ਸਾਰ **੫**, ੧੨, ੨ : ੧ (1207)

ਬਾਛਾਹਾ — ਮੰਗੀਏ

"ਕਰਿ ਬੇਨਤੀ ਜਨ ਧੂਰਿ **ਬਾਛਾਹਾ**।"

— ਸੂਹੀ **੫**, ੨੦, ੨ : ੧ (742)

ਬਾਛੀਅਹਿ — ਮੰਗਦੇ ਹਨ

"ਜਿਤੜੇ ਫਲ ਮਨਿ **ਬਾਛੀਅਹਿ** ਤਿਤੜੇ ਸਤਿਗੁਰ ਪਾਸਿ।" — ਸਿਰੀ **੫**, ੯੯, ੪ : ੧ (52)

ਹੋਰ ਰੂਪ — ਬਾਛੀਐ —

"ਸੁਰਗ ਬਾਸੁ ਨ **ਬਾਛੀਐ** ਡਰੀਐ ਨ ਨਰਕਿ ਨਿਵਾਸੁ।" (ਇੱਛਾ ਕਰੀਏ)

— ਗਉ **ਕਬ**, ੬੩, ੧ : ੧ (337)

ਬਾਂਛੁ — ਮੰਗ, ਲੋਚ, ਚਾਹ
"ਹਰਿ ਜਨ ਕੀ ਰੇਨ **ਬਾਂਛੁ** ਦੈਨਹਾਰ ਸੁਆਮੀ।"
— ਸਾਰ **੫**, ੧੩੪, ੧ : ੨ (1230)

ਬਾਛੈ — ਮੰਗਦਾ ਹੈ, ਚਾਹੁੰਦਾ ਹੈ
"ਕਰਿ ਕਿਰਪਾ ਧੂਰਿ ਦੇਹੁ ਸੰਤਨ ਕੀ ਸੁਖੁ ਨਾਨਕੁ ਇਹੁ **ਬਾਛੈ**।"— ਗਉ **੫**, ੧੩੦*, ੪ : ੨ (207)

ਹੋਰ ਰੂਪ — ਬਾਂਛੈ —
"ਨਾਨਕ **ਬਾਂਛੈ** ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ।"
— ਮਾਝ **੫**, ਬਾਰਾ ੧੦ : ੮ (135)

ਬਾਜ — 1. ਮਸ਼ਹੂਰੀ, ਪਹੁੰਚ
"**ਬਾਜ** ਹਮਾਰੀ ਥਾਨ ਥਨੰਤਰਿ।"
— ਭੈਰ **੫**, ੨੨, ੩ : ੨ (1141)

2. ਸਾਜ ਵਾਜਾ
"ਅਨਿਕ ਨਾਦ ਅਨਿਕ **ਬਾਜ** ਨਿਮਖ ਨਿਮ ਅਨਿਕ ਸ੍ਵਾਦ ਅਨਿਕ ਦੋਖ ਅਨਿਕ ਰੋਗ ਮਿਟਹਿ ਜਸ ਸੁਨੀ।"
— ਭੈਰ **੫**, ੫੨, ੨ : ੧ (1153)
(ਮਹਾਨਕੋਸ਼ ਅਰਥ ਵਾਦਨ ਦੇ ਭੇਦ ਵਜਾਉਣ ਦੇ ਪ੍ਰਕਾਰ ਕਰਦੇ ਹਨ)

3. ਸ਼ਿਕਾਰੀ ਪੰਛੀ, ਬਾਜ਼
"ਕੇਲ ਕਰੇਦੇ ਹੰਝ ਨੋ ਅਚਿੰਤੇ **ਬਾਜ** ਪਏ।"
— ਸਲੋ **ਫਰ**, ੯੯ : ੨ (1383)

ਬਾਜਹਿ — ਵਜ ਰਹੇ ਹਨ
"**ਬਾਜਹਿ** ਬਾਜੇ ਧੁਨਿ ਆਕਾਰਾ।"
— ਮਾਰੂ **੩**, ਸੋਲਾ ੧੮, ੪ : ੧ (1061)

ਬਾਜਣੋ — ਵਜਾ ਰਿਹਾ ਹੈ
"ਮਾਂਦਲੁ ਬੇਦਿ ਸਿ **ਬਾਜਣੋ** ਘਣੋ ਧੜੀਐ ਜੋਇ।"
— ਮਾਰੂ **੩**, ਵਾਰ ੧੪ਸ, **੧**, ੨ : ੧ (1091)

ਬਾਜੰਤ — ਵਜਦੀ ਹੈ
"ਗੁਰ ਸਬਦਿ ਮੇਲਾ ਤਾਂ ਸੁਹੇਲਾ **ਬਾਜੰਤ** ਅਨਹਦ ਬੀਣਾ।" — ਸੂਹੀ **੧**, ਛੰਤ ੫, ੮ : ੫ (767)

ਬਾਜਾ — 1. ਬਾਜਾਂ, ਇਕ ਪ੍ਰਕਾਰ ਦੇ ਸ਼ਿਕਾਰੀ ਪੰਛੀਆ
"ਸੀਹਾ **ਬਾਜਾ** ਚਰਗਾ ਕੁਹੀਆ ਏਨਾ ਖਵਾਲੇ ਘਾਹ।"— ਮਾਝ **੧**, ਵਾਰ ੧੪ਸ, **੧**, ੧: ੧ (144)

ਹੋਰ ਰੂਪ — ਬਾਜਾਂ —
"ਹਰਣਾਂ **ਬਾਜਾਂ** ਤੈ ਸਿਕਦਾਰਾਂ ਏਨ੍ਹਾ ਪੜ੍ਹਿਆ ਨਾਉ।"
— ਮਲਾ **੧**, ਵਾਰ ੨੨ਸ, **੧**, ੨ : ੧ (1288)

2. ਵਾਜਾ, ਇਕ ਸਾਜ਼
"ਚੇਤਿ ਅਚੇਤੁ ਮੂੜ ਮਨ ਮੇਰੇ ਬਾਜੇ ਅਨਹਦ **ਬਾਜਾ**।" — ਬਿਲਾ **ਕਬ**, ੫, ੨ : ੧ (856)

ਬਾਜਾਰ — 1. (ਫ਼ਾ. ਬਾਜ਼ਾਰ) ਵੇਚਣ ਤੇ ਖਰੀਦ ਕਰਨ ਦਾ ਸਥਾਨ ਬਹੁਤ ਸਾਰੀਆਂ ਦੁਕਾਨਾਂ ਦਾ ਸਮੂਹ
"ਹਟ ਪਟਣ **ਬਾਜਾਰ** ਹੁਕਮੀ ਢਹਸੀਓਿ।"
— ਮਾਝ **੧**, ਵਾਰ ੮ : ੨ (141)

ਹੋਰ ਰੂਪ — ਬਾਜਾਰਾ —
"ਤਟ ਤੀਰਥ ਹਮ ਨਵਖੰਡ ਦੇਖੇ ਹਟ ਪਟਣ **ਬਾਜਾਰਾ**।"— ਗਉ **੧**, ੧੭, ੪ : ੧ (156)

2. ਸੌਦਾ, ਵਣਜ ਦੀ ਵਸਤ
"ਬਾਜਾਰੀ ਬਾਜਾਰ ਮਹਿ ਆਇ ਕਢਹਿ **ਬਾਜਾਰ**।"
— ਆਸਾ **੧**, ਵਾਰ ੪ਸ, **੧**, ੨ : ੪ (464)
(ਪਹਿਲੇ 'ਬਾਜਾਰ' ਦਾ ਅਰਥ ਵੇਚਣ ਖਰੀਦ ਕਰਨ ਦਾ ਸਥਾਨ ਹੈ)

ਬਾਜਾਰੀ — 1. ਬਜ਼ਾਰ ਵਿਚ ਇਧਰ ਉਧਰ ਫਿਰਨ ਵਾਲਾ, ਭੌਂਦੂ, ਉਜਡ
"ਜੇ ਕੋ ਦਰਗਹ ਬਹੁਤਾ ਬੋਲੈ ਨਾਉ ਪਵੈ **ਬਾਜਾਰੀ**।"
— ਆਸਾ **੧**, ੩੬, ੩ : ੧ (359)

ਹੋਰ ਰੂਪ — ਬਾਜਾਰੀਆ —
"ਵਿਣੁ ਨਾਵੈ **ਬਾਜਾਰੀਆ** ਭੀਹਾਵਲਿ ਹੋਈ।"
— ਮਾਝ **੧**, ਵਾਰ ੧੨ : ੨ (1283)

2. ਬਾਜ਼ਾਰ ਲਾਣ ਵਾਲੇ, ਸੌਦਾਗਰ, ਸੌਦੇਬਾਜ਼
"**ਬਾਜਾਰੀ** ਬਾਜਾਰ ਮਹਿ ਆਇ ਕਢਹਿ **ਬਾਜਾਰ**।"
— ਆਸਾ **੧**, ਵਾਰ ੪ਸ, **੧**, ੨ : ੪ (464)

ਬਾਜਾਰੁ — ਵਖਾਵਾ, ਪ੍ਰਦਰਸ਼ਨ
"ਆਵਾ ਗਉਣੁ ਬਜਾਰੀਆ **ਬਾਜਾਰੁ** ਜਿਨੀ ਰਚਾਇਆ।"
— ਮਲਾ **੧**, ਵਾਰ ੨੫ : ੨ (1290)

ਬਾਜਿਓ — ਵਜਿਆ ਹੈ

"ਗਗਨ ਦਮਾਮਾ **ਬਾਜਿਓ** ਪਰਿਓ ਨੀਸਾਨੈ ਘਾਓ।"
— ਮਾਰੂ **ਕਬ**, ੧੦, ੧ : ੧ (1105)

ਬਾਜਿਆ — ਵਜਿਆ
"ਪੰਚ ਸਬਦ ਦਰਗਹ **ਬਾਜਿਆ** ਹਰਿ ਮਿਲਿਓ ਮੰਗਲੁ ਗਾਇਓ।"
— ਮਾਲੀ **੪**, ੩, ੨ : ੨ (985)

ਬਾਜਿੰਤ੍ਰ — ਵਾਜਾ, ਸਾਜ਼
"ਤਾਰ ਘੋਰ **ਬਾਜਿੰਤ੍ਰ** ਤਹ ਸਾਚਿ ਤਖਤਿ ਸੁਲਤਾਨੁ।"
— ਮਲਾ **੧**, ਵਾਰ ੨੭ਸ, **੧**, ੧ : ੪ (1291)

ਬਾਜਿਤ੍ਰਾ — ਵਜਦੇ
"ਅਨਹਦ **ਬਾਜਿਤ੍ਰਾ** ਤਿਸੁ ਧੁਨਿ ਦਰਬਾਰਾ ਰਾਮ।"
— ਬਿਲਾ **੫**, ਛੰਤ ੨, ੧ : ੨ (846)

ਬਾਜੀ — 1. (ਫਾ. ਬਾਜ਼ੀ) ਖੇਡ
"ਜਗੁ ਸੁਪਨਾ **ਬਾਜੀ** ਬਨੀ ਖਿਨ ਮਹਿ ਖੇਲੁ ਖੇਲਾਇ।" — ਸਿਰੀ **੧**, ੧੧, ੩ : ੧ (18)
"ਰਾਮ ਨਾਮ ਬਿਨੁ **ਬਾਜੀ** ਹਾਰੀ।" (ਜੀਵਨ ਦੀ ਖੇਡ) — ਸੋਰ **ਰਵਿ**, ੬, ੪ : ੨ (659)
3. ਵਜੀ
"ਥਿਰੁ ਭਈ ਤੰਤੀ ਤੂਟਸਿ ਨਾਹੀ ਅਨਹਦ ਕਿੰਗੁਰੀ **ਬਾਜੀ**।" — ਗਉ **ਕਬ**, ੫੩, ੩ : ੨ (335)

ਬਾਜੀਅਲੇ — ਵਜੇ
"**ਬਾਜੀਅਲੇ** ਅਨਹਦ ਬਾਜੇ।"
— ਸੋਰ **ਕਬ**, ੧੦, ੧ : ੪ (656)

ਬਾਜੀਗਰ — 1. (ਫਾ. ਬਾਜ਼ੀਗਰ) ਨਟ ਖੇਡ ਰਚਨ ਵਾਲੇ ਇਥੇ ਭਾਵ ਪ੍ਰਭੂ
"**ਬਾਜੀਗਰ** ਸਉ ਮੋਹਿ ਪ੍ਰੀਤਿ ਬਨਿ ਆਈ।"
— ਆਸਾ **ਰਵਿ**, ੬, ੩ : ੨ (487)
"ਬਾਜੀ ਖੇਲਿ ਗਏ **ਬਾਜੀਗਰ** ਜਿਉ ਨਿਸਿ ਸੁਪਨੈ ਭਖਲਾਈ ਹੇ।" (ਭਾਵ ਜੀਵ)
— ਮਾਰੂ **੧**, ਸੋਲਾ ੩, ੯ : ੩ (1023)
ਹੋਰ ਰੂਪ — ਬਾਜੀਗਰਿ —
"**ਬਾਜੀਗਰਿ** ਜੈਸੇ ਬਾਜੀ ਪਾਈ।" (ਭਾਵ ਪ੍ਰਭੂ ਨੇ) — ਸੂਹੀ **੫**, ੧, ੧ : ੧ (736)
2. ਖੇਡਾਂ ਕਰਨ ਵਾਲਾ, ਛਲੀਆ, ਕਪਟੀ
"ਕਾਮੀ ਕ੍ਰੋਧੀ ਚਾਤੁਰੀ **ਬਾਜੀਗਰ** ਬੇਕਾਮ।"
— ਮਾਰੂ **ਕਬ**, ੧, ੩ : ੧ (1105)

ਬਾਜੀਗਰੀ — ਬਾਜੀਗਰ ਦੀ ਖੇਡ, ਤਮਾਸ਼ਾ
"**ਬਾਜੀਗਰੀ** ਸੰਸਾਰੁ ਕਬੀਰਾ ਚੇਤਿ ਢਾਲਿ ਪਾਸਾ।"
— ਆਸਾ **ਕਬ**, ੨੩, ੩ : ੨ (481)

ਬਾਜੀਗਰੁ — ਨਟ, ਖੇਡ ਰਚਨ ਵਾਲਾ
"ਜੈਸਾ ਭੇਖੁ ਕਰਾਵੈ **ਬਾਜੀਗਰੁ** ਓਹੁ ਤੈਸੋ ਹੀ ਸਾਜੁ ਆਨੈ।" — ਗਉ **੫**, ੧੨੬, ੩ : ੨ (206)
"ਜਿਉ **ਬਾਜੀਗਰੁ** ਭਰਮੈ ਭੂਲੈ ਝੂਠਿ ਮੁਠੀ ਅਹੰਕਾਰੋ।" (ਨਟ)
— ਵਡ **੧**, ਅਲਾ ੪, ੪ : ੪ (581)

ਬਾਜੁ — ਵਜਣਾ
"ਬਜਾਵਨਹਾਰੋ ਊਠਿ ਸਿਧਾਰਿਓ ਤਬ ਫਿਰਿ **ਬਾਜੁ** ਨ ਭਇਓ।" — ਸਾਰ **੫**, ੩, ੩ : ੨ (1203)

ਬਾਜੇ — 1. ਵਜਦਾ ਹੈ
"ਤਿਤੁ ਘਟ ਅਨਹਤ **ਬਾਜੇ** ਤੂਰਾ।"
— ਗਉ **੧**, ਅਸ ੧੯, ੨ : ੨ (228)
ਹੋਰ ਰੂਪ — ਬਾਜੈ —
"ਰਾਜਾ ਰਾਮ ਅਨਹਦ ਕਿੰਗੁਰੀ **ਬਾਜੈ**।" (ਵਜਦੀ ਹੈ) — ਸਿਰੀ **ਕਬ**, ੩, ੧* : ੨ (92)
2. ਵਾਜੇ, ਸਾਜ਼
"ਬਾਜੀਅਲੇ ਅਨਹਦ **ਬਾਜੇ**।"
— ਸੋਰ **ਕਬ**, ੧੦, ੧ : ੪ (656)
"ਜੈਸੇ **ਬਾਜੇ** ਬਿਨੁ ਨਹੀ ਲੀਜੈ ਫੇਰੀ।"
— ਗੋਂਡ **ਕਬ**, ੯, ੪ : ੧ (872)

ਬਾਝਹੁ — ਬਿਨਾ, ਰਹਿਤ
"ਕਰਣੀ **ਬਾਝਹੁ** ਘਟੇ ਘਟਿ।"
— ਸਿਰੀ **੧**, ੩੦, ੩ : ੪ (25)
"ਮੇਰਾ ਮਨੁ ਤਨੁ ਬਹੁਤੁ ਬੈਰਾਗਿਆ ਮੇਰੇ ਗੋਵਿੰਦਾ ਹਰਿ **ਬਾਝਹੁ** ਧਨ ਕੁਮਲੈਣੀ ਜੀਉ।" (ਵਿਹੂਣੀ)
— ਗਉ **੪**, ੬੭, ੨ : ੨ (173)

ਬਾਝੜਿਆਹੁ — ਬਿਨਾ, ਬਾਝਹੁ
"ਪਿਰ **ਬਾਝੜਿਆਹੁ** ਮੇਰੇ ਪਿਆਰੇ ਆਂਗਣਿ ਧੂੜਿ ਲੁਤੇ।" — ਆਸਾ **੪**, ਛੰਤ ੨੧, ੪ : ੨ (452)

ਬਾਂਝਾ — ਜਿਸ ਇਸਤ੍ਰੀ ਦੇ ਸੰਤਾਨ ਨ ਹੋਵੇ
"ਜਿਨ ਹਰਿ ਹਿਰਦੈ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ **ਬਾਂਝਾ**।"
— ਜੈਤ **੪**, ੫, ੧ : ੧ (697)

ਬਾਝੁ — ਬਾਝਹੁ, ਬਿਨਾ
"ਨਿਡਰਿਆ ਡਰੁ ਜਾਣੀਐ **ਬਾਝੁ** ਗੁਰੂ ਗੁਬਾਰੁ।"

— ਸਿਰੀ **੧**, ਅਸ ੩, ੩ : ੩ (54)

ਬਾਟ — 1. ਰਸਤਾ, ਰਾਹ
"ਤਉ ਆਨ **ਬਾਟ** ਕਾਹੇ ਨਹੀ ਆਇਆ।"
— ਗਉ **ਕਬ**, ੭, ੨ : ੨ (324)
"**ਬਾਟ** ਘਾਟ ਤੋਸਾ ਸੰਗਿ ਮੋਰੈ ਮਨ ਅਪੁਨੇ ਕਉ ਮੈ ਹਰਿ ਸਖਾ ਕੀਤ।" (ਪੈਂਡੇ)
— ਟੋਡੀ **੫**, ੨੧, ੧ : ੨ (716)
2. ਮੁਸਾਫਰੀ, ਸਫਰ
"ਪੈਡੇ ਬਿਨੁ **ਬਾਟ** ਘਨੇਰੀ।"
— ਬਸੰ **ਕਬ**, ੩, ੩ : ੨ (1194)
3. ਟੋਟੇ, ਵੰਡੀਆਂ
"ਏਕੁ ਕਬੀਰਾ ਨਾ ਮੁਸੈ ਜਿਨਿ ਕੀਨੀ ਬਾਰਹ **ਬਾਟ**।" — ਸਲੋ **ਕਬ**, ੨੦ : ੨ (1365)

ਬਾਟਿ — 1. ਹਿੱਸੇ
"ਚੁਖ ਚੁਖ ਲੇ ਗਏ ਬਾਂਢੇ **ਬਾਟਿ**।"
— ਭੈਰ **੫**, ੪, ੩ : ੨ (1136)
2. ਪੈਂਡਾ
"**ਬਾਟਿ** ਘਟਿ ਗ੍ਰਿਹਿ ਬਨਿ ਬਨਿ ਜੋਹੈ।"
— ਆਸਾ **੫**, ੮੨, ੨ : ੨ (392)

ਬਾਟੀ — ਵਾਟਾਂ ਰਸਤਿਆਂ ਰਾਹਾਂ ਤੇ
"ਹਾਟੀ **ਬਾਟੀ** ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ।" — ਰਾਮ **੧**, ਸਿਗੋ ੭ : ੧ (938)

ਬਾਟੁਲੀ — ਰਸਤਾ, ਰਸ
"ਸਾਦ ਬਿਕਾਰ ਬਿਕਾਰ ਝੂਠ ਰਸ ਜਹ ਜਾਨੋ ਤਹ ਭੀਰ **ਬਾਟੁਲੀ**।"— ਸਾਰ **੫**, ੬੧, ੨ : ੧ (1216)

ਬਾਡਾਡੂੰ — ਰਾਹ ਚਸਨ ਵਾਲਾ
"ਨਕਟੀ ਕੋ ਠਨਗਨੁ **ਬਾਡਾਡੂੰ**।"
— ਆਸਾ **ਕਬ**, ੪, ੧* : ੧ (476)

ਬਾਢਿ — ਵੱਢ, ਵੱਢ ਕੇ
"ਕਾਚੀ ਪਾਕੀ **ਬਾਢਿ** ਪਰਾਨੀ।"
— ਆਸਾ **੫**, ੧੯, ੧ : ੨ (375)
"ਹਉ ਕਾਟਉ ਕਾਟਿ **ਬਾਢਿ** ਸਿਰੁ ਰਾਖਉ ਜਿਤੁ ਨਾਨਕ ਸੰਤੁ ਚੜਿਆਵੈ।"
— ਰਾਮ **੪**, ੩, ੪ : ੨ (881)

ਬਾਢੀ — ਵੱਧ ਗਈ ਹੈ
"ਕਹਿ ਰਵਿਦਾਸ ਭਗਤਿ ਇਕ **ਬਾਢੀ** ਅਬ ਇਹ ਕਾ ਸਿਉ ਕਹੀਐ।"— ਸੋਰ **ਰਵਿ**, ੨, ੪:੧ (658)

ਬਾਂਢੇ — ਵੱਢ ਕੇ, ਹਿੱਸੇ ਬਣਾ ਕੇ
"ਚੁਖ ਚੁਖ ਲੇ ਗਏ **ਬਾਂਢੇ** ਬਾਟਿ।"
— ਭੈਰ **੫**, ੪, ੩ : ੨ (1136)

ਬਾਣ — ਤੀਰ
"**ਬਾਣ** ਬੇਧੰਚ ਕੁਰੰਕ ਨਾਦੰ ਅਲਿ ਬੰਧਨ ਕੁਸਮ ਬਾਸਨਹ।"
— ਜੈਤ **੫**, ਵਾਰ ੧੨ਸ, **੫**, ੧ : ੨ (708)

ਬਾਣਿ — 1. ਬਾਣੀ, ਬੋਲੀ
"ਅਖਰੀ ਲਿਖਣੁ ਬੋਲਣੁ **ਬਾਣਿ**।"
— ਜਪੁ **੧**, ੨੧ : ੭ (4)
2. ਆਵਾਜ਼, ਸੁਰ
"ਹੰ ਭੀ ਵੰਞਾ ਡੁਮਣੀ ਰੋਵਾ ਝੀਣੀ **ਬਾਣਿ**।"
— ਸਿਰੀ **੧**, ੨੪, ੨ : ੧ (23)
3. ਬਾਣੀ, ਬੋਲ
"ਅਵਗਤਿ **ਬਾਣਿ** ਛੋਡਿ ਮ੍ਰਿਤ ਮੰਡਲਿ ਤਉ ਪਾਛੈ ਪਛੁਤਾਣਾ।"— ਸਿਰੀ **ਬੇਣੀ**, ੧, ੪ : ੪ (93)
"ਹਰਿ ਹਰਿ ਮੇਲਿ ਸਾਧ ਜਨ ਸੰਗਤਿ ਮੁਖਿ ਬੋਲੀ ਹਰਿ ਹਰਿ ਭਲੀ **ਬਾਣਿ**।"
— ਸੋਰ **੪**, ਵਾਰ ੨੨ : ੧ (651)
4. ਤੀਰ
"ਗੁਰ ਕੈ **ਬਾਣਿ** ਬਜਰ ਕਲ ਛੇਦੀ ਪ੍ਰਗਟਿਆ ਪਦੁ ਪਰਗਾਸਾ।"
— ਗਉ **ਕਬ**, ੪੬, ੨ : ੧ (332)
5. ਸੁਭਾ
"ਕਿਆ ਤੂ ਸੋਚਹਿ ਮਾਣਸ **ਬਾਣਿ**।"
— ਭੈਰ **੫**, ੧੭, ੩ : ੧ (1140)

ਬਾਣੀ — 1. ਵਾਕ, ਬਚਨ, ਕਥਨ, ਸ਼ਬਦ, ਬੋਲ
"ਸੁਅਸਤਿ ਆਥਿ **ਬਾਣੀ** ਬਰਮਾਉ।"
— ਜਪੁ **੧**, ੨੧ : ੭ (4)
"ਕਰਮ ਖੰਡ ਕੀ **ਬਾਣੀ** ਜੋਰੁ।" (ਪ੍ਰਗਟਾ ਦਾ ਸਾਧਨ) — ਜਪੁ **੧**, ੩੭ : ੧ (8)
"ਗੁਰਮੁਖਿ **ਬਾਣੀ** ਬ੍ਰਹਮੁ ਹੈ ਸਬਦਿ ਮਿਲਾਵਾ ਹੋਇ।"
— ਸਿਰੀ **੩**, ੬੩, ੪ : ੩ (39)
"ਸਚ ਕੀ **ਬਾਣੀ** ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ।"— ਤਿਲੰ **੧**, ੫, ੨ : ੬ (723)
2. ਬੋਲੀਆਂ
"ਕੇਤੀਆ ਖਾਣੀ ਕੇਤੀਆ **ਬਾਣੀ** ਕੇਤੇ ਪਾਤ

ਨਰਿੰਦ।" — ਜਪੁ **੧**, ੩੫ : ੯ (7)

"ਤੇਰੀ ਚਾਲ ਸੁਹਾਵੀ ਮਧੁਰਾੜੀ **ਬਾਣੀ**।" (ਬੋਲੀ) — ਵਡ **੧**, ਛੰਤ ੨, ੮ : ੧ (567)

3. ਆਵਾਜ਼

"ਆਖਣੁ ਸੁਨਣਾ ਪਉਣ ਕੀ **ਬਾਣੀ** ਇਹੁ ਮਨੁ ਰਤਾ ਮਾਇਆ।" — ਸਿਰੀ **੧**, ੨੨, ੩ : ੧ (24)

"**ਬਾਣੀ** ਵਜੈ ਸਬਦਿ ਵਜਾਏ ਗੁਰ ਮੁਖਿ ਭਗਤਿ ਥਾਇ ਪਾਵਣਿਆ।" (ਰਾਗ ਕੀ ਸੁਰ) — ਮਾਝ **੩**, ਅਸ ੨੧, ੫ : ੩ (122)

4. ਰਚਨਾ, ਪਦ ਰਚਨਾ

"ਸਫਲ ਸੁ **ਬਾਣੀ** ਜਿਤੁ ਨਾਮੁ ਵਖਾਣੀ।" — ਮਾਝ **੫**, ੨੯, ੧ : ੧ (103)

"ਗੁਰ ਕੀ **ਬਾਣੀ** ਅਨਦਿਨੁ ਗਾਵੈ ਸਹਜੇ ਭਗਤਿ ਕਰਾਵਣਿਆ।" — ਮਾਝ **੩**, ਅਸ ੨, ੨ : ੩ (110)

"ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੈ **ਬਾਣੀ**।" (ਕਥਾ ਵਾਰਤਾ) — ਮਾਝ **੧**, ਵਾਰ ੨੬ਸ, **੧**, ੧ : ੧੫ (150)

"ਗੁਣ ਗਾਵਾ ਗੁਣ ਬੋਲੀ **ਬਾਣੀ**।" (ਬਾਣੀ ਦੁਆਰਾ) — ਆਸਾ **੪**, ੫੭, ੧ : ੧ (367)

5. ਅਵਤ੍ਰਿਤ ਰਚਨਾ, ਪਵਿਤਰ ਰਬੀ ਰਚਨਾ

"ਜੁਗਿ ਜੁਗਿ **ਬਾਣੀ** ਸਬਦਿ ਪਛਾਣੀ ਨਾਉ ਮੀਠਾ ਮਨਹਿ ਪਿਆਰਾ।" — ਸੋਰ **੩**, ੭, ੨ : ੪ (602)

6. ਬਾਣਾਂ/ਤੀਰਾਂ ਵਾਕਰ

"ਹਰਿ ਪ੍ਰੇਮ **ਬਾਣੀ** ਮਨੁ ਮਾਰਿਆ ਅਣੀਆਲੇ ਅਣੀਆ ਰਾਮ ਰਾਜੇ।" — ਆਸਾ **੪**, ਛੰਤ ੧੫, ੨ : ੧ (449)

(ਕੇਵਲ ਮਹਾਨਕੋਸ਼ ਬਾਕੀ ਸਭਨੇ ਅਰਥ ਗੁਰਬਾਣੀ ਕੀਤੇ ਹਨ)

"ਅੰਤਰਿ ਸਹਸਾ ਬਾਹਰਿ ਮਾਇਆ ਨੈਣੀ ਲਾਗਸਿ **ਬਾਣੀ**।" (ਭਾਵ ਚਟਪਟੀ) (ਦਰਪਣ ਅਰਥ 'ਸੁੰਦਰਤਾ ਦੀ ਖਿਚ' ਕਰਦਾ ਹੈ) — ਰਾਮ **੧**, ੨, ੪ : ੨ (877)

7. ਰੰਗ ਵੰਨੀ (ਕੇਵਲ ਮਹਾਨਕੋਸ਼)

"ਰੂੜੀ **ਬਾਣੀ** ਜੇ ਰਪੈ ਨਾ ਇਹੁ ਰੰਗੁ ਲਹੈ ਨ ਜਾਇ।"— ਆਸਾ **੩**, ਅਸ ੩੧, ੧*:੨ (427)

(ਬਾਕੀ ਸਭ ਨੇ ਅਰਥ ਗੁਰਬਾਣੀ ਕੀਤੇ ਹਨ)

8. ਭਾਵ ਉਪਦੇਸ਼

"ਧੁਰ ਕੀ **ਬਾਣੀ** ਆਈ।"
"ਤਿਨਿ ਸਗਲੀ ਚਿੰਤ ਮਿਟਾਈ।" — ਸੋਰ **੫**, ੨੨, ੨ : ੧;੨ (628)

9. ਗੁਰਬਾਣੀ, ਗੁਰਸ਼ਬਦ

"ਇਕਾ **ਬਾਣੀ** ਇਕੁ ਗੁਰੁ ਇਕੋ ਸਬਦੁ ਵੀਚਾਰਿ।" — ਸੋਰ **੪**, ਵਾਰ ੧੦ਸ, **੩**, ੨ : ੧ (646)

"**ਬਾਣੀ** ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿਰਾਮ ਜੀਉ।" (ਗੁਰਬਾਣੀ) — ਸੂਹੀ **੪**, ਛੰਤ ੨, ੧ : ੨ (773)

10. ਭਾਵ ਹੁਕਮ, ਅਦੇਸ਼, ਉਪਦੇਸ਼

"ਜੈਸੀ ਮੈ ਆਵੈ ਖਸਮ ਕੀ **ਬਾਣੀ** ਤੈਸੜਾ ਕਰੀ ਗਿਆਨੁ ਵੇ ਲਾਲੋ।" — ਤਿਲੰ **੧**, ੫, ੧ : ੧ (722)

"ਰਵਿ ਰਹਿਆ ਜੁਗ ਚਾਰਿ ਤ੍ਰਿਭਵਣ **ਬਾਣੀ** ਜਿਸ ਕੀ ਬਲਿਰਾਮ ਜੀਉ।" — ਸੂਹੀ **੧**, ਛੰਤ ੧, ੨ : ੨ (763)

"ਸੁਣਿ ਸੁਣਿ ਜੀਵੈ ਦਾਸੁ ਤੁਮ੍ **ਬਾਣੀ** ਜਨ ਆਖੀ।" — ਬਿਲਾ **੫**, ੫੨, ੧* : ੧ (814)

11. ਬਣੀ ਹੈ

"ਦਰਿ ਦਸਵੇਸੁ ਖਸੰਮ ਦੈ ਨਾਇ ਸਚੈ **ਬਾਣੀ** ਲਾਲੀ।" — ਰਾਮ **ਬਸ**, ਵਾਰ ੩ : ੭ (967)

12. ਬਣਾਵਟ, ਰਚਨਾ

"ਸਚੀ ਕੁਦਰਤਿ ਸਚੀ **ਬਾਣੀ** ਸਚੁ ਸਾਹਿਬ ਸੁਖੁ ਕੀਜਾ ਹੇ।" — ਮਾਰੂ **੫**, ਸੋਲਾ ੩, ੫ : ੩ (1074)

"ਬਰਖਸਿ **ਬਾਣੀ** ਬੁਦਬੁਦਾ ਹੋਰਿ।" — ਬਸੰ **੧**, ਅਸ ੧, ੨ : ੨ (1187)

"ਅਗਨਿ ਬਿੰਬ ਪਵਣੈ ਕੀ **ਬਾਣੀ** ਤੀਨਿ ਨਾਮ ਕੇ ਦਾਸਾ।" — ਪ੍ਰਭਾ **੧**, ੩, ੨ : ੧ (1328)

ਬਾਣੀਆ — 1. ਗੁਰ, ਉਪੇਦਸ

"ਇਤੁ ਤਨਿ ਲਾਗੈ **ਬਾਣੀਆ**।" — ਸਿਰੀ **੧**, ੩੩, ੩ : ੧ (25)

2. ਵਪਾਰੀ, ਵਣਜ ਕਰਨ ਵਾਲਾ

"ਨਾਨਕ ਤੇਰਾ **ਬਾਣੀਆ** ਤੂ ਸਾਹਿਬੁ ਮੈ ਰਾਸਿ।" — ਵਡ **੧**, ੧, ੪ : ੧ (557)

3. ਸ਼ਬਦ, ਬਚਨ

"ਵਾਜੇ ਵਜੇ ਸਚੀ **ਬਾਣੀਆ** ਪੰਚ ਮੁਏ ਮਨੁ ਮਾਰੇ।"
— ਵਡ **੧**, ਅਲਾ ੩, ੬ : ੨ (580)

4. ਭਾਵ ਧਰਮ ਰਾਜ
"ਦੋਜਨਿ ਪਾਏ ਸਿਰਜਣਹਾਰੈ ਲੇਖਾ ਮੰਗੈ **ਬਾਣੀਆ**।"
— ਮਾਰੂ **੫**, ਅਸ ੮, ੨ : ੩ (1020)

5. ਬੋਲੀਆਂ
"ਬਬੀਹਾ ਪ੍ਰਿਉ ਬੋਲੈ ਕੋਕਿਲ **ਬਾਣੀਆ**।"
— ਤੁਖਾ **੧**, ਬਾਰਾ ੨ : ੧ (1107)

ਬਾਣੀਏ — ਦੁਕਾਨਦਾਰ
"**ਬਾਣੀਏ** ਕੇ ਘਰ ਹੀਂਗੁ ਆਛੈ ਭੈਸਰ ਮਾਥੈ ਸੀਂਗੁਗੋ।" — ਟੋਡੀ **ਨਾਮ**, ੩, ੨ : ੧ (718)

ਬਾਣੁ — 1. ਤੀਰ
"ਸਰੁ ਸੰਧੇ ਆਗਾਸ ਕਉ ਕਿਉ ਪਹੁਚੈ **ਬਾਣੁ**।"
— ਮਾਝ **੧**, ਵਾਰ ੨੨ਸ, **੨**, ੨ : ੬ (148)

ਬਾਣੇ — 1. ਬਾਣੀਨਾਲ
"ਸੀਤਲ ਅਘਾਣੇ ਅੰਮ੍ਰਿਤ **ਬਾਣੇ** ਸਾਜਨ ਸੰਤ ਬਸੀਠਾ।" — ਆਸਾ **੫**, ਛੰਤ ੧, ੧ : ੫ (452)

2. ਸੁਭਾਵ ਅਨੁਕਾਰ, ਰੀਤ/ਰਸਮ ਅਨੁਸਾਰ
"ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ **ਬਾਣੇ**।"
— ਮਲਾ **੧**, ਵਾਰ ੨੫ਸ, **੧**, ੨ : ੩ (1289)

3. ਤੀਰ ਦੇ
"ਹਤੰ ਪੰਚ ਸਤ੍ਰੇਣ ਨਾਨਕ ਹਰਿ **ਬਾਣੇ** ਪ੍ਰਹਾਰਣਹ।" — ਗਾਥਾ **੫**, ੬ : ੨ (1360)

ਹੋਰ ਰੂਪ — ਬਾਣੈ —
"ਤਿਨਿ ਬਿਨੁ **ਬਾਣੈ** ਧਨਖੁ ਚਢਾਈਐ ਇਹੁ ਜਗੁ ਬੇਧਿਆ ਭਾਈ।"
— ਗਉ **ਕਬ**, ੪੬, ੩ : ੧ (333)

ਬਾਤ — 1. ਗਲ
"ਕਿਆ ਥੋੜੜੀ **ਬਾਤ** ਗੁਮਾਨੁ।"
— ਸਿਰੀ **੫**, ੮੨, ੧* : ੨ (50)
"ਜੋ ਅਨਰੂਪਿਓ ਠਾਕੁਰਿ ਮੇਰੈ ਹੋਇ ਰਹੀ ਉਹ **ਬਾਤ**।" (ਗਲ ਭਾਵ ਘਟਨਾ)
— ਗੂਜ **੫**, ੫, ੧* : ੨ (496)
"ਸਾਚਾ ਸਾਹਿਬੁ ਸਾਚੀ ਨਾਈ ਪਰਖੈ ਗੁਰ ਕੀ **ਬਾਤ** ਖਰੀ।" (ਭਾਵ ਉਪਦੇਸ)
— ਰਾਮ **੧**, ਸਿਗੋ ੧੦ : ੪ (939)
"ਜਿਨਹੁ **ਬਾਤ** ਨਿਸ੍ਚਲ ਧ੍ਰੂਅ ਜਾਨੀ ਤੇਈ ਜੀਵ ਕਾਲ ਤੇ ਬਚਾ।" (ਭਾਵ ਬਚਨ ਉਪਦੇਸ)
— ਸਵ **੪**, ਗਯੰ ੫ : ੧ (1402)

2. ਵਾਤ, ਸਾਰ, ਖਬਰ
"ਜਾ ਉਠੀ ਚਲਸੀ ਕੰਤੜਾ ਤਾ ਕੋਇਨ ਪੁਛੈ ਤੇਰੀ **ਬਾਤ**।" — ਸਿਰੀ **੫**, ੮੩, ੨ : ੨ (50)

3. ਮਾਮਲਾ, ਗਲ
"ਤਿਨਿ ਸਗਲੀ **ਬਾਤ** ਸਵਾਰੀ।"
— ਸੋਰ **੫**, ੫੬, ੨ : ੪ (623)

4. ਬਾਦੀ ਬਲਗਮ
"ਕਾਢਿ ਕੁਠਾਰੁ ਪਿਤ **ਬਾਤ** ਹੰਤਾ ਅਉਖਧੁ ਹਰਿ ਕੋ ਨਾਉ।" (ਭਾਵ ਅੰਹਕਾਰ ਦਾ ਰੋਗ)
— ਟੋਡੀ **੫**, ੧੩, ੧* : ੨ (714)

5. ਭਾਵ ਪ੍ਰਵਾਹ, ਮਹਤਵ
"ਕੋਟਿ ਜੋਧ ਉਆ ਕੀ **ਬਾਤ** ਨ ਪੁਛੀਐ ਤਾਂ ਦਰਗਹ ਭੀ ਮਾਨਿਓ।" (ਪ੍ਰਵਾਹ ਨਹੀਂ ਕਰਦਾ ਅਰਥਾਤ ਮਹੱਤਵ ਨਹੀਂ ਦਿੰਦਾ)
— ਸਾਰ **੫**, ੬੨, ੧* : ੨ (1216)

ਬਾਤਉ — ਗਲਾਂ ਨਾਲ
"ਛੰਛਾ ਛਿਆਨੁ ਨਹੀ ਮੁਖ **ਬਾਤਉ**।"
— ਗਉ **੫**, ਬਾਅ ੫ : ੧ (251)

ਬਾਤਹਿ — ਗਲ ਤੋਂ, ਪੱਖ ਤੋਂ, ਤਰ੍ਹਾਂ
"ਪੂਰਨ ਹੋਤ ਨ ਕਤਹੁ **ਬਾਤਹਿ** ਅੰਤਿ ਪਰਤੀ ਹਾਰਿ।" — ਸਾਰ **੫**, ੧੦੨, ੧* : ੨ (1225)

ਬਾਤਨ — ਗਲਾਂ ਨਾਲ, ਮੂੰਹ ਜ਼ੁਬਾਨੀ
"**ਬਾਤਨ** ਹੀ ਬੈਕੁੰਠ ਸਮਾਨਾ।"
— ਗਉ **ਕਬ**, ੧੦, ੧ : ੨ (325)

ਬਾਤੜੀਆਹ — ਗਲਾਂ, ਹਾਲ
"ਨਾਨਕ ਕੰਤੈ ਰਤੀਆ ਪੁਛਹਿ **ਬਾਤੜੀਆਹ**।"
— ਸੂਹੀ **੩**, ਵਾਰ ੧੫ਸ, **੧**, ੨ : ੨ (790)

ਬਾਤਾ — ਗਲ, ਗਲਾਂ, ਬਚਨ
"ਜਾਨਉ ਨਹੀ ਭਾਵੈ ਕਵਨ **ਬਾਤਾ**।" (ਭਾਵ ਚੀਜ਼)
— ਸਿਰੀ **੫**, ੨੨, ੧* : ੧ (71)
"ਕਹੁ ਨਾਨਕ ਕਰਤੇ ਕੀਆ **ਬਾਤਾ** ਜੋ ਕਿਛੁ ਕਰਣਾ ਸੁ ਕਰਿ ਰਹਿਆ।" (ਗਲਾਂ, ਚੋਜ)
— ਆਸਾ **੧**, ਵਾਰ, ੧੨ਸ, **੧**, ੨ : ੩ (469)

"ਚਰਨ ਰਹੇ ਕਰ ਢਰਕਿ ਪਰੇ ਹੈ ਮੁਖਹੁ ਨ ਨਿਕਸੈ **ਬਾਤਾ**।" (ਬਚਨ, ਬੋਲ, ਗਲ)
— ਆਸਾ **ਕਬ**, ੧੮, ੩ : ੨ (480)

2. ਪਖ ਤੋਂ ਗਲ ਤੋਂ
"ਆਉ ਬੈਠੁ ਆਦਰੁ ਸਭ ਥਾਈ ਊਨ ਨ ਕਤਹੂੰ **ਬਾਤਾ**।" — ਸੋਰ **੫**, ੯੪, ੨ : ੧ (631)

ਬਾਤੀ — 1. ਬਤੀ ਦੀਵੇ ਦੀ, ਵੱਟੀ
"ਜਬ ਲਗੁ ਤੇਲੁ ਦੀਵੇ ਮੁਖਿ **ਬਾਤੀ** ਤਬ ਸੂਝੈ ਸਭੁ ਕੋਈ।" — ਆਸਾ **ਕਬ**, ੯, ੧ : ੧ (477)

2. ਗਲਾਂ ਨਾਲ
"ਇਨੀ **ਬਾਤੀ** ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ।" — ਤਿਲੰ **੧**, ੪, ੨ : ੫ (722)

ਬਾਤੈ — 1. ਗਲਾਂ, ਹਾਲ
"ਤਉ ਤੀਨਿ ਲੋਕ ਕੀ **ਬਾਤੈ** ਕਹੈ।"
— ਗਉ **ਕਬ**, ਬਾਅ ੩੩ : ੪ (342)
"ਨਿੰਦਉ ਨਾਹੀ ਕਾਹੂ **ਬਾਤੈ** ਏਹੁ ਖਸਮ ਕਾ ਕੀਆ।" (ਗਲ/ਹਾਲਤ ਕਰ ਕੇ)
— ਸੋਰ **੫**, ੯, ੩ : ੧ (611)

2. ਗਲਾਂ ਨਾਲ, ਤਰ੍ਹਾਂ
"ਪਹੁਚਿ ਨ ਸਾਕੈ ਕਾਹੂ **ਬਾਤੈ** ਆਗੈ ਠਉਰ ਨ ਪਾਇਆ।"— ਆਸਾ **੫**, ੪੧, ੧* : ੨ (380)

ਬਾਦ — 1. ਝਗੜਾ, ਬਿਖੇੜਾ, ਵਿਵਾਦ
"ਸਰਬ ਭੂਤ ਏਕੈ ਕਰਿ ਜਾਨਿਆ ਚੂਕੇ **ਬਾਦ** ਬਿਬਾਦਾ।" — ਆਸਾ **ਕਬ**, ੨੮, ੩ : ੧ (483)
"ਸੁਆਦ **ਬਾਦ** ਈਰਖ ਮਦ ਮਾਇਆ।"
— ਸੂਹੀ **੫**, ੧੯, ੩ : ੧ (741)

ਹੋਰ ਰੂਪ — ਬਾਦੰ —
"ਸਾਦ ਰਹੇ **ਬਾਦੰ** ਅਹੰਕਾਰਾ।"
— ਗਉ **੧**, ਅਸ ੧, ੪ : ੧ (221)

2. ਫਜ਼ੂਲ, ਵਿਅਰਥ
"ਗੁਰ ਰਸੁ ਗੀਤ **ਬਾਦ** ਨਹੀ ਭਾਵੈ ਸੁਣੀਐ ਗਹਿਰ ਗੰਭੀਰੁ ਗਵਾਇਆ।"
— ਰਾਮ **੧**, ਓਅੰ ੪ : ੨ (930)
"ਗੀਤ ਸਾਦ ਚਾਖੇ ਸੁਣੇ **ਬਾਦ** ਸਾਦ ਤਨਿ ਰੋਗੁ।"
— ਮਾਰੂ **੧**, ਅਸ ੩, ੮ : ੧ (1010)

3. ਉਚਾਰਣ ਅਲਾਪ
"ਰਮਣ ਕਉ ਰਾਮ ਕੇ ਗੁਣ **ਬਾਦ**।"
— ਸਾਰ **੫**, ੧੦੩, ੧* : ੧ (1224)

ਬਾਦਹਿ — ਫਜ਼ੂਲ, ਵਿਅਰਥ
"ਜਿਨ ਹਰਿ ਕਾ ਨਾਮੁ ਨ ਚੇਤਿਓ **ਬਾਦਹਿ** ਜਨਮੇਂ ਆਇ।" — ਸਲੋ **ਕਬ**, ੯੪ : ੧ (1369)

ਬਾਦਰ — ਬਦਲ
"ਜੋ ਦੀਸੈ ਸੋ ਸਗਲ ਬਿਨਸੈ ਜਿਉ **ਬਾਦਰ** ਕੀ ਛਾਈ।" — ਗਉ **੯**, ੨, ੨ : ੧ (219)

ਬਾਦਰੈ — ਬਦਲੇ, ਇਵਜ਼ ਵਿਚ, ਵਟੇ
"ਜਾਤ ਅਕਾਰਥ ਜਨਮੁ ਪਦਾਰਥ ਕਾਚ **ਬਾਦਰੈ** ਜੀਤ।" — ਧਨਾ **੫**, ੯, ੩ : ੨ (673)

ਬਾਦਰੋ — ਬਦਾਲ
"ਉਡਿ ਜਾਇਗੋ ਧੂਮੁ **ਬਾਦਰੋ** ਇਕੁ ਭਾਜਹੁ ਰਾਮੁ ਸਨੇਹੀ।" (ਇਥੇ ਭਾਵ ਸਰੀਰ)
— ਸੋਰ **੫**, ੪, ੧* : ੨ (609)

ਬਾਦਲ — ਬਦਲ
"**ਬਾਦਲ** ਬਿਨੁ ਬਰਖਾ ਹੋਈ।"
— ਸੋਰ **ਨਾਮ**, ੩, ੧ : ੩ (657)

ਬਾਦਿ — 1. ਵਿਵਾਦ,ਝਗੜਾ, ਬਹਿਸਾ
"ਕਲਪ ਤਿਆਗੀ **ਬਾਦਿ** ਹੈ ਸਚਾ ਵੇਪਰਵਾਹੁ।"
— ਸਿਰੀ **੧**, ੧੧, ੧ : ੩ (18)
"ਕਾਹੂ ਬਿਹਾਵੈ ਬੇਦ ਅਰੁ **ਬਾਦਿ**।" (ਬਹਿਸਾਂ ਵਿਚ) — ਰਾਮ **੫**, ੩, ੨ : ੧ (914)

2. ਵਿਅਰਥ, ਫਜ਼ੂਲ
"ਸਭਿ ਰਸ ਭੋਗਣ **ਬਾਦਿ** ਹਹਿ ਸਭਿ ਸੀਗਾਰ ਵਿਕਾਰ।" — ਸਿਰੀ **੩**, ੧੩, ੫ : ੧ (19)
"ਰਾਜ ਮਿਲਖ ਧਨ ਜੋਬਨਾ ਨਾਮੈ ਬਿਨੁ **ਬਾਦਿ**।"
— ਬਿਲਾ **੫**, ੩੮, ੧* : ੨ (810)

3. ਝਗੜਿਆ ਵਿਚ
"ਮੋਹਿ **ਬਾਦਿ** ਅਹੰਕਾਰਿ ਸਰਪਰ ਰੁੰਨਿਆ।"
— ਸੂਹੀ **੫**, ੫, ੨ : ੧ (761)

4. ਭਾਵ ਬੁਰਾ ਭੈੜਾ
"ਮਨਮੁਖ ਕਾ ਇਹੁ **ਬਾਦਿ** ਆਚਾਰੁ।"
— ਮਲਾ **੩**, ਅਸ ੩, ੨ : ੩ (1277)

ਬਾਦਿਸਾਹ — (ਫ਼ਾ.) ਤਖਤ ਦਾ ਸੁਆਮੀ, ਮਹਾਰਾਜਾ
"**ਬਾਦਿਸਾਹ** ਸਾਹ ਸਭ ਵਸਿ ਕਰਿ ਦੀਨੇ।"
— ਗਉ **੫**, ੧੦੮*, ੨ : ੧ (201)

ਹੋਰ ਰੂਪ — ਬਾਦਿਸਾਹਾ —

"ਸਤਿਗੁਰ ਗਿਆਨੁ ਸਦਾ ਘਟਿ ਚਾਨਣੁ ਅਮਰੁ ਸਿਰਿ **ਬਾਦਿਸਾਹਾ**।" (ਬਾਦਸ਼ਾਹਾਂ)
— ਸੋਰ **੩**, ੨, ੪ : ੧ (600)

ਬਾਦਿਸਾਹੀਆ — ਰਾਜ, ਹਕੂਮਤਾਂ
"ਛਤ੍ਰਧਾਰ **ਬਾਦਿਸਾਹੀਆ** ਵਿਚਿ ਸਹਸੇ ਪਰੀਆ।"
— ਸਿਰੀ **੫**, ੨੨, ੧ : ੨ (42)

ਬਾਦਿਸਾਹੁ — ਪਾਤਸ਼ਾਹ, ਰਾਜ ਦਾ ਸੁਆਮੀ
"**ਬਾਦਿਸਾਹੁ** ਚੜ੍ਹਿਓ ਅੰਹਕਾਰਿ।"
— ਭੈਰ **ਨਾਮ**, ੧੦, ੫ : ੧ (1165)

ਬਾਦੀ — ਝਗੜੇ ਕਰਨ ਵਾਲਾ
"ਖੋਜੀ ਉਪਜੈ **ਬਾਦੀ** ਬਿਨਸੈ ਹਉ ਬਲਿ ਬਲਿ ਗੁਰ ਕਰਤਾਰਾ।" — ਮਾਲਾ **੧**, ੩, ੩ : ੨ (1255)

ਬਾਦੁ — 1. ਝਗੜਾ, ਵਾਦ ਵਿਵਾਦ
"ਭਾਈ ਮੀਤ ਸੁਰਿਦ ਕੀਏ ਬਿਖਿਆ ਰਚਿਆ **ਬਾਦੁ**।" — ਸਿਰੀ **੫**, ੯੧, ੧ : ੨ (50)
2. ਬਹਿਸ
"ਬੰਧਨ ਬੇਦੁ **ਬਾਦੁ** ਅਹੰਕਾਰ।"
— ਆਸਾ **੧**, ਅਸ ੧੦, ੭ : ੧ (416)
3. ਝਗੜਾ ਲੂਪਣ
"ਛੋਡਿ ਆਪਤੁ **ਬਾਦੁ** ਅਹੰਕਾਰਾ ਮਾਨੁ ਸੋਈ ਜੋ ਹੋਗੁ।" — ਟੋਡੀ **੫**, ੮, ੧ : ੨ (713)
4. ਫਜ਼ੂਲ, ਬੇ ਅਰਥ
"ਦਰੋਗੁ ਪੜਿ ਪੜਿ ਖੁਸੀ ਹੋਇ ਬੇਖਬਰ **ਬਾਦੁ** ਬਕਾਹਿ।"— ਤਿਲੰ **ਕਬ**, ੧, ੨ : ੧ (727)

ਬਾਧ — ਮਿਥਿਆ
"ਜਿਉ ਉਲਝਾਇਓ **ਬਾਧ** ਬੁਧਿ ਕਾ ਮਰਤਿਆ ਨਹੀ ਬਿਸਰਾਨੀ।"
— ਗਉ **੫**, ਅਸ ੧੫, ੪ : ੧ (242)

ਬਾਧਉ — 1. ਬੱਝ ਗਿਆ
"ਜਮ ਦਰਿ **ਬਾਧਉ** ਮਰੈ ਬਿਕਾਰੁ।"
— ਰਾਮ **੧**, ਅਸ ੪, ੬ : ੩ (904)
2. ਬੰਨ੍ਹਦਾ
"ਗਾਂਠਿ ਨ **ਬਾਧਉ** ਬੇਚਿ ਨ ਖਾਉ।"
— ਭੈਰ **ਕਬ**, ੧, ੧* : ੨ (1157)

ਬਾਂਧਉ — ਬੰਨ੍ਹਾਂ ਭਾਵ ਕਰਾਂ
"ਰੋਗੁ ਵਡੋ ਕਿਉ **ਬਾਂਧਉ** ਧੀਰਾ।"
— ਬਸੰ **੧**, ਅਸ ੪, ੩ : ੧ (1189)

ਬਾਂਧਹਿ — ਬੰਨ੍ਹਦਾ ਹੈ
"ਕੂੜੁ ਕਮਾਵਹਿ ਆਦਮੀ **ਬਾਂਧਹਿ** ਘਰ ਬਾਰਾ।"
— ਆਸਾ **੧**, ਅਸ ੧੩, ੧ : ੨ (418)

ਬਾਧਹੁ — ਬੰਨ੍ਹੋ, ਬੰਨ੍ਹ ਲਵੋ
"ਕਰਿ ਸਿਦਕੁ ਕਰਣੀ ਖਰਚੁ **ਬਾਧਹੁ** ਲਾਗਿ ਰਹੁ ਨਾਮੇ।" — ਸਿਰੀ **੧**, ੧੨, ੧* : ੨ (64)
ਹੋਰ ਰੂਪ — ਬਾਂਧਹੁ —
"ਰਾਮ ਨਾਮੁ ਜਪਿ ਬੇੜਾ **ਬਾਂਧਹੁ** ਦਇਆ ਕਰਹੁ ਦਇਆਲਾ।" (ਬੰਨ੍ਹੋ)
— ਬਸੰ **੧**, ੯, ੧ : ੨ (1171)

ਬਾਧਤ — ਬੰਨ੍ਹਦਾ ਹੈ
"ਜਿਹ ਸਿਰਿ ਰਚਿ ਰਚਿ **ਬਾਧਤ** ਪਾਗ।"
— ਗਉ **੫**, ੩੫, ੧ : ੧ (330)

ਬਾਂਧਨਿ — ਫਾਹੇ, ਫੰਦੇ
"**ਬਾਂਧਨਿ** ਬਾਂਧਿਆ ਸਭੁ ਜਗੁ ਭਵੈ।"
— ਸੂਹੀ **੧**, ੨, ੨ : ੨ (728)

ਬਾਧਵ — ਸੰਬੰਧੀ
"ਨਚ ਮਿਤ੍ਰੰ ਨਚ ਇਸਟੰ ਨਚ **ਬਾਧਵ** ਨਚ ਮਾਤ ਪਿਤਾ ਤਵ ਤਜਯਾ।"
— ਸਸ **੫**, ੪੮ : ੩ (1358)
ਹੋਰ ਰੂਪ — ਬਾਂਧਵ —
"ਦੀਨ **ਬਾਂਧਵ** ਭਗਤਿ ਵਛਲ ਸਦਾ ਸਦਾ ਕ੍ਰਿਪਾਲ।" (ਬੰਧੁ, ਸਹਾਇਕ, ਸੰਬੰਧੀ)
— ਮਾਨ **੫**, ੮, ੧* : ੨ (988)
ਬਾਧਵਾ —
"ਬਿਸ੍ਵ ਕਾ ਦੀਪਕੁ ਸ੍ਵਾਮੀ ਤਾ ਚੇਰੇ ਸੁਆਰਥੀ ਪੰਖੀ ਰਾਇ ਗਰੁੜ ਤਾ ਚੇ **ਬਾਧਵਾ**।" (ਸੰਬੰਧੀ ਭਾਵ ਭਰਾ)— ਧਨਾ **ਤ੍ਰਿਲੋ**, ੧, ੨ : ੧ (695)

ਬਾਧਾ — 1. ਬੱਧਾ, ਬਝਿਆ ਹੋਇਆ, ਬੰਨ੍ਹਿਆ ਹੋਇਆ
"ਪੰਡਿਤੁ ਪੜੈ ਬੰਧਨ ਮੋਹ **ਬਾਧਾ** ਨਹ ਬੂਝੈ ਬਿਖਿਆ ਪਿਆਰਿ।" — ਸਿਰੀ **੩**, ੫੧, ੨ : ੨ (33)
ਹੋਰ ਰੂਪ — ਬਾਂਧਾ —
"ਇਹੁ ਮਨੁ ਧੰਧੈ **ਬਾਂਧਾ** ਕਰਮ ਕਮਾਇ।"
— ਬਸੰ **੩**, ੧੬, ੨ : ੧ (1176)
2. ਬੰਜ੍ਹਾਵਾ
"ਪਹਿਰਾ ਅਗਨਿ ਹਿਵੈ ਘਰੁ **ਬਾਧਾ** ਭੋਜਨੁ ਸਾਰੁ

ਕਰਾਈ।"

— ਮਾਝ **੧**, ਵਾਰ ੧੯ਸ. **੧**, ੧ : ੧ (147)

ਬਾਧਾਤਾ — ਬੰਨ੍ਹਿਆ ਹੋਇਆ

"ਨਾਨਕ ਪਾਪ ਕਰੇ ਤਿਨ ਕਾਰਣਿ ਜਾਸੀ ਜਮ ਪੁਰਿ **ਬਾਧਾਤਾ**।" — ਗਉ **੧**, ੧੪, ੪ : ੨ (155)

ਬਾਧਿ — ਬੰਨ੍ਹ ਕੇ

"ਘੂੰਅਰ **ਬਾਧਿ** ਭਏ ਰਾਮਦਾਸਾ ਰੋਟੀ ਅਨ ਕੇ ਓਪਾਵਾ।" — ਮਾਰੂ **੫**, ੧੫, ੩ : ੧ (1003)

ਹੋਰ ਰੂਪ — ਬਾਂਧਿ —

"ਬਹਤੀ ਮਨਸਾ ਰਾਖਹੁ **ਬਾਂਧਿ**।" (ਬੰਨ੍ਹ ਕੇ, ਭਾਵ ਕਾਬੂ ਵਿਚ)

ਬਧਿਓ — ਬੰਨ੍ਹੀਦਾ ਹੈ, ਬੱਝਦਾ ਹੈ

"ਕਿਉ **ਬਾਧਿਓ** ਕਿਉ ਮੁਕਤੀ ਪਾਵੈ।"

— ਗਉ **੧**, ੬, ੧ : ੩ (152)

"ਜਬ ਇਨਿ ਅਪੁਨੋ **ਬਾਧਿਓ** ਮੋਹਾ।" (ਬੰਨ੍ਹਿਆ)

— ਗਉ **੫**, ਅਰ ੧, ੪ : ੧ (235)

ਹੋਰ ਰੂਪ — ਬਾਂਧਿਓ —

"ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ **ਬਾਂਧਿਓ** ਪਾਲ।" (ਬੰਨ੍ਹ ਲਿਆ/ਬੱਧਾ ਹੈ)

— ਧਨਾ **੫**, ੩੮, ੨ : ੨ (680)

ਬਾਧਿਆ — ਬੰਨ੍ਹਿਆ

"ਆਪਨ ਨਗਰੁ ਆਪ ਤੇ **ਬਾਧਿਆ**।"

— ਗਉ **ਕਬ**, ੩੦, ੧* : ੧ (329)

"ਬੰਧਨਿ ਜਾ ਕੈ ਸਭੁ ਜਗੁ **ਬਾਧਿਆ** ਅਵਰੀ ਕਾ ਨਹੀ ਹੁਕਮੁ ਪਇਆ।" (ਬੱਝਾ ਹੋਇਆ)

— ਆਸਾ **੧**, ਪਟੀ ੬ : ੨ (432)

ਹੋਰ ਰੂਪ — ਬਾਂਧਿਆ —

"ਉਛਲਿਆ ਕਾਮੁ ਕਾਲ ਮਤਿ ਲਾਗੀ ਤਉ ਆਨਿ ਸਕਤਿ ਗਲਿ **ਬਾਂਧਿਆ**।" (ਬੱਝ ਗਿਆ) — ਸਿਰੀ **ਬੇਣੀ**, ੧, ੨ : ੪ (93)

"ਸਾਚ ਧਰਮ ਕਾ ਬੇੜਾ **ਬਾਂਧਿਆ** ਭਵ ਜਲ ਪਾਰਿ ਪਵਾਈ।" (ਬੰਨ੍ਹਿਆ)

— ਰਾਮ **੫**, ਅਸ ੬, ੧੬ : ੧ (916)

ਬਾਧਿਲਾ — ਬੰਨ੍ਹ ਲਿਆ

"ਨਾਮਾ ਸੁਲਤਾਨੇ **ਬਾਧਿਲਾ**।"

— ਭੈਰ **ਨਾਮ**, ੧੦, ੧* : ੧ (1165)

ਬਾਧੀ — ਬੱਝ/ਬੰਨ੍ਹੀ ਗਈ

"ਅੰਧੀ ਨਾਮੁ ਨ ਚੇਤਈ ਸਭ **ਬਾਧੀ** ਜਮਕਾਲਿ।"

— ਸਿਰੀ **੩**, ੪੭, ੩ : ੨ (32)

"ਬਿਨੁ ਨਾਵੈ **ਬਾਧੀ** ਸਭ ਕਾਲਿ।" (ਬੰਨ੍ਹ ਲਈ)

— ਗਉ **੧**, ੫, ੧* : ੨ (152)

"ਆਪਿ ਨਿਰਾਲਮੁ ਧੰਧੈ **ਬਾਧੀ** ਕਰਿ ਹੁਕਮੁ ਛਡਾਵਣਹਾਰੋ।" (ਬੰਨ੍ਹਿਆ ਹੈ)

— ਵਡ **੧**, ਅਲਾ ੪, ੨ : ੫ (581)

"ਪੀਰ ਗਈ **ਬਾਧੀ** ਮਨਿ ਧੀਰਾ ਮੋਹਿਓ ਅਨਦ ਧੁਨੀ।" (ਬੱਝ ਗਈ)

— ਬਿਲਾ **੫**, ੧੨੭, ੧ : ੧ (829)

"**ਬਾਧੀ** ਧੰਧਿ ਅੰਧ ਨਹੀ ਸੂਝੈ ਬਧਿਕ ਕਰਮ ਕਮਾਵੈ।" (ਬਝੀ ਹੋਈ)

— ਮਲਾ **੧**, ਅਸ ੨, ੮ : ੧ (1274)

ਹੋਰ ਰੂਪ — ਬਾਂਧੀ —

"ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ **ਬਾਂਧੀ**।" (ਬੱਝੀ ਹੋਈ)

— ਗਉ **ਕਬ**, ੪੩, ੧* : ੨ (331)

"ਨੇਮ ਕਰਿ ਕੋਠਰੀ **ਬਾਂਧੀ** ਬਸਤੁ ਅਨੂਪੁ ਬੀਚ ਪਾਈ।" (ਬੰਨ੍ਹੀ ਭਾਵ ਬਣਾਈ)

— ਗਉ **ਕਬ**, ੭੩, ੧ : ੧ (339)

ਬਾਂਧੀਅਹਿ — ਬੰਨ੍ਹੀਏ ਅਰਥਾਤ ਬਣਾਈਏ

"ਨੀਤ ਨੀਤ ਘਰ **ਬਾਂਧੀਅਹਿ** ਜੇ ਰਹਣਾ ਹੋਈ।"

— ਆਸਾ **੧**, ਅਸ ੧੩, ੨ : ੧ (418)

ਬਾਧੀਆ — ਬੰਨ੍ਹੀ ਹੋਈ, ਬਝੀ ਹੋਈ

"ਕੋਮਲ ਬੰਧਨ **ਬਾਧੀਆ** ਨਾਨਕ ਕਰਮਹਿ ਲੇਖ।"

— ਰਾਮ **੫**, ਰੁਤੀ ੩, ੧ਸ : ੨ (928)

ਬਾਧੇ — 1. ਬੰਨ੍ਹੇ ਹਨ

"ਇਤ ਉਤ ਮਨਮੁਖ **ਬਾਧੇ** ਕਾਲ।"

— ਗਉ **੧**, ੧੧, ੩ : ੨ (154)

"ਆਪ ਕਮਾਇਐ ਆਪੇ **ਬਾਧੇ**।" (ਬੱਝਦੇ ਹਾਂ)

— ਗਉ **੫**, ੧੬੮, ੪ : ੧ (199)

"**ਬਾਧੇ** ਜਮ ਕੀ ਜੇਵਰੀ ਮੀਠੀ ਮਾਇਆ ਰੰਗ।"

— ਗਉ **੫**, ਬਾਅ ੯ : ੫ (252)

"ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ **ਬਾਧੇ**।" (ਬਝ ਗਏ)

— ਸੋਰ **੫**, ਅਸ ੩, ੧ : ੨ (641)

2. ਬਝੇ ਹੋਏ

"ਜਮਪੁਰਿ **ਬਾਧੇ** ਮਾਰੀਅਹਿ ਬਿਰਥਾ ਜਨਮੁ ਗਵਾਈ।"
— ਆਸਾ **੩**, ਅਸ ੨੯, ੬ : ੨ (426)

ਹੋਰ ਰੂਪ — ਬਾਂਧੇ —
"ਮੇਲੀ ਅਪਨੇ ਉਨਿਲੇ **ਬਾਂਧੇ**।" (ਬੰਨ੍ਹੇ)
— ਆਸਾ **੫**, ੮੭, ੩ : ੩ (392)
"ਇਸ ਮਾਇਆ ਕਉ ਦ੍ਰਿੜੁ ਕਰਿ ਰਾਖਹੁ **ਬਾਂਧੇ** ਆਪ ਬਚਨੀ।" (ਬੰਨ੍ਹ ਕੇ)
— ਬਿਲਾ **ਕਬ**, ੯, ੧ : ੨ (857)

ਬਾਧੈ — ਬੰਨ੍ਹ ਕੇ
"ਕਹੁ ਛਡੀਆ **ਬਾਧੈ** ਧਨ ਖੜੀ।"
— ਗਉ **ਕਬ**, ੫੦, ੧* : ੧ (333)

ਹੋਰ ਰੂਪ — ਬਾਂਧੈ —
"ਮੇਰੀ ਬਾਂਧੀ ਭਗਤੁ ਛਡਾਵੈ **ਬਾਂਧੈ** ਭਗਤੁ ਨ ਛੂਟੈ ਮੋਹਿ।" (ਬੰਨ੍ਹੇ)
— ਸਾਰ **ਨਾਮ**, ੩, ੧ : ੧ (1252)

ਬਾਧੋ — ਬੰਨ੍ਹਿਆ ਹੈ
"ਸਭੁ ਜਗੁ **ਬਾਧੋ** ਕਾਲ ਕੋ ਬਿਨੁ ਗੁਰ ਕਾਲੁ ਅਫਾਰੁ।" — ਸਿਰੀ **੧**, ਅਸ ੪, ੨ : ੧ (55)

ਬਾਂਧੋ — ਰੋਕਿਆ
"ਆਸਾ ਮਨਸਾ **ਬਾਂਧੋ** ਬਾਰੁ।"
— ਬਸੰ **੧**, ਅਸ ੧, ੬ : ੩ (1187)

ਬਾਧੌ — ਬੰਨ੍ਹਿਆ ਹੈ
"ਦੂਖ ਸੂਖ **ਬਾਧੌ** ਸੰਸਾਰ।"
— ਬਸੰ **੫**, ਅਸ ੨, ੪ : ੨ (1192)

ਬਾਨ — 1. ਬੰਧਨ (ਮਹਾਨਕੋਸ਼), ਘਾਟ, ਕਸਰ (ਸ਼ਬਦਅਰਥ), ਸੁਭਾਵ (ਭਾਵ ਮਾੜਾ ਸੁਭਾ) (ਕੋਸ਼)
"ਜਾ ਕੇ ਚਾਕਰ ਕਉ ਨਹੀ **ਬਾਨ**।"
— ਗਉ **੫**, ਅਸ ੬, ੬ : ੨ (449)
2. ਤੀਰ
"ਸਨਮੁਖ ਸਹਿ **ਬਾਨ** ਸਨਮੁਖ ਸਹਿ **ਬਾਨ** ਹੇ ਮ੍ਰਿਗ ਅਰਪੇ ਮਨ ਤਨ ਪ੍ਰਾਨ ਹੇ ਓਹੁ ਬੇਧਿਓ ਸਹਜ ਸਰੋਤ।"
— ਆਸਾ **੫**, ਛੰਤ ੧੪, ੨ : ੨ (462)

ਬਾਨਵੈ — ਗਿਣਤੀ ਦੀ ਇਕ ਇਕਾਈ, ਦੋ ਉਪਰ ਨਬੇ
"ਜਾਂ ਚੈ ਘਰਿ ਨਿਕਟ ਵਰਤੀ ਅਰਜਨੁ ਧ੍ਰੂ ਪ੍ਰਹਲਾਦੁ ਅੰਬਰੀਕੁ ਨਾਰਦ ਨੇਜੈ ਸਿਧ ਬੁਧ ਗਣ ਗੰਧਰਬ **ਬਾਨਵੈ** ਹੇਲਾ।"— ਮਲਾ **ਨਾਮ**, ੧, ੫ : ੧ (1292)

ਬਾਨਾ — 1. ਪੇਟਾ
"ਤਾਨਾ **ਬਾਨਾ** ਕਛੂਨ ਸੂਝੈ ਹਰਿ ਹਰਿ ਰਸਿ ਲਪਟਿਓ।" — ਬਿਲਾ **ਕਬ**, ੪, ੧ : ੨ (856)
2. ਬਨ ਵਿਚ ਜੰਗਲ ਵਿਚ
"ਆਪੇ ਗਊ ਚਰਾਵੈ **ਬਾਨਾ**।"
— ਮਾਰੂ **੫**, ਸੋਲਾ ੧੧, ੧੫ : ੨ (1083)

ਬਾਨਾਂ — ਬਣਾਵਟ ਬਣਾਈ ਹੈ
"ਮਾਥੇ ਤਿਲਕੁ ਹਥਿ ਮਾਲਾ **ਬਾਨਾਂ**।"
— ਭੈਰ **ਕਬ**, ੬, ੧ : ੧ (1158)

ਬਾਨਾਰਸਿ — ਵਾਰਾਨਸੀ, ਉੱਤਰ ਪ੍ਰਦੇਸ਼ ਵਿਚ ਹਿੰਦੂਆਂ ਦਾ ਇਕ ਤੀਰਥ ਸਥਾਨ
"ਓਇ ਹਰਿ ਕੇ ਸੰਤ ਨ ਆਖੀਅਹਿ **ਬਾਨਾਰਸਿ** ਕੇ ਠਗ।" — ਆਸਾ **ਕਬ**, ੨, ੧ : ੩ (476)

ਬਾਨਾਰਸੀ — ਬਨਾਰਸ ਵਿਚ
"**ਬਾਨਾਰਸੀ** ਤਪੁ ਕਰੈ ਉਲਟਿ ਤੀਰਥ ਮਰੈ ਅਗਨਿ ਦਹੈ ਕਾਇਆ ਕਲਪੁ ਕੀਜੈ।"
— ਰਾਮ **ਨਾਮ**, ੪, ੧ : ੧ (973)
"ਮੇਰੀ ਜਾਤਿ ਕੁਟਬਾਂਢਲਾ ਢੋਰ ਢੋਵੰਤਾ ਨਿਤਹਿ **ਬਾਨਾਰਸੀ** ਆਸ ਪਾਸਾ।" (ਬਨਾਰਸ ਦੇ ਵਿਚ)
— ਮਾਲਾ **ਰਵਿ**, ੧, ੩ : ੧ (1293)

ਬਾਨਿ — ਆਦਤ, ਸੁਭਾ
"ਤੂੰ ਰਾਮ ਰਹਨ ਕੀ ਛੋਡੁ **ਬਾਨਿ**।"
— ਬਸੰ **ਕਬ**, ੪, ੨ : ੩ (1194)

ਬਾਨੀ — 1. ਸ਼ਬਦ, ਬਾਣੀ, ਕਾਵਿ-ਬੋਲ, ਬੋਲ
"ਜਾਹ ਭਉ ਨਾਹੀ ਤਹਾ ਆਸਨੁ ਬਾਧਿਓ ਸਿੰਗੀ ਅਨਹਤ **ਬਾਨੀ**।" (ਸ਼ਬਦ, ਬੋਲ)
— ਗਉ **੫**, ੧੩੨*, ੪ : ੧ (208)
"ਪ੍ਰਭ ਕੈ ਸਿਮਰਨਿ ਹਰਿ ਗੁਨ **ਬਾਨੀ**।" (ਬਾਣੀ)
— ਗਉ **੫**, ਸੁਖ ੧, ੭ : ੩ (263)
"ਨਿਰਮਲ ਸੋਭਾ ਅੰਮ੍ਰਿਤ ਤਾਕੀ **ਬਾਨੀ**।" (ਬੋਲ, ਵਚਨ) —ਗਉ **੫**, ਸੁਖ ੨੪, ੮ : ੫ (296)
2. ਬੋਲੀ, ਬਚਨ
"ਮਧੁਰ **ਬਾਨੀ** ਪਿਰਹਿ ਮਾਨੀ ਥਿਰੁ ਸੋਹਾਗੁ ਤਾ ਕਾ ਬਣਾ।"— ਆਸਾ **੫**, ਛੰਤ ੧, ੨:੫ (457)

"ਕ੍ਰਥਾ ਪੁਰਾਤਨ ਇਉ ਸੁਣੀ ਭਗਤਨ ਕੀ **ਬੋਨੀ**।" (ਭਾਵ ਜ਼ੁਬਾਨੀ)
— ਬਿਲਾ **ਪ**, ੫੬, ੩ : ੧ (815)

3. ਰੰਗ
"ਕੁਮ੍ਹਾਰੈ ਏਕ ਜੁ ਮਾਟੀ ਗੂੰਧੀ ਬਹੁ ਬਿਧਿ **ਬਾਨੀ** ਲਾਈ।"— ਆਸਾ **ਕਬ**, ੧੬, ੨ : ੧ (479)

4. ਭਾਂਤ, ਕਿਸਮ, ਪ੍ਰਕਾਰ
"ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ **ਬਾਨੀ**।"
— ਸੋਰ **ਰਵਿ**, ੨, ੨ : ੧ (658)

5. ਤੀਰਾਂ ਨਾਲ
"ਪਾਂਚ ਮਿਰਗ ਬੇਧੇ ਸਿਵ ਕੀ **ਬਾਨੀ**।"
— ਭੈਰ **ਪ**, ੪, ੧ : ੨ (1136)

6. ਆਦਤ, ਸੁਭਾਉ
"ਪਰ ਦਰਬੁ ਹਿਰਨ ਕੀ **ਬਾਨੀ**।"
— ਪ੍ਰਭਾ **ਬੇਣੀ**, ੧, ੨ : ੪ (1351)

ਬਾਨੁ — ਤੀਰ
"ਕਬੀਰ ਸਤਿਗੁਰ ਸੂਰਮੇ ਬਾਹਿਆ **ਬਾਨੁ** ਜੁ ਏਕੁ।"
— ਸਲੋ **ਕਬ**, ੧੯੪ : ੧ (1374)

ਬਾਨੇ — ਬਾਣੀ
"ਹਰਿ ਪੀ ਅਘਾਨੇ ਅੰਮ੍ਰਿਤ **ਬਾਨੇ** ਸ੍ਰਬ ਸੁਖਾ ਮਨ ਵੁਠੇ।" — ਸਿਰੀ **ਪ**, ਛੰਤ ੨, ੫ : ੩ (80)

ਬਾਨੈ — ਬਨ ਵਿਚ
"ਬਾਵਨ ਬੀਖੂ **ਬਾਨੈ** ਬੀਖੇ ਬਾਸੁ ਤੇ ਸੁਖ ਲਾਗਿਲਾ।"
— ਪ੍ਰਭਾ **ਨਾਮ**, ੨, ੨ : ੧ (1351)

ਬਾਪ — ਪਿਤਾ
"ਕਾ ਕੀ ਮਾਈ ਕਾ ਕੋ **ਬਾਪ**।"
— ਗਉ **ਪ**, ੧੧੨, ੧ : ੧ (188)

ਬਾਪਰੋ — ਬਪੁਰਾ, ਵਿਚਾਰਾ
"ਐਸੇ ਰਾਮ ਨਾਮਾ ਬਿਨੁ **ਬਾਪਰੋ** ਨਾਮਾ।"
— ਗੋਂਡ **ਨਾਮ**, ੪, ੧* : ੨ (874)

ਬਾਪਾ — ਪਿਤਾ
"ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ **ਬਾਪਾ**।" — ਸਿਰੀ **ਪ**, ੯੭, ੨ : ੨ (51)

ਬਾਪਾਰ — ਵਣਜ, ਵਿਉਪਾਰ
"ਆਨ **ਬਾਪਾਰ** ਬਨਜ ਜੋ ਕਰੀਅਹਿ ਤੇਤੇ ਦੂਖ ਸਹਾਮਾ।" — ਸਾਰ **ਪ**, ੩੫, ੨ : ੧ (1211)

ਹੋਰ ਰੂਪ — ਬਾਪਾਰਿ —
"**ਬਾਪਾਰਿ** ਗੋਵਿੰਦ ਨਾਏ।" (ਵਣਜ ਦੁਆਰਾ)
— ਆਸਾ **ਪ**, ੧੫੩, ੧* : ੧ (408)

ਬਾਪਾਰੀ — ਵਣਜ ਕਰਨ ਵਾਲਾ, ਵਿਉਪਾਰੀ
"ਕਵਨੁ **ਬਾਪਾਰੀ** ਜਾ ਕਾ ਊਹਾ ਵਿਸਾਹੁ।"
— ਗਉ **ਪ**, ੮੫, ੧ : ੪ (181)

ਬਾਪਿ — ਪਿਤਾ ਨੇ
"**ਬਾਪਿ** ਦਿਲਾਸਾ ਮੇਰੋ ਕੀਨ੍ਹਾ।"
— ਆਸਾ **ਕਬ**, ੩, ੧ : ੧ (476)

ਹੋਰ ਰੂਪ — ਬਾਪੁ —
"ਤੂੰ ਸਾਝਾ ਸਾਹਿਬ **ਬਾਪੁ** ਹਮਾਰਾ।"
— ਮਾਝ **ਪ**, ੯, ੨ : ੧ (97)

ਬਾਪੁਰਾ — ਵਿਚਾਰਾ, ਬਪੁਰਾ
"ਹੀਰਾ ਕਿਸ ਕਾ **ਬਾਪੁਰਾ** ਪੁਜਹਿ ਨ ਰਤਨ ਕਰੋੜਿ।" — ਸਲੋ **ਕਬ**, ੧੫੩ : ੧ (1372)

ਹੋਰ ਰੂਪ — ਬਾਪੁਰੀ —
"ਦੇਹੀ ਕਿਸ ਕੀ **ਬਾਪੁਰੀ** ਪਵਿਤ੍ਰੁ ਹੋਇਗੋ ਗ੍ਰਾਮੁ।"
— ਸਲੋ **ਕਬ**, ੧੧੦ : ੨ (1370)

ਬਾਪੁਰੇ —
"ਤੁਮ ਚੰਦਨ ਹਮ ਇਰੰਡ **ਬਾਪੁਰੇ** ਸੰਗਿ ਤੁਮਾਰੇ ਬਾਸਾ।" (ਵਿਚਾਰੇ, ਨਿਮਾਣੇ)
— ਆਸਾ **ਰਵਿ**, ੩, ੧ : ੧ (486)

"ਤੂਟਿ ਜਾਇਗੋ ਸੂਤੁ **ਬਾਪੁਰੇ** ਫਿਰਿ ਪਾਛੈ ਪਛੁਤੋਹੀ।" — ਸੋਰ **ਪ**, ੪, ੩ : ੨ (609)

ਬਾਪਰੋ —
"ਤੈਸੇ ਰਾਮ ਨਾਮਾ ਬਿਨੁ **ਬਾਪਰੋ** ਨਾਮਾ।" (ਵਿਚਾਰਾ, ਨਿਮਾਣਾ)
— ਗੋਂਡ **ਨਾਮ**, ੪, ੫ : ੨ (874)

ਬਾਪੈ — ਪਿਤਾ ਤੋਂ, ਪਿਤਾ ਦਾ
"ਬਲਿ ਤਿਸੁ **ਬਾਪੈ** ਜਿਨਿ ਹਉ ਜਾਇਆ।"
— ਆਸਾ **ਕਬ**, ੩, ੨ : ੧ (476)

"ਆਪਨ **ਬਾਪੈ** ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ।" — ਸੋਰ **ਰਵਿ**, ੨, ੩ : ੧ (658)

ਹੋਰ ਰੂਪ — ਬਾਪੋ —
"ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨ **ਬਾਪੋ** ਰੇ।"
— ਗਉ **ਕਬ**, ੭੦, ੨ : ੨ (339)

ਬਾਬਰਵਾਣੀ — ਬਾਬਰ ਦੀ ਦੁਹਾਈ
"**ਬਾਬਰਵਾਣੀ** ਫਿਰਿ ਗਈ ਕੁਇਰੁ ਨ ਰੋਟੀ ਖਾਇ।"
— ਆਸਾ **੧**, ਅਸ ੧੧, ੫ : ੩ (417)

ਬਾਬਾ — 1. ਹੇ ਭਾਈ! ਹੇ ਬਾਬਾ!
"**ਬਾਬਾ** ਜੈ ਘਰਿ ਕਰਤੇ ਕੀਰਤਿ ਹੋਇ।"
— ਆਸਾ **੧**, ਸੋਹ ੨, ੧* : ੧ (12)
"**ਬਾਬਾ** ਬੋਲੀਐ ਪਤਿ ਹੋਇ।"
— ਸਿਰੀ **੧**, ੪, ੧* : ੧ (15)
"ਹਉ ਖਰੀ ਦੁਹੇਲੀ ਹੋਈ **ਬਾਬਾ** ਨਾਨਕ ਮੇਰੀ ਬਾਤ ਨ ਪੁਛੈ ਕੋਈ।"— ਗਉ **੧**, ੧੩, ੩* : ੧ (155)
"**ਬਾਬਾ** ਹੋਰੁ ਖਾਣਾ ਖੁਸੀ ਖੁਆਰੁ।"
— ਸਿਰੀ **੧**, ੭, ੧* : ੧ (16)
(ਮਹਾਨਕੋਸ਼ ਇਥੇ ਅਰਥ 'ਪਿਤਾ' ਕਰਦੇ ਹਨ)
2. ਪਿਤਾ, ਬਾਪ
"**ਬਾਬਾ** ਮੈ ਵਰੁ ਦੇਹਿ ਮੈ ਹਰਿ ਵਰੁ ਭਾਵੈ ਤਿਸ ਕੀ ਬਲਿ ਰਾਮ ਜੀਉ।"
— ਸੂਹੀ **੧**, ਛੰਤ ੧, ੨ : ੧ (763)
"**ਬਾਬਾ** ਜਿਸੁ ਤੂ ਦੇਹਿ ਸੋਈ ਜਨੁ ਪਾਵੈ।" (ਸਤਿਕਾਰ ਯੋਗ ਸਤਿਗੁਰੂ)
— ਰਾਮ **੩**, ਅਨੰ ੮ : ੧ (917)
3. ਸਨਮਾਨ ਬੋਧਿਕ ਸ਼ਬਦ
"**ਬਾਬਾ** ਆਦਮ ਕਉ ਕਿਛੁ ਨਦਰਿ ਦਿਖਾਈ।"
— ਭੈਰ **ਕਬ**, ੧੫, ੨ : ੩ (1161)

ਬਾਬਾਣੀਆਂ — ਬਾਬਿਆਂ (ਬਜ਼ੁਰਗਾਂ) ਦੀਆਂ ਗਲਾਂ/ ਵਾਰਤਾਵਾਂ
"**ਬਾਬਾਣੀਆਂ** ਕਹਾਣੀਆ ਪੁਤ ਸਪੁਤ ਕਰੇਨਿ।"
— ਰਾਮ **੩**, ਵਾਰ ੧੦ਸ, **੩**, ੧ : ੧ (951)

ਬਾਬੀਹਾ — ਇਕ ਜੀਵ, ਪਪੀਹਾ
"**ਬਾਬੀਹਾ** ਪ੍ਰਿਉ ਬੋਲੇ ਕੋਕਿਲ ਬਾਣੀਆ।"
— ਤੁਖਾ **੧**, ਬਾਰਾ ੨ : ੧ (1107)
ਹੋਰ ਰੂਪ — ਬਾਬੀਹੇ —
"**ਬਾਬੀਹੇ** ਕੂਕ ਪੁਕਾਰ ਰਹਿ ਗਈ ਸੁਖੁ ਵਸਿਆ ਮਨਿ ਆਇ।" (ਪਪੀਹੇ ਦੀ)
— ਮਾਝ **੧**, ਵਾਰ ੧੫ਸ, **੩**, ੧ : ੩ (1284)
ਬਾਬੀਹੈ —
"**ਬਾਬੀਹੈ** ਹੁਕਮੁ ਪਛਾਣਿਆ ਗੁਰ ਕੈ ਸਹਜਿ ਸੁਭਾਇ।" (ਪਪਹੇ ਨੇ)
— ਮਲਾ **੧**, ਵਾਰ ੧੫ਸ, **੩**, ੧ : ੧ (1284)

ਬਾਬੁਲ — ਪਿਤਾ, ਬਾਪ
"**ਬਾਬੁਲ** ਕੈ ਘਰਿ ਬੇਟੜੀ ਬਾਲੀ ਬਾਲੈ ਨੇਹਿ।"
— ਰਾਮ **੧**, ਓਅੰ ੪੦ : ੩ (935)
ਹੋਰ ਰੂਪ — ਬਾਬੁਲਾ —
"ਵੀਆਹੁ ਹੋਆ ਮੇਰੇ **ਬਾਬੁਲਾ** ਗੁਰਮੁਖੇ ਹਰਿ ਪਾਇਆ।" (ਹੇ ਬਾਬੁਲ)
— ਸਿਰੀ **੪**, ਛੰਤ ੧, ੨ : ੧ (78)
ਬਾਬੁਲਿ —
"**ਬਾਬੁਲਿ** ਦਿਤੜੀ ਦੂਰਿ ਨਾ ਆਵੈ ਘਰਿ ਪੇਈਐ ਬਲਿ ਰਾਮ ਜੀਉ।" (ਬਾਬੁਲ ਨੇ)
— ਸੂਹੀ **੧**, ਛੰਤ ੧੨, ੪ : ੧ (764)
ਬਾਬੁਲੁ —
"**ਬਾਬੁਲੁ** ਮੇਰਾ ਵਡ ਸਮਰਥਾ ਕਰਣ ਕਾਰਣ ਪ੍ਰਭੁਹਾਰਾ।" (ਪਿਤਾ ਭਾਵ ਹਰਿ)
— ਸੂਹੀ **੫**, ਛੰਤ ੨, ੧ : ੩ (777)

ਬਾਬੈ — ਸਤਿਕਾਰ ਯੋਗ ਬਜ਼ੁਰਗ ਨੇ
"ਗੁਰਿ **ਬਾਬੈ** ਫਿਟਕੇ ਸੇ ਫਿਟੇ ਗੁਰਿ ਅੰਗਦਿ ਕੀਤੇ ਕੂੜਿਆਰੇ।"
— ਗਉ **੪**, ਵਾਰ ੧੪ਸ, **੪**, ੧ : ੫ (307)

ਬਾਬੋਲਾ — ਹੇ ਪਿਤਾ, ਹੇ ਬਾਬਲ
"ਵੀਆਹੁ ਹੋਆ ਮੇਰੇ **ਬਾਬੋਲਾ** ਗੁਰਮੁਖੇ ਹਰਿ ਪਾਇਆ।" — ਸਿਰੀ **੪**, ਛੰਤ ੧, ੨ : ੬ (78)

ਬਾਮਣ — ਬ੍ਰਾਹਮਣ, ਪੰਡਿਤ
"ਮੂਰਖ **ਬਾਮਣ** ਪ੍ਰਭੂ ਸਮਾਲਿ।"
— ਆਸਾ **੫**, ੮, ੪ : ੧ (372)
ਹੋਰ ਰੂਪ — ਬਾਮਣਾ —
"ਕਾਜੀਆ **ਬਾਮਣਾ** ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ।" (ਬ੍ਰਾਹਮਣਾਂ, ਪੰਡਿਤਾਂ)
— ਤਿਲੰ **੧**, ੫, ੧* : ੪ (722)
ਬਾਮਣੁ —
"**ਬਾਮਣੁ** ਬਿਰਥਾ ਗਇਓ ਜਨੰਮੁ ਜਿਨਿ ਕੀਤੋ ਸੋ ਵਿਸਰੇ।" (ਹੇ ਬ੍ਰਾਹਮਣ)
— ਸਲੋ **੫**, ੪ : ੨ (1425)

ਬਾਮਨ — ਬ੍ਰਾਹਮਣ
"ਕਹੁ ਰੇ ਪੰਡਿਤ **ਬਾਮਨ** ਕਬ ਕੇ ਹੋਏ।"
— ਗਉ **ਕਬ**, ੭, ੧* : ੧ (324)

ਹੋਰ ਰੂਪ — ਬਾਮਨੁ —
"ਕਬੀਰ **ਬਾਮਨੁ** ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ।"
— ਸਲੋ **ਕਬ**, ੨੩੭ : ੧ (1377)

ਬਾਮ੍ਹਣੁ — ਬ੍ਰਾਹਮਣ
"ਤਗੁ ਕਪਾਹਹੁ ਕਤੀਐ **ਬਾਮ੍ਹਣੁ** ਵਟੇ ਆਇ।"
— ਆਸਾ **੧**, ਵਾਰ ੧੫ਸ, **੧**, ੨ : ੩ (411)

ਬਾਮ੍ਹਨ — ਬ੍ਰਾਹਮਣ
"ਕਾਹੇ ਮੇਰੇ **ਬਾਮ੍ਹਨ** ਹਰਿ ਨ ਕਹਹਿ।"
— ਰਾਮ **ਕਬ**, ੫, ੧* : ੧ (970)

ਹੋਰ ਰੂਪ — ਬਾਮ੍ਹਨੁ —
"ਤੂੰ **ਬਾਮ੍ਹਨੁ** ਮੈ ਕਾਸੀਕ ਜੁਲਹਾ ਬੂਝਹੁ ਮੋਰ ਗਿਆਨਾ।"
— ਆਸਾ **ਕਬ**, ੨੬, ੩ : ੧ (482)

ਬਾਰ — 1. ਦਰਵਾਜਾ
"ਬਾਗ ਮਿਲਖ ਘਰ **ਬਾਰ** ਕਿਥੈ ਸਿ ਆਪਣੇ।"
(ਭਾਵ ਘਰ ਘਾਟ)— ਮਾਝ **੧**, ਵਾਰ ੮ : ੬ (141)
"ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ **ਬਾਰ**।"
— ਸਲੋ **ਕਬ**, ੬੧ : ੨ (1367)

2. ਮੁੜ, ਪੁਨਹਿ, ਫਿਰ
"ਹਮਰੇ ਅਵਗੁਣ ਬਹੁਤੁ ਬਹੁਤੁ ਹੈ ਬਹੁ **ਬਾਰ** **ਬਾਰ** ਹਰਿ ਗਣਤ ਨ ਆਵੈ।" (ਦੁਬਾਰਾ ਦੁਬਾਰਾ) — ਗਉ **੪**, ੪੯, ੨ : ੧ (167)
"ਬਾਰੰ **ਬਾਰ ਬਾਰ** ਪ੍ਰਭੁ ਜਪੀਐ।"
— ਗਉ **੫**, ਸੁਖ ੧੦, ੭ : ੫ (286)
(ਮਹਾਨਕੋਸ਼ ਇਥੇ ਅਰਥ ਮੂਲ ਕਾਰਣ ਕਰਦੇ ਹਨ)

3. ਵਾਰ, ਦਫਾਅ
"ਅਨਿਕ **ਬਾਰ** ਨਾਨਕ ਬਲਿਹਾਰਾ।"
— ਗਉ **੫**, ੧੪੮, ੪ : ੧ (195)
"ਕਈ **ਬਾਰ** ਪਸਰਿਓ ਪਾਸਾਰ।"
— ਗਉ **੫**, ਸੁਖ ੧੦, ੭ : ੫ (276)

4. ਢਿਲ, ਢੇਰੀ
"ਕੋਟਿ ਪਤਿਤ ਉਧਾਰੇ ਖਿਨ ਮਹਿ ਕਰਤੇ **ਬਾਰ** ਨ ਲਾਗੈਰੇ।"
— ਗਉ **੫**, ੧੩੭*, ੨ : ੧ (209)

5. ਵੇਲੇ, ਸਮੇਂ
"ਮਨ ਕੈ ਕਾਮਿ ਨ ਆਵਈ ਅੰਤੇ ਅਉਸਰ **ਬਾਰ**।" — ਗਉ **੫**, ਬਾਅ ੩੩ : ੪ (257)
"ਅੰਤ ਕੀ **ਬਾਰ** ਨਹੀ ਕਛੁ ਤੇਰਾ।"
— ਗਉ **ਕਬ**, ੧੧, ੧* : ੨ (325)

6. ਬਾਲ, ਬਾਲਕ
"**ਬਾਰ** ਬਿਵਸਥਾ ਤੁਝਹਿ ਪਿਆਰੈ ਦੂਧ।"
— ਗਉ **੫**, ਸੁਖ ੪, ੧ : ੫ (266)

7. ਮੌਕਾ
"ਇਹੀ ਤੇਰਾ ਅਉਸਰੁ ਇਹ ਤੇਰੀ **ਬਾਰ**।"
— ਭੈਰ **ਕਬ**, ੯, ੫ : ੧ (1159)

ਬਾਰਸਿ — ਬਾਰ੍ਹਵੀਂ
"**ਬਾਰਸਿ** ਬਾਰਹ ਉਗਵੈ ਸੂਰ।"
— ਗਉ **ਕਬ**, ਥਿਤੀ ੧੩ : ੧ (344)

ਬਾਰਹ — ਬਾਰਾਂ, 12 ਗਿਣਤੀ ਦੀ ਇਕ ਇਕਾਈ
"ਬਾਰਸਿ **ਬਾਰਹ** ਉਗਵੈ ਸੂਰ।"
— ਗਉ **ਕਬ**, ਥਿਤੀ ੧੩ : ੧ (344)

ਬਾਰਹਾ — ਬਾਰਾਂ
"**ਬਾਰਹਾ** ਕੰਚਨੁ ਸੁਧੁ ਕਰਾਇਆ।"
— ਮਾਰੂ **੫**, ਸੋਲਾ ੩, ੧੬ : ੧ (1074)

ਹੋਰ ਰੂਪ — ਬਾਰਹਿ —
"ਜਬ ਤੇ ਸੁਧ ਭਏ ਹੈ **ਬਾਰਹਿ** ਤਬ ਤੇ ਥਾਨ ਥਿਰੇ।" (ਬਾਰਾਂ ਵੰਰੀਆਂ ਦਾ)
— ਸਾਰ **੫**, ੩, ੨ : ੨ (1203)

ਬਾਰੰਤਰਿ — ਬਾਰ ਤੋਂ ਆਉਣ ਵਾਲੀ, ਦਰ ਉਤੇ
"ਅਬ ਨਾਹਿ ਅਵਰ ਸਰਿ ਕਾਮੁ **ਬਾਰੰਤਰਿ** ਪੂਰੀ ਪੜੀ।" — ਸਵ **੫**, ਕਲ ੯, ੩ : ੨ (1408)
(ਮਹਾਨਕੋਸ਼ ਅਰਥ 'ਬਾਹਰ ਤੇ ਅੰਦਰ' ਕਰਦਾ ਹੈ)

ਬਾਰਤਾ — ਵਾਰਤਾ
"ਸੁਰਤਿ ਮਾਹਿ ਜੋ ਨਿਰਤੇ ਕਰਤੇ ਕਥਾ **ਬਾਰਤਾ** ਕਹਤੇ।" — ਆਸਾ **ਕਬ**, ੧੮, ੧* : ੨ (480)

ਬਾਰਨੈ — ਕੁਰਬਾਣ, ਬਲਿਹਾਰ, ਸਦਕੇ
"**ਬਾਰਨੈ** ਬਲਿਹਾਰਨੈ ਲਖ ਬਰੀਆ।"
— ਗਉ **੫**, ੧੪੩*, ੧* : ੧ (211)

ਬਾਰੰਬਾਰ — ਫਿਰ ਫਿਰ, ਮੁੜ ਮੁੜ
"ਸਿਮਰਿ ਸਿਮਰਿ ਨਾਮੁ **ਬਾਰੰਬਾਰ**।"
— ਗਉ **੫**, ਸੁਖ ੨੪, ੨ : ੯ (295)

ਹੋਰ ਰੂਪ — ਬਾਰੰਬਾਰਾ —
"ਕਿਆ ਸੋਚਹਿ **ਬਾਰੰਬਾਰਾ**।"

— ਸੋਰ **ਕਬ**, ੭, ੧* : ੨ (655)

ਬਾਰਾ — 1. ਵਾਰ, ਦਫਾ
"ਨਹੀ ਹੋਤ ਕਛੁ ਦੋਊ **ਬਾਰਾ**।"
— ਗਉ **ਪ**, ਬਾਅ ੧੭ : ੩ (253)
2. ਦੇਰੀ, ਸਮਾਂ
"ਤਉ ਭਵਜਲ ਤਰਤ ਲਾਵੈ **ਬਾਰਾ**।"
— ਗਉ **ਕਬ**, ਬਾਅ ੪੦ : ੪ (342)
3. ਦਰਵਾਜਾ, ਵੇਖੋ 'ਬਾਰ' (1)
"ਕੂੜੁ ਕਮਾਵਹਿ ਆਦਮੀ ਬਾਂਧਹਿ ਘਰ **ਬਾਰਾ**।"
— ਆਸਾ **੧**, ਅਸ ੧੩, ੧ : ੨ (418)

ਬਾਰਿ — 1. ਕੁਰਬਾਨ, ਬਲਿਹਾਰ, ਸਦਕੇ, ਵਾਰਨੇ
"**ਬਾਰਿ** ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ।" — ਮਾਝ **ਪ**, ਬਾਰਾ ੧੧ : ੭ (135)
2, ਵਾੜ
"ਮਨੁ ਮੰਦਰੁ ਤਨੁ ਸਾਜੀ **ਬਾਰਿ**।"
— ਗਉ **ਪ**, ੮੫, ੧ : ੧ (180)
3. ਮੁੜ ਮੁੜ ਕੇ
"**ਬਾਰਿ ਬਾਰਿ** ਜਾਉ ਸੰਤ ਸਦਕੇ।"
— ਗਉ **ਪ**, ਬਾਅ ੨੨ : ੭ (255)
4. ਦਰਵਾਜ਼ੇ ਤੇ
"ਛੂਟਨ ਕੋ ਸਹਸਾ ਪਰਿਆ ਮਨ ਬਉਰਾ ਰੇ ਨਾਚਿਓ ਘਰ ਘਰ **ਬਾਰਿ**।"
— ਗਉ **ਕਬ**, ੫੭, ੨ : ੨ (336)
5. ਜੰਗਲ
"**ਬਾਰਿ** ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ।"
— ਗੂਜ **ਪ**, ਵਾਰ ੧੦, **ਪ**, ੧ : ੧ (520)
6. ਬਾਰ ਦਾ ਇਲਾਕਾ, ਪੰਜਾਬ ਦੇ ਇਕ ਇਲਾਕੇ ਦਾ ਨਾਂ
"ਬਨ ਫੂਲੇ ਮੰਝ **ਬਾਰਿ** ਮੈ ਪਿਰੁ ਘਰਿ ਬਾਹੁੜੈ।"
— ਤੁਖਾ **੧**, ਬਾਰਾ ੫ : ੨ (1108)

ਬਾਰਿਕ — 1. ਬਾਲਕ, ਬਚੇ
"ਭੂਲਹਿ ਚੂਕਹਿ **ਬਾਰਿਕ** ਤੂੰ ਹਰਿ ਪਿਤਾ ਮਾਇਆ।"
— ਸਿਰੀ **ਪ**, ੯੭, ੧ : ੨ (51)
2. ਬਚਪਣ, ਬਾਲ ਅਵਸਥਾ
"ਨਹ **ਬਾਰਿਕ** ਨਹ ਜੋਬਨੈ ਨਹ ਬਿਰਧੀ ਕਛੁ ਬੰਧੁ।" — ਗਉ **ਪ**, ਬਾਅ ੧੯ : ੩ (254)

ਹੋਰ ਰੂਪ — ਬਾਰਿਕੁ —
"ਜਿਉ **ਬਾਰਿਕੁ** ਪੀ ਖੀਰੁ ਅਘਾਵੈ।" (ਬੱਚਾ)
— ਮਾਝ **ਪ**, ੨੧, ੨ : ੧ (100)

ਬਾਰਿਜੁ — (ਪਾਣੀ ਤੋਂ ਪੈਦਾ ਹੋਇਆ) ਕਮਲ
"**ਬਾਰਿਜੁ** ਕਰਿ ਦਾਹਿਣੈ ਸਿਧਿ ਸਨਮੁਖ ਮੁਖੁ ਜੋਵੈ।"
— ਸਵ **੩**, ੯ : ੧ (1394)

ਬਾਰੀ — 1. ਵਾਰ, ਦਫਾਅ
"ਉਚਰਹੁ ਰਾਮ ਨਾਮੁ ਲਖ **ਬਾਰੀ**।"
— ਗਉ **ਪ**, ੧੪੪, ੧* : ੧ (194)
2. ਵਾੜੀ
"ਨਾਉ ਮੇਰੀ ਖੇਤੀ ਨਾਉ ਮੇਰੀ **ਬਾਰੀ**।"
— ਭੈਰ **ਕਬ**, ੧, ੧ : ੧ (1157)
3. ਵਾਰੀ ਆਈ
"ਪੁਨਿ ਅਸਲੇਖੀ ਕੀ ਭਈ **ਬਾਰੀ**।"
— ਰਾਗ ੧ : ੫ (1429)

ਬਾਰੁ — 1. ਦਰਵਾਜਾ, ਵੇਖੋ ਬਾਰ (1)
"ਪਿਰ ਕਾਮਹਲੁ ਨ ਪਾਵਈ ਨਾ ਦੀਸੈ ਘਰੁ **ਬਾਰੁ**।"
— ਸਿਰੀ **੩**, ੪੬, ੧ : ੩ (31)
"ਬਿਨੁ ਗੁਰ ਸਬਦ ਨਹੀ ਘਰੁ **ਬਾਰੁ**।" (ਭਾਵ ਹਰੀ ਦੁਆਰਾ)
— ਰਾਮ **੧**, ਅਸ ੬, ੮ : ੩ (906)
2. ਘਰ ਦੀ ਸਮਗਰੀ
"ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ **ਬਾਰੁ** ਮਨਾ।"— ਗਉ **੧**, ੧੪, ੧ : ੧ (155)
3. ਟਿਕਾਣਾ
"ਸੋ ਢਾਢੀ ਭਾਗਠੁ ਜਿਸੁ ਸਚਾ ਦੁਆਰ **ਬਾਰੁ**।"
— ਰਾਮ **ਪ**, ਵਾਰ, ੧੧ : ੪ (962)

ਬਾਰੁਨੀ — ਸ਼ਰਾਬ
"ਸੁਰਸਰੀ ਸਲਲ ਕ੍ਰਿਤ **ਬਾਰੁਨੀ** ਰੇ ਸੰਤ ਜਨ ਕਰਤ ਨਹੀ ਪਾਨੰ।"— ਮਾਝ **ਰਵਿ**, ੧, ੧ : ੧ (1293)

ਬਾਰੂ — ਰੇਤ
"**ਬਾਰੂ** ਭੀਤਿ ਬਨਾਈ ਰਚਿ ਪਚਿ ਰਹਤ ਨਹੀ ਦਿਨ ਚਾਰਿ।" — ਸੋਰ **੯**, ੮, ੧ : ੧ (633)

ਬਾਰੇ — 1. ਦਰਵਾਜ਼ੇ ਵਿਚ
"ਸਾ ਧਨ ਛੁਟੀ ਮੁਠੀ ਝੂਠਿ ਵਿਧਣੀਆ ਮਿਰਤਕੜਾ ਅੰਙਨੜੇ **ਬਾਰੇ**।"
— ਵਡ **੧**, ਛੰਤ ੩, ੫ : ੨ (580)

ਹੋਰ ਰੂਪ — ਬਾਰੈ —
"ਤੇ ਭਵਹਿ ਨ **ਬਾਰੈ** ਬਾਰਾ।" (ਦਰਵਾਜਿਓਂ)
— ਮਾਰੂ **ਕਬ**, ੩, ੯* : ੨ (1103)
2. ਵਾਰ ਦੇਈਏ, ਕੁਰਬਾਨ ਕਰੀਏ
"ਰਾਜੁ ਮਾਲੁ ਜੋਬਨੁ ਤਨੁ ਜੀਅਰਾ ਇਨ ਊਪਰਿ ਲੈ **ਬਾਰੇ**।"— ਧਨਾ **੫**, ੪੦, ੧ : ੨ (680)
"ਲਾਲ ਰੰਗੀ ਲੇ ਪ੍ਰੀਤਮ ਮਨਮੋਹਨ ਤੇਰੇ ਦਰਸਨ ਕਉ ਹਮ **ਬਾਰੇ**।" (ਕੁਰਬਾਨ/ਬਲਿਹਾਰ ਹਾਂ)
— ਸੂਹੀ **੫**, ੬, ੧* : ੧ (738)

ਹੋਰ ਰੂਪ — ਬਾਰੈ —
"ਨਮਸਕਾਰ ਡੰਡਉਤਿ ਬੰਦਨਾ ਅਨਿਕ ਬਾਰ ਜਾਉ **ਬਾਰੈ**।" (ਵਾਰਨੇ, ਬਲਿਹਾਰ)
— ਬਿਲਾ **੫**, ੮੨, ੧* : ੨ (820)
3. ਬਾਲਕ
"**ਬਾਰੇ** ਬੂਢੇ ਤਰੁਨੇ ਭਈਆ ਸਭਹੂ ਜਮੁ ਲੈ ਜਈ ਹੈ ਰੇ।" — ਬਿਲਾ **ਕਬ**, ੧, ੧ : ੧ (855)
4. ਬਾਰ ਵਿਚ, ਜੰਗਲ ਵਿਚ
"ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ **ਬਾਰੇ**।" — ਤੁਖਾ **੧**, ਬਾਰਾ ੮ : ੪ (1108)

ਬਾਰੈ — 1. ਦਰਵਾਜਿਓਂ, ਵੇਖੋ 'ਬਾਰੇ' (1)
2. ਬਲਿਹਾਰ, ਵਾਰਨੇ, ਵੇਖੋ 'ਬਾਰੇ' (2)
3. ਦੁਬਾਰਾ, ਮੁੜਕੇ
"ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ **ਬਾਰੈ** ਬਾਰ।" — ਸਲੋ **ਕਬ**, ੩੦ : ੧ (1366)

ਹੋਰ ਰੂਪ — ਬਾਰੋ —
"ਸੁਣਿ ਸਾਸਤ੍ਰ ਤੂੰ ਨ ਬੁਝਹੀ ਤਾ ਫਿਰਹਿ **ਬਾਰੋ** ਬਾਰ।" — ਗੂਜ **੩**, ੯, ੪ : ੧ (492)

ਬਾਰੋ — 1. ਮੁੜਕੇ, ਦੁਬਾਰਾ, ਪੁੰਨੇਹ, ਵੇਖੋ ਬਾਰੈ (3)
2. ਬਾਲਕ, ਬਚਾ
"ਜਲ ਬਿਹੂਨ ਮੀਨ ਕਤ ਜੀਵਨ ਦੂਧ ਬਿਨਾ ਰਹਨੁ ਕਤ **ਬਾਰੋ**।"
— ਬਿਲਾ **੫**, ੧੨੩, ੨ : ੧ (829)

ਬਾਰੋਬਾਰਾ — ਮੁੜ ਮੁੜ ਕੇ
"ਬਿਨੁ ਗੁਰ ਪੂਰੇ ਜਨਮ ਮਰਣੁ ਨ ਰਹਈ ਫਿਰਿ ਆਵਤ **ਬਾਰੋਬਾਰਾ**।"
— ਸੋਰ **੫**, ੯, ੧* : ੨ (611)

ਬਾਲ — 1. ਬਾਲਕ, ਬੱਚਾ
"**ਬਾਲ** ਬਿਨੋਦ ਚਿੰਦ ਰਸ ਲਾਗਾ ਖਿਨੁ ਖਿਨੁ ਮੋਹਿ ਵਿਆਪੈ।" — ਸਿਰੀ **ਬੇਣੀ**, ੧, ੨ : ੧ (93)
"ਨਾਨਕ ਤੁਮਰੇ **ਬਾਲ** ਗੁਪਾਲਾ।" (ਭਾਵ ਸੇਵਕ)
— ਗਉ **੫**, ਬਾਅ ੪੮ : ੮ (260)
2. ਬਚਪਣ/ਬਾਲਪਣ ਦਾ
"ਸਤਿਗੁਰੁ ਮਿਤ੍ਰੁ ਮੇਰਾ **ਬਾਲ** ਸਖਾਈ।"
— ਮਾਝ **੪**, ੧, ੪ : ੧ (94)
3. ਪੁੱਤਰ, ਮੁੰਡਾ
"**ਬਾਲ** ਕੰਨਿਆ ਕੌ ਬਾਪੁ ਪਿਆਰਾ ਭਾਈ ਕੌ ਅਤਿ ਭਾਈ।"— ਸੋਰ **੧**, ੩, ੧* : ੨ (596)
4. ਵਾਲਾ, ਕੇਸ
"ਬੰਕੇ **ਬਾਲ** ਪਾਗਸਿਰਿ ਡੇਰੀ।"
— ਸੋਰ **ਰਵਿ**, ੬, ੩ : ੧ (659)
"ਟਹਲ ਕਰਉ ਤੇਰੇ ਦਾਸ ਕੀ ਪਗ ਝਾਰਉ **ਬਾਲ**।" (ਕੇਸਾਂ/ਵਾਲਾਂ ਨਾਲ)
— ਬਿਲਾ **੫**, ੪੧, ੧ : ੧ (810)
5. ਤੱਤੀ ਹਵਾ, ਸੇਕ
"ਕੰਠਿ ਲਾਇ ਰਾਖੈ ਅਪਨੇ ਕਉ ਤਿਸ ਨੋ ਲਗੈ ਨ ਤਾਤੀ **ਬਾਲ**।"
— ਬਿਲਾ **੫**, ੧੦੨, ੧ : ੨ (824)
6. ਬਲਿਹਾਰ, ਵਾਰਨੇ, ਸਦਕੇ
"ਤਿਸ ਕਉ ਹਉ ਬਲਿ ਬਲਿ **ਬਾਲ**।"
— ਨਟ **੪**, ੯, ੧* : ੨ (977)
7. ਇਸਤ੍ਰੀ, ਬਾਲਾ ਭਾਵ ਮਾਇਆ ਦਾ
"ਪ੍ਰਭ ਕੀ ਸਰਣਿ ਗਹਤ ਸੁਖੁ ਪਾਈਐ ਕਿਛੁ ਭਉ ਨ ਵਿਆਪੈ **ਬਾਲ** ਕਾ।"
— ਮਾਰੂ **੫**, ਸੋਲਾ ੧੩, ੧ : ੩ (1084)

ਬਾਲਹਾ — ਪਿਆਰਾ
"ਮਾਰਵਾੜਿ ਜੈਸੇ ਨੀਰੁ **ਬਾਲਹਾ** ਬੇਲਿ ਬਾਲਹਾ ਕਰਹਲਾ।" — ਧਨਾ **ਨਾਮ**, ੩, ੧ : ੧ (693)

ਬਾਲਕ — 1. ਬਚਾ
"ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ **ਬਾਲਕ** ਬੁਧਿ ਅਚੇਤੁ।" (ਬਚਿਆਂ ਵਾਲੀ)
— ਸਿਰੀ **੧**, ਪਹ ੨, ੧ : ੧ (75)
"ਪ੍ਰਭ **ਬਾਲਕ** ਰਾਖੇ ਆਪੇ।" (ਬਚੇ ਭਾਵ ਸ੍ਰੀ ਹਰਿਗੋਬਿੰਦ ਜੀ ਨੂੰ)

— ਸੋਰ **੫**, ੭੫, ੧ : ੨ (627)

ਹੋਰ ਰੂਪ — ਬਾਲਕੁ —

"**ਬਾਲਕੁ** ਬਿਰਧਿ ਨ ਜਾਣੀਐ ਨਿਹਚਲੁ ਤਿਸੁ ਦਰਵਾਰੁ।"— ਸਿਰੀ **੫**, ੮੩, ੨ : ੩ (47)

"ਮੇਰੇ ਠਾਕੁਰ **ਬਾਲਕੁ** ਇਕਤੁ ਘਰਿ ਆਣੁ।" (ਭਾਵ ਮਨ)

— ਬਸੰ **੪**, ਅਸ ੧, ੧* : ੧ (1191)

2. ਬਚਪਣ

"**ਬਾਲਕ** ਬਿਰਧਿ ਨ ਸੁਰਤਿ ਪਰਾਨਿ।"

— ਆਸਾ **੧**, ਅਸ ੬, ੬ : ੧ (414)

ਬਾਲਗੋਪਾਲਾ — ਪਿਆਰੇ ਬਚੇ

"ਮਾਤ ਪਿਤਾ ਸੁਆਮਿ ਸਜਣੁ ਸਭੁ ਜਗਤੁ **ਬਾਲਗੋਪਾਲਾ**।"

— ਵਡ **੫**, ਛੰਤ ੩, ੨ : ੪ (578)

ਬਾਲਣ — ਈਂਧਨ, ਸਾੜੀ ਜਾਣ ਵਾਲੀ ਲਕੜੀ

"ਕੁੰਨੇ ਹੇਠਿ ਜਲਾਈਐ **ਬਾਲਣ** ਸੰਦੈ ਥਾਇ।"

— ਸਲੋ **ਫਰ**, ੭੨ : ੨ (1381)

ਹੋਰ ਰੂਪ — ਬਾਲਣੁ —

"ਤਨੁ ਤਪੈ ਤਨੂਰ ਜਿਉ **ਬਾਲਣੁ** ਹਡ ਬਲੰਨਿ।"

— ਸਲੋ **ਫਰ**, ੧੧੯ : ੨ (1384)

ਬਾਲਤਣਿ — ਬਾਲਪਨ, ਬਚਪਨ

"ਦਾਸ **ਬਾਲਤਣਿ** ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ।"

— ਮਾਝ **੧**, ਵਾਰ ੧ਸ, **੧**, ੩ : ੧ (138)

ਬਾਲਪਨ — ਬਚਪਨ

"ਬਾਰਹ ਬਰਸ **ਬਾਲਪਨ** ਬੀਤੇ ਬੀਸ ਬਰਸ ਕਛੁ ਤਪੁ ਨ ਕੀਓ।"

— ਆਸਾ **ਕਬ**, ੧੫, ੧ : ੧ (479)

ਹੋਰ ਰੂਪ — ਬਾਲਪਨੁ —

"ਤਰਨਾਪੋ ਬਿਖਿਅਨ ਸਿਉ ਖੋਇਓ **ਬਾਲਪਨੁ** ਅਗਿਆਨਾ।"— ਰਾਮ **੯**, ੩, ੧ : ੧ (902)

ਬਾਲਬੁਧਿ — 1. ਬਾਲਕਮਤ, ਨਾਦਾਨੀ, ਮਾਸੂਮੀਅਤ

"ਪਾਇਓ **ਬਾਲਬੁਧਿ** ਸੁਖੁ ਰੇ।"

— ਗਉ **੫**, ੧੫੯*, ੧* : ੧ (214)

2. ਭੋਲਾ, ਮਾਸੂਮ, ਬਾਲ ਬੁੱਧੀ ਵਾਲੇ

"**ਬਾਲਬੁਧਿ** ਪੂਰਨ ਸੁਖਦਾਤਾ ਨਾਨਕ ਹਰਿ ਹਰਿ ਟੇਕ।" — ਟੋਡੀ **੫**, ੧੩, ੨ : ੨ (714)

ਬਾਲਮੀਕਹਿ — ਬਾਲਮੀਕ (ਇਕ ਰਿਸ਼ੀ) ਵਲ

"ਕਾਹੇ ਨ **ਬਾਲਮੀਕਹਿ** ਦੇਖ।"

— ਕੇਦਾ **ਰਵਿ**, ੧, ੧* : ੧ (1124)

ਬਾਲਮੀਕੁ — ਇਕ ਰਿਸ਼ੀ ਜਿਸ ਦੀ ਰਚਨਾ 'ਰਮਾਇਨ' ਬਹੁਤ ਪ੍ਰਸਿੱਧ ਹੈ ਪਹਿਲਾਂ ਇਕ ਡਾਕੂ ਅਥਵਾ ਧਾੜ ਵੀ ਰਾਹ ਮਾਰ ਸੀ।

"ਧੰਨਾ ਜਟੁ **ਬਾਲਮੀਕੁ** ਬਟਵਾਰਾ ਗੁਰਮੁਖਿ ਪਾਰਿ ਪਇਆ।" — ਮਾਰੂ **੪**, ੨, ੧* : ੨ (995)

ਹੋਰ ਰੂਪ — ਬਾਲਮੀਕੈ —

"**ਬਾਲਮੀਕੈ** ਹੋਆ ਸਾਧਸੰਗੁ।" (ਬਾਲਮੀਕ ਨੂੰ)

— ਬਸੰ **੫**, ਅਸ ੧, ੧ : ੩ (1192)

ਬਾਲੜੀਏ — 1. ਕੰਨਿਆ/ਬਾਲੜੀ ਨੇ

"ਵਰੁ ਪਾਇਅੜਾ **ਬਾਲੜੀਏ** ਆਸਾ ਮਨਸਾ ਪੂਰੀ ਰਾਮ।" — ਸੂਹੀ **੧**, ਛੰਤ ੩, ੩ : ੧ (765)

2. ਹੇ ਬਾਲੜੀ (ਇਆਣੀ) ਇਸਤ੍ਰੀਏ

"ਸਤਿ ਗੁਰੁ ਸੇਵਿ ਧਨ **ਬਾਲੜੀਏ** ਹਰਿ ਵਰੁ ਪਾਵਹਿ ਸੋਈ ਰਾਮ।"

— ਸੂਹੀ **੩**, ਛੰਤ ੪, ੨ : ੧ (770)

ਬਾਲਾ — 1. ਜਵਾਨ, ਜਰ ਰਹਿਤ

"ਘਰ ਹੀ ਮਹਿ ਪ੍ਰੀਤਮੁ ਸਦਾ ਹੈ **ਬਾਲਾ**।"

— ਮਾਝ **੫**, ਅਸ ੨੮, ੨ : ੨ (126)

"ਸਰਬ ਨਿਰੰਤਰਿ ਪ੍ਰੀਤਮੁ **ਬਾਲਾ**।"

— ਗਉ **੧**, ਅਸ ੫, ੪ : ੨ (223)

2. ਜਵਾਨ ਇਸਤ੍ਰੀ

"ਜਿਉ ਮੋਹਿਓ ਉਨਿ ਮੋਹਨੀ **ਬਾਲਾ** ਉਸ ਤੇ ਘਟੈ ਨਾਹੀ ਰੁਚ ਚਸੂਆ।" (ਭਾਵ ਮਾਇਆ)

— ਗਉ **੫**, ੧੨੭*, ੩ : ੨ (206)

3. ਬਚਿਆਂ ਨੂੰ ਬਾਲਕਾਂ ਨੂੰ

"ਤੁਮ ਸੁਖਦਾਈ ਪੁਰਖ ਬਿਧਾਤੇ ਤੁਮ ਰਾਖਹੁ ਅਪੁਨੇ **ਬਾਲਾ**।"

— ਸੋਰ **੫**, ੧੨, ੩ : ੨ (613)

"ਨਾ ਇਹੁ ਬੂਢਾ ਨਾ ਇਹੁ **ਬਾਲਾ**।" (ਬਾਲਕ)

— ਗੋਂਡ **੫**, ੨੧, ੧ : ੧ (868)

4. ਵਾਲਾ

"ਪਿਰੁ ਰਲੀਆਲਾ ਜੋਬਨਿ **ਬਾਲਾ** ਤਿਸੁ ਰਾਵੇ ਰੰਗਿ ਰਾਤੀ।"

— ਧਨਾ **੧**, ਛੰਤ ੩, ੫ : ੪ (689)

5. ਬਾਲ ਅਵਸਥਾ ਵਾਲਾ

"ਓਹੁ ਨ **ਬਾਲਾ** ਬੂਢਾ ਭਾਈ।"

— ਆਸਾ **੫**, ੩੩, ੧* : ੨ (378)

"ਥਰਹਰ ਕੰਪੈ **ਬਾਲਾ** ਜੀਉ।" (ਅੰਞਾਣਾ ਦਿਲ)

— ਸੂਹੀ **ਕਬ**, ੨, ੧ : ੧ (792)

(ਮਹਾਨ ਕੋਸ਼ ਇਸ ਦੇ ਅਰਥ 'ਜੁਆਨ ਇਸਤ੍ਰੀ' ਕਰਦਾ ਹੈ)

6. ਬਾਲਕ ਵਿਦਿਆਰਥੀ ਭਾਵ ਜਗਿਆਸੂ

"ਕਹੰਤ ਬੇਦਾ ਗੁਣੰਤ **ਗੁਨੀਆ ਸੁਣੰਤ ਬਾਲਾ** ਬਹੁ ਬਿਧਿ ਪ੍ਰਕਾਰਾ।"— ਸਸ **੫**, **੧੪** : ੧ (1355)

ਬਾਲਿਆ — ਜਗਾਇਆਂ, ਪ੍ਰਜਵਲਤ ਕੀਤਾ

"**ਗੁਰ ਸਾਖੀ** ਜੋਤਿ ਜਗਾਇ ਦੀਵਾ **ਬਾਲਿਆ**।"

— ਮਲਾ **੧**, ਵਾਰ ੧੪ : ੪ (1284)

ਬਾਲਿਕ — ਬਚੇ

"**ਮੇਰੇ ਸਤਿਗੁਰ** ਅਪਨੇ **ਬਾਲਿਕ** ਰਾਖਹੁ ਲੀਲਾ ਧਾਰਿ।" — ਆਸਾ **੫**, ੩੨, ੧* : ੧ (379)

ਹੋਰ ਰੂਪ — ਬਾਲਿਕੁ —

"ਕਰੁ ਮਸਤਕਿ ਧਾਰਿ **ਬਾਲਿਕੁ** ਰਖਿ ਲੀਨੋ।"

— ਬਿਲਾ **੫**, ੮੬, ੧ : ੧ (821)

ਬਾਲੀ — ਜੁਆਨ ਇਸਤ੍ਰੀ

"ਪੰਥੁ ਦਸਾਵਾ ਨਿਤ ਖੜੀ ਮੁੰਧ ਜੋਬਨਿ **ਬਾਲੀ** ਰਾਮ ਰਾਜੇ।"

(ਮਹਾਨ ਕੋਸ਼ ਇਥੇ ਅਰਥ ਵਾਲੀ ਕਰਦੇ ਹਨ)

— ਆਸਾ **੪**, ਛੰਤ ੧੬, ੨ : ੧ (449)

"ਇਆਣੀ **ਬਾਲੀ** ਕਿਆ ਕਰੇ ਜਾ ਧਨ ਕੰਤ ਨ ਭਾਵੈ।" — ਤਿਲੰ **੧**, ੪, ੨ : ੧ (722)

2. ਬਾਲ ਅਵਸਥਾ ਵਾਲੀ

"ਧਨ **ਬਾਲੀ** ਭੋਲੀ ਪਿਰੁ ਸਹਜਿ ਰਾਵੈ ਮਿਲਿਆ ਕਰਮ ਬਿਧਾਤਾ।"

— ਵਡ **੩**, ਛੰਤ ੧, ੨ : ੪ (568)

"ਸਾ ਧਨ **ਬਾਲੀ** ਧੁਰਿ ਮੇਲੀ ਮੇਰੈ ਪ੍ਰਭਿ ਆਪਿ ਮਿਲਾਈ ਰਾਮ।"

— ਸੂਹੀ **੩**, ਛੰਤ ੪, ੪ : ੧ (770)

3. ਲੜਕੀ

"ਮਾਇ ਨਿਰਾਸੀ ਰੋਇ ਵਿਛੁੰਨੀ **ਬਾਲੀ** ਬਾਲੈ ਹੇਤੇ।"

— ਸੂਹੀ **੧**, ਛੰਤ ੧, ੩ : ੫ (763)

ਬਾਲੀਐ — ਜਗਾਈਏ, ਪ੍ਰਜਵਲਤ ਕਰੀਏ

"ਜਿਉ ਅੰਧੇਰੈ ਦੀਪਕੁ **ਬਾਲੀਐ** ਤਿਉ ਗੁਰ ਗਿਆਨਿ ਅਗਿਆਨੁ ਤਜਾਇ।"

— ਸਿਰੀ **੩**, ੬੪, ੨ : ੪ (39)

ਬਾਲੁ — ਬੱਚਾ

"ਜੈਸੇ ਮਾਤ ਪਿਤਾ ਬਿਨੁ **ਬਾਲੁ** ਨ ਹੋਈ।"

— ਗੋਂਡ **ਕਬ**, ੯, ੩ : ੧ (873)

ਬਾਲੂ — ਰੇਤ

"ਗ੍ਰਿਹ **ਬਾਲੂ** ਨੀਰਿ ਬਹਾਵਨੇ।"

— ਗਉ **੫**, ੧੪੨*, ੩ : ੨ (211)

ਬਾਲੇ — 1. ਬੱਚੇ ਨੂੰ

"ਨਿਰਧਨ ਕਉ ਧਨੁ ਅੰਧੁਲੇ ਕਉ ਟਿਕ ਮਾਤ ਦੂਧੁ ਜੈਸੇ **ਬਾਲੇ**।" — ਧਨਾ **੫**, ੩੨, ੨ : ੧ (679)

2. ਜਗਾਵੇ

"ਐਸਾ ਦੀਵਾ **ਬਾਲੇ** ਕੋਇ।"

— ਰਾਮ **੧**, ੨, ੪ : ੫ (878)

3. ਬਾਲਕੇ, ਲੜਕੇ

"ਕਹ ਬੈਸਹੁ ਕਹ ਰਹੀਐ **ਬਾਲੇ** ਕਹ ਆਵਹੁ ਕਹ ਜਾਹੋ।"— ਰਾਮ **੧**, ਸਿਗੋ ੨ : ੩ (938)

ਬਾਲੈ — ਲੜਕੇ ਨਾਲ

"ਮਾਇ ਨਿਰਾਸੀ ਰੋਇ ਵਿਛੁੰਨੀ ਬਾਲੀ **ਬਾਲੈ** ਹੇਤੇ।"

— ਸੂਹੀ **੧**, ਛੰਤ ੧, ੩ : ੫ (763)

ਬਾਵਨ — 1. ਬਵੰਜਾ, ਗਿਣਤੀ ਦੀ ਇਕ ਇਕਾਈ

"**ਬਾਵਨ** ਅਛਰ ਲੋਕ ਤ੍ਰੈ ਸਭੁ ਕਛੁ ਇਨ ਹੀ ਮਾਹਿ।"

— ਗਉ **ਕਬ**, ਬਾਅ ੧ : ੧ (340)

2. ਬਉਣਾ

"**ਬਾਵਨ** ਰੂਪੁ ਕੀਆ ਤੁਧੁ ਕਰਤੇ ਸਭ ਹੀ ਸੇਤੀ ਹੈ ਚੰਗਾ।"— ਮਾਰੂ **੫**, ੧੧, ੩ : ੩ (1082)

3. ਚਿਟਾ ਚੰਦਨ ਜੋ ਸੁਗੰਧੀ ਵਾਲਾ ਹੁੰਦਾ ਹੈ

"**ਬਾਵਨ** ਬੀਖੂ ਬਾਨੈ ਬੀਖੇ ਬਾਸੁ ਤੇ ਸੁਖ ਲਾਗਿਲਾ।"— ਪ੍ਰਭਾ **ਨਾਮ**, ੨, ੨ : ੧ (1351)

"ਨਹ ਸੀਤਲੰ ਚੰਦ੍ਰ ਦੇਵਹ ਨਹ ਸੀਤਲੰ **ਬਾਵਨ** ਚੰਦਨਹ।" (ਚਿੱਟਾ)

— ਸਸ **੫**, ੩੯ : ੧ (1357)

ਬਾਵਰ — ਬਾਉਲਾ, ਝੱਲਾ, ਕਮਲਾ

"ਉਰਝਿ ਰਹਿਓ ਰੇ **ਬਾਵਰ** ਗਾਵਰ ਜਿਉ ਕਿਰਖੈ ਹਰਿਆਇਓ ਪਸੂਆ।"

— ਗਉ **੫**, ੧੨੭*, ੧* : ੨ (206)

"**ਬਾਵਰ** ਸੋਇ ਰਹੇ।" (ਝਲੇ ਲੋਕ)

— ਆਸਾ **੫**, ੧੪੨, ੧* : ੧ (406)

ਹੋਰ ਰੂਪ — ਬਾਵਰਾ —

"ਕਬੀਰ ਗੂੰਗਾ ਹੂਆ **ਬਾਵਰਾ** ਬਹਰਾ ਹੂਆ ਕਾਨ।" (ਝੱਲਾ)

— ਸਲੋ **ਕਬ**, ੧੯੩ : ੧ (1374)

ਬਾਵਰਿਆ —

"ਕਹਿ ਕਬੀਰ ਨਰ ਤਿਸਹਿ ਧਿਆਵਹੁ **ਬਾਵਰਿਆ** ਸੰਸਾਰਾ।" (ਝਲਿਆ)

— ਆਸਾ **ਕਬ**, ੩੭, ੪ : ੨ (485)

ਬਾਵਰੀ —

"ਸਾਸੁ ਦਿਵਾਨੀ **ਬਾਵਰੀ** ਸਿਰ ਤੇ ਸੰਕ ਟਲੀ।" (ਝੱਲੀ) — ਰਾਮ **੧**, ਓਅੰ ੧੨ : ੨ (931)

ਬਾਵਰੁ —

"ਤਬ ਇਹੁ **ਬਾਵਰੁ** ਫਿਰਤ ਬਿਗਾਨਾ।" (ਝਲਾ, ਬਉਲਾ, ਬੇਸਮਝ)

— ਗਉ **੫**, ਅਸ ੧, ੧ : ੨ (235)

ਬਾਵਰੇ —

"ਸੁਣਿ ਮਨ ਭੂਲੇ **ਬਾਵਰੇ** ਗੁਰ ਕੀ ਚਰਣੀ ਲਾਗੁ।" (ਝੱਲੇ/ਕਮਲੇ, ਘਟ ਸਮਝ ਵਾਲਾ, ਬੇਸਮਝ)— ਸਿਰੀ **੧**, ਅਸ ੮, ੧ : ੧ (57)

ਬਾਵਰੋ —

"ਮਦਿ ਮਾਇਆ ਕੈ ਭਇਓ **ਬਾਵਰੋ** ਹਰਿ ਜਸੁ ਨਹਿ ਉਚਰੈ।" (ਪਾਗਲ)

— ਦੇਵ **੯**, ੧, ੧ : ੧ (536)

ਬਾਵਲ — ਝੱਲਾ, ਕਮਲਾ

"ਹਉ ਬਿਰਉ ਦਿਵਾਨੀ ਆਵਲ **ਬਾਵਲ** ਤਿਸੁ ਕਾਰਣਿ ਹਰਿ ਢੋਲੀਐ।" — ਦੇਵ **੪**, ੩, ੧ : ੧ (527)

ਹੋਰ ਰੂਪ — ਬਾਵਲਾ —

"ਜਾ ਕੈ ਘਰਿ ਈਸਰੁ **ਬਾਵਲਾ** ਜਗਤ ਗੁਰੂ ਤਤ ਸਾਰਖਾ ਗਿਆਨੁ ਭਾਖੀਲੇ।" (ਝੱਲਾ ਜਿਹਾ)

— ਮਲਾ **ਨਾਮ**, ੧, ੨ : ੨ (1292)

ਬਾਵਲਿ —

"**ਬਾਵਲਿ** ਹੋਈ ਸੋ ਸਹੁ ਲੋਰਉ।" (ਝੱਲੀ)

— ਸੂਹੀ **ਫਰ**, ੧, ੧ : ੨ (794)

ਬਾਵਲੀ —

"ਤੂ ਕਾਂਇ ਗਰਬਹਿ **ਬਾਵਲੀ**।" (ਹੇ ਝਲੀ ਏ)

— ਬਸੰ **ਰਵਿ**, ੧, ੧* : ੧ (1196)

ਬਾਵਲੇ —

"ਏ ਮਨ ਮੇਰੇ **ਬਾਵਲੇ** ਹਰਿ ਰਸੁ ਚਖਿ ਸਾਦੁ ਪਾਇ।" (ਬੇਸਮਝ ਬੌਰੇ)

— ਆਸਾ **੩**, ਅਸ ੩੭, ੧* : ੧ (430)

ਬਾਂਵਾਂਗਿ — ਖੱਬੇ ਪਾਸੇ

"ਰਿਧਿ ਬਸੈ **ਬਾਂਵਾਂਗਿ** ਜੁਤੀਨਿ ਲੋਕਾਂਤਰ ਮੋਹੈ।"

— ਸਵ **੩**, ੯ : ੨ (1394)

ਬਾਵੇ — ਖੱਬੇ

"ਤਜਿ **ਬਾਵੇ** ਦਾਹਨੇ ਬਿਕਾਰਾ ਹਰਿ ਪਦੁ ਦ੍ਰਿੜੁ ਕਰਿ ਰਹੀਐ।"— ਗਉ **ਕਬ**, ੫੧, ੪ : ੧ (334)

ਬਾਵੈ — ਟੇਢਾ, ਉਲਟਾ

"**ਬਾਵੈ** ਮਾਰਗੁ ਟੇਢਾ ਚਲਨਾ।" (ਕੁਮਾਰਗ ਵਿਚ)

— ਗਉ **੫**, ੯੮, ੩ : ੧ (185)

ਬਾੜੀ — ਵਾੜੀ, ਬਗੀਚਾ

"ਇਹ ਅੰਮ੍ਰਿਤ ਕੀ **ਬਾੜੀ** ਹੈ ਰੇ ਤਿਨਿ ਹਰਿ ਪੂਰੈ ਕਰੀਆ।" — ਰਾਮ **ਕਬ**, ੬, ੧ : ੨ (970)

ਬਿਉਹਾਰ — 1. ਕੰਮ ਕਾਜ, ਕਰਮ

"ਆਚਾਰ **ਬਿਉਹਾਰ** ਬਿਆਪਤ ਇਹ ਜਾਤਿ।"

— ਗਉ **੫**, ੮੮, ੪ : ੩ (182)

"ਹੁਕਮੇ ਊਚ ਨੀਚ **ਬਿਉਹਾਰ**।" (ਵਰਤਾਰਾ, ਵਤੀਰਾ) — ਗਉ **੫**, ਸੁਖ ੧੧, ੧ : ੭ (277)

"ਪੁਤ੍ਰ ਮਿਤ੍ਰ **ਬਿਉਹਾਰ** ਬਨਿਤਾ ਏਹ ਕਰਤ ਬਿਹਾਵਏ।" (ਕੰਮ ਕਾਜ, ਧੰਧੇ)

— ਜੈਤ **੫**, ਛੰਤ ੩, ੧ : ੪ (704)

2. ਲੈਣ ਦੇਣ, ਬਿਹਾਰ

"ਕਰਿ ਮਨ ਮੇਰੇ ਸਤਿ **ਬਿਉਹਾਰ**।"

— ਗਉ **੫**, ਸੁਖ ੧੪, ੨ : ੨ (28)

ਹੋਰ ਰੂਪ — ਬਿਉਹਾਰਾ —

"ਲੋਚਾ ਸਮਸਰਿ ਇਹੁ **ਬਿਉਹਾਰਾ**।" (ਵਿਹਾਰ)

— ਗਉ **ਕਬ**, ੧੮, ੩ : ੩ (327)

ਬਿਉਹਾਰਿ —

"ਸਾਂਤਿ ਸੂਖ ਨ ਸਹਜ ਉਪਜੈ ਇਹੈ ਇਸੁ **ਬਿਉਹਾਰਿ**।"

— ਸਾਰ **੫**, ੧੦੭, ੧ : ੧ (1225)

3. ਧੰਧਾ, ਉਪਜੀਵਕਾ ਦਾ ਸਾਧਨ

"ਪੰਡਿਤ ਲੋਗਹ ਕਉ **ਬਿਉਹਾਰ**।"

— ਗਉ **ਕਬ**, ਬਾਅ ੪੫ : ੫ (343)

ਬਿਉਹਾਰੀ — 1. ਵਿਹਾਰ ਕਰਨ ਵਾਲਾ
"ਨਾਮ ਰਤਨ ਕੋ ਕੋ **ਬਿਉਹਾਰੀ**।"
— ਗਉ **ਮ**, ੮੫, ੧* : ੧ (181)
"ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ **ਬਿਉਹਾਰੀ**।" (ਸੌਦੇ ਬਾਜ਼)
— ਗੂਜ **ਮ**, ੨, ੧* : ੨ (495)
"ਤੂ ਨੇਤ੍ਰੀ ਦੇਖਿ ਚਲਿਆ ਮਾਇਆ **ਬਿਉਹਾਰੀ** ਰਾਮ।" — ਬਿਹਾ **ਮ**, ਛੰਤ ੯, ੧ : ੨ (547)
2. ਕਰਮ ਕਰਨ ਵਾਲਾ
"ਜਿਹ ਪ੍ਰਸਾਦਿ ਤੂੰ ਆਚਾਰ **ਬਿਉਹਾਰੀ**।"
— ਗਉ ਮ, ਸੁਖ ੬, ੫ : ੩ (270)
"ਕਈ ਕੋਟਿ ਆਚਾਰ **ਬਿਉਹਾਰੀ**।" (ਭਾਵ ਕਰਮ ਕਾਂਡੀ) — ਗਉ **ਮ**, ਸੁਖ ੧੦, ੧ : ੨ (275)

ਬਿਉਹਾਰੁ — 1. ਵਿਹਾਰ, ਵਣਜ
"ਨਾਮੋ ਧਨੁ ਨਾਮੋ **ਬਿਉਹਾਰੁ**।"
— ਗਉ **ਮ**, ੧੧੮, ੧ : ੨ (189)
ਹੋਰ ਰੂਪ — ਬਿਉਹਾਰੋ —
"ਰਾਮ ਨਾਮ ਸਿਉ ਕਰਿ **ਬਿਉਹਾਰੋ**।"
— ਗਉ **ਮ**, ਬਾਅ ੨੫ : ੨ (255)
2. ਕਰਮ, ਕੰਮ
"ਜਿਉ ਨਲਨੀ ਸੂਅਟਾ ਗਹਿਓ ਮਨ ਬਉਰਾ ਰੇ ਮਾਯਾ ਇਹੁ **ਬਿਉਹਾਰੁ**।"
— ਗਉ **ਕਬ**, ੫੭, ੩ : ੧ (336)
3. ਵਰਤਾਰਾ
"ਇਹ ਬਿਧਿ ਕੋ **ਬਿਉਹਾਰ** ਬਨਿਓ ਹੈ ਜਾ ਸਿਉ ਨੇਹੁ ਲਗਾਇਓ।"
— ਸੋਰ **੯**, ੧੨, ੩ : ੧ (634)
4. ਕੰਮ ਕਾਜ, ਕਾਰ ਵਿਹਾਰ
"ਜੀਵਤ ਲਉ **ਬਿਉਹਾਰ** ਹੈ ਜਗ ਕਉ ਤੁਮ ਜਾਨਉ।" — ਤਿਲੰ **੯**, ੭, ੨ : ੧ (727)
5. ਲੈਣ ਦੇਣ
"ਕਲਿ ਕਲੇਸ ਨ ਕਛੂ ਬਿਆਪੈ ਸੰਤਸੰਗਿ **ਬਿਉਹਾਰੁ**।"
— ਕੇਦਾ **ਮ**, ੧੨, ੧* : ੨ (1121)

ਬਿਓਗ — ਵਿਛੋੜਾ (ਦਾ ਦੁਖ)
"ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ **ਬਿਓਗ**।" — ਮਾਝ **ਮ**, ਬਾਰਾ ੯ : ੭ (135)
ਹੋਰ ਰੂਪ — ਬਿਓਗੰ —
"ਰੋਗ ਸੋਗ **ਬਿਓਗੰ** ਨਾਨਕ ਸੁਖ ਨ ਸੁਪਨਹ।"
— ਗਾਥਾ **ਮ**, ੨੪ : ੨ (1361)

ਬਿਓਗਨੀ — ਵਿਯੋਗ, ਵਿਛੋੜੇ ਕਾਰਨ ਉਪਜਿਆ ਦੁੱਖ
"ਸਦਾ ਅਨੰਦੁ ਗੁਰੁ ਪੂਰਾ ਪਾਇਆ ਤਉ ਉਤਰੀ ਸਗਲ **ਬਿਓਗਨੀ**।"
— ਰਾਮ **ਮ**, ੩, ੧ : ੨ (883)

ਬਿਓਗਿ — ਵਿਛੋੜੇ ਵਿਚ
"ਹਰਿ ਕੇ **ਬਿਓਗਿ** ਕੈਸੇ ਜੀਅਉ ਮੇਰੀ ਮਾਈ।"
— ਗਉ **ਕਬ**, ੩੯, ੧* : ੨ (331)

ਬਿਓਗੀ — 1. ਵਿਛੋੜੇ, ਵਿਯੋਗ ਨਾਲ/ਸਦਕਾ
"ਮਰਤ ਨ ਸੋਗ **ਬਿਓਗੀ**।"
— ਗਉ **ਕਬ**, ੫੩, ੧* : ੨ (334)
(ਮਹਾਨਕੋਸ਼ ਇਸਦੇ ਅਰਥ ਵਿਛੋੜੇ ਨਾਲ ਕਰਦਾ ਹੈ)
2. ਬਿਰਹੀ
"ਰਾਮ **ਬਿਓਗੀ** ਨਾ ਜੀਐ ਜੀਐ ਤ ਬਉਰਾ ਹੋਇ।" — ਸਲੋ **ਕਬ**, ੭੬ : ੨ (1368)

ਬਿਓਗੁ — ਵਿਚੋੜਾ
"ਹਰਿ ਨਾਮੁ ਜਪਤ ਕਛੁ ਨਹਿ **ਬਿਓਗਿ**।" (ਵਿਛੋੜੇ ਦਾ ਦੁਖ/ਉਦਾਸੀ)
— ਗਉ **ਮ**, ਸੁਖ ੨, ੬ : ੮ (265)

ਬਿਅੰਤ — ਦਾ ਅੰਤ ਨਾ ਹੋਵੇ, ਬੇਬਹਾ, ਅਣਗਿਣਤ
"ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ ਭਰੇ **ਬਿਅੰਤ** ਬੇਅੰਤਾ।" — **ਆਸਾ ੪**, ਸੋਪੁ ੧, ੪ : ੧ (11)
"ਗੁਣ **ਬਿਅੰਤ** ਕੀਮਤਿ ਨਹੀ ਪਾਇ।"
— ਗਉ **ਮ**, ਸੁਖ ੧੮, ੪ : ੯ (287)
ਹੋਰ ਰੂਪ — ਬਿਅੰਤੁ —
"ਤੂ **ਬਿਅੰਤੁ** ਅਵਿਗਤੁ ਅਗੋਚਰੁ ਇਹੁ ਸਭੁ ਤੇਰਾ ਆਕਾਰੁ।"
— **ਆਸਾ ਮ**, ੩੭, ੧ : ੧ (379)

ਬਿਅੰਨ — 1. ਹੋਰਾਂ, ਦੂਸਰਿਆ
"ਤੁਟੜੀਆ ਸਾ ਪ੍ਰੀਤਿ ਜੋ ਲਾਈ **ਬਿਅੰਨ** ਸਿਉ।"
— ਜੈਤ **ਮ**, ਵਾਰ ੪ਸ, **ਮ**, ੨ : ੧ (706)
ਹੋਰ ਰੂਪ — ਬਿਅੰਨਿ —

"ਨਾਨਕ ਸੋ ਅਖੜੀਆਂ **ਬਿਅੰਨਿ** ਜਿਨੀ ਡਿਸੰਦੋ ਮਾ ਪਿਰੀ।" (ਹੋਰ ਹਨ)
— ਵਡ **੫**, ਛੰਤ ੨, ੨ਸ : ੨ (577)

ਬਿਅਫਤਮ — (ਫਾ. ਬੇਯਫਤਮ) ਡਿਗਪਿਆ
"ਆਖਿਰ **ਬਿਅਫਤਮ** ਕਸ ਨ ਦਾਰਦ ਚੂੰ ਸਵਦ ਤਕਬੀਰ।" — ਤਿਲੰ **੧**, ੧, ੨ : ੨ (721)

ਬਿਆ — ਹੋਰ ਦੂਜਾ
"**ਬਿਆ** ਦਰੁ ਨਾਹੀ ਕੈ ਦਰਿ ਜਾਉ।"
— ਸਿਰੀ **੩**, ੩੧, ੩ : ੨ (25)

ਬਿਆਈ — ਸੂ ਪਈ
"ਜਲ ਕੀ ਮਛੁਲੀ ਤਰਵਰਿ **ਬਿਆਈ**।"
— ਆਸਾ **ਕਬ**, ੨੨, ੨ : ੧ (481)

ਬਿਆਸ — ਇਕੀ ਰਿਸ਼ੀ, ਵੇਦਾ ਦਾ ਵਿਆਖਿਆਕਾਰ
"ਨਾਰਦ ਮੁਨਿ ਜਨ ਸੁਕ **ਬਿਆਸ** ਜਸੁ ਗਾਵਤ ਗੋਬਿੰਦ।" — ਗਉ **੫**, ਥਿਤੀ ੬ : ੩ (298)
"**ਬਿਆਸ** ਮਹਿ ਲੇਖੀਐ ਸਨਕ ਮਹਿ ਪੇਖੀਐ ਨਾਮ ਕੀ ਨਾਮਨਾ ਸਪਤ ਦੀਪਾ (ਬਿਆਸ ਰਿਖੀ ਦੀਆਂ ਲਿਖਤਾਂ) — ਮਲਾ **ਰਵਿ**, ੨, ੧ : ੨ (1293)

ਹੋਰ ਰੂਪ — ਬਿਆਸਾ —
"ਬ੍ਰਹਮ ਕਮਲ ਪੁਤੁ ਮੀਨ **ਬਿਆਸਾ** ਤਪੁ ਤਾਪਨ ਪੂਜ ਕਰਾਵੈਗੋ।"
— ਕਾਨ **੪**, ਅਸ ੨, ੬ : ੧ (1309)

ਬਿਆਸਿ —
"ਰਾਜਾ ਜਨਮੇਜਾ ਦੇ ਮਤੀ ਬਰਜਿ **ਬਿਆਸਿ** ਪੜ੍ਹਾਇਆ।" (ਬਿਆਸ ਨੂੰ)
— ਪ੍ਰਭ **੧**, ਅਸ ੪, ੪ : ੧ (1344)

ਬਿਆਸੁ —
"ਬੇਦੁ ਪੁਕਾਰੇ ਵਾਚੀਐ ਬਾਣੀ ਬ੍ਰਹਮ **ਬਿਆਸੁ**।"
— ਸਿਰੀ **੧**, ਅਸ ੭, ੬ : ੧ (57)

ਬਿਆਹਿ — ਵਿਆਹ ਕੇ
"ਕਹਿ ਕਬੀਰ ਮੋਹਿ **ਬਿਆਹਿ** ਚਲੇ ਹੈ ਪੁਰਖ ਏਕ ਭਗਵਾਨਾ।"— ਆਸਾ **ਕਬ**, ੨੪, ੩ : ੨ (482)

ਬਿਆਕਰਣ — ਜਿਸ ਤੋਂ ਸ਼ਬਦਾਂ ਦੇ ਅਰਥ ਤੇ ਉਨ੍ਹਾਂ ਦਾ ਸ਼ੁਧ ਸਰੂਪ ਜਾਣਿਆ ਜਾਵੇ।
"ਪੁਸਤਕ ਪਾਠ **ਬਿਆਕਰਣ** ਵਖਾਣੈ ਸੰਧਿਆ ਕਰਮ ਤਿਕਾਲਕਰੈ।" — ਭੈਰ **੧**, ੮, ੨ : ੧ (1127)

ਬਿਆਕਰਨਾ — ਵਿਆਕਰਣ, ਗਰਾਮਰ
"ਆਗਮ ਨਿਰਗਮ ਜੋਤਿਕ ਜਾਨਹਿ ਬਹੁ ਬਹੁ **ਬਿਆਕਰਨਾ**।"
— ਆਸਾ **ਕਬ**, ੫, ੨ : ੧ (476)

ਬਿਆਜੁ — ਸੂਦ, ਵਿਆਜ
"ਜਿਹ ਘਟੈ ਮੂਲੁ ਨਿਤ ਬਢੈ **ਬਿਆਜੁ**।"
— ਬਸੰ **ਕਬ**, ੬, ੧* : ੨ (1195)

ਬਿਆਧਿ — 1. ਬਿਮਾਰੀ
"ਗਈ **ਬਿਆਧਿ** ਉਬਰੇ ਜਨ ਮੀਤ।"
— ਗਉ **੫**, ੧੭੧, ੩ : ੨ (200)
"ਲਾਲਚ ਝੂਠ ਬਿਖੈ **ਬਿਆਧਿ** ਇਆ ਦੇਹੀ ਮਹਿ ਬਾਸ।" (ਰੋਗਾਂ ਦਾ)
— ਗਉ **੫**, ਬਾਅ ੪੫ਸ : ੧ (259)
"ਸਗਲ **ਬਿਆਧਿ** ਮਨ ਤੇ ਖੈ ਨਸੈ।"
— ਗਉ **੫**, ਸੁਖ ੧੮, ੭ : ੬ (287)
(ਮਹਾਨਕੋਸ਼ ਅਰਥ ਸੰਤਾਪ ਦੁਖ ਕਰਦਾ ਹੈ)
"ਆਧਿ **ਬਿਆਧਿ** ਉਪਾਧਿ ਰਸ ਕਬਹੂ ਤੂਟੈ ਤਾਪ।" (ਸਰੀਰ ਦੇ ਰੋਗ, ਤਪ ਫੋੜਾ ਆਦਿ।
— ਗਵੁ **੫**, ਥਿਤੀ ੩ : ੫ (297)

2. ਸ਼ਿਕਾਰੀ
"ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ **ਬਿਆਧਿ** ਅਜਾਮਲੁ ਤਾਰੀਅਲੇ।।"
— ਗਉ **ਨਾਮ**, ੧, ੧ : ੧ (345)

3. ਨੁਕਸ, ਘਾਟ
"ਕਾਹੂ ਮਹਿ ਮੋਤੀ ਮੁਕਤਾਹਲ ਕਾਹੂ **ਬਿਆਧਿ** ਲਗਾਈ।"— ਆਸਾ **ਕਬ**, ੧੬, ੨ : ੨ (479)
(ਮਹਾਨਕੋਸ਼ ਅਰਥ ਕਲੰਕ ਕਰਦਾ ਹੈ)

ਬਿਆਧੀ — ਰੋਗਾਂ ਦੀ
"ਮਹਾ ਬਜਰ ਬਿਖ **ਬਿਆਧੀ** ਸਿਰ ਉਠਾਈ ਪੋਟ।"
— ਸਾਰ **੫**, ੧੦੪, ੧ : ੧ (1224)
"ਮੂਲੁ **ਬਿਆਧੀ** ਬਿਆਪਸਿ ਲੋਭਾ।" (ਦੁਖਾਂ ਦਾ)
— ਗਉ **੫**, ੮੮, ੧ : ੪ (182)

ਬਿਆਪਈ — ਲਗੇਗਾ
"ਕਾਰਾ ਤੁਝੈ ਨ **ਬਿਆਪਈ** ਨਾਨਕ ਮਿਟੈ ਉਪਾਧਿ।"
— ਗਉ **੫**, ਬਾਅ ੨੫ਸ : ੨ (255)

ਬਿਆਪਸਿ — ਲਗਦੀ ਹੈ, ਪ੍ਰਭਾਵਿਤ ਕਰਦੀ ਹੈ

"ਮੂਲੁ ਬਿਆਧੀ **ਬਿਆਪਸਿ** ਲੋਭਾ।"
— ਗਉ **ਪ**, ੮੮, ੧ : ੪ (182)

ਬਿਆਪਹਿ — ਲਗਦੀ
"ਧੰਧੇ ਕਹਾ **ਬਿਆਪਹਿ** ਤਾਹੂ।"
— ਗਉ **ਪ**, ਬਾਅ ੪ : ੫ (251)

ਬਿਆਪਕ — ਫੈਲਿਆ ਹੋਇਆ, ਭਰਪੂਰ
"ਏਕ ਅਨੇਕ **ਬਿਆਪਕ** ਪੂਰਕ ਜਤ ਦੇਖਉ ਤਤ ਸੋਈ।" — ਆਸਾ **ਨਾਮ**, ੧, ੧ : ੧ (485)

ਬਿਆਪਣਹ — ਲਗਦਾ, ਮੋਂਹਦਾ
"ਹਰਿ ਨਾਮ ਗੁਣ ਰਮਣੰ ਨਾਨਕ ਸੰਸਾਰ ਸਾਗਰ ਨਹ **ਬਿਆਪਣਹ**।"— ਗਾਥਾ **ਪ**, ੯ : ੨ (1360)

ਬਿਆਪਤ — 1. ਲਗਦੀ ਹੈ, ਪ੍ਰਭਾਵਤ ਕਰਦੀ ਹੈ, ਅਸਰ ਪਾਉਂਦੀ ਹੈ
"**ਬਿਆਪਤ** ਹਰਖ ਸੋਗ ਬਿਸਥਾਰ।"
— ਗਉ **ਪ**, ੮੮, ੧ : ੧ (181)
"ਸੰਸੈ ਭਰਮੁ ਨਹੀ ਕਛੁ **ਬਿਆਪਤ**।" (ਲਗਦੇ ਭਾਵ ਪੈਂਦੇ) — ਗਉ **ਪ**, ਬਾਅ ੩ : ੫ (250)
"ਮਰੈ ਨ ਆਵੈ ਨ ਜਾਇ ਬਿਨਸੈ **ਬਿਆਪਤ** ਉਸਨ ਨ ਸੀਤ।" (ਲਗਣਾ, ਪੋਹਣਾ)
— ਮਾਰੂ **ਪ**, ੨੬, ੧ : ੨ (1006)
2. ਵਿਆਪਕ, ਵਿਦਮਾਨ, ਪਸਰਿਆ/ਫੈਲਿਆ ਹੋਇਆ
"ਚਾਰਿ ਕੁੰਟਿ ਚਉਦਹ ਭਵਨ ਸਗਲ **ਬਿਆਪਤ** ਰਾਮ।"— ਗਉ **ਪ**, ਥਿਤੀ ੧੪ਸ : ੧ (299)
3. ਹਾਵੀ ਹੋਣਾ, ਦਬਾਉਣਾ
"ਮਨਹਿ **ਬਿਆਪਤ** ਅਨਿਕ ਤਰੰਗਾ।"
— ਸੂਹੀ **ਪ**, ਅਸ ੧, ੧ : ੨ (759)
"ਭ੍ਰਮਤ **ਬਿਆਪਤ** ਜਰੇ ਕਿਵਾਰਾ।"
— ਸੂਹੀ **ਪ**, ਅਸ ੧, ੪ : ੧ (759)
(ਮਹਾਨਕੋਸ਼ ਅਰਥ ਬਦਕਿਸਮਤੀ ਅਭਾਗਤਾ ਕਰਦਾ ਹੈ)
ਹੋਰ ਰੂਪ — **ਬਿਆਪਤੰ** —
"ਇਹੁ ਜਗੁ ਮੋਹ ਹੇਤ **ਬਿਆਪਤੰ** ਦੂਖੁ ਅਧਿਕ ਜਨਮ ਮਰਣੰ।"— ਗੂਜ **੧**, ੫, ੫ : ੧ (505)
ਬਿਆਪਤੇ —
"ਤ੍ਰਤ੍ਰ ਗਤੇ ਸੰਸਾਰਹ ਨਾਨਕ ਸੋਗ ਹਰਖੰ **ਬਿਆਪਤੇ**।"— ਸਸ **ਪ**, ੪੧ : ੨ (1357)

ਬਿਆਪਾਰੀ — (ਸੰ. ਵ੍ਯਾਪਾਰਿਨ੍) ਵਪਾਰ ਕਰਨ ਵਾਲਾ
"**ਬਿਆਪਾਰੀ** ਬਸੁਧਾ ਜਿਉ ਫਿਰਤਾ।"
— ਗਉ **ਪ**, ਬਾਅ ੨੪ : ੬ (255)

ਬਿਆਪਿ — 1. ਵਿਹਾਰ, ਪਸਰ
"ਨਿਜ ਘਰਿ **ਬਿਆਪਿ** ਰਹਿਆ ਨਿਜਠਾਈ।"

ਬਿਆਪਾਰੀ — (ਸੰ.) ਵਪਾਰ ਕਰਨ ਵਾਲਾ
"**ਬਿਆਪਾਰੀ** ਬਸੁਧਾ ਜਿਉ ਫਿਰਤਾ।"
— ਗਉ **ਪ**, ਬਾਅ ੨੪ : ੬ (255)

ਬਿਆਪਿ — 1. ਵਿਚਰ, ਪਸਰ
"ਨਿਜ ਘਰਿ **ਬਿਆਪਿ** ਰਹਿਆ ਨਿਜਠਾਈ।"
— ਗਉ **੧**, ਅਸ ੨, ੭ : ੩ (221)
2. ਲਗੀ/ਪੰਬੜੀ ਹੋਈ
"ਬਲਵੰਤਿ **ਬਿਆਪਿ** ਰਹੀ ਸਭ ਮਹੀ।"
— ਗੂਜ **ਪ**, ੧੪, ੧* : ੧ (498)
"ਤਰਣ ਤਾਰਣੰ ਹਰਿ ਨਿਧਿ ਦੂਖੁ ਨ ਸਕੈ **ਬਿਆਪਿ**।" (ਲਗ ਸਕਦਾ)
— ਧਨਾ **ਪ**, ੨੦, ੧ : ੨ (675)

ਬਿਆਪਿਓ — 1. ਫਸਿਆ ਪਿਆ
"ਸਗਲ ਸੰਸਾਰੁ ਇਹੈ ਬਿਧਿ **ਬਿਆਪਿਓ** ਸੋ ਉਬਰਿਓ ਜਿਸੁ ਗੁਰੁ ਪੂਰਾ।"
— ਆਸਾ **ਪ**, ੧੨੭, ੪ : ੧ (403)
"ਸੰਸਾਰ ਸਾਗਰੁ ਦੁਖਿ **ਬਿਆਪਿਓ** ਦਾਸ ਲੇਵਹੁ ਤਾਰਿ।" — ਸਾਰ **ਪ**, ੧੦੭, ੨ : ੧ (1225)
2. ਚੰਬੜਿਆ ਹੋਇਆ, ਲਗਾ ਹੋਇਆ
"ਕਾਮਿ ਕ੍ਰੋਧਿ ਲੋਭਿ **ਬਿਆਪਿਓ** ਜਨਮਹੀ ਕੀ ਖਾਨਿ।" — ਕਾਨ **ਪ**, ੩੧, ੨ : ੧ (1304)

ਬਿਆਪਿਆ — 1. ਰੁਚਿਤ, ਖਚਿਤ, ਲਗਾ ਹੋਇਆ, ਰੁਝਾ ਹੋਇਆ
"ਕਾਮ ਕ੍ਰੋਧ ਮਦਿ **ਬਿਆਪਿਆ** ਫਿਰਿ ਫਿਰਿ ਜੋਨੀ ਪਾਇ।" — ਸਿਰੀ **ਪ**, ੯੧, ੨ : ੩ (50)
"ਬਿਖਿਆ **ਬਿਆਪਿਆ** ਸਗਲ ਸੰਸਾਰੁ।"
— ਗਉ **ਕਬ**, ੨੪, ੧ : ੧ (328)
2. ਫਸਿਆ ਹੋਇਆ
"ਮਾਇਆ ਮੋਹਿ **ਬਿਆਪਿਆ** ਧੋਹਿ।"
— ਰਾਮ **ਪ**, ੫੨, ੧* : ੧ (899)

ਬਿਆਪਿਕ — ਵਿਦਮਾਨ, ਸਥਿਤ

"ਸਰਬ **ਬਿਆਪਿਕ** ਅੰਤਰ ਹਰੀ।"
— ਮਲਾ **ਨਾਮ**, ੧, ੫ : ੩ (1292)

ਬਿਆਪਿਤ — 1. ਵਿਦਮਾਨ, ਸਥਿਤ, ਵਿਆਪਕ
"ਸਰਬ **ਬਿਆਪਿਤ** ਪੂਰਨ ਧਨੀ।"
— ਗਉ **ਪ**, ੯੦, ੨ : ੩ (182)
2. ਫਸਿਆ ਹੋਇਆ
"ਹਉਮੈ ਰੋਗਿ ਜਾ ਕਾ ਮਨੁ **ਬਿਆਪਿਤ** ਓਹੁ ਜਨਮਿ ਮਰੈ ਬਿਲਲਾਤੀ।"
— ਸੋਰ **ਪ**, ੬, ੨ : ੨ (610)
ਹੋਰ ਰੂਪ — ਬਿਆਪਿਤੰ —
"ਭਰਮ ਮੋਹੰ ਮਾਨ ਅਪਮਾਨੰ ਮਦੰ ਮਾਯਾ **ਬਿਆਪਿਤੰ**।"— ਸਸ **ਪ**, ੪੨ : ੨ (1357)

ਬਿਆਪੀ — 1. ਵਿਆਪਕ, ਵਿਦਮਾਨ
"ਸਰਬ **ਬਿਆਪੀ** ਰਾਮ ਸੰਗਿ ਰਚਨ।"
— ਗਉ **ਪ**, ਸੁਖ ੨੩, ੪ : ੪ (294)
2. ਚੰਬੜ ਜਾਏ, ਪਿਛੇ ਪੈ ਜਾਏ
"ਮਨ ਕਾ ਸੁਭਾਉ ਮਨਹਿ **ਬਿਆਪਿ**।"
— ਗਉ **ਕਬ**, ੨੮, ੧ : ੧ (329)
ਹੋਰ ਰੂਪ — ਬਿਆਪੇ —
"ਐਸੇ ਦੋਖ ਮੂੜ ਅੰਧ **ਬਿਆਪੇ**।" (ਚੰਬੜੇ ਹਨ) — ਗਉ **ਪ**, ਸੁਖ ੪, ੨ : ੯ (267)
3. ਫਸੀ ਹੋਈ
"ਮਾਨ ਮੋਹ ਮਦ ਸਗਲ **ਬਿਆਪੀ** ਕਰਿ ਕਿਰਪਾ ਆਪਿ ਨਿਵਾਰੇ।"
— ਸੂਹੀ **ਪ**, ਛੰਤ ੮, ੩ : ੫ (782)
"ਸਗਲ ਸਮਗ੍ਰੀ ਡਰਹਿ **ਬਿਆਪਿ** ਬਿਨੁ ਡਰ ਕਰਣੈਹਾਰਾ।"— ਮਾਰੂ **ਪ**, ੧, ੪ : ੧ (999)
ਹੋਰ ਰੂਪ — ਬਿਆਪੇ —
"ਮੋਹ **ਬਿਆਪੇ** ਕਿਛੁ ਸੂਝੈ ਨਾਹੀ ਗੁਰ ਸਬਦੀ ਹਰਿ ਪਾਵਣਿਆ।" (ਫਸੇ ਹੋਏ)
— ਮਾਝ **੩**, ਅਸ ੩੧, ੬ : ੩ (128)
4. ਵਾਪਰੀ ਭਾਵ ਸਤਾ ਰਹੀ ਹੈ
"ਏਕਾ ਬੇਦਨ ਦੂਜੈ **ਬਿਆਪੀ** ਨਾਮੁ ਰਸਾਇਣੁ ਵੀਸਰਿਆ।"
— ਰਾਮ **੧**, ਸਿਗੋ ੨੫ : ੪ (941)

ਬਿਆਪੇ — 1. ਫਸੇ ਹੋਏ, ਵੇਖੋ 'ਵਿਆਪੀ' (3)
2. ਚੰਬੜੇ ਹਨ, ਵੇਖੋ 'ਵਿਆਪੀ' (2)
ਹੋਰ ਰੂਪ — ਬਿਆਪੈ —
"ਬਾਲ ਬਿਨੋਦ ਚਿੰਤ ਰਸ ਲਾਗਾ ਖਿਨੁ ਖਿਨੁ ਮੋਹਿ **ਬਿਆਪੈ**।" (ਚੰਬੜਦਾ ਹੈ
— ਸਿਰੀ **ਬੇਣੀ**, ੧, ੨ : ੧ (93)
"ਕਾਮੁ ਕ੍ਰੋਧੁ ਨ ਲੋਭੁ **ਬਿਆਪੈ** ਜੋ ਜਨ ਪ੍ਰਭ ਸਿਉ ਰਾਤਿਆ।" (ਚੰਬੜਦਾ)
— ਬਿਹਾ **ਪ**, ਛੰਤ ੩, ੩ : ੩ (543)
3. ਲਗੇ, ਆਏ
"ਛਿਜੈ ਨ ਜਾਇ ਕਿਛੁ ਭਉ ਨ **ਬਿਆਪੇ** ਹਰਿ ਧਨੁ ਨਿਰਮਲੁ ਗਾਠੇ।"
— ਆਸਾ **ਪ**, ੪੫, ੩ : ੨ (382)
ਹੋਰ ਰੂਪ — ਬਿਆਪੈ —
"ਦੁਖੁ ਕਲੇਸੁ ਨ ਭਉ **ਬਿਆਪੈ** ਗੁਰ ਮੰਤ੍ਰੁ ਹਿਰਦੈ ਹੋਇ।" (ਲਗਦਾ)
— ਸਿਰੀ **ਪ**, ੯੪, ੨ : ੧ (51)
"ਏਹ ਸੰਸਾ ਮੋ ਕਉ ਅਨਦਿਨੁ **ਬਿਆਪੈ** ਮੋ ਕਉ ਕੋ ਨ ਕਹੈ ਸਮਝਾਈ।" (ਲਗਦਾ ਹੈ)
— ਗਉ **ਕਬ**, ੫੨, ੧* : ੨ (334)
ਹੋਰ ਰੂਪ — ਬਿਆਪੈ —
"ਅੰਤਰਿ **ਬਿਆਪੈ** ਲੋਭੁ ਸੁਆਨੁ।" (ਵਿਆਪਕ ਹੈ, ਸਥਿਤ ਹੈ)
— ਗਉ **ਪ**, ਸੁਖ ੪, ੫ : ੬ (267)

ਬਿਆਲ — ਸਵੇਰੇ
"ਜਾਹਿ ਸਵਾਰੈ ਸਾਝ **ਬਿਆਲ**।"
— ਗਉ **੧**, ੧੧, ੩ : ੧ (154)
(ਮਹਾਨ ਕੋਸ਼ ਇਸ ਦੇ ਅਰਥ 'ਦੁਸ਼ਟ ਜੀਵ' ਕਰਦਾ ਹੈ ਤੇ ਗੁਰੂ ਗ੍ਰੰਥ ਕੋਸ਼ ਸਵੇਰ)

ਬਿਆਲੁ — ਦਰਿੰਦਾ, ਫਾੜਨ ਵਾਲਾ, ਪਸ਼ੂ ਜਿਵੇਂ ਸ਼ੇਰ ਬਘਿਆੜ
"ਕਾਲੁ **ਬਿਆਲੁ** ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ।"
(ਦਰਪਨ ਤੇ ਮਹਾਨ ਕੋਸ਼ ਅਰਥ ਸਰਪ ਕਰਦਾ ਹੈ)
— ਸੋਰ **੯**, ੧, ੧ : ੨ (631)

ਬਿਸੰਖ — ਬੇਅੰਤ, ਅਣਗਿਣਤ
"ਮੰਨੇ ਨਾਉ **ਬਿਸੰਖ** ਦਰਗਾਹ ਪਾਵਣਾ।"
— ਮਾਝ **੧**, ਵਾਰ ੨੧ : ੬ (148)

ਬਿਸਟਾ — ਗੰਦਗੀ, ਮਲ, ਗੂੰਹ

"**ਬਿਸਟਾ** ਅੰਦਰਿ ਕੀਟ ਸੇ ਪਇ ਪਚਹਿ ਵਾਰੋ ਵਾਰ।"— ਸਿਰੀ **੪**, ਵਾਰ ੮ਸ, **੩**, ੨ : ੪ (85)

ਬਿਸਟਾਲਾ — ਗੰਦੀ ਖਟੀ, ਹਰਾਮ ਦੀ ਕਮਾਈ ਭਾਵ ਰਿਸ਼ਵਤ
"ਡੋਰੀ ਪੂਰੀ ਮਾਪਹਿ ਨਾਹੀ ਬਹੁ **ਬਿਸਟਾਲਾ** ਲੇਹੀ।"
— ਸੂਹੀ **ਕਬ**, ੫, ੨ : ੨ (793)

ਬਿਸਥਰਹਿ — ਵਿਛਦੇ ਹਨ
"ਬਾਸਕ ਕੋਟਿ ਸੇਜ **ਬਿਸਥਰਹਿ**।"
— ਭੈਰ **ਕਬ**, ਅਸ ੨, ੩ : ੨ (1163)

ਬਿਸਥਰਿਓ — ਪਸਰਿਆ, ਖਿਲਰਿਆ
"ਏਕ ਹੀ ਏਕ ਅਨੇਕ ਹੋਇ **ਬਿਸਥਰਿਓ** ਆਨ ਰੇ ਆਨ ਭਰਪੂਰਿ ਸੋਊ।"
— ਮਲਾ **ਰਵਿ**, ੨, ੧* : ੨ (1293)

ਬਿਸਥਾਰ — 1. ਖਿਲਾਰਾ, ਵਿਸਤਾਰ
"ਬਿਨੁ ਹਰਿ ਨਾਮ ਨ ਸੁਖੁ ਹੋਇ ਕਰਿ ਡਿਠੇ **ਬਿਸਥਾਰ**।" — ਸਿਰੀ **੫**, ੮੬, ੨ : ੨ (48)
"ਰਾਜ ਮਿਲਕ ਸਿਕਦਾਰੀਆ ਰਸ ਭੋਗਣ **ਬਿਸਥਾਰ**।" (ਖਿਲਾਰੇ)
— ਸਿਰੀ **੫**, ਅਸ ੨੬, ੬ : ੧ (70)
"ਕਈ ਜੁਗਤਿ ਕੀਨੋ **ਬਿਸਥਾਰ**।" (ਫੈਲਾਓ)
— ਗਉ **੫**, ਸੁਖ ੧੦, ੭ : ੪ (276)
"ਤਨੁ ਧਨੁ ਕਲਤੁ ਮਿਥਿਆ **ਬਿਸਥਾਰ**।" (ਅਡੰਬਰ) — ਰਾਮ **੫**, ੧੯, ੨ : ੧ (888)
"ਪ੍ਰਭ ਥੰਭ ਤ ਨਿਕਸੇ ਕੈ **ਬਿਸਥਾਰ**।" (ਫਲਾਓ ਭਾਵ ਰੂਪ, ਅਕਾਰ)
— ਬਸੰ **ਕਬ**, ੪, ੪ : ੩ (1194)
2. ਬਹੁਤਾ
"ਖਾਤ ਪੀਤ ਖੇਲਤ ਹਸਤ **ਬਿਸਥਾਰ**।"
— ਗਉ **੫**, ੧੧੧, ੨ : ੧ (188)
ਹੋਰ ਰੂਪ — ਬਿਸਕਾਰੰ —
"ਭਿੰਨ ਭਿੰਨ ਤ੍ਰੈ ਗੁਣ **ਬਿਸਥਾਰੰ**।"
— ਗਉ **੫**, ਬਾਅ ੨ : ੩ (150)

ਬਿਸਥਾਰਨੁ — ਫੈਲਾਓ, ਵਿਸਥਾਰ, ਖਿਲਾਰ
"ਕੋਟਿ **ਬਿਸਥਾਰਨੁ** ਅਵਰੁ ਨ ਦੂਜਾ।"
— ਭੈਰ **੫**, ਅਸ ੨, ੫ : ੪ (1156)

ਬਿਸਥਾਰਾ — 1. ਖਿਲਾਰ, ਫੈਲਾਓ
"ਲਾਖ ਅਡੰਬਰ ਬਹੁਤੁ **ਬਿਸਥਾਰਾ**।"
— ਗਉ **੫**, ਅਸ ੧੦, ੭ : ੧ (240)
2. ਅਡੰਬਰ
"ਕਿਨਹੀ ਕੀਆ ਪੂਜਾ **ਬਿਸਥਾਰਾ**।"
— ਰਾਮ **੫**, ਅਸ ੧, ੧ : ੨ (912)
"ਪੂਜਾ ਕਰਹਿ ਬਹੁਤੁ **ਬਿਸਥਾਰਾ**।" (ਲੰਮੀ ਚੌੜੀ, ਵਿਸਤਾਰ ਵਾਲੀ)
— ਪ੍ਰਭਾ **੫**, ਅਸ ੨, ੧ : ੨ (1347)
3. ਵਿਸਤਾਰ, ਵਿਸਥਾਰ
"ਬਰਨਿ ਨ ਸਾਕਉ ਗੁਣ **ਬਿਸਥਾਰਾ**।"
— ਭੈਰ **੫**, ਅਸ ੨, ੧* : ੨ (1156)

ਬਿਸਥਾਰਿ — ਫੈਲਾ ਕੇ, ਪਸਾਰ ਕੇ
"ਹਰਿ ਜਨ ਸਰਣੀ ਊਤਮ ਹੈ ਹਰਿ ਕੀਰਤਿ ਜਗਿ **ਬਿਸਥਾਰਿ**।" — ਮਲਾ **੩**, ੯, ੩ : ੨ (1261)
ਹੋਰ ਰੂਪ — ਬਿਸਥਾਰਿਆ —
"ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ **ਬਿਸਥਾਰਿਆ**।" (ਫੈਲਾਉ ਕੀਤਾ)
— ਮਾਰੂ **੫**, ਵਾਰ ੧ : ੪ (1094)
ਬਿਸਥਾਰੀ —
"ਕਰਮ ਕਰਤੂਤਿ ਬੇਲਿ **ਬਿਸਥਾਰੀ** ਰਾਮ ਨਾਮੁ ਫਲੁ ਹੂਆ।" (ਫੈਲਾਈ, ਖਿਲਾਰੀ)
— ਆਸਾ **੧**, ੮, ੧ : ੧ (351)
"ਜਾਲੁ ਪਸਾਰਿ ਚੋਗ **ਬਿਸਥਾਰੀ** ਪੰਖੀ ਜਿਉ ਫਾਹਾਵਤ ਹੈ।"
— ਬਿਲਾ **੫**, ੮੮, ੪ : ੧ (822)
ਬਿਸਥਾਰੁ —
"ਆਪਿ ਕੀਨੋ ਆਪਨ **ਬਿਸਥਾਰੁ**।" (ਖਿਲਾਰਾ, ਫੈਲਾਉ) — ਗਉ **੫**, ੧੨, ੭ : ੩ (279)
"ਆਪਹਿ ਏਕੁ ਆਪਿ **ਬਿਸਥਾਰੁ**।" (ਫੈਲਾਓ ਭਾਵ ਅਨੇਕ)
— ਗਉ **੫**, ੨੨, ੧ : ੨ (292)
"ਰੂਪੇ ਕੀਆ ਕਾਰਾ ਬਹੁਤੁ **ਬਿਸਥਾਰੁ**।" (ਭਾਵ ਵਡੀਆ) — ਬਸੰ **੧**, ੩, ੧ : ੨ (1169)
"ਮਿਥਨੀ **ਬਿਸਥਾਰੁ**।" (ਪਾਸਾਰਾ)
— ਸਾਰ **੫**, ੧੩੦, ੧ : ੨ (1229)
ਬਿਸਥਾਰੇ —
"ਸਗਲ ਭਵਨ ਧਾਰੇ ਏਕ ਥੇਂ ਕੀਏ **ਬਿਸਥਾਰੇ** ਪੂਰਿ ਰਹਿਓ ਸ੍ਰਬ ਮਹਿ ਹੈ ਨਿਰਾਰੇ।" (ਖਿਲਾਰੇ) — ਸਮੁ **੫**, ੩ : ੧ (1386)

"ਉਗਵੈ ਦਿਨਸੁ ਆਲੁ ਜਾਲੁ ਸਮ੍ਾਲੈ ਬਿਖੁ ਮਾਇਆ ਕੇ **ਬਿਸਥਾਰੇ**।" (ਖਿਲਾਰੇ, ਪਾ ਕੇ) — ਨਟ **੪**, ਅਸ ੨, ੫ : ੧ (981)

ਬਿਸਥੀਰਨ — ਪਸਾਰੇ ਵਾਲੇ
"ਪੂਰਨ **ਬਿਸਥੀਰਨ** ਸੁਆਮੀ ਆਹਿ ਆਇਓ ਪਾਛੈ।" — ਮਾਰੂ **੫**, ੨੨, ੩ : ੧ (1005)
"ਗੁਨ ਰਾਮਨਾਮ **ਬਿਸਥੀਰਨ** ਕੀਏ ਹਰਿ ਸਗਲ ਭਵਨ ਜਸੁ ਦੀਜੈ।" (ਵੱਡੇ) — ਕਲਿ ੪, ਅਸ ੩, ੪ : ੨ (1324)
ਹੋਰ ਰੂਪ — ਬਿਸਥੀਰਨੁ —
"ਏਕੁ **ਬਿਸਥੀਰਨ** ਏਕ ਸੰਪੂਰਨੁ ਏਕੈ ਪ੍ਰਾਨ ਅਧਾਰਾ।" (ਫੈਲਾਓ, ਪਾਸਾਰਾ) — ਬਿਲਾ **੫**, ੮੭, ੩ : ੨ (821)

ਬਿਸਨ — 1. ਪ੍ਰਭੂ, ਪਾਰਬ੍ਰਹਮ
"**ਬਿਸਨ** ਕੀ ਮਾਇਆ ਤੇ ਹੋਇ ਭਿੰਨ।" — ਗਉ **੫**, ਸੁਖ ੯, ੨ : ੨ (274)
2. ਹਿੰਦੂਆਂ ਦੇ ਤਿੰਨ ਦੇਵਤਿਆਂ ਵਿਚੋਂ ਜਗਤ ਦਾ ਪਾਲਨਹਾਰ ਦੇਵਤਾ, ਵਿਸ਼ਨੂੰ, ਹੋਰ ਵੇਖੋ 'ਬਿਸਨੁ'
"ਸੰਕਰ **ਬਿਸਨ** ਅਵਤਾਰ ਹਰਿ ਜਸੁ ਮੁਖਿ ਭਣਾ।" — ਗੂਜ **੫**, ਵਾਰ ੨ : ੪ (518)
"ਸਿਮਰਹਿ ਬ੍ਰਹਮੇ **ਬਿਸਨ** ਮਹੇਸਾ।" — ਮਾਰੂ **੫**, ਸੋਲਾ ੮, ੩ : ੧ (1079)

ਬਿਸਨਪਦ — ਇਕ ਛੰਦ ਭਾਵ ਗੀਤ
"ਕਹਾ **ਬਿਸਨਪਦ** ਗਾਵੈ ਗੁੰਗ।" — ਗਉ **੫**, ਸੁਖ ੪, ੬ : ੫ (267)

ਬਿਸਨੁ — 1. ਹਿੰਦੂਆਂ ਦੇ ਤਿੰਨ ਦੇਵਤਿਆਂ ਵਿਚੋਂ ਜਗਤ ਦਾ ਪਾਲਣਹਾਰ ਦੇਵਤਾ, ਵਿਸ਼ਨੂੰ
"ਬ੍ਰਹਮਾ **ਬਿਸਨੁ** ਮਹਾ ਦੇਉ ਮੋਹਿਆ।" — ਆਸਾ **੫**, ੯੬, ੨ : ੨ (394)
2. (ਸੰ. व्यसन) ਮਾੜੀ ਆਦਤ, ਕੁਮ
"ਜਿਉ ਜੂਆਰ **ਬਿਸਨੁ** ਨ ਜਾਇ।" — ਬਿਲਾ **੫**, ਅਸ ੨, ੮ : ੫ (858)

ਬਿਸੰਭਰੁ — (ਵਿਸ਼ਵ) ਜਗਤ ਨੂੰ ਪਾਲਣ ਵਾਲਾ ਭਾਵ ਪ੍ਰਭੂ
"**ਬਿਸੰਭਰੁ** ਦੇਵਨ ਕਉ ਏਕੈ ਸਰਬ ਕਰੈ ਪ੍ਰਤਿਪਾਲਾ।" — ਗਉ **੫**, ਛਵ ੩, ੪ : ੨ (249)

ਬਿਸਮ — ਅਸਚਰਜ, ਹੈਰਾਨ
"ਬਿਸਮਨ **ਬਿਸਮ** ਭਏ ਬਿਸਮਾਦ।" — ਗਉ **੫**, ਸੁਖ ੧੬, ੮ : ੫ (285)
"ਹਮਰਾ ਮਨੁ ਮੋਹਿਓ ਗੁਰ ਮੋਹਨਿ ਹਮ **ਬਿਸਮ** ਭਈ ਮੁਖਿ ਲਾਗੇ।" (ਭਾਗ ਮਸਤ ਮਗਨ) — ਦੇਵ **੪**, ੧, ੧ : ੨ (527)
"ਨਉ **ਬਿਸਮ** ਭਈ ਦੇਖਿ ਗੁਣਾ ਅਨਹਦ ਸਬਦ ਆਗਾਜਾ ਰਾਮ।" (ਵਿਸਮਾਦ ਵਿਚ ਆ ਜਾਣਾ) — ਸੂਹੀ **੧**, ਛਵ ੩, ੪ : ੨ (765)

ਬਿਸਮਨ — ਹੈਰਾਨੀ/ਅਸਚਰਜ ਹੋਣ ਦਾ ਭਾਵ
"**ਬਿਸਮਨ** ਬਿਸਮ ਭਈ ਪੇਖਿ ਗੁਣ ਅਬਿਨਾਸੀ ਰਾਮ।" — ਬਿਲਾ **੫**, ਛੰਤ ੨, ੩ : ੧ (846)
ਹੋਰ ਰੂਪ — ਬਿਸਮਨਿ —
"ਦੇਖਿ ਚਰਿਤ੍ਰ ਭਈ ਹਉ **ਬਿਸਮਨਿ** ਗੁਰਮਤਿ ਗੁਰਿ ਪੁਰਖਿ ਮਿਲਾਈ।" (ਹੈਰਾਨੀ) — ਸਾਰ **੫**, ੧੫, ੪ : ੧ (1207)

ਬਿਸਮਾ — ਹੈਰਾਨ, ਮਸਤ, ਅਨੰਦਿਤ
"ਉਸਤਤਿ ਕਵਨ ਕਰੀਜੈ ਕਰਤੇ ਪੇਖਿ ਰਹੇ **ਬਿਸਮਾ**।"— ਗੂਜ **੫**, ਅਸ ੧, ੧* : ੨ (507)
"ਤੂ ਅਚਰਜੁ ਕੁਦਰਤਿ ਤੇਰੀ **ਬਿਸਮਾ**।" (ਹੈਰਾਨ ਕਰਨ ਵਾਲੀ) — ਵਡ **੫**, ੮, ੧* : ੨ (564)

ਬਿਸਮਾਦ — 1. ਅਸਚਰਜ ਕੌਤਕ ਜਾਂ ਦ੍ਰਿਸ਼
"ਜਿਹ ਪ੍ਰਸਾਦਿ ਪੇਖਹਿ **ਬਿਸਮਾਦ**।" — ਗਉ **੫**, ਸੁਖ ੬, ੬ : ੨ (270)
"ਕਹਨ ਨ ਜਾਈ ਅਚਰਜ **ਬਿਸਮਾਦ**।" — ਗਉ **੫**, ਸੁਖ ੨੩, ੧ : ੨ (293)
2. ਅਸਚਰਜ, ਹੈਰਾਨ, ਮਸਤ
"ਬਿਸਮਨ ਬਿਸਮ ਭਏ **ਬਿਸਮਾਦ**।" — ਗਉ **੫**, ਸੁਖ ੧੬, ੮ : ੧ (285)
"ਪ੍ਰਭ ਕਿਰਪਾ ਤੇ ਗੁਰ ਮਿਲੇ ਹਰਿ ਹਰਿ **ਬਿਸਮਾਦ**।" (ਅਨੰਦਿਤ) — ਬਿਲਾ **੫**, ੩੮, ੪ : ੫ (810)
ਹੋਰ ਰੂਪ — ਬਿਸਮਾਦਾ —
"ਬਿਸਮਨ ਬਿਸਮ ਭਏ **ਬਿਸਮਾਦਾ** ਆਨ ਨ ਬੀਓ ਦੂਸਰ ਲਾਵਸ।" — ਟੋਡੀ **੫**, ੨੫, ੨ : ੧ (717)

ਬਿਸਮਾਦਿ —
"ਮਨੁ ਸੋਇਆ ਮਾਇਆ **ਬਿਸਮਾਦਿ**।" (ਮਸਤੀ ਵਿਚ)— ਗਉ **ਪ**, ੮੯, ੧ : ੪ (182)
"ਦੇਖਿ ਅਚਰਜੁ ਰਹੇ **ਬਿਸਮਾਦਿ**।" (ਹੈਰਾਨ)
— ਆਸਾ **੧**, ਅਸ ੯, ੬ : ੧ (416)

ਬਿਸਮਾਦੀ —
"ਦੇਖਿ ਅਦ੍ਰਿਸਟੁ ਰਹਉ **ਬਿਸਮਾਦੀ** ਦੁਖੁ ਬਿਸਰੈ ਸੁਖੁ ਹੋਈ ਜੀਉ।" (ਮਸਤ, ਅਨੰਦਿਤ)
— ਸੋਰ **੧**, ੧੧, ੩ : ੨ (599)
"ਨਾਨਕ ਸਾਚਿ ਰਤੇ **ਬਿਸਮਾਦੀ** ਬਿਸਮ ਭਏ ਗੁਣ ਗਾਇਦਾ।" (ਅਸਚਰਜ ਹੋਕੇ)
— ਮਾਰੂ **੧**, ਸੋਲਾ ੧੫, ੬ : ੩ (1036)
"ਬਿਸਮ ਭਈ ਪੇਖਿ **ਬਿਸਮਾਦੀ** ਪੂਰਿ ਰਹੇ ਕਿਰਪਾਲਤ।" (ਅਸਚਰਜ ਹਰੀ ਨੂੰ)
— ਸਾਰ **੫**, ੯, ੧ : ੨ (1205)

ਬਿਸਮਾਦੁ —
"ਚਾਖਤ ਹੋਇ ਰਹਹਿ **ਬਿਸਮਾਦੁ**।" (ਮਸਤ, ਹੈਰਾਨ) — ਗਉ **ਪ**, ੮੪, ੧ : ੪ (180)
"ਗੁਣ ਗੋਬਿੰਦ ਨ ਜਾਣੀਐ ਨਾਨਕ ਸਭੁ **ਬਿਸਮਾਦੁ**।" (ਅਚਰਜ ਰੂਪ)
— ਗਉ **ਪ**, ਥਿਤੀ ੧੧ਸ : ੧ (299)
"ਜਿਉ ਗੂੰਗਾ ਮਨ ਮਹਿ **ਬਿਸਮਾਦੁ**।" (ਮਗਨ)
— ਬਿਲਾ **ਪ**, ੧, ੫ : ੨ (800)
"ਸੋਵਤ ਹਰਿ ਜਪਿ ਜਾਗਿਆ ਪੇਖਿਆ **ਬਿਸਮਾਦੁ**।" (ਅਸਚਰਜਤਾ, ਅਚਰਜ ਰੂਪ ਪ੍ਰਭੂ) — ਬਿਲਾ **ਪ**, ੫੫, ੨ : ੧ (814)
"ਕਹਨੁ ਨ ਜਾਈ ਨਾਨਕ **ਬਿਸਮਾਦੁ**।" (ਅਚਰਜ ਰੂਪ ਪ੍ਰਭੂ)
— ਰਾਮ **ਪ**, ੨੦, ੪ : ੪ (889)
"ਹੁਕਮੁ **ਬਿਸਮਾਦੁ** ਹੁਕਮਿ ਪਛਾਣੈ ਜੀਅ ਜੁਗਤਿ ਸਚੁ ਜਾਣੈ ਸੋਈ।" (ਅਕਥਨੀਯ)
— ਰਾਮ **੧**, ਸਿਧੋ ੨੩ : ੫ (940)
"ਦੇਖਿ **ਬਿਸਮਾਦੁ** ਇਹੁ ਮਨੁ ਨਹੀ ਚੇਤੇ ਆਵਾ ਗਉਣੁ ਸੰਸਾਰਾ।" (ਅਸਚਰਜ ਰੂਪ ਸੰਸਾਰ)
— ਸਾਰ **੩**, ਅਸ ੩, ੫ : ੧ (1234)

ਬਿਸਮਾਦੇ —
"ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਰੰਗਿ ਰਤੇ **ਬਿਸਮਾਦੇ**।" (ਅਸਚਰਜ)
— ਸੋਰ **ਪ**, ੧੯, ੪ : ੨ (614)

ਬਿਸਮਿਲਿ — (ਫਾ. ਬਿਸਮਿਲ) ਜ਼ਿਬਾਹ ਕੀਤਾ ਹੋਇਆ, ਮਰਿਆ ਹੋਇਆ
"**ਬਿਸਮਿਲਿ** ਕੀਆ ਨ ਜੀਵੈ ਕੋਇ।"
— ਭੈਰ **ਨਾਮ**, ੧੦, ੩ : ੨ (1165)
"ਪਕਉ ਜੀਉ ਆਨਿਆ ਦੇਹ ਬਿਨਾਸੀ ਮਾਟੀ ਕਉ **ਬਿਸਮਿਲਿ** ਕੀਆ।"
— ਪ੍ਰਭਾ **ਕਬ**, ੪, ੨ : ੧ (1350)

ਬਿਸਮੁ — 1. ਹੈਰਾਨਗੀ ਵਿਚ ਲੀਨ ਹੋਣਾ, ਮਸਤ
"ਤੁਮਰੇ ਗੁਣ ਕਿਆ ਕਹਾ ਮੇਰੇ ਸਤਿਗੁਰਾ ਜਬ ਗੁਰੁ ਬੋਲਹ ਤਬ **ਬਿਸਮੁ** ਹੋਇ ਜਾਇ।"
— ਗਉ **੪**, ੪੯, ੩ : ੧ (167)

ਹੋਰ ਰੂਪ — ਬਿਸਮੈ —
"ਬਿਸਮ **ਬਿਸਮੈ** ਬਿਸਮ ਭਈ।" (ਅਨੰਦਿਤ, ਮਸਤ) — ਮਲਾ **ਪ**, ੨੬, ੨ : ੧ (1272)

2. ਅਸਚਰਜ
"**ਬਿਸਮੁ** ਪੇਖੈ **ਬਿਸਮੁ** ਸੁਣੀਐ ਬਿਸਮਾਦੁ ਨਦਰੀ ਆਇਆ।"
— ਸੂਹੀ **ਪ**, ਛੰਤ ੨, ੪ : ੩ (778)

ਹੋਰ ਰੂਪ — ਬਿਸਮੇ —
"ਕਹ ਪੇਖਾਰਉ ਹਉ ਕਰਿ ਚਤੁਰਾਈ ਬਿਸਮਨ **ਬਿਸਮੇ** ਕਹਨ ਕਹਾਤਿ।" (ਹੈਰ ਰਹਿ ਗਏ)
— ਦੇਵ **ਪ**, ੩੫, ੧ : ੧ (535)

ਬਿਸਰਉ — ਭੁਲਾਂ, ਵਿਸਰੇ
"ਨਾਨਕ ਜਪੀਐ ਸਦਾ ਹਰਿ ਨਿਮਖ ਨ **ਬਿਸਰਉ** ਨਾਮੁ।"— ਗਉ **ਪ**, ਵਾਰ ੧੦ਸ, **ਪ**, ੨ : ੨ (320)

ਬਿਸਰਸਿ — ਭੁਲ/ਵਿਸਰ ਜਾਏ
"ਮਤ **ਬਿਸਰਸਿ** ਰੇ ਮਨ ਰਾਮ ਬੋਲਿ।"
— ਬਸੰ **੧**, ੭, ੧* : ੧ (1170)

ਬਿਸਰਹਿ — ਵਿਸਰਦਾ/ਭੁਲਦਾ ਹੈ, ਵਿਸਰੇ, ਭੁਲੇ
"ਸਰਬ ਦੂਖ ਜਬ **ਬਿਸਰਹਿ** ਸੁਆਮੀ।"
— ਆਸਾ **ਪ**, ੯੭, ੧ : ੧ (394)

ਹੋਰ ਰੂਪ — ਬਿਸਰਹੁ —
"ਕਬਹੂ ਨ **ਬਿਸਰਹੁ** ਮਨ ਮੇਰੇ ਤੇ ਆਠ ਪਹਰ ਗੁਨ ਗਾਇਣ।" (ਭੁਲੋਂ, ਵਿਸਰੋ)
— ਨਟ **ਪ**, ੭, ੧* : ੨ (979)

ਬਿਸਰਜਿਤ — ਵਿਦਾ ਕੀਤੇ, ਛੱਡੇ ਹੋਏ

"ਨਾਮ ਰਤੇ ਕੇਵਲ ਬੈਰਾਗੀ ਸੋਗ ਬਿਜੋਗ **ਬਿਸਰਜਿਤ** ਰੋਗ।" — ਗੂਜ **੧**, ਅਸ ੪, ੧ : ੨ (505)

ਬਿਸਰਣੈ — ਵਿਸਾਰਣਾ, ਭੁਲਣਾ
"ਮਰਣੰ **ਬਿਸਰਣੰ** ਗੋਬਿੰਦਹ।"
— ਗਾਥਾ **੫**, ੧੫ : ੧ (1361)

ਬਿਸਰਤ — ਭੁਲਣ/ਵਿਸਰਨ
"ਹਰਿ **ਬਿਸਰਤ** ਤੇਰੇ ਗੁਣ ਗਲਿਆ।"
— ਆਸਾ **੧**, ਸੋਪੁ ੩, ੧* : ੨ (12)
"ਸੋ ਪ੍ਰਭੁ ਮਨ ਤੇ **ਬਿਸਰਤ** ਨਾਹੀ।" (ਭੁਲਣਾ)
— ਗਉ **੫**, ੭੫, ੨ : ੪ (177)

ਹੋਰ ਰੂਪ — **ਬਿਸਰੰਤ** —
"ਰਾਜ ਜੋਬਨ **ਬਿਸਰੰਤ** ਹਰਿ ਮਾਇਆ ਮਹਾ ਦੁਖੁ ਏਹੁ ਮਹਾਂਤ ਕਹੈ।" (ਭੁਲਾਣਾ)
— ਧਨਾ **੫**, ੫੪, ੧ : ੧ (683)

ਬਿਸਰਤੇ —
"ਹਰਿ **ਬਿਸਰਤੇ** ਹੀ ਹਾਨਿ।" (ਭੁਲਣਤੇ)
— ਕਾਨ **੫**, ੩੧, ੧* : ੨ (1303)

ਬਿਸਰਾਉ — ਵਿਸਾਰ ਦੇਣਾ, ਭੁਲਾ ਦੇਣਾ
"ਪਉਣ ਪਾਣੀ ਅਗਨੀ **ਬਿਸਰਾਉ**।"
— ਬਿਲਾ **੧**, ਥਿਤੀ ੧੦ : ੩ (839)

ਹੋਰ ਰੂਪ — **ਬਿਸਰਾਇ** —
"ਨਾਂਨਕ ਹਰਿ **ਬਿਸਰਾਇ** ਕੈ ਪਉਦੇ ਨਰਕਿ ਅੰਧ੍ਹਾਰ।" (ਭੁਲਾ/ਵਿਸਾਰ ਕੇ)
— ਸਲੋ **੫**, ੧੮ : ੨ (1425)

ਬਿਸਰਾਇਓ —
"ਲਾਗਤ ਪਵਨ ਖਸਮੁ **ਬਿਸਰਾਇਓ**।" (ਭੁਲਾ/ਵਿਸਾਰ ਦਿਤਾ)
— ਗਉ **ਕਬ**, ੬੨, ੧ : ੨ (337)

ਬਿਸਰਾਇਆ —
"ਦੂਖ ਹਰਤਾ ਇਹ ਬਿਧਿ ਕੋ ਸੁਆਮੀ ਤੈ ਕਾਹੇ **ਬਿਸਰਾਇਆ**।" (ਭੁਲਾਇਆ ਵਿਸਾਰਿਆ)
— ਸੋਰ **੯**, ੪, ੧ : ੨ (632)

ਬਿਸਰਾਈ —
"ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ **ਬਿਸਰਾਈ**।" (ਭੁਲਾਈ/ਵਿਸਾਰੀ)
— ਸੋਰ **੯**, ੨, ੧ : ੧ (219)

ਬਿਸਰਾਏ —
"ਕਿਤ ਹੀ ਕਾਮਿ ਨ ਧਉਲਹਾਰ ਜਿਤੁ ਹਰਿ **ਬਿਸਰਾਏ**।" (ਭੁਲਾ/ਵਿਸਾਰ ਦਿਤੇ)
— ਸੂਹੀ **੫**, ੪੧, ੧* : ੨ (745)

ਬਿਸਰਾਨਾ — ਭੁਲਾ ਦੇਣਾ
"ਦੇਵਨਹਾਰੁ ਮਨਹਿ **ਬਿਸਰਾਨਾ**।"
— ਗਉ **੫**, ਬਾਅ ੬ : ੬ (251)

ਹੋਰ ਰੂਪ — **ਬਿਸਰਾਨੀ** —
"ਜਿਉ ਉਲਝਾਇਓ ਬਾਲ ਬੁਧਿ ਕਾ ਮਰਤਿਆ ਨਹੀ **ਬਿਸਰਾਨੀ**।" (ਭੁਲਾਈ, ਵਿਸਾਰੀ)
— ਗਉ **੫**, ਆਸ ੧੫, ੪ : ੧ (242)

ਬਿਸਰਾਮ — ਆਰਾਮ, ਟਿੱਕਾ, ਸ਼ਾਂਤੀ
"ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ **ਬਿਸਰਾਮ**।" — ਮਾਝ **੫**, ਬਾਰਾ ੧ : ੫ (133)

ਹੋਰ ਰੂਪ — **ਬਿਸਰਾਮਾ** —
"ਸਾਧੋ ਰਾਮ ਸਰਨਿ **ਬਿਸਰਾਮਾ**।" (ਸਾਂਤੀ, ਟਿਕਾਉ, ਆਰਾਮ)
— ਗਉ **੯**, ੭, ੧* : ੧ (220)

2. ਟਿਕਾਨਾ, ਵਾਸਾ, ਨਿਵਾਸ
"ਦੂਖ ਬਿਨਸੇ ਸੁਖ ਕੀਓ **ਬਿਸਰਾਮ**।"
— ਗਉ **ਕਬ**, ੧੭, ੧ : ੨ (326)
"ਚਰਨ ਕਮਲ ਹਿਰਦੈ ਗਹੁ ਨਾਨਕ ਸੁਖ ਸਮੂਹ **ਬਿਸਰਾਮ**।"— ਜੈਤ **੫**, ੧੩, ੨ : ੨ (702)

ਹੋਰ ਰੂਪ — **ਬਿਸਰਾਮਾ** —
"ਦੂਖ ਸੋਗ ਕਾ ਢਾਹਿਓ ਡੇਰਾ ਅਨਦ ਮੰਗਲ **ਬਿਸਰਾਮਾ**।" (ਨਿਵਾਸ/ਡੇਰਾ ਕਰ ਲਿਆ)
— ਸੋਰ **੫**, ੨੧, ੨ : ੧ (614)

ਬਿਸਰਾਮੁ —
"ਮਨ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ **ਬਿਸਰਾਮੁ**।" (ਟਿਕਾਨਾ)
— ਬਸੰ **੯**, ੩, ੧* : ੨ (1186)

ਬਿਸਰਾਵਉ — ਵਿਸਾਰਿਆ ਹੈ, ਭੁਲਾਇਆ ਹੈ
"ਗਜ ਕੋ ਤ੍ਰਾਸੁ ਮਿਟਿਓ ਜਿਹ ਸਿਮਰਤ ਤੁਮ ਕਾਹੇ **ਬਿਸਰਾਵਉ**।" — ਗਉ **੯**, ੫, ੧ : ੨ (219)

ਹੋਰ ਰੂਪ — **ਬਿਸਰਾਵੈ** —
"ਭੁਗਤਿ ਮੁਕਤਿ ਕਾ ਕਾਰਨੁ ਸੁਆਮੀ ਮੂੜ ਤਾਹਿ **ਬਿਸਰਾਵੈ**।" (ਭੁਲਾਂਦਾ ਹੈ)
— ਗਉ **੯**, ੩, ੨ : ੧ (219)

"ਸਾਈ ਮਤਿ ਸਾਈ ਬੁਧਿ ਸਿਆਨਪ ਜਿਤੁ ਨਿਮਖ ਨ ਪ੍ਰਭੁ **ਬਿਸਰਾਵੈ**।" (ਭੁਲਾਏ, ਵਿਸਾਰੇ) — ਨਟ **੫**, ੧, ੩ : ੧ (978)

ਬਿਸਰਿ — ਭੁਲ, ਵਿਸਰ

"ਮਾਇਆ ਮੋਹੁ ਤਬ **ਬਿਸਰਿ** ਗਇਆ ਜਾ ਤਜੀਅਲੇ ਸੰਸਾਰੰ।" — ਸਿਰੀ **ਤ੍ਰਿਲੋ**, ੨, ੩ : ੨ (92)

ਹੋਰ ਰੂਪ — ਬਿਸਰਿਓ —

"ਦੇਵਨਹਾਰਾ **ਬਿਸਰਿਓ** ਠਾਕੁਰੁ ਖਿਨ ਮਹਿ ਹੋਤ ਪਰਾਏ।" (ਵਿਸਰ/ਭੁਲ ਗਿਆ) — ਗਉ **੫**, ੧੫੨*, ੨ : ੨ (212)

"ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ **ਬਿਸਰਿਓ** ਪਾਨੀ।" (ਭੁਲਾਂ, ਵਿਸਰਿਆ) — ਸੋਰ **ਰਵਿ**, ੨, ੨ : ੨ (658)

ਬਿਸਰਿਆ —

"ਕਿਸ ਹੀ ਚਿਤਿ ਨ ਪਾਵਹੀ **ਬਿਸਰਿਆ** ਸਭ ਸਾਕ।" (ਭੁਲ ਗਿਆ) — ਸਿਰੀ **੫**, ੭੧, ੨ : ੩ (42)

ਬਿਸਰਿਐ —

"ਹਰਿ **ਬਿਸਰਿਐ** ਦੁਖ ਰੋਗ ਘਨੇਰੇ।" (ਭੁਲਣ ਨਾਲ) — ਗਉ **੫**, ੧੫੮, ੨ : ੧ (197)

ਬਿਸਰੀ —

"ਲਾਹਿ ਪਰਦਾ ਠਾਕੁਰੁ ਜਉ ਭੇਟਿਓ ਤਉ **ਬਿਸਰੀ** ਤਾਤਿ ਪਰਾਈ।" (ਭੁਲ ਗਈ) — ਗਉ **੫**, ੧੬੧*, ੩ : ੨ (215)

ਬਿਸਰੁ —

"ਆਠ ਪਹਰ ਗੋਵਿੰਦ ਗੁਣ ਗਾਈਐ **ਬਿਸਰੁ** ਨ ਕੋਈ ਸਾਸਾ ਜੀਉ।" (ਭੁਲ, ਵਿਸਰ) — ਮਾਝ **੫**, ੪੭, ੧ : ੩ (108)

"ਜਿਹ ਮੁਖਿ ਬੇਦੁ ਗਾਇਤ੍ਰੀ ਨਿਕਸੈ ਸੋ ਕਿਉ ਬ੍ਰਹਮਨੁ **ਬਿਸਰੁ** ਕਰੈ।" (ਵਿਸਾਰਨਾ, ਭੁਲਾਣਾ) — ਰਾਮ **ਕਬ**, ੫, ੧ : ੧ (970)

ਬਿਸਰੇ —

"ਅਨਿਕ ਅਨਿਕ ਭੋਗ ਰਾਜ **ਬਿਸਰੇ** ਪ੍ਰਾਣੀ ਸੰਸਾਰ ਸਾਗਰ ਪੈ ਅਮਰੁ ਭਇਆ।" (ਭੁਲ ਗਏ) — ਸਿਰੀ **ਤ੍ਰਿਲੋ**, ੨, ੨ : ੧ (92)

ਬਿਸਰੈ —

"ਦੂਖੁ ਰੋਗੁ ਸੋਗੁ **ਬਿਸਰੈ** ਜਬ ਨਾਮੁ।" (ਭੁਲ ਜਾਣ ਨਾਲ)— ਗਉ **੫**, ੧੦੧, ੨ : ੧ (186)

"ਜਾ ਕਉ **ਬਿਸਰੈ** ਰਾਮ ਨਾਮ ਤਾਹੂ ਕਉ ਪੀਰ।" (ਭੁਲ ਜਾਏ) — ਗਉ **੫**, ੧੪੭, ੧* : ੧ (212)

ਬਿਸਰੋਹੀ — ਭੁਲ ਗਿਆ ਹੈ

"ਹੋਇ ਆਮਰੋ ਗ੍ਰਿਹ ਮਹਿ ਬੈਠਾ ਕਰਣ ਕਾਰਨ **ਬਿਸਰੋਹੀ**।" — ਸੋਰ **੫**, ੪, ੨ : ੨ (609)

ਬਿਸਲਿ — ਜ਼ਖਮ ਰਹਿਤ ਕਰਨ ਵਾਲੀ ਬੂਟੀ

"ਦਾਧੀਲੇ ਲੰਕਾ ਗੜੁ ਉਪਾੜੀਲੇ ਰਾਵਣ ਬਣੁ ਸਲਿ **ਬਿਸਲਿ** ਆਣਿ ਤੋਖੀਲੇ ਹਰੀ।" — ਧੰਨਾ **ਤ੍ਰਿਲੋ**, ੧, ੫ : ੧ (695)

ਬਿਸਲੋਧੁ — ਵਿਹੁਦਾ ਮਾਦਾ (ਸ਼ਬਦਾਰਥ), ਵਿਹੁ ਦਾ ਰੁੱਖ (ਦਰਪਣ)

"ਮਨਿ ਹਿਰਦੈ ਕ੍ਰੋਧੁ ਮਹਾ **ਬਿਸਲੋਧੁ** ਨਿਰਪ ਧਾਵਹਿ ਲੜਿ ਦੁਖੁ ਪਾਇਆ।" — ਆਸਾ **੪**, ਛੰਤ ੧੧, ੨ : ੩ (445)

ਬਿਸਵੇ — ਧਰਤੀ ਦੀ ਮਿਣਤੀ ਦੀ ਇਕਾਈ, ਵੀਹ ਵਿਸਵੇ ਦਾ ਇਕ ਵਿੱਘਾ ਹੁੰਦਾ ਹੈ

"ਬੀਸ **ਬਿਸਵੇ** ਗੁਰ ਕਾ ਮਨੁ ਮਾਨੈ।" (ਭਾਵ ਪੂਰੀ ਤਰ੍ਹਾਂ) — ਗਉ **੫**, ਸੁਖ ੧੮, ੩ : ੧ (287)

ਬਿਸਾਸ — ਵਿਸ਼ਵਾਸ, ਭਰੋਸਾ, ਸ਼ਰਧਾ

"ਪੂਰੈ ਸਤਿ ਗੁਰਿ ਦੀਆ **ਬਿਸਾਸ**।" — ਰਾਮ **੫**, ੧੮, ੪ : ੩ (888)

"ਕਹਤ ਸੁਨਤ ਕਿਛੁ ਸਾਂਤਿ ਨ ਉਪਜਤ ਬਿਨੁ **ਬਿਸਾਸ** ਕਿਆ ਸੇਖਾਂ।" (ਸ਼ਰਧਾ) — ਸਾਰ **੫**, ੮੮, ੧ : ੧ (1221)

ਹੋਰ ਰੂਪ — ਬਿਸਾਸਾ —

"ਕਹਾ **ਬਿਸਾਸਾ** ਦੇਹ ਕਾ ਬਿਲਮ ਨ ਕਰਿਹੋ ਮੀਤ।" (ਇਤਬਾਰ, ਵਸਾਹ) — ਗਉ **੫**, ਬਾਅ ੧੯ : ੨ (254)

ਬਿਸਾਸੁ —

"ਨਾਨਕ ਤਿਨ ਮਹਿ ਏਹੁ **ਬਿਸਾਸੁ**।" (ਯਕੀਨ, ਭਰੋਸਾ)— ਗਉ **੫**, ਸੁਖ ੨੩, ੩ : ੧੦ (294)

"ਮਨਿ **ਬਿਸਾਸੁ** ਪਾਇਓ ਗਹਰਿ ਗਹੁ ਹਦਰਥਿ ਦੀਓ।" (ਸ਼ਰਧਾ, ਵਿਸ਼ਵਾਸ) — ਸਵ **੨**, ੭ : ੧ (1392)

ਬਿਸਾਹਨ — ਖਰੀਦਨ, ਵਿਹਾਜਨ

"ਓਹ ਨਿਤ ਸੁਨੈ ਹਰਿ ਨਾਮ ਜਸੁ ਉਹ ਪਾਪ

ਬਿਸਾਹਨ ਜਾਇ।"— ਸਲੋ **ਕਬ**, ੫੨ : ੨ (1367)

ਬਿਸਾਹਾ — ਵਿਉਪਾਰ, ਵਣਜ
"ਹਰਿ ਹਰਿ ਪੂੰਜੀ ਨਾਮ **ਬਿਸਾਹਾ**।"
— ਗਉ **੫**, ਬਾਅ ੩੫ : ੪ (257)

ਬਿਸਾਹਿਓ — ਖਰੀਦਿਆ ਹੈ
"ਤ੍ਰਿਸਨਾ ਗੂਣਿ ਭਰੀ ਘਟ ਭੀਤਰਿ ਇਨ ਬਿਧਿ ਟਾਂਡਾ **ਬਿਸਾਹਿਓ**।"
— ਗਉ **ਕਬ**, ੪੯, ੧ : ੨ (333)

ਹੋਰ ਰੂਪ — ਬਿਸਾਹੀ —
"ਹਰਿ ਪੂਜੀ ਚਾਹੀ ਨਾਮੁ **ਬਿਸਾਹੀ** ਗੁਣ ਗਾਵੈ ਗੁਣ ਭਾਵੈ।" (ਖਰੀਦਾਂ)
— ਆਸਾ **੪**, ਛੰਤ ੮, ੩ : ੩ (442)

ਬਿਸਾਹੇ —
"ਪਾਪੁ ਪੁੰਨੁ ਦੁਇ ਬੈਲ **ਬਿਸਾਹੇ** ਪਵਨੁ ਪੂਜੀ ਪਰਗਾਸਿਓ।"
— ਗਉ **ਕਬ**, ੪੯, ੧ : ੧ (333)

ਬਿਸਾਰਹੁ — ਭੁਲਾ ਦਿਓ, ਭੁਲਾਉ
"ਅਵਰਿ ਉਪਾਵ ਸਭਿ ਮੀਤ **ਬਿਸਾਰਹੁ**।"
— ਗਉ **੫**, ਸੁਖ ੧੯, ੧ : ੩ (288)

ਬਿਸਾਰਣਹਾਰੁ — ਮਾਰਨ ਵਾਲਾ, ਦੂਰ ਕਰਨ ਵਾਲਾ
"ਸਭਨਾ ਕਾ ਦਾਤਾ ਕਰਮ ਬਿਧਾਤਾ ਦੂਖ **ਬਿਸਾਰਣਹਾਰੁ** ਜੀਉ।"
— ਆਸਾ **੧**, ਛੰਤ ੪, ੧ : ੨ (438)

ਬਿਸਾਰਣੁ — ਮਾਰਨਾ, ਦੂਰ ਕਰਨਾ
"ਧ੍ਰੰਮ ਧੀਰੁ ਗੁਰਮਤਿ ਗਭੀਰੁ ਪਰ ਦੁਖ **ਬਿਸਾਰਣੁ**।"
— ਸਵ **੫**, ਕਲ ੨ : ੧ (1407)

ਬਿਸਾਰਨ — 1. ਦੂਰ ਕਰਨਾ
"ਪ੍ਰਭ ਕੇ ਸੇਵਕ ਦੂਖ **ਬਿਸਾਰਨ**।"
— ਗਉ **੫**, ਸੁਖ ੧੪, ੨ : ੪ (282)
2. ਭੁਲਾ ਦੇਣਾ
"ਮੋਹ ਮਗਨ ਪਤਿਤ ਸੰਗਿ ਪ੍ਰਾਨੀ ਐਸੇ ਮਨਹਿ **ਬਿਸਾਰਨ**।"
— ਬਿਲਾ **੫**, ੮੩, ੧* : ੨ (820)

ਬਿਸਾਰਨਹਾਰਾ — ਮਾਰਨ ਵਾਲਾ, ਦੂਰ ਕਰਨ ਵਾਲਾ
"ਹਰਿ ਜਪਿਆ ਹਰਿ ਦੂਖ **ਬਿਸਾਰਨਹਾਰਾ**।"
— ਬਿਲਾ **੫**, ੭, ੧ : ੨ (801)

ਬਿਸਾਰਨੋ — ਮਾਰਨ ਵਾਲਾ, ਦੂਰ ਕਰਨ ਵਾਲਾ
"ਨਿਤ ਗਾਈਐ ਹਰਿ ਦੂਖ **ਬਿਸਾਰਨੋ**।"
— ਬਿਲਾ **੫**, ੭, ੧* : ੫ (80)

ਬਿਸਾਰਾ — ਭੁਲਾਇਆ ਹੈ
"ਮਨ ਮੂਰਖ ਕਿਉ ਤਾਹਿ **ਬਿਸਾਰਾ**।"
— ਗਉ **੫**, ਬਾਅ ੩੪ : ੪ (257)

ਬਿਸਾਰਿ — ਭੁਲਾ ਕੇ, ਵਿਸਾਰ ਕੇ, ਵਿਸਾਰ, ਭੁਲਾ
"ਨਾਮੁ **ਬਿਸਾਰਿ** ਲਗੈ ਅਨ ਸੁਆਇ।"
— ਗਉ **੫**, ੧੩੪, ੩ : ੧ (192)
"ਮੋ ਕਉ ਤੂੰ ਨ **ਬਿਸਾਰਿ** ਤੂ ਨ ਬਿਸਾਰਿ।" (ਭੁਲਾ)
— ਮਲਾ **ਨਾਮ**, ੨, ੧* : ੧ (1292)
"ਬਿਖਿਆ ਬਿਖੁ ਜਿਉ **ਬਿਸਾਰਿ** ਪ੍ਰਭ ਕੌ ਜਸੁ ਹੀਏ ਧਾਰਿ।" (ਭਾਵ 'ਛੱਡ ਕੇ')
— ਜੈਜਾ **੯**, ੨, ੨ : ੧ (1352)

ਹੋਰ ਰੂਪ — ਬਿਸਾਰਿਓ —
"ਸਾਸ ਗ੍ਰਾਸ ਕੋ ਦਾਤੋ ਠਾਕੁਰੁ ਸੋ ਕਿਉ ਮਨਹੁ **ਬਿਸਾਰਿਓ** ਰੇ।" (ਭੁਲਾਇਆ)
— ਗਉ **ਕਬ**, ੫੬, ੧* : ੧ (335)

ਬਿਸਾਰਿਆ —
"ਗਰਭ ਛੋਡਿ ਮ੍ਰਿਤ ਮੰਡਲ ਆਇਆ ਤਉ ਨਰ ਹਰਿ ਮਨਹੁ **ਬਿਸਾਰਿਆ**।" (ਭੁਲਾ ਦਿੱਤਾ)
— ਸਿਰੀ **ਬੇਣੀ**, ੧, ੧ : ੪ (93)

ਬਿਸਾਰਿਐ —
"ਨਾਮਿ **ਬਿਸਾਰਿਐ** ਸਭੁ ਕੂੜੋ ਕੂੜਿ।" (ਭੁਲਾਉਣ ਨਾਲ/ਸਦਕਾ)
— ਗਉ **੧**, ਅਸ ੧੨, ੨ : ੩ (226)

ਬਿਸਾਰੀ —
"ਲਾਥੀ ਭੂਖ ਤ੍ਰਿਸਨ ਸਭ ਲਾਥੀ ਚਿੰਤਾ ਸਗਲ **ਬਿਸਾਰੀ**।" (ਭੁਲਾ ਦਿਤੀ)
— ਗਉ **੫**, ੧੬੧*, ੧ : ੧ (215)
"ਮਨ ਤਿਸੁ ਪ੍ਰਭ ਕਉ ਕਬਹੂ ਨ **ਬਿਸਾਰੀ**।" (ਭੁਲਾਵਈਂ)— ਗਉ **੫**, ਸੁਖ ੬, ੪ : ੪ (270)
"ਕਿਉਂ ਘੜੀ **ਬਿਸਾਰੀ** ਹਉ ਬਲਿਹਾਰੀ ਹਉ ਜੀਵਾ ਗੁਣ ਗਾਏ।" (ਭੁਲਾਵਾਂ)
— ਤੁਖਾ **੧**, ਬਾਰਾ ੩ : ੩ (1107)

ਬਿਸਾਰੀਐ —

"ਸਿਮਰਤ ਸਾਸ ਗਿਰਾਸ ਪੂਰਨ ਬਿਸੁਆਸ ਕਿਉ ਮਨਹੁ **ਬਿਸਾਰੀਐ** ਜੀਉ।" (ਭੁਲਾਈਏ) — ਸਿਰੀ **੫**, ਛੰਤ ੩, ੨ : ੨ (80)

ਬਿਸਾਰੇ —
"ਹਰਿ ਹਰਿ ਕਬਹੂ ਨ ਮਨਹੁ **ਬਿਸਾਰੇ**।" (ਭੁਲਾਏ)— ਗਉ **੫**, ੧੩੮*, ੧* : ੧ (210)

ਬਿਸਾਰੈ —
"ਤਿਸਹਿ **ਬਿਸਾਰੈ** ਮੁਗਧੁ ਅਜਾਨੁ।" (ਭੁਲਾ ਦਿੰਦਾ ਹੈ)— ਗਉ **੫**, ਸੁਖ ੪, ੩ : ੮ (267)

ਬਿਸਿਮ੍ਰਿਤੇ — (ਸੰ. विस्मृत) ਭੁਲਾ ਕੇ,
"ਅਰੋਗੰ ਮਹਾ ਰੋਗੰ **ਬਿਸਿਮ੍ਰਿਤੇ** ਕਰੁਣਾ ਮਯਾਹ।" — ਸਸ **੫**, ੨੫ : ੨ (1356)

ਬਿਸੀਅਰ — ਜ਼ਹਿਰ ਰਖਣ ਵਾਲਾ, ਸੱਪ
"**ਬਿਸੀਅਰ** ਕਉ ਬਹੁ ਦੂਧੁ ਪੀਆਈਐ ਬਿਖੁ ਨਿਕਸੈ ਫੋਲਿ ਫੁਲੀਠਾ।"— ਗਉ **੪**, ੬੧, ੩ : ੨ (171)

ਹੋਰ ਰੂਪ — ਬਿਸੀਅਰੁ —
"ਬਿਨੁ ਗੁਰ **ਬਿਸੀਅਰੁ** ਡਸੈ ਮਰਿ ਵਾਟ।" — ਰਾਮ **੧**, ਸਿਗੋ ੩੮ : ੫ (942)

ਬਿਸੀਆਰ — ਬਹੁਤ (ਫ. ਬਸੀਯਾਰ)
"ਇਕਨ੍ਹਾ ਗਲੀ ਜੰਜੀਰੀਆ ਇਕਿ ਤੁਰੀ ਚੜਹਿ **ਬਿਸੀਆਰ**।"— ਆਸਾ **੧**, ਵਾਰ ੨੩ : ੩ (475)

ਬਿਸੁ — ਵਿਸ਼, ਜਹਿਰ
"ਮਾਇਆ ਭੁਇਅੰਗ ਗ੍ਰਸਿਓ ਹੈ ਪ੍ਰਾਣੀ ਗੁਰ ਬਚਨੀ **ਬਿਸੁ** ਹਰਿ ਕਾਢਿਬਾ।" — ਜੈਤ **੪**, ੪, ੧ : ੨ (697)

ਬਿਸੁਆਸ — ਨਿਸਚਾ, ਭਰੋਸਾ
"ਸਿਮਰਤ ਸਾਸ ਗਿਰਾਸ ਪੂਰਨ **ਬਿਸੁਆਸ** ਕਿਉ ਮਨਹੁ ਬਿਸਾਰੀਐ ਜੀਉ।" — ਸਿਰੀ **੫**, ਛੰਤ ੩, ੨ : ੨ (80)

ਹੋਰ ਰੂਪ — ਬਿਸੁਆਸੁ —
"ਜਤ ਕਤ ਦੇਖਉ ਤਤ ਤਤ ਤੁਮਹੀ ਮੋਹਿ ਇਹੁ **ਬਿਸੁਆਸੁ**।" — ਗਉ **੫**, ੧੨੩*, ੧ : ੧ (205)

ਬਿਸੁਆਸੋ —
"ਅੰਤਰਿ ਬਾਹਰਿ ਸਰਬਤਿ ਰਵਿਆ ਮਨਿ ਉਪਜਿਆ **ਬਿਸੁਆਸੋ**।" (ਨਿਸ਼ਚਾ, ਵਿਸ਼ਵਾਸ)— ਸਿਰੀ **੫**, ਛੰਤ ੨, ੪ : ੫ (80)

ਬਿਸੁਏ — ਵਿਸਵੇ, ਜ਼ਮੀਨ ਦੀ ਮਿਣਤੀ ਦੀ ਇਕ ਇਕਾਈ, ਵੀਹ ਵਿਸਵੇ ਦਾ ਇਕ ਵਿਘਾ ਹੁੰਦਾ ਹੈ।
"ਬੀਸ **ਬਿਸੁਏ** ਜਾ ਮਨ ਠਹਰਾਨਾ।" (ਭਾਵ ਯਕੀਨਨ, ਪੂਰਨ ਤੌਰ ਤੇ) — ਰਾਮ **੫**, ੧੬, ੨ : ੩ (887)

ਬਿਸੁਕਾਰੇ — ਵਿਸ਼ ਵਾਲੇ, ਜ਼ਹਿਰੀਲੇ
"ਸਾਕਤ ਕਉ ਅੰਮ੍ਰਿਤ ਬਹੁ ਸਿੰਚਹੁ ਸਭ ਡਾਲ ਫੂਲ **ਬਿਸੁਕਾਰੇ**।"— ਨਟ **੪**, ਅਸ ੬, ੫ : ੧ (983)

ਬਿਸੁੰਭਰ — ਸੰਸਾਰ ਨੂੰ ਭਰਨ ਵਾਲਾ, ਪ੍ਰਭੂ, ਵਿਸ਼ਵ ਦੀ ਪਾਲਣਾ ਕਰਨ ਵਾਲਾ
"ਸਿਮਰਉ ਜਾਸ **ਬਿਸੁੰਭਰ** ਏਕੈ।" — ਗਉ **੫**, ਸੁਖ ੧, ੧ : ੩ (262)

ਬਿਸੂ — ਵਿਹੁ ਜ਼ਹਿਰ
"ਅੰਧੇ ਖਾਵਹਿ **ਬਿਸੂ** ਕੇ ਗਟਾਕ।" — ਸਾਰ **੫**, ੧੦੫, ੧* : ੧ (1224)

ਬਿਸੂਰ — ਝੋਰੇ
"ਧੰਧ ਬੰਧ ਬਿਨਸੇ ਮਾਇਆ ਕੇ ਸਾਧੂ ਸੰਗਤਿ ਮਿਟੇ **ਬਿਸੂਰ**।" — ਟੋਡੀ **੫**, ੨੩, ੨ : ੧ (716)

ਹੋਰ ਰੂਪ — ਬਿਸੂਰੇ —
"ਆਵਣ ਜਾਣ ਰਹੇ ਥਿਤਿ ਪਾਈ ਜਨਮ ਮਰਣ ਕੇ ਮਿਟੇ **ਬਿਸੂਰੇ**।" (ਝੋਰੇ) — ਬਿਲਾ **੫**, ੧੦੮, ੧ : ੨ (825)

ਬਿਸੇਖ — 1. ਵਿਸ਼ੇਸ਼
"ਸਭ ਮਹਿ ਊਚ **ਬਿਸੇਖ** ਗਿਆਨੁ।" — ਗਉ **੫**, ਥਿਤੀ ੮ : ੬ (298)

ਹੋਰ ਰੂਪ — ਬਿਸੇਖਾ —
"ਤਾ ਕੀ ਚਾਕਰੀ ਕਰਹੁ **ਬਿਸੇਖਾ**।" (ਵਿਸ਼ੇਸ਼ ਕਰਕੇ) — ਗਉ **੫**, ਅਸ ੬, ੬ : ੪ (238)

ਬਿਸੇਖੈ —
"ਬਸਤ੍ਰ ਬਿਭੂਖਨ ਸੁਖ ਬਹੁਤ **ਬਿਸੇਖੈ**।" (ਵਿਸ਼ੇਸ਼ ਭਾਵ ਉਤਮ)— ਆਸਾ **੫**, ੧੧, ੨ : ੧ (373)

2. ਵਿਸ਼ੇਸ਼ਤਾ, ਵਡਿਆਈ
"ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤ **ਬਿਸੇਖ**।" — ਕੇਦਾ **ਰਵਿ**, ੧, ੧* : ੨ (1124)

ਬਿਸੇਰੋ — ਵਿਸਾਰ/ਭੁਲਾ ਦਿੱਤਾ ਹੈ

"ਅਟਕਿਓ ਸੁਤ ਬਨਿਤਾ ਸੰਗ ਮਾਇਆ ਦੇਵਨਹਾਰੁ ਦਾਤਾਰੁ **ਬਿਸੇਰੋ**।"
— ਕਾਨ **ਪ**, ੨੫, ੨ : ੧ (1303)

ਬਿਸ੍ਰਾ — ਗੰਦਗੀ, ਮਲ
"ਬਿਖ ਕਾ ਕੀੜਾ ਬਿਖੁ ਸਿਉ ਲਾਗਾ **ਬਿਸ੍ਰਾ** ਮਾਹਿ ਸਮਾਈ।" — ਵਡ **੩**, ਛੰਤ ੫, ੩ : ੪ (571)

ਬਿਸ੍ਰੁਰੀਯਾ — ਵਿਸਤ੍ਰਿਤ ਹੋਈ, ਖਿਲਰੀ, ਫੈਲੀ
"ਕਵਿ ਜਨ ਕਲ੍ ਸਬੁਧੀ ਕੀਰਤਿ ਜਨ ਅਮਰਦਾਸ **ਬਿਸ੍ਰੁਰੀਯਾ**।" — ਸਵ **੩**, ੧ : ੪ (1392)

ਬਿਸ੍ਰੀਰਨਹ — ਫੈਲਾ ਦੇਣਾ, ਖਿਲਾਰ ਦੇਣਾ
"ਮਿਤ੍ਰੰ ਤਜੰਤਿ ਸਤ੍ਰੰ ਦ੍ਰਿੜੰਤਿ ਅਨਿਕ ਮਾਯਾ **ਬਿਸ੍ਰੀਰਨਹ**।" — ਸਸ **੫**, ੪੯ : ੨ (1358)

ਬਿਸ੍ਰਾਮ — 1. ਬਿਸਰਾਮ, ਠਹਿਰਨ/ਆਰਾਮ ਕਰਨ ਦਾ ਥਾਂ, ਟਿਕਾਣਾ
"ਸੁੰਦਰ ਸੁਆਮੀ ਧਾਮ ਭਗਤਹ **ਬਿਸ੍ਰਾਮ** ਆਸਾ ਲਗਿ ਜੀਵਤੇ ਜੀਉ।"
— ਸਿਰੀ **੫**, ਛੰਤ ੩, ੩ : ੧ (80)
"ਮਿਟਿ ਗਏ ਗਵਨ ਪਾਏ **ਬਿਸ੍ਰਾਮ**।"
— ਗਉ **੫**, ਸੁਖ ੧੧, ੮ : ੮ (278)
"ਭ੍ਰਿਤਿਆ ਪ੍ਰਿਅੰ **ਬਿਸ੍ਰਾਮ** ਚਰਣੰ।" (ਨਿਵਾਸ ਦੇਣ ਵਾਲੇ) — ਸਸ **੫**, ੫ : ੩ (1354)

ਹੋਰ ਰੂਪ — ਬਿਸ੍ਰਾਮੰ —
"ਹੇ ਕਾਮੰ ਨਰਕ **ਬਿਸ੍ਰਾਮੰ** ਬਹੁ ਜੋਨੀ ਭ੍ਰਮਾਵਣਹ।" (ਵਾਸਾ ਦਿਵਾਉਣ ਵਾਲੇ।)
— ਸਸ **੫**, ੪੬ : ੧ (1358)

2. ਟਿੱਕਾ, ਸ਼ਾਂਤੀ, ਸਥਿਰਤਾ
"ਸੂਖ ਸਹਜ ਆਨੰਦ **ਬਿਸ੍ਰਾਮ**।"
— ਗਉ **੫**, ੧੪੧*, ੩ : ੨ (210)
"ਭਗਤ ਜਨਾ ਕੈ ਮਨਿ **ਬਿਸ੍ਰਾਮ**।"
— ਗਉ **੫**, ਸੁਖ ੨, ੧* : ੨ (262)

3. ਸੁਖ, ਟਿਕਾਓ
"ਹਰਿ **ਬਿਸ੍ਰਾਮ** ਨਿਧਿ ਪਾਇਆ।"
— ਗਉ **੫**, ੧੪੬*, ੩ : ੧ (211)

4. ਆਰਾਮ
"ਅਨਦ ਰੂਪ ਕੀਰਤਨੁ **ਬਿਸ੍ਰਾਮ**।"
— ਆਸਾ **੫**, ੮੮, ੨ : ੨ (392)

5. ਆ ਟਿਕਣਾ, ਆ ਵਸਨਾ
"ਕੋਟਿ ਜਾਪ ਤਾਪ **ਬਿਸ੍ਰਾਮ**।"
— ਰਾਮ ੫, ੨੬, ੧ : ੧ (890)

ਬਿਸ੍ਰਾਮਨਿਧਿ — ਸੁਖ ਦਾ ਖਜ਼ਾਨਾ
"ਸਾਸਿ ਸਾਸਿ ਮਨੁ ਨਾਮੁ ਸਮ੍ਹਾਰੈ ਇਹੁ **ਬਿਸ੍ਰਾਮਨਿਧਿ** ਪਾਈ।" — ਧਨਾ **੫**, ੧੦, ੧ : ੨ (673)

ਬ੍ਰਿਸਾਮਾ — ਟਿਕਾਓ
"ਸ੍ਰਮੁ ਥਾਕਾ ਪਾਏ **ਬਿਸ੍ਰਾਮਾ** ਮਿਟਿ ਗਈ ਸਗਲੀ ਧਾਈ।" — ਮਾਰੂ **੫**, ੬, ੧ : ੨ (1000)

ਬਿਸ੍ਰਾਮੁ — 1. ਨਿਵਾਸ, ਟਿਕਾਣਾ
"ਸੰਤ ਜਨਾ ਕੈ ਮਨਿ **ਬਿਸ੍ਰਾਮੁ**।"
— ਗਉ **੫**, ਸੁਖ ੨, ੫ : ੨ (264)
"ਦੇਹੀ ਮਹਿ ਇਸ ਕਾ **ਬਿਸ੍ਰਾਮੁ**।"
— ਗਉ **੫**, ਸੁਖ ੨੩, ੧ : ੬ (293)
"ਦੂਖ ਬਿਨਸੇ ਸੁਖ ਕੀਓ **ਬਿਸ੍ਰਾਮੁ**।"
— ਮਾਲੀ **੫**, ੪, ੧ : ੨ (987)

2. ਟਿਕਾਓ, ਸ਼ਾਂਤੀ
"ਨਾਮ ਜਪਤ ਪਾਵਹਿ **ਬਿਸ੍ਰਾਮੁ**।"
— ਗਉ **੫**, ਸੁਖ ੧੪, ੭ : ੯ (282)

3. ਸਹਾਰਾ, ਆਸਰਾ, ਧਰਵਾਸ
"ਬੂਡਤ ਜਾਤ ਪਾਏ **ਬਿਸ੍ਰਾਮੁ**।"
— ਗਉ **੫**, ਸੁਖ ੨੦, ੫ : ੮ (290)
"ਸੁਣਿ ਸੁਣਿ ਜੀਵਉ ਮਨਿ ਇਹੁ **ਬਿਸ੍ਰਾਮੁ**।" (ਧਰਵਾਸ)
— ਰਾਮ **੫**, ੩੨, ੩ : ੧ (894)

ਬਿਸ੍ਵ — ਜਗਤ, ਸੰਸਾਰ
"**ਬਿਸ੍ਵ** ਕਾ ਦੀਪਕੁ ਸ੍ਵਾਮੀ ਤਾਚੇਰੇ ਸੁਆਰਥੀ ਪੰਖੀ ਰਾਇ ਗਰੁੜ ਤਾਚੇ ਬਾਧਵਾ।"
— ਧਨਾ **ਤ੍ਰਿਲੋ**, ੧, ੨ : ੧ (695)

ਬਿਸ੍ਵੰਭਰ — ਜਗਤ ਦਾ ਪਾਲਣਹਾਰ, ਵਾਹਿਗੁਰੂ
"**ਬਿਸ੍ਵੰਭਰ** ਜੀਅਨ ਕੋ ਦਾਤਾ ਭਗਤਿ ਭਰੇ ਭੰਡਾਰ।"
— ਗੂਜ **੫**, ੨੩, ੧ : ੧ (500)

ਬਿਸ੍ਵਾਸ — ਸ਼ਰਧਾ, ਭਰੋਸਾ
"ਸਾਧ ਸੰਗਤਿ ਉਪਜੈ **ਬਿਸ੍ਵਾਸ**।" (ਸ਼ਰਧਾ)
— ਗਉ **ਕਬ** ਥਿਤੀ ੪ : ੩ (343)

ਹੋਰ ਰੂਪ — ਬਿਸ੍ਵਾਸਾ —
"ਭ੍ਰਮ ਕੀ ਜਾਲੀ ਤਾ ਕੀ ਕਾਟੀ ਜਾ ਕਉ ਸਾਧ ਸੰਗਤਿ **ਬਿਸ੍ਵਾਸਾ**।"

— ਗਉ **੫**, ੧੩੩*, ੧ : ੨ (208)

ਬਿਸ੍ਰਾਸੁ —
"ਬਹੁਰਿ ਉਸ ਕਾ **ਬਿਸ੍ਰਾਸੁ** ਨ ਹੋਵੈ।" (ਵਿਸ਼ਵਾਸ, ਯਕੀਨ, ਇਤਬਾਰ)
— ਗਉ **੫**, ਸੁਖ, ੫, ੨ : ੬ (268)
"ਮਹਾ ਅਨੰਦ ਕਰਹੁ ਦਾਸ ਹਰਿ ਕੇ ਨਾਨਕ **ਬਿਸ੍ਰਾਸੁ** ਮਨਿ ਆਇਓ।" (ਯਕੀਨ)
— ਮਲਾ **੫**, ੧੮, ੨ : ੨ (1270)
"ਅਉਖਧ ਮੰਤ੍ਰ ਮੂਲ ਮਨ ਏਕੈ ਮਨਿ **ਬਿਸ੍ਰਾਸੁ** ਪ੍ਰਭ ਧਾਰਿਆ।" (ਨਿਸਚਾ)
— ਧਨਾ **੫**, ੧੬, ੨ : ੧ (675)

ਬਿਸ੍ਰਾਨ — ਵਿਸ਼ਵ, ਸੰਸਾਰ
"ਉਨਿ ਸਤਿਗੁਰੁ ਸੇਵਿ ਪਰਮਪਦੁ ਪਾਇਆ ਉਧਰਿਆ ਸਗਲ **ਬਿਸ੍ਰਾਨ**।"
— ਸਾਰ **੫**, ੨, ੪ : ੨ (1203)

ਬਿਹਈ ਹੈ — ਲੰਘਦੀ ਹੈ, ਬੀਤਦੀ ਹੈ
"ਭ੍ਰਮਤ ਫਿਰਤ ਤੇਲਕ ਕੇ ਕਪਿ ਜਿਉ ਗਤਿ ਬਿਨੁ ਰੈਨਿ **ਬਿਹਈ ਹੈ**।"
— ਗੂਜ **ਕਬ**, ੧, ੪ : ੧ (524)

ਬਿਹੰਗ — ਪੰਛੀ
"ਤਰਵਰ ਬਿਰਖ **ਬਿਹੰਗ** ਭੁਇਅੰਗਮ ਘਰਿ ਪਿਰੁ ਧਨ ਸੋਹਾਗੈ।"
— ਸਾਰ **੧**, ੨, ੨ : ੨ (1197)

ਬਿਹੰਗਮ — ਪੰਛੀ ਦੀ ਬ੍ਰਿਤੀ ਵਾਲਾ ਭਾਵ ਵਿਰਕਤ, ਤਿਆਗੀ (ਸਾਧ)
"ਰਹੈ **ਬਿਹੰਗਮ** ਕਤਹਿ ਨ ਜਾਈ।"
— ਗਉ **ਕਬ**, ਬਾਅ ੯ : ੩ (340)

ਬਿਹੰਧੁ — ਵਿਹਾਂਦੀ ਹੈ, ਉਮਰ ਗੁਜਰਦੀ ਹੈ
"ਝੂਠੈ ਮੋਹਿ ਲਪਟਾਇਆ ਹਉ ਹਉ ਕਰਤ **ਬਿਹੰਧੁ**।"
— ਰਾਮ **੫**, ਵਾਰ ਪਸ, **੫**, ੨ : ੮ (959)

ਬਿਹਾਇ — 1. ਗੁਜ਼ਰਦੀ ਹੈ, ਲੰਘਦੀ ਹੈ, ਬੀਤਦੀ ਹੈ
"ਲੰਪਟ ਚੋਰ ਨਿੰਦਕ ਮਹਾ ਤਿਨਹੂ ਸੰਗਿ **ਬਿਹਾਇ**।"
— ਗਉ **੫**, ਬਾਅ ੫੨ : ੬ (261)
"ਤਾਮਸਿ ਲਗਾ ਸਦਾ ਫਿਰੈ ਅਹਿ ਨਿਸਿ ਜਲਤੁ **ਬਿਹਾਇ**।"
— ਬਿਹਾ **੪**, ਵਾਰ ੧੫ਸ, **੩**, ੧ : ੩ (554)

ਹੋਰ ਰੂਪ — ਬਿਹਾਈ —
"ਏਕ ਨਿਮਖਮਹਿ ਮੇਰਾ ਸਭੁ ਦੁਖੁ ਕਾਟਿਆ ਨਾਨਕ ਸੁਖਿ ਰੈਨਿ **ਬਿਹਾਈ**।"
— ਮਲਾ **੫**, ੬, ੨ : ੨ (1267)

ਬਿਹਾਏ —
"ਕਾਹੂ ਪਵਨ ਧਾਰ ਜਾਤ **ਬਿਹਾਏ**।"
— ਰਾਮ **੫**, ਅਸ ੩, ੪ : ੩ (914)

2. ਰੋੜ੍ਹ ਦੇ
"ਕਬੀਰ ਸੰਸਾ ਦੂਰਿ ਕਰੁ ਕਾਗਦ ਦੇਹ **ਬਿਹਾਇ**।"
— ਸਲੋ **ਕਬ**, ੧੨੩ : ੧ (1373)

ਬਿਹਾਗ — ਸਵੇਰ
"ਸਾਝ **ਬਿਹਾਗ** ਤਕਹਿ ਆਗਾਸੁ।"
— ਗਉ **੧**, ੬, ੩ : ੨ (152)

ਹੋਰ ਰੂਪ — ਬਿਹਾਗੈ —
"ਚਉਥਾ ਪਹਰੁ ਭਇਆ ਦਉਤੁ **ਬਿਹਾਗੈ** ਰਾਮ।" (ਸੂਰਜ, ਸੂਰਜ ਚੜ੍ਹ ਪਿਆ ਭਾਵ ਬਿਰਧ ਅਵਸਥਾ ਆ ਗਈ)
— ਤੁਖਾ **੧**, ਛੰਤ ੨, ੪ : ੧ (1110)

ਬਿਹਾਝਹਿ — ਖਰੀਦਦੇ ਹਨ
"ਬਿਖੁ **ਬਿਹਾਝਹਿ** ਬਿਖੁ ਮੋਹ ਪਿਆਸੇ ਕੂੜੁ ਬੋਲਿ ਬਿਖੁ ਖਾਵਣਿਆ।"
— ਮਾਝ **੩**, ਅਸ ੧੮, ੨ : ੩ (120)

ਹੋਰ ਰੂਪ — ਬਿਹਾਝਹੁ —
"ਜਾ ਕਉ ਆਇ ਸੋਈ **ਬਿਹਾਝਹੁ** ਹਰਿ ਗੁਰ ਤੇ ਮਨਹਿ ਬਸੇਰਾ।" (ਵਣਜ ਕਰੋ, ਖਰੀਦੋ)
— ਗਉ **੫**, ਸੋਹ ੫, ੩ : ੧ (13)

ਬਿਹਾਝਨ —
"ਕਾਚ **ਬਿਹਾਝਨ** ਕੰਚਨ ਛਾਡਨ ਬੈਰੀ ਸੰਗਿ ਹੇਤ ਸਾਜਨ ਤਿਆਗਿ ਖਰੇ।" (ਖਰੀਦਨਾ)
— ਬਿਲਾ **੫**, ੯੬, ੧ : ੧ (823)

ਬਿਹਾਝੀ —
"ਕਰਿ ਕਰਿ ਅਨਰਥ **ਬਿਹਾਝੀ** ਸੰਪੈ ਸੁਇਨਾ ਰੂਪਾ ਦਾਮਾ।" (ਖਰੀਦੀ ਭਾਵ ਇਕੱਤਰ ਕੀਤੀ) — ਗੂਜ **੫**, ੮, ੩ : ੧ (497)

ਬਿਹਾਝੇ —
"ਤਿਸੁ ਜਨ ਕੇ ਹਮ ਹਾਟਿ **ਬਿਹਾਝੇ** ਜਿਸੁ ਹਰਿ ਹਰਿ ਕ੍ਰਿਪਾ ਕਰੈ।" (ਵਿੱਕੇ ਸਾਡਾ ਵਣਜ ਹੋਇਆ) — ਮਲਾ **੪**, ੩, ੨ : ੧ (1263)

ਬਿਹਾਣੀ — ਲੰਘੀ, ਬੀਤੀ, ਗੁਜ਼ਰੀ
"ਭਰਣ ਪੋਖਣ ਸੰਗਿ ਅਉਧ **ਬਿਹਾਣੀ**।"
— ਸੂਹੀ **੫**, ੩੩, ੩ : ੧ (743)

ਬਿਹਾਣੀਤਾ — ਲੰਘ/ਗੁਜ਼ਰ/ਬੀਤ ਜਾਂਦੀ ਹੈ
"ਕਾਇਆ ਕਮਲੀ ਹੰਸੁ ਇਆਣਾ ਮੇਰੀ ਮੇਰੀ ਕਰਤ **ਬਿਹਾਣੀਤਾ**।" — ਗਉ **੧**, ੧੫, ੪ : ੧ (156)

ਬਿਹਾਤ — ਬੀਤਦੀ/ਲੰਘਦੀ/ਗੁਜ਼ਰਦੀ ਜਾਂਦੀ ਹੈ
"ਦਿਨ ਖਾਤ ਜਾਤ **ਬਿਹਾਤ** ਪ੍ਰਭ ਬਿਨੁ ਮਿਲਹੁ ਪ੍ਰਭ ਕਰੁਣਾ ਪਤੇ।"
— ਆਸਾ **੫**, ਛੰਤ ੧੪, ੧ : ੩ (462)

ਹੋਰ ਰੂਪ — **ਬਿਹਾਤੁ** —
"ਨਾਨਕ ਜਨ ਕਹਿ ਪੁਕਾਰਿ ਅਉਸਰੁ **ਬਿਹਾਤੁ** ਹੈ।" (ਬੀਤ, ਲੰਘ)
— ਜੈਜਾ **੯**, ੨, ੨ : ੨ (1352)

ਬਿਹਾਨਿ — ਲੰਘਦੀ/ਗੁਜ਼ਰਦੀ/ਬੀਤਦੀ ਹੈ
"ਲਾਲਚ ਝੂਠ ਬਿਕਾਰ ਮਹਾਮਦ ਇਹ ਬਿਧਿ ਅਉਧ **ਬਿਹਾਨਿ**।" — ਕੇਦਾ **ਕਬ**, ੫, ੨ : ੧ (1124)

ਹੋਰ ਰੂਪ — **ਬਿਹਾਨੀ** —
"ਹਉ ਸੰਚਉ ਹਉ ਖਾਟਤਾ ਸਗਲੀ ਅਵਧ **ਬਿਹਾਨੀ**।" (ਲੰਘ ਗਈ)
— ਗਉ **੫**, ਅਸ ੧੫, ੧* : ੧ (242)

ਬਿਹਾਨੀਆ —
"ਹਉ ਹਉ ਕਰਤ **ਬਿਹਾਨੀਆ** ਸਾਕਤ ਮੁਗਧ ਅਜਾਨ।" (ਲੰਘ ਗਈ)
— ਗਉ **੫**, ਬਾਅ ੪੨ਸ : ੧ (260)

ਬਿਹਾਨੇ —
"ਇਆਹੂ ਜੁਗਤਿ **ਬਿਹਾਨੇ** ਕਈ ਜਨਮ।" (ਲੰਘ ਗਏ)
— ਗਉ **੫**, ਸਖ ੪, ੭ : ੯ (268)

ਬਿਹਾਨੋ —
"ਜਨਮੁ **ਬਿਹਾਨੋ** ਅਹੰਕਾਰਿ ਅਰੁ ਵਾਦਿ।"
— ਰਾਮ **੫**, ੪੮, ੨ : ੧ (898)

ਬਿਹਾਰੀ — ਅਨੰਦ ਦੇਣ ਵਾਲਾ ਭਾਵ ਹਰੀ
"ਸੀਤਲਾ ਤੇ ਰਖਿਆ **ਬਿਹਾਰੀ**।"
— ਗਉ **੫**, ੧੨੨, ੧ : ੧ (200)

ਬਿਹਾਲ — (ਫਾ. ਬਦਹਾਲ), ਬੁਰੇ ਹਾਲ ਵਾਲਾ ਭਾਵ ਵਿਆਕੁਲ, ਦੁਖੀ
"ਲਖ ਘਾਟੀ ਊਂਚੌ ਘਨੋ ਚੰਚਲ ਚੀਤ **ਬਿਹਾਲ**।"
— ਚਉ **੫**, ੯ : ੧ (1364)

ਹੋਰ ਰੂਪ — **ਬਿਹਾਲਿਆ** —
"ਨੈਣ ਨ ਦੇਖਹਿ ਸਾਧ ਸਿ ਨੈਣ **ਬਿਹਾਲਿਆ**।" (ਦੁਖੀ, ਵਿਆਕੁਲ)
— ਫੁਨ **੫**, ੧੪ : ੧ (1362)

ਬਿਹਾਵਏ — ਲੰਘੇ, ਗੁਜ਼ਰੇ, ਬੀਤੇ
"ਪੁਤ੍ਰ ਮਿਤ੍ਰ ਬਿਉਹਾਰ ਬਨਿਤਾ ਏਹ ਕਰਤ **ਬਿਹਾਵਏ**।"— ਜੈਤ **੫**, ਛੰਤ ੩, ੧ : ੪ (705)

ਬਿਹਾਵਤ — ਲੰਘੇ, ਗੁਜ਼ਰੇ, ਬੀਤੇ
"ਅਉਧ **ਬਿਹਾਵਤ** ਅਧਿਕ ਮੋਹਾਵਤ ਪਾਪ ਕਮਾਵਤ ਬੁਡੇ ਐਸੇ।"— ਬਿਲਾ **੫**, ੧੨੫, ੧ : ੨ (829)

ਬਿਹਾਵਥ — ਗੁਜ਼ਰਦੀ/ਬੀਤਦੀ/ਲੰਘਦੀ ਹੈ
"ਧਰਣੀਧਰੁ ਤਿਆਗਿ ਨੀਚ ਕੁਲ ਸੇਵਹਿ ਹਉ ਹਉ ਕਰਤ **ਬਿਹਾਵਥ**।"
— ਮਾਰੂ **੫**, ੧੦, ੨ : ੧ (1001)

ਬਿਹਾਵਾ — ਗੁਜ਼ਰਦੀ ਹੈ
"ਜਨ ਨਾਨਕ ਕਉ ਗੁਰ ਪੂਰਾ ਭੇਟਿਓ ਸੁਖਿ ਸਹਜੇ ਅਨਦ **ਬਿਹਾਵਾ**।"
— ਸਾਰ **੫**, ੩੯, ੨ : ੨ (1212)

ਹੋਰ ਰੂਪ — **ਬਿਹਾਵੈ** —
"ਪ੍ਰਭ ਕਉ ਸਿਮਰਹਿ ਤਿਨ ਸੂਖਿ **ਬਿਹਾਵੈ**।" (ਲੰਘਦੀ ਹੈ)
— ਗਉ **੫**, ਸੁਖ ੧, ੬ : ੪ (263)

ਬਿਹੂਣ — ਬਿਨਾਂ
"ਨਾਮ **ਬਿਹੂਣ** ਮੁਕਤਿ ਕਿਉ ਹੋਇ।"
— ਸਾਰ **੪**, ਵਾਰ ੧ਸ, **੧**, ੩ : ੪ (1237)

ਬਿਹੂਣਾ — (ਅ. ਬਦੂੰ) ਵਿਹੂਣਾ, ਰਹਿਤ, ਬਿਨਾਂ
"ਕਹੀ ਨ ਉਪਜੈ ਉਪਜੀ ਜਾਣੈ ਭਾਵ ਅਭਾਵ **ਬਿਹੂਣਾ**।" — ਆਸਾ **ਕਬ**, ੧, ੩ : ੧ (475)

ਹੋਰ ਰੂਪ — **ਬਿਹੂਣੀ** —
"ਨਾਮ **ਬਿਹੂਣੀ** ਦੁਖਿ ਜਲੈ ਸਬਾਈ।" (ਖਾਲੀ, ਵਿਹੂਣੀ) — ਆਸਾ **੩**, ੪੫, ੨ : ੩ (362)

ਬਿਹੂਣੇ —
"ਨਾਮ **ਬਿਹੂਣੇ** ਚਲਸਹਿ ਰੋਇ।"
— ਰਾਮ **੫**, ੨੪, ੨ : ੪ (890)

ਬਿਹੂਣੈ —

"ਨਾਮ **ਬਿਹੂਣੈ** ਮਾਥੇ ਛਾਈ।"
— ਆਸਾ **੧**, ਅਸ ੨, ੧ : ੪ (412)

ਬਿਹੂਨ — ਬਿਨਾ, ਰਹਿਤ, ਬਗੈਰ
"ਨਾਮ **ਬਿਹੂਨ** ਜੀਵਨ ਕਉਨ ਕਾਮ।"
— ਗਉ **੫**, ੧੧੧, ੧* : ੨ (188)

ਬਿਹੂਨੜਿਆ — ਵਿਹੂਨੇ, ਰਹਿਤ, ਬਗੈਰ
"ਨਾਮ **ਬਿਹੂਨੜਿਆ** ਸੇ ਮਰਨਿ ਵਿਸੂਰਿ ਵਿਸੂਰਿ।"
— ਆਸਾ **੫**, ੧੦੬, ੨ : ੨ (397)

ਬਿਹੂਨਾ — ਰਹਿਤ, ਵਿਹੂਨਾ
"ਨਾਮ **ਬਿਹੂਨਾ** ਤਨੁ ਮਨੁ ਹੀਨਾ ਜਲ ਬਿਨੁ ਮਛੁਲੀ ਜਿਉ ਮਰੈ।"
— ਸਿਰੀ **੫**, ਛੰਤ ੩, ੧ : ੪ (80)
"ਮੋਹਿ ਨਿਰਗੁਨ ਸਭ ਗੁਣਹ **ਬਿਹੂਨਾ**।" (ਖਾਲੀ)
— ਬਿਲਾ **੫**, ੧੪, ੧ : ੨ (805)

ਹੋਰ ਰੂਪ — ਬਿਹੂਨੀ —
"ਗੁਰਮਤਿ ਸਾਰੁ ਹੋਰ ਨਾਮ **ਬਿਹੂਨੀ**।"
— ਰਾਮ **੧**, ਓਅੰ ੨੦ : ੮ (932)

ਬਿਹੂਨੇ —
"ਨਾਮ **ਬਿਹੂਨੇ** ਨਾਨਕਾ ਹੋਤ ਜਾਤ ਸਭੁ ਧੂਰ।"
— ਗਉ **੫**, ਬਾਅ ੪ਸ : ੨ (250)

ਬਿਕਟ — 1. ਔਖਾ, ਕਠਿਨ, ਬੁਰੀ ਸ਼ਕਲ ਦਾ ਭਿਆਨਕ (ਮਹਾਨਕੋਸ਼)
"ਬਿਨੁ ਪ੍ਰਭ ਕੋਇ ਨ ਰਾਖਨਹਾਰੁ ਮਹਾ **ਬਿਕਟ** ਜਮ ਭਇਆ।" — ਸਿਰੀ **੫**, ੮੪, ੪ : ੨ (47)
"ਟਟਾ **ਬਿਕਟ** ਘਾਟ ਘਟ ਮਾਹੀ।" (ਬਿਖੜਾ)
— ਗਉ **ਕਬ**, ਬਾਅ ੧੨ : ੧ (341)
2. ਬਿ+ਕਟ, ਨ ਕਟੀਆ ਹੋਈਆਂ ਭਾਵ ਲੰਮੀਆਂ
"ਜਟਾ **ਬਿਕਟ** ਬਿਕਰਾਲ ਸਰੂਪੀ ਰੂਪੁ ਨ ਰੇਖਿਆ ਕਾਈ ਹੇ।"
— ਮਾਰੂ **੧**, ਸੋਲਾ ੨, ੫ : ੩ (1021)

ਬਿਕਰਾਲ — ਭਿਆਨਕ, ਡਰਾਉਣਾ
"ਹਉ ਬਿਗੜੈ ਰੂਪਿ ਰਹਾ **ਬਿਕਰਾਲ**।"
— ਸਿਰੀ **੧**, ੨੯, ੧* : ੨ (24)

ਹੋਰ ਰੂਪ — ਬਿਕਰਾਲਾ —
"ਮਨਮੁਖ ਕੁਚੀਲ ਕੁਛਿਤ **ਬਿਕਰਾਲਾ**।" (ਡਰਾਉਣਾ)
— ਗਉ **੧**, ਅਸ ੪, ੬ : ੨ (222)

ਬਿਕਰਾਲੁ —
"ਕਾਮ ਕ੍ਰੋਧੁ **ਬਿਕਰਾਲੁ** ਦੂਤ ਸਭਿ ਹਾਰਿਆ।" (ਡਰਾਉਣੇ) — ਬਿਲਾ **੪**, ੧੧ : ੩ (854)

ਬਿਕਲ — 1. ਕਲ (ਆਵਾਜ਼) ਬਿਨਾਂ, ਨਾ ਸੁਣ ਸਕਨ ਵਾਲੇ
"ਸ੍ਰਵਨਨ **ਬਿਕਲ** ਭਏ ਸੰਗਿ ਤੇਰੇ ਇੰਦ੍ਰੀ ਕਾ ਬਲੁ ਥਾਕਾ।" — ਆਸਾ **ਕਬ**, ੧੮, ੩ : ੧ (480)
2. ਵਿਆਕੁਲ, ਬੁਧੂ, ਬੇ ਸੁਧ, ਮਸਤ
"ਇਤਨੀ ਨ ਬੂਝੈ ਕਬਹੂ ਚਲਨਾ **ਬਿਕਲ** ਭਇਓ ਸੰਗਿ ਮਾਇਓ।"
— ਦੇਵ **੫**, ੧੫, ੧* : ੨ (531)
"ਜਿਉ ਆਕਲ **ਬਿਕਲ** ਭਈ ਗੁਰ ਦੇਖੇ ਹਉ ਲੋਟ ਪੋਟ ਹੋਇ ਪਈਆ।"
— ਬਿਲਾ **੪**, ਅਸ ੫, ੧* : ੨ (836)
"ਸੈਸਾਰ ਗਾਰ ਬਿਕਾਰ ਸਾਗਰ ਪਤਿਤ ਮੋਹ ਮਾਨ ਅੰਧ।"
"**ਬਿਕਲ** ਮਾਇਆ ਸੰਗਿ ਧੰਧ।" (ਘਬਰਾਇਆ ਹੋਇਆ)
— ਕਾਨ **੫**, ੪੧, ੧ : ੧;੨ (1306)

ਹੋਰ ਰੂਪ — ਬਿਕਲੁ —
"ਹਰਿ ਕਾ ਨਾਮੁ ਨ ਚੇਤੈ ਪ੍ਰਾਣੀ **ਬਿਕਲੁ** ਭਇਆ ਸੰਗਿ ਮਾਇਆ।"
— ਸਿਰੀ **੧**, ਪਹ ੧, ੩ : ੩ (75)
3. ਕੰਮਜ਼ੋਰ
"ਜਬ ਲਗੁ **ਬਿਕਲ** ਭਈ ਨਹੀ ਬਾਨੀ।"
— ਭੈਰ **ਕਬ**, ੯, ੨ : ੩ (1159)
4. ਅਪੂਰਣ ਭਾਵ ਮਿਥਿਆ (ਮਹਾਨਕੋਸ਼) ਕਠਿਨ (ਦਰਪਨ)
"ਜਿਨਿ ਸਕਲ **ਬਿਕਲ** ਭ੍ਰਮ ਕਾਟੇ ਮੋਰ।"
— ਬਸੰ **ਰਾਮਾ**, ੧, ੩ : ੨ (1195)

ਬਿਕਾਇ — ਵਿਕਦੇ/ਵੇਚੇ ਜਾਂਦੇ ਹਨ
"ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ **ਬਿਕਾਇ**।"
— ਸਲੋ **ਕਬ**, ੧੬ : ੨ (1365)

ਹੋਰ ਰੂਪ — ਬਿਕਾਈ —
"ਅਉਗਣੁ ਜਾਵੈ ਤਪੁੰਨ ਕਰੇ ਕਿਉ ਨੇਖਾਸਿ **ਬਿਕਾਈ**।"
— ਪ੍ਰਭਾ **੧**, ਅਸ ੪, ੨ : ੨ (1344)

ਬਿਕਾਨਉ — ਵਿਕ ਗਿਆ ਹੈ
"ਮਨੁ ਮਾਇਆ ਕੈ ਹਾਥਿ **ਬਿਕਾਨਉ**।"
— ਜੈਤ **ਰਵਿ**, ੧, ੧* : ੨ (710)

ਹੋਰ ਰੂਪ — ਬਿਕਾਨਾ —
"ਰਾਮ ਭਜਨ ਕੀ ਗਤਿ ਨਹੀ ਜਾਨੀ ਮਾਇਆ ਹਾਥ **ਬਿਕਾਨਾ**।" (ਵਿਕ ਗਿਆ)
— ਸੋਰ **੯**, ੧੦, ੨ : ੧ (633)

ਬਿਕਾਨੋ —
"ਰਤਨ ਗਾਹਕੁ ਗੁਰੁ ਸਾਧੁ ਦੇਖਿਓ ਤਬ ਰਤਨੁ **ਬਿਕਾਨੋ** ਲਾਖਾ।" (ਵਿਕਿਆ)
— ਜੈਤ **੪**, ੨, ੧ : ੨ (696)

ਬਿਕਾਰ — 1. ਦੋਖ, ਐਬ, ਵਿਕਾਰ, ਬੁਰਾਈਆਂ, ਮੰਦੀਆਂ ਵਾਸ਼ਨਾਵਾਂ
"ਬਿਖੈ **ਬਿਕਾਰ** ਦੁਸਟ ਕਿਰਪਾ ਕਰੇ ਇਨ ਤਜਿ ਆਤਮੈ ਹੋਇ ਧਿਆਈ।"
— ਸਿਰੀ **੧**, ੨੬, ੨ : ੧ (23)
"ਇਹ ਕਾਰਜਿ ਤੇਰੇ ਜਾਹਿ **ਬਿਕਾਰ**।"
— ਗਉ **੫**, ੮੭, ੨ : ੧ (185)
"ਬਧੇ **ਬਿਕਾਰ** ਲਿਖੇ ਬਹੁ ਕਾਗਰ।"
— ਗਉ **੫**, ੧੪੭, ੪ : ੧ (195)
(ਮਹਾਨਕੋਸ਼ ਅਰਥ 'ਦੁਖ' ਕਰਦਾ ਹੈ)
"ਪ੍ਰੀਤਿ ਨਹੀ ਜਉ ਨਾਮ ਸਿਉ ਤਉ ਏਊ ਕਰਮ **ਬਿਕਾਰ**।" (ਵਿਕਾਰ ਪਾਪ)
— ਗਉ **੫**, ਬਾਅ ੯ : ੪ (252)
"ਅਜਹੁ **ਬਿਕਾਰ** ਨ ਛੋਡਈ ਪਾਪੀ ਮਨ ਮੰਦਾ।" (ਮੰਦੇ ਕਰਮ, ਮੰਦ ਵ੍ਰਿਤੀ)
— ਬਿਲਾ **ਕਬ**, ੩, ੧ : ੨ (855)

ਹੋਰ ਰੂਪ — ਬਿਕਾਰੰ —
"ਅਨਿਤ੍ਰ ਹੇਤੰ ਅਹੰ ਬੰਧੰ ਭਰਮ ਮਾਇਆ ਮਲਨੰ **ਬਿਕਾਰੰ**।" (ਵਿਕਾਰਾਂ ਨਾਲ)
— ਸਸ **੫**, ੧੬ : ੨ (1355)

ਬਿਕਾਰਹ —
"ਕਬੀਰ **ਬਿਕਾਰਹ** ਚਿਤਵਤੇ ਝੂਠੇ ਕਰਤੇ ਆਸ।" (ਵਿਕਾਰਾਂ ਨੂੰ)
— ਸਲੋ **ਕਬ**, ੨੦੫ : ੧ (1375)

ਬਿਕਾਰਾ —
"ਰਹਤ ਰਹਤ ਰਹਿ ਜਾਹਿ **ਬਿਕਾਰਾ**।" (ਐਬ, ਵਿਕਾਰ) — ਗਉ **੫**, ਬਾਅ ੪੪ : ੫ (259)
"ਮੇਰੀ ਮੇਰੀ ਕਰਤ ਕਿਆ ਲੇ ਚਾਲੇ ਬਿਖੁ ਲਾਦੇ ਛਾਰ **ਬਿਕਾਰਾ** ਹੇ।" (ਵਿਕਾਰਾਂ ਦੀ)
— ਮਾਰੂ **੧**, ਸੋਲਾ ੧੦, ੧੫ : ੩ (1031)
2. ਕਾਮ ਕ੍ਰੋਧ ਲੋਭ ਮੋਹ ਆਦਿ ਵਿਕਾਰ
"ਲਾਲਚ ਝੂਠ **ਬਿਕਾਰ** ਮੋਹ ਬਿਆਪਤ ਮੂੜੇ ਅੰਧ।" — ਗਉ **੫**, ਬਾਅ ੧੧ਸ : ੧ (252)
"ਗੁਰ ਕਾ ਸਿਖੁ **ਬਿਕਾਰ** ਤੇ ਹਾਟੈ।"
— ਗਉ **੫**, ਸੁਖ ੧੮, ੧ : ੬ (286)
3. ਬੇਕਾਰ, ਨਿਕੰਮੀ, ਨਿਰਾਰਥਕ
"ਜੋਰ ਜੁਲਮ ਫੂਲਹਿ ਘਨੋ ਕਾਚੀ ਦੇਹ **ਬਿਕਾਰ**।"
— ਗਉ **੫**, ਬਾਅ ੨੪ਸ : ੧ (255)
"ਬਿਨੁ ਭੈ ਕਥਨੀ ਸਰਬ **ਬਿਕਾਰ**।" (ਫਜ਼ੂਲ, ਮਾੜਾ) — ਭੈਰ **੫**, ੧੯, ੫ : ੩ (1140)

ਬਿਕਾਰਾ — 1. ਵਿਕਾਰ, ਬੁਰਾਈਆਂ, ਵੇਖੋ ਬਿਕਾਰ (1)
2. ਤਬਦੀਲੀ, ਪਰਿਵਰਤਨ
"ਤੋਆ ਆਖੈ ਹਉ ਬਹੁ ਬਿਧਿ ਹਛਾ ਤੋਐ ਬਹੁਤੁ **ਬਿਕਾਰਾ**।"
— ਮਲਾ **੧**, ਵਾਰ ੨੫ਸ, **੧**, ੨ : ੨੫ (1290)

ਬਿਕਾਰਿ — ਵਿਕਾਰਾਂ ਨਾਲ
"ਲੋਭਿ ਮੋਹਿ **ਬਿਕਾਰਿ** ਬਾਧਿਓ ਅਨਿਕ ਦੋਖ ਕਮਾਵਨੇ।"
— ਬਿਹਾ **੫**, ਛੰਤ ੮, ੨ : ੩ (547)

ਹੋਰ ਰੂਪ — ਬਿਕਾਰਿਓ —
"ਸੁਆਦ ਲੁਭਤ ਇੰਦ੍ਰੀ ਰਸ ਪ੍ਰੇਰਿਓ ਮਦ ਰਸ ਲੈਤ **ਬਿਕਾਰਿਓ** ਰੇ।" (ਵਿਕਾਰਾਂ ਦੇ)
— ਗਉ **ਕਬ**, ੫੬, ੩ : ੧ (335)

ਬਿਕਾਰੀ —
"ਸੁੰਦਰ ਨਾਰੀ ਅਨਿਕ ਪਰਕਾਰੀ ਪਰਗ੍ਰਿਹ **ਬਿਕਾਰੀ**।" (ਵਿਕਾਰ ਭਾਵ ਬਦਫੈਲੀ)
— ਗਉ **੫**, ੧੫੪*, ੨ : ੧ (213)
"ਸੰਤ ਕਾ ਦੋਖੀ ਸਦਾ **ਬਿਕਾਰੀ**।" (ਐਬੀ)
— ਗਉ **੫**, ਸੁਖ ੧੩, ੪ : ੬ (280)

ਬਿਕਾਰੀ — 1. ਐਬ, ਬਦਫੈਲੀ ਕਰਨ ਵਾਲਾ, ਐਬੀ, ਵੇਖੋ 'ਬਿਕਾਰਿ'
2. ਬੇਕਾਰ, ਨਿਕੰਮੇ
"ਜਿਸੁ ਅੰਤਰਿ ਪ੍ਰੀਤਿ ਰਾਮ ਰਸੁ ਨਾਹੀ ਦੁਬਿਧਾ

ਕਰਮ **ਬਿਕਾਰੀ**।"
— ਸਾਰ **੧**, ੩, ੩ : ੨ (1198)

3. ਵਿਕਾਰਾਂ ਵਾਲੀ, ਐਬੀ
"ਦਿਸਟਿ **ਬਿਕਾਰੀ** ਦੁਰਮਤਿ ਭਾਗੀ ਐਸਾ ਬ੍ਰਹਮ ਗਿਆਨੁ।"
— ਪ੍ਰਭਾ **੨**, ੭, ੨ : ੨ (1329)

ਬਿਕਾਰੁ — 1. ਬੇਕਾਰ, ਨਿਕੰਮਾ ਵਿਅਰਥ
"ਇਹ ਸੰਸਾਰੁ **ਬਿਕਾਰੁ** ਸੰਸੇ ਮਹਿ ਤਰਿਓ ਬ੍ਰਹਮ ਗਿਆਨੀ।" — ਗਉ **੫**, ਸੋਹ ੫, ੨ : ੧ (13)
"ਜਮ ਦਰਿ ਬਾਧਉ ਮਰੈ **ਬਿਕਾਰੁ**।"
— ਰਾਮ **੧**, ਅਸ ੪, ੬ : ੩ (904)

ਹੋਰ ਰੂਪ — ਬਿਕਾਰੋ —
"ਵਾਲੇਵੇ ਕਾਰਣਿ ਬਾਬਾ ਰੋਈਐ ਰੋਵਣੁ ਸਗਲ **ਬਿਕਾਰੋ**।" (ਵਿਅਰਥ)
— ਵਡ **੧**, ਅਲਾ ੧, ੪ : ੨ (579)

2. ਬੁਰਾਈ, ਵਿਕਾਰ
"ਤਜਿ ਮਾਨੁ ਮੋਹੁ **ਬਿਕਾਰੁ** ਮਨ ਕਾ ਕਲਮਲਾ ਦੁਖ ਜਾਰੇ।"
— ਆਸਾ **੫**, ਛੰਤ ੧੦, ੧ : ੫ (459)

ਹੋਰ ਰੂਪ — ਬਿਕਾਰੇ —
"ਮਿਟੇ ਅੰਧਾਰੇ ਤਜੇ **ਬਿਕਾਰੇ** ਠਾਕੁਰ ਸਿਉ ਮਨੁ ਮਾਨਾ।" (ਬੁਰਾਈ, ਵਿਕਾਰ)
— ਸੂਹੀ **੫**, ਛੰਤ ੪, ੪ : ੩ (779)

ਬਿਕਾਰੋ —
"ਜੰਮਣੁ ਮਰਣਾ ਆਇ ਗਇਆ ਬਧਿਕੁ ਜੀਉ **ਬਿਕਾਰੋ**।" (ਵਿਕਾਰਾਂ ਵਿਚ)
— ਵਡ **੧**, ਅਲਾ ੩, ੩ : ੨ (580)

ਬਿਕਾਲ — ਬਿ+ਕਾਲ ਅਰਥਾਤ ਜਨਮ
"ਕਾਲ **ਬਿਕਾਲ** ਸਬਦਿ ਭਏ ਨਾਸੁ।"
— ਬਿਲਾ **੧**, ਅਸ ੨, ੭ : ੪ (832)

ਹੋਰ ਰੂਪ — ਬਿਕਾਲੁ —
"ਕਾਲ **ਬਿਕਾਲੁ** ਭਏ ਦੇਵਾਨੇ ਮਨੁ ਰਾਖਿਆ ਗੁਰਿ ਠਾਇ।" (ਜਨਮ)
— ਸੂਹੀ **੧**, ਛੰਤ ੨, ੪ : ੫ (764)
"ਕਾਲੁ **ਬਿਕਾਲੁ** ਕਹੇ ਕਹਿ ਬਪੁਰੇ ਜੀਵਤ ਮੂਆ ਮਨੁ ਮਾਰੀ।" (ਜੀਵਨ)
— ਰਾਮ **੧**, ਅਸ ੯, ੧੧ : ੧ (908)

ਬਿਕੂਦਾ — ਵੇਚਦਾ
"ਮਨਮੁਖੁ ਬਿਦਿਆ **ਬਿਕ੍ਰਦਾ** ਬਿਖੁ ਖਟੇ ਬਿਖੁ ਖਾਇ।" — ਰਾਮ **੧**, ਓਅੰ ਪੜ : ੩ (938)

ਬਿਖ — 1. ਮਾਇਆ
"ਰਾਚਿ ਰਹੇ ਬਨਿਤਾ ਬਿਨੋਦ ਕੁਸਮ ਰੰਗ **ਬਿਖ** ਸੋਰ।" — ਗਉ **੫**, ਬਾਅ ੯ਸ : ੧ (251)

2. ਵਿਸ਼ੇ ਵਿਕਾਰ
"ਚਾਖਤ ਬੇਗਿ ਸਗਲ **ਬਿਖ** ਹਰੈ।"
— ਗਉ **ਕਬ**, ਵਾ ੨ : ੨ (344)

3. ਵਿਹੁ, ਜ਼ਹਿਰ
"ਮਨਮੁਖਿ ਅੰਧਾ ਅੰਧੁ ਕਮਾਵੈ **ਬਿਖੁ** ਖਟੇ ਸੰਸਾਰੇ।"
— ਸੂਹੀ **੩**, ਅਸ ੧, ੨ : ੩ (753)

ਬਿਖਈ — 1. ਵਿਸ਼ੇ ਦੀ, ਵਿਸ਼ਿਆਂ ਦਾ ਸੇਵਨ ਕਰਨ ਵਾਲਾ, ਵਿਸ਼ੇ ਵਿਕਾਰਾਂ ਵਲ ਜਾਣ ਵਾਲਾ
"ਓਹੁ **ਬਿਖਈ** ਓਸੁ ਰਾਮ ਕੋ ਰੰਗੁ।"
— ਗਉ **੫**, ੧੬੦, ੧* : ੨ (198)
"ਜਨਮ ਜਨਮ ਕੇ **ਬਿਖਈ** ਤੁਮ ਤਾਰੇ ਸੁਮਤਿ ਸੰਗਿ ਤੁਮਾਰੈ ਪਾਈ।" (ਵਿਕਾਰੀ)
— ਸਾਰ **੫**, ੬੫, ੧ : ੧ (1217)

2. ਵਿਸ਼ੇ ਵਿਕਾਰਾਂ ਦੇ
"ਜਿਉ ਗ੍ਰਿਸਤ **ਬਿਖਈ** ਧੰਧੁ।"
— ਬਿਲਾ **੫**, ਅਸ ੨, ੮ : ੪ (838)

ਬਿਖੰਡਨੋ — ਨਾਸ ਕਰਨ ਵਾਲੇ
"ਲਗੁ ਚਰਣ ਸਰਣ ਦਇਆਲ ਪ੍ਰੀਤਮ ਸਗਲ ਦੁਰਤ **ਬਿਖੰਡਨੋ**।"
— ਬਿਲਾ **੫**, ਛੰਤ ੩, ੧ : ੪ (847)

ਬਿਖੰਡਿਓ — ਨਾਸ ਕੀਤੇ
"ਕਾਮ ਕ੍ਰੋਧ ਲੋਭ ਮੋਹ ਅਪਤੁ ਪੰਚ ਦੂਤ **ਬਿਖੰਡਿਓ**।"
— ਸਵ **੩**, ੨੧ : ੪ (1396)

ਬਿਖਨਾ — ਵਿਸ਼ਿਆਂ ਦਾ
"**ਬਿਖਨਾ** ਘਿਰਿਆ।"
— ਸੂਹੀ **੫**, ੪੪, ੨ : ੨ (746)

ਬਿਖਮ — 1. ਡਰਾਉਣਾ, ਭਿਆਨਕ
"**ਬਿਖਮ** ਘੋਰ ਪੰਥਿ ਚਾਲਣਾ ਪ੍ਰਾਣੀ ਰਵਿ ਸਸਿ ਤਹ ਨ ਪ੍ਰਵੇਸੰ।" — ਸਿਰੀ **ਤ੍ਰਿਲੋ**, ੨, ੩ : ੧ (92)
(ਮਹਾਨਕੋਸ਼ ਅਰਥ ਉਚਾ ਨੀਵਾਂ, ਨਾ ਹਮਵਾਰ ਕਰਦਾ ਹੈ)
ਹੋਰ ਰੂਪ — ਬਿਖੰਮ —
"ਧਰਧਮਾਨ ਹੋਵਤ ਦਿਨ ਪ੍ਰਤਿ ਨਿਤ ਆਵਤ ਨਿਕਟਿ **ਬਿਖੰਮ** ਜਰੀ।"
— ਸਮੁ **੫**, ੩* : ੪ (1387)
2. ਕਠਿਨ, ਔਖਾ
"**ਬਿਖਮ** ਸਾਗਰੁ ਤੇਈ ਜਨ ਤਰੇ।" (ਔਖਿਆਂ ਤਰਿਆ ਜਾਣ ਵਾਲਾ)
— ਗਉ **੫**, ੧੩੨, ੪ : ੧ (193)
"ਧਨ ਨਾਹ ਬਾਝਹੁ ਰਹਿ ਨ ਸਾਕੈ **ਬਿਖਮ** ਰੈਣਿ ਘਣੇਰੀਆ।" (ਔਖੀ)
— ਗਉ **੧**, ਛੰਤ ੨, ੧ : ੩ (243)
3. ਡਾਢੀ
"ਦੁਤਰ ਅੰਧ **ਬਿਖਮ** ਇਹ ਮਾਇਆ।"
— ਆਸਾ **੫**, ੨੬, ੩ : ੧ (377)
4. ਔਖਾ, ਸਖਤ
"ਕੋਊ **ਬਿਖਮ** ਗਾਰ ਤੋਰੈ।" (ਮੁਸ਼ਕਲ ਨਾਲ ਤੋੜੇ ਜਾਣ ਵਾਲਾ)
— ਆਸਾ **੫**, ੧੫੪, ੧* : ੧ (408)
"ਗੁਰੁ ਪੂਰਾ ਆਰਾਧਿ **ਬਿਖਮ** ਦਲੁ ਫੋੜੀਐ।"
— ਗੂਜ **੫**, ਵਾਰ ੧੫ : ੨ (522)
5. ਵਿਖ (ਜ਼ਹਿਰ) ਰੂਪੀ
"ਅਤਿ ਲੁਬਧ ਲੁਭਾਨਉ **ਬਿਖਮ** ਮਾਇ।" (ਬਿਖ ਰੂਪੀ ਮਾਇਆ)
— ਬਸੰ **੧**, ਅਸ ੨, ੧ : ੨ (1187)

ਬਿਖਮਤਾ — ਦੁੱਖ
"ਨਾਮ ਬਿਹੂਣ **ਬਿਖਮਤਾ** ਨਾਨਕ ਬਹੰਤਿ ਜੋਨਿ ਬਾਸਰੋ ਰੈਣੀ।" — ਗਾਥਾ **੫**, ੮ : ੨ (1360)

ਬਿਖਮੁ — 1. ਔਖਾ
"ਤੇਰਾ **ਬਿਖਮੁ** ਭਾਵਨੁ।" (ਤੈਨੂੰ ਚੰਗਾ ਲਗਨਾ ਔਖਾ ਹੈ) — ਸਿਰੀ ੫, ੯੨, ੧* : ੨ (51)
"ਮਹਾ **ਬਿਖਮੁ** ਜਮਪੰਥੁ ਦੁਹੇਲਾ ਕਾਲੂਖਤ ਮੋਹ ਅੰਧਿਆਰਾ।"
— ਆਸਾ **੪**, ਛੰਤ ੯, ੪ : ੫ (443)
2. ਔਖਿਆਂ (ਤਰਿਆ ਜਾਣ ਵਾਲਾ) ਔਖਿਆਂ (ਤੋੜਿਆ ਜਾਣ ਵਾਲਾ) ਆਦਿ
"ਭਵਜਲ **ਬਿਖਮੁ** ਡਰਾਵਣੋ ਨਾ ਕੰਧੀ ਨਾਪਾਰੁ।"
— ਸਿਰੀ **੧**, ਅਸ ੧੦, ੪ : ੧ (59)
"ਆਤਮ ਗੜੁ **ਬਿਖਮੁ** ਤਿਨਾ ਹੀ ਜੀਤਾ।"
— ਮਾਝ **੫**, ੧੯, ੩ : ੨ (99)
"ਨਾਨਕ ਆਖਣੁ **ਬਿਖਮੁ** ਬੀਚਾਰੁ।" (ਔਖਿਆ, ਦਸਿਆ ਜਾਣ ਵਾਲਾ)
— ਗਉ **੧**, ੨, ੪ : ੪ (151)
"ਨਾਨਕ **ਬਿਖਮੁ** ਸੁਹੇਲਾ ਤਰੀਐ ਜਾ ਆਵੈ ਗੁਰ ਸਰਣਾਈ।"
— ਆਸਾ **੪**, ਛੰਤ ੮, ੨ : ੬ (442)
ਹੋਰ ਰੂਪ — ਬਿਖਮੋ —
"**ਬਿਖਮੋ** ਬਿਖਮੁ ਅਖਾੜਾ ਮੈ ਗੁਰ ਮਿਲਿ ਜੀਤਾ ਰਾਮ।" (ਔਖਿਆ ਜਿਤਿਆ ਜਾਣ ਵਾਲਾ)
— ਆਸਾ **੫**, ਛੰਤ ੧, ੪ : ੫ (453)
3. ਡਾਢਾ
"ਆਗੈ ਜਮਦਲੁ **ਬਿਖਮੁ** ਘਨਾ।"
— ਗਉ **੧**, ੧੪, ੧* : ੨ (155)
"ਬਹੁ ਪ੍ਰਕਾਰ ਖੋਜਹਿ ਸਭਿ ਤਾ ਕਉ **ਬਿਖਮੁ** ਨ ਜਾਈ ਲੈਨ।" (ਔਖਿਆ ਪ੍ਰਾਪਤ ਹੋਣ ਵਾਲਾ)
— ਧਨਾ **੫**, ੧੩, ੧* : ੨ (674)
"ਤੇਰਾ ਮਹਲੁ ਅਗੋਚਰੁ ਮੇਰੇ ਪਿਆਰੇ **ਬਿਖਮੁ** ਤੇਰਾ ਹੈ ਭਾਣਾ।" (ਕਰੜਾ)
— ਬਸੰ **੫**, ੨੦, ੪ : ੧ (1186)

ਬਿਖਯੰਤ — ਵਿਸ਼ਈ
"**ਬਿਖਯੰਤ** ਜੀਵੰ ਵਸੵੰ ਕਰੋਤਿ ਕਿਰਤੵੰ ਕਰੋਤਿ ਜਥਾ ਮਰਕਟਹ।" — ਸਸ **੫**, ੪੨ : ੨ (1358)
(ਮਹਾਨਕੋਸ਼ ਅਰਥ 'ਪ੍ਰਸਿੱਧ' ਕਰਦਾ ਹੈ)

ਬਿਖਯਾ — ਜ਼ਹਿਰ, ਬਿਖ
"**ਬਿਖਯਾ** ਭਯੰਤਿ ਅੰਮ੍ਰਿਤੰ ਦ੍ਰੁਸਟਾਂ ਸਖਾ ਸ੍ਵਜਨਹ।"
— ਸਸ **੫**, ੩੨ : ੧ (1357)

ਬਿਖਰਿ — ਖਿਲਰ/ਖਿੰਡ ਜਾਵਾ
"ਲ ਕਰੀ **ਬਿਖਰਿ** ਜਰੀ ਮੰਝ ਭਾਰਿ।"
— ਰਾਮ **੧**, ੧੧, ੨ : ੪ (879)
ਹੋਰ ਰੂਪ — ਬਿਖਰਿਓ —

"ਹਰਿ ਭਇਓ ਖਾਂਡੁ ਰੇਤੁ ਮਹਿ **ਬਿਖਰਿਓ** ਹਸਤੀਂ ਚੁਨਿਓ ਨ ਜਾਈ।" (ਖਿੰਡੀ/ਖਿਲਰੀ ਹੈ) — ਰਾਮ **ਕਬ**, ੧੨, ੨ : ੧ (972)

ਬਿਖਰੀ —

"ਹਰਿ ਹੈ ਖਾਂਡੁ ਰੇਤੁ ਮਹਿ **ਬਿਖਰੀ** ਹਾਥੀ ਚੁਨੀ ਨ ਜਾਇ।" (ਖਿਲਰੀ)

— ਸਲੋ **ਕਬ**, ੨੩੮ : ੧ (1377)

ਬਿਖਲੀਆ — ਜ਼ਹਿਰੀਲੀ

"ਮਾਇਆ ਛਲੀਆ ਬਿਕਾਰ **ਬਿਖਲੀਆ**।"

— ਆਸਾ **੫**, ੫੫, ੪ : ੧ (385)

ਬਿਖਲੀਪਤਿ — ਵਿਕਾਰਾਂ ਨਾਲ ਲਿਬੜਿਆ (ਮਹਾਨ ਕੋਸ਼); ਵਿਭਚਾਰਨ ਦਾ ਪਤੀ ਭਾਵ ਦੁਰਾਚਾਰੀ ਮਨੁੱਖ (ਦਰਪਣ, ਸ਼ਬਦਾਰਥ)

"ਦੁਰਮਤਿ ਮਦੁ ਜੋ ਪੀਵਤੇ **ਬਿਖਲੀਪਤਿ** ਕਮਲੀ।"

— ਆਸਾ **੫**, ੧੧੪, ੪ : ੧ (399)

ਬਿਖੜਾ — ਔਖਾ, ਦੁਰਗਮ, ਦੁਖਦਾਈ, ਕਠਿਨ

"**ਬਿਖੜਾ** ਥਾਨੁ ਨ ਦਿਸੈ ਕੋਈ।"

— ਮਾਝ **੫**, ੪੩, ੨ : ੨ (107)

ਹੋਰ ਰੂਪ — ਬਿਖੜੀ —

"ਜਾ ਕੀ ਮਹਾ **ਬਿਖੜੀ** ਕਾਰ।" (ਔਖੀ, ਕਠਿਨ)

— ਬਿਲਾ **੫**, ਅਸ ੧, ੭ : ੨ (837)

ਬਿਖੜੇ —

"ਲੂਕ ਕਰਤ ਬਿਕਾਰ **ਬਿਖੜੇ** ਪ੍ਰਭ ਨੇਰਹੂ ਤੇ ਨੇਰਿਆ।" (ਦੁਖਦਾਈ)

— ਜੈਤ **੫**, ਛੰਤ ੨, ੧ : ੫ (704)

"ਤਹ **ਬਿਖੜੇ** ਥਾਨ ਅਨਿਕ ਖਿੜਕੀਆ।" (ਔਖੇ, ਗੁੰਝਲਦਾਰ)

— ਰਾਮ **੫**, ੧੨, ੪ : ੨ (886)

"ਮੋਹ ਸੋਗ ਵਿਕਾਰ **ਬਿਖੜੇ** ਜਪਤ ਨਾਮ ਉਧਾਰਣੋ।" (ਔਖੇ ਕਰਨ ਵਾਲੇ)

— ਰਾਮ **੫**, ਛੰਤ ੩, ੩ : ੪ (926)

ਬਿਖਾਈ — ਅਸਮਤਾ, ਦ੍ਵੈਤ

"ਆਨ ਆਪਨਾ ਕਰਨ ਬੀਚਾਰਾ ਤਉ ਲਉ ਬੀਚੁ **ਬਿਖਾਈ**।" — ਸੋਰ **੫**, ੩, ੧ : ੨ (609)

ਬਿਖਾਗਨਿ — ਵਿਸ਼ਿਆ ਦੀ ਅਗ

"ਗੁਰਿ ਕਹਿਆ ਏਹ ਰਸਹਿ **ਬਿਖਾਗਨਿ**।"

— ਪ੍ਰਭਾ **੫**, ਅਸ ੧, ੫ : ੨ (1347)

ਬਿਖਾਦ — ਕਲੇਸ਼, ਝਗੜੇ

"ਸਿਮਰਤ ਸਾਂਤਿ ਮਹਾ ਸੁਖੁ ਪਾਈਐ ਮਿਟਿ ਜਾਹਿ ਸਗਲ **ਬਿਖਾਦ**।"

— ਸਾਰ **੫**, ੨੮, ੧ : ੧ (1219)

ਬਿਖਾਦੀ — ਝਗੜਾਲੂ, ਬਿਖਾਦ ਕਰਨ ਵਾਲੇ, ਫਸਾਦੀ

"ਪੰਚ **ਬਿਖਾਦੀ** ਏਕੁ ਗਰੀਬਾ ਰਾਖਹੁ ਰਾਖਨਹਾਰੇ।"

— ਗਉ **੫**, ੧੨੫*, ੧ : ੧ (206)

ਹੋਰ ਰੂਪ — ਬਿਖਾਦੀਆ —

"ਮਾਰੇ ਪੰਚ **ਬਿਖਾਦੀਆ**।" (ਬਿਖਾਦ ਕਰਨ ਵਾਲੇ) — ਗਉ **੫**, ੧੪੧*, ੨ : ੧ (210)

ਬਿਖਾਦੁ — ਦੁਖ

"ਪਵਿਤ੍ਰ ਅਪਵਿਤ੍ਰਹ ਕਿਰਣ ਲਾਗੇ ਮਨਿ ਨ ਭਇਓ **ਬਿਖਾਦੁ**।"— ਮਾਰੂ **੫**, ਅਸ ੩, ੫ : ੨ (1018)

ਬਿਖਾਨੈ — ਕਹਿ/ਆਖ/ਦਸ ਸਕਦਾ ਹੈ

"ਬ੍ਰਹਮ ਗਿਆਨੀ ਕੀ ਮਿਤਿ ਕਉਨੁ **ਬਖਾਨੈ**।"

— ਗਉ **੫**, ਸੁਖ ੮, ੭ : ੭ (273)

ਬਿਖਾਰੀ — ਜ਼ਹਿਰ ਦੂਰ ਕਰਨ ਵਾਲੀ

"**ਬਿਖਾਰੀ** ਨਿਰਾਰੀ ਅਪਾਰੀ ਸਹਜਾਰੀ ਸਾਧਸੰਗਿ ਨਾਨਕ ਪੀਕੀ ਰੇ।"

— ਆਸਾ **੫**, ੧੩੩, ੨ : ੧ (404)

ਬਿਖਾੜਾ — ਔਖਾ ਮੈਦਾਨੇ ਜੰਗ, ਬਿਖਮ ਅਖਾੜਾ

"ਗੁਰਿ ਪੂਰੈ ਵਜੀ ਵਾਧਾਈ ਨਾਨਕ ਜਿਤਾ **ਬਿਖਾੜਾ** ਜੀਉ।" — ਮਾਝ **੫**, ੩੧, ੪ : ੩ (103)

ਬਿਖਿਅਨ — ਵਿਸ਼ਿਆਂ, ਵਿਸ਼ੇ ਵਿਕਾਰਾਂ

"ਲੋਭ ਮੋਹ ਮਾਇਆ ਮਮਤਾ ਫੁਨਿ ਅਉ **ਬਿਖਿਅਨ** ਕੀ ਸੇਵਾ।" — ਗਉ **੯**, ੭, ੧ : ੧ (220)

ਬਿਖਿਆ — 1. ਵਿਸ਼ੇ

"ਤ੍ਰੈਗੁਣ **ਬਿਖਿਆ** ਅੰਧੁ ਹੈ ਮਾਇਆ ਮੋਹ ਗੁਬਾਰ।" (ਭਾਵ ਮਾਇਆ)

— ਸਿਰੀ **੩**, ੪੩, ੩ : ੧ (30)

"ਕਾਮੁ ਕਰੋਧੁ ਕਪਟੁ **ਬਿਖਿਆ** ਤਜਿ ਸਚੁ ਨਾਮੁ ਉਰਿਧਾਰੇ।" (ਵਿਸ਼ਈ ਪੁਣਾ)

— ਆਸਾ **੧**, ਛੰਤ ੨, ੩ : ੪ (437)

2. ਜ਼ਹਿਰ

"ਅੰਮ੍ਰਿਤੁ ਛੋਡਿ **ਬਿਖਿਆ** ਲੋਭਾਣੇ ਸੇਵਾ ਕਰਹਿ ਵਿਡਾਣੀ।" — ਸਿਰੀ **੩**, ੪੫, ੧ : ੧ (31)

"ਪੰਡਿਤ ਅਵਰਾ ਨੋ ਨ ਸਿਖਾਲਿ **ਬਿਖਿਆ**।" (ਜ਼ਹਿਰੀਲੀ ਵਿਦਿਆ)

— ਆਸਾ **੩**, ਪਟੀ ੫ : ੧ (435)

"**ਬਿਖਿਆ** ਅੰਮ੍ਰਿਤੁ ਏਕੁ ਹੈ ਬੂਝੈ ਪੁਰਖੁ ਸੁਜਾਣ।" (ਭਾਵ ਦੁੱਖ)

— ਰਾਮ **੧**, ਓਅੰ ੪੮ : ੮ (937)

3. ਪਾਪ

"ਪੰਡਿਤੁ ਪੜੈ ਬੰਧਨ ਮੋਹ ਬਾਧਾ ਨਾਹ ਬੂਝੈ **ਬਿਖਿਆ** ਪਿਆਰ।"

— ਸਿਰੀ **੩**, ੫੧, ੨ : ੨ (33)

4. ਵਿਕਾਰ, ਬੁਰਾਈ

"ਅਨਦਿਨੁ ਨਾਮੇ ਰਤਿਆ ਦੁਖੁ **ਬਿਖਿਆ** ਵਿਚਹੁ ਜਾਇ।" — ਸਿਰੀ **੩**, ੫੫, ੪ : ੩ (35)

5. ਮਾਇਆ

"**ਬਿਖਿਆ** ਮਾਤੇ ਕਿਛੁ ਸੂਝੈ ਨਾਹੀ ਫਿਰਿ ਫਿਰਿ ਜੂਨੀ ਆਵਣਿਆ।" (ਮਾਇਆ)

— ਮਾਝ **੩**, ਅਸ ੩੧, ੧ : ੩ (128)

"ਕਾਹੂ ਕਾਜ ਨ ਆਵਤ **ਬਿਖਿਆ**।"

— ਗਉ **੫**, ੧੬੬, ੧* : ੨ (199)

"ਬਿਖੁ **ਬਿਖਿਆ** ਪਸਰੀ ਅਤਿ ਘਨੀ।"

— ਗਉ **੫**, ੧੪੦*, ੨ : ੧ (210)

ਬਿਖਿਆਸ — ਵਿਸ਼ਿਆਂ ਵਿਚ ਫਸੇ (ਦਰਪਣ ਸ਼ਬਦਾਰਥ) ਜਿਸ ਜਿਸ ਦੇ ਮੂੰਹ ਵਿਚ ਜ਼ਹਿਰ ਹੈ ਬਦਜ਼ੁਬਾਨ (ਮਹਾਨਕੋਸ਼)

"ਜੇਤੀ ਸ੍ਰਿਸਟਿ ਕਰੀ ਜਗਦੀਸਰਿ ਤੇ ਸਭਿ ਊਚ ਹਮ ਨੀਚ **ਬਿਖਿਆਸ**।"

— ਕਾਨ **੪**, ੩, ੪ : ੧ (1295)

ਬਿਖਿਆਸਕਤ — ਵਿਸ਼ਿਆਂ ਵਿਚ ਲਿਵਲੀਣ

"**ਬਿਖਿਆਸਕਤ** ਰਹਿਓ ਨਿਸਿ ਬਾਸੁਰ ਕੀਨੋ ਅਪਨੋ ਭਾਇਓ।" — ਸਾਰ **੯**, ੪, ੧* : ੨ (1232)

ਬਿਖਿਆਤ — ਪ੍ਰਗਟ, ਮਸ਼ਹੂਰ, ਪ੍ਰਸਿਧ

"ਨਾਗਰਜਨਾਂ ਮੇਰੀ ਜਾਤਿ **ਬਿਖਿਆਤ** ਚੰਮਾਰੰ।"

— ਮਲਾ **ਰਵਿ**, ੧, ੧* : ੧ (1293)

ਬਿਖਿਆਤਾ — ਪ੍ਰਤਖ, ਹਾਜ਼ਰਾ ਹਜ਼ੂਰ

"ਸੰਤ ਸਹਾਰੁ ਸਦਾ **ਬਿਖਿਆਤਾ**।"

— ਸਵ **੧**, ੧ : ੨ (1389)

ਬਿਖਿਆਦਿ — ਵਿਸ਼ੇ ਆਦਿਕ ਵਿਚ

"ਲਪਟਿ ਕਪਟਿ ਗ੍ਰਿਹਿ ਬੇਧਿਆ ਮਿਥਿਆ **ਬਿਖਿਆਦਿ**।"

— ਬਿਲਾ **੫**, ੩੮, ੧ : ੨ (810)

ਬਿਖੁ — 1. ਮਾਇਆ ਰੂਪ, ਵਿਹੁ ਰੂਪ ਮਾਇਆ

"ਗੁਰ ਪਰਸਾਦੀ ਛੁਟੀਐ **ਬਿਖੁ** ਭਵਜਲੁ ਸਬਦਿ ਗੁਰ ਤਰਣਾ।"

— ਸਿਰੀ **੩**, ੫੧, ੧* : ੨ (33)

"ਪੂਰਨ ਪੂਰਿ ਰਹਿਆ **ਬਿਖੁ** ਮਾਰਿ।" (ਵਿਹੁ ਰੂਪੀ ਮਾਇਆ)— ਗਉ **੧**, ਅਸ ੧, ੧ : ੨ (220)

"**ਬਿਖੁ** ਸੰਚੈ ਹਟਵਾਣੀਆ ਬਹਿ ਹਾਟਿ ਕਮਾਇ।" (ਮਹਾਨਕੋਸ਼ ਅਰਥ 'ਅਧਰਮ ਦੀ ਕਮਾਈ' ਕਰਦਾ ਹੈ) — ਗਉ **੪**, ੪੨, ੩ : ੧ (166)

2. ਵਾਸ਼ਨਾ, ਮੰਦ ਭਾਵਨਾ

"**ਬਿਖੁ** ਕੀ ਕਾਰ ਕਮਾਵਣੀ **ਬਿਖੁ** ਹੀ ਮਾਹਿ ਸਮਾਹਿ।" — ਸਿਰੀ **੩**, ੫੨, ੩ : ੨ (36)

"**ਬਿਖੁ** ਭਉਜਲ ਡੁਬਦੇ ਕਢਿ ਲੈ ਜਨ ਨਾਨਕ ਕੀ ਅਰਦਾਸਿ।" (ਵਿਸ਼ਿਆਂ ਦੇ)

— ਸਿਰੀ **੪**, ੬੫, ੪ : ੩ (40)

3. ਜ਼ਹਿਰ

"ਪੁਤੁ ਕਲਤੁ ਮੋਹੁ **ਬਿਖੁ** ਹੈ ਅੰਤਿ ਬੇਲੀ ਕੋਇ ਨ ਹੋਇ।" — ਸਿਰੀ **੪**, ੭੦, ੧* : ੨ (41)

"**ਬਿਖੁ** ਕਾ ਕੀੜਾ **ਬਿਖੁ** ਮਹਿ ਰਾਤਾ **ਬਿਖੁ** ਹੀ ਮਾਹਿ ਪਚਾਵਣਿਆ।" (ਮਾਇਆ ਰੂਪੀ ਜ਼ਹਿਰ)

— ਮਾਝ **੩**, ਅਸ ੩੦, ੪ : ੩ (127)

4. ਮਾੜੇ, ਬੁਰੇ

"ਕਾਨੀ ਕਾਲੁ ਸੁਣੈ **ਬਿਖੁ** ਬੈਣੀ।"

— ਗਉ **੧**, ਅਸ ੧੪, ੮ : ੨ (227)

ਬਿਖੂ — 1. ਜ਼ਹਿਰ, ਵਿਹੁ

"ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ **ਬਿਖੂ** ਸਮਾਨ।"

— ਬਿਲਾ **੫**, ੪੪, ੨ : ੨ (811)

ਹੋਰ ਰੂਪ — ਬਿਖੂਆ —

"ਆਸਿ ਪਾਸਿ **ਬਿਖੂਆ** ਕੇ ਕੁੰਟਾ ਬੀਚਿ ਅੰਮ੍ਰਿਤੁ ਹੈ ਭਾਈ ਰੇ।" (ਜ਼ਹਿਰ)

— ਆਸਾ **੫**, ੫੬, ੧* : ੩ (385)

2. ਵਿਸ਼ਟਾ, ਗੰਦ

"ਬਗੁਲਾ ਕਾਗ ਨੀਚ ਕੀ ਸੰਗਤਿ ਜਾਇ ਕਰੰਗ **ਬਿਖੁ** ਮੁਖਿ ਲਾਈਐ।"

— ਰਾਮ **੪**, ੪, ੪ : ੧ (881)

ਬਿਖੈ — 1. ਵਿਸ਼ੇ

"**ਬਿਖੈ** ਬਿਕਾਰ ਦੁਸਟ ਕਿਰਖਾ ਕਰੇ ਇਨ ਤਜਿ ਆਤ ਮੈ ਹੋਇ ਧਿਆਈ।"

— ਸਿਰੀ **੧**, ੨੬, ੨ : ੧ (23)

"ਮਨ **ਬਿਖੈ** ਹੀ ਮਹਿ ਲੁਝੀ ਹੇ।"

— ਗਉ **੫**, ੧੫੪*, ੩ : ੨ (213)

"**ਬਿਖੈ** ਨਾਦ ਕਰਨ ਸੁਣਿ ਭੀਨਾ।" (ਵਿਸ਼ਿਆਂ ਵਾਲੇ ਗੀਨ) — ਸੂਹੀ **੫**, ੮, ੩ : ੧ (738)

2. ਵਿਚ, ਅੰਦਰ

"ਤਾ ਤੇ **ਬਿਖੈ** ਭਈ ਮਤਿ ਪਾਵਸਿ ਕਾਇਆ ਕਮਲੁ ਕੁਮਲਾਣਾ।"

— ਸਿਰੀ **ਬੇਣੀ**, ੧, ੪ : ੩ (93)

"ਲੋਭ ਬਿਖਿਆ **ਬਿਖੈ** ਲਾਗੇ ਹਿਰਿ ਵਿਤਚਿਤ ਦੁਖਾਹੀ।"

— ਆਸਾ **੫**, ੧੫੨, ੧* : ੧ (408)

3. ਜ਼ਹਿਰ ਵਰਗੀ ਕੌੜੀ

"ਸਾਚੁ ਕਹੈ ਸੋ **ਬਿਖੈ** ਸਮਾਨੈ।"

— ਗਉ **੫**, ੮੨, ੨ : ੨ (180)

4. ਵਿਸ਼ੱਈ

"**ਬਿਖੈ** ਰਾਜ ਤੇ ਅੰਧੁਲਾ ਭਾਰੀ।"

— ਗਉ **੫**, ੧੫੧, ੧ : ੧ (196)

"ਜੈਸੇ **ਬਿਖੈ** ਹੇਤ ਪਰ ਨਾਰੀ।"

— ਗੋਂਡ **ਨਾਮ**, ੪, ੪ : ੧ (874)

5. ਮਾਇਆ

"**ਬਿਖੈ** ਠਗਉਰੀ ਜਿਨਿ ਜਿਨਿ ਖਾਈ।" (ਮਾਇਆ ਰੂਪੀ) — ਗਉ **੫**, ੧੬੬, ੨ : ੧ (199)

"**ਬਿਖੈ** ਕਉੜਤਣਿ ਸਗਲ ਮਾਹਿ ਜਗਤਿ ਰਹੀ ਲਪਟਾਇ।" (ਮਾਇਆ ਰੂਪੀ ਜ਼ਹਿਰ)

— ਗਉ **੫**, ਵਾਰ ੧੧ਸ, **੫**, ੨ : ੧ (320)

"ਆਦਿ ਜੁਗਾਦਿ ਭਗਤ ਜਨ ਸੇਵਕ ਤਾ ਕੀ **ਬਿਖੈ** ਅਧਾਰਾ।" (ਮਾਇਆ ਰੂਪੀ ਜ਼ਹਿਰ ਵਿਚ) — ਦੇਵ **੫**, ੨੦, ੨ : ੧ (532)

6. ਜ਼ਹਿਰੀਲੀ

"ਮਨਿ ਬਾਸਨਾ ਰਚਿ **ਬਿਖੈ** ਬਿਆਧਿ।"

— ਧਨਾ **੫**, ੧੯, ੩ : ੧ (675)

7. ਵਿਕਾਰ, ਔਗੁਣ

"ਸੰਤ ਪ੍ਰਸਾਦਿ ਮੇਰੇ **ਬਿਖੈ** ਹੰਤ।"

— ਮਾਲੀ **੫**, ੪, ੩ : ੪ (987)

ਬਿਖੋਟਿ — ਖੋਟ ਤੋਂ ਬਿਨਾਂ, ਭਰੋਸਾ, ਇਤਬਾਰ

"ਏਕ ਬਸਤੁ ਕਾਰਨਿ **ਬਿਖੋਟਿ** ਗਵਾਵੈ।"

— ਗਉ **੫**, ਸੁਖ ੫, ੧ : ੨ (268)

ਬਿਖ੍ਯਾਤਾ — ਵਿਆਖਿਆ ਕਰਨ ਵਾਲਾ, ਕਥਨ ਕਰਨ ਵਾਲਾ

"ਜੀਅਨ ਸਭਨ ਦਾਤਾ ਅਗਮ ਗ੍ਯਾਨ **ਬਿਖ੍ਯਾਤਾ** ਅਹਿਨਿਸਿ ਧ੍ਯਾਨ ਧਾਵੈ ਪਲਕਨ ਸੋਵੈ ਜੀਉ।"

— ਸਵ **੪**, ਨਲ ੧ : ੩ (1398)

ਬਿਖ੍ਯਾਦੰ — ਬਿਪਤਾ, ਵਿਵਾਦ, ਝਗੜਾ

"ਘੋਰ ਦੁਖੰ ਅਨਿਕ ਹਤੰ ਜਨਮ ਦਾ ਰਿਦੰ ਮਹਾ **ਬਿਖ੍ਯਾਦੰ**।" — ਸਸ **੫**, ੧੮ : ੧ (1355)

ਬਿਗਸਇਆ — ਖਿੜ ਗਿਆ

"ਸਹਜ ਸੈਨ ਅਰੁ ਸੁਖਮਨ ਨਾਰੀ ਊਧ ਕਮਲ **ਬਿਗਸਇਆ**।"

— ਸੋਰ **੫**, ੧੪, ੧ : ੨ (612)

ਬਿਗਸਹਿ — ਖਿੜਨਾ

"ਕੁਟੰਬੁ ਦੇਖਿ **ਬਿਗਸਹਿ** ਕਮਲਾ ਜਿਉ ਪਰ ਘਰਿ ਜੋ ਹਹਿ ਕਪਟ ਨਰਾ।" (ਭਾਵ ਖੁਸ਼ ਹੋਣਾ)

— ਸਿਰੀ **ਤ੍ਰਿਲੋ**, ੨, ੧ : ੨ (92)

"ਚੰਦ ਦੇਖਿ **ਬਿਗਸਹਿ** ਕਉਲਾਰਾ।"

— ਬਸੰ **੫**, ੨, ੨ : ੨ (1180)

ਬਿਗਸੰਦਾ — ਖਿੜਿਆ ਹੈ

"ਸੇਜ ਸੁਹਾਵੀ ਇਹੁ ਮਨੁ **ਬਿਗਸੰਦਾ** ਜੀਉ।" (ਭਾਵ ਖੁਸ਼ ਹੋਇਆ ਹੈ)

— ਗਉ **੫**, ੧੬੨*, ੨ : ੩ (217)

ਬਿਗਸਨਾ — ਖਿੜਨਾ

"ਬੁਧਿ ਪ੍ਰਗਾਸ ਪ੍ਰਗਟ ਭਈ ਉਲਟਿ ਕਮਲੁ **ਬਿਗਸਨਾ**।" — ਬਿਲਾ **੫**, ੪੩, ੨ : ੨ (811)

ਬਿਗਸਾ — ਖਿੜਿਆ

"ਨਾਮੁ ਲਾਹਾ ਲੈ ਗੁਰਮਤਿ **ਬਿਗਸਾ**।"

— ਆਸਾ **੪**, ੬੦, ੨ : ੨ (367)

"ਪਖਾ ਪਾਣੀ ਪੀਸਿ **ਬਿਗਸਾ** ਪੈਰਿ ਧੋਇ।"

(ਖਿੜਦਾ/ਖੁਸ਼ ਹੁੰਦਾ ਹਾਂ)
— ਗੂਜ **੫**, ਵਾਰ ੩ : ੬ (518)

ਹੋਰ ਰੂਪ — ਬਿਗਸਾਉ —
"ਪੇਖਿ ਪੇਖਿ **ਬਿਗਸਾਉ** ਸਾਜਨ ਪ੍ਰਭੁ ਆਪਨਾ ਇਕਾਂਤ।" (ਖੁਸ਼ ਹੁੰਦਾ ਹਾਂ)
— ਕਾਨ **੫**, ੧੫, ੧* : ੧ (1301)

ਬਿਗਸਾਇਆ —
"ਸੰਤ ਪ੍ਰਸਾਦਿ ਕਮਲੁ **ਬਿਗਸਾਇਆ**।" (ਖਿੜਿਆ)— ਰਾਮ **੫**, ੨੮, ੨ : ੪ (891)

ਬਿਗਸਾਈ —
"ਜਿਉ ਧਰਤੀ ਸੋਭ ਕਰੇ ਜਲੁ ਬਰਸੈ ਤਿਉ ਸਿਖੁ ਗੁਰ ਮਿਲਿ **ਬਿਗਸਾਈ**।" (ਖੁਸ਼ ਹੁੰਦਾ ਹੈ) — ਸੂਹੀ **੪**, ਅਸ ੧, ੧੬ : ੧ (758)

ਬਿਗਸਾਂਤ — ਖਿੜ ਜਾਂਦਾ ਹੈ
"ਚਿਤਿ ਚਿਤਵਉ ਚਰਣਾਰਬਿੰਦ ਊਧ ਕਵਲ **ਬਿਗਸਾਂਤ**।"
— ਗਉ **੫**, ਬਾਅ ੨੨ਸ : ੧ (254)

ਹੋਰ ਰੂਪ — ਬਿਗਸਾਂਤਉ —
"ਰਾਜਨ ਰਾਜਿ ਸਦਾ **ਬਿਗਸਾਂਤਉ**।" (ਖੁਸ਼ ਰਹਿੰਦਾ ਹੈ)
— ਆਸਾ **੧**, ੧੨, ੩ : ੨ (352)

ਬਿਗਸਾਨਾ — ਖੁਸ਼ ਹੋ ਰਿਹਾ/ਖਿੜ ਰਿਹਾ ਹਾਂ
"ਕਹੁ ਨਾਨਕ ਗੁਰਿ ਅਮਿਉ ਪੀ ਆਇਆ ਰਸਿਕ ਰਸਿਕ **ਬਿਗਸਾਨਾ** ਰੇ।"
— ਆਸਾ **੫**, ੪੪, ੪ : ੨ (382)
"ਜੈਸੇ ਸਿੰਬਲੁ ਦੇਖਿ ਸੂਆ **ਬਿਗਸਾਨਾ**।"
— ਭੈਰ **ਨਾਮ**, ੮, ੧ : ੩ (1165)

ਹੋਰ ਰੂਪ — ਬਿਗਸਾਨੋ —
"ਪੇਖਿ ਪੇਖਿ ਨਾਨਕ **ਬਿਗਸਾਨੋ** ਨਾਨਕ ਨਾਹੀ ਸੁਮਾਰ।" — ਸੋਰ **੫**, ੩੮, ੨ : ੨ (618)

ਬਿਗਸਾਰੇ — ਖਿੜਦਾ ਹੈ
"ਤੁਮਹੀ ਪੇਖਿ ਪੇਖਿ ਮਨੁ **ਬਿਗਸਾਰੇ**।"
— ਸੂਹੀ **੫**, ੨੫, ੧* : ੨ (740)

ਬਿਗਸਾਵਦੋ — ਖਿੜਾ
"ਪਾਵ ਮਿਲਾਵੇ ਕੋਲਿ ਕਵਲ ਜਿਵੈ **ਬਿਗਸਾਵਦੋ**।"
— ਮਾਰੂ **੫**, ਵਾਰ ੧੩ਸ, **੫**, ੧ : ੨ (1098)

ਬਿਗਸਾਵੈ — ਖੁਸ਼ ਹੁੰਦੇ/ਖਿੜਦੇ ਹਨ
"ਭਗਤ ਜਨਾ ਕਉ ਸਦਾ ਅਨੰਦੁ ਹੈ ਹਰਿ ਕੀਰਤਨੁ ਗਾਇ **ਬਿਗਸਾਵੈ**।"
— ਆਸਾ **੫**, ੧੦, ੨ : ੨ (373)

ਬਿਗਸਿ — ਖਿੜ ਕੇ, ਖੁਸ਼ ਹੋ ਕੇ
"ਲੋਭ ਲਹਰਿ ਕਉ **ਬਿਗਸਿ** ਫੂਲਿ ਬੈਠਾ।"
— ਸੂਹੀ **੫**, ੮, ੨ : ੧ (738)

ਹੋਰ ਰੂਪ — ਬਿਗਸਿਓ —
"**ਬਿਗਸਿਓ** ਪੇਖਿ ਰੰਗੁ ਕਸੁੰਭ ਕੋ ਪਰ ਗ੍ਰਿਹ ਜੋਹਨਿ ਜਾਇਓ।" (ਖੁਸ਼ ਹੁੰਦਾ)
— ਟੋਡੀ **੫**, ੩, ੧ : ੨ (712)

ਬਿਗਸਿਆ —
"ਗੁਰ ਕੈ ਸਬਦਿ ਕਮਲੁ **ਬਿਗਸਿਆ** ਤਾ ਸਉਪਿਆ ਭਗਤਿ ਭੰਡਾਰੁ।" (ਖਿੜਿਆ)
— ਰਾਮ **੩**, ਵਾਰ ੮ਸ, **੩**, ੨ : ੨ (950)
"ਅਨਦਿਨੁ ਅਨਦੁ ਭਇਆ ਮਨੁ **ਬਿਗਸਿਆ** ਉਦਮ ਭਏ ਮਿਲਨ ਕੀ ਆਸ।" (ਖਿੜਿਆ, ਖੁਸ਼ ਹੋਇਆ)
— ਕਾਨ **੪**, ੩, ੧ : ੨ (1295)

ਬਿਗਸੀ —
"ਸਤਿ ਗੁਰਿ ਮੇਲੀ ਤਾ ਪਿਰਿ ਰਾਵੀ **ਬਿਗਸੀ** ਅੰਮ੍ਰਿਤ ਬਾਣੀ।" (ਖਿੜੀ ਹੈ, ਖੁਸ਼ ਹੋਈ)
— ਗਉ **੧**, ਛੰਤ ੨, ੨ : ੫ (243)

ਬਿਗਸੀਧ੍ਰਿ — ਖਿੜਦੀ ਹੈ, ਖੁਸ਼ ਹੁੰਦੀ ਹੈ
"**ਬਿਗਸੀਧ੍ਰਿ** ਬੁਧਾ ਕੁਸਲ ਥਾਨੰ।"
— ਸਸ **੫**, ੧੩ : ੨ (1355)

ਬਿਗਸੇ — ਖੁਸ਼ ਹੋਏ
"ਸਾਧ ਜਨਾ ਹੋਏ ਕਿਰਪਾਲਾ **ਬਿਗਸੇ** ਸਭਿ ਪਰਵਾਰਿਆ।"
— ਬਿਲਾ **੫**, ੨੩, ੧ : ੨ (806)

ਹੋਰ ਰੂਪ — ਬਿਗਸੈ —
"ਜਪੁ ਤਪੁ ਸੰਜਮੁ ਹੋਹਿ ਜਬ ਰਾਖੇ ਕਮਲ **ਬਿਗਸੈ** ਮਧੁ ਆਸ੍ਰਮਾਈ।" (ਖਿੜਦਾ ਹੈ)
— ਸਿਰੀ **੧**, ੨੬, ੨ : ੨ (23)
"ਗੁਰਮੁਖਿ ਕਰਮ ਕਮਾਵੈ **ਬਿਗਸੈ** ਹਰਿ ਬੈਰਾਗੁ ਅਨੰਦੁ।" (ਖੁਸ਼ ਹੁੰਦਾ ਹੈ।)
— ਸਿਰੀ **੩**, ੪੧, ੨ : ੧ (29)

ਬਿਗਸੋਰੋ — ਖਿੜ ਜਾਣਾ

"ਆਇਨ ਜਾਇ ਬਸੇ ਨਿਜ ਆਸਨਿ ਉਂਧ ਕਮਲ **ਬਿਗਸੋਰੋ**।" — ਕਾਨ **੫**, ੪੩, ੨ : ੧ (1306)

ਬਿਗਤੀ — ਅਪਗਤਿ, ਭੈੜੀ ਹਾਲਤ, ਮੰਦੀ ਹਾਲਤ
"ਮਨਮੁਖ ਮਰਹਿ ਮਰਿ **ਬਿਗਤੀ** ਜਾਹਿ।"
— ਬਿਲਾ **੩**, ਵਾ ੨, ੮ : ੧ (842)

ਬਿਗੰਧ — ਦੁਰਗੰਧ, ਬਦਬੂ
"ਮਾਖੀ ਚੰਦਨੁ ਪਰਹਰੈ ਜਹ **ਬਿਗੰਧ** ਤਹ ਜਾਇ।"
— ਸਲੋ **ਕਬ**, ੬੮ : ੨ (1368)

ਬਿਗਰਸਿ — ਵਿਗੜਦਾ ਹੈ, ਖਰਾਬ ਹੁੰਦਾ ਹੈ
"ਅਵਰ ਉਪਾਵ ਸਗਲ ਮੈ ਦੇਖੇ ਜੋ ਚਿਤਵੀਐ ਤਿਤੁ **ਬਿਗਰਸਿ** ਕਾਜੁ।"
— ਭੈਰ **੫**, ੧੪, ੧* : ੨ (1138)

ਬਿਗਰਾਨਾ — ਭਾਵ ਟੁੱਟਣਾ
"ਜਿਉ ਪ੍ਰਤਿਬਿੰਬੁ ਬਿੰਬ ਕਉ ਮਿਲੀ ਹੈ ਉਦਕ ਕੁੰਭੁ **ਬਿਗਰਾਨਾ**।"— ਆਸਾ **ਕਬ**, ੧, ੪ : ੧ (475)

ਬਿਗਰਿਓ — 1. ਵਿਗੜਿਆ, ਖਰਾਬ ਹੋਣਾ
"ਅਜਹੂ ਸਮਝਿ ਕਛੁ **ਬਿਗਰਿਓ** ਨਾਹਿਨਿ ਭਜਿ ਲੇ ਨਾਮੁ ਮੁਰਾਰਿ।" — ਸੋਰ **੯**, ੮, ੨ : ੧ (633)

2. ਭਾਵ ਬਦਲਣਾ, ਹੋਰ ਰੂਪ ਹੋਣਾ
"ਚੰਦਨ ਕੈ ਸੰਗਿ ਤਰਵਰੁ **ਬਿਗਰਿਓ**।"
— ਭੈਰ **ਕਬ**, ੫, ੨ : ੧ (1158)

3. ਗਵਾਚਾ
"ਕਛੁ **ਬਿਗਰਿਓ** ਨਾਹਿਨ ਅਜਹੁ ਜਾਗ।"
— ਬਸੰ **੯**, ੫, ੧* : ੧ (1187)

ਬਿਗਰੀ — 1. ਖਰਾਬ ਹੋਈ, ਵਿਚਲਿਤ ਹੋਈ
"ਰਾਖਿ ਲੇਹੁ ਹਮ ਤੇ **ਬਿਗਰੀ**।"
— ਬਿਲਾ **ਕਬ**, ੬, ੧* : ੧ (856)

ਹੋਰ ਰੂਪ — **ਬਿਗਰੇ** —
"ਮੈ **ਬਿਗਰੇ** ਅਪਨੀ ਮਤਿ ਖੋਈ।" (ਵਿਗੜ ਕੇ) — ਬਿਲਾ **ਕਬ**, ੨, ੩ : ੧ (855)

ਬਿਗਰੈ —
"ਮੈ ਬਿਗਰਿਓ **ਬਿਗਰੈ** ਮਤਿ ਅਉਰਾ।"
— ਬਿਲਾ **ਕਬ**, ੨, ੧* : ੨ (855)

2. ਹੋਰ ਰੂਪ ਹੋਣਾ
"ਗੰਗਾ ਕੈ ਸੰਗਿ ਸਲਿਤਾ **ਬਿਗਰੀ**।"
— ਭੈਰ **ਕਬ**, ੫, ੧ : ੧ (1158)

ਬਿਗੜ — ਕਰੂਪ, ਕੋਝੇ, ਵਿਗੜੇ/ਖਰਾਬ ਹੋਏ ਹੋਏ
"ਸੰਤ ਕਾ ਦੋਖੀ **ਬਿਗੜ** ਰੂਪੁ ਹੋਇ ਜਾਇ।"
— ਗਉ **੫**, ਸੁਖ ੧੩, ੭ : ੧ (280)
"**ਬਿਗੜ** ਰੂਪੁ ਮਨ ਮਹਿ ਅਭਿਮਾਨੁ।" (ਕੋਝੇ)
— ਆਸਾ **੫**, ੧੨, ੧ : ੪ (374)

ਹੋਰ ਰੂਪ — **ਬਿਗੜੈ** —
"ਹਉ **ਬਿਗੜੈ** ਰੂਪਿ ਰਹਾ ਬਿਕਰਾਲ।"
— ਸਿਰੀ **੧**, ੨੯, ੧* : ੨ (24)

ਬਿਗਾਸ — 1. ਚਮਤਕਾਰ, ਖਿੜਾਓ, ਫੈਲਾਅ
"ਸਸਿ **ਬਿਗਾਸ** ਸੰਪਟ ਨਹੀ ਆਵਾ।"
— ਗਉ **ਕਬ**, ਬਾਅ ੭ : ੨ (380)

2. ਖਿੜਦਾ ਹੈ
"ਗੁਰ ਪ੍ਰਸਾਦਿ ਊਰਧ ਕਮਲ **ਬਿਗਾਸ**।"
— ਗੋਂਡ **੫**, ੭, ੩ : ੧ (864)

ਬਿਗਾਸਨੁ — ਖਿੜਿਆ ਰਹਿਣਾ
"ਪ੍ਰਭ ਕੈ ਸਿਮਰਨਿ ਕਮਲ **ਬਿਗਾਸਨੁ**।"
— ਗਉ **੫**, ਸੁਖ ੧, ੭ : ੬ (263)

ਬਿਗਾਸਾ — ਖਿੜਾਓ/ਪ੍ਰਕਾਸ਼ ਹੋਇਆ, ਖਿੜ ਗਏ
"ਕਹੁ ਨਾਨਕ ਸਚ ਭਏ **ਬਿਗਾਸਾ** ਗੁਰਿ ਨਿਧਾਨੁ ਰਿਦੈ ਲੈ ਰਾਖਿਆ।"
— ਗਉ **੫**, ੧੬੧*, ੪ : ੨ (215)
"ਗੁਨ ਗਾਵਤ ਮਨਿ ਹੋਇ **ਬਿਗਾਸਾ**।" (ਖੁਸ਼)
— ਸਵ **੪**, ਕਲ ੧ : ੩ (1396)

ਹੋਰ ਰੂਪ — **ਬਿਗਾਸਿ** —
"ਕਮਲੁ **ਬਿਗਾਸਿ** ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਵਣਿਆ।" (ਖਿੜਕੇ)
— ਮਾਝ **੩**, ਅਸ ੨੮, ੬ : ੩ (126)

ਬਿਗਸਿਆ —
"ਗੁਰ ਸਬਦੀ ਕਮਲੁ **ਬਿਗਸਿਆ** ਇਵ ਹਰਿ ਰਸੁ ਪੀਜੈ।" (ਖਿੜ ਪਿਆ)
— ਮਾਰੂ **੩**, ਵਾਰ ੭ : ੪ (1089)

ਬਿਗਾਸੀ —
"ਜਿਉ ਜਲ ਅੰਤਰਿ ਕਮਲੁ **ਬਿਗਾਸੀ** ਆਪੇ ਬਿਗਸਿ ਧਿਆਇਦਾ।" (ਖਿੜਦਾ ਹੈ)
— ਮਾਰੂ **੧**, ਆਸਾ ੧੬, ੬ : ੩ (1036)
"ਹਰਖਵੰਤ ਆਨੰਤ ਰੂਪ ਨਿਰਮਲ **ਬਿਗਾਸੀ**।" (ਖਿੜਾਓ ਵਾਲਾ)
— ਸਮੁ **੫**, ੫ : ੨ (1386)

ਬਿਗਾਸੁ —
"ਪ੍ਰਭੂ ਦਇਆ ਤੇ ਕਮਲ **ਬਿਗਾਸੁ**।" (ਖਿੜਦਾ ਹੈ) — ਗਉ **੫**, ਸੁਖ ੬, ੮ : ੪ (271)
"ਗੁਰ ਦਰਸਨੁ ਦੇਖਿ ਮਨਿ ਹੋਇ **ਬਿਗਾਸੁ**।" (ਖਿੜਾਉ)
— ਗਉ **੫**, ਸੁਖ ੧੫, ੩ : ੬ (282)
"ਮਾਤਾ ਕੈ ਮਨਿ ਬਹੁਤੁ **ਬਿਗਾਸੁ**।" (ਖੁਸ਼ੀ)
— ਆਸਾ **੫**, ੧੦੧, ੧ : ੪ (396)

ਬਿਗਾਸੇ —
"ਧਨੁ ਧਨੁ ਗੁਰੂ ਹਰਿ ਦਸਿਆ ਮੇਰੀ ਜਿੰਦੜੀਏ ਜਨ ਨਾਨਕ ਨਾਮਿ **ਬਿਗਾਸੇ** ਰਾਮ।" (ਖਿੜੇ ਤੇ ਨਿਹਾਲ ਹੋਏ)
— ਬਿਹਾ **੪**, ਛੰਤ ੧, ੪ : ੪ (538)
"ਕਰਤੈ ਆਪਿ ਵਸਾਇਆ ਸਰਬ ਸੁਖ ਪਾਇਆ ਪੁਤ ਭਾਈ ਸਿਖ **ਬਿਗਾਸੇ**।"
— ਸੂਹੀ **੫**, ਛੰਤ ੯, ੧ : ੩ (783)

ਬਿਗਾਸੈ —
"ਸਦਾ **ਬਿਗਾਸੈ** ਪਰਮਲ ਰੂਪ।" (ਖਿੜਾਉ ਦਿੰਦਾ ਹੈ) — ਆਸਾ **੧**, ੧੨, ੧ : ੨ (352)

ਬਿਗਾਨਾ — 1. ਅਣਜਾਣੂ, ਬੇ ਸਮਝ
"ਕਰਣੈਹਾਰੁ ਨ ਬੂਝੈ **ਬਿਗਾਨਾ**।"
— ਗਉ **੫**, ੨੮, ੩ : ੪ (178)
"ਕਰਨੈਹਾਰੁ ਨ ਬੂਝਈ ਆਪੁ ਗਨੈ **ਬਿਗਾਨਾ**।" (ਬੇਸਮਝ, ਮੂਰਖ, ਬੇ-ਗਿਆਨਾ)
— ਬਿਲਾ **੫**, ੫੦, ੧ : ੨ (813)
ਹੋਰ ਰੂਪ — ਬਿਗਾਨੀ —
"ਅਬ ਮਤਿ ਬਿਨਸੀ ਦੁਸਟ **ਬਿਗਾਨੀ**।" (ਬੇ ਸਮਝ) — ਗਉ **੫**, ੯੨, ੧* : ੧ (183)
2. ਓਪਰਾ, ਅਡਰਾ
"ਤਬ ਇਹੁ ਬਾਵਰੁ ਫਿਰਤ **ਬਿਗਾਨਾ**।"
— ਗਉ **੫**, ਅਸ ੧, ੧ : ੨ (235)
3. ਦ੍ਵੈਤ ਭਾਵ, ਬਿਗਾਨਾ ਪਨ
"ਸਾਧ ਕ੍ਰਿਪਾਲ ਦਇਆਲ ਭਏ ਹੈ ਇਹੁ ਛੇਦਿਓ ਦੁਸਟੁ **ਬਿਗਾਨਾ**।"
— ਸਾਰ **੫**, ੨੯, ੧* : ੨ (1210)

ਬਿਗਾਨੀ — 1. ਬੇਸਮਝ, ਵੇਖੋ ਬਿਗਾਨਾ (1)
2. ਪਰਾਈ, ਦੂਜੇ ਦੀ
"ਨਾਮ ਬਿਹੂਨ ਧ੍ਰਿਗੁ ਦੇਹ **ਬਿਗਾਨੀ**।"
— ਗਉ **੫**, ੧੩੩, ੧* : ੨ (192)

ਬਿਗਾਨੇ — ਬੇਸਮਝ, ਅਗਿਆਨੀ
"ਕਾਹੇ ਭ੍ਰਮਿ ਭ੍ਰਮਹਿ **ਬਿਗਾਨੇ**।"
— ਰਾਮ **੫**, ੪੨, ੧* : ੧ (896)

ਬਿਗਾਰਿ — ਵਿਗਾੜਕੇ, ਖਰਾਬ ਕਰਕੇ
"ਅਪਨਾ **ਬਿਗਾਰਿ** ਬਿਰਾਂਨਾ ਸਾਂਢੈ।"
— ਗੋਂਡ **ਰਵਿ**, ੨, ੩ : ੩ (875)
ਹੋਰ ਰੂਪ — ਬਿਗਾਰਿਓ —
"ਸੀਲੁ **ਬਿਗਾਰਿਓ** ਤੇਰਾ ਕਾਮ।" (ਖਰਾਬ ਕੀਤਾ ਹੈ) — ਆਸਾ **੫**, ੧੨, ੪ : ੪ (374)

ਬਿਗਾਰੀ — 1. ਵਿਗਾਰੀ ਫੜਿਆ ਵਿਅਕਤੀ, ਜਬਰੀ ਮੁਸ਼ਕਤ ਲਈ ਫੜਿਆ ਵਿਅਕਤੀ
"ਜਿਉ **ਬਿਗਾਰੀ** ਕੈ ਸਿਰਿ ਦੀਜਹਿ ਦਾਮ।"
— ਗਉ **੫**, ੮੦, ੨ : ੧ (179)
2. ਬਿਨਾਂ ਇਵਜ਼ਾਨੇ ਤੋਂ ਕੀਤਾ ਕੰਮ
"ਨੀਕੀ ਤੇਰੀ **ਬਿਗਾਰੀ** ਆਲੇ ਤੇਰਾ ਨਾਉ।"
— ਤਿਲੰ **ਨਾਮ**, ੩, ੧* : ੩ (727)

ਬਿਗਾਰੇ — ਵਿਗਾੜਦਾ/ਖਰਾਬ ਕਰਦਾ ਹੈ
"ਲੋਭ ਲਹਰਿ ਸਭੁ ਸੁਆਨੁ ਹਲਕੁ ਹੈ ਹਲਕਿਓ ਸਭਹਿ **ਬਿਗਾਰੇ**।"
— ਨਟ **੪**, ਅਸ ੬, ੨ : ੧ (983)

ਬਿਗਿਆਨਿ — ਅਣਜਾਣ, ਬੇਗਿਆਨ
"ਮੁਕਤਿ ਨਹੀ ਬਿਦਿਆ **ਬਿਗਿਆਨਿ**।"
— ਰਾਮ **੧**, ਅਸ ੨, ੬ : ੨ (903)

ਬਿਗੂਚਾ — ਖੁਆਰ ਹੋਣਾ
"ਲੋਗੁ ਗੰਠਿ ਗੰਠਿ ਖਰਾ **ਬਿਗੂਚਾ**।"
— ਸੋਰ **ਰਵਿ**, ੨, ੨ : ੧ (659)

ਬਿਗੂਤਾ — ਖਰਾਬ ਹੋਣਾ, ਬਰਬਾਦ ਹੋਇਆ (ਮਹਾਨ ਕੋਸ਼)
"ਤਹਾ **ਬਿਗੂਤਾ** ਜਹ ਕੋਇ ਨ ਰਾਖੈ ਓਹੁ ਕਿਸੁ ਪਹਿ ਕਰੇ ਪੁਕਾਰਾ।"
— ਆਸਾ **੫**, ੪੧, ੨ : ੨ (381)
ਹੋਰ ਰੂਪ — ਬਿਗੂਤੀ —
"ਕਾਇਆ **ਬਿਗੂਤੀ** ਬਹੁ ਬਿਧਿ ਭਾਤੀ।" (ਖਰਾਬ ਹੋਈ)
— ਗਉ **ਕਬ**, ੩੨, ੨ : ੧ (329)

ਬਿਗੂਤੇ —
"ਸਗਲ **ਬਿਗੂਤੇ** ਭਾਵੈ ਦੋਇ।" (ਖਰਾਬ ਹੋਏ, ਖੁਆਰ ਹੋਏ)
— ਗਉ **੧**, ਅਸ ੪, ੧ : ੩ (222)
"ਰਾਮ ਨਾਮ ਬਿਨੁ ਸਭੈ **ਬਿਗੂਤੇ** ਦੇਖਹੁ ਨਿਰਖਿ ਸਰੀਰਾ।" (ਖੁਆਰ ਹੋਏ)
— ਸੋਰ **ਕਬ**, ੧, ੪ : ੧ (654)

ਬਿਗੂਤੋ —
"ਕੋ ਕੋ ਨ **ਬਿਗੂਤੋ** ਮੈ ਕੋ ਆਹਿ।" (ਖੁਆਰ ਹੋਇਆ ਭਾਵ ਨਾਸ ਹੋਇਆ)
— ਬਸੰ **ਨਾਮ**, ੫, ੧ : ੪ (1194)

ਬਿਗੋਈ — ਖੁਆਰ ਕਰਨਾ
"ਜਨਮੇ ਸੂਤਕੁ ਮੂਏ ਫੁਨਿ ਸੂਤਕੁ ਸੂਤਕ ਪਰਜ **ਬਿਗੋਈ**।"
— ਗਉ **ਕਬ**, ਅਸ ੪੧, ੧ : ੨ (331)

ਬਿਗ੍ਯਾਪ੍ਰਿ — ਬੇਨਤੀ ਕਰਦਾ ਹੈ
"ਤ੍ਰਾਹਿ ਤ੍ਰਾਹਿ ਸਰਣਿ ਸੁਆਮੀ **ਬਿਗ੍ਯਾਪ੍ਰਿ** ਨਾਨਕ ਹਰਿ ਨਰਹਰਹ।"
— ਸਸ **੫**, ੪੮ : ੫ (1358)

ਬਿਘਨ — ਰੁਕਾਵਟ, ਪ੍ਰਤਿਬੰਧ, ਵਿਘਨ, ਰੋਕ, ਅਟਕਾ
"ਕੋਟਿ **ਬਿਘਨ** ਹਿਰੇ ਖਿਨ ਮਾਹਿ।"
— ਗਉ **੫**, ੧੪੯, ੧ : ੧ (195)
"ਅਨਿਕ **ਬਿਘਨ** ਤੇ ਸਾਧੂ ਰਾਖੈ।" (ਔਕੜਾਂ, ਮੁਸ਼ਕਲਾਂ) — ਗਉ ੫, ਸੁਖ ੧੫, ੬ : ੨ (283)

ਹੋਰ ਰੂਪ — ਬਿਘਨੰ —
"ਛਲੰ ਛਿੰਦ੍ਰ ਕੋਟਿ **ਬਿਘਨੰ** ਅਪਰਾਧੰ ਕਿਲ ਬਿਖਮਲੰ।" (ਪ੍ਰਤਿਬੰਧ)
— ਸਸ **੫**, ੪੨ : ੧ (1357)

ਬਿਘਨੁ —
"ਪ੍ਰਭ ਸਿਮਰਤ ਕਛੁ **ਬਿਘਨ** ਨ ਲਾਗੈ।" (ਰੁਕਾਵਟ, ਔਕੜ)
— ਗਉ **੫**, ਸੁਖ ੧, ੨ : ੫ (262)

ਬਿਘਿਆੜੀ — ਭੇੜੀਏ ਦੀ ਮਾਦਾ, ਇਕ ਖੂੰਖਾਰ ਜੰਗਲੀ ਜਾਨਵਰ
"ਦਸ **ਬਿਘਿਆੜੀ** ਲਈ ਨਿਵਾਰਿ।"
— ਰਾਮ **੫**, ੫੧, ੧ : ੨ (899)

ਬਿਚਕਾਰਿ — ਵਿਚਕਾਰ, ਕੇਂਦਰ ਤੇ
"ਪਲੁ ਅਨਤ ਮੂਲੁ **ਬਿਚਕਾਰਿ**।"
— ਰਾਮ **ਬੇਣੀ**, ੧, ੮ : ੨ (974)

ਬਿਚਖਣ — ਚਤੁਰ, ਸਿਆਣਾ
"ਸੇਈ **ਬਿਚਖਣ** ਜੰਤ ਜਿਨੀ ਹਰਿ ਧਿਆਇਆ।"
— ਸੋਰ **੪**, ਵਾਰ ੨੬ : ੨ (652)

ਹੋਰ ਰੂਪ — ਬਿਚਖਣਿ —
"ਰੂਪਵੰਤਿ ਸਾ ਸੁਘੜਿ **ਬਿਚਖਣਿ** ਜੋਧਨ ਕੰਤ ਪਿਆਰੀ ਜੀਉ।" (ਚਤੁਰ)
— ਮਾਝ **੫**, ੧੧, ੨ : ੨ (97)

ਬਿਚਖਨ — ਸਿਆਣਾ, ਚਤੁਰ
"ਧੰਨੁ ਗੁਰਦੇਵ ਅਤਿ ਰੂਪ **ਬਿਚਖਨ**।"
— ਗੋਂਡ **ਕਬ**, ੧੦, ੪ : ੪ (873)

ਹੋਰ ਰੂਪ — ਬਿਚਖਨਿ —
"ਸੋਹਨੀ ਸਰੂਪਿ ਸੁਜਾਣਿ **ਬਿਚਖਨਿ**।" (ਸਿਆਣੀ, ਚਤੁਰ)
— ਆਸਾ **੫**, ੧੨, ੧* : ੧ (374)

ਬਿਚਰਹਿ — 1. ਫਿਰਦਾ ਹੈ
"ਕਿਸੁ ਭਰਵਾਸੈ **ਬਿਚਰਹਿ** ਭਵਨ।"
— ਰਾਮ **੫**, ੪੮, ੧ : ੧ (898)
2. ਵਿਚਾਰਦੇ ਹਨ
"ਉਦਮੁ ਕਰਿ ਲਾਗੇ ਬਹੁਭਾਤੀ **ਬਿਚਰਹਿ** ਅਨਿਕ ਸਾਸਤ੍ਰ ਬਹੁ ਖਟੂਆ।"
— ਸਸ **੫**, ੧੧* : ੧ (1389)

ਹੋਰ ਰੂਪ — ਬਿਚਰਹੁ —
"ਹਮਰੇ ਕਰਮ ਨੇ **ਬਿਚਰਹੁ** ਠਾਕੁਰ ਤੁਮ੍ ਪੈਜ ਰਖਹੁ ਅਪਨੀਪੈ।" (ਵਿਚਾਰੋ)
— ਬਸੰ **੪**, ੫, ੪ : ੧ (1179)

ਬਿਚਰਤ — 1. ਵਿਚਾਰਦਾ ਹੈ
"ਖਟੁ ਸਾਸਤ **ਬਿਚਰਤ** ਮੁਖਿ ਗਿਆਨਾ।"
— ਮਾਝ **੫**, ੧੨, ੨ : ੧ (98)
"ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ **ਬਿਚਰਤ** ਆਨ ਨ ਹੋਈ।"
— ਆਸਾ **ਨਾਮ**, ੧, ੨ : ੨ (485)
2. ਵਿਚਾਰ ਦਾ ਭਾਵ ਫਿਰਦਾ
"ਜੋਬਨ ਰੂਪ ਮਾਇਆ ਮਦ ਮਾਤਾ **ਬਿਚਰਤ** ਬਿਕਲ ਬਡੌ ਅਭਿਮਾਨੀ।"

— ਸਮੁ **ਪ**, ੧* : ੩ (1387)

ਹੋਰ ਰੂਪ — ਬਿਚਰਤੇ —

"**ਬਿਚਰਤੇ** ਨਿਰਭਯੰ ਸਤ੍ਰੁ ਸੈਨਾ ਧਾਯੰਤੇ ਗੁੋਪਾਲਾ ਕੀਰਤਨਹ।" (ਫਿਰਦੇ)

— ਸਸ **ਪ**, ੨੯ : ੪ (1356)

ਬਿਚਰਦੇ — ਫਿਰਦੇ, ਭਟਕਦੇ

"**ਬਿਚਰਦੇ** ਫਿਰਹਿ ਸੰਸਾਰ ਮਹਿ ਹਰਿ ਜੀ ਹੁਕਾਮੀ।" — ਮਾਰੂ **੪**, ਵਾਰ ੧੪ : ੬ (1099)

ਬਿਚਰਿ — ਵਿਚਾਰ

"ਬਿਬੇਕ ਬੁਧਿ ਸਭ ਜਗ ਮਹਿ ਨਿਰਮਲ **ਬਿਚਰਿ ਬਿਚਰਿ** ਰਸੁ ਪੀਜੈ।"

— ਕਲਿ **੪**, ਅਸ ੪, ੨ : ੧ (1325)

ਬਿਚਰੁ — ਫਿਰ, ਘੁੰਮ, ਵਿਚਰ

"**ਬਿਚਰੁ** ਸੰਸਾਰ ਪੂਰਨ ਸਭਿ ਕਾਮ।"

— ਗਉ **ਪ**, ੧੫੩, ੧ : ੨ (196)

ਬਿਚਰੇ — ਵਿਚਾਰੇ

"ਸਾਸਤ ਸਿੰਮ੍ਰਿਤਿ ਬੇਦ ਚਾਰਿ ਮੁਖਾਗਰ **ਬਿਚਰੇ**।"

— ਸਿਰੀ **ਪ**, ਅਸ ੨੬, ੫ : ੧ (70)

ਬਿਚਰੈ — 1. ਫਿਰਦਾ/ਘੁੰਮਦਾ ਹੈ

"ਚੇਤਿ ਰਾਮੁ ਨਾਹੀ ਜਮ ਪੁਰਿ ਜਾਹਿਗਾ ਜਨੁ **ਬਿਚਰੈ** ਅਨਰਾਧਾ।" — ਸਿਰੀ **ਬੇਣੀ**, ੧, ੧* : ੨ (93)

2. ਵਿਚਾਰ ਕਰੇ, ਵਿਚਾਰੇ

"ਨਦਰਿ ਕਰੇ ਤਾ ਸਤਿਗੁਰ ਮੇਲੇ ਅਨਦਿਨੁ ਬਿਬੇਕ ਬੁਧਿ **ਬਿਚਰੈ**।"

— ਧਨਾ **੪**, ਛੰਤ ੧, ੨ : ੫ (690)

"ਪਾਧਾ ਪੜਿਆ ਆਖੀਐ ਬਿਦਿਆ **ਬਿਚਰੈ** ਸਹਜਿ ਸੁਭਾਇ।"

— ਰਾਮ **੧**, ਓਅੰ ੫੪ : ੧ (938)

3. ਭਾਵ ਉਚਾਰਨ ਕਰੇ

"ਹਰਿ ਜਨ ਕਉ ਹਰਿ ਭੁਖ ਲਗਾਨੀ ਜਨੁ ਤ੍ਰਿਪਤੈ ਜਾ ਹਰਿ ਗੁਨ **ਬਿਚਰੈ**।"

— ਮਲਾ **੪**, ੩, ੩ : ੧ (1263)

ਬਿਚਾਰ — ਵਿਚਾਰ, ਵਿਵੇਕ, ਅਸਲੀਅਤ ਜਾਣਨ ਦੀ ਕ੍ਰਿਆ

"ਚਾਰ **ਬਿਚਾਰ** ਬਿਨਸਿਓ ਸਪ ਦੂਆ।"

— ਗਉ **ਪ**, ਬਾਅ ੨੨ : ੫ (254)

ਹੋਰ ਰੂਪ — ਬਿਚਾਰੰ —

"ਤ੍ਰੈ ਪਾਲ ਤਿਹਾਲ **ਬਿਚਾਰੰ**।" (ਵਿਚਾਰਦੇ ਹਨ)

— ਆਸਾ **੧**, ਵਾਰ ੧੪ਸ, **੧**, ੨ : ੪ (470)

ਬਿਚਾਰਹੁ — ਵਿਚਾਰ ਕਰਦਾ, ਸੋਚਦਾ

"ਛਤ੍ਰੁ ਨ ਪਤ੍ਰੁ ਨ ਚਉਰ ਨ ਚਾਵਰ ਬਹਤੀ ਜਾਤ ਰਿਦੈ ਨ **ਬਿਚਾਰਹੁ**।"

— ਸਸ **ਪ**, ੫* : ੨ (1388)

"ਗੁਰਮੁਖਿ ਸੰਗਤਿ ਸਭੈ **ਬਿਚਾਰਹੁ** ਵਾਹੁ ਵਾਹੁ ਕਾ ਬਡਾ ਤਮਾਸਾ।" (ਵਿਚਾਰ ਕਰੋ, ਸੋਚੋ)

— ਸਵ **੪**, ਗਯੰ ੧੨ : ੫ (1403)

ਬਿਚਾਰਨ — ਵਿਚਾਰਨ, ਵਿਚਾਰ ਕਰਨ, ਸੋਚਣ

"ਮਥੁਰਾ ਜਨ ਜਾਨਿ ਕਹੀ ਜੀਅ ਸਾਚੁ ਸੁ ਅਉਰ ਕਛੂ ਨ **ਬਿਚਾਰਨ** ਕਉ।"

— ਸਵ **੪**, ਮਥੁ ੨ : ੩ (1404)

ਬਿਚਾਰਾ — 1. (ਫ਼ਾ. ਬੇਚਾਰਾ) ਵਿਚਾਰਾ, ਨਿਮਾਣਾ, ਦੀਨ

"ਜੈਸੇ ਮਹਲਿ ਰਾਖੈ ਤੈਸੈ ਰਹਨਾ ਕਿਆ ਇਹੁ ਕਰੈ **ਬਿਚਾਰਾ**।" — ਗਉ **ਪ**, ੧੨੬*, ੪ : ੨ (206)

"ਨਾਨਕੁ ਗਰੀਬੁ ਕਿਆ ਕਰੈ **ਬਿਚਾਰਾ** ਹਰਿ ਭਾਵੈ ਤਿਤੁ ਰਾਹਿ ਚਲੀ।"

— ਦੇਵ **੪**, ੨, ੨ : ੨ (527)

2. ਵਿਚਾਰ ਵਿਚ, ਧਿਆਨ ਵਿਚ

"ਜਸ ਅਦੇਖਿ ਤਸ ਰਾਖਿ **ਬਿਚਾਰਾ**।"

— ਗਉ **ਕਬ**, ਬਾਅ ੨੪ : ੨ (341)

3. ਵਿਚਾਰ, ਗਲ

"ਮਨ ਰੇ ਸਾਚਾ ਗਹੋ **ਬਿਚਾਰਾ**।"

— ਜੈਤ **੯**, ੩, ੧* : ੧ (703)

ਬਿਚਾਰਿ — 1. ਵਿਚਾਰ ਕਰ

"ਦਿਲ ਮਹਿ ਸੋਚਿ **ਬਿਚਾਰਿ** ਕਵਾਦੇ ਭਿਸਤ ਦੋਜਕ ਕਿਨਿ ਪਾਈ।"

— ਆਸਾ **ਕਬ**, ੮, ੧ : ੨ (477)

2. ਵਿਚਾਰ ਕੇ, ਸਮਝ ਕੇ

"ਕਾਜੀ ਸਾਹਿਬੁ ਏਕੁ ਤੋਹੀ ਮਹਿ ਤੇਰਾ ਸੋਚਿ **ਬਿਚਾਰਿ** ਨ ਦੇਖੈ।"

— ਆਸਾ **ਕਬ**, ੨੯, ੧* : ੧ (483)

ਬਿਚਾਰਿਓ — ਵਿਚਾਰਿਆ, ਧਿਆਨ ਵਿਚ ਲਿਆਂਦਾ

"ਕਰਮੁ ਧਰਮੁ ਮੇਰਾ ਕਛੂ ਨ **ਬੀਚਾਰਿਓ**।"

— ਬਸੰ **ਪ**, ੧੨, ੨ : ੧ (1185)

ਬਿਚਾਰੀ — 1. ਵਿਚਾਰ ਕੇ
"ਇਨ ਮੈਂ ਕਛੁ ਤੇਰੋ ਰੇ ਨਾਹਿਨ ਦੇਖੋ ਸੋਚ **ਬਿਚਾਰੀ**।" — ਗਉ **੯**, ੮, ੧ : ੨ (220)
2. ਸਮਝ ਲਵੋ, ਜਾਣ ਲਵੋ
"ਇਆ ਤਤ ਲੇਹੁ ਸਰੀਰ **ਬਿਚਾਰੀ**।"
— ਗਉ **ਕਬ**, ੩੯, ੨ : ੨ (331)
3. ਵਿਚਾਰੀ, ਨਿਤਾਨੀ, ਨਿਮਾਣੀ
"ਕਿਆ ਚੋਰੀ ਹਾਥ **ਬਿਚਾਰੀ**।"
— ਸੋਰ **ਕਬ**, ੫, ੩ : ੨ (655)

ਬਿਚਾਰੁ — 1. ਵਿਚਾਰ, ਸੋਚ, ਧਿਆਨ
"ਕਰਿ **ਬਿਚਾਰੁ** ਬਿਕਾਰ ਪਰਹਰਿ ਤਰਨ ਤਾਰਨ ਸੋਇ।" — ਆਸਾ **ਕਬ**, ੨੨, ੩ : ੧ (482)
"ਐਸਾ ਗਿਆਨੁ **ਬਿਚਾਰੁ** ਮਨਾ।" (ਧਿਆਨ ਕਰ)
— ਭੈਰ **ਕਬ**, ੧੪, ੧* : ੧ (1161)
2. ਗਿਆਨ
"ਇਹੁ ਬ੍ਰਹਮ **ਬਿਚਾਰੁ** ਸੁ ਜਾਨੈ।"
— ਸੋਰ **੫**, ੫੨, ੪ : ੧ (623)

ਬਿਚਾਰੇ — 1. ਵਿਚਾਰੇ, ਨਿਮਾਣੇ, ਦੀਨ
"ਕਿਆ ਕਿਛੁ ਕਰੈ ਕਿ ਕਰਣੈਹਾਰਾ ਕਿਆ ਇਸੁ ਹਾਥਿ **ਬਿਚਾਰੇ**।"
— ਗਉ **੫**, ੧੬੫*, ੧ : ੧ (216)
2. ਵਿਚਾਰੇ, ਸੋਚੇ, ਵਿਚਾਰ ਕਰੇ
"ਕੂਚ **ਬਿਚਾਰੇ** ਫੂਏ ਫਾਲ।"
— ਗੋਂਡ **ਕਬ**, ੬, ੧ : ੩ (871)
ਹੋਰ ਰੂਪ — ਬਿਚਾਰੈ —
"ਕਹਿ ਕਬੀਰ ਰਾਮੁ ਰਿਦੈ **ਬਿਚਾਰੈ** ਸੂਤਕੁ ਤਿਨੈ ਨ ਹੋਈ।" (ਵਿਚਾਰ ਕਰੇ)
— ਗਉ ਕਬ, ੪੧, ੩ : ੨ (331)
"ਦੂਨਿ ਨ ਪਰਈ ਫੰਕ **ਬਿਚਾਰੈ**।" (ਵਿਚਾਰ ਸਦਕਾ)
— ਗਉ **ਕਬ**, ਬਾਅ ੨੮ : ੩ (341)
ਬਿਚਾਰੋ —
"ਮਨ ਰੇ ਪ੍ਰਭ ਕੀ ਸਰਨਿ **ਬਿਚਾਰੋ**।" (ਵਿਚਾਰ ਕਰੋ) — ਸੋਰ **੫**, ੪, ੧* : ੨ (632)

ਬਿਚਿ — 1. ਵਿਚ
"ਓਹ ਰਾਖੈ ਚੀਤੁ ਪੀਛੈ **ਬਿਚਿ** ਬਚਰੇ ਨਿਤ ਹਿਰਦੈ ਸਾਰਿ ਸਮਾਲੀ।" (ਭਾਵ ਵਾਲ)
— ਗਉ **੪**, ੫੧, ੨ : ੨ (168)
"ਹੋਮ ਜਗ ਤੀਰਥ ਕੀਏ **ਬਿਚਿ** ਹਉਮੈ ਬਧੇ ਬਿਕਾਰ।" (ਅੰਦਰ)
— ਗਉ **੫**, ੧੫੮*, ੨ : ੧ (214)
2. ਵਿਚਕਾਰ, ਦਰਮਿਆਨ
"ਈਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ **ਬਿਚਿ** ਸੁਆਮੀ ਮੇਰਾ।"
— ਬਿਲਾ **੫**, ੧੧੨, ੧* : ੨ (827)

ਬਿਚਿਤਿ — ਚਿਤ ਵਿਚ, ਦਿਲ ਅੰਦਰ
"ਜਿਹ ਅੰਮ੍ਰਿਤ ਬਚਨ ਬਾਣੀ ਸਾਧੂ ਜਨ ਜਾਪਹਿ ਕਰਿ **ਬਿਚਿਤਿ** ਚਾਓ।"
— ਸਵ **੪**, ਗਯੰ ੨ : ੧ (1401)

ਬਿਛਾਇ — ਵਿਛਾ
"ਗੁਰ ਕਾ ਸਬਦੁ ਕਰਿ ਦੀਪਕੋ ਇਹ ਸਤ ਕੀ ਸੇਜ **ਬਿਛਾਇ** ਜੀ।"
— ਆਸਾ **੫**, ੧੧੮, ੩ : ੧ (400)

ਬਿਛਾਵੈ — ਵਿਛਾਵੈ
"ਪਾਚਹੁ ਮੁਸਿ ਮੁਸਲਾ **ਬਿਛਾਵੈ** ਤਬ ਤਉ ਦੀਨੁ ਪਛਾਨੈ।" — ਆਸਾ **ਕਬ**, ੧੨, ੩ : ੨ (480)

ਬਿਛੁਰਤ — ਵਖ ਹੋ ਕੇ, ਵਿਛੜ ਕੇ
"ਸਾਧ ਸੰਗਿ **ਬਿਛੁਰਤ** ਹਰਿ ਮੇਲਾ।"
— ਗਉ **੫**, ਸੁਖ ੭, ੯ : ੬ (272)
"ਮਿਰਤਕ ਕਉ ਪਾਇਓ ਤਨਿ ਸਾਸਾ **ਬਿਛੁਰਤ** ਆਨਿ ਮਿਲਾਇਆ।" (ਵਿਛੜੇ ਹੋਏ ਨੂੰ)
— ਸੋਰ **੫**, ੨੧, ੧ : ੧ (614)
"**ਬਿਛੁਰਤ** ਮਰਨੁ ਜੀਵਨੁ ਹਰਿ ਮਿਲਤੇ ਜਨ ਕਉ ਦਰਸਨੁ ਦੀਜੈ।" (ਵਿਛੜਿਆਂ, ਵਿਛੜਨ ਨਾਲ)
— ਮਲਾ **੫**, ੯, ੨ : ੧ (1268)

ਬਿਛੁਰਨ — ਵਿਛੜਨ, ਵਖ ਹੋਣ
"ਬਿੰਦਹਿ ਬਿੰਦਿ ਨ **ਬਿਛੁਰਨ** ਪਾਵਾ।"
— ਗਉ **ਕਬ**, ਬਾਅ ੨੯ : ੨ (341)

ਬਿਛੁਰਾ — ਵਿਛੜਿਆ
"ਜਹ ਕਾ **ਬਿਛੁਰਾ** ਤਹ ਥਿਰੁ ਲਹੈ।"
— ਗਉ **ਕਬ**, ਬਾਅ ੪੪ : ੪ (342)
ਹੋਰ ਰੂਪ — ਬਿਛੁਰੇ —
"ਜਨਮ ਜਨਮ ਕੇ **ਬਿਛੁਰੇ** ਮੇਲੇ।" (ਵਿਛੜੇ ਹੋਏ) — ਗਉ **੫**, ੧੨੮, ੧* : ੨ (191)

ਬਿਛੁਰੈ —
"ਕਿਨਿ ਬਿਧਿ ਮਿਲੀਐ ਕਿਨਿ ਬਿਧਿ **ਬਿਛੁਰੈ** ਇਹ ਬਿਧਿ ਕਉਣੁ ਪ੍ਰਗਟਾਏ ਜੀਉ।"
— ਮਾਝ **੫**, ਅਸ ੩੬, ੩ : ੩ (131)

ਬਿਛੁੜਿਆ — ਵਿਛੜਿਆ ਨਿਖੜਿਆ, ਵਖ ਹੋਇਆ, ਦੂਰ ਹੋਇਆ
"ਜਨਮ ਜਨਮ ਕਾ **ਬਿਛੁੜਿਆ** ਹੋਵੈ ਤਿਨ੍ ਹਰਿ ਸਿਉ ਆਣਿ ਮਿਲਾਵੈ।"
— ਸੂਹੀ **੫**, ੫੧, ੨ : ੨ (748)

ਬਿਛੂਅ — ਅਨੂੰਹਾਂ, ਇਕ ਜੀਵ ਜਿਸ ਦੀ ਪੂਛ ਤੇ ਜ਼ਹਿਰੀਲਾ ਡੰਗ ਹੁੰਦਾ ਹੈ
"ਨਾਮੁ ਸੁਨਤ ਜਨੁ **ਬਿਛੂਅ** ਡਸਾਵਾ।"
— ਰਾਮ **੫**, ੩੨, ੨ : ੪ (893)

ਹੋਰ ਰੂਪ — ਬਿਛੂਆ —
"ਸਾਕਤ ਬਚਨ **ਬਿਛੂਆ** ਜਿਉ ਤੁਸੀਐ ਤਜਿ ਸਾਕਤ ਪਰੈ ਪਰਾਰੇ।"
— ਨਟ **੪**, ਅਸ ੩, ੫ : ੨ (982)

ਬਿਛੋਹ — ਵਿਯੋਗ, ਜੁਦਾਈ, ਵਿਛੋੜੇ
"ਬਿਨਵੰਤਿ ਨਾਨਕ ਪ੍ਰਭਿ ਆਪਿ ਮੇਲੀ ਤਹਨ ਪ੍ਰੇਮ **ਬਿਛੋਹ** ਜੀਉ।"
— ਰਾਮ **੫**, ਰੁਤੀ ੬ : ੬ (929)

ਹੋਰ ਰੂਪ — ਬਿਛੋਹਾ —
"ਪ੍ਰੇਮ **ਬਿਛੋਹਾ** ਕਰਤ ਕਸਾਈ।" (ਵਿਛੋੜਾ)
— ਸੂਹੀ **੫**, ੪੦, ੨ : ੧ (745)

ਬਿਛੋਹੁ —
"ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ **ਬਿਛੋਹੁ**।" (ਵਿਛੋੜਾ)
— ਮਾਝ **੫**, ਬਾਰਾ ੩ : ੧ (133)

ਬਿਛੋਰਿਆ — ਵਿਛੋੜਿਆ, ਦੂਰ ਕੀਤਾ
"ਕਬੀਰ ਰੈਨਾਇਰ **ਬਿਛੋਰਿਆ** ਰਹੁਰੇ ਸੰਖ ਮਝੂਰਿ।" — ਸਲੋ **ਕਬ**, ੧੨੬ : ੧ (1371)

ਹੋਰ ਰੂਪ — ਬਿਛੋਰੈ —
"ਆਪਿ **ਬਿਛੋਰੈ** ਆਪੇ ਮੇਲ।" (ਵਿਛੋੜੇ, ਦੂਰ ਕਰੇ) — ਰਾਮ **੫**, ੩੬, ੩ : ੨ (894)

ਬਿਜ — ਬੱਜਰ ਵਾਂਗ ਪੱਕੇ, ਮਜ਼ਬੂਤ
"ਹਟ ਪਟਣ **ਬਿਜ** ਮੰਦਰ ਭੰਨੈ ਕਰਿ ਚੋਰੀ ਘਰਿ ਆਵੈ।" — ਗਉ **੧**, ੧੭, ੩ : ੧ (156)

(ਮਹਾਨ ਕੋਸ਼ ਅਰਥ 'ਬਿਜਲੀ' ਕਰਦੇ ਹਨ ਬਿਜਲੀ ਨੂੰ ਛੂਹਨ ਵਾਲੇ ਭਾਵ ਉੱਚੇ)

ਬਿਜਉਰੀਆ — ਬਿਜੌਰ ਦੇਸ਼ ਦੀਆਂ
"ਫਰੀਦਾ ਲੋੜੈ ਦਾਖ **ਬਿਜੌਰੀਆਂ** ਕਿਕਰਿ ਬੀਜੈ ਜਟੁ।" — ਸਲੋ **ਫਰ**, ੨੩ : ੧ (1379)

ਬਿੰਜਨ — ਵਿਅੰਜਨ, ਖਾਦ ਪਰਦਾਰਥ, ਭੋਜਨ
"**ਬਿੰਜਨ** ਭੋਜਨ ਅਨਿਕ ਪਰਕਾਰ।"
— ਆਸਾ **੫**, ੧੧, ੩ : ੧ (373)
"ਮੈ ਨੀਰੇ ਅਨਿਕ ਭੋਜਨ ਬਹੁ **ਬਿੰਜਨ** ਤਿਨ ਸਿਉ ਦ੍ਰਿਸਟਿ ਨ ਕਰੈ ਰੁਚਾਂਗੈ।।" (ਤਰਕਾਰੀ, ਭਾਜੀ)
— ਸਾਰ **੫**, ੨੮, ੧ : ੨ (1210)

ਹੋਰ ਰੂਪ — ਬਿੰਜਨੰ —
"ਨਚ ਦੁਰਲਭੰ ਭੋਜਨੰ **ਬਿੰਜਨੰ** ਨਚ ਦੁਰਲਭੰ ਸ੍ਵਛ ਅੰਬਰਹ।"
— ਸਸ **੫**, ੩੫ : ੨ (1357)

ਬਿਜੁਲ — ਬਿਜਲੀ, ਬਦਲਾਂ ਵਿਚ ਪਾਣੀ ਦੀ ਗਰਗੜ ਨਾਲ ਪੈਦਾ ਹੁੰਦੀ ਚਮਕਾਰ
"ਓਹੁ ਜੇਵ ਸਾਇਰ ਦੇਇ ਲਹਰੀ **ਬਿਜੁਲ** ਜਿਵੈ ਚਮਕਏ।" — ਆਸਾ **੧**, ਛੰਤ ੫, ੧ : ੪ (439)

ਹੋਰ ਰੂਪ — ਬਿਜੁਲਿ —
"ਸੂਰਜ ਕਿਰਣਿ ਨ **ਬਿਜੁਲਿ** ਗੈਣਾਰਾ।"
— ਮਾਰੂ **੨**, ਸੋਲਾ ੧੩, ੮ : ੨ (1033)

ਬਿਜੁਲੀ —
"**ਬਿਜੁਲੀ** ਚਮਕੈ ਹੋਇ ਅਨੰਦੁ।"
— ਭੈਰ **ਕਬ**, ਅਸ ੧, ੧ : ੩ (1162)

ਬਿਜੁਲੀਆ —
"ਨਾਨਕ **ਬਿਜੁਲੀਆ** ਚਮਕੰਨਿ ਘੁਰਨਿ੍ ਘਟਾ ਅਤਿ ਕਾਲੀਆ।"
— ਮਾਰੂ **੫**, ਵਾਰ ੨੨ਸ, **੫**, ੨ : ੧ (1102)

ਬਿਜੁਲੀਆਂ —
"ਕਤਕਿ ਕੂੰਜਾਂ ਚੇਤਿ ਡਉ ਸਾਵਣਿ **ਬਿਜੁਲੀਆਂ**।"
— ਆਸਾ **ਫਰ**, ੨, ੬ : ੧ (488)

ਬਿਜੋਗ — ਵਿਛੋੜਾ
"ਨਾਮ ਰਤੇ ਕੇਵਲ ਬੈਰਾਗੀ ਸੋਗ **ਬਿਜੋਗ** ਬਿਸਰਜਿਤ ਰੋਗ।" — ਗੂਜ **੧**, ਅਸ ੪, ੧ : ੨ (504)

ਬਿਟੰਗਾ — ਟੰਗਾਂ ਤੋਂ ਬਿਨਾਂ (ਭਾਵ) ਸਿਰ ਭਾਰ

"ਹਠਿ ਨਿਗ੍ਰਹਿ ਅਤਿ ਰਹਤ **ਬਿਟੰਗਾ**।"
— ਕਾਨ **੫**, ੩੬, ੨ : ੧ (1305)
(ਮਹਾਨਕੋਸ਼ ਅਰਥ ਨਿਪੁਣ, ਪੂਰਾ ਜਾਨਕਾਰ ਕਰਦਾ ਹੈ)

ਬਿਟਵਹਿ — ਬੇਟੇ ਨੂੰ, ਪੁੱਤਰ ਨੂੰ, ਲੜਕੇ ਨੂੰ
"**ਬਿਟਵਹਿ** ਰਾਮ ਰਮਊਆ ਲਾਵਾ।"
— ਆਸਾ **ਕਬ**, ੩੩, ੧* : ੨ (484)

ਬਿਟਾਰਿਓ — ਜੂਠਾ ਕਰਨਾ, ਅਪਵਿਤਰ ਕਰਨਾ, ਵਿਗਾੜ ਦੇਣਾ
"ਪਹਿਲੇ ਦੂਧੁ **ਬਿਟਾਰਿਓ** ਬਛਰੈ ਬੀਠਲੁ ਭੈਲਾ ਕਾਇ ਕਰਉ।" — ਆਸਾ **ਨਾਮ**, ੨, ੩ : ੨ (485)

ਬਿਠੁਲੇ — ਬੀਠਲ, ਹਰੀ
"ਸਭ ਦਿਨ ਕੇ ਸਮਰਥ ਪੰਥ **ਬਿਠੁਲੇ** ਹਉ ਬਲਿ ਬਲਿ ਜਾਉ।"
— ਦੇਵ **੫**, ੩੮, ੧* : ੧ (536)

ਬਿਡਾਣੀ — 1. ਬਿਗਾਨੀ, ਪਰਾਈ
"ਨਾਨਕ ਟੇਕ ਭਈ ਕਰਤੇ ਕੀ ਹੋਰ ਆਸ **ਬਿਡਾਣੀ** ਲਾਹੀ।" — ਗੂਜ **੫**, ੧੯, ੨ : ੨ (500)

ਹੋਰ ਰੂਪ — ਬਿਡਾਨੀ —
"ਬਿਸਰੀ ਤਿਆਸ **ਬਿਡਾਨੀ**।" (ਪਰਾਏ ਪਦਾਰਥਾਂ ਦੀ)
— ਕੇਦਾ **੫**, ੧, ੧ : ੨ (1119)

2. ਅਸਚਰਜ ਰੂਪ
"ਨਾਮਾ ਕਹੈ ਜਗਜੀਵਨੁ ਪਾਇਆ ਹਿਰਦੈ ਅਲਖ **ਬਿਡਾਣੀ**।"
— ਪ੍ਰਭਾ **ਨਾਮ**, ੧, ੪ : ੨ (1351)

ਬਿਡਾਨੁ — ਫਰਕ
"ਅੰਜਨੁ ਦੇਇ ਸਭੈ ਕੋਈ ਟੁਕੁ ਚਾਹਨ ਮਾਹਿ **ਬਿਡਾਨੁ**।" — ਮਾਰੂ **ਕਬ**, ੨, ੩ : ੧ (1103)

ਬਿਡਾਰਨਹਰੀਆ — ਦੂਰ ਕਰਨ ਵਾਲਾ
"ਸੁਖਦਾਈ ਦੂਖ **ਬਿਡਾਰਨਹਰੀਆ**।"
— ਮਾਝ **੫**, ੨੨, ੧ : ੨ (100)

ਬਿਣਠੀ — ਬਿਨਸੀ, ਨਾਸ ਹੋਈ
"ਡਾਹਪਣਿ ਤਨਿ ਸੁਖੁ ਨਹੀ ਬਿਨੁ ਡਰ **ਬਿਣਠੀ** ਡਾਰ।" — ਰਾਮ **੧**, ਓਅੰ ੩੦ : ੨ (933)

ਬਿਣਾਸੁ — ਨਾਸ ਹੋਣਾ
"ਆਪਿ ਛੁਟੇ ਨਹ ਛੂਟੀਐ ਨਾਨਕ ਬਚਨਿ **ਬਿਣਾਸੁ**।"
— ਮਲਾ **੧**, ਵਾਰ ੨੫ਸ, **੧**, ੧ : ੮ (1289)

ਬਿਤ — ਵਿਤ, ਧਨ
"ਚਲ ਚਿਤ **ਬਿਤ** ਅਨਿਤ ਪ੍ਰਿਅ ਬਿਨੁ ਕਵਨਟ ਬਿਧੀ ਨ ਧੀਜੀਐ।"
— ਬਿਹਾ **੫**, ਛੰਤ ੨, ੨ : ੩ (543)

ਬਿਤਰਹੁ — ਚੰਗੀ ਤਰ੍ਹਾਂ ਤਰੋ
"ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸ੍ਟਿ ਲਗਿ **ਬਿਤਰਹੁ**।"
— ਸਵ **੫**, ਮਥੁ ੨ : ੬ (1408)

ਬਿਤਾਲ — ਬੇਸੁਰਪੁਣੇ
"ਜਨਮ ਜਨਮ ਕੇ ਮਿਟੇ **ਬਿਤਾਲ**।"
— ਪ੍ਰਭਾ **੫**, ਅਸ ੩, ੫ : ੪ (1349)

ਬਿਤਾਲਾ — ਬੇਤਾਲ, ਆਪਣੀ ਜੀਵਨ ਲੈਅ ਤੋਂ ਖੁੰਝੇ ਹੋਏ ਭਾਵ ਅਗਿਆਨੀ
"ਤ੍ਰੈ ਗੁਣ ਮਾਇਆ ਬਿਨਸਿ **ਬਿਤਾਲਾ**।"
— ਗਉ **੫**, ਅਸ ੪, ੨ : ੪ (237)

ਹੋਰ ਰੂਪ — ਬਿਤਾਲੇ —
"ਜੋ ਮੋਹਿ ਮਾਇਆ ਚਿਤ ਲਾਇਦੇ ਮੇਰੇ ਜਿੰਦੁੜੀਏ ਸੇ ਮਨਮੁਖ ਮੂੜ **ਬਿਤਾਲੇ**ਰਾਮ।"
— ਬਿਹਾ **੪**, ਛੰਤ ੨, ੩ : ੩ (539)

ਬਿਤੀ — ਬੀਤ ਗਈ, ਲੰਘ ਗਈ
"ਖਾਤ ਪੀਵਤ ਹਸਤ ਸੋਵਤ ਅਉਧ **ਬਿਤੀ** ਅਸਾਰ।" — ਸਾਰ **੫**, ੧੨੯, ੧ : ੧ (1229)

ਬਿਤੀਤ — ਗੁਜ਼ਰੀ
"ਤੁਮਰੇ ਦੋਖੀ ਹਰਿ ਆਪਿ ਨਿਵਾਰੇ ਅਪਦਾ ਭਈ **ਬਿਤੀਤ**।" — ਧਨਾ **੫**, ੨੮, ੧* : ੨ (678)

ਹੋਰ ਰੂਪ — ਬਿਤੀਤਿ —
"ਜੋਬਨੁ ਗਇਆ **ਬਿਤੀਤ** ਜਰੁ ਮਲਿ ਬੈਠੀਆ।" (ਗੁਜ਼ਰ, ਲੰਘ)
— ਜੈਤ **੫**, ਛੰਤ ੩, ੩ : ੧ (705)

ਬਿਤੀਤੈ —
"ਪਰਮੇਸਰ ਕੈ ਦੁਆਰੈ ਜਿ ਹੋਇ **ਬਿਤੀਤੈ** ਸੁ ਨਾਨਕੁ ਆਖਿ ਸੁਣਾਵੈ।" (ਭਾਵ ਵਾਪਰਦੀ ਹੈ) — ਆਸਾ **੫**, ੧੦, ੨ : ੧ (373)
"ਹਰਿ ਗੁਨ ਗਾਵਤ ਜਨਮੁ **ਬਿਤੀਤੇ**।" (ਗੁਜ਼ਰੇ)
— ਆਸਾ ਕਬ, ੩੪, ੪ : ੨ (484)

ਬਿਤੁ — ਸਮਰਥਾ

"ਜੈਸਾ **ਬਿਤੁ** ਤੈਸਾ ਹੋਇ ਵਰਤੈ ਅਪੁਨਾ ਬਲੁ ਨਹੀ ਹਾਰੈ।" — ਧਨਾ **੫**, ੩੪, ੧* : ੨ (679)

2. ਧਨ, ਮਾਇਆ

"ਹਰਿ ਧਨੁ ਰਾਸਿ ਨਿਰਾਸ ਇਹ **ਬਿਤੁ**।" — ਰਾਮ **੫**, ੩੧, ੧ : ੨ (892)

ਬਿਥਪਹਿ — ਸਿਰਜਨਾ, ਰਚਨਾ, ਬਣਾਉਣਾ

"ਤਿ ਨਰ ਦੁਲੀਚੈ ਬਹਹਿ ਤਿਨਰ ਉਥਪਿ **ਬਿਥਪਹਿ**।" — ਸਵ **੩**, ੧੧ : ੪ (1394)

ਬਿਥਾਰੁ — ਅਡੰਬਰ, ਖਿਲਾਰਾ, ਵਿਸਤਾਰ

"ਅਧਿਕ **ਬਿਥਾਰੁ** ਕਰਉ ਕਿਸੁ ਕਾਮਿ।" — ਗਉ **੧**, ੮, ੩ : ੨ (153)

"ਬਿਮਲ ਜਾਸੁ **ਬਿਥਾਰੁ** ਸਾਧਿਕ ਸਿਧ ਸੁਜਨ ਜੀਆ ਕੋ ਅਧਾਰੁ।" — ਸਵ **੨**, ੩ : ੨ (1391)

ਬਿਥਿ — ਵਿੱਥ

"ਧਾਵਤੁ ਧਾਇ ਧਾਵਹਿ ਪ੍ਰੀਤਿ ਮਾਇਆ ਲਖ ਕੋਸਨ ਕਉ **ਬਿਥਿ** ਦੀਜੈ।" — ਕਲਿ **੪**, ਅਸ ੧, ੨ : ੨ (1324)

ਬਿੰਦ — 1. ਰਤਾ ਭਰ, ਥੋੜੇ ਚਿਰ ਲਈ, ਪੁਨਭਰ

"ਕਰਨ ਨ ਸੁਨਹੀ ਹਰਿ ਜਸੁ **ਬਿੰਦ**।" — ਗਉ **੫**, ਥਿਤੀ ੯ : ੪ (298)

2. ਬੂੰਦ, ਤੁਪਕਾ

"ਬਬਾ ਬਿੰਦਹਿ **ਬਿੰਦ** ਮਿਲਾਵਾ।" — ਗਉ **ਕਬ**, ਬਾਅ ੨੯ : ੧ (341)

"ਬ੍ਰਹਮੁ **ਬਿੰਦ** ਤੇ ਸਭ ਓਪਤਿ ਹੋਈ।" (ਬੂੰਦ ਭਾਵ ਵੀਰਜ) — ਭੈਰ **੩**, ੧, ੨ : ੨ (1128)

3. ਜਾਣਨਾ

"ਨਾਦ **ਬਿੰਦ** ਕੀ ਸੁਰਤਿ ਸਮਾਇ।" — ਆਸਾ **੧**, ੧੨, ੨ : ੩ (352)

(ਸ਼ਬਦਾਰਥ ਇਸਦੇ ਅਰਥ ਪੈਦਾ ਕਰਨ ਵਾਲੇ ਦਾ ਰੂਪ ਕਰਦਾ ਹੈ)

4. ਖਬਰ, ਜਾਣਕਾਰੀ (ਕੋਸ਼)

"ਜਿਨਾ ਗੁਰੁ ਨਹੀ ਭੇਟਿਆ ਭੈ ਕੀ ਨਾਹੀ **ਬਿੰਦ**।" — ਮਾਰੂ **੩**, ਵਾਰ ੪ਸ, **੩**, ੧ : ੧ (1088)

(ਇਸਦੇ ਅਰਥ 'ਬੂੰਦ ਮਾਤਰ' 'ਰਤਾ ਕੁ' ਵੀ ਕੀਤਾ ਜਾਂਦਾ ਹੈ)

5. ਥੋੜਾ ਜਿਹਾ, ਰਤਾ ਵੀ

"ਨਾਨਕ ਚਸਿਆਹੁ ਚੁਖ **ਬਿੰਦ** ਉਪਰਿ ਆਖਣੁ ਦੋਸੁ।" — ਸਾਰ **੪**, ਵਾਰ ੧੦ਸ, **੧**, ੨ : ੪ (1241)

"ਨਾਨਕ ਜਿਸੁ ਬਿਨੁ ਘੜੀ ਨ ਜੀਵਣਾ ਵਿਸਰੇ ਸਰੈ ਨ **ਬਿੰਦ**।" — ਸਾਰ **੪**, ਵਾਰ ੩੪ਸ, **੪**, ੨ : ੧ (1250)

ਬਿੰਦਹਿ — 1. ਬੂੰਦ ਵਿਚ

"ਬਬਾ **ਬਿੰਦਹਿ** ਬਿੰਦ ਮਿਲਾਵਾ।" — ਗਉ **ਕਬ**, ਬਾਅ ੨੯ : ੧ (341)

2. ਜਾਣ, ਸਮਝੇ

"ਬ੍ਰਹਮੁ **ਬਿੰਦਹਿ** ਤੇ ਬ੍ਰਾਹਮਣਾ ਜੇ ਚਲਹਿ ਸਤਿਗੁਰ ਭਾਇ।" — ਬਿਲਾ **੪**, ਵਾਰ ੩ਸ, **੩**, ੧ : ੧ (849)

ਬਿੰਦਕ — ਥੋੜੀ ਜਿਹੀ, ਰਤਾ ਕੁ

"ਮਨੁ ਤਨੁ ਹੋਇ ਨਿਹਾਲੁ **ਬਿੰਦਕ** ਨਦਰਿ ਝਾਕੁ।" — ਰਾਮ **੫**, ਵਾਰ ੫ : ੬ (959)

ਬਿੰਦਤੇ — ਜਾਣਦਾ, ਪਛਾਣਦਾ

"ਨਿਹਫਲੰ ਤਸਿ ਜਨਮਸਿ ਜਾਵਤੁ ਬ੍ਰਹਮ ਨ **ਬਿੰਦਤੇ**।" — ਮਾਝ **੧**, ਵਾਰ ੨੩ਸ, **੨**, ੨ : ੧ (148)

ਬਿੰਦਰ — ਇਕ ਗਰੀਬ ਕ੍ਰਿਸ਼ਨ ਭਗਤ ਜੋ ਸੁਦੇਸ਼ਣਾ ਨਾਮੀ ਦਾਸੀ ਦੇ ਪੇਟੋਂ ਵਿਅਸ ਦਾ ਪੁਤਰ ਸੀ, ਮਹਾਭਾਰਤ ਸਮੇਂ ਇਸ ਨੇ ਕੌਰਵਾਂ ਦਾ ਸਾਥ ਦਿੱਤਾ : ਉਸ ਦੇ ਸਦਗੁਣਾ ਸਦਕਾ ਕ੍ਰਿਸ਼ਨ ਜੀ ਦੁਰਯੋਧਨ ਦੇ ਰਾਜ ਘਰਾਣੇ ਨੂੰ ਛਡ ਕੇ ਉਸ ਦੇ ਘਰ ਠਹਿਰੇ ਸੀ

"ਪੂਛਹੁ **ਬਿਦਰ** ਦਾਸੀ ਸੁਤੈ ਕਿਸਨੁ ਉਤਰਿ ਘਰਿ ਜਿਸ ਜਾਇ।" — ਸੂਹੀ **੪**, ੮, ੧ : ੨ (733)

ਬਿਦਰਿਓ — ਚੀਰਿਆ, ਫਾੜਿਆ

"ਸੰਤ ਪ੍ਰਹਲਾਦ ਕੀ ਪੈਜ ਜਿਨਿ ਰਾਖੀ ਹਰਨਾਖਸੁ ਨਖ **ਬਿਦਾਰਿਓ**।" — ਬਿਲਾ **ਕਬ**, ੪, ੩ : ੨ (856)

ਬਿਦਰੁ — ਇਕ ਨਿਮਾਣਾ ਕ੍ਰਿਸ਼ਨ ਭਗਤ ਵੇਖੋ 'ਬਿਦਰ'

"ਧ੍ਰੂ ਪ੍ਰਹਿਲਾਦ ਧ੍ਰੂ **ਬਿਦਰੁ** ਦਾਸੀ ਸੁਤੁ ਗੁਰਮੁਖਿ ਨਾਮਿ ਤਰੇ।"

— ਮਾਰੂ ੪, ੧, ੧* : ੨ (995)

ਬਿਦਾਇ — ਵਿਦਾ ਹੋਣ ਵੇਲੇ (ਨਿਰਣੈ ਦਰਪਣ) ਤੂੰ ਜਾਣ, ਸਾਨੂੰ ਦਸ (ਕੋਸ਼) (ਫ. ਬਦਾ)
"ਜਬ ਅਜਰਾਈਲੁ ਬਸਤਨੀ ਤਬ ਚਿਕਾਰੇ **ਬਿਦਾਇ**।" — ਤਿਲੰ **੫**, ੧, ੩ : ੨ (723)

ਬਿਦਾਰ — ਨਾਸ ਕਰਨ ਵਾਲਾ
"ਹਰਨਾਖਸੁ ਛੇਦਿਓ ਨਖ **ਬਿਦਾਰ**।" (ਨਹੁੰਆਂ ਨਾਲ ਪਾੜ ਕੇ ਨਾਸ ਕੀਤਾ)
— ਬਸੰ **ਕਬ**, ੪, ੪, ੪ (1194)
"ਪ੍ਰਾਨ ਅਧਾਰ ਦੁਖ **ਬਿਦਾਰ** ਦੈਨਹਾਰ ਬੁਧਿ ਬਿਬੇਕ।" (ਦੂਰ ਕਰਨ ਵਾਲਾ)
— ਪ੍ਰਭਾ **੫**, ੧੫, ੧ : ੧ (1341)

ਹੋਰ ਰੂਪ — ਬਿਦਾਰਉ —
"ਸੰਤ ਕਾ ਲੀਆ ਧਰਤਿ **ਬਿਦਾਰਉ**।"
— ਗੋਂਡ **੫**, ੧੮, ੧ : ੧ (867)

ਬਿਦਾਰਣ — 1. ਦੂਰ ਕਰਨ ਵਾਲਾ
"ਪ੍ਰਭ ਦਇਆਲ ਦੁਖ ਦਰਦ **ਬਿਦਾਰਣ**।"
— ਮਾਰੂ **੫**, ੧੯, ੪ : ੩ (1005)
2. ਤੋੜਨਾ, ਦੂਰ ਕਰਨਾ
"**ਬਿਦਾਰਣ** ਕਦੇ ਨ ਚਿਤੋ।"
— ਗਾਥਾ **੫**, ੧੩ : ੨ (1361)

ਹੋਰ ਰੂਪ — ਬਿਦਾਰਣਹ —
"ਚਿਤ ਹਰਣੰ ਤ੍ਰੈਲੋਕ ਗੰਮ੍ਹੰ ਜਪ ਤਪ ਸੀਲ **ਬਿਦਾਰਣਹ**।" (ਨਾਸ ਕਰਨ ਵਾਲੇ)
— ਸਸ **੫**, ੪੬ : ੨ (1358)

ਬਿਦਾਰਨ — 1. ਨਾਸ ਕਰਨ ਵਾਲਾ, ਦੂਰ ਕਰਨ ਵਾਲਾ
"ਦੁਖ **ਬਿਦਾਰਨ** ਸੁਖਦਾਤੇ ਸਤਿਗੁਰ ਜਾ ਕਉ ਭੇਟਤ ਹੋਇ ਸਗਲ ਸਿਧਿ।"
— ਕਾਨ **੫**, ੧, ੧* : ੨ (1298)
2. ਦੂਰ ਕਰਨ, ਨਾਸ ਕਰਨ
"ਕੀਰਤ ਕਰਨ ਸਰਨ ਮਨਮੋਹਨ ਜੋਹਨ ਪਾਪ **ਬਿਦਾਰਨ** ਕਉ।"
— ਸਮੁ **੫**, ੨ : ੧ (1387)

ਹੋਰ ਰੂਪ — ਬਿਦਾਰਨਾ —
"ਕਾਮੁ ਕ੍ਰੋਧੁ ਲੋਭੁ ਝੂਠੁ ਨਿੰਦਾ ਸਾਧੂ ਸੰਗਿ **ਬਿਦਾਰਨਾ**।" (ਦੂਰ ਕਰੀਦਾ ਹੈ)
— ਰਾਮ **੫**, ਅਸ ੫, ੩ : ੧ (915)

ਬਿਦਾਰਾ — ਨਾਸ ਹੋਇਆ,ਮਾਰਿਆ ਗਿਆ
"ਨਾਦ ਹੇਤਿ ਸਿਰੁ ਡਾਰਿਓ ਕੁਰੰਕਾ ਉਸ ਹੀ ਹੇਤ **ਬਿਦਾਰਾ**।" — ਧਨਾ **੫**, ੨, ੨ : ੨ (671)

ਬਿਦਾਰਿ — 1. ਮਾਰ ਦਿਤੀ, ਦੂਰ ਕੀਤੀ
"ਸਾਇਰ ਕੀ ਪੁਤ੍ਰੀ **ਬਿਦਾਰਿ** ਗਵਾਈ।"
— ਗਉ **੩**, ਅਸ ੨, ੮ : ੨ (230)
"ਰਖ ਧਰਮ ਭਰਮ **ਬਿਦਾਰਿ** ਮਨ ਤੇ ਉਧਰੁ ਹਰਿ ਨਿਰੰਕਾਰ।" (ਦੂਰ ਕਰ)

ਹੋਰ ਰੂਪ — ਬਿਦਾਰਿਓ —
"ਨਾਮੁ ਜਪਤ ਮਹਾ ਸੁਖੁ ਪਾਇਓ ਚਿੰਤਾ ਰੋਗੁ **ਬਿਦਾਰਿਓ**।" (ਦੂਰ ਕੀਤਾ)
— ਦੇਵ **੫**, ੬, ੧ : ੨ (529)
2. ਪਾੜ ਕੇ
"ਜਿਨਿ ਪੰਚ ਮਾਰਿ **ਬਿਦਾਰਿ** ਗੁਦਾਰੇ ਸੋ ਪੂਰਾ ਇਹ ਕਲੀਰੇ।"
— ਆਸਾ **੫**, ੧੩੨, ੧* : ੨ (404)

ਹੋਰ ਰੂਪ — ਬਿਦਾਰਿਓ —
"ਲੂਣੁ ਖਾਇ ਕਰਹਿ ਹਰਾਮਖੋਰੀ ਪੇਖਤ ਨੈਨ **ਬਿਦਾਰਿਓ**।" (ਪਾੜ ਦਿਤਾ ਜਾਏਂ ਹਨ)
— ਮਾਰੂ **੫**, ੮, ੧* : ੨ (1001)

ਬਿਦਾਰਿਅਨੁ — 1. ਨਾਸ ਕਰ ਦਿੱਤੇ
"ਸਾਕਤ ਨਿੰਦਕ ਦੁਸਟ ਖਿਨ ਮਾਹਿ **ਬਿਦਾਰਿਅਨੁ**।"
— ਗੂਜ **੫**, ਵਾਰ ੧੫, **੫**, ੨ : ੫ (517)
2. ਦੂਰ ਕੀਤੇ
"ਜਮ ਕੰਕਰ ਮਾਰਿ **ਬਿਦਾਰਿਅਨੁ** ਹਰਿ ਦਰਗਹ ਲਏ ਛਡਾਇ।"
— ਸਲੋ **੪**, ੨੨ : ੨ (1424)

ਬਿਦਾਰਿਆ — 1. ਨਾਸ ਕੀਤਾ, ਦੂਰ ਕੀਤਾ
"ਦੂਖ ਦਰਦ ਰੋਗ ਸਗਲਾ **ਬਿਦਾਰਿਆ**।"
— ਗਉ **੫**, ੧੪੮, ੨ : ੨ (195)
2. ਪਾੜਿਆ
"ਹਰਣਾਖਸੁ ਨਖੀ **ਬਿਦਾਰਿਆ** ਪ੍ਰਹਲਾਦੁ ਲੀਆ ਉਬਾਰਿ।"
— ਭੈਰ **੩**, ੨੦, ੪ : ੪ (1133)

ਬਿਦਾਰੀ — ਦੂਰਹੋ ਗਏ, ਮੁਕ ਗਏ
"ਕਹੁ ਨਾਨਕ ਜਿਸੁ ਮਸਤਕਿ ਲਿਖਿਆ ਤਿਸੁ ਗੁਰ

ਮਿਲਿ ਰੋਗ **ਬਿਦਾਰੀ**।"
— ਸੋਰ **੫**, ੨੮, ੫ : ੧ (617)

ਬਿਦਾਰੁ — ਦੂਰ/ਨਾਸ ਕਰਨ ਵਾਲਾ
"ਕਲਿਪਤਰੁ ਰੋਗ **ਬਿਦਾਰੁ** ਸੰਸਾਰ ਤਾਪ ਨਿਵਾਰੁ ਆਤਮਾ ਤ੍ਰਿਬਿਧਿ ਤੇਰੈ ਏਕ ਲਿਵਤਾਰ।"
— ਸਵ **੨**, ੩ : ੪ (1391)

ਬਿਦਾਰੂ — ਨਾਸ /ਦੂਰ ਕਰ ਦਿਤਾ
"ਤਿਨਿ ਸਗਲਾ ਰੋਗੁ **ਬਿਦਾਰੂ**।"
— ਸੋਰ **੫**, ੫੬, ੨ : ੨ (623)

ਹੋਰ ਰੂਪ — ਬਿਦਾਰੂਓ —
"ਮਹਾ ਰੋਗੁ ਬਿਕਰਾਲ ਤਿਨੈ **ਬਿਦਾਰੂਓ**।" (ਦੂਰ/ਨਾਸ ਕਰ ਦਿਤਾ)
— ਗੂਜ **੫**, ਵਾਰ ੧੬ : ੪ (522)

ਬਿਦਾਰੇ — 1. ਦੂਰ ਕਰਦਾ ਹੈ
"ਚਰਨ ਕਮਲ ਆਰਾਧਿਤ ਮਨ ਮਹਿ ਜਮ ਕੀ ਤ੍ਰਾਸ **ਬਿਦਾਰੇ**।"
— ਗਉ **੫**, ੧੩੮*, ੨ : ੨ (210)

ਹੋਰ ਰੂਪ — ਬਿਦਾਰੈ —
"ਨਿਰਭਉ ਕੀਏ ਸੇਵਕ ਦਾਸ ਅਪਨੇ ਸਗਲੇ ਦੂਖ **ਬਿਦਾਰੈ**।" (ਦੂਰ ਕੀਤੇ)
— ਸਾਰ **੫**, ੨੨, ੧ : ੧ (1218)

2. ਨਾਸ ਕੀਤੇ, ਮਾਰੇ
"ਰਕਤਬੀਜੁ ਕਾਲੁਨੇਮੁ **ਬਿਦਾਰੇ**।"
— ਗਉ **੧**, ਅਸ ੯, ੨ : ੨ (224)

ਹੋਰ ਰੂਪ — ਬਿਦਾਰੈ —
"ਕਾਲੁ ਕੰਟਕੁ ਜਮੁ ਤਿਸੁ ਨ **ਬਿਦਾਰੈ**।" (ਪਾੜੇ, ਮਾਰੇ) — ਸੂਹੀ **੫**, ੨੫, ੩ : ੨ (742)

ਬਿਦਾਰੋ —
"ਸਰਣਿ ਜੋਗੁ ਸਮਰਥੁ ਮੋਹਨੁ ਸਰਬ ਦੋਖ **ਬਿਦਾਰੋ**।" (ਦੂਰ ਕਰਦਾ ਹੈ)
— ਗਉ **੫**, ਛੰਤ ੩, ੩ : ੪ (249)

ਬਿੰਦਿ — ਥੋੜਾ ਚਿਰ, ਪਲ ਭਰ
"ਬਿੰਦਹਿ **ਬਿੰਦਿ** ਨ ਬਿਛੁਰਨ ਪਾਵਾ।"
— ਗਉ **ਕਬ**, ਬਾਅ ੨੯ : ੨ (341)

ਬਿਦਿਆ — ਗਿਆਨ, ਇਲਮ, ਵਿਦਿਆ
"**ਬਿਦਿਆ** ਤਪੁ ਜੋਗੁ ਪ੍ਰਭ ਧਿਆਨੁ।"
— ਗਉ **੫**, ਸੁਖ ੨੪, ੬ : ੩ (296)

ਬਿਦੀਰਨ — ਨਾਸ ਕਰਨ ਵਾਲਾ
"ਪ੍ਰਭ ਮਾਨ ਪੂਰਨ ਦੁਖ **ਬਿਦੀਰਨ** ਸਗਲ ਇਛ ਪੁਜੰਤੀਆ।"
— ਆਸਾ **੫**, ਛੰਤ ੧੪, ੪ : ੩ (462)

ਬਿਦੁ — ਬਿੰਦ, ਬੂੰਦ (ਵੀਰਜ ਦੀ)
"ਮਾ ਕੀ ਰਕਤੁ ਪਿਤਾ **ਬਿਦੁ** ਧਾਰਾ।"
— ਮਾਰੂ **੧**, ਸੋਲਾ ੩, ੪ : ੧ (1022)

ਬਿੰਦੁ — 1. ਬੂੰਦ (ਵੀਰਜ ਦੀ)
"ਰਕਤੁ **ਬਿੰਦੁ** ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ।" — ਸਿਰੀ **੧**, ਅਸ ੧੫, ੫ : ੨ (63)
"**ਬਿੰਦੁ** ਨ ਰਾਖਿਆ ਸਬਦੁ ਨ ਭਾਖਿਆ।" (ਭਾਵ ਜਤ) — ਰਾਮ **੧**, ਸਿਗੋ ੬੨ : ੩ (945)

2. ਬੀਜ
"ਬ੍ਰਹਮ **ਬਿੰਦੁ** ਤੇ ਸਭ ਉਤਪਾਤੀ।"
— ਗਉ **ਕਬ**, ੭, ੧ : ੨ (324)

3. ਰਤਾ ਕੁ, ਪਲਭਰ, ਥੋੜਾ ਜਿਹਾ
"ਮਨੂਆ ਪਉਣੁ **ਬਿੰਦੁ** ਸੁਖਵਾਸੀ ਨਾਮਿ ਵਸੈ ਸੁਖ ਭਾਈ।"
— ਸੋਰ **੧**, ਅਸ ੧, ੩ : ੧ (634)

4. ਰੱਦ ਕਰਨਾ
"ਨਿੰਦੁ **ਬਿੰਦੁ** ਨਹੀ ਜੀਉ ਨ ਜਿੰਦੋ।"
— ਮਾਰੂ **੧**, ਸਲੋ ੧੫, ੯ : ੧ (1035)

ਬਿਦੁਅੰਸੀ — ਪ੍ਰਬੀਨ, ਚੰਗੀ ਤਰ੍ਹਾਂ ਜਾਣਨ ਵਾਲਾ
"ਬਿਦਿਆ ਮਹਿ **ਬਿਦੁਅੰਸੀ** ਰਚਿਆ ਨੈਨ ਦੇਖਿ ਸੁਖੁ ਪਾਵਹਿ।" — ਸੋਰ **੫**, ੧੬, ੩ : ੧ (613)

ਬਿੰਦੇ — ਜਾਣੇ, ਸਮਝੇ
"ਬ੍ਰਹਮੁ **ਬਿੰਦੇ** ਸੋ ਬ੍ਰਾਹਮਣੁ ਕਹੀਐ ਕਿ ਅਨਦਿਨੁ ਹਰਿ ਲਿਵ ਲਾਏ।"
— ਗੂਜ **੩**, ਵਾਰ ੧੦ਸ, **੩**, ੧ : ੧ (512)

ਬਿਦੇਸਿ — ਵਿਦੇਸ, ਪਰਾਏ ਮੁਲਕ
"ਖੋਜਤ ਫਿਰਉ **ਬਿਦੇਸਿ** ਪੀਉ ਕਤ ਪਾਈਐ।"
— ਫੁਨ **੫**, ੯ : ੩ (1362)

ਹੋਰ ਰੂਪ — ਬਿਦੇਸੁ —
"ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ **ਬਿਦੇਸੁ** ਨ ਬੂਝ।" — ਗਉ **ਰਵਿ**, ੧, ੧ : ੧ (346)

ਬਿਦੇਹੀ — ਸਰੀਰ ਰਹਿਤ
"ਦੇਹੀ ਗੁਪਤ **ਬਿਦੇਹੀ** ਦੀ ਸੈ।"

— ਰਾਮ **੫**, ੫੪, ੩ : ੧ (900)

ਬਿੰਦੈ — ਜਾਣੇ, ਸਮਝੇ
"ਬ੍ਰਹਮੁ **ਬਿੰਦੈ** ਤਿਸ ਦਾ ਬ੍ਰਹਮਤੁ ਰਤੈ ਏਕ ਸਬਦਿ ਲਿਵ ਲਾਇ।"
— ਸੋਰ **੪**, ਵਾਰ ੧੯ਸ, **੩**, ੧ : ੧ (649)

ਬਿਦ੍ਰਮਾਨ — ਪ੍ਰਤਖ, ਆਮਣੇ ਸਾਹਮਣੇ
"**ਬਿਦ੍ਰਮਾਨ** ਗੁਰਿ ਆਪਿ ਥਪ੍ਹਉ ਥਿਰੁ ਸਾਚਉ ਤਖਤੁ ਗੁਰੂ ਰਾਮਦਾਸੈ।"
— ਸਵ **੪**, ਮਥੁ ੬ : ੪ (1404)

ਬਿੰਦ੍ਰਾਬਨ — ਮਥੁਰਾ ਨਿਕਟ ਜਮਨਾ ਨਦੀ ਦੇ ਕੰਢੇ ਦਾ ਇਕ ਬਨ (ਜੰਗਲ) ਜੋ ਕਿਦਾਰਾ ਰਿਸ਼ੀ ਦੀ ਪੁਤਰੀ 'ਵ੍ਰਿੰਦਾ' ਦਾ ਤਪੋਸਥਾਨ ਮੰਨਿਆ ਜਾਂਦਾ ਹੈ
"**ਬਿੰਦ੍ਰਾਬਨ** ਮਨਹਰਨ ਮਨੋਹਰ ਕ੍ਰਿਸ਼ਨ ਚਰਾਵਤ ਗਾਊ ਰੇ।" — ਗਉ **ਕਬ**, ੬੬, ੨ : ੧ (338)
ਹੋਰ ਰੂਪ — ਬ੍ਰਿੰਦਾਬਨਾ —
"ਧਨਿ ਧਨਿ ਬਨਖੰਡ **ਬਿੰਦ੍ਰਾਬਨਾ**।"
— ਮਾਲੀ **ਨਾਮ**, ੧, ੩ : ੧ (988)

ਬਿਧ — ਰਚਨਹਾਰ, ਪ੍ਰਭੂ, ਵਿਧਾਤਾ
"ਜਿਉ ਸੰਪੈ ਤਿਉ ਬਿਪਤਿ ਹੈ **ਬਿਧ** ਨੇਰਚਿਆ ਸੋ ਹੋਇ।" — ਗਉ **ਕਬ**, ੬੩, ੩ : ੨ (337)

ਬਿਧਵਾ — ਵਿਧਵਾ, ਪਤੀ ਵਿਹੂਣ, ਰੰਡੀ
"ਜਿਉ ਤਨੁ **ਬਿਧਵਾ** ਪਰ ਕਉ ਦੇਈ।"
— ਗਉ **੧**, ਅਸ ੧੧, ੬ : ੧ (226)

ਬਿਧਵਾਰਿ — ਮਿਲੀ ਹੋਈ, ਸਬੰਧ ਰਖਨ ਵਾਲੀ
"ਪਾਂਚ ਨਾਰਦ ਕੈ ਸੰਗਿ **ਬਿਧਵਾਰਿ**।"
— ਗੋਂਡ **ਕਬ**, ੮, ੫ : ੨ (872)

ਬਿਧਾਈਐ — ਵਿੰਨ੍ਹੀਏ
"ਨਾਨਕ ਤਤ ਤਤ ਸਿਉ ਮਿਲੀਐ ਹੀਰੈ ਹੀਰੁ **ਬਿਧਾਈਐ**।" — ਕਲਿ **੫**, ੨, ੨ : ੨ (1322)

ਬਿਧਾਸਾ — ਪਾੜਿਆ, ਚੀਰਿਆ
"ਹਰਣਾਖਸੁ ਲੇ ਨਖਹੁ **ਬਿਧਾਸਾ**।"
— ਗਉ **੧**, ਅਸ ੯, ੬ : ੨ (224)

ਬਿਧਾਤਉ — ਵਿਧਾਤਾ, ਰਚਨਹਾਰ, ਕਰਤਾਰ
"ਆਸੰਭਉ ਉਦਵਿਆਉ ਪੁਰਖੁ ਪੂਰਨ **ਬਿਧਾਤਉ**।"
— ਸਵ **੫**, ਕਲ, ੫ : ੪ (1407)

ਬਿਧਾਤਾ — ਫਲ ਦੇਣ ਵਾਲਾ, ਭਾਗ ਬਣਾਨ ਵਾਲਾ, ਅਰਥਾਤ ਪ੍ਰਭੂ
"ਆਪੇ ਗੁਰ ਦਾਤਾ ਕਰਮਿ **ਬਿਧਾਤਾ**।"
— ਮਾਝ **੩**, ਅਸ ੨੯, ੨ : ੧ (126)
"ਨਾਨਕ ਤਿਸੁ ਕਿਰਪਾਲੁ **ਬਿਧਾਤਾ**।" (ਪ੍ਰਭੂ, ਰਚਨਹਾਰ) — ਗਉ **੫**, ੧੪੦, ੪ : ੨ (194)
"ਬ੍ਰਹਮ ਗਿਆਨੀ ਪੂਰਨ ਪੁਰਖੁ **ਬਿਧਾਤਾ**।" (ਭਾਗ ਬਣਾਨ ਵਾਲਾ)
— ਗਉ **੫**, ਸੁਖ ੮, ੮ : ੪ (273)
ਹੋਰ ਰੂਪ — ਬਿਧਾਤੀ —
"ਸੇਵਹੁ ਸਤਿ ਨਿਰੰਜਨੋ ਹਰਿ ਪੁਰਖੁ **ਬਿਧਾਤੀ**।" (ਸਿਰਜਣਹਾਰ, ਹਰੀ)
— ਮਾਝ **੧**, ਵਾਰ ੧ : ੬ (138)
ਬਿਧਾਤੇ —
"ਅੰਤਰਜਾਮੀ ਪੁਰਖ **ਬਿਧਾਤੇ** ਸਰਧਾ ਮਨ ਕੀ ਪੂਰੇ।" (ਪ੍ਰਭੂ, ਸਿਰਜਨਹਾਰ)
— ਗਉ **੫**, ਸੋਰ ੫, ੪ : ੧ (13)
ਬਿਧਾਤੈ —
"ਦੀਈ ਭਵਾਰੀ ਪੁਰਖਿ **ਬਿਧਾਤੈ** ਬਹੁਰਿ ਬਹੁਰਿ ਜਨਮਾਧੇ।" (ਪ੍ਰਭੂ ਨੇ)
— ਆਸਾ **੫**, ੧੨੬, ੩ : ੨ (403)

ਬਿਧਿ — 1. ਢੰਗ, ਤਰੀਕੇ, ਜੁਗਤ, ਤਰਕੀਬ, ਪ੍ਰਕਾਰ, ਵਿੱਧੀ
"ਜਾਇ ਪੁਛਾ ਤਿਨ ਸਜਣਾ ਪ੍ਰਭੁ ਕਿਤੁ **ਬਿਧਿ** ਮਿਲੈ ਮਿਲਾਇ।" — ਸਿਰੀ **੪**, ੬੫, ੧ : ੩ (39)
"ਹਉਮੈ ਕਰਮ ਕਿਛੁ **ਬਿਧਿ** ਨਹੀ ਜਾਣੈ।" (ਮਰਯਾਦਾ, ਢੰਗ)
— ਆਸਾ **੧**, ੫੯, ੩ : ੧ (367)
"ਅਪੁਨੀ **ਬਿਧਿ** ਆਪਿ ਜਨਾਵਹੁ।" (ਜੁਗਤੀ)
— ਸੋਰ **੫**, ੩੧, ੧* : ੧ (617)
2. ਹਾਲਤ
"ਤੂੰ ਦਾਨਾ ਠਾਕੁਰੁ ਸਭ **ਬਿਧਿ** ਜਾਨਹਿ।"
— ਮਾਝ **੫**, ੨੫, ੩ : ੧ (101)
"ਜੋ ਹਮਰੀ **ਬਿਧਿ** ਹੋਤੀ ਮੇਰੇ ਸਤਿਗੁਰ ਸਾ **ਬਿਧਿ** ਤੁਮ ਹਰਿ ਜਾਣਹੁ ਆਪੇ।"
— ਗਉ **੪**, ੪੯, ੪ : ੧ (167)
3. ਪ੍ਰਕਾਰ, ਵੰਨਗੀ ਤਰ੍ਹਾਂ, ਜੁਗਤੀ
"ਰੰਗ ਪਰੰਗ ਉਪਾਰਜਨਾ ਬਹੁ ਬਹੁ **ਬਿਧਿ** ਭਾਤੀ।" — ਮਾਝ **੧**, ਵਾਰ ੧ : ੨ (138)

"ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ **ਬਿਧਿ** ਕੋ ਜੋ ਪ੍ਰਾਨੀ।"

— ਗਉ **੯**, ੨, ੩ : ੨ (220)

4. ਬਣਤ,

"ਜਿਨਿ ਕਿਛੁ ਕੀਆ ਸੋਈ ਜਾਨੈ ਜਿਨਿ ਇਹ ਸਭ **ਬਿਧਿ** ਸਾਜੀ।"

— ਗਉ **੫**, ੧੨੬, ੫ : ੧ (206)

5. ਢੋਹ, ਅਵਸਰ

"ਜਨ ਨਾਨਕ ਹਰਿ ਭਏ ਦਇਆਲਾ ਤਉ ਸਭ **ਬਿਧਿ** ਬਨਿ ਆਈ।"

— ਗਉ **੯**, ੪, ੨ : ੨ (219)

6. ਸਿਆਣਪ, ਸੁਚੱਜ

"ਪੁਤਰੀ ਤੇਰੀ **ਬਿਧਿ** ਕਰਿ ਥਾਟੀ।"

— ਆਸਾ **੫**, ੧੪, ੧ : ੧ (374)

7. ਤਰ੍ਹਾਂ

"ਇਹ **ਬਿਧਿ** ਸੁਨਿ ਕੈ ਜਾਟਰੋ ਉਠਿ ਭਗਤੀ ਦਾਗਾ।"— ਆਸਾ **ਧੰਨਾ**, ੨, ੪ : ੧ (488)

"ਸਰਬ **ਬਿਧਿ** ਭ੍ਰਮਤੇ ਪੁਕਾਰਹਿ ਕਤਹਿ ਨਾਹੀ ਛੋਟਿ।" — ਗੂਜ **੫**, ੩੦, ੫ : ੩ (502)

8. ਮਲ, ਤਥ

"ਚਰਨ ਸਰਨ ਨਾਨਕ ਦਾਸ ਹਰਿ ਹਰਿ ਸੰਤੀ ਇਹ **ਬਿਧਿ** ਜਾਤੀ।"

— ਧਨਾ **੪**, ੨੫, ੨ : ੨ (677)

ਬਿਧੀ — 1. ਤਰ੍ਹਾਂ

"ਮਾਲ ਕੈ ਮਾਣੈ ਰੂਪ ਕੀ ਸੋਭਾ ਇਤੁ **ਬਿਧੀ** ਜਨਮੁ ਗਵਾਇਆ।"

— ਸਿਰੀ **੧**, ੨੨, ੧* : ੨ (24)

2. ਢੰਗ, ਵਿੱਧੀ, ਤਰੀਕੇ, ਜੁਗਤ, ਤਰੀਕੇ

"ਕਿਆ ਸੁਖ ਤੇਰੇ ਸੰਮਲਾ ਕਵਨ **ਬਿਧੀ** ਬੀਚਾਰ।"

— ਗਉ **੫**, ੧੧੬, ੩ : ੧ (203)

ਹੋਰ ਰੂਪ — ਬਿਧੀਆ —

"ਯਯਾ ਜਤਨ ਕਰਤ ਬਹੁ **ਬਿਧੀਆ**।" (ਢੰਗਾਂ ਨਾਲ) — ਗਉ **੪**, ਬਾਅ ੪੩ : ੧ (259)

ਬਿਧੀਐ —

"ਕਿਤੁ **ਬਿਧੀਐ** ਕਿਤੁ ਸੰਜਮਿ ਪਾਈਐ।" (ਸਾਧਨ ਦੁਆਰਾ)

— ਬਿਲਾ **੫**, ੧੨, ੧* : ੧ (822)

ਬਿਧੀਜੈ — ਵਿੰਨ੍ਹੀਦਾ ਹੈ

"ਨਿਰਮੋਲਕੁ ਅਤਿ ਹੀਰੋ ਨੀਕੋ ਹੀਰੈ ਹੀਰੁ **ਬਿਧੀਜੈ**।"

— ਕਲਿ **੪**, ਅਸ ੪, ੩ : ੧ (1325)

ਬਿੰਧੁਸਿ — ਮਾਰਕੇ

"ਕਾਲੁ **ਬਿੰਧੁਸਿ** ਮਨਸਾ ਮਨਿ ਮਾਰੀ ਗੁਰ ਪ੍ਰਸਾਦਿ ਪ੍ਰਭੁ ਪਾਇਆ।"

— ਪ੍ਰਭਾ **੧**, ੧੫, ੩ : ੨ (1332)

ਬਿਧੇ — 1. ਵਾਂਗ, ਤਰ੍ਹਾਂ

"ਹਾਰ ਜੂਆਰ ਜੂਆ **ਬਿਧੇ** ਇੰਦ੍ਰੀ ਵਸਿ ਲੈ ਜਿਤਨੋ।"

— ਗਉ **੫**, ੧੪੮*, ੧ : ੨ (212)

2. ਵਿੰਨ੍ਹੇ ਹੋਏ ਭਾਵ ਮਗਨ

"ਉਆ ਰਸ ਜੋ **ਬਿਧੇ** ਹਾਂ।"

— ਆਸਾ **੫**, ੧੬੧, ੧* : ੩ (410)

"ਦਾਵਨਿ ਬੰਧਿਓ ਨ ਜਾਤ **ਬਿਧੇ** ਮਨ ਦਰਸ ਮਗਿ।" (ਵਿੰਨ੍ਹਿਆ ਹੋਇਆ)

— ਸਸ **੫**, ੧੦* : ੨ (1389)

3. ਢੰਗ ਨਾਲ, ਪ੍ਰਕਾਰ

"ਜਾਪ ਤਾਪ ਨੇਮ ਸੁਚਿ ਸੰਜਮ ਨਾਹੀ ਇਨ **ਬਿਧੇ** ਛੁਟਕਾਰ।"

— ਕਾਨ **੫**, ੧੯, ੨ : ੧ (1301)

4. ਢੰਗ, ਤਰੀਕਾ, ਜੁਗਤ

"ਐਸੀ ਕਉਨ **ਬਿਧੇ** ਦਰਸਨ ਪਰਸਨਾ।"

— ਕਾਨ **੫**, ੩੫, ੧* : ੧ (1305)

ਬਿਧੂੰ — ਵਿੰਨ੍ਹਿਆ ਜਾਣਾ

"ਚਰਣਾਰ ਬਿੰਦ ਮਨ **ਬਿਧੂੰ**।"

— ਗਾਥਾ **੫**, ੧੮ : ੧ (1361)

ਬਿਨਉ — ਬੇਨਤੀ, ਅਰਜ਼, ਅਰਜੋਈ

"ਹਰਿ ਕੇ ਜਨ ਸਤਿਗੁਰ ਸਤਪੁਰਖਾ **ਬਿਨਉ** ਕਰਉ ਗੁਰਪਾਸਿ।" — ਗੂਜ **੪**, ਸੋਦ ੪, ੧ : ੧ (10)

ਬਿਨਸ — ਨਾਸ ਹੁੰਦਿਆ

"ਬਿਨਵੰਤਿ ਨਾਨਕ ਕੋਟਿ ਕਾਗਰ **ਬਿਨਸ** ਬਾਰ ਨ ਝੂਠਿਆ।" — ਜੈਤ **੫**, ਛੰਤ ੩, ੩ : ੬ (705)

ਹੋਰ ਰੂਪ — ਬਿਨਸਸੀ —

"ਜਿਤੁ ਦਿਨਿ ਦੇਹ **ਬਨਸਸੀ** ਤਿਤੁ ਵੇਲੈ ਕਹਸਨਿ ਪ੍ਰੇਤੁ।" (ਨਾਸ ਹੋਵੇਗੀ)

— ਮਾਝ **੫**, ਬਾਰਾ ੨ : ੩ (134)

ਬਿਨਸਹਿ —

"ਕਤਿਕ ਹੋਵੈ ਸਾਧਸੰਗੁ **ਬਿਨਸਹਿ** ਸਭੇ ਸੋਚ।" (ਨਾਸ ਹੋ ਜਾਂਦੇ ਹਨ, ਦੂਰ ਹੋ ਜਾਂਦੇ ਹਨ,ਮਿਟ ਜਾਂਦੇ ਹਨ) — ਮਾਝ **੫**, ਰਾਗ ੯ : ੯ (135)

ਬਿਨਸਹਿਗੇ —
"ਸਾਸਤ ਸਿੰਮ੍ਰਿਤਿ **ਬਿਨਸਹਿਗੇ** ਬੇਦਾ।"
— ਗਉ **੫**, ਅਸ ੪, ੩ : ੪ (237)

ਬਿਨਸਤ — 1. ਨਾਸ ਹੁੰਦਾ
"ਜਗੁ **ਬਿਨਸਤ** ਹਮ ਦੇਖਿਆ ਲੋਭੇ ਅਹੰਕਾਰਾ।"
— ਗਉ **੧**, ਅਸ ੧੨, ੪ : ੧ (228)

ਹੋਰ ਰੂਪ — ਬਿਨਸਤਉ —
"ਦ੍ਰੇ ਪੇਖਉ ਸੋ **ਬਿਨਸਤਉ** ਕਾ ਸਿਉ ਕਰੀਐ ਸੰਗੁ।" — ਗਉ **੫**, ਬਾਅ ੨੬ : ੩ (255)

2. ਦੂਰ ਹੁੰਦਾ ਹੈ
"ਚਾਤ੍ਰਿਕ ਚਿਤ ਪਿਆਸ ਚਾਤ੍ਰਿਕ ਚਿਤ ਪਿਆਸ ਹੇ ਘਨ ਬੂੰਦ ਬਚਿਤ੍ਰਿ ਮਨਿ ਆਸ ਹੇ ਅਲਪੀਵਤ **ਬਿਨਸਤ** ਤਾਪ।"
— ਆਸਾ **੫**, ਛੰਤ ੧੪, ੩ : ੨ (462)
"ਬਿਰਖ ਛਾਇਆ ਜੈਸੇ **ਬਿਨਸਤ** ਪਵਨ ਝੂਲਤ ਮੇਹ।" — ਮਾਰੂ **੫**, ੨੫, ੨ : ੧ (1006)

ਬਿਨਸਦਾ — ਨਾਸ ਹੁੰਦਾ ਹੈ
"ਹਉਮੈ ਵਿਚਿ ਜਗੁ **ਬਿਨਸਦਾ** ਮਰਿ ਜੰਮੈ ਆਵੈ ਜਾਇ।" — ਸਿਰੀ **੩**, ੫੨, ੩ : ੧ (33)

ਬਿਨਸਨਹਾਰਾ — ਨਾਸ ਹੋਣ ਵਾਲਾ, ਬਿਨਸ ਜਾਣ ਵਾਲਾ
"ਦਦਾ ਦੇਖਿ ਜੁ **ਬਿਨਸਨਹਾਰਾ**।"
— ਗਉ **ਕਬ**, ਬਾਅ ੨੪ : ੧ (341)

ਬਿਨਸਨਾ — ਨਾਸ ਹੋਣਾ
"ਅਹੰਬੁਧਿ ਕਉ **ਬਿਨਸਨਾ** ਇਹ ਧੁਰਿਕੀ ਢਾਲ।"
— ਬਿਲਾ **੫**, ੨੯, ੧ : ੧ (807)

ਬਿਨਸਾਇਓ — ਨਾਸ ਹੋ ਭਾਵ ਲੋਪ ਹੋ ਗਏ
"ਕਵਨ ਰੂਪ ਦਿਸਟਿਓ **ਬਿਨਸਾਇਓ**।"
— ਸੂਹੀ **੫**, ੧, ੧* : ੧ (736)

ਬਿਨਸਾਇਆ — ਦੂਰ ਕੀਤਾ
"ਭਰਮੁ ਮੋਹੁ ਸਗਲ **ਬਿਨਸਾਇਆ**।"
— ਆਸਾ **੫**, ੭੧, ੪ : ੨ (388)

ਹੋਰ ਰੂਪ — ਬਿਨਸਾਹੀ —
"ਉਆ ਕੀ ਤਾਤਿ ਮਿਟਤ **ਬਿਨਸਾਹੀ**।" (ਮਿਟ ਜਾਣਾ, ਨਾਸ ਹੋਣਾ)

ਬਿਨਸਾਨੋ — ਨਾਸ ਕੀਤਾ, ਮਿੱਟਾ ਦਿਤਾ, ਖਤਮ ਕਰ ਦਿੱਤਾ
"ਯਾਸਨ ਰੋਗਿ ਭਵਨ **ਬਿਨਸਾਨੋ**।"
— ਭੈਰ **੫**, ੨੦, ੨ : ੨ (1140)

ਬਿਨਸਿ — ਨਾਸ/ਖਤਮ ਹੋ ਜਾਏ
"ਕੂੜਾ ਰੰਗੁ ਕੁਸੰਭ ਕਾ **ਬਿਨਸਿ** ਜਾਇ ਦੁਖੁ ਹੋਇ।"
— ਸਿਰੀ **੩**, ੩੨, ੩ : ੩ (28)

ਹੋਰ ਰੂਪ — ਬਿਨਸਿਓ —
"ਜਾ ਕੈ **ਬਿਨਸਿਓ** ਮਨ ਤੇ ਭਰਮਾ।" (ਦੂਰ ਹੋਇਆ) — ਗਉ **੫**, ੧੦੩, ੩ : ੧ (186)

ਬਿਨਸਿਆ —
"ਕਾਮੁ ਕ੍ਰੋਧੁ ਲੋਭੁ **ਬਿਨਸਿਆ** ਤਜਿਆ ਸਭੁ ਅਭਿਮਾਨੁ।" (ਖਤਮ ਹੋ ਗਿਆ)
— ਸਿਰੀ **੫**, ੮੧, ੨ : ੪ (46)

ਬਿਨਸੀ —
"ਦੁਰਮਤਿ **ਬਿਨਸੀ** ਕੁਬੁਧਿ ਅਭਾਗੀ।" (ਦੂਰ ਹੋ ਗਈ) — ਮਾਝ **੫**, ੧੮, ੪ : ੨ (100)

ਬਿਨਸੀਐ —
"ਦ੍ਰਿਸਟਿ ਮਾਨ ਸਭੁ **ਬਿਨਸੀਐ** ਕਿਆ ਲਗਹਿ ਗਵਾਰ।" (ਨਾਸ ਹੋ ਜਾਣੀ ਹੈ)
— ਬਿਲਾ **੫**, ੩੧, ੨ : ੨ (808)

ਬਿਨਸੇ —
"ਪੰਚੇ ਰੁੰਨੇ ਦੁਖਿ ਭਰੇ **ਬਿਨਸੇ** ਦੂਜੈ ਭਾਇ।" (ਖਤਮ/ਦੂਰ ਹੋ ਗਏ)
— ਸਿਰੀ **੧**, ੧੪, ੧ : ੩ (19)

ਬਿਨਸੈ —
"ਜਿਸ ਤੇ ਉਪਜੈ ਤਿਸ ਤੇ **ਬਿਨਸੈ** ਘਟਿ ਘਟਿ ਸਚੁ ਭਰਪੂਰਿ।" (ਨਾਸ ਹੋਏ)
— ਸਿਰੀ **੧**, ੧੬, ੨ : ੨ (201)

ਬਿਨਠੀ — ਨੱਠ ਗਈ, ਦੂਰ ਹੋਈ, ਖਤਮ ਹੋਈ, ਨਾਸ ਹੋਈ
"ਦੁਰਮਤਿ ਮੈਲੁ ਗਈ ਭ੍ਰਮੁ ਭਾਗਾ ਹਉਮੈ **ਬਿਨਠੀ** ਪੀਰਾ।" — ਸੂਹੀ **੪**, ਛੰਤ ੩, ੨ : ੪ (774)
"ਸਾਬਤੁ ਰਖਹਿ ਤ ਰਾਮ ਭਜੁ ਨਾਹਿ ਨ **ਬਿਨਠੀ** ਬਾਤ।" (ਨਾਸ ਹੋਣ ਵਾਲੀ)
— ਸਲੋ **ਕਬ**, ੨੨੨ : ੨ (1376)

ਬਿਨਤਿ — ਬੇਨਤੀ, ਅਰਜੋਈ
"**ਬਿਨਤਿ** ਕਰਉ ਅਰਦਾਸਿ ਸੁਨਹੁ ਜੇਠਾਕੁਹ ਭਾਵੇ।" — ਸਮੁ **੫**, ੯ : ੩ (1387)
ਹੋਰ ਰੂਪ — ਬਿਨਤੀ —
"ਆਪੁ ਤਿਆਗਿ **ਬਿਨਤੀ** ਕਰਹਿ ਲੇਹੁ ਪ੍ਰਭੂ ਲੜਿ ਲਾਇ।" (ਅਰਜੋਈ)
— ਮਾਝ **੫**, ਬਾਹਾ ੮ : ੬ (135)
ਬਿਨੰਤੀ —
"ਕਰਉ **ਬਿਨੰਤੀ** ਮਾਨੁ ਤਿਆਗਉ।" (ਅਰਜੋਈ) — ਮਾਝ **੫**, ੧੮, ੧ : ੨ (99)
ਬਿਨੰਤੀਆ —
"ਬਿਲਲਾਪ ਬਿਲਲ **ਬਿਨੰਤੀਆ** ਸੁਖ ਭਾਇ ਚਿਤ ਹਿਤੰ।" (ਬੇਨਤੀਆ)
— ਗੂਜ **੧**, ਅਸ ੫, ੧ : ੨ (505)
ਬਿਨਵੰਤ — ਬੇਨਤੀ ਕਰਦਾ ਹੈ
"**ਬਿਨਵੰਤ** ਨਾਨਕ ਬਿਨੁ ਨਾਮ ਹਰਿ ਕੇ ਸਦਾ ਫਿਰਤ ਦੁਹੇਲੀ।" — ਬਿਹਾ **੫**, ਛੰਤ ੨, ੧ : ੬ (546)
ਹੋਰ ਰੂਪ — ਬਿਨਵਤਾ —
"ਗੁਰਚਰਣ ਲਾਗਿ ਹਮ **ਬਿਨਵਤਾ** ਪੂਛਤ ਕਹ ਜੀਉ ਪਾਇਆ।" (ਬੇਨਤੀ ਕਰਦਾ ਹਾਂ)
— ਆਸਾ **ਕਬ**, ੧, ੧ : ੧ (475)
"ਨਾਨਕ ਦਾਸਨਿ ਦਾਸੁ ਤੁਧੁ ਆਗੈ **ਬਿਨਵਤਾ**।" (ਬੇਨਤੀ ਕਰਦਾ ਹੈ)
— ਰਾਮ **੫**, ਵਾਰ ੧੮ : ੮ (965)
ਬਿਨਵੰਤਾ —
"ਸੁਨਿ ਮੀਤਾ ਨਾਨਕੁ **ਬਿਨਵੰਤਾ**।" (ਬੇਨਤੀ ਕਰਦਾ ਹੈ)
— ਗਉ **੫**, ਸੁਖ ੧੪ : ੩ (271)
ਬਿਨਵਤਿ —
"**ਬਿਨਵਤਿ** ਨਾਨਕ ਓਟ ਪ੍ਰਭ ਤੋਰੀ।" (ਬੇਨਤੀ ਕਰਦਾ ਹੈ)
— ਆਸਾ **੫**, ੬੮, ੪ : ੨ (388)
ਬਿਨਵੰਤਿ —
"**ਬਿਨਵੰਤਿ** ਨਾਨਕ ਦਇਆ ਧਾਰਹੁ ਘਰਿ ਆਵਹੁ ਨਾਹ ਪਿਆਰੇ।"
— ਗਉ **੫**, ਛੰਤ ੧, ੨ : ੬ (247)
"**ਬਿਨਵੰਤਿ** ਨਾਨਕ ਸੁਣਹੁ ਬਿਨਤੀ ਪ੍ਰਭ ਕਰਣ ਕਾਰਣ ਸਮਰਥਾ।"
— ਵਡ **੫**, ਛੰਤ ੩, ੧ : ੬ (578)
(ਮਹਾਨਕੋਸ਼ ਅਰਥ ਵਿਸ਼ੇਸ਼ ਕਰਕੇ ਨਮਸਕਾਰ ਕਰਦਾ ਹੈ)

ਬਿਨਵੈ — ਬੇਨਤੀ ਕਰਦਾ ਹੈ
"ਸੁਣਿ ਸਿਖਵੰਤੇ ਨਾਨਕੁ **ਬਿਨਵੈ** ਛੋਡਹੁ ਮਾਇਆ ਜਾਲ।" — ਗੂਜ **੧**, ਅਸ ੧, ੪ : ੧ (503)

ਬਿਨਾ — ਬਗੈਰ, ਰਹਿਤ
"ਨਾਨਕ ਨਾਮ **ਬਿਨਾ** ਕੋ ਮੁਕਤਿ ਨ ਹੋਈ।"
— ਗਉ **੩**, ੩੦, ੪ : ੩ (161)

ਬਿਨਾਸ — ਵਿਨਾਸ, ਨਾਸ਼ ਹੋਣਾ, ਮਿਟਣ, ਤਬਾਹ ਹੋਣਾ
"ਆਵਤ ਹੁਕਮਿ **ਬਿਨਾਸ** ਹੁਕਮਿ ਆਗਿਆ ਭਿੰਨ ਨ ਕੋਇ।" — ਗਉ **੫**, ਬਾਅ ੨ਸ : ੧ (251)
"ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ **ਬਿਨਾਸ**।" (ਤਬਾਹ ਹੁੰਦੇ/ਨਾਸ ਹੁੰਦੇ ਹਨ)
— ਆਸਾ **ਰਵਿ**, ੧, ੧ : ੨ (486)

ਬਿਨਾਸਹਿ — ਦੂਰ ਹੋ ਜਾਂਦੇ ਹਨ
"ਗੁਰ ਅਮਰਦਾਸ ਪਰਸੀਐ ਪੁਹਮਿ ਪਾਤਿਕ **ਬਿਨਾਸਹਿ**।" — ਸਵ **੩**, ੧੪ : ੧ (1394)

ਬਿਨਾਸਣਿ — ਦੂਰ ਹੁੰਦੇ/ਮਿਟਦੇ ਹਨ
"ਗੁਰਮਤੀ ਘਟਿ ਚਾਨਣਾ ਅਨੇਰੁ **ਬਿਨਾਸਣਿ**।"
— ਰਾਮ **੩**, ਵਾਰ ੫ : ੨ (948)

ਬਿਨਾਸਤ — ਦੂਰ ਹੋ ਗਈਆਂ
"ਆਸਾ ਮਨਸਾ ਦੋਊ **ਬਿਨਾਸਤ** ਤ੍ਰਿਹੁ ਗੁਣ ਆਸ ਨਿਰਾਸ ਭਈ।"
— ਆਸਾ **੧**, ੨੨, ੪ : ੧ (356)

ਬਿਨਾਸਨ — 1. ਦੂਰ ਕਰਨ/ਮਿਟਾਉਣ ਵਾਲੇ
"ਅਗਿਆਨ **ਬਿਨਾਸਨ** ਤਮ ਹਰਣ ਊਚੇ ਅਗਮ ਅਮਾਉ।" — ਮਾਝ **੫**, ਦਿਨ ੪ : ੨ (137)
2. ਵਿਨਾਸ
"ਤਹ ਜਨਮ ਮਰਨ ਕਹੁ ਕਹਾ **ਬਿਨਾਸਨ**।"
— ਗਉ **੫**, ਸੁਖ ੨੧, ੩ : ੨ (291)
ਹੋਰ ਰੂਪ — ਬਿਨਾਸਨੰ —
"ਪ੍ਰਵਿਰਤਿ ਮਾਰਗੰ ਵਰਤੰਤਿ **ਬਿਨਾਸਨੰ**।" (ਨਾਸਵਾਨ ਹੈ)
— ਸਸ **੫**, ੧੨ : ੪ (1355)
"ਸਾਸਿ ਸਾਸਿ ਸਿਮਰੰਤਿ ਨਾਨਕ ਮਹਾ ਅਗਨਿ

ਨ **ਬਿਨਾਸਨੰ**।" (ਨਾਸ ਹੋਣਾ)
— ਜੈਤ **੫**, ਵਾਰ ੨ਸ, **੫**, ੧ : ੨ (706)

ਬਿਨਾਸਨਹ —
"ਸਰਬ ਰਖ੍ਯਾ ਗੁਰ ਦਯਾਲਹ ਭੈ ਦੂਖ **ਬਿਨਾਸਨਹ**।" (ਨਾਸ ਹੁੰਦੇ ਹਨ)
— ਸਸ **੫**, ੫੨ : ੩ (1359)

ਬਿਨਾਸਨੀ —
"ਦੂਖ **ਬਿਨਾਸਨੀ** ਹਾਂ।" (ਦੂਰ ਕਰਦਾ ਹੈ)
— ਆਸਾ **੫**, ੧੫੯, ੧ : ੪ (410)

ਬਿਨਾਸਨੁ — ਦੂਰ ਕਰਨ ਵਾਲਾ, ਨਾਸ ਕਰਨ ਵਾਲਾ
"ਪਾਪ **ਬਿਨਾਸਨੁ** ਸੇਵਿਆ ਪਵਿਤ੍ਰ ਸੰਤਨ ਕੀ ਧੂਰੇ।"
— ਮਾਝ **੫**, ਅਸ ੩੯, ੫ : ੧ (133)

ਬਿਨਾਸਾ — 1. ਨਾਸ
"ਜਨਮ ਮਰਨ ਨਹ ਹੋਇ **ਬਿਨਾਸਾ**।"
— ਗਉ **੫**, ਬਾਅ ੧੦ : ੬ (252)

2. ਨਾਸ ਹੋਣੀ
"ਕਾਚੀ ਮਟੁਕੀ ਬਿਨਸਿ **ਬਿਨਾਸਾ**।" (ਭਾਵ ਟੁੱਟ ਨਾ) — ਆਸਾ **੫**, ੧੩, ੨ : ੧ (374)
"ਸਾਚ ਧਣੀ ਜਗੁ ਆਇ **ਬਿਨਾਸਾ**।" (ਨਾਸ ਹੁੰਦਾ, ਮਰਦਾ)
— ਆਸਾ **੧**, ਅਸ ੨, ੧* : ੧ (412)
"ਭਾਉ ਦੂਜਾ ਬਿਨਸਿ **ਬਿਨਾਸਾ**।" (ਦੂਰ ਹੋਣਾ)
— ਬਿਲਾ **੪**, ੭, ੨ : ੨ (801)

ਹੋਰ ਰੂਪ — ਬਿਨਾਸਿ —
"ਮਨਮੁਖਿ ਅੰਧ ਨ ਚੇਤਨੀ ਜਨਮਿ ਮਰਿ ਹੋਹਿ **ਬਿਨਾਸਿ**।" (ਨਾਸ)
— ਵਡ **੪**, ਵਾਰ ੧੨ਸ, **੩**, ੨ : ੩ (593)

ਬਿਨਾਸਿਓ —
"ਅਗਿਆਨੁ ਅੰਧੇਰਾ ਬਿਨਸਿ **ਬਿਨਾਸਿਓ** ਘਰਿ ਵਸਤੁ ਲਹੀ ਮਨ ਜਾਗੇ।" (ਨਾਸ ਹੋਏ, ਮਿਟ ਗਿਆ) — ਗਉ **੪**, ੬੨, ੩ : ੨ (172)

ਬਿਨਾਸੀ — 1. ਬਿਨਸ ਜਾਣ ਵਾਲਾ, ਨਾਸਵਾਨ
"ਜੋੜੀ ਜੁੜੈ ਨ ਤੋੜੀ ਤੂਟੈ ਜਬ ਲਗੁ ਹੋਇ **ਬਿਨਾਸੀ**।" (ਭਾਵ ਨਾਸਵਾਨ ਸਰੀਰ)
— ਗਉ **ਕਬ**, ੫੨, ੩ : ੧ (334)

2. ਦੂਰ ਕੀਤੀ, ਮਿਟਾਈ
"ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ ਚਿੰਤਾ ਸਗਲ **ਬਿਨਾਸੀ**।"
— ਸੋਰ **੫**, ੨੫, ੨ : ੧ (616)
"ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ ਸਗਲ **ਬਿਨਾਸੀ**।" (ਦੂਰ ਹੋਈ)
— ਸੋਰ **੯**, ੭, ੩ : ੧ (633)

3. ਨਾਸ ਹੋ ਗਈ, ਬਿਨਸੀ
"ਅਸਾਧ ਰੋਗੁ ਉਪਜਿਆ ਸੰਤ ਦੂਖਨਿ ਦੇਹਿ **ਬਿਨਾਸੀ** ਮਹਾ ਖਇਆ।"
— ਰਾਮ **੫**, ੫੫, ੩ : ੨ (900)

ਬਿਨਾਸੁ — ਨਾਸ
"ਅਨਹਦ ਬਾਣੀ ਪਾਈਐ ਤਹ ਹਉਮੈ ਹੋਇ **ਬਿਨਾਸੁ**।" — ਸਿਰੀ **੧**, ੧੮, ੩ : ੧ (21)
"ਤੁਮ੍ਰੀ ਦਇਆ ਤੇ ਹੋਇ ਦਰਦ **ਬਿਨਾਸੁ**।" (ਦੂਰ ਹੋ ਜਾਂਦੀ ਹੈ,ਮਿੱਟ ਜਾਂਦੀ ਹੈ)
— ਭੈਰ **੫**, ੩੧, ੩ : ੩ (1144)

ਹੋਰ ਰੂਪ — ਬਿਨਾਸੇ —
"ਅਨਦੁ ਭਇਆ ਨਿਕਸੀ ਸਭ ਪੀਰਾ ਸਗਲ **ਬਿਨਾਸੇ** ਦਰਦਾ ਜੀਉ।" (ਦੂਰ ਹੋ, ਨਾਸ ਹੋਏ) — ਮਾਝ **੫**, ੨੪, ੨ : ੩ (101)

ਬਿਨਾਸੈ —
"ਜੋ ਦੀਸੈ ਸੋ ਸਗਲ **ਬਿਨਾਸੈ** ਜਿਉ ਬਾਦਰ ਕੀ ਛਾਈ।" (ਨਾਸ ਹੋਣ ਵਾਲੇ ਹਨ)
— ਸੋਰ **੯**, ੨, ੨ : ੧ (219)
"ਕ੍ਰੋਧੁ **ਬਿਨਾਸੈ** ਸਗਲ ਵਿਕਾਰੀ।" (ਨਾਸ ਕਰਦਾ ਹੈ)
— ਗਉ **੧**, ਅਸ ੧੧, ੪ : ੨ (225)
"ਤਿਸਹਿ ਅਰਾਧਿ ਮਨਾ **ਬਿਨਾਸੈ** ਸਗਲ ਰੋਗੁ।" (ਦੂਰ ਹੋ ਜਾਣ)
— ਆਸਾ **੫**, ੧੧੨, ੨ : ੨ (398)

ਬਿਨਾਹਾ — ਨਾਸ ਕੀਤਾ
"ਜਿਨਹਿ ਉਪਾਹਾ ਤਿਨਹਿ **ਬਿਨਾਹਾ**।"
— ਆਸਾ **੫**, ੮੬, ੪ : ੧ (392)

ਹੋਰ ਰੂਪ — ਬਿਨਾਹਿ —
"ਕਈ ਜੰਤ **ਬਿਨਾਹਿ** ਉਪਾਰਾ।" (ਨਾਸ ਕਰਕੇ)
— ਸੂਹੀ **੫**, ੧੬, ੩ : ੨ (740)

ਬਿਨਾਹੁ —
"ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ

ਬਿਨਾਹੁ।" (ਨਾਸ)
— ਸਲੋ **ਕਬ**, ੯੩ : ੨ (1369)

ਬਿਨਾਹੇ —
"ਆਪਿ **ਬਿਨਾਹੇ** ਆਪਿ ਕਰੇ ਰਾਸਿ।" (ਨਾਸ ਕਰਦਾ/ਮਾਰਦਾ ਹੈ)
— ਗਉ **੫**, ੮੦, ੪ : ੩ (179)

ਬਿਨਾਹੈ —
"ਖਿਨ ਮਹਿ ਸਾਜਿ ਸਵਾਰਿ **ਬਿਨਾਹੈ** ਭਗਤਿ ਵਛਲ ਗੁਣਤਾਸਾ।"
— ਸਾਰ **੫**, ੩੮, ੧ : ੨ (1212)

ਬਿਨਾਧਾ — ਬਿਨਸਨਹਾਰ, ਬਿਨਾਸੀ, ਨਾਸ ਹੋਣ ਵਾਲਾ
"ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ **ਬਿਨਾਧਾ**।" — ਸਾਰ **੫**, ੬, ੨ : ੧ (1204)

ਬਿਨਾਵੈ — ਚੁਣਵਾਉਂਦਾ, ਚੁਗਵਾਉਂਦਾ
"ਕਬਹੂ ਕੂਰਨੁ ਚਨੇ **ਬਿਨਾਵੈ**।"
— ਭੈਰ **ਨਾਮ**, ੫, ੧ : ੩ (1164)

ਬਿੰਨਿ — ਜਾਣ ਕੇ
"ਇਕੁ **ਬਿੰਨਿ** ਦੁਗਣ ਜੁ ਤਉ ਰਹੈ ਜਾ ਸੁਮੰਤ੍ਰਿ ਮਾਨਵਹਿ ਲਹਿ।"
— ਸਵ **੩**, ੧੪ : ੫ (1395)

ਬਿਨੁ — ਬਿਨਾ, ਬਗੈਰ, ਰਹਿਤ
"ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧੁ **ਬਿਨੁ** ਅਵਰੁ ਨ ਜਾਣਾ।"
— ਆਸਾ **੪**, ਸੋਪੁ ੧, ੨ : ੩ (11)
"ਜੈਸੇ ਧਰਤੀ ਮਧੇ ਪਾਣੀ ਪਰਗਾਸਿਆ **ਬਿਨੁ** ਪਗਾ ਵਰਸਤ ਫਿਰਾਹੀ।"
— ਗਉ **੩**, ੩੫, ੧ : ੨ (162)
(ਮਹਾਨਕੋਸ਼ ਬਿੰਨਪਗ ਨੇ ਇਨ ਸ਼ਬਦ ਜਿਸ ਦੇ ਅਰਥ 'ਮਾਰੂ ਭੂਮੀ' ਕਰਦੇ ਹਨ)

ਬਿਨੋਦ — 1. ਤਮਾਸ਼ਾ, ਖੇਲ
"ਤਿਥੈ ਨਾਦ **ਬਿਨੋਦ** ਕੋਡ ਅਨੰਦੁ।"
— ਜਪੁ **੧**, ੩੬ : ੨ (7)
"ਜੋਗ **ਬਿਨੋਦ** ਸ੍ਵਾਦ ਆਨੰਦਾ।" (ਭਾਵ ਚੋਜ)
— ਪ੍ਰਭਾ **੧**, ੧੪, ੨ : ੧ (1331)
2. ਖੁਸ਼ੀ, ਚਾਉ
"ਅਨਦ **ਬਿਨੋਦ** ਚੋਜ ਤਮਾਸੇ ਤੁਧੁ ਭਾਵੈ ਸੋ ਹੋਣਾ ਜੀਉ।" — ਮਾਝ **੫**, ੧੯, ੨ : ੩ (100)
"ਕਤੰਚ ਮਾਤਾ ਕਤੰਚ ਪਿਤਾ ਕਤੰਚ ਬਨਿਤਾ **ਬਿਨੋਦ** ਸੁਤਹ।" (ਭਾਵ ਭੋਗ ਅਨੰਦ)
— ਸਸ **੫**, ੧ : ੧ (1353)

ਬਿਨੋਦਾ — ਰਾਗ ਹਿੰਡੋਲ ਦੇ ਅੱਠ ਪੁਤਰਾਂ ਵਿਚੋਂ ਦਿਨਾ ਬਾਕੀ ਸਤ ਹਨ : ਸੁਰਮਾਨੰਦ, ਭਾਸਕਰ, ਚੰਦ੍ਰ, ਬਿੰਬ, ਮੰਗਲਨ, ਸਰਸਬਾਨ, ਬਸੰਤ ਤੇ ਕਮੋਦਾ।
"ਸਰਸਬਾਨ ਅਉ ਆਹਿ **ਬਿਨੋਦਾ**।"
— ਰਾਮ ੧ : ੩੧ (1430)

ਬਿਨੋਦੀ — ਬਿਲਾਸ ਕਰਨ ਵਾਲਾ, ਰੰਗ ਰਲੀਆ ਮਾਣਨ ਵਾਲਾ, ਚੋਜ ਤਮਾਸ਼ੇ ਕਰਨ ਵਾਲਾ
"ਅਨਦ **ਬਿਨੋਦੀ** ਖਸਮੁ ਹਮਾਰਾ।"
— ਆਸਾ **੫**, ੫੩, ੩ : ੨ (384)
"ਕਬੀਰ ਕੋ ਠਾਕੁਰੁ ਅਨਦ **ਬਿਨੋਦੀ** ਜਾਤਿ ਨ ਕਾਹੂ ਕੀ ਮਾਨੀ।"
— ਮਾਰੂ **ਕਬ**, ੯, ੨ : ੨ (1105)

ਬਿਪ — ਬ੍ਰਾਹਮਣ
"ਜੈਦੇਉ ਨਾਮਾ **ਬਿਪ** ਸੁਦਾਮਾ ਤਿਨ ਕਉ ਕ੍ਰਿਪਾ ਭਈ ਹੈ ਅਪਾਰਾ।"
— ਬਿਲਾ **ਕਬ**, ੨, ੨ : ੧ (856)

ਬਿਪਤਿ — ਵਿਪਤਾ, ਮੁਸੀਬਤ, ਦੁਖ
"**ਬਿਪਤਿ** ਤਹਾ ਜਹਾ ਹਰਿ ਸਿਮਰਨੁ ਨਾਹੀ।"
— ਗਉ **੫**, ੧੫੮, ੧ : ੧ (197)

ਬਿਪਰੀਤ — ਉਲਟੀ ਬੁਧੀ
"**ਬਿਪਰੀਤ** ਬੁਧੰ ਮਾਰਤ ਲੋਕਹ ਨਾਨਕ ਚਿਰੰਕਾਲ ਦੁਖ ਭੋਗਤੇ।" — ਸਸ **੫**, ੨੪ : ੨ (1356)

ਬਿਪਰੀਤਿ — 1. ਉਲਟੀ ਰੀਤ
"ਦੁਤੀਆ ਭਾਉ **ਬਿਪਰੀਤਿ** ਅਨੀਤਿ ਦਾਸਾ ਨਹ ਭਾਵਏ ਜੀਉ।"
— ਸਿਰੀ **੫**, ਛੰਤ ੩, ੧ : ੨ (80)
"ਬਿਸਟਾ ਮੂਤ੍ਰ ਖੋਦਿ ਤਿਲੁ ਤਿਲੁ ਮਨਿ ਨ ਮਨੀ **ਬਿਪਰੀਤਿ**।" (ਭਾਵ ਵਿਰੋਧਤਾ, ਭਾਵ ਰੋਸ)
— ਮਾਰੂ **੫**, ਅਸ ੩, ੩ : ੨ (1018)
2. ਉਲਟਾ
"ਕਮਲਾ ਭ੍ਰਮ ਭੀਤਿ ਕਮਲਾ ਭ੍ਰਮ ਭੀਤਿ ਹੇ ਤੀਖਣ

ਮਦ **ਬਿਪਰੀਤਿ** ਹੋ ਅਵਧ ਅਕਾਰਤ ਜਾਤ।"
— ਆਸਾ **੫**, ਛੰਤ ੧੪, ੧ : ੧ (461)

3. ਉਲਟਾਪਣ, ਪੁਠਾ ਚਲਣ ਦਾ ਸੁਭਾ
"ਬਿਨਸੈ ਦੁਖੁ **ਬਿਪਰੀਤਿ**।"
— ਨਟ **੫**, ੧੦, ੧* : ੩ (980)

ਬਿਪਲ — ਬਹੁਤ, ਅਧਿਕ
"**ਬਿਪਲ** ਬਸਤ੍ਰ ਕੇਤੇ ਹੈ ਪਹਿਰੇ ਕਿਆ ਬਨ ਮਧੇ ਬਾਸਾ।" — ਗਉ **ਕਬ**, ੬੨, ੧ : ੧ (338)

ਬਿਪਾਸ — ਬਿਆਸ ਦਰਿਆ
"ਗੋਬਿੰਦ ਵਾਲੁ ਗੋਬਿੰਦ ਪੁਰੀ ਸਮ ਜਲ੍ਹਨ ਤੀਰਿ **ਬਿਪਾਸ** ਬਨਾਯਉ।"
— ਸਵ **੪**, ਨਲ ੧੦ : ੪ (1400)

ਬਿਪੁ — ਨਿਰਾਦਰੀ ਦਾ ਸ਼ਬਦ, ਉਲਟ ਪੁਲਟ ਸ਼ਬਦ
"ਜਿਸੁ ਜਨ ਊਪਰਿ ਤੇਰੀ ਕਿਰਪਾ ਤਿਸ ਕਉ **ਬਿਪੁ** ਨ ਕੋਊ ਭਾਖੈ।"
— ਆਸਾ **੫**, ੪੯, ੨ : ੨ (383)

ਬਿਪ੍ਰ — ਬ੍ਰਾਹਮਣ
"**ਬਿਪ੍ਰ** ਸੁਦਾਮੇ ਦਾ ਲਦੁ ਭੰਜ।"
— ਬਸੰ **੫**, ਅਸ ੨, ੨ : ੩ (1192)

ਹੋਰ ਰੂਪ — ਬਿਪ੍ਰਾ —
"ਤਿਲਕ ਹੀਣੰ ਜਥਾ **ਬਿਪ੍ਰਾ** ਅਮਰ ਹੀਣੰ ਜਥਾ ਰਾਜਨਹ।" — ਸਸ **੫**, ੫੬ : ੨ (1359)

ਬਿੰਬ — 1. ਬੁਲਬੁਲਾ
"ਅਗਨਿ **ਬਿੰਬ** ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ।" — ਗਉ **੧**, ਅਸ ੧੨, ੧ : ੨ (156)
"ਸਾਹਿਬ ਰੰਗਿ ਰਾਤਾ ਸਚ ਕੀ ਬਾਤਾ ਜਿਨਿ **ਬਿੰਬ** ਕਾ ਕੋਟ ਉਸਾਰਿਆ।" (ਵੀਰਜ ਦੇ ਬੁਲਬੁਲੇ ਤੋਂ ਸਰੀਰ ਬਣਾ ਦਿਤਾ)
— ਸੂਹੀ **੧**, ਛੰਤ ੫, ੩ : ੩ (766)

2. ਜਿਸ ਚੀਜ਼ ਦਾ ਪ੍ਰਛਾਵਾਂ/ਅਕਸ ਪੈਂਦਾ ਹੈ
"ਜਿਉ ਪ੍ਰਤਿਬਿੰਬੁ **ਬਿੰਬ** ਕਉ ਮਿਲੀ ਹੈ ਉਦਕ ਕੁੰਭੁ ਬਿਗਰਾਨਾ।"
— ਆਸਾ **ਕਬ**, ੧, ੪ : ੧ (475)

3. ਪਾਣੀ
"**ਬਿੰਬ** ਬਿਨਾ ਕੈਸੇ ਕਪਰੇ ਧੋਦੀ।"
— ਗੋਂਡ **ਕਬ**, ੯, ੩ : ੨ (872)
"ਅਗਨਿ **ਬਿੰਬ** ਪਵਣੈ ਕੀ ਬਾਣੀ ਤੀਨਿ ਨਾਮ ਕੇ ਦਾਸਾ।" — ਪ੍ਰਭਾ **੧**, ੩, ੨ : ੧ (1328)

4. ਛਾਂ, ਸਾਇਆ
"ਤਿਨ੍ਹ ਤਰਿਓ ਸਮੁਦ੍ਰ ਰੁਦ੍ਰ ਖਿਨ ਇਕ ਮਹਿ ਜਲਹਰ **ਬਿੰਬ** ਜੁਗਤਿ ਜਗੁ ਰਚਾ।"
— ਸਵ **੪**, ਗਯੰ ੫ : ੨ (1402)

ਬਿਬਹਿ — ਦੂਸਰਾ, ਹੋਰ ਕੋਈ
"ਰੇਚਿਤ ਚੇਤਸਿ ਕੀਨ ਦਯਾਲ ਦਮੋਦਰ **ਬਿਬਹਿ** ਨ ਜਾਨਸਿ ਕੋਈ।"
— ਆਸਾ **ਧੰਨਾ**, ੩, ੧* : ੧ (488)

ਬਿਬਰਜਤ — ਵਰਜਿਆ ਹੋਇਆ ਭਾਵ ਛਡਣ ਯੋਗ, ਤਿਆਗਣ ਯੋਗ
"ਜੋ **ਬਿਬਰਜਤ** ਤਿਸ ਸਿਉ ਨੇਹ।"
— ਗਉ **੫**, ੯੮, ੧* : ੨ (185)

ਹੋਰ ਰੂਪ — ਬਿਬਰਜਿਤ —
"ਸੁੰਨ ਗੁਫਾ ਮਹਿ ਆਸਣੁ ਬੈਸਣੁ ਕਲਪ **ਬਿਬਰਜਿਤ** ਪੰਥਾ।" (ਤਿਆਗਨਾ)
— ਗਉ **ਕਬ**, ੫੩, ੧ : ੨ (334)

ਬਿਬਲੁ — ਲਹਿਰਾ ਸਮੇਤ ਝਗ ਵਾਲਾ ਪਾਣੀ,ਹੜਾਂ ਦਾ ਪਾਣੀ
"**ਬਿਬਲੁ** ਝਾਗਿ ਸਹਜਿ ਪਰਗਾਸਿਆ।"
— ਪ੍ਰਭਾ **੧**, ੧੩, ੧* : ੨ (1331)
(ਮਹਾਨਕੋਸ਼ ਇਸ ਦੇ ਅਰਥ 'ਆਤਮਕ ਬਲ ਰਹਿਤ' ਕਰਦਾ ਹੈ)

ਬਿਬਾਕਾ — (ਫਾ. ਬੇਬਾਕ) ਹਿਸਾਬ ਮੁਕ ਗਿਆ, ਭਾਵ ਛੁਟਕਾਰਾ ਹੋ ਗਿਆ, ਬਾਕੀ ਬਿਨਾ
"ਹਉਮੈ ਰੋਗ ਮਿਟੇ ਕਿਰਪਾ ਤੇ ਜਮ ਤੇ ਭਏ **ਬਿਬਾਕਾ**।" — ਧਨਾ **੫**, ੪, ੩ : ੨ (671)

ਬਿਬਾਣੀ — ਬੀਆ ਬਾਣਾਂ ਵਿਚ, ਉਜਾੜਾਂ ਵਿਚ
"ਆਪੇ ਜੋਗੀ ਆਪੇ ਭੋਗੀ ਆਪੇ ਸੰਨਿਆਸੀ ਫਿਰੈ **ਬਿਬਾਣੀ**।" — ਬਿਹਾ **੪**, ਵਾਰ ੧੨ : ੩ (553)

ਬਿਬਾਦਾ — ਝਗੜਾ
"ਸਰਬ ਭੂਤ ਏਕੈ ਕਰਿ ਜਾਨਿਆ ਚੂਕੇ ਬਾਦ **ਬਿਬਾਦਾ**।"— ਆਸਾ **ਕਬ**, ੨੮, ੩ : ੧ (483)

ਹੋਰ ਰੂਪ — ਬਿਬਾਦੁ —
"ਤੀਰਥਿ ਭਰਮੈ ਰੋਗੁ ਨ ਛੂਟਸਿ ਪੜਿਆ ਬਾਦੁ **ਬਿਬਾਦੁ** ਭਇਆ।" (ਬਹਿਸ ਮੁਬਾਸਾ)

— ਭੈਰ **੧**, ਅਸ ੧, ੮ : ੧ (1153)
"ਝੂਠੀ ਮਨ ਕੀ ਮਤਿ ਹੈ ਕਰਣੀ ਬਾਦਿ **ਬਿਬਾਦੁ**।" (ਝਗੜੇ ਵਾਲੀ)
— ਪ੍ਰਭਾ **੧**, ਅਸ ੩, ੩ : ੧ (1343)

ਹੋਰ ਰੂਪ — ਬਿਬਾਦੇ —
"ਭਾਈ ਮੀਤ ਕੁਟੰਬ ਦੇਖਿ **ਬਿਬਾਦੇ**।" (ਝਗੜਾ ਕਰਦੇ ਹਨ)
— ਆਸਾ **੫**, ੧, ੧ : ੩ (370)

ਬਿਬਿਧਿ — ਵਿਭਿੰਨ ਪ੍ਰਕਾਰ ਦੇ, ਵੱਖ ਵਖ
"ਬਾਹਰੁ ਉਦਕਿ ਪਖਾਰੀਐ ਘਟ ਭੀਤਰਿ **ਬਿਬਿਧਿ** ਬਿਕਾਰ।"
— ਗਉ **ਰਵਿ**, ਅਸ ੧, ੪ : ੧ (346)

ਬਿੰਬੁ — 1. ਬੁਲਬੁਲਾ
"ਜਲ ਵਿਚਹੁ **ਬਿੰਬੁ** ਉਠਾਲਿਓ ਜਲ ਮਾਹਿ ਸਮਾਈਆ।" — ਮਾਰੂ **੫**, ਵਾਰ ੬ : ੮ (1096)
2. ਪਾਣੀ
"ਜਲਾ **ਬਿੰਬੁ** ਅਸਰਾਲੁ ਤਿਨੈ ਵਰਤਾਇਆ।"
— ਮਲਾ **੧**, ਵਾਰ ੯ : ੪ (1282)

ਬਿਬੇਕ — 1. ਵਿਚਾਰ, ਗਲ ਦਾ ਠੀਕ ਸਰੂਪ ਨਿਸਚਿਤ ਕਰਨ ਦੀ ਕਿਰਿਆ, ਨਿਰਣਾ ਕਰਨ ਦੀ ਕਿਰਿਆ, ਨਿਰਣਾ ਸ਼ਕਤੀ
"ਸੋ ਜਨੁ ਰਲਾਇਆ ਨ ਰਲੈ ਜਿਸੁ ਅੰਤਰਿ **ਬਿਬੇਕ** ਬੀਚਾਰੁ।" — ਸਿਰੀ **੩**, ੩੯, ੨ : ੩ (28)
2. ਵਿਚਾਰ ਵਾਲੀ, ਨਿਰਣੇ ਵਾਲੀ
"ਸਚੋ ਸਚੁ ਵਖਾਣੀਐ ਸਚੋ ਬੁਧਿ **ਬਿਬੇਕ**।"
— ਸਿਰੀ **੫**, ੯੮, ੪ : ੨ (52)
"ਸਤਿ ਪੁਰਖ ਪੂਰਨ **ਬਿਬੇਕ**।" (ਵਿਚਾਰ ਵਾਲਾ)
— ਗਉ **੫**, ਸੁਖ ੧੮, ੫ : ੨ (287)
"ਓਇ ਸਦਾ ਅਨੰਦਿ **ਬਿਬੇਕ** ਰਹਹਿ ਦੁਖਿ ਸੁਖਿ ਟੇਕ ਸਮਾਨਿ।" (ਵਿਚਾਰ ਵਾਲੇ)
— ਸਲੋ **੩**, ੪੪ : ੩ (1418)
"ਮਨ ਚਿੰਦਿਆ ਫਲੁ ਪਾਇਲੀ ਅੰਤਰਿ **ਬਿਬੇਕ** ਬੀਚਾਰੁ।" (ਨਿਰਣੇ ਵਾਲੀ ਵੀਚਾਰ)
— ਸਲੋ **੪**, ੧੬ : ੪ (1422)
3. ਤਤ ਗਿਆਨ, ਸੁਧ ਵਿਚਾਰ
"ਗਾਵਹੁ ਗਾਵਹੁ ਕਾਮਣੀ **ਬਿਬੇਕ** ਬੀਚਾਰੁ।"
— ਆਸਾ **੧**, ੧੦, ੧* : ੧ (351)
"ਗੁਰ ਕੀ ਮਹਿਮਾ ਕਿਆ ਕਹਾ ਗੁਰੁ **ਬਿਬੇਕ** ਸਤਸਰੁ।"
— ਆਸਾ **੫**, ੧੦੪, ੩ : ੧ (397)
"ਕਬੀਰ ਰਾਮੈ ਰਾਮ ਕਹੁ ਕਹਿਬੇ ਮਾਹਿ **ਬਿਬੇਕ**।" (ਵਿਚਾਰ ਭਾਵ ਅੰਤਰ)
— ਸਲੋ **ਕਬ**, ੧੯੧ : ੧ (1374)

ਬਿਬੇਕਹੀਨ — ਵਿਚਾਰ ਵਿਹੂਣ
"ਸਗਲ ਅਸ੍ਰਮ ਕੀਨੇ ਮਨੂਆ ਨਹ ਪਤੀਨੇ **ਬਿਬੇਕਹੀਨ** ਦੇਹੀ ਧੋਏ।"
— ਧਨਾ **੫**, ਅਸ ੧, ੫ : ੧ (687)

ਬਿਬੇਕਾ — 1. ਬਿਬੇਕ/ਨਿਰਣੇ/ਵਿਚਾਰ ਵਾਲੀ
"ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ **ਬਿਬੇਕਾ**।" — ਸੋਰ **੫**, ਅਸ ੩, ੧* : ੨ (641)
"ਕਾਟ ਅਗਿਆਨ ਤਿਮਰ ਨਿਰਮਲੀਆ ਬੁਧਿ ਬਿਗਾਸ **ਬਿਬੇਕਾ**।" (ਵਿਚਾਰ ਵਾਲੀ)
— ਸਾਰ **੫**, ੨੨, ੧ : ੧ (1209)
2. ਨਿਰਣਾ, ਵਿਚਾਰ
"ਅਚਿੰਤੋ ਉਪਜਿਓ ਸਗਲ **ਬਿਬੇਕਾ**।"
— ਭੈਰ **੫**, ਅਸ ੩, ੨ : ੩ (1157)

ਬਿਬੇਕੀ — ਵਿਚਾਰਵਾਨ
"ਕਿਨਹਿ **ਬਿਬੇਕੀ** ਕਾਟੀ ਤੂੰ।"
— ਆਸਾ **ਕਬ**, ੪, ੧* : ੨ (476)

ਹੋਰ ਰੂਪ — ਬਿਬੇਕੀਆ —
"ਪਾਵੈ ਮੁਕਤਿ ਨ ਹੋਰ ਥੈ ਕੋਈ ਪੁਛਹੁ **ਬਿਬੇਕੀਆ** ਜਾਇ।" (ਵਿਚਾਰਵਾਨ ਨੂੰ)
— ਰਾਮ **੩**, ਅਨੰ ੨੨ : ੨ (920)

ਬਿਬੇਕੁ — 1. ਨਿਰਣੇ ਕਰਨ ਵਾਲੀ ਵਿਚਾਰ
"ਅੰਤਰਿ **ਬਿਬੇਕੁ** ਸਦਾ ਆਪੁ ਵੀਚਾਰੇ ਗੁਰ ਸਬਦੀ ਗੁਣ ਗਾਵਣਿਆ।"
— ਮਾਝ **੩**, ਅਸ ੩੨, ੩ : ੩ (128)
2. ਆਤਮਕ ਵਿਚਾਰ, ਤੱਤ ਵਿਚਾਰ
"ਬੂਝੈ ਬ੍ਰਹਮੁ ਅੰਤਰਿ **ਬਿਬੇਕੁ**।"
— ਆਸਾ **੧**, ੨੦, ੪ : ੪ (355)
3. ਨਿਰਣਾ ਕਰਨ ਵਾਲਾ, ਨਿਖੇੜਾ ਕਰਨ ਵਾਲਾ
"ਆਪਿ **ਬਿਬੇਕੁ** ਆਪਿ ਸਭੁ ਬੇਤਾ ਆਪੇ ਗੁਰਮੁਖਿ ਭੰਜਨੁ।" — ਬਿਹਾ **੪**, ਵਾਰ ੧੦ : ੪ (552)

4. ਵਿਚਾਰ, ਨਿਰਣਾ
"ਕੋਈ ਬੂਝੈ ਬੂਝਣਹਾਰਾ ਅੰਤਰਿ **ਬਿਬੇਕੁ** ਕਰਿ।"
— ਸੋਰ **੪**, ਵਾਰ ੧੧ : ੩ (646)
"ਸੁਖੈ ਏਹੁ **ਬਿਬੇਕੁ** ਹੈ ਅੰਤਰੁ ਨਿਰਮਲੁ ਹੋਇ।"
(ਵਿਚਾਰ ਭਾਵ ਨਿਸ਼ਾਨੀ)
— ਰਾਮ **੩**, ਵਾਰ ੧ਸ, **੩**, ੩ : ੨ (947)

ਬਿਬੇਕੈ — 1. ਵਿਚਾਰ ਕਰਕੇ
"ਆਪੇ ਬੁਧਿ ਬੀਚਾਰਿ **ਬਿਬੇਕੈ**।"
— ਗਉ **੫**, ਅਸ ੧, ੮ : ੨ (236)
2. ਵਿਚਾਰ ਵਾਲੀ, ਬਿਬੇਕ ਵਾਲੀ
"ਨਾਨਕ ਜਨ ਕੈ ਬਿਰਤਿ **ਬਿਬੇਕੈ**।"
— ਗਉ **੫**, ਸੁਖ ੨, ੫ : ੧੦ (264)

ਬਿਬੇਕੋ — ਗਿਆਨ, ਵੀਚਾਰ
"ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ **ਬਿਬੇਕੋ**।" — ਸੂਹੀ **ਕਬ**, ੫, ੪ : ੨ (792)

ਬਿਭਉ — ਪ੍ਰਤਾਪ, ਐਸ਼ਵਰਜ
"ਆਪਨ **ਬਿਭਉ** ਆਪ ਹੀ ਜਰਨਾ।"
— ਬਿਲਾ **੫**, ੭, ੧* : ੨ (803)
(ਮਹਾਨਕੋਸ਼ ਇਥੇ ਅਰਥ 'ਨਿਰਭਉ' ਭੈ ਰਹਿਤ ਕਰਦਾ ਹੈ)

ਬਿਭੂਖਣ — ਗਹਿਣੇ, ਜੇਵਰ, ਸ਼ੋਭਾ ਵਧਾਉਣ ਵਾਲੀ ਵਸਤ
"ਮੁਖਿ ਝੂਠ **ਬਿਭੂਖਣ** ਸਾਰੰ।"
— ਆਸਾ **੧**, ਵਾਰ ੨੪ਸ, **੧**, ੨ : ੩ (470)

ਬਿਭੂਖਨ — ਗਹਿਣੇ
"ਬਸਤ੍ਰ **ਬਿਭੂਖਨ** ਸੁਖ ਬਹੁਤ ਬਿਸੇਖੈ।"
— ਆਸਾ **੫**, ੧੧, ੨ : ੧ (373)

ਬਿਭੂਤ — 1. ਭਸਮ, ਸੁਆਹ
"ਸੰਨਿਆਸੀ **ਬਿਭੂਤ** ਲਾਇ ਦੇਹ ਸਵਾਰੀ।"
— ਗਉ **੪**, ੩੯, ੨ : ੧ (164)
ਹੋਰ ਰੂਪ — ਬਿਭੂਤੰ —
"ਪਤੁ ਵੀਚਾਰੁ ਗਿਆਨ ਮਤਿ ਡੰਡਾ ਵਰਤਮਾਨ **ਬਿਭੂਤੰ**।" (ਭਸਮ)
— ਆਸਾ **੧**, ੩੭, ੩ : ੧ (360)
ਬਿਭੂਤਾ —
"ਜਾ ਤੁਧੁ ਭਾਵਹਿ ਤਾ ਕਰਹਿ **ਬਿਭੂਤਾ** ਸਿੰਙੀ ਨਾਦੁ ਵਜਾਵਹਿ।" (ਭਸਮ)
— ਮਾਝ **੧**, ਵਾਰ ੧੫ਸ, **੧**, ੧ : ੨ (145)
ਬਿਭੂਤਿ —
"ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ **ਬਿਭੂਤਿ**।" (ਭਸਮ)
— ਜਪੁ **੧**, ੨੮ : ੧ (6)
2. ਦੌਲਤ, ਧਨ
"ਆਨ **ਬਿਭੂਤ** ਮਿਥਿਆ ਕਰਿ ਮਾਨਹੁ ਸਾਚਾ ਇਹੈ ਸੁਆਉ।"
— ਸਾਰ **੫**, ੭੬, ੧ : ੨ (1219)
ਹੋਰ ਰੂਪ — ਬਿਭੂਤਿ —
"ਕਰਹਿ **ਬਿਭੂਤਿ** ਲਗਾਵਹਿ ਭਸਮੈ।" (ਧਨ, ਦੌਲਤ)
— ਮਾਰੂ **੧**, ਸੋਲਾ ੨੨, ੧੨ : ੧ (1043)

ਬਿਭੇਦੁ — ਅੰਤਰ, ਭਿੰਨਤਾ
"ਇਹ ਪਧਤਿ ਤੇ ਮਤ ਚੂਕਹਿ ਰੇ ਮਨ ਭੇਦੁ **ਬਿਭੇਦੁ** ਨ ਜਾਨ ਬੀਅਉ।"
— ਸਵ **੫**, ਮਥੁ ੫ : ੩ (1409)
(ਮਹਾਨਕੋਸ਼ ਅਰਥ 'ਤਬਦੀਲੀ ਪਰਿਵਰਤਨ' ਕਰਦਾ ਹੈ)

ਬਿਭੈ — ਧਨ, ਦੌਲਤ ਸੰਪਦਾ
"ਸੋਭਾ ਰਾਜ **ਬਿਭੈ** ਬਡਿਆਈ।"
— ਧੰਨਾ **ਕਬ**, ੪, ੨ : ੧ (692)

ਬਿਮਲ — 1. ਮੈਲ ਰਹਿਤ, ਨਿਰਮਲ
"ਸਹਸ ਪਦ **ਬਿਮਲ** ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ।"
— ਧਨਾ **੧**, ਸੋਹ ੩, ੨ : ੨ (13)
"ਦੇਹਿ **ਬਿਮਲ** ਮਤਿ ਸਦਾ ਸਰੀਰਾ।" (ਪਵਿਤਰ ਬੁੱਧੀ) — ਆਸਾ **ਕਬ**, ੧੨, ੪ : ੧ (478)
"ਆਗੈ **ਬਿਮਲ** ਨਦੀ ਅਗਨਿ ਬਿਖੁ ਝੇਲਾ।" (ਨਿਰੋਲ ਅਗ ਦੀ ਨਦੀ)
— ਮਾਰੂ **੧**, ਸੋਲਾ ੬, ੯ : ੧ (1026)
(ਮਹਾਨਕੋਸ਼ ਇਸ ਦੇ ਅਰਥ 'ਮਲ ਸਹਿਤ' ਮਲੀਨ ਕਰਦਾ ਹੈ)

ਬਿਮੁਖਨ — ਬੇਮੁਖ, ਮੁੰਨਕਰ
"ਛਾਡਿ ਮਨ ਹਰਿ **ਬਿਮੁਖਨ** ਕੋ ਸੰਗੁ।"
— ਸਾਰ **ਸੂਰ**, ੧* (1253)

ਬਿਮੁਚਤੇ — ਕਟੇ ਜਾਣੇ, ਨਾਸ ਹੋ ਜਾਣੇ

"ਉਚਰੰਤਿ ਨਾਨਕ ਹਰਿ ਹਰਿ ਰਸਨਾ ਸਰਬ ਪਾਪ **ਬਿਮੁਚਤੇ**।" (ਛਡ ਦੇਣਾ)
— ਜੈਤ **੫**, ਵਾਰ ੫ਸ, **੫**, ੧ : ੨ (706)

ਬਿਮੁੰਚਿਤ — ਖਲਾਸੀ ਮਿਲਦੀ ਹੈ। ਛੁਟਕਾਰਾ ਮਿਲਦਾ ਹੈ
"ਤਵ ਭੈ **ਬਿਮੁੰਚਿਤ** ਸਾਧ ਸੰਗਮ, ਓਟ ਨਾਨਕ ਨਾਰਾਇਣਹ।" — ਸਸ **੫**, ੪੬ : ੪ (1358)

ਬਿਮੋਹਨਹ — ਮੋਹਨ ਵਾਲੇ
"ਗਣ ਗੰਧਰਬ ਦੇਵ ਮਾਨੁਖੵੰ ਪਸੁ ਪੰਖੀ **ਬਿਮੋਹਨਹ**।"
— ਸਸ **੫**, ੪੫ : ੨ (1358)

ਬਿਮੋਹਿਆ — ਮੋਹ ਲਿਆ, ਵਸ ਵਿਚ ਕਰ ਲਿਆ
"ਐਸੇ ਮੇਰਾ ਮਨੁ ਬਿਖਿਆ **ਬਿਮੋਹਿਆ** ਕਛੁ ਆਰਾ ਪਾਰੁ ਨ ਸੂਝ।"
— ਗਉ **ਰਵਿ**, ੧, ੧ : ੨ (346)

ਬਿਮੋਹਿਤ — ਮੋਹੇ ਜਾਣਹ
"ਐਸਾ ਦੇਖਿ **ਬਿਮੋਹਿਤ** ਹੋਏ।"
— ਆਸਾ **੫**, ੧, ੧* : ੧ (370)

ਬਿਰਹ — 1. ਵਿਛੋੜਾ, ਜੁਦਾਈ
"**ਬਿਰਹ** ਵਿਛੋੜਾ ਧਣੀ ਸਿਉ ਨਾਨਕ ਸਹਸੈ ਗੰਠਿ।"
— ਗਉ **੫**, ਵਾਰ ੭ਸ, **੫**, ੧ : ੨ (319)

ਹੋਰ ਰੂਪ — ਬਿਰਹੰ —
"ਚਰਨ ਕਮਲ **ਬਿਰਹੰ** ਖੋਜੰਤ ਬੈਰਾਗੀ ਦਹ ਦਿਸਹ।" (ਵਿਯੋਗ ਵਿਚ)
— ਜੈਤ **੫**, ਵਾਰ ੭ਸ, **੫**, ੧ : ੧ (707)

2. ਵਿਯੋਗ
"ਧੋਬੀ ਧੋਵੈ **ਬਿਰਹ** ਬਿਰਾਤਾ।"
— ਬਸੰ **ਨਾਮ**, ੩, ੨ : ੧ (1196)

ਬਿਰਹੜਾ — ਵਿਯੋਗ ਸਬੰਧੀ, ਵਿਛੋੜੇ ਵਾਲਾ
"ਗਾਵਹੁ ਗੀਤੁ ਨ **ਬਿਰਹੜਾ** ਨਾਨਕ ਬ੍ਰਹਮ ਬੀਚਾਰੋ।" — ਵਡ **੧**, ਅਲਾ ੩, **੮** : ੪ (581)

ਬਿਰਹਾ — ਵਿਛੋੜਾ
"ਹੋਰੁ **ਬਿਰਹਾ** ਸਭ ਧਾਤੁ ਹੈ ਜਬ ਲਗੁ ਸਾਹਿਬ ਪ੍ਰੀਤਿ ਨ ਹੋਇ।" (ਭਾਵ ਪਿਆਰ)
— ਸਿਰੀ **੪**, ਵਾਰ ੧ਸ, **੩**, ੨ : ੧ (83)
"ਨਾਨਕ ਜਿਸੁ ਪਿੰਜਰ ਮਹਿ **ਬਿਰਹਾ** ਨਹੀ ਸੋ ਪਿੰਜਰੁ ਲੈ ਜਾਰਿ।" (ਪਿਆਰ ਦੀ ਖਿਚ)
— ਸਿਰੀ **੪**, ਵਾਰ ੧੫ਸ, **੨**, ੧ : ੨ (89)

ਹੋਰ ਰੂਪ — ਬਿਰਹਿ —
"ਸਖੀ ਸਹੇਲੀ ਨਨਦ ਗਹੇਲੀ ਦੇਵਰ ਕੇ **ਬਿਰਹਿ** ਜਰਉਰੇ।" (ਵਿਛੋੜੇ ਨਾਲ)
— ਆਸਾ **ਕਬ**, ੨੫, ੧ : ੨ (482)

ਬਿਰਹੀ —
"ਮੇਰਾ **ਬਿਰਹੀ** ਨਾਮੁ ਮਿਲੈ ਤਾ ਜੀਵਾ ਜੀਉ।" (ਵਿਛੁੜਿਆ ਹੋਇਆ)
— ਗਉ **੪**, ੭੦, ੧ : ੧ (175)

ਬਿਰਹੀ — 1. ਵਿਛੜਿਆ ਹੋਇਆ, ਵੇਖੋ 'ਬਿਰਹਾ'
2. ਪ੍ਰੇਮੀ, ਵਿਯੋਗੀ, ਪਿਆਰ ਵਾਲੇ
"ਸਤਿਗੁਰੁ **ਬਿਰਹੀ** ਨਾਮ ਕਾ ਜੇ ਮਿਲੈ ਤਨੁ ਮਨੁ ਦੇਉ।" — ਸੂਹੀ **੪**, ਅਸ ੨, ੩ : ੧ (758)
"ਝੜਿ ਝੜਿ ਪਵਦੇ ਕਚੇ **ਬਿਰਹੀ** ਜਿਨ੍ਹਾ ਕਰਿ ਨੇ ਆਈ।" (ਪਿਆਰੇ ਵਾਲੇ)
— ਸਲੋ **੫**, ੧ : ੨ (1424)

ਬਿਰਹੁ — 1. ਵਿਛੋੜਾ, ਵਿਛੋੜੇ ਦਾ ਦਰਦ
"ਮੈ ਮਨਿ ਤਨਿ **ਬਿਰਹੁ** ਅਤਿ ਅਗਲਾ ਕਿਉ ਪ੍ਰੀਤਮੁ ਮਿਲੈ ਘਰਿ ਆਇ।"
— ਸਿਰੀ **੪**, ੬੫, ੧ : ੧ (39)

ਹੋਰ ਰੂਪ — ਬਿਰਹੇ —
"ਨਾਨਕ ਸਤੀਆ ਜਾਣੀਅਨਿ ਜਿ **ਬਿਰਹੇ** ਚੋਟ ਮਰੰਨਿ।" (ਵਿਛੋੜੇ ਦੀ)
— ਸੂਹੀ **੩**, ਵਾਰ ੬ਸ, **੩**, ੧ : ੨ (787)

ਬਿਰਹੈ —
"ਅਪਨੇ ਪ੍ਰੀਤਮ ਕੇ ਹਉ **ਬਿਰਹੈ** ਜਾਲੀ।" (ਵਿਛੋੜੇ ਸਦਕਾ)
— ਸੂਹੀ **ਫਰ**, ੧, ੨ : ੨ (794)

2. ਸਿਕ
"ਮੈ ਹਰਿ ਨਾਮੈ ਹਰਿ **ਬਿਰਹੁ** ਲਗਾਈ ਜੀਉ।"
— ਗਉ **੪**, ੬੯, ੧ : ੧ (175)

3. ਵਿਛੋੜੇ ਤੋਂ ਉਪਜਿਆ ਪ੍ਰੇਮ,ਪਿਆਰ
"ਹਰਿ ਜਾਣਹਿ ਸੇਈ **ਬਿਰਹੁ** ਹਉ ਤਿਨ ਵਿਟਹੁ ਸਦ ਮੁਘਿ ਘੋਲੀਆ।"
— ਗਉ **੪**, ਵਾਰ ੧੯ਸ, **੪**, ੧ : ੨ (311)
"ਲਾਇ **ਬਿਰਹੁ** ਭਗਵੰਤ ਸੰਗੇ ਹੋਇ ਮਿਲੁ ਬੈਰਾਗਨਿ ਰਾਮ।" (ਪਿਆਰ)
— ਬਿਲਾ **੫**, ਛੰਤ ੪, ੪ : ੧ (848)

4. ਵਿਛੋੜੇ ਦੀ ਤਾਂਘ

"ਨੈਨੀ **ਬਿਰਹੁ** ਦੇਖਾ ਪ੍ਰਭ ਸੁਆਮੀ ਰਸਨਾ ਨਾਮੁ ਵਖਾਨੀ।" — ਸਾਰ **੪**, ੫, ੩ : ੧ (1200)

ਹੋਰ ਰੂਪ — ਬਿਰਹੈ —

"**ਬਿਰਹੈ** ਬੇਧੀ ਸਚਿ ਵਸੀ ਭਾਈ ਅਧਿਕ ਰਹੀ ਹਰਿ ਨਾਇ।" (ਪਿਆਰ ਦੀ)

— ਸੋਰ **੧**, ਅਸ ੪, ੮ : ੨ (637)

ਬਿਰਕਤੁ — ਤਿਆਗੀ, ਨਿਰਲੇਪ

"ਹਮਰਾ ਮਨੁ ਬੈਰਾਗ **ਬਿਰਕਤੁ** ਭਇਓ ਹਰਿ ਦਰਸਨ ਮੀਤ ਕੈ ਤਾਈ।" (ਤਿਆਗੀ)

— ਆਸਾ **੪**, ੬੨, ੧ : ੧ (369)

"ਦੁਖੁ ਸੁਖੁ ਗੁਰਮੁਖਿ ਸਮ ਕਰਿ ਜਾਣਾ ਹਰਖ ਸੋਗ ਤੇ **ਬਿਰਕਤੁ** ਭਇਆ।" (ਨਿਰਲੇਖ)

— ਰਾਮ **੧**, ਅਸ ੨, ੧੨ : ੧ (907)

ਬਿਰਕਾਤੇ — ਛੱਡ ਦਿਤੇ, ਤਿਆਗ ਦਿਤੇ

"ਅਬ ਮੋਹਿ ਸਰਬ ਉਪਾਵ **ਬਿਰਕਾਤੇ**।"

— ਸਾਰ **੫**, ੨੬, ੧* : ੧ (1209)

ਬਿਰਖ — (ਸੰ. वृक्ष) ਦਰਖਤ

"ਪੰਖੀ **ਬਿਰਖ** ਸੁਹਾਵੜੇ ਊਡਹਿ ਚਹੁ ਦਿਸਿ ਜਾਹਿ।"

— ਸਿਰੀ **੩**, ਅਸ ੨੦, ੨ : ੧ (66)

"**ਬਿਰਖ** ਕੀ ਛਾਇਆ ਸਿਉ ਰੰਗੁ ਲਾਵੈ।"

— ਗਉ **੫**, ਸੁਖ ੫, ੩ : ੩ (268)

ਹੋਰ ਰੂਪ — ਬਿਰਖਾ —

"ਜਿਉ ਚੰਦਨ ਸੰਗਿ ਬਸੈ ਨਿੰਮੁ **ਬਿਰਖਾ** ਗੁਨ ਚੰਦਨ ਕੇ ਬਸਖੇ।"

— ਨਟ **੪**, ੩ : ੨ (976)

ਬਿਰਖਾਂ —

"ਪੁਰਖਾਂ **ਬਿਰਖਾਂ** ਤੀਰਥਾਂ ਤਟਾਂ ਮੇਘਾਂ ਖੇਤਾਂਹ।" (ਦਰਖਤਾਂ)

— ਆਸਾ **੧**, ਵਾਰ ੮ਸ, **੧**, ੧ : ੧ (467)

ਬਿਰਖਿ —

"ਪੰਖੀ **ਬਿਰਖਿ** ਸੁਹਾਵੜਾ ਸਚੁ ਚੁਗੈ ਗੁਰ ਭਾਇ।" (ਦਰਖਤ, ਭਾਵ ਸਰੀਰ ਰੂਪੀ ਦਰਖਤ) — ਰਾਮ **੩**, ੨੦, ੧ : ੧ (66)

ਬਿਰਖੀ —

"ਨਾ ਸਤਿ ਰੁਖੀ **ਬਿਰਖੀ** ਪਥਰ ਆਪੁ ਤਛਾਵਹਿ ਦੁਖ ਸਹਹਿ।" (ਦਰਖਤ ਵਾਂਗ)

— ਸਿਰੀ **੩**, ਵਾਰ ੧੨ਸ, **੧**, ੧ : ੩ (952)

ਬਿਰਖੀਂ —

"ਰੁਖੀ **ਬਿਰਖੀਂ** ਊਡਉ ਭੂਖਾ ਪੀਵਾ ਨਾਮੁ ਸੁਭਾਈ।" (ਦਰਖਤਾਂ ਵਿਚੀਂ)

— ਮਲਾ **੧**, ਅਸ ੩, ੪ : ੧ (1274)

ਬਿਰਖੁ —

"ਸਫਲਿਓ **ਬਿਰਖੁ** ਹਰੀਆਵਲਾ ਛਾਵ ਘਣੇਰੀ ਹੋਇ।"

— ਸਿਰੀ **੧**, ਅਸ ੧੦, ੨ : ੨ (59)

ਬਿਰਖੈ —

"**ਬਿਰਖੈ** ਹੇਠਿ ਸਭਿ ਜੰਤ ਇਕਠੇ।"

— ਮਾਰੂ **੫**, ਅਸ ੮, ੧ : ੧ (1019)

2. (ਸੰ. वृष) ਬੈਲ

"ਆਠ ਪਹਰ ਮਹਾ ਸ੍ਰਮੁ ਪਾਇਆ ਜੈਸੇ **ਬਿਰਖ** ਜੰਤੀ ਜੋਤ।"

— ਕੇਦਾ **੫**, ੧੩, ੧ : ੨ (1121)

ਬਿਰੰਗ — ਬਦਰੰਗ

"ਮਾਇਆ ਰੰਗ **ਬਿਰੰਗ** ਖਿਨੈ ਮਹਿ ਜਿਉ ਬਾਦਰ ਕੀ ਛਾਇਆ।"

— ਮਾਰੂ **੫**, ੧੬, ੩ : ੧ (1003)

ਬਿਰੰਚ — ਬ੍ਰਹਮਾ

"ਸਿਵ **ਬਿਰੰਚ** ਅਰੁ ਇੰਦ੍ਰ ਲੋਕ ਤਾ ਮਹਿ ਜਲਤੌ ਫਿਰਿਆ।" — ਸਾਰ **੫**, ੭੫, ੧ : ੧ (1219)

ਹੋਰ ਰੂਪ — ਬਿਰੰਚਿ —

"ਸਿਵ **ਬਿਰੰਚਿ** ਅਰੁ ਸਗਲ ਮੋਨਿ ਜਨ ਗਹਿ ਨ ਸਕਾਹਿ ਗਤਾ।"

— ਗੂਜ **੫**, ੧੧, ੧ : ੨ (498)

ਬਿਰਤਿ — ਬਿਰਤੀ, ਰੁਚੀ, ਸ਼ੌਕ

"ਆਖੇੜ **ਬਿਰਤਿ** ਰਾਜਨ ਕੀ ਲੀਲਾ।"

— ਗਉ **੫**, ੮੧, ੩ : ੩ (179)

"ਨਾਨਕ ਜਨ ਕੈ **ਬਿਰਤਿ** ਬਿਬੇਕੈ।"

— ਗਉ **੫**, ਸੁਖ ੨, ੫ : ੧੦ (264)

(ਮਹਾਨਕੋਸ਼ ਇਸ ਦੇ ਅਰਥ 'ਉਪਰਾਮਤਾ' ਕਰਦਾ ਹੈ)

ਬਿਰੰਥ — ਬਿਰਥਾ, ਨਿਰਾਰਥਕ

"ਬਿਨੁ ਭੈ ਭਗਤੀ ਜਨਮੁ **ਬਿਰੰਥ**।"

— ਆਸਾ **੧**, ਅਸ ੪, ੬ : ੩ (413)

ਬਿਰਥੜਾ — ਖਾਲੀ, ਮਹਿਰੂਮ

"ਪਹੀ ਨ ਵੰਞੈ **ਬਿਰਥੜਾ** ਜੋ ਘਰਿ ਆਵੈ ਚਲਿ।"
— ਮਾਰੂ **੫**, ਵਾਰ ੩ਸ, **੫**, ੨ : ੨ (1095)

ਬਿਰਥਾ — 1. ਵਿਅਰਥ, ਫਜ਼ੂਲ ਹੀ, ਅਜਾਂਈਂ ਹੀ
"ਬਿਨੁ ਸਬਦੈ ਪਿਰੁ ਨ ਪਾਈਐ **ਬਿਰਥਾ** ਜਨਮੁ ਗਵਾਇ।" — ਸਿਰੀ **੩**, ੪੭, ੨ : ੩ (31)
2. ਖਾਲੀ (ਫਲ) ਵਿਹੂਣ, ਵੇਖੋ 'ਬਿਰਥੀ' (2)
"ਗੁਰ ਪੂਰੇ ਕੀ ਚਾਕਰੀ **ਬਿਰਥਾ** ਜਾਇ ਨ ਕੋਇ।"
— ਸਿਰੀ **੫**, ੮੧, ੧* : ੨ (46)
"ਸੰਗਿ ਸਹਾਈ ਹਰਿ ਨਾਮੁ ਧਿਆਈ **ਬਿਰਥਾ** ਕੋਇ ਨ ਜਾਏ।" (ਖਾਲੀ)
— ਸਿਰੀ **੫**, ਛੰਤ ੨, ੧ : ੩ (79)
"ਜਿਸ ਤੇ **ਬਿਰਥਾ** ਕੋਇ ਨਾਹਿ।" (ਖਾਲੀ ਤੇ ਵਿਹੂਣਾ) — ਮਾਲੀ **੫**, ੫, ੨ : ੨ (987)
3. ਪੀੜਾ, ਦੁਖ
"ਮਨ ਬਾਂਛਤ ਫਲ ਦੇਤ ਹੈ ਸੁਆਮੀ ਜੀਅ ਕੀ **ਬਿਰਥਾ** ਸਾਰੇ।"
— ਸਿਰੀ **੫**, ਛੰਤ ੩, ੨ : ੪ (80)
"ਜੀਅ ਕੀ **ਬਿਰਥਾ** ਸੋ ਸੁਣੇ ਹਰਿ ਸੰਮ੍ਰਿਥ ਪੁਰਖੁ ਅਪਾਰੁ।" (ਦਰਦ)
— ਮਾਝ **੫**, ਦਿਨ ੨ : ੧ (136)
4. ਹਾਲਤ
"ਜਾਣਹਿ **ਬਿਹਰਥਾ** ਸਭਾ ਮਨ ਕੀ ਹੋਰੁ ਕਿਸੁ ਪਹਿ ਆਖਿ ਸੁਣਾਈਐ।"
— ਆਸਾ **੫**, ੪੬, ੨ : ੧ (382)
"ਸੂਖ ਦੂਖ ਇਸ ਮਨ ਕੀ **ਬਿਰਥਾ** ਤੁਝ ਹੀ ਆਗੈ ਸਾਰੈ।" — ਬਿਲਾ **੫**, ੮੨, ੧ : ੨ (820)
5. ਭਾਵ ਨਿਰਾਰਥਕ, ਵਿਹਲਾ
"**ਬਿੰਰਥਾ** ਕਾਹੂ ਛੋਡੈ ਨਾਹੀ।"
— ਆਸਾ **੫**, ੯੦, ੧ : ੩ (393)
"ਨਾਨਕ **ਬਿਰਥਾ** ਕੋਇ ਨ ਹੋਇ।" (ਨਿਕੰਮਾ)
— ਰਾਮ **੧**, ੮, ੧* : ੧ (878)

ਬਿਰਥਾਰੀ — ਫਜ਼ੂਲ, ਨਿਰਾਰਥਕ
"ਬਿਨੁ ਸਾਧੂ ਜੋ ਜੀਵਨਾ ਤੇਤੋ **ਬਿਰਥਾਰੀ**।"
— ਬਿਲਾ **੫**, ੪੦, ੧ : ੧ (810)
ਹੋਰ ਰੂਪ — ਬਿਰਥਾਰੇ —
"ਸੂਮੁ ਪਾਵੈ ਸਗਲੇ **ਬਿਰਥਾਰੇ**।" (ਫਜ਼ੂਲ)
— ਗਉ **੫**, ਸੁਖ ੧੨, ੩ : ੨ (278)

ਬਿਰਥਿਆ — ਵਿਅਰਥ
"ਪਟ ਪਟੰਬਰ **ਬਿਰਥਿਆ** ਜਿਹ ਰਚਿ ਲੋਭਾਏ।"
— ਸੂਹੀ **੫**, ੪੧, ੩ : ੨ (745)

ਬਿਰਥੀ — 1. ਵਿਅਰਥ, ਅਜਾਈਂ
"ਜਾ ਕੀ ਟਹਲ ਨ **ਬਿਰਥੀ** ਜਾਇ।"
— ਗਉ **੫**, ੬੪, ੩ : ੩ (184)
ਹੋਰ ਰੂਪ — ਬਿਰਥੀਆ —
"ਅਵਰ ਸਿਆਣਪਾ **ਬਿਰਥੀਆ** ਪਿਆਰੇ ਰਾਖਨ ਕਉ ਤੁਮ ਟੇਕ।" (ਫਜ਼ੂਲ, ਬੇਅਰਥ)
— ਬਿਲਾ **੫**, ੪, ੧* : ੨ (802)
ਬਿਰਥੇ —
"ਹਰਿ ਬਿਨੁ ਅਵਰ ਕ੍ਰਿਆ **ਬਿਰਥੇ**।" (ਬੇਅਰਥ)
— ਗਉ **੫**, ੧੬੪, ੧* : ੨ (216)
2. ਫਲ ਵਿਹੂਣੀ, ਖਾਲੀ ਵੇਖੋ 'ਬਿਰਥੀ' (2)
"ਜੋ ਇਛਹਿ ਸੋਈ ਫਲੁ ਪਾਵਹਿ **ਬਿਰਥੀ** ਆਸ ਨ ਜਾਈ।"
— ਸੋਰ **੫**, ੨੯, ੧* : ੨ (628)

ਬਿਰਥੇ — 1. ਵਿਅਰਥ, ਫਜ਼ੂਲ, ਵੇਖੋ 'ਬਿਰਥੀ' (1)
2. ਪੀੜਾ, ਦੁਖ
"ਤੁਮ ਬਡ ਦਾਤੇ ਜੀਅ ਜੀਅਨ ਕੇ ਤੁਮ ਜਨਹੁ ਹਮ **ਬਿਰਥੇ**।"
— ਕਲਿ **੪**, ੩, ੨ : ੨ (1320)

ਬਿਰਦ — ਸੁਭਾ, ਨਿਤਕਰਮ, ਖਾਸਾ
"ਨਾਨਕ ਲਾਜ **ਬਿਰਦ** ਕੀ ਰਾਖਹੁ ਨਾਮੁ ਤੁਹਾਰਉ ਲੀਨਉ।" — ਸੋਰ **੯**, ੯, ੩ : ੨ (633)

ਬਿਰਦਾਇਓ — ਖਾਸਾ/ਸੁਭਾ/ਨਿਤਨਿਯਮ ਹੈ
"ਪ੍ਰਭ ਕੋ ਭਗਤਿ ਵਛਲੁ **ਬਿਰਦਾਇਓ**।"
— ਗੂਜ **੫**, ੧੨, ੧* : ੧ (498)
ਹੋਰ ਰੂਪ — ਬਿਰਦਾਇਆ —
"ਸ੍ਰੀ ਰੰਗੇ ਦਇਆਲ ਮਨੋਹਰ ਭਗਤ ਵਛਲੁ **ਬਿਰਦਾਇਆ**।"
— ਗਉ **੫**, ਛੰਤ ੩, ੨ : ੨ (248)

ਬਿਰਦੁ — ਨਿਤ ਦਾ ਕਰਮ, ਧਰਮ, ਸੁਭਾ
"ਪ੍ਰਭਿ ਅਪਣਾ **ਬਿਰਦੁ** ਸਮਾਰਿਆ।"
— ਸਿਰੀ **੧**, ਅਸ ੨੮, ੧੮ : ੨ (72)

"ਭਗਤਿ ਵਛਲੁ ਤੇਰਾ **ਬਿਰਦੁ** ਹੈ ਜੁਗਿ ਜੁਗਿ ਵਰਤੰਦਾ।" — ਗਉ **੫**, ਵਾਰ ੫ : ੪ (319)
"ਮਨਹੁ ਜਿ ਅੰਧੇ ਕੂਪ ਕਹਿਆ **ਬਿਰਦੁ** ਨ ਜਾਣਨੀ।" (ਭਾਵ ਲਾਜ ਨਹੀ ਪਾ ਲਦੇ)
— ਸਾਰ **੪**, ਵਾਰ ੨੨ਸ, **੧**, ੨ : ੧ (1245)

ਬਿਰਧਾਨਾ — ਬੁੱਢਾ ਹੋ ਗਿਆ
"ਬਾਲ ਬਿਵਸਥਾ ਤੇ **ਬਿਰਧਾਨਾ**।"
— ਆਸਾ **੫**, ੭੫, ੨ : ੧ (389)
ਹੋਰ ਰੂਪ — ਬਿਰਧਾਨੀ —
"ਸੋਗ ਹਰਖ ਮਹਿ ਦੇਹ **ਬਿਰਧਾਨੀ**।" (ਬੁੱਢੀ ਹੋ ਗਈ) — ਰਾਮ **੫**, ੧੯, ੩ : ੩ (888)
ਬਿਰਧਾਨੋ —
"ਕਰਤ ਕਰਤ ਇਵਹੀ **ਬਿਰਧਾਨੋ** ਹਾਰਿਓ ਉਕਤੇ ਤਨੁ ਖੀਨ ਸੁਆ।" (ਬੁੱਢਾ ਹੋ ਗਿਆ)
— ਗਉ **੫**, ੧੨੭*, ੩ : ੧ (206)

ਬਿਰਧਿ — ਬੁੱਢਾ
"ਬਾਲਕੁ **ਬਿਰਧਿ** ਨ ਜਾਣੀਐ ਨਿਹਚਲ ਤਿਸੁ ਦਰਵਾਹੁ।" — ਸਿਰੀ **੫**, ੮੩, ੨ : ੩ (47)
2. (ਸੰ. ਵ੍ਰਧੑਤ੍ਰ) ਵਾਧਾ
"ਦੁਖੁ ਪਾਵਹਿ ਦੁਖੁ ਸੰਚਹਿ ਭੋਗਹਿ ਦੁਖ ਕੀ **ਬਿਰਧਿ** ਵਧਾਈ।"
— ਆਸਾ **੪**, ਛੰਤ ੮, ੨ : ੫ (442)
ਹੋਰ ਰੂਪ — ਬਿਰਧੀ —
"ਨਹ ਬਾਰਿਕ ਨਹ ਜੋਬਨੈ ਨਹ **ਬਿਰਧੀ** ਕਛੁ ਬੰਧੁ।" (ਬੁੱਢਾਪੇ, ਬਿਰਧ ਅਵਸਥਾ)
— ਗਉ **੫**, ਬਾਅ ੧੯ : ੩ (254)

ਬਿਰਮਾਈਐ — ਭਰਮਾਈਏ, ਪ੍ਰਬੰਨ ਕਰੀਏ
"ਲਾਜ ਨ ਆਵੈ ਅਗਿਆਨ ਮਤੀ ਦੁਰਜਨ **ਬਿਰਮਾਈਐ**।"
— ਬਿਲਾ **੫**, ਛੰਤ ੪, ੨ : ੨ (848)

ਬਿਰਮਾਵਉ — ਧੀਰਜ ਦਿਆਂ, ਪਰਚਾਵਾਂ, ਠਹਿਰਾਵਾਂ ਤੇ ਆਰਾਮ ਨਾਲ ਬੈਠਣਾ (ਮਹਾਨਕੋਸ਼)
"ਪ੍ਰਾਨ ਜੁ ਥਾਕੇ ਥਿਰੁ ਨਹੀ ਕੈਸੇ **ਬਿਰਮਾਵਉ**।"
— ਬਿਲਾ **ਸਧ**, ੧, ੩ : ੧ (858)

ਬਿਰਲਉ — ਕੋਈ ਵਿਰਲਹ
"ਬਾਣੀ **ਬਿਰਲਉ** ਬੀਚਾਰਸੀ ਜੇ ਕੋ ਗੁਰਮੁਖਿ ਹੋਇ।"
— ਰਾਮ **੨**, ਓਅੰ ੪੦ : ੨ (935)

ਬਿਰਲਾ — ਵਿਰਲਾ, ਟਾਵਾਂ, ਕੋਈ ਕੋਈ
"ਹਰਿ ਰਸੁ ਪਾਵੈ **ਬਿਰਲਾ** ਕੋਇ।"
— ਗਉ **੫**, ਸੁਖ ੨੦, ੨ : ੨ (289)
ਹੋਰ ਰੂਪ — ਬਿਰਲੇ —
"**ਬਿਰਲੇ** ਕਾਹੂ ਏਕ ਲਿਵ ਲਾਗੀ।" (ਕਿਸੇ ਵਿਰਲੇ) — ਗਉ **੫**, ੧੧੭*, ੧ : ੨ (203)
ਬਿਰਲੈ —
"ਕੋਟਿ ਮਧੈ ਕਿਨੈ **ਬਿਰਲੈ** ਚੀਨਾ।" (ਕਿਸੇ ਵਿਰਲੇ ਨੇ)
— ਗਉ **੫**, ਸੁਖ ੧੨, ੮ : ੪ (279)
ਬਿਰਲੋ —
"ਐਸੋ ਗਿਆਨੁ **ਬਿਰਲੋ** ਈ ਪਾਏ।" (ਕੋਈ ਵਿਰਲਾ) — ਬਿਲਾ **੫**, ੬, ੧* : ੧ (803)

ਬਿਰਵਾ — ਬਿਰਖ, ਦਰਖਤ, ਬੂਟਾ, ਪੌਦਾ
"ਆਸ ਪਾਸ ਘਨ ਤੁਰਸੀ ਕਾ **ਬਿਰਵਾ** ਮਾਝ ਬਨਰਸਿ ਗਾਊ ਰੇ।"
— ਗਉ **ਕਬ**, ਅਸ ੬੬, ੧ : ੧ (338)

ਬਿਰਾਹਮਣ — ਬ੍ਰਾਹਮਣ, ਚਾਰ ਵਰਣਾਂ ਵਿਚ ਪ੍ਰਥਮ ਵਰਣ
"ਗਊ **ਬਿਰਾਹਮਣ** ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ।"
— ਆਸਾ **੧**, ਵਾਰ ੧੬ਸ, **੧**, ੧ : ੧ (471)

ਬਿਰਾਗਿਓ — ਵੈਰਾਗ ਹੋਣਾ, ਵਿਯੋਗ ਵਿਚ ਉਦਾਸ ਹੋਣਾ ਅਥਵਾ ਵਿਯੋਗ ਨੂੰ ਤੀਬਰਤਾ ਨਾਲ ਅਨੁਭਵ ਕਰਨਾ।
"ਮਾਈ ਧੀਰਿ ਰਹੀ ਪ੍ਰਿਅ ਬਹੁਤੁ **ਬਿਰਾਗਿਓ**।"
— ਸਾਰ **੫**, ੫, ੧* : ੧ (1203)

ਬਿਰਾਗੈ — ਵੈਰਾਗਵਾਨ
"ਮਨਿ **ਬਿਰਾਗੈ** ਗੀ।" (ਵੈਰਾਗ ਵਾਨ ਹੋਵੇਗੀ)
— ਸਾਰ **੫**, ੧੩੬, ੧* : ੧ (1230)

ਬਿਰਾਜਿਤ — ਬੈਠੇ, ਵਸਦੇ, ਸਥਿਤ, ਸ਼ੋਭਨੀਕ ਹੁੰਦੇ
"ਸਭ ਊਚ **ਬਿਰਾਜਿਤ** ਜਨ ਸੁਨੇ।"
— ਗਉ **੫**, ੧੪੪*, ੧ : ੨ (211)
"**ਬਿਰਾਜਿਤ** ਰਾਮ ਕੋ ਪਰਤਾਪ।" (ਭਾਵ ਪਸਰਿਆ ਹੋਇਆ, ਟਿਕਿਆ ਹੋਇਆ

— ਸਾਰ **੫**, ੧੦੦, ੧* : ੧ (1223)

ਬਿਰਾਜੁ — ਟਿਕ, ਸਥਿਤ ਹੋ
"ਨਾਨਕ ਜਨ ਇਹ ਬਖਾਨਿ ਜਗ ਮਹਿ **ਬਿਰਾਜੁ** ਰੇ।" — ਜੈਜਾ **੯**, ੪, ੨ : ੨ (1353)

ਹੋਰ ਰੂਪ — ਬਿਰਾਜੇ —
"ਗੋਵਿਦ ਗਾਜੇ ਸਦਾ **ਬਿਰਾਜੇ** ਅਗਮ ਅਗੋਚਰੁ ਊਚਾ।" (ਟਿੱਕੇ ਹੋਏ)
— ਵਡ **੫**, ਛੰਤ ੩, ੪ : ੩ (578)

ਬਿਰਾਤਾ — ਰਤਾ/ਰੰਗਿਆ ਹੋਇਆ
"ਧੋਬੀ ਧੋਵੈ ਬਿਰਹ **ਬਿਰਾਤਾ**।"
— ਬਸੰ **ਨਾਮ**, ੩, ੨ : ੧ (1196)

ਬਿਰਾਥੇ — ਬਿਰਥੀ, ਬੇਅਰਥ
"ਏਕ ਆਸ ਮੋਹਿ ਤੇਰੀ ਸੁਆਮੀ ਅਉਰ ਦੁਤੀਆ ਆਸ **ਬਿਰਾਥੇ**।"
— ਸਾਰ **੫**, ੪੩, ੧ : ੨ (1213)

ਬਿਰਾਦਰ — (ਫ਼ਾ. ਬਿਰਾਦਰ) ਭਰਾ, ਭਾਈ
"ਖਿਲਖਾਨਾ **ਬਿਰਾਦਰ** ਹਮੂ ਜੰਜਾਲਾ।"
— ਮਾਰੂ **੫**, ਸੋਲਾ ੧੨, ੮ : ੨ (1084)

ਹੋਰ ਰੂਪ — ਬਿਰਾਦਰਾ —
"ਵਲੀ ਨਿਆਮਤਿ **ਬਿਰਾਦਰਾ** ਦਰਬਾਰ ਮਿਲਕ ਖਾਨਾਇ।" — ਤਿਲੰ **੫**, ੧, ੩ : ੧ (723)

ਬਿਰਾਦਰਾਂ —
"ਜਨ ਪਿਸਰ **ਬਿਰਾਦਰਾਂ** ਕਸ ਨੇਸ ਦਸਤੰਗੀਰ।"
— ਤਿਲੰ **੧**, ੧, ੨ : ੧ (721)

ਬਿਰਾਨਾ — (ਫ਼ਾ. ਬੇਗਾਨਾ) ਪਰਾਇਆ, ਦੂਸਰੇ ਦਾ
"ਭਾੜੀ ਕਉ ਓਹੁ ਭਾੜਾ ਮਿਲਿਆ ਹੋਰੁ ਸਗਲ ਭਇਓ **ਬਿਰਾਨਾ**।"
— ਗੂਜ **੫**, ੮, ੩ : ੨ (497)

ਹੋਰ ਰੂਪ — ਬਿਰਾਂਨਾ —
"ਅਪਨਾ ਬਿਗਾਰਿ **ਬਿਰਾਂਨਾ** ਸਾਂਢੈ।" (ਬਿਗਾਨਾ, ਬਿਗਾਨੀ) — ਗੋਂਡ **ਰਵਿ**, ੨, ੩ : ੩ (875)

ਬਿਰਾਨੀ —
"ਵਜਹੁ ਸਾਹਿਬ ਕਾ ਸੇਵ **ਬਿਰਾਨੀ** ਸਾਂਢੈ।" (ਬਿਗਾਨਾ, ਪਰਾਇਆ)
— ਆਸਾ **੫**, ੨੨, ੨ : ੧ (376)

ਬਿਰਾਨੇ —
"ਹਰਿ ਬਿਨੁ ਬੈਲ **ਬਿਰਾਨੇ** ਹੁਈ ਹੈ।" (ਬਿਗਾਨੇ ਇਥੇ ਭਾਵ ਨਿਖ ਸਮੇਂ)
— ਗੂਜ **ਕਬ**, ੧, ੧* : ੧ (524)

ਬਿਰਾਨੋ —
"ਬਾਟਿ ਪਾਰਿ ਘਰੁ ਮੂਸਿ **ਬਿਰਾਨੋ** ਪੇਟੁ ਭਰੈ ਅਪ੍ਰਾਧੀ।" (ਪਰਾਏ)
— ਸਾਰ **ਪਰ**, ੧, ੨ : ੧ (1253)

ਬਿਰੂਧਉ — ਰੁਝਿਆ ਹੋਇਆ
"ਕਾਮਿ **ਬਿਰੂਧਉ** ਰਹੈ ਨ ਠਾਇ।"
— ਗਉ **੧**, ਅਸ ੩, ੩ : ੨ (222)

ਹੋਰ ਰੂਪ — ਬਿਰੂਧੀ —
"ਅੰਤਰਿ ਬਾਹਰਿ ਕਾਜ **ਬਿਰੂਧੀ** ਚੀਤੁ ਸੁਬਾਰਿਕ ਰਾਖੀਅਲੇ।"
— ਰਾਮ **ਨਾਮ**, ੧, ੪ : ੨ (972)

ਬਿਰੂਧੋ — ਰੁਕਿਆ, ਰੋਕਦੀ ਹੈ
"ਬਿਰਧ ਭਇਆ ਜੋਬਨੁ ਤਨੁ ਖਿਸਿਆ ਕਫੁ ਕੰਠੁ **ਬਿਰੂਧੋ** ਨੈਨਹੁ ਨੀਰੁ ਢਰੈ।"
— ਮਾਰੂ **੧**, ਅਸ ੮, ੨ : ੧ (1014)

ਬਿਰੋਧ — ਵਿਰੋਧ, ਮੁਖਾਲਫਿਤ
"ਬੈਰ **ਬਿਰੋਧ** ਕਾਮ ਕ੍ਰੋਧ ਮੋਹ।"
— ਗਉ **੫**, ਸੁਖ ੪, ੨ : ੨ (267)
"ਪਿਰੁ ਘਰੁ ਨਹੀ ਆਵੈ ਧਨ ਕਿਉ ਸੁਖੁ ਪਾਵੈ ਬਿਰਹਿ **ਬਿਰੋਧ** ਤਨੁ ਛੀਜੈ।" (ਭਾਵ ਖਿਚਾ ਖਿਚੀ)
— ਤੁਖਾ **੧**, ਬਾਰਾ ੫ : ੩ (1108)

ਹੋਰ ਰੂਪ — ਬਿਰੋਧਹਿ —
"ਬਿਨੁ ਬਾਦ **ਬਿਰੋਧਹਿ** ਕੋਈ ਨਾਹੀ।" (ਵਿਰੋਧ ਦੇ) — ਮਾਰੂ **੧**, ਸੋਲਾ ੫, ੯ : ੧ (1025)

ਬਿਰੋਧੀ —
"ਜਾ ਕੈ ਕੀਐ ਸ੍ਰਮੁ ਕਰੈ ਤੇ ਬੈਠ **ਬਿਰੋਧੀ**।" (ਵਿਰੋਧੀ ਮੁਖਾਲਫਿਤ ਕਰਨ ਵਾਲੇ)
— ਬਿਲਾ **੫**, ੩੯, ੩ : ੧ (809)

ਬਿਰੋਲੈ — ਰਿੜਕਦਾ ਹੈ
"ਦਧਿ ਕੈ ਭੋਲੈ **ਬਿਰੋਲੈ** ਨੀਰੁ।"
— ਗਉ **ਕਬ**, ੧੪, ੧* : ੨ (326)

ਬਿਲ — ਖੁੱਡ, ਗੋਲਕ
"**ਬਿਲ** ਬਿਰਥੋ ਚਾਹੈ ਬਹੁ ਬਿਕਾਰ।"

— ਬਸੰ **੧**, ਅਸ ੨, ੨ : ੨ (1188)

ਬਿਲਈਆ — ਬਿੱਲੀ
"ਮਾਨਸ ਬਪੁਰਾ ਮੂਸਾ ਕੀਕੋ ਮੀਚੁ **ਬਿਲਈਆ**।" (ਖਈਹੈ ਰੇ) — ਬਿਲਾ **ਕਬ**, ੧, ੧ : ੨ (855)

ਬਿਲਕ — ਬਿੱਲੀ
"ਅਖੀ ਪ੍ਰੇਮ ਕਸਾਈਆ ਜਿਉ **ਬਿਲਕ** ਮਸਾਈ ਰਾਮ।" — ਬਿਲਾ **੪**, ੪, ੧ : ੧ (845)

ਬਿਲਖ — ਵਿਆਕੁਲ,ਪ੍ਰੇਸ਼ਾਨ
"ਜਿਨਿ ਧਨ ਪਿਰ ਕਾ ਸਾਦੁ ਨ ਜਾਨਿਆ ਸਾ **ਬਿਲਖ** ਬਦਨ ਕੁਮਲਾਨੀ।"
— ਮਲਾ **੧**, ੪, ੧ : ੧ (1255)

ਬਿਲਛਤ — ਬਿਲਾਸ ਕਰਦੇ, ਅਨੰਦ ਭੋਗਦੇ ਖੁਸ਼ੀ ਮਾਨਦੇ, ਮੌਜਾਂ ਕਰਦੇ
"ਖਾਤ ਖਰਚਤ **ਬਿਲਛਤ** ਰਹੇ ਟੂਟਿ ਨ ਜਾਹਿ ਭੰਡਾਰ।" — ਗਉ **੫**, ਬਾਅ ੧੮ਸ : ੧ (253)

ਬਿਲਛਿ — ਭੋਗ ਕੇ, ਮਾਨ ਕੇ
"**ਬਿਲਛਿ** ਬਿਨੋਦ ਆਨੰਦ ਸੁਖ ਮਾਣਹੁ ਖਾਇ ਜੀਵਹੁ ਸਿਖ ਪਰਵਾਰ।"
— ਸੋਰ **੫**, ੩੮, ੧ : ੨ (618)

ਬਿਲਪ — ਵਿਰਲਾਪ, ਵੈਣ
"**ਬਿਲਪ** ਕਰੇ ਚਾਤ੍ਰਿਕ ਕੀ ਨਿਆਈ।"
— ਮਾਝ **੫**, ੮, ੧ : ੨ (96)

ਬਿਲਪਤੇ — ਵਿਰਲਾਪ ਕਰਦੇ
"ਨਾਨਕ ਅਨਦਿਨੁ **ਬਿਲਪਤੇ** ਜਿਉ ਸੁੰਞੈ ਘਰਿ ਕਾਉ।"
— ਗੂਜ **੫**, ਵਾਰ ੧੫ਸ, **੫**, ੧ : ੨ (522)

ਬਿਲੰਬ — ਦੇਰੀ, ਢਿਲ
"ਨਹ ਬਿਲੰਬ ਧਰਮੰ **ਬਿਲੰਬ** ਪਾਪੰ।"
— ਸਸ **੫**, ੧੪ : ੧ (1354)

ਹੋਰ ਰੂਪ — ਬਿਲੰਬਹੁ —
"ਘਰੀ ਨ ਮੁਹਤੁ ਨ ਚਸਾ **ਬਿਲੰਬਹੁ** ਕਾਲੁ ਨਿਤਹਿ ਨਿਤ ਹੇਰੈ।" (ਦੇਰੀ/ਢਿਲ ਕਰੋ)
— ਦੇਵ **੫**, ੧੨, ੧ : ੨ (530)

ਬਿਲਬਿਲਾਪ — ਵਿਰਲਾਪੇ, ਰੋਣੇ ਧੋਣੇ
"ਦਇਆ ਧਾਰੀ ਸਮਰਥਿ ਚੁਕੇ **ਬਿਲਬਿਲਾਪ**।"
— ਗੂਜ **੫**, ਵਾਰ ੧੩ : ੩ (521)

ਬਿਲਮ — ਢੇਰ, ਢਿਲ, ਵਿਲੰਬ
"ਜਾਂਦੇ **ਬਿਲਮ** ਨ ਹੋਵਈ ਵਿਣੁ ਨਾਵੈ ਬਿਸਮਾਦੁ।"
— ਸਿਰੀ **੫**, ੯੧, ੧ : ੩ (50)
"ਇਕ ਰਤੀ **ਬਿਲਮ** ਨ ਦੇਵਨੀ ਵਣਜਾਰਿਆ ਮਿਤ੍ਰਾ ਓਨੀ ਤਕੜੇ ਪਾਏ ਹਾਥ।"
— ਸਿਰੀ **੫**, ਪਹ ੪, ੫ : ੨ (78)

ਹੋਰ ਰੂਪ — ਬਿਲਮਾਵੈ —
"ਮਤ ਕੋਈ ਮਨ ਮਿਲਤਾ **ਬਿਲਮਾਵੈ**।" (ਦੇਰੀ ਕਰੇ) — ਗਉ **ਕਬ**, ਬਾਅ ੩੧ : ੩ (342)

ਬਿਲਮੁ —
"ਹਾਥ ਪਾਵ ਪਸਾਰਤ **ਬਿਲਮੁ** ਤਿਲੁ ਲਾਗੈ ਤਬ ਲਗੁ ਮੇਰਾ ਮਨੁ ਰਾਮ ਸਮ੍ਹਾਰੈ।।" (ਦੇਰੀ, ਢਿੱਲ) — ਆਸਾ **੪**, ੬੨, ੩ : ੨ (368)

ਬਿਲਲ — ਵਿਆਕੁਲ, ਤਰਲੋ ਮੱਛੀ
"ਬਿਲਲਾਪ **ਬਿਲਲ** ਬਿਨੰਤੀਆ ਸੁਖ ਭਾਇ ਚਿਤ ਹਿਤੰ।" — ਗੂਜ **੧**, ਅਸ ੫, ੧ : ੨ (505)

ਬਿਲਲਾਇ — ਵਿਲਕੇ, ਤਲਮਲਾਏ, ਕੁਰਲਾਏ, ਵਿਆਕੁਲ ਹੋਏ
"ਬਿਨੁ ਸਤਿਗੁਰ ਪਲੈ ਨ ਪਵੈ ਮਨਮੁਖ ਰਹੇ **ਬਿਲਲਾਇ**।" — ਸਿਰੀ **੪**, ੬੯, ੩ : ੨ (41)
"ਧੁਰਹੁ ਵਿਛੁੰਨੀ ਕਿਉ ਮਿਲੈ ਗੁਰਬਿ ਮੁਠੀ **ਬਿਲਲਾਇ**।"
— ਸਿਰੀ **੧**, ਅਸ ੧੨, ੨ : ੩ (60)
"ਵਿਣੁ ਕਰਮੈ ਕਿਨੈ ਨ ਪਾਇਓ ਭਉ ਕਿ ਮੁਏ **ਬਿਲਲਾਇ**।" (ਕੁਰਲਾਉਣਾ)
— ਬਿਹਾ **੪**, ਵਾਰ ੮ਸ, **੩**, ੨ : ੨ (551)
"ਅਉਗਣਵੰਤੀ ਕਾਮਣੀ ਦੁਖੁ ਲਾਗੈ **ਬਿਲਲਾਇ**।" (ਵਿਰਲਾਪ, ਕਰਨਾ)
— ਵਡ **੩**, ੪, ੩ : ੨ (559)

ਹੋਰ ਰੂਪ — ਬਿਲਲਾਈ —
"ਬਿਨੁ ਸਤਿਗੁਰ ਸੇਵੇ ਕਿਨੈ ਨ ਪਾਇਆ ਮਨ ਮੁਖਿ ਭਉ ਕਿ ਮੁਏ **ਬਿਲਲਾਈ**।" (ਵਿਆਕੁਲ ਹੋਕੇ, ਵਿਰਲਾਪ ਕਰਨੇ)
— ਸੋਰ **੩**, ਅਸ ੧, ੬ : ੧ (638)
"ਗੁਰ ਬਿਹੂਨ ਮਹਾ ਦੁਖੁ ਪਾਇਆ ਜਮ ਪਕਰੇ **ਬਿਲਲਾਈ**।" (ਭਾਵ ਰੋਂਦੇ ਹਨ)
— ਮਲਾ **੪**, ੭, ੨ : ੪ (1265)

ਬਿਲਲਾਈਐ —
"ਮਨ ਮੂਰਖ ਕਾਹੇ **ਬਿਲਲਾਈਐ**।" (ਖਪੀਏ,

ਵਿਆਕੁਲ ਹੋਈਏ)
— ਗਉ **੫**, ਸੁਖ ੧੫, ੪ : ੧ (283)

ਬਿਲਲਾਹਿ — ਵਿਲਕਦੇ ਹਨ, ਤਰਲੇ ਲੈਂਦੇ ਹਨ
"ਅੰਤ ਕਾਰਣਿ ਕੇਤੇ **ਬਿਲਲਾਹਿ**।"
— ਜਪੁ **੧**, ੨੪ : ੨ (5)

ਹੋਰ ਰੂਪ — ਬਿਲਲਾਹੀ —
"ਮੇਰਾ ਮੇਰਾ ਕਰਿ **ਬਿਲਲਾਹੀ**।" (ਵਿਆਕੁਲ ਹੁੰਦੇ ਹਨ)
— ਗਉ **੫**, ੧੧੨, ੩ : ੧ (188)

ਬਿਲਲਾਟ — ਵਿਰਲਾਪ, ਰੋਣ
"**ਬਿਲਲਾਟ** ਕਰਹਿ ਬਹੁਤੇਰਿਆ ਪਿਆਰੇ ਉਤਰੈ ਨਾਹੀ ਸੂਲੁ।"
— ਸੋਰ **੫**, ਅਸ ੨, ੪ : ੩ (641)

ਹੋਰ ਰੂਪ — ਬਿਲਲਾਟਾ —
"ਕਰਣ ਪਲਾਹ ਮਿਟਹਿ **ਬਿਬਲਾਟਾ**।"
— ਮਾਰੂ **੫**, ੧੯, ੧ : ੯ (1004)

ਬਿਲਲਾਣਿਆ — ਵਿਰਲਾਪ ਕੀਤਾ, ਚੀਕ ਚਹਾੜਾ ਪਾਇਆ
"ਦੁਖਿ ਲਗੈ **ਬਿਲਲਾਣਿਆ** ਨਰਕਿ ਘੋਰਿ ਸੁਤੇ।"
— ਗੂਜ **੫**, ਵਾਰ ੨੦ : ੪ (524)

ਬਿਲਲਾਤਉ — ਵਿਰਲਾਪ ਕਰਦਾ ਹੈ, ਰੋਂਦਾ ਹੈ
"ਕਰਣ ਪਲਾਵ ਕਰੈ **ਬਿਲਲਾਤਉ** ਬਿਨੁ ਗੁਰ ਨਾਮੁ ਨ ਜਾਪੈ।"
— ਮਲਾ **੧**, ਅਸ ੪, ੪ : ੩ (1275)

ਬਿਲਲਾਤਾ — ਵਿਆਕੁਲ ਹੁੰਦਾ ਹੈ ਭਾਵ ਪੁਕਾਰ ਕਰਦਾ ਹੈ
"ਹਉ ਇਕੁ ਖਿਨੁ ਤਿਸੁ ਬਿਨੁ ਰਹਿ ਨਸਕਾ ਜਿਉ ਚਾਤ੍ਰਿਕੁ ਜਲ ਕਉ **ਬਿਲਲਾਤਾ**।"
— ਵਡ **੫**, ੯, ੨ : ੩ (564)

ਹੋਰ ਰੂਪ — ਬਿਲਲਾਤੀ —
"ਹਉਮੈ ਰੋਗਿ ਜਾ ਕਾ ਮਨੁ ਬਿਆਪਿਤ ਓਹੁ ਜਨਮਿ ਮਰੈ **ਬਿਲਲਾਤੀ**।" (ਵਿਰਲਾਪ ਕਰਦੀ) — ਸੋਰ **੫**, ੬, ੨ : ੨ (610)
"ਲੋਚਨ ਤਾਰ ਲਲਤਾ **ਬਿਲਲਾਤੀ** ਦਰਸਨ ਪਿਆਸ ਰਜਾਈ।" (ਵਿਲਕਣਾ, ਵਿਆਕੁਲ ਹੋਣਾ) — ਮਲਾ **੧**, ਅਸ ੩, ੫ : ੧ (1274)

ਬਿਲਲਾਂਤੀ —
"ਬਿਨੁ ਸਤਿ ਗੁਰ ਦੀਸੈ **ਬਿਲਲਾਂਤੀ** ਸਾਕਤੁ ਫਿਰਿ ਫਿਰਿ ਆਵੈ ਜਾਵੈ।" (ਰੋਂਦੀ, ਵਿਆਕੁਲ ਹੁੰਦੀ)
— ਬਸੰ **੫**, ੧੩, ੧* : ੨ (183)

ਬਿਲਲਾਤੇ —
"ਬਿਨੁ ਹਰਿ ਭਜਨ ਦੇਖਉ **ਬਿਲਲਾਤੇ**।" (ਰੋਂਦੇ, ਵਿਆਕੁਲ ਹੁੰਦੇ, ਵਿਰਲਾਪ ਕਰਦੇ)
— ਗਉ **੫**, ੮੦, ੧* : ੧ (179)
"ਸਾਧਿਕ ਸਿਧ ਫਿਰਹਿ **ਬਿਲਲਾਤੇ** ਤੇ ਭੀ ਮੋਹੇ ਮਾਈ।" (ਵਿਲਕਦੇ ਰੋਂਦੇ)
— ਸੂਹੀ **੫**, ੪੯, ੨ : ੨ (747)

ਬਿਲਲਾ — ਵਿਆਕੁਲ, ਵਿਰਲਾਪ ਕਰਦੀ, ਰੋਂਦੀ, ਵਿਲਕਦੀ
"ਅਨਦਿਨੁ ਸਦਾ ਫਿਰੈ **ਬਿਲਲਾ** ਬਿਨੁ ਪਿਰ ਨੀਦ ਨ ਪਾਵਣਿਆ।"
— ਮਾਝ **੩**, ਅਸ ੩, ੪ : ੩ (110)

ਹੋਰ ਰੂਪ — ਬਿਲਲਾਦੀਆ —
"ਦੋਹਾਗਣੀ ਖਰੀਆ **ਬਿਲਲਾਦੀਆ** ਤਿਨਾ ਮਹਲੁ ਨ ਪਾਇ।" (ਰੋਂਦੀਆਂ, ਵਿਲਕਦੀਆਂ)
— ਵਡ **੩**, ੪, ੨ : ੧ (559)

ਬਿਲਲਾਦੇ —
"ਦੁਖੀਏ ਨਿਤਿ ਫਿਰਹਿ **ਬਿਲਲਾਦੇ** ਬਿਨੁ ਗੁਰ ਸਾਂਤਿ ਨ ਪਾਵਣਿਆ।"
— ਮਾਝ **੩**, ਅਸ ੧੫, ੬ : ੩ (118)

ਬਿਲਲਾਪ — ਵਿਰਲਾਪ
"**ਬਿਲਲਾਪ** ਬਿਲਲ ਬਿਨੰਤੀਆ ਸੁਖ ਭਾਇ ਚਿਤ ਹਿਤੰ।" — ਗੂਜ **੧**, ਅਸ ੫, ੧ : ੨ (505)

ਬਿਲਲਾਵੈ — ਵਿਰਲਾਪ ਕਰਦਾ ਹੈ, ਕੁਰਲਾਂਦਾ ਹੈ
"ਅਰੜਾਵੈ **ਬਿਲਲਾਵੈ** ਨਿੰਦਕ।"
— ਆਸਾ **੫**, ੧੦, ੧* : ੧ (373)
"ਜਿਉ ਚਾਤ੍ਰਿਕੁ ਜਲ ਬਿਨੁ **ਬਿਲਲਾਵੈ** ਬਿਨੁ ਜਲ ਪਿਆਸ ਨ ਜਾਈ।"
— ਸੋਰ **੪**, ੮, ੨ : ੧ (607)

ਬਿਲਾ — ਖੁਡ, ਬਿਲ
"ਅੰਧ **ਬਿਲਾ** ਤੇ ਕਾਢਹੁ ਕਰਤੇ ਕਿਆ ਨਾਹੀ ਘਰਿ ਤੇਰੈ।" — ਦੇਵ **੫**, ੧੨, ੨ : ੧ (530)

ਬਿਲਾਇ — ਨਾਸ ਹੋਣਾ, ਮੁੱਕ ਗਿਆ, ਦੂਰ ਹੋ

ਗਿਆ

"ਸਦਾ ਸਦਾ ਗੁਣ ਉਚਰੈ ਦੁਖੁ ਦਾਲਦੁ ਗਇਆ **ਬਿਲਾਇ**।"

— ਗਉ **੪**, ਵਾਰ ੧੬ਸ, **੫**, ੧ : ੩ (321)

ਬਿਲਾਇਣ — ਦੂਰ ਹੋਣਾ

"ਰਸਨਾ ਸਿਮਰਤ ਪਾਪ **ਬਿਲਾਇਣ**।"

— ਗੋਂਡ **੫**, ੧੯, ੧* : ੨ (868)

ਬਿਲਾਈ — ਬਿੱਲੀ

"ਘਰ ਕੀ **ਬਿਲਾਈ** ਅਵਰ ਸਿਖਾਈ ਮੂਸਾ ਦੇਖਿ ਡਰਾਈ ਰੇ।"

— ਆਸਾ **੫**, ੪੪, ੧* : ੧ (381)

"ਸਿੰਘੁ **ਬਿਲਾਈ** ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ।" — ਬਿਲਾ **੫**, ੩੨, ੩ : ੧ (810)

ਬਿਲਾਸ — ਖੁਸ਼ੀਆ ਦੇ ਕੌਤਕ, ਅਨੰਦ

"ਕਿਆ ਕਪੜੁ ਕਿਆ ਸੇਜ ਸੁਖਾਲੀ ਕੀਜਹਿ ਭੋਗ **ਬਿਲਾਸ**।"

— ਮਾਝ **੧**, ਵਾਰ ੧੦ਸ, **੧**, ੨ : ੪ (142)

"ਪੁਤ੍ਰ ਮਿਤ੍ਰ **ਬਿਲਾਸ** ਬਨਿਤਾ ਤੂਟਤੇ ਏ ਨੇਹ।" (ਖੁਸ਼ੀਆਂ, ਰੰਗ ਰਲੀਆ)

— ਮਾਰੂ **੫**, ੨੫, ੧ : ੨ (1106)

ਹੋਰ ਰੂਪ — ਬਿਲਾਸਹ —

"ਨਚ ਦੁਰਲਭੰ ਸੁਤ ਮਿਤ੍ਰ ਭ੍ਰਾਤ ਬਾਂਧਵ ਨਚ ਦੁਰਲਭੰ ਬਨਿਤਾ **ਬਿਲਾਸਹ**।" (ਅਨੰਦ, ਖੁਸ਼ੀ) — ਸਸ **੫**, ੩੫ : ੩ (1351)

ਬਿਲਾਸਾ —

"ਵਡਾ ਹੋਇ ਧਨੁ ਖਾਟਿ ਦੇਇ ਕਰਿ ਭੋਗ **ਬਿਲਾਸਾ**।" (ਅਨੰਦ, ਰੰਗ-ਰਲੀਆਂ)

— ਗਉ **੪**, ੪੬, ੧ : ੨ (165)

ਬਿਲਾਸੁ —

"ਮਨਿ **ਬਿਲਾਸੁ** ਬਹੁ ਰੰਗੁ ਘਣਾ ਦ੍ਰਿਸਟਿ ਭੂਲਿ ਖੁਸੀਆ।" (ਅਨੰਦ ਖੁਸ਼ੀਆ)

— ਸਿਰੀ **੫**, ੨੨, ੧ : ੧ (42)

ਬਿਲਾਸੁ — 1. ਅਨੰਦ, ਖੁਸ਼ੀਆਂ, ਵੇਖੋ 'ਬਿਲਾਸ'

"ਦੇਹ ਏਹੁ ਤ੍ਰਿਅ ਸਨੇਹੁ ਚਿਤ **ਬਿਲਾਸੁ** ਜਗਤ ਏਹੁ ਚਰਨ ਕਮਲ ਸਦਾ ਸੇਉ ਦ੍ਰਿੜਤਾ ਕਰੁ ਮਤਿ ਜੀਉ।।" (ਰੰਗ ਤਮਾਸ਼ੇ, ਦਿਲ ਪ੍ਰਚਾਵੇ)

— ਸਵ **੪**, ਗਯੰ ੧੦ : ੪ (1403)

2. ਬਿਲਾ

"ਸੂਆ ਪਿੰਜਰਿ ਨਹੀ ਖਾਇ **ਬਿਲਾਸੁ**।"

— ਮਾਲੀ **੫**, ੩, ੩ : ੨ (987)

ਬਿਲਾਸੇ — ਕੌਤਕ, ਰੰਗ ਰਲੀਆ

"ਸੇ ਦੁਖ ਆਗੈ ਜਿ ਭੋਗ **ਬਿਲਾਸੇ**।"

— ਮਲਾ **੧**, ਅਸ ੫, ੮ : ੧ (1276)

ਬਿਲਾਤ — ਮਿੱਟ ਗਏ, ਤੁਰ ਗਏ

"ਰਾਵਨ ਹੂੰ ਤੇ ਅਧਿਕ ਛਤ੍ਰਪਤਿ ਖਿਨ ਮਹਿ ਗਏ **ਬਿਲਾਤ**।" — ਸਾਰ **ਕਬ**, ੧, ੨ : ੨ (1251)

ਬਿਲਾਤੇ — ਰੋਂਦੇ, ਕੁਰਲਾਉਂਦੇ

"ਅਜੈ ਸੁ ਚੋਭ ਕਉ ਬਿਲਲ **ਬਿਲਾਤੇ** ਨਰਕੇ ਘੋਰ ਪਚਾਹੀ।" — ਰਾਮ **ਕਬ**, ੩, ੪ : ੨ (969)

ਬਿਲਾਨੀ — ਬੀਤ ਗਈ, ਗੁਜ਼ਰ ਗਈ

"ਓਇ ਜੁ ਬੀਚ ਹਮ ਤੁਮ ਕਛੁ ਹੋਤੇ ਤਿਨ ਕੀ ਬਾਤ **ਬਿਲਾਨੀ**।" — ਧਨਾ **੫**, ੫, ੩ : ੧ (672)

ਹੋਰ ਰੂਪ — ਬਿਲਾਨੇ —

"ਭ੍ਰਮਤ ਫਿਰਤ ਬਹੁ ਜਨਮ **ਬਿਲਾਨੇ** ਤਨੁ ਮਨੁ ਧਨੁ ਨਹੀ ਧੀਰੇ।" (ਬੀਤ ਗਏ, ਗੁਜ਼ਰ ਗਏ)

— ਆਸਾ **ਧੰਨਾ**, ੧, ੧* : ੧ (487)

ਬਿਲਾਂਬਾ — ਢਿੱਲ, ਦੇਰੀ

"ਬੇਗਿ ਮਿਲਹੁ ਜਨ ਕਰਿ ਨ **ਬਿਲਾਂਬਾ**।"

— ਗਉ **ਰਵਿ**, ੧, ੩ : ੨ (345)

ਬਿਲਾਮੀ — ਥੋੜਾ ਸਮਾਂ

"ਚਲਦਿਆ ਨਾਲਿ ਨ ਚਲਈ ਖਿਨ ਜਾਇ **ਬਿਲਾਮੀ**।" — ਮਾਰੂ **੫**, ਵਾਰ ੧੪ : ੫ (1099)

ਬਿਲਾਵਲ — ਇਕ ਸ਼ੁਧ ਜਾਤੀ ਦਾ ਰਾਗ, ਗਾਇਨ ਦਾ ਸਮਾਂ ਦਿਨ ਦੇ ਦੂਜੇ ਪਹਿਰ ਦਾ ਆਰੰਭ

"ਲਲਤ **ਬਿਲਾਵਲ** ਗਾਵਹੀ ਅਪੁਨੀ ਅਪੁਨੀ ਭਾਂਤਿ।" — ਰਾਗ ੧ : ੧੧ (1429)

ਹੋਰ ਰੂਪ — ਬਿਲਾਵਲੀ —

"ਪ੍ਰਥਮ ਭੈਰਵੀ **ਬਿਲਾਵਲੀ**।"

— ਰਾਮ ੧ : ੫ (1429)

ਬਿਲਾਵਲੁ —

"ਵੁਠੈ ਹੋਇਐ ਹੋਇ **ਬਿਲਾਵਲੁ** ਜੀਆ ਜੁਗਤਿ ਸਮਾਣੀ।"

— ਮਾਝ **੧**, ਵਾਰ ੨੬ਸ, **੧**, ੧ : ੧੯ (150)

ਬਿਲੀਧੇ — ਰੋਂਦੇ, ਕੁਰਲਾਉਂਦੇ
"ਜਿਉ ਬਾਰਿਕੁ ਰਸਕਿ ਪਰਿਓ ਥਨਿ ਮਾਤਾ ਥਨਿ ਕਾਢੇ ਬਿਲਲ **ਬਿਲੀਧੇ**।"
— ਬਸੰ **੪**, ੫, ੧ : ੨ (1178)

ਬਿਲੋਇਆ — ਰਿੜਕਿਆ
"ਜਿਨਿ **ਬਿਲੋਇਆ** ਤਿਨਿ ਖਾਇਆ ਅਵਰ ਬਿਲੋਵਨਹਾਰ।"
— ਸਲੋ **ਕਬ**, ੧੯ : ੨ (1365)

ਹੋਰ ਰੂਪ — ਬਿਲੋਈ —
"ਤਨੁ ਕਰਿ ਮਟੁਕੀ ਮਨ ਮਾਹਿ **ਬਿਲੋਈ**।" (ਰਿੜਕੀ)
— ਈਸਾ **ਕਬ**, ੧੦, ੨ : ੧ (478)

ਬਿਲੋਈਐ —
"ਮੇਰੇ ਰਾਮ ਐਸਾ ਖੀਰੁ **ਬਿਲੋਈਐ**।" (ਰਿੜਕੀਦੇ) — ਗਉ **ਕਬ**, ੪੬, ੧* : ੧ (332)
"ਤਿਤੁ ਜਾਇ ਬਹਹੁ ਸਤਸੰਗਤੀ ਜਿਥੈ ਹਰਿ ਕਾ ਹਰਿ ਨਾਮੁ **ਬਿਲੋਈਐ**।" (ਭਾਵ ਵਿਚਾਰੀਏ) — ਵਡ **੪**, ਵਾਰ ੪ : ੧ (587)

ਬਿਲੋਵਸਿ — ਰਿੜਕਦਾ
"ਝੂਠੇ ਕਹਾ **ਬਿਲੋਵਸਿ** ਪਾਨੀ।"
— ਸੋਰ **ਕਬ**, ੮, ੧ : ੨ (656)

ਬਿਲੋਵਹੁ — ਰਿੜਕੋ
"ਸਹਜਿ **ਬਿਲਾਵਹੁ** ਜੈਸੇ ਤਤੁ ਨ ਜਾਈ।"
— ਆਸਾ **ਕਬ**, ੧੦, ੧* : ੨ (478)
"ਕਾਇ ਜਪਹੁ ਰੇ ਕਾਇ ਤਪਹੁ ਰੇ ਕਾਇ **ਬਿਲੋਵਹੁ** ਪਾਣੀ।" (ਰਿੜਕਦੇ ਹੋ)
— ਗੂਜ **ਤ੍ਰਿਲੋ**, ੧, ੩ : ੧ (526)

ਬਿਲੋਵਨ — ਰਿੜਕਨ ਲਈ
"ਸਮੁੰਦੁ **ਬਿਲੋਵਨ** ਕਉ ਮਾਟਾ।"
— ਸੋਰ **ਕਬ**, ੫, ੧ : ੨ (655)

ਬਿਲੋਵਨਹਾਰ — ਰਿੜਕਨ ਵਾਲਾ
"ਜਿਨਿ ਬਿਲੋਇਆ ਤਿਨਿ ਖਾਇਆ ਅਵਰ **ਬਿਲੋਵਨਹਾਰ**।"
— ਸਲੋ **ਕਬ**, ੧੯ : ੨ (1365)

ਹੋਰ ਰੂਪ — ਬਿਲੋਵਨਹਾਰੀ —
"ਤਾਕੀ ਹੋਹੁ **ਬਿਲੋਵਨਹਾਰੀ**।" (ਰਿੜਕਨ ਵਾਲੀ) — ਸੋਰ **ਕਬ**, ੫, ੧ : ੩ (655)

ਬਿਲੋਵਨਾ — ਰਿੜਕਨਾ ਭਾਵ ਅਭਿਆਸ
"ਹਰਿ ਕਾ **ਬਿਲੋਵਨਾ** ਬਿਲੋਵਹੁ ਮੇਰੇ ਭਾਈ।"
— ਆਸਾ **ਕਬ**, ੧੦, ੧* : ੧ (478)

ਬਿਲੋਵੈ — ਰਿੜਕੇ
"ਸਚੁ ਮਨ ਕਾਰਣਿ ਤਤੁ **ਬਿਲੋਵੈ**।"
— ਆਸਾ **੧**, ਅਸ ੧, ੩ : ੧ (411)

ਬਿਵਸਥਾ — 1. ਅਵਸਥਾ, ਉਮਰ
"ਬਾਰ **ਬਿਵਸਥਾ** ਤੁਝਹਿ ਪਿਆਰੈ ਦੂਧ।"
— ਗਉ **੫**, ਸੁਖ ੪, ੧ : ੫ (266)
2. ਅਵਸਥਾ, ਹਾਲਤ
"ਸ੍ਰਸਤਿ **ਬਿਵਸਥਾ** ਹਰਿ ਕੀ ਸੇਵਾ ਮਧੁੰਤ ਪ੍ਰਭ ਜਾਪਣ।" (ਅਵਸਥਾ, ਹਾਲਤ)
— ਧਨਾ **੫**, ੪੯, ੨ : ੧ (682)

ਬਿਵਸਿ — ਕਾਬੂ/ਵਸ ਵਿਚ ਕਰਨਾ
"ਮੋਹੁ ਮਲਿ **ਬਿਵਸਿ** ਕੀ ਅਉ ਕਾਮੁ ਗਹਿ ਕੇਸ ਪਛਾੜ੍ਉ।" — ਸਵ **੪**, ਸਲ ੧ : ੧ (1406)

ਬਿਵਹਾਰ — ਕੰਮਕਾਜ, ਮੇਲ ਜੋਲ
"ਸਭ ਕਛੁ ਜੀਵਤ ਕੋ **ਬਿਵਹਾਰ**।"
— ਦੇਵ **੯**, ੨, ੧* : ੧ (536)

ਬਿਵਹਾਰੇ — ਕੰਮ, ਸ਼ੁਗਲ, ਤਰੀਕਾ
"ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ **ਬਿਵਹਾਰੇ**।"
— ਬਿਹਾ **੯**, ੧, ੨ : ੧ (537)

ਬਿਵਰਜਿ — ਰੋਕ ਕੇ
"ਮਾਇਆ ਮੋਹ **ਬਿਵਰਜਿ** ਸਮਾਏ।"
— ਰਾਮ **੧**, ਅਸ ੩, ੨ : ੧ (904)

ਬਿਵਰਜਿਤਹ — ਰੋਕਦੇ ਹਨ
"ਦਯਾਲੰ ਸਰਬਤ੍ਰ ਜੀਆ ਪੰਚ ਦੋਖ **ਬਿਵਰਜਿਤਹ**।"
— ਸਸ **੫**, ੪੦ : ੩ (1357)

ਬੀਉ — ਬੀਜ
"ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ **ਬੀਉ**।"
— ਆਸਾ **੧**, ਵਾਰ ੧੦ਸ, **੧**, ੨ : ੬ (468)

ਬੀਓ — 1. ਦ੍ਵੈਤ ਭਾਵ
"ਜਨਮ ਜਨਮ ਚੂਕੇ ਭੈ ਭਾਰੇ ਦੁਰਤੁ ਬਿਨਾਸਿਓ ਭਰਮੁ **ਬੀਓ**।"
— ਆਸਾ **੫**, ੪੨, ੧ : ੨ (382)
2. ਦੂਜਾ, ਕੋਈ ਹੋਰ, ਦੂਸਰਾ

"ਬਿਸਮਨ ਬਿਸਮ ਭਏ ਬਿਸਮਾਦਾ ਆਨ ਨ **ਬੀਓ** ਦੂਸਰ ਲਾਵਨ।"
— ਟੋਡੀ **ਪ**, ੨੫, ੨ : ੧ (717)
"ਐਸੋ ਜਾਨਿ ਭਏ ਮਨਿ ਆਨਦ ਆਨ ਨ **ਬੀਓ** ਕਰਤਾ।"
— ਬਿਲਾ **ਪ**, ੯੪, ੨ : ੧ (823)

ਬੀਅਉ — ਦੂਸਰਾ, ਵਖਰਾ
"ਇਹ ਪਧਤਿ ਤੇ ਮਤ ਚੂਕਹਿ ਰੇ ਮਨ ਭੇਦੁ ਬਿਭੇਦੁ ਨ ਜਾਨ **ਬੀਆਉ**।"
— ਸਵ **ਪ**, ਮਥੁ ੫ : ੩ (1409)

ਬੀਆ — ਦੂਜਾ
"ਏਕੋ ਵੇਖਾ ਅਵਰੁ ਨ **ਬੀਆ**।"
— ਮਾਝ **੩**, ਅਸ ੮, ੩ : ੧ (113)
"ਹਰਖ ਅਨੰਤ ਸੋਗ ਨਹੀ **ਬੀਆ**।" (ਦੂਸਰਾ, ਹੋਰ) — ਗਉ **ਪ**, ੧੦੪, ੪ : ੧ (186)
"ਜਉ ਮਾਗਹਿ ਤਉ ਮਾਗਹਿ **ਬੀਆ**।"
— ਗਉ **ਪ**, ਬਾਅ ੪੧ : ੫ (258)
"ਭੈ ਬਿਨਸੇ ਭ੍ਰਮ ਮੋਹ ਗਏ ਕੋ ਦਿਸੈ ਨ **ਬੀਆ**।" (ਓਪਰਾ, ਬਿਗਾਨਾ)
— ਆਸਾ **ਪ**, ੧੨੦, ੪ : ੧ (401)

ਬੀਆਨ — ਵਿਆਹੁਣ
"ਬੰਸ ਕੋ ਪੂਤੁ **ਬੀਆਨ** ਚਲਿਆ ਸੁਇਨੇ ਮੰਡਪ ਛਾਏ।" — ਆਸਾ **ਕਬ**, ੬, ੩ : ੧ (477)

ਬੀਸ — ਵੀਹ, ਗਿਣਤੀ ਦੀ ਇਕ ਇਕਾਈ
"ਦਸ ਬਾਲਤਣਿ **ਬੀਸ** ਰਵਣਿ ਤੀਸਾ ਕਾ ਸੁੰਦਰੁ ਕਹਾਵੈ।"
— ਮਾਝ **੧**, ਵਾਰ ੧੩, **੧**, ੩ : ੧ (138)
"**ਬਿਸ** ਬਿਸਵੇ ਗੁਰ ਕਾ ਮਨੁ ਮਾਨੈ।" (ਬੀਸ ਬਿਸਵੇ ਮੁਹਾਵਰਾ ਹੈ, ਭਾਵ ਪੂਰੇ ਤੌਰ ਤੇ)
— ਗਉ **ਪ**, ਸੁਖ ੧੮, ੩ : ੧ (287)
"ਗੁਰਮਤਿ ਮਿਲੀਐ **ਬੀਸ** ਇਕੀਸ।" (ਭਾਵ ਯਕੀਨਨ) — ਰਾਮ **੧**, ਓਅੰ ੨੫ : ੮ (933)

ਬੀਸਰਹਿ — ਭੁਲੇ, ਚੇਤਿਓਂ ਲਹਿ ਜਾਵੇ
"ਜਿਸੁ ਸਿਮਰਤ ਦੁਖ **ਬੀਸਰਹਿ** ਪਿਆਰੇ ਸੋ ਕਿਉ ਤਜਣਾ ਜਾਇ।"
— ਆਸਾ **ਪ**, ਬਿਰ ੧, ੨ : ੧ (431)

ਬੀਸਰਿ — ਭੁਲਣਾ
"ਲੋਭ ਮੋਹ ਸਭ **ਬੀਸਰਿ** ਜਾਹੁ।"
— ਗਉ **ਕਬ**, ਥਿਤੀ ੧੦ : ੩ (343)
ਹੋਰ ਰੂਪ — ਬੀਸਰੈ —
"ਨਾਨਕ ਮਾਨਹੁ ਨ **ਬੀਸਰੈ** ਗੁਣ ਨਿਧਿ ਗੋਬਿਦ ਰਾਇ।" (ਭੁਲੇ)
— ਗਉ **ਪ**, ਬਾਅ ੨੨ਸ : ੨ (255)

ਬੀਖੁ — ਬ੍ਰਿਛ, ਦਰਖਤ, ਰੁਖ
"ਬਾਵਨ **ਬੀਖੁ** ਬਾਨੈ ਬੀਖੇ ਬਾਸੁ ਤੇ ਸੁਖ ਲਾਗਿਲਾ।"
— ਪ੍ਰਭਾ **ਨਾਮ**, ੨, ੨ : ੧ (1351)

ਬੀਖੇ — ਵਿਖੇ, ਵਿਚ
"ਬਾਵਨ ਬੀਖੁ ਬਾਨੈ **ਬੀਖੇ** ਬਾਸੁ ਤੇ ਸੁਖ ਲਾਗਿ ਲਾ।" — ਪ੍ਰਭਾ **ਨਾਮ**, ੨, ੨ : ੧ (1351)

ਬੀਂਗ — ਵਿੰਗ ਟੇਢ ਵਲ
"ਅਨਿਕ **ਬੀਂਗ** ਦਾਸ ਕੇ ਪਰਹਰਿਆ।"
— ਸੂਹੀ **ਪ**, ੨੮, ੧ : ੧ (742)

ਬੀਗਾ — ਵਿੰਗਾ
"ਸਾਧ ਕੈ ਸੰਗਿ ਨ **ਬੀਗਾ** ਪੈਰੁ।" (ਭਾਵ ਕੁਰਾਹੇ ਨਹੀਂ ਪੈਂਦਾ) — ਗਉ **ਪ**, ਸੁਖ ੭, ੩ : ੪ (271)

ਬੀਚ — 1. ਵਿਚਕਾਰ
"ਸੰਤ ਕਾ ਕੋਖੀ ਅਧ **ਬੀਚ** ਤੇ ਟੂਟੈ।"
— ਗਉ **ਪ**, ਸੁਖ ੧੩, ੫ : ੧ (280)
2. ਵਿਚਕਾਰਲੇ
"ਪੇਖਿਓ ਲਾਲਨੁ ਪਾਟ **ਬੀਚ** ਖੋਏ ਅਨਦ ਚਿਤਾ ਹਰਖੇ ਪਤੀਨ।"
— ਟੋਡੀ **ਪ**, ੨੦, ੨ : ੧ (716)

ਬੀਚਹਿ — ਵਿਚੇ ਹੀ
"ਆਇ ਪਰੇ ਧਰਮ ਰਾਇ ਕੇ **ਬੀਚਹਿ** ਧੂਮਾ ਧਾਮ।"
— ਸਲੋ **ਕਬ**, ੧੪੨ : ੨ (1372)

ਬੀਚਾਰ — 1. ਵਿਚਾਰ, ਮਤ, ਖਿਆਲ
"ਮਨਹਠ ਬੁਧੀ ਕੇਤੀਆ ਕੇਤੇ ਬੇਦ **ਬੀਚਾਰ**।"
— ਸਿਰੀ **੧**, ਅਸ ੧੪, ੫ : ੧ (62)
"ਸਰਬੇ ਜਾਚਿਕ ਤੂੰ ਪ੍ਰਭ ਦਾਤਾ ਦਾਤਿ ਕਰੇ ਅਪੁਨੈ **ਬੀਚਾਰ**।" (ਵਿਚਾਰ ਅਨੁਸਾਰ)
— ਗੂਜ **੧**, ਅਸ ੨, ੪ : ੨ (504)
2. ਵਿਚਾਰ ਕਰ, ਚਿੰਤਨ ਕਰ
"ਪਾਰਬ੍ਰਹਮ ਗੁਣ ਅਗਮ **ਬੀਚਾਰ**।"
— ਗਉ **ਪ**, ੧੭੧, ੨ : ੮ (200)

"ਸੁੰਨਿ ਸਮਾਧਿ ਰਹਹਿ ਲਿਵ ਲਾਗੇ ਏਕਾ ਏਕੀ ਸਬਦੁ **ਬੀਚਾਰ**।" (ਵਿਚਾਰ ਕਰ)

3. ਵਿਚਾਰ, ਸੋਚ, ਚਿੰਤਨ

"ਫੁਰਮਾਨੁ ਤੇਰਾ ਸਿਰੈ ਊਪਰਿ ਫਿਰਿ ਨ ਕਰਤ **ਬੀਚਾਰ**।" (ਭਾਵ ਕੋਈ ਉਜ਼ਰ/ਇਤਰਾਜ਼ ਨਹੀਂ) — ਗਉ **ਕਬ**, ੬੯, ੧ : ੧ (338)

4. ਨਿਰਣਯ, ਲਛਣ (ਮਹਾਨਕੋਸ਼)

"ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ **ਬੀਚਾਰ**।"

— ਬਿਲਾ **੪**, ਵਾਰ ੭ਸ, **੩**, ੩ : ੭ (852)

('ਸੋਚਨ ਦਾ ਢੰਗ' ਦਰਪਣ ਵੀ ਚਾਰ (ਨਿਰਣੈ)

5. ਮਿਸਾਲ, ਉਦਾਹਰਣ ਭਾਵ ਵਾਂਗ ਤਰ੍ਹਾਂ (ਮਹਾਨਕੋਸ਼)

"ਤੂ ਤਾ ਜਨਿਕ ਰਾਜਾ ਅਉਤਾਰੁ ਸਬਦੁ ਸੰਸਾਰਿ ਸਾਰੁ ਰਹਹਿ ਜਗਤ੍ਰ ਜਲ ਪਦਮ **ਬੀਚਾਰ**।"

— ਸਵ **੨**, ੩ : ੩ (1391)

ਬੀਚਾਰੰ — ਵੀਚਾਰਦੇ/ਸੋਚਦੇ/ਸਮਝਦੇ ਹਨ

"ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ **ਬੀਚਾਰੰ**।"

— ਮਲਾ **ਰਵਿ**, ੧, ੨ : ੧ (1293)

ਬੀਚਾਰਉ — ਵਿਚਾਰ ਕਰਾ, ਵਿਚਾਰਦਾ ਹਾਂ

"ਅਨਿਕ ਜੁਗਤਿ ਕਰਿ ਬਹੁਤੁ **ਬੀਚਾਰਉ**।"

— ਬਿਲਾ **੫**, ੯, ੨ : ੧ (804)

ਹੋਰ ਰੂਪ — ਬੀਚਾਰਈ —

"ਹਰਿ ਹਾਂ ਸੁਨਤੇ ਭਏ ਪੁਨੀਤ ਪਾਰਬ੍ਰਹਮ **ਬੀਚਾਰਈ**।" (ਵਿਚਾਰਦਾ ਹੈ)

— ਫੁਨ ੫, ੮ : ੪ (1362)

ਬੀਚਾਰਸੀ — ਵਿਚਾਰੇਗਾ

"ਬਾਣੀ ਬਿਰਲਉ **ਬੀਚਾਰਸੀ** ਜੇ ਕੋ ਗੁਰਮੁਖਿ ਹੋਇ।"

— ਰਾਮ **੧**, ਓਅੰ ੪੦ : ੭ (935)

ਬੀਚਾਰਹ — ਵਿਚਾਰ ਹੈ

"ਦ੍ਰੁਮ ਸਪੂਰ ਜਿਉ ਨਿਵੈ ਖਵੈ ਕਸੁ ਬਿਮਲ **ਬੀਚਾਰਹ**।" — ਸਵ **੨**, ੬ : ੨ (1392)

ਬੀਚਾਰਹਿ — ਵਿਚਾਰ ਕਰੇ

"ਗੁਰ ਸਬਦੁ **ਬੀਚਾਰਹਿ** ਆਪੁ ਜਾਇ।"

— ਬਸੰ **੧**, ਅਸ ੫, ੮ : ੧ (1190)

"ਕਈ ਕੋਟਿ ਕਥਿ ਕਥਿ **ਬੀਚਾਰਹਿ**।" (ਵਿਚਾਰਦੇ ਹਨ) — ਗਉ **੫**, ਸੁਖ ੧੦, ੧ : ੮ (275)

ਹੋਰ ਰੂਪ — ਬੀਚਾਰਹੁ —

"ਉਰਿ ਲਾਗਹੁ ਸੁਆਮੀ ਪ੍ਰਭ ਮੇਰੇ ਪੂਰਬ ਪ੍ਰੀਤਿ ਗੋਬਿੰਦ **ਬੀਚਾਰਹੁ**।"

— ਬਿਲਾ **੫**, ੧੨੩, ੧* : ੨ (829)

ਬੀਚਾਰਦਾ — ਵਿਚਾਰ ਕਰਦਾ ਹੈ

"ਹਰਿ ਜੇਵਡੁ ਨਾਹੀ ਕੋਈ ਜਾਣੂ ਹਰਿ ਧਰਮੁ **ਬੀਚਾਰਦਾ**।" — ਸਿਰੀ **੪**, ਵਾਰ ੧੮ : ੨ (90)

ਹੋਰ ਰੂਪ — ਬੀਚਾਰਦੇ —

"ਸਿਮ੍ਰਿਤ ਸਾਸਤ੍ਰ ਪੁੰਨ ਪਾਪ **ਬੀਚਾਰਦੇ** ਤਤੈ ਸਾਰ ਨ ਜਾਣੀ।" (ਵਿਚਾਰ ਕਰਦੇ)

— ਰਾਮ **੩**, ਅਨੰ ੨੭ : ੧ (920)

ਬੀਚਾਰਾ — 1. ਵਿਚਾਰ

"ਮਨੁ ਪੀਵੈ ਸੁਨਿ ਸਬਦੁ **ਬੀਚਾਰਾ**।"

— ਮਾਝ **੫**, ੨੬, ੨ : ੨ (102)

"ਕਰਮ ਹੋਵੈ ਸਤਿਗੁਰੁ ਮਿਲੈ ਬੂਝੈ **ਬੀਚਾਰਾ**।"

— ਆਸਾ **੧**, ਅਸ ੧੩, ੯ : ੧ (418)

2. ਵਿਚਾਰੀ ਹੈ

"ਕਹੁ ਨਾਨਕ ਇਹੁ ਤਤੁ **ਬੀਚਾਰਾ**।"

— ਗਉ **੫**, ੧੧੩, ੩ : ੧ (188)

"ਜਮ ਕੇ ਫਾਹੇ ਸਤਿਗੁਰਿ ਤੋੜੇ ਗੁਰਮੁਖਿ ਤਤੁ **ਬੀਚਾਰਾ** ਹੈ।" (ਵੀਚਾਰਿਆ ਹੈ)

— ਮਾਰੂ **੧**, ਸੋਲਾ ੯, ੯ : ੩ (1029)

3. ਵਿਚਾਰ ਕੇ

"ਸੋਧਤ ਸੋਧਤ ਸੋਧਿ **ਬੀਚਾਰਾ**।"

— ਗਉ **੫**, ਬਾਅ ੪੮ : ੩ (260)

4. ਵਿਚਾਰ ਦੁਆਰਾ, ਹੋਰ ਵੇਖੋ "ਬੀਚਾਰਿ"

"ਇਕਨਾ ਨੋ ਤੂ ਮੇਲਿ ਲੈਹਿ ਗੁਰ ਸਬਦਿ **ਬੀਚਾਰਾ**।"

— ਸੂਹੀ **੩**, ਵਾਰ ੨ : ੩ (786)

5. ਵਿਚਾਰ ਕਰਾਂ, ਵਿਚਾਰਾਂ

"ਹਮ ਨਾਨ੍ਹੇ ਨੀਚ ਤੁਮ੍ਹ ਬਡ ਸਾਹਿਬ ਕੁਦਰਤਿ ਕਉਣ **ਬੀਚਾਰਾ**।"

— ਸਾਰ **੫**, ਅਸ ੧, ੮ : ੧ (1235)

"ਸੇਵਾ ਸੁਰਤਿ ਰਹਸਿ ਗੁਣ ਗਾਵਾਂ ਗੁਰਮੁਖਿ ਗਿਆਨੁ **ਬੀਚਾਰਾ**।"

ਬੀਚਾਰਿ — 1. ਵਿਚਾਰ ਦੁਆਰਾ, ਵਿਚਾਰ ਕੇ

"ਗੁਰਮੁਖਿ ਮਨੁ ਸਮਝਾਈਐ ਆਤਮ ਰਾਮੁ **ਬੀਚਾਰਿ**।" — ਸਿਰੀ **੧**, ੧੨, ੨ : ੩ (18)
"ਗੁਰਮੁਖਾ ਕੇ ਮੁਖ ਉਜਲੇ ਗੁਰ ਸਬਦੀ **ਬੀਚਾਰਿ**।" (ਵਿਚਾਰ ਕਰਨ ਕਰਕੇ, ਵਿਚਾਰ ਸਦਕਾ) — ਸਿਰੀ **੬**, ੪੨, ੨ : ੧ (30)
"ਆਪੁ **ਬੀਚਾਰਿ** ਮਾਰਿ ਮਨੁ ਦੇਖਿਆ ਤੁਮ ਸਾ ਮੀਤੁ ਨ ਅਵਰੁ ਕੋਈ।" (ਵਿਚਾਰ ਕੇ ਭਾਵ ਸਮਝ ਕੇ) — ਆਸਾ **੧**, ੨੨, ੩ : ੧ (356)
"ਮਿਥਿਆ ਕਰਿ ਮਾਇਆ ਤਜੀ ਸੁਖ ਸਹਜ **ਬੀਚਾਰਿ**।" — ਬਿਲਾ **ਕਬ**, ੧੦, ੩ : ੧ (857)

2. ਵਿਚਾਰਿਆ ਹੈ
"ਆਪਣਾ ਭਉ ਤਿਨ ਪਾਇਓਨੁ ਜਿਨ ਗੁਰ ਕਾ ਸਬਦੁ **ਬੀਚਾਰਿ**।" — ਸਿਰੀ **੩**, ੫੬, ੧ : ੧ (35)

3. ਵਿਚਾਰ (ਕਰ)
"ਧਰਮ ਰਾਇ ਕੋ ਹੁਕਮੁ ਹੈ ਬਹਿ ਸਚਾ ਧਰਮੁ **ਬੀਚਾਰਿ**।" — ਸਿਰੀ **੩**, ੬੩, ੨ : ੧ (38)

ਬੀਚਾਰਿਓ — ਵਿਚਾਰਿਆ, ਵਿਚਾਰ ਕੀਤੀ
"ਤ੍ਰਿਸਨਾ ਤ੍ਰਿਖਾ ਭੂਖ ਭ੍ਰਮਿ ਲਾਗੀ ਹਿਰਦੈ ਨਾਹਿ **ਬੀਚਾਰਿਓ** ਰੇ।" — ਗਉ **ਕਬ**, ੫੬, ੨ : ੧ (335)

ਬੀਚਾਰੀ — 1. ਵਿਚਾਰਦੇ ਹਨ
"ਜਿਨਾ ਪੋਤੈ ਪੁੰਨੁ ਸੇ ਗਿਆਨ **ਬੀਚਾਰੀ**।" — ਗਉ **੩**, ੨੭, ੪ : ੧ (160)

2. ਭਾਵ ਸਮਝਿਆ
"ਕਾਸੀ ਮਗਹਰ ਸਮ **ਬੀਚਾਰੀ**।" — ਗਉ ਕਬ, ੧੫, ੪ : ੧ (326)

3. ਵਿਚਾਰ ਕੇ
"ਕਿਰਤ ਕੀ ਬਾਂਧੀ ਸਭ ਫਿਰੈ ਦੇਖਹੁ **ਬੀਚਾਰੀ**।" — ਗਉ **ਕਬ**, ੫੦, ੪ : ੧ (334)
"ਮੈ ਗੁਰੁ ਪੂਛਿਆ ਆਪਣਾ ਸਾਚਾ **ਬੀਚਾਰੀ** ਰਾਮ।" (ਵਿਚਾਰ ਦੁਆਰਾ) — ਆਸਾ **੧**, ਛੰਤ ੫, ੨ : ੨ (439)

4. ਵਿਚਾਰ ਕਰਨ ਵਾਲਾ
"ਦਇਆ ਦਿਗੰਬਰੁ ਦੇਹ **ਬੀਚਾਰੀ**।" — ਆਸਾ **੧**, ੨੫, ੩ : ੧ (356)
"ਭਣਤਿ ਨਾਨਕੁ ਬੂਝੈ ਕੋ **ਬੀਚਾਰੀ**।" (ਵਿਚਾਰਵਾਨ) — ਸੋਰ **੧**, ੧੨, ੪ : ੧ (599)

5. ਵਿਚਾਰ ਕਰਾਂ, ਸੋਚਾਂ
"ਕਉਨ ਸੁ ਜਤਨੁ ਉਪਾਉ ਕਿਨੇਹਾ ਸੇਵਾ ਕਉ ਨ **ਬੀਚਾਰੀ**।" — ਕੇਦਾ **੫**, ੫, ੨ : ੧ (1120)

ਬੀਚਾਰੀਅਲੇ — ਵਿਚਾਰ ਕੇ
"ਅਕਲਪਤ ਮੁਦ੍ਰਾ ਗੁਰ ਗਿਆਨੁ **ਬੀਚਾਰੀਅਲੇ** ਘਟਿ ਘਟਿ ਸਾਚਾ ਸਰਬ ਜੀਆ।" — ਰਾਮ **੧**, ਸਿਧੋ ੨੩ : ੨ (940)

ਬੀਚਾਰੀਆ — ਵਿਚਾਰਨ ਵਾਲਾ
"ਆਪਿ ਕਰਤਾ ਆਪਿ ਭੁਗਤਾ ਆਪਿ ਸਗਲ **ਬੀਚਾਰੀਆ**।" — ਧਨਾ **੫**, ਛੰਤ ੧, ੩ : ੫ (691)

ਬੀਚਾਰੀਐ — 1. ਵਿਚਾਰ ਕਰੀਏ, ਸੋਚੀਏ, ਚਿੰਤਨ ਕਰੀਏ, ਵਿਚਾਰਿਆ
"ਏਕੁ ਸਬਦੁ **ਬੀਚਾਰੀਐ** ਜਾ ਤੂ ਤਾ ਕਿਆ ਹੋਰਿ।" — ਸਿਰੀ **੧**, ੧੦, ੧* : ੨ (17)

2. ਵਿਚਾਰੋ, ਧਿਆਨ ਵਿਚ ਲਿਆਵੋ
"ਅਨਾਥ ਨਿਰਗੁਨਿ ਕਛੁ ਨ ਜਾਨਾ ਮੇਰਾ ਗੁਣੁ ਅਉਗਣੁ ਨ **ਬੀਚਾਰੀਐ**।" — ਬਿਹਾ **੫**, ਛੰਤ ੬, ੨ : ੪ (545)

ਬੀਚਾਰੁ — 1. ਵਿਚਾਰ, ਖਿਆਲ
"ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ **ਬੀਚਾਰੁ**।" — ਸਿਰੀ **੧**, ੬, ੧ : ੨ (16)

2. ਚਿੰਤਨ, ਸੋਚ ਵਿਚਾਰ
"ਕੇਤੇ ਪੰਡਿਤ ਜੋਤਕੀ ਬੇਦਾ ਕਰਹਿ **ਬੀਚਾਰੁ**।" — ਸਿਰੀ **੧**, ਅਸ ੫, ੨ : ੧ (56)
"ਆਪੇ ਕੁਦਰਤਿ ਸਾਜਿ ਕੈ ਆਪੇ ਕਰੇ **ਬੀਚਾਰੁ**।" — ਮਾਝ **੧**, ਵਾਰ ੧੨ : ੧ (143)

3. ਭਾਵ ਸਮਝ, ਸੂਝ
"ਸਰੀਰੁ ਆਰਾਧੈ ਮੋ ਕਉ **ਬੀਚਾਰੁ** ਦੇਹੂ।" — ਸਿਰੀ **ਰਵਿ**, ੧, ੩ : ੧ (93)

4. ਭਾਵ ਗਿਆਨ
"ਜਨ ਨਾਨਕੁ ਬੋਲੇ ਬ੍ਰਹਮ **ਬੀਚਾਰੁ**।" — ਆਸਾ **੫**, ੨, ੪ : ੧ (370)

5. ਭਾਵ ਬਿਆਨ, ਕਥਨ
"ਤੂੰ ਦਾਨਾਂ ਤੂੰ ਬੀਨਾਂ ਮੈ **ਬੀਚਾਰੁ** ਕਿਆ ਕਰੀ।"

— ਤਿਲੰ **ਨਾਮ**, ੨, ੩ : ੧ (727)

6. ਸੋਚ, ਵਿਚਾਰ ਕਰ

"ਮਨ ਪ੍ਰਾਣੀ ਮੁਗਧ **ਬੀਚਾਰੁ** ਅਹਿ ਨਿਸਿ ਜਪੁ ਧਰਮ ਕਰਮ ਪੂਰੈ ਸਤਿ ਗੁਰੁ ਪਾਈ ਹੈ।"

— ਸਵ **੪**, ਨਲ ੨ : ੫ (1398)

ਬੀਚਾਰੇ — ਵਿਚਾਰ ਕਰਨਾ

"ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ **ਬੀਚਾਰੇ**।"

— ਆਸਾ **੧**, ਸੋਦ ੧, ੧ : ੫ (8)

"ਆਪੁ **ਬੀਚਾਰੇ** ਸੁ ਗਿਆਨੀ ਹੋਈ।" (ਸਮਝੇ)

— ਗਉ **੧**, ੪, ੧* : ੨ (152)

"ਜੋ ਜਨ ਪਾਰਬ੍ਰਹਮਿ ਅਪਨੇ ਕੀਨੇ ਤਿਨ ਕਾ ਬਾਹੁਰਿ ਕਛੁ ਨ **ਬੀਚਾਰੇ**।" (ਵਿਚਾਰਦਾ,ਧਿਆਨ ਵਿਚ ਲਿਆਉਂਦਾ) — ਟੋਡੀ **੫**, ੩੦, ੨ : ੧ (718)

"ਅਨਹਦ ਝੁਣਕਾਰੇ ਤਤੁ **ਬੀਚਾਰੇ** ਸੰਤ ਗੋਸਟਿ ਨਿਤ ਹੋਵੈ।"

— ਸੂਹੀ **੫**, ਛੰਤ ੯, ੪ : ੩ (783)

"ਰਾਮ ਨਾਮਸਾਰ ਭੂਤ ਨਾਨਕ ਤਤੁ **ਬੀਚਾਰੇ**।" (ਸਮਝੇ, ਜਾਣੇ)

— ਸਾਰ **੫**, ੧੩੩, ੨ : ੪ (1230)

ਹੋਰ ਰੂਪ — ਬੀਚਾਰੈ —

"ਜੀਵਤੁ ਮਰੈ ਗੁਰਸਬਦੁ **ਬੀਚਾਰੈ** ਹਉਮੈ ਮੈਲੁ ਚੁਕਾਵਣਿਆ।" (ਵਿਚਾਰੇ/ਵਿਚਾਰ ਕਰੇ)

— ਮਾਝ **੩**, ਅਸ ੩੨, ੬ : ੩ (129)

ਬੀਚਾਰੈ — 1. ਵਿਚਾਰੇ, ਵਿਚਾਰ ਕਰੇ, ਵੇਖੋ 'ਬੀਚਾਰੇ'

2. ਵਿਚਾਰ/ਮਰਜ਼ੀ ਅਨੁਸਾਰ

"ਆਪਿ ਕਰੈ ਆਪਨ **ਬੀਚਾਰੈ**।"

— ਗਉ **੫**, ਸੁਖ ੧੧, ੨ : ੬ (277)

ਬੀਚਾਰੋ — 1. ਵਿਚਾਰ

"ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ **ਬੀਚਾਰੋ**।" — ਗਉ **੧**, ਸੋਹ ੧, ੧ : ੧ (12)

2. ਵਿਚਾਰੋ, ਧਿਆਨ/ਲੇਖੇ ਵਿਚ ਲਿਆਵੋ

"ਗੁਨੁ ਅਵਗਨੁ ਮੇਰੋ ਕਛੁ ਨ **ਬੀਚਾਰੋ**।"

— ਆਸਾ **੫**, ੭, ੧ : ੧ (372)

3. ਵਿਚਾਰਦਾ ਹੈ

"ਕੀਤਾ ਵੇਖੈ ਸਾਹਿਬੁ ਆਪਣਾ ਕੁਦਰਤਿ ਕਰੇ **ਬੀਚਾਰੋ**।"

— ਵਡ **੧**, ਅਲਾ ੨, ੪ : ੨ (580)

ਬੀਚਿ — 1. ਵਿਚ, ਵਿਚਕਾਰ

"ਆਸਿ ਪਾਸਿ ਬਿਖੂਆ ਕੇ ਕੁੰਟਾ **ਬੀਚਿ** ਅੰਮ੍ਰਿਤ ਹੈ ਭਾਈ ਰੇ।" — ਆਸਾ **੫**, ੫੬, ੧* : ੨ (385)

ਹੋਰ ਰੂਪ — ਬੀਚੁ —

"ਹਮ ਤੁਮ **ਬੀਚੁ** ਭਇਓ ਨਹੀ ਕੋਈ।"

— ਆਸਾ **ਕਬ**, ੩੮, ੩ : ੧ (484)

2. ਵਿਚੇ ਹੀ, ਵਿਚੋਂ

"ਜਾਇ ਪਹੂਚਹਿ ਖਸਮ ਕਉ ਜਉ **ਬੀਚਿ** ਨ ਖਾਹੀ ਕਾਂਬ।"

— ਸਲੋ **ਕਬ**, ੧੩੪ : ੨ (1371)

3. ਅੰਦਰ

"ਖਟ ਨੇਮ ਕਰਿ ਕੋਠੜੀ ਬਾਂਧੀ ਬਸਤੁ ਅਨੂਪੁ **ਬੀਚਿ** ਪਾਈ।"

— ਗਉ **ਕਬ**, ੨੩, ੧ : ੧ (339)

ਬੀਚੁ — 1. ਵਿਚਕਾਰ, ਵੇਖੋ ਬੀਚਿ (1)

2. ਵਿਚੋਲਾਪਣ

"**ਬੀਚੁ** ਨ ਕੋਇ ਕਰੇ ਅਕ੍ਰਿਤਘਣੁ ਵਿਛੁੜਿ ਪਇਆ।"

— ਬਿਹਾ **੫**, ਛੰਤ ੭, ੩ : ੧ (546)

3. ਵਿਥ

"ਆਨ ਆਪਨਾ ਕਰਤ ਬੀਚਾਰਾ ਤਉ ਲਾਉ **ਬੀਚੁ** ਬਿਖਾਈ।"

— ਸੋਰ **੫**, ੩, ੧ : ੨ (609)

ਬੀਚੇ — 1. ਵਿਚੇ ਹੀ

"ਦੇਸੁ ਕਮਾਵਨ ਧਨ ਜੋਰਨ ਕੀ ਮਨਸਾ **ਬੀਚੇ** ਨਿਕਸੇ ਸਾਸ।" — ਗੂਜ **੫**, ੫, ੨ : ੧ (496)

ਹੋਰ ਰੂਪ — ਬੀਚੈ —

"ਚਾਲੇ ਥੇ ਹਰਿ ਮਿਲਨ ਕਉ **ਬੀਚੈ** ਅਟਕਿਓ ਚੀਤੁ।" — ਸਲੋ **ਕਬ**, ੯੬ : ੨ (1369)

2. ਵਿਚ ਹੀ

"ਹਰਿ ਹਰਿ ਜਪਤ ਸਰਬ ਸੁਖ ਪਾਏ **ਬੀਚੇ** ਗ੍ਰਸਤ ਉਦਾਸ।"

— ਸਾਰ **੫**, ੧੨੩, ੧* : ੧ (1267)

ਬੀਚੋ — ਵਿਚ ਵਿਚਕਾਰ

"ਹਉ ਹਉ ਭੀਤਿ ਭਇਓ ਹੈ **ਬੀਚੋ** ਸੁਨਤ ਦੇਸਿ

ਨਿਕਟਾਇਓ।" — ਸੋਰ **੫**, ੬੧, ੩ : ੧ (624)

ਬੀਛੁਰਾ — ਵਿਛੜ ਗਿਆ, ਜੁੱਦਾ ਹੋਇਆ

"ਜਾ ਕੇ ਸੰਗ ਤੇ **ਬੀਛੁਰਾ** ਤਾਹੀ ਕੇ ਸੰਗਿ ਲਾਗੁ।"

— ਸਲੋ **ਕਬ**, ੧੨੯ : ੨ (1371)

ਹੋਰ ਰੂਪ — ਬੀਛੁਰੇ —

"ਜੋ ਜੀਅ ਤੁਝ ਤੇ **ਬੀਛੁਰੇ** ਪਿਆਰੇ ਜਨਮਿ ਮਰਹਿ ਬਿਖੁ ਖਾਇ।"

— ਆਸਾ **੫**, ਬਿਰ ੨, ੩ : ੧ (431)

ਬੀਛੁਰੈ —

"ਕਬੀਰ ਚਕਈ ਜਉ ਨਿਸਿ **ਬੀਛੁਰੈ** ਆਇ ਮਿਲੈ ਪਰ ਭਾਤਿ।" (ਵਿਛੜਦੀ ਹੈ)

— ਸਲੋ **ਕਬ**, ੧੨੫ : ੧ (1371)

ਬੀਛੁੜੈ — ਵਿਛੜੇ ਜੁੱਦਾ ਹੋਏ

"ਈਤ ਊਤ ਨਹੀ **ਬੀਛੁੜੈ** ਸੋ ਸੰਗੀ ਗਨੀਐ।"

— ਧਨਾ **੫**, ੨੨, ੧* : ੧ (677)

ਬੀਜ — 1. ਬੀ, ਤੁਖਮ

"ਪਾਪੁ ਪੁੰਨੁ **ਬੀਜ** ਕੀ ਪੋਟ।"

— ਗਉ **੧**, ੫, ੨ : ੨ (152)

2. ਭਾਵ ਮੂਲ, ਕੇਂਦਰੀ

"**ਬੀਜ** ਮੰਤ੍ਰੁ ਸਰਬ ਕੋ ਗਿਆਨ।"

— ਗਉ **੫**, ਸੁਖ ੯, ੫ : ੧ (274)

ਬੀਜਉ — ਦੂਸਰਾ, ਦੂਜਾ

"**ਬੀਜਉ** ਸੂਝੈ ਕੋ ਨਹੀ ਬਹੈ ਦੁਲੀਚਾ ਪਾਇ।"

— ਰਾਮ **੧**, ਓਅੰ ੪੬ : ੧ (936)

ਬੀਜਸਿ — ਬੀਜਦਾ ਹੈ

"ਕਾਲਰਿ **ਬੀਜਸਿ** ਦੁਰਮਤਿ ਐਸੀ ਨਿਗੁਰੇ ਕੀ ਨੀਸਾਣੀ।"

— ਮਥਾ **੧**, ਅਸ ੪, ੬ : ੩ (1275)

ਬੀਜਹਿ — ਬੀਜਦਾ ਹੈ

"ਜੈਸਾ **ਬੀਜਹਿ** ਤੈਸਾ ਖਾਸ।"

— ਗਉ **੫**, ੭੧*, ੩ : ੩ (176)

ਹੋਰ ਰੂਪ — ਬੀਜਹੁ —

"ਨਾਮੁ ਖੇਤੀ **ਬੀਜਹੁ** ਭਾਈ ਮੀਤ।"

— ਆਸਾ **੫**, ਅਸ ੧, ੩ : ੧ (430)

ਬੀਜਣ — ਬੋਣ, ਬੀਜ ਬੀਜਣਾ

"ਨਾਉ **ਬੀਜਣ** ਲਗਾ ਆਸ ਕਰਿ ਹਰਿ ਬੋਹਲ ਬਖਸ ਜਮਾਇ ਜੀਉ।"

— ਸਿਰੀ **੫**, ਅਸ ੨੯, ੨ : ੩ (73)

ਹੋਰ ਰੂਪ — ਬੀਜਣਾ —

"ਸਚੁ ਖੇਤੀ ਸਚੁ **ਬੀਜਣਾ** ਸਾਚਾ ਵਾਪਾਰਾ।"

— ਵਡ **੩**, ਅਸ ੧, ੩ : ੧ (565)

ਬੀਜਦੇ — ਬੋਂਦੇ

"ਪੁੰਨ ਦਾਨੁ ਜੋ **ਬੀਜਦੇ** ਸਭ ਧਰਮ ਰਾਇ ਕੈ ਜਾਈ।"

— ਸਲੋ **੩**, ੧੯ : ੩ (1414)

ਬੀਜਨ — ਬੀਜਦੇ ਹਨ

"ਨਿਰਮਲ ਰੂਪ ਅਨੂਪ ਸੁਆਮੀ ਕਰਮ ਭੂਮਿ **ਬੀਜਨ** ਸੋ ਖਾਵਨ।" — ਟੋਡੀ **੫**, ੨੫, ੧ : ੨ (717)

ਬੀਜਨਾ — ਪੱਖਾ

"ਕੇਸਾ ਕਾ ਕਰਿ **ਬੀਜਨਾ** ਸੰਤ ਚਉਰੁ ਢੁਲਾਵਉ।"

— ਸੂਹੀ **੫**, ੪੨, ੨ : ੧ (745)

ਹੋਰ ਰੂਪ — ਬੀਜਨੁ —

"ਦੇਉ ਸੂਹਨੀ ਸਾਧ ਕੈ **ਬੀਜਨੁ** ਢੋਲਾਵਉ।"

— ਬਿਲਾ **੫**, ੫੧, ੧* : ੨ (813)

ਬੀਜਾ — ਹੋਰ, ਦੂਸਰਾ

"ਹਰਿ ਹਰਿ ਆਰਾਧਿਆ ਗੁਰ ਸਬਦਿ ਵਿਗਾਸਿਆ **ਬੀਜਾ** ਅਵਰੁ ਨ ਕੋਇ ਜੀਉ।"

— ਆਸਾ **੪**, ਛੰਤ ੧੨, ੩ : ੨ (446)

ਬੀਜਾਇਦਾ — ਬਿਜਵਾਉਂਦਾ ਹੈ

"ਬੁਰਾ ਭਲਾ ਦੁਇ ਮਸਤਕਿ ਲੀਖੇ ਪਾਪੁ ਪੁੰਨ **ਬੀਜਾਇਦਾ**।"

— ਮਾਰੂ **੧**, ਸੋਲਾ ੧੨, ੪ : ੩ (1038)

ਬੀਜਿ — 1. ਬੋਕੇ, ਬੀਜ ਕੇ

"ਆਪੇ **ਬੀਜਿ** ਆਪੇ ਹੀ ਖਾਹੁ।"

— ਜਪੁ **੧**, ੨੦ : ੯ (4)

2. ਬੀਜੋ

"ਨਾਨਕ ਨਾਮੁ **ਬੀਜਿ** ਮਨ ਅੰਦਰਿ ਸਚੈ ਸਬਦਿ ਸੁਭਾਇ।"

— ਵਡ **੩**, ਛੰਤ ੨, ੨ : ੬ (568)

"ਇਹੁ ਤਨੁ ਧਰਤੀ ਸਬਦੁ **ਬੀਜਿ** ਅਪਾਰਾ।"

— ਮਾਰੂ **੩**, ਸੋਲਾ ੫, ੧੧ : ੧ (1048)

ਬੀਜਿਓ — ਬੀਜਿਆ

"ਹੁਣਿ ਵਤੈ ਹਰਿ ਨਾਮੁ ਨ **ਬੀਜਿਓ** ਅਗੈ ਭੁਖਾ ਕਿਆ ਖਾਏ।"

— ਆਸਾ **੪**, ਛੰਤ ੧੮, ੨ : ੩ (450)

ਹੋਰ ਰੂਪ — ਬੀਜਿਆ —
"ਗੁਰ ਸਿਖੀ ਅੰਮ੍ਰਿਤੁ **ਬੀਜਿਆ** ਤਿਨ ਅੰਮ੍ਰਿਤ ਫਲੁ ਹਰਿ ਪਾਇ।" (ਬੋਇਆ)
— ਗਉ **੪**, ਵਾਰ ੭ਸ, **੪**, ੧ : ੨ (302)
"ਫੇਰਿ ਓਹੋ ਵੇਲਾ ਓਸੁ ਹਥਿ ਨ ਆਵੈ ਓਹੁ ਆਪਣਾ **ਬੀਜਿਆ** ਆਪੇ ਖਾਵੈ।" (ਬੋਇਆ ਹੋਇਆ)
— ਗਉ **੪**, ਵਾਰ ੯ਸ, **੪**, ੧ : ੬ (306)

ਬੀਜੀ — ਦੂਜੀ, ਹੋਰ
"ਅਵਰ ਨ ਸੂਝਸਿ **ਬੀਜੀ** ਕਾਰਾ।"
— ਮਾਰੂ **੪**, ਸੋਲਾ ੧, ੧ : ੨ (1069)

ਬੀਜੀਐ — ਬੋਈਏ, ਬੀਜੀਏ
"ਕਲਰਿ ਖੇਤੀ **ਬੀਜੀਐ** ਕਿਉ ਲਾਹਾ ਪਾਵੈ।"
— ਆਸਾ **੧**, ਅਸ ੧੫, ੪ : ੧ (419)

ਬੀਜੁ — ਬੀਜ
"ਇਹੁ ਤਨੁ ਧਰਤੀ **ਬੀਜੁ** ਕਰਮਾ ਕਰੋ ਸਲਿਲ ਆਪਾਉ ਸਾਰਿੰਗ ਪਾਣੀ।"
— ਸਿਰੀ **੧**, ੨੬, ੧ : ੧ (23)

ਬੀਜੁਲ — ਬਿਜਲੀ
"ਚਮਕਾਰ **ਬੀਜੁਲ** ਤਹੀ।"
— ਸੋਰ **ਨਾਮ**, ੧, ੩ : ੨ (657)

ਹੋਰ ਰੂਪ — ਬੀਜੁਲਿ —
"ਦਹ ਦਿਸ ਚਮਕੈ **ਬੀਜੁਲਿ** ਮੁਖ ਕਉ ਜੋਹਤੀ।" (ਬਿਜਲੀ) — ਫੁਨ **੫**, ੯ : ੨ (1362)

ਬੀਜੇ — ਬੋਏ, ਬੀਜਦਾ ਹੈ
"ਨਾਮੋ **ਬੀਜੇ** ਨਾਮੋ ਜੰਮੈ ਨਾਮੋ ਮੰਨਿ ਵਸਾਏ।"
— ਗਉ **੩**, ਛੰਤ ੫, ੧ : ੫ (246)

ਹੋਰ ਰੂਪ — ਬੀਜੈ —
"ਕੂੜਿ ਕਪਟਿ ਕਿਨੈ ਨ ਪਾਇਓ ਜੋ **ਬੀਜੈ** ਖਾਵੈ ਸੋਇ।" (ਬੀਜਦਾ ਹੈ)
— ਸਿਰੀ **੪**, ੬੫, ੩ : ੩ (40)
"ਜੈਸੇ ਧਰਤੀ ਸਾਧੈ ਬਹੁ ਬਿਧਿ ਬਿਨੁ **ਬੀਜੈ** ਨਹੀ ਜਾਂਮੈ।" (ਬੀਜਿਆਂ)
— ਸਾਰ **੫**, ੧੧, ੨ : ੧ (1205)

ਬੀਜੋ — ਦੂਜਾ, ਹੋਰ
"ਤਿਸੁ ਬਿਨੁ **ਬੀਜੋ** ਨਾਹੀ ਕੋਇ।"
— ਪ੍ਰਭਾ **੫**, ਅਸ ੩, ੩ : ੨ (1348)

ਬੀਠਲ — ਪ੍ਰਭੂ (ਗਿਆਨ) ਠ (ਬਿਠਾ) ਲ (ਅੰਗੀਕਾਰ) ਜੋ ਗਿਆਨਹੀਨ ਮਹਾ ਮੂਰਖ ਨੂੰ ਅੰਗੀਕਾਰ ਕਰੇ (ਮਹਾਨ-ਕੋਸ਼); (ਇੱਟ) ਬਿਠ ਇਟ ਤੇ ਬੈਠਣ ਵਾਲਾ ਵਿਸ਼ਨੂੰ (ਸ਼ਬਦਾਰਥ)
"ਪਹਿਲੇ ਬਾਸੁ ਲਈ ਹੈ ਭਵਰਹ **ਬੀਠਲ** ਭੈਲਾ ਕਾਇ ਕਰਉ।"
— ਆਸਾ **ਨਾਮ**, ੨, ੨ : ੨ (485)

ਹੋਰ ਰੂਪ — ਬੀਠੁਲਾ —
"ਤਾਰਿ ਲੈ ਬਾਪ **ਬੀਠੁਲਾ**।" (ਹੇ ਬੀਠਲਾ)
— ਬਸੰ **ਨਾਮ**, ੨, ੧* : ੨ (1196)

ਬੀਠਲੁ —
"ਨਾਮੇ ਕੋ ਸੁਆਮੀ **ਬੀਠਲੁ** ਐਸਾ।" (ਪ੍ਰਮਾਤਮਾ)
— ਕਾਨ **ਨਾਮ**, ੧, ੨ : ੨ (1318)

ਬੀਠਲੋ —
"ਨਾਮੇ ਚੇ ਸੁਆਮੀ **ਬੀਠਲੋ** ਜਿਨਿ ਤੀਨੈ ਜਰਿਆ।"
— ਗੂਜ **ਨਾਮ**, ੨, ੩ : ੨ (525)
"ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ ਤਉ ਦਇਆਰੁ **ਬੀਠਲੋ** ਪਾਇਓ।"
— ਸੋਰ **੫**, ੬੧, ੪ : ੨ (624)

ਬੀਠਾ — ਬੈਠਾ, ਫੈਲਿਆ ਹੋਇਆ
"ਪਾਰਬ੍ਰਹਮ ਆਜੋਨੀ ਸੰਭਉ ਸਰਬ ਥਾਨ ਘਟ **ਬੀਠਾ**।" — ਸਾਰ **੫**, ੪੨, ੧ : ੧ (1212)

ਬੀਠੁਲਾ — ਵਿਠੁਲ, ਪ੍ਰਭੂ, ਵੇਖੋ 'ਬੀਠਲ'
"ਮਿਲੁ ਮੇਰੇ **ਬੀਠੁਲਾ** ਲੈ ਬਾਹੜੀ ਵਲਾਇ।"
— ਸਿਰੀ **ਤ੍ਰਿਲੋ**, ੨, ੧* : ੪ (92)

ਬੀਠੁਲਾਇ — ਬੀਠਲ, ਪਰਮਾਤਮਾ ਵੇਖੋ 'ਬੀਠਲ'
"ਮੇਰੋ ਬਾਪੁ ਮਾਧਉ ਤੂਧਨੁ ਕੇਸੌ ਸਾਂਵੀਲੀਓ **ਬੀਠੁਲਾਇ**।"
— ਮਾਲੀ **ਨਾਮ**, ੨, ੧* : ੧ (988)

ਬੀਠੁਲੁ — ਵਿਠੁਲ, ਪ੍ਰਭੂ ਵੇਖੋ 'ਬੀਠਲ'
"ਆਪ ਹੀ ਕਰਤਾ **ਬੀਠੁਲੁ** ਦੇਉ।"
— ਪ੍ਰਭਾ **ਨਾਮ**, ੩, ੨ : ੨ (1351)

ਹੋਰ ਰੂਪ — ਬੀਠੁਲੇ —
"ਕਰਹੁ ਕ੍ਰਿਪਾ ਗੋਪਾਲ **ਬੀਠੁਲੇ** ਬਿਸਰਿ ਨ

ਕਬ ਹੀ ਜਾਇ।" (ਪ੍ਰਭੂ)
— ਸਾਰ ੫, ੯੮, ੧* : ੨ (1223)

ਬੀਠੁਲੈ —
"ਕਰੀ ਕ੍ਰਿਪਾ ਦਇਆਲ **ਬੀਠੁਲੈ** ਸਤਿਗੁਰ ਮੁਝਹਿ ਬਤਾਇਓ।" (ਵਾਹਿਗੁਰੂ ਨੇ)
— ਗਉ ੫, ੧੨੩*, ੧* : ੨ (205)

ਬੀਣਾ — 1. ਵੀਣਾ, ਇਕ ਤੰਤੀ ਸਾਜ਼
"**ਬੀਣਾ** ਸਬਦੁ ਵਜਾਵੈ ਜੋਗੀ ਦਰਸਨਿ ਰੂਪਿ ਅਪਾਰਾ।" — ਆਸਾ ੧, ੮, ੪ : ੧ (351)

ਹੋਰ ਰੂਪ — ਬੀਣਾਂ —
"ਬਾਜੰਤ ਨਾਨਕ ਸਬਦ **ਬੀਣਾਂ**।"
— ਸਸ ੫, ੧੩ : ੬ (1355)

2. ਬਣਿਆ ਹੋਇਆ
"ਜਿਸੁ ਧੀਰਜੁ ਧੁਰਿ ਧਵਲੁ ਧੁਜਾ ਸੇਤਿ ਬੈਕੁੰਠ **ਬੀਣਾ**।" — ਸਵ ੩, ੭ : ੨ (1393)

3. ਦ੍ਰਿਸ਼ਟਾ, ਦੇਖਣ ਵਾਲਾ
"ਗੁਰ ਅਰਜੁਨੁ ਘਰਿ ਗੁਰ ਰਾਮਦਾਸ ਅਪਰੰਪਰੁ **ਬੀਣਾ**।" — ਸਵ ੫, ਕਲ ੩ : ੪ (1407)

ਬੀਤ — 1. ਲੰਘ, ਗੁਜ਼ਰ
"ਕਹੈ ਨਾਨਕੁ ਰਾਮੁ ਭਜਿ ਲੈ ਜਾਤੁ ਅਉਸਰੁ **ਬੀਤ**।"
— ਸੋਰ ੯, ੧, ੨ : ੨ (631)

2. ਵਿਤ, ਹਾਲਾਤ
"ਹਰਿ ਚੰਦਉਰੀ ਬਨ ਹਰਪਾਤ ਰੇ ਇਹੈ ਤੁਹਾਰੋ **ਬੀਤ**।" — ਧਨਾ ੫, ੯, ੧* : ੨ (673)

ਬੀਤਤ — ਲੰਘ ਰਹੀ ਹੈ
"ਬੋਇਓ ਬੀਜੁ ਅਹੰ ਮਮ ਅੰਕੁਰੁ **ਬੀਤਤ** ਅਉਧ ਕਰਤ ਅਘਨਾਂ।" — ਸਸ ੫, ੪* : ੪ (1387)

ਬੀਤਿ — ਲੰਘ/ਗੁਜ਼ਰ ਗਈ
"ਜੋਬਨ **ਬੀਤਿ** ਜਰਾ ਰੋਗਿ ਗ੍ਰਸਿਓ ਜਮਦੂਤਨ ਡੰਨੁ ਮਿਰਤੁ ਮਰਿਓ ਹੈ।"
— ਸਸ ੫, ੮* : ੪ (1388)

ਬੀਤਿਓ — ਲੰਘਦਾ, ਗੁਜ਼ਰਦਾ
"ਅਉਸਰੁ **ਬੀਤਿਓ** ਜਾਤੁ ਹੈ ਕਹਿਓ ਮਾਨ ਲੈ ਮੇਰੋ।" — ਤਿਥੰ ੯, ੩, ੧* : ੨ (727)

ਬੀਤੀ — 1. ਵਾਪਰਦੀ, ਵਹਿੰਦੀ
"ਜਿਸ **ਬੀਤੀ** ਜਾਣੈ ਪ੍ਰਭ ਸੋਇ।"
— ਆਸਾ ੧, ਅਸ ੪, ੨ : ੩ (413)

2. ਲੰਘ ਗਈ, ਮੁਕ ਗਈ
"ਪ੍ਰੀਤਮ ਨਾਥੁ ਸਦਾ ਸਚੁ ਸੰਗੇ ਜਨਮ ਪਰਣ ਗਤਿ **ਬੀਤੀ**।"
— ਮਾਰੂ ੧, ੧੧, ੧ : ੨ (992)
"ਸਾਤ ਘੜੀ ਜਬ **ਬੀਤੀ** ਸੁਣੀ।" (ਲੰਘੀ)
— ਭੈਰ **ਨਾਮ**, ੧੦, ੧੪ : ੧ (1166)

ਬੀਤੀਅਨ — ਲੰਘ ਗਏ, ਬੀਤ ਗਏ
"ਅਨਿਕ ਜਨਮ **ਬੀਤੀਅਨ** ਭਰਮਾਈ।"
— ਸੂਹੀ ੫, ੪੦, ੩ : ੧ (745)

ਬੀਤੁ — ਵਿਤ, ਹੈਸੀਅਤ, ਕਦਰ
"ਤਿਸੁ ਸਿਉ ਨ ਲਾਈਐ ਹੀਤੁ ਜਾ ਕੋ ਕਿਛੁ ਨਾਹੀ **ਬੀਤੁ** ਅੰਤ ਕੀ ਬਾਰ ਓਹੁ ਸੰਗਿ ਨ ਚਾਲੈ।"
— ਧਨਾ ੫, ੨੯, ੨ : ੧ (678)

ਬੀਤੇ — ਲੰਘੇ ਹੋਏ
"ਰਾਗ ਸੁਣਾਇ ਕਹਾਵਹਿ **ਬੀਤੇ**।" (ਭਾਵ ਪਹੁੰਚੇ ਹੋਏ) — ਆਸਾ ੧, ਅਸ ੭, ੧ : ੨ (414)
"ਜਨਮ ਮਰਣ ਅਨੇਕ **ਬੀਤੇ** ਪ੍ਰਿਅ ਸੰਗ ਬਿਨੁ ਕਛੁ ਨਹ ਗਤੇ।" (ਲੰਘੇ, ਬਤੀਤ ਹੋਏ)
— ਆਸਾ ੫, ਛੰਤ ੧੪, ੧ : ੪ (462)

ਬੀਥਰੇ — ਖਿਲਰੇ
"ਮਾਰਗਿ ਮੋਤੀ **ਬੀਥਰੇ** ਅੰਧਾ ਨਿਕਸਿਓ ਆਇ।"
— ਸਲੋ **ਕਬ**, ੧੧੪ : ੧ (1370)

ਬੀਥੀ — ਗਲੀ, ਸੜਕ
"ਨਾਮ ਤੇਰੇ ਕੀ ਮੁਕਤੇ **ਬੀਥੀ** ਜਮ ਕਾ ਮਾਰਗੁ ਦੂਰਿ ਰਹਿਆ।"
— ਆਸਾ ੫, ੧੧, ੧* : ੨ (393)

ਬੀਧਾ — ਵਿੱਧਾ, ਵਿੰਨ੍ਹਿਆ
"ਹਰਿ ਰਸਿ **ਬੀਧਾ** ਹਰਿ ਮਨੁ ਪਿਆਰਾ ਮਨੁ ਹਰਿ ਰਸਿ ਨਾਮਿ ਝੋਲੇ ਰਾਮ।"
— ਬਿਹਾ ੪, ਛੰਤ ੧, ੧ : ੨ (538)
"**ਬੀਧਾ** ਪੰਚ ਬਟਵਾਰਈ ਉਪਜਿਓ ਮਹਾ ਖੇਦੁ।" (ਭਾਵ ਰਲਿਆ ਮਿਲਿਆ)
— ਬਿਲਾ ੫, ੫੮, ੩ : ੨ (8150

ਹੋਰ ਰੂਪ — ਬੀਧਿ —
"ਨਵਲ ਨਵਤਨ ਚਤੁਰ ਸੁੰਦਰ ਮਨੁ ਨਾਨਕ ਤਿਸੁ ਸੰਗਿ **ਬੀਧਿ**।" (ਵਿੰਨਿਆ ਗਿਆ ਹੈ)
— ਮਾਰੂ ੫, ੨੬, ੨ : ੨ (1006)

ਬੀਧੇ —
"ਚਰਨ ਕਮਲ ਪ੍ਰੇਮ ਭਗਤੀ **ਬੀਧੇ**।" (ਵਿੰਨ੍ਹੇ ਹੋਏ) — ਗਉ **੫**, ੧੬੩, ੧* : ੨ (198)

ਬੀਧੋ —
"ਅੰਚਲਾ ਗਹਾਇਓ ਜਹਿ ਅਪੁਨੇ ਕਉ ਮਨ **ਬੀਧੋ** ਪ੍ਰੇਮ ਕੀ ਖੋਰੀ।"
— ਨਟ **੫**, ੬, ੧ : ੧ (979)

ਬੀਨ — ਬਿਨਾ, ਬਿਗੈਰ
"ਸਭਿ ਦੂਖ ਸਖਾਈ ਗੁਣਹ **ਬੀਨ**।"
— ਬਸੰ **੧**, ਅਸ ੨, ੩ : ੪ (1188)

ਬੀਨਾ — 1. ਦੇਖਣ ਵਾਲਾ, ਦ੍ਰਿਸ਼ਟਾ (ਫ. ਬੀਨਾ)
"ਤੂ ਦਰੀਆਉ ਦਾਨਾ **ਬੀਨਾ** ਮੈ ਮਛੁਲੀ ਕੈਸੇ ਅੰਤੁ ਲਹਾ।" — ਸਿਰੀ **੧**, ੩੧, ੧ : ੧ (25)
"ਆਪੇ ਦਾਨਾ ਆਪੇ **ਬੀਨਾ** ਪੂਰੈ ਭਾਗਿ ਸਮਾਏ।"
— ਰਾਮ **੧**, ਸਿਗੋ ੫੮ : ੬ (944)

ਹੋਰ ਰੂਪ — ਬੀਨਾਂ —
"ਤੂੰ ਦਾਨਾਂ ਤੂੰ **ਬੀਨਾਂ** ਮੈ ਬੀਚਾਰੁ ਕਿਆ ਕਰੀ।" (ਦ੍ਰਿਸ਼ਟਾ)
— ਤਿਲੰ **ਨਾਮ**, ੨, ੩ : ੧ (727)

2. ਵੇਖਿਆ
"ਤ੍ਰਿਸਨਾ ਰਾਚਿ ਤਤੁ ਨਹੀ **ਬੀਨਾ**।"
— ਗਉ **੧**, ਅਸ ੧੧, ੩ : ੩ (225)

3. ਸਿਆਣਾ, ਸਮਝਵਾਲਾ
"ਨਾ ਕੋ ਪੜਿਆ ਪੰਡਿਤੁ **ਬੀਨਾ** ਨਾ ਕੋ ਮੂਰਖੁ ਮੰਦਾ।" — ਆਸਾ **੧**, ੩੬, ੪ : ੧ (359)
"ਜੇ ਤੂੰ ਪੜਿਆ ਪੰਡਿਤੁ **ਬੀਨਾ** ਦੁਇ ਅਖਰ ਦੁਇ ਨਾਵਾ।" — ਬਸੰ **੧**, ੧੦, ੩ : ੨ (1171)

4. ਵੀਣਾ
"ਨਿਤ ਬਾਜੇ ਅਨਹਤ **ਬੀਨਾ**।"
— ਸੋਰ **੫**, ੫੫, ੧* : ੨ (622)

ਬੀਨਾਈਐ — 1. ਸਿਆਣੇ (ਹਰੀ) (ਅ. ਬੀਨਾ)
"ਲਈਅਨਿ ਖਰੇ ਪਰਖਿ ਦਰਿ **ਬੀਨਾਈਐ**।"
— ਮਾਝ **੧**, ਵਾਰ ੧੭ : ੭ (146)

2. ਬੀਨਾਈ ਨਜ਼ਰ (ਅ. ਬੀਨਾਈ)
"ਤੂ ਦੇਖਹਿ ਥਾਪਿ ਉਥਾਪਿ ਦਰਿ **ਬੀਨਾਈਐ**।"
— ਸੂਹੀ **੧**, ਅਸ ੪, ੩ : ੨ (752)

ਬੀਨਿਆ — ਦੇਖਣ ਵਾਲਾ ਭਾਵ ਚਤੁਰ ਸਿਆਣਾ
"ਆਪੇ ਦਾਨਾਂ **ਬੀਨਿਆ** ਆਪੇ ਪਰਧਾਨਾਂ।"
— ਬਿਹਾ **੪**, ਵਾਰ ੧੯ : ੧ (556)

ਬੀਨੁ — ਬਿਨਾ, ਵਿਹੂਣੇ
"ਦਰਿ ਭ੍ਰਸਟ ਸਰਾਪੀ ਨਾਮ **ਬੀਨੁ**।"
— ਬਸੰ **੧**, ਅਸ ੨, ੩ : ੨ (1188)

ਬੀਨੈ — ਦੇਖਦਾ
"ਪਾਖੰਡਿ ਰਾਚਿ ਤਤੁ ਨਹੀ **ਬੀਨੈ**।"
— ਬਿਲਾ **੧**, ਥਿਤੀ ੧੩ : ੪ (840)

ਬੀਬੀ — 1. ਪਤਨੀ
"ਕੂੜੁ ਮੀਆ ਕੂੜੁ **ਬੀਬੀ** ਖਪਿ ਹੋਏ ਖਾਰੁ।"
— ਆਸਾ **੧**, ਵਾਰ ੧੦ਸ, **੧**, ੧ : ੫ (468)
ਫਾ. (ਬੀਬੀ = ਕੁਲੀਨ ਨਾਰੀ) ਇਸਤ੍ਰੀਆਂ ਲਈ

2. ਸਤਿਕਾਰ ਬੋਧਿਕ ਸ਼ਬਦ
"ਪਾਸਿ ਬੈਠੀ **ਬੀਬੀ** ਕਵਲਾ ਦਾਸੀ।"
— ਆਸਾ **ਕਬ**, ੧੩, ੨ : ੨ (478)

ਬੀਭਾ — ਦੂਜਾ, ਦੂਸਰਾ
"ਨਾਨਕ ਸਚਾ ਏਕੁ ਦਰੁ **ਬੀਭਾ** ਪਰਹਰਿ ਆਹਿ।"
— ਸਲੋ **੩**, ੭ : ੨ (1413)

ਬੀਰ — 1. ਹੇ ਵੀਰ, ਹੇ ਭਰਾ! ਹੇ ਭਾਈ!
"ਰਾਮ ਰਸਾਇਣੁ ਪੀਵਤ **ਬੀਰ**।"
— ਗਉ **੫**, ੧੬੧, ੧* : ੧ (196)

ਹੋਰ ਰੂਪ — ਬੀਰਾ —
"ਜਬ ਲੇਖਾ ਦੇਵਹਿ **ਬੀਰਾ** ਤਉ ਪੜਿਆ।" (ਹੇ ਵੀਰ)
— ਆਸਾ **੧**, ਪਟੀ ੧* : ੨ (432)

2. ਬਹਾਦਰ
"ਭੁਜਬਲ **ਬੀਰ** ਬ੍ਰਹਮ ਸੁਖ ਸਾਗਰ ਗਰਤ ਪਰਤ ਗਹਿ ਲੇਹੁ ਅੰਗੁਰੀਆਂ।" (ਪ੍ਰਮਾਤਮਾ ਨੂੰ ਭੁਜ ਬਲ ਬੀਰ ਕਿਹਾ ਹੈ)
— ਗਉ **੫**, ੧੧੫*, ੧* : ੧ (203)
"ਜਿਨ ਜਾਨਿਆ ਸੇਈ ਤਰੇ ਸੇ ਸੂਰੇ ਸੇ **ਬੀਰ**।"
— ਰਾਮ **੫**, ਰੁਤੀ ੮, ੨ਸ : ੧ (929)

ਹੋਰ ਰੂਪ — ਬੀਰਾ —
"**ਬੀਰਾ** ਅਪਨ ਬੁਰਾ ਮਿਟਾਵੈ।" (ਬਹਾਦਰ)
— ਗਉ **੫**, ਬਾਅ ੩੯ : ੩ (258)

3. ਭਰਾ, ਵੀਰ
"ਮੋਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ ਸੋ

ਭਾਈ ਸੋ ਮੇਰਾ **ਬੀਰ**।"
(ਮਹਾਨ ਕੋਸ਼ ਅਰਥ ਮਿਤਰ ਕਰਦਾ ਹੈ)
— ਗੋਂਡ **੪**, ੬, ੨ : ੧ (862)

ਹੋਰ ਰੂਪ — ਬੀਰਾ —
"ਮੇਰਾ ਪਿਤਾ ਮਾਤਾ ਹਰਿ ਨਾਮੁ ਹੈ ਹਰਿ ਬੰਧਪੁ **ਬੀਰਾ**।" (ਭਰਾ)
— ਗਉ **੩**, ੩੨, ੪ : ੩ (163)

ਬੀਰੇ — ਪਾਨ ਦੇ ਬੀੜੇ
"ਟੇਢੀ ਪਾਗ ਟੇਢੇ ਚਲੇ ਲਾਗੇ **ਬੀਰੇ** ਖਾਨ।"
— ਕੇਦਾ **ਕਬ**, ੫, ੧ : ੧ (1124)

ਬੀੜੀਆ — ਪਾਨ ਦੇ ਬੀੜੇ
"ਪਾਨ ਸੁਪਾਰੀ ਖਾਤੀਆ ਮੁਖਿ **ਬੀੜੀਆ** ਲਾਈਆ।"
— ਤਿਲੰ **੪**, ਅਸ ੨, ੧੩ : ੧ (726)

ਬੁਹੀਆ — ਸੁਗੰਧਤ ਹੋਇਆ
"ਮਿਲਿ ਸਤਸੰਗਤਿ ਪਰਮਪਦੁ ਪਾਇਆ ਮੈ ਹਿਰਡ ਪਲਾਸ ਸੰਗਿ ਹਰਿ **ਬੁਹੀਆ**।"
— ਬਿਲਾ **੪**, ਅਸ ੨, ੧ : ੨ (834)

ਬੁਕਿ — ਗਜ ਕੇ
"ਅੰਧਾ ਕਿਸ ਨੋ **ਬੁਕਿ** ਸੁਣਾਵੈ।"
— ਮਾਝ **੧**, ਵਾਰ ੧੯ਸ, **੧**, ੨ : ੯ (1286)

ਬੁਕੁ — ਦੂਹਾ ਹੱਥਾਂ ਨੂੰ ਇਕੱਠਾ ਕਰਨ ਨਾਲ ਬਣਿਆ ਟੋਇਆ ਜਿਸ ਵਿਚ ਭਰ ਕੇ ਕੋਈ ਵਸਤ ਲਈ ਦਿਤੀ ਜਾਂਦੀ ਹੈ
"ਫਰੀਦਾ ਜੇ ਜਾਣਾ ਤਿਲ ਥੋੜੜੇ ਸਮਲਿ **ਬੁਕੁ** ਭਰੀ।"
— ਸਲੋ **ਫਰ**, ੪ : ੧ (1378)

ਬੁਗੋ — (ਫ਼ਾ. ਬਿਗੋ) ਆਖ, ਕਹੁ, ਕਥਨ ਕਰ
"**ਬੁਗੋ** ਨਾਨਕ ਅਰਦਾਸਿ ਪੇਸਿ ਦਰਵੇਸ ਬੰਦਾਹ।"
— ਤਿਲੰ **੫**, ੧, ੪ : ੨ (723)

ਹੋਰ ਰੂਪ — ਬੁਗੋਇ —
"ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ **ਬੁਗੋਇ**।" (ਆਖ, ਕਹੋ)
— ਸਿਰੀ **੧**, ਅਸ ੧੭, ੮ : ੨ (64)

ਬੁਗੋਈ —
"ਦ੍ਵਾਰਿਕਾ ਨਗਰੀ ਰਾਸਿ **ਬੁਗੋਈ**।" (ਆਖੀਂ, ਦਸੀਂ) — ਤਿਲੰ **ਨਾਮ**, ੩, ੧ : ੨ (727)

ਬੁਗੋਯਦ —
"ਨਾਨਕ **ਬੁਗੋਯਦ** ਜਨੁ ਤੁਰਾ ਤੇਰੇ ਚਾਕਰਾਂ ਪਾ ਖਾਕ।" — ਤਿਲੰ **੧**, ੧, ੪ : ੨ (721)

ਬੁਜੇ — ਕਿਸੇ ਮੋਰੀ ਆਦਿ ਨੂੰ ਬੰਦ ਕਰਨ ਲਈ ਵਰਤੇ ਜਾਣ ਵਾਲਾ ਕਪੜਾ ਲਕੜ ਦਾ ਗੁਲਾ, ਡਾਟ ਜਾਂ ਕਾਕ
"ਕੰਨੀ **ਬੁਜੇ** ਦੇ ਰਹਾਂ ਕਿਤੀ ਵਗੈ ਪਉਣੁ।"
— ਸਲੋ **ਫਰ**, ੮੮ : ੨ (1382)

ਬੁਝਈ — 1. ਬੁੱਝ ਗਈ
"ਹਉਮੈ ਤ੍ਰਿਸਨਾ ਸਭ ਅਗਨਿ **ਬੁਝਈ**।"
— ਗਉ **੩**, ਅਸ ੮, ੭ : ੨ (233)
"ਭੇਖੀ ਅਗਨਿ ਨ **ਬੁਝਈ** ਚਿੰਤਾ ਹੈ ਮਨ ਮਾਹਿ।"
— ਵਡ **੪**, ਵਾਰ ੬ਸ, **੩**, ੨ : ੧ (588)

2. ਸਮਝਦਾ, ਜਾਣਦਾ
"ਹਰਿ ਕਾ ਨਾਮੁ ਨ **ਬੁਝਈ** ਅੰਤਿ ਗਇਆ ਪਛੁਤਾਇ।"
— ਗੂਜ **੩**, ੮, ੩ : ੨ (491)

3. ਤ੍ਰਿਪਤ ਹੋਣਾ
"ਤ੍ਰਿਸਨਾ ਕਦੇ ਨ **ਬੁਝਈ** ਦੁਬਿਧਾ ਹੋਇ ਖੁਆਰੁ।"
— ਸੋਰ **੪**, ਵਾਰ ੧੭ਸ, **੩**, ੨ : ੩ (649)

ਬੁਝਈਆ — ਬੁਝਾਈ ਹੈ
"ਗੁਰਮਤਿ ਨਾਮੁ ਅੰਮ੍ਰਿਤ ਜਲੁ ਪਾਇਆ ਅਗਨਿ ਬਝੀ ਗੁਰ ਸਬਦਿ **ਬੁਝਈਆ**।"
— ਬਿਲਾ **੪**, ਅਸ ੬, ੪ : ੩ (834)

ਬੁਝਸੀ — ਸਮਝੇਗਾ, ਜਾਣੇਗਾ
"ਨਾਨਕ ਜਿਸੁ ਬੁਝਾਏ ਸੁ **ਬੁਝਸੀ** ਹਰਿ ਪਾਇਆ ਗੁਰਮੁਖਿ ਘਾਲਿ।"
— ਸੋਰ **੪**, ਵਾਰ ੮ਸ, **੩**, ੧ : ੬ (645)

ਬੁਝਹਿ — 1. ਜਾਣ ਕੇ, ਸਮਝ ਕੇ
"ਸੁਣਿ ਸੁਣਿ ਗੰਢਣੁ ਗੰਢੀਐ ਲਿਖਿ ਪੜਿ **ਬੁਝਹਿ** ਭਾਰੁ।" — ਸਿਰੀ **੧**, ੧੭, ੨ : ੧ (20)
"ਭ੍ਰਮ ਕੇ ਮੋਹੇ ਨਹ **ਬੁਝਹਿ** ਸੋ ਪ੍ਰਭੁ ਸਦਹੂ ਸੰਗ।" (ਜਾਣ ਦੇ, ਸਮਝਦੇ)
— ਗਉ **੫**, ਬਾਅ ੯ : ੬ (252)

2. ਬੁਝ ਜਾਣ,ਮਿਟ ਜਾਣ ਭਾਵ ਭੁਲ ਜਾਣ
"ਮਹਾ ਕਲੋਲ **ਬੁਝਹਿ** ਮਾਇਆ ਕੇ ਕਰਿ ਕਿਰਪਾ ਮੇਰੇ ਦੀਨ ਦਇਆਲ।"
— ਧਨਾ **੫**, ੫੧, ੧ : ੧ (683)

ਬੁਝਹੀ — ਸਮਝਦਾ
"ਸੁਣਿ ਸਾਸਤ੍ਰ ਤੂੰ ਨ **ਬੁਝਹੀ** ਤਾ ਫਿਰਹਿ ਬਾਰੋ ਬਾਰ।" — ਗੂਜ **੩**, ੯, ੪ : ੧ (492)

ਬੁਝਹੀਅਉ — ਸਮਝਾਓ, ਦਸੋ
"ਬਰਨੁ ਦੀਸੈ ਚਿਹਨੁ ਨ ਲਖੀਐ ਸੁਹਾਗਨਿ ਸਾਤਿ **ਬੁਝਹੀਅਉ**।" — ਜੈਤ **੫**, ੨, ੧ : ੨ (700)

ਬੁਝਹੁ — ਸਮਝੋ, ਜਾਣੋ
"ਬਿਨੁ ਸਤਿਗੁਰ ਨਾਉ ਨ ਪਾਈਐ **ਬੁਝਹੁ** ਕਰਿ ਵੀਚਾਰੁ।"
— ਸੋਰ **੪**, ਵਾਰ ੧੯ਸ, **੩**, ੧ : ੩ (649)

ਬੁਝਣਾ — ਗਿਆਨ ਹੋਣਾ, ਬੋਧ ਹੋਣਾ, ਸਮਝਣਾ
"**ਬੁਝਣਾ** ਅਬੁਝਣਾ ਤੁਧੁ ਕੀਆ ਇਹ ਤੇਰੀ ਸਿਰਿ ਕਾਰ।" (ਭਾਵ ਗਿਆਨ ਅਗਿਆਨ)
— ਆਸਾ **੩**, ਅਸ ੩੨, ੩ : ੧ (427)

ਬੁਝਣੁ — ਸਮਝਣਾ/ਜਾਣਣਾ, ਸਮਝ ਆਉਂਦੀ ਹੈ, ਬੋਧ ਹੁੰਦਾ ਹੈ
"ਨਾਨਕ **ਬੁਝਣੁ** ਪੂਰੈ ਭਾਗਿ।"
— ਆਸਾ **੧**, ਵਾਰ ੩ਸ, **੧**, ੧ : ੧੬ (464)

ਬੁਝਤ — ਮਿੱਟਦੀ, ਤ੍ਰਿਪਤ ਹੁੰਦੀ
"ਮਾਨ ਮੋਹੁ ਨ **ਬੁਝਤ** ਤ੍ਰਿਸਨਾ ਕਾਲ ਗ੍ਰਸ ਸੰਸਾਰ।"
— ਸਾਰ **੫**, ੧੨੯, ੧* : ੨ (1229)

ਬੁਝੰਤਿ — ਜਾਣਦਾ ਹੈ, ਬੁੱਝਦਾ ਹੈ
"ਬਸੰਤਿ ਸਾਧ ਰਿਦਯੰ ਅਚੁਤ **ਬੁਝੰਤਿ** ਨਾਨਕ ਬਡਭਾਗੀਆ।" — ਸਸ **੫**, ੫੨ : ੬ (1359)

ਬੁਝੰਤੀਆ — ਤ੍ਰਿਪਤ ਹੋ ਗਈ, ਮਿਟ ਗਈ
"ਜਨ ਨਾਨਕ ਗੁਰ ਪੂਰਾ ਪਾਇਆ ਸਗਲੀ ਤਿਖਾ **ਬੁਝੰਤੀਆ**।"
— ਜੈਤ ਮ : **੫**, ਛੰਤ ੧, ੧ : ੬ (703)

ਬੁਝੰਤੇ — ਬੁਝਣਾ, ਜਾਣਨਾ
"ਆਰੂੜਤੇ ਅਸ੍ਵ ਰਥ ਨਾਗਹ **ਬੁਝੰਤੇ** ਪ੍ਰਭ ਮਾਰਗਹ।" — ਸਸ **੫**, ੨੯ : ੩ (1356)

ਬੁਝਨਹਾਰ — ਸਮਝਣ ਵਾਲਾ, ਜਾਣਨ ਵਾਲਾ, ਭਾਵ ਗਿਆਨ ਵਾਲਾ
"**ਬੁਝਨਹਾਰ** ਕਉ ਸਤਿ ਸਭ ਹੋਇ।"
— ਗਉ **੫**, ਸੁਖ ੧੨, ੧ : ੯ (285)

ਬੁਝਨਿ — ਸਮਝਦੇ
"ਚੀਜ ਕਰਨਿ ਮਨਿ ਭਾਵ ਦੇ ਹਰਿ **ਬੁਝਨਿ** ਨਾਹੀ ਹਾਰਿਆ।" — ਆਸਾ **੧**, ਵਾਰ ੧੨ : ੩ (472)

ਹੋਰ ਰੂਪ — ਬੁਝਨੀ —
"ਬਾਣੀ ਸੁਰਤਿ ਨ **ਬੁਝਨੀ** ਸਬਦਿ ਨ ਕਰਹਿ ਪ੍ਰਗਾਸ।" (ਸਮਝਦੇ)
— ਸਲੋ **੩**, ੨੧ : ੨ (1415)

ਬੁਝਨ੍ਹਿ —
"ਇਕਿ ਮੂਲੁ ਨ **ਬੁਝਨ੍ਹਿ** ਆਪਣਾ ਅਣ ਹੋਦਾ ਆਪੁ ਗਣਾਇਦੇ।"
— ਆਸਾ **੧**, ਵਾਰ ੯ : ੩ (468)

ਬੁਝਾ — ਸਮਝਾਂ, ਜਾਣਾਂ
"ਆਪਿ ਨ **ਬੁਝਾ** ਲੋਕ ਬੁਝਾਈ ਐਸਾ ਆਗੂ ਹੋਵਾਂ।"
— ਮਾਝ **੧**, ਵਾਰ ੬ਸ, **੧**, ੨ : ੩ (140)

ਬੁਝਾਇ — 1. ਸਮਝਾਉਂਦਾ ਹੈ
"ਸਤਿਗੁਰੁ ਮਨ ਕਾਮਨਾ ਤੀਰਥੁ ਹੈ ਜਿਸ ਨੋ ਦੇਇ **ਬੁਝਾਇ**।" — ਸਿਰੀ **੩**, ੩੪, ੧ : ੨ (26)

ਹੋਰ ਰੂਪ — ਬੁਝਾਇਓ —
"ਮੋ ਕਉ ਸਤਿਗੁਰ ਸਬਦਿ **ਬੁਝਾਇਓ**।" (ਸਮਝਾਦਿਆ)
— ਗਉ **੫**, ੧੩੨, ੧* : ੨ (208)

ਬੁਝਾਇਓਨ —
"ਇਕਨਾ ਸਚੁ **ਬੁਝਾਇਓਨ** ਤਿਨਾ ਅਤੁਟ ਭੰਡਾਰ ਦੇਵਾਇਆ।" (ਸਮਝਾਇਆ)
— ਸਿਰੀ **੪**, ਵਾਰ ੫ : ੪ (85)

ਬੁਝਾਇਆ —
"ਦੀਖਿਆ ਆਖਿ **ਬੁਝਾਇਆ** ਸਿਫਤੀ ਸਚਿ ਸਮੇਉ।" (ਸਮਝਾਇਆ)
— ਮਾਝ **੧**, ਵਾਰ ੨੭ਸ, **੨**, ੧ : ੧ (150)

ਬੁਝਾਇਸੀ —
"ਸੋ ਬੂਝੈ ਜਿਸੁ ਆਪਿ **ਬੁਝਾਇਸੀ** ਜਿਸੁ ਸਤਿਗੁਰੁ ਪੁਰਖੁ ਪ੍ਰਭੁ ਸਉਲਾ।"

ਬੁਝਾਇਹਿ —
"ਜਿਸੁ **ਬੁਝਾਇਹਿ** ਸੋ ਬੁਝਸੀ ਸਚਿਆ ਕਿਆ ਜੰਤ ਵਿਚਾਰੀ।"
— ਸੂਹੀ **੩**, ਵਾਰ ੮ : ੫ (788)

2. ਬੁਲਾਵੇ, ਖਤਮ ਕਰੇ, ਤ੍ਰਿਪਤ ਕਰੇ
"ਮਨੁ ਤਨੁ ਸੀਤਲੁ ਸਾਂਤਿ ਹੋਇ ਤ੍ਰਿਸਨਾ ਅਗਨਿ **ਬੁਝਾਇ**।"
— ਵਡ **੪**, ਵਾਰ ੬ਸ, **੩**, ੨ : ੪ (588)

"ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ **ਬੁਝਾਇ**।" (ਗੁਲ ਕਰ ਗਿਆ)
— ਸਲੋ **ਫਰ**, ੪੮ : ੨ (1380)

ਹੋਰ ਰੂਪ — ਬੁਝਾਇਆ —
"ਰਾਮ ਉਦਕਿ ਤਨੁ ਜਲਤ **ਬੁਝਾਇਆ**।" (ਸ਼ਾਤ ਕੀਤਾ)
— ਗਉ **ਕਬ**, ੧, ੧* : ੨ (323)
"ਪਾਣੀ ਮਰੈ ਨ **ਬੁਝਾਇਆ** ਜਾਇ।"
"ਐਸਾ ਦੀਵਾ ਨੀਰਿ ਤਰਾਇ।" (ਗੁਲ ਹੋਵੇ, ਬੁੱਝ ਸਕੇ) — ਰਾਮ **੧**, ੨, ੩ : ੪;੫ (878)

ਬੁਝਾਇਹਿ —
"ਜਿਸੁ **ਬੁਝਾਇਹਿ** ਅਗਨਿ ਆਪਿ ਸੋ ਨਾਮ ਧਿਆਏ।" (ਬੁਝਾ ਦਿੰਦਾ ਮਿਟਾ ਦਿੰਦਾ)
— ਰਾਮ **੫**, ਵਾਰ ੨੧ : ੨ (966)

ਬੁਝਾਇਹੁ —
"ਦੂਜਾ ਤਿਸੁ ਨ **ਬੁਝਾਇਹੁ** ਪਾਰਬ੍ਰਹਮ ਨਾਮੁ ਦੇਹੁ ਆਧਾਰੁ।(ਸਮਝਾਓ ਇਥੇ ਭਾਵ ਆਸਰਾ/ਟੇਕ ਦਿਓ)
— ਰਾਮ **੫**, ਵਾਰ ੧੦ਸ, **੫**, ੧ : ੧ (962)

ਬੁਝਾਇਦਾ —
"ਸਰਬ ਕਲਾ ਲੇ ਆਪੇ ਰਹਿਆ ਗੁਰ ਮੁਖਿ ਕਿਸੈ **ਬੁਝਾਇਦਾ**।"
— ਮਾਰੂ **੧**, ਸੋਲਾ ੧੬, ੫ : ੩ (1036)

ਬੁਝਾਈ — 1. ਸੁਮਝਾਓ ਦਿਓ
"ਗੁਰਾ ਇਕ ਦੇਹਿ **ਬੁਝਾਈ**।"
— ਜਪੁ **੧**, ੫ : ੧੦ (2)
"ਤੇਰੇ ਗੁਣ ਗਾਵਾ ਦੇਹਿ **ਬੁਝਾਈ**।" (ਸਮਝਾ ਦੇਓ, ਐਸੀ ਮਤ ਦਿਓ)
— ਬਿਲਾ **੧**, ੧, ੧* : ੧ (995)
2. ਸਮਝਾਵਾ
"ਆਪਿ ਨ ਬੁਝਾ ਲੋਕ **ਬੁਝਾਈ** ਐਸਾ ਆਗੂ ਹੋਵਾਂ।"
— ਮਾਝ **੧**, ਵਾਰ ੬ਸ, **੨**, ੨ : ੩ (140)
"ਕਹਿ ਕਬੀਰ ਗੁਰਿ ਭਲੀ **ਬੁਝਾਈ** ਕੀਟੀ ਹੋਇ ਕੈ ਖਾਇ।"
— ਸਲੋ **ਕਬ**, ੨੩੮ : ੨ (1377)
3. ਮਿਟਾ ਦਿੱਤੀ, ਸ਼ਾਂਤ ਕਰ ਦਿਤੀ
"ਸਿਮਰਿ ਸਿਮਰਿ ਸਭ ਤਪਤਿ **ਬੁਝਾਈ**।"
— ਗਉ **੫**, ੧੨੬, ੧* : ੨ (191)

ਬੁਝਾਈਐ — 1. ਸ਼ਾਂਤ ਕਰੀਏ, ਤ੍ਰਿਪਤ ਕਰੀਏ, ਖਤਮ ਕਰੀਏ
"ਤਨ ਮਹਿ ਤ੍ਰਿਸਨਾ ਅਗਿ ਸਬਦਿ **ਬੁਝਾਈਐ**।"
— ਮਾਝ **੧**, ਵਾਰ ੧੯ : ੮ (147)
2. ਸਮਝਾਈ, ਦਸੀ
"ਨਾਨਕ ਸਹਜਿ ਮਿਲੇ ਜਗ ਜੀਵਨ ਸਤਿਗੁਰ ਬੂਝ **ਬੁਝਾਈਐ**।"
— ਆਸਾ **੧**, ਛੰਤ ੨, ੨ : ੬ (436)

ਬੁਝਾਏ — 1. ਸਮਝਾਏ, ਦਸੇ, ਬੋਧ ਕਰਾਏ, ਸੋਝੀ ਦੇਵੇ
"ਆਪਿ **ਬੁਝਾਏ** ਸੋਈ ਬੂਝੈ।"
— ਮਾਝ **੧**, ਵਾਰ ੨੨ਸ, **੧**, ੨ : ੧ (150)
"ਜਿਸਹਿ **ਬੁਝਾਏ** ਤਿਸੁ ਨਾਮੁ ਲੈਨਾ।" (ਸੋਝੀ ਦੇਵੇ)
— ਸੂਹੀ **੫**, ੮, ੪* : ੨(738)
2. ਸ਼ਾਂਤ ਕਰੇ, ਤ੍ਰਿਪਤ ਕਰੇ, ਮੁਕਾਏ
"ਗੁਰਿ ਮਿਲਿਐ ਤ੍ਰਿਸਨਾ ਅਗਨਿ **ਬੁਝਾਏ**।"
— ਗਉ **੩**, ੨੨, ੨ : ੧ (158)
3. ਦੂਰ ਰੇ, ਮਿਟਾਏ
"ਨਿਰਭਉ ਭਏ ਖਸਮ ਰੰਗਿ ਰਾਤੇ ਜਮ ਕੀ ਤ੍ਰਾਸ **ਬੁਝਾਏ**।"
— ਵਡ **੫**, ਛੰਤ ੧, ੩ : ੫ (577)

ਬੁਝਾਹਾ — ਸ਼ਾਂਤ ਕਰੇ, ਮਿਟਾਏ ਤ੍ਰਿਪਤ ਕਰੇ
"ਗੁਰਮੁਖਿ ਸਹਜੇ ਅੰਮ੍ਰਿਤੁ ਪੀਵੈ ਤ੍ਰਿਸਨਾ ਅਗਨਿ **ਬੁਝਾਹਾ** ਹੇ।"
— ਮਾਰੂ **੩**, ਸੋਲਾ ੧੩, ੫ : ੩ (1056)

ਬੁਝਾਹੀ — ਸਮਝਾਇਆ ਹੈ, ਬੋਧ ਕਰਵਾਇਆ ਹੈ
"ਤੂ ਕਰਹਿ ਸੁ ਸਚੇ ਭਲਾ ਹੈ ਗੁਰ ਸਬਦਿ **ਬੁਝਾਹੀ**।"
— ਗਉ **੪**, ਵਾਰ ੪ : ੨ (301)

ਬੁਝਾਨੀ — 1. ਮਿਟਾਈ, ਤ੍ਰਿਪਤ ਕੀਤੀ
"ਰਾਮ ਉਦਕਿ ਮੇਰੀ ਤਿਖਾ **ਬੁਝਾਨੀ**।"
— ਗਉ **ਕਬ**, ੧, ੪ : ੨ (323)
2. ਸ਼ਾਂਤ ਕਰਨੀ, ਗੁਲ ਕਰਨੀ
"ਦਿਨੀ ਅਰੁ ਸੂਰੁ ਅਗਨਿ **ਬੁਝਾਨੀ** ਸਿਵ ਚਰਿਓ ਚੰਦੁ ਚੰਦਾਕੀ।"
— ਧਨਾ **੪**, ੬, ੩ : ੨ (668)

ਬੁਝਾਰਤ — ਪਹੇਲੀ, ਸਮਝੌਤੀ

"ਦੇਇ **ਬੁਝਾਰਤ** ਸਾਰਤਾ ਸੇ ਅਖੀ ਡਿਠੜਿਆ।"
— ਗਉ **੫**, ੧੬੯*, ੩ : ੧ (218)

ਹੋਰ ਰੂਪ — ਬੁਝਾਰਤਿ —
"ਕਹਾ **ਬੁਝਾਰਤਿ** ਬੂਝੈ ਡੋਰਾ।" (ਇਸ਼ਾਰੇ ਮਾਤਰ ਕੀਤੀ ਗਲ)
— ਗਉ **੫**, ਸੁਖ ੪, ੬ : ੩ (267)

ਬੁਝਾਰੀ — ਬੁਝਾਈ, ਤ੍ਰਿਪਤ ਕੀਤੀ
"ਨਾਮ ਦ੍ਰਿੜੁ ਗੁਰਿ ਮਨ ਮਹਿ ਦੀਆ ਮੋਰੀ ਤਿਸਾ **ਬੁਝਾਰੀ**।" — ਆਸਾ **੫**, ੧੨੨, ੨ : ੨ (401)

ਬੁਝਾਵਉ — ਖਤਮ ਕਰੋ, ਮੇਟੋ
"ਉਆ ਰਸ ਮਹਿ ਸਾਂਤਿ ਤ੍ਰਿਪਤਿ ਹੋਇ ਬਿਖੈ ਜਲਨਿ **ਬੁਝਾਵਉ**।" — ਬਿਲਾ **੫**, ੫੧, ੨ : ੨ (813)

ਬੁਝਾਵਹਿ — ਸਮਝਾ ਦਿੰਦਾ ਹੈ
"ਇਕਨਾ ਸਤਿਗੁਰੁ ਮੇਲਿ ਤੂੰ **ਬੁਝਾਵਹਿ** ਇਕਿ ਮਨਮੁਖਿ ਕਰਹਿ ਸਿਰੋਵੈ।"
— ਸੂਹੀ **੪**, ੧੫, ੩ : ੨ (736)

ਹੋਰ ਰੂਪ — ਬੁਝਾਵਹੁ —
"ਮਨ ਕੇ ਅੰਧੇ ਆਪਿ ਨ ਬੂਝਹੁ ਕਾਹਿ **ਬੁਝਾਵਹੁ** ਭਾਈ।" (ਸਮਝਾਉਂਦੇ ਹੋ)
— ਮਾਰੂ **ਕਬ**, ੧, ੩ : ੧ (1103)

ਬੁਝਾਵਹੇ —
"ਸਾਚੋ ਪਛਾਣਾ ਤਾਮਿ ਤੇਰਾ ਜਾਮਿ ਆਪਿ **ਬੁਝਾਵਹੇ**।" (ਸਮਝਾ ਦੇਵੇ)
— ਵਡ **੧**, ਛੰਤ ੨, ੬ : ੪ (567)

ਬੁਝਾਵਣਿਆ — 1. ਸਮਝਾਂਦਾ ਹੈ, ਲਖਾਉਂਦਾ ਹੈ, ਬੋਧ ਕਰਾਉਂਦਾ ਹੈ
"ਸਦਾ ਸਦਾ ਸਚੇ ਤੇਰੀ ਸਰਣਾਈ ਤੂੰ ਆਪੇ ਸਚੁ **ਬੁਝਾਵਣਿਆ**।"
— ਮਾਝ **੩**, ਅਸ ੪, ੭ : ੩ (11)

2. ਤ੍ਰਿਪਤ ਕਰਨੀ,ਸ਼ਾਂਤੀ ਕਰਨੀ, ਮੇਟਨੀ
"ਅੰਮ੍ਰਿਤੁ ਪੀ ਸਦਾ ਤ੍ਰਿਪਤਾਸੇ ਕਰਿ ਕਿਰਪਾ ਤ੍ਰਿਸਨਾ **ਬੁਝਾਵਣਿਆ**।"
— ਮਾਝ **੩**, ਅਸ ੧੭, ੧ : ੩ (119)

ਬੁਝਾਵਤ — ਲਖਾਉਂਦਾ, ਅਨੁਭਵ ਕਰਾਉਂਦਾ
"ਕਿਸੈ ਦੂਰਿ ਜਨਾਵਤ ਕਿਸੈ **ਬੁਝਾਵਤ** ਨੇਰਾ।"
— ਗਉ **੫**, ਸੁਖ ੫, ੮ : ੪ (269)

ਬੁਝਾਵੈ — 1. ਤ੍ਰਿਪਤ ਕਰੇ, ਸ਼ਾਂਤ ਕਰੇ ਮੁਕਾਵੇ
"ਅਨਿਕ ਮਾਇਆ ਰੰਗ ਤਿਖ ਨ **ਬੁਝਾਵੈ**।"
— ਗਵ **੫**, ਸੁਖ ੨, ੨ : ੫ (264)
"ਗੁਰ ਹਿਵ ਸੀਤਲੁ ਅਗਨਿ **ਬੁਝਾਵੈ**।" (ਗੁਲ ਕਰੇ, ਖਤਮ ਕਰੇ)
— ਆਸਾ **੧**, ਅਸ ੧, ੪ : ੧ (411)

2. ਸਮਝਾਵੇ , ਲਖਾਵੇ, ਦਸੇ, ਬੋਧ ਕਰਾਵੇ
"ਆਪਿ ਨ ਬੂਝੈ ਲੋਕ **ਬੁਝਾਵੈ**।"
— ਬਿਲਾ **੩**, ਅਸ ੧, ੩ : ੧! (832)

ਬੁਝਿ — 1. ਸਮਝ ਕੇ, ਲਖ ਕੇ, ਜਾਣ ਕੇ
"ਹਉ ਵਾਰੀ ਜੀਉ ਵਾਰੀ ਪੜਿ **ਬੁਝਿ** ਮੰਨਿ ਵਸਾਵਣਿਆ।"
— ਮਾਝ **੩**, ਅਸ ੩੦, ੧* : ੧ (127)
"ਹੁਕਮੈ **ਬੁਝਿ** ਨਿਹਾਲੁ ਖਸਮਿ ਫੁਰਮਾਇਆ।" (ਭਾਵ ਮੰਨਕੇ)
— ਗੂਜ **੫**, ਵਾਰ ੨੦ਸ, **੫**, ੨ : ੪ (523)

ਹੋਰ ਰੂਪ — ਬੁਝਿਆ —
"ਗੁਰ ਪਰਸਾਦੀ ਜਿਨਿ **ਬੁਝਿਆ** ਤਿਨਿ ਪਾਇਆ ਮੋਖ ਦੁਆਰ।" (ਲਖਿਆ, ਜਾਣਿਆ)
— ਸਿਰੀ **੪**, ਵਾਰ ੧੯ਸ, **੩**, ੨ : ੪ (90)

ਬੁਝਿਐ —
"ਪੜਿਐ ਨਾਹੀ ਭੇਦੁ **ਬੁਝਿਐ** ਪਾਵਣਾ।" (ਲਖਣ ਨਾਲ, ਸਮਝਨ ਨਾਲ)
— ਮਾਝ **੧**, ਵਾਰ ੨੧ : ੩ (148

2. ਤ੍ਰਿਪਤ ਹੋ ਗਈ, ਸ਼ਾਂਤ ਹੋ (ਗਈ), ਮਿਟ (ਗਈ)
"**ਬੁਝਿ** ਗਈ ਤ੍ਰਿਸਨਾ ਹਰਿ ਜਸਹਿ ਅਘਾਨੇ।"
— ਆਸਾ **੫**, ੯੨, ੧ : ੩ (393)

ਹੋਰ ਰੂਪ — ਬੁਝਿਆ —
"ਮਾਇਆ ਤਪਤਿ **ਬੁਝਿਆ** ਅੰਗਿਆਰੁ।" (ਗੁਲ ਹੋਇਆ, ਸ਼ਾਂਤ ਹੋਇਆ)
— ਗਉ **ਕਬ**, ੪੦, ੩ : ੧ (331)

ਬੁਝੀ —
"ਅੰਤਰਿ ਲਾਗੀ ਜਲਿ **ਬੁਝੀ** ਪਾਇਆ ਗੁਰਮੁਖਿ ਗਿਆਨੁ।" (ਤ੍ਰਿਪਤ/ਸ਼ਾਂਤ ਹੋਈ)
— ਸਿਰੀ **੧**, ੧੮, ੧* : ੨ (20)

ਬੁਝੀਆ — ਲਖਿਆ, ਜਾਣਿਆ, ਸਮਝਿਆ
"ਭਉ ਨਹੀ ਲਾਗੈ ਜਾਂ ਐਸੇ **ਬੁਝੀਆ**।"
— ਭੈਰ **੫**, ੨, ੧ : ੨ (1136)

ਹੋਰ ਰੂਪ — ਬੁਝੀਐ —
"ਨਾਨਕ ਗੁਰਮੁਖਿ **ਬੁਝੀਐ** ਪਾਈਐ ਮੋਖ ਦੁਆਰੁ।" (ਲਖੀਏ, ਜਾਣੀਏ)
— ਸਿਰੀ **੩**, ੩੬, ੫ : ੪ (27)

ਬੁਝੁ — ਲਖ, ਦਸ, ਸਮਝ
"**ਬੁਝੁ** ਰੇ ਗਿਆਨੀ ਏਹੁ ਬੀਚਾਰੁ।"
— ਗਉ **੧**, ੪, ੧ : ੪ (152)
"ਕਿਉ ਰਹੀਐ ਉਠਿ ਚਲਣਾ **ਬੁਝੁ** ਸਬਦ ਬੀਚਾਰਾ।" (ਸਮਝ, ਲਖ)
— ਮਾਰੂ **੧**, ਅਸ ੬, ੧* : ੧ (1012)

ਹੋਰ ਰੂਪ — ਬੁਝੇ —
"ਭਲਕੇ ਉਠਿ ਪਪੋਲੀਐ ਵਿਣੁ **ਬੁਝੇ** ਮੁਗਧ ਅਜਾਣਿ।" (ਸਮਝੇ)
— ਸਿਰੀ **੫**, ੭੩, ੧ : ੧ (43)

ਬੁਝੈ —
"ਨਾਨਕ ਹੁਕਮੈ ਜੇ **ਬੁਝੈ** ਤ ਹਉਮੈ ਕਹੈ ਨ ਕੋਇ।" (ਸਮਝੇ) — ਜਪੁ **੧**, ੨ : ੬ (1)
"ਰੋਗੁ ਦਾਰੂ ਦੋਵੈ **ਬੁਝੈ** ਤਾ ਵੈਦੁ ਸੁਜਾਣੁ।" (ਜਾਣਦਾ/ਸਮਝਦਾ ਹੋਵੇ)
— ਮਾਝ **੧**, ਵਾਰ ੨੨ਸ, **੨**, ੨ : ੨ (148)

ਬੁਝੈ — 1. ਸਮਝੇ, ਸਮਝਦਾ ਹੈ ਵੇਖੋ 'ਬੁਝੁ'
2. ਤ੍ਰਿਪਤ ਹੋਵੇ ਸ਼ਾਂਤ ਹੋਵੇ, ਮਿਟੇ
"ਛੋਡਿ ਚਲੈ ਤ੍ਰਿਸਨਾ ਨਹੀ **ਬੁਝੈ**।"
— ਗਉ **੫**, ੧੧੩, ੨ : ੧ (188)
"ਲੋਇਣ ਲੋਈ ਡਿਠ ਪਿਆਸ ਨ **ਬੁਝੈ** ਮੂ ਘਣੀ।"
— ਮਾਰੂ **੫**, ਵਾਰ ੧੬ਸ, **੫**, ੩ : ੧ (1099)
3. ਬੁੱਝ ਜਾਏ, ਸ਼ਾਂਤ ਹੋਏ ਭਾਵ ਠੰਢੀ ਹੋਵੇ
"ਕੋਟਿ ਸ਼ਾਂਤਿ ਅਨੰਦ ਪੂਰਨ ਜਲਤ ਛਾਤੀ **ਬੁਝੈ**।"
— ਕੇਦਾ **੫**, ੧੫, ੧* : ੨ (1122)

ਬੁਟੁ — ਬੋਟ
"ਵਿਣੁ ਸਚੇ ਦੂਜਾ ਸੇਵਦੇ ਹੁਇ ਮਰਸਨਿ **ਬੁਟੁ**।"
— ਗਉ **੪**, ਵਾਰ ੨੯ : ੪ (315)

ਬੁਡਈਆ — ਡੁਬ ਗਏ
"ਮਨਮੁਖ ਪਾਖੰਡਿ ਭਰਮਿ ਵਿਗੂਤੇ ਲੋਭ ਲਹਰਿ ਨਾਵ ਭਾਰਿ **ਬੁਡਈਆ**।"
— ਬਿਲਾ **੪**, ਅਸ ੨, ੬ : ੨ (834)

ਬੁਡਭੁਜ — ਡੁੱਡੀਆ ਬਾਹਾਂ ਵਾਲਾਂ ਸੂਰ (ਮਹਾਨਕੋਸ਼ ਸ਼ਬਦਾਰਥੀ, ਦਰਪਣ, ਸੰਖਿਆ); ਨਿਰਣੇ
"**ਬੁਡਭੁਜ** ਰੂਪ ਜੀਵੇ ਜਗ ਮਝਿਆ।" (ਡੁੰਡੇ ਵਾਂਗ ਭਾਵ ਕੋਹੜੀਆਂ ਵਾਂਗ)
— ਗਉ **ਕਬ**, ੨੫, ੨ : ੨ (328)

ਬੁਡਾਹੀ — ਡੁਬਦੇ ਹੋ
"ਸਰ ਅਪਸਰ ਕੀ ਸਾਰ ਨ ਜਾਣਹਿ ਫਿਰਿ ਫਿਰਿ ਕੀਚ **ਬੁਡਾਹੀ** ਜੀਉ।"
— ਸੋਰ **੧**, ੯, ੨ : ੨ (598)

ਬੁਡਾਵੈ — ਡੁਬੇਗਾ
"ਪਥਰ ਕੀ ਬੇੜੀ ਜੇ ਚੜੈ ਭਰ ਨਾਲਿ **ਬੁਡਾਵੈ**।"
— ਆਸਾ **੧**, ਅਸ ੧੭, ੪ : ੨ (420)

ਬੁਡਿ — ਡੁਬ
"ਬਿਨੁ ਰਸ ਚਾਖੇ **ਬੁਡਿ** ਗਈ ਸਗਲੀ ਸੁਖੀ ਨ ਹੋਵਤ ਜੀਉ।" — ਬਿਲਾ **੫**, ੫, ੧ : ੨ (803)

ਹੋਰ ਰੂਪ — ਬੁਡੇ —
"ਅਉਧ ਬਿਹਾਵਤ ਅਧਿਕ ਮੁਹਾਵਤ ਪਾਪ ਕਮਾਵਤ **ਬੁਡੇ** ਐਸੇ।" (ਡੁਬਿਆ ਹੈ)
— ਬਿਲਾ **੫**, ੧੨੫, ੧ : ੨ (829)

ਬੁਢਾ — ਬਿਰਧ, ਵੱਡੀ ਉਮਰ ਦਾ
"**ਬੁਢਾ** ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ।"
— ਸਲੋ **ਫਰ**, ੪੧ : ੧ (1380)

ਹੋਰ ਰੂਪ — ਬੁਢੇ —
"ਗੁਰਮੁਖਿ **ਬੁਢੇ** ਕਦੇ ਨਾਹੀ ਜਿਨ੍ਹਾ ਅੰਤਰਿ ਸੁਰਤਿ ਗਿਆਨੁ।"
— ਸਲੋ **੩**, ੪੪ : ੧ (1418)

ਬੁਤ — (ਫਾ. ਬੁਤ) ਮੂਰਤੀ
"**ਬੁਤ** ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ।" — ਸੋਰ **ਕਬ**, ੧, ੧ : ੨ (654)

ਬੁਤਕਾਰੀਆ — ਬੁਤੀਆ ਸਾਰਨ ਵਾਲਾ, ਬਿਨਾਂ ਮਜ਼ਦੂਰੀ ਦੇ ਨਿਕੇ ਮੋਟੇ ਕੰਮ ਕਰਨ ਵਾਲਾ
"ਸੈਨੁ ਨਾਈ **ਬੁਤਕਾਰੀਆ** ਓਹੁ ਘਰਿ ਘਰਿ ਸੁਨਿਆ।" — ਆਸਾ **ਧੰਨਾ**, ੨, ੩ : ੧ (48)

ਬੁਤੈ — ਬਹਾਨੇ
"ਕਿਸ ਹੀ **ਬੁਤੈ** ਜਬਾਬੁ ਨ ਹੋਈ।"
— ਮਾਰ **੫**, ਸੋਲਾ ੧੦, ੧੬ : ੨ (1082)

ਬੁੰਦ — ਤੁਪਕਾ, ਕਤਰਾ, ਬੂੰਦ
"ਜਲ ਕੀ ਭੀਤਿ ਪਵਨ ਕਾ ਥੰਭਾ ਰਕਤ **ਬੁੰਦ** ਕਾ ਗਾਰਾ।" — ਸੋਰ **ਰਵਿ**, ੬, ੧ : ੧ (659)

ਬੁਦਬੁਦਾ — ਬੁਲਬੁਲਾ
"ਤੂੰ ਜਲ ਨਿਧਿ ਤੂੰ ਫੇਨੁ **ਬੁਦਬੁਦਾ** ਤੁਧੁ ਬਿਨੁ ਅਵਰੁ ਨ ਭਾਲੀਐ ਜੀਉ।"
— ਮਾਝ **੫**, ੨੮, ੧ : ੨ (102)

ਬੁਧ — ਮਹਾਤਮਾ ਬੁੱਧ; ਬੁੱਧੀਮਾਨ, ਗਿਆਨਵਾਨ
"ਆਖਹਿ ਕੇਤੇ ਕੀਤੇ **ਬੁਧ**।"
— ਜਪੁ **੧**, ੨੬ : ੧੬ (6)
"ਕੇਤੇ ਸਿਧ **ਬੁਧ** ਨਾਥ ਕੇਤੇ ਕੇਤੇ ਦੇਵੀ ਵੇਸ।"
— ਜਪੁ **੧**, ੩੫ : ੨ (7)

ਬੁਧਵਾਰਿ — ਬੁਧ ਗ੍ਰਹਿ ਦੇ ਨਾਂ ਉਪਰ ਹਫਤੇ ਦਾ ਇਕ ਦਿਨ
"**ਬੁਧਵਾਰਿ** ਬੁਧਿ ਕਰੈ ਪ੍ਰਗਾਸ।"
— ਗਉ **ਕਬ**, ਵਾ, ੪ : ੧ (344)

ਬੁਧਾ — ਬੁੱਧੀ, ਸਮਝ, ਅਕਲ
"ਬਿਗਸੀਧ੍ਰਿ **ਬੁਧਾ** ਕੁਸਲ ਥਾਨੰ।"
— ਸਸ **੫**, ੧੩ : ੨ (1355)

ਬੁਧਿ — 1. ਬੁੱਧੀ, ਅਕਲ, ਸਮਝ
"ਤਿਥੈ ਘੜੀਐ ਸੁਰਤਿ ਮਤਿ ਮਨਿ **ਬੁਧਿ**।"
— ਜਪੁ **੧**, ੩੬ : ੨ (8)
2. ਬੁਧ ਦੀ, ਅਕਲ ਦੀ
"**ਬੁਧਿ** ਗਰੀਬੀ ਖਰਚੁ ਲੈਹੁ ਹਉਮੈ ਬਿਖੁ ਜਾਰਹੁ।"
— ਆਸਾ **੫**, ੧੧੪, ੨ : ੧ (399)

ਬੁਧੀ — ਅਕਲ, ਸਮਝ, ਸੂਝ
"ਮਨਹਠ **ਬੁਧੀ** ਕੇਤੀਆ ਕੇਤੇ ਬੇਦ ਬੀਚਾਰ।"
— ਸਿਰੀ **੧**, ਅਸ ੧੪, ੫ : ੧ (62)
ਹੋਰ ਰੂਪ — ਬੁਧੀਂ —
"ਪੜੀਐ ਨਾਮੁ ਸਾਲਾਹ ਹੋਰਿ **ਬੁਧੀਂ** ਮਿਥਿਆ।"
— ਮਲਾ **੧**, ਵਾਰ ੨੪ : ੧ (1289)

ਬੁਧੰ — ਬੁੱਧੀ
"ਮਿਰਤ ਮੋਹੰ ਅਲਪ **ਬੁਧੰ** ਰਚੰਤਿ ਬਨਿਤਾ ਬਿਨੋਦ ਸਾਹੰ।" — ਸਸ **੫**, ੧੧ : ੧ (1354)

ਬੁਨਤ — ਬੁਨਤੀ ਭਾਵ ਵਿਉਂਤ, ਬ੍ਰਿਤੀ
"ਸੁੰਨ ਸਹਜ ਮਹਿ **ਬੁਨਤ** ਹਮਾਰੀ।"
— ਭੈਰ **ਕਬ**, ੭, ੧ : ੨ (1158)

ਬੁਨਨਾ — ਉਨਣਾ
"ਸੀਧਾ ਛੋਡਿ ਅਪੂਨਾ **ਬੁਨਨਾ**।" (ਭਾਵ ਉਲਟੇ ਰਾਹ ਚਲਣਾ) — ਗਉ **੫**, ੯੮, ੩ : ੨ (185)

ਬੁਨਾਵਨ — ਉਨਾਵਣ, ਉਨਾਨ ਲਈ
"ਗਈ **ਬੁਨਾਵਨ** ਮਾਹੋ।"
— ਗਉ **ਕਬ**, ੫੪, ੧* : ੧ (335)

ਬੁਨਿ — ਉਨ ਕੇ
"**ਬੁਨਿ ਬੁਨਿ** ਆਪ ਆਪੁ ਪਹਿ ਰਾਵਉ।"
— ਭੈਰ **ਕਬ**, ੭, ੨ : ੧ (1159)

ਬੁਰ — ਬੁਰਾ
"ਟੂਟਿ ਪਰੀਤਿ ਗਈ **ਬੁਰ** ਬੋਲਿ।"
— ਰਾਮ **੧**, ਓਅੰ ੨੮ : ੩ (933)

ਬੁਰਕੇ — ਛਿੜਕਣਾ
"ਗੁਰ ਅੰਮ੍ਰਿਤ ਭਿੰਨੀ ਦੇਹੁਰੀ ਅੰਮ੍ਰਿਤੁ **ਬੁਰਕੇ** ਰਾਮ ਰਾਜੇ।" — ਆਸਾ **੪**, ਛਵ ੧੬, ੪ : ੧ (449)

ਬੁਰਗੂ — (ਫ. ਬੁਗ਼ੂ) ਤੂਤੀ, ਨਾਦ
"ਬਾਂਗਾ **ਬੁਰਗੂ** ਸਿੰਙੀਆ ਨਾਲੇ ਮਿਲੀ ਕਲਾਣ।"
— ਸੂਹੀ **੩**, ਵਾਰ ੧੪ਸ, **੧**, ੨ : ੧ (790)

ਬੁਰਾ — 1. ਮੰਦਾ, ਭੈੜਾ, ਜੋ ਚੰਗਾ ਨਹੀਂ, ਮਾੜਾ
"**ਬੁਰਾ** ਭਲਾ ਨ ਪਛਾਣਈ ਵਣਜਾਰਿਆ ਮਿਤ੍ਰਾ ਮਨੁ ਮਤਾ ਅਹੰਮੇਇ।"
— ਸਿਰੀ **੫**, ਪਹ ੪, ੨ : ੨ (77)
"ਮਨ ਅਪੁਨੇ ਤੇ **ਬੁਰਾ** ਮਿਟਾਨਾ।" (ਬੁਰਾ ਮੰਗਣਾ)
— ਗਉ **੫**, ਸੁਖ ੩, ੬ : ੨ (266)
"**ਬੁਰਾ** ਭਲਾ ਜੇ ਸਮ ਕਰਿ ਜਾਣੈ ਇਨ ਬਿਧਿ ਸਾਹਿਬੁ ਰਮਤੁ ਰਹੈ।" (ਭਾਵ ਚੰਗੇ ਮਾੜੇ ਨੂੰ, ਦੁਖ ਸੁਖ ਨੂੰ, ਵੈਰੀ ਮਿੱਤਰ ਨੂੰ)
— ਆਸਾ **੧**, ਪਟੀ ੮ : ੨ (432)
2. ਬੁਰਾਈ, ਭੈੜ
"ਤਾਹੂ **ਬੁਰਾ** ਨਿਕਟਿ ਨਹੀ ਆਵੈ।"
— ਗਉ **੫**, ਬਾਅ ੩੯ : ੪ (258)
"ਪਰ ਕੇ **ਬੁਰਾ** ਨ ਰਾਖਹੁ ਚੀਤ।"
— ਆਸਾ **੫**, ੬੨, ੩ : ੧ (386)

ਬੁਰਾਈ — ਭੈੜ, ਮੰਦੀ ਗਲ, ਬਦੀ, ਭੈੜਾ ਕੰਮ
"ਭਈ ਮਿਤ੍ਰਾਈ ਮਿਟੀ **ਬੁਰਾਈ** ਦ੍ਰਸਟ ਦੂਤ ਹਰਿ ਕਾਢੇ ਛਾਣਿ।"

— ਬਿਲਾ **੫**, ੧੧੨, ੨ : ੨ (826)

"ਨਿਕਟਿ ਕਰਿ ਜਾਣਹੁ ਸਦਾ ਪ੍ਰਭੁ ਹਾਜਰੁ ਕਿਸੁ ਸਿਉ ਕਰਹੁ **ਬੁਰਾਈ**।"

— ਰਾਮ **੫**, ੨, ੩ : ੨ (883)

ਬੁਰਿਆਈ — ਬੁਰਾਈ, ਬਦੀ, ਮਾੜਾ ਕੰਮ, ਭੈੜ

"ਨਿਰਾਪਰਾਧ ਚਿਤਵਹਿ **ਬੁਰਿਆਈ**।"

— ਆਸਾ **੫**, ੮, ੧* : ੨ (372)

ਹੋਰ ਰੂਪ — ਬੁਰਿਆਈਆ —

"ਚੰਗਿਆਈਆ **ਬੁਰਿਆਈਆ** ਵਾਚੈ ਧਰਮੁ ਹਦੂਰਿ।" (ਭੈੜੇ ਕੰਮ, ਭੈੜ)

— ਜਪੁ **੧**, ੩੮ਸ : ੧ (8)

ਬੁਰਿਆਈਆਂ —

"ਕਾਮ ਕ੍ਰੋਧ **ਬੁਰਿਆਈਆਂ** ਸੰਗਿ ਸਾਧੂ ਤੁਟੁ।"

— ਗਉ **੪**, ਵਾਰ ੨੯ : ੩ (315)

ਬੁਰਿਆਰਾ — ਬੁਰੇ ਤੋਂ ਬੁਰਾ, ਅਤਿ ਭੈੜ

"ਆਸਾ ਮਨਸਾ ਕੂੜੁ ਕਮਾਵਹਿ ਰੋਗੁ ਬੁਰਾ **ਬੁਰਿਆਰਾ** ਹੇ।" — ਮਾਰੂ **੧**, ਸੋਲਾ ੯, ੨ : ੩ (1029)

ਹੋਰ ਰੂਪ — ਬੁਰਿਆਰਿ —

"ਦੁਰਮਤਿ ਝੂਠੀ ਬੁਰੀ **ਬੁਰਿਆਰਿ**।" (ਅਤਿ ਬੁਰੀ, ਭੈੜੀ ਤੋਂ ਭੈੜੀ)

— ਮਾਰੂ **੩**, ਸੋਲਾ ੪, ੫ : ੧ (1047)

ਬੁਰਿਆਰੀ —

"ਵੇਲਿ ਪਰਾਈ ਜੋਹਹਿ ਜੀਅੜੇ ਕਰਹਿ ਚੋਰੀ **ਬੁਰਿਆਰੀ**।" (ਅਤਿ ਮਾੜੀ)

— ਮਾਝ **੧**, ੧੩, ੨ : ੩ (155)

"ਜਿਨਾ ਗੁਰੁ ਗੋਪਿਆ ਆਪਣਾ ਤੇ ਨਰ **ਬੁਰਿਆਰੀ**।" (ਭੈੜ, ਅਤਿ ਬੁਰੇ)

— ਸੋਰ **੪**, ਵਾਰ ੨੩ : ੧ (651)

ਬੁਰਿਆਰੁ —

"ਹੀਣੌ ਨੀਚੁ ਬੁਰੌ **ਬੁਰਿਆਰੁ**।" (ਬੁਰੇ ਤੋਂ ਬੁਰਾ)

— ਪ੍ਰਭਾ **੧**, ੧੨, ੪ : ੨ (1331)

ਬੁਰਿਆਰੇ —

"ਪਿਰ ਦੋਸੁ ਨਾਹੀ ਸੁਖਹਦਾਤੇ ਹਉ ਵਿਛੁੜੀ **ਬੁਰਿਆਰੇ**।" (ਬੁਰੀ, ਦੋਸ਼ ਵਾਲੀ)

— ਗਉ **੫**, ਛਂਤ ੧, ੨ : ੫ (247)

ਬੁਰੀ — ਭੈੜੀ, ਮੰਦੀ

"ਕਲਹਿ **ਬੁਰੀ** ਸੰਸਾਰਿ ਵਾਦੇ ਖਪੀਐ।"

— ਮਾਝ **੧**, ਵਾਰ ੯ : ੩ (142)

ਬੁਰੀਆਹ — ਭੈੜੀਆਂ, ਬੁਰੀਆਂ

"ਗਲੀ ਅਸੀ ਚੰਗੀਆ ਆਚਾਰੀ **ਬੁਰੀਆਹ**।"

— ਸਿਰੀ **੧**, ਵਾਰ ੨ਸ, **੧**, ੨ : ੧ (85)

ਬੁਰੇ — ਭੈੜੇ, ਮਾੜੇ

"ਸਤਿਗੁਰ ਤੇ ਜੋ ਮੁਹ ਫੇਰੇ ਤੇ ਵੇਮੁਖ **ਬੁਰੇ** ਦਿਸੰਨਿ।"

— ਗਉ **੩**, ਅਸ ੯, ੧ : ੧ (233)

ਹੋਰ ਰੂਪ — ਬੁਰੋ —

"ਭਲੋ ਭਲੋ ਸਭੁ ਕੋ ਕਹੈ **ਬੁਰੋ** ਨ ਮਾਨੈ ਕੋਇ।" (ਭੈੜਾ) — ਸਲੋ **ਕਬ**, ੯ : ੨ (1364)

ਬੁਰੌ —

"ਹੀਣੌ ਨੀਚੁ **ਬੁਰੌ** ਬੁਰਿਆਰੁ।"

— ਪ੍ਰਭਾ **੧**, ੧੨, ੪ : ੨ (1331)

ਬੁਲਗ — (ਅ. ਬੁਲਗ) 1. ਗਲ, ਬਾਤ,

"ਸਤਸੰਗਤਿ ਸਤਿਗੁਰ ਧੰਨੁ ਧਨੋ ਧਨੇ ਧੰਨ ਧਨੋ ਜਿਤੁ ਮਿਲਿ ਹਰਿ **ਬੁਲਗ** ਬੁਲੋਗੀਆ।"

— ਕਾਨ **੪**, ਵਾਰ ੧ : ੪ (1313)

2. ਬੋਲ, ਕਥਨ, ਵਾਜ

"ਜੈਸੀ ਮਤਿ ਦੇਵਹੁ ਹਰਿ ਸੁਆਮੀ ਹਮ ਤੈਸੇ **ਬੁਲਗ** ਬੁਲਾਗੀ।"

— ਧਨਾ **੪**, ੨, ੨ : ੨ (667)

ਬੁਲਨਾ — ਬੋਲਣਾ

"ਆਪ ਹੀ ਮਸਟਿ ਆਪ ਹੀ **ਬੁਲਨਾ**।"

— ਬਿਲਾ **੫**, ੨, ੨ : ੧ (803)

ਬੁਲਾਇ — 1. ਅਖਵਾਏ, ਉਚਾਰਣ ਕਰਵਾਏ

"ਆਪੇ ਹਰਿ ਅਪਰੰਪਰੁ ਕਰਤਾ ਹਰਿ ਆਪੇ ਬੋਲਿ **ਬੁਲਾਇ**।" — ਆਸਾ **੪**, ੬੩, ੩ : ੧ (368)

ਹੋਰ ਰੂਪ — ਬੁਲਾਇਆ —

"**ਬੁਲਾਇਆ** ਬੋਲੈ ਗੁਰ ਕੈ ਭਾਣਿ।" (ਬੁਲਵਾਇਆ, ਅਖਵਾਇਆ, ਉਚਾਰਣ ਕਰਵਾਇਆ) — ਆਸਾ **੫**, ੧੦੧, ੪ : ੨ (396)

2. ਸਦਕੇ/ਵਾਜ ਮਾਰਦੇ ਹਨ

"ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ ਲੋਕੁ ਛੀਪਾ ਕਹੈ **ਬੁਲਾਇ**।"

— ਸੂਹੀ **੫**, ੮, ੩ : ੧ (733)

"ਜਾ ਆਏ ਤਾ ਤਿਨਹਿ ਪਠਾਏ ਚਾਲੇ ਤਿਨੈ **ਬੁਲਾਇ** ਲਇਆ।"

— ਰਾਮ **੧**, ਅਸ ੨, ੧੦ : ੧ (907)

ਹੋਰ ਰੂਪ — ਬੁਲਾਇਆ —

"ਬਹੁਰਿ ਨ ਲੇਖਾ ਪੁਛਿ **ਬੁਲਾਇਆ**।" (ਸਦਿਆ) — ਮਾਝ **੫**, ੨੫, ੪ : ੨ (102)

ਬੁਲਾਇਦਾ — ਸੱਦਦਾ, ਬੁਲਾਉਂਦਾ

"ਹਰਿ ਆਪਿ ਵਰਤੈ ਆਪਿ ਹਰਿ ਆਪਿ **ਬੁਲਾਇਦਾ**।" — ਸੋਰ **੪**, ਵਾਰ ੫ : ੨ (644)

ਬੁਲਾਇੜੀਏ — ਸਦੀਏ ਗਈਏ

"ਮਹਲਿ **ਬੁਲਾਇੜੀਏ** ਭਗਤਿ ਸਨੇਹੀ ਰਾਮ।"

— ਬਿਲਾ **੧**, ਛੰਤ ੨, ੪ : ੧ (844)

ਬੁਲਾਈ — 1. ਸਦੀ, ਸਦ ਭੇਜੀ

"ਦਰਿ ਘਰਿ ਸੋਭਾ ਮਹਲਿ **ਬੁਲਾਈ**।"

— ਸਿਰੀ **੪**, ਵਾਰ ੮ਸ, **੩**, ੧ : ੪ (85)

ਹੋਰ ਰੂਪ — ਬੁਲਾਈਆ —

"ਸਭੇ ਆਸਾ ਪੂਰੀਆ ਗੁਰ ਮਹਲਿ **ਬੁਲਾਈਆ**।" (ਸਦੀ)

— ਮਾਰੂ **੫**, ਵਾਰ ੧੨ : ੨ (1098)

2. ਬੁਲਵਾਏਂ, ਉਚਾਰਣ ਕਰਵਾਏਂ

"ਕੋਟਿ ਸੂਖ ਆਨੰਦ ਰਾਜ ਪਾਏ ਮੁਖ ਤੇ ਨਿਮਖ **ਬੁਲਾਈ**।"— ਧਨਾ **੫**, ੧੦, ੩ : ੨ (673)

3. ਆਖਾਂ, ਕਹਾਂ

"ਸੇਵਕ ਕਾ ਹੋਇ ਸੇਵਕੁ ਵਰਤਾ ਕਰਿ ਕਰਿ ਬਿਨਉ **ਬੁਲਾਈ**।"

— ਸੂਹੀ **੪**, ਅਸ ੧, ੧੨ : ੧ (758)

ਬੋੁਲਾਈਆ — ਬੁਲਾਵੇ

"ਮੈ ਲਖ ਵਿੜਤੇ ਸਾਹਿਬਾ ਜੇ ਬਿੰਦ **ਬੋੁਲਾਈਆ**।"

— ਮਾਰੂ **੫**, ਵਾਰ ੧੨ : ੨ (1098)

ਬੁਲਾਈਐ — ਸਦੀਏ

"ਮਹਲੀ ਮਹਲਿ **ਬੁਲਾਈਐ** ਸੋ ਪਿਰੁ ਰਾਵੇ ਰੰਗਿ।"

— ਸਿਰੀ **੧**, ਅਸ ੬, ੬ : ੨ (57)

ਬੁਲਾਏ — 1. ਬੁਲਵਾਏ, ਬੋਲਣ ਦੀ ਪ੍ਰੇਰਨਾ ਦੇਵੇ

"ਜਿਉ ਬੋਲਾਏ ਤਿਉ ਬੋਲੀਐ ਜਾ ਆਪਿ **ਬੁਲਾਏ** ਸੋਇ।" — ਸਿਰੀ **੩**, ੬੩, ੪ : ੨ (39)

2. ਸਦ ਭੇਜੇ

"ਸਚੀ ਦਰਗਹ ਮਹਲਿ **ਬੁਲਾਏ**।"

— ਮਾਝ **੧**, ਅਸ ੧, ੧ : ੨ (109)

ਬੁਲਾਗੀ — ਬੋਲਦੇ ਹਾਂ

"ਜੈਸੀ ਮਤਿ ਦੇਵਹੁ ਹਰਿ ਸੁਆਮੀ ਹਮ ਤੈਸੇ ਬੁਲਗ **ਬੁਲਾਗੀ**।" — ਧਨਾ **੪**, ੨, ੨ : ੨ (667)

ਬੋੁਲਾਨ — ਬੋਲਦੇ ਹਾਂ

"ਕਿਆ ਹਮ ਕਥਹ ਕਿਛੁ ਕਥਿ ਨਹੀ ਜਾਣਹ ਪ੍ਰਭ ਭਾਵੈ ਤਿਵੈ **ਬੋੁਲਾਨ**।"

— ਸਾਰ **੫**, ੨, ੫ : ੧ (1203)

ਬੁਲਾਵਉ — ਬੁਲਾਵਾਂ

"ਸਿਧੁ ਕਹਾਵਉ ਰਿਧਿ ਸਿਧਿ **ਬੁਲਾਵਉ**।" (ਭਾਵ ਹੁਕਮ ਦੇਵਾਂ)

— ਗਉ **੧**, ਅਸ ੧੦, ੬ : ੧ (225)

"ਨੀਚਹੁ ਨੀਚੁ ਨੀਚੁ ਅਤਿ ਨਾਨ੍ਹਾ ਹੋਇ ਗਰੀਬੁ **ਬੁਲਾਵਉ**।" (ਬੇਨਤੀ ਕਰਾਂ)

— ਦੇਵ **੫**, ੫, ੧* : ੨ (529)

ਬੁਲਾਵਹਿ — ਬੁਲਾਉਂਦਾ ਹੈ

"ਬੁਰਾ ਭਲਾ ਤੁਧੁ ਸਭੁ ਕਿਛੁ ਸੂਝੈ ਤੁਧੁ ਭਾਵੈ ਤਿਵੈ **ਬੁਲਾਵਹਿ**।" — ਸੂਹੀ **੪**, ੧੩, ੧* : ੨ (735)

ਹੋਰ ਰੂਪ — ਬੁਲਾਵਹੁ —

"ਜਿਉ **ਬੁਲਾਵਹੁ** ਤਿਉ ਨਾਨਕ ਦਾਸ ਬੋਲੈ।" (ਬੁਲਾਉਂਦੇ ਹੋ)

— ਗਉ **੫**, ਸੁਖ ੨੧, ੮ : ੧੦ (292)

"ਇਹ ਭੀਤਰ ਤੇ ਇਨ ਕਉ ਡਾਰਹੁ ਆਪਨ ਨਿਕਟਿ **ਬੁਲਾਵਹੁ**।" (ਬੁਲਾ ਲਵੋ)

— ਸੋਰ **੫**, ੩੧, ੧ : ੨ (617)

ਬੁਲਾਵਣਿਆ — ਸਦਿਆ ਜਾਂਦਾ ਹੈ

"ਅਨਦਿਨੁ ਰੰਗਿ ਰਤਾ ਗੁਣ ਗਾਵੈ ਅੰਦਰਿ ਮਹਲਿ **ਬੁਲਾਵਣਿਆ**।"

— ਮਾਝ **੩**, ਅਸ ੧੦, ੨ : ੩ (115)

ਬੁਲਾਵਣੀ — ਬੋਲਦੀ ਭਾਵ ਜਪਦੀ

"ਜਿਸੁ ਹੋਵੈ ਆਪਿ ਦਇਆਲੁ ਸਾ ਸਤਿਗੁਰੂ ਗੁਰੂ **ਬੁਲਾਵਣੀ**।" — ਸੋਰ **੪**, ਵਾਰ ੧੩ : ੫ (647)

ਬੁਲਾਵਾ — ਸਦਾਂ, ਬੁਲਾਵਾਂ

"ਕਉਣ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫੁ **ਬੁਲਾਵਾ**।" — ਸੂਹੀ **੧**, ੯, ੧ : ੧ (730)

ਬੁਲਾਵੈ — 1. ਸਦੇ, ਬੁਲਾ ਲਵੇ

"ਕਵਨ ਸੁ ਬਿਧਿ ਜਿਤੁ ਭੀਤਰਿ **ਬੁਲਾਵੈ**।"

— ਗਉ **੫**, ੮੫, ੩ : ੨ (181)

"ਜਾ ਪ੍ਰਭ ਭਾਵੈ ਤਾ ਮਹਲਿ **ਬੁਲਾਵੈ**।" (ਬੁਲਾਉਂਦਾ/

ਸੱਦਦਾ ਹੈ) — ਬਿਲਾ **੧**, ਥਿਤੀ ੮ : ੩ (839)

2. ਬੁਲਵਾਉਂਦਾ ਹੈ, ਉਚਾਰ ਕਰਵਾਉਂਦਾ ਹੈ

"ਹਰਿ ਆਪੇ ਬੋਲੈ ਆਪਿ **ਬੁਲਾਵੈ** ਹਰਿ ਆਪੇ ਜਲਿ ਥਲਿ ਰਵਿ ਰਹੀਐ।"

— ਵਡ **੪**, ਵਾਰ ੨੧ : ੨ (594)

ਬੁਲੈਨੀ — ਬੁਲਵਾਉਂਦਾ ਹੈ

"ਜਨ ਨਾਨਕ ਕੇ ਪ੍ਰਭ ਕਰਤੇ ਸੁਆਮੀ ਜਿਉ ਭਾਵੈ ਤਿਵੈਂ **ਬੁਲੈਨੀ**।"

— ਬਿਲਾ **੪**, ੫, ੪ : ੨ (800)

ਬੁਲੋਗੀਆ — ਬੋਲੀਦਾ ਹੈ

"ਸਤਸੰਗਤਿ ਸਤਿਗੁਰ ਧੰਨੁ ਧਨੋ ਧੰਨ ਧੰਨ ਧਨੋ ਜਿਤੁ ਮਿਲਿ ਹਰਿ ਬੁਲਗ **ਬੁਲੋਗੀਆ**।"

— ਕਾਨ **੪**, ਵਾਰ ੧ : ੪ (1313)

ਬੂਆੜ — ਇਕ ਪ੍ਰਕਾਰ ਦਾ ਨਿਕੰਮਾ ਘਾਹ ਜੋ ਤਿਲਾਂ ਦੇ ਖੇਤਾਂ ਵਿਚ ਹੁੰਦਾ ਹੈ

"ਛੁਟੇ ਤਿਲ **ਬੂਆੜ** ਕਿਉ ਸੁੰਞੇ ਅੰਦਰਿ ਖੇਤ।" (ਭਾਵ ਨਿਕੰਮੇ)

— ਆਸਾ **੧**, ਵਾਰ ੧੩, **੧**, ੩ : ੨ (463)

ਹੋਰ ਰੂਪ — ਬੂਆੜੁ —

"ਜਿਉ **ਬੂਆੜੁ** ਤਿਲੁ ਖੇਤ ਮਾਹਿ ਦੁਹੇਲਾ।"

— ਗਉ **੫**, ਸੁਖ ੧੩, ੬ : ੬ (280)

ਬੂਝ — ਸਮਝ, ਸੋਝੀ

"ਦੇਖਾ ਦੇਖੀ ਸਭ ਕਰੇ ਮਨਮੁਖਿ **ਬੂਝ** ਨ ਪਾਇ।"

— ਸਿਰੀ **੩**, ੩੨, ੫ : ੧ (28)

"ਮਨਮੁਖ ਅਗਿਆਨੀ ਮਾਇਆ ਮੋਹਿ ਵਿਆਪੇ ਤਿਨ੍ **ਬੂਝ** ਨ ਜਾਈ ਪਾਇ।"

— ਗੂਜ **੩**, ਵਾਰ ੮ਸ, **੩**, ੧ : ੨ (511)

"ਜੈਸੇ ਪਵਨੁ ਬੰਧ ਕਰਿ ਰਾਖਿਓ **ਬੂਝ** ਨ ਆਵਤ ਜਾਵਤ।" (ਭਾਵ ਪਤਾ ਨਹੀਂ ਲਗਦਾ)

— ਸਾਰ **੫**, ੯, ੨ : ੧ (1205)

ਹੋਰ ਰੂਪ — ਬੂਝਉ —

"ਜੀਉ ਪੀਉ **ਬੂਝਉ** ਨਹੀ ਘਟ ਮਹਿ ਜੀਉ ਕਿ ਪੀਉ।" (ਜਾਣਦੀ)

— ਸਲੋ **ਕਬ**, ੨੩੬ : ੨ (1377)

ਬੂਝਈ —

"ਪਾਠੁ ਪੜੈ ਨ **ਬੂਝਈ** ਭੇਖੀ ਭਰਮਿ ਭੁਲਾਇ।" (ਸਮਝਦਾ)

— ਸਿਰੀ **੩**, ਅਸ ੨੧, ੩ : ੨ (66)

ਬੂਝਏ —

"ਅਕਥ ਕਹਾਣੀ ਪਦੁ ਨਿਰਬਾਣੀ ਕੋ ਵਿਰਲਾ ਗੁਰਮੁਖਿ **ਬੂਝਏ**।" (ਸਮਝਦਾ ਹੈ)

— ਬਿਲਾ **੧**, ਛੰਤ ੨, ੩ : ੩ (844)

ਬੂਝਸਿ —

"ਸਤਿਗੁਰ ਮਿਲੈ ਤ ਸੂਝਸਿ **ਬੂਝਸਿ** ਸਚ ਮਨਿ ਗਿਆਨੁ ਸਮਾਵੈ।" (ਸਮਝਦਾ ਹੈ)

— ਮਲਾ **੧**, ਅਸ ੨, ੮ : ੨ (1274)

ਬੂਝਹਿ —

"ਆਪਣਾ ਪਰਮੁ ਗਵਾਵਹਿ **ਬੂਝਹਿ** ਨਾਹੀ ਅਨਦਿਨੁ ਦੁਖਿ ਵਿਹਾਣੀ।" (ਸਮਝਦਾ)

— ਸਿਰੀ **੩**, ੪੫, ੧ : ੨ (31)

"ਏਕ ਵਸਤੁ **ਬੂਝਹਿ** ਤਾ ਹੋਵਹਿ ਪਾਕ।" (ਸਮਝੇ) — ਆਸਾ **੫**, ੧੪, ੪ : ੧ (374)

ਬੂਝਹੁ —

"ਜਿਨੀ ਸਤਿਗੁਰੁ ਸੇਵਿਆ ਤਿਨੀ ਨਾਉ ਪਾਇਆ **ਬੂਝਹੁ** ਕਰਿ ਬੀਚਾਰੁ।" (ਸਮਝੋ, ਜਾਣੋ)

— ਸਿਰੀ **੪**, ਵਾਰ ੧੦ਸ, **੩**, ੨ : ੧ (86)

"ਤੂੰ ਬਾਮ੍ਹਨੁ ਮੈ ਕਾਸੀਕ ਜੁਲਹਾ **ਬੂਝਹੁ** ਮੋਰ ਗਿਆਨਾ।" (ਸਮਝਕੇ ਦਸੋ)

— ਆਸਾ **ਕਬ**, ੨੬, ੩ : ੧ (482)

ਬੂਝਣਉ — ਸਮਝਦਾ ਹੈ

"ਬਿਰਲੋ ਗਿਆਨੀ **ਬੂਝਣਉ** ਸਤਿ ਗੁਰੁ ਸਾਚਿ ਮਿਲੇਇ।" — ਰਾਮ **੧**, ਓਅੰ ੪੦ : ੫ (935)

ਬੂਝਣਹਾਰ — ਸਮਝਣ ਵਾਲੇ

"ਅੰਮ੍ਰਿਤੁ ਸਦਾ ਵਰਸਦਾ ਬੂਝਨਿ **ਬੂਝਣਹਾਰ**।"

— ਮਲਾ **੧**, ਵਾਰ ੮ਸ, **੩**, ੨ : ੧ (1281)

ਹੋਰ ਰੂਪ — ਬੂਝਣਹਾਰਾ —

"ਕੋਈ ਬੂਝੈ **ਬੂਝਣਹਾਰਾ** ਅੰਤਰਿ ਬਿਬੇਕੁ ਕਰਿ।" (ਸਮਝਣ ਵਾਲਾ)

— ਸੋਰ **੪**, ਵਾਰ ੧੧ : ੩ (646)

ਬੂਝਣਹਾਰੁ —

"ਰਤਨੁ ਗੁਰੂ ਕਾ ਸਬਦੁ ਹੈ ਬੂਝੈ **ਬੂਝਣਹਾਰੁ**।"

— ਵਡ **੪**, ਵਾਰ ੯ਸ, **੩**, ੧ : ੩ (589)

ਬੂਝਣਾ — ਅੜਾਉਣੀ, ਬੁਝਾਰਤ

"ਬੂਝਹੁ ਗਿਆਨੀ **ਬੂਝਣਾ** ਇਹ ਅਕਥ ਕਥਾ ਮਨ

ਮਾਹਿ।"

— ਮਾਰੂ **੩**, ਵਾਰ ੧੯ਸ, **੧**, ੧ : ੨ (1093)

ਬੂਝਣੁ — ਸਮਝ, ਸੋਝੀ

"ਘੋੜੇ ਪਾਖਰ ਸੁਇਨੇ ਸਾਖਤਿ **ਬੂਝਣੁ** ਤੇਰੀ ਵਾਟ।"

— ਸਿਰੀ **੧**, ੭, ੩ : ੧ (16)

"ਇਹੁ ਬਾਬੀਹਾ ਪਸੂ ਹੈ ਇਸ ਨੋ **ਬੂਝਣੁ** ਨਾਹਿ।"

— ਮਲਾ **੧**, ਵਾਰ ੧੧ਸ, **੩**, ੧ : ੨ (1283)

ਬੂਝਤ — 1. ਬੁਝਦੀਆਂ, ਮੁਕਦੀਆਂ, ਤ੍ਰਿਪਤ ਹੁੰਦੀਆ

"ਤੀਨਿ ਭਵਨ ਕੀ ਲਖਮੀ ਜੋਰੀ **ਬੂਝਤ** ਨਾਹੀ ਲਹਰੇ।" — ਗਉ **੫**, ੧੬੨*, ੨ : ੧ (215)

"**ਬੂਝਤ** ਦੀਪਕ ਮਿਲਤ ਤਿਲਤ।" (ਬੁਝਦੇ, ਬੁਝ ਰਹੇ) — ਮਾਲੀ **੫**, ੩, ੧ : ੨ (987)

2. ਸਮਝਣ ਵਾਲਾ

"ਬਕਤੋ ਕਰਤਾ **ਬੂਝਤ** ਕਰਤਾ।"

— ਗੋਂਡ **੫**, ੧, ੨ : ੧ (862)

ਬੂਝਤਾ — ਜਾਣਦਾ, ਸਮਝਦਾ

"ਜਬ ਲਗੁ ਹੁਕਮੁ ਨ **ਬੂਝਤਾ** ਤਬਹੀ ਲਉ ਦੁਖੀਆ।" — ਆਸਾ **੫**, ੧੧੯, ੩ : ੧ (400)

ਬੂਝਨ — ਸਮਝਨ

"ਮਾਤ ਪਿਤਾ ਭਾਈ ਅਰੁ ਬੰਧਪ **ਬੂਝਨ** ਕੀ ਸਭ ਸੂਝ ਪਰੀ।" — ਸਮੁ **੫**, ੩* : ੩ (1387)

ਬੂਝਨਹਾਰਾ — ਸਮਝਨ ਵਾਲਾ

"ਜੋਤਿ ਲਾਦਿ ਜਗਦੀਸ ਜਗਾਇਆ ਬੂਝੈ **ਬੂਝਨਹਾਰਾ**।" — ਪ੍ਰਭਾ **ਕਬ**, ੫, ੨ : ੨ (1350)

ਹੋਰ ਰੂਪ — ਬੂਝਨਹਾਰੁ —

"ਬੂਝੈ **ਬੂਝਨਹਾਰੁ** ਬਿਬੇਕ।" (ਸਮਝਨ ਵਾਲਾ)

— ਗਉ **੫**, ਸੁਖ ੧੭, ੨ : ੯ (285)

ਬੂਝਨਹਾਰੈ —

"ਕਿਨੈ **ਬੂਝਨਹਾਰੈ** ਖਾਏ।" (ਸਮਝਨ ਵਾਲੇ ਭਾਵ ਗਿਆਨਵਾਨ)

— ਆਸਾ **ਕਬ**, ੬, ੧* : ੨ (477)

ਬੂਝਨਹਾਰੋ —

"ਹੈ ਨਾਹੀ ਕੋਊ **ਬੂਝਨਹਾਰੋ** ਜਾਨੈ ਕਵਨੁ ਭਤਾ।" (ਜਾਣਨ/ਸਮਝਨ/ਬੂਝਨਵਾਲਾ)

— ਗੂਜ **੫**, ੧੧, ੧ : ੧ (498)

ਬੂਝਨਾ — ਅੜਉਣੀ, ਬੁਝਾਰਤ, ਭਾਵ ਗਿਆਨ

"ਹਮਹੁ ਜੁ ਬੂਝਾ **ਬੂਝਨਾ** ਪੂਰੀ ਪਰੀ ਬਲਾਇ।"

— ਸਲੋ **ਕਬ**, ੧੮੧ : ੨ (1374)

ਬੂਝਨਿ — ਬੁਝਦੇ/ਸਮਝਦੇ/ਜਾਣਦੇ ਹਨ

"ਅੰਮ੍ਰਿਤੁ ਸਦਾ ਵਰਸਦਾ **ਬੂਝਨਿ** ਬੂਝਣਹਾਰ।"

— ਮਲਾ **੧**, ਵਾਰ ੮ਸ, **੩**, ੨ : ੧ (1281)

ਬੂਝਨੁ — ਸਮਝ, ਸੋਧਿ

"ਚਰਨ ਕਮਲ ਮਨੁ ਬੇਧਿਓ **ਬੂਝਨੁ** ਸੁਰਤਿ ਸੰਜੋਗ।"

— ਚਉ **੫**, ੨ : ੨ (1364)

ਬੂਝਲ — ਸਮਝਣ ਵਾਲਾ

"ਮਨ ਕੀ ਬਿਰਥਾ ਮਨੁ ਹੀ ਜਾਨੈ ਕੈ **ਬੂਝਲ** ਆਗੈ ਕਹੀਐ।" — ਪ੍ਰਭਾ **ਨਾਮ**, ੧, ੧ : ੧ (1350)

ਬੂਝਾ — ਜਾਣ ਲਿਆ, ਸਮਝ ਲਿਆ, ਬੁੱਝ ਲਿਆ

"ਹਮਹੁ ਜੁ **ਬੂਝਾ** ਬੂਝਨਾ ਪੂਰੀ ਪਰੀ ਬਲਾਇ।"

— ਸਲੋ **ਕਬ**, ੧੮੧ : ੨ (1374)

ਬੂਝਿ — 1. ਸਮਝ ਕੇ, ਜਾਣ ਕੇ

"ਅਗਿ ਆਨਮਤੀ ਸਦਾ ਅੰਧਿਆਰਾ ਗੁਰਮੁਖਿ **ਬੂਝਿ** ਹਰਿ ਗਾਵਣਿਆ।"

— ਮਾਝ **੩**, ਅਸ ੩੧, ੨ : ੩ (128)

"ਜਾਨਿ **ਬੂਝਿ** ਅਪਨਾ ਕੀਓ ਨਾਨਕ ਭਗਤਨ ਕਾ ਅੰਕੁਰੁ ਰਾਖਿਓ।" (ਭਾਵ ਦੇਖ ਪਰਖ ਕੇ)

— ਧਨਾ **੫**, ੨੬, ੨ : ੨ (677)

2. ਤ੍ਰਿਪਤ ਹੋ ਗਈ, ਸ਼ਾਂਤ ਹੋ ਗਈ, ਮੁਕ ਗਈ

"ਤ੍ਰਿਖ **ਬੂਝਿ** ਗਈ ਮਿਲਿ ਸਾਧ ਜਨਾ।"

— ਕਾਨ **੫**, ੩੨, ੧* : ੧ (1305)

ਬੂਝਿਓ — ਸਮਝਿਆ

"ਨਾਨਾ ਝੂਠਿ ਲਾਇ ਮਨੁ ਤੋਖਿਓ ਨਹ **ਬੂਝਿਓ** ਅਪਨਾਇਓ।" — ਟੋਡੀ **੫**, ੩, ੩ : ੨ (712)

ਹੋਰ ਰੂਪ — ਬੂਝਿਆ —

"ਜਿਨਿ ਗੁਰਮੁਖਿ ਨਾਮੁ ਨ **ਬੂਝਿਆ** ਮਰਿ ਜਨਮੈ ਆਵੈ ਜਾਇ।" (ਸਮਝਿਆ)

— ਸਿਰੀ **੧**, ੧੫, ੧* : ੨ (19)

ਬੂਝੀ — 1. ਬੁਝ ਗਈ, ਖਤਮ ਹੋ ਗਈ

"ਪਾਤਾਲੀ ਆਕਾਸੀ ਸਖਨੀ ਲਹਬਰ **ਬੂਝੀ** ਖਾਈ ਰੇ।" — ਆਸਾ **੫**, ੪੪, ੧ : ੨ (381)

"ਲਾਖ ਕੋਟਿ ਬਿਖਿਆ ਕੇ ਬਿੰਜਨ ਤਾ ਮਹਿ ਤ੍ਰਿਸਨ ਨ **ਬੂਝੀ**।" (ਸ਼ਾਂਤ ਹੋਈ, ਤ੍ਰਿਪਤ ਹੋਈ)

— ਗੂਜ **੫**, ੭, ੩ : ੧ (497)

ਹੋਰ ਰੂਪ — ਬੂਝੈ —

"ਤ੍ਰਿਸਨਾ **ਬੁਝੈ** ਮਨੁ ਤ੍ਰਿਪਤਾਵਹੁ।" (ਸ਼ਾਂਤ ਹੋਏ)
— ਗਉ **੫**, ੮੧, ੧* : ੨ (179)

2. ਸਮਝੀ
"ਨਿੰਦ ਚਿੰਦ ਕਉ ਬਹੁਤੁ ਉਮਾਹਿਓ **ਬੂਝੀ** ਉਲਟਾਇਆ।"
— ਆਸਾ **੫**, ੧੨੫, ੨ : ੨ (402)

ਹੋਰ ਰੂਪ — ਬੂਝੀਐ —
"ਗੁਰ ਕਿਰਪਾ ਤੇ **ਬੂਝੀਐ** ਸਭੁ ਬ੍ਰਹਮ ਸਮਾਇਆ।" (ਸਮਝੀਏ)
— ਗਉ **੧**, ਅਸ ੧੮, ੯ : ੨ (229)
"ਓਹ ਬੇਰਾ ਨਹ **ਬੂਝੀਐ** ਜਉ ਆਇ ਪਰੈ ਜਮ ਫੰਧੁ।" (ਸਮਝਦੇ)
— ਗਉ **੫**, ਬਾਅ ੧੯ : ੪ (254)

ਬੂਝੁ —
"ਹਾ ਹੈ ਹਰਿ ਕਥਾ **ਬੂਝੁ** ਤੂੰ ਮੂੜੇ ਤਾ ਸਦਾ ਸੁਖੁ ਹੋਈ।" (ਸਮਝ)
— ਆਸਾ **੩**, ਪਟੀ ੧੬ : ੧ (435)

ਬੂਝੇ —
"ਬਿਨੁ **ਬੂਝੇ** ਕੈਸੇ ਪਾਵਹਿ ਪਾਰੁ।" (ਸਮਝੇ)
— ਸਿਰੀ **੪**, ਵਾਰ ੪ਸ, ੧, ੧ : ੬ (84)

ਬੂਝੈ —
"ਘਟਿ ਘਟਿ ਜੋਤਿ ਨਿਰੰਤਰੀ **ਬੂਝੈ** ਗੁਰਮਤਿ ਸਾਰੁ।" (ਸਮਝੇ)
— ਸਿਰੀ **੧**, ੧੬, ੪ : ੩ (20)
"ਪੰਡਿਤੁ ਪੜੈ ਬੰਧਨ ਮੋਹ ਬਾਧਾ ਨਹ **ਬੂਝੈ** ਬਿਖਿਆ ਪਿਆਰਿ।" (ਸਮਝਦਾ)
— ਸਿਰੀ **੩**, ੫੧, ੨ : ੨ (33)
"ਆਪੈ ਆਪੁ ਮਿਲਾਏ **ਬੂਝੈ** ਤਾ ਨਿਰਮਲੁ ਹੋਵੈ ਕੋਇ।" (ਜਾਣਦਾ ਹੈ)
— ਸਿਰੀ **੩**, ਅਸ ੮੮, ੧ : ੨ (64)

ਬੂਟ — ਬੂਟੇ, ਬਿਰਖ, ਪੌਦੇ
"ਦਾਵਾ ਅਗਨਿ ਰਹੇ ਹਰਿ **ਬੂਟ**।"
— ਰਾਮ **੫**, ਅਸ ੪, ੧ : ੧ (914)
"ਮਿਲਿ ਪਾਣੀ ਜਿਉ ਹਰੇ **ਬੂਟ**।"
— ਬਸੰ **੫**, ੬, ੧ : ੧ (1181)

ਹੋਰ ਰੂਪ — ਬੂਟੁ —
"ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ **ਬੂਟੁ** ਰਹਿਓ ਰੀ।"
— ਆਸਾ **੫**, ੫੧, ੨ : ੧ (384)

ਬੂਡਈ — ਡੁਬਦਾ
"ਕੀਚੜਿ ਹਾਥੁ ਨ **ਬੂਡਈ** ਏਕਾ ਨਦਰਿ ਨਿਹਾਲਿ।"
— ਸਲੋ **੧**, ੮ : ੩ (1411)

ਬੂਡਸਿ — ਡੁਬਦੇ ਹਾਂ
"ਨਾ ਤਰ ਨਾ ਤੁਲਹਾ ਹਮ **ਬੂਡਸਿ** ਤਾਰਿ ਲੇਹਿ ਤਾਰਣ ਰਾਇਆ।"
— ਆਸਾ **੧**, ਪਟੀ ੧੯ : ੨ (433)

ਬੂਡਹਿ — ਡੁਬਦੇ ਹਨ
"ਪਚਿ ਪਚਿ **ਬੂਡਹਿ** ਕੂੜੁ ਕਮਾਵਹਿ ਕੂੜਿ ਕਾਲੁ ਬੈਰਾਈ ਹੇ।"
— ਮਾਰੂ **੧**, ਸੋਲਾ ੫, ੧੫ : ੩ (1025)

ਬੂਡਹੁਗੇ — ਡੁਬੋਗੇ
"**ਬੂਡਹੁਗੇ** ਪਰਵਾਰ ਸਕਲ ਸਿਉ ਰਾਮੁ ਨ ਜਪਹੁ ਅਭਾਗੇ।" — ਮਾਰੂ **ਕਬ**, ੧, ੧* : ੨ (1103)

ਬੂਡਤ — ਡੁਬਦੇ
"**ਬੂਡਤ** ਜਾਤ ਪੂਰੈ ਗੁਰਿ ਕਾਢੇ।"
— ਗਉ **੫**, ੧੨੫, ੩ : ੧ (191)

ਹੋਰ ਰੂਪ — ਬੂਡੰਤ —
"**ਬੂਡੰਤ** ਤਰੀਅੰ ਊਣੰਤ ਭਰੀਅੰ।" (ਡੁਬਦਾ ਹੋਇਆ) — ਸਸ **੫**, ੬੪ : ੨ (1360)

ਬੂਡਤੇ —
"ਰਾਮ ਨਾਮ ਸਿਮਰਨ ਬਿਨੁ **ਬੂਡਤੇ** ਅਧਿਕਾਈ।" (ਡੁਬ ਜਾਂਦੇ ਹਨ)
— ਧਨਾ **ਕਬ**, ੫, ੧* : ੨ (692)

ਬੂਡੜੈ — ਡੁਬੇ ਹੋਏ ਨੂੰ
"ਕੂੜੜੈ ਨਾਮੁ ਵਿਸਾਰਿਆ **ਬੂਡੜੈ** ਕਿਆ ਤਿਸੁ ਚਾਰੋ।" — ਵਡ **੧**, ਮਾਲਾ ੩, ੩ : ੩ (580)

ਬੂਡਾ — ਡੁਬਾ
"ਬਿਨੁ ਸਤਿਗੁਰ ਭੇਟੇ ਚੰਚਲੁ ਨਾ ਥੀਐ ਮਨਮੁਖੁ ਲੋਹੁ **ਬੂਡਾ** ਬੇੜੀ ਪਾਸਿ।"

ਹੋਰ ਰੂਪ — ਬੂਡਿ —
"ਨਿਡਰੁ **ਬੂਡਿ** ਮਰੈ ਪਤਿ ਖੋਇ।" (ਡੁਬ ਕੇ)
— ਬਿਲਾ **੧**, ਥਿਤੀ ੧੨ : ੪ (840)

ਬੂਡਿਆ —
"ਕਬੀਰ ਬਾਂਸੁ ਬਡਾਈ **ਬੂਡਿਆ** ਇਉ ਮਤ ਡੂਬਹੁ ਕੋਇ।" (ਡੁਬਿਆ)

— ਸਲੋ **ਕਬ**, ੧੨ : ੧ (1365)

ਬੂਡੀ —

"ਰਾਮ ਨਾਮਿ ਬਿਨੁ ਮੁਕਤਿ ਨ ਹੋਈ **ਬੂਡੀ** ਦੂਜੈ ਹੇਤਿ।" (ਡੁਬੀ)

— ਸਿਰੀ **੧**, ਪਹ ੨, ੧ : ੫ (75)

ਬੂਡੀ — 1. ਡੁਬੀ, ਵੇਖੋ 'ਬੂਡਿ'

2. ਹਵਾ ਵਿਚ ਉਡਣ ਵਾਲੀ ਗੁੱਡੀ, ਪਤੰਗ

"ਦਹ ਦਿਸ **ਬੂਡੀ** ਪਵਨੁ ਝੁਲਾਵੈ ਡੋਰਿਰਹੀ ਲਿਵ ਲਾਈ।" — ਗਉ **ਕਬ**, ੪੬, ੩ : ੨ (333)

3. ਹੇ ਡੁਬੀ ਹੋਈਏ

"**ਬੂਡੀ** ਘਰੁ ਘਾਲਿਓ ਗੁਰ ਕੈ ਭਾਇ ਚਲੋ।"

— ਧਨਾ **੧**, ਛੰਤ ੩, ੨ : ੧ (689)

ਬੂਡੀਐ — ਡੁਬੀਦਾ ਹੈ

"ਮਨ ਹਠਿ ਮਤੀ **ਬੂਡੀਐ** ਗੁਰਮੁਖਿ ਸਚੁ ਸੁ ਤਾਰਿ।"

— ਸਿਰੀ **੧**, ੧੬, ੧ : ੩ (20)

ਬੂਡੇ — ਡੁਬ ਗਏ

"**ਬੂਡੇ** ਭਾਰੇ ਭੈ ਬਿਨਾ ਪਿਆਰੇ ਤਾਰੇ ਨਦਰਿ ਕਰੇ।"

— ਸੋਰ **੧**, ਅਸ ੩, ੧ : ੩ (636)

ਹੋਰ ਰੂਪ — ਬੂਡੈ —

"ਭਰਿ ਜੋਬਨਿ **ਬੂਡੈ** ਅਭਿਮਾਨਿ।" (ਡੁਬਦਾ ਹੈ) — ਆਸਾ **੧**, ਅਸ ੬, ੬ : ੨ (414)

ਬੂਡੋ —

"ਬਿਨੁ ਗੁਰ **ਬੂਡੋ** ਠਉਰ ਨ ਪਾਵੈ ਜਬ ਲਗ ਦੂਜੀ ਰਾਣੀ।" (ਡੁਬਦਾ ਹੈ)

— ਪ੍ਰਭਾ **੧**, ੧੧, ੩ : ੨ (1330)

ਬੂਡੌ —

"ਵਿਣੁ ਨਾਮ ਹਰਿ ਕੇ ਕਛੁ ਨ ਸੂਝੈ ਅੰਧ **ਬੂਡੌ** ਧੰਧਲੀ।"

— ਸੂਹੀ **੧**, ਛੰਤ ੫, ੬ : ੪ (767)

ਬੂਢਾ — ਬੁਢਾ, ਵਡੇਰੀ ਉਮਰ ਦਾ

"ਓਹੁ ਨ ਬਾਲਾ **ਬੂਢਾ** ਭਾਈ।"

— ਆਸਾ **੫**, ੩੩, ੧* : ੨ (378)

ਹੋਰ ਰੂਪ — ਬੂਢੇ —

"ਬਾਰੇ **ਬੂਢੇ** ਤਰੁਨੇ ਭਈਆ ਸਭਹੂ ਜਮੁ ਲੈ ਜਈਹੈ ਰੇ।" (ਬੁਢੇ ਨੂੰ)

— ਬਿਲਾ **ਕਬ**, ੧, ੧ : ੧ (855)

ਬੂਦ — ਸੀ

"ਅਸਮਾਨ ਮ੍ਰਿਾਨੇ ਲਹੰਗ ਦਰੀਆ ਗੁਸਲ ਕਰਦਨ **ਬੂਦ**।" — ਤਿਲੰ **ਕਬ**, ੧, ੩ : ੧ (727)

ਬੂੰਦ — ਤੁਪਕਾ, ਕਤਰਾ

"ਸਰ ਭਰਿ ਥਲ ਹਰੀ ਆਵਲੇ ਇਕ **ਬੂੰਦ** ਨ ਪਵਈ ਕੇਹ।"

— ਸਿਰੀ **੧**, ਅਸ ੧੧, ੩ : ੨ (60)

"ਹਰਿ ਹਰਿ **ਬੂੰਦ** ਭਏ ਹਰਿ ਸੁਆਮੀ ਹਮ ਚਾਤ੍ਰਿਕ ਬਿਲਲ ਬਿਲਲਾਤੀ।" (ਸ੍ਵਾਤੀ ਬੂੰਦ)

— ਧਨਾ **੪**, ੫, ੧ : ੧ (668)

ਹੋਰ ਰੂਪ — ਬੂੰਦਹਿ —

"ਨਾਨਕ ਦਾਸੁ ਉਨ ਸੰਗਿ ਲਪਟਾਇਓ ਜਿਉ **ਬੂੰਦਹਿ** ਚਾਤ੍ਰਿਕ ਮਉਲਾ।" (ਬੂੰਦ ਨਾਲ)

— ਗੂਜ **੫**, ੪, ੪ : ੨ (496)

ਬੂੰਦਾਰ — ਲਗਾਤਾਰ ਬੂੰਦਾਂ

"ਬਿਨਸਤ ਬਾਰ ਨ ਲਾਗਈ ਜਿਉ ਕਾਗਦ **ਬੂੰਦਾਰ**।"

— ਬਿਲਾ **੫**, ੩੧, ੧ : ੨ (808)

ਬੂੰਦੇਰੇ — ਬੂੰਦ ਲਈ

"ਆਸ ਪਿਆਸੀ ਪਿਰ ਕੈ ਤਾਈ ਜਿਉ ਚਾਤ੍ਰਿਕੁ **ਬੂੰਦੇਰੇ**।" — ਤੁਖਾ **੫**, ਛੰਤ ੧, ੨ : ੫ (1117)

ਬੂਰੁ — ਪਾਣੀ ਉਪਰ ਹਰੇ ਰੰਗ ਦੀ ਪੈਦਾ ਹੋਈ ਇਕ ਸਬਜੀ

"ਲਬੁ ਵਿਣਾਹੇ ਮਾਣਸਾ ਜਿਉ ਪਾਣੀ **ਬੂਰੁ**।"

— ਰਾਮ **ਬਸ**, ਵਾਰ ੫ : ੩ (967)

ਬੇ — 1. ਹੋਰ

"ਅਬ **ਬੇ** ਗਲ ਕਹਨੁ ਨ ਜਾਈ।"

— ਸੋਰ **ਕਬ**, ੪, ੧ : ੪ (655)

2. ਸੰਬੋਧਨ, ਹੇ

"ਸੁਲਤਾਨੁ ਪੂਛੈ ਸੁਨੁ **ਬੇ** ਨਾਮਾ।"

— ਭੈਰ **ਨਾਮ**, ੧੦, ੧ : ੧ (1165)

ਬੇਅੰਤ — ਅੰਤ ਰਹਿਤ, ਅਨੰਤ

"ਅਮੋਘ ਦਰਸਨ **ਬੇਅੰਤ** ਅਪਾਰਾ।"

— ਮਾਝ **੫**, ੧੩, ੪ : ੧ (98)

ਹੋਰ ਰੂਪ — ਬੇਅੰਤਾ —

"ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ ਭਰੇ ਬੇਅੰਤ **ਬੇਅੰਤਾ**।" (ਅਣਰਹਿਤ)

— ਆਸਾ **੪**, ਸੋਪੁ ੧, ੪ : ੧ (11)

ਬੇਅੰਤਿ —

"ਗੁਰਿ ਕ੍ਰਿਪਾਲਿ **ਬੇਅੰਤਿ** ਅਵਗੁਣ ਸਭਿ ਹਤੇ।" (ਅੰਤ ਰਹਿਤ)
— ਸੋਰ **੪**, ਵਾਰ ੨੨ : ੩ (653)

ਬੇਅੰਤੁ —
"ਤੂੰ **ਬੇਅੰਤੁ** ਅਤਿ ਮੂਚੋ ਮੂਚਾ।" (ਅੰਤ ਰਹਿਤ)
— ਮਾਝ **੫**, ਅਸ ੩੫, ੮ : ੨ (130)

ਬੇਐਬ — (ਫ਼ਾ. ਬੇਐਬ) ਐਬ (ਨੁਕਸ) ਰਹਿਤ, ਵਿਕਾਰ ਰਹਿਤ,
"ਹਕਾ ਕਬੀਰ ਕਰੀਮ ਤੂ **ਬੇਐਬ** ਪਰਵਦਗਾਰ।"
— ਤਿਲੰ **੧**, ੧, ੧ : ੨ (721)

ਬੇਈ — ਦੁਬਾਰਾ, ਦੂਜੀ ਵਾਰ
"ਜਾਣੁ ਮਿਠਾਈ ਇਖ **ਬੇਈ** ਪੀੜੇ ਨਾ ਹੁਟੇ।"
— ਮਾਰੂ **੫**, ਵਾਰ ੧੩ਸ, **੫**, ੨ : ੨ (1098)

ਬੇਸਟੰ — ਘੇਰਿਆ/ਢਕਿਆ ਹੋਇਆ ਹੈ
"ਜੇਨ ਕਲਾ ਧਾਰਿਓ ਆਕਾਸੰ ਬੈਸੰਤਰੰ ਕਾਸਟ **ਬੇਸਟੰ**।" — ਸਸ **੫**, ੫੩ : ੧ (1359)

ਬੇਸਵਾ — ਕੰਜਰੀ, ਵੇਸਵਾ
"**ਬੇਸਵਾ** ਜੋਨਿ ਵਲਿ ਵਲਿ ਅਉਤਰੈ।"
— ਗੂਜ **ਤ੍ਰਿਲੋ**, ੨, ੨ : ੨ (526)

ਬੇਸਾਰੀਐ — ਵਿਸਾਰੀਏ, ਭੁਲੀਏ
"ਕਿਉ ਮਨਹੁ **ਬੇਸਾਰੀਐ** ਨਿਮਖ ਨਹੀ ਟਾਰੀਐ ਗੁਣਵੰਤ ਪ੍ਰਾਨ ਹਮਾਰੇ।"
— ਸਿਰੀ **੫**, ਛੰਤ ੩, ੨ : ੩ (80)

ਬੇਸੁਆ — ਵੇਸਵਾ
"ਸਾਕਤ **ਬੇਸੁਆ** ਪੂਤ ਨਿਨਾਮ।"
— ਗਉ **੫**, ਅਸ ੭, ੩ : ੨ (239)

ਬੇਸੁਮਾਰ — (ਫ਼ਾ. ਬੇਸ਼ੁਮਾਰ) ਅਣਗਿਣਤ, ਬਹੁਤ ਗਿਣਤੀ ਤੋਂ ਪਰ੍ਹਾ, ਬੇਅੰਤ, ਅਨੰਤ
"**ਬੇਸੁਮਾਰ** ਅਥਾਹ ਅਗਨਤ ਅਤੋਲੈ।"
— ਗਉ **੫**, ਸੁਖ ੨੧, ੮ : ੯ (292)
"ਖੁਦ ਖੁਦਾਇ ਵਡ **ਬੇਸੁਮਾਰ**।" (ਬੇਅੰਤ)
— ਰਾਮ **੫**, ੪੫, ੧ : ੪ (896)

ਹੋਰ ਰੂਪ — ਬੇਸੁਮਾਰੁ —
"ਨਿਹਚਲ ਆਸਨੁ **ਬੇਸੁਮਾਰੁ**।" (ਅਨੰਤ)
— ਰਾਮ **੫**, ੨੦, ੨ : ੪ (889)

ਬੇਸੁਰਤ — ਸੁਧ ਰਹਿਤ, ਭਾਵ ਬੇਸਮਝ
"ਜਿਨਿ ਕੀਤਾ **ਬੇਸੁਰਤ** ਤੇ ਸੁਰਤਾ।"
— ਗਉ **੫**, ੭੫, ੨ : ੨ (177)

ਬੇਸ੍ਵਾ — ਵੇਸਵਾ, ਕੰਜਰੀ
"ਜਿਉ **ਬੇਸ੍ਵਾ** ਕੇ ਪਰੈ ਅਖਾਰਾ।"
— ਭੈਰ **ਨਾਮ**, ੮, ੩ : ੧ (1165)

ਬੇਹਾਲ — ਮੰਦੇ ਹਾਲ
"ਜਬ ਜਮੁ ਆਇ ਸੰਘਾਰੈ ਮੂੜੇ ਤਬ ਤਨੁ ਬਿਨਸਿ ਜਾਇ **ਬੇਹਾਲ**।"
— ਬਿਲਾ **੫**, ੧੬, ੧* : ੨ (805)

ਬੇਹੀ — ਥੋਥੀ ਨਲੀ
"ਜਬ ਲਗੁ ਤਾਗਾ ਬਾਹਉ **ਬੇਹੀ**।"
— ਗੂਜ **ਕਬ**, ੨, ੨ : ੧ (524)

ਬੇਕਾਮ — ਨਿਕੰਮਾ, ਬਿਨਾ ਕੰਮ ਤੋਂ
"ਕਾਮੀ ਕ੍ਰੋਧੀ ਚਾਤੁਰੀ ਬਾਜੀਗਰ **ਬੇਕਾਮ**।"
— ਮਾਰੂ **ਕਬ**, ੧, ੩ : ੧ (1105)

ਬੇਕਾਰ — 1. ਖਰਾਬੀਆਂ, ਵਿਕਾਰ
"ਤਪਿ ਤਪਿ ਖਪੈ ਬਹੁਤੁ **ਬੇਕਾਰ**।"
— ਧਨਾ **੧**, ੫, ੧ : ੨ (661)

ਹੋਰ ਰੂਪ — ਬੇਕਾਰਾ —
"ਗੁਰ ਬਿਨੁ ਉਰਝਿ ਮਰਹਿ **ਬੇਕਾਰਾ**।" (ਵਿਕਾਰਾਂ ਵਿਚ)
— ਮਾਰੂ **੧**, ਸੋਲ੍ਹਾ ੬, ੧੧ : ੧ (1026)

ਬੇਕਾਰੁ —
"ਕਰਿ ਅਨੁ ਗ੍ਰਹੁ ਆਪਿ ਰਾਖਿਓ ਨਹ ਉਪਜਤਉ **ਬੇਕਾਰੁ**।" (ਵਿਕਾਰ)
— ਕੇਦਾ **੫**, ੧੨, ੧ : ੨ (1211)

2. ਨਿਕੰਮੇ
"ਨਿੰਦਕ ਟਿਕਨੁ ਨ ਪਾਵਨਿ ਮੂਲੇ ਊਡਿ ਗਏ **ਬੇਕਾਰੁ**।"— ਧਨਾ **੫**, ੫੨, ੧* : ੨ (683)

ਬੇਖਬਰ — ਨ ਜਾਣਨ ਵਾਲੇ, ਬੇਸਮਝ
"ਦਰੋਗੁ ਪੜਿ ਪੜਿ ਖੁਸੀ ਹੋਇ **ਬੇਖਬਰ** ਬਾਦੁ ਬਕਾਹਿ।" — ਤਿਲੰ **ਕਬ**, ੧, ੨ : ੧ (727)

ਬੇਗਮਪੁਰਾ — ਉਹ ਸਥਾਨ ਜਿਥੇ ਕੋਈ ਗਮ ਨ ਹੋਵੇ
"**ਬੇਗਮਪੁਰਾ** ਸਹਰ ਕੋ ਨਾਉ।"
— ਗਉ **ਰਵਿ**, ੨, ੧ : ੧ (345)

ਬੇਗਲ — 1. ਹੋਰ ਗਲ, ਦੂਜੀ ਗਲ
"ਅਬ **ਬੇਗਲ** ਕਹਨੁ ਨ ਜਾਈ।"

— ਸੋਰ **ਕਬ**, ੪, ੧ : ੪ (655)

2. ਛੇਤੀ

"ਜਬ ਲਗੁ ਸਾਸੁ ਸਾਸੁ ਮਨ ਅੰਤਰਿ ਤਤੁ **ਬੇਗਲ** ਸਰਨਿ ਪਰੀਜੈ।"

— ਕਲਿ **੪**, ਅਸ ੪, ੮ : ੧ (1325)

ਬੇਗਾਨਾ — 1. ਬੇਸਮਝ, ਅਣਜਾਣ, ਅਗਿਆਨੀ, ਬੇਗਿਆਨ

"ਲੂਣਹਰਾਮੀ ਗੁਨਹਗਾਰ **ਬੇਗਾਨਾ** ਅਲਪਮਤਿ।"

— ਗਉ **੫**, ਬਾਅ ੫੨ : ੧ (261)

2. ਓਪਰਾ, ਨਾਵਾਕਫ

"ਏਤੇ ਕੂਕਰ ਹਉ **ਬੇਗਾਨਾ** ਭਉਕਾ ਇਸੁ ਤਨ ਤਾਈ।" — ਬਿਲਾ **੧**, ੧, ੪ : ੧ (795)

ਬੇਗਾਰੀ — ਵੇਗਾਰੀ, ਬੇਗਾਰ ਕਰਨ ਵਾਲਾ, ਜਬਰਦਸਤੀ ਫੜ ਕੇ ਲਿਆਂਦਾ ਬਿਨਾਂ ਪੈਸਿਆਂ ਤੋਂ ਕੰਮ ਕਰਨ ਵਾਲਾ

"ਖੇਦੁ ਭਇਓ **ਬੇਗਾਰੀ** ਨਿਆਈ ਘਰ ਕੈ ਕਾਮਿ ਨ ਆਇਆ।" — ਟੋਡੀ **੫**, ੪, ੩ : ੨ (712)

ਬੇਗਾਲੀ — ਤੁਰਤ, ਛੇਤੀ

"ਹਰਿ ਕੇ ਸੰਤ ਸੁਣਹੁ ਜਨ ਭਾਈ ਗੁਰੁ ਸੇਵਿਹੁ ਬੇਗਿ **ਬੇਗਾਲੀ**।"— ਧਨਾ **੪**, ੪, ੨ : ੧ (667)

ਬੇਗਿ — ਛੇਤੀ, ਜਲਦੀ

"**ਬੇਗਿ** ਮਿਲੀਜੈ ਅਪੁਨੇ ਰਾਮ ਪਿਆਰੇ।"

— ਗਉ **ਕਬ**, ੬੫, ੧* : ੨ (338)

ਬੇਗੁਲੇ — ਤੇਜ਼ ਵੇਗ ਵਿਚ

"ਊਡਹਿ ਤ ਬੇਗੁਲ **ਬੇਗੁਲੇ** ਤਾਕਹਿ ਚੋਗ ਘਣੀ।"

— ਰਾਮ **੧**, ਓਅੰ ੩੩ : ੩ (934)

ਬੇਚਈ — ਵੇਚ ਦੇਵੇ

"ਕੋ ਹੈ ਲਰਿਕਾ **ਬੇਚਈ** ਲਰਿਕੀ ਬੇਚੈ ਕੋਇ।"

— ਸਲੋ **ਕਬ**, ੪੩ : ੧ (1366)

ਬੇਚਹੁ — ਵੇਚਦੇ ਹੋ

"ਮਾਇਆ ਕਾਰਨ ਬਿਦਿਆ **ਬੇਚਹੁ** ਜਨਮੁ ਅਬਿਰਥਾ ਜਾਈ।" — ਮਾਰੂ **ਕਬ**, ੧, ੩ : ੨ (1103)

ਬੇਚਾਇਓ — ਵੇਚਿਆਂ ਹੈ

"ਮਾਤਰ ਪਿਤਰ ਤਿਆਗਿ ਕੈ ਮਨੁ ਸੰਤਨ ਪਾਹਿ **ਬੇਚਾਇਓ**।"— ਸਾਰ **੫**, ੧੩੨, ੧ : ੧ (1230)

ਬੇਚਾਰਾ — (ਫਾ. ਬੇਚਾਰਾ) ਵਿਚਾਰਾ, ਦੀਨ, ਚਾਰਾ ਰਹਿਤ

"ਆਖਣ ਵਾਲਾ ਕਿਆ **ਬੇਚਾਰਾ**।"

— ਆਸਾ **੧**, ੧, ੪ : ੧ (349)

ਹੋਰ ਰੂਪ — ਬੇਚਾਰੇ —

"ਕਿਆ ਹਮ ਜੀਅ ਜੰਤ **ਬੇਚਾਰੇ** ਬਰਨਿ ਨ ਸਾਕਹ ਏਕ ਰੋਮਾਈ ਏਕ ਰੋਮਾਈ।" (ਦੀਨ)

— ਬਿਲਾ **੫**, ੯੧, ੧ : ੧ (822)

ਬੇਚਿ — ਵੇਚ ਕੇ

"ਗਾਂਠਿ ਨ ਬਾਧਉ **ਬੇਚਿ** ਨ ਖਾਉ।"

— ਭੈਰ **ਕਬ**, ੧, ੧* : ੨ (1157)

ਹੋਰ ਰੂਪ — ਬੇਚਿਓ —

"ਜਨ ਨਾਨਕ ਕੀ ਲਜ ਪਾਤਿ ਗੁਰੂ ਹੈ ਸਿਰੁ **ਬੇਚਿਓ** ਸਤਿਗੁਰ ਆਗੇ।" (ਵੇਚਿਆ ਹੈ)

— ਗਉ **੪**, ੬੨, ੫ : ੨ (172)

ਬੇਚਿਆ —

"ਹਰਿ ਹਰਿ ਅਰਥਿ ਸਰੀਰੁ ਹਮ **ਬੇਚਿਆ** ਪੂਰੇ ਗੁਰ ਕੈ ਆਗੈ।" (ਵੇਚਿਆ ਹੈ)

— ਗਉ **੪**, ੬੨, ੧ : ੧ (171)

ਬੇਚੈ —

"ਮਨੁ **ਬੇਚੈ** ਸਤਿਗੁਰ ਕੈ ਪਾਸਿ।" (ਵੇਚੇ)

— ਗਉ **੫**, ਸੁਖ ੧੮, ੨ : ੫ (286)

ਬੇਟੜੀ — ਲੜਕੀ

"ਬਾਬੁਲ ਕੈ ਘਰਿ **ਬੇਟੜੀ** ਬਾਲੀ ਬਾਲੈ ਨੇਹਿ।"

— ਰਾਮ **੧**, ਓਅੰ ੪੦ : ੩ (940)

ਬੇਟਾ — ਲੜਕਾ, ਪੁੱਤਰ

"ਮਾਇ ਬਾਪ ਕੋ **ਬੇਟਾ** ਨੀਕਾ ਸਸੁਰੈ ਚਤੁਰੁ ਜਵਾਈ।" — ਸੋਰ **੧**, ੩, ੧ : ੧ (596)

ਹੋਰ ਰੂਪ — ਬੇਟੇ —

"ਕੇਤਿਆ ਕੇ ਬਾਪ ਕੇਤਿਆ ਕੇ **ਬੇਟੇ** ਕੇਤੇ ਗੁਰ ਚੇਲੇ ਹੂਏ।"

— ਸਾਰ **੪**, ਵਾਰ ੩ਸ, **੧**, ੨ : ੩ (1238)

ਬੇਢਿਓ — ਵਲੇਟਿਆ

"ਮਲਿਆ ਗੁਰੁ ਭਯੰਗਮ **ਬੇਢਿਓ** ਤ ਸੀਤਲਤਾ ਨ ਤਜੰਤ।" — ਸਲੋ **ਕਬ** ੧੭੪ : ੨ (1373)

ਬੇਢੀ — ਤਰਖਾਣ

"ਤੈ ਪਹਿ ਦੁਗਣੀ ਮਜੂਰੀ ਦੈਹਉ ਮੋ ਕਉ **ਬੇਢੀ** ਦੇਹੁ ਬਤਾਈ ਹੋ।" — ਸੋਰ **ਨਾਮ**, ੨, ੧ : ੨ (657)

ਬੇਢੇ — ਵਲੇਟੇ/ਲਬੇੜੇ ਹੋਏ

"ਅਸਤਿ ਚਰਮ ਬਿਸਟਾ ਕੇ ਮੂੰਦੇ ਦੁਰਗੰਧ ਹੀ ਕੇ **ਬੇਢੇ**।" — ਕੇਦਾ **ਕਬ**, ੪, ੧* : ੨ (1124)

ਬੇਣਿ — ਬੇਣੀ ਭਗਤ ਜਿਨ੍ਹਾਂ ਦਾ ਇਕ ਇਕ ਸ਼ਬਦ ਸਿਰੀ, ਰਾਮਕਲੀ ਤੇ ਪ੍ਰਭਾਤੀ ਰਾਗਾਂ ਵਿਚ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ

"ਭਗਤੁ **ਬੇਣਿ** ਗੁਣ ਰਵੈ ਸਹਜਿ ਆਤਮ ਰੰਗੁ ਮਾਣੈ।" — ਸਵ **੧**, ੮ : ੩ (1390)

ਬੇਣੀ — 1. ਬੇਣੀ ਭਗਤ, ਵੇਖੋ ਬੇਣਿ

"**ਬੇਣੀ** ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ।"

— ਸਿਰੀ **ਬੇਣੀ**, ੧, ੫ : ੪ (99)

"**ਬੇਣੀ** ਕਉ ਗੁਰਿ ਕੀਓ ਪ੍ਰਗਾਸੁ।"

— ਬਸੰ **੫**, ਅਸ ੧, ੫ : ੩ (1192)

2. ਤ੍ਰਿਬੇਣੀ (ਗੰਗਾ, ਜਮਨਾ ਤੇ ਸਰਸਵਤੀ) ਦਾ ਸੰਗਮ

"ਗੰਗਾ ਸਾਗਰੁ **ਬੇਣੀ** ਸੰਗਮੁ ਅਠਸਠਿ ਅੰਕਿ ਸਮਾਈ ਹੇ।"

— ਮਾਰੂ **੧**, ਸੋਲ੍ਹਾ ੨, ੯ : ੩ (1022)

ਬੇਣੁ — ਬਾਂਸ ਦੀ ਬੰਸਰੀ

"ਤਉ ਅਨਹਦ **ਬੇਣੁ** ਸਹਜ ਮਹਿ ਬਾਇ।"

— ਗਉ **ਕਬ**, ਵਾ ੧ : ੪ (344)

"ਪਰਪੰਚ **ਬੇਣੁ** ਤਹੀ ਮਨੁ ਰਾਖਿਆ ਬ੍ਰਹਮ ਅਗਨਿ ਪਰਜਾਰੀ।"

— ਰਾਮ **੧**, ਅਸ ੯, ੫ : ੧ (907)

ਬੇਤਾ — ਜਾਣਨ ਵਾਲਾ

"ਬ੍ਰਹਮ ਗਿਆਨੀ ਬ੍ਰਹਮ ਕਾ **ਬੇਤਾ**।"

— ਗਉ **੫**, ਸੁਖ ੮, ੬ : ੧ (273)

ਬੇਤਾਲ — ਜਿਸ ਵਿਚ ਕੋਈ ਤਾਲ (ਲੈਅ, ਨਿਯਮ, ਸੰਜਮ) ਨ ਹੋਵੇ, ਭੂਤ ਨਾ, ਬੇਸੁਰਾ

"ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ **ਬੇਤਾਲ**।"

— ਆਸਾ **੧**, ਵਾਰ ੧੧ਸ, **੧**, ੧ : ੧ (468)

"ਹਰਿ ਕੇ ਨਾਮ ਹੀਨ **ਬੇਤਾਲ**।"

— ਸਾਰ **੫**, ੯੨, ੧* : ੧ (1222)

ਹੋਰ ਰੂਪ — ਬੇਤਾਲਾ —

"ਪੰਚਮੀ ਪੰਚ ਭੂਤ **ਬੇਤਾਲਾ**।"

— ਬਿਲਾ **੧**, ਥਿਤੀ ੬ : ੧ (839)

"ਕੋਈ ਆਖੈ ਭੂਤਨਾ ਕੋ ਕਹੈ **ਬੇਤਾਲਾ**।"

— ਮਾਰੂ **੧**, ੭, ੧ : ੨ (991)

ਬੇਤਾਲਿਆ —

"ਨਾਵਹੁ ਭੁਲਾ ਜਗੁ ਫਿਰੈ **ਬੇਤਾਲਿਆ**।" (ਭੂਤਨਾ ਹੋ ਕੇ, ਬੇਸੁਰਾ ਬਣ ਕੇ)

— ਮਾਝ **੧**, ਵਾਰ ੨੪ : ੮ (149)

ਬੇਤਾਲੇ —

"ਮਨਮੁਖ ਅੰਧੇ ਫਿਰਹਿ **ਬੇਤਾਲੇ**।" (ਭੂਤਨਿਆਂ ਵਾਂਗ) — ਮਾਝ **੩**, ਅਸ ੧੪, ੭ : ੨ (117)

ਬੇਤੀ — ਜਾਣਨਵਾਲੀ, ਗਿਆਤਾ

"ਨਹ ਚਤੁਰਿ ਸੁਘਰਿ ਸੁਜਾਤ **ਬੇਤੀ** ਮੋਹਿ ਨਿਰਗੁਨਿ ਗੁਨੁ ਨਹੀ।"

— ਬਿਲਾ ਮ : **੫**, ਛੰਤ ੩, ੩ : ੩ (847)

ਹੋਰ ਰੂਪ — ਬੇਤੇ —

"ਬ੍ਰਹਮ ਕੇ **ਬੇਤੇ** ਸਬਦੁ ਪਛਾਣਹਿ ਹਉਮੈ ਜਾਤਿ ਗਵਾਈ।" (ਗਿਆਤਾ)

— ਸਿਰੀ **੩**, ਅਸ ੨੨, ੩ : ੨ (67)

ਬੇਦ — 1. ਗਿਆਨ ਭਰੇ ਗ੍ਰੰਥ, ਹਿੰਦੂਆਂ ਦੇ ਧਾਰਮਕ ਗ੍ਰੰਥ

"ਸਾਸਤ ਸਿੰਮ੍ਰਿਤਿ **ਬੇਦ** ਚਾਰਿ ਮੁਖਾਗਰ ਬਿਚਰੇ।"

— ਸਿਰੀ **੫**, ਅਸ ੨੬, ੫ : ੧ (70)

2. ਗਿਆਨ

"ਮਨ ਹਠ ਬੁਧੀ ਕੇਤੀਆ ਕੇਤੇ **ਬੇਦ** ਬੀਚਾਰ।"

— ਸਿਰੀ **੧**, ਅਸ ੧੪, ੫ : ੨ (62)

"ਪੜਿ ਪੜਿ ਪੰਡਿਤ **ਬੇਦ** ਵਖਾਣਹਿ।"

— ਸਿਰੀ **੪**, ਵਾਰ ੯ਸ, **੩**, ੧ : ੧ (85)

ਬੇਦਉਚਾਰ — ਵੇਦਾਂ ਦਾ ਉਚਾਰਨ ਕਰਨ ਵਾਲਿਆਂ

"ਪਤਿਤ ਉਧਾਰਣਾ ਜੀਅ ਜੰਤ ਤਾਰਣਾ **ਬੇਦਉਚਾਰ** ਨਹੀ ਅੰਤੁ ਪਾਇਓ।"

— ਧਨਾ **੫**, ਪਤ, ੨ : ੧ (683)

ਬੇਦਸ — ਦੋ ਤੇ ਦਸ ਭਾਵ ਬਾਰ੍ਹਾਂ

"**ਬੇਦਸ** ਮਾਹ ਰੁਤੀ ਥਿਤੀ ਵਾਰ ਭਲੇ।"

— ਤੁਖਾ **੧**, ਬਾਰਾ ੧੭ : ੧ (1109)

ਬੇਦਹ — ਵੇਦ

"ਸਿਮ੍ਰਿਤਿ ਪੁਰਾਣ ਚਤੁਰ **ਬੇਦਹ** ਖਟੁ ਸਾਸਤ੍ਰ ਜਾਕਉ ਜਪਾਤਿ।"

ਹੋਰ ਰੂਪ — ਬੇਦਹਿ —

"ਏਕੁ ਸੁਧਾਖਰੁ ਜਾ ਕੈ ਹਿਰਦੈ ਵਸਿਆ ਤਿਨਿ **ਬੇਦਹਿ** ਤਤ ਪਛਾਣਿਆ।" (ਵੇਦਾਂ ਦਾ)
— ਸਾਰ **੫**, ੧੧, ੧* : ੨ (1205)

ਬੇਦਹੁ —
"ਅਰਝਿ ਉਰਝਿ ਕੈ ਪਚਿ ਮੂਆ ਚਾਰਉ **ਬੇਦਹੁ** ਮਾਹਿ।" (ਵੇਦਾਂ)
— ਸਲੋ **ਕਬ**, ੨੩੨ : ੨ (1377)

ਬੇਦਨ — ਪੀੜਾ, ਵੇਦਨਾ, ਦੁਖ, ਤਕਲੀਫ
"ਮੇਰੀ **ਬੇਦਨ** ਹਰਿ ਗੁਰੁ ਪੂਰਾ ਜਾਣੈ।"
— ਮਾਝ **੪**, ੩, ੩ : ੧ (95)
"ਸੋ ਰੋਵੈ ਜਿਸੁ **ਬੇਦਨ** ਹੋਇ।"
— ਆਸਾ **੧**, ਅਸ ੪, ੨ : ੨ (413)

ਬੇਦਨਾਈ — ਪੀੜਾ, ਵੇਦਨਾ
"ਕੈਸੇ ਕਹਉ ਮੋਹਿ ਜੀਅ **ਬੇਦਨਾਈ**।"
— ਸਾਰ **੫**, ੧੫, ੧* : ੧(1206)

ਬੇਦਨਿ — ਪੀੜ, ਦੁੱਖ
"ਹਮਰੀ **ਬੇਦਨਿ** ਤੂ ਜਾਨਤਾ ਸਾਹਾ ਅਵਰੁ ਕਿਆ ਜਾਨੈ ਕੋਇ।"
— ਧਨਾ **੪**, ੧੩, ੧* : ੨ (670)

ਬੇਦਬਿਆਸੈ — ਵੇਦਾਂ ਵਾਲਾ ਵਿਆਸ ਰਿਸ਼ੀ, ਵੇਦਾਂ ਦਾ ਰਚਿਤਾ ਵਿਆਸ ਰਿਸ਼ੀ
"ਪੂਛਹੁ ਬ੍ਰਹਮੇ ਨਾਰਦੈ **ਬੇਦਬਿਆਸੈ** ਕੋਇ।"
— ਸਿਰੀ **੧**, ਅਸ ੧੦, ੧* : ੨ (59)

ਬੇਦਾ — 1. ਵੇਦਾਂ ਦਾ, ਵੇਦਾਂ ਨੂੰ
"ਕੇਤੇ ਪੰਡਿਤ ਜੋਤਕੀ **ਬੇਦਾ** ਕਰਹਿ ਬੀਚਾਰੁ।"
— ਸਿਰੀ **੧**, ਅਸ ੫, ੨ : ੧ (56)
"ਬਗਾ ਰਤਾ ਪੀਅਲਾ ਕਾਲਾ **ਬੇਦਾ** ਕਰੀ ਪੁਕਾਰ।"
— ਮਾਝ **੧**, ਵਾਰ ੪ਸ, **੧**, ੧ : ੪ (139)

ਹੋਰ ਰੂਪ — ਬੇਦਾਂ —
"ਪੜਿ ਪੜਿ ਪੰਡਿਤ ਮੋਨੀ ਥਕੇ **ਬੇਦਾਂ** ਕਾ ਅਭਿਆਸੁ।"
— ਮਲਾ **੩**, ਅਸ ੨, ੨ : ੧ (1277)

2. ਗਿਆਨ
"**ਬੇਦਾ** ਗੰਢੁ ਬੋਲੇ ਸਚੁ ਕੋਇ।"
— ਮਾਝ **੧**, ਵਾਰ ੧੨ਸ, **੧**, ੨ : ੯ (143)

ਬੇਦਾਰ — (ਫ਼ਾ. ਬੇਦਾਰ) ਜਾਗਦੀ, ਸੁਚੇਤ, ਖਬਰਦਾਰ
"ਦੁਨੀਆ ਹੁਸੀਆਰ **ਬੇਦਾਰ** ਜਾਗਤ ਮੁਸੀਅਤ ਹਉ ਰੇ ਭਾਈ।"
— ਰਾਮ **ਕਬ**, ੨, ੧* : ੧ (972)

ਬੇਦਿ — ਵੇਦ ਨੇ
"ਪਤਿਤ ਪਾਵਨ ਪ੍ਰਭ ਬਿਰਦੁ **ਬੇਦਿ** ਲੇਖਿਆ।"
— ਬਿਲਾ **੫**, ੧੪, ੩ : ੧ (805)
"ਨਭੀਜੈ ਰਾਗੀ ਨਾਦੀ **ਬੇਦਿ**।" (ਭਾਵ ਵੇਦ ਪੜ੍ਹਨ ਨਾਲ)— ਸਾਰ **੪**, ਵਾਰ ੧ਸ, **੧**, ੨ : ੧ (1091)

ਹੋਰ ਰੂਪ — ਬੇਦੀ —
"ਕੋਈ ਗਾਵੈ ਰਾਗੀ ਨਾਦੀ **ਬੇਦੀ** ਬਹੁ ਭਾਤਿ ਕਰਿ ਨਹੀ ਹਰਿ ਹਰਿ ਭੀਜੈ ਰਾਮ ਰਾਜੇ।" (ਵੇਦਾਂ ਨਾਲ)
— ਆਸਾ **੪**, ਛੰਤ ੧੮, ੪ : ੧ (450)

ਬੇਦੀ — 1. ਵੇਦਾਂ ਨਾਲ, ਵੇਖੋ 'ਬੇਦਿ'
2. ਵਿਆਹ ਦੀ ਵੇਦੀ
"ਨਾਭਿ ਕਮਲ ਮਹਿ **ਬੇਦੀ** ਰਚਿ ਲੇ ਬ੍ਰਹਮ ਗਿਆਨ ਉਚਾਰਾ।"
— ਆਸਾ **ਕਬ**, ੨੪, ੨ : ੧ (482)
3. ਧਰਮ ਪੁਸਤਕ ਦੇ ਦਸੇ ਕਰਮ ਕਾਂਡਾਂ ਅਨੁਸਾਰ ਜੀਵਨ ਬਤੀਤ ਕਰਨ ਵਾਲਾ, ਕਰਮ-ਕਾਂਡੀ, ਵੇਦ ਅਭਿਮਾਨੀ
"ਨਾਦੀ **ਬੇਦੀ** ਸਬਦੀ ਮੋਨੀ ਜਮ ਕੇ ਪਟੈ ਲਿਖਾਇਆ।"
— ਸੋਰ **ਕਬ**, ੩, ੨ : ੨ (654)

ਹੋਰ ਰੂਪ — ਬੇਦਾਂੀ —
"ਕਥਾ ਕਹਾਣੀ **ਬੇਦਾਂੀ** ਆਣੀ ਪਾਪੁ ਪੁੰਨੁ ਬੀਚਾਰੁ।" (ਵੇਦਾਂ ਨੇ)
— ਸਾਰ **੪**, ੧੯ਸ, **੨**, ੧ : ੨ (1243)

ਬੇਦੁ — 1. ਵੇਦ
"**ਬੇਦੁ** ਪੁਕਾਰੇ ਵਾਚੀਐ ਬਾਣੀ ਬ੍ਰਹਮ ਬਿਆਸੁ।"
— ਸਿਰੀ **੧**, ਅਸ ੨, ੬ : ੧ (57)
2. ਗਿਆਨ
"**ਬੇਦੁ** ਬਾਦੁ ਨ ਪਾਖੰਡੁ ਅਉਧੂ ਜਤੁ ਸਤੁ ਸਬਦਿ ਬੀਚਾਰੀ।" (ਭਾਵ ਵਿਦਵਤਾ)
— ਰਾਮ **੧**, ਅਸ ੯, ੧੯ : ੧ (908)
"ਨਾਉ ਵਿਸਾਰਹਿ **ਬੇਦੁ** ਸਮਾਲਹਿ ਬਿਖੁ ਭੂਲੇ ਲੇਖਾਰੀ।" (ਗਿਆਨ)
— ਮਾਰੂ **੧**, ਅਸ ੧੧, ੫ : ੨ (1015)

ਬੇਦੇਸਵਾ — ਬਿਨਾ ਦੇਸ ਦੇ, ਲਾਮਕਾਨ
"ਨਾਮੇ ਕਾ ਸੁਆਮੀ ਅੰਤਰਜਾਮੀ ਫਿਰੇ ਸਗਲ **ਬੇਦੇਸੇਵਾ**।" — ਕੇਦ ਨਾਮ, ੧, ੪ : ੨ (1167)

ਬੇਧੰਚ — ਵਿੰਨ੍ਹਿਆ ਜਾਣਾ
"ਬਾਣ **ਬੇਧੰਚ** ਕੁਰੰਕ ਨਾਦੰ ਅਲਿ ਬੰਧਨ ਕੁਸਮ ਬਾਸਨਹ।"
— ਜੈਤ **੫**, ਵਾਰ ੧੨ਸ, **੫**, ੧ : ੨ (708)

ਬੇਧਤ — ਵਿੰਨ੍ਹ
"ਕੋਟਿ ਆਵਧ ਤਿਸੁ **ਬੇਧਤ** ਨਾਹਿ।"
— ਸੂਹੀ **੫**, ੨੪, ੨ : ੨ (742)

ਬੇਧਿ — ਵਿੰਨ੍ਹ
"ਰਾਮ ਮੇਰਾ ਮਨੁ ਤਨੁ **ਬੇਧਿ** ਲੀਓ ਹਰਿ ਸਾਚੇ।"
— ਗਉ **੪**, ੫੫, ੧* : ੧ (169)

ਹੋਰ ਰੂਪ — ਬੇਧਿਉ —
"ਪ੍ਰੇਮ ਪਿਰੰਮ ਨ **ਬੇਧਿਉ** ਉਰਝਿਓ ਮਿਥ ਬਿਉਹਾਰ।" (ਵਿੰਨ੍ਹਿਆ ਗਿਆ)
— ਚਉ **੫**, ੬ : ੨ (1364)

ਬੇਧਿਓ —
"ਉਲਟਿ ਭੇਦ ਮਨੁ **ਬੇਧਿਓ** ਪਾਇਓ ਅਭੰਗ ਅਛੇਦ।" (ਵਿਨ੍ਹਿਆ ਹੋਇਆ)
— ਗਉ **ਕਬ**, ਬਾਅ ੪ : ੨ (340)

ਬੇਧਿਆ —
"ਗੁਰ ਸਬਦੀ ਮਨੁ **ਬੇਧਿਆ** ਪ੍ਰਭੁ ਮਿਲਿਆ ਆਪਿ ਹਦੂਰਿ।" (ਵਿੰਨ੍ਹਿਆ ਗਿਆ)
— ਸਿਰੀ **੩**, ੨੯, ੨ : ੪ (37)
"ਹਰਿ ਚਰਨ ਕਮਲ ਮਨੁ **ਬੇਧਿਆ** ਕਿਛੁਆਨ ਨ ਮੀਠਾ ਰਾਮ ਰਾਜੇ।" (ਭਾਵ ਮੋਹਿਤ ਹੋਇਆ; ਜੁੜਿਆ)
— ਆਸਾ **੫**, ਛੰਤ ੩, ੧ : ੧ (453)

ਬੇਧੀ —
"ਕਾਮਣਿ ਹਰਿ ਰਸਿ **ਬੇਧੀ** ਜੀਉ ਹਰਿ ਕੈ ਸਹਜਿ ਸੁਭਾਏ।" (ਵਿੰਨ੍ਹੀ, ਪ੍ਰੋਈ ਹੋਈ)
— ਗਉ **੩**, ਛੰਤ ੩, ੧ : ੧ (245)
"ਰੂਪ ਕੰਨਿਆ ਸੁੰਦਰਿ **ਬੇਧੀ** ਸਸੈ ਸਿੰਘ ਗੁਨ ਗਾਏ।" (ਭਾਵ ਸੰਜੋਗ ਕੀਤਾ)
— ਆਸਾ **ਕਬ**, ੬, ੩ : ੨ (477)

ਬੇਧੀਅਲੇ — ਵਿੰਨੇ, ਵਿੰਨਿਆ ਹੈ
"**ਬੇਧੀਅਲੇ** ਚਕ੍ਰ ਭੁਅੰਗਾ।"
— ਰਾਮ **ਕਬ**, ੧੦, ੨ : ੩ (972)

ਬੇਧੇ — 1. ਜੁੜਿਆ, ਵਿਧਾ ਗਿਆ
"ਹਰਿ ਨਾਨਕ **ਬੇਧੇ** ਚਰਨ ਕਮਲ ਕਿਛੁ ਆਨ ਨ ਮੀਠਾ।" — ਆਸਾ **੫**, ਛੰਤ ੩, ੧ : ੬ (459)
2. ਵਿੰਨ੍ਹੇ ਹਨ
"ਬ੍ਰਹਮਾ ਬਿਸਨੁ ਮਹੇਸਰ **ਬੇਧੇ**।"
— ਗੋਂਡ **ਕਬ**, ੮, ੪ : ੩ (872)

ਬੇਨ — ਬੀਨ
"ਅਨਿਕ ਪਾਰਜਾਤ ਅਨਿਕ ਮੁਖਿ **ਬੇਨ**।"
— ਸਾਰ **੫**, ਅਸ ੨, ੫ : ੨ (1236)

ਬੇਨਜਰ — ਇਲਾਜ (ਸ਼ਬਦਾਰਥ); ਗਿਆਨਹੀਨ (ਮਹਾਨ ਕੋਸ਼) (ਫ. ਨਜ਼ਰ)
"ਬਦਬਖਤ ਹਮਚੁ ਬਖੀਲ ਗਾਫਿਲ **ਬੇਨਜਰ** ਬੇਬਾਕ।" — ਤਿਲੰ **੧**, ੧, ੪ : ੧ (721)

ਬੇਨਤਿ — ਬੇਨਤੀ, ਵਿਸ਼ੇ, ਅਰਜ਼
"ਜੋ ਗੁਰੂ ਗੁਰੂ ਅਹਿਨਿਸਿ ਜਪੈ ਦਾਸੁ ਭਟੁ **ਬੇਨਤਿ** ਕਹੈ।" — ਸਵ **੪**, ਨਲ ੨ : ੫ (1399)

ਬੇਨਤੀ — 1. ਨਮਰ ਹੋ ਕੇ ਕਹਿਣਾ, ਆਜਿਜ਼ੀ ਨਾਲ ਕਹੀ ਹੋਈ ਗੱਲ
"ਪ੍ਰਣਵੈ ਨਾਨਕੁ **ਬੇਨਤੀ** ਤੂ ਸਰਵਰੁ ਤੂ ਹੰਸੁ।"
— ਸਿਰੀ **੧**, ੨੫, ੪ : ੧ (23)

ਹੋਰ ਰੂਪ — ਬੇਨੰਤੀ —
"ਨਾਨਕ ਦਾਸੁ ਕਹੈ **ਬੇਨੰਤੀ** ਹਉ ਲਾਗਾ ਤਿਨ ਕੈ ਪਾਏ।" — ਸੋਰ **੩**, ੫, ੪ : ੩ (601)
"ਨਾਨਕ ਸਾਚੁ ਕਹੈ **ਬੇਨੰਤੀ** ਮਨੁ ਮਾਂਜੈ ਸਚੁ ਸੋਈ।" — ਧਨ **੧**, ਛੰਤ ੧, ੪ : ੬ (688)

ਬੇਨੰਤੀਆ —
"ਨਾਨਕ ਕੀ **ਬੇਨੰਤੀਆ** ਮੈ ਤੇਰਾ ਜੋਰੁ।" (ਨਮਰ ਕਥਨ) — ਬਿਲਾ **੫**, ੨੩, ੨ : ੨ (818)

2. ਅਰਦਾਸ, ਆਜਿਜ਼ੀ ਨਾਲ ਕੀਤੀ ਯਾਚਨਾ, ਅਰਜ਼
"ਪਾਇ ਲਗਉ ਮੋਹਿ ਕਰਉ **ਬੇਨਤੀ** ਕੋਊ ਸੰਤੁ ਮਿਲੈ ਬਡਭਾਗੀ।"
— ਗਉ **੫**, ੧੧੯, ੧* : ੨ (204)

ਹੋਰ ਰੂਪ — ਬੇਨੰਤੀ —
"ਕਰਉ **ਬੇਨੰਤੀ** ਸੁਣਹੁ ਮੇਰੇ ਮੀਤਾ ਸੰਤ ਟਹਲ

ਕੀ ਬੇਲਾ।"
— ਗਉ **ਪ**, ਸੋਹ ੫, ੧ : ੧ (13)

ਬੇਨੰਤੀਆ —
"ਨਾਨਕ ਕੀ **ਬੇਨੰਤੀਆ** ਕਰਿ ਕਿਰਪਾ ਦੀਜੈ ਨਾਮੁ।" (ਅਰਦਾਸ, ਬੇਨਤੀ)
— ਮਾਝ **ਪ**, ਬਾਰਾ ੧ : ੯ (133)
"ਸੁਣਿ ਯਾਰ ਹਮਾਰੇ ਸਜਣ ਇਕ ਕਰਉ **ਬੇਨੰਤੀਆ**।"
— ਜੈਤ **ਪ**, ਛੰਤ ੧, ੧ : ੧ (703)

ਬੇਨਾਧਾ — ਨਾਸ ਹੋਣਾ
"ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ **ਬੇਨਾਧਾ**।" — ਸਾਰ **ਪ**, ੬, ੧ : ੧ (1204)

ਬੇਨਿਵਾਜਾ — ਨਮਾਜ਼ ਨ ਕਰਨ ਵਾਲਾ
"ਫਰੀਦਾ **ਬੇਨਿਵਾਜਾ** ਕੁਤਿਆ ਏਹ ਨ ਭਲੀ ਰੀਤਿ।"
— ਸਲੋ **ਫਰ**, ੭੦ : ੧ (1381)

ਬੇਨੁ — ਬੀਨ
"ਅਖੰਡ ਮੰਡਲ ਨਿਰੰਕਾਰ ਮਹਿ ਅਨਹਦ **ਬੇਨੁ** ਬਜਾਵਉਗੋ।"— ਰਾਮ **ਨਾਮ**, ੨, ੧ : ੨ (972)

ਬੇਪਰਵਾਹ — (ਫਾ. ਬੇਪਰਵਾ) ਬੇਫਿਕਰ, ਪਰਵਾ (ਇਛਾ) ਰਹਿਤ
"ਦੂਸਨ ਨਾਹੀ ਅਵਰ ਕੋ ਨਾਨਕ **ਬੇਪਰਵਾਹ**।"
— ਗਉ **ਪ**, ਬਾਅ ੧੨ਸ : ੨ (252)
"ਨਾਨਕ ਸੋ ਸੋਹਾਗਣੀ ਜੁ ਭਾਵੈ **ਬੇਪਰਵਾਹ**।" (ਭਾਵ ਪ੍ਰਭੂ) — ਸਲੋ **ਫਰ**, ੩੨ : ੨ (1379)

ਹੋਰ ਰੂਪ — ਬੇਪਰਵਾਹਾ —
"ਨਾਨਕ ਜਨੁ ਨਾਮੁ ਸਲਾਹੇ ਬਿਗਸੈ ਸੋ ਨਾਮੁ **ਬੇਪਰਵਾਹਾ** ਹੇ।"
— ਮਾਰੂ **੩**, ਸੋਲਾ ੧੧, ੧੬ : ੩ (1055)

ਬੇਪਰਵਾਹੁ —
"**ਬੇਪਰਵਾਹੁ** ਰਹਤ ਹੈ ਸੁਆਮੀ ਇਕ ਨਾਮ ਕੈ ਆਧਾਰਾ।" (ਅਨਗਰਜ਼, ਮਸਤ)
— ਰਾਮ **ਪ**, ੫, ੨ : ੨ (884)

ਬੇਪਰਵਾਹੇ —
"ਪਾਰਬ੍ਰਹਮ ਗੁਰ **ਬੇਪਰਵਾਹੇ**।"
— ਗੋਂਡ **ਪ**, ੧, ੪ : ੨ (869)

ਬੇਪੀਰਿ — ਨਿਗੁਰਾ, ਜਿਸਦਾ ਕੋਈ ਪੀਰ (ਗੁਰੂ) ਨ ਹੋਵੇ
"ਸੁਨਿ ਅੰਧਲੀ ਲੋਈ **ਬੇਪੀਰਿ**।"
— ਗੋਂਡ **ਕਬ**, ੬, ੪ : ੩ (871)

ਬੇਬ — ਬੇਬੇ, ਭੈਣ
"ਤੀਜੈ ਭਯਾ ਭਾਭੀ **ਬੇਬ**।"
— ਮਾਝ **੧**, ਵਾਰ ੧ਸ, **੧**, ੨ : ੩ (137)

ਬੇਬਰਜਤ — ਵਿਵਰਜਿਤ, ਮਨ੍ਹਾ ਕੀਤੀ ਹੋਈ
"**ਬੇਬਰਜਤ** ਬੇਦ ਸੰਤਨਾ ਉਆਹੂ ਸਿਉ ਰੇ ਹਿਤਨੋ।"
— ਗਉ **ਪ**, ੧੪੮, ੧ : ੧ (212)

ਬੇਬਾ — ਬੇਬ, ਭੈਣ
"ਸੰਗਿ ਨ ਕੋਈ ਭਈਆ **ਬੇਬਾ**।"
— ਮਾਰੂ **ਪ**, ਅਸ ੮, ੩ : ੧ (1020)

ਬੇਬਾਕ — ਹਿਸਾਬ ਤੋਂ ਮੁਕਤ ਭਾਵ ਨਿਡਰ
"ਬਦਬਖਤ ਹਮਚੁ ਬਖੀਲ ਗਾਫਿਲ ਬੇ ਨਜਰ **ਬੇਬਾਕ**।" — ਤਿਲੰ **੧**, ੧, ੪ : ੧ (721)

ਬੇਬਾਣ — ਬੀਆਬਾਨ ਜੰਗਲ
"ਲਖ ਤਪ ਉਪਰਿ ਤੀਰਥਾਂ ਸਹਜ ਜੋਗ **ਬੇਬਾਣ**।"
— ਆਸਾ **੧**, ਵਾਰ ੮ਸ, **੧**, ੨ : ੨ (467)

ਹੋਰ ਰੂਪ — ਬੇਬਾਣਿ —
"ਸੋ ਪ੍ਰਭੁ ਚਿਤਿ ਨ ਆਇਓ ਛੁਟੈਗੀ **ਬੇਬਾਣਿ**।" (ਜੰਗਲ ਵਿਚ)
— ਸਿਰੀ **ਪ**, ੨੩, ੧ : ੨ (43)

ਬੇਬਾਣੀ —
"ਰਹੈ **ਬੇਬਾਣੀ** ਮੜੀ ਮਸਾਣੀ।" (ਜੰਗਲਾਂ ਵਿਚ)
— ਆਸਾ **੧**, ਵਾਰ ੯ਸ, **੧**, ੨ : ੧੩ (467)

ਬੇਬਾਣੁ — ਮੁਰਦਾ ਚੁਕਣ ਵਾਲਾ ਤਖਤਾ, ਅਰਥੀ
"ਹਰਿ ਕਥਾ ਪੜੀਐ ਹਰਿ ਨਾਮੁ ਸੁਣੀਐ **ਬੇਬਾਣੁ** ਹਰਿ ਰੰਗੁ ਗੁਰ ਭਾਵਏ।"
— ਰਾਮ **ਸੁੰਦ**, ਸਦ ੫ : ੩ (923)

ਬੇਬਾਣੈ — ਜੰਗਲਾਂ ਵਿਚ (ਰਹਿਣਾ)
"ਨਾਮ ਬਿਨਾਂ ਗਤਿ ਕੋਇ ਨ ਪਾਵੈ ਹਠਿ ਨਿ ਗ੍ਰਹਿ **ਬੇਬਾਣੈ**।" — ਗਉ **੧**, ਛੰਤ ੨, ੩ : ੫ (243)

ਬੇਮੁਹਤਾਜ — ਜਿਸ ਨੂੰ ਕਿਸੇ ਦੀ ਮੁਹਤਾਜੀ ਨਾ ਹੋਵੇ
"ਸਭ ਹੀ ਮਧਿ ਸਭਹਿ ਤੇ ਬਾਹਰਿ **ਬੇਮੁਹਤਾਜ** ਬਾਪਾ।" — ਸਿਰੀ **ਪ**, ੯੭, ੨ : ੨ (51)

ਹੋਰ ਰੂਪ — ਬੇਮੁਹਤਾਜੁ —
"**ਬੇਮੁਹਤਾਜੁ** ਪੂਰਾ ਪਾਤਿਸਾਹੁ।" (ਜਿਸ ਨੂੰ

ਕਿਸੇ ਦੀ ਮੁਕਤੀ ਨਹੀਂ)
— ਗਉ **੫**, ੯੫, ੪ : ੧ (184)

ਬੇਮੁਹਤਾਜੇ —
"ਪ੍ਰਭ ਕਉ ਸਿਮਰਹਿ ਸਿ **ਬੇਮੁਹਤਾਜੇ**।"
— ਗਉ **੫**, ਸੁਖ ੧, ੫ : ੫ (263)

ਬੇਮੁਖ — ਮੁਨਕਰ, ਮੂੰਹ ਦੂਜੇ ਪਾਸੇ ਫੇਰਨ ਵਾਲਾ
"ਜੋ **ਬੇਮੁਖ** ਗੋਬਿੰਦ ਤੇ ਪਿਆਰੇ ਤਿਨ ਕੁਲਿ ਲਾਗੈ ਗਾਲਿ।" — ਸੋਰ **੫**, ਅਸ ੨, ੬ : ੨ (641)

ਬੇਮੁਖਾਈ — ਬੇਮੁਖਤਾ, ਮੂੰਹ ਮੋੜਿਆ ਹੋਣਾ
"ਜਿਹ ਪ੍ਰਭੂ ਬਿਸਾਰਿ ਗੁਰ ਤੇ **ਬੇਮੁਖਾਈ** ਤੇ ਨਰਕ ਘੋਰ ਮਹਿ ਪਰਿਆ।"
— ਸੋਰ **੫**, ੧੫, ੩ : ੨ (613)

ਬੇਮੁਖੁ — ਵੇਮੁਖ, ਜਿਸ ਨੂੰ ਦੂਜੇ ਪਾਸੇ ਮੂੰਹ ਮੋੜਿਆ ਹੋਵੇ
"ਤਿਸੁ ਸਿਉ **ਬੇਮੁਖੁ** ਜਿਨਿ ਜੀਉ ਪਿੰਡੁ ਦੀਨਾ।"
— ਗਉ **੫**, ੧੪੨, ੧* : ੧ (195)

ਬੇਰ — ਵਾਰੀ, ਵੇਰ
"ਕਹਿ ਕਬੀਰ ਅੰਤ ਕੀ **ਬੇਰ** ਆਇ ਲਗੋ ਕਾਲੁ ਨਿਦਾਨਿ।" — ਕੇਦਾ **ਕਬ**, ੫, ੨ : ੨ (1124)

ਬੇਰਾ — 1. ਵੇਲਾ, ਵਕਤ, ਸਮਾਂ
"ਓਹ **ਬੇਰਾ** ਨਹ ਬੂਝੀਐ ਜਉ ਆਇ ਪਰੈ ਜਮ ਫੰਧੁ।" — ਗਉ **੫**, ਬਾਅ ੧੯ : ੪ (254)
2. ਵੇਰਾਂ, ਵਾਰੀ
"ਬਲਿਹਾਰੈ ਨਾਨਕ ਲਖ **ਬੇਰਾ** ਮੇਰੇ ਠਾਕੁਰ ਅਗਮ ਅਗਾਧਿਓ।"
— ਦੇਵ **੫**, ੧੩, ੨ : ੨ (530)

ਬੇਰਾਵੈ — ਪਰਚਾਉਂਦੀ ਹੈ
"ਮੁਖਿ **ਬੇਰਾਵੈ** ਅੰਤਿ ਠਗਾਵੈ।"
— ਰਾਮ **੫**, ੨੯, ੩ : ੧ (892)

ਬੇਰਿ — ਬੇਰੀ, ਇਕ ਫਲਦਾਰ ਦਰਖਤ
"ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ **ਬੇਰਿ**।" — ਸਲੋ **ਕਬ**, ੮੮ : ੧ (1369)

ਬੇਰੀ — ਬੇੜੀ, ਬੰਧਨ
"ਪ੍ਰਭ ਸਰਣਿ ਤੇਰੀ ਕਾਟਿ **ਬੇਰੀ** ਸੰਸਾਰੁ ਸਾਗਰੁ ਤਾਰੀਐ।" — ਬਿਹਾ **੫**, ਛੰਤ ੬, ੨ : ੩ (545)

ਬੇਰੀਆ — ਵਾਰੀ
"ਬਾਰਿ ਜਾਉ ਲਖ **ਬੇਰੀਆ** ਹਰਿ ਸਜਣੁ ਅਗਮ ਅਗਾਹੁ।" — ਮਾਝ **੫**, ਬਾਰਾ ੧੧ : ੨ (135)

ਬੇਰੇ — ਵੇਲੇ, ਸਮੇਂ
"ਹਰਿ ਨਾਨਕ ਬਿਸਰੁ ਨ ਕਾਹੂ **ਬੇਰੇ**।"
— ਬਿਲਾ **੫**, ੧੯, ੨ : ੨ (806)

ਹੋਰ ਰੂਪ — ਬੇਰੈ —
"ਪ੍ਰਭ ਕ੍ਰਿਪਾ ਤੇ ਸੰਤ ਪਾਏ ਵਾਰਿ ਵਾਰਿ ਨਾਨਕ ਉਹ **ਬੇਰੈ**।" (ਵੇਲੇ)
— ਕਾਨ **੫**, ੧੬, ੪ : ੨ (1301)

ਬੇਰ੍ਹੇ — ਵਲਿਆ ਹੋਇਆ
"ਮੈਲਾਗਰ **ਬੇਰ੍ਹੇ** ਹੈ ਭੁਇਅੰਗਾ।"
— ਗੂਜ **ਰਵਿ**, ੧, ੨ : ੧ (525)

ਬੇਲ — ਵੇਲ
"ਜੋਵਹਿ ਕੂਪ ਸਿੰਚਨ ਕਉ ਬਸੁਧਾ ਉਠਿ ਬੈਲ ਗਏ ਚਰਿ **ਬੇਲ**।" — ਆਸਾ **੪**, ੬੧, ੨ : ੨ (368)

ਬੇਲਾ — ਵੇਲਾ, ਸਮਾਂ
"ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ **ਬੇਲਾ**।" — ਗਉ **੫**, ਸੋਹ ੫, ੧ : ੧ (13)

ਬੇਲਿ — ਵੇਲ
"ਕਰਮ ਕਰਤੂਤਿ **ਬੇਲਿ** ਬਿਸਥਾਰੀ ਰਾਮ ਨਾਮੁ ਫਲੁ ਹੂਆ।" — ਆਸਾ **੧**, ੮, ੧ : ੧ (351)

ਬੇਲੀ — 1. ਮਿਤਰ, ਦੋਸਤ
"ਪੁਤੁ ਕਲਤੁ ਮੋਹੁ ਬਿਖੁ ਹੈ ਅੰਤਿ **ਬੇਲੀ** ਕੋਇ ਨ ਹੋਇ।" — ਸਿਰੀ **੪**, ੭੦, ੧* : ੨ (41)

ਹੋਰ ਰੂਪ — ਬੇਲੀਆ —
"ਗੁਰ ਸਬਦੁ ਕਮਾਵਹਿ ਜਨਮਿ ਨ ਆਵਹਿ ਤਿਨਾ ਹਰਿ ਪ੍ਰਭੁ **ਬੇਲੀਆ**।" (ਮਿਤਰ)
— ਤੁਖਾ **੧**, ਛੰਤ ੨, ੪ : ੪ (1110)

ਬੇਣਜੀਰ — ਜਿਸ ਨੂੰ ਵਜ਼ੀਰ ਭਾਵ ਸਲਾਹਕਾਰ ਦੀ ਲੋੜ ਨਹੀਂ
"**ਬੇਵਜੀਰ** ਬਡੇ ਧੀਰ ਧਰਮ ਅੰਗ ਅਲਖ ਅਗਮ ਖੇਲੁ ਕੀਆ ਆਪਣੈ ਉਛਾਹਿ ਜੀਉ।"
— ਸਵ **੪**, ਗਯੰ ੮ : ੨ (1402)

ਬੇੜਾ — ਬੇੜੀ, ਨਉਕਾ, ਵਡੀ ਬੇੜੀ
"ਨਾਨਕ ਨਾਉ **ਬੇੜਾ** ਨਾਉ ਤੁਲਹੜਾ ਭਾਈ ਜਿਤੁ ਲਗਿ ਪਾਰਿ ਜਨ ਪਾਇ।"
— ਸੋਰ **੩**, ੯, ੪ : ੨ (603)
"ਕਬੀਰ **ਬੇੜਾ** ਜਰਜਰਾ ਫੂਟੇ ਛੇਂਕ ਹਜਾਰ।"

(ਜੀਵਨ ਬੇੜਾ ਭਾਵ ਸਰੀਰ)
— ਸਲੋ **ਕਬ**, ੩੫ : ੧ (1366)

ਬੇੜੀ — 1. ਨਾਉਕਾ
"ਨਾ **ਬੇੜੀ** ਨ ਤੁਲਹੜਾ ਨਾ ਪਾਈਐ ਪਿਰੁ ਦੂਰਿ।"
— ਸਿਰੀ **੧**, ੯, ੧ : ੩ (17)
2. ਬੰਧਨ, ਫਾਹੀ, ਜੰਜੀਰ
"ਸਰਨਿ ਤੇਰੀ ਕਟਿ ਮਹਾ **ਬੇੜੀ** ਇਕੁ ਨਾਮੁ ਦੇਹਿ ਅਧਾਰਾ।"
— ਬਿਹਾ **੫**, ਛੰਤ ੭, ੪ : ੫ (546)
3. ਵ੍ਰੇੜੀ, ਲਿਬੜੀ ਹੋਈ
"ਫਰੀਦਾ ਰਹੀ ਸੁ **ਬੇੜੀ** ਹਿੰਙੁ ਦੀ ਗਈ ਕਥੂਰੀ ਗੰਧੁ।" — ਸਲੋ **ਫਰ**, ੩੩ : ੨ (1379)

ਬੇੜੁ — ਬੇੜਾ
"ਸਤਿਗੁਰੁ ਬੋਹਿਥੁ **ਬੇੜੁ** ਸਚਾ ਰਖਸੀ।"
— ਮਲਾ **੧**, ਵਾਰ ੨੬ : ੫ (1290)

ਬੇੜੁਲਾ — ਬੇੜਾ
"ਜਪ ਤਪ ਕਾ ਬੰਧੁ **ਬੇੜੁਲਾ** ਜਿਤੁ ਲੰਘਹਿ ਵਹੇਲਾ।"
— ਸੂਹੀ **੨**, ੪, ੧ : ੧ (729)

ਬੇੜੇ — ਬੇੜੀ ਵਿਚ, ਨਉਕਾ ਵਿਚ
"ਸਭੁ ਪਰਵਾਰੁ ਚੜਾਇਆ **ਬੇੜੇ**।"
— ਗਉ **ਕਬ**, ੬੧, ੧* : ੨ (337)

ਹੋਰ ਰੂਪ — ਬੇੜੈ —
"ਭਉਜਲੁ ਪਾਰਿ ਉਤਾਰਿਅਨੁ ਭਾਈ ਸਤਿਗੁਰ **ਬੇੜੈ** ਚਾੜਿ।" (ਬੇੜੀ ਵਿਚ)
— ਸੋਰ **੩**, ਅਸ ੨, ੨ : ੨ (638)

ਬੇੜਿਓ — ਵੇੜ੍ਹਿਆਂ ਹੋਇਆ, ਘਿਰਿਆ ਹੋਇਆ
"ਕਬੀਰ ਚੰਦਨ ਕਾ ਬਿਰਵਾ ਭਲਾ **ਬੇੜ੍ਹਿਓ** ਢਾਕ ਪਲਾਸ।" — ਸਲੋ **ਕਬ**, ੧੧ : ੨ (1365)

ਬੈ — 1. (ਅ. ਬੈ) ਖਰੀਦਨਾ
"ਬਹੁਤੁ ਦਰਬੁ ਹਸਤੀ ਅਰੁ ਘੋੜੇ ਲਾਲ ਲਾਖ **ਬੈ** ਆਨੀ।" — ਆਸਾ **੫**, ੩੮, ੧ : ੨ (379)
2. ਮੁਲ/ਕੀਮਤ ਲੈ ਕੇ ਦੇਣਾ
"ਇਹੁ ਤਨੁ ਵੇਚੀ **ਬੈ** ਕਰੀ ਜੇ ਕੋ ਲਏ ਵਿਕਾਇ।"
— ਸੂਹੀ **੧**, ੭, ੪ : ੧ (730)

ਬੈਆਲੰ — ਜਿਸ ਦਾ ਘਰ ਨਾਲ ਰਹਿਤ ਹੈ ਅਰਥਾਤ ਥਿਰ ਹੈ
"ਸਭ ਮਹਿ ਸਬਦੁ ਵਰਤੈ ਪ੍ਰਭ ਸਾਚਾ ਕਰਮਿ ਮਿਲੈ **ਬੈਆਲੰ**।"
— ਮਲਾ **੧**, ਅਸ ੪, ੮ : ੨ (1275)

ਬੈਸ — ਵੈਸ਼, ਖੇਤੀ ਤੇ ਵਪਾਰ ਕਰਨ ਵਾਲਾ ਵਿਅਕਤੀ
"ਬ੍ਰਹਮਨ **ਬੈਸ** ਸੂਦ ਅਰੁ ਖ੍ਹਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ।" — ਬਿਲਾ **ਰਵਿ**, ੨, ੧ : ੧ (858)

ਬੈਸਉ — ਬੈਠਦਾ ਹਾਂ
"ਸਿਵ ਨਗਰੀ ਮਹਿ ਆਸਣਿ **ਬੈਸਉ** ਕਲਪ ਤਿਆਗੀ ਬਾਦੰ।" — ਆਸਾ **੧**, ੩੨, ੨ : ੧ (360)

ਬੈਸਈ — ਬੈਠਦੀ
"ਸਾ ਧਨ ਰੰਡ ਨ **ਬੈਸਈ** ਜੇ ਸਤਿਗੁਰ ਮਾਹਿ ਸਮਾਇ।" — ਸਿਰੀ **੧**, ਅਸ ੨, ੪ : ੧ (54)

ਬੈਸਹ — ਬੈਠਣਾ
"ਜਹ ਬੈਸਾਵਹਿ **ਬੈਸਹ** ਭਾਈ ਜਾ ਭੇਜਹਿ ਤਹ ਜਾਉ।" — ਸਲੋ **੩**, ੫੧ : ੩ (1419)

ਹੋਰ ਰੂਪ — ਬੈਸਹਿ —
"ਰੇ ਮਨ ਲੇਖੈ ਚਾਲਹਿ ਲੇਖੈ **ਬੈਸਹਿ** ਲੇਖੈ ਲੈਦਾ ਸਾਹਾ।" (ਬੈਠਦਾ ਹੈ)
— ਆਸਾ **੫**, ੧੨੩, ੪ : ੧ (402)

ਬੈਸਹੁ —
"ਸੁਖਿ **ਬੈਸਹੁ** ਸੰਤ ਸਾਜਨ ਪਰਵਾਰੁ।" (ਬੈਠੋ)
— ਗਉ **੫**, ੯੬, ੪ : ੧ (185)

ਬੈਸਕ — ਬਹਿਣੀ, ਸੰਗਤ, ਬੈਠਕ, ਸੁਹਬਤ
"ਸਚੀ **ਬੈਸਕ** ਤਿਨ੍ਹਾ ਸੰਗਿ ਜਿਨ ਸੰਗਿ ਜਪੀਐ ਨਾਉ।"
— ਗੂਜ **੫**, ਵਾਰ ੧੦ਸ, **੫**, ੨ : ੧ (520)

ਬੈਸਣ — ਬੈਠਣ ਲਈ
"ਦਰਗਹ **ਬੈਸਣ** ਨਾਹੀ ਥਾਉ।"
— ਆਸਾ **੧**, ੧੮, ੨ : ੨ (354)

ਬੈਸਣਹਾਰੁ — ਬੈਠਣ ਵਾਲੇ
"ਕੂੜੁ ਮੰਡਪ ਕੂੜੁ ਮਾੜੀ ਕੂੜੁ **ਬੈਸਣਹਾਰੁ**।"
— ਆਸਾ **੧**, ਵਾਰ ੧੦ਸ, **੧**, ੧ : ੨ (468)

ਬੈਸਣਾ — ਬੈਠਣਾ
"ਮੁਕਾਮੁ ਕਰਿ ਘਰਿ **ਬੈਸਣਾ** ਨਿਤ ਚਲਣੈ ਕੀ ਧੋਖ।" — ਸਿਰੀ **੧**, ਅਸ, ੧੭, ੧ : ੧ (64)

ਹੋਰ ਰੂਪ — ਬੈਸਣਿ —
"ਆਸਣਿ **ਬੈਸਣਿ** ਥਿਰੁ ਨਾਰਾਇਣੁ ਤਿਤੁ ਮਨੁ ਰਾਤਾ ਵੀਚਾਰੇ।" (ਬੈਠਣ)

— ਆਸਾ **੧**, ਛੰਤ ੨, ੧ : ੫ (436)

ਬੈਸਣੁ —
"ਤਾ ਦਰਗਹ **ਬੈਸਣੁ** ਪਾਈਐ।" (ਬੈਠਣਾ)
— ਸਿਰੀ **੧**, ੩੩, ੪ : ੨ (26)

ਬੈਸਤ — ਬੈਠੇ
"ਜਿਉ ਸੁਪਨੈ ਹੋਇ **ਬੈਸਤ** ਰਾਜਾ।"
— ਗਉ **੫**, ੮੦, ੨ : ੩ (179)
"ਚਾਲਤ **ਬੈਸਤ** ਸੋਵਤ ਹਰਿ ਜਸੁ ਮਨਿ ਤਨਿ ਚਰਨ ਖਟਾਨੀ।" (ਬੈਠਦਿਆਂ)
— ਆਸਾ **੫**, ੧੩੫, ੨ : ੧ (404)

ਬੈਸੰਤਰ — ਅਗਨੀ, ਅੱਗ
"ਕਈ ਕੋਟਿ ਪਵਣ ਪਾਣੀ **ਬੈਸੰਤਰ**।"
— ਗਉ **੫**, ਸੁਖ ੧੦, ੩ : ੫ (275)

ਹੋਰ ਰੂਪ — ਬੈਸੰਤਰੰ —
"ਜੇਨ ਕਲਾ ਧਾਰਿਓ ਆਕਾਸੰ **ਬੈਸੰਤਰੰ** ਕਾਸਟ ਬੇਸਟੰ।" (ਅਗਨੀ)
— ਸਸ **੫**, ੫੩ : ੧ (1359)

ਬੈਸੰਤਰਿ —
"ਤਨੁ **ਬੈਸੰਤਰਿ** ਹੋਮੀਐ ਇਕ ਰਤੀ ਤੋਲਿ ਕਟਾਇ।" (ਅਗਨੀ ਵਿਚ)
— ਸਿਰੀ **੧**, ਅਸ ੧੪, ੨ : ੧ (62)

ਬੈਸੰਤਰੁ —
"ਗੁਰਮੁਖਿ ਪਵਣੁ **ਬੈਸੰਤਰੁ** ਖੇਲੈ ਵਿਡਾਣੀ।" (ਅਗਨੀ)
— ਮਾਝ **੩**, ਅਸ ੧੪, ੨ : ੨ (117)

ਬੈਸੰਤਰੋ —
"ਪਉਣੁ ਪਾਣੀ **ਬੈਸੰਤਰੋ** ਮੇਰੀ ਜਿੰਦੁੜੀਏ ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ।" (ਅੱਗ)
— ਬਿਹਾ **੪**, ਛੰਤ ੪, ੪ : ੨ (540)

ਬੈਸਤੇ — ਬੈਠਣ ਨਾਲ
"ਸੰਗਿ ਕੁਸੰਗੀ **ਬੈਸਤੇ** ਤਬ ਪੂਛੇ ਧਰਮ ਰਾਇ।"
— ਰਾਮ **੫**, ਵਾਰ ੨੦ਸ, **੫**, ੨ : ੨ (965)

ਬੈਸਨਉ — ਵਿਸ਼ਨੂ ਦਾ ਉਪਾਸ਼ਕ
"ਕਬੀਰ **ਬੈਸਨਉ** ਕੀ ਕੂਕਰਿ ਭਲੀ ਸਾਕਤ ਕੀ ਬੁਰੀ ਮਾਇ।" — ਸਲੋ **ਕਬ**, ੫੨ : ੧ (1367)

ਬੈਸਨਿ — ਬੈਠਣ
"ਜਿਥੈ **ਬੈਸਨਿ** ਸਾਧ ਜਨ ਸੋ ਥਾਨੁ ਸੁਹੰਦਾ।"
— ਗਉ **੫**, ਵਾਰ ੫ : ੧ (319)

ਹੋਰ ਰੂਪ — ਬੈਸਨੁ —
"ਜਿਹ ਘਰ ਮਹਿ **ਬੈਸਨੁ** ਨਹੀ ਪਾਵਤ ਸੋ ਥਾਨੁ ਮਿਲਿਓ ਬਾਸਾਨੀ।" (ਬੈਠਣਾ, ਭਾਵ ਵਾਸਾ, ਵਸੇਂ) — ਸਾਰ **੫**, ੩੧, ੧ : ੨ (1210)

ਬੈਸਨੋ — ਵਿਸ਼ਨੂੰ ਦਾ ਉਪਾਸ਼ਕ
"ਸੋ **ਬੈਸਨੋ** ਹੈ ਅਪਰ ਅਪਾਰੁ।"
— ਗਉ **੫**, ੧੬੫, ੪ : ੧ (199)

ਹੋਰ ਰੂਪ — ਬੈਸਨੌ —
"ਜਿਹ ਕੁਲ ਸਾਧੁ **ਬੈਸਨੌ** ਹੋਇ।"
— ਬਿਲਾ **ਰਵਿ**, ੨, ੧* : ੧ (858)

ਬੈਸਾ — 1. ਬੈਠਾ
"ਗੁਪਤੁ ਪਰਗਟੁ ਹੋਇ **ਬੈਸਾ** ਲੋਕੁ ਰਾਖੈ ਭਾਉ।"
— ਸਿਰੀ **੧**, ੧, ੩ : ੨ (14)

ਹੋਰ ਰੂਪ — ਬੈਸਾਇ —
"ਇਕਿ **ਬੈਸਾਇ** ਰਖੇ ਗ੍ਰਿਹ ਅੰਤਰਿ।"
— ਮਾਰੂ **੫**, ਸੋਲ੍ਹਾ ੧੦, ੫ : ੧ (1081)

2. ਫਾ. ਬੈਸਾ ਝਾੜ, ਟਾਹਣੀਆਂ
"ਤਲੈ ਰੇ **ਬੈਸਾ** ਊਪਰਿ ਸੂਲਾ।"
— ਆਸਾ **ਕਬ**, ੨੨, ੩ : ੧ (481)

ਬੈਸਾਲਹਿ — ਬੈਠਾਵੇ
"ਜਹ **ਬੈਸਾਲਹਿ** ਤਹ ਬੈਸਾ ਸੁਆਮੀ ਜਹ ਭੇਜਹਿ ਤਹ ਜਾਵਾ।" — ਮਾਰੂ **੩**, ੧, ੧ : ੧ (993)

ਬੈਸਾਵਹਿ — ਬੈਠਾਵੇ
"ਜਹ **ਬੈਸਾਵਹਿ** ਬੈਸਹ ਭਾਈ ਜਹ ਭੇਜਹਿ ਤਹ ਜਾਉ।" — ਸਲੋ **੩**, ੫੧ : ੩ (1419)

ਬੈਸਿ — ਬੈਠ ਕੇ
"ਸਚ ਘਰਿ **ਬੈਸਿ** ਰਹੇ ਗੁਣ ਗਾਏ ਨਾਨਕ ਬਿਨਸੇ ਕੂੜਾ ਜੀਉ।" — ਮਾਝ **੫**, ੧੮, ੪ : ੧ (100)

ਹੋਰ ਰੂਪ — ਬੈਸਿਓ —
"ਚਰਣ ਤਲੈ ਉਗਾਹਿ **ਬੈਸਿਓ** ਸ੍ਰਮੁ ਨ ਰਹਿਓ ਸਰੀਰਿ।" (ਬੈਠ ਜਾਂਦਾ ਹੈ)
— ਮਾਰੂ **੫**, ਅਸ ੩, ੨ : ੧ (1017)
"ਅਜੁ ਮੈ **ਬੈਸਿਓ** ਹਰਿ ਹਾਟ।" (ਬੈਠਾ ਹਾਂ)
— ਮਲਾ **੫**, ੧੪, ੧* : ੧ (1269)

ਬੈਸੀਐ —
"ਤਿੰਨਾ ਪਾਸਿ ਨ **ਬੈਸੀਐ** ਓਨਾ ਘਰੁ ਨ

ਗਿਰਾਉ।" (ਬੈਠੀਐ)
— ਸਿਰੀ **੩**, ਅਸ ੨੦, ੪ : ੨ (66)

ਬੈਸੁ — 1. ਵੈਸ਼, ਕਿਰਸਾਨੀ ਅਥਵਾ ਵਪਾਰ ਕਰਨ ਵਾਲਾ ਮਨੁੱਖ
"ਖਤ੍ਰੀ ਬ੍ਰਾਹਮਣੁ ਸੂਦੁ **ਬੈਸੁ** ਉਧਰੈ ਸਿਮਰਿ ਚੰਡਾਲ।"
— ਗਉ **੫**, ਥਿਤੀ ੧੭ : ੭ (300)
2. ਬੈਠ
"ਮਨੁ ਦ੍ਰਿੜੁ ਕਰਿ ਆਸਣਿ **ਬੈਸੁ** ਜੋਗੀ ਤਾ ਤੇਰੀ ਕਲਪਣਾ ਜਾਈ।"
— ਰਾਮ **੩**, ਅਸ ੧, ੩ : ੧ (908)
ਹੋਰ ਰੂਪ — ਬੈਸੇ —
"ਹਰਿ ਧਨੁ ਚਲਤੇ ਹਰਿਧਨੁ **ਬੈਸੇ** ਹਰਿਧਨੁ ਜਾਗਤ ਸੂਤਾ।" (ਬੈਠਿਆ)
— ਗੂਜ **੫**, ੩, ੧* : ੨ (495)
ਬੈਸੈ —
"ਜਹ ਬੈਸਉ ਤਹ ਨਾਲੇ **ਬੈਸੈ**।" (ਬੈਠੇ)
— ਆਸਾ **੫**, ੪, ੩ : ੧ (371)

ਬੈਸ੍ਨਵਹ — ਵਿਸ਼ਨੂੰ ਦਾ ਉਪਾਸ਼ਕ ਸਾਧ
"ਆਵਧ ਹੀਣੰ ਜਥਾ ਸੂਰਾ ਨਾਨਕ ਧਰਮ ਹੀਣੰ ਤਥਾ **ਬੈਸ੍ਨਵਹ**।" — ਸਸ **੫**, ੫੬ : ੨ (1359)

ਬੈਸ੍ਾਂਤਰਹ — ਅਗਨੀ ਵਿਚ
"ਗਿਰੰਤ ਗਿਰਿ ਪਤਿਤ ਪਾਤਾਲੰ ਜਲੰਤ ਦੇਦੀਪੵ **ਬੈਸਾਂਤਰਹ**।" — ਸਸ **੫**, ੧੭ : ੧ (1355)

ਬੈਹਣਾ — 1. ਸਿੰਘਾਸਨ, ਤਖਤ,
"ਸੋ ਟਿਕਾ ਸੋ **ਬੈਹਣਾ** ਸੋਈ ਦੀਬਾਣੁ।"
— ਰਾਮ **ਬਲ**, ਵਾਰ ੬ : ੧ (967)
2. ਸਥਾਨ
"ਸਚੇ ਸਚਾ **ਬੈਹਣਾ** ਨਦਰੀ ਨਦਰਿ ਪਿਆਰਿ।"
— ਮਾਰੂ **੧**, ਅਸ ੯, ੬ : ੨ (1015)

ਬੈਹਣੇ — 1. ਬੈਠਣ ਉਠਣ, ਸੰਗਤ
"ਸੇਈ ਸੁੰਦਰ ਸੋਹਣੇ।"
"ਸਾਧਸੰਗਿ ਜਿਨ **ਬੈਹਣੇ**।"
— ਮਾਝ **੫**, ਅਸ ੩੮, ੩ : ੧;੨ (132)
2. ਬੈਠਣ ਦਾ ਸਥਾਨ, ਭਾਵ ਤਖਤ
"ਕਿਤੀ ਬੈਹਨਿ੍ ਬੈਹਣੇ ਮੁਚੁ ਵਜਾਇਨਿ ਵਜ।"
— ਗੂਜ **੫**, ਵਾਰ ੨ਸ, **੫**, ੨ : ੧ (518)

ਬੈਹਨਿ੍ — ਬੈਠਦੇ ਹਨ
"ਕਿਤੀ **ਬੈਹਨਿ੍** ਬੈਹਣੇ ਮੁਚੁ ਵਜਾਇਨਿ ਵਜ।"
— ਗੂਜ **੫**, ਵਾਰ ੨ਸ, **੫**, ੨ : ੧ (518)

ਬੈਕੁੰਠ — ਸਵਰਗ, ਵਿਸ਼ਨੂੰ ਜੀ ਦਾ ਨਿਵਾਸ ਸਥਾਨ
"ਜਾਸੁ ਜਪਤ ਕਈ **ਬੈਕੁੰਠ** ਵਾਸੁ।"
— ਗਉ **੫**, ਅਸ ੨, ੫ : ੩ (236)
ਹੋਰ ਰੂਪ — ਬੈਕੁੰਠਹ —
"ਏਕ ਪਲਕ ਸੁਖ ਸਾਧ ਸਮਾਗਮ ਕੋਟਿ **ਬੈਕੁੰਠਹ** ਪਾਂਏ।" — ਸਾਰ **੫**, ੨੩, ੧* : ੨ (1208)
ਬੈਕੁੰਠਹਿ —
"ਅਜੈਮਲ ਕੀਓ **ਬੈਕੁੰਠਹਿ** ਥਾਨ।" (ਬੈਕੁੰਠ ਵਿਚ) — ਗੋਂਡ **ਨਾਮ**, ੫, ੨ : ੨ (874)
ਬੈਕੁੰਠਿ —
"ਨਿੰਦਾ ਹੋਇ ਤ **ਬੈਕੁੰਠਿ** ਜਾਈਐ।"
— ਗਉ **ਕਬ**, ੭੧, ੧ : ੧ (339)
ਬੈਕੁੰਠੁ —
"ਜਿਥੈ ਰਖਹਿ **ਬੈਕੁੰਠੁ** ਤਿਥਾਈ ਤੂੰ ਸਭਨਾ ਕੇ ਪ੍ਰਤਿਪਾਲਾ ਜੀਉ।"
— ਮਾਝ **੫**, ੪੦, ੩ : ੩ (106)
ਬੈਕੁੰਠੈ —
"ਸਾਧਸੰਗਤਿ **ਬੈਕੁੰਠੈ** ਆਹਿ।"
— ਗਉ **ਕਬ**, ੧੦, ੪ : ੨ (325)
"ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ **ਬੈਕੁੰਠੈ** ਕਰੈ ਕਿਆ।"
— ਆਸਾ **੧**, ੩੮, ੧ : ੧ (360)

ਬੈਖਰੀਦੁ — ਮੁਲ ਖਰੀਦਿਆ
"ਮੈ ਬੰਦਾ **ਬੈਖਰੀਦੁ** ਸਚੁ ਸਾਹਿਬ ਮੇਰਾ।"
— ਆਸਾ **੫**, ੧੦੩, ੧ : ੧ (396)

ਬੈਠ — ਬੈਠੇ
"ਮੁਖਿ ਅਪਿਆਉ **ਬੈਠ** ਕਉ ਦੈਨ।"
— ਗਉ **੫**, ਸੁਖ ੪, ੧ : ੮ (267)

ਬੈਠਕਾ — ਬੈਠਣ ਦਾ ਥਾਂ ਭਾਵ ਨਿਵਾਸ ਸਥਾਨ
"ਸਚੁਥਾਨੁ ਸਚੁ **ਬੈਠਕਾ** ਸਚੁ ਸੁਆਉ ਬਣਾਇਆ।"
— ਮਾਰੂ **੫**, ੧੪, ੪ : ੧ (1002)

ਬੈਠਣੁ — ਬਹਿਣ
"ਸਾਧਸੰਗਿ ਤਾ **ਬੈਠਣੁ** ਪਾਵਉ।"
— ਗਉ **੫**, ੯੧, ੪ : ੨ (183)

ਬੈਠਤ — 1. ਬੈਠਦਿਆਂ

"ਉਠਤ **ਬੈਠਤ** ਸੋਵਤ ਜਾਗਤ ਹਰਿ ਧਿਆਈਐ ਸਗਲ ਅਵਰਦਾ ਜੀਉ।"
— ਮਾਝ **੫**, ੨੪, ੧ : ੧ (101)

2. ਬੈਠਿਆਂ ਬੈਠਿਆਂ
"ਕਈ ਕੋਟਿ **ਬੈਠਤ** ਹੀ ਖਾਹਿ।"
— ਗਉ **੫**, ਸੁਖ ੧੦, ੫ : ੫ (276)

3. ਬੈਠਦੇ ਹਨ
"ਸੁਖ ਮੈ ਆਨਿ ਬਹੁਤੁ ਮਿਲਿ **ਬੈਠਤ** ਰਹਤ ਚਹੂ ਦਿਸਿ ਘੇਰੈ।"
— ਸੋਰ **੯**, ੧੨, ੧ : ੧ (634)

ਬੈਠਨੁ — ਭਾਵ ਸੰਗਤ
"ਜਨ ਕੀ ਟਹਲ ਸੰਭਾਖਨੁ ਜਨ ਸਿਉ ਉਠਨੁ **ਬੈਠਨੁ** ਜਨ ਕੈ ਸੰਗਾ।"
— ਬਿਲਾ **੫**, ੧੨੦, ੧ : ੧ (828)

ਹੋਰ ਰੂਪ — ਬੈਠਨੋ —
"ਸੰਗਿ **ਬੈਠਨੋ** ਕਹੀ ਨ ਪਾਵਤ ਹੁਣਿ ਸਗਲ ਚਰਣ ਸੇਵਈ।" (ਬੈਠਣ ਲਈ)
— ਆਸਾ **੫**, ੧੨੪, ੨ : ੨ (402)

ਬੈਠੜੀਆਹ — ਬੈਠੀਆਂ ਹਨ
"ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ **ਬੈਠੜੀਆਹ**।"
— ਮਾਝ **੫**, ਬਾਰਾ ੧੦ : ੧ (135)

ਬੈਠਾ — ਬਹਿਣਾ
"ਹੁਕਮੁ ਹਾਸਲੁ ਕਰੀ **ਬੈਠਾ** ਨਾਨਕਾ ਸਭ ਵਾਉ।" (ਭਾਵ ਪਕੀ ਤਰ੍ਹਾਂ ਸਥਿਰ ਹੋਣਾ)
— ਸਿਰੀ **੧**, ੧, ੪ : ੧ (14)

"ਦੁਰਮਤਿ ਕਾ ਦੁਖੁ ਕਟਿਆ ਭਾਗੁ **ਬੈਠਾ** ਮਸਤਕਿ ਆਇ ਜੀਉ।" (ਬਹਿ ਗਿਆ)
— ਸਿਰੀ **੧**, ਅਸ ੨੮, ੧੧ : ੩ (72)

2. ਸਥਿਤ
"ਰਾਰੈ ਰੂਪਿ ਨਿਰਾਲਮੁ **ਬੈਠਾ** ਨਦਰਿ ਕਰੇ ਵਿਚਿ ਛਾਇਆ।"
ਆਸਾ **੧**, ੮, ੩ : ੨ (351)

ਬੈਠਾਯਉ — ਬੈਠਾਇਆ, ਸਥਿਤ ਕੀਤਾ
"ਹਰਿ ਸਿੰਘਾਸਣੁ ਦੀਅਉ ਸਿਰੀ ਗੁਰੁ ਤਹ **ਬੈਠਾਯਉ**।" — ਸਵ **੫**, ਹਰਿ ੨ : ੨ (1409)

ਬੈਠਾਲੀ — ਬੈਠਾਇਆ ਹੈ
"ਜਿਨਿ ਸੁਖਿ **ਬੈਠਾਲੀ** ਤਿਸੁ ਭਉ ਬਹੁਤੁ ਦਿਖਾਇਆ।" — ਆਸਾ **੫**, ੧, ੧ : ੨ (370)

ਬੈਠਾਵਹੁ — ਸਥਿਤ ਕਰੋ, ਬਹਾਲੋ
"ਨਿਥਾਵੇ ਕਉ ਤੁਮ੍ ਥਾਨਿ **ਬੈਠਾਵਹੁ**।"
— ਭੈਰ **੫**, ੩੬, ੨ : ੩ (1146)

ਬੈਠਿ — ਬੈਠ ਕੇ, ਬਹਿ ਕੇ
"ਜੂਠੀ ਕਰਛੀ ਪਰੋਸਨ ਲਾਗਾ ਜੂਠੇ ਹੀ **ਬੈਠਿ** ਖਾਇਆ।" — ਬਸੰ **ਕਬ**, ੭, ੩ : ੨ (1195)

ਹੋਰ ਰੂਪ — ਬੈਠਿਆ —
"ਬਿਨੁ ਭਾਗਾ ਸਤਿਗੁਰੁ ਨ ਮਿਲੈ ਘਰਿ **ਬੈਠਿਆ** ਨਿਕਟਿ ਨਿਤ ਪਾਸਿ।" (ਬੈਠੇ ਹੋਇਆ)
— ਸਿਰੀ **੫**, ੬੭, ੩ : ੧ (40)

ਬੈਠੀ —
"ਉਸਾਰਿ ਮੜੋਲੀ ਰਾਖੈ ਦੁਆਰਾ ਭੀਤਰਿ **ਬੈਠੀ** ਸਾ ਧਨਾ।" (ਬੈਠੀ ਹੈ) (ਸਥਿਤ ਹੈ)
— ਗਉ **੧**, ੧੪, ੨ : ੧ (155)

ਬੈਠੀਆ —
"ਜੋਬਨੁ ਗਇਆ ਬਿਤੀਤਿ ਜਰੁ ਮਲਿ **ਬੈਠੀਆ**।" (ਬੈਠਾ ਹੈ)
— ਜੈਤ **੫**, ਛੰਤ ੩, ੩ : ੧ (705)

ਬੈਠੀਆਂ —
"ਕਾਰੀ ਕਢੀ ਕਿਆ ਥੀਐ ਜਾਂ ਚਾਰੇ **ਬੈਠੀਆਂ** ਨਾਲਿ।"
— ਸਿਰੀ **੪**, ਵਾਰ ੨੦ਸ, **੧**, ੧ : ੨ (91)

ਬੈਠੁ —
"ਆਉ **ਬੈਠੁ** ਆਦਰੁ ਸੁਭ ਦੇਊ।" (ਬੈਠੋ, 'ਆਉ ਬੈਠੁ ਭਾਵ ਹੈ 'ਜੀ-ਆਇਆ')
— ਗਉ **੫**, ਬਾਅ ੧੦ : ੪ (252)

ਬੈਠੇ —
"ਕੂੜਿਆਰ ਕੂੜਿਆਰੀ ਜਾਇ ਰਲੇ ਸਚਿਆਰ ਸਿਖ **ਬੈਠੇ** ਸਤਿਗੁਰ ਪਾਸਿ।" (ਬਹਿ ਗਏ, ਸਥਿਤ ਹੋਏ)
— ਗਉ **੪**, ਵਾਰ ੨੬ : ੫ (314)

"ਥਿਰੁ ਘਰਿ **ਬੈਠੇ** ਪ੍ਰਭੁ ਅਪਨਾ ਪਾਵਹੁ।" (ਬੈਠਿਆਂ)
— ਆਸਾ **੫**, ੬੭, ੨ : ੨ (386)

ਬੈਠੋ —
"ਮਲੈ ਨ ਲਾਛੈ ਪਾਰ ਮਲੋ ਪਰ ਮਲੀਓ **ਬੈਠੋ** ਰੀ

ਆਈ।" (ਬੈਠਿਆ ਭਾਵ ਆ ਵਸਿਆ)
— ਗੂਜ **ਨਾਮ**, ੨, ੧ : ੧ (525)
"ਮਨੁ ਮੇਰੋ ਧਾਵਨ ਤੇ ਛੂਟਿਓ ਕਰਿ **ਬੈਠੋ** ਬਿਸਰਾਮੁ।" (ਬੈਠਾ ਹੈ)
— ਬਸੰ **੯**, ੩, ੧* : ੨ (1187)

ਬੈਣ — ਬਚਨ, ਬੋਲ, ਸੁਹਣੀਆਂ ਗਲਾਂ
"ਗੁਰਮਤਿ ਮਨਿ ਅੰਮ੍ਰਿਤੁ ਵੁਠੜਾ ਮੇਰੀ ਜਿੰਦੁੜੀਏ ਮੁਖਿ ਅੰਮ੍ਰਿਤ **ਬੈਣ** ਅਲਾਏ ਰਾਮ।"
— ਬਿਹਾ **੪**, ਛੰਤ ੧, ੨ : ੧ (538)
ਹੋਰ ਰੂਪ — ਬੈਣਾ —
"ਨਾ ਕੁਲ ਢੰਗੁ ਨ ਮੀਠੇ **ਬੈਣਾ**।" (ਬੋਲ)
— ਸੂਹੀ **੧**, ਅਸ ੧, ੧* : ੨ (750)
ਬੈਣੀ —
"ਕਾਨੀਂ ਕਾਲੁ ਸੁਣੈ ਬਿਖੁ **ਬੈਣੀ**।" (ਬੋਲ, ਬਚਨ)
— ਗਉ **੧**, ਅਸ ੧੪, ੮ : ੨ (227)
"ਆਪਿ ਪਤੀਜੈ ਗੁਰ ਕੀ **ਬੈਣੀ**।" (ਬਚਨਾਂ ਦੁਆਰਾ)
— ਮਾਰੂ **੧**, ਸੋਲਾ ੧, ੭ : ੨ (1020)

ਬੈਦ — ਵੈਦ, ਹਕੀਮ
"ਰਾਮ ਰਾਇ ਹੋਹਿ **ਬੈਦ** ਬਨਵਾਰੀ।"
— ਸੋਰ **ਭੀਖ**, ੧, ੧* : ੧ (659)

ਬੈਦਕ — ਹਕੀਮ
"**ਬੈਦਕ** ਨਾਟਿਕ ਦੇਖਿ ਭੁਲਾਨੇ ਮੈ ਹਿਰਦੈ ਮਨਿ ਤਨਿ ਪ੍ਰੇਮ ਪੀਹ ਲਗਾਈਆ।"
— ਬਿਲਾ **੪**, ਅਸ ੬, ੨ : ੨ (836)

ਬੈਦੁ — ਹਕੀਮ, ਵੈਦ
"ਮੇਰਾ **ਬੈਦੁ** ਗੁਰੂ ਗੋਵਿੰਦਾ।"
— ਸੋਰ **੫**, ੩੪, ੧* : ੧ (618)
ਹੋਰ ਰੂਪ — ਬੈਦੰ —
"**ਬੈਦੰ** ਪਾਰਬ੍ਰਹਮ ਪਰਮੇਸ੍ਵਰ ਆਰਾਧਿ ਨਾਨਕ ਹਰਿ ਹਰਿ ਹਰੇ।"
— ਸਸ **੫**, ੪੯ : ੫ (1358)

ਬੈਨ — 1. ਬਚਨ
"ਸਾਧ ਕੈ ਸੰਗਿ ਮਨੋਹਰ **ਬੈਨ**।"
— ਗਉ **੫**, ਸੁਖ ੭, ੨ : ੬ (271)
2. ਬੀਨ
"ਸੁੰਦਰ ਕੁੰਡਲ ਮੁਕਟ **ਬੈਨ**।"
— ਮਾਰੂ **੫**, ਸੋਲਾ ੧੧, ੧੦ : ੨ (1082)
"**ਬੈਨ** ਉਚਰਉ ਤੁਅ ਨਾਮ ਜੀ ਚਰਨ ਕਮਲ ਰਿਦ ਠਾਉ।" (ਬਚਨਾਂ ਦੁਆਰਾ)
— ਸਲੋ **ਕਬ**, ੧੧੯ : ੨ (1370)

ਬੈਨਹੁ — ਬਚਨਾਂ ਵਿਚ
"ਨੈਨਹੁ ਸੂਤਕੁ **ਬੈਨਹੁ** ਸੂਤਕੁ ਸੂਤਕੁ ਸ੍ਰਵਨੀ ਹੋਈ।"
— ਗਉ **ਕਬ**, ਅਸ ੪੧, ੨ : ੧ (331)

ਬੈਨਾ — ਬਚਨ
"ਏਕੋ ਰਵਿ ਰਹਿਆ ਘਟ ਅੰਤਰਿ ਮੁਖਿ ਬੋਲਹੁ ਗੁਰ ਅੰਮ੍ਰਿਤ **ਬੈਨਾ**।"
— ਆਸਾ **੪**, ੫੫, ੧* : ੨ (366)
ਹੋਰ ਰੂਪ — ਬੈਨੀ —
"ਜੋ ਇਛਹੁ ਸੋਈ ਫਲੁ ਪਾਵਹੁ ਹਰਿ ਬੋਲਹੁ ਗੁਰਮਤਿ **ਬੈਨੀ**।" (ਬਚਨਾਂ ਦੁਆਰਾ)
— ਬਿਲਾ **੪**, ੫, ੧* : ੨ (800)

ਬੈਰ — 1. ਵੈਰ, ਦੁਸ਼ਮਨੀ
"**ਬੈਰ** ਬਿਰੋਧ ਕਾਮ ਕ੍ਰੋਧ ਮੋਹ।"
— ਗਉ **੫**, ਸੁਖ ੪, ੭ : ੭ (267)
2. ਵੈਰੀ, ਵੈਰ ਕਰਨ ਵਾਲੇ
"ਜਾ ਕੈ ਕੀਐ ਸ੍ਰਮੁ ਕਰੈ ਤੇ **ਬੈਰ** ਬਿਰੋਧੀ।"
— ਬਿਲਾ **੫**, ੩੬, ੩ : ੧ (809)

ਬੈਰਨਿ — ਵੈਰੀ
"ਕਹੁ ਕਬੀਰ ਸੰਤਨ ਕੀ **ਬੈਰਨਿ** ਤੀਨਿ ਲੋਕ ਕੀ ਪਿਆਰੀ।" — ਆਸਾ **ਕਬ**, ੪, ੪ : ੨ (476)

ਬੈਰਾਇ — ਵੈਰੀ, ਓਪਰੇ
"ਬੀਰਾ ਬੀਰਾ ਕਰਿ ਰਹੀ ਬੀਰ ਭਏ **ਬੈਰਾਇ**।"
— ਰਾਮ **੧**, ਓਅੰ ੪੦ : ੧ (935)

ਬੈਰਾਈ — 1. ਵੈਰ
"ਤਾ ਤੇ ਇਸੁ ਸੰਗਿ ਨਹੀ **ਬੈਰਾਈ**।"
— ਗਉ **੫**, ਅਸ ੧, ੨ : ੪ (235)
2. ਓਪਰੇ
"ਇਨ ਲੋਗਨ ਸਿਉ ਹਮ ਭਏ **ਬੈਰਾਈ**।"
— ਪ੍ਰਭਾ **੫**, ਅਸ ੧, ੭ : ੧ (1347)
3. ਵੈਰੀ
"ਆਪੇ ਮਿਹਰ ਦਇਆਪਤਿ ਦਾਤਾ ਨਾ ਕਿਸੈ ਕੋ **ਬੈਰਾਈ** ਹੇ।"

— ਮਾਰੂ **੧**, ਸੋਲਾ ੨, ੧੧ : ੩ (1022)

ਹੋਰ ਰੂਪ — ਬੈਰਾਈਆ —

"ਜੀਤੇ ਪੰਚ **ਬੈਰਾਈਆ** ਨਾਨਕ ਸਫਲ ਮਾਰੂ ਇਹੁ ਰਾਗੁ।" — ਸਲੋ **੫**, ੩ : ੨ (1425)

ਬੈਰਾਈਐ —

"ਸਹਜ ਸੰਤੋਖ ਕਾ ਆਸਣੁ ਜਾਣੈ ਕਿਉ ਛੇਦੇ **ਬੈਰਾਈਐ**।"

— ਰਾਮ **੧**, ਸਿਗੋ ੨੧ : ੪ (940)

ਬੈਰਾਗ — 1. ਉਪਰਾਮਤਾ, ਉਦਾਸੀਨਤਾ

"ਬਿਨੁ **ਬੈਰਾਗ** ਨ ਛੂਟਸਿ ਮਾਇਆ।"

— ਗਉ **ਕਬ**, ੩੪, ੧ : ੨ (329)

ਬੈਰਾਗਨ — ਵੈਰਾਗ ਵਾਲੀ, ਉਦਾਸੀਨਤਾ/ ਉਪਰਾਮਤਾ ਗ੍ਰਸਤ

"ਖੋਜਤ ਖੋਜਤ ਭਈ **ਬੈਰਾਗਨਿ** ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ।"

— ਗਉ **੫**, ੧੧੯*, ੩ : ੧ (204)

ਹੋਰ ਰੂਪ — ਬੈਰਾਗਨਿ —

"ਦਸ **ਬੈਰਾਗਨਿ** ਆਗਿਆਕਾਰੀ ਤਬ ਨਿਰਮਲ ਜੋਗੀ ਥੀਏ।" (ਵੈਰਾਗ ਨੂੰ ਪ੍ਰਾਪਤ ਹੋਈ)

— ਗਉ **੫**, ੧੩੨*, ੨ : ੨ (708)

"ਲਾਇ ਬਿਰਹੁ ਭਗਵੰਤ ਸੰਗੇ ਹੋਇ ਮਿਲੁ **ਬੈਰਾਗਨਿ** ਰਾਮ।" (ਤਿਆਗਨ ਉਪਰਾਮ)

— ਬਿਲਾ **੫**, ਛੰਤ ੪, ੪ : ੧ (848)

ਬੈਰਾਗਨੀ —

"ਪਗ ਧੂਰਿ ਬਾਂਛਉ ਸਦਾ ਜਾਚਉ ਨਾਮ ਰਸਿ **ਬੈਰਾਗਨੀ**।" (ਵੈਰਾਗਨ)

— ਬਿਹਾ **੫**, ਛੰਤ ੪, ੧ : ੩ (544)

ਬੈਰਾਗਰੁ — ਬੈਰਾਗੀ, ਵੈਰਾਗ ਨੂੰ ਪ੍ਰਾਪਤ, ਇਛਾ ਰਹਿਤ

"ਜਨਮ ਪਦਾਰਥੁ ਜੀਤੀਐ ਜਪਿ ਹਰਿ **ਬੈਰਾਗਰੁ**।"

— ਕਾਨ **੪**, ਵਾਰ ੧੪ : ੪ (1318)

('ਮਹਾਨਕੋਸ਼' ਅਰਥ ਰਤਨਾ ਦੀ ਖਾਨ ਕੀਤਾ ਹੈ)

ਹੋਰ ਰੂਪ — ਬੈਰਾਗਰੋ —

"ਤੂ ਠਾਕੁਰੋ **ਬੈਰਾਗਰੋ** ਮੈ ਜੇਹੀ ਘਣਚੇਰੀ ਰਾਮ।" (ਇਛਾ ਰਹਿਤ, ਵੈਰਾਗਵਾਨ)

— ਸੂਹੀ **੫**, ਛੰਵ ੪, ੧ : ੧ (779)

ਬੈਰਾਗਾ — ਪ੍ਰੇਮ ਵਾਲਾ

"ਭਉ **ਬੈਰਾਗਾ** ਸਹਜਿ ਸਮਾਤਾ।"

— ਮਾਰੂ **੧**, ਸੋਲਾ ੧੯, ੯ : ੧ (1040)

ਬੈਰਾਗਿ — 1. ਵੈਰਾਗ (ਪ੍ਰੇਮ) ਵਾਲਾ ਵੈਰਾਗੀ

"ਜਿਨਿ ਕਿਨੈ ਪਾਇਆ ਸਾਧਸੰਗਤੀ ਪੂਰੈ ਭਾਗਿ **ਬੈਰਾਗਿ**।" — ਸਿਰੀ **੩**, ੪੧, ੪ : ੧ (29)

"ਸਹਜੇ ਹੀ ਭਗਤਿ ਊਪਜੈ ਸਹਜਿ ਪਿਆਰਿ **ਬੈਰਾਗਿ**।"

— ਸਿਰੀ **੩**, ਅਸ ੨੩, ੨ : ੨ (68)

2. ਉਪਰਾਮਤਾ, ਤਿਆਗ, ਬੇਲਾਗਤਾ

"ਗੁਰ ਕੈ ਸਬਦਿ ਸਚੈ **ਬੈਰਾਗਿ**।"

— ਆਸਾ **੩**, ੪੦, ੧ : ੨ (360)

ਬੈਰਾਗਿਆ — ਵਿਛੋੜੇ ਵਿਚ ਵਿਆਕੁਲ ਹੋਇਆ, ਓਦਰ ਗਿਆ

"ਮੇਰਾ ਮਨੁ ਤਨੁ ਬਹੁਤੁ **ਬੈਰਾਗਿਆ** ਮੇਰੇ ਗੋਵਿੰਦਾ ਹਰਿ ਬਾਝਹੁ ਧਨ ਕੁਮ ਲੈਣੀ ਜੀਉ।"

— ਮਾਝ **੪**, ੬੨, ੨ : ੨ (173)

ਬੈਰਾਗੀ — 1. ਜਿਸ ਦਾ ਜਗਤ ਦੇ ਪਦਾਰਥਾਂ ਨਾਲ ਪਿਆਰ ਨਹੀਂ, ਵੈਰਾਗੀ, ਵੈਸ਼ਨਵ ਸਾਧੂ

"ਮਨੁ **ਬੈਰਾਗੀ** ਘਰਿ ਵਸੈ ਸਚ ਭੈ ਰਾਤਾ ਹੋਇ।" (ਭਾਵ ਉਪਰਾਮਤਾ ਵਿਚ ਆਇਆ ਉਦਾਸੀਨ)

— ਸਿਰੀ **੧**, ੧੮, ੫ : ੧ (21)

"ਸੋ ਸਾਧੂ **ਬੈਰਾਗੀ** ਸੋਈ ਹਿਰਦੈ ਨਾਮੁ ਵਸਾਏ।"

— ਸਿਰੀ **੩**, ੪੧, ੩ : ੧ (29)

"ਤੇ **ਬੈਰਾਗੀ** ਕਹਾ ਸਮਾਏ।" (ਅਲਿਪਤ, ਨਿਰਲੇਪ)

— ਆਸਾ **੫**, ੮੨, ੧* : ੧ (390)

"**ਬੈਰਾਗੀ** ਰਾਮਹਿ ਗਾਵਉਗੋ।" (ਨਿਰਲੇਪ ਹਰੀ ਦੇ ਗੁਣ ਗਾਵਾਂਗਾ)

— ਰਾਮ **ਨਾਮ**, ੨, ੧* : ੧ (972)

2. ਪਿਆਰ ਵਾਲੇ

"ਨਾਨਕ ਨਾਮਿ ਰਤੇ **ਬੈਰਾਗੀ** ਨਿਜ ਘਰਿ ਤਾੜੀ ਲਾਵਣਿਆ।"

— ਮਾਝ **੩**, ਅਸ ੪, ੮ : ੩ (111)

3. ਭਾਵ ਪ੍ਰਭੂ

"ਸਾਚੈ ਮਹਲਿ ਰਹੈ **ਬੈਰਾਗੀ** ਆਵਣ ਚੋਹਿ ਤ ਆਵਾ।" — ਤੁਖਾ **੧**, ਬਾਰਾ ੨ : ੪ (1108)

ਬੈਰਾਗੜੀਅੜੇ — ਹੇ ਅੰਞਾਣ ਵੈਰਾਗੀ

"ਅਨਭਉ ਕਿਨੈ ਨ ਦੇਖਿਆ **ਬੈਰਾਗੜੀਅੜੇ**।"
— ਮਾਰੂ **ਕਬ**, ੮, ੧ : ੧ (1104)

ਬੈਰਾਗੀਆ — ਵੈਰਾਗਵਾਨ ਹੋਇਆ, ਮਿਲਾਪ ਲਈ ਉਤੇਜਿਤ
"ਮੇਰੇ ਮਨ **ਬੈਰਾਗੀਆ** ਤੂੰ ਬੈਰਾਗੁ ਕਰਿ ਕਿਸੁ ਦਿਖਾਵਹਿ।"
— ਆਸਾ **੩**, ਛਵ ੨, ੨ : ੧ (440)

ਹੋਰ ਰੂਪ — ਬੈਰਾਗੀਐ —
"ਜੇ ਮਨੁ ਹਰਿ ਸਿਉ **ਬੈਰਾਗੀਐ** ਭਾਈ ਦਰਿ ਘਰਿ ਸਾਚੁ ਅਭੂਲੁ।" (ਭਾਵ ਪ੍ਰੇਮ ਲਾਵੇ, ਮਿਲਾਪ ਨਾਲ ਇਛਤ ਹੋਵੇ)
— ਸੋਰ **੧**, ਅਸ ੪, ੩ : ੨ (637)

ਬੈਰਾਗੁ — ਉਪਰਾਮਤਾ ਉਦਾਸੀਨਤਾ
"ਮਨਮੁਖੁ ਮੋਹਿ ਬਿਆਪਿਆ **ਬੈਰਾਗੁ** ਉਦਾਸੀ ਨ ਹੋਇ।" — ਸਿਰੀ **੩**, ੪੧, ੧ : ੧ (29)
"ਸਹਜਿ **ਬੈਰਾਗੁ** ਸਹਜੇ ਹੀ ਹਸਨਾ।" (ਭਾਵ ਰੋਣਾ)
— ਗਉ **੫**, ਅਸ ੩, ੩ : ੩ (236)
"ਮੇਰੈ ਮਨਿ **ਬੈਰਾਗੁ** ਭਇਆ ਬੈਰਾਗੀ ਮਿਲਿ ਗੁਰ ਦਰਸਨਿ ਸੁਖ ਪਾਏ।" (ਸੰਸਾਰਕ ਪਦਾਰਥਾਂ ਤੋਂ ਉਚਾਹਟ) — ਵਡ **੪**, ੧, ੩ : ੪ (572)
2. ਲਗਨ, ਪਿਆਰ
"ਮੈ ਮਨਿ ਤਨਿ ਪ੍ਰੇਮੁ ਮਹਾ **ਬੈਰਾਗੁ**।"
— ਆਸਾ **੪**, ੫੫, ੨ : ੧ (366)
"ਦੁਬਿਧਾ ਵਿਚਿ **ਬੈਰਾਗੁ** ਨ ਹੋਵੀ ਜਬ ਲਗੁ ਦੂਜੀ ਰਾਈ।" — ਸੋਰ **੧**, ਅਸ ੧, ੪ : ੧ (634)

ਹੋਰ ਰੂਪ — ਬੈਰਾਗੈ —
"**ਬੈਰਾਗੈ** ਤੇ ਹਰਿ ਪਾਈਐ ਹਰਿ ਸਿਉ ਰਹੈ ਸਮਾਇ।" (ਲਗਨ/ਮਿਲਨ ਇਛਾਂ ਤੋਂ)
— ਗੂਜ **੩**, ੫, ੨ : ੨ (490)
"ਊਨਵਿ ਘਨਹਰੁ ਗਰਜੈ ਬਰਸੈ ਕੋਕਿਲ ਮੋਰ **ਬੈਰਾਗੈ**।" (ਮਿਲਾਪ ਲਈ ਉਤੇਜਿਤ)
— ਸਾਰ **੧**, ੨, ੨ : ੧ (1197)

ਬੈਰਾਗੋ — ਬੈਰਾਗੀ/ਉਦਾਸੀਨ ਹੋਏ ਹਨ
"ਗੁਰਮਤੀ ਮਨੁ ਨਿਜ ਘਰਿ ਵਸਿਆ ਸਚੈ ਸਬਦਿ **ਬੈਰਾਗੋ** ਰਾਮ।"
— ਵਡ **੩**, ਛੰਤ ੨, ੩ : ੨ (568)

ਬੈਰਾਧਰ — ਮੇਘ ਰਾਗ ਦੇ ਅੱਠ ਪੁਤਰਾਂ ਵਿਚੋਂ ਇਕ, ਬਾਕੀ ਸਤ ਹਨ—ਗਜਧਰ, ਕੇਦਾਰਾ, ਜਬਲੀਧਰ, ਨਟ, ਜਲ-ਧਾਰਾ, ਸੰਕਰ ਤੇ ਸਿਆਮਾ।
"**ਬੈਰਾਧਰ** ਗਜਧਰ ਕੇਦਾਰਾ।"
— ਰਾਗ ੧ : ੫੫ (1430)

ਬੈਰਾਨਾ — ਵੈਰ ਭਾਵ, ਦੁਸ਼ਮਨੀ
"ਛੋਡਿ ਜਾਹਿ ਤਿਨ ਹੀ ਸਿਉ ਸੰਗੀ ਸਾਜਨ ਸਿਉ **ਬੈਰਾਨਾ**।" — ਆਸਾ **੫**, ੧੨੨, ੩ : ੨ (403)

ਬੈਰਾਰੀ — ਸਿਰੀ ਰਾਗ ਦੀਆਂ ਪੰਜ ਰਾਗਨੀਆਂ ਵਿਚੋਂ ਇਕ, ਬਾਕੀ ਚਾਰ ਹਨ— ਕਰਨਾਟੀ, ਗਵਰੀ, ਅਸਾਵਰੀ, ਸਿਧਵੀ।
"**ਬੈਰਾਰੀ** ਕਰਨਾਟੀ ਧਰੀ।"
— ਰਾਗ ੧ : ੪੩ (1430)

ਬੈਰੀ — ਵੈਰੀ, ਦੁਸ਼ਮਨ
"ਜਬ ਧਾਰੈ ਕੋਊ **ਬੈਰੀ** ਮੀਤੁ।"
— ਗਉ **੫**, ਸੁਖ ੧੨, ੪ : ੫ (278)

ਬੈਰੁ — ਵੈਰ, ਦੁਸ਼ਮਨੀ
"ਹਉ ਬੰਧਉ ਹਉ ਸਾਧਉ **ਬੈਰੁ**।"
— ਗਉ **੫**, ੭੮, ੩ : ੧ (178)

ਬੈਰੇ — ਹੋਰ
"ਨਈਆ ਤੇ **ਬੈਰੇ** ਕੰਨਾ।" (ਮਾਲਕ ਬਿਨਾ ਹੋਰ ਕੋਈ ਨਹੀਂ।)— ਧਨਾ **ਨਾਮ**, ੪, ੨ : ੨ (693)

ਬੈਲ — ਬਲਦ
"**ਬੈਲ** ਕਉ ਨੇਤ੍ਰਾ ਪਾਇ ਦੁਹਾਵੈ।"
— ਗਉ **੫**, ੧੬੦, ੨ : ੧ (198)

ਬੋਅਹੁ — ਬੀਜੋ
"ਕ੍ਰਮਿ ਭੂਮਿ ਮਹਿ **ਬੋਅਹੁ** ਨਾਮੁ।"
— ਗਉ **੫**, ੭੩, ੧ : ੧ (176)

ਬੋਇ — ਬੀਜੇ
"ਕਰਮ ਭੂਮਿ ਹਰਿ ਨਾਮੁ **ਬੋਇ** ਅਉਧਰੁ ਦੁਲ ਭਾਇਆ।" — ਬਿਲਾ **੫**, ੪੬, ੨ : ੨ (812)

ਹੋਰ ਰੂਪ — ਬੋਇਓ —
"**ਬੋਇਓ** ਬੀਜੁ ਅਹੰ ਮਮ ਅੰਕੁਰੁ ਬੀਤਤ ਅਉਧ ਕਰਤ ਅਘਨੇ।" (ਬੀਜਿਆ)
— ਸਮੁ **੫**, ੪* : ੪ (1387)

ਬੋਇਆ —

"ਜੈਸਾ ਬੀਜੇ ਸੋ ਲੁਣੈ ਜੇਹਾ ਪੁਰਬਿ ਕਿਨੈ **ਬੋਇਆ**।" (ਬੀਜਿਆ)
— ਗਉ **੪**, ਵਾਰ ੧੬ਸ, **੪**, ੧ : ੨ (309)

ਬੋਈ —
"ਜਿਮੀ ਨਾਹੀ ਮੈ ਕਿਸੀ ਕੀ **ਬੋਈ** ਐਸਾ ਦੇਨੁ ਦੁਖਾਲਾ।" (ਬੀਜੀ)
— ਸੂਹੀ **ਕਬ**, ੫, ੧ : ੨ (793)

ਬੋਈਐ —
"ਜੈਸੇ ਹਲਹਰ ਬਿਨਾ ਜਿਮੀ ਨਹੀ **ਬੋਈਐ**।" (ਬੀਜੀ ਦੀ)
— ਗੋਂਡ **ਕਬ**, ੯, ੨ : ੧ (872)

ਬੋਹਤੇ — ਸੁਗੰਧਤ
"ਨਿਕਟ ਬਸੰਤੋ ਬਾਂਸੋ ਨਾਨਕ ਅਹੰ ਬੁਧਿਨ **ਬੋਹਤੇ**।"
— ਗਾਥਾ **੫**, ੫ : ੨ (1360)

ਬੋਹਲ — ਅਨਾਜ ਦਾ ਢੇਰ
"ਨਾਉ ਬੀਜਣ ਲਗਾ ਆਸ ਕਰਿ ਹਰਿ **ਬੋਹਲ** ਬਖਸ ਜਮਾਇ ਜੀਉ।" (ਭਾਵ ਬਹੁਤ ਸਾਰਾ)
— ਸਿਰੀ **੫**, ਅਸ ੨੯, ੨ : ੩ (73)

ਹੋਰ ਰੂਪ — ਬੋਹਲੁ —
"ਗੁਰ ਸਤਿਗੁਰੁ **ਬੋਹਲੁ** ਹਰਿ ਨਾਮ ਕਾ ਵਡਭਾਗੀ ਸਿਖ ਗੁਣ ਸਾਂਝ ਕਰਾਵਹਿ।" (ਢੇਰ ਭਾਵ ਭੰਡਾਰ) — ਵਡ **੪**, ਵਾਰ ੧੧ : ੪ (590)

ਬੋਹਿਥ — ਜਹਾਜ਼
"ਨਾਨਕ ਪ੍ਰਭ ਸਰਣਾਗਤੀ ਚਰਣ **ਬੋਹਿਥ** ਪ੍ਰਭ ਦੇਤੁ।" — ਮਾਝ **੫**, ਬਾਰਾ ੭ : ੮ (134)

ਹੋਰ ਰੂਪ — ਬੋਹਿਥਉ —
"**ਬੋਹਿਥਉ** ਬਿਧਾਤੈ ਨਿਰਮਯੋ ਸਭ ਸੰਗਤਿ ਕੁਲ ਉਧਰਣ।" — ਸਵ **੩**, ੧੫ : ੫ (1395)

ਬੋਹਿਥੜਾ — ਜਹਾਜ਼
"**ਬੋਹਿਥੜਾ** ਹਰਿ ਚਰਣ ਮਨ ਚੜਿ ਲੰਘੀਐ।"
— ਆਸਾ **੫**, ੧੧੦, ੧* : ੧ (398)

ਬੋਹਿਥਾ — ਜਹਾਜ਼
"ਆਪੇ ਸਾਗਰੁ **ਬੋਹਿਥਾ** ਆਪੇ ਪਾਰੁ ਅਪਾਰੁ।"
— ਸਿਰੀ **੧**, ਅਸ ੩, ੩ : ੧ (54)

ਹੋਰ ਰੂਪ — ਬੋਹਿਥਿ —
"**ਬੋਹਿਥਿ** ਚੜਉ ਜਾ ਆਵੈ ਵਾਰੁ।" (ਜਹਾਜ਼ ਵਿਚ) — ਗਉ **੧**, ੭, ੪ : ੧ (153)

ਬੋਹਿਥੁ —
"ਸਤਿਗੁਰੁ **ਬੋਹਿਥੁ** ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ।" (ਜਹਾਜ਼)
— ਸਿਰੀ **੪**, ੬੭, ੪ : ੧ (40)

ਬੋਹਿਥੈ —
"ਭਉਜਲੁ ਬਿਖਮੁ ਅਸਗਾਹੁ ਗੁਰਿ **ਬੋਹਿਥੈ** ਤਾਰਿਅਮੁ।" (ਜਹਾਜ਼ ਦੁਆਰਾ)
— ਜੈਤ **੫**, ਵਾਰ ੧੯ਸ, **੫**, ੨ : ੧ (710)

ਬੋਹਿਯ — ਭਿਜ ਗਏ, ਤਰੋ ਤਰ ਹੋ ਗਏ, ਸੁਗੰਧਤ ਹੋ ਗਏ
"ਤ ਧਰਿਓ ਮਸਤਕਿ ਹਥੁ ਸਹਜਿ ਅਮਿਉ ਵੁਠਉ ਛਜਿ ਸੁਰਿ ਨਰ ਗਣ ਮੁਨਿ **ਬੋਹਿਯ** ਅਗਾਜਿ।"
— ਸਵ **੨**, ੧ : ੩ (1391)
(ਮਹਾਨਕੋਸ਼ ਇਸਦੇ ਅਰਥ 'ਸਮੁਦਾਯ' ਕਰਦਾ ਹੈ)

ਬੋਹੈ — ਸੁਗੰਧਤ ਕਰਦਾ ਹੈ
"ਰੰਗਿ ਰਤੌ ਨਾਮ ਸਿਉ ਕਲ ਨਾਮੁ ਸੁਰਿ ਨਰਹ **ਬੋਹੈ**।" — ਸਵ **੨**, ੮ : ੨ (1392)

ਬੋਢੇਪਾ — ਬੁਢਾਪਾ
"ਚਾਲੀਸੀ ਪੁਰੁ ਹੋਇ ਪਚਾਸੀ ਪਗੁ ਖਿਸੈ ਸਠੀ ਕਾ **ਬੋਢੇਪਾ** ਆਵੈ।"
— ਮਾਝ **੧**, ਵਾਰ ੧ਸ, **੧**, ੩ : ੨ (138)

ਬੋਧ — ਗਿਆਨ, ਗਿਆਤ
"ਊਚਾ ਅਗਮ ਅਗਾਧਿ **ਬੋਧ** ਕਿਛੁ ਅੰਤੁ ਨ ਪਾਰਾਵਾਰੁ।" — ਮਾਝ **੫**, ਦਿਨ ੨ : ੪ (137)

ਹੋਰ ਰੂਪ — ਬੋਧਿ —
"ਅਗਾਧਿ **ਬੋਧਿ** ਕਿਛੁ ਮਿਤਿ ਨਹੀ ਜਾਨਉ।" (ਗਿਆਤ, ਗਿਆਨ)
— ਗਉ **੫**, ੮੬, ੪ : ੨ (181)

ਬੋਧੀਆ — ਬੁੱਧ (ਅਹਿੰਸਾ) ਧਰਮ ਗ੍ਰਹਿਣ ਕਰਨ ਵਾਲੀਆ (ਮਹਾਨਕੋਸ਼ ਨਿਰਣੈ), ਸਲਾਹਕਾਰ (ਦਰਪਣ; ਮੂਰਖ (ਸ਼ਬਦਾਰਥ, ਕੋਸ਼)
"ਰੰਨਾ ਹੋਈਆ **ਬੋਧੀਆ** ਪੁਰਸ ਹੋਏ ਸਈਆਦ।"
— ਸਾਰ **੪**, ਵਾਰ ੧੪ਸ, **੧**, ੨ : ੧ (1242)

ਬੋਰਿ — ਡੋਬ
"ਨੀਰੁ ਨ ਸਾਕਸਿ **ਬੋਰਿ** ਚਲਹਿ ਹਰਿ ਪੰਥਿ ਪਗਿ।"

— ਸਮੁ **੫**, ੧੦* : ੪ (1389)

ਹੋਰ ਰੂਪ — ਬੋਰਿਓ —

"ਕਹਾ ਭਇਆ ਨਰ ਦੇਵਾ ਧੋਖੇ ਕਿਆ ਜਲਿ **ਬੋਰਿਓ** ਗਿਆਤਾ।" (ਜਾਣ ਬੁੱਝ ਕੇ)

— ਗਉ **ਕਬ**, ੬੭, ੧ : ੨ (338)

ਬੋਰੀ —

"ਪਾਹਨ **ਬੋਰੀ** ਪਿਰਥਮੀ ਪੰਡਿਤ ਪਾੜੀ ਬਾਟ।"

— ਸਲੋ **ਕਬ**, ੧੩੭ : ੨ (1371)

ਬੋਲ — ਗਲ, ਕਥਨ, ਬਚਨ

"ਅਸੀ ਬੋਲ ਵਿ ਗਾੜ ਵਿਗਾੜਹ **ਬੋਲ**।"

— ਸਿਰੀ **੧**, ੩੦, ੩ : ੧ (25)

"ਕਾਹੂ **ਬੋਲ** ਨ ਪਹੁਚਤ ਪ੍ਰਾਨੀ।" (ਕਥਨੀ)

— ਗਉ **੫**, ਸੁਖ ੧੮, ੫ : ੩ (287)

"ਜਹ **ਬੋਲ** ਤਹ ਅਛਰ ਆਵਾ।" (ਭਾਵ ਭਾਸ਼ਾ ਬੋਲੀ) — ਗਉ **ਕਬ**, ਬਾਅ ੨ : ੧ (340)

ਬੋਲਉ — ਬੋਲਦਾ ਹਾਂ, ਬਚਨ ਕਰਦਾ ਹਾਂ

"ਮਾਨੁ ਕਰਉ ਅਭਿਮਾਨੈ **ਬੋਲਉ** ਭੂਲ ਚੂਕ ਤੇਰੀ ਪ੍ਰਿਆ ਚਿਰੀਆ।"

— ਸਾਰ **੫**, ੨੪, ੧* : ੨ (1209)

ਬੋਲਈ — ਬੋਲਦੇ/ਕਥਨ ਕਰਦੇ/ਭਾਵ ਗਾਉਂਦੇ ਹਾਂ

"ਸਦ ਸਦਾ ਸਿੰਮ੍ਰਿਤਬੁ ਸੁਆਮੀ ਸਾਸਿ ਸਾਸਿ ਗੁਣ **ਬੋਲਈ**।" — ਧਨਾ **੫**, ਛੰਤ ੧, ੪ : ੫ (691)

ਬੋਲਹ — ਬੋਲੇ, ਕੋਈ ਬਚਨ ਉਚਾਰੇ, ਆਖੇ, ਕਹੇ

"ਤੁਮਰੇ ਗੁਣ ਕਿਆ ਕਹਾ ਮੇਰੇ ਸਤਿਗੁਰਾ ਜਬ ਗੁਰੁ **ਬੋਲਹ** ਤਬ ਬਿਸਮੁ ਹੋਇ ਜਾਇ।"

— ਗਉ **੪**, ੪੯, ੩ : ੧ (167)

ਹੋਰ ਰੂਪ — ਬੋਲਹਿ —

"ਮਿਠਾ **ਬੋਲਹਿ** ਨਿਵਿ ਚਲਹਿ ਸੇਜੈ ਰਵੈ ਭਤਾਰੁ।" (ਬੋਲੇ, ਬੋਲਦਾ ਹੈ)

— ਸਿਰੀ **੩**, ੪੬, ੨ : ੨ (31)

ਬੋਲਹੁ —

"ਗੁਰਸਿਖ ਹਰਿ **ਬੋਲਹੁ** ਮੇਰੇ ਭਾਈ।" (ਉਚਾਰੋ)

— ਗਉ **੪**, ੪੩, ੧* : ੧ (165)

ਬੋਲਕ — ਗੋਲਕ

"ਆਢੁ ਦਾਮੁ ਕਿਛੁ ਪਇਆ ਨ **ਬੋਲਕ** ਜਾਗਾਤੀਆ ਮੋਹਣ ਮੁੰਦਣਿ ਪਈ।"

— ਤੁਖਾ **੪**, ਛੰਤ ੪, ੫ : ੩ (1116)

ਹੋਰ ਰੂਪ — ਬੋਲਕਾ —

"ਜਾਗਾਤੀਆ ਉਪਾਵ ਸਿਆਣਪ ਕਰਿ ਵੀਚਾਰੁ ਡਿਠਾ ਭੰਨਿ **ਬੋਲਕਾ** ਸਭਿ ਉਠਿ ਗਇਆ।"

— ਤੁਖਾ **੪**, ਛੰਤ ੪, ੫ : ੫ (1117)

ਬੋਲਣ — ਕਹਿਣ

"ਕਿਸ ਹੀ ਜੋਰੁ ਅੰਕਾਰ **ਬੋਲਣ** ਕਾ।"

— ਮਾਰੂ **੪**, ਸੋਲਾ ੨, ੧੩ : ੧ (1071)

ਬੋਲਣਹਾਰੁ — ਬੋਲਣ ਵਾਲਾ, ਕਹਿਣ ਵਾਲਾ, ਕਥਤਾ

"ਸੂਹਟੁ ਪਿੰਜਰਿ ਪ੍ਰੇਮ ਕੈ ਬੋਲੈ **ਬੋਲਣਹਾਰੁ**।"

— ਮਾਰੂ **੧**, ਅਸ ੨, ੮ : ੧ (1010)

ਬੋਲਣਾ — ਕਹਿਣਾ, ਕਥਨ ਕਰਨਾ, ਉਚਾਰਣ ਕਰਨਾ

"ਲੇਖੈ ਬੋਲਣੁ **ਬੋਲਣਾ** ਲੇਖੈ ਖਾਣਾ ਖਾਉ।"

— ਸਿਰੀ **੧**, ੩, ੧ : ੧ (15)

ਹੋਰ ਰੂਪ — ਬੋਲਣਿ —

"ਜਿਥੈ **ਬੋਲਣਿ** ਹਾਰੀਐ ਤਿਥੈ ਚੰਗੀ ਚੁਪ।" (ਬੋਲਣਾ/ਕਥਨ ਕਰਨਾ)

— ਮਾਝ **੧**, ਵਾਰ ੨੪ਸ, **੧**, ੨ : ੩ (149)

ਬੋਲਣੀ —

"ਸਹਜਿ ਸੰਤੋਖਿ ਸੀਗਾਰੀਆ ਮਿਠਾ **ਬੋਲਣੀ**।" (ਕਥਨ ਕਰਨਾ)

— ਸਿਰੀ **੧**, ੧੦, ੨ : ੨ (17)

ਬੋਲਣੁ —

"ਮੁਹੌ ਕਿ **ਬੋਲਣੁ** ਬੋਲੀਐ ਜਿਤੁ ਸੁਣਿ ਧਰੇ ਪਿਆਰੁ।" (ਬੋਲ) — ਜਪੁ **੧**, ੪ : ੪ (2)

"**ਬੋਲਣੁ** ਫਾਦਲੁ ਨਾਨਕਾ ਦੁਖੁ ਸੁਖੁ ਖਸਮੈ ਪਾਸਿ।" (ਬੋਲਣਾ)

— ਮਾਝ **੧**, ਵਾਰ ੧੮ਸ, **੨**, ੧ : ੧੨ (146)

ਬੋਲਤ — ਬੋਲਣ ਨਾਲ

"ਹਰਿ **ਬੋਲਤ** ਸਭ ਪਾਪ ਲਹਿ ਜਾਈ।"

— ਗਉ **੪**, ੪੩, ੧* : ੨ (165)

"ਬਿਨੁ **ਬੋਲਤ** ਆਪਿ ਪਛਾਨੈ।" (ਬੋਲਿਆਂ ਕਹਿਆਂ)

— ਸੋਰ **੫**, ੫੧, ੩ : ੪ (621)

"ਸਾਕਤ ਗੀਤ ਨਾਦ ਧੁਨਿ ਗਾਵਤ **ਬੋਲਤ** ਬੋਲ ਅਜਾਈ।" (ਬੋਲਦੇ ਹਨ)

— ਬਿਲਾ **੫**, ੮੧, ੧* : ੨ (820)

"ਤੇਰੇ ਕਹਨੇ ਕੀ ਗਤਿ ਕਿਆ ਕਹਉ ਮੈ **ਬੋਲਤ** ਹੀ

ਬਡ ਲਾਜ।" (ਬੋਲਦਿਆਂ, ਆਖਦਿਆਂ, ਕਹਿੰਦਿਆਂ) — ਮਾਰੂ **ਕਬ**, ੩, ੧ : ੨ (1103)

ਹੋਰ ਰੂਪ — ਬੋਲਤਾ —

"ਤਿਉ ਹਰਿ ਜਨੁ ਹਰਿ ਹਰਿ **ਬੋਲਤਾ** ਹਰਿ ਬੋਲਿ ਸੁਖੁ ਪਾਵੈ।" (ਬੋਲਦਾ ਹੈ)

— ਗਉ **੪**, ੪੭, ੨ : ੩ (166)

ਬੋਲੰਤਾ —

"ਧਨ ਜਾਗੈ ਜੇ ਪਿਰੁ **ਬੋਲੰਤਾ**।" (ਬੋਲਦਾ ਹੋਵੇ)

— ਸੂਹੀ **੫**, ੫, ੨ : ੪ (737)

ਬੋਲਤੁ — ਬੋਲਣ ਵਾਲਾ ਭਾਵ ਆਤਮਾ

"ਤਾਗਾ ਤੂਟਾ ਗਗਨੁ ਬਿਨਸਿ ਗਇਆ ਤੇਰਾ **ਬੋਲਤੁ** ਕਹਾ ਸਮਾਈ।"

— ਗਉ **ਕਬ**, ੫੨, ੧* : ੧ (334)

ਬੋਲਤੇ — ਬੋਲਦੇ, ਕਥਨ ਕਰਦੇ

"ਬਾਬਾ **ਬੋਲਤੇ** ਤੇ ਕਹਾ ਗਏ ਦੇਹੀ ਕੇ ਸੰਗਿ ਰਹਤੇ।"

— ਆਸਾ **ਕਬ**, ੧੮, ੧* : ੧ (480)

ਹੋਰ ਰੂਪ — ਬੋਲਦੀ —

"ਗੁਰ ਰਸਨਾ ਅੰਮ੍ਰਿਤੁ **ਬੋਲਦੀ** ਹਰਿ ਨਾਮਿ ਸੁਹਾਵੀ।" (ਉਚਾਰਣ ਕਰਦੀ)

— ਤਿਲੰ **੪**, ਅਸ ੨, ੧੮ : ੧ (726)

ਬੋਲਦੇ —

"ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ **ਬੋਲਦੇ** ਸੇ ਕੂੜਿਆਰ ਕੂੜੇ ਝੜਿ ਪੜੀਐ।" (ਉਚਾਰਣ ਕਰਦੇ) — ਗਉ **੪**, ਵਾਰ ੯ : ੪ (304)

ਬੋਲਨ — ਉਚਾਰਨ ਕਰਨ

"ਸਗਲ **ਬੋਲਨ** ਕੇ ਮਾਹਿ ਬੀਚਾਰੋ।"

— ਗੋਂਡ **ਕਬ**, ੧੦, ੧* : ੨ (872)

ਬੋਲਨਹਾਰੁ — ਬੋਲਨ ਵਾਲਾ, ਭਾਵ ਮਨੁੱਖ

"**ਬੋਲਨਹਾਰੁ** ਪਰਮ ਗੁਰੁ ਏਹੀ।"

- ਭੈਰ **ਕਬ**, ੪, ੧ : ੨ (1158)

ਬੋਲਨਾ — 1. ਉਚਾਰਨ ਕਰਨਾ, ਉਚਾਰਨਾ

"ਹਰਿ ਹਰਿ ਮੁਖ ਤੇ **ਬੋਲਨਾ** ਮਨਿ ਵੂਠੈ ਸੁਖੁ ਹੋਇ।"

— ਗਉ **੫**, ਬਾਅ ਪ੧ਸ : ੧ (260)

2. ਕਥਨ, ਬੋਲ

"ਬਾਬਾ **ਬੋਲਨਾ** ਕਿਆ ਕਹੀਐ।"

— ਗੋਂਡ **ਕਬ**, ੧, ੧* : ੧ (870)

ਬੋਲਨਿ — ਬੋਲਦੇ ਹਨ, ਕਥਨ ਕਰਦੇ ਹਨ

"ਜਿਨ ਅੰਦਰਿ ਪ੍ਰੀਤਿ ਪਿਰੰਮਕੀ ਜਿਉ **ਬੋਲਨਿ** ਤਿਵੈ ਸੋਹੰਨਿ।"

-- ਗਉ **੪**, ਵਾਰ ੪ਸ, **੪**, ੨ : ੧ (301)

ਹੋਰ ਰੂਪ — ਬੋਲਨੀ —

"ਓਇ ਵੇਪਰਵਾਹ ਨ **ਬੋਲਨੀ** ਹਉ ਮਲਿ ਮਲਿ ਧੋਵਾ ਤਿਨ ਪਾਇ।" (ਬੋਲਦੇ)

— ਸਿਰੀ **੪**, ੬੯, ੧ : ੩ (41)

ਬੋਲਵਿਗਾੜ — ਮੰਦਾ ਬੋਲਣ ਵਾਲੇ, ਬਕਬਾਦੀ

"ਅਸੀ **ਬੋਲਵਿਗਾੜ** ਵਿਗਾੜਹ ਬੋਲ।"

— ਸਿਰੀ **੧**, ੩੦, ੩ : ੧ (25)

ਬੋਲਾ — 1. ਡੋਰਾ, ਜੋ ਉਚਾ ਸੁਣੇ

"ਅੰਨਾ **ਬੋਲਾ** ਕਿਛੁ ਨਦਰਿ ਨ ਆਵੈ ਮਨਮੁਖ ਪਾਪਿ ਪਚਾਵਣਿਆ।"

— ਮਾਝ **੩**, ਅਸ ੪, ੪ : ੩ (111)

2. ਬੋਲ, ਕਥਨ, ਬਚਨ

"ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ **ਬੋਲਾ**।"

— ਤਿਲੰ **੧**, ੫, ੨ : ੪ (723)

"ਗੁਰ ਬਚਨੀ ਫਲੁ ਪਾਇਆ ਸਹ ਕੇ ਅੰਮ੍ਰਿਤ **ਬੋਲਾ**।" — ਸੂਹੀ **੧**, ੪, ੪ : ੨ (729)

3. ਬੋਲਾਂ, ਕਥਨ ਕਰਾਂ, ਸੁਣਾਵਾਂ

"ਕੀਮਤਿ ਕਹੀ ਨ ਜਾਈਐ ਕਿਆ ਕਹਿ ਮੁਖਿ **ਬੋਲਾ**।" — ਬਿਲਾ **੫**, ੩੩, ੩ : ੨ (808)

ਬੋਲਾਇ — 1. ਬੋਲਦਾ ਹੈ, ਉਚਾਰਦਾ ਹੈ

"ਅੰਤਰਿ ਕਪਟੁ ਮਨਮੁਖ ਅਗਿਆਨੀ ਰਸਨਾ ਝੂਠੁ **ਬੋਲਾਇ**।"

— ਗੂਜ **੩**, ਵਾਰ ੧੦ਸ, **੩**, ੨ : ੧ (512)

2. ਬੋਲਾਉਂਦਾ ਹੈ

"ਰਾਮ ਜਨ ਗੁਰਮਤਿ ਰਾਮੁ **ਬੋਲਾਇ**।" (ਭਾਵ ਜਪਾਉਂਦਾ ਹੈ)

— ਰਾਮ **੪**, ੨, ੧* : ੧ (881)

ਬੋਲਾਇਆ — ਬੁਲਵਾਇਆ ਹੋਇਆ

"**ਬੋਲਾਇਆ** ਬੋਲੀ ਖਸਮ ਦਾ।"

— ਸਿਰੀ **੫**, ਅਸ ੨੯, ੧੪ : ੨ (74)

ਬੋਲਾਇਦਾ — ਬੁਲਵਾਉਂਦਾ ਹੈ

"ਤਾ ਕੀ ਕੀਮਤਿ ਕਹਿ ਨ ਸਕੈ ਕੋ ਤਿਉ ਬੋਲੇ ਜਿਉ **ਬੋਲਾਇਦਾ**।"

— ਮਾਰੂ **੧**, ਸੋਲਾ ੧੭, ੯ : ੩ (1038)

ਬੋਲਾਏ — ਬੋਲਵਾਏ, ਕਥਨ ਕਰਵਾਏ
"ਜਿਉ **ਬੋਲਾਏ** ਤਿਉ ਬੋਲੀਐ ਜਾ ਆਪਿ ਬੁਲਾਏ ਸੋਇ। — ਸਿਰੀ **੩**, ੬੩, ੪ : ੨ (39)

ਬੋਲਾਤਾ — 1. ਬੁਲਾਉਂਦਾ ਹੈ
"ਵਡੀ ਵਡਿਆਈ ਵਡੇ ਕੀ ਗੁਰਮੁਖਿ **ਬੋਲਾਤਾ**।" (ਭਾਵ ਕਰਵਾਉਂਦਾ ਹੈ)
— ਗੂਜ **੩**, ਵਾਰ ੬ : ੫ (510)
2. ਬੋਲਦੀ ਹੈ, ਉਚਾਰਨ ਕਰਦੀ ਹੈ
"ਰਸਨਾ ਹਰਿ ਰਸੁ ਨ ਚਖਿਓ ਫੀਕਾ **ਬੋਲਾਤਾ**।"
— ਗੂਜ **੩**, ਵਾਰ ੧੫ : ੫ (514)

ਬੋਲਾਰੇ — ਉਚਾਰਿਆ, ਕਥਨ ਕੀਤਾ
"ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ **ਬੋਲਾਰੇ**।" — ਨਟ **੪**, ਅਸ ੩, ੨ : ੧ (981)

ਬੋਲਾਵਹਿ — ਬੁਲਾਉਂਦਾ ਹੈ
"ਜਿਉ **ਬੋਲਾਵਹਿ** ਤਿਉ ਬੋਲਹ ਸੁਆਮੀ ਕੁਦਰਤਿ ਕਵਨ ਹਮਾਰੀ।"
— ਗੂਜ **੫**, ਅਸ ੧, ੮ : ੧ (507)
ਹੋਰ ਰੂਪ — ਬੋਲਾਵੈ —
"ਬੰਧਨ ਤੋੜਿ **ਬੋਲਾਵੈ** ਰਾਮੁ।" (ਬੁਲਵਾਉਂਦਾ ਭਾਵ ਜਗਾਉਂਦਾ ਹੈ)
— ਗਉ **੫**, ੯੩, ੧ : ੧ (183)

ਬੋਲਿ — 1. ਬੋਲ ਕੇ, ਉਚਾਰ ਕੇ
"ਫਿਕਾ **ਬੋਲਿ** ਵਿਗੁਚਣਾ ਸੁਣਿ ਮੂਰਖ ਮਨ ਅਜਾਣ।"
— ਸਿਰੀ **੧**, ੪, ੩ : ੨ (15)
2. ਬਚਨ,
"ਆਪੇ ਹਰਿ ਅਪਰੰਪਰੁ ਕਰਤਾ ਹਰਿ ਆਪੇ **ਬੋਲਿ** ਬੁਲਾਇ।"
— ਆਸਾ **੪**, ੬੩, ੩ : ੧ (368)
"ਛੁਟੈ ਤਾ ਕੈ **ਬੋਲਿ** ਸਾਹਿਬ ਨਦਰਿ ਜਿਸੁ।" (ਬਚਨ ਅੰਦਰ)
— ਸੂਹੀ **੧**, ੫, ੩ : ੩ (729)
3. ਬੋਲੋ, ਕਹੋ, ਉਚਾਰੋ
"ਏ ਗੋਵਿੰਦ ਗੁਪਾਲ ਦਇਆਲ ਸੰਮ੍ਰਿਥ **ਬੋਲਿ** ਸਾਧੂ ਹਰਿ ਜੈ ਜਦੇ।"
— ਆਸਾ **੫**, ਛੰਤ ੯, ੨ : ੫ (458)
"**ਬੋਲਿ** ਸੁਧਰਮੀੜਿਆ ਮੋਨਿ ਕਤ ਧਾਰੀ ਰਾਮ।"
— ਬਿਹਾ **੫**, ਛੰਤ ੯, ੧ : ੧ (547)
4. ਬੋਲਣਾ, ਬਚਨ ਕਰਨਾ
"**ਬੋਲਿ** ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ।"
— ਸੂਹੀ **੫**, ੫੭, ੧ : ੨ (749)
"ਹਾਥੁ ਪਸਾਰਿ ਸਕੈ ਕੋ ਜਨ ਕਉ **ਬੋਲਿ** ਸਕੈ ਨ ਅੰਦਾਜਾ।" (ਭਾਵ ਕਹਿ/ਆਖ ਸਕੇ)
— ਬਿਲਾ **ਕਬ**, ੫, ੧ : ੨ (856)
ਹੋਰ ਰੂਪ — ਬੋਲਿਓ —
"ਰੈਨਿ ਬਬੀਹਾ **ਬੋਲਿਓ** ਮੇਰੀ ਮਾਈ।" (ਬੋਲਿਆ ਹੈ) — ਮਲਾ **੧**, ਅਸ ੩, ੧* : ੧ (1274)
ਬੋਲਿਆ —
"ਜਿਤੁ ਬੋਲਿਐ ਪਤਿ ਪਾਈਐ ਸੋ **ਬੋਲਿਆ** ਪਰਵਾਣੁ।" (ਕਹਿਆ ਆਖਿਆ, ਉਚਾਰਿਆ) — ਸਿਰੀ **੧**, ੪, ੩ : ੧ (15)
"ਕਾਜੀ **ਬੋਲਿਆ** ਬਨਿ ਨਹੀ ਆਵੈ।" (ਬੋਲਣਾ, ਕਹਿਣਾ)
— ਆਸਾ **ਕਬ**, ੧੭, ੧* : ੧ (480)
"ਨਉ ਨਿਧਿ ਪਾਈ ਰਾਜੁ ਜੀਵਾ **ਬੋਲਿਆ**।" (ਆਖਣ ਨਾਲ)
— ਗੂਜ **੫**, ਵਾਰ ੩ : ੨ (518)
ਬੋਲਿਐ —
"ਨਾਨਕ ਫਿਕੈ **ਬੋਲਿਐ** ਤਨੁ ਮਨੁ ਫਿਕਾ ਹੋਇ।" (ਬੋਲਣ/ਉਚਾਰਨ ਨਾਲ)
— ਆਸਾ **੧**, ਵਾਰ ੨੦ਸ, **੧**, ੧ : ੧ (473)

ਬੋਲੀ — 1. ਬੋਲਦਾ/ਆਖਦਾ ਹਾਂ
"ਗੁਣ ਗਾਵਾ ਗੁਣ ਵਿਥਰਾ ਗੁਣ **ਬੋਲੀ** ਮੇਰੀ ਮਾਇ।"
— ਸਿਰੀ **੪**, ੬੭, ੧ : ੧ (40)
2. ਬਾਣੀ
"ਹਰਿ ਦਇਆਲਿ ਦਇਆ ਪ੍ਰਭਿ ਕੀਨੀ ਮੇਰੈ ਮਨਿ ਤਨਿ ਮੁਖਿ ਹਰਿ **ਬੋਲੀ**।" (ਹਰੀ ਦੀ ਸਿਫਤ ਸਾਲਾਹ ਦੀ ਬਾਣੀ)
— ਗਉ **੪**, ੫੩, ੧ : ੧ (168)
(ਨਿਰਣੈ ਅਰਥ ਆਖੀ, ਉਚਾਰਨ ਕੀਤੀ ਕਰਤਾ ਹੈ)
"ਬਿਖੁ ਖਾਵੈ ਬਿਖੁ **ਬੋਲੀ** ਬੋਲੈ ਬਿਨੁ ਨਾਵੈ ਨਿਹਫਲੁ ਮਰਿ ਭ੍ਰਮਨਾ।" (ਬਚਨ ਬਾਣੀ)
— ਭੈਰ **੩**, ੮, ੧*੨ (1127)

3. ਬੋਲੀ, ਕੰਨਾਂ ਤੋਂ ਨਾ ਸੁਣ ਸਕਣ ਵਾਲੀ
"ਦੂਜੀ ਦੁਰਮਤਿ ਅੰਨੀ **ਬੋਲੀ**।"
— ਮਾਰੂ **੧**, ਸੋਲਾ ੩, ੧ : ੧ (1022)
4. ਭਾਸ਼ਾ
"ਘਰਿ ਘਰਿ ਮੀਆ ਸਭਨਾਂ ਜੀਆਂ **ਬੋਲੀ** ਅਵਰ ਤੁਮਾਰੀ।"
— ਬਸੰ **੧**, ਅਸ ੮, ੬ : ੨ (1197)

ਬੋਲੀਐ — ਆਖੀਐ, ਉਚਾਰਨ ਕਰੀਏ
"ਮੁਹੌ ਕਿ ਬੋਲਣੁ **ਬੋਲੀਐ** ਜਿਤੁ ਸੁਣਿ ਧਰੇ ਪਿਆਰੁ।" — ਜਪੁ **੧**, ੪ : ੪ (2)

ਬੋਲੁ — 1. ਬਚਨ, ਗਲ
"ਪਾਖੰਡ ਭਗਤਿ ਨ ਹੋਵਈ ਦੁਬਿਧਾ **ਬੋਲੁ** ਖੁਆਰ।"
— ਸਿਰੀ **੩**, ੩੯, ੨ : ੨ (28)
"ਏਕੁ **ਬੋਲੁ** ਭੀ ਖਵਤੋ ਨਾਹੀ ਸਾਧਸੰਗਤਿ ਸੀਤਲਈ।" (ਇਕ ਗਲ ਵੀ ਨਹੀਂ ਸਹਿੰਦਾ)
— ਆਸਾ **੫**, ੧੨੪, ੩ : ੨ (402)
"ਨਾਉ ਕਰਤਾ ਕਾਦਰੁ ਕਰੇ ਕਿਉ **ਬੋਲੁ** ਹੋਵੈ ਜੋ ਖੀਵਦੈ।" (ਉਜਰ)
— ਰਾਮ **ਬਸ**, ਵਾਰ ੧ : ੧ (966)
"ਜਾ ਕਾਰਣਿ ਇਹ ਦੁਲਭ ਦੇਹ।"
"ਸੋ **ਬੋਲੁ** ਮੇਰੇ ਪ੍ਰਭੂ ਦੇਹਿ।" (ਸ਼ਬਦ)
— ਬਸੰ **੫**, ੪, ੩ : ੧;੨ (1181)
"ਵਡਭਾਗੀ ਸੰਗਤਿ ਮਿਲੈ ਗੁਰ ਸਤਿਗੁਰ ਪੂਰਾ **ਬੋਲੁ**।" (ਉਪਦੇਸ਼)
— ਕਾਨ **੪**, ਵਾਰ ੧੨ : ੪ (1317)

ਬੋਲੁਵਿਗਾੜਾ — ਬੋਲ ਨੂੰ ਵਿਗਾੜਨ ਵਾਲਾ, ਬਨਵਾਸੀ
"ਜੇ ਕੋ ਆਖੈ **ਬੋਲੁਵਿਗਾੜੁ**।"
— ਜਪੁ **੧**, ੨੬ : ੨੫ (6)

ਬੋਲੇ — 1. ਉਚਾਰਨ ਕਰੇ
"ਭਉਰੁ ਉਸਤਾਦੁ ਨਿਤ ਭਾਖਿਆ **ਬੋਲੇ** ਕਿਉ ਬੂਝੈ ਜਾ ਨਹ ਬੁਝਾਈ।"
— ਸਿਰੀ **੧**, ੨੨, ੨ : ੨ (24)
"ਗੁਰ ਪੁਰਖੁ ਮਨਾਵੈ ਆਪਣਾ ਗੁਰਮਤੀ ਹਰਿ ਹਰਿ **ਬੋਲੇ**।" (ਭਾਵ ਜਪੇ)
— ਸੋਰ **੪**, ਵਾਰ ੧ਸ, **੪**, ੨ : ੨ (642)
2. ਬਹਿਰੇ, ਨਾ ਸੁਣ ਸਕਣ ਵਾਲੇ
"ਸਬਦੁ ਨ ਜਾਣਹਿ ਸੇ ਅੰਨੇ **ਬੋਲੇ** ਸੇ ਕਿਤੁ ਆਏ ਸੰਸਾਰਾ।" — ਸੋਰ **੩**, ੪, ੩ : ੧ (601)

ਬੋਲੇਟਿਆ — ਬੋਲੀਏ
"ਸਭੋ ਜਪੀਐ ਜਾਪੁ ਜਿ ਮੁਖਹੁ **ਬੋਲੇਟਿਆ**।"
— ਗੂਜ **੫**, ਵਾਰ ੧੦ : ੬ (520)

ਬੋਲੇਨਿ — ਬੋਲਦੇ ਹਨ
"ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ **ਬੋਲੇਨਿ**।"
— ਰਾਮ **੩**, ਵਾਰ ੧੦ਸ, **੩**, ੨ : ੨ (951)

ਬੋਲੈ — ਬੋਲਦਾ/ਉਚਾਰਨ ਕਰਦਾ ਹੈ
"ਜਨੁ ਨਾਨਕੁ **ਬੋਲੈ** ਅੰਮ੍ਰਿਤ ਬਾਣੀ।"
— ਮਾਝ **੪**, ੨, ੪ : ੧ (96)

ਬੋਲੌ — ਡੋਰਾ
"ਅੰਧੌ **ਬੋਲੌ** ਮੁਗਧੁ ਗਵਾਰੁ।"
— ਪ੍ਰਭਾ **੧**, ੧੨, ੪ : ੧ (1331)

ਬੋਵਸਿ — ਬੀਜਦਾ ਹੈ
"ਬੀਜੁ **ਬੋਵਸਿ** ਭੋਗ ਭੋਗਹਿ ਕੀਆ ਅਪਣਾ ਪਾਵਏ।" — ਜੈਤ **੫**, ਛੰਤ ੩, ੨ : ੪ (705)

ਬੋਵਹੁ — ਬੀਜੋ
"ਕਾਇਆ ਨਗਰ ਮਹਿ ਕਰਮ ਹਰਿ **ਬੋਵਹੁ** ਹਰਿ ਜਾਮੈ ਹਰਿਆ ਖੇਤੁ।"
— ਆਸਾ **੪**, ੬੧, ੩ : ੧ (368)

ਬੋਵੈ — ਬੀਜਦਾ ਹੈ
"ਕਰਮ ਧਰਤੀ ਸਰੀਰੁ ਜੁਗ ਅੰਤਰਿ ਜੋ **ਬੋਵੈ** ਸੋ ਖਾਤਿ।" — ਸਿਰੀ **੫**, ੫੦, ੪, ੫ : ੫ (78)

ਬੋੜਨਿ੍ — ਡੋਬਦੇ ਹਨ
"ਚਿੰਜੂ **ਬੋੜਨਿ੍** ਨਾ ਪੀਵਹਿ ਉਡਣ ਸੰਦੀ ਡੰਝ।"
— ਸਲੋ **ਫਰ**, ੬੪ : ੨ (1381)

ਬੋੜੀ — ਡੋਬਦਾ ਹੈ
"ਰੇ ਨਰ ਨਾਵ ਚਉੜਿ ਕਤ **ਬੋੜੀ**।"
— ਗਉ **ਕਬ**, ੨੪, ੧* : ੧ (328)

ਬ੍ਰਹਮ — 1. ਕਰਤਾਰ, ਜਗਤ ਦਾ ਸੁਆਮੀ, ਪ੍ਰਭੂ
"ਨਾਨਕ ਹਉਮੈ ਮਾਰਿ **ਬ੍ਰਹਮ** ਮਿਲਾਇਆ।"
— ਗਉ **੩**, ਅਸ ੪, ੮ : ੩ (231)
"ਗੁਣਹ ਸੁਖ ਸਾਗਰਾ **ਬ੍ਰਹਮ** ਰਤਨਾਗਰਾ ਭਗਤਿ ਵਛਲੁ ਨਾਨਕ ਗਾਇਓ।"
— ਧਨਾ **੫**, ੫੩, ੨ : ੨ (683)
2. ਬ੍ਰਹਮਾ, ਇਕ ਦੇਵਤਾ

"ਇਸੁ ਸੁਖ ਤੇ ਸਿਵ **ਬ੍ਰਹਮ** ਡਰਾਨਾ।"
— ਗਉ **ਕਬ**, ੩੬, ੨ : ੧ (330)

"**ਬ੍ਰਹਮ** ਮਹੇਸ ਸਿਧ ਮੁਨਿ ਇੰਦ੍ਰਾ ਮੋਹਿ ਠਾਕੁਰ ਹੀ ਦਰਸਾਰੇ।"
— ਦੇਵ **੫**, ੨੯, ੧ : ੨ (534)

3. ਆਤਮਕ, ਰਬੀ
"ਪਾਂਡੇ ਐਸਾ **ਬ੍ਰਹਮ** ਬੀਚਾਰੁ।"
— ਆਸਾ **੧**, ੨੦, ੧* : ੧ (355)
('ਮਹਾਨ ਕੋਸ਼' ਇਸ ਦੇ ਅਰਥ 'ਵੇਦਾਂ ਦਾ ਵਿਚਾਰ ਕਰਦਾ ਹੈ)
"ਇਹ **ਬ੍ਰਹਮ** ਬਿਚਾਰੁ ਸੁ ਜਾਨੈ।"
— ਸੋਰ **੫**, ੫੨, ੪ : ੧ (623)

4. ਵੇਦ ਗਿਆਤਾ ਬ੍ਰਹਮ ਰਿਸ਼ੀ
"ਸੁਰਿ ਨਰ ਦੇਵ **ਬ੍ਰਹਮ** ਬ੍ਰਹਮਾਇਕ।"
— ਦੇਵ **੫**, ੩੫, ੨ : ੨ (535)

5. ਬ੍ਰਾਹਮਣ
"ਇੰਦ੍ਰੀ ਕੀ ਜੂਠਿ ਉਤਰਸਿ ਨਾਹੀ **ਬ੍ਰਹਮ** ਅਗਨਿ ਕੇ ਲੂਠੇ।" (ਬ੍ਰਾਹਮਣ ਹੋਣ ਦੇ ਅਹੰਕਾਰ ਵਿਚ ਸੜੇ ਹੋਏ)
— ਬਸੰ **ਕਬ**, ੨, ੨ : ੨ (1195)

6. ਠਾਕੁਰ
"ਪੂਜਨ ਚਾਲੀ **ਬ੍ਰਹਮ** ਠਾਇ।" (ਠਾਕੁਰ ਦੁਆਰੇ)
— ਬਸੰ **ਰਾਮਾ** ੧, ੧ : ੩ (1195)

ਬ੍ਰਹਮੰ — ਬ੍ਰਹਮ ਦੇ ਭਾਵ ਸ਼ੁਭ
"ਜੋ ਜਾਨਸਿ **ਬ੍ਰਹਮੰ** ਕਰਮੰ।"
— ਸਸ **੧**, ੧ : ੨ (1353)

ਬ੍ਰਹਮੰਸ — ਬ੍ਰਹਮਾ ਦੀ ਅੰਸ਼
"ਕੋਟਿ ਉਸਤਤਿ ਜਾ ਕੀ ਕਰਤ **ਬ੍ਰਹਮੰਸ**।"
— ਭੈਰ **੫**, ਅਸ ੨, ੬ : ੨ (1156)

ਬ੍ਰਹਮ ਗਿਆਨੀ — 1. ਬ੍ਰਹਮ ਦਾ ਗਿਆਤਾ
"ਇਹ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ **ਬ੍ਰਹਮ ਗਿਆਨੀ**।" — ਗਉ **੫**, ਸੋਹ ੫, ੨ : ੧ (13)
"**ਬ੍ਰਹਮ ਗਿਆਨੀ** ਮਿਲਿ ਕਰਹੁ ਬੀਚਾਰਾ ਇਹ ਤਉ ਚਲਤੁ ਭਇਆ।" (ਅਧਿਆਤਮ ਗਿਆਨ ਵਾਲੇ) — ਰਾਮ ੫, ੧੦, ੧* : ੨ (1885)

ਬ੍ਰਹਮ ਗਿਆਨੁ — ਪ੍ਰਭੂ ਦਾ ਗਿਆਨ ਅਧਿਆਤ-ਮਕ ਗਿਆਨ
"ਰਾਜਾ ਰਾਮ ਨਾਮੁ ਮੋਰਾ **ਬ੍ਰਹਮ ਗਿਆਨੁ**।"
— ਭੈਰ **ਕਬ**, ੧੦, ੧* : ੨ (1159)

ਬ੍ਰਹਮਚਜੁ — ਕਾਮਾਦਿਕਾਂ ਨੂੰ ਰੋਕ ਕੇ ਵਿਦਿਆ ਦਾ ਅਭਿਆਸ ਕਰਨਾ
"ਬ੍ਰਹਮ ਚਾਰਿ **ਬ੍ਰਹਮਚਜੁ** ਕੀਨਾ ਹਿਰਦੈ ਭਇਆ ਗੁਮਾਨਾ।" — ਮਾਰੂ **੫**, ੧੫, ੨ : ੨ (1003)

ਬ੍ਰਹਮ ਚਾਰਿ — ਇੰਦ੍ਰੀਆਂ ਨੂੰ ਰੋਕ ਕੇ ਵਿਦਿਆ ਦਾ ਅਭਿਆਸ ਕਰਨ ਵਾਲਾ
"ਬ੍ਰਹਮ ਚਾਰਿ **ਬ੍ਰਹਮਚਜੁ** ਕੀਨਾ ਹਿਰਦੈ ਭਇਆ ਗੁਮਾਨਾ।" — ਮਾਰੂ **੫**, ੧੫, ੨ : ੨ (1003)

ਬ੍ਰਹਮਚਾਰੀ — ਇੰਦ੍ਰੀਆਂ ਨੂੰ ਰੋਕ ਵਿਦਿਆ ਅਭਿਆਸ ਕਰਨ ਵਾਲਾ, ਸਾਧੂਆਂ ਦਾ ਇਕ ਫਿਰਕਾ
"ਸਨਿਆਸੀ **ਬ੍ਰਹਮਚਾਰੀ**।"
— ਸਿਰੀ **੫**, ਅਸ ੨੨, ੩ : ੨ (71)
"ਪਰ ਤ੍ਰਿਅ ਤਿਆਗੁ ਕਰੀ **ਬ੍ਰਹਮਚਾਰੀ**।"
— ਗਉ **੪**, ੩੯, ੨ : ੨ (164)

ਬ੍ਰਹਮਜੋਤੀ — ਪ੍ਰਭੂ ਜੋਤ
"ਮਿਲਿ **ਬ੍ਰਹਮਜੋਤੀ** ਓਤਿ ਪੋਤੀ ਉਦਕੁ ਉਦਕਿ ਸਮਾਇਆ।"
— ਬਿਹਾ **੫**, ਛੰਤ ੫, ੪ : ੩ (545)

ਬ੍ਰਹਮਟਿਆ — ਬ੍ਰਹਮ ਦਾ ਵਿਚਰਨ ਦਾ ਥਾਂ ਬ੍ਰਹਮੰਡ, ਦੁਨੀਆਂ; (ਮਹਾਨਕੋਸ਼ ਨਿਰਣੈ)
"ਕੁਦਰਤਿ ਕੀਮ ਨ ਪਾਇ ਅਲਖ **ਬ੍ਰਹਮਟਿਆ**।"
— ਰਾਮ **੫**, ਵਾਰ ੧ : ੪ (957)

ਬ੍ਰਹਮੰਡ — ਦੁਨੀਆਂ, ਰਚਨਾ, ਸ੍ਰਿਸਟੀ, ਸੰਸਾਰ
"ਖੰਡ **ਬ੍ਰਹਮੰਡ** ਕਾ ਏਕੋ ਠਾਣਾ ਗੁਰਿ ਪਰਦਾ ਖੋਲਿ ਦਿਖਾਇਓ।"
— ਗਉ **੫**, ੧੨੩*, ੩ : ੧ (205)

ਹੋਰ ਰੂਪ — ਬ੍ਰਹਮੰਡਾ —
"ਗਾਵਨਿ ਤੁਧਨੋ ਖੰਡ ਮੰਡਲ **ਬ੍ਰਹਮੰਡਾ** ਕਰਿ ਕਰਿ ਰਖੇ ਤੇਰੇ ਧਾਰੇ।" (ਸ੍ਰਿਸ਼ਟੀ)
— ਆਸਾ **੧**, ਸੋਦ ੧, ੧ : ੧੪ (9)

ਬ੍ਰਹਮੰਡਾਇ —
"ਮੈਲੇ **ਬ੍ਰਹਮੰਡਾਇ** ਕੈ ਈਸ।" (ਸ੍ਰਿਸ਼ਟੀਆਂ)
— ਭੈਰ **ਕਬ**, ੩, ੨ : ੧ (1158)

ਬ੍ਰਹਮੰਡਿ —
"ਜੋ **ਬੰਹਮੰਡਿ** ਖੰਡਿ ਸੋ ਜਾਣਹੁ।" (ਸ੍ਰਿਸ਼ਟੀ ਵਿਚ)
— ਮਾਰੂ **੧**, ਸੋਲਾ ੨੦, ੧੪ : ੧ (1041)

ਬ੍ਰਹਮੰਡੀ —
"ਪ੍ਰਗਟੁ ਭਇਆ ਖੰਡੀ **ਬ੍ਰਹਮੰਡੀ** ਕੀਤਾ ਅਪਣਾ ਪਾਇਆ।" (ਬ੍ਰਹਮੰਡਾਂ ਵਿਚ)
— ਸਾਰ **੫**, ੧੦੬, ੨ : ੧ (1224)

ਬ੍ਰਹਮੰਡੁ —
"ਗੁਰ ਨਾਲਿ ਤੁਲਿ ਨ ਲਗਈ ਖੋਜਿ ਡਿਠਾ **ਬ੍ਰਹਮੰਡੁ**।" (ਸੰਸਾਰ)
— ਸਿਰੀ **੫**, ੯੦, ੪ : ੩ (50)

ਬ੍ਰਹਮੰਡੇ —
"ਜੋ **ਬ੍ਰਹਮੰਡੇ** ਸੋਈ ਪਿੰਡੇ ਜੋ ਖੋਜੈ ਸੋ ਪਾਵੈ।" (ਬ੍ਰਹਮੰਡ/ਸ੍ਰਿਸ਼ਟੀ ਵਿਚ)
— ਧਨਾ **ਪੀਪਾ**, ੧, ੨ : ੧ (695)

ਬ੍ਰਹਮਣ — ਚਹੁੰ ਵਰਣਾਂ ਵਿਚੋਂ ਸਭ ਤੋਂ ਉਚੀ ਵਰਣ ਦਾ ਮਨੁੱਖ
"ਅਠਸਠਿ ਤੀਰਥ ਦੇਨਿ ਨ ਢੋਈ **ਬ੍ਰਹਮਣ** ਅੰਨੁ ਨ ਖਾਹੀ।"
— ਮਾਝ **੧**, ਵਾਰ ੨੬ਸ, **੧**, ੧ : ੬ (149)

ਹੋਰ ਰੂਪ — ਬ੍ਰਹਮਣਹ —
"ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ **ਬ੍ਰਹਮਣਹ**।" (ਬ੍ਰਾਹਮਣਾਂ ਦਾ)
— ਆਸਾ **੧**, ਵਾਰ ੧੨ਸ, **੨**, ੩ : ੧ (469)

ਬ੍ਰਹਮਣੀ — ਬ੍ਰਾਹਮਣ ਦੀ ਇਸਤ੍ਰੀ
"ਅਧਮ ਚੰਡਾਲੀ ਭਈ **ਬ੍ਰਹਮਣੀ** ਸੂਦੀ ਤੇ ਸ੍ਰੇਸਟਾਈ ਰੇ।" — ਆਸਾ **੫**, ੪੪, ੧ : ੧ (381)

ਬ੍ਰਹਮਣੁ — ਉਤਮ ਵਰਣ ਦਾ ਮਨੁੱਖ
"**ਬ੍ਰਹਮਣ** ਬ੍ਰਹਮ ਗਿਆਨ ਇਸਨਾਨੀ ਹਰਿ ਗੁਣ ਪੂਜੇ ਪਾਤੀ।" — ਮਾਰੂ **੧**, ੧੧, ੨ : ੧ (992)

ਬ੍ਰਹਮਤੁ — ਬ੍ਰਹਮਣਪੁਣਾ
"ਬ੍ਰਹਮੁ ਬਿੰਦੈ ਤਿਸ ਦਾ **ਬ੍ਰਹਮਤੁ** ਰਹੈ ਏਕ ਸਬਦਿ ਲਿਵ ਲਾਇ।"
— ਸੋਰ **੪**, ਵਾਰ ੧੯ਸ, **੩**, ੧ : ੧ (649)

ਬ੍ਰਹਮਨ — ਚਹੁ ਵਰਣਾਂ ਵਿਚ ਉਚੀ ਵਰਣ ਦਾ ਮਨੁੱਖ
"**ਬ੍ਰਹਮਨ** ਬੈਸ ਸੂਦ ਅਰੁ ਖ੍ਹਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ।" — ਬਿਲਾ **ਰਵਿ**, ੨, ੧ : ੧ (858)

ਹੋਰ ਰੂਪ — ਬ੍ਰਹਮਨੁ —
"ਜਿਹ ਮੁਖਿ ਬੇਦੁ ਗਾਇਤ੍ਰੀ ਨਿਕਸੈ ਸੋ ਕਿਉ **ਬ੍ਰਹਮਨੁ** ਬਿਸਰੁ ਕਰੈ।"
— ਰਾਮ **ਰੁ**, ੫, ੧ : ੧ (970)

ਬ੍ਰਹਮਪੁਰੀ — ਉਹ ਲੋਕ ਜਿਥੇ ਬ੍ਰਹਮਾ ਦਾ ਵਾਸਾ ਹੈ
"**ਬ੍ਰਹਮਪੁਰੀ** ਨਿਹਚਲੁ ਨਹੀ ਰਹਣਾ।"
— ਗਉ **੫**, ਅਸ ੪, ੨ : ੨ (237)

ਬ੍ਰਹਮਲੋਕ — ਬ੍ਰਹਮਾ ਦਾ ਲੋਕ/ਮੰਡਲ
"**ਬ੍ਰਹਮਲੋਕ** ਅਰੁ ਰੁਦ੍ਰ ਲੋਕ ਆਈ ਇੰਦ੍ਰ ਲੋਕ ਤੇ ਧਾਇ।" — ਗੂਜ **੫**, ੨੧, ੧ : ੧ (500)

ਬ੍ਰਹਮਾ — 1. ਪੁਰਾਣਾਂ ਅਨੁਸਾਰ ਜਗਤ ਦੀ ਰਚਨਾ ਕਰਨ ਵਾਲਾ ਦੇਵਤਾ
"ਗਾਵਨਿ ਤੁਧਨੋ ਈਸਰੁ **ਬ੍ਰਹਮਾ** ਦੇਵੀ ਸੋਹਨਿ ਤੇਰੇ ਸਦਾ ਸਵਾਰੇ।"
— ਆਸਾ **੧**, ਸੋਦ ੧, ੧ : ੬ (8)

2. ਬ੍ਰਾਹਮਣ
"ਬਬਾ ਬ੍ਰਹਮੁ ਜਾਨਤ ਤੇ **ਬ੍ਰਹਮਾ**।"
— ਗਉ **੫**, ਬਾਅ ੩੯ : ੧ (258)
"ਕਾਇਆ **ਬ੍ਰਹਮਾ** ਮਨੁ ਹੈ ਧੋਤੀ।"
— ਆਸਾ **੧**, ੨੦, ੧ : ੧ (355)

ਬ੍ਰਹਮਾਈ — ਕੇਵਲ ਬ੍ਰਹਮ ਹੀ, ਬ੍ਰਹਮੇਵ
"ਅੰਗ ਅੰਗ ਸੁਖਦਾਈ ਪੂਰਨ **ਬ੍ਰਹਮਾਈ** ਥਾਨ ਥਨੰਤਰ ਦੇਸਾ।"
— ਸਾਰ **੪**, ਛੰਤ ੧, ੩ : ੪ (1237)

ਬ੍ਰਹਮਾਦਿ — ਬ੍ਰਹਮਾ ਆਦਿਕ
"ਗੁਰ ਕੈ ਸਬਦਿ ਤਰੇ ਮੁਨਿ ਕੇਤੇ ਇੰਦ੍ਰਾਦਿਕ **ਬ੍ਰਹਮਾਦਿ** ਤਰੇ।"
— ਭੈਰ **੧**, ੨, ੧ : ੧ (1125)

ਬ੍ਰਹਮਾਦਿਕ — ਬ੍ਰਹਮਾ ਆਦਿਕ ਦੇਵਤੇ
"**ਬ੍ਰਹਮਾਦਿਕ** ਸਨਕਾਦਿਕ ਚਾਹੈ।"
— ਗਉ **੫**, ੧੧੨*, ੨ : ੧ (203)

ਬ੍ਰਹਮਿ — ਬ੍ਰਹਮ (ਪ੍ਰਭੂ) ਵਿਚ
"ਗੁਰ ਪਰਸਾਦਿ **ਬ੍ਰਹਮਿ** ਸਮਾਉ।"
— ਆਸਾ **੧**, ੨੦, ੧ : ੩ (355)
"ਪਰਤਛਿ ਰਿਦੈ ਗੁਰ ਅਰਜਨੁ ਕੈ ਹਰਿ ਪੂਰਨ

ਬ੍ਰਹਮਿ ਨਿਵਾਸੁ ਲੀਅਉ।" (ਪੂਰਨ ਪ੍ਰਭੂ ਨੇ)
— ਸਵ **੫**, ਮਥੁ ੫ : ੪ (1409)

ਹੋਰ ਰੂਪ — ਬ੍ਰਹਮੁ —
"ਗੁਰਮੁਖਿ ਬਾਣੀ **ਬ੍ਰਹਮੁ** ਹੈ ਸਬਦਿ ਮਿਲਾਵਾ ਹੋਇ।" (ਪ੍ਰਭੂ)
— ਸਿਰੀ **੩**, ੬੩, ੪ : ੩ (39)
(ਮਹਾਨ ਕੋਸ਼ ਇਸ ਦੇ ਅਰਥ 'ਵੇਦ' ਕਰਦਾ ਹੈ)
"ਅੰਤਰਿ **ਬ੍ਰਹਮੁ** ਨ ਚੀਨਈ ਮਨ ਮੂਰਖ ਗਵਾਰੁ।"
— ਸਿਰੀ **੪**, ਵਾਰ ੧੦ਸ, **੩**, ੨ : ੨ (86)
('ਮਹਾਨਕੋਸ਼' ਅਰਥ 'ਆਤਮਾ' ਕਰਦਾ ਹੈ)

ਬ੍ਰਹਮੁ — 1. ਪ੍ਰਭੂ, ਵੇਖੋ 'ਬ੍ਰਹਮਿ'
2. ਸਵਾਸ
"ਤਲ ਕਾ **ਬ੍ਰਹਮੁ** ਲੇ ਗਗਨਿ ਚਰਾਵੈ।" (ਹੇਠਲੇ ਸੁਆਸਾਂ ਨੂੰ)
— ਆਸਾ **ਕਬ**, ੨, ੧* : ੨ (477)
3. ਬ੍ਰਹਮਾ, ਇਕ ਦੇਵਤਾ
"**ਬ੍ਰਹਮੁ** ਪਾਤੀ ਬਿਸਨੁ ਡਾਰੀ ਫੂਲ ਸੰਕਰਦੇਉ।"
— ਆਸਾ **ਕਬ**, ੧੪, ੨ : ੧ (479)
4. ਭਾਵ ਜੀਵ
"**ਬ੍ਰਹਮੈ** ਬ੍ਰਹਮੁ ਮਿਲਿਆ ਕੋਇ ਨ ਸਾਕੈ ਭਿੰਨ ਕਰਿ ਬਲਿਰਾਮ ਜੀਉ।"
— ਸੂਹੀ **੫**, ਛੰਤ ੨, ੪ : ੨ (778)

ਬ੍ਰਹਮੁ-ਬਿੰਦ — ਵੀਰਜ
"**ਬ੍ਰਹਮੁ-ਬਿੰਦ** ਤੇ ਸਭ ਓਪਤਿ ਹੋਈ।"
— ਭੈਰ **੩**, ੧, ੨ : ੨ (1128)

ਬ੍ਰਹਮੇ — ਦੇਵਤੇ ਬ੍ਰਹਮਾ ਨੂੰ/ਨੇ
"ਪੂਛਹੁ **ਬ੍ਰਹਮੇ** ਨਾਰਦੈ ਬੇਦ ਬਿਆਸੈ ਕੋਇ।"
— ਸਿਰੀ **੧**, ਅਸ ੧੦, ੧* : ੨ (59)
"ਬੇਦ ਪੜੇ ਪੜਿ **ਬ੍ਰਹਮੇ** ਜਨਮੁ ਗਵਾਇਆ।"
(ਬ੍ਰਹਮਾ ਨੇ)— ਆਸਾ **ਕਬ**, ੧੦, ੧ : ੨ (478)

ਬ੍ਰਹਮੇਟਿਆ — ਬ੍ਰਹਮੰਡ ਵਿਚ, ਸ੍ਰਿਸ਼ਟੀ ਵਿਚ
"ਨਦਰੀ ਆਇਆ ਇਕੁ ਸਗਲ **ਬ੍ਰਹਮੇਟਿਆ**।"
— ਗੂਜ **੫**, ਵਾਰ ੧੦ : ੪ (520)

ਬ੍ਰਹਮੇਵਾ — ਬ੍ਰਹਮਾ ਵਰਗੇ
"ਭਰਮੇ ਸਿਧ ਸਾਧਿਕ **ਬ੍ਰਹਮੇਵਾ**।"
— ਗਉ **੫**, ਬਾਅ ੪੦ : ੪ (258)

ਬ੍ਰਹਮੈ — ਬ੍ਰਹਮਾ ਨੇ
"**ਬ੍ਰਹਮੈ** ਗਰਬੁ ਕੀਆ ਨਹੀ ਜਾਨਿਆ।"
— ਗਉ **੧**, ਅਸ ੯, ੧ : ੧ (224)

ਬ੍ਰਹਮੋ — ਬ੍ਰਹਮ ਤੋਂ, ਪ੍ਰਭੂ ਤੋਂ
"**ਬ੍ਰਹਮੋ** ਪਸਾਰਾ ਬ੍ਰਹਮੁ ਪਸਰਿਆ ਸਭੁ ਬ੍ਰਹਮੁ ਦ੍ਰਿਸਟੀ ਆਇਆ।"
— ਸੂਹੀ **੫**, ਛੰਤ ੮, ੪ : ੪ (782)

ਬ੍ਰਤ — ਵਰਤ, ਅੰਨ ਨਾ ਖਾਣਾ, ਇਕ ਪੁਨਯ-ਕਰਮ, ਕਿਸੇ ਨਿਯਮ ਦੀ ਪਾਲਣਾ ਲਈ ਦ੍ਰਿੜ-ਸੰਕਲਪ ਹੋਣਾ
"ਕਰਮ ਧਰਮ ਨੇ **ਬ੍ਰਤ** ਪੂਜਾ।"
— ਗਉ **੫**, ੧੬੫, ੨ : ੧ (199)

ਬ੍ਰਤਕਾਰੀ — ਵਰਤ ਰਖਨ ਦੀ ਕਿਰਿਆ,
"ਅਨਦਿਨੁ ਨਾਮੁ ਦਾਨੁ **ਬ੍ਰਤਕਾਰੀ**।"
— ਪ੍ਰਭਾ **੧**, ੧੪, ੩ : ੩ (1331)

ਬ੍ਰਤਿ — (ਸੰ. ਵ੍ਰਤ) ਪ੍ਰਣ, ਭਾਵ ਜੀਵਨ ਜੁਗਤ ਦਾ ਪ੍ਰਣ, ਵਰਤ
"ਸੁਕ੍ਰਿਤੁ ਸਹਾਰੈ ਸੁ ਇਹ **ਬ੍ਰਤਿ** ਚੜੈ।"
— ਗਉ **ਕਬ**, ਵਾ, ੬ : ੧ (344)

ਹੋਰ ਰੂਪ — ਬ੍ਰਤੁ —
"ਖਿਮਾ ਗਹੀ **ਬ੍ਰਤੁ** ਸੀਲ ਸੰਤੋਖੰ।" (ਨੇਮ)
— ਗਉ **੧**, ਅਸ ੨, ੧ : ੧ (223)

ਬ੍ਰਾਹਮਣ — 1. ਵਰਣ ਵੰਡ ਅਨੁਸਾਰ ਸਭ ਤੋਂ ਉਚੇ ਵਰਣ ਦਾ ਮਨੁੱਖ
"ਤੁਮ ਕਤ **ਬ੍ਰਾਹਮਣ** ਹਮ ਕਤ ਸੂਦ।"
— ਗਉ **ਕਬ**, ੭, ੩ : ੧ (324)

ਬ੍ਰਾਹਮਣਹ — ਬ੍ਰਾਹਮਣ ਦਾ
"ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਤ **ਬ੍ਰਾਹਮਣਹ**।" — ਸਸ **੧**, ੩ : ੧ (1353)

ਬ੍ਰਾਹਮਣਾ — ਬ੍ਰਾਹਮਣ
"ਬ੍ਰਹਮੁ ਬਿੰਦਹਿ ਤੇ **ਬ੍ਰਾਹਮਣਾ** ਜੇ ਚਲਹਿ ਸਤਿਗੁਰ ਭਾਇ।"
— ਬਿਲਾ **੪**, ਵਾਰ ੩ਸ, **੩**, ੧ : ੧ (849)

ਬ੍ਰਾਹਮਣੁ — 1. ਵੇਦਾਂ ਦਾ ਗਿਆਤਾ
"ਸੋ **ਬ੍ਰਾਹਮਣੁ** ਬ੍ਰਹਮੁ ਜੋ ਬਿੰਦੇ ਹਰਿ ਸੇਤੀ ਰੰਗਿ ਰਾਤਾ।" — ਸਿਰੀ **੩**, ਅਸ ੨੨, ੮ : ੧ (68)
2. ਸਭ ਤੋਂ ਉਚੇ ਵਰਣ ਦਾ ਮਨੁੱਖ

"ਖਤ੍ਰੀ **ਬ੍ਰਾਹਮਣੁ** ਸੂਦੁ ਬੈਸੁ ਉਧਰੈ ਸਿਮਰਿ ਚੰਡਾਲ।"
— ਗਉ **ਪ**, ਥਿਤੀ ੧੨ : ੨ (300)

ਬ੍ਰਿਹਸਪਤਿ — ਵੀਰਵਾਰ
"**ਬ੍ਰਿਹਸਪਤਿ** ਬਿਖਿਆ ਦੇਇ ਬਹਾਇ।"
— ਗਉ **ਕਬ**, ਵਾ ੫ : ੨ (344)

ਬ੍ਰਿਖ — (ਸੰ. ਵ੍ਰਿਸ਼) ਬਲਦ,
"ਕਈ ਜਨਮ ਹੈਵਰ **ਬ੍ਰਿਖ** ਜੋਇਓ।"
— ਗਉ **ਪ**, ੨੨, ੧ : ੪ (176)

ਬ੍ਰਿਥਾ — 1. ਵਿਅਰਥ, ਫਜ਼ੂਲ, ਨਿਰਾਰਥਕ, ਨਿਹਫਲ
"ਜਨਮੁ **ਬ੍ਰਿਥਾ** ਜਾਤ ਰੰਗਿ ਮਾਇਆ ਕੈ।"
— **ਆਸਾ ਪ**, ਸੋਪੁ ੪, ੧* : ੨ (12)

2. (ਸੰ. ਵ੍ਯਥਾ) ਪੀੜਾ, ਦੁਖ
"ਤਾ ਤੇ **ਬ੍ਰਿਥਾ** ਨ ਬਿਆਪੈ ਕਾਈ।"
— ਗਉ **ਪ**, ੧੧੪*, ੧* : ੨ (202)

3. ਖਾਲੀ
"ਨਾਨਕੁ ਦਾਸੁ ਤਾ ਕੀ ਸਰਣਾਈ ਜਾ ਤੇ **ਬ੍ਰਿਥਾ** ਨ ਕੋਈ ਰੇ।"
— ਗਉ **ਪ**, ੧੩੨, ੪ : ੨ (209)

4. ਦੁਖ ਦਾ ਹਾਲ
"ਜੈ ਜੈ ਪਹਿ ਕਹਉ **ਬ੍ਰਿਥਾ** ਹਉ ਅਪੁਨੀ ਤੇਊ ਤੇਊ ਗਹੇ ਰਹੇ ਅਟਕਾਇ।"
— ਕਾਨ **ਪ**, ੨੩, ੧ : ੧ (1302)

ਬ੍ਰਿਥਾਨਦ — ਬੇਅਰਥ, ਬ੍ਰਿਥੀ
"ਬਿਨੁ ਸਿਮਰਨ ਕੋਟਿ ਬਰਖ ਜੀਵੈ ਸਗਲੀ ਅਉਧ **ਬ੍ਰਿਥਾਨਦ**।" — ਸਾਰ **ਪ**, ੨, ੩ : ੧ (1204)

ਬ੍ਰਿਥਾਰੀ — ਬੇਅਰਥ, ਫਜ਼ੂਲ, ਬ੍ਰਿਥੀ
"ਸਾਕਤ ਕੀ ਆਵਰਦਾ ਜਾਇ **ਬ੍ਰਿਥਾਰੀ**।"
— ਧਨਾ **ਪ**, ੪੨, ੧* : ੧ (681)

ਬ੍ਰਿਥੀ — ਬੇਅਰਥ
"ਮਾਨੁਖ ਕੀ ਟੇਕ **ਬ੍ਰਿਥੀ** ਸਭ ਜਾਨੁ।"
— ਗਉ **ਪ**, ਸੁਖ ੧੪, ੧ : ੧ (281)

ਹੋਰ ਰੂਪ — **ਬ੍ਰਿਥੇ** —
"ਜਲਤੋ ਜਲਤੋ ਕਬਹੂ ਨ ਬੂਝਤ ਸਗਲ **ਬ੍ਰਿਥੇ** ਬਿਨੁ ਨਾਮਾ।" (ਫਜ਼ੂਲ, ਨਿਹਫਲ)
— ਗਉ **ਪ**, ੧੧੨*, ੩ : ੧ (215)

ਬ੍ਯਾਸੁ — ਰਿਸ਼ੀ ਵਾਸੁਦੇਵ
"ਗੁਣ ਗਾਵੈ ਮੁਨਿ **ਬ੍ਯਾਸੁ** ਜਿਨਿ ਬੇਦ ਬ੍ਯਾਕਰਣ ਬੀਚਾਰਿਆ।" — ਸਵ **੧**, ੯ : ੩ (1390)

ਬ੍ਯਾਕਰਣ — ਵਿਆਕਰਣ, ਭਾਸ਼ਾ ਦੇ ਨਿਯਮ
"ਗੁਣ ਗਾਵੈ ਮੁਨਿ ਬ੍ਯਾਸੁ ਜਿਨਿ ਬੇਦ **ਬ੍ਯਾਕਰਣ** ਬੀਚਾਰਿਅ।" — ਸਵ **੧**, ੯ : ੩ (1390)

ਬ੍ਯਾਧਿ — ਰੋਗਿ
"**ਬ੍ਯਾਧਿ** ਉਪਾੜਣ ਸੰਤੰ।"
— ਗਾਥਾ **ਪ**, ੧੬ : ੨ (1361)

ਬ੍ਯਾਪਤਿ — ਵਿਆਪਕ
"**ਬ੍ਯਾਪਤਿ** ਦੇਖੀਐ ਜਗਤਿ ਜਾਨੈ ਕਉਨੁ ਤੇਰੀ ਗਤਿ ਸਰਬ ਕੀ ਰਖ੍ਯਾ ਕਰੈ ਆਪੇ ਹਰਿ ਪਤਿ।"
— ਸਮੁ **ਪ**, ੧ : ੩ (1385)

ਬ੍ਯਾਪਾਰੁ — ਵਿਪਾਰ, ਵਣਜ
"ਹਉ ਬਨਜਾਰੋ ਰਾਮ ਕੋ ਸਹਜ ਕਰਉ **ਬ੍ਯਾਪਾਰੁ**।"
— ਗਉ **ਰਵਿ**, ੧, ੨ : ੧ (346)

ਬ੍ਯਾਪਿਤੰ — ਵਿਆਪਣਾ
"ਬਚਿਤ੍ਰ ਮੰਦਰਿ ਸੋਭੰਤਿ ਬਸਤ੍ਰਾ ਇਤ੍ਰੰਤ ਮਾਇਆ **ਬ੍ਯਾਪਿਤੰ**।" — ਸਸ **ਪ**, ੧੧ : ੩ (1355)

ਭ

ਭਉ — 1. ਡਰ, ਭੈ, ਤੌਖਲਾ
"**ਭਉ** ਖਲਾ ਅਗਨਿ ਤਪ ਤਾਉ।"
— ਜਪੁ **੧**, ੩੮ : ੩ (8)
"ਹਰਿ ਤਿਸੁ ਬਿਨੁ ਕੋਈ ਨਾਹਿ ਡਰੁ ਭ੍ਰਮੁ **ਭਉ** ਦੂਰਿ ਕਰਿ।" — ਸਿਰੀ **੪**, ੧ : ੩ (83)
(ਮਹਾਨਕੋਸ਼ ਇਥੇ ਅਰਥ 'ਭਵੇਂ' ਭਾਵ 'ਆਵਾਗਵਨ' ਕਰਦਾ ਹੈ)
"**ਭਉ** ਖੰਡਨੁ ਦੁਖ ਭੰਜਨੋ ਭਗਤਿ ਵਛਲ ਹਰਿ ਨਾਇਓ।" — ਗਉ **੫**, ਅਸ ੧੪, ੫ : ੧ (241)
('ਮਹਾਨਕੋਸ਼' ਇਥੇ ਵਿਚ ਅਰਜ ਭਵ (ਜਨਮ) ਕਰਦੇ ਹਨ ਭਾਵ 'ਆਵਾਗਵਨੋ ਕਰਦਾ ਹੈ)
2. ਭਵਜਲ, ਸੰਸਾਰ ਸਾਗਰ
"ਹਰਿ ਜਿਸ ਨੋ ਹੋਇ ਦਇਆਲੁ ਸੋ ਹਰਿ ਜਪਿ **ਭਉ** ਬਿਖਮੁ ਤਰਿ।"
— ਸਿਰੀ **੪**, ੧ : ੫ (83)
"ਪਰਉਪਕਾਰੁ ਪੁੰਨੁ ਬਹੁ ਕੀਆ **ਭਉ** ਦੁਤਰੁ ਤਾਰਿ ਪਰਾਵੈ।" (ਸਾਗਰ)
— ਗਉ **੪**, ੫੯, ੨ : ੨ (171)
"ਆਠ ਪਹਰ ਪ੍ਰਭੁ ਅਪਨਾ ਧਿਆਈਐ ਗੁਰ ਪ੍ਰਸਾਦਿ **ਭਉ** ਤਰੀਐ।" (ਸੰਸਾਰ, ਭਵਸਾਗਰ)
— ਸੂਹੀ **੫**, ੫੮, ੨ : ੧ (750)
3. ਭਵ-ਸਿੰਧ, ਭਵ-ਸਾਗਰ, ਹਸਤੀ ਦਾ ਸਮੁੰਦਰ
"ਕਰਿ ਕਿਰਪਾ ਮੇਲਹੁ ਗੁਰੁ ਪੂਰਾ ਸਤਸੰਗਤਿ ਸੰਗਿ ਸਿੰਧੁ **ਭਉ** ਤਰੀ।"
— ਭੈਰ **੪**, ੨, ੧* : ੨ (1134)
4. ਫਿਰਨਾ ਭਟਕਨਾ, ਭੌਂਨਾ
"ਭਉਕਿ ਮਰਹਿ **ਭਉ** **ਭਉ** ਭਉਹਾਰਾ।"
— ਮਾਰੂ **੧**, ਸੋਲਾ ੯, ੧੫ : ੨ (1029)

ਹੋਰ ਰੂਪ — ਭੰਉ —
"ਹੋਛਉ ਕਾਜੁ ਅਲਪ ਸੁਖ ਬੰਧਨ ਕੋਟਿ ਜਨੰਮ ਕਹਾ ਦੁਖ **ਭੰਉ**।" (ਭੌਨਾ ਹੋਇਆ)
— ਸਮੁ **੫**, ੨* : ੫ (1387)

ਭਉਸਾਗਰ — ਭਵ ਸਾਗਰ, ਸੰਸਾਰ ਦਾ ਸਮੁੰਦਰ
"ਤੇਰੀ ਟੇਕ ਤਰੀਐ **ਭਉਸਾਗਰ**।"
— ਭਉ **੫**, ੩੯, ੨ : ੩ (1147)

ਭਉਹਾਰਾ — ਭੈ ਵਾਲਾ, ਭੈ-ਭੀਤ ਹੋਇਆ
"ਭਉਕਿ ਮਰਹਿ ਭਉ ਭਉ **ਭਉਹਾਰਾ**।"
— ਮਾਰੂ **੧**, ਸੋਲਾ ੯, ੧੫ : ੨ (1029)

ਭਉਕਹਿ — ਭਉਂਕਦਾ ਹੈ
"**ਭਉਕਹਿ** ਆਗੈ ਬਦਨੁ ਪਸਾਰਿ।"
— ਰਾਮ **ਕਬ**, ੪, ੧* : ੨ (969)

ਭਉਕਣਾ — 1. ਅਬਾ ਤਬਾ ਬੋਲਣਾ, ਫਜ਼ੂਲ ਬੋਲਣਾ
"ਕੂੜੁ ਬੋਲਿ ਬੋਲਿ **ਭਉਕਣਾ** ਚੂਕਾ ਧਰਮੁ ਬੀਚਾਰੁ।"
— ਸਾਰ **੪**, ਵਾਰ ੧੪ਸ, **੧**, ੧ : ੨ (1242)
2. ਭੌਂਕਾ, ਫਜ਼ੂਲ ਬੋਲਣ ਵਾਲਾ
"ਫਰੀਦਾ ਇਹੁ ਤਨੁ **ਭਉਕਣਾ** ਨਿਤ ਨਿਤ ਦੁਖੀਐ ਕਉਣੁ।"
— ਸਲੋ **ਫਰ**, ੮੮ : ੧ (1382)
(ਮਹਾਨਕੋਸ਼ ਅਰਥ 'ਲਾਲਚੀ' ਕਰਦਾ ਹੈ)

ਭਉਕਤ — ਭੌਂਕਦਾ, ਅਬਾ ਤਬਾ ਬੋਲਣਾ
"ਅੰਤਰਿ ਤ੍ਰਿਸਾ ਭੂਖ ਅਤਿ ਬਹੁਤੀ **ਭਉਕਤ** ਫਿਰੈ ਦਰਬਾਰੁ।" — ਭੈਰ **੩**, ੧੮, ੨ : ੨ (1132)

ਭਉਕਦੇ — 1. ਕੂਕਦੇ, ਲੋਚਦੇ, ਤਰਸਦੇ
"ਇਕਿ ਨਿਰਧਨ ਸਦਾ **ਭਉਕਦੇ** ਇਕਨਾ ਭਰੇ ਤੁਜਾਰਾ।" — ਮਾਝ **੧**, ਵਾਰ ੭ : ੬ (141)
2. ਅਬਾ ਤਬਾ ਬੋਲਦੇ
"ਕੂੜੁ ਬੋਲਿ ਬੋਲਿ ਨਿਤ **ਭਉਕਦੇ** ਬਿਖੁ ਖਾਧੇ ਦੂਜੈ ਭਾਇ।" — ਸਲੋ **੩**, ੨੩ : ੪ (1415)

ਭਉਕਨਾ — ਬਊ ਬਊ ਕਰਨਾ
"ਕਬੀਰ ਕੂਕਰੁ **ਭਉਕਨਾ** ਕਰੰਗ ਪਿਛੈ ਉਠਿ ਧਾਇ।" — ਸਲੋ **ਫਰ**, ੨੦੯ : ੧ (1375)

ਭਉਕਾ — ਭਉਂਕਦਾ ਹਾਂ
"ਏਤੇ ਕੂਕਰ ਹਉ ਬੇਗਾਨਾ **ਭਉਕਾ** ਇਸੁ ਤਨ

ਤਾਈ।" — ਬਿਲਾ **੧**, ੧, ੪ : ੧ (795)

ਭਉਕਿ — ਫਜ਼ੂਲ ਬੋਲ ਕੇ, ਅਬਾ ਤਬਾ ਬੋਲ ਕੇ ਭਾਵ ਲੋਚਕੇ ਪ੍ਰਾਪਤੀ ਲਈ ਵਿਲਕ ਕੇ
"ਵਿਣੁ ਗੁਰ ਕਿਨੈ ਨ ਲਧਿਆ ਅੰਧੇ **ਭਉਕਿ** ਮੁਏ ਕੂੜਿਆਰਾ।" — ਮਾਝ **੧**, ਵਾਰ ੭ : ੩ (141)

ਭਉਕੀਆ — ਉਭਰ ਪਈਆਂ, ਭੜਕ ਪਈਆਂ
"ਤੀਜੈ ਮੁਹੀ ਗਿਰਾਹ ਭੁਖ ਤਿਖਾ ਦੁਇ **ਭਉਕੀਆ**।"
— ਮਾਝ **੧**, ਵਾਰ ੧੭ਸ, **੧**, ੧ : ੫ (146)

ਭਉਕੈ — ਭਉਂਕਦਾ ਹੈ
"ਅੰਤਰਿ ਲੋਭੁ **ਭਉਕੈ** ਜਿਸੁ ਕੁਤਾ।"
— ਮਾਰੂ **੩**, ਸੋਲਾ ੩, ੮ : ੨ (1046)

ਹੋਰ ਰੂਪ — ਭੰਉਕੈ —
"**ਭੰਉਕੈ** ਕੋਪੁ ਖੁਆਰੁ ਹੋਇ ਫਕੜੁ ਪਿਟੇ ਅੰਧੁ।"
— ਮਲਾ **੧**, ਵਾਰ ੨੩ਸ, **੧**, ੧ : ੩ (1288)

ਭਉਜਲ — ਭਵਜਲ, ਸੰਸਾਰ ਸਮੁੰਦਰ
"ਬਿਖੁ **ਭਉਜਲ** ਡੁਬਦੇ ਕਢਿ ਲੈ ਜਨ ਨਾਨਕ ਕੀ ਅਰਦਾਸਿ।" — ਸਿਰੀ **੪**, ੬੫, ੪ : ੩ (40)

ਹੋਰ ਰੂਪ — ਭਉਜਲਿ —
"ਜਿਸੁ ਸਤਿਗੁਰੁ ਪੁਰਖੁ ਨ ਭੇਟਿਓ ਸੁ **ਭਉਜਲਿ** ਪਚੈ ਪਚਾਇ।" (ਸੰਸਾਰ ਸਾਗਰ ਵਿਚ)
— ਸਿਰੀ **੧**, ੨੨, ੩ : ੨ (22)

ਭਉਜਲੁ —
"ਜਮਜੰਦਾਰੁ ਨ ਲਗਦੀ ਇਉ **ਭਉਜਲੁ** ਤਰੈ ਤਰਾਸਿ।" (ਸੰਸਾਰ ਸਮੁੰਦਰ)
— ਸਿਰੀ **੨**, ੨੧, ੨ : ੩ (22)

ਭਉਣ — 1. ਭਵਨ ਭਾਵ ਸ੍ਰਿਸ਼ਟੀ
"ਤੁਧੁ ਸਿਰਜਿਆ ਸਭੁ ਸੰਸਾਰੁ ਤੂ ਨਾਇਕੁ ਸਗਲ **ਭਉਣ**।" — ਮਾਰੂ **੫**, ਵਾਰ ੨ : ੨ (1094)
2. ਭਵਨ ਭਾਵ ਘਰ
"ਸੂਖ ਸਹਜ ਆਨੰਦ ਗ੍ਰਿਹ **ਭਉਣ**।"
— ਭੈਰ **੫**, ੭, ੧* : ੨ (1137)

ਭਉਦਾ — ਭੌਂਦਾ, ਘੁੰਮਦਾ, ਭ੍ਰਮਣ ਕਰਦਾ
"ਬਹੁ ਜੋਨੀ **ਭਉਦਾ** ਫਿਰੈ ਜਿਉ ਸੁੰਞੈਂ ਘਰਿ ਕਾਉ।"
— ਸਿਰੀ **੩**, ੪੩, ੨ : ੨ (30)

ਹੋਰ ਰੂਪ — ਭਉਦਿਆ —
"ਨਾਨਕ **ਭਉਦਿਆ** ਗਣਤ ਨ ਅੰਤ।" (ਭ੍ਰਮਣ ਕਰਦਿਆਂ, ਘੁੰਮਦਿਆਂ)
— ਆਸਾ **੧**, ਵਾਰ ੫ਸ, **੧**, ੨ : ੨੦ (465)

ਭਉਦੀ —
"ਗਿਲੀ ਗਿਲੀ ਰੋਡੜੀ **ਭਉਦੀ** ਭਵਿ ਭਵਿ ਆਇ।" (ਘੁੰਮਦੀ ਇਥੇ ਭਾਵ ਉਡਦੀ)
— ਮਾਰੂ **੫**, ਵਾਰ ੯ਸ, **੫**, ੨ : ੧ (1097)

ਭਉਦੀਆ —
"ਪੰਖੀ **ਭਉਦੀਆ** ਲੈਨਿ ਨ ਸਾਹ।" (ਭ੍ਰਮਣ ਕਰਦਿਆਂ)
— ਆਸਾ **੧**, ਵਾਰ ੫ਸ, **੧**, ੨ : ੧੮ (465)

ਭਉਦੇ —
"**ਭਉਦੇ** ਫਿਰਹਿ ਬਹੁ ਮੋਹ ਪਿਆਸਾ।"
— ਮਾਰੂ **੩**, ਸੋਲਾ ੨੪, ੧੧ : ੨ (1068)

ਭਉਨ — ਲੋਕ, ਭਵਨ
"ਸਬਦਿ ਪਛਾਨੈ ਤੀਨੇ **ਭਉਨ**।"
— ਗਉ **੧**, ਅਸ ੨, ੫ : ੩ (221)

ਭਉਨਿਧਿ — ਭਵ ਸਾਗਰ, ਸੰਸਾਰ ਸਮੁੰਦਰ
"ਜਿਹ ਬਿਧਿ ਮਨ ਕੋ ਸੰਸਾ ਚੂਕੈ **ਭਉਨਿਧਿ** ਪਾਰਿ ਪਰਉ।" — ਧਨਾ **੯**, ੪, ੧* : ੨ (685)

ਭਉਨੇ — ਭਵਨ, ਲੋਕ
"ਤੀਨਿ **ਭਉਨੇ** ਲਪਟਾਇ ਰਹੀ ਕਾਚ ਕਰਮਿ ਨ ਜਾਤ ਸਹੀ ਉਨਮਤ ਅੰਧ ਧੰਧ ਰਚਿਤ ਜੈਸੇ ਮਹਾ ਸਾਗਰ ਹੋਹੇ।"
— ਸਾਰ **੫**, ੧੩੯, ੧ : ੧ (1231)

ਭਉ ਭੰਜਨਾ — ਡਰ ਭੰਨਣ ਵਾਲਾ, ਭੈ ਦੂਰ ਕਰਨ ਵਾਲਾ
"ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ **ਭਉ ਭੰਜਨਾ**।" — ਆਸਾ **੫**, ਛੰਤ ੬, ੨ : ੫ (456)

ਹੋਰ ਰੂਪ — ਭਉ ਭੰਜਨੁ —
"ਨਾਨਕ ਨਾਮੁ ਮਿਲੈ **ਭਉ ਭੰਜਨੁ** ਗੁਰ ਸਬਦੀ ਸੁਖੁ ਪਾਵਣਿਆ।" (ਡਰ ਦੂਰ ਕਰਨ ਵਾਲਾ ਭਾਵ ਪ੍ਰਭੂ)
— ਮਾਝ **੫**, ਅਸ ੩੪, ੮ : ੩ (130)

ਭਉਰਾਨਦ — ਰਾਗ ਮਾਲਕ ਉਸ ਦੇ ਅੱਠ ਪੁਤਰਾਂ ਵਿਚੋਂ ਇਕ, ਬਾਕੀ ਸਤ ਹਨ— ਮਾਰੂ, ਮਸਤ ਅੰਗ, ਮੇਵਾਰਾ, ਪ੍ਰਬਲ, ਚੰਡ, ਕਉਸਕ, ਉਭਾਰਾ ਤੇ ਖਉਖਟ।"

"ਖਉ ਖਟ ਅਉ **ਭਉਰਾਨਦ** ਗਾਏ।"
— ਰਾਗ ੧ : ੨੧ (1430)

ਭਉਰੁ — ਭੌਰਾ
"**ਭਉਰੁ** ਉਸਤਾਦੁ ਨਿਤ ਭਾਖਿਆ ਬੋਲੇ ਕਿਉ ਬੂਝੈ ਜਾਨਹ ਬੁਝਾਈ।"
— ਸਿਰੀ **੧**, ੨੨, ੨ : ੨ (24)
"ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ **ਭਉਰੁ** ਸਿਧਾਇਆ।"
— ਆਸਾ **੧**, ਵਾਰ ੩ : ੧ (464)

ਭਇ — ਭੈ, ਡਰ
"ਸਤਿਗੁਰ ਕੈ **ਭਇ** ਭ੍ਰਮ ਭਉ ਜਾਇ।"
— ਗਉ **੩**, ੨੧, ੧* : ੧ (157)

ਭਇਓ — ਹੋਇਆ, ਭਇਆ
"ਸਾਧਸੰਗਿ **ਭਇਓ** ਜਨਮੁ ਪਰਾਪਤਿ।"
— ਗਉ **੫**, ੨੨, ੩ : ੧ (176)

ਹੋਰ ਰੂਪ — ਭਇਆ —
"ਸਤਿਗੁਰੂ ਚਰਨ ਜਿਨ੍ ਪਰਸਿਆ ਸੇ ਪਸੁ ਪਰੇਤ ਸੁਰਿ ਨਰ **ਭਇਆ**।" (ਹੋਏ)
— ਸਵ **੪**, ਨਲ ੬ : ੬ (1399)

ਭਇਅੰ —
"ਨ ਦਨੋਤਿ ਜਸਮਰਣੇਨ ਜਨਮ ਜਰਾਧਿ ਮਰਣ **ਭਇਅੰ**।" (ਹੁੰਦਾ)
— ਗੂਜ **ਜੈਦੇ**, ੧, ੧* : ੩ (526)

ਭਇਅਉ —
"ਕਚਹੁ ਕੰਚਨੁ **ਭਇਅਉ** ਸਬਦੁ ਗੁਰ ਸ੍ਵਣਹਿ ਸੁਣਿਓ।" (ਹੋਇਆ)
— ਸਵ **੪**, ਨਲ ੬ : ੧ (1399)

ਭਇਅੰਤ —
"ਗੁਣ ਰਮੰਤ ਦੂਖ ਨਾਸਹਿ ਰਿਦ **ਭਇਅੰਤ** ਸਾਂਤਿ।" (ਹੁੰਦੀ ਹੈ)
— ਕਾਨ **੫**, ੧੫, ੩ : ੧ (1301)

ਭਇਆ —
"ਨਾ ਹਉ ਜਤੀ ਸਤੀ ਨਹੀ ਪੜਿਆ ਮੂਰਖ ਮੁਗਧਾ ਜਨਮੁ **ਭਇਆ**।" (ਹੋਇਆ, ਹੋ ਗਿਆ) — ਆਸਾ **੧**, ਸੋਪੁ ੩, ੨ : ੧ (12)

ਭਇਆ — 1. ਹੋਇਆ, ਹੋ ਗਿਆ, ਵੇਖੋ 'ਭਇਓ'
2. ਭਿਆਨਕ
"ਪੂਰਬ ਕਮਾਣੇ ਛੋਡਹਿ ਨਾਹੀ ਜਮਦੂਤਿ ਗ੍ਰਾਸਿਓ ਮਹਾ **ਭਇਆ**।"
— ਰਾਮ **੫**, ੫੫, ੨ : ੨ (900)

ਭਇਆਨ — 1. ਭਿਆਨਕ, ਭਿਅੰਕਰ, ਡਰਾਉਣਾ
"ਜਹ ਮਹਾ **ਭਇਆਨ** ਦੂਤ ਜਮ ਦਲੈ।"
— ਗਉ **੫**, ਸੁਖ ੨, ੧ : ੩ (264)
2. ਭੈ ਦੇਣ ਵਾਲੇ, ਭੈ ਭੀਤ ਕਰਨ ਵਾਲੇ
"ਸਗਲ **ਭਇਆਨ** ਕਾ ਭਉ ਨਸੈ।"
— ਭੈਰ **੫**, ੩੬, ੩ : ੩ (1146)

ਭਇਆਨਕ — 1. ਭੈ ਮਾਨ
"ਜੋਇ ਦੂਤ ਮੋਹਿ ਬਹੁਤੁ ਸੰਤਾਵਤ ਤੇ **ਭਇਆਨਕ** ਭਇਆ।" — ਸੋਰ **੫**, ੧੪, ੨ : ੧ (612)
2. ਡਰਾਉਣਾ, ਭੈ ਦੇਣ ਵਾਲਾ
"ਭੈ **ਭਇਆਨਕ** ਜਮਦੂਤ ਦੁਤਰ ਹੈ ਮਾਇਆ।"
— ਮਾਰੂ **੫**, ਸੋਲਾ ੧੧, ੧੨ : ੨ (1083)

ਭਇਆਨਿ — ਭੈ, ਡਰ
"ਲਹਿਓ ਜਮ **ਭਇਆਨਿ** ਹਾਂ।"
— ਆਸਾ **੫**, ੧੫੮, ੧ : ੩ (409)

ਭਇਕਾਰੁ — ਭਉ ਵਿਚ ਟਿਕੇ ਰਹਿਣ ਵਾਲਾ ਕੰਮ, ਡਰ-ਅਦਬ ਵਿਚ ਰਹਿ ਕੇ ਵਿਚਰਨਾ
"ਭਾਇ ਮਿਲੈ ਭਾਵੈ **ਭਇਕਾਰੁ**।"
— ਆਸਾ **੧**, ਅਸ ੫, ੮ : ੩ (413)

ਭਈ — ਹੋਈ, ਵੇਖੋ 'ਭਈਆ' (2)
"**ਭਈ** ਪਰਾਪਤਿ ਮਾਨੁਖ ਦੇਹੁਰੀਆ।"
— ਆਸਾ **੫**, ਸੋਪੁ ੪, ੧ : ੧ (12)

ਭਈਆ — 1. ਸੰਬੋਧਕ, ਹੇ ਭਾਈ ! ਹੇਭਰਾ !
"ਕਾਹੇ **ਭਈਆ** ਫਿਰਤੌ ਫੂਲਿਆ ਫੂਲਿਆ।"
— ਸੋਰ **ਕਬ**, ੨, ੧* : ੧ (654)
2. ਹੋਈ, ਵੇਖੋ 'ਭਈ'
"ਗੁਰ ਚਰਣੀ ਇਕ ਸਰਧਾ ਉਪਜੀ ਮੈ ਹਰਿ ਗੁਣ ਕਹਤੇ ਤ੍ਰਿਪਤਿ ਨ **ਭਈਆ**।"
— ਬਿਲਾ **੪**, ਅਸ ੨, ੪ : ੨ (834)
"ਦਾਸਨਿ ਦਾਸ ਦਾਸ ਹੋਇ ਰਹੀਐ ਜੋ ਜਨ ਰਾਮ ਭਗਤ ਨਿਜ **ਭਈਆ**।"
— ਬਿਲਾ **੪**, ਅਸ ੩, ੩ : ੧ (834)
('ਮਹਾਨ ਕੋਸ਼' ਅਰਥ 'ਭ੍ਰਾਤਾ' ਕਰਦਾ ਹੈ)
3. ਭਾਇਆ, ਪਸੰਦ ਆਇਆ

"ਹਰਿ ਹਰਿ ਸਰਧਾ ਸੇਜ ਵਿਛਾਈ ਪ੍ਰਭੁ ਛੋਡਿ ਨ ਸਕੈ ਬਹੁਤੁ ਮਨਿ **ਭਈਆ**।"
— ਬਿਲਾ **੪**, ੫, ੬ : ੨ (836)

4. ਭਰਾ
"ਸੰਗਿ ਨ ਕੋਈ **ਭਈਆ** ਬੇਬਾ।"
— ਮਾਝ **੫**, ਅਸ ੮, ੩ : ੧ (1020)

ਭਈਲੇ — ਹੋਇਆ ਹੈ
"ਤਿਤੁ ਸਰਵਰੜੈ **ਭਈਲੇ** ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ।"
— ਆਸਾ **੧**, ਸੋਪੁ ੩, ੧ : ੧ (12)

ਭਏ — ਹੋਏ
"ਅਉਗਣ ਫਿਰਿ ਲਾਗੂ **ਭਏ** ਕੂੜਿ ਵਜਾਵੈ ਤੂਰੁ।"
— ਸਿਰੀ **੧**, ੧੫, ੧ : ੨ (19)

ਹੋਰ ਰੂਪ — ਭਏਂ —
"ਮਨ ਮਾਹਿ **ਭਏਂ** ਅਨੰਦ।" (ਹੋਵੇਂ)
— ਰਾਮ **੫**, ੩੯, ੨ : ੪ (894)

ਭਸ — ਸੁਆਹ, ਖਾਕ, ਭੁਸਮ
"ਦੇ ਦੇ ਨੀਵ ਦਿਵਾਲ ਉਸਾਰੀ **ਭਸ** ਮੰਦਰ ਕੀ ਢੇਰੀ।" — ਗਉ **੧**, ੧੩, ੫ : ੧ (155)

ਭਸਨਾ — (ਸ਼. ਭਸਮਨ) ਭਸਮ, ਸੁਆਹ
"ਰਾਖਨਹਾਰੈ ਰਾਖਿਆ ਭਏ ਭ੍ਰਮ **ਭਸਨਾ**।"
— ਬਿਲਾ **੫**, ੪੩, ੪ : ੧ (811)

ਭਸਮ — ਸੁਆਹ, ਰਾਖ, ਧੂੜ
"ਅਗੀ ਸੇਤੀ ਜਾਲੀਆ **ਭਸਮ** ਸੇਤੀ ਰਲਿ ਜਾਉ।"
— ਸਿਰੀ **੧**, ੨, ੨ : ੨ (14)
"ਵੇਸ ਕਰੈ ਬਹੁ **ਭਸਮ** ਲਗਾਵੈ।" (ਧੂੜ, ਰਜ)
— ਗਉ **੧**, ਅਸ ੧੨, ੧ : ੨ (236)
"**ਭਸਮ** ਕਰੈ ਲਸਕਰ ਕੋਟਿ ਲਾਖੈ।" (ਭਾਵ ਮੁਕਾ ਦੇਵੇ, ਮੇਟ ਦੇਵੇ)
— ਗਉ **੫**, ਸੁਖ ੧੨, ੫ : ੨ (285)

ਹੋਰ ਰੂਪ — ਭਸਮੰ —
"ਮਿਟੰਤ ਸਗਲ ਸਿਮਰੰਤ ਹਰਿ ਨਾਮ ਨਾਨਕ ਜੈਸੇ ਪਾਵਕ ਕਾਸਟ **ਭਸਮੰ** ਕਰੋਤਿ।"
— ਸਹ **੫**, ੧੮ : ੩ (1355)

ਭਸਮਤੀ — ਚੂਲਾ, ਧੂਣੀ, ਭੱਠੀ
"ਅੰਡ ਟੂਕ ਜਾ ਚੈ **ਭਸਮਤੀ**।"
— ਮਲਾ **ਨਾਮ**, ੧, ੩ : ੫ (1292)

ਭਸਮੰਤੁ — (ਸੜ ਕੇ ਹੋਈ) ਭਸਮ (ਸੁਆਹ/ਰਾਖ)
"ਖਿਨ ਮਹਿ ਹੋਇ ਜਾਇ **ਭਸਮੰਤੁ**।"
— ਗਉ **੫**, ਸੁਖ ੧੨, ੨ : ੬ (278)

ਭਸਮੜਿ — ਖੇਹਦੀ ਢੇਰੀ
"ਆਪੀਨੈ ਭੋਗ ਭੋਗਿ ਕੈ ਹੋਇ **ਭਸਮੜਿ** ਭਉਰੁ ਸਿਧਾਇਆ।"
— ਆਸਾ **੧**, ਵਾਰ ੩ : ੧ (464)

ਭਸਮਾ — ਭਸਮ ਹੋਣਾ, ਖੇਹ/ਮਿਟੀ ਹੋਣਾ
"ਨਾਨਕ ਬਿਨੁ ਹਰਿ ਅਵਰੁ ਜਿ ਚਾਹਨਾ ਬਿਸਟਾ ਕ੍ਰਿਮ **ਭਸਮਾ** ਰਾਮ।"
— ਬਿਲਾ **੫**, ਛੰਤ ੪, ੩ : ੪ (848)

ਭਸੁਮਾਧਾਰੀ — ਭਸਮ ਦਾ ਧਾਰਨੀ ਭਾਵ ਸੁਆਹ ਦੀ ਢੇਰੀ
"ਖੰਡ ਬ੍ਰਹਮੰਡ ਮਹਿ ਸਿੰਙੀ ਮੇਰਾ ਬਟੂਆ ਸਭੁ ਜਗੁ **ਭਸਮਾਧਾਰੀ**।"
— ਗਉ **ਕਬ**, ੫੩, ੨ : ੧ (334)

ਭਸਮਾਭੂਤ — ਸੁਆਹ ਹੋਇਆ ਹੋਇਆ
"**ਭਸਮਾਭੂਤ** ਹੋਆ ਖਿਨ ਭੀਤਰਿ ਅਪਨਾ ਕੀਆ ਪਾਇਆ।" — ਟੋਡੀ **੫**, ੧੧, ੨ : ੧ (714)

ਭਸਮੇਹੀ — ਸਾੜਕੇ ਸੁਆਹ ਕਰਨਾ
"ਤੀਨਿ ਸੰਙਿਆ ਕਰਿ ਦੇਹੀ ਕੀਨੀ ਜਲ ਕੂਕਰ **ਭਸਮੇਹੀ**।" — ਸੋਰ **੫**, ੪, ੨ : ੧ (609)

ਭਸਮੈ — ਭਸਮ/ਖਾਕ/ਸੁਆਹ ਦੀ
"ਓਹਿ ਬਿਨਸੈ ਓਇ **ਭਸਮੈ** ਢੇਰੀ।"
— ਗਉ **੫**, ੮੦, ੧ : ੪ (179)
"ਉਡਰਿ ਹੰਸੁ ਚਲਿਆ ਫੁਰਮਾਇਆ **ਭਸਮੈ** ਭਸਮ ਸਮਾਣੀ।" (ਭਸਮ ਵਿਚ)
— ਤੁਖਾਂ **੧**, ਛੰਤ ੪, ੧ : ੫ (1111)

ਭਸੁ — ਸੁਆਹ
"ਦਾਨਹੁ ਤੈ ਇਸਨਾਨਹੁ ਵੰਜੇ **ਭਸੁ** ਪਈ ਸਿਰਿ ਖੁਥੈ।"
— ਮਾਝ **੧**, ਵਾਰ ੨੬ਸ, **੧**, ੧ : ੧੩ (150)

ਹੋਰ ਰੂਪ — ਭਸੂ —
"ਨਾਨਕ ਦੁਨੀਆ **ਭਸੁ** ਰੰਗੁ ਭਸੂ ਹੂ ਭਸੁ ਖੇਹ।" (ਸੁਆਹ)
— ਸਾਰ **੪**, ਵਾਰ ੮ਸ, **੧**, ੨ : ੧ (1240)

ਭਸੋ —

"ਭਸੋ **ਭਸੁ** ਕਮਾਵਣੀ ਭੀਭਸੁ ਭਰੀਐ ਦੇਹ।"
— ਸਾਰੂ **੪**, ਵਾਸ ੮ਸ, **੧**, ੨ : ੨ (1240)

ਭਖ — ਖਾਣਾ ਭਾਵ ਸਹਾਰਨਾ
"ਅਸੰਖ ਸੂਰ ਮੁਹ **ਭਖ** ਸਾਰ।"
— ਜਪੁ **੧**, ੧੭ : ੭ (4)

ਭਖਸਿ — ਖਾਂਦਾ ਹੈ,
"**ਭਖਸਿ** ਸਿਬਾਲੁ ਬਸਸਿ ਨਿਰਮਲ ਜਲੁ ਅੰਮ੍ਰਿਤ ਨ ਲਖਸਿ ਰੇ।" — ਮਾਰੂ **੧**, ੪, ੧* : ੨ (990)

ਭਖਸੀ — ਭਖੇਗੀ, ਬਲੇਗੀ, ਮਚੇਗੀ
"ਅਗਨਿ ਭਖੈ ਭੜਹਾੜੁ ਅਨਦਿਨੁ **ਭਖਸੀ**।"
— ਮਲਾ **੧**, ਵਾਰ ੨੬ : ੬ (1290)

ਭਖਹਿ — ਖਾਂਦਾ ਹੈ
"ਅਭਖੁ **ਭਖਹਿ** ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ।"
— ਮਲਾ **੧**, ਵਾਰ ੨੫ਸ, **੧**, ੨ : ੧੪ (1290)

ਭਖਲਾਇਆ — 1. ਬਕਬਾਦ ਬੋਲਣਾ, ਬਰੜਾਉਣਾ
"ਕਾਹੇ ਕਉ ਮੂਰਖ **ਭਖਲਾਇਆ**।"
— ਗਉ **੫**, ੧੧੨, ੧* : ੧ (188)

ਹੋਰ ਰੂਪ — ਭਖਲਾਏ —
"ਰਤਨ ਉਪਾਇ ਧਰੇ ਖੀਰੁ ਮਥਿਆ ਹੋਰ **ਭਖਲਾਏ** ਜਿ ਅਸੀ ਕੀਆ।" (ਫਜ਼ੂਲ ਬੋਲੇ)
— ਆਸਾ **੧**, ੭, ੪ : ੧ (350)

2. ਸੁਪਨੇ ਵਿਚ ਅਬਾ ਤਬਾ ਬੋਲਣਾ
"ਬਿਸਰੇ ਰਾਜ ਰਸ ਭੋਗ ਜਾਗਤ **ਭਖਲਾਇਆ**।"
— ਜੈਤ **੫**, ਵਾਰ ੮ : ੨ (707)

ਹੋਰ ਰੂਪ — ਭਖਲਾਈ —
"ਬਾਜੀ ਖੇਲਿ ਗਏ ਬਾਜੀਗਰ ਜਿਉ ਨਿਸਿ ਸੁਪਨੈ **ਭਖਲਾਈ** ਹੇ।" (ਬੁਰੜਾਉਂਦਾ ਹੈ)
— ਮਾਰੂ **੧**, ਸੋਲਾ ੩, ੯ : ੩ (1023)

ਭਖਲਾਏ —
"ਸੁਪਨੁ ਭਇਆ **ਭਖਲਾਏ** ਅੰਧ।"
— ਰਾਮ **੫**, ੧੦, ੨ : ੪ (885)

ਭਖਿ — ਖਾਂਦੇ
"ਅਸੰਖ ਮਲੇਛ ਮਲੁ **ਭਖਿ** ਖਾਹਿ।" (ਭਾਵ ਹੈ ਹਾਬੜਿਆਂ ਵਾਂਗ ਖਾਣਾ)
— ਜਪੁ **੧**, ੧੮ : ੭ (4)

ਭਖੁ — ਖਾਦ ਪਦਾਰਥ, ਖਾਣ ਵਾਲੀ ਵਸਤ
"ਲੋਭੀ ਜੰਤੁ ਨ ਜਾਣਈ **ਭਖੁ** ਅਭਖੁ ਸਭ ਖਾਇ।"
— ਸਿਰੀ **੫**, ੯੧, ੨ : ੨ (50)
"ਓਨਾ ਦਾ **ਭਖੁ** ਸੁ ਓਥੈ ਨਾਹੀ ਜਾਇ ਕੂੜੁ ਲਹਿਨ ਭੇਡਾਰੇ।" (ਖਾਜਾ, ਖੁਰਾਕ)
— ਗਉ **੪**, ਵਾਰ ੨੧ਸ, **੪**, ੧ : ੫ (312)

ਭਖੇ — ਖਾਂਦੇ ਜਾਂਦੇ ਭਾਵ ਮੁਕ ਜਾਂਦੇ ਹਨ
"ਕਾਮੁ ਕ੍ਰੋਧੁ ਲੋਭੁ ਮੋਹੁ ਸੰਗਿ ਸਾਧਾ **ਭਖੇ**।"
— ਗਉ **੫**, ਵਾਰ ੨ : ੩ (318)
"ਨਾਨਕ ਬੈਠਾ **ਭਖੇ** ਵਾਉ ਲੰਮੇ ਸੇਵਹਿ ਦਰੁ ਖੜਾ।" (ਖਾਏ, 'ਭਖੇ ਵਾਉ' ਮੁਹਾਵਰੇ ਰੂਪ ਵਿਚ ਅਰਥ ਹਨ ਕੰਸੋਆ ਲੈਂਦਾ ਹੈ)
— ਮਾਰੂ **੫**, ਵਾਰ ੪ਸ, **੫**, ੨ : ੧ (1095)

ਭਖੈ — 1. ਭਖਦੀ/ਬਲਦੀ/ਤੇਜ਼ ਹੁੰਦੀ ਹੈ
"ਭੈ ਤਨਿ ਅਗਨਿ **ਭਖੈ** ਭੈ ਨਾਲਿ।"
— ਗਉ **੧**, ੧, ੨ : ੧ (151)
2. ਸਾੜਦਾ ਹੈ
"ਨਿੰਦਾ ਕਰਦਾ ਪਚਿ ਮੁਆ ਵਿਚਿ ਦੇਹੀ **ਭਖੈ**।"
— ਗਉ **੪**, ਵਾਰ ੨੮ : ੩ (315)

ਭਗ — ਯੋਨੀ
"ਅਵਰ ਮਰਨ ਮਾਇਆ ਮਨੁ ਤੋਲੇ ਤਉ **ਭਗ** ਮੁਖਿ ਜਨਮੁ ਵਿਗੋਇਆ।"
— ਸਿਰੀ **ਬੇਣੀ**, ੧, ੩ : ੪ (93)

ਭੰਗ — ਟੁੱਟ ਜਾਣਾ
"ਜਤਨ ਕਰੈ ਤਉ ਭੀ ਸੁਰ **ਭੰਗ**।"
— ਗਉ **੫**, ਸੁਖ ੪, ੬ : ੬ (267)

ਭਗਉਤੀ — 1. ਭਗਵਾਨ ਦਾ ਉਪਾਸ਼ਕ, ਵੈਸ਼ਨਵ ਭਗਤ, ਵਿਸ਼ਨੂੰ ਦਾ ਉਪਾਸ਼ਕ
"**ਭਗਉਤੀ** ਰਹਤ ਜੁਗਤਾ।"
— ਸਿਰੀ **੫**, ਅਸ ੨੭, ੨ : ੧ (71)
2. ਭਗਤੀ ਕਰਨ ਵਾਲਾ
"ਕੋਈ ਕਹ ਤਉ ਅਨੰਨਿ **ਭਗਉਤੀ**।"
— ਰਾਮ **੫**, ਅਸ ੧, ੨ : ੩ (912)

ਭਗਹ — ਭਜਦੀ ਹੈ
"ਬਡ ਪੁਰਖ ਪੂਰਨ ਗੁਣ ਸੰਪੂਰਨ ਭ੍ਰਮ ਭੀਤਿ ਹਰਿ ਹਰਿ ਮਿਲਿ **ਭਗਹ**।"
— ਬਿਹਾ **੫**, ਛੰਤ ੪, ੨ : ੫ (544)

ਭਗਤ — 1. ਉਪਾਸ਼ਕ, ਭਗਤੀ ਕਰਨ ਵਾਲਾ

"ਅਸੰਖ **ਭਗਤ** ਗੁਣ ਗਿਆਨ ਵੀਚਾਰ।"
— ਜਪੁ **੧**, ੧੭ : ੫ (4)
"ਜਿਨ੍ ਮਨਿ ਵੁਠਾ ਆਪਿ ਪੂਰੇ **ਭਗਤ** ਸੇ।"
— ਆਸਾ **੫**, ੧੦੮, ੨ : ੨ (397)
2. ਭਗਤਾਂ ਨੂੰ
"ਆਪੇ ਸਤਿਗੁਰੁ ਆਪਿ ਸਬਦੁ ਜੀਉ ਜੁਗੁ ਜੁਗੁ **ਭਗਤ** ਪਿਆਰੇ।"
— ਗਉ **੩**, ਛੰਤ ੪, ੪ : ੨ (246)
"ਜਾ ਆਪੇ ਹੋਇ ਦਇਆਲੁ ਤਾਂ **ਭਗਤ** ਸੰਗੁ ਪਾਈਐ।" (ਭਗਤਾਂ ਦੀ)
— ਗੂਜ **੫**, ਵਾਰ ੯ : ੮ (520)
ਹੋਰ ਰੂਪ — ਭਗਤਹ —
"ਸੁੰਦਰ ਸੁਆਮੀ ਧਾਮ **ਭਗਤਹ** ਬਿਸ੍ਰਾਮ ਆਸਾ ਲਗਿ ਜੀਵਤੇ ਜੀਉ।" (ਭਗਤਾਂ ਦੇ)
— ਸਿਰੀ **੫**, ਛੰਤ ੩, ੩ : ੧ (80)
"ਧਿਆਇ ਧਿਆਇ **ਭਗਤਹ** ਸੁਖੁ ਪਾਇਆ।" (ਭਗਤਾਂ ਨੇ)
— ਗਉ **੫**, ਸੁਖ ੧੬, ੨ : ੯ (284)
"ਨਾਮ ਧਾਰੀਕ ਉਧਾਰੇ **ਭਗਤਹ** ਸੰਸਾ ਕਉਨ।" (ਭਗਤਾਂ ਨੂੰ)
— ਆਸਾ **੫**, ਛੰਤ ੮, ੪ : ੧ (458)
ਭਗਤਹੁ —
"ਸਾਲਾਹਿਹੁ **ਭਗਤਹੁ** ਕਰ ਜੋੜਿ ਹਰਿ ਭਗਤ ਜਨ ਤਾਰਦਾ।" (ਹੇ ਭਗਤ ਜਨੋ)
— ਸਿਰੀ **੪**, ਵਾਰ ੧੮ : ੫ (90)
"ਕਹਿ ਨਾਮਾ ਕਿਉ ਪਾਈਐ ਬਿਨੁ **ਭਗਤਹੁ** ਭਗਵੰਤੁ।" (ਭਗਤਾਂ ਤੋਂ)
— ਸਲੋ **ਕਬ**, ੨੪੧ : ੨ (1377)

ਭਗਤਜਨਾ — ਭਗਤਾਂ
"**ਭਗਤਜਨਾ** ਕੀ ਊਤਮ ਬਾਣੀ ਗਾਵਹਿ ਅਕਥ ਕਥਾ ਨਿਤ ਨਿਆਰੀ।"
— ਗੂਜ **੪**, ਅਸ ੧, ੪ : ੧ (507)
ਹੋਰ ਰੂਪ — ਭਗਤਜਨਾਂ —
"**ਭਗਤਜਨਾਂ** ਲੇ ਉਧਰਿਆ ਪਾਰਿ।" (ਭਗਤਾਂ)
— ਭੈਰ **ਨਾਮ**, ੧੦, ੨੨ : ੨ (1166)

ਭਗਤਨ — ਭਗਤਾਂ
"ਕਰਿ ਕਿਰਪਾ **ਭਗਤਨ** ਸੰਗਿ ਰਾਤੇ।"
— ਮਾਝ **੫**, ੧੯, ੧ : ੨ (100)

ਭਗਤਵਛਲ — ਭਗਤਾਂ ਨਾਲ ਪਿਆਰ ਕਰਨ ਵਾਲਾ
"**ਭਗਤਵਛਲੁ** ਤੇਰਾ ਬਿਰਦੁ ਰਖਾਇਆ ਜੀਉ।"
— ਗਉ **੫**, ੧੬੬*, ੧ : ੩ (216)

ਭਗਤਾ — 1. ਭਗਤ ਜਨਾਂ/ਭਗਤੀ ਕਰਨ ਵਾਲਿਆਂ ਦੇ
"ਨਾਨਕ **ਭਗਤਾ** ਸਦਾ ਵਿਗਾਸੁ।"
— ਜਪੁ **੧**, ੮ : ੫ (2)
"ਹਰਿ **ਭਗਤਾ** ਦੇਇ ਵਡਿਆਈ ਗਰੀਬ ਅਨਾਥਿਆ।" (ਭਗਤਾਂ ਨੂੰ)
— ਸਿਰੀ **੪**, ਵਾਰ ੧੭ : ੫ (90)
ਹੋਰ ਰੂਪ — ਭਗਤਾਂ —
"ਚਰਨ ਕਮਲ **ਭਗਤਾਂ** ਮਨਿ ਵੁਠੇ।" (ਭਗਤਜਨਾਂ ਦੇ)
— ਮਾਝ **੫**, ੫੦, ੩ : ੧ (109)
2. ਭਗਤ (ਹੈ)
"ਜਿਸੁ ਮੇਲੇ ਸੋ **ਭਗਤਾ**।"
— ਸਿਰੀ **੫**, ਅਸ ੨੭, ੨ : ੩ (71)
"ਆਪੇ **ਭਗਤਾ** ਆਪਿ ਸੁਆਮੀ ਆਪਨ ਸੰਗਿ ਰਤਾ।" — ਗੂਜ **੫**, ੧੧, ੨ : ੧ (498)
3. ਭਗਤ ਜਨਾਂ, ਭਗਤੀ ਕਰਨ ਵਾਲਿਆਂ
"**ਭਗਤਾ** ਤੈ ਸੈਸਾਰੀਆ ਜੋੜੁ ਕਦੇ ਨ ਆਇਆ।"
— ਮਾਝ **੧**, ਵਾਰ ੧੬ : ੧ (145)
ਹੋਰ ਰੂਪ — ਭਗਤਾਂ —
"ਆਪਣੀ ਪੈਜ ਆਪੇ ਰਾਖੈ **ਭਗਤਾਂ** ਦੇਇ ਵਡਿਆਈ।" (ਭਗਤ ਜਨਾਂ)
— ਭੈਰ **੩**, ੨੧, ੫ : ੧ (1133)
"**ਭਗਤਾਂ** ਕਾ ਭੋਜਨੁ ਹਰਿ ਨਾਮ ਨਿਰੰਜਨੁ ਪੈਨ੍ਣੁ ਭਗਤਿ ਬਡਾਈ।" (ਭਗਤ ਜਨਾਂ)
— ਸਾਰ **੩**, ਅਸ ੧, ੨ : ੧ (1233)

ਭਗਤਾਹ — ਭਗਤਾਂ, ਭਗਤ ਜਨਾਂ
"ਚਾਲਾ ਨਿਰਾਲੀ **ਭਗਤਾਹ** ਕੇਰੀ ਬਿਖਮ ਮਾਰਗਿ ਚਲਣਾ।" — ਰਾਮ **੩**, ਅਨੰ ੧੪ : ੨ (918)

ਭਗਤਾਨਾ — ਭਗਤਾਂ ਦੀ,
"ਨਾਨਕ ਦੀਨ ਸਰਣਿ ਕਿਰਪਾ ਨਿਧਿ ਰਾਖੁ ਲਾਜ **ਭਗਤਾਨਾ**।"
— ਸੂਹੀ **੫**, ਛੰਤ ੧, ੧ : ੬ (777)

ਭਗਤਿ — ਭਗਤੀ

"ਵਿਣੁ ਗੁਣ ਕੀਤੇ **ਭਗਤਿ** ਨ ਹੋਇ।"
— ਜਪੁ **੧**, ੨੧ : ੬ (4)
"ਗੁਰ ਕੀ ਸੇਵਾ ਗੁਰ **ਭਗਤਿ** ਹੈ ਵਿਰਲਾ ਪਾਏ ਕੋਇ।" — ਸਿਰੀ **੩**, ਅਸ ੨੧, ੧* : ੨ (66)

ਭਗਤਿਹੀਣੁ — ਭਗਤੀ ਵਿਹੂਣਾ, ਭਗਤੀ ਤੋਂ ਖਾਲੀ
"ਭਾਈ ਰੇ **ਭਗਤਿਹੀਣੁ** ਕਾਹੇ ਜਗਿ ਆਇਆ।"
— ਸਿਰੀ **੩**, ੪੮, ੧* : ੧ (32)
ਹੋਰ ਰੂਪ — ਭਗਤਿਹੀਨ —
"ਤੈਸੇ ਹੀ ਤੁਮ ਤਾਹਿ ਪਛਾਨਹੁ **ਭਗਤਿਹੀਨ** ਜੋ ਪ੍ਰਾਨੀ।" — ਬਿਲਾ **੯**, ੩, ੨ : ੨ (831)

ਭਗਤਿ ਵਛਲ — ਭਗਤੀ ਨੂੰ ਪਿਆਰ ਕਰਨ ਵਾਲਾ
"ਭਉ ਖੰਡਨੁ ਦੁਖ ਭੰਜਨੋ **ਭਗਤਿ ਵਛਲ** ਹਰਿ ਨਾਇਓ।" — ਗਉ **੫**, ਅਸ ੧੪, ੫ : ੧ (241)
ਹੋਰ ਰੂਪ — ਭਗਤਿਵਛਲੁ —
"ਸ੍ਰੀਰੰਗੋ ਦਇਆਲ ਮਨੋਹਰੁ **ਭਗਤਿਵਛਲੁ** ਬਿਰਦਾਇਆ।" (ਭਗਤੀ ਨੂੰ ਪਿਆਰ ਕਰਨ ਵਾਲਾ) — ਗਉ **੫**, ਛੰਤ ੩, ੨ : ੨ (248)

ਭਗਤੀ — 1. ਉਪਾਸਨਾ, ਸ੍ਰਧਾ
"ਅਨਦਿਨੁ **ਭਗਤੀ** ਰਤਿਆ ਮਨੁ ਤਨੁ ਨਿਰਮਲੁ ਹੋਇ।" — ਸਿਰੀ **੩**, ੩੨, ੩ : ੨ (27)
"**ਭਗਤੀ** ਨਾਮ ਵਿਹੂਣਿਆ ਆਵਹਿ ਵੰਞਹਿ ਪੂਰ।" (ਭਾਵ ਪ੍ਰੇਮ ਤੇ ਨਾਮ ਤੋਂ ਖਾਲੀ)
— ਸਿਰੀ **੫**, ੮੪, ੩ : ੩ (47)
2. ਭਗਤਾਂ ਨੇ
"ਹਰਿ ਕਾ ਭਾਣਾ **ਭਗਤੀ** ਮੰਨਿਆ ਸੇ ਭਗਤ ਪਏ ਦਰਿ ਥਾਇ।"
— ਸਿਰੀ **੩**, ਅਸ ੧੯, ੩ : ੨ (65)
"ਜੁਗੁ ਜੁਗੁ **ਭਗਤੀ** ਆਖਿ ਵਖਾਣੀ।"
— ਗਉ **੩**, ੩੩, ੪ : ੨ (161)
ਹੋਰ ਰੂਪ — ਭਗਤਂੀ —
"ਕਰਿ ਕਿਰਪਾ **ਭਗਤਂੀ** ਪ੍ਰਗਟਾਇਆ।" (ਭਗਤਾਂ ਵਿਚ, ਭਗਤਾਂ ਦੁਆਰਾ)
— ਮਾਝ **੫**, ੪੮, ੧ : ੨ (108)
3. ਭਗਤਾਂ ਤੋਂ
"ਭਗਤਾ ਵਿਚਿ ਆਪਿ ਵਰਤਦਾ ਪ੍ਰਭ ਜੀ **ਭਗਤੀ** ਹੂ ਤੂ ਜਾਤਾ।"
— ਸੋਰ **੩**, ਅਸ ੧, ੪ : ੧ (638)
4. ਭਗਤੀ ਕਰਕੇ, ਭਗਤੀ ਸਦਾ
"ਗੁਰ ਸੇਵਕ ਕਉ ਬਿਘਨੁ ਨ **ਭਗਤੀ** ਹਰਿ ਪੂਰ ਦ੍ਰਿੜਾਇਆ ਗਿਆਨਾਂ ਹੇ।"
— ਮਾਰੂ **੫**, ਸੋਲਾ ੪, ੫ : ੩ (1075)
5. ਭਗਤੀ/ਸਰਧਾ/ਪਿਆਰ ਕਰਨ ਵਾਲੀ
"ਜਿਉ ਪੁਰਖੈ ਘਰਿ **ਭਗਤੀ** ਨਾਰਿ ਹੈ ਅਤਿ ਲੋਚੈ ਭਗਤੀ ਭਾਇ।"
— ਸਲੋ **੩**, ੧੨ : ੧ (1413)

ਭਗਤੀਜਾ — ਭਗਤ ਹੋਈਦਾ ਹੈ (ਸ਼ਬਦਾਰਥ, ਦਰਪਣ); ਭਗਤ (ਨਿਰਣੈ); ਸ੍ਰੇਸ਼ਟ ਭਗਤੀ (ਕੋਸ਼); ਭਗਤਾਂ ਦਾ ਪੂਜਯ ਕਰਤਾਰ (ਮਹਾਨਕੋਸ਼),
"ਭਾਰੋ ਤੋਲੁ ਬੇਅੰਤ ਸੁਆਮੀ ਹੁਕਮੁ ਮੰਨਿ **ਭਗਤੀਜਾ** ਹੇ।" — ਮਾਰੂ **੫**, ਸੋਲਾ ੩, ੧੦ : ੩ (1074)

ਭਗਤੁ — ਭਗਤੀ ਕਰਨ ਵਾਲਾ, ਸ਼ਰਧਾਵਾਨ, ਉਪਾਸ਼ਕ
"ਦੁਹਹੂੰ ਤੇ ਰਹਤ **ਭਗਤੁ** ਹੈ ਕੋਈ ਵਿਰਲਾ ਜਾਣਾ।"
— ਸਿਰੀ **੫**, ੯੬, ੧ : ੨ (51)
ਹੋਰ ਰੂਪ — ਭਗਤੇ —
"ਜਿਹ ਕਾਟੀ ਸਿਲਕ ਦਯਾਲ ਪ੍ਰਭਿ ਸੇਈ ਜਨ ਲਗੇ **ਭਗਤੇ**।" (ਭਗਤੀ ਵਿਚ)
— ਸਮੁ **੫**, ੮ : ੫ (1386)
ਭਗਤ੍ਰੰ —
"**ਭਗਤ੍ਰੰ** ਭਗਤਿ ਦਾਨੰ ਰਾਮ ਨਾਮ ਗੁਣ ਕੀਰਤਨਹ।" (ਭਗਤਾਂ ਨੂੰ)
— ਸਸ **੫**, ੨੦ : ੩ (1355)

ਭੰਗਨ — ਨਾਸ ਹੋਣਾ, ਨਸ਼ਟ ਹੋਣਾ
"ਫਿਰਤ ਫਿਰਤ ਮਾਨੁਖੁ ਭਇਆ ਖਿਨ **ਭੰਗਨ** ਦੇਹਾਦਿ।" — ਬਿਲਾ **੫**, ੩੮, ੩ : ੧ (810)
ਹੋਰ ਰੂਪ — ਭੰਗਨਹ —
"ਤਿਰਸਕਾਰ ਨਹ ਭਵੰਤਿ ਨਹ ਭਵੰਤਿ ਮਾਨ **ਭੰਗਨਹ**।" (ਤੁਟਨਾ)
— ਸਸ **੫**, ੨੮ : ੧ (1356)

ਭਗਨੰਤ — ਭੰਨ ਦੇਵੇ
"ਮਸਕੰ **ਭਗਨੰਤ** ਸੈਲੰ ਕਰਦਮੰ ਤਰੰਤ ਪਪੀਲਕਹ।"
— ਸਸ **੫**, ੫੫ : ੧ (1359)

ਭੰਗਨਾ — ਨਾਸ

"ਸਖਾ ਸਹਾਈ ਪੂਰਨ ਪਰਮੇਸੁਰ ਮਿਲੁ ਕਦੇ ਨ ਹੋਵੀ **ਭੰਗਨਾ**।"
— ਮਾਰੂ **੫**, ਸੋਲਾ ੯, ੬ : ੩ (1080)

ਭਗਵਉ — ਗੇਰੂ ਰੰਗਾ
"ਕਹਾ ਭਇਓ ਜਉ ਮੂਡੁ ਮੁਡਾਇਓ **ਭਗਵਉ** ਕੀਨੋ ਭੇਸੁ।" — ਸੋਰ **੯**, ੧੦, ੧* : ੨ (633)

ਭਗਵਤ — ਹਰੀ/ਪ੍ਰਭੂ/ਕਰਤਾਰ ਵਾਲੇ ਭਾਵ ਭਗਤ
"**ਭਗਵਤ** ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ।" — ਭੈਰ **ਕਬ**, ੧੭, ੬ : ੧ (1162)

ਭਗਵੰਤ — 1. ਪ੍ਰਭੂ, ਪਰਤਾਪ ਵਾਲਾ ਹਰੀ
"ਬਿਨੁ **ਭਗਵੰਤ** ਨਾਹੀ ਅਨ ਕੋਇ।"
— ਗਉ **੫**, ੧੩੦, ੧* : ੧ (192)
"ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ **ਭਗਵੰਤ**।" — ਗਉ **੫**, ਬਾਅ ੧੯ਸ : ੨ (253)

ਹੋਰ ਰੂਪ — ਭਗਵੰਤਾ —
"ਹੁਣਿ ਕਦਿ ਮਿਲੀਐ ਪ੍ਰਿਅ ਤੁਧੁ **ਭਗਵੰਤਾ**।" (ਹੇ ਪ੍ਰਭੂ) — ਮਾਝ **੫**, ੮, ੩ : ੨ (96)
"ਚਰਨ ਕਮਲ ਅਰਾਧਿ **ਭਗਵੰਤਾ**।" (ਭਗਵੰਤ (ਪ੍ਰਭੂ) ਦੇ)
— ਗਉ **੫**, ੧੧੯, ੨ : ੧ (189)
"ਤਿਨ ਕੀ ਧੂੜਿ ਪਾਏ ਮਨੁ ਮੇਰਾ ਜਾ ਦਇਆ ਕਰੇ **ਭਗਵੰਤਾ**।" (ਪ੍ਰਭੂ)
— ਮਾਰੂ **੫**, ੧੫, ੪ : ੨ (1003)

ਭਗਵੰਤੁ —
"ਸਾਧ ਸੰਗਿ ਜਪਿਓ **ਭਗਵੰਤੁ**।" (ਪ੍ਰਭੂ)
— ਗਉ **੫**, ੯੨, ੧ : ੧ (183)

2. ਭਾਗਵੰਤ ਭਾਵ ਦੌਲਤਮੰਦ, ਭਾਗਾਂ ਵਾਲੇ
"ਸੇਈ ਸਾਹ **ਭਗਵੰਤ** ਸੇ ਸਚੁ ਸੰਪੈ ਹਰਿ ਰਾਸਿ।"
— ਗਉ **੫**, ਬਾਅ ੩ਸ : ੧ (250)
"ਜਿਹ ਜਾਨਿਓ ਪ੍ਰਭੁ ਆਪੁਨਾ ਨਾਨਕ ਤੇ **ਭਗਵੰਤ**।" (ਭਾਗਾਂ ਵਾਲੇ)
— ਗਉ **੫**, ਬਾਅ ੪੨ਸ : ੨ (259)

ਹੋਰ ਰੂਪ — ਭਗਵੰਤਾ —
"ਜਾ ਕਉ ਦਇਆ ਤੁਮਾਰੀ ਹੋਈ ਸੇ ਸਾਹ ਭਲੇ **ਭਗਵੰਤਾ**।" (ਭਾਗਾਂ ਵਾਲੇ)
— ਆਸਾ **੫**, ੪੦, ੩ : ੨ (380)
"ਨਾਮਿਰਤੇ ਜਨ ਭਏ **ਭਗਵੰਤਾ**।" (ਵਡਭਾਗੀ)
— ਆਸਾ **੫**, ੮੦, ੧* : ੨ (390)

ਭਗਵੰਤੀ —
"ਧਨੁ **ਭਗਵੰਤੀ** ਨਾਨਕਾ ਜਿਨਾ ਗੁਰਮੁਖਿ ਲਧਾ ਹਰਿ ਭਾਲਿ।"
— ਸਲੋ **੩**, ੪੮ : ੪ (1418)

ਭਗਵੰਤੁ —
"ਜਿਸੁ ਮਨਿ ਵਸੈ ਨਰਾਇਣੋ ਸੋ ਕਹੀਐ **ਭਗਵੰਤੁ**।"— ਮਾਝ **੫**, ਦਿਨ ੩ : ੫ (137)

ਭਗਵੰਤੁ — 1. ਪ੍ਰਭੂ, ਵੇਖੋ 'ਭਗਵੰਤ' (1)
2. ਭਾਗਵੰਤ, ਸੁਭਾਗਾ, ਵੇਖੋ 'ਭਗਵੰਤ' (2)
3. ਵਡੇ ਪ੍ਰਤਾਪ ਵਾਲਾ
"ਗੁਰੁ ਮੇਰਾ ਪਾਰਬ੍ਰਹਮੁ ਗੁਰੁ **ਭਗਵੰਤੁ**।"
— ਗੋਂਡ **੫**, ੯, ੧ : ੨ (864)

ਭਗਵੰਤੈ — ਭਗਵੰਤ ਭਾਵ ਪ੍ਰਤਾਪ ਵਾਲੇ ਪ੍ਰਭੂ ਨੂੰ
"ਸੋ ਭਗਉਤੀ ਜੋੁ **ਭਗਵੰਤੈ** ਜਾਣੈ।"
— ਸਿਰੀ **੪**, ਵਾਰ ੧੪ਸ, **੩**, ੨ : ੧ (88)

ਭਗਵਾ — ਭੂਰੇ ਰੰਗ ਦਾ, ਸਤੋ ਗੁਣ ਦਾ ਪ੍ਰਤੀਕ
"ਇਕਿ **ਭਗਵਾ** ਵੇਸੁ ਕਰਿ ਫਿਰਹਿ ਜੋਗੀ ਸੰਨਿਆਸਾ।" — ਮਾਝ **੧**, ਵਾਰ ੫ : ੨ (140)

ਭਗਵਾਨ — ਪਾਰਬ੍ਰਹਮ, ਕਰਤਾਰ, ਪ੍ਰਭੂ
"ਜਾ ਕੈ ਰਿਦੈ ਵਸਹਿ **ਭਗਵਾਨ**।"
— ਗਉ **੫**, ੧੪੯, ੨ : ੨ (195)

ਹੋਰ ਰੂਪ — ਭਗਵਾਨਏ —
"ਹੇ ਅਚੁਤ ਸਰਣਿ ਸੰਤ ਨਾਨਕ ਭੋ **ਭਗਵਾਨਏ** ਨਮਹ।" (ਹੇ ਭਗਵਾਨ)
— ਸਸ **੫**, ੧੧ : ੪ (1355)

ਭਗਵਾਨਹ —
"ਸਰਣਿ ਸੂਰ **ਭਗਵਾਨਹ** ਜਪੰਤਿ ਨਾਨਕ ਹਰਿ ਹਰਿ ਹਰੇ।" (ਪ੍ਰਤਾਪ ਵਾਲਾ ਹਰੀ)
— ਜੈਤ **੫**, ਵਾਰ ੧੯ਸ, **੫**, ੧ : ੨ (709)

ਭਗਵਾਨਾ —
"ਬਿਨਵੰਤਿ ਨਾਨਕ ਰਾਜੁ ਨਿਹਚਲੁ ਪੂਰਨ ਪੁਰਖ **ਭਗਵਾਨਾ**।" (ਪਰਤਾਪ ਵਾਲਾ ਹਰੀ)
— ਗਉ **੫**, ਛੰਤ ੨, ੩ : ੬ (248)
"ਜਿਉ ਆਪਿ ਚਲਾਏ ਤਿਵੈ ਕੋਈ ਚਾਲੈ ਜਿਉ ਹਰਿ ਭਾਵੈ **ਭਗਵਾਨਾ**।" (ਪ੍ਰਤਾਪ ਵਾਲੇ ਹਰੀ ਨੂੰ)

ਭਗਵਾਨੁ —
"ਸੋਈ ਪੁਰਖੁ ਜਪੈ **ਭਗਵਾਨੁ**।" (ਪ੍ਰਭੂ)
— ਗਉ **੫**, ੯੭, ੪ : ੨ (185)

ਭਗਵਾਨੈ —
"ਜਾ ਕਉ ਦ੍ਰਿਸਟਿ ਪੂਰਨ **ਭਗਵਾਨੈ**।" (ਭਗਵਾਨ ਦੀ)
— ਗਉ **੫**, ਬਾਅ ੨੯ : ੬ (256)
"ਜਿਸ ਦਇਆਲੁ ਹੋਇ **ਭਗਵਾਨੈ**।" (ਪ੍ਰਭੂ)
— ਸੋਰ **੫**, ੫੭, ੪ : ੨ (623)

ਭਗਵਾਨੋ —
"ਜਨ ਨਾਨਕ ਸਭ ਹੀ ਮੈ ਪੂਰਨ ਏਕ ਪੁਰਖ **ਭਗਵਾਨੋ**।"— ਬਸੰ **੯**, ੧, ੨ : ੨ (1186)

ਭਗਵੀ — ਭੂਰੇ ਰੰਗ ਦੇ
"ਜੋਗੁ ਨ **ਭਗਵੀ** ਕਪੜੀ ਜੋਗੁ ਨ ਮੈਲੇ ਵੇਸਿ।"
— ਸਲੋ **੩**, ੬੪ : ੧ (1420)

ਹੋਰ ਰੂਪ — **ਭਗਵੇ** —
"ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ **ਭਗਵੇ** ਭੇਖ ਭਏ।"
— ਆਸਾ **੧**, ੩੩, ੧ : ੨ (358)

ਭਗਵੈ —
"**ਭਗਵੈ** ਵੇਸਿ ਭ੍ਰਮਿ ਮੁਕਤਿ ਨ ਹੋਇ।"
— ਬਸੰ **੩**, ੧੨, ੨ : ੧ (1176)

ਭਗਾ — ਭਜ ਗਿਆ, ਦੂਰ ਹੋ ਗਿਆ
"ਜਗਿ ਜਨਮ ਮਰਣੁ **ਭਗਾ** ਇਹ ਆਈ ਹੀਐ ਪਰਤੀਤਿ।" — ਸਵ **੪**, ਗਯੰ ੩ : ੨ (1402)

ਭੰਗਾਂ — 1. ਭੁਲ, ਕਸੂਰ
"ਨਾਨਕ ਗੁਰਿ ਖੋਏ ਭ੍ਰਮ **ਭੰਗਾ**।"
— ਆਸਾ **੫**, ੮੩, ੪ : ੩ (391)
2. ਘਾਟਾ, ਤੋਟਾ
"ਹਉ ਰੋਗੁ ਬਿਆਪੈ ਚੁਕੈ ਨ **ਭੰਗਾ**।"
— ਕਾਨ **੫**, ੩੬, ੨ : ੨ (1305)

ਭਗਾਤੀ — ਭਗਤਾਂ ਦੀ
"ਨਾਨਕੁ ਜਨੁ ਤੁਮਰੀ ਸਰਣਾਈ ਹਰਿ ਰਾਖਹੁ ਲਾਜ **ਭਗਾਤੀ**।" — ਧਨਾ **੪**, ੫, ੪ : ੨ (668)

ਭੰਗਾਰ — ਛੇਤੀ ਭੁਰ ਜਾਣ ਵਾਲੀ ਲਾਖ
"ਬਾਹਰਿ ਕੰਚਨੁ ਬਾਰਹਾ ਭੀਤਰਿ ਭਰੀ **ਭੰਗਾਰ**।"
— ਸਲੋ **ਕਬ**, ੧੪੫ : ੨ (1372)

ਭਗਿ — ਭਜ, ਦੌੜ
"ਦਾਗੇ ਹੋਹਿ ਸੁ ਰਨ ਮਹਿ ਜੂਝਹਿ ਬਿਨੁ ਦਾਗੇ **ਭਗਿ** ਜਾਈ।" — ਰਾਮ **ਕਬ**, ੪, ੩ : ੧ (970)

ਭੰਗੁ — ਵਿਘਨ, ਟੋਟ
"ਹਰਿ ਨਾਮੁ ਜਪਤ ਕਛ ਪਰੈ ਨ **ਭੰਗੁ**।"
— ਗਉ **੫**, ਸੁਖ ੨, ੬ : ੪ (264)
"ਮਰਸੀ ਹੋਇ ਵਿਡਾਣਾ ਮਨਿ ਤਨਿ **ਭੰਗੁ** ਹੈ।" (ਵਿਘਨ ਭਾਵ ਦੁਖ)
— ਸੂਹੀ **੧**, ਅਸ ੩, ੬ : ੨ (752)
"ਹਰਿ ਇਕਸੈ ਨਾਲਿ ਮੈ ਗੋਸਟੇ ਮੁਹੁ ਮੈਲਾ ਕਰੈ ਨ **ਭੰਗੁ**।" (ਭਾਵ ਮੂੰਹ ਮੋੜਦਾ ਨਹੀਂ)
— ਰਾਮ **੫**, ਵਾਰ ੫ਸ, **੫**, ੧ : ੩ (958)
"ਕਹੁ ਨਾਨਕ ਤਿਸੁ ਜਨ ਨਹੀ **ਭੰਗੁ**।" (ਤੋਟਾ)
— ਭੈਰ **੫**, ੫੩, ੪ : ੪ (1151)

ਭੰਗੁਨਾ — ਭੰਗਰ, ਮਾਤਰ
"ਖਿਨ ***ਭੰਗੁਨਾ*** ਕੈ ਮਾਨਿ ਮਾਤੇ ਅਸੁਰ ਜਾਣਹਿ ਨਾਹੀ।" — ਆਸਾ **੫**, ੧੫੨, ੧* : ੨ (408)

ਭਗੇ — ਭਜੇ, ਚਲੇ ਗਏ, ਨਸ ਗਏ
"ਜਨਮਹਿ ਮਰਿ **ਭਗੇ** ਹਾਂ।"
— ਆਸਾ **੫**, ੧੬੩, ੨ : ੨ (411)

ਹੋਰ ਰੂਪ — **ਭਗੈ** —
"ਚਾਰੇ ਜੁਗ ਮੈ ਸੋਧਿਆ ਵਿਣੁ ਸੰਗਤਿ ਅਹੰਕਾਰੁ ਨ **ਭਗੈ**।" (ਭਜਣਾ)
— ਮਾਰੂ **੫**, ਵਾਰ ੧੧ : ੪ (1098)

ਭੰਗੈ — ਟੁਟਿਆ ਭਾਵ ਵੇਮੁਖ ਹੋਇਆ
"ਤਿਚਰੁ ਥਾਹ ਨ ਪਾਵਈ ਜਿਚਰੁ ਸਾਹਿਬ ਸਿਉ ਮਨ **ਭੰਗੈ**।" — ਮਾਰੂ **੫**, ਵਾਰ ੧੧ : ੬ (1098)

ਭਗ੍ਤਿ — ਭਗਤੀ, ਉਪਾਸ਼ਨਾ
"ਬਲਿਹਿ ਛਲਨ ਸਬਲ ਮਲਨ **ਭਗ੍ਤਿ** ਫਲਨ ਕਾਨ੍ ਕੁਅਰ ਨਿਹਕਲੰਕ ਬਜੀ ਡੰਕ ਚੜ੍ਹੂ ਦਲ ਰਵਿੰਦ ਜੀਉ।" — ਸਵ **੪**, ਗਯੰ ੯ : ੨ (1403)

ਭੰਙੁ — ਭੰਗ
"ਗੁਰਿ ਤੁਠੈ ਹਰਿ ਰੰਗੁ ਚਾੜਿਆ ਫਿਰਿ ਬਹੁੜਿ ਨ ਹੋਵੀ **ਭੰਙੁ**।" (ਭਾਵ ਲਹਿੰਦਾ)
— ਸੂਹੀ **੪**, ੩, ੧ : ੨ (731)

ਭੰਜ — ਟੁੱਟਦੇ ਹਨ, ਦੂਰ ਹੁੰਦੇ ਹਨ
"ਚੀਤਿ ਆਵੈ ਤਾਂ ਸਭਿ ਦੁਖ **ਭੰਜ**।"

— ਭੈਰ **੫**, ੨੧, ੧ : ੨ (1141)

ਭਜਉ — ਸਿਮਰੋ

"ਆਪੁ ਨਿਵਾਰਿ ਹਰਿ ਹਰਿ **ਭਜਉ** ਨਾਨਕ ਪ੍ਰਭ ਭਰਪੂਰਿ।"

— ਰਾਮ **੫**, ਰੁਤੀ ੧, ੧ਸ : ੨ (927)

ਹੋਰ ਰੂਪ — ਭਜਹ —

"ਮਿਲਿ ਸਾਧੂ ਨਿਤ **ਭਜਹ** ਨਾਰਾਇਣ।" (ਅਸੀਂ ਭਜੀਏ, ਸਿਮਰੀਏ)

— ਕਾਨ **੫**, ਛੰਤ ੧, ੨ : ੧ (1312)

ਭਜਹਾ —

"ਸਗਲ ਪਰਾਧ ਏਕੁ ਗੁਣੁ ਨਾਹੀ ਠਾਕੁਰੁ ਛੋਡਹ ਦਾਸਿ **ਭਜਹਾ**।" (ਸੇਵਦੇ/ਭਜਦੇ ਹਾਂ)

— ਸਾਰ **੫**, ੪, ੩ : ੧ (1203)

ਭਜਹਿ —

"ਸਾਧਸੰਗਿ ਮਿਲਿ **ਭਜਹਿ** ਗੋੁਪਾਲਾ।" (ਸਿਮਰੋ)

— ਗਉ **੫**, ੧੨੪, ੪ : ੨ (190)

ਭਜਹੁ —

"ਮਨ ਰੇ ਸਦਾ **ਭਜਹੁ** ਹਰਿ ਸਰਣਾਈ।" (ਸਿਮਰੋ) — ਸਿਰੀ **੩**, ੪੫, ੧* : ੧ (31)

ਭਜਣੰ —

"ਲ ਬਧੰ ਸਾਧਸੰਗੇਣ ਨਾਨਕ ਸੁਖ ਅਸਥਾਨੰ ਗੋਪਾਲ **ਭਜਣੰ**।" (ਸੇਵਨ, ਸਿਮਰਣ।"

— ਗਾਥਾ **੫**, ੪ : ੨ (1360)

ਭਜਤ — 1. ਸੇਵਨ ਕਰਦਾ

"ਬੇਸੁਆ **ਭਜਤ** ਕਿਛੁ ਨਹ ਸਰਮਾਵੈ।" (ਭਾਵ ਭੋਗਦਾ) — ਭੈਰ **੫**, ੨੮, ੧ : ੨ (1143)

2. ਭਜ/ਨਸ/ਦੌੜ ਜਾਂਦਾ ਹੈ

"ਦੇਖਤ ਦਰਸੁ ਭਟਕਿ ਭ੍ਰਮੁ **ਭਜਤ** ਦੂਖ ਪਰਹਰਿ ਸੁਖ ਸਹਜ ਬਿਗਾਸੇ।"

— ਸਵ **੪**, ਮਥੁ ੬ : ੨ (1404)

ਭਜੰਤ — ਸਿਮਰਦਾ, ਜਪਦਾ

"ਚਰਨ ਕਮਲ ਨਹ **ਭਜੰਤ** ਤ੍ਰਿਣ ਸਮਾਨਿ ਧ੍ਰਿਗੁ ਜਨਮਨਹ।" — ਸਸ **੫**, ੬੩ : ੩ (1359)

ਭਜੰਤੀ — ਉਚਾਰਨੀ

"ਹਰਿ ਕੀਰਤਿ ਕਲਜੁਗ ਵਿਚਿ ਊਤਮ ਮਤਿ ਗੁਰਮਤਿ ਕਥਾ **ਭਜੰਤੀ**।"

— ਨਟ **੪**, ੮, ੧ : ੧ (977)

ਹੋਰ ਰੂਪ — ਭਜੰਤੇ —

"ਜੋ ਨ **ਭਜੰਤੇ** ਨਾਰਾਇਣਾ।"

— ਭੈਰ **ਨਾਮ**, ੨, ੧* : ੧ (1163)

ਭਜਥਈ — ਭਜਦਾ ਹੈ, ਸਿਮਰਨ ਕਰਦਾ ਹੈ

"ਜਨ ਕੈ ਰਿਦ ਅੰਤਰਿ ਪ੍ਰਭੁ ਸੁਆਮੀ ਜਨ ਹਰਿ ਹਰਿ ਨਾਮੁ **ਭਜਥਈ**।"

— ਕਲਿ **੪**, ੪, ੩ : ੧ (1320)

ਭਜਨ — ਸਿਮਰਨ

"ਤਜਿ ਅਭਿਮਾਨ ਮੋਹ ਮਾਇਆ ਫੁਨਿ **ਭਜਨ** ਰਾਮ ਚਿਤੁ ਲਾਵਉ।" — ਗਉ **੯**, ੫, ੨ : ੧ (219)

ਹੋਰ ਰੂਪ — ਭਜਨੰ —

"ਚਰਣਾਰਬਿੰਦ **ਭਜਨੰ** ਰਿਦਯੰ ਨਾਮ ਧਾਰਣਹ।" (ਸਿਮਰਨਾ, ਭਜਨਾ)

— ਸਸ **੫**, ੩੪ : ੧ (1357)

ਭੰਜਨ — 1. ਦੂਰ ਕਰਨ ਵਾਲਾ, ਤੋੜਨ ਵਾਲਾ, ਨਾਸ ਕਰਨ ਵਾਲਾ

"ਭੈ **ਭੰਜਨ** ਮਿਹਰਵਾਨ ਦਾਸ ਕੀ ਰਾਖੀਐ।"

— ਸਿਰੀ **੪**, ਵਾਰ ੨੦ : ੪ (91)

2. ਨਾਸ ਕਰਨ, ਤੋੜਨ

"**ਭੰਜਨ** ਘੜ੍ਹਣ ਸਮਥੁ ਤਰਣ ਤਾਰਣ ਪ੍ਰਭੁ ਸੋਈ।"

— ਸਵ **੪**, ਮਥੁ ੧ : ੪ (1404)

ਭੰਜਨਹਾਰ — ਤੋੜਨਵਾਲਾ, ਨਾਸ ਕਰਨ ਵਾਲਾ

"ਦੁਖੁ ਭੰਨਾ ਭੈ **ਭੰਜਨਹਾਰ**।"

— ਮਲਾ **੫**, ੨੧, ੨ : ੧ (1271)

ਹੋਰ ਰੂਪ — ਭੰਜਨਹਾਰਾ —

"ਸੁਖਦਾਤਾ ਦੁਖ **ਭੰਜਨਹਾਰਾ**।"

— ਮਾਝ **੫**, ੪੧, ੨ : ੧ (106)

ਭਜਨਾ — ਸਿਮਰਨਾ

"ਗੋਬਿਦੁ **ਭਜਨਾ** ਰੰਗਿ।"

— ਬਿਲਾ **੫**, ਅਸ ੨, ੯ : ੪ (838)

ਭੰਜਨਾ — 1. ਦੂਰ ਕਰਨਾ

"ਦੀਨ ਦਰਦ ਦੁਖ **ਭੰਜਨਾ** ਸੇਵਕ ਕੈ ਸਤ ਭਾਇ।"

— ਸਿਰੀ **੫**, ੮੩, ੧ : ੩ (46)

2. ਤੋੜ/ਭੰਨ/ਨਾਸ ਕਰ ਦੇਣ ਵਾਲਾ

"ਗਿਆਨ ਅੰਜਨੁ ਭੈ **ਭੰਜਨਾ** ਦੇਖੁ ਨਿਰੰਜਨ ਭਾਇ।"

— ਸਿਰੀ **੧**, ਅਸ ੨, ੩ : ੧ (57)

ਭਜਨਾਸਨੰ — ਸਿਮਰਨ ਵਿਚ ਇਸਥਿਤੀ, ਭਜਨ ਕਰਕੇ ਪ੍ਰਾਪਤ ਹੋਇਆ
"ਗੋਬਿੰਦ ਭਜਨ ਸਾਧ ਸੰਗੇਣ ਅਸਥਿਰੰ ਨਾਨਕ ਭਗਵੰਤ **ਭਜਨਾਸਨੰ**।"
— ਸਸ **੫**, ੧੨ : ੫ (1355)

ਭਜਨਿ — ਭਜਨ ਨਾਲ
"ਹਰਿ ਕੈ **ਭਜਨਿ** ਕਉਨ ਕਉਨ ਨ ਤਾਰੇ।"
— ਮਲਾ **੫**, ੧੩, ੧* : ੧ (1269)

ਭੰਜਨਿ — ਦੂਰ ਕਰਨ ਵਾਲਾ, ਨਾਸ ਕਰਨਾ
"ਨਾਨਕ ਦਾਨੁ ਕੀਆ ਦੁਖ **ਭੰਜਨਿ** ਰਤੇ ਰੰਗਿ ਰਸਾਲੀ ਜੀਉ।"
— ਮਾਝ **੫**, ੩੯, ੪ : ੩ (106)

ਭਜਨੁ — ਉਪਾਸ਼ਨਾ, ਸਿਮਰਨ, ਬੰਦਗੀ
"ਜਨ ਨਾਨਕ ਕੋਟਨ ਮੈ ਕੋਊ **ਭਜਨੁ** ਰਾਮ ਕੋ ਪਾਵੈ।" — ਗਉ **੯**, ੩, ੨ : ੨ (219)

ਭੰਜਨੁ — ਤੋੜਨ ਵਾਲਾ, ਨਾਸ ਕਰਨ ਵਾਲਾ
"ਦੁਖ ਭੰਜਨੁ ਤੇਰਾ ਨਾਮੁ ਜੀ ਦੁਖ **ਭੰਜਨੁ** ਤੇਰਾ ਨਾਮੁ।" — ਗਉ **੫**, ੧੭੦*, ੧* : ੧ (219)
ਹੋਰ ਰੂਪ — ਭੰਜਨੋ —
"ਸੁਖਦਾਤਾ ਭੈ **ਭੰਜਨੋ** ਤਿਸੁ ਆਗੈ ਕਰਿ ਅਰਦਾਸਿ।" (ਦੂਰ ਕਰਨ ਵਾਲਾ)
— ਸਿਰੀ **੫**, ੭੭, ੩ : ੨ (44)

ਭਜਿ — 1. ਦੌੜ ਕੇ, ਭਜਕੇ
"ਏਹੁ ਜਗੁ ਜਲਤਾ ਦੇਖਿ ਕੈ **ਭਜਿ** ਪਏ ਸਤਿਗੁਰ ਸਰਣਾ।" — ਸਿਰੀ **੫**, ਅਸ ੨੫, ੬ : ੧ (70)
"ਲਾਗੂ ਹੋਏ ਦੁਸਮਨਾ ਸਾਕਤਿ **ਭਜਿ** ਖਲੇ।" (ਭਾਵ ਛਡ ਗਏ) — ਸਿਰੀ **੫**, ੨੬, ੧ : ੨ (70)
2. ਸਿਮਰ, ਜਪ
"ਕਹੈ ਨਾਨਕੁ ਰਾਮੁ **ਭਜਿ** ਲੈ ਜਾਤੁ ਅਉਸਰੁ ਬੀਤ।" — ਸੋਰ **੯**, ੧, ੨ : ੨ (631)

ਭੰਜਿ — ਦੂਰ ਕਰ ਕੇ, ਭੰਨ ਕੇ, ਤੋੜ ਕੇ
"ਸਭਿ ਦਾਲਦ **ਭੰਜਿ** ਦੁਖ ਦਾਲ।"
— ਨਟ **੪**, ੭, ੬* : ੩ (977)

ਭਜਿਓ — ਜਪਿਆ
"ਤਜਿ ਸਭਿ ਭਰਮ **ਭਜਿਓ** ਪਾਰਬ੍ਰਹਮੁ।"
— ਗਉ **੫**, ੧੪੯, ੪ : ੧ (196)
ਹੋਰ ਰੂਪ — ਭਜਿਆ —
"ਸੋ ਸੂਰਾ ਕੁਲਵੰਤੁ ਸੋਇ ਜਿਨਿ **ਭਜਿਆ** ਭਗਵੰਤੁ।" (ਜਪਿਆ, ਸਿਮਰਿਆ)
— ਗਉ **੫**, ਥਿਤੀ ੧੨ : ੬ (300)
ਭਜੀਐ —
"ਮਿਲਿ **ਭਜੀਐ** ਸਾਧਸੰਗਿ ਮੇਰੇ ਮੀਤ।"
(ਜਪੀਏ) — ਗਉ **੫**, ਥਿਤੀ ੧* : ੨ (296)

ਭੰਜੀਐ — ਨਾਸ ਕਰੋ, ਦੂਰ ਕਰੋ
"ਹੋਹੁ ਕ੍ਰਿਪਾਲ ਦਇਆਲ ਨਾਨਕ ਭਉ **ਭੰਜੀਐ**।"
— ਜੈਤ **੫**, ਵਾਰ ੧੦ : ੫ (708)

ਭਜੁ — 1. ਸਿਮਰ, ਜਪ
"ਮਿਲੁ ਸਾਧਸੰਗਤਿ **ਭਜੁ** ਕੇਵਲ ਨਾਮ।"
— ਆਸਾ **੫**, ਸੋਪੁ ੪, ੧ : ੪ (12)
ਹੋਰ ਰੂਪ — ਭਜੇ —
"ਚਰਣ **ਭਜੇ** ਪਾਰਬ੍ਰਹਮ ਕੇ ਸਭਿ ਜਪ ਤਪ ਤਿਨਹੀ ਕੀਤਿ।" (ਸਿਮਰੇ)
— ਸਿਰੀ **੫**, ੮੭, ੩ : ੨ (48)
2. ਦੌੜ, ਨਸ
"ਸੁਣਿ ਮਨ ਮੇਰੇ **ਭਜੁ** ਸਤਗੁਰ ਸਰਣਾ।" (ਭਾਵ ਪਕੜ ਪਉ)
— ਸਿਰੀ **੩**, ੫੧, ੧* : ੧ (33)

ਭਜੈ — 1. ਟੁੱਟਦੀ ਹੈ
"ਖੜੁ ਪਕੀ ਕੁੜਿ **ਭਜੈ** ਬਿਨਸੈ ਆਇ ਚਲੈ ਕਿਆ ਮਾਣੁ।" — ਸਿਰੀ **੧**, ਪਹ ੨, ੪ : ੫ (76)
"ਜਾ **ਭਜੈ** ਤਾ ਠੀਕਰੁ ਹੋਵੈ ਘਾੜਤ ਘੜੀ ਨ ਜਾਇ।"
(ਟੁੱਟੇ) — ਮਾਝ **੧**, ਵਾਰ ੨ਸ, **੧**, ੧ : ੫ (138)
2. ਸਿਮਰੇ, ਜਪੇ
"ਸਾਧਸੰਗਿ ਨਾਨਕੁ **ਭਜੈ** ਬਿਖੁਤਰਿਆ ਸੰਸਾਰੁ।"
— ਗਉ **੫**, ੧੧੬*, ੫ : ੨ (203)
3. ਭਜ ਜਾਵੇ, ਨਸ ਜਾਵੇ, ਦੌੜ ਜਾਵੇ
"ਸਾਹਿਬੁ ਸੰਕਟਵੈ ਸੇਵਕੁ **ਭਜੈ**।"
— ਬਸੰ **ਨਾਮ**, ੧, ੧ : ੧ (1195)

ਭਜੋ — ਸਿਮਰੋ, ਜਪੋ
"ਤਜਿ ਹਉਮੈ ਗੁਰ ਗਿਆਨ **ਭਜੋ**।"
— ਗਉ **੫**, ਅਸ ੧੩, ੧ : ੧ (241)

ਭੰਞੁ — ਭੰਨਣ ਵਾਲਾ, ਦੂਰ ਕਰਨ/ਨਾਸ ਕਰਨ ਵਾਲਾ
"ਹਮ ਡੂਬਦੇ ਪਾਥਰ ਕਾਢਿ ਲੇਹੁ ਪ੍ਰਭ ਤੁਮ ਦੀਨ

ਦਇਆਲ ਦੁਖ **ਭੰਞੁ**।"

— ਬਸੰ **੪**, ੭, ੨ : ੨ (1179)

ਭਟ — ਜਸੁ ਗਾਇਕ ਕਵੀ

"ਕਰਮ ਕਰਿ ਤੁਅ ਦਰਸ ਪਰਸ ਪਾਰਸ ਸਰ ਬਲ੍ਯ **ਭਟ** ਜਸੁ ਗਾਇਯਉ।"

— ਸਵ **੪**, ਬਲ ੪ : ੩ (1405)

ਭਟਕਤੁ — ਭਟਕਦਾ ਹੋਇਆ

"ਸੁਆਨ ਸੂਕਰ ਬਾਇਸ ਜਿਵੈ **ਭਟਕਤੁ** ਚਾਲਿਓ ਊਠਿ।" — ਮਾਰੂ **ਕਬ**, ੧, ੧ : ੨ (1105)

ਭਟਕਾ — ਭਟਕਣਾ

"ਦੇਖਾ ਦੇਖੀ ਸ੍ਵਾਂਗੁ ਧਰਿ ਭੂਲੇ **ਭਟਕਾ** ਖਾਹਿ।"

— ਸਲੋ **ਕਬ**, ੧੩੫ : ੨ (1371)

('ਮਹਾਨਕੋਸ਼' ਅਰਥ 'ਚਿਤ ਦੀ ਘਬਰਾਹਟ, ਵਿਆਕੁਲਤਾ' ਕਰਦਾ ਹੈ)

ਭਟਕਿ — ਭਟਕ ਕੇ ਭਾਵ ਚਕਰ ਖਾ ਕੇ, ਵਿਆਕੁਲ ਹੋ ਕੇ, ਘਬਰਾ ਕੇ

"ਦੇਖਤ ਦਰਸੁ **ਭਟਕਿ** ਭ੍ਰਮੁ ਭਜਤ ਦੁਖ ਪਰਹਰਿ ਸੁਖ ਸਹਜ ਬਿਗਾਸੇ।"

— ਸਵ **੪**, ਮਥੁ ੬ : ੨ (1404)

ਭਟਿਆਣੀ — ਭਟੀ ਜਾਤ ਦੇ ਰਾਜਪੂਤ ਦੀ ਇਸਤ੍ਰੀ

"ਇਕ ਹਿੰਦਵਾਣੀ ਅਵਰ ਤੁਰਕਾਣੀ **ਭਟਿਆਣੀ** ਠਕੁਰਾਣੀ।"

— ਆਸਾ **੧**, ਅਸ ੧੨, ੬ : ੧ (418)

ਭਟੁ — ਯਸ਼ਗਾਇਕ ਕਵੀ

"ਸੋ ਗੁਰੂ ਗੁਰੂ ਅਹਿਨਿਸਿ ਜਪੈ ਦਾਸੁ **ਭਟੁ** ਬੇਨਤਿਕ ਹੈ।" — ਸਵ **੪**, ਨਲ ੭ : ੫ (1399)

ਭਠ — ਭੱਠੀ

"ਬਿਨੁ ਸੰਗਤਿ ਇਉ ਮਾਂਨਈ ਹੋਇ ਗਈ **ਭਠ** ਛਾਰ।" — ਸਲੋ **ਕਬ**, ੧੯੫ : ੧ (1375)

ਹੋਰ ਰੂਪ — ਭਠਿ —

"ਕਬੀਰ ਸੰਤਨ ਕੀ ਝੁੰਗੀਆ ਭਲੀ **ਭਠਿ** ਕੁਸਤੀ ਗਾਉ।" (ਭਠੀ ਵਰਗੀ)

— ਸਲੋ **ਕਬ**, ੧੫ : ੧ (1365)

"ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ **ਭਠਿ** ਨਗਰ ਸੇ ਗ੍ਰਾਮ।" (ਭੱਠੀ ਵਿਚ ਪਵੇ)

— ਮਾਝ **੫**, ਬਾਰਾ ੧ : ੬ (133)

ਭੰਡਹੁ — ਇਸਤ੍ਰੀ ਤੋਂ

"**ਭੰਡਹੁ** ਹੋਵੈ ਦੋਸਤੀ ਭੰਡਹੁ ਚਲੈ ਰਾਹੁ।"

— ਆਸਾ **੧**, ਵਾਰ ੧੯ਸ, **੧**, ੨ : ੨ (473)

ਭੰਡਾਰ — ਜ਼ਖੀਰਾ, ਖਜ਼ਾਨਾ

"ਅਮੁਲ ਵਾਪਾਰੀਏ ਅਮੁਲ **ਭੰਡਾਰ**।"

— ਜਪੁ **੧**, ੨੬ : ੨ (5)

ਭੰਡਾਰਣਿ — ਭੰਡਾਰੇ ਦੀ ਸੰਭਾਲ ਕਰਨ ਵਾਲੀ, ਭੰਡਾਰਾ ਵੰਡਣ ਵਾਲੀ

"ਭੁਗਤਿ ਗਿਆਨੁ ਦਇਆ **ਭੰਡਾਰਣਿ** ਘਟਿ ਘਟਿ ਵਾਜਹਿ ਨਾਦ।" — ਜਪੁ **੧**, ੨੯ : ੧ (6)

ਭੰਡਾਰਾ — ਜ਼ਖੀਰਾ, ਖਜ਼ਾਨਾ

"ਸਿਫਤੀ ਭਰੇ ਤੇਰੇ **ਭੰਡਾਰਾ**।"

— ਆਸਾ **੧**, ਸੋਦ ੨, ੪ : ੨ (9)

ਭੰਡਾਰਿ — ਖਜ਼ਾਨਾ, ਜਖੀਰਾ

"ਨਾਮੁ ਤੇਰਾ ਜਨ ਕੈ **ਭੰਡਾਰਿ**।"

— ਪ੍ਰਭਾ **੫**, ੨, ੧ : ੧ (1338)

ਭੰਡਾਰਿਆ — ਭੰਡਾਰ, ਜ਼ਖੀਰਾ

"ਨਿਖੁਟਿ ਨ ਜਾਈ ਮੂਲਿ ਅਤੁਲ **ਭੰਡਾਰਿਆ**।"

— ਗਉ **੫**, ਵਾਰ ੯ਸ, ੫, ੧ : ੩ (320)

ਭੰਡਾਰੀ — 1. ਭੰਡਾਰ ਰਖਣ ਵਾਲਾ

"ਇਕੁ ਸੰਸਾਰੀ ਇਕੁ **ਭੰਡਾਰੀ** ਇਕੁ ਲਾਏ ਦੀਬਾਣੁ।"

— ਜਪੁ **੧**, ੩੦ : ੨ (7)

2. ਭੰਡਾਰ, ਖਜ਼ਾਨਾ

"ਆਖਣਿ ਤੋਟਿ ਨ ਭਗਤਿ **ਭੰਡਾਰੀ** ਭਰਿਪੁਰਿ ਰਹਿਆ ਸੋਈ।"

— ਧਨਾ **੧**, ਛੰਤ ੧, ੪ : ੫ (688)

"ਆਪੇ ਆਪਿ ਕਰਾਏ ਕਰਤਾ ਆਪੇ ਬਖਸਿ **ਭੰਡਾਰੀ**।" (ਖਜ਼ਾਨੇ)

— ਰਾਮ **੩**, ਅਸ ੪, ੮ : ੧ (911)

"ਸਾਚੀ ਬਸਤੁ ਕੇ ਭਾਰ ਚਲਾਏ ਪਹੁਚੇ ਜਾਇ **ਭੰਡਾਰੀ**।" (ਖਜ਼ਾਨੇ ਵਿਚ)

— ਕੇਦਾ **ਕਬ**, ੨, ੨ : ੨ (1123)

"ਜਹ **ਭੰਡਾਰੀ** ਹੂ ਗੁਣ ਨਿਕਲਹਿ ਤੇ ਕੀਅਹਿ ਪਰਵਾਣੁ।" (ਭੰਡਾਰਿਆਂ ਭਾਵ ਹਿਰਦਿਆਂ ਵਿਚੋਂ)

— ਸਾਰ **੪**, ਵਾਰ ੫ਸ, **੨**, ੨ : ੩ (1239)

ਭੰਡਾਰੀਆ — ਖਜ਼ਾਨੇ

"ਸਭ ਗੁਣ ਕਿਸ ਹੀ ਨਾਹਿ ਹਰਿ ਪੂਰ **ਭੰਡਾਰੀਆ**।"

— ਗਉ **੫**, ਅਸ ੧੨, ੪ : ੨ (241)

ਭੰਡਾਰੁ — ਖਜ਼ਾਨਾ

"ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ਹਰਿ ਭਗਤਾ ਅਤੁਟੁ **ਭੰਡਾਰੁ**।"

— ਸਿਰੀ **੩**, ੩੯, ੧ : ੩ (28)

ਹੋਰ ਰੂਪ — ਭੰਡਾਰੇ —

"ਹਰਿ ਹਰਿ ਅੰਮ੍ਰਿਤੁ ਹਰਿ ਰਸੁ ਪਾਵਹਿ ਗੁਰਮਤਿ ਭਗਤਿ **ਭੰਡਾਰੇ**।" (ਭੰਡਾਰ, ਖਜਾਨਾ) — ਗੂਜ **੪**, ੩, ੨ : ੨ (493)

ਭੰਡਾਰੈ —

"ਲਾਲ ਜਵੇਹਰ ਮਾਣਕੀ ਗੁਰ **ਭੰਡਾਰੈ** ਸੋਇ।"

— ਸਿਰੀ **੧**, ਅਸ ੧੦, ੨ : ੩ (59)

ਭੰਡਿ — ਇਸਤ੍ਰੀ

"**ਭੰਡਿ** ਜੰਮੀਐ **ਭੰਡਿ** ਨਿੰਮੀਐ **ਭੰਡਿ** ਮੰਗਣੁ ਵੀਆਹੁ।"

— ਆਸਾ **੧**, ਵਾਰ ੧੯ਸ, **੧**, ੨ : ੧ (473)

ਹੋਰ ਰੂਪ — ਭੰਡੁ —

"**ਭੰਡੁ** ਮੁਆ **ਭੰਡੁ** ਭਾਲੀਐ ਭੰਡਿ ਹੋਵੈ ਬੰਧਾਨੁ।"

— ਆਸਾ **੧**, ਵਾਰ ੧੯ਸ, **੧**, ੨ : ੩ (473)

ਭੰਡੈ —

"ਭੰਡਹੁ ਹੀ ਭੰਡੁ ਊਪਜੈ **ਭੰਡੈ** ਬਾਝੁ ਨ ਕੋਇ।"

— ਆਸਾ **੧**, ਵਾਰ ੧੯ਸ, **੧**, ੨ : ੫ (473)

ਭਣੰ — ਕਹੇ ਜਾਂਦੇ ਹਨ

"ਅੰਬਰੀਕੁ ਜਯਦੇਵ ਤ੍ਰਿਲੋਚਨੁ ਨਾਮਾ ਅਵਰੁ ਕਬੀਰੁ **ਭਣੰ**।" — ਸਵ **੪**, ਬਲ ੩ : ੨ (1405)

ਹੋਰ ਰੂਪ — ਭਣਹੁ —

"ਨਾਮੁ **ਭਣਹੁ** ਸਚੁ ਦੋਤੁ ਸਵਾਰਿ।" (ਜਪੋ, ਉਚਾਰੋ)

— ਬਸੰ **੧**, ਅਸ ੧, ੭ : ੨ (1187)

ਭਣਤਿ —

"**ਭਣਤਿ** ਨਾਨਕੁ ਸਤਿਗੁਰ ਕਉ ਮਿਲਦੋ ਮਰੈ ਗੁਰ ਕੈ ਸਬਦਿ ਫਿਰਿ ਜੀਵੈ ਕੋਇ।" (ਕਹਿੰਦਾ ਹੈ) — ਵਡ **੩**, ੧, ੪ : ੧ (557)

ਭਣੰਤਿ —

"ਕੀਰਤਿ ਸਾਥਿ ਚਲੰਥੋ **ਭਣੰਤਿ** ਨਾਨਕ ਸਾਧ ਸੰਗੇਣ।" (ਕਹਿੰਦਾ ਹੈ)

— ਗਾਥਾ **੫**, ੩ : ੨ (1360)

ਭਣਾ —

"ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ **ਭਣਾ**।" (ਉਚਾਰਾਂ, ਕਹਾਂ, ਆਖਾਂ)

— ਮਾਝ **੫**, ਬਾਰਾ ੨ : ੨ (133)

ਭਣਿ —

"ਸਭੁ ਕਿਛੁ ਆਪੇ ਆਪਿ ਹੈ ਗੁਰਮੁਖਿ ਸਦਾ ਹਰਿ **ਭਣਿ**।" (ਜਪੋ)

— ਰਾਮ **੩**, ਵਾਰ ੫ : ੪ (949)

ਭਣਿਅਉ —

"ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ **ਭਣਿਅਉ**।" (ਉਚਾਰਿਆ)

— ਸਵ **੪**, ਨਲ ੬ : ੨ (1399)

ਭਣਿਆ —

"ਤਿਸੁ ਬਲਿਹਾਰੀ ਜਿਨਿ ਰਸਨਾ **ਭਣਿਆ**।" (ਆਖਿਆ, ਜਪਿਆ)

— ਮਾਝ **੫**, ੨੭, ੧ : ੨ (102)

ਭਣਿਜੈ — ਉਚਾਰਣ ਕਰੇ, ਜਪੇ, ਭਜੇ

"ਜੀਹ ਤ ਪਰ ਸਕਯਥ ਜੀਹ ਗੁਰ ਅਮਰੁ **ਭਣਿਜੈ**।"

— ਸਵ **੩**, ੧੦ : ੩ (1394)

ਹੋਰ ਰੂਪ — ਭਣਿਜੋ —

"ਜੀਹ **ਭਣਿਜੋ** ਉਤਮ ਸਲੋਕ ਉਧਰਣੰ ਨੈਨ ਨੰਦਨੀ।" (ਆਖਦਾ ਹੈ, ਉਚਾਰਣ ਕਰਦਾ ਹੈ) — ਸਸ **੫**, ੩੨ : ੨ (1356)

ਭਣੀ — ਉਚਾਰਦਾ ਹਾਂ, ਜਪਦਾ ਹਾਂ, ਆਖਦਾ ਹਾਂ

"ਜਗੰਨਾਥੁ ਗੋਪਾਲੁ ਮੁਖਿ **ਭਣੀ**।"

— ਮਾਰੂ **੫**, ਸੋਲਾ ੧੧, ੧੧ : ੨ (1082)

ਹੋਰ ਰੂਪ — ਭਣੀਐ —

"ਜੇਹੇ ਕਰਮ ਕਮਾਵਦੇ ਤੇਵੇਹੋ **ਭਣੀਐ**।" (ਆਖੇ ਜਾਂਦੇ ਹਨ)

— ਗਉ **੪**, ਵਾਰ ੩੦ : ੪ (316)

"ਸਤਿਗੁਰੁ ਭੇਟਿ ਹਰਿ ਜਸੁ ਮੁਖਿ **ਭਣੀਐ**।" (ਉਚਾਰੀਏ)

— ਮਾਰੂ **੫**, ਸੋਲਾ ੪, ੪ : ੨ (1075)

ਭਣੁ —

"ਮਨਿ ਬਚਨਿ ਰਿਦੈ ਧਿਆਇ ਹਰਿ ਹੋਇ ਸੰਤੁਸਟੁ ਇਵ **ਭਣੁ** ਹਰਿ ਨਾਮੁ ਮੁਰਾਰੀ।" (ਜਪ, ਆਖ)

— ਧਨਾ **੪**, ੯, ੧ : ੨ (669)

ਭਣੈ —
"ਰਵਿਦਾਸੁ **ਭਣੈ** ਜੋ ਜਾਣੈ ਸੋ ਜਾਣੁ।" (ਕਹਿੰਦਾ ਹੈ) — ਆਸਾ **ਰਵਿ**, ੨, ੪ : ੧ (486)

ਭਤਾ — ਭਾਂਤ, ਢੰਗ, ਜੁਗਤ ਨਾਲ
"ਹੈ ਨਾਹੀ ਕੋਊ ਬੂਝਨਹਾਰੋ ਜਾਨੈ ਕਵਨੁ **ਭਤਾ**।"
— ਗੂਜ **੫**, ੧੧, ੧ : ੧ (498)

ਭਤਾਰ — (ਸੰ. भर्तृ, भर्ता, भर्तार) 1. ਪਤੀ
"ਪੁਤਾ ਦੇਖਿ ਵਿਗਸੀਐ ਨਾਰੀ ਸੇਜ **ਭਤਾਰ**।"
— ਸਿਰੀ **੧**, ਅਸ ੧੬, ੫ : ੧ (63)

ਹੋਰ ਰੂਪ — ਭਤਾਰਾ —
"ਮੇਰੇ ਗ੍ਰਿਹ ਆਏ ਰਾਜਾ ਰਾਮ **ਭਤਾਰਾ**।" (ਪਤੀ)— ਆਸਾ **ਕਬ**, ੨੪, ੧* : ੨ (482)

ਭਤਾਰਿ —
"ਨਾਨਕ ਬਿਨੁ ਨਾਵੈ ਕੁਰੂਪਿ ਕੁਸੋਹਣੀ ਪਰਹਰਿ ਛੋਡੀ **ਭਤਾਰਿ**।" (ਪਤੀ ਨੇ)
— ਸਿਰੀ **੪**, ਵਾਰ ੧੨ਸ, **੩**, ੧ : ੪ (89)

ਭਤਾਰੀ —
"ਥਿਰੁ ਸੋਹਾਗਨਿ ਸੰਗਿ **ਭਤਾਰੀ**।" (ਪਤੀ)
— ਆਸਾ **੫**, ੭, ੪ : ੪ (372)

ਭਤਾਰੁ —
"ਗੁਰਮੁਖਿ ਰਵਹਿ ਸੋਹਾਗਣੀ ਸੋ ਪ੍ਰਭੁ ਸੇਜ **ਭਤਾਰੁ**।" (ਮਾਲਕ, ਸੁਆਮੀ-ਸੇਜ ਦੇ ਮਾਲਕ/ਸੁਆਮੀ ਪ੍ਰਭੂ ਨੂੰ)
— ਸਿਰੀ **੧**, ੨੦, ੩ : ੩ (21)
"ਮਿਠਾ ਬੋਲਹਿ ਨਿਵਿ ਚਲਹਿ ਸੇਜੈ ਰਵੈ **ਭਤਾਰੁ**।" (ਪਤੀ)
— ਸਿਰੀ **੩**, ੪੬, ੨ : ੨ (31)
"ਜਨ ਨਾਨਕ ਧੰਨਿ ਸੁਹਾਗਣਿ ਸਾਈ ਜਿਸੁ ਸੰਗਿ **ਭਤਾਰੁ** ਵਸੰਦਾ।"
— ਜੈਤ **੫**, ਛੰਤ ੧, ੩ : ੬ (704)

ਭਤਾਰੇ —
"ਮੈ ਪਿਰੁ ਸਚੁ ਸਾਲਾਹਣਾ ਹਉ ਰਹਸਿਅੜੀ ਨਾਮਿ **ਭਤਾਰੇ**।" (ਪਤੀ ਦੇ)
— ਵਡ **੧**, ਅਲਾ ੩, ੭ : ੪ (581)

ਭਤਾਰੋ —
"ਪੰਚ ਸਖੀ ਹਮ ਏਕੁ **ਭਤਾਰੋ**।" (ਪਤੀ, ਸੁਆਮੀ, ਇਥੇ ਭਾਵ ਜੀਵ)
— ਆਸਾ **੫**, ੩੪, ੩ : ੧ (359)
"ਮਨਮੁਖ ਦੇਹੀ ਭਰਮੁ **ਭਤਾਰੋ**।" (ਪਤੀ)
(ਮਹਾਨਕੋਸ਼ ਅਰਥ 'ਰਾਜਾ' ਕਰਦਾ ਹੈ)
— ਮਾਰੂ **੩**, ਸੋਲਾ ੧੪, ੧੩ : ੧ (1058)

ਭਤਿ — ਭਾਂਤ, ਇਸ ਤਰ੍ਹਾਂ, ਢੰਗ, ਤਰੀਕਾ
"ਘਟਿ ਘਟਿ ਰਮਈਆ ਮਨਿ ਵਸੈ ਕਿਉ ਪਾਈਐ ਕਿਤੁ **ਭਤਿ**।"
— ਸਿਰੀ **੪**, ਵਣ ੧, ੫ : ੧ (82)
"ਫਰੀਦਾ ਦਰ ਦਰਵੇਸੀ ਗਾਖੜੀ ਚਲਾਂ ਦੁਨੀਆਂ **ਭਤਿ**।" (ਵਾਂਗ) — ਸਲੋ **ਫਰ**, ੨ : ੧ (1377)

ਭਤਿਆ — 1. ਭੋਜਨ
"ਓਨਾ ਇਕੋ ਨਾਮੁ ਅਧਾਰੁ ਇਕਾ ਉਨ **ਭਤਿਆ**।"
— ਰਾਮ **੫**, ਵਾਰ ੪ : ੪ (958)
2. ਪ੍ਰਕਾਰ ਦਾ, ਭਾਂਤ ਦਾ
"ਆਪੇ ਹੋਇਓ ਇਕੁ ਆਪੇ ਬਹੁ **ਭਤਿਆ**।"
— ਗਉ **੫**, ਵਾਰ ੨੨ : ੨ (966)

ਭਤੀਜਂੀ — ਭਰਾ ਦੀ ਲੜਕੀ
"ਅਗੈ ਸੰਗਤੀ ਕੁੜਮੀ ਵੇਮੁਖੁ ਰਲਣਾ ਨ ਮਿਲੈ ਤਾ ਵਹੁਟੀ **ਭਤੀਜਂੀ** ਫਿਰਿ ਆਣਿ ਘਰਿ ਪਾਇਆ।"
— ਗਉ **੪**, ਵਾਰ ੧੨ਸ, **੪**, ੧ : ੫ (306)

ਭਤੀਰੀ — ਧੀਰੀ, ਪੁਤਲੀ
"ਪਾਵ ਮਲੋਵਉ ਸੰਗਿ ਨੈਨ **ਭਤੀਰੀ**।"
— ਸੂਹੀ **੫**, ੧੦, ੨ : ੧ (739)
(ਮਹਾਨਕੋਸ਼ ਅਰਥ 'ਭਾਤਾ ਦੇ' ਕਰਦਾ ਹੈ)

ਭਦੁ — ਭਦਨ, ਸਿਰ ਮੁਨਾਉਣਾ
"ਹਥੀ ਸਿਰ ਖੋਹਾਇ ਨ **ਭਦੁ** ਕਰਾਇਆ।"
— ਮਲਾ **੧**, ਵਾਰ ੧੬ : ੩ (1285)

ਭਨੰਣ — ਤੋੜਨ
"ਗੁਰ ਨਾਨਕ ਹਰਿ ਨਾਮੁ ਦ੍ਰਿੜਾਇਆ **ਭੰਨਣ** ਘੜਣ ਸਮਰਥੁ।"
— ਗਉ **੪**, ਵਾਰ ੩੨ਸ, **੫**, ੧ : ੧ (317)

ਭਨਤਿ — ਕਹਿੰਦਾ ਹੈ
"**ਭਨਤਿ** ਨਾਨਕ ਮੇਰੀ ਪੂਰੀ ਪਰੀ।"
— ਗਉ **੫**, ੧੨੩, ੪ : ੨ (190)

ਭਨਾ — ਆਖਾਂ, ਵਰਣਨ ਕਰਾਂ, ਉਚਾਰਾਂ
"ਸੁੰਦਰ ਚਤੁਰੁ ਸੁਜਾਨ ਸੁਆਮੀ ਕਵਨ ਰਸਨਾ ਗੁਣ **ਭਨਾ**।" — ਆਸਾ **੫**, ਛੰਤ ੧੪, ੩ : ੪ (462)

ਭੰਨਾ — ਤੁਟਿਆ, ਭਜਿਆ, ਟੁੱਟ ਗਿਆ

"ਦੂਖ ਰੋਗ ਕਾ ਡੇਰਾ **ਭੰਨਾ**।"
— ਸੋਰ **੫**, ੨੨, ੧ : ੨ (628)
"ਦੂਖੁ **ਭੰਨਾ** ਭੈ ਭੰਜਨਹਾਰ।" (ਭਾਵ ਦੂਰ ਕੀਤਾ)
— ਮਲਾ **੫**, ੨੧, ੨ : ੧ (1271)

ਭਨਿ — 1. ਕਹਿੰਦਾ ਹੈ, ਆਖਦਾ ਹੈ
"ਜੈਸੇ ਪੁਰੈਨ ਪਾਤ ਰਹੈ ਜਲ ਸਮੀਪ **ਭਨਿ** ਰਵਿਦਾਸ ਜਨਮੇ ਜਗਿ ਓਇ।"
— ਬਿਲਾ **ਰਵਿ**, ੨, ੩ : ੨ (858)
"**ਭਨਿ** ਦਾਸ ਸੁ ਆਸ ਜਗਤ੍ਰ ਗੁਰੂ ਕੀ ਪਾਰਸੁ ਭੇਟਿ ਪਰਸੁ ਕਰ੍ਉ।" (ਆਖ)
— ਸਵ **੪**, ਨਲ ੧੧ : ੪ (1400)
2. ਤੋੜਕੇ
"**ਭਨਿ ਭਨਿ** ਘੜੀਐ ਘੜਿ ਘੜਿ ਭਜੈ।"
— ਰਾਮ **੧**, ਓਅੰ ੪੧ : ੧ (935)
ਹੋਰ ਰੂਪ — ਭੰਨਿ —
"ਹੁਕਮੀ ਭਾਂਡੇ ਸਾਜਿਆ ਤੂੰ ਆਪੇ **ਭੰਨਿ** ਸਵਾਰਿ ਜੀਉ।" (ਤੋੜਕੇ)
— ਸਿਰੀ **੧**, ਅਸ ੨੮, ੨੨ : ੩ (73)

ਭਨੀ — ਉਚਾਰਦੀ, ਆਖਦੀ
"ਸਾਧੂ ਰਸਨ **ਭਨੀ** ਹਾਂ।"
— ਆਸਾ **੫**, ੧੫੯, ੧ : ੩ (409)

ਭੰਨੀ — 1. ਭੰਨ ਦਿੱਤੀ, ਤੋੜ ਦਿੱਤੀ
"ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਤਿਨਿ ਹਉਮੈ ਦੁਬਿਧਾ **ਭੰਨੀ**।"
— ਵਡ **੪**, ਵਾਰ ੧੨ : ੨ (590)
2. ਨਸ ਗਈ, ਭਜ ਗਈ
"ਸੀਲੁ ਸੰਜਮੁ ਸੁਚ **ਭੰਨੀ** ਖਾਣਾ ਖਾਜੁ ਅਹਾਜੁ।"
— ਸਾਰ **੪**, ਵਾਰ ੧੪ਸ, **੧**, ੨ : ੨ (1243)

ਭਨੀਐ — ਜਪਦੀ/ਉਚਾਰਦੀ ਹੈ
"ਜਾਸੁ ਰਸਤ ਹਰਿ ਹਰਿ ਜਸੁ **ਭਨੀਐ**।"
— ਗਉ **੫**, ਬਾਅ ੧੩ : ੨ (252)

ਭਨੁ — ਆਖ, ਕਹਿ
"ਗੁਨ ਬੇਅੰਤ ਬੇਅੰਤ **ਭਨੁ** ਨਾਨਕ ਕਹਨੁ ਨ ਜਾਈ ਪਰੈ ਪਰਾਤਿ।"— ਦੇਵ **੫**, ੩੫, ੨ : ੫ (535)
"ਅੰਤਰਜਾਮੀ ਅਗਮੁ ਰਸਨਾ ਏਕੁ **ਭਨੁ**।" (ਜਪ)
— ਰਾਮ **੩**, ਵਾਰ ੨੦ : ੪ (956)

ਭੰਨੁ — ਤੋੜ
"ਚੂੜਾ **ਭੰਨੁ** ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ।" — ਵਡ **੧**, ੩, ੧ : ੫ (557)

ਭਨੇ — ਆਖਦੇ ਹਨ, ਉਚਾਰਦੇ ਹਨ
"ਬੇਦ ਪੁਰਾਣ ਸਿਮ੍ਰਿਤਿ **ਭਨੇ**।"
— ਗਉ **੫**, ੧੪੪*, ੧ : ੧ (211)
"ਮਨ ਬਾਂਛਤ ਫਲ ਪਾਇਆ ਹਰਿ ਨਾਨਕ ਨਾਮ **ਭਨੇ**।" (ਉਚਾਰਣ ਤੇ)
— ਰਾਮ **੫**, ਰੁਤੀ ੭, ੨ਸ : ੨ (929)
"ਚਾਰਿ ਬੇਦ ਜਿਹਵ **ਭਨੇ**।" (ਉਚਾਰਣ ਕੀਤੇ, ਰਟੇ) — ਸਾਰ **੫**, ੧੩੧, ੧ : ੧ (1229)

ਭੰਨੇ — ਭਜ ਗਏ, ਨਠ ਗਏ
"ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ **ਭੰਨੇ**।" — ਗਉ **੪**, ਵਾਰ ੨੫ : ੨ (314)

ਭੰਨੈ — ਤੋੜੇ
"ਹਟ ਪਟਣ ਬਿਜ ਮੰਦਰ **ਭੰਨੈ** ਕਰਿ ਚੋਰੀ ਘਰਿ ਆਵੈ।" — ਗਉ **੧**, ੧੭, ੩ : ੧ (156)
"ਪਤਿਤ ਪਾਵਨੁ ਹਰਿ ਬਿਰਦੁ ਸਦਾਏ ਇਕੁ ਤਿਲੁ ਨਹੀ **ਭੰਨੈ** ਘਾਲੇ।" (ਭਾਵ ਗਵਾਉਂਦਾ)
— ਸੂਹੀ **੫**, ਛੰਤ ੧੧, ੧ : ੪ (784)

ਭੰਬ੍ਰ — ਸ੍ਰੇਸ਼ਟ ਲੋਕ, ਉਤਮ ਪੁਰਸ਼
"ਗਾਥਾ ਗਾਵੰਤਿ ਨਾਨਕ **ਭੰਬ੍ਰ** ਪਰਾ ਪੂਰਬਣਹ।"
— ਗਾਥਾ **੫**, ੧੮ : ੨ (1361)

ਭੰਭਲਭੂਸੇ — ਧੋਖਾ ਖਾਣਾ, ਭੁਲੇਖੇ ਵਿਚ ਪੈਣਾ, ਡਕੋ ਡੋਲੇ
"ਜੋਸਤਿਗੁਰਿ ਫਿਟਕੇ ਸੇ ਸਭ ਜਗਤਿ ਫਿਟਕੇ ਨਿਤ **ਭੰਭਲਭੂਸੇ** ਖਾਹੀ।"
— ਗਉ **੪**, ਵਾਰ ੧੫ਸ, **੪**, ੨ : ੩ (308)

ਭਭਾ — ਗੁਰਮੁਖੀ ਲਿਪੀ ਦਾ 24ਵਾਂ ਅਖਰ, 'ਭ'
"**ਭਭਾ** ਭਰਮੁ ਮਿਟਾਵਹੁ ਅਪਨਾ।"
— ਗਉ **੫**, ਬਾਅ ੪੦ : ੧ (258)

ਭਭਾਖਿਆ — ਭੁਖ, ਖਾਣ ਦੀ ਇਛਾ
"ਤਿਪਤਿ ਰਹੇ ਆਘਾਇ ਮਿਟੀ **ਭਭਾਖਿਆ**।"
— ਵਡ **੪**, ਵਾਰ ੨੦ : ੩ (594)

ਭਭੀਖਣ — ਰਾਵਣ ਦਾ ਛੋਟਾ ਭਰਾ ਜੋ ਸ਼ਿਵ ਜੀ ਦੇ ਆਖੇ ਲਗ ਰਾਮ ਦੀ ਸ਼ਰਣੀ ਆਇਆ, ਰਾਮ ਚੰਦ ਜੀ ਨੇ ਰਾਵਣ ਤੋਂ ਲੰਕਾ ਜਿਤ ਕੇ ਭਭੀਖਣ ਨੂੰ ਸੌਂਪ

ਦਿੱਤੀ
"ਨਾਮੇ ਕੇ ਸੁਆਮੀ ਸੀਅ ਬਹੋਰੀ ਲੰਕ **ਭਭੀਖਣ** ਆਪਿਓ ਹੋ।"
— ਸੋਰ **ਨਾਮ**, ੨, ੪ : ੨ (657)

ਹੋਰ ਰੂਪ — ਭਭੀਖਨ —
"ਅੰਬਰੀਨ ਕਉ ਦੀਓ ਅਭੈ ਪਦੁ ਰਾਜੁ **ਭਭੀਖਨ** ਅਧਿਕ ਕਰਿਓ।"
— ਮਾਰੂ **ਨਾਮ**, ੧, ੩ : ੧ (1105)

ਭਭੈ — 'ਭ' ਅਖਰ ਦੁਆਰਾ
"**ਭਭੈ** ਭਾਲਹਿ ਸੇ ਫਲੁ ਪਾਵਹਿ ਗੁਰ ਪਰਸਾਦੀ ਦੀ ਜਿਨ੍ ਕਉ ਭਉ ਪਇਆ।"
— ਆਸਾ **੧**, ਪਟੀ ੨੨ : ੧ (434)

ਭਯ — ਡਰ
"**ਭਯ** ਭੰਜਨੁ ਪਰ ਪੀਰ ਨਿਵਾਰਨੁ ਕਲ੍ਸਹਾਰੁ ਤੋਹਿ ਜਸੁ ਬਕਤਾ।" — ਸਵ **੫**, ਕਲ ੬ : ੩ (1407)

ਭਯੰ — ਹੋ ਜਾਂਦੇ ਹਨ
"ਨਿਰਧਨ **ਭਯੰ** ਧਨਵੰਤਹ ਰੋਗੀਅੰ ਰੋਗ ਖੰਡਨਹ।"
— ਸਸ **੫**, ੨੦ : ੨ (1355)

ਭਯਉ — ਹੋ ਗਿਆ, ਹੋਇਆ
"ਧੰਨਿ ਧੰਨਿ ਤੇ ਧੰਨਿ ਜਨ ਜਿਹ ਕ੍ਰਿਪਾਲੁ ਹਰਿ ਹਰਿ **ਭਯਉ**।" — ਸਮੁ **੫**, ੫ : ੫ (1386)

ਭਯੰਤਿ — ਹੋ ਜਾਂਦਾ ਹੈ
"ਬਿਖਯਾ **ਭਯੰਤਿ** ਅੰਮ੍ਰਿਤੰ ਦ੍ਰੁਸਟਾਂ ਸਖਾ ਸ੍ਵਜਨਹ।"
— ਸਸ **੫**, ੩੨ : ੧ (1357)

ਭਯਭੰਜਨੁ — ਡਰ ਦੂਰ ਕਰਨ ਵਾਲਾ
"**ਭਯਭੰਜਨੁ** ਪਰ ਦੁਖ ਨਿਵਾਰੁ ਅਪਾਰੁ ਅਨੰਭਉ।"
— ਸਵ **੫**, ਕਲ ੫ : ੨ (1407)

ਭਯਾ — 1. ਭਰਾ
"ਤੀਜੈ **ਭਯਾ** ਭਾਭੀ ਬੇਬ।"
— ਮਾਝ **੧**, ਵਾਰ ੧ਸ, **੧**, ੨ : ੩ (137)

2. ਹੋਇਆ
"ਸਤਗੁਰ ਮਤਿ ਗੂੜ੍ਹ ਬਿਮਲ ਸਤਸੰਗਤਿ ਆਤਮੁ ਰੰਗਿ ਚਲੂਲੁ **ਭਯਾ**।"
— ਸਵ **੪**, ਕਲ ੩ : ੧ (1396)

ਭਯਾਨ — ਭੈਦਾਇਕ, ਡਰਾਉਣਾ
"ਭ੍ਰਮ **ਭਯਾਨ** ਉਦਿਆਨ ਰਮਣੰ ਮਹਾ ਬਿਕਟ ਅਸਾਧ ਰੋਗਣਹ।"
— ਸਸ **੫**, ੪੯ : ੪ (1358)

ਭਯੋ — ਹੋਇਆ
"ਜਿਹ ਠਾਕੁਰੁ ਸੁਪ੍ਰਸੰਨੁ **ਭਯੋ** ਸਤਸੰਗਤਿ ਤਿਹ ਪਿਆਰੁ।" — ਸਮੁ **੫**, ੬ : ੫ (1386)

ਹੋਰ ਰੂਪ — ਭਯੋ —
"ਪ੍ਰਥਮੇ ਨਾਨਕ ਚੰਦੁ ਜਗਤ **ਭਯੋ** ਆਨੰਦੁ ਤਾਰਨਿ ਮਨੁਖ੍ ਜਨ ਕੀ ਅਉ ਪ੍ਰਗਾਸ।"
(ਹੋਇਆ) — ਸਵ **੪**, ਨਲ ੪ : ੨ (1399)

ਭਯੌ —
"ਹਰਿ ਪਰਸਿਓ ਕਲੁ ਸਮੁਲਵੈ ਜਨ ਦਰਸਨੁ ਲਹਣੇ **ਭਯੌ**।" — ਸਵ **੨**, ੬ : ੬ (1392)

ਭਰ — 1. ਭਰਨਾ, ਲਿਬੜਨਾ
"ਮਨ ਮੇਰੇ ਹਉਮੈ ਮੈਲੁ **ਭਰ** ਨਾਲਿ।"
— ਸਿਰੀ **੬**, ੫੬, ੧* : ੧ (35)
('ਮਹਾਨਕੋਸ਼' 'ਭਰਨਾਲਿ' ਨੂੰ ਇਕ ਸ਼ਬਦ ਬਣਾਕੇ ਅਰਥ ਕਰਦੇ ਹਨ 'ਬੇਹੋਸ਼')

2. ਭਾਰ, ਬੋਝ
"ਪਥਰ ਕੀ ਬੇੜੀ ਜੇ ਚੜੈ **ਭਰ** ਨਾਲਿ ਬੁਡਾਵੈ।"
— ਆਸਾ **੧**, ਅਸ ੧੨, ੪ : ੨ (420)

3. ਭਰਿਆ ਹੋਇਆ
"ਮਛਰ ਡੰਗ ਸਾਇਰ **ਭਰ** ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ।"
— ਤੁਖਾ **੧**, ਬਾਰਾ ੧੦ : ੫ (1108)

ਹੋਰ ਰੂਪ — ਭਰਉ —
"ਗੁਰਮਤਿ ਸੁਨਿ ਕਛੁ ਗਿਆਨੁ ਨ ਉਪਜਿਓ ਪਸੁ ਜਿਉ ਉਦਰੁ **ਭਰਉ**।" (ਭਰਾ)
— ਧਨਾ **੯**, ੪, ੨ : ੧ (685)
"ਦੀਨੁ ਛੋਡਿ ਦੁਨੀਆ ਕਉ **ਭਰਉ**।" (ਭਾਵ ਸੰਸਾਰੀ ਧੰਨ ਇਕੱਠਾ ਕਰਦਾ ਹਾਂ)
— ਤੁਖਾ **ਨਾਮ**, ੧੦, ੧੧ : ੨ (1166)

ਭਰਹਿ —
"ਵਲਵੰਚ ਕਰਿ ਉਦਰੁ **ਭਰਹਿ** ਮੂਰਖ ਗਾਵਾਰਾ।" (ਭਰਦਾ ਹੈ)
— ਆਸਾ **੫**, ਛੰਤ ੧੩, ੨ : ੧ (461)
"ਕੋਟਿ ਕੁ ਮੇਰ **ਭਰਹਿ** ਭੰਡਾਰ।" (ਭਰਪੂਰ ਕਰਦੇ/ਭਰਦੇ ਹਨ)
— ਭੈਰ **ਕਬ**, ਅਸ ੨, ੪ : ੧ (1163)

ਭਰਹੁ —

"ਅੰਮ੍ਰਿਤੁ ਸਿੰਚਹੁ **ਭਰਹੁ** ਕਿਆਰੇ ਤਉ ਮਾਲੀ ਕੇ ਹੋਵਹੁ।" (ਪੂਰਹੁ)
— ਬਸੰ **੧**, ੯, ੨ : ੨ (1171)

ਭਰਜਾਈਆ — ਭਰਾਵਾਂ ਦੀਆਂ ਪਤਨੀਆਂ
"ਨਾ ਭੈਣਾ **ਭਰਜਾਈਆ** ਨਾ ਸੇ ਸਸੁੜੀਆਹ।"
— ਮਾਰੂ **੧**, ਅਸ ੧੦, ੧ : ੧ (1015)

ਭਰਣ — 1. ਪਾਲਣ/ਪੋਸਣ
"ਹਸਤ ਦੇਇ ਪ੍ਰਤਿਪਾਲਦਾ **ਭਰਣ** ਪੋਖਣੁ ਕਰਨਾ।" (ਭਾਵ ਪਾਲਣ ਤੇ ਰਖਯਾ ਕਰਨ ਵਾਲਾ)
— ਗਉ **੫**, ਵਾਰ ੨੦ : ੩ (323)
"**ਭਰਣ** ਪੋਖਣ ਸੰਗਿ ਅਉਧ ਬਿਹਾਣੀ।"
— ਸੂਹੀ **੫**, ੩੩, ੩ : ੧ (743)
"ਹੋਯੋ ਹੈ ਹੋਵੰਤੋ ਹਰਣ **ਭਰਣ** ਸੰਪੂਰਣ:।" (ਪਾਲਣ ਯੋਗ)
— ਗਾਥਾ **੫**, ੨੩ : ੧ (1361)
ਹੋਰ ਰੂਪ — ਭਰਣੰ —
"ਪਰਤਖਿ ਦੇਹ ਪਾਰਬ੍ਰਹਮੁ ਸੁਆਮੀ ਆਦਿ ਰੂਪਿ ਪੋਖਣ **ਭਰਣੰ**।"
— ਸਵ **੪**, ਗਯੰ ੧ : ੧੨ (1401)
2. ਪੂਰਨ
"ਅੰਦਰਿ ਕਪਟੁ ਉਦਰੁ **ਭਰਣ** ਕੇਤਾਈ ਪਾਠ ਪੜਹਿ ਗਾਵਾਰੀ।"
— ਸਾਰ **੪**, ਵਾਰ ੨੪ਸ, **੩**, ੧ : ੪ (1246)

ਭਰਤ — ਭਰਤਾ, ਪਤੀ
"**ਭਰਤ** ਬਿਹੂਨ ਕਹਾ ਸੋਹਾਗੁ।"
— ਗਉ **੫**, ੧੩੪, ੨ : ੨ (192)

ਭਰਤਾ — 1. ਪਤੀ
"**ਭਰਤਾ** ਚਿਤਵਤ ਪੂਰਨ ਆਸਾ।"
— ਮਾਝ **੫**, ੨੧, ੩ : ੨ (100)
2. ਭਰਦਾ ਹੈ
"ਗਇਆ ਪਿੰਡੁ **ਭਰਤਾ**।"
— ਗੋਂਡ **ਨਾਮ**, ੧, ੨ : ੧ (873)

ਭਰਤਾਰੁ — ਪਤੀ
"ਨਾਨਕ ਗੁਰਮੁਖਿ ਸਦਾ ਸੁਹਾਗਣੀ ਜਿਸੁ ਅਵਿਨਾਸੀ ਪੁਰਖੁ **ਭਰਤਾਰੁ**।"
— ਸੂਹੀ **੩**, ਵਾਰ ੪ਸ, **੩**, ੧ : ੨ (786)
ਹੋਰ ਰੂਪ — ਭਰਤਾਰੇ —
"ਇਸਤ੍ਰੀ ਰੂਪ ਚੇਰੀ ਕੀ ਨਿਆਈ ਸੋਭ ਨਹੀ ਬਿਨੁ **ਭਰਤਾਰੇ**।" (ਭਰਤਾ, ਪਤੀ)
— ਮਲਾ **੫**, ੭, ੧ : ੨ (1268)

ਭਰਤੇ — 1. ਪਤੀ ਦਾ
"ਸੰਗੁ ਨ ਪਾਇਓ ਅਪੁਨੇ **ਭਰਤੇ** ਪੇਖਿ ਪੇਖਿ ਦੁਖੁ ਪਾਇਆ।" — ਟੋਡੀ **੫**, ੪, ੨ : ੨ (712)
2. ਭਰਦੇ ਹਨ ਭਾਵ ਪੈਂਦੇ ਹਨ
"ਰਾਜ ਤੇ ਕੀਟ ਕੀਟ ਤੇ ਸੁਰਪਤਿ ਕਰਿ ਦੋਖ ਜਠਰ ਕਉ **ਭਰਤੇ**।"
— ਮਲਾ **੫**, ੪, ੧ : ੧ (1267)

ਭਰਥਰਿ — ਗੋਰਖ ਦਾ ਚੇਲਾ, ਇਕ ਜੋਗੀ ਜੋ ਗੁਰੂ ਨਾਨਕ ਦੇਵ ਜੀ ਨੂੰ ਮਿਲਿਆ
"ਕਹੁ ਨਾਨਕ ਸੁਣਿ **ਭਰਥਰਿ** ਜੋਗੀ ਪਾਰਬ੍ਰਹਮ ਲਿਵ ਏਕੰ।" — ਆਸਾ **੧**, ੩੭, ੪ : ੨ (360)

ਭਰਨ — 1. ਭਰਪੂਰ ਕਰਨ
"ਹਰਨ **ਭਰਨ** ਸੰਪੂਰਨਾ ਚਰਨ ਕਮਲ ਰੰਗਿ ਰਿਤਨੋ।" (ਖਾਲੀ ਕਰਨ ਤੇ ਭਰਨ ਦੇ ਸਮਰਥ ਹੈ)
— ਗਉ **੫**, ੧੪੯*, ੨ : ੧ (212)
"ਐਜੀ ਬਹੁਤੇ ਭੇਖ ਕਰਹਿ ਭਿਖਿਆ ਕਉ ਕੇਤੇ ਉਦਰੁ **ਭਰਨ** ਕੈ ਤਾਈ।"
— ਗੂਜ **੧**, ਅਸ ੩, ੨ : ੧ (504)
2. ਪਾਲਣਾ ਕਰਨਾ
"ਹਰਨ **ਭਰਨ** ਜਾ ਕਾ ਨੇਤ੍ਰ ਫੋਰੁ।"
— ਗਉ **੫**, ਸੁਖ ੧੬, ੨ : ੩ (284)

ਭਰਨਾਲਿ — ਭਾਰ ਨਾਲ
"ਅਖਲੀ ਊਂਡੀ ਜਲੁ **ਭਰਨਾਲਿ**।"
— ਮਲਾ **੧**, ਅਸ ੪, ੧ : ੧ (1275)

ਭਰਪੁਰਿ — ਭਰਪੂਰ, ਵਿਆਪਕ
"ਨਾਨਕ ਸਾਹਿਬੁ **ਭਰਪੁਰਿ** ਲੀਣਾ।"
— ਵਡ **੫**, ੨, ੪ : ੨ (562)

ਭਰਪੂਰ — ਵਿਆਪਕ, ਪਰਿਪੂਰਨ
"ਤਿਨ ਮਹਿ ਰਾਮੁ ਰਹਿਆ **ਭਰਪੂਰ**।"
— ਜਪੁ **੧**, ੩੭ : ੪ (8)
"ਸਰਬ ਕਲਾ **ਭਰਪੂਰ** ਪ੍ਰਭ ਬਿਰਥਾ ਜਾਨਨਹਾਰ।" (ਭਰਿਆ ਹੋਇਆ, ਪਰਿਪੂਰਨ)
— ਗਉ **੫**, ਸੁਖ ੧੫ਸ : ੧ (282)
"ਓਇ ਅੰਮ੍ਰਿਤ ਭਰੇ **ਭਰਪੂਰ** ਹਹਿ ਓਨਾ ਤਿਲ ਨ ਤਮਾਇ।" (ਪੂਰੀ ਤਰ੍ਹਾਂ ਭਰੇ ਹੋਏ)

— ਸੂਹੀ **੩**, ਅਸ ੩, ੮ : ੨ (755)

"ਜਤ ਕਤ ਤੁਮ੍ਹ **ਭਰਪੂਰ** ਹਹੁ ਮੇਰੇ ਦੀਨ ਦਇਆਲੀ।" (ਵਿਆਪਕ)

— ਬਿਲਾ **੫**, ੪੨, ੩ : ੨ (811)

ਹੋਰ ਰੂਪ — ਭਰਪੂਰਏ —

"ਗੁਣਵੰਤ ਨਾਹ ਦਇਆਲੁ ਬਾਲਾ ਸਰਬ ਗੁਣ **ਭਰਪੂਰਏ**।" (ਭਰਿਆ ਹੋਇਆ ਭਾਵ ਸਰਬ ਗੁਣਾਂ ਵਾਲਾ)

— ਗਉ **੫**, ਛੰਤ ੧, ੨ : ੪ (247)

ਭਰਪੂਰਾ —

"ਮਨਸਾ ਕਾ ਦਾਤਾ ਸਭ ਸੁਖ ਨਿਧਾਨੁ ਅੰਮ੍ਰਿਤਸਰਿ ਸਦ ਹੀ **ਭਰਪੂਰਾ**।" (ਭਰਿਆ ਹੋਇਆ)— ਆਸਾ **੫**, ੧੭, ੧* : ੨ (375)

"ਸਭ ਮਹਿ ਏਕੁ ਰਹਿਆ **ਭਰਪੂਰਾ**।" (ਵਿਆਪਕ)

— ਭੈਰ **੫**, ੨੬, ੪ : ੧ (1143)

ਭਰਪੂਰਿ —

"ਜਿਸ ਤੇ ਉਪਜੈ ਤਿਸ ਤੇ ਬਿਨਸੈ ਘਟਿ ਘਟਿ ਸਚੁ **ਭਰਪੂਰਿ**।" (ਵਿਆਪਕ)

— ਸਿਰੀ **੧**, ੧੬, ੨ : ੨ (20)

"ਮੈ ਅਵਗਣ **ਭਰਪੂਰਿ** ਸਰੀਰੇ।" (ਭਰੇ ਹੋਏ)

— ਵਡ **੪**, ੧, ੨ : ੧ (561)

ਭਰਪੂਰੀ —

"ਹਰਿ ਅੰਤਰਿ ਬਾਹਰਿ ਆਪਿ ਹੈ ਮੇਰੇ ਗੋਵਿੰਦਾ ਹਰਿ ਆਪਿ ਰਹਿਆ **ਭਰਪੂਰੀ** ਜੀਉ।" (ਵਿਆਪਕ)

— ਗਉ **੪**, ੬੮, ੩ : ੩ (174)

ਭਰਪੂਰੁ —

"ਵਾਹੁ ਵਾਹੁ ਜਲਿ ਥਲਿ **ਭਰਪੂਰੁ** ਹੈ ਗੁਰਮੁਖਿ ਪਾਇਆ ਜਾਇ।" (ਵਿਆਪਕ)

— ਗੂਜ **੩**, ਵਾਰ ੧੭ਸ, **੩**, ੨ : ੪ (515)

"ਹੀਰਾ ਰਤਨ ਜਵੇਹਰ ਮਾਣਕ ਬਹੁ ਸਾਗਰ **ਭਰਪੂਰੁ** ਕੀਆ।" (ਭਰਿਆ ਹੈ)

— ਰਾਮ **੪**, ੧, ੨ : ੧ (880)

"ਸਰਬ ਕਲਾ **ਭਰਪੂਰੁ** ਦਿਸੈ ਜਤਕਤਾ।" (ਭਰਿਆ ਹੋਇਆ)

— ਰਾਮ **੫**, ਵਾਰ ੧੮ : ੨ (965)

ਭਰਪੂਰੇ —

"ਹਰਿ ਅੰਤਰਿ ਬਾਹਰਿ ਰਹਿਆ **ਭਰਪੂਰੇ**।" (ਵਿਆਪਕ)

— ਮਾਝ **੫**, ੩੮, ੨ : ੨ (105)

"ਗੁਰਮੁਖਿ ਜਿਨੀ ਰਾਵਿਆ ਮੁਈਏ ਪਿਰੁ ਰਵਿ ਰਹਿਆ **ਭਰਪੂਰੇ** ਰਾਮ।" (ਪੂਰੀ ਤਰ੍ਹਾਂ)

— ਵਡ **੩**, ਛੰਤ ੧, ੨ : ੨ (568)

"ਜਿਨਿ ਹਰਿ ਰਸੁ ਚਾਖਿਆ ਸਬਦਿ ਸੁਭਾਖਿਆ ਹਰਿ ਸਰਿ ਰਹੀ **ਭਰਪੂਰੇ**।" (ਭਾਵ ਡੁਬੀ ਰਹਿੰਦੀ ਹੈ)

— ਵਡਾ **੩**, ਛੰਤ ੧, ੨ : ੫ (568)

"ਗੁਰੁ ਸਾਗਰੁ ਰਤਨੀ **ਭਰਪੂਰੇ**।" (ਭਰਿਆ ਹੋਇਆ)

— ਧਨਾ **੧**, ਅਸ ੧, ੧ : ੧ (685)

ਭਰਭਾ — ਭਰੇ ਹੋਏ

"ਤਿਨ ਪਗ ਸੰਤ ਨ ਸੇਵੇ ਕਬਹੂ ਤੇ ਮਨਮੁਖ ਭੂੰਭਰ **ਭਰਭਾ**।" — ਪ੍ਰਭਾ **੪**, ੬, ੩ : ੨ (1337)
('ਮਹਾਨਕੋਸ਼' ਅਰਥ ਭਾਰ ਢੋਣ ਵਾਲਾ ਭਾਰਵਾਹ ਕਰਦਾ ਹੈ)

ਭਰਮ — 1. ਭੁਲੇਖਾ, ਗਲਤ ਫਹਿਮੀ, ਵਹਿਮ

"ਆਪਣਿਆ ਸੰਤਾ ਕਉ ਆਪਿ ਸਹਾਈ ਪ੍ਰਭਿ **ਭਰਮ** ਭੁਲਾਵਾ ਲਾਹਿਆ ਜੀਉ।"

— ਮਾਝ **੫**, ੪੩, ੩ : ੩ (107)

ਹੋਰ ਰੂਪ — ਭਰਮੰ —

"ਦੁਰਬਚਨ ਭੇਦ **ਭਰਮੰ** ਸਾਕਤ ਪਿਸਨੰ ਤ ਸੁਰ ਜਨਹ।" — ਸਸ **੫**, ੪੪ : ੨ (1358)
('ਮਹਾਨਕੋਸ਼' ਇਸ ਨੂੰ 'ਮਰਮ' ਦੀ ਥਾਂ ਵਰਤਿਆ ਮੰਨਦੇ ਹਨ)

ਭਰੰਮ —

"ਢਾਠੀ ਭੀਤਿ **ਭਰੰਮ** ਕੀ ਭੇਟਤ ਗੁਰੁ ਸੂਰਾ ਰਾਮ ਰਾਜੇ।"

— ਆਸਾ **੫**, ਛੰਤ ੩, ੪ : ੨ (454)

"**ਭਰਮ** ਮੋਹ ਬਿਕਾਰ ਨਾਠੇ ਪ੍ਰਭੁ ਨੇਰਹੂ ਤੇ ਨੇਰਾ।" (ਮਹਾਨ ਕੋਸ਼ ਅਰਥ 'ਮਿਥਿਆ ਗਿਆ' ਕਰਦਾ ਹੈ)

— ਸੂਹੀ **੫**, ਛਤ ੬, ੧ : ੫ (780)

2. ਭ੍ਰਮਣ, ਭਟਕਨ

"ਸੰਤ ਕ੍ਰਿਪਾ ਤੇ ਮਿਟੇ ਮੋਹ **ਭਰਮ**।"

— ਗਉ **੫**, ੯੧, ੩ : ੧ (183)

3. ਅਗਿਆਨ, ਮਿਥਿਆ ਗਿਆਨ
"ਰਖੁ ਧਰਮ **ਭਰਮ** ਬਿਦਾਰਿ ਮਨ ਤੇ ਉਧਰੁ ਹਰਿ ਨਿਰੰਕਾਰ।" (ਭਾਵ ਅਗਿਆਨ)
— ਗੂਜ **੫**, ਅਸ ੨, ੫ : ੨ (508)
"ਸੋ ਸਤਿਗੁਰੁ ਧਨੁ ਧੰਨੁ ਜਿਨਿ **ਭਰਮ** ਗੜੁ ਤੋੜਿਆ।"
— ਗੂਜ **੫**, ਵਾਰ ੧੬ : ੧ (522)

ਭਰਮਈਆ — ਭਟਕਦੇ ਫਿਰਨਣ ਵਾਲਾ
"ਸੇਜ ਏਕ ਏਕੋ ਪ੍ਰਭੁ ਠਾਕੁਰੁ ਮਹਲੁ ਨ ਪਾਵੈ ਮਨਮੁਖ **ਭਰਮਈਆ**।"
— ਬਿਲਾ **੪**, ਅਸ ੬, ੫ : ੧ (837)

ਹੋਰ ਰੂਪ — ਭਰਮਈਹੈ —
"ਦੁਖ ਸੁਖ ਕਰਤ ਮਹਾ ਭ੍ਰਮਿ ਬੂਡੋ ਅਨਿਕ ਜੋਨਿ **ਭਰਮਈਹੈ**।" (ਭ੍ਰਮਨ ਕੀਤਾ ਹੈ, ਫਿਰੇ/ਭਟਕੇ ਹਾਂ)
— ਗੂਜ **ਕਬ**, ੧, ੩ : ੧ (524)

ਭਰਮਸਹਿ — ਭਟਕਦੇ ਹਨ, ਭਰਮਨ ਕਰਦੇ ਹਨ
"ਨਾਮ ਵਿਹੂਣੇ **ਭਰਮਸਹਿ** ਆਵਹਿ ਜਾਵਹਿ ਨੀਤ।"
— ਮਾਰੂ **੩**, ਵਾਰ ੧ਸ, **੪**, ੨ : ੧ (1087)

ਭਰਮਸਿ — ਭਉਂਦਾ ਹੈ, ਭਰਮਾਦਾ ਹੈ
"ਤੀਰਥਿ **ਭਰਮਸਿ** ਬਿਆਧਿ ਨ ਜਾਵੈ।"
— ਰਾਮ **੧**, ਅਸ ੬, ੪ : ੩ (906)

ਹੋਰ ਰੂਪ — ਭਰਮਹਿ —
"ਕੋਟਿ ਜਨਮ **ਭਰਮਹਿ** ਬਹੁ ਜੂਨਾ।" (ਭਟਕਦੇ, ਭਉਂਦੇ) — ਗਉ **੫**, ੧੪੨, ੧* : ੨ (195)

ਭਰਮਹੁ —
"ਕਹਤ ਨਾਮਦੇਉ ਬਾਹਰਿ ਕਿਆ **ਭਰਮਹੁ** ਇਹ ਸੰਜਮ ਹਰਿ ਪਾਈਐ।" (ਭਟਕਦੇ ਹੋ)
— ਧਨਾ **ਨਾਮ**, ੨, ੪ : ੨ (693)

ਭਰਮਹੁ — 1. ਭਟਕਦੇ ਹੋ, ਵੇਖੋ 'ਭਰਮਸਿ'
2. ਭੁਲੋ, ਭੁਲੇਖੇ ਵਿਚ ਪਵੋ
"ਜਾਤ ਨ ਜਾਤਿ ਦੇਖਿ ਮਤ **ਭਰਮਹੁ** ਸੁਕਿ ਜਨਕ ਪਗੀਂ ਲਗਿ ਧਿਆਵੈਗੋ।"
— ਕਾਨ **੪**, ਅਸ ੨, ੭ : ੧ (1309)

ਭਰਮੰਗਨਾ — ਭਰਮ
"ਆਦਿ ਮਧਿ ਅੰਤਿ ਪ੍ਰਭੁ ਰਵਿਆ ਤ੍ਰਿਸਨਾ ਬੁਝੀ **ਭਰਮੰਗਨਾ**।"
— ਮਾਰੂ **੫**, ਸੋਲਾ ੯, ੧੧ : ੩ (1080)

ਭਰਮਣਹ — ਭਟਕਦੇ ਹਨ
"ਬਿਸਰੰਤ ਹਰਿ ਗੋਪਾਲਹ ਨਾਨਕ ਤੇ ਪ੍ਰਾਣੀ ਉਦਿਆਨ **ਭਰਮਣਹ**।"
— ਜੈਤ **੫**, ਵਾਰ ੯ਸ, **੫**, ੧ : ੭ (707)

ਭਰਮਤ — ਭਟਕਦਿਆ, ਭਉਂਦਿਆ
"ਬਹੁਤੁ ਜੋਨਿ **ਭਰਮਤ** ਦੁਖੁ ਪਾਇਆ ਹਉਮੈ ਬੰਧਨ ਕੇ ਭਾਰਾ।" — ਸੋਰ **੫**, ੨੬, ੭ : ੨ (616)

ਹੋਰ ਰੂਪ — ਭਰਮਤੁ —
"ਅਨਿਕ ਬੰਧਨ ਮਾਇਆ **ਭਰਮਤੁ** ਭਰਮਾਇਆ ਗੁਣਨਿਧਿ ਨਹੀ ਗਾਇਆ।" (ਭਟਕਦਾ/ਫਿਰਦਾ ਹੈ)
— ਗਉ **੫**, ੧੫੪*, ੩ : ੧ (213)

ਭਰਮਤੇ —
"ਬਿਨੁ ਬੂਝੇ ਸਭੁ ਵਾਦਿ ਜੋਨੀ **ਭਰਮਤੇ**।" (ਭਟਕਦੇ/ਫਿਰਦੇ ਹਨ)
— ਸੂਹੀ **੫**, ਅਸ ੫, ੫ : ੨ (762)

ਭਰਮਦਾ — ਫਿਰਦਾ ਫਿਰਦਾ, ਭਟਕਦਾ ਭਟਕਦਾ
"ਇਹੁ ਮਨੂਆ ਖਿਨੁ ਊਭ ਪਇਆਲੀ **ਭਰਮਦਾ** ਇਕਤੁ ਘਰਿ ਆਣੈ ਰਾਮ।"
— ਆਸਾ **੪**, ਛੰਤ ੯, ੫ : ੨ (443)

ਹੋਰ ਰੂਪ — ਭਰਮਦੇ —
"ਲਖ ਚਉਰਾਸੀਹ **ਭਰਮਦੇ** ਭ੍ਰਮਿ ਭ੍ਰਮਿ ਹੋਇ ਖੁਆਰੁ।" (ਭਟਕਦੇ, ਭਉਂਦੇ ਫਿਰਦੇ)
— ਸਿਰੀ **੩**, ੩੬, ੩ : ੩ (27)

ਭਰਮਨ ਭਰਮੁ — ਵਡੀ ਭਟਕਣਾ
"ਜੋ ਜੋ ਭਗਤੁ ਹੋਇ ਸੋ ਪੂਜਹੁ **ਭਰਮਨ ਭਰਮੁ** ਚੁਕਾਵੈਗੋ।"
— ਕਾਨ **੪**, ਅਸ ੨, ੬ : ੨ (1309)

ਭਰਮਪਟ — ਅਗਿਆਨ ਦੇ ਪਰਦੇ
"ਭਨਤਿ ਨਾਨਕ **ਭਰਮਪਟ** ਖੂਲ੍ਹੇ ਗੁਰ ਪਰਸਾਦੀ ਜਾਨਿਆ।" — ਧਨਾ **੩**, ੯, ੩ : ੧ (666)

ਭਰਮਾ — 1. ਭਰਮ, ਵਹਿਮ
"ਜਾ ਕੈ ਬਿਨਸਿਓ ਮਨ ਤੇ **ਭਰਮਾ**।"
— ਗਉ **੫**, ੧੦੩, ੩ : ੧ (186)

ਹੋਰ ਰੂਪ — ਭਰਮਾਂ —

"ਬੈਰ ਬਿਰੋਧ ਛੇਦੇ ਭੈ **ਭਰਮਾਂ**।"
— ਪ੍ਰਭਾ **੫**, ਅਸ ੩, ੩ : ੩ (1348)

2. ਅਗਿਆਨ
"ਅਪਿਉ ਪੀਓ ਗਤੁ ਥੀਓ **ਭਰਮਾ** ਕਹੁ ਨਾਨਕ ਅਜਰੁ ਜਰਾ।"— ਜੈਤ **੫**, ੬, ੨ : ੨ (701)

ਭਰਮਾਇ — ਭਟਕਦਾ ਫਿਰਦਾ ਹੈ
"ਮਨਮੁਖੁ ਪ੍ਰਾਣੀ ਮੁਗਧੁ ਹੈ ਨਾਮਹੀਣ **ਭਰਮਾਇ**।"
— ਗਉ **੪**, ਵਾਰ ੨੩ਸ, **੪**, ੧ : ੧ (313)

ਭਰਮਾਇਓ — 1. ਭਟਕਣਾ ਵਿਚ ਪਾ ਦੇਣਾ, ਭਟਕਾ ਦਿਤਾ
"ਖਿਨਹੂੰ ਜੋਗ ਤਾਪ ਬਹੁ ਪੂਜਾ ਖਿਨਹੂੰ **ਭਰਮਾਇਓ**।"— ਆਸਾ **੫**, ੧੫੬, ੨ : ੧ (409)

2. ਭਰਮਾ ਲੈਣਾ
"ਅਗਨਤ ਅਪਾਰੁ ਅਲਖ ਨਿਰੰਜਨ ਜਿਹ ਸਭ ਜਗੁ **ਭਰਮਾਇਓ**।"
— ਬਿਹਾ **੯**, ੨, ੩ : ੧ (537)
('ਦਰਪਨ' ਇਥੇ ਵੀ ਅਰਥ 'ਭਟਕਣਾ ਵਿਚ ਪਾਇਆ' ਹੀ ਕਰਦਾ ਹੈ)

ਭਰਮਾਇਅਨੁ — ਭਟਕਣ ਵਿਚ ਲਾ ਦਿੱਤਾ
"ਹਰਿ ਭਾਣਾ ਤਾ **ਭਰਮਾਇਅਨੁ** ਕਰਿ ਪਰਪੰਚੁ ਖੇਲੁ ਉਪਾਇ।"
— ਗੂਜ **੩**, ਵਾਰ ੧੩ਸ, **੩**, ੨ : ੨ (513)

ਹੋਰ ਰੂਪ — ਭਰਮਾਇਆ —
"ਨਿਤ ਦਿਨਸੁ ਰਾਤਿ ਲਾਲਚੁ ਕਰੇ ਭਰਮੈ **ਭਰਮਾਇਆ**।" (ਭਟਕਨਾ ਵਿਚ ਪਿਆ)
— ਗਉ **੪**, ੪੮, ੧ : ੧ (166)
"ਜਿਸੁ ਹੋਆ ਆਪਿ ਕ੍ਰਿਪਾਲੁ ਸੁ ਨਹ **ਭਰਮਾਇਆ**।" (ਭਟਕਾਏ ਜਾਣਾ)
— ਗੂਜ **੫**, ਵਾਰ ੨੦ਸ, **੫**, ੨ : ੫ (523)
"ਮਤ ਭੂਲਹੁ ਮਾਨੁਖ ਜਨ ਮਾਇਆ **ਭਰਮਾਇਆ**।" (ਭਰਮਾਏ)
— ਬਿਲਾ **੫**, ੪੬, ੪ : ੧ (812)

ਭਰਮਾਇਦਾ — ਭਟਕਦਾ ਫਿਰਦਾ ਹੈ
"ਹਰਖਹੁ ਸੋਗੁ ਨ ਮਿਟਈ ਕਬਹੂ ਵਿਣੁ ਭਾਣੇ **ਭਰਮਾਇਦਾ**।"
— ਮਾਰੂ **੧**, ਸੋਲਾ ੧੪, ੭ : ੩ (1034)

ਭਰਮਾਈ — 1. ਭਟਕਦਾ ਰਿਹਾ
"ਬਿਨੁ ਸਤਿਗੁਰ ਸੇਵੇ ਬਹੁਤਾ ਦੁਖੁ ਲਾਗਾ ਜੁਗ ਚਾਰੇ **ਭਰਮਾਈ**।" — ਸੋਰ **੩**, ੧੧, ੧ : ੧ (603)

ਹੋਰ ਰੂਪ — ਭਰਮਾਈਆ —
"ਏਨਿ ਮਾਇਆ ਮੋਹਣੀ ਮੋਹੀਆ ਨਿਤ ਫਿਰਹਿ **ਭਰਮਾਈਆ**।" (ਭਟਕਦਾ)
— ਮਾਰੂ **੫**, ਵਾਰ ੬ : ੪ (1096)

ਭਰਮਾਈਐ —
"ਬਿਨੁ ਸਬਦੈ **ਭਰਮਾਈਐ** ਦੁਬਿਧਾ ਡੋਬੇ ਪੂਰੁ।" (ਭਟਕਦੇ ਫਿਰੀਦਾ ਹੈ)
— ਸਿਰੀ **੧**, ੧੫, ੧ : ੩ (19)
"ਬਹੁ ਭੇਖ ਕਰਿ **ਭਰਮਾਈਐ** ਮਨਿ ਹਿਰਦੈ ਕਪਟੁ ਕਮਾਇ।" (ਭ੍ਰਮਦੇ ਫਿਰੀਏ)
— ਸਿਰੀ **੩**, ੩੫, ੧ : ੧ (26)

ਭਰਮਾਏ —
"ਤਿਹੁ ਗੁਣ ਮਹਿ ਜਾ ਕਉ **ਭਰਮਾਏ**।" (ਭਟਕਾਇਆ)
— ਗਉ **੫**, ਸੁਖ ੧੬, ੩ : ੭ (284)
"ਮਨਮੁਖ ਤੋਟਾ ਨਿਤ ਹੈ ਭਰਮਹਿ **ਭਰਮਾਏ**।" (ਭਟਕਦੇ ਹਨ)
— ਆਸਾ **੧**, ਅਸ ੧੯, ੬ : ੧ (421)

2. ਭਰਮ, ਅਗਿਆਨ, ਭੁਲੇਖਾ
"ਤੁਮ੍ਰੀ ਕ੍ਰਿਪਾ ਤੇ ਮੋਹੁ ਮਾਨੁ ਛੂਟੈ ਬਿਨਸਿ ਜਾਇ **ਭਰਮਾਈ**।"— ਧਨਾ **੫**, ੧੦, ੨ : ੧ (673)
"ਅਨਿਕ ਜਨਮ ਬੀਤੀਅਨ **ਭਰਮਾਈ**।" (ਭਰਮ, ਭੁਲੇਖੇ ਵਿਚ)— ਸੂਹੀ **੫**, ੪੦, ੩ : ੧ (745)

ਹੋਰ ਰੂਪ — ਭਰਮਾਏ —
"ਮਾਇਆ ਕਰਿ ਮੂਲੁ ਜੰਤ੍ਰ **ਭਰਮਾਏ**।" (ਭਰਮ ਗਏ ਹਨ)— ਗਉ **੩**, ਅਸ ੬, ੪ : ੧ (232)

ਭਰਮਾਣੇ — ਭਟਕਦੇ ਫਿਰਦੇ ਹਨ
"ਮੇਰੇ ਕਰਤੇ ਏਵੈ ਭਾਵ ਦਾ ਮਨਮੁਖ **ਭਰਮਾਣੇ**।"
— ਗਉ **੩**, ੩੨, ੩ : ੪ (163)

ਭਰਮਾਤਾ — ਫਿਰ ਨਿਕਲਿਆ, ਘੁੰਮ ਗਿਆ
"ਗਵਨੁ ਕੀਆ ਧਰਤੀ **ਭਰਮਾਤਾ**।"
— ਮਾਝ **੫**, ੧੨, ੩ : ੨ (98)
"ਅਗਿਆਨਿ ਅੰਧੇਰੈ ਸੂਝਸਿ ਨਾਹੀ ਬਹੁੜਿ ਬਹੁੜਿ **ਭਰਮਾਤਾ**।" (ਭਟਕਦਾ ਹੈ)
— ਸੋਰ **੫**, ੬, ੩ : ੨ (610)

ਹੋਰ ਰੂਪ — ਭਰਮਾਤਿ —

"**ਭਰਮਾਤਿ** ਭਰਮੁ ਨ ਚੂਕਈ ਜਗੁ ਜਨਮਿ ਬਿਆਧਿ ਖਪੰ।" (ਫਿਰਨ ਨਾਲ)
— ਗੂਜ **੧**, ਅਸ ੫, ੪ : ੧ (505)

ਭਰਮਾਵਹਿ — ਭਰਮਾਉਂਦੀ ਹੈ, ਲੁਭਾਉਂਦੀ ਹੈ
"ਦੂਜੈ ਭਾਇ ਮਾਇਆ ਮਨੁ **ਭਰਮਾਵਹਿ**।"
— ਮਾਝ **੩**, ਅਸ ੧੩, ੨ : ੨ (116)

ਭਰਮਾਵਹੁ — ਭੁਲੇਖੇ ਵਿਚ ਪਾਉਂਦੇ ਹੋ
"ਏਕ ਅਨੇਕ ਹੋਇ ਰਹਿਓ ਸਗਲ ਮਹਿ ਅਬ ਕੈਸੇ **ਭਰਮਾਵਹੁ**।"— ਮਾਰੂ **ਕਬ**, ੫, ੧ : ੨ (1104)

ਭਰਮਾਵੈ — 1. ਭਰਮਾਉਂਦੀ ਹੈ
"ਗ੍ਰਿਹਿ ਬਸਨਿ ਨ ਦੇਈ ਵਖਿ ਵਖਿ **ਭਰਮਾਵੈ**।"
— ਆਸਾ **੫**, ੪, ੧ : ੪ (371)
2. ਭਟਕਦਾ ਫਿਰਦਾ ਹੈ
"ਈਹਾਂ ਦੁਖੁ ਆਗੈ ਨਰਕੁ ਭੁੰਚੈ ਬਹੁ ਜੋਨੀ **ਭਰਮਾਵੈ**।"
— ਸਾਰ **੫**, ੧੦੬, ੧ : ੨ (1224)

ਭਰਮਿ — 1. ਭਰਮ ਵਿਚ, ਭੁਲੇਖੇ ਵਿਚ, ਅਗਿਆਨਤਾ ਵਿਚ
"ਜਿਨੀ ਚਾਖਿਆ ਤਿਨੀ ਸਾਦੁ ਪਾਇਆ ਬਿਨੁ ਚਾਖੇ **ਭਰਮਿ** ਭੁਲਾਇ।"
— ਸਿਰੀ **੩**, ੫੦, ੨ : ੧ (33)
"ਪੇਈਅੜੈ ਧਨ **ਭਰਮਿ** ਭੁਲਾਣੀ।" (ਭਰਮ ਵਿਚ)
— ਮਾਝ **੩**, ਅਸ ੩੩, ੪ : ੧ (129)
"**ਭਰਮਿ ਭਰਮਿ** ਮਾਨੁਖ ਡਹਕਾਏ।" (ਭਰਮਾ ਭਰਮਾ ਕੇ, ਭੁਲਕੇ)
— ਗਉ **੫**, ਬਾਅ ੪੦ : ੫ (258)
2. ਭਟਕਣਾ ਵਿਚ
"ਖਰੇ ਪਰਖਿ ਖਜਾਨੈ ਪਾਇਹਿ ਖੋਟੇ **ਭਰਮਿ** ਭੁਲਾਵਣਿਆ।"
— ਮਾਝ **੩**, ਅਸ ੧੬, ੬ : ੩ (119)
"ਅਨੇਕ ਜੂਨੀ **ਭਰਮਿ** ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ।"
— ਰਾਮ **੩**, ਅਨੰ ੨੨ : ੩ (920)
3. ਭਰਮ ਸਦਕਾ
"ਮਾਇਆ ਮੋਹਿ **ਭਰਮਿ** ਨ ਪਾਏ।"
— ਮਾਰੂ **੩**, ਸੋਲਾ ੨੨, ੭ : ੧ (1066)

ਭਰਮਿਓਹੁ — ਭਰਮਾਇਆ ਹੈ, ਭੁਲੇਖੇ ਵਿਚ ਪਾਇਆ ਹੈ, ਅਗਿਆਨਤਾ ਵਸ ਕੀਤਾ ਹੈ
"ਕਕੈ ਕਾਮਿ ਕ੍ਰੋਧਿ **ਭਰਮਿਓਹੁ** ਮੂੜੇ ਮਮਤਾ ਲਾਗੇ ਤੁਧੁ ਹਰਿ ਵਿਸਰਿਆ।"
— ਆਸਾ **੩**, ਪਟੀ ੮ : ੧ (435)

ਭਰਮਿਆ — ਭਟਕਿਆ, ਭਉਂਦਾ ਫਿਰਿਆ
"ਇਹੁ ਮਨੁ ਕੇਤੜਿਆ ਜੁਗ **ਭਰਮਿਆ** ਥਿਰੁ ਰਹੈ ਨ ਆਵੈ ਜਾਇ।"
— ਗੂਜ **੩**, ਵਾਰ ੧੩ਸ, **੩**, ੨ : ੧ (513)
ਹੋਰ ਰੂਪ — ਭਰੰਮਿਆ —
"ਏਹੁ ਜੀਉ ਬਹੁਤੇ ਜਨਮ **ਭਰੰਮਿਆ** ਤਾ ਸਤਿਗੁਰਿ ਸਬਦੁ ਸੁਣਾਇਆ।"
— ਆਸਾ **੧**, ਵਾਰ ੪ : ੨ (465)

ਭਰਮਿਤਾ — ਭਰਮ ਭੁਲੇਖੇ ਵਿਚ ਪਿਆ
"ਸਿਰ ਉਪਰਿ ਜਮਕਾਲੁ ਨ ਸੁਝਈ ਦੂਜੈ **ਭਰਮਿਤਾ**।"
— ਸੂਹੀ **੩**, ਵਾਰ ੫ : ੩ (787)

ਭਰਮੀਅਲੇ — ਫਿਰਦੀ/ਭਟਕਦੀ ਭਾਵ ਉਡਦੀ ਹੈ
"ਆਨੀਲੇ ਕਾਗਦੁ ਕਾਟੀਲੇ ਗੂਡੀ ਆਕਾਸ ਮਧੇ **ਭਰਮੀਅਲੇ**।"— ਰਾਮ **ਨਾਮ**, ੧, ੧ : ੧ (972)

ਭਰਮੀਆ — ਭਵਾਇਆ ਹੋਇਆ
"ਅਨਿਕ ਜੋਨਿ ਭਰਮੈ **ਭਰਮੀਆ**।"
— ਗਉ **੫**, ਸੁਖ ੧੧, ੭ : ੬ (277)

ਭਰਮੀਜਾ — ਭਰਮਾਂ ਵਿਚ
"ਕਾਹੂ ਰੋਗ ਸੋਗ **ਭਰਮੀਜਾ**।"
— ਰਾਮ **੫**, ਅਸ ੩, ੪ : ੨ (914)
"ਨਾ ਕੋ ਆਵੈ ਨਾ ਕੋ ਜਾਵੈ ਗੁਰਿ ਦੂਰਿ ਕੀਆ **ਭਰਮੀਜਾ** ਹੇ।" (ਭਰਮ)
— ਮਾਰੂ **੫**, ਸੋਲਾ ੩, ੧੪ : ੩ (1074)
(ਮਹਾਨ ਕੋਸ਼ ਅਰਥ 'ਮਿਥਿਆ ਗਿਆਨ' ਕਰਦਾ ਹੈ)

ਭਰਮੀਜੈ — ਭ੍ਰਮਨ ਨਾਲ, ਭਉਣ ਨਾਲ, ਫਿਰਨ ਨਾਲ
"ਅੰਤਰਿ ਮੈਲੁ ਤੀਰਥ **ਭਰਮੀਜੈ**।"
— ਰਾਮ **੧**, ਅਸ ੫, ੫ : ੧ (905)

ਭਰਮੀਤਾ — ਭਟਕਦਾ ਰਹਿੰਦਾ ਹੈ, ਭਰਮ ਵਿਚ ਪੈ ਜਾਂਦਾ ਹੈ
"ਗਣਤੈ ਪ੍ਰਭੂ ਨ ਪਾਈਐ ਦੂਜੈ **ਭਰਮੀਤਾ**।"

— ਗੂਜ **੩**, ਵਾਰ ੪ : ੨ (510)

ਭਰਮੁ — 1. ਵਹਿਮ, ਭਰਮ, ਭੁਲੇਖਾ, ਅਗਿਆਨ
"ਰਾਮ ਨਾਮ ਰੰਗਿ ਰਤਿਆ ਭਾਰੁ ਨ **ਭਰਮੁ** ਤਿਨਾਹ।" — ਸਿਰੀ **੧**, ੨੩, ੪ : ੨ (23)
"ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ **ਭਰਮੁ** ਚੁਕਾਵੈ।" (ਸੰਸਾ)
— ਮਾਝ **੧**, ਵਾਰ ੮ਸ, **੧**, ੧ : ੩ (141)
"ਭ੍ਰਤਾ **ਭਰਮੁ** ਮਿਟਾਵਹੁ ਅਪਨਾ।" (ਸ਼ੰਕਾ, ਸੰਸਾ)
— ਗਉ **੫**, ਬਾਅ ੪੦ : ੧ (258)
"ਸਤਿਗੁਰ ਹਮਰਾ **ਭਰਮੁ** ਗਵਾਇਆ।" (ਅਗਿਆਨ)
— ਆਸਾ **੩**, ਅਸ ੨੪, ੧ : ੧ (423)
"ਨਾਮੁ ਜਪਤ ਕੋਟਿ ਸੂਰ ਉਜਾਰਾ ਬਿਨਸੈ **ਭਰਮੁ** ਅੰਧੇਰਾ।" (ਅਗਿਆਨ ਦਾ)
— ਜੈਤ **੫**, ੪, ੧ : ੨ (700)
2. ਭਟਕਣਾ
"ਭਰਮਾਤਿ **ਭਰਮੁ** ਨ ਚੂਕਈ ਜਗੁ ਜਨਮਿ ਬਿਆਧਿ ਖਪੰ।"
— ਗੂਜ **੧**, ਅਸ ੫, ੪ : ੧ (505)

ਭਰਮੇ — 1. ਭਰਮ ਵਿਚ, ਅਗਿਆਨ ਵਿਚ
"**ਭਰਮੇ** ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲ ਹਾਨੁ।" — ਸਿਰੀ **੧**, ੧੯, ੩ : ੨ (21)
"**ਭਰਮੇ** ਭੂਲੀ ਰੇ ਜੈ ਚੰਦਾ।" (ਅਗਿਆਨਤਾ)
— ਗੂਜ **ਤ੍ਰਿਲੋ** ੧, ੧* : ੧ (525)
2. ਭਟਕੇ, ਫਿਰੇ, ਭਰਮਨ ਕੀਤਾ, ਭਵੇ
"ਖਾਤ ਪੀਤ ਖੇਲਤ ਹਸਤ **ਭਰਮੇ** ਜਨਮ ਅਨੇਕ।"
— ਗਉ **੫**, ਬਾਅ ਪੜਸ : ੧ (261)
"**ਭਰਮੇ** ਸੁਰਿ ਨਰ ਦੇਵੀ ਦੇਵਾ।" (ਭਰਮ ਵਿਚ ਹਨ) — ਗਉ **੫**, ਬਾਅ ੪੦ : ੩ (258)
"ਅਨੇਕ ਜਨਮ ਪਾਪ ਕਰਿ **ਭਰਮੇ** ਹੁਣਿ ਤਉ ਸਰਣਾਗਤਿ ਆਏ।" (ਭਉਂਦੇ ਫਿਰੇ)
— ਤੁਖਾ **੪**, ਛੰਤ ੧, ੩ : ੫ (1114)

ਭਰਮੇਹੁ — ਭਟਕਦੇ
"ਸਤਿ ਤੇ ਜਨ ਜਿਨ ਪਰਤੀਤਿ ਉਪਜੀ ਨਾਨਕ ਨਹ **ਭਰਮੇਹੁ**।" — ਸਾਰ **੫**, ੧੧੪, ੨ : ੨ (1226)

ਭਰਮੇਣ — ਭਰਮਾਇਆ ਹੈ
"ਮਾਯਾ ਚਿਤ **ਭਰਮੇਣ** ਇਸਟ ਮਿਤ੍ਰੇਖੁ ਬਾਂਧਵਹ।"
— ਗਾਥਾ **੫**, ੪ : ੧ (1360)

ਭਰਮੇਤੁ — ਭਰਮਦੇ/ਫਿਰਦੇ/ਭਟਕਦੇ ਹਨ
"ਅਕਿਰਤਘਣਾ ਹਰਿ ਵਿਸਰਿਆ ਜੋਨੀ **ਭਰਮੇਤੁ**।"
— ਜੈਤ **੫**, ਵਾਰ ੪ : ੫ (706)

ਭਰਮੈ — 1. ਭਰਮਨ ਨਾਲ, ਫਿਰਨ ਨਾਲ
"**ਭਰਮੈ** ਭਾਹਿ ਨ ਵਿਝਵੈ ਜੇ ਭਵੈ ਦਿਸੰਤਰ ਦੇਸੁ।"
— ਸਿਰੀ **੧**, ੨੨, ੧ : ੧ (22)
"ਕਿਉ ਬਾਜੀਗਰੁ **ਭਰਮੈ** ਭੂਲੈ ਝੂਠਿ ਮੁਠੀ ਅਹੰਕਾਰੋ।" (ਭਟਕਦਾ ਹੈ)
— ਵਡ **੧**, ਅਲ ੪, ੪ : ੪ (581)
2. ਭਰਮਾਂ ਵਿਚ, ਅਗਿਆਨਤਾ ਵਿਚ
"ਆਤਮੁ ਨ ਚੀਨੈ **ਭਰਮੈ** ਵਿਚਿ ਸੂਤਾ।"
— ਆਸਾ **੩**, ੪੫, ੧ : ੪ (362)
ਹੋਰ ਰੂਪ — ਭਰਮੋ —
"**ਭਰਮੋ** ਭੁਲਾਵਾ ਤੁਝਹਿ ਕੀਆ ਜਾਮਿ ਏਹੁ ਚੁਕਾਵਹੇ।"— ਵਡ **੧**, ਛੰਤ ੨, ੫ : ੪ (567)

ਭਰਵਾਸਾ — ਵਿਸ਼ਵਾਸ, ਭਰੋਸਾ, ਆਸਰਾ
"ਆਦਿ ਜੁਗਾਦਿ ਜਾ ਕਾ **ਭਰਵਾਸਾ**।"
— ਗਉ **੫**, ੧੦੮, ੩ : ੨ (187)
ਹੋਰ ਰੂਪ — ਭਰਵਾਸੇ —
"ਇਸ **ਭਰਵਾਸੇ** ਜੋ ਰਹੇ ਬੂਡੇ ਕਾਲੀ ਧਾਰ।"
— ਸਲੋ **ਕਬ**, ੧੩੬ : ੨ (371)
ਭਰਵਾਸੈ —
"ਕਿਸੁ **ਭਰਵਾਸੈ** ਬਿਚਰਹਿ ਭਵਨ।" (ਆਸਰੇ)
— ਰਾਮ **੫**, ੪੮, ੧ : ੧ (898)

ਭਰਾ — 1. ਭਰਿਆ/ਲਿਬੜਿਆ ਹੋਇਆ
"ਹਮਰਾ ਚਿਤੁ ਲੁਭਤ ਮੋਹਿ ਬਿਖਿਆ ਬਹੁ ਦੁਰਮਤਿ ਮੈਲੁ **ਭਰਾ**।" — ਬਿਲਾ **੪**, ੩, ੧ : ੧ (799)
2. ਭਰਿਆ ਹੋਇਆ, ਭਰਪੂਰ
"ਕਬੀਰ ਪਾਲਿ ਸਮੁਹਾ ਸਰਵਰੁ **ਭਰਾ** ਪੀ ਨਸਕੈ ਕੋਈ ਨੀਰੁ।"
— ਸਲੋ **ਕਬ**, ੧੨੦ : ੧ (1373)

ਭਰਾਉ — ਭਰਾ, ਭਾਈ
"ਨਾ ਤਿਸੁ ਭੈਣ ਨ **ਭਰਾਉ** ਕਮਾਇਆ।"
— ਮਾਰੂ **੧**, ਸੋਲਾ, ੧੯, ੨ : ੨ (1038)

ਭਰਾਈਲੇ — ਭਰ ਕੇ
"ਆਨੀਲੇ ਕੁੰਭੁ **ਭਰਾਈਲੇ** ਊਦਕ ਰਾਜ ਕੁਆਰਿ

ਪੁਰੰਦਰੀਏ।" — ਰਾਮ **ਨਾਮ**, ੧, ੨ : ੧ (972)

ਭਰਾਹੂ — ਭਰ ਦਿੰਦਾ ਹੈ
"ਜੋ ਖਿਨਾ ਮਹਿ ਊਨੇ ਸੁਭਰ **ਭਰਾਹੂ**।"
— ਗਉ **੫**, ਬਾਅ ੪੯ : ੨ (260)

ਭਰਾਤਿ — ਭਰਮ, ਭੁਲੇਖਾ, ਭਰਾਂਤੀ
"ਲਹੈ **ਭਰਾਤਿ** ਹੋਵੈ ਜਿਸੁ ਦਾਤਿ।"
— ਮਾਝ **੧**, ਵਾਰ ੨੨ਸ, **੧**, ੨ : ੨ (150)

ਹੋਰ ਰੂਪ — ਭਰਾਂਤਿ —
"ਇਕ ਮਨਿ ਏਕੁ ਧਿਆਈਐ ਮਨ ਕੀ ਲਾਹਿ **ਭਰਾਂਤਿ**।" (ਭੁਲੇਖਾ, ਭਰਮ)
— ਸਿਰੀ **੫**, ੮੩, ੩ : ੨ (47)

ਭਰਾਤੀ —
"ਸਾਧਸੰਗਿ ਕਛੁ ਭਉ ਨ **ਭਰਾਤੀ**।" (ਭਰਮ, ਭੁਲੇਖਾ) — ਗਉ **੫**, ੧੪੨, ੨ : ੧ (194)

ਭਰਾਂਦਿ — ਭਰਾਂਤੀ, ਭਰਮ
"ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ **ਭਰਾਂਦਿ**।"— ਸਲੋ **ਫਰ**, ੬੦ : ੧ (1381)

ਭਰਾਨਿ — ਭਰਮ, ਭੁਲੇਖੇ
"ਟੂਟੇ ਅਨ **ਭਰਾਨਿ** ਹਾਂ।"
— ਆਸਾ **੫**, ੧੫੮, ੧ : ੧ (409)

ਭਰਾਯਉ — ਭਰ ਦਿਤੇ, ਭਰਪੂਰ ਕਰ ਦਿਤੇ
"ਧੰਨਿ ਧੰਨਿ ਗੁਰੁ ਧੰਨਿ ਅਭਰ ਸਰ ਸੁਭਰ **ਭਰਾਯਉ**।" — ਸਵ **੫**, ਕਲ ੮ : ੪ (1408)

ਭਰਾਵ — ਭਰਾ, ਭਾਈ
"ਦੇ ਗੁਨਾ ਸਤਿ ਭੈਣ **ਭਰਾਵ** ਹੈ ਪਾਰੰਗਤਿ ਦਾਨੁ ਪੜੀਵਦੈ।" — ਰਾਮ **ਬਸ**, ਵਾਰ ੧ : ੨ (966)

ਭਰਾਵੈ — ਭਰਾਉਂਦਾ ਹੈ
"ਆਪੇ ਜਲੁ ਆਪੇ ਦੇ ਛਿੰਗਾ ਆਪੇ ਚੁਲੀ **ਭਰਾਵੈ**।"
— ਬਿਹਾ **੪**, ਵਾਰ ੬ : ੩ (551)

ਭਰਿ — 1. ਪੂਰਨ ਰੂਪ ਵਿਚ, ਭਾਵ ਰੱਜ ਕੇ
"ਪਹਿਲਾ ਪਹਰੁ ਧੰਧੈ ਗਇਆ ਦੂਜੈ **ਭਰਿ** ਸੋਇਆ।" — ਸਿਰੀ **੫**, ੭੪, ੩ : ੧ (43)
"ਮੇਰਾ ਸਹੁ ਜਾਗੈ ਹਉ ਨਿਸਿ **ਭਰਿ** ਸੋਵਾ।" (ਭਾਵ ਸਾਰੀ/ਪੂਰਨ ਰਾਤ)
— ਆਸਾ **੧**, ੨੬, ੧ : ੨ (356)
2. ਭਰ ਕੇ, ਪੂਰਨ ਕਰਕੇ
"ਸਰ **ਭਰਿ** ਥਲ ਹਰੀ ਆਵਲੇ ਇਕ ਬੂੰਦ ਨ ਪਵਈ ਕੇਹ।"
— ਸਿਰੀ **੧**, ਅਸ ੧੧, ੩ : ੨ (60)
"ਹਰਿ ਧਨ ਕੇ **ਭਰਿ** ਲੇਹੁ ਭੰਡਾਰ।" (ਭਰਨਾ, ਪੂਰਨ ਕਰਨਾ)
— ਗਉ **੫**, ਸੁਖ ੨੪, ੧ : ੯ (295)
3. ਪੂਰਨ, ਭਰਪੂਰ, ਪੂਰੀ
"ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ **ਭਰਿ** ਜੋਬਨਿ ਮੈ ਮਤਿ।"
— ਸਿਰੀ **੧**, ਪਹ ੨, ੨ : ੧ (75)
"**ਭਰਿ** ਜੋਬਨਿ ਬੂਡੈ ਅਭਿਮਾਨਿ।"
— ਆਸਾ **੧**, ਅਸ ੬, ੬ : ੨ (414)
4. ਭਰਨਾ, ਗੰਦਾ ਹੋਣਾ, ਆਲੂਦਾ ਹੋਣਾ, ਲਿਬੜਨਾ
"ਕੀਤਾ ਕਰਣਾ ਕਹਿਆ ਕਥਨਾ ਭਰਿਆ **ਭਰਿ ਭਰਿ** ਧੋਵਾਂ।"
— ਮਾਝ **੧**, ਵਾਰ ੬ਸ, **੧**, ੨ : ੨ (140)
"ਅੰਧਾ ਭਰਿਆ **ਭਰਿ ਭਰਿ** ਧੋਵੈ ਅੰਤਰ ਕੀ ਮਲੁ ਕਦੇ ਨ ਲਹੈ।"
— ਪ੍ਰਭਾ **੧**, ੩, ੧ : ੩ (1343)
5. ਪੂਰੀ ਤਰ੍ਹਾਂ
"ਤੀਨਿ ਬਾਰ ਪਤੀਆ **ਭਰਿ** ਲੀਨਾ।"
— ਗੋਂਡ **ਕਬ**, ੪, ੪ : ੧ (871)
6. ਬਰਾਬਰ
"ਏਕ ਬੂੰਦ **ਭਰਿ** ਤਨੁ ਮਨੁ ਦੇਵਉ ਜੋ ਮਦੁ ਦੇਇ ਕਲਾਲੀ ਰੇ।" (ਭਾਵੇਂ ਬੂੰਦ ਭਰ ਸਮੇਂ ਲਈ) (ਮਹਾਨਕੋਸ਼ ਅਰਥ 'ਵਾਸਤੇ, ਲਈ' ਕਰਦਾ ਹੈ)
— ਰਾਮ **ਕਬ**, ੧, ੧* : ੨ (969)
"ਨਾਮੇ ਸਰ **ਭਰਿ** ਸੋਨਾ ਲੇਹੁ।"
— ਭੈਰ **ਨਾਮ**, ੧੦, ੧੦ : ੨ (1166)

ਭਰਿਓ — ਭਰਿਆ ਹੋਇਆ
"ਕੂਪੁ **ਭਰਿਓ** ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ।" — ਗਉ **ਰਵਿ**, ੧, ੧ : ੧ (346)

ਹੋਰ ਰੂਪ — ਭਰਿਆ —
"ਕਾਮਿ ਕਰੋਧਿ ਨਗਰੁ ਬਹੁ **ਭਰਿਆ** ਮਿਲਿ ਸਾਧੂ ਖੰਡਲ ਖੰਡਾ ਹੇ।" (ਭਰਿਆ ਹੋਇਆ)
— ਗਉ **੪**, ਸੋਹ ੪, ੧ : ੧ (13)

ਭਰਿਆ — 1. ਭਰਿਆ ਹੋਇਆ, ਭਰਪੂਰ ਵੇਖੋ 'ਭਰਿਓ'
"ਜੇਤਾ ਸਮੁੰਦੁ ਸਾਗਰੁ ਨੀਰਿ **ਭਰਿਆ** ਤੇਤੇ ਅਉਗਣ

ਹਮਾਰੇ।" — ਗਉ **੧**, ੧੭, ੫ : ੧ (156)
2. ਲਿਬੜਿਆ, ਗੰਦਾ ਹੋਇਆ
"ਕੀਤਾ ਕਰਣਾ ਕਹਿਆ ਕਥਨਾ **ਭਰਿਆ** ਭਰਿ ਭਰਿ ਧੋਵਾਂ।"
— ਮਾਝ **੧**, ਵਾਰ ੬ਸ, **੧**, ੨ : ੨ (140)
"ਮਲੁ ਜੂਈ **ਭਰਿਆ** ਨੀਲਾ ਕਾਲਾ ਖਿਧੋਲੜਾ ਤਿਨਿ ਵੇਮੁਖਿ ਵੇਮੁਖੈ ਨੋ ਪਾਇਆ।"
— ਗਉ **੪**, ਵਾਰ ੧੨ਸ, **੪**, ੧ : ੧ (306)
3. ਪੂਰਤੀ ਕਰਨੀ, ਦੇਣਾ, ਭਰਨਾ
"ਡਾਨੁ ਸਗਲ ਗੈਰ ਵਜਹਿ **ਭਰਿਆ** ਦੀਵਾਨ ਲੇਖੈ ਨ ਪਰਿਆ।"
— ਆਸਾ **੫**, ੧੫੨, ੩ : ੧ (408)

ਭਰਿਸਟ — ਅਪਵਿਤਰ, ਗੰਦਾ, ਮੈਲਾ
"ਸਾਕਤ ਥਾਨ **ਭਰਿਸਟ** ਫਿਰਾਹੀ।"
— ਗਉ **੫**, ਅਸ ੭, ੫ : ੨ (239)
ਹੋਰ ਰੂਪ — ਭਰਿਸਟੁ —
"ਤਤੈ ਤਾਮਸਿ ਜਲਿਓਹੁ ਮੂੜੇ ਥਥੈ ਥਾਨ **ਭਰਿਸਟੁ** ਹੋਆ।" — ਆਸਾ **੩**, ਪਟੀ ੯ : ੧ (435)

ਭਰਿਪੁਰਿ — 1. ਭਰਪੂਰ ਹੋ ਕੇ, ਪੂਰੀ ਤਰ੍ਹਾਂ, ਸਰਬ ਵਿਆਪੀ ਹੋ
"**ਭਰਿਪੁਰਿ** ਧਾਰਿ ਰਹੀ ਸੋਭ ਜਾ ਕੀ।"
— ਆਸਾ **੫**, ੨੪, ੧* : ੨ (376)
"ਜਲਿ ਥਲਿ ਮਹੀਅਲਿ **ਭਰਿਪੁਰਿ** ਲੀਣਾ ਆਪੇ ਸਰਬ ਸਮਾਣਾ।" (ਪਸਰਿਆ ਹੈ, ਵਿਆਪਕ ਹੈ) — ਸੋਰ **੧**, ੪, ੧* : ੨ (596)
2. ਭਰਪੂਰ ਵਾਹਿਗੁਰੂ, ਸਰਬਵਿਆਪੀ ਵਾਹਿਗੁਰੂ
"ਸਤੁ ਬੰਧਿ ਕੁਪੀਨ **ਭਰਿਪੁਰਿ** ਲੀਣਾ ਜਿਹਵਾ ਰੰਗਿ ਰਸੀਣਾ।"
— ਰਾਮ **੧**, ੮, ੩ : ੧ (907)

ਭਰਿਪੁਰੇ — ਭਰਪੂਰ, ਵਿਆਪਕ
"ਹਰਿ **ਭਰਿਪੁਰੇ** ਰਹਿਆ।"
— ਬਿਲਾ **੪**, ੭, ੧* : ੩ (801)

ਭਰੀ — 1. ਲਿਬੜੀ, ਲਗੀ
"ਨਿਰਮਲੁ ਸਾਚਾ ਏਕੁ ਤੂ ਹੋਰੁ ਮੈਲੁ **ਭਰੀ** ਸਭ ਜਾਇ।" — ਸਿਰੀ **੧**, ਅਸ ੭, ੧* : ੨ (57)
2. ਭਰਪੂਰ, ਭਰੀ ਹੋਈ
"ਤ੍ਰਿਸਨਾ ਗੂਣਿ **ਭਰੀ** ਘਟ ਭੀਤਰਿ ਇਨ ਬਿਧਿ ਟਾਂਡ ਬਿਸਾਹਿਓ।"
— ਗਉ **ਕਬ**, ੪੯, ੧ : ੨ (333)
"ਰਸਿ ਪ੍ਰੇਮ **ਭਰੀ** ਕਛੁ ਬੋਲਿ ਨ ਜਾਣੀ।"
— ਆਸਾ **੫**, ਛੰਤ ੧੦, ੩ : ੨ (459)
"ਹਮਡੋਲਤ ਬੇੜੀ ਪਾਪ **ਭਰੀ** ਹੈ ਪਵਣੁ ਲਗੈ ਮਤੁ ਜਾਈ।" (ਪੂਰੀ ਤਰ੍ਹਾਂ, ਲਦੀ ਹੋਈ)
— ਰਾਮ **੧**, ੬, ੧ : ੧ (878)
ਹੋਰ ਰੂਪ — ਭਰੀਅੰ —
"ਬੂਡੰ ਤ ਤਰੀਅੰ ਊਣੰ ਤ **ਭਰੀਅੰ**।" (ਭਰ ਜਾਂਦੀ ਹੈ) — ਸਸ **੫**, ੬੪ : ੨ (1360)
ਭਰੀਅਹਿ —
"ਪੜਿ ਪੜਿ ਗਡੀ ਲਦੀ ਅਹਿ ਪੜਿ ਪੜਿ **ਭਰੀਅਹਿ** ਸਾਥ।" (ਭਰੇ ਜਾਂਦੇ ਹਨ)
— ਆਸਾ **੧**, ਵਾਰ ੯ਸ, **੧**, ੧ : ੧ (467)
ਭਰੀਅਤ —
"ਜੈਸੇ ਹਰ ਹਟ ਕੀ ਮਾਲਾ ਟਿੰਡ ਲਗਤ ਹੈ ਇਕ ਸਖਨੀ ਹੋਰ ਫੇਰ **ਭਰੀਅਤ** ਹੈ।" (ਭਰੀ ਜਾਂਦੀ ਹੈ) — ਪ੍ਰਭਾ **੩**, ੮, ੨ : ੧ (1329)
3. ਭਾਵ ਚੁਕਦਾ, ਜੀਵਨ ਗੁਜ਼ਾਰਦਾ
"ਫਰੀਦਾ ਜੇ ਜਾਣਾ ਤਿਲ ਥੋੜੜੇ ਮਲਿ ਬੁਕੁ **ਭਰੀ**।" — ਸਲੋ **ਫਰ**, ੪ : ੧ (1378)
4. ਪੰਡ, ਭਰੀ, ਦਥੀ
"ਕਰੁ ਗਹਿ ਲੇਹੁ ਕ੍ਰਿਪਾਲ ਕ੍ਰਿਪਾ ਨਿਧਿ ਨਾਨਕ ਕਾਟਿ ਭਰੰਮ **ਭਰੀ**।"
— ਸਨੁ **੫**, ੩* : ੬ (1387)

ਭਰੀਅਨਿ — ਲਬੇੜ ਲੈਂਦੇ, ਭਰ ਲੈਂਦੇ
"ਭੇਡਾ ਵਾਗੀ ਸਿਰੁ ਖੋਹਾ ਇਨਿ **ਭਰੀਅਨਿ** ਹਥ ਸੁਆਹੀ।"
— ਮਾਝ **੧**, ਵਾਰ ੨੬ਸ, **੧**, ੧ : ੩ (149)

ਭਰੀਆ — 1. ਭਰੀ ਹੋਈ, ਲਿਬੜੀ ਹੋਈ
"ਏਕਨ **ਭਰੀਆ** ਗੁਣ ਕਰਿ ਧੋਵਾ।"
— ਆਸਾ **੧**, ੨੬, ੧ : ੧ (356)
2. ਭਰਪੂਰ, ਭਰੀਆਂ ਹੋਈਆਂ
"ਤਰਵਰੁ ਏਕੁ ਅਨੰਤ ਡਾਰ ਸਾਖਾ ਪੁਹਪ ਪਤ੍ਰ ਰਸ **ਭਰੀਆ**।" (ਭਾਵ ਲਦੀਆਂ ਹੋਈਆਂ)
— ਰਾਮ **ਕਬ**, ੬, ੧ : ੧ (970)
"ਨਿਕਟਿ ਸੁਨਉ ਅਰੁ ਪੇਖਉ ਨਾਹੀ ਭਰਮਿ ਭਰਮਿ ਦੁਖ **ਭਰੀਆ**।" (ਭਾਵ ਭੋਗਦੀ ਹਾਂ)

— ਸਾਰ **੫**, ੨੪, ੧ : ੧ (1209)

ਭਰੀਆਸਿ — ਭਰੇ ਜਾ ਕੇ
"ਭਾਣੈ ਭਵਜਲੁ ਲੰਘੀਐ ਭਾਣੈ ਮੰਝਿ **ਭਰੀਆਸਿ** ਜੀਉ।" — ਸੂਹੀ **੧**, ਕੁਚ ੨ : ੫ (762)

ਭਰੀਐ — 1. ਲਬੇੜ ਲਈਏ ਗੰਦੇ ਕਰ ਲਈਏ
"**ਭਰੀਐ** ਹਥੁ ਪੈਰੁ ਤਨੁ ਦੇਹ।"
— ਜਪੁ **੧**, ੨੦ : ੧ (4)
"ਹਉ ਵਿਚਿ **ਭਰੀਐ** ਹਉ ਵਿਚਿ ਧੋਵੈ।"
— ਅਸ **੧**, ਵਾਰ ੭ਸ, **੧**, ੧ : ੯ (466)
2. ਭਰੀ ਜਾਣੀ, ਭਰਪੂਰ ਹੋ ਜਾਣੀ
"ਜੇ ਬਹੁਤੇਰਾ ਪੜਿਆ ਹੋਵਹਿ ਕੋ ਰਹੈ ਨ **ਭਰੀਐ** ਪਾਈ।" — ਸਿਰੀ **੧**, ੨੮, ੨ : ੨ (24)
"ਮਾਠਿ ਗੁੰਦਾਈ ਪਟੀਆ **ਭਰੀਐ** ਮਾਗ ਸੰਧੂਰੇ।"
(ਭਰ ਦੇਈਏ)— ਵਡ **੧**, ੩, ੧ : ੧੧ (558)

ਭਰੀਜੈ — 1. ਭਰੀ ਜਾਂਦੀ/ਲਿਬੜ ਜਾਂਦੀ ਹੈ
"ਹੰਉਮੈ ਮਾਇਆ ਮੈਲੁ ਹੈ ਮਾਇਆ ਮੈਲੁ **ਭਰੀਜੈ** ਰਾਮ।" — ਵਡ **੩**, ਛੰਤ ੫, ੨ : ੧ (570)
2. ਭਰਦੀ ਹੈ
"ਗੁਰਮੁਖਿ ਜੋਤਿ ਭਲੀ ਸਿਵ ਨੀਕੀ ਆਨਿ ਪਾਨੀ ਸਕਤਿ **ਭਰੀਜੈ**।"
— ਕਲਿ **੪**, ਅਸ ੩, ੩ : ੧ (1324)

ਭਰੀੜੁ — ਭਰਿਸ਼ਟ, ਆਲੂ ਦਾ
"ਅਤਿ ਡਾਹਪਣਿ ਦੁਖੁ ਘਣੋ ਤੀਨੇ ਥਾਵ **ਭਰੀੜੁ**।"
— ਮਾਰੂ **੩**, ਵਾਰ ੧੪ਸ, **੧**, ੧ : ੨ (1091)
('ਮਹਾਨਕੋਸ਼' ਅਰਥ 'ਹੈਰਾਨੀ, ਪਰੇਸ਼ਾਨੀ' ਕਰਦਾ ਹੈ)

ਭਰੀਲੇ — ਭਰਕੇ
"ਪੰਥੁ ਨਿਹਾਰੈ ਕਾਮਨੀ ਲੋਚਨ **ਭਰੀਲੇ** ਉਸਾਸਾ।"
— ਗਉ **ਕਬ**, ੬੫, ੧ : ੧ (338)

ਭਰੁ — ਭਾਰ, ਬੋਹਜ
"ਗੁਰ ਪੂਰਾ ਪਾਯਉ ਬਡਭਾਗੀ ਲਿਵ ਲਾਗੀ ਮੇਦਨਿ **ਭਰੁ** ਸਹਤਾ।" — ਸਵ **੫**, ਕਲ ੬ : ੨ (1407)

ਭਰੇ — 1. ਭਰਪੂਰ, ਭਰੇ ਹੋਏ
"ਸਿਫਤੀ **ਭਰੇ** ਤੇਰੇ ਭੰਡਾਰਾ।"
— ਆਸਾ **੧**, ਸੋਦ ੨, ੪ : ੨ (9)
2. ਆਲੋਦਾ, ਲਿਬੜੇ
"ਮਨਮੁਖ ਮੈਲੇ ਮਲੁ **ਭਰੇ** ਹਉਮੈ ਤ੍ਰਿਸਨਾ ਵਿਕਾਰੁ।"
— ਸਿਰੀ **੩**, ੪੦, ੩ : ੧ (29)
3. ਭਾਵ ਕਰੇ, ਭਰੇ, ਦੇਵੇ
"ਗੁਰੁ ਪੀਰੁ ਹਾਮਾ ਤਾ **ਭਰੇ** ਜਾ ਮੁਰਦਾਰੁ ਨ ਖਾਇ।"
— ਮਾਝ **੧**, ਵਾਰ ੭ਸ, **੧**, ੨ : ੨ (141)
"ਅੰਧੀ ਰਯਤਿ ਗਿਆਨ ਵਿਹੂਣੀ ਭਾਹਿ **ਭਰੇ** ਮੁਰਦਾਰੁ।" (ਭਾਹ ਭਰਦੀ ਹੈ, ਭਾਵ ਵਫਾਦਾਰੀ ਕਰਦੀ ਹੈ)
— ਆਸਾ **੧**, ਵਾਰ ੧੧ਸ, **੧**, ੨ : ੩ (469)
"ਬਧਾ ਚਟੀ ਜੋ **ਭਰੇ** ਨਾ ਗੁਣੁ ਨਾ ਉਪਕਾਰੁ।" (ਦੇਵਾ)
— ਸੂਹੀ **੩**, ਵਾਰ ੭ਸ, **੨**, ੩ : ੧ (787)
4. ਭਰਕੇ ਭਾਵ ਗੂੜ੍ਹੀ, ਪਕੀ
"ਰਾਜਨ ਕਿਉ ਸੋਇਆ ਤੂ ਨੀਦ **ਭਰੇ** ਜਾਗਤ ਕਤ ਨਾਹੀ ਰਾਮ।"
— ਬਿਹਾ **੫**, ਛੰਤ ੯, ੨ : ੧ (548)
5. ਚੁਕੇ, ਪੁਟੇ
"ਜੇ ਇਕ ਵਿਖ ਅਗਾਹਾ **ਭਰੇ** ਤਾਂ ਦਸ ਵਿਖਾਂ ਪਿਛਾਹਾ ਜਾਇ।"
— ਸਾਰ **੪**, ਵਾਰ ੨੩ਸ, **੪**, ੨ : ੪ (1246)

ਭਰੇਦੀ — ਭਰਦੀ
"ਸਾਰਿ ਸਮਾਲੇ ਤਿਨ ਸਜਣਾ ਮੁੰਧ ਨੈਣ **ਭਰੇਦੀ**।"
— ਤੁਖਾ **੧**, ਛੰਤ ੪, ੩ : ੨ (1111)

ਭਰੇਨਿ — ਭਰਦੇ ਹਨ
"ਮਨਿ ਜੂਠੇ ਚੁਲੀ **ਭਰੇਨਿ**।"
— ਆਸਾ **੧**, ਵਾਰ ੧੯ਸ, **੧**, ੨ : ੨੦ (472)

ਭਰੇਪੁਰਿ — ਭਰਪੂਰ
"ਅਨਦ ਬਿਨੋਦ **ਭਰੇਪੁਰਿ** ਧਾਰਿਆ।"
— ਆਸਾ **੫**, ੨੪, ੧ : ੧ (376)

ਭਰੈ — ਭਰਦਾ ਹੈ
"ਕਰਿ ਪਰਪੰਚੁ ਜਗਤ ਕਉ ਡਹਕੈ ਅਪਨੋ ਉਦਰੁ **ਭਰੈ**।" — ਦੇਵ **੯**, ੧, ੧ : ੨ (536)

ਭਰੋਸਉ — ਭਰੋਸਾ, ਯਕੀਨ, ਵਿਸ਼ਵਾਸ
"ਅਬ ਭਉ ਭਾਨਿ **ਭਰੋਸਉ** ਆਵਾ।"
— ਗਉ **ਕਬ**, ਬਾਅ ੩੦ : ੨ (342)

ਭਰੋਸਾ — ਯਕੀਨ, ਵਿਸ਼ਵਾਸ, ਭਰਵਾਸਾ ਭਾਵ ਓਟ, ਆਸਰਾ

"ਰਾਮ ਜਨਾ ਕਉ ਰਾਮ **ਭਰੋਸਾ**।"
— ਗਉ **੫**, ੧੪੨, ੧* : ੧ (194)
"ਆਸ **ਭਰੋਸਾ** ਖਸਮ ਕਾ ਨਾਨਕ ਕੇ ਜੀਅਰੇ।"
— ਆਸਾ **੫**, ੯, ੪ : ੨ (398)

ਹੋਰ ਰੂਪ — ਭਰੋਸੇ —
"ਦੀਨ ਦਇਆਲ **ਭਰੋਸੇ** ਤੇਰੇ।" (ਭਰਵਾਸੇ)
— ਗਉ **ਕਬ**, ੬੧, ੧* : ੧ (337)

ਭਰੋਸੈ —
"ਤੇਰੈ **ਭਰੋਸੈ** ਪਿਆਰੇ ਮੈ ਲਾਡ ਲਡਾਇਆ।" (ਭਰਵਾਸੇ ਨਾਲ)
— ਸਿਰੀ **੫**, ੯੨, ੧ : ੧ (51)

ਭਲ — 1. ਭਲਾ, ਚੰਗਾ
"ਜੋ ਪ੍ਰਭੁ ਕਰੈ ਸੋਈ **ਭਲ** ਮਾਨਹੁ ਸੁਖਿ ਦੁਖਿ ਓਹੀ ਧਿਆਈਐ ਰੇ।"
— ਗਉ **੫**, ੧੩੨*, ੧ : ੨ (209)
"ਜੋ ਕਿਛੁ ਕਰੈ ਸੋਈ **ਭਲ** ਮਾਨਉ ਤਾ ਮਨੁ ਸਹਜਿ ਸਮਾਣਾ।" (ਭਲਾ, ਮਿਠਾ)
— ਸੂਹੀ **੫**, ਛੰਤ ੮, ੧ : ੪ (782)
2. ਭਲੀ/ਚੰਗੀ
"ਜਿਨ੍ ਕੈ ਹੀ ਅਰੈ ਬਸਿਓ ਮੇਰਾ ਸਤਿਗੁਰੁ ਤੇ ਸੰਤ ਭਲੇ **ਭਲ** ਭਾਂਤਿ।" (ਚੰਗੀ ਤਰ੍ਹਾਂ)
— ਮਲਾ **੪**, ੫, ੧ : ੧ (1264)

ਭਲਉ — ਭੱਲਿਆਂ ਦੀ ਕੁਲ ਵਿਚ
"**ਭਲਉ** ਪ੍ਰਸਿਧੁ ਤੇਜੋ ਤਨੌ ਕਲ੍ ਜੋੜਿ ਕਰ ਧਾਇਅਓ।"
(ਮਹਾਨਕੋਸ਼ ਅਰਥ 'ਭਲਾ, ਉਤਮ' ਕਰਦਾ ਹੈ)
— ਸਵ **੩**, ੫ : ੫ (1393)

ਭਲਕੇ — 1. ਸਵੇਰੇ, ਅੰਮ੍ਰਿਤ ਵੇਲੇ
"**ਭਲਕੇ** ਭਉਕਹਿ ਸਦਾ ਬਇਆਲਿ।"
— ਸਿਰੀ **੧**, ੨੯, ੧ : ੨ (24)
"ਰਾਤਿ ਕਾਰਣਿ ਧਨੁ ਸੰਚੀਐ **ਭਲਕੇ** ਚਲਣੁ ਹੋਇ।"
— ਸੂਹੀ **੩**, ਵਾਰ ੭ਸ, **੨**, ੨ : ੧ (787)
2. ਨਿਤ, ਹਰ ਰੋਜ
"**ਭਲਕੇ** ਉਠਿ ਪਪੋਲੀਐ ਵਿਣੁ ਬੁਝੇ ਮੁਗਧ ਅਜਾਣਿ।" — ਸਿਰੀ **੫**, ੭੩, ੧ : ੧ (43)
"**ਭਲਕੇ** ਉਠਿ ਬਹੁ ਕਰਮ ਕਮਾਵਹਿ ਦੂਜੈ ਭਾਇ ਪਿਆਰੁ।"
— ਸਿਰੀ **੪**, ਵਾਰ ੧੬ਸ, **੩**, ੨ : ੩ (89)

ਭਲਾ — ਚੰਗਾ, ਉਤਮ
"ਰਸੁ ਅੰਮ੍ਰਿਤੁ ਨਾਮੁ ਰਸੁ ਅਤਿ **ਭਲਾ** ਕਿਤੁ ਬਿਧਿ ਮਿਲੈ ਰਸੁ ਖਾਇ।"
— ਸਿਰੀ **੪**, ੬੯, ੧ : ੧ (41)
"ਜਾ ਤਿਸੁ ਭਾਣਾ ਤਾ ਜੰਮਿਆ ਪਰਿਵਾਰਿ **ਭਲਾ** ਭਾਇਆ।" (ਚੰਗਾ ਲਗਾ ਭਾਵ ਖੁਸ਼ੀ ਹੋਈ)
— ਰਾਮ **੩**, ਅਨੰ ੨੯ : ੩ (921)

ਭਲਾਈ — ਨੇਕੀ, ਚੰਗਾ ਕਰਮ
"ਜੋ **ਭਲਾਈ** ਸੋ ਬੁਰਾ ਜਾਨੈ।"
— ਗਉ **੫**, ੮੨, ੨ : ੧ (180)

ਭਲੀ — ਚੰਗੀ, ਸ਼ੁਭ, ਉਤਮ, ਸ੍ਰੇਸ਼ਟ
"ਜੋ ਤੁਧੁ ਭਾਵੈ ਸਾਈ **ਭਲੀ** ਕਾਰ।"
— ਜਪੁ **੧**, ੧੬; ੨੪ (3)

ਹੋਰ ਰੂਪ — ਭਲੀਅ —
"ਚੜਿ ਚੇਤੁ ਬਸੰਤੁ ਮੇਰੇ ਪਿਆਰੇ **ਭਲੀਅ** ਰੁਤੇ।"
— ਆਸਾ **੪**, ਛੰਤ ੨੧, ੪ : ੧ (452)

ਭਲੀਆ —
"ਸਭ ਕਿਛੁ ਦੀਆ **ਭਲੀਆ** ਜਾਈ।"
(ਚੰਗੀਆਂ) — ਮਾਝ **੫**, ੧੯, ੨ : ੨ (100)

ਭਲੇ —
"ਸੇ ਭਗਤ ਸੇ ਭਗਤ **ਭਲੇ** ਜਨ ਨਾਨਕ ਜੀ ਜੋ ਭਾਵਹਿ ਮੇਰੇ ਹਰਿ ਭਗਵੰਤਾ।" (ਚੰਗੇ)
— ਆਸਾ **੪**, ਸੋਪੁ ੧, ੪ : ੫ (11)

ਭਲੇ — 1. ਚੰਗੇ, ਵੇਖੋ 'ਭਲੀ'
2. 'ਭੱਲੇ' ਖਾਨਦਾਨ ਦੇ
"**ਭਲੇ** ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ।"— ਸਵ **੩**, ੨੨ : ੪ (1396)

ਭਲੇਰਿਆ — ਬੁਰੇ, ਮੰਦੇ, ਭੈੜੇ
"ਕਰਤਬ ਕਰਨਿ **ਭਲੇਰਿਆ** ਮਦਿ ਆਇਆ ਸੁਤੇ।"
— ਗਉ **੫**, ਵਾਰ ੧੨ : ੨ (321)
(ਮਹਾਨਕੋਸ਼ 'ਭਲਿਆਈ ਵਾਲੇ, ਭਲੇ' ਅਰਥ ਕਰਦਾ ਹੈ)

ਭਲੇਰੀ — ਚੰਗੀ
"ਜਿਤੁ ਦਿਨਿ ਵਿਸਰੈ ਪਾਰਬ੍ਰਹਮੁ ਫਿਟੁ **ਭਲੇਰੀ** ਰੁਤਿ।"— ਗਉ **੫**, ਵਾਰ ੩ਸ, **੫**, ੧ : ੨ (318)

ਭਲੇਰੇ — ਮੰਦੇ, ਫਿਟਕੇ ਹੋਏ

"ਜਿਨਾ ਸਤਿਗੁਰ ਕਾ ਆਖਿਆ ਸੁਖਾਵੈ ਨਾਹੀ ਤਿਨਾ ਮੁਹ **ਭਲੇਰੇ** ਫਿਰਹਿ ਦਯਿ ਗਾਲੇ।"
— ਗਉ **੪**, ਵਾਰ ੧੦ਸ, **੪**, ੧ : ੪ (305)

ਭਲੈ — ਭਲੇ, ਉਤਮ, ਚੰਗੇ
"ਰਤਨ ਬੀਚਾਰੁ ਮਨਿ ਵਸਿਆ ਗੁਰ ਕੈ ਸਬਦਿ **ਭਲੈ**।" — ਰਾਮ **੩**, ਵਾਰ ੧੯ : ੪ (956)

ਭਲੋ — 1. ਚੰਗੀ, ਭਲੀ
"ਗੁਰਮਤਿ ਸਾਚਾ ਮਨਿ ਵਸੈ ਨਾਮੁ **ਭਲੋ** ਪਤਿ ਸਾਖੁ।"
— ਸਿਰੀ **੧**, ਅਸ ੧੩, ੮ : ੨ (62)
2. ਨੇਕੀ
"ਤੁਮ ਕਰਹੁ ਭਲਾ ਹਮ **ਭਲੋ** ਨ ਜਾਨਹ ਤੁਮ ਸਦਾ ਸਦਾ ਦਇਆਲਾ।"
— ਸੋਰ **੫**, ੧੨, ੩ : ੧ (613)
"ਜਨਮੁ ਪਾਇ ਕਛੁ **ਭਲੋ** ਨ ਕੀਨੋ ਤਾ ਤੇ ਅਧਿਕ ਡਰਉ।" — ਧਨਾ **੯**, ੪, ੧ : ੧ (685)
3. ਨੇਕ, ਚੰਗਾ
"ਸਦ ਜੀਵਨੁ **ਭਲੋ** ਕਹਾਂਹੀ।"
— ਸੋਰ **ਕਬ**, ੬, ੧ : ੩ (655)
"ਜਉ ਦੇਖੈ ਛਿਦ੍ਰੁ ਤਉ ਨਿੰਦਕੁ ਉਮਾਹੈ **ਭਲੋ** ਦੇਖਿ ਦੁਖ ਭਰੀਐ।" (ਭਲਾ ਪੁਰਸ਼, ਨੇਕ ਪੁਰਸ਼)
— ਬਿਲਾ **੫**, ੯੫, ੧ : ੧ (823)
ਹੋਰ ਰੂਪ — ਭਲੌ —
"ਧੰਨਿ ਧੰਨਿ ਗੁਰੁ ਧੰਨਿ ਜਨਮੁ ਸਕਯਥੁ **ਭਲੌ** ਜਗਿ।" — ਸਵ **੧**, ੬ : ੪ (1390)

ਭਲ੍ਯ — ਇਕ ਭਟ ਜਿਸ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਅਮਰਦਾਸ ਜੀ ਦਾ ਇਕ ਸਵੈਯਾ ਹੈ
"ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ **ਭਲ੍ਯ** ਉਨਹ ਜੁੋ ਗਾਵੈ।"
— ਸਵ **੩**, ੨੨ : ੩ (1396)

ਭਲੁ — ਭਲਾ, ਚੰਗਾ
"ਅਜੋਨੀ ਤੂ **ਭਲੁ** ਅਮਲੁ ਸਤਿਗੁਰ ਸੰਗਿ ਨਿਵਾਸੁ।"
— ਸਵ **੪**, ਕਲ ੧੦ : ੩ (1398)

ਭਵ — 1. ਸੰਸਾਰ ਭਾਵ ਆਵਾ ਗਵਨ, ਚੌਰਾਸੀ ਦਾ ਗੇੜ
"ਕੈਸੀ ਆਰਤੀ ਹੋਇ **ਭਵ** ਖੰਡਨਾ ਤੇਰੀ ਆਰਤੀ।"
— ਧਨਾ **੧**, ਸੋਹ ੩, ੧* : ੨ (13)
"ਤੁਝ ਤੇ ਬਾਹਰਿ ਕਿਛੁ ਨਹੀ **ਭਵ** ਕਾਟਨਹਾਰੇ।"
— ਬਿਲਾ **੫**, ੩੪, ੪ : ੧ (809)
2. ਸੰਸਾਰ, ਦੁਨੀਆਂ
"ਹਰਿ ਜਨ ਹਰਿ ਹਰਿ ਨਾਮਿ ਸਮਾਣੇ ਦੁਖੁ ਜਨਮ ਮਰਣ **ਭਵ** ਖੰਡਾ ਹੇ।"
— ਧਨਾ **੧**, ਸੋਹ ੪, ੩ : ੧ (13)
"ਨਾਨਕ ਕਹਤ ਗਾਇ ਕਰੁਨਾ ਮੈ **ਭਵ** ਸਾਗਰ ਕੈ ਪਾਰਿ ਉਤਰੁ ਰੇ।" (ਸੰਸਾਰ ਰੂਪੀ ਸਾਗਰ)
— ਗਉ **੯**, ੯, ੨ : ੨ (220)
3. ਹਸਤੀ
"**ਭਵ** ਸਾਗਰੁ ਸੰਸਾਰੁ ਬਿਖੁ ਸੋ ਪਾਰਿ ਉਤਰੀਐ।"
— ਗਉ **੫**, ਵਾਰ ੧੧ : ੩ (320)
"ਸਾਗਰ ਸੰਸਾਰ **ਭਵ** ਉਤਾਰ ਨਾਮੁ ਸਿਮਰਤ ਬਹੁ ਤਰੇ।"
— ਆਸਾ **੫**, ਛੰਤ ੬, ੩ : ੪ (456)
4. ਵਰਤਮਾਨ ਹੁਣ ਵਾਲਾ ਸਮਾਂ
"**ਭਵ** ਭੂਤ ਭਾਵ ਸਮਬ੍ਯਿੰ ਪਰਮੰ ਪ੍ਰਸੰਨਮਿਦੰ।"
— ਗੂਜ **ਜੈਦੇ**, ੧, ੨ : ੨ (526)
5. ਸੰਸਾਰ ਸਾਗਰ
"ਗੁਰੁ ਬੋਹਿਥੁ ਤਾਰੇ **ਭਵ** ਪਾਰਿ।"
— ਗੋਂਡ **੫**, ੯, ੩ : ੧ (864)
"ਗੁਰਮਤਿ ਲੇਹੁ ਤਰਹੁ **ਭਵ** ਦੁਤਰੁ ਮੁਕਤਿ ਭਏ ਸੁਖੁ ਪਾਇਆ।"
— ਮਾਰੂ **੧**, ਸੋਲਾ ੨੦, ੯ : ੩ (1041)

ਭਵਸਾਗਰ — ਸੰਸਾਰ ਸਮੁੰਦਰ
"**ਭਵਸਾਗਰ** ਸੁਖ ਸਾਗਰ ਮਾਹੀ।"
— ਗਉ **ਕਬ**, ੧, ੩ : ੧ (323)
ਹੋਰ ਰੂਪ — ਭਵਸਾਗਰੁ —
"ਰਮਈਆ ਜਪਹੁ ਪ੍ਰਾਣੀ ਅਨਤ ਜੀਵਨ ਬਾਣੀ ਇਨ ਬਿਧਿ **ਭਵਸਾਗਰੁ** ਤਰਣਾ।"
— ਸਿਰੀ **ਕਬ**, ੧, ੨ : ੨ (92)

ਭਵਸਿੰਧ — ਸੰਸਾਰ ਸਮੁੰਦਰ
"ਚਰਣ ਸਰਣ ਦਇਆਲ ਕੇਸਵ ਤਾਰਿ ਜਗ **ਭਵਸਿੰਧ**।"— ਗੂਜ **੫**, ਅਸ ੨, ੧* : ੨ (508)

ਭਵਹਿ — 1. ਫਿਰਦਾ/ਭੌਂਦਾ ਹੈ
"ਮੰਨੈ ਨਾਨਕ **ਭਵਹਿ** ਨ ਭਿਖ।"
— ਜਪੁ **੧**, ੧੫ : ੪ (3)

2. ਭਵ ਤੋਂ, ਭਵਸਾਗਰ ਤੋਂ
"ਜੋ ਜੋ ਸਰਣਿ ਪਰਿਓ ਕਰੁਣਾ ਨਿਧਿ ਤੇਤੇ **ਭਵਹਿ** ਤਰਾਏ।" — ਸਾਰ **੫**, ੮, ੧* : ੨ (1204)

ਭਵਖੰਡਨ — ਜਨਮ ਮਰਨ ਨਿਵਾਰਨ ਵਾਲਾ, ਸੰਸਾਰ ਦੇ ਬੰਧਨ ਤੋੜਨ ਵਾਲਾ
"**ਭਵਖੰਡਨ** ਦੁਖਭੰਜਨ ਸ੍ਵਾਮੀ ਭਗਤਿ ਵਛਲ ਨਿਰੰਕਾਰੇ।" — ਧਨਾ **੫**, ੧, ੧ : ੧ (670)

ਹੋਰ ਰੂਪ — ਭਵਖੰਡਨਾ —
"ਕੈਸਾ ਆਰਤੀ ਹੋਇ **ਭਵਖੰਡਨਾ** ਤੇਰੀ ਆਰਤੀ।" (ਜਨਮ ਮਰਨ ਨਿਵਾਰਨ ਵਾਲਾ) — ਧਨਾ **੧**, ੯, ੧* : ੧ (663)

ਭਵਖੰਡਨੁ —
"ਨਿਰਭਉ ਨਿਰੰਕਾਰ **ਭਵਖੰਡਨੁ** ਸਭਿ ਸੁਖ ਨਵਨਿਧਿ ਦੇਸੀ।" — ਸੋਰ **੫**, ੧, ੧ : ੩ (608)

ਭਵਖੰਡਨੋ —
"ਭੈ ਦੂਰਿ ਕਰਤਾ ਪਾਪ ਹਰਤਾ ਦੁਸਹ ਦੁਖ **ਭਵਖੰਡਨੋ**।" (ਸੰਸਾਰ ਤੋਂ ਛੁਟਕਾਰਾ ਦੁਆਉਣ ਵਾਲਾ) — ਰਾਮ **੫**, ਛੰਤ ੨, ੧ : ੪ (925)

ਭਵਜਲ — ਸੰਸਾਰ ਸਮੁੰਦਰ
"ਸਰੰਜਾਮਿ ਲਾਗੁ **ਭਵਜਲ** ਤਰਨ ਕੈ।" — ਆਸਾ **੫**, ੪, ੨ : ੧ (12)

ਹੋਰ ਰੂਪ — ਭਵਜਲਿ —
"**ਭਵਜਲਿ** ਡੂਬੇ ਦੂਜੈ ਭਾਇ।" (ਸੰਸਾਰ ਸਮੁੰਦਰ ਵਿਚ) — ਗਉ **੩**, ਅਸ ੪, ੩ : ੩ (231)

ਭਵਜਲੁ —
"ਗੁਰਪਰਸਾਦੀ ਛੁਟੀਐ ਬਿਖੁ **ਭਵਜਲੁ** ਸਬਦਿ ਗੁਰ ਤਰਣਾ।" (ਸੰਸਾਰ ਸਾਗਰ) — ਸਿਰੀ **੩**, ੫੧, ੧* : ੨ (33)

ਭਵਣ — 1. ਮੰਡਲ
"ਮੰਨੈ ਸਗਲ **ਭਵਣ** ਕੀ ਸੁਧਿ।" — ਜਪੁ **੧**, ੧੩ : ੨ (3)
"ਸਗਲ **ਭਵਣ** ਕੀ ਮੂਰਤਿ ਏਕਾ ਮੁਖਿ ਤੇਰੈ ਟਕਸਾਲਾ।" (ਸ੍ਰਿਸ਼ਟੀ) — ਸੋਰ **੧**, ੪, ੧ : ੨ (596)
"ਜਿਨਿ ਕੀਨੇ ਵਸਿ ਅਪੁਨੈ ਤ੍ਰੈਗੁਣ **ਭਵਣ** ਚਤੁਰ ਸੰਸਾਰਾ।" — ਧਨਾ **੫**, ੧੧, ੧ : ੧ (673)
(ਮਹਾਨ ਕੋਸ਼ ਇਥੇ ਅਰਥ 'ਦਿਸ਼ਾ' ਕਰਦਾ ਹੈ)
"ਸਗਲ **ਭਵਣ** ਤੇਰੋ ਨਾਮੁ ਬਾਲਹਾ ਤਿਉ ਨਾਮੇ ਮਨਿ ਬੀਠੁਲਾ।" (ਸੰਸਾਰ) — ਧਨਾ **ਨਾਮ**, ੩, ੫ : ੨ (693)

2. ਭ੍ਰਮਣ, ਭਉਣਾ
"ਪ੍ਰਭ ਪ੍ਰੇਮ ਭਗਤਿ ਗੁਪਾਲ ਸਿਮਰਣ ਮਿਟਤ ਜੋਨੀ **ਭਵਣ**।" — ਗੂਜ **੫**, ੩੦, ੩ : ੨ (502)

ਭਵੰਤਾ — ਫਿਰਦਾ ਹੈ
"ਭਵਰੁ **ਭਵੰਤਾ** ਫੂਲੀ ਡਾਲੀ ਕਿਉ ਜੀਵਾ ਮਰੁ ਮਾਏ।" — ਤੁਖਾ **੧**, ਬਾਰਾ ੫ : ੫ (1108)

ਭਵਤਾਰਣ — ਭਵਜਲ ਤੋਂ ਤਾਰਣ ਵਾਲਾ, ਸੰਸਾਰ ਤੋਂ ਤਾਰਣ ਵਾਲਾ
"ਨਾਨਕ ਦੀਨ ਭਗਤ **ਭਵ ਤਾਰਣ** ਤੇਰੇ ਕਿਆ ਗੁਣ ਆਖਿ ਵਖਾਣਾ।" — ਸੂਹੀ **੫**, ਛੰਤ ੧, ੨ : ੬ (777)

ਹੋਰ ਰੂਪ — ਭਵਤਾਰਣੁ —
"ਜਗਤ ਉਧਾਰਣੁ ਨਵ ਨਿਧਾਨੁ ਭਗਤਹ **ਭਵਤਾਰਣੁ**।"— ਸਵ **੪**, ਕਲ ੯ : ੧ (1397)

ਭਵਤਾਰਨ — ਸੰਸਾਰ — ਭਵਜਲ ਤੋਂ ਪਾਰ ਲੰਘਾਣ ਵਾਲਾ
"ਪ੍ਰਭਦੀਨ ਦਇਆਲ ਭਗਤ **ਭਵਤਾਰਨ** ਹਮ ਪਾਪੀ ਰਾਖੁ ਪਪਨਾ।"— ਬਿਲਾ **੪**, ੧, ੪ : ੧ (799)

ਭਵੰਤਿ — ਹੁੰਦਾ
"ਤਿਰਸਕਾਰ ਨਹ **ਭਵੰਤਿ** ਨਹ ਭਵੰਤਿ ਮਾਨ ਭੰਗਨਹ।" — ਸਸ **੫**, ੨੮ : ੧ (1356)

ਭਵੰਤਿਆ — ਭਉਣ ਵਾਲੇ
"ਭਵਰਾ ਫੂਲਿ **ਭਵੰਤਿਆ** ਦੁਖੁ ਅਤਿ ਭਾਰੀ ਰਾਮ।" — ਆਸਾ **੧**, ਛੰਤ ੫, ੨ : ੧ (439)

ਭਵੰਤੇ — ਫਿਰਦੇ, ਭਉਂਦੇ, ਭਟਕਦੇ
"ਜਨਮ **ਭਵੰਤੇ** ਨਰਕਿ ਪੜੰਤੇ ਤਿਨ੍ਹ ਕੇ ਕੁਲ ਉਧਾਰੇ।" — ਆਸਾ **੫**, ੧੪੧, ੨ : ੧ (406)

ਭਵੰਦੇ — ਫਿਰਦੇ, ਭਉਂਦੇ, ਭਟਕਦੇ
"ਜੋ ਜੋ ਸੰਤਿ ਸਰਾਪਿਆ ਸੇ ਫਿਰਹਿ **ਭਵੰਦੇ**।" — ਗਉ **੪**, ਵਾਰ ੧੨ : ੯ (306)

ਭਵਨ — 1. ਮੰਡਲ, ਵਰਨ ਦੇ ਲੋਕ
"ਤੀਨਿ **ਭਵਨ** ਮਹਿ ਏਕੋ ਜੋਗੀ ਕਹਹੁ ਕਵਨੁ ਹੈ

ਰਾਜਾ।" — ਸਿਰੀ **ਕਬ**, ੩, ੩ : ੨ (92)
"ਟੋਹੇ ਟਾਹੇ ਬਹੁ **ਭਵਨ** ਬਿਨੁ ਨਾਵੈ ਸੁਖੁ ਨਾਹਿ।"
(ਭਾਵ ਥਾਵਾਂ)— ਗਉ **੫**, ਬਾਅ ੨੭ : ੫ (255)
(ਭਾਵ ਸਰੀਰ)
"ਨਾਮ ਕੇ ਧਾਰੇ ਪੁਰੀਆ ਸਭ **ਭਵਨ**।" (ਲੋਕ ਮੰਡਲ) — ਗਉ **੫**, ਸੁਖ ੧੬, ੫ : ੭ (284)
"ਕਿਸੁ ਭਰਵਾਸੈ ਬਿਚਰਹਿ **ਭਵਨ**।" (ਭਾਵ ਸੰਸਾਰ)
— ਰਾਮ **੫**, ੪੮, ੧ : ੧ (896)

2. ਘਰ
"ਦਰਸਨਿ ਤੇਰੈ **ਭਵਨ** ਪੁਨੀਤਾ।" (ਭਾਵ ਸਰੀਰ)
— ਮਾਝ **੫**, ੧੮, ੩ : ੧ (99)
"ਤੁਝਹਿ ਚਰਨ ਅਰਬਿੰਦ **ਭਵਨ** ਮਨੁ।"
— ਆਸਾ **ਰਵਿ**, ੪, ੧* : ੧ (486)
(ਮਹਾਨਕੋਸ਼ ਇਸ ਦੇ ਅਰਥ 'ਭੌਰਾ' ਕਰਦਾ ਹੈ)

ਹੋਰ ਰੂਪ — ਭਵਨੰ —
"ਅਤ੍ਰੰਤ ਆਸਾ ਆਥਿਤ੍ਰ **ਭਵਨੰ**।" (ਘਰ ਵਿਚ)
— ਸਸ **੫**, ੩ : ੩ (1354)

3. ਫਿਰਨਾ, ਭ੍ਰਮਣ ਕਰਨਾ
"ਕਹਾ ਪਿੰਗੁਲ ਪਰਬਤ ਪਰ **ਭਵਨ**।"
— ਗਉ **੫**, ਸੁਖ ੪, ੬ : ੭ (267)

4. ਥਾਂ
"ਸੂਖ ਸਹਜ ਆਨੰਦ **ਭਵਨ**।"
— ਰਾਮ **੫**, ੨੦, ੧* : ੧ (888)
"**ਭਵਨ ਭਵਨ** ਪਵਿਤ੍ਰ ਹੋਹਿ ਸਭਿ ਜਹ ਸਾਧੂ ਚਰਨ ਧਰੀਜੈ।" (ਹਰ ਥਾਂ)
— ਕਲਿ **੪**, ਅਸ ੬, ੧ : ੨ (1326)

ਭਵਨਾ — 1. ਘਰ
"ਧੰਨਿ ਸੁ ਥਾਨੁ ਧੰਨਿ ਓਇ **ਭਵਨਾ** ਜਾ ਮਹਿ ਸੰਤ ਬਸਾਰੇ।" — ਧਨਾ **੫**, ੪੦, ੨ : ੧ (681)

2. ਫਿਰਨਾ, ਭਟਕਨਾ
"ਕਹਾ ਬਸੈ ਸੁ ਸਬਦੁ ਅਉਧੂ ਤਾ ਕਉ ਚੂਕੈ ਮਨ ਕਾ **ਭਵਨਾ**।"
— ਰਾਮ **੧**, ਸਿਗੋ ੬੪ : ੨ (945)

ਭਵਨਿ — 1. ਘਰ ਵਿਚ
"ਚਿੰਤ **ਭਵਨਿ** ਮਨੁ ਪਰਿਓ ਹਮਾਰਾ।"
— ਆਸਾ **ਕਬ**, ੧੨, ੩ : ੧ (478)

2. ਫਿਰਨ ਭਾਵ ਤੀਰਥ ਯਾਤਰਾ
"ਕਹਨਿ **ਭਵਨਿ** ਨਾਹੀ ਪਾਇਓ ਪਾਇਓ ਅਨਿਕ ਉਕਤਿ ਚਤੁਰਾਈ।"
— ਕਾਨ **੫**, ੪੭, ੧ : ੧ (1307)

ਭਵਨਿਧਿ — ਸੰਸਾਰ ਸਾਗਰ
"ਅੰਗੀਕਾਰੁ ਕੀਓ ਪ੍ਰਭ ਅਪੁਨੈ **ਭਵਨਿਧਿ** ਪਾਰਿ ਉਤਾਰੇ।" — ਸੋਰ **੫**, ੯੪, ੧ : ੨ (631)

ਭਵਨਿਧਿਤਰਣ — ਸੰਸਾਰ ਸਾਗਰ ਦੀ ਬੇੜੀ
"ਸਗਲ ਭਗਤ ਜਾਚਹਿ ਸੁਖਸਾਗਰ **ਭਵਨਿਧਿਤਰਣ** ਹਰਿ ਚਿੰਤਾ ਮਣੇ।"
— ਕਲਿ **੪**, ੭, ੧* : ੨ (1321)

ਭਵਨੀ — ਭਉਂਦੇ ਰਹਿਣਾ
"ਭੇਖੁ **ਭਵਨੀ** ਹਠੁ ਨ ਜਾਨਾ ਨਾਨਕਾ ਸਚੁ ਗਹਿ ਰਹੇ।" — ਬਿਲਾ **੧**, ਛੰਤ ੨, ੧ : ੬ (843)

ਭਵਨੁ — 1. ਭਾਵਨੀ, ਸ਼ਰਧਾ
"ਭਾਠੀ **ਭਵਨੁ** ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ।"— ਆਸਾ **੧**, ੩੮, ੧ : ੨ (360)
('ਮਹਾਨਕੋਸ਼' ਇਸ ਦਾ ਅਰਥ 'ਧਿਆਨ, ਖਿਆਲ' ਕਰਦੇ ਹਨ)

2. ਘਰ
"**ਭਵਨੁ** ਸੁਹਾਵੜਾ ਧਰਤਿ ਸਭਾਗੀ ਰਾਮ।"
— ਬਿਲਾ **੫**, ਛੰਤ ੧, ੪ : ੧ (846)

3. ਭਉਣਾ, ਫਿਰਨਾ
"ਕਿਨਹੀ **ਭਵਨੁ** ਸਭ ਧਰਤੀ ਕਰਿਆ।"
— ਰਾਮ **੫**, ਅਸ ੧, ੩ : ੩ (912)

ਭਵਭੰਜਨ — ਸੰਸਾਰ ਦੇ ਬੰਧਨ ਤੋੜਨ ਵਾਲੇ
"ਅਨਹਦ ਚੋਜ ਭਗਤ **ਭਵਭੰਜਨ** ਅਨਹਦ ਵਾਜੇ ਧੁਨੀਐ ਰਾਮ।"
— ਸੂਹੀ **੫**, ਛੰਤ ੯, ੪ : ੨ (783)

ਹੋਰ ਰੂਪ — ਭਵਭੰਜਨੁ —
"ਜਨਮ ਮਰਣ **ਭਵਭੰਜਨੁ** ਗਾਈਐ ਪੁਨਰਪਿ ਜਨਮੁ ਨ ਹੋਈ ਜੀਉ।"
— ਸੋਰ **੧**, ੧੧, ੪ : ੨ (599)

ਭਵਰ — 1. ਭੌਰੇ ਭਾਵ ਕਾਲੇ ਕੇਸ ਭਾਵ ਜਵਾਨੀ
"**ਭਵਰ** ਗਏ ਬਗ ਬੈਠੇ ਆਇ।"
— ਸੂਹੀ **ਫਰ**, ੨, ੧* : ੨ (792)

2. ਭੌਰੇ
"ਚੇਤੁ ਬਸੰਤੁ ਭਲਾ **ਭਵਰ** ਸੁਹਾਵੜੇ।"
— ਤੁਖਾ **੧**, ਬਾਰਾ ੫ : ੧ (1108)

ਹੋਰ ਰੂਪ — ਭਵਰਹ —
"ਪਹਿਲੇ ਬਾਸੁ ਲਈ ਹੈ **ਭਵਰਹ** ਬੀਠਲ ਭੈਲਾ ਕਾਇ ਕਰਉ।" (ਭੌਰੇ ਨੇ)
— ਆਸਾ **ਨਾਮ**, ੨, ੨ : ੨ (485)

ਭਵਰਲਾ — ਭੌਰਾ
"ਜਿਉ ਧਰਣੀ ਕਉ ਇੰਦ੍ਰੁ ਬਾਲਹਾ ਕੁਸਮ ਬਾਸੁ ਜੈਸੇ **ਭਵਰਲਾ**।"— ਧਨਾ **ਨਾਮ**, ੩, ੨ : ੧ (693)

ਭਵਰਾ — ਭੌਰਾ
"**ਭਵਰਾ** ਫੂਲਿ ਭਵੰਤਿਆ ਦੁਖੁ ਅਤਿ ਭਾਰੀ ਰਾਮ।"
— ਆਸਾ **੧**, ਛੰਤ ੫, ੨ : ੧ (439)
"ਆਪੇ **ਭਵਰਾ** ਫੂਲ ਬੇਲਿ।"
— ਬਸੰ **੧**, ਅਸ ੭, ੧ : ੧ (1190)
(ਮਹਾਨਕੋਸ਼ ਅਰਥ 'ਜਗਿਆਸੂ' ਕਰਦਾ ਹੈ)
ਹੋਰ ਰੂਪ — ਭਵਰਿ —
"ਫੂਲੁ **ਭਵਰਿ** ਜਲੁ ਮੀਨਿ ਬਿਗਾਰਿਓ।" (ਭੌਰ ਨੇ) — ਗੂਜ **ਰਵਿ**, ੧, ੧ : ੨ (525)
ਭਵਰੁ —
"ਬੀਚਾਰੁ ਸਤਿਗੁਰੁ ਮੁਝੈ ਪੂਛਿਆ **ਭਵਰੁ** ਬੇਲੀ ਰਾਤਓ।" (ਜੀਵ ਰੂਪੀ, ਭੌਰਾ)
— ਆਸਾ **੧**, ਛੰਤ ੫, ੨ : ੩ (439)

ਭਵਰੁ — 1. ਭੌਰਾ, ਵੇਖੋ 'ਭਵਰਾ'
"**ਭਵਰੁ** ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ।" (ਭੌਰਾ)
— ਤੁਖਾ **੧**, ਬਾਰਾ ੫ : ੫ (1108)
2. ਜੀਵ — ਆਤਮਾ
"ਏਕੋ **ਭਵਰੁ** ਭਵੈ ਤਿਹੁ ਲੋਇ।"
— ਰਾਮ **੧**, ਓਅੰ ੭ : ੩ (930)

ਭਵਾ — ਮੈਂ ਫਿਰਾਂ
"ਪੰਖੀ ਹੋਇ ਕੈ ਜੇ **ਭਵਾ** ਸੈ ਅਸਮਾਨੀ ਜਾਉ।"
— ਸਿਰੀ **੧**, ੨, ੩ : ੧ (14)

ਭਵਾਇਆ — ਫੇਰਿਆ, ਭੁਆਇਆ
"ਇਕਨਾ ਮਨਮੁਖਿ ਸਬਦੁ ਨ ਭਾਵੈ ਬੰਧਨਿ ਬੰਧਿ **ਭਵਾਇਆ**।"
— ਸਿਰੀ **੩**, ਅਸ ੨੪, ੪ : ੧ (69)
"ਖਿਨੁ ਪੂਰਬਿ ਖਿਨੁ ਪਛਮਿ ਛਾਏ ਜਿਉ ਚਕੁ ਕੁਮ੍ਹਿਆਰਿ **ਭਵਾਇਆ**।" (ਗੁੰਮਾਇਆ)
— ਆਸਾ **੪**, ਛੰਤ ੮, ੨ : ੪ (442)

ਹੋਰ ਰੂਪ — ਭਵਾਇਹਿ —
"ਤੂੰ ਆਪੇ ਮਨਮੁਖਿ ਜਨਮਿ **ਭਵਾਇਹਿ**।" (ਫੇਰਦਾ ਹੈਂ) — ਮਾਝ **੫**, ੯, ੪ : ੨ (97)
ਭਵਾਈ —
"ਕਿਸੁ ਦੋਸੁ ਨ ਦੀਜੈ ਕਿਰਤੁ **ਭਵਾਈ**।" (ਫੇਰਦੀ ਹੈ) — ਸੂਹੀ **੫**, ੪੦, ੪ : ੪ (745)
ਭਵਾਈਅਹਿ —
"ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ **ਭਵਾਈਅਹਿ**।" (ਫੇਰੀਦਾ ਹੈ)
— ਜਪੁ **੧**, ੨ : ੪ (1)
ਭਵਾਈਅਨਿ —
"ਜੋਨੀ ਸਭਿ **ਭਵਾਈਅਨਿ** ਬਿਸਟਾ ਮਾਹਿ ਸਮਾਇ।" (ਫੇਰਿਆ/ਘੁੰਮਾਇਆ ਹੈ)
— ਮਾਰੂ **੩**, ੨, ੨ : ੨ (994)
ਭਵਾਈਅਨੁ —
"ਬੰਧਨਿ ਬੰਧਿ **ਭਵਾਈਅਨੁ** ਕਰਣਾ ਕਛੂ ਨ ਜਾਇ।" (ਫੇਰੇ ਗਏ)
— ਸਲੋ **੩**, ੧੭ : ੪ (1414)
ਭਵਾਈਆ —
"ਇਕਿ ਤੁਝ ਹੀ ਕੀਏ ਰਾਜੇ ਇਕਨਾ ਭਿਖ **ਭਵਾਈਆ**।" (ਫੇਰਿਆ)
— ਵਡ **੧**, ਛੰਤ ੨, ੧ : ੪ (566)
ਭਵਾਈਐ —
"ਆਵੈ ਜਾਇ **ਭਵਾਈਐ** ਪਇਐ ਕਿਰਤਿ ਕਮਾਇ।" (ਫੇਰੀਏ)
— ਸਿਰੀ **੧**, ਅਸ ੧੦, ੭ : ੧ (59)
ਭਵਾਏ —
"ਬੰਧਨ ਬੰਧਿ **ਭਵਾਏ** ਸੋਇ।" (ਫੇਰੇ)
— ਆਸਾ **੧**, ਵਾਰ ਪਸ. **੧**, ੭ : ੨੧ (465)
ਭਵਾਹਿ —
"ਮਾਇਆ ਮੋਹਣੀ ਮੋਹਿਆ ਫਿਰਿ ਫਿਰਿ ਜੂਨੀ **ਭਵਾਹਿ**।" (ਫੇਰੇ ਗਏ)
— ਆਸਾ **੫**, ਛੰਤ ੭, ੬ : ੨ (441)
ਭਵਾਤਿ —
"ਕਹੁ ਨਾਨਕ ਭਗਤ ਸੋਹਹਿ ਦਰਵਾਰੇ ਮਨਮੁਖ ਸਦਾ **ਭਵਾਤਿ**।" (ਭਵਾਏ/ਫੇਰੇ ਜਾਂਦੇ ਹਨ ਫਿਰਦਾ ਹੈ)— ਸਿਰੀ **੫**, ਪਹ ੪, ੫ : ੬ (78)

ਭਵਾਨੀ — ਦੁਰਗਾ, ਸ਼ਿਵਜੀ ਦੀ ਪਤਨੀ

"ਤੂ ਕਹੀਅਤ ਹੀ ਆਦਿ **ਭਵਾਨੀ**।"
— ਗੋਂਡ **ਨਾਮ**, ੬, ੪ : ੧ (874)

ਭਵਾਰੀ — ਭੁਆਟਨੀ, ਗੇੜ
"ਦੀਈ **ਭਵਾਰੀ** ਪੁਰਖਿ ਬਿਧਾਤੈ ਬਹੁਰਿ ਬਹੁਰਿ ਜਨਮਾਧੇ।" — ਆਸਾ **੫**, ੧੨੬, ੩ : ੨ (403)

ਭਵਾਰੇ — ਫੇਰੇ, ਚਕਰ, ਭ੍ਰਮਣ
"ਕੋਟਿ ਜਨਮ ਕੇ ਰਹੇ **ਭਵਾਰੇ**।"
— ਆਸਾ **੫**, ੬੫, ੧ : ੧ (387)

ਭਵਾਲੀ — ਭੁਆਟਨੀ, ਭੁਲੇਵਾਂ
"ਆਪਿ **ਭਵਾਲੀ** ਦਿਦੀਅਨੁ ਅੰਤਰਿ ਲੋਭੁ ਵਿਕਾਰਾ।"
— ਆਸਾ **੩**, ਅਸ ੨੨, ੫ : ੨ (425)

ਭਵਾਵਹਿ — ਫੇਰਦਾ ਹੈ, ਭੁਆਟਨੀ ਦਿੰਦਾ ਹੈ
"ਏਕਿ ਨਚਾਵਹਿ ਏਕਿ **ਭਵਾਵਹਿ** ਇਕਿ ਆਇ ਜਾਇ ਹੋਇ ਧੂਰਾ।"
— ਰਾਮ **੫**, ੭, ੪ : ੨ (884)

ਹੋਰ ਰੂਪ — ਭਵਾਵੈ —
"ਹਉਮੈ ਬੰਧਨ ਬੰਧਿ **ਭਵਾਵੈ**।" (ਫੇਰਦਾ ਹੈ)
— ਗਉ **੧**, ਅਸ ੧੩, ੮ : ੧ (227)

ਭਵਿ — ਫਿਰ ਕੇ, ਭੌਂ ਕੇ
"ਚਾਰੇ ਕੁੰਡਾ **ਭਵਿ** ਥਕੇ ਮਨਮੁਖ ਬੂਝ ਨ ਪਾਇ।"
— ਸਿਰੀ **੩**, ੫੯, ੩ : ੩ (37)

ਭਵਿਓਮ੍ਹਿ — ਮੈਂ ਫਿਰਿਆ ਹਾਂ
"ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ **ਭਵਿਓਮ੍ਹਿ**।" — ਸਲੋ **ਫਰ**, ੨੦ : ੧ (1378)

ਭਵਿਆ — ਫਿਰਿਆ, ਭਉਂਦਾ ਰਿਹਾ ਹੈਂ
"ਜਜੈ ਜਾਨੁ ਮੰਗਤ ਜਨੁ ਜਾਚੈ ਲਖ ਚਉਰਾਸੀਹ ਭੀਖ **ਭਵਿਆ**।"
— ਆਸਾ **੧**, ਪਟੀ ੧੧ : ੧ (433)

ਹੋਰ ਰੂਪ — ਭਵਿਐ —
"ਜੋਗੁਨ ਦੇਸਿ ਦਿਸੰਤਰਿ **ਭਵਿਐ** ਜੋਗੁ ਨ ਤੀਰਥਿ ਨਾਈਐ।" (ਫਿਰਨ/ਭਉਣ ਨਾਲ)
— ਸੂਹੀ **੧**, ੮, ੨ : ੨ (730)

ਭਵਿਖ — ਆਉਣ ਵਾਲਾ ਸਮਾਂ
"ਭੂਰ **ਭਵਿਖ** ਨਾਹੀ ਤੁਮ ਜੈਸੇ ਮੇਰੇ ਪ੍ਰੀਤਮ ਪ੍ਰਾਨ ਅਧਾਰਾ।" — ਸਾਰ **੧**, ੧, ੪ : ੧ (1197)

ਭਵੀ — ਭਵੀਂ ਹੋਈ, ਫਿਰੀ ਹੋਈ
"ਮਤਿ ਬੁਧਿ **ਭਵੀ** ਨ ਬੁਝਈ ਅੰਤਰਿ ਲੋਭ ਵਿਕਾਰੁ।" — ਸਿਰੀ **੩**, ੩੬, ੩ : ੨ (27)
"ਨਾਨਕ ਵਿਣੁ ਸਤਿਗੁਰ ਮਤਿ **ਭਵੀ** ਸਤਿਗੁਰ ਨੋ ਮਿਲੈ ਤਾ ਸਬਦੁ ਕਮਾਇ।" (ਫਿਰੀ ਹੋਈ)
— ਮਾਰੂ **੩**, ਵਾਰ ੧੭ਸ, **੩**, ੧ : ੯ (1092)

ਹੋਰ ਰੂਪ — ਭਵੀਐ —
"ਕਿਆ **ਭਵੀਐ** ਕਿਆ ਢੂਢੀਐ ਗੁਰ ਸਬਦਿ ਦਿਖਾਇਆ।" (ਫਿਰੀਏ)
— ਆਸਾ **੧**, ਅਸ ੧੬, ੧* : ੧ (419)

ਭਵੇ —
"ਤਟ ਤੀਰਥ **ਭਵੇ** ਸਭ ਧਰਨਾ।" (ਫਿਰੇ)
— ਆਸਾ **੫**, ੯੬, ੩ : ੨ (394)

ਭਵੇ — 1. ਫਿਰੇ, ਵੇਖੋ 'ਭਵੀ'
"ਲਖ ਚਉਰਾਸੀ ਜੋਨਿ ਨ **ਭਵੇ**।" (ਫਿਰਦਾ)
— ਪ੍ਰਭਾ **੫**, ੧੦, ੩ : ੨ (1340)

ਹੋਰ ਰੂਪ — ਭਵੈ —
"ਭਰਮੇ ਭਾਹਿ ਨ ਵਿਝਵੈ ਜੇ **ਭਵੈ** ਦਿਸੰਤਰ ਦੇਸੁ।" (ਫਿਰੇ, ਭਟਕਦਾ ਫਿਰੇ)
— ਸਿਰੀ **੧**, ੨੨, ੧ : ੧ (22)

2. ਭਾਵੇਂ
"ਜਾਣਾ ਲਖ **ਭਵੇ** ਪਿਰੀ ਡਿਖੰਦੋ ਤਾ ਜੀਵਨਾ।"
— ਮਾਰੂ **੫**, ਵਾਰ ੮ਸ, **੫**, ੨ : ੨ (1097)

ਭਵੈ — 1. ਫਿਰੇ, ਭੌਂਏ, ਵੇਖੋ 'ਭਵੇ' (1)
"ਸੰਤ ਕੇ ਦੂਖਨ ਤੇ ਮੁਖੁ **ਭਵੈ**।" (ਫਿਰ ਜਾਂਦਾ ਭਾਵ ਵਿੰਗਾ ਹੋ ਜਾਂਦਾ ਹੈ)
— ਗਉ **੫**, ਸੁਖ ੧੩, ੨ : ੧ (279)

2. ਪ੍ਰਵੇਸ਼ ਕਰਦਾ ਹੈ, ਸਥਿਤ ਹੈ, ਵਿਆਪਕ ਹੈ
"ਸਹਜਿ **ਭਵੈ** ਪ੍ਰਭੁ ਸਭਨੀ ਥਾਈ।"
— ਗਉ **੩**, ੨੯, ੨ : ੧ (160)

ਭੜ — ਅਗ ਦੀ ਲਾਟਾਂ ਤੋਂ ਉਪਜਦੀ ਆਵਾਜ਼
"**ਭੜ ਭੜ** ਅਗਨਿ ਸਾਗਰੁ ਦੇ ਲਹਰੀ ਪੜਿ ਦਝਹਿ ਮਨਮੁਖ ਤਾਈ ਹੇ।"
— ਮਾਰੂ **੧**, ਸੋਲਾ ੬, ੯ : ੩ (1026)

ਭੜਵਾਉ — ਭੜ ਭੜ ਕਰਕੇ ਬੋਲਣ ਵਾਲੀ ਹਵਾ. ਸਵਾਸ
"ਅਗਨਿ ਪਾਣੀ ਬੋਲੈ **ਭੜਵਾਉ**।"
— ਗਉ **੧**, ੭, ੨ : ੧ (153)

ਭੜਹਾਰੇ — ਭੜ ਭੜ ਕਰ ਕੇ
"ਜਿਥੈ ਅਗਨਿ ਭਖੈ **ਭੜਹਾਰੇ**।"
— ਮਾਰੂ **੫**, ੩੧, ੨ : ੧ (1007)

ਭੜਹਾੜੁ — ਭਾਂਬੜ, ਭੜ ਭੜ ਦੀ ਆਵਾਜ਼ ਪੈਦਾ ਕਰਨ ਵਾਲਾ
"ਅਗਨਿ ਭਖੈ **ਭੜਹਾੜੁ** ਅਨਦਿਨੁ ਭਖਸੀ।"
— ਮਲਾ **੧**, ਵਾਰ ੨੬ : ੬ (1290)

ਭੜਕਾਰੇ — ਭੜਭਣ ਕਰਕੇ
"ਅੰਤਰਿ ਅਗਨਿ ਜਲੈ **ਭੜਕਾਰੇ**।"
— ਮਾਰੂ **੧**, ਸੋਲਾ ੩, ੨ : ੧ (1022)

ਭੜਥੂ — ਰੌਲਾ, ਸ਼ੋਰ ਸ਼ਰਾਬਾ
"ਲਥੇ **ਭੜਥੂ** ਪਾਇ ਗੁਰਮੁਖਿ ਮਚਿਆ।"
— ਮਲਾ **੧**, ਵਾਰ ੪ : ੨ (1280)

ਭੜਾਸਾ — ਹਵਾੜ
"ਫੋਲਿ ਫਦੀਹਤਿ ਮੁਹਿ ਲੈਨਿ **ਭੜਾਸਾ** ਪਾਣੀ ਦੇਖਿ ਸਗਾਹੀ।"
— ਮਾਝ **੧**, ਵਾਰ ੨੬ਸ, **੧**, ੧ : ੨ (149)

ਭਾ — 1. ਭਾਗ, ਹਿਸੇ
"ਇਕੁ ਭਾਉ ਲਥੀ ਨਾਤਿਆ ਦੁਇ **ਭਾ** ਚੜੀਅਸੁ ਹੋਰ।"
— ਸੂਹੀ **੩**, ਵਾਰ ੧੨ਸ, **੧**, ੨ : ੨ (789)

2. ਹੋਇਆ, ਭਇਆ (ਕੇਵਲ ਮਹਾਨਕੋਸ਼)
"ਜਿਉ ਜਾਨਹੁ ਤਿਉ ਰਾਖਹੁ ਸੁਆਮੀ ਜਨ ਨਾਨਕੁ ਦਾਸੁ ਤੁਮਨ **ਭਾ**।"
— ਪ੍ਰਭਾ **੪**, ੬, ੪ : ੨ (1337)
(ਦਰਪਣ, ਸ਼ਬਦਾਰਥ, ਨਿਰਣੈ 'ਤੁਮਨਭਾ' ਨੂੰ ਇਕ ਸ਼ਬਦ ਲੈ ਅਰਥ 'ਤੇਰਾ' ਕਰਦੇ ਹਨ)

ਭਾਉ — 1. ਪ੍ਰੇਮ
"ਸਾਚਾ ਸਾਹਿਬੁ ਸਾਚੁ ਨਾਇ ਭਾਖਿਆ **ਭਾਉ** ਅਪਾਰੁ।" — ਜਪੁ **੧**, ੪ : ੧ (2)
"ਅਸੰਖ ਜਪ ਅਸੰਖ **ਭਾਉ**।"
— ਜਪੁ **੧**, ੧੭ : ੧ (3)

ਹੋਰ ਰੂਪ — ਭਾਓ —
"ਵਿਚਹੁ ਆਪੁ ਗਵਾਏ ਹਰਿ ਗੁਣ ਗਾਏ ਅਨਦਿਨੁ ਲਾਗਾ **ਭਾਓ**।"
— ਗਉ **੩**, ਛੰਤ ੧, ੨ : ੩ (243)

2. ਸ਼ਰਧਾ, ਵਿਸ਼ਵਾਸ
"ਗਾਵੀਐ ਸੁਣੀਐ ਮਨਿ ਰਖੀਐ **ਭਾਉ**।"
— ਜਪੁ **੧**, ੫ : ੫ (2)
"ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ **ਭਾਉ**।"
— ਸਿਰੀ **੧**, ੧, ੩ : ੨ (14)
"ਘਟ ਪਰਚੈ ਜਉ ਉਪਜੈ **ਭਾਉ**।"
— ਗਉ **ਕਬ**, ਬਾਅ ੩੯ : ੩ (342)

3. ਭਾਵ, ਖਿਆਲ
"ਜਉ ਲਉ **ਭਾਉ** ਘਭਾਉ ਇਹੁ ਮਾਨੈ ਤਉ ਲਉ ਮਿਲਣੁ ਦੁਰਾਈ।"
— ਸੋਰ **੫**, ੩, ੧ : ੧ (609)
"ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ **ਭਾਉ**।" (ਵਾਕ ਦਾ ਸਿਧਾਂਤ, ਮਤਲਬ ਕਢਾਂ)
— ਸਿਰੀ **੧**, ੨, ੪ : ੧ (15)
"ਮਨ ਰੇ ਦੂਜਾ **ਭਾਉ** ਚੁਕਾਇ।" (ਦਵੈਤ)
— ਸਿਰੀ **੩**, ੫੨, ੧* : ੧ (33)
"ਤੂ ਹਿਰਦੈ ਗੁਪਤੁ ਵਸਹਿ ਦਿਨੁ ਰਾਤੀ ਤੇਰਾ **ਭਾਉ** ਨ ਬੁਝਹਿ ਗਵਾਰੀ।" (ਭਾਵ ਖਿਆਲ)
— ਸੋਰ **੪**, ੭, ੨ : ੧ (607)

4. ਭਾਵਨਾ, ਰੁਚੀ
"ਫੁਲੁ **ਭਾਉ** ਫਲੁ ਲਿਖਿਆ ਪਾਇ।"
— ਸਿਰੀ **੧**, ੩੨, ੨ : ੩ (25)
('ਨਿਰਣੈ' ਇਥੇ ਵੀ ਅਰਥ 'ਪ੍ਰੇਮ' ਹੀ ਕਰਦਾ ਹੈ)

5. ਦਸ਼ਾ, ਹਾਲਤ
"ਰਤੁ ਪੀਣੇ ਰਾਜੇ ਸਿਰੈ ਉਪਰਿ ਰਖੀਅਹਿ ਏਵੈ ਜਾਪੈ **ਭਾਉ**।"
— ਮਾਝ **੧**, ਵਾਰ ੯ਸ, **੧**, ੩ : ੨ (142)

6. ਸੁਭਾ, ਰੀਤ, ਵਤੀਰਾ
"ਨਾਰਦੁ ਨਾਚੈ ਕਲਿ ਕਾ **ਭਾਉ**।"
— ਆਸਾ **੧**, ੪, ੧ : ੩ (349)

7. ਨੀਅਤ, ਬਿਰਤੀ
"ਏਕ ਨਦਰਿ ਕਰਿ ਵੇਖੈ ਸਭ ਉਪਰਿ ਜੇਹਾ **ਭਾਉ** ਤੇਹਾ ਫਲੁ ਪਾਈਐ।"
— ਸੋਰ **੩**, ੬, ੪ : ੨ (602)

8. ਭਾਗ, ਹਿੱਸਾ
"ਇਕੁ **ਭਾਉ** ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ।"
— ਸੂਹੀ **੩**, ਵਾਰ ੧੨ਸ, **੧**, ੨ : ੨ (789)
"ਫਰੀਦਾ ਰਾਤਿ ਕਥੂਰੀ ਵੰਡੀਆ ਸੁਤੀਆ ਮਿਲੈ

ਨ **ਭਾਉ**।" — ਸਲੋ **ਫਰ**, ੮੦ : ੧ (1382)

9. ਭਾਅ

"ਧਨੁ ਸੰਚਿ ਹਰਿ ਹਰਿ ਨਾਮ ਵਖਰੁ ਗੁਰ ਸਬਦਿ **ਭਾਉ** ਪਛਾਣਹੇ।"

— ਤੁਖਾ **੧**, ਛੰਤ ੬, ੪ : ੩ (1113)

10. ਪ੍ਰਭਾਵ, ਪ੍ਰਤਾਪ

"ਦੇਖਹੁ ਲੋਗਾ ਕਲਿ ਕੋ **ਭਾਉ**।"

— ਬਸੰ **ਕਬ**, ੩, ੧* : ੧ (1194)

11. ਹਾਵ ਭਾਵ

"ਉਪਜਤਾ ਬਿਕਾਰ ਦੁੰਦਰ ਨਉਪਰੀ ਝੁੰਨਤਕਾਰ ਸੁੰਦਰ ਅਨਿਗ **ਭਾਉ** ਕਰਤ ਫਿਰਤ ਬਿਨੁ ਗੋਪਾਲ ਧੋਹੇ।"

— ਸਾਰ **੫**, ੧੩੯, ੧* : ੨ (1231)

ਭਾਇ — 1. ਪਿਆਰ ਨਾਲ

"ਅਮੁਲ **ਭਾਇ** ਅਮੁਲਾ ਸਮਾਹਿ।"

— ਜਪੁ **੧**, ੨੬ : ੪ (5)

"ਹਉ ਸਤਿਗੁਰੁ ਸੇਵੀ ਆਪਣਾ ਇਕ ਮਨਿ ਇਕ ਚਿਤਿ **ਭਾਇ**।"— ਸਿਰੀ **੩**, ੩੪, ੧ : ੧ (26)

"ਏਕ **ਭਾਇ** ਦੇਖਉ ਸਭ ਨਾਰੀ।" (ਪਿਆਰ ਨਾਲ)

— ਗਉ **ਕਬ**, ੨੧, ੨ : ੧ (327)

(ਮਹਾਨਕੋਸ਼ ਅਰਥ 'ਸਨਮਾਨ' ਆਦਰ ਕਰਦਾ ਹੈ)

"**ਭਾਇ** ਭਗਤਿ ਭਰਮ ਭਉ ਨਾਸੈ ਹਰਿ ਨਾਨਕ ਸਦਾ ਹਜੂਰਿ।" (ਪ੍ਰੇਮਾ ਭਗਤੀ)

— ਆਸਾ **੫**, ੧੩੯, ੪ : ੪ (406)

"ਮੇਰੀ ਸਖੀ ਹਸੇਲੀ ਸੁਨਹੁ **ਭਾਇ**।" (ਪ੍ਰੇਮ ਨਾਲ)

— ਬਸੰ **੧**, ੬, ੧ : ੧ (1170)

(ਮਹਾਨ ਕੋਸ਼ ਇਸ ਦੇ ਅਰਥ ਸਿਧਾਂਤ, ਤੱਤ ਕਰਦਾ ਹੈ)

2. ਰਸ, ਹਾਲਤ, ਦਸ਼ਾ

"ਸਚੁ ਮਿਲੈ ਸੰਤੋਖੀਆ ਹਰਿ ਜਪਿ ਏਕੈ **ਭਾਇ**।"

— ਸਿਰੀ **੧**, ੧੨, ੧ : ੩ (18)

3. ਵਿਚਾਰ, ਖਿਆਲ, ਭਾਵ, ਪਾਸੇ

"ਪੰਚੇ ਰੁੰਨੇ ਦੁਖਿ ਭਰੇ ਬਿਨਸੇ ਦੂਜੈ **ਭਾਇ**।"

— ਸਿਰੀ **੧**, ੧੪, ੧ : ੩ (19)

"ਸੇਵਕ **ਭਾਇ** ਵਣਜਾਰਿਆ ਮਿਤ੍ਰਾ ਗੁਰੁ ਹਰਿ ਹਰਿ ਨਾਮੁ ਪਰਗਾਸਿ।" (ਭਾਵ ਨਾਲ)

— ਸਿਰੀ **੪**, ਵਣ, ੧, ੬ : ੨ (82)

"ਭ੍ਰਮ ਕੈ **ਭਾਇ** ਭਵੈ ਭੇਖਧਾਰੀ।" (ਖਿਆਲ ਵਿਚ) — ਬਿਲਾ **ਕਬ**, ੮, ੧ : ੨ (856)

4. ਭਾਵ ਅਰਥਾਤ ਭਾਣੇ ਅਨੁਸਾਰ, ਮਰਜ਼ੀ ਅਨੁਸਾਰ

"ਤਿਨ ਕਾ ਜਨਮੁ ਸਫਲੁ ਹੈ ਜੋ ਚਲਹਿ ਸਤਗੁਰ **ਭਾਇ**।" — ਸਿਰੀ **੩**, ੩੮, ੩ : ੨ (28)

"ਆਪੁ ਛੋਡਿ ਚਰਵੀ ਲਗਾ ਚਲਾ ਤਿਨ ਕੈ **ਭਾਇ**।"

— ਸਿਰੀ **੩**, ੪੪, ੨ : ੨ (30)

5. ਢੰਗ/ਤਰੀਕੇ ਨਾਲ, ਰੂਪ ਵਿਚ

"ਨਾਨਕ ਕ੍ਰਿਪਾ ਕਰੇ ਜਗਜੀਵਨੁ ਸਹਜ **ਭਾਇ** ਲਿਵ ਲਾਏ।"

— ਆਸਾ **੧**, ੧੬, ੪ : ੨ (353)

"ਫਿਰਤੀ ਮਾਲਾ ਬਹੁਤ ਬਿਧਿ **ਭਾਇ**।" (ਢੰਗ ਨਾਲ) — ਰਾਮ **੫**, ੧੨, ੩ : ੩ (886)

"ਰਾਜਾ ਰਾਮੁ ਮਉਲਿਆ ਅਨਤ **ਭਾਇ**।" (ਕਈ ਰੂਪਾਂ/ਰੰਗਾਂ ਵਿਚ)

— ਬਸੰ **ਕਬ**, ੧, ੧* : ੧ (1193)

6. ਭਾਗ, ਹਿੱਸਾ

"ਕਬੀਰ ਮੁਕਤਿ ਦੁਆਰਾ ਸੰਕੁੜਾ ਰਾਈ ਦਸਵੈ **ਭਾਇ**।"

— ਗੂਜ **੩**, ਵਾਰ ੪ਸ, **ਕਬ**, ੧ : ੧ (509)

7. ਸੁਭਾ

"ਨਾਨਕ ਸਹਜਿ **ਭਾਇ** ਗੁਣ ਗਾਇ।" (ਸੁਤੇ-ਸਿਧ, ਆਪ-ਮੁਹਾਰੇ)

— ਧਨਾ **੧**, ੨, ੮ : ੪ (686)

"ਸਹਜ **ਭਾਇ** ਸਚੀ ਲਿਵ ਲਾਗੀ।" (ਸੁਤੇ ਸਿਧ ਹੀ) — ਮਾਰੂ **੩**, ਸੋਲਾ ੧੯, ੬ : ੨ (1063)

8. ਭਾਉਣੀ, ਨੀਅਤ

"ਸੇ ਜਨ ਸਾਚੇ ਸਾਚੈ **ਭਾਇ**।"

— ਬਸੰ **੩**, ੭, ੩ : ੨ (1174)

9. ਰੰਗ, ਵਰਣ, ਭਾਹ

"ਕਬੀਰ ਹਰਦੀ ਪੀਅਰੀ ਚੂੰਨਾਂ ਊਜਲ **ਭਾਇ**।"

— ਸਲੋ **ਕਬ**, ੫੬ : ੧ (1367)

10. ਅਗ

"ਕਿਛੁ ਨ ਬੁਝੈ ਕਿਛੁ ਨ ਸੁਝੈ ਦੁਨੀਆ ਗੁਝੀ **ਭਾਇ**।" — ਸਲੋ **ਫਰ**, ੩ : ੧ (1378)

ਭਾਂਏ — ਭਾ/ਦੀ, ਲਈ, ਵਾਸਤੇ, ਭਾਣੇ

"ਇਕ ਰਾਮ ਸਨੇਹੀ ਬਾਹਰਾ ਊਜਰੁ ਮੇਰੈ **ਭਾਂਏ**।"

— ਸਲੋ **ਕਬ**, ੧੪ : ੨ (1365)

ਭਾਇਓ — ਭਾਇਆ, ਚੰਗਾ ਲਗਾ
"ਪਤਿਤ ਪਾਵਨੁ ਨਾਮੁ ਨਰਹਰਿ ਮੰਦਭਾਗੀਆਂ ਨਹੀ **ਭਾਇਓ**।" — ਮਾਲੀ **੪**, ੩, ੩ : ੧ (985)
ਹੋਰ ਰੂਪ — ਭਇਆ —
"ਹਰਿ ਹਰਿ ਨਾਮੁ ਮੈ ਹਰਿ ਮਨਿ **ਭਾਇਆ**।" (ਚੰਗਾ ਲਗਾ) — ਮਾਝ **੪**, ੧, ੧ : ੧ (94)

ਭਾਇਆ — 1. ਚੰਗਾ ਲਗਾ, ਵੇਖੋ 'ਭਾਇਓ'
"ਅਬ ਨਾਨਕ ਸਰਣਾਗਤਿ ਆਏ ਹਰਿ ਰਾਖਹੁ ਲਾਜ ਹਰਿ **ਭਾਇਆ**।" (ਚੰਗਾ ਲਗਾ) — ਗਉ **੪**, ੬੩, ੪ : ੨ (172)
2. ਭਾਵ/ਖਿਆਲ ਵਿਚ
"ਮਨਮੁਖ ਨ ਬੂਝਹਿ ਦੂਜੈ **ਭਾਇਆ**।" — ਮਾਝ **੩**, ਅਸ ੩੧, ੨ : ੨ (128)
3. ਭਇਆ, ਹੋ ਗਿਆ
"ਸਹਜੇ ਆਸਣੁ ਅਸਥਿਰੁ **ਭਾਇਆ**।" — ਗਉ **੫**, ਅਸ ੩, ੨ : ੧ (237)

ਭਾਇਰ — ਭਾਈ, ਭਰਾ
"ਮਾਮੇ ਤੈ ਮਾਮਾਣੀਆ **ਭਾਇਰ** ਬਾਪ ਨ ਮਾਉ।" — ਮਾਰੂ **੧**, ਅਸ ੧੦, ੩ : ੧ (1015)
ਹੋਰ ਰੂਪ — ਭਾਇਰਹੁ —
"ਤਿਸੈ ਪਰਾਪਤਿ **ਭਾਇਰਹੁ** ਜਿਸੁ ਦੇਇ ਬਿਧਾਤਾ।" (ਹੇ ਭਰਾਵੋ) — ਗਉ **੪**, ਵਾਰ ੬ : ੨ (319)
ਭਾਇਰਾ —
"ਸਤਿਗੁਰ ਨੋ ਮਿਲੇ ਸਿ **ਭਾਇਰਾ** ਸਚੈ ਸਬਦਿ ਲਗੰਨਿ।" (ਭਰਾ ਹਨ) — ਸੂਹੀ **੩**, ਅਸ ੩, ੨੪ : ੧ (756)

ਭਾਈ — 1. ਭਰ ਤ੍ਰਾਤਾ
"**ਭਾਈ** ਰੇ ਸੰਤ ਜਨਾ ਕੀ ਰੇਣੁ।" (ਭਰਾਵੋ) — ਸਿਰੀ **੧**, ੧੨, ੧* : ੧ (18)
ਭਾਂਈ —
"ਏਕ ਘੜੀ ਕਹਿ ਥਾਪਿ ਉਥਾਪੇ ਜਰੁ ਵੰਡਿ ਦੇਵੈ **ਭਾਂਈ**।" — ਆਸਾ **੧**, ਅਸ ੧੨, ੧* : ੨ (417)
2. ਚੰਗੀ ਲਗੀ, ਭਾਅ ਗਈ
"ਸੋ ਗਿਆਨੁ ਧਿਆਨੁ ਜੋ ਤੁਧੁ **ਭਾਈ**।" — ਮਾਝ **੫**, ੨੦, ੧ : ੨ (100)
"ਹਰਿ ਕੇ ਨਾਮ ਕੀ ਕਥਾ ਮਨਿ **ਭਾਈ**।" — ਗਉ **੫**, ਸੁਖ ੨੦, ੮ : ੪ (290)
3. ਹੇ ਭਰਾ, ਹੇ ਭਾਈ
"ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ **ਭਾਈ**।" — ਗਉ **੫**, ੧੨੨, ੨ : ੧ (205)

ਭਾਈਅੜੇ — ਹੇ ਭਰਾ
"ਇਤੁ ਮਾਰਗਿ ਚਲੇ **ਭਾਈਅੜੇ** ਗੁਰੁ ਕਹੈ ਸੁ ਕਾਰ ਕਮਾਇ ਜੀਉ।"— ਸੂਹੀ **੫**, ਕੁਚ ੩ : ੨ (763)

ਭਾਈਆ — 1. ਭਰਾਵਾਂ ਨੇ ਭਾਵ ਪਿਆਰਿਆਂ ਨੇ
"ਸੰਤ ਜਨਾ ਮਿਲਿ **ਭਾਈਆ** ਕਟਿਆੜਾ ਜਮਕਾਲੁ।" — ਸਿਰੀ **੫**, ੯੮, ੧ : ੧ (52)
ਹੋਰ ਰੂਪ — ਭਾਈਆਂ —
"ਤਿਨਾ ਪਿਆਰੇ **ਭਾਈਆਂ** ਅਗੈ ਦਿਤਾ ਬੰਨਿ੍।" (ਭਰਾਵਾਂ ਨੇ)— ਸਲੋ **ਫਰ**, ੧੦੦ : ੪ (1383)
2. ਭਾਈ ਹੈ, ਚੰਗੀ ਲਗੀ ਹੈ
"ਜਿਨਾ ਗੁਰਬਾਣੀ ਮਨਿ **ਭਾਈਆ** ਅੰਮ੍ਰਿਤਿ ਛਕਿ ਛਕੇ।"— ਆਸਾ **੪**, ਛੰਤ ੧੬, ੪ : ੨ (449)
"ਸਿਵ ਅਗੈ ਸਕਤੀ ਹਾਰਿਆ ਏਵੈ ਹਰਿ **ਭਾਈਆ**।" (ਚੰਗਾ ਲਗਾ) — ਮਾਰੂ **੫**, ਵਾਰ ੬ : ੬ (1096)

ਭਾਈਐ — ਚੰਗੇ ਲਗੀਏ
"ਦਰਸਨ ਕੀ ਪਿਆਸਾ ਘਣੀ ਭਾਣੈ ਮਨਿ **ਭਾਈਐ**।"— ਆਸਾ **੧**, ਅਸ ੧੯, ੨ : ੧ (421)

ਭਾਈਹੋ — ਭਰਾਵੋ
"ਤੁਸੀ ਭੋਗਿਹੁ ਭੁੰਚਹੁ **ਭਾਈਹੋ**।" — ਸਿਰੀ **੫**, ਅਸ ੨੯, ੪ : ੧ (73)

ਭਾਏ — 1. ਭਾਣਾ, ਮਰਜ਼ੀ, ਇਛਾ, ਰਜ਼ਾ
"ਮਨ ਤਨ ਅਰਪੀ ਆਪੁ ਗਵਾਈ ਚਲਾ ਸਤਿਗੁਰ **ਭਾਏ**।" — ਸਿਰੀ **੩**, ਅਸ ੨੨, ੨ : ੨ (68)
2. ਚੰਗਾ ਲਗੇ, ਸੁਖਾਵਾਂ ਲਗੇ
"ਭਾਇ ਭਗਤਿ ਤੇਰੈ ਮਨਿ **ਭਾਏ**।" — ਮਾਝ **੩**, ਅਸ ੪, ੫ : ੨ (111)
3. ਭਾਵ, ਖਿਆਲ
"ਅੰਤਰਿ ਮੈਲੁ ਲਾਗੀ ਬਹੁ ਦੂਜੇ **ਭਾਏ**।" — ਮਾਝ **੩**, ਅਸ ੧੨, ੩ : ੨ (116)
4. ਪਿਆਰ/ਭਾਉ ਦੁਆਰਾ

"ਜੀਵਨੁ ਪਾਇਆ ਗੁਰਮੁਖਿ **ਭਾਏ** ਰਾਮ।"
— ਆਸਾ **੪**, ਛੰਤ ੮, ੧ : ੧ (442)

ਭਾਸਕਰ — ਰਾਗ ਹਿੰਡੋਲ ਦੇ ਅੱਠ ਪੁਤਰਾਂ ਵਿਚੋਂ ਇਕ, ਬਾਕੀ ਸਤ ਹਨ ਸੁਰਮਾਨੰਦ, ਚੰਦ੍ਰ ਬਿੰਬ, ਮੰਗਲਨ , ਸਰਸਬਾਨ, ਬਿਨੋਦਾ, ਬਸੰਤ, ਕਮੋਦਾ।
"ਸੁਰਮਾਨੰਦ **ਭਾਸਕਰ** ਆਏ।"
— ਰਾਗ ੧ : ੨੯ (1430)

ਭਾਹੜੀ — ਅੱਗ
"ਦੁਰਜਨ ਤੂ ਜਲੁ **ਭਾਹੜੀ** ਵਿਛੋੜੇ ਮਰਿ ਜਾਹਿ।"
— ਮਾਰੂ **੫**, ਵਾਰ ੨ਸ, **੫**, ੨ : ੧ (1094)

ਭਾਹਿ — 1. ਅਗ
"**ਭਾਹਿ** ਬਲੰਦੀ ਵਿਝਵੀ ਧੂਉ ਨ ਨਿਕਸਿਓ ਕਾਇ।"
— ਸਿਰੀ **੧**, ੧੪, ੧ : ੨ (19)
"**ਭਾਹਿ** ਨ ਜਾਲੈ ਜਲਿ ਨਹੀ ਡੂਬੈ ਸੰਗੁ ਛੋਡਿ ਕਰਿ ਕਤਹੁ ਨ ਜਾਈ।" (ਅਗ ਵਿਚ)
— ਆਸਾ **੫**, ੧੮, ੧* : ੨ (375)
"ਮਹਰਾਜ ਰੋ ਗਾਥੁ ਵਾਹੂ ਸਿਉ ਲੁਭੜਿਓ ਨਿਹਭਾਗੜੇ **ਭਾਹਿ** ਸੰਜੋਇਓ ਰੇ।" (ਤ੍ਰਿਸ਼ਨਾ ਦੀ ਅਗ)
— ਟੋਡੀ **੫**, ੧੯, ੧ : ੨ (715)
2. ਭੋ, ਭੂਸਾਂ
"ਅੰਧੀ ਰਯਤਿ ਗਿਆਨ ਵਿਹੂਣੀ **ਭਾਹਿ** ਭਰੇ ਮੁਰਦਾਰੁ।"
— ਆਸਾ **੧**, ਵਾਰ ੧੧ਸ, **੧**, ੨ : ੩ (469)

ਭਾਹੀ — ਅਗ ਵਿਚ
"ਮਨਮੁਖੁ ਦਾਝੈ ਪੜਿ ਪੜਿ **ਭਾਹੀ**।"
— ਮਾਰੂ **੧**, ਸੋਲਾ ੯, ੧੦ : ੨ (1029)

ਭਾਖਉ — ਉਚਾਰਾਂ, ਬੋਲਾਂ
"ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ ਰਸਨ ਅੰਮ੍ਰਿਤ ਰਾਮ ਨਾਮ **ਭਾਖਉ**।"
— ਧਨਾ **ਰਵਿ**, ੨, ੧ : ੨ (694)

ਭਾਖਈ — ਦਸ ਸਕਦਾ ਹੈ
"ਬੈਦਕ ਅਨਿਕ ਉਪਾਵ ਕਹਾਂ ਲਉ **ਭਾਖਈ**।"
— ਫੁਨ **੫**, ੨੧ : ੨ (1363)

ਭਾਖਹ — ਉਚਾਰਦੇ ਹਨ, ਆਖਦੇ ਹਨ
"ਉਤਰਿ ਦਖਿਣਿ ਪੁਬਿ ਦੇਸਿ ਪਸ੍ਚਮਿ ਜਸੁ **ਭਾਖਹ**।"
— ਸਵ **੩**, ੫ : ੨ (1393)

ਹੋਰ ਰੂਪ — ਭਾਖਹਿ —
"ਇਕਿ ਆਖਿ ਆਖਹਿ ਸਬਦੁ **ਭਾਖਹਿ** ਅਰਧ ਉਰਧ ਦਿਨੁ ਰਾਤਿ।" (ਉਚਾਰੇ ਆਖੇ)
— ਸਾਰ **੪**, ਵਾਰ ੬ਸ, **੧**, ੨ : ੨ (1239)

ਭਾਖਤ — ਉਚਾਰਦਿਆਂ
"ਸਬਦੁ **ਭਾਖਤ** ਸਸਿ ਜੋਤਿ ਅਪਾਰਾ।"
— ਰਾਮ **੧**, ਸਿਗੋ ੪੯ : ੧ (943)

ਹੋਰ ਰੂਪ — ਭਾਖੰਤੁ —
"ਸਚੁ ਤੀਰਥੁ ਸਚੁ ਇਸਨਾਨੁ ਅਰੁ ਭੋਜਨੁ ਭਾਉ ਸਚੁ ਸਦਾ ਸਚੁ **ਭਾਖੰਤੁ** ਸੋਹੈ।" (ਆਖਦਿਆਂ)
— ਸਵ **੨**, ੯ : ੧ (1392)

ਭਾਖਿ — 1. ਬੋਲ
"ਕਹੁ ਕਬੀਰ ਅਖਰ ਦੁਇ **ਭਾਖਿ**।"
— ਗਉ **ਕਬ**, ੩੩, ੩ : ੧ (329)

ਹੋਰ ਰੂਪ — ਭਾਖਿਓ —
"ਕਹੁ ਨਾਨਕ ਨਿਜ ਮਤੁ ਸਾਧਨ ਕਉ **ਭਾਖਿਓ** ਤੋਹਿ ਪੁਕਾਰਿ।" (ਕਹਿ ਦਿੱਤਾ ਹੈ)
— ਸੋਰ **੯**, ੮, ੨ : ੨ (633)
2. ਖਾ, ਮੁਕਾ
"**ਭਾਖਿ** ਲੇ ਪੰਚੈ ਹੋਇ ਸਬੂਰੀ।"
— ਭੈਰ **ਕਬ**, ੪, ੨ : ੨ (1158)

ਭਾਖਿਆ — 1. ਕਥਨ ਕਰਨ ਲਗਿਆਂ, ਆਖਦਿਆਂ
"ਸਾਚਾ ਸਾਹਿਬੁ ਸਾਚੁ ਨਾਇ **ਭਾਖਿਆ** ਭਾਉ ਅਪਾਰੁ।" — ਜਪੁ **੧**, ੪ : ੧ (2)
2. ਬਾਣੀ, ਉਪਦੇਸ਼
"ਭਉਰੁ ਉਸਤਾਦੁ ਨਿਤ **ਭਾਖਿਆ** ਬੋਲੇ ਕਿਉ ਬੂਝੈ ਜਾਨਹ ਬੁਝਾਈ।"
— ਸਿਰੀ **੧**, ੨੨, ੨ : ੨ (24)
3. ਬੋਲੀ, ਭਾਸ਼ਾ
"ਖਤ੍ਰੀਆ ਤ ਧਰਮੁ ਛੋਡਿਆ ਮਲੇਛ **ਭਾਖਿਆ** ਗਹੀ।" — ਧਨਾ **੧**, ੮, ੩ : ੧ (663)
4. ਆਖਿਆ, ਉਚਾਰਿਆ, ਕਥਨ ਕੀਤਾ
"ਹਰਿ ਚਰਣ ਲਾਗਾ ਭ੍ਰਮੁ ਭਉ ਭਾਗਾ ਹਰਿ ਨਾਮੁ ਰਸਨਾ **ਭਾਖਿਆ**।"
— ਰਾਮ **੫**, ਛੰਤ ੩, ੨ : ੪ (925)
5. ਖਾਧਾ, ਸੇਵਨ ਕੀਤਾ

"ਸਾਚੈ ਬੈਸਣੁ ਉਠਣਾ ਸਚੁ ਭੋਜਨੁ **ਭਾਖਿਆ**।"
— ਮਾਰੂ **੧**, ਅਸ ੪, ੫ : ੧ (1011)

ਭਾਖਿਤ — ਉਚਾਰੇ/ਬੋਲੇ/ਕਥਨ ਕੀਤੇ ਹੋਏ
"ਤਿਤੁ ਫਲ ਰਤਨ ਲਗਹਿ ਮੁਖਿ **ਭਾਖਿਤ** ਹਿਰਦੈ ਰਿਦੈ ਨਿਹਾਲੁ।"
— ਮਾਝ **੧**, ਵਾਰ ੨੦ਸ, **੧**, ੨ : ੨ (147)

ਭਾਖੀ — ਆਖੀ, ਕਹੀ
"ਸਚੁ ਗੁਰ ਕੀ ਸਾਖੀ ਅੰਮ੍ਰਿਤ **ਭਾਖੀ** ਤਿਤੁ ਮਨੁ ਮਾਨਿਆ ਮੇਰਾ।"
— ਧਨਾ **੧**, ਛੰਤ ੧, ੪ : ੩ (688)
"ਬਿਨੁ ਗੁਰ ਪੂਰੇ ਕਿਨੈ ਨ **ਭਾਖੀ**।" (ਵਰਣਨ ਕੀਤੀ) — ਮਾਰੂ **੧**, ਸੋਲਾ ੪, ੧੩ : ੨ (1024)

ਭਾਖੀਲੇ — ਆਖਦਾ ਹੈ, ਕਥਨ ਕਰਦਾ ਹੈ
"ਜਾਂ ਕੈ ਘਰਿ ਈਸਰੁ ਬਾਵਲਾ ਜਗਤ ਗੁਰੂ ਤਤ ਸਾਰਖਾ ਗਿਆਨੁ **ਭਾਖੀਲੇ**।"
— ਮਲਾ **ਨਾਮ**, ੧, ੨ : ੨ (1292)

ਭਾਖੁ — ਆਖ, ਕਹੋ, ਉਚਾਰ
"ਹਉਮੈ ਰੋਗੁ ਗਵਾਈਐ ਸਬਦਿ ਸਚੈ ਸਚੁ **ਭਾਖੁ**।"
— ਸਿਰੀ **੧**, ਅਸ ੧੩, ੮ : ੩ (62)

ਭਾਖੇ — 1. ਦਸਿਆ
"ਸੰਸਾਰ ਸਾਗਰ ਮਹਿ ਜਲਨਿ ਨ ਦੀਨੇ ਕਿਨੈ ਨ ਦੁਤਰੁ **ਭਾਖੇ**।" — ਧਨਾ **੫**, ੨੬, ੧ : ੨ (677)
2. ਬੋਲੀ, ਪ੍ਰੇਰਨਾ, ਕਾਮਨਾ
"ਭਿੰਨ ਭਿੰਨ ਹੋਇ ਭਾਵ ਦਿਖਾਵਹਿ ਸਭ ਨਿਰਾਰੀ **ਭਾਖੇ**।" — ਰਾਮ **੫**, ੭, ੩ : ੩ (884)

ਭਾਖੈ — ਉਚਾਰਣ ਕਰਦਾ ਹੈ, ਆਖਦਾ ਹੈ, ਕਹਿੰਦਾ ਹੈ
"ਪ੍ਰਭ ਭਾਵੈ ਤਾ ਹਰਿ ਗੁਣ **ਭਾਖੈ**।"
— ਗਉ **੫**, ਸੁਖ ੧੧, ੨ : ੪ (277)

ਭਾਗ — 1. ਹਿਸੇ ਵਿਚ
"ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ **ਭਾਗ**।" — ਜਪੁ **੧**, ੨੯ : ੩ (7)
2. ਕਿਸਮਤ, ਲੇਖ
"ਹਰਿ ਜਨ ਕੇ ਵਡ **ਭਾਗ** ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ।"
— ਗੂਜ **੪**, ਸੋਦ ੪, ੨ : ੧ (10)
3. ਧਨ ਪਦਾਰਥ (ਦਰਪਣ)
"ਰਾਜ ਨ **ਭਾਗ** ਨ ਹੁਕਮ ਨ ਸਾਦਨ।"
— ਆਸਾ **੫**, ੧੪੩, ੨ : ੧ (406)
(ਨਿਰਣੈ ਪਾਠ ਹੀ 'ਰਾਜਨ ਭਾਗਨ ਹੁਕਮਨ ਸਾਦਨ' ਕਰਦਾ ਹੈ)

ਭਾਂਗ — ਭੰਗ, ਇਕ ਨਸ਼ਾ
"ਕਬੀਰ **ਭਾਂਗ** ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ।" — ਸਲੋ **ਕਬ**, ੨੩੩ : ੧ (1377)

ਭਾਗਉ — 1. ਮੈਂ ਭਜਦਾ ਹਾਂ
"ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ **ਭਾਗਉ**।" — ਗਉ **੯**, ੧, ੧* : ੨ (219)
2. ਭਾਗ ਹਨ, ਕਿਸਮਤ ਹੈ, ਲੇਖ ਹਨ
"ਸਰਣਿ ਸੁਹਾਗਨਿ ਆਇਆ ਜਿਸੁ ਮਸਤਕਿ **ਭਾਗਉ**।"— ਬਿਲਾ **੫**, ੩੨, ੪ : ੧ (808)

ਭਾਗਉਤੁ — ਭਗਵਤ (ਹਰੀ)/ਪ੍ਰਭੂ ਸਬੰਧੀ
"ਭਗਤਿ **ਭਾਗਉਤੁ** ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ।"
— ਮਲਾ **ਰਵਿ**, ੧, ੨ : ੨ (1293)

ਭਾਗਏ — ਭਜ ਜਾਂਦਾ ਹੈ, ਦੌੜ ਜਾਂਦਾ ਹੈ
"ਗੁਣ ਗਾਇ ਜੀਵਹ ਹਰਿ ਅਮਿਉ ਪੀਵਹ ਜਨਮ ਮਰਣਾ **ਭਾਗਏ**।"
— ਕਾਨ **੫**, ਛੰਤ ੧, ੨ : ੩ (1312)

ਭਾਗਹਿ — ਭਜਦੇ, ਨਸਦੇ
"ਵਡੀ ਕੋਮ ਵਸਿ **ਭਾਗਹਿ** ਨਾਹੀ ਮੁਹਕਮ ਫਉਜ ਹਠਲੀ ਰੇ।"— ਆਸਾ **੫**, ੧੩੨, ੨ : ੧ (404)

ਭਾਗਹੀਣ — ਕਿਸਮਤ ਵਿਹੂਣੇ, ਭਾਗ ਵਿਹੂਣੇ, ਬਦਕਿਸਮਤ, ਅਭਾਗੇ
"ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ **ਭਾਗਹੀਣ** ਜਮ ਪਾਸਿ।"
— ਗੂਜ **੪**, ਸੋਦ ੪, ੩ : ੧ (10)
ਹੋਰ ਰੂਪ — ਭਾਗਹੀਨ —
"**ਭਾਗਹੀਨ** ਭ੍ਰਮਿ ਚੋਟਾ ਖਾਵਹਿ।" (ਭਾਗਾਂ ਤੋਂ ਬਿਨਾਂ) — ਮਾਝ **੪**, ੪, ੩ : ੨ (95)

ਭਾਗਠ — ਚੰਗੇ ਭਾਗਾਂ ਵਾਲੇ
"ਹਮ ਧਨਵੰਤ **ਭਾਗਠ** ਸਚ ਨਾਇ।"
— ਗਉ **੫**, ੧੦੦, ੧* : ੧ (185)

ਭਾਗਠੜੇ — ਵਡੇ ਭਾਗਾਂ ਵਾਲੇ, ਖੁਸ਼ ਨਸੀਬ
"**ਭਾਗਠੜੇ** ਹਰਿ ਸੰਤ ਤੁਮ੍ਾਰੇ ਜਿਨ੍ ਘਰਿ ਧਨੁ

ਹਰਿ ਨਾਮਾ।" — ਸੂਹੀ **੫**, ੫੪, ੧ : ੧ (748)

ਭਾਗਠਿ — ਭਾਗਾਂ ਵਾਲਿਆਂ ਭਾਵ ਸ਼ਾਹੂਕਾਰਾਂ ਦੇ
"**ਭਾਗਠਿ** ਗ੍ਰਿਹਿ ਪੜੈ ਨਿਤ ਪੋਥੀ।"
— ਰਾਮ **੫**, ੧੨, ੩ : ੨ (888)

ਹੋਰ ਰੂਪ — ਭਾਗਠੁ —
"ਆਪਣ ਲੀਆ ਜੇ ਮਿਲੈ ਤਾਂ ਸਭੁ ਕੋ **ਭਾਗਠੁ** ਹੋਇ।" (ਧੰਨਵਾਨ, ਸ਼ਾਹੂਕਾਰ)
— ਗਉ **੧**, ੧੮, ੩ : ੧ (157)
"ਸੋ ਢਾਢੀ **ਭਾਗਠੁ** ਜਿਸੁ ਸਚਾ ਦੁਆਰ ਬਾਰੁ।" (ਭਾਗਾਂ ਵਾਲਾ)
— ਰਾਮ **੫**, ਵਾਰ ੧੧ : ੪ (962)

ਭਾਗਣਹ — ਭਾਗਾਂ ਨਾਲ
"ਭਾਵਨੀ ਸਾਧ ਸੰਗੇਣ ਲਭੰਤੰ ਬਡ **ਭਾਗਣਹ**।"
— ਗਾਥਾ **੫**, ੯ : ੧ (1360)

ਭਾਗਣਿ — ਭਾਗਾਂ ਵਾਲੀ
"ਸਾਈ ਸੋੁਹਾਗਣਿ ਸਾਈ **ਭਾਗਣਿ** ਜੈ ਪਿਰਿ ਕਿਰਪਾ ਧਾਰੀ।"— ਰਾਮ **੫**, ਵਾਰ ੬ਸ, **੫**, ੧ : ੮ (959)

ਭਾਗਨਾ — (ਚੰਗੇ) ਭਾਗ/(ਚੰਗੇ) ਲੇਖ ਹਨ (ਚੰਗੀ) ਕਿਸਮਤ ਹੈ
"ਇਹ ਬਿਧਿ ਤਿਸਹਿ ਪਰਾਪਤੇ ਜਾ ਕੈ ਮਸਤਕਿ **ਭਾਗਨਾ**।"— ਮਾਰੂ **੫**, ਅਸ ੪, ੭ : ੧ (1018)

ਭਾਗਮਣੀ — ਖੁਸ਼ ਨਸੀਬੀ/ਚੰਗੇ ਭਾਗ ਜਿਸ ਦਾ ਗਹਿਣਾ ਹਨ
"**ਭਾਗਮਣੀ** ਸੋਹਾਗਣਿ ਮੇਰੇ ਪਿਆਰੇ ਨਾਨਕ ਹਰਿ ਉਰਿਧਾਰੇ।"— ਆਸਾ **੪**, ਛੰਤ ੨੧, ੨ : ੪ (252)

ਭਾਗਵਤੁ — ਹਰੀ ਦੇ ਗੁਣ, ਬਿਆਸ ਰਿਸ਼ੀ ਲਿਖਤ ਇਕ ਪੁਰਾਣ ਜਿਸ ਵਿਚ ਪ੍ਰਭੂ ਦੀ ਸਿਫਤ ਹੈ
"ਜਾ ਕੈ **ਭਾਗਵਤੁ** ਲੇਖੀਐ ਅਵਰੁ ਨਹੀ ਪੇਖੀਐ ਤਾਸ ਕੀ ਜਾਤਿ ਅਛੋਪ ਛੀਪਾ।"
— ਮਲਾ **ਰਵਿ**, ੨, ੧ : ੧ (1293)

ਭਾਗਵੰਤੁ — ਚੰਗੇ ਭਾਗਾਂ ਵਾਲਾ, ਖੁਸ਼ ਕਿਸਮਤ
"ਆਸ ਪਿਆਸ ਰਮਣ ਹਰਿ ਕੀਰਤਨ ਏਹੁ ਪਦਾਰਥੁ **ਭਾਗਵੰਤੁ** ਲਹੈ।"
— ਧਨਾ **੫**, ੫੪, ੧ : ੨ (683)

ਭਾਗਾ — 1. ਚੰਗੀ ਕਿਸਮਤ, ਚੰਗੇ ਲੇਖ, ਖੁਸ਼ਨਸੀਬੀ
"ਬਿਨੁ **ਭਾਗਾ** ਸਤਿਗੁਰੁ ਨਾ ਮਿਲੈ ਘਰਿ ਬੈਠਿਆ ਨਿਕਟਿ ਨਿਤ ਪਾਸਿ।"
— ਸਿਰੀ **੪**, ੬੭, ੩ : ੧ (40)
"ਪੂਰਨ ਜਾ ਕੇ **ਭਾਗਾ**।" (ਭਾਗ, ਕਿਸਮਤ, ਲੇਖ)
— ਸੋਰ **੫**, ੭੨, ੧ : ੪ (627)

ਹੋਰ ਰੂਪ — ਭਾਗਾਂ —
"ਹਰਿ ਨਾਵੈ ਨੋ ਸਭ ਕੋ ਪਰਤਾਪਦਾ ਵਿਣੁ **ਭਾਗਾਂ** ਪਾਇਆ ਨ ਜਾਇ।" (ਚੰਗੀ ਕਿਸਮਤ)
— ਮਲਾ **੩**, ਅਸ ੨, ੮ : ੧ (1277)

2. ਭਜ ਗਿਆ, ਨਸ ਗਿਆ
"ਦੂਖੁ ਦਰਦੁ ਭ੍ਰਮੁ ਤਾ ਕਾ **ਭਾਗਾ**।" (ਭਾਵ ਦੂਰ ਹੋਇਆ) — ਗਉ **੫**, ੫੪੩, ੧ : ੨ (194)
"ਤਾ ਜਮ ਕਾ ਮਾਰਗੁ **ਭਾਗਾ**।" (ਭਾਵ ਛੁੱਟ ਗਿਆ) — ਸੋਰ **੧**, ੧੨, ੩ : ੨ (599)

ਭਾਗਿ — 1. ਭਾਗਾਂ ਨਾਲ, ਕਿਸਮਤ ਨਾਲ
"ਵਡੈ **ਭਾਗਿ** ਸਤਸੰਗਤਿ ਪਾਈ ਹਰਿ ਪਾਇਆ ਸਹਜਿ ਅਨੰਦੁ।"— ਸਿਰੀ **੩**, ੪੧, ੨ : ੩ (29)

ਹੋਰ ਰੂਪ — ਭਾਗਿਆ —
"ਨਾਨਕ ਬਡ **ਭਾਗਿਆ** ਮੇਰੇ ਮਨਾ।" (ਭਾਗਾਂ ਵਾਲਾ, ਚੰਗੀ ਕਿਸਮਤ ਵਾਲਾ)
— ਆਸਾ **੫**, ੧੬੧, ੧* : ੬ (410)

ਭਾਗੀ —
"ਹਰਿ ਪਾਈਐ **ਭਾਗੀ** ਸੁਣਿ ਬੈਰਾਗੀ ਚਰਣ ਪ੍ਰਭੂ ਗਹਿ ਰਹੀਐ।" (ਭਾਗਾਂ ਨਾਲ)
— ਸੂਹੀ **੫**, ਛੰਤ ੧, ੨ : ੪ (777)

2. ਭਜ, ਨਸ, ਦੌੜ
"ਜਮ ਡੰਡਾ ਗਲਿ ਸੰਗਲੁ ਪੜਿਆ **ਭਾਗਿ** ਗਏ ਸੇ ਪੰਚ ਜਨਾ।"— ਗਉ **੧**, ੧੪, ੩ : ੨ (155)

ਹੋਰ ਰੂਪ — ਭਾਗਿਓ —
"ਕਹਾ ਹੋਤ ਅਬ ਕੈ ਪਛੁਤਾਏ ਛੂਟਤ ਨਾਹਿਨ **ਭਾਗਿਓ**।" (ਭਜਨ ਨਾਲ, ਭਜ ਕੇ)
— ਮਾਰੂ **੯**, ੩, ੧ : ੨ (1008)

ਭਾਗਿਆ —
"ਭਰਮੁ ਗਇਆ ਭਉ **ਭਾਗਿਆ** ਹਰਿ ਚਰਣੀ ਚਿਤੁ ਲਾਇ।" (ਨਸ ਗਿਆ ਭਾਵ ਦੂਰ ਹੋਇਆ)
— ਸਿਰੀ **੩**, ਅਸ ੨੨, ੨ : ੧ (67)

ਭਾਗੀ —

"ਦੂਖੁ ਦਰਦੁ ਭ੍ਰਮੁ ਤਾ ਕਾ **ਭਾਗੀ**।" (ਨਸ ਗਿਆ ਭਾਵ ਮਿਟ ਗਿਆ)
— ਗਉ **ਪ**, ੧੦੨, ੧* : ੨ (186)

3. ਹਿੱਸੇ, ਭਾਗ
"ਆਗੈ ਦਯੁ ਪਾਛੈ ਨਾਰਾਇਣ।"
"ਮਧਿ **ਭਾਗਿ** ਹਰਿ ਪ੍ਰੇਮ ਰਸਾਇਣ।"
— ਭੈਰ **ਪ**, ੭, ੧ : ੧;੨ (1137)

ਹੋਰ ਰੂਪ — ਭਾਗੀ —
"ਕੇਵਲ ਰਾਮ ਭਗਤਿ ਨਿਜ **ਭਾਗੀ**।" (ਹਿਸੇ ਆਈ) — ਗਉ **ਕਬ**, ੧੯, ੩ : ੨ (327)

ਭਾਗੀਆਂ — ਭਾਗਾਂ ਵਾਲੇ
"ਪਤਿਤਪਾਵਨੁ ਨਾਮੁ ਨਰਹਰਿ ਮੰਦ **ਭਾਗੀਆਂ** ਨਹੀ ਭਾਇਓ।" — ਮਾਲੀ **੪**, ੩, ੩ : ੧ (985)

ਭਾਗੀਐ — ਭਜ ਜਾਏ ਭਾਵ ਦੂਰ ਹੋਏ
"ਜਿਸ ਕੈ ਡਰਿ ਭੈ **ਭਾਗੀਐ** ਅੰਮ੍ਰਿਤੁ ਤਾ ਕੋ ਨਾਉ।"
— ਮਾਰੂ **੧**, ਅਸ ੩, ੧ : ੨ (1010)

ਭਾਗੀਠਾ — ਉਤਮ ਭਾਗ, ਚੰਗੇ ਲੇਖ
"ਤਿਸਹਿ ਪਰਾਪਤਿ ਹਰਿ ਹਰਿ ਨਾਮਾ ਜਿਸੁ ਮਸਤਕਿ **ਭਾਗੀਠਾ** ਜੀਉ।"
— ਮਾਝ **ਪ**, ੨੨, ੩ : ੩ (101)

ਭਾਗੀਰਥਿ — ਭਗੀਰਥ ਨੇ, ਇਕ ਸੂਰਜਵੰਸ਼ੀ ਰਾਜਾ ਜਿਸਨੇ ਘੋਰ ਤਪਸਿਆ ਉਪਰੰਤ ਗੰਗਾ ਨੂੰ ਪ੍ਰਿਥਵੀ ਤੇ ਲਿਆਂਦਾ।
"ਜਾਹਰਨਵੀ ਤਪੈ **ਭਾਗੀਰਥਿ** ਆਣੀ ਕੇਦਾਰੁ ਥਾਪਿਓ ਮਹਸਾਈ।" — ਮਲਾ **੪**, ੨, ੨ : ੧ (1263)

ਭਾਗੁ — 1. ਚੰਗੇ ਲੇਖ, ਚੰਗੀ ਕਿਸਮਤ
"ਤਿਸਹਿ ਪਰਾਪਤਿ ਰਤਨੁ ਹੋਇ ਜਿਸੁ ਮਸਤਕਿ ਹੋਵੈ **ਭਾਗੁ**।" — ਸਿਰੀ **ਪ**, ੭੮, ੩ : ੩ (45)
2. ਨਸ ਜਾਣਾ ਭਾਵ ਦੂਰ ਹੋਣਾ
"ਹਰਿ ਜਪਿ ਨਾਮੁ ਧਿਆਇ ਤੂ ਜਮੁ ਡਰਪੈ ਦੁਖ **ਭਾਗੁ**।" — ਸਿਰੀ **੧**, ਅਸ ੮, ੧ : ੨ (57)
3. ਹਿੱਸਾ
"ਹਰਿ ਭਗਤਿ ਸੁਹਾਵੀ ਕਰਮਿ **ਭਾਗੁ**।" (ਸੋਹਣੀ ਭਗਤੀ ਦਾ ਹਿੱਸਾ ਬਖਸ਼ਿਸ਼ ਦੁਆਰਾ ਮਿਲਦਾ ਹੈ) — ਬਸੰ **੧**, ੭, ੩ : ੪ (1170)

ਭਾਗੇ — ਨਸ ਜਾਏ ਭਾਵ ਦੂਰ ਹੋਏ
"ਹਉ ਮਨੁ ਤਨੁ ਦੇਵਉ ਕਾਟਿ ਗੁਰੂ ਕਉ ਮੇਰਾ ਭ੍ਰਮ ਭਉ ਗੁਰ ਬਚਨੀ **ਭਾਗੇ**।"
— ਗਉ **੪**, ੬੨, ੨ : ੨ (172)

ਭਾਗੈ — 1. ਭਾਗ ਦਾ, ਕਿਸਮਤ ਦੇ
"ਪੂਰੈ ਭਾਗਿ ਸਤਗੁਰੁ ਮਿਲੈ ਜਾ **ਭਾਗੈ** ਕਾ ਉਦਉ ਹੋਇ।" — ਸਿਰੀ **੩**, ੪੬, ੩ : ੧ (31)
2. ਨਸ ਜਾਏ, ਦੂਰ ਹੋਏ
"ਸਤਿਗੁਰੁ ਮਿਲੈ ਤ ਦੁਬਿਧਾ **ਭਾਗੈ**।"
— ਗਉ **੧**, ੯, ੨ : ੧ (153)

ਭਾਗੋ — 1. ਚੰਗੇ ਲੇਖ,
"ਹਰਿ ਵਰੁ ਸੋਹਾਗੋ ਮਸਤਕਿ **ਭਾਗੋ** ਸਚੈ ਸਬਦਿ ਸੁਹਾਏ।" — ਵਡ **੩**, ਛੰਤ ੧, ੪ : ੫ (568)
2. ਭਜਾਂ, ਨਸ ਕੇ ਜਾਵਾਂ
"ਸਬਦਿ ਮਰੈ ਤਾ ਮਾਰਿ ਮਰੁ **ਭਾਗੋ** ਕਿਸੁ ਪਹਿ ਜਾਉ।"— ਮਾਰੂ **੧**, ਅਸ ੩, ੧ : ੧ (1010)

ਭਾਜ — ਭਜ ਜਾਵੇ ਭਾਵ ਦੂਰ ਹੋ ਜਾਵੇਗਾ
"ਸਹਾਜ ਸਮਾਨੋ ਤ ਭਰਮ **ਭਾਜ**।"
— ਬਸੰ **ਕਬ**, ੬, ੩ : ੪ (1195)

ਭਾਜਹੁ — ਭਜੋ, ਸਿਮਰੋ, ਜਪੋ
"ਉਡਿ ਜਾਇਗੋ ਧੂਮੁ ਬਾਦਰੋ ਇਕੁ **ਭਾਜਹੁ** ਰਾਮੁ ਸਨੇਹੀ।" — ਸੋਰ **ਪ**, ੪, ੧* : ੨ (609)

ਭਾਜਨ — 1. ਭਜਨਾ, ਨਸਨਾ
"ਪ੍ਰਗਟ ਕੀਨੇ ਪ੍ਰਭ ਕਰਨੇਹਾਰੇ ਨਾਸਨ **ਭਾਜਨ** ਥਾਕੇ।" — ਧਨਾ **ਪ**, ੨੮, ੨ : ੧ (678)
2. ਭਾਂਡੇ, ਬਰਤਨ
"ਏਕਲ ਮਾਟੀ ਕੁੰਜਰ ਚੀਟੀ **ਭਾਜਨ** ਹੈਂ ਬਹੁ ਨਾਨਾ ਰੇ।"
— ਮਾਲੀ **ਨਾਮ**, ੩, ੧ : ੧ (988)

ਭਾਜਿ — ਭਜ ਕੇ, ਨਸ ਕੇ
"ਜੂਐ ਜਨਮੁ ਨ ਹਾਰਹੁ ਅਪਣਾ **ਭਾਜਿ** ਪੜਹੁ ਤੁਮ ਹਰਿ ਸਰਣਾ।"— ਆਸਾ **੧**, ਪਟੀ ੧੪ : ੨ (433)

ਭਾਜੀਐ — ਨਸ ਜਾਣਾ, ਭਜ ਜਾਣਾ
"ਨਾਹੀ ਦੇਖਿ ਨ **ਭਾਜੀਐ** ਪਰਮ ਸਿਆਨਪ ਏਹ।"
— ਗਉ **ਕਬ**, ਬਾਅ ੧੧ : ੨ (340)

ਭਾਜੁ — ਭਜ, ਜਪ, ਸਿਮਰ
"ਰੇ ਮਨ ਮੇਰੇ ਤੂ ਗੋਵਿਦ **ਭਾਜੁ**।"
— ਭੈਰ **ਪ**, ੧੪, ੧* : ੧ (1138)

ਭਾਜੈ — ਨਸੇਂ, ਛੱਡ ਕੇ ਜਾਏਂ

"ਰਣਿ ਰੂਤਉ **ਭਾਜੈ** ਨਹੀ ਸੂਰਉ ਥਾਰਉ ਨਾਉ।"
— ਗਉ **ਕਬ**, ਬਾਅ ੩੪ : ੨ (342)
"ਅਨਹਦ ਵਾਜੈ ਭ੍ਰਮੁ ਭਉ **ਭਾਜੈ**।" (ਨਸੇ)
— ਮਾਰੂ **੧**, ਸੋਲਾ ੧੩, ੧੦ : ੧ (1034)

ਭਾਟ — ਭੱਟ, ਜੱਸ ਗਾਇਣ ਕਰਨ ਵਾਲਾ
"ਅਬ ਰਾਖਹੁ ਦਾਸ **ਭਾਟ** ਕੀ ਲਾਜ।"
— ਸਵ **੪**, ਨਲ ੧੨ : ੧ (1400)

ਭਾਠੀ — ਭੱਠੀ
"**ਭਾਠੀ** ਗਗਨੁ ਸਿੰਙਿਆ ਅਰੁ ਚੁੰਙਿਆ ਕਨਕ ਕਲਸ ਇਕੁ ਪਾਇਆ।"
— ਸਿਰੀ **ਕਬ**, ੩, ੨ : ੧ (92)
"ਉਹੀ **ਭਾਠੀ** ਉਹੀ ਪੋਚਾ ਉਹੀ ਪਿਆਰੇ ਉਹੀ ਰੂਚਾ।" — ਗਉ **੫**, ੧੫੭*, ੨ : ੧ (214)

ਭਾਂਡ — ਭੰਡ, ਭੈੜੇ ਪੁਰਸ਼, ਨਿਰਲਜ ਗਲ ਕਹਿਣ ਵਾਲਾ
"ਸਿਮਰਹਿ ਨਾਹੀ ਜੋਨਿ ਦੁਖ ਨਿਰਲਜੇ **ਭਾਂਡ**।"
— ਬਿਲਾ **੫**, ੫੮, ੨ : ੨ (815)
(ਗੁਰੂ ਗ੍ਰੰਥ ਕੋਸ਼ 'ਮਸਖਰਾ' ਕਰਦਾ ਹੈ)

ਭਾਂਡਸਾਲ — ਸੌਦੇ ਵਾਲੇ ਭਾਂਡੇ ਰੱਖਣ ਦੀ ਥਾਂ, ਗੁਦਾਮ
"ਸੁਰਤਿ ਸੋਚ ਕਰਿ **ਭਾਂਡਸਾਲ** ਤਿਸੁ ਵਿਚਿ ਤਿਸ ਨੋ ਰਖੁ।" — ਸੋਰ **੧**, ੨, ੨ : ੨ (595)

ਭਾਡਾ — ਭਾਂਡਾ ਭਾਵ 'ਹਿਰਦਾ'
"ਨਾਮਿ ਸਮਾਵੈ ਜੋ **ਭਾਡਾ** ਹੋਇ।"
— ਗਉ **੩**, ੨੩, ੪ : ੧ (158)
ਹੋਰ ਰੂਪ — ਭਾਂਡਾ —
"**ਭਾਂਡਾ** ਭਾਉ ਅੰਮ੍ਰਿਤੁ ਤਿਤੁ ਢਾਲਿ।" (ਬਰਤਨ)
— ਜਪੁ **੧**, ੩੮ : ੪ (8)

ਭਾਂਡਾ — 1. ਬਰਤਨ, ਵੇਖੋ 'ਭਾਡਾ'
"**ਭਾਂਡਾ** ਹਛਾ ਸੋਇ ਜੋ ਤਿਸੁ ਭਾਵਸੀ।" (ਭਾਵ ਸਰੀਰ) — ਸੂਹੀ **੧**, ੬, ੧ : ੧ (729)
"ਰਖਹਿ ਪੋਚਾਰਿ ਮਾਟੀ ਕਾ **ਭਾਂਡਾ**।" (ਭਾਵ ਸਰੀਰ)
— ਸੂਹੀ **੫**, ੨੦, ੩ : ੧ (741)
"ਧੰਨੁ ਸੁ ਕਾਗਦੁ ਕਲਮ ਧੰਨੁ ਧਨੁ **ਭਾਂਡਾ** ਧਨੁ ਮਸੁ।" (ਦਵਾਤ)
— ਮਲਾ **੧**, ਵਾਰ ੨੮ਸ, **੧**, ੧ : ੧ (1291)
2. ਭੰਡੀ ਹੋਈ/ਨਿੰਦੀ ਹੋਈ ਚੀਜ਼
"ਘਿਅ ਪਟ **ਭਾਂਡਾ** ਕਹੈ ਨ ਕੋਇ।"
— ਤਿਲੰ **੧**, ੨, ੩ : ੧ (721)

ਭਾਡੈ — ਬਰਤਨ ਵਿਚ, ਭਾਂਡੇ ਵਿਚ
"ਸੁਚੈ **ਭਾਡੈ** ਸਾਚੁ ਸਮਾਵੈ ਵਿਰਲੇ ਸੂਚਾਚਾਰੀ।"
— ਸੋਰ **੧**, ੬, ੫ : ੧ (597)
ਹੋਰ ਰੂਪ — ਭਾਂਡੈ —
"ਊਂਧੈ **ਭਾਂਡੈ** ਟਿਕੈ ਨ ਕੋਇ।"
— ਗਉ **੩**, ੨੩, ੪ : ੨ (158)
"ਲਾਲੁ ਜਵੇਹਰ ਨਾਮੁ ਪ੍ਰਗਾਸਿਆ **ਭਾਂਡੈ** ਭਾਉ ਪਵੈ ਤਿਤੁ ਅਈਆ।" (ਭਾਵ ਮਨ)
— ਬਿਲਾ **੪**, ਅਸ ੩, ੨ : ੨ (834)

ਭਾਣਾ — 1. ਚੰਗਾ ਲਗਾ, ਭਾਅ ਗਿਆ
"ਜੋ ਤਿਸੁ **ਭਾਣਾ** ਸੋ ਥੀਐ ਅਵਰੁ ਨ ਕਰਣਾ ਜਾਇ।" — ਸਿਰੀ **੧**, ੧੧, ੩ : ੩ (18)
"ਨਾਮੁ ਤੇਰਾ ਹੈ ਸਾਚਾ ਸਦਾ ਮੈ ਮਨਿ **ਭਾਣਾ**।"
— ਵਡ **੧**, ਛੰਤ ੨, ੨ : ੧ (566)
2. ਹੁਕਮ
"ਸਤਗੁਰ ਕਾ **ਭਾਣਾ** ਮੰਨਿ ਲਈ ਵਿਚਹੁ ਆਪੁ ਗਵਾਇ।" — ਸਿਰੀ **੩**, ੫੪, ੧ : ੨ (34)
"ਵਰਤੈ ਸਭ ਕਿਛੁ ਤੇਰਾ **ਭਾਣਾ**।"
— ਮਾਝ **੫**, ੧੪, ੩ : ੨ (98)
3. ਮਰਜ਼ੀ
"ਯਾਰ ਵੇ ਪਿਰੁ ਆਪਣ **ਭਾਣਾ** ਕਿਛੁ ਨੀਸੀ ਛੰਦਾ।" — ਜੈਤ **੫**, ਛੰਤ ੧, ੩ : ੧ (703)

ਭਾਣਿ — ਭਾਣੇ/ਹੁਕਮ/ਮਰਜ਼ੀ ਅਨੁਸਾਰ
"ਬੋਲਾਇਆ ਬੋਲੈ ਗੁਰ ਕੈ **ਭਾਣਿ**।"
— ਆਸਾ **੫**, ੧੦੧, ੪ : ੨ (396)

ਭਾਣਿਆ — ਚੰਗਾ ਲਗਾ
"ਬਧੇ ਕਰਨਿ ਸਲਾਮ ਖਸਮ ਨ **ਭਾਣਿਆ**।"
— ਮਾਝ **੧**, ਵਾਰ ੧੧ : ੬ (143)
ਹੋਰ ਰੂਪ — ਭਾਣੀ —
"ਹਰਿ ਹਰਿ ਕਥਾ ਮੇਰੈ ਮਨਿ **ਭਾਣੀ**।" (ਚੰਗੀ ਲਗੀ) — ਮਾਝ **੪**, ੪, ੨ : ੨ (95)
ਭਾਣੀਆ —
"ਨਾਨਕ ਜੋ ਪ੍ਰਭ **ਭਾਣੀਆ** ਮਰਉ ਵਿਚਾਰੀ ਸੂਲਿ।" (ਚੰਗਾ ਲਗਾ)
— ਗੂਜ **੫**, ਵਾਰ ੬ਸ, **੫**, ੨ : ੨ (519)

ਭਾਣੀਆ — 1. ਚੰਗਾ ਲਗਾ, ਵੇਖੋ ਭਾਣਿਆ
2. ਮਰਜ਼ੀ ਅਨੁਸਾਰ
"ਸਿਦਕੁ ਸਬੂਰੀ ਸੰਤੁ ਨ ਮਿਲਿਓ ਵਤੈ ਆਪਣ **ਭਾਣੀਆ**।" (ਮਰਜ਼ੀ ਅਨੁਸਾਰ)
— ਮਾਰੂ **੫**, ਅਸ ੮, ੬ : ੩ (1020)

ਭਾਣੀਐ — ਚੰਗਾ ਲਗੇ
"ਹੁਕਮੀ ਪੈਧਾ ਜਾਇ ਦਰਗਹ **ਭਾਣੀਐ**।"
— ਆਸਾ **੧**, ਅਸ ੧੬, ੫ : ੧ (420)

ਭਾਣੁ — ਸੂਰਜ
"ਕਲਿ ਵਿਚਿ ਧੂ ਅੰਧਾਰੁ ਸਾ ਚੜਿਆ ਰੈ **ਭਾਣੁ**।"
— ਰਾਮ **ਬਸ**, ਵਾਰ ੬ : ੮ (968)

ਭਾਣੇ — 1. ਚੰਗਾ ਲਗਣ ਦੇ, ਹੁਕਮ ਦੇ
"ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ **ਭਾਣੇ** ਕਿ ਨਾਇ ਕਰੀ।" — ਜਪੁ **੧**, ੬ : ੧ (2)
ਹੋਰ ਰੂਪ — ਭਾਣੈ —
"ਤੇਰੇ ਭਾਣੇ ਵਿਚਿ ਅੰਮ੍ਰਿਤੁ ਵਸੈ ਤੂੰ **ਭਾਣੈ** ਅੰਮ੍ਰਿਤੁ ਪੀਆਵਣਿਆ।"
— ਮਾਝ **੩**, ਅਸ ੧੬, ੭ : ੩ (119)
2. ਹੁਕਮ, ਰਜ਼ਾ
"ਗੁਰ ਕੇ **ਭਾਣੇ** ਵਿਚ ਅੰਮ੍ਰਿਤੁ ਹੈ ਸਹਜੇ ਪਾਵੈ ਕੋਇ।" — ਸਿਰੀ **੩**, ੪੬, ੪ : ੧ (31)
ਹੋਰ ਰੂਪ — ਭਾਣੈ —
"ਬੰਦਿ ਖਲਾਸੀ **ਭਾਣੈ** ਹੋਇ।" (ਹੁਕਮ ਅਨੁਸਾਰ) — ਜਪੁ **੧**, ੨੫ : ੧੦ (5)

ਭਾਣੈ — 1. ਹੁਕਮ ਅਨੁਸਾਰ, ਵੇਖੋ ਭਾਣੇ (2)
2. ਚੰਗਾ ਲਗਣਾ, ਵੇਖੋ 'ਭਾਣੇ' (1)
3. ਵਾਸਤੇ, ਲਈ
"ਸੁਖੀ ਏ ਕਉ ਪੇਖੈ ਸਭ ਸੁਖੀਆ ਰੋਗੀ ਕੈ **ਭਾਣੈ** ਸਭ ਰੋਗੀ।" — ਸੋਰ **੫**, ੬, ੧ : ੧ (610)
4. ਮਰਜ਼ੀ, ਇਛਾ
"ਸਤਿਗੁਰਿ **ਭਾਣੈ** ਆਪਣੈ ਬਹਿ ਪਰਵਾਰੁ ਸਦਾਇਆ।"— ਰਾਮ **ਸੁੰਦ**, ਸਦ ੪ : ੧ (923)
"**ਭਾਣੈ** ਚਲੈ ਆਪਣੈ ਬਹੁਤੀ ਲਹੈ ਸਜਾਇ।"
— ਰਾਮ **੩**, ਵਾਰ ੭ਸ, **੩**, ੧;੨ (949)

ਭਾਤਉ — ਭਾਂਤ ਭਾਂਤ ਦੀਆਂ, ਵਭਿੰਨ
"ਅਨਿਕ ਜੁਗਤਿ ਸਾਸਤ੍ਰ ਕਰਿ **ਭਾਤਉ**।"
— ਗਉ **੫**, ਬਾਅ ੫ : ੨ (251)

ਭਾਂਤਨ — ਵਭਿੰਨ, ਭਾਂਤ ਭਾਂਤ ਦੇ
"ਜਤਨ **ਭਾਂਤਨ** ਤਪਨ ਭ੍ਰਮਨ ਅਨਿਕ ਕਥਨ ਕਥਤੇ ਨਹੀ ਥਾਹ ਪਾਈ ਠਾਉ।"
— ਕਾਨ **੫**, ੩੯, ੨ : ੧ (1306)

ਭਾਤਿ — ਪ੍ਰਕਾਰ, ਢੰਗ, ਤਰੀਕੇ
"**ਭਾਤਿ ਭਾਤਿ** ਬਨ ਬਨ ਅਵਗਾਹੇ।"
— ਮਾਝ **੫**, ੧੨, ੧ : ੨ (98)
"ਨਿਤ ਸਉਦਾ ਸੂਦੁ ਕੀਚੈ ਬਹੁ **ਭਾਤਿ** ਕਰਿ ਮਾਇਆ ਕੈ ਤਾਈ।" — ਗਉ **੪**, ੪੮, ੩ : ੧ (166)
ਹੋਰ ਰੂਪ — ਭਾਂਤਿ —
"ਸੇਵਾ ਕਰਉ ਦਾਸ ਦਾਸਨ ਕੀ ਅਨਿਕ **ਭਾਂਤਿ** ਤਿਸੁ ਕਰਉ ਨਿਹੋਰਾ।" (ਪ੍ਰਕਾਰ)
— ਗਉ **੫**, ੧੨੧*, ੧ : ੧ (204)
"ਤੂ ਹਰਿ ਬੇਅੰਤੁ ਤੂ ਹਰਿ ਬੇਅੰਤੁ ਤੂ ਹਰਿ ਸੁਆਮੀ ਤੂ ਆਪੇ ਹੀ ਜਾਨਹਿ ਅਪਨੀ **ਭਾਂਤਿ**।" (ਤਰੀਕੇ, ਢੰਗ)
— ਸਾਰ **੫**, ੮, ੧ : ੨ (1200)

ਭਾਂਤਿ — 1. ਪ੍ਰਕਾਰ, ਤਰੀਕੇ, ਢੰਗ, ਵੇਖੋ 'ਭਾਤਿ'
2. ਵਾਂਗ
"ਪੂਛਉ ਪੂਛਉ ਦੀਨ **ਭਾਂਤਿ** ਕਰਿ ਕੋਊ ਕਹੈ ਪ੍ਰਿਅ ਦੇਸਾਂਗਿਓ।"
— ਸਾਰ **੫**, ੫, ੨ : ੧ (1204)
3. ਭਾਉਂਦਾ, ਚੰਗਾ ਲਗਦਾ
"ਆਨਦਾ ਸੁਖ ਸਹਜ ਮੂਰਤਿ ਤਿਸੁ ਆਨ ਨਾਹੀ **ਭਾਂਤਿ**।" — ਕਾਨ **੫**, ੧੫, ੧ : ੧ (1301)
4. ਵਖ ਵਖ ਤਰ੍ਹਾਂ ਦੀ ਰਚਨਾ
"ਆਪੇ **ਭਾਂਤਿ** ਬਣਾਏ ਬਹੁ ਰੰਗੀ ਸਿਸਟਿ ਉਪਾਇ ਪ੍ਰਭਿ ਖੇਲੁ ਕੀਆ।"
— ਪ੍ਰਭਾ **੩**, ੬, ੧ : ੧ (1334)

ਭਾਤੀ — ਪ੍ਰਕਾਰ, ਢੰਗ, ਤਰੀਕੇ
"ਰੰਗੀ ਰੰਗੀ **ਭਾਤੀ** ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ।" — ਜਪੁ **੧**, ੨੭ : ੧੯ (6)
ਹੋਰ ਰੂਪ — ਭਾਂਤੀ —
"ਆਪੇ ਰੂਪ ਕਰੇ ਬਹੁ **ਭਾਂਤੀ** ਨਾਨਕੁ ਬਪੁੜਾ ਏਵ ਕਹੈ।"— ਆਸਾ **੧**, ੫, ੪ : ੨ (350)

ਭਾਤੀਈ — ਭਤੀਜਿਆਂ
"ਪੁਤੀ **ਭਾਤੀਈ** ਜਾਵਾਈ ਸਕੀ ਅਗਹੁ ਪਿਛਹੁ

ਟੋਲਿ ਡਿਠਾ ਲਾਹਿਓ ਨੁ ਸਭਨਾ ਕਾ ਅਭਿਮਾਨੁ।"
— ਬਿਲਾ **੪**, ਵਾਰ ੧੦ : ੨ (853)

ਭਾਤੀਜੇ — ਭਰਾ ਦਾ ਪੁਤਰ
"ਪੁਤ ਭਾਈ **ਭਾਤੀਜੇ** ਰੋਵਹਿ ਪ੍ਰੀਤਮ ਅਤਿ ਪਿਆਰੇ।" — ਵਡ **੧**, ਅਲਾ ੫, ੪ : ੪ (582)

ਭਾਤੁ — ਭਤ, ਰਿਝੇ ਹੋਏ ਚਉਲ
"**ਭਾਤੁ** ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ।"
— ਆਸਾ **ਕਬ**, ੧੪, ੪ : ੧ (479)

ਭਾਤੇ — 1. ਭਾਂਤ, ਪ੍ਰਕਾਰ, ਰੀਤ
"ਤਰਣ ਸਾਗਰ ਬੋਹਿਥ ਚਰਣ ਤੁਮਾਰੇ ਤੁਮ ਜਾਨਹੁ ਅਪੁਨੇ **ਭਾਤੇ**।"— ਗਉ **੫**, ੧੩੫*, ੨ : ੧ (209)
"ਤੂ ਅਥਾਹੁ ਅਪਾਰੁ ਅਤਿ ਊਚਾ ਅਵਰੁ ਨ ਤੇਰੀ **ਭਾਤੇ**।" (ਭਾਂਤ ਦਾ, ਵਰਗਾ)
— ਸੂਹੀ **੩**, ੪੮, ੩ : ੧ (747)
2. ਚੰਗੇ ਲਗੇ, ਭਾਏ
"ਗੁਰ ਪੂਰੈ ਉਪਦੇਸਿਆ ਜੀਵਨ ਗਤਿ **ਭਾਤੇ** ਰਾਮ ਰਾਜੇ।"— ਆਸਾ **੫**, ਛੰਤ ੩, ੨ : ੨ (454)

ਭਾਂਤੇ — ਵਰਗਾ, ਭਾਂਤ ਦਾ
"ਦੇਖੇ ਨਾਨਾ ਰੂਪ ਬਹੁ ਰੰਗਾ ਅਨ ਨਾਹੀ ਤੁਮ **ਭਾਂਤੇ**।" — ਸਾਰ **੫**, ੨੬, ੧ : ੧ (1209)

ਭਾਦਉ — ਬਿਕਰਮੀ ਸੰਮਤ ਦਾ ਛੇਵਾਂ ਮਹੀਨਾ, ਵਰਗਾ ਰੁਤਾ ਦਾ ਦੂਜਾ ਮਹੀਨਾ
"**ਭਾਦਉ** ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ।"
— ਤੁਖਾ **੧**, ਬਾਰਾ ੧੦ : ੧ (1108)

ਭਾਦਵੇ — 'ਭਾਦਉ' ਦਾ ਮਹੀਨਾ
"ਰੁਤਿ ਬਰਸੁ ਸੁਹੇਲੀਆ ਸਾਵਣ **ਭਾਦਵੇ** ਆਨੰਦ ਜੀਉ।" — ਰਾਮ **੫**, ਰੁਤੀ ੪ : ੧ (928)

ਭਾਦੁਇ — ਭਾਦੋਂ ਦੇ ਮਹੀਨੇ
"**ਭਾਦੁਇ** ਭਰਮਿ ਭੁਲਾਣੀਆ ਦੂਜੈ ਲਗਾ ਹੇਤੁ।"
— ਮਾਝ **੫**, ਬਾਰਾ ? : ੧ (134)

ਭਾਨ — ਸੂਰਜ, ਪ੍ਰਕਾਸ਼
"ਨਿਸਿ ਬਾਸੁਰ ਏਕ ਸਮਾਨ ਧਿਆਨ ਸੁਨਾਮ ਸੁਨੇ ਸੁਤੁ **ਭਾਨ** ਡਰੁਉ।"
— ਸਵ **੪**, ਨਲ ੧੧ : ੩ (1400)

ਭਾਨਜੀ — ਭੈਣ ਦੀ ਲੜਕੀ
"ਸਗਲਿਆ ਕੀ ਹਉ ਬਹਿਨ **ਭਾਨਜੀ** ਜਿਨਹਿ ਬਰੀ ਤਿਸੁ ਚੇਰੀ।"
— ਆਸਾ **ਕਬ**, ੪, ੨ : ੨ (476)

ਭਾਨਾ — ਭਾਇਆ, ਚੰਗਾ ਲਗਾ
"ਮਨਿ ਨਾਮੁ ਜਪਾਨਾ ਹਰਿ ਹਰਿ ਮਨਿ **ਭਾਨਾ** ਹਰਿ ਭਗਤ ਜਨਾ ਮਨਿ ਚਾਉ ਜੀਉ।"
— ਆਸਾ **੪**, ੧੩, ੧ : ੧ (447)

ਭਾਨਿ — ਭੰਨ ਕੇ, ਤੋੜ ਕੇ
"ਅਬ ਭਉ **ਭਾਨਿ** ਭਰੋਸਉ ਆਵਾ।"
— ਗਉ **ਕਬ**, ਬਾਅ ੩੦ : ੨ (342)

ਭਾਨੀ — 1. ਭਾਇਆ, ਚੰਗਾ ਲਗਾ
"ਤਤੁ ਬੀਚਾਰੁ ਡੰਡਾ ਕਰਿ ਰਾਖਿਓ ਜੁਗਤਿ ਨਾਮੁ ਮਨਿ **ਭਾਨੀ**।"
— ਗਉ **੫**, ੧੩੨*, ੪ : ੨ (208)
2. ਭਾਉਂਦੇ ਚੰਗੇ ਲਗਦੇ
"ਹਸਤਿ ਘੋੜੇ ਜੋੜੇ ਮਨਿ **ਭਾਨੀ**।"
— ਆਸਾ **੫**, ੮੬, ੩ : ੨ (392)
3. ਭਜ ਗਈ
"ਤ੍ਰਿਕੁਟੀ ਫੋਰਿ ਭਰਮੁ ਭਉ ਭਾਗਾ ਲਜ **ਭਾਨੀ** ਮਟੁਕੀ ਮਾਟ।"
— ਮਾਲੀ **੪**, ੬, ੩ : ੨ (986)

ਭਾਨੁ — ਸੂਰਜ
"ਕਹਿ ਕਬੀਰ ਮਨਿ ਭਇਆ ਪ੍ਰਗਾਸਾ ਓਦੈ **ਭਾਨੁ** ਜਬ ਚੀਨਾ।"
— ਗਉ **ਕਬ**, ਅਸ ੪੩, ੨ : ੨ (332)

ਭਾਨੇ — 1. ਭਾਏ, ਚੰਗੇ ਲਗੇ
"ਜਿਨ ਤੂੰ ਜਾਤਾ ਜੋ ਤੁਧੁ ਮਨਿ **ਭਾਨੇ**।"
— ਮਾਝ **੫**, ੨੦, ੪ : ੨ (100)
ਹੋਰ ਰੂਪ — ਭਾਨੈ —
"ਤੂ ਦਾਤਾ ਮਾਗਨ ਕਉ ਸਗਲੀ ਦਾਨੁ ਦੇਹਿ ਪ੍ਰਭ **ਭਾਨੈ**।" (ਭਾਵੇ, ਹੁਕਮ ਅਨੁਸਾਰ)
— ਸੋਰ **੫**, ੧੮, ੨ : ੨ (613)
2. ਭੰਨੇ, ਤੋੜੇ
"ਨਾਰਾਇਣ ਦੰਤ **ਭਾਨੇ** ਡਾਇਣ।"
— ਗੋਂਡ **੫**, ੧੯, ੨ : ੪ (868)
ਹੋਰ ਰੂਪ — ਭਾਨੈ —
"ਸੋ ਕਿਉ ਬਿਸਰੈ ਜਿ ਘਾਲ ਨ **ਭਾਨੈ**।" (ਭੰਨਦਾ ਭਾਵ ਨਿਹਫਲ ਨਹੀਂ ਕਰਦਾ)
— ਗਉ **੫**, ਸੁਖ ੨੦, ੪ : ੧ (289)

ਭਾਭੀ — ਭਰਾ ਦੀ ਪਤਨੀ
"ਤੀਜੈ ਭਯਾ **ਭਾਭੀ** ਬੇਬ।"
— ਮਾਝ **੧**, ਵਾਰ ੧ਸ, **੧**, ੨ : ੩ (137)

ਭਾਂਭੀਰੀ — ਤਿੱਤਲੀ
"**ਭਾਂਭੀਰੀ** ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ।"
— ਸੋਰ **੫**, ੬੧, ੩ : ੨ (624)

ਭਾਯਉ — ਭਾਇਆ, ਚੰਗਾ ਲਗਾ
"ਦੇਵ ਪੁਰੀ ਮਹਿ ਗਯਉ ਆਪਿ ਪਰਮੇਸ੍ਰਰ **ਭਾਯਉ**।" — ਸਵ **੫**, ਹਰਿ ੨ : ੧ (1409)

ਭਾਰ — 1. ਪਦਾਰਥ, ਪਦਾਰਥਾਂ ਦਾ ਸਮੂਹ
"ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ **ਭਾਰ**।"
— ਜਪੁ **੧**, ੧ : ੩ (1)

2. ਢੇਰ
"ਕਥਨੈ ਕਹਣਿ ਨ ਛੁਟੀਐ ਨਾ ਪੜਿ ਪੁਸਤਕ **ਭਾਰ**।" — ਸਿਰੀ **੧**, ਅਸ ੯, ੮ : ੧ (59)
"ਜੈਸੇ ਕਾਗਦ ਕੇ **ਭਾਰ** ਮੂਸਾ ਟੂਕਿ ਗਵਾਵਤ ਕਾਮਿ ਨਹੀ ਗਾਵਾਰੀ।"
— ਧਨਾ **੫**, ੪੨, ੧* : ੨ (681)

3. ਵਜ਼ਨ ਦੀ ਇਕ ਇਕਾਈ, ਵੀਹ ਧੜੀਆਂ ਅੰਨ ਪੰਜ ਮਨ ਕਚੇ ਪੁਰਾਣਾਂ ਅਨੁਸਾਰ ਜੇ ਹਰ ਨਿਯਮ ਦੇ ਇਕ ਇਕ ਪਤੇ ਨੂੰ ਇਕਠਾ ਕੀਤਾ ਜਾਵੇ ਤਾਂ ਉਸ ਦੇ ਵਜ਼ਨ ਨੂੰ ਭਾਰ ਕਿਹਾ ਜਾਂਦਾ ਹੈ
"**ਭਾਰ** ਅਠਾਰਹ ਮੇਵਾ ਹੋਵੈ ਗਰੁੜਾ ਹੋਇ ਸੁਆਉ।" (ਭਾਵ ਸਾਰੀ ਬਨਸਪਤੀ)
— ਮਾਝ **੧**, ਵਾਰ ੯ਸ, **੧**, ੨ : ੧ (142)

4. ਬੋਝ, ਵਜ਼ਨ, ਪੰਡ
"ਇਕਨੀ ਬਧੇ **ਭਾਰ** ਇਕਨਾ ਤਾਖਤੀ।"
— ਮਾਝ **੧**, ਵਾਰ ੧੦ : ੮ (142)
"ਮੈ ਗੁਣ ਗਲਾ ਕੇ ਸਿਰਿ **ਭਾਰ**।" (ਪੰਡਾਂ)
— ਆਸਾ **੧**, ੯, ੧ : ੧ (351)

5. ਭਾਰਾ, ਬੋਝਲ
"ਜਗਨ ਕਰੈ ਬਹੁ **ਭਾਰ** ਅਫਾਰੀ।"
— ਗਉ **੧**, ਅਸ ੯, ੨ : ੨ (224)
(ਅਠ ਹਜ਼ਾਰ ਤੋਲੇ ਪ੍ਰਮਾਣ ਭਾਰ — ਮਹਾਨਕੋਸ਼)

6. ਜ਼ੁਮੇਂ, ਨਿਰਭਰ, ਆਧਾਰ
"ਤੀਨਿ ਲੋਕ ਜਾ ਕੈ ਹਹਿ **ਭਾਰ**।"
— ਗਉ **ਕਬ**, ੨੨, ੨ : ੧ (328)

7. ਮੁਸੀਬਤ, ਅਪਦਾ, ਦੁਖ
"ਜਿਹ ਸਿਮਰਨਿ ਨਹੀ ਤੁਝੁ **ਭਾਰ**।"
— ਰਾਮ **ਕਬ**, ੯, ੮ : ੧ (971)

8. ਭਾੜ, ਭੱਠ
"ਥਲ ਤਾਪਹਿ ਸਰ **ਭਾਰ** ਸਾਧਨ ਬਿਨਉ ਕਰੈ।" (ਭਠ ਵਾਂਗ)
— ਤੁਖਾ **੧**, ਬਾਰਾ ੭ : ੨ (1108)

9. ਪਰਵ, ਕਾਂਡ
"ਨਿਸਿ ਦਿਨ ਉਚਰੈ **ਭਾਰ** ਅਠਾਰ।"
(ਅਠਾਰ੍ਹਾਂ ਪਰਵਾਂ ਵਾਲਾ ਮਹਾਂ ਭਾਰਤ)
— ਸਾਰ **੪**, ਵਾਰ ੧ਸ, **੧**, ੩ : ੨ (1237)

10. ਸਮੁਦਾਯ,ਇਕਠ
"ਸਭੇ ਰੁਤੀ ਮਾਹਿ ਸਭਿ ਸਭਿ ਧਰਤੀ ਸਭਿ **ਭਾਰ**।"
— ਸਾਰ **੪**, ਵਾਰ ੧੧ਸ, **੧**, ੧ : ੨ (1241)
"ਪਾਤਾਲ ਪੁਰੀਆ ਏਕ **ਭਾਰ** ਹੋਵਹਿ ਲਾਖ ਕਰੋੜਿ।" — ਪ੍ਰਭਾ **੧**, ੨, ੨ : ੧ (1328)

ਭਾਰੰ — ਬੋਝ, ਭਾਰ, ਵਜਨ
"ਹੁਕਮੇ ਧਰਤੀ ਧਉਲ ਸਿਰਿ **ਭਾਰੰ**।"
— ਮਾਰੂ **੧**, ਸੋਲਾ ੧੬, ੧੧ : ੧ (1037)

ਭਾਰਹਿ — ਭਾਰ/ਬੋਝ ਦਾ
"ਅਪਨੇ **ਭਾਰਹਿ** ਨਾ ਡਰੈ ਆਗੈ ਅਉਘਟ ਘਾਟ।"
— ਸਲੋ **ਕਬ**, ੮੯ : ੨ (1369)

ਭਾਰਜਾ — ਇਸਤ੍ਰੀ, ਰਾਗਨੀ
"ਸਰਸ ਅਹੀਰੀ ਲੈ **ਭਾਰਜਾ**।"
— ਰਾਗ ੧ : ੨੭ (1430)

ਭਾਰਾ — 1. ਵਡਾ, ਦੀਰਘ, ਬਹੁਤ
"ਕੂੜੁ ਕਮਾਵਨਿ ਦੁਖੁ ਲਾਗੈ **ਭਾਰਾ**।"
— ਮਾਝ **੩**, ਅਸ ੧੧, ੭ : ੨ (116)
"ਤਾਜੀ ਤੁਰ ਕੀ ਸੁਇਨਾ ਰੁਪਾ ਕਪੜ ਕੇਰੇ **ਭਾਰਾ**।"
(ਬਹੁਤ) — ਗਉ **੧**, ੧੩, ੪ : ੧ (155)

2. ਸ੍ਰੇਸ਼ਟ, ਵਡਾ
"ਸਾਹੁ ਹਮਾਰਾ ਠਾਕੁਰੁ **ਭਾਰਾ** ਹਮ ਤਿਸ ਕੇ ਵਣਜਾਰੇ।" — ਗਉ **੧**, ੧੩, ੬ : ੧ (155)

3. ਨਾ ਸਹਾਰੇ ਜਾਣ ਵਾਲਾ, ਕਮਾਉਣ ਵਿਚ ਔਖਾ
"ਹੁਕਮੁ ਤੇਰਾ ਖਰਾਂ **ਭਾਰਾ** ਗੁਰਮੁਖਿ ਕਿਸੈ

ਬੁਝਾਏ।"— ਆਸਾ **੩**, ਛੰਤ ੭, ੯ : ੫ (441)

4. ਭਾਰ, ਬੋਝ

"ਬਹੁਤੁ ਜੋਨਿ ਭਰਮਤ ਦੁਖੁ ਪਾਇਆ ਹਉਮੈ ਬੰਧਨ ਕੇ **ਭਾਰਾ**।"

— ਸੋਰ **੫**, ੨੬, ੨ : ੨ (616)

5. ਭਾਰੀ, ਬੋਝਲ

"ਨਾਮ ਬਿਨਾ ਨਾਹੀ ਕੋ ਬੇਲੀ ਬਿਖ ਲਾਦੀ ਸਿਰਿ **ਭਾਰਾ**।"

— ਧਨਾ **੧**, ਛੰਤ ੨, ੩ : ੪ (688)

"ਭਈ ਅਮੋਲੀ **ਭਾਰਾ** ਤੋਲੀ ਮੁਕਤਿ ਜੁਗਤਿ ਦਰੁ ਖੋਲ੍ਹਾ।" (ਭਾਰੀ ਤੋਲ ਵਾਲੀ)

— ਸੂਹੀ **੫**, ਛੰਤ ੪, ੪ : ੫ (779)

6. ਪਰਨੇ

"ਭਵਜਲੁ ਪਾਰਿ ਨ ਪਾਵਹਿ ਕਬਹੀ ਡੂਬਿ ਮੁਏਬਿਨੁ ਗੁਰ ਸਿਰਿ **ਭਾਰਾ**।"

— ਭੈਰ **੩**, ਅਸ ੨, ੬ : ੨ (1155)

ਭਾਰਿ — 1. ਪਰਨੇ

"ਕੈ ਵਿਚਿ ਧਰਤੀ ਕੈ ਆਕਾਸੀ ਉਰਧਿ ਰਹਾ ਸਿਰਿ **ਭਾਰਿ**।"

— ਮਾਝ **੧**, ਵਾਰ ੪ਸ, **੧**, ੧ : ੨ (139)

2. ਬੋਝ/ ਵਜ਼ਨ ਨਾਲ

"ਮਨਮੁਖ ਪਾਖੰਡਿ ਭਰਮਿ ਵਿਗੂਤੇ ਲੋਭ ਲਹਰਿ ਨਾਵ **ਭਾਰਿ** ਬੁਡਈਆ।"

— ਬਿਲਾ **੪**, ਅਸ ੨, ੬ : ੨ (834)

3. ਬੋਝ, ਵਜ਼ਨ

"ਧਰਤੀ **ਭਾਰਿ** ਨ ਬਿਆਪਈ ਉਨ ਕਉ ਲਾਹੂ ਲਾਹਿ।"

— ਰਾਮ **੫**, ਵਾਰ ੨੦ਸ, **੫**, ੧ : ੨ (965)

ਭਾਰਿਆ — ਭਾਲਿਆ, ਢੂੰਡਿਆ, ਲਭਿਆ

"ਪ੍ਰਭ ਪਾਏ ਹਮ ਅਵਰੁ ਨ **ਭਾਰਿਆ**।"

— ਗਉ **੧**, ਅਸ ੧੫, ੭ : ੩ (228)

ਭਾਰੀ — 1. ਸ੍ਰੇਸ਼ਟ, ਵਡਾ

"ਤੂੰ ਪ੍ਰੀਤਮੁ ਠਾਕੁਰੁ ਅਤਿ **ਭਾਰੀ**।"

— ਮਾਝ **੫**, ੩੩, ੧ : ੨ (104)

"ਬਿਖੈ ਰਾਜ ਤੇ ਅੰਧੁਲਾ **ਭਾਰੀ**।"

— ਗਉ **੫**, ੧੫੧, ੧ : ੧ (196)

2. ਬੋਝਲ ਭਾਵ ਦੁਖਦਾਈ

"ਤਿਨ ਕਉ ਜਨਮੁ ਮਰਣੁ ਅਤਿ **ਭਾਰੀ** ਵਿਚਿ ਵਸਟਾ ਮਰਿ ਮਰਿ ਪਾਚੇ।"

— ਗਉ **੪**, ੫੫, ੨ : ੨ (169)

"ਸਰਜੀਉ ਕਾਟਹਿ ਨਿਰਜੀਉ ਪੂਜਹਿ ਅੰਤ ਕਾਲ ਕਉ **ਭਾਰੀ**।" (ਅਗਾ ਮੁਸ਼ਕਲ/ਦੁਖਦਾਈ ਬਣਾ ਰਿਹਾ ਹੈ)

— ਗਉ **ਕਬ**, ੪੫, ੩ : ੧ (332)

3. ਵਡੀ

"ਤਬ ਇਸ ਕਉ ਹੈ ਮੁਸਕਲੁ **ਭਾਰੀ**।"

— ਗਉ **੫**, ਅਸ ੧, ੩ : ੨ (235)

"ਮਹਾ ਬਿਖਮ ਸਾਗਰੁ ਅਤਿ **ਭਾਰੀ** ਉਧਰਹੁ ਸਾਧੂ ਸੰਗਿ ਰਵਾਲਾ।" (ਵਡਾ ਬਿਖਨ)

— ਬਿਲਾ **੫**, ੨੨, ੧* : ੨ (806)

4. ਵਜ਼ਨਦਾਰ, ਬੋਝਲ

"ਤੁਲਿ ਨਹੀ ਚਢੈ ਜਾਇ ਨ ਮੁਕਾਤੀ ਹਲਕੀ ਲਗੈ ਨ **ਭਾਰੀ**।"

— ਗਉ **ਕਬ**, ੪੮, ੧* : ੨ (333)

5. ਬਹੁਤ

"ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ **ਭਾਰੀ**।"

— ਆਸਾ **੧**, ਅਸ ੧੫, ੫ : ੧ (419)

"ਪ੍ਰੇਮ ਠਗਉਰੀ ਜਿਨ ਕਉ ਪਾਈ ਤਿਨ ਰਸੁ ਪੀਅਉ **ਭਾਰੀ**।" (ਬਹੁਤ, ਸ੍ਰੇਸ਼ਟ)

— ਜੈਤ **੫**, ੧੧, ੧ : ੧ (702)

6. ਪਰਨੇ

"ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ **ਭਾਰੀ**।"

— ਸੋਰ **੧**, ਅਸ ੨, ੨ : ੩ (635)

7. ਭਾਰ, ਸਮਦਯ

"ਦਰਬੁ ਸੰਚਿ ਸੰਚਿ ਰਾਜੇ ਮੂਏ ਗਡਿ ਲੇ ਕੰਚਨ **ਭਾਰੀ**।" — ਸੋਰ **ਕਬ**, ੧, ੩ : ੧ (654)

8. ਭਾਵ ਭਾਰੀ/ਵਡੀ ਸਜ਼ਾ

"ਅਬ ਕੈ ਕਹਿਐ ਨਾਮੁਨ ਮਿਲਈ ਤੂ ਸਹੁ ਜੀਅੜੇ **ਭਾਰੀ** ਜੀਉ।"

— ਮਾਰੂ **੧**, ਅਸ ੧੨, ੪ : ੩ (993)

9. ਭਾਵ ਭਾਰੀ/ਵਡੀ ਮੁਸ਼ਕਲ/ਔਕੜ

"ਦਿਉਸ ਚਾਰਿ ਕੇ ਦੀਸਹਿ ਸੰਗੀ ਊਹਾਂ ਨਾਹੀ ਜਹ **ਭਾਰੀ**।"— ਸਾਰ **੫**, ੫੯, ੧ : ੧ (1216)

ਭਾਰੁ — 1. ਬੋਝ, ਵਜ਼ਨ

"ਧਵਲੈ ਉਪਰਿ ਕੇਤਾ **ਭਾਰੁ**।"
— ਜਪੁ **੧**, ੧੬ : ੧੦ (3)
"ਰਾਮ ਨਾਮ ਰੰਗਿ ਰਤਿਆ **ਭਾਰੁ** ਨ ਭਰਮੁ ਤਿਨਾਹ।" (ਪਾਪਾਂ ਦਾ ਬੋਝੂ)
— ਸਿਰੀ **੧**, ੨੩, ੪ : ੨ (23)
2. ਗੰਢ, ਢੇਰ
"ਸੁਣਿ ਸੁਣਿ ਗੰਢਣੁ ਗੰਢੀਐ ਲਿਖਿ ਪੜਿ ਬੁਝਹਿ **ਭਾਰੁ**।" — ਸਿਰੀ **੧**, ੧੭, ੨ : ੧ (20)
3. ਭਾਰੀ, ਵਡਾ
"ਤਬ ਨਰੁ ਸੁਤਾ ਜਾਗਿਆ ਸਿਰਿ ਡੰਡਿ ਲਗਾ ਬਹੁ **ਭਾਰੁ**।" — ਸਲੋ **੩**, ੪੨ : ੩ (1417)

ਭਾਰੇ — 1. ਬੋਝਲ
"ਹਿਕਨੀ ਲਦਿਆ ਹਿਕਿ ਲਦਿ ਗਏ ਹਿਨਿ **ਭਾਰੇ** ਭਰ ਨਾਲਿ।"
— ਮਾਝ **੧**, ਅਸ ੧੦, ੭ : ੧ (1015)
2. ਭਾਲ ਲਿਆ, ਢੂੰਢ ਲਿਆ
"ਗ੍ਰਾਮ ਗ੍ਰਾਮ ਨਗਰ ਸਭ ਫਿਰਿਆ ਰਿਦ ਅੰਤਰਿ ਹਰਿ ਜਨ **ਭਾਰੇ**।"
— ਨਟ **੪**, ਅਸ ੫, ੬ : ੧ (983)
3. ਭਾਵ ਪਾਪਾਂ ਦਾ ਭਾਰ ਨਾਲ ਬੋਝਲ
"**ਭਾਰੇ** ਢਹਤੇ ਢਹਿ ਪਏ ਹਉਲੇ ਨਿਕਸੇ ਪਾਰਿ।"
— ਰਾਮ **੧**, ਓਅੰ ੩੧ : ੨ (933)
4. ਬੋਝੇ, ਪੰਡਾਂ
"ਜਨਮ ਮਰਨ ਚੂਕੇ ਸਭਿ **ਭਾਰੇ**।"
— ਆਸਾ **੫**, ੩੬, ੧* : ੧ (379)

ਭਾਰੇਣ — ਫਰੋ ਵਿਚ
"ਗਛੇਣ ਨੈਣ **ਭਾਰੇਣ** ਨਾਨਕ ਬਿਨਾ ਸਾਧੂ ਨ ਸਿਧ੍ਯਤੇ।"
— ਆਸਾ **੫**, ੨ : ੨ (1360)

ਭਾਰੈ — ਪਰਨੇ
"ਗਿਰਿਓ ਜਾਇ ਰਸਾਤਲਿ ਪਰਿਓ ਛਿਟੀ ਛਿਟੀ ਸਿਰ **ਭਾਰੈ**।"— ਸਾਰ **੫**, ੧੦, ੩ : ੨ (1205)

ਭਾਰੋ — 1. ਬੋਝ, ਵਜ਼ਨ, ਭਾਰ
"ਲਬੁ ਲੋਭੁ ਮੁਚੁ ਕੂੜੁ ਕਮਾਵਹਿ ਬਹੁਤੁ ਉਠਾਵਹਿ **ਭਾਰੋ**।" — ਗਉ **੧**, ੧੩, ੧ : ੨ (154)
"ਇਬ ਕੇ ਰਾਹੇ ਜੰਮਨਿ ਨਾਹੀ ਪਛੁਤਾਣੇ ਸਿਰਿ **ਭਾਰੋ**।" (ਪਾਪਾ ਦਾ ਭਾਰ)
— ਵਡ **੧**, ਅਲਾ ੪, ੩ : ੫ (581)
2. ਵਡਾ, ਸ੍ਰੇਸ਼ਟ
"ਤੂ **ਭਾਰੋ** ਠਾਕੁਰੁ ਮੇਰਾ।"
— ਸੋਰ **੫**, ੫੪, ੨ : ੪ (622)

ਭਾਰੋਸਉ — ਵਿਸ਼ਵਾਸ, ਭਰੋਸਾ, ਭਰਵਾਸਾ
"ਕਹੁ ਨਾਨਕ ਏਕੈ **ਭਾਰੋਸਉ** ਬੰਧਨ ਕਾਟਨਹਾਰੁ ਗੁਰੁ ਮੇਰੋ।" — ਕਾਨ **੫**, ੨੬, ੨ : ੨ (1303)

ਭਾਰੋਸਾ — ਵਿਸ਼ਵਾਸ਼ਾ, ਭਰਵਾਸਾ
"ਕਾਰਜੁ ਸਗਲ ਅਰੰਭਿਓ ਘਰ ਕਾ ਠਾਕੁਰ ਕਾ **ਭਾਰੋਸਾ**।" — ਮਲਾ **੫**, ੩, ੧ : ੨ (1266)
ਹੋਰ ਰੂਪ — ਭਾਰੋਸੈ —
"ਕਹੁ ਨਾਨਕ ਠਾਕੁਰ **ਭਾਰੋਸੈ** ਕਹੂ ਨ ਮਾਨਿਓ ਮਨਿ ਛੀਨਾ।" (ਭਰੋਸੇ ਤੇ)
— ਬਿਲਾ **੫**, ੯੭, ੨ : ੨ (823)

ਭਾਲ — 1. ਢੂੰਡ
"ਮਿਟਿ ਗਈ **ਭਾਲ** ਮਨੁ ਸਹਜਿ ਸਮਾਨਾ।"
— ਆਸਾ **੫**, ੭੪, ੪ : ੧ (389)
2. ਭਲਾ
"ਜੋ ਹਰਿ ਜਨੁ ਹੈ ਭਲ **ਭਾਲ**।"
— ਨਟ **੪**, ੯, ੧* : ੩ (977)

ਭਾਲਹਿ — ਭਾਲਦੇ ਹਨ
"ਤਿਸੁ ਵਿਚਿ ਨਉ ਨਿਧਿ ਨਾਮੁ ਏਕੁ **ਭਾਲਹਿ** ਗੁਣੀ ਗਹੀਰੁ।"
— ਮਾਝ **੧**, ਵਾਰ ੧੮ਸ, **੨**, ੧ : ੨ (146)

ਭਾਲਕਾ — ਲਭੀਦੇ ਹਨ, ਭਾਲੀ ਦੇ ਹਨ
"ਤੇਰੈ ਰੰਗਿ ਰਤੇ ਤੁਧੁ ਜੇਹੇ ਵਿਰਲੇ ਕੇਈ **ਭਾਲਕਾ**।"
— ਮਾਰੂ **੫**, ਸੋਲਾ ੧੩, ੧੨ : ੩ (1085)

ਭਾਲਣ — ਲਭਣ ਲਈ, ਢੂੰਢਣ ਲਈ
"ਨਾਲਿ ਕੁਟੰਬੁ ਸਾਥਿ ਵਰਦਾਤਾ ਬ੍ਰਹਮਾ **ਭਾਲਣ** ਸ੍ਰਿਸਟਿ ਗਇਆ।"
— ਆਸਾ **੧**, ੭, ੩ : ੧ (350)
ਹੋਰ ਰੂਪ — ਭਾਲਣਾ —
"ਬਿਨਸੈ ਬੈਰ ਨਾਹੀ ਕੋ ਬੈਰੀ ਸਭੁ ਏਕੋ ਹੈ **ਭਾਲਣਾ**।" (ਢੂੰਢਣਾ, ਇਥੇ ਭਾਵ ਵੇਖਣਾ)
— ਮਾਰੂ **੫**, ਸੋਲਾ ੬, ੧੩ : ੩ (1077)
ਭਾਲਣਿ —
"ਸਰੀਰਹੁ **ਭਾਲਣਿ** ਕੋ ਬਾਹਰਿ ਜਾਏ।" (ਲਭਣ ਲਈ) — ਮਾਝ **੩**, ਅਸ ੨੫, ੪:੧ (124)

ਭਾਲਣੋ —
"ਜਿਸੁ ਆਇਆ ਹਥਿ ਨਿਧਾਨੁ ਸੁ ਰਹਿਆ **ਭਾਲਣੋ**।" (ਢੂੰਢਣ ਤੋਂ ਭਾਵ ਭਟਕਣ ਤੋਂ)
— ਰਾਮ **੫**, ਵਾਰ ੧੩ : ੫ (963)

ਭਾਲਦਾ — ਢੂੰਡਦਾ, ਲਭਦਾ, ਲੋੜਦਾ ਸੀ
"ਪਾਇਆ ਨਾਮੁ ਨਿਧਾਨੁ ਜਿਸ ਨੋ **ਭਾਲਦਾ**।"
— ਗੂਜ **੫**, ਵਾਰ ੨੧ : ੩ (524)

ਭਾਲਨੀ — ਭਾਲਦੇ, ਲਭਦੇ
"ਮਨਮੁਖ ਅੰਦਰੁ ਨ **ਭਾਲਨੀ** ਮੁਠੇ ਅਹੰਮਤੇ।"
— ਮਾਰੂ **੩**, ਵਾਰ ੧੯ : ੨ (1093)

ਭਾਲਾ — ਲਭਦਾ ਹੈ, ਭਾਲਦਾ ਹੈ
"ਬਿਨੁ ਜਗਦੀਸ ਕਹਾ ਸੁਖੁ **ਭਾਲਾ**।"
— ਗਉ **੧**, ਅਸ ੧੦, ੨ : ੩ (225)

ਭਾਲਾਇ — ਭਾਲ ਕਰ, ਢੂੰਢ, ਲਭ
"ਮਨ ਕਰਹਲਾ ਮੇਰੇ ਪ੍ਰੀਤਮਾ ਹਰਿ ਰਿਦੈ ਭਾਲਿ **ਭਾਲਾਇ**।" — ਗਉ **੪**, ਕਰ ੧, ੪ : ੧ (234)

ਹੋਰ ਰੂਪ — ਭਾਲਾਈ —
"ਹਉ ਮਨ ਤਨੁ ਖੋਜੀ ਭਾਲਿ **ਭਾਲਾਈ**।" (ਭਾਲ ਕਰਵਾਈ, ਢੂੰਡਵਾਇਆ)
— ਮਾਝ **੪**, ੨, ੨ : ੧ (94)

ਭਾਲਿ — ਢੂੰਡ ਕੇ, ਢੂੰਡ, ਲਭ
'ਓੜਕ ਓੜਕ **ਭਾਲਿ** ਥਕੇ ਵੇਦ ਕਹਨਿ ਇਕ ਵਾਤ।" — ਜਪੁ **੧**, ੨੨ : ੨ (5)
"ਵਿਣੁ ਨਾਵੈ ਹੋਰਿ ਕਰਮ ਨ **ਭਾਲਿ**।" (ਲਭ)
— ਆਸਾ **੧**, ੨੦, ੨ : ੪ (355)

ਹੋਰ ਰੂਪ — ਭਾਲਿਆ —
"ਤੁਧੁ ਜੇਵਡੁ ਅਵਰੁ ਨ **ਭਾਲਿਆ** ਤੂੰ ਦੀਪ ਲੋਅ ਪਇ ਆਲਿਆ।" (ਲਭਿਆ, ਪਾਇਆ)
— ਸਿਰੀ **੫**, ਅਸ ੨੯, ੧੬ : ੧ (74)

ਭਾਲੀ —
"ਸਾਸਿ ਗਿਰਾਸਿ ਜਪਉ ਅਪੁਨੇ ਹਰਿ **ਭਾਲੀ**।" (ਲਭਾ, ਖੋਜਾਂ)
— ਬਿਲਾ **੧**, ੪, ੨ : ੨ (796)
"ਵਿਚਿ ਕਾਇਆ ਨਗਰ ਲਧਾ ਹਰਿ **ਭਾਲੀ**।" (ਭਾਲ ਕੇ)— ਭੈਰ **੪**, ੩, ੩ : ੨ (1134)
"ਨਾਨਕ ਹਉ ਪਿਰੁ **ਭਾਲੀ** ਆਪਣਾ ਸਤਿਗੁਰ ਨਾਲਿ ਦਿਖਾਲਿਆ।" (ਲਭਦਾ ਹਾਂ)
— ਸਲੋ **੪**, ੪ : ੫ (1421)

ਭਾਲੀਅਹਿ —
"ਮੁਕਤੇ ਸੇਈ **ਭਾਲੀਅਹਿ** ਜਿ ਸਚਾ ਨਾਮੁ ਸਮਾਲਿ।" (ਲਭ ਲਈਏ)
— ਸਿਰੀ **੫**, ੭੩, ੨ : ੩ (43)

ਭਾਲੀਆ —
"ਚਾਰੇ ਕੁੰਡਾ **ਭਾਲੀਆ** ਸਹਬਿਨੁ ਅਵਰੁ ਨ ਜਾਇ।" (ਢੂੰਢੀਆਂ)
— ਸਿਰੀ **੫**, ੮੯, ੨ : ੩ (49)

ਭਾਲੀਐ —
"ਤੂੰ ਜਲ ਨਿਧਿ ਤੂੰ ਫੇਨੁ ਬੁਦਬੁਦਾ ਤੁਧੁ ਬਿਨੁ ਅਵਰੁ ਨ **ਭਾਲੀਐ** ਜੀਉ।" (ਦਿਸਦਾ)
— ਮਾਝ **੫**, ੨੮, ੧ : ੩ (102)
"ਭੰਡੁ ਮੁਆ ਭੰਡੁ **ਭਾਲੀਐ** ਭੰਡਿ ਹੋਵੈ ਬੰਧਾਨੁ।"
— ਆਸਾ **੧**, ਵਾਰ ੧੯ਸ, **੧**, ੨ : ੩ (473)

ਭਾਲੇ —
"ਅੰਤਰਿ ਵਸਤੁ ਮੂੜਾ ਬਾਹਰੁ **ਭਾਲੇ**।" (ਲਭਦਾ ਹੈ) — ਮਾਝ **੩**, ਅਸ ੧੪, ੭ : ੧ (117)

ਭਾਲੈ —
"ਕਬ ਕੋ **ਭਾਲੈ** ਘੁੰਘਰੂ ਤਾਲਾ ਕਬ ਕੋ ਬਜਾਵੈ ਰਬਾਬੁ।" (ਢੂੰਢੇ)
— ਆਸਾ **੪**, ੬੨, ੧ : ੧ (368)

ਭਾਵ — 1. ਪਿਆਰ, ਪ੍ਰੇਮ
"ਭੈ ਕੇ ਚਰਣ ਕਰ **ਭਾਵ** ਕੇ ਲੋਇਣ ਸੁਰਤਿ ਕਰੇਇ।"
— ਮਾਝ **੧**, ਵਾਰ ੩ਸ, **੨**, ੨ : ੩ (139)
"ਸਾਧਸੰਗਤਿ ਬਿਨਾ ਭਾਉ ਨਹੀ ਊਪਜੈ **ਭਾਵ** ਬਿਨੁ ਭਗਤਿ ਨਹੀ ਹੋਇ ਤੇਰੀ।"
— ਧਨਾ **ਰਵਿ**, ੨, ੨ : ੧ (694)
2. ਚੰਗੇ ਖਿਆਲ
"ਕਹੀ ਨ ਊਪਜੈ ਉਪਜੀ ਜਾਣੈ **ਭਾਵ** ਅਭਾਵ ਬਿਹੂਣਾ।"— ਆਸਾ **ਕਬ**, ੧, ੩ : ੧ (475)
3. ਭਵਿਖ ਕਾਲ, ਆਉਣ ਵਾਲਾ ਸਮਾਂ
"ਭਵ ਭੂਤ **ਭਾਵ** ਸਮਬ੍ਹਿਅੰ ਪਰਮੰ ਪ੍ਰਸੰਨ ਮਿਦੰ।"
— ਗੂਜ **ਜੈਦੇ**, ੧, ੨ : ੨ (526)
4. ਹਾਵ ਭਾਵ, ਨਖਰੇ
"ਮੋਹਨੀ ਮਹਾ ਬਚਿਤ੍ਰਿ ਚੰਚਲਿ ਅਨਿਕ **ਭਾਵ** ਦਿਖਾਵਏ।"— ਬਿਲਾ **੫**, ਛੰਤ ੩, ੨ : ੩ (847)

ਭਾਵਉ — ਚੰਗਾ ਲਗਾ, ਭਾਅ ਜਾਵਾਂ
"ਪਾਉ ਪਖਾਲਾ ਤਿਸ ਕੇ ਮਨਿ ਤਨਿ ਨਿਤ **ਭਾਵਉ**।"
— ਗਉ **੫**, ਵਾਰ ੧੩, **੫**, ੨ : ੨ (318)

ਭਾਵਈ — ਚੰਗੀ ਲਗੇ
"ਜੇ ਧਨ ਕੰਤਿ ਨ **ਭਾਵਈ** ਤ ਸਭਿ ਅਡੰਬਰ ਕੂੜੁ।" — ਸਿਰੀ **੧**, ੧੩, ੪ : ੩ (19)

ਹੋਰ ਰੂਪ — ਭਾਵਏ —
"ਦੁਤੀਆ ਭਾਉ ਬਿਪਰੀਤਿ ਅਨੀਤਿ ਦਾਸਾ ਨਹ **ਭਾਵਏ** ਜੀਉ।" (ਚੰਗੀ ਲਗੇ)
— ਸਿਰੀ **੫**, ਛੰਤ ੩, ੧ : ੨ (80)

ਭਾਵਸੀ — ਚੰਗਾ ਲਗੇਗਾ
"ਹੁਕਮੁ ਸੋਈ ਤੁਧੁ **ਭਾਵਸੀ** ਹੋਰੁ ਆਖਣੁ ਬਹੁਤੁ ਅਪਾਰੁ।" — ਸਿਰੀ **੧**, ੭, ੪ : ੨ (17)

ਭਾਵਹ — ਚੰਗਾ ਲਗੇ
"ਕਰਿ ਪ੍ਰੇਮੁ ਰਾਵਹ ਤਿਸੈ **ਭਾਵਹ** ਇਕ ਨਿਮਖ ਪਲਕ ਨ ਤਿਆਗੀਐ।"
— ਬਿਲਾ **੫**, ਛੰਤ ੨, ੨ : ੩ (846)

ਹੋਰ ਰੂਪ — ਭਾਵਹਿ —
"ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ ਜੋ **ਭਾਵਹਿ** ਮੇਰੇ ਹਰਿ ਭਗਵੰਤਾ।" (ਚੰਗਾ ਲਗੇ)
— ਆਸਾ **੪**, ਸੋਪੁ ੧, ੪ : ੫ (11)

ਭਾਵਹੀ —
"ਨਾਨਕ ਸਰਣਿ ਦੁਆਰਿ ਜੇ ਤੁਧੁ **ਭਾਵਹੀ**।" (ਚੰਗਾ ਲਗੇ)
— ਗਉ **੫**, ਵਾਰ ੧੯ਸ, **੫**, ੨ : ੮ (322)

ਭਾਵਹੁ —
"ਮਹਲੀ ਜਾਇ ਪਾਵਹੁ ਖਸਮੈ **ਭਾਵਹੁ** ਰੰਗ ਸਿਉ ਰਲੀਆ ਮਾਣੈ।" (ਚੰਗੇ ਲਗੋ)
— ਵਡ **੧**, ਅਲਾ ੨, ੨ : ੫ (579)

ਭਾਵਹੇ —
"ਮੁਨਿਨਰ ਸੁਘੜ ਸੁਜਾਣ ਗਾਵਹਿ ਜੋ ਤੇਰੈ ਮਨਿ **ਭਾਵਹੇ**।" (ਚੰਗਾ ਲਗੇ)
— ਵਡ **੧**, ਛੰਤ ੨, ੨ : ੪ (566)

ਭਾਵਣਾ — ਚੰਗਾ ਲਗੇ
"ਬਾਲ ਸਹਾਈ ਸੋਈ ਤੇਰਾ ਜੋ ਤੇਰੈ ਮਨਿ **ਭਾਵਣਾ**।"
— ਮਾਰੂ **੫**, ਸੋਲਾ ੧੪, ੧੨ : ੩ (1086)

ਹੋਰ ਰੂਪ — ਭਾਵਣਿਆ —
"ਗੁਰ ਕੈ ਸਬਦਿ ਸਦਾ ਹਰਿ ਧਿਆਏ ਏਹਾ ਭਗਤਿ ਹਰਿ **ਭਾਵਣਿਆ**।" (ਚੰਗੇ ਲਗਦੇ ਹਨ) — ਮਾਝ **੩**, ਅਸ ੨੧, ੭ : ੪ (122)

ਭਾਵਣੀ —
"ਜੋ ਮਨਿ ਤਨਿ ਮੁਖਿ ਹਰਿ ਬੋਲੈ ਸਾ ਹਰਿ **ਭਾਵਣੀ**।" (ਚੰਗੀ ਲਗਦੀ ਹੈ)
— ਸੋਰ **੪**, ਵਾਰ ੧੩ : ੨ (647)

ਭਾਵਤ — ਚੰਗਾ ਲਗੇ
"ਸਹਸ ਸਿਆਣਪ ਉਪਾਵ ਥਾਕੇ ਜਹ **ਭਾਵਤ** ਤਹ ਜਾਹੀ।" (ਭਾਵ ਹੁਕਮ ਹੋਵੇ)
— ਬਿਹਾ **੫**, ਛੰਤ ੯, ੨ : ੪ (548)
"ਹਰਿ ਕੇ ਹੋ ਸੰਤ ਭਲੇ ਤੇ ਊਤਮ ਭਗਤ ਭਲੇ ਜੋ **ਭਾਵਤ** ਹਰਿ ਰਾਮ ਮੁਰਾਰੀ।" (ਚੰਗੇ ਲਗਦੇ ਹਨ) — ਸਾਰ **੪**, ੧੧, ੨ : ੧ (1201)

ਹੋਰ ਰੂਪ — ਭਾਵਤਾ —
"ਹਰਿ ਕਾ ਨਾਮੁ ਮੇਰੈ ਮਨਿ **ਭਾਵਤਾ** ਹੈ।" (ਚੰਗਾ ਲਗਦਾ ਹੈ)
— ਆਸਾ **ਕਬ**, ੧੩, ੧* : ੨ (478)

ਭਾਵਤੀ —
"ਹਿਮਕਰ ਰੁਤਿ ਮਨਿ **ਭਾਵਤੀ** ਮਾਘੁ ਫਗਣੁ ਗੁਣਵੰਤ ਜੀਉ।" (ਚੰਗੀ ਲਗਦੀ ਹੈ)
— ਰਾਮ **੫**, ਰੁਤੀ ੭ : ੧ (929)

ਭਾਵਤੁ —
"ਕਬੀਰ ਐਸੀ ਹੋਇ ਪਰੀ ਮਨ ਕੋ **ਭਾਵਤੁ** ਕੀਨੁ।" (ਚੰਗਾ ਲਗੇ, ਭਾਵ ਮਨਮਰਜ਼ੀ)
— ਸਲੋ **ਕਬ**, ੭੧ : ੧ (1368)

ਭਾਵਤੋ —
"ਸੈਈ ਮਿਲਿਓ ਜੋ **ਭਾਵਤੋ** ਜਨ ਨਾਨਕ ਠਾਕੁਰ ਰਹਿਓ ਸਮਾਇ।" (ਚੰਗਾ ਲਗਦਾ ਸੀ)
— ਕਾਨ **੫**, ੩੭, ੨ : ੪ (1305)

ਭਾਵਦਾ — ਚੰਗਾ ਲਗਦਾ, ਭਾਉਂਦਾ
"ਮੇਰੇ ਕਰਤੇ ਏਵੈ **ਭਾਵਦਾ** ਮਨਮੁਖ ਭਰਮਾਣੇ।"
— ਗਉ **੩**, ੩੭, ੩ : ੪ (163)

ਹੋਰ ਰੂਪ — ਭਾਵੰਦਾ —
"ਮਨਿ **ਭਾਵੰਦਾ** ਕੰਤੁ ਹਰਿ ਤੇਰਾ ਥਿਰੁ ਹੋਆ ਸੋਹਾਗੁ ਜੀਉ।" (ਚੰਗਾ ਲਗਦਾ ਭਾਉਂਦਾ ਹੈ) — ਮਾਝ **੫**, ਅਸ ੩੮, ੭ : ੩ (132)

ਭਾਵਦੀ —

"ਗੁਰਸਿਖਾ ਕੈ ਮਨਿ **ਭਾਵਦੀ** ਗੁਰ ਸਤਿਗੁਰ ਕੀ ਵਡਿਆਈ।" (ਚੰਗੀ ਲਗਦੀ)
— ਗਉ **੪**, ਵਾਰ ੧੮ਸ, **੪**, ੨ : ੧ (310)

ਭਾਵੰਦੁ —
"ਮਾਇਆ ਸੁਆਦ ਸਭਿ ਫਿਕਿਆ ਹਰਿ ਮਨਿ **ਭਾਵੰਦੁ**।" (ਚੰਗਾ ਲਗਦਾ)
— ਗਉ **੪**, ਵਾਰ ੧੪ : ੪ (321)

ਭਾਵਦੇ —
"ਸੇ ਭਗਤ ਹਰਿ **ਭਾਵਦੇ** ਜੋ ਗੁਰਮੁਖਿ ਭਾਇ ਚਲੰਨਿ।" (ਚੰਗੇ ਲਗਦੇ ਹਨ)
— ਗਉ **੩**, ਅਸ ੯, ੨ : ੧ (233)

ਭਾਵਨ — 1. ਭਾਉਂਦਾ ਹੈ, ਚੰਗਾ ਲਗਦਾ ਹੈ
"ਗਾਵਨ **ਭਾਵਨ** ਸੰਤਨ ਤੋਰੈ ਚਰਨ ਉਵਾ ਕੈ ਪਾਉ।"
— ਦੇਵ **੫**, ੩੮, ੧* : ੨ (536)

2. ਭਾਵਨਾ, ਸ਼ਰਧਾ, ਪਿਆਰ
"ਆਪਨ ਬਾਪੈ ਨਾਹੀ ਕਿਸੀ ਕੋ **ਭਾਵਨ** ਕੋ ਹਰਿ ਰਾਜਾ।" — ਸੋਰ **ਰਵਿ**, ੨, ੩ : ੧ (658)

3. ਧਿਆਨ, ਚਿੰਤਨ
"ਮਨੁ ਸੰਪਟੁ ਜਿਤੁ ਸਤ ਸਰਿ ਨਾਵਣੁ **ਭਾਵਨ** ਪਾਤੀ ਤ੍ਰਿਪਤਿ ਕਰੇ।"
— ਸੂਹੀ **੧**, ੧, ੩ : ੧ (728)

4. ਭਾਉਂਦਾ, ਮਰਜੀ
"ਨਾਨਕ ਠਾਕੁਰੁ ਸਰਬ ਸਮਾਣਾ ਆਪਨ **ਭਾਵਨ** ਕਰੀਆ।"— ਸੂਹੀ **੫**, ਛੰਤ ੪, ੨ : ੬ (779)

ਭਾਵਨਾ — ਚੰਗੇ ਲਗੇ
"ਨਉ ਨਿਧਿ ਰਿਧਿ ਸਿਧਿ ਪਾਈ ਜੋ ਤੁਮਰੈ ਮਨਿ **ਭਾਵਨਾ**।" — ਮਾਰੂ **੫**, ਅਸ ੫, ੫ : ੧ (1018)

ਭਾਵਨਿ — ਚੰਗੇ ਲਗਦੇ ਹਨ, ਭਾਉਂਦੇ ਹਨ
"ਸੇਈ ਤੁਧੁਨੋ ਗਾਵਹਿ ਜੋ ਤੁਧੁ **ਭਾਵਨਿ** ਰਤੇ ਤੇਰੇ ਭਗਤ ਰਸਾਲੇ।" — ਜਪੁ **੧**, ੨੭ : ੧੫ (6)

ਹੋਰ ਰੂਪ — ਭਾਵੰਨਿ —
"ਰੰਗ ਸਭੇ ਨਾਰਾਇਣੈ ਜੇਤੇ ਮਨਿ **ਭਾਵੰਨਿ**।" (ਚੰਗੇ ਲਗਨ)
— ਮਾਝ **੫**, ਬਾਰਾ ੪ : ੪ (134)

ਭਾਵਨੀ —
"ਵਰਨਾ ਵਰਨ ਨ **ਭਾਵਨੀ** ਜੇ ਕਿਸੈ ਵਡਾ ਕਰੇਇ।" (ਭਾਉਂਣਾ, ਚੰਗਾ ਲਗਣਾ)
— ਸਿਰੀ **੧**, ਅਸ ੧, ੬ : ੧ (53)

ਭਾਵਨੀ — 1. ਚੰਗਾ ਲਗਣਾ, ਭਾਉਣਾ, ਵੇਖੋ 'ਭਾਵਨਿ'

2. ਭਾਵਨਾ, ਸ਼ਰਧਾ, ਪਿਆਰ
"ਏਕ ਦ੍ਰਿਸਟਿ ਕਰਿ ਦੇਖਦਾ ਮਨ **ਭਾਵਨੀ** ਤੇ ਸਿਧਿ ਹੋਇ।"
— ਗਉ **੪**, ਵਾਰ ੧ਸ, **੪**, ੧ : ੨ (300)
"ਹਰਿ ਜਸੁ ਲਿਖਹਿ ਲਾਇ **ਭਾਵਨੀ** ਸੇਹਸਤ ਪਵਿਤਾ।"— ਗਉ **੫**, ਵਾਰ ੧੯ : ੨ (322)

3. ਸੰਸਕਾਰ
"ਕਰਮ **ਭਾਵਨੀ** ਸੰਗ ਲੀਨ।"
— ਬਸੰ **ਕਬ**, ੬, ੨ : ੨ (1195)

4. ਨੀਅਤ
"ਸਾਧ ਸੰਗਿ ਰਾਮਈਆ ਰਸੁ ਪਾਇਓ ਨਾਨਕ ਜਾ ਕੈ **ਭਾਵਨੀ** ਨੀਕੀ।"
— ਮਲਾ **੫**, ੨੫, ੨ : ੨ (1272)

5. ਭਾਵੀ
"ਪਰਾ ਪੂਰਬਲੀ **ਭਾਵਨੀ** ਪਰਗਟੁ ਹੋਈ ਆਇ।"
— ਸਲੋ **ਕਬ**, ੨੦੭ : ੨ (1375)

ਭਾਵਨੀਆ — ਸ਼ਰਧਾ, ਮੁਰਾਦ, ਭਾਵਨਾ
"ਕੇਤੀ ਕੇਤੀ ਮਾਂਗਨਿ ਮਾਗੈ **ਭਾਵਨੀਆ** ਸੋ ਪਾਈਐ।" — ਕਲਿ **੫**, ੨, ੧ : ੧ (1321)

ਭਾਵਨੁ — 1. ਭਾਣਾ, ਹੁਕਮ, ਰਜ਼ਾ
"ਤੇਰਾ ਬਿਖਮੁ **ਭਾਵਨੁ**।"
— ਸਿਰੀ **੫**, ੯੭, ੧* : ੨ (51)

2. ਸੰਕਲਪ, ਖਿਆਲ, ਵਿਚਾਰ
"**ਭਾਵਨੁ** ਤਿਆਗਿਓ ਰੀ ਤਿਆਗਿਓ।"
— ਗਉ **੫**, ੧੬੦*, ੧* : ੧ (214)

3. ਭਾਉਂਦੀ, ਮਰਜ਼ੀ
"ਕਾਹੇ ਕੀਜਤੁ ਹੈ ਮਨਿ **ਭਾਵਨੁ**।" (ਮਨਮਤ)
— ਮਾਰੂ **ਕਬ**, ੬, ੧* : ੧ (1104)

ਭਾਵਨ੍ਹਿ — ਚੰਗੇ ਲਗਨ
"ਸੋਈ ਤੁਧਨੋ ਗਾਵਨ੍ਹਿ ਜੋ ਤੁਧੁ **ਭਾਵਨ੍ਹਿ** ਰਤੇ ਤੇਰੇ ਭਗਤ ਰਸਾਲੇ।"
— ਆਸਾ **੧**, ਸੋਦ ੧, ੧ : ੧੫ (347)

ਭਾਵਰਤੰ — ਗੁਣਾਂ/ਪ੍ਰੇਮ ਨਾਲ ਰਤਾ ਹੋਇਆ, ਗੁਣਾਂ ਵਾਲਾ, ਪ੍ਰੇਮ ਵਾਲਾ

"ਪਰਮਾਦਿ ਪੁਰਖ ਮਨੋ ਪਿਮੰ ਸਤਿ ਆਦਿ **ਭਾਵਰਤੰ**।" — ਗੂਜ **ਜੈਦੇ**, ੧, ੧ : ੧ (526)

ਭਾਵਰਿ — ਫੇਰੇ

"ਰਾਮ ਰਾਇ ਸਿਉ **ਭਾਵਰਿ** ਲੈਹਉ ਆਤਮ ਤਿਹ ਰੰਗ ਰਾਤੀ।"

— ਆਸਾ **ਕਬ**, ੨੪, ੧ : ੨ (482)

ਭਾਵਾ — 1. ਚੰਗਾ ਲਗੇ, ਭਾਵੇ, ਪਸੰਦ ਹੋਵੇ

"ਤੀਰਥਿ ਨਾਵਾ ਜੇ ਤਿਸੁ **ਭਾਵਾ** ਵਿਣੁ ਭਾਣੇ ਕਿ ਨਾਇ ਕਰੀ।" — ਜਪੁ **੧**, ੬ : ੧ (2)

"ਆਗੈ ਸਹ ਭਾਵਾ ਕਿਨ **ਭਾਵਾ**।" (ਚੰਗਾ ਲਗਾਂ)

— ਆਸਾ **੧**, ੨੬, ੨ : ੨ (357)

ਹੋਰ ਰੂਪ — ਭਾਵਾਂ —

"ਕੀਮਤ ਕਉਣ ਕਰੇ ਤੁਧੁ **ਭਾਵਾਂ** ਦੇਖਿ ਦਿਖਾਵੈ ਢੋਲੋ।" (ਚੰਗੀ ਲਗਾਂ)

— ਤੁਖਾ **੧**, ਬਾਰਾ ੬ : ੪ (1108)

2. ਭਾਇਆ ਹੋਇਆ, ਪਸੰਦ ਹੋਇਆ

"ਕਾਮੁ ਕਰੀਜੈ ਠਾਕੁਰ **ਭਾਵਾ**।" (ਚੰਗਾ ਲਗਦਾ, ਭਾਉਂਦਾ)— ਗਉ **੫**, ੧੪੮*, ੨ : ੧ (212)

ਭਾਵਾਸਿ — ਭਾਉਂਦੀ/ਚੰਗੀ ਲਗਦੀ ਹੈ

"ਅਨਿਕ ਪੂਜਾ ਮੈ ਬਹੁ ਬਿਧਿ ਖੋਜੀ ਸਾ ਪੂਜਾ ਜਿ ਹਰਿ **ਭਾਵਾਸਿ**।"

— ਕਾਨ **੫**, ੩੩, ੧ : ੧ (1304)

ਭਾਵੀ — 1. ਚੰਗਾ ਲਗੇ

"ਜਿਉ **ਭਾਵੀ** ਤਿਉ ਨਾਮੁ ਜਪਾਇ।"

— ਗਉ **੧**, ੧੦, ੩ : ੨ (154)

2. ਭਾਣਾ, ਰਜ਼ਾ

"ਉਦੌਤੁ ਭਇਓ ਪੂਰਨ **ਭਾਵੀ** ਕੋ ਭੇਟੇ ਸੰਤ ਸਹਾਈ।"— ਮਲਾ **੫**, ੧੦, ੧ : ੨ (1268)

ਭਾਵੰੀ — ਭਾਵ ਨਾਲ, ਖਿਆਲ ਨਾਲ

"ਦੂਜੇ **ਭਾਵੰੀ** ਨਾਨਕਾ ਵਹਣਿ ਲੁੜੰਦੜੀ ਜਾਇ।"

— ਸਲੋ **੫**, ੧੬ : ੨ (1425)

ਭਾਵੀਆ — ਚੰਗਾ ਲਗਾ

"ਮਿਲੀਆ ਆਇ ਸੰਜੋਗਿ ਜਾਂ ਤਿਸੁ **ਭਾਵੀਆ**।"

— ਰਾਮ **੫**, ਵਾਰ ੧੫ : ੮ (964)

ਭਾਵੀਸ — ਭਾਉਂਦਾ/ਚੰਗਾ ਲਗਦਾ ਹੈ

"ਹਰਿ ਤੁਮ ਵਡ ਵਡੇ ਵਡੇ ਵਡ ਊਚੇ ਸੋ ਕਰਹਿ ਜਿ ਤੁਧੁ **ਭਾਵੀਸ**।"— ਕਾਨ **੫**, ੮, ੨ : ੧ (1298)

ਭਾਵੀਜਾ — ਭਾਅ ਗਿਆ, ਚੰਗਾ ਲਗਾ

"ਚਤੁਰੁ ਸਰੂਪੁ ਸਿਆਣਾ ਸੋਈ ਜੋ ਮਨਿ ਤੇਰੈ **ਭਾਵੀਜਾ** ਹੇ।" — ਮਾਰੂ **੫**, ਸੋਲਾ ੩, ੧੧ : ੩ (1074)

ਭਾਵੇ — ਚੰਗਾ ਲਗਦਾ

"ਏਕਹਿ ਆਸਾ ਦਰਸ ਪਿਆਸਾ ਆਨ ਨ **ਭਾਵੇ**।"

— ਆਸਾ **੫**, ੧੪੨, ੨ : ੧ (407)

ਭਾਵੈ — 1. ਪਸੰਦ ਆਵੇ, ਚੰਗਾ ਲਗੇ

"ਜੋ ਤੁਧੁ **ਭਾਵੈ** ਸਾਈ ਭਲੀ ਕਾਰ।"

— ਜਪੁ **੧**, ੧੬ : ੨੪ (3)

"ਜੋ ਤਿਸੁ **ਭਾਵੈ** ਸੁ ਆਰਤੀ ਹੋਇ।"

— ਧਨਾ **੧**, ਸੋਹ ੩, ੩ : ੪ (13)

2. ਚਾਹੇ, ਇਛੇ, ਮਰਜ਼ੀ ਹੋਵੇ

"ਜੇਵਡੁ **ਭਾਵੈ** ਤੇਵਡੁ ਹੋਇ।"

— ਜਪੁ **੧**, ੨੬ : ੨੩ (6)

3. ਭਾਵੇਂ, ਬੇਸ਼ਕ

"ਅੰਦਰਿ ਕਮਾਣਾ ਸਰਪਰ ਉਘੜੈ **ਭਾਵੈ** ਕੋਈ ਬਹਿ ਧਰਤੀ ਵਿਚ ਕਮਾਈ।"

— ਗਉ **੪**, ਵਾਰ ੩੦ਸ, **੪**, ੨ : ੨ (316)

ਭਾੜਾ — ਮਜੂਰੀ

"ਭਾੜੀ ਕਉ ਓਹੁ **ਭਾੜਾ** ਮਿਲਿਆ ਹੋਰੁ ਸਗਲ ਭਇਓ ਬਿਰਾਨਾ।"

— ਗੂਜ **੫**, ੮, ੩ : ੨ (497)

ਭਾੜਿ — ਭਾੜਾ, ਮਜੂਰੀ, ਇਥੇ ਭਾਵ ਦਖਣਾ

"ਲੈ **ਭਾੜਿ** ਕਰੇ ਵੀਆਹੁ।"

— ਆਸਾ **੧**, ਵਾਰ ੧੫ਸ, **੧**, ੪ : ੨ (471)

ਭਾੜੀ — ਮਜਦੂਰ

"**ਭਾੜੀ** ਕਉ ਓਹੁ ਭਾੜਾ ਮਿਲਿਆ ਹੋਰੁ ਸਗਲ ਭਇਓ ਬਿਰਾਨਾ।"— ਗੂਜ **੫**, ੮, ੩ : ੨ (497)

ਭਿ — ਵੀ, ਭੀ

"ਏਹਿ **ਭਿ** ਦਾਤਿ ਤੇਰੀ ਦਾਤਾਰ।"

— ਜਪੁ **੧**, ੨੫ : ੯ (5)

ਭਿਸਤ — ਬਹਿਸ਼ਤ, ਸਵਰਗ (ਫ. ਬਹਿਸ਼ਤ)

"ਦਿਲ ਮਹਿ ਸੋਚਿ ਬਿਚਾਰਿ ਕਵਾਦੇ **ਭਿਸਤ** ਦੋਜਕ ਕਿਨਿ ਪਾਈ।"— ਆਸਾ **ਕਬ**, ੮, ੧ : ੨ (477)

ਹੋਰ ਰੂਪ — ਭਿਸਤਿ —

"ਗਲੀ **ਭਿਸਤਿ** ਨ ਜਾਈਐ ਛੁਟੈ ਸਚੁ ਕਮਾਇ।" (ਬਹਿਸ਼ਤ ਵਿਚ)

— ਮਾਝ **੧**, ਵਾਰ ੨ਸ, **੧**, ੨ : ੩ (141)

"ਕਹਿ ਕਬੀਰ **ਭਿਸਤਿ** ਤੇ ਚੂਕਾ ਦੋਜਕ ਸਿਉ ਮਨੁ ਮਾਨਿਆ।" (ਸਵਰਗ)

— ਪ੍ਰਭਾ **ਕਬ**, ੪, ੪ : ੨ (1350)

ਭਿਸਤੀ —

"ਪੀਰੁ ਪਛਾਣੈ **ਭਿਸਤੀ** ਸੋਈ ਅਜਰਾਈਲੁ ਨ ਦੋਜ ਠਰਾ।" (ਸਵਰਗ ਦਾ ਨਵਾਸੀ ਅਥਵਾ ਹਕਦਾਰ)

— ਮਾਰੂ **੫**, ਸੋਲਾ ੧੨, ੧੧ : ੩ (1084)

ਭਿਸਤੁ —

"ਹੋਇ ਕਿਰਸਾਣੁ ਈਮਾਨੁ ਜੰਮਾਇ ਲੈ **ਭਿਸਤੁ** ਦੋਜਕੁ ਮੂੜੇ ਏਵ ਜਾਣੀ।" (ਸਵਰਗ)

— ਸਿਰੀ **੧**, ੨੨, ੧ : ੨ (24)

ਭਿਖ — (ਸੰ. ਭਿਕ਼ਸ਼ਾ) ਭਿਖਿਆ, ਮੰਗਣਾ, ਯਾਚਨਾ

"ਮੰਨੈ ਨਾਨਕ ਭਵਹਿ ਨ **ਭਿਖ**।"

— ਜਪੁ **੧**, ੧੫ : ੪ (3)

"ਦਰਿ ਮੰਗਨਿ **ਭਿਖ** ਨ ਪਾਇਦਾ।"

— ਆਸਾ **੧**, ਵਾਰ ੧੬ : ੫ (472)

ਭਿਖਾ — ਇਕ ਭੱਟ ਜਿਸ ਦੇ ਗੁਰੂ ਅਮਰਦਾਸ ਜੀ ਬਾਰੇ ਦੋ ਸਵਯੈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।

"ਗੁਰੁ ਮਿਲਿਉ ਸੋਇ **ਭਿਖਾ** ਕਹੈ ਸਹਜ ਰੰਗਿ ਦਰਸਨੁ ਦੀਅਉ।" — ਸਵ **੩**, ੧੯ : ੬ (1395)

ਭਿਖਾਰੀ — ਮੰਗਤਾ

"ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ **ਭਿਖਾਰੀ**।" — ਸੋਰ **ਰਵਿ**, ੧, ੨ : ੧ (657)

ਹੋਰ ਰੂਪ — ਭਿਖਾਰੀਆ —

"ਹਰਿ ਦਾਤਾ ਸਭੁ ਜਗਤੁ **ਭਿਖਾਰੀਆ** ਮੰਗਤ ਜਨ ਜੰਤਾ।"— ਸੋਰ **੪**, ਵਾਰ ੨੦ : ੩ (650)

ਭਿਖਿਆ — 1. ਭੀਖ, ਮੰਗੀ ਹੋਈ ਵਸਤ ਅੰਨ, ਖੈਰ

"ਏਕ ਸਬਦ ਇਕ **ਭਿਖਿਆ** ਮਾਗੈ।"

— ਗਉ **੧**, ੬, ੪ : ੧ (223)

2. ਹੇ ਭਿਖੇ ਭਟ ਵੇਖੋ ਭਿਖਾ

"ਗੁਰੁ ਦਯਿ ਮਿਲਾਯਉ **ਭਿਖਿਆ** ਜਿਵ ਤੂ ਰਖਹਿ ਤਿਵ ਰਹਉ।"— ਸਵ **੩**, ੨੦ : ੬ (1396)

ਭਿਖ੍ਯਾ — ਭਿਖਿਆ/ਖੈਰ ਮੰਗਣਾ

"ਇਆ ਸੁਖ ਤੇ **ਭਿਖ੍ਯਾ** ਭਲੀ ਜਉ ਹਰਿ ਸਿਮਰਤ ਦਿਨ ਜਾਹਿ।"— ਸਲੋ **ਕਬ**, ੧੧੨ : ੨ (1370)

ਭਿਗਾ — ਭਿਜਦਾ, ਰੀਝਦਾ

"ਭਗਤੀ ਤੋਖਿਤ ਦੀਨ ਕ੍ਰਿਪਾਲਾ ਗੁਣੇ ਨ ਕਿਤ ਹੀ ਹੈ **ਭਿਗਾ**।"

— ਮਾਰੂ **੫**, ਸੋਲਾ ੧੧, ੧੩ : ੩ (1083)

ਭਿਜਉ — ਪਈ ਭਿਜੇ/ਗਿਲੀ ਹੋਵੇ

"**ਭਿਜਉ** ਸਿਜਉ ਕੰਬਲੀ ਅਲਹ ਵਰਸਉ ਮੇਹੁ।"

– ਸਲੋ **ਫਰ**, ੨੫ : ੧ (1379)

ਭਿਜਈ — ਭਿਜਦਾ, ਪਤੀਜਦਾ, ਲਗਦਾ

"ਤਿਸ ਕਾ ਅੰਦਰੁ ਚਿਤੁ ਨ **ਭਿਜਈ** ਮੁਖਿ ਫੀਕਾ ਆਲਾਉ।"

— ਗੂਜ **੩**, ਵਾਰ ੯ਸ, **੩**, ੨ : ੩ (511)

ਭਿਜੈ — ਭਿਜਦਾ ਹੈ

"ਸਚੁ ਸਚੇ ਕੀ ਸਿਫਤਿ ਸਲਾਹ ਹੈ ਸੋ ਕਰੇ ਜਿਸੁ ਅੰਦਰੁ **ਭਿਜੈ**।"— ਗਉ **੪**, ਵਾਰ ੨੦ : ੧ (312)

ਭਿਟਿਓ — ਛੋਤ ਨਾਲ ਭ੍ਰਿਸ਼ਟ ਹੋਣਾ ਅਪਵਿਤਰ ਹੋਣਾ

"ਸੁਚੇ ਅਗੈ ਰਖਿ ਓਨੁ ਕੋਇ ਨ **ਭਿਟਿਓ** ਜਾਇ।"

— ਆਸਾ **੧**, ਵਾਰ ੧੯ਸ, **੧**, ੧ : ੨ (473)

ਭਿਟੀਐ — ਢੁਕੀਐ, ਸਪਰਸ਼ ਕਰੀਏ, ਨੇੜੇ ਆਈਏ, ਛੁਹੀਏ

"ਓਨਾ ਪਾਸਿ ਦੁਆਸਿ ਨ **ਭਿਟੀਐ** ਜਿਨ ਅੰਤਰਿ ਕ੍ਰੋਧੁ ਚੰਡਾਲ।" — ਸਿਰੀ **੪**, ੬੬, ੩ : ੩ (40)

ਭਿਟੈ — 1. ਛੋਹਣਾ, ਢੁਕਣਾ, ਫਟਕਣਾ

"ਜਿਨਾ ਸਤਿਗੁਰ ਭੇਟਿਆ ਤਿਨ ਨੇੜਿ ਨ **ਭਿਟੈ** ਮਾਇ।" — ਗਉ **੩**, ਅਸ ੯, ੬ : ੨ (233)

2. ਅਪਵਿਤਰ ਹੋਵੇ

"ਮਤੁ ਭਿਟੈ ਵੇ ਮਤਿ **ਭਿਟੈ**।"

— ਆਸਾ **੧**, ਵਾਰ ੧੬ਸ, **੧**, ੨ : ੧੨ (472)

ਭਿੰਤਰਿ — ਵਿਚ, ਅੰਤਰ

"ਤਿਨ ਕੌ ਅਵਤਾਰੁ ਭਯਉ ਕਲਿ **ਭਿੰਤਰਿ** ਜਸੁ ਜਗਤ੍ਰ ਪਰਿ ਛਾਇਯਉ।"

— ਸਵ **੪**, ਬਲ ੩ : ੩ (1405)

ਭਿਤਾ — ਭੇਤ

"ਓਹੁ ਪਿਆਰਾ ਜੀਅ ਕਾ ਜੋ ਖੋਲ੍ਹੈ **ਭਿਤਾ**।" (ਭਾਵ ਪਰਦਾ) — ਰਾਮ **੫**, ਵਾਰ ੧੯ : ੪ (965)

ਭਿਤਿ — 1. ਭਾਂਤ/ਪ੍ਰਕਾਰ ਦਾ
"ਹੁਕਮੀ ਸ੍ਰਿਸਟਿ ਸਾਜੀਅਨੁ ਬਹੁ **ਭਿਤਿ** ਸੰਸਾਰਾ।"
— ਸੂਹੀ **੩**, ਵਾਰ ੨ : ੧ (786)
2. ਚੋਗਾ
"ਪਉਦੀ **ਭਿਤਿ** ਦੇਖਿ ਕੈ ਸਭਿ ਆਇ ਪਏ ਸਤਿਗੁਰ ਕੀ ਪੈਰੀ ਲਾਹਿਓਨੁ ਸਭਨਾ ਕਿਅਹੁ ਮਨਹੁ ਗੁਮਾਨੁ।"
— ਬਿਲਾ **੪**, ਵਾਰ ੧੦ : ੬ (853)

ਭਿਨ — ਵਖ
"ਨਿਰਗੁਨ ਹਰੀਆ ਸਰਗੁਨ ਧਰੀਆ ਅਨਿਕ ਕੋਠਰੀਆ ਭਿੰਨ ਭਿੰਨ ਭਿੰਨ **ਭਿਨ** ਕਰੀਆ।"
— ਸੂਹੀ **੫**, ੪੪, ੧ : ੧ (746)
ਹੋਰ ਰੂਪ — ਭਿੰਨ —
"**ਭਿੰਨ ਭਿੰਨ** ਵੇਖੈ ਹਰਿ ਪ੍ਰਭੁ ਰੰਗਾ।" (ਵੱਖ ਵੱਖ) — ਗਉ **੩**, ੨੯, ੧ : ੩ (160)
"ਆਵਤ ਹੁਕਮਿ ਬਿਨਾਸ ਹੁਕਮਿ ਆਗਿਆ **ਭਿੰਨ** ਨ ਕੋਇ।" (ਵਖਰਾ)
— ਗਉ **੫**, ਬਾਅ ੭ਸ : ੧ (251)
"ਸਾਧ ਕੈ ਸੰਗਿ ਮਾਇਆ ਤੇ **ਭਿੰਨ**।" (ਨਿਰਲੇਪ)
— ਗਉ **੫**, ਸੁਖ ੭, ੨ : ੯ (271)
"ਆਵੈ ਲਹਰਿ ਸਮੁੰਦ ਸਾਗਰ ਕੀ ਖਿਨ ਮਹਿ **ਭਿੰਨ ਭਿੰਨ** ਢਹਿ ਪਈਆ।" (ਵਖ ਵਖ, ਭਾਵ ਟੁਕੜੇ ਟੁਕੜੇ ਹੋਕੇ)
— ਬਿਲਾ **੪**, ਅਸ ੩, ੭ : ੨ (835)

ਭਿੰਨੜੀ — ਭਿਜੀ ਹੋਈ ਭਾਵ ਸੁਹਾਵਨੀ, ਸੁਖਦਾਈ
"**ਭਿੰਨੜੀ** ਰੈਣਿ ਭਲੀ ਦਿਨਸ ਸੁਹਾਏ ਰਾਮ।"
— ਬਿਲਾ **੧**, ਛੰਤ ੨, ੨ : ੧ (844)

ਭਿੰਨਾ — ਭਿਜਾ, ਪਤੀਜਿਆ
"ਗੁਰਮੁਖਿ ਵੇਖਾ ਤਾ ਇਹੁ ਮਨੁ **ਭਿੰਨਾ**।"
— ਮਾਝ **੩**, ਅਸ ੪, ੧ : ੨ (111)

ਭਿਨਿ — ਅਡ, ਵਖ
"ਇਕਾ ਜੋਤਿ ਵਰਤੈ **ਭਿਨਿ ਭਿਨਿ** ਨ ਰਲਈ ਕਿਸੈ ਦੀ ਰਲਾਈਆ।"— ਮਾਝ **੪**, ੭, ੩ : ੨ (96)

ਭਿੰਨਿਅੜੇ — ਭਿਜੇ ਹੋਏ
"ਰਸ **ਭਿੰਨਿਅੜੇ** ਅਪੁਨੇ ਰਾਮ ਸੰਗੇ ਸੇ ਲੋਇਣ ਨੀਕੇ ਰਾਮ।"— ਬਿਲਾ **੫**, ਛੰਤ ੫, ੪ : ੧ (848)

ਭਿੰਨੀ — ਭਿਜੀ
"ਗੁਰ ਅੰਮ੍ਰਿਤ **ਭਿੰਨੀ** ਦੇਹੁਰੀ ਅੰਮ੍ਰਿਤੁ ਬੁਰਕੇ ਰਾਮਰਾਜੇ।"— ਆਸਾ **੪**, ਛੰਤ ੧੬, ੪ : ੧ (449)
"**ਭਿੰਨੀ** ਰੈਨੜੀਐ ਚਾਮਕਨਿ ਤਾਰੇ।" (ਭਿਜੀ ਭਾਵ ਸੁਹਾਵਨੀ)— ਆਸਾ **੫**, ਛੰਤ ੧੦, ੧ : ੧ (459)
ਹੋਰ ਰੂਪ — ਭਿਨੀ —
"ਹਰਿ ਰੰਗਿ ਚਲੂਲੇ ਜੋ ਰਤੇ ਤਿਨ **ਭਿਨੀ** ਹਰਿ ਰੰਗਿ ਚੋਲੀਆ।" (ਭਿਜੀ)
— ਗਉ **੪**, ਵਾਰ ੧੯ਸ, **੪**, ੧ : ੫ (311)
ਭਿੰਨੀਆ —
"ਕਰ ਜੋੜਿ ਸਾਧਨ ਕਰੈ ਬਿਨਤੀ ਰੈਣਿ ਦਿਨੁ ਰਸਿ **ਭਿੰਨੀਆ**।" (ਭਿਜੀ ਹੋਈ)
— ਗਉ **੧**, ਛੰਤ ੧, ੪ : ੫ (242)

ਭਿੰਨੁ — ਵਖ, ਅਡ
"ਅਲਿ ਕਮਲ **ਭਿੰਨੁ** ਨ ਭੇਤੁ।"
— ਬਿਲਾ **੫**, ਅਸ ੨, ੬ : ੪ (838)

ਭਿੰਨੇ — ਭਿਜਿਆ ਹੈ
"ਦਿਹ ਚਾਲ ਨਿਰਾਲੀ ਗੁਰਮੁਖੀ ਗੁਰ ਦੀਖਿਆ ਸੁਣਿ ਮਨੁ **ਭਿੰਨੇ**।"
— ਗਉ **੪**, ਵਾਰ ੨੫ : ੫ (314)

ਭਿਰੰਗੁ — ਭੌਰਾ
"ਨਾਨਕ ਤਰਵਰੁ ਏਕੁ ਹੈ ਏਕੋ ਫੁਲੁ **ਭਿਰੰਗੁ**।"
— ਮਾਰੂ **੩**, ਵਾਰ ੮ਸ, **੩**, ੨ : ੨ (1089)

ਭਿਲਾ — ਪਿੰਨਾ, ਭਾਵ ਪੋਟਲੀ
"ਭੁਜਾ ਬਾਂਧਿ **ਭਿਲਾ** ਕਰਿ ਡਾਰਿਓ।"
— ਗੋਂਡ **ਕਬ**, ੪, ੧ : ੧ (870)

ਭਿੜਿ — 1. ਲੜ ਕੇ
"ਰਾਜੇ ਓਇ ਨ ਆਖੀਅਹਿ **ਭਿੜਿ** ਮਰਹਿ ਫਿਰਿ ਜੂਨੀ ਪਾਹਿ।"
— ਵਡ **੪**, ਵਾਰ ੧੧ਸ, **੩**, ੧ : ੫ (590)
2. ਲੜਾਈ/ਜੰਗ ਵਿਚ
"ਨ ਭੀਜੈ ਭੇੜਿ ਮਰਹਿ **ਭਿੜਿ** ਸੂਰ।"
— ਸਾਰ **੪**, ਵਾਰ ੧ਸ, **੧**, ੨ : ੮ (1237)

ਭਿੜੀਆ — ਲੜਨ ਲਗ ਪਿਆ
"ਜਿਉ ਰਾਜੇ ਰਾਜੁ ਕਮਾਵਦੇ ਦੁਖ ਸੁਖ **ਭਿੜੀਆ**।"
— ਗੂਜ **੩**, ਵਾਰ ੧੯ : ੨ (516)

ਭਿੜੈ — ਘੋਲ ਕਰਦਾ ਹੈ, ਲੜਦਾ ਹੈ

"ਆਪਿ **ਭਿੜੈ** ਮਾਰੇ ਆਪਿ ਆਪਿ ਕਾਰਜੁ ਰਚਿਆ।" — ਮਲਾ **੧**, ਵਾਰ ੪ : ੪ (1280)

ਭੀ — 1. ਵੀ

"ਹੈ **ਭੀ** ਸਚੁ ਨਾਨਕ ਹੋਸੀ **ਭੀ** ਸਚੁ।" — ਜਪੁ **੧**, ੧* : ੨ (1)

"ਹੈ **ਭੀ** ਹੋਸੀ ਜਾਇ ਨ ਜਾਸੀ ਸਚਾ ਸਿਰਜਣਹਾਰੋ।" — ਸਿਰੀ **੧**, ੨੮, ੩ : ੨ (24)

"**ਭੀ** ਸੋ ਫੋਗੁ ਸਮਾਲੀਐ ਦਿਚੈ ਅਗਿ ਜਾਲਾਇ।" — ਮਾਝ **੧**, ਵਾਰ ੧੧ਸ, **੧**, ੨ : ੪ (143)

2. ਫਿਰ ਵੀ, ਤਾਂ ਵੀ

"**ਭੀ** ਤੇਰੀ ਕੀਮਤਿ ਨ ਪਵੈ ਹਉ ਕੇਵਡੁ ਆਖਾ ਨਾਉ।" — ਸਿਰੀ **੧**, ੨, ੧ : ੩ (14)

"ਲਹਰੀ ਨਾਲਿ ਪਛਾੜੀਐ **ਭੀ** ਵਿਗਸੈ ਅਸਨੇਹਿ।" — ਸਿਰੀ **੧**, ਅਸ ੧੧, ੧ : ੨ (59)

3. ਤਾਂ

"ਨਾਨਕ ਜਿਹੁ ਮਨੁ ਮਾਰਿ ਮਿਲੁ **ਭੀ** ਫਿਰਿ ਦੁਖੁ ਨ ਹੋਇ।" — ਸਿਰੀ **੧**, ੧੮, ੫ : ੩ (21)

4. ਤਾਂ ਤੇ, ਇਸ ਲਈ

"**ਭੀ** ਕਰਤਾ ਰਹੁ ਡਰਣਾ।" — ਸਿਰੀ **੧**, ੨੮, ੧* : ੨ (24)

5. ਫਿਰ, ਮੁੜ

"ਖਾਧਾ ਹੋਇ ਸੁਆਹ, **ਭੀ** ਖਾਣੇ ਸਿਉ ਦੋਸਤੀ।"

... ...

"**ਭੀ** ਉਠਿ ਰਚਿ ਓਨੁ ਵਾਦੁ ਸੈ ਵਰ੍ਹਿਆ ਕੀ ਪਿੜ ਬਧੀ।" — ਮਾਝ **੧**, ਵਾਰ ੧੨, **੧**, ੧ : ੬;੮ (146)

"ਹੋਇ ਪੁਰਾਣਾ ਸੁਟੀਐ **ਭੀ** ਫਿਰਿ ਪਾਈਐ ਹੋਰੁ।" — ਆਸਾ **੧**, ਵਾਰ ੧੫ਸ, **੧**, ੨ : ੫ (471)

"**ਭੀ** ਸਾਲਾਹਿਹੁ ਸਾਚਾ ਸੋਇ।" (ਭਾਵ ਨਿਤ) — ਸੋਰ **੧**, ੧, ੧* : ੧ (595)

6. ਭੂਤਕਾਲ ਬੋਧਕ, ਭਦਿਆ

"ਹੇ ਅਪਰੰਪਰ ਹਰਿ ਹਰੇ ਹੈ **ਭੀ** ਹੋਵਨਹਾਰ।" — ਗਉ **੫**, ਬਾਅ ੫੫ : ੫ (261)

7. ਭਇਆ, ਹੋਇਆ

"ਪਹਿਲੈ ਪਹਰੈ ਫੁਲੜਾ ਫਲੁ **ਭੀ** ਪਛਾ ਰਾਤਿ।" — ਸਲੋ **ਫਰ**, ੧੧੨ : ੧ (1384)

8. ਅਤੇ

"ਹੋਇ ਪੁਰਾਣਾ ਸੁਟੀਐ **ਭੀ** ਫਿਰਿ ਪਾਈਐ ਹੋਰੁ।" — ਆਸਾ **੧**, ਵਾਰ ੧੫ਸ, **੧**, ੨ : ੫ (471)

9. ਜੋ

"ਸਤਿਗੁਰ ਕੈ ਭਾਣੈ **ਭੀ** ਚਲਹਿ ਤਾ ਦਰਗਹ ਪਾਵਹਿ ਮਾਣ।" — ਸੋਰ **੪**, ਵਾਰ ੧੧ਸ, **੩**, ੧ : ੫ (646)

(ਸ਼ਬਦਾਰਥ ਅਰਥ ਹਰ ਹਾਲਤ ਵਿਚ ਵੀ ਕਰਦਾ ਹੈ)

ਭੀਹਾਲਾ — ਭੈਅੰਕਰ, ਡਰਾਵਣਾ

"ਦੀਸਿ ਆਵਤ ਹੈ ਬਹੁਤੁ **ਭੀਹਾਲਾ**।" — ਆਸਾ **੫**, ੫੪, ੩ : ੧ (384)

ਹੋਰ ਰੂਪ — ਭੀਹਾਲੇ —

"ਦੂੰਦਰ ਦੂਤ ਭੂਤ **ਭੀਹਾਲੇ**।" (ਡਰਾਉਣੇ) — ਮਾਰੂ **੧**, ਸੋਲਾ ੧੧, ੮ : ੧ (1031)

ਭੀਹਾਵਲਾ — ਡਰਾਉਣਾ

"ਭਾਣੈ ਸਹੁ **ਭੀਹਾਵਲਾ** ਹਉ ਆਵਣਿ ਜਾਣਿ ਮੁਈਆਸਿ ਜੀਉ।" — ਸੂਹੀ **੧**, ਕੁਚ ੨ : ੨ (762)

ਭੀਹਾਵਲਿ — ਭੈ ਭੀਤ, ਡਰੀ ਸਹਿਮੀ ਹੋਈ

"ਵਿਣੁ ਨਾਵੈ ਬਾਜਾਰੀਆ **ਭੀਹਾਵਲਿ** ਹੋਈ।" — ਮਲਾ **੧**, ਵਾਰ ੧੨ : ੨ (1283)

ਭੀਹਾਵਲੈ — ਡਰਾਉਣੇ

"ਬਨਿ **ਭੀਹਾਵਲੈ** ਹਿਕੁ ਸਾਥੀ ਲਧਮੁ ਦੁਖ ਹਰਤਾ ਹਰਿ ਨਾਮਾ।" — ਗੂਜ **੫**, ਵਾਰ ੧੨ਸ, **੫**, ੨ : ੧ (519)

ਭੀਖ — ਭਿਖਿਆ

"ਭੀਖਕ ਪ੍ਰੀਤਿ **ਭੀਖ** ਪ੍ਰਭ ਪਾਇ।" — ਗਉ **੪**, ੪੨, ੧ : ੧ (164)

ਭੀਖਕ — ਭਿਖਿਆ ਮੰਗਨ ਵਾਲਾ, ਭਿਖਾਰੀ ਮੰਗਤਾ

"ਹਮ **ਭੀਖਕ** ਭੇਖਾਰੀ ਤੇਰੇ ਤੂ ਨਿਜ ਪਤਿ ਹੈ ਦਾਤਾ।" — ਧਨਾ **੩**, ੯, ੧ : ੧ (666)

ਹੋਰ ਰੂਪ — ਭੀਖਕੁ —

"ਕੋਈ **ਭੀਖਕੁ** ਭੀਖਿਆ ਖਾਇ।" (ਮੰਗਤਾ) — ਆਸਾ **੧**, ੧੮, ੧ : ੧ (354)

ਭੀਖਨ — ਕਕੋਰੀ (ਲਖਨਊ ਦੇ ਨੇੜੇ) ਦਾ ਵਸਨੀਕ ਸੂਫੀ ਫਕੀਰ ਜਿਸ ਦੇ ਦੋ ਸ਼ਬਦ ਸੋਰਠ ਰਾਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ

ਦਰਜ ਹਨ
"ਕਹੁ **ਭੀਖਨ** ਦੁਇ ਨੈਨ ਸੰਤੋਖੇ ਜਹ ਦੇਖਾਂ ਤਹ ਸੋਈ।" — ਸੋਰ **ਭੀਖ**, ੨, ੨ : ੨ (659)

ਹੋਰ ਰੂਪ — ਭੀਖਨੁ —
"ਗੁਰ ਪਰਸਾਦਿ ਕਹੈ ਜਨੁ **ਭੀਖਨੁ** ਪਾਵਉ ਮੋਖ ਦੁਆਰਾ।"— ਸੋਰ **ਭੀਖ**, ੨, ੩ : ੨ (659)

ਭੀਖਿਆ — ਭਿਖਿਆ, ਭੀਖ
"ਕੋਈ ਭੀਖਕੁ **ਭੀਖਿਆ** ਖਾਇ।"
— ਆਸਾ **੧**, ੧੮, ੧ : ੧ (354)

ਭੀਗੈ — ਭਿਜੀਆਂ, ਗਿੱਲੀਆਂ ਹੋਈਆ
"ਛੂਟੇ ਕੂੰਡੇ **ਭੀਗੈ** ਪੁਰੀਆ ਚਲਿਓ ਜੁਲਾਹੋ ਰੀਸਾਈ।" — ਗਉ **ਕਬ**, ੫੪, ੩ : ੨ (335)

ਭੀਜਈ — ਭਿਜਦਾ
"ਮਨਮੁਖੁ ਸਚਿ ਨ **ਭੀਜਈ** ਕੂੜੁ ਕੂੜਿ ਗਡਾਵੈ।" (ਭਾਵ ਰਚਦਾ, ਖੁਭਦਾ)
— ਆਸਾ **੧**, ਅਸ ੧੫, ੪ : ੧ (419)

ਹੋਰ ਰੂਪ — ਭੀਜਏ —
"ਨਾਨਕ ਪ੍ਰਿਉ ਪ੍ਰਿਉ ਕਰਿ ਪੁਕਾਰੇ ਰਸਨ ਰਸਿ ਮਨੁ **ਭੀਜਏ**।" (ਭਿਜ ਜਾਂਦਾ ਹੈ)
— ਆਸਾ **੧**, ਛੰਤ ੧, ੨ : ੬ (436)

ਭੀਜਾ — 1. ਭਿਜਦਾ ਭਾਵ ਪ੍ਰਸੰਨ ਹੁੰਦਾ ਹੈ, ਰੀਝਦਾ ਹੈ
"ਆਪੇ ਖੇਲ ਖਿਲਾਵੈ ਦਿਨੁ ਰਾਤੀ ਆਪੇ ਸੁਣਿ ਸੁਣਿ **ਭੀਜਾ** ਹੇ।"— ਮਾਰੂ **੫**, ਸੋਲ ੩, ੩ : ੩ (1073)
2. ਭਿਜਾ ਭਾਵ ਰਸ ਵਾਲਾ ਹੋਇਆ
"ਹਰਿ ਰਸੁ ਚਾਖਿਆ ਤਉ ਮਨੁ **ਭੀਜਾ** ਪ੍ਰਣਵਤਿ ਨਾਨਕੁ ਅਵਰੁ ਨ ਦੂਜਾ।"
— ਪ੍ਰਭਾ **੧**, ਅਸ ੫, ੮ : ੩ (1345)

ਭੀਜੈ — 1. ਭਿਜਣਾ ਭਾਵ ਦ੍ਰਵਤ ਹੋਣਾ, ਪਸੀ ਜਣਾ
"ਸਬਦਿ ਨ **ਭੀਜੈ** ਸਾਕਤਾ ਦੁਰਮਤਿ ਆਵਨੁ ਜਾਨੁ।"
— ਸਿਰੀ **੧**, ੧੯, ੧ : ੨ (21)
2. ਭਿਜਨਾ ਭਾਵ ਤ੍ਰਿਪਤ ਹੋ ਜਾਣਾ, ਰਜ ਜਾਣਾ, ਰਸਿਕ ਹੋ ਜਾਣਾ
"ਮੇਰੀ ਸਰਧਾ ਪੂਰਿ ਜਗ ਜੀਵਨ ਦਾਤੇ ਮਿਲਿ ਹਰਿ ਦਰਸਨਿ ਮਨੁ **ਭੀਜੈ** ਜੀਉ।"
— ਮਾਝ **੪**, ੪, ੧ : ੩ (95)
3. ਪ੍ਰਸੰਨ ਹੋਣਾ, ਹੀਝਣਾ
"ਕਵਨ ਸੁ ਜੁਗਤਿ ਜਿਤੁ ਕਰਿ **ਭੀਜੈ**।"
— ਗਉ **੫**, ੮੫, ੨ : ੨ (181)
4. ਭਿਜਣਾ ਭਾਵ ਰੰਗਿਆ ਜਾਣਾ
"ਗੁਰ ਪ੍ਰਸਾਦਿ ਮੇਰਾ ਮਨੁ **ਭੀਜੈ** ਏਹਾ ਸੇਵ ਬਨੀ ਜੀਉ।" — ਗੂਜ **੩**, ੪, ੧* : ੨ (491)
5. ਭਿਜਣਾ ਭਾਵ ਪ੍ਰਚ ਜਾਣਾ
"ਵਾਦੁ ਪੜੈ ਰਾਗੀ ਜਗੁ **ਭੀਜੈ**।" (ਰਾਗ ਦੁਆਰਾ ਮਨ ਨੂੰ ਪ੍ਰਚਾਉਂਦਾ ਹੈ)
— ਰਾਮ **੧**, ਅਸ ੫, ੨ : ੧ (905)
6. ਭਿਜੇ ਭਾਵ ਛੋਹੇ
"ਮੈਲਾ ਊਜਲੁ ਤਾ ਥੀਐ ਪਾਰਸ ਸੰਗਿ **ਭੀਜੈ**।"
— ਮਾਰੂ **੧**, ਅਸ ੬, ੭ : ੨ (1012)

ਭੀਤ — 1. ਡਰਿਆ ਹੋਇਆ
"ਸਗਲ ਅਸਥਾਨ ਭੈ **ਭੀਤ** ਚੀਨ।"
— ਗਉ **੫**, ੧੪੪*, ੨ : ੧ (211)
2. ਦਰਵਾਜਾ, ਕਿਵਾੜ
"ਨਵੰਤ ਦੁਆਰੰ **ਭੀਤ** ਰਹਿਤੰ ਬਾਇ ਰੂਪੰ ਅਸਥੰਭਨਹ।"— ਸਸ **੫**, ੪ : ੨ (1354)

ਭੀਤਰ — ਅੰਦਰ
"ਇਹ **ਭੀਤਰ** ਤੇ ਇਨ ਕਉ ਡਾਰਹੁ ਆਪਨ ਨਿਕਟਿ ਬੁਲਾਵਹੁ।" — ਸੋਰ **੫**, ੩੧, ੧ : ੨ (617)

ਹੋਰ ਰੂਪ — ਭੀਤਰਿ —
"ਮਾਇਆ ਜਾਲੁ ਪਸਾਰਿਆ **ਭੀਤਰਿ** ਚੋਗ ਬਣਾਇ।" — ਸਿਰੀ **੫**, ੯੧, ੩ : ੧ (50)

ਭੀਤਰਿ — 1. ਅੰਦਰ, ਵੇਖੋ 'ਭੀਤਰ'
"ਏਕ ਕੀ ਕਰਿ ਆਸ **ਭੀਤਰਿ**।" (ਅੰਦਰ ਭਾਵ ਦਿਲ ਵਿਚ) — ਰਾਮ **੫**, ੪੦, ੨ : ੧ (895)
2. ਵਿਖੇ, ਵਿਚ
"ਨਾ ਮਰ ਜਾਦੂ ਆਇਆ ਕਲਿ **ਭੀਤਰਿ** ਬਾਹੁੜਿ ਜਾਸੀ ਨਾਗਾ।"
— ਸਿਰੀ **੧**, ਪਹ ੧, ੧ : ੪ (74)
"ਕਵਨ ਕਾਜ ਸਿਰਜੇ ਜਗ **ਭੀਤਰਿ** ਜਨਮਿ ਕਵਨ ਫਲੁ ਪਾਇਆ।"
— ਰਾਮ **ਕਬ**, ੮, ੧ : ੧ (970)
3. ਵਿਚਕਾਰ, ਵਿਚ
"ਮਾਤ ਪਿਤਾ ਭਾਈ ਸੁਤ ਬਨਿਤਾ ਤਿਨ **ਭੀਤਰਿ** ਪ੍ਰਭੂ ਸੰਜੋਇਆ।"

— ਸਿਰੀ **੫**, ਪਹ ੪, ੧ : ੪ (77)

ਭੀਤਰੇ — ਅੰਦਰੇ ਹੀ
"ਸਹਜਿ ਸਮਾਨਾ **ਭੀਤਰੇ** ਛੋਡਿਆ ਨਹ ਜਾਇ।"
— ਬਿਲਾ **੫**, ੩੩, ੧* : ੨ (808)

ਭੀਤਾ — ਦੀਵਾਰ, ਕੰਧ
"ਗੁਰ ਮਿਲਿ ਜੀਤਾ ਹਰਿ ਹਰਿ ਕੀਤਾ ਤੂਟੀ **ਭੀਤਾ** ਭਰਮ ਗੜਾ।"
— ਆਸਾ **੫**, ਛੰਤ ੧, ੪ : ੩ (453)

ਹੋਰ ਰੂਪ — ਭੀਤਿ —
"ਬਿਨੁ ਨਾਵੈ ਦੁਖੁ ਦੇਹੁਰੀ ਜਿਉ ਕਲਰ ਕੀ **ਭੀਤਿ**।" (ਕੰਧ)
— ਸਿਰੀ **੧**, ਅਸ ੮, ੪ : ੧ (58)

ਭੀਤਿ —
"ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ **ਭੀਤਿ** ਕਰਾਰੀ।"
— ਮਲਾ **੪**, ੧, ੪ : ੧ (1263)

ਭੀਨ — ਭਿਜਦਾ, ਰੀਝਦਾ, ਪਸੀਜਦਾ
"ਬਾਹਰਿ ਭੇਖ ਨ ਕਾਹੂ **ਭੀਨ**।"
— ਗਉ **੫**, ਸੁਖ ੫, ੭ : ੪ (269)

ਹੋਰ ਰੂਪ — ਭੀਨਾ —
"ਤ੍ਰਿਖਾਵੰਤ ਜਲੁ ਪੀਵਤ ਠੰਢਾ ਤਿਉਹਰਿ ਸੰਗਿ ਇਹੁ ਮਨੁ **ਭੀਨਾ** ਜੀਉ।" (ਭਿਜ ਗਿਆ)
— ਮਾਝ **੫**, ੨੧, ੨ : ੩ (100)
"ਸੁਣਿ ਸਬਦੁ ਤੁਮਾਰਾ ਮੇਰਾ ਮਨੁ **ਭੀਨਾ**।" (ਭਾਵ ਪ੍ਰਸੰਨ ਹੋ ਗਿਆ, ਸੰਤੁਸ਼ਟ ਹੋ ਗਿਆ)
— ਤੁਖਾ **੫**, ਛੰਤ ੧, ੧ : ੨ (1117)

ਭੀਨਾਂ —
"ਆਂਧੀ ਪਾਛੇ ਜੋ ਜਲੁ ਬਰਖੈ ਤਿਹਿ ਤੇਰਾ ਜਨੁ **ਭੀਨਾਂ**।" (ਭਿਜ ਗਿਆ, ਰਸ ਵਾਲਾ ਹੋ ਗਿਆ)
— ਗਉ **ਕਬ**, ਅਸ ੪੩, ੨ : ੧ (332)

ਭੀਨੀ —
"ਗੁਰਮੁਖਿ ਰੰਗੁ ਭਇਆ ਅਤਿ ਗੂੜਾਹਰਿ ਰੰਗਿ **ਭੀਨੀ** ਮੇਰੀ ਚੋਲੀ।"
— ਗਉ **੪**, ੫੩, ੧ : ੨ (168)

ਭੀਨੇ —
"ਹਰਿ ਸਿਮਰਨਿ ਮੇਰਾ ਮਨੁ ਤਨੁ **ਭੀਨੇ**।" (ਭਿਜ ਗਿਆ, ਰਜ ਗਿਆ)
— ਆਸਾ **ਕਬ**, ੩, ੨ : ੪ (476)

ਭੀਨੈ —
"ਹਉਮੈ ਗਰਬੁ ਜਾਇ ਮਨ **ਭੀਨੈ**।" (ਭਿਜਿਆਂ)
— ਰਾਮ **੧**, ਅਸ ੬, ੮ : ੧ (906)

ਭੀਰ — 1. ਮੁਸ਼ਕਲ
"ਕਹਤ ਕਬੀਰ **ਭੀਰ** ਜਨ ਰਾਖਹੁ ਹਰਿ ਸੇਵਾ ਕਰਉ ਤੁਮ੍ਾਰੀ।" — ਰਾਮ **ਕਬ**, ੮, ੫ : ੨ (971)
2. ਇਕੱਠ
"ਸਾਧ ਸੰਗਤਿ ਕੀ **ਭੀਰ** ਜਉ ਪਾਈ ਤਉ ਨਾਨਕ ਹਰਿ ਸੰਗਿ ਮਿਰੀਆ।"
— ਸਾਰ **੫**, ੨੪, ੨ : ੨ (1209)

ਹੋਰ ਰੂਪ — ਭੀਰਿ —
"ਭਗਵਤ **ਭੀਰਿ** ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ।" (ਭੀੜ ਸਾਧ ਸੰਗਤ ਦੀ)
— ਭੈਰ **ਕਬ**, ੧੨, ੬ : ੧ (1162)
3. ਭੀੜਾ, ਤੰਗ
"ਸਾਦ ਬਿਕਾਰ ਬਿਕਾਰ ਝੂਠ ਰਸ ਜਹ ਜਾਨੋ ਤਹ **ਭੀਰ** ਬਾਟੁਲੀ।"
— ਸਾਰ **੫**, ੬੧, ੨ : ੧ (1216)

ਭੀੜ — 1. ਅਪਦਾ, ਭੀੜਾ, ਮੁਸੀਬਤ, ਦੁਖ, ਔਖ
"ਪ੍ਰਭੁ ਚਿਤਿ ਆਵੈ ਤਾ ਕੈਸੀ **ਭੀੜ**।"
— ਬਿਲਾ **੫**, ੩, ੨ : ੧ (802)
2. ਇਕੱਠ, ਹਜੂਮ
"ਸਾਥ ਲਡੇ ਤਿਨ ਨਾਠੀਆ **ਭੀੜ** ਘਣੀ ਦਰੀਆਉ।"
— ਮਾਰੂ **੧**, ਅਸ ੧੦, ੩ : ੨ (1015)

ਭੀੜਹੁ — ਤੰਗੀ ਤੋਂ
"**ਭੀੜਹੁ** ਮੋਕਲਾਈ ਕੀਤੀਅਨੁ ਸਭ ਰਖੇ ਕੁਟੰਬੈ ਨਾਲਿ।"— ਰਾਮ **੫**, ਵਾਰ ੩ਸ, **੫**, ੧ : ੧ (957)

ਭੀੜੀ — ਤੰਗ
"ਆਵਣੁ ਜਾਣੁ ਨ ਸੁਝਈ **ਭੀੜੀ** ਗਲੀ ਫਹੀ।"
— ਰਾਮ **੩**, ਵਾਰ ੧੩ਸ, **੧**, ੨ : ੫ (953)

ਹੋਰ ਰੂਪ — ਭੀੜੀਆ —
"ਜਿਥੈ ਅਵਘਟ ਗਲੀਆ **ਭੀੜੀਆ** ਤਿਥੈ ਹਰਿ ਹਰਿ ਮੁਕਤਿ ਕਰਾਇ।" (ਤੰਗ)
— ਮਾਰੂ **੪**, ੩, ੧ : ੩ (996)

ਭੀੜੈ —
"ਹੁਕਮ ਕੀਏ ਮਨਿ ਭਾਵ ਦੇ ਰਾਹਿ **ਭੀੜੈ** ਅਗੈ ਜਾਵਣਾ।"— ਆਸਾ **੧**, ਵਾਰ ੧੪ : ੩ (471)

ਭੁਅੰਗ — ਸਰਪ, ਸਰਪਨੀ
"ਤੇ ਉਝੜਿ ਭਰਮਿ ਮੁਏ ਗਾਵਾਰੀ ਮਾਇਆ **ਭੁਅੰਗ** ਬਿਖੁ ਚਾਖਾ।" — ਜੈਤ **੪**, ੨, ੨ : ੨ (696)

ਭੁਅੰਗਮ — ਜੋਗੀਆਂ ਦੀ ਮਿਥੀ ਹੋਈ ਇਕ ਨਾੜੀ ਜੋ ਰੀੜ ਦੀ ਹੱਡੀ ਦੇ ਨਾਲ ਨਾਲ ਦਿਮਾਗ ਵਿਚ ਜਾਂਦੀ ਹੈ, ਕੁੰਡਲਨੀ ਨਾੜੀ।
"ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ **ਭੁਅੰਗਮ** ਸਾਧੇ।"
— ਸੋਰ **੫**, ਅਲ ੩, ੧ : ੧ (641)

ਭੁਅੰਗਾ — ਕੁੰਡਲਨੀ ਨਾੜੀ ਦੇ
"ਬੇਧੀਅਲੇ ਚਕ੍ਰ **ਭੁਅੰਗਾ**।"
— ਰਾਮ **ਕਬ**, ੧੦, ੨ : ੩ (972)

ਭੁਇ — ਧਰਤੀ, ਜ਼ਮੀਨ
"ਅਖਰ ਬਿਰਖ ਬਾਗ **ਭੁਇ** ਚੋਖੀ ਸਿੰਚਿਤ ਭਾਉ ਕਰੇਹੀ।" — ਆਸਾ **੧**, ੧੯, ੩ : ੧ (354)

ਭੁਇਅੰਗ — ਸੱਪ
"ਰਾਜ **ਭੁਇਅੰਗ** ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ।"
— ਸੋਰ **ਰਵਿ**, ੧, ੩ : ੧ (658)

ਭੁਇਅੰਗਨਿ — ਸੱਪ
"**ਭੁਇਅੰਗਨਿ** ਬਸਰੀਆ।"
— ਬਿਹਾ **੫**, ੧, ੧ : ੨ (537)

ਭੁਇਅੰਗਮ — 1. ਕੁੰਡਲਨੀ ਨਾੜੀ ਜੋ ਸੱਪ ਦੀ ਸ਼ਕਲ ਦੀ ਹੁੰਦੀ ਹੈ
"ਕਿਨਹੀ ਨਿਵਲ **ਭੁਇਅੰਗਮ** ਸਾਧੇ।"
— ਰਾਮ **੫**, ਅਸ ੧, ੧ : ੩ (912)
2. ਸੱਪ
"ਮਾਇਆ ਬਿਖੁ **ਭੁਇਅੰਗਮ** ਨਾਲੇ।"
— ਮਾਰੂ **੧**, ਸੋਲ ੯, ੧੩ : ੧ (1029)

ਭੁਇਅੰਗਮੁ — ਪੇਚੀਦਾ, ਵਲਦਾਰ
"ਮਾਇਆ **ਭੁਇਅੰਗਮੁ** ਸਰਪੁ ਹੈ ਜਗੁ ਘੇਰਿਆ ਬਿਖੁ ਮਾਇ।" — ਸਲੋ **੩**, ੨੨ : ੧ (1415)

ਭੁਇਅੰਗਾ — 1. ਸਪ
"ਜਪਿ ਜਪਿ ਨਾਮੁ ਗੁਰਮਤਿ ਸਾਲਾਹੀ ਮਾਰਿਆ ਕਾਲੁ ਜਮ ਕੰਕਰ **ਭੁਇਅੰਗਾ**।"
— ਆਸਾ **੪**, ੫੯, ੧* : ੨ (367)
2. ਸਾਗਰ ਜੋ ਬਾਹਾਂ ਦਾ ਬਲ ਨਾਲ ਨਾ ਤਰਿਆ ਜਾ ਸਕੇ
"ਚੜਿ ਲੰਘਾ ਜੀ ਬਿਖਮੁ **ਭੁਇਅੰਗਾ** ਰਾਮ।"
— ਵਡ **੪**, ਘੋੜੀ ੧, ੨ : ੨ (575)

ਭੁਸਰੀਆ — ਰੋਟ, ਮੰਨ
"ਨਾਨਕ **ਭੁਸਰੀਆ** ਪਕਾਈਆ ਪਾਈਆ ਥਾਲੈ ਮਾਹਿ।"
— ਮਾਰੂ **੫**, ਵਾਰ ੬ਸ, **੫**, ੩ : ੧ (1096)

ਭੁਸੁ — ਭੂਸਾ
"ਫਾਟੇ ਨਾ ਕਨ ਟੂਟੇ ਕਾਧਨ ਕੋਦਉ ਕੋ **ਭੁਸੁ** ਖਈ ਹੈ।" — ਗੂਜ **ਕਬ**, ੧, ੧* : ੨ (524)

ਭੁਖ — 1. ਖਾਣ ਦੀ ਇੱਛਾ
"ਭੁਖਿਆ **ਭੁਖ** ਨ ਉਤਰੀ ਜੇ ਬੰਨਾ ਪੁਰੀਆ ਭਾਰ।"
— ਜਪੁ **੧**, ੧ : ੩ (1)
2. ਇਛਾ, ਤਾਂਘ, ਤ੍ਰਿਸਨਾ
"ਅਗਿਆਨ ਮਤੀ ਅੰਧੇਰੁ ਹੈ ਬਿਨੁ ਪਿਰ ਦੇਖੇ **ਭੁਖ** ਨ ਜਾਇ।" (ਮਿਲਣਦੀ)
— ਸਿਰੀ **੩**, ੬੧, ੩ : ੨ (38)
"ਤੇਰਿਆ ਭਗਤਾ **ਭੁਖ** ਸਦ ਤੇਰੀਆ।"
— ਸਿਰੀ **੫**, ਅਸ ੨੯, ੧੫ : ੮ (74)
"ਮੇਰਾ ਹਰਿ ਪ੍ਰਭੁ ਦਸਹੁ ਮੈ **ਭੁਖ** ਲਗਾਈ।" (ਇਛਾ, ਤਾਂਘ)— ਮਾਝ **੪**, ੪, ੧ : ੨ (95)
"ਸਤਿ ਗੁਰਿ ਨਾਮੁ ਬੁਝਾਇਆ ਵਿਣੁ ਨਾਵੈ **ਭੁਖ** ਨ ਜਾਈ।" (ਤ੍ਰਿਸ਼ਨਾ)
— ਆਸਾ **੩**, ਅਸ ੨੫, ੧* : ੧ (423)

ਭੁਖਨਾ — ਭੁੱਖਾ ਹੀ
"ਮਿਰਤੁ ਮੰਜਾਰ ਪਸਾਰਿ ਮੁਖੁ ਨਿਰਖਤ ਭੁੰਚਤਿ ਭੁਗਤਿ ਭੁਖ **ਭੁਖਨਾ**।"
— ਸਮੁ **੫**, ੪* : ੫ (1388)

ਭੁਖੜੀ — ਭੁਖ, ਇਛਾ
"ਮੈ ਬਹੁੜਿ ਨ ਤ੍ਰਿਸਨਾ **ਭੁਖੜੀ** ਹਉ ਰਜਾ ਤ੍ਰਿਪਤਿ ਅਘਾਇ ਜੀਉ।"
— ਸੂਹੀ **੫**, ਕੁਚ ੩ : ੧੨ (763)

ਭੁਖਾ — 1. ਖਾਣ ਦਾ ਇਛਕ

"ਮਨ **ਭੁਖਾ ਭੁਖਾ** ਮਨ ਕਰਹਿ ਮਤ ਤੂ ਕਰਹਿ ਪੁਕਾਰ।" — ਸਿਰੀ **੩**, ੩੬, ੫ : ੧ (27)
"ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ **ਭੁਖਾ** ਤਿਹਾਇਆ।"
— ਮਾਝ **੧**, ਵਾਰ ੨ : ੩ (138)
2. ਇਛਾਵਾ
"ਸਚੁ ਗੁਰਮੁਖਿ ਜਿਨੀ ਸਲਾਹਿਆ ਤਿਨਾ **ਭੁਖਾ** ਸਭਿ ਗਵਾਈਆ।"
— ਮਾਝ **੧**, ਵਾਰ ੨੩ : ੫ (313)
3. ਭੁਖ, ਖਾਣ ਦੀ ਇਛਾ
"ਸਭੁ ਜਨਮੁ ਤਿਨਾ ਕਾ ਸਫਲੁ ਹੈ ਜਿਨ ਹਰਿ ਕੇ ਨਾਮ ਕੀ ਮਨ ਲਾਗੀ **ਭੁਖਾ**।"
— ਵਡ **੪**, ਵਾਰ ੬ : ੨ (588)
"ਘਰਿ ਹੋਦੈ ਧਨਿ ਜਗੁ **ਭੁਖਾ** ਮੁਆ ਬਿਨੁ ਸਤਿਗੁਰ ਸੋਝੀ ਨ ਹੋਇ।" (ਭੁਖ ਨਾਲ)
— ਸਾਰ **੪**, ਵਾਰ ੩੨ਸ, **੩**, ੧ : ੨ (1249)

ਭੁਖਾਨਿ — ਭੁਖ
"ਲਾਥੀ ਤਿਸ **ਭੁਖਾਨਿ** ਹਾਂ।"
— ਆਸਾ **੫**, ੧੫੮, ੨ : ੫ (409)
ਹੋਰ ਰੂਪ — ਭੁਖਾਨੀ —
"ਹਰਿ ਹਰਿ ਅੰਮ੍ਰਿਤੁ ਪੀ ਤ੍ਰਿਪਤਾਸੇ ਸਭ ਲਾਥੀ ਭੁਖ **ਭੁਖਾਨੀ**।"— ਧਨਾ **੪**, ੩, ੩ : ੨ (667)

ਭੁਖਾਨੇ — ਭੁਖੇ
"ਸਾਕਤ ਨਰ ਸਭਿ ਭੂਖ **ਭੁਖਾਨੇ** ਦਰਿ ਠਾਢੇ ਜਮ ਜੰਦਾਰੇ।" — ਨਟ **੪**, ਅਸ ੨, ੬ : ੨ (981)

ਭੁਖਿਆ — 1. ਤ੍ਰਿਸ਼ਨਾ ਦੇ ਅਧੀਨ ਰਹਿਣ ਨਾਲ, ਭੁਖਿਆਂ ਰਹਿਣ ਨਾਲ
"**ਭੁਖਿਆ** ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ।"
— ਜਪੁ **੧**, ੧ : ੩ (1)
2. ਖਾਣ ਦੇ ਇੱਛਕ
"**ਭੁਖਿਆ** ਗੰਢ ਪਵੈ ਜਾ ਖਾਇ।"
— ਮਾਝ **੧**, ਵਾਰ ੧੨ਸ, **੧**, ੨ : ੬ (143)
3. ਭੁਖ ਨਾ, ਭੁਖ ਸਦਕਾ
"ਅੰਤਰਿ ਤ੍ਰਿਸਨਾ ਭੁਖ ਹੈ ਮੂਰਖ **ਭੁਖਿਆ** ਮੁਇ ਗਵਾਰ।"
— ਸੋਰ **੪**, ਵਾਰ ੧੩ਸ, **੩**, ੧ : ੪ (647)

ਭੁਖੀ — ਭੁਖ
"ਚਾਰਿ ਪਦਾਰਥ ਨਵ ਨਿਧਿ ਪਾਵਹਿ ਬਹੁਰਿ ਨ ਤ੍ਰਿਸਨਾ **ਭੁਖੀ**।"— ਸੋਰ **੫**, ੩੦, ੧ : ੨ (617)

ਭੁਖੇ — ਖਾਣ ਦੇ ਇਛਕ
"ਸੈ ਨੰਗੇ ਨਹ ਨੰਗ **ਭੁਖੇ** ਲਖ ਨ ਭੁਖਿਆ।"
— ਮਾਰੂ **੫**, ਵਾਰ ੧੯ਸ, **੫**, ੧ : ੧ (1100)
ਹੋਰ ਰੂਪ — ਭੁਖੈ —
"ਰੂਪੈ ਕਾਮੈ ਦੋਸਤੀ **ਭੁਖੈ** ਸਾਦੈ ਗੰਢੁ।"
— ਮਲਾ **੧**, ਵਾਰ ੨੩ਸ, **੧**, ੧ : ੧ (1288)

ਭੁਗਤਾ — 1. ਖਾਣ ਵਾਲਾ, ਭੋਗਨ ਵਾਲਾ, ਸੇਵਨ ਵਾਲਾ
"ਤੂੰ ਆਪੇ ਦਾਤਾ ਆਪੇ **ਭੁਗਤਾ** ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ।"
— ਆਸਾ **੪**, ਸੋਪੁ ੧, ੨ : ੩ (11)
"ਆਪੇ ਕਰਤਾ ਆਪੇ **ਭੁਗਤਾ**।"
— ਮਾਝ **੩**, ਅਸ ੨੨, ੪ : ੧ (125)
2. ਭੋਜਨ, ਖਾਣਾ
"ਸਹਜ ਸੂਖ ਸੋ ਕੀਨੀ **ਭੁਗਤਾ** ਜੋ ਠਾਕੁਰਿ ਮਸਤਕਿ ਲੇਖਿਆ।"
— ਗਉ **੫**, ੧੩੨*, ੩ : ੨ (208)
ਹੋਰ ਰੂਪ — ਭੁਗਤਿ —
"**ਭੁਗਤਿ** ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ।" (ਭੋਜਨ)
— ਜਪੁ **੧**, ੨੯ : ੧ (16)
"ਮੁਗਤਿ **ਭੁਗਤਿ** ਜੁਗਤਿ ਹਰਿ ਨਾਉ।" (ਅਨੰਦ ਮਾਨਣਾ, ਭੋਗਣਾ)
— ਗਉ **੫**, ੧੬੯, ੪ : ੧ (200)

ਭੁਗਵੈ — ਭੋਗਦਾ ਹੈ
"ਕੋਟਿ ਅਨੰਦ ਰਾਜ ਸੁਖੁ **ਭੁਗਵੈ** ਹਰਿ ਸਿਮਰਤ ਬਿਨ ਸੈ ਸਭ ਦੁਖੁ।"
— ਟੋਡੀ **੫**, ੨੯, ੧* : ੨ (717)
ਹੋਰ ਰੂਪ — ਭੋੁਗਵੈ —
"ਸਰਬੇ ਏਕੁ ਅਨੇਕੈ ਸੁਆਮੀ ਸਭ ਘਟ **ਭੋੁਗਵੈ** ਸੋਈ।" (ਭੋਗੇ)
— ਸੋਰ **ਰਵਿ**, ੧, ੪ : ੧ (658)

ਭੁੰਚਹ — ਖਾਵੋ
"ਆਵਹੁ ਮੀਤ ਇਕਤ੍ਰ ਹੋਇ ਰਸ ਕਸ ਸਭਿ **ਭੁੰਚਹ**।" (ਭੋਗਦੇ ਹਾਂ)

— ਆਸਾ **੫**, ੧੧੪, ੧ : ੧ (399)

ਹੋਰ ਰੂਪ — ਭੁੰਚਹਿ —

"ਭਗਤ ਰਤੇ ਤੇਰੇ ਨਾਮ ਸਿਉ ਸੁਖੁ **ਭੁੰਚਹਿ** ਸਭ ਠਾਇ।"— ਆਸਾ **੫**, ਅਸ ੨, ੩ : ੨ (431)

ਭੁੰਚਹੁ —

"ਤੁਸੀ ਭੋਗਿਹੁ **ਭੁੰਚਹੁ** ਭਾਈ ਹੋ।" (ਖਾਵੋ)

— ਸਿਰੀ **੫**, ਅਰ ੨੯, ੪ : ੧ (73)

"ਸੁਖੁ **ਭੁੰਚਹੁ** ਮੇਰੇ ਭਾਈ।" (ਮਾਣੋ, ਭੋਗੋ)

— ਸੋਰ **੫**, ੯੨, ੨ : ੪ (631)

ਭੁੰਚਣ — ਮਾਣਨ, ਭੋਗਣ, ਆਨੰਦ ਲੈਣ

"ਸਿਖ ਸੇਵਕ ਸਭਿ **ਭੁੰਚਣ** ਲਗੇ ਹੰਉ ਸਤਿਗੁਰ ਕੈ ਕੁਰਬਾਨਾ।"— ਵਡ **੫**, ਛੰਤ ੧, ੩ : ੪ (577)

ਭੁੰਚਤ — ਭੋਗਦਿਆਂ, ਮਾਣਦਿਆ

"ਖਾਨ ਪਾਨ ਸੋਧੇ ਸੁਖ **ਭੁੰਚਤ** ਸੰਕਟ ਕਾਟਿ ਬਿਪਤਿ ਹਰੀ।" — ਸਮੁ **੫**, ੩* : ੨ (1387)

ਹੋਰ ਰੂਪ — ਭੁੰਚੰਤੇ —

"ਦਾਨੰ ਪਰਾ ਪੂਰਬੇਣ **ਭੁੰਚੰਤੇ** ਮਹੀਪਤੇ।" (ਭੋਗਦੇ ਹਨ) — ਸਸ **੫**, ੨੪ : ੧ (1356)

ਭੁੰਚਨਾ — ਭੋਗਣਾ, ਮਾਨਣਾ

"ਨਰਕੁ ਸੁਰਗੁ ਦੁਇ **ਭੁੰਚਨਾ** ਹੋਇ ਬਹੁਰਿ ਬਹੁਰਿ ਅਵਤਾਰ।" — ਗਉ **੫**, ੧੫੮*, ੨ : ੨ (214)

ਭੁੰਚਾ — 1. ਖਾਧਾ, ਛਕਿਆ

"ਜਿਸਹਿ ਪਰਾਪਤਿ ਤਿਸੁ ਲੈ **ਭੁੰਚਾ**।"

— ਗਉ **੫**, ੧੦੪, ੧* : ੨ (186)

2. ਭੋਗਦਾ, ਮਾਣਦਾ

"ਸਾਧਸੰਗਿ ਅੰਮ੍ਰਿਤ ਰਸੁ **ਭੁੰਚਾ**।"

— ਗਉ **੫**, ਸੁਖ ੭, ੨ : ੪ (271)

ਭੁੰਚਾਇ — ਖੁਆ ਕੇ, ਛਕਾ ਕੇ

"ਭੋਗ **ਭੁੰਚਾਇ** ਭੁਲਾਇਅਨੁ ਪਿਆਰੇ ਉਤਰੈ ਨਹੀ ਵਿਜੋਗੁ।" — ਸੋਰ **੫**, ਅਸ ੨, ੩ : ੩ (641)

ਹੋਰ ਰੂਪ — ਭੁੰਚਾਏ —

"ਕਾਪੜ ਭੋਗ ਰਸ ਅਨਿਕ **ਭੁੰਚਾਏ**।" (ਖੁਆਂਦਾ ਹੈ) — ਪ੍ਰਭਾ **੫**, ੧, ੨ : ੧ (1337)

ਭੁੰਚਾਵਉ — ਖੁਆਵਾਂ

"ਹਰਿ ਅਨਿਕ ਬਿੰਜਨ ਤੁਝੁ ਭੋਗ **ਭੁੰਚਾਵਉ**।"

— ਸੂਹੀ **੫**, ੨੭, ੧* : ੨ (742)

ਹੋਰ ਰੂਪ — ਭੁੰਚਾਵੈ —

"ਭਗਤ ਕੀ ਨਿੰਦਾ ਨਰਕੁ **ਭੁੰਚਾਵੈ**।" (ਭੁਗਾਉਂਦੀ ਹੈ)

— ਭੈਰ **੫**, ੩੪, ੨ : ੨ (1145)

ਭੁੰਚਿ — ਖਾ, ਸੇਵਨ ਕਰ, ਭੋਗ

"ਮਨ ਇਛੇ ਫਲ **ਭੁੰਚਿ** ਤੂ ਸਭੁ ਚੂਕੈ ਸੋਗੁ ਸੰਤਾਪੁ।"

— ਸਿਰੀ **੫**, ੮੭, ੧* : ੨ (48)

"ਨਿਹ ਕੰਟਕ ਰਾਜੁ **ਭੁੰਚਿ** ਤੂ ਗੁਰ ਮੁਖਿ ਸਚੁ ਕਮਾਈ।" (ਭੋਗ)

— ਮਾਰੂ **੩**, ਵਾਰ ੨ : ੧ (1087)

ਹੋਰ ਰੂਪ — ਭੁੰਚੀਐ —

"ਅੰਮ੍ਰਿਤ ਨਾਮੁ ਸਦ **ਭੁੰਚੀਐ** ਗੁਰਮੁਖਿ ਕਾਰ ਕਮਾਇ।"

— ਸਿਰੀ **੪**, ਵਾਰ ੧੨ਸ, **੩**, ੨ : ੨ (87)

ਭੁੰਚੁ —

"ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖੁ **ਭੁੰਚੁ**।" (ਮਾਨ, ਭੋਗ)

— ਗੂਜ **੫**, ਵਾਰ ੧੭ਸ, **੫**, ੧ : ੧ (522)

"ਅੰਮ੍ਰਿਤ ਨਾਮੁ **ਭੁੰਚੁ** ਮਨ ਮਾਹੀ।" (ਖਾ)

— ਸੂਹੀ **੫**, ੨੭, ੨ : ੧ (742)

ਭੁੰਚੈ —

"ਆਗਿਆਕਾਰੀ ਸਦਾ ਸੁਖੁ **ਭੁੰਚੈ** ਜਤ ਕਤ ਪੇਖਉ ਹਰਿ ਗੁਨੀ।" (ਭੋਗਦਾ ਮਾਨਦਾ ਹੈ)

— ਰਾਮ **੫**, ੩, ੨ : ੨ (833)

ਭੁਜ — ਬਾਂਹ, ਭੁਜਾ

"ਤੂ ਜੁ ਦਇਆਲੁ ਕ੍ਰਿਪਾਲੁ ਕਹੀਅਤੁ ਹੈਂ ਅਤਿ **ਭੁਜ** ਭਇਓ ਅਪਾਰਲਾ।" (ਲੰਮੀਆਂ ਬਾਹਾ ਵਾਲਾ) — ਮਲਾ **ਨਾਮ**, ੨, ੩ : ੧ (1292)

ਹੋਰ ਰੂਪ — ਭੁਜੰ —

"ਸਾਇਰੁ ਸੋਖਿ **ਭੁਜੰ** ਬਲਇਓ।" (ਬਾਹਾਂ)

— ਆਸਾ **ਕਬ**, ੧੫, ੧* : ੨ (479)

ਭੁਜਬਲ — ਜਿਸ ਦੀਆਂ ਬਾਹਾਂ ਵਿਚ ਬਲ ਹੈ

"**ਭੁਜਬਲ** ਬੀਰ ਬ੍ਰਹਮ ਸੁਖਸਾਗਰ ਗਰਤ ਪਰਤ ਗਹਿ ਲੇਹੁ ਅੰਗੁਰੀਆ।"

— ਗਉ **੫**, ੧੧੫, ੧* : ੧ (203)

ਭੁਜਾ — ਬਾਹਾਂ

"ਗੁਰਿ ਕਾਢਿਓ **ਭੁਜਾ** ਪਸਾਰਿ ਮੋਹ ਕੂਪਾਰੀਆ।"

— ਗਉ **੫**, ਅਸ ੧੨, ੬ : ੧ (241)

ਭੁੰਞੁ — ਭੁੰਚ, ਛਕ, ਖਾ
"ਸਤ ਸੰਗਤਿ ਗੁਰ ਕੀ ਹਰਿ ਪਿਆਰੀ ਮਿਲਿ ਸੰਗਤਿ ਹਰਿ ਰਸੁ **ਭੁੰਞੁ**।"
— ਬਸੰ **੪**, ੭, ੧* : ੨ (1179)

ਭੁਯੰਗ — ਸੱਪ
"ਆਜੁ ਕਾਲ੍ਹਿ ਤਜਿ ਜਾਹੁਗੇ ਜਿਉ ਕਾਂਚੁਰੀ **ਭੁਯੰਗ**।"
— ਸਲੋ **ਕਬ**, ੪੦ : ੨ (1366)

ਹੋਰ ਰੂਪ — ਭਯੰਗੰ —
"ਦਸਨ ਬਿਹੂਨ **ਭਯੰਗੰ** ਮੰਤ੍ਰੰ ਗਾਰੁੜੀ ਨਿਵਾਰੰ।" (ਸਪ)
— ਗਾਥਾ **੫**, ੧੬ : ੧ (1361)

ਭੁਯੰਗਮ — ਸੱਪ
"ਮਲਿ ਆਗਰੁ **ਭੁਯੰਗਮ** ਬੇਢਿਓ ਤ ਸੀਤਲਤਾ ਨ ਤਜੰਤ।"
— ਸਲੋ **ਕਬ**, ੧੭੪ : ੨ (1373)

ਹੋਰ ਰੂਪ — ਭੁਯੰਗਮੁ —
"ਕਬੀਰ ਬਿਰਹੁ **ਭੁਯੰਗਮੁ** ਮਨਿ ਬਸੈ ਮੰਤੁ ਨ ਮਾਨੈ ਕੋਇ।"— ਸਲੋ **ਕਬ**, ੭੬ : ੧ (1368)

ਭੁਰਿ — ਭਰਕੇ
"ਪਤ੍ਰ **ਭੁਰਿ** ਜੇਣ ਝੜੀਯੰ ਨਹ ਜੜੀਅੰ ਪੇਡ ਸੰਪਤਾ।"
— ਗਾਥਾ **੫**, ੮ : ੧ (1360)

ਭੁਲਉ — ਭੁਲਦਾ
"ਸਚਿ ਸਿਰਜਿੑਉ ਸੰਸਾਰੁ ਆਪਿ ਆਭੁਲੁ ਨ **ਭੁਲਉ**।"
— ਸਮੁ **੫**, ੭ : ੩ (1386)

ਭੁਲਈ — ਭੁਲਦਾ
"ਆਪਿ ਸੁਜਾਣੁ ਨ **ਭੁਲਈ** ਸਚਾ ਵਡ ਕਿਰਸਾਣੁ।"
— ਸਿਰੀ **੧**, ੧੩, ੨ : ੧ (19)

ਹੋਰ ਰੂਪ — ਭੁਲਏ —
"ਕੀਮਤਿ ਸੋ ਪਾਵੈ ਆਪਿ ਜਾਣਾਵੈ ਆਪਿ ਅਭੁਲੁ ਨ **ਭੁਲਏ**।" (ਭੁਲਦਾ)
— ਸੂਹੀ **੧**, ਛੰਤ ੫, ੯ : ੩ (767)

ਭੁਲਣ — ਵਿਸਰਨ ਯਾਦੋਂ ਉੱਤਰ ਜਾਣ
"**ਭੁਲਣ** ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ।"
— ਸਿਰੀ **੧**, ਅਸ ੧੨, ੮ : ੧ (61)

ਹੋਰ ਰੂਪ — ਭੁਲਣੇ —
"ਮ੍ਰਿਗ ਤਿਸਨਾ ਪੇਖਿ **ਭੁਲਣੇ** ਵੁਠੇ ਨਗਰ ਗੰਧ੍ਰਬ।" (ਭੁਲਦੇ)
— ਸਲੋ **੫**, ੧੪ : ੧ (1425)

ਭੁਲਦਾ — ਭਾਵ ਭੁਲੇਖਾ ਖਾਂਦਾ
"ਬਿਨੁ ਸਬਦੈ ਜਗੁ **ਭੁਲਦਾ** ਫਿਰਦਾ ਦਰਗਹ ਮਿਲੈ ਸਜਾਇ।"
— ਸੋਰ **੩**, ੭, ੧* : ੨ (600)

ਭੁਲੰਨਿੑ — ਭੁਲਦੇ ਹਨ, ਭੁਲੇਖਾ ਖਾ ਜਾਂਦੇ ਹਨ
"ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ **ਭੁਲੰਨਿੑ**।"
— ਸੂਹੀ **੧**, ੩, ੪ : ੧ (729)

ਹੋਰ ਰੂਪ — ਭੁਲਨੑੀ —
"ਓਇ ਭੁਲਾਏ ਕਿਸੈ ਦੇ ਨ **ਭੁਲਨੑੀ** ਸਚੁ ਜਾਣਨਿ ਸੋਈ।" (ਭੁਲਦੇ)
— ਆਸਾ **੩**, ਅਸ ੨੨, ੭ : ੨ (425)

ਭੁਲਾ — ਭੁਲਿਆ ਹੋਇਆ
"ਜਿਨਿ ਭ੍ਰਮਿ **ਭੁਲਾ** ਮਾਰਗਿ ਪਾਇਆ।"
— ਸਿਰੀ **੧**, ਅਸ ੨੮, ੧੪ : ੨ (72)

ਭੁਲਾਇ — 1. ਭੁਲ ਗਏ, ਭੁਲੇਖੇ ਵਿਚ ਪੈ ਗਏ
"ਜਿਨੀ ਚਾਖਿਆ ਤਿਨੀ ਸਾਦੁ ਪਾਇਆ ਬਿਨੁ ਚਾਖੇ ਭਰਮਿ **ਭੁਲਾਇ**।"
— ਸਿਰੀ **੩**, ੫੦, ੨ : ੧ (33)

ਹੋਰ ਰੂਪ — ਭੁਲਾਇਓਨੁ —
"ਮਾਇਆ ਮਗਨ ਸੁਆਦਿ ਲੋਭਿ ਮੋਹਿਓ ਤਿਨਿ ਪ੍ਰਭਿ ਆਪਿ **ਭੁਲਾਇਓ**।" (ਭੁਲਾਇਆ, ਭੁਲੇਖੇ ਵਿਚ ਪਾਇਆ)
— ਟੋਡੀ **੫**, ੩, ੧* : ੨ (712)

ਭੁਲਾਇਅਨੁ —
"ਇਕਿ ਆਪੇ ਭਰਮਿ **ਭੁਲਾਇਅਨੁ** ਤਿਨ ਨਿਹਫਲ ਕਾਮੁ।"— ਮਾਰੂ **੩**, ਵਾਰ ੧੩ : ੨ (1090)

ਭੁਲਾਇਆ —
"ਇਹ ਜਗਤੁ ਭਰਮਿ **ਭੁਲਾਇਆ**।" (ਭੁਲੇਖੇ ਵਿਚ ਪਾਇਆ)
— ਸਿਰੀ **੧**, ਅਸ ੨੮, ੬ : ੧ (72)

ਭੁੋਲਾਇਆ —
"ਮਮਤਾ ਲਾਇ ਭਰਮਿ **ਭੁੋਲਾਇਆ**।" (ਭੁਲੇਖੇ ਵਿਚ ਪਾਇਆ)
— ਭੈਰ **੩**, ੫, ੨ : ੨ (1129)

2. ਭੁਲਾਉਂਦੀ ਹੈ
"ਬਾਬਾ ਮਾਇਆ ਭਰਮਿ **ਭੁਲਾਇ**।"
— ਸਿਰੀ **੧**, ਅਸ ੧੨, ੧* : ੧ (60)
"ਆਪਿ **ਭੁਲਾਇ** ਆਪੇ ਮਤਿ ਦੇਵੈ।" (ਭੁਲਾਉਂਦਾ ਹੈ)
— ਗਉ **੧**, ਅਸ ੯, ੩ : ੩ (224)

ਹੋਰ ਰੂਪ — ਭੁਲਾਇਅਨੁ —
"ਮਨਮੁਖ ਮੂਲਹੁ **ਭੁਲਾਇਅਨੁ** ਵਿਚਿ ਲਬੁ ਲੋਭੁ ਅਹੰਕਾਰ।" (ਭੁਲਾ/ਵਿਸਾਰ ਦੇਣਾ)
— ਬਿਹਾ **੪**, ਵਾਰ ੨ਸ, **੩**, ੧ : ੫ (549)

ਭੁਲਾਇਆ —
"ਸਿਰਜਣ ਹਾਰਿ **ਭੁਲਾਇਆ** ਵਿਣੁ ਨਾਵੈ ਨਾਪਾਕ।" (ਵਿਸਾਰਿਆ, ਭੁਲਾ ਦਿਤਾ)
— ਸਿਰੀ **੫**, ੭੧, ੨ : ੪ (42)

ਭੁਲਾਇਦਾ — ਭੁਲੇਖੇ ਵਿਚ ਪਾਉਂਦਾ
"ਹਰਿ ਆਪੇ ਭਰਮਿ **ਭੁਲਾਇਦਾ** ਹਰਿ ਆਪੇ ਹੀ ਮਤਿ ਦੇਇ।"— ਸਿਰੀ **੪**, ਵਣ ੧, ੪ : ੨ (82)

ਭੁਲਾਈ — ਭੁਲੇਖੇ ਵਿਚ ਪੈਣਾ
"ਬਾਝੁ ਗੁਰੂ ਸਭ ਭਰਮਿ **ਭੁਲਾਈ** ਬਿਨੁ ਨਾਵੈ ਬਹੁਤਾ ਦੁਖੁ ਪਾਈ।" — ਗਉ **੩**, ੨੨, ੩ : ੧ (158)

ਹੋਰ ਰੂਪ — ਭੁਲਾਈਅਨੁ —
"ਭਰਮੁ ਉਪਾਇ **ਭੁਲਾਈਅਨੁ** ਆਪੇ ਤੇਰਾ ਕਰਮੁ ਹੋਆ ਤਿਨ੍ ਗੁਰੂ ਮਿਲਿਆ।" (ਭੁਲਾਈ ਹੈ ਭਰਮ ਵਿਚ ਪਾਈ ਹੈ)
— ਆਸਾ **੧**, ਪਟੀ ੧੦ : ੨ (433)

ਭੁਲਾਈਆ —
"ਦੋਹਾਗਣੀ ਭਰਮਿ **ਭੁਲਾਈਆ** ਕੂੜੁ ਬੋਲਿ ਬਿਖੁ ਖਾਹਿ।" (ਭੁਲੇਖੇ ਵਿਚ ਪਾਏ ਜਾਂਦੇ ਕੁਰਾਹੇ ਪਾਏ ਜਾਂਦੇ)
— ਆਸਾ **੩**, ਅਸ ੩੩, ੪ : ੧ (428)

ਭੁਲਾਈਐ —
"ਮਨਮੁਖਿ ਭੁਲੈ **ਭੁਲਾਈਐ** ਭੂਲੀ ਠਉਰ ਨ ਕਾਇ।" (ਭੁਲਾਈ ਜਾਂਦੀ ਭੁਲੇਖੇ ਵਿਚ ਪਾਈ ਜਾਂਦੀ ਹੈ)
— ਸਿਰੀ **੧**, ਅਸ ੧੨, ੧ : ੨ (60)

ਭੁਲਾਏ — 1. ਭੁਲੇਖੇ ਵਿਚ ਪਾਏ ਧੋਖੇ ਵਿਚ ਲਿਆਂਦੇ
"ਮਾਹਿਆ ਮੋਹਿ ਮੇਰੈ ਪ੍ਰਭਿ ਕੀਨਾ ਆਪੇ ਭਰਮਿ **ਭੁਲਾਏ**।"— ਸਿਰੀ **੩**, ਅਸ ੨੨, ੧ : ੧ (67)

ਹੋਰ ਰੂਪ — ਭੋੁਲਾਏ —
"ਕਿਆ ਕਰੇ ਏਹ ਬਪੁੜੀ ਜਾਂ **ਭੋੁਲਾਏ** ਸੋਇ।" (ਧੋਖੇ ਵਿਚ ਲਿਆਦੇ)
— ਰਾਮ **੩**, ਵਾਰ ੨੦ਸ, **੩**, ੨ : ੨ (956)

2. ਚੇਤੇ ਤੋਂ ਹਟਾ ਦੇਵੇ, ਭੁਲਾ ਦੇਵੇ
"ਤਿਨ ਤੂ ਵਿਸਰਹਿ ਜਿ ਤੁਧੁ ਆਪਿ **ਭੁਲਾਏ**।"
— ਗਉ **੩**, ੨੨, ੨ : ੧ (160)

ਭੁਲਾਹਿ — 1. ਭੁਲੀ, ਧੋਖੇ ਵਿਚ ਆਵੀ
"ਸਚਾ ਸਾਹਿਬੁ ਏਕੁ ਹੈ ਮਤੁ ਮਨ ਭਰਮਿ **ਭੁਲਾਹਿ**।"
— ਆਸਾ **੩**, ਅਸ ੩੩, ੫ : ੧ (428)

2. ਭੁਲੇ, ਭੁਲੇਖੇ ਵਿਚ ਪਵੇ
"ਗੁਰ ਪਰਸਾਦੀ ਹਰਿ ਪਾਈਐ ਮਤੁ ਕੋ ਭਰਮਿ **ਭੁਲਾਹਿ**।"— ਰਾਮ **੧**, ਓਅੰ ੪੨ : ੪ (936)

ਹੋਰ ਰੂਪ — ਭੁਲਾਹੀ —
"ਬਾਹਰ ਟੋਲੈ ਸੋ ਭਰਮਿ **ਭੁਲਾਹੀ**।" (ਭੁਲਦਾ ਹੈ) — ਮਾਝ **੫**, ੨੬, ੧ : ੨ (102)

ਭੁਲਾਣਾ — 1. ਭੁਲਾਇਆ ਹੋਇਆ
"ਭਰਮਿ **ਭੁਲਾਣਾ** ਅੰਧੁਲਾ ਫਿਰਿ ਫਿਰਿ ਆਵੈ ਜਾਇ।" — ਸਿਰੀ **੩**, ੫੬, ੩ : ੩ (35)

ਹੋਰ ਰੂਪ — ਭੁਲਾਣੀ —
"ਦੂਜੈ ਲਾਗੀ ਭਰਮਿ **ਭੁਲਾਣੀ**।" (ਭੁਲੀ ਹੋਈ)
— ਮਾਝ **੩**, ਅਸ ੨, ੫ : ੨ (110)

ਭੁਲਾਣੇ —
"ਭਰਮਿ **ਭੁਲਾਣੇ** ਸਿ ਮਨਮੁਖ ਕਹੀਅਹਿ ਨਾ ਉਰਵਾਰਿ ਨ ਪਾਰੇ।" (ਭੁਲਾਏ ਗਏ)
— ਬਿਲਾ **੩**, ੧, ੩ : ੩ (797)

2. ਭੁਲ ਗਿਆ, ਧੋਖੇ ਵਿਚ ਆ ਗਿਆ
"ਲੋਭੁ ਮੋਹੁ ਤੁਝੁ ਕੀਆ ਮੀਠਾ ਏਤੁ ਭਰਮਿ **ਭੁਲਾਣਾ**।"— ਵਡ **੧**, ਛੰਤ ੨, ੧ : ੫ (566)

ਹੋਰ ਰੂਪ — ਭੁਲਾਣਿਆ —
"ਮਨਮੁਖ ਸਦਾ ਕੂੜਿਆਰ ਭਰਮਿ **ਭੁਲਾਣਿਆ**।" (ਭੁਲਾਇਆ ਗਿਆ, ਭੁਲਾਇਆ ਹੋਇਆ)
— ਮਾਝ **੧**, ਵਾਰ ੧੩ : ੫ (144)

ਭੁਲਾਣੀਆ —
"ਭਾਦੁਇ ਭਰਮਿ **ਭੁਲਾਣੀਆ** ਦੂਜੈ ਲਗਾ ਹੇਤੁ।" (ਭੁਲਾਈ ਗਈ)
— ਮਾਝ **੫**, ਬਾਰਾ ੭ : ੧ (134)

ਭੁਲਾਨਥ — ਭੁਲਿਆ ਹੋਇਆ
"ਪਰਕੀ ਕਉ ਅਪਨੀ ਕਰਿ ਪਕਰੀ ਐਸੇ ਭੂਲ **ਭੁਲਾਨਥ**।" — ਮਾਰੂ **੫**, ੧੦, ੩ : ੨ (1001)

ਭੁਲਾਨਾ — 1. ਭੁਲਿਆ ਹੈ

"ਦੂਜੈ ਭਾਇ ਭਰਮਿ **ਭੁਲਾਨਾ**।"
— ਗਉ **੩**, ੨੬, ੧ : ੨ (159)

ਹੋਰ ਰੂਪ — ਭੁਲਾਨੀ —
"ਅਉਰ ਦੁਨੀ ਸਭ ਭਰਮਿ **ਭੁਲਾਨੀ** ਮਨੁ ਰਾਮ ਰਸਾ ਇਨ ਮਾਤਾ।" (ਭੁਲੀ ਹੋਈ ਹੈ)
— ਸਿਰੀ **ਕਬ**, ੩, ੪ : ੨ (92)

ਭੁਲਾਨੇ —
"ਹਰਿ ਬਿਨੁ ਭਰਮਿ **ਭੁਲਾਨੇ** ਅੰਧਾ।" (ਭੁਲਿਆ ਹੈ) — ਗਉ **ਕਬ**, ੫੧, ੧* : ੧ (334)

2. ਭੁਲਾਇਆ ਹੋਇਆ
"ਨਹ ਭੂਲੋ ਨਹ ਭਰਮਿ **ਭੁਲਾਨਾ**।"
— ਗਉ **੧**, ਅਸ ੧, ੮ : ੨ (221)

ਹੋਰ ਰੂਪ — ਭੁਲਾਨਿਆ —
"ਕਿਉ ਸੁਖੁ ਪਾਵੈ ਭਰਮਿ **ਭੁਲਾਨਿਆ**।" (ਭੁਲਾਇਆ ਹੋਇਆ)
— ਗਉ **੧**, ਅਸ, ੯, ੧੦ : ੨ (225)

ਭੁਲਾਨੇ —
"ਭਰਮਿ **ਭੁਲਾਨੇ** ਜਾਣਹਿ ਦੋਇ।" (ਭੁਲੇ ਹੋਏ, ਭੁਲਾਏ ਹੋਏ)
— ਰਾਮ **੩**, ੧, ੩ : ੨ (880)

3. ਭੁਲਿਆ ਹੈ, ਧੋਖੇ ਵਿਚ ਆਇਆ ਹੈ
"ਸੁਣਿ ਬਾਵਰੇ ਤੂ ਕਾਏ ਦੇਖਿ **ਭੁਲਾਨਾ**।"
— ਸੂਹੀ **੫**, ਛੰਤ ੧, ੧ : ੧ (777)

ਭੁਲਾਵਣਹਾਰੈ — ਭੁਲਾਣ ਵਾਲੇ ਨੇ
"ਆਪਿ ਭੁਲਾਇਆ **ਭੁਲਾਵਣਹਾਰੈ** ਰਾਚਿ ਰਹਿਆ ਬਿਰਥਾ ਬਿਉਹਾਰ।"
— ਭੈਰ **੫**, ੨੮, ੧* : ੨ (1143)

ਭੁਲਾਵਣਾ — ਭੁਲਾਣਾ, ਧੋਖੇ ਵਿਚ ਪਾਣਾ
"ਹਉਮੈ ਆਵੈ ਜਾਇ ਭਰਮਿ **ਭੁਲਾਵਣਾ**।"
— ਸੂਹੀ **੧**, ੪, ੧* : ੨ (752)

ਹੋਰ ਰੂਪ — ਭੁਲਾਵਣਿਆ —
"ਜਿਥੈ ਵਥੁ ਹੋਵੈ ਤਿਥਹੁ ਕੋਇ ਨ ਪਾਵੈ ਮਨਮੁਖ ਭਰਮਿ **ਭੁਲਾਵਣਿਆ**।" (ਧੋਖੇ ਵਿਚ ਪਾਉਣਾ)
— ਮਾਝ **੩**, ਅਸ ੧੪, ੭ : ੩ (117)

ਭੁਲਾਵਾ — ਭੁਲੇਖਾ, ਧੋਖਾ
"ਭਰਮੁ **ਭੁਲਾਵਾ** ਵਿਚਹੁ ਜਾਇ।"
— ਸਿਰੀ **ਕਬ**, ੧, ੩ : ੨ (92)

"ਆਪਣਿਆ ਸੰਤਾ ਨੋ ਆਪਿ ਸਹਾਈ ਪ੍ਰਭਿ ਭਰਮ **ਭੁਲਾਵਾ** ਲਾਹਿਆ ਜੀਉ।"
— ਮਾਝ **੫**, ੪੩, ੩ : ੩ (107)

ਭੁਲਾਵੈ — 1. ਧੋਖੇ, ਭੁਲੇਖੇ
"ਦੂਜੈ ਲਗੀ ਭਰਮਿ **ਭੁਲਾਵੈ**।"
— ਆਸਾ **੩**, ੪੭, ੧ : ੩ (363)

2. ਭੁਲਾਉਂਦਾ, ਚੁਕਾਉਂਦਾ, ਗਲਤੀ ਵਿਚ ਲਿਆਉਂਦਾ
"ਆਪਿ **ਭੁਲਾਵੈ** ਆਪਿ ਮਾਰਗਿ ਪਾਏ।"
— ਆਸਾ **੩**, ਅਸ ੨੫, ੪ : ੩ (424)

ਭੁਲਿ — 1. ਭੁਲ ਕੇ, ਗਲਤੀ ਕਰਕੇ, ਉਕ ਕੇ
"ਜੇ ਬਾਹਰਹੁ **ਭੁਲਿ** ਚੁਕਿ ਬੋਲਦੇ ਭੀ ਖਰੇ ਹਰਿ ਭਾਣੇ।" — ਆਸਾ **੪**, ਛੰਤ ੧੯, ੧ : ੨ (450)
"ਬਹੁ ਰੰਗ ਦੇਖਿ ਭੁਲਾਇਆ **ਭੁਲਿ ਭੁਲਿ** ਆਵੈ ਜਾਇ ਜੀਉ।"
— ਸੂਹੀ **੧**, ਅਸ ੨, ੬ : ੨ (751)

2. ਵਿਸਰਨਾ
"ਮਤੁ ਸਚਾ ਅਖਰੁ **ਭੁਲਿ** ਜਾਇ ਚਉਕੈ ਭਿਟੈ ਨ ਕੋਇ।"
— ਮਾਰੂ **੩**, ਵਾਰ ੧੧ਸ, **੩**, ੧ : ੩ (1090)

ਭੁਲਿਆ — 1. ਭੁਲਨ ਤੇ, ਉਕਨ ਤੇ, ਗਲਤੀ ਕਰਨੇ ਤੇ ਖੁੰਝਣ ਤੇ
"ਸਭਨਾ ਕਾ ਦਾਤਾ ਏਕੁ ਹੈ **ਭੁਲਿਆ** ਲਏ ਸਮਝਾਇ।" — ਸਿਰੀ **੩**, ੫੮, ੪ : ੧ (36)
"ਏ ਮਨ ਮੂਲਹੁ **ਭੁਲਿਆ** ਜਾਸਹਿ ਪਤਿ ਗਵਾਇ।" (ਭੁਲਣ ਤੇ)— ਸੂਹੀ **੩**, ਅਸ ੩, ੨੯ : ੧ (756)

2. ਭੁਲੇ ਹੋਇਆ, ਉਕੇ ਹੋਇਆ ਨੂੰ
"**ਭੁਲਿਆ** ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ।"— ਸਿਰੀ **੩**, ਅਸ ੨੩, ੭ : ੩ (68)

ਹੋਰ ਰੂਪ — ਭੁਲਿਆਂ —
"**ਭੁਲਿਆਂ** ਆਪਿ ਸਮਝਾਇਸੀ ਜਾ ਕਉ ਨਦਰਿ ਕਰੇ।" (ਭੁਲਿਆਂ ਹੋਇਆ ਹੋਵੇ)
— ਸਲੋ **੩**, ੬੭ : ੧ (1421)

ਭੁਲੀ — 1. ਉਕੀ ਹੋਈ, ਭੁਲੇਖੇ ਵਿਚ ਪਈ, ਧੋਖੇ ਵਿਚ ਆਈ
"ਭਰਮਿ **ਭੁਲੀ** ਡੋਹਾਗਣੀ ਨਾ ਪਿਰ ਅੰਕਿ ਸਮਾਇ।"
— ਸਿਰੀ **੧**, ਅਸ ੧੨, ੧* : ੨ (60)
"ਮੁੰਢਹੁ **ਭੁਲੀ** ਨਾਨਕਾ ਫਿਰਿ ਫਿਰਿ ਜਨਮਿ

ਮੁਈਆਸੁ।"
— ਸਿਰੀ **੪**, ਵਾਰ ੧੫ਸ, **੫**, ੨ : ੧ (89)
"ਜੇ **ਭੁਲੀ** ਜੇ ਚੁਕੀ ਸਾਈ ਭੀ ਤਹਿੰਜੀ ਕਾਢੀਆ।"
— ਸੂਹੀ **੫**, ਅਸ ੪, ੧ : ੧ (761)
2. ਵਿਸਾਰਿਆ, ਭੁਲਾਇਆ
"ਕਾਮਣਿ ਪਿਰਹੁ **ਭੁਲੀ** ਜੀਉ ਮਾਇਆ ਮੋਹਿ ਪਿਆਰੇ।"— ਗਉ **੩**, ਛੰਤ ੨, ੩ : ੧ (244)

ਭੁਲੀਅਸੁ — ਭੁਲੀ, ਉਕ ਗਈ, ਧੋਖੇ ਵਿਚ ਰਹਿ ਗਈ
"ਹਉ ਏਨੀ ਟੋਲੀ **ਭੁਲੀਅਸੁ** ਤਿਸੁ ਕੰਤ ਨ ਬੈਠੀ ਪਾਸਿ ਜੀਉ।"— ਸੂਹੀ **੧**, ਕੁਚ, ੧ : ੧੦ (762)

ਭੁਲੀਆ — ਭੁਲੀ ਰਹੀ, ਭਲੇਖੇ ਵਿਚ ਰਹੀ, ਉਕ ਗਈ
"ਵਿਣੁ ਨਾਵੈ ਭ੍ਰਮਿ **ਭੁਲੀਆ** ਠਗਿ ਮੁਠੀ ਕੂੜਿਆਰਿ ਜੀਉ।" — ਸੂਹੀ **੧**, ਅਸ ੨, ੧ : ੨ (751)
ਹੋਰ ਰੂਪ — ਭੁਲੀਐ —
"ਅਖਰ ਪੜਿ ਪੜਿ **ਭੁਲੀਐ** ਭੇਖੀ ਬਹੁਤੁ ਅਭਿਮਾਨੁ।" (ਭੁਲੀਦਾ/ਉਕੀਦਾ ਹੈ)
— ਸਿਰੀ **੧**, ਅਸ ੧੨, ੪ : ੧ (61)

ਭੁਲੀਐ — 1. ਉਕੀਦਾ ਹੈ, ਭੁਲੇਖੇ ਵਿਚ ਪੈ ਜਾਂਈਦਾ ਹੈ, ਵੇਖੋ 'ਭੁਲੀਆ'
2. ਵਿਸਾਰ ਦੇਈਏ, ਭੁਲ ਜਾਈਏ
"ਸੁਭੇ ਦੁਖ ਸੰਤਾਪ ਜਾਂ ਤੁਧਹੁ **ਭੁਲੀਐ**।"
— ਰਾਮ **੫**, ਵਾਰ ੧੪ : ੧ (964)

ਭੁਲੁ — ਉਕ, ਭੁਲੇਖੇ ਵਿਚ ਪਉ
"ਮਨਮੁਖ ਨਾਮ ਵਿਹੂਣਿਆ ਰੰਗੁ ਕਸੁੰਭਾ ਦੇਖਿ ਨ **ਭੁਲੁ**।"— ਸਿਰੀ **੪**, ਵਾਰ ੮ਸ, **੩**, ੨ : ੧ (85)
"ਪੇਖੰਦੜੋ ਕੀ **ਭੁਲੁ** ਤੁੰਮਾ ਦਿਸਮੁ ਸੋਹਣਾ।" (ਭੁਲਦਾ, ਭੁਲੇਖੇ ਵਿਚ ਪੈਂਦਾ ਹੈ)
— ਜੈਤ **੫**, ਵਾਰ ੧੦ਸ, **੫**, ੨ : ੧ (708)

ਭੁਲੇ — 1. ਖੁੰਝ/ਉਕੇ ਹੋਏ, ਭੁਲੇਖੇ ਵਿਚ ਪਏ
"ਮੂਲਹੁ **ਭੁਲੇ** ਗੁਰਸਬਦੁ ਨ ਪਛਾਣਹਿ।"
— ਮਾਝ **੩**, ਅਸ ੩੧, ੬ : ੨ (128)
ਹੋਰ ਰੂਪ — ਭੁਲੈ —
"ਆਪਿ ਅਭੁਲੁ ਨ **ਭੁਲੈ** ਕਬਹੀ ਸੈਭੁ ਸਚੁ ਤਪਾਵਸੁ ਸਚੁਥਿਆ।" (ਭੁਲੇਖਾ ਖਾਂਦਾ)
— ਬਿਹਾ **੪**, ਵਾਰ ੧੩ : ੪ (553)
"ਜੇ ਹੋਇ ਭੂਲਾ ਜਾਇ ਕਹੀਐ ਆਪਿ ਕਰਤਾ ਕਿਉ **ਭੁਲੈ**।" (ਪੁੱਛਦਾ ਹੈ)
— ਸੂਹੀ **੧**, ਛੰਤ ੪, ੪ : ੩ (766)
ਭੁਲੋ —
"ਕੂੜੀ ਡੇਖਿ **ਭੁਲੋ** ਅਢੁ ਲਹੈ ਨ ਮੁਲੋ ਗੋਵਿਦ ਨਾਮੁ ਮਜੀਠਾ।" (ਭੁਲ ਗਿਆ, ਭੁਲੇਖੇ ਵਿਚ ਪੈ ਗਿਆ)
— ਸੂਹੀ **੫**, ਛੰਤ ੧, ੧ : ੩ (777)
2. ਭੁਲੇ ਹਨ, ਵਿਸਾਰਿਆ ਹੈ
"ਮੁੰਢਹੁ **ਭੁਲੇ** ਮੁੰਢ ਤੇ ਕਿਥੈ ਪਾਇਨਿ ਹਥੁ।"
— ਗਉ **੫**, ਵਾਰ ੨੨ਸ, **੫**, ੨ : ੧ (315)
ਹੋਰ ਰੂਪ — ਭੁਲੈ —
"ਮਨਮੁਖਿ **ਭੁਲੈ** ਭੁਲਾਈਐ ਭੂਲੀ ਠਉਰ ਨ ਕਾਇ।" (ਭੁਲ ਜਾਂਦਾ ਹੈ)
— ਸਿਰੀ **੧**, ਅਸ ੧੨, ੧ : ੧ (60)

ਭੂ — 1. ਪ੍ਰਿਥਵੀ, ਧਰਤੀ
"ਕਈ ਕੋਟਿ ਦੇਸ **ਭੂ** ਮੰਡਲ।"
— ਗਉ **੫**, ਸੁਖ ੧੦, ੩ : ੬ (275)
"ਸਗਲੋ **ਭੂ** ਮੰਡਲ ਖੰਡਲ ਪ੍ਰਭ ਤੁਮ ਹੀ ਆਛੈ।"
— ਮਾਰੂ **੫**, ੨੨, ੩ : ੨ (1006)
2. ਭੂਤ (ਤਤ) ਦਾ ਸੰਖੇਪ
"ਪੰਚ **ਭੂ** ਆਤਮਾ ਹਰਿ ਨਾਮ ਰਸਿ ਪੋਖੈ।"
— ਗਉ **੫**, ਥਿਤੀ ੧੨ : ੬ (299)
ਹੋਰ ਰੂਪ — ਭੂਅ —
"ਸੁਰਗ ਪਇਆਲ ਮਿਰਤ **ਭੂਅ** ਮੰਡਲ ਸਰਬ ਸਮਾਨੋ ਏਕੈ ਓਹੀ।" (ਧਰਤੀ)
— ਗਉ **੫**, ੧੨੯, ੧ : ੧ (207)

ਭੂਸੀ — ਭੂਸੜੀ ਰੋਟੀ
"ਕਬੀਰ ਸਾਧੂ ਕੀ ਸੰਗਤਿ ਰਹਉ ਜਉ ਕੀ **ਭੂਸੀ** ਖਾਉ।" — ਸਲੋ **ਕਬ**, ੯੯ : ੧ (1369)

ਭੂਹਾਲੁ — ਭੂ-ਪਾਲ, ਰਾਜਾ
"ਭਲਉ **ਭੂਹਾਲੁ** ਤੇਜੋ ਤਨਾ ਨ੍ਰਿਪਤਿ ਨਾਥੁ ਨਾਨਕ ਬਰਿ।" — ਸਵ **੩**, ੨੧ : ੫ (1396)

ਭੂਖ — 1. ਭੁਖ
"ਕੇਤਿਆ ਦੂਖ **ਭੂਖ** ਸਦਮਾਰ।"
— ਜਪੁ **੧**, ੨੫ : ੮ (5)
"ਸਾਚੇ ਨਾਮ ਕੀ ਲਾਗੈ **ਭੂਖ**।" (ਅਭਿਲਾਸ਼ਾ, ਚਾਹ)

— ਆਸਾ **੧**, ਸੋਦ ੩, ੧ : ੩ (9)
"ਗਿਆਨ ਮਹਾ ਰਸੁ ਭੋਗਵੈ ਬਾਹੁੜਿ **ਭੂਖ** ਨ ਹੋਇ।" (ਤ੍ਰਿਸ਼ਨਾ, ਲਾਲਸਾ)
— ਸਿਰੀ **੧**, ੧੮, ੫ : ੨ (21)
"ਜੈਸੀ **ਭੂਖ** ਹੋਇ ਅਭ ਅੰਤਰਿ ਤੂੰ ਸਮਰਥੁ ਸਚੁ ਦੇਵਣਹਾਰ।" (ਖਾਹਿਸ਼, ਇਛਾ ਚਾਹ)
— ਗੂਜ **੧**, ਅਸ ੨, ੧ : ੨ (503)
"ਬਿਨੁ ਖਾਏ ਬੂਝੈ ਨਹੀ **ਭੂਖ**।"
— ਭੈਰ **੫**, ੪੫, ੩ : ੧ (1149)

2. ਭੁਖਾ
"**ਭੂਖ** ਪਿਆਸੋ ਆਥਿ ਕਿਉ ਦਰਿ ਜਾਇਸਾ ਜੀਉ।" — ਧਨਾ **੧**, ਛੰਤ ੨, ੫ : ੧ (689)

ਭੂਖਨ — 1. ਗਹਿਣੇ
"ਕਨਿਕ **ਭੂਖਨ** ਕੀਨੇ ਬਹੁ ਰੰਗਾ।"
— ਸੂਹੀ **੫**, ੧, ੨ : ੨ (736)

2. ਭੁਖ
"ਸਾਕਤ ਨਰ ਪ੍ਰਾਨੀ ਸਦ ਭੂਖੇ ਨਿਤ **ਭੂਖਨ** ਭੂਖ ਕਰੀਜੈ।"
— ਕਲਿ **੪**, ਅਸ ੧, ੨ : ੧ (1323)

ਭੂਖਾ — 1. ਭੁਖਾ
"ਸੰਤ ਕਾ ਦੋਖੀ **ਭੂਖਾ** ਨਹੀ ਰਾਜੈ।"
— ਗਉ **੫**, ਸੁਖ ੧੩, ੬ : ੩ (280)

ਹੋਰ ਰੂਪ — ਭੂਖੀ —
"ਸਦਾ **ਭੂਖੀ** ਪਿਰੁ ਜਾਨੈ ਦੂਰਿ।" (ਭਾਵ ਅਤ੍ਰਿਪਤ)— ਆਸਾ **੫**, ੯੬, ੧ : ੩ (394)

ਭੂਖੇ —
"**ਭੂਖੇ** ਪ੍ਰੀਤਿ ਹੋਵੈ ਅੰਨੁ ਖਾਇ।" (ਭੁਖੇ)
— ਗਉ **੪**, ੪, ੧ : ੨ (164)
"ਘਰਿ ਹੋਦੈ ਰਤਨਿ ਪਦਾਰਥਿ **ਭੂਖੇ** ਭਾਗਹੀਣ ਹਰਿ ਦੂਰੇ।" (ਅਤ੍ਰਿਪਤ)
— ਵਡ **੪**, ਛੰਤ ੩, ੩ : ੪ (574)

2. ਭੁਖ
"ਤੂੰ ਮੇਰੋ ਪਿਆਰੋ ਤਾ ਕੈਸੀ **ਭੂਖਾ**।"
— ਆਸਾ **੫**, ੨੦, ੧* : ੧ (375)

ਹੋਰ ਰੂਪ — ਭੂਖੈ —
"ਤਿਤੁ **ਭੂਖੈ** ਖਾਇ ਚਲੀ ਅਹਿ ਦੂਖ।" (ਭੁਖ ਸਦਕਾ) — ਆਸਾ **੧**, ੨, ੧ : ੪ (349)

ਭੂਖੌ —

ਭੂਚਰ — ਪ੍ਰਾਣਾਂ ਯਾਮ ਦੀ ਇਕ ਮੁਦ੍ਰਾ ਜਿਸ ਵਿਚ ਨਜ਼ਰ ਭਵਾਂ ਦੇ ਵਿਚਕਾਰ ਟਿੱਕਾਨ ਦਾ ਅਭਿਆਸ ਕੀਤਾ ਜਾਂਦਾ ਹੈ
"ਖੇਚਰ **ਭੂਚਰ** ਤੁਲਸੀ ਮਾਲਾ ਗੁਰ ਪਰਸਾਦੀ ਪਾਇਆ।" — ਰਾਮ **ਨਾਮ**, ੩, ੩ : ੧ (973)

ਭੂੰਚਾ — ਭੋਗੇ, ਖਾਧੇ, ਪੀਤੇ
"ਕਹੁ ਨਾਨਕ ਕਿਰਪਾ ਕਰੀ ਠਾਕੁਰ ਮਿਲਿ ਸਾਧੂ ਰਸ **ਭੂੰਚਾ**।" — ਦੇਵ **੫**, ੩੨, ੨ : ੨ (534)

ਭੂਛ — ਜੰਗਲੀ, ਮੂਰਖ, ਗਵਾਰ
"ਕਿਆ ਗਾਲਾਇਓ **ਭੂਛ** ਪਰ ਵੇਲਿ ਨ ਜੋਹੇ ਕੰਤ ਕੂ।"— ਮਾਰੂ **੫**, ਵਾਰ ੪ਸ, **੫**, ੩ : ੧ (1095)

ਭੂੰਜਾ — ਭੁਜਿਆ
"ਕਾਮ ਕ੍ਰੋਧ ਅਗਨੀ ਮਹਿ **ਭੂੰਜਾ**।"
— ਪ੍ਰਭਾ **੧**, ਅਸ ੫, ੮ : ੨ (1345)

ਭੂਡੜੈ — ਮਲੀਨ ਮਤਿ ਵਾਲੇ ਨੇ ਭੈੜੇ ਆਦਮੀ ਨੇ
"**ਭੂਡੜੈ** ਨਾਮੁ ਵਿਸਾਰਿਆ ਬੂਡੜੈ ਕਿਆ ਤਿਸੁ ਚਾਰੋ।" — ਵਡ **੧**, ਅਲਾ ੩, ੩ : ੩ (580)

ਭੂੰਡੀ — 1. ਮਲੀਨ ਮਤ ਵਾਲੀ
"**ਭੂੰਡੀ** ਕਾਮਣਿ ਕਾਮਣਿ ਆਰਿ।"
— ਬਿਲਾ **੧**, ੩, ੨ : ੨ (796)

2. ਭਦੀ, ਕੋਝੀ, ਟੇਢੀ
"**ਭੂੰਡੀ** ਚਾਲ ਚਰਣ ਕਰ ਖਿਸਰੇ ਤੁਚਾ ਦੇਹ ਕੁਮਲਾਨੀ।"— ਭੈਰ **੧**, ੪, ੧ : ੧ (1126)

ਭੂਤ — 1. ਤਤ (ਕਾਮ ਕ੍ਰੋਧ ਲੋਭ ਮੋਹ ਅਹੰਕਾਰ)
"ਪੰਚ **ਭੂਤ** ਸਚਿ ਭੈ ਰਾਤੇ ਜੋਤਿ ਸਚੀ ਮਨ ਮਾਹਿ।"
— ਸਿਰੀ **੧**, ੧੫, ੪ : ੨ (20)

2. ਪ੍ਰੇਤ, ਆਤਮਾ, ਭੂਤਨਾ
"ਕਈ ਕੋਟਿ **ਭੂਤ** ਪ੍ਰੇਤ ਸੂਕਰ ਮ੍ਰਿਗਾਚ।"
— ਗਉ **੫**, ਸੁਖ ੧੦, ੪ : ੮ (276)
"ਪ੍ਰੇਤ **ਭੂਤ** ਸਭਿ ਦੂਜੈ ਲਾਇ।"
— ਬਿਲਾ **੩**, ਵਾ ੧, ੬ : ੨ (841)

3. ਰੂਪ, ਜੇਹਾ, ਸਮਾਨ, ਵਾਂਗ
"ਸਾਰ **ਭੂਤ** ਸਤਿ ਹਰਿ ਕੋ ਨਾਉ।"
— ਗਉ **੫**, ਸੁਖ ੧੯, ੬ : ੯ (289)
"ਕਰਤ ਬੁਰਾਈ ਮਾਨੁਖ ਤੇ ਛਪਾਈ ਸਾਖੀ **ਭੂਤ** ਪਵਾਨ।" — ਸਾਰ **੫**, ੨, ੧* : ੨ (1202)

4. ਹਸਤੀ ਭਾਵ ਜੀਵ, ਜੋ ਹੋਂਦ ਵਿਚ ਆਇਆ ਹੈ

ਅਰਥਾਤ ਸ੍ਰਿਸ਼ਟੀ
"ਸਰਬ **ਭੂਤ** ਆਪਿ ਵਰਤਾਰਾ।"
— ਗਉ **੫**, ਸੁਖ, ੨੩, ੬ : ੧ (294)
"ਸਰਬ **ਭੂਤ** ਏਕੈ ਕਰਿ ਜਾਨਿਆ ਚੂਕੇ ਬਾਦ ਬਿਬਾਦਾ।"— ਆਸਾ **ਕਬ**, ੨੮, ੩ : ੧ (483)
5. ਲੰਘ ਚੁਕਾ ਸਮਾਂ
"ਭਵ **ਭੂਤ** ਭਾਵ ਸਮਬ੍ਯਿੰ ਪਰਮੰ ਪ੍ਰਸੰਨ ਮਿਦੰ।"
— ਗੂਜ **ਜੈਦੇ**, ੧, ੨ : ੨ (526)
6. ਪ੍ਰਿਥਵੀ ਆਦਿ ਤੱਤ
"ਪੰਚਮੀ ਪੰਚ **ਭੂਤ** ਬੇਤਾਲਾ।"
— ਬਿਲਾ **੧**, ਥਿਤੀ ੬ : ੧ (839)
"ਪੰਚ **ਭੂਤ** ਸਬਲ ਹੈ ਦੇਹੀ ਗੁਰੁ ਸਤਿਗੁਰੁ ਪਾਪ ਨਿਵਾਰੇ।"
— ਨਟ **੪**, ਅਸ ੬, ੨ : ੨ (983)

ਭੂਤਨਾ — ਪ੍ਰੇਤ, ਭੂਤ
"ਕੋਈ ਆਖੈ **ਭੂਤਨਾ** ਕੋ ਕਹੈ ਬੇਤਾਲਾ।"
— ਮਾਰੂ **੧**, ੭, ੧ : ੧ (991)

ਭੂਤਾ — ਹਸਤੀਆਂ, ਜੀਵ
"ਸਿਮਰਹਿ ਪਸੁ ਪੰਖੀ ਸਭਿ **ਭੂਤਾ**।"
— ਮਾਰੂ **੫**, ਸੋਲਾ ੮, ੪ : ੧ (1079)

ਭੂਤੁ — 1. ਮਿਰਤ ਦੇਹ, ਸ਼ਵ, ਮੁਰਦਾ
"ਮਰਤੀ ਬਾਰ ਲੇਹੁ ਲੇਹੁ ਕਰੀਐ **ਭੂਤੁ** ਰਹਨ ਕਿਉ ਦੀਆ।" — ਸੋਰ **ਕਬ**, ੨, ੨ : ੨ (654)
2. ਪ੍ਰੇਤ, ਭੂਤ
"ਉਹ ਤਉ **ਭੂਤੁ ਭੂਤੁ** ਕਰਿ ਭਾਗੀ।"
— ਸੂਹੀ **ਰਵਿ**, ੩, ੩ : ੨ (794)

ਭੂਪਤਿ — ਭੂ+ਪਤਿ, ਪ੍ਰਿਥਵੀ ਦਾ ਸੁਆਮੀ, ਰਾਜਾ
"ਭਇਆ ਭੇਦ **ਭੂਪਤਿ** ਪਹਿਚਾਨਿਆ।" (ਹਰਿ ਰਾਜਾ) — ਗਉ **ਕਬ**, ਬਾਅ ੩੦ : ੪ (342)
"**ਭੂਪਤਿ** ਹੋਇ ਕੈ ਰਾਜੁ ਕਮਾਇਆ।"
— ਆਸਾ **੫**, ੮੬, ੧ : ੧ (391)
ਹੋਰ ਰੂਪ — ਭੂਪਤੀ —
"ਪੰਡਿਤ ਰਾਜੇ **ਭੂਪਤੀ** ਆਵਹਿ ਕਉਨੇ ਕਾਮ।"
— ਸਲੋ **ਕਬ**, ੨੪ : ੨ (1365)

ਭੂੰਭਰ — ਭੁਬਲ, ਗਰਮ ਸੁਆਹ
"ਤਿਨ ਪਗ ਸੰਤ ਨ ਸੇਵੇ ਕਬਹੂ ਤੇ ਮਨਮੁਖ **ਭੂੰਭਰ** ਭਾਭਾ।" — ਪ੍ਰਭਾ **੪**, ੬, ੩ : ੨ (1337)

ਭੂਮ — ਧਰਤੀ
"ਖਿਸਰਿ ਗਇਓ **ਭੂਮ** ਪਰਿ ਡਾਰਿਓ।"
— ਆਸਾ **੫**, ੭੬, ੨ : ੨ (389)

ਭੂਮੰਡਲ — ਬ੍ਰਹਮੰਡ, ਪ੍ਰਿਥਵੀ ਦਾ ਜਗਤ (ਸੰਸਾਰ)
"ਸੁਰਗ ਮਿਰਤ ਪਇਆਲ **ਭੂ ਮੰਡਲ** ਸਗਲ ਬਿਆਪੇ ਮਾਇ।" — ਧਨਾ **੫**, ੨੧, ੨ : ੧ (676)

ਭੂਮਨ — ਜ਼ਮੀਨ ਵਾਲੇ, ਧਰਤੀ ਦੇ ਮਾਲਕ, ਜ਼ਿੰਮੀਦਾਰ
"ਰਾਜਨ ਮਹਿ ਤੂੰ ਰਾਜਾ ਕਹੀਅਹਿ **ਭੂਮਨ** ਮਹਿ ਭੂਮਾ।" — ਗੂਜ **੫**, ਅਸ ੧, ੧ : ੧ (507)

ਭੂਮਵੰਤੁ — ਜ਼ਮੀਨ ਵਾਲਾ
"ਦਰਬਵੰਤੁ ਦਰਬੁ ਦੇਖਿ ਗਰਬੈ **ਭੂਮਵੰਤੁ** ਅਭਿਮਾਨੀ।" — ਧਨਾ **੫**, ੩੪, ੧ : ੧ (679)

ਭੂਮਾ — ਵਡਾ, ਮੁਖੀ
"ਰਾਜਨ ਮਹਿ ਤੂ ਰਾਜਾ ਕਹੀ ਅਹਿ ਭੂਮਨ ਮਹਿ **ਭੂਮਾ**।" — ਗੂਜ **੫**, ਅਸ ੧, ੧ : ੧ (507)

ਭੂਮਿ — 1. ਧਰਤੀ, ਜ਼ਮੀਨ, ਭੂਮੀ
"**ਭੂਮਿ** ਦਾਨੁ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ।" — ਸਿਰੀ **੧**, ਅਸ ੧੪, ੪ : ੨ (62)
"ਕਰਮ **ਭੂਮਿ** ਮਹਿ ਬੋਅਹੁ ਨਾਮੁ।" (ਭਾਵ ਸਰੀਰ)
— ਗਉ **੫**, ੨੩, ੧ : ੧ (176)
ਹੋਰ ਰੂਪ — ਭੂਮੀ —
"ਕੇਤਿਆ ਕਰਮ **ਭੂਮੀ** ਮੇਰ ਕੇਤੇ ਕੇਤੇ ਧੂ ਉਪਦੇਸ।" — ਜਪੁ **੧**, ੩੫ : ੫ (7)
2. ਧਰਤੀ ਦਾ ਮਾਲਕ, ਜ਼ਮੀਨ ਵਾਲਾ
"ਬਿਆਪਤ **ਭੂਮਿ** ਰੰਕ ਅਰੁ ਰੰਗਾ।"
— ਗਉ **੫**, ੮੮, ੩ : ੧ (182)

ਭੂਮੀਆ — ਧਰਤੀ ਦਾ ਮਾਲਕ
"**ਭੂਮੀਆ** ਭੂਮਿ ਊਪਰਿ ਨਿਤ ਲੁਝੈ।"
— ਗਉ **੫**, ੧੧੩, ੨ : ੧ (188)

ਭੂਰ — 1. ਭੂਤ ਕਾਲ, ਪਿਛਲਾ ਸਮਾਂ
"**ਭੂਰ** ਭਵਿਖ ਨਾਹੀ ਤੁਮ ਜੈਸੇ ਮੇਰੇ ਪ੍ਰੀਤਮ ਪ੍ਰਾਨ ਅਧਾਰਾ।" — ਸਾਰ **੧**, ੧, ੪ : ੧ (1197)
2. ਭੂਰੀ, ਕਰੜ ਬਰੜੀ
"ਦੇਖੁ ਫਰੀਦਾ ਜੁ ਥੀਆ ਦਾੜੀ ਹੋਈ **ਭੂਰ**।"
— ਸਲੋ **ਫਰ**, ੯ : ੧ (1378)

ਭੂਲ — ਭੁਲ, ਉਕਾਈ
"ਹਮ **ਭੂਲ** ਚੂਕ ਗੁਰ ਕਿਰਪਾ ਧਾਰਹੁ ਜਨ ਨਾਨਕ

ਕੁਤਰੇ ਕਾਢੇ।" — ਗਉ **੪**, ੫੯, ੪ : ੨ (171)

ਭੂਲਉ — 1. ਭੁਲੋ, ਧੋਖੇ ਵਿਚ ਆਵੋ
"ਮੇਰੇ ਭਰਮਿ **ਭੂਲਉ** ਮਤਿ ਕੋਈ।"
— ਬਿਲਾ **ਕਬ**, ੨, ੩ : ੨ (855)
2. ਭੁਲਿਆ ਹੋਇਆ
"ਮਨੁ **ਭੂਲਉ** ਸਮਝਸਿ ਸਾਚਿ ਨਾਇ।"
— ਬਸੰ **੧**, ਅਸ ੨, ੧ : ੧ (1187)

ਭੂਲਹ — ਭੁਲੇ ਹੋਏ, ਭੁਲਾਂ ਕਰਦੇ
"ਤੁਝ ਬਿਨੁ ਦੂਜਾ ਅਵਰੁ ਨ ਕੋਈ **ਭੂਲਹ** ਚੂਕਹ ਪ੍ਰਭ ਤੇਰੇ।" — ਰਾਮ **੫**, ੩੨, ੧* : ੨ (894)
"ਹਮ **ਭੂਲਹ** ਤੁਮ ਸਦਾ ਅਭੂਲਾ ਹਮ ਪਤਿਤ ਤੁਮ ਪਤਿਤ ਉਧਰੀਆ।" (ਭੁਲਣਹਾਰ)
— ਸਾਰ **੫**, ੪੫, ੧ : ੧ (1213)

ਹੋਰ ਰੂਪ — ਭੂਲਹਿ —
"**ਭੂਲਹਿ** ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ।" (ਭੁਲਦੇ ਹਨ)
— ਸਿਰੀ **੫**, ੯੨, ੧* : ੨ (51)
"ਮਤ **ਭੂਲਹਿ** ਰੇ ਮਨ ਚੇਤਿ ਹਰੀ।" (ਭੁਲ, ਉਕ) — ਬਸੰ **੧**, ੧੨, ੧* : ੧ (1171)

ਭੂਲਹੁ —
"ਕਹਤੁ ਕਬੀਰੁ ਸੁਨਹੁ ਰੇ ਲੋਈ ਭਰਮਿ ਨ **ਭੂਲਹੁ** ਕੋਈ।" (ਭੁਲੋ, ਓਕੋ, ਧੋਖੇ ਵਿਚ ਆਵੋ) — ਧਨਾ **ਕਬ**, ੩, ੨ : ੧ (692)

ਭੂਲਤੇ — ਭੁਲਦੇ, ਉਕਾਈ ਕਰਦੇ
"ਹਮ ਅਪਰਾਧੀ ਸਦ **ਭੂਲਤੇ** ਤੁਮ੍ ਬਖਸਨਹਾਰੇ।"
— ਬਿਲਾ **੫**, ੩੪, ੧* : ੨ (809)

ਭੂਲਨ — ਭੁਲਣਾ
"ਹਮਰੋ ਸਹਾਉ ਸਦਾ ਸਦ **ਭੂਲਨ** ਤੁਮ੍ਰੋ ਬਿਰਦੁ ਪਤਿਤ ਉਧਰਨ।"
— ਬਿਲਾ **੫**, ੧੧੮, ੨ : ੧ (828)

ਭੂਲਨਹਾਰ — ਭੁਲ ਕਰਨ ਵਾਲਾ
"ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ **ਭੂਲਨਹਾਰ**।"
— ਗਉ **੫**, ਬਾਅ ੫੨ਸ : ੧ (261)

ਹੋਰ ਰੂਪ — ਭੂਲਨਹਾਰਾ —
"ਕਰਨੈਹਾਰੁ ਨ **ਭੂਲਨਹਾਰਾ**।" (ਭੁਲਨ ਵਾਲਾ)
— ਗਉ **੫**, ਬਾਅ ੧੨ : ੪ (253)

ਭੂਲਨਹਾਰੁ —
"ਸਦਾ ਸਦਾ ਇਹੁ **ਭੂਲਨਹਾਰੁ**।"
— ਗਉ **੫**, ਸੁਖ ੪, ੩ : ੯ (267)

ਭੂਲਨਹਾਰੇ —
"ਸਾਸਿ ਸਾਸਿ ਹਮ **ਭੂਲਨਹਾਰੇ**।"
— ਗਉ **੫**, ਬਾਅ ੪੮ : ੫ (260)

ਭੂਲੜਾ — ਭੁਲਿਆ ਹੋਇਆ
"ਆਖਣ ਤਾ ਕਉ ਜਾਈਐ ਜੇ **ਭੂਲੜਾ** ਹੋਈ।"
— ਸੂਹੀ **੧**, ਛੰਤ ੪, ੪ : ੨ (766)

ਭੂਲਾ — 1. ਮੈਂ ਭੁਲੇਖਾ ਖਾ ਜਾਵਾਂ
"ਮਤੁ ਦੇਖਿ **ਭੂਲਾ** ਵੀਸਰੈ ਤੇਰਾ ਚਿਤਿ ਨ ਆਵੈ ਨਾਉ।" — ਸਿਰੀ **੧**, ੧, ੧ : ੩ (14)
2. ਭੁਲਿਆ ਹੋਇਆ
"ਭਰਮੇ **ਭੂਲਾ** ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ।"— ਸਿਰੀ **੧**, ੧੯, ੩ : ੨ (21)
"ਮੂਲਹੁ **ਭੂਲਾ** ਆਵੈ ਜਾਇ।" (ਖੁੰਝਿਆ ਹੋਇਆ)
— ਭੈਰ **ਨਾਮ**, ੮, ੨ : ੩ (1165)

ਭੂਲਾਏ — ਭੁਲੇਖੇ ਵਿਚ ਪਾਏ, ਉਕਾਏ
"ਤਪੁ ਕਰਤੇ ਤਪਸੀ **ਭੂਲਾਏ**।"
— ਆਸਾ **੫**, ੧, ੩ : ੧ (370)

ਭੂਲਿ — 1. ਭੁਲ ਕੇ
"ਅੰਧਾ **ਭੂਲਿ** ਪਇਆ ਜਮ ਜਾਲੇ।"
— ਮਾਝ **੧**, ਵਾਰ ੪ਸ, **੧**, ੨ : ੩ (139)
"ਐਸੇ ਕਾਹੇ **ਭੂਲਿ** ਪਰੇ ।" (ਭੁਲ ਵਿਚ ਪੈਂਦਾ ਹੈ, ਉਕਦਾ ਹੈ) — ਬਿਲਾ **੫**, ੯੬, ੧* : ੧ (823)
"ਤਉ ਕੜੀਐ ਜੇ **ਭੂਲਿ** ਰੰਞਾਣੈ।" (ਭੁਲੇਖੇ ਨਾਲ)
— ਭੈਰ **੫**, ੧੮, ੩ : ੨ (1140)
2. ਭੁਲਣਾ
"ਭਜਹੁ ਗੋੁਬਿੰਦ **ਭੂਲਿ** ਮਤ ਜਾਹੁ।"
— ਭੈਰ **ਕਬ**, ੯, ੧* : ੧ (1159)

ਭੂਲਿਓ — 1. ਭੁਲਿਆ ਹੋਇਆ, ਭੁਲੇਖੇ ਵਿਚ ਪਿਆ ਹੋਇਆ
"ਕੋਈ ਮਾਈ **ਭੂਲਿਓ** ਮਨੁ ਸਮਝਾਵੈ।"
— ਗਉ **੯**, ੬, ੧* : ੧ (220)
2. ਭੁਲਿਆ ਹੈ
"ਕਹਾ **ਭੂਲਿਓ** ਰੇ ਝੂਠੇ ਲੋਭ ਲਾਗ।"
— ਬਸੰ **੯**, ੫, ੧* : ੧ (1187)

ਹੋਰ ਰੂਪ — ਭੂਲਿਆ —

"ਜਬ ਦਸ ਮਾਸ ਉਰਧ ਮੁਖ ਰਹਤਾ ਸੋ ਦਿਨੁ ਕੈਸੇ **ਭੂਲਿਆ**।" (ਭੁਲਿਆ ਹੈਂ)
— ਸਰੋ **ਕਬ**, ੨, ੧* : ੨ (654)

ਭੂਲੀ — ਭੁਲੀ ਹੋਈ, ਭਟਕ ਕੇ
"**ਭੂਲੀ ਭੂਲੀ** ਥਲਿ ਚੜਾ ਥਲਿ ਚੜਿ ਡੂਗਰਿ ਜਾਉ।"
— ਸਿਰੀ **੧**, ਅਸ ੬, ੭ : ੧ (57)
"**ਭੂਲੀ** ਮਾਲਨੀ ਹੈ ਏਉ।" (ਧੋਖੇ ਵਿਚ ਆਈ, ਭੁਲੀ) — ਆਸਾ **ਕਬ**, ੨੪, ੧* : ੧ (479)
ਹੋਰ ਰੂਪ — ਭੂਲੀਐ —
"ਅਸੰਖ ਅਵਗਣ ਖਤੇ ਫੇਰੇ ਨਿਤ ਪ੍ਰਤਿ ਸਦ **ਭੂਲੀਐ**।"— ਜੈਤ **੫**, ਛੰਤ ੨, ੧ : ੩ (704)

ਭੂਲੁ — ਭੁਲ, ਧੋਖੇ ਵਿਚ ਆ
"ਸੂਰਤਿ ਦੇਖਿ ਨ **ਭੂਲੁ** ਗਵਾਰਾ।"
— ਮਾਰੂ **੫**, ਸੋਲਾ ੭, ੧ : ੧ (1077)

ਭੂਲੇ — 1. ਭੁਲੇ ਹੋਏ
"ਸੁਣਿ ਮਨ **ਭੂਲੇ** ਬਾਵਰੇ ਗੁਰ ਕੀ ਚਰਣੀ ਲਾਗੁ।"
— ਸਿਰੀ **੧**, ਅਸ ੮, ੧ : ੧ (57)
"**ਭੂਲੇ** ਮਾਰਗ ਜਿਨਹਿ ਬਤਾਇਆ।" (ਭੁਲੇ ਹੋਏ ਨੂੰ) — ਬਿਲਾ **੫**, ੮, ੧ : ੧ (803)
2. ਭੁਲਦਾ ਹੈ, ਭੁਲ ਕਰਦਾ ਹੈ
"ਕਹੁ ਨਾਨਕ ਹਰਿ ਬਿਰਦੁ ਪਛਾਨਉ **ਭੂਲੇ** ਸਦਾ ਪਰਾਨੀ।" — ਸੋਰ **੯**, ੧੦, ੩ : ੨ (633)
ਹੋਰ ਰੂਪ — ਭੂਲੈ —
"ਉਨਮਤ ਕਾਮਿ ਮਹਾ ਬਿਖੁ **ਭੂਲੈ** ਪਾਪੁ ਪੁੰਨੁ ਨ ਪਛਾਨਿਆ।" (ਭੁਲ ਗਏ)
— ਸਿਰੀ **ਬੇਣੀ**, ੧, ੩ : ੨ (93)
"ਆਪਹੁ ਕੋਈ ਮਿਲੈ ਨ **ਭੂਲੈ**।" (ਭੁਲਦਾ ਹੈ)
— ਆਸਾ **੫**, ੮੫, ੪ : ੧ (391)
ਭੂਲੋ —
"ਬਿਨੁ ਨਾਵੈ ਧਨੁ ਬਾਦਿ ਹੈ **ਭੂਲੋ** ਮਾਰਗਿ ਆਥਿ।" (ਭੁਲਿਆ ਹੈ)
— ਸਿਰੀ **੧**, ਅਸ ੧੦, ੬ : ੨ (59)
ਭੂਲੌ —
"ਤੂ ਅਭੁਲੁ ਨ **ਭੂਲੌ** ਕਦੇ ਨਾਹਿ।" (ਭੁਲਦਾ)
— ਬਸੰ **੧**, ਅਸ ੨, ੮ : ੧ (1188)
3. ਭੁਲਾਏ ਹੋਏ
"ਨਾਉ ਵਿਸਾਰਹਿ ਬੇਦੁ ਸਮਾਲਹਿ ਬਿਖੁ **ਭੂਲੇ** ਲੇਖਾਰੀ।"
— ਮਾਰੂ **੧**, ਅਸ ੧੧, ੫ : ੨ (1016)
ਹੋਰ ਰੂਪ — ਭੂਲੋ —
"ਮਾਇਆ ਮੋਹ **ਭੂਲੋ** ਅਵਰੈ ਹੀਤ।" (ਭੁਲਾਇਆ ਹੋਇਆ)
— ਧਨਾ **੫**, ੯, ੧* : ੧ (673)

ਭੇਉ — ਭੇਦ
"ਕਹੁ ਕਬੀਰ ਜੋ ਜਾਨੈ **ਭੇਉ**।"
— ਗਉ **ਕਬ**, ੨੯, ੩ : ੧ (329)

ਭੇਸ — ਲਿਬਾਸ, ਰੂਪ
"ਕਬੀਰ ਆਈ ਮੁਝਹਿ ਪਹਿ ਅਨਿਕ ਕਰੇ ਕਰਿ **ਭੇਸ**।" — ਸਲੋ **ਕਬ**, ੮ : ੧ (1364)
ਹੋਰ ਰੂਪ — ਭੇਸਵਾ —
"ਕਰਿ ਅਬਦਾਲੀ **ਭੇਸਵਾ**।" (ਰੂਪ)
— ਭੈਰ **ਨਾਮ**, ੧, ੧* : ੨ (1167)
ਭੇਸੁ —
"ਕਹਾ ਭਇਓ ਜਉ ਮੂਡੁ ਮੁਡਾਇਓ ਭਗਵਉ ਕੀਨੋ **ਭੇਸੁ**।" (ਲਿਬਾਸ)
— ਸੋਰ **੯**, ੧੦, ੧* : ੨ (633)

ਭੇਖ — 1. ਭੇਸ, ਰੂਪ
"ਬਹੁ **ਭੇਖ** ਕਰਿ ਭਰਮਾਈਐ ਮਨਿ ਹਿਰਦੈ ਕਪਟੁ ਕਮਾਇ।" — ਸਿਰੀ **੩**, ੩੫, ੧ : ੧ (26)
"ਨਟੂਆ **ਭੇਖ** ਦਿਖਾਵੈ ਬਹੁ ਬਿਧਿ ਜੈਸਾ ਹੈ ਓਹੁ ਤੈਸੇ ਰੇ।" (ਰੂਪ)
— ਆਸਾ **੫**, ੧੩੦, ੧ : ੧ (403)
"ਭੇਖਧਾਰੀ **ਭੇਖ** ਕਰਿ ਥਕੇ ਅਠਿ ਸਠਿ ਤੀਰਥ ਨਾਇ।" (ਧਾਰਮਨ ਮਰਯਾਦਾ)
— ਸੋਰ **੪**, ਵਾਰ ੬ਸ, **੩**, ੨ : ੫ (644)
ਹੋਰ ਰੂਪ — ਭੇਖੰ —
"ਖਟੁ ਦਰਸਨ ਭ੍ਰਮਤੇ ਫਿਰਹਿ ਨਹ ਮਿਲੀਐ **ਭੇਖੰ**।" (ਭੇਖ ਦੁਆਰਾ)
— ਮਾਰੂ **੫**, ਵਾਰ ੧੩ : ੨ (1099)
2. ਭੇਖੀ, ਵਖ ਵਖ ਰੂਪ ਧਾਰਨ ਵਾਲਾ, ਭੇਖਧਾਰੀ
"ਕਾਜੀ ਸੇਖ **ਭੇਖ** ਫਕੀਰਾ।"
— ਗਉ **੧**, ਅਸ ੧੪, ੭ : ੧ (227)
3. ਭਿਖਾਰੀ
"ਜੰਤ **ਭੇਖ** ਤੂ ਸਫਲਿਓ ਦਾਤਾ ਸਿਰਿ ਸਿਰਿ

ਦੇਵਣ ਹਾਰੋ।"

— ਸੂਹੀ **੧**, ਛੰਤ ੨, ੩ : ੪ (764)

"ਪੰਡਿਤ ਮੋਨੀ ਪੜਿ ਪੜਿ ਥਕੇ **ਭੇਖ** ਥਕੇ ਤਨੁ ਧੋਇ।" (ਭੇਖ ਕਰਨ ਵਾਲੇ)

— ਸਾਰ **੪**, ਵਾਰ ੩੩ਸ, **੩**, ੨ : ੩ (1250)

ਭੇਖਧਾਰੀ — ਭੇਖ ਧਾਰਨ ਵਾਲਾ, ਵੇਸ ਕਰਨ ਵਾਲਾ

"ਬਹੁਤੇ ਭੇਖ ਕਰੈ **ਭੇਖਧਾਰੀ**।"

— ਗਉ **੩**, ਅਸ ੩, ੬ : ੧ (230)

ਭੇਖਵਾਨੀ — ਭੇਖਧਾਰੀ, ਭੇਖ ਕਰਨ ਵਾਲਾ

"ਉਪਾਇ ਕਿਤੈ ਨ ਲਭਨੀ ਕਰਿ ਭੇਖ ਥਕੇ **ਭੇਖਵਾਨੀ**।" — ਗੂਜ **੩**, ਵਾਰ ੧੪ : ੩ (514)

ਭੇਖਾ — 1. ਭੇਖਧਾਰੀ, ਭੇਖਾਂ ਵਾਲੇ

"ਅਠਸਠਿ ਤੀਰਥ ਬਹੁ ਘਣਾ ਭ੍ਰਮਿ ਥਾਕੇ **ਭੇਖਾ**।"

— ਮਾਰੂ **੧**, ਅਸ ੧, ੧ : ੨ (1009)

2. ਭੇਖ

"ਜਾ ਕੈ ਰਾਸਿ ਸਰਬ ਸੁਖ ਸੁਆਮੀ ਆਨ ਨ ਮਾਨਤ **ਭੇਖਾ**।"

— ਸਾਰ **੫**, ੮੮, ੨ : ੧ (1221)

ਭੇਖਾਰੀ — ਮੰਗਤਾ

"ਇਕਿ ਦਾਤੇ ਇਕਿ **ਭੇਖਾਰੀ** ਜੀ ਸਭਿ ਤੇਰੇ ਚੋਜ ਵਿਡਾਣਾ।" — ਆਸਾ **੪**, ਸੋਪੁ ੧, ੨ : ੨ (11)

ਭੇਖਿ — ਭੇਖ, ਵਿਸ਼ੇਸ਼ ਪਹਿਰਾਵਾ ਪਾ ਕੇ ਰੂਪ ਧਾਰਨ ਕਰਨਾ

"ਖਟੁ ਦਰਸਨ ਕੈ **ਭੇਖਿ** ਕਿਸੈ ਸਚਿ ਸਮਾਵਣਾ।"

— ਮਾਝ **੧**, ਵਾਰ ੨੧ : ੪ (148)

ਹੋਰ ਰੂਪ — ਭੇਖੀ —

"ਅਖਰ ਪੜਿ ਪੜਿ ਭੁਲੀਐ **ਭੇਖੀ** ਬਹੁਤੁ ਅਭਿਮਾਨ।" (ਭੇਖ ਕਰਨ ਨਾਲ)

— ਸਿਰੀ **੧**, ਅਸ ੧੨, ੪ : ੧ (61)

ਭੇਖੁ —

"ਜੈਸਾ **ਭੇਖੁ** ਕਰਾਵੈ ਬਾਜੀਗਰੁ ਓਹੁ ਤੈਸੋ ਹੀ ਸਾਜੁ ਆਨੈ।" (ਭੇਸ)

— ਗਉ **੫**, ੧੨੬*, ੩ : ੨ (206)

"ਗੁਰੁ ਅੰਕਸੁ ਜਿਨਿ ਨਾਮੁ ਦ੍ਰਿੜਾਇਆ ਭਾਈ ਮਨਿ ਵਸਿਆ ਚੂਕਾ **ਭੇਖੁ**।" (ਭਾਵ ਪਾਖੰਡ)

— ਸੋਰ **੧**, ਅਸ ੨, ੭ : ੩ (636)

"ਜੇਹੀ ਤੂੰ ਨਦਰਿ ਕਰਹਿ ਤੇਹਾ ਕੋ ਹੋਵੈ ਬਿਨੁ ਨਦਰੀ ਨਾਹੀ ਕੋ **ਭੇਖੁ**।" (ਰੂਪ)

— ਸੂਹੀ **੪**, ੧੩, ੩ : ੨ (735)

ਭੇਖੈ —

"ਇਸੁ **ਭੇਖੈ** ਥਾਵਹੁ ਗਿਰਹੋ ਭਲਾ ਜਿਥਹੁ ਕੋ ਵਰਸਾਇ।" (ਭੇਖ ਤੋਂ)

— ਵਡ **੪**, ਵਾਰ ੪ਸ, **੩**, ੧ : ੫ (587)

ਭੇਜਹਿ — ਭੇਜੇ, ਘਲੇ, ਰਵਾਨਾ ਕਰੇ

"ਹੁਕਮੇ ਦਰਸਨੁ ਦੇਖਣਾ ਜਹ **ਭੇਜਹਿ** ਤਹ ਜਾਉ।"

— ਸਿਰੀ **੩**, ਅਸ ੨੦, ੫ : ੨ (66)

ਭੇਜਿ — ਘਲਣਾ

"ਸਤਿਗੁਰ ਸਾਚੈ ਦੀਆ **ਭੇਜਿ**।"

— ਆਸਾ **੫**, ੧੦੧, ੧ : ੧ (396)

ਹੋਰ ਰੂਪ — ਭੇਜਿਆ —

"ਧੁਰਹੁ ਖਸਮਿ **ਭੇਜਿਆ** ਸਚੈ ਹੁਕਮਿ ਪਠਾਇ।" (ਘਲਿਆ)

— ਸਲੋ **੩**, ੫੭ : ੧ (1420)

ਭੇਜੀ —

"ਧੁਰ ਕੀ **ਭੇਜੀ** ਆਈ ਆਮਰਿ।" (ਭੇਜੀ ਹੋਈ) — ਆਸਾ **੫**, ੪, ੨ : ੧ (371)

ਭੇਜੇ —

"ਜਿਨਿ ਤੁਮ **ਭੇਜੇ** ਤਿਨਹਿ ਬੁਲਾਏ ਸੁਖ ਸਹਜ ਸੇਤੀ ਘਰਿ ਆਉ।" (ਘਲੇ)

— ਧਨਾ **੫**, ੨੮, ੧ : ੧ (678)

ਭੇਜੈ —

"ਜਿਨਸਿ ਥਾਪਿ ਜੀਆਂ ਕਉ **ਭੇਜੈ** ਜਿਨਸਿ ਥਾਪਿ ਲੈ ਜਾਵੈ।" (ਘਲੇ)

— ਸਾਰ **੪**, ਵਾਰ ੨ਸ, **੧**, ੨ : ੧ (1238)

ਭੇਟ — ਅਰਪਨ, ਭੇਟਾ, ਨਜ਼ਰ

"ਮਸਤਕੁ ਅਪਨਾ **ਭੇਟ** ਦੇਉ ਗੁਨ ਸੁਨਉ ਰਸਾਲ।"

— ਬਿਲਾ **੫**, ੪੧, ੧ : ੨ (810)

ਭੇਟੰ — ਮਿਲਾਪ ਹੋਣਾ

"ਗੋਪਾਲ ਦਰਸ **ਭੇਟੰ** ਸਫਲ ਨਾਨਕ ਸੋ ਮਹੂਰਤਹ।"

— ਜੈਤ **੫**, ਵਾਰ ੧੫ਸ, **੫**, ੧ : ੨ (709)

ਭੇਟਸੀ — ਮਿਲੇ ਹਨ

"ਜਿਸੁ ਗੁਰੁ ਪੂਰਾ **ਭੇਟਸੀ** ਸੋ ਚਲੈ ਰਜਾਏ।"

— ਆਸਾ **੫**, ੧੦੩, ੨ : ੨ (396)

ਭੇਟਹਿ — ਮਿਲਦੇ ਹਨ
"ਐਸੇ ਸੰਤ **ਭੇਟਹਿ** ਵਡਭਾਗੀ ਨਾਨਕ ਤਿਨ ਕੈ ਸਦ ਕੁਰਬਾਨ।" — ਭੈਰ **੫**, ਪ੨, ੨ : ੨ (1151)

ਭੇਟਣ — ਮਿਲਣ
"ਸਨ ਮੁਖ ਸਿਧ **ਭੇਟਣ** ਕਉ ਆਏ ਨਿਹਚਉ ਦੇਹਿ ਵਡਿਆਈ।" — ਰਾਮ **੧**, ੬, ੧ : ੨ (878)

ਭੇਟਤ — ਮਿਲਣ ਕਰਕੇ
"ਸਤਿ ਗੁਰ ਦਇਆਲ ਕਿਰਪਾਲ **ਭੇਟਤ** ਹਰੇ ਕਾਮੁ ਕ੍ਰੋਧੁ ਲੋਭੁ ਮਾਰਿਆ।"
— ਸਿਰੀ **੫**, ਛੰਤ ੩, ੫ : ੫ (81)
"ਦੇਖਿ ਸਰੂਪੁ ਪੂਰਨੁ ਭਈ ਆਸਾ ਦਰਸਨੁ **ਭੇਟਤ** ਉਤਰੀ ਭੁਖ।" (ਹੋਣ ਨਾਲ)
— ਟੋਡੀ **੫**, ੨੯, ੧ : ੨ (717)
"**ਭੇਟਤ** ਸੰਗਿ ਇਹੁ ਭਉਜਲੁ ਤਾਰੇ।" (ਸੰਗ ਦੇ ਭੇਟਣ ਨਾਲ ਭਾਵ ਸੰਗ ਕਰਨ ਨਾਲ)
— ਸੂਹੀ **੫**, ੧੩, ੧ : ੨ (739)

ਹੋਰ ਰੂਪ — ਭੇਟੰਤਿ —
"ਲਬਧਿਅੰ ਸਾਧ ਸੰਗੇਣ ਨਾਨਕ ਵਡਭਾਗੀ **ਭੇਟੰਤਿ** ਦਰਸਨਹ।" (ਦਰਸ਼ਨ ਮਿਲਿਆ ਭਾਵ ਕਰਦਿਆਂ)
— ਗਾਥਾ **੫**, ੨੧ : ੨ (1361)

ਭੇਟਤੇ —
"ਖੁਲ੍ਹਤੇ ਕਪਾਟ ਨਾਨਕ ਸਤਿਗੁਰ **ਭੇਟਤੇ**।" (ਮਿਲਦਿਆਂ ਹੀ)
— ਸਿਰੀ **੫**, ਛੰਤ ੩, ੨੩ : ੨ (80)

ਭੇਟਨ — ਮਿਲਦੇ ਭਾਵ ਨਿਕਟ ਆਉਂਦੇ
"ਸਾਧ ਸੰਗਿ ਜਮਦੂਤ ਨ **ਭੇਟਨ**।"
— ਸੂਹੀ **੫**, ਅਸ ੨, ੨ : ੨ (760)

ਹੋਰ ਰੂਪ — ਭੇਟਨਾ —
"ਮਾਨੁ ਮੋਹੁ ਤਿਆਗਿ ਛੋਡਿਓ ਤਉ ਨਾਨਕ ਹਰਿ ਜੀਉ **ਭੇਟਨਾ**।" (ਮਿਲਦਾ ਹੈ)
— ਕਾਨ **੫**, ੩੫, ੨ : ੫ (1305)

ਭੇਟਲ — ਮਿਲਿਆ ਹੈ
"ਨਾਮੇ ਸ੍ਰੀ ਰੰਗੁ **ਭੇਟਲ** ਸੋਈ।"
— ਭੈਰ **ਨਾਮ**, ੪, ੪ : ੨ (1164)

ਭੇਟਾਇ — ਮੇਲ ਕਰਾਉਂਦਾ ਹੈ
"ਜੇ ਵਡਭਾਗ ਹੋਵਹਿ ਮੁਖਿ ਮਸਤਕਿ ਹਰਿ ਰਾਮ ਜਨਾ **ਭੇਟਾਇ**।"— ਰਾਮ **੪**, ੨, ੨ : ੧ (881)

ਭੇਟਿ — ਮਿਲਕੇ
"ਗੁਰਮੁਖਿ ਗਿਆਨ **ਭੇਟਿ** ਗੁਣ ਗਾਹੀ।" (ਭਾਵ ਪ੍ਰਾਪਤ ਕਰਕੇ)
— ਗਉ **੧**, ਅਸ ੧੩, ੭ : ੨ (227)
"ਕਹਿ ਕਬੀਰ ਗੁਰ **ਭੇਟਿ** ਮਹਾ ਸੁਖ ਭ੍ਰਮਤ ਰਹੇ ਮਨੁ ਮਾਨਾ ਨਾਂ।" (ਮਿਲਕੇ)
— ਗਉ **ਕਬ**, ੭੪, ੪ : ੨ (340)
"ਜਨਮ ਜਨਮ ਕੇ ਮਹਾ ਪਰਾਛਤ ਦਰਸਨੁ **ਭੇਟਿ** ਮਿਟਾਇਓ।" (ਕਰਕੇ)
— ਕਾਨ **੫**, ੨੬, ੧ : ੧ (1303)

ਹੋਰ ਰੂਪ — ਭੇਟਿਓ —
"ਜਿਸੁ ਸਤਗੁਰੁ ਪੁਰਖੁ ਨ **ਭੇਟਿਓ** ਸੁ ਭਉਜਲਿ ਪਚੈ ਪਚਾਇ।" (ਮਿਲਿਆ ਭਾਵ ਸੰਗਤ ਕੀਤੀ) — ਸਿਰੀ **੧**, ੨੨, ੩ : ੨ (22)
"ਪੂਰਬ ਕਰਮ ਅੰਕੁਰ ਜਬ ਪ੍ਰਗਟੇ **ਭੇਟਿਓ** ਪੁਰਖੁ ਰਸਿਕ ਬੈਰਾਗੀ।" (ਮਿਲ ਪਿਆ)
— ਗਉ **੫**, ੧੧੯*, ੨ : ੧ (204)
"ਗੁਰੁ ਪੂਰਾ **ਭੇਟਿਓ** ਵਡਭਾਗੀ ਮਨਹਿ ਭਇਆ ਪਰਗਾਸਾ।" (ਦਰਸ਼ਨ ਕੀਤੇ, ਮਿਲਿਆ)
— ਸੋਰ **੫**, ੫, ੧ : ੧ (609)

ਭੇਟਿਆ —
"ਜਿਨ ਕਉ ਪੂਰਬਿ ਲਿਖਿਆ ਸਤਗੁਰੁ **ਭੇਟਿਆ** ਤਿਨ ਆਇ।" (ਮਿਲਿਆ)
— ਸਿਰੀ **੩**, ੫੬, ੨ : ੪ (35)

ਭੇਟਿਐ —
"ਨਾਨਕ ਸਤਿਗੁਰਿ **ਭੇਟਿਐ** ਪੂਰੀ ਹੋਵੈ ਜੁਗਤਿ।" (ਮਿਲਣ ਨਾਲ)
— ਗੂਜ **੫**, ਵਾਰ ੧੬ਸ, **੫**, ੨ : ੧ (522)
"ਪਾਰਸਿ **ਭੇਟਿਐ** ਕੰਚਨੁ ਭਇਆ ਕੀਮਤਿ ਕਹੀ ਨਾ ਜਾਇ।" (ਮਿਲਣ/ਛੋਹਨ ਨਾਲ)
— ਪ੍ਰਭਾ **੩**, ਅਸ ੧, ੧੦ : ੨ (1346)

ਭੇਟਿਲੇ — ਮਿਲਿਆ
"ਨਾਦਿ ਸਮਾਇਲੋ ਰੇ ਸਤਿਗੁਰ **ਭੇਟਿਲੇ** ਦੇਵਾ।"
— ਸੋਰ **ਨਾਮ**, ੧, ੧* : ੧ (657)

ਭੇਟੀਅਲੇ — ਮਿਲ ਜਾਈਦਾ ਹੈ
"**ਭੇਟੀਅਲੇ** ਰਾਇ ਨਿਸੰਗਾ।"

— ਰਾਮ **ਕਬ**, ੧੦, ੨ : ੪ (972)

ਭੇਟੀਐ — ਮਿਲੀ

"ਗੁਰ ਪੂਰਾ ਸਤਿਗੁਰੁ **ਭੇਟੀਐ** ਹਰਿ ਆਇ ਵਸੈ ਮਨਿ ਚਿਤਿ।"— ਸਿਰੀ **੪**, ਵਣ ੧, ੫ : ੨ (82)

"ਜਿਨ ਕਉ ਸਾਧੂ **ਭੇਟੀਐ** ਸੋ ਦਰਗਹ ਹੋਇ ਖਲਾਸੁ।" (ਮਿਲੇ) — ਮਾਝ **੫**, ਬਾਰਾ ੫ : ੬ (134)

"ਜਿਉ ਲੋਹਾ ਪਾਰਸਿ **ਭੇਟੀਐ** ਮਿਲਿ ਸੰਗਤਿ ਸੁਵਰਨੁ ਹੋਇ ਜਾਇ।" (ਛੂਹਾਈ ਏ)

— ਗਉ **੪**, ਵਾਰ ੨ਸ, **੪**, ੨ : ੨ (303)

ਭੇਟੁਲਾ — ਭੇਟ ਲਿਆ, ਮਿਲ ਲਿਆ ਭਾਵ ਦਰਸ਼ਨ ਕੀਤੇ

"ਸੰਤਹ ਕੈ ਪਰਸਾਦਿ ਨਾਮਾ ਹਰਿ **ਭੇਟੁਲਾ**।"

— ਆਸਾ **ਨਾਮ**, ੫, ੨ : ੨ (486)

ਹੋਰ ਰੂਪ — ਭੇਟੁਲੇ —

"ਅਚਰਜੁ ਸੁਨਿਓ ਪਰਾਪਤਿ **ਭੇਟੁਲੇ** ਸੰਤ ਚਰਨ ਮਨੁ ਲਾਈਐ।"

— ਬਿਲਾ **੫**, ੯੨, ੧ : ੨ (822)

ਭੇਟੇ — 1. ਮਿਲਣ ਦੇ

"ਲਖ ਚਉਰਾਸੀਹ ਤਰਸਦੇ ਫਿਰੇ ਬਿਨੁ ਗੁਰ **ਭੇਟੇ** ਪੀਰੈ।" — ਸਿਰੀ **੩**, ੬੩, ੧ : ੨ (38)

2. ਛੂਹੇ

"ਤਿਸੁ **ਭੇਟੇ** ਸਾਧੂ ਕੇ ਚਰਨ।"

— ਗਉ **੫**, ੧੧੫, ੪ : ੨ (189)

3. ਮਿਲੇ

"ਜਿਤੁ **ਭੇਟੇ** ਪਾਰਬ੍ਰਹਮ ਨਿਰਜੋਗ।"

— ਗਉ **੫**, ੧੨੯, ੧ : ੨ (191)

ਹੋਰ ਰੂਪ — ਭੇਟੈ —

"ਪੂਰੈ ਭਾਗਿ ਸਤ ਸੰਗਤਿ ਲਹੈ ਸਤਿਗੁਰੁ **ਭੇਟੈ** ਜਿਸੁ ਆਇ।" (ਮਿਲੇ)

— ਸਿਰੀ **੩**, ੫੫, ੪ : ੨ (35)

ਭੇਟੈ — 1. ਮਿਲੈ, ਵੇਖੋ ਭੇਟੇ (3)

"ਸੁਖੁ ਮਾਨੇ **ਭੇਟੈ** ਗੁਰ ਪੀਰੁ।" (ਮਿਲੇ)

— ਆਸਾ **੧**, ਅਸ ੩, ੫ : ੩ (413)

2. ਮਿਲਾਵੇ

"ਕਿਰਪਾ ਕਰੇ ਤਾ ਸਤਿਗੁਰੁ **ਭੇਟੈ** ਨਦਰੀ ਮੇਲਿ ਮਿਲਾਵਣਿਆ।"

— ਮਾਝ **੩**, ੩੦, ੨ : ੩ (127)

3. ਮਿਲਦਾ ਹੈ

"ਐਸਾ ਜੋਗੀ ਵਡਭਾਗੀ **ਭੇਟੈ** ਮਾਇਆ ਕੇ ਬੰਧਨ ਕਾਟੈ।" — ਗਉ **੫**, ੧੩੨, ੫ : ੧ (208)

4. ਭੇਟਾ ਲੈ ਕੇ

"**ਭੇਟੈ** ਸਿਉ ਜਾਵਹੁ ਸਚਿ ਸਮਾਵਹੁ ਤਾ ਪਤਿ ਲੇਖੈ ਪਾਈ।"— ਵਡ **੧**, ਅਲਾ ੨, ੨ : ੪ (579)

5. ਮਿਲਿਆਂ, ਮਿਲਣ ਤੇ

"ਕਹੁ ਨਾਨਕ ਪ੍ਰਭ ਹੋਤ ਦਇਆਰਾ ਗੁਰੁ **ਭੇਟੈ** ਕਾਢੈ ਬਾਹ ਫਰੇ।"

— ਬਿਲਾ **੫**, ੯੬, ੨ : ੨ (823)

ਭੇਡ — ਇਕ ਚੌਪਾਇਆ/ਜਾਨਵਰ

"ਮੁਕਤੀ **ਭੇਡ** ਨ ਗਈਆ ਕਾਈ।"

— ਗਉ **ਕਬ**, ੪, ੨ : ੨ (324)

ਹੋਰ ਰੂਪ — ਭੇਡਾ —

"**ਭੇਡਾ** ਵਾਗੀ ਸਿਰੁ ਖੋਹਾਇਨਿ ਭਰੀ ਅਨਿ ਹਥ ਸੁਆਹੀ।" (ਭੇਡਾਂ)

— ਮਾਝ **੧**, ਵਾਰ ੨੬ਸ, **੧**, ੧ : ੩ (149)

ਭੇਡਾਰੇ — ਭੇਡਾਂ ਵਾਂਗ

"ਓਨਾ ਦਾ ਭਖੁ ਸੁ ਓਥੈ ਨਾਹੀ ਜਾਇ ਕੂੜੁ ਲਹਨਿ **ਭੇਡਾਰੇ**।"

— ਗਉ **੪**, ਵਾਰ ੨੧ਸ, **੪**, ੧ : ੫ (312)

ਭੇਤ — ਰਾਜ਼, ਗੁਪਤ ਗਲ

"ਮਾਰਗ ਪਾਏ ਉਦਿਆਨ ਮਹਿ ਗੁਰਿ ਦਸੇ **ਭੇਤ**।"

ਹੋਰ ਰੂਪ — ਭੇਤਿ —

"ਨਾਮ ਅਧਾਰਿ ਚਲਾ ਗੁਰ ਕੈ ਭੈ **ਭੇਤਿ**।" (ਰਾਜ਼ ਨਾਲ)

— ਮਲਾ **੧**, ਅਸ ੪, ੧* : ੨ (1275)

ਭੇਤੁ —

"ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ **ਭੇਤੁ**।" (ਰਾਜ਼, ਗੁਪਤਗਲ)— ਸਿਰੀ **੧**, ਪਹ ੧, ੪ : ੨ (75)

ਭੇਤੁ — 1. ਰਾਜ਼ ਵੇਖੋ 'ਭੇਤ'

2. ਅੰਤਰ, ਫਰਕ

"ਅਲਿ ਕਮਲ ਭਿੰਨੁ ਨ **ਭੇਤੁ**।"

— ਬਿਲਾ **੫**, ਅਸ ੨, ੬ : ੪ (838)

ਭੇਦ — 1. ਰਾਜ਼, ਭੇਤ

"ਸੁਣਿਐ ਜੋਗ ਜੁਗਤਿ ਤਨਿ **ਭੇਦ**।"

— ਜਪੁ **੧**, ੯ : ੩ (2)

2. ਫਰਕ, ਵਿਤਕਰਾ, ਵਖੇਵੇ
"ਗੁਰ ਕੈ ਬਚਨਿ ਕਟੇ ਭ੍ਰਮ **ਭੇਦ**।"
— ਗਉ **੫**, ੭੪, ੨ : ੨ (177)

ਹੋਰ ਰੂਪ — ਭੇਦੰ —
"ਮਨ ਛੋਡਿ ਛੋਡਿ ਸਗਲ **ਭੇਦੰ**।" (ਵੇਖੋ ਵੇ, ਭੇਦ ਭਾਵ, ਫਰਕ)
— ਗੋਂਡ **ਨਾਮ**, ੧, ੪ : ੨ (873)

3. ਦੁਬਿਧਾ
"ਅਲਹ ਲਹੰਤਾ ਭੇਦ ਛੈ ਕਛੁ ਕਛੁ ਪਾਇਓ ਭੇਦ।"
"ਉਲਟਿ **ਭੇਦ** ਮਨੁ ਬੇਧਿਓ ਪਾਇਓ ਅਭੰਗ ਅਛੇਦ।"
(ਪਹਿਲੀ ਤੁਲ ਵਿਚ ਪਹਿਲੇ ਭੇਦ ਦੇ ਅਰਕ ਵਿਖੇਵੇ ਹੈ, ਦੂਜੇ ਦੇ ਰਾਜ਼)
— ਗਉ **ਕਬ**, ਬਾਅ ੪ : ੧;੨ (340)

4. ਵਿਭਿੰਨ/ਵਿਚਾਰ
"ਸਾਸਤ ਬੇਦ ਸਿੰਮ੍ਰਿਤਿ ਬਹੁ **ਭੇਦੁ**।"
— ਆਸਾ **੧**, ੧੫, ੪ : ੧ (353)

5. ਭਿੰਨਤਾ, (ਜੀਵਾਂ ਦੀਆਂ ਅਨੇਕ ਕਿਸਮਾਂ)
"ਵਿਸਮਾਦੁ ਜੀਅ ਵਿਸਮਾਦੁ **ਭੇਦ**।"
— ਆਸਾ **੧**, ਵਾਰ ੩ਸ, **੧**, ੧ : ੨ (463)

ਭੇਦਹਿ — ਭੇਤ ਵਿਚ, ਰਾਜ਼ ਵਿਚ
"ਭਭਾ **ਭੇਦਹਿ** ਭੇਦ ਮਿਲਾਵਾ।"
— ਗਉ **ਕਬ**, ਬਾਅ ੩੦ : ੧ (342)

ਭੇਦਾ — ਫਰਕ, ਵਖੇਵੇ
"ਜਬ ਇਨਿ ਕਿਛੁ ਕਰਿ ਮਾਨੇ **ਭੇਦਾ**।"
— ਗਉ **੫**, ਅਸ ੧, ੫ : ੧ (235)

ਭੇਦਿ — 1. ਵਿੰਨ੍ਹਿਆ ਜਾ ਕੇ
"ਸੁਖ ਦੁਖ ਸਮ ਕਰਿ ਜਾਣੀ ਅਹਿ ਸਬਦਿ **ਭੇਦਿ** ਸੁਖੁ ਹੋਇ।"— ਸਿਰੀ **੧**, ਅਸ ੭, ੫ : ੩ (57)

2. ਭੇਤ ਜਾਣ ਕੇ
"ਤੁਮ ਸਾਚੇ ਹਮ ਤੁਮ ਹੀ ਰਾਚੇ ਸਬਦਿ **ਭੇਦਿ** ਫੁਨਿ ਸਾਚੇ।"— ਸੋਰ **੧**, ੫, ੩ : ੧ (597)

ਭੇਦਿਓ — 1. ਭੇਤ ਸਮਝਣਾ
"ਗੁਰਮੁਖਿ ਹਿਰਦੈ ਸਬਦੁ ਨ **ਭੇਦਿਓ** ਹਰਿ ਨਾਮਿ ਨ ਲਾਗਾ ਭਾਉ।"— ਸੋਰ **੩**, ਅਸ ੧, ੩ : ੨ (637)

ਹੋਰ ਰੂਪ — ਭੇਦਿਆ —
"ਗੁਰ ਕੈ ਸਬਦਿ **ਭੇਦਿਆ** ਇਨ ਬਿਧਿ ਵਸਿਆ ਮਨਿ ਆਇ।" (ਭੇਤ ਸਮਝਿਆ)
— ਬਿਹਾ **੪**, ਵਾਰ ੧੯ਸ, **੩**, ੧ : ੪ (555)

2. ਵਿੰਨ੍ਹਿਆ ਗਿਆ
"ਇਹੁ ਮਨੁ ਸਬਦਿ ਨ **ਭੇਦਿਓ** ਕਿਉ ਹੋਵੈ ਘਰਵਾਸੁ।" — ਸਲੋ ੩, ੩੧ : ੩ (1416)

ਹੋਰ ਰੂਪ — ਭੇਦਿਆ —
"ਚੰਦ ਸਤ **ਭੇਦਿਆ** ਨਾਦ ਸਤ ਪੂਰਿਆ ਸੂਰ ਸਤ ਖੋੜਸਾ ਦਤੁ ਕੀਆ।" (ਵਿੰਨ੍ਹਿਆ)
— ਮਾਰੂ **ਜੈਦੇ**, ੧, ੧ : ੧ (1106)

ਭੇਦੀ — ਫਰਕ ਕਰਕੇ, ਅੰਤਰ ਕਰਕੇ
"ਜੂਠਿ ਨ ਚੰਦ ਸੂਰਜ ਕੀ **ਭੇਦੀ**।"
— ਸਾਰ **੪**, ਵਾਰ ੭ਸ, **੧**, ੧ : ੨ (1240)
"ਮਾਨੈ ਬਾਸੈ ਨਾਨਾ **ਭੇਦੀ** ਭਰਮਤੁ ਹੈ ਸੰਸਾਰੀ।" (ਭੇਦਾਂ ਵਿਚ ਭਿੰਨਤਾ ਵਿਚ)
— ਪ੍ਰਭਾ **ਨਾਮ**, ੧, ੨ : ੨ (1350)

ਭੇਦੀਐ — ਵਿੰਨ੍ਹੇ ਜਾਣਾ
"ਜਬ ਲਗੁ ਸਬਦਿ ਨ **ਭੇਦੀਐ** ਕਿਉ ਸੋਹੈ ਗੁਰ ਦੁਆਰ।" — ਸਿਰੀ **੧**, ੧੩, ੫ : ੨ (19)
"ਗੁਰ ਸਬਦੀ ਹਰਿ **ਭੇਦੀਐ** ਹਰਿ ਜਪਿ ਹਰਿ ਬੂਝੈ।" (ਭਾਵ ਲੀਨ ਹੋਈਏ)
— ਮਾਰੂ **੩**, ਵਾਰ ੧੧ : ੩ (1090)

ਭੇਦੁ — 1. ਭੇਤ, ਰਾਜ਼, ਗੁਝੀਗਲ
"ਤਿਸੁ ਰਸੁ ਆਇਆ ਜਿਨਿ **ਭੇਦੁ** ਲਹਿਆ।"
— ਮਾਝ **੫**, ੧੦, ੪ : ੨ (97)

2. ਅੰਤਰ, ਵਿੱਥ, ਫਰਕ
"ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ **ਭੇਦੁ** ਨ ਭਾਈ।"
— ਗਉ **੫**, ੧੨੨*, ੪ : ੨ (205)

3. ਫਰਕ,ਵਖਰਤਾ
"**ਭੇਦੁ** ਨ ਜਾਣਹੁ ਮਾਣਸ ਦੇਹਾ।"
— ਮਾਰੂ **੫**, ਸੋਲਾ ੫, ੮ : ੨ (1076)

ਭੇਦੇ — ਵਿੰਨ੍ਹੇ ਗਏ
"ਉਲਟਤ ਪਵਨ ਚਕ੍ਰ ਖਟੁ **ਭੇਦੇ** ਸੁਰਤਿ ਸੁੰਨ ਅਨਰਾਗੀ।" — ਗਉ **ਕਬ**, ੪੭, ੧ : ੧ (333)

ਭੇਦੈ — ਵਿੰਨ੍ਹਦਾ, ਚੀਰਦਾ

"ਜੈਸੇ ਪਾਹਨੁ ਜਲ ਮਹਿ ਰਾਖਿਓ **ਭੇਦੈ** ਨਾਹਿ ਤਿਹ ਪਾਨੀ।" — ਬਿਲਾ **੯**, ੩, ੨ : ੧ (831)

ਭੇਨ — ਭਿਜਦਾ ਹੈ
"ਗੁਰਮਤਿ ਹਰਿ ਗੁਣ ਬੋਲਹੁ ਜੋਗੀ ਇਹੁ ਮਨੂਆ ਹਰਿ ਰੰਗਿ **ਭੇਨ**।" — ਆਸਾ **੪**, ੬੧, ੧ : ੨ (368)

ਭੇਰੀ — ਵਡਾ ਨਗਾਰਾ
"ਕਹਾ ਸੁ ਖੇਲ ਤਬੇਲਾ ਘੋੜੇ ਕਹਾ **ਭੇਰੀ** ਸਹਨਾਈ।" — ਆਸਾ **੧**, ਅਸ ੧੨, ੧ : ੧ (417)
"ਪਾਸਿ ਦਮਾਮੇ ਛਤੁ ਸਿਰਿ **ਭੇਰੀ** ਸਡੋ ਰਡ।" — ਸਲੋ **ਫਰ**, ੪੫ : ੧ (1380)
ਹੋਰ ਰੂਪ — ਭੇਰੀਆ —
"ਵਾਤ ਵਜਨਿ ਟੰਮਕ **ਭੇਰੀਆ**।" — ਸਿਰੀ **੫**, ਅਸ ੨੯, ੧੮ : ੧ (74)

ਭੇਲਾ — ਮਿਲੇ ਹੋਏ, ਲੀਨ
"ਤੁਰੇ ਉਸਟ ਮਾਇਆ ਮਹਿ **ਭੇਲਾ**।" — ਭੈਰ **ਕਬ** ੧੩, ੨ : ੩ (1160)

ਭੇਵ — 1. ਭੇਦ, ਭੇਤ
"ਹਰਿ ਨਿਗਮ ਲਹਹਿ ਨ **ਭੇਵ**।" — ਬਿਲਾ **੫**, ਅਸ ੧, ੬ : ੩ (837)
"ਤਪਸੀ ਮਾਤੇ ਤਪ ਕੈ **ਭੇਵ**।" (ਭੇਤ ਵਿਚ) — ਬਸੰ **ਕਬ**, ੨, ੧ : ੪ (1193)
2. ਹੋਏ, ਭਏ
"ਭਗਤਿ ਹੇਤਿ ਨਰਸਿੰਘ **ਭੇਵ**।" — ਬਸੰ **ਕਬ**, ੪, ੫ : ੨ (1194)

ਭੇਵਾ — ਅੰਦਰ ਦੀ ਦਸ਼ਾ, ਅੰਤਹ ਕਰਣ
"ਹਠਿ ਨਿਗ੍ਰਹਿ ਨ ਤ੍ਰਿਪਤਾ ਵਹਿ **ਭੇਵਾ**।" — ਰਾਮ **੧**, ਅਸ ੬, ੬ : ੨ (906)

ਭੇੜਿ — ਭੇੜ (ਲੜਾਈ) ਵਿਚ
"ਨ ਭੀਜੈ **ਭੇੜਿ** ਮਰਹਿ ਭਿੜਿ ਸੂਰ।" — ਸਾਰ **੪**, ਵਾਰ ੧ਸ, **੧**, ੨ : ੮ (1237)

ਭੇੜੀ — ਛੁਹਾਵਾਂ
"ਜੇ ਜਾਂਣਾ ਬਗੁ ਬਪੁੜਾ ਜਨਮਿ ਨ **ਭੇੜੀ** ਅੰਗੁ।" — ਸਲੋ **ਫਰ**, ੧੨੩ : ੨ (1384)

ਭੈ — 1. ਡਰ
"**ਭੈ** ਤੇਰੇ ਡਰੁ ਅਗਲਾ ਖਪਿ ਖਪਿ ਛਿਜੈ ਦੇਹ।" (ਭਾਵ ਰੁਹਬ) — ਸਿਰੀ **੧**, ੬, ੪ : ੧ (16)
2. ਭਵ ਸਾਗਰ
"ਸਤਿਗੁਰੁ **ਭੈ** ਕਾ ਬੋਹਿਥਾ ਨਦਰੀ ਪਾਰਿ ਉਤਾਰੁ।" — ਸਿਰੀ **੧**, ਅਸ ੧੦, ੪ : ੩ (59)
"ਸਿਮਰਤ ਨਾਮੁ **ਭੈ** ਪਾਰਿ ਉਤਰੀਆ।" — ਗਉ **੫**, ੧੨੦, ੧* : ੨ (190)
3. ਭਿਆਨਕ, ਡਰਾਉਣਾ
"ਜਿਉ ਬੋਹਿਥੁ **ਭੈ** ਸਾਗਰ ਮਾਹਿ।" — ਗਉ **੫**, ੭੯, ੨ : ੧ (179)
4. ਭਵ, ਸੰਸਾਰ, ਹਸਤੀ
"ਕਹਤ ਕਬੀਰ ਸੁਨਹੁ ਰੇ ਸੰਤਹੁ **ਭੈ** ਸਾਗਰ ਕੈ ਤਾਈ।" — ਆਸਾ **ਕਬ**, ੯, ੪ : ੧ (478)
"ਪ੍ਰਭਿ ਕ੍ਰਿਪਾ ਧਾਰੀ ਹਰਿ ਮੁਰਾਰੀ **ਭੈ** ਸਿੰਧੁ ਸਾਗਰ ਤਾਰਣੋ।" (ਹਸਤੀ ਦਾ ਸਮੁੰਦਰ) — ਬਿਹਾ **੫**, ਛੰਤ ੪, ੪ : ੪ (544)

ਭੈਆਨ — ਭਿਆਨਕ, ਡਰਾਉਣਾ
"ਹਰਿ ਨਾਮੁ ਲੇਹੁ ਮੀਤਾ ਲੇਹੁ ਆਗੈ ਬਿਖਮ ਪੰਥੁ **ਭੈਆਨ**।" — ਗਉ **੫**, ੧੫੮*, ੧* : ੧ (214)

ਭੈਇਲਾ — ਭਇਆ ਹੋਇਆ
"ਸਰਬੇ ਆਦਿ ਪਰਮਲਾਦਿ ਕਾਸਟ ਚੰਦਨੁ **ਭੈਇਲਾ**।" — ਪ੍ਰਭਾ **ਨਾਮ**, ੨, ੨ : ੨ (1351)

ਭੈਸ — ਮੱਝ, ਦੁੱਧ ਦੇਣ ਵਾਲਾ ਇਕ ਪਸ਼ੂ
"ਗਊ **ਭੈਸ** ਮਾਗਉ ਲਾਵੇਰੀ।" — ਧਨਾ **ਧੰਨਾ**, ੧, ੨ : ੧ (695)

ਭੈਸਰ — ਭੈਂਸਾ, ਢਗਾ, ਝੋਟਾ
"ਬਾਣੀਏ ਕੇ ਘਰ ਹੀਂਗੁ ਆਛੈ **ਭੈਸਰ** ਮਾਥੈ ਸੀਂਗੁ ਗੋ।" — ਟੋਡੀ **ਨਾਮ** ੩, ੨ : ੧ (718)

ਭੈਸਾ — ਝੋਟਾ, ਢਗਾ
"ਪਹਿਰਿ ਚੋਲਨਾ ਗਦਹਾ ਨਾਚੈ **ਭੈਸਾ** ਭਗਤਿ ਕਰਾਵੈ।" — ਆਸਾ **ਕਬ**, ੬, ੧ : ੨ (477)

ਭੈਸਾਗਰੁ — ਸੰਸਾਰ ਸਮੁੰਦਰ, ਭਵਸਾਗਰ
"ਸਾਧ ਸੰਗਿ ਤਰੈ **ਭੈ ਸਾਗਰੁ**।" — ਸੂਹੀ **੫**, ੩੪, ੧ : ੧ (744)

ਭੈਹਰਨ — ਭੈ (ਡਰ) ਦੂਰ ਕਰਨ ਵਾਲਾ
"ਪਤਿਤ ਉਧਾਰਨ **ਭੈਹਰਨ** ਸੁਖ ਸਾਗਰ ਨਿਰੰਕਾਰ।" — ਗਉ **੫**, ਥਿਤੀ ੧ : ੬ (296)

ਭੈਹਾਰੀਆ — ਭੈ ਭੀਤ ਹੋਣਾ

"ਸੁਣਿ ਸੁਣਿ ਪੰਥੁ ਡਰਾਉ ਬਹੁਤੁ **ਭੈਹਾਰੀਆ**।"
— ਗਉ **੫**, ਅਸ ੧੨, ੨ : ੧ (240)

ਭੈਜਲੁ — ਡਰ ਦਾ ਸਮੁੰਦਰ ਭਾਵ ਇਹ ਸੰਸਾਰ
"ਭੈ ਤੇ **ਭੈਜਲੁ** ਲੰਘੀਐ ਗੁਰਮਤੀ ਵੀਚਾਰੁ।"
— ਮਲਾ **੧**, ਵਾਰ ੨੨ : ੫ (1288)

ਭੈਣ — ਮਾਂ ਪਿਉ ਜਾਈ, ਬੇਬੇ
"**ਭੈਣ** ਭਾਈ ਸਭ ਸਜਣਾ ਤੁਧੁ ਜੇਹਾ ਨਾਹੀ ਕੋਇ ਜੀਉ।" — ਸਿਰੀ **੫**, ਅਸ ੨੯, ੧ : ੩ (73)

ਹੋਰ ਰੂਪ — ਭੈਣਾ —
"ਨਾ **ਭੈਣਾ** ਭਰਜਾਈਆ ਨਾਸੇ ਸਸੁੜੀ ਆਹ।" (ਭੈਣ ਦਾ ਬਹੁ ਵਚਨ)
— ਮਾਰੂ **੧**, ਅਸ ੧੦, ੧ : ੧ (1015)

ਭੈਣੁ — ਭਵਨ ਸੰਸਾਰ
"ਜਿਸ ਨੋ ਤੂ ਰਖਵਾਲਾ ਜਿਤਾ ਤਿਨੈ **ਭੈਣੁ**।"
— ਰਾਮ **੫**, ਵਾਰ ੮ : ੨ (961)
(ਮਹਾਨਕੋਸ਼ ਨੇ ਇਸ ਨੂੰ 'ਭ੍ਰਮਣ' ਤੋਂ ਉਤਪਤ ਮਨ ਅਰਥ ਚਉਰਾਸੀ ਦਾ ਗੇੜਾ ਕੀਤਾ ਹੈ।)

ਭੈਣੇ — ਹੇ ਭੈਣੋ, ਹੇ ਸਖੀਹੋ
"ਆਪਹੁ **ਭੈਣੇ** ਗਲਿ ਮਿਲਹ ਅੰਕਿ ਸਹੇਲੜੀਅਹ।"
— ਸਿਰੀ **੧**, ੧੦, ੧ : ੧ (17)

ਹੋਰ ਰੂਪ — ਭੈਣੋ —
"ਵੈਦੋ ਨ ਵਾਈ **ਭੈਣੋ** ਨ ਭਾਈ ਏਕੋ ਸਹਾਈ ਰਾਮੁ ਹੇ।" (ਹੇ ਭੈਣੋ)
— ਮਾਰੂ **੫**, ੩੨, ੧ : ੧ (1008)

ਭੈਨਾ — ਹੇ ਭੈਣੋ
"ਗੁਰਮੁਖਿ ਨਾਮੁ ਸੁਨਹੁ ਮੇਰੀ **ਭੈਨਾ**।"
— ਆਸਾ **੪**, ੫੫, ੧* : ੧ (366)

ਭੈਭੰਜਨ — ਡਰ ਨੂੰ ਭੰਨਣ ਵਾਲਾ
"**ਭੈ ਭੰਜਨ** ਅਘ ਦੂਖ ਨਾਸ ਮਨਹਿ ਅਰਾਧਿ ਹਰੇ।"
— ਗਉ **੫**, ਬਾਅ ੪੦ਸ : ੧ (258)

ਹੋਰ ਰੂਪ — ਭੈਭੰਜਨੁ —
"ਗੁਰੁ ਪਰਮੇਸਰੁ ਸੇਵਿਆ **ਭੈਭੰਜਨੁ** ਦੁਖ ਲਥੁ।"
— ਸਿਰੀ **੫**, ੯੦, ੩ : ੪ (50)

ਭੈਭੀਤ — ਬਹੁਤ ਡਰਿਆ ਹੋਇਆ
"ਰਿਦ ਬਸੰਤਿ **ਭੈ ਭੀਤ** ਦੂਤਹ ਕਰਮ ਕਰਤ ਮਹਾ ਨਿਰਮਲਹ।" — ਸਸ **੫**, ੧੯ : ੨ (1355)

ਹੋਰ ਰੂਪ — ਭੈਭੀਤੰ —
"ਦੁਖੰ ਭਯੰਤਿ ਸੁਖੰ **ਭੈ ਭੀਤੰ** ਨਿਰਭਯਹ।"
— ਸਸ **੫**, ੩੭ : ੨ (1357)

ਭੈਯਾਨ — ਭਿਆਨਕ, ਡਰਾਉਣਾ
"ਗਨੰਤ ਸ੍ਵਾਸਾ **ਭੈਯਾਨ** ਧਰਮੰ।"
— ਸਸ **੫**, ੩ : ੪ (1354)

ਭੈਰਉ — 1. ਸਿਵਜੀ ਦਾ ਇਕ ਰੂਪ ਜੋ ਕੁਤੇ ਦੀ ਸਵਾਰੀ ਕਰਦਾ ਹੈ
"**ਭੈਰਉ** ਭੂਤ ਸੀਤਲਾ ਧਾਵੈ।"
— ਗੋਂਡ **ਨਾਮ**, ੬, ੧ : ੧ (874)

2. ਇਕ ਪੂਰਨ ਰਾਗ
"ਪ੍ਰਥਮ ਰਾਗ **ਭੈਰਉ** ਵੈ ਕਰਹੀ।"
— ਰਾਮ ੧ : ੩ (1429)

ਹੋਰ ਰੂਪ — ਭੈਰਵ —
"ਅਸਟ ਪੁਤ੍ਰ **ਭੈਰਵ** ਕੇ ਗਾਵਹਿ ਗਾਇਨ ਪਾਤ੍ਰ।" (ਰਾਗ ਭੈਰਉ)
— ਰਾਗ ੧ : ੧੨ (1429)

ਭੈਰਵੀ — ਇਕ ਰਾਗਨੀ, ਭੈਰਉ ਰਾਗ ਦੀਆਂ ਪੰਜ ਨਾਰੀਆਂ ਵਿਚੋਂ ਇਕ ਬਾਕੀ ਚਾਰ ਹਨ: ਬਿਲਾਵਲੀ, ਪੁੰਨਿਆ, ਬੰਗਲੀ ਤੇ ਅਸਲੇਕੀ
"ਪ੍ਰਥਮ **ਭੈਰਵੀ** ਬਿਲਾਵਲੀ।"
— ਰਾਮ ੧ : ੫ (1429)

ਭੈਲਾ — ਭਇਲਾ, ਮੌਜੂਦ ਸੀ, ਵਸਦਾਸੀ
"ਜਤ੍ਰ ਜਾਉ ਤਤ ਬੀਠਲੁ **ਭੈਲਾ**।"
— ਆਸਾ **ਨਾਮ**, ੨, ੧* : ੧ (485)

ਭੋ — 1. ਹੇ
"ਹੇ ਅਚੁਤ ਸਰਣਿ ਸੰਤ ਨਾਨਕ **ਭੋ** ਭਗਵਾਨ ਏ ਨਮਹ।" — ਸਸ **੫**, ੧੧ : ੪ (1355)

2. ਭਈਆਂ, ਹੋ ਗਈਆ
"ਪੂਰਨ **ਭੋ** ਮਨ ਠਉਰ ਬਸੋ ਰਸ ਬਾਸਨ ਸਿਉ ਜੁ ਦਹੰ ਦਿਸਿ ਧਾਯਉ।"
— ਸਵ **੪**, ਨਲ ੧੦ : ੩ (1400)

ਭੋਗ — 1. ਇਸਤ੍ਰੀ ਮਰਦ ਦਾ ਸੰਗਮ, ਮੈਥੁਨ
"ਜੇ ਲਖ ਇਸਤਰੀਆ **ਭੋਗ** ਕਰਹਿ ਨਵਖੰਡ ਰਾਜੁ ਕਮਾਹਿ।" — ਸਿਰੀ **੩**, ੩੫, ੩ : ੧ (26)

2. ਇੰਦਰੀਆਂ ਦੁਆਰਾ ਮਾਨਿਆ ਗਿਆ ਰਸ, ਅਨੰਦ ਖੁਸ਼ੀਆਂ, ਸੰਸਾਰਕ ਖੁਸ਼ੀਆ

"ਅਨਿਕ ਅਨਿਕ **ਭੋਗ** ਰਾਜ ਬਿਸਰੇ ਪ੍ਰਾਣੀ ਸੰਸਾਰ ਸਾਗਰ ਪੈ ਅਮਰੁ ਭਇਆ।"
— ਸਿਰੀ **ਤ੍ਰਿਲੋ**, ੨, ੨ : ੧ (92)
"ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ **ਭੋਗ**।" — ਮਾਝ **੫**, ਬਾਰਾ ੯ : ੪ (135)
"ਕਾਹੂ ਜੋਗ ਕਾਹੂ **ਭੋਗ** ਕਾਹੂ ਗਿਆਨ ਕਾਹੂ ਧਿਆਨ।" (ਸੰਸਾਰਕ ਖੁਸ਼ੀਆਂ)
— ਗਉ **੪**, ੧੫੫*, ੨ : ੧ (213)
"ਹਰਿ ਕਾ ਨਾਮੁ ਜਨ ਕਉ **ਭੋਗ** ਜੋਗ।" (ਸੰਸਾਰਕ ਅਨੰਦ) — ਗਉ **੫**, ਸੁਖ ੨, ੬ : ੭ (265)

ਹੋਰ ਰੂਪ — ਭੋਗੰ —
"ਜਨਮੰ ਤ ਮਰਣੰ ਹਰਖੰ ਤ ਸੋਗੰ **ਭੋਗੰ** ਤ ਰੋਗੰ।" — ਸਸ **੫**, ੧੨ : ੧ (1355)

3. ਰਸ ਮਾਣਨ ਦਾ ਸਾਮਾਨ ਭਾਵ ਸਾਧਨ
"ਜੀਉ ਮਨੁ ਤਨੁ ਪ੍ਰਾਨ ਪ੍ਰਭ ਕੇ ਦੀਏ ਸਭਿ ਰਸ **ਭੋਗ**।" — ਆਸਾ **੫**, ੧੩੨, ੧ : ੧ (405)
"ਰਾਜ **ਭੋਗ** ਅਰੁ ਛਤ੍ਰ ਸਿੰਘਾਸਨ ਬਹੁ ਸੁੰਦਰਿ ਰਮਨਾ।"
— ਆਸਾ **ਕਬ**, ੫, ੩ : ੧ (476)

ਹੋਰ ਰੂਪ — ਭੋਗੰ —
"ਅੰਮ੍ਰਿਤ ਨਾਮੁ ਨਿਰੰਜਨ ਪਾਇਆ ਗਿਆਨ ਕਾਇਆ ਰਸ **ਭੋਗੰ**।"
— ਆਸਾ **੧**, ੩੨, ੧* : ੨ (360)

4. ਇਸ਼ਟ ਦੇਵ ਨੂੰ ਅਰਪਿਆ ਪ੍ਰਸਾਦ
"ਚਰਨ ਪਖਾਰਿ ਕਰਉ ਗੁਰ ਸੇਵਾ ਮਨਹਿ ਚਰਾਵਉ **ਭੋਗ**।"
— ਟੋਡੀ **੫**, ੮, ੧ : ੧ (713)

5. ਭੋਗਦਿਆਂ, ਮਾਨਿਆ
"ਪੇਖੈ ਖੁਸੀ **ਭੋਗ** ਨਹੀ ਹਾਰਾ।"
— ਸੂਹੀ **੫**, ੪੫, ੧ : ੨ (746)

ਭੋਗਉ — ਭੋਗਦਾ ਹਾਂ, ਮਾਨਦਾ ਹਾਂ
"ਪ੍ਰਿਉ ਅਪਨਾ ਗੁਰਿ ਬਸਿ ਕਰਿ ਦੀਨਾ **ਭੋਗਉ** ਭੋਗ ਨਿਸੰਗਾ।"
— ਸਾਰ **੫**, ੩੦, ੨ : ੧ (1210)

ਭੋਗਈ — ਭੋਗਦਾ/ਮਾਨਦਾ ਹੈ
"ਓਨਾ ਪਿਛੈ ਜਗੁ ਭੁੰਚੈ **ਭੋਗਈ**।"
— ਰਾਮ **੫**, ਵਾਰ ੪ : ੫ (958)

ਭੋਗਹਿ — ਭੋਗਦਾ ਹੈ, ਮਾਨਦਾ ਹੈ
"ਰਸ **ਭੋਗਹਿ** ਖੁਸੀਆ ਕਰਹਿ ਮਾਣਹਿ ਰੰਗ ਅਪਾਰ।" — ਸਿਰੀ **੫**, ੭੧, ੧ : ੨ (42)
"ਦੁਖੁ ਖਾਵਹਿ ਦੁਖੁ ਸੰਚਹਿ **ਭੋਗਹਿ** ਦੁਖ ਕੀ ਬਿਰਧਿ ਵਧਾਈ।" (ਸਹਿੰਦਾ/ਬਰਦਾਸ਼ਤ ਕਰਦਾ ਹੈ)
— ਅਸ **੪**, ਛੰਤ ੮, ੨ : ੫ (442)

ਭੋਗਹੁ — 1. ਭੋਗਾਂ ਤੋਂ, ਰਸ ਮਾਨਣ/ਸੰਸਾਰਕ ਖੁਸ਼ੀਆਂ ਤੋਂ
"**ਭੋਗਹੁ** ਰੋਗ ਸੁ ਅੰਤਿ ਵਿਗੋਵੈ।"
— ਮਾਰੂ **੧**, ਸੋਲਾ ੧੪, ੭ : ੨ (1034)
2. ਮਾਨੋ
"**ਭੋਗਹੁ** ਭੁੰਚਹੁ ਭਾਈ ਹੋ ਪਲੈ ਨਾਮੁ ਅਗਥਾ।"
— ਮਾਰੂ **੫**, ੨੦ : ੬ (1101)

ਭੋਗਣ — ਭੋਗਣੇ, ਮਾਨਣੇ
"ਸਭਿ ਰਸ **ਭੋਗਣ** ਬਾਦਿ ਹਹਿ ਸਭਿ ਸੀਗਾਰ ਵਿਕਾਰ।" — ਸਿਰੀ **੧**, ੧੩, ੫ : ੧ (19)

ਹੋਰ ਰੂਪ — ਭੋਗਣਹ —
"ਆਵੰਤ ਜਾਵੰਤ ਥਕੰਤ ਜੀਆ ਦੁਖ ਸੁਖ ਬਹੁ **ਭੋਗਣਹ**।" (ਮਾਨਣੇ, ਝਲਣੇ)
— ਸਸ **੫**, ੪੯ : ੩ (1358)

ਭੋਗਣਹਾਰਾ — ਭੋਗਣਵਾਲਾ, ਮਾਣਨਵਾਲਾ
"ਸਭ ਘਟ ਆਪੇ **ਭੋਗਣਹਾਰਾ**।"
— ਮਾਝ **੩**, ਅਸ ੭, ੧ : ੧ (113)

ਹੋਰ ਰੂਪ — ਭੋਗਣਹਾਰਿਆ —
"ਦਾਤਾ ਕਰਤਾ ਆਪਿ ਆਪਿ **ਭੋਗਣ-ਹਾਰਿਆ**।" (ਮਾਣਨ ਵਾਲਾ)
— ਸੋਰ **੪**, ਵਾਰ ੧ : ੩ (642)

ਭੋਗਣਹਾਰੁ —
"ਕਾਇਆ ਕਾਮਣਿ ਜੇ ਕਰੀ ਭੋਗੇ **ਭੋਗਣਹਾਰੁ**।" (ਭੋਗਣ ਵਾਲਾ)
— ਸਿਰੀ **੧**, ੨੦, ੩ : ੧ (21)

ਭੋਗਣਾ — ਮਾਣਨਾ, ਝਲਣਾ
"ਦੁਖੁ ਖਾਣਾ ਦੁਖੁ **ਭੋਗਣਾ** ਗਰਬੈ ਗਰਬਾਈ।"
— ਸਾਰ **੪**, ਵਾਰ ੨੪ : ੪ (1247)

ਹੋਰ ਰੂਪ — ਭੋਗਣੇ —
"ਸਭਿ ਸੁਖ ਹਰਿ ਰਸ **ਭੋਗਣੇ** ਸੰਤ ਸਭਾ ਮਿਲਿ ਗਿਆਨੁ।" (ਮਾਨਣੇ)

— ਸਿਰੀ **੧**, ੧੯, ੨ : ੨ (21)

ਭੋਗੰਤ — ਮਾਨਦੀ
"ਅਜਾ **ਭੋਗੰਤ** ਕੰਦ ਮੂਲੰ ਬਸੰਤੇ ਸਮੀਪਿ ਕੇਹਰਹ।"
(ਭਾਵ ਖਾਂਦੀ) — ਸਸ **੫**, ੪੧ : ੧ (1357)

ਹੋਰ ਰੂਪ — ਭੋਗਤੇ —
"ਬਿਪਰੀਤ ਬੁਧੰ ਮਾਰਤ ਲੋਕਹ ਨਾਨਕ ਚਿਰੰਕਾਲ ਦੁਖ **ਭੋਗਤੇ**।" (ਭੋਗਦੇ)
— ਸਸ **੫**, ੨੪ : ੨ (1356)

ਭੋਗਦਾ — ਮਾਨਦਾ
"ਹਰਿ ਆਪੇ ਸਭ ਘਟ **ਭੋਗਦਾ** ਮੇਰੇ ਗੋਵਿੰਦਾ ਆਪੇ ਰਸੀਆ ਭੋਗੀ ਜੀਉ।" (ਮਾਨਦਾ)
— ਗਉ **੪**, ੬੮, ੧ : ੩ (174)

ਭੋਗਨ — 1. ਭੋਗਣ ਵਾਲਾ, ਸੁਆਦ ਮਾਨਣ ਵਾਲਾ
"ਆਪਹਿ ਰਸ **ਭੋਗਨ** ਨਿਰਜੋਗ।"
— ਗਉ **੫**, ਸੁਖ ੨੧, ੮ : ੬ (409)
"ਸੂਰਨ ਮਹਿ ਸੂਰਾ ਤੂੰ ਕਹੀ ਅਹਿ **ਭੋਗਨ** ਮਹਿ ਭੋਗੀ।" — ਗੂਜ **੫**, ਅਸ ੧, ੩ : ੧ (507)
2. ਭੋਗਾਂ
"ਖਿਨਹੂ ਰਸ **ਭੋਗਨ** ਖਿਨਹੂੰ ਖਿਨਹੂ ਤਜਿ ਜਾਇਓ।"
— ਆਸਾ **੫**, ੧੫੬, ੧ : ੨ (409)

ਭੋਗਨਹਾਰੇ — ਭੋਗਨ ਵਾਲਾ, ਮਾਣਨ ਵਾਲਾ
"**ਭੋਗਨਹਾਰੇ** ਭੋਗਿਆ ਇਸੁ ਮੂਰਤਿ ਕੇ ਮੁਖ ਛਾਰੁ।"
(ਭਾਵ ਖਾਣ ਵਾਲੇ)
— ਆਸਾ **ਰਬ**, ੧੪, ੪ : ੨ (479)

ਭੋਗਨਾ — ਮਾਣਨਾ, ਅੰਨਦਤ ਹੋਣਾ
"**ਭੋਗਨਾ** ਮਨ ਮਧੇ ਹਰਿ ਰਸੁ ਸੰਤ ਸੰਗਤਿ ਮਹਿ ਲੀਵਨਾ।" — ਮਾਰੂ **੫**, ਅਸ ੬, ੪ : ੧ (1019)

ਭੋਗਨੀ — ਭੋਗਦੇ ਹਾਂ, ਅਨੰਦ ਮਾਨਦੇ ਹਾਂ
"ਮੋਹੁ ਸੋਗੁ ਰੋਗੁ ਲੋਗੁ ਨ ਬਿਆਪੈ ਤਹ ਹਰਿ ਹਰਿ ਰਸ **ਭੋਗਨੀ**।" — ਰਾਮ **੫**, ੩, ੧* : ੨ (883)

ਭੋਗਵੇ — ਭੋਗੇ ਹਨ, ਮਾਨੇ ਹਨ
"ਪਾਛੈ ਭੋਗ ਜੋ **ਭੋਗਵੇ** ਤਿਨ ਕੋ ਗੁੜੁ ਲੈ ਖਾਹਿ।"
— ਸਲੋ **ਕਬ**, ੪੪ : ੨ (1366)

ਹੋਰ ਰੂਪ — ਭੋਗਵੈ —
"ਗਿਆਨ ਮਹਾਰਸੁ **ਭੋਗਵੈ** ਬਾਹੁੜਿ ਭੂਖ ਨ ਹੋਇ।" (ਭੋਗੇ ਭਾਵ ਖਾਏ)
— ਸਿਰੀ **੧**, ੧੮, ੫ : ੨ (21)
"ਆਪੇ ਸਭਿ ਘਟ **ਭੋਗਵੈ** ਸੁਆਮੀ ਆਪੇ ਹੀ ਸਭੁ ਅੰਜਨੁ।" (ਭੋਗਦਾ ਹੈ)
— ਬਿਹਾ **੪**, ਵਾਰ ੧੦ : ੩ (552)

ਭੋਗਾ — 1. ਭੋਗੀ, ਭੋਗਣ ਵਾਲਾ
"ਆਪਿ ਨਿਰਬਾਣੀ ਆਪੇ **ਭੋਗਾ**।"
— ਮਾਝ **੫**, ੧੦, ੩ : ੨ (97)
2. ਭੋਗ ਕੀਤੇ, ਅਨੰਦ ਮਾਨਿਆ
"ਨਾਮਿ ਰੰਗ ਨਾਮਿ ਚੋਜ ਤਮਾਸੇ ਨਾਉ ਨਾਨਕ ਕੀਨੇ **ਭੋਗਾ** ਜੀਉ।"
— ਮਾਝ **੫**, ੧੭, ੪ : ੩ (99)
3. ਖੁਸ਼ੀ/ਅਨੰਦ ਦੇ ਸਾਧਨ, ਭੋਗ ਦੀਆਂ ਵਸਤੂਆਂ
"ਧੋਤੀ ਡੰਡਉਤਿ ਪਰਸਾਦਨ **ਭੋਗਾ**।"
— ਗਉ **੫**, ਅਸ ੪, ੪ : ੩ (237)
4. ਮਾਣਨਾ, ਭੋਗਣਾ
"ਏਹੋ ਰੰਗੁ ਏਹੋ ਰਸ **ਭੋਗਾ** ਹਰਿ ਚਰਣੀ ਮਨੁ ਲਾਗਾ ਰਾਮ।"
— ਸੂਹੀ **੫**, ਛੰਤ ੬, ੪ : ੨ (781)

ਭੋਗਾਇ — ਭੋਗਣ ਭਾਵ ਵਰਤਨ ਲਈ
"ਬਰਤਨ ਕਉ ਸਭੁ ਕਿਛੁ ਭੋਜਨ **ਭੋਗਾਇ**।"
— ਗੋਂਡ **੫**, ੩, ੧ : ੩ (862)

ਭੋਗਾਇਦਾ — ਭੋਗਾਂਦਾ ਹੈ
"ਭਾਣੈ ਭੋਗ **ਭੋਗਾਇਦਾ** ਭਾਣੈ ਮਨਹਿ ਕਰੇਇ।"
— ਰਾਮ **੫**, ਵਾਰ ੧੨ਸ, **੫**, ੨ : ੬ (963)

ਭੋਗਾਈਐ — ਭੋਗਾਏ ਜਾਂਦੇ ਹਨ
"ਚਉਰਾ ਸੀਹ ਨਰਕ ਸਾਕਤੁ **ਭੋਗਾਈਐ**।"
— ਮਾਰੂ **੧**, ਸੋਲਾ ੮, ੯ : ੧ (1028)

ਭੋਗਾਣੀ — ਭੋਗਣ ਲਈ, ਮਾਣਨ ਲਈ
"ਅੰਨੁ ਖਾਣਾ ਕਪੜੁ ਪੈਨਣੁ ਦੀਆ ਰਸ ਅਨਿ **ਭੋਗਾਣੀ**।" — ਗਉ **੪**, ੫੦, ੩ : ੨ (167)

ਭੋਗਾਦਿ — ਭੋਗ (ਰਸ ਮਾਣਨ ਦੇ ਸਾਧਨ ਵਸਤਾਂ) ਆਦਿ
"ਰੂਪ ਧੂਪ ਸੋਗੰਧਤਾ ਕਾਪਰ **ਭੋਗਾਦਿ**।"
— ਬਿਲਾ **੫**, ੩੮, ੨ : ੧ (810)

ਭੋਗਾਵੈ — ਭੋਗਾਦਾ ਹੈ
"ਆਪੇ ਦੁਖ ਸੁਖ ਭੋਗਿ **ਭੋਗਾਵੈ** ਗੁਰ ਮੁਖਿ ਸੋ ਅਨਰਾਗਾ।" — ਸੋਰ **੧**, ੧੦, ੨ : ੨ (598)

ਭੋਗਿ — 1. ਸੁਖ/ਅਨੰਦ/ਰਸ ਵਿਚ
"ਕਪੜਿ **ਭੋਗਿ** ਲਪਟਾਇਆ ਸੁਇਨਾ ਰੁਪਾ ਖਾਕੁ।"
— ਸਿਰੀ **੫**, ੭੧, ੨ : ੧ (42)
2. ਮਾਨ ਕੇ, ਭੋਗ ਕੇ
"ਅਪੀਨੈ ਭੋਗ **ਭੋਗਿ** ਕੈ ਹੋਇ ਭਸਮੜਿ ਭਉਰੁ ਸਿਧਾਇਆ।"
— ਆਸਾ **੧**, ਵਾਰ ੩ : ੧ (464)

ਭੋਗਿਆ — ਮਾਨਿਆ
"ਭੋਗਨਹਾਰੇ **ਭੋਗਿਆ** ਇਸ ਮੂਰਤਿ ਕੇ ਮੁਖ ਛਾਰੁ।" (ਖਾਨਿਆ ਸੇਵਨ ਕੀਤਾ)
— ਆਸਾ **ਕਬ**, ੧੪, ੪ : ੨ (497)

ਭੋਗਿਹੁ — ਮਾਨਣਾ
"ਤੁਸੀ **ਭੋਗਿਹੁ** ਭੁੰਚਹੁ ਭਾਈ ਹੋ।"
— ਸਿਰੀ **੫**, ਅਸ ੨੯, ੪ : ੧ (73)

ਭੋਗੀ — 1. ਭੋਗਣਹਾਰ, ਸੰਸਾਰਕ ਰਸਾ ਵਿਚ ਰੁਚਿਤ, ਮਾਣਨਹਾਰ
"ਤੂੰ **ਭੋਗੀ** ਅੰਦਰਿ ਭੋਗੀਆ।"
— ਸਿਰੀ **੧**, ਅਸ ੨੮, ੧ : ੨ (71)
"ਜੋਗੀ **ਭੋਗੀ** ਕਾਪੜੀ ਕਿਆ ਭਵਹਿ ਦਿਸੰਤਰ।"
— ਆਸਾ **੧**, ਅਸ ੧੪, ੩ : ੧ (419)
2. ਭੋਗ/ਮਾਨ ਸਕਦਾ ਹੈ
"ਜਾਂ ਜਤੁ ਜੋਗੀ ਤਾਂ ਕਾਇਆ **ਭੋਗੀ**।"
— ਆਸਾ **੧**, ੨੫, ੨ : ੨ (356)

ਭੋਗੀਆ — ਭੋਗੀਦਾ ਹੈ, ਹੰਢਾ ਬੰਦਾ ਹੈ
"ਭਾਣੈ ਦੁਖੁ ਸੁਖੁ **ਭੋਗੀਐ** ਭਾਣੈ ਕਰਮ ਕਰੇਇ।"
— ਰਾਮ **੫**, ਵਾਰ ੧੨ਸ, **੫**, ੨ : ੪ (963)

ਭੋਗੀਸਰ — ਭੋਗਨਹਾਰ, ਮਾਣਨਵਾਲੇ, ਭੋਗੀ
"ਲਾਖ **ਭੋਗੀਸਰ** ਭੋਗਹਿ ਭੋਗਾ।"
— ਵਡ **੫**, ੧, ੨ : ੪ (562)

ਭੋਗੁ — 1. ਖਾਦ ਪਦਾਰਥ, ਅਨੰਦ ਮਾਣਨ ਦੇ ਸਾਧਨ
"ਦੇਂਦਾ ਰਹੈ ਨ ਚੂਕੈ **ਭੋਗੁ**।"
— ਆਸਾ **੧**, ਸੋਦ ੩, ੩ : ੨ (9)
"ਜਿਉ ਮਹਾ ਖੁਧਿਆਰਥ **ਭੋਗੁ**।" (ਭੋਜਨ)
— ਬਿਲਾ **੫**, ਅਸ ੨, ੭ : ੪ (838)
2. ਭੋਗਦੇ/ਮਾਣਦੇ ਹਨ
"ਗੁਰਮੁਖਿ ਸਬਦਿ ਰੰਗਾਵਲੇ ਅਹਿਨਿਸਿ ਹਰਿ ਰਸੁ **ਭੋਗੁ**।"
— ਸਿਰੀ **੧**, ੧੫, ੩ : ੩ (63)
"ਰਾਮਰਵੰਤਾ ਜਾਣੀਐ ਇਕ ਮਾਈ **ਭੋਗੁ** ਕਰੇਇ।" (ਖਾ ਜਾਏ, ਛਕ ਜਾਏ)
— ਬਸੰ **੧**, ੧੧, ੩ : ੧ (1171)
3. ਭੋਗ, ਮੈਥਨ
"ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ **ਭੋਗੁ** ਕਰੇਈ।" — ਆਸਾ **੧**, ੩੫, ੪ : ੨ (359)
4. ਇਸ਼ਟ ਦੇਵ ਨੂੰ ਪ੍ਰਸਾਦ ਅਰਪਨ ਕਰਨਾ
"ਸਦ ਹੀ **ਭੋਗੁ** ਲਗਾਇ ਸੁਗਿਆਨੀ।"
— ਆਸਾ **੫**, ੯੦, ੧ : ੨ (393)
5. ਖਾਓ ਭਾਵ ਪਰਵਾਨ ਕਰੋ
"ਕਰੀ ਪਾਕਸਾਲ ਸੋਚ ਪਵਿਤ੍ਰਾ ਹੁਣਿ ਲਾਵਹੁ **ਭੋਗ** ਹਰਿ ਰਾਏ।"
— ਮਲਾ **੫**, ੧, ੨ : ੨ (1266)

ਭੋਗੇ — ਮਾਨਦਾ ਹੈ, ਅਨੰਦ ਲੈਂਦਾ ਹੈ
"ਕਾਇਆ ਕਾਮਣਿ ਜੇ ਕਰੀ **ਭੋਗੇ** ਭੋਗਣਹਾਰੁ।"
— ਸਿਰੀ **੧**, ੨੦, ੩ : ੧ (21)
"ਨਾਨਕ ਪਾਇਆ ਸਚੁ ਨਾਮੁ ਸਦ ਹੀ **ਭੋਗੇ** ਭੋਗ।" (ਅਨੰਦ ਮਾਨੇ)
— ਰਾਮ **੫**, ਵਾਰ ੫ਸ, **੫**, ੧ : ੧੧ (959)

ਹੋਰ ਰੂਪ — ਭੋਗੈ —
"ਮਿਰਤੁ ਨ ਆਵੀ ਚਿਤਿ ਤਿਸੁ ਅਹਿ ਨਿਸਿ **ਭੋਗੈ** ਭੋਗੁ।" (ਮਾਨਦਾ ਹੈ)
— ਸਿਰੀ **੫**, ਅਸ ੨੬, ੮ : ੨ (71)

ਭੋਗੋ —
"ਕਾਇਆ ਸੇਜ ਗੁਰ ਸਬਦਿ ਸੁਖਾਲੀ ਗਿਆਨ ਤਤਿ ਕਰਿ **ਭੋਗੋ**।" (ਸੰਜੋਗ ਦਾ ਅਨੰਦ ਲਵੋ)
— ਸੂਹੀ **੪**, ਛੰਤ ੧, ੧ : ੪ (773)

ਭੋਜਨ — ਖਾਣਯੋਗ ਪਦਾਰਥ, ਖਾਣਾ
"ਅੰਦਰਿ ਤ੍ਰਿਸਨਾ ਬਹੁਤੁ ਛਾਦਨ **ਭੋਜਨ** ਕੀ ਆਸਾ।"
— ਮਾਝ **੧**, ਵਾਰ ੫ : ੩ (140)

ਹੋਰ ਰੂਪ — ਭੋਜਨੰ —
"ਨਚ ਦੁਰਲਭੰ **ਭੋਜਨੰ** ਬਿੰਜਨੰ ਨਚ ਦੁਰਲਭੰ ਸ੍ਵਛ ਅੰਬਰਹ।"
— ਸਸ **੫**, ੩੫ : ੨ (1357)

ਭੋਜਨਿ —
"ਰਸਨਾ ਹਰਿ ਹਰਿ **ਭੋਜਨਿ** ਤ੍ਰਿਪਤਾਨੀ ਅਖੀ

ਅਨ ਕਉ ਸੰਤੋਖੁ ਪ੍ਰਭ ਦਰਸਨ।" (ਖਾਣਾ ਨਾਲ) — ਕਾਨ **੫**, ੨੯, ੧* : ੨ (1303)

ਭੋਜਨੁ —
"ਹਰਿ ਪੈਨਣੁ ਨਾਮੁ **ਭੋਜਨੁ** ਥੀਆ।" (ਖਾਣਾ)
— ਮਾਝ **੫**, ੧੨, ੪ : ੨ (99)

ਭੋਂਡੀ — ਭਦੀ, ਭੈੜੀ
"ਕਹਿਓ ਨ ਬੂਝੈ ਅੰਧੁ ਨ ਸੂਝੈ **ਭੋਂਡੀ** ਕਾਰ ਕਮਾਈ।" — ਪ੍ਰਭਾ **੧**, ੧੧, ੨ : ੧ (1330)

ਭੋਰ — 1. ਪ੍ਰਭਾਤ, ਸਵੇਰ, ਦਿਨ
"ਕਰਿ ਕਿਰਪਾ ਅਪਨਾ ਦਰਸੁ ਦੀਜੈ ਜਸੁ ਗਾਵਉ ਨਿਸਿ ਅਰੁ **ਭੋਰ**।" (ਰਾਤ ਦਿਨ)
— ਗੂਜ **੫**, ੨੦, ੧ : ੧ (510)
2. ਥੋੜਾ, ਰਤੀਕੁ, ਭੋਰੀਕੁ, ਛੋਟੇ ਤੋਂ ਛੋਟਾ
"**ਭੋਰ** ਭਰਮ ਕਾਟੇ ਪ੍ਰਭ ਸਿਮਰਤ ਗਿਆਨ ਅੰਜਨ ਮਿਲਿ ਸੋਵਤ ਜਾਗੀ।"
— ਕਾਨ **੫**, ੧੮, ੧ : ੨ (1301)
(ਮਹਾਨਕੋਸ਼ ਇਸਦੇ ਅਰਥ ਭੁਲੇਖਾ ਦੇਂਦਾ ਹੈ)

ਭੋਰਾ — 1. ਦਿਨ, ਸਵੇਰ, ਭੋਰ
"ਨਿਸਿ ਕਹੀਐ ਤਉ ਸਮਝੈ **ਭੋਰਾ**।"
— ਗਉ **੫**, ਸੁਖ ੪, ੬ : ੪ (267)
2. ਭੋਲ਼ਾ, ਮੂਰਖ
"ਨਿਪਟ ਬਾਜੀ ਹਾਰਿ ਮੂਕਾ ਪਛੁਤਾਇਓ ਮਨਿ **ਭੋਰਾ**।" — ਆਸਾ **੫**, ੧੫੨, ੨ : ੨ (408)
"ਹਰਿ ਕੇ ਲੋਗਾ ਮੈ ਤਉ ਮਤਿ ਕਾ **ਭੋਰਾ**।"
— ਧਨਾ **ਕਬ**, ੩, ੧* : ੧ (692)
3. ਰਤੀ ਭਰ ਵੀ, ਥੋੜਾ ਜਿਹਾ ਵੀ
"ਅਨਿਕ ਰੰਗ ਮਾਇਆ ਕੇ ਪੇਖੇ ਕਿਛੁ ਸਾਥਿ ਨ ਚਾਲੈ **ਭੋਰਾ**।"
— ਗੂਜ **੫**, ੧੬, ੧ : ੨ (499)

ਭੋਰਾਹਾ — ਭਰ ਜਾਂਦੇ ਹਨ
"ਜੈਸੇ ਬਸਤਰ ਦੇਹ ਓਢਾਨੇ ਦਿਨ ਦੋਇ ਚਾਰਿ **ਭੋਰਾਹਾ**।" — ਆਸਾ **੫**, ੧੨੩, ੨ : ੧ (402)

ਭੋਰੀ — ਥੋੜਾ ਜਿਹਾ , ਰਤਾ ਕੁ
"ਨਾਨਕ ਦਾਸੁ ਸਦਾ ਗੁਣ ਗਾਵੈ ਇਕ **ਭੋਰੀ** ਨਦਰਿ ਨਿਹਾਲੀਐ ਜੀਉ।"
— ਮਾਝ **੫**, ੨੮, ੪ : ੨ (102)

ਭੋਰੁ — ਸਵੇਰ, ਪ੍ਰਭਾਤ
"ਤੀਜੇ ਝਾਖ ਝਖਾਇਆ ਚਉਥੈ **ਭੋਰੁ** ਭਇਆ।"
(ਭਾਵ ਉਮਰ ਲੰਘ ਗਏ, ਬੁਢਾਪਾ ਆ ਗਿਆ)
— ਸਿਰੀ **੫**, ੨੪, ੩ : ੨ (43)
"ਅਨਿਦਿਨੁ **ਭੋਰੁ** ਭਇਆ ਸਾਚਿ ਸਮਾਨੀ ਰਾਮ।"
(ਪ੍ਰਕਾਸ ਹੋਇਆ,ਗਿਆਨ ਹੋ ਗਿਆ)
— ਤੁਖਾ **੧**, ਛੰਤ ੩, ੨ : ੨ (1111)

ਭੋਰੇ ਭੋਰੇ — ਭੋਲੇ ਤੇ ਭੁਲੇ
"**ਭੋਰੇ ਭੋਰੇ** ਰੂਹੜੇ ਸੇਵੇਦੇ ਆਲਕੁ।"
— ਮਾਰੂ **੫**, ਵਾਰ ੫ਸ, **੫**, ੩ : ੧ (1095)

ਭੋਰੈ — ਭੋਰੇ ਹੋਵੇ, ਦਿਨ ਚੜ੍ਹੇ
"ਰੈਣਿ ਅੰਧਾਰੀ ਕਾਰੀਆ ਕਵਨ ਜੁਗਤਿ ਜਿਤੁ **ਭੋਰੈ**।" — ਗਉ **੫**, ੧੫੦*, ੧ : ੨ (212)

ਭੋਲਤਣਿ — ਭੋਲੇਪਨ ਤੋਂ ਦਰਪਣ ਸ਼ਬਦਾਰਥ ਭੁਲਾਉਣ ਤੋਂ (ਮਹਾਨਕੋਸ਼, ਨਿਰਣੈ)
"**ਭੋਲਤਣਿ** ਭੈ ਮਨਿ ਵਸੈ ਹੇ ਕੈ ਪਾਧਰ ਹੀਡੁ।"
— ਮਾਰੂ **੩**, ਵਾਰ ੧੪ਸ, **੧**, ੧ : ੧ (1090)

ਭੋਲੜੈ — ਭੁਲੇਖੇ ਵਿਚ
"ਕਸਤੂਰੀ ਕੈ **ਭੋਲੜੈ** ਗੰਦੇ ਡੁੰਮਿ ਪਈਆਸ।"
— ਸਿਰੀ **੪**, ਵਾਰ ੧੫ਸ, **੫**, ੨ : ੨ (89)

ਭੋਲਾ — 1. ਭੁਲਿਆ ਹੋਇਆ, ਬੁੱਧੀ ਹੀਣ, ਭ੍ਰਮ ਵਿਚ ਭਸਿਆ
"ਜੇ ਬਹੁਤਾ ਸਮਝਾਈਐ **ਭੋਲਾ** ਭੀ ਸੋ ਅੰਧੋ ਅੰਧਾ।"
— ਆਸਾ **੧**, ੩੧, ੧* : ੨ (358)
2. ਭੁਲੇਖਾ, ਭ੍ਰਮ
"ਆਵਣ ਜਾਣ ਰਹੇ ਚੂਕਾ **ਭੋਲਾ** ਰਾਮ।"
— ਤੁਖਾ **੧**, ਛੰਤ ੩, ੪ : ੧ (1111)

ਭੋਲਾਇਆ — ਭਰਮਾ/ਭੁੱਲਾ ਦਿੱਤਾ ਹੈ
"ਆਦਿ ਪੁਰਖਿ ਨਿੰਦਕੁ **ਭੋਲਾਇਆ**।"
— ਭੈਰ **੫**, ੩੪, ੪ : ੨ (1145)

ਭੋਲਾਣੀ — ਭਰਮਾ/ਭੁੱਲਾ ਦਿੱਤੀ
"ਮਨਮੁਖਿ ਮੋਹਿ ਭਰਮਿ **ਭੋਲਾਣੀ**।"
— ਆਸਾ **੩**, ਅਸ ੨੫, ੫ : ੩ (424)

ਭੋਲਾਵੜੈ — ਭ੍ਰਮ, ਭੁਲੇਖੇ
"**ਭੋਲਾਵੜੈ** ਭੁਲੀ ਭੁਲਿ ਭੁਲਿ ਪਛੋਤਾਣੀ।"
— ਤੁਖਾ **੧**, ਛੰਤ ੪, ੧ : ੧ (1111)

ਭੋਲਾਵਾ — 1. ਫਿਕਰ, ਚਿੰਤਾ, ਅੰਦੇਸ਼ਾ, ਡਰ
"ਫਰੀਦਾ ਮੈ **ਭੋਲਾਵਾ** ਪਗ ਦਾ ਮਤੁ ਮੈਲੀ ਹੋਇ

ਜਾਇ।" — ਸਲੋ **ਫਰ**, ੨੬ : ੧ (1379)

2. ਭੁਲੇਖਾ

"ਖੁਦੀ ਮਿਟੀ ਚੂਕਾ **ਭੋਲਾਵਾ** ਗੁਰਿ ਮਨ ਹੀ ਮਹਿ ਪ੍ਰਗਟਾਇਆ ਜੀਉ।"

— ਮਾਝ **੫**, ੩੨, ੩ : ੩ (104)

ਭੋਲਿਆ — ਭੁਲਿਆ ਹੋਇਆ

"**ਭੋਲਿਆ** ਹਉਮੈ ਸੁਰਤਿ ਵਿਸਾਰਿ।"

— ਬਸੰ **੧**, ੧, ੧* : ੧ (1168)

ਭੋਲੀ — ਨਿਰਛਲ, ਸਾਦੀ

"ਮੁੰਧ ਇਆਣੀ **ਭੋਲੀ** ਨਿਗੁਣੀਆ ਜੀਉ ਪਿਰੁ ਅਗਮ ਅਪਾਰਾ।" — ਗਉ **੩**, ਛੰਤ ੩, ੪ : ੧ (245)

ਭੋਲੇ — 1. ਹੇ ਨਿਰਛਲ/ਨਿਸ਼ਕਪਟ

"ਵੈਦਾ ਨ **ਭੋਲੇ** ਦਾਰੂ ਲਾਇ।"

— ਮਲਾ **੧**, ੨, ੧ : ੪ (1256)

2. ਮਾਸੂਮ, ਨਿਸ਼ਕਪਟ

"ਪ੍ਰਭੁ ਮਿਲਿਓ ਸੁਖੁ ਬਾਲੇ **ਭੋਲੇ**।"

— ਕਾਨ **੫**, ੪੬, ੧* : ੩ (1307)

ਭੋਲੇ ਭਾਇ — ਨਿਸ਼ਕਟਤਾ ਨਾਲ, ਭੋਲੇ ਭਾਵ ਨਾਲ

"**ਭੋਲੇ ਭਾਇ** ਮਿਲੇ ਰਘੁਰਾਇਆ।"

— ਗਉ **ਕਬ**, ੬, ੪ : ੨ (324)

ਭੋਲੈ — ਭੁਲੇਖੇ/ਭਰਮ ਵਿਚ

"ਦਧਿ ਕੈ **ਭੋਲੈ** ਬਿਰੋਲੈ ਨੀਰੁ।"

— ਗਉ **ਕਬ**, ੧੪, ੧* : ੨ (326)

ਭ੍ਰਸਟ — ਪਤਿਤ, ਡਿੱਗੇ ਹੋਏ

"ਦਰਿ **ਭ੍ਰਸਟ** ਸਰਾਪੀ ਨਾਮ ਬੀਨੁ।"

— ਬਸੰ **੧**, ਅਸ ੨, ੩ : ੨ (1188)

ਭ੍ਰਸਟਣਹ — ਪਤਿਤ, ਪਲੀਤ, ਫਿਟਕਾਰਿਆ ਹੋਇਆ

"ਗੁਰ ਮੰਤ੍ਰ ਹੀਣਸੁ ਜੋ ਪ੍ਰਾਣੀ ਧ੍ਰਿਗੰਤ ਜਨਮ **ਭ੍ਰਸਟਣਹ**।" — ਸਸ **੫**, ੩੩ : ੧ (1356)

ਭ੍ਰਸਟੀ — ਪਤਿਤੁ, ਡਿਗਿਆ ਹੋਇਆ, ਫਿਟਕਾਰਿਆ ਹੋਇਆ

"ਜਿਉ ਨਿਗੁਰਾ ਬਹੁ ਬਾਤਾ ਜਾਣੈ ਓਹੁ ਹਰਿ ਦਰਗਹ ਹੈ **ਭ੍ਰਸਟੀ**।" — ਦੇਵ **੪**, ੬, ੧ : ੨ (528)

ਭ੍ਰਸਟੁ — ਪਲੀਤ, ਗੰਦਾ

"ਸੰਤ ਕੇ ਦੂਖਨਿ ਥਾਨ **ਭ੍ਰਸਟੁ** ਹੋਇ।"

— ਗਉ **੫**, ਸੁਖ ੧੩, ੧ : ੮ (279)

ਭ੍ਰਮ — 1. ਭਰਮ, ਭੁਲੇਖਾ, ਸੰਕਾ, ਸਹਸਾ

"ਕਹੁ ਨਾਨਕ **ਭ੍ਰਮ** ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ।"

— ਮਾਝ **੫**, ੨੬, ੪ : ੩ (102)

"ਗੁਰ ਕੈ ਬਚਨਿ ਕਟੇ **ਭ੍ਰਮ** ਭੇਦ।"

— ਗਵੁ **੫**, ੭੪, ੨ : ੨ (177)

ਹੋਰ ਰੂਪ — ਭ੍ਰਮੰ —

"ਚਲ ਚਿਤ ਵਿਤ ਭ੍ਰਮਾ **ਭ੍ਰਮੰ** ਜਗੁ ਮੋਹ ਮਗਨ ਹਿਤੰ।" (ਭੁਲੇਖੇ ਵਿਚ)

— ਗੂਜ **੧**, ਅਸ ੫, ੩ : ੧ (505)

2. ਭਟਕਣ

"ਸਗਲ ਜਨਮ **ਭਰਮ** ਹੀ **ਭਰਮ** ਖੋਇਓ ਨਹ ਅਸਥਿਰੁ ਮਤਿ ਪਾਈ।"

— ਸੋਰ **੯**, ੬, ੧ : ੧ (632)

3. ਭਰਮੀ, ਭਰਮ/ਭੁਲੇਖੇ ਵਿਚ ਫਸੇ

"ਪਰਿਓ ਕਾਲੁ ਸਭੈ ਜਗ ਊਪਰ ਮਾਹਿ ਲਿਖੇ **ਭ੍ਰਮ** ਗਿਆਨੀ।"

— ਸੋਰ **ਕਬ**, ੩, ੪ : ੧ (654)

ਭ੍ਰਮਹਿ — ਫਿਰਦੇ ਹਨ, ਭਟਕਦੇ ਹਨ

"ਕਈ ਕੋਟਿ ਬਨ **ਭ੍ਰਮਹਿ** ਉਦਾਸੀ।"

— ਗਉ **੫**, ਸੁਖ ੧੦, ੧ : ੪ (275)

"ਕਾਹੇ ਭ੍ਰਮਿ **ਭ੍ਰਮਹਿ** ਬਿਗਾਨੇ।" (ਭਟਕਦੇ ਹਨ)

— ਰਾਮ **੫**, ੪੨, ੧* : ੧ (896)

ਭ੍ਰਮਣ — ਫਿਰੇ, ਭਟਕੇ

"ਜਨਮ ਮਰਣ ਬਹੁ ਜੋਨਿ **ਭ੍ਰਮਣ** ਕੀਨੇ ਕਰਮ ਅਨੇਕ।" — ਗਉ **੫**, ਥਿਤੀ ੫ : ੫ (297)

ਭ੍ਰਮਣੰ — ਭ੍ਰਮ ਰਿਹਾ/ਭਟਕ ਰਿਹਾ ਹੈ

"ਹੀਤ ਮੋਹ ਭੈ ਭਰਮ **ਭ੍ਰਮਣੰ** ਅਹੰ ਫਾਂਸ ਤੀਖ੍ਣ ਕਠਿਨਹ।" — ਸਸ **੫**, ੫੮ : ੩ (1359)

ਭ੍ਰਮਣੀ — ਭਟਕਣ

"ਮਨ ਤੇ ਮਨੁ ਮਾਨਿਆ ਚੂਕੀ ਅਹੰ **ਭ੍ਰਮਣੀ**।"

— ਗਉ **੧**, ਅਸ ੧੫, ੬ : ੩ (227)

ਭ੍ਰਮਤ — ਭਟਕਕੇ, ਫਿਰਕੇ

"ਕਾਹੂ ਉਦਿਆਨ **ਭ੍ਰਮਤ** ਪਛੁਤਾਪੈ।"

— ਗਉ **੫**, ਬਾਅ ੧੨ : ੬ (253)

"ਤੈਸੇ **ਭ੍ਰਮਤ** ਅਨੇਕ ਜੋਨਿ ਮਹਿ ਫਿਰਿ ਫਿਰਿ ਕਾਲ ਹਇਓ।" (ਭਟਕਕੇ)

— ਗਉ **ਕਬ**, ੫੯, ੨ : ੨ (336)

"ਕਹਿ ਕਬੀਰ ਗੁਰ ਭੇਟਿ ਮਹਾ ਸੁਖ **ਭ੍ਰਮਤ** ਰਹੇ ਮਨ ਮਾਨਾਨਾ।" (ਭਟਕਣਾ)

— ਗਉ **ਕਬ**, ੭੪, ੪ : ੨ (340)

ਹੋਰ ਰੂਪ — ਭ੍ਰਮੰਤ —

"ਨਰਕ ਉਦਰਿ **ਭ੍ਰਮੰਤ** ਜਲਤੋ ਜਮਹਿ ਕੀਨੀ ਸਾਰ।" (ਫਿਰਦਾ)

— ਸਾਰ **੫**, ੧੨੯, ੧ : ੨ (1229)

ਭ੍ਰਮਤੋ —

"**ਭ੍ਰਮਤੋ ਭ੍ਰਮਤੋ** ਹਾਰਿਆ ਅਨਿਕ ਬਿਧੀ ਕਰਿ ਟੋਰੈ।" (ਫਿਰਦਿਆਂ ਫਿਰਦਿਆਂ)

— ਗਉ **੫**, ੧੫੦, ੨ : ੧ (212)

ਭ੍ਰਮਤੌ —

"ਅਨਿਕ ਜਨਮ **ਭ੍ਰਮਤੌ** ਹੀ ਆਇਓ ਮਾਨਸ ਜਨਮੁ ਦੁਲਭਾਹੀ।" (ਫਿਰਦਿਆ)

— ਸਾਰ **੫**, ੧੬, ੧ : ੧ (1207)

2. ਭੌਂਦੇ ਫਿਰਨਾ

"**ਭ੍ਰਮਤ** ਫਿਰਤ ਤੇਲਕ ਨੇ ਕਪਿ ਜਿਉ ਗਤਿ ਬਿਨੁ ਰੈਨਿ ਬਿਹਾਈ ਹੈ।"

— ਗੂਜ **ਕਬ**, ੧, ੪ : ੧ (524)

ਹੋਰ ਰੂਪ — ਭ੍ਰਮਤਾ —

"ਤੀਰਥਿ ਨਾਇ ਅਰੁ ਧਰਨੀ **ਭ੍ਰਮਤਾ** ਆਗੈ ਠਉਰ ਨ ਪਾਵੈ।"

— ਗਉ **੫**, ੧੬੪*, ੨ : ੧ (216)

3. ਭਟਕਣਾ

"ਕਾਹੇ **ਭ੍ਰਮਤ** ਹਉ ਤੁਮ ਭ੍ਰਮਹੁ ਨ ਭਾਈ ਰਵਿਆ ਰੇ ਰਵਿਆ ਸ੍ਰਬ ਥਾਨ।"

— ਦੇਵ **੫**, ੩੪, ੧ : ੧ (535)

ਹੋਰ ਰੂਪ — ਭ੍ਰਮੰਤ —

"ਕੋਟਿ ਜਨਮ **ਭ੍ਰਮੰਤ** ਜੋਨੀ ਤੇ ਨਾਮ ਸਿਮਰਤ ਤਾਰੇ।" (ਭਟਕਦਾ)

— ਮਲਾ **੫**, ਛੰਤ ੧, ੨ : ੫ (1278)

ਭ੍ਰਮਤਉ —

"ਨਰਕ ਸੁਰਗ **ਭ੍ਰਮਤਉ** ਘਣੋ ਸਦਾ ਸੰਘਾਰੈ ਮੀਚੁ।" (ਭਟਕਦਾ, ਫਿਰਦਾ)

— ਗਉ **੫**, ਥਿਤੀ ੩ : ੨ (297)

ਭ੍ਰਮਤਾ —

"ਲਖ ਚਉਰਾਸੀਹ **ਭ੍ਰਮਤਾ** ਫੇਰਿ।" (ਫਟਕਦਾ)

— ਗਉ **੫**, ੮੨, ੩ : ੪ (180)

ਭ੍ਰਮੰਤਾ —

"ਜਿਸੁ ਗ੍ਰਿਹਿ ਥੋਰੀ ਸੁ ਫਿਰੈ **ਭ੍ਰਮੰਤਾ**।" (ਭਟਕਦਾ)

— ਮਾਰੂ **੫**, ਅਸ ੭, ੧ : ੨ (1019)

ਭ੍ਰਮੰਤਿ —

"ਮ੍ਰਿਤੁ ਜਨਮ **ਭ੍ਰਮੰਤਿ** ਨਰਕਹ ਅਨਿਕ ਉਪਾਵੰਨ ਸਿਧੁਤੇ।" (ਭਟਕਨਾ)

— ਸਸ **੫**, ੪੨ : ੩ (1357)

ਭ੍ਰਮਤਿਆ —

"ਲਖ ਚਉਰਾਸੀਹ **ਭ੍ਰਮਤਿਆ** ਦੁਲਭ ਜਨਮੁ ਪਾ ਇਓਇ।" (ਭਟਕਦਿਆਂ)

— ਸਿਰੀ **੫**, ੯੨, ੪ : ੨ (150)

ਭ੍ਰਮਤੁ —

"ਮਾਇਆ ਗਿਰਸਤਿ **ਭ੍ਰਮਤੁ** ਹੈ ਪ੍ਰਾਨੀ ਰਖਿ ਲੇਵਹੁ ਜਨੁ ਅਪਨਾ।" (ਭਟਕਦਾ)

— ਬਿਲਾ **੪**, ੧, ੨ : ੧ (799)

ਭ੍ਰਮਤੇ —

"ਥਾਕੇ ਪੰਚ ਦੂਤ ਸਭ ਤਸਕਰ ਆਪ ਆਪਣੈ **ਭ੍ਰਮਤੇ**।" (ਫਿਰਦੇ, ਭਟਕਦੇ)

— ਆਸਾ **ਕਬ**, ੧੮, ੪ : ੧ (480)

"ਕਰਿ ਅਨੁਗ੍ਰਹੁ ਪਤਿਤ ਪਾਵਨ ਬਹੁ ਜੋਨਿ **ਭ੍ਰਮਤੇ** ਹਾਰੀ।"

— ਬਿਹਾ **੫**, ਛੰਤ ੮, ੨ : ੫ (547)

ਭ੍ਰਮਦਾ — ਫਿਰਦਾ ਹੈ

"ਜਿਉ ਕਸਤੂਰੀ ਮਿਰਗੁ ਨ ਜਾਣੈ **ਭ੍ਰਮਦਾ** ਭਰਮਿ ਭੁਲਾਇਆ।"

— ਸੋਰ **੪**, ਵਾਰ, ੪ਸ, **੩**, ੨ : ੨ (644)

ਹੋਰ ਰੂਪ — ਭ੍ਰਮਦੇ —

"ਸਤਿਗੁਰ ਤੇ ਜੋ ਮੁਹੁ ਫੇਰੇ ਓਇ **ਭ੍ਰਮਦੇ** ਨ ਟਿਕੰਨਿ।" (ਫਿਰਦੇ ਫਿਰਦੇ ਭਾਵ ਭਟਕਦੇ)

— ਗਉ **੩**, ਅਸ ੯, ੫ : ੧ (233)

ਭ੍ਰਮਨ — ਗਮਨ ਕਰਨਾ, ਭਾਉਂਦੇ ਫਿਰਨਾ, ਫਿਰਨਾ

"ਜਾਪ ਤਾਪ **ਭ੍ਰਮਨ** ਬਸੁਧਾ ਕਰਿ ਉਰਧ ਤਾਪ ਲੈ ਗੈਨ।" — ਧਨਾ **੫**, ੧੩, ੨ : ੧ (674)

ਹੋਰ ਰੂਪ — ਭ੍ਰਮਨਾ —

"ਜੋਗੀ ਜਤੀ ਤਪੀ ਸੰਨਿਆਸੀ ਬਹੁ ਤੀਰਥ **ਭ੍ਰਮਨਾ**।" (ਫਿਰਨ ਵਾਲਾ, ਗਮਨ ਕਰਨ

ਵਾਲੇ) — ਆਸਾ **ਕਬ**, ਪ, ੧ : ੧ (476)
"ਬਿਖੁ ਖਾਵੈ ਬਿਖੁ ਬੋਲੀ ਬੋਲੈ ਬਿਨੁ ਨਾਵੈ ਨਿਹਫਲੁ ਮਰਿ **ਭ੍ਰਮਨਾ**।" (ਫਟਕਨਾ)
— ਭੈਰ **੧**, ੮, ੧* : ੨ (1127)

ਭ੍ਰਮਨਿ — ਭਟਕਣਾ, ਦੌੜਨਾ
"ਐਜੀ ਸਦਾ ਦਇਆਲੁ ਦਇਆ ਕਰਿ ਰਵਿਆ ਗੁਰਮਤਿ **ਭ੍ਰਮਨਿ** ਚੁਕਾਈ।"
— ਗੂਜ **੧**, ਅਸ ੪, ੬ : ੧ (505)

ਹੋਰ ਰੂਪ — ਭ੍ਰਮਨੁ —
"ਡੰਡਕ ਮੰਡਲ ਸਿਖਾ ਸੂਤੁ ਧੋਤੀ ਤੀਰਥਿ ਗਵਨੁ ਅਤਿ **ਭ੍ਰਮਨੁ** ਕਰੈ।" (ਗਮਨ ਫਿਰਨਾ)
— ਭੈਰ **੧**, ੮, ੩ : ੧ (1127)

ਭ੍ਰਮਭੰਜਨ — ਵਹਿਮ ਦੂਰ ਕਰਨ ਵਾਲਾ
"**ਭ੍ਰਮਭੰਜਨ** ਹਰਿ ਰਾਇਆ।"
— ਮਲਾ **੫**, ਛੰਤ ੧, ੪ : ੨ (1278)

ਭ੍ਰਮਭੀਤਿ — 1. ਭ੍ਰਮ ਦੀ ਕੰਧ
"**ਭ੍ਰਮਭੀਤਿ** ਖੋਈਐ ਸਹਿਜ ਸੋਈਐ ਪ੍ਰਭ ਪਲਕ ਪੇਖਤ ਨਵਨਿਧੇ।"
— ਬਿਹਾ **੫**, ਛੰਤ ੨, ੩ : ੪ (543)

2. ਭ੍ਰਮ ਦੇ ਕਿਵਾੜ
"ਖੁਲੇ **ਭ੍ਰਮ ਭੀਤਿ** ਮਿਲੇ ਗੋਪਾਲਾ ਹੀਰੈ ਬੇਧੇ ਹੀਰ।"
— ਨਟ **੫**, ੩, ੨ : ੧ (979)

ਭ੍ਰਮਾਇਓ — ਭੌਂਦਾ/ਘੁੰਮਦਾ ਰਹਿੰਦਾ ਹੈ
"ਧਾਵਤ ਕਉ ਧਾਵਹਿ ਬਹੁ ਭਾਤੀ ਜਿਉ ਤੇਲੀ ਬਲਦੁ **ਭ੍ਰਮਾਇਓ**।"
— ਟੋਡੀ **੫**, ੩, ੨ : ੨ (712)

ਭ੍ਰਮਾਇਆ — ਫਿਰਿਆ, ਭਟਕਿਆ
"ਕਿਰਤ ਕਮਾਣੇ ਦੁਖ ਸਹੁ ਪਰਾਣੀ ਅਨਿਕ ਜੋਨਿ **ਭ੍ਰਮਾਇਆ**।"
— ਬਿਹਾ **੫**, ਛੰਤ ੨, ੨ : ੩ (546)

ਹੋਰ ਰੂਪ — ਭ੍ਰਮਾਈਐ —
"ਸੰਤ ਕੇ ਦੋਖੀ ਕਉ ਉਦਿਆਨ **ਭ੍ਰਮਾਈਐ**।" (ਫਟਕਾਈਦਾ ਹੈ)
— ਗਉ **੫**, ਸੁਖ ੧੩, ੫ : ੩ (280)

ਭ੍ਰਮਾਏ —
"ਬਿਨਵੰਤਿ ਨਾਨਕ ਭਰਮਹਿ **ਭ੍ਰਮਾਏ** ਖਿਨੁ ਏਕੁ ਟਿਕਣੁ ਨ ਪਾਵਹੀ।" (ਭਟਕਦੇ ਹਨ)
— ਜੈਤ **੫**, ਛੰਤ ੩, ੨ : ੬ (705)

ਭ੍ਰਮਾਹਿ — ਫਿਰਦੇ/ਭਟਕਦੇ ਹਨ
"ਕਈ ਕੋਟਿ ਪਰਦੇਸ **ਭ੍ਰਮਾਹਿ**।"
— ਗਉ **੫**, ਸੁਖ ੧੦, ੨ : ੮ (275)

ਭ੍ਰਮਾਦ — ਭੌਂਦਾ, ਫਿਰਦਾ, ਭਟਕਦਾ
"ਏਕੁ ਅਧਾਰੁ ਨਾਨਕ ਜਨ ਕੀਆ ਬਹੁਰਿ ਨ ਜੋਨਿ **ਭ੍ਰਮਾਦ**।" — ਸਾਰ **੫**, ੧੧੨, ੨ : ੨ (1227)

ਹੋਰ ਰੂਪ — ਭ੍ਰਮਾਦਿ —
"ਇਹ ਅਉਸਰ ਤੇ ਚੂਕਿਆ ਬਹੁ ਜੋਨਿ **ਭ੍ਰਮਾਦਿ**।" (ਭਟਕਦਾ ਹੈ)
— ਬਿਲਾ **੫**, ੩੮, ੩ : ੨ (810)

ਭ੍ਰਮਾਮ — ਭ੍ਰਮਨਾ, ਭਟਕਣਾ, ਫਿਰਨਾ
"ਜੋ ਸਿਮਰੈ ਤਿਸ ਕੀ ਗਤਿ ਹੋਵੈ ਪੀਵਤ ਬਹੁੜਿ ਨ ਜੋਨਿ **ਭ੍ਰਮਾਮ**।"
— ਭੈਰ **੫**, ੮, ੧* : ੨ (1137)

ਭ੍ਰਮਾਰੀ — ਭਰਮ ਦੀ
"ਪੇਖਿਓ ਪ੍ਰਭ ਜੀਉ ਅਪੁਨੈ ਸੰਗੇ ਚੂਕੈ ਭੀਤਿ **ਭ੍ਰਮਾਰੀ**।" — ਸੋਰ **੫**, ੨੮, ੩ : ੧ (616)

ਭ੍ਰਮਾਵਣਹ — ਭਟਕਾਉਣ ਵਾਲੇ
"ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ **ਭ੍ਰਮਾਵਣਹ**।"
— ਸਸ **੫**, ੪੬ : ੧ (1358)

ਭ੍ਰਮਾਵੈ — ਭਟਕਦਾ ਹੈ
"ਜਨਮਿ ਮਰੈ ਬਹੁ ਜੋਨਿ **ਭ੍ਰਮਾਵੈ**।"
— ਗਉ **੫**, ਸੁਖ ੧੨, ੧ : ੬ (278)

ਭ੍ਰਮਿ — 1. ਭਟਕ ਕੇ, ਫਿਰ ਫਿਰ ਕੇ
"ਲਖ ਚਉਰਾਸੀਹ ਭਰਮਦੇ **ਭ੍ਰਮਿ ਭ੍ਰਮਿ** ਹੋਇ ਖੁਆਰੁ।" — ਸਿਰੀ **੩**, ੩੬, ੩ : ੩ (27)
"ਅਠਸਠਿ ਮਜਨੁ ਕਰਿ ਇਸਨਾਨਾ **ਭ੍ਰਮਿ** ਆਏ ਧਰਸਾਰੀ।" (ਫਿਰਕੇ ਆਏ, ਟਕਰਾਂ ਮਾਰ ਆਏ) — ਗੂਜ **੫**, ੨, ੩ : ੧ (495)

2. ਭੁਲੇਖੇ ਕਰਕੇ, ਧੋਖੇ ਕਰਕੇ
"ਜਿਨਿ **ਭ੍ਰਮਿ** ਭੁਲਾ ਮਾਰਗਿ ਪਾਇਆ।"
— ਸਿਰੀ **੧**, ਅਸ ੨੮, ੧੪ : ੨ (72)

ਭ੍ਰਮਿਓ — ਭਟਕਿਆ, ਫਿਰਿਆ
"ਚਾਰਿ ਕੁੰਟ ਦਹਦਿਸਿ **ਭ੍ਰਮਿਓ** ਤਿਸੁ ਬਿਨੁ ਅਵਰੁ ਨ ਕੋਇ।" — ਗਉ **੫**, ਥਿਤੀ ੧ : ੪ (296)

ਹੋਰ ਰੂਪ — ਭ੍ਰਮਿਆ —

"ਅਨਿਕ ਜਨਮ ਬਹੁ ਜੋਨੀ **ਭ੍ਰਮਿਆ** ਬਹੁਰਿ ਬਹੁਰਿ ਦੁਖੁ ਪਾਇਆ।" (ਫਿਰਿਆ, ਭਟਕਿਆ)
— ਗਉ **੫**, ੧੩੦*, ੧ : ੧ (207)

ਭ੍ਰਮਿੰਨਾ — ਭਟਕਦਾ ਫਿਰੇ
"ਜਾਤਿ ਨ ਪਤਿ ਨ ਆਦਰੋ ਉਤਿਆਨ **ਭ੍ਰਮਿੰਨਾ**।"
— ਜੈਤ **੫**, ਵਾਰ ੨ : ੨ (707)

ਭ੍ਰਮੀਆ — ਭਰਮਵਾਲੀ, ਧੋਖੇ ਤੇ ਆਧਾਰਿਤ
"**ਭ੍ਰਮੀਆ** ਚਾ।"
— ਧਨਾ **ਨਾਮ**, ੪, ੨ : ੪ (693)

ਹੋਰ ਰੂਪ — ਭ੍ਰਮੀਐ —
"ਕਿਉ **ਭ੍ਰਮੀਐ** ਭ੍ਰਮੁ ਕਿਸ ਕਾ ਹੋਈ।" (ਭੁਲੇਖੇ ਵਿਚ ਪਈਏ)
— ਗਉ **੫**, ੭੧*, ੧ : ੧ (176)

ਭ੍ਰਮੀਨ — ਭਟਕਦਾ ਹੈ, ਭਰਮਦਾ ਹੈ
"ਮਹਾ ਮਾਦ ਬਿਕਾਰ ਬਾਧਾ ਅਨਿਕ ਜੋਨਿ **ਭ੍ਰਮੀਨ**।" — ਸਾਰ **੫**, ੧੦੮, ੨ : ੧ (1225)

ਭ੍ਰਮੁ — 1. ਭੁਲੇਖਾ, ਵਹਿਮ
"ਅੰਤਰਹੁ ਦੁਖੁ **ਭ੍ਰਮੁ** ਕਟੀਐ ਸੁਖੁ ਪਰਾਪਤਿ ਹੋਇ।"
— ਸਿਰੀ **੩**, ੪੬, ੩ : ੨ (31)
"ਸਚੈ ਸਬਦਿ ਸਦਾ ਮਨੁ ਰਾਤਾ **ਭ੍ਰਮੁ** ਗਇਆ ਸਰੀਰਹੁ ਦੂਰਿ।"
— ਸਿਰੀ **੩**, ੫੪, ੨ : ੩ (34)
2. ਸੰਸਾ, ਸ਼ਕ
"ਕਿਉ ਭ੍ਰਮੀਐ **ਭ੍ਰਮੁ** ਕਿਸ ਕਾ ਹੋਈ।"
— ਗਉ **੫**, ੭੧*, ੧ : ੧ (176)
3. ਭ੍ਰਮਣ, ਭੌਣਾ, ਭਟਕਣਾ
"ਹਰਿ ਪ੍ਰੀਤਿ ਲਗਾਈ ਹਰਿ ਨਾਮੁ ਸਖਾਈ **ਭ੍ਰਮੁ** ਚੂਕਾ ਆਵਣੁ ਜਾਣੁ ਜੀਉ।"
— ਆਸਾ **੪**, ਛੰਤ ੧੦, ੩ : ੨ (445)

ਭ੍ਰਮੇ — 1. ਫਿਰੇ, ਘੁੰਮੇ
"ਚਾਰਿ ਕੁੰਟ ਦਹਦਿਸ **ਭ੍ਰਮੇ** ਥਕਿ ਆਏ ਪ੍ਰਭ ਕੀ ਸਾਮ।" — ਮਾਝ **੪**, ਬਾਰਾ ੧ : ੨ (133)
2. ਭਟਕਦੇ
"ਸੰਤ ਸੰਗ ਜਿਹ ਰਿਦ ਬਸਿਓ ਨਾਨਕ ਤੇ ਨ **ਭ੍ਰਮੇ**।" — ਗਉ **੫**, ਬਾਅ ੪੦ਸ : ੨ (258)

ਹੋਰ ਰੂਪ — ਭ੍ਰਮੈ —
"ਮਨੁ ਘਨੈ **ਭ੍ਰਮੈ** ਬਨੈ।" (ਭ੍ਰਮਦਾ/ਫਿਰਦਾ ਹੈ)
— ਮਲਾ **੫**, ੨੪, ੧* : ੧ (1272)
"ਉਝੜ ਪੰਥਿ **ਭ੍ਰਮੈ** ਗਾਵਾਰੀ ਖਿਨੁ ਖਿਨੁ ਧਕੇ ਖਾਇਆ।"
— ਸੂਹੀ **੪**, ਛੰਤ ੧, ੩ : ੪ (773)

ਭ੍ਰਾਤ — ਭਰਾ, ਭਾਈ
"ਸੁਤ **ਭ੍ਰਾਤ** ਮੀਤ ਬਨਿਤਾ ਸੰਗਿ ਹਸਹਿ।"
— ਗਉ **੫**, ਸੁਖ ੪, ੨ : ੨ (267)

ਹੋਰ ਰੂਪ — ਭ੍ਰਾਤਹ —
"ਨਹ ਚਿੰਤਾ ਮਾਤ ਪਿਤਾ **ਭ੍ਰਾਤਹ** ਨਹ ਚਿੰਤਾ ਕਛੁ ਲੋਕ ਕਹ।" (ਭਰਾ ਦੀ)
— ਸਸ **੫**, ੧੫ : ੧ (1355)

ਭ੍ਰਾਤਾ —
"ਤੂੰ ਮੇਰਾ ਬੰਧਪੁ ਤੂੰ ਮੇਰਾ **ਭ੍ਰਾਤਾ**।" (ਭਰਾ)
— ਮਾਝ **੫**, ੩੧, ੧ : ੨ (103)

ਭ੍ਰਾਤਿ — ਭਟਕਣਾ
"ਸਬਦੁ ਵੀਚਾਰਿ ਮਿਲਣੁ ਨਹੀ **ਭ੍ਰਾਤਿ**।"
— ਆਸਾ **੧**, ਅਸ ੪, ੭ : ੪ (413)
"ਅਜਰ ਗਹੁ ਜਾਰਿ ਲੈ ਅਮਰ ਗਹੁ ਮਾਰਿ ਲੈ **ਭ੍ਰਾਤਿ** ਤਜਿ ਛੋਡਿ ਤਉ ਅਪਿਉ ਪੀਜੈ।" (ਭਰਮ)
— ਮਾਰੂ **੧**, ਅਸ ੯, ੨ : ੧ (991)

ਭ੍ਰਾਂਤਿ — ਭੁਲੇਖਾ,ਭਰਮ
"ਨਾਮੁ ਜਪਤ ਗੋਵਿੰਦ ਕਾ ਬਿਨਸੈ ਭ੍ਰਮ **ਭ੍ਰਾਂਤਿ**।"
— ਬਿਲਾ **੫**, ੫੪, ੧ : ੨ (814)
"ਅਗਹ ਗਹਣੁ ਭ੍ਰਮੁ **ਭ੍ਰਾਂਤਿ** ਦਹਣੁ ਸੀਤਲੁ ਸੁਖ ਦਾਤਉ।" (ਭਰਮ)
— ਸਵ **੫**, ਕਲ ੫ : ੩ (1407)

ਭ੍ਰਾਤੇ — ਭੇਦ, ਭਰਮ
"ਨਾਨਕ ਆਪੁ ਗਵਾਇ ਮਿਲਣ ਨਹੀ **ਭ੍ਰਾਤੇ**।"
— ਰਾਮ **੧**, ਸਿਗੋ ੫੪ : ੬ (944)

ਭ੍ਰਿੰਗ — ਭੌਰ
"**ਭ੍ਰਿੰਗ** ਪਤੰਗੁ ਕੁੰਚਰੁ ਅਰੁ ਮੀਨਾ।"
— ਗਉ **੧**, ਅਸ ੧੧, ੩ : ੧ (225)

ਭ੍ਰਿਤਿਆ — ਭਗਤ, ਸੇਵਕ, ਦਾਸ
"**ਭ੍ਰਿਤਿਆ** ਪ੍ਰਿਅੰ ਬਿਸ੍ਰਾਮ ਚਰਣੰ।"
— ਸਸ **੫**, ੫ : ੩ (1354)

ਮਉਜ — (ਮੌਜ), ਲਹਿਰ, ਤਰੰਗ
"ਚਰਨ ਕਮਲ ਕੀ **ਮਉਜ** ਮਹਿ ਰਹਉ ਅੰਤਿ ਅਰੁ ਆਦਿ।" (ਮਸਤੀ)
— ਸਲੋ **ਕਬ**, ੧੨੦ : ੨ (1370)

ਮਉਜੂਦੁ — (ਅ. ਮੌਜੂਦ), ਹਾਜ਼ਰ, ਪ੍ਰਤਖ
"ਜਿਹ ਘਿਰਿ ਦੇਖਾ ਤਿਹ ਘਿਰਿ **ਮਉਜੂਦੁ**।"
— ਸਿਰੀ **੪**, ਵਾਰ ੪ਸ, **੧**, ੧ : ੮ (84)

ਮਉਤ — ਮੌਤ
"ਮਲਕਲ **ਮਉਤ** ਜਾਂ ਆਵਸੀ ਸਭ ਦਰਵਾਜੇ ਭੰਨਿ।"
— ਸਲੋ **ਫਰ**, ੧੦੦ : ੩ (1383)

ਹੋਰ ਰੂਪ — ਮਉਤੈ —
"ਫਰੀਦਾ **ਮਉਤੈ** ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ।" (ਮੌਤ ਦਾ)
— ਸਲੋ **ਫਰ** ੯੮ : ੧ (1383)

ਮਉਦੀਫਾ — (ਫਜ਼ੀਫਾ) ਨਿਤਕਰਮ, ਨਿਤਨੇਮ, ਇਕ ਪਾਠ ਜੋ ਮੁਸਲਮਾਨ ਜਾਰੀ ਰਖਦੇ ਹਨ। (ਅ. ਮਦਾਫਅਤ)
"ਸਗਲੀ ਜਾਨਿ ਕਰਹੁ **ਮਉਦੀਫਾ**।"
— ਮਾਰੂ **੫**, ਸੋਲਾ ੧੨, ੧੦ : ੧ (1084)

ਮਉਲਾ — 1. ਮਾਲਕ (ਸ਼ਬਦਾਰਥ) ਪ੍ਰਫੁਲਿਤ ਕਰਨ ਵਾਲਾ (ਮਹਾਨਕੋਸ਼) (ਅ. ਮੌਲਾ)
"ਸੋਈ **ਮਉਲਾ** ਜਿਨਿ ਜਗੁ ਮਉਲਿਆ ਹਰਿਆ ਕੀਆ ਸੰਸਾਰੋ।"
— ਸਿਰੀ **੧**, ੨੮, ੧ : ੧ (24)

2. ਮਿਲਿਆ ਹੋਇਆ
"ਬਾਹਰਿ ਸੂਤੁ ਸਗਲ ਸਿਉ **ਮਉਲਾ**।" (ਭਾਵ ਸਭ ਨਾਲ ਪਿਆਰ ਬਣਿਆ ਹੋਇਆ ਹੈ ਸੂਤ ਮਿਲਿਆ ਹੋਇਆ ਹੈ)
— ਆਸਾ **੫**, ੫੪, ੧* : ੧ (384)

3. ਪ੍ਰਫੁਲਿਤ, ਖੁਸ਼, ਅਨੰਦਿਤ
"ਨਾਨਕ ਦਾਸੁ ਉਨ ਸੰਗਿ ਲਪਟਾਇਓ ਜਿਉ ਬੂੰਦਹਿ ਚਾਤ੍ਰਿਕੁ **ਮਉਲਾ**।"
— ਗੂਜ **੫**, ੪੪ : ੨ (496)

"ਸੋਇ ਸੁੰਣਦੜੀ ਮੇਰਾ ਤਨੁ ਮਨੁ **ਮਉਲਾ** ਨਾਮ ਜਪੰਦੜੀ ਲਾਲੀ।"
— ਰਾਮ **੫**, ਵਾਰ ੧੭ਸ, **੫**, ੧ : ੧ (964)

4. ਆਜ਼ਾਦ ਕਰਨ ਵਾਲਾ, ਮੁਕਤੀ ਦਾਤਾ, ਕਰਤਾਰ
"ਮਿਹਰਵਾਨ **ਮਉਲਾ** ਤੂਹੀ ਏਕ।"
— ਰਾਮ **੫**, ੪੫, ੩ : ੧ (897)

"**ਮਉਲਾ** ਖੇਲ ਕਰੇ ਸਭਿ ਆਪੇ।"
— ਮਾਰੂ **੫**, ਅਸ ੮, ੭ : ੧ (1020)

ਮਉਲਾਣਾ — ਮੁਲਾਂ (ਫਾ. ਮੌਲਾਨਾ)
"ਦੇਹ ਮਸੀਤਿ ਮਨੁ **ਮਉਲਾਣਾ** ਕਲਮ ਖੁਦਾਈ ਪਾਕੁ ਖਰਾ।" — ਮਾਰੂ **੫**, ਸੋਲਾ ੧੨, ੭ : ੩ (1083)

ਹੋਰ ਰੂਪ — ਮਉਲਾਨਾ —
"ਦੇਹੀ ਮਹਜਿਦਿ ਮਨੁ **ਮਉਲਾਨਾ** ਸਹਜ ਨਿਵਾਜ ਗੁਜਾਰੈ।" — ਭੈਰ **ਕਬ**, ੧, ੩ : ੧ (1167)

ਮਉਲਿ — ਖਿੜ, ਖੁਸ਼ ਹੋ
"ਪ੍ਰੀਤਿ ਪਾਰਬ੍ਰਹਮ **ਮਉਲਿ** ਮਨਾ।"
— ਬਸੰ **੫**, ੩, ੨ : ੧ (1180)

ਹੋਰ ਰੂਪ — ਮਉਲਿਓ —
"**ਮਉਲਿਓ** ਮਨੁ ਤਨੁ ਹੋਇਓ ਹਰਿਆ ਏਕ ਬੂੰਦ ਜਿਨਿ ਪਾਈ।" (ਖਿੜਿਆ)
— ਧਨਾ **੫**, ੭, ੨ : ੧ (672)

ਮਉਲਿਆ —
"ਸੋਈ ਮਉਲਾ ਜਿਨਿ ਜਗੁ **ਮਉਲਿਆ** ਹਰਿਆ ਕੀਆ ਸੰਸਾਰੋ।" (ਪ੍ਰਫੁਲਿਤ ਹੋਇਆ)
— ਸਿਰੀ **੧**, ੨੮, ੧ : ੧ (24)

ਮਉਲਿਐ —
"ਜਿਤੁ ਮਉਲਿਐ ਸਭ **ਮਉਲੀਐ** ਤਿਸਹਿ ਨ ਮਉਲਿਹੁ ਕੋਇ।" (ਪ੍ਰਫੁਲਿਤ ਹੋਣ ਨਾਲ)
— ਸੂਹੀ **੩**, ਵਾਰ ੧੯ਸ, **੧**, ੧ : ੨ (791)

ਮਉਲਿਹੁ —
"ਜਿਤੁ ਮਉਲਿਐ ਸਭ ਮਉਲੀਐ ਤਿਸਹਿ ਨ

ਮਉਲਿਹੁ ਕੋਇ।" (ਪ੍ਰਫੁਲਿਤ ਕਰਨਾ)
— ਸੂਹੀ **੩**, ਵਾਰ ੧੯ਸ, **੧**, ੧ : ੨ (791)

ਮਉਲੀ —
"ਸਿੰਮ੍ਰਿਤਿ **ਮਉਲੀ** ਸਿਉ ਕਤੇਬ।" (ਪ੍ਰਫੁਲਿਤ ਹੋਈਆ) — ਬਸੰ **ਕਬ**, ੧, ੨ : ੨ (1193)

ਮਉਲੀਏ —
"ਓਤਿ ਪੋਤਿ ਨਿਰੰਕਾਰੁ ਘਟਿ ਘਟਿ **ਮਉਲੀਏ**।" (ਪ੍ਰਫੁਲਿਤ ਹੋ ਰਿਹਾ ਹੈ)
— ਗੂਜ **੫**, ਵਾਰ ੨ : ੬ (518)

ਮਉਲੇ —
"ਦੁਤੀਆ **ਮਉਲੇ** ਜੋਗ ਧਿਆਨ।" (ਪ੍ਰਫੁਲਿਤ ਹੋਇਆ, ਪ੍ਰਕਾਸ਼ਮਾਨ ਹੋਇਆ)
— ਬਸੰ **ਕਬ**, ੧, ੨ : ੧ (1193)

ਮਉਲੈ —
"ਚਰਣਹ ਸਰਨੀ ਦਾਸਹ ਦਾਸੀ ਮਨਿ **ਮਉਲੈ** ਤਨੁ ਹਰੀਆ।" (ਪ੍ਰਫੁਲਿਤ ਹੋਣ ਨਾਲ)
— ਸੂਹੀ **੫**, ਛੰਤ ੪, ੨ : ੫ (779)

ਮਉਲੈ — 1. ਪ੍ਰਫੁਲਿਤ ਹੋਣ ਨਾਲ ਵੇਖ 'ਮਉਲਿ'
2. ਪ੍ਰਭੂ ਨੇ, ਮਉਲਾ ਨੇ
"ਸੋਈ ਕੰਮੁ ਕਮਾਵਣਾ ਕੀਆ ਧੁਰਿ **ਮਉਲੈ**।"
— ਮਾਰੂ **੫**, ਵਾਰ ੨੩ : ੨ (1102)

ਮਉਲੋ — ਪ੍ਰਫੁਲਿਤ ਕਰਨ ਵਾਲਾ
"ਜੋਤਿ ਸਰੂਪੀ ਸਭੁ ਜਗੁ **ਮਉਲੋ**।"
— ਮਾਰੂ **੫**, ਸੋਲਾ ੧੧, ੧੪ : ੨ (1083)

ਮਇਓਦਧਿ — ਬਹੁਤ ਪਾਣੀ ਧਾਰਨ ਵਾਲਾ, ਸਮੁੰਦਰ
"ਅਨਲ ਅਗਮ ਜੈਸੇ ਲਹਰਿ **ਮਇਓਦਧਿ** ਜਲ ਕੇਵਲ ਜਲ ਮਾਂਹੀ।"
— ਸੋਰ **ਰਵਿ**, ੧, ੧ : ੨ (657)

ਮਇਆ — 1. ਕ੍ਰਿਪਾ, ਮਿਹਰ, ਬਖਸ਼ਿਸ਼
"ਨਾਨਕ ਕਉ ਪ੍ਰਭ **ਮਇਆ** ਕਰਿ ਸਚੁ ਦੇਵਹੁ ਅਪੁਣਾ ਨਾਉ।"
— ਸਿਰੀ **੫**, ੨੨, ੪ : ੩ (44)
2. ਦਇਆ ਕਰਨ ਵਾਲੇ, ਮਿਹਰਵਾਨ
"ਤੁਮਰੀ ਕ੍ਰਿਪਾ ਤੇ ਹੋਇ ਪ੍ਰਗਾਸਾ ਸਰਬ **ਮਇਆ** ਪ੍ਰਤਿਪਾਲਾ ਜੀਉ।"
— ਮਾਝ **੫**, ੩੩, ੩ : ੩ (104)
"ਸਿਵ ਸਿਵ ਕਰਤ ਸਗਲ ਕਰ ਜੋਰਹਿ ਸਰਬ **ਮਇਆ** ਠਾਕੁਰ ਤੇਰੀ ਦੋਹੀ।"
— ਗਉ **੫**, ੧੨੯*, ੧ : ੨ (207)
3. ਮਾਇਆ
"ਅੰਤਿ ਕਾਲਿ ਕਿਛੁ ਸਾਥਿ ਨ ਚਾਲੈ ਜੋ ਦੀਸੈ ਸਭੁ ਤਿਸਹਿ **ਮਇਆ**।"
— ਰਾਮ **੧**, ਅਸ ੨, ੮ : ੧ (906)
4. ਮਿਲਿਆ ਹੋਇਆ
"ਸਾਚੌ ਉਪਜੈ ਸਾਚਿ ਸਮਾਵੈ ਸਾਚੇ ਸੂਚੇ ਏਕ **ਮਇਆ**।" (ਭਾਵ ਇਕ ਮਿਕ ਹੋਇਆ)
— ਰਾਮ **੧**, ਸਿਗੋ ੨੫ : ੧ (940)

ਮਇਆਸਾ — ਮਾਇਆ ਵਾਲੀ/ਮਾਇਆ ਦੀ ਆਸਾ
"ਚੂਕੀ ਅਲੇ ਮੋਹ **ਮਇਆਸਾ**।"
— ਰਾਮ **ਕਬ**, ੧੦, ੩ : ੧ (972)

ਮਈ — ਮਿਲ ਜਾਣਾ
"ਗੋਬਿੰਦ ਗੋਬਿੰਦ ਗੋਬਿੰਦ **ਮਈ**।"
— ਬਿਲਾ **੫**, ੯੦, ੧* : ੧ (822)

ਮਈਏ — ਮੈਨੂੰ
"ਕੇਸਵਾ ਬਚਉਨੀ ਅਈਏ **ਮਈਏ** ਏਕ ਆਨ ਜੀਉ।" — ਧਨਾ **ਨਾਮ**, ੪, ੨ : ੫ (693)

ਮਏ — ਮਿਲੇ, ਹੋ ਗਏ
"ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ **ਮਏ**।"
— ਆਸਾ **ਧਨਾ**, ੧, ੩ : ੧ (487)

ਮਸਹੂਰ — (ਅ : ਮਸ਼ਹੂਰ [illegible] ਪ੍ਰਸਿੱਧ
"ਆਬਾਦਾਨੁ ਸਦਾ **ਮਸਹੂਰ**।
— ਗਉ **ਰਵਿ**, : ੨ : ੩ (345)

ਮਸਕੰ — ਮੱਛਰ
"**ਮਸਕੰ** ਭਗਨੰਤ ਸੈਲੰ ਕਰਦਮੰ ਤਰੰਤ [illegible] ਨਕਹ।"
— ਸਸ **੫**, ੫੫ [illegible]

ਮਸਕਤਿ — 1. (ਅ : ਮੁਸ਼ਕਤ) ਮਹਿਨਤ, [illegible]ਲਣਾ
"ਜਿਨੀ ਨਾਮੁ ਧਿਆਇਆ ਗਏ **ਮਸਕਤਿ** ਘਾਲਿ।"
— ਜਪੁ **੧**, ੩੮ਸ : ੫ (੮)
2. ਮੁਸ਼ਕਤ/ਮਿਹਨਤ ਨਾਲ
"**ਮੁਸਕਤਿ** ਲਹਹੁ ਮਜੂਰੀਆ ਮੰਗਿ ਮੰਗਿ ਖਸਮ ਦਰਾਹੁ।"
— ਸੂਹੀ **੩**, ਵਾਰ ੧੦ਸ, **੧**, ੧ : ੫ (788)

ਮਸਕਤੇ — ਸੇਵਾ, ਘਾਲਣਾ

"ਸਾਧੂ ਸੰਗੁ **ਮਸਕਤੇ** ਤੂਠੈ ਪਾਵਾ ਦੇਵ।"
— ਸਿਰੀ **੫**, ੭੫, ੩ : ੧ (44)

ਮਸਕਰ — ਚਾਂਦਨੀ, ਚੰਨ ਦੀ ਕਿਰਣ
"ਮੂਸਨ **ਮਸਕਰ** ਪ੍ਰੇਮ ਕੀ ਰਹੀ ਜੁ ਅੰਬਰੁ ਛਾਇ।"
— ਚਉ **੫**, ੪ : ੧ (1364)

ਮਸਕਲ — (ਅ. ਮਸਕਲ) ਜੰਗ ਉਤਾਰਨ ਦਾ ਔਜ਼ਾਰ (ਸੰਦ)
"ਅਵਲਿ ਅਉਲਿ ਦੀਨੁ ਕਰਿ ਮਿਠਾ **ਮਸਕਲ** ਮਾਨਾ ਮਾਲੁ ਮੁਸਾਵੈ।"
— ਮਾਝ **੧**, ਵਾਰ ੮ਸ, **੧**, ੧ : ੨ (141)

ਹੋਰ ਰੂਪ — ਮਸਕਲੈ —
"ਦਰੁ ਸੇਵੇ ਉਮਤਿ ਖੜੀ **ਮਸਕਲੈ** ਹੋਇ ਜੰਗਾਲੀ।" (ਜੰਗਾਲ ਲਾਹੁਣ ਵਾਲੇ ਔਜ਼ਾਰ ਨਾਲ) — ਰਾਮ **ਬਸ**, ਵਾਰ ੩ : ੬ (967)

ਮਸਕੀਨ — (ਅ. ਮਸਕੀਨ) ਹਲੀਮ, ਨਿਮਾਣਾ, ਆਜਿਜ਼, ਗਰੀਬ ਜਿਹਾ
"ਹਮ ਗਰੀਬ **ਮਸਕੀਨ** ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੇ।"
— ਗਉ **੪**, ਸੋਹ ੪, ੪ : ੧ (13)
"ਹਮ **ਮਸਕੀਨ** ਖੁਦਾਈ ਬੰਦੇ ਤੁਮਰਾ ਜਸੁ ਮਨਿ ਭਾਵੈ।" — ਆਸਾ **ਕਬ**, ੧੭, ੧ : ੧ (480)

ਮਸਕੀਨੀ — ਗਰੀਬੀ, ਨਿਮਰਤਾ, ਆਜਜ਼ੀ
"ਸਹਜ ਸੁਹੇਲਾ ਅਤਿ **ਮਸਕੀਨੀ**।"
— ਗਉ **੫**, ਅਸ ੧, ੧* : ੧ (235)

ਮਸਕੀਨੀਆ — ਗਰੀਬੀ ਸੁਭਾ ਵਾਲਾ, ਨਮਰ, ਨਿਮ੍ਰਤਾ ਵਾਲਾ
"ਸੁਖੀ ਬਸੈ **ਮਸਕੀਨੀਆ** ਆਪੁ ਨਿਵਾਰਿ ਤਲੇ।"
— ਗਉ **੫**, ਸੁਖ ੧੨ਸ : ੧ (278)

ਮਸਟਿ — ਚੁੱਪ, ਖ਼ਾਮੋਸ਼
"ਆਪ ਹੀ **ਮਸਟਿ** ਆਪਹੀ ਬੁਲਨਾ।"
— ਬਿਲਾ **੫**, ੭, ੨ : ੧ (803)
"**ਮਸਟਿ** ਕਰਉ ਮੂਰਖੁ ਜਗਿ ਕਹੀਆ।" (ਚੁੱਪ ਕਰਾਂ) — ਪ੍ਰਭ **੧**, ੧੨, ੧ : ੧ (1330)

ਮਸਤ — 1. (ਫਾ. ਮਸਤ) ਮਤਵਾਲਾ, ਬੇਪਰਵਾਹ
"ਜਿਨ੍ਹ ਪੀਆ ਸੇ **ਮਸਤ** ਭਏ ਹੈ ਤੂਟੇ ਬੰਧਨ ਫਾਹੇ।"
— ਆਸਾ **੧**, ੮, ੨ : ੧ (351)
2. ਅਹੰਕਾਰੀ, ਗਰੀਬ (ਨਿਮਾਨੇ) ਦੇ ਉਲਟ
"ਰੰਗ ਤੁੰਗ ਗਰੀਬ **ਮਸਤ** ਸਭੁ ਲੋਕੁ ਸਿਧਾਸੀ।"
— ਮਾਰੂ **੫**, ਵਾਰ ੧੭ : ੩ (1100)
3. ਮਸਤਕ, ਮਥਾ
"ਰਿਦਾ ਪੁਨੀਤ ਰਿਦੈ ਹਰਿ ਬਸਿਓ **ਮਸਤ** ਪੁਨੀਤ ਸੰਤ ਧੂਰਾਵਾ।"
— ਸਾਰ **੫**, ੩੯, ੧ : ੨ (1212)

ਮਸਤਅੰਗ — ਰਾਗ ਮਾਲ ਕਉਸ ਦੇ ਅੱਠ ਪੁੱਤਰਾਂ ਵਿਚੋਂ ਇਕ ਬਾਕੀ ਹਨ—ਮਾਰੂ, ਮੇਵਾਰਾ, ਪ੍ਰਬਲ ਚੰਡ, ਕਉਸਕ ਉਭਾਰਾ, ਖਉਖਟ ਤੇ ਭਉਰਾਨਦ।
"ਮਾਰੂ **ਮਸਤਅੰਗ** ਮੇਵਾਰਾ।"
— ਰਾਮ ੧ : ੧੯ (1430)

ਮਸਤਕ — (ਸੰ. मस्तक) ਮਥਾ, ਸਿਰ
"ਧਨਿ **ਮਸਤਕ** ਚਰਨ ਕਮਲ ਹੀ ਪਰਸ।"
— ਗਉ **੫**, ੧੧੦*, ੨ : ੨ (201)

ਹੋਰ ਰੂਪ — ਮਸਤਕਿ —
"ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ ਤਿਨ ਧੁਰਿ **ਮਸਤਕਿ** ਲਿਖਿਆ ਲਿਖਾਸਿ।" (ਮਥੇ ਤੇ ਭਾਵ ਭਾਗਾਂ ਵਿਚ)
— ਗੂਜ **੪**, ਸੋਦ ੪, ੪ : ੨ (10)

ਮਸਤਕੁ —
"ਧਨੁ ਓਹੁ **ਮਸਤਕੁ** ਧਨੁ ਤੇਰੇ ਨੇਤ॥"
— ਗਉ **੫**, ੧੨੩, ੧ : ੧ (200)

ਮਸਤਕੇ —
"ਪ੍ਰਭਿ **ਮਸਤਕੇ** ਧੁਰਿ ਲੀਖਿਆ ਗੁਰਮਤੀ ਹਰਿ ਲਿਵ ਲਾਇਓ।"
— ਮਾਲੀ **੪**, ੩, ੨ : ੧ (985)

ਮਸਤਾ — ਮਸਤ, ਮਤਵਾਲਾ, ਵੇਖੋ 'ਮਸਤ' (1)
"ਬਿਆਪਤ ਰੂਪ ਜੋਬਨ ਮਦ **ਮਸਤਾ**।"
— ਗਉ **੫**, ੮੮, ੨ : ੪ (182)

ਮਸਤਾਨਾ — (ਫਾ. ਮਸਤਾਨਾ) ਮਤਵਾਲਾ, ਪ੍ਰੇਮ ਵਿਚ ਮੱਤਾ,
"ਸਗ ਨਾਨਕ ਦੀਬਾਨ **ਮਸਤਾਨਾ** ਨਿਤ ਚੜੈ ਸਵਾਇਆ।"
— ਮਲਾ **੧**, ਵਾਰ ੨੭ਸ, **੧**, ੨ : ੨ (1291)

ਮਸਤੁ — ਮਤਵਾਲਾ
"ਜਿਉ ਮੈਗਲੁ **ਮਸਤੁ** ਦੀਜੈ ਤਲਿ ਕੁੰਡੇ ਗੁਰ ਅੰਕਸੁ

ਸਬਦੁ ਦ੍ਰਿੜਾਵੈਗੋ।"
— ਕਾਨ **੪**, ਅਸ ੫, ੧* : ੨ (1310)

ਮਸਲਤਿ — 1. (ਅ. ਮਸਲਤ) ਸਲਾਹ, ਮਸ਼ਵਰਾ ਦੇਣ ਵਾਲਾ, ਸਲਾਹਕਾਰ ਮੰਤ੍ਰੀ
"ਤੂੰਹੈ **ਮਸਲਤਿ** ਤੂੰਹੈ ਨਾਲਿ।"
— ਗਉ **੫**, ੧੨੪, ੧ : ੧ (200)

ਹੋਰ ਰੂਪ — ਮਸਲਤੀ —
"ਹਰਿ ਇਕੋ ਮੇਰਾ **ਮਸਲਤੀ** ਭੰਨਣ ਘੜਨ ਸਮਰਥੁ।"
— ਰਾਮ **੫**, ਵਾਰ ੫ਸ, **੫**, ੧ : ੫ (958)

2. ਸਲਾਹ, ਮਸ਼ਵਰਾ, ਰਾਇ
"ਜੋ ਕਿਛੁ ਕਰਣਾ ਸੁ ਆਪੇ ਕਰਣਾ **ਮਸਲਤਿ** ਕਾਹੂ ਦੀਨੀ।"
— ਸਾਰ **੫**, ਅਰ ੧, ੫ : ੧ (1235)

ਮਸਵਾਣੀ — ਦਵਾਤ
"ਸਚੁ ਕਾਗਦੁ ਕਲਮ **ਮਸਵਾਣੀ** ਸਚੁ ਲਿਖਿ ਸਚਿ ਸਮਾਵਣਿਆ।"
— ਮਾਝ **੩**, ਅਸ ੨੩, ੭ : ੩ (123)

ਹੋਰ ਰੂਪ — ਮਸਵਾਣੀਐ —
"ਕਲਮ ਜਲਉ ਸਣੁ **ਮਸਵਾਣੀਐ** ਕਾਗਦੁ ਭੀ ਜਲਿ ਜਾਉ।" (ਕਲਮ ਦੇ)
— ਸਿਰੀ **੪**, ਵਾਰ ੬ਸ, **੩**, ੧ : ੧ (84)

ਮਸਾਇਕ — ਸ਼ੇਖ ਦਾ ਬਹੁ ਵਚਨ (ਅ. ਸ਼ੇਖ)
"ਸੇਖ **ਮਸਾਇਕ** ਕਾਜੀ ਮੁਲਾ ਦਰਿ ਦਰਵੇਸ ਰਸੀਦ।" — ਸਿਰੀ **੧**, ਅਸ ੧, ੩ : ੨ (53)

ਹੋਰ ਰੂਪ — ਮਸਾਇਕਾ —
"ਹਮ ਜੇਰ ਜਿਮੀ ਦੁਨੀਆ ਪੀਰਾ **ਮਸਾਇਕਾ** ਰਾਇਆ।" (ਮਸਾਇਕ ਦਾ ਬਹੁ ਵਚਨ)
— ਮਾਝ **੧**, ਵਾਰ ੧੩ਸ, **੧**, ੧ : ੧ (143)

ਮਸਾਇਕੁ —
"ਨਾ ਕੋ ਸੇਖੁ **ਮਸਾਇਕੁ** ਹਾਜੀ।" (ਸੇਖ ਦਾ ਬਹੁ ਵਚਨ)
— ਮਾਰੂ **੧**, ਸੋਲਾ ੧੫, ੧੧ : ੨ (1036)

ਮਸਾਜਨੀ — ਦਵਾਤ
"ਕਲਉ **ਮਸਾਜਨੀ** ਕਿਆ ਸਦਾਈਐ ਹਿਰਦੈ ਹੀ ਲਿਖਿ ਲੇਹੁ।"
— ਸਿਰੀ **੪**, ਵਾਰ ੫ਸ, **੩**, ੧ : ੧ (84)

ਮਸਾਣ — ਉਹ ਸਥਾਨ ਜਿਥੇ ਲੋਥਾਂ ਰਖੀਆਂ ਸਾੜੀਆਂ ਜਾਂਦੀਆਂ ਹਨ, ਮਰਘਟ
"ਭੂਮਿ **ਮਸਾਣ** ਕੀ ਭਸਮ ਲਗਾਈ ਗੁਰ ਬਿਨੁ ਤਤੁ ਨ ਪਾਇਆ।"
— ਗੂਜਾ **ਤ੍ਰਿਲੋ**, ੧, ੨ : ੨ (526)

ਹੋਰ ਰੂਪ — ਮਸਾਣਿ —
"ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ **ਮਸਾਣਿ** ਨ ਜਾਈ।"
— ਸੋਰ **੧**, ਅਸ ੧, ੧ : ੧ (634)

ਮਸਾਣੀ —
"ਇਕਨ੍ਹਾ ਪੇਰਣ ਸਿਰ ਖੁਰ ਪਾਟੇ ਇਕਨ੍ਹਾ ਵਾਸੁ **ਮਸਾਣੀ**।" (ਮਸਾਣਾਂ ਵਿਚ)
— ਆਸਾ **੧**, ਅਸ ੧੨, ੬ : ੨ (418)

ਮਸਾਨ — ਲੋਕ ਚਿਤਾ (ਤਾਲਿਬ) ਸ਼ਮਸ਼ਾਨ (ਕੋਸ਼); ਮਸਾਨਾਂ ਤੇ ਪਹੁੰਚੇ ਵੀਰੋ (ਨਿਰਣੈ); ਮਸਾਨਾਂ ਦੀ (ਪਿਆਰੀ) ਅਗ (ਦਰਪਣ)
"ਕਬੀਰ ਸਤੀ ਪੁਕਾਰੈ ਚਿਹ ਚੜੀ ਸੁਨੁ ਹੋ ਬੀਰ **ਮਸਾਨ**।" — ਸਲੋ **ਕਬ**, ੮, ੫ : ੧ (1368)

ਹੋਰ ਰੂਪ — ਮਸਾਨਿ —
"ਤਬ ਕੁਲੁ ਕਿਸ ਕਾ ਲਾਜਸੀ ਜਬਲੇ ਧਰਹਿ **ਮਸਾਨਿ**।" (ਮਸਾਨਾ ਵਿਚ)
— ਸਲੋ **ਕਬ**, ੧੬੬ : ੨ (1373)

ਮਸਾਨੁ —
"ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ **ਮਸਾਨੁ**।"
— ਸਲੋ **ਫਰ**, ੩੬ : ੨ (1379)

ਮਸਾਰੇ — ਦਾਹੜੀ
"ਆਪਹੀ ਧਾਰਨ ਧਾਰੇ ਕੁਦਰਤਿ ਹੈ ਦੇਖਾਰੇ ਬਰਨੁ ਚਿਹਨੁ ਨਹੀ ਮੁਖ ਨ **ਮਸਾਰੇ**।"
— ਸਵ **੫**, ੩ : ੩ (1386)

ਮਸੀਤਿ — ਮੁਸਲਮਾਨਾਂ ਦਾ ਬੰਦਗੀ ਦਾ ਸਥਾਨ (ਅ. ਮਸਜਿਦ)
"ਮਿਹਰ **ਮਸੀਤਿ** ਸਿਦਕੁ ਮੁਸਲਾ ਹਕੁ ਹਲਾਲ ਕੁਰਾਣੁ।"
— ਮਾਝ **੧**, ਵਾਰ ੭ਸ, **੧**, ੧ : ੧ (140)

ਮਸੁ — 1. ਸਿਆਹੀ, ਲਿਖਨ ਦਾ ਸਾਧਨ, ਹੋਰ ਵੇਖੋ 'ਮੰਸੁ', 'ਮਸੂ'

"ਜਾਲਿ ਮੋਹੁ ਘਸਿ **ਮਸੁ** ਕਰਿ ਮਤਿ ਕਾਗਦੁ ਕਰਿ ਸਾਰੁ।" — ਸਿਰੀ **੧**, ੬, ੧ : ੧ (16)

"ਕਬੀਰ ਸਾਤ ਸਮੁੰਦਹਿ **ਮਸੁ** ਕਰਉ ਕਲਮ ਕਰਉ ਬਨਰਾਇ।" — ਸਲੋ **ਕਬ**, ੮੧ : ੧ (1368)

2. ਸਿਆਹੀ, ਕਾਲਖ

"ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ **ਮਸੁ**।" — ਸੂਹੀ **੧**, ੩, ੧ : ੧ (729)

ਮੰਸੁ — ਸਿਆਹੀ

"ਜਸ ਕਾਗਦ ਪਰ ਮਿਟੈ ਨ **ਮੰਸੁ**।" — ਗੋਂਡ **ਕਬ**, ੫, ੪ : ੪ (871)

ਮਸੂ — ਸਿਆਹੀ

"**ਮਸੂ** ਤੋਟਿ ਨ ਆਵਈ ਲੇਖਣਿ ਪਉਣੁ ਚਲਾਉ।" — ਸਿਰੀ **੧**, ੨, ੪ : ੨ (15)

ਮਸੂਰਤਿ — (ਅ.) ਸਲਾਹ, ਮਸ਼ਵਰਾ

"ਮਤਾ **ਮਸੂਰਤਿ** ਅਵਰ ਸਿਆਨਪ ਜਨ ਕਉ ਕਛੂ ਨ ਆਇਓ।" — ਗੂਜ **੫**, ੧੨, ੧ : ੧ (498)

ਮਸੇਲ — ਮੇਲ ਕੇ, ਭਾਵ ਪਾਇਓ

"ਨਾਮਾ ਪ੍ਰਣਵੈ ਸੇਲ **ਮਸੇਲ**।" (ਨਿਆਣਾ ਪਾਇਓ) — ਭੈਰ **ਨਾਮ**, ੧੦, ੧੯ : ੧ (1166)

ਮਸੋਲਾ — ਮਸਲਾ, ਨਿਰਣਾ ਕਰਨੇ ਦਸੀ ਗੱਲ (ਸਚ)

"ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸਪੁਰੀ ਵਿਚਿ ਆਖੁ **ਮਸੋਲਾ**।"— ਤਿਲੰ **੧**, ੫, ੨ : ੧ (722)

ਮਸ੍ਤਕ — ਮੱਥਾ

"ਸਿਰ **ਮਸ੍ਤਕ** ਰਖ੍ਯਾ ਪਾਰਬ੍ਰਹਮੰ ਹਸ੍ਤ ਕਾਯਾ ਰਖ੍ਯਾ ਪਰਮਸ੍ਵਰਹ।" — ਸਸ **੫**, ੫੨ : ੧ (1358)

ਮਹ — 1. ਵਿਚ, ਅੰਦਰ

"ਜੋਤਿ ਕੀ ਵਟੀ ਘਟ **ਮਹਿ** ਜੋਇ।" — ਗਉ **ਕਬ**, ਵਾ ੭ : ੨ (344)

2. (ਫਾ. ਮਾਹ) ਮਹੀਨਾ

"ਵਰਤ ਨ ਰਹਉ ਨ **ਮਹ** ਰਮਦਾਨਾ।" — ਭੈਰ **੫**, ੩, ੧ : ੧ (1136)

ਮਹਸਾਈ — ਮਹਾਦੇਵ, ਸਿਵਾ ਜੀ

"ਜਾਹਰ ਨਵੀ ਤਪੈ ਭਾਗੀ ਰਥਿ ਆਣੀ ਕੇਦਾਰੁ ਥਾਪਿਓ **ਮਹਸਾਈ**।" — ਮਲਾ **੪**, ੨, ੨ : ੧ (1263)

ਮਹਕੰਦਾ — ਸੁਗੰਧਤ ਕਰਦਾ ਹੈ

"ਇਆ ਦੇਹੀ ਪਰਮਲ **ਮਹਕੰਦਾ**।" — ਗਉ **ਕਬ**, ੧੨, ੨ : ੧ (325)

ਮਹਗੀ — ਵਧੇਰੇ ਮੁਲ ਦੀ, ਵਡਮੁੱਲੀ

"ਮੈ ਤਉ ਮੋਲਿ **ਮਹਗੀ** ਲਈ ਜੀਅ ਸਟੈ।" — ਗਉ **ਰਵਿ**, ੨, ੧* : ੨ (694)

ਹੋਰ ਰੂਪ — ਮਹਗੇ —

"ਕੋਈ ਆਇ ਮਿਲੈ ਗੋ ਗਾਹਕੀ ਲੇ ਗੋ **ਮਹਗੇ** ਮੋਲਿ।" — ਸਲੋ **ਕਬ**, ੨੨੫ : ੨ (1376)

ਮਹਘਾ — ਵਡਮੁਲਾ

"ਮੈ ਮਨੁ ਤਨੁ ਅਰਪਿ ਧਰਿਓ ਗੁਰ ਆਗੈ ਸਿਰੁ ਵੇਚਿ ਲੀਓ ਮੁਲਿ **ਮਹਘਾ**।" — ਸੂਹੀ **੪**, ੨; ੧* : ੨ (731)

ਹੋਰ ਰੂਪ — ਮਹਘੋ —

"**ਮਹਘੋ** ਮੋਹਿ ਭਾਰਿ ਅਫਾਰੁ।" — ਆਸਾ **੧**, ਅਸ ੩, ੮ : ੧ (413)

ਮਹਜਰੁ — ਉਹ ਲਿਖਤ ਜਿਸ ਉਪਰ ਬਹੁਤਿਆਂ ਦਾ ਦਸਤ ਖਤ ਹੋਣ

"**ਮਹਜਰੁ** ਝੂਠਾ ਕੀਤੋਨੁ ਆਪਿ।" — ਗਉ **੫**, ੧੬੮, ੧ : ੧ (199)

ਮਹਜਿਦਿ — ਮਸਜਿਦ, ਮਸੀਤ

"ਦੇਹੀ **ਮਹਜਿਦਿ** ਮਨੁ ਮਉਲਾਨਾ ਸਹਜ ਨਿਵਾਜ ਗੁਜਾਰੈ।" — ਭੈਰ **ਨਾਮ**, ੧, ੩ : ੧ (1167)

ਮਹਤ — ਮਹੱਤਾ, ਵਡਿਆਈ, ਹੋਰ ਵੇਖੋ 'ਮਹਤਾ' 'ਮਹਤਿ'

"ਨਾਇ ਤੇਰੈ ਮਾਨੁ **ਮਹਤ** ਪਰਵਾਣੁ।" — ਪ੍ਰਭਾ **੧**, ੧, ੨ : ੩ (1327)

ਮਹਤਉ — ਚੌਧਰੀ, ਵਿਸਵੇਦਾਰ, ਮਾਲਕ, ਮੁਖੀਆ

"ਦੇਹੀ ਗਾਵਾ ਜੀਉ ਧਰ **ਮਹਤਉ** ਬਸਹਿ ਪੰਚ ਕਿਰਸਾਨਾ।" — ਮਾਰੂ **ਕਬ**, ੭, ੧ : ੧ (1104)

ਮਹਤਰੀਆ — ਜੋ ਸਭ ਤੋਂ ਵੱਧ ਸਨਮਾਨ ਦੇ ਯੋਗ ਹੈ, ਮਾਤਾ, ਹੋਰ ਵੇਖੋ 'ਮਹਤਾਰੀ'

"ਦੀਨਾ ਨਾਥ ਅਨਾਥ ਕਰੁਣਾ ਮੈ ਸਾਜਨ ਮੀਤ ਪਿਤਾ **ਮਹਤਰੀਆ**।" — ਗਉ **੫**, ੧੧੫*, ੨ : ੧ (203)

ਮਹਤਾ — ਵਡਿਆਈ, ਵੇਖੋ ਮਹਤਿ

"ਮਾਨੁ **ਮਹਤਾ** ਤੇਜੁ ਅਪਣਾ ਆਪਿ ਜਰਿ।" — ਰਾਮ **੫**, ਵਾਰ ੧੮ : ੬ (965)

ਮਹਤਾਰੀ — ਮਾਂ, ਵੇਖੋ 'ਮਹਤਰੀਆ'
"ਕਿਆ ਬਸੁ ਜਉ ਬਿਖੁ ਦੇ **ਮਹਤਾਰੀ**।"
— ਗਉ **ਕਬ**, ੨੨, ੩ : ੨ (328)

ਮਹਤਿ — ਵਡਿਆਈ
"ਦ੍ਰਿਸਟਿ ਨ ਲਿਆਵਉ ਅਵਰ ਕਾਹੂ ਕਉ ਮਾਣਿ **ਮਹਤਿ** ਪ੍ਰਭ ਤੇਰੈ।"
— ਸਾਹ **੫**, ੫੦, ੧* : ੨ (1214)

ਹੋਰ ਰੂਪ — ਮਹਤੁ —
"ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ **ਮਹਤੁ**।" (ਵਡੀ, ਵਿਸਤਾਰ ਵਾਲੀ)
— ਜਪੁ **੧**, ੩੮ : ੧ (8)
"ਸਾਚਉ ਮਾਨੁ **ਮਹਤੁ** ਤੂੰ ਆਪੇ ਦੇਵਣਹਾਰੁ।" (ਵਡਿਆਈ, ਮਹਤ੍ਵ)
— ਸਿਰੀ **੧**, ਅਸ ੩, ੧ : ੩ (54)

ਮਹਦੂਦੁ — (ਅ : ਮਹਿਦੂਦ) ਪੱਟਾ, ਹਦਬੰਦੀ ਦੀ ਲਿਖਤ
"ਮੈ **ਮਹਦੂਦੁ** ਲਿਖਾਇਆ ਖਸਮੈ ਕੈਦਰਿ ਜਾਇ।"
— ਮਲਾ **੧**, ਵਾਰ ੧੯ਸ, **੧**, ੧ : ੬ (1286)

ਮਹਮਾ — (ਸੰ. ਮਹਿਮਨ੍) ਵਡਿਆਈ, ਬਜ਼ੁਰਗੀ
"ਉਆ ਕੀ **ਮਹਿਮਾ** ਕਥਨੁ ਨ ਜਾਈ।"
— ਆਸਾ **੫**, ੮੮, ੧* : ੨ (392)

ਮਹਰ — ਮੱਹਤਰ ਦਾ ਸੰਖੇਪ, ਸਰਦਾਰ, ਮੁਖੀਆ, ਚੌਧਰੀ
"**ਮਹਰ** ਮਲੂਕ ਕਹਾਈਐ ਰਾਜਾ ਰਾਉ ਕਿ ਖਾਨੁ।"
— ਸਿਰੀ **੧**, ਅਸ ੧੬, ੬ : ੧ (63)

ਮਹਰਮ — ਵਾਕਫ਼, ਜਾਣੂ
"**ਮਹਰਮ** ਮਹਲ ਨ ਕੋ ਅਟਕਾਵੈ।"
— ਗਉ **ਰਵਿ**, ੨, ੩ : ੨ (345)

ਮਹਰਾਜ — ਮਹਾਰਾਜ ਭਾਵ ਹਰੀ
"ਹੀਓ **ਮਹਰਾਜ** ਰੀ ਮਾਇਓ।"
— ਟੋਡੀ **੫**, ੧੯, ੧* : ੨ (715)

ਮਹਰੇਰੁ — ਢਾਹ, ਰੇੜ੍ਹ
"ਕੁਰੀਏ ਕੁਰੀਏ ਵੈਦਿਆ ਤਲਿ ਗਾੜਾ **ਮਹਰੇਰੁ**।"
— ਮਾਰੂ **੫**, ਵਾਰ ੫ਸ, **੫**, ੧ : ੧ (1095)

ਮਹਲ — 1. ਘਰ, ਨਿਵਾਸ ਸਥਾਨ, ਵਡਾ (ਆਲੀਸ਼ਾਨ, ਘਰ)
"ਅੰਦਰਿ **ਮਹਲ** ਰਤਨੀ ਭਰੇ ਭੰਡਾਰਾ।" (ਭਾਵ ਸਰੀਰ) — ਮਾਝ **੩**, ਅਸ ੨੮, ੭ : ੧ (126)
"ਮੋਹਨ ਤੇਰੇ ਊਚੇ ਮੰਦਰ **ਮਹਲ** ਅਪਾਰਾ।"
— ਗਉ **੫**, ਛੰਤ ੨, ੧ : ੧ (248)
"ਮਹਰਮ **ਮਹਲ** ਨ ਕੋ ਅਟਕਾਵੈ (ਬਾਦਸ਼ਾਹ ਦਾ, ਨਿਵਾਸ ਸਥਾਨ)"
— ਗਉ **ਰਵਿ**, ੨, ੩ : ੨ (345)

ਹੋਰ ਰੂਪ — ਮਹਲਹੁ —
"ਦਰਸਨੁ ਪਾਵਹੁ ਸਹਜਿ **ਮਹਲਹੁ**।"
— ਮਾਰੂ **੧**, ਸੋਲਾ ੮, ੧੩ : ੨ (1028)

2. ਪਦਵੀ, ਅਧਿਕਾਰ
"ਟਹਲ **ਮਹਲ** ਤਾ ਕਉ ਮਿਲੈ ਜਾ ਕਉ ਸਾਧ ਕ੍ਰਿਪਾਲ।"
— ਗਉ **੫**, ਬਾਅ ੨੭ : ੩ (255)

3. ਇਸਤ੍ਰੀ
"**ਮਹਲ** ਭਗਤੀ ਘਰਿ ਸਰੈ ਸਜਣ ਪਾਹੁਣਿਅਉ।"
— ਗੂਜ **੩**, ਵਾਰ ੨੧ਸ, **੩**, ੧ : ੨ (517)
"ਸੁਰਤਿ ਮੁਈ ਮਰੁ ਮਾਈਏ **ਮਹਲ** ਰੁੰਨੀ ਦਰਬਾਰੇ।"
— ਵਡ **੧**, ਅਲਾ ੩, ੫ : ੩ (580)

ਮਹਲਤਿ — 1. ਵਡਿਆਈ
"ਕਰਿ ਫੁਰਮਾਇਸਿ ਖਾਇਆ ਵੇਖਿ **ਮਹਲਤਿ** ਮਰਣੁ ਵਿਸਾਰਿਆ।"
— ਆਸਾ **੧**, ਵਾਰ ੧੭ : ੪ (472)
2. ਮਹਲ ਦਾ ਬਹੁ ਵਚਨ (ਨਿਰਣੈ ਸਬਦਾਰਥ) ਹਵੇਲੀ ਭਾਵ ਸ੍ਰਿਸ਼ਟੀ (ਦਰਪਣ)
"ਨਉ ਸਤ ਚਉਦਹ ਤੀਨਿ ਚਾਰਿ ਕਰਿ **ਮਹਲਤਿ** ਚਾਰਿ ਬਹਾਲੀ।"
— ਬਸੰ **੧**, ਅਸ ੮, ੧ : ੧ (1190)

ਮਹਲਾ — 1. ਮਹਲ ਆਲੀਸ਼ਾਨ ਘਰ, ਨਿਵਾਸ ਸਥਾਨ
"ਦਰ ਘਰ **ਮਹਲਾ** ਸੋਹਣੇ ਪਕੇ ਕੋਟ ਹਜਾਰ।"
— ਸਿਰੀ **੧**, ਅਸ ੧੬, ੩ : ੧ (63)
2. ਭਾਵ ਹਿਰਦੇ ਵਿਚ
"**ਮਹਲਾ** ਅੰਦਰਿ ਗੈਰ ਮਹਲੁ ਪਾਏ ਭਾਣਾ ਬੁਝਿ ਸਮਾਹਾ ਹੇ।"
— ਮਾਰੂ **੩**, ਸੋਲਾ ੧੪, ੧੪ : ੩ (1058)

ਮਹਲਿ — 1. ਮਹਲ ਵਿਚ, ਨਿਵਾਸ ਟਿਕਾਣੇ ਤੇ

"ਆਪੇ ਮੇਲਿ ਮਿਲਾਵਹੀ ਸਾਚੈ **ਮਹਲਿ** ਹਦੂਰਿ।"
— ਸਿਰੀ **੧**, ੧੬, ੨ : ੩ (20)

2. ਹਾਲਤ ਵਿਚ, ਥਾਂ ਤੇ
"ਏਕ **ਮਹਲਿ** ਤੂੰ ਹੋਹਿ ਅਫਾਰੋ ਏਕ ਮਹਲਿ ਨਿਮਾਨੋ।"
— ਗਉ **੫**, ੧੨੬*, ੧ : ੧ (206)

3. ਹਰੀ ਦੇ ਟਿਕਾਨੇ ਤੇ (ਭਾਵ) ਪ੍ਰਭੂ ਦਰਗਾਹ ਵਿਚ, ਪ੍ਰਭੂ ਦੀ ਹਜ਼ੂਰੀ ਵਿਚ
"ਸਾਧੂ ਕੈ ਸੰਗਿ **ਮਹਲਿ** ਪਹੂਚੈ।"
— ਗਉ **੫**, ਸੁਖ ੭, ੪ : ੬ (271)
"ਸਬਦੇ ਹਉਮੈ ਮਾਰੀਐ ਸਚੈ **ਮਹਲਿ** ਸੁਖੁ ਪਾਇ।"
— ਆਸਾ **੩**, ਅਸ ੩੫, ੪ : ੨ (429)

ਹੋਰ ਰੂਪ — ਮਹਲੀ —
"ਤਾ ਮਨੁਖੀਵਾ ਜਾਣੀਐ ਜਾ **ਮਹਲੀ** ਪਾਏ ਥਾਉ।" (ਹਜ਼ੂਰੀ ਵਿਚ)
— ਸਿਰੀ **੧**, ੫, ੨ : ੩ (16)

ਮਹਲੀ — 1. ਹਜ਼ੂਰੀ ਵਿਚ, ਮਹਿਲਾਂ ਵਿਚ, ਵੇਖੋ 'ਮਹਲਿ' (3) (ਫ਼ਾ. ਮਹੱਲ)

2. ਇਸਤ੍ਰੀ (ਜੀਵ) ਮਹਿਲ ਵਿਚ ਰਹਿਣ ਵਾਲੀ
"**ਮਹਲੀ** ਮਹਲਿ ਬੁਲਾਈਐ ਸੋ ਪਿਰੁ ਰਾਵੇ ਰੰਗਿ।"
— ਸਿਰੀ **੧**, ਅਸ ੬, ੬ : ੨ (57)
"ਕਹਤੌ **ਮਹਲੀ** ਨਿਕਟਿ ਨ ਆਵੈ।" (ਮਹਿਲਾਂ ਵਿਚ ਰਹਿਣ ਵਾਲਾ ਭਾਵ ਨਿਕਟੀ)
— ਸੂਹੀ **੫**, ੭, ੨ : ੨ (738)
"ਨਾਨਕ **ਮਹਲੀ** ਮਹਲੁ ਪਛਾਣੈ ਗੁਰਮਤੀ ਹਰਿਪਾਏ।" (ਘਰਵਾਲੀ ਹੋ ਪਤੀ ਨੂੰ ਪਛਾਣੇ।)
— ਸੂਹੀ **੩**, ਛੰਤ ੪, ੩ : ੬ (770)

3. ਮਹਿਲ ਦਾ ਮਾਲਕ, ਮਹਿਲ ਵਿਚ ਰਹਿਣ ਵਾਲਾ
"ਗੁਰਮੁਖਿ **ਮਹਲੀ** ਮਹਲੁ ਪਛਾਨੁ।"
— ਆਸਾ **੧**, ਅਸ ੬, ੧ : ੨ (414)
"ਕਾਇਆ ਗੜ ਮਹਲ **ਮਹਲੀ** ਪ੍ਰਭੁ ਸਾਚਾ ਸਚੁ ਸਾਚਾ ਤਖਤੁ ਰਚਾਇਆ।"
— ਮਾਰੂ **੧**, ਸੋਲਾ ੧੮, ੧੨ : ੩ (1039)

4. ਮਹਿਲ ਦੁਆਰਾ, ਘਰ ਦੁਆਰਾ/ਰਾਹੀਂ
"ਗੁਰ **ਮਹਲੀ** ਘਰਿ ਆਪਣੈ ਸੋ ਭਰਪੁਰਿ ਲੀਣਾ।"
— ਸੂਹੀ **੨**, ਛੰਤ ੫, ੮ : ੧ (767)

ਮਹਲੁ — 1. ਨਿਵਾਸ ਸਥਾਨ, ਪ੍ਰਭੂ ਹਜ਼ੂਰੀ
"ਨਿਜ ਘਰਿ **ਮਹਲੁ** ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ।"
— ਗਉ **੫**, ਸੋਹ ੫, ੩ : ੨ (13)
"ਸਚੁ **ਮਹਲੁ** ਘਰੁ ਪਾਇਆ ਗੁਰ ਕਾ ਸਬਦੁ ਪਛਾਨੁ।" — ਸਿਰੀ **੫**, ੮੧, ੩ : ੪ (46)

2. ਨਿਜ ਸਥਾਨ, ਨਿਰਬਾਨ ਪਦ, ਟਿਕਾਣਾ
"ਘਰ ਹੀ ਵਿਚ **ਮਹਲੁ** ਪਾਇਆ ਗੁਰ ਸਬਦੀ ਵੀਚਾਰਿ।"
— ਸਿਰੀ **੩**, ੪੨, ੨ : ੩ (30)
(ਭਾਵ ਗ੍ਰਿਹਿਸਤ ਵਿਚ ਹੀ ਪ੍ਰਭੂਦਰ ਪ੍ਰਾਪਤ ਕਰ ਲਿਆ)
"ਤਾ ਨਾਨਕ ਜੋਗੀ **ਮਹਲੁ** ਘਰੁ ਪਾਇਆ।"
(ਅਸਲਾ) — ਰਾਮ **੫**, ੧੨, ੪ : ੪ (886)

3. ਥਾਂ
"**ਮਹਲੁ** ਕੁਮਹਲੁ ਨ ਜਾਣਨੀ ਮੂਰਖ ਅਪਣੈ ਸੁਆਇ।" (ਥਾ ਕੁਥਾਂ)
— ਸੋਰ **੪**, ਵਾਰ ੧੮ਸ, **੩**, ੨ : ੧ (649)

4. ਪਦਵੀ
"ਜਿਨਿ ਕੀਆ ਸੋਈ ਪ੍ਰਭੁ ਜਾਣੈ ਹਰਿ ਕਾ **ਮਹਲੁ** ਅਪਾਰਾ।" — ਰਾਮ **੫**, ੧, ੪ : ੧ (883)
"ਗੁਰ ਪ੍ਰਸਾਦਿ ਕੋ ਇਹੁ **ਮਹਲੁ** ਪਾਵੈ।" (ਪਦਵੀ)
— ਰਾਮ **੫**, ੨੦, ੩ : ੨ (889)

ਮਹਲੇ — ਹਜ਼ੂਰੀ ਵਿਚ
"ਸਬਦਿ ਭੇਦਿ ਕੋਈ ਮਹਲੁ ਪਾਏ **ਮਹਲੇ** ਮਹਲਿ ਬੁਲਾਵਣਿਆ।"
— ਮਾਝ **੩**, ਅਸ ੧੪, ੩ : ੩ (117)

ਮਹਲੈ — ਮਹਿਲ (ਸਰੀਰ ਰੂਪ) ਵਿਚ
"**ਮਹਲੈ** ਅੰਦਰਿ ਮਹਲੁ ਕੋ ਪਾਏ।"
— ਮਾਰੂ **੩**, ਸੋਲਾ ੨੦, ੮ : ੧ (1064)

ਮਹਲੋ — ਮਹਿਲ ਅੰਦਰ, ਘਰ ਵਿਚ
"ਸਾਚਾ ਨਾਮੁ ਧਿਆਇ ਪਾਵਹਿ ਸੁਖ **ਮਹਲੋ**।"
— ਧਨਾ **੧**, ਛੰਤ ੩, ੨ : ੨ (689)

ਮਹਾ — ਬਹੁਤ ਵਡਾ
"ਬਿਨੁ ਪ੍ਰਭ ਕੋਇ ਰਖਨਹਾਰੁ **ਮਹਾ** ਬਿਕਟ ਜਮ ਭਇਆ।" — ਸਿਰੀ **੫**, ੮੪, ੪ : ੨ (47)
"**ਮਹਾ** ਪੁਨੀਤ ਭਏ ਸੁਖ ਸੈਲੁ।" (ਅਤੀ)
— ਗਉ **੫**, ੭੭, ੧ : ੨ (178)

ਹੋਰ ਰੂਪ — ਮਹਾਂ —
"ਬਿਨਾ ਸਤਿਗੁਰ ਬੂਝ ਨਾਹੀ ਤਮ ਮੋਹ **ਮਹਾਂ** ਅੰਧਾਰ।" (ਬਹੁਤ, ਘੋਰ)
— ਸਾਰ **੫**, ੧੨੯, ੨ : ੨ (1229)
"ਗੁਰ ਪੀਰਾਂ ਕੀ ਚਾਕਰੀ **ਮਹਾਂ** ਕਰੜੀ ਸੁਖ ਸਾਰੁ।" — ਸਲੋ **੪**, ੧੬ : ੧ (1422)

ਮਹਾਸਿਧਿ — ਵਡੀਆ ਸਿੱਧੀਆ
"ਚਾਰ ਪਦਾਰਥ ਅਸਟ **ਮਹਾਸਿਧਿ** ਕਾਮਧੇਨੁ ਪਾਰਜਾਤ ਹਰਿ ਹਰਿ ਰੁਖੁ।"
— ਟੋਡੀ **੫**, ੨੯, ੨ : ੧ (717)

ਮਹਾਜਨਾ — ਸਾਹੂਕਾਰ ਮੁਖੀ
"ਮਿਲਿ ਆਏ ਨਗਰ **ਮਹਾਜਨਾ** ਗੁਰ ਸਤਿਗੁਰ ਓਟ ਗਹੀ।"
— ਤੁਖਾ **੪**, ਛੰਤ ੪, ੬ : ੧ (1117)
ਹੋਰ ਰੂਪ — ਮਹਾਜਨੁ —
"ਆਪਿ **ਮਹਾਜਨੁ** ਆਪੇ ਪੰਚਾ ਆਪਿ ਸੇਵਕ ਕੈ ਕਾਮ।"
— ਸਾਰ **੫**, ੬੩, ੧ : ੧ (1216)

ਮਹਾਂਤ — ਮਹਾਤਮਾ, ਕਰਨੀ ਵਿਚ ਵਡਾ
"ਪ੍ਰਗਟੇ ਗੁਪਾਲ **ਮਹਾਂਤ** ਕੈ ਮਾਥੇ।"
— ਗਉ **੫**, ਸੁਖ ੨੪, ੩ : ੯ (295)
"ਰਾਜ ਜੋਬਨ ਬਸਰੰਤ ਹਰਿ ਮਾਇਆ ਮਹਾ ਦੁਖੁ ਏਹੁ **ਮਹਾਤ** ਕਹੈ।"
— ਧਨਾ **੫**, ੫੪, ੧ : ੧ (683)

ਮਹਾਦੇਉ — ਸ਼ਿਵ
"ਬ੍ਰਹਮਾ ਬਿਸਨੁ **ਮਹਾਦੇਉ** ਮੋਹਿਆ।"
— ਆਸਾ **੫**, ੯੬, ੨ : ੨ (394)
ਹੋਰ ਰੂਪ — ਮਹਾਦੇਵ —
"ਦਸ ਅਉਤਾਰ ਰਾਜੇ ਹੋਇ ਵਰਤੇ **ਮਹਾਦੇਵ** ਅਉਧੂਤਾ।"
— ਸੂਹੀ **੫**, ੪੯, ੩ : ੧ (1147)

ਮਹਾਪੁਰਖ — (ਸੰ. महापुरूष) ਨੇਕ ਪੁਰਸ਼, ਉਚੇ ਆਚਰਨ ਵਾਲਾ ਵਿਅਕਤੀ, ਮਹਾਨ ਪੁਰਸ਼
"ਸਤਿਗੁਰੁ ਸੇਵਹਿ ਸੇ **ਮਹਾਪੁਰਖ** ਸੰਸਾਰੇ।"
— ਗਉ **੩**, ੩੩, ੨ : ੧ (161)
ਹੋਰ ਰੂਪ — ਮਹਾਪੁਰਖਾ —
"**ਮਹਾਪੁਰਖਾ** ਕਾ ਬੋਲਣਾ ਹੋਵੈ ਕਿਤੈ ਪਰਥਾਇ।"
— ਸੂਹੀ **੩**, ਅਸ ੩, ੮ : ੧ (755)

ਮਹਾਬਲ — ਮਹਾਂਬਲੀ, ਅਤਿ ਤਾਕਤਵਰ
"ਗਾਵਹਿ ਜੋਧ **ਮਹਾਬਲ** ਸੂਰਾ।"
— ਜਪੁ **੧**, ੨੭ : ੧੩ (6)
ਹੋਰ ਰੂਪ — ਮਹਾਬਲੀ —
"ਪੰਜੇ ਬਧੇ **ਮਹਾਬਲੀ** ਕਰਿ ਸਚਾ ਢੋਆ।"
— ਬਸੰ **੫**, ਵਾਰ ੨ : ੧ (1193)

ਮਹਾਭਾਗੇ — ਵਡੇ ਭਾਗਾਂ ਵਾਲੇ, ਸੁਭਾਗੇ
"ਗੁਰਚਰਨ ਲਾਗੇ **ਮਹਾਭਾਗੇ** ਸਦਾ ਅਨਦਿਨੁ ਜਾਗਿਆ।"
— ਧਨਾ **੫**, ਛੰਤ ੧, ੪ : ੪ (691)

ਮਹਾਮੋਹਨ — ਵਡੀ ਮੋਹ ਲੈਣ ਵਾਲੀ ਭਾਵ ਮਾਇਆ
"ਬਿਲ ਲਾਛਿਰੁਹ ਕੇਤੇ **ਮਹਾਮੋਹਨ** ਬਿਨੁ ਨਾਮ ਹਰਿ ਕੇ ਸੁਖੁ ਨਹੀ।"
— ਬਿਹਾ **੫**, ਛੰਤ ੯, ੨ : ੩ (548)

ਮਹਾਰਸ — ਉਚਾ/ਮਹਾਨ ਰਸ, ਉਤਮਰਸ
"ਅੰਮ੍ਰਿਤ ਨਾਮ **ਮਹਾਰਸ** ਪੀਨੇ।"
— ਗਉ **੫**, ੧੦੮*, ੨ : ੨ (201)
ਹੋਰ ਰੂਪ — ਮਹਾਰਸੁ —
"ਗਿਆਨ **ਮਹਾਰਸੁ** ਭੋਗਵੈ ਬਾਹੁੜਿ ਭੂਖ ਨ ਹੋਇ।" — ਸਿਰੀ **੧**, ੧੮, ੫ : ੨ (21)

ਮਹਾਵਤ — ਹਾਥੀ ਹੱਕਣ ਵਾਲਾ
"ਰੇ **ਮਹਾਵਤ** ਤੁਝੁ ਡਾਰਉ ਕਾਟਿ।"
— ਗੋਂਡ **ਕਬ**, ੪, ੨ : ੧ (871)

ਮਹਿ — 1. ਅੰਦਰ
"ਗਿਆਨ ਖੰਡ **ਮਹਿ** ਗਿਆਨੁ ਪਰਚੰਡੁ।"
— ਜਪੁ **੧**, ੩੬ : ੧ (7)
"ਸਭ **ਮਹਿ** ਜੋਤਿ ਜੋਤਿ ਹੈ ਸੋਇ।"
— ਧਨਾ **੧**, ਸੋਹ ੩, ੩ : ੧ (13)
2. ਵਿਚ
"ਇਹ ਸੰਸਾਰੁ ਬਿਕਾਰੁ ਸੰਸੇ **ਮਹਿ** ਤਰਿਓ ਬ੍ਰਹਮ ਗਿਆਨੀ।"
— ਗਉ **੫**, ਸੋਹ, ੫, ੨ : ੧ (13)
"ਜਗੁ ਸੁਪਨਾ ਬਾਜੀ ਬਨੀ ਖਿਨ **ਮਹਿ** ਖੇਲੁ ਖੇਲਾਇ।" — ਸਿਰੀ **੧**, ੧੧, ੩ : ੧ (18)

"ਜਿਉ ਕੂਕਰ ਜੂਠ ਨ **ਮਹਿ** ਪਾਇ।"
— ਗਉ **੫**, ਅਸ ੧੦, ੧ : ੨ (240)
(ਮਹਾਨਕੋਸ਼ ਇਥੇ ਅਰਥ ਮੂੰਹ ਦੇ ਕਰਦਾ ਹੈ)

ਮਹਿਖਾਸਾ — ਝੋਟੇ ਦੀ ਸ਼ਕਲ ਦਾ ਇਕ ਦੈਂਤ
"ਸਹ ਸਬਾਹੁ ਮਧੁ ਕੀਟ **ਮਹਿਖਾਸਾ**।"
— ਗਉ **੧**, ਅਸ ੯, ੬ : ੧ (224)

ਮਹਿਜਾ — ਮੇਰਾ
"ਪਿਰੀ ਏ ਤੂ ਜਾਣੁ **ਮਹਿਜਾ** ਸਾਉ ਜੋਈ ਸਾਈ ਮੁਹੁਖੜਾ।"
— ਮਾਰੂ **੫**, ਵਾਰ ੪ਸ, **੫**, ੨ : ੨ (1095)

ਹੋਰ ਰੂਪ — ਮਹਿੰਜਾ —
"ਨੀਹੁ **ਮਹਿੰਜਾ** ਤਊ ਨਾਲਿ ਬਿਆ ਨੇਹ ਕੂੜਾਵੇ ਡੇਖੁ।" (ਮੇਰਾ)
— ਮਾਰੂ **੫**, ਵਾਰ ੧ਸ, **੫**, ੨ : ੧ (1094)

ਮਹਿਜੀ —
"ਜਿਨਾ ਕੀ ਮੈ ਆਸੜੀ ਤਿਨਾ **ਮਹਿਜੀ** ਆਸ।" (ਮੇਰੀ)
— ਮਾਰੂ **੫**, ਵਾਰ ੯ਸ, **੫**, ੧ : ੨ (1097)

ਮਹਿੰਜੇ —
"ਨੈਣ **ਮਹਿੰਜੇ** ਤਰਸਦੇ ਕਦਿ ਪਸੀ ਦੀਦਾਰੁ।" (ਮੇਰੇ)
— ਮਾਰੂ **੫**, ਵਾਰ ੧ਸ, **੫**, ੧ : ੨ (1094)

ਮਹਿਜੈ —
"ਜਾ ਮੂ ਪਸੀ ਹਠ ਮੈ ਪਿਰੀ **ਮਹਿਜੈ** ਨਾਲਿ।" (ਮੇਰੇ)
— ਮਾਰੂ **੫**, ਵਾਰ ੪ਸ, **੫**, ੧ : ੧ (1095)

ਮਹਿੰਡਾ — ਮੇਰਾ
"ਦਾਨੁ **ਮਹਿੰਡਾ** ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ।" — ਆਸਾ **੧**, ਵਾਰ ੧੦ : ੧ (468)

ਮਹਿਦੀ — ਇਕ ਬੂਟੇ ਦੇ ਹਰੇ ਪਤੇ ਜਿਨ੍ਹਾਂ ਨੂੰ ਸੁਕਾ ਪੀਸ ਘੋਲ ਕੇ ਹਥਾਂ ਤੇ ਲਾਣ ਨਾਲ ਲਾਲ ਰੰਗ ਚੜ੍ਹਦਾ ਹੈ, ਮਹਿੰਦੀ
"ਕਬੀਰ **ਮਹਿਦੀ** ਕਰਿ ਕੈ ਘਾਲਿਆ ਆਪੁ ਪੀਸਾਇ ਪੀਸਾਇ।"
— ਰਾਮ **੩**, ਵਾਰ ੨ਸ, **ਕਬ**, ੧ : ੧ (947)

ਹੋਰ ਰੂਪ — ਮਹਿੰਦੀ —
"ਪ੍ਰਭਿ ਆਣਿ ਆਣਿ **ਮਹਿੰਦੀ** ਪੀਸਾਈ ਆਪੇ ਘੋਲਿ ਘੋਲਿ ਅੰਗਿ ਲਈਆ।"
— ਬਿਲਾ **੪**, ਅਸ ੬, ੮ : ੧ (837)

ਮਹਿਮਾ — ਵਡਿਆਈ, ਉਸਤਿਤ, ਸੋਭਾ
"ਗੁਰ ਕੀ **ਮਹਿਮਾ** ਅਗਮ ਹੈ ਕਿਆ ਕਥੇ ਕਥਨਹਾਰੁ।" — ਸਿਰੀ **੫**, ੯੯, ੩ : ੪ (52)

ਹੋਰ ਰੂਪ — ਮਹਿੰਮਾ —
"ਅਗਮ ਅਗੰਮਾ ਕਵਨ **ਮਹਿੰਮਾ** ਮਨੁ ਜੀਵੈ ਸੁਨਿ ਸੋਊ।" (ਵਡਿਆਈ,ਸ਼ੋਭਾ)
— ਦੇਵ **੫**, ੩੩, ੧ : ੧ (535)

ਮਹੀ — 1. ਵਿਚ, ਅੰਦਰ
"ਥਾਨ ਥਨੰਤਰਿ ਨਾਮਾ ਪ੍ਰਣਵੈ ਪੂਰਿ ਰਹਿਓ ਤੂੰ ਸਰਬ **ਮਹੀ**।"
— ਆਸਾ **ਨਾਮ**, ੨, ੪ : ੨ (485)
"ਬਲਵੰਤਿ ਬਿਆਪਿ ਰਹੀ ਸਭ **ਮਹੀ**।"
— ਗੂਜ **੫**, ੧੪, ੧* : ੧ (499)

2. ਧਰਤੀ
"ਦਾਰਾ ਮੀਤ ਪੂਤ ਰਥ ਸੰਪਤਿ ਧਨ ਪੂਰਨ ਸਭ **ਮਹੀ**।" — ਸੋਰ **੯**, ੨, ੧ : ੨ (631)

ਮਹੀਅਉ — ਵਿਚ, ਅੰਦਰ
"ਕੋ ਕਹਤੋ ਸਪ ਬਾਹਰਿ ਬਾਹਰਿ ਕੋ ਕਹਤੋ ਸਭ **ਮਹੀਅਉ**।" — ਜੈਤ **੫**, ੨, ੧ : ੧ (700)

ਮਹੀਅਲ — ਖਲਾ, ਜ਼ਮੀਨ ਅਸਮਾਨ ਦੀ ਵਿਚਕਾਰਲੀ ਥਾਂ, ਅਖਰੀ ਅਰਥ 'ਵਿਚਕਾਰ' ਹਨ
"ਜਲ ਥਲ **ਮਹੀਅਲ** ਸਭਿ ਤ੍ਰਿਪਤਾਣੇ ਸਾਧੂ ਚਰਨ ਪਖਾਲੀ ਜੀਉ।"
— ਮਾਝ **੫**, ੩੯, ੩ : ੩ (106)

ਹੋਰ ਰੂਪ — ਮਹੀਅਲਿ —
"ਜਲਿ ਥਲਿ **ਮਹੀਅਲਿ** ਪੂਰਿਆ ਪ੍ਰਭੁ ਆਪਣੀ ਨਦਰਿ ਨਿਹਾਲਿ।"
— ਸਿਰੀ **੫**, ੮੨, ੨ : ੨ (48)

ਮਹੀਆ — ਵਿਚ, ਅੰਦਰ
"ਸਾਰੋ ਦਿਨੁ ਡੋਲਤ ਬਨ **ਮਹੀਆ** ਅਜਹੁ ਨ ਪੇਟ ਅਘਈ ਹੈ।" — ਗੂਜ **ਕਬ**, ੧, ੨ : ੧ (524)

ਮਹੀਐ — ਵਿਚਕਾਰ, ਭਾਵ ਖਲਾ
"ਧਨੰਜੈ ਜਲਿ ਥਲਿ ਹੈ **ਮਹੀਐ**।"
— ਮਾਰੂ **੫**, ਸੋਲਾ ੧੧, ੧੨ : ੨ (1083)

ਮਹੀਪਤਿ — ਧਰਤੀ ਦਾ ਸੁਆਮੀ/ਮਾਲਕ
"ਜੇ ਤੂ ਮੀਰ **ਮਹੀਪਤਿ** ਸਾਹਿਬੁ ਕੁਦਰਤਿ ਕਉਣ ਹਮਾਰੀ।" — ਬਸੰ **੧**, ਅਸ ੮, ੭ : ੧ (1191)
ਹੋਰ ਰੂਪ — ਮਹੀਪਤੇ —
"ਦਾਨੰ ਪਰਾ ਪੂਰਬੇਣ ਭੁੰਚੰਤੇ **ਮਹੀਪਤੇ**।" (ਰਾਜੇ)
— ਸਸ **੫**, ੨੪ : ੧ (1356)

ਮਹੁਰਾ — ਜ਼ਹਿਰ, ਵਿਸ਼
"**ਮਹੁਰਾ** ਹੋਵੈ ਹਥਿ ਮਰੀਐ ਚਖੀਐ।"
— ਮਾਝ **੧**, ਵਾਰ ੧੦ : ੨ (142)

ਮਹੂਆ — ਇਕ ਦਰਖਤ ਜਿਸ ਦੇ ਫੁਲਾਂ ਤੋਂ ਸ਼ਰਾਬ ਨਿਕਲਦੀ ਹੈ
"ਗੁੜੁ ਕਰਿ ਗਿਆਨੁ ਧਿਆਨੁ ਕਰਿ **ਮਹੂਆ** ਭਉ ਭਾਠੀ ਮਨ ਧਾਰਾ।"
— ਰਾਮ **ਕਬ**, ੨, ੧ : ੧ (969)

ਮਹੂਰਤ — ਦੋ ਘੜੀਆਂ ਦਾ ਸਮਾਂ, ਸਮੇਂ ਦੀ ਇਕ ਇਕਾਈ
"ਸਿਮਰਿ ਸਮਰਥ ਪਲ **ਮਹੂਰਤ** ਪ੍ਰਭ ਧਿਆਨੁ ਸਹਜ ਸਮਾਧਿ।"
— ਗੂਜ **੫**, ਅਸ ੨, ੪ : ੧ (508)
ਹੋਰ ਰੂਪ — ਮਹੂਰਤਹ —
"ਗੋਪਾਲ ਦਰਸ ਭੇਟੰ ਸਫਲ ਨਾਨਕ ਸੋ **ਮਹੂਰਤਹ**।" (ਦੋ ਘੜੀਆਂ)
— ਜੈਤ **੫**, ਵਾਰ ੧੫ਸ, **੫**, ੧ : ੨ (709)

ਮਹੇਸ — ਸ਼ਿਵਜੀ
"ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ **ਮਹੇਸ**।"
— ਜਪੁ **੧**, ੩੫ : ੩ (7)
ਹੋਰ ਰੂਪ — ਮਹੇਸਾ —
"ਆਪੇ ਸਿਵ ਸੰਕਰ **ਮਹੇਸਾ** ਆਪੇ ਗੁਰਮੁਖਿ ਅਕਥ ਕਹਾਣੀ।" (ਸ਼ਿਵ ਜੀ)
— ਬਿਹਾ **੪**, ਵਾਰ ੧੨ : ੨ (553)
ਮਹੇਸਿ —
"ਬ੍ਰਹਮੈ ਇੰਦ੍ਰ **ਮਹੇਸਿ** ਨ ਜਾਣੀ।" (ਸ਼ਿਵਜੀ ਨੇ) — ਮਾਰੂ **੧**, ਸੋਲਾ ੧੧, ੧੪ : ੨ (1032)
ਮਹੇਸੁ —
"ਬ੍ਰਹਮਾ ਬਿਸਨੁ **ਮਹੇਸੁ** ਤ੍ਰੈ ਗੁਣ ਸਿਰਿ ਧੰਧੈ ਲਾਇਆ।"
— ਗੂਜ **੩**, ਵਾਰ ੨ : ੪ (509)

ਮਹੇਸੁਰ — ਮਹਾ ਈਸ਼ਰ ਅਰਥਾਤ ਸ਼ਿਵਜੀ
"ਬ੍ਰਹਮ ਗਿਆਨੀ ਕਉ ਖੋਜਹਿ **ਮਹੇਸੁਰ**।"
— ਗਉ **੫**, ਸੁਖ ੮, ੬ : ੯ (273)
ਹੋਰ ਰੂਪ — ਮਹੇਸੁਰੁ —
"ਈਸ **ਮਹੇਸੁਰੁ** ਸੇਵ ਤਿਨ੍ਹੀ ਅੰਤੁ ਨ ਪਾਇਆ।" (ਸ਼ਿਵਜੀ)
— ਮਲਾ **੧**, ਵਾਰ ੩ : ੫ (1279)

ਮਹੇਲੜੀ — ਇਸਤ੍ਰੀ
"ਸੇਜੈ ਕੰਤ **ਮਹੇਲੜੀ** ਸੂਤੀ ਬੂਝ ਨ ਪਾਇ।"
— ਸਿਰੀ **੧**, ਅਸ ੨, ੮ : ੧ (54)

ਮਹੇਲੀਆ — ਇਸਤ੍ਰੀਆਂ
"ਸਭੇ ਕੰਤ **ਮਹੇਲੀਆ** ਸਗਲੀਆ ਕਰਹਿ ਸੀਗਾਰੁ।" — ਸਿਰੀ **੧**, ਅਸ ੨, ੧ : ੧ (54)
ਹੋਰ ਰੂਪ — ਮਹੇਲੀਹੋ —
"ਜਮ ਦੁਆਰਿ ਨ ਹੋਹੁ ਖੜੀਆ ਸਿਖ ਸੁਣਹੁ **ਮਹੇਲੀਹੋ**।" (ਹੇ ਇਸਤ੍ਰੀਓ)
— ਵਡ **੧**, ਛੰਤ ੨, ੭ : ੫ (567)

ਮਹੋਇ — ਨਹੀਂ ਹੁੰਦਾ
"ਏਕਾ ਜੋਤਿ ਏਕਾ ਮਿਲੀ ਕਿੰਬਾ ਹੋਇ **ਮਹੋਇ**।"
— ਗਉ **ਕਬ**, ੫੫, ੧ : ੧ (335)

ਮਕਸੂਦੁ — (ਅ. ਮਕਸੂਦ) ਮਕਸਦ, ਸੰਕਲਪ, ਪ੍ਰਯੋਜਨ, ਮਨੋਰਥ
"ਨਾਉ ਤੇਰਾ ਗਹਣਾ ਮਤਿ **ਮਕਸੂਦੁ**।"
— ਪ੍ਰਭਾ **੧**, ੧, ੧ : ੨ (1327)

ਮਕਰ — ਇਕ ਰਾਸ਼ੀ ਇਥੇ ਭਾਵ ਸੂਰਜ ਦੇ ਮਕਰ ਰਾਸ਼ੀ ਵਿਚ ਪ੍ਰਵੇਸ਼ ਸਮੇਂ ਅਰਥਾਤ ਮਘਰ ਦੇ ਮਹੀਨੇ ਵਿਚ
"**ਮਕਰ** ਪ੍ਰਾਗਿ ਦਾਨੁ ਬਹੁ ਕੀਆ ਸਰੀਰੁ ਦੀਓ ਅਧ ਕਾਟਿ।" — ਮਾਲੀ **੪**, ੬, ੨ : ੧ (986)

ਮਕਰੰਦ — 1. ਫੁਲਾਂ ਦਾ ਸ਼ਹਿਦ ਅਥਵਾ ਰਸ
"ਹਰਿ ਚਰਣ ਕਵਲ **ਮਕਰੰਦ** ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ।"
— ਧਨਾ **੧**, ੩, ੪ : ੧ (13)
2. ਜਲ, ਪਾਣੀ
"ਘਣ ਉਨਵਿ ਵੁਠੇ ਜਲ ਥਲ ਪੂਰਿਆ **ਮਕਰੰਦ** ਜੀਉ।" — ਰਾਮ **੫**, ਰੁਤੀ ੪ : ੨ (928)
3. ਸੁਗੰਧਤ ਕਰਨ ਵਾਲੇ

"ਕਾਮ ਕ੍ਰੋਧ ਹਰਨ ਮਦ ਮੋਹ ਦਹਨ ਮੁਰਾਰਿ ਮਨ **ਮਕਰੰਦ**।"
— ਗੂਜ **੫**, ਅਸ ੨, ੨ : ੧ (508)
(ਮਹਾਨਕੋਸ਼ ਅਰਥ ਭੌਰਾ ਕਰਦਾ ਹੈ ਅਤੇ ਸ਼ਬਦਾਰਥ ਸ਼ਹਿਦ ਕੋਸ਼ ਅਰਥ ਸੀਤਲ ਕਰਦਾ ਹੈ)

ਮਕਾ — (ਅ. ਮੱਕਹ) ਅਰਬ ਦਾ ਪ੍ਰਸਿੱਧ ਨਗਰ ਜਿਥੇ ਹਜ਼ਰਤ ਮੁਹੰਮਦ ਦਾ ਜਨਮ ਹੋਇਆ ਤੇ ਜਿਥੋਂ ਦੀ ਯਾਤਰਾ ਮੁਸਲਮਾਨਾਂ ਲਈ ਪਵਿਤਰ ਤੇ ਆਵਸ਼ਕ ਸਮਝੀ ਜਾਂਦੀ ਹੈ।
"**ਮਕਾ** ਮਿਹਰ ਰੋਜਾ ਪੈ ਖਾਕਾ।"
— ਮਾਰੂ **੫**, ਸੋਲਾ ੧੨, ੫ : ੧ (1083)

ਮਖਸੂਦ — ਪ੍ਰਯੋਜਨ, ਮਨੋਰਥ ਮਕਸਦ, ਵੇਖੋ 'ਮਕਸੂਦੁ'
"ਸਿਦਕੁ ਕਰਿ ਸਿਜਦਾ ਮਨੁ ਕਰਿ **ਮਖਸੂਦ**।"
— ਸਿਰੀ **੪**, ਵਾਰ ੪ਸ, **੧**, ੧ : ੨ (84)

ਮਖਟੂ — ਜੋ ਨਹੀ ਖਟਦਾ, ਨਕਾਰਾ
"**ਮਖਟੂ** ਹੋਇ ਕੈ ਕੰਨ ਪੜਾਏ।"
— ਸਾਰ **੪**, ਵਾਰ ੨੨ਸ, **੧**, ੧ : ੩ (1245)

ਮਖਤੂਲ — ਸਾਫ਼ ਕੀਤਾ ਤੇ ਵਟਿਆ ਹੋਇਆ ਰੇਸ਼ਮ
"ਤੁਮ **ਮਖਤੂਲ** ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ।" — ਆਸਾ **ਰਵਿ**, ੩, ੨ : ੧ (486)

ਮਖੀ — ਇਕ ਜੀਵ ਜੋ ਗੰਦ ਤੇ ਪਲਦਾ ਤੇ ਛੂਤ ਦੀਆਂ ਬਿਮਾਰੀਆਂ ਫੈਲਾਂਦਾ ਹੈ house bee
"ਹੋਛੀ ਮਤਿ ਭਇਆ ਮਨੁ ਹੋਛਾ ਗੁੜੁ ਸਾ **ਮਖੀ** ਖਾਇਆ।"
— ਵਡ **੧**, ਅਲਾ ੫, ੩ : ੫ (582)
ਹੋਰ ਰੂਪ — ਮੰਖੀ —
"**ਮੰਖੀ** ਮਿਠੈ ਮਰਣਾ।" (ਮਖੀਨੇ)
— ਮਲਾ **੧**, ਵਾਰ ੧੯ਸ, **੧**, ੨ : ੧੫ (1286)

ਮਖੀਰਾ — ਸ਼ਹਿਦ, ਮਖੀਆਂ ਦੁਆਰਾ ਇਕਠਾ ਕੀਤਾ ਹੋਇਆ
"ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ **ਮਖੀਰਾ**।" — ਆਸਾ **ਰਵਿ**, ੩, ੨ : ੨ (486)

ਮਖੁ — ਮਖੀ
"ਮਿਠੈ **ਮਖੁ** ਮੁਆ ਕਿਉ ਲਏ ਉਡਾਰੀ।"
— ਆਸਾ **੫**, ਛੰਤ ੧੧, ੩ : ੧ (460)

ਮਗ — 1. ਰਸਤਾ
"ਬੇਦ ਪੁਰਾਨ ਸਾਧ **ਮਗ** ਸੁਨਿ ਕਰਿ ਨਿਮਖ ਨ ਹਰਿ ਗੁਨ ਗਾਵੈ।"
— ਗਉ **੯**, ੬, ੧* : ੨ (220)
"ਪ੍ਰਾਨ ਮਾਨ ਦਾਨ **ਮਗ** ਜੋਹਨ ਹੀਤੁ ਚੀਤੁ ਦੇ ਲੇ ਲੇ ਪਾਰੀ।" (ਰਾਹ ਤਕ ਤਕ ਕੇ ਭਾਵ ਡਾਕੇ ਮਾਰਨੇ)
2. ਮਗਨ ਹੋਣਾ, ਡੁਬਣਾ, ਮਸਤ ਹੋਣਾ
"ਦੇਖਿ ਰੂਪੁ ਅਤਿ ਅਨੂਪੁ ਮੋਹ ਮਹਾ **ਮਗ** ਭਈ ਕਿੰਕਨੀ ਸਬਦ ਝਨਤਕਾਰ ਖੇਲੁ ਪਾਹਿ ਜੀਉ।" — ਸਵ **੪**, ਗਯੰ ੬ : ੩ (1402)

ਮੰਗ — ਯਾਚਨਾ ਕਰ
"ਸੰਤ ਜਨਾ ਕੀ ਧੂਰਿ ਮਨ **ਮੰਗ**।"
— ਗਉ **੫**, ਸੁਖ ੨੪, ੧ : ੬ (295)
2. ਯਾਚਨਾ
"ਇਕੁ ਦਾਤਾ ਸਭੁ ਜਗਤੁ ਭਿਖਾਰੀਆ ਹਰਿ ਜਾਚਹਿ ਸਭ **ਮੰਗ** ਮੰਗਨਾ।"
— ਕਾਨ **੪**, ਵਾਰ ੨ : ੩ (1313)

ਮਗਉ — ਮਾਂਗਉ, ਮੰਗਦਾ ਹਾਂ
"ਅਨਾਜੁ **ਮਗਉ** ਸਤ ਸੀਕਾ।"
— ਧਨਾ **ਧੰਨਾ**, ੧, ੧ : ੪ (695)

ਮੰਗਸੀ — ਮੰਗੇ ਹਨ
"ਨਿੰਦਕਾਂ ਪਾਸਹੁ ਹਰਿ ਲੇਖਾ **ਮੰਗਸੀ** ਬਹੁ ਦੇਇ ਸਜਾਈ।"
— ਸਿਰੀ **੪**, ਵਾਰ ੩੦ਸ, **੪**, ੨ : ੫ (316)

ਮੰਗਹ — ਮੰਗਦਾ ਹੈ
"ਮਨਿ ਪ੍ਰਿਅ ਪ੍ਰੇਮੁ ਘਣਾ ਹਰਿ ਕੀ ਭਗਤਿ **ਮੰਗਹ**।"
— ਬਿਹਾ **੫**, ਛੰਤ ੪, ੨ : ੨ (544)

ਮਗਹਰ — ਉਤਰ ਪ੍ਰਦੇਸ਼ ਦਾ ਇਕ ਸਥਾਨ, ਹਿੰਦੂਆਂ ਦੇ ਵਿਸ਼ਵਾਸ ਅਨੁਸਾਰ ਇਥੇ ਦੇਹ ਤਿਆਗਨ ਨਾਲ ਜੀਵ ਖੋਤੇ ਦੇ ਜੂਨ ਪੈਂਦਾ ਹੈ
"ਮਰਨ ਭਇਆ **ਮਗਹਰ** ਕੀ ਬਾਸੀ।"
— ਗਉ **ਕਬ**, ੧੫, ੩ : ੨ (326)
"ਤੇਰੇ ਭਰੋਸੇ **ਮਗਹਰ** ਬਸਿਓ ਮੇਰੇ ਤਨ ਕੀ ਤਪਤਿ ਬੁਝਾਈ।" — ਰਾਮ **ਕਬ**, ੩, ੨ : ੧ (969)

ਹੋਰ ਰੂਪ — ਮਗਹਰਿ —
"ਮਰਤੀ ਬਾਰ **ਮਗਹਰਿ** ਉਠਿ ਆਇਆ।"
— ਗਉ **ਕਬ**, ੧੫, ੨ : ੨ (326)

ਮਗਹਰੁ —
"ਕਿਆ ਕਾਸੀ ਕਿਆ ਊਖਰੁ **ਮਗਹਰੁ** ਰਾਮੁ ਰਿਦੈ ਜਉ ਹੋਈ।"
— ਧਨਾ **ਕਬ**, ੩, ੨ : ੨ (692)

ਮੰਗਹਿ — ਮੰਗਦੇ ਹਨ, ਯਾਚਨਾ ਕਰਦੇ ਹਨ
"ਆਖਹਿ **ਮੰਗਹਿ** ਦੇਹਿ ਦੇਹਿ ਦਾਤਿ ਕਰੇ ਦਾਤਾਰੁ।"
— ਜਪੁ **੧**, ੪ : ੨ (2)
"ਏਹ ਵੈਰੀ ਮਿਤ੍ਰ ਸਭਿ ਕੀਤਿਆ ਨਹ **ਮੰਗਹਿ** ਮੰਦਾ।" (ਭਾਵ ਚਾਹੁੰਦਾ)
— ਮਾਰੂ **੫**, ਵਾਰ ੭ : ੫ (1096)

ਹੋਰ ਰੂਪ — ਮੰਗਹੁ —
"ਸਾਧ ਸੰਗਤਿ ਕੀ **ਮੰਗਹੁ** ਰਵਾਲਾ।" (ਮੰਗੋ, ਯਾਚਨਾ ਕਰੋ)
— ਮਾਰੂ **੫**, ਸੋਲਾ ੧੩, ੭ : ੨ (1085)

ਮੰਗਣ — ਯਾਚਨਾ ਕਰਨ,
"ਤੂੰ ਭੰਨਣ ਘੜਣ ਸਮਰਥੁ ਦਾਤਾਰੁ ਹਹਿ ਤੁਧੁ ਅਗੈ **ਮੰਗਣ** ਨੋ ਹੱਥ ਜੋੜਿ ਖਲੀ ਸਭ ਹੋਈ।"
— ਬਿਹਾ **੪**, ਵਾਰ ੩ : ੪ (549)

ਮੰਗਣਵਾਲੇ — ਯਾਚਕ
"**ਮੰਗਣਵਾਲੇ** ਕੇਤੜੇ ਦਾਤਾ ਏਕੋ ਸੋਇ।"
— ਸਿਰੀ **੧**, ੧੧, ੨ : ੨ (18)

ਮੰਗਣਾ — ਯਾਚਨਾ ਕਰਨੀ
"**ਮੰਗਣਾ** ਤ ਸਚੁ ਇਕੁ ਜਿਸੁ ਤੁਸਿ ਦੇਵੈ ਆਪਿ।"
— ਗਉ **੫**, ਵਾਰ ੧੫ਸ, **੫**, ੨ : ੧ (321)

ਹੋਰ ਰੂਪ — ਮੰਗਣਿ —
"ਜੋਰੁ ਨ **ਮੰਗਣਿ** ਦੇਣਿ ਨ ਜੋਰੁ।" (ਮੰਗਣ ਲਈ) — ਜਪੁ **੧**, ੩੩ : ੨ (17)

ਮੰਗਣੁ —
"ਝੂਠਾ **ਮੰਗਣੁ** ਜੇ ਕੋਈ ਮਾਗੈ।" (ਯਾਚਨਾ)
— ਮਾਝ **੫**, ੫੦, ੧ : ੧ (109)

ਮੰਗਣੁ — 1. ਯਾਚਨਾ, ਵੇਖੋ 'ਮੰਗਣਾ'
2. ਮੰਗਣੀ, ਕੁੜਮਾਈ
"ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ **ਮੰਗਣੁ** ਵੀਆਹੁ।"
— ਆਸਾ **੧**, ਵਾਰ ੧੯ਸ, **੧**, ੨ : ੧ (473)

ਮੰਗਤ — 1. ਮੰਗਤਾ, ਯਾਚਕਾ
"ਜਜੈ ਜਾਨੁ **ਮੰਗਤ** ਜਨੁ ਜਾਚੈ ਲਖ ਚਉਰਾਸੀਹ ਭੀਖ ਭਵਿਆ।"
— ਆਸਾ **੧**, ਪਟੀ ੧੧ : ੧ (433)

ਹੋਰ ਰੂਪ — ਮੰਗਤਾ —
"ਮਨੁ ਦਾਤਾ ਮਨੁ **ਮੰਗਤਾ** ਮਨ ਸਿਰਿ ਗੁਰੁ ਕਰਤਾਰੁ।" (ਯਾਚਕ)
— ਪ੍ਰਭਾ **੧**, ੧੦, ੨ : ੨ (1330)

ਮੰਗਤੁ —
"ਦਰਿ **ਮੰਗਤੁ** ਜਾਚੈ ਦਾਨੁ ਹਰਿ ਦੀਜੈ ਕ੍ਰਿਪਾ ਕਰਿ।" (ਮੰਗਤਾ)
— ਸੂਹੀ **੩**, ਵਾਰ ੧੫ : ੧ (790)

ਮੰਗਤੇ —
"ਇਕਿ ਉਪਾਏ **ਮੰਗਤੇ** ਇਕਨਾ ਵਡੇ ਦਰਾਵਾਰ।(ਜਾਚਕ)
— ਸਿਰੀ **੧**, ੬, ੩ : ੨ (16)

ਮੰਗਦਾ — ਯਾਚਨਾ ਕਰਦਾ
"ਜੇ ਘਰਿ ਘਰਿ ਹੰਢੈ **ਮੰਗਦਾ** ਧਿਗੁ ਜੀਵਣੁ ਧਿਗੁ ਵੇਸੁ।"
— ਬਿਹਾ **੪**, ਵਾਰ ੬ਸ, **੩**, ੧ : ੨ (550)

ਹੋਰ ਰੂਪ — ਮੰਗਦੇ —
"ਸਭਿ ਤੁਧੈ ਪਾਸਹੁ **ਮੰਗਦੇ** ਨਿਤ ਕਰਿ ਅਰਦਾਸਿ।" (ਯਾਚਨਾ ਕਰਦੇ)
— ਸਿਰੀ **੪**, ਵਾਰ ੯ : ੨ (86)

ਮਗਨ — 1. ਮਸਤ
"ਮਾਇਆ **ਮਗਨ** ਨ ਕਛੂਐ ਮੋਹੈ।"
— ਗਉ **੫**, ੯੭, ੨ : ੪ (185)
"**ਮਗਨ** ਭਇਆ ਤੇ ਸੋ ਸਚੁ ਪਾਵੈ।" (ਲਿਵ ਲੀਨ)
— ਗਉ **ਕਬ**, ਬਾਅ ੩੧ : ੪ (342)
2. ਮਗਨਤਾ, ਮਸਤੀ
"ਮੋਹ **ਮਗਨ** ਕੂਪ ਅੰਧ ਤੇ ਨਾਨਕ ਗੁਰ ਕਾਢ।"
— ਬਿਲਾ **੫**, ੬੦, ੪ : ੨ (816)

ਮੰਗਨ — ਮੰਗਨਾ, ਯਾਚਨਾ ਕਰਨੀ
"ਏਕੋ ਦਾਨੁ ਸਰਬ ਸੁਖ ਗੁਣ ਨਿਧਿ ਆਨ **ਮੰਗਨ** ਨਿਹ ਕਿੰਚਨਾ।"
— ਮਾਰੂ **੫**, ਸੋਲਾ ੯, ੧੪ : ੩ (1080)

ਮਗਨਹਾਰੁ — ਮੰਗਨ ਵਾਲਾ, ਪੁਛਣ ਵਾਲਾ
"ਠਾਕੁਰੁ ਲੇਖਾ **ਮਗਨਹਾਰੁ**।"
— ਬਸੰ **ਰਵਿ**, ੧, ੩ : ੨ (1196)

ਮੰਗਨਹਾਰੁ — ਮੰਗਤਾ
"ਕਬ ਹੀ ਰਾਜਾ ਕਬ **ਮੰਗਨਹਾਰੁ**।"
— ਬਸੰ **੫**, ਅਸ ੨, ੪ : ੨ (1192)

ਮੰਗਨਾ — ਯਾਚਨਾ ਕਰਨੀ
"ਅਪਨਾ ਭਲਾ ਸਭ ਕਾਹੂ **ਮੰਗਨਾ**।"
— ਗਉ **੫**, ੭੮, ੪ : ੪ (178)

ਮਗਨਾਰੇ — ਮਗਨਤਾ, ਮਸਤੀ
"ਕਵਨ ਪਰਾਧ ਬਤਾਵਉ ਅਪੁਨੇ ਮਿਥਿਆ ਮੋਹ **ਮਗਨਾਰੇ**।" — ਮਾਰੂ **੫**, ੨, ੪ : ੧ (999)

ਮੰਗਨਿ — ਮੰਗਨ ਤੇ, ਯਾਚਨਾ ਕਰਨ ਤੇ
"ਦਰਿ **ਮੰਗਨਿ** ਭਿਖ ਨ ਪਾਇਦਾ।"
— ਆਸਾ **੧**, ਵਾਰ ੧੬ : ੫ (472)

ਮਗਨੁ — 1. ਮਸਤੀ
"ਮਾਇਆ **ਮਗਨੁ** ਨਰਕਿ ਲੈ ਜਾਈ।"
— ਗਉ **੫**, ੧੫੧, ੧* : ੨ (196)

2. ਮਸਤ
"ਅਹਿਨਿਸਿ **ਮਗਨੁ** ਰਹੈ ਮਾਇਆ ਮੈ ਕਹੁ ਕੈਸੇ ਗੁਨ ਗਾਵੈ।"
— ਗਉ **੯**, ੩, ੧* : ੨ (219)

ਮਗਨੇਰੈ — ਮਗਨ ਹੈ
"ਕਾਹੇ ਰੇ ਮਨ ਮੋਹਿ **ਮਗਨੇਰੈ**।"
— ਕਾਨ **੫**, ੩੪, ੧* : ੪ (1304)

ਮਗਨੈ — ਉਡਾਂਦੀ
"ਅਗਨਿ ਨ ਦਹੈ ਪਵਨੁ ਨਹੀ **ਮਗਨੈ** ਤਸਕਰੁ ਨੇਰਿ ਨ ਆਵੈ।"
— ਗਉ **ਕਬ**, ੫੮, ੧ : ੧ (336)

ਮਗਰ — ਪਿਛਲੇ ਪਾਸੇ
"**ਮਗਰ** ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ।"
— ਧਨਾ **੧**, ੮, ੨ : ੨ (663)

ਮੰਗਲ — 1. ਖੁਸ਼ੀ ਦੇ ਗੀਤ
"ਸ੍ਰੀਧਰ ਪਾਏ **ਮੰਗਲ** ਗਾਏ ਇਛ ਪੁੰਨੀ ਸਤਿਗੁਰ ਤੁਠੇ।" — ਸਿਰੀ **੫**, ਛੰਤ ੨, ੫ : ੪ (80)
"ਸਹਜ ਧੁਨਿ ਗਾਵੈ **ਮੰਗਲ** ਮਨੂਆ ਅਬ ਤਾ ਕਉ ਫੁਨਿ ਕਾਲੁ ਨ ਖਾਇ।"
— ਆਸਾ **੫**, ੯, ੩ : ੨ (373)

2. ਖੁਸ਼ੀ
"ਅਨਦ **ਮੰਗਲ** ਕਲਿ ਆਣ ਨਿਧਾਨਾ।"
— ਮਾਝ **੫**, ੩੨, ੪ : ੧ (104)
"ਅਨਦ ਰੂਪ **ਮੰਗਲ** ਸਦ ਜਾ ਕੈ।" (ਖੁਸ਼ੀਆ)
— ਗਉ **੫**, ਸੁਖ ੧੬, ੨ : ੫ (284)
"**ਮੰਗਲ** ਸਾਜੁ ਭਇਆ ਪ੍ਰਭੁ ਅਪਨਾ ਗਾਇਆ ਰਾਮ।" (ਖੁਸ਼ੀ ਦਾ ਵਾਜਾ)
— ਬਿਲਾ **੫**, ਛੰਤ ੧, ੧ : ੧ (845)
(ਮਹਾਨਕੋਸ਼ ਅਰਥ 'ਅਉਸਰ' ਕਰਦਾ ਹੈ)

3. ਅਨੰਦ
"ਦੇਖਿਓ ਅਚਰਜੁ ਮਹਾ **ਮੰਗਲ** ਰੂਪ ਕਿਛੁ ਆਨ ਨਹੀ ਦਿਸਟਾਵੈ।"
— ਨਟ **੫**, ੧, ੪ : ੧ (978)

ਮੰਗਲਚਾਰ — ਖੁਸ਼ੀ ਦਾ ਅਵਸਰ
"ਆਜੁ ਹਮਾਰੈ **ਮੰਗਲਚਾਰ**।"
— ਬਸੰ **੫**, ੧, ੧ : ੨ (1180)

ਹੋਰ ਰੂਪ — ਮੰਗਲਚਾਰਾ —
"ਗਾਉ ਗਾਉ ਰੀ ਦੁਲਹਨੀ **ਮੰਗਲਚਾਰਾ**।" (ਖੁਸ਼ੀ ਦੇ ਗੀਤ)
— ਆਸਾ **ਕਬ**, ੨੪, ੧* : ੧ (482)

ਮੰਗਲਨ — ਰਾਗ ਹੰਡੋਲ ਦੇ ਅੱਠ ਪੁੱਤਰਾਂ ਵਿੱਚੋਂ ਇਕ ਬਾਕੀ ਸਤ ਹਨ : ਸੁਰਮਾ ਨੰਦ, ਭਾਸਕਰ, ਚੰਦ੍ਰਬਿੰਬ, ਸਰਸਬਾਨ, ਬਿਨੋਦਾ, ਬਸੰਤ ਤੇ ਕਮੋਦਾ।
"ਚੰਦ੍ਰ ਬਿੰਬ **ਮੰਗਲਨ** ਸੁਹਾਏ।"
— ਰਾਮ ੧ : ੩੦ (1430)

ਮੰਗਲਵਾਰੇ — ਹਫਤੇ ਦੇ ਸਤ ਦਿਨਾਂ ਵਿੱਚ ਇਕ ਦਿਨ ਦਾ ਨਾਂ
"**ਮੰਗਲਵਾਰੇ** ਲੇ ਮਾਹੀਤਿ।"
— ਗਉ **ਕਬ**, ਵਾ ੩ : ੧ (344)

ਮੰਗਲਾ — ਖੁਸ਼ੀ ਦਾ ਗੀਤ
"**ਮੰਗਲਾ** ਹਰਿ **ਮੰਗਲਾ** ਮੇਰੇ ਪ੍ਰਭ ਕੈ ਸੁਣੀਐ **ਮੰਗਲਾ**।" — ਰਾਮ **੫**, ਛੰਤ ੧, ੪ : ੧ (924)

ਮੰਗਲਿ — ਮੰਗਲਵਾਰ
"**ਮੰਗਲਿ** ਮਾਇਆ ਮੋਹੁ ਉਪਾਇਆ।"
— ਬਿਲਾ **੩**, ਵਾ, ੩ : ੧ (841)

ਮੰਗਲੁ — 1. ਖੁਸ਼ੀ ਦਾ ਗੀਤ
"ਤਿਤੁ ਘਰਿ ਸਖੀਏ **ਮੰਗਲੁ** ਗਾਇਆ।"
— ਮਾਝ **੫**, ੧੧, ੧ : ੨ (97)
2. ਅਨੰਦ ਹੋਇਆ
"ਜਨ ਨਾਨਕ ਹਰਿਵਰੁ ਪਾਇਆ **ਮੰਗਲੁ** ਮਿਲਿ ਸੰਤ ਜਨਾ ਵਾਧਾਈ।"
— ਵਡ **੪**, ਘੋੜੀ ੧, ੪ : ੬ (575)
3. ਖੁਸ਼ੀ
"**ਮੰਗਲੁ** ਤਿਸ ਕੈ ਜਿਸੁ ਏਕੁ ਕਾਮੁ।"
— **ਬਸੰ ੫**, ੩, ੧ : ੩ (1180)

ਮਗਾ — ਮਾਰਗ, ਰਸਤੇ
"ਗਹਿ ਭੁਜਾ ਲੀਨੀ ਪ੍ਰੇਮ ਭੀਨੀ ਮਿਲਨੁ ਪ੍ਰੀਤਮ ਸਚ **ਮਗਾ**।" — ਬਿਹਾ **੫**, ਛੰਤ ੪, ੧ : ੫ (544)

ਮੰਗਾ — ਯਾਚਨਾ ਕਰਦਾ ਹਾਂ,ਮੰਗਦਾ ਹਾਂ
"ਬਾਰਿਕ ਵਾਂਗੀ ਹਉ ਸਭ ਕਿਛ **ਮੰਗਾ**।"
— ਮਾਝ **੫**, ੧੫, ੩ : ੧ (99)
"ਤਿਨ **ਮੰਗਾ** ਜਿ ਤੁਝੈ ਧਿਆਇਦੇ।" (ਭਾਵ ਚਾਹੁੰਦਾ ਹਾਂ) — ਆਸਾ **੧**, ਵਾਰ ੯ : ੫ (468)
ਹੋਰ ਰੂਪ — ਮੰਗਾਂ —
"ਮੁਹਿ **ਮੰਗਾਂ** ਸੋਈ ਦੇਵਦਾ ਹਰਿ ਪਿਤਾ ਸੁਖਦਾਇਕ।"
— ਮਾਰੂ **੫**, ਵਾਰ ੨੧ : ੫ (1101)
ਮੰਗਾਇ —
"ਅਹੰਕਾਰੀਆ ਨੋ ਦੁਖ ਭੁਖ ਹੈ ਹਥੁ ਤਡਹਿ ਘਰਿ ਘਰਿ **ਮੰਗਾਇ**।"
— ਗਉ **੪**, ਵਾਰ ੨ਸ, **੪**, ੨ : ੪ (303)

ਮੰਗਾਇਆ — ਮੰਗਾਉਣੀ, ਯਾਚਨਾ ਕਰਵਾਉਣੀ
"ਇਕਿ ਰਾਜੇ ਤਖਤਿ ਬਹਹਿ ਨਿਤ ਸੁਖੀਏ ਇਕਨਾ ਭਿਖ **ਮੰਗਾਇਆ** ਜੀਉ।"
— ਗਉ **੪**, ੬੬, ੪ : ੩ (173)

ਮੰਗਾਸੀ — ਮੰਗਣਵਾਲਾ, ਯਾਚਕ
"ਨਾ ਇਹੁ ਰਾਜ ਨ ਭੀਖ **ਮੰਗਾਸੀ**।"
— ਗੋਂਡ **ਕਬ**, ੫, ੨ : ੨ (871)

ਮੰਗਾਹੀ — ਮੰਗਦੇ ਹਨ
"ਕਰਮ ਧਰਮ ਕਰਿ ਮੁਕਤਿ **ਮੰਗਾਹੀ**।"
— ਮਾਰੂ **੧**, ਸੋਲਾ ੪, ੧੦ : ੧ (1024)

ਮੰਗਾਵਹਿ — ਮੰਗਾਵੇ
"ਜੋ ਭੀਖ **ਮੰਗਾਵਹਿ** ਤ ਕਿਆ ਘਟਿ ਜਾਈ।"
— ਗੂਜ **ਨਾਮ**, ੧, ੧ : ੨ (525)
ਹੋਰ ਰੂਪ — ਮੰਗਾਵੈ —
"ਕਬਹੂ ਘਰ ਘਰ ਟੂਕ **ਮੰਗਾਵੈ**।" (ਮੰਗਵਾਉਂਦਾ ਹੈ)
— ਭੈਰ **ਨਾਮ**, ੫, ੧ : ੨ (1164)

ਮਗਿ — ਮਾਰਗ, ਰਸਤਾ
"ਜਮ **ਮਗਿ** ਬਾਧਾ ਖਾਹਿ ਚੋਟਾ ਸਬਦ ਬਿਨੁ ਬੇਤਾਲਿਆ।"
— ਆਸਾ **੧**, ਛੰਤ ੫, ੨ : ੫ (439)

ਮੰਗਿ — ਯਾਚਨਾ ਕਰਕੇ
"ਸਤਗੁਰੂ ਕਿਆ ਫਿਟਕਿਆ **ਮੰਗਿ** ਥਕੇ ਸੰਸਾਰਿ।"
— ਸਿਰੀ **੩**, ੫੩, ੧ : ੩ (34)
ਹੋਰ ਰੂਪ — ਮੰਗਿਓ —
"ਥੋੜਾ ਕਿਨੈ ਨ **ਮੰਗਿਓ** ਕਿਸੁ ਕਹੀਐ ਸਾਬਾਸਿ।" (ਯਾਚਨਾ ਕਰਨਾ)
— ਸਾਰ **੪**, ਵਾਰ ੩ਸ, **੨**, ੧ : ੫ (1238)
ਮੰਗਿਐ —
"ਅਗੈ ਦਰਗਹ ਲੇਖੈ **ਮੰਗਿਐ** ਮਾਰਿ ਖੁਆਰੁ ਕੀਚਹਿ ਕੂੜਿਆਰ।" (ਮੰਗਨ ਤੇ)
— ਰਾਮ **੩**, ਵਾਰ ੯ਸ, **੩**, ੨ : ੪ (950)
ਮੰਗੀ —
"ਆਪੇ ਜਗਤੁ ਉਪਾਇਦਾ ਮੇਰੇ ਗੋਵਿੰਦਾ ਹਰਿ ਦਾਨੁ ਦੇਵੈ ਸਭ **ਮੰਗੀ** ਜੀਉ।" (ਮੰਗਦੇ ਹਨ)
— ਗਉ **੪**, ੬੮, ੨ : ੩ (174)
ਮੰਗੀਅਹਿ —
"ਨਾਨਕ ਬੋਲਣੁ ਝਖਣਾ ਦੁਖ ਛਡਿ **ਮੰਗੀਅਹਿ** ਸੁਖ।" (ਯਾਚਨਾ ਕਰੀਏ)
— ਮਾਝ **੧**, ਵਾਰ ੨੪ਸ, **੧**, ੨ : ੧ (149)
ਮੰਗੀਐ —
"ਜਿਥੈ ਲੇਖਾ **ਮੰਗੀਐ** ਤਿਥੈ ਹੋਇ ਸਚਾ ਨੀਸਾਣੁ।(ਮੰਗਿਆ ਜਾਂਏ, ਪੁਛਿਆ ਜਾਵੇ)
— ਸਿਰੀ **੧**, ੬, ੧* : ੨ (16)
"ਵਿਚ ਹਉਮੈ ਲੇਖਾ **ਮੰਗੀਐ** ਫਿਰਿ ਆਵੈ ਜਾਇਆ।" (ਮੰਗਿਆ ਜਾਂਦਾ ਹੈ)
— ਸੋਰ **੪**, ਵਾਰ ੩ : ੩ (643)

ਮੰਗੀਏ — ਮੰਗਨ ਵਾਲੇ, ਪੁਛਣ ਵਾਲੇ

"ਜਿਤਨੇ ਕਰਜ ਕਰਜ ਕੇ **ਮੰਗੀਏ** ਕਰਿ ਸੇਵਕ ਪਗਿ ਲਗਿ ਵਾਰੇ।"
— ਨਟ **੪**, ਅਸ ੨, ੭ : ੨ (981)

ਮਗੁ — ਮਾਰਗ , ਰਸਤਾ, ਰਾਹ
"ਮੰਨੈ **ਮਗੁ** ਨਾ ਚਲੈ ਪੰਥੁ।"
— ਜਪੁ **੧**, ੧੪ : ੩ (3)

ਮੰਗੇ — ਮੰਗ ਲੈਣਾ, ਯਾਚਨਾ ਕਰ ਲੈਣੀ
"ਆਪਿ ਨ ਦੇਹੁ ਲੇਵਉ **ਮੰਗੇ**।"
— ਸੋਰ **ਕਬ**, ੧੧, ੧* : ੨ (656)
"ਸੇ ਪ੍ਰਭੁ ਸਦਹੀ ਸੇਵੀਐ ਪਾਈਅਹਿ ਫਲ **ਮੰਗੇ** ਰਾਮ।" (ਯਾਚਨਾ ਕੀਤੇ, ਮੰਗੇ ਹੋਏ)
— ਬਿਲਾ **੫**, ੫, ੧ : ੩ (848)

ਹੋਰ ਰੂਪ — ਮੰਗੇਸੀਆ —
"ਲੇਖਾ ਰਬੁ **ਮੰਗੇਸੀਆ** ਬੈਠਾ ਕਢਿ ਵਹੀ।" (ਮੰਗੇਗਾ)
— ਰਾਮ **੩**, ਵਾਰ ੧੩ਸ, **੧**, ੨ : ੨ (953)

ਮੰਗੈ —
"ਸੇਵਾ **ਮੰਗੈ** ਸੇਵਕੋ ਲਾਈਆਂ ਅਪੁਨੀ ਸੇਵ।" (ਮੰਗਦਾ ਹੈ)
— ਸਿਰੀ **੫**, ੭੫, ੩ : ੧ (43)

ਮੰਗੋ —
"ਜਪਿ ਜਿਹਵਾ ਹਰਿ ਏਕ **ਮੰਗੋ**।"
— ਗਉ **੫**, ਅਸ ੧੩, ੧* : ੨ (241)

ਮਗੋਲ — ਮੁਗਲ (ਫਾ. ਮੰਗੋਲ ਜਾਂ ਮੁਗਲ)
"ਦ੍ਵਾਰਿਕਾ ਨਗਰੀ ਕਾਹੇ ਕੇ **ਮਗੋਲ**।"
— ਤਿਲੰ **ਨਾਮ**, ੩, ੨ : ੨ (727)

ਮੰਘਰ — ਬਿਕਰਮੀ ਸੰਮਤ ਦੇ ਇਕ ਮਹੀਨੇ ਦਾ ਨਾਂ
"**ਮੰਘਰ** ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ।"
— ਤੁਖਾ **੧**, ਬਾਰਾ ੧੩ : ੧ (1109)

ਹੋਰ ਰੂਪ — ਮੰਘਿਰਿ —
"**ਮੰਘਿਰਿ** ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ।"
— ਮਾਝ **੧**, ਬਾਰਾ ੧੦ : ੧ (135)

ਮਚਾ — ਚਮਕਦੇ ਹਨ, ਮਚਦੇ ਹਨ, ਪਰਗਟ ਹੁੰਦੇ ਹਨ
"ਕੁੰਡਲਨੀ ਸੁਰਝੀ ਸਤ ਸੰਗਤਿ ਪਰਮਾਨੰਦ ਗੁਰੂ ਮੁਖਿ **ਮਚਾ**।" — ਸਵ **੪**, ਗਯੰ ੫ : ੩ (1402)

ਮਚਾਂਗਵਾ — ਚੰਗਾ ਨਹੀਂ
"ਸਭਨਾ ਮਨ ਮਾਣਿਕ ਠਾਹਣੁ ਮੂਲਿ **ਮਚਾਂਗਵਾ**।"
— ਸਲੋ **ਫਰ**, ੧੩੦ : ੧ (1384)

ਮਚਿਆ — ਪ੍ਰਸ਼ਨ ਹੋਏ
"ਲਥੇ ਭੜਥੂ ਪਾਇ ਗੁਰਮੁਖਿ **ਮਚਿਆ**।"
— ਮਲਾ **੧**, ਵਾਰ ੪ : ੨ (1280)

ਮਚਿੰਦੜੀਆ — ਮਚਾਈਆਂ ਹੋਈਆਂ, ਉਕਸਾਈਆਂ ਹੋਈਆਂ
"ਆਜੁ ਮਿਲਾਵਾ ਸੇਖ ਫਰੀਦ ਟਾਕਿਮ ਕੂੰਜੜੀਆ ਮਨਹੁ **ਮਚਿੰਦੜੀਆ**।"
— ਆਸ **ਫਰ**, ੨, ੧* : ੧ (488)

ਮਚੈ — ਮਚਦਾ ਹੈ, ਖੁਸ਼ ਹੁੰਦਾ ਹੈ
"ਸਾਚੁ ਛੋਡਿ ਝੂਠ ਸੰਗਿ **ਮਚੈ**।"
— ਗਉ **੫**, ਸੁਖ ੪, ੪ : ੨ (267)

ਮਛ — 1. ਵਿਸ਼ਨੂੰ ਦੇ ਚੌਵੀ ਅਵਤਾਰਾਂ ਵਿਚੋਂ ਪਹਿਲਾ ਅਵਤਾਰ
"ਜਰਮ ਕਰਮ **ਮਛ** ਕਛ ਹੁਅ ਬਰਾਹ ਜਮੁਨਾ ਕੈ ਕੂਲਿ ਖੇਲੁ ਖੇਲਿਓ ਜਿਨਿ ਗਿੰਦ ਜੀਉ।"
— ਸਵ **੪**, ਗਯੰ ੯ : ੪ (1403)
2. ਮਾਤਲੋਕ
"ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ **ਮਛ** ਪਇਆਲੇ।" — ਜਪੁ **੧**, ੨੭ : ੧੧ (6)

ਮਛਰ — ਇਕ ਜ਼ਹਿਰੀਲਾ ਉਡਣ ਵਾਲਾ ਕੀਟ ਜਿਸ ਦੀ ਮਦੀਨ ਦੇ ਮਨੁੱਖਾਂ ਅਥਵਾ ਪਸ਼ੂਆਂ ਨੂੰ ਡੰਗਣ ਨਾਲ ਬਿਮਾਰੀ ਫੈਲਦੀ ਹੈ।
"**ਮਛਰ** ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ।"
— ਤੁਖਾ **੧**, ਬਾਰਾ ੧੦ : ੫ (1108)

ਮਛਿ — ਵਿਸ਼ਨੂੰ ਦਾ ਇਕ ਅਵਤਾਰ, ਵੇਖੋ ਮਛ
"ਤੇਰਾ ਅੰਤੁ ਨ ਪਾਇਆ ਸੁਰਗਿ **ਮਛਿ** ਪਇਆਲਿ ਜੀਉ।" — ਸਿਰੀ **੧**, ਅਸ ੨੮, ੧ : ੨ (71)

ਮਛੀ — ਜਲ ਦਾ ਇਕ ਜੀਵ ਜੋ ਜਲ ਤੋਂ ਬਾਹਰ ਆ ਮਰ ਜਾਂਦਾ ਹੈ
"ਜਿਉ **ਮਛੀ** ਤਿਉ ਮਾਣਸਾ ਪਵੈ ਅਚਿੰਤਾ ਜਾਲੁ।"
— ਸਿਰੀ **੧**, ਅਸ ੪, ੧* : ੨ (55)

ਹੋਰ ਰੂਪ — ਮਛੀਆਂ —
"ਨਾਗਾ ਮਿਰਗਾਂ **ਮਛੀਆਂ** ਰਸੀਆਂ ਘਰਿ ਧਨੁ

ਹੋਇ।" (ਮੱਛੀ ਦਾ ਬਹੁ ਵਚਨ)
— ਮਲਾ **੧**, ਵਾਰ ੨੬, **੧**, ੧ : ੨ (1279)

ਮਛੁ — 1. ਮਾਤ ਲੋਕ, ਵੇਖੋ 'ਮਛ' (2)
"ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ **ਮਛੁ** ਪਇਆਲੇ।"
— ਆਸਾ **੧**, ਸੋਦ ੧, ੧ : ੧ (9)
"ਆਪੇ ਸੁਰਗ **ਮਛੁ** ਪਇਆਲਾ।"
— ਮਾਰੂ **੧**, ਸੋਲਾ ੨, ੫ : ੧ (1021)
2. ਵਿਸ਼ਨੂੰ ਦਾ ਇਕ ਅਵਤਾਰ
"ਆਪੇ **ਮਛੁ** ਕਛੁ ਕਰਣੀ ਕਰੁ ਤੇਰਾ ਰੂਪੁ ਨ ਲਖਣਾ ਜਾਈ ਹੇ।"
— ਮਾਰੂ **੧**, ਸੋਲਾ ੧, ੬ : ੩ (1020)

ਮਛੁਲੀ — ਮਛੀ
"ਆਪੇ ਮਾਛੀ **ਮਛੁਲੀ** ਆਪੇ ਪਾਣੀ ਜਾਲੁ।"
— ਸਿਰੀ **੧**, ੨੫, ੨ : ੧ (23)

ਮਜਨ — ਟੁੱਬੀ ਭਾਵ ਇਸ਼ਨਾਨ, ਤੀਰਥਾਂ ਤੇ ਕੀਤਾ ਇਸ਼ਨਾਨ
"ਅਉਸਰਿ ਹਰਿ ਜਸੁ ਗੁਣ ਰਮਣ ਜਿਤੁ ਕੋਟਿ **ਮਜਨ** ਇਸ਼ਨਾਨੁ।" (ਇਸ਼ਨਾਨਾਂ ਦਾ ਇਸ਼ਨਾਨ)
— ਸਿਰੀ **੫**, ੮੮, ੩ : ੧ (49)
"ਵਰਤ ਨੇਮ **ਮਜਨ** ਤਿਸੁ ਪੂਜਾ।"
— ਆਸਾ **੫**, ੮੯, ੨ : ੧ (393)
ਹੋਰ ਰੂਪ — ਮਜਨਾ —
"ਅਠਸਠਿ ਤੀਰਥ **ਮਜਨਾ** ਸਭਿ ਪੁੰਨ ਤਿਨਿ ਕਿਤਾ।" (ਇਸ਼ਨਾਨ)
— ਗਉ **੫**, ਵਾਰ ੧੯ : ੩ (322)
ਮਜਨਾਇਆ —
"ਨਾਮੁ ਲੈਤ ਅਠਸਠਿ **ਮਜਨਾਇਆ**।" (ਇਸ਼ਨਾਨ ਕੀਤਾ)
— ਭੈਰ **੫**, ੨੫, ੧ : ੪ (1142)
ਮਜਨਾਗਾ —
"ਸਾਧੂ ਸੰਗਤਿ ਨਿਰਮਲਾ ਅਠਸਠਿ **ਮਜਨਾਗਾ**।"
— ਰਾਮ **੫**, ਵਾਰ ੧੭ : ੬ (965)
ਮਜਨਿ —
"ਜਲ ਕੈ **ਮਜਨਿ** ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ।" (ਇਸ਼ਨਾਨ ਨਾਲ)
— ਆਸਾ **ਕਬ**, ੩੭, ੨ : ੧ (484)
ਮਜਨੁ —
"ਧੂੜੀ **ਮਜਨੁ** ਸਾਧ ਖੇ ਸਾਈ ਥੀਏ ਕ੍ਰਿਪਾਲ।" (ਇਸ਼ਨਾਨ)
— ਸਿਰੀ **੫**, ਛੰਤ ੩, ੩੩ : ੧ (80)
"ਜਤੁ ਸਤੁ ਤੀਰਥੁ **ਮਜਨੁ** ਨਾਮਿ।" (ਪੂਰਬੀ ਇਸ਼ਨਾਨ) — ਗਉ **੧**, ੮, ੩ : ੧ (153)
ਮਜਨੋ —
"ਕਰਿ **ਮਜਨੋ** ਸਪਤਸਰੇ ਮਨ ਨਿਰਮਲ ਮੇਰੇ ਰਾਮ।"
— ਆਸਾ **੧**, ਛੰਤ ੨, ੩ : ੨ (437)

ਮਜਮੀ — (ਅ. ਮਜਲਸ) ਇਕੱਠ, ਸਮੂੰਹ
"ਪੰਚ **ਮਜਮੀ** ਜੋ ਪੰਚਨ ਰਾਖੈ।"
— ਭੈਰ **੫**, ੫੩, ੧ : ੧ (1151)

ਮਜਲਸ — ਸਭਾ, ਮਹਿਫਲ
"**ਮਜਲਸ** ਕੂੜੇ ਲਬ ਕੀ ਪੀ ਪੀ ਹੋਇ ਖੁਆਰੁ।"
— ਬਿਹਾ **੪**, ਵਾਰ ੧੨ਸ, **ਮਰ**, ੧ : ੩ (553)
ਹੋਰ ਰੂਪ — ਮਜਲਸਿ —
"**ਮਜਲਸਿ** ਦੂਰਿ ਮਹਲੁ ਕੋ ਪਾਵੈ।" (ਭਾਵ ਦਰਬਾਰ)
— ਭੈਰ **ਕਬ**, ੧੫, ੧* : ੨ (1161)

ਮਜਾ — ਮਿੱਝ,
"**ਮਜਾ** ਰੁਧਿਰ ਦ੍ਰੁਗੰਧਾ ਨਾਨਕ ਅਥਿ ਗਰਬੇਣ ਅਗ੍ਯਾ ਨਣੋ।" — ਗਾਥਾ **੫**, ੧ : ੨ (1360)

ਮੰਜਾਈ — ਮਾਜਿਆ ਗਿਆ
"ਸਾਧ ਧੂਰਿ ਕਰਿ ਸੁਧ **ਮੰਜਾਈ**।"
— ਗਉ **੫**, ੧੬੯, ੧ : ੨ (200)

ਮਜਾਨੁ — ਇਸ਼ਨਾਨ
"ਸੁਨਿ ਮਨ ਹਰਿ ਕੀਰਤਿ ਅਠਸਠਿ **ਮਜਾਨੁ**।"
— ਪ੍ਰਭਾ **੪**, ੭, ੧ : ੨ (1337)

ਮੰਜਾਰ — ਬਿੱਲਾ
"ਮਿਰਤੁ **ਮੰਜਾਰ** ਪਸਾਰਿ ਮੁਖੁ ਨਿਰਖਤ ਭੁੰਚਤ ਭੁਗਤਿ ਭੂਖ ਭੁਖਨਾ।"
— ਸਮੁ **੫**, ੪* : ੫ (1388)
ਹੋਰ ਰੂਪ — ਮੰਜਾਰਾ —
"ਸੂਕਰ ਸੁਆਨ ਗਰਧਭ **ਮੰਜਾਰਾ**।"
— ਬਿਲਾ **੧**, ਅਸ ੨, ੫ : ੧ (832)

ਮੰਜਾਰੁ —
"ਜਮੁ **ਮੰਜਾਰੁ** ਕਹਾ ਕਰੈ ਮੋਰ।"
— ਗਉ **ਕਬ**, ੨, ੨ : ੨ (323)

ਮਜੀਠ — ਇਕ ਵੇਲ ਜਿਸ ਦੀ ਡੰਡੀ ਵਿਚਪਕਾ ਲਾਲ ਰੰਗ ਹੁੰਦਾ ਹੈ ਭਾਵ ਪੱਕਾ ਰੰਗ
"ਆਪੇ ਹੀਰਾ ਨਿਰਮਲਾ ਆਪੇ ਰੰਗੁ **ਮਜੀਠ**।"
— ਸਿਰੀ **੧**, ਅਸ ੩, ੨ : ੧ (54)

ਹੋਰ ਰੂਪ — ਮੰਜੀਠੜਾ —
"ਤੇਰਾ ਏਕੋ ਨਾਮੁ **ਮੰਜੀਠੜਾ** ਰਤਾ ਮੇਰਾ ਚੋਲਾ ਸਦਰੰਗ ਢੋਲਾ।" (ਮਜੀਠੀ (ਪਕੇ) ਰੰਗ ਦਾ)
— ਸੂਹੀ **੧**, ੪, ੧* : ੧ (729)

ਮਜੀਠਾ —
"ਪ੍ਰਿਉ ਸਹਜ ਸੁਭਾਈ ਛੋਡਿ ਨ ਜਾਈ ਮਨਿ ਲਾਗਾ ਰੰਗੁ **ਮਜੀਠਾ**।" (ਪਕਾ)
— ਆਸਾ **੫**, ਛੰਤ ੩, ੧ : ੫ (454)

ਮਜੀਠੈ —
"ਅਨਦਿਨੁ ਸਦਾ ਰਵੈ ਕਿ ਦਿਨੁਰਾਤੀ **ਮਜੀਠੈ** ਰੰਗੁ ਬਣਾਵਣਿਆ।" (ਪਕਾ, ਮਜੀਠਾ ਦਾ)
— ਮਾਝ **੩**, ਅਸ ੫, ੪ : ੩ (112)

ਮੰਜੀਠੈ —
"ਅੰਦਰੁ ਰਚੈ ਸਚ ਰੰਗਿ ਜਿਉ **ਮੰਜੀਠੈ** ਲਾਲੁ।"
— ਮਲਾ **੧**, ਵਾਰ ੧ਸ, **੩**, ੧ : ੩ (1279)

ਮਜੂਰ — ਮਜ਼ਦੂਰ, ਮਿਹਨਤਾਨਾ ਲੈ ਕੇ ਕੰਮ ਕਰਨ ਵਾਲਾ
"ਰੋਵਹਿ ਪਾਂਡਵ ਭਏ **ਮਜੂਰ**।"
— ਰਾਮ **੩**, ਵਾਰ ੧੪ਸ, **੧**, ੧ : ੯ (954)

ਹੋਰ ਰੂਪ — ਮਜੂਰੀ —
"ਨਿੰਦਾ ਕਰਿ ਕਰਿ ਬਹੁ ਭਾਰੁ ਉਠਾਵੈ ਬਿਨੁ **ਮਜੂਰੀ** ਭਾਰੁ ਪਹੁਚਾਵਣਿਆ।" (ਮਹਿਨਤਾਨਾ)
— ਮਾਝ **੩**, ਅਸ ੧੫, ੪ : ੩ (118)

ਮਜੂਰੀਆ —
"ਮਸਕਤਿ ਲਹਹੁ **ਮਜੂਰੀਆ** ਮੰਗਿ ਮੰਗਿ ਖਸਮ ਦਰਾਹੁ।" (ਮਹਿਨਤਾਨੇ)
— ਸੂਹੀ **੩**, ਵਾਰ ੧੦ਸ, **੧**, ੧ : ੫ (788)

ਮਜੂਰੁ —
"ਹੋਇ **ਮਜੂਰੁ** ਗਇਆ ਠਗਾਇ ਠਗਿ।" (ਭਾਵ ਵਿਗਾਰੀ)
— ਰਾਮ **੧**, ਓਅੰ ੧੩ : ੬ (931)

ਮਝ — ਵਿਚ, ਅੰਦਰ
"**ਮਝ** ਭਰਿ ਦੁਖ ਬਦੁਖ।" (ਸੰਸਾਰ ਵਿਚ)
— ਮਾਰੂ **੩**, ਵਾਰ ੧੪ਸ, **੧**, ੩ : ੩ (1091)

ਮੰਝ — 1. ਵਿਚਲੇ
"ਲਕਰੀ ਬਿਖਰਿ ਜਰੀ **ਮੰਝ** ਭਾਰਿ।" (ਭਾਵ ਆਪਣੇ ਭਾਰ) — ਰਾਮ **੧**, ੧੧, ੨ : ੪ (879)
2. ਵਿਚ
"ਬਨਫੂਲੇ **ਮੰਝ** ਬਾਰਿ ਮੈ ਪਿਰੁ ਘਰਿ ਬਾਹੁੜੈ।"
— ਤੁਖਾ **੧**, ਬਾਹਾ ੫ : ੨ (1108)
"ਸਬਰ **ਮੰਝ** ਕਮਾਣ ਏ ਸਬਰੁ ਕਾ ਨੀਹਣੋ।" (ਭਾਵ ਹਿਰਦੇ ਵਿਚ)
— ਸਲੋ **ਫਰ**, ੧੧੫ : ੧ (1384)

ਮਝਰੀਆ — ਵਿਚ
"ਕਾਚ ਗਗਰੀਆ ਅੰਭ **ਮਝਰੀਆ**।"
— ਆਸਾ **੫**, ੮੬, ੧* : ੧ (392)

ਮੰਝਾ — ਵਿਚ
"ਨਾਨਕ ਲਧਾ ਮਨ ਤਨ **ਮੰਝਾ**।"
— ਆਸਾ **੫**, ੧੧, ੪ : ੬ (373)

ਮਝਾਹਿ — ਵਿਚ
"ਡਿਠਾ ਹਭ **ਮਝਾਹਿ** ਖਾਲੀ ਕੋਇ ਨ ਜਾਣੀਐ।"
— ਮਾਰੂ **੫**, ਵਾਰ ੯, **੫**, ੩ : ੧ (1097)

ਹੋਰ ਰੂਪ — ਮੰਝਾਹਿ —
"ਸੀਤੜਾ ਮੰਨ **ਮੰਝਾਹਿ** ਪਲਕ ਨ ਥੀਵੈ ਬਾਹਰਾ।"
— ਜੈਤ **੫**, ਵਾਰ ੧੩ਸ, **੫**, ੨ : ੧ (708)

ਮਝਾਹੂ — 1. ਅੰਦਰੋਂ, ਵਿਚੋਂ
"ਲਗੜਾ ਸੋ ਨੇਹੁ ਮੰਨ **ਮਝਾਹੂ** ਰਤਿਆ।"
— ਜੈਤ **੫**, ਵਾਰ ੧੧ਸ, **੫**, ੨ : ੧ (708)
2. ਵਿਚ
"ਹਠ **ਮਝਾਹੂ** ਮਾ ਪਿਰੀ ਪਸੇਕਿਉ ਦੀਦਾਰ।"
— ਸਿਰੀ **੫**, ਛੰਤ ੩, ੧੩ : ੧ (80)

ਮਝਾਰ — ਵਿਚ
"ਓਪਤਿ ਪਰਲਉ ਨਿਮਖ **ਮਝਾਰ**।"
— ਗੋਂਡ **੫**, ੩, ੨ : ੨ (862)

ਹੋਰ ਰੂਪ — ਮਝਾਰੰ —
"ਪੈਸੀਲੇ ਗਗਨ **ਮਝਾਰੰ**।" (ਵਿਚ)

— ਰਾਮ **ਕਬ**, ੧੦, ੨ : ੨ (972)

ਮਝਾਰਾ —
"ਸਾਸਿ ਸਾਸਿ ਸਚੁ ਨਾਮੁ ਸਮਾਲੇ ਅੰਤਰਿ ਉਦਰ **ਮਝਾਰਾ** ਹੇ।" (ਵਿਚ)
— ਮਾਰੂ **੧**, ਸੋਲਾ ੭, ੫ : ੩ (1027)

ਮੰਝਾਰਾ —
"ਅਗਨਿ ਕੁੰਟ ਮਹਿ ਉਰਧ ਲਿਵ ਲਾਗਾ ਹਰਿ ਰਾਖੈ ਉਦਰ **ਮੰਝਾਰਾ**।" (ਵਿਚ)
— ਬੈਰਾ **੪**, ੫, ੧ : ੧ (720)

ਮਝਾਰਿ —
"ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ **ਮਝਾਰਿ**।" (ਵਿਚ)
— ਗਉ **੪**, ੫੧, ੧ : ੧ (168)

ਮੰਝਾਰਿ —
"ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹਰਿ ਪਾਇਆ ਉਦਰ **ਮੰਝਾਰਿ**।" (ਵਿਚ)
— ਸਿਰੀ **੪**, ਪਹ ੩, ੧ : ੧ (76)

ਮਝਾਰੀ —
"ਸਤਿਗੁਰ ਬੰਧਨ ਤੋੜਿ ਨਿਰਾਰੇ ਬਹੁੜਿ ਨ ਗਰਭ **ਮਝਾਰੀ** ਜੀਉ।" (ਵਿਚ)
— ਸੋਰ **੧**, ੮, ੪ : ੧ (598)

ਮਝਾਰੇ —
"ਨਾਮ ਰਤਨੁ ਸੁਨਿ ਜਪਿ ਜਪਿ ਜੀਵਾ ਹਰਿ ਨਾਨਕ ਕੰਠ **ਮਝਾਰੇ**।" (ਵਿਚ)
— ਟੋਡੀ **੫**, ੩੦, ੨ : ੨ (718)

ਮਝਿ — ਵਿਚ
"ਮਨ ਮੁਖਿ ਭਰਮੈ **ਮਝਿ** ਗੁਬਾਰ।"
— ਬਸੰ **੧**, ਅਸ ੬, ੧ : ੨ (1190)

ਹੋਰ ਰੂਪ — ਮੰਝਿ —
"ਆਪੇ ਨੇੜੈ ਦੂਰਿ ਆਪੇ ਹੀ ਆਪੇ **ਮੰਝਿ** ਮਿਆਨੋ।" (ਵਿਚ)
— ਸਿਰੀ **੧**, ੩੧, ੪ : ੧ (25)
"ਮਹਲਾ **ਮੰਝਿ** ਨਿਵਾਸੁ ਸਬਦਿ ਸਵਾਰੀਆ।" (ਅੰਦਰ ਵਿਚ)
— ਮਾਝ **੧**, ਵਾਰ ੨੨ : ੩ (148)

ਮੰਝਿ — 1. ਵਿਚ, ਅੰਦਰ, ਵੇਖੋ 'ਮਝਿ'
2. ਮੈਨੂੰ
"ਨਦੀ ਤਰੰਦੜੀ ਮੈਡਾ ਖੋਜੁਨ ਖੁੰਭੈ **ਮੰਝਿ** ਮੁਹਬਤਿ ਤੇਰੀ।"
— ਗੂਜ **੫**, ਵਾਰ ੯ਸ, **੫**, ੧ : ੧ (520)
"ਇਤੀ **ਮੰਝਿ** ਨ ਸਮਾਵਈ ਜੇ ਗਲਿ ਪਹਿਰਾ ਹਾਰੁ।" (ਮੈਥੋਂ, ਮੈਨੂੰ)
— ਮਾਰੂ **੫**, ਵਾਰ ੩ਸ, **੫**, ੩ : ੨ (1095)

ਮਝਿਆ — ਵਿਚ, ਅੰਦਰ
"ਬੁਡਬੁਜ ਰੂਪ ਜੀਵੇ ਜਗ **ਮਝਿਆ**।"
— ਗਉ **ਕਬ**, ੨੫, ੨ : ੨ (328)

ਮਝੂਰਿ — ਵਿਚੇ ਹੀ
"ਕਬੀਰ ਰੈਨਾਇਰ ਬਿਛੋਰਿਆ ਰਹੁ ਰੇ ਸੰਖ **ਮਝੂਰਿ**।" — ਸਲੋ **ਕਬ**, ੧੨੬ : ੧ (1371)

ਮੰਝੇ — ਵਿਚ ਵੀ, ਅੰਦਰ ਵੀ
"ਅਵਿਗਤ ਅਗਨਤ ਅਥਾਹ ਠਾਕੁਰ ਸਗਲ **ਮੰਝੇ** ਬਾਹਰਾ।" — ਆਸਾ **੫**, ਛੰਤ ੫, ੪ : ੩ (456)

ਮੰਞਹੁ — ਮੈਥੋਂ, ਮੇਰੇ ਤੋਂ
"**ਮੰਞਹੁ** ਦੂਰਿ ਨ ਜਾਹਿ ਪਿਰਾ ਜੀਉ ਘਰਿ ਬੈਠਿਆ ਹਰਿ ਪਾਏ।"
— ਗਉ **੩**, ਛੰਤ ੫, ੧ : ੨ (246)

ਮੰਞੁ — ਮੈਂ
"ਸਰਬ ਕਲਾ ਪ੍ਰਭ ਪੂਰਣੋ **ਮੰਞੁ** ਨਿਮਾਣੀ ਥਾਉ।"
— ਮਾਝ **੫**, ਦਿਨ ੪ : ੧ (137)

ਮਟਕਿ — ਨਖਰੇ/ਮੌਜ ਨਾਲ
"**ਮਟਕਿ ਮਟਕਿ** ਚਲੁ ਸਖੀ ਸਹੇਲੀ ਮੇਰੇ ਠਾਕੁਰ ਕੇ ਗੁਨ ਸਾਰੇ।"
— ਨਟ **੪**, ਅਸ ੫, ੪ : ੧ (983)

ਮਟਾਕ — ਸਟ ਮਾਰਨ ਤੋਂ ਉਪਜਨ ਵਾਲੀਆਂ ਆਵਾਜ਼ ਭਾਵ ਸਟ, ਚੋਟ
"ਨਿੰਦਕੁ ਜਮਦੂਤੀ ਆਇ ਸੰਘਾਰਿਓ ਦੇਵਹਿ ਮੂੰਡ ਉਪਰਿ **ਮਟਾਕ**।"
— ਸਾਰ **੫**, ੧੦੫, ੨ : ੧ (1224)

ਮਟਿਆ — ਮਠ, ਸਥਾਨ
"ਕੋਇ ਨ ਜਾਣੈ ਕੀਮ ਕੇਵਡੁ **ਮਟਿਆ**।"
— ਰਾਮ **੫**, ਵਾਰ ੧ : ੨ (957)

ਮਟੀਆ — ਮਿਟੀ ਅੰਦਰ, ਜ਼ਮੀਨ ਵਿਚ
"ਇਤਨਕੁ ਖਟੀਆ ਗਠੀਆ **ਮਟੀਆ** ਸੰਗਿ ਨ ਕਛੂ ਲੈ ਜਾਇ।"
— ਕੇਦਾ **ਕਬ**, ੬, ੧* : ੨ (1124)

ਮਟੁ — ਮੱਠ, ਨਿਵਾਜ ਸਥਾਨ
"ਚਹੁ ਮਹਿ ਏਕੈ **ਮਟੁ** ਹੈ ਕੀਆ।"
— ਰਾਮ **੫**, ੧੨, ੪ : ੧ (886)

ਮਟੁਕੀ — ਛੋਟੀ ਗਾਗਰ (ਭਾਵ ਸਰੀਰ)
"ਕਾਚੀ **ਮਟੁਕੀ** ਬਿਨਸਿ ਬਿਨਾਸਾ।"
— ਆਸਾ **੫**, ੧੩, ੩ : ੧ (374)
"ਤਨੁ ਕਰਿ **ਮਟੁਕੀ** ਮਨ ਮਾਹਿ ਬਿਲੋਈ।" (ਚਾਟੀ)
— ਆਸਾ **ਕਬ**, ੧੦, ੨ : ੧ (478)

ਮੰਡਨ — ਸਜਾਵਟ
"ਤਖਤੁ ਸਭਾ **ਮੰਡਨ** ਦੋਲੀਚੇ।"
— ਗਉ **੫**, ੮੧, ੩ : ੧ (179)

ਮੰਡਪ — 1. ਮਾੜੀਆਂ, ਵਡੇ ਆਲੀਸਾਨ ਮਕਾਨ
"ਕਹਾਂ ਸੁ ਘਰ ਦਰ **ਮੰਡਪ** ਮਹਲਾ ਕਹਾ ਸੁ ਬੰਕ ਸਰਾਈ।"
— ਆਸਾ **੧**, ਅਸ ੧੨, ੨ : ੧ (417)
"ਨੀਵ ਖੁਦਾਈ ਊਪਰਿ **ਮੰਡਪ** ਛਾਏ।" (ਮਹਲ)
— ਧਨਾ **ਨਾਮ**, ੧, ੧ : ੧ (692)

ਹੋਰ ਰੂਪ — ਮੰਡਪਿ —
"ਭੂਮਿ ਦਾਨ ਸੋਭਾ **ਮੰਡਪਿ** ਪਾਵੈ।" (ਮਹਲ)
— ਗੋਂਡ **ਰਵਿ**, ੨, ੩ : ੨ (875)

2. ਸ਼ਾਮਿਆਨੇ
"ਬੰਸ ਕੋ ਪੂਤੁ ਬੀਆਹਨ ਚਲਿਆ ਸੁਇਨੇ **ਮੰਡਪ** ਛਾਏ।" — ਆਸਾ **ਕਬ**, ੬, ੩ : ੧ (477)
(ਮਹਾਨਕੋਸ਼ ਅਰਥ 'ਵੇਦੀ' ਕਰਦਾ ਹੈ)

3. ਵਡੇ ਕਮਰੇ, ਹਾਲ
"ਕੋਠੇ **ਮੰਡਪ** ਮਾੜੀਆ ਲਗਿ ਪਏ ਗਾਵਾਰੀ।"
— ਸੂਹੀ **੩**, ਵਾਰ ੮ : ੩ (788)

ਮੰਡਲ — 1. ਦੇਸ਼ (ਸ਼ਬਦਾਰਥ) ਚਕਰ, ਬ੍ਰਹਮੰਡ ਦਾ ਇਕ ਚੱਕਰ ਜਿਸ ਵਿਚ ਇਕ ਸੂਰਜ ਇਕ ਚੰਦਰਮਾ ਤੇ ਧਰਤੀ ਆਦਿਕ ਗਿਣੇ ਜਾਂਦੇ ਹਨ (ਦਰਪਨ)
"ਗਾਵਹਿ ਖੰਡ **ਮੰਡਲ** ਵਰਭੰਡਾ ਕਰਿ ਕਰਿ ਰਖੇ ਧਾਰੇ।" — ਜਪੁ **੧**, ੨੭ : ੧੪ (6)
"ਮਰਣੁ ਲਿਖਾਇ **ਮੰਡਲ** ਮਹਿ ਆਇ।" (ਭਾਵ ਮਾਤ ਲੋਕ, ਸੰਸਾਰ)
— ਧਨਾ **੧**, ਅਸ ੧, ੬ : ੨ (686)
"ਮ੍ਰਿਤ **ਮੰਡਲ** ਜਗੁ ਸਾਜਿਆ ਜਿਉ ਬਾਲੂ ਘਰਬਾਰ।" (ਭਾਵ ਥਾਂ)
— ਬਿਲਾ **੫**, ੩੧, ੧ : ੨ (804)

ਹੋਰ ਰੂਪ — ਮੰਡਲਾਂ —
"ਦੀਪਾ ਲੋਆਂ **ਮੰਡਲਾਂ** ਖੰਡਾਂ ਵਰ ਭੰਡਾਂਹ।"
— ਆਸਾ **੧**, ਵਾਰ ੮ਸ, **੧**, ੧ : ੨ (467)

ਮੰਡਲਿ —
"ਅਵਗਤਿ ਬਾਣਿ ਛੋਡਿ ਮ੍ਰਿਤ **ਮੰਡਲਿ** ਤਉ ਪਾਛੈ ਪਛੁਤਾਣਾ।" (ਦੇਸ ਵਿਚ)
— ਸਿਰੀ **ਬੇਣੀ**, ੧, ੪ : ੪ (93)

2. ਤਾਰਿਆਂ ਦਾ ਦੇਸ
"ਕੇਤੇ ਇੰਦ ਚੰਦ ਸੂਰ ਕੇਤੇ ਕੇਤੇ **ਮੰਡਲ** ਦੇਸ।"
— ਜਪੁ **੧**, ੩੫ : ੬ (7)
(ਉਹ ਇਲਾਕਾ ਜਿਸ ਵਿਚ ਬਾਰਾ ਰਾਜੇ ਜੁੱਦੇ ਜੁੱਦੇ ਰਾਜ ਕਰਦੇ ਹੋਣ ਮਹਾਨਕੋਸ਼ ਦਰਪਣ ਮੰਡਲ ਦੇਸ ਦੇ ਅਰਥ 'ਭਵਨ ਚਕਰ' ਕੀਤਾ ਹੈ)

3. ਸਮੂਹ
"ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ **ਮੰਡਲ** ਜਨਕ ਮੋਤੀ।"
— ਧਨਾ **੧**, ਸੋਹ ੩, ੧ : ੧ (13)

ਹੋਰ ਰੂਪ — ਮੰਡਲਵੈ —
"ਗਾਵੈ ਗੁਣ ਧੋਮੁ ਅਟਲ **ਮੰਡਲਵੈ** ਭਗਤਿ ਭਾਇ ਰਸੁ ਬੀਤਿਓਿ।" (ਧ੍ਰੂ ਤਾਰੇ ਦਾ ਸਮੂਹ)
— ਸਵ **੧**, ੩ : ੩ (1389)

ਮੰਡਲੋ —
"ਨ ਸੂਰ ਸਸਿ **ਮੰਡਲੋ**।"
— ਮਾਝ **੧**, ਵਾਰ ੧੫ਸ, **੧**, ੪ : ੧ (144)

4. ਟਿੱਕਿਆ ਹੋਇਆ, ਜੜਿਆ ਹੋਇਆ
"ਪੂਰਬਿ ਲਿਖਤ ਲਿਖੇ ਗੁਰੁ ਪਾਇਆ ਮਨਿ ਹਰਿ ਲਿਵ **ਮੰਡਲ** ਮੰਡਾ ਹੇ।"
— ਗਉ **੪**, ਸੋਹ ੪, ੧ : ੨ (13)

5. ਸਭਾ, ਦਾਇਰਾ , ਸੰਗ, ਹੋਰ ਦੇਖੋ ਮੰਡਲੁ (2)
"ਸੰਤ **ਮੰਡਲ** ਮਹਿ ਜਨਮ ਮਰਣੁ ਰਹੈ। ਸੰਤ **ਮੰਡਲ** ਮਹਿ ਜਮ ਕਿਛੂ ਨ ਕਹੈ।"
— ਭੈਰ **੫**, ੩੨, ੨ : ੧; ੨ (1146)

ਹੋਰ ਰੂਪ — ਮੰਡਲੀ —
"ਸਰਬ ਸੁਖਾ ਤੇਰੀ **ਮੰਡਲੀ** ਤੇਰਾ ਮਨੁ ਤਨੁ ਆਰੋਗ।" (ਸਭਾ, ਸੰਗਤ ਵਿਚ)
— ਬਿਲਾ **੫**, ੨੮, ੧ : ੧ (807)

ਮੰਡਲੀਕ —
"ਸਰਬ ਸਾਸਤ੍ਰ ਬਹੁ ਰੂਪੀਆ ਅਨ ਗਰੂਆ ਆਖਾੜਾ **ਮੰਡਲੀਕ** ਬੋਲ ਬੋਲਹਿ ਕਾਢੇ।"
— ਮਲਾ **ਨਾਮ**, ੧, ੩ : ੨ (1292)

ਮੰਡਲੁ — 1. ਮੰਡਪ, ਮੰਡੂਆ
"ਰਾਸਿ **ਮੰਡਲੁ** ਕੀਨੋ ਆਖਾਰਾ।"
— ਸੂਹੀ **੫**, ੪੫, ੧* : ੧ (746)
2. ਸੰਗ, ਸਭਾ, ਦੇਖੋ 'ਮੰਡਲ' (5)
"ਸੰਤ **ਮੰਡਲੁ** ਤਹਾ ਕਾ ਨਾਉ।"
— ਭੈਰ **੫**, ੩੭, ੧* : ੧ (1146)

ਮੰਡਾ — 1. ਸਜਿਆ , ਸ਼ੋਭਾ ਸਹਿਤ ਹੋਇਆ
"ਪੂਰਬਿ ਲਿਖਤ ਲਿਖੇ ਗੁਰੁ ਪਾਇਆ ਮਨਿ ਹਰਿ ਲਿਵ ਮੰਡਲ **ਮੰਡਾ** ਹੇ।"
— ਗਉ **੪**, ਸੋਹ ੪, ੧ : ੨ (13)
2. ਭੋਗਿਆ ਹੈ
"ਜਨ ਨਾਨਕ ਨਾਮੁ ਅਧਾਰੁ ਟੇਕ ਹੈ ਹਰਿ ਨਾਮੇ ਹੀ ਸੁਖੁ **ਮੰਡਾ** ਹੇ।"
— ਗਉ **੪**, ਸੋਹ ੪, ੪ : ੨ (13)
3. ਬਣਾਏ ਹਨ
"ਖੰਡਲ ਮੰਡਲ ਮੰਡਲ **ਮੰਡਾ**।"
— ਭੈਰ **ਕਬ**, ਅਸ ੧, ੩ : ੧ (1162)

ਮੰਡਿਤ — ਪੂਜਦਾ ਹੈ
"ਕੋ ਖਟੁ ਕਰਮ ਸਹਿਤ ਸਿਉ **ਮੰਡਿਤ**।"
— ਰਾਮ **੫**, ਅਸ ੧, ੭ : ੨ (913)
"ਬਿਨੁ ਅਮਰੈ ਕੈਸੇ ਰਾਜ **ਮੰਡਿਤ**।"
— ਭੈਰ **੫**, ੧੯, ੩ : ੨ (1140)

ਮੰਡੁ — ਧਾਰਨ ਕਰ, ਭਰ
"ਨਾਮੁ ਨਿਧਾਨੁ ਸਤਿ ਗੁਰਿ ਦੀਆ ਸੁਖੁ ਨਾਨਕ ਮਨ ਮਹਿ **ਮੰਡੁ**।"
— ਸਿਰੀ **੫**, ੯੦, ੪ : ੪ (50)

ਮੰਡੇ — ਰੋਟੀ
"ਗੁਣ **ਮੰਡੇ** ਕਰਿ ਸੀਲ ਘਿਉ ਸਰਮੁ ਮਾਸੁ ਆਹਾਰੁ।"
— ਬਿਹਾ **੪**, ਵਾਰ ੧੨ਸ, **ਮਰ**, ੧ : ੫ (553)

ਮਣ — 1. ਬੋਹਲ
"ਹਲੁ ਬੀਚਾਰੁ ਵਿਕਾਰ **ਮਣ** ਹੁਕਮੀ ਖਟੇ ਖਾਇ।"
— ਰਾਮ **੩**, ਵਾਰ ੧੭ਸ, **੧**, ੧ : ੩ (955)
2. ਤੋਲ ਦੀ ਇਕ ਇਕਾਈ, 40 ਸੇਰ
"ਲਖ **ਮਣ** ਸੁਇਨਾ ਲਖ **ਮਣ** ਰੁਪਾ ਲਖ ਸਾਹਾ ਸਿਰਿ ਸਾਹ।"
— ਮਲਾ **੧**, ਵਾਰ ੨੧ਸ, **੧**, ੪ : ੧ (1287)

ਮਣਕੜਾ — ਮਣਕਾ
"ਆਪੇ ਜਾਲ **ਮਣਕੜਾ** ਆਪੇ ਅੰਦਰਿ ਲਾਲੁ।"
— ਸਿਰੀ **੧**, ੨੫, ੨ : ੨ (23)

ਮਣਾ — ਮਣਾਂ ਮੂੰਹੀ, ਬਹੁਤ
"ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ **ਮਣਾ**।"
— ਮਾਝ **੫**, ਬਾਰਾ ੨ : ੭ (133)

ਮਣਿ — ਮਣਕੇ
"ਸੂਤੁ ਏਕੁ **ਮਣਿ** ਸਤ ਸਹੰਸ ਜੈਸੇ ਓਤਿ-ਪੋਤਿ ਪ੍ਰਭ ਸੋਈ।" — ਆਸਾ **ਨਾਮ**, ੧, ੧* : ੩ (485)
"ਉਦਧਿ ਗੁਰੁ ਗਹਿਰ ਗੰਭੀਰ ਬੇਅੰਤੁ ਹਰਿ ਨਾਮ ਨਗ ਹੀਰ **ਮਣਿ** ਮਿਲਤ ਲਿਵ ਲਾਈਐ।"
(ਮਣੀਆਂ) — ਸਵ **੪**, ਨਲ ੧੫ : ੨ (1401)

ਮਣਿਆ — ਮਾਣਿਆ ਹੈ
"ਤੁਸਿ ਨਾਨਕੁ ਦੇਵੈ ਜਿਸੁ ਨਾਮੁ ਤਿਨਿ ਹਰਿ ਰੰਗੁ **ਮਣਿਆ**।" — ਗਉ **੫**, ਵਾਰ ੭ : ੩ (319)

ਮਣੀ — 1. ਹੀਰਾ, ਰਤਨ
"ਮੋਹਣੀ ਮੁਖਿ **ਮਣੀ** ਸੋਹੈ ਕਰੇ ਰੰਗਿ ਪਸਾਉ।"
— ਸਿਰੀ **੧**, ੧, ੨ : ੨ (14)
"ਹਰਿ ਵਾਪਾਰਿ ਸੇ ਜਨ ਲਾਗੇ ਜਿਨਾ ਮਸਤਕਿ **ਮਣੀ** ਵਡਭਾਗੋ ਰਾਮ।" (ਭਾਗਾਂ ਦੀ ਮਣੀ)
— ਵਡਾ **੩**, ਛੰਤ ੨, ੩ : ੧ (568)

ਹੋਰ ਰੂਪ — ਮਣੀਆ —
"ਸਚੁ ਸਹਜੁ ਅਨਦੁ ਸਤਿਗੁਰੂ ਪਾਸਿ ਸਚੀ ਗੁਰ **ਮਣੀਆ**।"
— ਬਿਲਾ **੪**, ਵਾਰ ੧੨ : ੪ (854)
2. ਅਹੰਕਾਰ, ਮਾਨ
"**ਮਣੀ** ਮਿਟਾਇ ਜੀਵਤ ਮਰੈ ਗੁਰ ਪੂਰੇ ਉਪਦੇਸ।"
— ਗਉ **੫**, ਬਾਅ ੩੧ : ੩ (256)
"ਖਸਮੁ ਪਛਾਨਿ ਤਰਸ ਕਰਿ ਜੀਅ ਮਹਿ ਮਾਰਿ **ਮਣੀ** ਕਰਿ ਫੀਕੀ।" (ਮਾਨ, ਅੰਹਕਾਰ, ਹਉਮੈ) — ਆਸਾ **ਕਬ**, ੧੭, ੪ : ੧ (480)
"ਆਵਣੁ ਜਾਣੁ ਨ ਚੁਕਈ ਭਾਈ ਝੂਠੀ ਦੁਨੀ **ਮਣੀ**।" — ਸੋਰ **੫**, ੨, ੨ : ੩ (608)
(ਮਹਾਨ ਕੋਸ਼ ਅਰਥ ਮਨੌਤ, ਮਮਤਾ, ਕਰਦਾ

ਹੈ)

3. ਮਣਕਾ

"ਸੂਤ ਬਿਨਾ ਕੈਸੇ **ਮਣੀ** ਪਰੋਈਐ।" (ਭਾਵ ਮਾਲਾ) — ਗੋਂਡ **ਕਬ**, ੯, ੨ : ੨ (872)

ਹੋਰ ਰੂਪ — ਮਣੀਆ —

"ਆਪੇ ਸੂਤੁ ਆਪੇ ਬਹੁ **ਮਣੀਆ** ਕਰਿ ਸਕਤੀ ਜਗਤੁ ਪਰੋਈ।" (ਮੋਤੀ)

— ਸੋਰ **੪**, ੨, ੧ : ੨ (605)

ਮਣੀਏ —

"ਤੂੰ ਸੂਤੁ **ਮਣੀਏ** ਭੀ ਤੂੰ ਹੈ।" (ਮੋਤੀ)

— ਮਾਝ **੫**, ੨੮, ੨ : ੧ (102)

"ਅਨਿਕ ਭਾਤਿ ਕਰਿ **ਮਣੀਏ** ਸਾਜੇ ਕਾਚੈ ਤਾਗਿ ਪਰੋਹੀ।" (ਮਣਕੇ ਭਾਵ ਸਰੀਰ)

— ਸੋਰ **੫**, ੪, ੩ : ੧ (609)

4. ਭਰੀ ਹੋਈ,

"ਸਹਜ ਅਵਲਿ ਧੂੜਿ **ਮਣੀ** ਗਾਡੀ ਚਾਲਤੀ।"

— ਬਸੰ **ਨਾਮ**, ੩, ੧ : ੧ (1196)

5. ਮਾਨ-ਵਡਿਆਈ

"ਮਾਣਸ ਕੂੜਾ ਗਰਬੁ ਸਚੀ ਤੁਧੁ **ਮਣੀ**।"

— ਮਲਾ **੧**, ਵਾਰ ੧੧ : ੩ (1283)

ਮਣੂ — ਤੋਲ ਦੀ ਇਕ ਇਕਾਈ, ਵੇਖੋ 'ਮਣ' (2)

"ਸਉ **ਮਣੁ** ਹਸਤੀ ਘਿਉ ਗੁੜੁ ਖਾਵੈ ਪੰਜਿ ਸੈ ਦਾਣਾ ਖਾਇ।"

— ਮਲਾ **੧**, ਵਾਰ ੧੯ਸ, **੧**, ੨ : ੧ (1286)

ਮਤ — 1. ਨਿਸ਼ੇਧਾਤਮਕ ਸ਼ਬਦ ਨਾ

"ਮਨ ਭੁਖਾ ਭੁਖਾ **ਮਤ** ਕਰਹਿ ਮਤ ਤੂ ਕਰਹਿ ਪੂਕਾਰ।" — ਸਿਰੀ **੩**, ੩੬, ੫ : ੧ (27)

2. ਮਸਤ

"ਮੈ **ਮਤ** ਜੋਬਨਿ ਗਰਬਿ ਗਾਲੀ ਦੁਧਾ ਥਣੀ ਨ ਆਵਏ।"

— ਗਉ **੧**, ਛੰਤ ੧, ੧ : ੫ (242)

"ਦੇਹ ਨ ਗੇਹ ਨ ਨੇਹ ਨ ਨੀਤਾ ਮਾਇਆ **ਮਤ** ਕਹਾ ਲਉ ਗਾਰਹੁ।" (ਮਤਾ)

— ਸਸ **੫**, ੫* : ੧ (1388)

3. ਮਤੇ ਕਿਤੇ ਕਦਾਚਿਤ

"ਜਗਿ ਮਰਣੁ ਨ ਭਾਇਆ ਨਿਤ ਆਪੁ ਲੁਕਾਇਆ **ਮਤ** ਜਮੁ ਪਕਰੈ ਲੈ ਜਾਇ ਜੀਉ।"

— ਆਸਾ **੪**, ਛੰਤ ੧੩, ੨ : ੧ (447)

"**ਮਤ** ਤੁਮ ਜਾਣਹੁ ਓਇ ਜੀਵਦੇ ਓਇ ਆਪਿ ਮਾਰੇ ਕਰਤਾਰਿ।"

— ਵਡ **੪**, ਵਾਰ ੯ਸ, **੩**, ੨ : ੨ (589)

4. ਸਿੱਧਾਂਤ

"ਬੇਦ ਪੁਰਾਨ ਸਭੈ **ਮਤ** ਸੁਨਿ ਕੈ ਕਰੀ ਕਰਮ ਕੀ ਆਸਾ।" — ਸੋਰ **ਕਬ**, ੩, ੧ : ੧ (654)

5. ਕੁਝ ਪਤਾ ਨਹੀਂ

"ਸਤਗੁਰੁ ਸੇਵਿ ਖਰਚੁ ਹਰਿ ਬਾਧਹੁ **ਮਤ** ਜਾਣਹੁ ਆਜੁ ਕਿ ਕਾਲ੍ਹੀ।"

— ਧਨਾ **੪**, ੪, ੨ : ੨ (667)

6. ਸ਼ਾਇਦ

"ਅਖੀ ਕਾਢਿ ਧਰਤੀ ਚਰਣਾ ਤਲਿ ਸਭ ਧਰਤੀ ਫਿਰ **ਮਤ** ਪਾਈ।" (ਮਤੇ)

— ਸੂਹ **੪**, ਅਸ ੧, ੭ : ੧ (757)

ਮਤੰ — ਮਸਤ, ਵੇਖੋ 'ਮਤ' (2)

"ਗਰਬੰਤਿ ਨਾਰੀ ਮਦੋਨ **ਮਤੰ**।"

— ਸਸ **੫**, ੬੩ : ੧ (1359)

ਮੰਤ — 1. ਮੰਤਰ, ਉਪਦੇਸ਼

"ਮਤਿ ਪੂਰੀ ਪਰਧਾਨ ਤੇ ਗੁਰ ਪੂਰੇ ਮਨ **ਮੰਤ**।" (ਭਾਵ ਉਪਦੇਸ਼)

— ਗਉ **੫**, ਸੁਖ ੮, ੬ : ੪ (273)

"ਨਿਰਮਲ ਰੀਤਿ ਨਿਰੋਧਰ **ਮੰਤੁ**।" (ਮੰਤਰ)

— ਗਉ **੫**, ਬਾਅ ੪੨ਸ : ੧ (259)

"ਬ੍ਰਹਮ ਗਿਆਨੀ ਕਾ ਨਿਰਮਲ **ਮੰਤ**।" (ਉਪਦੇਸ਼)

— ਗਉ **੫**, ਥਿਤੀ ੮ : ੪ (298)

"ਮਨ ਤਨ ਅੰਤਰਿ ਹਰਿ ਹਰਿ **ਮੰਤ**।" (ਮੰਤਰ ਨਾਮ) — ਬਿਲਾ **੫**, ੩, ੪ : ੩ (802)

2. ਮੰਤਵ, ਉਦੇਸ਼

"ਪਾਰੁ ਨ ਪਾਵੈ ਕੋ ਧਰਨੀਧਰ **ਮੰਤ**।"

— ਭੈਰ **ਕਬ**, ਅਸ ੧, ੩ : ੪ (1162)

ਮਤਸਰ — ਈਰਖਾ

"ਕਾਮ ਕ੍ਰੋਧ ਮਾਇਆ ਮਦ **ਮਤਸਰ** ਏ ਖੇਲਤ ਸਭਿ ਜੂਐ ਹਾਰੇ।" — ਆਸਾ **੫**, ੩੬, ੧ : ੧ (379)

ਮੰਤਨ — ਉਪਦੇਸ਼

"ਕਿਲਵਿਖ ਸਭਿ ਦੋਖ ਬਿਨਾਸਨੁ ਹਰਿ ਨਾਮੁ ਜਪੀਐ ਗੁਰ **ਮੰਤਨ** ਕੇ।"

— ਰਾਮ **੫**, ਛੰਤ ੩, ੧ : ੨ (925)

ਮੰਤਰ — ਮਤਾ
"ਦੁਸਟ ਸਭਾ ਮਿਲਿ **ਮੰਤਰਿ** ਉਪਾਇਆ ਕਰਸਹ ਅਉਧ ਘਨੇਰੀ।"
— ਭੈਰ **ਨਾਮ**, ੯, ੩ : ੧ (1165)

ਮਤਵੰਤਾ — ਮਤਵਾਲਾ, ਮਦਮਸਤ
"ਪੀਓ ਮਦਰੋ ਧਨ **ਮਤਵੰਤਾ**।"
— ਸੂਹੀ **੫**, ੫, ੨ : ੩ (737)

ਮਤਵਾਰ — ਮਤਵਾਲਾ, ਮਦਮਤ
"ਮਨੁ **ਮਤਵਾਰ** ਮੇਰ ਸਰ ਭਾਠੀ ਅੰਮ੍ਰਿਤ ਧਾਰ ਚੁਆਵਉ।" — ਕੇਦਾ **ਕਬ**, ੩, ੧ : ੨ (1123)

ਹੋਰ ਰੂਪ — ਮਤਵਾਰਾ —
"ਉਆ ਕਉ ਕਹੀਐ ਸਹਜ **ਮਤਵਾਰਾ**।" (ਮਤਵਾਲਾ)
— ਗਉ **ਕਬ**, ੨੨, ੧* : ੧ (328)

ਮਤਵਾਰੀ —
"ਬਾਪੁ ਸਾਵਕਾ ਕਰੈ ਲਰਾਈ ਮਾਇਆ ਸਦ **ਮਤਵਾਰੀ**।" (ਮਸਤ)
— ਆਸਾ **ਕਬ**, ੨੫, ੨ : ੧ (482)

ਮਤਵਾਰੇ —
"ਲੰਪਟ ਚੋਰ ਦੂਤ **ਮਤਵਾਰੇ** ਤਿਨ ਸੰਗਿ ਸਦਾ ਬਸੇਰਾ।" (ਮਤਵਾਲੇ ਭਾਵ ਸ਼ਰਾਬੀ)
— ਰਾਮ **ਕਬ**, ੮, ੩ : ੨ (971)

ਮਤਵਾਰੋ —
"**ਮਤਵਾਰੋ** ਮਾਇਆ ਸੋਇਆ।" (ਮਤ ਵਾਲਾ)
— ਗਉ **੫**, ੧੪੦*, ੩ : ੧ (210)

ਮਤਵਾਲਾ — ਮਸਤ
"ਕਲਿ ਕਲਵਾਲੀ ਮਾਇਆ ਮਦੁ ਮੀਠਾ ਮਨੁ **ਮਤਵਾਲਾ** ਪੀਵਤੁ ਰਹੈ।" (ਭਾਵ ਮਦਮਸਤ)
— ਆਸਾ **੧**, ੫, ੪ : ੧ (350)

ਹੋਰ ਰੂਪ — ਮਤਵਾਲੇ —
"ਓਹ ਆਲੁ ਪਤਾਲੁ ਮੁਹਹੁ ਬੋਲਦੇ ਜਿਉ ਪੀਤੈ ਮਦਿ **ਮਤਵਾਲੇ**।"
— ਗਉ **੪**, ਵਾਰ ੧੯ : ੫ (311)

ਮਤੜੀ — ਮਤ
"ਤਿਆਗੈ ਮਨ ਕੀ **ਮਤੜੀ** ਵਿਸਾਰੇਂ ਦੂਜਾ ਭਾਉ ਜੀਉ।" — ਸੂਹੀ **੫**, ਕੁਚ ੩ : ੮ (763)

ਮਤੜੀ ਕਾਂਢਕੁ — ਮਤ ਦੇਣ ਵਾਲਾ, ਉਪਦੇਸ਼ਕ
"**ਮਤੜੀ ਕਾਂਢਕੁ** ਆਹ ਪਾਵ ਧੋਵੰਦੋ ਪੀਵਸਾ।"
— ਮਾਰੂ **੫**, ਵਾਰ ੧੫ਸ, **੫**, ੩ : ੧ (1099)

ਮਤਾ — 1. ਮਸਤ ਹੋਇਆ
"ਧਨ ਸਿਉ ਰਤਾ ਜੋਬਨਿ **ਮਤਾ** ਅਹਿਲਾ ਜਨਮੁ ਗਵਾਇਆ।"
— ਸਿਰੀ **੧**, ਪਹ ੧, ੩ : ੪ (75)

2. ਸਲਾਹ, ਫੈਸ਼ਲਾ
"ਪ੍ਰਥਮੇ **ਮਤਾ** ਜਿ ਪਤ੍ਰੀ ਚਲਾਵਉ।"
— ਆਸਾ **੫**, ੫, ੧ : ੧ (371)

3. ਇਰਾਦਾ
"**ਮਤਾ** ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ।" — ਗੂਜ **੫**, ੫, ੧ : ੧ (496)

ਮੰਤਾ — ਮੰਤਰ
"ਸਿਮਰਿ ਮਨਾ ਪੂਰੇ ਗੁਰ **ਮੰਤਾ**।" (ਭਾਵ ਸਿਖਿਆ, ਉਪਦੇਸ਼) — ਗਉ **੫**, ੬੪, ੨ : ੪ (184)
"ਏਕੁ ਨਾਮੁ ਦੀਓ ਮਨ **ਮੰਤਾ** ਬਿਨਸਿ ਨ ਕਤਹੂ ਜਾਤਿ।" — ਧਨਾ **੫**, ੪੧, ੧ : ੨ (681)

2. ਉਪਦੇਸ਼
"ਹਰਿ ਸਿਉ ਸੋ ਰਚੈ ਜਿਸੁ ਸਾਧ ਕਾ **ਮੰਤਾ**।"
— ਗਉ **੫**, ੧੦੯, ੨ : ੨ (201)

3. ਮੰਤਰ (ਜਾਦੂ ਵਾਲਾ)
"ਅਵਰੁ ਨ ਅਉਖਧੁ ਤੰਤ ਨ **ਮੰਤਾ**।"
— ਆਸਾ **੧**, ਅਸ ੯, ੪ : ੧ (416)

ਮਤਾਗਲ — ਹਾਥੀ
"ਮਨ ਕੀ ਮਤਿ **ਮਤਾਗਲ** ਮਤਾ।"
— ਆਸਾ **੧**, ੯, ੨ : ੧ (351)

ਮਤਾਤ — ਫੈਸਲੇ,ਨਿਰਣੇ
"ਖਿਨ ਮਹਿ ਥਾਪਿ ਉਥਾਪਨਹਾਰਾ ਆਪਨ ਹਾਥਿ **ਮਤਾਤ**।" — ਗੂਜ **੫**, ੫, ੧ : ੨ (496)

ਮਤਾਂਤ — 1. ਸਿਖਿਆ
"ਪ੍ਰਗਟ ਭਏ ਆਪਹਿ ਗੋਬਿੰਦ ਨਾਨਕ ਸੰਤ **ਮਤਾਂਤ**।"
— ਗਉ **੫**, ਬਾਅ ੨੨ਸ : ੨ (254)

2. ਸਾਰੇ ਮਤਾਂ ਦਾ ਨਿਚੋੜ, ਮਤਾਂ ਦਾ ਅੰਤ, ਮਤਾਂ ਦਾ ਸਿੱਟਾ
"ਸਗਲ **ਮਤਾਂਤ** ਕੇਵਲ ਹਰਿ ਨਾਮ।"
— ਗਉ **੫**, ਸੁਖ ੨੪, ੨ : ੫ (296)

ਮਤਾਂਤੁ — ਸਲਾਹ, ਪਕੀਰਾਏ

"ਸੁਣ ਸਖੀਏ ਇਹ ਭਲੀ ਬਿਨੰਤੀ ਏਹੁ **ਮਤਾਂਤੁ** ਪਕਾਈਐ।"
— ਗਉ **੫**, ਛੰਤ ੪, ੨ : ੧ (249)

ਮੰਤਾਨੀ — ਮੰਤਰ
"ਅੰਮ੍ਰਿਤ ਨਾਮੁ ਨਿਰਮੋਲਕੁ ਹੀਰਾ ਗੁਰਿ ਦੀਨੋ **ਮੰਤਾਨੀ**।" — ਧਨਾ **੫**, ੫, ੨ : ੧ (671)

ਮਤਿ — 1. ਸਮਝ, ਬੁੱਧੀ, ਸਿਆਣਪ, ਅਕਲ
"**ਮਤਿ** ਵਿਚਿ ਰਤਨ ਜਵਾਹਰ ਮਾਣਿਕ ਜੇਇਕ ਗੁਰ ਕੀ ਸਿਖ ਸੁਣੀ।" — ਜਪੁ **੧**, ੬ : ੩ (2)
"ਤਿਥੈ ਘੜੀਐ ਸੁਰਤਿ **ਮਤਿ** ਮਨਿ ਬੁਧਿ।"
— ਜਪੁ **੧**, ੩੬ : ੨ (8)
(ਮਹਾਨਕੋਸ਼ ਇਥੇ 'ਮਤਿ' ਦੇ ਅਰਥ 'ਅਹੰਕਾਰ' ਕਰਦਾ ਹੈ)
"ਗੋਬਿੰਦ ਗੁਪਤ ਹੋਇ ਰਹਿਓ ਨਿਆਰੋ ਮਾਤੰਗ **ਮਤਿ** ਅਹੰਕਾਰ।"
— ਸਾਰ **੫**, ੧੨੯, ੩ : ੨ (1229)
(ਮਹਾਨ ਕੋਸ਼ ਇਥੇ ਅਰਥ ਮਤਵਾਲਾ ਕਰਦਾ ਹੈ)
(2) ਮਰਜ਼ੀ, ਸਮਝ
"ਅਹੰਕਾਰੁ ਕਰਹਿ ਅਹੰਕਾਰੀਆ ਵਿਆਪਿਆ ਮਨ ਕੀ **ਮਤਿ**।"
— ਸਿਰੀ **੫**, ੭੧, ੩ : ੩ (42)
"ਗੁਰ ਕੀ **ਮਤਿ** ਜੀਇ ਆਈ ਕਾਰਿ।" (ਭਾਵ ਸਿਖਿਆ)
— ਗਉ **੧**, ਅਸ ੧, ੧ : ੪ (220)
3. ਮਸਤ
"ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਭਰਿ ਜੋਬਨਿ ਮੈ **ਮਤਿ**।"
— ਸਿਰੀ **੧**, ਪਹ ੨, ੨ : ੧ (75)
4. ਬੁੱਧੀ ਨੂੰ, ਮਤ ਨੂੰ
"ਉਛਲਿਆ ਕਾਮੁ ਕਾਲ **ਮਤਿ** ਲਾਗੀ ਤਉ ਆਨਿ ਸਕਤਿ ਗਲਿ ਬਾਂਧਿਆ।"
— ਸਿਰੀ **ਬੇਣੀ**, ੧, ੨ : ੪ (93)
5. ਧਰਮ ਦਾ ਰਸਤਾ
"ਕਵਨ ਸੁ **ਮਤਿ** ਜਿਤੁ ਤਰੈ ਇਹ ਮਾਇ।"
— ਗਉ **੫**, ੯੨, ੧* : ੨ (180)
6. ਨਿਸ਼ੇਧਾਤਮਕ ਸ਼ਬਦ, ਨਾਹ
"ਹਮਰੈ ਖੋਜਿ ਪਰਹੁ **ਮਤਿ** ਕੋਈ।"
— ਗਉ **ਕਬ**, ੩, ੧* : ੨ (324)
"ਨਾਨਕ ਚਿੰਤਾ **ਮਤਿ** ਕਰਹੁ ਚਿੰਤਾ ਤਿਸਹੀ ਹੇਇ।"
— ਰਾਮ **੩**, ਵਾਰ ੧੮ਸ, **੨**, ੧ : ੧ (955)
7. ਸਿਖਿਆ
"ਪਾਧਾ ਗੁਰਮੁਖਿ ਆਖੀਐ ਚਾਟੜਿਆ **ਮਤਿ** ਦੇਇ।" — ਰਾਮ **੧**, ਓਅੰ, ੫੪ : ੧ (938)
8. ਮਦ, ਸ਼ਰਾਬ
"ਪੀਵਹੁ ਸੰਤ ਸਦਾ **ਮਤਿ** ਦੁਰਲਭ ਸਹਜੇ ਪਿਆਸ ਬੁਝਾਈ।"
— ਕੇਦਾ **ਕਬ**, ੩, ੧* : ੨ (1123)
9. ਮਤੇ
"**ਮਤਿ** ਕੋਊ ਮਾਰੈ ਈਂਟ ਢੇਮ।"
— ਬਸੰ **ਕਬ**, ੧, ੪ : ੨ (1196)
"**ਮਤਿ** ਬਸਿ ਪਰਉ ਲੁਹਾਰ ਕੇ ਜਾਰੈ ਦੂਜੀ ਬਾਰ।"
— ਸਲੋ **ਕਬ**, ੯੦ : ੨ (1369)
10. ਗਿਆਨ
"ਨਾਉ ਤੇਰਾ ਗਹਣਾ **ਮਤਿ** ਮਕਸੂਦੁ।"
— ਪ੍ਰਭਾ **੧**, ੧, ੧ : ੨ (1327)

ਮਤਿਹਾਰੀ — ਹਾਰੀ ਹੋਈ ਮੱਤ ਵਾਲੀਆ ਭਾਵ ਮੂਰਖ
"ਟੂਟੀ ਲਾਜੁ ਭਰੈ **ਮਤਿਹਾਰੀ**।"
— ਗਉ **ਕਬ**, ੧੨, ੩ : ੨ (325)

ਮਤਿਹੀਣ — ਬੇਸਮਝ
"ਹਮ **ਮਤਿਹੀਣ** ਮੂਰਖ ਮੁਗਧ ਅੰਧੇ ਸਤਿਗੁਰਿ ਮਾਰਗਿ ਪਾਏ।"
— ਗਉ **੩**, ਛੰਤ ੪, ੩ : ੫ (246)
ਹੋਰ ਰੂਪ — ਮਤਿਹੀਣੁ —
"ਸਤਰਿ ਕਾ **ਮਤਿਹੀਣੁ** ਅਸੀਹਾਂ ਕਾ ਵਿਉਹਾਰੁ ਨ ਪਾਵੈ।" (ਬੇਸਮਝ)
— ਮਾਝ **੧**, ਵਾਰ ੧ਸ, **੧**, ੩ : ੩ (138)

ਮਤਿਹੀਨ — ਬੇ ਸਮਝ
"ਬਾਬਾ ਮੈ ਕੁਚੀਲੁ ਕਾਚਉ **ਮਤਿਹੀਨ**।"
— ਮਾਰੂ **੧**, ਅਸ ੩, ੧* : ੧ (1010)
ਹੋਰ ਰੂਪ — ਮਤਿਹੀਨਾ —
"ਅੰਧ ਗੁੰਗ ਪਿੰਗੁਲ **ਮਤਿਹੀਨਾ** ਪ੍ਰਭ ਰਾਖਹੁ ਰਾਖਨਹਾਰਾ।"
— ਦੇਵ **੫**, ੧੧, ੨ : ੧ (530)

ਮਤਿਹੀਨੁ —
"ਅਪਰਾਧੀ **ਮਤਿਹੀਨੁ** ਨਿਰਗੁਨੁ ਅਨਾਥੁ ਨੀਚੁ।(ਅਕਲ ਤੋਂ ਖਾਲੀ ਮੂਰਖ)
— ਆਸਾ **੫**, ਛੰਤ ੮, ੨ : ੧ (458)

ਮਤੀ — 1. ਮਸਤੇ ਹੋਏ
"**ਮਤੀ** ਮਰਣੁ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ।" — ਸਿਰੀ **੧**, ੫, ੧ : ੨ (15)
"ਲਾਜ ਨ ਆਵੈ ਅਗਿਆਨ **ਮਤੀ** ਦੁਰਜਨ ਬਿਰਮਾਈਐ ਰਾਮ।"
— ਬਿਲਾ **੫**, ਛੰਤ ੪, ੨ : ੪ (848)
2. ਬੁੱਧੀ, ਮਤ, ਸਮਝ
"ਓਤੁ **ਮਤੀ** ਸਾਲਾਹਣਾ ਸਚੁ ਨਾਮੁ ਗੁਣਤਾਸੁ।"
— ਸਿਰੀ **੧**, ੮, ੧ : ੩ (17)
3. ਸਲਾਹ, ਮਤ, ਸਿਖਿਆ
"ਅਨ ਕਉ **ਮਤੀ** ਦੇ ਚਲਹਿ ਮਾਇਆ ਕਾ ਵਾਪਾਰੁ।"
— ਸਿਰੀ **੧**, ਅਸ ੫, ੬ : ੨ (56)
"ਥਿਰੁ ਨਾਮੁ ਭਗਤਿ ਦਿੜੰ **ਮਤੀ** ਗੁਰ ਵਾਕਿ ਸਬਦ ਰਤੰ।" (ਸਿਖਿਆ)
— ਗੂਜ **੧**, ਅਸ ੫, ੩ : ੨ (505)
"ਸਖੀ ਬਤਾਵਹੁ ਮੁਝਹਿ **ਮਤੀ** ਰੀ।" (ਸਲਾਹ)
— ਸੂਹੀ **੫**, ੧੦, ੧* : ੨ (739)

ਹੋਰ ਰੂਪ — ਮੰਤੀ —
"ਰਾਜਾ ਜਨਮੇਜਾ ਦੇ **ਮੰਤੀ** ਬਰਜਿ ਬਿਆਸਿ ਪੜਾਇਆ।" (ਮਤਾਂ, ਸਿਖਿਆਵਾਂ)
— ਪ੍ਰਭਾ **੧**, ਅਸ ੪, ੪ : ੧ (1344)

ਮਤੁ — 1. ਮਤੇ, ਮਤਾਂ
"ਤੀਹ ਕਰਿ ਰਖੇ ਪੰਜ ਕਰਿ ਸਾਥੀ ਨਾਉ ਸੈਤਾਨੁ **ਮਤੁ** ਕਟਿ ਜਾਈ।"
— ਸਿਰੀ **੧**, ੨੨, ੪ : ੧ (24)
2. ਮਸਤ
"ਮਾਇਆ ਮੁਈ ਨ ਮਨੁ ਮੁਆ ਸਰੁ ਲਹਰੀ ਮੈ **ਮਤੁ**।" — ਮਾਰੂ **੧**, ੧੦, ੧ : ੧ (992)

ਮੰਤੁ — 1. ਮਨਤਵ, ਮਨੋਰਥ, ਉਦੇਸ਼
"ਅੰਤੁ ਨ ਜਾਪੈ ਕਿਆ ਮਨਿ **ਮੰਤੁ**।"
— ਜਪੁ **੧**, ੨੪ : ੪ (5)
2. ਮੰਤਰ, ਜਾਪ
"ਗੁਰ ਸਬਦੀ ਆਰਾਧੀਐ ਜਪੀਐ ਨਿਰਮਲ **ਮੰਤੁ**।" — ਮਾਝ **੪**, ਦਿਨ ੩ : ੩ (137)
3. ਉਪਦੇਸ਼
"ਸੰਤੀ **ਮੰਤੁ** ਦੀਓ ਮੋਹਿ ਨਿਰਭਉ ਗੁਰ ਕਾ ਸਬਦੁ ਕਮਾਇਆ।"
— ਗਉ **੫**, ੧੨੫, ੩ : ੨ (206)
"ਸਤੁ ਸੰਤੋਖੁ ਦਇਆ ਧਰਮੁ ਸੁਚਿ ਸੰਤਨ ਤੇ ਇਹੁ **ਮੰਤੁ** ਲਈ।" (ਸਲਾਹ, ਸਿਖਿਆ ਉਪਦੇਸੁ) — ਬਿਲਾ **੫**, ੯੦, ੨ : ੧ (822)

ਮਤੇ — 1. ਮਤ, ਸਿਖਿਆ, ਉਪਦੇਸ਼
"ਸਹਜੇ ਸਮਾਈਐ ਗੋਵਿੰਦੁ ਪਾਈਐ ਦੇਹੁ ਸਖੀਏ ਮੋਹਿ **ਮਤੇ**।"
— ਬਿਲਾ **੫**, ਛੰਤ ੧, ੧ : ੪ (845)

ਹੋਰ ਰੂਪ — ਮਤੈ —
"ਘਲੇ ਆਣੇ ਆਪਿ ਜਿਸੁ ਨਾਹੀ ਦੂਜਾ **ਮਤੈ** ਕੋਇ।" (ਸਲਾਹ ਦੇਣਾ)
— ਸੂਹੀ **੧**, ੫, ੪ : ੧ (729)
2. ਮਸਤ/ਮਗਨ ਹੋਇਆ
"ਅੰਤਰਿ ਪਿਆਰੁ ਭਗਤੀ ਰਾਤਾ ਸਹਜਿ **ਮਤੇ** ਬਣਿ ਆਈ ਹੇ।"
— ਮਾਰੂ **੩**, ਸੋਲਾ ੧, ੬ : ੩ (1044)

ਮੰਤੈ — ਮੰਤਰ, ਉਪਦੇਸ਼
"ਮਾਨੁ ਤਿਆਗਿ ਕਰਿ ਭਗਤਿ ਠਗਉਰੀ ਮੋਹਹ ਸਾਧੂ **ਮੰਤੈ**।"
— ਗਉ **੫**, ਛੰਤ ੪, ੧ : ੨ (249)

ਮੰਤ੍ਰ — (ਸੰ. मन्त्र) 1. ਵਿਸ਼ੇਸ਼ ਸਿੱਧੀ ਪ੍ਰਾਪਤ ਕਰਨ ਲਈ ਜਪੇ ਜਾਣ ਵਾਲਾ ਸ਼ਬਦ ਅਥਵਾ ਵਾਕੰਸ਼
"ਅਉਖਧ **ਮੰਤ੍ਰ** ਮੂਲੁ ਮਨ ਏਕੈ ਜੇ ਕਰਿ ਦ੍ਰਿੜੁ ਚਿਤੁ ਕੀਜੈ ਰੇ।" — ਗਉ **੧**, ੧੬, ੧ : ੧ (156)
"ਅਉਖਧ **ਮੰਤ੍ਰ** ਤੰਤ ਸਭਿ ਛਾਰਿ।"
— ਗਉ **੫**, ੧੪੯, ੩ : ੧ (196)

ਹੋਰ ਰੂਪ — ਮੰਤ੍ਰੰ —
"ਦਸਨ ਬਿਹੂਨ ਭੁਯੰਗੰ **ਮੰਤ੍ਰੰ** ਗਾਰੁੜੀ ਨਿਵਾਰੰ।"
— ਗਾਥਾ **੫**, ੧੬ : ੧ (1361)
2. ਉਪਦੇਸ਼, ਸਿਖਿਆ
"ਕਹੁ ਨਾਨਕ ਗੁਰ **ਮੰਤ੍ਰ** ਚਿਤਾਰਿ।"
— ਗਉ **੫**, ੧੦੧, ੪ : ੧ (186)

"ਪੂਰਾ ਗੁਰੁ ਅਖੵਓ ਜਾ ਕਾ **ਮੰਤ੍ਰ**।" (ਉਪਦੇਸ਼, ਗਿਆਨ)

— ਗਉ **੫**, ਸੁਖ ੧੮, ੪ : ੭ (287)

ਹੋਰ ਰੂਪ — ਮੰਤ੍ਰੰ —

"**ਮੰਤ੍ਰੰ** ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ।" — ਸਸ **੫**, ੪੦ : ੧ (1357)

ਮੰਤ੍ਰਣਹ — ਮੰਤ੍ਰ, ਸਿਖਿਆ, ਉਪਦੇਸ਼

"ਸਿਮਰਤਬ੍ਯ ਰਿਦੈ ਗੁਰ **ਮੰਤ੍ਰਣਹ**।"

— ਗਾਥਾ **੫**, ੧੪ : ੨ (1361)

ਮੰਤ੍ਰੜਾ — ਮੰਤ੍ਰ, ਸਿਖਿਆ, ਉਪਦੇਸ਼

"ਗੁਰ **ਮੰਤ੍ਰੜਾ** ਚਿਤਾਰਿ ਨਾਨਕ ਦੁਖੁ ਨ ਥੀਵਈ।"

— ਗੂਜ **੫**, ਵਾਰ ੧੩ਸ, **੫**, ੨ : ੨ (521)

ਮੰਤ੍ਰਿ — 1. ਉਪਦੇਸ਼ ਨਾਲ

"ਜਾ ਕੈ **ਮੰਤ੍ਰਿ** ਹਰਿ ਹਰਿ ਮਨਿ ਵਸੈ।"

— ਗੋਂਡ **੫**, ੬, ੨ : ੧ (863)

"ਜੋਤਿ **ਮੰਤ੍ਰਿ** ਮਨਿ ਅਸਥਿਰੁ ਕਰੈ।"

— ਭੈਰ **ਕਬ**, ਅਸ ੧, ੮ : ੨ (1162)

2. ਵਿਸ਼ੇਸ਼ ਸਿੱਧੀ ਦੀ ਪ੍ਰਾਪਤੀ ਲਈ ਜਪੇ ਜਾਣ ਵਾਲਾ ਸ਼ਬਦ ਅਥਵਾ ਵਾਕੰਸ਼

"ਵੇਮਾਰਗਿ ਮੂਸੈ **ਮੰਤ੍ਰਿ** ਮਸਾਣਿ।"

— ਰਾਮ **੧**, ਸਿਗੋ ੨੬ : ੪ (941)

"ਬਿਸੀਅਰੁ **ਮੰਤ੍ਰਿ** ਵਿਸਾਹੀਐ ਬਹੁ ਦੂਧੁ ਪੀਆਇਆ।" (ਮੰਤਰ ਨਾਲ)

— ਸਾਰ **੪**, ਵਾਰ ੧੬ : ੨ (1244)

3. ਸਲਾਹ ਮਸ਼ਵਰੇ ਵਿਚ

"ਆਪੁਨੋ ਭਾਵਨੁ ਕਰਿ **ਮੰਤ੍ਰਿ** ਨ ਦੂਸਰੋ ਧਰਿ ਓਪਤਿ ਪਰਲੌ ਏਕੈ ਨਿਮਖ ਤੁ ਘਰਿ।"

— ਸਮੁ **੫**, ੨ : ੨ (1385)

ਮੰਤ੍ਰੀ — 1. ਮਾਂਦ੍ਰੀ, ਸਿਆਣਾ, ਮੰਤਰਾਂ ਦੇ ਜਾਣਨ ਵਾਲਾ

"**ਮੰਤ੍ਰੀ** ਹੋਇ ਅਠੂਹਿਆ ਨਾਗੀ ਲਗੈ ਜਾਇ।"

— ਮਾਝ **੧**, ਵਾਰ ੨੨ਸ, **੨**, ੧ : ੧ (148)

2. ਵਜ਼ੀਰ, ਸਲਾਹਕਾਰ

"ਤੂਹੈ **ਮੰਤ੍ਰੀ** ਸੁਨਹਿ ਪ੍ਰਭ ਤੂਹੈ ਸਭੁ ਕਿਛੁ ਕਰਣੈਹਾਰਾ।"

— ਸੋਰ **੫**, ੬੩, ੨ : ੧ (625)

ਮੰਤ੍ਰੁ — 1. ਸਿਖਿਆ, ਉਪਦੇਸ਼

"ਮੈ ਅਉਖਧੁ **ਮੰਤ੍ਰੁ** ਦੀਜੈ ਗੁਰ ਪੂਰੇ ਮੈ ਹਰਿ ਹਰਿ ਨਾਮਿ ਉਧਰੀਐ।"

— ਮਾਝ **੪**, ੩, ੩ : ੩ (95)

"ਕਹੁ ਨਾਨਕ ਗੁਰਿ **ਮੰਤ੍ਰੁ** ਦ੍ਰਿੜਾਇਆ।" (ਮਤ,ਸਿਖਿਆ)

— ਗਉ **੫**, ੧੧੧, ੪ : ੧ (188)

"ਤੁਰਕ **ਮੰਤ੍ਰੁ** ਕਨਿ ਰਿਦੈ ਸਮਾਹਿ।" (ਭਾਵ ਕਲਮਾ)

— ਰਾਮ **੩**, ਵਾਰ ੧੧ਸ, **੧**, ੧ : ੧੧ (951)

2. ਵਿਸ਼ੇਸ਼ ਸਿਧੀ ਪ੍ਰਾਪਤ ਕਰਨ ਲਈ ਜਪੇ ਜਾਣ ਵਾਲਾ ਵਾਕੰਸ ਅਥਵਾ ਸ਼ਬਦ

"**ਮੰਤ੍ਰੁ** ਤੰਤ੍ਰੁ ਅਉਖਧੁ ਪੁਨਹਚਾਰ।"

— ਗਉ **੫**, ੬੬, ੨ : ੧ (184)

"ਹਰਿ ਕਾ ਨਾਮੁ ਦੀਓ ਗੁਰਿ **ਮੰਤ੍ਰੁ**।"

— ਗਉ **੫**, ੧੨੨, ੨ : ੧ (190)

3. ਉਦੇਸ਼, ਗੁਝਾ ਭਾਣਾ

"ਹਰਨ ਭਰਨ ਜਾ ਕਾ ਨੇਤ੍ਰ ਫੋਰੁ।"

"ਤਿਸ ਕਾ **ਮੰਤ੍ਰੁ** ਨ ਜਾਨੈ ਹੋਰੁ।"

— ਗਉ **੫** ਸੁਖ ੧੬, ੨ : ੩; ੪ (284)

4. ਸਲਾਹ

"ਦੁਸਟ ਸਭਾ ਮਹਿ **ਮੰਤ੍ਰੁ** ਪਕਾਇਆ।"

— ਭੈਰ **੩**, ੨੦, ੩ : ੩ (1133)

ਮਥੰ — ਵਿਚਾਰਨ ਨਾਲ, ਵਿਚਾਰਿਆ

"ਗਾਥਾ ਗੁੰਫ ਗੋਪਾਲ ਕਥੰ **ਮਥੰ** ਮਾਨ ਮਰਦਨਹ।"

— ਗਾਥਾ **੫**, ੬ : ੧ (1360)

ਮੰਥ — ਰਿੜਕਨਾ

"ਮਹਾ ਬੀਚਾਰ ਪੰਚ ਦੂਤਹ **ਮੰਥ**।" (ਭਾਵ ਮਾਰ ਦਿੰਦਾ ਹੈ) — ਗੋਂਡ **੫**, ੧੭, ੧ : ੪ (867)

ਮਥਈ — ਮੱਥੇ ਉਪਰ

"ਸੋ ਹਰਿ ਹਰਿ ਨਾਮੁ ਧਿਆਵੈ ਹਰਿ ਜਨੁ ਜਿਸੁ ਬਡਭਾਗ **ਮਥਈ**।"

— ਕਲਿ **੪**, ੪, ੧ : ੧ (1320)

ਮਥਨਿ — ਰਿੜਕਨ

"ਨਾਨਕ ਜਿਉ **ਮਥਨਿ** ਮਧਾਣੀਆ ਤਿਉ ਮਥੇ ਧ੍ਰਮਰਾਇ।" — ਸਲੋ **੫**, ੯ : ੨ (1425)

ਮਥੰਨਿ — ਮਥੇ ਤੇ

"ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ **ਮਥੰਨਿ**।" — ਮਾਝ **੫**, ਬਾਰਾ ੪ : ੯ (134)

ਮਥੰਨੁ — ਮਾਰਿਆ
"ਕੇਸੀ ਕੰਸ **ਮਥੰਨੁ** ਜਿਨਿ ਕੀਆ।"
— ਗੋਂਡ **ਨਾਮ**, ੫, ੪ : ੧ (874)

ਮਥਾ — ਮੱਥਾ, ਮਸਤਕ
"ਹਰਿ ਦਰਗਹ ਨਾਨਕ ਊਜਲ **ਮਥਾ**।"
— ਗਉ **੫**, ਸੁਖ ੧੪, ੨ : ੧੦ (281)
"ਪੂਰੇ ਤੇ ਪਰਧਾਨ ਨਿਵਾਵਹਿ ਪ੍ਰਭ **ਮਥਾ**।" (ਭਾਵ ਸਿਰ) — ਜੈਤ **੫**, ਵਾਰ ੧੪ : ੨ (709)

ਮਥਾਇ — ਮੱਥੇ ਤੇ
"ਜੋ ਬੈਠੇ ਸੇ ਫਾਥਿਆ ਉਬਰੇ ਭਾਗ **ਮਥਾਇ**।"
— ਮਾਰੂ **੫**, ਵਾਰ ਦੱਸ, **੫**, ੨ : ੨ (1097)

ਮਥਾਇਣਾ — ਮੱਥੇ ਤੇ
"ਜਿਸ ਨੋ ਲਾਇ ਲਏ ਸੋ ਸੇਵਕੁ ਜਿਸੁ ਵਡਭਾਗ **ਮਥਾਇਣਾ**।"
— ਮਾਰੂ **੫**, ਸੋਲਾ ੭, ੯ : ੩ (1078)

ਮਥਾਹੜੈ — ਮੱਥੇ ਤੇ
"ਜਿਨਾ ਭਾਗ **ਮਥਾਹੜੈ** ਤਿਨ ਉਸਤਾਦ ਪਨਾਹਿ।"
— ਮਾਰੂ **੫**, ਵਾਰ ਦੱਸ, **੫**, ੧ : ੨ (1096)

ਮਥਾਹਾ — ਰਿੜਕਦਾ ਹੈ
"ਆਪੇ ਸਤਿਗੁਰੁ ਸਮੁੰਦੁ **ਮਥਾਹਾ**।"
— ਜੈਤ **੪**, ੧੦, ੨ : ੨ (699)

ਮਥਾਹਿ — ਮੱਥੇ ਉਪਰ
"ਜਿਨਾ ਭਾਗ **ਮਥਾਹਿ** ਸੇ ਨਾਨਕ ਹਰਿ ਰੰਗੁ ਮਾਣਦੇ।" — ਸਿਰੀ **੫**, ਛੰਤ ੩, ਪ੩ : ੨ (81)

ਮਥਾਣੇ — ਮੱਥੇ ਤੇ
"ਲਾਲਨੁ ਤੈ ਪਾਇਆ ਆਪੁ ਗਵਾਇਆ ਜੈ ਧਨ ਭਾਗ **ਮਥਾਣੇ**।"
— ਜੈਤ **੫**, ਛੰਤ ੧, ੩ : ੩ (704)

ਹੋਰ ਰੂਪ — ਮਥਾਣੈ —
"ਜਿਸੁ ਹੋਵੈ ਭਾਗੁ **ਮਥਾਣੈ**।"
— ਮਾਰੂ **੫**, ੧੭, ੩ : ੬ (1004)

ਮਥਾਨਾ — ਮੱਥੇ ਤੇ
"ਚਾਖਿ ਅਘਾਣੇ ਸਾਰਿਗ ਪਾਣੇ ਜਿਨ ਕੈ ਭਾਗ **ਮਥਾਨਾ**।" — ਰਾਮ **੫**, ਛੰਤ ੧, ੩ : ੪ (924)

ਮਥਾਨਾਨਾ — ਮੱਥੇ ਤੇ
"ਤਿਹ ਬਡ ਭਾਗ ਬਸਿਓ ਮਨਿ ਜਾ ਕੈ ਕਰਮ ਪ੍ਰਧਾਨ **ਮਥਾਨਾਨਾ**।"
— ਗਉ **ਕਬ**, ੭੪, ੩ : ੨ (339)

ਮਥਾਨਿ — ਮਥੇ ਤੇ
"ਲਾਨੋ ਜਿਸੁ **ਮਥਾਨਿ** ਹਾਂ।"
— ਆਸਾ **੫**, ੧੫੮, ੨ : ੧ (409)

ਮਥਾਮ — ਮੱਥੇ ਦੇ
"ਬਡ ਹੋ ਹੋ ਭਾਗ **ਮਥਾਮ**।"
— ਕਾਨ **੪**, ੯, ੧* : ੪ (1297)

ਹੋਰ ਰੂਪ — ਮਥਾਮਾ —
"ਕਹੁ ਨਾਨਕ ਤਿਸੁ ਭਇਓ ਪਰਾਪਤਿ ਜਾ ਕੈ ਲੇਖੁ **ਮਥਾਮਾ**।"
— ਸਾਰ **੫**, ੧੧, ੪ : ੨ (1206)

ਮਥਾਰੀਐ — ਮਥੇ ਉਪਰ
"ਪ੍ਰਭ ਜੀਉ ਤੁਧੁ ਧਿਆਏ ਸੋਇ ਜਿਸੁ ਭਾਗੁ **ਮਥਾਰੀਐ**।" — ਗੂਜ **੫**, ਵਾਰ ੧ : ੭ (518)

ਮਥਿ — 1. ਮਥੇ ਉਤੇ
"ਗੁਰ ਤੇ ਮਹਲੁ ਪਰਾਪਤੇ ਜਿਸੁ ਲਿਖਿਆ ਹੋਵੈ **ਮਥਿ**।" — ਸਿਰੀ **੫**, ੭੬, ੧ : ੩ (44)
2. ਰਿੜਕ ਕੇ
"ਗੁਰ ਸਬਦੀ **ਮਥਿ** ਅੰਮ੍ਰਿਤੁ ਪੀਉ।"
— ਗਉ **੧**, ਅਸ ੧੨, ੭ : ੨ (226)
"ਕਾਸਟ ਮਹਿ ਜਿਉ ਹੈ ਬੈਸੰਤਰੁ **ਮਥਿ** ਸੰਜਮਿ ਕਾਢਿ ਕਢੀਜੈ।" (ਭਾਵ ਨਿਰਨਾ ਕਰਕੇ)
— ਕਲਿ **੪**, ਅਸ ੧, ੧ : ੧ (1323)

ਹੋਰ ਰੂਪ — ਮਥਿਆ —
"ਰਤਨ ਉਪਾਇ ਧਰੇ ਖੀਰੁ **ਮਥਿਆ** ਹੋਰਿ ਭਖਲਾਏ ਜਿ ਅਸੀ ਕੀਆ।" (ਰਿੜਕਿਆ)
— ਆਸਾ **੧**, ੭, ੪ : ੧ (350)
3. ਵੱਟ ਕੇ
"ਖਿੰਥਾ ਗਿਆਨ ਧਿਆਨ ਕਰਿ ਸੂਈ ਸਬਦੁ ਤਾਗਾ **ਮਥਿ** ਘਾਲੈ।" (ਭਾਵ ਵਿਚਾਰਨੇ)
— ਆਸਾ **ਕਬ**, ੭, ੨ : ੧ (477)

ਮਥਿਆ — 1. ਰਿੜਕਿਆ, ਵੇਖੋ 'ਮਥਿ' (2)

ਹੋਰ ਰੂਪ — ਮਥੀਐ —
"ਜਲੁ **ਮਥੀਆ** ਜਲੁ ਦੇਖੀਐ ਭਾਈ ਇਹੁ ਜਗੁ ਏਹਾ ਵਥੁ।"
— ਸੋਰ **੧**, ਅਸ ੨, ੫ : ੨ (635)
2. ਤੋੜਿਆ, ਖਤਮ ਕੀਤਾ

"ਦੁਰਜੋਧਨ ਕਾ **ਮਥਿਆ** ਮਾਨੁ।"

— ਭੈਰ **ਕਬ**, ਅਸ ੨, ੭ : ੪ (1163)

ਮਥੁਰਾ — 1. ਹਿੰਦੂਆਂ ਦੇ ਸਤ ਪਵਿਤਰ ਸਥਾਨਾਂ ਵਿਚੋਂ ਇਕ ਜਮਨਾ ਕਿਨਾਰੇ ਵਸਿਆ ਇਕ ਸ਼ਹਿਰ ਜਿਥੇ ਕ੍ਰਿਸ਼ਨ ਜੀ ਦਾ ਜਨਮ ਹੋਇਆ ਸੀ

"ਤਟ ਤੀਰਥ ਦੇਵ ਦੇਵਾਲਿਆ ਕੇਦਾਰੁ **ਮਥੁਰਾ** ਕਾਸੀ।" — ਮਾਰੂ **੫**, ਵਾਰ ੧੮ : ੧ (1100)

2. ਇਕ ਭੱਟ ਜਿਸ ਦੇ ਸਵਯੈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹਨ।

"**ਮਥੁਰਾ** ਭਨਿ ਭਾਗ ਭਲੇ ਉਨ੍ ਕੇ ਮਨ ਇਛਤ ਹੀ ਫਲ ਪਾਵਨ ਹੈ।"

— ਸਵ **੪**, ਮਥੁ ੩ : ੩ (1404)

ਮਥੇ — 1. ਮਸਤਕ

"ਸਤਗੁਰ ਤੇ ਜੋ ਮੁਹ ਫੇਰਹਿ **ਮਥੇ** ਤਿਨ ਕਾਲੇ।"

— ਸਿਰੀ **੩**, ੪੨, ੩ : ੧ (30)

ਹੋਰ ਰੂਪ — ਮਥੈ —

"ਜੇਹਾ ਬੀਜੈ ਸੋ ਲੁਣੈ **ਮਥੈ** ਜੋ ਲਿਖਿਆਸੁ।" (ਮਥੇ ਉਪਰ ਭਾਵ ਭਾਗਾਂ ਵਿਚ)

— ਮਾਝ **੫**, ਬਾਰ ਮ ੫ : ੪ (134)

"ਗੁਝੜਾ ਲਧਮੁ ਲਾਲੁ **ਮਥੈ** ਹੀ ਪਰਗਟੁ ਥਿਆ।" (ਭਾਗ ਧੁਰੋ ਹੀ ਮਥੇ ਤੋਂ ਹੀ)

— ਮਾਰੂ **੫**, ਵਾਰ ੭ਸ, **੫**, ੩ : ੧ (1096)

2. ਰਿੜਕਦਾ ਹੈ

"ਨਾਨਕ ਜਿਉ ਮਥਨਿ ਮਾਧਾਣੀਆ ਤਿਉ **ਮਥੇ** ਧ੍ਰਮ ਰਾਇ।" — ਸਲੋ **੫**, ੯ : ੨ (1425)

ਹੋਰ ਰੂਪ — ਮਥੈ —

"ਜਲੁ ਬਿਲੋਵੈ ਜਲੁ **ਮਥੈ** ਤਤੁ ਲੋੜੈ ਅੰਧੁ ਅਗਿਆਨਾ।"

— ਮਾਰੂ **੧**, ਅਸ ੧, ੩ : ੧ (1009)

ਮਥੋਰ — ਮਥੇ ਤੇ

"ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ **ਮਥੋਰ**।"

— ਗਉ **੫**, ਬਾਅ ੬ਸ : ੨ (251)

ਹੋਰ ਰੂਪ — ਮਥੋਰਾ —

"ਜਿਤੁ ਗ੍ਰਿਹਿ ਗੁਨ ਗਾਵਤੇ ਹਰਿ ਕੇ ਗੁਨ ਗਾਵਤੇ ਰਾਮ ਗੁਨ ਗਾਵਤੇ ਤਿਤੁ ਗ੍ਰਿਹਿ ਵਾਜੇ ਪੰਚ ਸਬਦ ਵਡ ਭਾਗ **ਮਥੋਰਾ**।" (ਮਥੇ ਤੇ)

— ਸਾਰ **੪**, ੯, ੧ : ੧ (1201)

ਮਥੋਰੀ —

"ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ਸੇ ਸੇਵਕ ਜਿਨ ਭਾਗ **ਮਥੋਰੀ**।" (ਮਥੇ ਤੇ)

— ਗਉ **੫**, ੧੩੪*, ੧ : ੨ (208)

ਮਦ — 1. ਮਾਨ, ਅਹੰਕਾਰ

"ਮਿਰਤਨ ਪਿੰਡਿ ਪਦ **ਮਦ** ਨਾ ਅਹਿਨਿਸਿ ਏਕੁ ਅਗਿਆਨ ਸੁ ਨਾਗਾ।"

— ਸਿਰੀ **ਬੇਣੀ**, ੧, ੧ : ੨ (93)

"ਕਾਮ ਕ੍ਰੋਧ **ਮਦ** ਲੋਭ ਮੋਹ ਦੁਸਟ ਬਾਸਨਾ ਨਿਵਾਰਿ।"

— ਗੂਜ **੫**, ਵਾਰ ੧੯ਸ, **੫**, ੧ : ੧ (523)

2. ਨਸ਼ਾ

"ਅਹੰਬੁਧਿ ਮਾਇਆ **ਮਦ** ਮਾਤੇ।" (ਨਸ਼ੇ)

— ਗਉ **੫**, ਬਾਅ ੧੧ : ੨ (252)

"ਕਮਲਾ ਭ੍ਰਮ ਭੀਤਿ ਕਮਲਾ ਭ੍ਰਮ ਭੀਤਿ ਹੇ ਤੀਖਣ **ਮਦ** ਬਿਪਰੀਤਿ ਹੇ ਅਵਧ ਅਕਾਰਥ ਜਾਤ।"

— ਆਸਾ **੫**, ਛੰਤ ੧੪, ੧ : ੧ (461)

ਮਦੰ — ਮਸਤੀ

"ਭਰਮ ਮੋਹੰ ਮਾਨ ਅਪਮਾਨੰ **ਮਦੰ** ਮਾਯਾ ਬਿਆਪਿਤੰ।" — ਸਸ **੫**, ੪੨ : ੨ (1357)

ਮੰਦ — 1. ਘਟ, ਥੋੜੇ

"ਪਤਿਤ ਪਾਵਨੁ ਨਾਮੁ ਨਰ ਹਰਿ **ਮੰਦ** ਭਾਗੀਆਂ ਨਹੀਂ ਭਾਇਓ।" (ਭਾਵ ਭੈੜੇ)

— ਮਾਲੀ **੪**, ੩, ੩ : ੧ (985)

2. ਭੈੜਾ, ਚੰਦਰਾ

"ਚਰਨ ਕਮਲ ਰਿਦੈ ਧਾਰਿ।"

"ਉਤਰਿਆ ਦੁਖੁ **ਮੰਦ**।"

— ਕਾਨ **੫**, ੩੨, ੧ : ੧; ੨ (1304)

ਮਦਕ — ਨਾਲ, ਨਲਕੀ

"ਮੁਦ੍ਰਾ **ਮਦਕ** ਸਹਜ ਧੁਨਿ ਲਾਗੀ ਸੁਖ ਮਨ ਪੋਚਨਹਾਰੀ ਰੇ।"

— ਰਾਮ **ਕਬ**, ੧, ੨ : ੨ (969)

ਮਦਨ — 1. ਕਾਮ

"ਕਹੈ ਕਬੀਰ **ਮਦਨ** ਕੇ ਮਾਤੇ ਹਿਰਦੈ ਦੇਖੁ ਬੀਚਾਰੀ।" — ਗਉ **ਕਬ**, ੫੮, ੪ : ੧ (336)

"ਇਸੁ ਤਨ ਮਨ ਮਧੇ **ਮਦਨ** ਚੋਰ।" (ਕਾਮਦੇਵ

ਵਰਗੇ) — ਬਸੰ **ਕਬ**, ਪ, ੧ : ੧ (1194)

2. ਅਨੰਦ, ਮਗਨਤਾ ਦੇਣ ਵਾਲਾ, ਮਸਤ ਕਰਨ ਵਾਲਾ

"ਉਨਮਦ ਚਢਾ **ਮਦਨ** ਰਸ ਚਾਖਿਆ ਤ੍ਰਿਭਵਨ ਭਇਆ ਉਜਿਆਰਾ।"

— ਰਾਮ **ਕਬ**, ੨, ੧* : ੨ (969)

3. ਆ ਕਰਸ਼ਕ, ਮੋਹ ਲੈਣ ਵਾਲੀ

"**ਮਦਨ** ਮੂਰਤਿ ਭੈ ਤਾਰਿ ਗੋਬਿੰਦੇ।"

— ਧਨਾ **ਸੈਣ**, ੧, ੪ : ੧ (695)

ਮੰਦਭਾਗੀ — 1. ਭੈੜੇ ਭਾਗਾਂ ਸਦਕਾ

"**ਮੰਦਭਾਗੀ** ਤੇਰੋ ਦਰਸਨੁ ਨਾਹਿ।"

— ਗਉ **ਕਬ**, ੨, ੩ : ੨ (323)

2. ਭੈੜੇ ਭਾਗਾਂ ਵਾਲੇ

"ਓਇ ਫਿਰਿ ਜੋਨਿ ਭਵਾਈਅਹਿ **ਮੰਦਭਾਗੀ** ਮੂੜ ਅਕਰਮਾ।"

— ਬਿਲਾ **੪**, ੨, ੩ : ੨ (799)

ਮਦਮਾਵਤ — ਮਤਵਾਲਾ, ਮਸਤ

"ਸਿਮਰਨੁ ਨਹੀ ਆਵਤ ਫਿਰਤ **ਮਦਮਾਵਤ** ਬਿਖਿਆ ਰਾਤਾ ਸੁਆਨ ਜੈਸੇ।"

— ਬਿਲਾ **੫**, ੧੨੫, ੧ : ੧ (829)

ਮੰਦਰ — 1. ਨਿਵਾਸ ਸਥਾਨ, ਘਰ, ਰਾਜ ਭਵਨ ਜਿਸ ਵਿਚ ਅਨੰਦ ਕੀਤਾ ਜਾਂਦਾ ਹੈ, ਮਹਲ

"ਮੋਤੀ ਤ **ਮੰਦਰ** ਊਸਰਹਿ ਰਤਨੀ ਤ ਹੋਹਿ ਜੜਾਉ।"

— ਸਿਰੀ **੧**, ੧, ੧ : ੧ (14)

"ਰਸੁ ਘੋੜੇ ਰਸੁ ਸੇਜਾ **ਮੰਦਰ** ਰਸੁ ਮੀਠਾ ਰਸੁ ਮਾਸੁ।" — ਸਿਰੀ **੧**, ੪, ੨ : ੨ (15)

"ਗ੍ਰਿਹ **ਮੰਦਰ** ਸੰਪੈ ਜੋ ਦੀਸੈ ਜਿਉ ਤਰਵਰ ਕੀ ਛਾਏ।" (ਮਹਲ)

— ਗਉ **੫**, ੧੫੨*; ੧ : ੨ (272)

"ਜਿਉ **ਮੰਦਰ** ਕਉ ਥਾਮੈ ਥੰਮਨੁ।" (ਮਕਾਨ)

— ਗਉ **੫**, ਸੁਖ ੧੫, ੩ : ੧ (282)

ਹੋਰ ਰੂਪ — ਮੰਦਰਿ —

"**ਮੰਦਰਿ** ਘਰਿ ਆਨੰਦੁ ਹਰਿ ਹਰਿ ਜਸੁ ਮਨਿ ਭਾਵੈ।" (ਮਹਲ)

— ਗਉ **੪**, ੪੬, ੨ : ੧ (166)

"**ਮੰਦਰਿ** ਮੇਰੈ ਸਬਦਿ ਉਜਾਰਾ।" (ਭਾਵ ਹਿਰਦੇ ਵਿਚ) — ਆਸਾ **੫**, ਪ੩, ੩ : ੧ (384)

"**ਮੰਦਰਿ** ਚਰਿ ਕੈ ਪੰਥੁ ਨਿਹਾਰਉ ਨੈਨ ਨੀਰਿ ਭਰਿ ਆਇਓ।" (ਭਾਵ ਕੋਠੇ ਉਪਰ/ਛਤ ਤੇ ਚੜ੍ਹ ਕੇ) — ਸੋਰ **੫**, ੬੧, ੨ : ੨ (624)

"ਬਿਨਸਿਓ ਅੰਧਕਾਰ ਤਿਹ **ਮੰਦਰਿ** ਰਤਨ ਕੋਠੜੀ ਖੁਲੀ ਅਨੂਪਾ।" (ਸਰੀਰ ਰੂਪੀ ਮੰਦਰ) — ਬਿਲਾ **੫**, ੮੨, ੧* : ੨ (821)

2. ਭਾਵ ਸਰੀਰ

"ਆਗਿ ਲਗਾਇ **ਮੰਦਰ** ਮੈ ਸੋਵਹਿ।"

— ਗਉ **ਕਬ**, ੪੪, ੫ : ੨ (332)

3. ਦੇਵ ਸਥਾਨ ਉਹ ਸਥਾਨ ਜਿਥੇ ਦੇਵਤੇ ਦੀ ਮੂਰਤੀ ਸਥਾਪਤ ਕਰਕੇ ਪੂਜਾ ਕੀਤੀ ਜਾਵੇ

"ਥਾਨ ਮੁਕਾਮ ਜਲੇ ਬਿਜ **ਮੰਦਰ** ਮੁਛਿ ਮੁਛਿ ਕੁਇਰ ਰੁਲਾਇਆ।"

— ਆਸਾ **੧**, ਅਸ ੧੨, ੪ : ੨ (418)

ਮੰਦਰੀਆ — ਪਖਾਵਜ, ਢੋਲਕ

"ਮੇਰਾ ਮਨੁ **ਮੰਦਰੀਆ** ਨ ਬਜਾਵੈ।"

— ਆਸਾ **ਕਬ**, ੨੮, ੧* : ੨ (483)

ਮੰਦਰੁ — 1. ਨਿਵਾਸ ਸਥਾਨ, ਘਰ

"ਚੰਦਨੁ ਚੀਤਿ ਵਸਾਇਆ **ਮੰਦਰੁ** ਦਸਵਾ ਦੁਆਰੁ।"

— ਸਿਰੀ **੧**, ਅਸ ੨, ੫ : ੨ (54)

"ਕਬੀਰ ਐਸਾ ਕੋ ਨਹੀ **ਮੰਦਰੁ** ਦੇਇ ਜਰਾਇ।" (ਭਾਵ ਸਰੀਰ ਦੀ ਅਪਣਤ)

— ਸਲੋ **ਕਬ**, ੮੩ : ੧ (1368)

2. ਪੂਜਾ ਸਥਾਨ

"ਸੋ ਸਚੁ **ਮੰਦਰੁ** ਜਿਤੁ ਸਚੁ ਧਿਆਈਐ।"

— ਮਾਝ **੫**, ੪੪, ੧ : ੧ (107)

3. ਮ੍ਰਿਦੰਗ, ਮੰਦਲ, ਢੋਲ

"ਬਜਾਵਨਹਾਰੋ ਕਹਾ ਗਇਓ ਜਿਨਿ ਇਹੁ **ਮੰਦਰੁ** ਕੀਨ੍ਹਾ।"

— ਆਸਾ **ਕਬ**, ੧੮, ੨ : ੧ (480)

ਮਦਰੋ — ਸ਼ਰਾਬ, ਨਸ਼ਾ

"ਪੀਓ **ਮਦਰੋ** ਧਨ ਮਤਵੰਤਾ।"

— ਸੂਹੀ **੫**, ੫, ੨ : ੩ (737)

ਮੰਦਲੁ — ਮ੍ਰਿਦੰਗ, ਇਕ ਪ੍ਰਕਾਰ ਦਾ ਢੋਲ

"**ਮੰਦਲੁ** ਨ ਬਾਜੈ ਨਟੁ ਪੈ ਸੂਤਾ।"

— ਆਸਾ **ਕਬ**, ੧੧, ੧ : ੨ (478)

ਮੰਦਾ — 1. ਬੁਰਾ, ਭੈੜਾ
"ਜਬ ਕਿਸ ਕਉ ਇਹੁ ਜਾਨਸਿ **ਮੰਦਾ**।"
— ਗਉ **੫**, ਅਸ ੧, ੨ : ੧ (235)
"ਸਾਧ ਕੈ ਸੰਗਿ ਨਾਹੀ ਕੋ **ਮੰਦਾ**।" (ਭਾਵ ਨੀਚ)
— ਗਉ **੫**, ਸੁਖ ੭, ੩ : ੫ (271)
2. ਨੀਚ, ਬੁਰਾ
"**ਮੰਦਾ** ਕਿਸੈ ਨ ਆਖਿ ਝਗੜਾ ਪਾਵਣਾ।"
— ਵਡ **੧**, ਛੰਤ ੧, ੩ : ੨ (566)
3. ਬੁਰਾਈ, ਭੈੜਾ ਪਨ
"ਓਇ ਸੇਵਨਿ ਸੰਮ੍ਰਿਥੁ ਆਪਣਾ ਬਿਨਸੈ ਸਭੁ **ਮੰਦਾ**।" — ਗਉ **੫**, ਵਾਰ ੫ : ੨ (319)
"ਕਿਉ ਮਰੈ **ਮੰਦਾ** ਕਿਉ ਜੀਵੈ ਜੁਗਤਿ।"
— ਰਾਮ **੩**, ਵਾਰ ੧੨ਸ, **੧**, ੭ : ੧ (953)

ਮਦਿ — 1. ਨਸ਼ੇ ਵਿਚ
"ਕਾਮ ਕ੍ਰੋਧ **ਮਦਿ** ਬਿਆਪਿਆ ਫਿਰਿ ਫਿਰਿ ਜੋਨੀ ਪਾਇ।" — ਸਿਰੀ **੫**, ੯੧, ੨ : ੩ (50)
2. ਸ਼ਰਾਬ
"ਇਤੁ **ਮਦਿ** ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ।"
— ਬਿਹਾ **੪**, ਵਾਰ ੧੨ਸ, **ਮਰ**, ੨ : ੩ (553)

ਮੰਦਰਿ — ਘਰ,ਨਿਵਾਸ ਸਥਾਨ
"ਸਿਖ ਮਤਿ ਸਭ ਬੁਧਿ ਤੁਮ੍ਹਾਰੀ **ਮੰਦਰਿ** ਛਾਵਾ ਤੇਰੇ।" — ਬਿਲਾ **੧**, ੨, ੩ : ੧ (795)

ਮਦਿਰੰ — ਨਸ਼ਾ
"ਬਿਖਮ ਸਥਾਨ ਮਨ ਮੋਹ **ਮਦਿਰੰ** ਮਹਾਂ ਅਸਾਧ ਪੰਚ ਤਸ ਕਰਹ।"
— ਸਸ **੫**, ੫੮ : ੨ (1359)

ਮੰਦਿਰੁ — ਮੰਦਰ, ਘਰ
"ਬਿਨੁ ਹੀ ਥਾਭਹ **ਮੰਦਿਰੁ** ਥੰਭੈ।"
— ਗਉ **ਕਬ**, ਬਾਅ ੨੩ : ੪ (341)

ਮੰਦੀ — ਮਾੜੀ, ਭੈੜੀ
"ਆਗੈ ਪਾਛੈ **ਮੰਦੀ** ਸੋਇ।"
— ਗਉ **੫**, ੧੬੭, ੩ : ੨ (199)
"ਨਾਨਕ ਨਾਇ ਵਿਸਾਰੀਐ ਸਭ **ਮੰਦੀ** ਰੁਤੇ।"
— ਗਉ **੫**, ਵਾਰ ੧੨ : ੫ (321)

ਮਦੀਰੇ — ਪੈਰਾਂ ਦੇ ਘੁੰਗਰੂ, ਝਾਂਜਰਾ
"ਤਾਲ **ਮਦੀਰੇ** ਘਟ ਕੇ ਘਾਟ।"
— ਆਸਾ **੧**, ੪, ੧ : ੧ (349)

ਮਦੁ — 1. ਸ਼ਰਾਬ
"ਸੰਨ੍ਹੀ ਦੇਨਿ ਵਿਖੰਮ ਥਾਇ ਮਿਠਾ **ਮਦੁ** ਮਾਣੀ।"
— ਗਉ **੪**, ਵਾਰ ੨੭ : ੩ (315)
2. ਨਸ਼ਾ
"ਮਾਇਆ ਕੋ **ਮਦੁ** ਕਹਾ ਕਰਤੁ ਹੈ ਸੰਗਿ ਨ ਕਾਹੂ ਜਾਈ।"
— ਰਾਮ **੯**, ੩, ੩ : ੧ (902)

ਮੰਦੁ — 1. ਭੈੜਾ ਮਨੁੱਖ
"ਸੁਣਿਐ ਮੁਖਿ ਸਾਲਾਹਣ **ਮੰਦੁ**।"
— ਜਪੁ **੧**, ੯ : ੨ (2)
2. ਭੈੜੀ ਸਲਾਹ, ਵਿਕਾਰ ਦੀ ਚਿਤਾਵਨੀ
"ਇਸਤ੍ਰੀ ਪੁਰਖੈ ਅਤਿ ਨੇਹੁ ਬਹਿ **ਮੰਦੁ** ਪਕਾਇਆ।"
— ਸਾਰ **੪**, ਵਾਰ ੩੩ : ੧ (1250)

ਮੰਦੇ — ਭੈੜੇ
"ਓਇ ਵਿਚਾਰੇ ਕਿਆ ਕਰਹਿ ਜਾ ਭਾਗ ਧੁਰਿ **ਮੰਦੇ**।" — ਗਉ **੪**, ਵਾਰ ੧੨ : ੬ (306)

ਮੰਦੇਰੇ — ਮੰਦਾ, ਭੈੜਾ
"ਓਇ ਮਨਮੁਖ ਮੂੜ ਅਗਿਆਨੀ ਕਹੀ ਅਹਿ ਤਿਨ ਮਸਤਕਿ ਭਾਗੁ **ਮੰਦੇਰਾ**।"
— ਟੋਡੀ **੪**, ੧, ੩ : ੨ (711)

ਮੰਦੈ — 1. ਭੈੜੀ ਥਾਂ, ਭੈੜੇ ਪਾਸੇ
"ਓਨ੍ਹੀ **ਮੰਦੈ** ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ।"— ਆਸਾ **੧**, ਵਾਰ ੭ : ੨ (467)
2. ਭੈੜੇ ਨੂੰ
"ਚੰਗੈ ਚੰਗਾ ਕਰਿ ਮੰਨੇ **ਮੰਦੈ** ਮੰਦਾ ਹੋਇ।"
— ਆਸਾ **੧**, ਵਾਰ ੨੧ਸ, **੨**, ੧ : ੩ (474)
3. ਭੈੜੇ ਕੰਮ ਵਿਚ
"ਚੰਗੈ **ਮੰਦੈ** ਆਪਿ ਲਾਇਅਨੁ ਸੋ ਕਰਨਿ ਜਿ ਆਪਿ ਕਰਾਏ ਕਰਤਾਰੁ।"
— ਰਾਮ **੩**, ਵਾਰ ੮ਸ, **੩**, ੨ : ੧੦ (950)

ਮਦੋਨ — ਕਾਮ ਕਰਕੇ
"ਗਰਬੰਤਿ ਨਾਰੀ **ਮਦੋਨ** ਮਤੰ।"
— ਸਸ **੫**, ੬੩ : ੧ (1359)

ਮਧਸੂਦਨ — ਮਧੁ ਦੈਂਤ ਨੂੰ ਮਾਰਨ ਵਾਲਾ, ਵਿਸ਼ਨੂੰ ਭਾਵ ਪ੍ਰਭੂ

"ਕ੍ਰਿਪਾ ਕਰਹੁ **ਮਧਸੂਦਨ** ਮਾਧਉ ਮੈ ਖਿਨੁ ਖਿਨੁ ਸਾਧੂ ਚਰਣ ਪਖਈਆ।"
— ਬਿਲਾ **੪**, ੭, ੧* : ੨ (835)

ਮੰਧਾਹੀ — ਵਿਚੋਂ
"ਤਤ ਸਮਦਰਸੀ ਸੰਤਹੁ ਕੋਈ ਕੋਟਿ **ਮੰਧਾਹੀ**।"
— ਸਿਰੀ **ਪ**, ੯੬, ੨ : ੨ (51)

ਮਧਾਣੁ — ਮਧਾਣਾ
"ਜਿਨਿ ਸਮੁੰਦੁ ਵਿਰੋਲਿਆ ਕਰਿ ਮੇਰੁ **ਮਧਾਣੁ**।"
— ਰਾਮ **ਬਸ**, ਵਾਰ ੬ : ੪ (968)

ਮਧਿ — 1. ਵਿਚ, ਅੰਦਰ
"ਸਭ ਹੀ **ਮਧਿ** ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ।" — ਸਿਰੀ **ਪ**, ੯੭, ੨ : ੨ (51)
"ਸਭ ਕੈ **ਮਧਿ** ਅਲਿਪਤੋ ਰਹੈ।"
— ਗਉ **ਪ**, ਸੁਖ ੨੩, ੬ : ੭ (294)

2. ਵਿਚਕਾਰ, ਅੱਧ ਵਿਚ, ਵਿਚ ਕਾਰਲੇ ਸਮੇਂ
"ਆਦਿ **ਮਧਿ** ਅੰਤਿ ਪ੍ਰਭੁ ਸੋਈ ਅਵਰੁ ਨ ਕੋਇ ਦਿਖਾਲੀਐ ਜੀਉ।"
— ਮਾਝ **ਪ**, ੨੮, ੨ : ੩ (102)
"ਆਦਿ **ਮਧਿ** ਪ੍ਰਭੁ ਅੰਤਿ ਸੁਆਮੀ ਅਪਨਾ ਥਾਟੁ ਬਤਾਇਓ ਆਪਿ।"
— ਬਿਲਾ **ਪ**, ੧੦੫, ੧ : ੧ (825)

3. ਵਿਚੋਂ
"ਕੋਟਿ **ਮਧਿ** ਏਹੁ ਕੀਰਤਨੁ ਗਾਵੈ।"
— ਰਾਮ **ਪ**, ੮, ੪ : ੨ (885)

4. ਵਿਚਕਾਰ ਅੱਧ ਵਿਚ
"**ਮਧਿ** ਭਾਗਿ ਹਰਿ ਪ੍ਰੇਮ ਰਸਾਇਣ।"
— ਭੈਰ **ਪ**, ੭, ੧ : ੨ (1137)
"ਸੁਖ ਲਹਹਿ ਤਿ ਨਰ ਸੰਸਾਰ ਮਹਿ ਅਭੈ ਪਟੁ ਰਿਪ **ਮਧਿ** ਤਿਹ।" (ਵਿਚਕਾਰ ਚਹੁੰਆਂ ਪਾਸਿਓਂ ਘਿਰੇ ਹੋਏ)
— **ਸਵ ੩**, ੧੧ : ੫ (1394)

ਮਧਿਮ — 1. ਵਿਚਕਾਰਲੇ ਮੇਲ ਦੇ
"ਐਜੀ ਨਾ ਹਮ ਉਤਮ ਨੀਚ ਨ **ਮਧਿਮ** ਹਰਿ ਸਰਣਾ ਗਤਿ ਹਰਿ ਕੇ ਲੋਗ।"
— ਗੂਜ **੧**, ਅਸ ੪, ੧ : ੧ (504)

2. ਮੰਦੀ, ਭੈੜੀ ਨੀਚ, ਨੀਵੀਂ,ਮੰਦ
"ਅੰਤਰਿ ਅਗਿਆਨੁ ਭਈ ਮਤਿ **ਮਧਿਮ** ਸਤਿਗੁਰ ਕੀ ਪਰਤੀਤਿ ਨਾਹੀ।"
— ਸੋਰ **੪**, ਵਾਰ ੨੬ਸ, **੪**, ੧ : ੧ (652)
"ਹਮ ਨੀਚ **ਮਧਿਮ** ਕਰਮ ਕੀਏ ਨਹੀ ਚੇਤਿਓ ਹਰਿ ਰਾਇਓ।" (ਨੀਵੇਂ)
— ਮਾਲੀ **੪**, ੩, ੧ : ੧ (985)

ਮਧੁ — 1. ਸ਼ਹਿਦ
"ਜਪੁ ਤਪੁ ਸੰਜਮੁ ਹੋਹਿ ਜਬ ਰਾਖੇ ਕਮਲੁ ਬਿਗਸੈ **ਮਧੁ** ਆਸ੍ਰਮਾਈ।"
— ਸਿਰੀ **੧**, ੨੬, ੨ : ੨ (23)

2. ਇਕ ਦੈਂਤ ਜਿਸਨੂੰ ਵਿਸ਼ਨੂੰ ਨੇ ਮਾਰਿਆ ਸੀ
"**ਮਧੁ** ਸੂਦਨ ਮੇਰੇ ਮਨ ਤਨ ਪ੍ਰਾਨਾ।"
— ਮਾਝ **੪**, ੨, ੧ : ੧ (94)

3. ਮਿਠੀ, ਮਧੁਰ
"ਕਰਨਹੁ **ਮਧੁ** ਬਾਸੁਰੀ ਬਾਜੈ ਜਿਹਵਾ ਧੁਨਿ ਆਗਾਜਾ।" — ਰਾਮ **ਪ**, ੭, ੧ : ੨ (884)

4. ਭੈਰਉ ਰਾਗ ਦੇ ਅਠ ਪੁਤਰਾਂ ਵਿਚੋਂ ਇਕ, ਬਾਕੀ ਸਤ ਹਨ—ਪੰਚਮ, ਹਰਖ ਦਿਸਾਖ, ਬੰਗਾਲਮ, ਮਾਧਵ, ਲਲਤ ਤੇ ਬਿਲਾਵਲ
"ਬੰਗਾਲਮ **ਮਧੁ** ਮਾਧਵ ਗਾਵਹਿ।"
— ਰਾਗ ੧ : ੧੦ (1429)

ਮੰਧੁ — ਭੈੜੇ ਕੰਮ ਭਾਵ ਭੋਗ
"ਇਸਤ੍ਰੀ ਪੁਰਖੈ ਜਾ ਨਿਸਿ ਮੇਲਾ ਓਥੈ **ਮੰਧੁ** ਕਮਾਹੀ।"
— ਮਲਾ **੧**, ਵਾਰ ੨੫ਸ, **੧**, ੨ : ੯ (1290)

ਮਧੁਸੂਦਨ — ਮਧੁ ਦੈਂਤ ਨੂੰ ਮਾਰਨ ਵਾਲਾ ਭਾਵ ਪ੍ਰਮਾਤਮਾ
"**ਮਧੁਸੂਦਨ** ਹਰਿ ਮਾਧੋ ਪ੍ਰਾਨਾ।"
— ਜੈਤ **੪**, ੭, ੩ : ੧ (698)
"ਹਰਿ ਹਰਿ ਕ੍ਰਿਪਾ ਧਾਰਿ **ਮਧੁਸੂਦਨ** ਮਿਲਿ ਸਤਸੰਗਿ ਓਮਾਹਾ ਰਾਮ।"
— ਜੈਤ **੪**, ੧੧, ੧ : ੩ (699)

ਹੋਰ ਰੂਪ — **ਮਧੁਸੂਦਨੁ** —
"ਗੁਰਮੁਖਿ **ਮਧੁਸੂਦਨੁ** ਨਿਸਤਾਰੇ।"
— ਮਾਝ **ਪ**, ੧੩, ੨ : ੧ (98)
"**ਮਧੁਸੂਦਨੁ** ਜਪੀਐ ਉਰਧਾਰਿ।"
— ਭੈਰ **੪**, ੫, ੧* : ੧ (1135)

ਮਧੁਸੂਦਨੋ —

"ਜਪਿ ਮਨ ਮਾਧੋ **ਮਧੁਸੂਦਨੋ** ਹਰਿ ਸ੍ਰੀ ਰੰਗੋ ਪਰਮੇਸਰੋ ਸਤਿ ਪਰਮੇਸਰੋ ਪ੍ਰਭੁ ਅੰਤਰਜਾਮੀ।"

— ਸਾਰ **੪**, ੧੦, ੧* : ੧ (1201)

ਮਧੁਕਰੁ — ਭੌਰਾ

"ਮਨੁ ਸੁ **ਮਧੁਕਰੁ** ਕਰਉ ਚਰਨ ਹਿਰਦੇ ਧਰਉ ਰਸਨ ਅੰਮ੍ਰਿਤ ਰਾਮ ਨਾਮ ਭਾਖਉ।"

— ਧਨਾ **ਰਵਿ**, ੨, ੧ : ੨ (694)

ਮਧੁਕੀਟ — ਮਧੂ ਤੇ ਕੈਟਭ ਦੋ ਦੈਂਤ ਭਰਾ

"ਸਹਸ ਬਾਹੁ **ਮਧੁਕੀਟ** ਮਹਿ ਖਾਸਾ।"

— ਗਉ **੧**, ਅਸ ੯, ੬ : ੧ (224)

ਮਧੁਪ — ਭੌਰਾ, ਸ਼ਹਿਦ ਪੀਣ ਵਾਲਾ

"ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ **ਮਧੁਪ** ਮਖੀਰਾ।" — ਆਸਾ **ਰਵਿ**, ੩, ੨ : ੨ (486)

ਮਧੁਰ — ਮਿਠੀ, ਸੰਗੀਤਮਈ

"**ਮਧੁਰ** ਬਾਨੀ ਪਿਰਹਿ ਮਾਨੀ ਥਿਰੁ ਸੋਹਾਗੁ ਤਾ ਕਾ ਬਣਾ।" — ਆਸਾ ੫, ਛੰਤ ੭, ੨ : ੫ (457)

ਮਧੁਰਾੜੀ — ਮਿਠੀ

"ਤੇਰੀ ਚਾਲ ਸੁਹਾਵੀ **ਮਧੁਰਾੜੀ** ਬਾਣੀ।"

— ਵਡ **੧**, ਛੰਤ ੨, ੮ : ੧ (567)

ਮਧੁਰੀ — ਛੋਟੇ ਕਦ ਵਾਲੀ

"ਲਟੁਰੀ **ਮਧੁਰੀ** ਠਾਕੁਰ ਭਾਈ ਓਹ ਸੁੰਦਰਿ ਹਰਿ ਢੁਲਿ ਮਿਲੀ।" — ਦੇਵ **੪**, ੨, ੧ : ੨ (527)

ਮਧੂਕਰੀ — ਘਰ ਘਰ ਤੋਂ ਮੰਗੀ ਹੋਈ ਰੋਟੀ ਭਿਖਿਆ

"ਤਾ ਤੇ ਭਲੀ **ਮਧੂਕਰੀ** ਸੰਤਸੰਗਿ ਗੁਨ ਗਾਇ।"

— ਸਲੋ **ਕਬ**, ੧੫੦ : ੨ (1372)

ਮਧੂਕੜਉ — ਭੌਰਾ (ਫਕੀਰ ਰੂਪੀ)

"ਅਲਗਉ ਜੋਇ **ਮਧੂਕੜਉ** ਸਾਰੰਗ ਪਾਣਿ ਸਬਾਇ।"

— ਮਾਰੂ **੩**, ਵਾਰ ੧੨ਸ, **੧**, ੨ : ੧ (1090)

ਮਧੇ — 1. ਵਿਚ

"ਸਭ ਕੈ **ਮਧੇ** ਅਲਿਪਤ ਨਿਰਬਾਣੇ।"

— ਮਾਝ **੫**, ੨੭, ੩ : ੨ (102)

ਹੋਰ ਰੂਪ — ਮੰਧੇ —

"ਦੁਕ੍ਰਿਤ ਸੁਕ੍ਰਿਤ **ਮੰਧੇ** ਸੰਸਾਰੁ ਸਗਲਾਣਾ।" (ਵਿਚ) — ਸਿਰੀ **੫**, ੯੬, ੧ : ੧ (51)

ਮਧੁ —

"ਸੁੰਦਰ ਮੰਦਰ ਸੈਣਹ ਜੇਣ **ਮਧੁ** ਹਰਿ ਕੀਰਤਨਹ।" (ਵਿਚ)

— ਗਾਥਾ **੫**, ੧੨ : ੧ (1360)

2. ਵਿਚੋਂ

"ਕੋਟਿ **ਮਧੇ** ਕਿਨੈ ਗੁਰਮੁਖਿ ਲਹਿਓ।"

— ਗਉ **੫**, ਅਸ ੧੩, ੩ : ੨ (241)

ਮਧੰਤ — (ਮਧ+ਅੰਤ) ਵਿਚਕਾਰਲੀ ਉਮਰ ਤੇ ਅੰਤਲੀ ਉਮਰ

"ਸ੍ਰਸਤਿ ਬਿਵਸਥਾ ਹਰਿ ਕੀ ਸੇਵਾ **ਮਧੰਤ** ਪ੍ਰਭ ਜਾਪਣ।" — ਧਨਾ **੫**, ੪੯, ੨ : ੧ (682)

ਮਨ — 1. ਹਿਰਦਾ, ਦਿਲ

"ਜਿਨ ਕੇ ਰਾਮੁ ਵਸੈ **ਮਨ** ਮਾਹਿ।"

— ਜਪੁ **੧**, ੩੭ : ੮ (8)

"ਸਗਲ ਰੂਪ ਵਰਨ **ਮਨ** ਮਾਹੀ।"

— ਗਉ **੧**, ਅਸ ੫, ੯ : ੧ (223)

('ਮਹਾਨਕੋਸ਼' ਵਿਚ ਇਥੇ ਅਰਥ 'ਮਨੁੱਖ' ਕੀਤਾ ਗਿਆ ਹੈ।)

"**ਮਨ** ਮੇਰੇ ਗੁਰ ਕੀ ਮੰਨਿ ਲੈ ਹਜਾਇ।"

— ਸਿਰੀ **੩**, ੬੦, ੧* : ੧ (37)

(ਇਥੇ ਮਹਾਨ ਕੋਸ਼ ਅਰਥ ਅੰਤਹ ਕਰਣ ਕਰਦਾ ਹੈ)

"ਸੁਣਿ **ਮਨ** ਮੰਨਿ ਵਸਾਇ ਤੂੰ ਆਪੇ ਆਇ ਮਿਲੈ ਮੇਰੇ ਭਾਈ।"

— ਆਸਾ **੩**, ੨੭, ੧ : ੧ (425)

(ਮਹਾਨਕੋਸ਼ ਇਥੇ ਅਰਥ 'ਮਨੁੱਖ' ਕਰਦਾ ਹੈ)

"ਤੁਮ੍ਰੀ ਟੇਕ ਪੂਰੇ ਮੇਰੇ ਸਤਿਗੁਰ **ਮਨ** ਸਰਨਿ ਤੁਮ੍ਾਰੈ ਪਰੀ।"

— ਗੂਜ **੫**, ੧੮, ੨ : ੧ (499)

(ਮਹਾਨ ਕੋਸ਼ ਅਰਥ 'ਮੈਂ' ਕਰਦਾ ਹੈ।)

"**ਮਨ** ਮਹਿ ਮਨੂਆ ਚਿਤ ਮਾਹਿ ਚੀਤਾ।"

— ਬਸੰ **੧**, ਅਸ ੪, ੫ : ੩ (1189)

(ਮਹਾਨਕੋਸ਼ ਇਥੇ ਮਨ ਨੂੰ 'ਮੰਨਨੇ ਦਾ ਸੰਖੇਪ ਰੂਪ ਮੰਨਦਾ ਹੈ ਅਤੇ ਅਰਥ ਕਰਦਾ ਹੈ' ਮੰਨਨ ਵਿਚ ਮਨ ਤੇ ਚਿੰਤਨ ਵਿਚ ਚਿਤਾ।)

ਹੋਰ ਰੂਪ — ਮੰਨ —

"ਲਗੜਾ ਸੋ ਨੇਹੁ **ਮੰਨ** ਮਝਾਹੂ ਰਤਿਆ।" (ਮਨ ਨੂੰ)

— ਜੈਤ **੫**, ਵਾਰ ੧੧ਸ, **੫**, ੨ : ੧ (708)

2. ਨਾ, ਮਨ
"**ਮਨ** ਅਸਵਾਰ ਜੈਸੇ ਤੁਰੀ ਸੀਗਾਰੀ।" (ਭਾਵ ਅਨਾੜੀ ਅਸਵਾਰ)
— ਗਉ **੫**, ੧੬੦, ੧ : ੧ (198)
(ਖਿਆਲੀ ਅਸਵਾਰ, ਸ਼ਬਦਾਰਥ)
3. ਹੇ ਮਨ
"**ਮਨ** ਹਰਿ ਕੀਰਤਿ ਕਰਿ ਸਦਹੂੰ। "
— ਦੇਵ **੫**, ੪, ੧* : ੧ (529)
ਹੋਰ ਰੂਪ — ਮੰਨ —
"ਸੁਣਿ ਮੂਰਖ **ਮੰਨ** ਅਜਾਣਾ।" (ਹੇ ਅੰਞਾਣ ਮਨ) — ਗਉ **੧**, ੧੩, ੬ : ੧ (155)
4. ਜੀਵਾਤਮਾ
"ਇਸੁ **ਮਨੁ** ਕਉ ਨਹੀ ਆਵਨ ਜਾਨਾ।"
— ਗਉ **ਕਬ**, ਅਸ ੩੬, ੬ : ੧ (330)
"**ਮਨ** ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ।"
— ਆਸਾ **੩**, ਛੰਤ ੭, ੫ : ੧ (441)
5. ਤੋਲ ਦੀ ਪੁਰਾਣੇ ਸਮੇਂ ਦੀ ਇਕ ਇਕਾਈ, ਮਣ, 40 ਸੇਰ,
"**ਮਨ** ਦਸ ਨਾਜੁ ਟਕਾ ਚਾਰਿ ਗਾਂਠੀ ਐਂਡੋ ਟੇਢੌ ਜਾਤੁ।" — ਸਾਰ **ਕਬ**, ੧, ੧* : ੨ (1251)
6. ਮੈਂ
"ਕਾਲੁਬਿ ਅਕਲ **ਮਨ** ਗੋਰ ਨ ਮਾਨੀ।"
"**ਮਨ** ਕਮੀਨ ਕਮਤਰੀਨ ਤੂ ਦਰੀਆਉ ਖੁਦਾਇਆ।"
— ਮਲਾ **੧**, ਵਾਰ ੧੭ਸ, **੧**, ੨ : ੨; ੩ (1291)

ਮਨੰ — 1. ਮੰਨ ਜਾਣਾ
"ਗੁਰਮਤਿ ਨਿਹਚਲ ਮਨਿ ਮਨੁ **ਮਨੰ** ਸਹਜ ਬੀਚਾਰੰ।" — ਗੂਜ **੧**, ਅਸ ੫, ੬ : ੧ (505)
2. ਮਨ ਵਿਚ
"ਲਬ ਲੋਭ ਲਹਰਿ ਨਿਵਾਰਣੰ ਹਰਿ ਨਾਮ ਰਾਸਿ **ਮਨੰ**।" — ਗੂਜ **੧**, ਅਸ ੫, ੮ : ੧ (506)

ਮਨਉ — ਮੰਨ ਦਾ ਹੋਵਾਂ, ਸਵੀ ਕਾਰਦਾ ਹੋਵਾ
"ਆਨ **ਮਨਉ** ਤਉ ਪਰ ਘਰ ਜਾਉ।"
— ਗਉ **੧**, ੮, ੪ : ੧ (153)

ਮਨਈ — ਮੰਨ ਲੈਂਦੇ ਹਨ
"ਧਨਵੰਤਾ ਅਰੁ ਨਿਰਧਨ **ਮਨਈ** ਤਾ ਕੀ ਕਛੂ ਨ ਕਾਨੀ ਰੇ।" — ਬਿਲਾ **ਕਬ**, ੧, ੨ : ੧ (855)
ਹੋਰ ਰੂਪ — ਮੰਨਈ —
"ਨਾਨਕ ਹੁਕਮੁ ਨ **ਮੰਨਈ** ਤਾ ਘਰ ਹੀ ਅੰਦਰਿ ਦੂਰਿ।" (ਮੰਨਦੇ)
— ਗੂਜ **੩**, ਵਾਰ ੬ਸ, **੩**, ੧ : ੨ (510)

ਮਨਸਾ — 1. ਇਛਾ, ਕਾਮਨਾ,ਇਰਾਦਾ
"ਸਤਿਗੁਰ ਕੈ ਬਲਿਹਾਰਣੈ **ਮਨਸਾ** ਸਭ ਪੂਰੇਵ।"
— ਸਿਰੀ **੫**, ੭੫, ੩ : ੪ (44)
"**ਮਨਸਾ** ਧਾਰਿ ਜੋ ਘਰ ਤੇ ਆਵੈ।"
— ਮਾਝ **੫**, ੩੨, ੨ : ੧ (103)
"ਸਬਦੁ ਸੂਝੈ ਤਾ ਮਨ ਸਿਉ ਲੂਝੈ **ਮਨਸਾ** ਮਾਰਿ ਸਮਾਵਣਿਆ।" (ਖਾਹਿਸ਼ਾਂ)
— ਮਾਝ **੩**, ਅਸ ੭, ੧* : ੨ (113)
"ਜਮਕਾਲੁ ਸਿਰਹੁ ਨ ਉਤਰੈ ਤ੍ਰਿਬਿਧਿ **ਮਨਸਾ**।" (ਲਾਲਸਾ, ਵਾਸਨਾ)
— ਮਾਝ **੧**, ਵਾਰ ੫ : ੫ (140)
2. ਭਾਵਨੀ, ਮਨ ਦਾ ਭਾਵ
"ਜੇਹੀ **ਮਨਸਾ** ਕਰਿ ਲਾਗੈ ਤੇਰਾ ਫਲੁ ਪਾਂਏ।"
— ਮਾਝ **੩**, ਅਸ ੧੨, ੨ : ੨ (116)
"ਜੈਸੀ ਆਸਾ ਤੈਸੀ **ਮਨਸਾ** ਪੂਰਿ ਰਹਿਆ ਭਰਪੂਰੇ।"
— ਸੂਹੀ **੧**, ਛੰਤ ੧, ੨ : ੪ (763)
(ਮਹਾਨਕੋਸ਼ ਇਥੇ ਅਰਥ ਸੰਗਤ ਕਰਦਾ ਹੈ)
"ਫੂਟੈ ਖਪਰੁ ਦੁਬਿਧਾ **ਮਨਸਾ**।" (ਭਾਵ ਵਾਸ਼ਨਾ)
— ਬਿਲਾ **੧**, ਥਿਤੀ ੨੦ : ੪ (840)
3. ਸਮਝ, ਬੁੱਧੀ
"ਸੁਕ੍ਰਿਤ **ਮਨਸਾ** ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ।"
— ਆਸਾ **ਨਾਮ**, ੧, ੩ : ੨ (485)
"ਮਨ ਕਾ ਕਹਿਆ **ਮਨਸਾ** ਕਰੈ।"
— ਬਿਲਾ **੧**, ਅਸ ੨, ੧ : ੧ (832)
(ਮਹਾਨਕੋਸ਼ ਇਥੇ ਅਰਥ ਮਨਖ ਕਰਦਾ ਹੈ)
4. ਮਨ ਦੀ ਚਾਹ
"**ਮਨਸਾ** ਕਰਿ ਸਿਮਰੰਤ ਤੁਝੈਨਰ ਕਾਮੁ ਕ੍ਰੋਧੁ ਮਿਟਿਅਉ ਜੁ ਤਿਣੰ।"
— ਸਵ **੪**, ਬਲ ੪ : ੧ (1405)

ਮਨਹਠ — ਮਨ ਦਾ ਹਠ, ਮਨ ਦਾ ਸਿਰੜ, ਮਨ ਦੀ ਜ਼ਿਦ, ਆਪ ਹੁਦਰੀ
"**ਮਨਹਠ** ਬੁਧੀ ਕੇਤੀਆ ਕੇਤੇ ਬੇਦ ਬੀਚਾਰੁ।"

— ਸਿਰੀ **੧**, ਅਸ ੧੪, ੫ : ੧ (62)

ਹੋਰ ਰੂਪ — ਮਨਹਠਿ —

"**ਮਨਹਠਿ** ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ।" (ਮਨ ਹਠ ਬੁੱਧ ਨਾਲ)

— ਸਿਰੀ **੧**, ੧੬, ੧ : ੩ (20)

"**ਮਨਹਠਿ** ਕਿਨੈ ਨ ਪਾਇਆ ਕਰਿ ਉਪਾਵ ਥਕੇ ਸਭੁ ਕੋਇ।" (ਮਨ ਦੀ ਜ਼ਿਦ ਨਾਲ)

— ਸਿਰੀ **੪**, ੬੫, ੩ : ੧ (39)

ਮਨਹਿ — 1. ਮਨ ਵਿਚ, ਹਿਰਦੇ ਵਿਚ

"ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ **ਮਨਹਿ** ਬਸੇਰਾ।"

— ਗਉ **੫**, ਸੋਹ ੫, ੩ : ੧ (13)

"**ਮਨਹਿ** ਕਮਾਵੈ ਮੁਖਿ ਹਰਿ ਹਰਿ ਬੋਲੈ।" (ਮਨ ਨਾਲ, ਦਿਲ ਲਾ ਕੇ)

— ਗਉ **੫**, ੧੧੨, ੨ : ੧ (189)

2. (ਅ. ਮਨਹ) ਵਰਜੇ, ਦੂਰ ਕਰੇ, ਰੋਕੇ

"ਆਪੇ ਦੁਰਮਤਿ **ਮਨਹਿ** ਕਰੇਇ।"

— ਆਸਾ **੧**, ੩, ੩ : ੨ (349)

"ਭਾਣੈ ਭੋਗ ਭੋਗਾਇਦਾ ਭਾਣੈ **ਮਨਹਿ** ਕਰੇਇ।"

— ਰਾਮ **੫**, ਵਾਰ ੧੨ਸ, **੫**, ੨ : ੬ (963)

3. ਮਨ ਦੁਆਰਾ, ਮਨ ਰਾਹੀ

"ਨਾਮੁ ਪ੍ਰਭੂ ਕਾ **ਮਨਹਿ** ਅਰਾਧਾ।"

— ਆਸਾ **੫**, ੬੯, ੩ : ੨ (388)

"**ਮਨਹਿ** ਅਰਾਧਿ ਸੋਇਹਾ।"

— ਆਸਾ **੫**, ੧੬੨, ੨ : ੪ (410)

4. ਮਨ ਨੂੰ ਹੀ

"ਜੋ ਦੇਇ ਸਹਣਾ **ਮਨਹਿ** ਕਹਣਾ ਆਖਿ ਨਾਹੀ ਵਾਵਣਾ।"

— ਵਡ **੧**, ਛੰਤ ੧, ੩ : ੫ (566)

"ਅਨਿਕ ਬਾਰ ਕਰਉ ਤਿਹ ਬੰਦਨ **ਮਨਹਿ** ਚਰ੍ਹਾਵਉ ਧੂਪ।" (ਮਨ ਨੂੰਹ/ਧੂਪ ਬਣਾ ਚੜ੍ਹਾ ਦੇਣਾ) — ਜੈਤ **੫**, ੮, ੧ : ੨ (701)

5. ਮਨਦਾ

"ਪ੍ਰਾਨ ਪਿਆਰੋ **ਮਨਹਿ** ਅਧਾਰੋ ਚੀਤਿ ਚਿਤਵਉ ਜੈਸੇ ਪਾਨ ਤੰਬੋਲੀ।"

— ਬਿਲਾ **੫**, ੮੯, ੧ : ੨ (822)

ਮੰਨਹਿ — ਮੰਨੇ, ਪਰਵਾਨ ਕਰੇ

"ਹੁਕਮੁ **ਮੰਨਹਿ** ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ।" — ਵਡ **੩**, ੯, ੧* : ੨ (560)

ਮਨਹੁ — ਮਨ ਅੰਦਰੋਂ, ਦਿਲੋਂ, ਮਨ ਤੇ

"ਕੀੜੀ ਤੁਲਿ ਨ ਹੋਵਨੀ ਜੇ ਤਿਸੁ **ਮਨਹੁ** ਨ ਵੀਸਰਹਿ।" — ਜਪੁ **੧**, ੨੩ : ੪ (5)

"ਸਖੀ ਕਹਨਿ ਅਰਦਾਸਿ **ਮਨਹੁ** ਪਿਆਰੀਆ।"

— ਮਾਝ **੧**, ਵਾਰ ੨੨ : ੬ (148)

ਮਨਹੁਚਿੰਦਿਆ — ਮਨ ਇਛਤ

"ਹਰਿ ਕੀ ਸੇਵਾ ਤੇ **ਮਨਹੁਚਿੰਦਿਆ** ਫਲੁ ਪਾਈਐ ਦੂਜੀ ਸੇਵਾ ਜਨਮੁ ਬਿਰਥਾ ਜਾਇ ਜੀ।"

— ਗੂਜ **੩**, ੪, ੧* : ੨ (490)

ਮਨਕਾਮਨਾ — ਮਨ ਦੀ ਇਛਾ

"**ਮਨਕਾਮਨਾ** ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ।" — ਸੋਰ **੫**, ਅਸ ੩੩ : ੧ (642)

ਮਨਚਿੰਦਿਅੜਾ — ਮਨ ਇਛਤ, ਮਨ ਮੰਗਿਆ

"**ਮਨਚਿੰਦਿਅੜਾ** ਫਲੁ ਪਾਇਆ ਹਰਿ ਪ੍ਰਭੁ ਗੁਣ ਨਾਨਕ ਬਾਣੀ ਬੋਲੇ ਰਾਮ।"

— ਬਿਹਾ **੪**, ਛੰਤ ੧, ੧ : ੪ (538)

ਹੋਰ ਰੂਪ — ਮਨਚਿੰਦਿਆ —

"**ਮਨਚਿੰਦਿਆ** ਫਲੁ ਪਾਇਆ।" (ਮਨ ਭਾਉਂਦਾ, ਮਨ ਵਿਚ ਚਿਤਵਿਆ)

— ਸੋਰ **੫**, ੬੯, ੧ : ੩ (626)

ਮਨਚਿੰਦੇ —

"**ਮਨਚਿੰਦੇ** ਸਗਲੇ ਫਲ ਪਾਵਹੁ ਜੀਅ ਕੈ ਸੰਗਿ ਸਹਾਈ।" (ਮਨ ਭਾਉਂਦੇ)

— ਸੋਰ **੫**, ੫੯, ੧* : ੨ (623)

ਮੰਨਣਾ — ਮੰਨਣ ਯੋਗ

"ਜਿਨਿ ਕੀਤੀ ਸੋ **ਮੰਨਣਾ** ਕੋ ਸਾਲੁ ਜਿਵਾਹੇ ਸਾਲੀ।"

— ਰਾਮ **ਬਸ**, ਵਾਰ ੩ : ੧ (967)

ਮੰਨਣੁ — ਮੰਨਣਾ, ਵਿਸ਼ਵਾਸ਼ ਲਿਆਉਣਾ

"ਤੁਧਨੋ ਨਿਵਣੁ **ਮੰਨਣੁ** ਤੇਰਾ ਨਾਉ।"

— ਰਾਮ **੧**, ੮, ੧ : ੧ (878)

ਹੋਰ ਰੂਪ — ਮੰਨਨਿ —

"ਅਠੇ ਪਹਰ ਇਕਤੈ ਲਿਵੈ **ਮੰਨਨਿ** ਹੁਕਮੁ ਅਪਾਰੁ।" (ਮੰਨਦੇ ਹਨ)

— ਰਾਮ **੫**, ਵਾਰ ੬ਸ, **੫**, ੨ : ੬ (959)

(ਸ਼ਬਦਾਰਥ ਦੀਆਂ ਕਈ ਛਾਪਾਂ ਵਿਚ ਇਹ ਸ਼ਬਦ ਮੰਨੇਨਿ ਹੈ)

ਮਨਬਾਂਛਤ — ਮਨ ਚਾਹਤ

"**ਮਨ ਬਾਛਤ** ਫਲ ਪਾਏ ਸਗਲੇ ਕੁਦਰਤਿ ਕੀਮ ਅਪਾਰਗਿ।"

— ਸੂਹੀ **੫**, ਛੰਤ ੬, ੩ : ੫ (781)

ਮਨਮਕਰੰਦ — ਮਨ ਦਾ ਸ਼ਹਿਦ, ਭਾਵ ਮਨ ਲਈ ਐਸੀ ਖਿਚ ਵਾਲਾ ਜਿਵੇਂ ਮਖੀ ਲਈ ਸ਼ਹਿਦ ਦੀ ਹੁੰਦੀ ਹੈ।

"ਕਾਮ ਕ੍ਰੋਧ ਹਰਨ ਮਦਮੋਹ ਦਹਨ ਮੁਰਾਰਿ **ਮਨਮਕਰੰਦ**।"

— ਗੂਜ **੫**, ਅਸ **੨**, ੨ : ੧ (508)

(ਦਰਪਣ 'ਮਨ ਨੂੰ ਸੁਗੰਧੀ' ਦੇਣ ਵਾਲੇ ਅਰਥ ਕਰਦਾ ਹੈ)

ਮਨਮਤਿ — ਮਨ ਦੀ ਇਛਾ

"**ਮਨਮਤਿ** ਹਉਲੀ ਬੋਲੇ ਬੋਲੁ।"

— ਗਉ **੧**, ੧, ੧ : ੨ (151)

ਮਨ ਮੰਦਰ — ਭਾਵ ਸਰੀਰ

"ਇਸੁ **ਮਨ ਮੰਦਰ** ਮਹਿ ਮਨੂਆ ਧਾਵੈ।"

— ਮਾਰੂ **੩**, ਸੋਲਾ ੧੬, ੨ : ੧ (1060)

ਮਨਮੁਖ — 1. ਮਨ ਦੀ ਇਛਾ ਅਨੁਸਾਰ ਚਲਣ ਵਾਲੇ, ਮਨਮਤੀ, ਆਪਹੁਦਰੇ

"**ਮਨਮੁਖ** ਗੁਣ ਤੈ ਬਾਹਰੇ ਬਿਨੁ ਨਾਵੈ ਮਰ ਦੇਝੂਰਿ।"

— ਸਿਰੀ **੩**, ੩੨, ੨ : ੪ (27)

ਹੋਰ ਰੂਪ — ਮਨਮੁਖਾ —

"ਬਿਨੁ ਸਬਦੈ ਜਗੁ ਦੁਖੀਆ ਫਿਰੈ **ਮਨਮੁਖਾ** ਨੋ ਗਈ ਖਾਇ।" (ਮਨਮੁਖ ਦਾ ਬਹੁਵਚਨ)

— ਸਿਰੀ **੩**, ਅਸ ੨੧, ੪ : ੨ (67)

ਮਨਮੁਖਿ —

"ਦੇਖਾ ਦੇਖੀ ਸਭ ਕਰੇ **ਮਨਮੁਖਿ** ਬੂਝ ਨ ਪਾਇ।" (ਆਪ ਹੁਦਰੇ/ਮਨ ਦੀ ਇਛਾ ਅਨੁਸਾਰ ਤੁਰਨ ਵਾਲਾ

— ਸਿਰੀ **੩**, ੩੨, ੫ : ੧ (28)

2. ਗੁਰ ਮੁਖ ਤੋਂ ਉਲਟ ਵੇਮੁਖ

"ਗੁਰਮੁਖਿ ਲਾਹਾ ਲੈ ਗਏ **ਮਨਮੁਖ** ਚਲੇ ਮੂਲੁ ਗਵਾਇ ਜੀਉ।"

— ਸਿਰੀ **੫**, ਅਸ ੨੯, ੧੯ : ੩ (74)

ਹੋਰ ਰੂਪ — ਮਨਮੁਖਿ —

"ਗੁਰਮੁਖਿ ਲਾਧਾ **ਮਨਮੁਖਿ** ਗਵਾਇਆ।" (ਗੁਰੂ ਤੋਂ ਬੇਮੁਖ)

— ਆਸਾ **੪**, ਸੋਪੁ ੨, ੧ : ੩ (11)

ਮਨਮੁਖੀ —

"**ਮਨਮੁਖੀ** ਮਨਹਠਿ ਹਾਰਿਆ ਕੂੜੁ ਕੁਸਤੁ ਕਮਾਇ।" (ਮਨਮੁਖਾਂ ਨੇ)

— ਸਿਰੀ **੪**, ਵਾਰ ੧੨ਸ, **੩**, ੨ : ੯ (87)

"ਸਬਦੁ ਸਾਚਾ ਗੁਰਿ ਦਿਖਾਇਆ **ਮਨਮੁਖੀ** ਪਛੁਤਾਣੀਆ।"

— ਗਉ **੧**, ਛੰਤ ੧, ੩ : ੩ (242)

"**ਮਨਮੁਖੀ** ਦੁਹਾਗਣਿ ਨਹਹਿ ਭੇਉ।" (ਮਨ ਮੁਖਤਾ ਵਾਲੀ)

— ਬਸੰ **੧**, ੬, ੨ : ੧ (1170)

ਮਨਮੁਖੀਆ —

"**ਮਨਮੁਖੀਆ** ਸਿਰਿ ਮਾਰ ਵਾਦਿ ਖਪਾਈਐ।" (ਆਪਣੀ ਮਤ ਅਨੁਸਾਰ ਚਲਣ ਵਾਲਿਆਂ ਦੇ) — ਆਸਾ **੧**, ਅਸ ੧੬, ੭ : ੧ (420)

ਮਨਮੁਖੁ —

"ਗੁੜੁ ਮਿਠਾ ਮਾਇਆ ਪਸਰਿਆ **ਮਨਮੁਖੁ** ਲਗਿ ਮਾਖੀ ਪਚੈ ਪਚਾਇ।" (ਬੇਮੁਖ)

— ਸਿਰੀ **੪**, ੭੦, ੧ : ੩ (41)

ਮਨਮੁਖੋ —

"ਨਾਨਕ ਸਤਿਗੁਰ ਬਾਝੁ ਮੂਠਾ **ਮਨਮੁਖੋ** ਅਹੰਕਾਰੀ।"

— ਆਸਾ **੫**, ਛੰਤ ੧੧, ੩ : ੬ (460)

ਮਨਮੋਹਨ — 1. ਮਨ ਨੂੰ ਚੰਗਾ ਲਗਨ ਵਾਲਾ, ਮਨ ਨੂੰ ਜਿਤ ਲੈਣ ਵਾਲਾ

"ਅਤਿ ਸੁੰਦਰ **ਮਨਮੋਹਨ** ਪਿਆਰੇ ਸਭਹੂ ਮਧਿ ਨਿਰਾਰੇ।" — ਦੇਵ **੫**, ੨੯, ੧* : ੨ (534)

ਹੋਰ ਰੂਪ — ਮਨਮੋਹਨਾ —

ਅਤਿ ਪ੍ਰੀਤਮ **ਮਨਮੋਹਨਾ** ਘਟ ਸੋਹਨਾ ਪ੍ਰਾਨ ਅਧਾਰਾ ਰਾਮ।

— ਬਿਹਾ **੫**, ਛੰਤ ੨, ੧ : ੧ (542)

2. ਮਨਮੋਹ ਲੈਣ ਵਾਲਾ ਪ੍ਰਭੂ

"ਜਪਿ ਮਨ ਜਗੰਨਾਥ ਜਗਦੀਸਰੋ ਜਗਜੀਵਨੋ **ਮਨਮੋਹਨ** ਸਿਉ ਪ੍ਰੀਤਿ ਲਾਗੀ ਮੈ ਹਰਿ ਹਰਿ ਹਰਿ ਟੇਕ ਸਭ ਦਿਨਸੁ ਸਭ ਰਾਤਿ।"

— ਸਾਰ **੪**, ੮, ੧*;੧ (1200)

ਮਨਰੰਜਨ — ਮਨ ਨੂੰ ਖੁਸ਼ ਕਰਨ ਵਾਲੀ

"ਮੁਕਤਿ ਮਾਲ ਕਨਿਕ ਲਾਲ ਹੀਰਾ **ਮਨ ਰੰਜਨ** ਕੀ ਮਾਇਆ।" — ਜੈਤ **੫**, ੧, ੨ : ੧ (700)

ਮਨਾ — 1. ਹੇ ਮਨ
"ਮਨ ਏਕੁ ਨ ਚੇਤਸਿ ਮੂੜ **ਮਨਾ**।"
— ਆਸਾ **੧**, ਸੋਪੁ ੩, ੧* : ੧ (12)

ਹੋਰ ਰੂਪ — ਮਨਾਂ —
"ਪਾਰਬ੍ਰਹਮ ਕਉ ਸਿਮਰਹੁ **ਮਨਾਂ**।" (ਹੇ ਮਨ)
— ਕਾਨ **੫**, ੨੮, ੨ : ੧ (1303)

2. ਮਨ ਅੰਦਰ, ਮਨ ਵਿਚ
"ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ **ਮਨਾ**।" — ਮਾਝ **੫**, ਬਾਰਾ ੨ : ੮ (133)
"ਜਪਸਿ ਨਿਰੰਜਨੁ ਰਚਸਿ **ਮਨਾ**।" (ਮਨ ਨਾਲ, ਮਨ ਲਾ ਕੇ)
— ਗਉ **੧**, ੧੫, ੩* : ੧ (156)

ਮਨਾਇ — 1. ਰਜ਼ਾਮੰਦ ਕਰਨਾ, ਖੁਸ਼ ਕਰਨਾ, ਪ੍ਰਸੰਨ ਕਰਨਾ
"ਸੁਣਿ ਸਖੀਏ ਮਿਲਿ ਉਦਮੁ ਕਰੇਹਾ **ਮਨਾਇ** ਲੈਹਿ ਹਰਿ ਕੰਤੈ।"
— ਗਉ **੫**, ਛੰਤ ੪, ੧ : ੨ (249)

2. ਮਨਾਉਂਦਾ/ਮਹਿਸੂਸ ਕਰਦਾ ਹੈ
"ਮਨ ਹਠਿ ਜਿਸ ਤੇ ਮੰਗਣਾ ਲੈਣਾ ਦੁਖੁ **ਮਨਾਇ**।"
— ਵਡ **੪**, ਵਾਰ ੪ਸ, **੩**, ੧ : ੪ (587)

ਹੋਰ ਰੂਪ — ਮਨਾਇਓ —
"ਚਰਨ ਕਮਲ ਸਿਉ ਭਾਉ ਨ ਕੀਨੋ ਨਹ ਸਤ ਪੁਰਖੁ **ਮਨਾਇਓ**।"
— ਟੋਡੀ **੫**, ੩, ੨ : ੧ (712)

ਮਨਾਇਓਨੁ — ਪਰਵਾਨ ਕਰਵਾਉਣਾ, ਮਨਜ਼ੂਰ ਕਰਵਾਉਣਾ
"ਜਿਨਾ ਹੁਕਮੁ **ਮਨਾਇਓਨੁ** ਤੇ ਪੂਰਾ ਸੰਸਾਰਿ।"
— ਗੂਜ **੩**, ਵਾਰ ੧੦ : ੧ (512)

ਹੋਰ ਰੂਪ — ਮਨਾਇਆ —
"ਹੁਕਮੁ ਜਿਨਾ ਨੋ **ਮਨਾਇਆ**।" (ਪਰਵਾਨ ਕਰਵਾਇਆ)
— ਸਿਰੀ **੩**, ਅਸ ੨੮, ੯ : ੧ (72)

ਮਨਾਇਆ — 1. ਪਰਵਾਨ ਕਰਵਾਇਆ, ਵੇਖੋ 'ਮਨਾਦਿਓ'

ਹੋਰ ਰੂਪ — ਮਨਾਇਸੀ —
"ਸੋ ਸੇਵਕੁ ਸੇਵਾ ਕਰੇ ਜਿਸ ਨੋ ਹੁਕਮੁ **ਮਨਾਇਸੀ**।" (ਪਰਵਾਨ ਕਰਵਾਏਗਾ)
— ਆਸਾ **੧**, ਵਾਰ ੧੫ : ੨ (471)

ਮਨਾਇਹਿ —
"ਤੇਰਾ ਭਾਣਾ ਤੂਹੈ **ਮਨਾਇਹਿ** ਜਿਸਨੋ ਹੋਹਿ ਦਇਆਲਾ।"
— ਸੂਹੀ **੫**, ੪੮, ੧ : ੧ (747)

2. ਰਾਜੀ ਕੀਤਾ, ਖੁਸ਼ ਕੀਤਾ, ਰਜ਼ਾਮੰਦ ਕੀਤਾ
"ਕਰਿ ਸੇਵਾ ਸਤ ਪੁਰਖੁ **ਮਨਾਇਆ**।"
— ਆਸਾ **੫**, ੩, ੨ : ੩ (371)

ਮਨਾਇਦਾ — 1. ਸੋਚਦਾ, ਚਿਤਵਦਾ
"ਸਤਿਗੁਰੁ ਸਭਨਾ ਦਾ ਭਲਾ **ਮਨਾਇਦਾ** ਤਿਸ ਦਾ ਬੁਰਾ ਕਿਉ ਹੋਇ।"
— ਗਉ **੫**, ਵਾਰ ੫ਸ, **੪**, ੨ : ੪ (302)

2. ਪਰਵਾਨ ਕਰਵਾਉਂਦਾ
"ਭਾਣੈ ਨੋ ਲੋਚੈ ਬਹੁਤੇਰੀ ਆਪਣਾ ਭਾਣਾ ਆਪਿ **ਮਨਾਇਦਾ**।"
— ਮਾਰੂ **੩**, ਸੋਲਾ ੨੦, ੨ : ੩ (1063)

ਮਨਾਈ — 1. ਮਨਾ ਲਵਾਂ, ਰਾਜ਼ੀ ਕਰ ਲਵਾ
"ਪੈ ਪਾਇ **ਮਨਾਈ** ਸੋਇ ਜੀਉ।"
— ਸਿਰੀ **੫**, ਅਸ ੨੯, ੧* : ੧ (73)

2. ਮਨਾਂ ਦੀ ਹਾਂ, ਸੁਖਦੀ ਹਾਂ
"ਸਖੀ ਇਛ ਕਰੀ ਨਿਤ ਸੁਖ **ਮਨਾਈ** ਪ੍ਰਭ ਮੇਰੀ ਆਸ ਪੁਜਾਏ।"
— ਗਉ **੫**, ਛੰਤ ੪, ੩ : ੧ (249)

3. ਸਮਝਾਂ, ਮੰਨ ਲਵਾਂ, ਪਰਵਾਨ ਕਰੇ
"ਜੇ ਭੁਖ ਦੇਹਿ ਤ ਇਤਹੀ ਰਾਜਾ ਦੂਖ ਵਿਚ ਸੂਖ **ਮਨਾਈ**।"
— ਸੂਹੀ **੪**, ਅਸ ੧, ੩ : ੧ (757)
"ਨਿਆਉ ਤਿਸੈ ਕਾ ਹੈ ਸਦ ਸਾਚਾ ਵਿਰਲੇ ਹੁਕਮੁ **ਮਨਾਈ**।" (ਪਰਵਾਨ ਕਰਵਾਉਣਾ)
— ਰਾਮ **੩**, ਅਸ ੫, ੧੨ : ੧ (912)

ਹੋਰ ਰੂਪ — ਮਨਾਈਐ —
"ਮਾਨੁ ਨ ਕੀਜੈ ਸਰਣਿ ਪਰੀਜੈ ਕਰੈ ਸੁ ਭਲਾ **ਮਨਾਈਐ**।" (ਪਰਵਾਨ ਕਰੀਏ, ਸਮਝੀਏ)
— ਸੋਰ **੫**, ੧੨, ੩ : ੧ (612)

ਮਨਾਏ —
"ਨਾਨਕ ਹਰਿ ਜੀਉ ਤਾ ਕਉ ਦੇਵੈ ਜਾ ਕਉ

ਹੁਕਮੁ **ਮਨਾਏ**।" (ਪਰਵਾਨ ਕਰਵਾਏ)
— ਗਉ **ਪ**, ੧੩੩*, ੩ : ੨ (208)

ਮਨਾਏ — 1. ਪਰਵਾਨ ਕਰਵਾਏ, ਵੇਖੋ 'ਮਨਾਈ' (3)
2. ਖੁਸ਼ ਕਰੇ, ਪ੍ਰਸਨ ਕਰੇ,
"ਸਾਧ ਸੰਤ **ਮਨਾਏ** ਪ੍ਰਿਅ ਪਾਏ ਗੁਨ ਗਾਏ ਪੰਚ ਨਾਦ ਤੂਰ ਬਜਾਏ।"
— ਆਸਾ **ਪ**, ੧੫੩, ੧* : ੨ (408)
"ਪੈਰੀ ਪੈ ਪੈ ਬਹੁਤ **ਮਨਾਏ**।" (ਰਾਜੀ ਕਰੇ)
— ਸਾਰ **੪**, ਵਾਰ ੯ਸ, **੧**, ੧ : ੪ (1240)

ਮਨਾਰਿ — ਮਨਾ ਕੇ, ਖੁਸ਼ ਕਰਕੇ
"ਗੁਰ **ਮਨਾਰਿ** ਪ੍ਰਿਅ ਦਇਆਰ ਸਿਉ ਰੰਗ ਕੀਆ।" — ਮਲਾ **ਪ**, ੨੩, ੧* : ੧ (1271)

ਮਨਾਵਉ - ਖੁਸ਼ ਕਰਾ, ਪ੍ਰਸੰਨ ਕਰਾਂ
"ਸਤਿਗੁਰੁ ਪੂਜਉ ਸਦਾ ਸਦਾ **ਮਨਾਵਉ**।"
— ਭੈਰ **ਕਬ**, ੬, ੩ : ੧ (1158)
ਹੋਰ ਰੂਪ — ਮਨਾਵਉਗੀ —
"ਨਾਨਕ ਸੁਆਮੀ ਗਰਿ ਮਿਲੇ ਹਉ ਗੁਰ **ਮਨਾਵਉਗੀ**।" (ਖੁਸ਼ ਕਰਾਂਗਾ)
— ਸਾਰ **ਪ**, ੧੩੬, ੨ : ੨ (1230)

ਮਨਾਵਹਿ — ਮੰਨੇ, ਪਰਵਾਨ ਕਰੇ
"ਸਰਬ ਸਿਧਿ ਹਰਿ ਗਾਈਐ ਸਭਿ ਭਲਾ **ਮਨਾਵਹਿ**।" — ਬਿਲਾ **ਪ**, ੨੨, ੧ : ੧ (818)

ਮਨਾਵਹੁ — ਖੁਸ਼ ਕਰੋ, ਪ੍ਰਸੰਨ ਕਰੋ
"ਸਤਿਗੁਰੁ ਅਪਨਾ ਸਦ ਸਦਾ **ਮਨਾਵਹੁ**।"
— ਆਸਾ **ਪ**, ੬੨, ੧* : ੨ (386)

ਮਨਾਵਣਿਆ — ਮੰਨਾਵਦਾ, ਨਿਸਚਾ ਕਰਵਾਉਂਦਾ
"ਬੈਸਿ ਸੁਥਾਨਿ ਹਰਿ ਗੁਣ ਗਾਵਹਿ ਆਪੇ ਕਰਿ ਸਤਿ **ਮਨਾਵਣਿਆ**।"
— ਮਾਝ **੩**, ਅਸ ੯, ੭ : ੩ (114)

ਮਨਾਵੈ — 1. ਮੰਨਾਵੇ, ਪ੍ਰਵਾਨ ਕਰਵਾਏ
"ਜਾ ਤਿਸੁ ਭਾਵੈ ਤਾ ਹੁਕਮੁ **ਮਨਾਵੈ**।"
— ਗਉ **ਕਬ**, ੬੧, ੨ : ੧ (337)
2. ਪ੍ਰਸੰਨ ਕਰਨ, ਰਾਜ਼ੀ ਕਰਨ, ਖੁਸ਼ ਕਰਨ
"ਰੋਜਾ ਧਰੈ **ਮਨਾਵੈ** ਅਲਹੁ ਸੁਆਦਤਿ ਜੀਅ ਸੰਘਾਰੈ।"
— ਆਸਾ **ਕਬ**, ੨੯, ੧ : ੧ (483)

ਮਨਿ — 1. ਮਨ ਵਿਚ, ਮਨ ਅੰਦਰ
"ਗਾਵੀਐ ਸੁਣੀਐ **ਮਨਿ** ਰਖੀਐ ਭਾਉ।"
— ਜਪੁ **੧**, ੫ : ੫ (2)
"**ਮਨਿ** ਹਿਰਦੈ ਕ੍ਰੋਧੁ ਮਹਾ ਬਿਸਲੋਧੁ ਨਿਰਪ ਧਾਵਹਿ ਲੜਿ ਦੁਖੁ ਪਾਇਆ।"
— ਆਸਾ **੪**, ਛੰਤ ੧੧, ੨ : ੩ (445)
(ਮਹਾਨਕੋਸ਼ ਇਥੇ ਅਰਥ 'ਮਨੁਖ ਦੇ' ਕਰਦਾ ਹੈ।)
"ਪ੍ਰਾਨੀ ਕਉ ਹਰਿ ਜਸੁ **ਮਨਿ** ਨਹੀ ਆਵੈ।" (ਮਨ ਵਿਚ ਭਾਵ ਚੇਤੇ, ਯਾਦ)
— ਗਉ **੯**, ੩, ੧* : ੧ (219)
ਹੋਰ ਰੂਪ — ਮੰਨਿ —
"ਜਤੁ ਸਤੁ ਤਪੁ ਪਵਿਤ੍ਰੁ ਸਰੀਰਾ ਹਰਿ ਹਰਿ **ਮੰਨਿ** ਵਸਾਏ।" (ਮਨ ਵਿਚ)
— ਸਿਰੀ **੩**, ੪੫, ੩ : ੨ (31)
2. ਮਨ ਨੂੰ, ਮਨਦੇ
"ਆਈ ਪੰਥੀ ਸਗਲ ਜਮਾਤੀ **ਮਨਿ** ਜੀਤੈ ਜਗੁ ਜੀਤੁ।" — ਜਪੁ **੧**, ੨੮ : ੩ 96)
3. ਮਨ ਕਰਕੇ ਮਨੋ
"ਹਉ ਸਤਿਗੁਰੁ ਸੇਵੀ ਆਪਣਾ ਇਕ **ਮਨਿ** ਇਕ ਚਿਤਿ ਭਾਇ।"
— ਸਿਰੀ **੩**, ੩੪, ੧ : ੧ (26)
"ਜਿਨੀ ਇਕ **ਮਨਿ** ਨਾਮੁ ਧਿਆਇਆ ਗੁਰਮਤੀ ਵੀਚਾਰਿ।"
— ਸਿਰੀ **੩**, ੩੮, ੧ : ੧ (28)
4. ਮਨਦਾ, ਮਨ ਅੰਦਰੋ, ਮਨ ਵਿਚੋਂ
"ਅੰਤਰਿ ਹਰਿ ਰਸੁ ਰਵਿ ਰਹਿਆ ਚੂਕਾ **ਮਨਿ** ਅਭਿਮਾਨੁ।"
— ਸਿਰੀ **੩**, ੩੪, ੨ : ੨ (26)
5. ਮਨ ਦੇ
"**ਮਨਿ** ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ।" — ਸਿਰੀ **੩**, ੬੪, ੨ : ੧ (39)
6. ਮਨ ਨੂੰ
"**ਮਨਿ** ਭਾਵੰਦਾ ਕੰਤੁ ਹਰਿ ਤੇਰਾ ਥਿਰੁ ਹੋਆ ਸੋਹਾਗੁ ਜੀਉ।"
— ਮਾਝ **ਪ**, ਅਸ ੩੯, ੭ : ੩ (132)
7. ਮੰਨ ਲਏ, ਪਰਵਾਨ ਕਰ ਲਏ
"ਸਚੁ ਸਚਾ ਜਿਨ **ਮਨਿ** ਭਾਵਦਾ ਸੇ ਮਨਿ ਸਚੀ

ਦਰਗਹ ਲਿਜੈ।"
— ਗਉ **੪**, ਵਾਰ ੨੦ : ੪ (312)

ਹੋਰ ਰੂਪ — ਮੰਨਿ —
"ਸਤਗੁਰ ਕਾ ਭਾਣਾ **ਮੰਨਿ** ਲਈ ਵਿਚਹੁ ਆਪੁ ਗਵਾਇ।" — ਸਿਰੀ **੩**, ੫੪, ੧ : ੨ (34)

੪. ਮੰਨ ਕੇ, ਪਰਵਾਨ ਕਰਕੇ
"ਸਾਧ ਸੰਗਿ ਮਿਲਿ ਪਾਈਐ **ਮਨਿ** ਸਚੇ ਭਾਣਾ।"
— ਗਉ **੫**, ਵਾਰ ੧ : ੪ (318)

ਹੋਰ ਰੂਪ — ਮੰਨਿ —
"ਜੇ ਕੋ **ਮੰਨਿ** ਜਾਣੈ ਮਨਿ ਕੋਇ।" (ਪਰਵਾਨ ਕਰਕੇ, ਮੰਨ ਕੇ) — ਜਪੁ **੧**, ੧੨ : ੬ (3)
"ਹੁਕਮੁ **ਮੰਨਿ** ਸੁਖੁ ਪਾਇਆ ਪ੍ਰੇਮ ਸੁਹਾਗਣਿ ਹੋਇ।"
— ਗੂਜ **੩**, ਵਾਰ ਬੰਸ, **੩**, ੧ : ੪ (510)

ਮੰਨਿਓ —
"ਸਤਗੁਰੁ ਪੁਰਖੁ ਨ **ਮੰਨਿਓ** ਸਬਦਿ ਨ ਲਗੋ ਪਿਆਰੁ।" (ਮੰਨਿਆ, ਵਿਸ਼ਵਾਸ ਲਿਆਂਦਾ)
— ਸਿਰੀ **੩**, ੫੩, ੫ : ੧ (34)

ਮੰਨਿਅਉ —
"ਗੁਰ ਅਮਰਦਾਸ ਜਾਲਪੁ ਭਣੈ ਤੂ ਇਕੁ ਲੋੜਹਿ ਇਕੁ **ਮੰਨਿਅਉ**।" (ਮੰਨਦਾ)
— ਸਵ **੩**, ੧੨ : ੬ (1394)

9. ਮਨ ਰਾਹੀਂ/ਦੁਆਰਾ
"ਇਹ **ਮਨਿ** ਲੀਣ ਭਏ ਸੁਖਦੇਉ।"
— ਗਉ **ਕਬ**, ਅਸ ੩੬, ੮ : ੨ (330)

10. ਮਨ ਦੇ
"**ਮਨਿ** ਅੰਧੈ ਜਨਮੁ ਗਵਾਇਆ।"
— ਆਸਾ **੧**, ਵਾਰ ੩ : ੫ (464)

ਮੰਨਿਅੜੀ — ਮੰਨ ਲਈ
"ਜਿਨਿ ਸੁਣਿ **ਮੰਨਿਅੜੀ** ਅਕਥ ਕਹਾਣੀ ਰਾਮ।"
— ਬਿਲਾ **੧**, ਛੰਤ ੨, ੩ : ੨ (844)

ਮੰਨਿਆ — 1. ਪਰਵਾਨ ਕੀਤਾ, ਵਿਸ਼ਵਾਸ਼ ਲਿਆਂਦਾ, ਕਬੂਲ ਕੀਤਾ
"ਸੁਣਿਆ **ਮੰਨਿਆ** ਮਨਿ ਕੀਤਾ ਭਾਉ।"
— ਜਪੁ **੧**, ੨੧ : ੩ (4)
"ਨਾਨਕ ਦਰਗਹ **ਮੰਨਿਆ** ਗੁਰ ਪੂਰੇ ਸਾਬਾਸਿ।" (ਭਾਵ ਸਤਿਕਾਰਿਆ ਗਿਆ)
— ਸੂਹੀ **੪**, ਅਸ ੨, ੧੪ : ੨ (759)
"ਜਿਨਾ ਸਤਿਗੁਰੁ **ਮੰਨਿਆ** ਜਨ ਨਾਨਕ ਵਡਭਾਗ ਲਹੰਨਿ।" (ਸ਼ਰਧਾ, ਲਿਆਂਦੀ)
— ਕਾਨ **੪**, ਵਾਰ ੮ਸ, **੪**, ੧ : ੨ (1316)

2. ਪਤੀਜੇ, ਰਾਜ਼ੀ ਹੋਏ
"ਜਾ ਸਤਿਗੁਰ ਕਾ ਮਨੁ **ਮੰਨਿਆ** ਤਾ ਪਾਪ ਕਸੰਮਲ ਭੰਨੇ।" — ਗਉ **੪**, ਵਾਰ ੨੫ : ੨ (314)

3. ਜੋ ਮੰਨ ਗਿਆ ਹੈ
"ਨਾਨਕ **ਮੰਨਿਆ** ਮੰਨੀਐ ਬੁਝੀਐ ਗੁਰ ਪਰਸਾਦਿ।"
— ਰਾਮ **੩**, ਵਾਰ ੧੪ਸ, **੪**, ੨ : ੨ (954)

ਮੰਨਿਆਂ — ਸ਼ਰਧਾ ਲਿਆਂਦੀ, ਵਿਸ਼ਵਾਸ਼ ਲਿਆਂਦਾ, ਵੇਖੋ 'ਮੰਨਿਆਂ' (1)
"ਜਿਨੀ ਸਤਿਗੁਰ **ਮੰਨਿਆਂ** ਹਉ ਤਿਨ ਕੇ ਲਾਗਉ ਪਾਇ।" — ਸਲੋ **੪**, ੬ : ੫ (1422)

ਮੰਨਿਐ — 1. ਮੰਨਣ ਨਾਲ
"ਸਭਿ ਰਸ ਮਿਠੇ **ਮੰਨਿਐ** ਸੁਣਿਐ ਸਾਲੋਣੇ।"
— ਸਿਰੀ **੧**, ੭, ੧ : ੨ (16)
"ਏਕਸੁ ਸਿਉ ਮਨੁ ਰਹਿਆ ਸਮਾਏ ਮਨਿ **ਮੰਨਿਐ** ਮਨਹਿ ਮਿਲਾਵਣਿਆ।" (ਪਸੀਜਨ ਨਾਲ)
— ਮਾਝ **੩**, ਅਸ ੨੨, ੭ : ੩ (122)

ਹੋਰ ਰੂਪ — ਮੰਨਿਹੁ —
"ਹੁਕਮੁ **ਮੰਨਿਹੁ** ਗੁਰੂ ਕੇਰਾ ਗਾਵਹੁ ਸਚੀ ਬਾਣੀ।" (ਮੰਨੋ ਪਰਵਾਨ ਕਰੋ)
— ਰਾਮ **੩**, ਅਨੰ ੯ : ੪ (918)

ਮਨਿਚਿੰਦਿਆ — ਮਨ ਚਾਹਿਆ, ਮਨ ਚਿਤਵਿਆ, ਮਨ ਇਛਤ
"**ਮਨਿਚਿੰਦਿਆ** ਫਲੁ ਪਾਇਆ ਰਾਮ ਨਾਮੁ ਧਿਆਇਆ ਰਾਮ ਨਾਮ ਗੁਣ ਗਾਏ।"
— ਆਸਾ **੪**, ਛੰਤ ੯, ੬ : ੨ (443)

ਹੋਰ ਰੂਪ — ਮਨਿਚਿੰਦੀ —
"ਧਰਮ ਅਰਥ ਕਾਮ ਸਭਿ ਪੂਰਨ **ਮਨਿਚਿੰਦੀ** ਇਛ ਪੁਜਾਏ।" (ਮਨਚਾਹੀ)
— ਸੂਹੀ **੫**, ਛੰਤ ੧੧, ੪ : ੪ (785)

ਮਨਿਚਿੰਦੇ —
"**ਮਨਿਚਿੰਦੇ** ਸੇਈ ਫਲ ਪਾਵਹਿ।" (ਮਨ ਚਾਹੇ)
— ਮਾਝ **੫**, ੩੫, ੨ : ੨ (104)

ਮਨਿਮੁਖਿ — ਮਨ ਦੀ ਮਤਿ ਮਗਰ ਲਗਨ ਵਾਲੇ ਨੇ,

ਆਪ ਹੁਦਰੇ ਨੇ
"ਮਿਥਨ ਮਨੋਰਥ ਸੁਪਨ ਆਨੰਦ ਉਲਾਸ **ਮਨਿਮੁਖਿ** ਸਤਿ ਕਹੇ।"
— ਆਸਾ ੫, ੧੪੨, ੨ : ੧ (406)

ਮਨੀ — ਪਰਵਾਨ ਕੀਤੀ, ਵਿਸ਼ਵਾਸ਼ ਲੈ ਆਂਦਾ
"ਜਿਨਿ ਜਨਿ ਸੁਣੀ **ਮਨੀ** ਹੈ ਜਿਨਿ ਜਨਿ ਤਿਸੁ ਜਨ ਕੈਹਉ ਕੁਰਬਾਨੰਤੀ।"
— ਨਟ **੪**, ੮, ੧ : ੨ (977)

ਮੰਨੀ — ਮੇਰੇ (ਅ. ਮਨਹਿ)
"ਹਾਜਰਾ ਹਜੂਰਿ ਦਰਿ ਪੇਸਿ ਤੂੰ **ਮੰਨੀ**।"
— ਤਿਲੰ **ਨਾਮ**, ੨, ੧ : ੨ (727)

ਮੰਨੀ — ਪਰਵਾਨ ਕੀਤੀ, ਵਿਸ਼ਵਾਸ਼ ਲਿਆਦਾ
"ਜਿਨਾ ਗੁਰਸਿਖਾ ਕਉ ਹਰਿ ਸੰਤੁਸ਼ਟੁ ਹੈ ਤਿਨੀ ਸਤਿਗੁਰ ਕੀ ਗਲ **ਮੰਨੀ**।"
— ਵਡ **੪**, ਵਾਰ ੧੨ : ੪ (591)

ਮੰਨੀਅਹਿ — ਪਰਵਾਨ ਹੁੰਦੇ ਭਾਵ ਸਤਿਕਾਰੇ ਜਾਂਦੇ ਹਨ
"ਆਗੈ ਦਰਗਹਿ **ਮੰਨੀਅਹਿ** ਮਿਲੈ ਨਿਥਾਵੇ ਥਾਉ।"
— ਸਿਰੀ **੫**, ੧੦੦, ੧ : ੩ (53)

ਹੋਰ ਰੂਪ — ਮੰਨੀਅਨਿ —
"ਸਚੀ ਦਰਗਹ **ਮੰਨੀਅਨਿ** ਗੁਰ ਕੈ ਪ੍ਰੇਮ ਪਿਆਰਿ।" (ਆਦਰ ਪ੍ਰਾਪਤ ਕਰਦੇ ਹਨ)
— ਮਾਝ **੧**, ਵਾਰ ੧੨ : ੨ (143)

ਮਨੀਆ — ਮੰਨੀ ਜਾਂਦੀ/ਭਾਵ ਆਖੀ (ਗਿਣੀ) ਜਾਂਦੀ ਹਾਂ
"ਜੀਅ ਪ੍ਰਾਨ ਮੇਰਾ ਧਨੋ ਸਾਹਿਬ ਕੀ **ਮਨੀਆ**।"
— ਆਸਾ **੫**, ੧੧੨, ੧* : ੧ (400)

ਮੰਨੀਆ — ਪਰਵਾਨ ਹੋਈਆ, ਮਨਜ਼ੂਰ ਹੋਈਆ
"ਅਗੈ ਗਈ ਨ **ਮੰਨੀਆ** ਮਰਉ ਵਿਸੂਰਿ ਵਿਸੂਰੇ।"
— ਵਡ **੧**, ੩, ੧ : ੧੨ (558)

ਮਨੀਆਰੁ — ਚੂੜੀਆਂ ਵੇਚਨ ਅਥਵਾ ਚੜ੍ਹਾਉਣ ਵਾਲੇ
"ਨਾ **ਮਨੀਆਰੁ** ਨ ਚੂੜੀਆ ਨਾ ਸੇ ਵੰਗੁੜੀਆਹਾ।"
— ਵਡ **੧**, ੩, ੧ : ੭ (558)

ਮੰਨੀਐ — 1. ਵਿਸ਼ਵਾਸ ਲਿਆਈਏ
"ਨਾਉ ਪੂਜੀਐ ਨਾਉ **ਮੰਨੀਐ** ਅਖੰਡੁ ਸਦਾ ਸਚੁ ਸੋਇ।" — ਸਿਰੀ **੧**, ੮, ੩ : ੩ (17)

2. ਆਦਰ ਪਾਉਣਾ, ਸਤਿਕਾਰਿਆ ਜਾਣਾ
"ਬਿਨੁ ਨਾਵੈ ਕੋਇ ਨ **ਮੰਨੀਐ** ਮਨਮੁਖਿ ਪਤਿ ਗਵਾਈ।"
— ਆਸਾ **੩**, ਅਸ ੨੯, ੬ : ੧ (426)

3. ਜਾਣਿਆ ਜਾਂਦਾ ਹੈ, ਵਜਦਾ ਹੈ
"ਨਾਮਹੁ ਹੀ ਨਾਮੁ **ਮੰਨੀਐ** ਨਾਮੇ ਵਡਿਆਈ।"
— ਆਸਾ **੩**, ਅਸ ੨੯, ੭ : ੩ (426)

ਮਨੀਐ — ਮੰਨੀਦੀ ਹੈ
"ਦੁਤੀਆ ਤੇਰੀ **ਮਨੀਐ** ਪਾਂਤਿ।"
— ਆਸਾ **੫**, ੧੨, ੧ : ੨ (374)

ਮਨੁ — 1. ਮਨ, ਹਿਰਦਾ, ਦਿਲ
"ਗਾਵਨਿ ਮੋਹਣੀਆ **ਮਨੁ** ਮੋਹਨਿ ਸੁਰਗਾ ਮਛ ਪਾਇਆਲੇ।" — ਜਪੁ **੧**, ੨੭, ੧੧ (16)
"**ਮਨੁ** ਰਾਜਾ **ਮਨੁ** ਮਨ ਤੇ ਮਾਨਿਆ।"
— ਭੈਰ **੧**, ੨, ੩ : ੧ (1125)
(ਮਹਾਨਕੋਸ਼ ਇਥੇ ਅਰਥ 'ਦਾਨਾ' ਵਿਚ ਪ੍ਰਵਾਨ ਵਿਵੇਕੀ ਕਰ ਰਿਹਾ ਹੈ)

2. ਆਤਮਾ
"ਤਿਨ ਭੀ ਤਨ ਮਹਿ **ਮਨੁ** ਨਹੀ ਪੇਖਾ।"
— ਗਉ **ਕਬ**, ਅਸ ੩੬, ੩ : ੨ (330)
"ਤਨ ਛੂਟੇ **ਮਨੁ** ਕਹਾ ਸਮਾਈ।"
— ਗਉ **ਕਬ**, ਅਸ ੩੬, ੪ : ੨ (330)

3. ਜੀਵ (ਭਾਵ)
"ਜੇਤੇ ਸਾਸ ਗ੍ਰਾਸ **ਮਨੁ** ਲੇਤਾ ਤੇਤੇ ਹੀ ਗੁਨ ਗਾਈਐ।"
— ਗਉ **੫**, ੧੫੩*, ੧ : ੧ (213)
(ਮਹਾਨਕੋਸ਼ ਅਰਥ 'ਸਰੀਰ' ਕਰਦਾ ਹੈ)
"**ਮਨੁ** ਪਰਦੇਸੀ ਆਇਆ ਮਿਲਿਓ ਸਾਧ ਕੈ ਸੰਗਿ।"
— ਆਸਾ **੫**, ਅਸ ੨, ੨ : ੧ (431)

4. ਭਾਵ ਸੁਭਾ, ਆਚਰਣ
"ਕਾਇਆ ਕਾਗਦੁ **ਮਨੁ** ਪਰਵਾਣਾ।"
— ਧਨਾ **੧**, ੭, ੧ : ੧ (662)

5. ਮਾਨੋ,
"ਮੇਰਾ ਚਿਤੁ ਨ ਚਲੈ **ਮਨੁ** ਭਇਓ ਪੰਗੁ।"
— ਬਸੰ **ਰਾਮਾ**, ੧, ੧* : ੨ (1195)

6. ਮਨੁੱਖਾ ਦੇਹ
"ਹਉਮੈ ਵਿਚਿ ਸੇਵਾ ਨ ਹੋਵਈ ਤਾ **ਮਨੁ** ਬਿਰਥਾ

ਜਾਇ।" — ਵਡ **੩**, ੯, ੧ : ੨ (560)

ਮੰਨੁ — ਮਨ, ਹਿਰਦਾ, ਦਿਲ

"ਨੀਹਿ ਜਿ ਵਿਧਾ **ਮੰਨੁ** ਪਛਾਣੂ ਵਿਰਲੋ ਥਿਓ।"

— ਗਉ **੫**, ਵਾਰ ੧੪ਸ, **੫**, ੨ : ੧ (321)

ਮਨੁਖ — ਆਦਮੀ, ਮਨੁਸ਼

"ਦੁਖੁ ਸੁਖੁ ਦੁਇ ਦਰਿ ਕਪੜੇ ਪਹਿ ਰਹਿ ਜਾਇ **ਮਨੁਖ**।"

— ਮਾਝ **੧**, ਵਾਰ ੨੪ਸ, **੧**, ੨ : ੨ (149)

ਹੋਰ ਰੂਪ — ਮਨੁਖਾ —

"ਸਾਧਿਕ ਸਿਧ ਸੁਰਦੇਵ **ਮਨੁਖਾ** ਬਿਨੁ ਸਾਧੂ ਸਭਿ ਧ੍ਰੋਹਨਿ ਧ੍ਰੋਹੇ।" (ਮਨੁੱਖ)

— ਆਸਾ **੫**, ੧, ੧* : ੨ (370)

"ਚਹੁ ਜਗਾ ਕਾ ਹੁਣਿ ਨਿਬੇੜਾ ਨਰ **ਮਨੁਖਾ** ਨੋ ਏਕੁ ਨਿਧਾਨਾ।" (ਮਨੁਖਾਂ)

— ਬਿਲਾ **੩**, ੪, ੨ : ੧ (797)

ਮਨੁਖਾਇ — ਮਨੁੱਖਾਂ ਨੂੰ

"ਗੁਪਤੁ ਕਰਤਾ ਸੰਗਿ ਸੋ ਪ੍ਰਭੁ ਡਹਕਾਵਏ **ਮਨੁਖਾਇ**।" — ਮਾਰੂ **੫**, ੧੧, ੧ : ੧ (1001)

ਮਨੁਖੁ — ਮਾਨਸ, ਆਦਮੀ ਵਾਲਾ

"ਪੇਟੁ ਭਰਿਓ ਪਸੂਆ ਜਿਉ ਸੋਇਓ **ਮਨੁਖੁ** ਜਨਮੁ ਹੈ ਹਾਰਿਓ।"

— ਮਾਰੂ **ਕਬ**, ੧, ੧* : ੨ (1105)

ਹੋਰ ਰੂਪ — ਮਨੁਖੵ —

"ਸਿਧ **ਮਨੁਖੵ** ਦੇਵ ਅਰੁ ਦਾਨਵ ਇਕੁ ਤਿਲੁ ਤਾ ਕੋ ਮਰਮੁ ਨ ਪਾਵਤ।" (ਮਨੁੱਖ)

— ਸਮੁ **੫**, ੭* : ੩ (1388)

ਮਨੁਖੵ —

"ਪ੍ਰਥਮੇ ਨਾਨਕ ਚੰਦੁ ਜਗਤ ਭਯੋ ਆਨੰਦੁ ਤਾਰਨਿ **ਮਨੁਖੵ** ਜਨ ਕੀਅਉ ਪ੍ਰਗਾਸ।" (ਮਨੁੱਖ) — ਸਵ **੪**, ਨਲ ੪ : ੨ (1399)

ਮਨੂਆ — 1. ਮਨ

"ਇਹੁ **ਮਨੂਆ** ਅਤਿ ਸਬਲ ਹੈ ਛਡੇ ਨ ਕਿਤੈ ਉਪਾਇ।" — ਸਿਰੀ **੩**, ੫੧, ੪ : ੧ (33)

"ਜਲਨਿ ਬੁਝੀ ਸੀਤਲੁ ਹੋਇ **ਮਨੂਆ** ਸਤਿਗੁਰ ਕਾ ਦਰਸਨ ਪਾਏ ਜੀਉ।"

— ਮਾਝ **੫**, ੩੦, ੧ : ੨ (103)

"**ਮਨੂਆ** ਅਸਥਿਰੁ ਸਬਦੇ ਰਾਤਾ ਏਹਾ ਕਰਣੀ ਸਾਰੀ।" — ਰਾਮ **੧**, ਅਸ ੯, ੧੮ : ੧ (908)

(ਮਹਾਨਕੋਸ਼, ਇਸ ਦੇ ਅਰਥ 'ਅੰਤਹ ਕਰਣ' ਕਰਦਾ ਹੈ)

2. ਮੋਹ, ਮਮਤਾ

"ਮਨਮਹਿ **ਮਨੂਆ** ਜੇ ਮਰੈ ਤਾ ਪਿਰੁ ਰਾਵੈ ਨਾਰਿ।"

— ਸਿਰੀ **੧**, ਅਸ ੯, ੪ : ੧ (58)

(ਸ਼ਬਦਾਰਥ ਅਰਥ ਮਨ ਹੀ ਕਰਦਾ ਹੈ)

3. ਮੰਨ ਲਈ, ਸਮਝ ਲਈ

"ਜੋ ਪਰਾਈ ਸੁ ਅਪਨੀ **ਮਨੂਆ**।"

— ਟੋਡੀ **੫**, ੧੬, ੧ : ੨ (715)

4. ਆਦਮੀ

"**ਮਨੂਆ** ਅੰਧੁ ਨ ਚੇਤਈ ਪੜੈ ਅਚਿੰਤਾ ਜਾਲੁ।"

— ਰਾਮ **੩**, ਵਾਰ ੧੮ਸ, **੧**, ੨ : ੨ (955)

ਮਨੂਰ — ਗਲਿਆ ਸੜਿਆ ਲੋਹਾ, ਲੋਹੇ ਦੀ ਮੈਲ

"ਪਾਪ ਬਿਕਾਰ **ਮਨੂਰ** ਸਭਿ ਲਦੇ ਬਹੁ ਭਾਰੀ।"

— ਸਾਰ **੪**, ਵਾਰ ੨੨ : ੩ (1247)

ਮਨੂਰਹੁ — ਨਿਕੰਮੇ ਲੋਹੇ ਤੋਂ

"ਸਤਿਗੁਰ ਕੀਜੇ ਸਰਣੀ ਆਵੈ ਫਿਰਿ **ਮਨੂਰਹੁ** ਕੰਚਨੁ ਹੋਹਾ।"

— ਰਾਮ **੫**, ਵਾਰ ੭ਸ, **੫**, ੨ : ੯ (960)

ਮਨੂਰਾ — ਨਿਕੰਮਾ ਲੋਹਾ

"ਧੰਧੇ ਧਾਵਤ ਮਨ ਭਇਆ **ਮਨੂਰਾ**।"

— ਮਾਰੂ **੩**, ਸੋਲਾ ੪, ੪ : ੧ (1047)

ਹੋਰ ਰੂਪ — ਮਨੂਰੁ —

"ਭਇਆ **ਮਨੂਰੁ** ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ।" (ਨਿਕੰਮਾ ਲੋਹਾ)

— ਮਾਰੂ **੧**, ੩, ੪ : ੧ (990)

ਮਨੂਰੈ —

"**ਮਨੂਰੈ** ਤੇ ਕੰਚਨ ਭਏ ਭਾਈ ਜੋਤੀ ਜੋਤਿ ਮਿਲਾਇ।" (ਗਲੇ ਸੜੇ ਲੋਹੇ ਤੋਂ)

— ਸੋਰ **੩**, ਅਸ ੨, ੩ : ੧ (638)

ਮਨੇ — 1. ਮਨਨ ਕਰੇ

"ਜਾ ਲਾਹਾ ਦੇਇ ਤਾ ਸੁਖੁ **ਮਨੇ** ਤੋਟੈ ਮਰਿ ਜਾਈ।" (ਮਹਿਸੂਸ ਕਰਦਾ ਹੈ)

— ਗਉ **੪**, ੪੮, ੩ : ੨ (166)

"ਹਰਿ ਪ੍ਰਭ ਸੰਗਿ ਖੇਲਹਿ ਵਰ ਕਾਮਨਿ ਗੁਰਮੁਖਿ ਖੋਜਤ ਮਨ **ਮਨੇ**।" (ਮਨ ਜਾਂਦਾ ਹੈ)

— ਬਸੰ **੧**, ੬, ੧* : ੨ (1170)

2. ਮਨ ਨੂੰ

"ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਮੀ ਸਚ **ਮਨੇ**।"

— ਧਨਾ **੧**, ਛੰਤ ੧, ੨ : ੬ (688)

3. ਮੰਨ ਕੇ

"ਮੇਰੇ ਮਨ ਜਪਿ ਹਰਿ ਹਰਿ ਨਾਮੁ **ਮਨੇ**।"

— ਨਟ **੪**, ੫, ੧* : ੧ (976)

ਮੰਨੇ — 1. ਮਨਨ ਕਰਨ ਵਾਲਾ

"**ਮੰਨੇ** ਕੀ ਗਤਿ ਕਹੀ ਨ ਜਾਇ।"

— ਜਪੁ **੧**, ੧੨ : ੧ (3)

2. ਮਨਨ ਕਰੇ ਪਰਵਾਨ ਕਰੇ, ਵਿਸ਼ਵਾਸ ਲਿਆਵੇ

"ਸਤਿਗੁਰ ਵਚਨੁ ਰਤੰਨੁ ਹੈ ਜੋ **ਮੰਨੇ** ਸੁ ਹਰਿ ਰਸੁ ਖਾਇ।" — ਸਿਰੀ **੪**, ੬੯, ੨ : ੨ (41)

"ਜਿਸ ਨੋ **ਮੰਨੇ** ਆਪਿ ਸੋਈ ਮਾਨੀਐ।" (ਮਾਨਤਾ ਦੇਣ , ਪ੍ਰਵਾਨ ਕਰੇ)

— ਆਸਾ **੫**, ੧੦੮, ੩ : ੧ (398)

"ਸਭੁ ਕੋ ਤਿਸੁ **ਮੰਨੇ** ਹਾਂ।" (ਭਾਵ ਆਦਰ ਕਰਦਾ ਹੈ) — ਆਸਾ **੫**, ੧੬੦, ੨ : ੪ (410)

"ਜਿ ਸਤਿਗੁਰ ਨੋ ਮਿਲਿ **ਮੰਨੇ** ਸੁਹਲਤਿ ਪਲਤਿ ਸਿਝੈ ਜਿ ਵੇਮੁਖੁ ਹੋਵੈ ਸੁ ਫਿਰੈ ਭਰਿਸਟ ਥਾਨੁ। " (ਸ਼ਰਧਾ ਲਿਆਵੇ)

— ਬਿਲਾ **੪**, ਵਾਰ ੧੦ : ੪ (853)

3. ਪਤੀਜੇ, ਖੁਸ਼ ਹੋਵੇ

"ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ **ਮੰਨੇ**।"

— ਗਉ **੪**, ਵਾਰ ੨੫ : ੧ (314)

"ਮੈ ਹਰਿ ਪ੍ਰਭੁ ਪਿਆਰਾ ਦਸਿ ਗੁਰੁ ਮਿਲਿ ਹਰਿ ਮਨੁ **ਮੰਨੇ**।" (ਖੁਸ਼ ਹੋਵੇ, ਪਤੀਜੇ)

— ਆਸਾ **੪**, ਛੰਤ ੧੬, ੩ : ੩ (449)

ਮਨੇਸਹਿ — ਮੰਨਦੇ ਹਨ

"ਨਾਨਕੁ ਤਿਨ ਵਿਟਹੁ ਵਾਰਿਆ ਮੇਰੀ ਜਿੰਦੁੜੀਏ ਹਰਿ ਸੁਣਿ ਹਰਿ ਨਾਮੁ **ਮਨੇਸਹਿ** ਰਾਮ।"

— ਬਿਹਾ **੪**, ਛੰਤ ੪, ੩ : ੪ (540)

ਮਨੈ — 1. ਮਨ ਵਿਚ, ਮਨ ਅੰਦਰ

"ਜਪੁ ਤਪੁ ਸੰਜਮੁ **ਮਨੈ** ਮਾਹਿ ਬਿਨੁ ਨਾਵੈ ਧ੍ਰਿਗੁ ਜੀਵਾਸੁ।"

— ਸਿਰੀ **੪**, ਵਾਰ ੯ਸ, **੩**, ੨ : ੬ (86)

2. ਮਨ ਦੇ

"ਵਿਣੁ **ਮਨੈ** ਜਿ ਹੋਰੀ ਨਾਲਿ ਲੁਝਣਾ ਜਾਸੀ ਜਨਮੁ ਗਵਾਇ।"

— ਸਿਰੀ **੪**, ਵਾਰ ੧੨ਸ, **੩**, ੨ : ੮ (87)

ਮੰਨੈ — 1. ਮੰਨਣ ਨਾਲ

"**ਮੰਨੈ** ਸੁਰਤਿ ਹੋਵੈ ਮਨਿ ਬੁਧਿ।"

— ਜਪੁ **੧**, ੧੩ : ੧ (3)

2. ਪਰਵਾਨ ਕਰੇ, ਵਿਸ਼ਵਾਸ ਲਿਆਵੇ

"ਪੂਰੇ ਗੁਰ ਕੇ ਹੁਕਮੁ ਨ **ਮੰਨੈ** ਓਹੁ ਮਨਮੁਖੁ ਅਗਿਆਨੁ ਮੁਠਾ ਬਿਖੁ ਮਾਇਆ।"

— ਗਉ **੪**, ਵਾਰ ੮ਸ, **੪**, ੨ : ੧ (303)

ਮਨੋ — ਮਨ

"ਹਰਿ ਚਰਣ ਕਵਲ ਮਕਰੰਦ ਲੋਭਿਤ **ਮਨੋ** ਅਨਦਿਨੋ ਮੋਹਿ ਆਹੀ ਪਿਆਸਾ।"

— ਧਨਾ **੧**, ਸੋਹ ੩, ੪ : ੧ (13)

"ਚਲੇ ਚਲਣਹਾਰ ਵਿਚਾਰਾ ਲੇਇ **ਮਨੋ**।" (ਮਨ ਵਿਚ) — ਆਸਾ **ਫਰ**, ੨, ੭ : ੧ (488)

ਮਨੋਹਰ — ਦਿਲਕਸ਼, ਮਨ ਨੂੰ ਖਿਚਪਾਣ ਵਾਲਾ

"ਸਾਧ ਕੈ ਸੰਗਿ **ਮਨੋਹਰ** ਬੈਨ।"

— ਗਉ **੫**, ਸੁਖ ੭, ੨ : ੬ (271)

ਹੋਰ ਰੂਪ — ਮਨੋਹਰੁ —

"ਸ੍ਰੀ ਰੰਗੋ ਦਇਆਲ **ਮਨੋਹਰੁ** ਭਗਤਿ ਵਛਲੁ ਬਿਰਦਾਇਆ।" (ਭਾਵ ਸੁੰਦਰ, ਮਨ ਮੋਹ ਲੈਣ ਵਾਲਾ)

— ਗਉ **੫**, ਛੰਤ, ੩, ੨ : ੨ (248)

ਮਨੋਪਿਮੰ — ਜਿਸ ਦੀ ਉਪਮਾ ਨਾ ਕੀਤੀ ਜਾ ਸਕੇ

"ਪਰਮਾਦਿ ਪੁਰਖ **ਮਨੋਪਿਮੰ** ਸਤਿ ਆਦਿ ਭਾਵ ਰਤੰ।" — ਗੂਜ **ਦੇਵ**, ੧, ੧ : ੧ (526)

ਮਨੋਰਥ — ਇਛਾ, ਸੰਕਲਪ, ਭਾਵਨਾਵਾਂ ਆਸ਼ੇ

"ਸਗਲ **ਮਨੋਰਥ** ਪੂਰਨ ਹੋਏ ਕਦੇ ਨ ਹੋਇ ਦੁਖਾਲਾ ਜੀਉ।" — ਮਾਝ **੫**, ੪੦, ੪ : ੩ (106)

"ਪਾਏ **ਮਨੋਰਥ** ਸਭਿ ਜੋਨੀ ਨਹ ਭਵੈ।"

— ਗੂਜ **੫**, ਵਾਰ ੨੦ਸ, **੫**, ੧ : ੪ (523)

"ਰਚੰਤਿ ਮੂੜ ਅਗਿਆਨ ਅੰਧਹ ਨਾਨਕ ਸੁਪਨ **ਮਨੋਰਥ** ਮਾਇਆ।" (ਮਨ+ਅਰਥ=ਮਨ ਦੀਆਂ ਚਾਹੀਆਂ ਵਸਤਾਂ)

— ਜੈਤ **੫**, ਵਾਰ ੮ਸ, **੫**, ੧ : ੨ (707)

ਹੋਰ ਰੂਪ — ਮਨੋਰਥੁ —

"ਆਸ **ਮਨੋਰਥੁ** ਪੂਰਨੁ ਹੋਵੈ ਭੇਟਤ ਗੁਰ ਦਰਸਾਇਆ ਜੀਉ।" (ਆਸ਼ਾ, ਉਦੇਸ਼)

— ਮਾਝ **੫**, ੩੨, ੨ : ੩ (104)

ਮਧਿ — ਮਾਪ ਕੇ, ਮਿਣ ਕੇ

"**ਮਧਿ** ਮਧਿ ਕਾਟਉ ਜਮ ਕੀ ਫਾਸੀ।"

— ਆਸਾ **ਨਾਮ**, ੩, ੧ : ੨ (485)

ਮਫੀਟਸਿ — ਅਮਿਟ ਹੈ

"ਕਰਮ ਕਰਿ ਖਾਰੁ **ਮਫੀਟਸਿ** ਰੀ।"

— ਧਨਾ **ਤ੍ਰਿਲੋ**, ੧, ੪ : ੩ (695)

ਮਫੁਟੈ — ਨਹੀਂ ਫੁਟਦੀ

"ਸੰਜਮੁ ਸਤੁ ਸੰਤੋਖੁ ਸੀਲ ਸੰਨਾਹੁ **ਮਫੁਟੈ**।"

— ਸਵ **੪**, ਕਲ ੬ : ੪ (1397)

ਮਮ — 1. ਮੈਨੂੰ

"ਉਪਦੇਸ ਗੁਰੂ **ਮਮ** ਪੁਨਹਿ ਨ ਗਰਭੰ ਬਿਖੁ ਤਜਿ ਅੰਮ੍ਰਿਤੁ ਪੀਆਇਆ।"

— ਗੂਜ **੧**, ਅਸ ੧, ੮ : ੨ (503)

ਹੋਰ ਰੂਪ — ਮਮੰ —

"ਸਰਬ ਸੀਲ **ਮਮੰ** ਸੀਲੰ ਸਰਬ ਪਾਵਨ ਮਮ ਪਾਵਨਹ।" — ਸਸ **੫**, ੩੮ : ੧ (1357)

2. ਮੇਰੇ

"**ਮਮ** ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ।"

— ਤਿਲੰ **੧**, ੧, ੧* : ੨ (721)

3. ਮਮਤਾ, ਮੋਹ

"ਅਨਿਤ ਬਿਉਹਾਰ ਅਚਾਰ ਬਿਧਿ ਹੀ ਨਤ **ਮਮ** ਮਦ ਮਾਤ ਕੋਪ ਜਰੀਆ।"

— ਕਾਨ **੫**, ੩੦, ੨ : ੧ (1303)

ਮਮਤਾ — 1. ਮੋਹ, ਖੁਦੀ, ਖੁਦਗਰਜੀ

"ਹਉਮੈ **ਮਮਤਾ** ਮੋਹਣੀ ਸਭ ਮੁਠੀ ਅਹੰਕਾਰਿ।"

— ਸਿਰੀ **੧**, ੧੪, ੧* : ੨ (19)

"ਹਉਮੈ **ਮਮਤਾ** ਗੁਰ ਸਬਦਿ ਵਿਸਾਰੀ।"

— ਗਉ **੧**, ਅਸ ੧੦, ੮ : ੧ (225)

"ਮਨਮੁਖ ਅਹੰਕਾਰੁ ਸਲਾਹਦੇ ਹਉਮੈ **ਮਮਤਾ** ਵਾਦੁ।"

— ਗਉ **੪**, ਵਾਰ ੨ਸ, **੪**, ੧ : ੨ (301)

2. ਮੇਰਾ ਪਣ, ਅਪਣਤ

"ਬੰਧਨ ਮੁਕਤੁ ਸੰਤਹੁ ਮੇਰੀ ਰਾਖੈ **ਮਮਤਾ**।"

— ਸਿਰੀ **੫**, ੯੭, ੩ : ੨ (52)

"ਹਉਮੈ **ਮਮਤਾ** ਮਾਇਆ ਸੰਗਿ ਨ ਜਾਈ ਰਾਮ।" (ਮੈ ਮੇਰੀ)

— ਆਸਾ **੧**, ਛੰਤ ੩, ੨ : ੨ (437)

"**ਮਮਤਾ** ਕੀ ਮਨੁ ਉਤਰੈ ਲਿਹੁ ਮਨੁ ਹਛਾ ਹੋਇ।" (ਭਾਵ ਹਉਮੈ)

— ਵਡ **੩**, ੧, ੪ : ੨ (558)

"ਹਿੰਸਾ **ਮਮਤਾ** ਮੋਹੁ ਚੁਕਾਵੈ।" (ਆਪਣਾਪਣ ਭਾਵ ਮਲਕੀਅਤ ਦੀ ਚਾਹ)

— ਬਿਲਾ **੧**, ਥਿਤੀ ੧੩ : ੨ (840)

ਮਮਾ — ਗੁਰਮੁਖੀ ਲਿੱਪੀ ਦਾ 30ਵਾਂ ਅਖਰ 'ਮ'

"**ਮਮਾ** ਮਾਗਨਹਾਰ ਇਆਨਾ।"

— ਗਉ **੫**, ਬਾਅ ੪੧ : ੧ (258)

ਹੋਰ ਰੂਪ — ਮੰਮਾ —

"ਕਾਇਆ ਭੀਤਰਿ ਅਵਰੋ ਪੜਿਆ **ਮੰਮਾ** ਆਖਰੁ ਵੀਸਰਿਆ।" (ਭਾਵ ਮਰਨਾ)

— ਆਸਾ **੧**, ਪਟੀ ੨੮ : ੨ (434)

ਮੰਮਾ — 1. ਗੁਰਮੁਖੀ ਲਿਪੀ ਦਾ ਇਕ ਅਖਰ 'ਮ' ਵੇਖੋ ਮਮਾ

2. ਥਨ

"ਮਾਸਹੁ ਬਾਹਰਿ ਕਢਿਆ **ਮੰਮਾ** ਮਾਸੁ ਗਿਰਾਸੁ।"

— ਮਲਾ **੧**, ਵਾਰ ੨੫ਸ, **੧**, ੧ : ੩ (1289)

ਮੰਮੈ — 'ਮਮੇ' ਅਖਰ ਤੋਂ (ਉਪਦੇਸ਼ ਹੈ)

"**ਮੰਮੈ** ਮੋਹੁ ਮਰਣੁ ਮਧੁਸੂਦਨੁ ਮਰਣੁ ਭਇਆ ਤਬ ਚੇਤਵਿਆ।"

— ਆਸਾ **੧**, ਪਟੀ ੨੮ : ੧ (434)

"**ਮੰਮੈ** ਮਤਿ ਹਿਰਿ ਲਈ ਤੇਰੀ ਮੂੜੇ ਹਉਮੈ ਵਡਾ ਰੋਗੁ ਪਇਆ।" (ਭਾਵ ਮੋਹ/ਮਮਤਾ ਨੇ)

— ਆਸਾ **੩**, ੨ : ੧ (435)

ਮਯ — ਵਿਆਪੀ

"ਮਥੁਰਾ ਕੋ ਪ੍ਰਭੁ ਸ੍ਰਬ **ਮਯ** ਅਰਜੁਨ ਗੁਰੁ ਭਗਤਿ ਕੈ ਹੇਤਿ ਪਾਇ ਰਹਿਓ ਮਿਲਿ ਰਾਮ ਸਿਉ।"

— ਸਵ **੪**, ਮਥੁ ੩ : ੪ (1408)

ਮਯਹ — ਸ਼ਬਦਾਂ ਦੇ ਅੰਤ ਤੇ ਆਉਂਦੇ ਦਾ ਅਰਥ ਹਨ ਸਰੂਪ

"ਸਰਬਗ੍ਯ ਪੂਰਨ ਪੁਰਖ ਭਗਵਾਨਹ ਭਗਤਿ ਵਛਲ ਕਰੁਣਾ **ਮਯਹ**।" — ਸਸ ੫, ੨੧ : ੪ (1356)

ਮਯਮੰਤੁ — 'ਮਯ' (ਸ਼ਰਾਬ) ਦਾ ਮਤਾ (ਮਸਤ)
"ਕਬੀਰ ਕਾਇਆ ਕਜਲੀ ਬਨੁ ਭਇਆ ਮਨੁ ਕੁੰਚਰੁ **ਮਯਮੰਤੁ**।"
— ਸਲੋਗ **ਕਬ**, ੨੨੪ : ੧ (1376)

ਮਯਾ — ਕ੍ਰਿਪਾ
"ਹੇ ਸਰਣਿ ਜੋਗ ਦਯਾਲਹ ਦੀਨਾ ਨਾਥ **ਮਯਾ** ਕਰੋ।" — ਸਸ ੫, ੫੦ : ੩ (1358)

ਮਰਉ — ਮਰਦਾ, ਮਰਾਂ
"ਮੈ ਨ **ਮਰਉ** ਮਰਿਬੋ ਸੰਸਾਰਾ।"
— ਗਉ **ਕਬ**, ੧੨, ੧* : ੧ (325)
"ਅਬ ਕੈਸੇ **ਮਰਉ** ਮਰਨਿ ਮਨੁ ਮਾਨਿਆ।"
— ਗਉ **ਕਬ**, ੨੦, ੧* : ੧ (327)

ਮਰਈ — ਮਰਦਾ
"ਵਰਮੀ ਮਾਰੀ ਸਾਪੁ ਨ **ਮਰਈ** ਨਾਮੁ ਨ ਸੁਨਈ ਡੋਰਾ।" — ਆਸਾ ੫, ੪੨, ੧* : ੨ (381)

ਮਰਸਨ — ਮਰਨਗੇ
"ਕਰੁ ਗਹਿ ਲੀਏ ਨਾਨਕ ਜਨ ਅਪਨੇ ਅੰਧ ਘੋਰ ਸਾਗਰ ਨਹੀ **ਮਰਸਨ**।"
— ਕਾਨ ੫, ੨੯, ੨ : ੨ (1303)

ਹੋਰ ਰੂਪ — ਮਰਸਨਿ —
"ਵਿਣੁ ਸਚੇ ਦੂਜਾ ਸੇਵਦੇ ਹੁਇ **ਮਰਸਨਿ** ਬੁਟੁ।"
(ਮਰਨਗੇ) — ਗਉ ੪, ਵਾਰ ੨੯ : ੪ (315)

ਮਰਸੀ — ਮਰੇਗਾ
"**ਮਰਸੀ** ਹੋਇ ਵਿਛਾਣਾ ਮਨਿ ਤਨਿ ਭੰਗੁ ਹੈ।"
— ਸੂਹੀ ੧, ਅਸ ੩, ੬ : ੨ (752)

ਮਰਹਗੇ — ਮਰਾਂਗੇ
"ਕਿਆ ਜਾਣਾ ਕਿਵ **ਮਰਹਗੇ** ਕੈਸਾ ਮਰਣਾ ਹੋਇ।"
— ਬਿਹਾ ੪, ਵਾਰ ੧੨ਸ, ੩, ੨ : ੧ (555)

ਮਰਹਟ — ਸ਼ਮਸ਼ਾਨ ਭੂਮੀ, ਮਰਘਾਟ
"**ਮਰਹਟ** ਲਗਿ ਸਭੁ ਲੋਗੁ ਕੁਟੰਬੁ ਮਿਲਿ ਹੰਸੁ ਇਕੇਲਾ ਜਾਇ।" — ਕੇਦਾ **ਕਬ**, ੬, ੧ : ੨ (1124)

ਮਰਹਿ — ਮਰਦੇ ਹਨ
"ਨਾ ਓਹਿ **ਮਰਹਿ** ਨ ਠਾਗੇ ਜਾਹਿ।"
— ਜਪੁ ੧, ੩੭ : ੭ (8)

ਹੋਰ ਰੂਪ — ਮਰਹੁ —
"ਲਾਜ ਨ **ਮਰਹੁ** ਕਹਹੁ ਘਰੁ ਮੇਰਾ।" (ਮਰ ਜਾਵਾਂ) — ਗਉ **ਕਬ**, ੧੧, ੧* : ੧ (325)
"ਝਝੈ ਝੁਰਿ **ਮਰਹੁ** ਕਿਆ ਪ੍ਰਾਣੀ ਜੋ ਕਿਛੁ ਦੇਣਾ ਸੁ ਦੇ ਰਹਿਆ।" (ਮਰਦਾ ਹੈ)
— ਆਸਾ ੧, ਪਟੀ ੧੨ : ੧ (433)
"ਜੀਵਤ **ਮਰਹੁ** ਭਵਜਲ ਜਗੁ ਤਰਣਾ।" (ਮਰੋ)
— ਮਾਰੂ ੧, ਸੋਲਾ ੨੦, ੧ : ੨ (1040)

ਮਰਹੁਗੇ —
"ਗਿਆਨੁ ਧਿਆਨੁ ਗੁਣ ਸੰਜਮੁ ਨਾਹੀ ਜਨਮਿ **ਮਰਹੁਗੇ** ਝੂਠੇ।"
— ਸਿਰੀ ੧, ਪਹ ੨, ੨ : ੪ (75)

ਮਰਕਟ — ਬਾਂਦਰ
"**ਮਰਕਟ** ਮੁਸਟੀ ਅਨਾਜ ਕੀ ਮਨ ਬਉਰਾ ਰੇ ਲੀਨੀ ਹਾਥੁ ਪਸਾਰਿ।"
— ਗਉ **ਕਬ**, ੫੭, ੨ : ੧ (336)

ਹੋਰ ਰੂਪ — ਮਰਕਟਹ —
"ਬਿਖਯੰਤ ਜੀਵੰ ਵਸੰ ਕਰੋਤਿ ਨਿਰਤੵੰ ਕਰੋਤਿ ਜਥਾ **ਮਰਕਟਹ**।" (ਬਾਂਦਰ)
— ਸਸ ੪, ੪੭ : ੨ (1358)

ਮਰਕਾ — ਅਮਰਕ, ਸ਼ੁਕਰ ਦਾ ਪੁੱਤਰ ਜੋ ਪ੍ਰਹਿਲਾਦ ਨੂੰ ਪੜਾਨ ਲਈ ਨੀਯਤ ਕੀਤੇ ਗਏ ਸਨ
"ਸੰਡਾ **ਮਰਕਾ** ਸਭਿ ਜਾਇ ਪੁਕਾਰੇ।"
— ਭੈਰ ੩, ੨੦, ੩ : ੧ (1133)

ਹੋਰ ਰੂਪ — ਮਰਕੈ —
"ਸੰਡੈ **ਮਰਕੈ** ਕਹਿਓ ਜਾਇ।" (ਅਮਰਕ ਨੇ)
— ਬਸੰ **ਕਬ**, ੪, ੨ : ੧ (1194)

ਮਰਗ — (ਫ਼ਾ. ਮਰਗ) ਮੌਤ
"ਫਰੀਦਾ ਮੰਡਪ ਮਾਲੁ ਨਲਾਇ **ਮਰਗ** ਸਤਾਣੀ ਚਿਤਿ ਧਰਿ।" — ਸਲੋ **ਫਰ**, ੫੮ : ੧ (1381)

ਮਰਘਟ — ਮਸਾਣਾ, ਸ਼ਮਸ਼ਾਨਘਾਟ
"**ਮਰਘਟ** ਲਉ ਸਭੁ ਲੋਗੁ ਕੁਟੰਬੁ ਭਇਓ ਆਗੈ ਹੰਸੁ ਅਕੇਲਾ।"
— ਸੋਰ **ਕਬ**, ੨, ੩ : ੨ (654)

ਮਰਜਤ — ਮਲਦੀ ਹੈ, ਨਾਸ਼ ਕਰਦੀ ਹੈ
"ਕੁਹਕਤ ਕਪਟ ਖਪਟ ਖਲ ਗਰਜਤ **ਮਰਜਤ** ਮੀਚੁ ਅਨਿਕ ਬਰੀਆ।"
— ਕਾਨ ੫, ੩੦, ੧* : ੧ (1303)

ਮਰਜਾਦ — 1. ਸੀਮਾ, ਹਦ, ਹਦ ਬੰਨਾ
"ਸਭ ਤੇ ਊਚ ਊਚ ਤੇ ਊਚੋ ਅੰਤੁ ਨਹੀ **ਮਰਜਾਦ**।"
— ਸਾਰ **੫**, ੭੮, ੨ : ੧ (1219)

ਮਰਜਾਦੁ — ਮਰਯਾਦਾ, ਸਮਾਜ ਦਾ ਥਾਪਿਆ ਹੋਇਆ ਨਿਯਮ ਵੇਖੋ 'ਨਾ ਮਰਜਾਦੁ'
"ਨਾ **ਮਰਜਾਦੁ** ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ।"
— ਸਿਰੀ **੧**, ਪਹ ੧, ੧ : ੪ (74)

ਮਰਜੀਵੜੇ — ਮਰ ਕੇ ਜੀਵਨ ਵਾਲੇ, ਸੰਸਾਰ ਵਲੋਂ ਮਰ ਪ੍ਰਭੂ ਵਲ ਜੀਵੇ ਹਨ।
"ਭਗਤਿ ਕਰਹਿ **ਮਰਜੀਵੜੇ** ਗੁਰਮੁਖਿ ਸਦਾ ਹੋਇ।"
— ਵਡ **੪**, ਵਾਰ ੮ਸ, **੩**, ੧ : ੧ (589)

ਹੋਰ ਰੂਪ — ਮਰਜੀਵਾ —
"ਰਾਮ ਕਸਉਟੀ ਸੋ ਸਹੈ ਜੋ **ਮਰਜੀਵਾ** ਹੋਇ।" (ਮਰ ਕੇ ਜਿਊਣ ਵਾਲਾ)
— ਰਾਮ **੩**, ਵਾਰ ੪ਸ, **ਕਬ**, ੧ : ੨ (948)

ਮਰਣ — ਮੌਤ, ਸਰੀਰ ਤੋਂ ਪ੍ਰਾਂਣਾ ਦਾ ਵਿਯੋਗ
"ਹਰਿ ਜਨ ਹਰਿ ਹਰਿ ਨਾਮਿ ਸਮਾਣੇ ਦੁਖੁ ਜਨਮ **ਮਰਣ** ਭਵ ਖੰਡਾ ਹੇ।"
— ਗਉ **੪**, ਸੋਹ ੪, ੩ : ੧ (13)

ਹੋਰ ਰੂਪ — ਮਰਣੰ —
"ਇਹੁ ਜਗੁ ਮੋਹ ਹੇਤ ਬਿਆਪਤੰ ਦੁਖੁ ਅਧਿਕ ਜਨਮ **ਮਰਣੰ**।"
— ਗੂਜ **੧**, ਅਸ ੫, ੫ : ੧ (505)

ਮਰਣਹ —
"ਬਹੰਤਿ ਅਗਾਹ ਤੋਯੰ ਤਰੰਗੰ ਦੁਖੰਤ ਗ੍ਰਹ ਚਿੰਤਾ ਜਨਮੰ ਤ **ਮਰਣਹ**।" (ਮੌਤ ਦਾ)
— ਸਸ **੫**, ੧੨ : ੨ (1355)

ਮਰਣਹਾਰੁ — ਵਿਨਾਸਕਾਰੀ, ਬਣਸਣਹਾਰ, ਮਰਣ ਵਾਲਾ
"**ਮਰਣਹਾਰੁ** ਇਹੁ ਜੀਅਰਾ ਨਾਹੀ।"
— ਗਉ **੫**, ੧੧੨, ੩ : ੨ (188)

ਮਰਣਹੁ — ਮੌਤ ਤੋਂ, ਮਰਣ ਤੋਂ
"ਸਰਪਰ ਮੈਥੈ ਆਵਣਾ **ਮਰਣਹੁ** ਨ ਡਰਿਆਹੁ।"
— ਸਲੋ **ਫਰ**, ੬੩ : ੨ (1382)

ਮਰਣਾ — ਸ੍ਵਾਸ ਮੁਕਤ ਹੋਣਾ, ਨਿਰਜਿੰਦ ਹੋਣਾ
"ਜੀਵਣ **ਮਰਣਾ** ਜਾਇ ਕੈ ਏਥੈ ਖਾਜੈ ਕਾਲਿ।"
— ਸਿਰੀ **੧**, ੩, ੨ : ੧ (15)

ਹੋਰ ਰੂਪ — ਮਰਣਿ —
"ਜੋਰੁ ਨ ਜੀਵਣਿ **ਮਰਣਿ** ਨਹ ਜੋਰੁ।" (ਮਰਨ ਵਿਚ)
— ਜਪੁ **੧**, ੩੩ : ੩ (7)
"ਜਨਮੁ ਜੀਤਿ **ਮਰਣਿ** ਮਨੁ ਮਾਨਿਆ।" (ਮਰਨ ਨਾਲ)
— ਗਉ **੧**, ੮, ੨ : ੧ (153)
"**ਮਰਣਿ** ਨ ਮੂਰਤੁ ਪੁਛਿਆ ਪੁਛੀ ਥਿਤਿ ਨ ਵਾਰੁ।" (ਮੌਤ ਨੇ)
— ਸਾਰ **੪**, ਵਾਰ ੧੭ਸ, **੧**, ੧ : ੧ (1244)

ਮਰਣੁ —
"ਮਤੀ **ਮਰਣੁ** ਵਿਸਾਰਿਆ ਖੁਸੀ ਕੀਤੀ ਦਿਨ ਚਾਰਿ।" (ਮੌਤ)
— ਸਿਰੀ **੧**, ੧੫, ੧ : ੨ (15)

ਮਰਣੇ —
"ਜਮ ਕੈ ਪੰਥਿ ਨ ਪਾਈਅਹਿ ਫਿਰਿ ਨਾਹੀ **ਮਰਣੇ**।" (ਮੌਤ)
— ਗਉ **੪**, ਵਾਰ ੯ : ੨ (320)

ਮਰਣੇਨ —
"ਰਹੰਤਾ ਜਨਮ **ਮਰਣੇਨ** ਰਮਣੰ ਨਾਨਕ ਹਰਿ ਕੀਰਤਨਹ।" (ਮਰਣਾ)
— ਗਾਥਾ **੫**, ੭ : ੨ (1360)

ਮਰਤ — 1. ਮਰਨ ਵੇਲੇ
"ਅਵਰ **ਮਰਤ** ਮਨੁ ਤੋਲੇ ਤਉ ਭਗ ਮੁਖਿ ਜਨਮੁ ਵਿਗੋਇਆ।"
— ਸਿਰੀ **ਬੇਣੀ** , ੧, ੩ : ੪ (93)
"ਜੀਵਤ ਮੁਕੰਦੇ **ਮਰਤ** ਮੁਕੰਦੇ।" (ਮਰਦਿਆਂ)
— ਗੋਂਡ **ਰਵਿ**, ੧, ੧* : ੧ (875)

2. ਮੌਤ
"**ਮਰਤ** ਨ ਸੋਗ ਬਿਓਗੀ।"
— ਗਉ **ਕਬ**, ੫੩, ੧* : ੨ (334)

3. ਮਾਤ ਲੋਕ
"**ਮਰਤ** ਪਇਆਲ ਅਕਾਸੁ ਦਿਖਾਇਓ ਗੁਰਿ ਸਤਿ ਗੁਰਿ ਕਿਰਪਾ ਧਾਰੀ ਜੀਉ।"
— ਸੋਰ **੧**, ੮, ੨ : ੧ (598)

ਮਰੰਤਹ — ਮਰਦੇ
"ਕਬੀਰ ਏਕ ਮਰੰਤੇ ਦੁਇ ਮੂਏ ਦੋਇ **ਮਰੰਤਹ** ਚਾਰਿ।"
— ਸਲੋ **ਕਬ**, ੬੧ : ੧ (1369)

ਮਰਤਬਾ — ਪਦਮੀ, ਦਰਜਾ
"ਨਾਨਕ ਇਹੁ **ਮਰਤਬਾ** ਤਿਸ ਨੋ ਦੇਇ ਜਿਸਨੋ ਕਿਰਪਾ ਕਰੇ ਰਜਾਇ।"
— ਬਿਹਾ **੪**, ਵਾਰ ੧੯ਸ, **੩**, ੨ : ੫ (556)

ਮਰਤਾ — ਮਰਦਾ, ਪ੍ਰਾਣਾਂ ਤੋਂ ਵਿਹੂਣਾ ਹੁੰਦਾ
"**ਮਰਤ** ਜਾਤਾ ਨਦਰਿ ਨ ਆਇਆ।"
— ਗਉ **੧**, ੪, ੪ : ੪ (152)

ਹੋਰ ਰੂਪ — ਮਰਤਿਆ —
"ਜਿਉ ਉਲਝਾਇਓ ਬਾਧਬੁਧਿ ਕਾ **ਮਰਤਿਆ** ਨਹੀ ਬਿਸਰਾਨੀ।" (ਮਰਨ ਤਕ)
— ਗਉ **੫**, ਅਸ ੧੫, ੪ : ੧ (242)

ਮਰਤੀ —
"**ਮਰਤੀ** ਬਾਰ ਅਗਨਿ ਸੰਗਿ ਜਾਲੀ।" (ਮਰਦੀ)
— ਗਉ **ਕਬ**, ੧੧, ੨ : ੨ (325)

ਮਰੰਤੀ —
"ਲਾਜ **ਮਰੰਤੀ** ਮਰਿ ਗਈ ਘੂਘਟੁ ਖੋਲਿ ਚਲੀ।"
— ਰਾਮ **੧**, ਦਓ ੧੨ : ੧ (931)

ਮਰਤੁ — (ਸੰ. ਮਾਰੁਤ) ਹਵਾ, ਪ੍ਰਾਣ
"ਸੂਰ ਸਰੁ ਸੋਸਿ ਲੈ ਸੋਮ ਸਰੁ ਪੋਖਿਲੈ ਜੁਗਤਿ ਕਰਿ **ਮਰਤੁ** ਸੁ ਸਨ ਬੰਧੁ ਕੀਜੈ।"
— ਮਾਰੂ **੧**, ੯, ੧ : ੧ (991)

ਮਰਤੇ — 1. ਮਰਦਿਆਂ
"ਤਿਸ ਕਉ **ਮਰਤੇ** ਘੜੀ ਨ ਲਾਗੈ।"
— ਮਾਝ **੫**, ੫੦, ੧ : ੨ (109)

2. ਮਰਦੇ
"ਡਰਿ ਡਰਿ **ਮਰਤੇ** ਜਬ ਜਾਨੀਐ ਦੂਰਿ।"
— ਗਉ **੫**, ੧੦੧, ੧ : ੧ (186)

ਹੋਰ ਰੂਪ — ਮਰੰਤੇ —
"ਕਬੀਰ ਏਕ **ਮਰੰਤੇ** ਦੁਇ ਮੂਏ ਦੋਇ ਮਰੰਤਹ ਚਾਰਿ।" — ਸਲੋ **ਕਬ**, ੯੧ : ੨ (1369)

ਮਰਦ — ਬਹਾਦਰ, ਸੂਰਮਾ
"ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ **ਮਰਦ** ਕਾ ਚੇਲਾ।"
— ਤਿਲੰ **੧**, ੫, ੨ : ੫ (723)

"ਪੰਚ **ਮਰਦ** ਸਿਦਕਿ ਲੇ ਬਾਧਹੁ ਖੈਰਿ ਸਬੂਰੀ ਕਬੂਲ ਪਰਾ।" (ਪੰਜ ਬਹਾਦਰ ਭਾਵ ਕਾਮਾਦਕ)
— ਮਾਰੂ **੫**, ਸੋਲਾ ੧੨, ੪ : ੩ (1083)

ਮਰੰਦ — ਮਰਦਾ
"ਸਾਧ ਸੰਗਮਿ ਲਾਭੁ ਪਾਇਓ ਨਾਨਕ ਫਿਰਿ ਨ **ਮਰੰਦ**।" — ਕਾਨ **੫**, ੩੨, ੨ : ੨ (1304)

ਮਰਦਨ — 1. ਮਲਦਾ ਹੈ
"ਚੋਆ ਚੰਦਨੁ **ਮਰਦਨ** ਅੰਗਾ।"
— ਗਉ **ਕਬ**, ੧੧, ੩ : ੧ (325)

"ਜਹ ਕੀ ਉਪਜੀ ਤਹ ਰਚੀ ਪੀਵਤ **ਮਰਦਨ** ਲਾਗ।"
— ਗਉ **ਕਬ**, ੬੪, ੩ : ੧ (331)

(ਮਹਾਨਕੋਸ਼ ਇਥੇ ਪਾਠ ਮਰਦ ਨ ਕਰਕੇ ਮਰਦ ਦੇ ਅਰਥ ਰਗੜਾ ਸਖਤੀ ਨਾਲ ਮਸਲਣ ਦੀ ਕ੍ਰਿਯਾ ਕਰਦਾ ਹੈ ਅਤੇ ਦਰਖਣ ਮਰਦਨ ਦੇ ਅਰਥ ਮਰਦਾਂ ਭਾਵ ਗੁਰਮੁਖਾ ਕਰਦਾ ਹੈ)

2. ਮਲਣ ਵਾਲੀ ਵਸਤੂ, ਵਟਣਾ
"ਕਪੜ ਭੋਗ ਸੁਗੰਧ ਤਨਿ **ਮਰਦਨ** ਮਾਲਣਾ।"
— ਆਸਾ **੫**, ੧੧੦, ੩ : ੧ (398)

3. ਬਹੁਦਰ, ਵਿਸ਼ੇਸ਼ ਵਿਅਕਤੀ
"ਚਾਰਿ ਬਰਨ ਚਉਹਾ ਕੇ **ਮਰਦਨ** ਖਟੁ ਦਰਸਨ ਕਰ ਤਲੀਰੇ।"
— ਆਸਾ **੫**, ੧੩੨, ੨ : ੧ (401)

(ਮਹਾਨਕੋਸ਼ ਇਸ ਦੇ ਅਰਥ 'ਪੀਹਣਾ' ਕਰਦਾ ਹੈ)

ਮਰਦਨਹ — 1. ਮਲ ਦੇਣ ਵਾਲੇ, ਬਲਵਾਨ
"ਹੇ ਅਜਿਤ ਸੂਰ ਸੰਗ੍ਰਾਮੰ ਅਤਿ ਬਲਨਾ ਬਹੁ **ਮਰਦਨਹ**।" — ਸਸ **੫**, ੪੫ : ੧ (1358)

2. ਮਲਿਆ ਜਾਂਦਾ ਭਾਵ ਨਾਸ ਹੁੰਦਾ ਹੈ
"ਗਾਥਾ ਗੂੰਫ ਗੋਪਾਲ ਕਥੰ ਮਥੰ ਮਾਨ **ਮਰਦਨਹ**।"
— ਗਾਥਾ **੫**, ੬ : ੧ (1360)

ਮਰਦਨੁ — 1. ਮਲਣਾ
"ਦੁਰਗਾ ਕੋਟਿ ਜਾ ਕੈ **ਮਰਦਨੁ** ਕਰੈ।"
— **ਭੈਰ ਕਬ**, ੨, ੧ : ੩ (1162)

2. ਮਲਣ ਵਾਲਾ ਭਾਵ ਵਸ ਕਰਨ ਵਾਲਾ
"ਤਸਬੀ ਯਾਦਿ ਕਰਹੁ ਦਸ **ਮਰਦਨੁ** ਸੰਨਤਿ ਸੀਲੁ ਬੰਧਾਨਿ ਬਰਾ।"
(ਦਸਾਂ ਇੰਦ੍ਰੀਆਂ ਨੂੰ ਵਸ ਕਰਨ ਵਾਲਾ)
— ਮਾਰੂ **੫**, ਸੋਲਾ ੧੨, ੭ : ੩ (1084)

ਮਰਦਾ — 1. ਮੌਤ ਦੇ ਘਾਟ ਉਤਰਦਾ, ਸੁਆਸਹੀਣ ਹੁੰਦਾ

"ਗੁਰਿ ਅੰਮ੍ਰਿਤੁ ਹਰਿ ਮੁਖਿ ਚੋਇਆ ਮੇਰੀ ਜਿੰਦੁੜੀਏ ਫਿਰਿ **ਮਰਦਾ** ਬਹੁੜਿ ਜੀਵਾਇਆ ਰਾਮ।"
— ਬਿਹਾ **੪**, ਛੰਤ ੩, ੩ : ੩ (539)

2. ਪੁਰਸ਼
"ਚੇਤੇ ਅਉਰਤ **ਮਰਦਾ** ਸਾਜੇ ਏ ਸਭ ਰੂਪ ਤੁਮ੍ਹਾਰੇ।"
— ਪ੍ਰਭਾ **ਕਬ**, ੨, ੫ : ੧ (1349)

ਮਰਦਾਨਾ — (ਫ਼ਾ. ਮਰਦਾਨਾ) ਮਰਦਾਂ ਜਿਹਾ
"ਸੋਈ ਮਰਦੁ ਮਰਦੁ **ਮਰਦਾਨਾ**।"
— ਮਾਰੂ **੫**, ਸੋਲਾ ੧੨, ੧੪ : ੨ (1084)

ਮਰਦਿਆ — ਮਰੀ ਜਾਂਦੇ
"ਭੁਖਿਆ ਦੇਇ ਨ **ਮਰਦਿਆ** ਰਖੈ।"
— ਸਾਰ **੪**, ਵਾਰ ੯ਸ, **੧**, ੧ : ੨ (1241)

ਹੋਰ ਰੂਪ — ਮਰੰਦਿਆ —
"ਜੀਵੰਦਿਆ ਹਰਿ ਚੇਤਿਆ **ਮਰੰਦਿਆ** ਹਰਿ ਰੰਗਿ।" (ਮਰਇਆਂ)
— ਗੂਜ **੫**, ਵਾਰ ੧੯ਸ, **੫**, ੨ : ੧ (523)

ਮਰਦੀ — ਮਰਦਾਂ ਵਾਲੀ, ਬਹਾਦਰੀ ਦੀ
"ਪਏ ਕਬੂਲੁ ਖਸੰਮ ਕਾਲਿ ਜਾਂ ਘਾਲ **ਮਰਦੀ** ਘਾਲੀ।" — ਰਾਮ **ਬਸ**, ਵਾਰ ੩ : ੧੧ (967)

ਮਰਦੁ — ਪੁਰਸ਼ (ਅ. ਮਰਦ) ਬਹਾਦਰ
"ਸੋਈ **ਮਰਦੁ ਮਰਦੁ** ਮਰਦਾਨਾ।"
— ਮਾਰੂ **੫**, ਸੋਲਾ ੧੨, ੧੪ : ੨ (1084)

ਮਰਦੇ — ਮਰਦੇ ਹਨ, ਸੁਆਸ ਤਿਆਗਦੇ ਹਨ
"ਮਨਮੁਖ ਗੁਣ ਤੈ ਬਾਹਰੈ ਬਿਨੁ ਨਾਵੈ **ਮਰਦੇ** ਝੂਰਿ।"
— ਸਿਰੀ **੩**, ੩੨, ੨ : ੪ (27)

ਮਰਦੈ — ਮਲ ਦੇਵੇ, ਖਤਮ ਕਰ ਦੇਵੇ
"ਕਾਲ ਪੁਰਖੁ ਕਾ **ਮਰਦੈ** ਮਾਨੁ।"
— ਭੈਰ **ਕਬ**, ੧੧, ੧ : ੩ (1159)

ਮਰਦੋ — ਲਗਾਤਾਰ ਮਰਦਾ ਜਾਂਦਾ
"ਹਉਮੈ ਵਿਚਿ ਜਗਤੁ ਮੁਆ **ਮਰਦੋ** ਮਰਦਾ ਜਾਇ।"
— ਬਿਹਾ **੪**, ਵਾਰ ੧੯ਸ, **੩**, ੧ : ੧ (555)

ਮਰਨ — ਸਰੀਰ ਤੋਂ ਪ੍ਰਾਣਾਂ ਦਾ ਵਿਯੋਗ, ਮੌਤ
"ਜਨਮ **ਮਰਨ** ਦੁਖੁ ਪਰਹਰੈ ਸਬਦਿ ਰਹਿਆ ਭਰਪੂਰਿ।" — ਸਿਰੀ **੩**, ੫੩, ੧* : ੨ (34)

ਹੋਰ ਰੂਪ — ਮਰਨਾ —
"ਇਆ ਮਾਇਆ ਮਹਿ ਜਨਮਹਿ **ਮਰਨਾ**।" (ਸੁਆਸ ਹੀਣ ਹੋਣਾ, ਮਰ ਜਾਣਾ)
— ਗਉ **੫**, ਬਾਅ ੧੧ : ੩ (252)

"ਸੋ **ਮਰਨਾ** ਗੁਰ ਸਬਦਿ ਪ੍ਰਗਾਸਿਆ।" (ਮੌਤ)
— ਗਉ **ਕਬ**, ੨੦, ੧ : ੨ (327)

ਮਰਨਿ —
"ਅਬ ਕੈਸੇ ਮਰਉ **ਮਰਨਿ** ਮਨੁ ਮਾਨਿਆ।" (ਮਰਨ ਲਈ, ਮੌਤ ਤੇ)
— ਗਉ **ਕਬ**, ੨੦, ੧* : ੧ (327)

"ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ **ਮਰਨਿ** ਪਰਵਾਣੋ।" (ਮੌਤ, ਮਰਨਾ)
— ਵਡ **੧**, ਅਲ ੨, ੩ : ੧ (579)

ਮਰੰਨਿ —
"ਦੁਨੀਆ ਕੇਰੀ ਦੋਸਤੀ ਮਨਮੁਖ ਦਝਿ **ਮਰੰਨਿ**।" (ਮਰਦੇ ਹਨ)
— ਸੂਹੀ **੩**, ਅਸ ੩, ੨ : ੧ (755)

ਮਰਨੀ —
"ਐਸੀ **ਮਰਨੀ** ਜੋ ਮਰੈ ਬਹੁਰਿ ਨ ਮੁਰਨਾ ਹੋਇ।" (ਮੌਤ)
— ਬਿਹਾ **੪**, ਵਾਰ ੧੨ਸ, **ਕਬ**, ੧ : ੨ (55)

ਮਰਨੁ —
"**ਮਰਨੁ** ਭਇਆ ਮਗਹਰਿ ਕੀ ਬਾਸੀ।" (ਮੌਤ, ਮਰਨਾ) — ਗਉ **ਕਬ**, ੧੫, ੩ : ੨ (326)

ਮਰਨੇ —
"ਕਬੀਰ ਜਿਸੁ **ਮਰਨੇ** ਤੇ ਜਗੁ ਡਰੈ ਮੇਰੈ ਮਨਿ ਆਨੰਦੁ।" (ਮੌਤ)
— ਸਲੋ **ਕਬ**, ੨੨ : ੧ (1365)

ਮਰਨੈ —
"**ਮਰਨੈ** ਤੇ ਕਿਆ ਡਰਪਨਾ ਜਬ ਹਾਥਿ ਸਿਧਉਰਾਲੀਨ।" (ਮਰਨ ਤੋਂ)
— ਸਲੋ **ਕਬ**, ੭੧ : ੨ (1368)

"ਜਿਹ **ਮਰਨੈ** ਸਭੁ ਜਗਤੁ ਤਰਾਸਿਆ।" (ਮੌਤ ਨੇ) — ਗਉ **ਕਬ**, ੨੦, ੧ : ੧ (327)

ਮਰਨੋ —
"**ਮਰਨੋ** ਮਰਨੁ ਕਹੈ ਸਭੁ ਕੋਈ।" (ਮੌਤ)
— ਗਉ **ਕਬ**, ੨੦, ੨ : ੧ (327)

ਮਰਨ੍ਹਿ —
"ਨਾਮ ਬਿਹੂਨੜਿਆ ਸੇ **ਮਰਨ੍ਹਿ** ਵਿਸੂਰਿ ਵਿਸੂਰਿ।" (ਮਰਦੇ ਹਨ)

— ਆਸਾ **੫**, ੧੦੬, ੨ : ੨ (397)

ਮਰੰਨ੍ਹਿ —

"ਨਾਨਕ ਸਤੀਆ ਜਾਣੀ ਅਨ੍ਹਿ ਜਿ ਬਿਰਹੇ ਚੋਟ **ਮਰੰਨ੍ਹਿ**।" (ਮਰਦੀਆਂ ਹਨ)

— ਸੂਹੀ **੩**, ਵਾਰ ੬ਸ, **੩**, ੧ : ੨ (787)

ਮਰਬੇ — ਮਰਨ ਦਾ

"ਭੈ **ਮਰਬੇ** ਕੋ ਬਿਸਰਤ ਨਾਹਿ ਨ ਤਿਹ ਚਿੰਤਾ ਤਨੁ ਜਾਰਾ।" — ਜੈਤ **੯**, ੨, ੧ : ੨ (703)

ਮਰਮ — ਭੇਦ

"ਦੇਵੀਆ ਨਹੀ ਜਾਨੈ **ਮਰਮ**।"

— ਰਾਮ **੫**, ੩੬, ੨ : ੩ (894)

ਹੋਰ ਰੂਪ — ਮਰੰਮ —

"ਮੂਸਨ ਮਗਨ **ਮਰੰਮ** ਸਿਉ ਖੰਡ ਖੰਡ ਕਰਿਹਾਰ।" (ਭੇਦ)

— ਚਉ **੫**, ੧੦ : ੨ (1364)

ਮਰੰਮ — 1. ਭੇਦ, ਵੇਖੋ 'ਮਰਮ'

2. ਸਰੀਰ ਦਾ ਕੋਈ ਗੁਝਾ ਅੰਗ ਜਿਥੇ ਸਟ ਲਗਨ ਨਾਲ ਆਦਮੀ ਮਰ ਜਾਂਦਾ ਹੈ

"ਲਾਗੀ ਚੋਟ **ਮਰੰਮ** ਕੀ ਰਹਿਓ ਕਬੀਰਾ ਠਉਰ।"

— ਸਲੋ **ਕਬ**, ੧੯੨ : ੨ (1374)

('ਦਰਪਣ' ਅਰਥ ਦਿਲ ਨੂੰ ਵਿੰਨ੍ਹਣ ਵਾਲੀ ਕਰਦਾ ਹੈ ਤੇ ਨਿਰਣੈ ਦਿਲੀ ਪ੍ਰੇਮ)

ਮਰਮੀ — ਭੇਤੀ, ਭੇਦ ਜਾਣਨ ਵਾਲਾ

"**ਮਰਮੀ** ਹੋਇ ਸੁ ਮਨ ਕਉ ਜਾਨੈ।"

— ਗਉ **ਕਬ**, ਬਾਅ ੩੧ : ੨ (342)

ਮਰਮੁ — ਭੇਦ

"**ਮਰਮੁ** ਤੁਮਾਰਾ ਗੁਰ ਤੇ ਪਾਇਆ।"

— ਗਉ **੫**, ੮੭, ੪ : ੨ (181)

ਹੋਰ ਰੂਪ — ਮਰੰਮੁ —

"ਮਿਤ ਕਾ ਚਿਤੁ ਅਨੂਪੁ **ਮਰੰਮੁ** ਨ ਜਾਨੀਐ।"

— ਫੁਨ **੫**, ੧੨ : ੧ (1362)

ਮਰਾ — 1. ਮਰਾਂ, ਮਰਦੀ ਹਾਂ

"ਜਹ ਜਹ ਦੇਖਾ ਤਹ ਤਹ ਤੂ ਹੈ ਤੁਝ ਤੇ ਨਿਕਸੀ ਫੂਟਿ **ਮਰਾ**।" — ਸਿਰੀ **੧**, ੩੧, ੧ : ੨ (25)

ਹੋਰ ਰੂਪ — ਮਰਾਂ —

"ਖਿਨੁ ਪਲੁ ਘੜੀ ਨ ਜੀਵਉ ਬਿਨੁ ਦੇਖੇ **ਮਰਾਂ** ਮਾਇ।" (ਮਰਦੀ ਹਾਂ)

— ਸਾਰ **੪**, ਵਾਰ ੨੯ : ੩ (1248)

2. ਮੌਤ

"ਜਰਾ **ਮਰਾ** ਤਾਪੁ ਸਿਰਤਿ ਸਾਪੁ ਸਭੁ ਹਰਿ ਕੈ ਵਸਿ ਹੈ ਕੋਈ ਲਾਗਿ ਨ ਸਕੈ ਬਿਨੁ ਹਰਿ ਕਾ ਲਾਇਆ।"

— ਗਉ **੪**, ੫੧, ੪ : ੨ (168)

ਮਰਾਉ — ਮਰਦੀ ਹਾਂ

"ਮੈ ਗਲਿ ਅਉਗਣ ਮੁਠੜੀ ਬਿਨੁ ਪਿਰ ਝੂਰਿ **ਮਰਾਉ**।" — ਮਾਰੂ **੧**, ਅਸ ੯, ੨ : ੨ (1014)

ਮਰਾਇ — ਮਰਦੀ ਹੈ

"ਬਿਨੁ ਜਲ ਕਮਲ ਸੁ ਨਾ ਥੀਐ ਬਿਨੁ ਜਲ ਮੀਨੁ **ਮਰਾਇ**।"— ਸਿਰੀ **੧**, ਅਸ ੧੫, ੮ : ੨ (63)

ਮਰਾਇਦਾ — ਮਰਵਾਉਂਦਾ ਹੈ

"ਕੁਵਲੀਆ ਪੀੜੁ ਆਪਿ **ਮਰਾਇਦਾ** ਪਿਆਰਾ ਕਰਿ ਬਾਲਕ ਰੂਪਿ ਪਚਾਹਾ।"

— ਸੋਰ **੪**, ੬, ੨ : ੩ (606)

ਮਰਾਈਐ — ਮਰ ਜਾਈਏ, ਮਰ ਜਾਈਦਾ ਹੈ

"ਜੇ ਦੂਜੈ ਪਾਸਹੁ ਮੰਗੀਐ ਤਾ ਲਾਜ **ਮਰਾਈਐ**।"

— ਵਡ **੪**, ਵਾਰ ੧੦ : ੩ (590)

ਮਰਾਸਾ — ਮਰਨਾ ਹੈ

"ਸੋ ਐਸਾ ਪ੍ਰਭੁ ਛੋਡਿ ਅਪਨੀ ਬਿਰਥਾ ਅਵਰਾ ਪਹਿ ਕਹੀਐ ਅਵਰਾ ਪਹਿ ਕਹਿ ਮਨ ਲਾਜ **ਮਰਾਸਾ**।" — ਗੋਂਡ **੪**, ੨, ੨ : ੩ (860)

ਮਰਾਹਾ — ਮਰ ਜਾਂਦੀ ਹੈ

"ਹਉ ਤੁਝੁ ਬਾਝਹੁ ਖਰੀ ਉਡੀਣੀਆ ਜਿਉ ਜਲ ਬਿਨੁ ਮੀਨੁ **ਮਰਾਹਾ**।"

— ਸੂਹੀ **੪**, ਛੰਤ ੫, ੨ : ੩ (776)

ਹੋਰ ਰੂਪ — ਮਰਾਹਿ —

"ਗੁਰਮੁਖਿ ਮੁਏ ਜੀਵ ਦੇ ਪਰਵਾਣੁ ਹਹਿ ਮਨਮੁਖ ਜਨਮਿ **ਮਰਾਹਿ**।" (ਮਰਦੇ ਹਨ)

— ਸੋਰ **੪**, ਵਾਰ ੨ਸ, **੩**, ੨ : ੪ (643)

ਮਰਾਹੀ —

"ਓਨਾ ਕਾ ਆਖਿਆ ਕੋ ਨ ਸੁਣੈ ਨਿਤ ਹਉਲੇ ਹਉਲਿ **ਮਰਾਹੀ**।" (ਮਰਦੇ ਹਨ)

— ਗਉ **੪**, ਵਾਰ ੧੫ਸ, **੪**, ੨ : ੬ (308)

ਮਰਾਲ — ਹੰਸ, ਰਾਜ ਹੰਸ

"ਸੰਤ **ਮਰਾਲ** ਕਰਹਿ ਕੰਤੂਹਲ ਤਿਨ ਜਮਤ੍ਰਾਸ

ਮਿਟਿਓ ਦੁਖ ਕਾਗਰ।"
— ਸਵ **੪**, ਮਥੁ ੪ : ੩ (1401)

ਮਰਿ — 1. ਪ੍ਰਾਣ ਹੀਨ ਹੋਣਾ, ਮਰਨਾ
"ਆਖਾ ਜੀਵਾ ਵਿਸਰੈ **ਮਰਿ** ਜਾਉ।"
— ਆਸਾ **੧**, ਸੋਦ ੩, ੧ : ੧ (9)
2. ਮਰ ਕੇ
"ਆਵਣੁ ਜਾਣੁ ਨ ਚੁਕਈ **ਮਰਿ** ਜਨਮੈ ਹੋਇ ਖੁਆਰੁ।" — ਸਿਰੀ **੧**, ੧੩, ੩ : ੩ (19)
ਹੋਰ ਰੂਪ — ਮਰਿਓ —
"ਜੋਬੰਨ ਬੀਤਿ ਜਰਾ ਰੋਗਿ ਗ੍ਰਸਿਓ ਜਮਦੂਤ ਨ ਡੰਨੁ ਮਿਰਤੁ **ਮਰਿਓ** ਹੈ।" (ਮਰਿਆ)
— ਸਮੁ **੫**, ੮* : ੪ (1388)

ਮਰਿਓਦਿ — ਮਰੀਦਾ ਹੈ, ਮਰਨ ਲਗੀਦਾ ਹੈ
"ਵਿਛੋੜਾ ਸੁਣੇ ਡੁਖੁ ਵਿਣੁ ਡਿਠੇ **ਮਰਿਓਦਿ**।"
— ਮਾਰੂ **੫**, ਵਾਰ ੧੮ਸ, **੫**, ੩ : ੧ (1100)

ਮਰਿਜੀਵਾ — ਮਰ ਕੇ ਜਿਊਣ ਵਾਲਾ
"ਰਾਮ ਕਸਉਟੀ ਸੋ ਸਹੈ ਜੋ **ਮਰਿਜੀਵਾ** ਹੋਇ।"
— ਸਲੋ **ਕਬ**, ੩੩ : ੨ (1366)

ਮਰਿਬੋ — ਮਰੇ ਹਨ
"ਮੈ ਨ ਮਰਉ **ਮਰਿਬੋ** ਸੰਸਾਰਾ।"
— ਗਉ **ਕਬ**, ੧੨, ੧* : ੧ (325)

ਮਰੀ — ਮਰਦੀ ਹੈ
"ਕਰੁ ਗਹਿ ਲੀਨੇ ਹਰਿ ਜਸੋ ਦੀਨੇ ਜੋਨਿ ਨਾ ਧਾਵੈ ਨਹ **ਮਰੀ**।"— ਸਿਰੀ **੫**, ਛੰਤ ੩, ੫ : ੪ (81)
ਹੋਰ ਰੂਪ — ਮਰੀਆ —
"ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ **ਮਰੀਆ**।" (ਮਰਦਾ ਹੈ)
— ਆਸਾ **੪**, ਛੰਤ ੧੫, ੨ : ੩ (449)
ਮਰੀਐ —
"ਹਰਿ ਜਲ ਨਿਧਿ ਹਮ ਜਲ ਕੇ ਮੀਨੇ ਜਨ ਨਾਨਕ ਜਲ ਬਿਨੁ **ਮਰੀਐ** ਜੀਉ।" (ਮਰੀਦਾ ਹੈ) — ਮਾਝ **੪**, ੩, ੪ : ੩ (95)

ਮਰੀਜਈ — ਮਰਦੇ ਹਨ
"ਕਰਮ ਵਧਹਿ ਕੈ ਲੋਅ ਖਪਿ **ਮਰੀਜਈ**।"
— ਮਲਾ **੧**, ਵਾਰ ੧੨ : ੬ (1285)

ਮਰੀਜੈ — ਮਰਦੇ ਹਨ, ਮਰ ਜਾਈਏ
"ਨਾਨਕ ਸੂਤਕਿ ਜਨਮਿ **ਮਰੀਜੈ**।"
— ਆਸਾ **੧**, ਅਸ ੪, ੮ : ੩ (413)
"ਕਿਉ ਨ **ਮਰੀਜੈ** ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ।"
— ਵਡ **੧**, ੩, ੧ : ੨੦ (558)
"ਤ੍ਰੈ ਗੁਣ ਬਿਖਿਆ ਜਨਮਿ **ਮਰੀਜੈ**।" (ਮਰੀਦਾ ਹੈ) — ਰਾਮ **੧**, ਅਸ ੫, ੨ : ੨ (905)

ਮਰੁ — 1. ਮਰ, ਮਰੋ ਮਰੀਏ
"ਮੁਇਆ ਜਿਤੁ ਘਰਿ ਜਾਈਐ ਤਿਤੁ ਜੀਵਦਿਆ **ਮਰੁ** ਮਾਰਿ।" — ਸਿਰੀ **੧**, ੧੮, ੨ : ੨ (21)
"ਜੀਵਦਿਆ **ਮਰੁ** ਮਾਰਿ ਨ ਪਛੋਤਾਈਐ।"
— ਮਾਝ **੧**, ਵਾਰ ੨੦ : ੧ (147)
"ਚਾਰੇ ਅਗਨਿ ਨਿਵਾਰਿ **ਮਰੁ** ਗੁਰਮੁਖਿ ਹਰਿ ਜਲੁ ਪਾਇ।" — ਸਿਰੀ **੧**, ੨੦, ੪ : ੧ (21)
(ਮਹਾਨ ਕੋਸ਼ ਇਥੇ 'ਮਰੁ' ਦੇ ਅਰਥ 'ਮਾਰਨ ਵਾਲਾ' ਕਰਦਾ ਹੈ)
2. ਮੌਤ
"**ਮਰੁ** ਮੁਇਆ ਸਬਦੇ ਮਰਿ ਜਾਇ।"
— ਆਸਾ **੩**, ੪੫, ੧* : ੧ (362)
"ਸਬਦਿ ਮਰੈ ਤਾ ਮਾਰਿ **ਮਰੁ** ਭਾਗੋ ਕਿਸੁ ਪਹਿ ਜਾਉ।" (ਮੌਤ)
— ਮਾਰੂ **੧**, ਅਸ ੩, ੧ : ੧ (1010)

ਮਰੇ — ਮਰਨ ਵਾਲਾ
"ਅਬ ਤਉ ਜਰੇ **ਮਰੇ** ਸਿਧਿ ਪਾਈਐ ਲੀਨੋ ਹਾਥਿ ਸੰਧਉਰਾ।" — ਗਉ **ਕਬ**, ੬੮, ੧* : ੨ (338)
ਹੋਰ ਰੂਪ — ਮਰੈ —
"ਨਾ ਓਹੁ **ਮਰੈ** ਨ ਹੋਵੈ ਸੋਗੁ।" (ਮਰਦਾ ਹੈ)
— ਆਸਾ **੧**, ਸੋਦ ੩, ੩ : ੧ (9)
"ਅਗਨਿ **ਮਰੈ** ਜਲੁ ਪਾਈਐ ਜਿਉ ਬਾਰਿਕ ਦੂਧੈ ਮਾਇ।" (ਭਾਵ ਬੁਝਦੀ ਹੈ)
— ਸਿਰੀ **੧**, ਅਸ ੧੫, ੮ : ੧ (63)
"ਜੀਵਤੁ **ਮਰੈ** ਹਰਿ ਨਾਮੁ ਵਖਾਣੈ।" (ਮਰੇ)
— ਸਿਰੀ **੪**, ਵਾਰ ੧੪ਸ, **੩**, ੨ : ੪ (88)

ਮਰੋਰਉ — ਮਰੋੜਦੀ ਹਾਂ, ਭਾਵ ਪਛਤਾਉਂਦੀ ਹਾਂ
"ਤਪਿ ਤਪਿ ਲੁਹਿ ਲੁਹਿ ਹਾਥ **ਮਰੋਰਉ**।"
— ਆਸਾ **ਫਰ**, ੧, ੧ : ੧ (794)

ਮਰੋੜੈ — ਮਰੋੜਦੇ ਹਨ
"ਹਥ **ਮਰੋੜੈ** ਤਨੁ ਕਪੇ ਸਿਆਹਹੁ ਹੋਆ ਸੇਤੁ।"

(ਭਾਵ ਦੁਖ ਦਿੰਦੇ ਹਨ)
— ਮਾਝ **੫**, ਬਾਰ ੭ : ੬ (134)

ਮਲ — 1. ਪਹਿਲਵਾਨ
"**ਮਲ** ਲਥੇ ਲੈਂਦੇ ਫੇਰੀਆ।"
— ਸਿਰੀ **੫**, ਅਸ ੨੯, ੧੮ : ੨ (74)

2. ਬਲਵਾਨ ਵਿਅਕਤੀ ਭਾਵ ਜਮਦੂਤ
"ਖੰਢਾ ਅੰਦਰਿ ਰਖਿ ਕੈ ਦੇਨਿ ਸੁ **ਮਲ** ਸਜਾਇ।"
— ਮਾਝ **੧**, ਵਾਰ ੧੧ਸ, **੧**, ੨ : ੨ (143)

3. ਗੰਦੇ ਲੋਕ
"**ਮਲ** ਮੂਤ ਮੂੜ ਜਿ ਮੁਗਧ ਹੋਤੇ ਸਿ ਦੇਖਿ ਦਰਸੁ ਸੁਗਿਆਨਾ।"
— ਗਉ **੫**, **ਛੰਤ** ੨, ੩ : ੫ (248)

4. ਮੈਲ
"**ਮਲ** ਭਰਮ ਕਰਮ ਅਹੰ ਮਮਤਾ ਮਰਣੁ ਚੀਤਿ ਨ ਆਵਏ।"
— ਆਸਾ **੫**, **ਛੰਤ** ੮, ੨ : ੩ (458)

ਹੋਰ ਰੂਪ — ਮਲੰ —
"ਛਲੰ ਛਿਦ੍ਰੰ ਕੋਟਿ ਬਿਘਨੰ ਅਪਰਾਧੰ ਕਿਲਬਿਖ **ਮਲੰ**।" (ਮੈਲ)
— ਸਸ **੫**, ੪੨ : ੧ (1357)

5. ਭਾਵ ਪਾਪ, ਮਲੀਕ ਕਰਮ
"ਪ੍ਰੇਮਿ ਭਗਤਿ ਰਾਚੇ ਜਨ ਨਾਨਕ ਹਰਿ ਸਿਮਰਨਿ ਦਹਨ ਭਏ **ਮਲ**।"
— ਟੋਡੀ **੫**, ੨੬, ੨ : ੨ (717)

6. ਮਲਦੇ ਹਨ, ਕਬਜ਼ਾ ਕਰਦੇ ਹਨ
"ਜਿਨ੍ਹੀ ਪਛਾਤਾ ਖਸਮੁ ਸੇ ਦਰਗਹ **ਮਲ**।"
— ਰਾਮ **੫**, ਵਾਰ ੧੬ : ੬ (964)

ਮਲਊਨ — (ਅ. ਮਲਅਊਨ) ਫਿਟਕਾਰੇ ਜਾਣ ਵਾਲਾ ਸੁਭਾਅ ਬੁਰਾ ਸੁਭਾਵ ਭਾਵ ਵਿਕਾਰ
"ਸੋ ਮੁਲਾ **ਮਲਊਨ** ਨਿਵਾਰੈ ਸੋ ਦਰਵੇਸੁ ਜਿਸੁ ਸਿਫਤਿ ਧਰਾ।" — ਮਾਰੂ **੫**, ਸੋਲਾ ੧੨, ੬ : ੩ (1084)

ਮਲਆਨਲੋ — (ਸੰ. ਮਲਯਾਨਿਲ:) ਭਾਰਤ ਦੇ ਦਖਣ ਵਿਚ ਚੰਦਨ ਵਨਾਂ ਵਾਲੇ ਮਲਯ ਪਹਾੜ ਤੋਂ ਆਉਣ ਵਾਲੀ ਹਵਾ ਸੁਗੰਧਿਤ ਹਵਾ
"ਧੂਪੁ **ਮਲਆਨਲੋ** ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ।"
— ਧਨਾ **੧**, ਸੋਹ ੩, ੧ : ੨ (13)

ਮਲਹੁ — ਮਲੋ, ਝਸੋ
"ਜਿਨ ਹਰਿ ਧਿਆਇਆ ਤਿਨਹਰਿ ਪਾਇਆ ਮੇਰਾ ਸੁਆਮੀ ਤਿਨ ਕੇ ਚਰਣ **ਮਲਹੁ** ਹਰਿ ਦਸਨਾ।"
— ਗੋਂਡ **੪**, ੩, ੨ : ੨ (860)

ਮਲਕ — (ਅ. ਮਲੱਕ) ਰਾਜਾ, ਬਾਦਸ਼ਾਹ
"ਮੀਰ **ਮਲਕ** ਉਮਰੇ ਫਾਨਾਇਆ ਏਕ ਮੁਕਾਮ ਖੁਦਾਇ ਦਰਾ।"
— ਮਾਰੂ **੫**, ਸੋਲਾ ੧੨, ੮ : ੩ (1084)

ਮਲਕਲਮਉਤ — (ਅ. ਮਲਕੁਲ ਮੌਤ) ਮੌਤ ਦਾ ਫਰਿਸ਼ਤਾ
"**ਮਲਕਲਮਉਤ** ਜਾਂ ਆਵਸੀ ਸਭ ਦਰਵਾਜੇ ਭੰਨਿ।"
— ਸਲੋ **ਫਰ**, ੧੦੦ : ੩ (1383)

ਮਲਕੁ — ਮਲਕੁਲ ਮੌਤ, ਮੌਤ ਦਾ ਫਰਿਸ਼ਤਾ
"ਫਰੀਦਾ ਦੁਹੁ ਦੀਵੀ ਬਲੰਦਿਆ **ਮਲਕੁ** ਬਹਿਠਾ ਆਇ।" — ਸਲੋ **ਫਰ**, ੪੮ : ੧ (1380)

ਮਲਗਾਰੇ — ਚੰਦਨ
"ਸਤਿਗੁਰ ਨਾਮੁ ਦ੍ਰਿੜਾਏ ਅਤਿ ਮੀਠਾ ਮੈਲਾਗਰੁ **ਮਲਗਾਰੇ**।" — ਨਟ **੪**, ਅਸ ੨, ੧ : ੧ (981)

ਮਲਤਾ — ਮਲੀਨ
"ਮੈਲਾ **ਮਲਤਾ** ਇਹੁ ਸੰਸਾਰੁ।"
— ਭੈਰ **ਕਬ**, ੩, ੧* : ੧ (1158)

ਮਲਨ — 1. ਮੈਲ, ਗੰਦਗੀ, ਮਲੀਨਤਾ
"ਮੋਹ **ਮਲਨ** ਨੀਦ ਤੇ ਛੁਟਕੀ ਕਉਨੁ ਅਨੁਗ੍ਰਹੁ ਭਇਓਰੀ।" — ਆਸਾ **੫**, ੫੧, ੧* : ੧ (383)

2. ਪਾਪ
"ਪ੍ਰਭ ਕਹਨ **ਮਲਨ** ਦਹਨ ਲਹਨ ਗੁਰ ਮਿਲੇ ਆਨ ਨਹੀ ਉਪਾਉ।"
— ਕਾਨ **੫**, ੩੯, ੧* : ੧ (1306)

3. ਮਿਦੇ ਗਏ, ਦਬੇ ਗਏ
"ਅੰਤਰਿ ਸੂਖਾ ਬਾਹਰਿ ਸੂਖਾ ਹਰਿ ਜਪਿ **ਮਲਨ** ਭਏ ਦੁਸਟਾਰੀ।"
— ਰਾਮ **੫**, ਅਸ ੮, ੧ : ੧ (916)

4. ਦਲਣ ਵਾਲੇ
"ਬਲਿਹਿ ਛਲਨ ਸਬਲ **ਮਲਨ** ਭਗ੍ਤਿ ਫਲਨ ਕਾਨ੍ਹ ਕੁਅਰਾ ਨਿਹਕਲੰਕ ਬਜੀ ਡੰਕ ਚੜ੍ਹੂ ਦਲ

ਰਵਿੰਦ ਜੀਉ।"
— ਸਵ **੪**, ਗਯੰ ੯ : ੨ (1403)

ਮਲਭਖੁ — ਗੰਦ ਖਾਣ ਵਾਲਾ
"ਨਿੰਦਕੁ ਨਿੰਦਾ ਕਰਿ ਮਲੁ ਧੋਵੈ ਓਹੁ **ਮਲਭਖੁ** ਮਾਇਆਧਾਰੀ।"
— ਗੂਜ **੪**, ਅਸ ੧, ੬ : ੧ (507)

ਮਲਵਾਣੀ — ਮੈਲਾ ਪਾਣੀ
"ਸਿਰੁ ਖੋਹਾਇ ਪੀਅਹਿ **ਮਲਵਾਣੀ** ਜੂਠਾ ਮੰਗਿ ਮੰਗਿ ਖਾਹੀ।"
— ਮਾਝ **੧**, ਵਾਰ ੨੬ਸ, **੧**, ੧ : ੧ (149)

ਮਲਾਇਕਾਂ — ਦੇਵਤਿਆਂ ਦਾ, ਫਰਿਸ਼ਤਿਆਂ ਦਾ
"ਸਿਦਕੁ ਸਬੂਰੀ ਸਾਦਿਕਾ ਸਬਰੁ ਤੋਸਾ **ਮਲਾਇਕਾਂ**।"
— ਸਿਰੀ **੪**, ਵਾਰ ੨ਸ, **੧**, ੨ : ੧ (83)

ਮਲਾਖਾੜਾ — (ਮਲ+ਅਖਾੜਾ) ਪਹਿਲਵਾਨਾਂ ਦਾ ਅਖਾੜਾ, ਭਾਵ ਜੀਵਾਂ ਦਾ ਜਗਤ
"ਆਪੇ ਛਿੰਝ ਪਵਾਇ **ਮਲਾਖਾੜਾ** ਰਚਿਆ।"
— ਮਲਾ **੧**, ਵਾਰ ੪ : ੧ (1280)

ਮਲਾਰ — ਵਰਖਾ ਰੁਤ ਤੇ ਰਾਤ ਨੂੰ ਗਾਉਣ ਵਾਲਾ ਇਕ ਰਾਗ
"ਗੁਰਮੁਖਿ **ਮਲਾਰ** ਰਾਗੁ ਜੋ ਕਰਹਿ ਤਿਨ ਮਨੁ ਤਨੁ ਸੀਤਲੁ ਹੋਇ।"
— ਮਲਾ **੧**, ਵਾਰ ੧੯ਸ, **੩**, ੧ : ੧ (1285)

ਹੋਰ ਰੂਪ — ਮਲਾਰੀ —
"ਸੋਰਠਿ ਗੋਂਡ **ਮਲਾਰੀ** ਧੁਨੀ।" (ਮੇਘ ਰਾਗ ਦੀਆਂ ਪੰਜ ਰਾਗਣੀਆਂ ਵਿਚੋਂ ਇਕ
— ਰਾਗ ੧ : ੫੧ (1430)

ਮਲਾਰੁ — 1. ਮਲਾਹ, ਖੇਵਟ
"ਨਾ ਬੇੜੀ ਨ ਤੁਲਹੜਾ ਨਾ ਤਿਸੁ ਵੰਞੁ **ਮਲਾਰੁ**।"
— ਸਿਰੀ **੧**, ਅਸ ੧੦, ੪ : ੨ (59)

2. ਵਰਖਾ ਰੁਤ ਦਾ ਇਕ ਰਾਗ, ਹੋਰ ਵੇਖੋ 'ਮਲਾਰ'
"**ਮਲਾਰੁ** ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ।"
— ਮਲਾ **੧**, ਵਾਰ ੧੧ਸ, **੩**, ੨ : ੧ (1283)

ਮਲਿ — 1. ਮਲ ਕੇ
"ਅੰਤਰਗਤਿ ਤੀਰਥਿ **ਮਲਿ** ਨਾਉ।"
— ਜਪੁ **੧**, ੨੧ : ੪ (4)
"ਅੰਤਰੁ **ਮਲਿ** ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ।" — ਗੂਜ **ਤ੍ਰਿਲੋ**, ੧, ੧ : ੧ (525)

2. ਮੱਲ ਕੇ, ਕਬਜਾ ਕਰਕੇ
"ਜਿਸੁ ਤੂੰ ਮੇਲਹਿ ਸੋ ਮਿਲੈ ਜਾਇ ਸਚਾ ਪਿੜੁ **ਮਲਿ**।"
— ਸਿਰੀ **੧**, ਅਸ ੧੧, ੮ : ੩ (60)
"ਗੋਰਾਂ ਸੇ ਨਿਮਾਣੀਆ ਬਹਸਨਿ ਰੂਹਾਂ **ਮਲਿ**।"
— ਸਲੋ **ਫਰ**, ੯੭ : ੨ (1383)

3. ਮਸਲ ਕੇ, ਮਲ ਕੇ
"ਗੁਰਮੁਖਿ ਕੋਈ ਗਾਰੜੂ ਤਿਨਿ **ਮਲਿ** ਦਲਿ ਲਾਈ ਪਾਇ।"
— ਗੂਜ **੩**, ਵਾਰ ੫ਸ, **੩**, ੨ : ੩ (510)

ਮਲਿਆ — ਮਧੋਲ ਦਿੱਤਾ, ਖਤਮ ਕਰ ਦਿੱਤਾ
"ਇਨਿ ਹਿਦੂੰ ਮੇਰਾ **ਮਲਿਆ** ਮਾਨੁ।"
— ਭੈਰ **ਨਾਮ**, ੧੦, ੯ : ੨ (1165)

ਮਲਿਆਗਰੁ — ਚੰਦਨ
"**ਮਲਿਆਗਰੁ** ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ।" — ਸਲੋ **ਕਬ**, ੧੭੪ : ੨ (1373)

ਮਲਿਨ — ਮਲੀਨ
"**ਮਲਿਨ** ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ।" — ਗਉ **ਰਵਿ**, ੧, ੨ : ੧ (346)

ਮਲੀ — 1. ਮਲੀਂ, ਮਲ, ਕਾਬਜ਼ ਹੋ
"ਮਨ ਪਿਆਰਿਆ ਜੀਉ ਮਿਤ੍ਰਾ ਹਰਿ ਦਰੁ ਨਿਹਚਲ **ਮਲੀ**।" — ਸਿਰੀ **੫**, ਛੰਤ ੨, ੩ : ੨ (79)

2. ਲਾਈ, ਲੇਪਨ ਕੀਤੀ
"ਸੰਤਹ ਧੂਰਿ ਲੇ ਮੁਖਿ **ਮਲੀ**।"
— ਕੇਦਾ **੫**, ੧੪, ੧* : ੧ (1121)

ਮਲੀਆਗਰ — ਚੰਦਨ
"ਤਾ ਤੇ ਸੰਗਤਿ ਸਘਨ ਭਾਇ ਭਉ ਮਾਨਹਿ ਭ੍ਰਮ **ਮਲੀਆਗਰ** ਪ੍ਰਗਟ ਸੁਬਾਸੁ।"
— ਸਵ **੪**, ਕੀਰ ੨ : ੨ (1406)

ਮਲੀਐ — ਕਬਜ਼ਾ ਕਰੀਏ ਭਾਵ ਗ੍ਰਹਿਣ ਕਰੀਏ, ਧਾਰਨ ਕਰੀਏ
"ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ **ਮਲੀਐ**।" — ਸੂਹੀ **੧**, ਛੰਤ ੪, ੩ : ੪ (766)

ਮਲੀਣ — ਮੈਲੀ
"ਮਤਿ **ਮਲੀਣ** ਪਰਗਟੁ ਭਈ ਜਪਿ ਨਾਮੁ ਮੁਰਾਰਾ।"
— ਗਉ **੩**, ੩੮, ੧ : ੨ (163)

ਹੋਰ ਰੂਪ — ਮਲੀਣੰ —
"ਕਰਪੂਰ ਪੁਹਪ ਸੁਗੰਧਾ ਪਰਸ ਮਾਨੁਖ੍ ਦੇਹੰ **ਮਲੀਣੰ**।" (ਗੰਦਾ)
— ਗਾਥਾ **੫**, ੧ : ੧ (1360)

ਮਲੀਣੁ —
"ਭਾਂਡਾ ਅਤਿ **ਮਲੀਣੁ** ਧੋਤਾ ਹਛਾ ਨ ਹੋਇਸੀ।" (ਗੰਦਾ, ਮੈਲਾ)
— ਸੂਹੀ **੧**, ੬, ੧ : ੨ (729)

ਮਲੀਨ — ਗੰਦੀ, ਮੈਲੀ
"ਸੰਤ ਕੈ ਦੂਖਨਿ ਮਤਿ ਹੋਇ **ਮਲੀਨ**।"
— ਗਉ **੫**, ਸੁਖ ੧੩, ੧ : ੫ (279)
"ਬਿਬੇਕ ਦੀਪ **ਮਲੀਨ**।" (ਭਾਵ ਮਧਮ)
— ਆਸਾ **ਰਵਿ**, ੧, ੧* : ੨ (486)

ਹੋਰ ਰੂਪ — ਮਲੀਨੁ —
"ਸੋਈ **ਮਲੀਨੁ** ਦੀਨੁ ਹੀਨੁ ਜਿਸੁ ਪ੍ਰਭੁ ਬਿਸਰਾਨਾ।" (ਮੈਲਾ)
— ਬਿਲਾ **੫**, ੫੦, ੧ : ੧ (813)

ਮਲੁ — ਮੈਲ
"ਅਸੰਖ ਮਲੇਛ **ਮਲੁ** ਭਖਿ ਖਾਹਿ।"
— ਜਪੁ **੧**, ੧੮ : ੭ (4)
"ਹੋਇ ਕੁਚੀਲੁ ਰਹਾ **ਮਲੁ** ਧਾਰੀ ਦੁਰਮਤਿ ਵਿਕਾਰ।" (ਭਾਵ ਮੈਲਾ)
— ਮਾਝ **੧**, ਵਾਰ ੪ਸ, **੧**, ੧ : ੫ (139)

ਮਲੂਕ — ਬਾਦਸ਼ਾਹ
"ਮਹਰ **ਮਲੂਕ** ਕਹਾਈਐ ਰਾਜਾ ਰਾਉ ਕਿ ਖਾਨੁ।"
— ਸਿਰੀ **੧**, ਅਸ ੧੬, ੬ : ੧ (63)

ਮਲੂਕੀ — ਸਾਧੂਆਂ ਵਾਲਾ, ਫਰਸ਼ਿਆਂ ਵਾਲਾ
"ਫਾਹੀ ਸੁਰਤਿ **ਮਲੂਕੀ** ਵੇਸੁ।"
— ਸਿਰੀ **੧**, ੨੯, ੩ : ੧ (24)

ਮਲੇਛ — 1. ਕੁਕਰਮੀ, ਪਾਪੀ
"ਅਸੰਖ **ਮਲੇਛ** ਮਲੁ ਭਖਿ ਖਾਹਿ।"
— ਜਪੁ **੧**, ੧੮ : ੭ (4)

2. ਭਾਵ ਮੁਸਲਮਾਨ
"**ਮਲੇਛ** ਧਾਨੁ ਲੇ ਪੂਜਹਿ ਪੁਰਾਣੁ।"
— ਆਸਾ **੧**, ਵਾਰ ੧੬ਸ, **੧**, ੨ : ੧੨ (472)
"ਖਤ੍ਰੀਆ ਤ ਧਰਮੁ ਛੋਡਿਆ **ਮਲੇਛ** ਭਾਖਿਆ ਗਹੀ।" (ਮੁਸਲਮਾਨ ਦੀ ਭਾਵ ਫਾਰਸੀ)
— ਧਨਾ **੧**, ੮, ੩ : ੧ (665)

ਹੋਰ ਰੂਪ — ਮਲੇਛਾਂ —
"ਧੋਤੀ ਟਿਕਾ ਤੈ ਜਪਮਾਲੀ ਧਾਨੁ **ਮਲੇਛਾਂ** ਖਾਈ।" (ਮੁਸਲਮਾਨ)
— ਆਸਾ **੧**, ਵਾਰ ੧੬ਸ, **੧**, ੧ : ੨ (471)

3. ਮਲੀਨ
"ਬ੍ਰਾਹਮਨ ਬੈਸ ਸੂਦ ਅਰੁ ਖ੍ਯ੍ਤ੍ਰੀ ਡੋਮ **ਮਲੇਛ** ਮਨ ਸੋਇ।" — ਬਿਲਾ **ਰਵਿ**, ੨, ੧ : ੧ (858)

ਮਲੈ — 1. ਮੱਲਣਾ, ਕਬਜ਼ਾ ਕਰਨਾ
"ਨਾਨਕ ਪਕੜੇ ਚਰਣ ਹਰਿ ਤਿਸੁ ਦਰਗਹ **ਮਲੈ**।"
— ਗਉ **੫**, ਵਾਰ ੮ : ੫ (320)

2. ਮੈਲ ਦਾ
"**ਮੈਲ** ਨ ਲਾਛੈ ਪਾਰ ਮਲੋ ਪਰਮਲੀਓ ਬੈਠੋ ਰੀ ਆਈ। — ਗੂਜ **ਨਾਮ**, ੨, ੧ : ੧ (525)

ਮਲੋ — ਮੈਲ
"ਕੀਤਾ ਜਿਸੋ ਹੋਵੈ ਪਾਪਾਂ **ਮਲੋ** ਧੋਵੈ ਸੋ ਸਿਮਰਹੁ ਪਰਧਾਨੁ ਹੇ।"
— ਮਾਰੂ **੫**, ੩੨, ੨ : ੧ (1008)

ਮਲੋਵਉ — ਮਲਾਂ
"ਪਾਵ **ਮਲੋਵਉ** ਸੰਗਿ ਨੈਨ ਭਤੀਰੀ।"
— ਸੂਹੀ **੫**, ੧੦, ੨ : ੧ (739)

ਹੋਰ ਰੂਪ — ਮਲੋਵਾ —
"ਪਾਵ **ਮਲੋਵਾ** ਆਪੁ ਤਿਆਗਿ ਸੰਤ ਸੰਗਿ ਸਮਾਵਉ।" (ਮਲਾਂ)
— ਬਿਲਾ **੫**, ੪੫, ੨ : ੨ (812)

ਮਵਲਸਰਾ — ਮੌਲਸਰੀ ਇਕ ਦਰਖਤ ਜਿਸ ਨਾਲ ਵਰਖਾ ਰੁਤ ਵਿਚ ਖੁਸ਼ਬੂਦਾਰ ਫੁਲ ਲਗਦੇ ਹਨ
"ਕੀਰਤਿ ਰਵਿ ਕਿਰਣਿ ਪ੍ਰਗਟਿ ਸੰਸਾਰਹ ਸਾਖ ਤਰੋਵਰ **ਮਵਲਸਰਾ**।"
— ਸਵ **੩**, ੧ : ੫ (1392)

ਮੜਵੜੀ — ਦੇਹ ਰੂਪੀ ਮੜ੍ਹ ਵਿਚ ਵੜੀ ਹੋਈ, ਦੇਹ ਅਭਿਮਾਨ ਵਾਲੀ
"ਮਹਲ ਕੁਚਜੀ **ਮੜਵੜੀ** ਕਾਲੀ ਮਨਹੁ ਕਸੁਧ।"
— ਮਾਰੂ **੩**, ਵਾਰ ਪਸ, **੧**, ੧ : ੧ (1088)
(ਮੜ੍ਹ (ਸ਼ਮਸ਼ਾਨ) ਵਿਚ ਵਸਨ ਵਾਲੀ, ਭੂਤਨੀ (ਮਹਾਨਕੋਸ਼)

ਮੜਾ — 1. ਲੋਥ, ਪ੍ਰਾਣ ਰਹਿਤ ਦੇਹ
"ਇਹੁ ਮਿਰਤਕੁ **ਮੜਾ** ਸਰੀਰੁ ਹੈ ਸਭੁ ਜਗੁ ਜਿਤੁ ਰਾਮ ਨਾਮੁ ਨਹੀ ਵਸਿਆ।"
— ਬਸੰ **੪**, ਅਸ ੧, ੨ : ੧ (1191)
2. ਸਮਾਧ
"ਨਿਰਜੀਉ ਪੂਜਹਿ **ਮੜਾ** ਸਰੇਵਹਿ ਸਭ ਬਿਰਥੀ ਘਾਲ ਗਵਾਵੈ।"
— ਮਲਾ **੪**, ੪, ੩ : ੨ (1264)

ਮੜਿਆ — 1. ਮੜੇ, ਲਕੜਾਂ ਦੇ ਢੇਰ, ਗਰਾ, ਪੂਲਾ
"ਲਖ **ਮੜਿਆ** ਕਰਿ ਏਕਠੇ ਏਕ ਰਤੀ ਲੇ ਭਾਹਿ।"
— ਆਸਾ **੧**, ੩੨, ੧* : ੨ (358)
2. ਲੋਥਾਂ
"ਸਤੀਆ ਏਹਿ ਨ ਆਖੀਅਨਿ ਜੋ **ਮੜਿਆ** ਲਗਿ ਜਲੰਨਿ੍।"
— ਸੂਹੀ **੩**, ਵਾਰ ੬ਸ, **੩**, ੧ : ੧ (787)

ਮੜੀ — 1. ਮ੍ਰਿਤ ਸਰੀਰ ਨੂੰ ਦਾਹ ਕਰਨ ਦਾ ਸਥਾਨ ਮਸਾਨ
"ਰਹੈ ਬੇਬਾਣੀ **ਮੜੀ** ਮਸਾਣੀ।"
— ਆਸਾ **੧**, ਵਾਰ ੯ਸ, **੧**, ੨ : ੧੩ (467)
ਹੋਰ ਰੂਪ — ਮੜੈ —
"ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ **ਮੜੈ** ਮਸਾਣਿ ਨ ਜਾਈ।"
— ਸੋਰ **੧**, ਅਸ ੧, ੧ : ੧ (634)
2. ਮਠ, ਕੋਠੜੀ, ਮੰਦਰ
"ਜਗੁ ਪਰਬੋਧਹਿ **ਮੜੀ** ਬਧਾਵਹਿ।" (ਸਰੀਰ ਰੂਪੀ ਮੜੀ)
— ਰਾਮ **੧**, ਅਸ ੨, ੧ : ੧ (903)
"ਅਉ ਹਠਿ ਹਸਤ **ਮੜੀ** ਘਰੁ ਛਾਇਆ ਧਰਣਿ ਗਗਨ ਕਲ ਧਾਰੀ।"
— ਰਾਮ **੧**, ਅਸ ੯, ੧ : ੧ (907)
"ਭਿਖਿਆ ਨਾਮੁ ਸੰਤੋਖੁ **ਮੜੀ** ਸਦਾ ਸਚੁ ਹੈ ਨਾਲਿ।" (ਕੋਠਾ)
— ਮਾਰੂ **੩**, ਵਾਰ ੮ਸ, **੩**, ੧ : ੩ (1089)
ਹੋਰ ਰੂਪ — ਮੜੈ —
"ਖਿਨੁ ਆਵੈ ਖਿਨ ਜਾਵੈ ਦੁਰਗੰਧ **ਮੜੈ** ਚਿਤੁ ਲਾਇਆ ਰਾਮ।" (ਕੋਠਾ/ਢੇਰ)
— ਆਸਾ **੪**, ਛੰਤ ੮, ੨ : ੨ (442)
3. ਦੇਹ
"ਰਕਤੁ ਬਿੰਦੁ ਕੀ **ਮੜੀ** ਨ ਹੋਤੀ ਮਿਤਿ ਕੀਮਤਿ ਨਹੀ ਪਾਈ।"
— ਰਾਮ **੧**, ਸਿਗੋ ੬੬ : ੪ (945)

ਮੜੋਲੀ — ਮੱਠ, ਮੰਦਰ ਭਾਵ ਦੇਹ
"ਉਸਾਰਿ **ਮੜੋਲੀ** ਰਾਖੈ ਦੁਆਰਾ ਭੀਤਰਿ ਬੈਠੀ ਸਾ ਧਨਾ।"
— ਗਉ **੧**, ੧੪, ੨ : ੧ (155)

ਮਾ — 1. ਮੇਰਾ
"ਹਠ ਮਝਾਹੂ **ਮਾ** ਪਿਰੀ ਪਸੇ ਕਿਉ ਦੀਦਾਰ।"
— ਸਿਰੀ **੫**, ਛੰਤ ੩, ੧੩ : ੧ (80)
2. ਮਾਂ, ਜਨਨੀ
"ਸਭਨਾ ਕਾ **ਮਾ** ਪਿਉ ਆਪਿ ਹੈ ਆਪੇ ਸਾਰ ਕਰੇਇ।"
— ਸੋਰ **੪**, ਵਾਰ ੨੯ਸ, **੩**, ੨ : ੨ (653)

ਮਾਉ — ਮਾਂ
"ਤਿਨ ਧੰਨੁ ਜਣੇਦੀ **ਮਾਉ** ਆਏ ਸਫਲੁ ਸੇ।"
— ਆਸਾ **ਫਰ**, ੧, ੨ : ੨ (488)
"ਮੈ ਸਤਿਗੁਰ ਸੇਤੀ ਪਿਰਹੜੀ ਕਿਉ ਗੁਰ ਬਿਨੁ ਜੀਵਾ **ਮਾਉ**।" (ਹੇ ਮਾਂ)
— ਸੂਹੀ **੪**, ਅਸ ੨, ੮ : ੧ (759)
"ਸੁਤਿ ਮੁਕਲਾਈ ਅਪਨੀ **ਮਾਉ**।" (ਸੁਤਿ ਮਨ; ਮਾਊ, ਮਾਇਆ ਰੂਪੀ ਮਾਂ)
— ਬਸੰ **ਕਬ**, ੩, ੧* : ੨ (1194)
ਹੋਰ ਰੂਪ — ਮਾਊ —
"**ਮਾਊ** ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ।"
— ਮਾਝ **੧**, ਵਾਰ ੨੬ਸ, **੧**, ੧ : ੪ (149)

ਮਾਇ — 1. ਹੇ ਮਾਂ
"ਸੋ ਕਿਉ ਵਿਸਰੈ ਮੇਰੀ **ਮਾਇ**।"
— ਆਸਾ **੧**, ਸੋਦ ੩, ੧* : ੧ (9)
2. ਮਾਂ, ਮਾਤਾ
"ਕੁਲੁ ਉਧਾਰਹਿ ਆਪਣਾ ਧੰਨੁ ਜਣੇਦੀ **ਮਾਇ**।"
— ਸਿਰੀ **੩**, ੩੮, ੩ : ੨ (28)
"ਤਬ ਕਵਨ **ਮਾਇ** ਬਾਪ ਮਿਤ੍ਰ ਸੁਤ ਭਾਈ।"
— ਗਉ **੫**, ਸੁਖ ੨੧, ੫ : ੨ (291)
3. ਮਾਇਆ
"ਏਕਸ ਬਿਨੁ ਸਭ ਧੰਧੁ ਹੈ ਸਭ ਮਿਥਿਆ ਮੋਹੁ

ਮਾਇ।"

— ਸਿਰੀ **੫**, ੭੬, ੧* : ੨ (44)

"ਹਲਤਿ ਪਲਤਿ ਮੁਖੁ ਊਜਲਾ ਨਹ ਪੋਹੈ ਤਿਸੁ **ਮਾਇ**।"

— ਗਉ **੫**, ਥਿਤੀ ੧੭ : ੪ (300)

"ਸੁਪ੍ਰਸੰਨ ਗੋਪਾਲ ਰਾਇ ਕਾਟੈ ਰੇ ਬੰਧਨ **ਮਾਇ** ਗੁਰ ਕੈ ਸਬਦਿ ਮੇਰਾ ਮਨੁ ਰਾਤਾ।" (ਭਾਵ ਅਗਿਆਨਤਾ)

— ਧਨਾ **੫**, ਅਸ ੧, ੮ : ੧ (687)

4. ਧਨ, ਦੌਲਤ

"ਤ੍ਰਿਤੀਅ ਬਿਵਸਥਾ ਸਿੰਚੇ **ਮਾਇ**।"

— ਰਾਮ **੫**, ੨੩, ੨ : ੩ (890)

ਮਾਇਓ — 1. ਮਾਂ

"ਆਪਹਿ ਬਾਪ ਆਪ ਹੀ **ਮਾਇਓ**।"

— ਗਉ **੫**, ਬਾਅ ੧ : ੬ (250)

2. ਮਾਇਆ

"ਇਤਨੀ ਨ ਬੂਝੈ ਕਬਹੂ ਚਲਨਾ ਬਿਕਲ ਭਇਓ ਸੰਗਿ **ਮਾਇਓ**।"

— ਦੇਵ **੫**, ੧੫, ੧* : ੨ (531)

ਮਾਇਆ — 1. ਭੁਲੇਖਾ, ਭ੍ਰਮ, ਅਵਿਦਿਆ, ਅਗਿਆਨਤਾ

"ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ **ਮਾਇਆ** ਜਿਨਿ ਉਪਾਈ।" — ਜਪੁ **੧**, ੨੭ : ੧੯ (6)

"ਰੋਵਣੁ ਸਗਲ ਬਿਕਾਰੋ ਗਾਫਲੁ ਸੰਸਾਰੋ **ਮਾਇਆ** ਕਾਰਣਿ ਰੋਵੈ।" (ਅਗਿਆਨਤਾ)

— ਵਡ **੧**, ਅਲਾ ੧, ੪ : ੩ (579)

2. ਧਨ, ਦੌਲਤ

"ਕਾਹੇ ਗਰਬਸਿ ਮੂੜੇ **ਮਾਇਆ**।"

— ਸਿਰੀ **੧**, ੨੬, ੧* : ੧ (23)

"ਲੈਦਾ ਬਦ ਦੁਆਇ ਤੂੰ **ਮਾਇਆ** ਕਰਹਿ ਇਕਤ।" — ਸਿਰੀ **੫**, ੭੧, ੩ : ੧ (42)

"ਕਰਮ ਧਰਮ ਨਹੀ **ਮਾਇਆ** ਮਾਖੀ।"

— ਮਾਰੂ **੧**, ਸੋਲਾ ੧੫, ੮ : ੧ (1035)

(ਮਹਾਨ ਕੋਸ਼ ਅਰਥ 'ਮਇਆ' (ਕਿਰਪਾ) ਕਰਦਾ ਹੈ ਤੇ ਮਾਖੀ ਦੇ ਕ੍ਰੋਧ)

3. ਮਾਤਾ

"ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ **ਮਾਇਆ**।"

— ਸਿਰੀ **੫**, ੯੭, ੧ : ੨ (51)

4. ਹੇ ਮਾਂ! ਹੇ ਮਾਤਾ

"ਪੂਰਬਿ ਲਿਖੇ ਡੇਹ ਸੇ ਆਏ **ਮਾਇਆ**।"

— ਆਸਾ **੪**, ੬੪, ੨ : ੧ (269)

5. ਭੁਲਾਉਣ/ਭਰਮ ਉਪਜਾਉਣ ਵਾਲੀ ਸ਼ਕਤੀ

"ਕਿਆ ਭਰਮ ਕਿਆ **ਮਾਇਆ** ਕਹੀਐ ਜੋ ਤਿਸੁ ਭਾਵੈ ਸੋਈ ਭਲਾ।"

— ਆਸਾ **੧**, ਪਟੀ ੨੦ : ੨ (433)

"ਅਨਿਕ **ਮਾਇਆ** ਜਾ ਕੀ ਲਖੀ ਨ ਜਾਇ।"

— ਸਾਰ **੫**, ਅਸ ੨, ੧੦ : ੧ (1236)

6. ਸਰੀਰਕ ਭਾਵ ਦੁਨਿਆਵੀ

"**ਮਾਇਆ** ਕੇ ਸਨਬੰਧ ਸੈਨ ਸਾਕ ਕਿਤ ਹੀ ਕਾਮਿ ਨ ਆਇਆ।"

— ਗੂਜ **੫**, ੭, ੨ : ੧ (497)

"ਨਾਨਕ **ਮਾਇਆ** ਕਰਮ ਬਿਰਖੁ ਫਲ ਅੰਮ੍ਰਿਤ ਫਲ ਵਿਸੁ।"

— ਮਲਾ **੧**, ਵਾਰ ੨੬ਸ, **੧**, ੧ : ੧ (1290)

ਮਾਇਆਛੈ — ਮਾਇਆ ਹੈ

"ਜੁਗਤਿ ਨ ਜਾਨਾ ਗੁਨੁ ਨਹੀ ਕੋਈ ਮਹਾ ਦੁਤਰੁ **ਮਾਇਆਛੈ**।" — ਦੇਵ **੫**, ੨੮, ੨ : ੧ (534)

ਮਾਇਆਧਾਰੀ — ਧਨਵਾਨ, ਅਮੀਰ

"ਸਾਕਤ ਬਧਿਕ **ਮਾਇਆਧਾਰੀ** ਤਿਨ ਜਮ ਜੋਹਨਿ ਲਾਗੇ।" — ਗਉ **੪**, ੬੨, ੪ : ੧ (172)

ਮਾਇਆਰਸ — ਮਾਇਆ ਦੇ ਸੁਆਦ

"ਸੁਖ ਸੰਪਤਿ **ਮਾਇਆਰਸ** ਮੀਠੇ ਇਹ ਨਹੀ ਮਨ ਮਹਿ ਧਰਣੀ।"

— ਜੈਤ **੫**, ੧੨, ੨ : ੧ (702)

ਮਾਈ — 1. ਮਾਂ, ਮਾਤਾ

"ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ **ਮਾਈ**।" — ਜਪੁ **੧**, ੫ : ੮ (2)

"ਹਉ ਰਹਿ ਨ ਸਕਾ ਬਿਨੁ ਦੇਖੇ ਮੇਰੀ **ਮਾਈ**।" (ਹੇ ਮੇਰੀ ਮਾਂ) — ਮਾਝ **੪**, ੧, ੪ : ੨ (94)

"ਜੋ ਜੋ ਚਿਤਵੈ ਦਾਸੁ ਹਰਿ **ਮਾਈ**।" (ਹੇ ਮਾਂ)

— ਗਉ **੫**, ੧੧੪*, ੧ : ੧ (203)

(ਮਹਾਨ ਕੋਸ਼ ਇਥੇ 'ਮਾਈ' ਦੇ ਅਰਥ ਕਰਤਾਰ ਕਰਦਾ ਹੈ)

"ਮਾਇਆ **ਮਾਈ** ਤ੍ਰੈਗੁਣ ਪਰਸੂਤਿ ਜਮਾਇਆ।"

(ਮਾਇਆ—ਮਾਂ)

— ਮਾਰੂ **੩**, ਸੋਲਾ ੨੨, ੨ : ੧ (1066)

(ਮਹਾਨ ਕੋਸ਼ ਇਥੇ ਵੀ ਅਰਥ 'ਕਰਤਾਰ' ਕਰਦਾ ਹੈ)

2. ਮਾਇਆ, ਸ੍ਰਿਸ਼ਟੀ ਦਾ ਕਾਰਣ ਰੂਪ ਈਸ਼ਵਰੀ ਸ਼ਕਤੀ

"ਏਕਾ **ਮਾਈ** ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ।" — ਜਪੁ **੧**, ੩੦ : ੧ (7)

3. ਮਾਇਆ, ਅਵਿਦਿਆ, ਅਗਿਆਨਤਾ

"ਤਾ ਕੈ ਨਿਕਟਿ ਨ ਆਵੈ **ਮਾਈ**।"

— ਗਉ **੫**, ੮੮, ੫ : ੪ (182)

4. ਮਮਤਾ

"ਮੁਈ ਮੇਰੀ **ਮਾਈ** ਹਉ ਖਰਾ ਸੁਖਾਲਾ।"

— ਆਸਾ **ਕਬ**, ੩, ੨ : ੧ (476)

5. ਮਾਇਆ, ਧਨ ਦੌਲਤ

"**ਮਾਈ** ਮਾਗਤ ਤ੍ਰੈ ਲੋਭਾਵਹਿ।"

— ਰਾਮ **੧**, ਅਸ ੨, ੪ : ੨ (903)

ਮਾਈਏ — ਹੇ ਮਾਈ

"ਸੁਰਤਿ ਮੁਈ ਮਰੁ **ਮਾਈਏ** ਮਹਲ ਰੁੰਨੀ ਦਰਬਾਰੇ।"

— ਵਡ **੧**, ਅਲਾ ੩, ੫ : ੩ (580)

ਮਾਏ — 1. ਮਾਇਆ, ਧਨ ਦੌਲਤ

"ਉਨ ਤੇ ਦੁਗੁਣ ਦਿੜੀ ਉਨ **ਮਾਏ**।"

— ਗਉ **੫**, ੭੮, ੧ : ੪ (178)

2. ਹੇ ਮਾਈ!

"ਗੁਰ ਭਰਮੁ ਚੁਕਾਏ ਇਉ ਮਿਲੀਐ **ਮਾਏ** ਤਾ ਸਾਧਨ ਸੁਖੁ ਪਾਏ।"

— ਗਉ **੩**, ਛੰਤ ੧, ੪ : ੩ (244)

3. ਮਾਇਆ, ਅਗਿਆਨਤਾ, ਛਲ, ਕਪਟ

"ਨਾਨਕ ਤਾ ਕੈ ਨਿਕਟਿ ਨ **ਮਾਏ**।"

— ਗਉ **੫**, ਬਾਅ ੭ : ੮ (251)

ਮਾਏਂ — ਵਿਚ

"ਸੰਤਸੰਗਿ ਪੇਖਿਓ ਮਨ **ਮਾਏਂ**।"

— ਭੈਰ **੫**, ੧੫, ੧* : ੧ (1139)

ਮਾਸ — 1. ਮਾਂਸ, ਪ੍ਰਾਣੀ ਦੇ ਸਰੀਰ ਦੇ ਚਮੜੀ ਦੇ ਥਲੇ ਦਾ ਨਰਮ ਪਦਾਰਥ,ਗੋਸ਼ਤ

"ਜੈਤੇ ਕਾਤੀ ਤੀਸ ਬਤੀਸ ਹੈ ਵਿਚਿ ਰਾਖੈ ਰਸਨਾ **ਮਾਸ** ਰਤੁ ਕੇਰੀ।"

— ਗਉ **੪**, ੫੧, ੩ : ੧ (168)

"ਸਿੰਘ ਰੁਚੈ ਸਦ ਭੋਜਨੁ **ਮਾਸ**।"

— ਬਸੰ **੫**, ੨, ੩ : ੧ (1180)

2. ਮਹੀਨੇ

"ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ **ਮਾਸ**।"

— ਆਸਾ **੧**, ਵਾਰ ੯ਸ, **੧**, ੧ : ੪ (467)

ਮਾਸਹਾਰੀ — ਮਾਸ ਖਾਣ ਵਾਲਾ

"ਇਕਿ **ਮਾਸਹਾਰੀ** ਇਕਿ ਤ੍ਰਿਣੁ ਖਾਹਿ।"

— ਮਾਝ **੧**, ਵਾਰ ੧੪ਸ, **੧**, ੨ : ੧ (144)

ਮਾਸਹੁ — ਮਾਸ ਤੋਂ

"ਪਹਲਿਾਂ **ਮਾਸਹੁ** ਨਿੰਮਿਆ ਮਾਸੈ ਅੰਦਰਿ ਵਾਸੁ।"

— ਮਲਾ **੧**, ਵਾਰ ੨੫ਸ, **੧**, ੧ : ੧ (1289)

ਮਾਸਪੁਰੀ — ਮਾਸ ਨਾਲ ਲੋਥਾਂ ਭਰੀ ਹੋਈ ਨਗਰੀ,ਇਥੇ ਭਾਵ ਸੈਦਪੁਰ (ਐਮਨਾਬਾਦ)

"ਸਾਹਿਬ ਦੇ ਗੁਣ ਨਾਨਕੁ ਗਾਵੈ **ਮਾਸਪੁਰੀ** ਵਿਚਿ ਆਖੁ ਮਸੋਲਾ।"

— ਤਿਲੰ **੧**, ੫, ੨ : ੧ (722)

ਮਾਸਾ — 1. ਤੋਲ ਦੀ ਇਕ ਇਕਾਈ

"ਘੜੀ ਮੁਹਤ ਕਾ ਲੇਖਾ ਲੇਵੈ ਰਤੀਅਹੁ **ਮਾਸਾ** ਤੋਲ ਕਢਾਵਣਿਆ।"

— ਮਾਝ **੩**, ਅਸ ੨੯, ੫ : ੨ (127)

2. ਥੋੜਾ ਜਿਹਾ ਵੀ

"ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ **ਮਾਸਾ** ਹੇ।"

— ਮਾਰੂ **੫**, ਸੋਲਾ ੨, ੧੨ : ੩ (1073)

3. ਮਹੀਨੇ

"ਨਾਨਕ ਮਿਲਹੁ ਕਪਟਦਰ ਖੋਲਹੁ ਏਕ ਘੜੀ ਖਟੁ **ਮਾਸਾ**।"

— ਤੁਖਾ **੧**, ਬਾਰ ੧੨ : ੬ (1109)

ਮਾਸਾਰਾ — ਦਾਹੜੀ

"ਬਰਨੁ ਚਿਹਨੁ ਨਾਹੀ ਮੁਖੁ ਨ **ਮਾਸਾਰਾ**।"

— ਸੂਹੀ **੫**, ੪੫, ੨ : ੧ (746)

ਮਾਸਿ — ਮਾਸ ਨੂੰ

"ਫਰੀਦਾ ਇਟ ਸਿਰਾਣੇ ਭੁਇ ਸਵਣੁ ਕੀੜਾ ਲੜਿਓ **ਮਾਸਿ**।" — ਸਲੋ **ਫਰ**, ੬੭ : ੧ (1381)

ਮਾਸੀ — ਮਹੀਨੀ, ਮਹੀਨਿਆਂ ਵਿਚ
"ਦਸੀ **ਮਾਸੀ** ਮਾਨਸੁ ਕੀਆ ਵਣਜਾਰਿਆ ਮਿਤ੍ਰਾ ਕਰਿ ਮੁਹਲਤਿ ਕਰਮ ਕਮਾਹਿ।"
— ਸਿਰੀ **੫**, ਪਹ ੪, ੧ : ੨ (77)

ਮਾਸੀਆ — ਮਾਂ ਦੀ ਭੈਣ
"ਫੁਫੀ ਨਾਨੀ **ਮਾਸੀਆ** ਦੇਰ ਜੇਠਾਨੜੀਆਹ।"
— ਮਾਰੂ **੧**, ਅਸੰ ੧੦, ੨ : ੧ (1015)

ਮਾਸੁ — 1. ਮਾਸ ਦਾ
"ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ **ਮਾਸੁ**।" — ਸਿਰੀ **੧**, ੪, ੨ : ੨ (15)
"ਕਿਆ ਮੇਵਾ ਕਿਆ ਘਿਉ ਗੁੜੁ ਮਿਠਾ ਕਿਆ ਮੈਦਾ **ਮਾਸੁ**।"
— ਮਾਝ **੧**, ਵਾਰ ੧੦ਸ, **੧**, ੨ : ੩ (142)
2. ਸਰੀਰ
"ਸਾਸੁ **ਮਾਸੁ** ਸਭੁ ਜੀਉ ਤੁਮਾਰਾ ਤੂ ਮੈ ਖਰਾ ਪਿਆਰਾ।" — ਧਨਾ **੧**, ੨, ੨ : ੧ (660)
3. ਮਹੀਨਾ
"ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ **ਮਾਸੁ** ਜੀਉ।" — ਰਾਮ **੫**, ਰੁਤੀ ੨ : ੧ (927)

ਮਾਸੈ — ਮਾਸ ਵਿਚ ਅੰਦਰ
"ਪਹਿਲਾਂ ਮਾਸਹੁ ਨਿੰਮਿਆ **ਮਾਸੈ** ਅੰਦਰਿ ਵਾਸੁ।"
— ਮਲਾ **੧**, ਵਾਰ ੨੫ਸ, **੧**, ੧ : ੧ (1289)
"ਮੁਹੁ **ਮਾਸੈ** ਕਾ ਜੀਭ **ਮਾਸੈ** ਕੀ **ਮਾਸੈ** ਅੰਦਰਿ ਸਾਸੁ।" (ਮਾਸ ਹੀ)
— ਮਲਾ **੧**, ਵਾਰ ੨੫ਸ, **੧**, ੧ : ੪ (1289)

ਮਾਹ — 1. ਵਿਚ
"ਹਰਿ ਜਪਿ ਲਾਹਾ ਅਗਲਾ ਨਿਰਭਉ ਹਰਿ ਮਨ **ਮਾਹ**।" — ਸਿਰੀ **੧**, ੨੩, ੪ : ੩ (23)
2. ਮਹੀਨੇ, ਮਹੀਨਾ
"**ਮਾਹ** ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ।" — ਮਾਝ **੫**, ਬਾਰਾ ੧੪ : ੨ (136)
"ਮਾਹਾ **ਮਾਹ** ਮੁਮਾਰਖੀ ਚੜਿਆ ਸਦਾ ਬਸੰਤੁ।"
— ਬਸੰ **੧**, ੧, ੧ : ੧ (1168)

ਮਾਹਰਿ — ਵਡਿਆਈ/ਮਾਣਤਾ ਵਾਲੀ, ਆਗੂ
"ਉਨ੍ ਕੈ ਸੰਗਿ ਤੂ ਗ੍ਰਿਹ ਮਹਿ **ਮਾਹਰਿ**।"
— ਆਸਾ **੫**, ੮੧, ੨ : ੧ (390)
ਹੋਰ ਰੂਪ — ਮਾਹਰੁ —
"ਹਉ ਹੋਆ **ਮਾਹਰੁ** ਪਿੰਡ ਦਾ ਬੰਨਿ ਆਦੇ ਪੰਜਿ ਸਰੀਕ ਜੀਉ।" (ਚੌਧਰੀ, ਮੁਖੀ)
— ਸਿਰੀ **੫**, ਅਸ ੨੯, ੪ : ੩ (731)
ਮਾਹਰੋ —
"ਰੂੜੋ ਠਾਕਰੁ **ਮਾਹਰੋ** ਰੂੜੀ ਗੁਰਬਾਣੀ।" (ਮੁਖ, ਪ੍ਰਧਾਨ)
— ਆਸਾ **੧**, ਅਸ ੧੯, ੧ : ੧ (421)

ਮਾਹਾ — 1. ਮਹੀਨੇ
"**ਮਾਹਾ** ਰੁਤੀ ਸਭ ਤੂੰ ਘੜੀ ਮੂਰਤ ਵੀਚਾਰਾ।"
— ਮਾਝ **੧**, ਵਾਰ ੬ : ੧ (140)
2. ਅੰਦਰ, ਵਿਚ
"ਜਪਿ ਜਗਦੀਸੁ ਜਪਉ ਮਨ **ਮਾਹਾ**।"
— ਜੈਤ **੪**, ੯, ੪ : ੧ (699)
ਹੋਰ ਰੂਪ — ਮਾਹਿ —
"ਜਿਨ ਕੈ ਰਾਮੁ ਵਸੈ ਮਨ **ਮਾਹਿ**।" (ਵਿਚ)
— ਜਪੁ **੧**, ੩੨ : ੮ (8)

ਮਾਹਿ — 1. ਮਹੀਨੇ ਵਿਚ
"ਮੰਘਿਰਿ **ਮਾਹਿ** ਸੋ ਹੰਦੀਆ ਹਰਿ ਪਿਰ ਸੰਗਿ ਬੈਠੜੀਆਹ।"
— ਮਾਝ **੫**, ਬਾਰਾ ੧੦ : ੧ (135)
2. ਵਿਚ, ਵੇਖੋ 'ਮਾਹਾ' (2)
"ਸਚਾ ਸਬਦੁ ਸਚੁ ਮਨਿ ਘਰ ਹੀ **ਮਾਹਿ** ਉਦਾਸਾ।" — ਮਾਝ **੧**, ਵਾਰ ੫ : ੨ (140)
ਹੋਰ ਰੂਪ — ਮਾਂਹਿ —
"ਜਿਨਿ ਏਹੁ ਮੇਘੁ ਪਠਾਇਆ ਤਿਸੁ ਰਾਖਹੁ ਮਨ **ਮਾਂਹਿ**।" (ਵਿਚ)
— ਮਲਾ **੧**, ਵਾਰ ੬ਸ, **੩**, ੨ : ੨ (1280)
3. ਵਿਚੋਂ
"ਸਭ ਪਰਵਾਰੈ **ਮਾਹਿ** ਸਰੇਸਟ।"
— ਆਸਾ **੫**, ੩, ੪ : ੧ (371)

ਮਾਹਿਰ — ਪ੍ਰਧਾਨ ਚੌਧਰੀ
"ਜਾ ਪਿਰੁ ਬਾਹਰਿ ਤਾਂ ਧਨ **ਮਾਹਿਰ**।"
— ਰਾਮ **੫**, ਵਾਰ ੧੮ਸ, **੫**, ੧ : ੨ (965)

ਮਾਹੀ — ਵਿਚ, ਅੰਦਰ
"ਗੁਰ ਕੇ ਚਰਣ ਵਸੇ ਮਨ **ਮਾਹੀ**।" (ਅੰਦਰ)
— ਮਾਝ **੫**, ੪੩, ੧ : ੧ (107)
"ਗੁਣ ਅਵਗੁਣੁ ਮੇਰਾ ਕਿਛੁ ਨ ਬੀਚਾਰਿਆ ਬਖਸਿ

ਲੀਆ ਖਿਨ **ਮਾਹੀ**।" (ਵਿਚ)
— ਵਡ **੫**, ਛੰਤ ੧, ੪ : ੪ (577)
"ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ **ਮਾਹੀ**।" (ਵਿਚ)
— ਸੋਰ **੫**, ਅਸ ੩, ੨ : ੧ (641)

ਹੋਰ ਰੂਪ — ਮਾਂਹੀ —
"ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ **ਮਾਂਹੀ**।"
— ਸੋਰ **ਰਵਿ**, ੧, ੧ : ੨ (657)

ਮਾਹੀਤਿ — (ਅ. ਮਾਹੀਯਤ) ਅਸਲੀਅਤ, ਤਤ, ਸਾਰ
"ਮੰਗਲਵਾਰੇ ਲੇ **ਮਾਹੀਤਿ**।"
— ਗਉ **ਕਬ**, ਵਾ ੩ : ੧ (344)

ਮਾਹੁ — ਮਹੀਨਾ
"ਕਵਣਿ ਸਿ ਰੁਤੀ **ਮਾਹੁ** ਕਵਣੁ ਜਿਤੁ ਹੋਆ ਆਕਾਰੁ।" — ਜਪੁ **੧**, ੨੧ : ੧0 (4)

ਮਾਹੇ — ਵਿਚ, ਅੰਦਰ
"ਸੂਕੇ ਹਰੇ ਕੀਏ ਖਿਨ **ਮਾਹੇ**।"
— ਗਉ **੫**, ੧੨੨, ੧ : ੧ (191)
"ਸੁਣਿ ਨਾਹ ਪ੍ਰਭੂ ਜੀਉ ਏਕਲੜੀ ਬਨ **ਮਾਹੇ**।"
— ਗਉ **੧**, ਛੰਤ ੨, ੧ : ੧ (243)

ਮਾਹੋ — ਸੂਤ, ਤਾਣਾ
"ਗਈ ਬੁਨਾਵਨ **ਮਾਹੋ**।"
— ਗਉ **ਕਬ**, ੫੪, ੧* : ੧ (335)

ਮਾਕੁਰੀ — (ਸੰ. ਮਰਕਟੀ) ਮਕੜੀ
"ਇਨ ਬਿਧਿ ਡੂਬੀ **ਮਾਕੁਰੀ** ਭਾਈ ਊਂਡੀ ਸਿਰ ਕੈ ਭਾਰੀ।" — ਸੋਰ **੧**, ਅਸ ੨, ੨ : ੩ (635)

ਮਾਖਨ — ਮਖਨ
"ਮਿਲਿ ਸਤਸੰਗਤਿ ਪਰਮ ਪਦੁ ਪਾਇਆ ਕਢਿ **ਮਾਖਨ** ਕੇ ਗਟਕਾਰੇ।"
— ਨਟ **੪**, ਅਸ ੫, ੨ : ੨ (982)

ਹੋਰ ਰੂਪ — ਮਾਖਨੁ —
"ਪੋਖਰੁ ਨੀਰੁ ਵਿਰੋਲੀਐ **ਮਾਖਨੁ** ਨਹੀ ਰੀਸੈ।"
— ਗਉ **੧**, ਅਸ ੧੮, ੭ : ੨ (229)

ਮਾਖਨੁ — 1. ਮਖਨ, ਮਥਨ (ਰਿੜਕਨ) ਤੋਂ ਨਿਕਲਿਆ ਹੋਇਆ, ਵੇਖੋ 'ਮਾਖਨ'
"ਸੰਤਹੁ **ਮਾਖਨੁ** ਖਾਇਆ ਛਾਡਿ ਪੀਐ ਸੰਸਾਰ।"
— ਸਲੋ **ਕਬ**, ੧੮ : ੨ (1365)
(ਮਹਾਨਕੋਸ਼ ਇਥੇ ਅਰਥ 'ਸਾਰ' 'ਤਤ' ਕਰਦਾ ਹੈ)

2. ਦੁੱਧ
"ਥਨ ਚੋਖਤਾ **ਮਾਖਨੁ** ਘੁਟਲਾ।"
— ਗੋਂਡ **ਨਾਮ**, ੪, ੨ : ੨ (874)

ਮਾਖਿਉ — ਸ਼ਹਿਦ
"ਕੂੜੁ ਮਿਠਾ ਕੂੜੁ **ਮਾਖਿਉ** ਕੂੜੁ ਡੋਬੇ ਪੂਰੁ।"
— ਆਸਾ **੧**, ਵਾਰ ੧0ਸ, **੧**, ੧ : ੮ (468)

ਹੋਰ ਰੂਪ — ਮਾਖਿਉ —
"ਫਰੀਦਾ ਸਕਰ ਖੰਡੁ ਨਿਵਾਤ ਗੁੜੁ **ਮਾਖਿਉ** ਮਾਂਝਾ ਦੁਧੁ।"
— ਸਲੋ **ਫਰ**, ੨੭ : ੧ (1379)

ਮਾਖਿਅ —
"ਫਰੀਦਾ ਰਬ ਖਜੂਰੀ ਪਕੀਆ **ਮਾਖਿਅ** ਨਈ ਵਹੰਨ੍ਹਿ।" (ਸ਼ਹਿਦ ਦੀਆਂ)
— ਸਲੋ **ਫਰ**, ੮੯ : ੧ (1382)

ਮਾਖੀ — ਮੱਖੀ
"ਗੁੜੁ ਮਿਠਾ ਮਾਇਆ ਪਸਰਿਆ ਮਨਮੁਖ ਲਗਿ **ਮਾਖੀ** ਪਚੈ ਪਚਾਇ।"
— ਸਿਰੀ **੪**, ੭0, ੧ : ੩ (41)

ਮਾਗ — 1. ਮੰਗ
"ਮਾਗਨਿ ਮਾਗ ਤ ਏਕਹਿ **ਮਾਗ**।"
— ਗਉ **੫**, ਬਾਅ ੪੧ : ੭ (258)

2. ਚੀਰ, ਇਸਤ੍ਰੀਆਂ ਦੇ ਵਾਲ ਗੁੰਦਨ ਲਗਿਆਂ ਬਣਾਈ ਕੇਸਾਂ ਦੀ ਰੇਖਾ
"ਮਾਠਿ ਗੁੰਦਾਂਈ ਪਟੀਆ ਭਰੀਐ **ਮਾਗ** ਸੰਧੂਰੇ।"
— ਵਡ **੧**, ੩, ੧ : ੧੧ (558)

ਹੋਰ ਰੂਪ — ਮਾਂਗ —
"ਚੰਦਨੁ ਮੋਲਿ ਅਣਾਇਆ ਕੁੰਗੂ **ਮਾਂਗ** ਸੰਧੂਰੁ।"
— ਸਿਰੀ **੧**, ੧੩, ੪ : ੧ (19)

ਮਾਗਉ — ਮੈਂ ਮੰਗਦਾ ਹਾਂ
"ਸਾਧ ਜਨਾ ਕੀ **ਮਾਗਉ** ਧੂਰਿ।"
— ਗਉ **੫**, ਅਸ ੨0, ੧ : ੩ (289)

ਹੋਰ ਰੂਪ — ਮਾਂਗਉ —
"ਹਉ **ਮਾਂਗਉ** ਸੰਤਨ ਰੇਨਾ।"
— ਸੋਰ **ਕਬ**, ੧੧, ੧ : ੩ (656)

ਮਾਂਗਹ —
"ਭਾਈ ਹਮ ਕਰਹ ਕਿਆ ਕਿਸੁ ਪਾਸਿ **ਮਾਂਗਹ** ਸਭ ਭਾਗਿ ਸਤਿਗੁਰ ਪਿਛੈ ਪਈ।" (ਮੰਗੀਏ)
— ਤੁਖਾ **੪**, ਛੰਤ ੪, ੫ : ੪ (1116)

ਮਾਗਹਿ —
"ਜਉ **ਮਾਗਹਿ** ਤਉ **ਮਾਗਹਿ** ਬੀਆ।" (ਮੰਗਦਾ ਹੈ) — ਗਉ **੫**, ਬਾਅ ੪੧ : ੫ (258)
"ਸਭਿ ਜਾਚਿਕ ਤੂ ਏਕੋ ਦਾਤਾ **ਮਾਗਹਿ** ਹਾਥ ਪਸਾਰੀ।" (ਮੰਗਦੇ ਹਨ)
— ਗੁਜ **੪**, ਅਸ ੧, ੩ : ੨ (507)

ਮਾਂਗਹਿ —
"ਤੁਧਨੋ ਸੇਵਹਿ ਤੁਝੁ ਕਿਆ ਦੇਵਹਿ **ਮਾਂਗਹਿ** ਲੇਵਹਿ ਰਹਹਿ ਨਹੀ।" (ਮੰਗਦਾ ਹੈ)
— ਮਲਾ **੧**, ੧, ੨ : ੧ (1254)
"ਹਰਿ ਦਰਸਨ ਕੇ ਜਨ ਮੁਕਤਿ ਨ **ਮਾਂਗਹਿ** ਮਿਲਿ ਦਰਸਨ ਤ੍ਰਿਪਤਿ ਮਨੁ ਧੀਜੈ।"
— ਕਲਿ **੪**, ਅਸ ੨, ੧ : ੨ (1324)

ਮਾਗਹੁ —
"ਤੁਮ ਹਰਿ ਦਾਤੇ ਸਮਰਥ ਸੁਆਮੀ ਇਕੁ **ਮਾਗਹੁ** ਤੁਝ ਪਾਸਹੁ ਹਰਿ ਦਾਨੈ।"
— ਕਲਿ **੪**, ੫, ੪ : ੧ (1321)

ਮਾਗਤ — ਮੰਗਦਿਆਂ
"ਲੋਕੁ ਧਿਕਾਰੁ ਕਹੈ ਮੰਗਤ ਜਨ **ਮਾਗਤ** ਮਾਨੁ ਨ ਪਾਇਆ।" — ਰਾਮ **੧**, ੮, ੪ : ੧ (878)
ਹੋਰ ਰੂਪ — ਮਾਂਗਤ —
"ਸੁਖੁ **ਮਾਂਗਤ** ਦੁਖੁ ਆਗੈ ਆਵੈ।" (ਮੰਗਦਿਆਂ)
— ਗਉ **ਕਬ**, ੩੬, ੧ : ੧ (330)

ਮਾਗਤੁ —
"ਮੈ ਦਰਿ **ਮਾਗਤੁ** ਭੀਖਿਆ ਪਾਇ।" (ਮੰਗਦਿਆਂ)
— ਤਿਲੰ **੧**, ੨, ੧* : ੨ (721)

ਮਾਂਗਤੁ —
"ਨਾਨਕੁ **ਮਾਂਗਤੁ** ਨਾਮ ਅਧਾਰੋ।" (ਮੰਗਦਾ ਹੈ) — ਗਉ **੫**, ੧੧੭*, ੪ : ੩ (203)

ਮਾਗਨ — ਮੰਗਣ, ਮੰਗ ਕਰਨ
"**ਮਾਗਨ** ਤੇ ਜਿਹ ਤੁਮ ਰਖਹੁ ਸੁ ਨਾਨਕ ਨਾਮਹਿ ਰੰਗ।" — ਗਉ **੫**, ਬਾਅ ੪੧ਸ : ੨ (258)
ਹੋਰ ਰੂਪ — ਮਾਂਗਨ —
"ਆਠ ਪਹਰ ਨਾਨਕ ਜਸੁ ਗਾਵੈ **ਮਾਂਗਨ** ਕਉ ਹਰਿ ਦਾਨ।" (ਮੰਗਣ)
— ਕਾਨ **੫**, ੨੧, ੨ : ੨ (1302)

ਮਾਗਨਹਾਰ — ਮੰਗ ਕਰਨ ਵਾਲਾ
"ਮਮਾ **ਮਾਗਨਹਾਰ** ਇਆਨਾ।"
— ਗਉ **੫**, ਬਾਅ ੪੧ : ੧ (258)

ਮਾਗਨਾ — ਮੰਗਣਾ, ਮੰਗਕਰਨੀ
"ਸਭੁ ਕਿਛੁ ਤੁਮ ਤੇ **ਮਾਗਨਾ** ਵਡਭਾਗੀ ਪਾਏ।"
— ਬਿਲਾ **੫**, ੪੨, ੪ : ੧ (811)
ਹੋਰ ਰੂਪ — ਮਾਗਨਿ —
"ਕਰਿ ਆਸਾ ਆਇਓ ਪ੍ਰਭ **ਮਾਗਨਿ**।" (ਮੰਗ ਕਰਨ ਲਈ ਮੰਗਣ ਲਈ)
— ਬਿਲਾ **੫**, ੯, ੧* : ੧ (804)

ਮਾਂਗਨਿ —
"**ਮਾਂਗਨਿ** ਮਾਂਗਉ ਹੋਇ ਅਚਿੰਤਾ ਮਿਲੁ ਨਾਨਕ ਕੇ ਹਰਿ ਪ੍ਰਾਨ।" (ਮੰਗ, ਮੰਗਨ ਵਾਲੀ ਵਸਤ)
— ਸਾਰ **੫**, ੫੮, ੨ : ੨ (1215)

ਮਾਗਨੁ —
"ਸੇਵਾ ਥੋਰੀ **ਮਾਗਨੁ** ਬਹੁਤਾ।" (ਮੰਗਣਾ, ਮੰਗਾਂ)
— ਸੂਹੀ **੫**, ੭, ੧ : ੧ (738)

ਮਾਗਰਮਛੁ — ਮਗਰ ਮੱਛ, ਮੱਛੀ ਜਾਤੀ ਦਾ ਇੱਕ ਹੋਰ ਰੂਪ ਜੋ ਆਕਾਰ ਵਿੱਚ ਬਹੁਤ ਵਡਾ ਹੁੰਦਾ ਹੈ
"**ਮਾਗਰਮਛੁ** ਫਹਾਈਐ ਕੁੰਡੀ ਜਾਲੁ ਵਤਾਇ।"
— ਮਾਰੂ **੧**, ਅਸ ੨, ੫ : ੧ (1009)

ਮਾਂਗਿਆ — ਮੰਗਿਆ, ਯਾਚਨਾ ਕੀਤਾ
"ਸੋ ਸੁਖੁ ਹਮਹੁ ਨ **ਮਾਂਗਿਆ** ਭਾਵੈ।"
— ਗਉ **ਕਬ**, ਅਸ ੩੬, ੧ : ੨ (330)

ਮਾਗੀ — ਮੰਗੀ ਹੈ
"ਹਰਿ ਹਰਿ ਜਪਨੁ ਜਪਾਵਹੁ ਅਪਨਾ ਹਮ **ਮਾਗੀ** ਭਗਤਿ ਇਕਾਕੀ।"
— ਧਨਾ **੪**, ੬, ੧* : ੨ (688)

ਮਾਂਗੀ — 1. ਮਾਂਗ/ਚੀਰ ਵਿਚ
"ਜਿਨ ਸਿਰਿ ਸੋਹਨਿ ਪਟੀਆ **ਮਾਂਗੀ** ਪਾਇ ਸੰਧੂਰੁ।" — ਆਸਾ **੧**, ਅਸ ੧੧, ੧ : ੧ (417)
2. ਮੰਗੀ, ਮੰਗ ਕੀਤੀ
"ਕਰਉ ਅਢਾਈ ਧਰਤੀ **ਮਾਂਗੀ** ਬਾਵਨ ਰੂਪਿ

ਬਹਾਨੈ।"

— ਪ੍ਰਭਾ **੧**, ਅਸ ੪, ੩ : ੧ (1344)

ਹੋਰ ਰੂਪ — ਮਾਂਗੀਐ —

"ਦਫਤਰਿ ਲੇਖਾ **ਮਾਂਗੀਐ** ਤਬ ਹੋਇਗੋ ਕਉਨੁ ਹਵਾਲੁ।" (ਮੰਗੀਏ)

— ਸਲੋ **ਕਬ**, ੧੯੭ : ੨ (1374)

ਮਾਗੁ —

"ਨਾਮ ਭਗਤਿ **ਮਾਗੁ** ਸੰਤ ਤਿਆਗਿ ਸਗਲ ਕਾਮੀ।" (ਮੰਗ)

— ਸਾਰ **੫**, ੧੩੪, ੧* : ੧ (1230)

ਮਾਂਗੁ —

"ਐਸੀ **ਮਾਂਗੁ** ਗੋਬਿਦ ਤੇ।" (ਮੰਗ)

— ਕਾਨ **੫**, ੪, ੧* : ੧ (1298)

ਮਾਗੇ —

"ਹਮਰਾ ਬਿਨਉ ਸੁਨਹੁ ਪ੍ਰਭ ਠਾਕੁਰ ਹਮ ਸਰਣਿ ਪ੍ਰਭੂ ਹਰਿ **ਮਾਗੇ**।" (ਮੰਗਦੇ ਹਾਂ)

— ਗਉ **੪**, ੬੨, ੫ : ੧ (172)

ਮਾਗੈ —

"ਨਾਨਕ ਦਾਸੁ ਇਹੈ ਸੁਖੁ **ਮਾਗੈ** ਮੋ ਕਉ ਕਰਿ ਸੰਤਨ ਕੀ ਧੂਰੇ।" (ਮੰਗਦਾ ਹੈ)

— ਗਉ **੫**, ਸੋਹ ੫, ੪ : ੨ (13)

ਮਾਂਗੈ —

"ਨਾਨਕ **ਮਾਂਗੈ** ਨਾਮੁ ਹਰਿ ਕਰਿ ਕਿਰਪਾ ਸੰਜੋਗੁ।" (ਮੰਗਦਾ ਹੈ)

— ਗਉ **੪**, ਵਾਰ ੩੨ਸ, **੫**, ੨ : ੨ (317)

ਮਾਘਿ — ਬਿਕਰਮੀ ਸੰਮਤ ਦਾ ਗਿਆਰਵਾਂ ਮਹੀਨਾ

"**ਮਾਘਿ** ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ।"

— ਮਾਝ **੫**, ਬਾਰਾ ੧੨, ੧ : ੧ (135)

ਹੋਰ ਰੂਪ — ਮਾਘੁ —

"ਹਿਮਕਰ ਰੁਤਿ ਮਨਿ ਭਾਵਤੀ **ਮਾਘੁ** ਫਗਣੁ ਗੁਣਵੰਤ ਜੀਉ।"

— ਰਾਮ **੫**, ਰੁਤੀ ੭ : ੧ (929)

ਮਾਚਿ — ਮਚ ਕੇ ਭਾਵ ਖੂਬ ਖੁਸ਼ ਹੋ ਕੇ

"ਤਿਨ ਸਿਉ ਰਾਚਿ **ਮਾਚਿ** ਹਿਤੁ ਲਾਇਓ ਜੋ ਕਾਮਿ ਨਹੀ ਗਾਵਾਰੀ।"

— ਸਾਰ **੫**, ੫੯, ੧ : ੨ (1216)

ਹੋਰ ਰੂਪ — ਮਾਚੇ —

"ਸਤਿਗੁਰਿ ਬਚਨੁ ਦੀਓ ਅਤਿ ਨਿਰਮਲੁ ਜਪੁ ਹਰਿ ਹਰਿ ਹਰਿ ਮਨੁ **ਮਾਚੇ**।" (ਮਚਦਾ, ਖੁਸ਼ ਹੁੰਦਾ ਹੈ)

— ਗਉ **੪**, ੫੫, ੧ : ੨ (169)

ਮਾਛਲੋ — ਮੱਛੀ

"ਜਿਉ ਜਲ ਮਾਝੈ **ਮਾਛਲੋ** ਮਾਰਗੁ ਪੇਖਣੋ ਨ ਜਾਈ।"

— ਗੂਜ **ਨਾਮ**, ੨, ੨ : ੨ (525)

ਮਾਛਿੰਦੋ — ਮਾਛੰਦਰ ਜੋਗੀ

"ਨਾ ਤਦਿ ਗੋਰਖੁ ਨ **ਮਾਛਿੰਦੋ**।"

— ਮਾਰੂ **੧**, ਸੋਲਾ ੧੫, ੯ : ੨ (1035)

ਹੋਰ ਰੂਪ — ਮਾਛਿੰਦ੍ਰਾ —

"ਸੁਣਿ **ਮਾਛਿੰਦ੍ਰਾ** ਨਾਨਕੁ ਬੋਲੈ।" (ਹੇ ਮਛਿੰਦਰ)

— ਰਾਮ **੧**, ੫, ੧ : ੧ (877)

ਮਾਛੀ — ਮਛੀਆਂ ਪਕੜਨ ਵਾਲਾ, ਮਾਹੀਗੀਰ

"ਆਪੇ **ਮਾਛੀ** ਮਛੁਲੀ ਆਪੇ ਪਾਣੀ ਜਾਲੁ।"

— ਸਿਰੀ **੧**, ੨੫, ੨ : ੧ (23)

ਮਾਛੁਲੀ — ਮੱਛੀ

"ਜਿਉ ਰਾਤੀ ਜਲਿ **ਮਾਛੁਲੀ** ਤਿਉ ਰਾਮ ਰਸਿ ਮਾਤੇ ਰਾਮ ਰਾਜੇ।"

— ਆਸਾ **੫**, ਛੰਤ ੩, ੨ : ੧ (454)

ਮਾਂਜਸਿ — ਮਾਂਜਨਾ, ਸ਼ੁਧ ਕਰਨਾ

"ਕਾਂਇਆ **ਮਾਂਜਸਿ** ਕਉਨ ਗੁਨਾਂ।"

— ਸੋਰ **ਕਬ**, ੮, ੧* : ੧ (656)

ਮਾਂਜਾਰ — (ਸੰ. ਮਾਜਰੰ) ਬਿੱਲੇ

"**ਮਾਂਜਾਰ** ਗਾਡਰ ਅਰੁ ਲੂਬਰਾ।"

— ਭੈਰ **ਕਬ**, ੧੩, ੪ : ੩ (1160)

ਮਾਂਜਿ — ਮਾਂਜਕੇ ਭਾਵੇ ਸ਼ੁਧ ਕਰਕੇ

"ਬਾਸਨ **ਮਾਂਜਿ** ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ।" — ਆਸਾ **ਕਬ**, ੨, ੨ : ੧ (476)

ਮਾਜੀਐ — ਮਾਂਜੀਏ, ਸ਼ੁਧ ਕਰੀਏ

"ਜੂਠਿ ਲਹੈ ਜੀਉ **ਮਾਜੀਐ** ਮੋਖ ਪਇਆਣਾ ਹੋਇ।"

— ਗੂਜ **੧**, ੧, ੨ : ੨ (489)

ਹੋਰ ਰੂਪ — ਮਾਂਜੀਐ —

"ਮਿਲਿ ਸੰਤ ਸਭਾ ਮਨੁ **ਮਾਂਜੀਐ** ਭਾਈ ਹਰਿ ਕੈ ਨਾਮਿ ਨਿਵਾਸੁ।"

— ਸੋਰ **੫**, ਅਸ ੧, ੩ : ੨ (639)

ਮਾਜੀਠੈ — ਮਜੀਠ ਨਾਲ

"ਜਿਉ **ਮਾਜੀਠੈ** ਕਪੜੇ ਰੰਗੇ ਭੀ ਪਾਹੇਹਿ।"
— ਸੋਰ **੪**, ਵਾਰ ਪਸ, **੩**, ੨ : ੨ (644)

ਮਾਂਜੈ — ਮਾਂਜਨ ਨਾਲ, ਸ਼ੁਧ ਕਰਨ ਨਾਲ
"ਨਾਨਕ ਸਾਚੁ ਕਹੈ ਬੇਨੰਤੀ ਮਨੁ **ਮਾਂਜੈ** ਸਚੁ ਸੋਈ।"
— ਧਨਾ **੧**, ਛੰਤ ੧, ੪ : ੬ (688)

ਮਾਝ — ਵਿਚ, ਭੀਤਰ ਅੰਦਰ
"ਆਸ ਪਾਸ ਘਨ ਤੁਰਸੀ ਕਾ ਬਿਰਵਾ **ਮਾਝ** ਬਨਾ ਰਸਿ ਗਾਊਂ ਰੇ।"
— ਗਉ **ਕਬ**, ੬੬, ੧ : ੧ (338)
"ਪਿਤਾ ਹਮਾਰੇ ਪ੍ਰਗਟੇ **ਮਾਝ**।"
— ਭੈਰ **੫**, ੨੨, ੪ : ੧ (1141)
ਹੋਰ ਰੂਪ — ਮਾਝਾ —
"ਮੇਰਾ ਮਨ ਜਪਿ ਰਾਮ ਨਾਮੁ ਹਰਿ **ਮਾਝਾ**।"
(ਅੰਦਰ ਹੈ) — ਜੈਤ **੪**, ੫, ੧* : ੧ (697)

ਮਾਝਾ — 1. ਅੰਦਰ, ਭੀਤਰ, ਵੇਖੋ 'ਮਾਝ'
2. ਵਿਚੋਲੇਪਣ ਨਾਲ ਵਿਚ ਆਉਣ ਨਾਲ
"ਹਰਿ ਕੀਰਤਿ ਕਲਜੁਗਿ ਪਦੁ ਊਤਮੁ ਹਰਿ ਪਾਈਐ ਸਤਿਗੁਰ **ਮਾਝਾ**।"
— ਜੈਤ **੪**, ੫, ੨ : ੧ (697)
3. ਭਾਵ ਵਿਆਪਕ
"ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ **ਮਾਝਾ**।"
— ਸੂਹੀ **੫**, ੫੦, ੪ : ੨ (747)

ਮਾਂਝਾ — ਮੱਝ ਦਾ
"ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ **ਮਾਂਝਾ** ਦੁਧੁ।" — ਸਲੋ **ਫਰ**, ੨੭ : ੧ (1379)

ਮਾਝੈ — ਮੈਨੂੰ
"ਸੰਤ ਚੀ ਸੰਗਤਿ ਸੰਤ ਕਥਾ ਰਸੁ ਸੰਤ ਪ੍ਰੇਮ **ਮਾਝੈ** ਦੀਜੈ ਦੇਵਾ ਦੇਵ।"
— ਆਸਾ **ਰਵਿ**, ੨, ੧* : ੧ (486)

ਮਾਞੀ — ਲੜਕੀ ਦੇ ਪੇਕਿਆਂ ਦਾ ਸਬੰਧੀ
"ਆਪੇ ਜਾਞੀ ਆਪੇ **ਮਾਞੀ** ਆਪਿ ਸੁਆਮੀ ਆਪਿ ਦੇਵਾ।" — ਆਸਾ **੫**, ਛੰਤ ੧, ੨ : ੪ (452)
ਹੋਰ ਰੂਪ — ਮਾਞੀਆ —
"ਮਿਲਿ ਇਕਤ੍ਰ ਹੋਏ ਸਹਜਿ ਢੋਏ ਮਨਿ ਪ੍ਰੀਤਿ ਉਪਜੀ **ਮਾਞੀਆ**।" (ਲੜਕੀ ਦੇ ਸਬੰਧੀਆਂ ਦਾ ਇਕੱਠਾ ਹੋਇਆ ਮੇਲ)
— ਬਿਲਾ **੫**, ਛੰਤ ੧, ੩ : ੪ (846)

ਮਾਟ — 1. ਮਿੱਟੀ ਦੀ ਭਾਵ ਕਚੀ
"ਤ੍ਰਿਕੁਟੀ ਫੋਰਿ ਭਰਮੁ ਭਉ ਭਾਗਾ ਲਜ ਭਾਨੀ ਮਟੁਕੀ **ਮਾਟ**।" — ਮਾਲੀ **੪**, ੬, ੩ : ੨ (986)
(ਮਹਾਨਕੋਸ਼ ਇਸ ਦੇ ਅਰਥ 'ਝਟ' ਕਰਦਾ ਹੈ)
2. ਮਿਟਦੇ, ਪੈਂਦੇ (ਦਰਪਣ)
"ਕਲਿ ਕਲੇਸ ਮਿਟੇ ਦਾਸ ਨਾਨਕ ਬਹੁਰਿ ਨ ਜੋਨੀ **ਮਾਟ**।" (ਸ਼ਬਦਾਰਥ ਅਰਥ 'ਸਰੀਰ' ਨਿਰਣੈ ਅਤੇ ਮਹਾਨ ਕੋਸ਼ 'ਬਚੇਦਾਨ', 'ਰਿਹਮ' ਕਰਦੇ ਹਨ) — ਮਲਾ **੫**, ੧੪, ੨ : ੨ (1269)

ਮਾਟਾ — ਮਟਕੀ, ਚਾਟੀ
"ਸਮੁੰਦੁ ਬਿਲੋਵਨ ਕਉ **ਮਾਟਾ**।"
— ਸੋਰ **ਕਬ**, ੫, ੧ : ੨ (655)

ਮਾਟੀ — ਮਿੱਟੀ, ਰਾਖ
"ਤਾਨੁ ਜਲਿ ਬਲਿ **ਮਾਟੀ** ਭਇਆ ਮਨੁ ਮਾਇਆ ਮੋਹਿ ਮਨੂਰੁ।" — ਸਿਰੀ **੧**, ੧੫, ੧ : ੧ (19)
"**ਮਾਟੀ** ਮਹਿ ਜੋਤਿ ਰਖੀ ਨਿਵਾਜਿ।" (ਭਾਵ ਮਿਟੀ ਦੇ ਸਰੀਰ) — ਗੋਂਡ **੫**, ੩, ੧ : ੨ (862)
"ਊਠਿ ਸਿਧਾਇਓ ਛੂਟਰਿ **ਮਾਟੀ** ਦੇਖੁ ਨਾਨਕ ਮਿਥਨ ਮੋਹਾਸਾ ਹੇ।" (ਭਾਵ ਦੇਹ, ਸਰੀਰ)
— ਮਾਰੂ **੫**, ਸੋਲ੍ਹ ੨, ੧੦ : ੩ (1073)

ਮਾਟੁ — ਮਟ, ਘੜਾ
"ਕਾਮ ਕ੍ਰੋਧ ਫੂਟੈ ਬਿਖੁ **ਮਾਟੁ**।"
— ਗਉ **੧**, ੬, ੪ : ੨ (153)

ਮਾਟੁਕੇ — ਅੱਖ ਝਮਕਣ ਵਿਚ ਲਗਾ ਸਮਾ
"ਕਬੀਰ ਆਖੀ ਕੇਰੇ **ਮਾਟੁਕੇ** ਪਲੁ ਪਲੁ ਗਈ ਬਿਹਾਇ।" — ਸਲੋ **ਕਬ**, ੨੨੨ : ੧ (1376)

ਮਾਟੁਲੀ — ਮਟਕੀ ਭਾਵ ਸਰੀਰ
"ਪਵਨਿ ਅਫਾਰ ਤੋਰ ਚਾਮਰੋ ਅਤਿ ਜਜਰੀ ਤੇਰੀ ਰੇ **ਮਾਟੁਲੀ**।"
— ਸਾਰ **੫**, ੬੧, ੧* : ੨ (1216)

ਮਾਠਾ — ਮੱਠਾ, ਢਿਲਾ
"ਬੇਦੁ ਪੁਕਾਰੈ ਮੁਖ ਤੇ ਪੰਡਤ ਕਾਮਾਮਨ ਕਾ **ਮਾਠਾ**।"
— ਮਾਰੂ **੫**, ੧੫, ੧ : ੧ (1003)

ਮਾਠਿ — ਘੋਟ ਕੇ, ਕੰਘੀ ਨਾਲ ਵਾਹ ਕੇ, ਹਮਵਾਰ, ਪਧਰਾ ਕਰਕੇ
"**ਮਾਠਿ** ਗੁੰਦਾਈਂ ਪਟੀਆ ਭਰੀਐ ਮਾਗ ਸੰਧੂਰੇ।"

— ਵਡ **੧**, ੩, ੧ : ੧੧ (558)

ਮਾਂਡਿਓ — ਮਲਿਆ
"ਖੇਤੁ ਜੁ **ਮਾਂਡਿਓ** ਸੂਰਮਾ ਅਬ ਜੂਝਨ ਕੋ ਦਾਉ।"
— ਮਾਰੂ **ਕਬ**, ੧੦, ੧ : ੨ (1105)

ਮਾਂਡੀਅਲੇ — ਜੁੜਿਆ ਰਹਿੰਦਾ ਹੈ ਦਰਪਣ/ਧਾਰਦਾ ਹੈ (ਸ਼ਬਦਾਰਥ); ਲਗ ਜਾਂਦਾ ਹੈ (ਕੋਸ਼)
"ਜੈਸੇ ਕਨਿਕ ਕਲਾ ਚਿਤੁ **ਮਾਂਡੀਅਲੇ**।"
— ਰਾਮ **ਨਾਮ**, ੧, ੧* : ੨ (972)

ਮਾਡੀਐ — ਸਜਾਈਏ
"ਸਾਚੁ ਧੜੀ ਧਨ **ਮਾਡੀਐ** ਕਾਪੜੁ ਪ੍ਰੇਮ ਸੀਗਾਰੁ।"
— ਸਿਰੀ **੧**, ਅਸ ੨, ੫ : ੧ (54)

ਮਾਡੈ — ਧਰੇ, ਲਗਾਵੇ, ਜਮਾਏ
"ਉਦਕ ਮਾਹਿ ਜੈਸੇ ਬਗੁ ਧਿਆਨੁ **ਮਾਡੈ**।"
— ਆਸਾ **ਨਾਮ**, ੪, ੧ : ੨ (485)

ਮਾਂਡੈ — 1. ਭਰਦਾ ਹੈ ਭਾਵ ਸਜਾਉਂਦਾ ਹੈ
"ਕਬੀਰ ਹਰਿ ਹੀਰਾ ਜਨ ਜਉਹਰੀ ਲੇ ਕੈ **ਮਾਂਡੈ** ਹਾਟ।" — ਸਲੋ **ਕਬ**, ੧੬੨ : ੧ (1373)
2. ਠਾਣਦਾ/ਸੋਚ ਲੈਂਦਾ ਹੈ
"ਜੈਸੇ ਅਪਨੇ ਧਨਹਿ ਪ੍ਰਾਨੀ ਮਰਨੁ **ਮਾਂਡੈ**।"
— ਬਸੰ **ਨਾਮ**, ੧, ੨ : ੧ (1195)

ਮਾਣਇ — ਮਾਣਦਾ ਹੈ
"ਸਤਗੁਰ ਕੈ ਪਰਸਾਦਿ ਸਹਜ ਸੇਤੀ ਰੰਗੁ **ਮਾਣਇ**।"
— ਸਵ **੪**, ਕਲ ੫ : ੪ (1397)

ਮਾਣਸ — ਮਨੁੱਖ
"ਹਰਿ ਜਨ ਕਾ ਰਾਖਾ ਏਕੁ ਹੈ ਕਿਆ **ਮਾਣਸ** ਹਉਮੈ ਰੋਇ।" — ਸਿਰੀ **੫**, ੭੧, ੪ : ੩ (42)

ਮਾਣਸਖਾਣੇ — ਮਨੁੱਖਾਂ ਨੂੰ ਖਾ ਜਾਣ ਵਾਲੇ
"**ਮਾਣਸਖਾਣੇ** ਕਰਹਿ ਨਿਵਾਜ।" (ਭਾਵ ਮੁਸਲਮਾਨ)
— ਆਸਾ **੧**, ਵਾਰ ੧੬ਸ, **੧**, ੨ : ੧ (471)

ਮਾਣਸਾ — 1. ਮਨੁੱਖ
"ਜਿਉ ਮਛੀ ਤਿਉ **ਮਾਣਸਾ** ਪਵੈ ਅਚਿੰਤਾ ਜਾਲੁ।"
— ਸਿਰੀ **੧**, ਅਸ ੪, ੧* : ੨ (55)

ਹੋਰ ਰੂਪ — ਮਾਣਸਿ —
"ਮਨਮੁਖ ਮੂਲੁ ਨ ਜਾਣਨੀ **ਮਾਣਸਿ** ਹਰਿ ਮੰਦਰ ਨ ਹੋਇ।" (ਮਨੁੱਖ ਵਿਚ)
— ਪ੍ਰਭਾ **੩**, ਅਸ ੧, ੨ : ੨ (1346)

2. ਮਨੁੱਖਾਂ ਦੀ/ਦੇ
"ਜੋ ਰਤੁ ਪੀਵਹਿ **ਮਾਣਸਾ** ਤਿਨ ਕਿਉ ਨਿਰਮਲੁ ਚੀਤੁ।"
— ਮਾਝ **੧**, ਵਾਰ ੬ਸ, **੧**, ੧ : ੨ (140)
"**ਮਾਣਸਾ** ਕਿਅਹੁ ਦੀ ਬਾਣਹੁ ਕੋਈ ਨਸਿ ਭਜਿ ਨਿਕਲੈ ਹਰਿ ਦੀ ਬਾਣਹੁ ਕੋਈ ਕਿਥੈ ਜਾਇਆ।"
— ਵਡ **੪**, ਵਾਰ ੧੪ : ੩ (591)

ਹੋਰ ਰੂਪ — ਮਾਣਸਾਂ —
"ਪੁਛਾ ਦੇਵਾਂ **ਮਾਣਸਾਂ** ਜੋਧ ਕਰਹਿ ਅਵਤਾਰ।" (ਮਨੁੱਖਾਂ ਨੂੰ)
— ਸਾਰ **੪**, ਵਾਰ ੧੧ਸ, **੧**, ੨ : ੩ (1241)

ਮਾਣਸੀ — ਮਾਣੇਗਾ
"ਪਿਰੁ ਰਲੀਆ ਰਸਿ **ਮਾਣਸੀ** ਸਾਚਿ ਸਬਦਿ ਸੁਖੁ ਨੇਹਿ।" — ਸਿਰੀ **੧**, ਅਸ ੫, ੧* : ੨ (56)

ਮਾਣਸੁ — ਮਨੁੱਖ
"**ਮਾਣਸੁ** ਭਰਿਆ ਆਣਿਆ **ਮਾਣਸੁ** ਭਰਿਆ ਆਇ।"
— ਬਿਹਾ **੪**, ਵਾਰ ੧੬ਸ, **੩**, ੧ : ੧ (554)

ਮਾਣਹਿ — ਮਾਣਦਾ ਹੈ
"ਰਸ ਭੋਗਹਿ ਖੁਸੀਆ ਕਰਹਿ **ਮਾਣਹਿ** ਰੰਗ ਅਪਾਰ।" — ਸਿਰੀ **੫**, ੭੧, ੧ : ੨ (42)

ਹੋਰ ਰੂਪ — ਮਾਣਹੀ —
"ਦੁਰਜਨ ਸੇਤੀ ਨੇਹੁ ਤੂ ਕੈ ਗੁਣਿ ਹਰਿ ਰੰਗ **ਮਾਣਹੀ**।" (ਮਾਣ ਸਕਦੀ ਹੈਂ)
— ਜੈਤ **੫**, ਵਾਰ ੧੦ਸ, **੫**, ੧ : ੨ (1097)

ਮਾਣਹੁ —
"ਹਰਿ ਸੇਤੀ ਸਦ **ਮਾਣਹੁ** ਰਲੀਆ ਜਨਮ ਮਰਣ ਦੁਖ ਖੋਵਹੁ।" (ਮਾਣੋ)
— ਸਿਰੀ **੪**, ਪਹ ੩, ੪ : ੪ (77)

ਮਾਣਕ — ਲਾਲ ਰੰਗ ਦਾ ਕੀਮਤੀ ਹੀਰਾ, ਹੋਰ ਵੇਖੋ 'ਮਾਣਿਕ'
"ਪ੍ਰਭੁ ਹਰਿ ਮੰਦਰੁ ਸੋਹਣਾ ਤਿਸੁ ਮਹਿ **ਮਾਣਕ** ਲਾਲ।" — ਸਿਰੀ **੧**, ੯, ੨ : ੧ (17)

ਹੋਰ ਰੂਪ — ਮਾਣਕਾ —
"ਰਤਨ ਪਦਾਰਥ **ਮਾਣਕਾ** ਸੁਇਨਾ ਰੁਪਾ ਖਾਕੁ।" (ਹੀਰੇ)

— ਸਿਰੀ ੫, ੮੪, ੨ : ੧ (47)

ਮਾਣਕਿ —

"ਕੰਚਨ ਕੋਟੁ ਬਹੁ **ਮਾਣਕਿ** ਭਰਿਆ ਜਾਗੇ ਗਿਆਨ ਤਤਿ ਲਿਵ ਲਈਆ।" (ਹੀਰੇ)

— ਬਿਲਾ ੪, ਅਸ ੧, ੩ : ੧ (833)

ਮਾਣਕੀ —

"ਲਾਲ ਜਵੇਹਰ **ਮਾਣਕੀ** ਗੁਰ ਭੰਡਾਰੈ ਸੋਇ।" (ਹੀਰੇ)— ਸਿਰੀ ੧, ਅਸ ੧੦, ੨ : ੩ (59)

ਮਾਣਕੁ —

"ਮਨ ਮਹਿ **ਮਾਣਕੁ** ਲਾਲੁ ਨਾਮੁ ਰਤਨੁ ਪਦਾਰਥ ਹੀਰੁ।" — ਸਿਰੀ ੧, ੨੧, ੪ : ੧ (22)

"ਸਤਿਗੁਰੁ ਮਿਲੈ ਅੰਧੇਰਾ ਚੂਕੈ ਇਨ ਬਿਧਿ **ਮਾਣਕੁ** ਲਹੀਐ।" (ਆਤਮਕ ਗਿਆਨ ਰੂਪੀ ਹੀਰਾ) — ਗਉ ਕਬ, ੫੧, ੩ : ੨ (334)

ਮਾਣਦਾ — ਭੋਗਦਾ

"ਮਨ ਇਛੇ ਸੁਖ **ਮਾਣਦਾ** ਕਿਛੁ ਨਾਹਿ ਵਿਸੂਰੇ।"

— ਜੈਤ ੫, ਵਾਰ ੬ : ੩ (707)

ਹੋਰ ਰੂਪ — ਮਾਣਦੋ —

"ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ **ਮਾਣਦੋ**।" (ਮਾਣਦੇ ਭੋਗਦੇ)

— ਸਿਰੀ ੫, ਛੰਤ ੩, ੫੩ : ੨ (81)

ਮਾਣੰਨਿ — ਭੋਗਦੇ ਹਨ, ਮਾਣਦੇ ਹਨ

"ਸਾਧੂ ਸੰਗੁ ਪਰਾਪਤੇ ਨਾਨਕ ਰੰਗ **ਮਾਣੰਨਿ**।"

— ਮਾਝ ੫, ਬਾਰਾ ੪ : ੮ (134)

ਹੋਰ ਰੂਪ — ਮਾਣਨਿ੍ —

"ਗਰੀ ਛੁਹਾਰੇ ਖਾਂਦੀਆ **ਮਾਣਨਿ੍** ਸੇਜੜੀਆ।" (ਮਾਣਦੀਆਂ ਹਨ)

— ਆਸਾ ੧, ਅਸ ੧੧, ੩ : ੨ (417)

ਮਾਣਾ — 1. ਮਾਨ, ਆਸਰਾ, ਭਰੋਸਾ, ਸਹਾਰਾ

"ਗਰੀਬਾ ਅਨਾਥਾ ਤੇਰਾ **ਮਾਣਾ**।"

— ਮਾਝ ੫, ੧੪, ੧ : ੨ (98)

2. ਮਾਣ, ਅੰਹਕਾਰ

"ਜੋ ਬਿਨੁ ਸਚੇ ਹੋਰਤੁ ਚਿਤੁ ਲਾਇਦੇ ਸੇ ਕੂੜਿਆਰ ਕੂੜਾ ਤਿਨ **ਮਾਣਾ**।"

— ਗਉ ੪, ਵਾਰ ੧੦ : ੪ (305)

3. ਇਜ਼ਤ, ਮਾਣ, ਵਡਿਆਈ, ਹੋਰ ਵੇਖੋ 'ਮਾਣਿ' (3)

"ਪ੍ਰਭ ਜੀ ਭਾਣਾ ਸਚਾ **ਮਾਣਾ** ਪ੍ਰਭਿ ਹਰਿ ਧਨੁ ਸਹਜੇ ਦੀਤਾ।"

— ਵਡ ੫, ਛੰਤ ੧, ੨ : ੫ (577)

4. ਮਾਣਿਆ, ਭੋਗਿਆ

"ਠਾਕੁਰ ਭਾਣੀ ਸਾ ਗੁਣਵੰਤੀ ਤਿਨਹੀ ਸਭ ਰੰਗ **ਮਾਣਾ**।"

— ਸੂਹੀ ੫, ਛੰਤ ੪, ੩ : ੫ (779)

ਹੋਰ ਰੂਪ — ਮਾਣਿ —

"ਰੰਗੁ **ਮਾਣਿ** ਲੈ ਪਿਆਰਿਆ ਜਾ ਜੋਬਨੁ ਨਉ ਹੁਲਾ।" (ਭੋਗ ਲੈ)

— ਸਿਰੀ ੧, ੨੪, ੧* : ੧ (23)

5. ਰਤਨ, ਮਣੀ

"ਵਡ ਭਾਗੀਆ ਸੋਹਾਗਣੀ ਹਰਿ ਮਸਤਕਿ **ਮਾਣਾ** ਰਾਮ।" (ਭਾਗਾਂ ਦੀ ਮਣੀ)

— ਬਿਲਾ ੪, ਛੰਤ ੧, ੧ : ੩ (844)

ਮਾਣਿ — 1. ਭੋਗ, ਮਾਣ, ਵੇਖੋ 'ਮਾਣਾ' (4)

2. ਮੰਨ, ਪੂਜ, ਸਤਿਕਾਰ ਕਰ

"ਪੂਰਬ ਪ੍ਰੀਤਿ ਪਿਰਾਣਿ ਲੈ ਮੋਟਉ ਠਾਕੁਰੁ **ਮਾਣਿ**।"

— ਮਾਰੂ ੩, ਵਾਰ ੧੩ਸ, ੧, ੩ : ੧ (1090)

3. ਮਾਣ, ਵਡਿਆਈ ਹੋਰ ਵੇਖੋ 'ਮਾਣਾ' (3)

"ਦ੍ਰਿਸਟਿ ਨ ਲਿਆਵਉ ਅਵਰ ਕਾਹੂ ਕਉ **ਮਾਣਿ** ਮਹਤਿ ਪ੍ਰਭ ਤੇਰੈ।"

— ਸਾਰ ੫, ੫੦, ੧* : ੨ (1214)

ਮਾਣਿਓ — ਮਾਣਿਆ/ਭੋਗਿਆ

"ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ **ਮਾਣਿਓ**।" — ਸਵ ੧, ੨ : ੪ (1389)

ਹੋਰ ਰੂਪ — ਮਾਣਿਅਉ —

"ਭੈ ਨਿਰਭਉ **ਮਾਣਿਅਉ** ਲਾਖ ਮਹਿ ਅਲਖੁ ਲਖਾਯਉ।" (ਭੋਗਿਆ ਮਾਣਿਆ ਹੈ)

— ਸਵ ੫, ਕਲ ੮ : ੧ (1407)

ਮਾਣਿਆ —

"ਸਰਬ ਸੂਖ ਰੰਗ **ਮਾਣਿਆ**।" (ਭੋਗਿਆ)

— ਗਉ ੫, ੧੪੨*, ੩ : ੨ (212)

ਮਾਣਿਹ —

"ਮਿਲਿ ਸੰਤ ਜਨਾ ਰੰਗੁ **ਮਾਣਿਹ** ਰਲੀਆ ਜੀਉ।" (ਭੋਗੇ)

— ਗਉ ੪, ੬੬, ੧ : ੨ (173)

ਮਾਣਿਕ — ਹੀਰਾ, ਰਤਨ, ਹੋਰ ਵੇਖੋ 'ਮਾਣਕ'
"ਮਤਿ ਵਿਚਿ ਰਤਨ ਜਵਾਹਰ **ਮਾਣਿਕ** ਜੇ ਇਕ ਗੁਰ ਕੀ ਸਿਖ ਸੁਣੀ।" — ਜਪੁ **੧**, ੬ : ੩ (2)
ਹੋਰ ਰੂਪ — ਮਾਣਿਕਾ —
"ਰਤਨ ਜਵੇਹਰ **ਮਾਣਿਕਾ** ਅੰਮ੍ਰਿਤੁ ਹਰਿ ਕਾ ਨਾਉ।(ਰਤਨ,ਹੀਰਾ)
— ਸਿਰੀ **੫**, ੮੭, ੪ : ੧ (48)
ਮਾਣਿਕੁ —
"ਸੁਇਨਾ ਰੁਪਾ ਰੰਗੁਲਾ ਮੋਤੀ ਤੈ **ਮਾਣਿਕੁ** ਜੀਉ।" — ਸੂਹੀ **੧**, ਕੁਚ ੧ : ੭ (762)
ਮਾਣਿਕੂ —
"**ਮਾਣਿਕੂ** ਮੋਹਿ ਮਾਉ ਡਿੰਨਾ ਧਣੀ ਅਪਾਹਿ।" (ਹੀਰਾ)
- ਮਾਰੂ **੫**, ਵਾਰ ੧੨ਸ, **੫**, ੨ : ੧ (1098)

ਮਾਣੀ — ਮਾਣ ਰਿਹਾ ਹੈ
"ਗੁਰੁ ਜੋਗੀ ਪੁਰਖੁ ਮਿਲਿਆ ਰੰਗੁ **ਮਾਣੀ** ਜੀਉ।"
— ਗਉ **੪**, ੬੫, ੨ : ੧ (173)
"ਸੁੰਨੀ ਦੇਨਿ੍ ਵਿਖੰਮ ਥਾਇ ਮਿਠਾ ਮਦੁ **ਮਾਣੀ**।" (ਮਾਣਦੇ/ਭੋਗਦੇ ਹਨ)
— ਗਉ **੪**, ਵਾਰ ੨੭ : ੩ (315)

ਮਾਣੀਆ — 1. ਮਾਣ, ਭਰੋਸਾ
"ਸਜਣੁ ਤੂਹੈ ਸੈਣੁ ਤੂ ਮੈ ਤੁਝ ਉਪਰਿ ਬਹੁ **ਮਾਣੀਆ**।"— ਸੂਹੀ **੫**, ਅਸ ੪, ੨ : ੧ (761)
2. ਮਾਣ ਲਵਾ, ਅਨੰਦ ਲਵਾਂ, ਭੋਗਾਂ
"ਹਿਕ ਭੋਰੀ ਨਦਰਿ ਨਿਹਾਲਿ ਦੇਹਿ ਦਰਸੁ ਰੰਗੁ **ਮਾਣੀਆ**।"
— ਸੂਹੀ **੫**, ਅਸ ੪, ੬ : ੨ (761)
ਹੋਰ ਰੂਪ — ਮਾਣੀਐ —
"ਸਤਿਗੁਰ ਹੋਇ ਦਇਆਲੁ ਤਾ ਹਰਿ ਰੰਗੁ **ਮਾਣੀਐ**।" (ਭੋਗੀਏ)
— ਮਾਝ **੧**, ਵਾਰ ੨੫ : ੪ (149)

ਮਾਣੁ — 1. ਆਦਰ, ਸਤਿਕਾਰ, ਇਜ਼ਤ
"ਜਿਤੁ ਸੇਵਿਐ ਸੁਖੁ ਪਾਈਐ ਤੇਰੀ ਦਰਗਹ ਚਲੈ **ਮਾਣੁ**।" — ਸਿਰੀ **੧**, ੫, ੧* : ੨ (15)
"ਤਾ ਕੀ ਸੇਵ ਕਰੀਜੈ ਲਾਹਾ ਲੀਜੈ ਹਰਿ ਦਰਗਹ ਪਾਈਐ **ਮਾਣੁ** ਜੀਉ।"
— ਆਸਾ **੧**, ਛੰਤ ੪, ੩ : ੨ (438)
2. ਆਸਰਾ, ਸਹਾਰਾ, ਭਰੋਸਾ
"ਨਿਮਾਣਿਆ ਗੁਰੁ **ਮਾਣੁ** ਹੈ ਗੁਰੁ ਸਤਿਗੁਰ ਕਰੇ ਸਾਬਾਸਿ।" — ਸਿਰੀ **੪**, ੬੮, ੨ : ੨ (41)
"ਖੜੁ ਪਕੀ ਕੁੜਿ ਭਜੈ ਬਿਨਸੈ ਆਇ ਚਲੈ ਕਿਆ **ਮਾਣੁ**।" (ਭਰੋਸਾ)
— ਸਿਰੀ **੧**, ਪਹ ੨, ੪ : ੫ (76)
3. ਫਖਰ
"ਹਉ **ਮਾਣੁ** ਤਾਣੁ ਕਰਉ ਤੇਰਾ ਹਉ ਜਾਨਉ ਆਪਾ।" — ਸਿਰੀ **੫**, ੯੭, ੨ : ੧ (51)
"ਬਹੁ **ਮਾਣੁ** ਕੀਆ ਤੁਧੁ ਉਪਰੇ ਤੂੰ ਆਪੇ ਪਾਇਹਿ ਥਾਇ ਜੀਉ।"
— ਸਿਰੀ **੫**, ਅਸ ੨੯, ੧੪ : ੩ (74)
4. ਅਹੰ, ਅਹੰਕਾਰ
"**ਮਾਣੁ** ਤਾਣੁ ਤਜਿ ਮੋਹੁ ਅੰਧੇਰਾ।"
— ਮਾਝ ੫, ੨੭, ੪ : ੨ (102)
"ਮਨ ਤੂੰ ਮਤ **ਮਾਣੁ** ਕਰਹਿ ਜਿ ਹਉ ਕਿਛੁ ਜਾਣਦਾ ਗੁਰਮੁਖਿ ਨਿਮਾਣਾ ਹੋਹੁ।"
— ਆਸਾ **੩**, ਛੰਤ ੭, ੭ : ੧ (441)
5. ਮਾਣਦੇ (ਭੋਗਦੇ) ਹਨ
"ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ **ਮਾਣੁ**।"
— ਗਉ **੫**, ਬਾਅ ੧੩ਸ : ੧ (252)

ਮਾਣੂ — ਮਨੁੱਖ
"**ਮਾਣੂ** ਘਲੈ ਉਠੀ ਚਲੈ।"
— ਸਲੋ **੧**, ੨੪ : ੧ (1412)
ਹੋਰ ਰੂਪ — ਮਾਣੂਆ —
"**ਮਾਣੂਆ** ਮੰਗਿ ਮੰਗਿ ਪੈਨੈ੍ ਖਾਇ।" (ਮਨੁੱਖਾਂ ਤੋਂ)
— ਸਾਰ **੪**, ਵਾਰ ੯ਸ, **੧**, ੧ : ੫ (1240)

ਮਾਣੇ — ਭੋਗੇ
"ਨਾ **ਮਾਣੇ** ਸੁਖਿ ਸੇਜੜੀ ਬਿਨੁ ਪਿਰ ਬਾਦਿ ਸੀਗਾਰੁ।" — ਸਿਰੀ **੧**, ਅਸ ੯, ੧ : ੨ (58)
ਹੋਰ ਰੂਪ — ਮਾਣੇਹਿ —
"ਅਪੜੈ ਘਰਿ ਹਰਿ ਰੰਗੋ ਕੀ ਨ **ਮਾਣੇਹਿ**।"
— ਤਿਲੰ **੧**, ੪,੧ : ੨ (722)

ਮਾਣੈ — 1. ਮਾਣ, ਅਹੰਕਾਰ
"ਮਾਲ ਕੈ **ਮਾਣੈ** ਰੂਪ ਕੀ ਸੋਭਾ ਇਤੁ ਬਿਧੀ ਜਨਮ

ਗਵਾਇਆ।" — ਸਿਰੀ **੧**, ੨੨, ੧* : ੨ (24)

2. ਮਾਣਦਾ/ਭੋਗਦਾ ਹੈ

"**ਮਾਣੈ** ਰੰਗ ਭੋਗ ਬਹੁ ਨਾਰੀ।"

— ਗਉ **੫**, ੭੧, ੩ : ੨ (176)

ਮਾਣੋ — 1. ਮਾਣ, ਆਸਰਾ

"ਧਿਆਇ ਧਿਆਇ ਜੀਵਹਿ ਜਨ ਤੇਰੇ ਸਚੁ ਸਬਦੁ ਮਨਿ **ਮਾਣੋ** ਜੀਉ।"

— ਮਾਝ **੫**, ੪੪, ੨ : ੩ (107)

2. ਇਜ਼ਤ, ਸਤਿਕਾਰ

"ਜਾਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ **ਮਾਣੋ**।"

— ਵਡ **੧**, ੩, ੧ : ੪ (557)

3. ਫਖ਼ਰ

"ਮਾਣੋ ਪ੍ਰਭ **ਮਾਣੋ** ਮੇਰੇ ਪ੍ਰਭ ਕਾ ਮਾਣੋ।"

— ਰਾਮ **੫**, ਛੰਤ ੧, ੩ : ੧ (924)

ਮਾਤ — 1. ਮਾਂ, ਮਾਤਾ

"ਇਕੋ ਭਾਈ ਮਿਤੁ ਇਕੁ ਇਕੋ **ਮਾਤ** ਪਿਤਾ।"

— ਸਿਰੀ **੫**, ੭੯, ੨ : ੧ (45)

2. ਮੱਤਾ, ਮਸਤ, ਮੋਹਿਤ

"ਕੁਲ ਰੂਪ ਧੂਪ ਗਿਆਨਹੀਨੀ ਤੁਝ ਬਿਨਾ ਮੋਹਿ ਕਵਨ **ਮਾਤ**।"

— ਆਸਾ **੫**, ਛੰਤ ੧੪, ੧ : ੫ (462)

"ਅਨਿਤ ਬਿਉਹਾਰ ਅਚਾਰ ਬਿਧਿ ਹੀਨਤ ਮਮਮਦ **ਮਾਤ** ਕੋਪ ਜਰੀਆ।"

— ਕਾਨ **੫**, ੩੦, ੨ : ੧ (1303)

3. ਮਾਤਰ, ਭਰ

"ਤੁਛ **ਮਾਤ** ਸੁਣਿ ਸੁਣਿ ਵਖਾਣਹਿ।" (ਭਾਵ ਥੋੜੀ ਜਿਹੀ)

— ਮਾਰੂ **੫**, ਸੋਲਾ ੭, ੧੦ : ੨ (1078)

"ਧਨੁ ਜੋਬਨੁ ਸੰਪੈ ਸੁਖ ਭੋੁਗਵੈ ਸੰਗਿ ਨ ਨਿਬਹਤ **ਮਾਤ**।" (ਰਤਾ ਭਰ)

— ਕੇਦਾ **੫**, ੭, ੧ : ੧ (1120)

ਮਾਤੰਗ — ਹਾਥੀ

"ਗੋਬਿੰਦ ਗੁਪਤ ਹੋਇ ਰਹਿਓ ਨਿਆਰੋ **ਮਾਤੰਗ** ਮਤਿ ਅਹੰਕਾਰ।"

— ਸਾਰ **੫**, ੧੨੯, ੩ : ੨ (1229)

ਮਾਤਰ — ਮਾਤਾ

"**ਮਾਤਰ** ਪਿਤਰ ਤਿਆਗਿ ਕੈ ਮਨੁ ਸੰਤਨ ਪਾਹਿ ਬੇਚਾਇਓ।"

— ਸਾਰ **੫**, ੧੩੨, ੧ : ੧ (1230)

ਮਾਤਲੋਕ — ਸੰਸਾਰੀ, ਇਸ ਸੰਸਾਰ ਦੇ ਲੋਕ

"ਨੇੜੈ ਦਿਸੈ **ਮਾਤਲੋਕ** ਤੁਧੁ ਸੁਝੈ ਦੂਰੁ।"

— ਰਾਮ **ਬਸ**, ੫ : ੮ (967)

ਮਾਤਾ — 1. ਮਾਂ

"ਪਵਣੁ ਗੁਰੂ ਪਾਣੀ ਪਿਤਾ **ਮਾਤਾ** ਧਰਤਿ ਮਹਤੁ।"

— ਜਪੁ **੧**, ੩੮ਸ : ੧ (8)

2. ਮੱਤਾ, ਮਸਤ ਹੋਇਆ

"ਅਉਰ ਦੁਨੀ ਸਭ ਭਰਮਿ ਭੁਲਾਨੀ ਮਨੁ ਰਾਮ ਰਸਾਇਨ **ਮਾਤਾ**।"

— ਸਿਰੀ **ਕਬ**, ੩, ੪ : ੨ (92)

"**ਮਾਤਾ** ਭੈਸਾ ਅੰਮੁਹਾ ਜਾਇ।" (ਮੱਤਾ ਭਾਵ ਅਹੰਕਾਰੀ)

— ਗਉ **ਕਬ**, ੧੪, ੨ : ੧ (326)

ਹੋਰ ਰੂਪ — ਮਾਤਿਆ —

"ਏਕੁ ਜਾਨਹਿ ਏਕੁ ਮਾਨਹਿ ਰਾਮ ਕੈ ਰੰਗਿ **ਮਾਤਿਆ**।" (ਮਗਨ/ਮਸਤ ਹਨ)

— ਬਿਹਾ **੫**, ਛੰਤ ੩, ੩ : ੪ (543)

ਮਾਤੀ —

"ਸਗਲ ਸਹੇਲੀ ਅਪਨੈ ਰਸ **ਮਾਤੀ**।" (ਭਾਵ ਪੰਜੇ ਇੰਦ੍ਰੀਆਂ ਆਪਣੇ ਰਸ ਵਿਚ ਮਗਨ/ਗਲਤਾਨ ਹਨ)

— ਗਉ **੫**, ੮੯, ੨ : ੧ (182)

"ਸਦਾ ਰੰਗਿ ਰਾਤੀ ਸਹਜੇ **ਮਾਤੀ** ਅਨਦਿਨੁ ਨਾਮੁ ਵਖਾਣੈ।" (ਮਸਤ ਹੋਈ)

— ਵਡ **੩**, ਛੰਤ ੧, ੩ : ੪ (568)

ਮਾਤੀ — 1. ਮਸਤ ਹੋਈ, ਮਗਨ ਹੋਈ, ਵੇਖੋ 'ਮਾਤਾ' (2)

2. ਮਾਤਰ ਭਰ, ਥੋੜਾ ਜਿਹਾ

"ਤੁਮ ਹਰਿ ਸਰਵਰ ਅਤਿ ਅਗਾਹ ਹਮ ਲਹਿ ਨ ਸਕਹਿ ਅੰਤੁ **ਮਾਤੀ**।"

— ਧਨਾ **੪**, ੫, ੨ : ੧ (668)

ਮਾਤੇ — ਮਸਤ, ਮਗਨ

"ਕਾਮਿ ਕ੍ਰੋਧਿ ਅਹੰਕਾਰਿ **ਮਾਤੇ** ਵਿਆਪਿਆ ਸੰਸਾਰ।" — ਸਿਰੀ **੫**, ੯੫, ੨ : ੧ (51)

ਹੋਰ ਰੂਪ — ਮਾਤੋ —
"**ਮਾਤੋ** ਹਰਿ ਰੰਗ **ਮਾਤੋ**।" (ਮਸਤ ਹੋਣਾ)
— ਗਉ **੫**, ੧੫੭, ੧* : ੧ (214)

ਮਾਤੌ —
"ਮਹਾ ਬਿਕਾਰ ਮੋਹ ਮਦ **ਮਾਤੌ** ਸਿਮਰਤ ਨਾਹਿ ਹਰੇ।" (ਮਸਤ ਹੈ)
— ਸਾਰ **੫**, ੧੨੦, ੧* : ੨ (1227)

ਮਾੜੂ — 1. ਮਾਤਾ
"**ਮਾੜੂ** ਬੂੰਦ ਤੇ ਧਰਿ ਚਕੁ ਫੇਰਿ।"
— ਬਸੰ **੧**, ਅਸ ੧, ੨ : ੩ (1187)
(ਕੋਸ਼ ਇਥੇ ਅਰਥ 'ਥੋੜਾ' ਕਰਦਾ ਹੈ)
2. ਕੇਵਲ, ਸਿਰਫ
"ਤਿਨ ਭਉ ਨਿਵਾਰਿ ਅਨਭੈ ਪਦੁ ਦੀਨਾ ਸਬਦ **ਮਾੜੂ** ਉਧਰ ਧਰੇ।"
— ਸਵ **੪**, ਕਲ ੨ : ੩ (1396)
3. ਥੋੜਾ,ਤਿਨਕ
"ਤਾਰਣ ਤਰਣ ਖਿਨ **ਮਾੜੂ** ਜਾ ਕਉ ਦ੍ਰਿਸਿ ਧਾਰੈ ਸਬਦੁ ਰਿਦ ਬੀਚਾਰੈ ਕਾਮੁ ਕ੍ਰੋਧੁ ਖੋਵੈ ਜੀਉ।"
— ਸਵ **੪**, ਨਲ ੧ : ੨ (1398)

ਮਾਥ — ਮਥਾ; ਮਸਤਕ
"ਸਗਲ ਮਨੋਰਥ ਪੂਰਿਆ ਨਾਨਕ ਲਿਖਿਆ **ਮਾਥ**।"
— ਰਾਮ **੫**, ਛੰਤ ੪, ੪ਸ : ੨ (927)

ਹੋਰ ਰੂਪ — ਮਾਥਾ —
"ਸਫਲੁ ਓਹ **ਮਾਥਾ** ਸੰਤ ਨਮਸਕਾਰਸਿ।" (ਮਥਾ) — ਗਉ **੫**, ੧੨੯, ੩ : ੧ (191)

ਮਾਥੁ —
"ਤਿਨ ਤੂ ਧਿਆਇਆ ਮੇਰਾ ਰਾਮੁ ਜਿਨ ਕੈ ਧੁਰਿ ਲੇਖੁ **ਮਾਥੁ**।" (ਮਥਾ)
— ਤੁਖਾ **੪**, ਛੰਤ ੩, ੧ : ੨ (1115)

ਮਾਥੇ —
"ਗੁਰ ਕੇ ਚਰਣ ਊਪਰਿ ਮੇਰੇ **ਮਾਥੇ**।" (ਮਥਾ)
— ਗਉ **੫**, ੧੦੭, ੧ : ੧ (187)
"ਪ੍ਰਗਟੇ ਗੁਪਾਲ ਮਹਾਂਤ ਕੈ **ਮਾਥੇ**।" (ਮਥੇ ਤੋਂ)
— ਗਉ **੫**, ਸੁਖ ੨੪, ੩ : ੯ (295)
(ਮਹਾਨਕੋਸ਼ ਇਸ ਦੇ ਅਰਥ ਦਿਮਾਗ ਕਰਦਾ ਹੈ)
"ਨਾਮ ਬਿਹੂਣੈ **ਮਾਥੇ** ਛਾਈ।" (ਮੱਥੇ ਤੇ ਭਾਵ ਸਿਰ ਵਿਚ) — ਆਸਾ **੧**, ੨, ੧ : ੪ (412)
"ਨੈਣ ਤ੍ਰਿਪਤਾਸੇ ਦੇਖਿ ਦਰਸਾਵਾ ਗੁਰਿ ਕਰ ਧਾਰੇ ਮੇਰੈ **ਮਾਥੇ**।" (ਮਥੇ ਤੇ ਭਾਵ ਸਿਰ ਉਪਰ) — ਸਾਰ **੫**, ੪੩, ੨ : ੧ (1213)

ਮਾਥੈ —
"ਜਾ ਕੈ **ਮਾਥੈ** ਏਹੁ ਨਿਧਾਨੁ।" (ਮਥੇ ਤੇ ਭਾਵ ਭਾਗਾਂ ਵਿਚ)
— ਗਉ **੫**, ੮੭, ੪ : ੧ (185)
"ਪ੍ਰਭ ਕੀ ਆਗਿਆ ਮਾਨੈ **ਮਾਥੈ**।" (ਮਥੇ ਤੇ ਭਾਵ ਸਿਰ ਉਪਰ)
— ਗਉ **੫**, ਸੁਖ ੫, ੨ : ੮ (268)
"ਓਹੁ ਹਮਰੈ **ਮਾਥੈ** ਕਾਇਮੁ ਅਉਰੁ ਹਮਾਰੈ ਨਿਕਟਿ ਨ ਆਵੈ।" (ਭਾਵ ਸਿਰਤੇ)
— ਆਸਾ **ਕਬ**, ੪, ੩;੨ (476)
"ਕਰ ਕਰਿ ਤਾਲ ਪਖਾਵਜੁ ਨੈਨਹੁ **ਮਾਥੈ** ਵਜਹਿ ਰਬਾਬਾ।" (ਮਥੇ ਦਿਮਾਗ ਵਿਚ)
— ਰਾਮ **੫**, ੭, ੧ : ੧ (884)
"**ਮਾਥੈ** ਊਭੈ ਜਮੁ ਮਾਰਸੀ ਨਾਨਕ ਮੇਲਣ ਨਾਮਿ।" (ਭਾਵ ਮੂੰਹ ਭਾਰ)
— ਮਾਰੂ **੩**, ਵਾਰ ੧੩ਸ, **੧**, ੩ : ੨ (1090)

ਮਾਦ — ਮਦ, ਮਸਤੀ, ਖ਼ੁਮਾਰੀ
"ਸਿਮਰਤ ਏਕੁ ਅਚੁਤ ਅਬਿਨਾਸੀ ਬਿਨਸੇ ਮਾਇਆ **ਮਾਦ**।" — ਸਾਰ **੫**, ੧੦੩, ੧ : ੧ (1224)

ਮਾਂਦਲੁ — ਨਗਾਰਾ, ਢੌਲ
"ਕਬੀਰ ਸਭੁ ਜਗੁ ਹਉ ਫਿਰਿਓ **ਮਾਂਦਲੁ** ਕੰਧ ਚਢਾਇ।" — ਸਲੋ **ਕਬ**, ੧੧੩ : ੧ (1370)

ਮਾਦਿ — ਨਸ਼ੇ ਵਿਚ, ਮਸਤੀ ਵਿਚ
"ਬਿਕਾਰ ਮਾਇਆ **ਮਾਦਿ** ਸੋਇਓ ਸੂਝ ਬੂਝ ਨ ਆਵੈ।" — ਆਸਾ **੫**, ੧੫੨, ੧ : ੧ (408)

ਮਾਧਉ — ਮਾਧਵ, ਮਾਇਆ ਤੇ ਮਾਲਕ, ਪ੍ਰਭੂ
"ਮੇਰੇ **ਮਾਧਉ** ਜੀ ਸਤਸੰਗਤਿ ਮਿਲੇ ਸੁ ਤਰਿਆ।"
— ਗੂਜ **੫**, ਸੋਦ ੫, ੧* : ੧ (10)

ਮਾਧਵ — 1. ਮਾਇਆ ਤੇ ਪਤੀ,ਵਿਸ਼ਨੂੰ ਭਾਵ ਪ੍ਰਭੂ
"ਮੋਹਨ **ਮਾਧਵ** ਕ੍ਰਿਸ੍ਨ ਮੁਰਾਰੇ।"
— ਮਾਰੂ **੫**, ਸੋਲਾ ੧੧, ੨ : ੧ (1082)
2. ਰਾਗੁ ਭੈਰਉ ਦੇ ਅੱਠ ਪੁਤਰਾਂ ਵਿਚੋਂ ਇਕ ਬਾਕੀ ਸਤ ਹਨ—ਪੰਚਮ, ਹਰਖ, ਦਿਸਾਖ ਬੰਗਾਲਮ, ਮਧੁ, ਲਲਤ ਤੇ ਬਿਲਾਵਲ

"ਬੰਗਾਲਮ ਮਧੁ **ਮਾਧਵ** ਗਾਵਹਿ।"

— ਰਾਗ ੧ : ੧੦ (1429)

ਹੋਰ ਰੂਪ — ਮਾਧਵਹ —

"ਨਾਨਕ ਜਿਹ ਸੁ ਪ੍ਰਸੰਨ **ਮਾਧਵਹ**।" (ਪ੍ਰਭੂ)

— ਸਸ **੫**, ੧੦ : ੫ (1354)

ਮਾਧਵਾ —

"ਮਲਿਨ ਭਈ ਮਤਿ **ਮਾਧਵਾ** ਤੇਰੀ ਗਤਿ ਲਖੀ ਨ ਜਾਇ।" (ਹੇ ਪ੍ਰਭੂ)

— ਗਉ **ਰਵਿ**, ੧, ੨ : ੧ (346)

ਮਾਧਵੇ —

"**ਮਾਧਵੇ** ਕਿਆ ਕਹੀਐ ਭ੍ਰਮੁ ਐਸਾ।" (ਹੇ ਪ੍ਰਭੂ) — ਸੋਰ **ਰਵਿ**, ੧, ੧* : ੧ (657)

ਮਾਧਾਣਾ — ਵਡੀ ਮਧਾਣੀ

"**ਮਾਧਾਣਾ** ਪਰਬਤੁ ਕਰਿ ਨੇਤ੍ਰਿ ਬਾਸਕੁ ਸਬਦਿ ਰਿੜਕਿਓਨੁ।"

— ਰਾਮ **ਬਸ**, ਵਾਰ ੪ : ੩ (967)

ਹੋਰ ਰੂਪ — ਮਾਧਾਣੀ —

"ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ **ਮਾਧਾਣੀ**।" (ਮੰਥਨ (ਰਿੜਕਨ) ਦਾ ਯੰਤਰ)

— ਮਾਝ **੧**, ਵਾਰ ੨੬ਸ, **੧**, ੧ : ੧੪ (150)

ਮਾਧਾਣੀਆ —

"ਲਾਟੂ **ਮਾਧਾਣੀਆ** ਅਨਗਾਹ।"

— ਆਸਾ **੧**, ਵਾਰ ੫ਸ, **੧**, ੨ : ੧੨ (465)

ਮਾਂਧਾਤਾ — ਮਾਨਧਾਤਾ, ਇਕ ਬਲੀ ਰਾਜਾ

"**ਮਾਂਧਾਤਾ** ਗੁਣ ਰਵੈ ਜੇਨ ਚਕ੍ਰਵੈ ਕਹਾਇਓ।"

— ਸਵ **੧**, ੧੦ : ੨ (1390)

ਮਾਧੋ — ਮਾਇਆ ਦਾ ਪਤੀ, ਵਿਸ਼ਨੂੰ, ਪ੍ਰਭੂ

"ਜਪਿ ਮਨਾ ਤੂੰ ਰਾਮ ਨਰਾਇਣੁ ਗੋਵਿੰਦਾ ਹਰਿ **ਮਾਧੋ**।" — ਗਉ **੫**, ੩, ੧ : ੧ (248)

ਹੋਰ ਰੂਪ — ਮਾਧੌ —

"**ਮਾਧੌ** ਤੂ ਠਾਕੁਰੁ ਸਿਰਿ ਮੋਰਾ।" (ਹੇ ਪ੍ਰਭੂ)

— ਸੋਰ **੫**, ੧੮, ੧* : ੧ (613)

ਮਾਨ — 1. ਆਦਰ, ਸਤਿਕਾਰ, ਇਜ਼ਤ

"**ਮਾਨ** ਅਭਿਮਾਨ ਮੰਧੇ ਸੋ ਸੇਵਕੁ ਨਾਹੀ।"

— ਸਿਰੀ **੫**, ੯੬, ੨ : ੧ (51)

"**ਮਾਨੁ** ਨਿਮਾਨੁ ਵਵਾ ਦੀਆਂ ਹਰਿ ਚਰਣੀ ਲਾਗੋ।"

— ਬਿਲਾ **੫**, ਛੰਤ ੪, ੧ : ੨ (848)

2. ਅਹੰਕਾਰ

"ਨਿਕੁਟੀ ਦੇਹ ਦੇਖਿ ਧੁਨਿ ਉਪਜੈ **ਮਾਨ** ਕਰਤ ਨਹੀ ਬੂਝੈ।"

— ਸਿਰੀ **ਬੇਣੀ**, ੧, ੫ : ੧ (93)

ਹੋਰ ਰੂਪ — ਮਾਨੰ —

"ਬਸ੍ਰਿੰਤ ਰਿਖਿਅੰ ਤਿਆਗਿ **ਮਾਨੰ**।"

— ਸਸ **੫**, ੧੩ : ੩ (1355)

"ਰਾਜੰਤ **ਮਾਨੰ** ਅਭਿਮਾਨੰ ਤ ਹੀਨੰ।"

— ਸਸ **੫**, ੧੨ : ੩ (1355)

(ਮਹਾਨਕੋਸ਼ ਇਸ ਦੇ ਅਰਥ 'ਰੋਸ' ਰੰਜ ਕਰਦਾ ਹੈ)

ਮਾਂਨ —

"ਬਾਣੀ ਮੰਤ੍ਰੁ ਮਹਾ ਪੁਰਖਨ ਕੀ ਮਨਹਿ ਉਤਾਰਨ **ਮਾਂਨ** ਕਉ।"

— ਸਾਰ **੫**, ੨੦, ੨ : ੧ (1208)

3. ਮਨ ਦਾ

"ਜੀਅ ਪ੍ਰਾਨ **ਮਾਨ** ਸੁਖਦਾਤਾ ਤੂੰ ਕਰਹਿ ਸੋਈ ਸੁਖੁ ਪਾਵਣਿਆ।"

— ਮਾਝ **੫**, ਅਸ ੩੨, ੧ : ੩ (131)

"ਮੇਰੇ **ਮਾਨ** ਕੋ ਅਸਥਾਨੁ।" (ਮਨਦਾ)

— ਮਾਰੂ **੫**, ਅਸ ੨, ੧* : ੧ (1017)

4. ਮੰਨ ਗਿਆ, ਨਿਸ਼ਾ ਹੋ ਗਈ, ਸ਼ਰਧਾਵਾਨ ਹੋਇਆ

"ਜੋਤੀ ਜੋਤਿ ਮਿਲੀ ਪ੍ਰਭੁ ਪਾਇਆ ਮਿਲਿ ਸਤਿਗੁਰ ਮਨੂਆ **ਮਾਨ** ਜੀਉ।"

— ਆਸਾ **੪**, ਛੰਤ ੧੨, ੧ : ੪ (446)

"ਅਉਸਰੁ ਬੀਤਿਓ ਜਾਤੁ ਹੈ ਕਹਿਓ **ਮਾਨ** ਲੈ ਮੇਰੋ।" (ਮੰਨ ਲੈ, ਵਿਸ਼ਵਾਸ਼ ਲਿਆ)

— ਤਿਲੰ **੯**, ੩, ੧* : ੨ (727)

ਹੋਰ ਰੂਪ — ਮਾਨੰ —

"ਮਨਿ ਮੁਖਿ ਜੂਠਿ ਲਹੈ ਭੈ **ਮਾਨੰ** ਆਪੇ ਗਿਆਨੁ ਅਗਾਮੰ।" (ਮੰਨਣ ਨਾਲ)

— ਸੋਰ **੧**, ਅਸ ੧, ੫ : ੪ (635)

5. ਫਖ਼ਰ

"ਮੋਹਨੁ ਪ੍ਰਾਨ **ਮਾਨ** ਰਾਗੀਲਾ।" (ਮਨ ਦਾ ਫਖ਼ਰ)

— ਗੂਜ **੫**, ੧੩, ੧* : ੧ (498)

6. ਮੰਨਣ ਵਾਲੇ

"ਥਾਨ ਪਵਿਤ੍ਰਾ **ਮਾਨ** ਪਵਿਤ੍ਰਾ ਪਵਿਤ੍ਰ ਸੁਨਨ

ਕਹਨਹਾਰੇ।"
— ਸਾਰ **੫**, ੫੫, ੨ : ੧ (1215)

7. ਮਨ
"**ਮਾਨ** ਤਨੁ ਧਨੁ ਪ੍ਰਾਨ ਪ੍ਰਭ ਕੇ ਸਿਮਰਤ ਦੁਖੁ ਜਾਇ।"
— ਕਾਨ **੫**, ੧੪, ੧* : ੨ (1300)

ਮਾਨਉ — 1. ਮੰਨੋ, ਸਮਝੋ, ਜਾਣੋ
"ਨਾਨਕ ਮੁਕਤਿ ਤਾਹਿ ਤੁਮ **ਮਾਨਉ** ਇਹ ਬਿਧਿ ਕੋ ਜੋ ਪਾਨੀ।" — ਗਉ **੯**, ੨, ੩ : ੨ (220)
2. ਆਦਰ ਦੇਣਾ, ਸਵੀਕਾਰਨਾ
"ਸੰਤਾ **ਮਾਨਉ** ਦੂਤਾ ਡਾਨਉ ਇਹ ਕੁਟਵਾਰੀ ਮੇਰੀ।" — ਰਾਮ **ਕਬ**, ੪, ੧ : ੧ (969)

ਮਾਨਈ — 1. ਪ੍ਰਵਾਨ ਕਰੇ
"ਸਾਧੂ ਸੰਤੁ ਸੁਜਾਣੁ ਸੋਈ ਜਿਸਹਿ ਪ੍ਰਭ ਜੀ **ਮਾਨਈ**।"
— ਰਾਮ **੫**, ਛੰਤ ੨, ੩ : ੫ (925)
2. ਮੰਨਦਾ
"ਕਹਿਆ ਸਬਦੁ ਨ **ਮਾਨਈ** ਹਉਮੈ ਛਡੈ ਨ ਕੋਇ।"
— ਰਾਮ **੩**, ਵਾਰ ੪ਸ, **੩**, ੨ : ੨ (948)
"ਨਰਕਿ ਪਰਹਿ ਤੇ **ਮਾਨਈ** ਜੋ ਹਰਿ ਨਾਮ ਉਦਾਸ।" (ਮੰਨੋ)
— ਸਲੋ **ਕਬ**, ੯੫ : ੨ (1369)
ਹੋਰ ਰੂਪ — ਮਾਂਨਈ —
"ਬਿਨੁ ਸੰਗਤਿ ਇਉ **ਮਾਂਨਈ** ਹੋਇ ਗਈ ਭਠ ਛਾਰ।" (ਸਮਝੋ, ਮੰਨੋ)
— ਸਲੋ **ਕਬ**, ੧੯੫ : ੨ (1375)

ਮਾਨਸ — 1. ਮਨੁਖਾ
"**ਮਾਨਸ** ਜਨਮੁ ਅਮੋਲਕੁ ਪਾਇਓ ਬਿਰਥਾ ਕਾਹੇ ਗਵਾਵਉ।" — ਗਉ **੯**, ੫, ੧* : ੨ (219)
2. ਮਨੁੱਖ
"ਨਾਨਕ ਕਾ ਰਾਖਾ ਆਪਿ ਪ੍ਰਭੁ ਸੁਆਮੀ ਕਿਆ **ਮਾਨਸ** ਬਪੁਰੇ ਕਰੀਐ।"
— ਬਿਲਾ **੫**, ੯੫, ੨ : ੨ (823)
"**ਮਾਨਸ** ਤੇ ਦੇਵਤੇ ਭਏ ਸਚੀ ਭਗਤਿ ਜਿਸੁ ਦੇਇ।"
— ਬਿਲਾ **੪**, ਵਾਰ ੪ਸ, **੩**, ੨ : ੨ (850)
3. ਮਨੋਰਥ, ਸੰਕਲਪ
"ਜਾਤਿ ਅਜਾਤਿ ਕੋਈ ਪ੍ਰਭ ਧਿਆਵੈ ਸਭਿ ਪੂਰੇ **ਮਾਨਸ** ਤਿਨਛੇ।"
— ਬਸੰ **੪**, ੪, ੩ : ੧ (1178)

ਮਾਨਸਰੋਵਰ — 1. ਤਿਬਤ ਦੀ ਇਕ ਸੁ ਪ੍ਰਸਿਧ ਝੀਲ ਜੋ ਪੁਰਾਣਾਂ ਅਨੁਸਾਰ ਬ੍ਰਹਮਾ ਨੇ ਕੈਲਾਸ ਪਰਬਤ ਕੋਲ ਰਚੀ ਸੀ, ਇਥੇ ਹੰਸਾਂ ਦਾ ਨਿਵਾਸ ਹੈ ਇਥੋਂ ਸੁਚੇ ਮੋਤੀ ਨਿਕਲਦੇ ਹਨ ਜੋ ਹੰਸਾ ਦੀ ਖ਼ੁਰਾਕ ਹਨ
"ਚਕਵੀ ਕਉ ਜੈਸੇ ਸੂਰੁ ਬਾਲਹਾ **ਮਾਨਸਰੋਵਰ** ਹੰਸੁਲਾ।" — ਧਨਾ **ਨਾਮ**, ੩, ੩ : ੧ (693)
2. ਭਾਵ ਸਤਿਸੰਗਤ
"ਕਬੀਰ ਹੀਰਾ ਬਨਜਿਆ **ਮਾਨਸਰੋਵਰ** ਤੀਰ।"
— ਸਲੋ **ਕਬ**, ੧੬੧ : ੨ (1373)
ਹੋਰ ਰੂਪ — ਮਾਨਸਰੋਵਰਿ —
"**ਮਾਨਸਰੋਵਰਿ** ਕਰਿ ਇਸਨਾਨੁ।" (ਮਾਨਸਰੋਵਰ ਵਿਚ ਭਾਵ ਹਰੀ ਰੂਪੀ ਮਾਨਸਰੋਵਰ ਵਿਚ)
— ਭੈਰ **ਕਬ**, ੧, ੬ : ੨ (1162)
ਮਾਨਸਰੋਵਰੁ —
"ਗੁਰੁ ਸਰਵਰੁ **ਮਾਨਸਰੋਵਰੁ** ਹੈ ਵਡਭਾਗੀ ਪੁਰਖ ਲਹੰਨਿ੍।"
— ਸੂਹੀ **੩**, ਅਸ ੪, ੨ : ੧ (756)

ਮਾਨਸੁ — ਮਨੁੱਖ
"ਦਸੀ ਮਾਸੀ **ਮਾਨਸੁ** ਕੀਆ ਵਣਜਾਰਿਆ ਮਿਤ੍ਰਾ ਕਰਿ ਮੁਹਲਤਿ ਕਰਮ ਕਮਾਹਿ।"
— ਸਿਰੀ **੫**, ਪਹ ੪, ੧ : ੨ (77)
ਹੋਰ ਰੂਪ — ਮਾਨਸੈ —
"ਅਵਗੁਨੀਆਰੇ **ਮਾਨਸੈ** ਭਲੋ ਨ ਕਹਿਹੈ ਕੋਇ।" (ਮਨੁੱਖ ਨੂੰ)
— ਸਲੋ **ਕਬ**, ੨੨ : ੨ (1368)

ਮਾਨਹਿ — 1. ਮੰਨਦਾ ਹੈ, ਮੰਨਦਾ ਹੈ
"ਬਿਨੁ ਹਰਿ ਭਉ ਕਾਹੇ ਨ **ਮਾਨਹਿ**।" (ਮੰਨਦਾ ਹੈ) — ਗਉ **੫**, ੯੫, ੧* : ੧ (184)
"ਜਿਸਨੋ ਤੂੰ ਅਸਥਿਰੁ ਕਰਿ **ਮਾਨਹਿ** ਤੇ ਪਾਹੁਨ ਦੋ ਦਾਹਾ।" (ਮੰਨਦਾ ਹੈ)
— ਆਸਾ **੫**, ੧੨੩, ੧ : ੧ (401)

ਹੋਰ ਰੂਪ — ਮਾਨਹੁ —
"ਜੋ ਪ੍ਰਭੁ ਕਰੈ ਸੋਈ ਭਲ **ਮਾਨਹੁ** ਸੁਖਿ ਦੁਖਿ ਓਹੀ ਧਿਆਈਐ ਰੇ।" (ਮੰਨੋ)
— ਗਉ **ਪ**, ੧੩੭, ੧ : ੨ (209)
"ਨਾਨਕ ਮੁਕਤਿ ਤਾਹਿ ਤੁਮ **ਮਾਨਹੁ** ਜਿਹ ਘਟਿ ਰਾਮੁ ਸਮਾਵੈ।" (ਸਮਝੋ)
— ਗਉ **੯**, ੬, ੨ : ੨ (220)
"ਤੁਮ ਦੇਵਹੁ ਤਿਲੁ ਸੰਕ ਨ **ਮਾਨਹੁ** ਹਮ ਭੁੰਚਹ ਸਦਾ ਨਿਹਾਲਾ।" (ਕਰਦੇ)
— ਰਾਮ **ਪ**, ੬, ੨ : ੨ (884)
2. ਮਨਾਉਂਣਾ
"ਜਨ ਭਲ **ਮਾਨਹਿ** ਨਿੰਦਕ ਵੇਕਾਰੀ।"
— ਗੋਂਡ **ਪ**, ਅਸ ੧, ੬ : ੨ (869)

ਮਾਨਕੁ — ਮੋਤੀ, ਹੀਰਾ
"**ਮਾਨਕੁ** ਪਾਇਓ ਰੇ ਪਾਇਓ ਹਰਿ ਪੂਰਾ ਪਾਇਆ ਥਾ।" (ਨਾਮ ਰੂਪੀ ਹੀਰਾ)
— ਮਾਰੂ **ਪ**, ੧੨, ੧* : ੧ (1002)
"ਮਨੁ **ਮਾਨਕੁ** ਲਿਵ ਤਤੁ ਲੁਕਾਨਾ।"
— ਪ੍ਰਭਾ **ਕਬ**, ੧, ੨ : ੨ (1349)

ਮਾਨਤ — ਮੰਨਣ ਵਾਲੇ
"ਕਹਤ ਸੁਣਤ ਸਭੇ ਸੁਖ ਪਾਵਹਿ **ਮਾਨਤ** ਪਾਹਿ ਨਿਧਾਨਾ।" — ਬਿਲਾ **੩**, ੪, ੪ : ੨ (798)
2. ਮੰਨਦੇ ਹਨ
"ਹਰਿ ਦਾਸਨ ਕੀ ਆਗਿਆ **ਮਾਨਤ** ਤੇ ਨਾਹੀ ਫੁਨਿ ਗਰਭਪਰਨ।"
— ਸਾਰ **ਪ**, ੧੩, ੨ : ੨ (1206)

ਮਾਨਨ — ਮਾਨ ਸਨਮਾਨ
"ਰਾਜਨ ਮਹਿ ਰਾਜਾ ਉਰਝਾਇਓ **ਮਾਨਨ** ਮਹਿ ਅਭਿਮਾਨੀ।" — ਸੋਰ **ਪ**, ੧੬, ੧ : ੧ (613)

ਮਾਨਵ — ਮਨੁੱਖ
"ਇਕੁ ਬਿੰਨਿ ਦੁਗਣਜੁ ਤਉ ਰਹੈ ਜਾ ਸੁਮੰਤ੍ਰਿ **ਮਾਨਵ** ਹਿਲਹਿ।" — ਸਵ **੩**, ੧੪ : ੫ (1395)
(ਇਸ ਤੁਕ ਵਿਚ ਪਦ ਛੇਦ 'ਮਾਨਵਹਿ ਲਹਿ' ਕਰ ਕੇ ਵੀ ਕਰ ਲਿਆ ਜਾਂਦਾ ਹੈ)

ਮਾਨੜਾ — ਮਾਨ ਭਾਵ, ਮਾਨ ਅਹੰਕਾਰ
"ਇਆਨੜੀਏ **ਮਾਨੜਾ** ਕਾਇ ਕਰੇਇ।"
— ਤਿਲੰ **੧**, ੪, ੧ : ੧ (722)

ਮਾਨਾ — 1. ਮੰਨਿਆ, ਪਤੀਜਿਆ
"ਤੂੰ ਸੰਤਨ ਕਾ ਸੰਤ ਤੁਮਾਰੇ ਸੰਤ ਸਾਹਿਬ ਮਨੁ **ਮਾਨਾ** ਜੀਉ।" — ਮਾਝ **ਪ**, ੨੦,੨ : ੩ (100)
ਹੋਰ ਰੂਪ — ਮਾਨਾਂ —
"ਪਾਈ ਜੋਰਿ ਬਾਤ ਇਕਿ ਕੀਨੀ ਤਹ ਤਾਂਤੀ ਮਨੁ **ਮਾਨਾਂ**।" (ਪ੍ਰਤੀਜ ਗਿਆ)
— ਆਸਾ **ਕਬ**, ੩੬, ੩ : ੧ (484)
2. ਵਾਂਗ, ਸਮਾਨ
"ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ **ਮਾਨਾ** ਮਾਲੁ ਮੁਸਾਵੈ।"
— ਮਾਝ **੧**, ਵਾਰ ੮ਸ, **੧**, ੧ : ੨ (141)
3. ਮੰਨ ਲਿਆ
"ਮੀਤੁ ਕਰੈ ਸੋਈ ਹਮ **ਮਾਨਾ**।"
— ਗਉ **ਪ**, ੧੦੯, ੧ : ੧ (187)
"ਜੋ ਜੋ ਨਿੰਦ ਕਰੇ ਸੰਤਨ ਕੀ ਤਿਉ ਸੰਤਨ ਸੁਖੁ **ਮਾਨਾ**।" (ਸਮਝਿਆ ਮੰਨਿਆ)
— ਆਸਾ **ਪ**, ੪੧, ੩ : ੨ (381)
4. ਮਾਨਿਆ
"ਗੁਰਮੁਖਿ ਮਿਲਿਆ ਰੰਗੁ **ਮਾਨਾ**।"
— ਰਾਮ **ਪ**, ੧੪, ੧ : ੪ (886)

ਮਾਨਾਂ — 1. ਪਤੀਜ ਗਿਆ, ਵੇਖਾਂ 'ਮਾਨਾਂ' (1)
2. ਮਾਨ, ਇਜ਼ਤ, ਆਦਰ ਵਡਿਆਈ
"ਕਲਿ ਕਲੇਸ ਮਿਟਾਏ ਸਤਿਗੁਰੁ ਹਰਿ ਦਰਗਹ ਦੇਵੈ **ਮਾਨਾਂ** ਹੇ।"
— ਮਾਰੂ **ਪ**, ਸੋਲਾ ੪, ੪ : ੩ (1075)

ਮਾਨਾਨਾਂ — ਪਤੀਜ ਗਿਆ
"ਕਹਿ ਕਬੀਰ ਗੁਰ ਭੇਟਿ ਮਹਾ ਸੁਖ ਭ੍ਰਮਤ ਰਹੇ ਮਨੁ **ਮਾਨਾਨਾਂ**।"
— ਗਉ **ਕਬ**, ੭੪, ੪ : ੨ (340)

ਮਾਨਿ — 1. ਮੰਨ ਲੈ
"ਸੰਤ ਕਾ ਕੀਆ ਸਤਿ ਕਰਿ **ਮਾਨਿ**।"
— ਗਉ **ਪ**, ੭੪, ੧* : ੨ (177)
"ਮਨਸਾ ਏਕ **ਮਾਨਿ** ਹਾਂ।" (ਮੰਨ/ਧਾਰ)
— ਆਸਾ **ਪ**, ੧੫੮, ੧* : ੨ (409)
2. ਮੰਨ ਕੇ
"**ਮਨਿ** ਆਗਿਆ ਸਰਬ ਸੁਖ ਪਾਏ ਦੂਖਹ ਠਾਉ ਗਵਾਇਓ।"

— ਗਉ **੫**, ੧੩੬*, ੩ : ੧ (209)

3. ਮਾਣ, ਅੰਹਕਾਰ
"ਖਿਨ ਭੰਗੁਨਾ ਕੈ **ਮਾਨਿ** ਮਾਤੇ ਅਸੁਰ ਜਾਣਹਿ ਨਾਹੀ।"
— ਆਸਾ **੫**, ੧੫੨, ੧* : ੨ (408)

4. ਮਾਣਨਾ, ਭੋਗਨਾ
"ਹਰਿ ਰਸ ਰਸਹਿ **ਮਾਨਿ** ਹਾਂ।"
— ਆਸਾ **੫**, ੧੫੮, ੨ : ੪ (409)
"ਪ੍ਰੇਮ ਭਗਤਿ ਜੋਰੀ ਸੁਖ **ਮਾਨਿ**।"
— ਰਾਮ **੫**, ੫੧, ੨ : ੪ (899)

5. ਇਜ਼ਤ/ਸਤਿਕਾਰ ਵਾਲਾ
"ਥਾਨਿ **ਮਾਨਿ** ਸਚੁ ਏਕੁ ਹੈ ਕਾਜੁ ਨਫੀਟੈ ਕੋਇ।"
— ਰਾਮ **੧**, ਓਅੰ ੩੪ : ੨ (934)
"ਤੇਰੈ ਮਾਨਿ ਹਰਿ ਹਰਿ **ਮਾਨਿ**।" (ਸਤਿਕਾਰ ਵਾਲੇ) — ਕਲਿ **੫**, ੪, ੧* : ੧ (1322)
ਪਹਿਲੇ 'ਮਾਨਿ' ਦਾ ਅਰਥ 'ਮੰਨ ਕੇ' ਹੈ।

ਮਾਨਿਓ — 1. ਮੰਨਿਆ, ਸਮਝਿਆ
"ਝੂਠਾ ਤਨੁ ਸਾਚਾ ਕਰਿ **ਮਾਨਿਓ** ਜਿਉ ਸੁਪਨਾ ਰੈਨਾਈ।" — ਗਉ **੯**, ੨, ੧ : ੨ (219)
2. ਮਾਣ/ਇਜ਼ਤ ਬਣਾਉਣੀ
"ਕੋਟਿ ਜੋਧ ਉਆ ਕੀ ਬਾਤ ਨ ਪੁਛੀਐ ਤਾਂ ਦਰਗਹ ਭੀ **ਮਾਨਿਓ**।"
— ਸਾਰ **੫**, ੬੨, ੧* : ੨ (1216)

ਮਾਨਿਆ — 1. ਪਤੀਜਿਆ, ਸੰਤੁਸ਼ਟ ਹੋ ਗਿਆ
"ਇਕਸ ਸਿਉ ਮਨੁ **ਮਾਨਿਆ** ਤਾ ਹੋਆ ਨਿਹਚਲੁ ਚੀਤੁ।" — ਸਿਰੀ **੫**, ੨੫, ੪ : ੩ (44)
"ਜਨਮੁ ਜੀਤਿ ਮਰਣਿ ਮਨੁ **ਮਾਨਿਆ**।" (ਨਿਸ਼ਾ ਹੋਈ) — ਗਉ **੧**, ੮, ੨ : ੧ (153)
"ਸਾਹਿਬ ਸਿਉ ਮਨੁ **ਮਾਨਿਆ** ਦੇ ਸਾਚੁ ਅਧਾਰੁ।" (ਪਰਚ ਗਿਆ)
— ਆਸਾ **੧**, ਅਸ ੨੦, ੨ : ੨ (421)
"ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ **ਮਾਨਿਆ**।" (ਸੰਤੁਸ਼ਟ ਹੋ ਗਿਆ)
— ਆਸਾ **ਕਬ**, ੧, ੩ : ੨ (485)
2. ਮੰਨਿਆ, ਸਮਝਿਆ
"ਭਏ ਕਿਰਪਾਲ ਗੋਪਾਲ ਪ੍ਰਭ ਮੇਰੇ ਸਾਧਸੰਗਤਿ ਨਿਧਿ **ਮਾਨਿਆ**।"
— ਸਿਰੀ **੫**, ਛੰਤ ੩, ੩ : ੪ (81)
3. ਭੋਗਣਾ, ਮਾਣਨਾ
"ਜਿਉ ਗੂੰਗੇ ਸਾਕਰ ਮਨੁ **ਮਾਨਿਆ**।"
— ਗਉ **ਕਬ**, ੧੮, ੧ : ੪ (327)
4. ਮਾਣ ਦਿੱਤਾ ਹੈ
"ਗਹਿ ਭੁਜਾ ਲੀਨੇ ਦਇਆ ਕੀਨੇ ਆਪਨੇ ਕਰਿ **ਮਾਨਿਆ**।"
— ਜੈਤ **੫**, ਛੰਤ ੨, ੪ : ੪ (705)
5. ਮੰਨਣ ਨਾਲ
"ਗੁਰਮਤਿ **ਮਾਨਿਆ** ਕਰਣੀ ਸਾਰੁ।"
— ਬਿਲਾ **੩**, ਅਸ ੧, ੮ : ੧ (833)
6. ਭਾਵ ਪ੍ਰਸੰਨ ਹੋ ਗਿਆ
"ਧੰਨੁ ਅਨਾਦਿ ਠਾਕੁਰ ਮਨੁ **ਮਾਨਿਆ**।"
— ਗੋਂਡ **ਕਬ**, ੧੧, ੪ : ੪ (873)
"ਜਿਸੁ ਉਪਰਿ ਹਰਿ ਕਾ ਮਨੁ **ਮਾਨਿਆ**।"
— ਮਾਰੂ **੪**, ੮, ੩ : ੧ (998)
ਹੋਰ ਰੂਪ — ਮਾਨਿਐ —
"ਅਮਰ ਪਦਾਰਥੁ ਨਾਨਕਾ ਮਨਿ **ਮਾਨਿਐ** ਸੁਖੁ ਹੋਇ।" (ਮੰਨਣ ਨਾਲ)
— ਮਾਝ **੧**, ਵਾਰ ੧ਸ, **੧**, ੧ : ੨ (137)

ਮਾਨਿਕ — ਲਾਲ ਰਤਨ
"ਆਪਹਿ ਰਤਨ ਜਵਾਹਰ **ਮਾਨਿਕ** ਆਪੈ ਹੈ ਪਾਸਾਰੀ।" — ਕੇਦਾ **ਕਬ**, ੨, ੩ : ੧ (1123)

ਮਾਨੀ — 1. ਮਾਣੀ, ਭੋਗੀ
"ਆਤਮ ਚੀਨਿ ਪਰਮ ਰੰਗ **ਮਾਨੀ**।"
— ਗਉ **੫**, ੧੦੨, ੧* : ੨ (187)
2. ਮੰਨੀ, ਪਰਵਾਨ ਕੀਤੀ
"ਆਗੈ ਠਾਕੁਰਿ ਤਿਲੁ ਨਹੀ **ਮਾਨੀ**।"
— ਗਉ **੫**, ਬਾਅ ੨੪ : ੪ (255)
"ਭ੍ਰਮ ਕੇ ਮੂਸੇ ਤੂੰ ਰਾਖਤ ਪਰਦਾ ਪਾਛੈ ਜੀਅ ਕੀ **ਮਾਨੀ**।" (ਮੰਨੀ)
— ਆਸਾ **੫**, ੧੨੮, ੧* : ੨ (403)
"ਮੇਰਾ ਮਨੁ ਰਾਮ ਨਾਮਿ ਮਨੁ **ਮਾਨੀ**।" (ਪਰਵਾਨ ਕੀਤੀ, ਪਸੀਜ ਗਿਆ)
— ਸਾਰ **੪**, ੫, ੧* : ੧ (1199)
3. ਮਾਨ ਵਾਲਾ, ਸਤਿਕਾਰਿਤ
"ਪ੍ਰਭ ਕੈ ਸਿਮਰਨਿ ਦਰਗਹ **ਮਾਨੀ**।"
— ਗਉ **੫**, ਸੁਖ ੧, ੩ : ੬ (262)
"**ਮਾਨੀ** ਤੂੰ ਰਾਮ ਕੈ ਦਰਿ ਮਾਨੀ।" (ਦੂਜੇ 'ਮਾਨੀ'

ਦੇ ਅਰਥ ਹਨ ਸਤਿਕਾਰਿਤ ਕੀਤੀ ਗਈ)
— ਸਾਰ **੫**, ੧੨੭, ੧* : ੧ (1228)

4. ਮਾਨ ਦੇਣਾ, ਸਤਿਕਾਰ ਦੇਣਾ
"ਮਧੁਰ ਬਾਨੀ ਪਿਰਹਿ **ਮਾਨੀ** ਥਿਰੁ ਸੋਹਾਗੁ ਤਾਕਾ ਬਣਾ।"
— ਆਸਾ **੫**, ਛੰਤ ੭, ੨ : ੫ (457)

ਮਾਨੀਅਹਿ — ਮੰਨਦੇ ਹਨ, ਪੂਜਦੇ ਹਨ
"ਜਾ ਕੈ ਈਦਿ ਬ ਕਰੀਦਿ ਕੁਲ ਗਊ ਰੇ ਬਧੁ ਕਰਹਿ **ਮਾਨੀਅਹਿ** ਸੇਖ ਸਹੀਦ ਪੀਰਾ।"
— ਮਲਾ **ਰਵਿ**, ੨, ੨ : ੧ (1293)

ਮਾਨੀਅਹੁ — ਮਾਨ ਪਾਵਉ, ਸਤਿਕਾਰ ਪ੍ਰਾਪਤ ਕਰੋ
"ਬਚਨ ਗੁਰ ਰਿਦਿ ਧਰਹੁ ਪੰਚ ਭੂ ਬਸਿ ਕਰਹੁ ਜਨਮੁ ਕੁਲ ਉਧਰਹੁ ਦ੍ਵਾਰਿ ਹਰਿ **ਮਾਨੀਅਹੁ**।"
— ਸਵ **੪**, ਨਲ ੧੩ : ੪ (1400)

ਮਾਨੀਐ — 1. ਮੰਨੀਆਂ ਜਾਂਦੀਆਂ, ਪਰਵਾਨ ਹੁੰਦੀਆਂ
"ਆਗੈ ਤਿਲੁ ਨਹੀ **ਮਾਨੀਐ**।"
— ਗਉ **੫**, ੧੪੨*, ੨ : ੨ (211)

2. ਮਾਨ/ਇਜ਼ਤ/ਸਤਿਕਾਰ ਪ੍ਰਾਪਤ ਕਰਦਾ ਹੈ
"ਜਿਸ ਨੋ ਮੰਨੇ ਆਪਿ ਸੋਈ **ਮਾਨੀਐ**।"
— ਆਸਾ **੫**, ੧੦੮, ੩ : ੧ (398)
"ਗਹਿ ਭੁਜਾ ਲੇਵਹੁ ਨਾਮੁ ਦੇਵਹੁ ਤਉ ਪ੍ਰਸਾਦੀ **ਮਾਨੀਐ**।" (ਮਾਨ ਪਾਈਦਾ ਹੈ)
— ਮਲਾ **੫**, ਛੰਤ ੧, ੩ : ੪ (1278)

3. ਮੰਨੀਏ, ਪ੍ਰਵਾਨ ਕਰੀਏ
"ਭਰਤਾ ਕਹੈ ਸੁ **ਮਾਨੀਐ** ਏਹੁ ਸੀਗਾਰੁ ਬਣਾਇਰੀ।"
— ਆਸਾ **੫**, ੧੧੮, ੨ : ੧ (400)
"ਜੈਸਾ **ਮਾਨੀਐ** ਹੋਇ ਨ ਤੈਸਾ।" (ਭਾਵ ਸਮਝੀਏ)
— ਸੋਰ **ਰਵਿ**, ੧, ੧* : ੨ (657)

ਮਾਨੁ — 1. ਇਜ਼ਤ, ਸਤਿਕਾਰ, ਸਨਮਾਨ, ਵਡਿਆਈ
"ਜਿਨਿ ਸੇਵਿਆ ਤਿਨਿ ਪਾਇਆ **ਮਾਨੁ**।"
— ਜਪੁ **੧**, ੫ : ੩ (2)
"ਕਿਸਹੀ **ਮਾਨੁ** ਕਿਸੈ ਅਪਮਾਨੁ।"
— ਆਸਾ **੧**, ੧੮, ੧ : ੨ (354)

2. ਮੰਨਣਾ, ਨਿਸ਼ਾ ਹੋਣੀ
"ਜੀਅਰੇ ਰਾਮ ਜਪਤ ਮਨੁ **ਮਾਨੁ**।"
— ਸਿਰੀ **੧**, ੧੮, ੧* : ੧ (20)
"ਗੁਰਮਤਿ ਗਿਆਨ ਧਿਆਨੁ ਮਨਿ **ਮਾਨੁ**।"
— ਆਸਾ **੧**, ਅਸ ੬, ੧ : ੧ (414)

3. ਅਭਿਮਾਨ, ਅੰਕਾਰ
"ਕੀਤਾ ਕਹਾ ਕਰੇ ਮਨਿ **ਮਾਨੁ**।"
— ਸਿਰੀ **੧**, ੩੨, ੧ : ੧ (25)
"**ਮਾਨੁ** ਛੋਡਿ ਗੁਰ ਚਰਨੀ ਲਾਗੁ।"
— ਆਸਾ **੫**, ੮, ੪ : ੪ (372)

4. ਮੰਨ, ਵਿਸ਼ਵਾਸ ਲਿਆ, ਸਮਝ
"ਕਹੁ ਨਾਨਕ ਅਪਰੰਪਰ **ਮਾਨੁ**।"
— ਗਉ **੧**, ਅਸ ੬, ੮ : ੨ (223)
"ਜੋ ਕਛੁ ਕਰੈ ਸੋਈ ਸੁਖੁ **ਮਾਨੁ**।"
— ਗਉ **੪**, ਸੁਖ ੧੫, ੪ : ੫ (283)

5. ਮਨ
"ਚਰਨ ਕਮਲ ਸਿਉ ਲਾਗੋ **ਮਾਨੁ**।"
— ਆਸਾ **੫**, ੨੩, ੩ : ੧ (376)
"ਲੀਆ ਤਦੀਆ **ਮਾਨੁ** ਜਿਨ੍ਹ ਸਿਉ ਸੇ ਸਜਨ ਕਿਉ ਵੀਸਰਹਿ।"
— ਸੂਹੀ **੧**, ਛੰਤ ੪, ੨ : ੩ (765)

6. ਦਾਦੀਆ, ਭਰੋਸਾ
"ਅਪਨੇ ਪਹਿ **ਮਾਨੁ** ਅਪੁਨੇ ਪਹਿ ਤਾਨਾ ਅਪਨੇ ਹੀ ਪਹਿ ਅਰਥਾ।"
— ਸਾਰ **੫**, ੫੭, ੧ : ੨ (1215)

ਮਾਣੁਖ — (ਸੰ. ਸਨੁਸ਼੍ਯ) ਆਦਮੀ, ਮਾਨਵ
"ਭਈ ਪਰਾਪਤਿ **ਮਾਣੁਖ** ਦੇਹੁਰੀਆ।"
— ਆਸਾ **੫**, ਸੋਪ ੪, ੧ : ੧ (12)
"ਜਤਨ ਕਰੈ **ਮਾਣੁਖ** ਡਹਕਾਵੈ ਓਹੁ ਅੰਤਰਜਾਮੀ ਜਾਨੈ।" (ਮਨੁੱਖ)
— ਧਨਾ **੫**, ੩੬, ੧ : ੧ (680)

ਹੋਰ ਰੂਪ — ਮਾਣੁਖਾ —
"**ਮਾਣੁਖਾ** ਅਵਤਾਰ ਦੁਲਭ ਤਿਹੀ ਸੰਗਤਿ ਪੋਚ।" (ਮਨੁੱਖ ਵਾਲਾ ਮਨੁੱਖ ਦਾ)
— ਆਸਾ **ਰਵਿ**, ੧, ੨ : ੨ (486)

ਮਾਣੁਖੁ —
"ਕਰਪੂਰ ਪੁਹਪ ਸੁਗੰਧਾ ਪਰਸ **ਮਾਣੁਖੁ** ਦੇਹੰ

ਮਲੀਣੰ।" (ਮਨੁੱਖੀ)

— ਗਾਥਾ **੫**, ੧ : ੧ (1360)

ਮਾਨੁਖੰ —

"ਗਣ ਗੰਧਰਬ ਦੇਵ **ਮਾਨੁਖੰ** ਪਸੁ ਪੰਖੀ ਬਿਮੋਹਨਹ।" — ਸਸ **੫**, ੪੫ : ੨ (1358)

ਮਾਨੇ — 1. ਮੰਨੇ, ਜਾਨੇ, ਸਮਝੇ

"ਰਾਮ ਹਮ ਸਤਿਗੁਰ ਪਾਰਬ੍ਰਹਮ ਕਰਿ **ਮਾਨੇ**।"

— ਗਉ **੪**, ੫੬, ੧* : ੧ (169)

"ਨਾਮੁ ਜਪਤ ਪ੍ਰਭ ਸਿਉ ਮਨ **ਮਾਨੇ**।" (ਮੰਨ ਗਿਆ ਹੈ) — ਗਉ **੫**, ੧੧੧*, ੩ : ੩ (202)

"ਹਰਿ ਕੈ ਰੰਗਿ ਰਤਾ ਮਨੁ **ਮਾਨੇ**।" (ਮੰਨ ਜਾਂਦਾ ਭਾਵ ਪ੍ਰਤੀਤ ਆ ਜਾਂਦੀ ਹੈ)

— ਬਿਲਾ **੧**, ੪, ੧ : ੨ (796)

"ਸੋ ਬਾਜਾਰੀ ਹਮ ਗੁਰ **ਮਾਨੇ**।" (ਮੰਨਦੇ ਹਾਂ)

— ਗੋਂਡ **ਕਬ**, ੧੦, ੩ : ੪ (873)

2. ਵਡਿਆਏ ਗਏ, ਇਜਤ ਪ੍ਰਾਪਤ ਕੀਤੀ, ਸਨਮਾਨੇ ਗਏ

"ਗੁਰ ਕੀ ਸਰਣਿ ਪਏ ਭੈ ਨਾਸੇ ਸਾਚੀ ਦਰਗਹ **ਮਾਨੇ**।" — ਸੋਰ **੫**, ੨੪, ੨ : ੧ (615)

"ਜਾ ਕਉ ਮੇਲਿ ਲਏ ਪ੍ਰਭੁ ਨਾਨਕੁ ਸੇ ਜਨ ਦਰਗਹ **ਮਾਨੇ**।"— ਸਾਰ **੫**, ੧੨੮, ੨ : ੨ (1229)

3. ਕਬੂਲੇ, ਪਰਵਾਣ ਕਰੇ

"ਜੋ ਪ੍ਰਿਅ **ਮਾਨੇ** ਤਿਨ ਕੀ ਰੀਸਾ।"

— ਸੂਹੀ **੫**, ੭, ੧* : ੧ (738)

4. ਮਾਨਦੇ ਹਨ

"ਸਬਦੁ ਸਹਜ ਰਸੁ ਅੰਤਰਿ **ਮਾਨੇ**।"

— ਮਾਰੂ **੧**, ਸੋਲ੍ਹਾ ੧, ੧੫ : ੨ (1021)

ਮਾਨੈ — 1. ਮੰਨੇ, ਸਮਝੇ

"ਪ੍ਰਿਅ ਕੀ ਚੇਰੀ ਕਾਂਢੀਐ ਲਾਲੀ **ਮਾਨੈ** ਨਾਉ।"

— ਸਿਰੀ **੧**, ਅਸ ੨, ੩ : ੧ (54)

"ਗੁਰਮੁਖਿ ਸੰਧਿ ਮਿਲੈ ਮਨੁ **ਮਾਨੈ**।" (ਮੰਨਦਾ ਪਤੀਜਦਾ ਹੈ)

— ਗਉ **੧**, ਅਸ ੧੬, ੭ : ੨ (228)

"ਜੋ ਜੋ ਹੋਇ ਸੋਈ ਸੁਖੁ **ਮਾਨੈ**।" (ਪਰਵਾਨ ਕਰੇ)

— ਗਉ **੫**, ਸੁਖ ੨੩, ੪ : ੭ (294)

"ਤਉ ਮਨੁ **ਮਾਨੈ** ਜਾ ਤੇ ਹਉਮੈ ਜਈ ਹੈ।" (ਪਤੀਜਦਾ ਹੈ)

— ਗਉ **ਕਬ**, ੧੦, ੨ : ੨ (325)

"ਜਿਉ ਅਪੁਨੋ ਸੁਆਮੀ ਸੁਖੁ **ਮਾਨੈ** ਤਾ ਮਹਿ ਸੋਭਾ ਪਾਵਉ।" (ਸਮਝੇ)

— ਦੇਵ **੫**, ੫, ੧ : ੨ (529)

2. ਮਾਣ ਕਰਦਾ ਹੈ, ਅੰਕਾਰ ਕਰਦਾ ਹੈ

"ਅਪਨਾ ਕੀਆ ਆਪਹਿ **ਮਾਨੈ**।"

— ਗਉ **੫**, ਸੁਖ ੫, ੮ : ੨ (269)

3. ਮਾਨ ਦੇਂਦੇ/ਆਦਰ ਕਰਦੇ/ਸਤਿਕਾਰਦੇ ਹਨ

"ਜਿਹ ਪ੍ਰਸਾਦਿ ਤੁਝੁ ਸਭੁ ਕੋਊ **ਮਾਨੈ**।"

— ਗਉ **੫**, ਸੁਖ ੬, ੨ : ੫ (270)

"ਭਰੁ **ਮਾਨੈ ਮਾਨੈ** ਸਭੁ ਕੋਇ।"

— ਮਲਾ **੩**, ੧੩, ੫ : ੧ (1262)

4. ਭਾਵ ਪ੍ਰਸ਼ਨ ਕਰੇ, ਖੁਸ਼ ਕਰੇ

"ਬੀਸ ਬਿਸਵੇ ਗੁਰ ਕਾ ਮਨੁ **ਮਾਨੈ**।"

— ਗਉ **੫**, ਸੁਖ ੧੮, ੩ : ੧ (287)

5. ਮਾਨਦਾ, ਭੋਗਦਾ

"ਸੁਖੁ **ਮਾਨੈ** ਭੇਟੈ ਗੁਰ ਪੀਰੁ।"

— ਆਸਾ **੧**, ਅਸ ੩, ੫ : ੩ (413)

6. ਪਰਵਾਨ ਕਰਨ, ਮੰਨ ਲੈਣਾ

"ਤਾ ਕਾ ਕੀਆ **ਮਾਨੈ** ਸੋਇ।"

— ਰਾਮ **੧**, ੭, ੨ : ੨ (878)

7. ਮਨ

"**ਮਾਨੈ** ਹਾਟੁ **ਮਾਨੈ** ਪਾਟੁ **ਮਾਨੈ** ਹੈ ਪਾਸਾਰੀ।"

— ਪ੍ਰਭਾ **ਨਾਮ**, ੧, ੨ : ੧ (1350)

ਮਾਨੋ — 1. ਮੰਨ ਲਵੋ, ਜੇ ਕਰ

"ਪਾਰਸ **ਮਾਨੋ** ਤਾਬੋ ਛੂਏ ਕਨਕ ਹੋਤ ਨਹੀ ਬਾਰ।"

— ਗਉ **ਰਵਿ**, ਅਸ ੧, ੫ : ੨ (346)

2. ਸਮਝੋ, ਜਾਣੋ, ਮੰਨੋ

"ਆਦਿ ਜੁਗਾਦੀ ਹੈ ਭੀ ਹੋਸੀ ਅਵਰੁ ਝੂਠਾ ਸਭੁ **ਮਾਨੋ**।"

— ਆਸਾ **੧**, ਛੰਤ ੩, ੧ : ੪ (437)

"ਸਰਬ ਧਰਮ **ਮਾਨੋ** ਤਿਹ ਕੀਏ ਜਿਹ ਪ੍ਰਭ ਕੀਰਤਿ ਗਾਈ।" — ਰਾਮ **੯**, ੨, ੨ : ੨ (902)

3. ਮੰਨਦਾ, ਪਰਵਾਨ ਕਰਦਾ

"ਜਨ ਭਗਤਨ ਕੋ ਕਹੋ ਨ **ਮਾਨੋ** ਕੀਓ ਅਪਨੋ ਪਈ ਹੈ।"

— ਗੂਜ **ਕਬ**, ੧, ੨ : ੨ (524)

4. ਮਾਣ, ਅਹੰਕਾਰ

"ਸੁਣਿ ਬਾਵਰੇ ਕਿਆ ਕੀਚੈ ਕੂੜਾ **ਮਾਨੋ**।"

— ਸੂਹੀ **ਪ**, ਛੰਤ ੧, ੩ : ੧ (777)

5. ਮਨ

"ਅਵਿਗਤ ਸਿਉ ਮਾਨਿਆ **ਮਾਨੋ**।"

— ਸਾਰ **ਪ**, ੨੩, ੨ : ੧ (1006)

6. ਮਾਣਾਂ, ਭੋਗਾਂ

"ਕਹੁ ਨਾਨਕ ਪਾਹਨ ਪ੍ਰਭ ਤਾਰਹੁ ਸਾਧਸੰਗਤਿ ਸੁਖ **ਮਾਨੋ**।"

— ਮਲਾ **ਪ**, ੧੫, ੨ : ੨ (1269)

ਮਾਨੋਰਥੁ — ਮਨੋਰਥ, ਉਦੇਸ਼, ਲਕਸ਼

"ਹਰਿ ਮਿਲੇ ਨਰਾਇਣ ਨਾਨਕਾ **ਮਾਨੋਰਥੁ** ਪੂਰਾ।"

— ਆਸਾ **ਪ**, ਛੰਤ ੩, ੪ : ੬ (454)

ਹੋਰ ਰੂਪ — ਮਾਨੋਰਥੋ —

"ਹਰਿ ਮਿਲੇ ਨਰਾਇਣ ਨਾਨਕਾ **ਮਾਨੋਰਥੋ** ਪੂਰਾ।"

— ਆਸਾ **ਪ**, ਛੰਤ ੩, ੪ : ੧ (454)

ਮਾਨੌ — ਇਉਂ ਸਮਝੋ ਜਿਵੇਂ

"**ਮਾਨੌ** ਸਭ ਸੁਖ ਨਉਨਿਧਿ ਤਾ ਕੈ ਸਹਜਿ ਸਹਜਿ ਜਸੁ ਬੋਲੈ ਦੇਵ।"

— ਬਿਲਾ **ਕਬ**, ੧੨, ੧* : ੨ (857)

ਮਾਨ੍ਹਿਉ — ਮੰਨ ਗਿਆ

"ਸਭ ਬਿਧਿ **ਮਾਨ੍ਹਿਉ** ਮਨੁ ਤਬ ਹੀ ਭਯਉ ਪ੍ਰਸੰਨੁ ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ।"

— ਸਵ **੪**, ਨਲ ੪ : ੫ (1399)

ਮਾਪਹਿ — ਮਿਣਦਾ

"ਡੋਰੀ ਪੂਰੀ **ਮਾਪਹਿ** ਨਾਹੀ ਬਹੁ ਬਿਸਟਾਲਾ ਲੇਹੀ।"

— ਸੂਹੀ **ਕਬ**, ੫, ੨ : ੨ (793)

ਮਾਪਿਆ — ਮਾਂ ਪਿਉ, ਜਨਮ ਦਾਤੇ

"ਫਰੀਦਾ ਕਿਥੈ ਤੈਡੇ **ਮਾਪਿਆ** ਜਿਨ੍ਹੀ ਤੂ ਜਣਿਓਹਿ।" — ਸਲੋ **ਫਰ**, ੭੩ : ੧ (1381)

ਮਾਮਲਾ — (ਅ. ਮਆਮਲਹ) ਝਗੜਾ, ਵਿਵਾਦ, ਧੰਧਾ

"ਵਾਟ ਨ ਕਰਈ **ਮਾਮਲਾ** ਜਾਣੈ ਮਿਹਮਾਣੁ।"

— ਮਾਝ **੧**, ਵਾਰ ੨੨ਸ, **੨**, ੨ : ੩ (148)

ਮਾਮਲੇ — ਜ਼ਿੰਮੇਵਾਰੀਆਂ, ਧੰਧੇ

"ਜਾਂ ਕੁਆਰੀ ਤਾ ਚਾਉ ਵੀਵਾਹੀ ਤਾਂ **ਮਾਮਲੇ**।"

— ਸਲੋ **ਫਰ**, ੬੩ : ੧ (1381)

ਮਾਮਾਣੀਆ — ਮਾਮੀਆਂ, ਮਾਂ ਦੇ ਭਰਾਵਾਂ ਦੀਆਂ ਪਤਨੀਆਂ

"ਮਾਮੇ ਤੈ **ਮਾਮਾਣੀਆ** ਭਾਇਰ ਬਾਪ ਨ ਮਾਉ।"

— ਮਾਰੂ **੧**, ਅਸ ੧੦, ੩ : ੧ (1015)

ਮਾਮੂਰ — (ਅ. ਮਅਮੂਰ) ਰਜੇ ਹੋਏ ਭਾਵ ਅਮੀਰ, ਖੁਸ਼ਹਾਲ

"ਊਹਾਂ ਗਨੀ ਬਸਹਿ **ਮਾਮੂਰ**।"

— ਗਉ **ਰਵਿ**, ੨, ੨ : ੪ (345)

ਮਾਮੇ — ਮਾਂ ਦੇ ਭਰਾ

"**ਮਾਮੇ** ਤੈ ਮਾਮਾਣੀਆ ਭਾਇਰ ਬਾਪ ਨ ਮਾਉ।"

— ਮਾਰੂ **੧**, ਅਸ ੧੦, ੩ : ੧ (1015)

ਮਾਯਾ — ਮਾਇਆ

"ਜਿਉ ਨਲਨੀ ਸੂਅਟਾ ਗਹਿਓ ਮਨ ਬਉਰਾ ਰੇ **ਮਾਯਾ** ਇਹੁ ਬਿਉਹਾਰੁ।"

— ਗਉ **ਕਬ**, ੫੭, ੩ : ੧ (336)

ਮਾਰ — 1. ਕੁਟ, ਸਜ਼ਾ

"ਕੇਤਿਆ ਦੂਖ ਭੂਖ ਸਦ **ਮਾਰ**।"

— ਜਪੁ **੧**, ੨੫ : ੮ (5)

"ਠਾਕੇ ਬੋਹਿਥ ਦਰਗਹ **ਮਾਰ**।" (ਭਾਵ ਫਿਟਕਾਰ)

— ਗਉ **੧**, ੭, ੪ : ੨ (153)

2. ਮੌਤ

"ਆਪਿ ਕਰਾਏ ਸਾਖਤੀ ਫਿਰਿ ਆਪਿ ਕਰਾਏ **ਮਾਰ**।" (ਮੌਤ ਦਿੰਦਾ ਹੈ)

— ਆਸਾ **੧**, ਵਾਰ ੨੩ : ੨ (475)

ਮਾਰਉ — 1. ਮਾਰਾਂ

"ਹਿਚਹਿ ਤ ਪ੍ਰੇਮ ਕੈ ਚਾਬੁਕ **ਮਾਰਉ**।"

— ਗਉ **ਕਬ**, ੩੧, ੨ : ੨ (329)

2. ਮਾਰਦਾ ਹਾਂ

"ਹਉ **ਮਾਰਉ** ਹਉ ਬੰਧਉ ਛੋਡਉ ਮੁਖ ਤੇ ਏਵ ਬਬਾੜੇ।"

— ਆਸਾ **ਪ**, ੩੮, ੨ : ੨ (380)

3. ਮਾਰਨਾ

"ਝਖ **ਮਾਰਉ** ਸਾਕਤੁ ਵੇਚਾਰਾ।"

— ਬਿਲਾ **ਪ**, ੧੮, ੨ : ੨ (806)

ਮਾਰਈ — ਮਾਰਦਾ,

"ਜੋ ਪ੍ਰਭਿ ਰਖੇ ਆਪਿ ਤਿਨ ਕੋਇ ਨ **ਮਾਰਈ**।"

— ਸਲੋ **ਪ**, ੬ : ੧ (1425)

ਮਾਰਸੀ — 1. ਮਾਰੇ ਗਾ, ਕੁੱਟੇ ਗਾ

"ਨਾਨਕ ਬਿਨੁ ਨਾਵੈ ਜਮੁ **ਮਾਰਸੀ** ਅੰਤਿ ਗਇਆ ਪਛੁਤਾਇ।"
— ਵਡ **੪**, ਵਾਰ ੧੫ਸ, **੩**, ੧ : ੪ (591)
2. ਮਾਰੇਗਾ ਭਾਵ ਵਸ ਵਿਚ ਕਰੇਗਾ
"ਮਾਣਕੁ ਮਨ ਮਹਿ ਮਨੁ **ਮਾਰਸੀ** ਸਚਿ ਨ ਲਾਗੈ ਕਤੁ।" — ਮਾਰੂ **੧**, ੧੦, ੧ : ੩ (992)
3. ਮਾਰੇ ਗਾ ਭਾਵ ਡੇਗੇ ਗਾ
"ਮਾਥੈ ਉਭੈ ਜਮੁ **ਮਾਰਸੀ** ਨਾਨਕ ਮੇਲਣ ਨਾਮਿ।"
— ਮਾਰੂ **੩**, ਵਾਰ ੧੩ਸ, **੧**, ੩ : ੨ (1090)

ਮਾਰਹਿ — 1. ਮਾਰਦਾ ਹੈ
"**ਮਾਰਹਿ** ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ।"
— ਗਉ **੧**, ੧੪, ੧ : ੨ (155)
2. ਮਾਰਨਾ ਭਾਵ ਵਸ ਵਿਚ ਕਰਨਾ
"ਜੋ ਮਨੁ **ਮਾਰਹਿ** ਆਪਣਾ ਸੇ ਪੁਰਖ ਬੈਰਾਗੀ ਰਾਮ।" — ਵਡ **੩**, ਛੰਤ ੩, ੪ : ੨ (569)

ਮਾਰਹੁ — 1. ਮਾਰ (ਕੁੱਟ) ਤੋਂ
"ਗੁਰ ਪਰਸਾਦੀ **ਮਰਹੁ** ਡਰੈ।"
— ਗੋਂਡ **ਕਬ**, ੨, ੩ : ੨ (872)
2. ਮਾਰੋ ਭਾਵ ਕਾਬੂ ਕਰੋ
"ਮਾਰਫਤਿ ਮਨੁ **ਮਾਰਹੁ** ਅਬਦਾਲਾ ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ।"
— ਮਾਰੂ **੫**, ੧੨, ੩ : ੩ (1083)

ਮਾਰਕੰਡੇ — ਇਕ ਰਿਸ਼ੀ ਜੋ ਦੀਰਘ ਆਯੂ ਦਾ ਹੋਇਆ
"**ਮਾਰਕੰਡੇ** ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ।"
— ਧਨਾ **ਨਾਮ**, ੧, ੧ : ੨ (692)

ਮਾਰਗ — ਰਸਤਾ, ਰਾਹ
"ਜਿਹ **ਮਾਰਗ** ਕੇ ਗਨੇ ਜਾਹਿ ਨ ਕੋਸਾ।"
— ਗਉ **੫**, ਸੁਖ ੨, ੪ : ੧ (264)
"ਜੈਨ **ਮਾਰਗ** ਸੰਜਮ ਅਤਿ ਸਾਧਨ।" (ਭਾਵ ਮਤਿ)
— ਗਉ **੫**, ਸੁਖ ੩, ੨ : ੬ (265)
ਹੋਰ ਰੂਪ — ਮਾਰਗੰ —
"ਪ੍ਰਵਿਰਤਿ **ਮਾਰਗੰ** ਵਰਤੰਤਿ ਬਿਨਾਸਨੰ।" (ਰਸਤਾ) — ਸਸ **੫**, ੧੨ : ੪ (1355)
ਮਾਰਗਹ —
"ਆਰੂੜਤੇ ਅਸ੍ਰ ਰਥ ਨਾਗਹ ਬੁਝੰਤੇ ਪ੍ਰਭ **ਮਾਰਗਹ**।" (ਰਸਤੇ)
— ਸਸ **੫**, ੨੯ : ੩ (1356)
ਮਾਰਗਿ —
"ਮੰਨੈ **ਮਾਰਗਿ** ਠਾਕ ਨ ਪਾਇ।" (ਰਸਤੇ ਵਿਚ, ਰਾਹ ਵਿਚ) — ਜਪੁ **੧**, ੧੪ : ੧ (3)
"ਭੂਲਾ **ਮਾਰਗਿ** ਪਾਇਓਨੁ ਗੁਣ ਅਵਗੁਣ ਨ ਬੀਚਾਰਿ।" (ਰਸਤੇ ਤੇ)
— ਸਿਰੀ **੫**, ੮੮, ੪ : ੩ (49)
"ਸਭੁ ਮਨੁ ਤਨੁ ਜੀਉ ਕਰਹੁ ਹਰਿ ਪ੍ਰਭ ਕਾ ਇਤੁ **ਮਾਰਗਿ** ਭੈਣੇ ਮਿਲੀਐ।"
— ਵਡ **੪**, ੩, ੩ : ੩ (561)
ਮਾਰਗੁ —
"ਗੁਰ ਤੇ **ਮਾਰਗੁ** ਪਾਈਐ ਚੂਕੈ ਮੋਹੁ ਗੁਬਾਰੁ।" (ਰਸਤਾ, ਰਾਹ)
— ਸਿਰੀ **੩**, ੫੧, ੩ : ੧ (33)

ਮਾਰਣ — 1. ਮਸਾਲਾ, ਹੋਰ ਵੇਖੋ 'ਮਾਰਣੁ'
"ਖਟ ਤੁਰਸੀ ਮੁਖਿ ਬੋਲਵਾ **ਮਾਰਣ** ਨਾਦ ਕੀਏ।"
— ਸਿਰੀ **੧**, ੭, ੧ : ੨ (16)
"**ਮਾਰਣ** ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ।" (ਮਸਾਲੇ)
— ਮਾਝ **੧**, ਵਾਰ ੭ਸ, **੧**, ੨ : ੪ (141)
2. ਵਧ ਕਰਨ, ਮਾਰ ਦੇਣ
"ਮਨੁ **ਮਾਰਣ** ਕਾਰਣਿ ਬਨ ਜਾਈਐ।"
— ਗਉ **ਕਬ**, ੧, ੧ : ੧ (323)
ਹੋਰ ਰੂਪ — ਮਾਰਣਾ —
"ਨਾਨਕ ਮੁਇਆ ਕਾ ਕਿਆ **ਮਾਰਣਾ** ਜਿ ਆਪਿ ਮਾਰੇ ਗੋਵਿੰਦ।"
— ਮਾਰੂ **੩**, ਵਾਰ ੨੨ਸ, **੩**, ੧ : ੨ (1093)

ਮਾਰਣਿ — ਕੁਟਨ ਲਈ, ਝੰਬਣ ਲਈ
"ਲੋਹਾ **ਮਾਰਣਿ** ਪਾਈਐ ਢਹੈ ਨ ਹੋਇ ਕਪਾਸ।"
— ਮਾਝ **੧**, ਵਾਰ ੧੨ਸ, **੧**, ੧ : ੨ (143)

ਮਾਰਣੁ — 1. ਮਸਾਲਾ, ਵੇਖੋ ਮਾਰਣ (1)
"ਗੁਰ ਸਬਦੁ **ਮਾਰਣੁ** ਮਨ ਮਾਹਿ ਸਮਾਹਿ।"
— ਗਉ **੩**, ੨੮, ੧ : ੨ (160)
"ਨਾਨਕ ਮਾਇਆ ਕਾ **ਮਾਰਣੁ** ਹਰਿ ਨਾਮੁ ਹੈ ਗੁਰਮੁਖਿ ਪਾਇਆ ਜਾਇ।" (ਗਾਲਣ ਵਾਲਾ

ਮਸਾਲਾ)

— ਗੂਜ **੩**, ਵਾਰ ੧੩ਸ, **੩**, ੧ : ੫ (513)

2. ਉਲਟ ਅਸਰ ਕਰਨ ਵਾਲੀ ਦਵਾਈ, ਅਵਜ਼ ਦਰਵਕ

"ਬਿਖੁ ਕਾ **ਮਾਰਣੁ** ਹਰਿ ਨਾਮੁ ਹੈ ਗੁਰ ਗਰੁੜ ਸਬਦੁ ਮੁਖਿ ਪਾਇ।"

— ਸਲੋ **੩**, ੨੨ : ੨ (1415)

ਮਾਰਣੇ — ਮਾਰੇ ਜਾਣ, ਬੱਧ ਕੀਤੇ ਜਾਣ

"ਪੰਚ ਸਤਾਵਹਿ ਦੂਤ ਕਵਨ ਬਿਧਿ **ਮਾਰਣੇ**।"

— ਫੁਨ **੫**, ੧੬ : ੨ (1363)

ਮਾਰਤ — 1. ਮਾਰਦੇ

"ਦੁਸਮਨ ਦੁਸਟ ਰਹੇ ਝਖ **ਮਾਰਤ** ਕੁਸਲੁ ਭਇਆ ਮੇਰੇ ਭਾਈ ਮੀਤ।"

— ਬਿਲਾ **੫**, ੧੧੧, ੧* : ੨ (826)

2. ਮਾਰੇ ਹੋਏ ਭਾਵ ਕਾਰਨ

"ਬਿਪਰੀਤ ਬੁਧੰ **ਮਾਰਤ** ਲੋਕਹ ਨਾਨਕ ਚਿਰੰਕਾਲ ਦੁਖ ਭੋਗਤੇ।"

— ਸਸ **੫**, ੨੪ : ੨ (1356)

ਮਾਰਤਾ — ਮਾਰਦਾ

"ਪਗਾ ਬਿਨੁ ਹੁਰੀਆ **ਮਾਰਤਾ**।"

— ਬਸੰ **ਕਬ**, ੩, ੨ : ੧ (1194)

ਮਾਰਦਾ — ਬੱਧ ਕਰਦਾ, ਮਾਰਦਾ

"ਕਾੜਾ ਅੰਦੇਸਾ ਕਿਉ ਕੀਜੈ ਜਾ ਨਾਹੀ ਅਧਰਮਿ **ਮਾਰਦਾ**।" — ਸਿਰੀ **੪**, ਵਾਰ ੧੮ : ੩ (90)

ਮਾਰਨਿ — ਮਾਰਦੇ ਹਨ

"ਫਰੀਦਾ ਜੋ ਤੈ **ਮਾਰਨਿ** ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ।" — ਸਲੋ **ਫਰ**, ੭ : ੧ (1378)

ਮਾਰਨੁ — ਮਾਰਦੇ ਹਨ

"ਹਰਿ ਨਿਰਭਉ ਨਾਮਿ ਪਤੀਜਿਆ ਮੇਰੀ ਜਿੰਦੁੜੀਏ ਸਭਿ ਝਖ **ਮਾਰਨੁ** ਦੁਸਟ ਕੁਪਤੇ ਰਾਮ।"

— ਬਿਹਾ **੪**, ਛੰਤ ੫, ੩ : ੩ (541)

ਮਾਰਫਤਿ — (ਅ. ਮਅਰਫਤ) ਗਿਆਨ; ਆਤਮ ਗਿਆਨ

"**ਮਾਰਫਤਿ** ਮਨੁ ਮਾਰਹੁ ਅਬਦਾਲ ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ।"

— ਮਾਰੂ **੫**, ਸੋਲਾ ੧੨, ੩ : ੩ (1083)

ਮਾਰਵਾੜਿ — ਰੇਤਲਾ ਖੁਸ਼ਕ ਇਲਾਕਾ ਜਰਾ ਰਾਜਸਥਾਨ ਵਿਚ ਜੋਧਪੁਰ ਦਾ ਇਲਾਕਾ

"**ਮਾਰਵਾੜਿ** ਜੈਸੇ ਨੀਰੁ ਬਾਲਹਾ ਬੇਲਿ ਬਾਲਹਾ ਕਰਹਲਾ।" — ਧਨਾ **ਨਾਮ**, ੩, ੧ : ੧ (693)

ਮਾਰਾ — 1. ਮਾਰਿਆ, ਬਧ ਕੀਤਾ

"ਸੰਤ ਕਾ ਨਿੰਦਕੁ ਪਰਮੇਸੁਰਿ **ਮਾਰਾ**।"

— ਗਉ **੫**, ਸੁਖ ੧੩, ੩ : ੪ (280)

2. ਮਾਰੀ ਜਿਵੇਂ 'ਝੱਖ ਮਾਰੀ'

"ਜਿਨ ਹਰਿ ਸੇਤੀ ਮਨੁ ਮਾਨਿਆ ਸਭ ਦੁਸਟ ਝਖ **ਮਾਰਾ**।"

— ਆਸਾ **੪**, ਛੰਤ ੨੦, ੩ : ੩ (451)

3. ਮਾਰ/ਕੁਟ ਪੈਣੀ

"ਸਾਹੁਰੜੈ ਘਰਿ ਵਾਸੁ ਨ ਪਾਏ ਪੇਈਅੜੈ ਸਿਰਿ **ਮਾਰਾ** ਹੇ।"

— ਮਾਰੂ **੧**, ਸੋਲਾ ੭, ੧੨ : ੩ (1027)

ਮਾਰਾਹਾ — ਮਰਵਾਉਂਦਾ ਹੈ

"ਕਰਿ ਬਾਲਕ ਰੂਪ ਉਪਾਇਦਾ ਪਿਆਰਾ ਚੰਡੂਰੁ ਕੰਸੁ ਕੇਸੁ **ਮਰਾਹਾ**।"

— ਸੋਰ **੪**, ੬, ੩ : ੨ (606)

ਮਾਰਿ — 1. ਮਾਰ ਕੇ

"ਮੁਇਆ ਜਿਤੁ ਘਰਿ ਜਾਈਐ ਤਿਤੁ ਜੀਵਦਿਆ ਮਰੁ **ਮਾਰਿ**।" — ਸਿਰੀ **੧**, ੧੮, ੨ : ੨ (21)

"ਹਉਮੈ **ਮਾਰਿ** ਏਕ ਲਿਵ ਲਾਗੀ ਅੰਤਰਿ ਨਾਮ ਵਸਾਇਆ।" (ਭਾਵ ਖਤਮ ਕਰਕੇ, ਮੁਕਾਕੇ)

— ਸਲੋ **੪**, ੨੮ : ੩ (1424)

2. ਮਾਰਨਾ, ਬਧ ਕਰਨਾ

"ਜਿਸ ਤੂੰ ਰਖਹਿ ਹਥ ਦੇ ਤਿਸੁ **ਮਾਰਿ** ਨ ਸਕੈ ਕੋਇ।" — ਸਿਰੀ **੫**, ੭੫, ੨ : ੩ (43)

"ਸਬਦਿ ਮਰੈ ਤਾ **ਮਾਰਿ** ਮਰੁ ਭਾਗੋ ਕਿਸੁ ਪਹਿ ਜਾਉ।"

— ਮਾਰੂ **੧**, ਅਸ ੩, ੧ : ੧ (1010)

(ਮਹਾਨ ਕੋਸ਼ ਅਰਥ 'ਮਰਨ ਵਾਲੀ ਮਰੁ (ਮੌਤ)' ਕਰਦਾ ਹੈ)

3. ਕੁਟ ਕੇ, ਮਾਰ ਕੇ

"ਹਰਿ ਨਾਮੁ ਨ ਪਾਇਆ ਜਨਮੁ ਬਿਰਥਾ ਗਵਾਇਆ ਨਾਨਕ ਜਮੁ **ਮਾਰਿ** ਕਰੇ ਖੁਆਰ।"

— ਗੂਜ **੩**, ਵਾਰ ੧੬, **੩**, ੨ : ੪ (509)

"ਹਰਿ ਸੇਵੇ ਕੀ ਐਸੀ ਵਡਿਆਈ ਦੇਖਹੁ ਹਰਿ ਸੰਤਹੁ ਜਿਨਿ ਵਿਚਹੁ ਕਾਇਆ ਨਗਰੀ ਦੁਸਮਨ ਦੂਤ ਸਭਿ **ਮਾਰਿ** ਕਢੀਏ।"

— ਬਿਲਾ **੪**, ਵਾਰ ੬ : ੪ (851)

"ਅਗੈ ਦਰਗਹ ਲੇਖੈ ਮੰਗਿਐ **ਮਾਰਿ** ਖੁਆਰੁ ਕੀਚਹਿ ਕੂੜਿਆਰ।" (ਮਾਰ, ਮਾਰਕੇ)

— ਰਾਮ **੩**, ਵਾਰ ੯ਸ, **੩**, ੨ : ੪ (950)

ਮਾਰਿਓ — ਮਾਰਿਆ

"ਦੀਨ ਦਇਆਲ ਭਏ ਪ੍ਰਭ ਅਪਨੇ ਬਹੁੜਿ ਜਨਮਿ ਨਹੀ **ਮਾਰਿਓ**।" (ਭਾਵ ਪਾਇਆ ਸੁੱਟਿਆ)

— ਦੇਵ **੫**, ੩੦, ੧* : ੨ (534)

"ਇਨ ਦੂਤਨ ਖਲੁ ਬਧੁ ਕਰਿ **ਮਾਰਿਓ**।" (ਕੁਟਿਆ)

— ਜੈਤ **ਰਵਿ**, ੧, ੫ : ੧ (710)

"ਹਸਤੀ ਕ੍ਰੋਪਿ ਮੂੰਡ ਮਹਿ **ਮਾਰਿਓ**।" (ਸੱਟ ਲਾਉਣਾ, ਚੋਟ ਲਾਉਣੀ) — ਗੋਂਡ **ਕਬ**, ੪, ੧ : ੨ (870)

"ਰਾਮ ਚੰਦਿ **ਮਾਰਿਓ** ਅਹਿ ਰਾਵਣੁ।" (ਬੱਧ ਕੀਤਾ, ਮਾਰਿਆ) — ਰਾਮ **੧**, ਸਿਗੋ ੪੦ : ੩ (942)

ਮਾਰਿਅਨੁ — ਮਾਰ ਦਿਤੇ, ਖਤਮ ਕਰ ਦਿੱਤੇ

"ਰਹਦੇ ਖੁਹਦੇ ਨਿੰਦਕ **ਮਾਰਿਅਨੁ** ਕਰਿ ਆਪੇ ਆਹਰੁ।"

— ਗਉ **੪**, ਵਾਰ ੨੭ਸ, **੫**, ੧ : ੧ (315)

ਮਾਰਿਅੜਾ — ਮਾਰ ਦਿੱਤਾ, ਖਤਮ ਕਰ ਦਿੱਤਾ

"ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ **ਮਾਰਿਅੜਾ** ਜਮਕਾਲਿ।"

— ਗਉ **੪**, ਕਰ ੨, ੭ : ੨ (235)

ਮਾਰਿਆ — ਮਾਰ ਦਿੱਤਾ, ਖਤਮ ਕਰ ਦਿੱਤਾ

"ਸਤਿਗੁਰ ਦਇਆਲ ਕਿਰਪਾਲ ਭੇਟਤ ਹਰੇ ਕਾਮੁ ਕ੍ਰੋਧੁ ਲੋਭੁ **ਮਾਰਿਆ**।"

— ਸਿਰੀ **੫**, ਛੰਤ ੩, ੫ : ੫ (81)

"ਗੁਰਮੁਖ ਆਪਣਾ ਮਨੁ **ਮਾਰਿਆ** ਸਬਦਿ ਕਸਵਟੀ ਲਾਇ।" (ਕਾਬੂ ਕਰ ਲਿਆ)

— ਸਿਰੀ **੪**, ਵਾਰ ੧੨ਸ, **੩**, ੨ : ੪ (87)

"ਸਚੁ ਸਚਾ ਸਤਿਗੁਰੁ ਪੁਰਖੁ ਹੈ ਜਿਨਿ ਕਾਮੁ ਕ੍ਰੋਧੁ ਬਿਖੁ **ਮਾਰਿਆ**।" (ਖਤਮ ਕੀਤਾ, ਮੁਕਾ ਦਿਤਾ)

— ਗਉ **੪**, ਵਾਰ ੧੭ : ੨ (310)

"ਹਰਿ ਪ੍ਰੇਮ ਬਾਣੀ ਮਨੁ **ਮਾਰਿਆ** ਅਣੀਆਲੇ ਅਣੀਆ ਰਾਮ ਰਾਜੇ।" (ਘਾਇਲ ਕੀਤਾ)

— ਆਸਾ **੪**, ਛੰਤ ੧੫, ੨ : ੧ (449)

"ਪਾਇ ਕੁਹਾੜਾ **ਮਾਰਿਆ** ਗਾਫਲਿ ਅਪੁਨੈ ਹਾਥਿ।" (ਚੋਟ ਲਾਈ, ਸੱਟ ਲਾਈ)

— ਸਲੋ **ਕਬ**, ੧੩ : ੨ (1365)

ਮਾਰੀ — 1. ਮਾਰ ਲਿਆ, ਖਤਮ ਕਰ ਲਿਆ

"ਜਿਨਾ ਪੋਤੈ ਪੁੰਨੁ ਤਿਨ ਹਉਮੈ **ਮਾਰੀ**।"

— ਗਉ **੩**, ੨੭, ੪ : ੧ (160)

"ਇਸੁ **ਮਾਰੀ** ਬਿਨੁ ਥਾਇ ਨ ਪਰੈ।" (ਮਾਰਨ, ਖਤਮ ਕਰਨ)

— ਗਉ **੫**, ਅਸ ੫, ੬ : ੧ (238)

2. ਚੋਟ ਕਰਨਾ, ਸਟ ਲਾਉਣੀ

"ਵਰਮੀ **ਮਾਰੀ** ਸਾਪੁ ਨ ਮਰਈ ਨਾਮੁ ਨ ਸੁਨਈ ਡੋਰਾ।" — ਆਸਾ **੫**, ੪੨, ੧* : ੨ (381)

3. ਬਦ ਕਰਮ ਕਰਨਾ, ਬੇਹੂਦਾ ਕੰਮ ਕਰਨਾ

"ਕਿਆ ਹੋਵੈ ਕਿਸ ਹੀ ਕੀ ਝਖ **ਮਾਰੀ** ਜਾ ਸਚੇ ਸਿਉ ਬਣਿ ਆਈ।" (ਇਥੇ ਭਾਵ ਨਿੰਦਾ ਕੀਤੀ) — ਬਿਲਾ **੪**, ਵਾਰ ੪ : ੪ (850)

"ਮੂਰਖ ਸਿਉ ਬੋਲੇ ਝਖ **ਮਾਰੀ**।" (ਭਾਵ ਬੇਅਰਥ ਜਾਂਦਾ ਹੈ) — ਗੋਂਡ **ਕਬ**, ੧, ੨ : ੨ (870)

ਮਾਰੀਅਹਿ — ਮਾਰੇ ਜਾਂਦੇ ਹਨ, ਕੁਟੇ ਜਾਂਦੇ ਹਨ

"ਜਮ ਦਰ ਬਧੇ **ਮਾਰੀਅਹਿ** ਕੂਕ ਨ ਸੁਣੈ ਪੁਕਾਰ।"

— ਸਿਰੀ **੩**, ਅਸ ੨੫, ੫ : ੨ (69)

ਹੋਰ ਰੂਪ — ਮਾਰੀਅਨ —

"ਅਨਦਿਨੁ ਬਧੇ **ਮਾਰੀਅਨਿ** ਫਿਰਿ ਵੇਲਾ ਨਾ ਲਹੰਨਿ।"

— ਗਉ **੩**, ਅਸ ੯, ੧ : ੨ (233)

ਮਾਰੀਆ — ਮਾਰਨਾ ਭਾਵ ਟਪਣਾ

"ਸਭਨੀ ਛਾਲਾ **ਮਾਰੀਆ** ਕਰਤਾ ਕਰੇ ਸੁ ਹੋਇ।"

— ਆਸਾ **੧**, ਵਾਰ ੧੧ਸ, **੧**, ੩ : ੨ (469)

ਮਾਰੀਐ — 1. ਕੁਟੀਏ, ਸਜ਼ਾ ਦੇਈਏ

"ਅਵਗਣਿ ਬਧਾ **ਮਾਰੀਐ** ਛੂਟੈ ਗੁਰਮਤਿ ਨਾਇ।"

— ਸਿਰੀ **੧**, ਅਸ ੧੩, ੭ : ੩ (61)

2. ਖਤਮ ਕਰੀਏ

"ਸਬਦੇ ਹਉਮੈ **ਮਾਰੀਐ** ਮਾਇਆ ਕਾ ਭ੍ਰਮੁ ਜਾਇ।"

— ਸਿਰੀ **੩**, ਅਸ ੨੧, ੭ : ੨ (67)

"ਪਾਖੰਡਿ ਲੋਭੀ **ਮਾਰੀਐ** ਜਮ ਡੰਡੁ ਦੇਇ ਸਜਾਇ।" (ਤਬਾਹ ਕਰੀਏ)
— ਗਉ **੪**, ਕਰ ੧, ੬ : ੨ (234)

3. ਕਾਬੂ ਕਰੀਏ
"ਕਿਉ ਕਰਿ ਇਹੁ ਮਨੁ **ਮਾਰੀਐ** ਕਿਉ ਕਰਿ ਮਿਰਤਕੁ ਹੋਇ।"
— ਰਾਮ **੩**, ਵਾਰ ੪ਸ, **੩**, ੨ : ੧ (948)

ਮਾਰੁ-ਮਾਰੁ — ਮਾਰੋਮਾਰ, ਤੇਜ਼ ਗਤੀ ਨਾਲ, ਛੇਤੀ ਛੇਤੀ
"**ਮਾਰੁ-ਮਾਰੁ** ਸ੍ਰਪਨੀ ਨਿਰਮਲ ਜਲਿ ਪੈਠੀ।"
— ਅਸ **ਕਬ**, ੧੯, ੧* : ੧ (480)

ਮਾਰੂ — 1. (ਸੰ. ਸਰੂ ਮਰੂ, ਰੇਤਲਾ ਇਲਾਕਾ, ਰੇਗਸਤਾਨ)
"**ਮਾਰੂ** ਮੀਹਿ ਨ ਤ੍ਰਿਪਤਿਆ ਅਗੀ ਲਹੈ ਨ ਭੁਖ।"
— ਮਾਝ **੧**, ਵਾਰ ੨੩ਸ, **੧**, ੧ : ੧ (148)

2. ਤਪਦਾ ਥੱਲ, ਰੇਗਸਤਾਨ ਦਾ ਇਲਾਕਾ ਜਿਥੇ ਬਹੁਤ ਗਰਮੀ ਪੈਂਦੀ ਹੈ
"**ਮਾਰੂ** ਤੇ ਸੀਤਲੁ ਕਰੇ ਮਨੂ ਰਹੁ ਕੰਚਨੁ ਹੋਇ।"
— ਮਾਰੂ **੩**, ੫, ੧ : ੧ (994)

3. (ਸੰ. ਸਰੂ) ਨਿਰਜਨ ਬਸ, ਸੁੰਨਾ ਜੰਗਲ, ਉਜਾੜ ਥਾਂ
"**ਮਾਰੂ** ਮਾਰਣ ਜੋ ਗਏ ਮਾਰਿ ਨ ਸਕਹਿ ਗਵਾਰ।"
— ਮਾਰੂ **੩**, ਵਾਰ ੧੦ਸ, **੩**, ੨ : ੧ (189)
(ਸ਼ਬਦਾਰਥ ਇਥੇ ਵੀ ਅਰਥ 'ਮਾਰੂਥਲ' ਹੀ ਕਰਦਾ ਹੈ)

4. ਇਕ ਰਾਗ, ਮਾਲ ਕਉਕ ਰਾਗ ਦੇ ਅੱਠ ਪੁੱਤਰਾਂ ਵਿਚੋਂ ਇਕ, ਬਾਕੀ ਦੇ ਸਨ—ਮਸਤ ਅੰਗ, ਮੇਵਰਾ, ਪ੍ਰਬਲ ਚੰਡ, ਕਉਸਕ, ਉਭਾਰਾ, ਖਉਖਟ, ਭਉਰਾਨਦ
"ਜੀਤੇ ਪੰਚ ਬੈਰਾਈਆ ਨਾਨਕ ਸਫਲ **ਮਾਰੂ** ਇਹੁ ਰਾਗੁ।" — ਸਲੋ **੫**, ੩ : ੨ (1425)

ਮਾਰੇ — 1. ਮਾਰਿਆ, ਸਜ਼ਾ ਦਿਤੀ
"ਮਨਮੁਖ ਹੁਕਮੁ ਨ ਜਾਣਨੀ ਤਿਨ **ਮਾਰੇ** ਜਮਜੰਦਾਰੁ।"
— ਸਿਰੀ **੪**, ਵਾਰ ੧੮ਸ, **੩**, ੨ : ੫ (90)
"ਜੇ ਸਕਤਾ ਸਕਤੇ ਕਉ **ਮਾਰੇ** ਤਾ ਮਨਿ ਰੋਸੁ ਨ ਹੋਈ।" (ਸਜ਼ਾ ਦੇਵੇ)
— ਆਸਾ **੧**, ੩੯, ੧* : ੨ (360)
"ਗਲਿ ਸੰਗਲੁ ਸਿਰਿ **ਮਾਰੇ** ਊਭੌ ਨਾ ਦੀਸੈ ਘਰ ਬਾਰੋ।" (ਸਟ ਮਾਰੇ)
— ਵਡ **੧**, ਛੰਤ ੪, ੩ : ੪ (581)

2. ਖਤਮ ਕਰੇ, ਮੁਕਾ ਦੇਵੇ
"ਦੁਬਿਧਾ **ਮਾਰੇ** ਇਕਸੁ ਸਿਉ ਲਿਵ ਲਾਏ।"
— ਮਾਝ **੩**, ਅਸ ੧੨, ੨ : ੨ (119)

3. ਮੌਤ ਦੇ ਘਾਟ ਉਤਾਰੇ, ਨਿਰਜਿੰਦ ਕਰ ਦੇਵੇ
"ਆਪੇ **ਮਾਰੇ** ਆਪਿ ਜੀਵਾਏ।"
— ਮਾਝ **੩**, ਅਸ ੨੨, ੭ : ੧ (125)
"ਹੁਕਮੀ ਸਿਰਿ ਜੰਦਾਰੁ **ਮਾਰੇ** ਦਾਈਐ।" (ਚੋਟ ਮਾਰਨਾ) — ਮਾਝ **੧**, ਵਾਰ ੨੦ : ੫ (147)

4. ਕਾਬੂ ਕਰੇ, ਵਸ ਕਰੇ
"ਮਨੁ **ਮਾਰੇ** ਧਾਤੁ ਮਰਿ ਜਾਇ।"
— ਗਉ **੩**, ੨੫, ੧ : ੧ (159)

5. ਭਾਵ ਫਿਟਕਾਰੇ
"ਜੋ **ਮਾਰੇ** ਤਿਨਿ ਪਾਰਬ੍ਰਹਮਿ ਸੇ ਕਿਸੈ ਨ ਸੰਦੇ।"
— ਗਉ **੪**, ਵਾਰ ੧੨ : ੨ (306)
"ਧੁਰਿ **ਮਾਰੇ** ਪੂਰੈ ਸਤਿਗੁਰੂ ਸੇਈ ਹੁਣਿ ਸਤਿਗੁਰਿ ਮਾਰੇ।"
— ਗਉ **੪**, ਵਾਰ ੧੪ਸ, **੪**, ੧ : ੧ (307)

6. ਭਾਵ ਤੜਫਾਨਾ, ਦੁਖੀ ਕਰਨਾ
"ਕਰਵਟੁ ਦੇ ਮੋ ਕਉ ਕਾਹੇ ਕਉ **ਮਾਰੇ**।"
— ਅਸ **ਕਬ**, ੩੫, ੧* : ੧ (484)

7. ਸੁੱਟਣਾ, ਪਟਕਣਾ
"ਹਉਮੈ ਵਡਾ ਰੋਗੁ ਹੈ ਸਿਰਿ **ਮਾਰੇ** ਜਮਕਾਲਿ।"
— ਮਲਾ **੩**, ੩, ੨ : ੨ (1258)

ਮਾਰੇਹਿਸੁ — ਇਸ ਨੂੰ ਮਾਰੋ/ਖਤਮ ਕਰੋ
"**ਮਾਰੇ ਹਿਸੁ** ਵੇ ਜਨ ਹਉਮੈ ਬਿਖਿਆ ਜਿਨਿ ਹਰਿ ਪ੍ਰਭ ਮਿਲਣ ਨ ਦਿਤੀਆ।"
— ਸੂਹੀ **੪**, ਛੰਤ ੬, ੧ : ੧ (776)

ਮਾਰੈ — 1. ਕਾਬੂ ਕਰੇ, ਵੇਖੋ 'ਮਾਰੇ' (4)
"ਸਬਦਿ ਮਰੈ ਮਨੁ **ਮਾਰੈ** ਅਪੁਨਾ ਮੁਕਤੀ ਕਾ ਦਰੁ ਪਾਵਣਿਆ।"
— ਮਾਝ **੩**, ਅਸ ੧੩, ੩ : ੩ (117)
"ਵੀਚਾਰਿ **ਮਾਰੈ** ਤਰੈ ਤਾਰੈ ਉਲਟਿ ਜੋਨਿ ਨ ਆਵਏ।" (ਵਿਚਾਰਾ ਦੁਆਰਾ ਆਪਣਾ ਆਪ ਮਾਰੇ ਭਾਵ ਆਪੇ ਤੇ ਕਾਬੂ ਕਰੇ)

— ਧਨਾ **੧**, ਛੰਤ ੧, ੨ : ੩ (688)

2. ਮੌਤ ਦੇ ਘਾਟ ਉਤਾਰੇ
"**ਮਾਰੈ** ਰਾਖੈ ਏਕੋ ਸੋਇ।"
— ਗਉ **੫**, ੧੩੦, ੧* : ੨ (192)

3. ਸੱਟ ਮਾਰੇ
"ਅਫਰਿਓ ਕਾਲੁ ਕੂੜੁ ਸਿਰਿ **ਮਾਰੈ**।"
— ਗਉ **੧**, ਅਸ ੧੪, ੫ : ੩ (227)

4. ਖਤਮ ਕਰੇ
"ਸੋ ਜਨੁ ਸਾਚਾ ਜਿ ਹਉਮੈ **ਮਾਰੈ**।"
— ਗਉ **੩**, ਅਸ ੩, ੪ : ੧ (230)

5. ਮੁਹਾਵਰੇ ਵਿਚ 'ਝਖ ਮਾਰਨਾ' ਭਾਵ ਵਿਅਰਥ ਖੇਚਲ ਉਠਾਉਣੀ
"ਆਪਾ ਦੇਖਿ ਅਵਰ ਨਹੀ ਦੇਖੈ ਕਾਹੇ ਕਉ ਝਖ **ਮਾਰੈ**।"— ਆਸਾ **ਕਬ**, ੨੯, ੧ : ੨ (483)

6. ਮਾਰਨੀਆਂ
"ਹਸਤਿ ਭਾਗਿ ਕੈ ਚੀਸਾ **ਮਾਰੈ**।" (ਭਾਵ ਆਵਾਜ਼ ਕਢਨੀ) — ਗੋਂਡ **ਕਬ**, ੪, ੧ : ੩ (870)
"ਜਮ ਜੰਦਾਰੁ ਨ **ਮਾਰੈ** ਫੇਟੈ।" (ਭਾਵ ਸਟ ਲਾਉਣੀ)
— ਮਾਰੂ **੧**, ਸੋਲਾ ੧੬, ੬ : ੨ (1036)
"ਮਤਿ ਕੋਊ **ਮਾਰੈ** ਈਂਟ ਢੇਮ।" (ਮਾਰਨਾ)
— ਬਸੰ **ਕਬ**, ੧, ੪ : ੨ (1196)

7. ਸਜ਼ਾ ਦੇਂਦਾ ਹੈ
"ਪੂਕਾਰਨ ਕਉ ਜੋ ਉਦਮੁ ਕਰਤਾ ਗੁਰੁ ਪਰਮੇਸਰੁ ਤਾ ਕਉ **ਮਾਰੈ**।"
— ਸਾਰ **੫**, ੬੮, ੧* : ੨ (1217)

ਮਾਲ — 1. (ਅ. ਮਾਲ) ਧਨ, ਦੌਲਤ
"**ਮਾਲ** ਕੈ ਮਾਣੈ ਰੂਪ ਕੀ ਸੋਭਾ ਇਤੁ ਬਿਧੀ ਜਨਮ ਗਵਾਇਆ।" — ਸਿਰੀ **੧**, ੨੨, ੧* : ੨ (24)

2. ਸਾਜ਼ ਸਾਮਾਨ
"ਮਿਥਿਆ ਰਾਜ ਜੋਬਨ ਧਨ **ਮਾਲ**।"
— ਗਉ **੫**, ਸੁਖ ੫, ੪ : ੩ (268)

3. ਮਾਲਾ
"ਹਰਿ ਗੁਣ ਗੁੰਫਹੁ ਮਨਿ **ਮਾਲ** ਹਰਿ ਸਭ ਮਲੁ ਪਰਹਰੀਐ।" (ਗਲ ਦਾ ਹਾਰ)
— ਗਉ **੪**, ਵਾਰ ੧੧ : ੪ (320)
"ਰਮ ਰਾਮ ਰਾਮ **ਮਾਲ**।" (ਸਿਮਰਨੀ)
— ਮਲਾ **੫**, ੨੩, ੨ : ੩ (1272)

4. ਮਾਲੁ, ਖੂਹ ਦੀ ਮਾਲ੍ਹ
"ਕਰ ਹਰਿਹਟ **ਮਾਲ** ਟਿੰਡ ਪਰੋਵਹੁ ਤਿਸੁ ਭੀਤਰਿ ਮਨੁ ਜੋਵਹੁ।"
— ਬਸੰ **੧**, ੯, ੨ : ੧ (1171)

5. ਇਕ ਰਾਗ ਰਾਗ ਮਾਲ ਕਉਸ, ਵੇਖੋ 'ਮਾਲ ਕਉਸਕ'
"**ਮਾਲ** ਰਾਗ ਕਉਸਕ ਸੰਗਿ ਲਾਈ।"
— ਰਾਮ ੧ : ੧੮ (1429)

ਮਾਲੰ — ਧਨ, ਦੌਲਤ
"ਰਾਜੰ ਰੰਗੰ ਰੂਪੰ **ਮਾਲੰ** ਜੋਬਨੁ ਤੇ ਜੂਆਰੀ।"
— ਮਾਰੂ **੧**, ਅਸ ੧੧, ੪ : ੧ (1015)

ਮਾਲਕਉਸਕ — ਭੈਰਵੀ ਠਾਠ ਦਾ ਇਕ ਰਾਗ
"ਦੁਤੀਆ **ਮਾਲਕਉਸਕ** ਆਲਾਪਹਿ।"
— ਰਾਗ ੧ : ੩੩ (1429)

ਮਾਲਕਾ — ਮਾਲਕ, ਸੁਆਮੀ
"ਅਪਨਾ ਸਿਮਰਨੁ ਦੇ ਪ੍ਰਤਿਪਾਲਿਆਓਹੁ ਸਗਲ ਘਟਾ ਕਾ **ਮਾਲਕਾ**।"
— ਮਾਰੂ **੫**, ਸੋਲਾ ੧੩, ੨ : ੩ (1084)

ਮਾਲਕੁ — (ਅ. ਮਾਲਿਕ) ਮਾਲਕ, ਸੁਆਮੀ
"ਦਿਲਾ ਕਾ **ਮਾਲਕੁ** ਕਰੇ ਹਾਕੁ।"
— ਰਾਮ **੫**, ੪੫, ੩ : ੩ (897)

ਮਾਲਣਾ — ਮਲਣਾ
"ਕਪੜ ਭੋਗ ਸੁਗੰਧ ਤਨਿ ਮਰਦਨ **ਮਾਲਣਾ**।"
— ਆਸਾ **੫**, ੧੧੦, ੩ : ੧ (398)

ਮਾਲਣਿ — ਮਾਲਾ (ਹਾਰ) ਬਣਾਉਣ ਵਾਲੀ, ਮਾਲਿਨੀ, ਮਾਲਣਾਂ
"ਭਾਰ ਅਠਾਰਹ **ਮਾਲਣਿ** ਤੇਰੀ।"
— ਮਾਰੂ **੧**, ਸੋਲਾ ੧੩, ੬ : ੧ (1033)

ਹੋਰ ਰੂਪ — ਮਾਲਣੀ —
"ਅਠਾਰਹ ਭਾਰ ਬਨਾਸਪਤੀ **ਮਾਲਣੀ** ਛਿਨਵੈ ਕਰੋੜੀ ਮੇਘ ਮਾਲਾਪਾਣੀ ਹਾਰੀਆ।"
— ਮਲਾ **ਨਾਮ**, ੧, ੪ : ੨ (1292)

ਮਾਲਤ — ਮਲਦਿਆ, ਕਬਜ਼ਾ ਕਰਦਿਆਂ
"ਕਾਹੂ ਬਿਹਾਵੈ ਸੋ ਪਿਤੁ **ਮਾਲਤ**।"
— ਰਾਮ **੫**, ਅਸ ੩, ੫ : ੨ (914)

ਮਾਲਨੀ — ਮਾਲਣ, ਫੁਲਾਂ ਦੇ ਹਾਰ ਬਣਾਉਣ ਵਾਲੀ
"ਭੂਲੀ **ਮਾਲਨੀ** ਹੈ ਏਉ।"

— ਆਸਾ **ਕਬ**, ੧੪, ੧* : ੧ (479)

ਮਾਲਾ — 1. ਹਾਰ
"ਕਾਨੀ ਕੁੰਡਲ ਗਲਿ ਮੋਤੀਅਨ ਕੀ **ਮਾਲਾ**।"
— ਗਉ **੧**, ੧੦, ੨ : ੧ (225)
2. ਸਿਮਰਨੀ
"ਹਰਿ ਹਰਿ ਅਖਰ ਦੁਇ ਇਹ **ਮਾਲਾ**।"
— ਆਸਾ **੫**, ੭੦, ੧ : ੧ (388)
3. ਮਾਲ
"ਜੀਉ ਪਿੰਡੁ ਸਭੁ ਤੁਮਰਾ **ਮਾਲਾ**।"
— ਸੂਹੀ **੫**, ੩੮, ੧ : ੨ (744)
4. ਸਿਲਸਿਲਾ
"ਫਿਰਤੀ **ਮਾਲਾ** ਬਹੁ ਬਿਧਿ ਭਾਇ।"
— ਰਾਮ **੫**, ੧੨, ੩ : ੩ (886)
5. ਮਾਲ੍ਹ
"ਜੈਸੇ ਹਰਹਟ ਕੀ **ਮਾਲਾ** ਟਿੰਡ ਲਗਤ ਹੈ ਇਕ ਸਖਨੀ ਹੋਰ ਫੇਰ ਭਰੀਅਤ ਹੈ।"
— ਪ੍ਰਭਾ **੧**, ੮, ੨ : ੧ (1329)

ਮਾਲਿ — ਧਨਾ ਨਾਲ
"ਜੋਰੁ ਨ ਰਾਜਿ **ਮਾਲਿ** ਮਨਿ ਸੋਰੁ।"
— ਜਪੁ **੧**, ੩੩ : ੪ (7)

ਮਾਲਿਨਿ — ਮਾਲਣ, ਵੇਖੋ 'ਮਾਲਣਿ'
"**ਮਾਲਿਨਿ** ਭੂਲੀ ਜਗੁ ਭੁਲਾਨਾ ਹਮ ਭੁਲਾਨੇ ਨਾਹਿ।"
— ਆਸਾ **ਕਬ**, ੧੪, ੫ : ੧ (479)
ਹੋਰ ਰੂਪ — ਮਾਲਿਨੀ —
"ਪਾਤੀ ਤੋਰੈ **ਮਾਲਿਨੀ** ਪਾਤੀ ਪਾਤੀ ਜੀਉ।"
— ਆਸਾ **ਕਬ**, ੧੪, ੧ : ੧ (479)

ਮਾਲੀ — 1. ਬਾਗ ਬਾਗ, ਫੁਲ ਲਾਉਣ ਵਾਲਾ
"ਇਹੁ ਜਗੁ ਵਾੜੀ ਮੇਰਾ ਪ੍ਰਭੁ **ਮਾਲੀ**।"
— ਮਾਝ **੩**, ਅਸ ੧੫, ੫ : ੧ (118)
2. ਭਾਵ ਪ੍ਰਭੂ
"ਅੰਮ੍ਰਿਤੁ ਸਿੰਚਹੁ ਭਰਹੁ ਕਿਆਰੇ ਤਉ **ਮਾਲੀ** ਕੇ ਹੋਵਹੁ।" — ਬਸੰ **੧**, ੯, ੨ : ੨ (1171)

ਮਾਲੰੀ — ਧਨ ਨਾਲ
"ਨ ਭੀਜੈ ਰੂਪੀ **ਮਾਲੰੀ** ਰੰਗਿ।"
— ਸਾਰ **੪**, ਵਾਰ ੧ਸ, **੧**, ੨ : ੪ (1237)

ਮਾਂਲੀਹ — ਮਲੀਹ/ਗੋਹੇ ਵਾਂਗ
"ਧੁਖਾਂ ਜਿਉ **ਮਾਂਲੀਹ** ਕਾਰਣਿ ਤਿੰਨ੍ਹਾ ਮਾ ਪਿਰੀ।"
— ਸਲੋ **ਫਰ**, ੮੭ : ੨ (1382)

ਮਾਲੁ — 1. ਸਾਜ਼ ਸਾਮਾਨ
"ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ **ਮਾਲੁ** ਧਨੁ।"
— ਜਪੁ **੧**, ੨੩ : ੩ (5)
2. ਧਨ
"**ਮਾਲੁ** ਖਜਾਨਾ ਥੇਹੁ ਘਰੁ ਹਰਿ ਕੇ ਚਰਣ ਨਿਧਾਨ।"
— ਗਉ **੫**, ੧੭੨*, ੪ : ੧ (218)

ਮਾਲੂਮੁ — (ਅ. ਮਅਲੂਮ)—ਗਿਆਨ ਵਿਚ ਆਇਆ ਹੋਇਆ, ਜਾਣਿਆ ਹੋਇਆ
"ਤੈ ਮੈ ਕੀਆ ਸੁ **ਮਾਲੂਮੁ** ਹੋਈ।"
— ਪ੍ਰਭਾ **ਨਾਮ**, ੪, ੧* : ੨ (1351)

ਮਾਲੈ — ਧਨ ਨਾਲ
"ਲਬੈ **ਮਾਲੈ** ਘੁਲਿ ਮਿਲਿ ਮਿਚਲਿ ਊਂਘੈ ਸਉੜਿ ਪਲੰਘੁ।"
— ਮਲਾ **੧**, ਵਾਰ ੨੩ਸ, **੧**, ੧ : ੨ (1288)

ਮਾਵਈ — ਸਮਾਉਂਦਾ
"ਚੂਹਾ ਖਡ ਨ **ਮਾਵਈ** ਤਿਕਲਿ ਬੰਨੈ ਛਜ।"
— ਮਲਾ **੧**, ਵਾਰ ੧੯ਸ, **੧**, ੧ : ੨ (1286)

ਮਾਵਤ — 1. ਮਸਤ ਨਸ਼ੇ ਵਿਚ
"ਦ੍ਰਿਸਟਿ ਨ ਆਵਹਿ ਅੰਧ ਅਗਿਆਨੀ ਸੋਇ ਰਹਿਓ ਮਦ **ਮਾਵਤ** ਹੇ।"
— ਬਿਲਾ **੫**, ੮੮, ੩ : ੨ (822)
2. ਮਿਓਣਾ, ਸਮਾਉਣਾ
"ਏਤਾ ਗਬੁ ਅਕਾਸਿ ਨ **ਮਾਵਤ** ਬਿਸਟਾ ਅਸ੍ਤ ਕ੍ਰਿਮਿ ਉਦਰੁ ਭਰਿਓ ਹੈ।"
— ਸਮੁ **੫**, ੮* : ੨ (1388)

ਮਾਵਨੀ — ਮਿਉਣਾ, ਸਮਾਉਣਾ
"ਜੋ ਅਸਮਾਨਿ ਨ **ਮਾਵਨੀ** ਤਿਨ ਨਕਿ ਨਥਾ ਪਾਇ।" — ਸੋਰ **੧**, ੧, ੩ : ੨ (595)

ਮਾਵਾ — ਸਮਾਉਂਦਾ
"ਏਵਡੁ ਵਧਾ **ਮਾਵਾ** ਨਾਹੀ ਸਭਸੈ ਨਥਿ ਚਲਾਈ।"
— ਮਾਝ **੧**, ਵਾਰ ੧੯ਸ, **੧**, ੧ : ੪ (147)

ਮਾਵਾਸੀ — ਆਕੀ, ਖੁਦਮੁਖਤਿਆਰ
"ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ ਤਹ ਮਨੁ **ਮਾਵਾਸੀ** ਰਾਜਾ।" — ਭੈਰ **ਕਬ**, ੧੭, ੨ : ੨ (1161)

ਮਾਵੈ — ਸਮਾਉਂਦਾ
"ਹੋਇ ਸਤਾਣਾ ਘੁਰੈ ਨ **ਮਾਵੈ** ਸਾਹਿ ਗਇਐ ਪਛੁਤਾਵੈ।"
— ਮਲਾ **੧**, ਵਾਰ ੧੯ਸ, **੧**, ੨ : ੮ (1286)

ਮਾੜੜੀਐ — ਮਾੜੀ, ਮੰਦਰ
"ਪਿਰੁ ਉਚੜੀਐ **ਮਾੜੜੀਐ** ਤਿਹੁ ਲੋਆ ਸਿਰਤਾਜਾ ਰਾਮ।" — ਸੂਹੀ **੧**, ਛੰਤ ੩, ੪ : ੧ (765)

ਮਾੜੀ — ਮਠੋਂ ਹਵੇਲੀ, ਮਹਲ, ਉਚੇ ਮਕਾਨ
"ਸੋਇਨ ਲੰਕਾ ਸੋਇਨ **ਮਾੜੀ** ਸੰਪੈ ਕਿਸੈ ਨ ਕੇਰੀ।"
— ਗਉ **੧**, ੧੩, ੫ : ੩ (155)

ਹੋਰ ਰੂਪ — ਮਾੜੀਆ —
"ਕੋਠੇ ਮੰਡਪ **ਮਾੜੀਆ** ਲਾਇ ਬੈਠਾ ਕਰਿ ਪਾਸਾਰਿਆ।" (ਉੱਚੇ ਘਰ)
— ਆਸਾ **੧**, ਵਾਰ ੧੨ : ੨ (472)

ਮਿਆਨੇ — ਅੰਦਰ, ਭੀਤਰ
"ਹਕੁ ਸਚੁ ਖਾਲਕੁ ਖਲਕ **ਮਿਆਨੇ** ਸਿਆਮ ਮੂਰਤਿ ਨਾਹਿ।" — ਤਿਲੰ **ਕਬ**, ੧, ੨ : ੨ (727)

ਹੋਰ ਰੂਪ — ਮਿਆਨੋ —
"ਆਪੇ ਨੇੜੈ ਦੂਰਿ ਆਪੇ ਹੀ ਆਪੇ ਮੰਝਿ **ਮਿਆਨੋ**।" (ਵਿਚ ਵਿਚਾਲੇ)
— ਸਿਰੀ **੧**, ੩੧, ੪ : ੧ (25)

ਮਿਆਲਾ — (ਅ. ਮੁਆਲ) ਵੱਟ, ਡੌਲ
"ਖੇਤਿ **ਮਿਆਲਾ** ਉਚੀਆ ਘਰੁ ਉਚਾ ਨਿਰਣਉ।"
— ਗੂਜ **੩**, ਵਾਰ ੨੧ਸ, **੩**, ੧ : ੧ (517)

ਮਿਸਟ — (ਸੰ. ਸ਼ਿਸ਼ਟ) ਮਿੱਠੇ
"**ਮਿਸਟ** ਬਚਨ ਬੇਨਤੀ ਕਰਉ ਦੀਨ ਕੀ ਨਿਆਈ।"
— ਸੂਹੀ *੫*, ੪੨, ੨ : ੧ (745)

ਹੋਰ ਰੂਪ — ਮਿਸਟੰ —
"ਨਚ ਰਾਜ ਸੁਖ **ਮਿਸਟੰ** ਨਚ ਭੋਗ ਰਸ ਮਿਸਟੰ ਨਚ ਮਿਸਟੰ ਸੁਖ ਮਾਇਆ।" (ਮਿੱਠਾ)
— ਜੈਤ **੫**, ਵਾਰ ੧੧ਸ, **੫**, ੧ : ੧ (708)

ਮਿਸਟਾਏ —
"ਅਨਿਕ ਪ੍ਰਕਾਰ ਭੋਜਨ ਬਹੁ ਕੀਏ ਬਹੁਬਿੰਜਨ **ਮਿਸਟਾਏ**।" (ਮਿੱਠੇ)
— ਮਲਾ **੫**, ੧, ੨ : ੧ (1266)

ਮਿਸਰ — (ਸੰ. ਮਿਸ਼੍ਰ) ਆਦਰਯੋਗ, ਬ੍ਰਾਹਮਣ ਦੀ ਉਪਾਧੀ, ਬ੍ਰਾਹਮਣ
"ਇਕਿ ਪਾਧੇ ਪੰਡਿਤ **ਮਿਸਰ** ਕਹਾਵਹਿ।"
— ਰਾਮ **੧**, ਅਸ ੪, ੭ : ੧ (904)

ਮਿਸਲ — ਵਰਗੀ, ਬਰਾਬਰੀ
"**ਮਿਸਲ** ਫਕੀਰਾਂ ਗਾਖੜੀ ਸੁ ਪਾਈਐ ਪੂਰ ਕਰੰਮਿ।" — ਸਲੋ **ਫਰ**, ੧੧੧ : ੨ (1384)
('ਨਿਰਣੈ' ਅਰਥ 'ਮਰਯਾਦਾ' ਕਰਦਾ ਹੈ)

ਮਿਸਿਮਿਲਿ — ਮਾਰ ਦੇਹ
"**ਮਿਸਿਮਿਲਿ** ਤਾਮਸੁ ਭਰਮੁ ਕਦੂਰੀ।"
— ਭੈਰ **ਕਬ**, ੪, ੨ : ੧ (1158)

ਮਿਸੁ — ਮਿਸਾ ਭੋਗ
"ਰਸੁ **ਮਿਸੁ** ਮੇਧੁ ਅੰਮ੍ਰਿਤੁ ਬਿਖੁ ਚਾਖੀ ਤਉ ਪੰਚ ਪ੍ਰਗਟ ਸੰਤਾਪੈ।"
— ਸਿਰੀ **ਬੇਣੀ**, ੧, ੨ : ੨ (93)

ਮਿਸ੍ਰੁ — ਮਿੱਠਾ, ਵੇਖੋ 'ਮਿਸਟ'
"ਨਾਮੁ ਨਾਵਣੁ ਨਾਮੁ ਰਸ ਖਾਣੁ ਅਰੁ ਭੋਜਨੁ ਨਾਮ ਰਸੁ ਸਦਾ ਚਾਯ ਮੁਖਿ **ਮਿਸ੍ਰੁ** ਬਾਣੀ।"
— ਸਵ **੩**, ੮ : ੧ (1393)

ਮਿਹੰਡਾ — ਮੇਰਾ
"ਗੋਸਾਈ **ਮਿਹੰਡਾ** ਇਠੜਾ।"
— ਸਿਰੀ **੫**, ਅਸ ੨੯, ੧ : ੧ (73)

ਹੋਰ ਰੂਪ — ਮਿਹਡਿਆ —
"ਪੰਜਿ ਕਿਰਸਾਣ ਮੁਜੇਰੇ **ਮਿਹਡਿਆ**।" (ਮੇਰੇ)
— ਸਿਰੀ **੫**, ਅਸ ੨੯, ੫ : ੨ (73)

ਮਿਹਡੀ —
"ਗੁਰਿ ਕਟੀ **ਮਿਹਡੀ** ਜੇਵੜੀ।" (ਮੇਰੀ)
— ਸਿਰੀ **੫**, ੨੯, ੨੧ : ੨ (74)

ਮਿਹਮਾਣਾ — ਪਰਾਹੁਣੇਨੇ, ਮਹਿਮਾਨ ਨੇ
"ਆਗੈ ਸਰਪਰ ਜਾਣਾ ਜਿਉ **ਮਿਹਮਾਣਾ** ਕਾਹੇ ਗਾਰਬੁ ਕੀਜੈ।"
— ਵਡ **੧**, ਅਲਾ ੧, ੨ : ੩ (579)

ਮਿਹਮਾਣੀ — ਖਾਤਰਦਾਰੀ
"ਤੋਸਾ ਦਿਚੈ ਸਚੁ ਨਾਮੁ ਨਾਨਕ **ਮਿਹਮਾਣੀ**।"
— ਗਉ **੫**, ਵਾਰ ੪ : ੫ (319)

ਮਿਹਮਾਣੁ — ਮਿਹਮਾਣ ਭਾਵ ਮੁਸਾਫਰ
"ਵਾਟ ਨ ਕਰਈ ਮਾਮਲਾ ਜਾਣੈ **ਮਿਹਮਾਣੁ**।"
— ਮਾਝ **੧**, ਵਾਰ ੨੨ਸ, **੨**, ੨ : ੩ (148)

ਮਿਹਮਾਨੁ — ਪ੍ਰਾਹੁਣਾ

"ਗੁਰ ਪਰਸਾਦਿ ਜਾਣੈ **ਮਿਹਮਾਨੁ**।"
— ਆਸਾ **੧**, ੪, ੪ : ੩ (350)

ਮਿਹਰ — (ਫ਼ਾ. ਮਿਹਰ) ਕ੍ਰਿਪਾ, ਦਇਆ
"**ਮਿਹਰ** ਕਰੇ ਜਿਸੁ ਮਿਹਰਵਾਨੁ ਤਾਂ ਕਾਰਜੁ ਆਵੈ ਰਾਸਿ।" — ਸਿਰੀ **੫**, ੭੨, ੩ : ੩ (44)

ਮਿਹਰਵਾਨਿ — ਕ੍ਰਿਪਾਲੂ, ਦਇਆਵਾਨ (ਫ਼ਾ. ਮਿਹਰਬਾਨ)
"ਗੁਰਿ ਪੂਰੈ **ਮਿਹਰਵਾਨਿ** ਭਰਮੁ ਭਉ ਮਾਰਿਆ।"
— ਬਿਲਾ **੪**, ਵਾਰ ੧੧ : ੨ (854)

ਹੋਰ ਰੂਪ — ਮਿਹਰਵਾਨੁ —
"ਮਿਹਰ ਕਰੇ ਜਿਸੁ **ਮਿਹਰਵਾਨੁ** ਤਾਂ ਕਾਰਜੁ ਆਵੈ ਰਾਸਿ।"
— ਸਿਰੀ **੫**, ੭੨, ੩ : ੩ (44)

ਮਿਹਰਾਮਤਿ — (ਮਰਹਮਤ) ਕ੍ਰਿਪਾ, ਦਇਆ
"ਤੂ ਕਰਿ **ਮਿਹਰਾਮਤਿ** ਸਾਈ।"
— ਪ੍ਰਭ੍ਰ **ਕਬ**, ੨, ੧* : ੨ (1349)

ਮਿਹਰੀ — ਇਸਤਰੀ
"ਦਿਹਰੀ ਬੈਠੀ **ਮਿਹਰੀ** ਰੋਵੈ ਦੁਆਰੈ ਲਉ ਸੰਗਿ ਮਾਇ।" — ਕੇਦਾ **ਕਬ**, ੬, ੧ : ੧ (1124)

ਮਿਕਦਾਰਾ — ਸਮਾਨ, ਤੁਲ, ਬਰਾਬਰ, ਵਾਕਰ, ਨਿਆਈ
"ਮਨੁ ਮੈ ਮਤੁ ਮੈਗਲ **ਮਿਕਦਾਰਾ**।"
— ਗਉ **੩**, ੨੫, ੨ : ੩ (159)

ਮਿਕਿਓਨੁ — ਇਕ ਕਰ ਲਿਆ, ਮਿਲਾਇਆ
"ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ **ਮਿਕਿਓਨੁ**।"— ਰਾਮ **ਬਸ**, ਵਾਰ ੪ : ੭ (967)

ਮਿਚਲਿ — ਅਭੇਦ
"ਲਬੈ ਮਾਲੈ ਘੁਲਿ ਮਿਲਿ **ਮਿਚਲਿ** ਊਂਘੈ ਸਉੜਿ ਪਲੰਘੁ।"
— ਮਲਾ **੧**, ਵਾਰ ੨੩ਸ, **੧**, ੧ : ੨ (1288)

ਮਿਟ — ਮਿਟਾ ਦੇਣਾ
"ਦਸ ਬੈਰਾਗਨਿ ਮੋਹਿ ਬਸਿ ਕੀਨ੍ਹੀ ਪੰਚਹੁ ਕਾ **ਮਿਟ** ਨਾਵਉ।" — ਧਨਾ **ਨਾਮ**, ੨, ੧ : ੧ (693)

ਮਿਟਈ — ਮਿਟਦਾ, ਖਤਮ ਹੁੰਦਾ, ਦੂਰ ਹੁੰਦਾ
"ਲੇਖੁ ਨ **ਮਿਟਈ** ਪੁਰਬਿ ਕਮਾਇਆ ਕਿਆ ਜਾਣਾ ਕਿਆ ਹੋਸੀ।"
— ਧਨਾ **੧**, ਛੰਤ ੩, ੧ : ੩ (689)

ਹੋਰ ਰੂਪ — ਮਿਟਈਆ —
"ਜਿਸੁ ਸਤਿ ਗੁਰੁ ਭੇਟੇ ਸੁ ਕੰਚਨੁ ਹੋਵੈ ਜੋ ਧੁਰਿ ਲਿਖਿਆ ਸੁ ਮਿਟੈ ਨ **ਮਿਟਈਆ**।" (ਮਿਟਾਇਆਂ)
— ਬਿਲਾ **੪**, ਅਸ ੨, ੩ : ੨ (834)

ਮਿਟਸਿ — ਮਿਟਦਾ, ਦੂਰ ਹੁੰਦਾ, ਮੁਕਦਾ
"ਧੰਧਾ ਕਰਤ ਸਗਲੀ ਪਤਿ ਖੋਵਸਿ ਭਰਮੁ ਨ **ਮਿਟਸਿ** ਗਵਾਰਾ।" — ਭੈਰ **੧**, ੭, ੩ : ੧ (1127)

ਮਿਟਹਿ — ਮਿਟ ਜਾਏ, ਦੂਰ ਹੋ ਜਾਏ, ਮੁਕ ਜਾਏ/ਗਏ
"**ਮਿਟਹਿ** ਕਲੇਸ ਸੁਖੀ ਹੋਇ ਰਹੀਐ।"
— ਗਉ **੫**, ੯੩, ੧ : ੩ (183)

ਹੋਰ ਰੂਪ — ਮਿਟਹੀ —
"ਨੀਕੇ ਗੁਣ ਗਾਉ **ਮਿਟਹੀ** ਰੋਗ।" (ਦੂਰ ਹੋਣਗੇ)
— ਟੋਡੀ **੫**, ੮, ੧* : ੧ (713)

ਮਿਟਤ — ਮੁੱਕ ਜਾਣਾ
"ਉਆ ਕੀ ਤਾਤਿ **ਮਿਟਤ** ਬਿਨਸਾਹੀ।"
— ਗਉ **੫**, ਬਾਅ ੪੭ : ੪ (260)

ਹੋਰ ਰੂਪ — ਮਿਟੰਤ —
"ਕਲਿ ਕਲੇਸ **ਮਿਟੰਤ** ਸਿਮਰਣਿ ਕਾਟਿ ਜਮਦੂਤ ਫਾਸ।" (ਮਿਟ ਜਾਂਦੇ ਹਨ)
— ਗੂਜ **੫**, ੩੧, ੧* : ੨ (502)
"ਜਲੁ ਪੀਵਤ ਜਿਉ ਤਿਖਾ **ਮਿਟੰਤ**।" (ਦੂਰ ਹੁੰਦੀ ਭਾਵ ਤ੍ਰਿਪਤ ਹੁੰਦੀ)
— ਰਾਮ **੫**, ਅਸ ੪, ੨ : ੧ (914)

ਮਿਟੰਤਿ —
"**ਮਿਟੰਤਿ** ਤਤ੍ਰਾਗਤ ਭਰਮ ਮੋਹੰ।"
— ਸਸ **੫**, ੮ : ੨ (1354)

ਮਿਟੰਤੁ —
"ਜਹ ਗਿਆਨ ਪ੍ਰਗਾਸੁ ਅਗਿਆਨੁ **ਮਿਟੰਤੁ**।" (ਦੂਰ ਹੁੰਦਾ ਹੈ)
— ਸੂਹੀ **੩**, ਵਾਰ ੧੭ਸ, **੧**, ੧ : ੪ (791)

ਮਿਟਨਾਈ — ਮਿਟ ਜਾਂਦੇ ਹਨ
"ਪਰਪਚ ਧ੍ਰੋਹ ਮੋਹ **ਮਿਟਨਾਈ**।"
— ਗਉ **੫**, ਬਾਅ ੩੭ : ੫ (258)

ਮਿਟਵਾਇਆ — ਖਤਮ ਕਰ ਲਿਆ
"ਜੀਵਨ ਮਰਨ ਦੋਊ **ਮਿਟਵਾਇਆ**।"
— ਗੋਂਡ **ਕਬ**, ੫, ੪ : ੨ (871)

ਮਿਟਵੀ — ਖਤਮ ਹੋ ਗਈ, ਮਿਟ ਗਈ
"ਜਨਮ ਮਰਣ ਕੀ **ਮਿਟਵੀ** ਡੰਝਾ।"
— ਮਾਰੂ **੫**, ਸੋਲਾ ੯, ੧੦ : ੨ (1080)

ਮਿਟਵੇ — ਮਿੱਟੀ ਦੇ ਭਾਂਡੇ
"ਪਾਂਚ ਨਾਰਦ ਕੇ **ਮਿਟਵੇ** ਫੂਟੇ।"
— ਗੋਂਡ **ਕਬ**, ੮, ੫ : ੩ (872)

ਮਿਟਵੈ — ਮਿਟਦਾ, ਖਤਮ ਹੁੰਦਾ
"ਜਲਤ ਰਹੈ **ਮਿਟਵੈ** ਕਬ ਨਾਹਿ।"
— ਭੈਰ **ਨਾਮ**, ੮, ੧* : ੨ (1165)

ਮਿਟਾਇ — ਦੂਰ ਕਰੇ, ਖਤਮ ਕਰੇ
"ਜਨਮ ਮਰਣ ਕੀ ਤ੍ਰਾਸ **ਮਿਟਾਇ**।"
— ਗਉ **੫**, ੧੨੦, ੩ : ੨ (190)
"ਰੋਗ **ਮਿਟਾਇ** ਜੀਵਾਲਿਅਨੁ ਜਾ ਕਾ ਵਡ ਪਰਤਾਪੁ।" (ਦੂਰ ਕਰਕੇ)
— ਬਿਲਾ **੫**, ੮੦, ੧ : ੨ (820)

ਹੋਰ ਰੂਪ — ਮਿਟਾਇਓ —
"ਭਇਓ ਕਿਰਪਾਲੁ ਸਰਬ ਕੋ ਠਾਕੁਰੁ ਸਗਰੋ ਦੂਖੁ **ਮਿਟਾਇਓ**।" (ਦੂਰ ਕੀਤਾ)
— ਸੋਰ **੫**, ੬੧, ੪ : ੧ (624)

ਮਿਟਾਇਆ —
"ਜਿਨਿ ਜਮ ਕਾ ਪੰਥ **ਮਿਟਾਇਆ**।" (ਦੂਰ ਕੀਤਾ, ਭਾਵ ਜਨਮ ਮਰਨ ਤੋਂ ਬਚਾ ਲਿਆ)
— ਸੋਰ **੫**, ੫੮, ੨ : ੨ (625)
"ਤਾ ਸਹਸਾ ਸਗਲ **ਮਿਟਾਇਆ**।" (ਦੂਰ ਕੀਤਾ) — ਸੋਰ **੫**, ੬੬, ੧ : ੪ (626)

ਮਿਟਾਇਣ —
"ਨਾਨਕ ਜਿਸੁ ਮਨਿ ਵਸੈ ਤਿਸੁ ਕੇ ਸਭਿ ਦੂਖ **ਮਿਟਾਇਣ**।" (ਮਿਟਾ ਦੇਵੇ, ਦੂਰ ਕਰ ਦੇਣੇ)
— ਰਾਮ **੫**, ਵਾਰ ੧੧ਸ, **੫**, ੧ : ੪ (962)

ਮਿਟਾਈ —
"ਹਰਿ ਨਾਮੁ ਧਿਆਇਆ ਦੂਖੁ ਸਗਲ **ਮਿਟਾਈ**।" (ਦੂਰ ਕੀਤਾ)
— ਗਉ **੩**, ਅਸ ੮, ੬ : ੨ (233)

ਮਿਟਾਈਆ —
"ਸਿਵਿ ਸਕਤਿ **ਮਿਟਾਈਆ** ਚੂਕਾ ਅੰਧਿਆਰਾ।" (ਦੂਰ ਕੀਤਾ)
— ਗਉ **੩**, ੩੮, ੧ : ੩ (163)

ਮਿਟਾਈਐ —
"ਅਰਪਿ ਮਨੁ ਤਨੁ ਪ੍ਰਭੂ ਆਗੈ ਆਪੁ ਸਗਲ **ਮਿਟਾਈਐ**।" (ਖਤਮ ਕਰੀਏ)
— ਜੈਤ **੫**, ਛੰਤ ੨, ੨ : ੫ (704)

ਮਿਟਾਏ —
"ਜਿਨਿ ਸਗਲੇ ਰੋਗ **ਮਿਟਾਏ**।" (ਦੂਰ ਕੀਤੇ)
— ਸੋਰ **੫**, ੮੮, ੨ : ੪ (630)

ਮਿਟਾਹਿਓ —
"ਜਨਮ ਜਨਮ ਕੇ ਮਹਾ ਪਰਾਛਤ ਦਰਸਨੁ ਭੇਟਿ **ਮਿਟਾਹਿਓ**।" (ਦੂਰ ਕੀਤੇ)
— ਕਾਨ **੫**, ੨੬, ੧ : ੧ (1303)

ਮਿਟਾਨਾ — ਦੂਰ ਕਰਨਾ
"ਮਨ ਅਪੁਨੇ ਤੇ ਬੁਰਾ **ਮਿਟਾਨਾ**।" (ਭਾਵ ਛਡ ਦੇਣਾ) — ਗਉ **੫**, ਸੁਖ ੩, ੬ : ੨ (266)

ਹੋਰ ਰੂਪ — ਮਿਟਾਨੇ —
"**ਮਿਟਾਨੇ** ਸਭਿ ਕਲਿ ਕਲੇਸ।" (ਦੂਰ ਕੀਤੇ)
— ਰਾਮ **੫**, ੪੯, ੪ : ੧ (898)

ਮਿਟਾਵਉ — ਦੂਰ ਕਰਾਂ, ਖਤਮ ਕਰਾਂ
"ਕਲਿ ਕਲੇਸ ਤਨ ਮਾਹਿ **ਮਿਟਾਵਉ**।"
— ਗਉ **੫**, ਸੁਖ ੧, ੧ : ੨ (262)

ਮਿਟਾਵਹਿ — ਦੂਰ ਕਰੇ, ਖਤਮ ਕਰੇ
"ਤਿਸ ਕੈ ਦਰਸਿ ਸਭ ਪਾਪ **ਮਿਟਾਵਹਿ**।"
— ਗਉ **੫**, ਸੁਖ ੧੨, ੮ : ੬ (286)

ਹੋਰ ਰੂਪ — ਮਿਟਾਵਹੁ —
"ਗੁਰ ਕੈ ਬਚਨਿ **ਮਿਟਾਵਹੁ** ਆਪੁ।" (ਦੂਰ ਕਰੋ, ਖਤਮ ਕਰੋ)
— ਗਉ **੫**, ੨੩, ੪ : ੩ (177)

ਮਿਟਾਵਣਿਆ — ਦੂਰ/ਖਤਮ ਕਰਦਾ ਹਾਂ
"ਹਰਿ ਨਿਰਮਲੁ ਗੁਰ ਸਬਦਿ ਸਲਾਹੀ ਸਬਦੋ ਸੁਣਿ ਤਿਸਾ **ਮਿਟਾਵਣਿਆ**।"
— ਮਾਝ **੩**, ਅਸ ੨੦, ੧* : ੨ (121)

ਮਿਟਾਵਨਾ — ਦੂਰ ਕਰਨਾ, ਖਤਮ ਕਰਨਾ
"ਸੰਤ ਕ੍ਰਿਪਾ ਤੇ ਹਿਰਦੈ ਵਾਸੈ ਦੂਜਾ ਭਾਉ **ਮਿਟਾਵਨਾ**।" — ਮਾਰੂ **੫**, ੫, ੨ : ੧ (1018)

ਮਿਟਾਵੈ — ਦੂਰ ਕਰੇ
"ਪਤਿ ਸੇਤੀ ਜਾਵੈ ਸਹਜਿ ਸਮਾਵੈ ਸਗਲੇ ਦੂਖ **ਮਿਟਾਵੈ**।" — ਸਿਰੀ **੪**, ਪਹ ੨, ੫ : ੫ (76)

"ਤਿਸੁ ਕਉਣੁ **ਮਿਟਾਵੈ** ਜਿ ਪ੍ਰਭਿ ਪਹਿਰਾਇਆ।"
(ਖਤਮ ਕਰੇ)
— ਮਾਰੂ **੫**, ਸੋਲਾ ੨, ੧੩ : ੨ (1073)

ਮਿਟਿ — ਮੁਕ ਗਿਆ, ਦੂਰ ਹੋ ਗਿਆ
"ਲਿਖਿਆ ਲੇਖੁ ਤਿਨਿ ਪੁਰਖਿ ਬਿਧਾਤੈ ਦੁਖੁ ਸਹਸਾ **ਮਿਟਿ** ਗਇਆ।"
— ਸਿਰੀ **੫**, ੭੨, ੧* : ੨ (42)

ਹੋਰ ਰੂਪ — ਮਿਟਿਓ —
"ਨਾਮੁ ਜਪਤ ਸਭੁ **ਮਿਟਿਓ** ਅੰਦੇਸਾ।" (ਦੂਰ ਹੋ ਗਿਆ, ਖਤਮ ਹੋ ਗਿਆ)
— ਗਉ **੫**, ੧੪੨, ੧* : ੨ (194)
"ਭਇਓ ਅਨੁਗ੍ਰਹ **ਮਿਟਿਓ** ਮੋਰਚਾ ਅਮੋਲ ਪਦਾਰਥੁ ਲਾਧਿਓ।"
— ਦੇਵ **੫**, ੧੩, ੨ : ੧ (530)

ਮਿਟਿਅਉ —
"ਮਨਸਾ ਕਰਿ ਸਿਮਰੰਤ ਤੁਝੈ ਨਰ ਕਾਮੁ ਕ੍ਰੋਧੁ **ਮਿਟਿਅਉ** ਜੁ ਤਿਣੰ।" (ਖਤਮ ਹੋ ਗਏ)
— ਸਵ **੪**, ਬਲ ੪ : ੧ (1405)

ਮਿਟਿਆ —
"ਤਹ ਭਇਆ ਪਗਾਸੁ **ਮਿਟਿਆ** ਅੰਧਿਆਰਾ ਜਿਉ ਸੂਰਜ ਰੈਣਿ ਕਿਰਾਖੀ।" (ਦੂਰ ਹੋਇਆ, ਮੁਕਿਆ)
— ਸਿਰੀ **੪**, ਵਾਰ ੧੨ : ੪ (87)

ਮਿਟਿਹੈ —
"ਕਲਿ ਘੋਰ ਸਮੁਦ੍ਰ ਮੈ ਬੂਡਤ ਥੇ ਕਬਹੂ **ਮਿਟਿਹੈ** ਨਹੀ ਰੇ ਪਛੁਤਾਯਉ।" (ਮੁਕਦਾ, ਦੂਰ ਹੁੰਦਾ)
— ਸਵ **੫**, ਮਥ ੬ : ੨ (1409)

ਮਿਟਿਯਉ —
"ਬਾਚਾ ਕਰਿ ਸਿਮਰੰਤ ਤੁਝੈ ਤਿਨ੍ ਦੁਖੁ ਦਰਿਦ੍ਰ **ਮਿਟਿਯਉ** ਜੁਖਿਣੰ।" (ਦੂਰ ਹੁੰਦਾ ਹੈ)
— ਸਵ **੪**, ਬਲ ੪ : ੨ (1405)

ਮਿਟੀ — 1. ਦੂਰ ਹੋਈ
"ਖੁਦੀ **ਮਿਟੀ** ਚੂਕਾ ਭੋਲਾਵਾ ਗੁਰਿ ਮਨ ਹੀ ਮਹਿ ਪ੍ਰਗਟਾਇਆ ਜੀਉ।"
— ਮਾਝ **੫**, ੩੨, ੩ : ੨ (104)
2. ਮ੍ਰਿਤਕਾ, ਮਿੱਟੀ
"ਠੰਢੀ ਤਾਤੀ **ਮਿਟੀ** ਖਾਈ।" (ਭਾਵ ਮਿੱਟੀ ਵਿਚ ਦਬਿਆ ਗਿਆ)
— ਆਸਾ **੫**, ੩੩, ੧* : ੧ (378)
"**ਮਿਟੀ** ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ।"
— ਆਸਾ **੧**, ਵਾਰ ੬ਸ, **੧**, ੨ : ੧ (466)
"ਭਾਣੈ **ਮਿਟੀ** ਸਾਜਿ ਕੈ ਭਾਣੈ ਜੋਤਿ ਧਰੇਇ।"
(ਭਾਵ ਮਿਟੀ ਦਾ ਸਰੀਰ)
— ਰਾਮ **੫**, ਵਾਰ ੧੨ਸ, **੫**, ੨ : ੫ (963)
3. ਸਮਾਈ, ਰਲ ਗਈ
"ਖਸਮਿ **ਮਿਟੀ** ਫਿਰਿ ਭਾਨੀ।"
— ਮਲਾ **੧**, ਵਾਰ ੧੯ਸ, **੧**, ੨ : ੪ (1286)

ਮਿਟੀਆ — ਮਿਟੀ, ਮ੍ਰਿਤਕਾ
"ਇਕਿ **ਮਿਟੀਆ** ਮਹਿ **ਮਿਟੀਆ** ਖਾਹਿ।"
— ਮਾਝ **੧**, ਵਾਰ ੧੪ਸ, **੧**, ੨ : ੩ (144)

ਮਿਟੁ — ਦੂਰ ਹੋ ਜਾ
"ਚੀਤਿ ਚਿਤਵਉ **ਮਿਟੁ** ਅੰਧਾਰੇ ਜਿਉ ਆਸ ਚਕਵੀ ਦਿਨੁ ਚਰੈ।"
— ਬਿਲਾ **੫**, ਛੰਤ ੩, ੪ : ੫ (847)

ਮਿਟੇ — ਦੂਰ ਹੋਏ
"ਸੰਤ ਪ੍ਰਸਾਦਿ ਸਗਲ ਦੁਖ **ਮਿਟੇ**।"
— ਗਉ **੫**, ੯੧, ੨ : ੩ (183)

ਹੋਰ ਰੂਪ — ਮਿਟੈ —
"ਪਉ ਸੰਤ ਸਰਣੀ ਲਾਗੁ ਚਰਣੀ **ਮਿਟੈ** ਦੂਖੁ ਅੰਧਾਰੁ।" (ਦੂਰ ਹੋਵੇ)
— ਸਿਰੀ **੫**, ੯੫, ੨ : ੨ (51)

ਮਿਠ — (ਸੰ. ਮਿਸ਼ਟ) ਮਿਠਾ
"ਸੀਗਾਰ **ਮਿਠ** ਰਸ ਭੋਗ ਭੋਜਨ ਸਭੁ ਝੂਠੁ ਕਿਤੈ ਨ ਲੇਖਏ।" — ਗਉ **੧**, ਛੰਤ ੧, ੧ : ੪ (282)

ਮਿਠਤੁ — ਮਿਠਾਸ
"**ਮਿਠਤੁ** ਨੀਵੀ ਨਾਨਕਾ ਗੁਣ ਚੰਗਿਆਈਆ ਤਤੁ।"
— ਆਸਾ **੧**, ਵਾਰ ੧੪ਸ, **੧**, ੧ : ੪ (470)

ਮਿਠਬੋਲੜਾ — ਮਿਠਾ ਬੋਲਣ ਵਾਲਾ
"**ਮਿਠਬੋਲੜਾ** ਜੀ ਹਰਿ ਸਜਣੁ ਸੁਆਮੀ ਮੋਰਾ।"
— ਸੂਹੀ **੫**, ਛੰਤ ੧੧, ੧ : ੧ (784)

ਮਿਠੜਾ — ਮਿਠਾ
"ਅੰਮ ਅਬੇ ਥਾਵਹੁ **ਮਿਠੜਾ**।"
— ਸਿਰੀ **੫**, ਅਸ ੨੯, ੧ : ੨ (73)

ਹੋਰ ਰੂਪ — ਮਿਠੜੇ —
"ਆਪੁ ਤਿਆਗਿ ਸਰਣੀ ਪਵਾ ਮੁਖਿ ਬੋਲੀ

ਮਿਠੜੇ ਵੈਣ।" (ਮਿਠੇ)
— ਮਾਝ **੫**, ਦਿਨ ੧ : ੨ (136)

ਮਿਠਾ — 1. ਮਧੁਰ, ਪਿਆਰਾ
"ਸਹਜਿ ਸੰਤੋਖਿ ਸੀਗਾਰੀਆ **ਮਿਠਾ** ਬੋਲਣੀ।"
— ਸਿਰੀ **੧**, ੧੦, ੨ : ੨ (17)
"**ਮਿਠਾ** ਬੋਲਹਿ ਨਿਵਿ ਚਲਹਿ ਸੇਜੈ ਰਵੈ ਭਤਾਰੁ।"
— ਸਿਰੀ **੩**, ੪੬, ੨ : ੨ (31)
"ਮਨ ਤਨਿ **ਮਿਠਾ** ਤਿਸੁ ਲਗੈ ਜਿਸ ਮਸਤਕਿ ਨਾਨਕ ਲੇਖ।" — ਸਿਰੀ **੫**, ੮੯, ੪ : ੩ (49)
2. ਮਿਸ਼ਟ, ਕਉੜੇ ਤੋਂ ਉਲਟ
"ਗੁੜੁ **ਮਿਠਾ** ਮਾਇਆ ਪਸਰਿਆ ਮਨਮੁਖੁ ਲਗਿ ਮਾਖੀ ਪਚੈ ਪਚਾਇ।"
— ਸਿਰੀ **੪**, ੭੦, ੧ : ੩ (41)
"**ਮਿਠਾ** ਕਰਕੈ ਖਾਇਆ ਕਉੜਾ ਉਪਜਿਆ ਸਾਦੁ।" — ਸਿਰੀ **੫**, ੯੧, ੧ : ੧ (50)
3. ਭਾਵ ਗੰਨਾ, ਕਮਾਦ
"ਵੇਖੁ ਜਿ **ਮਿਠਾ** ਕਟਿਆ ਕਟਿ ਕੁਟਿ ਬਧਾ ਪਾਇ।"
— ਮਾਝ **੧**, ਵਾਰ ੧੧ਸ, **੧**, ੨ : ੧ (143)
4. ਭਾਵ ਚੰਗਾ
"ਅੰਮ੍ਰਿਤ ਬਾਣੀ ਉਚਰਾ ਗੁਰਿ ਜਸੁ **ਮਿਠਾ** ਲਾਗੈ ਤੇਰਾ ਭਾਣਾ ਰਾਮ।"
— ਬਿਹਾਂ **੫**, ਛੰਤ ੩, ੧ : ੨ (543)

ਮਿਠੀ — ਮਿੱਠੀਆਂ, ਭਲੀਆਂ, ਸੁਖਦਾਈ
"ਖੁਭੜੀ ਕੁਥਾਇ **ਮਿਠੀ** ਗਲਣਿ ਕੁਮੰਤ੍ਰੀਆ।"
— ਸਲੋ **੫**, ੧੧ : ੧ (1425)

ਮਿਠੀਆਂ — ਸਵਾਦਿਸ਼ਟ, ਚੰਗੇ ਮਿਠੇ ਸੁਆਦ (ਰਸ) ਵਾਲੀਆਂ
"ਸਭੇ ਵਸਤੂ **ਮਿਠੀਆਂ** ਰਬ ਨ ਪੁਜਨਿ ਤੁਧੁ।"
— ਸਲੋ **ਫਰ**, ੨੨ : ੨ (1379)

ਮਿਠੇ — 1. ਸਵਾਦਿਸ਼ਟ, ਮਿਸ਼ਠ
"ਸਭਿ ਰਸ **ਮਿਠੇ** ਮੰਨਿਐ ਸੁਣਿਐ ਸਾਲੋਣੇ।"
— ਸਿਰੀ **੧**, ੭, ੧ : ੧ (16)
2. ਮੱਧੁਰ, ਚੰਗੇ ਲਗਨ ਵਾਲੇ, ਸੁਖਦਾਇਕ
"ਗੰਢੁ ਪਰੀਤੀ **ਮਿਠੇ** ਬੋਲ।"
— ਮਾਝ **੧**, ਵਾਰ ੧੨ਸ, **੧**, ੨ : ੮ (143)
"ਇਕਿ ਤਤੇ ਇਕਿ ਬੋਲਨਿ **ਮਿਠੇ**।"
— ਮਾਰੂ **੫**, ਅਸ ੮, ੧ : ੨ (1019)

ਮਿਠੈ — ਮਿਠੇ ਉਪਰ
"**ਮਿਠੈ** ਮੁਖ ਮੁਆ ਕਿਉ ਲਏ ਉਡਾਰੀ।"
— ਆਸਾ **੫**, ਛੰਤ ੧੧, ੩ : ੧ (460)
"ਮਖੀ **ਮਿਠੈ** ਮਰਣਾ।"
— ਮਲਾ **੧**, ਵਾਰ ੧੯ਸ, **੧**, ੨ : ੧੫ (1286)

ਮਿਠੈ-ਪਤਰਿਐ — ਮਿਠੇਂ ਪੱਤਰਾਂ ਵਾਲੇ ਭਾਵ ਮੰਨੇ
"ਨਾਨਕ **ਮਿਠੈ-ਪਤਰਿਐ** ਵੇਖਹੁ ਲੋਕਾ ਆਇ।"
— ਮਾਝ **੧**, ਵਾਰ ੧੧ਸ, **੧**, ੨ : ੫ (143)

ਮਿਣਿਆ — ਮਿਣਤੀ ਕੀਤੀ, ਮਾਪਿਆ
"ਜਾ ਹੋਆ ਹੁਕਮੁ ਕਿਰਸਾਣ ਦਾ ਤਾ ਲੁਣਿ **ਮਿਣਿਆ** ਖੇਤਾਰੁ।" — ਸਿਰੀ **੫**, ੭੪, ੨ : ੩ (43)

ਮਿਤ — ਮਿੱਤਰ
"ਸੁਣਿ ਸੁਣਿ ਸਾਜਨ ਮਨ **ਮਿਤ** ਪਿਆਰੇ ਜੀਉ।"
— ਗਉ **੫**, ੧੬੮, ੧ : ੧ (217)
"ਨਾਨਕ ਜਿਸਹਿ ਦਇਆਲੁ ਬੁਝਾਏ ਹੁਕਮੁ **ਮਿਤ**।" (ਭਾਵ ਹਰੀ)
— ਗੂਜ **੫**, ਵਾਰ ੨੦ਸ, **੫**, ੨ : ੭ (523)

ਮਿਤੜਾ — ਪਿਆਰਾ ਮਿੱਤਰ
"ਅਨ ਕੋ ਕੀਜੈ **ਮਿਤੜਾ** ਖਾਕੁ ਰਲੈ ਮਰਿ ਜਾਇ ਜੀਉ।" — ਸੂਹੀ **੧**, ਅਸ ੨, ੬ : ੧ (751)

ਮਿਤਾ — ਮਿੱਤਰ, ਸਜਨ
"ਰਸਨਾ ਉਚਰੈ ਹਰਿ ਸ੍ਰਵਣੀ ਸੁਣੈ ਸੋ ਉਧਰੈ **ਮਿਤਾ**।"
— ਗਉ **੫**, ਵਾਰ ੧੯ : ੧ (322)
"ਗੁਰ ਸਿਖਾ ਇਕੋ ਪਿਆਰੁ ਗੁਰ **ਮਿਤਾ** ਪੁਤਾ ਭਾਈਆ।" (ਮਿੱਤਰਾਂ)
— ਸੋਰ **੪**, ਵਾਰ ੧੪ : ੪ (648)

ਮਿਤਿ — 1. ਮਿਣਤੀ, ਹਦ, ਅੰਦਾਜ਼ਾ
"ਸੁਖਾ ਕੀ **ਮਿਤਿ** ਕਿਆ ਗਣੀ ਜਾ ਸਿਮਰੀ ਗੋਵਿੰਦੁ।" — ਸਿਰੀ **੫**, ੮੮, ੨ : ੧ (48)
"ਹਰਿ ਬਿਅੰਤੁ ਹਉ **ਮਿਤਿ** ਕਰਿ ਵਰਨਉ ਕਿਆ ਜਾਨਾ ਹੋਇ ਕੈਸੋਰੇ।" (ਹਦ ਵਿਚ ਰਖ ਕੇ)
— ਸੋਰ **੫**, ੧੩, ੩ : ੧ (612)
"ਤੁਮਰੀ ਗਤਿ **ਮਿਤਿ** ਤੁਮਹੀ ਜਾਨੀ।"
— ਗਉ **੫**, ਸੁਖ ੪, ੮ : ੯ (268)
(ਮਹਾਨਕੋਸ਼ ਇਥੇ ਅਰਥ 'ਕੀਮਤ' ਕਰਦਾ ਹੈ)
"ਊਤਮ ਗਤਿ **ਮਿਤਿ** ਹਰਿ ਗੁਨ ਸਰੀਰ।" (ਭਾਵ

'ਅਵਸਥਾ') — ਬਸੰ **੧**, ਪ, ੪ : ੧ (1169)

2. ਮਰਯਾਦਾ

"ਸਤਿਗੁਰੁ ਸੇਵਹਿ ਤਾ ਗਤਿ **ਮਿਤਿ** ਪਾਵਹਿ ਹਰਿ ਜੀਉ ਮੰਨਿ ਵਸਾਏ।"

— ਸਿਰੀ **੩**, ਅਸ ੨੨, ਪ : ੨ (67)

ਹੋਰ ਰੂਪ — ਮਿਤੀ —

"ਕੀਮ ਨ ਸਕਾ ਪਾਇ ਸੁਖ **ਮਿਤੀ** ਹੂ ਬਾਹਰੇ।" (ਅੰਦਾਜ਼ੇ/ਹਦ ਤੋਂ)

— ਜੈਤ **੫**, ਵਾਰ ੧੫ਸ, **੫**, ੨ : ੧ (709)

ਮਿਤੁ — ਮਿੱਤਰ

"ਇਕੋ ਭਾਈ **ਮਿਤੁ** ਇਕੁ ਇਕੋ ਮਾਤ ਪਿਤਾ।"

— ਸਿਰੀ **੫**, ੭੯, ੨ : ੧ (45)

ਮਿਤ੍ਰ — ਮਿੱਤਰ, ਦੋਸਤ, ਸਜਨ

"ਸੁਣਿ ਮਨ **ਮਿਤ੍ਰ** ਪਿਆਰਿਆ ਮਿਲੁ ਵੇਲਾ ਹੈ ਏਹ।" — ਸਿਰੀ **੧**, ੧੭, ੧ : ੧ (20)

"ਪ੍ਰਭੁ ਸਦਾ ਸਮਾਲਹਿ **ਮਿਤ੍ਰ** ਤੂ ਦੁਖੁ ਸਬਾਇਆ ਲਥੁ।" (ਹੇ ਮਨ ਮਿੱਤਰ)

— ਗਉ **੪**, ਵਾਰ ੩੨ਸ, **੫**, ੧ : ੨ (317)

ਹੋਰ ਰੂਪ — ਮਿਤ੍ਰੰ —

"ਨਚ **ਮਿਤ੍ਰੰ** ਨਚ ਇਸਟੰ ਨਚ ਬਾਧਵ ਨਚ ਮਾਤ ਪਿਤਾ ਤਵ ਲਜਯਾ।" (ਮਿੱਤਰ)

— ਸਸ **੫**, ੪੮ : ੩ (1358)

ਮਿਤ੍ਰਸੁ — ਮਿੱਤਰ

"ਸਹਣ ਸੀਲ ਸੰਤੰ ਸਮ **ਮਿਤ੍ਰਸੁ** ਦੁਰਜਨਹ।"

— ਸਸ **੫**, ੨੭ : ੧ (1356)

ਮਿਤ੍ਰੇਖੁ — ਮਿੱਤਰ

"ਮਾਯਾ ਚਿਤ ਭਰਮੇਣ ਇਸਟ **ਮਿਤ੍ਰੇਖੁ** ਬਾਧਵਹ।"

— ਗਾਥਾ **੫**, ੪ : ੧ (1360)

ਮਿਤ੍ਰਾ — ਹੇ ਮਿੱਤਰ

"ਪਹਿਲੈ ਪਹਰੈ ਰੈਣਿ ਕੈ ਵਣਜਾਰਿਆ **ਮਿਤ੍ਰਾ** ਹੁਕਮਿ ਪਇਆ ਗਰਭਾਸਿ।"

— ਸਿਰੀ **੧**, ਪਹ ੧, ੧ : ੧ (74)

ਹੋਰ ਰੂਪ — ਮਿਤ੍ਰਾਂ —

"ਦੋਹੀ ਦਿਚੈ ਦੁਰਜਨਾ **ਮਿਤ੍ਰਾਂ** ਕੂੰ ਜੈਕਾਰੁ।" (ਦੋਸਤਾਂ, ਮਿੱਤਰਾਂ)

— ਸਲੋ **੧**, ੨ : ੩ (1410)

ਮਿਤ੍ਰਾਈ — ਦੋਸਤੀ, ਮਿੱਤਰਤਾ

"ਨਾਨਕ **ਮਿਤ੍ਰਾਈ** ਤਿਸੁ ਸਿਉ ਸਭ ਕਿਛੁ ਜਿਸ ਕੈ ਹਾਥਿ।"

— ਗਉ **੫**, ਵਾਰ ੩ਸ, **੫**, ੨ : ੧ (318)

ਮਿਤ੍ਰੁ — ਮਿੱਤਰ, ਦੋਸਤ

"ਮੇਰਾ **ਮਿਤ੍ਰੁ** ਸਖਾ ਸੋ ਪ੍ਰੀਤਮੁ ਭਾਈ ਮੈ ਦਸੇ ਹਰਿ ਨਰਹਰੀਐ ਜੀਉ।"

— ਮਾਝ **੪**, ੩, ੨ : ੩ (95)

ਮਿਥ — ਮਿਥਿਆ, ਝੂਠੇ

"ਪ੍ਰੇਮ ਪਿਰੰਮ ਨ ਬੇਧਿਓ ਉਰਝਿਓ **ਮਿਥ** ਬਿਉਹਾਰ।" — ਚਉ **੫**, ੬ : ੨ (1364)

ਮਿਥਨ — ਝੂਠੇ, ਮਿਥਿਆ

"**ਮਿਥਨ** ਮਨੋਰਥ ਸੁਪਨ ਆਨੰਦ ਉਲਾਸ ਮਨਿਮੁਖਿ ਸਤਿ ਕਹੇ।"

— ਆਸਾ **੫**, ੧੪੨, ੨ : ੧ (406)

ਹੋਰ ਰੂਪ — ਮਿਥਨੀ —

"**ਮਿਥਨੀ** ਬਿਸਥਾਰੁ।"

— ਸਾਰ **੫**, ੧੩੦, ੧ : ੨ (1229)

ਮਿਥਿਆ — ਝੂਠਾ

"ਏਕਸ ਬਿਨੁ ਸਭ ਧੰਧੁ ਹੈ ਸਭ **ਮਿਥਿਆ** ਮੋਹੁ ਮਾਇ।" — ਸਿਰੀ **੫**, ੭੬, ੧* : ੨ (44)

"ਬੋਲਹਿ ਸਾਚੁ **ਮਿਥਿਆ** ਨਹੀ ਰਾਈ।" (ਝੂਠ)

— ਗਉ **੧**, ਅਸ ੧੫, ੧ : ੧ (227)

"**ਮਿਥਿਆ** ਤਨੁ ਧਨੁ ਕੁਟੰਬੁ ਸਬਾਇਆ।" (ਭਾਵ ਨਾ ਰਹਿਣ ਵਾਲਾ)

— ਗਉ **੫**, ਸੁਖ ੫, ੪ : ੧ (268)

ਮਿਥੇਨਾ — ਮਿਥਿਆ, ਨਾਸ਼ ਹੋਣ ਵਾਲਾ

"ਦ੍ਰਿਸਟਿਮਾਨ ਹੈ ਸਗਲ **ਮਿਥੇਨਾ**।"

— ਮਾਰੂ **੫**, ਸੋਲਾ ੧੧, ੧੮ : ੧ (1083)

ਮਿਥੰਤ — ਮਿਥਿਆ, ਝੂਠੀ, ਨਾਸਵਾਨ

"**ਮਿਥੰਤ** ਦੇਹੰ ਖੀਣੰਤ ਬਲਨੰ।"

— ਸਸ **੫**, ੩ : ੧ (1554)

ਮਿਥ੍ਯਾ — ਮਿਥਿਆ, ਝੂਠਾ

"ਤਤਹ ਕੁਟੰਬ ਮੋਹ **ਮਿਥ੍ਯਾ** ਸਿਮਰੰਤਿ ਨਾਨਕ ਰਾਮ ਰਾਮ ਨਾਮਹ।" — ਸਸ **੫**, ੩੦ : ੨ (1356)

ਮਿੰਨਤਿ — (ਅ. ਮਿਨਤ) ਬੇਨਤੀ, ਤਰਲਾ, ਪਰਾਥਨਾ

"ਕਰਿ **ਮਿੰਨਤਿ** ਕਰਿ ਜੋਦੜੀ ਮੈ ਪ੍ਰਭੁ ਮਿਲਣੈ ਕਾ

ਚਾਉ।" — ਸਿਰੀ **੪**, ੬੮, ੧ : ੩ (41)

ਮਿਨਾ — ਤੋਲਾਂ, ਮਾਪਾ

"ਗਰਿ ਗੰਭੀਰ ਅਥਾਹ ਸੁਆਮੀ ਅਤੁ ਲੁ ਨ ਜਾਈ ਕਿਆ **ਮਿਨਾ**।"

— ਮਾਰੂ **੫**, ਸੋਲਾ ੮, ੧੩ : ੩ (1079)

ਹੋਰ ਰੂਪ — ਮਿਨਿ —

"ਗਨਿ **ਮਿਨਿ** ਦੇਖਹੁ ਮਨੈ ਮਾਹਿ ਸਰਪਰ ਚਲਨੋ ਲੋਗ।" (ਮਾਪ ਕੇ, ਤੋਲ ਕੇ)

— ਗਉ **੫**, ਬਾਅ ੧੯ਸ : ੧ (254)

ਮਿਨੀਐ —

"ਗਜੀ ਨ **ਮਿਨੀਐ** ਤੋਲਿ ਨ ਤੁਲੀਐ ਪਾਚਨੁ ਸੇਰ ਅਢਾਈ।" (ਮਾਪੀਏ)

— ਗਉ **ਕਬ**, ੫੪, ੨ : ੧ (335)

ਮਿਰਗ — ਹਿਰਨ, ਇਕ ਚੌਪਾਇਆ ਜੰਗਲੀ ਜਾਨਵਰ

"ਫਾਹੀ ਫਾਥੈ **ਮਿਰਗ** ਜਿਉ ਦੂਖੁ ਘਣੋ ਨਿਤ ਰੋਇ।"

— ਸਿਰੀ **੧**, ੨੩, ੨ : ੩ (23)

"ਗੁਰ ਦਿਖਲਾਈ ਮੋਰੀ।"

"ਜਿਤੁ **ਮਿਰਗ** ਪੜਤ ਹੈ ਚੋਰੀ।" (ਕਾਮਾਦਿਕ ਰੂਪੀ ਹਿਰਨ)

— ਸੋਰ **ਕਬ**, ੧੦, ੧ : ੧;੨ (656)

ਮਿਰਗਮੈ — ਮਿਰਗ+ਮਦ, ਕਸਤੂਰੀ

"ਕੇਸਰਿ ਕੁਸਮ **ਮਿਰਗਮੈ** ਹਰਣਾ ਸਰਬ ਸਰੀਰੀ ਚੜ੍ਹਣਾ।" — ਤਿਲੰ **੧**, ੨, ੨ : ੧ (721)

ਮਿਰਗਾਂ — ਹਿਰਨਾਂ

"ਨਾਗਾਂ **ਮਿਰਗਾਂ** ਮਛੀਆਂ ਰਸੀਆਂ ਘਰਿ ਧਨੁ ਹੋਇ।"

— ਮਲਾ **੧**, ਵਾਰ ੨ਸ, **੧**, ੧ : ੨ (1279)

ਹੋਰ ਰੂਪ — ਮਿਰਗਾਏ —

"ਨਾਦ ਭ੍ਰਮੇ ਜੈਸੇ **ਮਿਰਗਾਏ**।" (ਹਿਰਨ)

— ਗੋਂਡ **ਨਾਮ**, ੨, ੧ : ੧ (873)

ਮਿਰਗਾਹਿ —

"ਅਪਰਾਧੀ ਦੂਣਾ ਨਿਵੈ ਜੋ ਹੰਤਾ **ਮਿਰਗਾਹਿ**।" (ਹਿਰਨਾਂ ਨੂੰ)

— ਆਸਾ **੧**, ਵਾਰ ੧੪ਸ, **੧**, ੧ : ੨ (470)

ਮਿਰਗਾਣੀ — ਮ੍ਰਿਗ ਚਰਮ/ਹਿਰਨ ਦੀ ਖਲੜੀ ਦਾ ਆਸਨ

"ਪੰਚ ਤਤੁ ਕੀ ਕਰਿ **ਮਿਰਗਾਣੀ** ਗੁਰ ਕੈ ਮਾਰਗਿ ਚਾਲੈ।" — ਆਸਾ **ਕਬ**, ੭, ੨ : ੨ (477)

ਮਿਰਗੀ — ਹਿਰਨੀ

"ਦਸ **ਮਿਰਗੀ** ਸਹਜੇ ਬੰਧਿ ਆਨੀ।" (ਭਾਵ ਇੰਦਰੀਆਂ) — ਭੈਰ **੫**, ੪, ੧ : ੧ (1136)

ਮਿਰਗੁ — ਹਿਰਨ

"**ਮਿਰਗੁ** ਮਰੈ ਸਹਿ ਅਪੁਨਾ ਕੀਨਾ।"

— ਗਉ **੧**, ਅਸ ੧੧, ੩ : ੨ (225)

"ਬਨ ਕਾ **ਮਿਰਗੁ** ਮੁਕਤਿ ਸਭੁ ਹੋਗੁ।" (ਭਾਵ ਜਾਨਵਰ) — ਗਉ **ਕਬ**, ੪, ੧ : ੨ (324)

ਮਿਰਤ — ਮਾਤ ਲੋਕ, ਇਹ ਸੰਸਾਰ

"ਸੁਰਗ ਪਇਆਲ **ਮਿਰਤ** ਭੂਅ ਮੰਡਲ ਸਰਬ ਸਮਾਨੋ ਏਕੈ ਓਹੀ।"

— ਗਉ **੫**, ੧੨੯*, ੧ : ੧ (207)

"ਸੁਰਗ **ਮਿਰਤ** ਪਇਆਲ ਭੂ ਮੰਡਲ ਸਗਲ ਬਿਆਪੇ ਮਾਇ।" — ਧਨਾ **੫**, ੨੧, ੨ : ੧ (676)

(ਮਹਾਨ ਕੋਸ਼ ਅਰਥ 'ਹਵਾ ਭਰਿਆ ਗਗਨ ਮੰਡਲ' ਕਰਦਾ ਹੈ)

2. ਮੌਤ

"ਏ ਮਨ **ਮਿਰਤ** ਸੁਭ ਚਿੰਤੰ ਗੁਰ ਸਬਦਿ ਹਰਿ ਰਮਣੰ।"

— ਗੂਜ **੧**, ਅਸ ੫, ੨ : ੧ (505)

3. ਮਰ ਰਿਹਾ ਹੈ

"**ਮਿਰਤ** ਮੋਹੰ ਅਲਪ ਬੁਧੰ ਰਚੰਤਿ ਬਨਿਤਾ ਬਿਨੋਦ ਸਾਹੰ।" — ਸਸ **੫**, ੧੧ : ੧ (1354)

ਮਿਰਤਕ — ਮਿੱਟੀ ਦੇ

"**ਮਿਰਤਕ** ਪਿੰਡਿ ਪਦ ਮਦ ਨਾ ਅਹਿਨਿਸਿ ਏਕੁ ਅਗਿਆਨ ਸੁ ਨਾਗਾ।"

— ਸਿਰੀ **ਬੇਣੀ**, ੧, ੧ : ੨ (93)

2. (ਸੰ. ਮ੍ਰਿਕ) ਮੁਰਦਾ, ਪ੍ਰਾਣ ਹੀਣ

"ਕਵਨ ਅਰਥ **ਮਿਰਤਕ** ਸੀਗਾਰ।"

— ਗਉ **੫**, ੧੧੧, ੨ : ੨ (188)

ਮਿਰਤਕੜਾ — ਮੁਰਦਾ, ਪ੍ਰਾਣਹੀਣ ਸਰੀਰ

"ਸਾ ਧਨ ਛੁਟੀ ਮੁਠੀ ਝੂਠਿ ਵਿਧਣੀਆ **ਮਿਰਤਕੜਾ** ਅੰਙਨੜੇ ਬਾਰੇ।"

— ਵਡ **੧**, ਅਲਾ ੩, ੫ : ੨ (580)

ਮਿਰਤਕਾ — ਮੁਰਦਾ

"ਜਾ ਕੇ ਬਿਛੁਰਤ ਹੋਤ **ਮਿਰਤਕਾ** ਗ੍ਰਿਹ ਮਹਿ ਰਹਨੁ ਨ ਪਾਈ।" — ਸਾਰ **੫**, ੧੨, ੧* : ੨ (1207)

ਮਿਰਤਕੁ — ਮੁਰਦਾ

"ਅੰਤਰਿ ਗਿਆਨੁ ਨ ਆਇਓ **ਮਿਰਤਕੁ** ਹੈ ਸੰਸਾਰਿ।"

— ਸਿਰੀ **੧**, ਵਾਹਰ ੧੪ਸ, **੩**, ੧ : ੨ (88)

"ਕਿਉ ਕਰਿ ਇਹੁ ਮਨੁ ਮਾਰੀਐ ਕਿਉ ਕਰਿ **ਮਿਰਤਕੁ** ਹੋਇ।" (ਸੰਸਾਰ ਵਲੋਂ ਮੁਰਦਾ)

— ਰਾਮ **੩**, ਵਾਰ ੪ਸ, **੩**, ੨ : ੧ (948)

ਹੋਰ ਰੂਪ — ਮਿਰਤਕੋ —

"ਜਿਥੇ ਡਿਠਾ **ਮਿਰਤਕੋ** ਇਲ ਬਹਿਠੀ ਆਇ।" (ਮੁਰਦਾ)

— ਗਉ **੫**, ਵਾਰ ੧੭ਸ, **੫**, ੨ : ੨ (322)

ਮਿਰਤਲੋਕ — ਮਾਤ ਲੋਕ

"**ਮਿਰਤਲੋਕ** ਪਇਆਲ ਸਮੀਪਤ ਅਸਥਿਰ ਥਾਨੁ ਜਿਸੁ ਹੈ ਅਭਗਾ।"

— ਮਾਰੂ **੫**, ਸੋਲ ੧੧, ੧੨ : ੩ (1083)

ਮਿਰਤਿ — ਮਾਤ ਲੋਕ ਵਿਚ

"ਸੁਣੀਐ ਏਕੁ ਵਖਾਣੀਐ ਸੁਰਗਿ **ਮਿਰਤਿ** ਪਇਆਲਿ।"

— ਮਾਰੂ **੩**, ਵਾਰ ੧੫ਸ, **੧**, ੧ : ੧ (1091)

ਮਿਰਤੁ — ਮੌਤ

"ਨਾਨਕ ਬਧਾ ਘਰੁ ਤਹਾਂ ਜਿਥੈ **ਮਿਰਤੁ** ਨ ਜਨਮੁ ਜਰਾ।" — ਸਿਰੀ **੫**, ੭੬, ੪ : ੩ (44)

ਮਿਰਿਆ — ਮਿਰਗਾਂ ਨੂੰ

"ਸਕਤਾ ਸੀਹੁ ਮਾਰੇ ਸੈ **ਮਿਰਿਆ** ਸਭ ਪਿਛੈ ਪੈ ਖਾਇ।"

— ਮਲਾ **੧**, ਵਾਰ ੧੯ਸ, **੧**, ੨ : ੭ (1286)

ਮਿਰੀਆ — ਮਿਲ ਗਈ, ਮਿਲੀ

"ਸਾਧ ਸੰਗਤਿ ਕੀ ਭੀਰ ਜਉ ਪਾਈ ਤਉ ਨਾਨਕ ਹਰਿ ਸੰਗਿ **ਮਿਰੀਆ**।"

— ਸਾਰ **੫**, ੨੪, ੨ : ੨ (1209)

ਮਿਲਉ — ਮਿਲਾਂ

"ਕਵਨ ਗੁਨ ਪ੍ਰਾਨਪਤਿ **ਮਿਲਉ** ਮੇਰੀ ਮਾਈ।"

— ਗਉ **੫**, ੧੧੯*, ੧* : ੧ (204)

ਹੋਰ ਰੂਪ — ਮਿਲਉਗੀ —

"ਉਰਵਾਰਿ ਪਾਰਿ ਮੇਰਾ ਸਹੁ ਵਸੈ ਹਉ **ਮਿਲਉਗੀ** ਬਾਹ ਪਸਾਰਿ।" (ਮਿਲਾਂਗੀ)

— ਗਉ **੧**, ੧੯, ੩ : ੨ (157)

ਮਿਲਈ — ਮਿਲਣ ਤੇ, ਸੰਪਰਕ ਵਿਚ ਆਉਣ ਤੇ

"ਸੁਖ ਸੰਪਤਿ ਹਰਿ ਨਾਮ ਫਲ ਪਾਏ ਸਤਿਗੁਰ **ਮਿਲਈ**।"— ਆਸਾ **੫**, ੧੨੪, ੧* : ੨ (402)

2. ਪ੍ਰਾਪਤ ਹੁੰਦਾ, ਮਿਲਦਾ

"ਅਬ ਕੈ ਕਹਿਐ ਨਾਮੁ ਨ **ਮਿਲਈ** ਤੂ ਸਹੁ ਜੀਅੜੇ ਭਾਰੀ ਜੀਉ।"

— ਮਾਰੂ **੧**, ੧੨, ੪ : ੨ (993)

3. ਮਿਲਦਾ

"ਸੀਸੁ ਉਠਾਵਨ ਨ ਕਬਹੂ **ਮਿਲਈ** ਮਹਾ ਦੂਤਰ ਮਾਇ।" — ਮਾਰੂ **੫**, ੧੧, ੩ : ੨ (1001)

ਮਿਲਈਆ — ਮਿਲ ਜਾਣਾ, ਰਲ ਜਾਣਾ, ਲੀਨ ਹੋ ਜਾਣਾ

"ਗੁਰਮੁਖਿ ਪਰਚੈ ਕੰਚਨ ਕਾਇਆ ਨਿਰਭਉ ਜੋਤੀ ਜੋਤਿ **ਮਿਲਈਆ**।"

— ਬਿਲਾ **੪**, ਅਸ ੧, ੧ : ੨ (833)

ਮਿਲਸੀ — ਮਿਲੇਗਾ

"ਜਨ ਨਾਨਕ ਆਪਿ ਮਿਲਾਏ ਸੋਈ ਹਰਿ **ਮਿਲਸੀ** ਅਵਰ ਸਭ ਤਿਆਗਿ ਓਹਾ ਹਰਿ ਭਾਨੀ।"

— ਧਨਾ **੪**, ੧੧, ੨ : ੨ (669)

ਮਿਲਹ — ਮਿਲੀਏ

"ਆਵਹੁ ਭੈਣੇ ਗਲਿ **ਮਿਲਹ** ਅੰਕਿ ਸਹੇਲੜੀਆਹ।"

— ਸਿਰੀ **੧**, ੧੦, ੧ : ੧ (17)

ਮਿਲਹਿ — 1. ਮਿਲਣ, ਪ੍ਰਾਪਤ ਹੋਣ

"ਜਿਥੈ **ਮਿਲਹਿ** ਵਡਿਆਈਆ ਸਦ ਖੁਸੀਆ ਸਦ ਚਾਉ।" — ਸਿਰੀ **੧**, ੬, ੨ : ੧ (16)

2. ਮਿਲੇ, ਸੰਪਰਕ ਵਿਚ ਆਵੇ

"ਆਪੇ ਭਗਤੀ ਭਾਉ ਤੂੰ ਆਪੇ **ਮਿਲਹਿ** ਮਿਲਾਇ।"

— ਸਿਰੀ **੧**, ਅਸ ੧੩, ੯ : ੨ (62)

"ਗੁਰ ਸਬਦਿ **ਮਿਲਹਿ** ਸੇ ਵਿਛੁੜਹਿ ਨਾਹੀ ਸਹਜੇ ਸਚਿ ਸਮਾਵਣਿਆ।" (ਮਿਲਦੇ ਹਨ)

— ਮਾਝ **੩**, ਅਸ ੨੩, ੨ : ੩ (123)

"ਐਸੇ ਸੰਤ **ਮਿਲਹਿ** ਮੇਰੇ ਭਾਈ ਹਮ ਜਨ ਕੇ ਧੋਵਹ ਪਾਇ।" (ਮਿਲਣ)

— ਆਸਾ **੪**, ੬੩, ੧* : ੨ (368)

"ਕਿਉ ਨ **ਮਿਲਹਿ** ਕਾਟਹਿ ਮਨ ਪੀਰ।"

(ਮਿਲਦਾ) — ਰਾਗ **੧**, ਓਅੰ ੧੬ : ੨ (931)

ਹੋਰ ਰੂਪ — ਮਿਲਹੀ —

"ਮਨਮੁਖਿ ਬੰਨ੍ਹਿ ਚਲਾਈਅਹਿ ਨਾ **ਮਿਲਹੀ** ਵਗਿ ਸਗਿ।" (ਮਿਲਦੇ)

— ਸਲੋ **੩**, ੬ : ੪ (1413)

ਮਿਲਹੁ —

"ਆਵਹੁ **ਮਿਲਹੁ** ਸਹੇਲੀਹੋ ਮੈ ਪਿਰੁ ਦੇਹੁ ਮਿਲਾਇ।" (ਮਿਲੋ/ਸੰਪਰਕ ਵਿਚ ਆਵੋ/ ਇਕਠੀਆਂ ਹੋਵੋ)

— ਸਿਰੀ **੩**, ੬੧, ੩ : ੩ (38)

ਮਿਲਹੈ —

"ਨਦੀ ਨਾਵ ਸੰਜੋਗ ਜਿਉ ਬਹੁਰਿ ਨ **ਮਿਲਹੈ** ਆਇ।" (ਮਿਲਦੇ, ਇਕੱਠੇ ਹੁੰਦੇ)

— ਸਲੋ **ਕਬ**, ੮੦ : ੨ (1368)

ਮਿਲਕ — (ਅ. ਮਿਲਕ) ਮਿਲਖ, ਜਾਗੀਰ

"ਰਾਜ **ਮਿਲਕ** ਸਿਕਦਾਰੀਆ ਰਸ ਭੋਗਣ ਬਿਸਥਾਰ।"

— ਸਿਰੀ **੫**, ਅਸ ੨੬, ੬ : ੧ (70)

ਮਿਲਖ — 1. ਵੇਖੋ 'ਮਿਲਕ', ਜਾਗੀਰ

"ਬਾਗ **ਮਿਲਖ** ਘਰ ਬਾਰ ਕਿਥੈ ਸਿ ਆਪਣੇ।"

— ਮਾਝ **੧**, ਵਾਰ ੮ : ੬ (141)

2. ਮਾਲਕੀ

"ਕਾਹੂ ਬਿਹਾਵੈ ਰਾਜ **ਮਿਲਖ** ਵਾਪਾਰਾ।"

— ਰਾਮ **੫**, ਅਸ ੩, ੧ : ੩ (914)

ਮਿਲਖਵੰਤ — ਜਾਗੀਰਦਾਰ

"ਜਿਤਨੇ ਧਨਵੰਤ ਕੁਲਵੰਤ **ਮਿਲਖਵੰਤ** ਦੀਸਹਿ ਮਨ ਮੇਰੇ ਸਭਿ ਬਿਨਸਿ ਜਾਹਿ ਜਿਉ ਰੰਗੁ ਕਸੁੰਭ ਕਚਾਣ।" — ਗੋਂਡ **੪**, ੪, ੨ : ੧ (861)

ਮਿਲਖਾ — ਜਾਗੀਰ, ਜਾਇਦਾਦ

"ਕਿਨ ਹੀ ਰਾਜ ਜੋਬਨੁ ਧਨ **ਮਿਲਖਾ** ਕਿਨ ਹੀ ਬਾਪ ਮਹਤਾਰੀ।"

— ਸਾਰ **੫**, ੫੨, ੨ : ੧ (1215)

ਮਿਲਛੇ — ਮਿਲੇ ਹਨ

"ਹਮ ਢੀਂਢੇ ਢੀਮ ਬਹੁਤੁ ਅਤਿ ਭਾਰੀ ਹਰਿ ਧਾਰਿ ਕ੍ਰਿਪਾ ਪ੍ਰਭ **ਮਿਲਛੇ**।"

— ਬਸੰ **੪**, ੪, ੪ : ੧ (1178)

ਮਿਲਣ — ਮਿਲਾਪ, ਸੰਪਰਕ, ਇਕੱਠੇ ਹੋਣ ਦੀ ਕਿਰਿਆ

"ਗੋਬਿੰਦ **ਮਿਲਣ** ਕੀ ਇਹ ਤੇਰੀ ਬਰੀਆ।"

— ਆਸਾ **੫**, ਸੋਪੁ ੪, ੧ : ੨ (12)

"ਰਾਮ ਮੇਰੇ ਮਨਿ ਤਨਿ ਲੋਚ **ਮਿਲਣ** ਹਰਿ ਕੇਰੀ।" (ਮਿਲਾਪ ਦੀ) — ਗਉ **੪**, ੫੮, ੧* : ੧ (170)

"ਸਾਸੁ ਬੁਰੀ ਘਰਿ ਵਾਸੁ ਨ ਦੇਵੈ ਪਿਰ ਸਿਉ **ਮਿਲਣ** ਨ ਦੇਇ ਬੁਰੀ।" (ਸੰਪਰਕ ਨਹੀ ਹੋਣ ਦਿੰਦੀ)

— ਆਸਾ **੧**, ੨੨, ੨ : ੧ (355)

"ਸੁਨਿ ਸਖੀਏ ਪ੍ਰਭ **ਮਿਲਣ** ਨੀਸਾਨੀ।" (ਮਿਲਾਪ, ਸੰਜੋਗ) — ਸੂਹੀ **੫**, ੩, ੧* : ੧ (737)

ਹੋਰ ਰੂਪ — ਮਿਲਣਾ —

"ਹੁਕਮੁ ਪਛਾਣਿ ਤਾ ਖਸਮੈ **ਮਿਲਣਾ**।" (ਦੇ ਨਿਕਟ ਹੋਣਾ, ਮਿਲਾਪ ਹੋਣਾ)

— ਸਿਰੀ **ਕਬ**, ੧, ੩* : ੨ (92)

"ਕਾਇਆ ਕੋਟੁ ਅਪਾਰੁ ਹੈ **ਮਿਲਣਾ** ਸੰਜੋਗੀ।" (ਮਿਲਾਪ) — ਗੂਜ **੩**, ਵਾਰ ੧੩ : ੧ (514)

ਮਿਲਣੁ —

"ਦਰਸਨ ਪੇਖਤ ਮਨੁ ਆਘਾਵੈ ਨਾਨਕ **ਮਿਲਣੁ** ਸੁਭਾਈ ਜੀਉ।" (ਮਿਲਾਪ, ਮਿਲਣਾ)

— ਮਾਝ **੫**, ੧੪, ੪ : ੩ (98)

ਮਿਲਣੈ —

"ਕਰਿ ਮਿੰਨਤਿ ਕਰਿ ਜੋਦੜੀ ਮੈ ਪ੍ਰਭੁ **ਮਿਲਣੈ** ਕਾ ਚਾਉ।" (ਮਿਲਣ ਦਾ)

— ਸਿਰੀ **੪**, ੬੮, ੧ : ੩ (41)

"ਪ੍ਰਭ **ਮਿਲਣੈ** ਕੀ ਏਹ ਨੀਸਾਣੀ।" (ਮਿਲਾਪ)

— ਮਾਝ **੫**, ੪੨, ੩ : ੧ (106)

ਮਿਲਤ — 1. ਮਿਲਿਆ

"ਅਨਦ ਭਏ ਗੁਰ **ਮਿਲਤ** ਕ੍ਰਿਪਾਲ।"

— ਗਉ **੫**, ੧੨੨, ੩ : ੧ (190)

ਹੋਰ ਰੂਪ — ਮਿਲੰਤ —

"ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ **ਮਿਲੰਤ** ਜਮ ਤ੍ਰਾਸ ਮਿਟਾਈ।" (ਮਿਲਿਆਂ)

— ਸਵ **੪**, ਕੀਰ ੪ : ੪ (1406)

ਮਿਲਤੇ —

"ਤੁਮੑ **ਮਿਲਤੇ** ਮੇਰਾ ਮਨੁ ਜੀਓ ਤੁਮੑ ਮਿਲਹੁ ਦਇਆਲ।" (ਮਿਲਿਆਂ)

— ਬਿਲਾ **੫**, ੪੧, ੧* : ੧ (810)

"ਬਿਛੁਰਤ ਮਰਨੁ ਜੀਵਨੁ ਹਰਿ **ਮਿਲਤੇ** ਜਨ

ਕਉ ਦਰਸਨੁ ਦੀਜੈ।" (ਮਿਲਿਆ)
— ਮਲਾ **੫**, ੯, ੨ : ੧ (1268)

2. ਮਿਲਦਾ
"ਅਨਿਕ ਪ੍ਰਕਾਰ ਫਿਰਤ ਬਿਲਲਾਤੇ **ਮਿਲਤ** ਨਹੀ ਗੋਸਾਈਐ।"
— ਦੇਵ **੫**, ੨੨, ੧* : ੨ (532)

"ਬੂਝਤ ਦੀਪਕ **ਮਿਲਤ** ਤਿਲਤ।" (ਮਿਲਦਾ ਹੈ)
— ਮਾਲੀ **੫**, ੩, ੧ : ੨ (987)

ਹੋਰ ਰੂਪ — ਮਿਲਤਾ —
"ਮਤ ਕੋਈ ਮਨ **ਮਿਲਤਾ** ਬਿਲਮਾਵੈ।" (ਮਿਲਦੇ ਨੂੰ) — ਗਉ **ਕਬ**, ਬਾਅ ੩੧ : ੩ (342)

ਮਿਲਤੇ —
"ਇਕ ਘੜੀ ਨ **ਮਿਲਤੇ** ਤਾ ਕਲਿਜੁਗੁ ਹੋਤਾ।" (ਮਿਲਦੇ) — ਮਾਝ **੫**, ੮, ੩ : ੧ (96)

ਮਿਲੰਥਾ — ਮਿਲ ਕੇ, ਨਾਲ ਜੁੜਿਆਂ
"ਹਮ ਅੰਧੁਲੇ ਕਉ ਗੁਰ ਅੰਚਲੁ ਦੀਜੈ ਜਨ ਨਾਨਕ ਚਲਹ **ਮਿਲੰਥਾ**।"
— ਜੈਤ **੪**, ੧, ੪ : ੨ (696)

ਹੋਰ ਰੂਪ — ਮਿਲਥੇ —
"ਸਭੁ ਤਨੁ ਮਨੁ ਅਰਪਉ ਅਰਪਿ ਅਰਾਪਉ ਕੋਈ ਮੇਲੈ ਪ੍ਰਭ **ਮਿਲਥੇ**।" (ਮਿਲਿਆ ਹੋਇਆ) — ਕਲਿ **੫**, ੩, ੩ : ੨ (1320)

ਮਿਲੰਦੜੋ — ਮਿਲੇ, ਮਿਲਾਪ ਹੋਵੇ
"ਨਾਨਕ ਸਾ ਵੇਲੜੀ ਪਰਵਾਣੁ ਜਿਤੁ **ਮਿਲੰਦੜੋ** ਮਾ ਪਿਰੀ।"
— ਜੈਤ **੫**, ਵਾਰ ੧੫ਸ, **੫**, ੨ : ੨ (709)

ਮਿਲਦਿਆ — ਮਿਲਾਪ ਹੁੰਦਿਆਂ
"**ਮਿਲਦਿਆ** ਢਿਲ ਨ ਹੋਵਈ ਜੇ ਨੀਅਤਿ ਰਾਸਿ ਕਰੇ।"
— ਵਡ **੪**, ਵਾਰ ੨੦ਸ, **੧**, ੧ : ੨ (594)

ਹੋਰ ਰੂਪ — ਮਿਲਦੋ —
"ਭਣਿਤ ਨਾਨਕ ਸਤਿਗੁਰ ਕਉ **ਮਿਲਦੋ** ਮਰੈ ਗੁਰਕੈ ਸਬਦਿ ਫਿਰਿ ਜੀਵੈ ਕੋਇ।" (ਮਿਲ ਕੇ, ਮਿਲਿਆ)
— ਵਡ **੩**, ੧, ੪ : ੧ (558)

ਮਿਲਨ — ਮਿਲਾਪ, ਸੰਜੋਗ
"ਮਿਲੁ ਜਗਦੀਸ **ਮਿਲਨ** ਕੀ ਬਰੀਆ।"
— ਗਉ **੫**, ੭੨, ੧* : ੧ (176)

ਹੋਰ ਰੂਪ — ਮਿਲਨਿ —
"ਚਿਰੀ ਵਿਛੁੰਨੇ ਭੀ **ਮਿਲਨਿ** ਜੋ ਸਤਿਗੁਰੁ ਸੇਵੰਨਿ।" (ਮਿਲਦੇ ਹਨ)
— ਸੂਹੀ **੩**, ਅਸ ੩, ੩੨ : ੧ (756)

ਮਿਲੰਨਿ —
"ਜੇ ਸੋ ਧਣੀ **ਮਿਲੰਨਿ** ਨਾਨਕ ਸੁਖ ਸੰਬੂਹ ਸਚੁ।"
— ਗੂਜ **੫**, ਵਾਰ ੧੧ਸ, **੫**, ੧ : ੨ (520)

ਮਿਲਨੀ —
"ਜਿਨੀ ਗੁਰਮੁਖਿ ਨਾਮੁ ਨ ਚੇਤਿਓ ਸੇ ਬਹਹਿ ਨ **ਮਿਲਨੀ** ਪਾਸਿ।" (ਮਿਲਦਾ)
— ਸੋਰ **੪**, ਵਾਰ ੩ਸ, **੩**, ੧ : ੪ (643)

ਮਿਲਨੁ —
"ਸੇਜ ਏਕ ਪੈ **ਮਿਲਨੁ** ਦੁਹੇਰਾ।" (ਮਿਲਾਪ)
— ਆਸਾ **ਕਬ**, ੩੦, ੨ : ੨ (483)

ਮਿਲਨੇ —
"ਕਬੀਰ ਸਾਧੂ ਕਉ **ਮਿਲਨੇ** ਜਾਈਐ ਸਾਥਿ ਨ ਲੀਜੈ ਕੋਇ।" (ਮਿਲਣ ਲਈ)
— ਸਲੋ **ਕਬ**, ੧੧੬ : ੧ (1370)

ਮਿਲਨਿ੍ —
"ਮਹਲਾ ਅੰਦਰਿ ਹੋਦੀਆ ਹੁਣਿ ਬਹਿਣ ਨ **ਮਿਲਨਿ੍** ਹਦੂਰਿ।" (ਮਿਲਦਾ)
— ਆਸਾ **੧**, ਅਸ ੧੧, ੧ : ੩ (417)

ਮਿਲੰਨਿ੍ —
"ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ **ਮਿਲੰਨਿ੍**।"
— ਸਲੋ **ਫਰ**, ੧੧੯ : ੨ (1384)

ਮਿਲਬੇ — 1. ਮਿਲਣੇ ਨੂੰ
"ਪ੍ਰਭ **ਮਿਲਬੇ** ਕਉ ਪ੍ਰੀਤਿ ਮਨਿ ਲਾਗੀ।"
— ਗਉ **੫**, ੧੧੯, ੧* : ੧ (204)

"ਬਿਨੁ **ਮਿਲਬੇ** ਸਾਂਤਿ ਨ ਊਪਜੈ ਤਿਲੁ ਪਲੁ ਰਹਣੁ ਨ ਜਾਇ।" (ਮਿਲਣ ਦੇ)
— ਰਾਮ **੫**, ੫, ੨ਸ : ੧ (928)

2. ਮਿਲਾਪ
"ਬਿਨੁ **ਮਿਲਬੇ** ਇਹੁ ਦਿਨੁ ਨ ਬਿਹਾਵੈ।"
— ਆਸਾ **੫**, ੧੧, ੩ : ੫ (373)

ਮਿਲਾ — ਮਿਲਾਂ, ਮਿਲਾਪ ਕਰਾਂ, ਸੰਪਰਕ
"ਹਉ ਕਿਉ ਕਰਿ **ਮਿਲਾ** ਅਪਣੇ ਪ੍ਰੀਤਮ ਪੂਰੇ।"
— ਵਡ **੪**, ੧, ੨ : ੨ (561)

ਹੋਰ ਰੂਪ — ਮਿਲਾਂ —
"ਪ੍ਰਭੁ ਮੇਰਾ ਸਾਹਿਬੁ ਸਭ ਦੂ ਊਚਾ ਹੈ ਕਿਵ **ਮਿਲਾਂ** ਪ੍ਰੀਤਮ ਪਿਆਰੇ।"
— ਵਡ **੩**, ਅਲਾ ੩, ੨ : ੧ (584)

ਮਿਲਾਉ — 1. ਮਿਲੇ ਰਹੋ, ਜੁੜੇ ਰਹੋ
"ਸਾਚੋ ਸਾਚੁ ਕਮਾਵਣਾ ਸਾਚੈ ਸਬਦਿ **ਮਿਲਾਉ**।"
— ਸਿਰੀ **੩**, ੪੪, ੧* : ੨ (30)
2. ਮਿਲਾਪ
"ਨਾਨਕ ਨਦਰੀ ਪਾਈਐ ਗੁਰਮੁਖਿ ਮੇਲਿ **ਮਿਲਾਉ**।"— ਸਿਰੀ **੩**, ੪੫, ੪ : ੩ (31)
3. ਮੈਂ ਮਿਲਾਂ
"ਗੁਰਮਤਿ ਪਤਿ ਸਾਬਾਸਿ ਤਿਸੁ ਤਿਸ ਕੈ ਸੰਗਿ **ਮਿਲਾਉ**।"
— ਸਿਰੀ **੧**, ਅਸ ੮, ੨ : ੧ (58)

ਮਿਲਾਇ — 1. ਮਿਲਾ, ਮਿਲਾਪ ਕਰਵਾ ਲਿਆ
"ਨਾਨਕ ਸਚਾ ਪਾਤਿਸਾਹੁ ਆਪੇ ਲਏ **ਮਿਲਾਇ**।"
— ਸਿਰੀ **੧**, ੧੦, ੪ : ੩ (18)
"ਸਤਿਗੁਰ ਅਗੈ ਅਰਦਾਸਿ ਕਰਿ ਸਾਜਨੁ ਦੇਇ **ਮਿਲਾਇ**।" — ਸਿਰੀ **੧**, ਅਸ ੪, ੫ : ੧ (55)
2. ਰਲਾ ਲਿਆ
"ਆਪੇ ਰੰਗਣਿ ਰੰਗਿਓਨੁ ਸਬਦੇ ਲਇਓਨੁ **ਮਿਲਾਇ**।"
— ਸਿਰੀ **੩**, ੫੯, ੩ : ੨ (37)
"ਘਰਿ ਹੀ ਪਰਚਾ ਪਾਇਆ ਜੋਤੀ ਜੋਤਿ **ਮਿਲਾਇ**।"
— ਵਡ **੪**, ਵਾਰ ੪ਸ, **੩**, ੨ : ੬ (587)
"ਸੋ ਗੁਰੂ ਸੋ ਸਿਖੁ ਹੈ ਭਾਈ ਜਿਸੁ ਜੋਤੀ ਜੋਤਿ **ਮਿਲਾਇ**।" — ਸੋਰ **੩**, ੮, ੧ : ੨ (602)
3. ਮਿਲਾ ਦਿਓ
"ਸਤਿਗੁਰੁ ਪੁਰਖੁ **ਮਿਲਾਇ** ਅਵਗਣ ਵਿਕਣਾ ਗੁਣ ਰਵਾ ਬਲਿ ਰਾਮ ਜੀਉ।"
— ਸੂਹੀ **੪**, ਛੰਤ ੧, ੧ : ੧ (772)
"ਨਾਨਕ ਸੇ ਜਨ ਸੋਹਣੇ ਜਿ ਗੁਰਮੁਖਿ ਮੇਲਿ **ਮਿਲਾਇ**।" (ਮਿਲਾ ਦਿਤੇ)
— ਬਿਲਾ **੪**, ਵਾਰ ੨ਸ, **੩**, ੨ : ੫ (849)

ਮਿਲਾਇਓ — ਮਿਲਾਪ ਕਰਾਇਆ, ਭੇਟ ਕਰਵਾਈ
"ਕਹੁ ਨਾਨਕ ਭਰਮੁ ਗੁਰਿ ਖੋਈ ਹੈ ਇਵ ਤਤੈ ਤਤੁ **ਮਿਲਾਇਓ**।"
— ਗਉ **੫**, ੧੨੩*, ੪ : ੨ (205)
"ਦੀਨ ਦਇਆਲਿ **ਮਿਲਾਇਓ** ਗੁਰੁ ਸਾਧੂ ਗੁਰਿ ਮਿਲਿਐ ਹੀਰੁ ਪਰਾਖਾ।"
— ਜੈਤ **੪**, ੨, ੧* : ੨ (696)

ਹੋਰ ਰੂਪ — ਮਿਲਾਇਓਨੁ —
"ਸਤਿਗੁਰੁ ਜਿਨਾ **ਮਿਲਾਇਓਨੁ** ਪਿਆਰੇ ਸਾਚਾ ਨਾਮੁ ਸਮਾਲਿ।" (ਮਿਲਾ ਦਿੱਤਾ)
— ਸੋਰ **੫**, ਅਸ ੨, ੬ : ੪ (641)

ਮਿਲਾਇਅਉ —
"ਧਨੁ ਧੰਨੁ ਗੁਰੁ ਰਾਮਦਾਸ ਗੁਰੁ ਜਿਨਿ ਪਾਰਸੁ ਪਰਸਿ **ਮਿਲਾਇਅਉ**।" (ਮਿਲਾਇਆ)
— ਸਵ **੫**, ਕਲ ੫ : ੬ (1407)

ਮਿਲਾਇਅਨੁ —
"ਨਾਨਕ ਆਪਿ **ਮਿਲਾਇਅਨੁ** ਪੂਰੈ ਸਬਦਿ ਅਪਾਰ।" (ਮਿਲਾਇਆ ਹੈ)
— ਸਿਰੀ **੩**, ੪੯, ੪ : ੩ (32)

ਮਿਲਾਇਆ —
"ਤੁਧੁ ਆਪਿ ਵਿਛੋੜਿਆ ਆਪਿ **ਮਿਲਾਇਆ**।" (ਮਿਲਾਪ ਕਰਾਇਆ)
— ਆਸਾ **੪**, ਸੋਪੁ ੨, ੧ : ੪ (11)

ਮਿਲਾਇਸੀ —
"ਭੁਲਿਆ ਸਹਜਿ **ਮਿਲਾਇਸੀ** ਸਬਦਿ ਮਿਲਾਵਾ ਹੋਇ।" (ਮਿਲਾਵੇਗਾ)
— ਸਿਰੀ **੩**, ਅਸ ੨੩, ੨ : ੩ (68)

ਮਿਲਾਇਦਾ —
"ਆਪੇ ਮੇਲਿ **ਮਿਲਾਇਦਾ** ਫਿਰਿ ਵੇਛੋੜਾ ਨ ਹੋਇ।" (ਮਿਲਾਉਂਦਾ ਹੈ)
— ਸਿਰੀ **੩**, ੬੦, ੪ : ੩ (37)

ਮਿਲਾਈ — ਰਲਾਈ, ਸੰਗਮ ਕਰਵਾਇਆ
"ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਜੋਤੀ ਜੋਤਿ **ਮਿਲਾਈ**।" — ਸਿਰੀ **੩**, ੪੫, ੨ : ੩ (31)
"ਗੁਰ ਪਰਸਾਦੀ ਕਿਸੈ **ਮਿਲਾਈ**।" (ਮਿਲਾਪ ਕਰਵਾਇਆ)
— ਮਾਝ **੩**, ਅਸ ੨੩, ੩ : ੩ (123)

ਹੋਰ ਰੂਪ — ਮਿਲਾਈਆ —
"ਜੋ ਹਰਿ ਕੰਤਿ **ਮਿਲਾਈਆ** ਸਿ ਵਿਛੁੜਿ ਕਤਹਿ ਨ ਜਾਇ।" (ਮਿਲਾਈਆਂ ਹਨ)

— ਮਾਝ **੫**, ਬਾਰਾ ੮ : ੭ (135)

"ਮੈ ਦਸਿਹੁ ਮਾਰਗੁ ਸੰਤਹੋ ਕਿਉ ਪ੍ਰਭੂ **ਮਿਲਾਈਆ**।" (ਮਿਲ ਸਕਾਂ)

— ਮਾਰੂ **੫**, ਵਾਰ ੧੨ : ੪ (1098)

ਮਿਲਾਈਐ —

"ਜੋਤੀ ਜੋਤਿ **ਮਿਲਾਈਐ** ਸੁਰਤੀ ਸੁਰਤਿ ਸੰਜੋਗੁ।" (ਸੰਜੋਗ ਕਰਾਈਐ)

— ਸਿਰੀ **੧**, ੨੦, ੨ : ੧ (21)

"ਹਰਿ ਸਤਸੰਗਤਿ ਸਤ ਪੁਰਖੁ **ਮਿਲਾਈਐ**।" (ਮਿਲਾਓ) — ਮਾਝ **੪**, ੬, ੪ : ੩ (96)

ਮਿਲਾਏ —

"ਆਪੈ ਆਪੁ **ਮਿਲਾਏ** ਬੂਝੈ ਤਾ ਮਿਰਮਲੁ ਹੋਵੈ ਸੋਈ।" (ਮਿਲਾਵੈ, ਮਿਲਾਪ ਕਰਾਏ)

— ਸਿਰੀ **੩**, ੪੮, ੧ : ੨ (32)

ਮਿਲਾਸਾ — ਮਿਲਦੇ ਹਨ

"ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ ਤੇ ਸਭਿ ਅਪਨੈ ਸੁਆਇ **ਮਿਲਾਸਾ**।"

— ਗੋਂਡ **੪**, ੨, ੩ : ੧ (860)

ਹੋਰ ਰੂਪ — ਮਿਲਾਸਿ —

"ਮੈ ਅੰਤਰਿ ਪ੍ਰੇਮੁ ਪਿਰੰਮ ਕਾ ਕਿਉ ਸਜਣੁ ਮਿਲੈ **ਮਿਲਾਸਿ**।" (ਮਿਲੇ, ਮਿਲ ਪਵੇ)

— ਮਾਰੂ **੪**, ੪, ੧ : ੩ (996)

ਮਿਲਾਸੀ —

"ਜਾ ਕਉ ਹੋਹਿ ਕ੍ਰਿਪਾਲ ਸੁਜਨੁ ਪ੍ਰਭ ਤੁਮਹਿ **ਮਿਲਾਸੀ**।" (ਮਿਲਾਏਗਾ)

— ਸਮੁ **੫**, ੫ : ੪ (1386)

ਮਿਲਾਹ — ਮਿਲ ਪਵਾਂ, ਮੇਲ ਹੋ ਜਾਏ

"ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ **ਮਿਲਾਹ**।"

— ਸਿਰੀ **੫**, ਵਾਰ ੭ਸ, **੧**, ੨ : ੬ (815)

"ਆਵਹੁ ਸੰਤ **ਮਿਲਾਹ** ਹਰਿ ਕਥਾ ਕਹਾਣੀਆ।" (ਭਾਵ ਇਕੱਠੇ ਹੋਈਏ)

— ਆਸਾ **੫**, ੧੧੩, ੧* : ੧ (399)

ਹੋਰ ਰੂਪ — ਮਿਲਾਹਾ —

"ਅਉ ਸਖੀ ਹਰਿ ਮੇਲਿ **ਮਿਲਾਹਾ**।" (ਮਿਲੀਏ, ਜੁੜੀਏ) — ਜੈਤ **੪**, ੮, ੩ : ੧ (988)

ਮਿਲਾਹਿ —

"ਨਾਨਕ ਨਦਰੀ ਬਖਸਿ ਲੇਹਿ ਸਬਦੇ ਮੇਲਿ **ਮਿਲਾਹਿ**।" (ਮਿਲਾਵੈ)

— ਸੋਰ **੪**, ਵਾਰ ੭ਸ, **੩**, ੧ : ੪ (645)

ਮਿਲਾਹੀ —

"ਵਡਭਾਗੀ ਹਰਿ ਸੰਤ **ਮਿਲਾਹੀ**।" (ਮਿਲਾਂਦਾ ਹੈ) — ਗਉ **੫**, ੧੧੭*, ੩ : ੨ (203)

ਮਿਲਾਹੁ —

"ਆਪੇ ਆਪਿ ਦਇਆਲੁ ਹੈ ਪਿਆਰਾ ਜਨ ਨਾਨਕ ਬਖਸਿ **ਮਿਲਾਹੁ**।" (ਮਿਲ ਪੈਂਦਾ ਹੈ)

— ਸੋਰ **੪**, ੧, ੪ : ੩ (604)

ਮਿਲਾਤ — ਮਿਲਦਾ ਹੈ

"ਚਰਨ ਸਰਨ ਨਾਨਕ ਪ੍ਰਭ ਤੇਰੀ ਕਰਿ ਕਿਰਪਾ ਸੰਤਸੰਗਿ **ਮਿਲਾਤ**।"

— ਬਿਲਾ **੫**, ੮੪, ੨ : ੨ (821)

ਹੋਰ ਰੂਪ — ਮਿਲਾਤਾ —

"ਰਾਮ ਨਾਮੁ ਦੇਵੈ ਕਰਿ ਕਿਰਪਾ ਇਉ ਸਲਲੈ ਸਲਲ **ਮਿਲਾਤਾ** ਹੇ।" (ਮਿਲ ਜਾਂਦਾ ਹੈ)

— ਮਾਰੂ **੧**, ਸੋਲਾ ੧੧, ੧੨ : ੩ (1032)

ਮਿਲਾਤਿ —

"ਤੇ ਹਰਿ ਕੇ ਜਨ ਹਰਿ ਸਿਉ ਰਲਿ ਮਿਲੇ ਜੈਸੇ ਜਨ ਨਾਨਕ ਸਲਲੈ ਸਲਲ **ਮਿਲਾਤਿ**।" (ਮਿਲ ਜਾਂਦਾ ਹੈ) — ਸਾਰ **੪**, ੮, ੨ : ੨ (1201)

ਮਿਲਾਨਾ — ਮੇਲ ਹੋਣਾ/ਕਰਨਾ ਮਿਲ ਲੈਣਾ

"ਸੰਗਿ ਜੋਤੀ ਜੋਤਿ **ਮਿਲਾਨਾ** ਰਾਮ।"

— ਵਡ **੫**, ਛੰਤ ੨, ੪ : ੨ (578)

"ਹਰਿ ਹਰਿ ਕ੍ਰਿਪਾ ਧਾਰੀ ਮੇਰੈ ਠਾਕੁਰਿ ਜਨੁ ਬਿਛੁਰਿਆ ਚਿਰੀ **ਮਿਲਾਨਾ**।"

— ਜੈਤ **੪**, ੩, ੪ : ੧ (697)

ਮਿਲਾਪੁ — ਮੇਲ

"ਲਖ ਸਿਆਣਪ ਜੇ ਕਰੀ ਲਖ ਸਿਉ ਪ੍ਰੀਤਿ **ਮਿਲਾਪੁ**।" — ਸਿਰੀ **੧**, ੧੭, ੩ : ੧ (20)

ਮਿਲਾਯਉ — ਮਿਲਾ ਦਿੱਤਾ

"ਜਿਹ ਸਿਖਹ ਸੰਗ੍ਰਹਿਓ ਤਤੁ ਹਰਿ ਚਰਣ **ਮਿਲਾਯਉ**।" — ਸਵ **੩**, ੧੬ : ੪ (1395)

"ਹੁਤੀ ਜੁ ਪਿਆਸ ਪਿਊਸ ਪਿਵੰਨ ਕੀ ਬੰਛਤ ਸਿਧਿ ਕਉ ਬਿਧਿ **ਮਿਲਾਯਉ**।" (ਭਾਵ ਬਣਾ ਦਿੱਤੀ) — ਸਵ **੪**, ਨਲ ੧੦ : ੨ (1400)

ਮਿਲਾਵਉ — ਰਲਾ/ਮਿਲਾ ਦਿਉ

"ਉਲਟੀ ਗੰਗਾ ਜਮੁਨ **ਮਿਲਾਵਉ**।"
— ਗਉ **ਕਬ**, ੧੮, ੩ : ੧ (327)

ਮਿਲਾਵਏ — ਮਿਲਾ ਦੇਵੇ
"ਕੋ ਆਣਿ ਮਿਲਾਵੈ ਅਜੁ ਮੈ ਪਿਰੁ ਮੇਲਿ **ਮਿਲਾਵਏ**।"
— ਸਲੋ **੪**, ੫ : ੨ (1427)

ਮਿਲਾਵਹਿ — 1. ਮਿਲ+ਆਵੈ, ਮਿਲਣ ਆਉਂਦੇ ਹਨ
"ਸਾਧੁ ਸਾਧੁ ਮੁਖ ਤੇ ਕਹਹਿ ਸੁਣਿ ਦਾਸ **ਮਿਲਾਵਹਿ**।"— ਬਿਲਾ **੫**, ੭੭, ੧ : ੨ (818)
2. ਮਿਲਾ ਦੇਂਦਾ ਹੈ, ਮਿਲਾਪ ਕਰਾ ਦੇਂਦਾ ਹੈ
"ਸਤਿਗੁਰੂ **ਮਿਲਾਵਹਿ** ਕਰਹਿ ਸਾਰ।"
— ਬਸੰ **੧**, ੫, ੩ : ੨ (1169)

ਹੋਰ ਰੂਪ — ਮਿਲਾਵਹੀ —
"ਆਪੇ ਮੇਲਿ **ਮਿਲਾਵਹੀ** ਸਾਚੈ ਮਹਲਿ ਹਦੂਰਿ।" (ਮਿਲਾਉਂਦਾ ਹੈ)
— ਸਿਰੀ **੧**, ੧੯, ੨ : ੩ (20)

ਮਿਲਾਵਹੁ —
"ਹਰਿ ਪ੍ਰਭ ਆਨਿ **ਮਿਲਾਵਹੁ** ਗੁਰੁ ਸਾਧੂ ਘਾਸਿ ਗਰੁੜੁ ਸਬਦੁ ਮੁਖਿ ਲੀਠਾ।" (ਮਿਲਾਪ ਕਰਾ ਦਿਓ, ਮੇਲੋ)
— ਗਉ **੪**, ੬੧, ੪ : ੨ (171)

ਮਿਲਾਵਣਹਾਰ — ਮਿਲਾਪ ਕਰਵਾਉਣ ਵਾਲਾ, ਮਿਲਾ ਦੇਣ ਵਾਲਾ
"ਨਾਨਕ ਆਪਿ **ਮਿਲਾਵਣਹਾਰ**।"
— ਗਉ **੫**, ਸੁਖ ੧੧, ੫ : ੧੦ (277)

ਹੋਰ ਰੂਪ — ਮਿਲਾਵਣਹਾਰਾ —
"ਜੋਤੀ ਜੋਤਿ **ਮਿਲਾਵਣਹਾਰਾ**।" (ਮਿਲਾਪ ਕਰਾ ਦੇਣ ਦੇ ਸਮਰਥ)
— ਆਸਾ **੧**, ਅਸ ੧, ੫ : ੪ (411)

ਮਿਲਾਵਣਹਾਰੀਆ —
"ਗੁਰਮੁਖੀਆ ਹਰਿ ਮੇਲੁ **ਮਿਲਾਵਣਹਾਰੀਆ**।"
— ਸੋਰ **੪**, ਵਾਰ ੮ : ੪ (645)

ਮਿਲਾਵਣਹਾਰੁ —
"ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ **ਮਿਲਾਵਣਹਾਰੁ**।"
— ਸਿਰੀ **੩**, ਅਸ ੨੩, ੯ : ੨ (68)

ਮਿਲਾਵਣਿਆ — ਮੇਲ ਹੁੰਦਾ ਹੈ, ਮਿਲਾਉਂਦਾ ਹੈ
"ਜਿਨ ਸਤਿਗੁਰੁ ਮਿਲਿਆ ਸੇ ਵਡਭਾਗੀ ਪੂਰੈ ਕਰਮਿ **ਮਿਲਾਵਣਿਆ**।"
— ਮਾਝ **੩**, ਅਸ ੩, ੩ : ੩ (110)
"ਨਾਨਕ ਨਾਮੁ ਮਿਲੈ ਵਡਿਆਈ ਆਪੇ ਮੇਲਿ **ਮਿਲਾਵਣਿਆ**।" (ਮਿਲਾਉਂਦਾ ਹੈ)
— ਮਾਝ **੩**, ਅਸ ੩, ੮ : ੩ (111)

ਮਿਲਾਵੜਾ — ਮੇਲ, ਮਿਲਾਪ, ਭੇਂਟ
"ਸਹਜੇ ਸਾਚਿ **ਮਿਲਾਵੜਾ** ਸਾਚੁ ਵਡਾਈ ਦੇਇ।"
— ਸਿਰੀ **੩**, ੪੭, ੧ : ੩ (31)

ਮਿਲਾਵਾ — 1. ਮਿਲਾਪ, ਮੇਲ
"ਸਤਗੁਰੁ ਸਚੁ ਪ੍ਰਭੁ ਨਿਰਮਲਾ ਸਬਦਿ **ਮਿਲਾਵਾ** ਹੋਇ।" — ਸਿਰੀ **੩**, ੩੬, ੧* : ੨ (27)
"ਨਾਨਕੁ ਕਹੈ ਸਿਆਣੀਏ ਇਉ ਕੰਤ **ਮਿਲਾਵਾ** ਹੋਇ।"
— ਸੂਹੀ **੩**, ਵਾਰ ੨੦ਸ, **੨**, ੨ : ੨ (792)
2. ਰਲਵਾ, ਮਿਲਣਾ
"ਬਾਬਾ ਬਿੰਦਹਿ ਬਿੰਦ **ਮਿਲਾਵਾ**।"
— ਗਉ **ਕਬ**, ਬਾਅ ੨੯ : ੧ (341)
"ਭਭਾ ਭੇਦਹਿ ਭੇਦ **ਮਿਲਾਵਾ**।" (ਮਿਲਾ ਦਿੱਤਾ, ਰਲਾ ਦਿੱਤਾ)
— ਗਉ **ਕਬ**, ਬਾਅ ੩੦ : ੧ (342)

ਮਿਲਾਵੇ — ਮਿਲਾਏ
"ਪਾਵ **ਮਿਲਾਵੇ** ਕੋਲਿ ਕਵਲਜਿਵੈ ਬਿਗਸਾਵਦੋ।" (ਛੁਹਾਏ)
— ਮਾਰੂ **੫**, ਵਾਰ ੧੩ਸ, **੫**, ੨ : ੨ (1098)

ਹੋਰ ਰੂਪ — ਮਿਲਾਵੈ —
"ਸਤਿਗੁਰੁ ਦਾਤਾ ਹਰਿ ਨਾਮ ਕਾ ਪ੍ਰਭੁ ਆਪਿ **ਮਿਲਾਵੈ** ਸੋਇ।" (ਮੇਲਾਪ ਕਰਾਏ, ਮੇਲੇ)
— ਸਿਰੀ **੪**, ੬੫, ੨ : ੧ (39)
"ਤਿਸ ਕਉ ਵਾਹੁ ਵਾਹੁ ਜਿ ਮੇਲਿ **ਮਿਲਾਵੈ**।" (ਕਰਾਏ)
— ਗਉ **੧**, ਅਸ ੧੨, ੬ : ੩ (226)

ਮਿਲਿ — 1. ਮਿਲ ਕੇ, ਸੰਪਰਕ ਵਿਚ ਆ ਕੇ
"ਸਭਿ ਸੁਰਤੀ **ਮਿਲਿ** ਸੁਰਤਿ ਕਮਾਈ।"
— ਆਸਾ **੧**, ਸੋਦ ੨, ੨ : ੧ (9)
"ਮਨ ਪਿਆਰਿਆ ਜੀਉ ਮਿਤ੍ਰਾ ਹਰਿ ਜਲ **ਮਿਲਿ** ਜੀਵੇ ਮੀਨਾ।"

— ਸਿਰੀ **੫**, ਛੰਤ ੨, ੫ : ੨ (80)

2. ਰਲ ਕੇ, ਇਕਠੇ ਹੋ ਕੇ

"ਸੰਬਤਿ ਸਾਹਾ ਲਿਖਿਆ **ਮਿਲਿ** ਕਰਿ ਪਾਵਹੁ ਤੇਲੁ।" — ਗਉ **੧**, ਸੋਹ ੧, ੩ : ੧ (12)

"**ਮਿਲਿ** ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀ ਆਹ।" (ਇਕਠੀਆਂ ਹੋਕੇ)

— ਸਿਰੀ **੧**, ੧੦, ੧ : ੨ (17)

"ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ **ਮਿਲਿ** ਬਾਤ ਨ ਕਰਤੇ ਭਾਈ।"

— ਗਉ **੫**, ੧੨੨*, ੨ : ੧ (205)

3. ਸਮੋ ਕੇ, ਰਲ ਕੇ

"ਆਪ ਗਇਆ ਸੁਖੁ ਪਾਇਆ **ਮਿਲਿ** ਸਲਲੈ ਸਲਲ ਸਮਾਇ।"

— ਸਿਰੀ **੧**, ੨੨, ੨ : ੨ (22)

4. ਮਿਲੀ

"ਸਹਜ ਕਲਾਲਨਿ ਜਉ **ਮਿਲਿ** ਆਈ।"

— ਗਉ **ਕਬ**, ੨੨, ੨ : ੧ (328)

ਮਿਲਿਓ — ਮਿਲਿਆ, ਲਭਾ, ਪ੍ਰਾਪਤ ਹੋਇਆ

"ਭੇਤੁ ਚੇਤੁ ਹਰਿ ਕਿਸੈ ਨ **ਮਿਲਿਓ** ਜਾ ਜਮਿ ਪਕੜਿ ਚਲਾਇਆ।"

— ਸਿਰੀ **੧**, ਪਹ ੧, ੪ : ੩ (75)

"ਸਹਜਿ **ਮਿਲਿਓ** ਪਾਰਬ੍ਰਹਮੁ ਨਿਸੰਗੁ।" (ਮਿਲ ਪਿਆ) — ਗਉ **੫**, ੩, ੪ : ੪ (236)

"ਐਸੋ ਅਮਰੁ **ਮਿਲਿਓ** ਭਗਤਨ ਕਉ ਰਾਚਿ ਰਹੇ ਰੰਗਿ ਗਿਆਨੀ।"

— ਟੋਡੀ **੫**, ੧, ੧ : ੨ (711)

ਮਿਲਿਓਹਿ — ਮਿਲਿਆ ਹੈ

"ਜੋ ਤਉ ਕੀਨੇ ਆਪਣੇ ਤਿਨਾ ਕੂੰ **ਮਿਲਿਓਹਿ**।"

— ਸਿਰੀ **੫**, ਛੰਤ ੩, ੪ਡ : ੧ (81)

ਮਿਲਿਅਉ — ਮਿਲਿਆ

"ਅਨਿਕ ਭੇਖ ਅਰੁ ਙਿਆਨ ਧਿਆਨ ਮਨਹਠਿ **ਮਿਲਿਅਉ** ਨ ਕੋਇ।"

— ਗਉ **੫**, ਬਾਅ ਪਸ : ੧ (251)

ਮਿਲਿਆ — 1. ਪ੍ਰਾਪਤ ਹੋਇਆ

"ਸਚੁ **ਮਿਲਿਆ** ਤਿਨ ਸੋਫੀਆ ਰਾਖਣ ਕਉ ਦਰਵਾਰੁ।" — ਸਿਰੀ **੧**, ੫, ੧ : ੩ (15)

"ਜਿਨੀ ਸਤਿਗੁਰੁ ਸੇਵਿਆ ਤਿਨ ਅਗੈ **ਮਿਲਿਆ** ਥਾਉ।" — ਸਿਰੀ **੫**, ੭੫, ੧ : ੪ (43)

2. ਸੰਪਰਕ ਵਿਚ ਆਇਆ, ਮਿਲ ਪਿਆ

"ਜਿਨ ਕਉ ਪੂਰਬਿ ਲਿਖਿਆ ਤਿਨ ਸਤਗੁਰੁ **ਮਿਲਿਆ** ਆਇ।"

— ਸਿਰੀ **੩**, ੩੯, ੪ : ੪ (27)

"ਧੰਨੁ ਸੁ ਵੇਲਾ ਜਿਤੁ ਮੈ ਸਤਿਗੁਰੁ **ਮਿਲਿਆ**।" (ਭਾਵ ਦਰਸ਼ਨ ਹੋਏ)

— ਮਾਝ **੫**, ੧੭, ੧ : ੧ (99)

"ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ **ਮਿਲਿਆ** ਭੇਤੁ।" (ਭਾਵ ਪ੍ਰਾਪਤ ਹੋ ਗਿਆ, ਲਭਾ)

— ਸਿਰੀ **੧**, ਪਹ ੧, ੪ : ੨ (75)

"ਪੋਖਿ ਤੁਖਾਰੁ ਨ ਵਿਆਪਈ ਕੰਠਿ **ਮਿਲਿਆ** ਹਰਿ ਨਾਹੁ।" (ਮਿਲ ਪਿਆ)

— ਮਾਝ **੫**, ਬਾਰਾ ੧੧ : ੧ (135)

3. ਰਲ ਗਿਆ, ਸੰਜੁਗਤ ਹੋ ਗਿਆ

"ਨਾਨਕ ਤਤੁ ਤਤ ਸਿਉ **ਮਿਲਿਆ** ਪੁਨਰਪਿ ਜਨਮਿ ਨ ਆਹੀ।"

— ਗਉ **੩**, ੩੫, ੪ : ੨ (162)

4. ਮਿਲਣ ਨਾਲ, ਮਿਲਿਆ

"ਜਿਨ **ਮਿਲਿਆ** ਦੁਖ ਜਾਹਿ ਹਮਾਰੇ।"

— ਗਉ **੪**, ੪੧, ੧* : ੨ (164)

"ਜਿਨ **ਮਿਲਿਆ** ਆਤਮ ਪਰਗਾਸੁ।"

— ਗਉ **੫**, ੧੭੦, ੧ : ੨ (200)

ਹੋਰ ਰੂਪ — ਮਿਲਿਆਂ —

"ਹਰਿ ਜਨ ਕਉ **ਮਿਲਿਆਂ** ਸੁਖੁ ਪਾਈਐ ਸਭ ਦੁਰਮਤਿ ਮੈਲੁ ਹਰੈ।" (ਮਿਲਣ ਨਾਲ)

— ਮਲਾ **੪**, ੩, ੨ : ੨ (1263)

ਮਿਲਿਐ —

"ਸਾਜਨ **ਮਿਲਿਐ** ਸੁਖੁ ਪਾਇਆ ਜਮਦੂਤ ਮੁਏ ਬਿਖੁ ਖਾਇ।" (ਮਿਲਣ ਤੇ)

— ਸਿਰੀ **੧**, ਅਸ ੪, ੫ : ੨ (55)

ਮਿਲਿਬੋ — ਮਿਲੇਗਾ

"ਤਿਨ ਕਉ **ਮਿਲਿਬੋ** ਸਾਰਿੰਗ ਪਾਨੀ।"

— ਗੋਂਡ **ਕਬ**, ੧੧, ੧ : ੪ (873)

ਮਿਲੀ — 1. ਸੰਜੁਗਤ ਹੋਈ, ਮਿਲਾਪ ਵਿਚ ਆਈ

"ਸਬਦਿ **ਮਿਲੀ** ਨ ਵੀਛੁੜੈ ਪਿਰ ਕੈ ਅੰਕਿ ਸਮਾਇ।"

— ਸਿਰੀ **੩**, ਅਸ ੨੧, ੨ : ੩ (66)

ਹੋਰ ਰੂਪ — ਮਿਲੀਆ —
"**ਮਿਲੀਆ** ਆਇ ਸੰਜੋਗਿ ਜਾਂ ਤਿਸੁ ਭਾਵੀਆ।"
— ਰਾਮ **੫**, ਵਾਰ ੧੫ : ੮ (964)
2. ਰਲੀ, ਮਿਲ ਗਈ, ਵਿਚ ਸਮਾਈ, ਸਮਾ ਗਈ
"ਜੋਤੀ ਜੋਤਿ **ਮਿਲੀ** ਸੁਖੁ ਪਾਇਆ ਜਨ ਨਾਨਕ ਇਕੁ ਪਸਾਰਿਆ ਜੀਉ।"
— ਮਾਝ **੫**, ੧੦, ੪ : ੩ (97)
ਹੋਰ ਰੂਪ — ਮਿਲੀਆ —
"ਹਰਿ ਤੁਠੈ ਢੂਲਿ ਢੂਲਿ **ਮਿਲੀਆ** ਜੀਉ।"
— ਗਉ **੪**, ੬੬, ੧ : ੪ (173)
3. ਪ੍ਰਾਪਤ ਹੋਈ
"ਨਾਨਕ ਭਗਤ **ਮਿਲੀ** ਵਡਿਆਈ।"
— ਆਸਾ **੫**, ੨੪, ੪ : ੨ (377)
"ਅਬ ਮਸਲਤਿ ਮੋਹਿ **ਮਿਲੀ** ਹਦੂਰਿ।"
(ਦਰਗਾਹ ਤੋਂ ਸਲਾਹ ਪ੍ਰਾਪਤ ਹੋਈ)
— ਆਸਾ **੫**, ੫੩, ੧ : ੨ (384)

ਮਿਲੀਆਸੁ — ਮਿਲ ਸਕੀ
"ਧਨ ਕੂ ਕੇਂਦੀ ਗੋਰ ਮੇਂ ਤੈ ਸਹ ਨਾ **ਮਿਲੀਆਸੁ**।"
— ਸਲੋ **ਫਰ**, ੫੪ : ੨ (1380)

ਮਿਲੀਐ — 1. ਮਿਲੀਦਾ ਹੈ, ਮਿਲ ਸਕੀਦਾ ਹੈ
"ਜੇ ਲੋੜਹਿ ਵਰੁ ਕਾਮਣੀ ਨਹ **ਮਿਲੀਐ** ਪਿਰ ਕੂਰਿ।" — ਸਿਰੀ **੧**, ੯, ੧ : ੨ (17)
"ਹੁਣਿ ਕਦਿ **ਮਿਲੀਐ** ਪ੍ਰਿਅ ਤੁਧੁ ਭਗਵੰਤਾ।"
(ਮਿਲੀਏ, ਭੇਂਟ ਕਰੀਏ)
— ਮਾਝ **੫**, ੮, ੩ : ੨ (97)
2. ਮਿਲਓ
"ਮੋ ਕਉ ਧਾਰਿ ਕ੍ਰਿਪਾ **ਮਿਲੀਐ** ਗੁਰ ਦਾਤੇ ਹਰਿ ਨਾਨਕ ਭਗਤਿ ਉਮਾਹਾ।"
— ਜੈਤ **੪**, ੮, ੪ : ੩ (699)

ਮਿਲੀਹੈ — ਮਿਲਦਾ ਹੈ, ਰਲ ਜਾਂਦਾ ਹੈ
"ਜਿਉ ਪ੍ਰਤਿਬਿੰਬੁ ਬਿੰਬ ਕਉ **ਮਿਲੀਹੈ** ਉਦਕ ਕੁੰਭੁ ਬਿਗਰਾਨਾ।" — ਆਸਾ **ਕਬ**, ੧, ੪ : ੧ (475)

ਮਿਲੀਜੈ — 1. ਮਿਲੀਏ
"ਪ੍ਰਭ ਸੰਗਿ **ਮਿਲੀਜੈ** ਇਹੁ ਮਨੁ ਦੀਜੈ।"
— ਆਸਾ **੫**, ੧੫੦, ੨ : ੧ (408)
2. ਮਿਲ ਪਵੇ
"ਹਰਿ ਕਾ ਭਾਣਾ ਤਿਨੀ ਮੰਨਿਆ ਜਿਨਾ ਗੁਰੂ **ਮਿਲੀਜੈ**।"— ਗੂਜ **੩**, ਵਾਰ ੧੬ : ੫ (515)
3. ਮਿਲਣਯੋਗ
"ਮੇਰਾ ਠਾਕੁਰੁ ਵਡਾ ਵਡਾ ਹੈ ਸੁਆਮੀ ਹਮ ਕਿਉ ਕਰਿ ਮਿਲਹ **ਮਿਲੀਜੈ**।"
— ਕਲਿ **੪**, ਅਸ ੨, ੮ : ੧ (1324)

ਮਿਲੀਤਾ — ਮਿਲਾ ਦਿੱਤਾ
"ਸਬਦੇ ਹਉਮੈ ਖੋਈਐ ਹਰਿ ਮੇਲਿ **ਮਿਲੀਤਾ**।"
— ਗੂਜ **੩**, ਵਾਰ ੪ : ੪ (510)

ਮਿਲੁ — ਰਲੋ ਮਿਲੋ
"**ਮਿਲੁ** ਸਾਧਸੰਗਤਿ ਭਜੁ ਕੇਵਲ ਨਾਮ।"
— ਆਸਾ **੫**, ਸੋਪੁ ੪, ੧ : ੪ (12)
"ਸੁਣਿ ਮਨ ਮਿਤ੍ਰ ਪਿਆਰਿਆ **ਮਿਲੁ** ਵੇਲਾ ਹੈ ਏਹ।" — ਸਿਰੀ **੧**, ੧੭, ੧ : ੧ (20)

ਮਿਲੇ — 1. ਰਲਦੇ/ਮਿਲਾਪ ਕਰਦੇ/ਮਿਲ ਜਾਂਦੇ ਹਨ
"ਮੇਰੇ ਮਾਧਉ ਜੀ ਸਤਸੰਗਤਿ **ਮਿਲੇ** ਸੁ ਤਰਿਆ।"
— ਗੂਜ **੫**, ੫, ੧* : ੧ (10)
2. ਮਿਲਦੀ ਭਾਵ ਪ੍ਰਾਪਤ ਹੁੰਦੀ ਹੈ
"ਸਹਜਿ ਸੁਭਾਇ **ਮਿਲੇ** ਸਾਬਾਸਿ।"
— ਗਉ **੧**, ੧੧, ੨ : ੨ (154)
"ਸਭਿ ਅਰਥਾ ਸਭਿ ਧਰਮ **ਮਿਲੇ** ਮੇਨਚਿਦਿਆ ਸੋ ਫਲੁ ਪਾਇਆ ਰਾਮ।"
— ਆਸਾ **੪**, ਛੰਤ ੯, ੬ : ੨ (443)
3. ਮਿਲਿਆ, ਮਿਲਣ ਨਾਲ
"ਹਰਖ ਜੋਗ ਹਾਨਿ ਮਿਰਤੁ ਦੂਖ ਸੁਖ ਚਿਤਿ ਸਮਸਰਿ ਗੁਰ **ਮਿਲੇ**।"
— ਗਉ **੫**, ੧੫੯*, ੧* : ੨ (214)

ਮਿਲੇਇ — ਮਿਲਦਾ ਹੈ
"ਨਾਨਕ ਤੇ ਜਨ ਨਾਮਿ **ਮਿਲੇਇ**।"
— ਗਉ **੫**, ਸੁਖ ੧੧, ੩ : ੧੦ (277)

ਮਿਲੈ — 1. ਮਿਲਦੀ ਹੈ
"ਹੁਕਮੀ ਹੋਵਨਿ ਜੀਅ ਹੁਕਮਿ **ਮਿਲੈ** ਵਡਿਆਈ।"
— ਜਪੁ **੧**, ੨ : ੨ (1)
"ਨਾਨਕ ਪੂਰਾ ਜੇ **ਮਿਲੈ** ਕਿਉ ਘਾਟੈ ਗੁਣ ਤਾਸ।"
(ਮਿਲ ਪਵੇ) — ਸਿਰੀ **੧**, ੯, ੪ : ੩ (17)
2. ਪ੍ਰਾਪਤ ਹੁੰਦਾ/ਲਭਦਾ ਹੈ
"ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ **ਮਿਲੈ** ਲਈ।" — ਜਪੁ **੧**, ੬ : ੨ (2)

3. ਰਲਣਾ, ਮਿਲਣਾ
"ਧਾਤੁ **ਮਿਲੈ** ਫੁਨਿ ਧਾਤੁ ਕਉ ਸਿਫਤੀ ਸਿਫਤਿ ਸਮਾਇ।" — ਸਿਰੀ **੧**, ੧੨, ੧ : ੧ (18)
4. ਜੁੜਦੇ, ਮੇਲ ਪ੍ਰਾਪਤ ਕਰਦੇ
"ਸਬਦਿ **ਮਿਲੈ** ਸੋ ਮਿਲਿ ਰਹੈ ਜਿਸ ਨਉ ਆਪੇ ਲਏ ਮਿਲਾਇ।"
— ਸਿਰੀ **੩**, ੩੬, ੨ : ੧ (27)
3. ਮਿਲਦਾ ਭਾਵ ਹੁੰਦਾ
"ਅਉਗੁਣ ਵੰਤੀ ਗੁਣੁ ਕੋ ਨਹੀ ਬਹਣਿ ਨ **ਮਿਲੈ** ਹਦੂਰਿ।" — ਸਿਰੀ **੩**, ੫੯, ੨ : ੧ (37)

ਮਿਲੈਗਾ — ਸੰਜੋਗ ਹੋਏਗਾ, ਸੰਪਰਕ ਵਿਚ ਆਵੇਗਾ
"**ਮਿਲੈਗਾ** ਪ੍ਰੀਤਮੁ ਤਬ ਕਰਉਗੀ ਸੀਗਾਰੋ।"
— ਆਸਾ **੫**, ੩੪, ੨ : ੨ (359)
ਹੋਰ ਰੂਪ — ਮਿਲੈਗੋ —
"ਕੋਈ ਆਇ **ਮਿਲੈਗੋ** ਗਾਹਕੀ ਲੇਗੋ ਮਹਗੇ ਮੋਲਿ।" (ਮਿਲੇਗਾ)
— ਸਲੋ **ਕਬ**, ੨੨੫ : ੨ (1376)

ਮਿਲੋ — ਮਿਲ ਗਿਆ
"ਕਹੁ ਨਾਨਕ ਕੁੰਭੁ ਜਲੈ ਮਹਿ ਡਾਰਿਓ ਅੰਭੈ ਅੰਭ **ਮਿਲੋ**।" — ਸਾਰ **੫**, ੩, ੪ : ੨ (1203)

ਮਿਲੋਗਨੀ — ਮਿਲ ਜਾਂਦਾ ਹੈ
"ਕਹੁ ਨਾਨਕ ਹਮ ਤੁਮ ਗੁਰਿ ਖੋਈ ਹੈ ਅੰਭੈ ਅੰਭੁ **ਮਿਲੋਗਨੀ**।" — ਰਾਮ **੫**, ੩, ੪ : ੨ (883)

ਮਿਲ੍ਯਿਉ — ਮਿਲ ਗਿਆ
"ਗੁਰੁ **ਮਿਲ੍ਯਿਉ** ਸੋਇ ਭਿਖਾ ਕਹੈ ਸਹਜ ਰੰਗਿ ਦਰਸਨੁ ਦੀਅਉ।"
— ਸਵ **੩**, ੧੯ : ੬ (1395)

ਮਿਲ੍ਯੋ — ਮਿਲਿਆ, ਰਲਿਆ
"ਕੁਲ ਜਨ ਮਧੇ **ਮਿਲ੍ਯੋ** ਸਾਰਗ ਪਾਨ ਰੇ।"
— ਧਨਾ **ਤ੍ਰਿਲੋ**, ੧, ੧ : ੨ (695)

ਮੀਆ — 1. ਪਤੀ, ਖਾਵੰਦ
"ਕੂੜੁ **ਮੀਆ** ਕੂੜੁ ਬੀਬੀ ਖਪਿ ਹੋਏ ਖਾਰੁ।"
— ਆਸਾ **੧**, ਵਾਰ ੧੦ਸ, **੧**, ੧ : ੫ (468)
2. ਸਰਦਾਰ, ਚੌਧਰੀ
"ਤੂ ਸੁਲਤਾਨੁ ਕਹਾ ਹਉ **ਮੀਆ** ਤੇਰੀ ਕਵਨ ਵਡਾਈ।" — ਬਿਲਾ **੧**, ੧, ੧ : ੧ (795)
3. ਪਿਤਾ
"ਘਰਿ ਘਰਿ **ਮੀਆ** ਸਭਨਾਂ ਜੀਆਂ ਬੋਲੀ ਅਵਰ ਤੁਮਾਰੀ।"
— ਬਸੰ **੧**, ਅਸ ੮, ੬ : ੨ (1191)

ਮੀਹ — ਮੀਂਹ, ਬਾਰਸ਼
"ਕਾਲਾ ਗੰਢੁ ਨਦੀਆ **ਮੀਹ** ਝੋਲ।"
— ਮਾਝ **੧**, ਵਾਰ ੧੨ਸ, **੧**, ੨ : ੭ (143)

ਮੀਹਾਹੁ — ਮੀਂਹ ਤੋਂ
"ਖਾਲੀ ਚਲੇ ਧਣੀ ਸਿਉ ਟਿਬੇ ਜਿਉ **ਮੀਹਾਹੁ**।"
— ਸਲੋ **ਫਰ**, ੧੦੫ : ੨ (1383)

ਮੀਹਿ — ਮੀਂਹ ਨਾਲ, ਬਾਰਸ਼ ਨਾਲ
"ਮਾਰੂ **ਮੀਹਿ** ਨ ਤ੍ਰਿਪਤਿਆ ਅਗੀ ਲਹੈ ਨ ਭੁਖ।"
— ਮਾਝ **੧**, ਵਾਰ ੨੩ਸ, **੧**, ੧ : ੧ (148)
ਹੋਰ ਰੂਪ — ਮੀਹੁ —
"**ਮੀਹੁ** ਪਇਆ ਪਰਮੇਸਰਿ ਪਾਇਆ।"
(ਬਾਰਸ਼) — ਮਾਝ **੫**, ੩੯, ੧ : ੧ (105)

ਮੀਕ — ਇਕ
"ਜਨ ਨਾਨਕ ਕਉ ਹਰਿ ਕਿਰਪਾ ਧਾਰੀ ਗੁਰ ਬਚਨ ਧਿਆਇਓ ਘਰੀ **ਮੀਕ**।"
— ਪ੍ਰਭਾ **੫**, ੩, ੪ : ੨ (1336)

ਮੀਕਾ — ਬਰਾਬਰ, ਤੁਲ
"ਹੀਰਾ ਲਾਲੁ ਅਮੋਲਕੁ ਹੈ ਭਾਰੀ ਬਿਨੁ ਗਾਹਕ **ਮੀਕਾ** ਕਾਖਾ।" (ਕਖ ਦੇ ਬਰਾਬਰ)
— ਜੈਤ **੪**, ੨, ੧ : ੧ (696)

ਮੀਕੇ — ਇਕਮਿਕ ਹੋ ਗਏ, ਮਿਲ ਗਏ
"ਨਾਨਕ ਜਲੁ ਜਲਹਿ ਸਮਾਇਆ ਜੋਤੀ ਜੋਤਿ **ਮੀਕੇ** ਰਾਮ।" — ਬਿਲਾ **੫**, ਛੰਤ ੫, ੪ : ੪ (848)

ਮੀਚ — ਮੌਤ
"ਜਨ ਕਾ ਰਾਖਾ ਆਪਿ ਸੁਆਮੀ ਬੇਮੁਖ ਕਉ ਆਇ ਪਹੂਚੀ **ਮੀਚ**।"
— ਸਾਰ **੫**, ੧੦੬, ੧* : ੨ (1224)
ਹੋਰ ਰੂਪ — ਮੀਚੁ —
"ਨਰਕ ਸੁਰਗ ਭ੍ਰਮਤਉ ਘਣੋ ਸਦਾ ਸੰਘਾਰੈ **ਮੀਚੁ**।" — ਗਉ **੫**, ਥਿਤੀ ੩ : ੨ (297)

ਮੀਟਹਿ — ਮੀਟਦੇ, ਬੰਦ ਕਰਦੇ
"ਅਖੀ ਤੇ **ਮੀਟਹਿ** ਨਾਕ ਪਕੜਹਿ ਠਗਣ ਕਉ ਸੰਸਾਰੁ।" — ਧਨਾ **੧**, ੮, ੧* : ੨ (662)
ਹੋਰ ਰੂਪ — ਮੀਟਦੇ —

"ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ **ਮੀਟਦੇ** ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ।" — ਸੂਹੀ **੪**, ੧੧, ੩ : ੨ (734)

ਮੀਟਿ — ਬੰਦ ਕਰਕੇ, ਮੀਟ ਕੇ

"ਚਉਥੈ ਆਈ ਊਂਘ ਅਖੀ **ਮੀਟਿ** ਪਵਾਰਿ ਗਇਆ।"

— ਮਾਝ **੧**, ਵਾਰ ੧੭ਸ, **੧**, ੧ : ੭ (146)

ਮੀਠ — ਮਿਠਾ

"ਹਰਿ ਕਾ ਨਾਮੁ ਅੰਮ੍ਰਿਤ ਰਸੁ ਚਾਖਿਆ ਮਿਲਿ ਸਤਿਗੁਰ **ਮੀਠ** ਰਸ ਗਾਨੇ।"

— ਗਉ **੪**, ੫੬, ੨ : ੨ (170)

"ਪ੍ਰਭ ਕਾ ਕੀਆ ਜਨ **ਮੀਠ** ਲਗਾਨਾ।"

— ਗਉ **੫**, ਸੁਖ ੧੪, ੮ : ੫ (282)

ਹੋਰ ਰੂਪ — ਮੀਠਾ —

"ਰਸੁ ਘੋੜੇ ਰਸੁ ਸੇਜਾ ਮੰਦਰ ਰਸੁ **ਮੀਠਾ** ਰਸੁ ਮਾਸੁ।" (ਮਿਠਾ)

— ਸਿਰੀ **੧**, ੪, ੨ : ੨ (15)

ਮੀਠੀ —

"ਸਕਰਖੰਡੁ ਮਾਇਆ ਤਨਿ **ਮੀਠੀ** ਹਮ ਤਉ ਪੰਡ ਉਚਾਈ ਰੇ।"

— ਗਉ ੧, ੧੬, ੨ : ੧ (156)

"ਇਉ ਕਿੰਕੁਰੀ ਆਨੂਪ ਵਾਜੈ।"

"ਸੁਣਿ ਜੋਗੀ ਕੈ ਮਨਿ **ਮੀਠੀ** ਲਾਗੈ।" (ਅਨੰਦ ਦਾ ਦਿਨ)

— ਰਾਮ **੫**, ੧੨, ੪* : ੧;੨ (886)

2. ਮਿਠਾ ਭਾਵ ਪਿਆਰਾ

"ਜਿਨੁ ਹਰਿ **ਮੀਠ** ਲਗਾਨਾ ਤੇ ਜਨ ਪਰਧਾਨਾ ਤੇ ਊਤਮ ਹਰਿ ਹਰਿ ਲੋਗ ਜੀਉ।"

— ਆਸਾ **੪**, ਛੰਤ ੧੦, ੪ : ੧ (445)

"ਜਿਨ ਸਤਿਗੁਰੁ ਪੁਰਖੁ ਜਿਨਿ ਹਰਿ ਪ੍ਰਭੁ ਪਾਇਆ ਮੋ ਕਉ ਕਰਿ ਉਪਦੇਸੁ ਹਰਿ **ਮੀਠ** ਲਗਾਵੈ।"

— ਗੂਜ **੪**, ੬, ੧ : ੧ (494)

ਹੋਰ ਰੂਪ — ਮੀਠਾ —

"ਗੁਰਮਤਿ ਨਾਮੁ **ਮੀਠਾ** ਮਨਿ ਭਾਇਆ ਜਨ ਨਾਨਕ ਨਾਮਿ ਮਨੁ ਭੀਜੈ ਜੀਉ।" (ਪਿਆਰਾ)

— ਮਾਝ **੪**, ੪, ੪ : ੩ (95)

"ਸੋਈ ਸਿਆਣਾ ਸੋ ਪਤਿਵੰਤਾ ਹੁਕਮੁ ਲਗੈ ਜਿਸੁ **ਮੀਠਾ** ਜੀਉ।"

— ਮਾਝ **੫**, ੪੯, ੧ : ੨ (108)

ਮੀਠੀ —

"ਅੰਮ੍ਰਿਤ ਬਾਣੀ ਗੁਰ ਕੀ **ਮੀਠੀ**।"

— ਮਾਝ **੩**, ਅਸ ੮, ੧ : ੧ (113)

ਮੀਠੁਲੀ — ਮਿਠ

"ਬਈਅਰਿ ਬੋਲੈ **ਮੀਠੁਲੀ** ਭਾਈ ਸਾਚੁ ਕਹੈ ਪਿਰ ਭਾਇ।" — ਸੋਰ **੧**, ਅਸ ੪, ੮ : ੧ (637)

ਮੀਠੇ — ਮਿਠੇ, ਸਵਾਦਿਸ਼ਟ

"ਰਾਮ ਨਾਮੁ ਘਟ ਅੰਤਰਿ ਨਾਹੀ ਹੋਰਿ ਜਾਣੈ ਰਸ ਕਸ **ਮੀਠੇ**।"

— ਸਿਰੀ **੧**, ਪਹ ੨, ੨ : ੩ (75)

ਹੋਰ ਰੂਪ — ਮੀਠੈ —

"ਰਸਨਾ ਸੋਈ ਲੋਭਿ **ਮੀਠੈ** ਸਾਦਿ।" (ਮਿਠੇ, ਸੁਾਦਿਸ਼ਟ) — ਗਉ **੫**, ੮੯, ੧ : ੩ (182)

ਮੀਠੋ —

"ਪੂਰਨ ਪਰਮਾਨੰਦ ਮਨਿ **ਮੀਠੋ** ਤਿਸੁ ਬਿਨੁ ਦੂਸਰ ਨਾਹਿ।" (ਮਿਠਾ ਭਾਵ ਪਿਆਰਾ)

— ਸਾਰ **੫**, ੯੫, ੧ : ੨ (1222)

ਮੀਡਕੋ — (ਸੰ. ਸਢੁਕ ਮੰਡੂਕ) ਮੈਂਡਕ, ਡਡੂ

"ਐਬ ਤਨਿ ਚਿਕੜੋ ਇਹੁ ਮਨੁ **ਮੀਡਕੋ** ਕਮਲ ਕੀ ਸਾਰ ਨਹੀ ਮੂਲਿ ਪਾਈ।"

— ਸਿਰੀ **੧**, ੨੭, ੨ : ੧ (24)

ਮੀਤ — ਮਿੱਤਰ, ਦੋਸਤ

"ਮੇਰੇ **ਮੀਤ** ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ।"

— ਗੂਜ **੪**, ੪, ੧* : ੧ (10)

ਮੀਤਹ — ਮਿਤਰ ਦੀ

"ਨਹ ਚਿੰਤਾ ਬਨਿਤਾ ਸੁਤ **ਮੀਤਹ** ਪ੍ਰਵਿਰਤਿ ਮਾਇਆ ਸਨਬੰਧਨਹ।" — ਸਮ **੫**, ੧੫ : ੨ (1355)

ਮੀਤਾ — ਹੇ ਮਿੱਤਰ

"ਕਰਉ ਬੇਨੰਤੀ ਸੁਣਹੁ ਮੇਰੇ **ਮੀਤਾ** ਸੰਤ ਟਹਲ ਕੀ ਬੇਲਾ।" — ਗਉ **੫**, ਸੋਹ ੫, ੧ : ੧ (13)

ਮੀਤਿ — ਮਿੱਤਰ/ਦੋਸਤ ਨੇ

"ਹਰਿ ਕੀਆ ਕਥਾ ਕਹਾਣੀਆ ਗੁਰਿ **ਮੀਤਿ** ਸੁਣਾਈਆ।"

— ਤਿਲੰ **੪**, ਅਸ ੨, ੧ : ੧ (725)

ਹੋਰ ਰੂਪ — ਮੀਤੁ —

"ਨਾਨਕ ਸਤਗੁਰੁ **ਮੀਤੁ** ਕਰਿ ਸਚੁ ਪਾਵਹਿ

ਦਰਗਹ ਜਾਇ।" (ਮਿੱਤਰ)
— ਸਿਰੀ **੧**, ੨੦, ੪ : ੩ (22)

ਮੀਤੁਲਾ — ਮਿੱਤਰ
"ਦਯ ਗੁਸਾਈ **ਮੀਤੁਲਾ** ਤੂੰ ਸੰਗਿ ਹਮਾਰੈ ਬਾਸੁ ਜੀਉ।" — ਗਉ **੫**, ੧੧੬*, ੧* : ੧ (203)

ਮੀਨ — (ਸੰ. ਮੀਨ) ਮੱਛੀ
"ਤੂੰ ਜਲਨਿਧਿ ਹਮ **ਮੀਨ** ਤੁਮਾਰੇ।"
— ਮਾਝ **੫**, ੨੧, ੧ : ੧ (100)
"ਬ੍ਰਹਮ ਕਮਲ ਪੁਤੁ **ਮੀਨ** ਬਿਆਸਾ ਤਪੁ ਤਾਪਨ ਪੂਜ ਕਰਾਵੈਗੋ।" (ਮਹਾਨ ਕੋਸ਼ ਇਥੇ ਅਰਥ ਬਿਆਸ ਰਿਸ਼ੀ ਦੀ ਮਾਂ 'ਮਤਸਯੋਦਰੀ' ਕਰਦੇ ਹਨ) — ਕਾਨ **੪**, ਅਸ ੨, ੬ : ੧ (1309)

ਹੋਰ ਰੂਪ — ਮੀਨੰ —
"ਤਿਆਕਤ ਜਲੰ ਨਹ ਜੀਵ **ਮੀਨੰ** ਨਹ ਤਿਆਗਿ ਚਾਤ੍ਰਿਕ ਮੇਘ ਮੰਡਲਹ।" (ਮੱਛੀ)
— ਜੈਤ **੫**, ਵਾਰ ੧੨ਸ, **੫**, ੧ : ੧ (708)

ਮੀਨਾ —
"ਮਨ ਪਿਆਰਿਆ ਜੀਉ ਮਿਤ੍ਰਾ ਹਰਿ ਜਲ ਮਿਲਿ ਜੀਵੇ **ਮੀਨਾ**।" (ਮੱਛੀ)
— ਸਿਰੀ **੫**, ਛੰਤ ੨, ੫ : ੨ (80)

ਮੀਨਿ —
"ਫੂਲੁ ਭਵਰਿ ਜਲੁ **ਮੀਨਿ** ਬਿਗਾਰਿਓ।" (ਮਛੀ ਨੇ) — ਗੂਜ **ਰਵਿ**, ੧, ੧ : ੨ (525)

ਮੀਨੁ —
"ਬਿਨੁ ਜਲ ਕਮਲ ਸੁਨਾ ਥੀਐ ਬਿਨੁ ਜਲ **ਮੀਨੁ** ਮਰਾਇ।" (ਮੱਛੀ)
— ਸਿਰੀ **੧**, ਅਸ ੧੫, ੮ : ੨ (63)

ਮੀਨੇ —
"ਹਰਿ ਜਲ ਨਿਧਿ ਹਮ ਜਲ ਕੇ **ਮੀਨੇ** ਜਨ ਨਾਨਕ ਜਲ ਬਿਨੁ ਮਰੀਐ ਜੀਉ।" (ਮੱਛੀਆਂ) — ਮਾਝ **੪**, ੩, ੪ : ੩ (95)

ਮੀਰ — (ਫਾ : ਮੀਰ) ਸਰਦਾਰ, ਅਮੀਰ ਦਾ ਸੰਖੇਪ
"ਨਾਮੇ ਕੇ ਸੁਾਮੀ **ਮੀਰ** ਮੁਕੰਦ।"
— ਤਿਲੰ **ਨਾਮ**, ੩, ੪ : ੨ (727)
"ਜੈਸੀ ਦਾਸੇ ਧੀਰ **ਮੀਰ**।" (ਭਾਵ ਮਾਲਕ)
— ਬਸੰ **੫**, ੬, ੧ : ੩ (1181)
"ਸੂਰ ਨ ਬੀਰ ਨ **ਮੀਰ** ਨ ਖਾਨਮ ਸੰਗਿ ਨ ਕੋਊ ਦ੍ਰਿਸਟਿ ਨਿਹਾਰਹੁ।" (ਬਾਦਸ਼ਾਹ)
— ਸਮੁ **੫**, ੫* : ੪ (1388)

ਮੀਰੰਨ — ਬਾਦਸ਼ਾਹ
"ਲੋੜੀਦੋ ਹਭ ਜਾਇ ਸੋ ਮੀਰਾ **ਮੀਰੰਨ** ਸਿਰਿ।"
— ਮਾਰੂ **੫**, ਵਾਰ ੧੨ਸ, **੫**, ੧ : ੧ (1098)

ਮੀਰਾ — ਮਾਲਕ, ਸ਼ਾਹ (ਫਾ. ਮੀਰ)
"ਤੂ **ਮੀਰਾ** ਸਾਚੀ ਠਕੁਰਾਈ ਨਾਨਕ ਬਲਿ ਬਲਿ ਜਾਵਣਿਆ।"
— ਮਾਝ **੫**, ਅਸ ੩੭, ੮ : ੩ (132)

ਹੋਰ ਰੂਪ — ਮੀਰਾਂ —
"**ਮੀਰਾਂ** ਦਾਨਾਂ ਦਿਲ ਸੋਚ।" (ਹੇ ਸਰਦਾਰ)
— ਤਿਲੰ **੫**, ੫, ੧* : ੧ (724)

ਮਂੀਰਾ —
"ਕਹੁ ਕਬੀਰ ਨਦਰਿ ਕਰੇ ਜੇ **ਮਂੀਰਾ**।" (ਬਾਦਸ਼ਾਹ, ਸਰਦਾਰ)
— ਆਸਾ **ਕਬ**, ੧੦, ੪ : ੧ (478)

ਮੀਰੁ —
"ਕੋਈ ਹੁ ਪੀਰ ਵਰਜਿ ਰਹਾਏ ਜਾ **ਮੀਰੁ** ਸੁਣਿਆ ਧਾਇਆ।"
— ਆਸਾ **੧**, ਅਸ ੧੨, ੪ : ੨ (417)

ਮੀਰੇ —
"ਗਰੀਬ ਨਿਵਾਜਿ ਕਰੇ ਪ੍ਰਭੁ **ਮੀਰੇ**।" (ਸ਼ਾਹ, ਅਮੀਰ)
— ਮਾਰੂ **੫**, ਸੋਲਾ ੧, ੪ : ੨ (1071)

ਮੁਓ — ਮਰ ਗਿਆ
"ਜਨਮਤ ਕਸ ਨ **ਮੁਓ** ਅਪਰਾਧੀ।"
— ਗਉ **ਕਬ**, ੨੫, ੧* : ੨ (328)

ਮੁਆ — ਮਰ ਗਿਆ, ਖਤਮ ਹੋ ਗਿਆ, ਮੁਕ ਗਿਆ
"ਮੁਈ ਖਰੀਤਿ ਪਿਆਰੁ ਗਇਆ **ਮੁਆ** ਵੈਰੁ ਵਿਰੋਧੁ।" — ਸਿਰੀ **੧**, ੧੪, ੩ : ੧ (19)

ਮੁਇਓ — ਮਰੇ
"ਸਾਕਤੁ ਮੂੜ ਲਗੇ ਪਚਿ **ਮੁਇਓ**।"
— ਗਉ **੫**, ਅਸ ੧੩, ੨ : ੨ (241)

ਹੋਰ ਰੂਪ — ਮੁਇਓਹਿ —
"ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ **ਮੁਇਓਹਿ**।"

— ਸਲੋ **ਫਰ**, ੧੦੨ : ੧ (1383)

ਮੁਇਆ —
"**ਮੁਇਆ** ਜਿਤੁ ਘਰਿ ਜਾਈਐ ਤਿਤੁ ਜੀਵਦਿਆ ਮਰੁ ਮਾਰਿ।" (ਮਰਨ ਉਪਰੰਤ)
— ਸਿਰੀ **੧**, ੧੮, ੨ : ੨ (21)
"ਆਇਆ ਗਇਆ **ਮੁਇਆ** ਨਾਉ।" (ਮਰ ਗਿਆ, ਨਾ ਮਰ ਗਿਆ, ਨਾ ਖਤਮ ਹੋ ਗਿਆ)
— ਮਾਝ **੧**, ੧ਸ, **੧**, ੨ : ੧੩ (138)
"**ਮੁਇਆ** ਗੰਢੁ ਨੇਕੀ ਸਤੁ ਹੋਇ।" (ਮੋਇਆਂ ਹੋਇਆਂ ਦੀ)
— ਮਾਝ **੧**, ਵਾਰ ੧੨ਸ, **੧**, ੨ : ੧੦ (143)

ਮੁਇਆਸੁ — ਮੋਇਆ ਹੋਇਆ
"ਮਤੁ ਜਾਣਹੁ ਜਗੁ ਜੀਵਦਾ ਦੂਜੈ ਭਾਇ **ਮੁਇਆਸੁ**।"
— ਸੋਰ **੪**, ਵਾਰ ੩ਸ, **੩**, ੧ : ੩ (643)
"ਮਨਮੁਖੀਆ ਦੋਹਾਗਣੀ ਆਵਣ ਜਾਣਿ **ਮੁਈਆਸੁ**।" (ਮਰਦੀਆਂ)
— ਸਲੋ **੩**, ੩੧ : ੪ (1416)

ਮੁਈ — ਮਰੀ
"ਭਲੀ ਸਰੀ ਜਿ ਉਬਾਰੀ ਹਉਮੈ **ਮੁਈ** ਘਰਾਹੁ।"
— ਸਿਰੀ **੧**, ੧੧, ੧ : ੧ (18)
"**ਮੁਈ** ਪਰੀਤਿ ਪਿਆਰੁ ਗਇਆ ਮੁਆ ਵੈਰੁ ਵਿਰੋਧੁ।" (ਮੁਕ ਗਈ)
— ਸਿਰੀ **੧**, ੧੪, ੩ : ੧ (19)

ਮੁਈਆ — ਮਰ ਗਏ
"ਮਨਮੁਖਿ ਭਾਗ ਵਿਹੂਣਿਆ ਤਿਖ **ਮੁਈਆ** ਕੰਧੀ ਪਾਸਿ।" — ਮਾਰੂ **੪**, ੪, ੩ : ੩ (996)

ਮੁਈਆਸਿ — ਮਰ ਰਹੀਦਾ/ਜਾਈਦਾ ਹੈ
"ਭਾਣੈ ਸਹੁ ਭੀਹਾਵਲਾ ਹਉ ਆਵਣਿ ਜਾਣਿ **ਮੁਈਆਸਿ** ਜੀਉ।"
— ਸੂਹੀ **੧**, ਕੁਚ ੨ : ੨ (762)

ਹੋਰ ਰੂਪ — ਮੁਈਆਸੁ —
"ਮੁੰਢਹੁ ਭੁਲੀ ਨਾਨਕਾ ਫਿਰਿ ਫਿਰਿ ਜਨਮਿ **ਮੁਈਆਸੁ**।" (ਮਰਦੀ ਹੈ)
— ਸਿਰੀ **੪**, ਵਾਰ ੧੫ਸ, **੫**, ੨ : ੧ (89)

ਮੁਈਏ — ਮਰ ਜਾਣੀਏ, ਬੇਸਮਝੇ
"ਆਪਣੇ ਪਿਰ ਕੈ ਰੰਗਿ ਰਤੀ **ਮੁਈਏ** ਸੋਭਾਵੰਤੀ ਨਾਰੇ।" — ਵਡ **੩**, ਛੰਤ ੧, ੧ : ੧ (567)

ਮੁਏ — ਮਰੇ, ਮਰ ਗਏ
"ਦੁਬਿਧਾ ਲਾਗੇ ਪਚਿ **ਮੁਏ** ਅੰਤਰਿ ਤ੍ਰਿਸਨਾ ਅਗਿ।"
— ਸਿਰੀ ੧, ੧੪, ੨ : ੨ (19)

ਮੁਸਕ — ਖੁਸ਼ਬੂ, ਸੁਗੰਧ
"ਰਸੀਆ ਹੋਵੈ **ਮੁਸਕ** ਕਾ ਤਬਫੂਲੁ ਪਛਾਣੈ।"
— ਤਿਲ **੧**, ਅਸ ੧, ੯ : ੨ (725)

ਮੁਸਕਲ — ਔਖ, ਮੁਸ਼ਕਲ
"ਜਹ **ਮੁਸਕਲ** ਹੋਵੈ ਅਤਿ ਭਾਰੀ।"
— ਗਉ **੫**, ਸੁਖ ੨, ੧ : ੫ (264)

ਹੋਰ ਰੂਪ — ਮੁਸਕਲੁ —
"ਜਾ ਕਉ **ਮੁਸਕਲੁ** ਅਤਿ ਬਣੈ ਢੋਈ ਕੋਇ ਨ ਦੇਇ।" — ਸਿਰੀ **੫**, ੨੬, ੧ : ੧ (70)

ਮੁਸਕਾਈ — (ਫ਼ਾ. ਮੁਸ਼ਕ) ਕਸਤੂਰੀ ਦੀ
"ਅੰਤਰਿ ਵਾਸੁ ਬਹੁਤੁ **ਮੁਸਕਾਈ** ਭ੍ਰਮਿ ਭੂਲਾ ਮਿਰਗੁ ਸਿੰਙ੍ਹਾਰੇ।" — ਨਟ **੪**, ਅਸ ੪, ੪ : ੧ (982)

ਮੁਸਕਾਕ — (ਸੰ. अर्क = ਅੱਕ ਦੀ) ਅੱਕ ਦੀ ਗੰਧ ਅਰਥਾਤ ਬਦਬੂ
"ਤਿਨ ਹਰਿ ਹਿਰਦੈ ਬਾਸੁ ਬਸਾਨੀ ਛੂਟਿ ਗਈ ਮੁਸਕੀ **ਮੁਸਕਾਕ**।"
— ਕਾਨ **੪**, ੩ : ੨ (1295)

ਮੁਸਕਾਰੈ — ਹਸਦਾ/ਮੁਸਕਰਾਉਂਦਾ ਹੈ
"ਕਾਟੈ ਪੇਡ ਡਾਲ ਪਰਿ ਠਾਢੌ ਖਾਇ ਖਾਇ **ਮੁਸਕਾਰੈ**।" — ਸਾਰ **੫**, ੧੦, ੩ : ੧ (1205)

ਮੁਸਕਾਵਤ — ਮੁਸਕਾਉਂਦਾ ਹੈ, ਹਸਦਾ/ਖੁਸ਼ ਹੁੰਦਾ ਹੈ
"ਪੀਓ ਅੰਮ੍ਰਿਤ ਨਾਮੁ ਅਮੋਲਕ ਜਿਉ ਚਾਖਿ ਗੂੰਗਾ **ਮੁਸਕਾਵਤ**।" — ਸਾਰ **੫**, ੯, ੧ : ੨ (1205)

ਮੁਸਕਿ — ਕਸਤੂਰੀ ਵਿਚ, ਖੁਸ਼ਬੂ ਵਿਚ
"ਨਾਨਕ **ਮੁਸਕਿ** ਝਕੋਲਿਆ ਸਭੁ ਜਨਮੁ ਧਨੁ ਧੰਨਾ।"
— ਆਸਾ **੪**, ਛੰਤ ੧੫, ੧ : ੪ (449)

ਮੁਸਕੀ — ਖੁਸ਼ਬੂ ਫੈਲੀ ਹੈ
"ਨਾਮੇ ਸੁਰਤਿ ਵਜੀ ਹੈ ਦਹ ਦਿਸਿ ਹਰਿ **ਮੁਸਕੀ** ਮੁਸਕ ਗੰਧਾਰੇ।"
— ਨਟ **੪**, ਅਸ ੨, ੧ : ੨ (981)
"ਤਿਨ ਹਰਿ ਹਿਰਦੈ ਬਾਸੁ ਬਸਾਨੀ ਛੂਟਿ ਗਈ **ਮੁਸਕੀ** ਮੁਸਕਾਨ।" (ਗੰਧ)

— ਕਾਨ **੪**, ੪, ੩ : ੨ (1295)

ਮੁਸਕੁ — ਸੁਗੰਧ, ਖੁਸ਼ਬੂ (ਅ. ਮੁਸ਼ਕ)
"ਹੂਰ ਨੂਰ **ਮੁਸਕੁ** ਖੁਦਾਇਆ ਬੰਦਗੀ ਅਲਹ ਆਲਾ ਹੁਜਰਾ।"
— ਮਾਰੂ **੫**, ਸੋਲਾ ੧੨, ੫ : ੩ (1084)

ਮੁਸਟਿ — (ਸੰ. ਮੁਸ਼੍ਟਿ) ਮੁਠ
"ਜਿਉ ਕਪਿ ਕੇ ਕਰ **ਮੁਸਟਿ** ਚਨਨ ਕੀ ਲੁਬਧਿ ਨ ਤਿਆਗੁ ਦਇਓ।"
— ਗਉ **ਕਬ**, ੫੯, ੧ : ੧ (336)

ਹੋਰ ਰੂਪ — ਮੁਸਟੀ —
"ਮਰਕਟ **ਮੁਸਟੀ** ਅਨਾਜ ਕੀ ਮਨ ਬਉਰਾ ਰੇ ਲੀਨੀ ਹਾਥੁ ਪਸਾਰੁ।"
— ਗਉ **ਕਬ**, ੫੭, ੨ : ੧ (336)

ਮੁਸਤਾਕ — (ਅ. ਮੁਸ਼ਤਾਕ) ਇਛਾਵਾਨ, ਇਛਕ, ਚਾਹਵਾਨ
"ਨੈਣ ਪਸੰਦੋ ਸੋਇ ਪੇਖਿ **ਮੁਸਤਾਕ** ਭਈ।"
— ਆਸਾ **੫**, ੧੦੫, ੩ : ੧ (397)

ਹੋਰ ਰੂਪ — ਮੁਸਤਾਕੁ —
"ਕਰਤੇ ਕੁਦਰਤੀ **ਮੁਸਤਾਕੁ**।"
— ਤਿਲੰ **੫**, ੪, ੧ : ੧ (724)

ਮੁਸਨ — ਠਗਣ
"ਸੰਗ ਹੀ ਚੋਰ ਘਰੁ **ਮੁਸਨ** ਲਾਗ।"
— ਬਸੰ **ਕਬ**, ੨, ੧* : ੨ (1193)

ਮੁਸਨਹਾਰ — ਲੁਟਣ ਵਾਲੇ
"**ਮੁਸਨਹਾਰ** ਪੰਚ ਬਟਵਾਰੇ।"
— ਗਉ **੫**, ੮੯, ੨ : ੩ (182)

ਮੁੰਸਫ — (ਅ. ਮੁਨਸਿਫ) ਇਨਸਾਫ ਕਰਨ ਵਾਲਾ, ਜਮੀਨ ਮਿੰਨ ਕੇ ਮਾਲੀਆ ਲਾਣ ਵਾਲਾ ਅਫਸਰ
"ਨਉ ਡਾਡੀ ਦਸ **ਮੁੰਸਫ** ਧਾਵਹਿ ਰਈ ਅਤਿ ਬਸਨ ਨ ਦੇਹੀ।"
— ਸੂਹੀ **ਕਬ**, ੫, ੨ : ੧ (793)

ਮੁਸਫੀ — ਇਨਸਾਫ/ਨਿਆਂ ਦੀ ਕ੍ਰਿਆ
"ਵਢੀਅਹਿ ਹਥ ਦਲਾਲ ਕੇ **ਮੁਸਫੀ** ਏਹ ਕਰੇਇ।"
— ਆਸਾ **੧**, ਵਾਰ ੧੨ਸ, **੧**, ੧ : ੩ (472)

ਮੁਸਰੀ — ਚੂਹੀ
"ਘਰ ਘਰਿ **ਮੁਸਰੀ** ਮੰਗਲੁ ਗਾਵਹਿ ਕਛੂਆ ਸੰਖੁ ਬਜਾਵੈ।" — ਆਸਾ **ਕਬ**, ੬, ੨ : ੨ (477)

ਮੁਸਲਮਾਣੁ — (ਮੁਸਲਮਾਨ) ਇਸਲਾਮ ਨੂੰ ਮੰਨਣ ਵਾਲਾ
"ਸਰਮ ਸੁੰਨਤਿ ਸੀਲੁ ਰੋਜਾ ਹੋਹੁ **ਮੁਸਲਮਾਣੁ**।"
— ਮਾਝ **੧**, ਵਾਰ ੭ਸ, **੧**, ੧ : ੨ (140)

ਹੋਰ ਰੂਪ — ਮੁਸਲਮਾਣੈ —
"ਹੋਰੁ ਫਕੜੁ ਹਿੰਦੂ **ਮੁਸਲਮਾਣੈ**।"
— ਰਾਮ **੩**, ਵਾਰ ੧੧ਸ, **੧**, ੨ : ੬ (952)

ਮੁਸਲਮਾਨ — ਇਸਲਾਮ ਨੂੰ ਮੰਨਣ ਵਾਲਾ
"ਮਿਟੀ **ਮੁਸਲਮਾਨ** ਕੀ ਪੇੜੈ ਪਈ ਕੁਮ੍ਹਿਆਰ।"
— ਆਸਾ **੧**, ਵਾਰ ੬ਸ, **੧**, ੨ : ੧ (466)

ਹੋਰ ਰੂਪ — ਮੁਸਲਮਾਨਾ —
"**ਮੁਸਲਮਾਨਾ** ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ।"
— ਆਸਾ **੧**, ਵਾਰ ੬ਸ, **੧**, ੧ : ੧ (465)

ਮੁਸਲਮਾਨੀਆ — ਮੁਸਲਮਾਨ ਇਸਤ੍ਰੀਆਂ
"**ਮੁਸਲਮਾਨੀਆ** ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ।"
— ਤਿਲੰ **੧**, ੫, ੧ : ੫ (722)

ਮੁਸਲਮਾਨੁ — ਇਸਲਾਮ ਦੇ ਮੰਨਣ ਵਾਲੇ
"**ਮੁਸਲਮਾਨੁ** ਕਰੇ ਵਡਿਆਈ।"
— ਰਾਮ **੩**, ਵਾਰ ੧੧ਸ, **੧**, ੨ : ੫ (951)

ਮੁਸਲਾ — (ਅ. ਮੁਸੱਲਾ) ਨਮਾਜ਼ ਪੜ੍ਹਨ ਲਈ ਹੇਠ ਵਛਾਈ ਜਾਣ ਵਾਲੀ 'ਸਫ', ਫੂਹੜੀ
"ਮਿਹਰ ਮਸੀਤਿ ਸਿਦਕੁ **ਮੁਸਲਾ** ਹਕੁ ਹਲਾਲੁ ਕੁਰਾਣੁ।"
— ਮਾਝ **੧**, ਵਾਰ ੭ਸ, **੧**, ੧ : ੧ (140)

ਮੁਸਲਿਮੁ — (ਅ. ਮੁਸਲਮ) ਤਸਲੀਮ ਕਰਨ ਵਾਲਾ, ਮੰਨਣ ਵਾਲਾ
"ਹੋਇ **ਮੁਸਲਿਮੁ** ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ।"
— ਮਾਝ **੧**, ਵਾਰ ੮ਸ, **੧**, ੧ : ੩ (141)

ਮੁਸਾਫਰੁ — (ਅ. ਮੁਸਾਫ਼ਰ)—ਪਾਧੀ, ਰਾਹੀ, ਸਫਰ ਕਰਨ ਵਾਲਾ
"ਹੋਇ ਪੈ ਖਾਕ ਫਕੀਰ **ਮੁਸਾਫਰੁ** ਇਹੁ ਦਰਵੇਸੁ ਕਬੂਲੁਦਰਾ।"
— ਮਾਰੂ **੫**, ਸੋਲਾ ੧੨, ੧ : ੩ (1083)

ਮੁਸਾਵੈ — ਲੁਟਾ ਦੇਵੇ
"ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ **ਮੁਸਾਵੈ**।"
— ਮਾਝ **੧**, ਵਾਰ ੮ਸ, **੧**, ੧ : ੨ (141)

ਮੁਸਿ — 1. ਤੜਪ ਕੇ, ਡੁਸਕ ਡੁਸਕ ਕੇ
"ਈਹਾ ਕਾਮਿ ਕ੍ਰੋਧਿ ਮੋਹਿ ਵਿਆਪਿਆ ਆਗੈ **ਮੁਸਿ ਮੁਸਿ** ਰੋਏ।"
— ਆਸਾ **੫**, ੪੨, ੧ : ੨ (381)
"**ਮੁਸਿ ਮੁਸਿ** ਰੋਵੈ ਕਬੀਰ ਕੀ ਮਾਈ।"
— ਗੂਜ **ਕਬ**, ੨, ੧ : ੧ (524)
2. ਲੁੱਟ ਕੇ, ਖੋਹ ਕੇ
"ਪਾਚਹੁ **ਮੁਸਿ** ਮੁਸਲਾ ਬਿਛਾਵੈ ਤਬ ਤਉ ਦੀਨੁ ਪਛਾਨੈ।"
— ਆਸਾ **ਕਬ**, ੧੨, ੩ : ੨ (480)
"ਕਬੀਰੁ ਮਾਇਆ ਚੋਰਟੀ **ਮੁਸਿ ਮੁਸਿ** ਲਾਵੈ ਹਾਟਿ।" (ਠੱਗ ਠੱਗ ਕੇ)
— ਸਲੋ **ਕਬ**, ੨੦ : ੧ (1365)
ਹੋਰ ਰੂਪ — ਮੁਸੀ —
"ਮਨਮੁਖਿ ਹਉਮੈ ਕਰ **ਮੁਸੀ** ਗੁਰਮੁਖਿ ਪਲੈ ਪਾਇ।" (ਲੁੱਟੀ ਗਈ)
— ਸਿਰੀ **੧**, ਅਸ ੧੫, ੪ : ੩ (63)
3. ਜਿਬਹ ਕਰਕੇ, ਮਾਰ ਕੇ
"**ਮੁਸਿ ਮੁਸਿ** ਮਨੂਆ ਸਹਜਿ ਸਮਾਨਾ।"
— ਭੈਰ **ਕਬ**, ੪, ੪ : ੨ (1158)

ਮੁਸੀਅਤ — ਲੁਟੇ ਜਾ ਰਹੇ ਹੋ
"ਦੁਨੀਆ ਹੁਸੀਆਰ ਬੇਦਾਰ ਜਾਗਤ **ਮੁਸੀਅਤ** ਹਉਰੇ ਭਾਈ।"
— ਰਾਮ **ਕਬ**, ੧੨, ੧* : ੧ (972)

ਮੁਸੈ — ਲੁੱਟ ਲੈਂਦਾ ਹੈ
"ਗਾਫਲੁ ਹੋਇ ਕੈ ਜਨਮੁ ਗਵਾਇਓ ਚੋਰੁ **ਮੁਸੈ** ਘਰ ਜਾਈ।" — ਗਉ **ਕਬ**, ੭੩, ੧* : ੨ (339)
"ਨਾਨਕ **ਮੁਸੈ** ਗਿਆਨ ਵਿਹੂਣੀ ਖਾਇ ਗਇਆ ਜਮ ਕਾਲੁ।" (ਭਾਵ ਧੋਖਾ ਖਾ ਜਾਣਾ)
— ਆਸਾ **੧**, ਵਾਰ ੫ਸ, **੧**, ੧ : ੪ (465)
"ਆਪਿ **ਮੁਸੈ** ਮਤਿ ਹੋਛੀਐ ਕਿਉ ਰਾਹੁ ਪਛਾਣੈ।" (ਠਗਿਆ ਜਾਵੈ)
— ਸੂਹੀ **੧**, ਛੰਤ ੫, ੬ : ੨ (767)

ਮੁਹ — ਮੂੰਹ
"ਅਸੰਖ ਸੂਰ **ਮੁਹ** ਭਖ ਸਾਰ।"
— ਜਪੁ **੧**, ੧੭ : ੭ (4)
"ਕਹਾ ਸੁ ਆਰਸੀਆ **ਮੁਹ** ਬੰਕੇ ਐਥੈ ਦਿਸਹਿ ਨਾਹੀ।" (ਮੁਖ)
— ਆਸਾ **੧**, ੧੨, ੧ : ੩ (417)

ਮੁਹਹਿ — ਲੁੱਟਦੇ ਹਨ
"ਪੰਚ ਦੂਤ **ਮੁਹਹਿ** ਸੰਸਾਰਾ।"
— ਮਾਝ **੩**, ਅਸ ੭, ੨ : ੧ (113)

ਮੁਹਹੁ — ਮੂੰਹ ਤੋਂ, ਮੁਖ ਤੋਂ
"ਇਕਿ ਵਲੁ ਛਲੁ ਕਰਿ ਕੈ ਖਾਵਦੇ **ਮੁਹਹੁ** ਕੂੜੁ ਕੁਸਤੁ ਤਿਨੀ ਢਾਹਿਆ।"
— ਸਿਰੀ **੪**, ਵਾਰ ੮ : ੨ (85)

ਮੁਹਕਮ — (ਅ. ਮੁਹਕਮ) ਪਕੀ, ਮਜ਼ਬੂਤ
"ਵਡੀ ਕੋਮ ਵਸਿ ਭਾਗਹਿ ਨਾਹੀ **ਮੁਹਕਮ** ਫਉਜ ਹਠਲੀ ਰੇ।"
— ਆਸਾ **੫**, ੧੩੨, ੨ : ੧ (404)

ਮੁਹਛੰਦਗੀ — ਮੁਥਾਜੀ
"ਜਿਸ ਨੋ ਤੂ ਪ੍ਰਭ ਵਲਿ ਤਿਸੁ ਕਿਆ **ਮੁਹਛੰਦਗੀ**।"
— ਰਾਮ **੫**, ਵਾਰ ੮ : ੭ (961)

ਮੁਹਛੰਦਾ — ਮਥਾਜੀ
"ਜਾ ਤੂ ਮੇਰੈ ਵਲਿ ਹੈ ਤਾ ਕਿਆ **ਮੁਹਛੰਦਾ**।"
— ਮਾਰੂ **੫**, ਵਾਰ ੭ : ੧ (1096)

ਮੁਹਡੜਾ — ਮੋਢਾ
"ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ **ਮੁਹਡੜਾ**।"
— ਮਾਰੂ **੫**, ਵਾਰ ੭ਸ, **੫**, ੧ : ੧ (1096)

ਮੁਹਤ — ਸਮੇਂ ਦਾ ਇਕ ਮਾਪ, ਦੋ ਘੜੀਆਂ ਦਾ ਸਮਾਂ, ਲਹਜਾ
"ਘੜੀ **ਮੁਹਤ** ਕਾ ਪਾਹੁਣਾ ਕਾਜ ਸਵਾਰਣਹਾਰੁ।"
— ਸਿਰੀ **੫**, ੭੪, ੧ : ੧ (43)

ਮੁਹਤਕ — ਅੱਧੀ ਘੜੀ
"ਕਿਉ ਨ ਅਰਾਧਹੁ ਮਿਲਿ ਕਰਿ ਸਾਧਹੁ ਘਰੀ **ਮੁਹਤਕ** ਬੇਲਾ ਆਈ।"
— ਸਾਰ **੫**, ਛੰਤ ੧, ੨ : ੪ (1236)

ਮੁਹਤਾਈਐ — ਮੁਥਾਜੀ
"ਗੁਣ ਨਿਧਾਨ ਨਾਨਕ ਪ੍ਰਭੁ ਮਿਲਿਆ ਸਗਲ ਚੁਕੀ **ਮੁਹਤਾਈਐ**।"

— ਸਾਰ **੫**, ੪੯, ੨ : ੨ (1214)

ਮੁਹਤਾਜ — 1. (ਅ. ਮੁਹਤਾਜ) ਲੋੜਵੰਦ, ਥੁੜ ਵਾਲਾ

"ਅੰਤਰ ਆਤਮੈ ਬ੍ਰਹਮੁ ਨ ਚੀਨਿਆ ਮਾਇਆ ਕਾ **ਮੁਹਤਾਜ** ਭਇਆ।"

— ਆਸਾ **੩**, ਪਟੀ ੭ : ੨ (435)

2. ਦੂਜਿਆਂ ਉਪਰ ਨਿਰਭਰ ਆਤੁਰ, ਅਰਥੀਆ, ਤਰਲੇ ਕਢਣ ਵਾਲਾ

"ਹਰਿ ਬਿਸਰਤ ਸਭ ਕਾ **ਮੁਹਤਾਜ**।"

— ਬਿਲਾ **੫**, ੩, ੩ : ੪ (802)

ਮੁਹਤਾਜਾ — ਮੁਥਾਜੀ ਭਾਵ ਆਸਰਾ

"ਮਾਣਸੁ ਬਪੁੜਾ ਕਿਆ ਸਾਲਾਹੀ ਕਿਆ ਤਿਸ ਕਾ **ਮੁਹਤਾਜਾ**।" — ਸੋਰ **੫**, ੧, ੧* : ੨ (608)

ਹੋਰ ਰੂਪ — ਮੁਹਤਾਜਿ —

"ਲਬਿ ਲੋਭਿ **ਮੁਹਤਾਜਿ** ਵਿਗੁਤੇ ਇਬ ਤਬ ਫਿਰਿ ਪਛੁਤਾਈ।" (ਮੁਥਾਜੀ/ਲੋੜਾਂ ਵਿਚ)

— ਰਾਮ **੧**, ਓਅੰ ੬ : ੩ (930)

ਮੁਹਤਾਜੀ —

"ਤਿਨ ਚੂਕੀ **ਮੁਹਤਾਜੀ** ਲੋਕਨ ਕੀ ਹਰਿ ਪ੍ਰਭੁ ਅੰਗੁ ਕਰਿ ਬੈਠਾ ਪਾਸਿ।" (ਖੁਸ਼ਾਮਦ, ਨਿਰਭਰਤਾ)

— ਗਉ **੪**, ਵਾਰ ੧੦ਸ, **੪**, ੨ : ੨ (305)

"ਹਉ ਜੀਉ ਤੇਰਾ ਦਿੱਤਾ ਸਭੁ ਕੋ ਖਾਵੈ ਸਭੁ **ਮੁਹਤਾਜੀ** ਕਢੈ ਤੇਰੀ।" (ਖੁਸ਼ਾਮਦ)

— ਬਿਹਾ **੪**, ਵਾਰ ੧੬ : ੨ (555)

ਮੁਹਤਾਜੁ —

"ਦੁਬਿਧਾ ਰੋਗੁ ਸੁ ਅਧਿਕ ਵਡੇਰਾ ਮਾਇਆ ਕਾ **ਮੁਹਤਾਜੁ** ਭਇਆ।" (ਲੋੜਵੰਦ, ਖੁਸ਼ਾਮਦੀ)

— ਭੈਰ **੧**, ਅਸ ੧, ੮ : ੨ (1153)

ਮੁਹਤਿ — ਦੋ ਘੜੀਆਂ ਦੇ ਸਮੇਂ ਅੰਦਰ, ਵੇਖੋ 'ਮੁਹਤ'

"ਘੜੀ **ਮੁਹਤਿ** ਕਿ ਚਲਣਾ ਦਿਲ ਸਮਝੁ ਤੂੰ ਭਿ ਪਹੁਚੁ।" — ਸਿਰੀ **੧**, ਅਸ ੧੭, ੪ : ੨ (64)

ਹੋਰ ਰੂਪ — ਮੁਹਤੁ —

"**ਮੁਹਤੁ** ਨ ਚਸਾ ਵਿਲੰਮੁ ਭਰੀਐ ਪਾਈਐ।" (ਦੋ ਘੜੀਆਂ ਦਾ ਸਮਾਂ, ਮਹੂਰਤ)

— ਮਾਝ **੧**, ਵਾਰ ੨੦ : ੭ (147)

ਮੁਹਨਿ — ਲੁਟਦੇ ਹਨ

"ਪੰਚ ਚੋਰ ਤਿਨਾ ਘਰੁ **ਮੁਹਨਿ** ਹਉਮੈ ਅੰਦਰਿ ਸੰਨਿ।"

— ਬਿਲਾ **੪**, ਵਾਰ ੧੨ਸ, **੩**, ੧ : ੨ (854)

ਮੁਹਬਤਿ — (ਅ. ਮੁਹਬਤ) ਪਿਆਰ, ਪ੍ਰੇਮ, ਸਨੇਹ

"ਭੋਈ ਭਰਮੁ ਵਞਾਇ ਪਿਰੀ **ਮੁਹਬਤਿ** ਹਿਕੁ ਤੂ।"

— ਗਉ **੫**, ਵਾਰ ੧੯ਸ, **੫**, ੧ : ੧ (322)

ਹੋਰ ਰੂਪ — ਮੁਹਬਤੇ —

"**ਮੁਹਬਤੇ** ਮਨਿ ਤਨਿ ਬਸੈ ਸਚੁ ਸਾਹ ਬੰਦੀ ਮੋਚ।" (ਪ੍ਰੇਮ ਨਾਲ)

— ਤਿਲੰ **੫**, ੫, ੧* : ੨ (724)

ਮੁਹਲਤਿ — (ਅ. ਮੁਹਲਤ) ਅਵਧਿ, ਸਮਾਂ, ਸਮੇਂ ਦੀ ਹਦ, ਮਿਆਧ

"**ਮੁਹਲਤਿ** ਪੁੰਨੀ ਚਲਣਾ ਤੂੰ ਸੰਮਲੁ ਘਰ ਬਾਰੁ।"

— ਸਿਰੀ **੫**, ੯੨, ੧ : ੨ (50)

ਮੁਹਲੀ — ਛੋਟਾ ਮੂਸਲ, ਓਖਲੀ ਵਿਚ ਧਾਨ ਕੁਟਨ ਵਾਲਾ ਮੋਟਾ ਡੰਡਾ

"ਕਬੀਰ ਚਾਵਲ ਕਾਰਣੇ ਤੁਖ ਕਉ **ਮੁਹਲੀ** ਲਾਇ।"

— ਰਾਮ **੫**, ਵਾਰ ੨੦ਸ, **੫**, ੨ : ੧ (965)

ਮੁਹਾਇ — ਠਗੇ ਗਏ

"ਜੋ ਜਾਗੇ ਸੇ ਉਬਰੇ ਸੂਤੇ ਗਏ **ਮੁਹਾਇ**।"

— ਸਿਰੀ **੩**, ੫੪, ੩ : ੧ (34)

ਮੁਹਾਇਓਨੁ — ਲੁਟਿਆ ਗਿਆ

"ਕਿੜੀ ਪਵੰਦੀ **ਮੁਹਾਇਓਨੁ** ਭਾਈ ਕਿਆ ਮੁਹੁ ਦੇਸੀ ਜਾਇ।"

— ਸੋਰ **੩**, ਅਸ ੩, ੭ : ੨ (639)

ਮੁਹਾਈਐ — ਲੁਟੀਦਾ ਹੈ

"ਦਿਹੁ ਦੀਵੀ ਅੰਧ ਘੋਰੁ ਘਬੁ **ਮੁਹਾਈਐ**।"

— ਸੂਹੀ **੧**, ਅਸ ੪, ੫ : ੧ (752)

ਮੁਹਾਏ — ਲੁਟਵਾਉਂਦਾ/ਠਗਾਉਂਦਾ ਹੈ

"ਮੁਠਾ ਆਪਿ **ਮੁਹਾਏ** ਸਾਥੈ।"

— ਮਾਝ **੧**, ਵਾਰ ੫ਸ, **੧**, ੧ : ੩ (140)

ਮੁਹਾਹੁ — ਮੂੰਹਾਂ ਦੁਆਰਾ

"ਆਪੇ ਸੁਣਿ ਸਭ ਵੇਖਦਾ ਪਿਆਰਾ ਮੁਖਿ ਬੋਲੇ ਆਪਿ **ਮੁਹਾਹੁ**।"— ਸੋਰ **੪**, ੧, ੨ : ੧ (604)

ਮੁਹਾਣੈ — ਆਗੂ ਦਾ, ਮੁਖੀਏ ਦਾ

"ਹੋਇ ਮੁਸਲਿਮੁ ਦੀਨ **ਮੁਹਾਣੈ** ਮਰਣ ਜੀਵਣ ਕਾ ਭਰ ਮੁਚੁਕਾਵੈ।"

— ਮਾਝ **੧**, ਵਾਰ ੮ਸ, **੧**, ੧ : ੩ (141)

ਮੁਹਾਰ — ਘੋੜੇ ਦੇ ਮੂੰਹ ਮਸਤਕ ਤੇ ਪਾਇਆ ਗਿਆ ਸਾਜ਼

"ਦੇਇ **ਮੁਹਾਰ** ਲਗਾਮੁ ਪਹਿ ਰਾਵਉ।"

— ਗਉ **ਕਬ**, ੩੧, ੧ : ੧ (329)

ਮੋੁਹਾਰਾ — ਮੋਹ ਵਿਚ

"ਉਰਝਿ ਪਰਿਓ ਮਨ ਮੀਠ **ਮੋੁਹਾਰਾ**।"

— ਪ੍ਰਭਾ **੫**, ਅਸ ੧, ੧ : ੩ (1347)

ਮੁਹਾਵਹਿ — ਲੁਟਦੇ ਹਨ

"ਲੋਕ **ਮੁਹਾਵਹਿ** ਚਾੜੀ ਖਾਹਿ।"

— ਰਾਮ **੧**, ਵਾਰ ੧੧ਸ, **੧**, ੧ : ੧੨ (951)

ਮੁਹਿ — 1. ਮੂੰਹ ਤੇ

"ਮੰਨੈ **ਮੁਹਿ** ਚੋਟਾ ਨਾ ਖਾਇ।"

— ਜਪੁ **੧**, ੧੩ : ੩ (3)

"ਜਿਥੈ ਓਹੁ ਜਾਇ ਤਿਥੈ ਓਹੁ ਸੁਰਖਰੂ ਉਸ ਕੈ **ਮੁਹਿ** ਡਿਠੈ ਸਭ ਪਾਪੀ ਤਰਿਆ।" (ਮੂੰਹ ਨੂੰ)

— ਸਿਰੀ **੪**, ਵਾਰ ੧੧ : ੨ (87)

"ਓਸੁ ਅਗੈ ਪਿਛੈ ਢੋਈ ਨਾਹੀ ਜਿਸੁ ਅੰਦਰਿ ਨਿੰਦਾ **ਮੁਹਿ** ਅੰਬੁ ਪਇਆ।" (ਮੂੰਹ ਅੰਦਰ/ਵਿਚ)

— ਗਉ **੪**, ਵਾਰ ੧੩ਸ, **੪**, ੨ : ੬ (307)

"**ਮੁਹਿ** ਚਲੈ ਸੁ ਅਗੈ ਮਾਰੀਐ।" (ਮੂੰਹ ਵਲ ਹੋ ਕੇ, ਭਾਵ ਅਮੋੜ ਜਾਂ ਮਨਮੁਖ)

— ਆਸਾ **੧**, ਵਾਰ ੧੨ : ੫ (470)

2. ਲੁਟ ਕੇ

"ਜੇ ਮੋਹਾਕਾ ਘਰੁ ਮੁਹੈ ਘਰੁ **ਮੁਹਿ** ਪਿਤਰੀ ਦੇਇ।"

— ਆਸਾ **੧**, ਵਾਰ ੧੭ਸ, **੧**, ੧ : ੧ (472)

3. ਮੈਨੂੰ

"ਕਰਿ ਕਿਰਪਾ **ਮੁਹਿ** ਨਾਮੁ ਦੇਹੁ ਨਾਨਕ ਦਰ ਸਰੀਤਾ।"

— ਬਿਲਾ **੫**, ੩੨, ੪ : ੨ (810)

"ਕਬੀਰ **ਮੁਹਿ** ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ।"

— ਸਲੋ **ਕਬ**, ੬੧ : ੧ (1367)

ਹੋਰ ਰੂਪ — ਮੋੁਹਿ —

"ਏਕੁ ਜੁ ਸਾਧੂ **ਮੋੁਹਿ** ਮਿਲਿਓ ਤਿਨਿ ਲੀਆ ਅੰਚਲਿ ਲਾਇ।" (ਮੈਨੂੰ)

— ਸਲੋ **ਕਬ**, ੭੮ : ੨ (1368)

4. ਮੇਰੀ

"ਤੂੰ ਬ੍ਰਾਹਮਨੁ ਮੈ ਕਾਸੀਕ ਜੁਲਾਹਾ **ਮੁਹਿ** ਤੋਹਿ ਬਰਾਬਰੀ ਕੈਸੇ ਕੈ ਬਨਹਿ।"

— ਰਾਮ **ਕਬ**, ੫, ੩ : ੧ (970)

ਹੋਰ ਰੂਪ — ਮੋੁਹਿ —

"ਬਾਜੀਗਰ ਸਉ **ਮੋੁਹਿ** ਪ੍ਰੀਤਿ ਬਨਿ ਆਈ।"

— ਆਸਾ **ਰਵਿ**, ੬, ੩ : ੨ (487)

ਮੁਹੀ — 1. ਮੂੰਹ ਵਿਚ, ਵੇਖੋ 'ਮੁਹ', 'ਮੁਹਿ'

"ਤੀਜੈ **ਮੁਹੀ** ਗਿਰਾਹ ਭੁਖ ਤਿਖਾ ਦੁਇ ਭਉ ਕੀਆ।"

— ਮਾਝ **੧**, ਵਾਰ ੧੭ਸ, **੧**, ੧ : ੫ (146)

2. ਮੂੰਹ ਵਾਲੀ

"ਕਲਿ ਹੋਈ ਕੁਤੇ **ਮੁਹੀ** ਖਾਜੁ ਹੋਆ ਮੁਰਦਾਰੁ।"

— ਸਾਰ **੪**, ਵਾਰ ੧੪ਸ, **੧**, ੧ : ੧ (1242)

ਮੁਹੁ — ਮੂੰਹ, ਮੁਖ

"ਹਉ ਕਿਆ **ਮੁਹੁ** ਦੇਸਾ ਦੁਸਟੁ ਚੋਰੁ।"

— ਸਿਰੀ **੧**, ੨੯, ੪ : ੨ (24)

ਹੋਰ ਰੂਪ — ਮੁਹੇ —

"ਆਸਾ ਬੰਧਿ ਚਲਾਈਐ **ਮੁਹੇ** ਮੁਹਿ ਚੋਟਾ ਖਾਇ। (ਮੂੰਹੋਂ)

— ਸਿਰੀ **੧**, ੧੩, ੭ : ੨ (61)

ਮੁਹੇ — 1. ਮੂੰਹ, ਮੂੰਹੋਂ, ਵੇਖੋ 'ਮੁਹੁ'

ਹੋਰ ਰੂਪ — ਮੁਹੈ —

"ਦਫਤਰਿ ਲੇਖਾ ਨੀਕਸੈ ਮਾਰ **ਮੁਹੈ** ਮੁਹਿ ਖਾਇ।" (ਮੂੰਹੋਂ)

— ਸਲੋ **ਕਬ**, ੨੦੦ : ੨ (1375)

ਮੁਹੌ —

"**ਮੁਹੌ** ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ।" (ਮੂੰਹ ਤੋਂ)

— ਜਪੁ **੧**, ੪ : ੪ (2)

2. ਮੁਠੇ/ਠਗੇ/ਲੁੱਟੇ, ਗਏ, ਵੇਖੋ 'ਮੁਹਿ' (2)

"ਜੋਨਰ ਭਰਮਿ ਭਰਮਿ ਉਦਿਆਨੇ ਤੇ ਸਾਕਤ ਮੂੜ **ਮੁਹੇ**।"

— ਪ੍ਰਭਾ **੪**, ੪, ੩ : ੧ (1336)

ਹੋਰ ਰੂਪ — ਮੁਹੈ —
"ਜੇ ਮੋਹਾ ਕਾ ਘਰੁ **ਮੁਹੈ** ਘਰੁ ਮੁਹਿ ਪਿਤਰੀ ਦੇਇ। (ਲੁਟੇ)
— ਆਸਾ **੧**, ਵਾਰ ੧੭ਸ, **੧**, ੧ : ੧ (472)

ਮੁਕਟ — (ਸੰ. मुकुटम्) ਤਾਜ, ਸਿਰ ਦਾ ਭੂਸ਼ਨ
"ਸੁੰਦਰ ਕੁੰਡਲ **ਮੁਕਟ** ਬੈਨ।"
— ਮਾਰੂ **੫**, ੧੧, ੧੦ : ੨ (1082)

ਮੁਕਟੁ — 1. (ਸੰ. मुकुटम्) ਜੂੜਾ
"ਜਟਾ **ਮੁਕਟੁ** ਤਨਿ ਭਸਮ ਲਗਾਈ।"
— ਭੈਰ **੧**, ੮, ੪ : ੧ (1127)
2. ਤਾਜ, ਸਿਰ ਦਾ ਭੂਸ਼ਨ, ਵੇਖੋ 'ਮੁਕਟੁ'
"ਪੀਤ ਬਸਨ ਕੁੰਦ ਦਸਨ ਪ੍ਰਿਆ ਸਹਿਤ ਕੰਠ ਮਾਲ **ਮੁਕਟੁ** ਸੀਸਿ ਮੋਰ ਪੰਖ ਚਾਹਿ ਜੀਉ।"
— ਸਵ **੪**, ਗਯੰ ੮ : ੧ (1402)

ਮੁਕਤ — 1. ਆਜ਼ਾਦ, ਨਿਰਬੰਧ, ਛੁਟਿਆ ਹੋਇਆ, ਬੰਧਨ ਰਹਿਤ
"ਜਉ ਸਾਧੂ ਕਰੁ ਮਸਤਕਿ ਧਰਿਓ ਤਬ ਹਮ **ਮੁਕਤ** ਭਏ।" — ਗਉ **੫**, ੧੫੯*, ੨ : ੨ (214)
"ਜੀਵਤ **ਮੁਕਤ** ਗੁਰਮਤੀ ਲਾਗੇ।" (ਜਨਮ ਮਰਨ ਤੋਂ ਛੁਟਕਾਰਾ ਪਾ ਚੁਕੇ)
— ਮਲਾ **੩**, ੧੨, ੧ : ੧ (1262)
ਹੋਰ ਰੂਪ — ਮੁਕਤਾ —
"ਕਥਨ ਕਹਨ ਤੇ **ਮੁਕਤਾ** ਗੁਰਮੁਖਿ ਕੋਈ ਵਿਰਲਾ।" (ਆਜ਼ਾਦ)
— ਸਿਰੀ **੫**, ੯੬, ੩ : ੨ (51)
"ਕਉਣੁ ਸੁ **ਮੁਕਤਾ** ਕਉਣੁ ਸੁ ਜੁਗਤਾ।" (ਮੁਕਤ)
— ਮਾਝ **੫**, ਅਸ ੩੬, ੧ : ੧ (131)
"ਏਹ **ਮੁਕਤਾ** ਏਹ ਜੁਗਤਾ ਰਾਖਹੁ ਸੰਤ ਸੰਗਾਹਿ।" (ਮੁਕਤੀ)
— ਆਸਾ **੫**, ੧੪੬, ੨ : ੧ (407)
"ਨਾਨਕ ਕੇ ਪ੍ਰਭ ਸਦ ਹੀ **ਮੁਕਤਾ**।" (ਨਿਰਲੇਪ, ਅਲਿਪਤ) — ਬਿਲਾ **੫**, ੬, ੪ : ੨ (803)
"ਸਤਿਗੁਰਿ ਮਿਲੀਐ ਮਾਰਗੁ **ਮੁਕਤਾ** ਸਹਜੇ ਮਿਲੇ ਸੁਆਮੀ।" (ਖੁਲ੍ਹਾ)
— ਰਾਮ **੫**, ੨, ੪ : ੧ (883)
2. ਮੋਤੀ
"**ਮੁਕਤ** ਲਾਲ ਅਨਿਕ ਭੋਗ ਬਿਨੁ ਨਾਮ ਨਾਨਕ ਹਾਤ।" — ਕਾਨ **੫**, ੪੨, ੨ : ੧ (1306)

ਮੁਕਤਾਹਲ — ਮੋਤੀਆਂ ਦੀ ਲੜੀ
"ਕਾਹੂ ਲਹਿ ਮੋਤੀ **ਮੁਕਤਾਹਲ** ਕਾਹੂ ਬਿਆਧਿ ਲਗਾਈ।" — ਆਸਾ **ਕਬ**, ੧੬, ੨ : ੨ (479)

ਮੁਕਤਿ — 1. ਮੁਕਤੀ
"ਸੰਤ ਸਭਾ ਗੁਰੁ ਪਾਈਐ **ਮੁਕਤਿ** ਪਦਾਰਥੁ ਧੇਨੁ।"
— ਸਿਰੀ **੧**, ੧੨, ੧* : ੨ (18)
"ਗੁਰ ਕੈ ਸਬਦਿ ਮਨੁ ਜੀਤਿਆ ਗਤਿ **ਮੁਕਤਿ** ਘਰੈ ਮਹਿ ਪਾਇ।" — ਸਿਰੀ **੩**, ੩੫, ੨ : ੧ (26)
2. ਮੁਕਤੀ ਪ੍ਰਾਪਤ ਕਰਨ ਵਾਲੇ
"ਬਨ ਕਾ ਮਿਰਗੁ **ਮੁਕਤਿ** ਸਭੁ ਹੋਗੁ।"
— ਗਉ **ਕਬ**, ੪, ੧ : ੨ (324)

ਮੁਕਤਿਦਾਤਾ — ਮੁਕਤੀ ਦੇਣ ਵਾਲਾ, ਬੰਦ ਖਲਾਸੀ ਕਰਵਾਉਣ ਵਾਲਾ
"ਗੁਰੁ ਭੇਟਿਆ ਹੈ **ਮੁਕਤਿਦਾਤਾ**।"
— ਬਿਲਾ **੪**, ੭, ੧ : ੩ (801)

ਮੁਕਤਿ ਦੁਆਰਾ — ਮੁਕਤੀ ਦਾ ਦਰਵਾਜ਼ਾ, ਮੁਕਤੀ ਪ੍ਰਾਪਤ ਕਰਨ ਲਈ ਜਿਸ ਦਰਵਾਜ਼ੇ ਵਿਚੋਂ ਲੰਘਣਾ ਪਵੇ
"ਕਬੀਰ **ਮੁਕਤਿ ਦੁਆਰਾ** ਸੰਕੁੜਾ ਰਾਈ ਦਸਵੈ ਭਾਇ।"
— ਗੂਜ **੩**, ਵਾਰ ੪ਸ, **ਕਬ**, ੧ : ੧ (509)
ਹੋਰ ਰੂਪ — ਮੁਕਤਿ ਦੁਆਰੁ —
"ਗੁਰਿ ਦਿਖਲਾਇਆ **ਮੁਕਤਿ ਦੁਆਰੁ**।" (ਮੁਕਤੀ ਦਾ ਦਰਵਾਜ਼ਾ)
— ਪ੍ਰਭਾ **੫**, ਅਸ ੩, ੨ : ੨ (1348)

ਮੁਕਤਿ ਪੰਥ — ਮੁਕਤੀ ਦਾ ਰਾਹ
"**ਮੁਕਤਿ ਪੰਥ** ਜਾਨਿਓ ਤੈ ਨਾਹਿਨ ਧਨ ਜੋਰਨ ਕਉ ਧਾਇਆ।" — ਸੋਰ **੯**, ੩, ੧ : ੧ (632)

ਮੁਕਤਿ ਮਾਲ — ਮੋਤੀਆਂ ਦੀ ਮਾਲਾ
"**ਮੁਕਤਿ ਮਾਲ** ਕਨਿਕ ਲਾਲ ਹੀਰਾ ਮਨਰੰਜਨ ਕੀ ਮਾਇਆ।" — ਜੈਤ **੫**, ੧, ੨ : ੧ (700)

ਮੁਕਤੀ — ਬੰਧ ਖਲਾਸੀ
"ਸਬਦਿ ਮਰੈ ਮਨੁ ਮਾਰੈ ਅਪੁਨਾ **ਮੁਕਤੀ** ਕਾ ਦਰੁ ਪਾਵਣਿਆ।"
— ਮਾਝ **੩**, ਅਸ ੧੩, ੩ : ੩ (117)

ਮੁਕਤੀ ਸਰੁ — ਮੁਕਤੀ ਦਾ ਮਾਲਕ, ਮੁਕਤੀ ਦਾਤਾ
"ਆਪੇ ਮੁਕਤਿ ਦਾਨੁ **ਮੁਕਤੀ ਸਰੁ** ਮਮਤਾ ਮੋਹੁ ਚੁਕਾਇਦਾ।"
— ਮਾਰੂ **੧**, ਸੋਲਾ ੧੪, ੧੪ : ੩ (1035)

ਮੁਕਤੁ — 1. ਬੰਧ ਖਲਾਸ, ਅਜ਼ਾਦ, ਨਿਰਬੰਧਨ
"ਸੇ ਮੁਕਤੁ ਸੇ **ਮੁਕਤੁ** ਭਏ ਜਿਨ ਹਰਿ ਧਿਆਇਆ ਜੀ ਤਿਨ ਤੂਟੀ ਜਮ ਕੀ ਫਾਸੀ।"
— ਆਸਾ **੪**, ਸੋਪੁ ੧, ੩ : ੨ (11)

ਹੋਰ ਰੂਪ — ਮੁਕਤੇ —
"**ਮੁਕਤੇ** ਸੇਈ ਭਾਲੀਅਹਿ ਜਿ ਸਚਾ ਨਾਮੁ ਸਮਾਲਿ।" (ਬੰਧ ਖਲਾਸ)
— ਸਿਰੀ **੫**, ੭੩, ੨ : ੩ (43)
"**ਮੁਕਤੇ** ਸੇਵੇ ਮੁਕਤਾ ਹੋਵੈ।" (ਮੁਕਤ ਨੂੰ)
— ਮਾਝ **੩**, ਅਸ ੧੨, ੬ : ੧ (116)

2. ਬੰਧ ਖਲਾਸ ਕਰਨ ਵਾਲਾ, ਮੁਕਤੀ ਦੇਣ ਵਾਲਾ
"ਬੰਧਨ **ਮੁਕਤੁ** ਸੰਤਹੁ ਮੇਰੀ ਰਾਖੈ ਮਮਤਾ।"
— ਸਿਰੀ **੫**, ੯੭, ੩ : ੨ (52)

ਹੋਰ ਰੂਪ — ਮੁਕਤੋੁ —
"**ਮੁਕਤੋੁ** ਸਾਧੂ ਧੂਰੀ ਨਾਵੈ।" (ਮੁਕਤ, ਬੰਧ ਖਲਾਸ) — ਪ੍ਰਭਾ **੫**, ੮, ੧* : ੨ (1340)

ਮੁਕਤੇ — 1. ਮੁਕਤ, ਬੰਧ ਖਲਾਸ, ਵੇਖੋ 'ਮੁਕਤੁ'

ਹੋਰ ਰੂਪ — ਮੁਕਤੈ —
"**ਮੁਕਤੈ** ਗੁਰਿ ਅਨਲੁ ਬੁਝਾਇਆ।" (ਮੁਕਤ ਗੁਰੂ ਨੇ) — ਰਾਮ **ਕਬ**, ੧੦, ੧ : ੨ (971)

ਮੁਕਤੋ —
"ਗੁਰਮੁਖਿ **ਮੁਕਤੋ** ਬੰਧੁ ਨ ਪਾਇਆ।" (ਮੁਕਤ ਹੈ) — ਗਉ **੧**, ੬, ੨ : ੩ (152)

2. ਖੁਲੀ, ਮੋਕਲੀ
"ਨਾਮ ਤੇਰੇ ਕੀ **ਮੁਕਤੇ** ਬੀਥੀ ਜਮ ਕਾ ਮਾਰਗੁ ਦੂਰਿ ਰਹਿਆ।"
— ਆਸਾ **੫**, ੯੧, ੧* : ੨ (393)

3. ਖੁਲ੍ਹਦੇ ਹਨ
"ਬਜਰਕਪਾਟ **ਮੁਕਤੇ** ਗੁਰਮਤੀ ਨਿਰਭੈ ਤਾੜੀ ਲਾਈ।" — ਸੋਰ **੧**, ੬, ੩ : ੨ (597)

4. ਮੁਕਤੀ ਦਾ
"ਗੁਰ ਸਬਦੀ ਦਰੁ ਜੋਈਐ **ਮੁਕਤੇ** ਭੰਡਾਰਾ।"
— ਮਾਰੂ **੧**, ਅਸ ੧, ੮ : ੨ (1009)

ਮੁਕੰਦ — ਮੁਕਤੀ ਦਾਤਾ
"ਨਾਮੇ ਕੇ ਸੁਆਮੀ ਮੀਰ **ਮੁਕੰਦ**।"
— ਤਿਲੰ **ਨਾਮ**, ੩, ੪ : ੨ (727)

ਮੁਕਦਮ — 1. ਚੌਧਰੀ
"ਰਯਤਿ ਮਹਰ **ਮੁਕਦਮ** ਸਿਕਦਾਰੈ।"
— ਗਉ **੧**, ਅਸ ੧੪, ੫ : ੧ (227)

2. ਅਹਿਲਕਾਰ, ਮਾਮਲਾ ਉਗਰਾਹੁਣ ਵਾਲਾ ਮੁਲਾਜ਼ਮ
"ਰਾਜੇ ਸੀਹ **ਮੁਕਦਮ** ਕੁਤੇ।"
— ਮਲਾ **੧**, ਵਾਰ ੨੨ਸ, **੧**, ੨ : ੫ (1288)

ਮੁਕੰਦਾ — ਮੁਕਤੀ ਦਾਤਾ, ਪ੍ਰਭੂ
"ਜਮ ਦੁਆਰ ਜਬ ਪੂਛਸਿ ਬਵਰੇ ਤਬ ਕਿਆ ਕਹਸਿ **ਮੁਕੰਦਾ**।"
— ਆਸਾ **ਕਬ**, ੨੬, ੧* : ੨ (482)

ਮੁਕਦੀ — ਖਤਮ ਹੁੰਦੀ
"ਲਗਾ ਕਿਤੁ ਕੁਫਕੜੇ ਸਭ **ਮੁਕਦੀ** ਚਲੀ ਰੈਣਿ।"
— ਸਿਰੀ **੫**, ੭੩, ੧* : ੨ (43)

ਮੁਕੰਦੁ — ਮੁਕਤੀ ਦਾਤਾ ਭਾਵ ਪ੍ਰਭੂ
"ਮਨਿ **ਮੁਕੰਦੁ** ਜਿਹਬਾ ਨਾਰਾਇਨੁ ਪਰੈ ਨ ਜਮ ਕੀ ਫਾਸੀ।" — ਗਉ **ਕਬ**, ੫੮, ੨ : ੨ (336)

ਹੋਰ ਰੂਪ — ਮੁਕੰਦੇ —
"ਧਿਆਇ ਮਨਾ ਮੁਰਾਰਿ **ਮੁਕੰਦੇ** ਕਟੀਐ ਕਾਲ ਦੁਖ ਫਾਧੋ।" (ਮੁਕਤੀ ਦਾਤਾ)
— ਗਉ **੫**, ਛੰਤ ੩, ੧ : ੨ (248)

ਮੁਕਰ — (ਸੰ. मुकुर) ਸ਼ੀਸ਼ਾ
"ਪੁਹਪ ਮਧਿ ਜਿਉ ਬਾਸੁ ਬਸਤੁ ਹੈ **ਮੁਕਰ** ਮਾਹਿ ਜੈਸੇ ਛਾਈ।" — ਧਨਾ **੯**, ੧, ੧ : ੧ (684)

ਮੁਕਰਨ — ਇਨਕਾਰ ਕਰਨ, ਮੁਕਰਨ ਦੀ
"ਜੋ ਜੋ ਕੀਨੋ ਸੋ ਤੁਮ੍ ਜਾਨਿਓ ਪੇਖਿਓ ਠਉਰ ਨਾਹੀ ਕਛੁ ਢੀਠ **ਮੁਕਰਨ**।"
— ਬਿਲਾ **੫**, ੧੧੮, ੧ : ੧ (828)

ਮੁਕਰਾਈ — ਹੁਜਤ, ਤਰਕ, ਉਜ਼ਰ
"ਜਿਉ ਭਾਵੈ ਤਿਉ ਰਾਖਹੁ ਰਹਣਾ ਤੁਮ ਸਿਉ ਕਿਆ **ਮੁਕਰਾਈ** ਹੇ।"
— ਮਾਰੂ **੧**, ਸੋਲਾ ੧, ੧ : ੩ (1020)

ਮੁਕਰਾਈਐ — ਮੁਕਰ ਜਾਣਾ
"ਹਰਿ ਅੰਤਰਿ ਬਾਹਰਿ ਨਾਲਿ ਹੈ ਮੇਰੀ ਜਿੰਦੁੜੀਏ

ਸਭ ਵੇਖੈ ਮਨਿ **ਮੁਕਰਾਈਐ** ਰਾਮ।"
— ਬਿਹਾ **੪**, ਛੰਤ ੬, ੧ : ੨ (541)

ਮੁਕਰਾਨੀ — ਮੁਕਰਦੇ ਹਨ, ਇਨਕਾਰ ਕਰਦੇ ਹਨ
"ਲੂਕਿ ਕਮਾਨੋ ਸੋਈ ਤੁਮ੍ ਪੇਖਿਓ ਮੂੜ ਮੁਗਧ **ਮੁਕਰਾਨੀ**।"
— ਆਸਾ **੫**, ੧੨੮, ੧ : ੧ (403)

ਮੁਕਰਿ — ਇਨਕਾਰੀ ਹੋਣਾ
"ਤੂ ਦੇਖਹਿ ਹਉ **ਮੁਕਰਿ** ਪਾਉ।"
— ਸਿਰੀ **੧**, ੩੧, ੨ : ੩ (25)

ਹੋਰ ਰੂਪ — ਮੁਕਰੁ —
"ਕੇਤੇ ਲੈ ਲੈ **ਮੁਕਰੁ** ਪਾਹਿ।" (ਇਨਕਾਰੀ ਹੋਣਾ) — ਜਪੁ **੧**, ੨੫ : ੬ (5)

ਮੁਕਲਾਊ — ਮੁਕਲਾਵਾ ਲੈ ਜਾਣ ਵਾਲੇ ਭਾਵ ਯਮਰਾਜ
"ਪਾਹੂ ਘਰਿ ਆਏ **ਮੁਕਲਾਊ** ਆਏ।"
— ਗਉ **ਕਬ**, ੫੦, ੧* : ੨ (333)

ਮੁਕਲਾਈ — ਮੁਕਲਾਵੇ ਲਿਆਂਦੀ ਭਾਵ ਵਿਆਹੀ
"ਸੁਤਿ **ਮੁਕਲਾਈ** ਅਪਨੀ ਮਾਉ।"
— ਬਸੰ **ਕਬ**, ੩, ੧* : ੨ (1194)

ਮੁਕਲਾਵਣਹਾਰ — ਮੁਕਲਾਵੇ ਤੋਰ ਯੋਗ, ਵਿਆਹੁਣ ਯੋਗ
"ਸਭਨਾ ਸਾਹੁਰੈ ਵੰਞਣਾ ਸਭਿ **ਮੁਕਲਾਵਣਹਾਰ**।"
— ਸਿਰੀ **੫**, ੯੩, ੪ : ੧ (50)

ਮੁਕਾਤੀ — ਮੁਕਦੀ (ਸ਼ਬਦਾਰਥ) ਟੁਕੜੇ ਕੀਤੀ (ਮਹਾਨ ਕੋਸ਼)
"ਤੁਲਿ ਨਹੀ ਚਢੈ ਜਾਇ ਨ **ਮੁਕਾਤੀ** ਹਲੁਕੀ ਲਗੈ ਨ ਭਾਰੀ।" — ਗਉ **ਕਬ**, ੪੮, ੧* : ੨ (333)

ਮੁਕਾਮ — 1. ਟਿਕਾਣੇ, ਠਹਿਰਨ ਦੀ ਥਾਂ (ਅ. ਮੱਕ਼ਾਮ)
"ਥਾਨ **ਮੁਕਾਮ** ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ।"
— ਆਸਾ **੧**, ਅਸ ੧੨, ੪ : ੨ (417)

ਹੋਰ ਰੂਪ — ਮੁਕਾਮਾ —
"ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ ਏਹੀ ਠਉਰ **ਮੁਕਾਮਾ**।" (ਟਿਕਾਣਾ)
— ਪ੍ਰਭਾ **ਕਬ**, ੨, ੨ : ੨ (1349)

ਮੁਕਾਮਿ —
"ਜੋਗੀ ਤ ਆਸਣੁ ਕਰਿ ਬਹੈ ਮੁਲਾ ਬਹੈ **ਮੁਕਾਮਿ**।" (ਟਿਕਾਣੇ ਤੇ)
— ਸਿਰੀ **੧**, ਅਸ ੧੭, ੨ : ੧ (64)

ਮੁਕਾਮੁ —
"**ਮੁਕਾਮੁ** ਕਰਿ ਘਰਿ ਬੈਸਣਾ ਨਿਤ ਚਲਣੈ ਕੀ ਧੋਖ।" (ਟਿਕਾਣਾ)
— ਸਿਰੀ **੧**, ਅਸ ੧੭, ੧ : ੧ (64)

ਮੁਕਾਮੇ —
"ਦੁਨੀਆ ਕੈਸਿ **ਮੁਕਾਮੇ**।" (ਟਿਕਣ ਦੀ ਥਾਂ)
— ਸਿਰੀ **੧**, ਅਸ ੧੭, ੧* : ੧ (64)

ਮੁਕਾਮੈ —
"ਪੰਜਵੈ ਪੰਜੇ ਇਕਤੁ **ਮੁਕਾਮੈ** ਏਹਿ ਪੰਜਿ ਵਖਤ ਤੇਰੇ ਅਪਰਪਰਾ।" (ਥਾਂ ਟਿਕਾਣੇ)
— ਮਾਰੂ **੫**, ਸੋਲਾ ੧੨, ੯ : ੩ (1084)

2. ਕਾਇਮ/ਥਿਰ ਰਹਿਣ ਵਾਲਾ
"ਮੀਰ ਮਲਕ ਉਮਰੇ ਫਾਨਾਇਆ ਏਕ **ਮੁਕਾਮ** ਖੁਦਾਇ ਦਰਾ।"
— ਮਾਝ **੫**, ਸੋਲਾ ੧੨, ੮ : ੩ (1084)

ਹੋਰ ਰੂਪ — ਮੁਕਾਮੁ —
"ਸਭ ਦੁਨੀ ਆਵਣ ਜਾਵਣੀ **ਮੁਕਾਮੁ** ਏਕੁ ਰਹੀਮੁ।" (ਸਥਿਰ ਰਹਿਣ ਵਾਲਾ)
— ਸਿਰੀ **੧**, ਅਸ ੧੭, ੬ : ੨ (64)
"ਚਉਧਰੀ ਰਾਜੇ ਨਹੀ ਕਿਸੈ **ਮੁਕਾਮੁ**।" (ਸਥਿਰਤਾ)
— ਗਉ **੧**, ਅਸ ੧੪, ੪ : ੧ (227)

ਮੁਕਿਹਿ — ਮੁਕ ਜਾਂਦੇ/ਖਤਮ ਹੋ ਜਾਂਦੇ ਹਨ
"ਗੁਰੁ ਅਮਰਦਾਸੁ ਪਰਸੀਐ ਧਿਆਨੁ ਲਹੀਐ ਪਉ **ਮੁਕਿਹਿ**।" — ਸਵ **੩**, ੧੪ : ੩ (1394)

ਮੁਕੀਆਂ — ਘਸੁੰਨ
"ਫਰੀਦਾ ਜੋ ਤੈ ਮਾਰਨਿ **ਮੁਕੀਆਂ** ਤਿਨ੍ਹਾ ਨ ਮਾਰੇ ਘੁੰਮਿ।" — ਸਲੋ **ਫਰ**, ੭ : ੧ (1378)

ਮੁਕੇ — ਖਤਮ ਹੋ ਗਏ
"ਚਰਣ ਕਰ ਦੇਖਤ ਸੁਣਿ ਥਕੇ ਦਿਹ **ਮੁਕੇ** ਨੇੜੈ ਆਏ।"
— ਬਿਹਾ **੪**, ਵਾਰ ੪ਸ, **੩**, ੨ : ੬ (550)

ਮੁਖ — 1. ਚੇਹਰਾ
"ਨਾਨਕ ਤੇ **ਮੁਖ** ਉਜਲੇ ਕੇਤੀ ਛੁਟੀ ਨਾਲਿ।" ('ਮੁਖ ਉਜਲੇ' ਭਾਵ ਸੁਰਖਰੂ)

— ਜਪੁ **੧**, ੩੮ਸ : ੬ (8)

2. ਮੂੰਹ

"ਝੰਙਾ ਙਿਆਨੁ ਨਹੀ **ਮੁਖ** ਬਾਤਉ।"

— ਗਉ **੫**, ਬਾਅ ੫ : ੧ (251)

"ਹਰਿ ਹਰਿ **ਮੁਖ** ਤੇ ਬੋਲਨਾ ਮਨਿ ਵੂਠੈ ਸੁਖੁ ਹੋਇ।" — ਗਉ **੫**, ਬਾਅ ੫੧ਸ : ੧ (260)

ਹੋਰ ਰੂਪ — ਮੁਖਹਿ —

"ਜੈਸੇ ਬਾਰਿਕ **ਮੁਖਹਿ** ਖੀਰ।" (ਮੂੰਹ ਵਿਚ)

— ਮਾਲੀ **੫**, ੩, ੧ : ੪ (987)

ਮੁਖਹੁ —

"ਉਸਤਤਿ ਕਹਨੁ ਨ ਜਾਇ **ਮੁਖਹੁ** ਤੁਹਾਰੀਆ।" (ਮੂੰਹ ਤੋਂ)

— ਗਉ **੫**, ਬਾਅ ੫੫ਸ : ੩ (261)

"ਮਨਿ ਨਹੀ ਪ੍ਰੀਤਿ **ਮੁਖਹੁ** ਗੰਢ ਲਾਵਤ।" (ਮੂੰਹ ਜ਼ੁਬਾਨੀ)

— ਗਉ **੫**, ਸੁਖ ੫, ੭ : ੨ (269)

ਮੁਖਨੇ — ਮੁਕਤ ਰੂਪ, ਮੁਕਤ ਕਰਨ ਯੋਗ

"ਜਿਉ ਜਲ ਕੁੰਚਰੁ ਤਦੂਐ ਬਾਂਧਿਓ ਹਰਿ ਚੇਤਿਓ ਮੋਖ **ਮੁਖਨੇ**।" — ਨਟ **੪**, ੫, ੩ : ੨ (976)

ਮੁਖਬਚਨੀ — ਮੂੰਹ ਜ਼ੁਬਾਨੀ

"ਚਤੁਰ ਬੇਦ **ਮੁਖਬਚਨੀ** ਉਚਰੈ ਆਗੈ ਮਹਲੁ ਨ ਪਾਈਐ।" — ਗਉ **੫**, ੧੬੪*, ੩ : ੧ (216)

ਮੁਖਫਾ — (ਅ. ਮੁਖਿਫ) ਹਲਕਾ ਕਰਨ ਵਾਲਾ (ਕੇਵਲ ਮਹਾਨ ਕੋਸ਼) ਮੁਖੀ, ਇਜ਼ਤ ਵਾਲੇ

"ਤੁਮਰੇ ਜਨ ਤੁਮਹੀ ਤੇ ਜਾਨੇ ਪ੍ਰਭ ਜਾਨਿਓ ਜਨ ਤੇ **ਮੁਖਫਾ**।" — ਪ੍ਰਭਾ **੪**, ੫, ੪ : ੧ (1336)

ਮੁਖਮੰਗਾ — ਮੂੰਹ ਮੰਗੇ, ਮਨਚਾਹੇ

"ਐਸੋ ਮਿਲਿਓ ਮਨੋਹਰੁ ਪ੍ਰੀਤਮੁ ਸੁਖ ਪਾਏ **ਮੁਖਮੰਗਾ**।" — ਸਾਰ **੫**, ੩੦, ੧ : ੨ (1210)

ਮੁਖਾ — ਮੂੰਹ, ਮੁਖ

"ਨਾਮ ਬਿਹੂਨ ਸੂਨੇ ਸੇ **ਮੁਖਾ**।"

— ਗਉ **੫**, ੧੩੪, ੧ : ੨ (192)

"ਧਨੁ ਧੰਨੁ ਤਿਨਾ ਕਾ ਗੁਰੂ ਹੈ ਜਿਸੁ ਅੰਮ੍ਰਿਤ ਫਲ ਹਰਿ ਲਾਗੇ **ਮੁਖਾ**।" (ਮੂੰਹ ਨੂੰ)

— ਵਡ **੪**, ਵਾਰ ੬ : ੫ (588)

ਮੁਖਾਗਰ — ਮੂੰਹ ਜ਼ੁਬਾਨੀ

"ਸਾਸਤ ਸਿੰਮ੍ਰਿਤਿ ਬੇਦ ਚਾਰਿ **ਮੁਖਾਗਰ** ਬਿਚਰੇ।"

— ਸਿਰੀ **੫**, ਅਸ ੨੬, ੫ : ੧ (70)

ਮੁਖਾਰਬਿੰਦ — ਕੰਵਲ ਵਰਗਾ ਮੁਖ

"ਅਵਿਲੋਕਉ ਰਾਮ ਕੋ **ਮੁਖਾਰਬਿੰਦ**।"

— ਕਾਨ **੫**, ੩੨, ੧* : ੧ (1304)

ਮੁਖਿ — 1. ਮੁਖ ਤੋਂ, ਮੁਖ ਨਾਲ, ਮੂੰਹੋਂ

"ਸੁਣਿਐ **ਮੁਖਿ** ਸਾਲਾਹਣਮੰਦੁ।" (ਜਿਹਬਾ ਦੁਆਰਾ)

— ਜਪੁ **੧**, ੯ : ੨ (2)

"ਖਟੁ ਸਾਸਤ ਬਿਚਰਤ **ਮੁਖਿ** ਗਿਆਨਾ।" (ਮੂੰਹ ਜ਼ੁਬਾਨੀ) — ਮਾਝ **੫**, ੧੨, ੨ : ੧ (98)

"ਤਿਨਾ ਦਰੀਆਵਾ ਸਿਉ ਦੋਸਤੀ ਮਨਿ **ਮੁਖਿ** ਸਚਾ ਨਾਉ।" (ਮੂੰਹ ਵਿਚ)

— ਮਾਝ **੧**, ਵਾਰ ੧੮ਸ, **੨**, ੧ : ੫ (146)

"ਸਾਕਤ ਸਿਉ **ਮੁਖਿ** ਜੋਰਿਐ ਅਧ ਵੀਚਹੁ ਟੂਟੈ।" (ਮੂੰਹ ਜੋੜਨ ਭਾਵ ਮੇਲ ਅਥਵਾ ਸਬੰਧ ਰਖਨ ਵਾਲਾ) — ਬਿਲਾ **੫**, ੪੪, ੪ : ੧ (811)

2. ਚਿਹਰੇ ਉਪਰ

"ਮੋਹਣੀ **ਮੁਖਿ** ਮਣੀ ਸੋਹੈ ਕਰੈ ਰੰਗਿ ਪਸਾਉ।"

— ਸਿਰੀ **੧**, ੧, ੨ : ੨ (14)

"ਤਿਨ **ਮੁਖਿ** ਟਿਕੇ ਨਿਕ ਲਹਿ ਜਿਨ ਮਨਿ ਸਚਾ ਨਾਉ।" — ਸਿਰੀ **੧**, ੬, ੨ : ੨ (16)

"ਬਾਹਰਿ ਜਨਮੁ ਭਇਆ **ਮੁਖਿ** ਲਾਗਾ ਸਰਸੇ ਪਿਤਾ ਮਾਤ ਥੀਵਿਆ।" (ਭਾਵ ਮਥੇ ਲਗਾ)

— ਸਿਰੀ **੪**, ਪਹ ੩, ੧ : ੪ (76)

"ਜਿਤੁ **ਮੁਖਿ** ਭਾਗੁ ਲਿਖਿਆ ਧੁਰਿ ਸਾਚੈ ਹਰਿ ਤਿਤੁ ਮੁਖਿ ਨਾਮੁ ਜਪਾਤੀ।" (ਮਥੇ ਤੇ)

— ਸਿਰੀ **੪**, ਵਾਰ ੧੩ : ੫ (88)

3. ਮੁਖੀ

"ਹਰਿ ਹਰਿ ਨਾਮੁ ਜਪਹੁ ਮਨ ਮੇਰੇ **ਮੁਖਿ** ਗੁਰਮੁਖਿ ਪ੍ਰੀਤਿ ਲਗਾਤੀ।" (ਮੁਖੀ ਸ਼੍ਰੋਮਣੀ ਗੁਰਮੁਖੀ ਨਾਲ) — ਸਿਰੀ **੪**, ਵਾਰ ੧੩ : ੪ (88)

"ਹਰਿ ਦਾਤੜੇ ਮੇਲਿ ਗੁਰੂ **ਮੁਖਿ** ਗੁਰਮੁਖਿ ਮੇਲਸਾ।" (ਮੁਖੀ ਗੁਰੂ)

— ਆਸਾ **੪**, ਛੰਤ ੨੧, ੬ : ੩ (452)

"ਪਾਣੀ ਪ੍ਰਾਣ ਪਵਣਿ ਬੰਧਿ ਰਾਖੇ ਚੰਦੁ ਸੂਰਜੁ **ਮੁਖਿ** ਦੀਏ।" (ਮੁਖੀ ਦੀਵੇ)

— ਰਾਮ **੧**, ੪, ੨ : ੧ (877)

4. ਮੂੰਹ ਲਾਇ ਭਾਵ ਸਨਮੁਖ/ਸਾਹਮਣੇ ਬੁਲਾਏ

"ਹਰਿ ਅੰਦਰਿ ਸੁਣੀ ਪੂਕਾਰ ਢਾਢੀ **ਮੁਖਿ** ਲਾਇਆ।"
— ਸਿਰੀ **੪**, ਵਾਰ ੨੧ : ੨ (91)
"ਗੁਰਮੁਖਿ ਪ੍ਰੀਤਿ ਗੁਰੂ **ਮੁਖਿ** ਲਾਇ।" (ਦਰਸ਼ਨ ਕਰੇ) — ਗਉ **੪**, ੪੧, ੩ : ੧ (164)
"ਪ੍ਰਿਅ **ਮੁਖਿ** ਲਾਗੋ ਜਉ ਵਡਭਾਗੋ ਸੁਹਾਗੁ ਹਮਾਰੋ ਕਤਹੁ ਨ ਡੋਲੀ।" (ਮੂੰਹ ਲਗੀ ਭਾਵ ਚੰਗੀ ਲਗੀ, ਭਾਅ ਗਈ)
— ਬਿਲਾ **੫**, ੮੯, ੧ : ੨ (822)
"ਆਉ ਸਜਣ ਤੂ **ਮੁਖਿ** ਲਗੁ ਮੇਰਾ ਤਨੁ ਮਨੁ ਠੰਢਾ ਹੋਇ।" (ਦਰਸ਼ਨ ਦੇਹ)
— ਮਾਰੂ **੫**, ਵਾਰ ੧੮ਸ, **੫**, ੧ : ੨ (1100)

5. ਮੂੰਹ
"**ਮੁਖਿ** ਧਿਮਾਣੈ ਧਨ ਖੜੀ ਗੁਰਮੁਖਿ ਆਖੀ ਦੇਖੁ।" (ਮੂੰਹ ਧਿਆਨੇ ਭਾਵ ਸੋਚ ਵਿਚ ਡੁਬੀ)
— ਮਾਰੂ **੧**, ਅਸ ੩, ੫ : ੨ (1010)
"ਤਿਨ ਕੀ ਧੂਰਿ ਲਾਈ **ਮੁਖਿ** ਮਸਤਕਿ ਸਤਸੰਗਤਿ ਬਹਿ ਗੁਣ ਗਾਇਦਾ।" (ਮੂੰਹ ਤੇ)
— ਮਾਰੂ **੫**, ਸੋਲਾ ੨੧, ੨ : ੩ (1065)

ਮੁਖੀ — 1. ਮੁਖੀ ਜਨ, ਉਤਮ/ਸ੍ਰੇਸ਼ਟ ਪੁਰਸ਼
"ਮਨਿ ਤਨਿ ਮੁਖ ਬੋਲਹਿ ਹਰਿ **ਮੁਖੀ**।"
— ਗਉ **੫**, ਸੁਖ ੧੪, ੩ : ੫ (281)
2. ਮੁਖ ਦੁਆਰਾ, ਮੂੰਹ ਰਾਹੀਂ, ਮੂੰਹ ਨਾਲ
"ਸਾਸਿ ਸਾਸਿ ਅਰਾਧਿ ਹਰਿ ਹਰਿ ਧਿਆਇ ਸੋ ਪ੍ਰਭੁ ਮਨਿ **ਮੁਖੀ**।"
— ਆਸਾ **੫**, ਛੰਤ ੬, ੧ : ੪ (456)
"ਅਨਿਕ **ਮੁਖੀ** ਜਪੀਐ ਗੋਪਾਲ।" (ਮੂੰਹਾਂ ਨਾਲ)
— ਸਾਰ **੫**, ਅਸ ੨, ੫ : ੪ (1236)

ਮੁਖੁ — 1. ਮੁਖ, ਮੂੰਹ
"ਤਾ **ਮੁਖੁ** ਹੋਵੈ ਉਜਲਾ ਲਖ ਦਾਤੀ ਇਕ ਦਾਤਿ।"
— ਸਿਰੀ **੧**, ੫, ੩ : ੨ (16)
"ਰਾਮ ਗੋਬਿੰਦ ਜਪੇਦਿਆ ਹੋਆ **ਮੁਖੁ** ਪਵਿਤ੍ਰੁ।"
— ਗਉ **੫**, ੧੭੧*, ੧ : ੧ (218)
2. ਚਿਹਰਾ
"ਨਾਮੁ ਧਿਆਏ ਸੋ ਸੁਖੀ ਤਿਸੁ **ਮੁਖੁ** ਊਜਲੁ ਹੋਇ।"
— ਸਿਰੀ **੫**, ੭੮, ੧* : ੧ (44)
"ਤਰਣ ਤੇਜੁ ਪਰ ਤ੍ਰਿਅ **ਮੁਖੁ** ਜੋਹਹਿ ਸਰੁ ਅਪਸਰੁ ਨ ਪਛਾਣਿਆ।"
— ਸਿਰੀ **ਬੇਣੀ**, ੧, ੩ : ੧ (93)
"ਓਸੁ ਬਿਨਾ ਕੋਊ **ਮੁਖੁ** ਨਹੀ ਜੋਰੈ।" (ਭਾਵ ਮਿਲਣਾ ਨਹੀਂ ਚਾਹੁੰਦਾ)
— ਆਸਾ **੫**, ੮੨, ੧ : ੪ (390)
"ਹਉ ਵਾਰੀ **ਮੁਖੁ** ਫੇਰਿ ਪਿਆਰੇ।" (ਮੂੰਹ ਫੇਰ ਭਾਵ ਪਾਸਾ ਪਰਤ)
— ਆਸਾ **ਕਬ**, ੩੫, ੧* : ੧ (484)

ਮੁਖੇ — ਮੂੰਹ ਵਿਚ
"ਕੜੀ ਆਲੁ **ਮੁਖੇ** ਗੁਰਿ ਗਿਆਨੁ ਦ੍ਰਿੜਾਇਆ ਰਾਮ।" — ਵਡ **੪**, ਘੋੜੀ ੧, ੩ : ੧ (575)
ਹੋਰ ਰੂਪ — ਮੁਖੈ —
"ਭਗਤ **ਮੁਖੈ** ਤੇ ਬੋਲਦੇ ਸੇ ਵਚਨ ਹੋਵੰਦੇ।" (ਮੂੰਹ ਤੋਂ) — ਗਉ **੪**, ਵਾਰ ੧੨ : ੨ (306)

ਮੁਗਧ — (ਸ. मुग्ध) ਮੂੜ੍ਹ, ਬੇਸਮਝ
"ਹਮ ਮੂਰਖ **ਮੁਗਧ** ਸਰਣਾ ਗਤੀ ਕਰਿ ਕਿਰਪਾ ਮੇਲੇ ਹਰਿ ਸੋਇ।"
— ਸਿਰੀ **੪**, ੬੫, ੧* : ੨ (39)
ਹੋਰ ਰੂਪ — ਮੁਗਧਾ —
"ਨਾ ਹਉ ਜਤੀ ਸਤੀ ਨਹੀ ਪੜਿਆ ਮੂਰਖ **ਮੁਗਧਾ** ਜਨਮੁ ਭਇਆ।" (ਬੇਸਮਝ)
— ਆਸਾ **੧**, ਸੋਪੁ ੩, ੨ : ੧ (12)

ਮੁਗਧਾਹਾ — ਮੂਰਖ
"ਆਪੇ ਹੀ ਬਲੁ ਆਪਿ ਹੈ ਪਿਆਰਾ ਬਲੁ ਭੰਨੈ ਮੂਰਖ **ਮੁਗਧਾਹਾ**।"
— ਸੋਰ **੪**, ੬, ੩ : ੩ (607)

ਮੁਗਧਾਰੀ — ਮੂਰਖ
"ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਿਤ ਤੇ **ਮੁਗਧਾਰੀ**।" — ਸਾਰ **ਕਬ**, ੨, ੩ : ੨ (1252)

ਮੁਗਧੁ — ਮੂਰਖੁ
"ਗੁਰਮੁਖਿ ਚਾਨਣੁ ਜਾਣੀਐ ਮਨਮੁਖਿ **ਮੁਗਧੁ** ਗੁਬਾਰੁ।" (ਮੂਰਖ)
— ਸਿਰੀ **੧**, ੧੬, ੪ : ੨ (20)
ਹੋਰ ਰੂਪ — ਮੁਗਧੌ —
"ਮਨ **ਮੁਗਧੌ** ਦਾਦਰੁ ਭਗਤਿ ਹੀਨੁ।"
— ਬਸੰ **੧**, ਅਸ ੨, ੩ : ੧ (1188)

ਮੁਗਲ — ਤਾਤਾਰਦੀ ਇਕ ਆਭਸ਼ਪ੍ਰਸਤ ਬਹਾਦਰ ਜਾਤੀ ਜੋ ਪਿਛੋਂ ਮੁਸਲਮਾਨ ਬਣ ਗਏ

"**ਮੁਗਲ** ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ।"
— ਆਸਾ **੧**, ਅਸ ੧੨, ੫ : ੧ (418)

ਹੋਰ ਰੂਪ — ਮੁਗਲੁ —
"ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ **ਮੁਗਲੁ** ਚੜਾਇਆ।"
— ਆਸਾ **੧**, ੩੯, ੧ : ੨ (360)

ਮੁਘਦ — ਮੂਰਖ, ਵੇਖੋ 'ਮੁਗਧ'
"ਮਲ ਮੂਤ ਮੂੜ ਜਿ **ਮੁਘਦ** ਹੋਤੇ ਸਭਿ ਲਗੇ ਤੇਰੀ ਸੇਵ।" — ਆਸਾ **੫**, ੧੪੦, ੧* : ੨ (406)

ਮੁਘਨਾਂ — ਮੁਗਧਾਂ ਵਾਲੇ, ਮੂਰਖਾਂ ਵਾਲੇ
"ਰੇ ਮਨ ਮੂਸ ਬਿਲਾ ਮਹਿ ਗਰਬਤ ਕਰਤਬ ਕਰਤ ਮਹਾਂ **ਮੁਘਨਾਂ**।" — ਸਮੁ **੫**, ੪* : ੧ (1387)
('ਮਹਾਨ ਕੋਸ਼' ਨੇ ਇਥੇ ਅਰਥ 'ਮਸਤ ਹੋਇਆ' ਕੀਤੇ ਹਨ)

ਮੁੰਚਹ — ਦੂਰ ਕਰੀਏ, ਛਡੀਏ, ਤਿਆਗੀਏ
"ਅੰਮ੍ਰਿਤ ਨਾਮੁ ਹਰਿ ਹਰਿ ਜਪਹ ਮਿਲਿ ਪਾਪਾ **ਮੁੰਚਹ**।" — ਆਸਾ **੫**, ੧੧੪, ੧ : ੨ (399)

ਮੁਚਤ — ਕਟੇ ਜਾਂਦੇ, ਦੂਰ ਹੁੰਦੇ
"ਜਾ ਕੈ ਸਿਮਰਨਿ **ਮੁਚਤ** ਪਾਪ।"
— ਮਾਲੀ **੫**, ੨, ੨ : ੩ (968)

ਮੁਚੁ — 1. ਬਹੁਤਾ, ਅਧਿਕ
"ਭਉ **ਮੁਚੁ** ਭਾਰਾ ਵਡਾ ਤੋਲੁ।"
— ਗਉ **੧**, ੧, ੧ : ੧ (151)
"**ਮੁਚੁ ਮੁਚੁ** ਗਰਭ ਗਏ ਕੀਨ ਬਚਿਆ।"
— ਗਉ **ਕਬ**, ੨੫, ੨ : ੧ (326)
('ਮਹਾਨ ਕੋਸ਼' ਅਰਥ 'ਗਿਰਨਾ, ਪਤਨ ਹੋਣਾ' ਕਰਦਾ ਹੈ)
2. ਮੋਟਾ, ਛਤਰੀਦਾਰ, ਗੁਛੇਦਾਰ
"ਸਿੰਮਲਾ ਰੁਖੁ ਸਰਾਇਰਾ ਅਤਿ ਦੀਰਘ ਅਤਿ **ਮੁਚੁ**।"
— ਆਸਾ **੧**, ਵਾਰ ੧੪ਸ, **੧**, ੧ : ੧ (470)

ਮੁਚੈ — ਬਹੁਤ ਸਾਰੇ
"ਸੰਤ ਮਾਰਗਿ ਚਲਤ ਪ੍ਰਾਨੀ ਪਤਿਤ ਉਧਰੇ **ਮੁਚੈ**।"
— ਕੇਦਾ **੫**, ੧੫, ੧ : ੧ (1122)

ਮੁਛਾਂ — ਉਪਰਲੇ ਬੁੱਲ ਤੇ ਉਗਨ ਵਾਲੇ ਵਾਲ/ਰੋਮ
"ਫਰੀਦਾ ਸਿਰੁ ਪਲਿਆ ਦਾੜੀ ਪਲੀ **ਮੁਛਾਂ** ਭੀ ਪਲੀਆਂ।" — ਸਲੋ **ਫਰ**, ੫੫ : ੧ (1380)

ਮੁਛਿ ਮੁਛਿ — ਟੁਕੜੇ ਕਰਕੇ, ਟੁੱਕ ਟੁੱਕ ਕੇ
"ਥਾਨ ਮੁਕਾਮ ਜਲੇ ਬਿਜ ਮੰਦਰ **ਮੁਛਿ ਮੁਛਿ** ਕੁਇਰ ਰੁਲਾਇਆ।"
— ਆਸਾ **੧**, ਅਸ ੧੨, ੪ : ੨ (418)

ਮੁੰਜਿਤ — ਮੁੰਜ ਦੀ ਤੜਾਗੀ ਵਾਲੇ ਅਰਥਾਤ ਬੈਰਾਗੀ
"ਲੁੰਜਿਤ **ਮੁਜਿੰਤ** ਮੋਨਿ ਜਟਾ ਧਰ ਅੰਤਿ ਤਊ ਮਰਨਾ।" — ਆਸਾ **ਕਬ**, ੫, ੧ : ੨ (476)

ਮੁਜੇਰੇ — (ਅ. ਮੁਜਾਰਿਆ) ਮੁਜਾਰਾ, ਖੇਤੀ ਕਰਨ ਵਾਲਾ
"ਪੰਜਿ ਕਿਰਸਾਣ **ਮੁਜੇਰੇ** ਮਿਹਡਿਆ।"
— ਸਿਰੀ **੫**, ਅਸ ੨੯, ੫ : ੨ (73)

ਮੁਝ — ਮੇਰਾ, ਮੇਰੇ
"ਜਬ ਲਗੁ ਜਾਨੈ **ਮੁਝ** ਤੇ ਕਛੁ ਹੋਇ।" (ਮੇਰੇ ਤੋਂ)
— ਗਉ **੫**, ਸੁਖ ੧੨, ੪ : ੧ (278)
"ਫਰੀਦਾ ਮੈ ਜਾਨਿਆ ਦੁਖੁ **ਮੁਝ** ਕੂ ਦੁਖੁ ਸਬਾਇਐ ਜਗਿ।" (ਮੈਨੂੰ)
— ਸਲੋ **ਫਰ**, ੮੧ : ੧ (1382)

ਮੁਝਹਿ — 1. ਮੈਨੂੰ
"ਕਰੀ ਕ੍ਰਿਪਾ ਦਇਆਲ ਬੀਠੁਲੈ ਸਤਿ ਗੁਰ **ਮੁਝਹਿ** ਬਤਾਇਓ।"
— ਗਉ **੫**, ੧੨੩*, ੧* : ੨ (205)
2. ਮੇਰੇ
"ਹਉ ਸੂਰਾ ਪਰਧਾਨੁ ਹਉ ਕੋ ਨਾਹੀ **ਮੁਝਹਿ** ਸਮਾਨੀ।"
— ਗਉ **੫**, ਅਸ ੧੫, ੨ : ੧ (242)

ਮੁਝੁ — ਮੇਰੇ ਵਿਚ
"**ਮੁਝੁ** ਅਵਗਨ ਸਹ ਨਾਹੀ ਦੋਸੁ।"
— ਸੂਹੀ **ਫਰ**, ੧, ੧ : ੪ (794)

ਹੋਰ ਰੂਪ — ਮੁਝੈ —
"ਬੀਚਾਰਿ ਸਤਿਗੁਰੁ **ਮੁਝੈ** ਪੂਛਿਆ ਭਵਰੁ ਬੇਲੀ ਰਾਤਓ।" (ਮੈਨੂੰ)
— ਆਸਾ **੧**, ਛੰਤ ੫, ੨ : ੩ (439)

ਮੁੰਞੁ — ਕਟ ਦੇਹ, ਦੂਰ ਕਰ
"ਗੋਬਿੰਦ ਜੀਉ ਬਿਖੁ ਹਉਮੈ ਮਮਤਾ **ਮੁੰਞੁ**।"
— ਬਸੰ **੪**, ੨, ੧* : ੧ (1179)

ਮੁਠੜੀ — ਠੱਗੀ ਹੋਈ, ਮੋਹੀ ਹੋਈ

"**ਮੁਠੜੀ** ਧੰਧੈ ਧਾਵਣੀਆ ਪਿਰਿ ਛੋਡਿ ਅੜੀ ਵਿਧਣਕਾਰੇ।"
— ਵਡ **੧**, ਅਲਾ ੩, ੭ : ੨ (581)

"ਮੈ ਗਲਿ ਅਉਗਣ **ਮੁਠੜੀ** ਬਿਨੁ ਪਿਰ ਝੂਰਿ ਮਰਾਉ।" — ਮਾਰੂ **੧**, ਅਸ ੯, ੨ : ੨ (1014)
('ਮਹਾਨ ਕੋਸ਼' ਇਥੇ ਅਰਥ 'ਫਾਹੀ, ਫੰਧਾ' ਕਰਦਾ ਹੈ)

ਹੋਰ ਰੂਪ — ਮੁਠੜੇ —
"**ਮੁਠੜੇ** ਸੇਈ ਸਾਥ ਜਿਨੀ ਸਚੁ ਨ ਲਦਿਆ।" (ਲੁੱਟੇ ਗਏ ਠਗੇ ਗਏ)
— ਗਉ **੫**, ਵਾਰ ੫ਸ, **੫**, ੨ : ੧ (319)

ਮੁਠਾ — 1. ਠਗ ਖਾਧਾ
"ਕੂੜੁ ਛੁਰਾ **ਮੁਠਾ** ਮੁਰਦਾਰੁ।"
— ਸਿਰੀ **੧**, ੨੯, ੧ : ੩ (24)
(ਮਹਾਨ ਕੋਸ਼ ਇਸ ਦੇ ਅਰਥ 'ਦਸਤਾ' ਕਰਦਾ ਹੈ)

"ਪੂਰੇ ਗੁਰ ਕਾ ਹੁਕਮੁ ਨ ਮੰਨੈ ਓਹੁ ਮਨਮੁਖੁ ਅਗਿਆਨੁ **ਮੁਠਾ** ਬਿਖੁ ਮਾਇਆ।" (ਠਗਿਆ ਹੋਇਆ)
— ਗਉ **੪**, ਵਾਰ ੮ਸ, **੪**, ੨ : ੧ (303)

2. ਲੁਟਿਆ
"ਗਿਆਨ ਪਦਾਰਥੁ ਖੋਇਆ ਠਗਿਆ **ਮੁਠਾ** ਜਾਇ।"
— ਸਿਰੀ **੧**, ਅਸ ੧੨, ੧ : ੩ (60)

"ਖਾਲਕ ਥਾਵਹੁ ਭੁਲਾ **ਮੁਠਾ**।" (ਲੁਟਿਆ ਗਿਆ)
— ਮਾਰੂ **੫**, ਅਸ ੮, ੬ : ੧ (1020)

ਮੁਠੀ — 1. ਠੱਗੀ ਗਈ, ਵੇਖੋ 'ਮੁੱਠਾ' (1)
"ਧ੍ਰਿਗੁ ਜੀਵਣੁ ਦੋਹਾਗਣੀ **ਮੁਠੀ** ਦੂਜੈ ਭਾਇ।"
— ਸਿਰੀ **੧**, ੧੩, ੧ : ੧ (18)

"ਕੁਬੁਧਿ ਡੂਮਣੀ ਕੁਦਇਆ ਕਸਾਇਣ ਪਰ ਨਿੰਦਾ ਘਟ ਚੂਹੜੀ **ਮੁਠੀ** ਕ੍ਰੋਧਿ ਚੰਡਾਲਿ।"
— ਸਿਰੀ **੪**, ਵਾਰ ੨੦ਸ, **੧**, ੧ : ੧ (91)
(ਮਹਾਨ ਕੋਸ਼ ਇਥੇ ਅਰਥ ਕਰਦੇ ਹਨ 'ਸ਼ਸਤ੍ਰ ਦਾ ਮੁੱਠਾ')

2. ਛਲੀ ਹੋਈ, ਠਗੀ ਹੋਈ, ਮੋਹੀ ਹੋਈ
"ਅਵਗਣਿ **ਮੁਠੀ** ਮਹਲੁ ਨ ਪਾਏ ਅਵਗੁਣ ਗੁਣਿ ਬਖਸਾਵਣਿਆ।"
— ਮਾਝ **੧**, ਅਸ ੧, ੬ : ੩ (109)

"ਹੁਕਮੇ ਭਵੈ ਭਵਾਈਐ ਪਿਆਰੇ ਅਵਗਣਿ **ਮੁਠੀ** ਰੋਇ।" (ਮੋਹੀ ਹੋਈ)
— ਸੋਰ **੧**, ਅਸ ੩, ੬ : ੨ (636)

3. (ਸੰ. ਮੁਸ਼ਿ, ਮੁਸ਼੍ਟਿ) ਮੁੱਠ, ਮੀਟਿਆ ਹੋਇਆ ਹਥ
"ਜਿਸ ਕੈ ਘਰਿ ਦੀ ਬਾਨੁ ਹਰਿ ਹੋਵੈ ਤਿਸ ਕੀ **ਮੁਠੀ** ਵਿਚਿ ਜਗਤੁ ਸਭੁ ਆਇਆ।"
— ਵਡ **੪**, ਵਾਰ ੧੪ : ੧ (591)

ਮੁਠੀਆ — ਲੁੱਟੀ ਗਈ ਹੈ
"ਨਹ ਦ੍ਰਿਸਟਿ ਆਵੈ ਮਰਤ ਹਾਵੈ ਮਹਾ ਗਾਰਬਿ **ਮੁਠੀਆ**।" — ਰਾਮ **੫**, ਰੁਤੀ ੩ : ੩ (928)

ਮੁਠੇ — ਠੱਗੇ, ਲੁੱਟੇ
"ਘਰਿ ਹੋਦਾ ਪੁਰਖੁ ਨ ਪਛਾਣਿਆ ਅਭਿਮਾਨਿ **ਮੁਠੇ** ਅਹੰਕਾਰਿ।"
— ਸਿਰੀ **੩**, ੫੩, ੧ : ੨ (34)

"ਪਾਪ ਕਰੇ ਦੜ ਸਰਪਰ **ਮੁਠੇ**।" (ਲੁਟੇ ਗਏ ਭਾਵ ਬਰਬਾਦ ਹੋਏ)
— ਮਾਰੂ **੫**, ਅਸ ੮, ੨ : ੧ (1019)

ਮੁਡਾਇ — ਮੁਨਾ ਕੇ
"ਮੂੰਡੁ **ਮੁਡਾਇ** ਜਟਾ ਸਿਖ ਬਾਧੀ ਮੋਨਿ ਰਹੈ ਅਭਿਮਾਨਾ।"
— ਮਾਰੂ **੧**, ਅਸ ੭, ੫ : ੧ (1013)

ਹੋਰ ਰੂਪ — ਮੁਂਡਾਇਓ —
"ਕਹਾ ਭਇਓ ਜਉ ਮੂਡੁ **ਮੁਡਾਇਓ** ਭਗਵਉ ਕੀਨੋ ਭੇਸੁ।" (ਮੁਨਾ ਲਿਆ)
— ਸੋਰ **੯**, ੧੦, ੧* : ੨ (633)

ਮੁੰਡਾਇਐ —
"ਮੂੰਡਿ **ਮੁੰਡਾਇਐ** ਜੇ ਗੁਰੂ ਪਾਈਐ ਹਮ ਗੁਰੁ ਕੀਨੀ ਗੰਗਾਤਾ।" (ਮੁਨਾਇਆਂ)
— ਗਉ **੧**, ੧੫, ੨ : ੧ (155)

ਮੁਡਾਇਐ —
"ਜੋਗੁ ਨ ਮੁੰਦੀ ਮੂੰਡਿ **ਮੁਡਾਇਐ** ਜੋਗੁ ਨ ਸਿੰਙੀ ਵਾਈਐ।" — ਸੂਹੀ **੧**, ੮, ੧ : ੨ (730)

ਮੁਡਾਈ —
"ਨਾ ਸਤਿ ਮੂੰਡ **ਮੁਡਾਈ** ਕੇਸੀ ਨਾ ਸਤਿ ਪੜਿਆ ਦੇਸ ਫਿਰਹਿ।" (ਮੁਨਾਣ ਨਾਲ)
— ਰਾਮ **੩**, ਵਾਰ ੧੨ਸ, **੧**, ੧ : ੨ (952)

ਮੁਡਾਏ —

"ਭਾਵੈ ਲਾਂਬੇ ਕੇਸ ਕਰੁ ਭਾਵੈ ਘਰਰਿ **ਮੁਡਾਏ**।" (ਮੁਨਾ ਲੈ) — ਸਲੋ **ਕਬ**, ੨੫ : ੨ (1365)

ਮੁੰਡਾਏ —
"ਕਬੀਰ ਮਨੁ ਮੂੰਡਿਆ ਨਹੀ ਕੇਸ **ਮੁੰਡਾਏ** ਕਾਂਇ।" (ਮੁਨਾਏ ਹਨ)
— ਸਲੋ **ਕਬ**, ੧੦੧ : ੧ (1366)

ਮੁੰਡਿਤ — ਮੁਨੇ ਹੋਏ
"ਰੁੰਡਿਤ **ਮੁੰਡਿਤ** ਏਕੈ ਸਬਦੀ ਏਇ ਕਹਹਿ ਸਿਧਿ ਪਾਈ।" — ਗਉ **ਕਬ**, ੫੧, ੧ : ੨ (334)

ਮੁੰਡੀ — ਗਰਦਨ, ਧੌਣ
"ਜਾ ਤੁਧੁ ਭਾਵੈ ਤੇਗ ਵਗਾਵਹਿ ਸਿਰ **ਮੁੰਡੀ** ਕਟਿ ਜਾਵਹਿ।"
— ਮਾਝ **੧**, ਵਾਰ ੧੫ਮ, **੧**, ੧ : ੫ (145)

ਮੁੰਡੀਅਨ — 1. ਸਿਰ ਮੁੰਨਿਆ, ਰੋਡਿਆ
"ਇਨੁ **ਮੁੰਡੀਅਨ** ਮੇਰਾ ਘਰੁ ਧੁੰਧਰਾਵਾ।"
— ਆਸਾ **ਕਬ**, ੩੩, ੧* : ੧ (484)

2. ਰੋਡੇ ਸਾਧੂ, ਸਾਧ ਜਨ, ਮੁੰਡੇ
"ਇਨੁ **ਮੁੰਡੀਅਨ** ਭਜਿ ਸਰਨਿ ਕਬੀਰ।"
— ਗੋਂਡ **ਕਬ**, ੬, ੪ : ੪ (871)

ਮੁਡੀਆ — ਮੁੰਡਾ ਭਾਵ ਭਗਤ ਕਬੀਰ
"ਸਾਤ ਸੂਤ ਇਨਿ ਮੁਡੀਏ ਖੋਏ ਇਹੁ **ਮੁਡੀਆ** ਕਿਉ ਨ ਮੁਇਓ।"
— ਬਿਲਾ **ਕਬ**, ੪, ੨ : ੧ (856)

ਮੁੰਡੀਆ — 1. ਮੁੰਡਾ ਭਾਵ ਭਗਤ ਕਬੀਰ, ਵੇਖੋ 'ਮੁਡੀਆ'
"ਇਆ **ਮੁੰਡੀਆ** ਸਿਰਿ ਚਢਿਬੋ ਕਾਲ।"
— ਗੋਂਡ **ਕਬ**, ੬, ੧ : ੪ (871)

2. ਰੋਡੇ, ਸਾਧ ਜਨ, ਮੁੰਡੇ
"**ਮੁੰਡੀਆ ਮੁੰਡੀਆ** ਹੂਏ ਏਕ।"
"ਏ **ਮੁੰਡੀਆ** ਬੂਡਤ ਕੀ ਟੇਕ।"
— ਗੋਂਡ **ਕਬ**, ੬, ੪ : ੧;੨ (871)

ਮੁਡੀਂਏ — ਮੁੰਡੇ ਨੇ
"ਸਾਤ ਸੂਤ ਇਨਿ **ਮੁਡੀਂਏ** ਖੋਏ ਇਹ ਮੁਡੀਆ ਕਿਉ ਨ ਮੁਇਓ।"
— ਬਿਲਾ **ਕਬ**, ੪, ੨ : ੨ (856)

ਮੁੰਢ — ਮੁੱਢ, ਮੂਲ
"ਮੁੰਢਹੁ ਭੁਲੇ **ਮੁੰਢ** ਤੇ ਕਿਥੈ ਪਾਇਨਿ ਹਥੁ।"
— ਗਉ **੪**, ਵਾਰ ੨੭ਸ, **੫**, ੨ : ੧ (315)

ਮੁੰਢਹੁ — 1. ਪਹਿਲਾਂ ਤੋਂ ਹੀ
"**ਮੁੰਢਹੁ** ਭੁਲੇ ਮੁੰਢ ਤੇ ਕਿਥੈ ਪਾਇਨਿ ਹਥੁ।"
— ਗਉ **੪**, ਵਾਰ ੨੭ਸ, **੫**, ੨ : ੧ (315)

2. ਮੂਲ ਤੋਂ, ਮੁੱਢ ਤੋਂ ਹੀ, ਆਰੰਭ ਤੋਂ ਹੀ
"ਪੜੀਐ ਗੁਣੀਐ ਕਿਆ ਕਥੀਐ ਜਾ **ਮੁੰਢਹੁ** ਘੁਥਾ ਜਾਇ।"
— ਸਿਰੀ **੩**, ਅਸ ੨੩, ੬ : ੨ (68)

ਹੋਰ ਰੂਪ — ਮੁੰਢਾਹੂ —
"ਪੇਡੁ **ਮੁੰਢਾਹੂ** ਕਟਿਆ ਤਿਸੁ ਡਾਲ ਸੁਕੰਦੇ।" (ਮੁੱਢ ਤੋਂ/ਜੜ੍ਹ ਤੋਂ)
— ਗਉ **੪**, ਵਾਰ ੧੨ : ੧੦ (306)

ਮੁੰਢੈ — ਸ਼ੁਰੂ ਦੀ, ਮੁੱਢਲੀ
"**ਮੁੰਢੈ** ਦੀ ਖਸਲਤਿ ਨ ਗਈਆ ਅੰਧੇ ਵਿਛੁੜਿ ਚੋਟਾ ਖਾਇ।"
— ਬਿਹਾ **੪**, ਵਾਰ ੪ਸ, **੩**, ੨ : ੨ (549)

ਮੁਣਸਾ — ਮਨੁੱਖਾਂ
"ਮਰਣੁ **ਮੁਣਸਾ** ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ।"
— ਵਡ **੧**, ਅਲਾ ੨, ੩ : ੧ (579)

ਹੋਰ ਰੂਪ — ਮੁਣਸਾਂ —
"ਮਰਣੁ **ਮੁਣਸਾਂ** ਸੂਰਿਆ ਹਕੁ ਹੈ ਜੋ ਹੋਇ ਮਰਹਿ ਪਰਵਾਣੋ।"
— ਵਡ **੧**, ਅਲਾ ੨, ੩ : ੬ (580)

ਮੁਤੀ — 1. ਛਡੀ/ਤਿਆਗੀ ਗਈ
"ਪਿਰ ਕੀ ਨਾਰਿ ਸੁਹਾਵਣੀ **ਮੁਤੀ** ਸੋ ਕਿਤੁ ਸਾਦਿ।"
— ਸਿਰੀ **੧**, ਅਸ ੫, ੫ : ੧ (56)
"ਕੂੜਿ ਵਿਗੁਤੀ ਤਾ ਪਿਰਿ **ਮੁਤੀ** ਸਾ ਧਨੁ ਮਹਲੁ ਨ ਪਾਈ।" — ਗਉ **੩**, ਛੰਤ ੧, ੩ : ੪ (244)

2. ਤਿਆਗੀ/ਛਡੀ ਹੋਈ, ਛੁਟੜ
"ਕੰਤਿ ਵਿਸਾਰੀ ਅਵਗਣਿ **ਮੁਤੀ**।"
— ਮਾਝ **੩**, ਅਸ ੩, ੪ : ੨ (110)
"ਪਿਰੁ **ਮੁਤੀ** ਡੋਹਾਗਣੀ ਤਿਨ ਡੁਖੀ ਰੈਣਿ ਵਿਹਾਇ।" (ਛਡੀਆਂ ਹੋਈਆਂ)
— ਮਾਰੂ **੧**, ਅਸ ੯, ੪ : ੨ (1014)

3. ਛਡੀ, ਮਾਰੀ
"ਹੇੜੇ **ਮੁਤੀ** ਧਾਤ ਸੇ ਜਾਨੀ ਚਲਿ ਗਏ।"

— ਸਲੋ **ਫਰ**, ੨੨ : ੨ (1381)

ਮੁਤੀਅਸੁ — ਵਿਛੜ ਗਈ
"ਤੈ ਸਹ ਨਾਲਹੁ **ਮੁਤੀਅਸੁ** ਦੁਖਾ ਕੂੰ ਧਰੀਆਸੁ ਜੀਉ।" — ਸੂਹੀ **੧**, ਕੁਚ ੧ : ੧੪ (762)

ਮੁਤੀਆ — 1. ਛਡੀ/ਤਿਆਗੀ ਹੋਈ
"ਗਿਆਨ ਵਿਹੂਣੀ ਪਿਰ **ਮੁਤੀਆ** ਪਿਰਮੁ ਨ ਪਾਇਆ ਜਾਇ।"
— ਸਿਰੀ **੩**, ੬੧, ੩ : ੧ (38)
2. (ਅ. ਮੁਤੀਅ) ਆਗਿਆਕਾਰ
"ਕਬੀਰ ਕੂਕਰੁ ਰਾਮ ਕੋ **ਮੁਤੀਆ** ਮੇਰੋ ਨਾਉ।"
— ਸਲੋ **ਕਬ**, ੭੪ : ੧ (1368)

ਮੁਤੇ — ਛਡੇ ਗਏ
"ਫਿਰਿ ਫਿਰਿ ਜੂਨਿ ਭਵਾਈਅਨਿ ਜਮ ਮਾਰਗਿ **ਮੁਤੇ**।" — ਗਉ **੫**, ਵਾਰ ੧੨ : ੩ (321)
"ਮਥੇ ਵਾਲਿ ਪਛਾੜਿਅਨੁ ਜਮ ਮਾਰਗਿ **ਮੁਤੇ**।" (ਛੱਡ ਦਿੱਤੇ) — ਗੂਜ **੫**, ਵਾਰ ੨੦ : ੩ (524)

ਮੁਦਗਰ — (ਸੰ. ਮੁਦ੍ਗਰ) ਮੂਸਲ ਮੋਹਲਾ/ਮੁੰਗਲੀ, ਚਉਲ ਛਟਣ ਵਾਲਾ/ਭੰਗ ਘੋਟਨ ਵਾਲਾ ਮੋਟਾ ਸੋਟਾ
"ਪੂੰਜੀ ਮਾਰ ਪਵੈ ਨਿਤ **ਮੁਦਗਰ** ਪਾਪੁ ਕਰੇ ਕੋੁਟਵਾਰੀ।"
— ਬਸ **੧**, ਅਸ ੮, ੪ : ੧ (1191)
ਹੋਰ ਰੂਪ — ਮੁਦਗਰੁ —
"ਭਾਰ ਅਠਾਰਹ **ਮੁਦਗਰੁ** ਤੇਰਾ ਸਹਨਕ ਸਭ ਸੰਸਾਰਾ।"
— ਭੈਰ **ਨਾਮ**, ੧, ੨ : ੨ (1167)

ਮੁੰਦਨਿ — (ਸੰ. ਮੁਦ੍ਣਮ੍) ਮੁੰਦੇ ਗਏ, ਬੰਦ ਹੋ ਗਏ
"ਆਢੁ ਦਾਮੁ ਕਿਛੁ ਪਇਆ ਨ ਬੋਲਕ ਜਾਗਾਤੀਆ ਮੋਹਣ **ਮੁੰਦਣਿ** ਭਈ।" (ਮੋਨ ਪੈ ਗਈ)
— ਤੁਖਾ **੪**, ਛੰਤ ੪, ੫ : ੩ (1116)

ਮੁਦਤਿ — (ਅ. ਮੁਦਤ) ਸਮਾਂ, ਦੇਰ
"ਏਤੀਨ ਜਾਨਉ ਕੇਤੀਕ **ਮੁਦਤਿ** ਚਲਤੇ ਖਬਰਿ ਨ ਪਾਇਓ।" — ਮਾਰੂ **੫**, ੪, ੧* : ੨ (999)

ਮੁੰਦਰੀ — (ਸੰ. ਮੁਦ੍ਰਿਕਾ) ਅੰਗੂਠੀ
"ਮਧੁ ਸੂਦਨ ਕਰ **ਮੁੰਦਰੀ** ਪਹਿਰੈ ਪਰਮੇਸਰੁ ਪਟੁ ਲੇਈ।" — ਆਸਾ **੧**, ੩੫, ੩ : ੧ (359)

ਮੁੰਦਰੇ — ਵਾਲੇ, ਬੁੰਦੇ
"ਲਖ ਟਕਿਆ ਕੇ **ਮੁੰਦੜੇ** ਲਖ ਟਕਿਆ ਕੇ ਹਾਰ।"
— ਆਸਾ **੧**, ਵਾਰ ੪ਸ, **੧**, ੨ : ੬ (464)

ਮੁੰਦਾ — ਯੋਗੀਆਂ ਦੇ ਕੰਨਾਂ ਵਿਚ ਪਾਈ ਗੋਲ ਜਹੀ ਮੁੰਦਰੀ, ਵਾਲੀ, ਮੁੰਦਰਾ
"**ਮੁੰਦਾ** ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ।" — ਜਪੁ **੧**, ੨੮ : ੧ (6)
"ਸੁਰਤਿ ਸਿਮ੍ਰਿਤਿ ਦੁਇ ਕੰਨੀ **ਮੁੰਦਾ** ਪਰਮਿਤਿ ਬਾਹਰਿ ਖਿੰਥਾ।"
— ਗਉ **ਕਬ**, ੫੩, ੧ : ੧ (334)

ਮੁਦਾਵਣੀ — ਮੋਹਰ ਲਾ ਕੇ/ਬੰਦ ਕੀਤੀ, ਬੁਝਾਰਤ, ਅੜਾਉਣੀ, ਭੇਤ ਵਾਲੀ ਗਲ
"ਏਹ **ਮੁਦਾਵਣੀ** ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿ ਧਾਰਿ।
"ਏਹੁ **ਮੁਦਾਵਣੀ** ਸਤਿ ਗੁਰੂ ਪਾਈ ਗੁਰਸਿਖਾ ਲਧੀ ਭਾਲਿ।"
— ਸੋਰ **੪**, ਵਾਰ ੮ਸ, **੩**, ੧ : ੪;੫ (645)

ਮੁੰਦਿ — ਬੰਦ ਕਰ ਕੇ
"ਕਰਨ ਨ ਸੁਨਹੀ ਨਾਦੁ ਕਰਨ **ਮੁੰਦਿ** ਘਾਲਿਆ।"
— ਫੁਨ **੫**, ੧੪ : ੨ (1362)

ਮੁੰਦੀ — ਮੁੰਦ੍ਰਾਂ ਪਾਉਣ ਨਾਲ
"ਜੋਗੁ ਨ **ਮੁੰਦੀ** ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ।" — ਸੂਹੀ **੧**, ੮, ੧ : ੨ (730)

ਮੁਦ੍ਰ — (ਸੰ. ਮੁਦ੍ਰ) ਮੋਹਰ ਛਾਪ, ਜ਼ਾਹਰੀ ਚਿੰਨ੍ਹ, ਭੇਖ
"ਹਮਰੀ **ਮੁਦ੍ਰ** ਨਾਮੁ ਹਰਿ ਸੁਆਮੀ ਰਿਦ ਅੰਤਰਿ ਦੁਸਟ ਦੁਸਟਾਰੀ।"
— ਦੇਵ **੪**, ੫, ੨ : ੧ (528)
ਹੋਰ ਰੂਪ — ਮੁਦ੍ਰਾ —
"ਦੁਆਦਸਿ **ਮੁਦ੍ਰਾ** ਮਨੁ ਅਉਧੂਤਾ।" (ਭੇਖ, ਨਿਸ਼ਾਨ, ਚਿੰਨ)
— ਬਿਲਾ **੧**, ਥਿਤੀ ੧੫ : ੧ (240)
(12 ਮੁੰਦ੍ਰਾਂ (ਚਿੰਨ੍ਹ) ਹਨ : 5 ਬ੍ਰਹਮਚਾਰਜ ਦੇ (ਜਨੇਊ, ਮ੍ਰਿਗਛਾਲਾ, ਮੁੰਜ ਦੀ ਤੜਾਗੀ, ਕਰਮੰਡਲ ਤੇ ਸ਼ਿਖਾ); 3 ਚਿੰਨ੍ਹ ਵੈਸ਼ਨੂੰਆਂ ਦੇ (ਤਿਲਕ, ਕੰਠੀ, ਤੁਲਸੀ ਮਾਲਾ); ਦੋ ਚਿੰਨ੍ਹ ਸੈਵਾਂ ਦੇ (ਰੁਦਾਖਸ਼ ਮਾਲਾ, ਤ੍ਰਿਪਿੰਡ), 1 ਚਿੰਨ੍ਹ ਯੋਗੀ ਦਾ (ਮੁੰਦਰਾਂ); 1 ਚਿੰਨ੍ਹ ਸੰਨਿਆਸ ਦਾ (ਤ੍ਰਿਦੰਡ)

ਮੁਦ੍ਰਾ — 1. ਭੇਖ, ਵੇਖੋ 'ਮੁਦ੍ਰ'
2. ਮੁੰਦਰਾਂ
"ਅੰਤਰਿ ਸਬਦੁ ਨਿਰੰਤਰਿ **ਮੁਦ੍ਰਾ** ਹਉਮੈ ਮਮਤਾ ਦੂਰਿ ਕਰੀ।" (ਮੁੰਦਰਾਂ)
— ਰਾਮ **੧**, ਸਿਗੋ ੧੦ : ੧ (939)
3. ਮਰਯਾਦਾ, ਧਾਰਨਾ, ਸਾਧਨ, ਯੋਗ ਦੇ ਪੰਜ ਸਾਧਨ (ਮੁਦ੍ਰਾ) ਹਨ : ਖੇਚਰੀ, ਭੂਚਰੀ, ਚੇਚਰੀ, ਗੋਚਰੀ, ਉਨਮਨੀ)
"ਗਿਆਨ ਕੀ **ਮੁਦ੍ਰਾ** ਕਵਨ ਅਉਧੂ ਸਿਧ ਕੀ ਕਵਨ ਕਮਾਈ।"
— ਰਾਮ **੧**, ਸਿਗੋ ੬੧ : ੨ (944)
4. ਮੁੰਦਣ ਵਾਲਾ ਸਾਧਨ, ਉਪਰੋਂ ਬੰਦ ਕਰਨ ਵਾਲਾ ਡਾਟਾ ਤਾਂ ਜੋ ਭਾਫ ਅਥਵ ਮਦ ਨਾਲ ਵਿਚੋਂ ਹੀ ਲੰਘੇ
"**ਮੁਦ੍ਰਾ** ਮਦਕ ਸਹਜ ਧੁਨਿ ਲਾਗੀ ਸੁਖਮਨ ਪੋਚਨਹਾਰੀ ਰੇ।"
— ਰਾਮ **ਕਬ**, ੧, ੨ : ੨ (969)

ਮੁੰਦ੍ਰਾ — ਜੋਗੀਆਂ ਦੇ ਕੰਨਾਂ ਵਿਚ ਪਾਣ ਵਾਲੇ ਗੋਲ ਵਾਲੇ, ਮੁੰਦਰਾਂ
"**ਮੁੰਦ੍ਰਾ** ਤੇ ਘਟ ਭੀਤਰਿ **ਮੁੰਦ੍ਰਾ** ਕਾਂਇਆ ਕੀਜੈ ਖਿੰਥਾਤਾ।" — ਗਉ **੧**, ੧੫, ੧ : ੧ (155)

ਮੁੰਧ — ਇਸਤਰੀ, ਨਾਰੀ
"**ਮੁੰਧ** ਇਆਣੀ ਪੇਈਅੜੈ ਕਿਉ ਕਰਿ ਹਰਿ ਦਰਸਨੁ ਪਿਖੈ।" — ਸਿਰੀ **੪**, ਛੰਤ ੧, ੧ : ੧ (78)
ਹੋਰ ਰੂਪ — ਮੁੰਧਿ —
"ਘਰ ਹੀ **ਮੁੰਧਿ** ਵਿਦੇਸਿ ਪਿਰੁ ਨਿਤ ਝੂਰੇ ਸੰਮ੍ਹਾਲੇ।"
— ਵਡ **੪**, ਵਾਰ ੨੦ਸ, **੧**, ੧ : ੨ (594)
ਮੁੰਧੇ —
"**ਮੁੰਧੇ** ਪਿਰ ਬਿਨੁ ਕਿਆ ਸੀਗਾਰੁ।" (ਹੇ ਮੁਗਧ ਇਸਤ੍ਰੀ) — ਸਿਰੀ **੧**, ੧੩, ੧* : ੧ (18)

ਮੁਨਾਰੇ — (ਅ. ਮੀਨਾਰ) ਉਚਾ ਬੁਰਜ
"ਕਬੀਰ ਮੁਲਾਂ **ਮੁਨਾਰੇ** ਕਿਆ ਚਢਹਿ ਸਾਂਈ ਨ ਬਹਰਾ ਹੋਇ।"
— ਸਲੋ **ਕਬ**, ੧੮੪ : ੧ (1374)

ਮੁਨਿ — ਮੁਨੀ, ਸੰਤ, ਸਾਧ, ਰਿਸ਼ੀ
"ਆਖਹਿ ਸੁਰਿ ਨਰ **ਮੁਨਿ** ਜਨ ਸੇਵ।"
— ਜਪੁ **੧**, ੨੬ : ੧੮ (6)
"ਗੁਰ ਕੈ ਸਬਦਿ ਤਰੇ **ਮੁਨਿ** ਕੇਤੇ ਇੰਦ੍ਰਾ ਦਿਕ ਬ੍ਰਹਮਾਦਿ ਤਰੇ।" (ਮੋਨ ਧਾਰਨ ਕਰਨ ਵਾਲੇ)
— ਭੈਰ **੧**, ੧, ੧ : ੧ (1125)
"ਸੋ **ਮੁਨਿ** ਜਿਮਨ ਕੀ ਦੁਬਿਧਾ ਮਾਰੇ।" (ਮੋਨੀ)
— ਭੈਰ **੩**, ੫, ੧ : ੧ (1128)

ਮੋਨਿ — ਮੋਨ ਧਾਰ ਕੇ, ਚੁੱਪ
"ਕੋਟਿ ਮੁਨੀਸਰ **ਮੋਨਿ** ਮਹਿ ਰਹਤੇ।"
— ਭੈਰ **੫**, ਅਸ ੨, ੭ : ੪ (1156)

ਮੁਨਿਜਨ — ਮੁਨੀ, ਰਿਸ਼ੀ
"**ਮੁਨਿਜਨ** ਸੇਵਕ ਸਾਧਿਕਾ ਨਾਮਿ ਰਤੇ ਗੁਣਤਾਸੁ।"
— ਸਿਰੀ **੧**, ਅਸ ੭, ੬ : ੨ (57)
ਹੋਰ ਰੂਪ — ਮੁਨਿਜਨਾ —
"ਸਭਸਿਧ ਸਾਧਿਕ **ਮੁਨਿਜਨਾ** ਮਨਿ ਭਾਵਨੀ ਹਰਿ ਧਿਆਇਓ।"
— ਮਾਲੀ **੪**, ੩, ੧* : ੧ (985)
ਮੁਨਿਜਨਾਂ —
"ਨਾਨਕ ਵੀਚਾਰਹਿ ਸੰਤ **ਮੁਨਿਜਨਾਂ** ਚਾਰਿ ਵੇਦ ਕਹੰਦੇ।" — ਗਉ **੪**, ਵਾਰ ੩੧ : ੩ (316)

ਮੁਨਿੰਦ੍ਰ — ਮੁਨੀਆਂ ਦਾ ਰਾਜਾ, ਵਿਸ਼ਨੂੰ
"ਇੰਦ੍ਰ **ਮੁਨਿੰਦ੍ਰ** ਖੋਜਤੇ ਗੋਰਖ ਧਰਣਿ ਗਗਨ ਆਵਤ ਫੁਨਿ ਧਾਵਤ।" — ਸਮੁ **੫**, ੭* : ੨ (1388)

ਮੁਨਿਵਰ — ਸ੍ਰੇਸ਼ਟ ਮੁਨੀ
"ਮਾਨ ਮੁਨੀ **ਮੁਨਿਵਰ** ਗਲੇ ਮਾਨੁ ਸਭੈ ਕਉ ਖਾਇ।"
— ਸਲੋ **ਕਬ**, ੧੫੬ : ੨ (1372)

ਮੁਨੀ — 1. ਸੰਤ, ਸਾਧ, ਰਿਸ਼ੀ ਵੇਖੋ 'ਮੁਨਿ'
"ਖੋਜਹਿ ਜਨ **ਮੁਨੀ** ਹਾਂ।"
— ਆਸਾ **੫**, ੧੫੯, ੧ : ੧ (409)
"ਜਾ ਕਉ ਖੋਜਹਿ ਅਸੰਖ **ਮੁਨੀ** ਅਨੇਕ ਤਪੇ।"
— ਆਸਾ **੫**, ਛੰਤ ੫, ੧ : ੧ (455)
2. ਮੋਨ
"ਅਨਿਕ ਗੁਨਿਤ ਧੁਨਿਤ ਲਲਿਤ ਅਨਿਕ ਧਾਰ **ਮੁਨੀ**।" — ਭੈਰ **੫**, ੫੭, ੧ : ੨ (1153)

ਮੋਨੀ — ਮੋਨ ਵਰਤ ਰਖ ਕੇ ਸਾਧਨਾ ਕਰਨ ਵਾਲੇ
"ਪੜ੍ਹਿ ਪੜ੍ਹਿ ਪੰਡਿਤ **ਮੋਨੀ** ਥਕੇ ਦੇਸੰਤਰ ਭਵਿ ਥਕੇ ਭੇਖਧਾਰੀ।"
— ਸਾਰ **੪**, ਵਾਰ ੨੪ਸ, **੩**, ੧ : ੧ (1246)

ਮੁੰਨੀਅਨਿ੍ — ਮੁੰਨੇ ਜਾਂਦੇ ਹਨ
"ਸੇ ਸਿਰ ਕਾਤੀ **ਮੁੰਨੀਅਨਿ੍** ਗਲ ਵਿਚਿ ਆਵੈ ਧੂੜਿ।" — ਆਸਾ **੧**, ਅਸ ੧੧, ੧ : ੨ (417)

ਮੁਨੀਸਰ — ਸ੍ਰੇਸ਼ਟ ਮੁਨੀ
"ਕੋਟਿ **ਮੁਨੀਸਰ** ਮੋਨਿ ਮਹਿ ਰਹਤੇ।"
— ਭੈਰ **੫**, ਅਸ ੨, ੭ : ੪ (1156)

ਹੋਰ ਰੂਪ — ਮੁਨੀਸੁਰ —
"ਬ੍ਰਹਮਾਦਿਕ ਸਿਵ ਛੰਦ **ਮੁਨੀਸੁਰ** ਰਸਕਿ ਰਸਕਿ ਠਾਕੁਰ ਗੁਨ ਗਾਵੰਤ।"
— ਸਮੁ **੫**, ੭* : ੧ (1388)

ਮੁਮਾਰਖੀ — (ਅੰ. ਮੁਬਾਰਕ) ਮੁਬਾਰਕ, ਸ਼ੁਭ, ਬਰਕਤ ਵਾਲਾ
"ਮਾਹਾ ਮਾਹ **ਮੁਮਾਰਖੀ** ਚੜਿਆ ਸਦਾ ਬਸੰਤੁ।"
— ਬਸੰ **੧**, ੧, ੧ : ੧ (1168)

ਮੁਯਉ — ਮਰਿਆ ਹੈ
"ਹਰਿਬੰਸ ਜਗਤਿ ਜਸੁ ਸੰਚਰ੍ਉ ਸੁ ਕਵਣੁ ਕਹੈ ਸ੍ਰੀ ਗੁਰੁ **ਮੁਯਉ**।"— ਸਵ **੫**, ਹਰਿ ੧ : ੬ (1409)

ਮੁਯੇ — ਮਰ ਜਾਣੀਏ, ਪਿਆਰ ਨਾਲ ਦਿਤੀ ਝਿੜਕ
"ਰਸਨਾ ਹਰਿ ਰਸੁ ਚਾਖੁ **ਮੁਯੇ** ਜੀਉ ਅਨਰਸ ਸਾਦ ਗਵਾਏ।" — ਗਉ **੩**, ਛੰਤ ੫, ੨ : ੨ (246)

ਮੁਰਗਾਈ — ਮੁਰਗਾਬੀ, ਇਕ ਪੰਛੀ, ਪਾਣੀ ਦਾ ਪੰਛੀ, ਆਬੀ ਮੁਰਗ
"ਜੈਸੇ ਜਲ ਮਹਿ ਕਮਲੁ ਨਿਰਾਲਮੁ **ਮੁਰਗਾਈ** ਨੈ ਸਾਣੈ।" — ਰਾਮ **੧**, ਸਿਗੋ ੫ : ੧ (938)

ਮੁਰਗੀ — ਕੁਕੜੀ, ਇਕ ਮਦੀਨ ਪੰਛੀ
"ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ **ਮੁਰਗੀ** ਮਾਰੈ।"
— ਪ੍ਰਭਾ **ਕਬ**, ੪, ੧ : ੨ (1350)

ਮੁਰਟੀਐ — ਮੋੜ ਲਿਆ, ਫੇਰ ਲਿਆ
"ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ **ਮੁਰਟੀਐ**।"
— ਰਾਮ **ਬਸ**, ਵਾਰ ੨ : ੧੦ (967)

ਮੁਰਦਾਰ — ਲੋਥ ਤੁਲ ਅਪਵਿਤਰ ਵਸਤ, ਹਰਾਮ (ਫ਼ਾ. ਮੁਰਦਾਰ)
"ਦੁਨੀਆ **ਮੁਰਦਾਰ** ਖੁਰਦਨੀ ਗਾਫਲ ਹਵਾਇ।"
— ਤਿਲੰ **੫**, ੧, ੧* : ੧ (723)

ਹੋਰ ਰੂਪ — ਮੁਰਦਾਰੁ —
"ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ **ਮੁਰਦਾਰੁ**।" (ਲੋਥ, ਮੁਰਦਾ ਸਰੀਰ)
— ਸਿਰੀ **੧**, ੪, ੧ : ੧ (15)
"ਕੂੜੁ ਛੁਰਾ ਮੁਠਾ **ਮੁਰਦਾਰ**।" (ਠਗ ਖਾਧਾ ਮੁਰਦਾ ਖਾਣ ਤੁਕ ਹੈ)
— ਸਿਰੀ **੧**, ੨੯, ੧ : ੩ (24)
"ਕੂੜੁ ਬੋਲਿ **ਮੁਰਦਾਰੁ** ਖਾਇ।" (ਹਰਾਮ)
— ਮਾਝ **੧**, ਵਾਰ ੫ਸ, **੧**, ੧ : ੧ (140)
"ਗੁਰੁਪੀਰੁ ਹਾਮਾ ਤਾ ਭਰੇ ਜਾ **ਮੁਰਦਾਰੁ** ਨ ਖਾਇ।" (ਹਰਾਮ ਦੀ ਕਮਾਈ)
— ਮਾਝ **੧**, ਵਾਰ ੭ਸ, **੧**, ੨ : ੨ (141)
"ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ **ਮੁਰਦਾਰੁ**।" (ਲੋਥ)
— ਆਸਾ **੧**, ਵਾਰ ੧੧ਸ, **੧**, ੨ : ੩ (469)

ਮੁਰਲੀ — ਬੰਸਰੀ
"ਰਿਖੀ ਕੇਸ ਗੋਵਰਧਨ ਧਾਰੀ **ਮੁਰਲੀ** ਮਨੋਹਰ ਹਰਿ ਰੰਗਾ।" (ਮੁਰਲੀ ਮਨੋਹਰ, ਸ੍ਰੀ ਕ੍ਰਿਸ਼ਨ ਭਾਵ ਪ੍ਰਭੂ)
— ਮਾਰੂ **੫**, ਸੋਲਾ ੧੧, ੧ : ੩ (1082)

ਮੁਰਲੇ — ਮੋਰ ਦੇ ਬਚੇ
"ਉਨਵੈ ਘਨੁ ਘਨ ਘਨਿਹਰੁ ਗਰਜੈ ਮਨਿ ਬਿਗਿਸੈ ਮੋਰ **ਮੁਰਲੇ**।" — ਨਟ **੪**, ੨, ੩ : ੨ (975)

ਮੁਰਾਰ — ਮੁਰ ਰਾਕਸ਼ ਦਾ ਵੈਰੀ, ਕ੍ਰਿਸ਼ਨ, ਇਥੇ ਭਾਵ ਪ੍ਰਭੂ
"ਬਡੇ ਭਾਗ ਗੁਰੁ ਸੇਵਹਿ ਅਪੁਨਾ ਭੇਦ ਨਾਹੀ ਗੁਰਦੇਵ **ਮੁਰਾਰ**।" — ਗੂਜ **੧**, ਅਸ ੨, ੭ : ੧ (504)

ਹੋਰ ਰੂਪ — ਮੁਰਾਰਾ —
"ਮਤਿ ਮਲੀਣ ਪਰਗਟੁ ਭਈ ਜਪਿ ਨਾਮੁ **ਮੁਰਾਰਾ**।" (ਪ੍ਰਭੂ ਦਾ)
— ਗਉ **੩**, ੩੮, ੧ : ੨ (163)

ਮੁਰਾਰਿ —
"ਊਚਉ ਥਾਨੁ ਸੁਹਾਵਣਾ ਊਪਰਿ ਮਹਲੁ **ਮੁਰਾਰਿ**।" (ਪ੍ਰਭੂ ਦਾ)
— ਸਿਰੀ **੧**, ੧੨, ੨ : ੧ (18)

ਮੁਰਾਰਿ — 1. ਪ੍ਰਭੂ, ਵਾਹਿਗੁਰੂ, ਵੇਖੋ 'ਮੁਰਾਰ'
2. ਮੁਰ ਰਾਕਸ਼ ਨੂੰ ਮਾਰਨ ਵਾਲਾ, ਸ੍ਰੀ ਕ੍ਰਿਸ਼ਨ
"ਦੁਆਪੁਰਿ ਕ੍ਰਿਸਨ **ਮੁਰਾਰਿ** ਕੰਸੁ ਕਿਰਤਾਰਥੁ

ਕੀਓ।" — ਸਵ **੧**, ੭ : ੩ (1390)

ਮੁਰਾਰੀ — ਵਾਹਿਗੁਰੂ, ਪ੍ਰਭੂ
"ਗੁਰਮਤਿ ਜਾਨਿਆ ਰਿਦੈ **ਮੁਰਾਰੀ**।"
— ਗਉ **੧**, ਅਸ ੧੦, ੮ : ੨ (225)
2. ਹੇ ਹਰੀ, ਹੇ ਪ੍ਰਭੂ
"ਭਵ ਸਾਗਰੁ ਤਾਰਿ **ਮੁਰਾਰੀ**।"
— ਸੋਰ **ਕਬ**, ੮, ੩ : ੨ (656)
ਹੋਰ ਰੂਪ — ਮੁਰਾਰੇ —
"ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ **ਮੁਰਾਰੇ** ਜੀਉ।" (ਪ੍ਰਭੂ)
— ਮਾਝ **੫**, ੮, ੨ : ੩ (96)
ਮੁਰਾਰੈ —
"ਸਾਚੇਂ ਸਿਰਜਣਹਾਰ **ਮੁਰਾਰੈ**।" (ਹਰਿ ਪ੍ਰਭੂ ਨੂੰ) — ਮਾਰੂ **੧**, ਸੋਲਾ ੨, ੧੩ : ੨ (1022)

ਮੁਰਿ — ਮੁੜਕੇ
"ਜਿਹ ਜਿਹ ਡਾਲੀ ਪਗੁ ਧਰਉ ਸੋਈ **ਮੁਰਿ ਮੁਰਿ** ਜਾਇ।" — ਸਲੋ **ਕਬ**, ੮੭ : ੨ (1369)

ਮੁਰੀਦਾ — (ਅ. ਮੁਰੀਦ) ਸ਼ਿੱਸ਼, ਚੇਲਾ, ਪੈਰੋਕਾਰ
"ਜੋ ਗੁਰ ਦਸੈ ਵਾਟ **ਮੁਰੀਦਾ** ਜੋਲੀਐ।"
— ਆਸਾ **ਫਰ**, ੨, ੩ : ੨ (488)

ਮੁਲ — ਕੀਮਤ
"**ਮੂਲ** ਖਰੀਦੀ ਲਾਲਾ ਗੋਲਾ ਮੇਰਾ ਨਾਉ ਸੁਭਾਗਾ।"
— ਮਾਰੂ **੧**, ੬, ੧ : ੧ (991)

ਮੁਲਖੁ — (ਅ. ਮੁਲਕ) ਦੇਸ
"ਅਲਹੁ ਏਕੁ ਮਸੀਤਿ ਬਸਤੁ ਹੈ ਅਵਰੁ **ਮੁਲਖੁ** ਕਿਸੁ ਕੇਰਾ।"
— ਪ੍ਰਭਾ **ਕਬ**, ੨, ੧ : ੧ (1349)

ਮੁਲੰਮਾ — (ਅ. ਮੁਲੰਮਅ) ਗਿਲਟ ਕੀਤਾ ਹੋਇਆ, ਓਪਰੀ ਓਪਰੀ ਲਿਆਂਦੀ ਚਮਕ
"ਕੂੜੁ ਠਗੀ ਗੁਝੀ ਨ ਰਹੈ **ਮੁਲੰਮਾ** ਪਾਜੁ ਲਹਿ ਜਾਇ।"
— ਗਉ **੪**, ਵਾਰ ੭ਸ, **੪**, ੨ : ੫ (303)

ਮੁਲਾ — (ਅ. ਮੁਲਾ) ਵਿਦਿਆ ਨਾਲ ਭਰਪੂਰ, ਵਿਦਵਾਨ, ਆਲਿਮ, ਮੌਲਵੀ
"ਤਾ ਤੂ **ਮੁਲਾ** ਤਾ ਤੂ ਕਾਜੀ ਜਾਣਹਿ ਨਾਮੁ ਖੁਦਾਈ।"
— ਸਿਰੀ **੧**, ੨੮, ੨ : ੧ (24)
"ਜਾ ਤੁਧੁ ਭਾਵੈ ਤਾ ਪੜਹਿ ਕਤੇਬਾ **ਮੁਲਾ** ਸੇਖ ਕਹਾਵਹਿ।"
— ਮਾਝ **੧**, ਵਾਰ ੧੫ਸ, **੧**, ੧ : ੩ (145)
ਹੋਰ ਰੂਪ — ਮੁਲਾਂ —
"ਕਾਜੀ **ਮੁਲਾਂ** ਹੋਵਹਿ ਸੇਖ।"
— ਬਸੰ **੧**, ੩, ੩ : ੧ (1169)
ਮੁੱਲਾ —
"ਨਾ ਓਇ ਜੋਗੀ ਨਾ ਓਇ ਜੰਗਮ ਨਾ ਓਇ ਕਾਜੀ **ਮੁੱਲਾ**।"
— ਮਾਝ **੧**, ਵਾਰ ੨, ੬ਸ, **੧**, ੧ : ੧੦ (149)
ਮੁੱਲਾਂ —
"ਕਬੀਰ **ਮੁੱਲਾਂ** ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ।"
— ਸਲੋ **ਕਬ**, ੧੮੪ : ੧ (1374)

ਮੁਲਿ — ਖਰੀਦ ਕੇ, ਕੀਮਤ ਦੇ ਕੇ
"ਆਪੁਨਾ ਦਾਸਰਾ ਆਪੇ **ਮੁਲਿ** ਲੀਉ।"
— ਗਉ **੫**, ਅਸ ੯, ੬ : ੨ (240)
ਹੋਰ ਰੂਪ — ਮੋੁਲਿ —
"**ਮੋੁਲਿ** ਅਮੋੁਲੁ ਨ ਪਾਈਐ ਵਣਜਿ ਨ ਲੀਜੈ ਹਾਟਿ।" (ਮੁਲ ਦੇ ਕੇ, ਮੁਲ ਨਾਲ)
— ਮਾਰੂ **੩**, ਵਾਰ ੧ਸ, **੧**, ੧ : ੪ (1087)

ਮੁਲੀਐ — ਮੁਲ ਮਿਲਣਾ, ਖਰੀਦਿਆ ਜਾ ਸਕਦਾ
"ਤੋਲਿ ਨ ਤੁਲੀਐ ਮੋਲਿ ਨ **ਮੁਲੀਐ** ਕਤ ਪਾਈਐ ਮਨ ਰੂਚਾ।" — ਦੇਵ **੫**, ੩੨, ੧ : ੨ (534)

ਮੁਲੁ — ਕੀਮਤ
"ਇਸ ਕਾ ਰੰਗੁ ਦਿਨ ਥੋੜਿਆ ਛੋਛਾ ਇਸ ਦਾ **ਮੁਲੁ**।"
— ਸਿਰੀ **੪**, ਵਾਰ ੮ਸ, **੩**, ੨ : ੨ (85)
ਹੋਰ ਰੂਪ — ਮੁਲੋ —
"ਕੂੜੀ ਡੇਖਿ ਭੁਲੋ ਅਢੁ ਲਹੈ ਨ **ਮੁਲੋ** ਗੋਵਿਦ ਨਾਮੁ ਮਜੀਠਾ।"
— ਸੂਹੀ **੫**, ਛੰਤ ੧, ੧ : ੩ (777)

ਮੁੜਿ — ਮੁੜ ਕੇ, ਲਿਫਕੇ
"ਕੇਤੇ ਨਚਹਿ ਮੰਗਤੇ ਗਿੜਿ **ਮੁੜਿ** ਪੂਰਹਿ ਤਾਲ।"
— ਆਸਾ **੧**, ਵਾਰ ੪ਸ, **੧**, ੨ : ੩ (464)
ਹੋਰ ਰੂਪ — ਮੁੜੇ —
"ਅਜੁ ਨ ਸੁਤੀ ਕੰਤ ਸਿਉ ਅੰਗੁ **ਮੁੜੇ** ਮੁੜਿ ਜਾਇ।" (ਲਿਫਕੇ)

— ਸਲੋ **ਫਰ**, ੩੦ : ੧ (1379)

2. ਮੁੜ ਕੇ, ਦੁਬਾਰਾ

"ਕਵਿ ਕੀਰਤ ਜੋ ਸੰਤ ਚਰਨ **ਮੁੜਿ** ਲਾਗਹਿ ਤਿਨ੍ਹ ਕਾਮ ਕ੍ਰੋਧ ਜਮ ਕੋ ਨਹੀ ਤ੍ਰਾਸੁ।"

— ਸਵ **੪**, ਕੀਰ, ੧ : ੩ (1405)

ਮੁ — 1. ਮੇਰੀ

"ਲੋਇਣ ਲੋਈ ਡਿਠ ਪਿਆਸ ਨ ਬੁਝੈ **ਮੂ** ਘਣੀ।"

— ਵਡ **੫**, ਛੰਤ ੨, ੨ਸ : ੧ (577)

ਹੋਰ ਰੂਪ — ਮੂੰ —

"**ਮੂੰ** ਪਿਰੀਆ ਸਉ ਨੇਹੁ ਕਿਉ ਸਜਣ ਮਿਲਹਿ ਪਿਆਰਿਆ।" (ਮੇਰਾ)

— ਸਲੋ **੪**, ੪ : ੨ (1421)

2. ਮੈਂ

"ਯਾਰ ਵੇ ਪ੍ਰਿਅ ਹਭੇ ਸਖੀਆ **ਮੂ** ਕਹੀ ਨ ਜੇਹੀਆ।"

— ਜੈਤ **੫**, ਛੰਤ ੧, ੨ : ੧ (703)

ਹੋਰ ਰੂਪ — ਮੂੰ —

"ਜਿਨਾ ਪਛਾਤਾ ਸਚੁ ਚੁੰਮਾ ਪੈਰ **ਮੂੰ**।" (ਮੈਂ)

— ਆਸਾ **ਫਰ**, ੧, ੩ : ੨ (488)

2. ਮੈਨੂੰ

"ਯਾਰ ਵੇ ਤੈ ਰਾਵਿਆ ਲਾਲਨੁ **ਮੂ** ਦਸਿ ਦਸੰਦਾ।"

— ਜੈਤ **੫**, ੧, ੩ : ੨ (703)

ਹੋਰ ਰੂਪ — ਮੂੰ —

"ਜੇ ਕੋ **ਮੂੰ** ਉਪਦੇਸੁ ਕਰਤ ਹੈ ਤਾ ਵਣਿ ਤ੍ਰਿਣਿ ਰਤੜਾ ਨਾਰਾਇਣਾ।" (ਮੈਨੂੰ)

— ਸਿਰੀ **ਤ੍ਰਿਲੋ**, ੨, ੫ : ੧ (92)

4. ਮੇਰੇ

"ਤਉ ਭਾਵਨਿ ਤਉ ਜੇਹੀਆ **ਮੂ** ਜੇਹੀਆ ਕਿਤੀਆਹ।"

— ਮਾਰੂ **੧**, ਅਸ ੯, ੮ : ੧ (1015)

ਮੂਓ — ਮਰ ਗਿਆ

"ਜਨਮਤ ਕੀ ਨ **ਮੂਓ** ਆਭਾਗਾ।"

— ਮਾਰੂ **੩**, ਸੋਲਾ ੨, ੯ : ੨ (1045)

ਮੂਆ — ਮਰਿਆ, ਮਰ ਗਿਆ

"ਦੂਜੈ ਲਾਗਿ ਜਗੁ ਖਪਿ ਖਪਿ **ਮੂਆ**।"

— ਮਾਰੂ **੩**, ਅਸ ੭, ੬ : ੨ (113)

ਹੋਰ ਰੂਪ — ਮੂਐ —

"ਪਿੰਡਿ **ਮੂਐ** ਜੀਉ ਕਿਹ ਘਰਿ ਜਾਤਾ।" (ਮਰਨ ਨਾਲ)

— ਗਉ **ਕਬ**, ੧੮, ੧ : ੧ (327)

ਮੂਇ — (ਫਾ. ਮੂਏ) ਵਾਲ, ਕੇਸ

"ਮਮ ਸਰ **ਮੂਇ** ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ।"

— ਤਿਲੰ **੧**, ੧, ੧* : ੨ (721)

ਮੂਈ — ਮਰੀ, ਖਤਮ ਹੋ ਗਈ, ਮੁਕ ਗਈ

"**ਮੂਈ** ਸੁਰਤਿ ਬਾਦੁ ਅਹੰਕਾਰੁ।"

— ਗਉ **੧**, ੪, ੨ : ੩ (152)

ਹੋਰ ਰੂਪ — ਮੂਏ —

"ਬਿਨੁ **ਮੂਏ** ਕਿਉ ਪੂਰਾ ਹੋਇ।" (ਮਰਿਆ, ਮਰਨ ਦੇ) — ਗਉ **੧**, ੭, ੩ : ੨ (153)

"**ਮੂਏ** ਕਉ ਕਹੁ ਮਾਰੇ ਕਉਨੁ।" (ਮਰੇ ਹੋਏ, ਮੋਏ) — ਗਉ **੧**, ਅਸ ੨, ੫ : ੧ (221)

"ਸੰਚਿ ਸੰਚਿ ਸਾਕਤ **ਮੂਏ** ਨਾਨਕ ਮਾਇਆ ਨ ਸਾਥ।" (ਮਰ ਗਏ)

— ਗਉ **੫**, ਬਾਅ ੩੩ਸ : ੨ (257)

"**ਮੂਏ** ਮਰਮੁ ਕੋ ਕਾ ਕਰ ਜਾਨਾ।" (ਮਰੇ ਹੋਏ ਜੀਨ) — ਗਉ **ਕਬ**, ੮, ੩ : ੨ (325)

ਮੂਏਂ —

"ਜੀਵਤ ਪਿਤਰ ਨ ਮਾਨੈ ਕੋਊ **ਮੂਏਂ** ਸਿਰਾਧ ਕਰਾਹੀ।" (ਮਰਨ ਉਪਰੰਤ)

— ਗਉ **ਕਬ**, ੪੫, ੧ : ੧ (332)

ਮੂਸ — 1. {ਸੰ. ਸੁਸ਼, ਫਾ. ਮੂਸ਼} ਚੂਹਾ

"ਰੇ ਮਨ **ਮੂਸ** ਬਿਲਾ ਮਹਿ ਗਰਬਤ ਕਰਤਬ ਕਰਤ ਮਹਾਂ ਮੁਘਨਾਂ।" — ਸਮੁ **੫**, ੪* : ੧ (1387)

2. (ਸੰ. ਮੁਸ਼) ਲੁਟਣਾ

"ਰੈਣਿ ਅੰਧੇਰੀ ਕਿਆ ਪਤਿ ਤੇਰੀ ਚੋਰੁ ਪੜੈ ਘਰੁ **ਮੂਸਏ**।"

— ਤੁਖਾ **੧**, ਛੰਤ ੨, ੧ : ੪ (1110)

ਮੂਸਹੁਗੇ — ਲੁਟੇ ਜਾਉਗੇ, ਵੇਖੋ 'ਮੂਸ' (2)

"ਦੁਬਿਧਾ ਛੋਡਿ ਕੁਵਾਟੜੀ **ਮੂਸਹੁਗੇ** ਭਾਈ।"

— ਆਸਾ **੧**, ਅਸ ੧੫, ੬ : ੧ (419)

ਮੂਸਤ — ਚੁਰਾਉਂਦਾ, ਲੁੱਟਦਾ

"ਗਹਬਰ ਬਨ ਘੋਰ ਗਹਬਰ ਬਨ ਘੋਰ ਹੇ ਗ੍ਰਿਹ **ਮੂਸਤ** ਮਨ ਚੋਰ ਹੇ ਦਿਨ ਕਰੋ ਅਨਦਿਨੁ ਖਾਤ।"

— ਆਸਾ **੫**, ਛੰਤ ੧੪, ੧ : ੨ (461)
"ਅਪਨਾ ਘਰੁ **ਮੂਸਤ** ਰਾਖਿ ਨ ਸਾਕਹਿ ਕੀ ਪਰ ਘਰੁ ਜੋਹਨ ਲਾਗਾ।" (ਲੁਟੀਂਦਾ)
— ਸੋਰ **੧**, ੧੦, ੧ : ੧ (594)

ਮੂਸਨ — ਗੁਰੂ ਅਰਜਨ ਦੇਵ ਜੀ ਦਾ ਇਕ ਸਿੱਖ
"**ਮੂਸਨ** ਪ੍ਰੇਮ ਪਿਰੰਮ ਕੈ ਗਨਉ ਏਕ ਕਰਿ ਕਰਮ।"
— ਚਉ **੫**, ੩ : ੨ (1364)
(ਦਰਪਣ ਅਰਥ 'ਹੇ ਲੁਟੇ ਜਾ ਰਹੇ ਮਨੁੱਖ' ਕਰਦਾ ਹੈ)

ਮੂਸਲਹਿ — ਮੋਹਲੇ ਨਾਲ
"ਸਾਰੋ ਦਿਨਸੁ ਮਜੂਰੀ ਕਰਤਾ ਤੁਹੁ **ਮੂਸਲਹਿ** ਛਰਾਇਆ।" — ਟੋਡੀ **੫**, ੪, ੩ : ੧ (712)

ਮੂਸਾ — (ਸੰ. ਮੂਸ਼) ਚੂਹਾ
"ਆਵ ਘਟੈ ਨਰੁ ਨ ਬੁਝੈ ਨਿਤਿ **ਮੂਸਾ** ਲਾਜੁ ਟੁਕਾਇ।" (ਕਾਲ ਰੂਪ ਚੂਹਾ)
— ਸਿਰੀ **੪**, ੨੦, ੧ : ੨ (41)
"ਜੈਸੇ ਕਾਗਦ ਕੇ ਭਾਰ **ਮੂਸਾ** ਟੂਕਿ ਗਵਾਵਤ ਕਾਮਿ ਨਹੀ ਗਾਵਾਰੀ।"
— ਧਨਾ **੫**, ੪੨, ੧* : ੨ (681)

ਮੂਸਿ — ਲੁਟ ਕੇ
"ਬਾਟ ਪਾਰਿ ਘਰੁ **ਮੂਸਿ** ਬਿਰਾਨੋ ਪੇਟੁ ਭਰੈ ਅਪ੍ਰਾਧੀ।" — ਸਾਰ **ਸਧ**, ੧, ੨ : ੧ (1253)

ਮੂਸੀਐ — ਲੁਟੇ ਜਾਈਦਾ ਹੈ
"ਮੂਸਨ ਤਬ ਹੀ **ਮੂਸੀਐ** ਬਿਸਰਤ ਪੁਰਖ ਦਇਆਲ।" — ਚਉ **੫**, ੨ : ੨ (1364)

ਮੂਸੇ — 1. ਲੁੱਟੇ ਜਾਂਦੇ ਹਨ
"ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ **ਮੂਸੇ**।"
— ਗਉ **੫**, ੧੬੪*, ੧* : ੨ (216)
2. ਧੋਖੇ/ਭੁਲੇਖੇ ਕਰਕੇ
"ਭ੍ਰਮ ਕੇ **ਮੂਸੇ** ਤੂੰ ਰਾਖਵ ਪਰਦਾ ਪਾਛੈ ਜੀਅ ਕੀ ਮਾਨੀ।"
— ਆਸਾ **੫**, ੧੨੮, ੧* : ੨ (403)
ਹੋਰ ਰੂਪ — ਮੂਸੈ —
"ਵੇ ਮਾਰਗਿ **ਮੂਸੈ** ਮੰਤ੍ਰਿ ਮਸਾਣਿ।"
— ਰਾਮ **੧**, ਸਿਗੋ ੨੬ : ੪ (941)

ਮੂਕਰਿ — ਮੁਕਰ ਕੇ, ਮੁਨਕਰ ਹੋ ਕੇ
"ਖਾਦਾ ਪੈਨ ਦਾ **ਮੂਕਰਿ** ਪਾਇ।"
— ਗਉ **੫**, ੧੪੨, ੧ : ੧ (195)

ਮੂਕਾ — 1. ਮੁਕਿਆ
"ਪਹੁਚਿ ਨ **ਮੂਕਾ** ਫਿਰਿ ਪਛੁਤਾਨਾ।" (ਮਸਾਂ ਪੁਜਿਆ ਹੀ ਹੈ)
— ਆਸਾ **੫**, ੭੫, ੨ : ੨ (389)
2. ਮੁਕ ਗਿਆ
"ਛੋਡਿਆ ਜਾਇ ਨ **ਮੂਕਾ**।"
— ਸੋਰ **ਕਬ**, ੬, ੩ : ੩ (655)

ਮੂਕੇ — ਮੁਕਦੇ
"ਅਖੁਟੁ ਖਜਾਨਾ ਸਤਿਗੁਰਿ ਦੀਆ ਤੋਟਿ ਨਹੀ ਰੇ **ਮੂਕੇ**।" — ਗਉ **੫**, ੧੬੧*, ੨ : ੨ (215)
ਹੋਰ ਰੂਪ — ਮੂਕੈ —
"ਜਮ ਕਾ ਡੰਡੁ ਨ ਕਬਹੂ **ਮੂਕੈ**।" (ਮੁਕਦਾ)
— ਮਾਰੂ **੧**, ਸੋਲਾ ੧੦, ੧੦ : ੨ (1030)

ਮੂਖਿ — ਮੁਖ ਵਿਚ, ਮੂੰਹ ਵਿਚ ਭਾਵ ਜਿਹਬਾ ਉਪਰ
"ਚਹੁ ਦਿਸ ਫੂਲਿ ਰਹੀ ਬਿਖਿਆ ਬਿਖੁ ਗੁਰਮੰਤ੍ਰੁ **ਮੂਖਿ** ਗਰੁੜਾਰੀ।"
— ਸਾਰ **੫**, ੨੫, ੧ : ੧ (1209)

ਮੂਚ — 1. ਬਹੁਤੇ, ਅਧਿਕ ਗਿਣਤੀ ਵਿਚ, ਵਡਾ
"ਨਾਨਕ ਨਾਮਿ ਉਧਰੇ ਪਤਿਤ ਬਹੁ **ਮੂਚ**।"
— ਗਉ **੫**, ਸੁਖ ੩, ੩ : ੧੦ (265)
"ਹਮ ਥੋਰੇ ਤੁਮ ਬਹੁਤ **ਮੂਚ**।"
— ਬਸੰ **੫**, ੭, ੩ : ੪ (1182)
ਹੋਰ ਰੂਪ — ਮੂਚਾ —
"ਤੂੰ ਬੇਅੰਤੁ ਅਤਿ ਮੂਚੋ **ਮੂਚਾ**।"
— ਮਾਝ **੫**, ਅਸ ੩੫, ੮ : ੨ (130)
(ਕੋਸ਼ ਅਰਥ 'ਉਚਾ' ਕਰਦਾ ਹੈ)
2. ਵਿਸਥਾਰ ਵਾਲੀ, ਬਹੁਤੀ
"ਸਾਧ ਕੀ ਸੋਭਾ **ਮੂਚ** ਤੇ ਮੂਚੀ।"
— ਗਉ **੫**, ਸੁਖ ੭, ੮ : ੮ (272)
3. ਵਡਾ
"ਗੰਭੀਰ ਧੀਰ ਨਾਮ ਹੀਰ ਉਚੇ **ਮੂਚ** ਅਪਾਰੰ।"
— ਰਾਮ **੫**, ੫੯, ੨ : ੧ (901)

ਮੂਚਾ — 1. ਬਹੁਤੇ, ਅਧਿਕ ਗਿਣਤੀ, ਵੇਖੋ 'ਮੂਚ' (1)
"ਪ੍ਰਭ ਕੈ ਸਿਮਰਨਿ ਉਧਰੇ **ਮੂਚਾ**।"
— ਗਉ **੫**, ਸੁਖ ੧, ੪ : ੨ (263)

2. ਕਟੀਦਾ ਹੈ, ਖਤਮ ਹੁੰਦਾ ਹੈ, ਨਾਸ ਹੁੰਦਾ ਹੈ
"ਕਰਮਿ ਮਿਲੈ ਜਮ ਕਾ ਭਉ **ਮੂਚਾ**।"
— ਗਉ **੧**, ੯, ੩ : ੩ (153)

3. ਅਧਿਕ, ਬਹੁਤ ਸਾਰੇ

4. ਜ਼ਿਆਦਾ, ਬਹੁਤਾ, (ਪਾਸਾਰ, ਅਕਾਰ)
"ਸਭੁ ਕਿਛੁ ਤਾ ਕਾ ਕਾਂਢੀਐ ਥੋਰਾ ਅਰੁ **ਮੂਚਾ**।"
— ਆਸਾ **੫**, ੧੧੨, ੧ : ੨ (400)

5. ਬਹੁਤ, ਬੜਾ
"ਆਨ ਨ ਸਮਸਰਿ ਕੋਊ ਲਾਗੈ ਢੂਢਿ ਰਹੇ ਹਮ **ਮੂਚਾ**।" — ਦੇਵ **੫**, ੩੨, ੧* : ੨ (534)

ਮੂਚੇ — ਬਹੁਤ, ਅਧਿਕ
"ਕੋਟਿ ਗ੍ਰਹਣ ਪੁੰਨ ਫਲ **ਮੂਚੇ**।"
— ਗਉ **੫**, ੧੫੫, ੧* : ੨ (197)

ਮੂਚੋ — ਵਡਾ, ਵਿਸਥਾਰ ਵਾਲਾ
"ਤੂੰ ਬੇਅੰਤ ਅਤਿ **ਮੂਚੋ** ਮੂਚਾ।"
— ਮਾਝ **੫**, ਅਸ ੩੫, ੮ : ੨ (130)

ਹੋਰ ਰੂਪ — ਮੂਚੌ —
"ਊਚ **ਮੂਚੌ** ਬਹੁ ਅਪਾਰ।"
— ਮਾਲੀ **੪**, ੩, ੪ : ੩ (987)

ਮੂਠਉ — ਲੁਟਿਆ ਗਿਆ
"ਮੇਰੀ ਮੇਰੀ ਕਰਿ ਕਰਿ **ਮੂਠਉ** ਪਾਪ ਕਰਤ ਨਹ ਪਰੀ ਦਇਆ।"
— ਬਿਲਾ **੫**, ੧੧੦, ੧ : ੨ (826)

ਮੂਠੜੀਏ — ਹੇ ਠਮੀ ਹੋਈਏ!
"ਪਿਰੁ ਸੰਗਿ **ਮੂਠੜੀਏ** ਖਬਰਿ ਨ ਪਾਈਆ ਜੀਉ।"
— ਧਨਾ **੧**, ਛੰਤ ੩, ੧ : ੧ (689)

ਮੂਠਾ — ਫਸਿਆ ਹੋਇਆ
"ਮਾਇਆ **ਮੂਠਾ** ਚੇਤਸਿ ਨਾਹੀ ਜਨਮੁ ਗਵਾਇਓ ਆਲਸੀਆ।"
— ਸਿਰੀ **ਤ੍ਰਿਲੋ**, ੨, ੨ : ੨ (92)
"ਹਰਿ ਚੰਦਉਰੀ ਦੇਖਿ **ਮੂਠਾ** ਕੂੜੁ ਸੇਜਾ ਰਾਵਿਆ।" (ਠਗਿਆ ਗਿਆ, ਭਾਵ ਮੋਹਿਆ ਗਿਆ)
— ਆਸਾ **੫**, ਛੰਤ ੧੧, ੨ : ੪ (460)

ਹੋਰ ਰੂਪ — ਮੂਠੀ —
"ਮਰਿ ਜੰਮੈ ਵਾਰੋ ਵਾਰਾ ਵਧਹਿ ਬਿਕਾਰਾ ਗਿਆਨ ਵਿਹੂਣੀ **ਮੂਠੀ**।" (ਠਗੀ ਗਈ)
— ਵਡ **੩**, ਅਲਾ ੨, ੨ : ੩ (583)

ਮੂਠੁ —
"ਗੋਵਿਦ ਭਜਨ ਬਿਨੁ ਅਵਰ ਸੰਗਿ ਰਾਤੇ ਤੇ ਸਭਿ ਮਾਇਆ **ਮੂਠੁ** ਪਰਾਨੀ।" (ਠਗੇ ਹੋਏ)
— ਰਾਮ **੫**, ੨੪, ੧* : ੨ (890)
"ਬਿਨੁ ਗੁਰ ਪੂਰੇ ਮੁਕਤਿ ਨ ਪਾਈਐ ਸਾਚੀ ਦਰਗਹਿ ਸਾਕਤ **ਮੂਠੁ**।" (ਲੁਟਿਆ ਜਾਂਦਾ ਹੈ) — ਭੈਰ **੫**, ੫੩, ੧* : ੨ (1151)

ਮੂਠੇ —
"ਬਿਨੁ ਸਬਦੈ **ਮੂਠੇ** ਦਿਨੁ ਰੈਣੀ।" (ਲੁਟੇ ਜਾ ਰਹੇ ਹਨ)
— ਗਉ **੧**, ਅਸ ੧੪, ੮ : ੩ (227)
"ਕਾਮ ਕ੍ਰੋਧ ਲੋਭ ਮੋਹ **ਮੂਠੇ** ਸਦਾ ਆਵਾ ਗਵਣ।" (ਠੱਗੇ ਹੋਏ)
— ਗੂਜ **੫**, ੩੦, ੩ : ੧ (502)
"ਦੁਰਮਤਿ ਅੰਧੁਲਾ ਬਿਨਸਿ ਬਿਨਾਸੈ **ਮੂਠੇ** ਰੋਇ ਪੂਕਾਰਾ ਹੇ।" (ਠਗੇ ਜਾਣ ਤੇ)
— ਮਾਰੂ **੧**, ਸੋਲਾ ੨, ੯ : ੩ (1027)

ਮੂਠੌ —
"ਜੈਸੇ ਮੀਨੁ ਰਸਨ ਸਾਦਿ ਬਿਨਸਿਓ ਓਹੁ **ਮੂਠੌ** ਮੂੜ ਲੋਭਾਇਲੇ।" (ਠਗੀ ਗਈ)
— ਗੋਂਡ **੫**, ੨, ੩ : ੧ (862)
"ਬਿਖੁ ਠਗਉਰੀ ਖਾਇ **ਮੂਠੋ** ਚਿਤਿਨ ਸਿਰਜਨਹਾਰਾ।" (ਲੁਟਿਆ ਗਿਆ)
— ਸਾਰ **੫**, ੧੨੯, ੩ : ੧ (1229)

ਮੂਡ — ਸਿਰ, ਮੁੰਡੀ
"ਊਠਤ ਬੈਠਤ ਠੇਗਾ ਪਰਿਹੈ ਤਬ ਕਤ **ਮੂਡ** ਲੁਕਈ ਹੈ।" — ਗੂਜ **ਕਬ**, ੧, ੧ : ੨ (524)

ਮੂੰਡ — ਸਿਰ
"ਜਮ ਕਾ ਡੰਡੁ **ਮੂੰਡ** ਮਹਿ ਲਾਗੈ ਖਿਨ ਮਹਿ ਕਰੈ ਨਿਬੇਰਾ।" — ਆਸਾ **ਕਬ**, ੧੬, ੩ : ੨ (479)

ਮੂੰਡਉ — ਮੁੰਨ ਦੇਣਾ
"ਕਬੀਰ ਮਾਇ **ਮੂੰਡਉ** ਤਿਹ ਗੁਰੂ ਕੀ ਜਾ ਕੇ ਭਰਮ ਨਜਾਇ।" — ਸਲੋ **ਕਬ**, ੧੦੪ : ੧ (1370)

ਮੂੰਡਹਿ — ਮੂੰਡ (ਸਿਰ) ਉਪਰ
"ਕਾਲਰ ਪੋਟ ਉਠਾਵੈ **ਮੂੰਡਹਿ** ਅੰਮ੍ਰਿਤੁ ਮਨ ਤੇ ਡਾਰੈ।" — ਸਾਰ **੫**, ੧੦, ੨ : ੧ (1205)

ਮੂੰਡਾ — ਮੁੰਨਿਆ

"ਜੋ ਕਿਛੁ ਕੀਆ ਸੋ ਮਨ ਕੀਆ **ਮੂੰਡਾ** ਮੂੰਡੁ ਅਜਾਂਇ।" — ਸਲੋ **ਕਬ**, ੧੦੧ : ੨ (1369)

ਮੂੰਡਿ — ਸਿਰ ਨੂੰ

"**ਮੂੰਡਿ** ਮੁੰਡਾਇਐ ਜੇ ਗੁਰੁ ਪਾਈਐ ਹਮ ਗੁਰੁ ਕੀਨੀ ਗੰਗਾਤਾ।"

— ਗਉ **੧**, ੧੫, ੨ : ੧ (155)

ਮੂੰਡਿਆ — ਮੁੰਨਿਆ

"ਕਬੀਰ ਮਨ **ਮੂੰਡਿਆ** ਨਹੀ ਕੇਸ ਮੁੰਡਾ ਏ ਕਾਂਇ।" (ਭਾਵ ਕਾਬੂ ਨਹੀਂ ਕੀਤਾ)

— ਸਲੋ **ਕਬ**, ੧੦੧ : ੧ (1369)

ਮੂੰਡੁ — ਸਿਰ

"ਅੰਧੁਲੈ ਦਹਸਿਰਿ **ਮੂੰਡੁ** ਕਟਾਇਆ ਰਾਵਣੁ ਮਾਰਿ ਕਿਆ ਵਡਾ ਭਇਆ।"

— ਆਸਾ **੧**, ੭, ੧ : ੨ (350)

ਮੂਢ — ਮੂੜ੍ਹ, ਮੂਰਖ

"ਰੀ ਕਲਵਾਰਿ ਗਵਾਰਿ **ਮੂਢ** ਮਤਿ ਉਲਟੋ ਪਵਨੁ ਫਿਰਾਵਉ।" — ਕੇਦਾ **ਕਬ**, ੩, ੧ : ੧ (1123)

ਮੂੰਢਾਹੂ — ਮੁੱਢ ਤੋਂ ਹੀ

"ਪੇਡੁ **ਮੂੰਢਾਹੂ** ਕਟਿਆ ਤਿਸੁ ਡਾਲ ਸੁਕੰਦੇ।"

— ਗਉ **੪**, ਵਾਰ ੩੧ : ੧੦ (317)

ਮੂਤ — ਪਿਸ਼ਾਬ, ਮੂਤਰ

"**ਮੂਤ** ਪਲੀਤੀ ਕਪੜੁ ਹੋਇ।"

— ਜਪੁ **੧**, ੨੦ : ੩ (4)

ਮੂਤੁ — ਪਿਸ਼ਾਬ, ਮੂਤ

"ਬਿਸਟਾ **ਮੂਤੁ** ਖੋਦਿ ਤਿਲੁ ਤਿਲੁ ਮਨਿ ਨ ਮਨੀ ਬਿਪਰੀਤਿ।"

— ਮਾਰੂ **੫**, ਅਸ ੩, ੩ : ੨ (1018)

ਮੂੰਦਿ — ਬੰਦ, ਭੀੜ

"**ਮੂੰਦਿ** ਲੀਏ ਦਰਵਾਜੇ।"

— ਸੋਰ **ਕਬ**, ੧੦, ੧ : ੩ (656)

ਮੂੰਦੇ — ਢਕੇ ਹੋਏ, ਵਲੇਟੇ ਹੋਏ

"ਅਸਤਿ ਚਰਮ ਬਿਸਟਾ ਕੇ **ਮੂੰਦੇ** ਦੁਰਗੰਧ ਹੀ ਕੇ ਬੇਢੇ।" — ਕੇਦਾ **ਕਬ**, ੪, ੧* : ੨ (1124)

ਮੂਰਖ — 1. ਬੇਵਕੂਫ, ਬੇਸਮਝ, ਬੁਧੂ, ਬੁਧੀ ਰਹਿਤ

"ਅਸੰਖ **ਮੂਰਖ** ਅੰਧ ਘੋਰ।"

— ਜਪੁ **੧**, ੧੮ : ੧ (4)

2. ਮੂਰਖਤਾ

"ਹਮ ਮੂਰਖ **ਮੂਰਖ** ਮਨ ਮਾਹਿ।"

— ਧਨਾ **੩**, ੮, ੨ : ੧ (666)

(ਪਹਿਲੇ 'ਮੂਰਖ' ਦੇ ਅਰਥ 'ਬੇਸਮਝ' ਹੈ, 'ਮਹਾਨਕੋਸ਼' ਅਰਥ 'ਨਾ ਤਜ਼ਰਬੇਕਾਰ' ਕਰਦੇ ਹਨ)

ਹੋਰ ਰੂਪ — ਮੂਰਖਾ —

"**ਮੂਰਖਾ** ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ।" (ਬੇਸਮਝਾਂ)

— ਮਾਰੂ **੧**, ਅਸ ੧੧, ੨ : ੨ (1015)

"ਮਾਇਆ ਵੇਖਿ ਨ ਭੁਲੁ ਤੂ ਮਨਮੁਖ **ਮੂਰਖਾ**।" (ਹੇ ਮੂਰਖਾ!)

— ਮਾਰੂ **੩**, ਵਾਰ ੩ : ੧ (1087)

ਮੂਰਖਾਰੇ — ਮੂਰਖ ਹਾਂ

"ਸੇਵਾ ਕਛੂ ਨ ਜਾਨਉ ਨੀਚੁ **ਮੂਰਖਾਰੇ**।"

— ਬਿਲਾ **੫**, ੩੪, ੧ : ੨ (809)

ਮੂਰਖਿ — ਮੂਰਖ ਨੇ, ਬੇਸਮਝ ਨੇ

"**ਮੂਰਖਿ** ਪੜਿ ਪੜਿ ਦੂਜਾ ਭਾਉ ਦ੍ਰਿੜਾਇਆ।"

— ਆਸਾ **੩**, ਅਸ ੨੫, ੬ : ੨ (424)

ਹੋਰ ਰੂਪ — ਮੂਰਖੁ —

"ਏਹੁ ਮਨੋ **ਮੂਰਖੁ** ਲੋਭੀਆ ਲੋਭੇ ਲਗਾ ਲੋਭਾਨੁ।" (ਬੇਸਮਝ) — ਸਿਰੀ **੧**, ੧੯, ੧ : ੨ (21)

ਮੂਰਖੈ —

"**ਮੂਰਖੈ** ਨਾਲਿ ਨ ਲੁਝੀਐ।" (ਮੂਰਖ ਦੇ)

— ਆਸਾ **੧**, ਵਾਰ ੧੯ : ੫ (473)

ਮੂਰਤ — ਮਹੂਰਤ, ਦੋ ਘੜੀਆਂ ਦਾ ਸਮਾਂ

"ਧੰਨੁ **ਮੂਰਤ** ਚਸੇ ਪਲ ਘੜੀਆ ਧੰਨਿ ਸੁ ਓਇ ਸੰਜੋਗਾ ਜੀਉ।"

— ਮਾਝ **੫**, ੧੨, ੧ : ੩ (99)

ਮੂਰਤਿ — 1. ਸ਼ਕਲ, ਰੂਪ

"ਸਹਸ ਤਵ ਨੈਨ ਨਨ ਨੈਨ ਤਹਿ ਕਉ ਸਹਸ **ਮੂਰਤਿ** ਨਨਾ ਏਕ ਤੁੋਹੀ।"

— ਧਨਾ **੧**, ਸੋਹ ੩, ੨ : ੧ (13)

"ਹਰਖ ਸੋਗ ਪਰਸੈ ਜਿਹ ਨਾਹਨਿ ਸੋ **ਮੂਰਤਿ** ਹੈ ਦੇਵਾ।" — ਗਉ **੯**, ੭, ੧ : ੨ (220)

"ਮਾਣਸ **ਮੂਰਤਿ** ਨਾਨਕੁ ਨਾਮੁ।"

— ਆਸਾ **੧**, ੪, ੪ : ੧ (350)

"ਆਨਦਾ ਸੁਖ ਸਹਜ **ਮੂਰਤਿ** ਤਿਸੁ ਆਨ ਨਾਹੀ

ਭਾਂਤਿ।" (ਰੂਪ)
— ਕਾਨ **੫**, ੧੫, ੧ : ੧ (1300)

2. ਹਸਤੀ
"ਸਾਸਿ ਗਿਰਾਸਿ ਨ ਵਿਸਰੈ ਸਫਲੁ **ਮੂਰਤਿ** ਗੁਰੁ ਆਪਿ।"
— ਸਿਰੀ **੫**, ੧੦੦, ੩ : ੧ (53)
"ਸੇਵਾ ਪੂਜ ਕਰਉ ਤਿਸੁ **ਮੂਰਤਿ** ਕੀ ਨਾਨਕ ਤਿਸੁ ਪਗ ਚਾਟੈ।"
— ਗਉ **੫**, ੧੩੨*, ੫ : ੨ (208)

3. ਮੂਰਤੀ
"ਪਾਖਾਨ ਗਢਿ ਕੈ **ਮੂਰਤਿ** ਕੀਨ੍ਹੀ ਦੇ ਕੈ ਛਾਤੀ ਪਾਉ।"
— ਆਸਾ **ਕਬ**, ੧੪, ੩ : ੧ (479)

4. ਭਾਵ ਦਰਸ਼ਨ/ਰੂਪ
"ਸਫਲ **ਮੂਰਤਿ** ਪਰਸਉ ਸੰਤਨ ਕੀ ਇਹੈ ਧਿਆਨਾ ਧਰਨਾ।" — ਦੇਵ **੫**, ੧੬, ੨ : ੧ (531)
"ਆਰਾਧਿ ਸ੍ਰੀਧਰ ਸਫਲ **ਮੂਰਤਿ** ਕਰਣ ਕਾਰਣ ਜੋਗੁ।" — ਗੂਜ **੫**, ੩੧, ੧ : ੧ (502)

5. ਤਸਵੀਰ, ਪ੍ਰਤਿਮਾ
"ਨਾਨਕ **ਮੂਰਤਿ** ਚਿਤ੍ਰ ਜਿਉ ਛਾਡਿਤ ਨਾਹਿਨ ਭੀਤਿ।" — ਸਲੋ **੯**, ੩੨ : ੨ (1428)

6. ਮਿਸਾਲ, ਨਮੂਨਾ (ਮਹਾਨਕੋਸ਼)
"ਜੋ ਓਸੁ ਇਛੇ ਸੋ ਫਲੁ ਪਾਏ ਤਾਂ ਨਾਨਕ ਕਹੀਐ **ਮੂਰਤਿ**।"
— ਸਾਰ **੪**, ਵਾਰ ੨੦ਸ, **੨**, ੨ : ੩ (1245)

ਮੂਰਤੀ — ਰੂਪ, ਸਰੀਰ
"ਏਕ ਜੋਤਿ ਦੁਇ **ਮੂਰਤੀ** ਧਨ ਪਿਰੁ ਕਹੀਐ ਸੋਇ।"
— ਸੂਹੀ **੩**, ਵਾਰ ੯ਸ, **੩**, ੩ : ੨ (788)

ਮੂਰਤੁ — ਮਹੂਰਤ, ਦੋ ਘੜੀਆਂ ਦਾ ਸਮਾਂ
"ਸਫਲ **ਮੂਰਤੁ** ਸਫਲਾ ਘੜੀ ਜਿਤੁ ਸਚੇ ਨਾਲਿ ਪਿਆਰੁ।" — ਸਿਰੀ **੫**, ੨੬, ੩ : ੧ (44)

ਮੂਰਾ — ਮੂੜ੍ਹ, ਮੂਰਖ
"ਕੋਊ ਸੁਘਰੁ ਨ ਕੋਊ **ਮੂਰਾ**।"
— ਗਉ **੫**, ਬਾਅ ੧੧ : ੬ (252)

ਮੂਰਾਖਾ — ਮੂਰਖ, ਬੇਸਮਝ
"ਹਉਮੈ ਪਚੈ ਮਨਮੁਖ **ਮੂਰਾਖਾ**।"
— ਆਸਾ **੫**, ੯੬, ੪ : ੨ (394)

ਮੂਰੇ — ਬੁੱਟ, ਗੂੰਗੇ, ਜੜ੍ਹ
"ਕਰਤੇ ਕੀਆ ਤਪਾਵਸੋ ਦੁਸਟ ਮੁਏ ਹੋਇ **ਮੂਰੇ**।"
— ਮਾਝ **੫**, ੩੯, ੨ : ੧ (133)

ਮੂਲ — ਜੜ੍ਹ
"ਹਰਣੀ ਹੋਵਾ ਬਨਿ ਬਸਾ ਕੰਦ **ਮੂਲ** ਚੁਣਿ ਖਾਉ।"
— ਗਉ **੧**, ੧੯, ੧ : ੧ (157)

ਹੋਰ ਰੂਪ — ਮੂਲੰ —
"ਅਜਾ ਭੋਗੰਤ ਕੰਦ **ਮੂਲੰ** ਬਸੰਤੇ ਸਮੀਪਿ ਕੇਹਰਹ।" — ਸਸ **੫**, ੪੧ : ੧ (1357)

2. ਤੱਤ ਭਾਵ ਹਰਿ, ਮੁੱਢ
"ਬੇਦ ਪੁਰਾਨ ਸਿਮ੍ਰਿਤਿ ਬੁਝੈ **ਮੂਲ**।"
— ਗਉ **੫**, ਸੁਖ ੯, ੪ : ੨ (274)
"ਅਉਖਧ ਮੰਤ੍ਰ **ਮੂਲ** ਮਨ ਏਕੈ ਮਨਿ ਬਿਸ੍ਵਾਸੁ ਪ੍ਰਭੁ ਧਾਰਿਆ।" (ਅਸਲ, ਆਦਿ, ਮੁੱਢਲਾ)
— ਧਨਾ **੫**, ੧੬, ੨ : ੧ (675)

3. ਆਧਾਰ ਅਥਵਾ ਰਕਤ ਬਿੰਦ
"ਕਵਨ **ਮੂਲ** ਤੇ ਮਾਨੁਖੁ ਕਰਿਆ ਇਹੁ ਪਰਤਾਪੁ ਤੁਹਾਰਾ।"
— ਸਾਰ **੫**, ੮੧, ੧* : ੨ (1220)

4. ਮੁੱਢ, ਆਰੰਭ
"ਹੇ ਕਲਿ **ਮੂਲ** ਕ੍ਰੋਧੰ ਕਦੰਚ ਕਰੁਣਾ ਨਉ ਪਰਜਤੇ।" — ਸਸ **੫**, ੪੬ : ੧ (1358)

ਹੋਰ ਰੂਪ — ਮੂਲੰ —
"ਹੇ ਜਨਮ ਮਰਣ **ਮੂਲੰ** ਅਹੰਕਾਰੰ ਪਾਪਾਤਮਾ।"
— ਸਸ **੫**, ੪੯ : ੧ (1358)

ਮੂਲਹੁ — 1. ਅਸਲੀਅਤ ਤੋਂ, ਮੁੱਢੋਂ
"**ਮੂਲਹੁ** ਭੁਲੇ ਗੁਰ ਸਬਦੁ ਨ ਪਛਾਣਹਿ।"
— ਮਾਝ **੩**, ਅਸ ੩੧, ੬ : ੩ (128)

2. ਮੁੱਢ ਤੋਂ ਭਾਵ ਪ੍ਰਮਾਤਮਾ ਤੋਂ, ਬੁਨਿਆਦ ਤੋਂ, ਆਧਾਰ ਤੋਂ
"ਮਨਮੁਖ **ਮੂਲਹੁ** ਭੁਲਿਆ ਵਿਚਿ ਲਬੁ ਲੋਭੁ ਅਹੰਕਾਰੁ।"
— ਗਉ **੪**, ਵਾਰ ੩੧ਸ, **੪**, ੧ : ੧ (316)
"**ਮੂਲਹੁ** ਭੂਲਾ ਆਵੈ ਜਾਇ।"
— ਭੈਰ **ਨਾਮ**, ੮, ੨ : ੩ (1165)

ਮੂਲ ਦੁਆਰੈ — ਪ੍ਰਭੂ ਦੇ ਦਵਾਰੇ
"**ਮੂਲ ਦੁਆਰੈ** ਬੰਧਿਆ ਬੰਧੁ।"

— ਭੈਰ **ਕਬ**, ੧੦, ੨ : ੧ (1159)

ਮੂਲਿ — ਬਿਲਕੁਲ, ਮੂਲੋ, ਰਤਾਵੀ, ਉਨਾ ਹੀ, ਜ਼ਰਾ ਵੀ

"ਐਬ ਤਨਿ ਚਿਕੜੋ ਇਹੁ ਮਨੁ ਮੀਡਕੋ ਕਮਲ ਕੀ ਸਾਰ ਨਹੀ **ਮੂਲਿ** ਪਾਈ।"

— ਸਿਰੀ **੧**, ੨੨, ੨ : ੧ (24)

ਹੋਰ ਰੂਪ — ਮੂਲਿਆ —

"ਮਰਣੁ ਨ ਜਾਪੈ **ਮੂਲਿਆ** ਆਵੈ ਕਿਤੈ ਥਾਇ।"

(ਬਿਲਕੁਲ) — ਸਲੋ **੧**, ੨੧ : ੨ (1412)

2. ਜੜ੍ਹ (ਸਬਜ਼ੀ ਦੀ)

"ਕੰਦ **ਮੂਲਿ** ਮਨੁ ਲਾਵਸਿ ਤਾ।"

— ਗਉ **੧**, ੧੫, ੧* : ੨ (155)

3. ਚੰਗੀ ਤਰ੍ਹਾਂ, ਮੁਕੰਮਲ ਤੌਰ ਤੇ

"ਵਿਸਾਰੇ ਦੇ ਮਰਿ ਗਏ ਮਰਿ ਭਿ ਨ ਸਕਹਿ **ਮੂਲਿ**।"

— ਗਉ **੫**, ਵਾਰ ੭ਸ, **੫**, ੨ : ੧ (319)

4. ਮੁੱਢ ਨਾਲ ਭਾਵ ਪ੍ਰਭੂ ਨਾਲ, ਅਸਲੀਅਤ ਨਾਲ

"**ਮੂਲਿ** ਲਾਗੇ ਸੇ ਜਨ ਪਰਵਾਣੁ।"

— ਆਸਾ **੩**, ੪੪, ੧* : ੧ (362)

"ਦ੍ਰਿਸਟਿ ਧਾਰਿ ਪ੍ਰਭਿ ਰਾਖਿਆ ਮਨੁ ਤਨੁ ਰਤਾ **ਮੂਲਿ**।"

— ਗੂਜ **੫**, ਵਾਰ ੬ਸ, **੫**, ੨ : ੧ (519)

ਮੂਲੁ — 1. ਅਸਲਾ, ਮੁੱਢ

"**ਮੂਲੁ** ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ।"

— ਸਿਰੀ **੧**, ਅਸ ੬, ੨ : ੨ (56)

"ਸਾਕਤ ਨਿਰਗੁਣਿ ਆਰਿਆ ਆਪਣਾ **ਮੂਲੁ** ਪਛਾਣੁ।" — ਸਿਰੀ **੧**, ਅਸ ੧੫, ੫ : ੧ (63)

"**ਮੂਲੁ** ਮੋਹੁ ਕਰਿ ਕਰਤੈ ਜਗਤੁ ਉਪਾਇਆ।" (ਆਧਾਰ, ਮੁੱਢ)

— ਭੈਰ **੩**, ੫, ੨ : ੧ (1129)

"**ਮੂਲੁ** ਰਹੈ ਗੁਰੁ ਸੇਵਿਐ ਗੁਰ ਪਉੜੀ ਬੋਹਿਥੁ।" (ਜੜ੍ਹ, ਮੁੱਢ ਪੱਕਾ ਹੋ ਜਾਂਦਾ ਹੈ)

— ਮਲਾ **੧**, ਵਾਰ ੧ਸ, **੩**, ੧ : ੧੦ (1279)

2. ਰਾਸ, ਪੂੰਜੀ

"ਗੁਰਮੁਖਿ ਲਾਹਾ ਲੈ ਗਏ ਮਨਮੁਖ ਚਲੇ **ਮੂਲੁ** ਗਵਾਇ ਜੀਉ।"

— ਸਿਰੀ **੫**, ਅਸ ੨੯, ੧੯ : ੩ (74)

"ਨਾਮੁ ਬਿਸਾਰਿ ਲੋਭਿ **ਮੂਲੁ** ਖੋਇਓ ਸਿਰਿ ਧਰਮ ਰਾਇ ਕਾ ਡੰਡੁ ਪਰੇ।"

— ਮਾਰੂ **੧**, ਅਸ ੮, ੧੦ : ੨ (1014)

3. ਸਬਜ਼ੀ ਦੀ ਜੜ੍ਹ, ਵੇਖੋ 'ਮੂਲ' (1) 'ਮੂਲਿ' (2)

"ਇਕਿ ਕੰਦ **ਮੂਲੁ** ਚੁਣਿ ਖਾਹਿ ਵਣ ਖੰਡਿ ਵਾਸਾ।"

— ਮਾਝ **੧**, ਵਾਰ ੫ : ੧ (140)

4. ਜੜੀ ਬੂਟੀ

"ਅਉਖਧ ਮੰਤ੍ਰ **ਮੂਲੁ** ਮਨ ਏਕੈ ਜੇ ਕਰਿ ਦ੍ਰਿੜੁ ਚਿਤੁ ਕੀਜੈਰੇ।"

— ਗਉ **੧**, ੧੬, ੧ : ੧ (156)

5. ਮੁੱਢ ਭਾਵ ਹਰੀ, ਪ੍ਰਭੂ

"**ਮੂਲਿ** ਛੋਡਿ ਲਾਗੇ ਦੂਜੈ ਭਾਈ।"

— ਗਉ **੧**, ਅਸ ੬, ੩ : ੨ (232)

6. ਦਵਾਈ

"ਕਤ ਨਹੀ ਠਉਰ **ਮੂਲੁ** ਕਤ ਲਾਵਉ।"

— ਗਉ **ਕਬ**, ੨੧, ੧ : ੧ (327)

7. ਬਿਲਕੁਲ, ਜਰਾ ਵੀ

"ਤਿਤੁ ਸਾਖਾ **ਮੂਲੁ** ਪਤੁ ਨਹੀ ਡਾਲੀ ਸਿਰਿ ਸਭਨਾ ਪਰਧਾਨਾ।"

— ਆਸਾ **੧**, ਛੰਤ ੨, ੨ : ੪ (436)

8. ਸੋਮੇ, ਮੁੱਢ

"ਆਨਦ **ਮੂਲੁ** ਜਗਜੀਵਨ ਦਾਤਾ ਸਭ ਜਨ ਕਉ ਅਨਦੁ ਕਰਹੁ ਹਰਿ ਧਿਆਵੈ।"

— ਗੂਜ **੪**, ੬, ੪ : ੧ (494)

"ਕਵਣ **ਮੂਲੁ** ਕਵਣ ਮਤਿ ਵੇਲਾ।" (ਆਰੰਭ, ਮੁੱਢ) — ਰਾਮ **੧**, ਸਿਗੋ ੪੩ : ੧ (942)

9. ਮੁਲ, ਕੀਮਤ

"ਕਉਡੀ ਕਾਲਖ ਹੂਆ **ਮੂਲੁ**।"

— ਰਾਮ **੫**, ੫੦, ੧ : ੨ (898)

ਮੂਲੇ — ਮੂਲੋਂ ਹੀ, ਬਿਲਕੁਲ, ਰਤਾ ਵੀ, ਵੇਖੋ 'ਮੂਲੁ' (7)

"ਅੰਤਰਿ ਲਾਗਿ ਨ ਤਾਮਸੁ **ਮੂਲੇ** ਵਿਚਹੁ ਆਪੁ ਗਵਾਏ।" — ਸਿਰੀ **੩**, ੪੧, ੩ : ੨ (29)

ਹੋਰ ਰੂਪ — ਮੂਲੋ —

"ਸਰ ਬਿਨੁ ਸਾਖੀ **ਮੂਲੋ** ਨ ਬਾਕੀ।" (ਰਤਾ ਵੀ, ਬਿਲਕੁਲ)

— ਸਲੋ **੧**, ੨੩ : ੨ (1412)

ਮੂੜ — ਮੂਰਖ, ਬੇਸਮਝ

"ਮਨ ਏਕੁ ਨ ਏਤਸਿ **ਮੂੜ** ਮਨਾ।"

— ਆਸਾ **੧**, ਸੋਪੁ ੩, ੧* : ੨ (12)

ਮੂੜਤੋ — ਮੂਰਖ, ਬੇਸਮਝ
"ਗਰਬਿ ਗਹਿਲੜੋ **ਮੂੜਤੋ** ਹੀਓ ਰੇ।"
— ਟੋਡੀ **੧੮**, ੧* : ੧ (715)

ਮੂੜਾ — ਬੇਸਮਝ, ਮੂਰਖ
"ਜੋ ਦੇਵੈ ਤਿਸੈ ਨ ਜਾਣੈ **ਮੂੜਾ** ਦਿਤੇ ਨੋ ਲਪਟਾਏ।"
— ਸਿਰੀ **੪**, ਪਹ ੩, ੨ : ੪ (76)

ਹੋਰ ਰੂਪ — ਮੂੜਿ —
"ਸੋਥਾਨੁ **ਮੂੜਿ** ਨਿਹਚਲੁ ਕਰਿ ਪਾਇਆ।" (ਮੂਰਖ ਨੇ)
— ਆਸਾ **੫**, ੮੧, ੩ : ੨ (390)

ਮੂੜਿਆ —
"ਫਿਰਿ ਪਛੁਤਾਵਹਿਗਾ **ਮੂੜਿਆ** ਤੂੰ ਕਵਨ ਕੁਮਤਿ ਭ੍ਰਮਿ ਲਾਗਾ।" (ਹੇ ਮੂਰਖਾ)
— ਸਿਰੀ **ਬੇਣੀ**, ੧, ੧* : ੧ (93)

ਮੂੜੁ —
"ਸਿਰੁ ਹਾਥ ਪਛੋੜੈ ਅੰਧਾ **ਮੂੜੁ**।" (ਮੂਰਖ, ਬੇਸਮਝ) — ਗਉ **੫**, ੧੬੮, ੨ : ੨ (199)

ਮੂੜੇ —
"**ਮੂੜੇ** ਰਾਮੁ ਜਪਹੁ ਗੁਣ ਸਾਰਿ।" (ਹੇ ਮੂਰਖ)
— ਸਿਰੀ **੧**, ੧੪, ੧* : ੧ (19)

ਮੂੜ੍ —
"ਮਨਮੁਖ **ਮੂੜ੍** ਜਲਤ ਅਹੰਕਾਰੀ ਹਉਮੈ ਵਿਚਿ ਦੁਖੁ ਪਾਈ।" (ਮੂਰਖ)
— ਮਲਾ **੪**, ੭, ੧ : ੨ (1265)

ਮੂੜ੍ਹਾ —
"ਬਲਬੰਚ ਕਰੈ ਨ ਜਾਨੈ ਲਾਭੈ ਸੋ ਧੂਰਤੁ ਨਹੀ **ਮੂੜ੍ਹਾ**।" — ਸਾਰ **੫**, ੯੦, ੧ : ੧ (1221)

ਮੂੜ੍ਹੇ —
"**ਮੂੜ੍ਹੇ** ਕਾਹੇ ਬਿਸਾਰਿਓ ਤੈ ਰਾਮ ਨਾਮ।"
— ਬਸ **੧**, ੫, ੧* : ੧ (1189)

ਮੇ — (ਫ਼ਾ. ਮੇ) ਵਰਤਮਾਨ ਕਿਰਿਆ ਦਾ ਪ੍ਰਤਯਯ, ਪਦਮੂਰਤੀ ਅਥਵਾ ਰਚਨਾ ਦੀ ਸੋਭਾ ਲਈ ਵਰਤਿਆ ਜਾਂਦਾ ਹੈ
"**ਮੇ** ਰਵਦਿ ਬਾਦਿਸਾਹਾ ਅਫਜੂ ਖੁਦਾਇ।"
— ਮਾਝ **੧**, ਵਾਰ ੧੩ਸ, **੧**, ੧ : ੨ (143)

ਮੇਂ — ਵਿਚ, ਅੰਦਰ
"ਧਨ ਕੂਕੇਂਦੀ ਗੋਰ **ਮੇਂ** ਤੈ ਸਹ ਨਾ ਮਿਲੀਆਸੁ।"
— ਸਲੋ **ਫਰ**, ੫੪ : ੨ (1380)

ਮੇਉ — ਪਾਹੀਗੀਰ, ਪਾਛੀ, ਇਥੇ ਭਾਵ ਯਮ
"ਨਾ ਜਾਣਾ **ਮੇਉ** ਨ ਜਾਣਾ ਜਾਲੀ।"
— ਸਿਰੀ **੧**, ੩੧, ੧* : ੧ (25)

ਮੇਹ — 1. ਮੇਘ, ਬਦਲ
"ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਾਤ੍ਰਿਕ **ਮੇਹ**।"
— ਸਿਰੀ **੧**, ਅਸ ੧੧, ੩ : ੧ (60)

ਹੋਰ ਰੂਪ — ਮੇਹੁ —
"ਜੈਸੀ ਚਾਤ੍ਰਿਕ ਪਿਆਸ ਖਿਨੁ ਖਿਨੁ ਬੂੰਦ ਚਵੈ ਬਰਸੁ ਸੁਹਾਵੇ **ਮੇਹੁ**।"
— ਅਸ **੫**, ਛੰਤ ੪, ੨ : ੨ (455)

2. ਮੀਂਹ, ਬਾਰਸ਼, ਬਰਖਾ
"ਕਿ ਚਰੁ ਝਤਿ ਲਘਾਈਐ ਛਪਰਿ ਤੁਟੈ **ਮੇਹੁ**।"
— ਸਲੋ **ਫਰ**, ੧੮ : ੨ (1378)
"ਭਿਜਉ ਸਿਜਉ ਕੰਬਲੀ ਅਲਹ ਵਰਸਉ **ਮੇਹੁ**।"
— ਸਲੋ **ਫਰ**, ੨੫ : ੧ (1379)

ਹੋਰ ਰੂਪ — ਮੇਂਹ —
"ਚਾਤ੍ਰਿਕ ਚਿਤਵਤ ਬਰਸਤ **ਮੇਂਹ**।" (ਮੀਂਹ, ਬਾਰਸ਼) — ਜੈਤ **੫**, ੧੦, ੧* : ੧ (702)

ਮੇਹਾ —
"ਹੁਕਮੀ ਵਰਸਣ ਲਾਗੇ **ਮੇਹਾ**।" (ਮੀਂਹ)
— ਸਾਝ **੫**, ੩੪, ੧ : ੧ (104)

ਮੇਹੁ —
"ਕਿਆ ਕਰਿ ਕੈ ਸੁਨਹੁ ਪ੍ਰਭੁ ਸਭ ਜਗ ਮਹਿ ਵਰਸੈ **ਮੇਹੁ**।"
— ਸੋਰ **੪**, ਵਾਰ ੨੫ਸ, **੪**, ੧ : ੪ (652)

ਮੇਕ — ਇਕ, ਅਦੁਤੀ (ਮਹਾਨ ਕੋਸ਼)
"ਬਿਨੁ ਹਰਿ ਨਾ ਬ੍ਰਿਥਾ ਜਗਿ ਜੀਵਨੁ ਹਰਿ ਬਿਨੁ ਨਿਹਫਲ **ਮੇਕ** ਘਰੀ।"
— ਗੂਜ **੧**, ਅਸ ੪, ੨ : ੨ (505)

ਹੋਰ ਰੂਪ — ਮੇਕਾ —
"ਨਾਨਕ ਨਾਮੁ ਮਿਲੈ ਵਡਿਆਈ **ਮੇਕਾ** ਘੜੀ ਸਮਾਲੀ।"
— ਬਸੰ **੧**, ਅਸ ੮, ੮ : ੨ (1191)

ਮੇਖ, ਮੇਖਾ — (ਫ਼ਾ. ਮੇਖ) ਕਿਲ

"ਫਰੀਦਾ ਖਿੰਥੜਿ **ਮੇਖਾ** ਅਗਲੀਆ ਜਿਉ ਨਕਾਈ **ਮੇਖ**।" — ਸਲੋ **ਫਰ**, ੪੭ : ੧ (1380)

ਮੇਖੁਲੀ — ਰਸੀ
"ਸੁਰਿ ਨਰ ਗਣ ਗੰਧ੍ਰਬ ਜਿਨਿ ਮੋਹੇ ਤ੍ਰਿਭਵਣ **ਮੇਖੁਲੀ** ਲਾਈ।" — ਸਿਰੀ **ਕਬ**, ੩, ੧ : ੨ (92)
"ਤ੍ਰਿਭਵਣ ਸਾਜਿ **ਮੇਖੁਲੀ** ਮਾਇਆ ਆਪਿ ਉਪਾਇ ਖਪਾਇਦਾ।"
— ਮਾਰੂ **੧**, ਸੋਲਾ ੧੭, ੬ : ੩ (1037)

ਮੇਘ — 1. ਬੱਦਲ
"**ਮੇਘ** ਬਿਨਾ ਜਿਉ ਖੇਤੀ ਜਾਇ।"
— ਗਉ **੫**, ਸੁਖ ੫, ੬ : ੬ (269)
2. ਇਕ ਰਾਗ ਜਿਸ ਦੀਆਂ ਪੰਜ ਰਾਗਨੀਆਂ ਤੇ ੮ ਪੁਤਰ ਹਨ
"ਖਸਟਮ **ਮੇਘ** ਰਾਗਵੈ ਗਾਵਹਿ।"
— ਰਾਗ ੧ : ੪੮ (1430)

ਮੇਘ ਮੰਡਲਹ — ਬਦਲਾਂ ਦਾ ਇਲਾਕਾ
"ਤਿਅਕਤ ਜਲੰ ਨਹ ਜੀਵ ਮੀਨੰ ਨਹ ਤਿਆਗਿ ਚਾਤ੍ਰਿਕ **ਮੇਘ ਮੰਡਲਹ**।"
— ਜੈਤ **੫**, ਵਾਰ ੧੨ਸ, **੫**, ੧ : ੧ (708)

ਮੇਘਮਾਲਾ — ਬਦਲਾਂ ਦੀਆਂ ਕਤਾਰਾਂ, ਘਟਾਂ
"ਅਠਾਰਹ ਭਾਰ ਬਨਾਸਪਤੀ ਮਾਲਣੀ ਛਿਨਵੈ ਕਰੋੜੀ **ਮੇਘਮਾਲਾ** ਪਾਣੀ ਹਾਰੀਆ।"
— ਮਲਾ **ਨਾਮ**, ੧, ੪ : ੨ (1292)

ਮੇਘਾ — ਭੇਡਾ, ਭੇਡੂ
"ਧਨਿ ਧਨਿ **ਮੇਘਾ** ਰੋਮਾਵਲੀ।"
— ਮਾਲੀ **ਨਾਮ**, ੧, ੧ : ੧ (988)

ਮੇਘਾਂ — ਬੱਦਲਾਂ ਦਾ
"ਪੁਰਖਾਂ ਬਿਰਖਾਂ ਤੀਰਥਾਂ ਤਟਾਂ **ਮੇਘਾਂ** ਖੇਤਾਂਹ।"
— ਆਸਾ **੧**, ਵਾਰ ੮ਸ, **੧**, ੧ : ੧ (487)

ਮੇਘੁ — ਬੱਦਲ
"**ਮੇਘੁ** ਵਰਸੈ ਸਭਨੀ ਥਾਈ।"
— ਮਾਝ **੫**, ੩੬, ੧ : ੨ (1271)
"**ਮੇਘੁ** ਵਰਸੈ ਅੰਮ੍ਰਿਤ ਧਾਰ।" (ਭਾਵ ਗੁਰ ਉਪਦੇਸ)
— ਮਲਾ **੫**, ੨੧, ੧ : ੨ (1271)

ਮੇਘੁਲਾ — ਬੱਦਲ
"ਜੈਸੀ ਧਰਤੀ ਊਪਰਿ **ਮੇਘੁਲਾ** ਬਰਸਤੁ ਹੈ ਕਿਆ ਧਰਤੀ ਮਧੇ ਪਾਣੀ ਨਾਹੀ।"
— ਗਉ **੩**, ੩੫, ੧ : ੧ (162)

ਮੇਘੈ — ਬੱਦਲ ਦੇ
"ਕਿਆ ਉਠਿ ਉਠਿ ਦੇਖਹੁ ਬਪੁੜੇਂ ਇਸੁ **ਮੇਘੈ** ਹਥਿ ਕਿਛੁ ਨਾਹਿ।"
— ਮਲਾ **੧**, ਵਾਰ ੬ਸ, **੩**, ੨ : ੧ (1280)

ਮੇਟਣ — ਮਿਟਾਉਣ, ਖਤਮ ਕਰਨ
"ਆਈ ਨ **ਮੇਟਣ** ਕੋ ਸਮਰਥੁ।"
— ਰਾਮ **੧**, ਓਅੰ ੧੪ : ੨ (931)

ਮੇਟਣਹਾਰ — ਮਿਟਾ ਸਕਨ ਵਾਲਾ, ਮੇਟ ਸਕਨ ਦੇ ਸਮਰਥ
"ਪਟਿਐ ਕਿਰਤਿ ਕਮਾਵਣਾ ਕੋਇ ਨ **ਮੇਟਣਹਾਰ**।"
— ਸੂਹੀ **੩**, ਅਸ ੩, ੧੯ : ੨ (756)

ਹੋਰ ਰੂਪ — **ਮੇਟਣਹਾਰਾ** —
"ਸੋ ਧੁਰਿ ਲਿਖਿਆ ਸੋਇ ਕਮਾਵੈ ਕੋਇ ਨ **ਮੇਟਣਹਾਰਾ**।" (ਮਿਟਾ ਸਕਨ ਵਾਲਾ)
— ਵਡ **੩**, ਛੰਤ ੫, ੩ : ੫ (571)

ਮੇਟਣਹਾਰੁ —
"ਪੂਰਬਿ ਲਿਖਿਆ ਕਮਾਵਣਾ ਕੋਇਨ **ਮੇਟਣਹਾਰੁ**।" (ਮਿਟਾ ਸਕਨ ਵਾਲਾ)
— ਸਿਰੀ **੩**, ੩੬, ੩ : ੪ (27)

ਮੇਟਣਾ — ਖਤਮ ਕਰਨਾ, ਮਿਟਾ ਦੇਣਾ
"ਪੂਰਬ ਲਿਖਿਆ ਸੁ **ਮੇਟਣਾ** ਨ ਜਾਏ।"
— ਸਿਰੀ **੪**, ਵਾਰ ੧੪ਸ, **੩**, ੩ : ੮ (88)
"ਸੋਈ ਲਖਿ **ਮੇਟਣਾ** ਨ ਹੋਈ।" (ਨਾਸ ਹੋਣਾ)
— ਗਉ **ਕਬ**, ਬਾਅ ੬ : ੪ (340)

ਮੇਟਣੋ — ਮੇਟਣਹਾਰ, ਖਤਮ ਕਰਨ/ਮਿਟਾ ਦੇਣ ਵਾਲਾ
"ਸੁਖਦਾਤਾ ਦੁਖ **ਮੇਟਣੋ** ਸਤਿਗੁਰ ਅਸੁਰ ਸੰਘਾਰੁ।"
— ਸਿਰੀ **੧**, ਅਸ ੧੦, ੩ : ੩ (59)

ਮੇਟਤ — ਮਿਟਾ ਸਕਦਾ
"ਲਿਖਿਓ ਲੇਖੁ ਨ **ਮੇਟਤ** ਕੋਊ।"
— ਗਉ **੫**, ਬਾਅ ੧੭ : ੨ (253)

ਮੇਟਨ — ਮੇਟਨ ਵਾਲਾ, ਦੂਰ ਕਰਨ ਵਾਲਾ, ਨਾਸ ਕਰਨ ਵਾਲਾ
"ਅਨਾਥਾ ਨਾਥ ਭਗਤ ਭੈ **ਮੇਟਨ**।"
— ਸੂਹੀ **੫**, ਅਸ ੨, ੨ : ੧ (760)

ਮੇਟਿ — ਖਤਮ ਕਰਨਾ, ਨਾਸ ਕਰਨਾ, ਮਿਟਾ ਸਕਨਾ

"ਜਿਨ ਕਉ ਸਤਿਗੁਰਿ ਥਾਪਿਆ ਤਿਨ **ਮੇਟਿ** ਨ ਸਕੈ ਕੋਇ।" (ਦੂਰ ਕਰ ਸਕਨਾ)
— ਸਿਰੀ **੧**, ੮, ੩ : ੧ (17)

"ਬਲਿਹਾਰੀ ਗੁਰ ਆਪਣੇ ਜਿਨਿ ਅਉਗਣ **ਮੇਟਿ** ਗੁਣ ਪਰਗਟੀਆਏ।" (ਮੇਟ ਕੇ, ਖਤਮ ਕਰਕੇ)
— ਗਉ **੪**, ਵਾਰ ੭ : ੪ (303)

ਹੋਰ ਰੂਪ — ਮੇਟਿਓ —
"ਭਉ ਜਨਮ ਮਰਣਾ **ਮੇਟਿਓ** ਗੁਰ ਸਬਦੀ ਹਰਿ ਅਸਥਿਰੁ ਸੇਵਿ ਸੁਖਿ ਸਮਯਾ।" (ਮਿਟਾਇਆ, ਦੂਰ ਕੀਤਾ)
— ਸੂਹੀ **੪**, ੨, ੧ : ੨ (731)

ਮੇਟਿਆ —
"ਜੇ ਹਰਿ ਹਰਿ ਕੀਚੈ ਬਹੁਤੁ ਲੋਚੀਐ ਕਿਰਤੁ ਨ **ਮੇਟਿਆ** ਜਾਇ।" (ਮਿਟਾਇਆ, ਦੂਰ ਕੀਤਾ)
— ਸਿਰੀ **੩**, ਅਸ ੧੯, ੩ : ੧ (65)

ਮੇਟੀ —
"**ਮੇਟੀ** ਜਾਤਿ ਹੂਏ ਦਰਬਾਰਿ।" (ਖਤਮ ਕੀਤੀ)
— ਗੋਂਡ **ਰਵਿ**, ੧, ੩ : ੩ (875)

ਮੇਟੀਐ —
"ਪੂਰਬਿ ਲਿਖਿਆ ਕਿਉ **ਮੇਟੀਐ** ਲਿਖਿਆ ਲੇਖੁ ਰਜਾਇ।" (ਦੂਰ ਕਰੀਏ, ਖਤਮ ਕਰੀਏ)
— ਸਿਰੀ **੧**, ਅਸ ੧੦, ੭ : ੨ (59)

"ਲਿਖਿਅੜਾ ਲੇਖੁ ਨ **ਮੇਟੀਐ** ਦਰਿ ਹਾਕਾਰੜਾ ਆਇਆ ਹੈ।" (ਮਿਟ ਸਕਦਾ)
— ਵਡ **੧**, ਅਲਾ ੫, ੪ : ੨ (582)

ਮੇਟੇ —
"ਤ੍ਰੈ ਗੁਣ **ਮੇਟੇ** ਚਉਥੈ ਚਿਤੁ ਲਾਇਆ।" (ਦੂਰ ਕਰੇ) — ਗਉ **੩**, ਅਸ ੪, ੮ : ੨ (231)

ਮੇਟੈ —
"ਜੋ ਹਰਿ ਪ੍ਰਭ ਭਾਣਾ ਸੋ ਥੀਆ ਧੁਰਿ ਲਿਖਿਆ ਨ **ਮੇਟੈ** ਕੋਇ।" (ਮੇਟ/ਟਾਲ ਸਕਦਾ)
— ਸਿਰੀ **੪**, ੬੮, ੩ : ੩ (41)

ਮੇਟੈਗੋ —
"ਕਿਉ **ਮੇਟੈਗੋ** ਛਾਡਿ ਤੁਹਾਰੀ।" (ਦੂਰ ਕਰੇਗਾ, ਡੋਲ੍ਹੇਗਾ) — ਸੋਰ **ਕਬ**, ੫, ੧ : ੪ (655)

ਮੇਂਡਕੁ — ਡੱਡੂ
"ਜਲ ਕੈ ਮਜਨਿ ਜੇ ਗਤਿ ਹੋਵੈ ਨਿਤਿ ਨਿਤ **ਮੇਂਡਕੁ** ਨਾਵਹਿ।" — ਆਸਾ **ਕਬ**, ੩੭, ੨ : ੧ (484)

ਮੇਦਨਿ — (ਸੰ. ਮੇਦਿਨੀ) ਪ੍ਰਿਥਵੀ, ਸ੍ਰਿਸ਼ਟੀ
"ਆਵਣੁ ਤ ਜਾਣਾ ਤਿਨਹਿ ਕੀਆ ਜਿਨਿ **ਮੇਦਨਿ** ਸਿਰਜੀਆ।"
— ਬਿਹਾ **੫**, ਛੰਤ ੧, ੧ : ੩ (542)

ਹੋਰ ਰੂਪ — ਮੇਦਨੀ —
"ਵਡਹੁ ਵਡਾ ਵਡ **ਮੇਦਨੀ** ਸਿਰੇ ਸਿਰਿ ਧੰਧੈ ਲਾਇਦਾ।"
— ਆਸਾ **੧**, ਵਾਰ ੧੬ : ੩ (472)

ਮੇਧੁ — ਮਾਸ ਦਾ ਰਸ, ਸ਼ੋਰਬਾ, ਸ਼ਰਾਬ, ਮੱਦ (ਮਹਾਨ ਕੋਸ਼), ਪਵਿਤਰ (ਕੋਸ਼)
"ਰਸੁ ਮਿਸੁ **ਮੇਧੁ** ਅੰਮ੍ਰਿਤੁ ਬਿਖੁ ਚਾਖੀ ਤਉ ਪੰਚ ਪ੍ਰਗਟ ਸੰਤਾਪੈ।"
— ਸਿਰੀ **ਬੇਣੀ**, ੧, ੨ : ੨ (93)

ਮੇਰ — 1. ਸੁਮੇਰ ਪਰਬਤ, ਪੁਰਾਣਾਂ ਅਨੁਸਾਰ ਪ੍ਰਿਥਵੀ ਦੇ ਮੱਧ ਵਿਚਲਾ ਇਕ ਵਡਾ ਪਹਾੜ ਜਿਸ ਉਪਰ ਇੰਦਰ ਕੁਬੇਰ ਆਦਿ ਦੇਵਤਿਆਂ ਦੀਆਂ ਪੁਰੀਆਂ ਹਨ
"ਕੇਤੀਆ ਕਰਮ ਭੂਮੀ **ਮੇਰ** ਕੇਤੇ ਕੇਤੇ ਧੂ ਉਪਦੇਸ।"
— ਜਪੁ **੧**, ੩੫ : ੫ (7)

2. ਮੇਰਾਪਣ, ਆਪਣਾਪਣ, ਮਮਤਾ
"**ਮੇਰ** ਤੇਰ ਜਬ ਇਨਹਿ ਚੁਕਾਈ।"
— ਗਉ **੫**, ਅਸ ੧, ੨ : ੩ (235)

3. ਪਰਬਤ, ਪਹਾੜ
"**ਮੇਰ** ਸੁਮੇਰ ਮੋਰੁ ਬਹੁ ਨਾਚੈ ਜਬ ਉਨਵੈ ਘਨ ਘਨਹਾਰੇ।"
— ਨਟ **੪**, ਅਸ ੬, ੪ : ੨ (983)

(ਕੋਸ਼ ਇਥੇ ਅਰਥ ਸ਼ੋਮਣੀ ਦਿੰਦੇ ਹਨ)
"ਇਤ ਉਤ ਦਹ ਦਿਸਿ ਰਵਿਓ **ਮੇਰ** ਤਿਨਹਿ ਸਮਾਨਿ।" (ਪਰਬਤ)
— ਕਲਿ **੫**, ੪, ੧ : ੧ (1322)

ਹੋਰ ਰੂਪ — ਮੇਰੰ —
"ਤ੍ਰਿਣੰ ਤ **ਮੇਰੰ** ਸਹਕੰਤ ਹਰੀਅੰ।"
— ਸਸ **੫**, ੬੪ : ੧ (1360)

3. ਚੋਟੀ, ਸਿਖਰ, ਕਮਲ ਦੇ ਫੁੱਲ ਦਾ ਸਿਖਰ
"ਬਸੁ ਜਲ ਨਿਤਨ ਵਸਤ ਅਲੀਅਲ **ਮੇਰ** ਚਚਾ ਗੁਨਰੇ।" — ਮਾਰੂ **੧**, ੪, ੨ : ੧ (990)

4. ਭਾਵ ਦਸਮ ਦੁਆਰ
"ਮਨੁ ਮਤਵਾਰ **ਮੇਰ** ਸਰ ਭਾਠੀ ਅੰਮ੍ਰਿਤ ਧਾਰ ਚੁਆਵਉ।"
— ਕੇਦਾ **ਕਬ**, ੩, ੧ : ੨ (1123)

ਮੇਰਉ — ਮੇਰਾ
"ਮੇਰਉ **ਮੇਰਉ** ਸਭੈ ਕਹਤ ਹੈ ਹਿਤ ਸਿਉ ਬਾਧਿਓ ਚੀਤ।" — ਦੇਵ **੯**, ੩, ੧ : ੧ (536)
(ਪੁਰਾਣੀਆਂ ਛਾਪਾਂ ਵਿਚ ਇਹ ਸ਼ਬਦ 'ਮੇਰੋ' ਕਰਕੇ ਹੈ)

ਮੇ ਰਵੀ — (ਫ਼ਾ. ਮੇਰਵੀ) ਤੂੰ ਜਾਂਦਾ ਹੈ
"ਕੁਜਾ ਆਮਦ ਕੁਜਾ ਰਫਤੀ ਕੁਜਾ **ਮੇ ਰਵੀ**।"
— ਤਿਲੰ **ਨਾਮ**, ੩, ੧ : ੧ (727)

ਮੇਰਾ — 1. ਬੋਲਣ ਵਾਲੇ ਦਾ ਆਪਣਾ
"ਗੁਰਮਤਿ ਨਾਮੁ **ਮੇਰਾ** ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ।"
— ਗੂਜ **੪**, ਸੋਦ ੪, ੧* : ੨ (10)
2. ਮੇਰਾਪਣਾ, ਮਮਤਾ, ਆਪਣਾਪਣ
"ਹਉਮੈ **ਮੇਰਾ** ਰਹਿ ਗਇਆ ਸਚੈ ਲਇਆ ਮਿਲਾਇ।"
— ਸਿਰੀ **੩**, ੫੫, ੩ : ੩ (35)
"ਪਾਇ ਲਗਉ ਤਜਿ **ਮੇਰਾ** ਤੇਰੈ।"
— ਗਉ **੫**, ੮੫, ੨ : ੩ (181)

ਮੇਰਾਂ — ਪਹਾੜਾਂ
"ਸੋ ਮਿਤਿ ਜਾਣੈ ਨਾਨਕਾ ਸਰਾਂ **ਮੇਰਾਂ** ਜੰਤਾਹ।"
— ਆਸਾ **੧**, ਵਾਰ ੮ਸ, **੧**, ੧ : ੪ (467)

ਮੇਰਾਣੁ — ਸੁਮੇਰ ਪਰਬਤ ਵਾਂਗ
"ਝਖੜਿ ਵਾਉ ਨ ਡੋਲਈ ਪਰਬਤੁ **ਮੇਰਾਣੁ**।"
— ਰਾਮ **ਬਸ**, ਵਾਰ ੬ : ੧੪ (968)

ਮੇਰਿਆ — ਮੇਰੇ, ਨਿਜ ਦੇ
"ਕਹੈ ਨਾਨਕ ਸੁਣਿ ਮਨ ਮੇਰੇ ਤੂ ਸਦਾ ਸਚੁ ਸਮਾਲਿ।" — ਵਡ **੩**, ਛੰਤ ੩, ੧ : ੧ (569)

ਮੇਰਿਹੋ — ਮੇਰੇ, ਸਾਡੇ
"ਏ ਨੇਤ੍ਰਹੁ **ਮੇਰਿਹੋ** ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ।"
— ਰਾਮ **੩**, ਅਨੰ ੩੬ : ੧ (922)

ਮੇਰੀ — 1. ਆਪਣੀ, ਨਿਜਦੀ
"ਸੋ ਕਿਉ ਵਿਸਰੈ **ਮੇਰੀ** ਮਾਇ।"
— ਆਸਾ **੧**, ਸੋਦ ੩, ੧* : ੧ (9)
"ਗੁਰ ਕ੍ਰਿਪਾਲਿ ਕ੍ਰਿਪਾ ਕਿੰਚਤ ਗੁਰਿ ਕੀਨੀ-ਹਰਿ ਮਿਲਿਆ ਆਇ ਪ੍ਰਭੁ **ਮੇਰੀ**।" (ਮੇਰਾ)
— ਗਉ **੪**, ੫੮, ੧* : ੨ (170)
('ਮਹਾਨ ਕੋਸ਼' ਨੇ ਅਰਥ 'ਮੇਰ (ਅਪਣਤ) ਰਖਨ ਵਾਲਾ' ਕੀਤਾ ਹੈ)
"ਆਇਓ ਚੋਰੁ ਤਰੰਤਹ ਲੇ ਗਇਓ **ਮੇਰੀ** ਰਾਖਤ ਮੁਗਧੁਫਿਰੈ।" (ਆਪਣੀ ਜਾਨ)
— ਆਸਾ **ਕਬ**, ੧੫, ੨ : ੨ (479)
2. ਮਮਤਾ
"ਕੁਸਲੁ ਨ ਗ੍ਰਿਹਿ **ਮੇਰੀ** ਸਭ ਮਾਇਆ।"
— ਗਉ **੫**, ੭੧, ੧ : ੧ (175)
"ਕਹੁ ਕਬੀਰੁ ਸੁਨਹੁ ਰੇ ਸਤੰਹੁ **ਮੇਰੀ ਮੇਰੀ** ਝੂਠੀ।"
(ਮਮਤਾ) — ਅਸਾ **ਕਬ**, ੧੬, ੫ : ੧ (480)
"**ਮੇਰੀ ਮੇਰੀ** ਧਾਰਿ ਬੰਧਨਿ ਬੰਧਿਆ।" (ਹਉਮੈ)
— ਸੂਹੀ **੫**, ਅਸ ੫, ੩ : ੧ (761)
3. ਮੇਲੀ, ਮਿਲਾਈ
"ਭਰਮੁ ਗਇਆ ਗੁਰਿ ਪਿਰ ਸੰਗਿ **ਮੇਰੀ**।"
— ਆਸਾ **੫**, ੫੩, ੧* : ੨ (384)

ਮੇਰੀਆ — ਮੇਰੀ, ਨਿਜਦੀ
"ਹਰਿ ਲੋਚਾ ਪੂਰਨ **ਮੇਰੀਆ**।"
— ਸਿਰੀ **੫**, ਅਸ ੨੯, ੧੫ : ੨ (74)

ਮੇਰੁ — 1. ਸ਼ਰੋਮਣੀ ਮਣਕਾ
"ਤੂੰ ਗੰਠੀ **ਮੇਰੁ** ਸਿਰਿ ਤੂੰ ਹੈ।"
— ਮਾਝ **੫**, ੨੮, ੨ : ੨ (102)
2. ਸੁਮੇਰ ਪਰਬਤ
"ਪਾਣੀ ਵਿਚਹੁ ਰਤਨ ਉਪੰਨੇ **ਮੇਰੁ** ਕੀਆ ਮਾਧਾਣੀ।"
— ਮਾਝ **੧**, ਵਾਹਰ ੨੬ਸ, **੧**, ੧ : ੧੪ (150)
(ਮਹਾਨ ਕੋਸ਼ ਅਰਥ 'ਮੰਦਰਾਚਲ' ਕਰਦਾ ਹੈ)
3. ਪਹਾੜ
"ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ **ਮੇਰੁ** ਦਿਖੀਤਾ।" (ਪਹਾੜ, ਪਰਬਤ)
— ਬਿਲਾ **੫**, ੩੨, ੩ : ੧ (810)

ਮੇਰੇ — ਆਪਣੇ, ਨਿਜੀ
"ਵਡੇ **ਮੇਰੇ** ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ।" — ਆਸਾ **੧**, ਸੋਦ ੨, ੧* : ੧ (9)

ਮੇਰੈ — 1. ਮੇਰੇ, ਆਪਣੇ, ਨਿਜੀ
"**ਮੇਰੈ** ਮਨਿ ਤਨਿ ਭੁਖ ਅਤਿ ਅਗਲੀ ਕੋਈ ਆਣਿ ਮਿਲਾਵੈ ਮਾਇ।"
— ਸਿਰੀ **੫**, ੮੯, ੨ : ੨ (49)
2. ਪਹਾੜ ਦੇ, ਸੁਮੇਰ ਪਰਬਤ ਦੇ
"ਕੀਤੇ ਕਉ **ਮੇਰੈ** ਸੰਮਾਨੈ ਕਰਣਹਾਰੁ ਤ੍ਰਿਣੁ ਜਾਨੈ।"
— ਸੋਰ **੫**, ੧੮, ੨ : ੧ (613)

ਮੇਰੋ — ਮੇਰਾ, ਆਪਣਾ, ਨਿਜ ਦਾ, ਬੋਲਣ ਵਾਲੇ ਦਾ
"ਜਉ ਲਉ **ਮੇਰੋ ਮੇਰੋ** ਕਰਤੋ ਤਉ ਲਉ ਬਿਖੁ ਘੇਰੇ।"
— ਗਉ **੫**, ੧੫੯, ੩ : ੧ (214)

ਮੇਲ — 1. ਮਿਲਾਪ
"ਸਹਜ ਕੇਲ ਅਨਦ ਖੇਲ ਰਹੇ ਫੇਰ ਭਏ **ਮੇਲ**।"
— ਗਉ **੫**, ੧੫੭*, ੩ : ੧ (214)
"ਆਗੈ ਜਮ ਸਿਉ ਹੋਇ ਨ **ਮੇਲ**।" (ਟਾਕਰਾ)
— ਰਾਮ **੫**, ੨੮, ੧ : ੨ (891)
2. ਜੋੜ, ਸੰਚਿਤ ਕਰ, ਇਕੱਠੀ ਕਰ
"ਜਖੀ ਕਾਇ ਮੋਹਿ ਮੋਹਿਲੀ ਪ੍ਰਿਅ ਪ੍ਰੀਤਿ ਰਿਦੈ **ਮੇਲ**।" — ਸਾਰ **੫**, ੧੩੦, ੧ : ੩ (1229)
ਹੋਰ ਰੂਪ — ਮੇਲਉ —
"ਕਾਇਆ ਕਲਾ ਲਨਿ ਲਾਹਿਨ **ਮੇਲਉ** ਗੁਰ ਕਾ ਸਬਦੁ ਗੁੜੁ ਕੀਨ੍ਰੇ।" (ਇਕੱਠੀ ਕਰਾਂ ਭਾਵ ਪਾਵਾਂ)
— ਰਾਮ **ਕਬ**, ੧, ੧ : ੨ (968)
3. ਮਿਲਾਉਂਦੀ ਹੈ
"ਕਰਤ ਕੇਲ ਬਿਖੈ **ਮੇਲ** ਚੰਦ੍ਰ ਸੂਰ ਮੋਹੇ।"
— ਸਾਰ **੫**, ੧੩੯, ੧* : ੧ (1231)
ਹੋਰ ਰੂਪ — ਮੇਲਸਾ —
"ਹਰਿ ਦਾਤੜੇ ਮੇਲਿ ਗੁਰੂ ਮੁਖਿ ਗੁਰਮੁਖਿ **ਮੇਲਸਾ**।" (ਮਿਲਾਵਾਂ)
— ਆਸਾ **੪**, ਛੰਤ ੨੧, ੬ : ੩ (452)
ਮੇਲਸੀ —
"ਆਪਿ ਦਇਆ ਕਰਿ **ਮੇਲਸੀ** ਗੁਰ ਸਤਿਗੁਰ ਪੀਛੈ ਪਾਇ।" (ਮੇਲੇਗਾ)
— ਸਿਰੀ **੪**, ੬੮, ੪ : ੨ (41)
ਮੇਲਹਿ —
"ਜਿਸੁ ਤੂੰ **ਮੇਲਹਿ** ਸੋ ਮਿਲੈ ਜਾਇ ਸਚਾ ਪਿੜੁ ਮਲਿ।" (ਮਿਲਾਉਂਦਾ ਹੈ)
— ਸਿਰੀ **੧**, ਅਸ ੧੧, ੮ : ੩ (60)
"ਤਬ ਸਗਲੇ ਇਸੁ **ਮੇਲਹਿ** ਫੰਦਾ।" (ਭਾਵ ਜਾਲ ਖਿਲਾਰਦੇ ਹਨ)
— ਗਉ **੫**, ਅਸ ੧, ੨ : ੨ (235)
"ਮੇਰੇ ਠਾਕੁਰ ਹਥਿ ਵਡਿਆਈਆ **ਮੇਲਹਿ** ਮਨਿ ਚਾਉ।" (ਮੇਲ ਲਵੇ)
— ਮਾਰੂ **੧**, ਅਸ ੬, ੨ : ੩ (1012)
ਮੇਲਹੁ —
"ਹਰਿ ਜੀਉ ਕ੍ਰਿਪਾ ਕਰਹੁ ਗੁਰੁ **ਮੇਲਹੁ** ਜਨ ਨਾਨਕ ਹਰਿ ਧਨੁ ਪਲੈ ਜੀਉ।" (ਮਿਲਾਪ ਕਰਾਓ ਮੇਲੋ) — ਮਾਝ **੪**, ੧, ੪ : ੩ (94)

ਮੇਲੰਗਾ — ਅੰਗਾਂ ਨੂੰ ਮੇਲ ਕੇ, ਭਾਵ ਚੌਂਕੜੀ ਮਾਰ ਕੇ
"ਪੂਜਾ ਚਾਰ ਕਰਤ **ਮੇਲੰਗਾ**।"
— ਮਾਨ **੫**, ੩੬, ੧ : ੩ (1305)

ਮੇਲਣ — ਮਿਲਾਪ ਕਰਾਣ, ਸੰਜੋਗ ਕਰਵਾਉਣ
"ਜੇ **ਮੇਲਣ** ਨੋ ਬਹੁਤੇਰਾ ਲੋਚੀਐ ਨ ਦੇਈ ਮੇਲਣ ਕਰਤਾਰੇ।"
— ਗਉ **੪**, ਵਾਰ ੧੪ਸ, **੪**, ੧ : ੨ (307)
"ਮਾਥੈ ਊਭੈ ਜਮੁ ਮਾਰਸੀ ਨਾਨਕ **ਮੇਲਣ** ਨਾਮੁ।" (ਨਾਮ ਵਿਚ ਮਿਲਣ ਨਾਲ, ਨਾਮ ਦੀ ਪ੍ਰਾਪਤੀ ਨਾਲ)
— ਮਾਰੂ **੩**, ਵਾਰ ੧੩ਸ, **੧**, ੩ : ੨ (1090)

ਮੇਲਣਹਾਰ — ਮਿਲਾਪ ਕਰਾਉਣ ਵਾਲਾ, ਸੰਜੋਗ ਕਰਾਉਣ ਦੇ ਸਮਰਥ
"ਹੈ ਕੋਈ ਸਾਜਨੁ ਸੰਤ ਜਨੁ ਨਾਨਕ ਪ੍ਰਭ **ਮੇਲਣਹਾਰ**।"
— ਰਾਮ **੫**, ਰੁਤੀ ੫, ੧ਸ : ੨ (928)
ਹੋਰ ਰੂਪ — ਮੇਲਣਹਾਰਾ —
"ਨਾਨਕ ਹਰਿ ਜਪਿ ਹਰਿ ਮਨ ਮੇਰੇ ਹਰਿ ਮੇਲੇ **ਮੇਲਣਹਾਰਾ** ਹੇ।" (ਮਿਲਾਪ/ਸੰਜੋਗ ਕਰਾਉਣ ਵਾਲਾ)
— ਮਾਰੂ **੧**, ਸੋਲਾ ੯, ੧੨ : ੩ (1030)
ਮੇਲਣਹਾਰਿ —
"ਨਾਨਕ ਨਾਮਿ ਸੋਹਾਗਣੀ ਮੇਲੀ **ਮੇਲਣਹਾਰਿ**।" (ਮੇਲਾਪ ਕਰਵਾਉਣ ਵਾਲੇ ਨੇ)
— ਸਿਰੀ **੪**, ਵਾਰ ੧੨ਸ, **੩**, ੨ : ੪ (90)

ਮੇਲਣਹਾਰੁ —
"ਤੂੰ ਹੈ ਸਾਜਨੁ ਤੂੰ ਸੁਜਾਣੁ ਤੂੰ ਆਪੇ **ਮੇਲਣਹਾਰੁ**।" (ਮਿਲਾਪ ਕਰਵਾਉਣ ਵਾਲਾ)
— ਸਿਰੀ **੧**, ਅਸ ੪, ੭ : ੧ (55)

ਮੇਲਣਹਾਰੋ —
"ਨਾਰੀ ਪੁਰਖ ਵਿਛੁੰਨਿਆ ਵਿਛੁੜਿਆ **ਮੇਲਣਹਾਰੋ**।" (ਮਿਲਾਣ ਦੇ ਸਮਰਥ)
— ਵਡ **੧**, ਅਲਾ ੩, ੪ : ੨ (580)

ਮੇਲਤ — ਮਿਲਾਉਂਦਿਆਂ
"**ਮੇਲਤ** ਚੁਨਤ ਖਿਨੁ ਪਲੁ ਚਸਾ ਲਾਗੈ ਤਬ ਲਗੁ ਮੇਰਾ ਮਨੁ ਰਾਮ ਗੁਨ ਗਾਵੈ।"
— ਆਸਾ **੪**, ੬੨, ੨ : ੨ (368)

ਮੇਲਤੇ — ਮਿਲਾਉਂਦੇ, ਇਥੇ ਭਾਵ ਪਾਉਂਦੇ
"ਕਰੁ ਮਾਇਆ ਅਗਨਿ ਨਿਤ **ਮੇਲਤੇ** ਗੁਰਿ ਰਾਖੇ ਦੀਨ ਦਇਆਲਾ।"
— ਮਾਲੀ **੪**, ੫, ੩ : ੨ (985)

ਮੇਲਵੈ — ਇਕੱਠੀ ਕਰਦਾ, ਸੰਚਨ ਕਰਦਾ
"ਰਾਮੁ ਝੁਰੈ ਦਲ **ਮੇਲਵੈ** ਅੰਤਰਿ ਬਲੁ ਅਧਿਕਾਰ।"
— ਸਲੋ **੧**, ੨੫ : ੧ (1412)

ਮੇਲੜੀਆਹ — ਮੇਲ ਲਈਆਂ ਹਨ
"ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬ **ਮੇਲੜੀਆਹ**।"
— ਮਾਝ **੫**, ਬਾਰਾ, ੧੦ : ੨ (135)

ਮੇਲਾ — 1. ਮਿਲਾਪ, ਮੇਲ
"ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ **ਮੇਲਾ** ਜੀਉ।" — ਮਾਝ **੫**, ੨੯, ੩ : ੩ (102)
"ਜਪਿ ਅੰਮ੍ਰਿਤ ਨਾਮੁ ਸੰਤਸੰਗਿ **ਮੇਲਾ**।" (ਭਾਵ ਸੰਗ ਕਰੇਂ, ਮੇਲਾਪ ਕਰੇਂ)
— ਮਾਝ **੫**, ੪੫, ੧ : ੨ (107)
2. ਖੇਡ, ਲੋਕਾਂ ਦਾ ਸਮੂਹ
"ਇਹ ਜੁ ਦੁਨੀਆ ਸਿਹਰੁ **ਮੇਲਾ** ਦਸਤਗੀਰੀ ਨਾਹਿ।" — ਤਿਲੰ **ਕਬ**, ੧, ੧* : ੨ (727)

ਮੇਲਾਇ — ਮਿਲਾਉਂਦਾ ਹੈ
"ਪੋਤੈ ਜਿਨ ਕੈ ਪੁੰਨੁ ਹੈ ਤਿਨ ਸਤਸੰਗਤਿ **ਮੇਲਾਇ**।"
— ਸਿਰੀ **੩**, ੪੪, ੧ : ੨ (30)

ਹੋਰ ਰੂਪ — ਮੇਲਾਇਅਨੁ —
"ਕਰਿ ਕਿਰਪਾ **ਮੇਲਾਇਅਨੁ** ਹਰਿ ਨਾਮੁ ਵਸਿਆ ਮਨਿ ਆਇ।"
— ਸਿਰੀ **੩**, ੪੪, ੧ : ੩ (30)

ਮੇਲਾਇਆ —
"ਅਚਰਜੁ ਰੂਪੁ ਨਿਰੰਜਨੋ ਗੁਰਿ **ਮੇਲਾਇਆ** ਮਾਇ।" (ਮੇਲਿਆ, ਮਿਲਾਇਆ)
— ਸਿਰੀ **੫**, ੮੩, ੧ : ੪ (46)

ਮੇਲਾਇਸੀ —
"ਸੋ ਪ੍ਰਭੁ ਮੇਰਾ ਅਤਿ ਵਡਾ ਗੁਰਮੁਖਿ **ਮੇਲਾਇਸੀ**।" (ਮਿਲਾਵੇਗਾ, ਮਿਲਦਾ ਹੈ)
— ਗੂਜ **੩**, ਵਾਰ ੫ : ੫ (510)

ਮੇਲਾਇਦਾ —
"ਜਿਸ ਨੋ ਨਾਮ ਦਾਨੁ ਕਰੇ ਸੋ ਪਾਏ ਗੁਰ ਸਬਦੀ **ਮੇਲਾਇਦਾ**।" (ਮਿਲਾਉਂਦਾ ਹੈ)
— ਮਾਰੂ **੩**, ਸੋਲਾ ੧੯, ੨ : ੩ (1062)

ਮੇਲਾਈ — ਮਿਲ ਕੇ
"ਸੁਣਿ ਸੁਣਿ ਗੁਰਮੁਖਿ ਨਾਮੁ ਵਖਾਣਹਿ ਸਤਸੰਗਤਿ **ਮੇਲਾਈ**।"
— ਰਾਮ **੩**, ਅਸ ੩, ੧੨ : ੨ (910)

ਹੋਰ ਰੂਪ — ਮੇਲਾਈਆ —
"ਗੁਰ ਵਿਟੜਿਅਹੁ ਹਉ ਘੋਲੀ ਮੇਰੇ ਪਿਆਰੇ ਜਿਨਿ ਹਰਿ **ਮੇਲਾਈਆ**।" (ਮਿਲਾਇਆ ਹੈ)
— ਅਸ **੪**, ਛੰਤ ੨੧, ੫ : ੨ (452)

ਮੇਲਾਈਐ —
"ਆਵਹੁ ਸੰਤ ਮੈ ਗਲਿ **ਮੇਲਾਈਐ**।" (ਮਿਲਾਓ)
— ਮਾਝ **੪**, ੫, ੨ : ੧ (95)

ਮੇਲਾਪੁ — ਮੇਲ
"ਸਤਸੰਗਤਿ ਸਿਉ **ਮੇਲਾਪੁ** ਹੋਇ ਲਿਵ ਕਟੋਰੀ ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰ।"
— ਬਿਹਾ **੪**, ਵਾਰ ੧੨ਸ, **ਮਰ**, ੩ : ੨ (553)

ਮੇਲਾਵਉ — ਮੇਲਾਪ ਕਰਾਉ, ਮੇਲੋ
"ਕਵਨ ਜੁਗਤਿ **ਮੇਲਾਵਉ** ਨਿਰਗੁਣ ਬਿਖਈ ਜੀਉ।" — ਆਸਾ **੫**, ੧੦੬, ੧ : ੨ (397)

ਹੋਰ ਰੂਪ — ਮੇਲਾਵਏ —
"ਆਨੰਦ ਅਨਹਦ ਵਜਹਿ ਵਾਜੇ ਹਰਿ ਆਪਿ ਗਲਿ **ਮੇਲਾਵਏ**।" (ਮਿਲਾਏ, ਮੇਲੇ)
— ਰਾਮ **ਸੁੰਦ**, ਸ੧, ੩ : ੪ (923)

ਮੇਲਾਵਣਿਆ — ਮੇਲ ਕਰਵਾਣ ਵਾਲਾ

"ਨਾਨਕ ਨਾਮੁ ਵਸੈ ਮਨ ਅੰਤਰਿ ਗੁਰ ਸਬਦੀ ਹਰਿ **ਮੇਲਾਵਣਿਆ**।"
— ਮਾਝ **੩**, ਅਸ ੨੨, ੮ : ੩ (122)

ਮੇਲਾਵੜਾ — ਮੇਲ ਹੋਣਾ, ਮਿਲਾਪ ਹੋਣਾ, ਸੰਜੋਗ ਹੋਣਾ
"ਵਡਭਾਗੀ **ਮੇਲਾਵੜਾ** ਗੁਰਮੁਖਿ ਪਿਰੁ ਚੀਨ੍ਾ ਰਾਮ।" — ਬਿਲਾ **੪**, ਛੰਤ ੫, ੨ : ੨ (848)

ਮੇਲਾਵਾ — ਮਿਲਾਪ, ਮੇਲ, ਸੰਜੋਗ
"ਨਦਰਿ ਕਰੇ **ਮੇਲਾਵਾ** ਹੋਈ।"
— ਆਸਾ **੧**, ੨੨, ੧* : ੨ (357)

ਮੇਲਾਵੈ — ਮੇਲ/ਮਿਲਾਪ/ਸੰਜੋਗ ਕਰਾਵੇ
"ਗੁਰੁ ਪੂਰਾ **ਮੇਲਾਵੈ** ਪ੍ਰੀਤਮੁ ਹਉ ਵਾਰਿ ਵਾਰਿ ਆਪਣੇ ਗੁਰੂ ਕਉ ਜਾਸਾ।"
— ਵਡ **੪**, ੧, ੧* : ੨ (561)

ਮੇਲਿ — 1. ਇਕਠਾ ਕਰਕੇ
"ਸੁਲਤਾਨੁ ਹੋਵਾ **ਮੇਲਿ** ਲਸਕਰ ਤਖਤਿ ਰਾਖਾ ਪਾਉ।" — ਸਿਰੀ **੧**, ੧, ੪ : ੧ (14)

ਹੋਰ ਰੂਪ — ਮੇਲਿਓ —
"ਮਾਇ ਬਾਪ ਪੂਤ ਹਿਤ ਭ੍ਰਾਤਾ ਉਨਿ ਘਰਿ ਘਰਿ **ਮੇਲਿਓ** ਦੂਆ।" (ਇਕਠਾ ਕਰ ਦਿਤਾ ਹੈ) — ਧਨਾ **੫**, ੧੧, ੩ : ੧ (673)

2. ਮਿਲਾਪ, ਸੰਜੋਗ
"ਆਪੇ **ਮੇਲਿ** ਮਿਲਾਵਹੀ ਸਾਚੈ ਮਹਲਿ ਹਦੂਰਿ।"
— ਸਿਰੀ **੧**, ੧੬, ੨ : ੩ (20)

3. ਮਿਲਾ, ਮਲਾਪ ਕਰਾ
"ਸਤਿਗੁਰੁ ਵਿਸਟੁ **ਮੇਲਿ** ਮੇਰੇ ਗੋਵਿੰਦਾ ਹਰਿ ਮੇਲੇ ਕਰਿ ਰੈਬਾਰੀ ਜੀਉ।"
— ਗਉ **੪**, ੬੨, ੪ : ੩ (174)

4. ਮਿਲਾ ਕੇ
"ਇਕਨਾ **ਮੇਲਿ** ਸਤਿਗੁਰੁ ਮਹਲਿ ਬੁਲਾਏਇਕਿ ਭਰਮਿ ਭੂਲੇ ਫਿਰਦਿਆ।"
— ਬਿਲਾ **੫**, ਛੰਤ ੧, ੧ : ੪ (542)

"ਆਪੇ **ਮੇਲਿ** ਵਡਾਈ ਕੀਨੀ ਕੁਸਲ ਖੇਮ ਸਭ ਭਇਆ।" (ਮਿਲਾਪ ਕਰਾਕੇ)
— ਸੋਰ **੫**, ੩੯, ੧ : ੨ (619)

ਹੋਰ ਰੂਪ — ਮੇਲਿਓ —
"ਹਰਿ ਆਨਿ **ਮੇਲਿਓ** ਸਤਿਗੁਰੂ ਖਿਨੁ ਬੰਧ ਮੁਕਤਿ ਕਰਾਇਓ।" (ਮਿਲਾਇਆ)
— ਮਾਲ **੪**, ੩, ੧ : ੨ (985)

ਮੇਲਿਓ — 1. ਇਕਠਾ ਕਰ ਦਿਤਾ, ਵੇਖੋ 'ਮੇਲਿ' (1)
2. ਮਿਲਾਇਆ, ਵੇਖੋ 'ਮੇਲਿ' (4)
3. ਪਾਇਆ (ਭਾਵ)
"ਕਬੀਰ ਥੋਰੈ ਜਲਿ ਮਾਛੁਲੀ ਝੀਵਰਿ **ਮੇਲਿਓ** ਜਾਲੁ।" — ਸਲੋ **ਕਬ**, ੪੯ : ੧ (1367)

ਮੇਲਿਓਨੁ — ਮਿਲਾਇਆ
"ਭਾਣੈ ਸਤਿਗੁਰੁ **ਮੇਲਿਓਨੁ** ਭਾਣੈ ਸਚੁ ਧਿਆਇਆ।"
— ਮਾਰੂ **੩**, ਵਾਰ ੨੧ : ੨ (1093)

ਮੇਲਿਅਨੁ — ਮਿਲਾਏ
"ਚਿਰੀ ਵਿਛੁੰਨੇ **ਮੇਲਿਅਨੁ** ਸਤਗੁਰ ਪੰਨੈ ਪਾਇ।"
— ਸਿਰੀ **੩**, ੪੯, ੩ : ੨ (32)

ਮੇਲਿਆ — ਮਿਲਾਇਆ
"ਕਰਿ ਕਿਰਪਾ ਪ੍ਰਭਿ **ਮੇਲਿਆ** ਦੀਆ ਅਪਣਾ ਨਾਮੁ।" — ਸਿਰੀ **੫**, ੮੧, ੩ : ੨ (46)

ਹੋਰ ਰੂਪ — ਮੇਲਿਐ —
"ਸਚਿ ਰਤੇ ਗੁਰਿ **ਮੇਲਿਐ** ਸਚੇ ਸਚਿ ਸਮਾਇ।" (ਮਿਲਾ ਦੇਵੇ)
— ਸਿਰੀ **੧**, ੨੧, ੩ : ੩ (22)

ਮੇਲਿਹਿ — ਮਿਲਾਉਂਦਾ ਹੈ
"ਤੂੰ ਆਪੇ **ਮੇਲਿਹਿ** ਗੁਰਮੁਖਿ ਜਾਤਾ।"
— ਮਾਝ **੩**, ਅਸ ੨੨, ੬ : ੨ (122)

ਹੋਰ ਰੂਪ — ਮੇਲਿਹੁ —
"ਸੁਣਿ ਸਜਣ ਮੇਰੇ ਪ੍ਰੀਤਮ ਭਾਈ ਮੈ **ਮੇਲਿਹੁ** ਮਿਤ੍ਰੁ ਸੁਖਦਾਤਾ।" (ਮਿਲਾਓ)
— ਵਡ **੫**, ੯, ੨ : ੧ (564)

ਮੇਲਿਮੁ — ਮੈਨੂੰ ਮੇਲ ਕੇ
"ਗੁਰ ਬਿਨੁ ਏਤਾ ਭਵਿ ਥਕੀ ਗੁਰਿ ਪਿਰੁ **ਮੇਲਿਮੁ** ਦਿਤਮੁ ਮਿਲਾਇ।"
— ਮਾਰੂ **੧**, ਅਸ ੧੦, ੧* : ੨ (1015)

ਮੇਲੀ — 1. ਮਿਲਾਈ
"ਸਤਿਗੁਰਿ **ਮੇਲੀ** ਭੈਵਸੀ ਨਾਨਕ ਪ੍ਰੇਮੁ ਸਖਾਇ।"
— ਸਿਰੀ **੧**, ਅਸ ੨, ੮ : ੩ (54)

2. ਮੇਲ (ਪਿਆਰ) ਵਾਲੀ

"ਸੁਣਿ ਸਖੀ ਸੁਹੇਲੀ ਜੀਅ ਕੀ **ਮੇਲੀ** ਗੁਰ ਕੈ ਸਬਦਿ ਸਮਾਓ।"
— ਗਉ **੩**, ਛੰਤ ੧, ੨ : ੪ (243)

3. ਮਿਲਣ ਵਾਲੇ ਭਾਵ ਸੰਗੀ, ਸਾਥੀ, ਸਜਣ
"**ਮੇਲੀ** ਅਪਨੇ ਉਨਿਲੇ ਬਾਂਧੇ।"
— ਆਸਾ **੫**, ੮੭, ੩ : ੩ (392)
"ਹਰਿ ਭਗਤਾ ਨਾ **ਮੇਲੀ** ਸਰਬਤ ਸਉ ਨਿਸੁਲ ਜਨ ਟੰਗ ਧਰਿ।"
— ਬਿਲਾ **੪**, ਵਾਰ ੨ : ੩ (849)

4. ਪਾਈ
"ਕਾਲ ਫਾਸ ਜਬ ਗਰ ਮਹਿ **ਮੇਲੀ** ਤਿਹ ਸੁਧਿ ਸਭ ਬਿਸਰਾਈ।"
— ਮਾਰੂ **੯**, ੨, ੧ : ੧ (1008)

ਹੋਰ ਰੂਪ — ਮੇਲੀਂ —
"ਕਬੀਰ ਬੈਸਨੋ ਹੂਆ ਤ ਕਿਆ ਭਇਆ ਮਾਲਾ **ਮੇਲੀਂ** ਚਾਰਿ।"
— ਸਲੋ **ਕਬ**, ੧੪੫ : ੧ (1372)

ਮੇਲੀਅਹਿ — ਇਕਠੇ ਕਰੀਏ
"ਜੇ ਸਉ ਸਾਇਰ **ਮੇਲੀਅਹਿ** ਤਿਲੁ ਨ ਪੁਜਾਵਹਿ ਰੋਇ।" — ਸਿਰੀ **੧**, ਅਸ ੧, ੨ : ੨ (53)

ਮੇਲੀਆ — ਮੇਲ ਦਿਤਾ, ਮਿਲਾਪ ਕਰਾ ਦਿਤਾ
"ਖੋਲਿ ਕਪਟ ਗੁਰਿ **ਮੇਲੀਆ** ਨਾਨਕ ਹਰਿ ਸੰਗਿ ਮੀਤ।" — ਜੈਤ **੫**, ਛੰਤ ੧, ੧ਸ : ੨ (703)

ਹੋਰ ਰੂਪ — ਮੇਲੀਐ —
"ਮਿਲਿਆ ਕਾ ਕਿਆ **ਮੇਲੀਐ** ਸਬਦਿ ਮਿਲੇ ਪਤੀ ਆਇ।" (ਮਿਲਾਈਏ)
— ਸਿਰੀ **੧**, ਅਸ ੧੧, ੧੦ : ੧ (60)

ਮੇਲੁ — 1. ਮਿਲਾਪ
"ਵਿਜੋਗਿ ਮਿਲਿ ਵਿਛੁੜਿਆ ਸੰਜੋਗੀ **ਮੇਲੁ**।"
— ਆਸਾ **੪**, ਸੋਪੁ ੨, ੨ : ੪ (11)

2. ਸੰਗਤ
"ਆਉ ਸਖੀ ਹਰਿ **ਮੇਲੁ** ਕਰੇਹਾ।" (ਸਤਸੰਗਤ)
— ਮਾਝ **੪**, ੩, ੨ : ੧ (95)

3. ਸੰਜੋਗ, ਇਕੱਠ
"ਪਉਣੈ ਪਾਣੀ ਅਗਨੀ ਕਾ **ਮੇਲੁ**।"
— ਗਉ **੧**, ੪, ੧ : ੧ (152)
"ਨਾਨਕ **ਮੇਲੁ** ਨ ਚੂਕਈ ਲਾਹਾ ਸਚੁ ਪਾਵੈ।" (ਸੰਜੋਗ)
— ਗਉ **੧**, ਅਸ ੧੭, ੮ : ੨ (229)

4. ਸੰਬੰਧ
"ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ **ਮੇਲੁ**।" — ਆਸਾ **੧**, ੩੨, ੧ : ੨ (358)

ਮੇਲੇ — ਮਿਲਾਏ, ਮਿਲਾਪ ਕਰਾਏ
"ਜਿਸ ਨੋ **ਮੇਲੇ** ਸੋ ਮਿਲੈ ਹਉ ਤਿਸੁ ਬਲਿਹਾਰੈ ਜਾਉ।" — ਸਿਰੀ **੪**, ੬੪, ੪ : ੧ (39)

ਹੋਰ ਰੂਪ — ਮੇਲੇਈ —
"ਇਕਤੁ ਸੇਜੈ ਹਰਿ ਪ੍ਰਭੋ ਰਾਮ ਰਾਜਿਆ ਗੁਰੁ ਦਸੇ ਹਰਿ **ਮੇਲੇਈ**।" (ਮਿਲਾ ਦੇਵੇ)
— ਸੂਹੀ **੪**, ਛੰਤ ੬, ੪ : ੧ (776)

ਮੇਲੇਗਾ —
"ਜੇ ਗੁਣ ਹੋਵਹਿ ਗੰਠੜੀਐ **ਮੇਲੇਗਾ** ਸੋਈ।" (ਮਿਲਾਏਗਾ)
— ਸੂਹੀ **੧**, ੪, ੨ : ੨ (729)

ਮੇਲੈ —
"ਬਾਹ ਪਕੜਿ ਤਿਸੁ ਸੁਆਮੀ **ਮੇਲੈ** ਜਿਸ ਕੈ ਮਸਤਕਿ ਲਹਣਾ।"
— ਮਾਝ **੫**, ੫੦, ੨ : ੩ (109)
"ਮਤੁ ਨਿਰਗੁਣ ਹਮ **ਮੇਲੈ** ਕਬਹੂੰ ਅਪੁਨੀ ਕਿਰਪਾ ਧਾਰਿ।" (ਮੇਲ ਲਵੇ)
— ਗਉ **੪**, ੪੯, ੧* : ੨ (167)
"ਕਬ ਕੋਉ **ਮੇਲੈ** ਪੰਚ ਸਤ ਗਾਇਣ ਕਬ ਕੋ ਰਾਗ ਧੁਨਿ ਉਠਾਵੈ।" (ਭਾਵ ਸੁਰ ਕਰੇ)
— ਆਸਾ **੪**, ੬੨, ੨ : ੧ (368)
"ਚੰਚਲ ਮਤਿ ਬਾਰਿਕ ਬਪੁਰੇ ਕੀ ਸਰਪ ਅਗਨਿ ਕਰ **ਮੇਲੈ**।" (ਭਾਵ ਹਥ ਪਾਉਣੋਂ)
— ਮਲਾ **੫**, ੨, ੨ : ੧ (1266)
"ਸਭ ਤਨੁ ਮਨੁ ਅਰਪਉ ਅਰਪਿ ਅਰਾਪਉ ਕੋਈ **ਮੇਲੈ** ਪ੍ਰਭ ਮਿਲਥੇ।" (ਮਿਲਾਏ)
— ਕਲਿ **੪**, ੩, ੩ : ੨ (1320)

ਮੇਲੋ —
"ਦੀਪਕ ਰਸ ਤੇਲੋ ਧਨ ਪਿਰ **ਮੇਲੋ** ਧਨ ਓਮਾਹੈ ਸਰਸੀ।" (ਮਿਲਾਪ)
— ਤੁਖਾ **੧**, ਬਾਰਾ ੧੨ : ੩ (1109)
"ਅਸੀਸਾ ਦੇਵਹੋ ਭਗਤਿ ਕਰੇਵਹੋ ਮਿਲਿਆ ਕਾ ਕਿਆ **ਮੇਲੋ**।" (ਮਿਲਾਣਾ ਹੈ)

— ਵਡ **੧**, ਅਸ ਪ, ੨ : ੩ (582)

ਮੇਵਾ — (ਫ਼ਾ. ਮੇਵਾ) ਫਲ, ਸੁਕਾਇਆ ਹੋਇਆ ਅੰਗੂਰ

"ਭਾਰ ਅਠਾਰਹ **ਮੇਵਾ** ਹੋਵੈ ਗਰੁੜਾ ਹੋਇ ਸੁਆਉ।"

— ਮਾਝ **੧**, ਵਾਰ ੯ਸ, **੧**, ੨ : ੧ (142)

"ਜਉ ਗੁਰ ਦੇਉ ਸਭੈ ਬਿਖੁ **ਮੇਵਾ**।" (ਭਾਵ ਅੰਮ੍ਰਿਤ)

— ਭੈਰ **ਨਾਮ**, ੧੧, ੭ : ੪ (1167)

ਮੇਵਾਰਾ — ਮਾਲਕ ਉਸ ਦੇ ਅੱਠ ਪੁੱਤਰਾਂ ਵਿਚੋਂ ਇਕ, ਬਾਕੀ ਸਤ ਹਨ : ਮਾਰੂ, ਮਸਤ ਅੰਗ, ਪ੍ਰਬਲ ਚੰਡ, ਕਉਸਕ, ਉਭਾਰਾ, ਖਉਖਟ, ਭਉਰਾਨਦ

"ਮਾਰੂ ਅਸੰਤ ਅੰਗ **ਮੇਵਾਰਾ**।"

— ਰਾਗ ੧ : ੧੯ (1430)

ਮੇਵੇ — ਫਲ

"ਸਗਲ **ਮੇਵੇ** ਸੁੰਦਰ ਬਾਗੀਚੇ।"

— ਗਉ **੫**, ੮੧, ੩ : ੨ (179)

ਮੈ — 1. ਮੈਨੂੰ

"ਸਭਨਾ ਜੀਆ ਕਾ ਇਕੁ ਦਾਤਾ ਸੋ **ਮੈ** ਵਿਸਰਿ ਨ ਜਾਈ।" — ਜਪੁ **੧**, ੫ : ੧੧ (2)

"**ਮੈ** ਏਹਾ ਆਸਾ ਏਹੋ ਆਧਾਰ।"

— ਸਿਰੀ **੧**, ੨੯, ੧* : ੪ (24)

2. ਮੇਰਾ

"ਸਭਿ ਗੁਣ ਤੇਰੇ **ਮੈ** ਨਾਹੀ ਕੋਇ।"

— ਜਪੁ **੧**, ੨੧ : ੫ (4)

"ਜੇ ਤੁਧੁ ਭਾਵੈ ਸਾਹਿਬਾ ਤੂ **ਮੈ** ਹਉ ਤੈਡਾ।" (ਮੇਰਾ)

— ਆਸਾ **੧**, ਅਸ ੧੪, ੧ : ੨ (418)

3. ਰੂਪੀ, ਸਮਾਨ

"ਗਗਨ **ਮੈ** ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ।"

— ਧਨਾ **੧**, ਸੋਹ ੩, ੧ : ੧ (13)

4. ਮੈਂ

"**ਮੈ** ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ।" — ਸਿਰੀ **੧**, ੧, ੧* : ੨ (14)

ਹੋਰ ਰੂਪ — ਮੈਂ —

"**ਮੈਂ** ਹਰਿ ਬਿਰਹੀ ਹਰਿ ਨਾਮੁ ਹੈ ਕੋਈ ਆਣਿ ਮਿਲਾਵੈ ਮਾਇ।"

— ਮਾਰੂ **੪**, ੩, ੨ : ੧ (996)

5. ਵਿਚ, ਭੀਤਰ

"ਦਸ ਅਠਾਰ **ਮੈ** ਅਪਰੰਪਰੋ ਚੀਨੈ ਕਹੈ ਨਾਨਕ ਇਵ ਏਕੁ ਤਾਰੈ।"

— ਸਿਰੀ **੧**, ੨੬, ੩ : ੨ (23)

"ਅਹਿ ਨਿਸਿ ਮਗਨੁ ਰਹੈ ਮਾਇਆ **ਮੈ** ਕਹੁ ਕੈਸੇ ਗੁਨ ਗਾਵੈ।"

— ਗਉ **੯**, ੩, ੧* : ੨ (219)

ਹੋਰ ਰੂਪ — ਮੈਂ —

"ਇਨ **ਮੈਂ** ਕਛੁ ਤੇਰੋ ਰੇ ਨਾਹਿਨ ਦੇਖੋ ਸੋਚ ਬਿਚਾਰੀ।" (ਵਿਚ)

— ਗਉ **੯**, ੮, ੧ : ੨ (220)

6. (ਫ਼ਾ. ਮੈ) ਮੱਧ, ਨਸ਼ਾ, ਸ਼ਰਾਬ

"ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਭਰਿ ਜੋ ਬਨਿ **ਮੈ** ਮਤਿ।"

— ਸਿਰੀ **੧**, ਪਹ ੨, ੨ : ੧ (75)

"**ਮੈ** ਮਤ ਜੋਬਨਿ ਗਰਬਿ ਗਾਲੀ ਦੂਧਾ ਥਣੀ ਨ ਆਵਏ।"

— ਗਉ **੧**, ਛੰਤ ੧, ੧ : ੫ (242)

7. ਅਭਿਮਾਨ, ਹਉਮੈ

"ਨਾਨਕ ਤਿਹ ਸਰਨੀ ਪਰਉ ਬਿਨਸਿ ਜਾਇ **ਮੈ** ਮੋਰ।" — ਗਉ **੫**, ਬਾਅ ੯ਸ : ੨ (251)

"ਨਾ ਹਉ ਭੁਲੀ ਨਾ ਹਉ ਚੁਕੀ ਨਾ **ਮੈ** ਨਾਹੀ ਦੋਸਾ।"

— ਰਾਮ **੫**, ਵਾਰ ੬ਸ, **੫**, ੧ : ੬ (959)

8. ਵਿਆਪਕ

"ਹੇ ਪੂਰਨ ਤੇ ਸਰਬ **ਮੈ** ਦੁਖ ਭਜੰਨ ਗੁਣਤਾਸ।"

— ਗਉ **੫**, ਬਾਅ ਪਪ : ੨ (261)

ਮੈਕੂ — ਮੈਨੂੰ

"ਹਭਿ ਗੁਣ ਤੈਡੇ ਨਾਨਕ ਜੀਉ **ਮੈਕੂ** ਥੀਏ ਮੈ ਨਿਰਗੁਣ ਤੇ ਕਿਆ ਹੋਵੈ।"

— ਰਾਮ **੫**, ਵਾਰ ੧੬ਸ, **੫**, ੧ : ੧ (964)

ਮੈਗਲ — ਹਾਥੀ

"ਮਨੁ ਮੈ ਮਤੁ **ਮੈਗਲ** ਮਿਕਦਾਰਾ।"

— ਗਉ **੩**, ੨੫, ੨ : ੩ (159)

ਮੈਗਲਹਿ — ਹਾਥੀ ਦਾ

"**ਮੈਗਲਹਿ** ਕਾਮੈ ਬੰਧੁ।"

— ਬਿਲਾ **੫**, ਅਸ ੨, ੮ : ੩ (838)

ਮੈਗਲੁ — ਹਾਥੀ
"ਮਨੁ **ਮੈਗਲੁ** ਸਾਕਤੁ ਦੇਵਾਨਾ।" (ਅਹੰਕਾਰ ਨਾਲ)
— ਆਸਾ **੧**, ਅਸ ੮, ੧ : ੧ (415)

ਮੈਜਨ — ਤੋਤਾ
"ਸਿੰਮਲ ਰੁਖੁ ਸਰੀਰੁ ਮੈ **ਮੈਜਨ** ਦੇਖਿ ਭੁਲੰਨਿ੍।"
— ਸੂਹੀ **੧**, ੩, ੪ : ੧ (729)
('ਸ਼ਬਦਾਰਥ' ਤੇ 'ਗੁਰ ਗਿਰਾਰਥ' ਇਥੇ ਅਰਥ 'ਮੇਰੇ' ਕਰਦੇ ਹਨ)

ਮੈਡੜੇ — ਮੇਰੇ
"ਸੁਣਿ ਸਜਣ ਜੀ **ਮੈਡੜੇ** ਮੀਤਾ ਰਾਮ।"
— ਵਡ **੫**, ਛੰਤ ੧, ੨ : ੧ (576)

ਮੈਡਾ — ਮੇਰਾ
"ਤੂੰ ਕਰਤਾ ਸਚਿਆਰੁ **ਮੈਡਾ** ਸਾਂਈ।" (ਮੇਰਾ)
— ਆਸਾ **੪**, ੨, ੧* : ੧ (11)

ਹੋਰ ਰੂਪ — ਮੈਡਿਆ —
"ਤੂ ਚਉ ਸਜਣ **ਮੈਡਿਆ** ਛੇਈ ਸਿਸੁ ਉਤਾਰਿ।" (ਮੇਰਿਆ)
— ਮਾਰੂ **੫**, ਵਾਰ ੧ਸ, **੫**, ੧ : ੧ (1094)

ਮੈਡੀ —
"ਹਿਕਸੁ ਕੰਤੈ ਬਾਹਰੀ **ਮੈਡੀ** ਵਾਤ ਨ ਪੁਛੈ ਕੋਇ।" (ਮੇਰੀ)
— ਮਾਰੂ **੫**, ਵਾਰ ੩ਸ, **੫**, ੧ : ੨ (1095)

ਮੈਡੇ —
"ਪਿਰ ਰਤਿਅੜੇ **ਮੈਡੇ** ਲੋਇਣ ਮੇਰੇ ਪਿਆਰੇ ਚਾਤ੍ਰਿਕ ਬੂੰਦ ਜਿਵੈ।" (ਮੇਰੇ)
— ਆਸਾ **੪**, ਛੰਤ ੨੦, ੩ : ੧ (452)

ਮੈਡੈ —
"ਹਉ ਢੂੰਢੇਦੀ ਸਜਣਾ ਸਜਣੁ **ਮੈਡੈ** ਨਾਲਿ।" (ਮੇਰੇ)
— ਕਾਨ **੪**, ਵਾਰ ੧੫ਸ, **੪**, ੧ : ੧ (1318)

ਮੈਣ — ਮੋਮ
"**ਮੈਣ** ਕੇ ਦੰਤ ਕਿਉ ਖਾਈਐ ਸਾਰੁ।"
— ਰਾਮ **੧**, ਸਿਗੋ ੪੫ : ੧ (943)

ਮੈਥੈ — ਮੇਰੇ ਪਾਸ, ਮੇਰੇ ਕੋਲ
"ਸਰਪਰ **ਮੈਥੈ** ਆਵਣਾ ਮਰਣਹੁ ਨ ਡਰਿਆਹੁ।"
— ਸਲੋ **ਫਰ**, ੯੩ : ੨ (1382)

ਮੈਦਾ — (ਫ਼ਾ. ਮੈਦਾ) ਬਾਰੀਕ ਕੀਤਾ ਹੋਇਆ ਅੰਨ, ਬਾਰੀਕ ਆਟਾ
"ਕਿਆ ਮੇਵਾ ਕਿਆ ਘਿਉ ਗੁੜੁ ਮਿਠਾ ਕਿਆ **ਮੈਦਾ** ਕਿਆ ਮਾਸੁ।"
— ਮਾਝ **੧**, ਵਾਰ ੧੦ਸ, **੧**, ੨ : ੩ (142)

ਮੈਦਾਨੁ — (ਫ਼ਾ. ਮੈਦਾਨ) ਪਧਰੀ ਸਤਹ, ਖੁਲੀ ਥਾਂ
"ਫਰੀਦਾ ਮਨ **ਮੈਦਾਨੁ** ਕਰਿ ਟੋਇ ਟਿਬੇ ਲਾਹਿ।"
— ਸਲੋ **ਫਰ**, ੭੪ : ੧ (1381)

ਮੈਨ — ਮੋਮ, ਵੇਖੋ 'ਮੈਣ'
"**ਮੈਨ** ਦੰਤ ਨਿਕਸੇ ਗੁਰ ਬਚਨੀ ਸਾਰੁ ਚਬਿ ਚਬਿ ਹਰਿ ਰਸੁ ਪੀਜੈ।"
— ਕਲਿ **੪**, ਅਸ ੩, ੩ : ੨ (1324)

ਮੈਨੋ — ਮੈਨੂੰ
"ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ ਜਿਥੈ ਕਿਥੈ **ਮੈਨੋ** ਲਏ ਛਡਾਈ।"
— ਵਡ **੪**, ਵਾਰ ੫ : ੩ (588)

ਮੈਮਤੁ — ਸ਼ਰਾਬ ਦਾ ਮਤਾ (ਮਸਤ)
"ਮਨੁ **ਮੈਮਤੁ** ਮੈਗਲ ਮਿਕਦਾਰਾ।" (ਭਾਵ ਅਹੰਕਾਰੀ) — ਗਉ **੩**, ੨੫, ੨ : ੩ (159)

ਮੈਲ — ਮਲ/ਮਲੀਨਗੀ ਨਾਲ
"ਬਿਨੁ ਗੁਰ **ਮੈਲ** ਮਲੀਨ ਅੰਗੁ।"
— ਬਸੰ **੧**, ੫, ੨ : ੨ (1169)

ਮੈਲਾ — 1. ਮਲੀਨ, ਗੰਦਾ, ਅਪਵਿੱਤਰ
"ਨਿਰਮਲੁ **ਮੈਲਾ** ਨ ਥੀਐ ਸਬਦਿ ਰਤੇ ਪਤਿ ਹੋਇ।"
— ਸਿਰੀ **੧**, ੧੫, ੩ : ੩ (19)
"ਹਰਿ ਇਕਸੈ ਨਾਲਿ ਮੈ ਗੋਸਟੇ ਮੁਹੁ **ਮੈਲਾ** ਕਰੇ ਨ ਭੰਗੁ।" (ਮੂੰਹ ਤੇ ਵੱਟ ਨਹੀਂ ਪਾਂਦਾ)
— ਰਾਮ **੫**, ਪਸ, **੫**, ੧ : ੩ (958)
2. ਮੈਲ, ਮਲੀਨਗੀ
"ਨਾ ਉਸੁ ਮੈਲੁ ਨ ਹਮ ਕਉ **ਮੈਲਾ**।"
— ਆਸਾ **੫**, ੮੩, ੨ : ੩ (391)

ਮੈਲਾਗਰ — ਚੰਦਨ
"**ਮੈਲਾਗਰ** ਬੇਰ੍ਹੇ ਹੈ ਭੁਇਅੰਗਾ।"
— ਗੂਰ **ਰਵਿ**, ੧, ੨ : ੧ (525)

ਹੋਰ ਰੂਪ — ਮੈਲਾਗਰੁ —
"ਸਤਿਗੁਰ ਨਾਮੁ ਦ੍ਰਿੜਾਏ ਅਤਿ ਮੀਠਾ **ਮੈਲਾਗਰੁ** ਮਲਗਾਰੇ।"

— ਨਟ **੪**, ਅਸ ੨, ੧ : ੧ (981)

ਮੈਲਾਣਾ — ਮੈਲ

"ਦਿਲ ਦਰੀਆਉ ਧੋਵਹੁ **ਮੈਲਾਣਾ**।"

— ਮਾਰੂ **੫**, ਸੋਲਾ ੧੨, ੧੧ : ੨ (1084)

ਮੈਲਿਆ — ਮੈਲੇ ਹੀ

"ਨਾਨਕ ਬਿਨੁ ਨਾਵੈ **ਮੈਲਿਆ** ਮੁਏ ਜਨਮੁ ਪਦਾਰਥੁ ਖੋਇ।" — ਸਲੋ **੩**, ੨੦ : ੪ (1415)

ਹੋਰ ਰੂਪ — ਮੈਲਿਐ —

"ਮੈਲੁ ਲਾਗੀ ਮਨਿ **ਮੈਲਿਐ** ਕਿਨੈ ਅੰਮ੍ਰਿਤੁ ਪੀਆ।" (ਮੈਲਾ ਰਹਿਆਂ)

— ਸੂਹੀ **੧**, ਛੰਤ ੫, ੨ : ੨ (766)

ਮੈਲੀ — ਮਲੀਣ, ਅਪਵਿਤਰ, ਗੰਦੀ

"ਮਨਮੁਖ **ਮੈਲੀ** ਕਾਮਣੀ ਕੁਲਖਣੀ ਕੁਨਾਰਿ।"

— ਸਿਰੀ **੪**, ਵਾਰ ੧੨ਸ, **੩**, ੧ : ੧ (89)

"ਸਬਦਿ ਧੋਪੈ ਤ ਹਛੀ ਹੋਵੈ ਫਿਰਿ **ਮੈਲੀ** ਮੂਲਿ ਨ ਹੋਈ ਹੇ।"

— ਮਾਰੂ **੩**, ਸੋਲਾ ੨, ੧੦ : ੩ (1045)

"ਫਰੀਦਾ ਮੈ ਭੋਲਾਵਾ ਪਗ ਦਾ ਮਤੁ **ਮੈਲੀ** ਹੋਇ ਜਾਇ।" — ਸਲੋ **ਫਰ**, ੨੬ : ੧ (1379)

ਮੈਲੁ — ਗੰਦ, ਮਲੀਣਤਾ

"ਬਿਨੁ ਗੁਰ **ਮੈਲੁ** ਨ ਉਤਰੈ ਬਿਨੁ ਹਰਿ ਕਿਉ ਘਰ ਵਾਸੁ।" — ਸਿਰੀ **੧**, ੧੨, ੪ : ੧ (18)

ਮੈਲੂ — ਮੈਲ ਨੇ, ਮਲੀਨਤਾ ਨੇ

"**ਮੈਲੂ** ਕੀਨੋ ਸਾਬੁਨੁ ਸੁਧੁ।"

— ਰਾਮ **੫**, ੫੪, ੨ : ੨ (900)

ਮੈਲੇ — ਮਲੀਨ, ਗੰਦੇ

"ਮਨਮੁਖ **ਮੈਲੇ** ਮਲੁ ਭਰੇ ਹਉਮੈ ਤ੍ਰਿਸਨਾ ਵਿਕਾਰੁ।"

— ਸਿਰੀ **੩**, ੪੦, ੩ : ੧ (29)

ਹੋਰ ਰੂਪ — ਮੈਲੈ —

"ਮਨਿ **ਮੈਲੈ** ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ।" (ਮਲੀਨ)

— ਸਿਰੀ **੩**, ੬੪, ੨ : ੧ (39)

ਮੈਲੋ —

"ਜਗੁ ਮੈਲਾ **ਮੈਲੋ** ਹੋਇ ਜਾਇ।" (ਮਲੀਨ)

— ਧਨਾ **੩**, ੪, ੧ : ੧ (664)

ਮੈਲੌ —

"ਮੈ **ਮੈਲੌ** ਊਜਲੁ ਸਚੁ ਸੋਇ।" (ਮਲੀਨ)

— ਪ੍ਰਭਾ **੧**, ੧੨, ੩ : ੧ (1330)

ਮੋ — 1. ਅੰਦਰ, ਵਿਚ

"ਬੇਦ ਪੁਰਾਨ ਜਾਸ ਗੁਨ ਗਾਵਤ ਤਾ ਕੋ ਨਾਮੁ ਹੀਐ **ਮੋ** ਧਰੁ ਰੇ।" — ਗਉ **੯**, ੯, ੧ : ੧ (220)

2. ਮੇਰੇ

"ਕਾਮ ਕ੍ਰੋਧ ਮਾਇਆ ਮਦ ਮਤਸਰ ਏ ਸੰਪੈ **ਮੋ** ਮਾਹੀ।" — ਰਾਮ **ਕਬ**, ੮, ੪ : ੧ (971)

3. ਮੈਂ

"**ਮੋ** ਗਰੀਬ ਕੀ ਕੋ ਗੁਜਰਾਵੈ।"

— ਭੈਰ **ਕਬ**, ੧੫, ੧* : ੧ (1161)

ਮੋਆ — ਮੌਤ

"ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ **ਮੋਆ**।" — ਬਸੰ **੫**, ਵਾਰ ੨ : ੪ (1193)

ਮੋਇਆ — ਮਰਨ ਤੇ, ਮੌਤ ਉਪਰੰਤ

"**ਮੋਇਆ** ਰੋਹਿ ਰੋਂਦੇ ਮਰਿ ਜਾਂਹੀ।"

— ਮਲਾ **੧**, ਵਾਰ ੨੦ਸ, **੧**, ੧ : ੮ (1287)

ਮੋਹ — ਸਨੇਹ, ਮੋਹ, ਲਗਾਓ

"ਪੰਕਜੁ **ਮੋਹ** ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ।" — ਆਸਾ **੧**, ਸੋਪੁ ੩, ੧ : ੨ (12)

ਹੋਰ ਰੂਪ — ਮੋਹੰ —

"ਏਕ ਨਿਮਖ ਓਪਾਇ ਸਮਾਵੈ ਦੇਖਿ ਚਰਿਤ ਮਨ **ਮੋਹੰ**।" (ਮੋਹਿਆ ਗਿਆ)

— ਸਾਰ **੫**, ੩੨, ੧* : ੨ (1211)

"ਭਰਮ **ਮੋਹੰ** ਮਾਨ ਅਪਮਾਨੰ ਮਦੰ ਮਾਇਆ ਬਿਆਪਿਤੰ।" (ਮੋਹ)

— ਸਸ **੫**, ੪੨ : ੨ (1357)

ਮੋਹਹ — ਮੋਹ ਲਈਏ

"ਮਾਨੁ ਤਿਆਗਿ ਕਰਿ ਭਗਤਿ ਠਗਉਰੀ **ਮੋਹਹ** ਸਾਧੂ ਮੰਤੈ।"

— ਗਉ **੫**, ਛੰਤ ੪, ੧ : ੨ (249)

ਹੋਰ ਰੂਪ — ਮੋਹਹਿ —

"ਤੂੰ ਆਪੇ ਸੋਹਹਿ ਆਪੇ ਜਗੁ **ਮੋਹਹਿ**।" (ਮੋਹੰਦਾ ਹੈ) — ਮਾਝ **੩**, ਅਸ ੨੨, ੨ : ੧ (125)

ਮੋਹਣ — ਮੋਹੇ ਜਾਣ ਤੇ (ਦਰਪਣ), ਮੂੰਹਾਂ ਨੂੰ (ਮਹਾਨ ਕੋਸ਼) ਮੂੰਹ (ਸ਼ਬਦਾਰਥ)

"ਆਢੁ ਦਾਮੁ ਕਿਛੁ ਪਇਆ ਨ ਬੋਲਕ ਜਾਗਾਤੀਆ **ਮੋਹਣ** ਮੁੰਦਣਿ ਪਈ।" (ਭਾਵ ਮੂੰਹੋਂ ਬੋਲ ਨ

ਸਕੇ) — ਤੁਖਾ **੪**, ਛੰਤ ੪, ੫ : ੩ (1116)

ਮੋਹਣੀ — 1. ਮੋਹ ਲੈਣ ਵਾਲੀ

"**ਮੋਹਣੀ** ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ।"
— ਸਿਰੀ **੧**, ੧, ੨ : ੨ (14)

"ਰਹਉ ਸਾਹਿਬ ਕੀ ਟੇਕ ਨ ਮੋਹੈ **ਮੋਹਣੀ**।" (ਭਾਵ ਮੋਹ ਲੈਣ ਵਾਲੀ ਮਾਇਆ)
— ਸੂਹੀ **੧**, ਅਸ ੫, ੧* : ੨ (752)

ਹੋਰ ਰੂਪ — ਮੋਹਣੀਆ —

"ਸੁਰਗੈ ਦੀਆ **ਮੋਹਣੀਆ** ਇਸਤਰੀਆ ਹੋਵਨਿ ਨਾਨਕ ਸਭੋ ਜਾਉ।" (ਮੋਹ ਲੈਣ ਵਾਲੀਆਂ ਇਸਤ੍ਰੀਆਂ)
— ਮਾਝ **੧**, ਵਾਰ ੯ਸ, **੧**, ੪ : ੨ (142)

ਮੋਹਣੀਐ —

"ਗੁਣ ਜੰਦ ਲਾੜੇ ਨਾਲਿ ਸੋਹੈ ਪਰਖਿ **ਮੋਹਣੀਐ** ਲਇਆ।" (ਮੋਹ ਲੈਣ ਵਾਲੀ ਇਸਤ੍ਰੀ ਨੇ)
— ਸੂਹੀ **੧**, ਛੰਤ ੪, ੧ : ੪ (765)

ਮੋਹਤ — 1. ਮੋਹ ਦਾ

"ਤਮ ਅਗਿਆਨ **ਮੋਹਤ** ਘੂਪ।"
— ਬਿਲਾ **੫**, ਅਸ ੨, ੨ : ੨ (838)

2. ਮੋਹਿਆ ਰਹਿਣਾ

"ਮਾਨ ਮੋਹ ਮਹਾ ਮਦ **ਮੋਹਤ** ਕਾਮ ਕ੍ਰੋਧ ਕੈ ਖਾਤ।" — ਕੇਦਾ **੫**, ੭, ੨ : ੧ (1120)

ਮੋਹਨ — ਮੋਹ ਲੈਣ ਵਾਲਾ, ਪਿਆਰਾ

"ਅਨਿਕ ਬਿਲਾਸ ਕਰਤ ਮਨ **ਮੋਹਨ** ਪੂਰਨ ਹੋਤ ਨ ਕਾਮਾ।" — ਗਉ **੫**, ੧੬੨, ੩ : ੧ (215)

"**ਮੋਹਨ** ਲਾਲ ਅਨੂਪ ਸਰਬ ਸਾਧਾਰੀਆ।" (ਮੋਹ ਲੈਣ ਵਾਲਾ ਹਰੀ)
— ਗਉ **੫**, ੧੨, ੩ : ੧ (241)

"**ਮੋਹਨ** ਤੇਰੇ ਊਚੇ ਮੰਦਰ ਮਹਲ ਅਪਾਰਾ।"
— ਗਉ **੫**, ਛੰਤ ੨, ੧ : ੧ (248)

(ਕਈ ਟੀਕਾਕਾਰ ਇਥੇ ਗੁਰੂ ਅਮਰਦਾਸ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਮੋਹਨ ਵਲ ਸੰਕੇਤ ਮੰਨਦੇ ਹਨ)

ਹੋਰ ਰੂਪ — ਮੋਹਨਾ —

"ਹਿਰਦੈ ਗੋਬਿੰਦ ਗਾਇ ਚਰਨ ਕਮਲ ਪ੍ਰੀਤਿ ਲਾਇ ਦੀਨ ਦਇਆਲ **ਮੋਹਨਾ**।" (ਮੋਹ ਲੈਣ ਵਾਲਾ) — ਕਾਨ **੫**, ੩੮, ੨ : ੧ (1305)

ਮੋਹਨਿ —

"ਗਾਵਹਿ ਮੋਹਣੀਆ ਮਨੁ **ਮੋਹਨਿ** ਸੁਰਗਾ ਮਛ ਪਇਆਲੇ।" (ਮੋਹ ਲੈਂਦੀਆਂ ਹਨ)
— ਜਪੁ **੧**, ੨੭ : ੧੧ (6)

"ਮਨੁ **ਮੋਹਨਿ** ਮੋਹਿ ਲੀਆ ਜੀਉ ਦੁਬਿਧਾ ਸਹਜਿ ਸਮਾਏ।" (ਮੋਹਨ ਨੇ)
— ਗਉ **੩**, ਛੰਤ ੩, ੧ : ੨ (245)

"ਆਇਓ ਲਾਭੁ ਲਾਭਨ ਕੈ ਤਾਈ **ਮੋਹਨਿ** ਠਾਗਉਰੀ ਸਿਉ ਉਲਝਿ ਪਹਾ।" (ਮੋਹ ਲੈਣ ਵਾਲੀ ਮਾਇਆ)
— ਸਾਰ **੫**, ੪, ੨ : ੧ (1203)

ਮੋਹਨਿਆ — ਮੋਹ ਰਖਿਆ ਹੈ

"ਇਕ ਦਾਸੀ ਧਾਰੀ ਸਬਲ ਪਸਾਰੀ ਜੀਅ ਜੰਤ ਲੈ **ਮੋਹਨਿਆ**।"
— ਰਾਮ **੫**, ਛੰਤ ੧, ੨ : ੪ (924)

ਮੋਹਨੀ — ਮੋਹ ਲੈਣ ਵਾਲੀ, ਮਾਇਆ

"ਜਿਉ ਮੋਹਿਓ ਉਨਿ **ਮੋਹਨੀ** ਬਾਲਾ ਉਸ ਤੇ ਘਟੈ ਨਾਹੀ ਰੁਚ ਚਸੂਆ।"
— ਗਉ **੫**, ੧੨੨*, ੩ : ੨ (206)

"ਮਹਾ **ਮੋਹਨੀ** ਮਗਨ ਪ੍ਰਿਅ ਪ੍ਰੀਤਿ ਪ੍ਰਾਨ।" (ਮੋਹ ਲੈਣ ਵਾਲੀ ਮਾਇਆ)
— ਆਸਾ **੫**, ੩੯, ੨ : ੧ (380)

ਮੋਹਨੁ — ਮੋਹ ਲੈਣ ਵਾਲੇ, ਸੁੰਦਰ

"ਸਰਣਿ ਜੋਗੁ ਸਮਰਥੁ **ਮੋਹਨੁ** ਸਰਬ ਦੋਖ ਬਿਦਾਰੋ।"
— ਗਉ **੫**, ਛੰਤ ੩, ੩ : ੪ (249)

"**ਮੋਹਨੁ** ਪ੍ਰਾਨ ਮਾਨ ਰਾਗੀ ਲਾ।" (ਹਰੀ)
— ਗੂਜ **੫**, ੧੩, ੧* : ੧ (496)

"ਪੇਖਿਉ **ਮੋਹਨੁ** ਸਭ ਕੈ ਸੰਗੇ ਊਨ ਨ ਕਾਹੂ ਸਗਲ ਭਰੀ।" (ਪ੍ਰਭੂ)
— ਬਿਲਾ **੫**, ੯੩, ੨ : ੧ (823)

ਹੋਰ ਰੂਪ — ਮੋਹਨੋ —

"ਸਭਿ ਸੇਵਹੁ **ਮੋਹਨੋ** ਮਨਮੋਹਨੋ ਜਗ ਮੋਹਨੋ ਜਿਨਿ ਜਗਤੁ ਉਪਾਇ ਸਭੋ ਵਸਿ ਕੀਤਾ।"
— ਕਾਨ **੪**, ਵਾਰ ੧੧ : ੫ (1317)

ਮੋਹਰੀ — ਗੁਰੂ ਅਮਰਦਾਸ ਜੀ ਦਾ ਛੋਟਾ ਸਪੁਤਰ

"**ਮੋਹਰੀ** ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ।"

— ਰਾਮ **ਸੁੰਦ**, ਸਦ ੨੬ : ੨ (924)

ਮੋਹਰੀਆ — ਮੋਹ
"ਮਿਥਨ **ਮੋਹਰੀਆ**।"
— ਬਿਹਾ **੫**, ੧, ੨ : ੧ (537)

ਮੋਹੜਾ — ਮੋਹ
"ਹਉਮੈ ਤੁਟਾ **ਮੋਹੜਾ** ਇਕੁ ਸਚੁ ਨਾਮੁ ਆਧਾਰੁ।"
— ਰਾਮ **੫**, ਵਾਰ ੪ਸ, **੫**, ੨ : ੪ (958)

ਮੋਹੜਿਆ — ਮੋਹਿਆ ਹੋਇਆ
"ਕਦ ਹੀ ਸੁਰਤਿ ਨਲ ਧੀਆ ਮਾਇਆ **ਮੋਹੜਿਆ**।"— ਗਉ **੫**, ੧੬੯*, ੧ : ੨ (217)

ਮੋਹਾ — ਮੋਹ
"ਜਨਮ ਮਰਣ ਭੈ ਕਾਟੇ **ਮੋਹਾ** ਬਿਨਸੇ ਸੋਗ ਸੰਤਾਪੇ ਜੀਉ।" — ਮਾਝ **੫**, ੩੪, ੩ : ੩ (104)

ਮੋਹਾਸਾ — ਮੋਹ, ਅਗਿਆਨ ਭਰੀ ਆਸਾ
"ਊਠਿ ਸਿਧਾਰਿਓ ਛੂਟਰਿ ਮਾਟੀ ਦੇਖੁ ਨਾਨਕ ਮਿਥਨ **ਮੋਹਾਸਾ** ਹੇ।"
— ਮਾਰੂ **੫**, ਸੋਲਾ ੨, ੧੦ : ੩ (1073)

ਮੋਹਾਕਾ — ਚੋਰ
"ਜੇ **ਮੋਹਾਕਾ** ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ।"
— ਆਸਾ **੧**, ਵਾਰ ੧੨ਸ, **੧**, ੧ : ੧ (472)

ਮੋਹਾਰਾ — ਮੋਹ
"ਮਿਥਨ **ਮੋਹਾਰਾ** ਝੂਠੁ ਪਸਾਰਾ।"
— ਮਾਰੂ **੫**, ਸੋਲਾ ੭, ੧ : ੨ (1077)

ਮੋਹਾਵਤ — ਮੋਹੇ ਜਾਂਦਿਆ, ਠਗੇ ਜਾਂਦੇ
"ਜਾ ਸਿਉ ਰਾਚਿ ਮਾਚਿ ਤੁਮੁ ਲਾਗੇ ਓਹ ਮੋਹਨੀ **ਮੋਹਾਵਤ** ਹੇ।"
— ਬਿਲਾ **੫**, ੮੮, ੧* : ੨ (821)
"ਅਉਧ ਬਿਹਾਵਤ ਅਧਿਕ **ਮੋਹਾਵਤ** ਪਾਪ ਕਮਾਵਤ ਬੁਡੇ ਐਸੇ।"
— ਬਿਲਾ **੫**, ੧੨੫, ੧ : ੨ (829)

ਮੋਹਿ — 1. ਮੈਨੂੰ
"ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋ **ਮੋਹਿ** ਆਹੀ ਪਿਆਸਾ।"
— ਧਨਾ **੧**, ਸੋਹ ੩, ੪ : ੧ (13)
"**ਮੋਹਿ** ਰੈਣਿ ਵਿਹਾਵੈ ਨੀਦ ਨ ਆਵੈ ਬਿਨ ਦੇਖੇ ਗੁਰ ਦਰਬਾਰੇ ਜੀਉ।"
— ਮਾਝ **੫**, ੮, ੩ : ੩ (97)

2. ਮੋਹ ਵਿਚ, ਸਨੇਹ ਵਿਚ
"ਤਨੁ ਜਲਿ ਬਲਿ ਮਾਟੀ ਭਇਆ ਮਨੁ ਮਾਇਆ **ਮੋਹਿ** ਮਨੂਰੁ।"
— ਸਿਰੀ **੧**, ੧੫, ੧ : ੧ (19)
"ਇਹੁ ਜਗਤੁ **ਮੋਹਿ** ਦੂਜੈ ਵਿਆਪਿਆ ਗੁਰਮਤੀ ਸਚੁ ਧਿਆਇ।" (ਮੋਹ ਸਦਕਾ/ਕਰਕੇ)
— ਸੂਹੀ **੩**, ਅਸ ੩, ੨੯ : ੨ (756)

3. ਮੈਂ
"ਜੋ ਤੁਮ ਕਹਹੁ ਸੋਈ **ਮੋਹਿ** ਮਰਨਾ।"
— ਗਉ **੫**, ੮੨, ੨ : ੨ (181)
"ਰੂਪਹੀਨ ਬੁਧਿ ਬਲ ਹੀਨੀ **ਮੋਹਿ** ਪਰਦੇਸਨਿ ਦੂਰ ਤੇ ਆਈ।"
— ਗਉ **੫**, ੧੧੮*, ੧ : ੧ (204)

4. ਮੇਰੇ ਉਪਰ
"ਕਰਿ ਕਿਰਪਾ **ਮੋਹਿ** ਸਾਰਿੰਗ ਪਾਣਿ।"
— ਗਉ **੫**, ੮੯, ੪ : ੧ (182)
"ਕਰਿ ਕਿਰਪਾ **ਮੋਹਿ** ਠਾਕੁਰ ਦੇਵਾ।"
— ਪ੍ਰਭਾ **੫**, ੨, ੪ : ੩ (1338)

5. ਮੇਰਾ, ਮੇਰੀ
"ਗੁਰ ਕਿਰਪਾ ਤੇ **ਮੋਹਿ** ਅਸਨਾਹਾ।"
— ਗਉ **੫**, ੧੦੯, ੨ : ੨ (187)
"**ਮੋਹਿ** ਨਿਰਗੁਨ ਮਤਿ ਥੋਰੀਆ ਤੂ ਸਦ ਹੀ ਦੀਨ ਦਇਆਲ।"
— ਗਉ **੫**, ੧੧੬*, ੨ : ੨ (203)

6. ਮੋਹਿਤ (ਕੀਤਾ), ਭਰਮਾ (ਲਿਆ)
"ਮਨੁ ਮੋਹਨਿ **ਮੋਹਿ** ਲੀਆ ਜੀਉ ਦੁਬਿਧਾ ਸਹਜਿ ਸਮਾਏ।"
— ਗਉ **੩**, ਛੰਤ ੩, ੧ : ੨ (245)
"ਤ੍ਰੈ ਗੁਨ ਮਾਈ **ਮੋਹਿ** ਆਹੀ ਕਹਉ ਬੇਦਨ ਕਾਹਿ।" (ਮੋਹਨ ਲਈ, ਭਰਮਾਉਣ ਲਈ)
— ਮਲਾ **੫**, ੨੪, ੧ : ੧ (1272)
"ਕਾਹੇ ਰੇ ਮਨ **ਮੋਹਿ** ਮਗਨੇਰੈ।" (ਮੋਹ ਵਿਚ)
— ਕਾਨ **੫**, ੩੪, ੧* : ੪ (1304)

7. ਮੇਰੇ ਤੋਂ
"ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ **ਮੋਹਿ**।" — ਸਾਰ **ਨਾਮ**, ੩, ੧ : ੧ (1252)

ਮੋਹਿਓ — ਮੋਹਿਆ, ਮੋਹ ਲਿਆ
"ਜਿਉ **ਮੋਹਿਓ** ਉਨਿ ਮੋਹਨੀ ਬਾਲਾ ਉਸ ਤੇ ਘਟੈ

ਨਾਹੀ ਰੁਚ ਚਸੂਆ।"
— ਗਉ **੫**, ੧੨੭*, ੩ : ੨ (206)

ਹੋਰ ਰੂਪ — ਮੋਹਿਓਹੁ —
"ਆਪੇ ਹੀ ਆਪਿ **ਮੋਹਿਓਹੁ** ਜਸੁ ਨਾਨਕ ਆਪਿ ਸੁਣਿਓਹਿ।" (ਮੋਹਿਆ ਜਾਂਦਾ)
— ਸਿਰੀ **੫**, ਛੰਤ ੩, ੪੩ : ੨ (81)

ਮੋਹਿਅੜੀ — ਮੋਹੀ ਹੈ
"ਹਰਿ **ਮੋਹਿਅੜੀ** ਸਾਚ ਸਬਦਿ ਠਾਕੁਰ ਦੇਖਿ ਰਹੰਸੀ ਰਾਮ।" — ਸੂਹੀ **੧**, ਛੰਤ ੩, ੨ : ੨ (765)

ਮੋਹਿਆ — ਮੋਹ ਲਿਆ, ਭਰਮਾਇਆ ਹੋਇਆ
"ਸਚੈ ਸਬਦਿ ਮਨੁ **ਮੋਹਿਆ** ਪ੍ਰਭਿ ਆਪੇ ਲਏ ਮਿਲਾਇ।" — ਸਿਰੀ **੩**, ੫੬, ੨ : ੧ (35)
"ਅਉਰ ਸਗਲ ਜਗੁ ਮਾਇਆ **ਮੋਹਿਆ** ਨਿਰਭੈ ਪਦੁ ਨਹੀ ਪਾਵੈ।"
— ਗਉ **੯**, ੮, ੩ : ੨ (220)

ਮੋਹਿਤ — ਮੋਹ ਕੇ, ਭਰਮਾ ਕੇ
"ਤਾਰ੍ਉ ਸੰਸਾਰੁ ਮਾਯਾ ਮਦ **ਮੋਹਤਿ** ਅੰਮ੍ਰਿਤ ਨਾਮੁ ਦੀ ਅਉ ਸਮਰਥੁ।"
— ਸਵ **੪**, ਮਥੁ ੭ : ੧ (1404)

ਮੋਹਿਨਾ — ਹੇ ਮੋਹ ਲੈਣ ਵਾਲੇ, ਹੇ ਮੋਹਨ
"ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ **ਮੋਹਿਨਾ**।"
— ਆਸਾ **੫**, ੧੪੪, ੧ : ੧ (407)

ਮੋਹਿਲੀ — ਮੋਹੀ ਗਈ
"ਸਖੀ ਕਾਇ ਮੋਹਿ **ਮੋਹਿਲੀ** ਪ੍ਰਿਅ ਪ੍ਰੀਤਿ ਰਿਦੈ ਮੇਲ।" — ਸਾਰ **੫**, ੧੩੦, ੧ : ੩ (1229)

ਮੋਹੀ — 1. ਮੋਹੀ ਗਈ, ਭਰਮਾਈ ਗਈ
"ਸਹਸ ਪਦ ਬਿਮਲ ਨਮ ਏਕ ਪਦ ਗੰਧ ਬਿਨ ਸਹਸ ਤਵ ਗੰਧ ਇਵ ਚਲਤ **ਮੋਹੀ**।"
— ਧਨਾ **੧**, ਸੋਹ ੩, ੨ : ੨ (13)
"ਦੂਜੈ ਭਾਇ ਭਰਮਿ ਵਿਗੁਤੀ ਮਨਮੁਖਿ **ਮੋਹੀ** ਜਮ ਕਾਲਿ।" (ਠਗ ਲਈ)
— ਵਡ **੩**, ਛੰਤ ੩, ੧ : ੫ (569)

2. ਮੇਰੇ
"ਤੋਹੀ **ਮੋਹੀ ਮੋਹੀ** ਤੋਹੀ ਅੰਤਰੁ ਕੈਸਾ।"
— ਸਿਰੀ **ਰਵਿ**, ੧, ੧ : ੧ (93)
"ਤੂ ਗੁਣ ਸਾਗਰੁ ਅਵਗੁਣ **ਮੋਹੀ**।" (ਮੇਰੇ ਵਿਚ)
— ਪ੍ਰਭਾ **੧**, ਅਸ ੩, ੧* : ੨ (1343)

ਮੋਹੀਅਉ — ਮੋਹੇ ਹੋਏ, ਫਸੇ ਹੋਏ
"ਜਉ ਦੇਖਉ ਤਉ ਸਗਲ ਮੋਹਿ **ਮੋਹੀਅਉ** ਤਉ ਸਰਨਿ ਪਰਿਓ ਗੁਰ ਭਾਗਿ।"
— ਜੈਤ **੫**, ੫, ੧ : ੧ (701)

ਮੋਹੀਆ — ਮੋਹਿਆ ਹੋਇਆ
"ਪਿਰ ਕੈ ਪ੍ਰੇਮਿ **ਮੋਹੀਆ** ਮਿਲਿ ਪ੍ਰੀਤਮ ਸੁਖੁ ਪਾਇ।"
— ਆਸਾ **੩**, ਅਸ ੩੦, ੩ : ੨ (426)
"ਵਣੁ ਤ੍ਰਿਣੁ ਤ੍ਰਿਭਵਣ ਭਏ ਹਰਿਆ ਦੇਖਿ ਦਰਸਨ **ਮੋਹੀਆ**।" (ਮੋਹਿਆ ਗਿਆ)
— ਰਾਮ **੫**, ਰੁਤੀ ੭ : ੪ (929)

ਹੋਰ ਰੂਪ — ਮੋਹੀਐ —
"ਕਾਮਿ ਕਰੋਧਿ ਨ **ਮੋਹੀਐ** ਬਿਨਸੈ ਲੋਭੁ ਸੁਆਨੁ।" (ਮੋਹੇ ਜਾਈਦਾ ਹੈ)
— ਮਾਝ **੫**, ਬਾਰਾ ੧੨ : ੩ (136)

ਮੋਹੁ — 1. ਸਨੇਹ, ਮੁਹਬਤ, ਲਗਨ
"ਜਾਲਿ **ਮੋਹੁ** ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ।" — ਸਿਰੀ **੧**, ੬, ੧ : ੧ (16)
"ਅਬ ਮਨ ਏਕਸ ਸਿਉ **ਮੋਹੁ** ਕੀਨਾ।" (ਪਿਆਰ)
— ਧਨਾ **੫**, ੨, ੧* : ੧ (670)

2. ਭਰਮ, ਭੁਲਾਣਾ
"ਏਕਸ ਬਿਨੁ ਸਭ ਧੰਧੁ ਹੈ ਸਭ ਮਿਥਿਆ **ਮੋਹੁ** ਮਾਇ।" — ਸਿਰੀ **੫**, ੭੬, ੧* : ੨ (44)
"ਰਿਧਿ ਸਿਧਿ ਸਭੁ **ਮੋਹੁ** ਹੈ ਨਾਮੁ ਨ ਵਸੈ ਮਨਿ ਆਇ।" (ਅਵਿਦਿਆ, ਅਗਿਆਨਤਾ)
— ਵਡ **੪**, ਵਾਰ ੧੯ਸ, **੩**, ੧ : ੩ (593)

3. ਮੋਹ ਦਾ ਆਕਾਰ ਭਾਵ ਦ੍ਰਿਸ਼ਟਮਾਨ
"ਸਭੋ ਸੂਤਕ ਜੇਤਾ **ਮੋਹੁ** ਆਕਾਰ।"
— ਗਉ **੩**, ਅਸ ੧, ੨ : ੧ (239)

4. ਮੋਹ, ਪੰਜ ਵਿਕਾਰਾਂ ਵਿਚੋਂ ਇਕ
"ਕਾਮੁ ਕ੍ਰੋਧੁ ਲੋਭੁ **ਮੋਹੁ** ਅਭਿਮਾਨੁ ਬਿਖੈਰਸ ਇਨ ਸੰਗਤਿ ਤੇ ਤੂ ਰਹੁ ਰੇ।"
— ਕੇਦਾ **੪**, ੨, ੧ : ੧ (1118)

5. ਬੇਹੋਸ਼ੀ (ਮਹਾਨ ਕੋਸ਼)
"ਬ੍ਰਹਮਾ ਬਿਸਨੁ ਸਿਰੇ ਤੈ ਅਗਨਤ ਤਿਨ ਕਉ **ਮੋਹੁ** ਭਯਾ ਮਨ ਮਦ ਕਾ।"

— ਸਵ **੪**, ਗਜ਼ੋਂ ੧੧ : ੩ (1403)

ਮੋਹੇ — 1. ਭਰਮਾਏ, ਆਕਰਸ਼ਤ ਕੀਤੇ, ਠਗੇ ਹੋਏ
"ਸੁਰਿ ਨਰ ਗਣ ਗੰਧ੍ਰਬ ਜਿਨਿ **ਮੋਹੇ** ਤ੍ਰਿਭਵਣ ਮੇਖੁਲੀ ਲਾਈ।" — ਸਿਰੀ **ਕਬ**, ੩, ੧ : ੨ (92)
"ਤ੍ਰੈ ਗੁਣ ਦੀਸਹਿ **ਮੋਹੇ** ਮਾਇਆ।" (ਠਗੇ ਹੋਏ)
— ਮਾਝ **੩**, ੩੩, ੧ : ੨ (129)
"ਤਾ ਕੀ ਧੁਨਿ **ਮੋਹੇ** ਗੋਪਾਲਾ।" (ਆਕਰਸ਼ਤ ਕਰਦੀ/ਮੋਹੰਦੀ ਹੈ)
— ਗਉ **੫**, ੧੦੪, ੨ : ੨ (186)
2. ਮੋਹ ਨਾਲ
"**ਮੋਹੇ** ਲਾਗਾ ਜਮ ਪੁਰਿ ਜਾਹਿ।"
— ਆਸਾ **੧**, ੨੩, ੪ : ੨ (356)
3. ਮੋਹ ਪਾ ਲੈਣ ਵਾਲੇ
"ਸਰਪਰ ਵੀਛੁੜਣਾ **ਮੋਹੇ** ਪਛੁਤਾਣੇ ਰਾਮ।"
— ਬਿਹਾ **੫**, ਛੰਤ ੯, ੩ : ੨ (548)

ਮੋਹੈ — 1. ਮੋਹੰਦਾ ਹੈ
"ਅੰਮ੍ਰਿਤ ਨਾਮਿ ਅੰਤਰੁ ਮਨੁ **ਮੋਹੈ**।"
— ਮਾਝ **੩**, ਅਸ ੧੨, ੫ : ੨ (119)
2. ਮੋਹ ਕਰਕੇ
"ਮਨਮੁਖ ਕਉ ਆਵਤ ਜਾਵਤ ਦੁਖੁ **ਮੋਹੈ**।"
— ਗਉ **੧**, ਅਸ ੧੫, ੧* : ੨ (227)
3. ਮਸਤ ਹੋਵੇ, ਮੋਹਿਆ ਜਾਵੇ
"ਰੂਪਵੰਤੁ ਹੋਇ ਨਾਹੀ **ਮੋਹੈ**।"
— ਗਉ **੫**, ਸੁਖ ੧੫, ੨ : ੧ (282)

ਮੋਕਉ — ਮੈਨੂੰ
"ਮੇਰੇ ਮੀਤ ਗੁਰਦੇਵ **ਮੋਕਉ** ਰਾਮ ਨਾਮੁ ਪਰਗਾਸਿ।"
— ਗੂਜ **੪**, ਸੋਦ ੪, ੧* : ੧ (10)

ਮੋਕਲਾ — ਖੁਲ੍ਹਾ
"ਮੁਕਤਿ ਦੁਆਰਾ **ਮੋਕਲਾ** ਸਹਜੇ ਆਵਉ ਜਾਉ।"
— ਗੂਜ **੩**, ਵਾਰ ੪ਸ, **ਕਬ**, ੧ : ੪ (509)

ਮੋਕਲਾਈ — ਖੁਲ੍ਹ
"ਭੀੜਹੁ **ਮੋਕਲਾਈ** ਕੀਤੀਅਨੁ ਸਭ ਰਖੇ ਕੁਟੰਬੈ ਨਾਲਿ।"
— ਰਾਮੁ **੫**, ਵਾਰ ੩ਸ, **੫**, ੧ : ੧ (957)

ਮੋਖ — ਮੁਕਤੀ, ਛੁਟਕਾਰਾ, ਰਿਹਾਈ
"ਕੇਤੇ ਬੰਧਨ ਜੀਅ ਕੇ ਗੁਰਮੁਖਿ **ਮੋਖ** ਦੁਆਰ।"
— ਸਿਰੀ **੧**, ਅਸ ੧੪, ੫ : ੨ (62)
"ਸਰਬ ਬੈਕੁੰਠ ਮੁਕਤਿ **ਮੋਖ** ਪਾਏ।"
— ਗਉ **੫**, ਸੁਖ ੨੦, ੮ : ੧ (290)

ਮੋਖੰਤਰੁ — ਮੁਕਤੀ, ਮੋਖ
"ਤਉ ਨਾਨਕ **ਮੋਖੰਤਰੁ** ਪਾਏ।"
— ਆਸਾ **੧**, ਵਾਰ ੧੩ਸ, **੧**, ੨ : ੧੪ (470)

ਮੋਖ ਦੁਆਰ — ਮੁਕਤੀ ਦਾ ਦੁਆਰ, ਮੁਕਤੀ ਦਾ ਦਰਵਾਜ਼ਾ
"ਜੀਵਤ ਪਾਵਹੁ **ਮੋਖ ਦੁਆਰ**।"
— ਗਉ **ਕਬ**, ਥਿਤੀ ੧ : ੩ (343)
ਹੋਰ ਰੂਪ — ਮੋਖ ਦੁਆਰਾ —
"ਫਿਰਿ ਓਇ ਕਿਥਹੁ ਪਾਇਨਿ **ਮੋਖ ਦੁਆਰਾ**।"
— ਮਾਝ **੩**, ਅਸ ੧੧, ੪ : ੨ (115)
ਮੋਖਦੁਆਰੁ —
"ਨਾਨਕ ਗੁਰਮੁਖਿ ਬੁਝੀਐ ਪਾਈਐ **ਮੋਖਦੁਆਰੁ**।"
— ਸਿਰੀ **੩**, ੩੬, ੫ : ੪ (27)

ਮੋਖੁ — ਮੁਕਤੀ
"ਨਾਨਕ ਬਿਨੁ ਸਤਿਗੁਰ ਸੇਵੇ **ਮੋਖੁ** ਨ ਪਾਏ।"
— ਸਿਰੀ **੪**, ਵਾਰ ੧੪ਸ, **੩**, ੩ : ੯ (88)

ਮੋਚ — ਮੋਚਨ ਵਾਲਾ, ਦੂਰ ਕਰਨ ਵਾਲਾ
"ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ **ਮੋਚ**।" — ਮਾਝ **੫**, ਬਾਰਾ ੯ : ੮ (135)
"ਨਾਨਕ ਟੇਕ ਗੁੋਪਾਲ ਕੀ ਗੋਵਿੰਦ ਸੰਕਟ **ਮੋਚ**।"
— ਰਾਮ **੫**, ਛੰਤ ੪, ੨ਸ : ੨ (926)

ਮੋਚਨ — ਨਾਸ ਕਰਨ ਵਾਲਾ
"ਦਰਬਨ ਨਿਮਖ ਤਾਪ ਤ੍ਰਈ **ਮੋਚਨ** ਪਰਸਤ ਮੁਕਤਿ ਕਰਤ ਗ੍ਰਿਹ ਕੂਪ।"
— ਸਾਰ **ਨਾਮ**, ੩, ੧* : ੨ (1252)

ਮੋਟਉ — ਮੋਟਾ ਭਾਵ ਵਡਾ
"ਪੂਰਬ ਪ੍ਰੀਤਿ ਪਿਰਾਣਿ ਲੈ **ਮੋਟਉ** ਠਾਕੁਰੁ ਮਾਣਿ।"
— ਮਾਰੂ **੩**, ਵਾਰ ੧੩ਸ, **੧**, ੩ : ੧ (1090)

ਮੋਟਾ — ਵਡਾ, ਸਥੂਲ
"ਤ੍ਰਿਭਵਣ ਠਾਕੁਰੁ ਪ੍ਰੀਤਮੁ **ਮੋਟਾ**।"
— ਰਾਮ **੧**, ਓਅੰ ੨੮ : ੮ (933)
"**ਮੋਟਾ** ਨਾਉ ਧਰਾਈਐ ਗਲਿ ਅਵਗਣ ਭਾਰਾ।"
— ਮਾਰੂ **੧**, ਅਸ ੧, ੭ : ੨ (1009)
ਹੋਰ ਰੂਪ — ਮੋਟੀ —

"ਕਬੀਰ ਰਾਮੁ ਨ ਧਿਆਇਓ **ਮੋਟੀ** ਲਾਗੀ ਖੋਰਿ।" (ਵਡੀ)

— ਸਲੋ **ਕਬ**, ੨੦ : ੧ (1368)

ਮੋਠ — ਮੂੰਗੀ ਦੀ ਨਸਲ ਦਾ ਇਕ ਅੰਨ

"ਪੰਡਿਤੁ ਆਖਾ ਏ ਬਹੁਤੀ ਰਾਹੀ ਕੋਰੜ **ਮੋਠ** ਜਿਨੇਹਾ।"

— ਰਾਮ **੫**, ਵਾਰ ੨ਸ, **੫**, ੨ : ੧ (960)

ਮੋਤਸਰੀਆ — ਮੋਤੀਆਂ ਦੀਆਂ ਲੜੀਆਂ, ਮੋਤੀਆਂ ਦੇ ਹਾਰ

"ਤਿਨ੍ ਗਲਿ ਸਿਲਕਾ ਪਾਈਆ ਤੁਟਨਿ **ਮੋਤਸਰੀਆ**।"

— ਆਸਾ **੧**, ਅਸ ੧੧, ੩ : ੩ (417)

ਮੋਤੀ — ਸਿਖ ਅੰਦਰ ਪੈਦਾ ਹੋਇਆ ਇਕ ਰਤਨ

"**ਮੋਤੀ** ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ।"

— ਸਿਰੀ **੧**, ੧, ੧ : ੧ (14)

"ਉਜਲ **ਮੋਤੀ** ਸੋਹਣੇ ਰਤਨਾ ਨਾਲਿ ਜੁੜੰਨਿ।" (ਭਾਵ ਮੋਤੀਆਂ ਵਰਗੇ ਦੰਦ)

— ਸੂਹੀ **੩**, ਵਾਰ ੧੦ਸ, **੧**, ੨ : ੧ (788)

ਮੋਤੀਅਨ — ਮੋਤੀਆਂ ਦੇ

"ਇਕਤੁ ਤਾਗੈ ਰਲਿ ਮਿਲੈ ਗਲਿ **ਮੋਤੀਅਨ** ਕਾ ਹਾਰੁ।" — ਸਿਰੀ **੧**, ਅਸ ੯, ੪ : ੨ (58)

ਮੋਤੀਸਾਲੁ — ਮੋਤੀ ਨੂੰ ਵਿੰਨਣ ਵਾਲਾ, ਜੌਹਰੀ

"ਮਨੁ **ਮੋਤੀਸਾਲੁ** ਹੈ ਗੁਰ ਸਬਦੀ ਜਿਤੁ ਹੀਰਾ ਪਰਖਿ ਲਈਜੈ।" — ਕਲਿ **੪**, ਅਸ ੪, ੩ : ੨ (1325)

ਮੋਤੀਚੂਰੁ — ਸਿਰ ਉਪਰ ਪਾਏ ਜਾਣ ਵਾਲਾ ਮੋਤੀਆਂ ਨਾਲ ਜੜ੍ਹਿਆ ਗਹਿਣਾ

"ਹਰਿ ਹਰਿ ਹਾਰੁ ਕੰਠਿ ਹੈ ਬਨਿਆ ਮਨੁ **ਮੋਤੀਚੂਰੁ** ਵਡਗਹਨ ਗਹਨੀਆ।"

— ਬਿਲਾ **੪**, ਅਸ ੫, ੬ : ੧ (836)

ਮੋਦੀ — ਭੰਡਾਰੀ

"**ਮੋਦੀ** ਕੇ ਘਰ ਖਾਣਾ ਪਾਕਾ ਵਾਕਾ ਲੜਕਾ ਮਾਰਿਆ ਥਾ।"

— ਗੋਂਡ **ਨਾਮ**, ੭, ੨ : ੨ (875)

ਮੋਨਿ — 1. ਖਾਮੋਸ਼ੀ ਵਿਚ, ਚੁਪ

"ਅਸੰਖ **ਮੋਨਿ** ਲਿਵ ਲਾਇ ਤਾਰ।"

— ਜਪੁ **੧**, ੧੭ : ੮ (4)

"ਬੋਲਿ ਸੁਧਰਮੀੜਿਆ **ਮੋਨਿ** ਕਤਧਾਰੀ ਰਾਮ।"

— ਬਿਹਾ **੫**, ਛੰਦ ੯, ੧ : ੧ (547)

2. ਚੁਪ ਦੀ ਸਮਾਧੀ

"**ਮੋਨਿ** ਵਿਗੂਤਾ।"

— ਆਸਾ **੧**, ਵਾਰ ੯ਸ, **੧**, ੨ : ੧੨ (467)

3. ਮੋਨ ਵਿਚ ਰਹਿਣ ਵਾਲਾ, ਮੋਨ ਵਰਤ ਰਖਣ ਵਾਲਾ, ਮੋਨੀ ਸਾਧੂ

"ਲੁਜਿੰਤ ਮੁੰਜਿਤ **ਮੋਨਿ** ਜਟਾਧਰ ਅੰਤਿ ਤਊ ਮਰਨਾ।"

— ਆਸਾ **ਕਬ**, ੫, ੧ : ੨ (476)

"ਕਿਨਹੀ **ਮੋਨਿ** ਅਉਧੂਤੁ ਸਦਾਇਆ।"

— ਰਾਮ **੫**, ਅਸ ੧, ੨ : ੨ (912)

ਮੋਨਿਜਨ — ਮੁਨੀ, ਰਿਸ਼ੀ

"ਸਿਵ ਬਿਰੰਚਿ ਅਰੁ ਸਗਲ **ਮੋਨਿਜਨ** ਗਹਿ ਨ ਸਕਾਹਿ ਗਤਾ।"

— ਗੂਜ **੫**, ੧੧, ੧ : ੨ (498)

ਮੋਨਿਧਾਰੀ — ਮੋਨ (ਚੁੱਪ) ਧਾਰਨ ਕਰਨ ਵਾਲੇ, ਮੋਨ ਵਿਚ ਰਹਿਣ ਵਾਲੇ

"ਸਿਧ ਸਾਧਿਕ **ਮੋਨਿਧਾਰੀ** ਰਹੇ ਲਿਵ ਲਾਇ ਤਿਨ ਭੀ ਤਨ ਮਹਿ ਮਨੁ ਨ ਦਿਖਾਵਣਿਆ।"

— ਮਾਝ **੩**, ਅਸ ੨੪, ੭ : ੩ (124)

ਮੋਨੀ — 1. ਮੋਨ ਧਾਰਨ ਵਾਲੇ, ਮੋਨ ਸਮਾਧੀ ਲਾਉਣ ਵਾਲੇ

"ਪੜਿ ਪੜਿ ਪੰਡਿਤ **ਮੋਨੀ** ਥਕੇ ਦੂਜੈ ਭਾਇ ਪਤਿ ਖੋਈ।" — ਸਿਰੀ **੩**, ਅਸ ੨੫, ੭ : ੨ (70)

2. ਮੁਨੀ, ਰਿਸ਼ੀ

"ਪੰਡਿਤ **ਮੋਨੀ** ਪੜਿ ਪੜਿ ਥਕੇ ਭੇਖ ਥਕੇ ਤਨੁ ਧੋਇ।"

— ਸਾਰ **੪**, ਵਾਰ ੩੩ਸ, **੩**, ੨ : ੩ (1250)

ਮੋਮ — (ਫ਼ਾ (ਮੋਮ) ਮੱਖੀਆਂ ਰਾਹੀਂ ਬਣਿਆ ਇਕ ਲੇਸਦਾਰ ਪਦਾਰਥ ਜੋ ਬਹੁਤ ਨਰਮ ਹੁੰਦਾ ਹੈ

"ਮੁਸਲਮਾਣੁ **ਮੋਮ** ਦਿਲ ਹੋਵੈ।" (ਨਰਮ)

— ਮਾਰੂ **੫**, ਸੋਲਾ, ੧੨, ੧੩ : ੧ (1084)

ਮੋਰ — 1. ਮੇਰਾ

"**ਮੋਰ ਮੋਰ** ਕਰਿ ਅਧਿਕ ਲਾਡੁ ਧਰਿ ਪੇਖਤ ਹੀ ਜਮਰਾਉ ਹਸੈ।"

— ਸਿਰੀ **ਕਬ**, ੧, ੧ : ੨ (91)

2. ਇਕ ਪੰਛੀ
"ਬਰਸੈ ਨਿਸਿਕਾਲੀ ਕਿਉ ਸੁਖੁ ਬਾਲੀ ਦਾਦਰ **ਮੋਰ** ਲਵੰਤੇ।"
— ਤੁਖਾ **੧**, ਬਾਰਾ ੧੦ : ੩ (1108)
3. ਮੈਨੂੰ
"ਸਤਿਸੰਗਿ ਹਰਿ ਚਰਨ ਬੋਹਿਥ ਉਧਰਤੇ ਲੈ **ਮੋਰ**।" — ਕੇਦਾ **੫**, ੧੦, ੧ : ੨ (1121)

ਮੋਰਉ — ਮੋੜਾ
"ਜਉ ਤਨੁ ਚੀਰਹਿ ਅੰਗੁ ਨ **ਮੋਰਉ**।"
— ਆਸਾ **ਕਬ**, ੩੫, ੨ : ੧ (484)

ਮੋਰਚਾ — ਜੰਗਾਲ
"**ਮੋਰਚਾ** ਨ ਲਾਗੈ ਜਾ ਹਉਮੈ ਸੋਖੈ।"
— ਮਾਝ **੩**, ਅਸ ੧੦, ੪ : ੨ (115)

ਮੋਰਪੰਖ — ਮੋਰਾਂ ਦੇ ਪੰਖਾਂ ਦਾ
"ਪੀਤ ਬਸਨ ਕੁੰਦ ਦਸਨ ਪ੍ਰਿਆ ਸਹਿਤ ਕੰਠ ਮਾਲ ਮੁਕਟੁ ਸੀਸਿ **ਮੋਰਪੰਖ** ਚਾਹਿ ਜੀਉ।"
— ਸਵ **੪**, ਗਯੰ ੮ : ੧ (1402)

ਮੋਰਲੋ — ਮੇਰਾ
"ਸੰਤਹ ਚਰਨ **ਮੋਰਲੋ** ਮਾਥਾ।"
— ਸਾਰ **੫**, ੧੪, ੧ : ੧ (1206)

ਮੋਰਾ — 1. ਮੇਰਾ
"ਮੈ ਨਾਹੀ ਕਛੁ ਆਹਿ ਨ **ਮੋਰਾ**।"
— ਗਉ **ਕਬ**, ੬੦, ੧* : ੧ (336)
2. ਮੋਰ, ਇਕ ਪੰਛੀ
"ਜਉ ਤੁਮ ਗਿਰਵਰ ਤਉ ਹਮ **ਮੋਰਾ**।"
— ਸੋਰ **ਰਵਿ**, ੫, ੧ : ੧ (658)
"ਸੁਣਿ ਘਨਘੋਰ ਸੀਤਲੁ ਮਨੁ **ਮੋਰਾ** ਲਾਲ ਰਤੀ ਗੁਣ ਗਾਵੈ।" (ਮੋਰ ਰੂਪੀ ਮਨ)
— ਮਲਾ **੧**, ੨, ੧ : ੨ (1254)

ਮੋਰਿਓ — ਮੋੜਿਆ
"ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ **ਮੋਰਿਓ**।"
— ਮਾਰੂ **੫**, ੫, ੨ : ੧ (1000)

ਮੋਰੀ — 1. ਮੇਰੀ
"ਅੰਧ ਕੂਪ ਮਹਿ ਹਾਥ ਦੇ ਰਾਖਹੁ ਕਛੂ ਸਿਆਨਪ ਉਕਤਿ ਨ **ਮੋਰੀ**।"
— ਗਉ **੫**, ੧੩੪, ੧* : ੨ (208)
2. ਮੋਰਾਂ ਨੇ
"**ਮੋਰੀ** ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ।" — ਵਡ **੧**, ੩, ੧ : ੧ (557)
3. ਮੋਰੀ, ਸੁਰਾਖ
"ਗੁਰ ਦਿਖਲਾਈ **ਮੋਰੀ**।" (ਭਾਵ ਕਮਜ਼ੋਰੀ)
— ਸੋਰ **ਕਬ**, ੧੦, ੧ : ੧ (656)

ਮੋਰੁ — ਮੋਰ, ਇਕ ਪੰਛੀ
"ਮਨੁ **ਮੋਰੁ** ਕੁਹੁਕਿਅੜਾ ਸਬਦੁ ਮੁਖਿ ਪਾਇਆ।"
— ਗਉ **੪**, ੬੫, ੪ : ੨ (173)

ਮੋਰੇ — ਮੇਰੇ
"ਦਇਆ ਮਇਆ ਕਰਿ ਪ੍ਰਾਨਪਤਿ **ਮੋਰੇ** ਮੋਹਿ ਅਨਾਥ ਸਰਣਿ ਪ੍ਰਭ ਤੋਰੀ।"
— ਗਉ **੪**, ੧੩੪*, ੧* : ੧ (208)
ਹੋਰ ਰੂਪ — **ਮੋਰੈ** —
"ਸਾਜ ਅਨੰਦੁ ਭਇਆ ਮਨ **ਮੋਰੈ** ਗੁਰ ਆਗੈ ਆਪੁ ਵੇਚਾਇਆ।" (ਮੇਰੇ)
— ਗਉ **੪**, ੬੩, ੩ : ੨ (172)

ਮੋਰੈ — 1. ਮੇਰੇ, ਵੇਖੋ 'ਮੋਰੇ'
2. ਮੋੜੇ
"ਸਾਸਿ ਸਾਸਿ ਧਿਆਵਹੁ ਮੁਖੁ ਨਹੀ **ਮੋਰੈ**।"
— ਕਾਨ **੫**, ੩੪, ੧ : ੪ (1304)

ਮੋਰੋ — ਮੇਰਾ
"ਮਾਈ **ਮੋਰੋ** ਪ੍ਰੀਤਮੁ ਰਾਮੁ ਬਤਾਵਹੁ ਰੀ ਮਾਈ।"
— ਆਸਾ **੪**, ੬੭, ੧ : ੧ (369)

ਮੋਲਿ — ਮੁਲ, ਕੀਮਤ ਦੇ ਕੇ
"ਚੰਦਨੁ **ਮੋਲਿ** ਅਣਾਇਆ ਕੁੰਗੂ ਮਾਂਗ ਸੰਧੂਰੁ।"
— ਸਿਰੀ **੧**, ੧੩, ੪ : ੧ (19)
"ਤਜਿ ਅਭਿਮਾਨੁ ਲੇਹੁ ਮਨ **ਮੋਲਿ**।" (ਮਨ ਦੇ ਮੁਲ, ਮਨ ਦੇ ਬਦਲੇ)
— ਗਉ **੫**, ਸੁਖ ੧੫, ੫ : ੩ (283)
ਹੋਰ ਰੂਪ — **ਮੋਲੀ** —
"ਹਰਿ ਹਰਿ ਪ੍ਰਗਟੁ ਕੀਓ ਗੁਰਿ ਪੂਰੈ ਸਿਰੁ ਵੇਚਿਓ ਗੁਰ ਪਹਿ **ਮੋਲੀ**।" (ਮੁਲ)
— ਗਉ **੪**, ੫੩, ੩ : ੨ (169)
ਮੋਲੀਆ —
"ਕਰਿ ਕਿਰਪਾ ਨਾਨਕ ਮੇਲਿ ਗੁਰ ਪਹਿ ਸਿਰੁ ਵੇਚਿਆ **ਮੋਲੀਆ**।" (ਮੁਲ ਤੇ)

— ਗਉ **੪**, ਵਾਰ ੧੯ਸ, **੪**, ੧ : ੬ (311)

ਮੋਲੁ —

"ਆਪੇ ਰਤਨੁ ਪਰਖਿ ਤੂੰ ਆਪੇ **ਮੋਲੁ** ਅਪਾਰੁ।"

(ਮੁਲ) — ਸਿਰੀ **੧**, ਅਸ ੩, ੧ : ੨ (54)

ਮੋਲੇ —

"ਬੰਧਨ ਤੋੜਿ ਲੀਏ ਪ੍ਰਭਿ **ਮੋਲੇ**।" (ਮੁਲ)

— ਮਾਰੂ **੫**, ਸੋਲਾ ੧, ੧੨ : ੧ (1072)

ਮੋੜੰਨਿ੍ — ਮੋੜਨ, ਪਰਤਾਨ

"ਰਤੇ ਸੇਈ ਜਿ ਮੁਖੁ ਨ **ਮੋੜੰਨਿ੍** ਜਿਨ੍ਹੀ ਸਿਞਾਤਾ ਸਾਈ।" — ਸਲੋ **੫**, ੧ : ੧ (1324)

ਮੋੜੀਐ — 1. ਵਾਪਸ ਕਰੀਦੇ, ਨਿਰਾਸ ਕਰੀਏ

"ਤ੍ਰੈਗੁਣ ਇਨ ਕੈ ਵਸਿ ਕਿਨੈ ਨ **ਮੋੜੀਐ**।"

— ਗੂਜ **੫**, ਵਾਰ ੧੫ : ੫ (522)

2. ਪਰਾਂ ਕਰੀਏ, ਪਰਤਾਈਏ

"ਹਰਿ ਸੁਖਦਾਤਾ ਸਭਨਾ ਗਲਾ ਕਾ ਤਿਸਨੋ ਧਿਆਇਦਿਆ ਕਿਵ ਨਿਮਖ ਘੜੀ ਮੁਹੁ **ਮੋੜੀਐ**।"

— ਬਿਹਾ **੪**, ਵਾਰ ੪ : ੨ (550)

ਮੋੜੇ — ਪਰਾਂ ਕਰੇ, ਪਰਤਾਏ, ਉਲਟਾਏ

"ਰਾਜ ਮਿਲਖ ਖੁਸੀਆ ਘਣੀ ਧਿਆਇ ਮੁਖੁ ਨ **ਮੋੜੇ**।" — ਗਉ **੫**, ਵਾਰ ੨੧ : ੩ (323)

ਮੋੜੇਹਿ — ਮੋੜਨਾ, ਡਿੰਗਾ ਕਰਨਾ ਭਾਵ ਤੋੜਨਾ

"ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ **ਮੋੜੇਹਿ**। — ਸਲੋ **ਫਰ**, ੧੯ : ੧ (1378)

ਮੋੜੈ — ਪਿਛਾਂ ਕਰੇ, ਪਰਤਾਏ, ਉਲਟਾਏ

"ਜਾਣੈ ਬਿਰਥਾ ਜੀਅ ਕੀ ਕਦੈ ਨ **ਮੋੜੈ** ਰੰਗੁ।"

— ਰਾਮ **੫**, ਵਾਰ ੫ਸ, **੫**, ੧ : ੪ (958)

ਮ੍ਰਿਗ — ਹਿਰਨ, ਇਕ ਜਾਨਵਰ

"ਨਾਨਕ **ਮ੍ਰਿਗ** ਅਗਿਆਨਿ ਬਿਨਸੇ ਨਹ ਮਿਟੈ ਆਵਣੁ ਜਾਇਣੁ।" (ਜੀਵ ਰੂਪੀ ਹਿਰਨ)

— ਆਸਾ **੫**, ਛੰਤ ੧੧, ੨ : ੬ (460)

"ਸਨਮੁਖ ਸਹਿ ਬਾਨ ਸਨਮੁਖ ਸਹਿ ਬਾਨ ਹੇ **ਮ੍ਰਿਗ** ਅਰਪੇ ਮਨ ਤਨ ਪ੍ਰਾਨ ਹੇ ਓਹੁ ਬੇਧਿਓ ਸਹਜ ਸਰੋਤ।" — ਆਸਾ **੫**, ਛੰਤ ੧੪, ੨ : ੨ (462)

ਮ੍ਰਿਗਛਾਲਾ — ਮ੍ਰਿਗ ਦੀ ਖਲ

"**ਮ੍ਰਿਗਛਾਲਾ** ਪਰ ਬੈਠੇ ਕਬੀਰ।"

— ਭੈਰ **ਕਬ**, ੧੮, ੨ : ੨ (1162)

ਮ੍ਰਿਗਤਿਸਨਾ — ਝੂਠੀ ਆਸ

"**ਮ੍ਰਿਗਤਿਸਨਾ** ਪੇਖਿ ਭੁਲਣੇ ਵੁਠੇ ਨਗਰ ਗੰਧ੍ਰਬ।"

— ਸਲੋ **੫**, ੧੪ : ੧ (1425)

ਹੋਰ ਰੂਪ — ਮ੍ਰਿਗਤਿਸਨਾ —

"**ਮ੍ਰਿਗਤਿਸਨਾ** ਜਿਉ ਝੂਠੋ ਇਹੁ ਜਗ ਦੇਖਿ ਤਾਸਿ ਉਠਿ ਧਾਵੈ।" (ਝੂਠੀ ਆਸ)

— ਗਉ **੯**, ੩, ੧* : ੨ (219)

"**ਮ੍ਰਿਗਤਿਸਨਾ** ਅਰੁ ਸੁਪਨ ਮਨੋਰਥ ਤਾ ਕੀ ਕਛੁ ਨ ਵਡਾਈ।"

— ਸੋਰ **੫**, ੨੨, ੨ : ੧ (615)

ਮ੍ਰਿਗੀ — ਹਿਰਨੀ

"**ਮ੍ਰਿਗੀ** ਪੇਖੰਤ ਬਧਿਕ ਪ੍ਰਹਾਰੇਣ ਲਖ੍ਯ ਆਵਧਹ।"

— ਸਸ **੫**, ੬ : ੧ (1354)

ਮ੍ਰਿਤਮੰਡਲ — ਮੌਤ ਦਾ ਖੇਤਰ ਭਾਵ ਮਿਰਤ ਲੋਕ, ਮਾਤ ਲੋਕ, ਸੰਸਾਰ

"ਗਰਭ ਛੋਡਿ **ਮ੍ਰਿਤਮੰਡਲ** ਆਇਆ ਤਉ ਨਰਹਿਰ ਮਨਹੁ ਬਿਸਾਰਿਆ।"

— ਸਿਰੀ **ਬੇਣੀ**, ੧, ੧ : ੪ (93)

ਹੋਰ ਰੂਪ — ਮ੍ਰਿਤਮੰਡਲਿ —

"ਅਵਗਤਿ ਬਾਣਿ ਛੋਡਿ **ਮ੍ਰਿਤਮੰਡਲਿ** ਹਉ ਪਾਛੈ ਪਛੁਤਾਣਾ।" (ਮਾਤ ਲੋਕ ਵਿਚ)

— ਸਿਰੀ **ਬੇਣੀ**, ੧, ੪ : ੪ (93)

ਮ੍ਰਿਤੁ — ਮੌਤ

"**ਮ੍ਰਿਤੁ** ਜਨਮ ਭ੍ਰਮੰਤਿ ਨਰਕਹ ਅਨਿਕ ਉਪਾਵੰ ਨ ਸਿਧ੍ਯਤੇ।" — ਸਸ **੫**, ੪੨ : ੩ (1357)

ਮ੍ਰਿਦੰਗ — ਢੋਲ ਦੀ ਕਿਸਮ ਦਾ ਇਕ ਸਾਜ਼

"ਬਾਜੇ ਬਜਹਿ **ਮ੍ਰਿਦੰਗ** ਅਨਾਹਦ ਕੋਕਿਲ ਰੀ ਰਾਮ ਨਾਮੁ ਬੋਲੈ ਮਧੁਰ ਬੈਨ ਅਤਿ ਸੁਹੀਆ।"

— ਮਲਾ **੫**, ੨੩, ੧ : ੨ (1272)

ਮ੍ਹਿਾਨੇ — ਵਿਚ

"ਅਸਮਾਨ **ਮ੍ਹਿਾਨੇ** ਲਹੰਗ ਦਰੀਆ ਗੁਸਲ ਕਰਦਨ ਬੂਦ।" — ਤਿਲੰ **ਕਬ**, ੧, ੩ : ੧ (727)

ਯ

ਯਹ — ਇਹ
"**ਯਹ** ਮਨੁ ਨੈਕ ਨ ਕਹਿਓ ਕਰੈ।"
— ਦੇਵ **੯**, ੧, ੧*: ੧ (536)

ਯਹੈ — ਇਹੀ
"ਤਤੁ ਬਿਚਾਰੁ **ਯਹੈ** ਮਥੁਰਾ ਜਗ ਤਾਰਨ ਕਉ ਅਵਤਾਰੁ ਬਨਾਯਉ।"
— ਸਵ **੫**, ਮਥੁ ੬ : ੩ (1409)

ਯਕ — (ਫਾ. ਯਕ) ਇਕ
"**ਯਕ** ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ।" — ਤਿਲੰ **੧**, ੧, ੧ : ੧ (721)

ਯਕੀਨਾ — (ਅ. ਯਕੀਨ) ਵਿਸ਼ਵਾਸ਼, ਭਰੋਸਾ, ਨਿਸਚਾ, ਸਿਦਕ
"ਨਾਨਕ ਤਿਨਾ ਖਾਕੁ ਜਿਨਾ **ਯਕੀਨਾ** ਹਿਕ ਸਿਉ।"
— ਮਾਰੂ **੫**, ਵਾਰ ੧੫ਸ, **੫**, ੧ : ੨ (1099)

ਹੋਰ ਰੂਪ — ਯਕੀਨੁ —
"ਸਚੁ ਨਿਵਾਜ **ਯਕੀਨੁ** ਮੁਸਲਾ।"
—ਮਾਰੂ **੫**, ਸੋਲਾ ੧੨, ੨ : ੧ (1083)

ਯਯਾ — ਗੁਰਮੁਖੀ ਲਿਪੀ ਦਾ 31ਵਾਂ ਅੱਖਰ, 'ਯ'
"**ਯਯਾ** ਜਾਰਉ ਦੁਰਮਤਿ ਦੋਊ।"
('ਯ' ਅੱਖਰ ਦੁਆਰਾ ਉਪਦੇਸ਼ ਹੈ)
— ਗਉ **੫**, ਬਾਅ ੧੪ : ੧ (253)

ਹੋਰ ਰੂਪ — ਯਯੈ —
"**ਯਯੈ** ਜਨਮੁ ਨ ਹੋਵੀ ਕਦਹੀ ਜੇਕਰਿ ਸਚੁ ਪਛਾਣੈ।"
— ਆਸਾ **੧**, ਪਟੀ ੨੯ : ੧ (434)

ਯਾ — 1. ਇਸ
"ਚੰਚਲ ਤ੍ਰਿਸਨਾ ਸੰਗਿ ਬਸਤੁ ਹੈ **ਯਾ** ਤੇ ਥਿਰੁ ਨ ਰਹਾਈ।" — ਗਉ **੯**, ੪, ੧* : ੨ (219)

2. ਉਸ
"ਨਿਹਫਲ ਧਰਮੁ ਤਾਹਿ ਤੁਮ ਮਾਨਹੁ ਸਾਚੁ ਕਹਤ ਮੈ **ਯਾ** ਕਉ।"
— ਬਿਲਾ **੯**, ੩, ੧ : ੨ (831)

ਯਾਸੁ — ਜਿਸਨੂੰ
"**ਯਾਸੁ** ਜਪਤ ਮਨਿ ਹੋਇ ਅਨੰਦੁ ਬਿਨਸੈ ਦੂਜਾ ਭਾਉ।" — ਗਉ **੫**, ਬਾਅ ੧੪ ਸ : ੧ (252)

ਯਾਹੂ — 1. ਜਿਸ
"**ਯਾਹੂ** ਜਤਨ ਕਰਿ ਹੋਤ ਛੁਟਾਰਾ।"
— ਗਉ **੫**, ਬਾਅ ੪੩ : ੩ (259)

2. ਓਹੋ ਹੀ
"**ਯਾਹੂ** ਤਰਨ ਤਾਰਨ ਸਮਰਾਥਾ।"
— ਗਉ **੫**, ਬਾਅ ੪੩ : ੨ (259)

ਯਾਦਿ — ਚੇਤੇ, ਸਮਰਣ ਵਿਚ
"ਜਬ ਲਗੁ ਰਿਦੈ ਨ ਆਵਹਿ **ਯਾਦਿ**।"
— ਆਸਾ **੧**, ੯, ੧ : ੪ (351)

ਯਾਰ — (ਫਾ. ਯਾਰ) ਮਿੱਤਰ, ਦੋਸਤ
"**ਯਾਰ** ਮੀਤ ਸੁਨਿ ਸਾਜਨਹੁ ਬਿਨੁ ਹਰਿ ਛੂਟਨੁ ਨਾਹਿ।" — ਗਉ **੫**, ਬਾਅ ੪੩ ਸ : ੧ (259)

ਹੋਰ ਰੂਪ — ਯਾਰਾਂ —
"ਹਲੇ ਯਾਰਾਂ ਹਲੇ **ਯਾਰਾਂ** ਖੁਸਿ ਖਬਰੀ।" (ਹੇ ਮਿੱਤਰ) — ਤਿਲੰ **ਨਾਮ**, ੩, ੧* : ੧ (727)

ਯਾਰੁ —
"ਅਜਰਾਈਲੁ **ਯਾਰੁ** ਬੰਦੇ ਜਿਸੁ ਤੇਰਾ ਆਧਾਰੁ।"
(ਦੋਸਤ) — ਤਿਲੰ **੫**, ੪, ੩ : ੧ (724)

ਰ

ਰਉ — 1. ਰਉਂ ਕਰਨਾ, ਚਾਹੁੰਣਾ, ਅਭਿਲਾਸ਼ਾ ਕਰਨੀ
"ਏਨੀ ਫੁਲੀ **ਰਉ** ਕਰੇ ਅਵਰ ਕਿ ਚੁਣੀਅਹਿ ਡਾਲ।"
— ਸੂਹੀ **੩**, ਵਾਰ ੧੮ਸ, **੧**, ੧ : ੨ (791)
2. ਜਪੋ, ਸਿਮਰੋ, ਉਚਾਰਣ ਕਰੋ
"ਮਨ ਮੇਰੇ ਰਾਮ **ਰਉ** ਨਿਤ ਨੀਤਿ।"
— ਮਾਰੂ **੫**, ਅਸ ੩, ੧* : ੧ (1017)
ਹੋਰ ਰੂਪ — ਰਉਂ —
"ਗੁਣ ਗੋਵਿੰਦ **ਰਉਂ** ਸਚੁ ਵਾਪਾਰੁ।" (ਸਿਮਰਦਾ/ਜਪਦਾ ਹਾਂ)
— ਗੋਂਡ **੫**, ੨੨, ੪ ੨ (869)
ਰੰਉ —
"ਸੰਤਸੰਗੇ ਭਜੁ ਨਿਸੰਗੇ **ਰੰਉ** ਸਦਾ ਅੰਤਰਜਾਮੀਆ।" (ਸਿਮਰਾਂ, ਜਪਾਂ)
— ਮਲਾ **੫**, ਛੰਤ ੧, ੨ : ੪ (1278)
"ਸਿਖ੍ਯਾ ਸੰਤ ਨਾਮੁ ਭਜੁ ਨਾਨਕ ਰਾਮ ਰੰਗਿ ਆਤਮ ਸਿਉ **ਰੰਉ**।" (ਸਿਮਰੋ)
— ਸਮੁ **੫**, ੨* : ੬ (1387)

ਰਉਣ — ਰਮਨ ਵਾਲੇ, ਵਿਆਪਕ
"ਤੇਰੀ ਕੁਦਰਤਿ ਕੋਇ ਨ ਜਾਣੈ ਮੇਰੇ ਠਾਕੁਰ ਸਗਲ **ਰਉਣ**।" —ਮਾਰੂ **੫**, ਵਾਰ ੨ : ੩ (1094)
(ਕੇਵਲ ਮਹਾਨ ਕੋਸ਼ ਤੇ ਗੁਰੂ ਗ੍ਰੰਥ ਕੋਸ਼ ਇਸ ਦੇ ਅਰਥ 'ਸੁਆਮੀ ਪਤੀ' ਕਰਦੇ ਹਨ ਅਤੇ ਇਸਨੂੰ ਸੰਸਕ੍ਰਿਤ ਦੇ 'ਰਮਣ' ਤੋਂ ਵਿਉਤਪਤਿ ਮੰਨਦੇ ਹਨ)

ਰਈਅਤਿ — (ਅ-ਰਈਅਤ) ਪਰਜਾ
"ਨਉ ਡਾਡੀ ਦਸ ਮੁੰਸਫ ਧਾਵਹਿ **ਰਈਅਤਿ** ਬਸਨ ਨ ਦੇਹੀ।" — ਸੂਹੀ **ਕਬ**, ੫, ੨ : ੧ (793)

ਰਸ — 1. ਰਸਨਾ ਨਾਲ ਗ੍ਰਹਿਣ ਕਰਨ ਯੋਗ ਸੁਆਦ
"**ਰਸ** ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ।" (ਭਾਵ ਐਸ਼ ਭੋਗ)
— ਸਿਰੀ **੧**, ੪, ੧ : ੩ (15)
2. ਜੂਸ, ਰਸ
"ਸਬਦਿ ਰਤੇ ਮੀਠੇ **ਰਸ** ਈਖ।"
— ਗਉ **੧**, ੫, ੩ : ੪ (152)
"ਹਰਿ ਕਾ ਨਾਮੁ ਅੰਮ੍ਰਿਤ ਰਸੁ ਚਾਖਿਆ ਮਿਲਿ ਸਤਿਗੁਰ ਮੀਠ **ਰਸ** ਗਾਨੇ।" (ਗੰਨੇ ਦੇ ਰਸ ਵਾਂਗ) — ਗਉ **੧**, ੫੬, ੨ : ੩ (170)
3. (ਫੁਲਾਂ ਦਾ) ਰਸ, ਸ਼ਹਿਦ
"ਅਲੀਅਲ ਗੁੰਜਾਤ ਅਲੀਅਲ ਗੁੰਜਾਤ ਹੇ ਮਕਰੰਦ **ਰਸ** ਬਾਸਨ ਮਾਤ ਹੇਪ੍ਰੀਤਿ ਕਮਲ ਬੰਧਾਵਤ ਆਪ।"
— ਆਸਾ **੫**, ਛੰਤ ੧੪, ੩ : ੧ (462)
4. ਭਾਵ ਸਵਾਦਿਸ਼ਟ ਪਦਾਰਥ
"ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ **ਰਸ** ਖਾਹਿ।"
— ਆਸਾ **੧**, ਵਾਰ ੧੯ ਸ, **੧**, ੧ : ੮ (473)
5. (ਮੌਜ ਮੇਲੇ/ਅਨੰਦ ਖੁਸ਼ੀਆਂ ਦਾ) ਸੁਆਦ
"ਉਰਝਿਓ ਕਨਕ ਕਾਮਨੀ ਕੇ **ਰਸ** ਨਹ ਕੀਰਤਿ ਪ੍ਰਭ ਗਾਈ।"
— ਟੋਡੀ **੯**, ੧, ੧* : ੨ (718)
6. ਪਿਆਰ
"ਦਸ ਅਠ ਪੁਰਾਣ ਤੀਰਥ **ਰਸ** ਕੀਆ।"
— ਗੋਂਡ **ਕਬ**, ੮, ੪ : ੨ (872)
7. ਰਸਦਾਇਕ, ਰਸਮਈ
"ਹਰਿ ਚਰਨ ਸਰਨ ਤਰਨ ਸਾਗਰ ਧੁਨਿ ਅਨਹਤਾ **ਰਸ** ਬੈਨ।"
— ਮਲਾ **੫**, ੨੯, ੧ : ੧ (1272)
8. ਕਾਵਿ ਅਨੁਸਾਰ ਮਨ ਵਿਚ ਉਤਪੰਨ ਹੋਣ ਵਾਲਾ ਰਸ (ਕੇਵਲ 'ਮਹਾਨ ਕੋਸ਼')
"**ਰਸ** ਰੂਪ ਰੰਗ ਅਨੰਤ ਬੀਠਲ ਸਾਸਿ ਸਾਸਿ ਧਿਆਇਣਾ।"
— ਰਾਮ **੫**, ਛੰਤ ੨, ੨ : ੪ (925)
9. ਭੋਗ

"ਜੇਤੇ **ਰਸ** ਸਰੀਰ ਕੇ ਤੇਤੇ ਲਾਗਹਿ ਦੁਖ।"
— ਮਲਾ **੧**, ਵਾਰ ੨੧ਸ, **੧**, ੨ :੪ (1287)

ਰਸਹ — ਰਸਾਂ (ਮਸਤੀ) ਕਰਕੇ
"ਗ੍ਰਿਹ ਰਚਨਾ ਅਪਾਰੰ ਮਨਿ ਬਿਲਾਸ ਸੁਆਦੰ **ਰਸਹ**।"
— ਜੈਤ **੫**, ਵਾਰ ੬ਸ, **੫**, ੧ : ੧ (707)

ਹੋਰ ਰੂਪ — ਰਸਹਿ —
"ਹਰਿ ਰਸ **ਰਸਹਿ** ਮਾਨਿ ਹਾਂ।" (ਰਸਾਂ ਵਿਚੋਂ)
— ਆਸਾ **੫**, ੧੫੮, ੨ : ੪ (409)
"ਹਰਿ **ਰਸਹਿ** ਅਘਾਏ ਸਹਜਿ ਸਮਾਏ ਘਟਿ ਘਟਿ ਰਮਈਆ ਜਾਤੇ।" (ਰਸਾਂ ਨਾਲ)
— ਵਡ **੫**, ਛੰਤ ੨, ੨ : ੪ (577)
"ਗੁਰਿ ਕਹਿਆ ਏਹ **ਰਸਹਿ** ਬਿਖਾਗਨਿ।" (ਰਸ) — ਪ੍ਰਭਾ **੫**, ਅਸ ੧, ੫ : ੨ (1347)

ਰਸਹੁ —
"ਗੁਰਮਤਿ ਹਰਿ ਰਸੁ ਮੀਠਾ ਲਾਗਾ ਤਿਨ ਬਿਸਰੇ ਸਭਿ ਬਿਖ **ਰਸਹੁ**।" (ਸੁਆਦ)
— ਬਿਲਾ **੪**, ੪, ੩ : ੨ (800)
"ਕਵਨ ਉਪਮਾ ਦੇਉ ਕਵਨ ਸੇਵਾ ਸਰੇਉ ਏਕ ਮੁਖ ਰਸਨਾ **ਰਸਹੁ** ਜੁਗ ਜੋਰਿ ਕਰ।" (ਸੁਆਦ ਮਾਣੋ ਭਾਵ ਜਪੋ)
— ਸਵ **੪**, ਕਲ ੩ : ੨ (1398)

ਰਸਕ — ਰਸੀਏ, ਰਸ ਮਾਣਨ ਵਾਲੇ
"ਫਲ ਲਾਗੇ ਹਰਿ **ਰਸਕ** ਰਸਾਈ।"
— ਆਸਾ **੪**, ੫੯, ੧ : ੨ (367)
"ਇਕੁ ਖਿਨੁ ਹਰਿ ਪ੍ਰਭਿ ਕਿਰਪਾ ਧਾਰੀ ਗੁਨ ਗਾਏ **ਰਸਕ** ਰਸੀਕ।"
— ਪ੍ਰਭਾ **੪**, ੩, ੧ : ੧ (1336)
(ਗੁਰੂ ਗ੍ਰੰਥ ਕੋਸ਼ ਰਸਕ ਰਸੀਕ ਦੇ ਅਰਥ ਵਡਾ ਰਸੀਆਂ ਦਾ ਰਸੀਆ ਅਰਥਾਤ ਪਰਮੇਸ਼ਰ ਕਰਦਾ ਹੈ)

ਰਸਕਸ — ਵਭਿੰਨ ਰਸ
"ਨਾਮ ਬਿਨਾ **ਰਸਕਸ** ਦੁਖੁ ਖਾਵੈ ਮੁਖੁ ਫੀਕਾ ਥੁਕ ਥੂਕ ਮੁਖਿ ਪਾਈ।"
— ਗੂਜ **੪**, ੪, ੩ : ੨ (493)
"**ਰਸਕਸ** ਖਾਏ ਪਿੰਡੁ ਵਧਾਏ।" (ਕਸੈਲਾ ਆਦਿ ਛੇ ਪ੍ਰਕਾਰ ਦੇ ਸੁਆਦ)
— ਮਾਰੂ **੩**, ਸੋਲਾ ੧੪, ੧੦ : ੧ (1058)

ਰਸਕਿ — ਸਵਾਦ ਲੈ ਲੈ ਕੇ, ਸੁਆਦ ਨਾਲ
"ਮਨ **ਰਸਕਿ ਰਸਕਿ** ਹਰਿ ਰਸਿ ਆਘਾਨੇ ਫਿਰਿ ਬਹੁਰਿ ਨ ਭੂਖ ਲਗਾਵੈ।"
— ਗਉ **੪**, ੬੪, ੩ : ੨ (172)
"ਤੇਰੇ ਜਨ **ਰਸਕਿ ਰਸਕਿ** ਗੁਣ ਗਾਵਹਿ।"
— ਆਸਾ **੫**, ੪, ੧* : ੧ (380)
"ਤੁਮਰੀ ਕ੍ਰਿਪਾ ਤੇ ਸਭ ਫਲ ਪਾਏ **ਰਸਕਿ** ਰਾਮ ਨਾਮ ਧਿਆਏ।" (ਭਾਵ ਪਿਆਰ ਨਾਲ)
—ਸਾਰ **੫**, ੧੧੫, ੧ : ੨ (1226)

ਰਸਕੇ — ਰਸ ਕੇ, ਸੁਆਦ ਲੈ ਲੈ ਕੇ, ਰਸ ਨਾਲ
"ਰਾਮ ਨਾਮੁ ਸਭੁ ਹੈ ਰਾਮ ਨਾਮਾ ਰਸੁ ਗੁਰਮਤਿ ਰਸੁ **ਰਸਕੇ**।" — ਸੂਹੀ **੪**, ੧, ੩ : ੧ (731)

ਰਸਗੇ — ਰਸ ਤੋਂ ਪਰੀਚਿਤ, ਰਸਾਂ ਨੂੰ ਜਾਣਨ ਵਾਲੀ।
"ਹੇ ਜਿਹਬੇ ਹੇ **ਰਸਗੇ** ਮਧੁਰ ਪ੍ਰਿਅ ਤੁਯੰ।"
— ਸਸ **੫**, ੬੨ : ੧ (1359)

ਰਸਨ — 1. ਰਸਾਂ ਵਿਚ
"ਮਨੁ ਤਨੁ ਰਾਤਾ ਰੰਗ ਸਿਉ ਰਸਨਾ **ਰਸਨ** ਰਸਾਇ।" — ਸਿਰੀ **੩**, ੪੨, ੪ :੨ (32)
"ਅੰਮ੍ਰਿਤ ਨਾਮੁ **ਰਸਨ** ਰਸੁ ਰਸਨਾ ਗੁਰਸਬਦੀ ਰਸੁ ਪੀਜੈ।" (ਰਸਾਂ ਦੇ)
— ਤੁਖਾ **੧**, ਛੰਤ ੪, ੨ : ੪ (1111)
2. ਮਹਾਂ ਰਸ
"ਤਿਸੁ ਮਹਿ ਧਾਰ ਚੁਐ ਅਤਿ ਨਿਰਮਲ ਰਸ ਮਹਿ **ਰਸਨ** ਚੁਆਇਆ।"
— ਸਿਰੀ **ਕਬ**, ੩, ੨ : ੨ (92)
3. ਰਸਨਾ, ਜੀਭ
"ਸੰਤ **ਰਸਨ** ਹਰਿ ਨਾਮੁ ਵਖਾਨਾ।"
— ਮਾਝ **੫**, ੩੦, ੨ : ੨ (103)
"ਨਾਨਕੁ ਕਹਤ ਸੁਨਹੁ ਰੇ ਲੋਗਾ ਸੰਤ **ਰਸਨ** ਕੋ ਬਸਹੀਅਉ।"
— ਜੈਤ **੫**, ੨, ੨ : ੨ (700)
(ਮਹਾਨ ਕੋਸ਼ ਇਥੇ ਅਰਥ 'ਬਚਨ' ਕਰਦੇ ਹਨ)

ਰਸਨਾ — 1. ਜੀਭ, ਜ਼ੁਬਾਨ
"ਅੰਦਰੁ ਰਚੈ ਹਰਿ ਸਚ ਸਿਉ **ਰਸਨਾ** ਹਰਿ ਗੁਣ ਗਾਇ।" — ਸਿਰੀ **੩**, ੪੦, ੧ : ੩ (29)

"ਗੁਰਮਤੀ ਹਰਿ ਸਦਾ ਪਾਇਆ **ਰਸਨਾ** ਹਰਿ ਰਸੁ ਸਮਾਇ।" (ਜ਼ਬਾਨ ਵਿਚ)
— ਸਿਰੀ **੧**, ਅਸ ੨੧, ੩ : ੩ (66)
"ਤਿਸੁ ਬਲਿਹਾਰੀ ਜਿਨਿ **ਰਸਨਾ** ਭਣਿਆ।" (ਜੀਭ ਦੁਆਰਾ) — ਮਾਝ **੫**, ੨੨, ੧ : ੨ (102)
"**ਰਸਨਾ** ਹਰਿ ਰਸੁ ਚਾਖੁ ਮੁਯੇ ਜੀਉ ਅਨ ਰਸ ਸਾਦ ਗਵਾਏ।" (ਹੇ ਰਸਨਾ)
— ਗਉ **੩**, ਛੰਤ ੫, ੨ : ੨ (246)

ਹੋਰ ਰੂਪ — ਰਸਨਾਂ —
"ਕੀਰਤਿ ਪ੍ਰਭ ਕੀ ਗਾਉ ਮੇਰੀ **ਰਸਨਾਂ**।"
— ਕਾਨ **੫**, ੩, ੧* : ੧ (1298)

2. ਰਸ ਲੈਣ ਵਾਲੀ
"ਤੂੰ ਆਪੇ **ਰਸਨਾ** ਆਪੇ ਬਸਨਾ ਅਵਰੁ ਨ ਦੂਜਾ ਕਹਉ ਮਾਈ।"
— ਆਸਾ **੧**, ੫, ੧ : ੨ (350)

ਰਸਨਾਗਰ — ਰਸਨਾ ਦੁਆਰਾ ਭਾਵ ਮੂੰਹ ਜ਼ੁਬਾਨੀ
"ਖਟੁ ਸਾਸਤ੍ਰ ਉਚਰਤ **ਰਸਨਾਗਰ** ਤੀਰਥ ਗਵਨ ਨ ਥੋਰੀ।" — ਸਾਰ **੫**, ੬੦, ੧ : ੧ (1216)

ਰਸਨਾਰੀ — ਰਸਨਾ ਦੁਆਰਾ
"ਦਿਨੁ ਭੀ ਗਾਵਉ ਰੈਨੀ ਗਾਵਉ ਗਾਵਉ ਸਾਸਿ ਸਾਸਿ **ਰਸਨਾਰੀ**।"
— ਆਸਾ **੫**, ੧੨੨, ੩ : ੧ (401)

ਰਸਨਿ — 1. ਰਸ ਲੈ ਕੇ,
"**ਰਸਨਿ ਰਸਨਿ** ਰਸਿ ਗਾਵਹਿ ਹਰਿ ਗੁਣ ਰਸਨਾ ਹਰਿ ਰਸੁ ਧਾਰੀ।"
— ਗੂਜ **੪**, ਅਸ ੧, ੮ : ੧ (507)

2. ਰਸਨਾ ਦੁਆਰਾ, ਜੀਭ ਰਾਹੀਂ
"ਕਰਨਿ ਹਰਿ ਜਸੁ ਨੇਤ੍ਰ ਦਰਸਨੁ **ਰਸਨਿ** ਹਰਿ ਗੁਨ ਗਾਉ।"
— ਮਾਲੀ **੫**, ੮, ੨ : ੧ (988)
"ਨਾਨਕ **ਰਸਨਿ** ਰਸਾਏ ਰਾਤੇ ਰਵਿ ਰਹਿਆ ਪ੍ਰਭੁ ਸੋਈ।"
— ਪ੍ਰਭਾ **੧**, ੧੫, ੪ : ੨ (1332)

ਰਸਪਤਿ — ਰਸ ਨੂੰ ਅਨੁਭਵ ਕਰਨ ਵਾਲੀ, ਰਸਨਾ, ਜੀਭ
"ਨੈਨੂ ਨਕਟੂ ਸ੍ਰਵਨੂ **ਰਸਪਤਿ** ਇੰਦ੍ਰੀ ਕਹਿਆ ਨ ਮਾਨਾ।" — ਮਾਰੂ **ਕਬ**, ੨, ੧ : ੨ (1104)

ਰਸਭਾ — ਰਸ ਨਾਲ, ਸੁਆਦ ਲਾ ਕੇ
"ਰਾਮ ਨਾਮੁ ਰਸੁ ਰਾਮ ਰਸਾਇਣੁ ਰਸੁ ਪੀਆ ਗੁਰਮਤਿ **ਰਸਭਾ**।"
— ਪ੍ਰਭਾ **੪**, ੬, ੨ : ੧ (1337)

ਰਸਭੋਗੀ — ਰਸ ਭੋਗਨ ਵਾਲਾ, ਰਸੀਆ
"ਕਈ ਕੋਟਿ ਰਾਜੇ **ਰਸਭੋਗੀ**।"
— ਗਉ **੫**, ਸੁਖ ੧੦, ੩ : ੨ (275)

ਰਸਾ — 1. ਰਸ, 'ਰਸ' ਦਾ ਬਹੁ ਵਚਨ
"ਆਨ **ਰਸਾ** ਜੇਤੇ ਤੈ ਚਾਖੇ।"
— ਗਉ **੫**, ੮੪, ੧ : ੧ (180)
"ਰੰਗ **ਰਸਾ** ਤੂੰ ਮਨਹਿ ਅਧਾਰੁ।"
— ਗਉ **੫**, ੮੭, ੩ : ੨ (181)
(ਮਹਾਨ ਕੋਸ਼ ਅਰਥ 'ਸ੍ਰਿਸ਼ਟੀ' ਕਰਦਾ ਹੈ)

2. ਰਸਦਾਇਕ ਪਦਾਰਥ
"ਅਨਕ **ਰਸਾ** ਖਾਇ ਜੈਸੇ ਢੋਰ।"
— ਗਉ **੫**, ੧੨੪, ੧ : ੧ (190)

ਰਸਾਇ — 1. ਰਸਮਈ ਹੋਏ
"ਮਨ ਤਨੁ ਰਾਤਾ ਰੰਗ ਸਿਉ ਰਸਨਾ ਰਸਨ **ਰਸਾਇ**।" — ਸਿਰੀ **੬**, ੪੭, ੪ : ੨ (32)
"ਨਾਨਕ ਰਸਨਾ ਸਬਦਿ **ਰਸਾਇ** ਜਿਨਿ ਹਰਿ ਹਰਿ ਮੰਨਿ ਵਸਾਇਆ।"
— ਬਿਹਾ **੪**, ਵਾਰ ੫ ਸ, **੩**, ੧ : ੨ (550)

2. ਰਸ ਨਾਲ, ਸੁਆਦ ਲੈ ਕੇ
"ਜਿਹਵਾ ਜਲਉ ਜਲਾਵਣੀ ਨਾਮੁ ਨ ਜਪੈ **ਰਸਾਇ**।"
— ਸਿਰੀ **੧**, ਅਸ ੧੦, ੫ : ੨ (59)
"ਗੁਣ ਗਾਇ ਰਾਮ **ਰਸਾਇ** ਰਸੀਅਹਿ ਗੁਰ ਗਿਆਨ ਅੰਜਨੁ ਸਾਰਹੇ।" (ਭਾਵ ਪ੍ਰੇਮ ਨਾਲ)
— ਤੁਖਾ **੫**, ਛੰਤ ੬, ੩ : ੩ (1113)

ਰਸਾਇਆ — ਰਸ ਵਾਲਾ ਬਣਾਇਆ।
"ਨਾਇ ਮੰਨਿਐ ਸੁਣਿ ਉਧਰੇ ਜਿਨ ਰਸਨ **ਰਸਾਇਆ**।"
— ਸਾਰ **੪**, ਵਾਰ ੧੦ : ੩ (1241)

ਰਸਾਇਣ — ਰਸ ਦਾ ਘਰ, ਸੁਖਾਂ ਦਾ ਭੰਡਾਰ, ਭਾਵ ਪ੍ਰਭੂ
"ਜੋ ਮਾਗਹਿ ਸੋਈ ਸੋਈ ਪਾਵਹਿ ਸੇਵਿ ਹਰਿ ਕੇ ਚਰਣ **ਰਸਾਇਣ**।"

— ਟੋਡੀ **੫**, ੧੦, ੧ : ੧ (714)

ਹੋਰ ਰੂਪ — ਰਸਾਇਣਾ —

"ਤ੍ਰਿਪਤਿ ਸੰਤੋਖੁ ਸੇਵਾ ਗੁਰ ਪੂਰੇ ਨਾਮੁ ਕਮਾਇ **ਰਸਾਇਣਾ**।" (ਰਸ ਦਾ ਘਰ)

— ਮਾਰੂ **੫**, ਸੋਲਾ ੭, ੬ : ੩ (1078)

ਰਸਾਇਣਿ —

"ਰਾਮ **ਰਸਾਇਣਿ** ਜੋ ਜਨ ਗੀਧੇ।" (ਰਸਾਂ ਦੇ ਘਰ ਵਿਚ)

— ਗਉ **੫**, ੧੬੩, ੧* : ੧ (198)

"ਤੇਰਾ ਜਨੁ ਰਾਮ **ਰਸਾਇਣਿ** ਮਾਤਾ।" (ਰਸਾਂ ਦੇ ਘਰ ਵਿਚ, ਉਸ ਮਿਸ਼ਰਣ ਵਿਚ ਜੋ ਬੁਢਾਪਾ ਨੇੜੇ ਨਾ ਆਉਣ ਦੇਵੇ)

— ਦੇਵ **੫**, ੨੧, ੧* : ੧ (532)

ਰਸਾਇਣੁ —

"ਨਾਮ **ਰਸਾਇਣੁ** ਮਨੁ ਤ੍ਰਿਪਤਾਇਣੁ ਗੁਰਮੁਖਿ ਅੰਮ੍ਰਿਤੁ ਪੀਵਾਂ ਜੀਉ।" (ਅਕਸੀਰ ਦਵਾਈ, ਰਸਾਂ ਦਾ ਘਰ)

— ਮਾਝ **੫**, ੧੬, ੩ : ੩ (99)

"ਰਾਮ **ਰਸਾਇਣੁ** ਪੀਵਤ ਬੀਰ।"

— ਗਉ **੫**, ੧੬੧, ੧ : ੨ (198)

ਰਸਾਇਦਾ — ਰਸ ਪੈਦਾ ਕਰਦਾ ਹੈ।

"ਤੁਧੁ ਭਾਣੇ ਤੂੰ ਭਾਵਹਿ ਕਰਤੇ ਆਪੇ ਰਸਨ **ਰਸਾਇਦਾ**।"

— ਮਾਰੂ **੧**, ਸੋਲਾ ੧੪, ੧ : ੩ (1034)

ਰਸਾਇਨ — ਰਸਾਂ ਦਾ ਘਰ, ਬਿਮਾਰੀਆਂ ਦੀ ਅਕਸੀਰ ਦਵਾਈ

"ਅਉਰ ਦੁਨੀ ਸਭ ਭਰਮਿ ਭੁਲਾਨੀ ਮਨੁ ਰਾਮ **ਰਸਾਇਨ** ਮਾਤਾ।"

— ਸਿਰੀ **ਕਬ**, ੩, ੪ : ੨ (92)

ਹੋਰ ਰੂਪ — ਰਸਾਇਨਿ —

"ਰਸਨਾ ਰਾਮ **ਰਸਾਇਨਿ** ਮਾਤੀ।"

— ਧਨਾ **੫**, ੪੩, ੨ : ੧ (681)

ਰਸਾਇਨੁ —

"ਰਾਮ **ਰਸਾਇਨੁ** ਰਸਨਾ ਪੀਵਹਿ।"

— ਗਉ **ਕਬ**, ੧੩, ੩ : ੨ (326)

ਰਸਾਈ — 1. ਰਸ ਮਈ, ਰਸ ਦੇਣ ਵਾਲੀ

"ਗੁਰਮੁਖਿ ਰਸਨਾ ਹਰਿ ਰਸਨ **ਰਸਾਈ**।" (ਰਸੀਲੀ ਬਣਾ)

— ਗਉ **੩**, ੨੬, ੧* : ੨ (159)

"ਫਲ ਲਾਗੇ ਹਰਿ ਰਸਨ **ਰਸਾਈ**।" (ਰਸ ਦੇਣ ਵਾਲੇ)

— ਆਸਾ **੪**, ੫੯, ੧ : ੨ (367)

2. ਰਸ ਮਈ ਕਰ ਲਈ, ਰੰਗ ਲਈ

"ਤਿੰਨਾ ਭਰਮੁ ਨ ਭੇਦੁ ਹੈ ਹਰਿ ਰਸਨ **ਰਸਾਈ**।"

— ਆਸਾ **੧**, ਅਸ ੨੦, ੭ : ੨ (421)

3. ਭਾਵ ਬਣਾਈ, ਭਖਾਈ

"ਦੁਇ ਪੁਰਿ ਜੋਰਿ **ਰਸਾਈ** ਭਾਠੀ ਪੀਉ ਮਹਾ ਰਸੁ ਭਾਰੀ।

— ਰਾਮ **ਕਬ**, ੨, ੨ : ੧ (969)

ਰਸਾਏ — 1. ਰਸ ਮਾਨਦਾ ਹੈ।

"ਮਨ ਇਕਤੁ ਘਰਿ ਆਣੈ ਸਭ ਗਤਿ ਮਿਤਿ ਜਾਣੈ ਹਰਿ ਰਾਮੋ ਨਾਮੁ **ਰਸਾਏ**।"

— ਆਸਾ **੪**, ਛੰਤ ੯, ੫ : ੩ (443)

2. ਰਸ ਮਈ ਕੀਤੇ

"ਰਸਨ **ਰਸਾਏ** ਨਾਮਿ ਤਿਸਾਏ ਗੁਰ ਕੇ ਸਬਦਿ ਵਿਕਾਣੇ।"

— ਧਨਾ **੧**, ਛੰਤ ੨, ੪ : ੩ (688)

"ਨਾਨਕ ਰਸਨਿ **ਰਸਾਏ** ਰਾਤੇ ਰਵਿ ਰਹਿਆ ਪ੍ਰਭੁ ਸੋਈ।"

— ਪ੍ਰਭਾ **੧**, ੧੫, ੪ : ੨ (1332)

ਰਸਾਕ — ਰਸ ਪੈਦਾ ਕਰਨ ਵਾਲਾ, ਰਸੀਆ ਭਾਵ ਪ੍ਰੇਮੀ

"ਸੰਤ ਜਨਾ ਕੀ ਬਹੁਤੁ ਬਹੁ ਸੋਭਾ ਜਿਨ ਉਰਿ ਧਾਰਿਓ ਹਰਿ ਰਸਿਕ **ਰਸਾਕ**।"

— ਕਾਨ **੪**, ੪, ੨ : ੧ (1295)

ਰਸਾਤਲਿ — ਪਾਤਾਲ/ਨਰਕ ਵਿਚ

"ਚਿਤਿ ਨ ਆਇਓ ਪਾਰਬ੍ਰਹਮੁ ਤਾ ਖੜਿ **ਰਸਾਤਲਿ** ਦੀਤਾ।" — ਸਿਰੀ **੫**, ਅਸ ੨੬, ੭ : ੪ (71)

"ਗਿਰਿਓ ਜਾਇ **ਰਸਾਤਲਿ** ਪਰਿਓ ਛਿਟੀ ਛਿਟੀ ਸਿਰ ਭਾਰੈ।" (ਭਾਵ ਬਹੁਤ ਹੇਠਾਂ)

— ਸਾਰ **੫**, ੧੦, ੩ : ੨ (1205)

ਰਸਾਦੰ — ਰਸ ਚਖਣਾ, ਸੁਆਦ ਚਖਣਾ

"ਬ੍ਰਹਮ ਕਮਲ ਮਧੁ ਤਾਸੁ **ਰਸਾਦੰ** ਜਾਗਤ ਨਾਹੀ ਸੂਤਾ।" — ਗੂਜ **੧**, ਅਸ ੧, ੭ : ੨ (503)

ਰਸਾਲ — 1. ਰਸਵਾਲਾ, ਰਸੀਲਾ, ਸੁਆਦਲਾ

"ਗਗਨਿ **ਰਸਾਲ** ਚੁਐ ਮੇਰੀ ਭਾਠੀ।"

— ਗਉ ਕਬ, ੨੨, ੧ : ੧ (328)

"ਮਸਤਕੁ ਅਪਨਾ ਭੇਟ ਦੇਉ ਗੁਨ ਸੁਨਉ **ਰਸਾਲ**।"

— ਬਿਲਾ **੫**, ੪੧, ੧ :੨ (810)

2. ਰਸ ਦਾ ਘਰ , ਸੁਖਾਂ ਦਾ ਭੰਡਾਰ,

"ਕ੍ਰਿਪਾਲ ਦਇਆਲ **ਰਸਾਲ** ਗੁਣ ਨਿਧਿ ਕਰਿ ਦਇਆ ਸੇਵਾ ਲਾਈਐ।"

— ਆਸਾ **੫**, ਛੰਤ ੬, ੧ : ੫ (456)

ਰਸਾਲਾ — ਰਸ ਵਾਲਾ

"ਹਿਰਦੈ ਨਾਮੁ ਦੇ ਨਿਰਮਲ ਕੀਏ ਨਾਨਕ ਰੰਗਿ **ਰਸਾਲਾ** ਜੀਉ।"

— ਮਾਝ **੫**, ੧੫, ੪ : ੩ (99)

"ਸਾਧ ਗਾਵਹਿ ਗੁਣ ਸਦਾ **ਰਸਾਲਾ**।" (ਰਸ ਵਾਲੇ/ ਅਨੰਦੀ ਗੁਣ) — ਸੂਹੀ ੫, ੩੨, ੧*: ੨ (743)

ਹੋਰ ਰੂਪ — ਰਸਾਲੀ —

"ਨਾਨਕ ਦਾਨੁ ਕੀਆ ਦੁਖ ਭੰਜਨਿ ਰਤੇ ਰੰਗਿ **ਰਸਾਲੀ** ਜੀਉ।" (ਰਸਾਂ ਵਾਲੇ ਹਰੀ)

— ਮਾਝ **੫**, ੩੯, ੪ : ੩ (106)

ਰਸਾਲੁ —

"ਰਸਿ ਰਸਿ ਰਾਮੁ **ਰਸਾਲੁ** ਸਲਾਹਾ।" (ਰਸਾਂ ਦਾ ਘਰ, ਰਸੀਲਾ)

— ਜੈਤ **੪**, ੯, ੧ : ੧ (699)

ਰਸਾਲੇ —

"ਸੇਈ ਤੁਧਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ **ਰਸਾਲੇ**।" (ਰਸ ਵਾਲੇ, ਰਸੀਏ)

— ਜਪੁ **੧**, ੨੭ : ੧੫ (6)

ਰਸਿ — 1. ਖੁਸ਼ ਹੋ ਕੇ

"ਜਿੰਨਾ ਸਤਗੁਰੁ **ਰਸਿ** ਮਿਲੈ ਸੇ ਪੂਰੇ ਪੁਰਖ ਸੁਜਾਣ।"

— ਸਿਰੀ **੧**, ੨੨, ੪ : ੧ (੨੨)

('ਮਹਾਨ ਕੋਸ਼' ਅਰਥ 'ਰਹਸ', 'ਗੁਪਤ ਸਿਧਾਂਤ' ਕਰਦਾ ਹੈ)

"ਧਨ ਪਿਰ ਨੇਹੁ ਘਣਾ **ਰਸਿ** ਪ੍ਰੀਤਿ ਦਇਆਲਾ ਰਾਮ।" — ਆਸਾ **੧**, ਛੰਤ ੧, ੧ : ੨ (435)

2. ਰਸ ਨਾਲ, ਪ੍ਰੇਮ ਨਾਲ

"ਜਿਹਵਾ ਰਤੀ ਸਬਦਿ ਸਚੈ ਅੰਮ੍ਰਿਤੁ ਪੀਵੈ **ਰਸਿ** ਗੁਣ ਗਾਇ।"

— ਸਿਰੀ **੩**, ੫੮, ੨ : ੩ (36)

"ਪਿਰੁ ਰਲੀਆ **ਰਸਿ** ਮਾਣਸੀ ਸਾਚਿ ਸਬਦਿ ਸੁਖੁ ਨੇਹਿ।"

— ਸਿਰੀ **੧**, ਅਸ ੫, ੧* : ੨ (56)

"**ਰਸਿ** ਰਸਿਆ ਹਰਿਆ ਸਦਾ ਪਕੈ ਕਰਮਿ ਧਿਆਨਿ।"

— ਮਾਝ **੧**, ਵਾਰ ੨੦ਸ, **੧**, ੧ : ੨ (147)

3. ਰਸ ਵਿਚ, ਅਨੰਦ ਵਿਚ, ਸੁਆਦ ਵਿਚ

"ਵਿਛੁੜਿਆ ਗੁਰੁ ਮੇਲਸੀ ਹਰਿ **ਰਸਿ** ਨਾਮ ਪਿਆਰਿ।"

— ਸਿਰੀ **੧**, ਅਸ ੧੨, ੩ : ੧ (60)

"ਜਿਉ ਮੈਗਲੁ ਇੰਦ੍ਰੀ **ਰਸਿ** ਪ੍ਰੇਰਿਓ ਤੂ ਲਾਗਿ ਪਰਿਓ ਕੁਟੰਬਾਇਲੇ।"

— ਗੋਂਡ **੫**, ੨, ੨ : ੧ (862)

4. ਸੁਆਦ ਲਾ ਲਾ ਕੇ, ਸੁਆਦ ਨਾਲ

"ਹਰਿ ਰੰਗੁ ਚੜਿਆ ਅਤਿ ਅਪਾਰਾ ਹਰਿ **ਰਸਿ ਰਸਿ** ਗੁਣ ਗਾਵਣਿਆ।"

— ਮਾਝ **੩**, ਅਸ ੧੩, ੬ : ੩੨ (117)

"ਜਬ ਦੇਖਾਂ ਪਿਰੁ ਪਿਆਰਾ ਹਰਿ ਗੁਣ **ਰਸਿ** ਰਵਾ ਰਾਮਾ।"

— ਤੁਖਾ **੪**, ਛੰਤ ੧, ੨ : ੧ (1113)

5. ਰਸ ਤੋਂ, ਅਰਕ ਤੋਂ

"ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ **ਰਸਿ** ਅਮਿਉ ਚੁਆਈਐ।"

— ਆਸਾ **੧**, ੩੮, ੧ : ੨ (360)

6. ਸੁਆਦ ਭਾਵ ਮੋਹ

"ਮਾਤ ਪਿਤਾ ਭਾਈ ਸੁਤ ਬਨਿਤਾ ਤਾ ਕੈ **ਰਸਿ** ਲਪਟਾਨਾ।"

— ਧਨਾ **੯**, ੨, ੧ : ੧ (685)

7. ਰਸ ਭਰੀ

"ਸੇਜ ਸੁਹਾਵੀ **ਰਸਿ** ਬਨੀ।" (ਭਾਵ ਸੋਹਣੀ)

— ਬਸੰ **੫**, ੧੪, ੩ : ੧ (1184)

8. ਰਸ ਕੇ, ਅਨੰਦਿਤ ਹੋ, ਸਰਸ਼ਾਰ ਹੋ

"ਦਰਸਨ ਦੇਖਤ ਹੀ ਮਨੁ ਮਾਨਿਆ ਜਲ **ਰਸਿ** ਕਮਲ ਬਿਗਾਸੀ।" (ਮਹਾਨਕੋਸ਼ ਇਥੇ ਅਰਥ 'ਰਿਸ਼ਮ' ਕਰਦਾ ਹੈ)

— ਸਾਰ **੧**, ੨, ੧ : ੨ (1197)

ਹੋਰ ਰੂਪ — ਰਸਿਆ —

"ਰਸਿ **ਰਸਿਆ** ਭਰਿਆ ਸਦਾ ਪਕੈ ਕਰਮਿ ਧਿਆਨਿ।" (ਭਰਿਆ ਜਾ ਕੇ, ਸਰਸ਼ਾਰ ਹੋ)

— ਮਾਝ **੧**, ਵਾਰ ੨੦ਸ, **੧**, ੧ : ੨ (147)

"ਸਹਜ ਕਥਾ ਮਹਿ ਆਤਮੁ **ਰਸਿਆ**।" (ਸੁਆਦ ਲੈਂਦਾ ਹੈ।)

— ਗਉ **੫**, ਅਸ ੩, ੬ : ੩ (237)

"ਅੰਮ੍ਰਿਤ ਨਾਮੁ ਤਹਾ ਜੀਅ **ਰਸਿਆ**।" (ਖੁਸ਼ ਹੋਇਆ)

— ਗਉ **੫**, ਬਾਅ ੨੮ : ੬ (256)

"ਮਨ ਹਰਿ ਹਰਿ ਵਸਿਆ ਗੁਰਮਤਿ ਹਰਿ **ਰਸਿਆ** ਹਰਿ ਹਰਿ ਰਸ ਗਟਾਕ ਪੀਆਉ ਜੀਉ।" (ਰਸ ਭਰਪੂਰ ਹੋਇਆ)

— ਆਸਾ **੪**, ਛੰਤ ੧੩, ੧ : ੫ (447)

9. ਭਾਵ ਜਲ

"ਗਿਆਨਿ ਮਹਾ **ਰਸਿ** ਨਾਈਐ ਭਾਈ ਮਨੁ ਤਨੁ ਨਿਰਮਲ ਹੋਇ।"

— ਸੋਰ **੧**, ਅਸ ੪, ੫ : ੨ (637)

ਰਸਿਆ — 1. ਚੋਇਆ, ਰਿਸਿਆ

"ਸੋਈ ਨਾਮੁ ਸਿਮਰਿ ਗੰਗੇਵ ਪਿਤਾਮਹ ਚਰਣ ਚਿਤ ਅੰਮ੍ਰਿਤ **ਰਸਿਆ**।"

— ਸਵ **੩**, ੪ : ੨ (1393)

2. ਭਰੀ ਕੇ, ਸਰਸ਼ਾਰ ਹੋ, ਵੇਖੋ ਰਸਿ (8)
3. ਸੁਆਦ ਲੈਂਦਾ ਹੈ, ਵੇਖੋ ਰਸਿ (8)
4. ਖੁਸ਼ ਹੋਇਆ, ਵੇਖੋ ਰਸਿ (8)
5. ਰਸ ਭਰਪੂਰ ਹੋਇਆ, ਵੇਖੋ ਰਸਿ (8)

ਰਸਿਕ — 1. ਰਸੀਆ, ਰਸ ਵਾਲਾ

"ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ **ਰਸਿਕ** ਬੈਰਾਗੀ।"

— ਗਉ **੫**, ੧੧੯*, ੨ : ੧ (204)

2. ਸੁਆਦ ਲਾ ਲਾ ਕੇ (ਸ਼ਬਦਾਰਥ)

"ਗਿਆਨ ਧਿਆਨ ਮਾਨ ਦਾਨ ਮਨ **ਰਸਿਕ** ਰਸਨ ਨਾਮ ਜਪਤ ਤਹ ਪਾਪ ਖੰਡਲੀ।"

— ਕਲਿ **੫**, ੫, ੧ : ੨ (1322)

"ਰਾਮ ਰਾਮ ਰਾਮ ਰੰਗਿ ਰਾਤੇ **ਰਸਿਕ** ਗਟਕ ਨਿਤ ਪੀਜੈ।"

— ਕਲਿ **੪**, ਅਸ ੧, ੫ : ੨ (1323)

('ਦਰਪਣ', 'ਨਿਰਣੈ' ਇਥੇ ਦੁਹਾਂ ਥਾਵਾਂ ਤੇ ਅਰਥ 'ਰਸੀਆ' ਹੀ ਕਰਦੇ ਹਨ।)

ਰਸਿਕ ਰਸਾਕ — ਰਸੀਆ ਨੂੰ ਰਸ ਦੇਣ ਵਾਲਾ ਭਾਵ ਵਾਹਿਗੁਰੂ

"ਸੰਤ ਜਨਾ ਕੀ ਬਹੁਤ ਬਹੁ ਸੋਭਾ ਜਿਨ ਉਰਿ ਧਾਰਿਓ ਹਰਿ **ਰਸਿਕ ਰਸਾਕ**।"

— ਕਾਨ **੪**, ੪, ੨ : ੧ (1295)

ਰਸਿਕੁ — ਰਸੀਆ

"ਤਿਤੁ ਨਾਮਿ **ਰਸਿਕੁ** ਨਾਨਕੁ ਲਹਣਾ ਥਪਿਓ ਜੇਨ ਸ੍ਰਬ ਸਿਧੀ।" (ਰਸੀਆ)

— ਸਵ **੧**, ੧ : ੩ (1392)

ਰਸਿ ਭਿੰਨੇ — ਪ੍ਰੇਮ ਵਿਚ ਭਿਜੇ

"ਮੇਰਾ ਮਨੁ ਤਨੁ ਬਹੁਤੁ ਬੈਰਾਗਿਆ ਹਰਿ ਨੈਣ **ਰਸਿ ਭਿੰਨੇ**।"

— ਆਸਾ **੪**, ਛੰਤ ੧੬, ੩ : ੨ (449)

ਰਸੀ — ਰਸ ਵਾਲੀ ਹੋਈ, ਅਨੰਦਿਤ ਹੋਈ

"ਸਾ ਧਨ ਹਰਿ ਕੈ ਰਸਿ **ਰਸੀ** ਗੁਰ ਕੈ ਸਬਦਿ ਅਪਾਰੇ ਰਾਮ।"

— ਆਸਾ **੩**, ਛੰਤ ੬, ੪ : ੨ (440)

ਰਸੀਅਹਿ — ਰਸ ਵਾਲਾ ਹੋ,

"ਗੁਣ ਗਾਇ ਰਾਮ ਰਸਾਇ **ਰਸੀਅਹਿ** ਗੁਰ ਗਿਆਨ ਅੰਜਨੁ ਸਾਰ ਹੇ।"

— ਤੁਖਾ **੧**, ਛੰਤ ੬, ੩ : ੩ (1113)

ਰਸੀਅਨ — ਰਸ ਲੈਣ ਵਾਲਿਆਂ, ਸੁਹਜ ਸੁਆਦ ਵਾਲਿਆਂ

"ਤੇਜਨ ਮਹਿ ਤੇਜਵੰਸੀ ਕਹੀਅਹਿ **ਰਸੀਅਨ** ਮਹਿ ਰਾਤਾ।" — ਗੂਜ **੫**, ਅਸ ੧, ੨ : ੨ (507)

ਰਸੀਅੜਾ — ਰਸੀਆ, ਰਸ ਲੈਣ ਵਾਲਾ

"ਇਕ ਅਧੁ ਨਾਇ **ਰਸੀਅੜਾ** ਕਾ ਵਿਰਲੀ ਜਾਇ ਵੁਠੀ।" — ਗਉ **੫**, ੧੬੯*, ੩ : ੨ (218)

ਰਸੀਆ — 1. (ਸ. ਰਸਿਨ੍) ਰਸੀਲਾ, ਜਿਸ ਵਿਚ ਰਸ ਹੋਵੇ।

"ਆਪੇ **ਰਸੀਆ** ਆਪਿ ਰਸੁ ਆਪੇ ਰਾਵਣਹਾਰੁ।"

— ਸਿਰੀ **੧**, ੨੫, ੧ : ੧ (23)

"ਆਪੇ **ਰਸੀਆ** ਆਪੇ ਰਾਵੇ ਜਿਉ ਤਿਸ ਦੀ ਵਡਿਆਈ।"

— ਸੂਹੀ **੧**, ਛੰਤ ੩, ੩ : ੪ (765)

2. ਰਸ ਭੋਗਣ ਵਾਲਾ

"ਤੂੰ ਨਿਰਬਾਣੁ **ਰਸੀਆ** ਰੰਗਿ ਰਾਤਾ।"

— ਮਾਝ **੫**, ੨੮, ੩ : ੨ (102)

ਹੋਰ ਰੂਪ — ਰਸੀਆਂ —
"ਨਾਗਾਂ ਮਿਰਗਾਂ ਮਛੀਆਂ **ਰਸੀਆਂ** ਘਰਿ ਧਨੁ ਹੋਇ।"
— ਮਲਾ **੧**, ਵਾਰ ੨੫, **੧**, ੧ : ੨ (1279)

ਰਸੀਕ — ਰਸੀਏ
"ਇਕੁ ਖਿਨੁ ਹਰਿ ਪ੍ਰਭਿ ਕਿਰਪਾ ਧਾਰੀ ਗੁਨ ਗਾਏ ਰਸਕ **ਰਸੀਕ**।"
— ਪ੍ਰਭਾ **੪**, ੩, ੧ : ੧ (1336)

ਰਸੀਣਾ — ਰਸੀ ਰਹਿੰਦੀ ਹੈ
"ਸਤੁ ਬੰਧਿ ਕੁਪੀਨ ਭਰਿਪੁਰਿ ਲੀਣਾ ਜਿਹਵਾ ਰੰਗਿ **ਰਸੀਣਾ**।" — ਰਾਮ **੧**, ਅਸ ੮, ੩ : ੧ (907)

ਰਸੀਦ — (ਫ਼ਾ. ਰਸੀਦਹ) ਪੁਜਾ ਹੋਇਆ
"ਸੇਖ ਮਸਾਇਕ ਕਾਜੀ ਮੁਲਾ ਦਰਿ ਦਰਵੇਸ **ਰਸੀਦ**।" — ਸਿਰੀ **੧**, ਅਸ ੧, ੩ : ੧ (53)

ਰਸੁ — 1. ਸੁਆਦ ਲੈਣ ਯੋਗ ਪਦਾਰਥ, ਰਸਦਾਇਕ ਪਦਾਰਥ
"ਜਿਸਹਿ ਜਗਾਇ ਪੀਆਵੈ ਇਹੁ **ਰਸੁ** ਅਕਥ ਕਥਾ ਤਿਨਿ ਜਾਨੀ।"
— ਗਉ **੫**, ਸੋਹ ੫, ੨ : ੨ (13)
"**ਰਸੁ** ਅੰਮ੍ਰਿਤ ਨਾਮ **ਰਸੁ** ਅਤਿ ਭਲਾ ਕਿਤੁ ਮਿਲੈ **ਰਸੁ** ਖਾਇ।" — ਸਿਰੀ **੪**, ੬੯, ੧ : ੧ (41)

2. ਭੋਗਣ ਯੋਗ ਪਦਾਰਥ
"**ਰਸੁ** ਸੁਇਨਾ **ਰਸੁ** ਰੁਪਾ ਕਾਮਣਿ **ਰਸੁ** ਪਰਮਲ ਕੀ ਵਾਸੁ।" — ਸਿਰੀ **੧**, ੪, ੨ : ੧ (15)

3. ਸੁਆਦ, ਜ਼ਾਇਕਾ
"ਜਿਨਾ ਭਾਣੇ ਕਾ **ਰਸੁ** ਆਇਆ।"
— ਸਿਰੀ **੧**, ਅਸ ੨੮, ੧੦ : ੧ (72)
"ਜਬ ਲਗੁ **ਰਸੁ** ਤਬ ਲਗ ਨਹੀ ਨੇਹੁ।" (ਮਾਇਆ ਦਾ ਸੁਆਦ)
— ਗਉ **ਕਬ**, ੨੩, ੧* : ੨ (328)

4. (ਨਿਚੋੜ ਕੇ ਕੱਢਿਆ) ਤਰਲ ਪਦਾਰਥ, ਰਹੁ
"**ਰਸੁ** ਕਸੁ ਟਟਰਿ ਪਾਈਐ ਤਪੈ ਤੈ ਵਿਲਲਾਇ।"
— ਮਾਝ **੧**, ਵਾਰ ੧੧ਸ, **੧**, ੨ : ੩ (143)
"ਭਉ ਸੀਗਾਰੁ ਤੰਬੋਲ **ਰਸੁ** ਭੋਜਨ ਭਾਉ ਕਰੇਇ।"
— ਸੂਹੀ **੩**, ਵਾਰ ੯ਸ, **੩**, ੧ : ੫ (788)

5. ਅਨੰਦ
"ਮਰਣ ਰਹਣ **ਰਸੁ** ਅੰਤਰਿ ਭਾਏ।"
— ਗਉ **੧**, ਅਸ ੯, ੧ : ੨ (153)
"ਜਿਸਨੋ ਆਇਆ ਪ੍ਰੇਮ **ਰਸੁ** ਤਿਸੈ ਹੀ ਜਰਣੇ।"
— ਗਉ **੫**, ਵਾਰ ੯ : ੩ (320)
"ਨਾ ਬੀਚਾਰਿਓ ਰਾਜਾ ਰਾਮ ਕੋ **ਰਸੁ**।" (ਸੁਆਦ, ਅਨੰਦ) — ਸੋਰ **ਰਵਿ**, ੩, ੧* : ੧ (658)

6. ਸਾਰ, ਤਤ (ਮਹਾਨ ਕੋਸ਼, ਨਿਰਣੈ)
"ਸਭਹੂ ਕੋ **ਰਸੁ** ਹਰਿ ਹੋ।"
— ਗਉ **੫**, ੧੫੫, ੧* : ੧ (213)

7. ਮਿਠਾਸ
"ਸਾਧ ਸਭਾ ਮਹਿ ਸਹਜੁ ਨ ਚਾਖਿਆ ਜਿਹਬਾ **ਰਸੁ** ਨਹੀ ਰਾਈ।"
— ਸੋਰ **੩**, ੩, ੩ : ੧ (596)

8. ਭਾਵ ਸ਼ਹਿਦ
"ਜਿਉ ਮਧੁ ਮਾਖੀ ਤਿਉ ਸਠੋਰਿ **ਰਸੁ** ਜੋਰਿ ਜੋਰਿ ਧਨੁ ਕੀਆ।"
— ਸੋਰ **ਕਬ**, ੨, ੨ : ੧ (654)

9. ਪ੍ਰੇਮ, ਪਿਆਰ
"ਜਿਨੁ ਕਉ ਪੂਰਬਿ ਲਿਖਿਆ **ਰਸੁ** ਸੰਤ ਜਨਾ ਸਿਉ ਤਿਸੁ।"
— ਬਿਲਾ **੧**, ਵਾਰ ੧੨ਸ, **੫**, ੨ : ੬ (854)

10. ਜੀਵਨ, ਸਤਾ
"ਮਨ ਕਾ ਜੀਉ ਪਵਨੁ ਕਥੀਅਲੇ ਪਵਨੁ ਕਹਾ **ਰਸੁ** ਖਾਈ।"
— ਰਾਮ **੧**, ਸਿਗੋ ੬੧ : ੧ (944)
"ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ **ਰਸੁ** ਸੋਖੈ।"
— ਤੁਖਾ **੧**, ਬਾਰਾ ੧੪ : ੧ (1109)

11. ਭਾਵ ਪਾਣੀ
"ਅਗਨਿ **ਰਸੁ** ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ।"
— ਤੁਖਾ **੧**, ਬਾਰਾ ੮ : ੩ (1108)

ਰਸੁਨਥੇ — ਜੀਭਾ ਵਾਲੇ
"ਰਸਨਾ ਏਕ ਜਸੁ ਗਾਇ ਨ ਸਾਕੈ ਬਹੁ ਕੀਜੈ ਬਹੁ **ਰਸਨਥੇ**।" — ਕਲਿ **੪**, ੩, ੧ : ੧ (1320)

ਰਸੂਆ — ਸੁਆਦ, ਰਸ
"ਛੋਡਿ ਛੋਡਿ ਰੇ ਬਿਖਿਆ ਕੇ **ਰਸੂਆ**।"
— ਗਉ **੫**, ੧੨੨*, ੧* : ੧ (206)

ਰਸੂਲਿ — (ਫ਼ਾ. ਰਸੂਲੀ) ਪੈਗੰਬਰ ਦੀ (ਸਿਖਿਆ)

(ਮਹਾਨਕੋਸ਼)
"ਦੋਜਕਿ ਪਉਦਾ ਕਿਉ ਰਹੈ ਜਾ ਚਿਤਿ ਨ ਹੋਇ **ਰਸੂਲਿ**।"
— ਗਉ **੫**, ਵਾਰ ੮ਸ, **੫**, ੨ : ੨ (320)

ਰਸੇ — ਮਸਤ ਹਨ, ਰੁਝੇ ਹੋਏ ਹਨ
"ਤੀਨਿ ਗੁਣਾ ਕੈ ਸੰਗਿ ਰਚਿ **ਰਸੇ**।"
— ਗੋਂਡ **੫**, ੧੧, ੩ : ੩ (865)

ਰਸੇਰੇ — ਰਸ ਨਾਲ, ਅਨੰਦ ਨਾਲ
"ਹਰਿ ਗੁਣ ਗਾਵਹਿ ਰਸਨ **ਰਸੇਰੇ**।"
— ਮਾਰੂ **੧**, ਸੋਲਾ ੬, ੩ : ੨ (1025)
(ਮਹਾਨ ਕੋਸ਼ ਅਰਥ 'ਰਸ ਵਾਲੇ, ਰਸਦਾਇਕ' ਦਿੰਦਾ ਹੈ।)

ਰਸੈ — 1. ਰਸ ਨਾਲ
"ਤਹਾ ਸੰਗਤਿ ਸਾਧ ਗੁਣ **ਰਸੈ**।"
— ਗਉ **੫**, ਅਸ ੪, ੬ : ੩ (237)
2. ਮਸਤ ਹੋਏ, ਰੁਝ ਗਏ
"ਅਨਦ ਕੇਲ ਮਾਇਆ ਰੰਗਿ **ਰਸੈ**।"
— ਗਉ **੫**, ਸੁਖ ੪, ੭ : ੪ (267)
3. ਰਸਨਾ ਤੋਂ, ਮੁਖ ਤੋਂ
"ਨਾਨਕ ਉਧਰੈ ਸਾਧ ਸੁਨਿ **ਰਸੈ**।"
— ਗਉ **੫**, ਸੁਖ ੭, ੬ : ੧੦ (272)
4. ਰਸਦਾ ਹੈ, ਸਿੰਜਰ ਜਾਂਦਾ ਹੈ।
"ਭਉ ਬਿਨਸੈ ਅੰਮ੍ਰਿਤੁ **ਰਸੈ** ਰੰਗਿ ਰਤੇ ਨਿਰੰਕਾਰ।"
— ਗਉ **੫**, ਥਿਤੀ ੪ : ੫ (297)
5. ਰਸ ਨਾਲ ਭਰ ਜਾਂਦਾ ਹੈ
"ਤੂੰ ਵਸਹਿ ਮਨ ਮਾਹਿ ਸਹਜੇ ਰਸਿ **ਰਸੈ**।"
— ਸੂਹੀ **੧**, ਅਸ ੩, ੩ : ੨ (752)
6. ਰਸ ਮਾਨਦਾ ਹੈ।
"ਅਨਿਕ ਰੂਪ ਰੰਗ ਭੋਗ **ਰਸੈ**।"
— ਰਾਮ **੫**, ੨੬, ੧ : ੩ (890)
"ਨਾਨਾ ਪ੍ਰਕਾਰ ਜਿਨਿ ਜਗੁ ਕੀਓ ਜਨੁ ਮਥੁਰਾ ਰਸਨਾ **ਰਸੈ**।" (ਰਸ ਮਾਨਦਾ ਭਾਵ ਸਿਮਰਦਾ ਹੈ) — ਸਵ **੪**, ਮਥੁ ੧ : ੫ (1404)

ਹੋਰ ਰੂਪ — ਰਸੋ—
"ਪਤਿ ਨਾਮੁ ਪਾਵਹਿ ਘਰਿ ਸਿਧਾਵਹਿ ਝੋਲਿ ਅੰਮ੍ਰਿਤ ਪੀ **ਰਸੋ**।" (ਅਨੰਦ/ਰਸ ਮਾਨੇ)
— ਤੁਖਾ **੧**, ਛੰਤ ੬, ੪ : ੫ (1113)

ਰਸੋਇ — ਰਸੋਈ ਵਿਚ
"ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ **ਰਸੋਇ**।"
— ਆਸਾ **੧**, ਵਾਰ ੧੮ਸ, **੧**, ੧ : ੫ (472)

ਹੋਰ ਰੂਪ — ਰਸੋਈ —
"ਊਠਤ ਬੈਠਤ ਸੂਤਕੁ ਲਾਗੈ ਸੂਤਕੁ ਪਰੈ **ਰਸੋਈ**।"
— ਗਉ ਕਬ, ਅਸ ੪੧, ੨ : ੨ (331)

ਰਸੁਉ — ਰਸਾਇਆ, ਰਸਮਈ ਕੀਤਾ
"ਅੰਗਦਿ ਅਨੰਤ ਮੂਰਤਿ ਨਿਜਧਾਰੀ ਅਗਮ ਗ੍ਯਾਨਿ ਰਸਿ **ਰਸੁਉ** ਹੀਅਉ।"
— ਸਵ **੪**, ਬਲ ੨ : ੨ (1405)

ਰਹਉ — 1. ਰਹਿੰਦਾ ਹਾਂ
"ਅਨਦਿਨੁ ਜਪਤੁ **ਰਹਉ** ਤੇਰੀ ਸਰਣਾਇ।"
— ਗਉ **੧**, ਅਸ ੧੨, ੮ : ੨ (226)
"ਜਲ ਮਹਿ **ਰਹਉ** ਜਲਹਿ ਬਿਨੁ ਖੀਨੁ।"
— ਗਉ **ਕਬ**, ੨, ੧ : ੨ (323)
"ਵਰਤ ਨ **ਰਹਉ** ਨ ਮਹ ਰਮਦਾਨਾ।" (ਰਹਿੰਦਾ ਭਾਵ ਰਖਦਾ) — ਭੈਰ **੫**, ੩, ੧ : ੧ (1136)
2. ਰਹਾਂ
"ਮੇਰੀ ਮਤਿ ਬਉਰੀ ਮੈ ਰਾਮੁ ਬਿਸਾਰਿਓ ਕਿਨ ਬਿਧਿ ਰਹਨਿ **ਰਹਉ** ਰੇ।"
— ਆਸਾ **ਕਬ**, ੨੫, ੧* : ੨ (482)

ਰਹਈ — 1. ਰਹਿੰਦਾ ਭਾਵ ਮਿਟਦਾ
"ਬਿਨ ਗੁਰ ਪੂਰੇ ਜਨਮ ਮਰਣੁ ਨ **ਰਹਈ** ਫਿਰਿ ਆਵਤ ਬਾਰੋ ਬਾਰਾ।"
— ਸੋਰ **੫**, ੯, ੧* : ੨ (611)
2. ਰਹਿੰਦਾ
"ਚੰਚਲ ਚੀਤੁ ਨ **ਰਹਈ** ਠਾਇ।"
— ਰਾਮ **੧**, ਓਅੰ ੨੩ : ੧ (932)

ਰਹਸ — ਅਨੰਦ
"**ਰਹਸ** ਰੰਗ ਫੁਰਮਾਇਸਿ ਕਾਈ।"
— ਪ੍ਰਭਾ **੧**, ੧੪, ੧ : ੨ (1331)

ਰਹਸਾਉ — ਅਨੰਦ
"ਕਢਉ ਸੇਵਾ ਸਤ ਪੁਰਖ ਪਿਆਰੇ ਜਤ ਸੁਨੀਐ ਤਤ ਮਨਿ **ਰਹਸਾਉ**।"

— ਕੇਦਾ **੫**, ੪, ੧ : ੧ (1120)

ਰਹਸਾਏ — ਅਨੰਦਤ ਹੋਇਆ, ਖੁਸ਼ ਹੋਇਆ
"ਗੁਰ ਗਿਆਨੁ ਮਨਿ ਦ੍ਰਿੜਾਏ **ਰਹਸਾਏ** ਨਹੀ ਆਏ ਸਹਜਾਏ ਮਨਿ ਨਿਧਾਨੁ ਪਾਏ।"
— ਆਸਾ **੫**, ੧੫੩, ੨: ੧ (408)

ਰਹਸਿ — ਖੁਸ਼ ਹੋ ਕੇ, ਖਿੜ ਕੇ
"ਮਨੁ ਦੇ ਲੀਆ **ਰਹਸਿ** ਗੁਣ ਗਾਈ।"
— ਗਉ **੧**, ਅਸ ੨, ੩ : ੩ (221)
"ਸੇਵਾ ਸੁਰਤਿ **ਰਹਸਿ** ਗੁਣ ਗਾਵਾ ਗੁਰਮੁਖਿ ਗਿਆਨੁ ਬੀਚਾਰਾ।" (ਭਾਵ ਟਿਕਾਉ ਨਾਲ, ਪੂਰੇ ਖਿੜਾਉ ਵਿਚ) — ਮਲਾ **੧**, ੩, ੩ : ੧ (1255)

ਰਹਸਿਆੜੀ — ਹਰਸ਼ਵੰਤ, ਸੁਖੀ, ਅਨੰਦਿਤ, ਸਹਰਸ਼
"ਮੈ ਪਿਰੁ ਸਚੁ ਸਾਲਾਹਣਾ ਹਉ **ਰਹਸਿਆੜੀ** ਨਾਮਿ ਭਤਾਰੇ।" — ਵਡ **੧**, ਮਲਾ ੩, ੨ : ੪ (581)

ਰਹਸਿਆ — ਖੁਸ਼ ਹੋਇਆ/ਖਿੜਿਆ ਹੈ
"ਸਤਿਗੁਰਿ ਤੁਠੈ ਨਾਉ ਪ੍ਰੇਮਿ **ਰਹਸਿਆ**।"
— ਮਾਝ **੧**, ਵਾਰ ੧੮ : ੪ (146)
"ਖਸਮਹੁ ਪੂਰਾ ਪਾਇ ਮਨਹੁ **ਰਹਸਿਆ**।" (ਅਨੰਦਿਤ ਹੋਇਆ)
— ਮਾਝ **੧**, ਵਾਰ ੨੩ : ੩ (148)

ਰਹਸੀ — 1. ਰਹੇ ਗਾ
"ਸੁਕ੍ਰਿਤੁ ਕੀਤਾ **ਰਹਸੀ** ਮੇਰੇ ਜੀਅੜੇ ਬਹੁੜਿ ਨ ਆਵੈ ਵਾਰੀ।"
— ਗਉ **੧**, ੧੩, ੧* : ੧ (154)

2. ਅਨੰਦ ਹੋਈ
"ਗੁਣ ਗਾਇ ਮੰਗਲੁ ਪ੍ਰੇਮਿ **ਰਹਸੀ** ਮੁੰਧ ਮਨਿ ਓਮਾਹਓ।"
— ਗਉ **੧**, ਛੰਤ ੧, ੪ : ੩ (242)
"**ਰਹਸੀ** ਵੇਖਿ ਹਦੂਰਿ ਪਿਰਿ ਰਾਵੀ ਘਰਿ ਸੋਹੀਐ ਬਲਿਰਾਮ ਜੀਉ।" (ਖੁਸ਼ ਹੋਈ)
— ਸੂਹੀ **੧**, ਛੰਤ ੧, ੪ : ੨ (764)

ਹੋਰ ਰੂਪ — ਰਹੰਸੀ —
"ਹਰਿ ਮੋਹਿਅੜੀ ਸਾਚ ਸਬਦਿ ਠਾਕੁਰ ਦੇਖਿ **ਰਹੰਸੀ** ਰਾਮ।" (ਰਸ ਸਹਿਤ/ਪ੍ਰਸੰਨ ਹੋਈ)
— ਸੂਹੀ **੧**, ਛੰਤ ੩, ੨ : ੨ (765)

3. ਅਨੰਦ ਰੂਪ
"**ਰਹਸੀ** ਰਾਮੁ ਰਿਦੈ ਇਕ ਭਾਇ।"
— ਰਾਮ **੧**, ਓਅੰ ੧੦ : ੨ (931)

ਰਹਸੀਓ — ਰਹੇ ਗਾ
"ਰਾਜੇ ਰਯਤਿ ਸਿਕਦਾਰ ਕੋਇ ਨਾ **ਰਹਸੀਓ**।"
— ਮਾਝ **੧**, ਵਾਰ ੮ : ੧ (141)

ਰਹਸੀਐ — ਖੁਸ਼ ਹੋਵੈ, ਖਿੜੇ
"ਨਾਉ ਸੁਣਿ ਮਨੁ **ਰਹਸੀਐ** ਤਾ ਪਾਏ ਮੋਖ ਦੁਆਰੁ।"
— ਆਸਾ **੧**, ਵਾਰ ੧੦ਸ, **੧**, ੨ : ੪ (468)
"ਨਾਇ ਸੁਣਿਐ ਮਨੁ **ਰਹਸੀਐ** ਨਾਮੇ ਸਾਂਤਿ ਆਈ।" (ਭਾਵ ਟਿਕਾਉ ਵਿਚ ਆਵੇ)
— ਸਾਰ **੪**, ਵਾਰ ੬ : ੧ (1239)

ਰਹਸੁ — ਖਿੜਾਉ, ਖੁਸ਼ੀ, ਅਨੰਦ
"ਹਰਿ ਨਾਮੁ ਮਿਲਿਆ ਸੋਹਾਗਣੀ ਮੇਰੇ ਗੋਵਿੰਦਾ ਮਨਿ ਅਨਦਿਨੁ ਅਨਦ **ਰਹਸੁ** ਜੀਉ।"
— ਗਉ **੪**, ੬੬, ੩ : ੩ (173)
"ਰੂਪੁ ਰੰਗੁ **ਰਹਸੁ** ਨਹੀ ਸਾਚਾ ਕਿਉ ਛੋਡੈ ਜਮ ਜਾਲੋ।" — ਭੈਰ **੧**, ੩, ੧ : ੨ (1126)

ਰਹਸੇ — ਖਿੜੇ, ਖੁਸ਼ ਹੋਏ
"ਸਚਿ **ਰਹਸੇ** ਪੂਰੇ ਹਰਿ ਲੋਗ।"
— ਗਉ **੧**, ੬, ੫ : ੨ (153)

ਹੋਰ ਰੂਪ — ਰਹੰਸੇ —
"ਸਾਜਨ **ਰਹੰਸੇ** ਦੁਸਟ ਵਿਆਪੇ ਸਾਚੁ ਜਪਿ ਸਚੁ ਲਾਹਓ।" (ਪ੍ਰਸੰਨ ਹੋਏ,ਖਿੜੇ)
— ਗਉ **੧**, ਛੰਤ ੧, ੪ : ੪ (242)

ਰਹਸੈ —
"ਹਰਿ ਹਰਿ ਦਇਆ ਕਰਹੁ ਗੁਰੁ ਮੇਲਹੁ ਜਨ ਨਾਨਕ ਗੁਰ ਮਿਲਿ **ਰਹਸੈ** ਜੀਉ।"
— ਮਾਝ **੪**, ੨, ੪ : ੩ (94)

ਰਹਹਿ — ਰਹਿਣ, ਰਹਿੰਦੇ ਹਨ
"ਅਸੰਖ ਜੋਗ ਮਨਿ **ਰਹਹਿ** ਉਦਾਸ।"
— ਜਪੁ **੧**, ੧੭ : ੪ (4)
"ਬਿਨੁ ਸੰਗਤੀ ਸਭਿ ਐਸੇ **ਰਹਹਿ** ਜੈਸੇ ਪਸੁ ਢੋਰ।"
— ਆਸਾ **੩**, ਅਸ ੩੧, ੬ : ੧ (427)

ਰਹਹੁ — 1. ਰਹੋ, ਰਵੋ
"ਸਤਿਗੁਰਿ ਸਚੁ ਦ੍ਰਿੜਾਇਆ ਸਚਿ **ਰਹਹੁ** ਲਿਵ ਲਾਇ।"

— ਸਿਰੀ **੪**, ਵਾਰ ੫ ਸ, **੩**, ੨ : ੨ (84)

2. ਮੈ ਰਹਾਂ, ਰਵਾਂ
"ਗੁਰਮਤਿ ਰਾਮ ਨਾਮੁ ਪਰਗਾਸਹੁ ਸਦਾ **ਰਹਹੁ** ਸਰਣਾਈ।"
— ਸੋਰ **੪**, ੯, ੧* : ੨ (607)

3. ਰਹਿੰਦੇ ਹੋ
"ਕਵਣ ਕਥਾ ਲੇ **ਰਹੁਹ** ਨਿਰਾਲੇ।"
— ਰਾਮ **੧**, ਸਿਗੋ ੪੩ : ੩ (942)

ਰਹਣ — ਰਹਿਣ/ਵਿਚਰਣ ਦਾ
"ਮਰਣ **ਰਹਣ** ਰਸੁ ਅੰਤਰਿ ਭਾਇ।"
— ਗਉ **੧**, ੯, ੧ : ੨ (153)
"**ਰਹਣ** ਕਹਣ ਤੇ ਰਹੈ ਨ ਕੋਈ ਕਿਸੁ ਪਹਿ ਕਰਉ ਬਿਨੰਤੀ।" (ਰਹਿਣਾ ਹੈ)
— ਰਾਮ **੧**, ਓਅੰ ੧੧ : ੩ (931)
(ਮਹਾਨ ਕੋਸ਼ ਅਰਥ 'ਤਿਆਗ' ਕਰਦਾ ਹੈ।)

ਰਹਣਾ — ਰਹਿਣਾ, ਟਿਕਣਾ, ਵਸਣਾ
"ਪਗਿ ਖਿਸਿਐ **ਰਹਣਾ** ਨਹੀ ਆਗੈ ਠਉਰੁ ਨ ਪਾਇ।" — ਸਿਰੀ **੩**, ੩੭, ੪ : ੨ (28)
"ਨੀਤ ਨੀਤ ਘਰ ਬਾਂਧੀਅਹਿ ਜੇ **ਰਹਣਾ** ਹੋਈ।" (ਭਾਵ ਜਿਊਣਾ)
— ਆਸਾ **੧**, ਅਸ ੧੩, ੨ : ੧ (418)
"ਏਤੁ ਕਮਾਣੈ ਸਦਾ ਦੁਖ ਦੁਖ ਹੀ ਮਹਿ **ਰਹਣਾ**।" (ਜਿਊਣਾ)
— ਰਾਮ **੩**, ਵਾਰ ੧੩ਸ, **੩**, ੧ : ੪ (953)

ਰਹਣਿ — ਟਿਕਣ
"ਪਾਪੀਆ ਨੋ ਨ ਦੇਈ ਥਿਰੁ **ਰਹਣਿ** ਚੁਣਿ ਨਰਕ ਘੋਰਿ ਚਾਲਿਅਨੁ।"
— ਸਿਰੀ **੪**, ਵਾਰ ੧੯ : ੪ (91)

ਰਹਣੀ — ਰਹਿਤ
"ਕਥਨੀ ਝੂਠੀ ਜਗੁ ਭਵੈ **ਰਹਣੀ** ਸਬਦੁ ਸੁ ਸਾਰੁ।"
— ਸਿਰੀ **੧**, ਅਸ ੫, ੬ : ੩ (56)

ਰਹਣੁ — 1. ਰਹਿਣਾ
"ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ **ਰਹਣੁ** ਰਜਾਈ।" — ਜਪੁ **੧**, ੨੮ : ੨੭ (6)
"ਸਾਹਿਬੁ ਮੇਰਾ ਨਿਰਮਲਾ ਤਿਸੁ ਬਿਨੁ **ਰਹਣੁ** ਨ ਜਾਇ।" (ਰਿਹਾ, ਜੀਵਿਆ)
— ਸਿਰੀ **੫**, ੮੯, ੨ : ੧ (49)

2. ਪੇਸ਼ (ਜਾਣੀ), ਟਿਕ (ਸਕਨਾ)
"ਤਿਨ ਆਗਲੜੈ ਮੈ **ਰਹਣੁ** ਨ ਜਾਇ।"
— ਸਿਰੀ **ਤ੍ਰਿਲੋ**, ੨, ੧* : ੨ (92)

3. ਟਿਕਣਾ
"ਮਰਣੁ ਲਿਖਾਇ ਆਏ ਨਹੀ **ਰਹਣਾ**।"
— ਗਉ **੧**, ੯, ੧* : ੧ (153)
"ਹੋਛੀ ਸਰਣਿ ਪਇਆ **ਰਹਣੁ** ਨ ਪਾਈ।" (ਟਿਕਾਉ, ਰਹਿਣਾ)
— ਆਸਾ **੫**, ੪, ੩: ੩ (371)

4. ਨਿਵਾਸ, ਟਿਕਾਣਾ
"ਭਾਲਿ ਲਹਨਿ ਸਹੁ ਆਪਣਾ ਨਿਜ ਘਰਿ **ਰਹਣੁ** ਕਰੇਨਿ।"
— ਰਾਮ **੩**, ਵਾਰ ੬ਸ, **੩**, ੨ : ੪ (949)

ਰਹਤ — 1. ਮੁਕਤ, ਬਚਿਆ ਹੋਇਆ
"ਦੁਹਹੂੰ ਤੇ **ਰਹਤ** ਭਗਤੁ ਹੈ ਕੋਈ ਵਿਰਲਾ ਜਾਣਾ।"
— ਸਿਰੀ **੫**, ੯੬, ੧ : ੨ (51)
"ਰਾਮ ਸੇਵਕ ਭੈ **ਰਹਤ** ਕੀਨਾ।"
— ਗਉ **੫**,੧੪੪*, ੨ : ੨ (211)

2. ਰਹਿੰਦੇ ਹਨ
"ਭਗਉਤੀ **ਰਹਤ** ਜੁਗਤਾ।"
— ਸਿਰੀ **੫**, ੨੭, ੨ : ੧ (71)
"ਜਿਹ ਪ੍ਰਸਾਦਿ ਤੇਰਾ ਓਲਾ **ਰਹਤ**।"
— ਗਉ **੫**, ਸੁਖ ੬, ੩ : ੩ (270)

3. ਰਹਿਣੀ
"**ਰਹਤ** ਰਹਤ ਰਹਿ ਜਾਹਿ ਬਿਕਾਰਾ।"
— ਗਉ **੫**, ਬਾਅ ੪੪ : ੫ (259)
(ਦੂਜੇ 'ਰਹਤ' ਦੇ ਅਰਥ ਹਨ 'ਰਹਿਣ ਨਾਲ')
"**ਰਹਤ** ਅਵਰ ਕਛੁ ਅਵਰ ਕਮਾਵਤ।"
— ਗਉ **੫**, ਸੁਖ ੫, ੭ : ੧ (269)
"ਸਭੁ ਕਛੁ ਜਾਨੈ ਆਤਮ ਕੀ **ਰਹਤ**।"
— ਗਉ **੫**, ਸੁਖ ੫, ੮ : ੬ (269)
('ਮਹਾਨ ਕੋਸ਼' ਇਥੇ ਅਰਥ 'ਹਾਲਤ, ਦਸ਼ਾ' ਕਰਦਾ ਹੈ)
"ਸੰਤ **ਰਹਤ** ਸੁਨਹੁ ਮੇਰੇ ਭਾਈ।" (ਰਹਿਣੀ, ਮਰਯਾਦਾ)
— ਆਸਾ **੫**, ੮੮, ੧* : ੧ (392)

4. ਰਹਿਣ ਨਾਲ
"ਰਹਤ **ਰਹਤ** ਰਹਿ ਜਾਹਿ ਬਿਕਾਰਾ।"

— ਗਉ **ਪ**, ਬਾਅ ੪੪ : ੫ (259)

5. ਵਖਰਾ, ਬਿਨਾਂ
"ਉਪਾਵ ਸਿਆਨਪ ਸਗਲ ਤੇ **ਰਹਤ**।"
— ਗਉ **ਪ**, ਸੁਖ ੫, ੮ : ੫ (269)
"ਸੰਤ ਕਾ ਦੋਖੀ ਧਰਮ ਤੇ **ਰਹਤ**।" (ਕੋਰਾ, ਖਾਲੀ, ਵਿਹੂਣਾ)
— ਗਉ **ਪ**, ਸੁਖ ੧੩, ੬ : ੨ (280)

6. ਰਹਿੰਦਾ ਹੈ
"ਜਿਹ ਪ੍ਰਸਾਦਿ ਤੇਰਾ ਓਲਾ **ਰਹਤ**।"
— ਗਉ **ਪ**, ਸੁਖ ੬, ੩ : ੩ (270)
"ਕਰਤ ਫਿਰੇ ਬਨ ਭੇਖ ਮੋਹਨ **ਰਹਤ** ਨਿਰਾਰ।"
— ਦੇਵ **ਪ**, ੩੧, ੧* : ੧ (534)

7. ਨਿਵਾਸ, ਰਹਿਣੀ
"ਦਸਵੈ ਦੁਆਰਿ **ਰਹਤ** ਕਰੇ ਤ੍ਰਿਭਵਣ ਸੋਝੀ ਪਾਇ।" — ਗੂਜ **੩**, ੫, ੩ : ੨ (490)

8. ਰਹਿੰਦੀ, ਟਿਕਦੀ
"ਬਾਰੂ ਭੀਤਿ ਬਨਾਈ ਰਚਿ ਪਚਿ **ਰਹਤ** ਨਹੀ ਦਿਨ ਚਾਰਿ।"
— ਸੋਰ **੯**, ੮, ੧ : ੧ (633)

9. ਦੂਰ ਹੋ ਗਏ, ਮੁਕ ਗਏ
"**ਰਹਤ** ਉਪਾਧਿ ਸਮਾਧਿ ਸੁਖ ਆਸਨ ਭਗਤਿ ਵਛਲੁ ਗ੍ਰਿਹਿ ਪਾਇਓ।"
— ਸਾਰ **ਪ**, ੫੩, ੧ : ੨ (1215)

10. ਰਹਿਤ ਰਖਣ ਵਾਲੇ
"ਕਹਤ ਮੁਕਤ ਸੁਨਤ ਮੁਕਤ **ਰਹਤ** ਜਨਮ ਰਹਤੇ।"
— ਸਾਰ **ਪ**, ੧੩੩, ੨ : ੩ (1230)

ਰਹੰਤ — 1. ਮੁਕ ਜਾਂਦੇ ਹਨ
"ਬਿਨਵੰਤਿ ਨਾਨਕ ਸਿਮਰਿ ਜੀਵਾ ਜਨਮ ਮਰਣ **ਰਹੰਤ** ਜੀਉ।" — ਰਾਮ **ਪ**, ਰੁਤੀ ੧ : ੬ (927)

2. ਰਹਿੰਦਾ ਹੈ
"**ਰਹੰਤ** ਸੰਗ ਭਗਵਾਨ ਸਿਮਰਣ ਨਾਨਕ ਲਬਧੵੰ ਅਚੁਤ ਤਨਹ।"
— ਸਸ **ਪ**, ੧ : ੪ (1354)

ਰਹਤਉ — ਰਹਿੰਦਾ ਹੈ, ਵਸਦਾ ਹੈ
"ਰੂਪੁ ਨ ਰੇਖਿਆ ਜਾਤਿ ਨ ਹੋਤੀ ਤਉ ਅਕੁਲੀਣਿ **ਰਹਤਉ** ਸਬਦੁ ਸੁ ਸਾਰੁ।"
— ਰਾਮ **੧**, ਸਿਧੋ ੬੭ : ੩ (945)

ਰਹਤਹ — ਰਹਿੰਦੇ ਹਨ
"ਭਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ **ਰਹਤਹ**।" — ਸਸ **ਪ**, ੪੦ : ੪ (1357)

ਰਹਤਾ — 1. ਰੁਕ ਜਾਂਦਾ
"ਕਉਣ ਸੁ ਅਖਰੁ ਜਿਤੁ ਧਾਵਤੁ **ਰਹਤਾ**।"
— ਮਾਝ **ਪ**, ਅਸ ੩੬, ੪ : ੧ (131)

2. ਰਹਿੰਦਾ ਹੈ
"ਬਰਤ ਨੇਮ ਸੰਜਮ ਮਹਿ **ਰਹਤਾ** ਤਿਨ ਕਾ ਆਢੁ ਨਾ ਪਾਇਆ।"
— ਗਉ **ਪ**, ੧੬੪*, ੧ : ੧ (216)
"ਅੰਨ ਤੇ **ਰਹਤਾ** ਦੁਖੁ ਦੇਹੀ ਸਹਤਾ।" (ਭਾਵ ਅੰਨ ਨਹੀਂ ਖਾਂਦਾ)
— ਪ੍ਰਭਾ **ਪ**, ਅਸ ੨, ੬ : ੩ (1348)

3. ਮੁਕਤ ਹੋ ਜਾਣਾ, ਛੁੱਟ ਜਾਣਾ
"ਵਰਨ ਚਿਹਨ ਸਗਲਹ ਤੇ **ਰਹਤਾ**।"
— ਗਉ **ਪ**, ਬਾਅ ੪੬ : ੨ (260)

4. ਰਹਿੰਦੀ ਹੈ ਭਾਵ ਨਿਭ ਜਾਂਦੀ ਹੈ
"ਜਿਹ ਪ੍ਰਸਾਦਿ ਤੇਰੋ **ਰਹਤਾ** ਧਰਮੁ।" (ਪ੍ਰਤਿਗਿਆ (ਧਰਮ) ਨਿਭਾ ਆਉਂਦੀ ਹੈ)
— ਗਉ **ਪ**, ਸੁਖ ੬, ੨ : ੨ (270)

5. ਪਰ੍ਹੇ ਹੈ
"ਸੁਨੀਐ ਅਵਰ ਅਵਰ ਬਿਧਿ ਬੁਝੀਐ ਬਕਨ ਕਥਨ **ਰਹਤਾ**।"
— ਗੂਜ **ਪ**, ੧੧, ੧* : ੨ (498)

ਰਹੰਤਾ — ਰਹਿ ਜਾਂਦਾ ਹੈ, ਮੁਕ ਜਾਂਦਾ ਹੈ
"**ਰਹੰਤਾ** ਜਨਮ ਮਰਣੇਨ ਰਮਣੰ ਨਾਨਕ ਹਰਿ ਕੀਰਤਨਹ।" — ਗਾਥਾ **ਪ**, ੨ : ੨ (1360)

ਰਹਤੀ — ਰਹਿੰਦੀ
"ਏਕ ਵਸਤੁ ਕਉ ਪਹੁਚਿ ਨ ਸਾਕੈ ਧਨ **ਰਹਤੀ** ਭੂਖ ਪਿਆਸਾ ਹੇ।"
— ਮਾਰੂ **ਪ**, ਸੋਲਾ ੨, ੩ : ੩ (1072)

ਰਹਤੁ — 1. ਨਿਰਲੇਪ, ਮੁਕਤ
"ਕੋਈ ਐਸੋ ਰੇ ਭਗਤੁ ਜੁ ਮਾਇਆ ਤੇ **ਰਹਤੁ** ਇਕੁ ਅੰਮ੍ਰਿਤ ਨਾਮੁ ਮੇਰੈ ਰਿਦੈ ਸਿੰਚਾ।"
— ਧਨਾ **ਪ**, ਅਸ ੧, ੩ : ੨ (687)

2. ਰਹਿੰਦਾ
"ਲੋਭੀ ਜੀਅੜਾ ਥਿਰੁ ਨ **ਰਹਤੁ** ਹੈ ਚਾਰੇ ਕੁੰਡਾ

ਭਾਲੇ।" — ਰਾਮ **੧**, ੧, ੨ : ੨ (876)

ਰਹਤੇ — 1. ਨਿਰਲੇਪ, ਵਖਰੇ
"ਦੀਸਹਿ ਸਭ ਮਹਿ ਸਭ ਤੇ **ਰਹਤੇ**।"
— ਗਉ **੫**, ੮੬, ੩ : ੩ (181)
2. ਹਟਦੇ, ਰੁਕਦੇ
"ਦਰਬਿ ਸਿਆਣਪ ਨਾ ਓਇ **ਰਹਤੇ**।"
— ਗਉ **੫**, ੮੯, ੩ : ੩ (182)
3. ਰਹਿੰਦੇ ਹਨ
"ਸਾਸਿ ਸਾਸਿ ਸਿਮਰਤ ਪ੍ਰਭੁ **ਰਹਤੇ**।"
— ਗਉ **੫**, ਬਾਅ ੬ : ੪ (251)
4. ਬਚਦੇ ਹਨ
"ਕਹਤ ਮੁਕਤ ਸੁਨਤ ਮੁਕਤ ਰਹਤ ਜਨਮ **ਰਹਤੇ**।" (ਜਨਮ ਮਰਨ ਦੇ ਗੇੜ ਤੋਂ ਮੁਕਤ ਹੋ ਜਾਂਦੇ ਹਨ।)
— ਸਾਰ **੫**, ੧੩੩, ੨ : ੨ (1230)

ਰਹੰਤੌ — ਰਹਿੰਦਾ ਹੈ
"ਭਰਥਰਿ ਗੁਣ ਉਚਰੈ ਸਦਾ ਗੁਰ ਸੰਗਿ **ਰਹੰਤੌ**।"
— ਸਵ **੧**, ੧੦ : ੪ (1390)

ਰਹਦਾ — ਰਹਿੰਦਾ ਹਾਂ/ਹੈ
"ਤਾ ਕੀ ਸੰਗਤਿ ਨਾਨਕੁ **ਰਹਦਾ** ਕਿਉ ਕਰਿ ਮੂੜਾ ਪਾਵੈ।" — ਸੂਹੀ **੧**, ੯, ੪ : ੨ (731)
"ਕਪੜੁ ਭੋਜਨੁ ਸਚੁ **ਰਹਦਾ** ਲਿਵੈ ਧਾਰ।"
— ਰਾਮ **੫**, ਵਾਰ ੧੧ : ੨ (962)
ਹੋਰ ਰੂਪ — ਰਹੰਦਾ —
"ਲਖਮੀ ਤੋਟਿ ਨ ਆਵਈ ਖਾਇ ਖਰਚਿ **ਰਹੰਦਾ**।"— ਮਾਰੂ **੫**, ਵਾਰ ੨ : ੩ (1096)

ਰਹਦੀ — ਬਚੀ ਹੋਈ, ਬਾਕੀ ਦੀ
"ਜੋ ਸਤਿਗੁਰਿ ਮਾਰੇ ਤਿਨ ਜਾਇ ਮਿਲਹਿ **ਰਹਦੀ** ਖੁਹਦੀ ਸਭ ਪਤਿ ਗਵਾਹੀ।"
— ਗਉ **੪**, ਵਾਰ ੧੫ ਸ, **੪**, ੨ : ੮ (309)

ਰਹਦੇ — ਬਾਕੀ ਦੇ, ਬਚੇ ਹੋਏ
"**ਰਹਦੇ** ਖੁਹਦੇ ਨਿੰਦਕ ਮਾਰਿਅਨੁ ਕਰਿ ਆਪੇ ਆਹਰੁ।"
— ਗਉ **੪**, ਵਾਰ ੨੨ਸ, **੫**, ੧ : ੧ (315)

ਰਹੰਦੇ — ਰਹਿੰਦੇ ਹਨ
"ਜਨ ਨਾਨਕ ਆਪੇ ਆਪਿ ਸਭੁ ਵਰਤੈ ਜਿਉ ਰਾਖੈ ਤਿਵੈ **ਰਹੰਦੇ**।" — ਬਿਲਾ **੪**, ੬, ੪ : ੨ (800)

ਰਹਨ — ਰਹਿਣ, ਨਿਵਾਸ
"ਮਰਤੀ ਬਾਰ ਲੇਹੁ ਲੇਹੁ ਕਰੀਐ ਭੂਤੁ **ਰਹਨ** ਕਿਉ ਦੀਆ।" — ਸੋਰ **ਕਬ**, ੨, ੨ : ੨ (654)
ਹੋਰ ਰੂਪ — ਰਹਨਾ —
"ਜਿਉ ਤੁਮ ਰਾਖਹੁ ਤਿਵ ਹੀ **ਰਹਨਾ**।" (ਰਹਿਣਾ, ਵਸਣਾ, ਨਿਵਾਸ ਕਰਨਾ)
— ਗਉ **੫**, ੮੨, ੨ : ੧ (181)
"ਸੁਲਤਾਨ ਖਾਨ ਬਾਦਿਸਾਹ ਨਹੀ **ਰਹਨਾ**।" (ਬਚਨਾ)
— ਗਉ **੧**, ਅਸ ੧੪, ੩ : ੧ (227)
ਰਹਨਿ —
"ਹਰਿ ਨਾਮੁ ਸਲਾਹਨਿ ਨਾਮੁ ਮਨਿ ਨਾਮਿ **ਰਹਨਿ** ਲਿਵ ਲਾਇ।" (ਰਹਿੰਦੇ ਹਨ)
— ਸਿਰੀ **੫**, ੨੦, ੩ : ੨ (42)
"ਮੇਰੀ ਮਤਿ ਬਉਰੀ ਮੈ ਰਾਮੁ ਬਿਸਾਰਿਓ ਕਿਨ ਬਿਧਿ **ਰਹਨਿ** ਰਹਉ ਰੇ।" (ਰਹਿਣੀ)
— ਆਸਾ **ਕਬ**, ੨੫, ੧* : ੨ (482)
"ਆਵਨਿ ਵੰਞਨਿ ਨਾ **ਰਹਨਿ** ਪੂਰ ਭਰੇ ਪਹੀਆਹ।" (ਮੁਕਦੇ)
— ਮਾਰੂ **੧**, ਅਸ ੧੦, ੨ : ੨ (1015)
ਰਹੰਨਿ —
"ਤਿਨਾ ਨਿਜ ਘਰਿ ਵਾਸਾ ਪਾਇਆ ਸਚੈ ਮਹਲਿ **ਰਹੰਨਿ**।" (ਰਹਿੰਦੇ ਹਨ)
— ਸਿਰੀ **੩**, ਅਸ ੨੫, ੮ : ੨ (70)
"ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ **ਰਹੰਨਿ**।" (ਰਖਨ, ਵਿਚ ਰਹਿਣ)
— ਸੂਹੀ **੩**, ਵਾਰ ੬ਸ, **੩**, ੨ : ੧ (787)

ਰਹਨੀ — ਰਹਿੰਦੀਆਂ
"ਕਰਨਿ ਭਗਤਿ ਦਿਨੁ ਰਾਤਿ ਨ **ਰਹਨੀ** ਵਾਰੀਆ।"
— ਮਾਝ **੧**, ਵਾਰ ੨੨ : ੨ (148)

ਰਹਨੁ — ਰਹਿਣਾ, ਨਿਵਾਸ, ਟਿਕਾਉ
"**ਰਹਨੁ** ਨਹੀ ਗਹੁ ਕਿਤਨੋ।"
— ਗਉ **੫**, ੧੪੮, ੧* : ੨ (212)
"ਰੋਗ ਬੰਧ **ਰਹਨੁ** ਰਤੀ ਨ ਪਾਵੈ।"
— ਭੈਰ **੫**, ੨੦, ੩ : ੩ (1141)

ਰਹਨਿ੍ — ਰਹਿੰਦੇ ਹਨ
"ਇਕਨੀ ਦੁਧੁ ਸਮਾਈਐ ਇਕਿ ਚੁਲ੍ਹੈ **ਰਹਨਿ੍** ਚੜੇ।"

— ਆਸਾ **੧**, ਵਾਰ ੨੪ਸ, **੧**, ੧ : ੨ (475)

ਹੋਰ ਰੂਪ — ਰਹੰਨਿ੍ —

"ਪਇਐ ਕਿਰਤਿ ਕਮਾਵਦੇ ਜਿਵ ਰਾਖਹਿ ਤਿਵੈ **ਰਹੰਨਿ੍**।" (ਰਹਿੰਦੇ ਹਨ)

— ਬਿਲਾ **੪**, ਵਾਰ ੧੨ਸ, **੩**, ੧ : ੨ (854)

ਰਹਮ — (ਅ. ਰਹਮ) ਦਇਆ, ਕ੍ਰਿਪਾ

"**ਰਹਮ** ਤੇਰੀ ਸੁਖੁ ਪਾਇਆ ਸਦਾ ਨਾਨਕ ਕੀ ਅਰਦਾਸਿ।" — ਤਿਲੰ **੫**, ੩, ੪ : ੨ (724)

ਹੋਰ ਰੂਪ — ਰਹੰਮ —

"ਜਿਸ ਨੋ ਕਰੇ **ਰਹੰਮ** ਤਿਸੁ ਨ ਵਿਸਾਰਦਾ।" (ਤਰਸ, ਰਹਿਮ, ਕ੍ਰਿਪਾ)

— ਗੂਜ **੫**, ਵਾਰ ੪ : ੨ (516)

ਰਹਮਾਣੁ — (ਅ. ਰਹਮਾਣ) ਰਹਿਮ ਕਰਨ ਵਾਲਾ, ਦਇਆਲੂ

"ਨਾਨਕ ਨਾਉ ਭਇਆ **ਰਹਮਾਣੁ**।"

— ਰਾਮ **੧**, ਅਸ ੧, ੭ : ੩ (903)

ਹੋਰ ਰੂਪ — ਰਹਮਾਨਾ —

"ਭਿਸਤੁ ਨਜੀਕਿ ਰਾਖੁ **ਰਹਮਾਨਾ**।" [ਹੇ ਰਹਿਮ ਵਾਲੇ (ਪ੍ਰਭੂ)]

— ਭੈਰ **ਕਬ**, ੧੫, ੪ : ੪ (1161)

ਰਹਰਾਸਿ — 1. ਰਹੁਰੀਤ, ਮਰਯਾਦਾ

"ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ **ਰਹਰਾਸਿ**।"

— ਗੂਜ **੪**, ਸੋਦ ੪, ੧* : ੨ (10)

2. ਬੇਨਤੀ, ਅਰਦਾਸ

"ਸਾਹੁ ਪਾਤਿਸਾਹੁ ਸਭੁ ਹਰਿ ਕਾ ਕੀਆ ਸਭਿ ਜਨ ਕਉ ਆਇ ਕਰਹਿ **ਰਹਰਾਸਿ**।"

— ਗਉ **੪**, ਵਾਰ ੧੦ਸ, **੪**, ੨ : ੪ (305)

(ਮਹਾਨ ਕੋਸ਼ ਅਰਥ 'ਨਮਸਕਾਰ' ਕਰਦੇ ਹਨ)

"**ਰਹਰਾਸਿ** ਹਮਾਰੀ ਗੁਰ ਗੋਪਾਲਾ।"

— ਰਾਮ **੫**, ੧੩, ੪ : ੨ (886)

3. ਨਮਸਕਾਰ ਕੀਤੀ, ਮਥਾ ਟੇਕਿਆ

"ਗੁਰਿ ਚੇਲੇ **ਰਹਰਾਸਿ** ਕੀਈ ਨਾਨਕਿ ਸਲਾਮਤਿ ਥੀਵਦੈ।" (ਭਾਵ ਗੁਰਗਦੀ ਦਿੱਤੀ)

— ਰਾਮ **ਬਸ**, ਵਾਰ ੧ : ੬ (966)

ਰਹਾ — 1. ਰਹਵਾਂ, ਰਹਾਂ

"ਚੁਪੈ ਚੁਪ ਨ ਹੋਵਈ ਜੇ ਲਾਇ **ਰਹਾ** ਲਿਵਤਾਰ।"

— ਜਪੁ **੧**, ੧ : ੨ (1)

ਹੋਰ ਰੂਪ — ਰਹਾਂ —

"ਸਾ ਵਡਿਆਈ ਦੇਹਿ ਜਿਤੁ ਨਾਮਿ ਤੇਰੇ ਲਾਗਿ **ਰਹਾਂ**।" (ਰਹਵਾਂ)

— ਧਨਾ **੧**, ੧, ੩* : ੨ (660)

2. ਰਿਹਾ

"ਕਹਿ ਕਬੀਰ ਹੀਰਾ ਅਸ ਦੇਖਿਓ ਜਗ ਮਹ **ਰਹਾ** ਸਮਾਈ।"

— ਆਸਾ **ਕਬ**, ੩੧, ੨ : ੧ (483)

"ਮਨ ਤਉ ਮੈਗਲੁ ਹੋਇ **ਰਹਾ** ਨਿਕਸਿਆ ਕਿਉ ਕਰਿ ਜਾਇ।" (ਰਿਹਾ ਹੈ)

— ਗੂਜ **੫**, ਵਾਰ ੪ਸ, **ਕਬ**, ੧ : ੨ (509)

"ਹਮਰਾ ਝਗਰਾ **ਰਹਾ** ਨ ਕੋਊ।"

— ਭੈਰ **ਕਬ**, ੭, ੧* : ੧ (1158)

ਰਹਾਉ — 1. ਰਹੋ

"ਭਾਈ ਰੇ ਗੁਰਮਤਿ ਸਾਚਿ **ਰਹਾਉ**।"

— ਸਿਰੀ **੩**, ੪੪, ੧* : ੧ (30)

2. ਟਿਕਿਆ ਹੋਇਆ ਹਾਂ

"ਮੈ ਧਰ ਤੇਰੀ ਪਾਰਬ੍ਰਹਮ ਤੇਰੈ ਤਾਣਿ **ਰਹਾਉ**।"

— ਸਿਰੀ **੫**, ੮੨, ੩ : ੨ (46)

3. ਰਹਿੰਦਾ ਹਾਂ

"ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ **ਰਹਾਉ**।"

— ਸੂਹੀ **੪**, ਅਸ ੨, ੮ : ੨ (759)

"ਜਿਉ ਤੂ ਰਾਖਹਿ ਤਿਵੈ **ਰਹਾਉ**।"

— ਬਸੰ **੧**, ਅਸ ੪, ੪ : ੨ (1189)

"ਸਦਾ ਸਚੇ ਕੇ ਗੁਣ ਗਾਵਾਂ ਭਾਈ ਸਦਾ ਸਚੇ ਕੈ ਸੰਗਿ **ਰਹਾਉ**।" (ਰਵਾਂ)

— ਸਲੋ **੩**, ੫੧ : ੫ (1419)

4. ਰਹਿਣ ਦਿਆਂ, ਛੱਡ ਦਿਆਂ

"ਇੜਾ ਪਿੰਗੁਲਾ ਅਉਰੁ ਸੁਖਮਨਾ ਪਉਨੈ ਬੰਧਿ **ਰਹਾਉ** ਗੋ।"

— ਰਾਮ **ਨਾਮ**, ੨, ੨ : ੧ (973)

ਰਹਾਇ — 1. ਰਹਿੰਦਾ

"ਅਉਰ ਮੁਏ ਕਿਆ ਰੋਈਐ ਜਉ ਆਪਾ ਥਿਰੁ ਨ **ਰਹਾਇ**।" — ਗਉ **ਕਬ**, ੬੪, ੨ : ੧ (337)

2. ਰਖਦਾ ਹੈ

"ਹਉਮੈ ਮੇਰਾ ਵਡ ਰੋਗੁ ਹੈ ਵਿਚਹੁ ਠਾਕਿ

ਰਹਾਇ।"
— ਸੂਹੀ ੫, ਅਸ ੩, ੨੧ : ੨ (756)
"ਵਿਣੁ ਥੰਮ੍ਹਾ ਗਗਨੁ **ਰਹਾਇ** ਸਬਦੁ ਨੀਸਾਣਿਆ।" (ਖੜਾ ਰਖਦਾ ਹੈ)
— ਮਲਾ ੧, ਵਾਰ ੧ : ੩ (1279)
"ਕਬੀਰ ਹਰਦੀ ਪੀਰਤਨੁ ਹਰੈ ਚੂਨ ਚਿਹਨੁ ਨ **ਰਹਾਇ**।" — ਸਲੋ **ਕਬ**, ੫੭ : ੧ (1367)

ਹੋਰ ਰੂਪ — ਰਹਾਇਆ —
"ਹਉਮੈ ਮੇਰਾ ਠਾਕਿ **ਰਹਾਇਆ**।" (ਰਖਿਆ)
— ਮਾਝ ੩, ਅਸ ੨, ੬ : ੨ (110)
"ਬਿੰਦੁ ਤੇ ਜਿਨਿ ਪਿੰਡੁ ਕੀਆ ਅਗਨਿ ਕੁੰਡ **ਰਹਾਇਆ**।" (ਰਖਿਆ ਭਾਵ ਟਿਕਾਇਆ)
— ਆਸਾ **ਕਬ**, ੨੩, ੧ : ੧ (481)

ਰਹਾਇਦਾ —
"ਹੁਕਮੇ ਸੁਰਗੁ ਮਛੁ ਪਇਆਲਾ ਹੁਕਮੇ ਕਲਾ **ਰਹਾਇਦਾ**।" (ਰਖਦਾ ਭਾਵ ਧਾਰਨ ਕਰਦਾ ਹੈ) — ਮਾਰੂ ੧, ਸੋਲਾ ੧੬, ੧੦ : ੩ (1037)
"ਅਗਨਿ ਪਾਣੀ ਜੀਉ ਜੋਤਿ ਤੁਮਾਰੀ ਸੁੰਨੇ ਕਲਾ **ਰਹਾਇਦਾ**।" (ਰਖਦਾ ਹੈ)
— ਮਾਰੂ ੧, ਸੋਲਾ ੧੭, ੨ : ੩ (1037)

ਰਹਾਇਲੇ — ਰਹਿੰਦਾ ਹੈ
"ਆਕਾਸਿ ਗਗਨੁ ਪਾਤਾਲਿ ਗਗਨੁ ਹੈ ਚਹੁ ਦਿਸਿ ਗਗਨੁ **ਰਹਾਇਲੇ**।"
— ਗੋਂਡ **ਕਬ**, ੩, ੧ : ੧ (870)

ਰਹਾਈ — 1. ਰਖੀ
"ਆਬ ਖਾਕੁ ਜਿਨਿ ਬੰਧਿ **ਰਹਾਈ** ਧੰਨੁ ਸਿਰਜਣਹਾਰੋ।"
— ਸਿਰੀ ੧, ੨੮, ੧ : ੨ (24)
"ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ **ਰਹਾਈ**।" (ਰਹਿੰਦੀ)
— ਗਉ ੯, ੪, ੧* : ੨ (219)
"ਸੀਤਲਾ ਠਾਕ **ਰਹਾਈ**।" (ਰਖੀ)
— ਸੋਰ ੫, ੭੫, ੧ : ੩ (627)
"ਜਤਨ ਕਰੈ ਬਿੰਦੁ ਕਿਵੈ ਨ **ਰਹਾਈ**।" (ਰਖ ਸਕਦਾ, ਰੋਕ ਸਕਦਾ)
— ਰਾਮ ੧, ਅਸ ੬, ੫ : ੧ (906)

ਹੋਰ ਰੂਪ — ਰਹਾਈਆ —
"ਕਰਮਿ ਮਿਲੈ ਨਾਹੀ ਠਾਕਿ **ਰਹਾਈਆ**।" (ਰਖੀਆਂ) — ਆਸਾ ੧, ੧, ੩ : ੪ (349)
2. ਮੁਕ ਜਾਣਾ
"ਏਕ ਸਰੇਵੈ ਤਾ ਗਤਿ ਮਿਤਿ ਪਾਵੈ ਆਵਣੁ ਜਾਣੁ **ਰਹਾਈ**।" — ਰਾਮ ੧, ਓਅੰ ੬ : ੪ (930)
"ਸਚੈ ਸਬਦਿ ਰਤੇ ਬੈਰਾਗੀ ਆਵਣੁ ਜਾਣੁ **ਰਹਾਈ** ਹੇ।" (ਰਹਿ ਜਾਂਦਾ ਭਾਵ ਮੁਕ ਜਾਂਦਾ ਹੈ।)
— ਮਾਰੂ ੩, ਸੋਲਾ ੧, ੧੧ : ੩ (1044)

ਰਹਾਈਐ — 1. ਬਚ ਸਕਦੇ/ਟਿਕ ਸਕਦੇ/ਰਹਿ ਸਕਦੇ ਹਾਂ
"ਅਵਰ ਓਟ ਮੈ ਸਗਲੀ ਦੇਖੀ ਇਕ ਤੇਰੀ ਓਟ **ਰਹਾਈਐ**।" — ਸੋਰ ੫, ੬੨, ੩ : ੩ (625)
2. ਰਖਿਆ ਜਾ ਸਕਦਾ ਹੈ
"ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤ ਵਰਜਿ **ਰਹਾਈਐ**।"
— ਸੂਹੀ ੧, ੮, ੩ : ੧ (730)

ਰਹਾਏ — 1. ਮੁਕਾ ਦਿੰਦਾ ਹੈ
"ਸਚੀ ਬਾਣੀ ਸਿਉ ਚਿਤੁ ਲਾਗੈ ਆਵਣੁ ਜਾਣੁ **ਰਹਾਏ**।" — ਸਿਰੀ ੩, ਅਸ ੨੨, ੫ : ੩ (67)
2. ਰਖਦਾ ਹੈ
"ਆਵਣੁ ਜਾਣਾ ਠਾਕਿ **ਰਹਾਏ** ਸਚੈ ਨਾਮਿ ਸਮਾਵਣਿਆ।" (ਰਖਦਾ ਹੈ)
— ਮਾਝ ੧, ਅਸ ੧, ੭ : ੩ (109)
"ਕਲ ਜੁਗਿ ਧਰਮ ਕਲਾ ਇਕ **ਰਹਾਏ**।" (ਰਖਦਾ ਹੈ, ਰਹਿ ਜਾਂਦੀ ਹੈ।)
— ਰਾਮ ੩, ੧, ੪ : ੧ (880)
3. ਥਾਪੇ, ਥਿਰ ਕੀਤੇ
"ਭਗਤ ਸਚੈ ਦਰਿ ਸੋਹਦੇ ਸਚੈ ਸਬਦਿ **ਰਹਾਏ**।"
— ਗੂਜ ੩, ਵਾਰ ੧੧ : ੧ (513)

ਰਹਾਸੀ — ਰਹੇ ਹਨ
"ਪੀਰ ਪੈਕਾਬਰ ਅਉਲੀਏ ਕੋ ਥਿਰੁ ਨ **ਰਹਾਸੀ**।"
— ਮਾਰੂ ੫, ਵਾਰ ੧੭ : ੫ (1100)

ਰਹਾਤਾ — ਰਖਿਆ ਹੈ
"ਦੇਹੀ ਨਗਰੀ ਨਉ ਦਰਵਾਜੇ ਸੋ ਦਸਵਾ ਗੁਪਤੁ **ਰਹਾਤਾ** ਹੇ।"
— ਮਾਰੂ ੧, ਸੋਲਾ ੧੧, ੪ : ੩ (1031)

ਰਹਾਵਾ — 1. ਰਹਿੰਦਾ ਭਾਵ ਟਿਕਦਾ
"ਜਹ ਅਬੋਲ ਤਹ ਮਨੁ ਨ **ਰਹਾਵਾ**।"

— ਗਉ **ਕਬ**, ਬਾਅ ੨ : ੨ (340)

2. ਟਿਕਾਵਾਂ

"ਘਟ ਹੀ ਭੀਤਰਿ ਸੋ ਸਹੁ ਤੋਲੀ ਇਨ ਬਿਧਿ ਚਿਤੁ **ਰਹਾਵਾ**।"

— ਸੂਹੀ **੧**, ੯, ੨ : ੨ (731)

ਹੋਰ ਰੂਪ — ਰਹਾਵੈ —

"ਹੁਕਮੇ ਧਰਿ ਅਧਰ **ਰਹਾਵੈ**।" (ਟਿਕਾਉਂਦਾ/ਰਖਦਾ ਹੈ)

— ਗਉ **੫**, ਸੁਖ ੧੧, ੧ : ੫ (277)

"ਏਕੋ ਚੇਤੈ ਮਨੂਆ ਨ ਡੋਲੈ ਧਾਵਤੁ ਵਰਜਿ **ਰਹਾਵੈ**।" (ਰਖੇ)

— ਸੋਰ **੧**, ਅਸ ੧, ੨ : ੩ (634)

ਰਹਿ — 1. ਰੁਕ, ਮੁਕ

"ਧੰਧਾ ਧਾਵਤ **ਰਹਿ** ਗਏ ਲਾਗਾ ਸਾਚਿ ਪਿਆਰੁ।"

— ਸਿਰੀ **੩**, ੫੩, ੪ : ੩ (34)

"ਹਉਮੈ ਮੇਰਾ **ਰਹਿ** ਗਇਆ ਸਚੈ ਲਇਆ ਮਿਲਾਇ।" (ਮੁਕ ਗਿਆ)

— ਸਿਰੀ **੩**, ੫੫, ੩ : ੩ (35)

"ਹਉ **ਰਹਿ** ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ।" (ਰੁਕ, ਟਿਕ)

— ਮਾਝ **੪**, ੧, ੩ : ੩ (94)

"ਖਿਨੁ ਪਲੁ **ਰਹਿ** ਨ ਸਕੈ ਜੀਉ ਬਿਨੁ ਹਰਿ ਪਿਆਰੇ।" (ਭਾਵ ਜੀ ਨ ਸਕੇ)

— ਗਉ **੩**, ਛੰਤ ੧, ੧ :੨ (243)

"ਆਵਣੁ ਜਾਣਾ **ਰਹਿ** ਗਏ ਮਨਿ ਵੁਠਾ ਨਿਰੰਕਾਰੁ।" (ਮੁਕ ਗਿਆ)

— ਸੂਹੀ **੫**, ਅਸ ੩, ੬ : ੧ (760)

ਹੋਰ ਰੂਪ — ਰਹਿਓ —

"ਨਾਨਕ ਆਖੈ ਗੋਰ ਸਦੇਈ **ਰਹਿਓ** ਪੀਣਾ ਖਾਣਾ।" (ਮੁਕ ਗਿਆ)

— ਸਿਰੀ **੧**, ੨੮, ੪ : ੨ (24)

2. ਬਚੇ

"ਕੋਇ ਨ **ਰਹਿ** ਹੈ ਰਾਜਾ ਰਾਨਾ।"

— ਭੈਰ **ਕਬ**, ੨, ੧ : ੨ (1157)

"ਕਬੀਰ ਇਹ ਚਿਤਾਵਨੀ ਮਤ ਸਹਸਾ **ਰਹਿ** ਜਾਇ।" — ਸਲੋ **ਕਬ**, ੪੪ : ੧ (1366)

ਰਹਿਓ — 1. ਮੁਕ ਗਿਆ, ਵੇਖੋ ਰਹਿ (2)

"ਹਮਰਾ ਜੋਰ ਸਭੁ **ਰਹਿਓ** ਮੇਰੇ ਬੀਰ।"

— ਗੂਜ **੪**, ੭, ੧* : ੧ (494)

2. ਰਿਹਾ ਹੈ

"ਪੂਰਨ ਪੂਰਿ **ਰਹਿਓ** ਸਭ ਜਾਇ।"

— ਗਉ **੫**, ੭੭, ੪ : ੨ (178)

"ਸੀਖ ਸਿਖਾਇ **ਰਹਿਓ** ਅਪਨੀ ਸੀ ਦੁਰਮਤਿ ਤੇ ਨ ਟਰੈ।" (ਰਿਹਾ ਹਾਂ)

— ਦੇਵ **੯**, ੧, ੧* : ੨ (536)

3. ਰਹੋ

"ਜਨ ਨਾਨਕ ਜਗੁ ਜਾਨਿਓ ਮਿਥਿਆ **ਰਹਿਓ** ਰਾਮ ਸਰਨਾਈ।"

— ਗਉ **੯**, ੨, ੨ : ੨ (219)

4. ਬਚ ਰਿਹਾ (ਗਿਆ)

"ਜਨਮ ਮਰਨ ਤੁਝ ਤੇ **ਰਹਿਓ**।"

— ਗਉ **੫** ਅਸ ੧੩, ੬ : ੨ (241)

"ਸਾਧਸੰਗਤਿ ਭਗਵਾਨ ਭਜਨ ਬਿਨੁ ਕਹੀ ਨ ਸਚ **ਰਹਿਓ**।" (ਬਚ ਰਿਹਾ)

— ਗਉ **ਕਬ**, ੫੯, ੧* : ੨ (336)

5. ਰਹਿੰਦਾ ਹੈ

"**ਰਹਿਓ** ਝਝਕਿ ਨਾਹੀ ਪਰਵਾਨਾ।"

— ਗਉ **ਕਬ**, ਬਾਅ ੧੫ : ੨ (341)

6. ਰਹਿ ਗਿਆ, ਬਚਿਆ

"ਕਉਨ ਕੋ ਕਲੰਕੁ **ਰਹਿਓ** ਰਾਮ ਨਾਮੁ ਲੇਤ ਹੀ।" — ਟੋਡੀ **ਨਾਮ**, ੨, ੧* : ੧ (718)

7. ਰਖੇ ਹਨ

"ਏ ਦੁਇ ਅਖਰ ਨਾ ਖਿਸਹਿ ਸੋ ਗਹਿ **ਰਹਿਓ** ਕਬੀਰੁ।" — ਸਲੋ **ਕਬ**, ੧੭੧ : ੨ (1373)

ਰਹਿਓਸੁ — ਬਚਿਆ, ਬਾਕੀ ਰਿਹਾ

"ਪੁਤ੍ਰ ਮੀਤ ਧਨੁ ਕਿਛੂ ਨ **ਰਹਿਓ ਸੁ** ਛੋਡਿ ਗਇਆ ਸਭ ਭਾਈ ਸਾਕੁ।"

— ਬਿਲਾ **੫**, ੧੦੪, ੨ : ੧ (825)

ਰਹਿਆਉ — ਰਹੀ

"ਤਾ ਤੇ ਅੰਗਦੁ ਲਹਣਾ ਪ੍ਰਗਟਿ ਤਾਸ ਚਰਣਹ ਲਿਵ **ਰਹਿਆਉ**।" — ਸਵ **੩**, ੧੫ : ੨ (1395)

ਰਹਿਆ — 1. ਰਿਹਾ

"ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ **ਰਹਿਆ** ਸਮਾਈ।" — ਜਪੁ **੧**, ੫ : ੭ (2)

2. ਬਾਕੀ ਬਚਿਆ

"ਗਇਆ ਭਰਮੁ **ਰਹਿਆ** ਪਰਮਾਨੰਦਾ।"
— ਗਉ **ਕਬ**, ੨੦, ੩ : ੨ (327)
"ਜੋ ਗੁਰ ਮੇਲਿ ਸਵਾਰਿਆ ਪਿਆਰੇ ਤਿਨ ਕਾ **ਰਹਿਆ** ਮੂਲੁ।" (ਰਹਿ ਗਿਆ, ਬਚ ਗਿਆ, ਪਕਾ ਹੋ ਗਿਆ)
— ਸੋਰ **ਪ**, ਅਸ ੨, ੪ : ੪ (641)
3. ਮੁਕ ਗਈ, ਖਤਮ ਹੋ ਗਈ
"ਜੋਤਿ ਮਿਲੀ ਸੰਗਿ ਜੋਤਿ **ਰਹਿਆ** ਘਾਲਦਾ।"
— ਗੂਜ **ਪ**, ਵਾਰ ੨੧ : ੪ (524)
"ਅਸਥਿਰੁ ਥੀਆ ਅੰਮ੍ਰਿਤੁ ਪੀਆ **ਰਹਿਆ** ਆਵਣ ਜਾਣੀ।" — ਵਡ **ਪ**, ਛੰਤ ੧, ੧ : ੪ (576)
4. ਬਚ ਗਿਆ
"ਜਿਸੁ ਆਇਆ ਹਥਿ ਨਿਧਾਨੁ ਸੁ **ਰਹਿਆ** ਭਾਲਣੇ।" — ਰਾਮ **ਪ**, ਵਾਰ ੧੩ : ੫ (963)

ਰਹਿਤ — ਬਿਨਾ
"ਰੋਗ **ਰਹਿਤ** ਮੇਰਾ ਸਤਿਗੁਰੁ ਜੋਗੀ।"
— ਭੈਰ **ਪ**, ੨੦, ੧* : ੨ (1140)
ਹੋਰ ਰੂਪ — ਰਹਿਤੰ —
"ਨਵੰਤ ਦੁਆਰਿ ਭੀਤ **ਰਹਿਤੰ** ਬਾਇ ਰੂਪੰ ਅਸਥੰਭਨਹ।" — ਸਸ **ਪ**, ੪ : ੨ (1354)

ਰਹਿਬੋ — ਰਹਿੰਦਾ ਹੈ
"ਉਪਜਤ ਬਿਨਸਤ ਰੋਵਤ **ਰਹਿਬੋ**।"
— ਗਉ **ਕਬ**, ੮, ੧* : ੨ (325)

ਰਹੀ — 1. ਰਹਿੰਦੀ ਹੈ
"ਮੇਰੇ ਮਨ ਅਹਿਨਿਸਿ **ਰਹੀ** ਨਿਤ ਆਸਾ।"
— ਸਿਰੀ **੩**, ੪੧, ੧* : ੧ (29)
2. ਰਹਿ ਗਈ
"ਮੂਲੁ ਨ ਬੁਝੈ ਆਪਣਾ ਵਸਤੁ **ਰਹੀ** ਘਰ ਬਾਰਿ।"
— ਸਿਰੀ **੧**, ਅਸ ੬, ੨ : ੨ (56)
"ਹਉ ਬਨੁ ਬਨੋ ਦੇਖਿ **ਰਹੀ** ਤ੍ਰਿਣੁ ਦੇਖਿ ਸਬਾਇਆ ਰਾਮਾ।" (ਰਹਿ ਗਈ, ਥਕ ਗਈ)
— ਆਸਾ **੧**, ਛੰਤ ੨, ੪ : ੧ (437)
"ਜੋਗੀ ਬਪੁੜਾ ਖੇਲਿਓ ਆਸਨਿ **ਰਹੀ** ਬਿਭੂਤਿ।"
— ਸਲੋ **ਕਬ**, ੪੮ : ੨ (1367)
3. ਹੋਈ ਹੈ
"ਸਿਧ ਸਾਧਿਕ ਅਰੁ ਜਖ੍ਯ ਕਿੰਨਰ ਨਰ **ਰਹੀ** ਕੰਚਿ ਉਰਝਾਇ।"
— ਗੂਜ **ਪ**, ੨੧, ੨ : ੧ (500)
4. ਖਤਮ ਹੋ ਗਈ, ਮੁਕ ਗਈ
"ਮਨ ਸਗਲ ਸਿਆਨਪ **ਰਹੀ**।"
— ਦੇਵ **ਪ**, ੭, ੧* : ੧ (529)
"ਮਾਈ ਧੀਰਿ **ਰਹੀ** ਪ੍ਰਿਅ ਬਹੁਤੁ ਬਿਰਾਗਿਓ।"
— ਸਾਰ **ਪ**, ੫, ੧* : ੧ (1203)

ਰਹੀਅਹਿ — ਰਹਿੰਦੀ ਹੈ
"ਤੂੰ ਕਾਇਆ **ਰਹੀਅਹਿ** ਸੁਪਨੰਤਰਿ ਤੁਧੁ ਕਿਆ ਕਰਮ ਕਮਾਇਆ।"
— ਗਉ **੧**, ੧੩, ੩ : ੧ (155)

ਰਹੀਆ — 1. ਰਹਿੰਦੀ, ਰਹੀ, ਰਹੋ
"ਨਾਨਕ ਸਚੇ ਨਾਮ ਵਿਣੁ ਕਿਸੈ ਨ **ਰਹੀਆ** ਲਜ।"
— ਗੂਜ **ਪ**, ਵਾਰ ੨ਸ, **ਪ**, ੨ : ੨ (518)
"ਕਾਈ ਬਾਤ ਨ **ਰਹੀਆ** ਊਰੀ।" (ਰਹੀ)
— ਸੋਰ **ਪ**, ੫੮, ੧ : ੨ (623)
"ਮੇਰੇ ਮਨ ਸਾਧ ਸੰਗਤਿ ਮਿਲਿ **ਰਹੀਆ**।" (ਰਹੋ)
— ਬਿਲਾ **੪**, ੭, ੧* : ੧ (835)
2. ਰਹਿ ਜਾਣਾ, ਘਟ ਜਾਣਾ, ਰੁਕ ਜਾਣਾ
"ਅਧਿਕ ਬਕਉ ਤੇਰੀ ਲਿਵ **ਰਹੀਆ**।"
— ਪ੍ਰਭਾ **੧**, ੧੨, ੧ : ੨ (1330)

ਰਹੀਐ — 1. ਵਸੀਏ, ਵਸੀਦਾ ਹੈ
"ਮਿਟਹਿ ਕਲੇਸ ਸੁਖੀ ਹੋਇ **ਰਹੀਐ**।"
— ਗਉ **ਪ**, ੯੩, ੧ : ੩ (183)
"ਭਉ ਭਜਿ ਜਾਇ ਅਭੈ ਹੋਇ **ਰਹੀਐ**।"
— ਗਉ **ਕਬ**, ੯, ੧* : ੨ (325)
"ਕਿਉ **ਰਹੀਐ** ਉਠਿ ਚਲਣਾ ਬੁਝੁ ਸਬਦ ਬੀਚਾਰਾ।" (ਟਿਕੇ ਰਹਿ ਸਕਦੇ ਹਾਂ)
— ਮਾਰੂ **੧**, ਅਸ ੬, ੧* : ੧ (1012)
2. ਨਿਰੰਤਰ ਕਾਰਜ ਕਰਨਾ, ਰਹੀਏ
"ਅਪਿਉ ਪੀਅਉ ਅਕਥੁ ਕਥਿ **ਰਹੀਐ**।"
— ਗਉ **੧**, ਅਸ ੧੫, ੨ : ੧ (227)
3. ਰਹੀਏ, ਰਹਿ ਸਕੀਦਾ ਹੈ
"ਹਰਿ ਬਿਨੁ ਕਿਉ **ਰਹੀਐ** ਗੁਰ ਸਬਦਿ ਪਛਾਨੇ।"
— ਬਿਲਾ **੧**, ੪, ੧ : ੪ (796)
4. ਰਹਿਣਾ ਚਾਹੀਦਾ ਹੈ
"ਜੋ ਪ੍ਰਭ ਕੀਏ ਭਗਤਿ ਤੇ ਬਾਹਜ ਤਿਨ ਤੇ ਸਦਾ ਡਰਾਨੇ **ਰਹੀਐ**।"

— ਗਉ **ਕਬ**, ੪੪, ੧* : ੨ (332)
"ਜਿਸਹਿ ਬੁਝਾਏ ਸੋਈ ਬੂਝੈ ਬਿਨੁ ਬੂਝੇ ਕਿਉ **ਰਹੀਐ**।" (ਰਹਿਣ ਦਾ ਕੀ ਲਾਭ)
— ਗਉ **ਕਬ**, ੫੧, ੩ : ੧ (334)

5. ਰਖੀਏ
"ਤਜਿ ਬਾਵੇ ਦਾਹਨੇ ਬਿਕਾਰਾ ਹਰਿ ਪਦੁ ਦ੍ਰਿੜੁ ਕਰਿ **ਰਹੀਐ**।"
— ਗਉ **ਕਬ**, ੫੧, ੪ : ੧ (334)

6. ਭਾਵ ਜੀਵੀਏ
"ਜਬ ਲਗੁ ਦੁਨੀਆ **ਰਹੀਐ** ਨਾਨਕ ਕਿਛੁ ਸੁਣੀਐ ਕਿਛੁ ਕਹੀਐ।"
— ਧਨਾ **੧**, ੨, ੫ : ੧ (661)
"ਦਾਸਨਿ ਦਾਸ ਦਾਸ ਹੋਇ **ਰਹੀਐ** ਜੋ ਜਨ ਰਾਮ ਭਗਤ ਨਿਜ ਭਈਆ।"
— ਬਿਲਾ **੪**, ਅਸ ੩, ੩ : ੧ (834)

7. ਜਾਈਏ
"ਹੋਇ **ਰਹੀਐ** ਸਗਲ ਕੀ ਰੀਨਾ।"
— ਗੋਂਡ **੫**, ੧੧, ੧ : ੩ (866)

੮. ਰਹਿੰਦਾ ਹੈ
"ਕਹ ਬੈਸਹੁ ਕਹ **ਰਹੀਐ** ਬਾਲੇ ਕਹ ਆਵਹੁ ਕਹ ਜਾਹੋ।"
— ਰਾਮ **੧**, ਸਿਗੋ, ੨ : ੩ (938)

ਰਹੀਏਹਿ — ਰਹਿ ਗਈ ਹੈ
"ਹੰਸੁ ਚਲਿਆ ਤੂੰ ਪਿਛੈ **ਰਹੀਏਹਿ** ਛੁਟੜਿ ਹੋਈਅਹਿ ਨਾਰੀ।" — ਗਉ **੧**, ੧੩, ੨ : ੪ (155)

ਰਹੀਜੈ — 1. ਰਹੀਏ
"ਆਸਾ ਮਾਹਿ ਨਿਰਾਸੁ **ਰਹੀਜੈ**।"
— ਮਾਰੂ **੧**, ਸੋਲਾ ੨੨, ੯ : ੨ (1043)
"ਤਜਿ ਲਾਜ ਅਹੰਕਾਰੁ ਸਭੁ ਤਜੀਐ ਮਿਲਿ ਸਾਧੂ ਸੰਗਿ **ਰਹੀਜੈ**।" (ਰਹੀਏ, ਨਿਵਾਸ ਕਰੀਏ)
— ਕਲਿ **੪**, ਅਸ ੬, ੨ : ੧ (1326)

2. ਰਖੀਏ
"ਐਸਾ ਵਰਤੁ **ਰਹੀਜੈ** ਪਾਡੇ ਹੋਰ ਬਹੁਤੁ ਸਿਖ ਕਿਆ ਦੀਜੈ।"
— ਸਾਰ **੪**, ਵਾਰ ੨੧ਸ, **੩**, ੨ : ੫ (1245)

ਰਹੀਮ — (ਅ. ਰਹੀਮ) ਕ੍ਰਿਪਾਲੂ, ਰਹਿਮ ਕਰਨ ਵਾਲਾ
"ਕਿਰਪਾ ਧਾਰਿ **ਰਹੀਮ**।"
— ਰਾਮ **੫**, ੯, ੧* : ੨ (885)

ਰਹੀਮਾ — ਕ੍ਰਿਪਾਲੂ ਪ੍ਰਭੂ, ਵੇਖੋ 'ਰਹੀਮ'
"ਸਿਫਤਿ ਮੁਹਬਤਿ ਅਥਾਹ **ਰਹੀਮਾ**।"
— ਮਾਰੂ **੫**, ਸੋਲਾ ੧੨, ੧੫ : ੨ (1084)

ਹੋਰ ਰੂਪ — ਰਹੀਮਾਂ —
ਕਰੀਮਾਂ **ਰਹੀਮਾਂ** ਅਲਾਹ ਤੂ ਗਨੀ।"
— ਤਿਲੰ **ਨਾਮ**, ੨, ੧ : ੧ (727)

ਰਹੀਮੁ — ਕ੍ਰਿਪਾਲੂ ਪ੍ਰਭੂ
"ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ **ਰਹੀਮੁ**।"
— ਸਿਰੀ **੧**, ਅਸ ੧੭, ੬ : ੨ (64)

ਰਹੁ — 1. ਰਹੋ, ਟਿਕੋ
"ਪ੍ਰਭੁ ਸਰਣਾਈ ਸਦਾ **ਰਹੁ** ਦੂਖੁ ਨ ਵਿਆਪੈ ਕੋਇ।"
— ਸਿਰੀ **੫**, ੮੪, ੧* : ੨ (47)

2. ਰਹੋ (ਸਹਾਇਕ ਕਿਰਿਆ)
"ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ **ਰਹੁ** ਨਾਮੇ।"
— ਸਿਰੀ **੧**, ਅਸ ੧੭, ੧* : ੨ (64)
"ਚੇਤਿ ਸੁਚੇਤ ਚਿਤ ਹੋਇ **ਰਹੁ** ਤਉ ਲੈ ਪਰਗਾਸੁ ਉਜਾਰਾ।" (ਰਹੋ, ਹੋ ਜਾ)
— ਗਉ **ਕਬ**, ੭੩, ੨ : ੨ (339)
"ਸਤਿਗੁਰ ਕੈ ਭਾਣੈ ਕਰਹਿ ਕਾਰ ਸਤਿਗੁਰ ਕੈ ਭਾਣੈ ਲਾਗਿ **ਰਹੁ**।" (ਰਹੁ, ਰਹਿ)
— ਆਸਾ **੩**, ਛੰਤ ੭, ੭ : ੫ (441)
"ਕਬੀਰ ਰੋੜਾ ਹੋਇ **ਰਹੁ** ਬਾਟ ਕਾ ਤਜਿ ਮਨ ਕਾ ਅਭਿਮਾਨੁ।" (ਰਹੋ ਭਾਵ ਹੋ ਜਾ)
— ਸਲੋ **ਕਬ**, ੧੪੬ : ੧ (1372)

3. ਰੁਕ, ਠਹਿਰ
"**ਰਹੁ ਰਹੁ** ਰੀ ਬਹੁਰੀਆ ਘੂੰਘਟੁ ਜਿਨਿ ਕਾਢੈ।"
— ਆਸਾ **ਕਬ**, ੩੪, ੧* : ੧ (484)
"ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਬਿਖੈ ਰਸ ਇਨ ਸੰਗਤਿ ਤੇ ਤੂ **ਰਹੁ** ਰੇ।" (ਰੁਕ, ਹਟ, ਬਚ)
— ਕੇਦਾ **੪**, ੧, ੧ : ੧ (1118)

ਰਹੇ — 1. ਰਹੇ ਹਨ
"ਆਖਿ ਆਖਿ **ਰਹੇ** ਲਿਵ ਲਾਇ।" (ਭਾਵ ਹੋ ਗਏ) — ਜਪੁ **੧**, ੨੬ : ੧੦ (5)
"ਕਹਣੈ ਵਾਲੇ ਤੇਰੇ **ਰਹੇ** ਸਮਾਇ।" (ਗਏ)

— ਆਸਾ **੧**, ਸੋਦ ੨, ੧ : ੪ (9)

"ਪੁਤੁ ਕਲਤੁ ਕੁਟੰਬੁ ਹੈ ਇਕਿ ਅਲਿਪਤੁ **ਰਹੇ** ਜੋ ਤੁਧੁ ਭਾਇਆ।" (ਰਹਿੰਦੇ ਹਨ)

— ਮਾਝ **੧**, ਵਾਰ ੩ : ੨ (139)

2. ਰਹਿ ਗਈਆਂ, ਨਾਕਾਮ ਰਹੀਆਂ, ਮੁਕ ਗਏ

"ਸਭਿ ਸੰਜਮ **ਰਹੇ** ਸਿਆਣਪਾ।"

— ਸਿਰੀ **੧**, ਆਸਾ ੨੮, ੧੨ : ੧ (72)

"ਅਖੀ ਅੰਧੁ ਜੀਭ ਰਸੁ ਨਾਹੀ **ਰਹੇ** ਪਰਾਕਉ ਤਾਣਾ।"— ਸਿਰੀ **੪**, ਪਹ ੨, ੪ : ੩ (76)

"ਆਵਣ ਜਾਣ **ਰਹੇ** ਸੁਖ ਸਾਰੇ।" (ਮੁਕ ਗਏ)

— ਗਉ **੫**, ੧੨੫, ੧ : ੨ (191)

"ਪੋਥੀ ਪੰਡਿਤ **ਰਹੇ** ਪੁਰਾਣ।" (ਭਾਵ ਨਹੀਂ ਮੰਨੇ ਜਾਂਦੇ) — ਰਾਮ **੧**, ਅਸ ੧, ੭ : ੨ (903)

3. ਥਕ ਗਏ

"ਜੋਗੀ ਜਤਨ ਕਰਤ ਸਭਿ ਹਾਰੇ ਗੁਨੀ **ਰਹੇ** ਗੁਨ ਗਾਈ।" — ਗਉ **੯**, ੪, ੨ : ੧ (219)

ਰਹੈ — 1. ਰਹਿੰਦਾ ਹੈ

"ਦੇਦਾ **ਰਹੈ** ਨ ਚੂਕੈ ਭੋਗੁ।"

— ਆਸਾ **੧**, ਸੋਦ ੩, ੩ : ੨ (9)

"ਮੁਕਾਮੁ ਤਾ ਪਰੁ ਜਾਣੀਐ ਜਾ **ਰਹੈ** ਨਿਹਚਲੁ ਲੋਕ।" (ਰਵੈ)

— ਸਿਰੀ **੧**, ਅਸ ੧੭, ੧ : ੨ (64)

"ਦੂਖੁ ਸੁਖੁ ਭਾਣਾ ਤੇਰਾ ਹੋਵੈ ਵਿਣੁ ਨਾਵੈ ਜੀਉ **ਰਹੈ** ਨਾਹੀ।" (ਭਾਵ ਟਿਕਦਾ)

— ਆਸਾ **੧**, ੧੯, ੪ : ੨ (354)

"ਜੋ ਕਿਛੁ ਕਰਹਿ ਸੋਈ ਸੋਈ ਜਾਣੈ **ਰਹੈ** ਨ ਕਛੂਐ ਛਾਨੀ।" (ਰਹਿੰਦੀ)

— ਸੋਰ **੫**, ੨੯, ੧* : ੨ (616)

2. ਚੁਕਾ ਹੈ

"ਸਬਦਿ ਮਰੈ ਸੋ ਮਰਿ **ਰਹੈ** ਫਿਰਿ ਮਰੈ ਨ ਦੂਜੀ ਵਾਰ।"— ਸਿਰੀ **੧**, ਅਸ ੮, ੭ : ੧ (58)

3. ਬਚੇ

"ਦੋਜਕਿ ਪਉਦਾ ਕਿਉ **ਰਹੈ** ਜਾ ਚਿਤਿ ਨ ਹੋਇ ਰਸੂਲਿ।"

— ਗਉ **੫**, ਵਾਰ ੮ਸ, **੫**, ੨ : ੨ (320)

"ਐ ਜੀ ਕਿਆ ਮਾਗਉ ਕਿਛੁ **ਰਹੈ** ਨ ਦੀਸੈ ਇਸੁ ਜਗ ਮਹਿ ਆਇਆ ਜਾਈ।" (ਕਾਇਮ ਰਹੇ, ਸਥਿਰ ਰਹੇ)

— ਗੂਜ **੧**, ਅਸ ੩, ੮ : ੧ (504)

4. ਮੁਕ ਜਾਣਾ

"ਆਵਣ ਜਾਣੁ **ਰਹੈ** ਥਿਰੁ ਨਾਮਿ ਸਮਾਣੇ।"

— ਆਸਾ **੩**, ੪੯, ੨ : ੪ (364)

"ਅਨਿਕ ਜਤਨ ਕਰਿ ਇਹੁ ਤਨੁ ਰਾਖਹੁ **ਰਹੈ** ਅਵਸਥਾ ਪੂਰੇ।"

— ਕੇਦਾ **ਕਬ**, ੪, ੨ : ੨ (1124)

"ਜੋ ਗੁਰੂ ਨਾਨਕੁ ਰਿਦ ਮਹਿ ਧਰੈ ਸੋ ਜਨਮ ਮਰਨ ਦੁਹ ਥੇ **ਰਹੇ**।" (ਭਾਵ ਮੁਕਤ ਹੋ ਗਏ, ਛੁਟ ਗਏ)

— ਸਵ **੪**, ਨਲ ੭ : ੬ (1399)

ਹੋਰ ਰੂਪ — ਰਹੋ —

"ਅਬ ਮੋਰੋ ਨਾਚਨੋ **ਰਹੋ**।" (ਮੁਕ ਗਿਆ)

— ਸਾਰ **੫**, ੩, ੧* : ੨ (1203)

ਰਹ੍ਯਾ — ਰਿਹਾ, ਰਹਿਆ

"ਤੂ ਜਲਿ ਥਲਿ ਗਗਨਿ ਪਯਾਲਿ ਪੂਰਿ **ਰਹ੍ਯਾ** ਅੰਮ੍ਰਿਤ ਤੇ ਮੀਠੇ ਜਾ ਕੇ ਬਚਨਾ।"

— ਸਵ **੪**, ਗਯੰ ੧੩ : ੨ (1403)

ਰੰਕ — 1. ਗਰੀਬ, ਕੰਗਾਲ

"ਬਿਆਪਤ ਭੂਮਿ **ਰੰਕ** ਅਰੁ ਰੰਗਾ।"

— ਗਉ **੫**, ੮੮, ੩ : ੧ (182)

2. ਗਿਆਨਹੀਨ, ਮੂਰਖ, ਗਿਆਨ ਦੇ ਪੱਖ ਤੋਂ ਕੰਗਾਲ

"ਨਾਨਕ ਕੀ ਬੇਨੰਤੀ ਪ੍ਰਭ ਪਹਿ ਸਾਧਸੰਗਿ **ਰੰਕ** ਤਾਰਨ।"— ਬਿਲਾ **੫**, ੮੩, ੨ : ੨ (820)

ਰਕਤ — ਖੂਨ

"ਜਲ ਕੀ ਭੀਤਿ ਪਵਨ ਕਾ ਥੰਭਾ **ਰਕਤ** ਬੁੰਦ ਕਾ ਗਾਰਾ।" — ਸੋਰ **ਰਵਿ**, ੬, ੧ : ੧ (659)

ਰਕਤਬੀਜੁ — ਇਕ ਸ਼ਕਤੀਸ਼ਾਲੀ ਦੈਂਤ, ਮਾਰਕੰਡੇ ਪੁਰਾਣ ਅਨੁਸਾਰ ਇਸ ਦੇ ਖੂਨ ਦੇ ਹਰ ਕਤਰੇ ਤੋਂ ਇਕ ਦੈਂਤ ਪੈਦਾ ਹੋ ਜਾਂਦਾ,ਦੁਰਗ ਤੇ ਕਾਲੀ ਨੇ ਰਲ ਕੇ ਇਸ ਨੂੰ ਮਾਰਿਆ।

"**ਰਕਤਬੀਜੁ** ਕਾਲੁ ਨੇਮੁ ਬਿਦਾਰੇ।"

— ਗਉ **੧**, ਅਸ ੯, ੭ : ੨ (224)

ਰਕਤੀ — ਰਕਤ, ਖੂਨ, ਮਾਤਾ ਦਾ ਖੂਨ

"ਸਾਜਨੁ ਮੀਤੁ ਬਿੰਦ ਨਹੀ **ਰਕਤੀ**।"

— ਮਾਰੂ **੧**, ਸੋਲ ੧੫, ੧੨ : ੨ (1036)

ਰਕਤੁ — ਖ਼ੂਨ,
"**ਰਕਤੁ** ਬਿੰਦੁ ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ।" — ਸਿਰੀ **੧**, ਅਸ਼ ੧੫, ੫ : ੨ (63)

ਹੋਰ ਰੂਪ — ਰਕਤੂ —
"ਨਾ ਇਸੁ ਪਿੰਡੁ ਨ **ਰਕਤੂ** ਰਾਤੀ।"
— ਗੋਂਡ **ਕਬ**, ੫, ੩ : ੩ (871)

ਰੰਕਾ — ਕੰਗਾਲ
"ਰਾਣਾ ਰਾਉ ਰਾਜ ਭਏ **ਰੰਕਾ** ਉਨਿ ਝੂਠੇ ਕਹਣੁ ਕਹਾਇਓ।"
— ਸਾਰ **੫**, ਅਸ ੧, ੧ : ੧ (1235)

ਰੰਕਾਈ — ਕੰਗਾਲਪੁਨਾ ਭਾਵ ਨੀਚਤਾ
"ਅਜਹੁ ਜੀਉ ਨ ਛੋਡਈ **ਰੰਕਾਈ** ਨੈਨਾਹ।"
— ਸਲੋ **ਕਬ**, ੧੧੮ : ੨ (1370)

ਰੰਕੁ — ਕੰਗਾਲ
"ਤੈਸਾ **ਰੰਕੁ** ਤੈਸਾ ਰਾਜਾਨੁ।"
— ਗਉ **੫**, ਸੁਖ ੯, ੭ : ੮ (275)

ਰਖ — ਰਖਿਆ
"ਹਰਿ ਨਾਮੁ ਤਾਣੁ ਹਰਿ ਨਾਮੁ ਦੀਬਾਣੁ ਹਰਿ ਨਾਮੋ **ਰਖ** ਕਰਾਵੈ।"
— ਗਉ **੪**, ਵਾਰ ੮ਸ, **੪**, ੧ : ੩ (303)
"ਕੀਤੀਅਨੁ ਆਪਣੀ **ਰਖ** ਗਰੀਬ ਨਿਵਾਜਿ ਥਾਪ।"
— ਗੂਜ **੫**, ਵਾਰ ੧੩ : ੫ (521)

ਰਖਉ — 1. ਮੈ ਰਖਾਂ, ਧਰਾਂ
"ਮਨ ਤਨੁ ਅਰਪਿ **ਰਖਉ** ਹਰਿ ਆਗੈ ਸਰਬ ਜੀਆ ਕਾ ਹੈ ਪ੍ਰਤਿਪਾਲ।"
— ਬਿਲਾ **੫**, ੧੦੨, ੧* : ੨ (824)
2. ਰਖੋ, ਧਰੋ
"ਕਰ ਜੋਰਿ ਨਾਨਕ ਦਾਨੁ ਮਾਗੈ ਹਰਿ **ਰਖਉ** ਕੰਠਿ ਪਰੋਤ।"
— ਕੇਦਾ **੫**, ੧੩, ੨ : ੨ (1121)

ਰਖਈਆ — ਰਖਿਆ ਕਰਦਾ ਹੈ
"ਨਾਨਕ ਸਰਣਿ ਪਰੇ ਜਗਜੀਵਨ ਹਰਿ ਹਰਿ ਕਿਰਪਾ ਧਾਰਿ **ਰਖਈਆ**।"
— ਬਿਲਾ **੪**, ਅਸ ੪, ੮ : ੨ (835)

ਰਖਸੀ — ਰਖੇਗਾ
"ਨਾਨਕ ਆਪੇ ਹੀ ਪਤਿ **ਰਖਸੀ** ਕਾਰਜ ਸਵਾਰੇ ਸੋਇ।"
— ਵਡ **੪**, ਵਾਰ ੨ਸ, **੩**, ੧ : ੫ (586)

ਰਖਹਿ — 1. ਰਖੇ, ਸਖਿਤ ਕਰੇ
"ਸਤਗੁਰੁ ਸੇਵਹਿ ਤਾ ਉਬਰਹਿ ਸਚੁ **ਰਖਹਿ** ਉਰਧਾਰਿ।" — ਸਿਰੀ **੩**, ੫੩, ੩ : ੩ (34)
2. ਰਖਿਆ ਕਰੇਂ, ਰਖੇਂ, ਬਚਾ ਲਵੇਂ
"ਜਿਸ ਤੂੰ **ਰਖਹਿ** ਹਥ ਦੇ ਤਿਸੁ ਮਾਰਿ ਨ ਸਕੈ ਕੋਇ।" — ਸਿਰੀ **੫**, ੭੫, ੨ : ੩ (43)
"ਜਿਨ ਤੂ **ਰਖਹਿ** ਤਿਨ ਨੇੜਿ ਨ ਆਵੈ ਤਿਨ ਭਉ ਸਾਗਰੁ ਤਰਣਾ।"
— ਮਲਾ **੧**, ਵਾਰ ੧੯ਸ, **੧**, ੨ : ੧੬ (1286)
3. ਰਖਦਾ ਹੈਂ
"**ਰਖਹਿ** ਪੋਚਾਰਿ ਮਾਟੀ ਕਾ ਭਾਂਡਾ।"
— ਸੂਹੀ **੫**, ੨੦, ੩ : ੧ (741)
"ਭਗਤਾ ਕੀ ਪੈਜ **ਰਖਹਿ** ਤੂੰ ਆਪੇ ਏਹ ਤੇਰੀ ਵਡਿਆਈ।"
— ਭੈਰ **੩**, ਅਸ ੨, ੩ : ੧ (1155)
4. ਰਖੇਂ
"ਜੇ ਮਨਿ ਚਿਤਿ ਆਸ **ਰਖਹਿ** ਹਰਿ ਊਪਰਿ ਤਾ ਮਨ ਚਿੰਦੇ ਅਨੇਕ ਅਨੇਕ ਫਲ ਪਾਈ।"
— ਗੋਂਡ **੪**, ੧, ੧ : ੧ (859)
"ਨਾ ਹਉ ਥਕਾਂ ਨ ਠਾਕੀਆ ਏਵਡ **ਰਖਹਿ** ਜੋਤਿ।" (ਭਾਵ ਦੇਵੇਂ, ਐਨਾ ਬਲ ਦੇਵੇਂ)
— ਸਾਰ **੪**, ਵਾਰ ੧੦ ਸ, **੧**, ੨ : ੩ (1241)
5. ਜੇ ਰਖਨਾ ਚਾਹੇਂ
"ਸਾਬਤੁ **ਰਖਹਿ** ਤ ਰਾਮ ਭਜੁ ਨਾਹਿ ਤ ਬਿਨਠੀ ਬਾਤ।" — ਸਲੋ **ਕਬ**, ੨੨੨ : ੨ (1376)

ਰਖਹੁ — 1. ਰਖੋ, ਧਾਰਨ ਕਰੋ,
"ਏਕਾ ਟੇਕ **ਰਖਹੁ** ਮਨ ਮਾਹਿ।"
— ਗਉ **੫**, ਸੁਖ ੨੨, ੬ : ੯ (293)
"ਉਠਿ ਚਲਤਾ ਠਾਕਿ **ਰਖਹੁ** ਘਰਿ ਅਪੁਨੈ ਦੁਖੁ ਕਾਟੇ ਕਾਟਣਹਾਰਾ ਹੇ।"
— ਮਾਰੂ **੧**, ਸੋਲਾ ੧੦, ੧੬ : ੩ (1031)
2. ਬਚਾ ਲਵੇਂ
"ਮਾਗਨ ਤੇ ਜਿਹ ਤੁਮ **ਰਖਹੁ** ਸੁ ਨਾਨਕ ਨਾਮਹਿ ਰੰਗ।"
— ਗਉ **੫**, ਬਾਅ ੪੧ ਸ : ੨ (258)
"ਮੋਹਿ ਅਨਾਥ ਪ੍ਰਿਅ ਨਾਥ ਜਿਉ ਜਾਨਹੁ ਤਿਉ

ਰਖਹੁ।" (ਬਚਾ ਲਵੋ)
— ਬਿਲਾ **੪**, ਛੰਤ ੩, ੩ : ੧ (847)

ਰਖਕੋ — ਰਖਿਕ, ਰਖਿਆ ਕਰਨ ਵਾਲਾ
"ਸੋ ਸੁਆਮੀ ਪ੍ਰਭੁ **ਰਖਕੋ** ਅੰਚਲਿ ਤਾ ਕੈ ਲਾਗ ਜੀਉ।" — ਰਾਮ **੫**, ਛੰਤ ੪, ੩ : ੧ (926)

ਰਖਣ — ਰਖਿਆ ਕਰਨਾ
"ਜਿਨ **ਰਖਣ** ਕਉ ਹਰਿ ਆਪਿ ਹੋਇ ਹੋਰ ਕੇਤੀ ਝਖਿ ਝਖਿ ਜਾਇਸੀ।"
— ਗਉ **੪**, ਵਾਰ ੧੮ਸ, **੪**, ੧ : ੪ (310)

ਰਖਣਹਾਰਾ — ਰਖਿਅਕ, ਰਖਿਆ ਕਰਨ ਵਾਲਾ
"ਸਤਿਗੁਰੂ ਕਾ **ਰਖਣਹਾਰਾ** ਹਰਿ ਆਪਿ ਹੈ ਸਤਿਗੁਰੂ ਕੈ ਪਿਛੈ ਹਰਿ ਸਭਿ ਉਬਾਰਿਆ।"
— ਗਉ **੪**, ਵਾਰ ੨੧ਸ, **੪**, ੨ : ੪ (312)

ਹੋਰ ਰੂਪ — ਰਖਣਹਾਰਿ —
"ਰਖੇ **ਰਖਣਹਾਰਿ** ਆਪਿ ਉਬਾਰਿਅਨੁ।" (ਰਖਿਆ ਕਰਨ ਵਾਲਾ)
— ਗੂਜ **੫**, ਵਾਰ ੧ਸ, **੫**, ੨ : ੧ (517)

ਰਖਣਹਾਰੁ
"ਇਕੁ ਪਛਾਣੂ ਜੀਅ ਕਾ ਇਕੋ **ਰਖਣਹਾਰੁ**।" (ਰਖਿਅਕ)— ਸਿਰੀ **੫**, ੭੯, ੧ : ੧ (45)

ਰਖਣਾਹਾਰੈ —
"ਰਾਖਿ ਲੀਏ **ਰਖਣਹਾਰੈ** ਸਦਾ ਨਿਰਮਲ ਕਰਣੀ।"
— ਆਸਾ **੫**, ਛੰਤ ੧੧, ੪ : ੫ (460)

ਰਖਣਵਾਲਾ — ਰਖਿਆ ਕਰਨ ਵਾਲਾ
"ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ **ਰਖਣਵਾਲਾ** ਹੇਤੁ।" — ਮਾਝ **੫**, ਬਾਰਾ ੭ : ੯ (134)

ਹੋਰ ਰੂਪ — ਰਖਣਵਾਲਿਆ —
"ਤੇਰੇ ਦਾਸ ਧਿਆਇਨਿ ਤੁਧੁ ਤੂ **ਰਖਣਵਾਲਿਆ**।" (ਰਖਿਆ ਕਰਨ ਵਾਲਾ ਹੈਂ) — ਗੂਜ **੫**, ਵਾਰ ੧੭ : ੮ (522)

ਰਖੰਦੜੋ — ਰਖਿਅਕ, ਰਖਣ ਵਾਲਾ
"ਭਾਹਿ ਬੁਲੰਦੜੀ ਬੁਝਿ ਗਈ **ਰਖੰਦੜੋ** ਪ੍ਰਭੁ ਆਪਿ।"
— ਜੈਤ **੫**, ਵਾਰ ੧੮ ਸ, **੫**, ੨ : ੧ (709)

ਰਖਦਾ — 1. ਰਖਿਆ ਕਰਦਾ
"ਆਦਿ ਜੁਗਾਦੀ **ਰਖਦਾ** ਸਚੁ ਨਾਮੁ ਕਰਤਾਰੁ।"
— ਮਾਝ **੫**, ਦਿਨ ੨ : ੭ (137)

"ਜਨੁ ਨਾਨਕੁ ਗੁਣ ਬੋਲੈ ਕਰਤੇ ਕੇ ਭਗਤਾ ਕੋ ਸਦਾ **ਰਖਦਾ** ਆਇਆ।"
—ਗਉ **੪**, ਵਾਰ ੨੦ ਸ, **੪**, ੨ : ੮ (305)

"ਜੁਗਿ ਜੁਗਿ ਭਗਤਾ ਕੀ **ਰਖਦਾ** ਆਇਆ।"
— ਭੈਰ **੩**, ੨੧, ੧* : ੧ (1133)

2. ਭਾਵ ਇਜ਼ਤ ਰਖਦਾ, ਇਜ਼ਤ ਬਚਾਉਂਦਾ
"ਭਗਤਾ ਦੀ ਸਦਾ ਤੂ **ਰਖਦਾ** ਹਰਿ ਜੀਉ ਧੁਰਿ ਤੂ **ਰਖਦਾ** ਆਇਆ।"
— ਸੋਰ **੩**, ਅਸ ੧, ੧ : ੧ (637)

3. ਲਿਆਉਂਦਾ
"ਸਭ ਨਦਰੀ ਅੰਦਰਿ **ਰਖਦਾ** ਜੇਤੀ ਸਿਸਟਿ ਸਭ ਕੀਤੀ।" — ਰਾਮ **੩**, ਵਾਰ ੧੦ : ੧ (951)

ਰਖਨਹਾਰ — ਰਖਿਆ ਕਰਨ ਵਾਲਾ, ਰਖਿਅਕ
"ਨਮਸਕਾਰ **ਰਖਨਹਾਰ** ਮਨਿ ਆਰਾਧਿ ਪ੍ਰਭੂ ਮੇਕ।" — ਪ੍ਰਭਾ **੫**, ੨, ੨ : ੧ (1341)

ਹੋਰ ਰੂਪ — ਰਖਨਹਾਰਿ —
"ਰਾਖਿ ਲੀਏ ਤਿਨਿ **ਰਖਨਹਾਰਿ** ਸਭ ਬਿਆਧਿ ਮਿਟਾਈ।" (ਰਖਣ ਵਾਲੇ ਨੇ)
— ਬਿਲਾ **੫**, ੭੯, ੨ : ੧ (819)

ਰਖਨਹਾਰੁ —
"ਬਿਨੁ ਪ੍ਰਭੁ ਕੋਇ ਨ **ਰਖਨਹਾਰੁ** ਮਹਾ ਬਿਕਟ ਜਮ ਭਇਆ।"
— ਸਿਰੀ **੫**, ੮੪, ੪ : ੨ (47)

ਰਖਨਿ — ਰਖਦੇ ਹਨ
"ਜਿਚਰੁ ਪੈਨਨਿ ਖਾਵਨ੍ਹੇ ਤਿਚਰੁ **ਰਖਨਿ** ਗੰਢੁ।"
— ਰਾਮ **੪**, ਵਾਰ ੫ਸ, **੫**, ੨ : ੩ (959)

ਰਖਵਾਰਾ — ਰਾਖਾ, ਰਖਿਆ ਕਰਨ ਵਾਲਾ
"ਅਨਿਕ ਕੋਠਰੀ ਬਹੁਤੁ ਭਾਤਿ ਕਰੀਆ ਆਪਿ ਹੋਆ **ਰਖਵਾਰਾ**।"
— ਗਉ **੫**, ੧੨੯*, ੪ : ੧ (206)

ਹੋਰ ਰੂਪ — ਰਖਵਾਰੇ —
"ਪਾਰਬ੍ਰਹਮ ਪ੍ਰਭ ਭਏ **ਰਖਵਾਰੇ**।" (ਰਾਖੇ, ਰਖਿਆ ਕਰਨ ਵਾਲੇ)
— ਮਾਝ **੫**, ੩੯, ੨ : ੨ (106)

ਰਖਵਾਰੋ —
"ਮੇਰੋ ਗੁਰੁ **ਰਖਵਾਰੋ** ਮੀਤਾ।" (ਰਖਿਆ ਕਰਨ ਵਾਲਾ) — ਸੋਰ **੫**, ੩੭, ੧* : ੧ (618)

ਰਖਵਾਲ — ਰਖਵਾਲਾ
"ਇਸੁ ਨਾਚਨ ਕੇ ਮਨ **ਰਖਵਾਲ**।"
— ਗੋਂਡ **ਕਬ**, ੧੦, ੨ : ੪ (872)

ਹੋਰ ਰੂਪ — ਰਖਵਾਲਾ —
"ਮੇਰਾ ਪਿਆਰਾ ਪ੍ਰੀਤਮੁ ਸਤਿਗੁਰੁ **ਰਖਵਾਲਾ**।" (ਰਖਿਆ ਕਰਨ ਵਾਲਾ)
— ਮਾਝ **੪**, ੨, ੩ : ੧ (94)
"ਦੂਖੁ ਦਰਵਾਜਾ ਰੋਹੁ **ਰਖਵਾਲਾ** ਆਸਾ ਅੰਦੇਸਾ ਦੁਇ ਪਟ ਜੜੇ।" (ਦੁਆਰਪਾਲ)
— ਰਾਮ **੧**, ੩, ੨ : ੧ (877)

ਰਖਵਾਲਿਆ —
"ਨਾਨਕ ਗੁਰ ਸਰਣਾਈ ਉਬਰੇ ਹਰਿ ਗੁਰ **ਰਖਵਾਲਿਆ**।" (ਰਖਿਆ ਕਰਨ ਵਾਲਾ)
— ਸਾਰ **੪**, ਵਾਰ ੩੦ : ੫ (1248)

ਰਖਵਾਲੀ —
"ਹੋਈ ਰਾਜੇ ਰਾਮ ਕੀ **ਰਖਵਾਲੀ**।" (ਰਖਿਆ)
— ਸੋਰ **੫**, ੪੪, ੧* : ੧ (620)

ਰਖਵਾਲੇ —
"ਕਰਿ ਕਿਰਪਾ ਰਾਖਹੁ **ਰਖਵਾਲੇ**।" (ਰਖਿਆ ਕਰਨ ਵਾਲੇ)
— ਗਉ **੧**, ਅਸ ੮, ੬ : ੧ (224)

ਰਖਾ — 1. ਮੈਂ ਧਰਾਂ, ਰਖਾਂ, ਟਿਕਾਵਾਂ
"ਆਪਣੇ ਪ੍ਰੀਤਮ ਮਿਲਿ ਰਹਾ ਅੰਤਰਿ **ਰਖਾ** ਉਰਿਧਾਰਿ।"
— ਸਿਰੀ **੪**, ਵਾਰ ੧੯ਸ, **੩**, ੧ : ੧ (90)

ਹੋਰ ਰੂਪ — ਰਖਾਂ —
"ਹਰਿ ਸੁਖਦਾਤਾ ਸਦਾ ਸਲਾਹੀ ਅੰਤਰਿ **ਰਖਾਂ** ਉਰਧਾਰੇ।" (ਟਿਕਾਵਾਂ, ਧਰਾਂ)
— ਸਾਰ **੪**, ਵਾਰ ੩੨ਸ, **੩**, ੨ : ੪ (1249)

2. ਰਖਿਆ ਕਰਨ ਵਾਲਾ, ਰਖਿਅਕ
"ਨਾਨਕ **ਰਖਾ** ਆਪੇ ਹੋਆ।"
— ਸੂਹੀ **੫**, ੩੯, ੨ : ੨ (744)

ਰਖਾਇ — ਰਖਾ, ਧੱਰਾ
"ਚੰਗਾ ਨਾਉ **ਰਖਾਇ** ਕੈ ਜਸੁ ਕੀਰਤਿ ਜਗਿ ਲੇਇ।"
— ਜਪੁ **੧**, ੭ : ੩ (2)

ਰਖਾਇਆ — 1. ਧਰਿਆ, ਰਖਿਆ
"ਭਗਤ ਵਛਲੁ ਤੇਰਾ ਬਿਰਦੁ **ਰਖਾਇਆ** ਜੀਉ।"
— ਗਉ **੫**, ੧੬੬*, ੧ : ੩ (216)

2. ਰਖੀ, ਰਖੇ ਗਾ
"ਭਗਤਿ ਵਛਲੁ ਹਰਿ ਬਿਰਦੁ ਹੈ ਹਰਿ ਲਾਜ **ਰਖਾਇਆ**।"
— ਆਸਾ **੪**, ਛੰਤ ੧੫, ੪ : ੩ (449)
"ਪ੍ਰਭੁ ਆਪਨਾ ਬਿਰਦੁ **ਰਖਾਇਆ**।" (ਰਖਿਆ ਭਾਵ ਪਾਲਿਆ, ਪੂਰਾ ਕੀਤਾ)
— ਸੋਰ **੫**, ੬੦, ੪ : ੪ (624)

ਰਖਾਇਦਾ — ਰਖਦਾ ਹੈ
"ਜਨ ਨਾਨਕੁ ਸਰਣਿ ਪਇਆ ਹਰਿਦੁਆਰੈ ਹਰਿ ਭਾਵੈ ਲਾਜ **ਰਖਾਇਦਾ**।"
— ਮਾਰੂ **੫**, ਸੋਲਾ ੫, ੧੬ : ੩ (1076)

ਰਖਾਈ — 1. ਰਖੀ, ਰਖ ਲਈ
"ਅਪਨੇ ਸੇਵਕ ਕੀ ਆਪਿ ਪੈਜ **ਰਖਾਈ**।"
— ਗਉ **੫**, ੧੧੨*, ੪ : ੨ (202)
"ਹਰਿ ਹਰਿ ਗੁਰ ਮਹਿ ਭਗਤਿ **ਰਖਾਈ**।" (ਰੱਖੀ ਹੈ) — ਆਸਾ **੪**, ੫੯, ੨ : ੧ (367)

2. ਰਖੀ, ਧਰੀ
"ਭਲਾ ਸੰਜੋਗੁ ਮੂਰਤੁ ਪਲੁ ਸਾਚਾ ਅਬਿਚਲ ਨੀਵ **ਰਖਾਈ**।" — ਸੂਹੀ **੫**, ੭, ੧ : ੫ (781)

3. ਰਖ ਕੇ, ਧਰ ਕੇ
"ਸਬਦੇ ਸਾਣ **ਰਖਾਈ** ਲਾਇ।" (ਸ਼ਬਦ ਰੂਪੀ ਸਾਣ ਤੇ ਰੱਖ ਕੇ ਲਾਓ)
— ਰਾਮ **੩**, ਵਾਰ ੧੯ਸ, **੧**, ੨ : ੩ (956)

ਰਖਾਈਐ — ਰਖ ਲਵੋ, ਰਖਾਓ
"ਚਰਣ ਕਮਲ ਨਾਨਕ ਰੰਗਿ ਰਾਤੇ ਹਰਿ ਦਾਸਹ ਪੈਜ **ਰਖਾਈਐ**।"
— ਗੂਜ **੫**, ੨੨, ੨ : ੨ (500)
"ਸਤਗੁਰ ਸਰਣਿ ਪਰੇ ਤਿਨ ਪਾਇਆ ਮੇਰੇ ਠਾਕੁਰ ਲਾਜ **ਰਖਾਈਐ**।" (ਰਖ ਲਈ)
— ਰਾਮ **੪**, ੪, ੩ : ੧ (881)

ਰਖਾਏ — 1. ਰਖਦਾ ਹੈ
"ਜਨੁ ਨਾਨਕੁ ਹਰਿ ਕਾ ਦਾਸੁ ਹੈ ਹਰਿ ਦਾਸਨ ਕੀ ਹਰਿ ਪੈਜ **ਰਖਾਏ**।"
— ਗਉ **੪**, ਵਾਰ ੧੪ਸ, **੪**, ੨ : ੯ (308)

2. ਰਖੇ
"ਦੁਆਪੁਰਿ ਧਰਮਿ ਦੁਇ ਪੈਰ **ਰਖਾਏ**।"

— ਰਾਮ **੩**, ੧, ੩ : ੩ (880)

ਰਖਾਹਿ — ਰਖਦਾ ਹੈ
"ਜਨੁ ਨਾਨਕੁ ਹਰਿ ਕਾ ਦਾਸੁ ਹੈ ਕਰਿ ਕਿਰਪਾ ਹਰਿ ਲਾਜ **ਰਖਾਹਿ**।"
— ਵਡ **੪**. ਵਾਰ ੧੯ਸ, **੩**, ੧ : ੫ (592)

ਰਖਾਂਤਿ — ਰਖਦਾ ਹੈ
"ਹਰਿ ਕਾ ਚਿਹਨੁ ਸੋਈ ਹਰਿ ਜਨ ਕਾ ਹਰਿ ਆਪੇ ਜਨ ਮਹਿ ਆਪੁ **ਰਖਾਂਤਿ**।"
— ਮਲਾ **੪**, ੫, ੪ : ੧ (1264)

ਰਖਾਵਹਿਗੇ — ਰਖੇ ਗਾ
"ਜਨ ਨਾਨਕੁ ਸਰਨਿ ਦੁਆਰਿ ਹਰਿ ਲਾਜ **ਰਖਾਵਹਿਗੇ**।" — ਕਲਿ **੪**, ੬, ੪ : ੨ (1321)

ਰਖਾਵੈਗੋ — ਰਖੇਗਾ
"ਰਾਮ ਜਨਾ ਹਰਿ ਆਪਿ ਸਵਾਰੇ ਅਪਨਾ ਬਿਰਦੁ **ਰਖਾਵੈਗੋ**।"— ਕਾਲ **੪**, ਅੰਸ ੩, ੩ : ੨ (1309)

ਰਖਿ — 1. ਬਚਾ, ਸਾਂਭ
"ਆਪਣੀ ਖੇਤੀ **ਰਖਿ** ਲੈ ਕੂੰਜ ਪੜੈਗੀ ਖੇਤਿ।"
— ਸਿਰੀ **੩**, ੫੪, ੧* : ੨ (34)
"ਰਾਖਨਹਾਰ **ਰਖਿ** ਲੇਇ ਨਿਦਾਨਿ।"
— ਗਉ **੫**, ੯੨, ੨ : ੨ (183)
2. ਰਖ ਕੇ, ਧਰ ਕੇ
"ਹੋਰਿ ਮਨਮੁਖ ਦਾਜੁ ਜਿ **ਰਖਿ** ਦਿਖਲਾਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ।"
— ਸਿਰੀ **੪**, ਛੰਤ ੧, ੪ : ੫ (79)
"ਖੁੰਢਾ ਅੰਦਰਿ **ਰਖਿ** ਕੈ ਦੇਨਿ ਸੁ ਮਲ ਸਜਾਇ।"
— ਮਾਝ **੧**, ਵਾਰ ੧੧ਸ, **੧**, ੨ : ੨ (143)
"ਚਿਤਵਉ ਚਿਤ ਨਾਥ ਚਿਤਵਉ ਚਿਤ ਨਾਥ ਹੇ **ਰਖਿ** ਲੇਵਹੁ ਸਰਣਿ ਅਨਾਥ ਹੇ, ਮਿਲੁ ਚਾਉ ਚਾਈਲੇ ਪ੍ਰਾਨ।" (ਸਥਿਤ ਕਰ ਲਵੋ, ਬੈਠਾ ਲਵੋ) — ਆਸਾ **੫**, ਛੰਤ ੧੪, ੪ : ੨ (462)
"**ਰਖਿ** ਰਖਿ ਚਰਨ ਧਰੇ ਵੀਚਾਰੀ।" (ਰਖਦਾ ਹੈ, ਧਰਦਾ ਹੈ)
— ਧਨਾ **੧**, ਅਸ, ੧, ੨ : ੧ (685)

ਰਖਿਓ — 1. ਧਰਦੇ, ਰਖਦੇ
"ਓਨੀ ਮੰਦੈ ਪੈਰੁ ਨ **ਰਖਿਓ** ਕਰਿ ਸੁਕ੍ਰਿਤੁ ਧਰਮੁ ਕਮਾਇਆ।"— ਆਸਾ **੧**, ਵਾਰ ੭ : ੨ (467)
"ਸਗਲੋ ਸਾਜਿ **ਰਖਿਓ** ਪਾਸਾਰਾ।" (ਧਰਿਆ/ ਰਖਿਆ ਹੈ) — ਸੂਹੀ **੫**, ੪੫, ੧* : ੨ (746)
2. ਬਚਾ ਲਿਆ
"ਹਰਿ ਗੋਬਿੰਦੁ **ਰਖਿਓ** ਪਰਮੇਸਰਿ ਅਪੁਨੀ ਕਿਰਪਾ ਧਾਰਿ।" — ਗੂਜ **੫**, ੨੪, ੧ : ੧ (500)
3. ਰਖਨਾ
"ਸੁਰਤਿ ਗਈ ਕਾਲੀ ਹੂ ਧਉਲੇ ਕਿਸੈ ਨ ਭਾਵੈ **ਰਖਿਓ** ਘਰੈ।"
— ਮਾਰੂ **੧**, ਅਸ ੮, ੮ : ੧ (1014)

ਰਖਿਓਨੁ — ਰਖਿਓ ਨੇ
"ਕੰਠਿ ਲਾਇ ਕੈ **ਰਖਿਓਨੁ** ਲਗੈ ਨ ਤਤੀ ਵਾਉ ਜੀਉ।" — ਸਿਰੀ **੧**, ਅਸ ੨੮, ੧੮ : ੩ (72)

ਰਖਿਅਨੁ — ਰਖਿਓ ਨੇ, ਬਚਾ ਲਿਓ ਨੇ
"ਸੰਸਾਰ ਸਾਗਰ ਤੇ **ਰਖਿਅਨੁ** ਬਹੁੜਿ ਨ ਜਨਮੈ ਧਾਇ।" — ਮਾਝ **੫**, ਬਾਰਾ ੧੩ : ੮ (136)

ਰਖਿਆ — 1. ਸਥਿਤ ਕੀਤਾ, ਧਰਿਆ ਹੈ
"ਸੰਤੋਖੁ ਥਾਪਿ **ਰਖਿਆ** ਜਿਨਿ ਸੂਤਿ।"
— ਜਪੁ **੧**, ੧੬ : ੮ (3)
2. ਬਚਾ ਲਿਆ, ਰਖਿਆ ਕੀਤੀ
"ਸੀਤਲਾ ਤੇ **ਰਖਿਆ** ਬਿਹਾਰੀ।"
— ਗਉ **੫**, ੧੨੨, ੧ : ੧ (200)
"ਆਦਿ ਮਧਿ ਅਰੁ ਅੰਤਿ ਪਰਮੇਸਰਿ **ਰਖਿਆ**।"
— ਗੂਜ **੫**, ਵਾਰ ੨੦ਸ, **੫**, ੧ : ੧ (523)
3. ਬਚਾ, ਹਿਫਾਜ਼ਤ
"ਪਿਰਿ **ਰਖਿਆ** ਕੀਨੀ ਸੁਘੜ ਸੁਜਾਣਿ।"
— ਆਸਾ **੫**, ੨, ੧ : ੪ (370)

ਰਖਿਐ — ਰਖਣ ਨਾਲ
"ਸੁਖ ਸੇਵਾ ਅੰਦਰਿ **ਰਖਿਐ** ਆਪਣੀ ਨਦਰਿ ਕਰਹਿ ਨਿਸਤਾਰਿ ਜੀਉ।"
— ਸਿਰੀ **੧**, ਅਸ ੨੮, ੧੨ : ੩ (72)

ਰਖੀ — 1. ਧਰੀ, ਟਿਕਾਈ
"ਤਿਸੁ ਵਿਚਿ ਧਰਤੀ ਥਾਪਿ **ਰਖੀ** ਧਰਮਸਾਲ।"
— ਜਪੁ **੧**, ੩੪, ੩ (7)
"ਮੈ ਆਸਾ **ਰਖੀ** ਚਿਤਿ ਮਹਿ ਮੇਰਾ ਸਭੋ ਦੁਖੁ ਗਵਾਇ ਜੀਉ।" (ਬਣਾਈ ਹੋਈ)
— ਸੂਹੀ **੫**, ਕੁਚ ੩ : ੬ (763)
2. ਬਚਾਈ
"ਜਨ ਕੀ ਪੈਜ **ਰਖੀ** ਕਰਤਾਰੇ।"

— ਗਉ **੫**, ੧੦੮, ੨ : ੧ (201)

3. ਰਖੀ ਹੋਈ

"ਉਨ੍ ਕੈ ਸੰਗਿ ਤੂ **ਰਖੀ** ਪਪੋਲਿ।"

— ਆਸਾ **੫**, ੮੨, ੨ : ੩ (390)

ਰਖੀਅਹਿ — 1. ਧਰੀਏ

"ਇਕਿ ਆਵਹਿ ਇਕਿ ਜਾਹਿ ਉਠਿ **ਰਖੀਅਹਿ** ਨਾਵ ਸਲਾਰ।" — ਸਿਰੀ **੧**, ੬, ੩ : ੧ (16)

2. ਰਖੀਏ

"ਚੰਦੁ ਸੂਰਜੁ ਦੁਇ ਫਿਰਦੇ **ਰਖੀਅਹਿ** ਨਿਹਚਲੁ ਹੋਵੈ ਥਾਉ।"

— ਮਾਝ **੧**, ਵਾਰ ੯ਸ, **੧**, ੨ : ੨ (142)

ਰਖੀਆ — ਰਖੀ

"ਆਪਣੇ ਸੇਵਕ ਕੀ ਪੈਜ **ਰਖੀਆ** ਦੁਇ ਕਰ ਮਸਤਕਿ ਧਾਰਿ ਜੀਉ।"

— ਸਿਰੀ **੬**, ਅਸ ੨੮, ੧੬ : ੩ (72)

ਰਖੀਐ — 1. ਧਰੀਏ

"ਫੇਰਿ ਕਿ ਅਗੈ **ਰਖੀਐ** ਜਿਤੁ ਦਿਸੈ ਦਰਬਾਰੁ।"

— ਜਪੁ **੧**, ੪ : ੩ (2)

2. ਰਖੀਏ, ਰਖਣਾ ਚਾਹੀਦਾ ਹੈ

"ਇਹੁ ਮਨੂਆ ਦ੍ਰਿੜੁ ਕਰਿ **ਰਖੀਐ** ਗੁਰਮੁਖਿ ਲਾਈਐ ਚਿਤੁ।"

— ਗਉ **੪**, ਵਾਰ ੨੫ਸ, **੪**, ੧ : ੧ (314)

3. ਰਖਿਆ ਜਾ ਸਕਦਾ ਹੈ, ਬਚਿਆ ਜਾ ਸਕਦਾ ਹੈ

"ਸੂਤਕੁ ਕਿਉ ਕਰਿ **ਰਖੀਐ** ਸੂਤਕੁ ਪਵੈ ਰਸੋਇ।"

— ਆਸਾ **੧**, ਵਾਰ ੧੮ਸ, **੧**, ੧ : ੫ (472)

ਰਖੀਸਰ — ਵਡੇ ਰਿਖੀ, ਰਿਖੀ ਰਾਜ

"ਗਾਵਨਿ ਪੰਡਿਤ ਪੜਨਿ **ਰਖੀਸਰ** ਜੁਗੁ ਜੁਗੁ ਵੇਦਾ ਨਾਲੇ।" — ਜਪੁ **੧**, ੨੭ : ੧੦ (6)

ਹੋਰ ਰੂਪ — ਰਖੀਸੁਰ —

"ਗਾਵਨਿ ਤੁਧਨੋ ਪੰਡਿਤ ਪੜਨਿ **ਰਖੀਸੁਰ** ਜੁਗੁ ਜੁਗੁ ਵੇਦਾ ਨਾਲੇ।"

— ਆਸਾ **੧**, ਸੋਦ ੧, ੧ : ੧੦ (9)

ਰਖੀਜੈ — ਰਖੀਏ

"ਕਿਉ ਜੀਉ **ਰਖੀਜੈ** ਹਰਿ ਵਸਤੁ ਲੋੜੀਜੈ ਜਿਸ ਕੀ ਵਸਤੁ ਸੋ ਲੈ ਜਾਇ ਜੀਉ।"

— ਆਸਾ **੪**, ਛੰਤ ੧੩, ੨ : ੩ (447)

"ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ **ਰਖੀਜੈ**।" (ਰਖਿਆ ਹੈ)

— ਰਾਮ **੩**, ਵਾਰ ੧੫ : ੧ (954)

"ਤੂ ਜਲ ਨਿਧਿ ਮੀਨ ਹਮ ਤੇਰੇ ਕਰਿ ਕਿਰਪਾ ਸੰਗਿ **ਰਖੀਜੈ**।" (ਰਖੋ)

— ਕਲਿ **੪**, ਅਸ ੩, ੮ : ੨ (1325)

ਰਖੁ — 1. ਸਥਿਤ ਕਰ, ਰਖ, ਧਰ

"ਸਦਾ ਸਦਾ ਪ੍ਰਭੁ ਸਿਮਰੀਐ ਅੰਤਰਿ **ਰਖੁ** ਉਰਧਾਰਿ।"

— ਸਿਰੀ **੫**, ੮੪, ੧ : ੩ (47)

"ਤਿਸੁ ਠਾਕੁਰ ਕਉ **ਰਖੁ** ਮਨ ਮਾਹਿ।" (ਰਖੋ)

— ਗਉ **੫**, ਸੁਖ ੬, ੧ : ੨ (269)

"ਨਾਮੁ ਬੀਜੁ ਸੰਤੋਖੁ ਸੁਹਾਗਾ **ਰਖੁ** ਗਰੀਬੀ ਵੇਸੁ।" (ਰਖ, ਧਾਰਨ ਕਰ)

— ਸੋਰ **੧**, ੨, ੧ : ੨ (695)

"ਹਮ ਊਪਰਿ ਕਰਿ ਸੁਆਮੀ **ਰਖੁ** ਸੰਗਤਿ ਤੁਮ ਜੁ ਪਿਆਰੀ।" (ਰਖੋ, ਵਾਸਾ ਦਿਓ)

— ਧਨਾ **੪**, ੧, ੧ : ੨ (666)

2. ਬਚਾ ਲੈ, ਰਖਿਆ ਕਰ, ਸੰਭਾਲ

"ਜਿਉ ਭਾਵੈ ਤਿਉ **ਰਖੁ** ਤੂੰ ਮੈ ਤੁਝ ਬਿਨੁ ਕਵਨੁ ਭਤਾਰੁ।"

— ਸਿਰੀ **੧**, ਅਸ ੧੨, ੩ : ੩ (61)

"ਜਿਉ ਭਾਵੈ ਤਿਉ **ਰਖੁ** ਤੂੰ ਸਚਿਆ ਨਾਨਕ ਮਨਿ ਆਸ ਤੇਰੀ ਵਡ ਵਡੇ।"

— ਗਉ **੪**, ਵਾਰ ੩੩ : ੫ (317)

ਰਖੇ — 1. ਧਰੇ ਹਨ

"ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ **ਰਖੇ** ਧਾਰੇ।" — ਜਪੁ **੧**, ੨੭ : ੧੪ (6)

2. ਰਖੇ, Observed

"ਤੀਹ ਕਰਿ **ਰਖੇ** ਪੰਜ ਕਰਿ ਸਾਥੀ ਨਾਉ ਸੈਤਾਨੁ ਮਤੁ ਕਟਿ ਜਾਈ।"

— ਸਿਰੀ **੧**, ੨੭, ੪ : ੧ (24)

3. ਬਚਾਏ, ਰਖਿਆ ਕੀਤੀ, ਬਚਾ ਲਏ

"ਜੀਅ ਪ੍ਰਾਣ ਤਨੁ ਧਨੁ **ਰਖੇ** ਕਰਿ ਕਿਰਪਾ ਰਾਖੀ ਜਿੰਦੂ।" — ਸਿਰੀ **੫**, ੮੨, ੪ : ੨ (46)

"**ਰਖੇ** ਰਖਣਹਾਰਿ ਆਪਿ ਉਬਾਰਿਅਨੁ।"

— ਗੂਜ **੫**, ਵਾਰ ੧ : ੧ (517)

4. ਮੁਕਾ ਦਿੱਤਾ, ਖਤਮ ਕਰ ਦਿੱਤਾ

"ਆਵਣ ਜਾਣ **ਰਖੇ** ਕਰਿ ਕਰਮ।"
— ਗਉ **੫**, ੯੨, ੨ : ੪ (183)

5. ਸਥਿਤ ਕੀਤਾ
"ਸਾਚੈ ਘਰਿ ਸਾਚੈ **ਰਖੇ** ਗੁਰ ਬਚਨਿ ਸੁਭਾਖਿਆ।"
— ਮਾਰੂ **੧**, ਅਸ ੪, ੫ : ੩ (1011)

6. ਸਾਂਭਣਾ
"ਆਪਿ ਕੁਚਜੀ ਦੋਸੁ ਨ ਦੇਊ ਜਾਣਾ ਨਾਹੀ **ਰਖੇ**।"
— ਬਸੰ **੧**, ੧੦, ੧ : ੨ (1171)

ਰਖੇਸਾ — ਰਖਿਆ ਹੈ
"ਆਪੇ ਸ੍ਰਿਸਟਿ ਸਾਜੀਅਨੁ ਆਪਿ ਗੁਪਤੁ **ਰਖੇਸਾ**।"
— ਰਾਮ **੩**, ਵਾਰ ੧੬ : ੩ (955)

ਰਖੇਣ — ਰਖੇ, ਰਖਿਆ ਕਰੇ, ਬਚਾ ਲਵੇ
"ਅਹੋ ਜਸ **ਰਖੇਣ** ਗੋਪਾਲਹ ਨਾਨਕ ਰੋਮ ਨ ਛੇਦ੍ਰਤੇ।" — ਸਸ **੫**, ੬ : ੨ (1354)

ਰਖੈ — 1. ਬਚਾ ਲਵੇ, ਰਖਿਆ ਕਰ ਲਵੇ
"ਜਿਸ ਨੋ **ਰਖੈ** ਸੋ ਰਹੈ ਸੰਮ੍ਰਿਥੁ ਪੁਰਖੁ ਅਪਾਰੁ।"
— ਸਿਰੀ **੫**, ੯੧, ੪ : ੨ (50)
"**ਰਖੈ** ਆਪਿ ਦਇਆਲੁ ਕਰਿ ਦਾਸਾ ਆਪਣੇ।" (ਰਖਿਆ ਕਰਦਾ ਹੈ)
— ਗੂਜ **੫**, ਵਾਰ ੭ : ੭ (519)

2. ਸਥਿਤ ਕਰੇ, ਨਿਵਾਸ ਕਰਾਇ।
"ਜਿਥੈ **ਰਖੈ** ਸਾ ਭਲੀ ਜਾਏ।"
— ਮਾਝ **੫**, ੪੯, ੧ : ੨ (108)
"ਗੁਰ ਕਾ ਸਬਦੁ **ਰਖੈ** ਉਰਧਾਰੇ।" (ਸਾਂਭ ਕੇ ਰਖੇ, ਸਥਿਤ ਕਰੇ)
— ਮਾਝ **੩**, ਅਸ ੧੩, ੪ : ੨ (117)

3. ਰਖਦਾ ਹੈ
"ਤਿਉ ਸਤਿਗੁਰ ਸਿਖ ਪ੍ਰੀਤਿ ਹਰਿ ਹਰਿ ਕੀ ਗੁਰੁ ਸਿਖ **ਰਖੈ** ਜੀਅ ਨਾਲੀ।"
— ਗਉ **੪**, ੫੧, ੨ : ੩ (168)
"ਨਿਰਮਲ ਨਾਮੁ **ਰਖੈ** ਉਰਿਧਾਰੇ।" (ਰਖੇ)
— ਆਸਾ **੩**, ਅਸ ੨੪, ੬ : ੨ (423)

4. ਧਰੇ
"ਨਾਰਾਇਣਿ ਲਇਆ ਨਾ ਠੁੰਗੜਾ ਪੈਰ ਕਿਥੈ **ਰਖੈ**।" — ਗਉ **੪**, ਵਾਰ ੨੮ : ੧ (315)

ਰਖ੍ਯਾ — ਰਖਿਆ
"ਦੀਨ ਦੁਖ ਭੰਜਨ ਦਯਾਲ ਪ੍ਰਭੁ ਨਾਨਕ ਸਰਬ ਜੀਅ **ਰਖ੍ਯਾ** ਕਰੋਤਿ।"
— ਸਸ **੫**, ੪੭ : ੫ (1358)

ਰੰਗ — 1. ਪ੍ਰਕਾਰ
"ਤਿਸੁ ਵਿਚਿ ਜੀਅ ਜੁਗਤਿ ਕੇ **ਰੰਗ**।"
— ਜਪੁ **੧**, ੩੪ : ੪ (7)

2. ਪ੍ਰੇਮ, ਲਗਨ
"ਮਨੁ ਤਨੁ ਰਾਤਾ **ਰੰਗ** ਸਿਉ ਰਸਨਾ ਰਸਨ ਰਸਾਇ।" — ਸਿਰੀ **੩**, ੪੭, ੪ : ੨ (32)
"ਗੁਰੁ ਨਾਮੁ ਦ੍ਰਿੜਾਏ **ਰੰਗ** ਸਿਉ ਹਉ ਸਤਿਗੁਰ ਕੈ ਬਲਿ ਜਾਉ।" (ਪ੍ਰੇਮ ਨਾਲ)
— ਸਿਰੀ **੪**, ੬੭, ੨ : ੨ (40)
"ਹਰਿ ਨਾਮੁ ਧਿਆਵਹਿ **ਰੰਗ** ਸਿਉ ਹਰਿ ਨਾਮਿ ਰਹੇ ਲਿਵ ਲਾਇ।" (ਪ੍ਰੇਮ/ਸੁਆਦ ਨਾਲ)
— ਗੂਜ **੩**, ਵਾਰ ੫ਸ, **੩**, ੧ : ੬ (510)

3. ਖੁਸ਼ੀਆਂ, ਮੌਜ, ਮੇਲਾ, ਅਨੰਦ
"ਰਸ ਭੋਗਹਿ ਖੁਸ਼ੀਆ ਕਰਹਿ ਮਾਣਹਿ **ਰੰਗ** ਅਪਾਰ।" — ਸਿਰੀ **੫**, ੭੧, ੧ : ੨ (42)
"ਸੁਤ ਦਾਰਾ ਬਨਿਤਾ ਅਨੇਕ ਬਹੁਤੁ **ਰੰਗ** ਅਰੁ ਵੇਸ।" — ਸਿਰੀ **੫**, ੮੫, ੧ : ੨ (47)
"ਅਨਿਕ ਮਾਇਆ **ਰੰਗ** ਤਿਖ ਨ ਬੁਝਾਵੈ।" (ਤਮਾਸ਼ੇ, ਖੁਸ਼ੀਆਂ)
— ਗਉ **੫**, ਸੁਖ ੨, ੨ : ੫ (264)
"**ਰੰਗ** ਰੂਪ ਰਸ ਬਾਦਿ ਕਿ ਕਰਹਿ ਪਰਾਣੀਆ।"
— ਗਉ **੫**, ਵਾਰ ੧੬ਸ, **੫**, ੨ : ੫ (322)
('ਮਹਾਨਕੋਸ਼' ਅਰਥ 'ਧਨ' ਕਰਦਾ ਹੈ।)

4. ਵਰਣ, ਰੰਗ
"ਬਹੁ **ਰੰਗ** ਮਾਇਆ ਬਹੁ ਬਿਧਿ ਪੇਖੀ।"
— ਗਉ **੫**, ੮੧, ੧ : ੧ (179)
"ਲਾਲ **ਰੰਗ** ਪੂਰਨ ਪੁਰਖੁ ਬਿਧਾਤਾ।"
— ਗਉ **੫**, ੧੪੧, ੧* : ੨ (194)
"ਰਾਚਿ ਰਹੇ ਬਨਿਤਾ ਬਿਨੋਦ ਕੁਸਮ **ਰੰਗ** ਬਿਖ ਸੋਰ।" — ਗਉ **੫**, ਬਾਅ ੯ਸ : ੧ (251)
"ਕੁਸਮ **ਰੰਗ** ਸੰਗ ਰਸਿ ਰਚਿਆ ਬਿਖਿਆ ਏਕ ਉਪਾਇਓ।"
— ਦੇਵ **੫**, ੧੫, ੧ : ੧ (531)

5. ਚੋਜ
"ਲਖੇ ਨ ਜਾਹਿ ਪਾਰਬ੍ਰਹਮ ਕੇ **ਰੰਗ**।"

— ਗਉ **੫**, ਸੁਖ ੯, ੮ : ੬ (275)

6. ਮੌਜ, ਮਸਤੀ, ਮਗਨਤਾ

"ਅਪਨੇ **ਰੰਗ** ਰਵੈ ਅਕੇਲਾ।"

— ਸੋਰ **ਕਬ**, ੪, ੨ : ੪ (655)

"ਅਨਿਕ **ਰੰਗ** ਬਹੁ ਤਰੰਗ ਸਰਬ ਕੋ ਧਨੀ।"

— ਭੈਰ **੫**, ੫੭, ੧* : ੨ (1153)

7. ਸ਼ੋਭਾ (ਮਹਾਨਕੋਸ਼)

"**ਰੰਗ** ਰਸਾ ਤੂੰ ਮਨਹਿ ਅਧਾਰੁ।"

— ਗਉ **੫**, ੮੭, ੩ : ੨ (181)

੪. ਕੰਗਾਲ, ਰੰਕ

"**ਰੰਗ** ਤੁੰਗ ਗਰੀਬ ਮਸਤ ਸਭੁ ਲੋਕੁ ਸਿਧਾਸੀ।"

— ਮਾਰੂ **੫**, ਵਾਰ ੧੭ : ੩ (1100)

"ਭੂਪਤਿ ਰਾਜੇ **ਰੰਗ** ਰਾਇ ਸੰਚਹਿ ਬਿਖੁ ਮਾਇਆ।"

— ਸਾਰ **੪**, ਵਾਰ ੨੧ : ੧ (1245)

9. ਅਨੰਦੀ, ਮੌਜ/ਅਨੰਦ ਕਰਨ ਵਾਲਾ

"ਪ੍ਰਭ **ਰੰਗ** ਦਇਆਲ ਮੋਹਿ ਗ੍ਰਿਹ ਮਹਿ ਪਾਇਆ ਜਨ ਨਾਨਕ ਤਪਤਿ ਬੁਝਾਈ।"

— ਸਾਰ **੫**, ੧੫, ੪ : ੨ (1207)

ਰੰਗੀਂ — ਮੌਜ ਮੇਲੇ, ਰੰਗ ਤਮਾਸ਼ੇ

"ਰਾਜੀ **ਰੰਗੀਂ** ਰੂਪੀਂ ਮਾਲੀਂ ਜੋਬਨੁ ਤੇ ਜੂਆਰੀ।"

— ਮਾਰੂ **੧**, ਅਸ ੧੧, ੪ : ੧ (1015)

ਰੰਗਹੁ — ਰੰਗੋ, ਰੰਗ ਚੜਾਓ,

"ਮਨੁ **ਰੰਗਹੁ** ਵਡਭਾਗੀਹੋ ਗੁਰੁ ਤੁਠਾ ਕਰੇ ਪਸਾਉ।"

— ਸਿਰੀ **੪**, ੬੭, ੨ : ੧ (40)

ਰੰਗਕੀ — ਰੰਗੀਲੀ

"ਪ੍ਰਭ ਜਾਇ ਪਾਵੈ ਰੰਗ ਮਹਲੀ ਹਰਿ ਰੰਗੁ ਮਾਣੈ **ਰੰਗਕੀ**।" — ਵਡ **੪**, ਘੋੜੀ ੨, ੪ : ੪ (576)

ਰੰਗਣਃ — ਰੰਗਾਂ ਵਿਚ

"ਸੁਖੇਣ ਬੈਣ ਰਤਨੰ ਰਚਨੰ ਕਸੁੰਭ **ਰੰਗਣਃ**।"

— ਗਾਥਾ **੫**, ੨੪ : ੧ (1361)

ਰੰਗਣ ਵਾਲਾ — ਰੰਗ ਦੇਣ ਵਾਲਾ, ਰੰਗ ਚਾੜ੍ਹਨ ਵਾਲਾ

"**ਰੰਗਣ ਵਾਲਾ** ਸੇਵੀਐ ਸਚੇ ਸਿਉ ਚਿਤੁ ਲਾਇ ਜੀਉ।" — ਸੂਹੀ **੧**, ਅਸ ੨, ੧* : ੨ (751)

ਰੰਗਣਿ — ਰੰਗ ਦੀ ਮਟੀ ਵਿਚ

"ਆਪੇ **ਰੰਗਣਿ** ਰੰਗਿਓਨੁ ਸਬਦੇ ਲਇਓਨੁ ਮਿਲਾਇ।" — ਸਿਰੀ **੩**, ੫੯, ੩ : ੧ (37)

ਰੰਗਨ — ਰੰਗ ਚੜ੍ਹਾਉਣਾ

"ਰੰਗਾ ਰੰਗ **ਰੰਗਨ** ਕੇ ਰੰਗਾ।"

— ਕਾਨ **੫**, ੩੬, ੧* : ੧ (1305)

ਹੋਰ ਰੂਪ — ਰੰਗਨਾ —

"ਨਿਰਮਲ ਸੋਇ ਬਣੀ ਹਰਿ ਬਾਣੀ ਮਨੁ ਨਾਮਿ ਮਜੀਠੈ **ਰੰਗਨਾ**।" (ਰੰਗ ਚੜ੍ਹਾਉਣਾ)

— ਮਾਰੂ **੫**, ਸੋਲਾ ੯, ੧੫ : ੩ (1081)

"ਸਭ ਜੋਤਿ ਤੇਰੀ ਜਗਜੀਵਨਾ ਤੂ ਘਟਿ ਘਟਿ ਹਰਿ ਰੰਗ **ਰੰਗਨਾ**।" (ਰੰਗਣ ਵਾਲਾ)

— ਕਾਨ **੪**, ਵਾਰ ੨ : ੧ (1313)

ਰੰਗਨਿ —

"ਹਰਿ ਹਰਿ ਨਾਮੁ ਚਰਾਵਹੁ **ਰੰਗਨਿ** ਆਪੇ ਹੀ ਪ੍ਰਭ ਰੰਗਿ।" (ਰੰਗਣ, ਰੰਗ)

— ਆਸਾ **੫**, ੧੩੯, ੧ : ੨ (405)

ਰੰਗਨੁ — ਰੰਗ ਦੀ ਮਟੀ

"ਲਾਲਨੁ ਲਾਲੁ ਲਾਲੁ ਹੈ **ਰੰਗਨੁ** ਮਨੁ ਰੰਗਨ ਕਉ ਗੁਰ ਦੀਜੈ।" — ਕਲਿ **੪**, ੧, ੫ : ੧ (1323) (ਮਹਾਨ ਕੋਸ਼ ਅਰਥ 'ਰੰਗਣ ਦੀ ਕਿਰਿਆ' ਕਰਦਾ ਹੈ।)

ਰੰਗਮਹਲੀ — ਰੰਗ ਰਲੀਆਂ ਮਨਾਉਣ ਵਾਲੇ ਮਹਲ ਵਿਚ

"ਪ੍ਰਭ ਜਾਇ ਪਵੈ **ਰੰਗਮਹਲੀ** ਹਰਿ ਰੰਗੁ ਮਾਣੈ ਰੰਗਕੀ।" — ਵਡ **੪**, ਘੋੜੀ ੨, ੪ : ੪ (576)

"ਆਪੇ ਚੋਜ ਕਰੇ **ਰੰਗਮਹਲੀ** ਹੋਰ ਮਾਇਆ ਮੋਹ ਪਸਾਰਾ ਹੇ।" (ਭਾਵ ਸਰੀਰ)

— ਮਾਰੂ **੧**, ਸੋਲ ੭, ੪ : ੩ (1026)

ਰੰਗਰਸ — ਪ੍ਰੇਮ ਦੇ ਸੁਆਦ, ਖੁਸ਼ੀਆਂ ਦੇ ਸੁਆਦ

"ਜਿਹ ਪ੍ਰਸਾਦਿ **ਰੰਗਰਸ** ਭੋਗ।"

— ਗਉ **੫**, ਸੁਖ ੬, ੧ : ੯ (269)

"ਉਰਝਿ ਰਹੀ **ਰੰਗਰਸ** ਮਾਣੀ।"

— ਮਾਰੂ **੫**, ਸੋਲਾ ੨, ੧ : ੨ (1072)

ਰਗੜੈ — ਝਗੜੇ ਵਿਚ

"ਮਨਮੁਖਿ ਕਮਲਾ **ਰਗੜੈ** ਲੁਝੈ।"

— ਸਲੋ **੩**, ੪੬ : ੩ (1418)

ਰੰਗਾ — 1. ਰੰਗਾਂ ਦੇ, ਪ੍ਰਕਾਰ ਦੇ

"ਜੀਅ ਜਾਤਿ **ਰੰਗਾ** ਕੇ ਨਾਵ।" (ਭਾਵ ਪ੍ਰਕਾਰ

ਦੇ) — ਜਪੁ **੧**, ੧੬ : ੧੪ (3)

"ਅਨਿਕ ਜਨਮ ਕੀਏ ਬਹੁ **ਰੰਗਾ**।" (ਬਹੁਤ ਪ੍ਰਕਾਰ ਦੇ) — ਗਉ **ਕਬ**, ੧੩, ੧ : ੨ (326)

"ਕੁਦਰਤਿ ਵਰਤੈ ਰੂਪ ਅਰੁ **ਰੰਗਾ**।" (ਰੰਗਾਂ ਵਿਚ) — ਆਸਾ **੫**, ੨੧, ੧ : ੨ (376)

"ਹਮ ਓਇ ਮਿਲਿ ਹੋਏ ਇਕ **ਰੰਗਾ**।" (ਇਕ ਰੰਗ ਦੇ ਭਾਵ ਇਕ ਰਸ) — ਆਸਾ **੫**, ੮੩, ੪ : ੪ (391)

2. ਖੁਸ਼ੀਆ

"ਦੇਦੇ ਤੋਟਿ ਨਾਹੀ ਪ੍ਰਭ **ਰੰਗਾ**।" — ਮਾਝ **੫**, ੧੫, ੩ : ੨ (99)

"ਮੇਰੈ ਮਨਿ ਚੀਤਿ ਆਏ ਪ੍ਰਿਅ **ਰੰਗਾ**।" (ਪ੍ਰੇਮ ਬਿਲਾਸ) — ਸਾਰ **੫**, ੩੦, ੧* : ੧ (1210)

3. ਰੰਗ ਅਥਵਾ ਅਵਸਥਾ ਵਿਚ

"ਰੈਣਿ ਦਿਨਸੁ ਰਹੈ ਇਕ **ਰੰਗਾ**।" — ਗਉ **੫**, ੮੬, ੧ : ੧ (181)

4. ਰੰਗ ਮਾਣਨ ਵਾਲਾ ਭਾਵ ਅਮੀਰ

"ਬਿਆਪਤ ਭੂਮਿ ਰੰਕ ਅਰੁ **ਰੰਗਾ**।" — ਗਉ **੫**, ੮੮, ੩ : ੧ (182)

5. ਚੋਜ

"ਬਰਨਿ ਨ ਸਾਕਉ ਤੁਮਰੇ **ਰੰਗਾ** ਗੁਣ ਨਿਧਾਨ ਸੁਖਦਾਤੇ।" — ਗਉ **੫**, ੧੨੮, ੨ : ੧ (207)

6. ਪ੍ਰੇਮ ਨਾਲ, ਪਿਆਰ ਨਾਲ

"ਸਚੁ ਸਾਲਾਹਣੁ ਨਾਨਕ ਹਰਿ **ਰੰਗਾ**।" — ਗਉ **੫**, ਅਸ ੧, ੮ : ੪ (236)

"ਤੁਮ੍ਰੋ ਧਿਆਨੁ ਤੁਮ੍ਾਰੋ **ਰੰਗਾ**।" (ਪਿਆਰ ਵਿਚ) — ਬਿਲਾ **੫**, ੧੨੦, ੧* : ੨ (828)

"ਚੜੈ ਸਵਾਇਆ ਨਿਤ ਨਿਤ **ਰੰਗਾ** ਘਟੈ ਨਾਹੀ ਤੋਲੀਜਾ ਹੇ।" (ਪਿਆਰ) — ਮਾਰੂ **੫**, ਸੋਲਾ ੩, ੧੫ : ੩ (1074)

7. ਮੌਜ ਵਿਚ ਰਹਿਣ ਵਾਲਾ, ਮੌਜੀ

"ਹਮ ਮੂਰਖ ਮੁਗਧ ਸਰਣਾਗਤੀ ਮਿਲੁ ਗੋਵਿੰਦ **ਰੰਗਾ**।" — ਆਸਾ **੪**, ਛੰਤ ੧੫, ੩ : ੧ (449)

8. ਦੁਨਿਆਵੀ ਮੌਜ ਮੇਲੇ

"ਆਪਿ ਉਪਾਵਹਿ ਆਪਿ ਖਪਾਵਹਿ ਤੁਧੁ ਲੇਪੁ ਨਹੀ ਇਕੁ ਤਿਲੁ **ਰੰਗਾ**।" — ਮਾਰੂ **੫**, ਸੋਲਾ ੧੧, ੧੫ : ੩ (1083)

9. ਰੰਗਾਂ ਵਿਚੋਂ

"ਹਰਿ ਰੰਗ **ਰੰਗਾ** ਸਹਜਿ ਮਾਣੁ।" — ਬਸੰ **੫**, ੩, ੪ : ੩ (1180)

10. ਰੰਗਨ ਵਾਲਾ

"**ਰੰਗਾ** ਰੰਗ ਰੰਗਨ ਕੇ ਰੰਗਾ।" — ਕਾਨ **੫**, ੩੬, ੧* : ੧ (1305)

ਰੰਗਾਇਆ — 1. ਰੰਗਿਆ ਗਿਆ

"ਸ੍ਰਵਣੀ ਨਾਮੁ ਸੁਣੈ ਹਰਿ ਬਾਣੀ ਅਨਕ ਹਰਿ ਰੰਗਿ **ਰੰਗਾਇਆ**।" — ਮਾਰੂ **੧**, ਸੋਲਾ ੨੦, ੧੫ : ੩ (1041)

2. ਰੰਗਵਾਇਆ, ਰੰਗ ਕਰਾਇਆ

"ਕਾਪੜੁ ਕਾਠੁ **ਰੰਗਾਇਆ** ਰਾਂਗਿ।" — ਸਾਰ **੪**, ਵਾਰ ੧੫ਸ, **੧**, ੨ : ੧ (1243)

ਰੰਗਾਏ — 1. ਰੰਗਦਾ ਹੈ

"ਸਬਦਿ **ਰੰਗਾਏ** ਹੁਕਮਿ ਸਬਾਏ।" — ਮਾਝ **੧**, ਅਸ ੧, ੧ : ੧ (109)

"ਗੁਰਮੁਖਿ ਰਾਤੇ ਸਬਦਿ **ਰੰਗਾਏ**।" (ਰੰਗੇ ਗਏ) — ਬਿਲਾ **੩**, ੫, ੩ : ੧ (798)

"ਏਹੁ ਮਨੁ ਭੈ ਭਾਇ **ਰੰਗਾਏ**।" (ਰੰਗਾ ਲੈ) — ਮਾਰੂ **੩**, ਸੋਲਾ ੨੧, ੮ : ੧ (1066)

2. ਰੰਗ ਵਿਚ

"ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ **ਰੰਗਾਏ**।" — ਤਿਲੰ **੧**, ੩, ੧ : ੧ (721)

ਰੰਗਾਨਾ — ਰੰਗ ਨਾਲ

"ਸੁਣਿ ਬਾਵਰੇ ਨੇਹੁ ਕੂੜਾ ਲਾਇਓ ਕੁਸੰਭ **ਰੰਗਾਨਾ**।" — ਸੂਹੀ **੫**, ਛੰਤ ੧, ੧ : ੨ (777)

ਰੰਗਾਰੇ — ਰੰਗੀਆਂ ਹੋਈਆਂ ਭਾਵ ਮਸਤ

"ਨੈਨ ਹਮਾਰੇ ਪ੍ਰਿਅ ਰੰਗ **ਰੰਗਾਰੇ** ਇਕੁ ਤਿਲੁ ਭੀ ਨਾ ਧੀਰੀਜੈ।" — ਜੈਤ **੫**, ਛੰਤ ੧, ੧ : ੪ (703)

ਹੋਰ ਰੂਪ — ਰੰਗਾਰੈ —

"ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ **ਰੰਗਾਰੈ**।" — ਕਾਨ **੫**, ੨੦, ੨ : ੧ (1302)

ਰੰਗਾਵਣਿਆ — ਰੰਗੇ ਗਏ

"ਗੁਰਮਤੀ ਮਨੁ ਇਕਤੁ ਘਰਿ ਆਇਆ ਸਚੈ ਰੰਗਿ **ਰੰਗਾਵਣਿਆ**।"

— ਮਾਝ **੩**, ਅਸ ੪, ੧* : ੨ (111)

ਰੰਗਾਵਲਾ — ਰੰਗੀਲਾ

"ਨਾਨਕ ਮਨ ਹੀ ਮੰਝਿ **ਰੰਗਾਵਲਾ** ਪਿਰੀ ਤਹਿਜਾ ਨਾਉ।"

— ਮਾਰੂ **੫**, ਵਾਰ ੧੧ਸ, **੫**, ੧ : ੨ (1098)

"ਫਰੀਦਾ ਕੰਤੁ **ਰੰਗਾਵਲਾ** ਵਡਾ ਵੇਮੁਹਤਾਜ।" (ਆਪਣੀ ਮੌਜ ਵਿਚ ਮਸਤ)

— ਸਲੋ **ਫਰ**, ੧੦੮ : ੧ (1383)

ਰੰਗਾਵਲੀ — ਸੁੰਦਰ, ਆਕਰਸ਼ਕ ਰੰਗਾਂ ਵਾਲੀ

"ਫਰੀਦਾ ਭੂਮਿ **ਰੰਗਾਵਲੀ** ਮੰਝਿ ਵਿਸੂਲਾ ਬਾਗ।"

— ਸਲੋ **ਫਰ**, ੮੨ : ੧ (1382)

ਰੰਗਾਵਲੇ — ਰਸੀਏ, ਅਨੰਦੀ

"ਗੁਰਮੁਖਿ ਸਬਦਿ **ਰੰਗਾਵਲੇ** ਅਹਿਨਿਸਿ ਹਰਿ ਰਸੁ ਭੋਗੁ।" — ਸਿਰੀ **੧**, ਅਸ ੧੫, ੩ : ੩ (63)

ਰੰਗਾਵਲੋ — ਰੰਗੀਲਾ, ਮੌਜੀ

"ਸਾਚਉ ਰੰਗਿ **ਰੰਗਾਵਲੋ** ਸਖੀ ਹਮਾਰੋ ਕੰਤੁ।"

— ਮਾਰੂ **੧**, ਅਸ ੧੦, ੪ : ੧ (1015)

ਰੰਗਿ — 1. ਰੰਗ ਦੁਆਰਾ, ਪਿਆਰ ਨਾਲ

"ਓਹੁ ਧੋਪੈ ਨਾਵੈ ਕੈ **ਰੰਗਿ**।"

— ਜਪੁ **੧**, ੨੦ : ੬ (4)

2. ਪ੍ਰੇਮ ਵਿਚ

"ਜਨਮੁ ਬ੍ਰਿਥਾ ਜਾਤ **ਰੰਗਿ** ਮਾਇਆ ਕੈ।(ਪਿਆਰ ਵਿਚ) — ਆਸਾ **੫**, ਸੋਪੁ ੪, ੧* : ੨ (12)

"ਨਾਨਕ ਸਹਜੇ ਹੀ **ਰੰਗਿ** ਵਰਤਦਾ ਹਰਿ ਗੁਣ ਪਾਵੈ ਸੋਇ।"

— ਸਿਰੀ **੩**, ੫੦, ੪ : ੩ (33)

3. ਰਸ ਹੋ ਕੇ

"ਮੇਰੇ ਮਨ ਹਰਿ ਭਜੁ ਸਦਾ ਇਕ **ਰੰਗਿ**।" (ਭਾਵ ਇਕਾਗਰ ਚਿਤ)

— ਸਿਰੀ **੫**, ੮੮, ੧* : ੧ (48)

4. ਰੂਪ ਵਿਚ

"ਅਠੀ ਵੇਪਰਵਾਹ ਰਹਨਿ ਇਕਤੈ **ਰੰਗਿ**।"

— ਮਾਰੂ **੧**, ਵਾਰ ੧੨ਸ, **੨**, ੨ : ੨ (146)

5. ਮੌਜ ਵਿਚ

"ਜੋ ਕਿਛੁ ਕੀਨੋ ਸੁ ਆਪਨੈ **ਰੰਗਿ**।"

— ਗਉ **੫**, ਸੁਖ ੧੨, ੬ : ੫ (279)

"**ਰੰਗਿ** ਹਸਹਿ **ਰੰਗਿ** ਰੋਵਹਿ ਚੁਪ ਭੀ ਕਰਿ ਜਾਹਿ।"

— ਆਸਾ **੧**, ਵਾਰ ੨੦ਸ, **੧**, ੨ : ੫ (473)

6. ਰੰਗ ਵਿਚ, ਵਰਣ ਵਿਚ

"ਹਰਿ **ਰੰਗਿ** ਚਲੂਲੈ ਜੋ ਰਤੇ ਤਿਨ ਭਿਨੀ ਹਰਿ ਰੰਗਿ ਚੋਲੀਆ।"

— ਗਉ **੪**, ਵਾਰ ੧੯ਸ, **੪**, ੧ : ੫ (311)

"ਬਸਤ੍ਰ ਹਮਾਰੈ **ਰੰਗਿ** ਚਲੂਲ।" (ਰੰਗ ਦੇ)

— ਆਸਾ **੫**, ੭, ੩ : ੧ (372)

"ਪ੍ਰੀਤਮ ਭਾਨੀ ਤਾਂ **ਰੰਗਿ** ਗੁਲਾਲ।"

— ਆਸਾ **੫**, ੫੨, ੪ : ੧ (384)

7. ਸੁਆਦਾਂ, ਖੁਸ਼ੀਆਂ

"ਸਾਹਾਂ ਸੁਰਤਿ ਗਵਾਈਆ **ਰੰਗਿ** ਤਮਾਸੈ ਚਾਇ।"

— ਆਸਾ **੧**, ਅਸ ੧੧, ੫ : ੨ (417)

"**ਰੰਗਿ** ਰਲੀਆ ਮਾਣਹੁ ਮੇਰੇ ਪਿਆਰੇ ਹਰਿ ਕਿਰਪਾ ਕਰੇ।" (ਖੁਸ਼ੀਆਂ)

— ਆਸਾ **੪**, ਛੰਤ ੨੧, ੧ : ੩ (451)

8. ਰੰਗ ਲੈ

"ਸਾਧ ਪ੍ਰਸਾਦਿ ਹਰਿ ਸਿਉ ਮਨੁ **ਰੰਗਿ**।"

— ਗੋਂਡ **੫**, ੧੩, ੨ : ੪ (866)

ਰੰਗਿਓਨੁ — ਉਸ ਨੇ ਰੰਗਿਆ ਹੈ

"ਆਪੇ ਰੰਗਣਿ **ਰੰਗਿਓਨੁ** ਸਬਦੇ ਲਇਓਨੁ ਮਿਲਾਇ।" — ਸਿਰੀ **੩**, ੫੯, ੩ : ੧ (37)

ਰੰਗਿਆ — 1. ਰੰਗਨ ਕੀਤਾ ਹੈ, ਪਿਆਰ ਵਾਲਾ ਕੀਤਾ

"ਗੁਰਸਬਦੀ ਮਨੁ **ਰੰਗਿਆ** ਰਸਨਾ ਪ੍ਰੇਮ ਪਿਆਰਿ।"

— ਸਿਰੀ **੩**, ੫੯, ੧ : ੨ (36)

"ਸਬਦਿ ਮਨੁ **ਰੰਗਿਆ** ਲਿਵ ਲਾਇ।"

— ਗਉ **੩**, ਅਸ ੮, ੧ : ੨ (233)

2. ਰੰਗ ਲਿਆ

"ਮਾਇਆ ਮੋਹਿ ਮਨੁ **ਰੰਗਿਆ** ਮੋਹਿ ਸੁਧਿ ਨ ਕਾਈ ਰਾਮ।"

— ਵਡ **੩**, ਛੰਤ ੫, ੪ : ੧ (571)

ਰੰਗਿਰਤੇ — ਪਿਆਰ ਵਿਚ ਭਿਜੇ ਹੋਏ

"**ਰੰਗਿਰਤੇ** ਅਪੁਨੇ ਸੁਆਮੀ ਸੇਤੀ ਮਰੈ ਨ ਆਵੈ ਜਾਈ ਰਾਮ।"

— ਸੂਹੀ **੫**, ਛੰਤ ੫, ੪ : ੨ (780)

ਰੰਗਿਰਾਤੜੀਏ — ਪਿਆਰ ਵਿਚ ਭਿਜ ਕੇ
"ਪਿਰੁ ਰਾਵੇ **ਰੰਗਿਰਾਤੜੀਏ** ਪਿਰ ਕਾ ਮਹਲ ਤਿਨ ਪਾਇਆ ਰਾਮ।"
— ਸੂਹੀ **੩**, ਛੰਤ ੬, ੩ : ੧ (771)

ਰੰਗਿਰਾਤਾ — ਪਿਆਰ/ਪ੍ਰੇਮ ਵਿਚ ਭਿਜਿਆ
"ਅਨਦਿਨੁ ਸਹਜਿ ਰਹੈ **ਰੰਗਿਰਾਤਾ**।"
— ਸੂਹੀ **੪**, ਛੰਤ ੪, ੧ : ੫ (775)

ਹੋਰ ਰੂਪ — ਰੰਗਿਰਾਤੇ —
"ਕਹੁ ਨਾਨਕ ਰਵਹਿ **ਰੰਗਿਰਾਤੇ** ਪ੍ਰੇਮ ਮਹਾ ਰਸ ਭੀਨੇ।" (ਪਿਆਰ ਵਿਚ ਭਿਜੇ)
— ਸੂਹੀ **੫**, ਛੰਤ ੮, ੨ : ੬ (782)

ਰੰਗੀ — 1. ਵਰਣ ਦੇ, ਰੰਗਾਂ ਦੇ
"**ਰੰਗੀ ਰੰਗੀ** ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ।" — ਜਪੁ **੧**, ੨੭ : ੧੯ (6)
"ਆਪੇ ਜਗਤੁ ਉਪਾਇਦਾ ਮੇਰੇ ਗੋਵਿਦਾ ਹਰਿ ਆਪਿ ਖੇਲੈ ਬਹੁ **ਰੰਗੀ** ਜੀਉ।" [(ਅਨੇਕਾਂ) ਪ੍ਰਕਾਰ ਨਾਲ] — ਗਉ **੪**, ੬੮, ੨ : ੧ (174)
"ਸਰਬੀ **ਰੰਗੀ** ਰੂਪੀ ਤੂੰ ਹੈ ਤਿਸੁ ਬਖਸੇ ਜਿਸੁ ਨਦਰਿ ਕਰੇ।" (ਰੰਗਾਂ ਵਿਚ)
— ਆਸਾ **੧**, ੨੨, ੧* : ੨ (355)
"**ਰੰਗੀ** ਜਿਨਸੀ ਜੰਤ ਉਪਾਏ ਨਿਤ ਦੇਵੈ ਚੜੈ ਸਵਾਇਆ।" (ਰੰਗਾਂ ਦੇ)
— ਤੁਖਾ **੧**, ਛੰਤ ੫, ੨ : ੪ (1112)

2. ਰੰਗੀ ਹੋਈ
"ਦਰਸਨ ਪਰਸਨ ਸਰਸਨ ਹਰਸਨ ਰੰਗਿ **ਰੰਗੀ** ਕਰਤਾਰੀ ਰੇ।"
— ਆਸਾ **੫**, ੧੩੮, ੧ : ੨ (404)

ਰੰਗੀਓ — ਰੰਗੀਲਾ ਪ੍ਰੀਤਮ
"ਜਉ ਗ੍ਰਿਹਿ ਲਾਲੁ **ਰੰਗੀਓ** ਆਇਆ ਤਉ ਮੈ ਸਭਿ ਸੁਖ ਪਾਏ।" — ਮਲਾ **੫**, ੧, ੩ : ੨ (1266)

ਰੰਗੀਆ — ਰੰਗਿਆ ਹੋਇਆ
"ਤਨੁ ਮਨੁ ਸੀਤਲੁ ਰੰਗਿ **ਰੰਗੀਆ**।"
— ਰਾਮ **੧**, ਸਿਧੋ ੪੭ : ੪ (943)

ਰੰਗੀਐ — 1. ਰੰਗਿਆ ਜਾ ਸਕਦਾ
"ਬਿਨੁ ਗੁਰ ਕੋਇ ਨ **ਰੰਗੀਐ** ਗੁਰਿ ਮਿਲਿਐ ਰੰਗੁ ਚੜਾਉ।"
— ਆਸਾ **੩**, ਅਸ ੩੧, ੩ : ੧ (427)

2. ਰੰਗਿਆਂ
"ਗੁਰਮੁਖਿ ਇਹੁ ਮਨੁ **ਰੰਗੀਐ** ਦੂਜਾ ਰੰਗ ਜਾਈ ਰਾਮ।" — ਵਡ **੩**, ਛੰਤ ੫, ੪ : ੨ (571)
"ਰੰਗੇ ਕਾ ਕਿਆ **ਰੰਗੀਐ** ਜੋ ਰਤੇ ਰੰਗੁ ਲਾਇ ਜੀਉ।"
— ਸੂਹੀ **੧**, ਅਸ ੨, ੧* : ੧ (751)

ਰੰਗੀਣਾ — ਰੰਗਿਆ ਭਾਵ ਰਮਿਆ ਰਹਿਣਾ
"ਰਹੈ ਗਗਨਪੁਰਿ ਦ੍ਰਿਸਟਿ ਸਮੈਸਰਿ ਅਨਹਤ ਸਬਦਿ **ਰੰਗੀਣਾ**।" — ਰਾਮ **੧**, ਅਸ ੮, ੨ : ੧ (907)

ਰੰਗੀਤਿ — ਰੰਗਿਆ ਹੈ
"ਹਰਿ ਕੇ ਸੰਤ ਸੰਤ ਜਨ ਨੀਕੇ ਜਿਨ ਮਿਲਿਆਂ ਮਨੁ ਰੰਗਿ **ਰੰਗੀਤਿ**।"
— ਕਾਨ **੪**, ੫, ੩ : ੧ (1296)

ਰੰਗੀਨਾ — ਰੰਗਿਆ ਗਿਆ
"ਮਿਲਿ ਪ੍ਰੀਤਮ ਜਿਉ ਹੋਤ ਅਨੰਦਾ ਤਿਉ ਹਰਿ ਰੰਗਿ ਮਨੁ **ਰੰਗੀਨਾ** ਜੀਉ।"
— ਮਾਝ **੫**, ੨੧, ੩ : ੩ (100)

ਰੰਗੀਲੜੇ — ਰੰਗੇ ਹੋਏ
"ਸਾਜਨ ਰਾਂਗਿ **ਰੰਗੀਲੜੇ** ਰੰਗੁ ਲਾਲੁ ਬਣਾਇਆ।"
— ਸੂਹੀ **੧**, ਛੰਤ ੫, ੫ : ੬ (767)

ਰੰਗੀਲਾ — 1. ਪਿਆਰ ਕਰਨ ਵਾਲਾ
"ਸਦਾ **ਰੰਗੀਲਾ** ਲਾਲੁ ਪਿਆਰਾ ਏਹੁ ਮਹਿੰਜਾ ਆਸਰਾ।"
— ਸੂਹੀ **੫**, ਅਸ ੪, ੧* : ੨ (761)

ਹੋਰ ਰੂਪ — ਰਗੀਲਾ —
"ਲਾਲੁ **ਰਗੀਲਾ** ਸਹਜੇ ਪਾਇਓ ਸਤਿਗੁਰ ਬਚਨਿ ਲਹੋ।" — ਸਾਰ **੫**, ੩, ੧* : ੨ (1203)

2. ਰੰਗੀਲਾ
"ਹਰਿ ਜੇਠੁ **ਰੰਗੀਲਾ** ਤਿਸੁ ਧਣੀ ਜਿਸ ਕੈ ਭਾਗੁ ਮਥੰਨਿ।" — ਮਾਝ **੫**, ਬਾਰਾ ੪ : ੯ (134)

ਰੰਗੀਲੇ — ਰੰਗ ਵਾਲੇ, ਪਿਆਰ ਸਰੂਪ
"ਲਾਲ ਗੋਪਾਲ ਦਇਆਲ **ਰੰਗੀਲੇ**।"
— ਮਾਝ **੫**, ੧੬, ੧ : ੧ (99)

ਹੋਰ ਰੂਪ — ਰੰਗੀਲੈ —
"ਜਬ ਕੀ ਰਾਮ **ਰੰਗੀਲੈ** ਰਾਤੀ ਰਾਮ ਜਪਤ ਮਨ ਧੀਰੇ।" (ਪਿਆਰ ਸਰੂਪ ਨਾਲ)

— ਸਾਰ **੧**, ੧, ੨ : ੨ (1197)

ਰੰਗੁ — 1. ਰੰਗ, ਵਰਣ, ਰੂਪ

"ਲਾਲੁ ਗੁਲਾਲੁ ਗਹਬਰਾ ਸਚਾ **ਰੰਗੁ** ਚੜਾਉ।"

— ਸਿਰੀ **੧**, ੧੨, ੧ : ੨ (18)

"ਸਤਿਗੁਰਿ ਮਿਲਿਐ ਭਉ ਉਪਜੈ ਭੈ ਭਾਇ **ਰੰਗੁ** ਸਵਾਰਿ।" (ਰੂਪ)

— ਸੂਹੀ **੩**, ਵਾਰ ੯ : ੨ (788)

2. ਅਨੰਦ, ਮੌਜ, ਖੁਸ਼ੀ

"**ਰੰਗੁ** ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ।" — ਸਿਰੀ **੧**, ੨੪, ੧* : ੧ (23)

"ਤੂੰ ਦਾਨਾ ਤੂੰ ਸਦ ਮਿਹਰਵਾਨਾ ਨਾਮੁ ਮਿਲੈ **ਰੰਗੁ** ਮਾਣੀ।"— ਆਸਾ **੫**, ੪੯, ੩ : ੨ (383)

"ਗੁਰ ਮਨਾਰਿ ਪ੍ਰਿਅ ਦਇਆਰ ਸਿਉ **ਰੰਗੁ** ਕੀਆ।" (ਪਿਆਰ ਦੇ ਚੋਜ)

— ਮਲਾ **੫**, ੨੩, ੧* : ੧ (1271)

3. ਪਿਆਰ, ਪ੍ਰੇਮ

"**ਰੰਗੁ** ਨ ਲਗੀ ਪਾਰਬ੍ਰਹਮ ਤਾ ਸਰਪਰ ਨਰਕੇ ਜਾਇ।"

— ਸਿਰੀ **੫**, ਅਸ ੨੬, ੫ : ੪ (70)

"ਸੰਤਾ ਸੇਤੀ **ਰੰਗੁ** ਨ ਲਾਏ।"

— ਮਾਝ **੫**, ੩੨, ੩ : ੧ (105)

4. ਰੰਗ ਵਾਲਾ, ਪਿਆਰ ਸਰੂਪ, ਪ੍ਰੀਤਮ

"ਹਰਿ **ਰੰਗੁ** ਨਾਲਿ ਨ ਲਖੀਐ ਮੇਰੇ ਗੋਵਿਦਾ ਗੁਰੁ ਪੂਰਾ ਅਲਖੁ ਲਖਾਹੀ ਜੀਉ।"

— ਗਉ **੪**, ੬੨, ੧ : ੨ (173)

5. ਚੋਜ, ਤਮਾਸ਼ਾ

"ਨੈਨਹੁ ਪੇਖੁ ਠਾਕੁਰ ਕਾ **ਰੰਗੁ**।"

— ਗਉ **੫**, ਸੁਖ ੧੪, ੨ : ੫ (281)

6. ਸਰੂਪ

"ਆਪੇ ਹਰਿ ਇਕ **ਰੰਗੁ** ਹੈ ਆਪੇ ਬਹੁ ਰੰਗੀ।"

— ਤਿਲੰ **੪**, ਅਸ ੨, ੨੨ : ੧ (726)

7. ਗਰੀਬ, ਰੰਕ, ਕੰਗਾਲ

"ਰਾਣਾ ਰਾਉ ਨ ਕੋ ਰਹੈ **ਰੰਗੁ** ਨ ਤੁੰਗੁ ਫਕੀਰ।"

— ਰਾਮ **੧**, ਓਅੰ ੪੪ : ੧ (936)

ਰੰਗੁਲ — ਰੰਗੀ ਗਈ (ਪਿਆਰ ਵਿਚ)

"ਜਬ ਕੀ ਉਪਜੀ ਤਬ ਕੀ ਤੈਸੀ **ਰੰਗੁਲ** ਭਈ ਮਨਿ ਭਾਈ।" — ਸਾਰ **੧**, ਅਸ ੧, ੫ : ੨ (1232)

ਰੰਗੁਲਾ — ਚੋਜ ਕਰਨ ਵਾਲਾ, ਰੰਗੀਲਾ, ਖੁਸ਼ੀਆਂ ਦੇਣ ਵਾਲਾ, ਅਨੰਦ ਦੇਣ ਵਾਲਾ

"ਆਪੇ ਬਹੁ ਬਿਧਿ **ਰੰਗੁਲਾ** ਸਖੀਏ ਮੇਰਾ ਲਾਲੁ।"

— ਸਿਰੀ **੧**, ੨੫, ੩ : ੧ (23)

ਹੋਰ ਰੂਪ — ਰੰਗੁਲੇ —

"ਸਜਣ ਮੇਰੇ **ਰੰਗੁਲੇ** ਜਾਇ ਸੁਤੇ ਜੀਰਾਣਿ।" (ਪਿਆਰ ਵਾਲੇ, ਰੰਗੀਲੇ)

— ਸਿਰੀ **੧**, ੨੪, ੨ : ੧ (23)

"ਨਾਨਕ ਨਾਮ ਰਤੇ ਸੇ **ਰੰਗੁਲੇ** ਗੁਰ ਕੈ ਸਹਜਿ ਸੁਭਾਇ।" (ਪਿਆਰ ਵਾਲੇ)

— ਸਿਰੀ **੪**, ਵਾਰ ੮ਸ, **੩**, ੨ : ੫ (85)

ਰੰਗੇ — 1. ਰੰਗ ਦੇਂਦਾ ਹੈ (ਪ੍ਰੇਮ ਵਿਚ)

"ਗੁਰ ਸਬਦੀ ਸਾਲਾਹੀਐ **ਰੰਗੇ** ਸਹਜਿ ਸੁਭਾਇ।"

— ਸਿਰੀ **੩**, ੪੯, ੨ : ੨ (32)

2. ਪਿਆਰ ਨਾਲ

"ਅਨਦਿਨੁ ਨਾਮੁ ਧਿਆਵਹਿ **ਰੰਗੇ**।"

— ਗਉ **੫**, ਬਾਅ ੧੩ : ੪ (252)

"ਨਾਮੁ ਧਿਆਵਹੁ ਸਦ ਸਦਾ ਹਰਿ ਹਰਿ ਮਨੁ **ਰੰਗੇ**।" (ਚਾਉ ਨਾਲ)

— ਆਸਾ **੫**, ੧੦੪, ੪ : ੧ (397)

3. ਰੰਗੇ ਹੋਏ

"**ਰੰਗੇ** ਕਾ ਕਿਆ ਰੰਗੀਐ ਜੋ ਰਤੇ ਰੰਗੁ ਲਾਇ ਜੀਉ।"

— ਸੂਹੀ **੧**, ਅਸ ੨, ੧* : ੧ (751)

ਰੰਗੇਤੜਾ — ਰੰਗਿਆ ਹੋਇਆ, ਗੜੂਚ

"ਗੁਰਮੁਖਿ ਹਰਿ ਗੁਣ ਗਾਇ ਰੰਗਿ **ਰੰਗੇਤੜਾ**।"

— ਸੂਹੀ **੧**, ਅਸ ੩, ੪ : ੨ (752)

ਰੰਗੇਤੀ — ਰੰਗੀ ਹੋਈ

"ਪ੍ਰਭ ਸਾਚੇ ਸੇਤੀ ਰੰਗਿ **ਰੰਗੇਤੀ** ਲਾਲ ਭਈ ਮਨੁ ਮਾਰੀ।" — ਧਨਾ **੧**, ਛੰਤ ੩, ੩ : ੫ (689)

ਰੰਗੋ — ਰੰਗ ਲਵੋ

"ਨਾਰਾਇਣ ਹਰਿ ਰੰਗ **ਰੰਗੋ**।"

— ਗਉ **੫**, ਅਸ ੧੩, ੧*: ੧ (241)

ਰੰਗੌ — ਰੰਗੇ ਜਾਓ

"ਪਰਮ ਅਤੀਤੁ ਪਰਮੇਸੁਰ ਕੈ ਰੰਗ **ਰੰਗੌ** ਬਾਸਨਾ ਤੇ ਬਾਹਰਿ ਪੈ ਦੇਖੀਅਤੁ ਧਾਮ ਸਿਉ।"

— ਸਵ **੫**, ਮਥੁ ੩ : ੨ (1408)

ਰਘੁ — ਰਘੁਵੰਸ਼, ਰਘੁ ਕੁਲ ਦੇ ਲੋਕ, ਸੂਰਜਵੰਸ਼ੀ ਕੁਲ ਦਾ ਅਯੋਧਿਆ ਦਾ ਰਾਜਾ
"ਗਾਵੈ ਜਮਦਗਨਿ ਪਰਸਰਾਮੇਸੁਰ ਕਰ ਕੁਠਾਰੁ **ਰਘੁ** ਤੇਜੁ ਹਰਿਓ।"
— ਸਵ **੧**, ੪ : ੨ (1389)

ਰਘੁਨਾਥ — ਅਖਰੀ ਅਰਥ ਰਘੁਵੰਸ਼ ਦੇ ਮੁਖੀ, ਭਾਵ ਪ੍ਰਭੂ, ਵਾਹਿਗੁਰੂ
"ਬਿਨੁ **ਰਘੁਨਾਥ** ਸਰਨਿ ਕਾ ਕੀ ਲੀਜੈ।"
— ਜੈਤ **ਰਵਿ**, ੧, ੬ : ੨ (710)

ਰਘੁਪਤਿ — ਅਖਰੀ ਅਰਥ 'ਰਘੁਵੰਸ਼' ਦਾ ਮਾਲਕ (ਪਤੀ), ਭਾਵ ਪ੍ਰਭੂ, ਅਕਾਲ ਪੁਰਖ
"ਭਜਿਓ ਨ **ਰਘੁਪਤਿ** ਰਾਜਾ।"
— ਸੋਰ **ਕਬ**, ੩, ੧* : ੨ (654)

ਰਘੁਬੰਸਿ — ਰਘੁ ਕੀ ਕੁਲ ਵਿਚ
"**ਰਘੁਬੰਸਿ** ਤਿਲਕੁ ਸੁੰਦਰੁ ਦਸਰਥ ਘਰਿ ਮੁਨਿ ਬੰਛਹਿ ਜਾ ਕੀ ਸਰਣੰ।"
— ਸਵ **੪**, ਗਯੰ ੨ : ੫ (1401)

ਰਘੁਰਾਇਓ — ਅਖਰੀ ਅਰਥ ਰਘੁਵੰਸ਼ ਦਾ ਰਾਜਾ ਭਾਵ ਵਾਹਿਗੁਰੂ
"ਕੈ ਪਹਿ ਕਰਉ ਅਰਦਾਸਿ ਬੇਨਤੀ ਜਉ ਸੁਨਤੋ ਹੈ **ਰਘੁਰਾਇਓ**।"
— ਗਉ **੫**, ੧੨੩*, ੧ : ੨ (205)

ਹੋਰ ਰੂਪ — ਰਘੁਰਾਇਆ —
"ਭੋਲੇ ਭਾਇ ਮਿਲੇ **ਰਘੁਰਾਇਆ**।" (ਪ੍ਰਭੂ)
— ਗਉ **ਕਬ**, ੬, ੪ : ੨ (324)
"ਜਨ ਗਰੀਬ ਕੋ ਜੋਰੁ ਨ ਪਹੁਚੈ ਕਹਾ ਕਰਉ **ਰਘੁਰਾਇਆ**।" (ਹੇ ਪ੍ਰਭੂ)
— ਭੈਰ **ਕਬ**, ੧੨, ੧ : ੨ (1161)

ਰਘੁਰਾਈ —
"ਏ ਬਾਰਿਕ ਕੈਸੇ ਜੀਵਹਿ **ਰਘੁਰਾਈ**।" (ਹੇ ਪ੍ਰਭੂ) — ਗੂਜ **ਕਬ**, ੨, ੧ : ੨ (524)

ਰਘੁਵੰਸੁ — ਰਘੁ ਵੰਸ਼ ਦਾ
"ਤ੍ਰੇਤੈ ਤੈ ਮਾਣਿਓ ਰਾਮੁ **ਰਘੁਵੰਸੁ** ਕਹਾਇਓ।"
— ਸਵ **੧**, ੭ : ੨ (1390)

ਰੰਙਣ-ਵਾਲਾ — ਰੰਗ ਕਰਨ ਵਾਲਾ
"**ਰੰਙਣ-ਵਾਲਾ** ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ।" — ਤਿਲੰ **੧**, ੩, ੨ : ੨ (722)

ਰੰਙਣਿ — ਰੰਗ ਵਾਲੀ ਮੱਟੀ
"ਕਾਇਆ **ਰੰਙਣਿ** ਜੇ ਥੀਐ ਪਿਆਰੇ ਪਾਈਐ ਨਾਉ ਮਜੀਠ।"
— ਤਿਲੰ **੧**, ੩, ੨ : ੧ (722)

ਰੰਙੁ — 1. ਰੰਗ, ਵਰਣ
"ਹਰਿ ਨਾਮਾ ਹਰਿ **ਰੰਙੁ** ਹੈ ਹਰਿ **ਰੰਙੁ** ਮਜੀਠੈ **ਰੰਙੁ**।" — ਸੂਹੀ **੪**, ੩*, ੧ : ੧ (731)
2. ਰੰਗਣ
"ਮਿਲਿ ਸੰਗਤਿ ਹਰਿ ਰੰਗੁ ਪਾਇਆ ਜਨ ਨਾਨਕ ਮਨਿ ਤਨਿ **ਰੰਙੁ**।"
— ਸੂਹੀ **੪**, ੩, ੪ : ੨ (732)

ਰੰਙੈ — ਰੰਗ ਚਾੜੇ
"ਰੰਙਣ ਵਾਲਾ ਜੇ **ਰੰਙੈ** ਸਾਹਿਬੁ ਐਸਾ ਰੰਗੁ ਨ ਡੀਠ।" — ਤਿਲੰ **੧**, ੩, ੨ : ੨ (722)

ਰੰਚ — ਰਤਾ ਭਰ
"ਭਾਉ ਭਗਤਿ ਭਗਵਾਨ ਸੰਗਿ ਮਾਇਆ ਲਿਪਤ ਨ **ਰੰਚ**।" — ਗਉ **੫**, ਥਿਤੀ ੫ : ੭ (297)

ਰਚਸਿ — ਰਚਾ ਕੇ, ਜੋੜ ਕੇ
"ਜਪਸਿ ਨਿਰੰਜਨੁ **ਰਚਸਿ** ਮਨਾ।"
— ਗਉ **੧**, ੧੫, ੩* : ੧ (156)

ਰਚਹਿ — ਜੁੜਦੇ, ਖਚਿਤ ਹੁੰਦੇ
"ਨਾਨਕ ਬਿਰਲੇ ਪਾਈਅਹਿ ਜੋ ਨ **ਰਚਹਿ** ਪਰਪੰਚ।" — ਗਉ **੫**, ਥਿਤੀ ੫ : ੮ (297)

ਹੋਰ ਰੂਪ — ਰਚਹੁ —
"ਰੇ ਮਨ ਬਿਨੁ ਹਰਿ ਜਹ **ਰਚਹੁ** ਤਹ ਤਹ ਬੰਧਨ ਪਾਹਿ।" (ਜੁੜਦੇ ਹੋ)
— ਗਉ **੫**, ਬਾਅ ੯ : ੧ (252)

ਰੰਚਕ — ਥੋੜੀ ਜਹੀ, ਰਤਾ ਕੁ
"ਈਧਨੁ ਅਧਿਕ ਸਕੇਲੀਐ ਭਾਈ ਪਾਵਕੁ **ਰੰਚਕ** ਪਾਇ।" — ਸੋਰ **੧**, ਅਸ ੪, ੧੦ : ੧ (637)

ਰਚੰਤਿ — 1. ਰਚ ਕੇ, ਬਣਾ ਕੇ
"**ਰਚੰਤਿ** ਜੀਅ ਰਚਨਾ ਮਾਤ ਗਰਭ ਅਸਥਾਪਨੰ।"
— ਜੈਤ **੫**, ਵਾਰ ੨ਸ, **੫**, ੧ : ੧ (706)
2. ਖਚਿਤ ਹੋਣਾ, ਫਸ ਜਾਣਾ
"**ਰਚਿਤ** ਮੂੜ ਅਗਿਆਨ ਅੰਧਹ ਨਾਨਕ ਸੁਖਨ ਮਨੋਰਥ ਮਾਇਆ।"
— ਜੈਤ **੫**, ਵਾਰ ੮ਸ, **੫**, ੧ : ੨ (707)

3. ਲੀਨ ਹੋਣਾ
"ਚਰਨ ਕਮਲ **ਰਚੰਤਿ** ਸੰਤਹ ਨਾਨਕ ਆਨ ਨ ਰੁਚਤੇ।"
— ਜੈਤ **੫**, ਵਾਰ ੧੨ਸ, **੫**, ੧ : ੩ (708)

ਰਚਨ — 1. ਰਚੇ/ਜੁੜੇ/ਖਚਿਤ ਰਹਿੰਦੇ ਹਨ
"ਸਰਬ ਬਿਆਪੀ ਰਾਮ ਸੰਗਿ **ਰਚਨ**।"
— ਗਉ **੫**, ਸੁਖ ੨੩, ੪ : ੪ (294)

ਹੋਰ ਰੂਪ — ਰਚਨੰ —
"ਸੁਖੇਣ ਬੈਣ ਰਤਨੰ **ਰਚਨੰ** ਕਸੁੰਭ ਰੰਗਣਃ।"
— ਗਾਥਾ **੫**, ੨੪ : ੧ (1361)

2. ਰਚਨਾ, ਸ੍ਰਿਸ਼ਟੀ
"ਤਿਨ ਕੀ ਗਤਿ ਅਵਗਤਿ ਤੂੰ ਹੈ ਜਾਣਹਿ ਜਿਨਿ ਇਹ **ਰਚਨ** ਰਚਾਈ।"
— ਆਸਾ **੩**, ਛੰਤ ੭, ੯ : ੪ (441)

ਰਚਨਹਾਰੁ — ਕਰਤਾ, ਰਚਨਾ ਕਰਨ ਵਾਲਾ ਭਾਵ ਪ੍ਰਭੂ
"**ਰਚਨਹਾਰੁ** ਨਹ ਸਿਮਰਿਓ ਮਨਿ ਨ ਬੀਚਾਰਿ ਬਿਬੇਕ।" — ਗਉ **੫**, ਥਿਤੀ ੫ : ੬ (297)

ਰਚਨਾ — 1. ਸ੍ਰਿਸ਼ਟੀ, ਕਿਰਤ
"ਹੈ ਭੀ ਹੋਸੀ ਜਾਇ ਨ ਜਾਸੀ **ਰਚਨਾ** ਜਿਨਿ ਰਚਾਈ।" — ਜਪੁ **੧**, ੨੭ : ੧੮ (6)
"ਬਾਬਾ ਮਾਇਆ **ਰਚਨਾ** ਧੋਹੁ।" (ਕਿਰਤ)
— ਸਿਰੀ **੧**, ੩, ੧* : ੧ (15)
"ਅਨਿਤ੍ਰ **ਰਚਨਾ** ਨਿਰਮੋਹਤੇ।" (ਸੰਸਾਰ)
— ਸਸ **੫**, ੨੩ : ੫ (1356)

2. ਖਚਿਤ ਹੋਣਾ, ਲੀਨ ਹੋਣਾ, ਰੁਚਿਤ ਹੋਣਾ
"ਜੋ ਤਜਿ ਛੋਡਨ ਤਿਸੁ ਸਿਉ ਮਨੁ **ਰਚਨਾ**।"
— ਗਉ **੫**, ੯੮, ੧ : ੨ (185)

3. ਸਾਜ ਸਮਾਨ
"ਰਾਜ ਲੀਲਾ ਰਾਜਨ ਕੀ **ਰਚਨਾ** ਕਰਿਆ ਹੁਕਮੁ ਅਫਾਰਾ।"
— ਸੋਰ **੫**, ਅਸ ੩, ੭ : ੧ (642)

ਰਚੰਨਿ — ਰੁਚਿਤ/ਲੀਨ ਰਹਿੰਦੇ ਹਨ
"ਨਾਨਕ ਭਗਤ ਸੁਖੀਏ ਸਦਾ ਸਚੈ ਨਾਮਿ **ਰਚੰਨਿ**।"
— ਸਿਰੀ **੫**, ਅਸ ੨੫, ੮ : ੩ (70)

ਰਚਨੀ — ਰਚਿਤ ਹੋਏ, ਜੁੜੇ
"ਅਨਦਿਨੁ ਸੇਵੀ ਗੁਣ ਰਵਾ ਮਨੁ ਸਚੈ **ਰਚਨੀ**।"
— ਸੂਹੀ **੩**, ਵਾਰ ੧੮ : ੨ (791)

ਰਚਨੁ — ਰਚਨਾ, ਸ੍ਰਿਸ਼ਟੀ, ਪਰਪੰਚ
"ਅਪਨੇ ਕਰਤਬ ਆਪੇ ਜਾਨੈ ਜਿਨਿ ਇਹੁ **ਰਚਨੁ** ਰਚਾਇਆ।"
— ਗਉ **੫**, ੧੬੩*, ੪ : ੧ (216)
"ਜਿਨਿ ਹਰਿ ਤੇਰਾ **ਰਚਨੁ** ਰਚਿਆ ਸੋ ਹਰਿ ਮਨਿ ਨ ਵਸਾਇਆ।" (ਰਚਨਾ, ਸਰੂਪ)
— ਰਾਮ **੩**, ਅਨੰ ੩੫ : ੩ (922)

ਰਚੰਨ੍ਹਿ — ਰਚੇ ਰਹਿੰਦੇ ਹਨ, ਖਚਿਤ ਰਹਿੰਦੇ ਹਨ
"ਜਿਨ੍ਹੀ ਅੰਮ੍ਰਿਤੁ ਭਰਮਿ ਲੁਟਾਇਆ ਬਿਖੁ ਸਿਉ ਰਚਹਿ **ਰਚੰਨ੍ਹਿ**।"
— ਬਿਲਾ **੪**, ਵਾਰ ੧੨ਸ, **੩**, ੧ : ੪ (854)

ਰਚਾ — 1. ਰਚਿਆ ਹੋਇਆ, ਵਿਆਪਕ
"ਸਭਨਾ ਕਾ ਸਾਹਿਬੁ ਏਕੁ ਹੈ ਗੁਰਸਬਦੀ **ਰਚਾ**।"
— ਮਾਰੂ **੩**, ਵਾਰ ੨੨ : ੪ (1094)

2. ਖਚਿਜ, ਲੀਣ
"ਨਿਰਭਉ ਨਾਮੁ ਵਿਸਾਰਿਆ ਨਾਲਿ ਮਾਇਆ **ਰਚਾ**।" — ਮਾਰੂ **੫**, ਵਾਰ ੧੫ : ੧ (1099)

3. ਰਚਿਆ, ਸਿਰਜਿਆ
"ਤਿਨ੍ਹ ਤਰਿਓ ਸਮੁਦ੍ਰ ਖਿਨ ਇਕ ਮਹਿ ਜਲ ਹਰ ਬਿੰਬ ਜਗਤਿ ਜਗੁ **ਰਚਾ**।"
— ਸਵ **੪**, ਗਯੰ ੫ : ੨ (1402)

ਰਚਾਇ — ਰਚ ਕੇ, ਸਿਰਜ ਕੇ
"ਆਪੇ ਰਚਨੁ **ਰਚਾਇ** ਆਪੇ ਹੀ ਪਾਲਿਆ।"
— ਗੂਜ **੫**, ਵਾਰ ੧੯ : ੬ (523)

ਹੋਰ ਰੂਪ — ਰਚਾਇਓ —
"ਏਕੈ ਕਨਿਕ ਅਨਿਕ ਭਾਤਿ ਸਾਜੀ ਬਹੁ ਪਰਕਾਰ **ਰਚਾਇਓ**।" (ਰਚਨਾ ਕੀਤੀ)
— ਗਉ **੫**, ੧੨੩*, ੪ : ੨ (205)
"ਅਬ ਕਿਆ ਰੰਗੁ ਲਾਇਓ ਮੋਹੁ **ਰਚਾਇਓ** ਨਾਗੇ ਆਵਣੁ ਜਾਵਣਿਆ।" (ਭਾਵ ਆਰੰਭਿਆ)
— ਆਸਾ **੫**, ਛੰਤ ੪, ੩ : ੪ (455)
"ਇਹੁ ਆਵਾਗਵਣੁ **ਰਚਾਇਓ** ਕਰਿ ਚੋਜ ਦੇਖੰਤਾ।" (ਅਰੰਭਿਆ, ਸਿਰਜਿਆ)
— ਮਾਰੂ **੫**, ਵਾਰ ੪ : ੬ (1095)

ਰਚਾਇਓਨੁ —

"ਮਾਇਆ ਕਾ ਮੂਲੁ **ਰਚਾਇਓਨੁ** ਤੁਰੀਆ ਸੁਖੁ ਪਾਇਆ।" (ਸਿਰਜਿਆ)
— ਗੂਜ **੩**, ਵਾਰ ੨ : ੫ (509)

ਰਚਾਇਆ —
"ਤਿਨਿ ਕਰਤੈ ਇਕੁ ਖੇਲੁ **ਰਚਾਇਆ**।" (ਰਚਿਆ, ਸਿਰਜਿਆ)
— ਮਾਝ **੩**, ਅਸ ੧੪, ੩ : ੧ (117)
"ਉਦਮੁ ਕੀਆ ਕਰਾਇਆ ਆਰੰਭੁ **ਰਚਾਇਆ**।" (ਬੱਧਾ)
— ਆਸਾ **੫**, ੧੧੫, ੧ : ੧ (399)
"ਸਚੇ ਭਾਇ ਪਿਆਰੀ ਕੰਤਿ ਸਵਾਰੀ ਹਰਿ ਹਰਿ ਸਿਉ ਨੇਹੁ **ਰਚਾਇਆ**।" (ਪਾਇਆ)
— ਵਡ **੩**, ਛੰਤ ੧, ੧ : ੩ (567)

ਰਚਾਇਦਾ — ਰਚਦਾ, ਸਿਰਜਦਾ
"ਪਉਣ ਪਾਣੀ ਅਗਨੀ ਕਾ ਬੰਧਨੁ ਕਾਇਆ ਕੋਟੁ **ਰਚਾਇਦਾ**।" (ਰਚਦਾ)
— ਮਾਰੂ **੧**, ਸੋਲਾ ੧੬, ੧ : ੩ (1036)
"ਨਿਰਵੈਰੈ ਨਾਲਿ ਵੈਰੁ **ਰਚਾਇਦਾ** ਅਪਣੈ ਘਰਿ ਲੂਕੀ ਲਾਇ।" — ਸਲੋ **੩**, ੨੩ : ੨ (1415)

ਰਚਾਈ — ਰਚੀ, ਸਿਰਜੀ
"ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ **ਰਚਾਈ**।" — ਜਪੁ **੧**, ੨੭ : ੧੮ (6)
ਹੋਰ ਰੂਪ — ਰਚਾਏ —
"ਸਤਸੰਗਤਿ ਸਿਉ ਬਾਦੁ **ਰਚਾਏ**। (ਅਰੰਭਿਆਂ)
"ਅਨਦਿਨੁ ਦੁਖੀਆ ਦੂਜੈ ਭਾਇ **ਰਚਾਏ**।" (ਲਗਿਆਂ)
— ਸਿਰੀ **੪**, ਵਾਰ ੧੪ਸ, **੩**, ੩ : ੫;੬ (88)
"ਨਿਰਵੈਰੈ ਨਾਲਿ ਜਿ ਵੈਰ **ਰਚਾਏ** ਸਭੁ ਪਾਪੁ ਜਗਤੈ ਕਾ ਤਿਨਿ ਸਿਰਿ ਲਇਆ।" (ਰਚੇ)
— ਗਉ **੪**, ਵਾਰ ੧੩ਸ, **੪**, ੨ : ੪ (307)

ਰਚਾਹੀ — ਰਚਦੇ ਹਨ, ਬਣਾਂਦੇ ਹਨ
"ਕਾਇਆ ਰਤਿ ਬਹੁ ਰੂਪ **ਰਚਾਹੀ**।"
— ਗਉ **ਕਬ**, ੫, ੨ : ੧ (324)

ਰਚਾਨਾ — ਰਚਿਆ, ਸਿਰਜਿਆ
"ਪੰਚ ਤਤੁ ਕਾ ਰਚਨੁ **ਰਚਾਨਾ**।"
— ਮਾਰੂ **੫**, ਸੋਲਾ ੨, ੬ : ੨ (1073)

ਰਚਾਵਹਿ — ਖਚਿਤ ਕਰਦਾ, ਲੀਨ ਕਰਦਾ, ਲਾਉਂਦਾ
"ਜਾ ਤੁਧੁ ਭਾਵੈ ਤਾ ਨਾਇ **ਰਚਾਵਹਿ** ਤੂੰ ਆਪੇ ਨਾਉ ਜਪਾਵਣਿਆ।"
— ਮਾਝ **੩**, ਅਸ ੨੨, ੩ : ੩ (122)

ਰਚਾਵੈ — ਆਰੰਭੇ, ਰਚੇ, ਪਾਵੈ
"ਨਿਰਵੈਰੈ ਸੰਗਿ ਵੈਰੁ **ਰਚਾਵੈ** ਹਰਿ ਦਰਗਹ ਓਹੁ ਹਾਰੈ।" — ਸਾਰ **੫**, ੬੮, ੧ : ੧ (1217)

ਰਚਿ — 1. ਲੀਣ ਹੋਇਆ, ਖੁਭਾ ਹੋਇਆ, ਹੋਰ ਵੇਖੋ 'ਰਚਿਓ' (2)
"ਤ੍ਰਿਸਨਾ ਲਾਗੀ **ਰਚਿ** ਰਹਿਆ ਅੰਤਰਿ ਹਉਮੈ ਕੂਰਿ।" — ਸਿਰੀ **੫**, ੮੪, ੩ : ੨ (47)
"ਜਾ ਸਿਉ **ਰਚਿ** ਰਹੇ ਹਾਂ।"
— ਆਸਾ **੫**, ੧੬੩, ੧ : ੧ (411)
2. ਸਿਰਜ ਕੇ, ਸਾਜ ਕੇ, ਬਣਾ ਕੇ, ਹੋਰ ਵੇਖੋ 'ਰਚਿਓ' (1)
"ਜਿਨਿ **ਰਚਿ** ਰਚਿਆ ਤਿਸਹਿ ਨ ਜਾਣੈ ਮਨਿ ਭੀਤਰਿ ਧਰਿ ਗਿਆਨੁ।"
— ਸਿਰੀ **੧**, ਪਹ ੧, ੨ : ੫ (75)
"ਜਿਹ ਸਿਰਿ **ਰਚਿ ਰਚਿ** ਬਾਧਤ ਪਾਗ।" (ਸਿਰਜ ਸਿਰਜ ਭਾਵ ਸਵਾਰ ਸਵਾਰ ਕੇ)
— ਗਉ **ਕਬ**, ੩੫, ੧ : ੧ (330)
3. ਲਗਾ, ਜੁੜਿਆ
"ਭੈ **ਰਚਿ** ਰਹੈ ਨ ਬਾਹਰਿ ਜਾਇ।"
— ਗਉ **੧**, ਅਸ ੬, ੫ : ੧ (223)

ਰਚਿਓ — 1. ਸਿਰਜਿਆ
"ਭੈ ਮਹਿ **ਰਚਿਓ** ਸਭੁ ਸੰਸਾਰਾ।"
— ਗਉ **੫**, ੧੩੨, ੧ : ੧ (192)
"ਅਗਮ ਦ੍ਰਗਮ ਗੜਿ **ਰਚਿਓ** ਬਾਸ।" (ਵਾਸਾ ਕੀਤਾ) — ਭੈਰ **ਕਬ**, ਅਸ ੧, ੧ : ੧ (1162)
2. ਲੀਣ ਹੋਇਆ, ਖੁਭਿਆ
"ਪਰ ਦਾਰਾ ਨਿੰਦਿਆ ਰਸ **ਰਚਿਓ** ਰਾਮ ਭਗਤਿ ਨਹਿ ਕੀਨੀ।"
— ਸੋਰ **੯**, ੩, ੧* : ੨ (632)

ਰਚਿਓਨੁ — ਸਿਰਜਿਆ, ਖੜਾ ਕੀਤਾ
"ਭੀ ਉਠਿ **ਰਚਿਓਨੁ** ਵਾਦੁ ਸੈ ਵਰ੍ਹਿਆ ਕੀ ਪਿੜ ਬਧੀ।"
— ਮਾਝ **੧**, ਵਾਰ ੧੨ਸ, **੧**, ੧ : ੮ (146)

ਰਚਿਆ — 1. ਸਿਰਜਿਆ, ਖੜਾ ਕੀਤਾ
"ਭਾਈ ਮੀਤ ਸੁਰਿਦ ਕੀਏ ਬਿਖਿਆ **ਰਚਿਆ** ਬਾਦੁ।" — ਸਿਰੀ **੫**, ੯੧, ੧ : ੨ (50)
"ਜੀਉ ਪਿੰਡੁ ਸਾਜਿ ਜਿਨਿ **ਰਚਿਆ** ਬਲੁ ਅਪੁਨੋ ਕਰਿ ਮਾਨੈ।" (ਬਣਾਇਆ)
— ਸੋਰ **੫**, ੨੬, ੧ : ੨ (616)
2. ਮਿਲਿਆ ਹੋਇਆ, ਸ਼ਾਮਲ ਹੋਇਆ
"ਆਪੇ **ਰਚਿਆ** ਸਭ ਕੈ ਸਾਥਿ।"
— ਗਉ **੫**, ਸੁਖ ੧੨, ੭ : ੨ (279)
3. ਲੀਣ ਹੋਇਆ, ਖੁਭਿਆ
"ਕੁਸਮ ਰੰਗ ਸੰਗ ਰਸਿ **ਰਚਿਆ** ਬਿਖਿਆ ਏਕ ਉਪਾਇਓ।"
— ਦੇਵ **੫**, ੧੫, ੧ : ੧ (531)

ਰਚਿਤ — 1. ਰਚੀ ਹੋਈ, ਸਿਰਜੀ/ਬਣਾਈ ਹੋਈ
"ਚਚਾ **ਰਚਿਤ** ਚਿਤ੍ਰ ਹੈ ਭਾਰੀ।"
— ਗਉ **ਕਬ**, ਬਾਅ ੧੨ : ੧ (340)
2. ਲਗੇ ਹੋਏ, ਖੁਭੇ ਹੋਏ
"ਤੀਨਿ ਭਉਨੇ ਲਪਟਾਇ ਰਹੀ ਕਾਚ ਕਰਮਿ ਨ ਜਾਤ ਸਹੀ ਉਨਮਤ ਅੰਧ ਧੰਧ **ਰਚਿਤ** ਜੈਸੇ ਮਹਾ ਸਾਗਰ ਹੋਹੇ।"
— ਸਾਰ **੫**, ੧੩੯, ੧ : ੧ (1231)

ਰਚੀ — 1. ਬਣਾਈ, ਸਿਰਜੀ
"ਨਾਨਕ ਰਚਨਾ ਪ੍ਰਭਿ **ਰਚੀ** ਬਹੁ ਬਿਧਿ ਅਨਿਕ ਪ੍ਰਕਾਰ।" — ਗਉ **੫**, ਸੁਖ ੧੦ਸ : ੨ (275)
2. ਲਗੀ ਰਹੀ, ਖਚਿਤ ਰਹੀ, ਲੀਣ ਰਹੀ
"ਜਹ ਕੀ ਉਪਜੀ ਤਹ **ਰਚੀ** ਪੀਵਤ ਮਰਦਨ ਲਾਗ।" — ਗਉ **ਕਬ**, ੬੪, ੩ : ੧ (337)

ਰਚੀਆ — ਖੁਭਿਆ ਹੋਇਆ ਹਾਂ, ਲੀਣ ਹਾਂ, ਜੁੜਿਆ ਹੋਇਆ ਹਾਂ
"ਤੂੰ ਮੇਰੀ ਸੋਭਾ ਤੁਮ ਸੰਗਿ **ਰਚੀਆ**।"
— ਗਉ **੫**, ੮੭, ੩ : ੩ (181)

ਰਚੀਐ — ਸਿਰਜੀ/ਬਣਾਈ ਹੈ
"ਆਪੇ ਕਰੇ ਕਰਾਏ ਕਰਤਾ ਜਿਨਿ ਏਹ ਰਚਨਾ **ਰਚੀਐ**।"— ਪ੍ਰਭਾ **੧**, ਅਸ ੪, ੭ : ੧ (1344)

ਰਚੁ — 1. ਲਗ ਜਾ, ਜੁਟ ਜਾ, ਲੀਣ ਹੋ ਜਾ
"ਮਨ ਮੇਰੇ **ਰਚੁ** ਰਾਮ ਕੈ ਸੰਗਿ।
— ਗਉ **੫**, ਅਸ ੬, ੪ : ੪ (238)
2. ਰਚਨਾ, ਸ੍ਰਿਸ਼ਟੀ
"ਮਿਲੈ ਗੁਰ ਸਾਚੇ ਜਿਨਿ **ਰਚੁ** ਰਾਚੇ ਕਿਰਤ ਵੀਚਾਰਿ ਪਤੀਣਾ।"
— ਰਾਮ **੧**, ਅਸ ੮, ੪ : ੧ (907)

ਰਚੇ — 1. ਲੀਣ ਹੋਏ, ਜੁੜੇ, ਲਗੇ
"ਰਸ ਗੀਧੇ ਹਰਿ ਸਿਉ ਬੀਧੇ ਭਗਤ **ਰਚੇ** ਭਗਵੰਤ।"
— ਗਉ **੫**, ਥਿਤੀ ੬ : ੪ (298)
ਹੋਰ ਰੂਪ — ਰਚੈ —
"ਅੰਦਰੁ **ਰਚੈ** ਹਰਿ ਸਚ ਸਿਉ ਰਸਨਾ ਹਰਿ ਗੁਣ ਗਾਇ।"
— ਸਿਰੀ **੩**, ੪੦, ੧ : ੩ (29)
2. ਸਿਰਜ ਲੈਣਾ
"ਅਚਰਜ ਰੂਪ ਸੰਤਨ **ਰਚੇ** ਨਾਨਕ ਨਾਮਹਿ ਰੰਗ।"
— ਗਉ **੫**, ਵਾਰ ੬ਸ, **੫**, ੧ : ੨ (319)

ਰਛਕ — ਰਖਿਆ ਕਰਨ ਵਾਲਾ
"ਨਾਨਕ ਕਹਤ ਭਗਤ **ਰਛਕ** ਹਰਿ ਨਿਕਟਿ ਤਾਹਿ ਤੁਮ ਮਾਨੋ।" — ਬਿਲਾ **੯**, ੧, ੨ : ੨ (830)

ਰਜ — 1. ਧੂੜ, ਖਾਕ
"ਦੀਨ ਦਇਆਲ ਪ੍ਰਸੰਨ ਪੂਰਨ ਜਾਚੀਐ **ਰਜ** ਸਾਧ।" (ਭਾਵ ਚਰਨ ਧੂੜ)
— ਗੂਜ **੫**, ਅਸ ੨, ੪ : ੨ (508)
2. ਰਜੋ, ਮਾਇਆ ਦੇ ਤਿੰਨਾਂ ਗੁਣਾਂ ਵਿਚੋਂ ਇਕ ਜੋ ਅਹੰਕਾਰ ਤੇ ਮੋਹ ਦਾ ਉਤੇਜਕ ਹੈ
"**ਰਜ** ਤਮ ਸਤ ਕਲ ਤੇਰੀ ਛਾਇਆ।"
— ਮਾਰੂ **੧**, ਸੋਲਾ ੧੭, ੧੧ : ੧ (1038)
3. ਪਰਾਗ
"**ਰਜ** ਪੰਕਜ ਮਹਿ ਲੀਓ ਨਿਵਾਸ।"
— ਭੈਰ **ਕਬ**, ਅਸ ੧, ੪ : ੨ (1162)

ਰਜਊ — ਰਜਦਾ, ਸੰਤੁਸ਼ਟ ਹੁੰਦਾ
"ਹਉ ਗੁਰੁ ਸਾਲਾਹਿ ਨ **ਰਜਊ** ਮੈ ਮੇਲੇ ਹਰਿ ਪ੍ਰਭੁ ਪਾਸਿ।" — ਸਿਰੀ **੪**, ੬੮, ੨ : ੩ (41)

ਰਜਈ — ਰਜਦੀ
"ਜਿਹਵਾ ਸਾਲਾਹਿ ਨ **ਰਜਈ** ਹਰਿ ਪ੍ਰੀਤਮ ਚਿਤੁ ਲਾਇ।"
— ਗਉ **੪**, ਵਾਰ ੨੩ਸ, **੪**, ੨ : ੩ (313)

ਰਜਨਿ — (ਸੰ. ਰਜਨਿ) ਰਾਤ

"ਬਿਸਰਿਓ ਧੰਧੁ ਬੰਧੁ ਮਾਇਆ ਕੋ **ਰਜਨਿ** ਸਬਾਈ ਜੰਗਾ।" (ਉਮਰ ਰੂਪੀ ਰਾਤ)

— ਸਾਰ **੫**, ੩੦, ੧* : ੨ (1210)

ਹੋਰ ਰੂਪ — ਰਜਨੀ —

"ਰਵਿ ਪ੍ਰਗਾਸ **ਰਜਨੀ** ਜਥਾ ਗਤਿ ਜਾਨਤ ਸਭ ਸੰਸਾਰ।" (ਰਾਤ)

— ਗਉ **ਰਵਿ**, ਅਸ ੧, ੫ : ੧ (346)

ਰਜਾ — 1. ਰਜਾਂ, ਸੰਤੁਸ਼ਟ ਹੋਵਾਂ

"ਤੁਧੁ ਸਾਲਾਹਿ ਨ **ਰਜਾ** ਕਬਹੂੰ ਸਚੇ ਨਾਵੈ ਕੀ ਭੁਖ ਲਾਵਣਿਆ।"

— ਮਾਝ **੩**, ਅਸ ੮, ੨ : ੩ (113)

2. ਰਜ ਗਿਆ, ਰਜਿਆ

"ਗੁਰਮਤਿ ਨਾਮੁ ਧਿਆਈਐ ਸੁਖਿ **ਰਜਾ** ਜਾ ਤੁਧੁ ਭਾਇਆ।"

— ਮਾਝ **੧**, ਵਾਰ ੨ : ੬ (139)

"ਨਾ ਤਿਸੁ ਭੁਖ ਪਿਆਸ **ਰਜਾ** ਧਾਇਆ।" (ਰਜਿਆ ਹੋਇਆ)

— ਮਲਾ **੧**, ਵਾਰ ੨ : ੬ (1279)

ਰਜਾਇ — 1. (ਅ. ਰਜ਼ਾ) ਖ਼ੁਸ਼ੀ; ਪ੍ਰਸੰਨਤਾ; ਭਾਣੇ ਅਨੁਸਾਰ/ਮਰਜ਼ੀ ਨਾਲ (ਦਰਪਣ)

"ਹਰਿ ਹਰਿ ਨਾਮੁ ਧਿਆਈਐ ਜਿਸ ਨਉ ਕਿਰਪਾ ਕਰੇ **ਰਜਾਇ**।" (ਖ਼ੁਸ਼ੀ/ਭਾਣੇ ਅਨੁਸਾਰ) (ਮਹਾਨ ਕੋਸ਼ ਤੇ ਨਿਰਣੈ ਇਥੇ ਅਰਥ 'ਰਜ਼ਾ ਵਾਲਾ' ਕਰਦੇ ਹਨ)

— ਸਿਰੀ **੩**, ੩੮, ੩ : ੩ (28)

"ਕਾਰ ਕਮਾਵਹਿ ਸਚ ਕੀ ਲਾਹਾ ਮਿਲੈ **ਰਜਾਇ**।" (ਖ਼ੁਸ਼ੀ ਵਿਚ)

— ਸਿਰੀ **੧**, ਅਸ ੯, ੬ : ੨ (59)

"ਪੂਰਬਿ ਲਿਖਿਆ ਕਿਉ ਮੇਟੀਐ ਲਿਖਿਆ ਲੇਖੁ **ਰਜਾਇ**।" (ਹੁਕਮ ਅਨੁਸਾਰ)

— ਸਿਰੀ **੧**, ਅਸ ੧੦, ੭ : ੨ (59)

"ਨਾਨਕ ਪੂਰੈ ਕਰਮਿ ਸਤਿਗੁਰੁ ਮਿਲੈ ਹਰਿ ਜੀਉ ਕਿਰਪਾ ਕਰੇ **ਰਜਾਇ**।" (ਭਾਣੇ ਅਨੁਸਾਰ)

— ਵਡ **੪**, ਵਾਰ ੧੪ਸ, **੩**, ੨ : ੫ (591)

2. ਹੁਕਮ , ਭਾਣਾ

"ਮਨ ਮੇਰੇ ਗੁਰ ਕੀ ਮੰਨਿ ਲੈ **ਰਜਾਇ**।"

— ਸਿਰੀ **੩**, ੬੦, ੧* : ੧ (37)

"ਮਨ ਰੇ ਸਾਚੀ ਖਸਮ **ਰਜਾਇ**।"

— ਸਿਰੀ **੧**, ਅਸ ੧੪, ੧* : ੧ (62)

"ਜਿਉ ਭਾਵੈ ਤਿਉ ਰਖਸੀ ਆਪੇ ਕਰੇ **ਰਜਾਇ**।" (ਹੁਕਮ)— ਵਡ **੩**, ਅਸ ੧, ੮ : ੨ (565)

3. ਰਜ਼ਾ ਦਾ ਮਾਲਕ

"ਸਾਹਾ ਹੁਕਮੁ **ਰਜਾਇ** ਸੋ ਨ ਟਲੈ ਜੋ ਪ੍ਰਭੁ ਕਰੈ ਬਲਿਰਾਮ ਜੀਉ।"

— ਸੂਹੀ **੧**, ਛੰਤ ੧, ੩ : ੨ (763)

ਰਜਾਇਆ — ਰਜਾ ਦਿੱਤਾ, ਤ੍ਰਿਪਤ ਕਰ ਦਿੱਤਾ

"ਕਰਿ ਕਿਰਪਾ ਪ੍ਰਭਿ ਸਗਲ **ਰਜਾਇਆ**।"

— ਮਾਝ **੫**, ੩੪, ੨ : ੨ (104)

ਰਜਾਈ — 1. ਰਜ਼ਾ ਵਾਲਾ, ਰਜ਼ਾ ਦਾ ਮਾਲਕ

"ਹੁਕਮਿ **ਰਜਾਈ** ਚਲਣਾ, ਨਾਨਕ ਲਿਖਿਆ ਨਾਲਿ।"

— ਜਪੁ **੧**, ੧ : ੬ (1)

"ਸਿਫਤਿ ਸਾਲਾਹਣੁ ਤੇਰਾ ਹੁਕਮੁ **ਰਜਾਈ**।" (ਹੇ ਰਜ਼ਾ ਦੇ ਮਾਲਕ)

— ਮਾਝ **੫**, ੨੦, ੧ : ੧ (100)

2. ਰਜ਼ਾ ਵਿਚ, ਭਾਣੇ ਵਿਚ, ਹੁਕਮ ਵਿਚ

"ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ **ਰਜਾਈ**।" — ਜਪੁ **੧**, ੨੭ : ੨ (6)

"ਸੇ ਧਨ ਖਸਮੈ ਚਲੈ **ਰਜਾਈ**।"

— ਸਿਰੀ **੪**, ਵਾਰ ੮ਸ, **੩**, ੧ : ੩ (85)

3. ਤ੍ਰਿਪਤ ਹੋਇਆ, ਅਨੰਦਿਤ (ਮਹਾਨ ਕੋਸ਼); ਹੁਕਮ ਮੰਨਣ ਵਾਲਾ (ਸ਼ਬਦਾਰਥ); ਹੇ ਰਜ਼ਾ ਦੇ ਮਾਲਕ ਪ੍ਰਭੂ! (ਦਰਪਣ) ਰਜ਼ਾ ਅਨੁਸਾਰ (ਨਿਰਣੈ)

"ਜੈਸੇ ਸਚ ਮਹਿ ਰਹਉ **ਰਜਾਈ**।"

— ਬਿਲਾ **੧**, ੧, ੧* : ੨ (795)

ਰਜਾਏ — ਰਜ਼ਾ ਅਨੁਸਾਰ, ਹੁਕਮ ਅਨੁਸਾਰ

"ਜਿਸੁ ਗੁਰੁ ਪੂਰਾ ਭੇਟਸੀ ਸੋ ਚਲੈ **ਰਜਾਏ**।"

— ਆਸਾ **੫**, ੧੦੩, ੨ : ੨ (396)

ਰਜਿ — ਰਜ ਕੇ, ਤ੍ਰਿਪਤ ਹੋ ਕੇ,

"ਗੁਰਮਤੀ ਖਾਧਾ **ਰਜਿ** ਤਿਨਿ ਸੁਖੁ ਪਾਇਆ।"

— ਮਾਝ **੧**, ਵਾਰ ੨੭ : ੬ (150)

"**ਰਜਿ** ਨ ਕੋਈ ਜੀਵਿਆ ਪਹੁਚਿ ਨ ਚਲਿਆ ਕੋਇ।" — ਸਲੋ **੧**, ੩੧ : ੧ (1412)

ਰਜਿਆ — ਤ੍ਰਿਪਤ ਹੋਇਆ

"ਆਖਣੁ ਆਖਿ ਨ **ਰਜਿਆ** ਸੁਣਨਿ ਨ ਰਜੇ ਕੰਨ।"

— ਮਾਝ **੧**, ਵਾਰ ੧੯ਸ, **੨**, ੨ : ੧ (147)

ਰਜੀ — ਤ੍ਰਿਪਤ ਹੋਈ, ਰਜ ਗਈ

"ਅੰਨੁ ਧੰਨੁ ਬਹੁਤੁ ਉਪਜਿਆ ਪ੍ਰਿਥਮੀ **ਰਜੀ** ਤ੍ਰਿਪਤਿ ਅਘਾਇ।"

— ਸਿਰੀ **੪**, ਵਾਰ ੧੬ਸ, **੫**, ੧ : ੨ (321)

ਰਜੀਆ — ਤ੍ਰਿਪਤ ਹੋਈਆਂ

"ਅਖੀ ਦੇਖਿ ਨ **ਰਜੀਆ** ਗੁਣ ਗਾਹਕ ਇਕ ਵੰਨ।"

— ਮਾਝ **੧**, ਵਾਰ ੧੯ਸ, **੨**, ੨ : ੨ (147)

ਰੰਜੀਐ — ਖੁਸ਼ ਹੁੰਦਾ ਹੈ

"ਹਰਿ ਬਿਸਰਿਐ ਕਿਉ ਤ੍ਰਿਪਤਾਵੈ ਨਾ ਮਨੁ **ਰੰਜੀਐ**।" — ਜੈਤ **੫**, ਵਾਰ ੧੦ : ੩ (708)

ਰਜੇ — ਤ੍ਰਿਪਤ ਹੋਵੇ

"ਭਿਖਿਆ ਨਾਮਿ **ਰਜੇ** ਸੰਤੋਖੀ ਅੰਮ੍ਰਿਤੁ ਸਹਜਿ ਪੀਆਈ।" — ਸੋਰ **੧**, ਅਸ ੧, ੩ : ੪ (634)

ਹੋਰ ਰੂਪ — **ਰਜੈ** —

"ਜਨੁ ਨਾਨਕੁ ਸਾਲਾਹਿ ਨ **ਰਜੈ** ਤੁਧੁ ਕਰਤੇ ਤੂ ਹਰਿ ਸੁਖਦਾਤਾ ਵਡਨੁ।" (ਰਜਦਾ, ਤ੍ਰਿਪਤ ਹੁੰਦਾ) — ਬਿਹਾ **੪**, ਵਾਰ ੧੦ : ੫ (552)

ਰਵਾਣਦਾ — ਦੁਖ ਦਿੰਦਾ

"ਪੈ ਕੋਇ ਨ ਕਿਸੈ **ਰਵਾਣਦਾ**।"

— ਸਿਰੀ **੫**, ਅਸ ੨੯, ੧੩ : ੨ (74)

ਰਵਾਣਿ — ਦੁਖ ਦੇ ਕੇ

"ਅਨਾਥ **ਰਵਾਣਿ** ਉਦਰੁ ਲੇ ਪੋਖਹਿ ਮਾਇਆ ਗਈਆ ਹਾਟਿ।"

— ਸਾਰ **੫**, ੧੦੫, ੧ : ੧ (1224)

ਰੰਵਾਣੀ — (ਫ਼ਾ, ਰੰਜ) ਦੁਖੀ

"ਹਉ ਦੋਹਾਗਣਿ ਖਰੀ **ਰੰਵਾਣੀ**।"

— ਮਾਰੂ **੧**, ੫, ੨ : ੧ (990)

ਹੋਰ ਰੂਪ — **ਰੰਵਾਣੈ** —

"ਤਉ ਕੜੀਐ ਜੇ ਭੂਲਿ **ਰੰਵਾਣੈ**।" (ਦੁੱਖ ਦੇਵੇ)

— ਭੈਰ **੫**, ੧੮, ੩ : ੨ (1140)

ਰਟਿਆ — ਰਤਿਆ, ਰੰਗਿਆ ਹੋਇਆ

"ਕਰਤੇ ਪਾਪ ਅਨੇਕ ਮਾਇਆ ਰੰਗ **ਰਟਿਆ**।"

— ਜੈਤ **੫**, ਛੰਤ ੩, ੧ : ੨ (705)

ਰਡ — ਭਟ (ਸ਼ਬਦਾਰਥ); ਧੁਨੀ, ਸ਼ਬਦ (ਮਹਾਨਕੋਸ਼) ਉਸਤਤੀ ਦਾ ਇਕ ਛੰਦ (ਨਿਰਣੈ, ਦਰਪਣ)

"ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ **ਰਡ**।"

— ਸਲੋ **ਫਰ**, ੪੫ : ੧ (1380)

ਰੰਡ — ਰੰਡੀ, ਵਿਧਵਾ

"ਸਾਧਨ **ਰੰਡ** ਨ ਬੈਸਈ ਜੇ ਸਤਿਗੁਰ ਮਾਹਿ ਸਮਾਇ।" — ਸਿਰੀ **੧**, ਅਸ ੨, ੪ : ੧ (54)

"ਇਸੁ ਲਹਦੇ ਬਿਲਮ ਨ ਹੋਵਈ **ਰੰਡ** ਬੈਠੀ ਦੂਜੈ ਭਾਇ।" (ਭਾਵ ਪ੍ਰਭੂ ਤੋਂ ਵਿਛੜੀ)

— ਸੂਹੀ **੩**, ਵਾਰ ੩ਸ, **੩**, ੨ : ੨ (786)

ਰੰਡੀਆ — 'ਰੰਡ' ਦਾ ਬਹੁਵਚਨ, ਵਿਭਚਾਰਨਾਂ

"ਚੋਰਾ ਜਾਰ **ਰੰਡੀਆ** ਕੁਟਣੀਆ ਦੀਬਾਣੁ।"

— ਸੂਹੀ **੩**, ਵਾਰ ੧੪ਸ, **੧**, ੧ : ੧ (790)

ਰਣ — ਜੰਗ, ਜੁੱਧ

"ਣਾਣਾ **ਰਣ** ਤੇ ਸੀਝੀਐ ਆਤਮ ਜੀਤੈ ਕੋਇ।"

— ਗਉ **੫**, ਬਾਅ ੩੧ : ੧ (256)

ਰਣਝੁੰਝਨੜਾ — ਮਿੱਠੀ ਰਸਦਾਇਕ ਆਵਾਜ਼ ਵਿਚ

"**ਰਣਝੁੰਝਨੜਾ** ਗਾਉ ਸਖੀ ਹਰਿ ਏਕੁ ਧਿਆਵਹੁ।"

— ਰਾਮ **੫**, ਛੰਤ ੫, ੧ : ੨ (927)

ਰਣਿ — ਜੰਗ ਵਿਚ, ਰਣ ਭੂਮੀ ਵਿਚ

"**ਰਣਿ** ਦਰਗਹਿ ਤਉ ਸੀਝਹਿ ਭਾਈ।"

— ਗਉ **੫**, ਬਾਅ ੪੪ : ੩ (259)

ਰਣੁ — ਘੋਲ, ਜੁੱਧ

"ਸਾਧਸੰਗੇ ਨਾਮ ਰੰਗੇ **ਰਣੁ** ਜੀਤਿ ਵਡਾ ਅਖਾੜਾ।"

— ਆਸਾ **੫**, ਛੰਤ, ੧੨, ੪ : ੫ (461)

ਰਤ — 1. ਪ੍ਰੇਮੀ

"ਹਉ ਹਉ ਕਰਤੇ ਕਰਮ **ਰਤ** ਤਾ ਕੋ ਭਾਰੁ ਅਫਾਰ।" (ਭਾਵ ਕਰਮ-ਕਾਂਡੀ)

— ਗਉ **੫**, ਬਾਅ ੯ : ੩ (252)

2. ਪਿਆਰ, ਪ੍ਰੇਮ

"ਮਨੂਆ ਡੋਲੈ ਦਹਦਿਸਿ ਧਾਵੈ ਬਿਨੁ **ਰਤ** ਆਤਮ ਗਿਆਨਾ।"

— ਮਾਰੂ **੧**, ਅਸ ੨, ੫ : ੨ (1013)

3. ਰਤੀ ਹੋਈ, ਲਗਾ ਹੋਇਆ

"ਜੈਸੀ ਪਰਪੁਰਖਾ **ਰਤ** ਨਾਰੀ।"

— ਭੈਰ **ਨਾਮ**, ੭, ੨ : ੧ (1164)

"ਪਰ ਦ੍ਰੋਹ ਕਰਤ ਬਿਕਾਰ ਨਿੰਦਾ ਪਾਪ **ਰਤ** ਕਰ ਝਾਰ।" — ਸਾਰ **੫**, ੧੨੯, ੨ : ੧ (1229)

4. ਲਗਨ

"ਆਤਮ **ਰਤ** ਸੰਗ੍ਰਹਣ ਕਹਣ ਅੰਮ੍ਰਿਤ ਕਲ ਢਾਲਣ।" — ਸਵ **੨**, ੫ : ੪ (1391)

ਰਤੰ — 1. ਜੁੜਨਾ
"ਸਬਦੰ **ਰਤੰ** ਹਿਤੰ ਮਇਆ ਕੀਰਤੰ ਕਲੀ ਕਰਮ ਕ੍ਰਿਤੁਆ।" — ਸਸ **੫**, ੮ : ੧ (1354)
2. ਪ੍ਰੀਤੀ
"ਆਤਮ **ਰਤੰ** ਸੰਸਾਰ ਗਹੰਤੇ ਨਰ ਨਾਨਕ ਨਿਹਫਲਹ।" — ਸਸ **੫**, ੬੫ : ੨ (1360)

ਰਤਉ — ਜੁੜਕੇ, ਰਚ ਕੇ
"ਮਨੁ ਬੈਰਾਗਿ **ਰਤਉ** ਬੈਰਾਗੀ ਸਬਦਿ ਮਨੁ ਬੇਧਿਆ ਮੇਰੀ ਮਾਈ।" — ਸੋਰ **੧**, ਅਸ ੧, ੧* : ੧ (634)

ਰਤਕ — ਰਤੀ, ਤੋਲ ਦੀ ਇਕ ਇਕਾਈ
"ਤੋਲਾ ਮਾਸਾ **ਰਤਕ** ਪਾਇ।" — ਸਾਰ **੪**, ਵਾਰ ੬ਸ, **੧**, ੧ : ੭ (1239)

ਰਤਨ — 1. ਅਮੋਲਕ ਵਸਤੂ, ਅਮੋਲਕ
"ਮਤਿ ਵਿਚਿ **ਰਤਨ** ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ।" (ਅਮੋਲਕ ਗੁਣ) — ਜਪੁ **੧**, ੬ : ੩ (2)
"ਤਿਤੁਫਲ **ਰਤਨ** ਲਗਹਿ ਮੁਖਿ ਭਾਖਿਤ ਹਿਰਦੈ ਰਿਦੈ ਨਿਹਾਲੁ।" (ਅਮੋਲਕ ਬੋਲ) — ਮਾਝ **੧**, ਵਾਰ ੨੦ਸ, **੧**, ੨ : ੨ (147)
"**ਰਤਨ** ਪਦਾਰਥ ਵਣਜੀਅਹਿ ਸਤਿਗੁਰਿ ਦੀਆ ਬੁਝਾਈ ਰਾਮ।" (ਅਮੋਲਕ ਨਾਮ ਪਦਾਰਥ) — ਵਡ **੩**, ਛੰਤ ੪, ੧ : ੧ (569)
2. ਪੌਰਾਣਿਕ ਕਥਾ ਅਨੁਸਾਰ ਦੇਵਤਿਆਂ ਦੇ ਸਮੁੰਦਰ ਮੰਥਨ ਤੋਂ ਨਿਕਲੇ ਚੰਦਰਮਾ, ਧਨੰਤਰ, ਕਾਮਧੇਨ ਆਦਿ ਚੌਦਾਂ ਰਤਨ, ਅਥਵਾ ਵਡਮੁੱਲੇ ਪਦਾਰਥ।
"ਗਾਵਨਿ **ਰਤਨ** ਉਪਾਏ ਤੇਰੇ ਅਠਸਠਿ ਤੀਰਥ ਨਾਲੇ।" — ਜਪੁ **੧**, ੨੭ : ੧੨ (6)
3. ਕੀਮਤੀ ਪੱਥਰ
"**ਰਤਨ** ਪਦਾਰਥ ਮਾਣਕਾ ਸੁਇਨਾ ਰੁਪਾ ਖਾਕੁ।" — ਸਿਰੀ **੫**, ੮੪, ੨ : ੧ (47)
"**ਰਤਨ** ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ।" — ਮਾਝ **੫**, ਬਾਅ ੧੦ : ੭ (135)

ਰਤਨੰ — ਅਮੋਲਕ ਭਾਵ ਸੁੰਦਰ, ਮਿਠੇ
"ਸੁਖੇਣ ਬੈਣ **ਰਤਨੰ** ਕਸੁੰਭ ਰੰਗਣਃ।" — ਗਾਥਾ **੫**, ੨੪ : ੧ (1361)

ਰਤੰਨ — ਭਾਵ ਅਖਾਂ, ਨੇਤਰ
"ਚਬਣ ਚਲਣ **ਰਤੰਨ** ਸੇ ਸੁਣੀਅਰ ਬਹਿ ਗਏ।" — ਸਲੋ **ਫਰ**, ੭੭ : ੧ (1381)

ਰਤਨਾ — 1. ਹੀਰਿਆਂ
"ਕੁੰਗੂ ਕੀ ਕਾਂਇਆ **ਰਤਨਾ** ਕੀ ਲਲਿਤਾ ਅਗਰਿ ਵਾਸੁ ਤਨਿ ਸਾਸੁ।" — ਸਿਰੀ **੧**, ੮, ੧ : ੧ (17)
2. ਮੁਲਵਾਨ ਵਸਤੂਆਂ
"ਪੁੰਨ ਦਾਨ ਹੋਮੇ ਬਹੁ **ਰਤਨਾ**।" — ਗਉ **੫**, ਸੁਖ ੩, ੧ : ੬ (265)
"**ਰਤਨਾ** ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ।" — ਆਸਾ **੪**, ਛੰਤ ੮, ੪ : ੧ (442)
3. ਰਤਨਾਂ ਦੀ
"ਸਚੁ ਨਾਮੁ ਕਰਤਾ ਪੁਰਖੁ ਏਹ **ਰਤਨਾ** ਖਾਣੀ।" — ਗਉ **੫**, ਵਾਰ ੪ : ੩ (319)
4. ਭਾਵ ਅਖਾਂ
"ਉਜਲ ਮੋਤੀ ਸੋਹਣੇ **ਰਤਨਾ** ਨਾਲਿ ਜੁੜੰਨਿ।" — ਸੂਹੀ **੩**, ਵਾਰ ੧੦ਸ, **੧**, ੨ : ੧ (788)
5. ਭਾਵ ਸੁਭ ਬਚਨ
"ਮਨੁ ਮਾਣਕੁ **ਰਤਨਾ** ਮਹਿ ਗਹੈ।" — ਰਾਮ **ਬੇਣੀ**, ੧, ੮ : ੪ (974)

ਰਤੰਨਾ — 1. ਰਤਿਆ (ਰੰਗਿਆ) ਗਿਆ
"ਜਨ ਨਾਨਕ ਪ੍ਰੇਮਿ **ਰਤੰਨਾ**।" — ਗਉ **੪**, ੬੫, ੪ : ੪ (173)
2. ਰਤਨ, ਕੀਮਤੀ ਪੱਥਰ
"ਜੜਿ ਹਰਿ ਹਰਿ ਨਾਮੁ **ਰਤੰਨਾ** ਰਾਮ।" — ਵਡ **੪**, ਘੋੜੀ ੨, ੨ : ੨ (576)

ਰਤਨਾਗਰ — (ਸੰ. रत्नाकारः) ਰਤਨ ਪੈਦਾ ਕਰਨ ਵਾਲਾ, ਰਤਨਾਂ ਦੀ ਖਾਣ (ਭੰਡਾਰ)
"ਹਰਿ ਹਰਿ ਨਾਮੁ ਸਿਮਰਿ **ਰਤਨਾਗਰ**।" (ਭਾਵ ਅਮੋਲਿਕ ਗੁਣਾਂ ਦਾ ਸੋਮਾ) — ਸੂਹੀ **੫**, ੩੪, ੧ : ੨ (744)
ਹੋਰ ਰੂਪ — **ਰਤਨਾਗਰਾ** —
"ਗੁਣਹ ਸੁਖਸਾਗਰਾ ਬ੍ਰਹਮ **ਰਤਨਾਗਰਾ** ਭਗਤਿ

ਵਛਲੁ ਨਾਨਕ ਗਾਇਓ।" (ਹੇ ਰਤਨਾਂ ਦੀ ਖਾਣ, ਭੰਡਾਰ)
— ਧਨਾ **੫**, ੫੩, ੨ : ੨ (683)

ਰਤਨਾਗਰੁ —
"ਗੁਰੁ ਬੋਹਿਥੁ ਤਾਰੇ **ਰਤਨਾਗਰੁ**।" (ਰਤਨਾ ਦੀ ਖਾਣ) — ਆਸਾ **੫**, ੨੬, ੨ : ੨ (377)

ਰਤਨਾਗਰੋ —
"ਤੂੰ ਸਾਗਰੋ **ਰਤਨਾਗਰੋ**।" (ਰਤਨਾਂ ਦਾ ਭੰਡਾਰ)
— ਸੂਹੀ **੫**, ਛੰਤ ੪, ੧ : ੨ (779)

ਰਤਨਾਗੀ — ਰਤਨਾ (ਗੁਣਾਂ) ਦਾ ਭੰਡਾਰ (ਕਾਣ)
"ਤੂ ਅਥਾਹੁ ਅਤਿ ਬਡੋ ਸੁਆਮੀ ਕ੍ਰਿਪਾ ਸਿੰਧੁ ਪੂਰਨ **ਰਤਨਾਗੀ**।"
— ਕਾਨ **੫**, ੧੮, ੨ : ੧ (1301)

ਰਤਨਿ — ਰਤਨ ਦੀ, ਅਮੋਲਕ ਵਸਤ ਦੀ
"ਗਿਆਨ **ਰਤਨਿ** ਸਭ ਸੋਝੀ ਹੋਇ।"
— ਆਸਾ **੩**, ੪੯, ੧* : ੧ (364)
"ਘਰਿ ਹੋਂਦੈ **ਰਤਨਿ** ਪਦਾਰਥਿ ਭੂਖੇ ਭਾਗਹੀਣ ਹਰਿ ਦੂਰੇ।" (ਰਤਨਾਂ ਦੇ)
— ਵਡ **੪**, ਛੰਤ ੩, ੩ : ੪ (574)
'ਗਿਆਨ **ਰਤਨਿ** ਮਨੁ ਮਾਜੀਐ ਬਹੁੜਿ ਨ ਮੈਲਾ ਹੋਇ।" (ਰਤਨ ਨਾਲ)
— ਮਾਰੂ **੧**, ੧੦, ੪ : ੨ (992)
"ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ **ਰਤਨਿ** ਪਰਗਟੁ ਹੋਇ।" (ਰਤਨ ਦੁਆਰਾ)
— ਪ੍ਰਭਾ **੩**, ਅਸ ੧, ੨ : ੧ (1346)

ਰਤਨੀ — 1. ਰਤਨਾਂ ਨਾਲ
"ਮੋਤੀ ਤ ਮੰਦਰ ਊਸਰਹਿ **ਰਤਨੀ** ਤ ਹੋਹਿ ਜੜਾਉ।"
— ਸਿਰੀ **੧**, ੧, ੧ : ੧ (14)
2. ਰਤਨਾ ਦਾ ਪਾਰਖੂ
"ਰਤਨਾ ਕੇਰੀ ਗੁਥਲੀ **ਰਤਨੀ** ਖੋਲੀ ਆਇ।"
— ਰਾਮ **੩**, ਵਾਰ ੧੫ਸ, **੨**, ੨ : ੧ (954)

ਰਤਨੁ — ਵਡਮੁੱਲੀ ਵਸਤ, ਹੀਰਾ
"ਜਿਸ ਨੋ ਕਿਰਪਾ ਕਰਹਿ ਤਿਨਿ ਨਾਮ **ਰਤਨੁ** ਪਾਇਆ।"— ਆਸਾ **੪**, ਸੋਪੁ, ੨, ੧ : ੨ (11)
"ਤਿਸਹਿ ਪਰਾਪਤਿ **ਰਤਨੁ** ਹੋਇ ਜਿਸੁ ਮਸਤਕਿ ਹੋਵੈ ਭਾਗੁ।" (ਭਾਵ ਨਾਮ)
— ਸਿਰੀ **੫**, ੭੮, ੩ : ੩ (45)
"ਜਿਨਿ ਕੀਤਾ ਮਾਟੀ ਤੇ **ਰਤਨੁ**।" (ਭਾਵ ਸਰੀਰ)
— ਗਉ **੫**, ੭੫, ੧ : ੧ (177)

ਰਤੰਨੁ — ਅਮੋਲਕ ਵਸਤ, ਹੀਰਾ
"ਸਤਿਗੁਰ ਵਚਨੁ **ਰਤੰਨੁ** ਹੈ ਜੋ ਮੰਨੇ ਸੁ ਹਰਿ ਰਸੁ ਪਾਇ।" — ਸਿਰੀ **੪**, ੬੯, ੨ : ੨ (41)

ਰਤਵਾਈ — ਰਤ ਵਰਗੇ ਲਾਲ
"ਨਿਰਖਤ ਨੈਨ ਰਹੇ **ਰਤਵਾਈ**।"
— ਗਉ **ਕਬ**, ਬਾਅ ੨੬ : ੨ (341)

ਰਤੜਾ — ਰੰਗਿਆ ਹੋਇਆ
"ਜਨ ਨਾਨਕ ਨਾਮੁ ਧਿਆਇਆ ਰੰਗਿ **ਰਤੜਾ** ਹਰਿ ਰੰਗਿ ਰਤਿ।"
— ਸਿਰੀ **੪**, ਵਣ ੧, ੫ : ੫ (82)
"ਜੇ ਕੋ ਮੂੰ ਉਪਦੇਸੁ ਕਰਤੁ ਹੈ ਤਾ ਵਣਿ ਤ੍ਰਿਣਿ **ਰਤੜਾ** ਨਾਰਾਇਣਾ।" (ਰੰਗਿਆ ਹੋਇਆ)
— ਸਿਰੀ **ਤ੍ਰਿਲੋ**, ੨, ੫ : ੧ (92)

ਹੋਰ ਰੂਪ — ਰਤੜੀਆਹ —
"ਨਾਨਕ ਨਾਹੁ ਨ ਵੀਛੁੜੈ ਤਿਨ ਸਚੈ **ਰਤੜੀਆਹ**।" (ਰਤਿਆਂ ਹੋਇਆ ਦੇ)
— ਮਾਰੂ **੧**, ਅਸ ੯, ੮ : ੨ (1015)

ਰਤੜੀਏ —
"ਅਨਦਿਨੁ **ਰਤੜੀਏ** ਸਹਜਿ ਮਿਲੀਜੈ।" (ਰਤੀ ਰਹਿਣ ਵਾਲੀਏ)
— ਤੁਖਾ **੧**, ਛੰਤ ੪, ੪ : ੨ (1112)

ਰਤੜੇ —
"ਰੰਗਿ **ਰਤੜੇ** ਮਨ ਕਰਹਲੇ ਹਰਿ ਰੰਗੁ ਸਦਾ ਸਮਾਲਿ।" (ਰਤੇ ਹੋਏ)
— ਗਉ **੪**, ਕਰ ੨, ੯ : ੧ (235)
"ਜਿਨ ਕੇ ਚੋਲੇ **ਰਤੜੇ** ਪਿਆਰੇ ਕੰਤੁ ਤਿਨਾ ਕੈ ਪਾਸਿ।" (ਰੰਗੇ ਹੋਏ)
— ਤਿਲੰ **੧**, ੩, ੩ : ੧ (722)

ਰਤਾ — 1. ਗੂੜਾ ਲਾਲ
"**ਰਤਾ** ਪੈਨਣ ਮਨੁ ਰਤਾ ਸਪੇਦੀ ਸਤੁ ਦਾਨੁ।"
— ਸਿਰੀ **੧**, ੭, ੨ : ੧ (16)
(ਦੂਜੇ 'ਰਤਾ' ਦਾ ਅਰਥ 'ਰੰਗਿਆ ਗਿਆ' ਹੈ)
"ਬਗਾ **ਰਤਾ** ਪੀਅਲਾ ਕਾਲਾ ਬੇਦਾ ਕਰੀ ਪੁਕਾਰ।"
— ਮਾਝ **੧**, ਵਾਰ ੪ਸ, **੧**, ੧ : ੪ (139)
2. ਰੰਗਿਆ ਹੋਇਆ

"ਰੰਗਿ **ਰਤਾ** ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ।"
— ਸਿਰੀ **੧**, ੨੫, ੧* : ੧ (23)

3. ਮਸਤ ਹੋਇਆ, ਮਗਨ ਹੋਇਆ
"ਕਿਆ ਤੂ **ਰਤਾ** ਦੇਖਿ ਕੈ ਪੁਤ੍ਰ ਕਲਤ੍ਰ ਸੀਗਾਰ।"
— ਸਿਰੀ **੫**, ੭੧ : ੧ (42)
"ਗੰਧਣ ਵੈਣਿ **ਰਤਾ** ਹਿਤਕਾਰੀ ਸਬਦੈ ਸੁਰਤਿ ਨ ਆਈ।" (ਰਚਿਆ ਹੋਇਆ)
— ਸੋਰ **੧**, ੩, ੨ : ੩ (596)

ਰਤਿ — 1. ਪ੍ਰੀਤ, ਪ੍ਰੇਮ
"ਜਨ ਨਾਨਕ ਨਾਮੁ ਧਿਆਇਆ ਰੰਗਿ ਰਤੜਾ ਹਰਿ ਰੰਗਿ **ਰਤਿ**।"
— ਸਿਰੀ **੪**, ਵਣ, ੧, ੫ : ੪ (82)
"ਮਨ **ਰਤਿ** ਨਾਮਿ ਰਤੇ ਨਿਹਕੇਵਲ ਆਦਿ ਜੁਗਾਦਿ ਦਇਆਲਾ।"
— ਸਾਰ **੧**, ਅਸ ੨, ੩ : ੨ (1233)

2. ਰਤੇ ਹੋਏ
"ਜਉ ਪੈ ਰਾਮ ਨਾਮ **ਰਤਿ** ਨਾਹੀ।"
— ਗਉ **ਕਬ**, ੫, ੧* : ੧ (324)

3. ਲਗ ਕੇ
"ਏਕ ਸੁਮਤਿ **ਰਤਿ** ਜਾਨਿ ਮਾਨਿ ਪ੍ਰਭ ਦੂਸਰ ਮਨਹਿ ਨ ਆਨਾਨਾ।"
— ਗਉ **ਕਬ**, ੭੪, ੨ : ੧ (339)

ਰਤਿਅੜੇ — ਲਗੇ ਹੋਏ
"ਪਿਰ **ਰਤਿਅੜੇ** ਮੈਡੇ ਲੋਇਣ ਮੇਰੇ ਪਿਆਰੇ ਚਾਤ੍ਰਿਕ ਬੂੰਦ ਜਿਵੈ।"
— ਆਸਾ **੪**, ਛੰਤ ੨੧, ੩ : ੧ (452)

ਰਤਿਆ — 1. ਰੰਗੇ ਜਾਣ ਨਾਲ, ਮਸਤ ਹੋਣ ਨਾਲ
"ਰਾਮ ਨਾਮ ਰੰਗਿ **ਰਤਿਆ** ਭਾਰੁ ਨ ਭਰਮੁ ਤਿਨਾਹ।" — ਸਿਰੀ **੧**, ੨੩, ੪ : ੨ (23)
"ਨਾਨਕ ਨਾਮੇ **ਰਤਿਆ** ਨਾਮੋ ਪਲੈ ਪਾਇ।"
— ਸੋਰ **੪**, ਵਾਰ ੨੭ਸ, **੪**, ੧ : ੫ (653)

2. ਰਤੇ ਹੋਣ ਨਾਲ, ਪ੍ਰੇਮ ਕਰਨ ਨਾਲ
"ਇਕਸੁ ਸੇਤੀ **ਰਤਿਆ** ਨ ਹੋਵੀ ਸੋਗ ਸੰਤਾਪੁ।"
— ਸਿਰੀ **੫**, ੭੯, ੩ : ੩ (45)
"ਸਤਿਗੁਰ ਸੇਤੀ **ਰਤਿਆ** ਦਰਗਹ ਪਾਈਐ ਠਾਉ।"
— ਗੂਜ **੫**, ਵਾਰ ੧ਸ, **੫**, ੧ : ੩ (517)

3. ਰੰਗੇ ਹੋਏ
"ਨਾਨਕ ਨਾਮਿ **ਰਤਿਆ** ਬਲਿ ਜਾਉ।"
— ਸੋਰ **੪**, ਵਾਰ ੯ਸ, **੩**, ੨ : ੬ (646)

4. ਮਿਲਿਆ ਹੋਇਆ
"ਆਪੇ ਕੀਤੋ ਰਚਨੁ ਆਪੇ ਹੀ **ਰਤਿਆ**।"
— ਰਾਮ **੫**, ਵਾਰ ੨੨ : ੧ (966)

ਰਤੀ — 1. ਰਤੀ ਹੋਈ, ਜੁੜੀ ਹੋਈ
"ਲਾਲਿ **ਰਤੀ** ਸਚ ਭੈ ਵਸੀ ਭਾਇ ਰਤੀ ਰੰਗਿ ਰਾਸਿ।" — ਸਿਰੀ **੧**, ਅਸ ੨, ੨ : ੩ (54)
(ਦੂਸਰੇ 'ਰਤੀ' ਦਾ ਅਰਥ 'ਲਗੀ ਹੋਈ')

2. ਲਗੀ ਹੋਈ
"ਤਨਿ ਸੋਹੈ ਮਨੁ ਮੋਹਿਆ **ਰਤੀ** ਰੰਗਿ ਨਿਹਾਲਿ।"
— ਸਿਰੀ **੧**, ਅਸ ੫, ੩ : ੨ (56)

3. ਤੋਲ ਦੀ ਇਕ ਇਕਾਈ
"ਤਨੁ ਬੈਸੰਤਰਿ ਹੋਮੀਐ ਇਕ **ਰਤੀ** ਤੋਲਿ ਕਟਾਇ।"
— ਸਿਰੀ **੧**, ਅਸ ੧੪, ੨ : ੧ (62)

4. ਥੋੜਾ ਜਿਹਾ ਵੀ, ਰਤਾ ਵੀ, ਜ਼ਰਾ ਵੀ
"ਇਕ **ਰਤੀ** ਗੁਣ ਨ ਸਮਾਣਿਆ ਵਣਜਾਰਿਆ ਮਿਤ੍ਰਾ ਅਵਗਣ ਖੜਸਨਿ ਬੰਨਿ।"
— ਆਸਾ **੧**, ਪਹ ੨, ੫ : ੨ (76)
"ਲਖ ਮੜਿਆ ਕਰਿ ਏਕਠੇ ਏਕ **ਰਤੀ** ਲੇ ਭਾਹਿ।"
— ਆਸਾ **੧**, ੩੨, ੧* : ੨ (358)
"ਰੋਗ ਬੰਧ ਰਹਨੁ **ਰਤੀ** ਨ ਪਾਵੈ।" (ਜ਼ਰਾ ਭੀ)
— ਭੈਰ **੫**, ੨੦, ੩ : ੩ (1141)

5. ਲਾਲ ਰੰਗ ਦੀ
"ਹਰਿ ਮੀਠਾ ਲਾਇਆ ਪਰਮ ਸੁਖ ਪਾਇਆ ਮੁਖਿ ਭਾਗਾ **ਰਤੀ** ਚਾਰੇ।" (ਭਾਗਾਂ ਕਰਕੇ ਲਾਲ ਤੇ ਸੁੰਦਰ)
— ਆਸਾ **੪**, ਛੰਤ ੧੨, ੨ : ੪ (446)
"ਮਨੁ ਤਨੁ ਰਤਾ ਲਾਲੁ ਹੋਆ ਰਸਨਾ **ਰਤੀ** ਗੁਣ ਸਾਰਿ।" (ਲਾਲ ਹੋਈ)
— ਸੂਹੀ **੩**, ਵਾਰ ੫ਸ, **੩**, ੧ : ੪ (787)

6. ਰੰਗੀ ਹੋਈ
"ਅਪਨੇ ਪ੍ਰੀਤਮ ਕੈ ਰੰਗਿ **ਰਤੀ**।"
— ਸੂਹੀ **੫**, ੧੦, ੧* : ੨ (739)

7. ਪਿਆਰ ਕਰਨ ਨਾਲ

"ਗੁਣ ਕੀ ਮਾਰੀ ਹਉ ਮੁਈ ਸਬਦਿ **ਰਤੀ** ਮਨਿ ਚੋਟ।" — ਰਾਮ **੧**, ਓਅੰ ੪੩ : ੮ (936)

ਰਤੀਅਹੁ — ਥੋੜਾ, ਜ਼ਰਾ
"ਘੜੀ ਮੂਹਤ ਕਾ ਲੇਖਾ ਲੇਵੈ **ਰਤੀਅਹੁ** ਮਾਸਾ ਤੋਲ ਕਢਾਵਣਿਆ।"
— ਮਾਝ **੩**, ਅਸ ੨੯, ੫ : ੩ (127)

ਰਤੀਆ — ਜੁੜੀਆਂ ਹੋਈਆਂ, ਪਿਆਰ ਕਰਦੀਆਂ
"ਸਬਦਿ **ਰਤੀਆ** ਸੋਹਾਗਣੀ ਤਿਨ ਵਿਚਹੁ ਹਉਮੈ ਜਾਇ।" — ਸਿਰੀ **੩**, ੬੧, ੨ : ੩ (38)
"ਨਾਮਿ **ਰਤੀਆ** ਸੇ ਰੰਗਿ ਚਲੂਲਾ ਪਿਰ ਕੈ ਅੰਕਿ ਸਮਾਏ। (ਮਸਤ, ਮਗਨ)
— ਵਡ **੩**, ਅਲਾ ੪, ੩ : ੪ (585)

ਰਤੁ — (ਸੰ. रक्त) 1. ਲਹੂ
"ਜੇ **ਰਤੁ** ਲਗੈ ਕਪੜੈ ਜਾਮਾ ਹੋਇ ਪਲੀਤੁ।"
— ਮਾਝ **੧**, ਵਾਰ ੬ਸ, **੧**, ੧ : ੧ (140)
2. ਰਤਾ ਹੋਇਆ, ਮਸਤ, ਮਗਨ
"ਨਾਮ **ਰਤੁ** ਜੋ ਭਗਤੁ ਪਰਵਾਨੁ।"
— ਗਉ **੫**, ੧੧੮, ੨ : ੨ (189)
"ਕਾਮ ਕ੍ਰੋਧ ਲੋਭ **ਰਤੁ** ਨਿੰਦਾ ਸਤੁ ਸੰਤੋਖੁ ਬਿਦਾਰਨ।" (ਪ੍ਰੀਤਵਾਨ)
— ਬਿਲਾ **੫**, ੮੩, ੧ :੨ (820)
3. ਲਗਿਆ ਹੋਇਆ
"ਪੂਜਾ ਅਰਚਾ ਬੰਦਨ ਡੰਡਉਤ ਖਟ ਕਰਮਾ **ਰਤੁ** ਰਹਤਾ।"
— ਸੋਰ **੫**, ਅਸ ੩, ੫ : ੧ (642)
4. ਪ੍ਰੇਮ
"ਪਰ ਧਨ ਪਰ ਨਾਰੀ **ਰਤੁ** ਨਿੰਦਾ ਬਿਖੁ ਖਾਈ ਦੁਖੁ ਪਾਇਆ।"
— ਮਲਾ **੧**, ੩, ੧ : ੨ (1255)

ਰਤੇ — 1. ਰੰਗੇ ਹੋਏ, ਮਸਤ, ਮਗਨ, ਰਚੇ ਹੋਏ
"ਸੇਈ ਤੁਧਨੋ ਗਾਵਹਿ ਜੋ ਤੁਧੁ ਭਾਵਨਿ **ਰਤੇ** ਤੇਰੇ ਭਗਤ ਰਸਾਲੇ।" — ਜਪੁ **੧**, ੨੭ : ੧੫ (6)
2. ਪਿਆਰ ਕਰਨ ਨਾਲ
"ਨਿਰਮਲੁ ਮੈਲਾ ਨਾ ਥੀਐ ਸਬਦਿ **ਰਤੇ** ਪਤਿ ਹੋਇ।" (ਰੰਗੇ ਜਾਣ ਨਾਲ, ਪਿਆਰ ਕਰਨ ਨਾਲ) — ਸਿਰੀ **੧**, ੧੫, ੩ : ੩ (19)
ਹੋਰ ਰੂਪ — ਰਤੋ —
"ਨਾਮਿ **ਰਤੋ** ਚਾਹਉ ਤੁਝ ਓਰੁ।" (ਰੰਗੀਜ ਕੇ) — ਬਸੰ **੧**, ਅਸ ੧, ੩ : ੩ (1187)
ਰਤੌ —
"ਰੰਗਿ **ਰਤੌ** ਨਾਮ ਸਿਉ ਕਲ ਨਾਮੁ ਸੁਰਿ ਨਰਹ ਬੋਹੈ।" (ਰੰਗੀਜ ਕੇ)
— ਸਵ **੨**, ੮ : ੨ (1392)

ਰਥ — ਦੋ ਅਥਵਾ ਚਾਰ ਪਹੀਆਂ ਦੀ ਘੋੜਿਆਂ ਨਾਲ ਖਿਚੀ ਜਾਣ ਵਾਲੀ ਗੱਡੀ, ਇਕ ਵਾਹਨ
"ਹੈਵਰ ਗੈਵਰ ਬਹੁ ਰੰਗੇ ਕੀਏ **ਰਥ** ਅਥਾਕ।"
— ਸਿਰੀ **੫**, ੭੧, ੨ : ੨ (42)
ਹੋਰ ਰੂਪ — ਰਥੁ —
"ਸਤਜੁਗਿ **ਰਥੁ** ਸੰਤੋਖੁ ਕਾ ਧਰਮੁ ਅਗੈ ਰਥਵਾਹੁ।"
— ਆਸਾ **੧**, ਵਾਰ ੧੩ਸ, **੧**, ੧ : ੧ (470)
"**ਰਥੁ** ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ।" (ਸੂਰਜ ਦਾ ਰਥ, ਭਾਵ ਸੂਰਜ ਢਲੇ) — ਤੁਖਾ **੧**, ਬਾਰਾ ੮ : ੪ (1108)
"ਜਗੁ ਜੀਤਉ ਗੁਰ ਦੁਆਰਿ ਖੇਲਹਿ ਸਮਤ ਸਾਰਿ **ਰਥੁ** ਉਨਮਨਿ ਲਿਵ ਰਾਖਿ ਨਿਰੰਕਾਰਿ।" (ਭਾਵ ਪ੍ਰਵਾਹ)
— ਸਵ **੨**, ੧ : ੬ (1391)
(ਮਹਾਨ ਕੋਸ਼ ਇਥੇ ਅਰਥ 'ਸਰੀਰ' ਕਰਦਾ ਹੈ)

ਰਨ — ਜੰਗ/ਲੜਾਈ ਦਾ ਮੈਦਾਨ
"ਸੂਰੁ ਕਿ ਸਨਮੁਖ **ਰਨ** ਤੇ ਡਰਪੈ ਸਤੀ ਕਿ ਸਾਂਚੈ ਭਾਂਡੇ।" — ਗਉ **ਕਬ**, ੬੮, ੧ : ੨ (338)

ਰੰਨ — ਇਸਤ੍ਰੀ, ਔਰਤ
"ਓਹੁ ਘਰਿ ਘਰਿ ਹੰਢੈ ਜਿਉ **ਰੰਨ** ਦੋੁਹਾਗਣਿ ਓਸੁ ਨਾਲਿ ਮੁਹੁ ਜੋੜੇ ਓਸੁ ਭੀ ਲਛਣੁ ਲਾਇਆ।"
— ਗਉ **੪**, ਵਾਰ ੮ਸ, **੪**, ੨ : ੪ (303)
ਹੋਰ ਰੂਪ — ਰੰਨਾ —
"**ਰੰਨਾ** ਹੋਈਆ ਬੋਧੀਆ ਪੁਰਸ ਹੋਏ ਸਈਆਦ।" (ਇਸਤ੍ਰੀਆਂ)
— ਸਾਰ **੪**, ਵਾਰ ੧੪ਸ, **੧**, ੨ : ੧ (1242)
ਰੰਨੀ —
"ਸਤੀ **ਰੰਨੀ** ਘਰੇ ਸਿਆਪਾ ਰੋਵਨਿ ਕੂੜੀ ਕੰਮੀ।" — ਸਲੋ **੧**, ੨੯ : ੩ (1412)

ਰਪਸੀ — ਰੰਗਿਆ ਜਾਏ ਗਾ
"ਜਿਸ ਨੋ ਆਪੇ ਰੰਗੇ ਸੁ **ਰਪਸੀ** ਸਤਸੰਗਤਿ ਮਿਲਾਇ।"
— ਆਸਾ **੩**, ਅਸ਼ ੩੧, ੫ : ੧ (427)

ਰਪੈ — ਰੰਗੇ ਜਾਣ ਨਾਲ
"ਸਬਦਿ **ਰਪੈ** ਘਰੁ ਪਾਈਐ ਨਿਰਬਾਣੀ ਪਦੁ ਨੀਤਿ।" — ਸਿਰੀ **੧**, ਅਸ ੮, ੪ : ੩ (58)

ਰਫਤੀ — (ਫ਼ਾ. ਰਫ਼ਤੀ) ਤੂੰ ਗਿਆ
"ਕੁਜਾ ਆਮਦ ਕੁਜਾ **ਰਫਤੀ** ਕੁਜਾ ਮੇ ਰਵੀ।"
— ਤਿਲੰ **ਨਾਮ** ੩, ੧ : ੧ (727)

ਰਬ — (ਅ. ਰੁਬ) ਪ੍ਰਭੂ
"**ਰਬ** ਦੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ।"
— ਮਾਝ **੧**, ਵਾਰ ੮ਸ, **੧**, ੧ : ੪ (141)

ਰਬਾਣੀਐ — (ਅ. ਰਬਾਨੀ) ਰੱਬ ਦੀ, ਜਿਸਦਾ ਰਬ ਨਾਲ ਸੰਬੰਧ ਹੈ।
"ਹੁਕਮੇ ਹੀ ਸਿਰਿ ਮਾਰ ਬੰਦਿ **ਰਬਾਣੀਐ**।"
— ਆਸਾ **੧**, ਅਸ ੧੬, ੫ : ੨ (420)
"ਇਕਨ੍ਹਾ ਗਲੀਂ ਜੰਜੀਰ ਬੰਦਿ **ਰਬਾਣੀਐ**।"
— ਮਲਾ **੧**, ਵਾਰ ੨੧ : ੧ (1287)

ਰਬਾਬ — (ਅ. ਰਬਾਬ) ਇਕ ਤੰਤੀ ਸਾਜ਼
"ਤੂਟੀ ਤੰਤੁ **ਰਬਾਬ** ਕੀ ਵਾਜੈ ਨਹੀ ਵਿਜੋਗਿ।"
— ਰਾਮ **੧**, ਓਅੰ ੩੨ : ੨ (934)

ਹੋਰ ਰੂਪ — ਰਬਾਬਾ —
"ਕਰ ਕਰਿ ਤਾਲ ਪਖਾਵਜੁ ਨੈਨਹੁ ਮਾਥੈ ਵਜਹਿ **ਰਬਾਬਾ**।" (ਰਬਾਬ)
— ਰਾਮ **੫**, ੨, ੧ : ੧ (884)

ਰਬਾਬੀ — (ਅ. ਰਬਾਬੀ) ਰਬਾਬ ਵਜਾਉਣ ਵਾਲਾ
"ਫੀਲੁ **ਰਬਾਬੀ** ਬਲਦ ਪਖਾਵਜ ਕਊਆ ਤਾਲ ਬਜਾਵੈ।" — ਆਸਾ **ਕਬ**, ੬, ੧ : ੧ (477)

ਰਬਾਬੁ — (ਅ. ਰਬਾਬ) ਇਕ ਤੰਤੀ ਸਾਜ਼
"ਕਬ ਕੋ ਭਾਲੈ ਘੁੰਘਰੂ ਤਾਲਾ ਕਬ ਕੋ ਬਜਾਵੈ **ਰਬਾਬੁ**।" — ਆਸਾ **੪**, ੬੨, ੧ : ੧ (368)

ਰਬਿ — ਰਬ ਨੇ
"ਜੇ ਤੈ ਰਬੁ ਵਿਸਾਰਿਆ ਤ **ਰਬਿ** ਨ ਵਿਸਰਿਓਹਿ।"
— ਸਲੋ **ਫਰ**, ੧੦੨ : ੨ (1383)

ਹੋਰ ਰੂਪ — ਰਬੁ —
"ਲੇਖਾ **ਰਬੁ** ਮੰਗੇਸੀਆ ਬੈਠਾ ਕਢਿ ਵਹੀ।" (ਪ੍ਰਭੂ)
— ਰਾਮ **੩**, ਵਾਰ ੧੩ਸ,**੧**, ੨ : ੨ (953)

ਰਮ — 1. (ਸੰ. ਰਵ:) ਉਚਾਰਣ ਕਰਨਾ, ਸਿਮਰਨਾ
"ਖਿਨੁ **ਰਮ** ਗੁਰ ਗਮ ਹਰਿ ਦਮ ਨਹ ਜਮ ਹਰਿ ਕੰਠਿ ਨਾਨਕ ਉਰਹਾਰੀ ਰੇ।"
— ਆਸਾ **੫**, ੧੩੪, ੨ : ੧ (404)
"**ਰਮ** ਰਾਮ ਰਾਮ ਮਾਲ।"
— ਮਲਾ **੫**, ੨੩, ੨ : ੩ (1272)

ਹੋਰ ਰੂਪ — ਰਮੰ —
"ਕੇਵਲ ਰਾਮ ਨਾਮ ਮਨੋ **ਰਮੰ**।" (ਮਨ ਵਿਚ ਸਿਮਰਨ ਕਰੋ)
— ਗੂਜ **ਜੈਦੇ**, ੧, ੧* : ੧ (526)

2. ਰਾਮ
"ਸੰਸਾਰ ਸਾਗਰ ਤਾਰਿ ਤਾਰਣ **ਰਮ** ਨਾਮ ਕਰਿ ਕਰਣੀ।"
— ਗੂਜ **੧**, ਅਸ ੫, ੧* : ੨ (505)

3. ਵਿਆਪਕ
"ਰਾਮਾ **ਰਮ** ਰਾਮੈ ਅੰਤੁ ਨ ਪਾਇਆ।"
— ਕਲਿ **੪**, ੧, ੧* : ੧ (1319)

ਰਮਊਆ — ਸਿਮਰਨ ਤੇ, ਉਚਾਰਣ ਤੇ
"ਬਿਟਵਹਿ ਰਾਮ **ਰਮਊਆ** ਲਾਵਾ।"
— ਆਸਾ **ਕਬ**, ੩੩, ੧* : ੨ (484)

ਰਮਈਆ — ਸਰਬ ਵਿਆਪਕ, ਪ੍ਰਭੂ
"ਹਰਿ ਜੀਅ ਸਭੇ ਪ੍ਰਤਿਪਾਲਦਾ ਘਟਿ ਘਟਿ **ਰਮਈਆ** ਸੋਇ।"
— ਸਿਰੀ **੪**, ਵਣ, ੧, ੧ : ੨ (81)
"**ਰਮੀਆ** ਰੇਨੁ ਸਾਧ ਜਨ ਪਾਵਉ।" (ਹੇ ਪ੍ਰਭੂ)
— ਗਉ **੫**, ੭੫, ੧* : ੧ (177)

ਹੋਰ ਰੂਪ — ਰਮਈਐ —
"ਤੂ ਘਰ ਘਰ **ਰਮਈਐ** ਫੇਰੀ।" (ਪ੍ਰਭੂ ਨੇ)
— ਸੋਰ **ਕਬ**, ੫, ੨ : ੨ (655)

ਰਮਈਏ —
"**ਰਮਈਏ** ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ।" (ਪ੍ਰਭੂ)
— ਗਉ **ਰਵਿ**, ੧, ੧ : ੨ (345)

ਰਮਹਿ — 1. ਭੋਗਦੇ ਹਨ

"ਪਰ ਤ੍ਰਿਅ **ਰਮਹਿ** ਬਕਹਿ ਸਾਧ ਨਿੰਦ।"
— ਗਉ **੫**, ਥਿਤੀ ੯ : ੩ (298)

2. ਸਿਰਮਨ ਕਰੇ
"ਸੁਖ ਸਾਗਰ ਮਹਿ **ਰਮਹਿ** ਕਬੀਰ।"
— ਗਉ **ਕਬ**, ਥਿਤੀ ੧੬ : ੪ (344)

ਹੋਰ ਰੂਪ — ਰਮਹੁ —
"ਹਿਰਦੈ ਰਾਮੁ **ਰਮਹੁ** ਮੇਰੇ ਭਾਈ।" (ਸਿਮਰੋ, ਭਜੋ) — ਗਉ **੩**, ੨੬, ੧* : ੧ (159)

ਰਮਹੁ — 1. ਸਿਮਰੋ, ਵੇਖੋ 'ਰਮਹਿ' (2)
2. ਮਾਨੋ, ਭੋਗੋ, ਵੇਖੋ 'ਰਮਹਿ' (1)
"ਐਸਾ ਹਰਿ ਰਸੁ **ਰਮਹੁ** ਸਭ ਕੋਇ।
— ਗਉ **੫**, ੧੫੨, ੧* : ੧ (196)

ਰਮਜਾਨਾ — ਹਿਜ਼ਰੀ ਸੰਮਤ ਦਾ ਇਕ ਮਹੀਨਾ ਜਿਸ ਨੂੰ ਪਵਿਤਰ ਮੰਨਿਆ ਜਾਂਦਾ ਹੈ ਤੇ ਰੋਜ਼ੇ ਰਖੇ ਜਾਂਦੇ ਹਨ।
"ਬ੍ਰਹਮਨ ਗਿਆਸ ਕਰਹਿ ਚਉਬੀਸਾ ਕਾਜੀ ਮਹ **ਰਮਜਾਨਾ**।" — ਪ੍ਰਭਾ **ਕਬ**, ੨, ੩ : ੧ (1349)

ਰਮਣ — 1. ਸਿਮਰਨ
"ਅਉਸਰਿ ਹਰਿਜਸੁ ਗੁਣ **ਰਮਣ** ਜਿਤੁ ਕੋਟਿ ਮਜਨ ਇਸਨਾਨੁ।" — ਸਿਰੀ **੫**, ੮੮, ੩ : ੧ (49)

ਹੋਰ ਰੂਪ — ਰਮਣੰ —
"ਗੁਰ ਗਿਆਨ ਕੀਰਤਨ ਗੋਬਿੰਦ **ਰਮਣੰ** ਕਾਟੀਐ ਜਮ ਜਾਲ।" (ਸਿਮਰਨ)
— ਗੂਜ **੫**, ੩੦, ੨ : ੨ (502)

2. ਵਿਆਪਕ
"ਤਰਣ ਸਰਣ ਸੁਆਮੀ **ਰਮਣ** ਸੀਲ ਪਰਮੇਸੁਰਹ।"
— ਸਸ **੫**, ੪੩ : ੧ (1357)

ਹੋਰ ਰੂਪ — ਰਮਣੰ —
"ਜੀਅ ਦਇਆ ਮਇਆ ਸਰਬਤ੍ਰ **ਰਮਣੰ** ਪਰਮ ਹੰਸਹ ਰੀਤਿ।" (ਵਿਆਪਕ)
— ਗੂਜ **੫**, ਅਸ ੨, ੨ : ੨ (508)
"ਭਗਵਾਨ **ਰਮਣੰ** ਸਰਬਤ੍ਰ ਥਾਨਿੰ।" (ਵਸਦਾ ਹੈ) — ਸਸ **੫**, ੮ : ੩ (1354)

3. ਫਿਰਦੇ ਹਨ
"ਭ੍ਰਮ ਭਯਾਨ ਉਦਿਆਨ **ਰਮਣੰ** ਮਹਾ ਬਿਕਟ ਅਸਾਧ ਰੋਗਣਹ।"
— ਸਸ **੫**, ੪੯ : ੪ (1358)

ਰਮਣੀਯ — ਸਿਮਰਨ
"ਕੰਠ **ਰਮਣੀਯ** ਰਾਮ ਰਾਮ ਮਾਲਾ ਹਸਤ ਊਚ ਪ੍ਰੇਮ ਧਾਰਣੀ।" — ਸਸ **੫**, ੩੨ : ੧ (1356)

ਰਮਤ — 1. ਵਿਆਪਕ/ਵਰਤ ਰਿਹਾ ਹੈ
"ਘਟਿ ਘਟਿ ਰਮਈਆ **ਰਮਤੁ** ਰਾਮ ਰਾਇ ਗੁਰ ਸਬਦਿ ਗੁਰੂ ਲਿਵ ਲਾਗੇ।"
— ਗਉ **੪**, ੬੨, ੨ : ੧ (172)

ਹੋਰ ਰੂਪ — ਰਮਤੁ —
"ਐਸਾ ਗੁਰਮਤਿ **ਰਮਤੁ** ਸਰੀਰਾ।" (ਰਮਿਆ ਹੋਇਆ, ਵਿਆਪਕ)
— ਆਸਾ **੧**, ੧੨, ੧* : ੧ (354)

2. ਸਿਮਰਦਿਆਂ
"ਇਨ ਬਿਧਿ ਰਾਮ **ਰਮਤੁ** ਮਨੁ ਮਾਨਿਆ।"
— ਗਉ **੧**, ਅਸ ੧, ੧* : ੧ (220)

ਹੋਰ ਰੂਪ — ਰਮੰਤ —
"ਗੁਣ **ਰਮੰਤ** ਦੂਖ ਨਾਸਹਿ ਰਿਦ ਭਇਅੰਤ ਸਾਂਤਿ।" (ਸਿਮਰਦਿਆਂ, ਸਿਮਰਨ ਨਾਲ)
— ਕਾਨ **੫**, ੧੫, ੩ : ੧ (1301)

ਰਮਤੁ — 1. ਰਮਿਆ ਹੋਇਆ, ਵਿਆਪਕ ਵੇਖੋ 'ਰਮਤ' (1)
"ਸੇਜੈ **ਰਮਤੁ** ਨੈਨ ਨਹੀ ਪੇਖਉ ਇਹੁ ਦੁਖੁ ਕਾ ਸਉ ਕਹਉਰੇ।" (ਵਿਆਪਕ ਹੈ)
— ਆਸਾ **ਕਬ**, ੨੫, ੧* : ੩ (482)

2. ਮਾਣਦਾ ਰਹੇ, ਭੋਗਦਾ ਰਹੇ
"ਬੁਰਾ ਭਲਾ ਜੇ ਸਮ ਕਰਿ ਜਾਣੈ ਇਨ ਬਿਧਿ ਸਾਹਿਬੁ **ਰਮਤੁ** ਰਹੈ।"
— ਆਸਾ **੧**, ਪਟੀ ੮ : ੨ (432)

ਰਮਤੇ — ਚਲਦੇ ਬਣੇ, ਤੁਰ ਗਏ
"ਥਾਕਾ ਮਨੁ ਕੁੰਚਰ ਉਰੁ ਥਾਕਾ ਤੇਜੁ ਸੂਤੁ ਧਰਿ **ਰਮਤੇ**।" — ਆਸਾ **ਕਬ**, ੧੮, ੪ : ੨ (480)

ਹੋਰ ਰੂਪ — ਰਮਤੈ —
"ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ ਕਤ ਆਵੈ ਕਤ **ਰਮਤੈ**।" (ਭਟਕਦਾ, ਜਾਂਦਾ ਹੈ)
— ਕਾਨ **੫**, ੨੨, ੨ : ੨ (1302)

ਰਮਦਾਨਾ — ਰਮਜ਼ਾਨ—ਰੋਜ਼ਿਆਂ ਦਾ ਮਹੀਨਾ, ਹਿਜਰੀ ਸਮਤ ਦਾ ਇਕ ਮਹੀਨਾ

ਜੋ ਪਵਿਤਰ ਮੰਨਿਆ ਜਾਂਦਾ ਹੈ
"ਵਰਤ ਨ ਰਹਉ ਨ ਮਹ **ਰਮਦਾਨਾ**।"
— ਭੈਰ **੫**, ੩, ੧ : ੧ (1136)

ਰਮਨਾ — ਭੋਗਨਾ, ਮਾਣਨਾ
"ਰਾਜਭੋਗ ਅਰੁ ਛਤ੍ਰ ਸਿੰਘਾਸਨ ਬਹੁ ਸੁੰਦਰਿ **ਰਮਨਾ**।" — ਆਸਾ **ਕਬ**, ੫, ੩ : ੧ (476)
(ਮਹਾਨਕੋਸ਼, 'ਦਰਪਣ' ਇਸਦੇ ਅਰਥ 'ਇਸਤ੍ਰੀ' ਲੈਂਦਾ ਹੈ)

ਰਮਯੇ — ਪ੍ਰਭੂ ਨੂੰ, ਸਰਬ ਵਿਆਪਕ ਹਰੀ ਨੂੰ
"ਸੋ **ਰਮਯੇ** ਕਉ ਮਿਲੈ ਨ ਸੁਪਨੈ।"
— ਗਉ **ਕਬ**, ੨੩, ੨ : ੨ (328)

ਰਮਾ — 1. ਵਿਆਪਕ, ਰਮ ਰਹੇ
"ਰਾਮ **ਰਮਾ** ਰਾਮਾ ਗੁਨ ਗਾਉ।"
— ਰਾਮ **੫**, ੮, ੧ : ੨ (885)
2. ਸੁੰਦਰ
"ਰਾਮ ਰਾਮਾ ਰਾਮ **ਰਮਾ** ਕੰਠਿ ਉਰ ਧਾਰਿਐ।"
— ਰਾਮ **੫**, ਛੰਤ ੨, ੧ : ੨ (925)
(ਸ਼ਬਦਾਰਥ ਇਸ ਨੂੰ 'ਰਾਮ' ਦਾ ਹੀ ਰੂਪਾਂਤਰ ਮੰਨਦਾ ਹੈ)

ਰਮਾਣਾ — ਰਾਮ ਦਾ, ਰਾਮ ਵਾਲਾ
"ਤਾ ਜਪਿਆ ਨਾਮੁ **ਰਮਾਣਾ**।"
— ਸੋਰ **੫**, ੨੯, ੧ : ੨ (628)

ਰਮਿ — 1. ਲੀਣ, ਸਮਾਏ ਹੋਏ
"ਰਾਮ ਰਾਮ ਰਾਮ ਰਮੇ **ਰਮਿ** ਰਹੀਐ।"
— ਆਸਾ **ਕਬ**, ੨੦, ੧* : ੧ (481)
"ਮਨੁ ਮਾਇਆ ਮੈ **ਰਮਿ** ਰਹਿਓ ਨਿਕਸਤ ਨਾਹਿਨ ਮੀਤ।" — ਸਲੋ **੯**, ੩੨ : ੧ (1428)
2. ਸਿਮਰ ਕੇ
"ਕ਼ਹਿ ਕਬੀਰ ਰਾਮੈ **ਰਮਿ** ਛੂਟਹੁ ਨਾਹਿਤ ਬੂਡੇ ਭਾਈ।" — ਮਾਰੂ **ਕਬ**, ੧, ੪ : ੨ (1103)
3. ਹੇ ਵਿਆਪਕ (ਹਰੀ)
"ਭਣਤਿ ਨਾਮਦੇਉ **ਰਮਿ** ਰਹਿਆ ਅਪਨੇ ਭਗਤ ਪਰ ਕਰਿ ਦਇਆ।"
— ਬਸੰ **ਨਾਮ**, ੩, ੩ : ੧ (1196)
4. ਲੰਘਣਾ
"ਨਾਨਕ ਸਮਿਓ **ਰਮਿ** ਗਇਓ ਅਬ ਕਿਉ ਰੋਵਤ ਅੰਧ।" — ਸਲੋ **੯**, ੩੬ : ੨ (1428)

ਰੰਮਿਆ — ਸਿਮਰਿਆ
"ਬਦਤਿ ਜੈ ਦੇਉ ਜੈ ਦੇਵ ਕਉ **ਰੰਮਿਆ** ਬ੍ਰਹਮੁ ਨਿਰਬਾਣੁ ਲਿਵ ਲੀਣੁ ਪਾਇਆ।"
— ਮਾਰੂ **ਜੈਦੇ**, ੧, ੨ : ੨ (1106)

ਰਮੀਤਿ — ਰਮਿਆ ਅਰਥਾਤ ਵਿਆਪਕ ਹੈ
"ਰਾਮ ਨਾਮੁ ਰਮੁ ਰਵਿ ਰਹੇ ਰਮੁ ਰਾਮੋ ਰਾਮੁ **ਰਮੀਤਿ**।"
— ਕਾਨ **੪**, ਵਾਰ ੧੦ਸ, **੪**, ੧ : ੧ (1316)

ਰਮੁ — 1. ਸੁੰਦਰ
"ਰਾਮੋ ਰਾਮੁ ਰਮੋ **ਰਮੁ** ਊਚਾ ਗੁਣ ਕਹਤਿਆ ਅੰਤੁ ਨ ਪਾਇਆ।"
— ਆਸਾ **੪**, ਛੰਤ ੯, ੫ : ੫ (443)
2. ਰਾਮ
"ਉਰਧਾਰਿ ਬੀਚਾਰਿ ਮੁਰਾਰਿ ਰਮੋ **ਰਮੁ** ਮਨਮੋਹਨ ਨਾਮੁ ਜਪੀਨੇ।"
— ਧਨਾ **੪**, ੨, ੧ : ੧ (668)
3. ਸਿਮਰ
"ਰਾਮ ਨਾਮੁ ਰਮੁ ਰਵਿ ਰਹੇ **ਰਮੁ** ਰਾਮੋ ਰਾਮੁ ਰਮੀਤਿ।"
— ਕਾਨ **੪**, ਵਾਰ ੧੦ਸ, **੪**, ੧ : ੧ (1316)

ਰਮੇ — 1. ਸਿਮਰਦੇ (ਦਰਪਣ); ਵਿਆਪਕ (ਸੰਥਿਆ, ਨਿਰਣੈ)
"ਰਾਮ ਰਾਮ ਰਾਮ **ਰਮੇ** ਰਮਿ ਰਹੀਐ।"
— ਆਸਾ **ਕਬ**, ੨੦, ੧* : ੧ (481)
('ਸ਼ਬਦਾਰਥ' ਅਰਥ 'ਲੀਣ ਹੋਣਾ' ਕਰਦਾ ਹੈ)
ਹੋਰ ਰੂਪ — ਰਮੈ —
"ਰਾਮ **ਰਮੈ** ਸੋਈ ਰਮਾਣਾ।" (ਸਿਮਰੇ, ਜਪੇ)
— ਗਉ **੫**, ੧੪੦, ੧* : ੧ (194)
2. ਚਲਦੇ ਬਣੇ, ਵਿਚਰੇ, ਗਏ
"ਬਿਨੁ ਹਰਿ ਭਗਤਿ ਨ ਮੁਕਤਿ ਹੋਇ ਇਉ ਕਹਿ **ਰਮੈ** ਕਬੀਰ।"
— ਸਲੋ **ਕਬ**, ੫੪ : ੨ (1367)

ਰਮੈ — 1. ਸਿਮਰੇ, ਜਪੇ, ਵੇਖੋ 'ਰਮੇ' (1)
2. ਵਿਆਪਕ, ਮੌਜੂਦ
"ਮਾਇਆ ਬ੍ਰਹਮ **ਰਮੈ** ਸਭ ਸੰਗ।
— ਗਉ **ਕਬ**, ਥਿਤੀ ੩ : ੨ (343)
(ਸ਼ਬਦਾਰਥ ਅਰਥ 'ਮਿਲੇ' ਕਰਦਾ ਹੈ)

ਰਮੋ — ਉਚਾਰਣ ਕਰੋ, ਸਿਮਰੋ
"**ਰਮੋ** ਰਾਮੁ **ਰਮੋ** ਰਮੁ ਊਚਾ ਗੁਣ ਕਹਤਿਆ ਅੰਤੁ ਨ ਪਾਇਆ।"
— ਆਸਾ **੪**, ਛੰਤ ੯, ੫ : ੫ (443)

ਰਮੋਰੀ — ਸਿਮਰਦੇ ਹਨ
"ਜਾ ਕੈ ਹੀਐ ਪ੍ਰਗਟੁ ਪ੍ਰਭੁ ਹੋਆ ਅਨਦਿਨੁ ਕੀਰਤਨੁ ਰਸਨ **ਰਮੋਰੀ**।"
— ਗਉ **੫**, ੧੩੪*, ੩ : ੨ (208)

ਰਯਤਿ — ਪਰਜਾ
"ਰਾਜੇ **ਰਯਤਿ** ਸਿਕਦਾਰ ਕੋਇ ਨ ਰਹਸੀਓ।"
— ਮਾਝ **੧**, ਵਾਰ ੮ : ੧ (141)

ਰਯਨਿ — ਰਾਤ
"ਤਿਹ ਜਨ ਜਾਚਹੁ ਜਗਤ੍ਰ ਪਰ ਜਾਨੀਅਤ ਬਾਸੁਰ **ਰਯਨਿ** ਬਾਸੁ ਜਾ ਕੋ ਹਿਤੁ ਨਾਮ ਸਿਉ।"
— ਸਵ **੫**, ਮਥੁ ੩ : ੧ (1408)

ਰਲਈ — ਰਲਦੀ, ਮਿਲਦੀ
"ਸਭ ਇਕਾ ਜੋਤਿ ਵਰਤੈ ਭਿਨਿ ਭਿਨਿ ਨ **ਰਲਈ** ਕਿਸੈ ਦੀ ਰਲਾਈਆ।"
— ਮਾਝ **੪**, ੨, ੩ : ੨ (96)

ਰਲਸੀ — ਰਲੇਗਾ, ਮਿਲੇਗਾ
"ਜੋ ਜੋ ਦੀਸੈ ਵਡਾ ਵਡੇਰਾ ਸੋ ਸੋ ਖਾਕੂ **ਰਲਸੀ**।"
— ਸੋਰ **੫**, ੧, ੧ : ੨ (608)

ਰਲਣਾ — ਨਾਲ ਮਿਲਣਾ
"ਅਗੈ ਸੰਗਤੀ ਕੁੜਮੀ ਵੇਮੁਖ **ਰਲਣਾ** ਨ ਮਿਲੈ ਤਾ ਵਹੁਟੀ ਭਤੀਜੀ ਫਿਰਿ ਆਣਿ ਘਰਿ ਪਾਇਆ।"
— ਗਉ **੪**, ਵਾਰ ੧੨ਸ, **੪**, ੧ : ੫ (306)

ਰਲੰਦੜੋ — ਰਲ ਗਿਆ
"ਜੀਵਦਿਆ ਨ ਚੇਤਿਓ ਮੁਆ **ਰਲੰਦੜੋ** ਖਾਕ।"
— ਗੂਜ **੫**, ਵਾਰ ੧੯ਸ, **੫**, ੧ : ੧ (523)

ਰਲਨਿ — ਮਿਲਣ
"ਓਇ ਧਰਮਿ ਰਲਾਏ ਨਾ **ਰਲਨਿ** ਓਨਾ ਅੰਦਰਿ ਕੂੜੁ ਸੁਆਉ।"
— ਗੂਜ **੩**, ਵਾਰ ੮ਸ, **੩**, ੨ : ੪ (511)

ਰਲਨੀ — ਰਲਦੇ, ਮਿਲਦੇ
"ਓਇ ਅਗੈ ਪਿਛੈ ਬਹਿ ਮੁਹੁ ਛਪਾਇਨਿ ਨ **ਰਲਨੀ** ਖੋਟੇਆਰੇ।"
— ਗਉ **੪**, ਵਾਰ ੨੧ਸ, **੪**, ੧ : ੪ (312)

ਰਲਾਇ — ਮਿਲਾ ਲਵੇ, ਮਿਲਾਏ, ਸ਼ਾਮਲ ਕਰੇ
"ਨਦਰਿ ਕਰੇ ਜੇ ਆਪਣੀ ਆਪੇ ਲਏ **ਰਲਾਇ** ਜੀਉ।" — ਸਿਰੀ **੧**, ਅਸ ੨੮, ੧੪ : ੩ (72)
"ਸੁ ਏਤੁ ਖਜਾਨੈ ਲਇਆ **ਰਲਾਇ**।" (ਮਿਲਾ ਲਿਆ, ਸ਼ਾਮਲ ਕੀਤਾ)
— ਗਉ **੫**, ੧੦੦, ੪ :੨ (186)
"ਧਾਤੂ ਪੰਜਿ **ਰਲਾਇ** ਕੂੜਾ ਪਾਜਿਆ।" (ਰਲਾ ਕੇ) — ਸਲੋ **੧**, ੧੪ : ੨ (1411)

ਹੋਰ ਰੂਪ — ਰਲਾਇਆ —
"ਸੋ ਜਨੁ **ਰਲਾਇਆ** ਨ ਰਲੈ ਜਿਸੁ ਅੰਤਰਿ ਬਿਬੇਕ ਬੀਚਾਰੁ।" (ਮਿਲਾਇਆ, ਸ਼ਾਮਲ ਕੀਤਾ) — ਸਿਰੀ **੩**, ੩੯, ੨ : ੩ (28)

ਰਲਾਇਦਾ — ਰਲਾਉਂਦਾ/ਸ਼ਾਮਲ ਕਰਦਾ ਹੈ
"ਬਿਨੁ ਸਬਦੈ ਭਸਮੈ ਕੀ ਢੇਰੀ ਖੇਹੂ ਖੇਹ **ਰਲਾਇਦਾ**।"
— ਮਾਰੂ **੩**, ਸੋਲਾ ੧੬, ੨ : ੩ (1059)

ਰਲਾਈ — ਮਿਲਾਈ, ਸ਼ਾਮਲ ਕੀਤੀ
"ਓਹ **ਰਲਾਈ** ਕਿਸੈ ਦੀ ਨਾ ਰਲੈ ਜਿਸੁ ਰਾਵੇ ਸਿਰਜਨਹਾਰੁ।"
— ਸੂਹੀ **੩**, ਵਾਰ ੪ਸ, **੩**, ੧ : ੬ (786)

ਹੋਰ ਰੂਪ — ਰਲਾਈਆ —
"ਸਭ ਇਕਾ ਜੋਤਿ ਵਰਤੈ ਭਿਨਿ ਭਿਨਿ ਨ ਰਲਈ ਕਿਸੈ ਦੀ **ਰਲਾਈਆ**।" (ਮਿਲਾਈ ਹੋਈ) — ਮਾਝ **੪**, ੨, ੩ : ੨ (96)

ਰਲਾਈਐ —
"ਖੇਹੂ ਖੇਹ **ਰਲਾਈਐ** ਤਾ ਜੀਉ ਕੇਹਾ ਹੋਇ।" (ਮਿਲਾ ਦੇਈਏ)
— ਸਿਰੀ **੧**, ੮, ੪ : ੧ (17)
"ਖੇਹੂ ਖੇਹ **ਰਲਾਈਐ** ਛੋਡਿ ਚਲੈ ਘਰ ਬਾਰੁ।" (ਮਿਲ ਜਾਂਦੀ ਹੈ)
— ਸਿਰੀ **੧**, ਅਸ ੧੬, ੫ : ੩ (63)
"ਸੁਰਤੀ ਸੁਰਤਿ **ਰਲਾਈਐ** ਏਤੁ।" (ਮਿਲਾਈਏ) — ਰਾਮ **੧**, ੨, ੧ : ੧ (878)

ਰਲਾਏ —
"ਓਇ ਧਰਮਿ **ਰਲਾਏ** ਨ ਰਲਨਿ੍ ਓਨਾ ਅੰਦਰਿ ਕੂੜੁ ਸੁਆਉ।" (ਰਲਾਣ/ਸ਼ਾਮਲ ਕਰਨ ਨਾਲ)

— ਗੂਜ **੩**, ਵਾਰ ੮ਸ, **੩**, ੨ : ੪ (511)
"ਨਿਰਗੁਣ ਕਉ ਸੰਗਿ ਲੇਹੁ **ਰਲਾਏ**।" (ਮਿਲਾ ਲਵੋ, ਸ਼ਾਮਲ ਕਰ ਲਵੋ)
— ਮਾਰੂ **੫**, ਸੋਲਾ ੭, ੧੩ : ੧ (1078)

ਰਲਾਧਿਆ — ਰਲੇ ਹਨ, ਮਿਲੇ ਹਨ, ਸ਼ਾਮਲ ਹੋਏ ਹਨ।
"ਸਚੁ ਸਚਾ ਸਭ ਦੂ ਵਡਾ ਹੈ ਸਚੁ ਸੇਵਨਿ ਸੇ ਸਚਿ **ਰਲਾਧਿਆ**।"— ਗਉ **੪**, ਵਾਰ ੨੨ : ੪ (313)

ਰਲਾਵੈ — ਮਿਲਾ ਲਵੇ, ਸ਼ਾਮਲ ਕਰ ਲਵੇ
"ਪਿਛਲੇ ਗੁਨਹ ਸਤਿਗੁਰੁ ਬਖਸਿ ਲਏ ਸਤਿਸੰਗਤਿ ਨਾਲਿ **ਰਲਾਵੈ**।"
— ਬਿਲਾ **੪**, ਵਾਰ ੧੩ : ੨ (854)

ਰਲਿ — 1. ਮਿਲ, ਸ਼ਾਮਲ ਹੋ
"ਅਗੀ ਸੇਤੀ ਜਾਲੀਆ ਭਸਮ ਸੇਤੀ **ਰਲਿ** ਜਾਉ।"
— ਸਿਰੀ **੧**, ੭, ੨ : ੨ (14)
"ਜੇ ਸੁਇਨੇ ਨੋ ਓਹੁ ਹਥੁ ਪਾਏ ਤਾ ਖੇਹੂ ਸੇਤੀ **ਰਲਿ** ਗਇਆ।"
- ਗਉ **੪**, ਵਾਰ ੧੩ਸ, **੪**, ੨ : ੭ (307)
2. ਰਲ ਕੇ, ਸ਼ਾਮਲ ਹੋ ਕੇ
"ਸਚੇ ਸੇਤੀ **ਰਲਿ** ਮਿਲੇ ਸਚੇ ਗੁਣ ਪਰਗਾਸਿ।"
— ਸਿਰੀ **੧**, ੧੯, ੫ : ੨ (20)
3. ਇਕਠੇ ਹੋਕੇ (ਭਾਵ)
"ਖਾਵਹਿ ਖਰਚਹਿ **ਰਲਿ** ਮਿਲਿ ਭਾਈ।"
— ਗਉ **੫**, ੧੦੦, ੩ : ੧ (186)

ਰਲਿਆ — ਮਿਲ ਗਿਆ
"ਸਭ ਕੋ ਵਸ ਗਤਿ ਕਰਿ ਲਇਓਨੁ ਬਿਨੁ ਨਾਵੈ ਖਾਕੁ **ਰਲਿਆ**।"
— ਸਿਰੀ **੫**, ੨੨, ੩ : ੨ (42)

ਰਲੀ — 1. ਮਿਲੀ
"ਪਿਰਿ ਰਾਵਿਅੜੀ ਸਬਦਿ **ਰਲੀ** ਰਵਿ ਰਹਿਆ ਨਹ ਦੂਰੀ ਰਾਮ।"
— ਸੂਹੀ **੧**, ਛੰਤ ੩, ੩ : ੨ (765)
ਹੋਰ ਰੂਪ — ਰਲੀਆ —
"ਨਾਮ ਬਿਨਾ ਮਾਟੀ ਸੰਗਿ **ਰਲੀਆ**।" (ਮਿਲ ਜਾਏਗਾ) — ਆਸਾ **੫**, ੫੫, ੧ : ੨ (385)
2. ਚਾਉ, ਖੁਸ਼ੀ, ਪ੍ਰਸੰਨਤਾ
"ਪ੍ਰੇਮਿ ਬੁਲਾਈ **ਰਲੀ** ਸਿਉ ਮਨ ਮਹਿ ਸਬਦੁ ਅਨੰਦੁ।" — ਰਾਮ **੧**, ਓਅੰ ੧੨ : ੩ (931)
ਹੋਰ ਰੂਪ — ਰਲੀਆ —
"ਜਿਨ੍ ਦਿਸਿ ਆਇਆ ਹੋਹਿ **ਰਲੀਆ** ਜੀਅ ਸੇਤੀ ਗਹਿ ਰਹਹਿ।" (ਖੁਸ਼ੀ, ਅਨੰਦ)
— ਸੂਹੀ **੧**, ਛੰਤ ੪, ੨ : ੪ (765)
2. ਮੌਜ, ਰੰਗ ਰਲੀਆਂ
"ਖਾਜੈ ਪੈਝੈ **ਰਲੀ** ਕਰੀਜੈ।"
— ਮਾਰੂ **੧**, ਸੋਲਾ ੭, ੧੩ : ੧ (1027)
ਹੋਰ ਰੂਪ — ਰਲੀਆ —
"ਪਿਰੁ **ਰਲੀਆ** ਰਸਿ ਮਾਣਸੀ ਸਾਚਿ ਸਬਦਿ ਸੁਖੁ ਨੇਹਿ।" (ਮੌਜਾਂ)
— ਸਿਰੀ **੧**, ਅਸ ੫, ੧* : ੨ (56)
ਰਲੀਆਂ —
"ਰੇ ਮਨ ਗਹਿਲੇ ਬਾਵਲੇ ਮਾਣਹਿ ਕਿਆ **ਰਲੀਆਂ**।" (ਮੌਜਾਂ)
— ਸਲੋ **ਫਰ**, ੫੫ : ੨ (1380)
ਰਲੀਆਹ —
"ਨਾਲਿ ਖਸਮੈ ਰਤੀਆ ਮਾਣਹਿ ਸੁਖਿ **ਰਲੀਆਹ**।"
— ਸਿਰੀ **੪**, ਵਾਰ ੭ਸ, **੧**, ੨ : ੪ (85)

ਰਲੀਆਲਾ — ਮੌਜਾਂ ਵਾਲਾ, ਚੋਜੀ, ਰੰਗੀਲਾ
"ਮੁੰਧ ਜੋਬਨਿ ਬਾਲੜੀਏ ਮੇਰਾ ਪਿਰੁ **ਰਲੀਆਲਾ** ਰਾਮ।" — ਆਸਾ **੧**, ਛੰਤ ੧, ੧ : ੧ (435)

ਰਲੀਐ — ਮਿਲਦੀ ਹੈ
"ਆਪਨੜਾ ਪ੍ਰਭੁ ਨਦਰਿ ਕਰਿ ਦੇਖੈ ਨਾਨਕ ਜੋਤਿ ਜੋਤੀ **ਰਲੀਐ**।" — ਵਡ **੪**, ੩, ੩ : ੪ (561)
"ਚੀਤਿ ਆਵਹਿ ਤਬ ਹੀ ਪਤਿ ਪੂਰੀ ਬਿਸਰਤ **ਰਲੀਐ** ਖਾਕੁ।" (ਰਲੀਦਾ/ਮਿਲੀਦਾ ਹੈ)
— ਮਾਰੂ **੫**, ੧੯, ੧* : ੨ (1003)

ਰਲੇ — ਮਿਲੇ, ਮਿਲ ਗਏ
"ਸਚ ਸਚਾ ਜਿਨੀ ਅਰਾਧਿਆ ਸੇ ਜਾਇ **ਰਲੇ** ਸਚ ਨਾਲੇ।" — ਗਉ **੪**, ਵਾਰ ੧੯ : ੩ (311)

ਰਲੇਤੁ — ਰਲਦੇ ਹਨ
"ਜਿਨਾ ਨਾਨਕ ਸਚੁ ਪਛਾਣਿਆ ਸੇ ਸਚਿ **ਰਲੇਤੁ**।"
— ਸਿਰੀ **੪**, ਵਾਰ ੫ : ੫ (84)

ਰਲੈ — ਮਿਲੇ, ਰਲੇ, ਮੇਲ ਖਾਏ
"ਸੋ ਜਨੁ ਰਲਾਇਆ ਨ **ਰਲੈ** ਜਿਸੁ ਅੰਤਰਿ ਬਿਬੇਕ

ਬੀਚਾਰੁ।" — ਸਿਰੀ **੩**, ੩੯, ੨ : ੩ (28)
"ਖੰਡ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ **ਰਲੈ** ਰਲਾਇਆ।" (ਮੇਲ ਖਾਏ)
— ਸਿਰੀ **੪**, ਛੰਤ ੧, ੪ : ੪ (79)
"ਕਰਣੀ ਕੁੰਗੂ ਜੇ **ਰਲੈ** ਘਟ ਅੰਤਰਿ ਪੂਜਾ ਹੋਇ।" (ਮਿਲ ਜਾਏ) — ਗੂਜ **੧**, ੧, ੧ : ੨ (489)

ਰਵਉ — ਭੋਗਾਂ, ਮੇਲ ਦਾ ਰਸ ਮਾਨਾਂ
"ਬਿਨੁ ਦਰਸਨ ਕੈਸੇ **ਰਵਉ** ਸਨੇਹੀ।"
— ਮਾਰੂ **੧**, ੫, ੪ : ੨ (990)

ਰਵਈਆ — ਯਾਦ ਕਰਦਾ/ਜਪਦਾ/ਰਾਵਦਾ ਹੈ
"ਸੁਨਿ ਸੁਨਿ ਆਤਮ ਦੇਵ ਹੈ ਭੀਨੇ ਰਸਿ ਰਸਿ ਰਾਮ ਗੋਪਾਲ **ਰਵਈਆ**।"
— ਬਿਲਾ **੪**, ਅਸ ੧, ੬ : ੨ (833)

ਰਵਹਿ — 1. ਮਾਣਦੀਆਂ ਹਨ
"ਗੁਰਮੁਖਿ **ਰਵਹਿ** ਸੋਹਾਗਣੀ ਸੋ ਪ੍ਰਭੁ ਸੇਜ ਭਤਾਰੁ।"
— ਸਿਰੀ **੧**, ੨੦, ੩ : ੩ (21)
"ਸਦਾ **ਰਵਹਿ** ਪਿਰੁ ਆਪਣਾ ਸਚੈ ਨਾਮਿ ਸੁਖੁ ਪਾਇਆ।" — ਆਸਾ **੩**, ੩੫, ੨ : ੨ (429)
2. ਜਪਦੇ ਹਨ, ਸਿਮਰਦੇ ਹਨ
"ਸਚੋ ਸਚੁ **ਰਵਹਿ** ਦਿਨੁ ਰਾਤੀ ਇਹੁ ਮਨੁ ਸਚਿ ਰੰਗਾਵਣਿਆ।"
— ਮਾਝ **੩**, ਅਸ ੩੧, ੩ : ੩ (128)
ਹੋਰ ਰੂਪ — ਰਵਹੁ —
"ਗਗਾ ਗੋਬਿਦ ਗੁਣ **ਰਵਹੁ** ਸਾਸਿ ਸਾਸਿ ਜਪਿ ਨੀਤ।" (ਜਪੋ)
— ਗਉ **੫**, ਬਾਅ ੧੯ : ੧ (254)
3. ਬੋਲਦੇ, ਚੀਕਦੇ
"ਬਾਬਾ ਰੋਵਹਿ **ਰਵਹਿ** ਸੁ ਜਾਣੀਅਹਿ ਮਿਲਿ ਰੋਵੈ ਗੁਣ ਸਾਰੇਵਾ।"
— ਵਡ **੧**, ਅਲਾ ੪, ੪ : ੧ (581)

ਰਵਹੁ — 1. ਸਿਮਰੋ, ਵੇਖੋ ਰਵਹਿ (2)
2. ਚੇਤਾ ਕਰੋ, ਯਾਦ ਕਰੋ
"ਸੋ ਪਦੁ **ਰਵਹੁ** ਜਿ ਬਹੁਰਿ ਨ ਰਵਨਾ।"
— ਗਉ **ਕਬ**, ੧੮, ੨ : ੨ (327)
3. ਚਲੋ
"ਐਸੀ ਰਵਤ **ਰਵਹੁ** ਮਨ ਮੇਰੇ ਹਰਿ ਚਰਣੀ ਚਿਤੁ ਲਾਈ।"
— ਸਾਰ **੧**, ਅਸ ੧, ੩ : ੧ (1232)

ਰਵਣ — 1. ਸਿਮਰਨ/ਗਾਇਣ ਕਰਨ ਨਾਲ
"**ਰਵਣ** ਗੁਣਾ ਕਟੀਐ ਜਮ ਜਾਲਾ।"
— ਸੂਹੀ **੫**, ੨, ੩ : ੨ (760)
2. ਸਿਮਰਨ ਵਾਲੇ
"ਰਾਮ **ਰਵਣ** ਦੁਰਤ ਦਵਣ ਸਕਲ ਭਵਣ ਕੁਸਲ ਕਰਣ ਸਰਬ ਭੂਤ ਆਪਿ ਹੀ ਦੇਵਾਧਿ ਦੇਵ ਸਹਸ ਮੁਖ ਫਨਿੰਦ ਜੀਉ।"
— ਸਵ **੪**, ਗਯੰ ੯ : ੩ (1403)

ਰਵਣਜੋਗੁ — ਸਿਮਰਨਯੋਗ
"ਤੁਮ ਰਵਹੁ ਗੋਬਿੰਦੈ **ਰਵਣਜੋਗੁ**।"
— ਬਸੰ **੫**, ੧੪, ੧* : ੧ (1184)

ਰਵਣਾ — ਗਾਉਣਾ, ਅਲਾਪਣਾ
"ਆਠ ਪਹਰ ਹਰਿ ਕਾ ਜਸੁ **ਰਵਣਾ** ਬਿਖੈ ਠਗਉਰੀ ਲਾਥੀ।" — ਸੋਰ **੫**, ੭੯, ੩ : ੧ (628)

ਰਵਣਿ — ਮਾਣਨਯੋਗ
"ਦਸ ਬਾਲਤਣਿ ਬੀਸ **ਰਵਣਿ** ਤੀਸਾ ਕਾ ਸੁੰਦਰੁ ਕਹਾਵੈ।" (ਭਾਵ ਜੁਆਨੀ)
— ਮਾਝ **੧**, ਵਾਰ ੩ਸ, **੧**, ੧ : ੧ (138)

ਰਵਣੁ — ਸਿਮਰਨ
"ਸਰਨਿ ਦੁਖ ਭੰਜਨ ਪੁਰਖ ਨਿਰੰਜਨ ਸਾਧੂ ਸੰਗਤਿ **ਰਵਣੁ** ਜੈਸੇ।"
— ਬਿਲਾ **੫**, ੧੨੫, ੨ : ੧ (829)

ਰਵਤ — 1. ਜਪਣ/ਸਿਮਰਨ ਨਾਲ
"ਰਾਮੁ **ਰਵਤ** ਸਦ ਹੀ ਸੁਖੁ ਪਾਇਆ।"
— ਗਉ **੫**, ੧੦੬, ੧* : ੧ (201)
"ਬਾਬਾ ਐਸੀ **ਰਵਤ** ਰਵੈ ਸੰਨਿਆਸੀ।" (ਸਿਮਰਨ, ਰਟਨ) — ਮਾਰੂ **੧**, ਅਸ ੨, ੧* : ੧ (1012)
2. ਭੋਗਣਾ
"ਬੇਸੁਆ **ਰਵਤ** ਅਜਾਮਲੁ ਉਧਰਿਓ ਮੁਖਿ ਬੋਲੈ ਨਾਰਾਇਣੁ ਨਰਹਰੇ।"
— ਮਾਰੂ **੪**, ੧, ੩ : ੨ (995)
3. ਚਾਲ
"ਐਸੀ **ਰਵਤ** ਰਵਹੁ ਮਨ ਮੇਰੇ ਹਰਿ ਚਰਣੀ ਚਿਤੁ ਲਾਈ।"
— ਸਾਰ **੧**, ਅਸ ੧, ੩ : ੧ (1232)

ਰਵੰਤ — ਜਪਦੀ/ਸਿਮਰਦੀ ਹੈ

"ਰਸਨਾ ਰਾਮ ਰਾਮ **ਰਵੰਤ**।"
— ਗੂਜ **੫**, ੨੬, ੧* : ੧ (501)

ਰਵੰਤਾ — 1. ਵਿਆਪਕ, ਪਸਰਿਆ ਹੋਇਆ, ਰਮਿਆ ਹੋਇਆ
"ਏਕੁ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ **ਰਵੰਤਾ**।" — ਸੋਰ **੧**, ੪, ੩ : ੨ (596)
2. ਸਿਮਰਨ ਵਾਲਾ
"ਰਾਮ **ਰਵੰਤਾ** ਜਾਣੀਐ ਇਕ ਮਾਈ ਭੋਗੁ ਕਰੇਇ।" — ਬਸੰ **੧**, ੧੧, ੩ : ੧ (1171)

ਰਵਤੁ — 1. ਸਮਾਇਆ ਹੋਇਆ, ਰਮਿਆ ਹੋਇਆ
"ਣਾਣੈ **ਰਵਤੁ** ਰਹੈ ਘਟ ਅੰਤਰਿ ਹਰਿ ਗੁਣ ਗਾਵੈ ਸੋਈ।" — ਆਸਾ **੧**, ਪਟੀ ੧੮ : ੧ (433)
2. (ਸੰਜੋਗ) ਮਾਣਦਾ, ਭੋਗਨਾ
"ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨ੍ਹ ਬਿਧਿ ਸਾਹਿਬੁ **ਰਵਤੁ** ਰਹੈ।"
— ਸੂਹੀ **੧**, ੧, ੩ : ੨ (728)
3. ਸਿਮਰਦਾ
"ਸਿਫਤਿ ਸਰਮ ਕਾ ਕਪੜਾ ਮਾਂਗਉ ਹਰਿ ਗੁਣ ਨਾਨਕ **ਰਵਤੁ** ਰਹੈ।"
— ਪ੍ਰਭਾ **੧**, ੭, ੪ : ੨ (1329)
ਹੋਰ ਰੂਪ — ਰਵੰਤੁ —
"ਸਚਿ ਵਿਛੋੜਾ ਨਾ ਥੀਐ ਸੋ ਸਹੁ ਰੰਗਿ **ਰਵੰਤੁ**।" (ਸਿਮਰਦੀ ਹੈ)
— ਮਾਰੂ **੧**, ਅਸ ੧੦, ੪ : ੨ (1015)

ਰਵਤੌ — ਰਵਿ ਰਿਹਾ/ਪ੍ਰਗਟ ਹੋ ਰਿਹਾ ਹੈ
"ਅੰਤਰਿ **ਰਵਤੌ** ਰਾਜ ਰਵਿੰਦਾ।"
— ਪ੍ਰਭਾ **੧**, ੧੪, ੨ : ੪ (1331)

ਰਵਦਿ — (ਫ. ਰਵਦ) ਜ਼ਾਂਦਾ ਹੈ
"ਮੇ **ਰਵਦਿ** ਬਾਦਿਸਾਹਾ ਅਫਜੂ ਖੁਦਾਇ।"
— ਮਾਝ **੧**, ਵਾਰ ੧੩ਸ, **੧**, ੧ : ੨ (143)

ਰਵਨ — ਸਿਮਰਨ ਨਾਲ
"ਆਪਿ ਤਰਿਆ ਕੁਟੰਬ ਸਿਉ ਗੁਣ ਗੁਬਿੰਦ ਪ੍ਰਭ **ਰਵਨ**।" — ਗਉ **੫**, ਥਿਤੀ ੧੫ : ੬ (300)

ਰਵਨਾ — ਚੇਤੇ ਕਰਨਾ, ਯਾਦ ਵਿਚ ਲਿਆਉਣਾ
"ਸੋ ਪਦੁ ਰਵਹੁ ਜਿ ਬਹੁਰਿ ਨ **ਰਵਨਾ**।"
— ਗਉ **ਕਬ**, ੧੮, ੨ : ੨ (327)

ਰਵੰਨਿ — ਉਚਾਰਦੇ, ਜਪਦੇ, ਸਿਮਰਦੇ
"ਅੰਤਰਿ ਨਵ ਨਿਧਿ ਨਾਮੁ ਹੈ ਖਾਨਿ ਖਰਚਨਿ ਨ ਨਿਖੁਟਈ ਹਰਿ ਗੁਣ ਸਹਜਿ **ਰਵੰਨਿ**।"
— ਸੂਹੀ **੩**, ਅਸ ੩, ੩੨ : ੨ (756)

ਰਵਨੀ — ਕਹਿਣ ਦੀ ਕਿਰਿਆ, ਜ਼ਬਾਨੀ ਜ਼ਬਾਨੀ
"**ਰਵਨੀ** ਰਵੈ ਬੰਧਨ ਨਹੀ ਤੂਟਹਿ ਵਿਚ ਹਉਮੈ ਭਰਮੁ ਨ ਜਾਈ।"
— ਆਸਾ **੧**, ੧੬, ੨ : ੧ (353)

ਰਵੰਨੇ — ਰਮਿਆ ਹੋਇਆ ਹੈ
"ਮਨਿ ਤਨਿ ਰਵਤ **ਰਵੰਨੇ** ਘੜੀ ਨ ਬੀਸਰੈ।"
— ਤੁਖਾ **੧**, ਬਾਰਾ ੩ : ੨ (1107)

ਰਵਾ — ਉਚਰਾਂ, ਵਰਣਨ ਕਰਾਂ, ਜਪਾਂ, ਸਿਮਰਾਂ
"ਸੁਣਿ ਕੀਰਤਨੁ ਹਰਿ ਗੁਣ **ਰਵਾ** ਹਰਿ ਜਸੁ ਮਨਿ ਲਿਖਾ।" — ਸੋਰ **੪**, ਵਾਰ ੧੯ : ੩ (650)

ਰਵਾਇਆ — ਰਮਾਇਆ, ਵਸਾਇਆ
"ਗੁਰ ਪਰਚੈ ਗੁਰ ਪਰਚੈ ਧਿਆਇਆ ਮੈ ਹਿਰਦੈ ਰਾਮੁ **ਰਵਾਇਆ** ਰਾਮ।"
— ਆਸਾ **੪**, ਛੰਤ ੯, ੨ : ੨ (443)

ਰਵਾਈ — ਲਾਈ, ਰੁਚਿਤ ਕੀਤੀ
"ਜਿਨਿ ਉਪਾਈ ਰੰਗਿ **ਰਵਾਈ** ਬੈਠਾ ਵੇਖੈ ਵਖਿ ਇਕੇਲਾ।" — ਤਿਲੰ **੧**, ੫, ੨ : ੨ (723)

ਰਵਾਂਈ — ਜਪਦਾ ਹਾਂ, ਜਪਾਂ
"ਅੰਤਰਜਾਮੀ ਰਾਮੁ **ਰਵਾਂਈ** ਮੈ ਡਰੁ ਕੈਸੇ ਚਹੀਐ।"
— ਪ੍ਰਭਾ **ਨਾਮ**, ੧, ੧ : ੨ (1350)

ਰਵਾਣੀ — (ਫ. ਰਵਾਨੀ) ਤੇਜ਼ੀ ਨਾਲ, ਫਰ ਫਰ, ਰਵਾਨਗੀ ਨਾਲ
"ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ **ਰਵਾਣੀ**।"
— ਰਾਮ **੩**, ਅਨੰ ੨੪ : ੫ (920)

ਰਵਾਂਤਉ — ਸਿਮਰਦਾ ਹੈ
"ਮੁਕਤੇ ਰਾਤਉ ਰੰਗਿ **ਰਵਾਂਤਉ**।"
— ਆਸਾ **੧**, ੧੨, ੩ : ੧ (352)

ਰਵਾਰੈ — ਰਵਾਲ ਵਤ, ਮਿਟੀ ਵਾਂਗ, ਮਿਟੀ ਤੁਲ
"ਤਬ ਅਰੋਗ ਜਬ ਤੁਮ ਸੰਗਿ ਬਸਤੌ ਛੁਟਕਤ ਹੋਇ **ਰਵਾਰੈ**।" — ਸਾਰ **੫**, ੫੨, ੧ : ੨ (1214)

ਰਵਾਰੋ — ਮਿਟੀ, ਧੂੜ, ਰੇਣ
"ਬਰਨੁ ਜਾਤਿ ਕੋਊ ਪੂਛੈ ਨਾਹੀ ਬਾਛਹਿ ਚਰਨ **ਰਵਾਰੋ**।" — ਗੂਜ **੫**, ੧੦, ੧ : ੨ (498)

ਰਵਾਲ — 1. ਧੂੜ, ਰੇਣੁਕਾ, ਚਰਨ ਧੂੜ
"ਨਾਨਕ ਜਾਚੈ ਸਾਧ **ਰਵਾਲ**।"
— ਗਉ **੫**, ੧੬੧, ੪ : ੨ (198)

ਹੋਰ ਰੂਪ — ਰਵਾਲਾ —
"ਜਾਚਿਕੁ ਜਾਚੈ ਸਾਧ **ਰਵਾਲਾ**।" (ਚਰਨ ਧੂੜੀ)
— ਮਾਝ **੫**, ੪੫, ੪ : ੨ (107)

2. ਧੂੜੀ ਵਰਗੇ ਭਾਵ ਤੁਛ
"ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ **ਰਵਾਲ**।"
— ਆਸਾ **੧**, ਵਾਰ ੪ਸ, **੧**, ੨ : ੧ (464)

3. ਮਿਟੀ (ਹੋ ਗਏ) ਭਾਵ ਮਿਟ ਗਏ
"ਅੰਗੀਕਾਰੁ ਕੀਆ ਪ੍ਰਭਿ ਅਪਨੈ ਦੋਖੀ ਸਗਲੇ ਭਏ **ਰਵਾਲ**।"
— ਬਿਲਾ **੫**, ੧੧੩, ੧ : ੧ (826)

ਰਵਿ — 1. (ਸੰ. रविः) ਸੂਰਜ
"ਗਗਨ ਮੈ ਥਾਲੁ **ਰਵਿ** ਚੰਦੁ ਦੀਪਕ ਬਨੇ ਤਾਰਿਕ ਮੰਡਲ ਜਨਕ ਮੋਤੀ।"
— ਧਨਾ **੧**, ਸੋਹ ੩, ੧ : ੧ (13)

2. ਰੁਝੇ ਹੋਏ, ਮਸਤ ਹੋਏ
"ਜਹ ਦੇਖਾ ਤਹ **ਰਵਿ** ਰਹੇ ਸਿਵ ਸਕਤੀ ਕਾ ਮੇਲ।" — ਸਿਰੀ **੧**, ੧੮, ੪ : ੧ (21)

3. ਰਮਿਆ ਹੋਇਆ, ਵਿਆਪਕ, ਸਮਾਇਆ ਹੋਇਆ, ਮਿਲਿਆ ਹੋਇਆ, ਵਸਿਆ ਹੋਇਆ
"ਰੰਗਿ ਰਤਾ ਮੇਰਾ ਸਾਹਿਬੁ **ਰਵਿ** ਰਹਿਆ ਭਰਪੂਰਿ।"
— ਸਿਰੀ **੧**, ੨੫, ੧* : ੧ (23)
"ਅੰਤਰਿ ਹਰਿ ਰਸੁ **ਰਵਿ** ਰਹਿਆ ਚੂਕਾ ਮਨਿ ਅਭਿਮਾਨੁ।" (ਸਿੰਜਰਿਆ ਹੋਇਆ)
— ਸਿਰੀ **੩**, ੩੪, ੨ : ੨ (26)
"ਅੰਤਰਿ ਬਾਹਰਿ **ਰਵਿ** ਰਹਿਆ ਤਿਸ ਨੋ ਜਾਣੈ ਦੂਰਿ।" — ਸਿਰੀ **੫**, ੮੪, ੩ : ੧ (47)
"ਏਕੋ **ਰਵਿ** ਰਹਿਆ ਘਟ ਅੰਤਰਿ ਮਿਲਿ ਸਤਸੰਗਤਿ ਹਰਿ ਗੁਣ ਗਾਵਣਿਆ।" (ਵਸ ਰਿਹਾ)
— ਮਾਝ **੩**, ਅਸ ੩੩, ੬ : ੩ (129)

4. ਸਿਮਰਦਾ ਰਿਹਾ, ਜਪਦਾ ਰਿਹਾ, ਮਗਨ ਰਿਹਾ
"ਮਨ ਨਿਰਮਲ ਹਰਿ **ਰਵਿ** ਰਹਿਆ ਪਾਇਆ ਦਰਗਹਿ ਮਾਨੁ।"
— ਸਿਰੀ **੩**, ੩੪, ੨ : ੪ (26)
"ਇਸੁ ਮਨ ਕਉ **ਰਵਿ** ਰਹੇ ਕਬੀਰਾ।"
— ਗਉ **ਕਬ**, ੩੬, ੯ : ੨ (330)
"ਮਨੁ ਤਨੁ ਹਰਿਆ **ਰਵਿ** ਗੁਣ ਗੋਵਿੰਦ।" (ਸਿਮਰ ਕੇ)
— ਬਸੰ **੩**, ੫, ੩ : ੨ (1173)

5. ਭਾਵ ਸਤੋ ਸੁਭਾਵ, ਗਿਆਨ ਰੂਪੀ ਸੂਰਜ
"**ਰਵਿ** ਊਪਰਿ ਮਹਿ ਰਾਖਿਆ ਚੰਦੁ।"
— ਭੈਰ **ਕਬ**, ੧੦, ੨ : ੨ (1159)

ਰਵਿਓ — 1. ਰਮਿਆ ਹੋਇਆ, ਪਸਰਿਆ ਹੋਇਆ, ਸਮਾਇਆ ਹੋਇਆ
"**ਰਵਿਓ** ਸਰਬ ਥਾਨਿ ਹਾਂ।"
— ਆਸਾ **੫**, ੧੫੮, ੧ : ੨ (409)

2. ਰਤੇ ਹੋਏ
"ਘਟ ਘਟ ਅੰਤਰਿ ਸਰਬ ਨਿਰੰਤਰਿ ਰੰਗਿ **ਰਵਿਓ** ਰੰਗਿ ਰਾਤਾ।"
— ਗੂਜ **੫**, ੬, ੩ : ੨ (496)

3. ਸਿਮਰਿਆ
"ਸਤਿਗੁਰੁ ਸਾਜ ਸਮਾਧਿ **ਰਵਿਓ** ਸਾਮਾਨਿ ਨਿਰੰਤਰਿ।" — ਸਵ **੨**, ੨ : ੪ (1392)

ਰਵਿਆ — 1. ਸਮਾਇਆ ਹੋਇਆ, ਰਮਿਆ ਹੋਇਆ
"ਅੰਤਰਿ ਬਾਹਰਿ ਸਰਬਤਿ **ਰਵਿਆ** ਮਨਿ ਉਪਜਿਆ ਬਿਸੁਆਸੋ।"
— ਸਿਰੀ **੫**, ਛੰਤ ੨, ੪ : ੫ (80)
"ਤਿਸ ਕੈ ਹਿਰਦੈ **ਰਵਿਆ** ਸੋਇ।" (ਵਸਿਆ)
— ਗਉ **੫**, ਅਸ ੨, ੧ : ੩ (236)
"ਤੂ ਥਾਨ ਥਨੰਤਰਿ ਹਰਿ ਏਕੁ ਹਰਿ ਏਕੋ ਏਕੁ **ਰਵਿਆ**।" (ਵਿਆਪਕ)
— ਤੁਖਾ **੪**, ਛੰਤ ੩, ੩ : ੧ (1115)

2. ਸਿਮਰਿਆ, ਜਪਿਆ
"ਨਾਮ ਬਿਨਾ ਮੈ ਧਰ ਨਹੀ ਕਾਈ ਨਾਮੁ **ਰਵਿਆ** ਸਭ ਸਾਸ ਗਿਰਾਸਾ।"
— ਆਸਾ **੪**, ੫੮, ੧* : ੨ (367)
"ਭਉ ਨਾਠਾ ਭ੍ਰਮੁ ਮਿਟਿ ਗਇਆ **ਰਵਿਆ** ਨਿਤ ਰਾਮ।" — ਬਿਲਾ **੫**, ੭੬, ੧ : ੨ (819)

ਰਵਿਆਸੁ — ਗਏ, ਤੁਰ ਗਏ

"ਜਿਨਾ ਪਿਛੈ ਹਉ ਗਈ ਸੇ ਮੈ ਪਿਛੈ ਭੀ **ਰਵਿਆਸੁ**।"
— ਮਾਰੂ **੫**, ਵਾਰ ੯ਸ, **੫**, ੧ : ੧ (1097)

ਰਵਿਐ — ਜਪੀਏ, ਸਿਮਰੀਏ
"ਜਿਤੁ **ਰਵਿਐ** ਸੁਖ ਸਹਜ ਭੋਗੁ।"
— ਬਸੰ **੫**, ੧੪, ੨ : ੪ (1331)

ਰਵਿੰਦ — ਗਜਦਾ ਹੋਇਆ
"ਬਲਿਹਿ ਛਲਨ ਸਬਲ ਮਲਨ ਭਗ੍ਤਿ ਫਲਨ ਕਾਨ੍ ਕੁਅਾਰ ਨਿਹਕਲੰਕ ਬਜੀ ਡੰਕ ਚੜ੍ਹੂ ਦਲ **ਰਵਿੰਦ** ਜੀਉ।" — ਸਵ **੪**, ਗਯੰ ੯ : ੨ (1403)

ਰਵਿੰਦਾ — ਕਰ ਰਿਹਾ ਹੈ
"ਅੰਤਰਿ ਰਵਤੌ ਰਾਜ **ਰਵਿੰਦਾ**।"
— ਪ੍ਰਭਾ **੧**, ੧੪, ੨ : ੪ (1331)
('ਸ਼ਬਦਾਰਥ' ਤੇ 'ਨਿਰਣੈ' ਨੇ ਅਰਥ 'ਰਵਿ' (ਸੂਰਜ) ਇੰਦ (ਚੰਦਰਮਾ) ਕੀਤਾ ਹੈ।)

ਰਵਿਦਾਸ — ਭਗਤ ਕਬੀਰ ਦਾ ਸਮਕਾਲੀ ਕਾਸ਼ੀ ਨਿਵਾਸੀ ਰਾਮਾਨੰਦ ਦਾ ਚੇਲਾ ਇਕ ਚਮਾਰ ਭਗਤ ਜਿਸਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ
"ਕਹੁ **ਰਵਿਦਾਸ** ਪਰਉ ਤੇਰੀ ਸਾਭਾ।"
— ਗਉ **ਰਵਿ**, ੧, ੩ : ੧ (345)
ਹੋਰ ਰੂਪ — ਰਵਿਦਾਸਾ —
"ਭਗਤਿ ਹੇਤ ਗਾਵੈ **ਰਵਿਦਾਸਾ**।"
— ਸੋਰ **ਰਵਿ**, ੫, ੫ : ੨ (659)
ਰਵਿਦਾਸੁ —
"**ਰਵਿਦਾਸੁ** ਭਣੈ ਜੋ ਜਾਣੈ ਸੋ ਜਾਣੁ।"
— ਆਸਾ **ਰਵਿ**, ੨, ੪ : ੧ (486)

ਰਵਿੰਦੁ — ਰਮਿਆ ਹੋਇਆ, ਵਿਆਪਕ
"ਦੇਖੈ ਸੁਣੈ ਹਦੂਰਿ ਸਦ ਘਟਿ ਘਟਿ ਬ੍ਰਹਮ **ਰਵਿੰਦੁ**।"
— ਸਿਰੀ **੫**, ੮੩, ੪ : ੩ (47)

ਰਵੀ — ਭੋਗੀ, ਮਾਣੀ
"ਕਹੁ ਨਾਨਕ ਪ੍ਰਿਅ **ਰਵੀ** ਸੁਹਾਗਨਿ ਅਤਿ ਨੀਕੀ ਮੇਰੀ ਬਨੀ ਖਟੋਲੀ।"
— ਬਿਲਾ **੫**, ੮੯, ੨ : ੨ (822)

ਰਵੀਅਹਿ — ਸਿਮਰੀਏ, ਜਪੀਏ
"ਗੁਣ ਗੋਵਿੰਦ **ਰਵੀਅਹਿ** ਦਿਨੁ ਰਾਤੀ ਸਾਧਸੰਗਿ ਕਰਿ ਮਨ ਕੀ ਪ੍ਰੀਤਿ।"
— ਰਾਮ **੫**, ੪੮, ੧* : ੨ (898)

ਰਵੀਐ — ਯਾਦ ਰਖੀਏ, ਸਿਮਰੀਏ
"ਘੜੀ ਮੁਹਤੁ ਨਹ ਵੀਸਰੈ ਨਾਨਕ **ਰਵੀਐ** ਨਿਤੁ।"
— ਗੂਜ **੫**, ਵਾਰ ੧੫ਸ, **੫**, ੨ : ੨ (522)

ਰਵੀਜੈ — 1. ਸਿਮਰੀਏ, ਗਾਵੀਐ
"ਏਕੁ ਆਧਾਰੁ ਨਾਮੁ ਨਾਰਾਇਨ ਰਸਨਾ ਰਾਮੁ **ਰਵੀਜੈ**।" — ਗਉ **ਕਬ**, ੬੫, ੨ : ੨ (338)
2. ਵਿਆਪਕ ਹੈ
"ਜਿਉ ਸੂਰਜੁ ਕਿਰਣਿ ਰਵਿਆ ਸਰਬ ਠਾਈ ਸਭ ਘਟਿ ਘਟਿ ਰਾਮੁ **ਰਵੀਜੈ** ਰੇ।"
— ਕਲਿ **੪**, ੫, ੪ : ੧ (1326)

ਰਵੇ — 1. ਜਪ ਕੇ
"ਸਬਦਿ **ਰਵੇ** ਮਨੁ ਹਰਿ ਸਿਉ ਲਾਗਿਆ।"
— ਗਉ **੧**, ਅਸ ੧, ੩ : ੨ (221)
2. ਜਪਦਾ ਹੈ, ਸਿਮਰਦਾ ਹੈ
"ਭੇਟਤ ਸੰਗਿ ਰਾਮ ਗੁਨ **ਰਵੇ**।"
— ਗਉ **੫**, ਸੁਖ ੧੮, ੪ : ੩ (287)
3. ਯਾਦ ਕੀਤੇ
"ਧਨੁ ਧੰਨੁ ਤੇ ਜਨ ਪੁਰਖ ਪੂਰੇ ਜਿਨ ਗੁਰ ਸੰਤਸੰਗਤਿ ਮਿਲਿ ਗੁਣ **ਰਵੇ**।"
— ਤੁਖਾ **੪**, ਛੰਤ ੨, ੨ : ੩ (1114)

ਰਵੈ — 1. ਮਾਣਦਾ ਹੈ, ਭੋਗਦਾ ਹੈ
"ਮਿਠਾ ਬੋਲਹਿ ਨਿਵਿ ਚਲਹਿ ਸੇਜੈ **ਰਵੈ** ਭਤਾਰੁ।"
— ਸਿਰੀ **੩**, ੪੬, ੨ : ੨ (31)
"ਗੁਰ ਕੈ ਬਚਨਿ ਰਸਨਾ ਅੰਮ੍ਰਿਤੁ **ਰਵੈ**।" (ਮਾਨਦੀ ਹੈ) — ਗਉ **੫**, ੭੪, ੩ : ੪ (177)
2. ਰਮਿਆ ਹੋਇਆ, ਵਿਆਪਕ
"ਸਰਬ ਜੀਅ ਮਹਿ ਏਕੋ **ਰਵੈ**।"
— ਗਉ **੧**, ਅਸ ੧੬, ੫ : ੧ (228)
"ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ **ਰਵੈ** ਹਰਿ ਨਾਮਾ।" (ਵਸ ਜਾਂਦਾ ਹੈ)
— ਬਿਲਾ **੩**, ੪, ੧* : ੨ (797)
3. ਸਿਮਰਦਾ ਹੈ
"ਜਿਸ ਨੋ ਸਤਿਗੁਰੁ ਮੇਲੇ ਸੁ ਗੁਣ **ਰਵੈ** ਗੁਣ ਆਖਿ ਵਖਾਣੀ।"
— ਗਉ **੪**, ਵਾਰ ੫ : ੪ (302)
4. ਉਚਾਰਣ ਕਰੇ, ਜਪੇ, ਗਾਵੈ

"ਰਵਨੀ **ਰਵੈ** ਬੰਧਨ ਨਹੀ ਤੂਟਹਿ ਵਿਚਿ ਹਉਮੈ ਭਰਮੁ ਨ ਜਾਈ।"
— ਆਸਾ **੧**, ੧੬, ੨ : ੧ (353)
"ਸਹਜਿ ਸਹਜਿ ਗੁਨ **ਰਵੈ** ਕਬੀਰਾ।"
— ਆਸਾ **ਕਬ**, ੧੨, ੪ : ੨ (478)
"ਗਿਆਨੁ ਧਿਆਨੁ ਸਭੁ ਕੋਈ **ਰਵੈ**।" (ਉਚਾਰਣ ਕਰੇ, ਬੋਲੇ) — ਸੂਹੀ **੧**, ੨, ੨ : ੧ (728)
5. ਮਸਤ
"ਅਪਨੇ ਰੰਗ **ਰਵੈ** ਅਕੇਲਾ।"
— ਸੋਰ **ਕਬ**, ੪, ੨ : ੪ (655)

ਰਾ — (ਫ਼ਾ. ਰਾ) ਨੂੰ
"ਹਮਾ **ਰਾ** ਏਕੁ ਆਸ ਵਸੇ।"
— ਮਾਝ **੧**, ਵਾਰ ੧੩ਸ, **੧**, ੫ : ੨ (144)

ਰਾਉ — ਰਾਜਾ, ਅਮੀਰਾਂ ਦੀ ਇਕ ਪਦਵੀ, ਸਤਿਕਾਰ ਸੂਚਕ ਸ਼ਬਦ
"ਮਹਰ ਮਲੂਕ ਕਹਾਈਐ ਰਾਜਾ **ਰਾਉ** ਕਿ ਖਾਨੁ।"
— ਸਿਰੀ **੧**, ਅਸ ੧੬, ੬ : ੧ (63)
"ਛਿਨ ਮਹਿ ਰਾਉ ਰੰਕ ਕਉ ਕਰਈ **ਰਾਉ** ਰੰਕ ਕਰਿ ਡਾਰੇ।" — ਬਿਹਾ **੯**, ੨, ੧ : ੧ (537)

ਹੋਰ ਰੂਪ — ਰਾਉ —
"ਮੇਰੈ ਮਨਿ ਤਨਿ ਆਨੰਦ ਭਏ ਮੈ ਦੇਖਿਆ ਹਰਿ **ਰਾਉ**।" (ਰਾਜਾ)
— ਸਾਰ **੪**, ੧੦, ੨ : ੨ (1201)

ਰਾਇ — 1. ਰਾਜਾ
"ਓਟ ਗੋਵਿੰਦ ਗੋਪਾਲ **ਰਾਇ** ਸੇਵਾ ਸੁਆਮੀ ਲਾਹੁ।"
— ਮਾਝ **੫**, ਬਾਰਾ ੧੧ : ੩ (135)
"ਦੋਸੁ ਨ ਦੇਅਹੁ **ਰਾਇ** ਨੋ ਮਤਿ ਚਲੈ ਜਾਂ ਬੁਢਾ ਹੋਵੈ। (ਅਮੀਰ, ਰਾਜਾ)
— ਸਲੋ **੧**, ੩੨ : ੧ (1412)
2. ਮਾਲਕ
"ਨਾਤਰੁ ਖਰਾ ਰਿਸੈ ਹੈ **ਰਾਇ**।"
— ਗਉ **ਕਬ**, ਵਾ ੩ : ੪ (344)
3. ਭਾਵ ਵਾਹਿਗੁਰੂ, ਪ੍ਰਭੂ
"ਜਾ ਕੇ ਬੰਧਨ ਕਾਟੇ **ਰਾਇ**।"
— ਰਾਮ **੫**, ੧੫, ੨ : ੩ (887)

ਰਾਇਓ — ਰਾਜਾ
"ਸਰਬ ਗੁਨਾ ਨਿਧਿ **ਰਾਇਓ**।"
— ਸੋਰ **੫**, ੬੧, ੪* : ੩ (624)

ਰਾਇਆ — 1. ਰਾਜਾ, ਪਾਤਸ਼ਾਹ
"ਹਰਿ ਹਰਿ ਸਜਣੁ ਮੇਰਾ ਪ੍ਰੀਤਮੁ **ਰਾਇਆ**।"
— ਮਾਝ **੪**, ੧, ੩ : ੧ (94)
"ਏਕੈ ਏਕੈ ਤੂ **ਰਾਇਆ**।"
— ਰਾਮ **੫**, ੬, ੧* : ੨ (884)
2. ਪ੍ਰਭੂ (ਭਾਵ)
"ਨਾ ਤਰ ਨਾ ਤੁਲਹਾ ਹਮ ਬੂਡਸਿ ਤਾਰਿ ਲੇਹਿ ਤਾਰਣ **ਰਾਇਆ**।"
— ਆਸਾ **੧**, ਪਟੀ ੧੯ : ੨ (433)
3. ਰਿਆਇਆ, ਪਰਜਾ
"ਆਪੇ ਹੀ ਰਾਜਨੁ ਆਪੇ ਹੀ **ਰਾਇਆ** ਕਹ ਕਹ ਠਾਕੁਰੁ ਕਹ ਕਹ ਚੇਰਾ।"
— ਬਿਲਾ **੫**, ੧੧੨, ੧ :੨ (827)

ਰਾਇਸਾ — ਕਥਾ, ਪ੍ਰਸੰਗ
"ਰਾਇਸਾ ਪਿਆਰੇ ਕਾ **ਰਾਇਸਾ** ਜਿਤੁ ਸਦਾ ਸੁਖੁ ਹੋਈ।" — ਤਿਲੰ **੧**, ਅਸ ੧, ੧* : ੧ (725)

ਰਾਈ — ਰਤਾ ਵੀ, ਥੋੜਾ ਜਿਨਾ ਵੀ
"ਬੋਲਹਿ ਸਾਚੁ ਮਿਥਿਆ ਨਹੀ **ਰਾਈ**।"
— ਗਉ **੧**, ਅਸ ੧੫, ੧ : ੧ (227)

ਰਾਸਿ — 1. ਪੂੰਜੀ
"ਗੁਰਮੁਖਿ ਵਸਤੁ ਵੇਸਾਹੀਐ ਸਚੁ ਵਖਰੁ ਸਚੁ **ਰਾਸਿ**।" — ਸਿਰੀ **੧**, ੧੧, ੪ : ੧ (18)
"ਜਿਨਾ **ਰਾਸਿ** ਨ ਸਚੁ ਹੈ ਕਿਉ ਤਿਨਾ ਸੁਖੁ ਹੋਇ।"
— ਸਿਰੀ **੧**, ੨੩, ੨ : ੧ (22)
2. ਠੀਕ, ਦਰੁਸਤ
"ਨਾਨਕ ਆਣੇ ਆਵੈ **ਰਾਸਿ**।"
— ਸਿਰੀ **੧**, ੩੨, ੩ : ੩ (25)
"ਮਿਹਰ ਕਰੇ ਜਿਸੁ ਮਿਹਰਵਾਨੁ ਤਾਂ ਕਾਰਜੁ ਆਵੈ **ਰਾਸਿ**।" — ਸਿਰੀ **੫**, ੨੨, ੩ : ੩ (44)
"ਲਾਲਿ ਰਤੀ ਸਚ ਭੈ ਵਸੀ ਭਾਇ ਰਤੀ ਰੰਗਿ **ਰਾਸਿ**।" (ਸੁਆਰੀ ਗਈ)
— ਸਿਰੀ **੧**, ਅਸ ੨, ੨ : ੩ (54)
"ਆਪੇ ਪਰਖੇ ਪਾਰਖੂ ਪਵੈ ਖਜਾਨੈ **ਰਾਸਿ**।" (ਸ਼ੁਧ ਹੋ ਕੇ)
— ਸਿਰੀ **੧**, ਅਸ ੨, ੪ : ੩ (61)
"ਆਪਿ ਬਿਨਾਹੇ ਆਪਿ ਕਰੇ **ਰਾਸਿ**।" (ਠੀਕ

ਕਰਦਾ ਭਾਵ ਜਿਵਾਉਂਦਾ ਹੈ)
— ਗਉ **੫**, ੮੦, ੪ : ੩ (179)
"ਜਿਨਾ ਅੰਦਰਿ ਨਾਮੁ ਨਿਧਾਨੁ ਹਰਿ ਤਿਨ ਕੇ ਕਾਜ ਦਯਿ ਆਦੇ **ਰਾਸਿ**।" (ਸਵਾਰ ਦਿੱਤੇ)
— ਗਉ **੪**, ਵਾਰ ੧੧ਸ, **੪**, ੨ : ੧ (315)
"ਨਾਲਿ ਇਆਣੇ ਦੋਸਤੀ ਕਦੇ ਨ ਆਵੈ **ਰਾਸਿ**।" (ਸਿਰੇ ਨਹੀ ਲਗਦੀ)
— ਆਸਾ **੧**, ਵਾਰ ੨੨ਸ, **੧**, ੩ : ੧ (474)

3. (ਫਾ.ਆਰਾਸਤਾ) ਸਵਾਰਿਆ/ਸਜਾਇਆ ਹੋਇਆ
"ਜੋ ਨ ਢਹੰਦੋ ਮੂਲਿ ਸੋ ਘਰੁ **ਰਾਸਿ** ਕਰਿ।"
— ਆਸਾ **੫**, ੧੦੨, ੩ : ੧ (397)
"ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ **ਰਾਸਿ**।" (ਆਰਾਸਤਾ)
— ਆਸਾ **੧**, ਅਸ ੧੧, ੨ : ੨ (417)
"ਮੰਦਰ ਮਿਟੀ ਸੰਦੜੇ ਪਥਰ ਕੀਤੇ **ਰਾਸਿ** ਜੀਉ।"
— ਸੂਹੀ **੧**, ਕੁਚ ੧ : ੯ (762)

4. (ਫਾ. ਰਾਸਤੀ) ਠੀਕ ਰਾਹ ਉਪਰ
"ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ **ਰਾਸਿ**।" (ਸੁਧਾਰੇ, ਰਾਸਤੀ ਤੇ ਲਿਆਵੇ)
— ਆਸਾ **੧**, ਵਾਰ ੨ਸ, **੨**, ੩ : ੪ (463)

5. ਸਚਾ
"ਮਿਠਾ ਸੋ ਜੋ ਭਾਵਦਾ ਸਜਣੁ ਸੋ ਜਿ **ਰਾਸਿ**।"
— ਗੂਜ **੩**, ਵਾਰ ੨੧ਸ, **੩**, ੨ : ੧ (517)

6. ਸਚ
"ਦ੍ਵਾਰਿਕਾ ਨਗਰੀ **ਰਾਸਿ** ਬੁਗੋਈ।"
— ਤਿਲੰ **ਨਾਮ**, ੩, ੧ : ੨ (727)

7. ਰਾਸ ਪਾਣ ਲਈ, ਚੋਜ ਕਰਨ ਲਈ
"**ਰਾਸਿ** ਮੰਡਲੁ ਕੀਨੋ ਅਖਾਰਾ।"
— ਸੂਹੀ **੫**, ੪੫, ੧* : ੧ (746)

8. ਖਰੀਦਿਆ ਹੋਇਆ ਮਾਲ
"ਪੂੰਜੀ ਸਾਬਤੁ **ਰਾਸਿ** ਸਲਾਮਤਿ ਚੂਕਾ ਜਮ ਕਾ ਫਾਹਾ ਹੇ।"
— ਮਾਰੂ **੧**, ਸੋਲਾ ੧੨, ੧੦ : ੩ (1032)

9. ਗਾਹੇ ਹੋਏ ਅੰਨ ਦਾ ਢੇਰ (ਧੜ)
"**ਰਾਸਿ** ਬਿਰਾਨੀ ਰਾਖਤੇ ਖਾਯਾ ਘਰ ਕਾ ਖੇਤੁ।"
— ਸਲੋ **ਕਬ**, ੯੮ : ੨ (1369)

10. ਠੀਕ ਬੈਠਦਾ ਹੈ, ਫਲਦਾ ਹੈ
"ਨਾਨਕ ਹੁਕਮੈ ਬੂਝੈ ਤਿਨਾ **ਰਾਸਿ** ਹੋਇ ਸਤਿਗੁਰ ਤੇ ਸੋਝੀ ਪਾਇ।"
— ਸਲੋ **੪**, ੨੪ : ੪ (1423)

ਰਾਸੀ — 1. ਪੂੰਜੀ, ਸਰਮਾਇਆ
"ਵਿਣੁ **ਰਾਸੀ** ਵਾਪਾਰੀਆ ਤਕੇ ਕੁੰਡਾ ਚਾਰਿ।"
— ਸਿਰੀ **੧**, ਅਸ ੬, ੨ : ੧ (56)
"ਜਹ ਦੇਖਉ ਤਤ ਦੁਖ ਕੀ **ਰਾਸੀ**।" (ਸਮਾਨ, ਪੂੰਜੀ) — **ਜੈਤ ਰਵਿ**, ੧, ੩ : ੧ (710)

2. ਠੀਕ ਹੋ ਜਾਣ, ਵਸ ਵਿਚ ਆ ਜਾਣ
"ਜਾਂ ਪੰਚ **ਰਾਸੀ** ਤਾਂ ਤੀਰਥ ਵਾਸੀ।"
— ਆਸਾ **੧**, ੨੫, ੧ : ੨ (356)
(ਮਹਾਨਕੋਸ਼ ਅਰਥ 'ਰਾਸ ਕਰਨ ਵਾਲਾ ਜੋ ਇੰਦ੍ਰੀਆਂ ਨੂੰ ਟੇਢੇ ਰਾਹ ਨਹੀਂ ਜਾਣ ਦਿੰਦਾ' ਕਰਦੇ ਹਨ।)
"ਦੂਖ ਪਾਪ ਕਾ ਡੇਰਾ ਢਾਠਾ ਕਾਰਜੁ ਆਇਆ **ਰਾਸੀ** ਰਾਮ।" (ਸਫਲ, ਪੂਰਾ)
— ਸੂਹੀ **੫**, ਛੰਤ ੨, ੩ : ੨ (781)

3. ਰਸੀ ਹੋਈ
"ਸਾਚਾ ਸੁਖੁ ਸਦਾ ਤਿਨ ਅੰਤਰਿ ਰਸਨਾ ਹਰਿ ਰਸਿ **ਰਾਸੀ** ਹੇ।"
— ਮਾਰੂ **੩**, ਸੋਲਾ ੫, ੬ : ੩ (1048)

ਰਾਸੇ — 1. ਰਾਸ, ਪੂੰਜੀ
"ਗੁਰੁ ਸਤਿਗੁਰੁ ਸਚਾ ਸਾਹੁ ਹੈ ਬਿਖ ਦੇਇ ਹਰਿ **ਰਾਸੇ**।" — ਆਸਾ **੪**, ਛੰਤ ੧੨, ੧ : ੨ (449)

2. ਠੀਕ, ਸਫਲ, ਸੰਵਰ (ਗਿਆ)
"ਵਡੀ ਵਡਿਆਈ ਅਚਰਜ ਸੋਭਾ ਕਾਰਜੁ ਆਇਆ **ਰਾਸੇ**।"
— ਸੋਰ **੫**, ੫, ੪ : ੧ (609)

ਰਾਹ — 1. (ਫਾ. ਰਾਹ) ਰਸਤਾ, ਮਾਰਗ
"ਲਿਵ ਧਾਤੁ ਦੁਇ **ਰਾਹ** ਹੈ ਹੁਕਮੀ ਕਾਰ ਕਮਾਇ।"
— ਸਿਰੀ **੪**, ਵਾਰ ੨੪ਸ, **੩**, ੨ : ੩ (87)
"**ਰਾਹ** ਦੋਵੈ ਇਕੁ ਜਾਣੈ ਸੋਈ ਸਿਝਸੀ।" (ਧਰਮ)
— ਮਾਝ **੧**, ਵਾਰ ੯ : ੫ (142)
"**ਰਾਹ** ਦੋਵੈ ਖਸਮੁ ਏਕੋ ਜਾਣ।" (ਮਾਇਆ ਤੇ ਹਰੀ ਦੀ ਪ੍ਰੀਤਿ)
— ਗਉ **੧**, ਅਸ ੫, ੮ : ੧ (223)
"ਵਿਸਮਾਦੁ ਉਝੜ ਵਿਸਮਾਦੁ **ਰਾਹ**।"

— ਆਸਾ **੧**, ਵਾਰ ੩ਸ, **੧**, ੧ : ੧੨ (464)

2. ਨੀਯਮ, ਦਸਤੂਰ, ਤਰੀਕਾ

"ਘਾਹੁ ਖਾਨਿ ਤਿਨਾ ਮਾਸੁ ਖਵਾਏ ਏਹਿ ਚਲਾਏ **ਰਾਹ**।"

— ਮਾਝ **੧**, ਵਾਰ ੧੪ਸ, **੧**, ੧ : ੨ (144)

ਰਾਹਕੁ — ਵਾਹੀ ਕਰਨ ਵਾਲਾ, ਕਿਸਾਨ

"ਆਪੇ ਧਰਤੀ ਆਪੇ ਹੈ **ਰਾਹਕੁ** ਆਪਿ ਜੰਮਾਇ ਪੀਸਾਵੈ।" — ਬਿਹਾ **੪**, ਵਾਰ ੬ : ੧ (550)

ਰਾਹਾ — ਰਸਤਾ, ਮਾਰਗ

"ਵਿਣੁ ਗੁਰ ਪੂਰੇ ਤਤੁ ਨ ਪਾਈਐ ਸਚੁ ਸੂਚੇ ਸਚੁ **ਰਾਹਾ** ਹੇ।"

— ਮਾਰੂ **੧**, ਸੋਲਾ ੧੨, ੪ : ੩ (1032)

ਹੋਰ ਰੂਪ — ਰਾਹਿ —

"ਏਤੁ **ਰਾਹਿ** ਪਤਿ ਪਵੜੀਆ ਚੜੀਐ ਹੋਇ ਇਕੀਸ।" (ਰਾਹ ਉਪਰ)

— ਜਪੁ **੧**, ੩੨ : ੩ (7)

"ਉਝੜਿ ਭਰਮੈ **ਰਾਹਿ** ਨ ਪਾਈ।" (ਰਸਤਾ)

— ਆਸਾ **੧**, ਅਸ ੨, ੧ : ੨ (412)

ਰਾਹੀ —

"ਭਰਮੇ ਭੂਲਾ ਬਹੁਤੀ **ਰਾਹੀ**।" (ਰਾਹਾਂ ਤੇ)

— ਆਸਾ **੫**, ੮, ੨ : ੪ (372)

"ਪੰਡਿਤੁ ਆਖਾਏ ਬਹੁਤੀ **ਰਾਹੀ** ਕੋਰੜ ਮੋਠ ਜਿਨੇਹਾ।" (ਰਾਹਾਂ ਕਰਕੇ ਭਾਵ ਬਹੁਤ ਸਸਤ੍ਰਾਂ ਦੇ ਗਿਆਤਾ ਹੋਣ ਕਰਕੇ)

— ਰਾਮ **੫**, ਵਾਰ ੭ਸ, **੫**, ੨ : ੧ (960)

"ਦਸ ਅਉਰਾਤ ਰਖਹੁ ਬਦ **ਰਾਹੀ**।" (ਰਾਹਾਂ ਤੋਂ) — ਮਾਰੂ **੫**, ਸੋਲਾ ੧੨, ੪ : ੨ (1083)

ਰਾਹੀਐ — (ਸੰ. ਰਢ੍ਹ ਬੀਜਨਾ) ਬੀਜੀਏ

"ਸਹਜੇ ਖੇਤੀ **ਰਾਹੀਐ** ਸਚੁ ਨਾਮੁ ਬੀਜੁ ਪਾਇ।"

— ਸਿਰੀ **੩**, ੫੫, ੨ : ੧ (35)

ਰਾਹੁ — 1. ਮਾਰਗ, ਰਸਤਾ

"ਹੁਕਮੀ ਹੁਕਮੁ ਚਲਾਏ **ਰਾਹੁ**।"

— ਜਪ **੧**, ੩ : ੧੩ (2)

"ਜੇਹੀ ਸੁਰਤਿ ਤੇਹਾ ਤਿਨ **ਰਾਹੁ**।" (ਮਾਰਗ ਭਾਵ ਰਹਿਣੀ ਬਹਿਣੀ)

— ਸਿਰੀ **੧**, ੩੦, ੧ : ੩ (24)

2. ਰਾਹੂ, ਇਕ ਰਾਖਸ਼ ਜਿਸ ਦੀਆਂ 4 ਬਾਹਵਾਂ ਤੇ ਮੱਛੀ ਦੀ ਪੂਛ ਵਰਗਾ ਧੜ ਸੀ। ਧੋਖੇ ਨਾਲ ਦੇਵਤਿਆਂ ਵਲੋਂ ਸਮੁੰਦਰ ਵਿਚੋਂ ਕਢੇ ਚੌਦਾਂ ਰਤਨਾਂ ਵਿਚੋਂ ਇਕ ਰਤਨ ਅੰਮ੍ਰਿਤ ਨੂੰ ਚੋਰੀ ਨਾਲ ਪੀ ਕੇ ਅਮਰ ਹੋ ਗਿਆ। ਪਤਾ ਲਗਨ ਤੇ ਵਿਸ਼ਨੂੰ ਨੇ ਇਸ ਦਾ ਸਿਰ ਤੇ ਦੋ ਬਾਹਵਾਂ ਕਟ ਦਿੱਤੀਆਂ ਪਰ ਅਮਰ ਹੋ ਜਾਣ ਕਰਕੇ ਦੋ ਸਰੀਰ ਹੋ ਗਏ। ਰਾਹੂ ਤੇ ਕੇਤੂ

"ਜੇ ਦੇਹੈ ਦੁਖੁ ਲਾਈਐ ਪਾਪ ਗਰਹ ਦੁਇ **ਰਾਹੁ**।"

— ਮਾਝ **੧**, ਵਾਰ ੯ਸ, **੧**, ੩ : ੧ (142)

3. ਵੰਸ਼ ਦਾ, ਸਿਲਸਿਲਾ

"ਭੰਡਹੁ ਹੋਵੈ ਦੋਸਤੀ ਭੰਡਹੁ ਚਲੈ **ਰਾਹੁ**।"

— ਆਸਾ **੧**,ਵਾਰ ੧੯ਸ, **੧**, ੨ : ੨ (473)

ਰਾਹੇ — ਬੀਜੇ ਹੋਏ

"ਇਬ ਕੇ **ਰਾਹੇ** ਜੰਮਨਿ ਨਾਹੀ ਪਛੁਤਾਣੇ ਸਿਰਿ ਭਾਰੋ।" — ਵਡ **੧**, ਅਸ ੪, ੩ : ੫ (581)

ਰਾਹੇਦੇ — ਬੀਜਦੇ

"ਇਕਿ **ਰਾਹੇਦੇ** ਰਹਿ ਗਏ ਇਕਿ ਰਾਧੀ ਗਏ ਉਜਾੜਿ।" — ਸਲੋ **ਫਰ**, ੩੭ : ੨ (1379)

ਰਾਹੈ — ਰਾਹ, ਮਾਰਗ

"ਨਾਨਕ ਅੰਧਾ ਹੋਇ ਕੈ ਦਸੇ **ਰਾਹੈ** ਸਭਸੁ ਮੁਹਾਏ ਸਾਥੈ।"

— ਮਾਝ **੧**, ਵਾਰ ੬ਸ, **੧**, ੨ : ੪ (140)

ਹੋਰ ਰੂਪ — ਰਾਹੋ —

"ਨਾਨਕੁ ਬੋਲੈ ਸੁਣਿ ਬੈਰਾਗੀ ਕਿਆ ਤੁਮਾਰਾ **ਰਾਹੋ**।" (ਮਾਰਗ)

— ਰਾਮ **੧**, ਸਿਗੋ ੨ : ੪ (938)

ਰਾਖ — 1. ਰਖ ਲੈ, ਬਚਾ ਲੈ

"ਅਪਨੀ ਖੇਤੀ ਆਪੇ **ਰਾਖ**।"

— ਆਸਾ **੫**, ੯੮, ੧ : ੨ (387)

ਹੋਰ ਰੂਪ — ਰਾਖਉ —

"ਅਵਰਿ ਪੰਚ ਹਮ ਏਕ ਜਨਾ ਕਿਉ **ਰਾਖਉ** ਘਰ ਬਾਰੁ ਮਨਾ।" (ਬਚਾਵਾਂ)

— ਗਉ **੧**, ੧੪, ੧ : ੧ (155)

2. ਰਾਖੇ, ਰਖਿਆ ਕਰਨ ਵਾਲੇ

"ਬਿਖਮ ਥਾਨ ਬਹੁਤ ਬਹੁ ਧਰੀਆ ਅਨਿਕ **ਰਾਖ** ਸੂਰੂਟਾ।"

— ਸਾਰ **੫**, ੩੨, ੧ : ੧ (1210)

ਰਾਖਉ — 1. ਬਚਾਵਾਂ, ਵੇਖੋ 'ਰਾਖ' (1)
2. ਰਖਾਂ, ਅਰਪਨ ਕਰਾਂ
"ਮਨੁ ਅਰਪਉ ਧਨ **ਰਾਖਉ** ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ।"
— ਗਉ **੫**, ੧੧੯*, ੧ : ੧ (204)
3. ਸਾਂਭ ਕੇ ਰਖਾਂ
"ਨਾਨਕ ਦੀਜੈ ਨਾਮ ਦਾਨੁ **ਰਾਖਉ** ਹੀਐ ਪਰੋਇ।"
— ਗਉ **੫**, ਬਾਅ ੫੫ : ੮ (262)
"ਮਨ ਮਹਿ **ਰਾਖਉ** ਏਕ ਅਸਾਰੇ।" (ਰਖਦਾ ਹਾਂ) — ਦੇਵ **੫**, ੨੫, ੪ : ੧ (533)
4. ਬਚਾ ਲਵੋ, ਰਖਿਆ ਕਰ ਲਵੋ
"ਜਿਉ ਜਾਣਹੁ ਤਿਉ **ਰਾਖਹੁ** ਠਾਕੁਰ ਸਭੁ ਕਛੁ ਤੁਮਹੀ ਪਾਸੀ।"
— ਸਾਰ **੫**, ੫੧, ੧ : ੨ (1214)

ਰਾਖਈ — ਰਖ/ਬਚਾ ਸਕਦਾ ਹੈ
"ਜਿਸ ਕੀ ਪੂਜੇ ਅਉਧ ਤਿਸੈ ਕਉਣੁ **ਰਾਖਈ**।"
— ਫਰ **੫**, ੨੧ : ੧ (1363)

ਰਾਖਸਿ — ਰਖਦੀ
"ਜਨਨੀ ਚੀਤਿ ਨ **ਰਾਖਸਿ** ਤੇਤੇ।"
— ਆਸਾ **ਕਬ**, ੧੨, ੧ : ੨ (478)
ਹੋਰ ਰੂਪ — ਰਾਖਸੀ —
"ਰਾਮਾ ਭਗਤਹ ਚੇਤੀਅਲੇ ਅਚਿੰਤ ਮਨੁ **ਰਾਖਸੀ**।" (ਰਖੇਗਾ)
— ਆਸਾ **ਨਾਮ**, ੫, ੧ : ੨ (486)

ਰਾਖਹਿ — 1. ਰਖੇ, ਰਖਦਾ ਹਾਂ
"ਨਾਮੁ ਸਲਾਹਨਿ ਸਦ ਸਦਾ ਹਰਿ **ਰਾਖਹਿ** ਉਰ ਧਾਰਿ।" — ਸਿਰੀ **੧**, ੮, ੬ : ੨ (58)
"ਜਿਉ ਗਾਈ ਕਉ ਗੋਇਲੀ **ਰਾਖਹਿ** ਕਰਿ ਸਾਰਾ।" (ਰਖਦਾ ਹੈ)
— ਗਉ **੧**, ਅਸ ੧੨, ੧ : ੧ (228)
2. ਰਖੇਂ
"ਜਿਉ ਤੂੰ **ਰਾਖਹਿ** ਤਿਉ ਰਹਾ ਤੇਰਾ ਦਿਤਾ ਪੈਨਾ ਖਾਉ।" — ਮਾਝ **੫**, ਦਿਨ ੪ : ੪ (137)
3. ਰਖਿਆ ਕਰੇਂ, ਬਚਾ ਲਏਂ
"ਹੋਇ ਸਹਾਈ ਜਿਸ ਤੂੰ **ਰਾਖਹਿ** ਤਿਸੁ ਕਹਾ ਕਰੇ ਸੰਸਾਰੁ।" — ਗੂਜ **੫**, ੨੩, ੨ : ੨ (500)
"ਮਾਰਹਿ **ਰਾਖਹਿ** ਏਕੁ ਤੂ ਬੀਜਉ ਨਹੀਂ ਥਾਉ।" (ਬਚਾ ਲਏ)
— ਮਾਰੂ **੧**, ਅਸ ੩, ੧ : ੩ (1010)
4. ਸਾਂਭਦਾ, ਬਚਾਂਦਾ
"ਬਿੰਦੁ ਨ **ਰਾਖਹਿ** ਜਤੀ ਕਹਾਵਹਿ।"
— ਰਾਮ **੧**, ਅਸ ੨, ੪ : ੧ (903)

ਰਾਖਹੁ — 1. ਰਖੋ, ਬਚਾ ਲਵੋ
"ਸਰਣਿ ਪਰੇ ਕੀ **ਰਾਖਹੁ** ਸਰਮਾ।"
— ਆਸਾ **੫**, ਸੋਦ ੪, ੨ : ੪ (12)
"ਕਰਿ ਕਿਰਪਾ ਨਾਨਕੁ ਗੁਣ ਗਾਵੈ **ਰਾਖਹੁ** ਸਰਮ ਅਸਾੜੀ ਜੀਉ।"
— ਮਾਝ **੫**, ੩੨, ੪ : ੩ (105)
2. ਰਖੋ, ਸੰਭਾਲ ਲਵੋ
"ਪ੍ਰਾਨ ਅਧਾਰੁ **ਰਾਖਹੁ** ਸਦ ਚੀਤ।"
— ਗਉ **੫**, ੧੦੮, ੧* : ੨ (187)
"ਕਰਿ ਕਿਰਪਾ ਜਿਸੁ **ਰਾਖਹੁ** ਸੰਗੇ ਤੇਤੇ ਪਾਰਿ ਪਰਾਤੇ।"
— ਗਉ **੫**, ੧੩੫*, ੨ : ੨ (209)
3. ਧਰੋ
"**ਰਾਖਹੁ** ਕੰਧ ਉਸਾਰਹੁ ਨੀਵਾਂ।"
— ਸੋਰ **ਰਵਿ**, ੬, ੨ : ੧ (659)

ਰਾਖਣ — ਰਖਣ
"ਦੀਨ ਬੰਧਪ ਜੀਅ ਦਾਤਾ ਸਰਣਿ **ਰਾਖਣ** ਜੋਗੁ।"
— ਆਸਾ **੫**, ੧੩੨, ੧ : ੨ (405)

ਰਾਖਣਹਾਰਾ — (ਸੰ. रक्षक) ਰਖਿਆ ਕਰਨ ਵਾਲਾ, ਬਚਾ ਲੈਣ ਵਾਲਾ
"ਭਗਤ ਜਨਾ ਕਾ **ਰਾਖਣਹਾਰਾ**।"
— ਮਾਰੂ **੫**, ੩੨, ੫ : ੧ (1008)
ਹੋਰ ਰੂਪ — ਰਾਖਣਹਾਰਿਆ —
"ਜਿਉ ਭਾਵੈ ਤਿਉ ਰਾਖੁ **ਰਾਖਣਹਾਰਿਆ**।" (ਹੇ ਰਖਿਆ ਕਰਨ ਵਾਲੇ ਪ੍ਰਭੂ)
— ਆਸਾ **੫**, ੧੦੫, ੧* : ੧ (398)
ਰਾਖਣਹਾਰੁ —
"ਜੀਅ ਜੁਗਤਿ ਸੁਜਾਣੁ ਸੁਆਮੀ ਸਦਾ **ਰਾਖਣਹਾਰੁ**।" (ਰਖਿਆ ਕਰਨ ਵਾਲਾ)
— ਮਾਰੂ **੫**, ਅਸ ੨, ੩ : ੨ (1017)

ਰਾਖਤ — 1. ਬਚਾ ਲੈਂਦਾ ਹੈ, ਰਖ ਲੈਂਦਾ ਹੈ
"ਤਾ ਕਉ **ਰਾਖਤ** ਦੇ ਕਰਿ ਹਾਥ।"

— ਗਉ **੫**, ਸੁਖ ੧੨, ੫ : ੪ (286)

"ਆਇਓ ਚੋਰੁ ਤੁਰੰਤਹ ਲੇ ਗਇਓ ਮੇਰੀ **ਰਾਖਤ** ਮੁਗਧੁ ਫਿਰੈ।" (ਬਚਾਉਂਦਾ)

— ਆਸਾ **ਕਬ**, ੧੫, ੨ : ੨ (479)

ਹੋਰ ਰੂਪ — ਰਾਖਤਾ —

"ਤਿਉ ਸਤਿਗੁਰੁ ਗੁਰਸਿਖ **ਰਾਖਤਾ** ਹਰਿ ਪ੍ਰੀਤਿ ਪਿਆਰਿ।" (ਰਖਿਆ ਕਰਦਾ ਹੈ)

— ਗਉ **੪**, ੫੧, ੧ : ੩ (168)

ਰਾਖਤੇ —

"ਰਾਸਿ ਬਿਰਾਨੀ **ਰਾਖਤੇ** ਖਾਯਾ ਘਰ ਕਾ ਖੇਤੁ।" (ਬਚਾਉਂਦਾ, ਰਖਿਆ ਕਰਦਾ)

— ਸਲੋ **ਕਬ**, ੯੮ : ੨ (1369)

2. ਰਖਦਾ/ਕਰਦਾ ਹੈ

"ਭ੍ਰਮ ਕੇ ਮੂਸੇ ਤੂੰ **ਰਾਖਤ** ਪਰਦਾ ਪਾਛੈ ਜੀਅ ਕੀ ਮਾਨੀ।"

— ਆਸਾ **੫**, ੧੨੮, ੧* : ੨ (403)

ਰਾਖਦਾ — ਬਚਾ ਲੈਂਦਾ ਹੈ, ਰਖਿਆ ਕਰਦਾ ਹੈ

"ਭਗਤ ਜਨਾ ਕਉ **ਰਾਖਦਾ** ਆਪਣੀ ਕਿਰਪਾ ਧਾਰਿ।" — ਸਿਰੀ **੫**, ੮੧, ੪ : ੧ (46)

ਹੋਰ ਰੂਪ — ਰਾਖਦੇ —

"ਇਕਿ ਬਿੰਦੁ ਜਤਨ ਕਰਿ **ਰਾਖਦੇ** ਸੇ ਜਤੀ ਕਹਾਵਹਿ।" (ਬਚਾਉਂਦੇ, ਰੋਕਦੇ)

— ਆਸਾ **੧**, ਅਸ ੧੪, ੬ : ੧ (419)

ਰਾਖਨ — 1. ਰਖਨ, ਸੰਭਾਲਣ

"ਸੁਮਹਿ ਧਨੁ **ਰਾਖਨ** ਕਉ ਦੀਆ ਮੁਗਧੁ ਕਹੈ ਧਨੁ ਮੇਰਾ।" — ਆਸਾ **ਕਬ**, ੧੬, ੩ : ੧ (479)

2. ਬਚਾਉਣ, ਰਖਿਆ ਕਰਨ ਦੇ

"ਨਾਨਕ ਪ੍ਰਭ ਸਰਣਾਗਤੀ **ਰਾਖਨ** ਕਉ ਸਮਰਥੁ।"

— ਜੈਤ **੫**, ਛੰਤ ੨, ੧ਸ : ੨ (704)

3. ਬਚਾਉਣ ਵਾਲਾ, ਰਖਿਆ ਕਰਨ ਵਾਲਾ, ਰਖਿਅਕ

"ਜਲ ਥਲ **ਰਾਖਨ** ਹੈ ਰਘੁਨਾਥ।"

— ਭੈਰ **ਕਬ**, ੧੮, ੩ : ੨ (1162)

ਰਾਖਨਹਾਰ — 1. ਰਖਿਅਕ, ਰਖਿਆ ਕਰਨ ਵਾਲਾ

"ਦਾਸ ਅਪਨੇ ਕੀ **ਰਾਖਨਹਾਰ**।"

— ਗਉ **੫**, ੭੬, ੧ : ੪ (177)

2. ਹੇ ਰਖਨਹਾਰ

"ਰਾਖਹੁ **ਰਾਖਨਹਾਰ** ਦਇਆਲਾ ਨਾਨਕ ਘਰ ਕੇ ਗੋਲੇ।" — ਧਨਾ **੫**, ੧੨, ੩ : ੨ (674)

ਹੋਰ ਰੂਪ — ਰਾਖਨਹਾਰਾ —

"ਰਾਖਿ ਲੇਇ ਪ੍ਰਭੁ **ਰਾਖਨਹਾਰਾ**।" (ਰਖਿਆ ਕਰਨ ਵਾਲੇ)

— ਗਉ **੫**, ੧੩੨, ੪ : ੧ (192)

ਰਾਖਨਹਾਰੁ —

"ਅਪੁਨੇ ਦਾਸ ਕਉ **ਰਾਖਨਹਾਰੁ**।" (ਰਖਿਆ ਕਰਨ ਵਾਲਾ)

— ਗਉ **੫**, ੧੬੨, ੧* : ੨ (199)

ਰਾਖਨਹਾਰੇ —

"**ਰਾਖਨਹਾਰੇ** ਕਉ ਸਾਲਾਹੀ।" (ਰਖਿਅਕ)

— ਗਉ **੫**, ੭੫, ੪ : ੪ (177)

"ਪੰਚ ਬਿਖਾਦੀ ਏਕੁ ਗਰੀਬਾ ਰਾਖਹੁ **ਰਾਖਨਹਾਰੇ**।" (ਹੇ ਰਖਿਅਕ)

— ਗਉ **੫**, ੧੨੫*, ੧ : ੧ (206)

ਰਾਖਨਹਾਰੈ —

"ਰਾਖਿ ਲੀਏ ਪ੍ਰਭਿ **ਰਾਖਨਹਾਰੈ** ਜੋ ਪ੍ਰਭ ਅਪੁਨੇ ਭਾਣੇ।" (ਰਾਖਨਹਾਰ ਪ੍ਰਭੂ ਨੇ)

— ਆਸਾ **੫**, ੫੦, ੪ : ੧ (383)

ਰਾਖਨਹਾਰੋ —

"ਤੁਝ **ਰਾਖਨਹਾਰੋ** ਮੋਹਿ ਬਤਾਇ।" (ਰਖਿਅਕ)

— ਬਸੰ **ਕਬ**, ੪, ੪ : ੨ (1194)

ਰਾਖਨਜੋਗੁ — ਰਖਿਆ ਕਰਨ ਦੇ ਸਮਰਥ

"ਜੋ ਤੇਰੀ ਸਰਣਾਈ ਹਰਿ ਜੀਉ ਤਿਨ ਤੂ **ਰਾਖਨਜੋਗੁ**।" — ਪ੍ਰਭਾ **੩**, ੪, ੧ : ੧ (1333)

ਰਾਖਾ — 1. ਰਖਾਂ, ਧਰਾਂ

"ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ **ਰਾਖਾ** ਪਾਉ।" — ਸਿਰੀ **੧**, ੧, ੪ : ੧ (14)

2. ਰਖਿਅਕ, ਰਖਿਆ ਕਰਨ ਵਾਲਾ

"ਹਰਿ ਜਨ ਕਾ **ਰਾਖਾ** ਏਕ ਹੈ ਕਿਆ ਮਾਣਸ ਹਉਮੈ ਰੋਇ।"

— ਸਿਰੀ **੫**, ੭੧, ੪ : ੨ (42)

3. ਰਾਖੀ ਕਰਨ ਵਾਲਾ

"ਜਿਉ **ਰਾਖਾ** ਖੇਤ ਊਪਰਿ ਪਰਾਏ।"

— ਗਉ **੫**, ੮੦, ੩ : ੧ (179)

4. ਬਚਾ ਲਿਆ
"ਮਹਾ ਅਗਨਿ ਤੇ ਹਾਥੁ ਦੇ **ਰਾਖਾ**।"
— ਗਉ **੫**, ਅਸ ੯, ੩ : ੨ (239)
"ਜਨ ਨਾਨਕ ਹਰਿ ਕਿਰਪਾ ਧਾਰੀ ਪਾਖਾਣੁ ਡੁਬਤ ਹਰਿ **ਰਾਖਾ**।"
— ਜੈਤ **੪**, ੨, ੪ : ੨ (697)
5. ਰਖਿਆ ਹੈ, ਧਰਿਆ ਹੈ
"ਮੇਰੈ ਮਨਿ ਗੁਪਤ ਹੀਰੁ ਹਰਿ **ਰਾਖਾ**।"
— ਜੈਤ **੪**, ੨, ੧* : ੧ (696)
6. ਸੰਭਾਲਾਂ, ਬਚਾਵਾਂ
"ਹਰਿ ਬਿਨੁ ਜੀਉ ਨ ਰਹੈ ਕੈਸੇ **ਰਾਖਾ** ਮਾਈ।"
— ਮਾਰੂ **੧**, ੫, ੧* : ੨ (990)

ਰਾਖਿ — 1. ਰਖਿਆ (ਕਰੋ), ਬਚਾ (ਲਵੋ)
"**ਰਾਖਿ** ਲੇਹੁ ਪ੍ਰਭੁ ਕਰਣਹਾਰ ਜੀਅ ਜੰਤ ਕਰਿ ਦਇਆ।" — ਸਿਰੀ **੫**, ੮੪, ੪ : ੧ (47)
"ਹਾ ਹਾ ਪ੍ਰਭੁ **ਰਾਖਿ** ਲੇਹੁ।"
— ਧਨਾ **੫**, ੧੯, ੧* : ੧ (675)
2. ਸਥਾਨ ਦਿਓ
"ਹਰਿ ਸਰਣਾਗਤਿ **ਰਾਖਿ** ਲੇਹੁ ਮੂੜ ਮੁਗਧ ਨਿਸਤਾਰੇ।"
— ਗਉ **੩**, ੩੮, ੩ : ੪ (163)
"ਜਨ ਨਾਨਕ ਮੈ ਨਾਹਿ ਕੋਊ ਗੁਨੁ **ਰਾਖਿ** ਲੇਹੁ ਸਰਨਾਈ।" — ਸੋਰ **੯**, ੬, ੨ : ੨ (632)
3. ਬਚਾ ਕੇ, ਸੰਭਾਲ ਕੇ
"ਬਿੰਦੁ **ਰਾਖਿ** ਜੌ ਤਰੀਐ ਭਾਈ।"
— ਗਉ **ਕਬ**, ੪, ੩ : ੧ (324)
"ਗੁਰਿ ਪੂਰੇ ਮੇਰੀ **ਰਾਖਿ** ਲਈ।" (ਬਚਾ)
— ਬਿਲਾ **੫**, ੯੮, ੧* : ੧ (823)
4. ਰਖ, ਧਰ
"ਤਜਿ ਚਿਤ੍ਰੈ ਚਿਤੁ **ਰਾਖਿ** ਚਿਤੇਰਾ।"
— ਗਉ **ਕਬ**, ਬਾਅ ੧੨ : ੪ (340)
5. ਅਰਪਨ ਕਰ, ਪੇਸ਼ ਕਰ
"ਮਨੁ ਤਨੁ ਆਗੈ **ਰਾਖਿ** ਕੈ ਊਭੀ ਸੇਵ ਕਰੇਇ।"
— ਸੋਰ **੪**, ਵਾਰ ੧੪ਸ, **੩**, ੧ : ੨ (648)

ਰਾਖਿਉ — ਰਖਿਆ, ਧਰਿਆ
"ਕਬੀਰ ਮਾਟੀ ਕੇ ਹਮ ਪੁਤਰੇ ਮਾਨਸੁ **ਰਾਖਿਉ** ਨਾਉ।" — ਸਲੋ **ਕਬ**, ੬੪ : ੨ (1367)
ਹੋਰ ਰੂਪ — ਰਾਖਿਓ —
"ਬਾਹਰਿ **ਰਾਖਿਓ** ਰਿਦੈ ਸਮਾਲਿ।" (ਰਖਿਆ)
— ਗਉ **੫**, ੧੫੭, ੧ : ੧ (197)

ਰਾਖਿਓ — 1. ਰਖਿਆ, ਧਰਿਆ, ਵੇਖੋ 'ਰਖਿਓ'
"ਜੈਸੇ ਅੰਭ ਕੁੰਡ ਕਰਿ **ਰਾਖਿਓ** ਪਰਤ ਸਿੰਧੁ ਗਲਿ ਜਾਹ।" (ਰਖਿਆ ਹੋਵੇ)
— ਆਸਾ **੫**, ੧੨੩, ੩ : ੧ (402)
"ਲੇ **ਰਾਖਿਓ** ਰਾਮ ਜਨੀਆ ਨਾਉ।" (ਰਖ ਦਿੱਤਾ, ਧਰ ਦਿੱਤਾ) — ਆਸਾ **ਕਬ**, ੩੩, ੧ : ੨ (484)
"ਜੈਸੇ ਪਾਹਨੁ ਜਲ ਮਹਿ **ਰਾਖਿਓ** ਭੇਦੈ ਨਾਹਿ ਤਿਹ ਪਾਨੀ।" (ਰਖਣ/ਧਰਨ ਨਾਲ)
— ਬਿਲਾ **੯**, ੩, ੨ : ੧ (831)
2. ਰਖਿਆ ਕੀਤੀ, ਬਚਾ ਲਿਆ
"ਕਰ ਮਸਤਕਿ ਧਾਰਿ **ਰਾਖਿਓ** ਕਰਿ ਅਪੁਨਾ ਕਿਆ ਜਾਨੈ ਇਹੁ ਲੋਕੁ ਅਜਾਨਾ।"
— ਆਸਾ **੫**, ੭, ੧* : ੨ (372)
3. ਰਖੀ ਬੈਠਾ ਭਾਵ ਕਰੀ ਬੈਠਾ ਹੈ
"ਇਸੁ ਊਪਰਿ ਲੇ **ਰਾਖਿਓ** ਗੁਮਾਨ।"
— ਆਸਾ **੫**, ੧੪, ੩ : ੨ (374)

ਰਾਖਿਅਨੁ — ਰਖੇ ਹਨ
"ਜੋ ਧੁਰਿ **ਰਾਖਿਅਨੁ** ਮੇਲਿ ਮਿਲਾਇ।"
— ਗਉ **੩**, ੨੫, ੪ : ੧ (159)

ਰਾਖਿਅੜਾ — ਬਚਾ ਰਖਿਆ ਹੈ
"ਤਿਨ ਘਰੁ **ਰਾਖਿਅੜਾ** ਜੋ ਅਨਦਿਨੁ ਜਾਗੈ ਰਾਮ।"
— ਤੁਖਾ **੧**, ਛੰਤ ੨, ੪ : ੨ (1110)

ਰਾਖਿਆ — 1. ਰਖਿਆ, ਵਸਾਇਆ
"ਹਉਮੈ ਮਮਤਾ ਮਾਰਿ ਕੈ ਹਰਿ **ਰਾਖਿਆ** ਉਰਧਾਰਿ।" — ਸਿਰੀ **੩**, ੩੪, ੩ : ੨ (26)
2. ਬਚਾ ਲਿਆ, ਰਖਿਆ ਕੀਤੀ
"ਹਰਿ ਤੁਧਨੋ ਕਰਹਿ ਸਭ ਨਮਸਕਾਰੁ ਜਿਨਿ ਪਾਪੈ ਤੇ **ਰਾਖਿਆ**।"
— ਸਿਰੀ **੪**, ਵਾਰ ੧੭ : ੨ (90)
3. ਰੋਕ ਦਿੱਤਾ, ਹਟਾ ਦਿੱਤਾ, ਮੁਕਾ ਦਿੱਤਾ
"ਡਰੁ **ਰਾਖਿਆ** ਗੁਰਿ ਅਪਣੈ ਨਿਰਭਉ ਨਾਮੁ ਵਖਾਣਿ।"
— ਰਾਮ **੧**, ਓਅੰ ੩੦ : ੪ (933)
4. ਧਰਿਆ, ਅਰਪਨ ਕੀਤਾ
"ਤਨੁ ਮਨੁ ਧਨੁ ਹਰਿ ਆਗੈ **ਰਾਖਿਆ**।"

— ਪ੍ਰਭਾ **੧**, ਅਸ ੨, ੮ : ੩ (1343)

ਰਾਖੀ — 1. ਬਚਾ ਲਈ, ਰਖੀ

"ਜੀਅ ਪ੍ਰਾਣ ਤਨੁ ਧਨੁ ਰਖੇ ਕਰਿ ਕਿਰਪਾ **ਰਾਖੀ** ਜਿੰਦ।" — ਸਿਰੀ **੫**, ੮੨, ੪ : ੨ (46)

"ਪੂਰੀ ਰਹੀ ਜਾ ਪੂਰੈ **ਰਾਖੀ**।" (ਰਖ ਲਈ, ਬਚਾ ਲਈ) — ਗਉ **੫**, ੧੧੪, ੧* : ੧ (188)

2. ਰਖੀ, ਧਰੀ

"ਜਿਸੁ ਧੁਰਿ ਭਾਗੁ ਹੋਵੈ ਮੁਖਿ ਮਸਤਕਿ ਤਿਨਿ ਜਨਿ ਲੈ ਹਿਰਦੈ **ਰਾਖੀ**।"

— ਸਿਰੀ **੪**, ਵਾਰ ੧੨ : ੨ (87)

"ਬਿਨਵੰਤਿ ਨਾਨਕ ਟੇਕ **ਰਾਖੀ** ਜਿਤੁ ਲਗਿ ਤਰਿਆ ਸੰਸਾਰੇ।"

— ਗਉ **੫**, ਛੰਤ ੨, ੪ : ੬ (248)

3. ਭਾਵ ਵਰਤਾਈ, ਜਾਹਰ ਕੀਤੀ।

"ਉਸਤਤਿ ਕਰਹੁ ਪ੍ਰਭ ਅਪਨੇ ਜਿਨਿ ਪੂਰੀ ਕਲ **ਰਾਖੀ**।" (ਟਿਕਾ ਰਖੀ)

— ਸੋਰ **੫**, ੫੩, ੩ : ੧ (622)

ਰਾਖੀਅਲੇ — ਰਖਦਾ ਹੈ

"ਪੰਚ ਜਨਾ ਸਿਉ ਬਾਤ ਬਤਊਆ ਚੀਤੁ ਸੁ ਡੋਰੀ **ਰਾਖੀਅਲੇ**।" — ਰਾਮ **ਨਾਮ**, ੧, ੧ : ੨ (972)

ਰਾਖੀਐ — 1. ਰਖ ਲਵੇ, ਬਚਾ ਲਵੇ

"ਭੈ ਭੰਜਨ ਮਿਹਰਵਾਨ ਦਾਸ ਕੀ **ਰਾਖੀਐ**।"

— ਸਿਰੀ **੪**, ਵਾਰ ੨੦ : ੪ (91)

"ਮੀਨ ਕੀ ਚਪਲ ਸਿਉ ਜੁਗਤਿ ਮਨੁ **ਰਾਖੀਐ** ਉਡੈ ਨਹ ਹੰਸੁ ਨਹ ਕੰਧੁ ਛੀਜੈ।" (ਸਾਂਭ ਲਈਏ)

— ਮਾਰੂ **੧**, ੯, ੧ : ੨ (991)

2. ਧਰੀਏ

"ਜਲ ਮਹਿ ਕੇਤਾ **ਰਾਖੀਐ** ਅਭ ਅੰਤਰਿ ਸੂਕਾ।"

— ਆਸਾ **੧**, ਅਸ ੧੫, ੨ : ੨ (419)

ਰਾਖੁ — 1. ਸੰਭਾਲ

"ਸੋ ਘਰੁ **ਰਾਖੁ** ਵਡਾਈ ਤੋਇ।"

— ਆਸਾ **੧**, ਸੋਰ ੨, ੧* : ੨ (12)

2. ਰਖਿਆ ਕਰ, ਬਚਾ ਲੈ

"ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ **ਰਾਖੁ ਰਾਖੁ** ਵਡ ਵਡਾ ਹੇ।"

— ਗਉ **੪**, ਸੋਹ ੪, ੪ : ੧ (13)

3. ਧਰ, ਰਖ

"ਤਿਸ ਕੀ ਟੇਕ ਮਨੈ ਮਾਹਿ **ਰਾਖੁ**।"

— ਗਉ **੫**, ੭੬, ੨ : ੧ (178)

"**ਰਾਖੁ ਰਾਖੁ** ਸਰਣਿ ਪ੍ਰਭ ਅਪਨੀ ਅਗਨਿ ਸਾਗਰ ਵਿਕਰਾਲਾ।" (ਰਖ, ਸਥਿਤ ਕਰ, ਸਥਾਨ ਦੇ) — ਆਸਾ **੫**, ੩੦, ੨ : ੧ (378)

4. ਰਖਨ ਵਾਲਾ, ਬਚਾ ਲੈਣ ਵਾਲਾ

"ਤੂ ਆਪੇ ਸੁਰਤਾ ਆਪਿ **ਰਾਖੁ**।"

— ਬਸੰ **੧**, ਅਸ ੨, ੪ : ੩ (1188)

ਰਾਖੇ — 1. ਬਚਾਏ

"ਗੁਰਿ **ਰਾਖੇ** ਸੇ ਉਬਰੇ ਹੋਰਿ ਮੁਠੀ ਧੰਧੈ ਠਗਿ।"

— ਸਿਰੀ **੧**, ੧੪, ੨ : ੩ (19)

2. ਰੋਕੇ

"ਜਪੁ ਤਪੁ ਸੰਜਮੁ ਹੋਹਿ ਜਬ **ਰਾਖੇ** ਕਮਲੁ ਬਿਗਾਸੈ ਮਧੁ ਆਸ੍ਰਮਾਈ।"

— ਸਿਰੀ **੧**, ੨੬, ੨ : ੨ (23)

"ਧਾਵਤ **ਰਾਖੇ** ਠਾਕਿ ਰਹਾਇਆ।"

— ਮਾਰੂ **੧**, ਅਸ ੩, ੬ : ੨ (1022)

"ਪੰਚ ਤਸਕਰ ਧਾਵਤ **ਰਾਖੇ** ਚੂਕਾ ਮਨਿ ਅਭਿਮਾਨੁ।"

— ਪ੍ਰਭਾ **੧**, ੭, ੨ : ੧ (1329)

3. ਰਖੇ ਹਨ

"ਪਾਣੀ ਪ੍ਰਾਣ ਪਵਣਿ ਬੰਧਿ **ਰਾਖੇ** ਚੰਦੁ ਸੂਰਜੁ ਮੁਖਿ ਦੀਏ।"

— ਰਾਮ **੧**, ੪, ੨ : ੧ (877)

"ਚੰਦੁ ਸੂਰਜੁ ਦੁਇ ਜਰੇ ਚਰਾਗਾ ਚਹੁ ਕੁੰਟ ਭੀਤਰਿ **ਰਾਖੇ**।" (ਧਰੇ)

— ਰਾਮ **੫**, ੭, ੩ : ੧ (884)

"ਚਰਨ ਕਮਲ ਪ੍ਰਭ **ਰਾਖੇ** ਚੀਤਿ।" (ਰਖੇ)

— ਮਾਰੂ **੫**, ੯, ੧ : ੧ (1001)

"ਆਸ ਅਪਾਰ ਦਿਨਸ ਗਣਿ **ਰਾਖੇ** ਗ੍ਰਸਤ ਜਾਤ ਬਲੁ ਜਰਣੀ।" (ਧਰੇ ਹੋਏ)

— ਸਾਰ **੫**, ੭੭, ੧ : ੨ (1219)

"ਨੀਰੁ ਧਰਣਿ ਕਰਿ **ਰਾਖੇ** ਏਕਤ ਕੋਇ ਨ ਕਿਸਹੀ ਸੰਗੇ।" (ਟਿਕਾਏ ਹੋਏ)

— ਸਾਰ **੫**, ਅਸ ੧, ੩ : ੨ (1235)

4. ਰਖਿਆ ਕਰਨ ਵਾਲੇ, ਰਖਿਅਕ

"ਜਿਸ ਕੇ **ਰਾਖੇ** ਹੋਏ ਹਰਿ ਆਪਿ।"

"ਜਨ ਕੇ ਤੁਮ੍ ਹਰਿ **ਰਾਖੇ** ਸੁਆਮੀ ਤੁਮ੍ ਜੁਗਿ ਜੁਗਿ ਜਨ ਰਖਿਆ।"
— ਕਲਿ **੪**, ੨, ੩ : ੧ (1319)

ਰਾਖੈ — 1. ਰਖਣ, ਰਖੇ
"ਗੁਪਤੁ ਪਰਗਟੁ ਹੋਇ ਬੈਸਾ ਲੋਕੁ **ਰਾਖੈ** ਭਾਉ।"
— ਸਿਰੀ **੧**, ੧, ੩ : ੨ (14)
"ਜਿਉ ਸਾਹਿਬੁ **ਰਾਖੈ** ਤਿਉ ਰਹੈ ਇਸੁ ਲੋਭੀ ਕਾ ਜੀਉ ਟਲਪਲੈ।"
— ਸਿਰੀ **੧**, ੩੩, ੧* : ੨ (25)
"ਥਾਵਰ ਥਿਰੁ ਕਰਿ **ਰਾਖੈ** ਸੋਇ।" (ਟਿਕਾਏ)
— ਗਉ **ਕਬ**, ਵਾ ੭ : ੧ (344)
2. ਰੋਕੇ
"ਬੰਧਨ ਮੁਕਤੁ ਸੰਤਹੁ ਮੇਰੀ **ਰਾਖੈ** ਮਮਤਾ।"
— ਸਿਰੀ **੫**, ੯੭, ੩ : ੨ (52)
3. ਬਚਾਏ, ਸੁਰਖਿਅਤ ਰਖੇ, ਰਖਿਆ ਕਰੇ
"ਗੁਰਮੁਖਿ ਹੋਵੈ ਸੁ ਅਪਣਾ ਘਰੁ **ਰਾਖੈ** ਪੰਜ ਦੂਤ ਸਬਦਿ ਪਚਾਵਣਿਆ।"
— ਮਾਝ **੩**, ੭, ੨ : ੩ (113)
"ਮਾਰੈ **ਰਾਖੈ** ਏਕੋ ਸੋਇ।" (ਬਚਾਉਂਦਾ)
— ਗਉ **੫**, ੧੩੦, ੧* : ੨ (192)
4. ਧਰੇ
"ਜਾ ਕੈ ਮਸਤਕਿ **ਰਾਖੈ** ਹਾਥੁ।"
— ਰਾਮ **੫**, ਪ੬, ੨ : ੧ (900)
"ਸਤਿਗੁਰ ਸਬਦੀ ਮਿਲੈ ਵਿਛੁੰਨੀ ਤਨੁ ਮਨੁ ਆਗੈ **ਰਾਖੈ**।" (ਧਰੇ)
— ਤੁਖਾ **੧**, ਛੰਤ ੪, ੩ : ੫ (1111)

ਰਾਗ — 1. ਸੁਰਪ੍ਰਬੰਧ
"ਕੇਤੇ **ਰਾਗ** ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ।" — ਜਪੁ **੧**, ੨੭ : ੩ (6)
"**ਰਾਗ** ਸੁਣਾਇ ਕਹਾਵਹਿ ਬੀਤੇ।"
— ਆਸਾ **੧**, ਅਸ ੭, ੧ : ੨ (414)
2. ਰਸ
"ਗੁਰਮੁਖਿ **ਰਾਗ** ਸੁਆਦ ਅਨ ਤਿਆਗੇ।"
— ਆਸਾ **੧**, ਅਸ ੮, ੭ : ੧ (415)
3. ਪ੍ਰੀਤ, ਮੋਹ
"ਸਭ ਕੈ ਮਧਿ ਸਭ ਹੂ ਤੇ ਬਾਹਰਿ **ਰਾਗ** ਦੋਖ ਤੇ ਨਿਆਰੋ।"
— ਸੂਹੀ **੫**, ਛੰਤ ੧੧, ੩ : ੫ (785)

ਰਾਂਗ — ਰੰਗ ਕੇ
"ਹਰਿ ਰੰਗ **ਰਾਂਗ** ਭਏ ਮਨ ਲਾਲਾ ਰਾਮ ਨਾਮ ਰਸ ਖੀਵਨਿ।" — ਸਾਰ **੫**, ੯੧, ੧ : ੨ (1222)

ਰਾਗਉ — ਪ੍ਰੇਮ ਤੋਂ
"ਪੰਚ ਸੰਗੁ ਗੁਰ ਤੇ ਛੂਟੇ ਦੋਖ ਅਰੁ **ਰਾਗਉ**।"
— ਬਿਲਾ **੫**, ੩੨, ੩ : ੧ (808)

ਰਾਂਗਉ — ਰੰਗਦਾ ਹਾਂ
"ਰਾਂਗਨਿ **ਰਾਂਗਉ** ਸੀਵਨਿ ਸੀਵਉ।"
— ਆਸਾ **ਨਾਮ**, ੩, ੨ : ੧ (485)

ਰਾਗਹੁ — ਰੰਗੋ
"ਨਾਨਕ ਨਾਉ ਹਰਿ ਕੈ ਰੰਗਿ **ਰਾਗਹੁ** ਚਰਨ ਕਮਲ ਸੰਗਿ ਧਿਆਨ।"
— ਕੇਦਾ **੫**, ੩, ੨ : ੨ (1119)

ਰਾਗੰਨ — ਰਾਗਾਂ, ਸੁਰਪ੍ਰਬੰਧਾਂ
"ਸਭੈ ਪੁਤ੍ਰ **ਰਾਗੰਨ** ਕੇ ਅਠਾਰਹ ਦਸ ਬੀਸ।"
— ਰਾਗ ੧ : ੬੦ (1430)

ਰਾਂਗਨਹਾਰਾ — ਰੰਗਨ ਵਾਲਾ
"ਅੰਤਰਿ ਦੇਖਿ ਸਬਦਿ ਮਨੁ ਮਾਨਿਆ ਅਵਰੁ ਨ **ਰਾਂਗਨਹਾਰਾ**।"
— ਪ੍ਰਭਾ **੧**, ੧੫, ੧ : ੧ (1331)

ਰਾਂਗਨਿ — ਮੱਟੀ, ਜਿਸ ਵਿਚ ਕਪੜੇ ਰੰਗੇ ਜਾਂਦੇ ਹਨ
"**ਰਾਂਗਨਿ** ਰਾਂਗਉ ਸੀਵਨਿ ਸੀਵਉ।"
— ਆਸਾ **ਨਾਮ**, ੩, ੨ : ੧ (485)
(ਮਹਾਨਕੋਸ਼ ਤੇ ਸੰਥਿਆ ਅਰਥ 'ਰੰਗਣ ਯੋਗ' ਕਰਦੇ ਹਨ।)

ਰਾਗਨੀ — ਰਾਗ ਦੀ ਪਤਨੀ
"ਰਾਗ **ਰਾਗਨੀ** ਡਿੰਭ ਹੋਇ ਬੈਠਾ ਉਨਿ ਹਰਿ ਪਹਿ ਕਿਆ ਲੀਨਾ।"
— ਸੋਰ **ਕਬ**, ੩, ੩ : ੨ (654)

ਰਾਗਾ — ਰਾਗਾਂ, ਸੁਰਪ੍ਰਬੰਧਾਂ
"**ਰਾਗਾ** ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ।"
— ਸਿਰੀ **੪**, ਵਾਰ ੧ਸ, **੩**, ੧ : ੧ (83)
ਹੋਰ ਰੂਪ — **ਰਾਗਾਂ** —
"ਸਭਨਾ **ਰਾਗਾਂ** ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ।"
— ਸਲੋ **੪**, ੨੪ : ੧ (1423

ਰਾਂਗਾ — ਰੰਗਿਆ
"ਹਰਿ ਚਾੜਿਉ ਰੰਗੁ ਮਿਲੈ ਗੁਰੁ ਸੋਭਾ ਹਰਿ ਰੰਗਿ ਚਲੂਲੈ **ਰਾਂਗਾ**।"
— ਮਾਲੀ **੪**, ੪, ੪ : ੧ (985)

ਰਾਗਿ — 1. ਸੁਰਪ੍ਰਬੰਧ, ਰਾਗਨੀ
"ਗਉੜੀ **ਰਾਗਿ** ਸੁਲਖਣੀ ਜੇ ਖਸਮੈ ਚਿਤਿ ਕਰੇਇ।"
— ਗਉ **੪**, ਵਾਰ ੨੦ਸ, **੩**, ੧ : ੧ (311)
2. ਰਾਗ ਨਾਲ
"ਇਕਿ ਗਾਵਹਿ ਰਾਗ ਪਰੀਆ **ਰਾਗਿ** ਨ ਭੀਜਈ।"
— ਮਲਾ **੧**, ਵਾਰ ੧੭ : ੨ (1285)
"**ਰਾਗਿ** ਨਾਦਿ ਮਨੁ ਦੂਜੈ ਭਾਇ।" (ਰਾਗਾਂ ਵਿਚ)
— ਪ੍ਰਭਾ **੧**, ਅਸ ੧, ੪ : ੧ (1342)

ਰਾਂਗਿ — 1. ਰੰਗ ਨਾਲ
"ਕਾਪੜੁ ਕਾਠੁ ਰੰਗਾਇਆ **ਰਾਂਗਿ**।"
— ਸਾਰ **੪**, ਵਾਰ ੧੫ਸ, **੧**, ੨ : ੧ (1243)
2. ਰੰਗ ਵਾਲਾ, ਰੰਗੀਲਾ
"ਮੇਰਾ ਪ੍ਰਭੁ **ਰਾਂਗਿ** ਘਣੌ ਅਤਿ ਰੂੜੌ।"
— ਪ੍ਰਭਾ **੧**, ੧੫, ੧* : ੧ (1331)

ਰਾਗਿਓ — ਪ੍ਰੇਮ (ਰਾਗ) ਸਹਿਤ ਹੋਇਆ, ਪ੍ਰੇਮੀ ਹੋਇਆ
"ਚਰਨ ਕਮਲ ਜਾ ਕਾ ਮਨੁ **ਰਾਗਿਓ**।"
— ਧਨਾ **੫**, ੪੭, ੧ : ੨ (682)

ਰਾਗੀ — ਰਾਗਾਂ ਦੁਆਰਾ, ਰਾਗੀਂ
"ਕੋਈ ਗਾਵੈ **ਰਾਗੀ** ਨਾਦੀ ਬੇਦੀ ਬਹੁ ਭਾਤਿ ਕਰਿ ਨਹੀ ਹਰਿ ਹਰਿ ਭੀਜੈ ਰਾਮ ਰਾਜੇ।"
— ਆਸਾ **੪**, ਛੰਤ ੧੮, ੪ : ੧ (450)
(ਮਹਾਨਕੋਸ਼ ਨੇ ਅਰਥ 'ਰਾਗ', 'ਕੰਠ' ਦੇ ਆਲਾਪ ਦੁਆਰਾ ਕੀਤਾ ਹੈ)

ਰਾਂਗੀ — ਰੰਗੀਜ ਕੇ
"ਸੁਨਿ ਉਪਦੇਸੁ ਭਏ ਮਨ ਨਿਰਮਲ ਗੁਨ ਗਾਏ ਰੰਗਿ **ਰਾਂਗੀ**।"
— ਮਲਾ **੫**, ੫, ੧ : ੨ (1267)

ਰਾਗਂੀ — ਰਾਗਾਂ ਵਿਚ
"ਜੂਠਿ ਨ **ਰਾਗਂੀ** ਜੂਠਿ ਨ ਵੇਦੀ।"
— ਸਾਰ **੪**, ਵਾਰ ੭ਸ, **੧**, ੧ : ੧ (1240)

ਰਾਗੀਲਾ — ਰੰਗਲਾ, ਚੋਜੀ
"ਮੋਹਨੁ ਪ੍ਰਾਨ ਮਾਨ **ਰਾਗੀਲਾ**।"
— ਗੂਜ **੫**, ੧੩, ੧* : ੧ (498)

ਰਾਗੁ — ਸੰਗੀਤ ਪ੍ਰਬੰਧ
"ਰਾਗਾ ਵਿਚਿ ਸ੍ਰੀ **ਰਾਗੁ** ਹੈ ਜੇ ਸਚਿ ਧਰੇ ਪਿਆਰੁ।"
— ਸਿਰੀ **੪**, ਵਾਰ ੧ਸ, **੩**, ੧ : ੧ (83)

ਰਾਂਗੇ — ਰੰਗੀਜ ਕੇ,
"ਬਿਛੁਰਤ ਮਿਲਾਇ ਗੁਰ ਸੇਵ **ਰਾਂਗੇ**।"
— ਬਸੰ **੩**, ੨, ੨ : ੩ (1172)

ਰਾਗੈ — ਰਾਗਾਂ ਤੋਂ
"**ਰਾਗੈ** ਨਾਦੈ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ।" — ਸਲੋ **੪**, ੨੪ : ੩ (1423)

ਰਾਚਉ — ਰਚਦਾ/ਟਿਕਦਾ ਹਾਂ
"ਭਗਤਿ ਕਰੀ **ਰਾਚਉ** ਹਰਿ ਨਾਇ।"
— ਗਉ **੧**, ਅਸ ੧, ੬ : ੨ (220)

ਰਾਚਹਿ — ਰਚਿਤ ਹੁੰਦੇ, ਦਿਲਚਸਪੀ ਰਖਦੇ, ਮਗਨ ਹੁੰਦੇ, ਪਿਆਰ ਪਾਂਦੇ
"ਨਾਨਕ ਨਦਰੀ ਬਾਹਰੇ **ਰਾਚਹਿ** ਦਾਨਿ ਨ ਨਾਇ।"
— ਸਿਰੀ **੧**, ੪, ੪ : ੩ (15)

ਹੋਰ ਰੂਪ — ਰਾਚਹੁ —
"ਤਿਸੁ ਪ੍ਰਭ ਤਿਆਗਿ ਅਵਰ ਕਤ **ਰਾਚਹੁ** ਜੋ ਸਭ ਮਹਿ ਰਹਿਆ ਸਮਾਈ।" (ਪਿਆਰ ਪਾਓ, ਰਚੋ)— ਸੋਰ **੫**, ੩੨, ੧ : ੨ (617)

ਰਾਚਤ — ਰੁਚਿਤ ਹੋਣਾ, ਪਿਆਰ ਪਾਉਣਾ
"ਤਜਿ ਗੋਪਾਲ ਆਨ ਰੰਗਿ **ਰਾਚਤ** ਮਿਥਿਆ ਪਹਿਰਤ ਖਾਤ।"
— ਕੇਦਾ **੫**, ੭, ੧* : ੨ (1120)

ਰਾਚਾ — ਰਚ ਗਿਆ, ਮਗਨ (ਮਸਤ) ਹੋ ਗਿਆ
"ਸੋ ਸਾਚਾ ਮਿਲਿ ਸਾਚੇ **ਰਾਚਾ**।"
— ਧਨਾ **੧**, ਅਸ ੨, ੩ : ੨ (686)

ਰਾਚਿ — 1. ਮਸਤ ਹੋ ਕੇ, ਮਗਨ ਹੋ ਕੇ , ਲਗ ਕੇ
"ਪੇਖਿ ਪੇਖਿ ਰੇ ਕਸੁੰਭ ਕੀ ਲੀਲਾ **ਰਾਚਿ** ਮਾਚਿ ਤਿਨਹੂੰ ਲਉ ਹਸੂਆ।"
— ਗਉ **੫**, ੧੨੭*, ੨ : ੧ (206)
2. ਲਗੇ ਹੋਣਾ
"ਏ ਰਸਨਾ ਤੂ ਅਨ ਰਸਿ **ਰਾਚਿ** ਰਹੀ ਤੇਰੀ ਪਿਆਸ ਨ ਜਾਇ।"
— ਰਾਮ **੩**, ਅਨੰ ੩੨ : ੧ (921)

3. ਬਚਾ ਕੇ, ਰਚ ਕੇ
"ਰਚਨਾ **ਰਾਚਿ** ਜਿਨਿ ਰਚੀ ਜਿਨਿ ਸਿਰਿਆ ਆਕਾਰੁ।"
— ਰਾਮ **੧**, ਓਅੰ ੪੬ : ੭ (936)

4. ਰਚੇ ਹੋਣਾ, ਸਮਾਏ ਹੋਣਾ
"ਰਚਨਾ **ਰਾਚਿ** ਰਹੇ ਨਿਰੰਕਾਰੀ ਪ੍ਰਭ ਮਨਿ ਕਰਮ ਸੁਕਰਮਾ।"
— ਤੁਖਾ **੧**, ਬਾਰਾ ੧ : ੫ (1107)

ਰਾਚੀ — 1. ਰਚੀ, ਸਿਰਜੀ, ਪੈਦਾ ਕੀਤੀ
"ਸਚੁ ਸਬਦੁ ਪਛਾਣਹੁ ਦੂਰਿ ਨ ਜਾਣਹੁ ਜਿਨਿ ਏਹ ਰਚਨਾ **ਰਾਚੀ**।"
— ਵਡ **੧**, ਅਲਾ ੪, ੧ : ੩ (581)

2. ਰਚਾ ਕੇ, ਲਾ ਕੇ
"ਬਹੁਰਿ ਬਹੁਰਿ ਤਿਸੁ ਸੰਗਿ ਮਨੁ **ਰਾਚੀ**।"
— ਭੈਰ **੫**, ੬, ੧* : ੨ (1157)
"ਚਰਨ ਕਮਲ ਸਿਉ ਡੋਰੀ **ਰਾਚੀ** ਭੇਟਿਓ ਪੁਰਖੁ ਅਪਾਰੇ।" (ਲਾਈ)
— ਸਾਰ **੫**, ੧੧੦, ੧ : ੨ (1225)
"ਸੋ ਮਨੁ ਨਿਰਮਲੁ ਜੋ ਗੁਰ ਸੰਗਿ **ਰਾਚੀ**।" (ਲਗਾ)
— ਮਲਾ **੫**, ੨੨, ੩ : ੪ (1271)

ਰਾਚੀਲੇ — ਬਣਾਇਆ ਹੈ
"ਜਾਂਚੈ ਘਰਿ ਕੁਲਾਲੁ ਬ੍ਰਹਮਾ ਚਤੁਰ ਮੁਖੁ ਡਾਵੜਾ ਜਿਨਿ ਬਿਸ੍ਵ ਸੰਸਾਰ **ਰਾਚੀਲੇ**।"
— ਮਲਾ **ਨਾਮ**, ੧, ੨ : ੧ (1292)

ਰਾਚੁ — ਰਚ, ਲੀਨ ਹੋ
"ਰੇ ਮਨ ਮੇਰੇ ਤੂੰ ਤਾ ਸਿਉ **ਰਾਚੁ**।"
— ਗਉ **੫**, ਸੁਖ ੬, ੭ : ੮ (270)

ਰਾਚੇ — 1. ਰਚੇ, ਲੀਨ ਹੋਵੇ
"ਮਨੁ ਸਚਾ ਸਚੈ ਸਬਦਿ **ਰਾਚੇ**।"
— ਮਾਝ **੩**, ਅਸ ੧੩, ੧ : ੨ (116)

2. ਰਚੀ ਹੈ
"ਮਿਲੈ ਗੁਰ ਸਾਚੇ ਜਿਨਿ ਰਚੁ **ਰਾਚੇ** ਕਿਰਤੁ ਵੀਚਾਰੁ ਪਤੀਣਾ।"
— ਰਾਮ **੧**, ਅਸ ੮, ੪ : ੧ (907)

ਰਾਚੈ — ਲਗਿਆਂ
"ਤੈ **ਰਾਚੈ** ਸਚ ਰੰਗਿ ਸਮਾਇ।"
— ਗਉ **੩**, ੨੧, ੧* : ੨ (157)
"ਕੇਵਲ ਭਾਤਿ ਕੀਰਤਨ ਸੰਗਿ **ਰਾਚੈ**।" (ਲੀਨ ਹੋਇਆਂ) — ਗਉ **੫**, ਸੁਖ ੯, ੨ : ੬ (274)
"ਕਹੁ ਨਾਨਕ ਜੋ **ਰਾਚੈ** ਨਾਇ।" (ਲੀਨ ਹੋਏ)
— ਆਸਾ **੫**, ੨੦, ੪ : ੧ (388)

ਰਾਜ — 1. ਦੇਸ, ਰਿਆਸਤ, ਹਕੂਮਤ, ਬਾਦਸ਼ਾਹਿਤ
"ਮੇਰਾ ਤਨੁ ਅਰੁ ਧਨੁ ਮੇਰਾ **ਰਾਜ** ਰੂਪ ਮੈ ਦੇਸੁ।"
— ਸਿਰੀ **੫**, ੮੫, ੧ : ੧ (47)
"**ਰਾਜ** ਮਿਲਕ ਸਿਕਦਾਰੀਆ ਰਸ ਭੋਗਣ ਬਿਸਥਾਰ।"
— ਸਿਰੀ **੫**, ਅਸ ੨੬, ੬ : ੧ (70)
"ਖਿਨ ਮਹਿ ਨੀਚ ਕੀਟ ਕਉ **ਰਾਜ**।" (ਤਖ਼ਤ)
— ਗਉ **੫**, ਸੁਖ ੧੧, ੪ : ੧ (277)

2. ਰਾਜਾ
"ਜਿਨਿ ਸੇਵਿਆ ਪ੍ਰਭੁ ਆਪਣਾ ਸੋਈ **ਰਾਜ** ਨਰਿੰਦੁ।" — ਸਿਰੀ **੫**, ੮੮, ੨ : ੪ (49)
"ਬਿਖੈ **ਰਾਜ** ਤੇ ਅੰਧੁਲਾ ਭਾਰੀ।" (ਰਾਜਾ)
— ਗਉ **੫**, ੧੫੧, ੧ : ੧ (196)
"ਜੈਸੇ **ਰਾਜ** ਰੰਕ ਕਉ ਲਾਗੈ ਤੁਲਿ ਪਵਾਨ।" (ਅਮੀਰ)
— ਗਉ **੫**, ਸੁਖ ੮, ੧ : ੬ (272)

3. ਸ਼ਾਹਾਨਾ, ਰਾਜਿਆਂ ਵਾਲੀ
"**ਰਾਜ** ਲੀਲਾ ਤੇਰੈ ਨਾਮਿ ਬਨਾਈ।"
— ਆਸਾ **੫**, ੫੭, ੧ : ੧ (385)

4. (ਸੰ. रज्ज) ਰਸੀ
"**ਰਾਜ** ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮ ਜਨਾਇਆ।"
— ਸੋਰ **ਰਵਿ**, ੧, ੩ : ੧ (658)

5. ਐਸਵਰਜ
"ਗ੍ਰਿਹ **ਰਾਜ** ਮਹਿ ਨਰਕੁ ਉਦਾਸ ਕਰੋਧਾ।"
— ਮਾਰੂ **੫**, ਅਸ ੨, ੨ : ੧ (1019)

6. ਮਾਇਆ ਦੇ ਤਿੰਨਾਂ ਗੁਣਾਂ ਵਿਚੋਂ ਇਕ, ਰਜ ਗੁਣ, ਅਹੰਕਾਰ ਤੇ ਮੋਹ ਦਾ ਉਤੇਜਕ
"**ਰਾਜ** ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ।" — ਸਾਰ **੫**, ੬, ੩ : ੧ (1204)

7. ਪ੍ਰਕਾਸ਼
"ਅੰਤਰਿ ਰਵਤੌ **ਰਾਜ** ਰਵਿੰਦਾ" (ਪ੍ਰਕਾਸ਼ ਕਰ ਰਿਹਾ ਹੈ) — ਪ੍ਰਭਾ **੧**, ੧੪, ੨ : ੪ (1331)

ਰਾਜੰ — ਰਾਜ, ਬਾਦਸ਼ਾਹਤ
"**ਰਾਜੰ** ਰੰਗੰ ਰੂਪੰ ਮਾਲੰ ਜੋਬਨੁ ਤੇ ਜੂਆਰੀ।"
— ਮਾਰੂ **੧**, ਅਸ ੧੧, ੪ : ੧ (1015)

ਰਾਜਇਆ — ਬਾਦਸ਼ਾਹਤ, ਰਾਜ
"ਆਇ ਨ ਜਾਵੈ ਨ ਕਤ ਹੀ ਡੋਲੈ ਥਿਰੁ ਨਾਨਕ **ਰਾਜਇਆ**।"— ਸਾਰ **੫**, ੪੨, ੨ : ੨ (1213)

ਰਾਜਸ — 'ਰਜ' ਗੁਣ ਵਾਲੇ
"ਕਈ ਕੋਟਿ **ਰਾਜਸ** ਤਾਮਸ ਸਾਤਕ।"
— ਗਉ **੫**, ਸੁਖ ੧੦, ੪ : ੧ (276)

ਰਾਜਸਭਾ — ਰਾਜ ਦਰਬਾਰ
"ਪੰਚਾਲੀ ਕਉ **ਰਾਜਸਭਾ** ਮਹਿ ਰਾਮ ਨਾਮ ਸੁਧਿ ਆਈ।" — ਮਾਰੂ **੯**, ੧, ੧ : ੧ (1008)

ਰਾਜਸੁ — 'ਰਜ' ਗੁਣ
"**ਰਾਜਸੁ** ਸਾਤਕੁ ਤਾਮਸੁ ਡਰਪਹਿ ਕੇਤੇ ਰੂਪ ਉਪਾਇਆ।" — ਮਾਰੂ **੫**, ੧, ੩ : ੧ (998)

ਰਾਜਕੁਆਰਿ — ਰਾਜ-ਕੁਮਾਰੀ
"ਗਾਛਹੁ ਪੁਤ੍ਰੀ **ਰਾਜਕੁਆਰਿ**।"
— ਬਸੰ **੧**, ਅਸ ੧, ੨ : ੧ (1187)

ਰਾਜੰਗਾ — ਰਾਜੇ
"ਖਿਨ ਮਹਿ ਥਾਪਿ ਨਿਵਾਜੇ ਠਾਕੁਰ ਨੀਚ ਕੀਟ ਤੇ ਕਰਹਿ **ਰਾਜੰਗਾ**।"
— ਬਿਲਾ **੫**, ੧੦੧, ੧ : ੧ (824)

ਰਾਜਜੋਗ — ਜੋਗ ਦੀ ਇਕ ਪ੍ਰਕਾਰ, ਗ੍ਰਹਸਥ ਵਿਚ ਰਹਿੰਦਿਆਂ 'ਨਿਰਲੇਪ ਰਹਿਣਾ'
"ਇਹ **ਰਾਜਜੋਗ** ਗੁਰ ਰਾਮਦਾਸ ਤੁਮ੍ਹ ਹੂ ਰਸੁ ਜਾਣੇ।" — ਸਵ **੪**, ਕਲ ੧੨ : ੪ (1398)

ਹੋਰ ਰੂਪ — ਰਾਜਜੋਗੁ —
"ਤੂੰ ਗੁਰ ਪ੍ਰਸਾਦਿ ਕਰਿ **ਰਾਜਜੋਗੁ**।"
— ਗਉ **੫**, ੧੪੬*, ੧ : ੨ (211)

ਰਾਜਦੁਆਰੈ — ਰਾਜੇ ਦੇ ਦਰ ਤੇ
"**ਰਾਜਦੁਆਰੈ** ਸੋਭ ਸੁ ਮਾਨੈ।"
— ਗਉ **੧**, ਅਸ ੨, ੧ : ੩ (221)

ਰਾਜਨ — 1. ਰਾਜਿਆਂ
"ਆਖੇੜ ਬਿਰਤਿ **ਰਾਜਨ** ਕੀ ਲੀਲਾ।"
— ਗਉ **੫**, ੮੧, ੩ : ੩ (179)
"**ਰਾਜਨ** ਰਾਜਿ ਸਦਾ ਬਿਗਸਾਂਤਉ।"
— ਆਸਾ **੧**, ੧੨, ੩ : ੨ (352)
2. ਹੇ ਰਾਜਾ!
"**ਰਾਜਨ** ਕਿਉ ਸੋਇਆ ਤੂ ਨੀਦ ਭਰੇ ਜਾਗਤ ਕਤ ਨਾਹੀ ਰਾਮ।"
— ਬਿਹਾ **੫**, ਛੰਤ ੯, ੨ : ੧ (547)
3. ਰਾਜਾ
"ਮਿਲਿ **ਰਾਜਨ** ਰਾਮ ਨਿਬੇਰਾ।"
— ਸੋਰ **੫**, ੫੧, ੧ : ੪ (621)
4. ਭਾਵ ਪ੍ਰਭੂ
"ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ **ਰਾਜਨ**।"
— ਧਨਾ **੫**, ੩, ੩ : ੨ (671)
5. ਰਾਜ ਦੇ ਕੰਮ, ਰਾਜ
"**ਰਾਜਨ** ਮਹਿ ਰਾਜਾ ਉਰਝਾਇਓ ਮਾਨਨ ਮਹਿ ਅਭਿਮਾਨੀ।"— ਸੋਰ **੫**, ੧੯, ੧ : ੧ (613)

ਰਾਜਨਹ — 1. ਰਾਜ, ਬਾਦਸ਼ਾਹਤ, ਹਕੂਮਤ
"ਨਚ ਦੁਰਲਭੰ ਧਨੰ ਰੂਪੰ ਨਚ ਦੁਰਲਭੰ ਸ੍ਵਰਗ **ਰਾਜਨਹ**।" — ਸਸ **੫**, ੩੫ : ੧ (1357)
2. ਰਾਜਾ
"ਤਿਲਕਹੀਣ ਜਥਾ ਬਿਪ੍ਰਾ ਅਮਰ ਹੀਣੰ ਜਥਾ **ਰਾਜਨਹ**।" — ਸਸ **੫**, ੫੬ : ੧ (1359)

ਰਾਜਨਜੋਗੁ — ਰਾਜਜੋਗੁ
"**ਰਾਜਨਜੋਗੁ** ਕਰਿ ਹਾਂ।"
— ਆਸਾ **੫**, ੧੫੨, ੨ : ੫ (409)

ਰਾਜਨੁ — 1. ਰਾਜੇ ਨੇ
"**ਰਾਜਨੁ** ਜਾਣਹਿ ਆਪਣਾ ਦਰਿ ਘਰਿ ਠਾਕ ਨ ਹੋਇ।" — ਸਿਰੀ **੧**, ਅਸ ੬, ੮ : ੨ (57)
2. ਰਾਜਾ
"ਆਪੇ **ਰਾਜਨੁ** ਆਪੇ ਲੋਗਾ।"
— ਮਾਝ **੫**, ੧੦, ੩ : ੧ (97)
"ਹਮਰਾ **ਰਾਜਨੁ** ਸਦਾ ਸਲਾਮਤਿ ਤਾ ਕੋ ਸਗਲ ਘਟਾ ਜਸੁ ਗਾਇਓ।" (ਪ੍ਰਭੂ)
— ਸਾਰ **੫**, ਅਸ ੧, ੧ : ੨ (1235)

ਰਾਜਰਸ — ਰਾਜ ਦੇ ਭੋਗ
"ਅਨਿਕ ਲੀਲਾ **ਰਾਜਰਸ** ਰੂਪੰ ਛਤ੍ਰ ਚਮਰ ਤਖਤ ਆਸਨੰ।"
— ਜੈਤ **੫**, ਵਾਰ ੮ਸ, **੫**, ੧ : ੧ (707)

ਰਾਜਲੀਲਾ — ਰਾਜਿਆਂ ਦੇ ਕੌਤਕ

"**ਰਾਜਲੀਲਾ** ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ।" — ਸੋਰ **੫**, ਅਸ ੩, ੭ : ੧ (642)

ਰਾਜਾ — 1. (ਸੰ. ਰਾਜਨ੍)—ਆਪਣੀ ਨੀਤੀ ਤੇ ਸਦਗੁਣਾਂ ਕਰਕੇ ਪਰਜਾ ਨੂੰ ਖੁਸ਼ ਕਰਨ ਵਾਲਾ, ਰਾਜ ਦਾ ਮੁਖੀ, ਮਾਲਕ

"ਗਾਵਹਿ ਤੁਧਨੋ ਪਉਣ ਪਾਣੀ ਬੈਸੰਤਰੁ ਗਾਵੈ **ਰਾਜਾ** ਧਰਮ ਦੁਆਰੇ।" (ਧਰਮ ਰਾਜ)

— ਜਪੁ **੧**, ੨੭ : ੪ (6)

"ਗੁਰ ਬਿਨੁ ਕਿਨਿ ਸਮਝਾਈਐ ਮਨੁ **ਰਾਜਾ** ਸੁਲਤਾਨੁ।"— ਸਿਰੀ **੧**, ਅਸ ੧੨, ੪ : ੩ (61)

"**ਰਾਜਾ** ਬਾਲਕ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ।" (ਮਨ ਰੂਪੀ ਰਾਜਾ)

— ਬਸੰ **੧**, ੧੧, ੧ : ੧ (1171)

2. ਰਜ ਸਕਦਾ ਹਾਂ, ਤ੍ਰਿਪਤ ਹੋ ਸਕਦਾ ਹਾਂ

"ਹਰਿ ਜੀਉ ਤੇਰੀ ਦਾਤੀ **ਰਾਜਾ**।"

— ਸੋਰ **੫**, ੧, ੧* : ੧ (608)

"ਜੇ ਭੁਖ ਦੇਹਿ ਤ ਇਤ ਹੀ **ਰਾਜਾ** ਦੁਖ ਵਿਚਿ ਸੂਖ ਮਨਾਈ।"— ਸੂਹੀ **੪**, ਅਸ ੧, ੩ : ੧ (757)

3. ਰਾਜ, ਹਕੂਮਤ

"ਇਕ ਹੀ ਕਉ ਘਾਸੁ ਇਕ ਹੀ ਕਉ **ਰਾਜਾ** ਇਨ ਮਹਿ ਕਹੀਐ ਕਿਆ ਕੂੜਾ।"

— ਮਾਰੂ **੫**, ਸੋਲਾ ੧੦, ੫ : ੩ (1081)

4. ਪ੍ਰਭੂ ਰਾਜਾ

"**ਰਾਜਾ** ਰਾਮ ਮਉਲਿਆ ਅਨਤ ਭਾਇ।"

— ਬਸੰ **ਕਬ**, ੧, ੧* : ੧ (1193)

ਰਾਜਾਸ੍ਰਮ — ਰਾਜ-ਆਸ਼ਰਮ, ਜਗਤ, ਰਾਜਾ (ਪ੍ਰਭੂ) ਦਾ ਨਿਵਾਸ ਸਥਾਨ

"**ਰਾਜਾਸ੍ਰਮ** ਮਿਤਿ ਨਹੀ ਜਾਨੀ ਤੇਰੀ।"

— ਸਾਰ **ਕਬ**, ੨, ੧* : ੧ (1252)

ਰਾਜਾਨ — ਰਾਜੇ, ਸੂਰਵੀਰ

"ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ **ਰਾਜਾਨ**।"

— ਆਸਾ **੧**, ਵਾਰ ੧੯ਸ, **੧**, ੨ : ੪ (473)

ਹੋਰ ਰੂਪ — ਰਾਜਾਨੁ —

"ਤੈਸਾ ਰੰਗੁ ਤੈਸਾ **ਰਾਜਾਨੁ**।"

— ਗਉ **੫**, ਸੁਖ ੯, ੭ : ੮ (275)

"ਪੰਚੇ ਸੋਹਹਿ ਦਰਿ **ਰਾਜਾਨੁ**।" (ਰਾਜਿਆਂ ਦੇ)

— ਜਪੁ **੧**, ੧੬ : ੩ (3)

ਰਾਜਾਰਾਮ — ਪ੍ਰਭੂ, ਕਰਤਾਰ

"**ਰਾਜਾਰਾਮ** ਕਕਰੀਆ ਬਰੇ ਪਕਾਏ।"

— ਆਸਾ **ਕਬ**, ੬, ੧* : ੧ (477)

ਰਾਜਿ — 1. ਹਕੂਮਤ, ਹਕੂਮਤ ਦਾ

"ਜੋਰੁ ਨ **ਰਾਜਿ** ਮਾਲਿ ਮਨਿ ਸੋਰੁ।"

— ਜਪੁ **੧**, ੩੩ : ੪ (7)

"**ਰਾਜਿ** ਰੰਗੁ ਮਾਲਿ ਰੰਗੁ।" (ਹਕੂਮਤ ਦਾ, ਹਕੂਮਤ ਵਿਚ)— ਮਾਝ **੧**, ਵਾਰ ੧੦ਸ, **੧**, ੧ : ੫ (142)

"ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ ਸੋ ਸੁਖੁ **ਰਾਜਿ** ਨ ਲਹੀਐ।" (ਰਾਜ ਭਾਗ ਵਿਚ)

— ਗਉ **ਕਬ**, ੫੮, ੧* : ੨ (336)

"ਸਚੁ ਆਪਿ ਨਿਬੇੜੇ ਰਾਜੁ **ਰਾਜਿ**।" (ਰਾਜ ਕਰਕੇ, ਹੁਕਮ ਕਰਕੇ) — ਬਸੰ **੧**, ੭, ੧ : ੨ (1170)

2. ਰਾਜਿਆਂ ਦਾ

"ਰਾਜਨ **ਰਾਜਿ** ਸਦਾ ਬਿਗਸਾਂਤਉ।"

— ਆਸਾ **੧**, ੧੨, ੩ : ੨ (352)

3. ਰਾਜ ਵਾਲਾ, ਰਾਜਾ

"ਗੁਰ ਰਾਮਦਾਸ ਸਚੁ ਸਲ੍ ਭਣਿ ਤੂ ਅਟਲੁ **ਰਾਜਿ** ਅਭਗੁ ਦਲਿ।"— ਸਵ **੪**, ਸਲ ੧ : ੬ (1406)

ਰਾਜੁ — 1. ਮਿਸਤਰੀ, ਉਸਾਰੀ ਕਰਨ ਵਾਲਾ

"ਕਚੀ ਕੰਧ ਕਚਾ ਵਿਚਿ **ਰਾਜੁ**।"

— ਸਿਰੀ **੧**, ੩੨, ੩ : ੧ (25)

2. ਹਕੂਮਤ

"ਜੇ ਲਖ ਇਸਤਰੀਆ ਭੋਗ ਕਰਹਿ ਨਵਖੰਡ **ਰਾਜੁ** ਕਮਾਹਿ।"

— ਸਿਰੀ **੩**, ੩੫, ੩ : ੧ (26)

3. ਰਾਜਾ

"**ਰਾਜੁ** ਕਹਾਵੈ ਹਉ ਕਰਮ ਕਮਾਵੈ ਬਾਧਿਓ ਨਲਿਨੀ ਭ੍ਰਮਿ ਸੂਆ।"

— ਆਸਾ **੫**, ੧੪੯, ੨ : ੧ (407)

"ਭੇਖਾਰੀ ਤੇ **ਰਾਜੁ** ਕਰਾਵੈ ਰਾਜਾ ਤੇ ਭੇਖਾਰੀ।"

— ਸਾਰ **ਕਬ**, ੨, ੩ : ੧ (1252)

4. ਰਿਆਸਤ

"ਰਾਜਾ ਜਾਨੈ ਸਗਲ **ਰਾਜੁ** ਹਮਰਾ ਤਿਉ ਹਰਿ ਜਨ ਟੇਕ ਸੁਆਮੀ।"

— ਧਨਾ **੫**, ੩੪, ੧ : ੨ (679)

5. ਭਾਵ ਰਾਜਗਦੀ

"ਸਤਿਗੁਰੂ ਪਰਤਖਿ ਹੋਦੈ ਬਹਿ **ਰਾਜੁ** ਆਪਿ ਟਿਕਾਇਆ।"— ਰਾਮ **ਸੁੰਦ**, ਸਦ ੪:੫ (923)

ਰਾਜੁਜੋਗੁ — ਜੋਗ ਦੀ ਇਕ ਪ੍ਰਕਾਰ, ਗ੍ਰਿਹਿਸਤ ਵਿਚ ਰਹਿੰਦਿਆਂ ਨਿਰਲੇਪ ਰਹਿਣਾ
"ਪੂਰਾ ਤਪੁ ਪੂਰਨ **ਰਾਜੁਜੋਗੁ**।"
— ਗਉ **੫**, ੧੧੪, ੨ : ੨ (188)

ਰਾਜੇ — 1. ਹਕੂਮਤ/ਰਾਜ ਕਰਨ ਵਾਲੇ, ਪਾਤਸ਼ਾਹ
"**ਰਾਜੇ** ਰਯਤਿ ਸਿਕਦਾਰ ਕੋਇ ਨ ਰਹਸੀਓ।"
— ਮਾਝ **੧**, ਵਾਰ ੮ : ੧ (141)
"ਗਾਵਨਿ ਸੀਤਾ **ਰਾਜੇ** ਰਾਮ।" (ਰਾਜਾ)
— ਆਸਾ **੧**, ਵਾਰ ੫ਸ, **੧**, ੨ : ੮ (465)
"ਰੋਵਹਿ **ਰਾਜੇ** ਕੰਨ ਪੜਾਇ।"
(ਭਾਵ ਭਰਥਰੀ, ਗੋਪੀ ਚੰਦ ਆਦਿ ਰਾਜੇ)
— ਰਾਮ **੩**, ਵਾਰ ੧੪ਸ, **੧**, ੧ : ੧੫ (954)
"ਬਸੁਧਾ ਬਸਿ ਕੀਨੀ ਸਭ **ਰਾਜੇ** ਬਿਨਤੀ ਕਰੈ ਪਟਰਾਨੀ।" — ਭੈਰ **ਨਾਮ**, ੯, ੨ : ੧ (1165)
2. ਰਜੀਦਾ ਹੈ, ਤ੍ਰਿਪਤ ਹੋਈਦਾ ਹੈ
"ਮਨਿ ਸੰਤੋਖੁ ਸਬਦਿ ਗੁਰ **ਰਾਜੇ**।"
— ਰਾਮ **੫**, ੪੨, ੩ : ੩ (897)

ਰਾਜੈ — ਰਜਦਾ
"ਬਿਨਾ ਸੰਤੋਖ ਨਹੀ ਕੋਊ **ਰਾਜੈ**।"
— ਗਉ **੫**, ਸੁਖ ੧੨, ੫ : ੫ (279)

ਰਾਜੋ — ਰਾਜ, ਹਕੂਮਤ
"**ਰਾਜੋ** ਤ ਤੇਰਾ ਸਦਾ ਨਿਹਚਲੁ ਏਹੁ ਕਬਹੁ ਨ ਜਾਵਏ।" — ਵਡ **੧**, ਛੰਤ ੨, ੪ : ੩ (567)

ਰਾਂਡ — (ਸੰ. ਰਣਡ) ਰੰਡੀ, ਪਤੀ ਵਿਹੂਣੀ, ਜਿਸਦਾ ਪਤੀ ਮਰ ਜਾਵੇ, ਵਿਧਵਾ
"**ਰਾਂਡ** ਨ ਬੈਸਈ ਪ੍ਰਭ ਪੁਰਖ ਚਿਰਾਣੇ।"
— ਬਿਹਾ **੫**, ਛੰਤ ੪, ੩ : ੨ (544)

ਰਾਂਡੀ — ਰੰਡੀ, ਵਿਧਵਾ
"ਬਾਮਨ ਕੇ ਘਰ **ਰਾਂਡੀ** ਆਛੈ ਰਾਂਡੀ ਸਾਂਡੀ ਹਾਂਡੀ ਗੋ।" — ਟੋਡੀ **ਨਾਮ**, ੩, ੧ : ੨ (718)

ਰਾਡੇਪਾ — ਵਿਧਵਾ ਪੁਣਾ
"ਨਾਨਕ ਬਾਲਤਣਿ **ਰਾਡੇਪਾ** ਬਿਨੁ ਪਿਰ ਧਨ ਕੁਮਲਾਣੀ।"— ਸੂਹੀ **੧**, ਛੰਤ ੧, ੧ : ੬ (763)

ਰਾਣਾ — ਰਾਜਾ
"**ਰਾਣਾ** ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ।"
— ਰਾਮ **੧**, ਓਅੰ ੪੪ : ੧ (936)

ਰਾਣੀਆ — ਰਾਜੇ/ਰਾਜਿਆਂ ਦੀਆਂ ਪਤਨੀਆਂ
"ਗਾਵਹਿ ਰਾਜੇ **ਰਾਣੀਆ** ਬੋਲਹਿ ਆਲ ਪਤਾਲ।"
— ਆਸਾ **੧**, ਵਾਰ ੪ਸ, **੧**, ੨ : ੫ (464)

ਰਾਣੇ — ਰਾਜੇ
"ਏਹੁ ਭੂਪਤਿ **ਰਾਣੇ** ਰੰਗ ਦਿਨ ਚਾਰਿ ਸੁਹਾਵਣਾ।"
— ਸੋਰ **੪**, ਵਾਰ ੬ : ੧ (645)

ਰਾਤ — 1. ਰਤਿਆਂ, ਲਗਿਆਂ
"ਸਭ ਕਿਛੁ ਬਿਆਪਤ ਬਿਨੁ ਹਰਿ ਰੰਗ **ਰਾਤਿ**।"
— ਗਉ **੫**, ੮੮, ੪ : ੪ (182)
"ਨਾਮ ਸੰਗਿ ਮਨ ਤਨਹਿ **ਰਾਤ**।" (ਰਤਾ ਰਹੁ)
— ਮਾਲੀ **੫**, ੫, ੪ : ੩ (987)
"ਅੰਮ੍ਰਿਤਾ ਰਸੁ ਪੀਉ ਰਸਨਾ ਨਾਨਕ ਹਰਿ ਰੰਗਿ **ਰਾਤ**।" (ਰੰਗੀਜ ਕੇ)
— ਕਾਨ **੫**, ੧੫, ੪ : ੧ (1301)

ਹੋਰ ਰੂਪ — **ਰਾਤਉ** —
"ਸਬਦ ਸੁਰਤਿ ਸੁਖੁ ਊਪਜੈ ਪ੍ਰਭ **ਰਾਤਉ** ਸੁਖ ਸਾਰੁ।" (ਲਗਾ, ਰਚਿਆ)
— ਸਿਰੀ **੧**, ੧੪, ੧ : ੨ (62)
"ਮੁਕਤੋ **ਰਾਤਉ** ਰੰਗਿ ਰਵਾਤਉ।" (ਲਗਾ/ ਜੁੜਿਆ ਹੋਇਆ ਹੈ ਭਾਵ ਪਿਆਰ ਕਰਦਾ ਹੈ) — ਆਸਾ **੧**, ੧੨, ੩ : ੧ (352)
"ਨਾਨਕ **ਰਾਤਉ** ਰੰਗਿ ਗੋਪਾਲ।" (ਰਤਾ ਹਾਂ)
— ਰਾਮ **੫**, ੧੬, ੪ : ੪ (887)

ਰਾਤਓ —
"ਬੀਚਾਰਿ ਸਤਿਗੁਰੁ ਮੁਝੈ ਪੂਛਿਆ ਭਵਰੁ ਬੇਲੀ **ਰਾਤਓ**।" (ਰਤਾ ਹੋਇਆ)
— ਆਸਾ **੧**, ਛੰਤ ੫, ੨ : ੩ (439)
2. ਰਜਨੀ, ਦਿਨ ਦਾ ਹਨੇਰਾ ਪੱਖ
"ਸੁਖੁ ਪ੍ਰਿਅ ਸੁਹਾਗ ਪਲਕ **ਰਾਤ**।"
— ਕਾਨ **੫**, ੪੨, ੧° : ੨ (1306)

ਰਾਤੜਿਆ — ਰਤਾ ਹੋਇਆ, ਰਚਿਆ ਪਿਆ
"ਰਾਵੇ ਰੰਗਿ **ਰਾਤੜਿਆ** ਮਨੁ ਲੀਅੜਾ ਦੀਤਾ ਰਾਮ।" — ਆਸਾ **੧**, ਛੰਤ ੧, ੪ : ੨ (436)

ਰਾਤਾ — ਰਤਾ ਹੋਇਆ, ਮਗਨ, ਲਗਿਆ ਹੋਇਆ
"ਮਨ ਬੈਰਾਗੀ ਘਰਿ ਵਸੈ ਸਚ ਭੈ **ਰਾਤਾ** ਹੋਇ।"
(ਭਾਵ ਪਿਆਰ ਕਰਦਾ)

— ਸਿਰੀ **੧**, ੧੮, ੫ : ੧ (21)

"ਤਪਸੀ ਤਪਹਿ **ਰਾਤਾ**।" (ਮਗਨ)

— ਸਿਰੀ **੫**, ਅਸ ੨੨, ੨ : ੩ (71)

"ਤੂੰ ਨਿਰਬਾਣੁ ਰਸੀਆ ਰੰਗਿ **ਰਾਤਾ**।"

— ਮਾਝ **੫**, ੨੮, ੩ : ੨ (102)

"ਤਨ ਮਹਿ ਮੈਲੁ ਨਾਹੀ ਮਨੁ **ਰਾਤਾ**।" (ਰੰਗਿਆ ਹੋਇਆ) — ਗਉ **੧**, ੧੦, ੪ : ੧ (154)

"ਜੈ ਸਿਉ **ਰਾਤਾ** ਤੈਸੋ ਹੋਵੈ।" (ਪ੍ਰੇਮ ਲਾਇਆ ਹੈ)

— ਆਸਾ **੧**, ਅਸ ੧, ੩ : ੩ (411)

"ਲਾਲਚ ਬਿਖੁ ਕਾਮ ਲੁਬਧ **ਰਾਤਾ** ਮਨਿ ਬਿਸਰੇ ਪ੍ਰਭ ਹੀਰੇ।" (ਰੰਗਿਆ ਹੋਇਆ)

— ਆਸਾ **ਧੰਨਾ**, ੧, ੧* : ੨ (487)

"ਸਬਦਿ ਅਤੀਤ ਅਨਾਹਦਿ **ਰਾਤਾ** ਆਕੁਲ ਕੈ ਘਰਿ ਜਾਉ ਗੋ।" (ਲੀਨ ਹੋਇਆ)

— ਰਾਮ **ਨਾਮ**, ੨, ੧* : ੨ (973)

"ਤਿਸ ਸਿਉ ਪ੍ਰੀਤ ਛਾਡਿ ਅਨ **ਰਾਤਾ** ਕਾਹੂ ਸਿਰੈ ਨ ਲਾਵਣਾ।" (ਭਾਵ ਪ੍ਰੀਤ ਜੋੜੀ)

— ਮਾਰੂ **੫**, ਸੋਲਾ ੧੪, ੮ : ੩ (1086)

2. ਰਸ ਗਿਆਤਾ

"ਤੇਜਨ ਮਹਿ ਤੇਜਵੰਸੀ ਕਹੀਅਹਿ ਰਸੀਅਨ ਮਹਿ **ਰਾਤਾ**।"

— ਗੂਜ **੫**, ਅਸ ੧, ੨ : ੨ (507)

3. ਪ੍ਰੇਮ ਵਾਲਾ, ਲਗਨ ਲਗੀ ਵਾਲਾ

"ਮਨਿ ਨਹੀ ਪ੍ਰੀਤਿ ਕਹੈ ਮੁਖਿ **ਰਾਤਾ**।"

— ਸੂਹੀ **੫**, ੭, ੩ : ੨ (738)

4. ਸਮਾਇਆ ਹੋਇਆ, ਵਿਆਪਕ

"ਮਨ ਤਨ ਅੰਤਰਿ ਏਕੁ ਪ੍ਰਭ **ਰਾਤਾ**।"

— ਗਉ **੫**, ਸੁਖ ੧੯, ੮ : ੯ (289)

"ਪੂਰਨ ਪਰਮੇਸੁਰ ਸੁਆਮੀ ਘਟਿ ਘਟਿ **ਰਾਤਾ** ਮੇਰਾ ਪ੍ਰਭੁ।"— ਰਾਮ **੫**, ੩੮, ੧* : ੨ (894)

ਰਾਤਿ — ਰਾਤ, ਦਿਨ ਦਾ ਹਨੇਰਾ ਪੱਖ

"ਦਿਵਸੁ **ਰਾਤਿ** ਦੁਇ ਦਾਈ ਦਾਇਆ ਖੇਲੈ ਸਗਲ ਜਗਤੁ।" — ਜਪੁ **੧**, ੩੮ਸ : ੧ (8)

"ਮੈ **ਰਾਤਿ** ਦਿਹੈ ਵਡਿਆਈਆਂ।" (ਰਾਤੀਂ)

— ਸਿਰੀ **੧**, ਅਸ ੨੮, ੨੪ : ੨ (73)

"**ਰਾਤਿ** ਅਨੇਰੀ ਸੂਝਸਿ ਨਾਹੀ ਲਜੁ ਟੂਕਸਿ ਮੂਸਾ ਭਾਈ ਰੇ।" (ਅਵਿਦਿਆ ਰੂਪ ਰਾਤ)

— ਗਉ **੧**, ੧੬, ੨ : ੨ (156)

"**ਰਾਤਿ** ਕਾਰਣਿ ਧਨੁ ਸੰਚਿਐ ਭਲਕੇ ਚਲਣੁ ਹੋਇ।" (ਭਾਵ ਜੀਵਨ)

— ਸੂਹੀ **੩**, ਵਾਰ ੭ਸ, **੨**, ੨ : ੧ (787)

"ਈਹਾ ਬਸਨਾ **ਰਾਤਿ** ਮੂੜੇ।" (ਥੋੜਾ ਚਿਰ)

— ਰਾਮ **੫**, ੨੩, ੧* : ੨ (889)

ਰਾਤਿਆ — ਰੰਗੇ ਹੋਏ, ਲਗੇ ਹੋਏ, ਪ੍ਰੇਮ ਕਰਦੇ

"ਕਿਰਪਾ ਪਾਏ ਸਹਜਾਏ ਦਰਸਾਏ ਅਬ **ਰਾਤਿਆ** ਗੋਵਿੰਦ ਸਿਉ।"— ਆਸਾ **੫**, ੧੫੩, ੧ : ੧ (408)

ਰਾਤਿਓ — ਜੁੜੇ ਹੋਇਓ, ਰੰਗੇ ਹੋਇਓ

"ਗਾਵਹੁ ਗਾਵਹੁ ਰੰਗਿ **ਰਾਤਿਹੋ** ਭਾਈ ਹਰਿ ਸੇਤੀ ਰੰਗੁ ਲਾਇ।"— ਸੋਰ **੫**, ਅਸ ੩, ੧* : ੨ (639)

ਰਾਤੀ — 1. ਰਾਤਾਂ

"**ਰਾਤੀ** ਰੁਤੀ ਥਿਤੀ ਵਾਰ।"

— ਜਪੁ **੧**, ੩੪ : ੧ (7)

"ਭੈ ਭਾਇ ਭਗਤਿ ਕਰਹਿ ਦਿਨੁ **ਰਾਤੀ** ਹਰਿ ਜੀਉ ਵੇਖੈ ਸਦਾ ਹਦੂਰਿ।" (ਰਾਤ)

— ਸਿਰੀ **੩**, ੫੪, ੨ : ੨ (34)

"**ਰਾਤੀ** ਉਘੈ ਦਬਿਆ ਨਵੇ ਸੋਤ ਸਭਿ ਢਿਲਾ।" (ਰਾਤ ਸਮੇਂ)

— ਗਉ **੪**, ਵਾਰ ੯ਸ, **੪**, ੨ : ੨ (304)

"ਸਭਿ **ਰਾਤੀ** ਸੋਹਾਗਣੀ ਮੈ ਡੋਹਾਗਣਿ ਕਾਈ ਰਾਤਿ ਜੀਉ।" (ਰਾਤਾਂ)— ਰਾਮ **੧**, ਕੁਚ ੧ : ੧੬ (762)

2. ਰੰਗੀ

"ਭੈ ਸਚਿ **ਰਾਤੀ** ਦੇਹੁਰੀ ਜਿਹਵਾ ਸਚੁ ਸੁਆਉ।"

— ਸਿਰੀ **੧**, ੧੫, ੨ : ੨ (19)

"ਰਸਨਾ ਰਸੁ ਚਾਖਿ ਸਦਾ ਰਹੈ ਰੰਗਿ **ਰਾਤੀ** ਸਹਜੇ ਹਰਿਗੁਣ ਗਾਵਣਿਆ।" (ਰਤੀ/ਰੰਗੀ ਹੋਈ)— ਮਾਝ **੩**, ਅਸ ੧੭, ੧* : ੨ (119)

"ਗੁਰ ਸਬਦੇ **ਰਾਤੀ** ਸਹਜੇ ਮਾਤੀ ਅਨਦਿਨੁ ਰਹੈ ਸਮਾਏ।" (ਲਗੀ ਹੋਈ)

— ਗਉ **੩**, ਛੰਤ ੧, ੩ : ੫ (244)

ਹੋਰ ਰੂਪ — ਰਾਤੀਂ —

"ਕਰਉ ਬਰਾਬਰਿ ਜੋ ਪ੍ਰਿਅ ਸੰਗਿ **ਰਾਤੀਂ** ਇਹ ਹਉਮੈ ਕੀ ਢੀਠਾਈ।" (ਰਤੀਆਂ ਹੋਈਆਂ)

— ਮਲਾ **੫**, ੬, ੧ : ੨ (1267)

3. ਰਤੀ ਵੀ, ਥੋੜੀ ਵੀ

"ਸਤਿ ਹੋਵਨੁ ਮਨਿ ਲਗੈ ਨ **ਰਾਤੀ**।"

— ਗਉ **੫**, ੯੮, ੨ : ੨ (185)

"ਸਰੀਰ ਕਟਾਇ ਹੋਮੈ ਕਰਿ **ਰਾਤੀ**।" (ਰਤੀ ਰਤੀ ਕਰ ਕੇ)

— ਗਉ **੫**, ਸੁਖ ੩, ੧ : ੨ (265)

"ਤਿਤੁ ਤਨਿ ਮੈਲੁ ਨ **ਰਾਤੀ** ਹਰਿ ਪ੍ਰਭਿ ਰਾਤੀ ਮੇਰਾ ਪ੍ਰਭੁ ਮੇਲਿ ਮਿਲਾਏ।"

— ਸੂਹੀ **੩**, ਛੰਤ ੬, ੨ : ੩ (771)

(ਦੂਜੇ 'ਰਾਤੀ' ਦਾ ਅਰਥ ਪ੍ਰੇਮ ਵਿਚ ਲਗੀ ਹੋਈ ਭਾਵ ਮਗਨ, 'ਰਤੀ' ਹੈ)

4. ਮਸਤ

"ਮੈ ਮਨਿ ਤਨਿ ਹਰਿ ਭਾਵੈ ਪ੍ਰਭ ਸੰਗਮਿ **ਰਾਤੀ** ਰਾਮ।" (ਪ੍ਰਭੂ ਮਿਲਾਪ ਵਿਚ ਮਸਤ)

— ਆਸਾ **੧**, ਛੰਤ ੧, ੨ : ੨ (436)

ਰਾਤੇ — 1. ਲਗੇ ਹੋਏ, ਜੁੜੇ ਹੋਏ, ਰਤੇ ਹੋਏ, ਰਚੇ ਹੋਏ

"ਨਾਨਕ ਨਿਰਮਲ ਊਜਲੇ ਜੋ **ਰਾਤੇ** ਹਰਿ ਨਾਇ।"

— ਸਿਰੀ **੧**, ਅਸ ੭, ੮ : ੩ (57)

"ਤੁਮ ਹਰਿ ਸੇਤੀ **ਰਾਤੇ** ਸੰਤਹੁ।"

— ਗਉ **੫**, ੧੩੫, ੧* : ੧ (209)

ਹੋਰ ਰੂਪ — ਰਾਤੈ —

"ਗੁਣ ਸੰਗਿ ਰਹੰਸੀ ਖਰੀ ਸਰਸੀ ਜਾ ਰਾਵੀ ਰੰਗਿ **ਰਾਤੈ**।" (ਰਤੇ)

— ਸੂਹੀ **੧**, ਛੰਤ ੩, ੨ : ੩ (765)

ਰਾਤੋ —

"ਉਆਹੂ ਸਿਉ ਮਨੁ **ਰਾਤੋ**।"(ਜੁੜਿਆ/ਰਤਾ ਹੈ) — ਗਉ **੫**, ੧੫੨*, ੧ : ੨ (214)

"ਮਨੁ ਤਨੁ **ਰਾਤੋ** ਹਰਿ ਕੈ ਰੰਗਿ।" (ਰੰਗਿਆ ਹੋਇਆ) — ਰਾਮ **੫**, ੩੧, ੨ : ੪ (892)

ਰਾਤੌ —

"ਕਰਿ ਕਿਰਪਾ ਸਾਧੂ ਜਨ ਭੇਟੇ ਨਿਤ **ਰਾਤੌ** ਹਰਿ ਨਾਮ ਰੰਗਿ।" (ਰੰਗਿਆ ਹੋਇਆ)

— ਬਸੰ **੫**, ੧੫, ੧* : ੨ (1184)

2. ਰਾਤ ਨੂੰ

"ਸਾਸਿ ਸਾਸਿ ਨ ਘੜੀ ਵਿਸਰੈ ਪਲੁ ਮੂਰਤੁ ਦਿਨੁ **ਰਾਤੇ**।" — ਗਉ **੫**, ਛੰਤ ੧, ੧ : ੫ (247)

"ਪਿਰਿ ਛੋਡੀ ਸੁਤੀ ਅਵਗਣਿ ਮੁਤੀ ਤਿਸੁ ਧਨ ਵਿਧਣ **ਰਾਤੇ**।" (ਰਾਤ ਨੂੰ)

— ਤੁਖਾ **੧**, ਛੰਤ ੪, ੧ : ੩ (1111)

"ਜਨ ਸੰਗਿ **ਰਾਤੇ** ਦਿਨਸੁ ਰਾਤੇ ਇਕ ਨਿਮਖ ਮਨਹੁ ਨ ਵਿਸਰੈ।"

— ਮਲਾ **੫**, ਛੰਤ ੧, ੧ : ੩ (1278)

(ਪਹਿਲੇ 'ਰਾਤੇ' ਦੇ ਅਰਥ ਹਨ ਜੁੜੇ ਹੋਏ, ਰਤੇ ਹੋਏ ਹੈ)

ਰਾਦੇ — ਰਦ ਕੀਤੇ, ਖੰਡਨ ਕੀਤੇ

"ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ **ਰਾਦੇ**।" (ਖਿਆਲਾ ਹੀ ਛੱਡ ਦਿੱਤਾ)

— ਰਾਮ **ਕਬ**, ੩, ੫ : ੧ (969)

ਰਾਂਧਿ — ਰਿੰਨ ਕੇ, ਪਕਾ ਕੇ

"ਮੀਨੁ ਪਕਰਿ ਫਾਂਕਿਓ ਅਰੁ ਕਾਟਿਓ **ਰਾਂਧਿ** ਕੀਓ ਬਹੁ ਬਾਨੀ।" — ਸੋਰ **ਰਵਿ**, ੨, ੨ : ੧ (658)

ਰਾਧੀ — ਤਿਆਰ ਕੀਤੀ ਹੋਈ ਭਾਵ ਵਾਹੀ ਹੋਈ, ਬੀਜੀ ਹੋਈ ਨੂੰ

"ਇਕਿ ਰਹਦੇ ਰਹਿ ਗਏ ਇਕਿ **ਰਾਧੀ** ਗਏ ਉਜਾੜਿ।" — ਸਲੋ **ਫਰ**, ੩੨ : ੨ (1379)

ਰਾਧੇ — ਬੀਜੇ

"ਜੇਹਾ **ਰਾਧੇ** ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ।"

— ਸਿਰੀ **੧**, ਅਸ ੬, ੧ : ੩ (56)

ਰਾਨਾ — ਰਾਜਨ, ਰਾਜਾ

"ਕੋਇ ਨ ਰਹਿ ਹੈ ਰਾਜਾ **ਰਾਨਾ**।"

— ਭੈਰ **ਕਬ**, ੨, ੧ : ੨ (1157)

ਰਾਨੀ — ਭਾਵ ਪਤਨੀ

"ਊਚੇ ਮੰਦਰ ਮਹਲ ਅਰੁ **ਰਾਨੀ**।"

— ਆਸਾ **੫**, ੮੬, ੩ : ੧ (392)

"ਕੰਤ ਪਕਰਿ ਹਮ ਕੀਨੀ **ਰਾਨੀ**।" (ਸਤਿਕਾਰ ਯੋਗ ਇਸਤ੍ਰੀ)— ਆਸਾ **੫**, ੯੫, ੩ : ੪ (394)

"ਆਸਿ ਪਾਸਿ ਪੰਚ ਜੋਗੀਆ ਬੈਠੇ ਬੀਚਿ ਨਕਟ ਦੇ **ਰਾਨੀ**।" (ਭਾਵ ਇਸਤ੍ਰੀ)

— ਆਸਾ **ਕਬ**, ੪, ੧ : ੨ (476)

ਰਾਪੈ — ਰੰਗਿਆ ਜਾਂਦਾ ਹੈ, ਰੰਗੀਜਦਾ ਹੈ

"ਰਾਮਿ ਨਾਮਿ ਚਿਤੁ **ਰਾਪੈ** ਜਾ ਕਾ।"

— ਗਉ **੧**, ਅਸ ੧੬, ੧ : ੧ (228)

ਰਾਂਬੀ — ਚਮਿਆਰ ਦੀ ਖੁਰਪੀ, ਮੋਚੀ ਦਾ ਇਕ ਹਥਿਆਰ

"ਨਹੀ **ਰਾਂਬੀ** ਠਾਉ ਰੋਪਉ।"

— ਸੋਰ **ਰਵਿ**, ੨, ੧ : ੨ (659)

ਰਾਮ — 1. (ਸੰ. राम) ਸਰਬ ਵਿਆਪੀ, ਪ੍ਰਭੂ
"ਮੇਰੇ ਮੀਤ ਗੁਰਦੇਵ ਮੋ ਕਉ **ਰਾਮ** ਨਾਮੁ ਪਰਗਾਸਿ।"
— ਗੂਜ **੪**, ਸੋਦ ੪, ੧* : ੧ (10)
2. ਰਾਮਚੰਦ, ਸੂਰਜਵੰਸ਼ੀ ਅਯੋਧਿਆ ਦੇ ਰਾਜਾ ਦਸ਼ਰਥ ਦਾ ਪੁੱਤਰ
"ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ **ਰਾਮ** ਰਵਾਲ।"
— ਆਸਾ **੧**, ਵਾਰ ੪ਸ, **੧**, ੨ : ੧ (464)
"ਗਾਵਨਿ ਸੀਤਾ ਰਾਜੇ **ਰਾਮ**।"
— ਆਸਾ **੧**, ਵਾਰ ੫ਸ, **੧**, ੨ : ੮ (465)
3. ਹੇ ਰਾਮ, ਹੇ ਪ੍ਰਭੂ
"**ਰਾਮ** ਮੋ ਕਉ ਹਰਿ ਜਨ ਮੇਲਿ ਪਿਆਰੇ।"
— ਗੂਜ **੪**, ੩, ੧* : ੧ (493)
4. ਭਾਵ ਪ੍ਰਭੂ ਦਾ, ਆਤਮਕ
"ਨਿਰਭਉ ਭਏ **ਰਾਮ** ਬਲ ਗਰਜਿਤ ਜਨਮ ਮਰਨ ਸੰਤਾਪ ਹਿਰਿਓ।"
— ਮਾਰੂ **ਨਾਮ**, ੧, ੨ : ੨ (1105)
5. ਰਾਮ ਗਣ ਦਾ ਸੰਖੇਪ, ਦੇਵਦੂਤ
(ਕੇਵਲ ਮਹਾਨਕੋਸ਼ ਬਾਕੀ ਸਭ ਅਰਥ 'ਪ੍ਰਭੂ' ਹੀ ਕਰਦੇ ਹਨ)
"ਜਮ ਤੇ ਉਲਟ ਭਏ ਹੈ **ਰਾਮ**।"
— ਗਉ **ਕਬ**, ੧੨, ੧ : ੧ (326)

ਰਾਮਈਆ — ਪ੍ਰਭੂ, ਪਾਰਬ੍ਰਹਮ
"ਐ ਜੀ ਤੂੰ ਆਪੇ ਸਭ ਕਿਛੁ ਜਾਣਦਾ ਬਦਤਿ ਤ੍ਰਿਲੋਚਨੁ **ਰਾਮਈਆ**।"
— ਸਿਰੀ **ਤ੍ਰਿਲੋ**, ੨, ੫ : ੨ (95)
"**ਰਾਮਈਆ** ਹਉ ਬਾਰਿਕੁ ਤੇਰਾ।"
— ਆਸ **ਕਬ**, ੧੨, ੧* : ੧ (478)

ਰਾਮਸਰਿ — ਪ੍ਰਭੂ ਨਾਮ ਦੇ ਸਰੋਵਰ ਵਿਚ
"ਨਿਤਪ੍ਰਤਿ ਨਾਵਣੁ **ਰਾਮਸਰਿ** ਕੀਜੈ।"
— ਗਉ **੫**, ੧੬੪, ੧* : ੧ (198)

ਰਾਮਹਿ — 1. ਰਾਮ ਨੂੰ, ਪ੍ਰਭੂ ਨੂੰ
"ਰਾਮੁ ਬਡਾ ਕੈ **ਰਾਮਹਿ** ਜਾਨਿਆ।"
— ਗਉ **ਕਬ**, ਅਸ ੪੨, ੧ : ੨ (331)
2. ਚੌਥੇ ਗੁਰੂ ਗੁਰੂ ਰਾਮਦਾਸ ਜੀ ਨੂੰ
"ਅਮਰਦਾਸਿ ਅਮਰਤੁ ਛਤ੍ਰੁ ਗੁਰ **ਰਾਮਹਿ** ਦੀਅਉ।" — ਸਵ **ਮਥੁ**, ੧ : ੪ (1408)

ਰਾਮਕਲੀ — ਇਕ ਰਾਗਨੀ ਜੋ ਪ੍ਰਾਤੇਕਾਲ ਗਾਈ ਜਾਂਦੀ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਅਠਾਰ੍ਹਵੀਂ ਥਾਂ ਤੇ ਆਈ ਹੈ
"**ਰਾਮਕਲੀ** ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ।"
— ਰਾਮ **੩**, ਵਾਰ ੮ ਸ, **੩**, ੨ : ੧ (950)

ਰਾਮਕਾਰ — ਰਖਿਆ ਦੀ ਲਕੀਰ, ਰਾਮਚੰਦਰ ਜੀ ਦੀ ਕਾਰ (ਲਕੀਰ) ਜੋ ਸੀਤਾ ਦੇ ਬਚਾਉ ਲਈ ਉਹ ਸ਼ਿਕਾਰ ਜਾਣ ਤੋਂ ਪਹਿਲਾਂ ਬਣਾ ਗਏ ਸਨ
"ਚਉਗਿਰਦ ਹਮਾਰੈ **ਰਾਮਕਾਰ** ਦੁਖੁ ਲਗੈ ਨ ਭਾਈ।" — ਬਿਲਾ **੫**, ੭੯, ੧ : ੨ (819)

ਰਾਮਗੁਣ — ਪ੍ਰਭੂ ਦੇ ਗੁਣ
"ਰਸਨਾ ਰਮਹੁ **ਰਾਮਗੁਣ** ਨੀਤ।"
— ਗਉ **੫**, ੯੨, ੧ : ੩ (185)
ਹੋਰ ਰੂਪ — ਰਾਮਗੁਨ —
"ਹਰਿ ਰੰਗਿ ਰਾਤਾ ਮਨੁ **ਰਾਮਗੁਨ** ਗਾਵੈ।"
— ਪ੍ਰਭਾ **੫**, ੮, ੧* : ੧ (1340)

ਰਾਮਚੰਦ — ਰਾਜਾ ਦਸ਼ਰਥ ਦਾ ਪੁੱਤਰ, ਸੀਤਾ ਦਾ ਪਤੀ
"ਤੁਮ ਸਰਨਾਗਤਿ ਰਾਜਾ **ਰਾਮਚੰਦ** ਕਹਿ ਰਵਿਦਾਸ ਚਮਾਰਾ।" — ਸੋਰ **ਰਵਿ**, ੬, ੫ : ੨ (659)
ਹੋਰ ਰੂਪ — ਰਾਮਚੰਦਿ —
"**ਰਾਮਚੰਦਿ** ਮਾਰਿਓ ਅਹਿ ਰਾਵਣੁ।" (ਰਾਮਚੰਦਰ ਨੇ)
— ਰਾਮ **੧**, ਸਿਗੋ ੪੦ : ੩ (942)
ਰਾਮਚੰਦੁ —
"ਪਾਂਡੇ ਤੁਮਰਾ **ਰਾਮਚੰਦੁ** ਸੋ ਭੀ ਆਵਤੁ ਦੇਖਿਆ ਥਾ।" — ਗੋਂਡ **ਨਾਮ**, ੭, ੩ : ੧ (875)

ਰਾਮਚੇ — ਰਾਮ (ਪ੍ਰਭੂ) ਦਾ
"ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਣਿ ਤਾਚੇ ਜਾਪੀਅਲੇ **ਰਾਮਚੇ** ਨਾਮੰ।"
— ਧਨਾ **ਤ੍ਰਿਲੋ**, ੧, ੬ : ੧ (695)

ਰਾਮਜਸੁ — ਪ੍ਰਭੂ ਦੀ ਵਡਿਆਈ
"ਜੋ ਜੋ ਸੁਨੈ **ਰਾਮਜਸੁ** ਨਿਰਮਲ ਤਾ ਕਾ ਜਨਮ ਮਰਣ ਦੁਖੁ ਨਾਸਾ।"

— ਸਾਰ **੫**, ੨੩, ੨ : ੧ (1209)

ਹੋਰ ਰੂਪ — ਰਾਮਜਸੋ —

"ਅਬ ਮੋਹਿ **ਰਾਮਜਸੋ** ਮਨਿ ਗਾਇਓ।"

— ਧਨਾ **੫**, ੪, ੧* : ੧ (671)

ਰਾਮਜਨ — ਪ੍ਰਭੂ ਦੇ ਸੇਵਕ

"**ਰਾਮਜਨ** ਗੁਰਮਤਿ ਰਾਮੁ ਬੋਲਾਇ।"

— ਰਾਮ **੪**, ੨, ੧* : ੧ (881)

ਹੋਰ ਰੂਪ — ਰਾਮਜਨਾ —

"**ਰਾਮਜਨਾ** ਮਿਲਿ ਭਇਆ ਅਨੰਦਾ ਹਰਿ ਨੀਕੀ ਕਥਾ ਸੁਨਾਇ।" (ਪ੍ਰਭੂ ਦੇ ਸੇਵਕ, ਸੰਤ)

— ਰਾਮ **੪**, ੨, ੧ : ੧ (880)

ਰਾਮਜਨੀ —

"**ਰਾਮਜਨੀ** ਕੀਨੀ ਖੰਡ ਖੰਡ।"

— ਰਾਮ **੫**, ੨੯, ੩ : ੪ (892)

ਰਾਮਜੀਉ — ਪ੍ਰਭੂ ਜੀ

"ਭਰਿ ਜੋਬਨਿ ਮੈ ਮਤਿ ਪੇਈਅੜੈ ਘਰਿ ਪਾਹੁਣੀ ਬਲਿ **ਰਾਮਜੀਉ**।"

— ਸੂਹੀ **੧**, ਛੰਤ ੧, ੧ : ੧ (763)

ਰਾਮਦਾਸ — 1. ਚੌਥੇ ਗੁਰੂ, ਗੁਰੂ ਰਾਮਦਾਸ ਜੀ

"ਸੰਤਹੁ **ਰਾਮਦਾਸ** ਸਰੋਵਰੁ ਨੀਕਾ।"

— ਸੋਰ **੫**, ੫੭, ੧* : ੧ (623)

('ਦਰਪਣ' 'ਰਾਮਦਾਸ ਸਰੋਵਰ' ਦੇ ਅਰਥ 'ਸਾਧ ਸੰਗਤ' ਕਰਦਾ ਹੈ)

"ਗੁਰੂ **ਰਾਮਦਾਸ** ਘਰਿ ਕੀਅਉ ਪ੍ਰਗਾਸਾ।"

— ਸਵ **੫**, ਕਲ ੧ : ੫ (1407)

2. ਇਕ ਸੰਪਰਦਾ ਦੇ ਬੈਰਾਗੀ ਸਾਧੂ ਜੋ ਰਾਮਚੰਦਰ ਜੀ ਦੇ ਉਪਾਸਕ ਹੁੰਦੇ ਹਨ

"ਜੋਗੀ ਜਤੀ ਬੈਸਨੋ **ਰਾਮਦਾਸ**।"

— ਗੋਂਡ **੫**, ੧੭, ੨ : ੩ (867)

ਰਾਮਦਾਸਸਰ — ਗੁਰੂ ਰਾਮਦਾਸ ਜੀ ਦਾ ਬਣਵਾਇਆ ਸਰੋਵਰ, ਹਰਿਮੰਦਰ ਸਾਹਿਬ ਦਾ ਸਰੋਵਰ

"ਹਰਿ ਹਾਂ ਨਾਨਕ ਕਸਮਲ ਜਾਹਿ ਨਾਇਐ **ਰਾਮਦਾਸਸਰ**।" — ਫੁਨ **੫**, ੧੦ : ੪ (1362)

('ਦਰਪਣ' ਅਰਥ 'ਸਾਧਸੰਗਤਿ ਰੂਪੀ ਸਰੋਵਰ' ਹੀ ਕਰਦਾ ਹੈ)

ਰਾਮਦਾਸਪੁਰ — ਅੰਮ੍ਰਿਤਸਰ ਦਾ ਪੁਰਾਣਾ ਨਾਂ

"ਵਸਦੀ ਸਘਨ ਅਪਾਰ ਅਨੂਪ **ਰਾਮਦਾਸਪੁਰ**।"

— ਫੁਨ **੫**, ੧੦ : ੩ (1362)

ਹੋਰ ਰੂਪ — ਰਾਮਦਾਸਪੁਰਿ —

"ਰਾਮਰਾਜ **ਰਾਮਦਾਸਪੁਰਿ** ਕੀਨ੍ਹੇ ਗੁਰਦੇਵ।"

— ਬਿਲਾ **੫**, ੬੭, ੧* : ੨ (817)

('ਦਰਪਣ' ਅਰਥ 'ਸਤਿ ਸੰਗੀਆ ਦਾ ਟਿਕਾਣਾ' ਕਰਦੇ ਹਨ)

ਰਾਮਦਾਸਾ — ਦੇਵ ਮੰਦਰਾਂ ਵਿਚ ਕੀਰਤਨ ਕਰਨ ਵਾਲੇ ਭਗਤੀਏ

"ਘੂੰਘਰ ਬਾਧਿ ਭਏ **ਰਾਮਦਾਸਾ** ਰੋਟੀਅਨ ਕੇ ਓਪਾਵਾ।" — ਮਾਰੂ **੫**, ੧੫, ੩ : ੧ (1003)

ਰਾਮਦਾਸਿ — ਗੁਰੂ ਰਾਮਦਾਸ ਦੇ

"**ਰਾਮਦਾਸਿ** ਸਰੋਵਰ ਨਾਤੇ।"

— ਸੋਰ **੫**, ੬੦, ੨ : ੩ (624)

('ਦਰਪਣ' ਅਰਥ 'ਸਤਸੰਗੀਆ ਦੀ ਸੰਗਤ ਵਿਚ' ਕਰਦਾ ਹੈ)

"**ਰਾਮਦਾਸਿ** ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ।"

— ਸਵ **੫**, ਮਥੁ ੪ : ੪ (1409)

ਰਾਮਦਾਸੁ — 1. ਰਾਮ/ਪ੍ਰਭੂ ਦਾ ਸੇਵਕ

"ਹਰਿ ਜੀਉ ਨਾਮੁ ਪਰਿਓ **ਰਾਮਦਾਸੁ**।"

— ਸੋਰ **੫**, ੧੩, ੧* : ੨ (612)

2. ਗੁਰੂ ਰਾਮਦਾਸ, ਸਿੱਖਾਂ ਦੇ ਚੌਥੇ ਗੁਰੂ

"ਕਾਟੇ ਸੁ ਪਾਪ ਤਿਨ੍ ਨਰਹੁ ਕੇ ਗੁਰੁ **ਰਾਮਦਾਸੁ** ਜਿਨ੍ ਪਾਇਯਉ।"

— ਸਵ **੫**, ਹਰਿ ੨ : ੫ (1409)

ਹੋਰ ਰੂਪ — ਰਾਮਦਾਸੈ —

"ਮੋਹਰੀ ਪੁਤੁ ਸਨਮੁਖੁ ਹੋਇਆ **ਰਾਮਦਾਸੈ** ਪੈਰੀ ਪਾਇ ਜੀਉ।" (ਰਾਮਦਾਸ ਦੇ)

— ਰਾਮ **ਸੁੰਦ**, ਸਦ ੬ : ੨ (924)

ਰਾਮਨਾ — 'ਰਾਮਨਾਮ' ਦਾ ਸੰਖੇਪ, ਪ੍ਰਭੂ ਨਾਮ

"ਤਾ ਤੇ ਸੇਵੀਅਲੇ **ਰਾਮਨਾ**।"

— ਆਸਾ **ਕਬ**, ੫, ੧* : ੧ (476)

ਰਾਮਨਾਮ — ਪ੍ਰਭੂ ਨਾਮ, ਵਾਹਿਗੁਰੂ

"**ਰਾਮਨਾਮ** ਬਿਨੁ ਮੁਕਤਿ ਨ ਹੋਈ ਬੂਡੀ ਦੂਜੈ ਹੇਤਿ।"

— ਸਿਰੀ **੧**, ਪਹ ੨, ੧ : ੫ (75)

"**ਰਾਮਨਾਮ** ਜਪਿ ਏਕੰਕਾਰੁ।"
— ਗਉ **ਪ**, ੯੭, ੩ : ੨ (185)

ਹੋਰ ਰੂਪ — ਰਾਮਨਾਮਾ —
"ਜਨ ਕੀ ਪੈਜ ਰਖੈ **ਰਾਮਨਾਮਾ** ਪ੍ਰਹਿਲਾਦ ਉਧਾਰਿ ਤਰਾਏ।" (ਪ੍ਰਭੂ ਨਾਮ)
— ਆਸਾ **੪**, ਛੰਤ ੯, ੫ : ੪ (443)

ਰਾਮਨਾਮਿ —
"ਅੰਦਰੁ ਲਗਾ **ਰਾਮਨਾਮਿ** ਅੰਮ੍ਰਿਤ ਨਦਰਿ ਨਿਹਾਲੁ।" (ਪ੍ਰਭੂ ਨਾਮ)
— ਸਿਰੀ **ਪ**, ੮੬, ੧ : ੩ (48)
"ਇਸੁ ਜੁਗ ਮਹਿ **ਰਾਮਨਾਮਿ** ਨਿਸਤਾਰਾ।" (ਪ੍ਰਭੂ ਨਾਮ ਦੁਆਰਾ)
— ਗਉ **੩**, ੩੦, ੩ : ੧ (160)

ਰਾਮਨਾਮੁ —
"ਸੰਤਾ ਸੰਗਤਿ ਮਿਲਿ ਰਹੈ ਜਪਿ **ਰਾਮਨਾਮੁ** ਸੁਖੁ ਪਾਇ।" — ਸਿਰੀ **੩**, ੪੬, ੧* : ੨ (31)

ਰਾਮਨਾਮੈ —
"ਮੇਰਾ ਮਨੁ ਤਨੁ ਲੀਨੁ ਭਇਆ **ਰਾਮਨਾਮੈ** ਮਤਿ ਗੁਰਮਤਿ ਰਾਮ ਰਸਾਲਾ।" (ਰਾਮ ਨਾਮ (ਪ੍ਰਭੂ ਨਾਮ) ਵਿਚ)
— ਮਾਲੀ **੪**, ੫, ੧* : ੨ (985)
"ਸਭ ਨਰ ਮਹਿ ਪ੍ਰਾਨੀ ਊਤਮੁ ਹੋਵੈ **ਰਾਮਨਾਮੈ** ਬਾਸੁ ਬਸੀਜੈ।"
— ਕਲਿ **੪**, ਅਸ ੪, ੪ : ੨ (1325)

ਰਾਮਭਗਤ — ਪ੍ਰਭੂ ਦੀ ਅਰਾਧਨਾ ਕਰਨ ਵਾਲਾ
"ਕਬੀਰ ਪਾਟਨ ਤੇ ਊਜਰੁ ਭਲਾ **ਰਾਮਭਗਤ** ਜਿਹ ਠਾਇ।" — ਸਲੋ **ਕਬ**, ੧੫੧ :੧ (1372)

ਰਾਮਭਗਤਿ — ਪ੍ਰਭੂ ਭਗਤੀ
"ਜਿਹ ਨਰ **ਰਾਮਭਗਤਿ** ਨਹ ਸਾਧੀ।"
— ਗਉ **ਕਬ**, ੨੫, ੧* : ੧ (328)

ਰਾਮਭਜਨ — ਪ੍ਰਭੂ ਅਰਾਧਨਾ, ਪ੍ਰਭੂ ਭਗਤੀ
"**ਰਾਮਭਜਨ** ਬਿਨੁ ਕਾਮਿ ਨ ਆਵਸਿ ਸੰਗਿ ਨ ਕਾਹੂ ਜਾਈ।" — ਸੋਰ **ਪ**, ੨੨, ੨ : ੨ (615)

ਰਾਮਰਸੁ — ਪ੍ਰਭੂ ਪਿਆਰ ਦਾ ਉਚਾ ਸੁਆਦ
"ਸਤਿਗੁਰ ਭੇਟਿ **ਰਾਮਰਸੁ** ਪਾਇਆ ਜਨ ਨਾਨਕ ਨਾਮਿ ਉਧਾਰੇ।"
— ਵਡ **੪**, ਛੰਤ ੪, ੪ : ੫ (575)

ਰਾਮਰੰਗਿ — ਪ੍ਰਭੂ ਪਿਆਰ
"ਜਨ ਰਵਿਦਾਸ **ਰਾਮਰੰਗਿ** ਰਾਤਾ।"
— ਆਸਾ **ਰਵਿ**, ੫, ੩ : ੧ (487)
"ਸਖੀ ਸਹੇਲੀ **ਰਾਮਰੰਗਿ** ਰਾਤੀ ਮਨ ਤਨ ਇਛ ਪੁਜਾਏ।" — ਬਿਲਾ **ਪ**, ੫, ੪ : ੩ (803)

ਰਾਮਰਤਨੁ — ਪ੍ਰਭੂ ਨਾਮ–ਰਤਨ, ਪ੍ਰਭੂ ਨਾਮ ਦੀ ਅਮੋਲਕ ਵਸਤੂ
"ਖਾਤ ਖਰਚਤ ਕਿਛੁ ਨਿਖੁਟਤ ਨਾਹੀ **ਰਾਮ ਰਤਨੁ** ਧਨੁ ਖਾਟਿਓ।"— ਟੋਡੀ **ਪ**, ੧੧, ੧ : ੨ (714)

ਰਾਮਰਵੰਤਾ — ਪ੍ਰਭੂ ਨਾਮ ਦਾ ਜਾਪ ਕਰਨ ਵਾਲਾ, ਪ੍ਰਭੂ ਨਾਮ ਦਾ ਅਭਿਆਸੀ
"**ਰਾਮਰਵੰਤਾ** ਜਾਣੀਐ ਇਕ ਮਾਈ ਭੋਗੁ ਕਰੇਇ।"
— ਬਸੰ **੧**, ੧੧, ੩ : ੧ (1171)

ਰਾਮਰਾਇ — ਪ੍ਰਭੂ ਰਾਜਾ, ਰਾਜਾ ਰੂਪ ਪ੍ਰਭੂ, ਪ੍ਰਭੂ
"ਇਕੁ ਦੁਖੁ **ਰਾਮਰਾਇ** ਕਾਟਹੁ ਮੇਰਾ।"
— ਗਉ **ਕਬ**, ੩੨, ੧* : ੧ (329)
"**ਰਾਮਰਾਇ** ਸਿਉ ਭਾਵਰਿ ਲੈਹਉ ਆਤਮ ਤਿਹ ਰੰਗਿ ਰਾਤੀ।" (ਪ੍ਰਭੂ)
— ਆਸਾ **ਕਬ**, ੨੪, ੧ : ੨ (482)

ਰਾਮਰਾਜ — ਪੂਰੇ ਇਨਸਾਫ ਵਾਲਾ ਰਾਜ, ਨਿਆਂ ਵਾਲਾ ਰਾਜ
"**ਰਾਮਰਾਜ** ਰਾਮਦਾਸਪੁਰਿ ਕੀਨ੍ਹੇ ਗੁਰਦੇਵ।"
— ਬਿਲਾ **ਪ**, ੬੭, ੧* : ੨ (817)

ਰਾਮਰਾਜਿਆ — ਹੇ ਰਾਮ ਰਾਜੇ! ਹੇ ਪ੍ਰਭੂ!
"ਸਾਧਨ ਆਸਾ ਚਿਤਿ ਕਰੇ **ਰਾਮਰਾਜਿਆ** ਹਰਿ ਪ੍ਰਭ ਸੇਜੜੀਐ ਆਈ।"
— ਸੂਹੀ **੪**, ਛੰਤ ੬, ੩ : ੧ (776)

ਹੋਰ ਰੂਪ — ਰਾਮਰਾਜੇ —
"ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ **ਰਾਮਰਾਜੇ**।" (ਹੇ ਪ੍ਰਭੂ)
— ਆਸਾ **੪**, ਛੰਤ ੧੫, ੧ : ੧ (449)

ਰਾਮਾ — 1. ਹੇ ਰਾਮ! ਹੇ ਪ੍ਰਭੂ!
"ਤਿਨ ਦਾਸਨਿ ਦਾਸ ਕਰਹੁ ਹਮ **ਰਾਮਾ**।"
— ਗਉ **੪**, ੪੦, ੨ : ੨ (164)
2. ਰਾਮ ਦੀ ਭਾਵ ਪ੍ਰਭੂ ਦੀ, ਪ੍ਰਭੂ ਨੂੰ
"ਮਤਿ ਮਾਤਾ ਮਤਿ ਜੀਉ ਨਾਮੁ ਮੁਖਿ **ਰਾਮਾ**।"
(ਪ੍ਰਭੂ ਦੀ) — ਗਉ **੪**, ੬੫, ੧ : ੨ (172)

"ਵਡਭਾਗੀ ਮਿਲੁ **ਰਾਮਾ**।" (ਪ੍ਰਭੂ ਨੂੰ)
— ਗਉ **੪**, ੬੫, ੧ : ੪ (173)
"**ਰਾਮਾ** ਭਗਤਹ ਚੇਤੀਅਲੇ ਅਚਿੰਤ ਮਨੁ ਰਾਖਸੀ।" (ਪ੍ਰਭੂ ਦੀ)
— ਆਸਾ **ਨਾਮ**, ੫, ੧ : ੨ (486)
3. ਪ੍ਰਭੂ
"ਜਹ ਜਹ ਦੇਖਉ ਤਹ ਤਹ **ਰਾਮਾ**।"
— ਗੋਂਡ **ਨਾਮ**, ੨, ੪ : ੧ (873)

ਰਾਮਾਣਾ — ਰਾਮ ਦਾ ਭਾਵ ਪ੍ਰਭੂ ਦਾ
"ਰਾਮੁ ਰਮੈ ਸੋਈ **ਰਾਮਾਣਾ**।"
— ਗਉ **੫**, ੧੪੦, ੧* : ੧ (194)

ਰਾਮਾਨੰਦ — ਵੈਰਾਗੀ ਆਚਾਰੀਆ ਦਾ ਗੁਰੂ ਜਿਸ ਦਾ ਇਕ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਸੰਤ ਰਾਗ ਵਿਚ ਦਰਜ ਹੈ
"**ਰਾਮਾਨੰਦ** ਸੁਆਮੀ ਰਮਤ ਬ੍ਰਹਮ।"
— ਬਸੰ **ਰਾਮਾ**, ੧, ੩ : ੧ (1195)
ਹੋਰ ਰੂਪ — ਰਾਮਾਨੰਦੁ —
"ਰਾਮਾ ਭਗਤਿ **ਰਾਮਾਨੰਦੁ** ਜਾਨੈ।"
— ਧਨਾ **ਸੈਣ**, ੧, ੩ : ੧ (695)

ਰਾਮਿ — ਰਾਮ ਨੇ, ਪ੍ਰਭੂ ਨੇ
"ਐਸੀ ਇਸਤ੍ਰੀ ਇਕ **ਰਾਮਿ** ਉਪਾਈ।"
— ਆਸਾ **੫**, ੯੬, ੧* : ੧ (394)
ਹੋਰ ਰੂਪ — ਰਾਮੁ —
"ਤਿਨ ਮਹਿ **ਰਾਮੁ** ਰਹਿਆ ਭਰਪੂਰ।" (ਪ੍ਰਭੂ)
— ਜਪੁ **੧**, ੩੭ : ੪ (8)
"ਭਾਈ ਰੇ **ਰਾਮੁ** ਕਹਹੁ ਚਿਤੁ ਲਾਇ।"
— ਸਿਰੀ **੧**, ੨੩, ੧* : ੧ (22)

ਰਾਮੁ — 1. ਪ੍ਰਭੂ, ਵੇਖੋ 'ਰਾਮਿ'
2. ਅਯੋਧਿਆ ਦਾ ਸੂਰਜਵੰਸ਼ੀ ਰਾਜਾ 'ਰਾਮਚੰਦਰ' ਜਿਸਨੂੰ ਹਿੰਦੂ ਧਰਮ ਅਨੁਸਾਰ ਦੇਵਤਾ ਮੰਨਿਆ ਜਾਂਦਾ ਹੈ
"**ਰਾਮੁ** ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ।"
— ਆਸਾ **੧**, ਅਸ ੧੧, ੬ : ੩ (417)
"ਰੋਵੈ **ਰਾਮੁ** ਨਿਕਾਲਾ ਭਇਆ।"
— ਰਾਮ **੩**, ਵਾਰ ੧੪ਸ, **੧**, ੧ : ੫ (953)
"ਤ੍ਰੇਤੈ ਤੈ ਮਾਣਿਓ **ਰਾਮੁ** ਰਘੁਵੰਸੁ ਕਹਾਇਓ।"
— ਸਵ **੧**, ੭ : ੨ (1390)

ਰਾਮੈ — 1. ਰਾਮ ਦੇ ਭਾਵ ਪ੍ਰਭੂ ਦੇ
"ਸਤਸੰਗਤਿ ਮਿਲਿ ਰਾਮਰਸੁ ਪਾਇਆ ਹਰਿ **ਰਾਮੈ** ਨਾਮਿ ਸਮਾਤੇ।"
— ਗਉ **੪**, ੫੪, ੧* : ੨ (169)
"ਮੂਆ ਕਬੀਰੁ ਰਮਤ ਸ੍ਰੀ **ਰਾਮੈ**।"(ਰਾਮ/ਪ੍ਰਭੂ ਨੂੰ)
— ਗਉ **ਕਬ**, ੧੫, ੫ : ੨ (326)
2. ਰਾਮ ਭਾਵ ਪ੍ਰਭੂ
"ਹਿਰਦੈ ਰਾਮੁ ਮੁਖਿ **ਰਾਮੈ** ਹੋਇ।"
— ਗਉ **ਕਬ**, ੨੯, ੩ : ੨ (329)
"ਕਹੈ ਕਬੀਰੁ **ਰਾਮੈ** ਹੋਇ ਨਿਬਰਿਓ।"
— ਭੈਰ **ਕਬ**, ੫, ੪ : ੨ (1158)

ਰਾਮੋ — ਰਾਮ (ਪ੍ਰਭੂ) ਹੀ
"**ਰਾਮੋ** ਰਾਮ ਨਾਮ ਜਪਿਆ ਦੁਖ ਕਿਲਵਿਖ ਨਾਸ ਗਵਾਇਆ ਰਾਮ।"
— ਆਸਾ **੪**, ਛੰਤ ੯, ੨ : ੧ (443)

ਰਾਰਾ — ਗੁਰਮੁਖੀ ਲਿਪੀ ਦਾ 32ਵਾਂ ਅੱਖਰ, 'ਰ'
"**ਰਾਰਾ** ਰੰਗਹੁ ਇਆ ਮਨੁ ਅਪਨਾ।"
— ਗਉ **੫**, ਬਾਅ ੧੦ : ੧ (252)

ਰਾਰਿ — ਝਗੜਾ
"**ਰਾਰਿ** ਕਰਤ ਝੂਠੀ ਲਗਿ ਗਾਥਾ।"
— ਆਸਾ **੫**, ੨੨, ੧* : ੨ (376)

ਰਾਰੈ — 1. 'ਰ' ਅੱਖਰ ਦੁਆਰਾ
"**ਰਾਰੈ** ਰਵਿ ਰਹਿਆ ਸਭ ਅੰਤਰਿ ਜੇਤੇ ਕੀਏ ਜੰਤਾ।" — ਆਸਾ **੧**, ਪਟੀ ੩੦ : ੧ (434)
2. ਝਗੜੈ
"**ਰਾਰੈ** ਰੂਪਿ ਨਿਰਾਲਮੁ ਬੈਠਾ ਨਦਰਿ ਕਰੇ ਵਿਚਿ ਛਾਇਆ।"
— ਆਸਾ **੧**, ੮, ੩ : ੨ (351)
(ਮਹਾਨ ਕੋਸ਼ ਇਸ ਨੂੰ ਅਰਬੀ ਦੇ ਸ਼ਬਦ 'ਰਅ੍ ਰਅ੍' ਤੋਂ ਵਿਉਤਪਤ ਮੰਨ ਅਰਥ 'ਅਦਭੁਤ, ਮਨੋਹਰ' ਕਰਦਾ ਹੈ)

ਰਾਲਾ — ਧੂੜ, ਰਜ
"ਸਗਲ ਚਰਨ ਕੀ ਇਹੁ ਮਨੁ **ਰਾਲਾ**।"
— ਆਸਾ **੫**, ੫੪, ੩ : ੨ (50)
ਹੋਰ ਰੂਪ — ਰਾਲੀ —
"ਜਨ ਨਾਨਕ ਸੰਗਤਿ ਸਾਧ ਹਰਿ ਮੇਲਹੁ ਹਮ

ਸਾਧ ਜਨਾ ਪਗ **ਰਾਲੀ**।" (ਧੂੜ)
— ਧਨਾ **੪**, ੪, ੪ : ੨ (668)

ਰਾਲੀਐ — ਰੋਲਿਆ ਜਾਂਦਾ ਹੈ, ਸੁਟਿਆ ਜਾਂਦਾ ਹੈ, ਧੂੜ (ਰਾਲਾ) ਵਿਚ ਪਾਈਦਾ ਹੈ
"ਖੋਟੋ ਪੂਠੋ **ਰਾਲੀਐ** ਬਿਨੁ ਨਾਵੈ ਪਤਿ ਜਾਇ।"
— ਪ੍ਰਭਾ **੧**, ੧੦, ੩ : ੨ (1330)
(ਮਹਾਨ ਕੋਸ਼ ਅਰਥ ਦਿੰਦਾ ਹੈ 'ਸਾਲ ਦੀ ਗੂੰਦ ਗਰਮ ਕਰਕੇ ਕੜਛਿਆਂ ਨਾਲ ਉਸ ਉਪਰ ਪਾਉਣ', 'ਪੁਰਾਣੇ ਸਮੇਂ ਵਿਚ ਅਪਰਾਧੀ ਨੂੰ ਦਿੱਤੀ ਜਾਂਦੀ ਇਕ ਪ੍ਰਕਾਰ ਦੀ ਸਜ਼ਾ' ਕਰਦਾ ਹੈ।)

ਰਾਵਉ — 1. ਭੋਗਾਂ, ਮਾਣਾਂ
"**ਰਾਵਉ** ਸਹੁ ਆਪਨੜਾ ਪ੍ਰਭ ਸੰਗਿ ਸੋਹੰਤੀ।"
— ਆਸਾ **੫**, ਛੰਤ ੧੨, ੧ : ੨ (460)
2. ਸਿਮਰਾਂ, ਸਿਮਰਨ ਕਰਾਂ
"ਇਤ ਉਤ ਦੇਖਉ ਸਹਜੇ **ਰਾਵਉ**।"
— ਬਸੰ **੧**, ਅਸ ੩, ੮ : ੧ (1189)

ਰਾਵਏ — ਮਾਣਦੀ/ਭੋਗਦੀ ਹੈ
"ਆਪਣਾ ਮਨੁ ਦੀਆ ਹਰਿ ਵਰੁ ਲੀਆ ਜਿਉ ਭਾਵੈ ਤਿਉ **ਰਾਵਏ**।"
— ਆਸਾ **੧**, ਛੰਤ ੧, ੪ : ੩ (436)

ਰਾਵਹ — ਸਿਮਰੇ, ਭੋਗੇ
"ਮਨਿ ਤਨਿ ਪ੍ਰੇਮੁ ਕਰੇ ਤਿਸੁ ਪ੍ਰਭ ਕਉ **ਰਾਵਹ** ਰਾਮ।" — ਬਿਲਾ **੫**, ਛੰਤ ੨, ੨ : ੨ (846)
ਹੋਰ ਰੂਪ — ਰਾਵਹਿ —
"ਸਦਾ ਪਿਰੁ **ਰਾਵਹਿ** ਆਪਣਾ ਤਿਨਾ ਸੁਖੇ ਸੁਖਿ ਵਿਹਾਇ।" (ਭੋਗਦੀਆਂ)
— ਸਿਰੀ **੩**, ੬੧, ੨ : ੪ (38)

ਰਾਵਣ — 1. ਭੋਗਣ, ਮਾਣਨ
"ਜੇ ਗੁਣਵੰਤੀ ਥੀ ਰਹੈ ਤਾ ਭੀ ਸਹੁ **ਰਾਵਣ** ਜਾਇ।"
— ਵਡ **੧**, ੨, ੧ : ੨ (557)
2. ਲੰਕਾ ਦਾ ਰਾਜਾ ਜਿਸ ਨੇ ਸੀਤਾ ਹਰਣ ਕੀਤਾ ਸੀ
"ਦਾਧੀਲੇ ਲੰਕਾ ਗੜੁ ਉਪਾੜੀਲੇ **ਰਾਵਣ** ਬਣੁ ਸਲਿ ਬਿਸਲਿ ਆਣਿ ਤੋਖੀਲੇ ਹਰੀ।"
— ਧਨਾ **ਤ੍ਰਿਲੋ**, ੧, ੫ : ੧ (695)

ਰਾਵਣਹਾਰੁ — ਮਾਣਨ ਵਾਲਾ, ਭੋਗਣ ਵਾਲਾ ਭਾਵ ਪ੍ਰਭੂ
"ਆਪੇ ਰਸੀਆ ਆਪਿ ਰਸੁ ਆਪੇ **ਰਾਵਣਹਾਰੁ**।"
— ਸਿਰੀ **੧**, ੨੫, ੧ : ੧ (23)

ਰਾਵਣਾ — ਚੇਤੇ ਕਰਨਾ, ਸਿਮਰਨਾ
"ਸਰਬ ਕਲਿਆਣ ਜੇ ਮਨ ਮਹਿ ਚਾਹਹਿ ਮਿਲਿ ਸਾਧੂ ਸੁਆਮੀ **ਰਾਵਣਾ**।"
— ਮਾਰੂ **੫**, ਸੋਲਾ ੧੪, ੪ : ੩ (1086)

ਰਾਵਣਿ — ਭੋਗਣ ਲਈ, ਮਾਨਣ ਲਈ, ਮੇਲ ਦਾ ਸੁਖ ਲੈਣ ਲਈ
"ਸਭਿ ਸਹੀਆ ਸਹੁ **ਰਾਵਣਿ** ਗਈਆ ਹਉ ਦਾਧੀ ਕੈ ਦਰਿ ਜਾਵਾ।"
— ਵਡ **੧**, ੩, ੧ : ੯ (558)

ਰਾਵਣੁ — ਲੰਕਾ ਦਾ ਰਾਜਾ
"ਭੂਲੋ **ਰਾਵਣੁ** ਮੁਗਧੁ ਅਚੇਤਿ।"
— ਗਉ **੧**, ਅਸ ੯, ੫ : ੧ (224)

ਰਾਵਣੇ — ਭੋਗਦੇ, ਮਾਣਦੇ
"ਹਰਿਹਾਂ ਹਉ ਬਲਿਹਾਰੀ ਤਿੰਨ੍ਹ ਜਿ ਹਰਿ ਰੰਗੁ **ਰਾਵਣੇ**।" — ਫੁਨ **੫**, ੨੨, ੪ (1363)

ਰਾਵਨ — ਲੰਕਾ ਦਾ ਰਾਜਾ
"ਤਿਹ **ਰਾਵਨ** ਘਰ ਖਬਰਿ ਨ ਪਾਈ।"
— ਆਸਾ **ਕਬ**, ੨੧, ੧, ੨ (481)

ਰਾਵਨਾ — ਮਾਣਨਾ, ਸਿਮਰਨਾ
"ਕਹੁ ਨਾਨਕ ਗੁਰਿ ਚਲਤੁ ਦਿਖਾਇਆ ਮਨ ਮਧੇ ਹਰਿ ਹਰਿ **ਰਾਵਨਾ**।"
— ਮਾਰੂ **੫**, ਅਸ ੫, ੮ : ੧ (1018)

ਰਾਵਨੁ — ਲੰਕਾ ਦਾ ਰਾਜਾ
"ਜਿਨਿ ਗੜ ਕੋਟ ਕੀਏ ਕੰਚਨ ਕੇ ਛੋਡਿ ਗਇਆ ਸੋ **ਰਾਵਨੁ**।" — ਮਾਰੂ **ਕਬ**, ੬, ੧ : ੧ (1104)

ਰਾਵਲ — ਹੇ ਜੋਗੀ, 'ਅਲਖ' ਦੀ ਧੁਨੀ ਕਰ ਭਿਖਿਆ ਮੰਗਨ ਵਾਲੇ !
"ਪੰਚ ਚੇਲੇ ਵਸਿ ਕੀਜਹਿ **ਰਾਵਲ** ਇਹੁ ਮਨੁ ਕੀਜੈ ਡੰਡਾਰਾ।" — ਗਉ **੧**, ੧੫, ੧ : ੨ (155)

ਰਾਵਾ — ਧੂੜ, ਰਜ, ਘਟਾ
"ਉਡਿ ਉਡਿ **ਰਾਵਾ** ਝਾਟੈ ਪਾਇ।"
— ਆਸਾ **੧**, ਵਾਰ ਪਸ, **੧**, ੨ : ੩ (465)

ਰਾਵਾਸੀ — ਭੋਗਿਆ, ਮਾਣਿਆ
"ਗੁਰ ਸਬਦਿ ਵਿਗਾਸੀ ਸਹੁ **ਰਾਵਾਸੀ** ਫਲੁ ਪਾਇਆ ਗੁਣਕਾਰੀ।"

— ਧਨਾ **੧**, ਛੰਤ ੩, ੫ : ੫ (690)

ਰਾਵਾਰ — ਧੂੜੀ
"ਹੋਹੁ ਕ੍ਰਿਪਾਲੁ ਦੀਨੁ ਦੁਖ ਭੰਜਨ ਤੇਰਿਆ ਸੰਤਹ ਕੀ **ਰਾਵਾਰ**।"
— ਸਾਰ **੫**, ੧੦੧, ੨ : ੧ (1223)

ਰਾਵਿਓ — ਚੇਤੇ ਰਖਿਆ, ਯਾਦ ਕੀਤਾ
"ਜਾਂ ਸੁਖ ਤਾ ਸਹੁ **ਰਾਵਿਓ** ਦੁਖਿ ਭੀ ਸੰਮ੍ਾਲਿਓਇ।"
— ਸੂਹੀ **੩**, ਵਾਰ ੨੦ਸ, **੨**, ੨ : ੧ (792)

ਰਾਵਿਅੜਾ — ਮਾਣਿਆ, ਭੋਗਿਆ
"ਨਾਨਕ ਧਨੁ ਧੰਨੁ ਧੰਨੁ ਸੋਹਾਗਣਿ ਜਿਨਿ ਪਿਰੁ **ਰਾਵਿਅੜਾ** ਸਚੁ ਸਵਰਾ।"
— ਵਡ **੪**, ੩, ੨ : ੪ (561)

ਹੋਰ ਰੂਪ — ਰਾਵਿਅੜੀ —
"ਪਿਰਿ **ਰਾਵਿਅੜੀ** ਸਬਦਿ ਰਲੀ ਰਵਿ ਰਹਿਆ ਨਹ ਦੂਰੀ ਰਾਮ।" (ਮਾਣਿਆ, ਭੋਗਿਆ)
— ਸੂਹੀ **੧**, ਛੰਤ ੩, ੩ : ੨ (765)

ਰਾਵਿਆ — 1. ਭੋਗਿਆ, ਮਾਣਿਆ
"ਜਾਇ ਪੁਛਹੁ ਸੋਹਾਗਣੀ ਤੁਸੀ **ਰਾਵਿਆ** ਕਿਨੀ ਗੁਣੀ।" — ਸਿਰੀ **੧**, ੧੦, ੨ : ੧ (17)
2. ਸਿਮਰਿਆ
"ਜਿਨੀ **ਰਾਵਿਆ** ਸੋ ਪ੍ਰਭੂ ਤਿੰਨਾ ਭਾਗੁ ਮਣਾ।" (ਸਿਮਰਿਆ)
— ਮਾਝ **੧**, ਬਾਰਾ ੨ : ੨ (133)
"ਫਰੀਦਾ ਕਾਲੀ ਜਿਨੀ ਨ **ਰਾਵਿਆ** ਧਉਲੀ ਰਾਵੈ ਕੋਇ।"
— ਸਲੋ **ਫਰ**, ੧੨ : ੧ (1378)

ਰਾਵੀ — ਭੋਗੀ, ਮਾਣੀ
"ਨਾਨਕ ਸਾ ਸੁਆਲਿਓ ਸੁਲਖਣੀ ਜਿ **ਰਾਵੀ** ਸਿਰਜਨਹਾਰਿ।"
— ਸਿਰੀ **੪**, ਵਾਰ ੧੬ਸ, **੩**, ੧ : ੨ (89)

ਹੋਰ ਰੂਪ — ਰਾਵੀਐ —
"ਸੰਗੇ ਸੋਹੰਤੀ ਕੰਤ ਸੁਆਮੀ ਦਿਨਸੁ ਰੈਣੀ **ਰਾਵੀਐ**।" (ਮਾਣੀਏ)
— ਆਸਾ **੫**, ਛੰਤ ੧੨, ੧ : ੩ (460)

ਰਾਵੀਐ — 1. ਮਾਣੀਏ, ਵੇਖੋ, 'ਰਾਵੀ'
2. ਸਿਮਰੀਏ, ਬੋਲੀਏ
"ਅੰਮ੍ਰਿਤੁ ਹਰਿ ਕਾ ਨਾਮੁ ਸਾਧਸੰਗਿ **ਰਾਵੀਐ** ਜੀਉ।" — ਧਨਾ **੫**, ਛੰਤ ੧, ੧ : ੨ (691)

ਰਾਵੀਏ — ਭੋਗਦਾ ਹੈ
"ਪਿਰ ਖੁਸੀਏ ਧਨ **ਰਾਵੀਏ** ਧਨ ਉਰਿ ਨਾਮੁ ਸੀਗਾਰੁ।"
— ਮਾਰੂ **੫**, ਵਾਰ ੬ਸ, **੩**, ੧ : ੧ (1088)

ਰਾਵੀਜੈ — ਸਿਮਰੀ ਦੇ, ਉਚਾਰਣ ਕਰੀਏ
"ਲਾਹਾ ਹਰਿ ਰਸੁ ਲੀਜੈ ਹਰਿ **ਰਾਵੀਜੈ** ਅਨਦਿਨੁ ਨਾਮੁ ਵਖਾਣੈ।"
— ਵਡ **੩**, ਛੰਤ ੨, ੧ : ੩ (568)

ਰਾਵੇ — ਭੋਗਦਾ ਹੈ, ਰਸ ਮਾਣਦਾ ਹੈ
"ਜਿਨਿ ਪਿਰੁ ਸੰਗੇ ਜਾਣਿਆ ਪਿਰੁ **ਰਾਵੇ** ਸਦਾ ਹਦੂਰਿ।" — ਸਿਰੀ **੩**, ੬੨, ੧ : ੪ (38)
"ਗੁਰਮੁਖਿ ਹਰਿ **ਰਾਵੇ** ਸੁਖ ਸਾਗਰੁ।" (ਮਾਣਦਾ ਹੈ) — ਵਡ **੪**, ੧, ੧ : ੨ (560)

ਰਾਵੇਇ — ਭੋਗੇ
"ਸਚਾ ਸਬਦੁ ਭਤਾਰੁ ਹੈ ਸਦਾ ਸਦਾ **ਰਾਵੇਇ**।"
— ਗਉ **੪**, ਵਾਰ ੨੦ਸ, **੩**, ੧ : ੩ (311)

ਰਾਵੇਸੀ — ਭੋਗਦਾ ਹੈ, ਮਾਣਦਾ ਹੈ
"ਜੈ ਭਾਵੈ ਪਿਆਰਾ ਤੈ **ਰਾਵੇਸੀ**।"
— ਸੂਹੀ **੧**, ਅਸ ੧, ੮ : ੨ (750)

ਰਾਵੇਹਾ — ਸਿਮਰੀਏ
"ਮਿਲੁ ਸਖੀ ਸਹੇਲੜੀਹੋ ਹਮ ਪਿਰੁ **ਰਾਵੇਹਾ**।"
— ਗਉ **੧**, ਛੰਤ ੧, ੩ : ੧ (242)

ਰਾਵੈ — ਭੋਗਦਾ ਹੈ, ਮਾਣਦਾ ਹੈ
"ਹਰਿ ਜੀਉ ਇਉ ਪਿਰੁ **ਰਾਵੈ** ਨਾਰਿ।"
— ਸਿਰੀ **੧**, ਅਸ ੨, ੧* : ੧ (54)
"ਲਾਖ ਕੋਟ ਖੁਸੀਆ ਰੰਗ **ਰਾਵੈ** ਜੋ ਗੁਰ ਲਾਗਾ ਪਾਈ ਜੀਉ।" (ਮਾਣਦਾ ਹੈ)
— ਮਾਝ **੫**, ੨੩, ੧ : ੩ (101)
"ਸਾਖਾ ਤੀਨਿ ਮੂਲੁ ਮਤਿ **ਰਾਵੈ** ਤੂੰ ਤਾਂ ਸਰਬ ਵਿਡਾਣੀ।" (ਮਾਣਦੀ, ਸਿਮਰਦੀ)
— ਆਸਾ **੩**, ਅਸ, ੨੩, ੧ : ੨ (422)

ਰਾੜਿ — ਝਗੜਾ
"ਰਾੜੈ **ਰਾੜਿ** ਕਰਹਿ ਕਿਆ ਪ੍ਰਾਣੀ ਤਿਸਹਿ ਧਿਆਵਹੁ ਜਿ ਅਮਰੁ ਹੋਆ।"
— ਆਸਾ **੧**, ਪਟੀ ੩੩ : ੧ (434)

ਰਿਸਾਇ — ਗੁਸੇ ਹੋ ਜਾਵੇਗਾ

"ਨਾਹੀ ਤ ਘਰ ਕੋ ਬਾਪੁ **ਰਿਸਾਇ**।"
— ਭੈਰ **ਨਾਮ**, ੩, ੧* : ੩ (1163)
"ਕਾਢਿ ਖੜਗੁ ਕੋਪਿਓ **ਰਿਸਾਇ**।" (ਛਿੱਥਾ ਪੈਣਾ)
— ਬਸੰ **ਕਬ**, ੪, ੪ : ੧ (1194)

ਰਿਸੈ — ਗੁਸੇ ਹੋਵੇਗਾ
"ਨਾਤਰੁ ਖਰਾ **ਰਿਸੈ** ਹੈ ਰਾਇ।"
— ਗਉ **ਕਬ**, ਵਾ ੩ : ੪ (344)

ਰਿਖ — (ਸੰ. ਹ੍ਰਸ਼ੀਕ) ਇੰਦਰੀਆਂ (ਦਰਪਣ, ਕੋਸ਼, ਗਿਰਾਰਥ); (ਸੰ. ਰਿਸ਼—ਜੋ ਮਾਰੇ ਸੋ ਰਿਖ) ਧਰਮ ਰਾਜ (ਕੋਸ਼ ਸ਼ਬਦਾਰਥ); ਆਵਾਗਵਨ (ਨਿਰਣੈ)
"ਅਨ ਤੇ ਟੂਟੀਐ **ਰਿਖ** ਤੇ ਛੂਟੀਐ।"
— ਬਿਲਾ **੫**, ੧੨੯, ੨ : ੧ (830)

ਰਿਖਾ — ਰੇਖਾ, ਲਕੀਰ, ਚਿਹਨ
"ਕਿਛੁ ਵਖਰੁ ਹੋਇ ਸੁ ਵਰਨੀਐ ਤਿਸੁ ਰੂਪੁ ਨ **ਰਿਖਾ**।" — ਕਾਨ **੪**, ਵਾਰ ੮ : ੨ (1316)

ਰਿਖਿ — 1. ਧਰਮਰਾਜ
"ਸੁਰਿ ਨਰ ਗਣ ਗੰਧਰਬੇ ਜਪਿਓ **ਰਿਖਿ** ਬਪੁਰੈ ਹਰਿ ਗਾਇਆ।"
— ਮਾਰੂ **੪**, ੨, ੨ : ੧ (995)
2. ਰਿਸ਼ੀ, ਗਿਆਨਵਾਨ
"ਸੁਖਦੇਉ ਪਰੀਖ੍ਯਤ ਗੁਣ ਰਵੈ ਗੋਤਮ **ਰਿਖਿ** ਜਸੁ ਗਾਇਓ।" — ਸਵ **੧**, ੮ : ੫ (1390)
3. ਤਾਰੇ, ਨਛਤ੍ਰ
"ਸਸਿ **ਰਿਖਿ** ਨਿਸਿ ਸੂਰ ਦਿਨਿ ਸੈਲ ਤਰੂਅ ਫਲ ਫੁਲ ਦੀਅਉ।"
— ਸਵ **੧**, ਨਲ ੫ : ੨ (1399)

ਰਿਖਿਅੰ — ਇੰਦ੍ਰੀਆਂ
"ਬਸਿੰਤ **ਰਿਖਿਅੰ** ਤਿਆਗਿ ਮਾਨੰ।"
— ਸਸ **੫**, ੧੩ : ੩ (1355)

ਰਿਖਿਆ — ਰੇਖ, ਚਿਹਨ
"ਨਾਵੈ ਜੇਵਡ ਹੋਰ ਦਾਤਿ ਨਾਹੀ ਤਿਸੁ ਰੂਪੁ ਨ **ਰਿਖਿਆ**।" — ਸੂਹੀ **੩**, ਵਾਰ ੬ : ੨ (787)

ਰਿਖੀ — ਰਿਸ਼ੀ
"ਬ੍ਰਹਮਾ ਬਿਸਨੁ **ਰਿਖੀ** ਮੁਨੀ ਸੰਕਰੁ ਇੰਦੁ ਤਪੈ ਭੇਖਾਰੀ।" — ਮਾਰੂ **੧**, ੧੦, ੨ : ੧ (992)

ਰਿਖੀਕੇਸ — ਇੰਦ੍ਰਿਆਂ ਦਾ ਸੁਆਮੀ, ਪ੍ਰਭੂ, ਵਾਹਿਗੁਰੂ
"**ਰਿਖੀਕੇਸ** ਗੋਪਾਲ ਗੋੁਵਿੰਦ।"
— ਰਾਮ **੫**, ੪੫, ੨ : ੩ (897)
ਹੋਰ ਰੂਪ — **ਰਿਖੀਕੇਸੁ** —
"ਸਭਿ ਕਹਹੁ ਮੁਖਹੁ **ਰਿਖੀਕੇਸੁ** ਹਰੇ ਰਿਖੀਕੇਸੁ ਹਰੇ ਜਿਤੁ ਪਾਵਹਿ ਸਭ ਫਲ ਫਲਨਾ।"
— ਕਾਨ **੪**, ਵਾਰ ੨ : ੫ (1313)

ਰਿਗੁ — ਚਹੁੰ ਵੇਦਾਂ ਵਿਚੋਂ ਇਕ ਵੇਦ
"**ਰਿਗੁ** ਕਹੈ ਰਹਿਆ ਭਰਪੂਰਿ।"
— ਆਸਾ **੧**, ਵਾਰ ੧੩ਸ, **੧**, ੨ : ੩ (470)

ਰਿਜਕੁ — (ਅ. ਰਿਜ਼ਕ) ਰੋਜ਼ੀ, ਉਪਜੀਵਕਾ
"ਸੈਲ ਪਥਰ ਮਹਿ ਜੰਤ ਉਪਾਏ ਤਾ ਕਾ **ਰਿਜਕੁ** ਆਗੈ ਕਰਿ ਧਰਿਆ।"
— ਗੂਜ **੫**, ੫, ੧ : ੨ (10)

ਰਿਜਮ — ਥੋੜਾ ਜਿਹਾ, ਰਤਾ ਕੁ
"ਧਰਮ ਰਾਇ ਕਾ ਦਫਤਰੁ ਸੋਧਿਆ ਬਾਕੀ **ਰਿਜਮ** ਨ ਕਾਈ।" — ਸੂਹੀ **ਕਬ**, ੫, ੩ : ੨ (793)

ਰਿਤਨੋ — ਖਾਲੀ, ਰਹਿਤ, ਵਿਹੂਣਾ
"ਹਰਨ ਭਰਨ ਸੰਪੂਰਨਾ ਚਰਨ ਕਮਲ ਰੰਗਿ **ਰਿਤਨੋ**।"

ਰਿਦ — (ਸੰ. ਹ੍ਰਿਦਯ੍) ਮਨ, ਦਿਲ
"ਕੀਮਤਿ ਕਿਨੈ ਨ ਪਾਈਐ **ਰਿਦ** ਮਾਣਕ ਮੋਲਿ ਅਮੋਲਿ।" — ਸਿਰੀ **੧**, ੨੧, ੧ : ੩ (22)
"ਚਰਨ ਕਵਲ **ਰਿਦ** ਅੰਤਰਿ ਧਾਰੇ।"
— ਗਉ **੫**, ੧੨੫, ੨ : ੧ (191)
"ਚਰਨ ਕਮਲ **ਰਿਦ** ਮਹਿ ਉਰਿ ਧਾਰਹੁ।"
— ਗਉ **੫**, ਸੁਖ ੧੯, ੧ : ੪ (288)
(ਮਹਾਨ ਕੋਸ਼ ਇਥੇ 'ਰਿਦ' ਨੂੰ ਹ੍ਰਦ ਤੋਂ ਵਿਉਤਪਤ ਮੰਨ ਅਰਥ 'ਤਾਲ' (ਡੂੰਘਾ ਤਾਲਾਬ) ਕਰਦੇ ਹਨ)
"ਵਜਹੁ ਨਾਨਕ ਮਿਲੈ ਏਕੁ ਨਾਮੁ **ਰਿਦ** ਜਪਿ ਜਪਿ ਜੀਵੈ।" (ਦਿਲ ਵਿਚ)
— ਆਸਾ **੫**, ੧੧੬, ੪ : ੨ (400)

ਰਿਦਸੁਧ — ਸੁਧ ਹਿਰਦੇ ਵਾਲੇ
"ਤਾ ਤੇ ਜਨ ਕਉ ਅਨਦੁ ਭਇਆ ਹੈ **ਰਿਦਸੁਧ** ਮਿਲੇ ਖੋਟੇ ਪਛੁਤਾਨੈ।"
— ਕਲਿ **੪**, ੫, ੩ : ੨ (1320)

ਰਿਦੰਤਰਹ — ਹਿਰਦੇ ਵਿਚ

"ਬ੍ਰਿਥਾ ਅਨੁਗ੍ਰਹੰ ਗੋਬਿੰਦਹ ਜਸੁ ਸਿਮਰਣ **ਰਿਦੰਤਰਹ**।" — ਸਸ **੫**, ੨੫, ੧ (1356)

ਹੋਰ ਰੂਪ — ਰਿਦੰਤਰਿ —

"ਰਾਜੁ ਜੋਗੁ ਮਾਣਿਓ ਬਸਿਓ ਨਿਰਵੈਰੁ **ਰਿਦੰਤਰਿ**।" (ਰਿਦੇ ਵਿਚ)

— ਸਵ **੧**, ੬ : ੧ (1390)

ਰਿਦਦਾਸ — ਦਾਸਾਂ ਦੇ ਦਿਲ/ਹਿਰਦੇ ਵਿਚ

"ਸੁੰਦਰੁ ਸੁਘੜੁ ਚਤੁਰੁ ਸਭ ਬੇਤਾ **ਰਿਦਦਾਸ** ਨਿਵਾਸ ਭਗਤ ਗੁਨ ਗਾਵਨ।"

— ਟੋਡੀ **੫**, ੨੫, ੧ : ੧ (717)

ਰਿਦਯਾ — ਹਿਰਦਾ, ਦਿਲ

"ਸੀਤਲੰਤ **ਰਿਦਯੰ** ਦ੍ਰਿੜੁ ਸੰਤ ਗਿਆਨੰ।"

— ਸਸ **੫**, ੧੩ : ੪ (1355)

ਰਿਦਰਮਣੰ — ਹਿਰਦੇ ਵਿਚ ਵਸਾਉਣ ਨਾਲ

"ਭਜੁ ਸਰਣਿ ਸਤਿਗੁਰ ਊਬਰਹਿ ਹਰਿ ਨਾਮੁ **ਰਿਦਰਮਣੰ**।"

— ਗੂਜ **੧**, ਅਸ ੫, ੫ : ੨ (505)

ਰਿਦਾ — ਹਿਰਦਾ

"ਸੋ **ਰਿਦਾ** ਸੁਹੇਲਾ ਜਿਤੁ ਰਿਦੈ ਤੂੰ ਵੁਠਾ ਸਭਨਾ ਕੇ ਦਾਤਾਰਾ ਜੀਉ।" — ਮਾਝ **੫**, ੯, ੧ : ੩ (97)

ਰਿਦਿ — (ਸੰ. ਹ੍ਰਿਦਿ) ਹਿਰਦੇ ਵਿਚ

"**ਰਿਦਿ** ਬਿਗਾਸੁ ਜਾਗਿਓ ਅਲਖਿ ਕਲ ਧਰੀ ਜੁਗੰਤਰਿ।" — ਸਵ **੨**, ੭ : ੩ (1392)

ਰਿਦੇ — (ਸੰ. ਹ੍ਰਦਯੇ) ਹਿਰਦੇ, ਦਿਲ

"ਪ੍ਰਾਨ ਮਨੁ ਤਨੁ ਜਿਨਹਿ ਦੀਆ **ਰਿਦੇ** ਕਾ ਆਧਾਰੁ।"

— ਸਿਰੀ **੫**, ੯੫, ੧* : ੨ (51)

ਹੋਰ ਰੂਪ — ਰਿਦੈ —

"ਮਨੁ ਕਿਰਸਾਣੁ ਹਰਿ **ਰਿਦੈ** ਜੰਮਾਇ ਲੈ ਇਉ ਪਾਵਸਿ ਪਦੁ ਨਿਰਬਾਣੀ।" (ਹਿਰਦੇ ਵਿਚ)

— ਸਿਰੀ **੧**, ੨੬, ੧ : ੨ (23)

"ਤਿਤੁ ਫਲ ਰਤਨ ਲਗਹਿ ਮੁਖਿ ਭਾਖਿਤ ਹਿਰਦੈ **ਰਿਦੈ** ਨਿਹਾਲੁ।"

— ਮਾਝ **੧**, ਵਾਰ ੨੦ਸ, **੧**, ੨ : ੨ (147)

(ਮਹਾਨਕੋਸ਼ ਇਸੇ 'ਰਿਦੈ' ਨੂੰ ਰੁਚ ਤੋਂ ਵਿਉਤਪਤ ਮਨ ਅਰਥ 'ਮਨ ਭਾਵਨ' ਕਰਦਾ ਹੈ)

ਰਿਧਿ — 1. ਕਰਾਮਾਤੀ ਸ਼ਕਤੀਆਂ ਜੋ ਕਰੜੀ ਘਾਲਣਾ ਉਪਰੰਤ ਜੋਗੀਆਂ ਨੂੰ ਪ੍ਰਾਪਤ ਹੁੰਦੀਆਂ ਹਨ; ਧਨ ਸੰਪਦਾ ਪੈਦਾ ਕਰਨ ਵਾਲੀਆਂ ਸ਼ਕਤੀਆਂ

"ਆਪਿ ਨਾਥੁ ਨਾਥੀ ਸਭ ਜਾ ਕੀ **ਰਿਧਿ** ਸਿਧਿ ਅਵਰਾ ਸਾਦ।" — ਜਪੁ **੧**, ੨੯ : ੨ (6)

"ਸਿਧੁ ਹੋਵਾ ਸਿਧਿ ਲਾਈ **ਰਿਧਿ** ਆਖਾ ਆਉ।"

— ਸਿਰੀ **੧**, ੧, ੩ : ੧ (14)

"ਹਿਰਦੈ ਕਾਮ ਕਾਮਨੀ ਮਾਗਹਿ **ਰਿਧਿ** ਮਾਗਹਿ ਹਾਥੁ ਪਸਾਰੇ।" (ਸੰਪਦਾ, ਧਨ, ਦੌਲਤ)

— ਰਾਮ **੪**, ੬, ੨ : ੨ (882)

2. ਰਿਧੀਆਂ ਵਾਲੇ, ਕਰਾਮਾਤੀ ਸ਼ਕਤੀਆਂ ਦੇ ਧਾਰਨੀ

"ਤੇਤੀਸ ਕਰੋੜੀ ਦਾਸ ਤੁਮ੍ਹਾਰੇ **ਰਿਧਿ** ਸਿਧਿ ਪ੍ਰਾਣ ਆਧਾਰੀ।"

— ਆਸਾ **੩**, ਅਸ ੨੩, ੨ : ੧ (423)

"**ਰਿਧਿ** ਬੁਧਿ ਸਿਧਿ ਗਿਆਨੁ ਗੁਰੂ ਤੇ ਪਾਈਐ ਪੂਰੈ ਭਾਗਿ ਮਿਲਾਇਦਾ।" (ਸੰਸਾਰਕ ਪਦਾਰਥ)

— ਮਾਰੂ **੧**, ਸੋਲਾ ੧੨, ੧੫ : ੩ (1038)

ਰਿਨਿ — ਕਰਜੇ ਨਾਲ,

"ਖਿਨੁ ਪਲੁ ਹਰਿ ਪ੍ਰਭੁ ਰਿਦੈ ਨਾ ਵਸਿਓ **ਰਿਨਿ** ਬਾਧੇ ਬਹੁ ਬਿਧਿ ਬਾਲ।"

— ਪ੍ਰਭਾ **੪**, ੨, ੨ : ੨ (1335)

ਹੋਰ ਰੂਪ — ਰਿਨੁ —

"ਜਨਮ ਜਨਮ ਕੇ ਕਿਲਬਿਖ ਦੁਖ ਉਤਰੇ ਗੁਰਿ ਨਾਮੁ ਦੀਓ **ਰਿਨੁ** ਲਾਥਾ।" (ਕਰਜਾ)

— ਜੈਤ **੪**, ੧, ੧ : ੨ (696)

ਰਿੰਨ੍ਹਿ — ਰਿੰਨ ਕੇ, ਪਕਾ ਕੇ

"ਕੁਹਿ ਬਕਰਾ **ਰਿੰਨ੍ਹਿ** ਖਾਇਆ ਸਭੁ ਕੋ ਆਖੈ ਪਾਇ।"

— ਆਸਾ **੧**, ਵਾਰ ੧੫ਸ, **੧**, ੨ : ੪ (471)

ਰਿਪ — ਵੈਰੀ

"ਸੁਖ ਲਹਹਿ ਤਿਨਰ ਸੰਸਾਰ ਮਹਿ ਅਭੈ ਪਦੁ **ਰਿਪ** ਮਧਿ ਤਿਹ।" — ਸਵ **੩**, ੧੧ : ੫ (1394)

ਰਿੜਕਿਓਨੁ — ਉਨ੍ਹਾਂ ਨੇ ਰਿੜਕਿਆ

"ਮਾਧਾਣਾ ਪਰਬਤੁ ਕਰਿ ਨੇਤ੍ਰਿ ਬਾਸਕੁ ਸਬਦਿ **ਰਿੜਕਿਓਨੁ**।"

— ਰਾਮ **ਬਸ**, ਵਾਰ ੪ : ੩ (967)

ਰੀ — 1. ਇਸਤ੍ਰੀ ਸੰਬੋਧਕ ਸ਼ਬਦ, ਹੇ

"ਭਾਵਨੁ ਤਿਆਗਿਓ **ਰੀ** ਤਿਆਗਿਓ।"
— ਗਉ **੫**, ੧੬੦*, ੧* : ੧ (214)
"ਕਿਆ ਜਾਨਾ ਕਿਆ ਹੋਇਗਾ **ਰੀ** ਮਾਈ।"
— ਆਸਾ **੧**, ੨੬, ੨* : ੧ (357)
2. ਦੀ
"ਹੀਓ ਮਹਰਾਜ **ਰੀ** ਮਾਇਓ।"
— ਟੋਡੀ **੫**, ੧੯, ੧* : ੨ (715)

ਰੀਸ — 1. ਬਰਾਬਰੀ ਦੀ ਅਭਿਲਾਸ਼ਾ
"ਸੁਣਿ ਗਲਾਂ ਆਕਾਸ ਕੀ ਕੀਟਾ ਆਈ **ਰੀਸ**।"
— ਜਪੁ **੧**, ੩੨ : ੪ (7)
2. ਬਰਾਬਰੀ
"ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ **ਰੀਸ**।"
— ਸਿਰੀ **੧**, ੩, ੪ : ੨ (15)
"ਓਨਾ ਦੀ **ਰੀਸ** ਕਰੇ ਸੁ ਵਿਗੁਚੈ ਜਿਨ ਹਰਿ ਪ੍ਰਭੁ ਹੈ ਰਖਵਾਰਾ।" (ਬਰਾਬਰੀ, ਨਕਲ)
— ਸੋਰ **੩**, ਅਸ ੧, ੫ : ੩ (638)
ਹੋਰ ਰੂਪ — ਰੀਸਾ —
"**ਰੀਸਾ** ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਅਹ।" (ਨਕਲ, ਬਰਾਬਰੀ)
— ਸਿਰੀ **੪**, ਵਾਰ ੨ਸ, **੧**, ੨ : ੩ (85)
"ਜੋ ਪ੍ਰਿਅ ਮਾਨੇ ਤਿਨ ਕੀ **ਰੀਸਾ**।" (ਬਰਾਬਰੀ)
— ਸੂਹੀ **੫**, ੨, ੧* : ੧ (738)

ਰੀਸਾਈ — ਰੁਸ ਕੇ, ਗੁਸੇ ਹੋ ਕੇ
"ਛੂਟੇ ਕੂੰਡੇ ਭੀਗੈ ਪੁਰੀਆ ਚਲਿਓ ਜੁਲਾਹੋ **ਰੀਸਾਈ**।" — ਗਉ **ਕਬ**, ੫੪, ੩ : ੨ (335)

ਰੀਸਾਲ — ਰਸਵਾਲੇ
"ਮੋਤੀ ਹੀਰਾ ਨਿਰਮਲਾ ਕੰਚਨ ਕੋਟ **ਰੀਸਾਲ**।"
— ਸਿਰੀ **੧**, ੯, ੨ : ੨ (17)
ਹੋਰ ਰੂਪ — ਰੀਸਾਲਾ —
"ਤੇਰੇ ਬੰਕੇ ਲੋਇਣ ਦੰਤ **ਰੀਸਾਲਾ**।" (ਰਸਾਲੇ, ਰਸ ਵਾਲੇ)
— ਵਡ **੧**, ਛੰਤ ੨, ੨ : ੧ (567)
ਰੀਸਾਲੂ —
"ਪਿਰੁ **ਰੀਸਾਲੂ** ਤਾ ਮਿਲੈ ਜਾ ਗੁਰ ਕਾ ਸਬਦੁ ਸੁਣੀ।" (ਰਸ ਵਾਲਾ, ਅਨੰਦੀ, ਸੁੰਦਰ)
— ਸਿਰੀ **੧**, ੧੦, ੨ : ੩ (17)

ਰੀਸੈ — 1. ਨਿਕਲਦਾ, ਰਿਸਦਾ
"ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀ **ਰੀਸੈ**।"
— ਗਉ **੧**, ਅਸ ੧੮, ੨ : ੨ (229)
"ਨੀਰੁ ਬਿਲੋਵੈ ਅਤਿ ਸ੍ਰਮੁ ਪਾਵੈ ਨੈਨੂ ਕੈਸੇ **ਰੀਸੈ**।"
— ਸਾਰ **੫**, ੧੧, ੩ : ੧ (1205)
2. ਬਰਾਬਰੀ ਕਰਕੇ, ਨਕਲ ਕਰਕੇ
"ਸਤਿਗੁਰ ਕੀ **ਰੀਸੈ** ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ।"
— ਗਉ **੪**, ਵਾਰ ੯ : ੪ (304)

ਰੀਝਹਿ — ਰੀਝਦਾ, ਲੋਚਦਾ
"ਮੂਲੁ ਨ ਬੂਝਹਿ ਸਾਚਿ ਨ **ਰੀਝਹਿ** ਦੂਜੈ ਭਰਮਿ ਭੁਲਾਈ ਹੇ।"
— ਮਾਰੂ **੧**, ਸੋਲ੍ਹਾ ੫, ੩ : ੩ (1024)

ਰੀਝਾਇ — ਖੁਸ਼ ਕਰਨਾ, ਭਰਮਾਉਣਾ
"ਪ੍ਰੇਮ ਠਗਉਰੀ ਪਾਇ **ਰੀਝਾਇ** ਗੋਬਿੰਦ ਮਨੁ ਮੋਹਿਆ ਜੀਉ।" — ਸਿਰੀ **੫**, ਛੰਤ ੩, ੪ : ੧ (81)
ਹੋਰ ਰੂਪ — ਰੀਝਾਇਓ —
"ਭਲੇ ਸੰਜੋਗ ਭਲੇ ਦਿਨ ਅਉਸਰ ਜਉ ਗੋਪਾਲੁ **ਰੀਝਾਇਓ**।" (ਖੁਸ਼ ਹੋਇਆ)
— ਸਾਰ **੫**, ੧੪, ੧* : ੨ (1206)
ਰੀਝਾਇਆ —
"ਜਿਨੀ ਮੈਡਾ ਲਾਲੁ **ਰੀਝਾਇਆ** ਹਉ ਤਿਸੁ ਆਗੈ ਮਨੁ ਡੇਂਹੀਆ।" (ਖੁਸ਼ ਕੀਤਾ)
— ਜੈਤ **੫**, ਛੰਤ ੧, ੨ : ੫ (703)
ਰੀਝਾਈ —
"ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ਜੈਸੇ ਕਰਹਲੁ ਬੇਲਿ **ਰੀਝਾਈ**।" (ਖੁਸ਼ ਹੁੰਦਾ ਹੈ, ਰੀਝਦਾ ਹੈ)
— ਆਸਾ **੪**, ੬੨, ੧* : ੨ (369)
ਰੀਝਏ —
"ਕਵਨ ਉਪਮਾ ਕਉਨ ਬਡਾਈ ਕਿਆ ਗੁਨ ਕਹਉ **ਰੀਝਾਏ**।" (ਖੁਸ਼ ਹੋਵੇ)
— ਸਾਰ **੫**, ੮, ੪ : ੧ (1205)

ਰੀਝਾਨਾ — ਰੀਝਨਾ, ਪ੍ਰਸੰਨ ਹੋਣਾ
"ਕੂੜਿ ਕਪਟਿ ਅਹੰਕਾਰਿ **ਰੀਝਾਨਾ**।"
— ਰਾਮ **੫**, ੩੨, ੨ : ੩ (892)

ਰੀਝਾਵਉ — ਖੁਸ਼ ਕਰਾਂ, ਪ੍ਰਸੰਨ ਕਰਾਂ

"ਕਵਨ ਬੋਲ ਪਾਰਬ੍ਰਹਮ **ਰੀਝਾਵਉ**।"
— ਗਉ **੫**, ੧੦੫, ੧* : ੨ (187)

ਰੀਝਾਵੈ — ਪ੍ਰਸੰਨ ਕਰੇ, ਖੁਸ਼ ਕਰੇ
"ਤੁਝ ਬਿਨੁ ਕਵਨੁ **ਰੀਝਾਵੈ** ਤੋਹੀ।"
— ਗਉ **੫**, ੧੨੯, ੧* : ੧ (207)
"ਕਵਨ ਜੋਗ ਕਵਨ ਗਿਆਨ ਧਿਆਨਾ ਕਵਨ ਗੁਨੀ **ਰੀਝਾਵੈ**।" (ਖੁਸ਼ ਹੋਵੇ)
— ਨਟ **੫**, ੧, ੨ : ੧ (978)

ਰੀਝੈ — ਪ੍ਰਸੰਨ ਹੋਏ, ਖੁਸ਼ ਹੋਏ
"ਮਨੁ ਮਾਰਿ **ਰੀਝੈ** ਸਬਦਿ ਸੀਝੈ ਤ੍ਰੈਲੋਕ ਨਾਥੁ ਪਛਾਣਏ।"
— ਬਿਲਾ **੧**, ਛੰਤ ੨, ੪ : ੩ (844)

ਰੀਣੇ — ਖਾਲੀ ਹੋ ਗਏ
"ਫਰੀਦਾ ਆਖੀ ਦੇਖਿ ਪਤੀਣੀਆ ਸੁਣਿ ਸੁਣਿ **ਰੀਣੇ** ਕੰਨ।" (ਭਾਵ ਬੋਲੇ ਹੋ ਗਏ)
— ਸਲੋ **ਫਰ**, ੧੧ : ੧ (1378)
(ਮਹਾਨ ਕੋਸ਼ ਅਰਥ 'ਨਕੰਮਾ ਹੋਇਆ' ਕਰਦਾ ਹੈ)

ਰੀਤਾ — 1. ਰੀਤ, ਵਰਤ ਵਰਤਾਰਾ
"ਪ੍ਰਭ ਕਉ ਸਿਮਰਹਿ ਤਿਸ ਨਿਰਮਲ **ਰੀਤਾ**।"
— ਗਉ **੫**, ਸੁਖ ੧, ੬ : ੬ (263)
2. ਸਖਣਾ, ਵਿਹੂਣਾ
"ਕਰਿ ਕਿਰਪਾ ਮੁਹਿ ਨਾਮੁ ਦੇਹੁ ਨਾਨਕ ਦਰਸ **ਰੀਤਾ**।" — ਬਿਲਾ **੫**, ੩੨, ੪ : ੨ (810)

ਰੀਤਾਵੀਆ — ਰੀਤ (ਜੁਗਤ) ਵਾਲੀਆਂ
"ਅੰਤਰਿ ਬਾਹਰਿ ਇਕੁ ਇਕ **ਰੀਤਾਵੀਆ**।"
— ਰਾਮ **੫**, ਵਾਰ ੧੫ : ੫ (964)

ਰੀਤਿ — ਰੀਤ, ਮਰਯਾਦਾ, ਜੁਗਤ
"ਇਕਸੈ ਦੀ ਸਾਮਗਰੀ ਇਕਸੈ ਦੀ ਹੈ **ਰੀਤਿ**।"
— ਸਿਰੀ **੫**, ੭੫, ੪ : ੨ (44)
"ਬਹੁਤੁ ਧਨਾਢਿ ਅਚਾਰਵੰਤੁ ਸੋਭਾ ਨਿਰਮਲ **ਰੀਤਿ**।" (ਵਰਤ ਵਰਤਾਰਾ)
— ਸਿਰੀ **੫**, ਅਸ ੨੬, ੭ : ੧ (30)
"ਠਾਕੁਰ ਕੇ ਸੇਵਕ ਕੀ ਨਿਰਮਲ **ਰੀਤਿ**।" (ਰਹਿਣੀ) — ਗਉ **੫**, ਸੁਖ ੧੨, ੩ : ੪ (285)
"ਜਲ ਦੁਧ ਨਿਆਈ **ਰੀਤਿ** ਅਬ ਦੁਧ ਆਚ ਨਹੀ ਮਨ ਐਸੀ ਪ੍ਰੀਤਿ ਹਰੇ।" (ਭਾਵ ਪਿਆਰ)
— ਆਸਾ **੫**, ਛੰਤ ੪, ੧ : ੧ (454)
"ਹਰਿ ਮੇਰੀ ਪ੍ਰੀਤਿ **ਰੀਤਿ** ਹੈ ਹਰਿ ਮੇਰੀ, ਹਰਿ ਮੇਰੀ ਕਥਾ ਕਹਾਣੀ ਜੀ।" (ਰਹਿਣੀ)
— ਗੂਜ **੩**, ੪, ੨* : ੧ (490)
"ਦਇਆਲ ਦੇਵ ਕ੍ਰਿਪਾਲ ਗੋਬਿੰਦ ਸੁਨਿ ਸੰਤਨਾ ਕੀ **ਰੀਤਿ**।" (ਜੀਵਨ ਜੁਗਤਿ, ਜੀਵਨ ਮਰਯਾਦਾ)
— ਮਾਰੂ **੫**, ਅਸ ੩, ੧* : ੨ (1017)
2. ਰੰਗੀਜ ਕੇ, ਰਤੇ ਜਾ ਕੇ
"ਘਟਿ ਘਟਿ ਆਤਮਰਾਮੁ ਹੈ ਪ੍ਰਭਿ ਖੇਲੁ ਕੀਓ ਰੰਗਿ **ਰੀਤਿ**।"
— ਕਾਨ **੪**, ਵਾਰ ੧੦ਸ, **੪**, ੧ : ੨ (1316)

ਰੀਤੇ — ਖਾਲੀ ਹੋਣੇ, ਸਖਣੇ ਹੋਣੇ
"ਦਰਬਿ ਭਰੇ ਭੰਡਾਰ **ਰੀਤੇ** ਇਕਿ ਖਣੇ।"
— ਮਾਝ **੧**, ਵਾਰ ੮ : ੪ (141)
"**ਰੀਤੇ** ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ।" (ਖਾਲੀ) — ਬਿਹਾ **੯**, ੧, ੧ : ੨ (537)

ਰੀਧਾਈਲੇ — ਰਿੰਨ੍ਹ ਲਵਾਂ
"ਆਨੀਲੇ ਦੂਧੁ **ਰੀਧਾਈਲੇ** ਖੀਰੰ ਠਾਕੁਰ ਕਉ ਨੈਵੇਦੁ ਕਰਉ।" — ਆਸਾ **ਨਾਮ**, ੨, ੩ : ੧ (485)

ਰੀਧੇ — ਸੰਤੁਸ਼ਟ ਹੋਏ, ਤਸਲੀ ਹੋਈ
"ਗੁਰ ਕੈ ਸਬਦਿ ਅੰਤਰਿ ਸਹਜਿ **ਰੀਧੇ**।"
— ਗਉ **੩**, ਅਸ ੫, ੨ : ੨ (231)

ਰੀਨਾ — ਚਰਨ ਧੂੜ
"ਜਬ ਇਹੁ ਹੂਆ ਸਗਲ ਕੀ **ਰੀਨਾ**।"
— ਗਉ **੫**, ਅਸ ੧, ੧ : ੩ (235)

ਰੀਰੀ — ਰਿ ਰਿ, ਨਾਗਰੀ ਲਿੱਪੀ ਦੇ ਦੋ ਅਰਧ ਸੁਰ ऋ ॠ
"**ਰੀਰੀ** ਲਲੀ ਪਾਪ ਕਮਾਣੇ ਪੜਿ ਅਵਗਣ ਗੁਣ ਵੀਸਰਿਆ।"
— ਆਸਾ **੩**, ਪਟੀ ੧ : ੨ (434)

ਰੁਸਾਏ — ਗੁਸੇ ਕੀਤੇ
"ਪੰਚ ਮਨਾਏ ਪੰਚ **ਰੁਸਾਏ**।"
— ਆਸਾ **੫**, ਅਸ ੧, ੧ : ੧ (430)

ਰੁਹਲਾ — ਲੂਲਾ
"**ਰੁਹਲਾ** ਟੁੰਡਾ ਅੰਧੁਲਾ ਕਿਉ ਗਲਿ ਲਗੈ ਧਾਇ।"
— ਮਾਝ **੧**, ਵਾਰ ੩ਸ, **੨**, ੨ : ੨ (139)

ਰੁਕਮਾਂਗਦ — ਇਕ ਪੌਰਾਣਿਕ ਧਰਮਾਤਮਾ ਰਾਜਾ,

ਨਾਮ ਸਿਮਰਨ ਜਿਸ ਦੀ ਨਿਤਕਾਰ ਸੀ
"**ਰੁਕਮਾਂਗਦ** ਕਰਤੂਤਿ ਰਾਮੁ ਜੰਪਹੁ ਨਿਤ ਭਾਈ।"
— ਸਵ **੩**, ੧੩ : ੩ (1394)

ਰੁਖ — ਦਰਖਤ
"ਜਾ ਕੇ **ਰੁਖ** ਬਿਰਖ ਆਰਾਉ।"
— ਸਿਰੀ **੧**, ੩੨, ੨ : ੧ (25)

ਰੁਖੜਾ — ਦਰਖਤ
"ਸਾਹਿਬੁ ਸਫਲਿਓ **ਰੁਖੜਾ** ਅੰਮ੍ਰਿਤੁ ਜਾ ਕਾ ਨਾਉ।"
— ਵਡ **੧**, ੧, ੨ : ੨ (557)

ਰੁਖਾਂ — ਦਰਖਤਾਂ
"ਦਰਵੇਸਾਂ ਨੋ ਲੋੜੀਐ **ਰੁਖਾਂ** ਦੀ ਜੀਰਾਂਦਿ।"
— ਸਲੋ **ਫਰ**, ੬੦ : ੨ (1381)

ਰੁਖੀ — 1. ਖੁਸ਼ਕ
"ਹਰਿ **ਰੁਖੀ** ਰੋਟੀ ਖਾਇ ਸਮਾਲੇ।"
— ਮਾਝ **੫**, ੩੨, ੨ : ੧ (105)

2. ਦਰਖਤਾਂ ਵਿਚ
"ਗੁਰ ਨਾਨਕ ਕਉ ਪ੍ਰਭੂ ਦਿਖਾਇਆ ਜਲਿ ਥਲਿ ਤ੍ਰਿਭਵਣਿ **ਰੁਖੀ**।"
— ਸੋਰ **੫**, ੩੦, ੨ :੨ (617)

ਰੁਖੁ— ਦਰਖਤ
"ਨਾਨਕ ਗੁਰੁ ਸੰਤੋਖੁ **ਰੁਖੁ** ਧਰਮੁ ਫੁਲੁ ਫਲ ਗਿਆਨੁ।"
— ਮਾਝ **੧**, ਵਾਰ ੨੦ਸ, **੧**, ੧ : ੧ (147)

ਰੁਗੁ — ਰਿਗ ਵੇਦ, ਚਹੁੰ ਵੇਦਾਂ ਵਿਚੋਂ ਇਕ
"ਸਾਮਵੇਦ, **ਰੁਗੁ** ਜੁਜਰੁ ਅਥਰਬਣੁ।"
— ਮਾਰੂ **੧**, ਸੋਲਾ ੧੭, ੯ : ੧ (1037)

ਰੁਚ — 1. ਰੁਚੀ, ਲਗਾਓ, ਪ੍ਰੀਤ
"ਜਿਉ ਮੋਹਿਓ ਉਨਿ ਮੋਹਨੀ ਬਾਲਾ ਉਸ ਤੇ ਘਟੈ ਨਾਹੀ **ਰੁਚ** ਚਸੂਆ।"
— ਗਉ **੫**, ੧੨੨*, ੩ : ੨ (206)
"ਸੋਈ ਗਿਆਨੀ ਸੋਈ ਜਨੁ ਤੇਰਾ ਜਿਸੁ ਊਪਰਿ **ਰੁਚ** ਆਵੈ।" (ਪ੍ਰਸੰਨਤਾ ਦੀ ਨਜ਼ਰ)
— ਨਟ **੫**, ੧, ੧ : ੧ (978)

2. ਤਾਂਘ, ਲੋਚਾ
"ਧਨਿ ਤੇਊ ਜਿਹ **ਰੁਚ** ਇਆ ਮਨੂਆ।"
— ਗਉ **੫**, ਬਾਅ ੪ : ੨ (251)

ਰੁਚਤੇ — ਲੁਭਾਇਮਾਨ ਹੁੰਦੇ, ਆਕਰਸ਼ਤ ਹੁੰਦੇ
"ਚਰਨ ਕਮਲ ਰਚੰਤਿ ਸੰਤਹ ਨਾਨਕ ਆਨ ਨ **ਰੁਚਤੇ**।"
— ਜੈਤ **੫**, ਵਾਰ ੧੨ਸ, **੫**, ੧ : ੩ (708)

ਰੁਚਾਂਗੈ — ਰੁਚੀ
"ਮੈ ਨੀਰੇ ਅਨਿਕ ਭੋਜਨ ਬਹੁ ਬਿੰਜਨ ਤਿਨ ਸਿਉ ਦ੍ਰਿਸਟਿ ਨ ਕਰੈ **ਰੁਚਾਂਗੈ**।"
— ਸਾਰ **੫**, ੨੮, ੧ : ੧ (1210)

ਰੁਚਿ — ਰੁਚੀ, ਧਿਆਨ, ਪ੍ਰੀਤ
"ਸਾਚ ਧਰਮ ਸਿਉ **ਰੁਚਿ** ਨਹੀ ਆਵੈ ਸਤਿ ਸੁਨਤ ਛੋਹਾਇਆ।"
— ਆਸਾ **੫**, ੧੨੫, ੩ : ੨ (402)

ਰੁਚਿਤ — ਲਗਨ ਲਗੀ ਹੋਈ ਹੈ
"ਦਰਸਨ **ਰੁਚਿਤ** ਪਿਆਸ ਮਨਿ ਸੁੰਦਰ ਸਕਤ ਨ ਕੋਈ ਤੋਰਿ।"
— ਸਾਰ **੫**, ੧੨੪, ੧* : ੨ (1228)

ਰੁਚੀਐ — ਰੁਚਿਤ ਹੋਈਏ (ਭਾਵ ਫਸੀਏ)
"ਕਾਂਏ ਆਨ ਆਨ **ਰੁਚੀਐ**।"
— ਸਾਰ **੫**, ੧੩੦, ੨ : ੩ (1229)

ਰੁਚੈ — 1. ਰੁਚੀ/ਤਾਂਘ/ਪ੍ਰੀਤ ਹੋਈ
"ਹਰਿ ਕੇ ਨਾਮ ਕੀ ਮਨ **ਰੁਚੈ**।"
— ਕੇਦਾ **੫**, ੧੫, ੧* : ੧ (1122)

2. ਪ੍ਰਸੰਨ ਹੋਣਾ
"ਸਿੰਘ **ਰੁਚੈ** ਸਦ ਭੋਜਨੁ ਮਾਸ।"
— ਬਸੰ **੫**, ੨, ੩ : ੧ (1180)

ਰੁਠ — ਰੁਸਿਆ ਹੋਇਆ
"ਦੁਨੀਆਂ ਖੇਲੁ ਬੁਰਾ **ਰੁਠ** ਤੁਠਾ।"
— ਮਾਰੂ **੫**, ਅਸ ੮, ੬ : ੨ (1020)

ਰੁਠੀਆ — ਰੁਸੀ ਹੋਈ
"ਜਲ ਬਾਝੁ ਮਛੁਲੀ ਤੜਫੜਾਵੈ ਸੰਗਿ ਮਾਇਆ **ਰੁਠੀਆ**।" — ਰਾਮ **੫**, ਰੁਤੀ ੩ : ੪ (928)

ਰੁੰਡਿਤ — ਅੰਗ ਭੰਗ, ਜਿਸਦਾ ਕੋਈ ਅੰਗ ਕਟਿਆ ਹੋਵੇ
"**ਰੁੰਡਿਤ** ਮੁੰਡਿਤ ਏਕੈ ਸਬਦੀ ਏਇ ਕਹਹਿ ਸਿਧਿ ਪਾਈ।" — ਗਉ **ਕਬ**, ੫੧, ੧ : ੨ (334)

ਰੁਣਝੁਣ — ਖੁਸ਼ੀ/ਅਨੰਦ ਦੀ ਧੁਨੀ
"ਮੋਰੀ **ਰੁਣਝੁਣ** ਲਾਇਆ ਭੈਣੇ ਸਾਵਣੁ ਆਇਆ।"

— ਵਡ **੧**, ੩, ੧ : ੧ (557)

ਰੁਣਝੁਣਕਾਰੁ — ਘੁੰਗਰੂ ਅਥਵਾ ਝਾਂਝਰਾਂ ਦੀ ਆਵਾਜ਼, ਮਿਠੀ ਮਿਠੀ ਆਵਾਜ਼

"ਸਹਜੇ **ਰੁਣਝੁਣਕਾਰੁ** ਸੁਹਾਇਆ।"

— ਗਉ **੫**, ਅਸ ੩, ੭ : ੩ (237)

ਹੋਰ ਰੂਪ — ਰੁਣਝੁਣਕਾਰੇ —

"ਅਨਹਦੋ ਅਨਹਦੁ ਵਾਜੈ **ਰੁਣਝੁਣਕਾਰੇ** ਰਾਮ।" (ਘੁੰਗਰੂਆਂ ਤੇ ਝਾਂਝਰਾਂ ਦੀ ਆਵਾਜ਼)

— ਆਸਾ **੧**, ਛੰਤ ੨, ੧ : ੧ (436)

ਰੁਣਝੁਣਕਾਰੋ —

"ਬਿਨਵੰਤਿ ਨਾਨਕ ਸਦਾ ਨਿਰਮਲ ਸਚੁ ਸਬਦੁ **ਰੁਣਝੁਣਕਾਰੋ**।"

— ਬਿਹਾ **੫**; ਛੰਤ ੫, ੨ : ੬ (545)

ਰੁਣਝੁਣੋ — ਮਿੱਠੀ ਮਿੱਠੀ ਰਸਦਾਇਕ ਆਵਾਜ਼

"**ਰੁਣਝੁਣੋ** ਸਬਦੁ ਅਨਾਹਦੁ ਨਿਤ ਉਠਿ ਗਾਈਐ ਸੰਤਨ ਕੈ।" — ਰਾਮ **੫**, ਛੰਤ ੩, ੧ : ੧ (925)

ਰੁਣੁਝੁਣੁ — ਮਧੁਰ ਧੀਮੀ ਆਵਾਜ਼

"ਮੰਦਰਿ ਭਾਗੁ ਸੋਭ ਦੁਆਰੈ ਅਨਹਤ **ਰੁਣੁਝੁਣੁ** ਲਾਏ।" — ਦੇਵ **੫**, ੨੭, ੨ : ੧ (533)

ਰੁਤਿ — ਮੌਸਮ

"ਥਿਤਿ ਵਾਰੁ ਨਾ ਜੋਗੀ ਜਾਣੈ **ਰੁਤਿ** ਮਾਹੁ ਨਾ ਕੋਈ।" — ਜਪੁ **੧**, ੨੧ : ੧੫ (4)

ਹੋਰ ਰੂਪ — ਰੁਤੀ —

"ਕਵਣਿ ਸਿ **ਰੁਤੀ** ਮਾਹੁ ਕਵਣੁ ਜਿਤੁ ਹੋਆ ਆਕਾਰੁ।" (ਮੌਸਮ ਵਿਚ)

— ਜਪੁ **੧**, ੨੧ : ੧੦ (4)

"ਸਭੇ **ਰੁਤੀ** ਚੰਗੀਆਂ ਜਿਤੁ ਸਚੇ ਸਿਉ ਨੇਹੁ।" (ਮੌਸਮ)

— ਮਾਰੂ **੧**, ਅਸ ੧੦, ੫ : ੧ (1015)

ਰੁਤੇ — ਮੌਸਮ

"ਨਾਨਕ ਨਾਇ ਵਿਸਾਰਿਐ ਸਭ ਮੰਦੀ **ਰੁਤੇ**।"

— ਗਉ **੫**, ਵਾਰ ੧੨ : ੫ (321)

"ਜਲ ਥਲ ਨੀਰਿ ਭਰੈ ਬਰਸ **ਰੁਤੇ** ਰੰਗੁ ਮਾਣੀ।" (ਮੌਸਮ ਵਿਚ)

— ਤੁਖਾ **੧**, ਬਾਅ ੧੦ : ੨ (1108)

ਰੁਤੇਣ — ਰੁਤ, ਮੌਸਮ

"ਨਹ ਸੀਤਲੰ ਸੀਤ **ਰੁਤੇਣ** ਨਾਨਕ ਸੀਤਲੰ ਸਾਧ ਸ੍ਵਜਨਹ।" — ਸਸ **੫**, ੩੯ : ੨ (1357)

ਰੁਦਨੁ — ਰੋਣਾ, ਪਿਟਣਾ

"ਝੂਠਾ **ਰੁਦਨੁ** ਹੋਆ ਦੋੁਆਲੈ ਖਿਨ ਮਹਿ ਭਇਆ ਪਰਾਇਆ।"

— ਸਿਰੀ **੧**, ਪਹ ੧, ੪ : ੪ (75)

"ਪੰਚ ਸਖੀ ਮਿਲਿ **ਰੁਦਨੁ** ਕਰੇਹਾਂ।" (ਪਛਤਾਵੇ ਦਾ ਰੋਣਾ) — ਆਸਾ **੧**, ੩੪, ੩ : ੧ (359)

ਰੁਦ੍ਰੁ — ਸ਼ਿਵਜੀ, ਅਖਰੀ ਅਰਥ ਰੋਣ ਵਾਲਾ

"**ਰੁਦ੍ਰੁ** ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ੍ਯ ਉਨਹ ਜੁੋ ਗਾਵੈ।" (ਭਾਵ ਅਖੰਡ ਲਿਵ)

— ਸਵ **੩**, ੨੨ : ੩ (1396)

ਰੁਦ੍ਰ-ਲੋਕ — ਸ਼ਿਵਮੰਡਲ, ਸ਼ਿਵਲੋਕ, ਕੈਲਾਸ਼

"ਬ੍ਰਹਮ ਲੋਕ ਅਰੁ **ਰੁਦ੍ਰ-ਲੋਕ** ਆਈ ਇੰਦ੍ਰ ਲੋਕ ਤੇ ਧਾਏ।" — ਗੂਜ **੫**, ੨੧, ੧ : ੧ (500)

ਰੁਦ੍ਰਾਖੰ — ਰੁਦ੍ਰ ਦੀ ਅੱਖ ਵਰਗਾ ਜਿਸ ਦਾ ਦਰਖਤ ਫਲ ਹੈ ਤੇ ਜਿਸ ਦੀ ਮਾਲਾ ਸ਼ਿਵ ਜੀ ਰਖਦੇ ਹਨ

"ਰਿਦੈ ਕੂੜੁ ਕੰਠਿ **ਰੁਦ੍ਰਾਖੰ**।"

— ਪ੍ਰਭਾ **ਬੇਣੀ**, ੧, ੪ : ੩ (1351)

ਰੁਦ੍ਰਾਦਿਕ — ਸ਼ਿਵ ਜੀ ਆਦਿ ਦੇਵਤੇ

"ਮਾਨਹਿ ਬ੍ਰਹਮਾਦਿਕ **ਰੁਦ੍ਰਾਦਿਕ** ਕਾਲ ਕਾ ਕਾਲੁ ਨਿਰੰਜਨ ਜਚਨਾ।"

— ਸਵ **੪**, ਗਯੰ ੧੩ : ੩ (1403)

ਰੁਦ੍ਰੁ — 1. ਡਰਾਉਣਾ, ਭਿਆਨਿਕ

"ਤਿਨ੍ਹ ਤਰਿਓ ਸਮੁਦ੍ਰੁ **ਰੁਦ੍ਰੁ** ਖਿਨ ਇਕ ਮਹਿ ਜਲਹਰ ਬਿੰਬ ਜੁਗਤਿ ਜਗੁ ਰਚਾ।"

— ਸਵ **੪**, ਗਯੰ ੫ : ੨ (1402)

2. ਸ਼ਿਵਜੀ

"ਏਕਸੁ ਕੀ ਸਿਰਿ ਕਾਰ ਏਕ ਜਿਨਿ ਬ੍ਰਹਮਾ ਬਿਸਨੁ **ਰੁਦ੍ਰੁ** ਉਪਾਇਆ।"

— ਭੈਰ **੩**, ੧੧, ੫ : ੧ (1130)

ਰੁਧਾ — ਰੁਕਿਆ ਹੋਇਆ, ਫਸਿਆ ਹੋਇਆ

"ਮਨਿ ਰਾਮੁ ਨਹੀ ਜਾਤਾ ਸਾਝ ਪ੍ਰਭਾਤਾ ਅਵਘਟਿ **ਰੁਧਾ** ਕਿਆ ਕਰੇ।"

— ਤੁਖਾ **੧**, ਛੰਤ ੬, ੧ : ੫ (1112)

ਰੁਧਿਰ — ਰਕਿਤ, ਖ਼ੂਨ, ਲਹੂ

"ਮਜਾ **ਰੁਧਿਰ** ਦ੍ਰੁਗੰਧਾ ਨਾਨਕ ਅਥਿ ਗਰਬੇਣ

ਅਗ੍ਯਾਨਣੋ।" — ਗਾਥਾ **੫**, ੧ : ੨ (1360)

ਰੁਧੇ — ਰੋਕੇ, ਫਸਾਏ

"ਅਉਘਟ **ਰੁਧੇ** ਰਾਹ ਗਲੀਆਂ ਰੋਕੀਆਂ।"

— ਮਲਾ **੧**, ਵਾਰ ੨੩ : ੩ (1288)

ਹੋਰ ਰੂਪ — ਰੁਧੈ —

"ਹਰਿ ਸਿਮਰਤ ਗਰਭ ਜੋਨਿ ਨ **ਰੁਧੈ**।" (ਫਸੇ, ਰੁਝੇ) — ਭੈਰ **੫**, ੪੯, ੪ : ੨ (1150)

ਰੁੰਨੜੇ — ਰੋਏ

"ਮੈ ਰੋਵੰਦੀ ਸਭੁ ਜਗੁ ਰੁਨਾ **ਰੁੰਨੜੇ** ਵਣਹੁ ਪੰਖੇਰੂ।"

— ਵਡ **੧**, ੩, ੧ : ੧੩ (558)

ਰੁਨਾ — ਰੋਇਆ

"ਇਕੁ ਨ **ਰੁਨਾ** ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ।"

— ਵਡ **੧**, ੩, ੧ : ੧੪ (558)

ਹੋਰ ਰੂਪ — ਰੁੰਨਾ —

"ਨਾਨਕ **ਰੁੰਨਾ** ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ।" (ਰੋਇਆ)

— ਵਡ **੧**, ਅਲਾ ੧, ੪ : ੧ (579)

ਰੁੰਨਿਆ — ਰੋਇਆ

"ਹਰਿ ਕੀ ਭਗਤਿ ਬਿਨਾ ਮਰਿ ਮਰਿ **ਰੁੰਨਿਆ**।"

— ਆਸਾ **੫**, ੧੧੦, ੨ : ੨ (398)

"ਹਰਿ ਨਾਮੁ ਭਗਤਿ ਨ ਰਿਦੈ ਸਾਚਾ ਸੇ ਅੰਤਿ ਧਾਹੀ **ਰੁੰਨਿਆ**।" (ਰੋਂਦੇ ਹਨ)

— ਆਸਾ **੧**, ਛੰਤ ੫, ੪ : ੫ (439)

ਰੁੰਨੀ — ਰੋਈ

"ਮਛੁਲੀ ਵਿਛੁੰਨੀ ਨੈਣ **ਰੁੰਨੀ** ਜਾਲੁ ਬਧਿਕਿ ਪਾਇਆ।"

— ਆਸਾ **੧**, ਛੰਤ ੫, ੩ : ੩ (439)

"ਸੁਰਤਿ ਮੁਈ ਮਰੁ ਮਾਈਏ ਮਹਲ **ਰੁੰਨੀ** ਦਰਬਾਰੇ।" (ਰੋਈ ਭਾਵ ਪੁਕਾਰ ਕੀਤੀ)

— ਵਡ **੧**, ਅਲਾ ੩, ੫ : ੩ (580)

ਹੋਰ ਰੂਪ — ਰੁੰਨੀਆ —

"ਬਜੀ ਬਧਾਈ ਸਹਜੇ ਸਮਾਈ ਬਹੁੜਿ ਦੂਖਿ ਨ **ਰੁੰਨੀਆ**।" (ਰੋਈ)

— ਕਾਨ **੫**, ਛੰਤ ੧, ੪ : ੪ (1312)

ਰੁੰਨੇ —

"ਪੰਚੇ **ਰੁੰਨੇ** ਦੁਖਿ ਭਰੇ ਬਿਨਸੇ ਦੂਜੈ ਭਾਇ।" (ਰੋਏ) — ਸਿਰੀ **੧**, ੧੪, ੧ : ੩ (19)

ਰੁੰਨੈ —

"ਜੋ ਤਿਸੁ ਭਾਵੈ ਸੋ ਥੀਐ ਰੰਨ ਕਿ **ਰੁੰਨੈ** ਹੋਇ।" (ਰੋਇਆ) — ਸੋਰ **੧**, ੧, ੨ : ੩ (595)

ਰੁਪਾ — ਚਾਂਦੀ, ਸਫੈਦ ਰੰਗ ਦੀ ਇਕ ਕੀਮਤੀ ਧਾਤ

"ਰਸੁ ਸੁਇਨਾ ਰਸੁ **ਰੁਪਾ** ਕਾਮਣਿ ਰਸੁ ਪਰਮਲ ਕੀ ਵਾਸੁ।" — ਸਿਰੀ **੧**, ੪, ੨ : ੧ (15)

ਹੋਰ ਰੂਪ — ਰੁਪੇ —

"ਸੁਇਨੇ ਕੀ ਸੂਈ **ਰੁਪੇ** ਕਾ ਧਾਗਾ।" (ਚਾਂਦੀ)

— ਆਸਾ **ਨਾਮ**, ੩, ੪ : ੧ (485)

ਰੁਲਸੀ — ਰੁਲੇ ਹਨ

"ਜਨ ਨਾਨਕ ਦਾਸ ਦਾਸ ਕੋ ਕਰੀਅਹੁ ਮੇਰਾ ਮੂੰਡੁ ਸਾਧ ਪਗਾ ਹੇਠ **ਰੁਲਸੀ** ਰੇ।"

— ਦੇਵ **੫**, ੩੨, ੨ : ੨ (536)

ਰੁਲਤਾ — ਰੁਲਦਾ, ਖੁਆਰ ਹੁੰਦਾ

"ਓਹੁ ਖਿਨ ਮਹਿ **ਰੁਲਤਾ** ਖਾਕੂ ਨਾਲਿ।"

— ਗੋਂਡ **੫**, ੨੦, ੩ : ੪ (868)

ਹੋਰ ਰੂਪ — ਰੁਲਤੇ —

"ਹਮ **ਰੁਲਤੇ** ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ।" (ਰੁਲਦੇ, ਖੁਆਰ ਹੁੰਦੇ)

— ਗਉ **੪**, ੪੯, ੪ : ੨ (167)

ਰੁਲਦੀ — ਖੁਆਰ ਹੁੰਦੀ

"ਤੂੰ ਕਾਇਆ ਮੈ **ਰੁਲਦੀ** ਦੇਖੀ ਜਿਉ ਧਰ ਉਪਰਿ ਛਾਰੋ।" — ਗਉ **੧**, ੧੩, ੧ : ੩ (154)

ਰੁਲਾਇ — ਖੁਆਰ ਕਰੇ, ਰੋਲੇ

"ਦੇਹੀ ਭਸਮ **ਰੁਲਾਇ** ਨ ਜਾਪੀ ਕਹ ਗਇਆ।"

— ਸੂਹੀ **੧**, ਅਸ ੫, ੬ : ੧ (752)

ਹੋਰ ਰੂਪ — ਰੁਲਾਇਆ —

"ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ **ਰੁਲਾਇਆ**।" (ਰੁਲਾ ਦਿੱਤਾ, ਰੋਲ ਦਿੱਤਾ, ਖੁਆਰ ਕੀਤਾ)

— ਆਸਾ **੧**, ਅਸ ੧੨, ੪ : ੨ (418)

ਰੁਲਾਈ —

"ਜੇ ਮਿਰਤਕ ਕਉ ਬਿਸਟਾ ਮਾਹਿ **ਰੁਲਾਈ**।" (ਰੁਲਾਓ, ਖੁਆਰ ਕਰੋ)

— ਭੈਰ **ਕਬ**, ੧੨, ੩ : ੩ (1160)

ਰੁਲਿ — ਖੁਆਰ ਹੋਣਾ
"ਤੂ ਨਿਜ ਘਰਿ ਵਸਿਅੜਾ ਹਉ **ਰੁਲਿ** ਭਸਮੈ ਢੇਰੀ।"
— ਤੁਖਾ **੧**, ਛੰਤ ੪, ੨ : ੨ (1111)
"ਚੁਗਲ ਨਿੰਦਕ ਭੁਖੇ **ਰੁਲਿ** ਮੁਏ ਏਨਾ ਹਥੁ ਨ ਕਿਥਾਊ ਪਾਇ।" (ਖੁਆਰ ਹੋ ਕੇ)
— ਸਲੋ **੩**, ੪੧ : ੩ (1417)

ਹੋਰ ਰੂਪ — ਰੁਲੀ —
"ਵੰਨੁ ਗਇਆ ਰੂਪੁ ਵਿਣਸਿਆ ਦੁਖੀ ਦੇਹ **ਰੁਲੀ**।" (ਖੁਆਰ ਹੋਈ)
— ਮਲਾ **੧**, ਵਾਰ ੨੦ਸ, **੧**, ੨ : ੨ (1287)

ਰੁਲੀਜੈ — ਰੁਲੀਏ
"ਬਸੁਧਾ ਤਲੈ ਤਲੈ ਸਭ ਊਪਰਿ ਮਿਲਿ ਸਾਧੂ ਚਰਨ **ਰੁਲੀਜੈ**।"— ਕਲਿ **੪**, ਅਸ ੩, ੨ : ੧ (1324)

ਰੁਲੈ — ਰੁਲਦਾ/ਖੁਆਰ ਹੁੰਦਾ ਹੈ
"ਇਹੁ ਤਨੁ **ਰੁਲੈ** ਰੁਲਾਇਆ ਕਾਮਿ ਨ ਆਇਆ ਜਿਨਿ ਖਸਮੁ ਨ ਜਾਤਾ ਹਦੂਰੇ।"
— ਵਡ **੩**, ਮਲਾ ੨, ੪ : ੪ (583)

ਰੁੜਣੇ — ਰੂੜ, ਸੁੰਦਰ
"ਹਰਿ ਤੁਮ ਵਡ ਅਗਮ ਅਗੋਚਰ ਸੁਆਮੀ ਸਭਿ ਧਿਆਵਹਿ ਹਰਿ **ਰੁੜਣੇ**।" (ਸੁੰਦਰ ਹਰੀ)
— ਨਟ **੪**, ੬, ੧ : ੧ (977)
(ਮਹਾਨਕੋਸ਼ ਅਰਥ 'ਪ੍ਰਗਟ' ਕਰਦਾ ਹੈ)

ਰੁੜਾਈ — ਰੋੜ੍ਹ ਦਿੱਤੇ
"ਕਹੁ ਨਾਨਕ ਸੰਤ ਹਰਿ ਰਾਖੇ ਨਿੰਦਕ ਦੀਏ **ਰੁੜਾਈ**।" — ਆਸਾ **੫**, ੪੧, ੪ : ੧ (381)

ਹੋਰ ਰੂਪ — ਰੁੜ੍ਹਾਈ —
"ਜਿਨਿ ਜਿਨਿ ਕਰੀ ਅਵਗਿਆ ਜਨ ਕੀ ਤੇ ਤੈਂ ਦੀਏ **ਰੁੜ੍ਹਾਈ**।" (ਰੁੜ੍ਹਾ ਦਿੱਤੇ)
— ਸਾਰ **੫**, ਅਸ ੧, ੬ : ੨ (1235)

ਰੂਆਇਆ — ਰੋਇ ਨੂੰ
"ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ **ਰੂਆਇਆ**।"
— ਆਸਾ **੧**, ਵਾਰ ੩ : ੪ (464)

ਰੂਆਇਦਾ — ਰੁਆਉਂਦਾ, ਸਹਿਮ ਪਾ ਰਿਹਾ, ਗਜਦਾ
"ਮਨਮੁਖੁ ਅੰਧੁ ਨ ਚੇਤੈ ਮੂੜਾ ਸਿਰ ਊਪਰਿ ਕਾਲੁ **ਰੂਆਇਦਾ**।"
— ਮਾਰੂ **੩**, ਸੋਲ ੧੨, ੭ : ੩ (1061)

ਰੂਆਈਐ — ਰੋਈਏ ਭਾਵ ਪੁਕਾਰ ਕਰੀਏ
"ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸ ਥੈ ਜਾਇ **ਰੂਆਈਐ**।"
— ਆਸਾ **੧**, ਅਸ ੧੨, ੭ : ੨ (418)
"ਗਰਬਿ ਮੁਸੈ ਘਰੁ ਚੋਰੁ ਕਿਸੁ **ਰੂਆਈਐ**।" (ਰੋ ਰੋ ਕੇ ਦਸੀਏ)
— ਸੂਹੀ **੧**, ਅਸ ੪, ੫ : ੨ (752)

ਰੂਆਏ — ਰੁਆਉਂਦਾ ਹੈ
"ਲਬਿ ਧੰਧੈ ਮਾਇਆ ਜਗਤੁ ਭੁਲਾਇਆ ਕਾਲੁ ਖੜਾ **ਰੂਆਏ**।"
— ਵਡ **੧**, ਅਲਾ ੫, ੧ : ੬ (582)

ਰੂਆਵਣਾ — ਸ਼ਿਕਾਇਤ ਕਰਨਾ, ਪੁਕਾਰ ਕਰਨਾ, ਰੋਸ ਕਰਨਾ
"ਜਿਸੁ ਨਾਲਿ ਸੰਗਤਿ ਕਰਿ ਸਰੀਕੀ ਜਾਇ ਕਿਆ **ਰੂਆਵਣਾ**।"
— ਵਡ **੧**, ਛੰਤ ੧, ੩ : ੪ (566)

ਰੂਸੀਐ — ਰੁਸੀਏ, ਗੁੱਸੇ ਹੋਈਏ
"ਤਿਸੁ ਸਿਉ ਕਿਉ ਮਨ **ਰੂਸੀਐ** ਜਿਸਹਿ ਹਮਾਰੀ ਚਿੰਦ।"
— ਮਾਰੂ **੫**, ਵਾਰ ੧੦ਸ, **੫**, ੨: ੨(1097)

ਰੂਹੜੇ — ਰੂਹ ਭਾਵ ਜੀਵ
"ਭੋਰੇ ਭੋਰੇ **ਰੂਹੜੇ** ਸੇਵੇਦੇ ਆਲਕੁ।"
— ਮਾਰੂ **੫**, ਵਾਰ ੫ਸ, **੫**, ੩ : ੧ (1095)

ਰੂਹਾਂ — ਆਤਮਾਵਾਂ
"ਗੋਰਾਂ ਸੇ ਨਿਮਾਣੀਆ ਬਹਸਨਿ **ਰੂਹਾਂ** ਮਲਿ।"
— ਸਲੋ **ਫਰ**, ੯੭ : ੨ (1383)

ਰੂਹੁ — ਆਤਮਾ ਭਾਵ ਜੀਵ
"ਗਹਿਲਾ **ਰੂਹੁ** ਨ ਜਾਣਈ ਸਿਰੁ ਭੀ ਮਿਟੀ ਖਾਇ।"
— ਸਲੋ **ਫਰ**, ੨੬ : ੨ (1379)

ਰੂਖ — ਦਰਖਤ, ਬ੍ਰਿਛ
"ਨੀਚ **ਰੂਖ** ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ।"
— ਆਸਾ **ਰਵਿ**, ੩, ੧ : ੨ (486)

ਰੂਖਾ — ਰੁਖਾ
"ਸੰਤਨ ਕਾ ਦਾਨਾ **ਰੂਖਾ** ਸੋ ਸਰਬ ਨਿਧਾਨ।"
— ਬਿਲਾ **੫**, ੪੪, ੨ : ੧ (811)

ਰੂਖਿ — ਰੁਖ, ਦਰਖਤ

"**ਰੂਖਿ** ਬਿਰਖਿ ਗ੍ਰਿਹਿ ਬਾਹਰਿ ਸੋਇ।"
— ਗਉ **੫**, ਅਸ ੭, ੧* : ੨ (223)

ਹੋਰ ਰੂਪ — ਰੂਖਂੀ —
"**ਰੂਖਂੀ** ਬਿਰਖਂੀ ਊਡਉ ਭੂਖਾ ਪੀਵਾ ਨਾਮੁ ਸੁਭਾਈ।" (ਰੁਖਾਂ ਵਿਚ)
— ਮਲਾ **੧**, ਅਸ ੩, ੪ : ੧ (1274)

ਰੂਖੋ — ਭੁਖਾ, ਅਣਚੋਪੜਿਆ
"**ਰੂਖੋ** ਭੋਜਨੁ ਭੂਮਿ ਸੈਨ ਸਖੀ ਪ੍ਰਿਅ ਸੰਗਿ ਸੂਖਿ ਬਿਹਾਤ।" — ਕਾਨ **੫**, ੪੨, ੨ : ੨ (1306)

ਰੂਚਾ — 1. ਰੁਚੀ, ਸ਼ਰਾਬ ਪੀਣ ਦੀ ਉਮੰਗ
"ਉਹੀ ਭਾਠੀ ਉਹੀ ਪੋਚਾ ਉਹੀ ਪਿਆਰੋ ਉਹੀ **ਰੂਚਾ**।" — ਗਉ **੫**, ੧੫੭*, ੨ : ੧ (214)
2. ਭਾਉਂਦਾ
"ਤੋਲਿ ਨ ਤੁਲੀਐ ਮੋਲਿ ਨ ਮੁਲੀਐ ਕਤ ਪਾਈਐ ਮਨ **ਰੂਚਾ**।"
— ਦੇਵ **੫**, ੩੨, ੧ : ੨ (534)

ਰੂਤਉ — ਰੁਝਿਆ ਹੋਇਆ
"ਣਾਣਾ ਰਣਿ **ਰੂਤਉ** ਨਰ ਨੇਹੀ ਕਰੈ।"
— ਗਉ **ਕਬ**, ਬਾਅ ੨੧ : ੧ (341)

ਰੂਤਿ — ਰੁਤ, ਮੌਸਮ
"ਅਨ **ਰੂਤਿ** ਨਾਹੀ ਨਾਹੀ।"
— ਬਸੰ **੫**, ੧੮, ੨ : ੩ (1185)

ਰੂਤੀ — ਰੁਤਾਂ ਵਿਚ
"ਆਨ **ਰੂਤੀ** ਆਨ ਬੋਈਐ ਫਲੁ ਨ ਫੂਲੈ ਤਾਹਿ।"
— ਮਾਰੂ **੫**, ੧੩, ੧ : ੨ (1002)

ਰੂੰਧਹਿ — ਰੋਕਨਾ, ਮਲਨਾ
"ਚਾਰਿ ਦਿਵਸ ਕੇ ਪਾਹੁਨੇ ਬਡ ਬਡ **ਰੂੰਧਹਿ** ਠਾਉ।"
— ਸਲੋ **ਕਬ**, ੬੪ : ੨ (1367)

ਰੂਧਾ — 1. ਰੁਝਿਆ, ਰੁਚਿਤ
"ਕਿਸਨੁ ਸਦਾ ਅਵਤਾਰੀ **ਰੂਧਾ** ਕਿਤੁ ਲਗਿ ਤਰੈ ਸੰਸਾਰਾ।" — ਵਡ **੩**, ੫, ੩ : ੧ (559)
2. ਰੁਕਿਆ ਹੋਇਆ
"**ਰੂਧਾ** ਕੰਠੁ ਸਬਦੁ ਨਹੀ ਉਚਰੈ ਅਬ ਕਿਆ ਕਰਹਿ ਪਰਾਨੀ।"
— ਸੋਰ **ਭੀਖ**, ੧, ੧ : ੨ (659)

ਰੂਪ — 1. ਸ਼ਕਲ, ਸੂਰਤ, ਪ੍ਰਕਾਰ
"ਕੇਤੇ ਬਰਮੇ ਘਾੜਤਿ ਘੜੀਅਹਿ **ਰੂਪ** ਰੰਗ ਕੇ ਵੇਸ।" — ਜਪੁ **੧**, ੩੫ : ੪ (7)
"ਨਾਨਾ **ਰੂਪ** ਜਿਉ ਸ੍ਵਾਗੀ ਦਿਖਾਵੈ।"
— ਗਉ **੫**, ਸੁਖ ੧੧, ੭ : ੭ (278)
2. ਸੁੰਦਰਤਾ
"ਤਾ ਕੇ **ਰੂਪ** ਨ ਕਥਨੇ ਜਾਹਿ।"
— ਜਪੁ **੧**, ੩੭ : ੬ (8)
3. ਸਰੂਪ
"ਕਰਹੁ ਕ੍ਰਿਪਾ ਸਰਬ ਕੇ ਦਾਤੇ ਏਕ **ਰੂਪ** ਲਿਵ ਲਾਵਹੁ।"
— ਗਉ **੫**, ੧੬੫*, ੨ : ੧ (216)
"ਗਿਆਨੀ ਨਚਹਿ ਵਾਜੇ ਵਾਵਹਿ **ਰੂਪ** ਕਰਹਿ ਸੀਗਾਰੁ।" (ਸਰੂਪ ਨੂੰ ਸ਼ਿੰਗਾਰਦੇ ਹਨ)
— ਆਸਾ **੧**, ਵਾਰ ੧੧ਸ, **੧**, ੨ : ੪ (469)
"ਆਨਦ **ਰੂਪ** ਧਿਆਵਹੁ।" (ਅਨੰਦ ਦੀ ਮੂਰਤ)
— ਬਿਲਾ **੫**, ੧੨੮, ੨ : ੩ (830)
4. ਰੂਪੀ
"ਕਲਿਆਣ **ਰੂਪ** ਮੰਗਲ ਗੁਣ ਗਾਮ।" (ਮੁਕਤ ਰੂਪੀ ਖੁਸ਼ੀ)
— ਗਉ **੫**, ਸੁਖ ੯, ੫ : ੮ (274)
"ਰੋਗ **ਰੂਪ** ਮਾਇਆ ਨ ਬਿਆਪੈ।"
— ਸੂਹੀ **੫**, ਅਸ ੨, ੪ : ੨ (760)

ਰੂਪੰ — 1. ਸੁੰਦਰਤਾ
"ਅਨਿਕ ਲੀਲਾ ਰਾਜ ਰਸ **ਰੂਪੰ** ਛਤ੍ਰ ਚਮਰ ਤਖਤ ਆਸਨੰ।"
— ਜੈਤ **੫**, ਵਾਰ ੮ਸ, **੫**, ੧ : ੧ (707)
2. ਰੂਪੀ
"ਨਵੰਤ ਦੁਆਰੰ ਭੀਤ ਰਹਿਤੰ ਬਾਇ **ਰੂਪੰ** ਅਸਥੰਭਨਹ।" — ਸਸ **੫**, ੪ : ੨ (1354)

ਰੂਪਹੀਣ — ਸੁੰਦਰਤਾ ਤੋਂ ਵਿਹੂਣੀ
"ਮਿਤ੍ਰੁ ਨ ਇਠ ਧਨ **ਰੂਪਹੀਣ** ਕਿਛੁ ਸਾਕੁ ਨ ਸਿੰਨਾ।" — ਜੈਤ **੫**, ਵਾਰ ੭ : ੩ (707)

ਹੋਰ ਰੂਪ — ਰੂਪਹੀਨ —
"**ਰੂਪਹੀਨ** ਬੁਧਿ ਬਲ ਹੀਨੀ ਮੋਹਿ ਪਰਦੇਸਨਿ ਦੂਰ ਤੇ ਆਈ।"
— ਗਉ **੫**, ੧੧੮, ੧ : ੧ (204)

ਰੂਪਵੰਤਿ — ਸੁੰਦਰ
"**ਰੂਪਵੰਤਿ** ਸਾ ਸੁਘੜਿ ਬਿਚਖਣਿ ਜੋ ਧਨ ਕੰਤ

ਪਿਆਰੀ ਜੀਉ।"
— ਮਾਝ **੫**, ੧੧, ੨ : ੨ (97)

ਹੋਰ ਰੂਪ — ਰੂਪਵੰਤੁ —
"**ਰੂਪਵੰਤੁ** ਸੋ ਚਤੁਰੁ ਸਿਆਣਾ।"
— ਗਉ **੫**, ੯੦, ੨ : ੧ (198)

ਰੂਪਾ — 1. ਚਾਂਦੀ
"ਸੁਇਨਾ **ਰੂਪਾ** ਫੁਨਿ ਨਹੀ ਦਾਮ।"
— ਗਉ **੫**, ੧੦੬, ੩ : ੧ (187)

2. ਸੁੰਦਰਤਾ
"ਸਰਬ ਨਿਧਾਨ ਮੰਗਲ ਰਸ **ਰੂਪਾ** ਹਰਿ ਕਾ ਨਾਮੁ ਅਧਾਰੋ।"
— ਸੋਰ **੫**, ੪੮, ੨ : ੧ (620)

ਰੂਪਾਦ — ਰੂਪ ਆਦਿ, ਸੁੰਦਰਤਾ ਆਦਿ
"ਮਿਥਿਆ ਨੇਤ੍ਰ ਪੇਖਤ ਪਰ ਤ੍ਰਿਅ **ਰੂਪਾਦ**।"
— ਗਉ **੫**, ਸੁਖ ੫, ੫ : ੩ (269)

ਰੂਪਾਵਤੀ — ਹੇ ਰੂਪਵਾਨ, ਹੇ ਸੁੰਦਰ
"ਉਰਝਿ ਰਹਿਓ ਸਭ ਸੰਗਿ ਅਨੂਪ **ਰੂਪਾਵਤੀ**।"
— ਗਉ **੫**, ਬਾਅਂ ੫੫ਸ : ੨ (261)

ਰੂਪਿ — 1. ਰੂਪ ਵਿਚ, ਆਕਾਰ ਵਿਚ
"ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ ਤੇ ਹਰਿ ਹਰਿ **ਰੂਪਿ** ਸਮਾਸੀ।"
— ਆਸਾ **੧**, ਸੋਪੁ ੧, ੩ : ੪ (11)
"ਰਾਰੈ **ਰੂਪਿ** ਨਿਰਾਲਮੁ ਬੈਠਾ ਨਦਰਿ ਕਰੇ ਵਿਚਿ ਛਾਇਆ।" (ਭਾਵ ਦ੍ਰਿਸਟਮਾਨ ਸੰਸਾਰ)
— ਆਸਾ **੧**, ੮, ੩ : ੨ (351)

2. ਸ਼ਕਲ ਵਿਚ
"ਧਾਣਕ **ਰੂਪਿ** ਰਹਾ ਕਰਤਾਰ।"
— ਸਿਰੀ **੧**, ੨੯, ੧ : ੪ (24)

3. ਸੁੰਦਰਤਾ ਵਿਚ, ਸੁੰਦਰਤਾ ਕਰਕੇ
"**ਰੂਪਿ** ਅਨੂਪ ਪੂਰੀ ਆਚਾਰਿ।"
— ਆਸਾ **੧**, ੩, ੧ : ੨ (370)

ਰੂਪੀ — 1. ਰੂਪਾਂ ਵਿਚ, ਸ਼ਕਲ/ਆਕਾਰ ਵਿਚ
"ਸਰਬੀ ਰੰਗੀ **ਰੂਪੀ** ਤੂੰਹੈ ਤਿਸੁ ਬਖਸੇ ਜਿਸੁ ਨਦਰਿ ਕਰੇ।" — ਆਸਾ **੧**, ੨੨, ੧* : ੨ (355)
"ਗੋਬਿਦੁ ਗਾਜੈ ਸਬਦੁ ਬਾਜੈ ਅਨਦ **ਰੂਪੀ** ਮੇਰੋ ਰਾਮਈਆ।"
— ਪ੍ਰਭਾ **ਨਾਮ**, ੨, ੧* : ੧ (1351)

2. ਸੁੰਦਰਤਾ ਦੁਆਰਾ
"**ਰੂਪੀ** ਭੁਖ ਨ ਉਤਰੈ ਜਾ ਦੇਖਾਂ ਤਾਂ ਭੁਖ।"
— ਮਲਾ **੧**, ਵਾਰ ੨੧ਸ, **੧**, ੨ : ੩ (1287)

ਹੋਰ ਰੂਪ — ਰੂਪੰੀ —
"ਨ ਭੀਜੈ **ਰੂਪੰੀ** ਮਾਲੰੀ ਰੰਗਿ।"
— ਸਾਰ **੪**, ਵਾਰ ੧ਸ, **੧**, ੨ : ੪ (1237)

ਰੂਪੀਆ — ਰੂਪ ਵਾਲਾ, ਸ਼ਕਲਾਂ ਵਾਲਾ
"ਸਰਬ ਸਾਸਤ੍ਰ ਬਹੁ **ਰੂਪੀਆ** ਅਨ ਗੁਰੂਆ ਅਖਾੜਾ ਮੰਡਲੀਕ ਬੋਲ ਬੋਲਹਿ ਕਾਛੇ।"
— ਮਲਾ **ਨਾਮ**, ੧, ੩ : ੨ (1292)

ਰੂਪੁ — 1. ਸੁੰਦਰਤਾ (ਅਰਥ 'ਸਰੂਪ' ਵੀ ਕੀਤੇ ਜਾਂਦੇ ਹਨ।)
"ਕੇਤਾ ਤਾਣੁ ਸੁਆਲਿਹੁ **ਰੂਪੁ**।"
— ਜਪੁ **੧**, ੧੬ : ੧੮ (3)
"ਪਰ ਤ੍ਰਿਅ **ਰੂਪੁ** ਨ ਪੇਖੈ ਨੇਤ੍ਰ।"
— ਗਉ **੫**, ਸੁਖ ੯, ੧ : ੩ (274)

2. ਸ਼ਕਲ, ਪ੍ਰਤਖ ਦਿਖ
"ਸਰਮ ਖੰਡ ਕੀ ਬਾਣੀ **ਰੂਪੁ**।"
— ਜਪੁ **੧**, ੩੬ : ੩ (7)
"ਤਿਸੁ **ਰੂਪੁ** ਨ ਰੇਖਿਆ ਘਟਿ ਘਟਿ ਦੇਖਿਆ ਗੁਰਮੁਖਿ ਅਲਖੁ ਲਖਾਵਣਿਆ।" (ਭਾਵ 'ਚਿਹਨ ਚੱਕਰ')
— ਗਉ **੪**, ਅਸ ੩੪, ੧*, : ੨ (129)
"ਕਵਨ **ਰੂਪੁ** ਤੇਰਾ ਆਰਾਧਉ।" (ਸਰੂਪ)
— ਗਉ **੫**, ੧੦੫, ੧ : ੧ (186)

3. ਰੂਪ, ਸਮਾਨ
"ਹਰਿ ਹਰਿ **ਰੂਪੁ** ਸਭ ਜੋਤਿ ਸਬਦੀ ਹਰਿ ਨਿਕਟਿ ਵਸੈ ਹਰਿ ਕੋਲੀ।"
— ਗਉ **੪**, ੫੩, ੨ : ੨ (168)
"ਜੋ ਦੀਸੈ ਸੋ ਤੇਰਾ **ਰੂਪੁ**।"
— ਤਿਲੰ **੫**, ੨, ੩ :੧ (724)

4. ਸਮਰਥਾ
"ਭਗਤਾ ਕਾ ਅੰਗੀਕਾਰੁ ਕਰਦਾ ਆਇਆ ਕਰਤੈ ਅਪਣਾ **ਰੂਪੁ** ਦਿਖਾਇਆ।"
— ਭੈਰ **੩**, ਅਸ ੧, ੧੩ : ੪ (1155)

ਰੂਪੇਣ — ਰੂਪ ਵਾਲਾ, ਹਸਤੀ ਵਾਲਾ
"ਗੁਸਾਂਈ ਗਰਿਸ੍ਟ **ਰੂਪੇਣ** ਸਿਮਰਣੰ ਸਰਬਤ੍ਰ

ਜੀਵਣਹ।" — ਸਸ **੫**, ੫੪ : ੧ (1359)

ਰੂਪੈ — ਸੁੰਦਰਤਾ ਨਾਲ
"**ਰੂਪੈ** ਕਾਮੈ ਦੋਸਤੀ ਭੁਖੈ ਸਾਦੈ ਗੰਢੁ।"
— ਮਲਾ **੧**, ਵਾਰ ੨੩ਸ, **੧**, ੧ : ੧ (1288)

ਰੂਪੋ — ਰੂਪ ਹੀ, ਸਮਾਨ ਹੀ
"ਹਰਿ ਹਰਿ ਰੂਪ ਹਰਿ **ਰੂਪੋ** ਹੋਵੈ ਹਰਿ ਜਨ ਕਉ ਪੂਜ ਕਰਾਵੈ ਗੋ।"
— ਕਾਨ **੪**, ਅਸ ੬, ੬ : ੩ (1311)

ਰੂਲਣਾ — ਰੁਲਣਾ, ਖੁਆਰ ਹੋਣਾ
"ਹਰਿ ਤੁਧੁ ਵਿਣੁ ਖਾਕੂ **ਰੂਲਣਾ** ਕਹੀਐ ਕਿਥੈ ਵੈਣ।" — ਮਾਝ **੫**, ਦਿਨ ੧ : ੮ (136)
(ਮਹਾਨਕੋਸ਼ ਅਰਥ 'ਮਿਲਣਾ' ਕਰਦੇ ਹਨ)

ਰੂਲਿਆ — ਰੁਲਿਆ,
"ਸੋ ਤਨੁ ਧਰ ਸੰਗਿ **ਰੂਲਿਆ**।" (ਭਾਵ ਮਿਲਿਆ)
— ਗਉ **੫**, ੧੩੯*, ੩ : ੨ (210)

ਰੂਲੇ — ਰੁਲੇ, ਖੁਆਰ ਹੋਏ
"ਖਸਮ ਬਿਸਾਰਿ ਮਾਟੀ ਸੰਗਿ **ਰੂਲੇ**।"
— ਸੂਹੀ **ਕਬ**, ੩, ੪ : ੪ (793)

ਰੂੜਉ — ਪ੍ਰਸਿੱਧ ਤੇ ਸ੍ਰੇਸ਼ਟ (ਮਹਾਨ ਕੋਸ਼) ਸੁੰਦਰ (ਸ਼ਬਦਾਰਥ, ਦਰਪਣ)
"**ਰੂੜਉ** ਠਾਕੁਰੁ ਨਾਨਕਾ ਸਭਿ ਸੁਖ ਸਾਚਉ ਨਾਮੁ।"
— ਮਲਾ **੧**, ਵਾਰ ੧ਸ, **੧**, ੨ : ੨ (1279)

ਰੂੜਾ — ਸੋਹਣਾ, ਸੁੰਦਰ
"ਗੁਰਮੁਖਿ ਨਾਮੁ ਜਪੈ ਮਨੁ **ਰੂੜਾ**।"
— ਆਸਾ **੧**, ਅਸ ੮, ੩ : ੪ (415)

ਹੋਰ ਰੂਪ — ਰੂੜੀ —
"ਰੂੜੋ ਠਾਕੁਰ ਮਾਹਰੋ **ਰੂੜੀ** ਗੁਰਬਾਣੀ।" (ਸੁੰਦਰ)
— ਆਸਾ **੧**, ਅਸ ੧੯, ੧ : ੧ (421)

ਰੂੜੈ —
"ਘਰਿ ਘਰਿ ਕੰਤੁ ਸਹੇਲੀਆ **ਰੂੜੈ** ਹੇਤਿ ਪਿਆਰੇ।" (ਸੁੰਦਰ ਪਤੀ)
— ਵਡ **੧**, ਅਲਾ ੩, ੨ : ੩ (581)

ਰੂੜੋ —
"**ਰੂੜੋ** ਜਿਹ ਬਸਿਓ ਰਿਦ ਮਾਹੀ।" (ਸੁੰਦਰ ਹਰੀ) — ਗਉ **੫**, ਬਾਅ ੪੨ : ੩ (260)
"**ਰੂੜੋ** ਠਾਕੁਰ ਮਾਹਰੋ ਰੂੜੀ ਗੁਰਬਾਣੀ।" (ਪ੍ਰਸਿੱਧ, ਉੱਤਮ)
— ਆਸਾ **੧**, ਅਸ ੧੯, ੧ : ੧ (421)
"**ਰੂੜੋ** ਮਨੁ ਹਰਿ ਰੰਗੋ ਲੋੜੈ।" (ਭਾਵ ਰੰਗਲਾ)
— ਟੋਡੀ **੫**, ੧੮, ੧* : ੧ (715)

ਰੂੜੌ —
"**ਰੂੜੌ ਰੂੜੌ** ਆਖੀਐ ਭਾਈ **ਰੂੜੌ** ਲਾਲ ਚਲੂਲ।" (ਸੁੰਦਰ) — ਸੋਰ **੧**, ਅਸ ੪, ੩ : ੧ (637)

ਰੂੜ੍ਹੀ —
"ਨਾਮੁ ਸਮਾਲਸਿ **ਰੂੜ੍ਹੀ** ਬਾਣਿ।" (ਸੁੰਦਰ)
— ਮਲਾ **੧**, ਅਸ ੪, ੨ : ੩ (1275)

ਰੂੜ੍ਹੇ —
"ਏ ਮਨ **ਰੂੜ੍ਹੇ** ਰੰਗਲੇ ਤੂੰ ਸਚਾ ਰੰਗੁ ਚੜਾਇ।"
— ਆਸਾ **੩**, ਅਸ ੩੧, ੧* : ੧ (427)

ਰੇ — 1. ਸੰਬੋਧਕ ਸ਼ਬਦ, ਹੇ
"ਕਾਹੇ **ਰੇ** ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ।"
— ਗੂਜ **੫**, ਸੋਦ ੫, ੧ : ੧ (10)
"ਕਹਤ ਕਬੀਰ ਚੇਤਿ **ਰੇ** ਅੰਧਾ।"
— ਗਉ **ਕਬ**, ੧੬, ੬ : ੧ (326)
2. ਨਿਰਾਦਰੀ ਦੇ ਬਚਨ, ਦੁਰਬਚਨ
"**ਰੇ ਰੇ** ਦਰਗਹ ਕਹੈ ਨ ਕੋਊ।"
— ਗਉ **੫**, ਬਾਅ ੧੦ : ੩ (252)
3. ਕਰੜੇ, ਸਖਤ
"ਇਕ ਆਪੀਨ੍ਹੈ ਪਤਲੀ ਸਹ ਕੇ **ਰੇ** ਬੋਲਾ।"
— ਸੂਹੀ **ਫਰ**, ੨, ੨ : ੧ (794)

ਰੇਸਮੀ — (ਫ. ਰੇਸ਼ਮੀ) ਰੇਸ਼ਮੀ, ਪਟ ਦਾ ਬਣਿਆ ਹੋਇਆ
"ਸਾਕਤ ਸਿਰਪਾਉ **ਰੇਸਮੀ** ਪਹਿਰਤ ਪਤਿ ਖੋਈ।"
— ਬਿਲਾ **੫**, ੪੪, ੩ : ੨ (811)

ਰੇਖ — 1. ਲੀਹ
"ਕੁੰਟ ਚਾਰਿ ਦਹਦਿਸਿ ਭ੍ਰਮੇ ਕਰਮ ਕਿਰਤਿ ਕੀ **ਰੇਖ**।" — ਗਉ **੫**, ਬਾਅ ੧੨ਸ : ੧ (253)
2. (ਸੰ. ਰੇਖਾ) ਲਕੀਰਾਂ, ਨਿਖੇੜੇ ਦਾ ਚਿੰਨ੍ਹ, ਚਿਹਨ
"ਰੂਪ ਨ **ਰੇਖ** ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ। — ਗਉ **੫**, ਸੁਖ ੧੬ਸ : ੧ (283)
"ਕਿਰਤ **ਰੇਖ** ਕਰਿ ਕਰਮਿਆ।" (ਕੀਤੇ ਕੰਮਾਂ ਦੀ ਲਿਖਤ ਅਨੁਸਾਰ)

— ਬਸੰ **੫**, ਅਸ ੨, ੬ : ੨ (1193)

3. ਧਾਰ

"ਕਜਲ **ਰੇਖ** ਨ ਸਹਦਿਆ ਸੇ ਪੰਖੀ ਸੂਇ ਬਹਿਠੁ।" — ਸਲੋ **ਫਰ**, ੧੪ : ੨ (1378)

ਰੇਖੰ — ਚਿਹਨ

"ਮੁਕਤ ਭਏ ਪ੍ਰਭ ਰੂਪ ਨ **ਰੇਖੰ**।"

— ਗਉ **੧**, ਅਸ ੭, ੧ : ੩ (223)

ਰੇਖਾ — ਲਕੀਰ

"ਕਰਹੁ ਕ੍ਰਿਪਾ ਪ੍ਰੀਤਮ ਮਨਮੋਹਨ ਫੋਰਿ ਭਰਮ ਕੀ **ਰੇਖਾ**।" — ਸਾਰ **੫**, ੮੮, ੧* : ੨ (1221)

ਰੇਖਿਆ — ਲਕੀਰ, ਚਿਹਨ

"ਤਿਸੁ ਰੂਪੁ ਨ **ਰੇਖਿਆ** ਵਰਨੁ ਨ ਕੋਈ ਗੁਰਮਤੀ ਆਪਿ ਬੁਝਾਵਣਿਆ।"

— ਮਾਝ **੩**, ਅਸ ੧੯, ੧* : ੨ (120)

ਰੇਗਿ — ਰਸਤੇ ਤੇ, ਰਾਹੋ ਰਾਹ

"ਸੂਧੇ ਸੂਧੇ **ਰੇਗਿ** ਚਲਹੁ ਤੁਮ ਨਤਰ ਕਧਕਾ ਦਿਵਈਹੈ ਰੇ।" — ਬਿਲਾ **ਕਬ**, ੧, ੧* : ੨ (855)

ਰੇਚਕ — ਸੁਆਸਾਂ ਦਾ ਬਾਹਰ ਕਢਣਾ

"ਪੂਰਕੁ ਕੁੰਭਕ **ਰੇਚਕ** ਕਰਮਾਤਾ।"

— ਗਉ **੫**, ਬਾਅ ੧੬ : ੨ (253)

ਰੇਣ — ਮਿਟੀ, ਚਰਨ ਧੂੜ, ਧੂੜੀ

"**ਰੇਣ** ਸਗਲ ਇਆ ਮਨੁ ਕਰੈ ਏਊ ਕਰਮ ਕਮਾਇ।" — ਗਉ **੫**, ਬਾਅ ੩੧ : ੨ (256)

"ਸਰਬ ਕੀ **ਰੇਣ** ਹੋਵੀਜੈ।"

— ਰਾਮ **੩**, ੪੪, ੪ : ੧ (896)

ਹੋਰ ਰੂਪ — ਰੇਣਾ —

"ਆਪ ਛੋਡਿ ਸਭ ਹੋਇ **ਰੇਣਾ** ਜਿਸੁ ਦੇਇ ਪ੍ਰਭੁ ਨਿਰੰਕਾਰੁ।" (ਚਰਨਧੂੜੀ)

— ਸਿਰੀ **੫**, ੯੫, ੩ : ੨ (51)

ਰੇਣਾਰੀ — ਧੂੜੀ, ਚਰਨ ਧੂੜੀ

"ਨਾਮੁ ਦਾਨੁ ਨਾਨਕ ਵਡਿਆਈ ਤੇਰਿਆ ਸੰਤ ਜਨਾ **ਰੇਣਾਰੀ**।"

— ਰਾਮ **੫**, ਅਸ ੮, ੮ : ੧ (916)

ਹੋਰ ਰੂਪ — ਰੇਣਾਰੁ —

"ਨਾਨਕ ਇਕੁ ਆਰਾਧੇ ਸੰਤਨ **ਰੇਣਾਰ**।" (ਚਰਨ ਧੂੜਾ)

— ਰਾਮ **੫**, ਵਾਰ ੧੦ਸ, **੫**, ੧ : ੮ (962)

ਰੇਣੁ — ਚਰਨਧੂੜ, ਧੂੜੀ

"ਭਾਈ ਰੇ ਸੰਤ ਜਨਾ ਕੀ **ਰੇਣੁ**।"

— ਸਿਰੀ **੧**, ੧੨, ੧* : ੧ (18)

"ਚਰਣ **ਰੇਣੁ** ਗੁਰ ਕੀ ਮੁਖਿ ਲਾਗੀ।"

— ਗਉ **੫**, ੧੦੭, ੨ : ੧ (187)

ਰੇਣੁਕਹ — ਧੂੜੀ

"ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਯਾਗ ਸਗਲ **ਰੇਣੁਕਹ**।" — ਸਸ **੫**, ੪੦ : ੬ (1357)

ਹੋਰ ਰੂਪ — ਰੇਣੁਕਾ —

"ਸਾਧੂ ਕੀ ਹੋਹੁ **ਰੇਣੁਕਾ** ਅਪਣਾ ਆਪੁ ਤਿਆਗਿ।" (ਚਰਨ ਧੂੜ)

— ਸਿਰੀ **੫**, ੭੮, ੩ : ੧ (45)

ਰੇਤ — (ਸੰ. ਰੇਤਸ੍) ਵੀਰਜ, ਧਾਤੁ

"ਰੰਚਕ **ਰੇਤ** ਖੇਤ ਤਨਿ ਨਿਰਮਿਤ ਦੁਰਲਭ ਦੇਹ ਸਵਾਰਿ ਧਰੀ।" — ਸਮੁ **੫**, ੩* : ੧ (1387)

ਰੇਤੁ — ਬਾਲੂ

"ਹਰਿ ਹੈ ਖਾਂਡੁ **ਰੇਤੁ** ਮਹਿ ਬਿਖਰੀ ਹਾਥੀ ਚੁਨੀ ਨ ਜਾਇ।" — ਸਲੋ **ਕਬ**, ੨੩੮ : ੧ (1377)

ਰੇਨ — ਮਿਟੀ, ਧੂੜੀ

"ਰਾਰਾ **ਰੇਨ** ਹੋਤ ਸਭ ਜਾ ਕੀ।"

— ਗਉ **੫**, ਬਾਅ ੪੪ : ੧ (259)

ਹੋਰ ਰੂਪ — ਰੇਨਾ —

"ਹਉ ਮਾਂਗਉ ਸੰਤਨ **ਰੇਨਾ**।"

— ਸੋਰ **ਕਬ**, ੧੧, ੧ : ੩ (656)

ਰੇਨਾਇਆ — ਕਰਜੇ ਨਾਲ, ਰਿਨ ਨਾਲ

"ਸਸਤ ਵਖਰੁ ਤੂੰ ਘਿੰਨਹਿ ਨਾਹੀ ਪਾਪੀ ਬਾਧਾ **ਰੇਨਾਇਆ**।"

— ਆਸਾ **੫**, ੧੨੫, ੧ : ੨ (402)

ਰੇਨਾਈ — ਚਰਨ ਧੂੜ

"ਜੀਉ ਪਿੰਡੁ ਤਨੁ ਧਨੁ ਸਾਧਨ ਕਾ ਇਹੁ ਮਨੁ ਸੰਤ **ਰੇਨਾਈ**।" — ਸਾਰ **੫**, ੧੮, ੨ : ੧ (1207)

ਰੇਨਾਰਾ — ਚਰਨ ਧੂੜ

"ਹਮ ਸੰਤਜਨਾਂ **ਰੇਨਾਰਾ**।"

— ਸੋਰ **੫**, ੫੯, ੨ : ੨ (623)

ਹੋਰ ਰੂਪ — ਰੇਨਾਰੀ —

"ਸਰਬ ਭੂਤ ਪਾਰਬ੍ਰਹਮੁ ਕਰਿ ਮਾਨਿਆ ਹੋਵਾਂ ਸਗਲ **ਰੇਨਾਰੀ**।" (ਚਰਨ ਧੂੜ)

— ਸੋਰ **੫**, ੨੮, ੧ : ੧ (616)

ਰੇਨਾਰੁ —

"ਨਾਨਕੁ ਮੰਗੈ ਦਾਨੁ ਹਰਿ ਸੰਤਾ **ਰੇਨਾਰੁ**।" (ਚਰਨ ਧੂੜ)

— ਬਿਹਾ **੪**, ਵਾਰ ੨੧ : ੪ (556)

ਰੇਨਾਰੇ —

"ਪਾਵਉ ਦਾਨੁ ਢੀਠੁ ਹੋਇ ਮਾਗਉ ਮੁਖਿ ਲਾਗੈ ਸੰਤ **ਰੇਨਾਰੇ**।" (ਧੂੜ)

— ਸੂਹੀ **੫**, ੬, ੪ : ੧ (738)

ਰੇਨੁ — ਚਰਨ ਧੂੜ

"**ਰੇਨੁ** ਸੰਤਨ ਕੀ ਮੇਰੈ ਮੁਖਿ ਲਾਗੀ।"

— ਮਾਝ **੫**, ੧੮, ੪ : ੧ (100)

ਰੈ — ਕਿਰਨਾਂ ਵਾਲਾ

"ਕਲਿ ਵਿਚ ਧੂ ਅੰਧਾਰੁ ਸਾ ਚੜਿਆ **ਰੈ** ਭਾਣੁ।"

— ਰਾਮ **ਬਲ**, ਵਾਰ ੬ : ੮ (968)

ਰੈਣ — ਰਾਤ

"ਏਕ **ਰੈਣ** ਕੇ ਪਾਹੁਨ ਤੁਮ ਆਏ ਬਹੁ ਜੁਗ ਆਸ ਬਧਾਏ।" — ਗਉ **੫**, ੧੫੨*, ੧ : ੧ (212)

ਰੈਣਾਇਰ — ਸਮੁੰਦਰ

"**ਰੈਣਾਇਰ** ਮਾਹਿ ਅਨੰਤੁ ਹੈ ਕੂੜੀ ਆਵੈ ਜਾਇ।" (ਸੰਸਾਰ ਸਮੁੰਦਰ)

— ਰਾਮ **੩**, ਵਾਰ ੭ਸ, **੩**, ੧ : ੨ (949)

ਰੈਣਾਰ — ਰਾਤ

"ਓਹੁ ਢਾਢੀ ਤੁਧੁ ਧਿਆਇ ਕਲਾਣੇ ਦਿਨੁ **ਰੈਣਾਰ**।"

— ਰਾਮ **੫**, ਵਾਰ ੧੧ : ੫ (962)

ਹੋਰ ਰੂਪ — ਰੈਣਾਰੇ —

"ਅਉਧ ਘਟੈ ਦਿਨਸੁ **ਰੈਣਾਰੇ**।" (ਰਾਤ)

— ਗਉ **੫**, ਸੋਹ ੫, ੧* : ੧ (13)

ਰੈਣਿ — ਰਾਤ

"ਬਿਨੁ ਗੁਰ ਨੀਦ ਨ ਆਵਈ ਦੁਖੀ **ਰੈਣਿ** ਵਿਹਾਇ।"

— ਸਿਰੀ **੩**, ੪੭, ੨ : ੨ (31)

"ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ **ਰੈਣਿ**।" (ਉਮਰ ਰੂਪੀ ਰਾਤ)

— ਸਿਰੀ **੫**, ੧੩, ੧* : ੨ (43)

"ਜੈਸੇ **ਰੈਣਿ** ਪਰਾਹੁਣੇ ਉਠਿ ਚਲਸਹਿ ਪਰਭਾਤਿ।" (ਰਾਤ ਦੇ) — ਸਿਰੀ **੫**, ੯੨, ੨ : ੧ (50)

ਹੋਰ ਰੂਪ — ਰੈਣੀ —

"ਹਰਿ ਆਇ ਮਿਲਿਆ ਜਗ ਜੀਵਨੁ ਮੇਰੇ ਗੋਵਿੰਦਾ ਮੈ ਸੁਖਿ ਵਿਹਾਣੀ **ਰੈਣੀ** ਜੀਉ।" (ਰਾਤ) — ਗਉ **੪**, ੬੭, ੪ : ੨ (174)

ਰੈਣੇ —

"ਸਫਲਾ ਸੁ ਦਿਨਸ **ਰੈਣੇ** ਸੁਹਾਵੀ ਅਨਦ ਮੰਗਲ ਰਸੁ ਘਾਨਾ।"

— ਬਿਹਾ **੫**, ਛੰਤ ੨, ੪ : ੩ (543)

ਰੈਨੜੀਐ — ਰਾਤੇ, ਹੇ (ਸੁਹਾਵਣੀ) ਰਾਤੇ

"ਭਿੰਨੀ **ਰੈਨੜੀਐ** ਚਾਮਕਨਿ ਤਾਰੇ।

— ਆਸਾ **੫**, ਛੰਤ ੧੦, ੧ : ੧ (459)

ਹੋਰ ਰੂਪ — ਰੈਨੜੀਏ —

"ਵਧੁ ਸੁਖੁ **ਰੈਨੜੀਏ** ਪ੍ਰਿਅ ਪ੍ਰੇਮੁ ਲਗਾ।" (ਰਾਤੇ)

— ਬਿਹਾ **੫**, ਛੰਤ ੪, ੧ : ੧ (544)

ਰੈਨਾਇਰ — ਸਮੁੰਦਰ

"ਕਬੀਰ **ਰੈਨਾਇਰ** ਬਿਛੋਰਿਆ ਰਹੁ ਰੇ ਸੰਖ ਮਝੂਰਿ।" — ਸਲੋ **ਕਬ**, ੧੨੬ : ੧ (1371)

ਰੈਨਾਈ — ਰਾਤ ਦਾ

"ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ **ਰੈਨਾਈ**।" — ਗਉ **੯**, ੨, ੧ : ੨ (219)

ਰੈਨਾਰੇ — ਰਾਤ

"ਅਉਧ ਘਟੈ ਦਿਨਸੁ **ਰੈਨਾਰੇ**।"

— ਗਉ **੫**, ੧੨੪, ੧* : ੧ (205)

ਰੈਨਿ — ਰਾਤ

"ਸਿਮਰਉ ਦਿਨ **ਰੈਨਿ** ਮਾਸ ਗਿਰਾਸਾ।"

— ਗਉ **੫**, ੭੫, ੩ : ੪ (177)

"**ਰੈਨਿ** ਗਈ ਮਤ ਦਿਨੁ ਭੀ ਜਾਇ।" (ਜੁਆਨੀ ਰੂਪੀ ਰਾਤ) — ਸੂਹੀ **ਕਬ**, ੨, ੧* : ੧ (792)

ਹੋਰ ਰੂਪ — ਰੈਨੀ —

"ਆਸ ਪਿਆਸੀ ਚਿਤਵਉ ਦਿਨੁ **ਰੈਨੀ** ਹੈ ਕੋਈ ਸੰਤੁ ਮਿਲਾਵੈ ਨੇਰਾ।"

— ਗਉ **੫**, ੧੨੧*, ੧*: ੨ (204)

ਰੈਨੀ — 1. ਰਾਤ, ਵੇਖੋ 'ਰੈਨਿ'

2. ਰੰਗ ਦੀ ਮੱਟੀ,

"ਤਨਿ **ਰੈਨੀ** ਮਨੁ ਪੁਨਰਪਿ ਕਰਿਹਉ ਪਾਚਉ ਤਤ ਬਰਾਤੀ।"

— ਆਸਾ **ਕਬ**, ੨੪, ੧ : ੧ (482)

ਰੈਨੇਹੀ — ਰਾਤ

"ਜਿਨਿ ਤੁਮ ਸਿਰਜੇ ਸਿਰਜਿ ਸਵਾਰੇ ਤਿਸੁ ਧਿਆਵਹੁ ਦਿਨੁ **ਰੈਨੇਹੀ**।" — ਸੋਰ **੫**, ੪, ੪ : ੧ (609)

ਰੈਬਾਰਿਆ — (ਫਾ. ਰਹਿਬਰ), ਵਕੀਲ, ਅਗਵਾਈ ਕਰਨ ਵਾਲਾ

"ਪਰਵਿਰਤ ਨਿਰਵਿਰਤਿ ਹਾਠਾ ਦੋਵੈ ਵਿਚਿ ਧਰਮੁ ਫਿਰੈ **ਰੈਬਾਰਿਆ**।"

— ਮਲਾ **੧**, ਵਾਰ ੫ : ੩ (1280)

ਰੈਬਾਰੀ — (ਫਾ. ਰਹਿਬਰੀ), ਅਗਵਾਈ

"ਸਤਿਗੁਰੁ ਵਿਸਟੁ ਮੇਲਿ ਮੇਰੇ ਗੋਵਿੰਦਾ ਹਰਿ ਮੇਲੇ ਕਰਿ **ਰੈਬਾਰੀ** ਜੀਉ।"

— ਗਉ **੪**, ੬੭, ੪ : ੩ (174)

ਰੋ — ਸਬੰਧ ਬੋਧਕ, ਦਾ

"ਮਹਾਰਾਜ **ਰੋ** ਗਾਥੁ ਵਾਹੂ ਸਿਉ ਲੁਭੜਿਓ ਨਿਹਭਾਗੜੋ ਭਾਹਿ ਸੰਜੋਇਓਿ ਰੇ।"

— ਟੋਡੀ **੫**, ੧੯, ੧ : ੨ (715)

ਰੋਆਇਆ — ਰੁਆਇਆ, ਰੁਦਨ ਕਰਾਇਆ

"ਸਹੰਸਰ ਦਾਨ ਦੇ ਇੰਦ੍ਰੁ **ਰੋਆਇਆ**।"

— ਰਾਮ **੩**, ਵਾਰ ੧੪ਸ, **੧**, ੧ : ੧ (953)

ਰੋਇ — ਰੁਦਨ ਕਰੇ

"ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ **ਰੋਇ**।" — ਸਿਰੀ **੧**, ੪, ੧* : ੨ (15)

ਹੋਰ ਰੂਪ — ਰੋਇਆ —

"ਕੂਕ ਪੁਕਾਰ ਕੋ ਨ ਸੁਣੇ ਓਹੁ ਆਉਖਾ ਹੋਇ ਹੋਇ **ਰੋਇਆ**।" (ਰੁਦਨ ਕੀਤਾ)

— ਗਉ **੪**, ਵਾਰ ੧੬ਸ, **੪**, ੧ : ੩ (309)

ਰੋਈ —

"ਵਿਚਿ ਹਉਮੈ ਕਰਿ ਦੁਖੁ **ਰੋਈ**।" (ਰੁਦਨ ਕੀਤਾ)

— ਮਾਝ **੧**, ਵਾਰ ੧੬ਸ, **੧**, ੧ : ੫ (145)

ਰੋਈਹੈ —

"ਰਾਜਾ ਰੰਕੁ ਦੋਊ ਮਿਲਿ **ਰੋਈਹੈ**।" (ਰੋਂਦੇ ਹਨ) — ਗਉ **ਕਬ**, ੮, ੧ : ੨ (325)

ਰੋਏ —

"ਈਹਾ ਕਾਮਿ ਕ੍ਰੋਧਿ ਮੋਹਿ ਵਿਆਪਿਆ ਆਗੈ ਮੁਸਿ ਮੁਸਿ **ਰੋਏ**।" (ਰੁਦਨ ਕਰੇ)

— ਆਸਾ **੫**, ੪੨, ੧ : ੨ (381)

ਰੋਸੀ — ਰੋਏਗਾ

"ਗੁਣੀ ਅਚਾਰਿ ਨਹੀ ਰੰਗਿ ਰਾਤੀ ਅਵਗੁਣ ਬਹਿ ਬਹਿ **ਰੋਸੀ**।"

— ਧਨਾ **੧**, ਛੰਤ ੩, ੧ : ੪ (689)

ਰੋਸੁ — (ਸੰ. ਰੋ) ਗੁੱਸਾ, ਕ੍ਰੋਧ, ਰੋਸਾ

"**ਰੋਸੁ** ਨ ਕਾਹੂ ਸੰਗ ਕਰਹੁ ਆਪਨ ਆਪੁ ਬੀਚਾਰਿ।"

— ਗਉ **੫**, ਬਾਅ ੪੪ ਸ : ੧ (259)

"ਕਬੀਰ ਨਿਰਗੁਣ ਨਾਮ ਨ **ਰੋਸੁ**।" (ਭਾਵ ਬੇਮੁਖ ਨਾ ਹੋ) — ਗਉ **ਕਬ**, ੯, ੪ : ੧ (325)

"**ਰੋਸੁ** ਨ ਕੀਜੈ ਅੰਮ੍ਰਿਤ ਪੀਜੈ ਰਹਣੁ ਨਹੀ ਸੰਸਾਰੇ।"

— ਰਾਮ **੧**, ਓਅੰ ੧੧ : ੧ (931)

ਰੋਹਾ — ਗੁੱਸਾ, ਕ੍ਰੋਧ

"ਸਚੁ ਕਹੈ ਤਾ ਛੋਹੋ ਆਵੈ ਅੰਤਰਿ ਬਹੁਤਾ **ਰੋਹਾ**।"

— ਰਾਮ **੫**, ਵਾਰ ੭ਸ, **੫**, ੨ : ੪ (960)

ਰੋਹਿ — ਗੁੱਸੇ ਵਿਚ, ਕ੍ਰੋਧ ਵਿਚ

"ਕਿਤ ਕਉ ਸਾਹਿਬ ਆਵਹਿ **ਰੋਹਿ**।"

— ਸਿਰੀ **੧**, ੩੦, ੨ : ੨ (25)

ਰੋਂਹਿ — ਰੋਂਦੇ ਹਨ

"ਮੋਇਆ **ਰੋਂਹਿ** ਰੋਂਦੇ ਮਰਿ ਜਾਹੀ।"

— ਮਲਾ **੧**, ਵਾਰ ੨੦ਸ, **੧**, ੧ : ੮ (1287)

ਰੋਹਿਆ — ਗੁੱਸੇ ਹੋਇਆ

"ਮਾਇਆ ਦੂਖਿ ਮੋਹਿਆ ਹਉਮੈ **ਰੋਹਿਆ** ਮੇਰੀ ਮੇਰੀ ਕਰਤ ਵਿਹਾਵਏ।"

— ਧਨਾ **੪**, ਛੰਤ ੧, ੪ : ੩ (690)

ਰੋਹੁ — ਗੁੱਸਾ, ਕ੍ਰੋਧ

"ਦੁਖੁ ਦਰਵਾਜਾ **ਰੋਹੁ** ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ।"

— ਰਾਮ **੧**, ੩, ੨ : ੧ (877)

ਹੋਰ ਰੂਪ — ਰੋਹੈ —

"ਦੁਰਮਤਿ ਭਾਗਹੀਨ ਮਤਿ ਫੀਕੇ ਨਾਮੁ ਸੁਨਤ ਆਵੈ ਮਨਿ **ਰੋਹੈ**।" (ਗੁੱਸੇ ਵਿਚ)

— ਗੂਜ **੪**, ੨, ੩ : ੧ (493)

ਰੋਕਉ — ਰੋਕਾਂ

"ਨਿਸ ਬਾਸੁਰ ਬਿਖਿਅਨ ਕਉ ਧਾਵਤ ਕਿਹਿ ਬਿਧਿ **ਰੋਕਉ** ਤਾਹਿ।"

— ਸੋਰ **੯**, ੭, ੧* : ੨ (632)

ਹੋਰ ਰੂਪ — ਰੋਕਿਆ —

"ਬਾਣੀ **ਰੋਕਿਆ** ਰਹੈ ਦੁਆਰਾ।" (ਹਟਾਇਆ, ਮੋੜਿਆ, ਰੋਕਿਆ)
— ਗਉ **ਕਬ**, ਵਾ ੨ : ੩ (344)

ਰੋਕੀਆਂ —
"ਅਉਘਟ ਰੁਧੇ ਰਾਹ ਗਲੀਆਂ **ਰੋਕੀਆਂ**।" (ਰੁਕੀਆਂ ਹੋਈਆਂ ਹਨ)
— ਮਲਾ **੫**, ਵਾਰ ੨੩ : ੩ (1288)

ਰੋਗ — ਬਿਮਾਰੀ, ਦੁਖ
"ਜਨਮ ਮਰਣ **ਰੋਗ** ਸਭ ਨਿਵਾਰੇ।"
— ਮਾਝ **੫**, ੪੨, ੪ : ੨ (106)

ਹੋਰ ਰੂਪ — ਰੋਗੰ —
"ਜਨਮੰ ਤ ਮਰਣੰ ਹਰਖੰ ਤ ਸੋਗੰ ਭੋਗੰ ਤ **ਰੋਗੰ**।" (ਦੁਖ, ਬਿਮਾਰੀ)
— ਸਸ **੫**, ੧੨ : ੧ (1355)

ਰੋਗਹੁ — ਬਿਮਾਰੀ ਤੋਂ
"ਬਾਹ ਪਕਰਿ **ਰੋਗਹੁ** ਕਢਿ ਲਇਆ।"
— ਭੈਰ **੫**, ੨੦, ੪ : ੨ (1141)

ਰੋਗਣਹ — ਰੋਗ
"ਭ੍ਰਮ ਭਯਾਨ ਉਦਿਆਨ ਰਮਣੰ ਮਹਾ ਬਿਕਟ ਅਸਾਧ **ਰੋਗਣਹ**।"
— ਸਸ **੫**, ੪੯ : ੪ (1358)

ਰੋਗਨੀ — ਰੋਗ
"ਆਵਤ ਹਰਖ ਨ ਜਾਵਤ ਦੂਖਾ ਨਹ ਬਿਆਪੈ ਮਨ **ਰੋਗਨੀ**।" — ਰਾਮ **੫**, ੩, ੧ : ੧ (883)

ਰੋਗਾ — 1. ਰੋਗ, ਬਿਮਾਰੀ
"ਨਾਮੁ ਨਿਧਾਨੁ ਸਤਿਗੁਰੂ ਸੁਣਾਇਆ ਮਿਟਿ ਗਏ ਸਗਲੇ **ਰੋਗਾ** ਜੀਉ।"
— ਮਾਝ **੫**, ੧੨, ੨ : ੩ (99)

2. ਰੋਗਾਂ ਦੀ, ਬਿਮਾਰੀਆਂ ਦੀ
"ਵੰਞੈ **ਰੋਗਾਂ** ਘਾਣਿ ਹਰਿ ਗੁਣ ਗਾਇਐ।"
— ਗੂਜ **੫**, ਵਾਰ ੮ : ੨ (520)

ਰੋਗਿ — ਬਿਮਾਰੀ ਦੇ ਵਿਚ
"ਜੋ ਜਨਮੇ ਸੇ **ਰੋਗਿ** ਵਿਆਪੇ।"
— ਆਸਾ **੧**, ੧੩, ੩ : ੧ (352)

"ਹਉਮੈ **ਰੋਗਿ** ਜਾ ਕਾ ਮਨੁ ਬਿਆਪਤਿ ਓਹੁ ਜਨਮਿ ਮਰੈ ਬਿਲਲਾਤੀ।"
— ਸੋਰ **੫**, ੬, ੨ : ੨ (610)

ਰੋਗੀ — ਬਿਮਾਰ, ਰੋਗ ਗ੍ਰਹਸਤ
"ਮਨਮੁਖ **ਰੋਗੀ** ਹੈ ਸੰਸਾਰਾ।"
— ਮਾਝ **੩**, ਅਸ ੧੫, ੬ : ੧ (118)

ਹੋਰ ਰੂਪ — ਰੋਗੀਅੰ —
"ਨਿਰਧਨ ਭਯੰ ਧਨਵੰਤਹ **ਰੋਗੀਅੰ** ਰੋਗ ਖੰਡਨਹ।" — ਸਸ **੫**, ੨੦ : ੨ (1355)

ਰੋਗੁ — 1. ਬਿਮਾਰੀ
"ਤ੍ਰਿਸਨਾ ਅਹਿਨਿਸਿ ਅਗਲੀ ਹਉਮੈ **ਰੋਗੁ** ਬਿਕਾਰੁ।" — ਸਿਰੀ **੧**, ੧੨, ੨ : ੨ (20)

2. ਦੁਖ
"ਇਕੁ ਤਿਲੁ ਪਿਆਰਾ ਵੀਸਰੈ **ਰੋਗੁ** ਵਡਾ ਮਨ ਮਾਹਿ।" — ਸਿਰੀ **੧**, ੨੦, ੧ : ੧ (21)

ਰੋਗੇ — ਬਿਮਾਰੀ ਨਾਲ/ਸਦਕਾ
"**ਰੋਗੇ** ਮਰਤਾ ਰੋਗੇ ਜਨਮੈ।"
— ਭੈਰ **੫**, ੨੦, ੩ : ੧ (1141)

ਰੋਗੰ੍ — ਰੋਗੀ, ਬਿਮਾਰ
"ਆਰੋਗੰ੍ ਮਹਾ **ਰੋਗੰ੍** ਬਿਸਿਮ੍ਰਿਤੇ ਕਰੁਣਾ-ਮਯਹ।"
— ਸਸ **੫**, ੨੫ : ੨ (1356)

ਰੋਜ — 1. ਨਿਤਾਪ੍ਰਤਿ, ਨਿਤ
"ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ **ਰੋਜ**।"
— ਮਾਝ **੧**, ਬਾਰ ੯ : ੫ (135)

2. (ਫ਼ਾ. ਰੋਜ਼) ਦਿਨ
"ਸਬ **ਰੋਜ** ਗਸਤਮ ਦਰ ਹਵਾ ਕਰਦੇਮ ਬਦੀ ਖਿਆਲ।" — ਤਿਲੰ **੧**, ੧, ੩ : ੧ (721)

3. ਗਮ, ਸ਼ੋਕ
"ਖੇਦੁ ਨ ਪਾਇਓ ਨਹ ਫੁਨਿ **ਰੋਜ**।"
— ਰਾਮ **੫**, ੫੧, ੩ : ੨ (899)

ਰੋਜਗਾਰੁ — ਰੋਜ਼ੀ
"ਖਾਟਣ ਕਉ ਹਰਿ ਹਰਿ **ਰੋਜਗਾਰੁ**।"
— ਧਨਾ **੫**, ੨੩, ੧ : ੨ (676)

ਰੋਜਾ — (ਫ਼ਾ. ਰੋਜ਼ਾ) ਹਿਜ਼ਰੀ ਸੰਮਤ ਦੇ ਰਮਜ਼ਾਨ ਦੇ ਮਹੀਨੇ ਰਖਿਆ ਜਾਣ ਵਾਲਾ ਵਰਤ
"ਸਰਮ ਸੁੰਨਤਿ ਸੀਲੁ **ਰੋਜਾ** ਹੋਹੁ ਮੁਸਲਮਾਣੁ।"
— ਮਾਝ **੧**, ਵਾਰ ੭ਸ, **੧**, ੧ : ੨ (140)

"**ਰੋਜਾ** ਧਰੈ ਨਿਵਾਜ ਗੁਜਾਰੈ ਕਲਮਾ ਭਿਸਤਿ ਨ ਹੋਈ।" — ਆਸਾ **ਕਬ**, ੧੨, ੨ : ੧ (480)

ਰੋਜਿ — ਨਿਤ, ਹੋਰ ਵੇਖੋ ਰੋਜ (1)

"ਨ ਭੀਜੈ ਸੋਗੀ ਕੀਤੈ **ਰੋਜਿ**।"

— ਸਾਰ **੪**, ਵਾਰ ੧ਸ, **੧**, ੨ : ੩ (1237)

ਰੋਜੀ — (ਫ਼ਾ. ਰੋਜ਼ੀ) ਨਿਤ ਦਾ ਭੋਜਨ, ਉਪਜੀਵਕਾ

"ਜਲ ਮਹਿ ਜੰਤ ਉਪਾਇਅਨੁ ਤਿਨਾ ਭਿ **ਰੋਜੀ** ਦੇਇ।"

— ਰਾਮ **੩**, ਵਾਰ ੧੮ਸ, **੨**, ੧ : ੨ (955)

ਰੋਜੁ — ਹਰ ਰੋਜ਼ (ਦਾ ਨੇਮ), ਨਿਤ (ਦਾ ਨੇਮ)

"ਰੋਵਨਹਾਰੀ **ਰੋਜੁ** ਬਨਾਇਆ।"

— ਭੈਰ **੫**, ੩੩, ੧ : ੧ (1145)

ਰੋਟੀ — ਚਪਾਤੀ

"ਹਰਿ ਰੁਖੀ **ਰੋਟੀ** ਖਾਇ ਸਮਾਲੇ।"

— ਮਾਝ **੫**, ੩੨, ੨ : ੧ (105)

"ਬਾਬਰਵਾਣੀ ਫਿਰਿ ਗਈ ਕੁਇਰੁ ਨ **ਰੋਟੀ** ਖਾਇ।" (ਭਾਵ ਭੋਜਨ)

— ਆਸਾ **੧**, ਅਸ ੧੧, ੫ : ੩ (417)

ਹੋਰ ਰੂਪ — ਰੋਟੀਅਨ —

"ਘੂੰਘਰ ਬਾਧਿ ਭਏ ਰਾਮਦਾਸਾ **ਰੋਟੀਅਨ** ਕੇ ਓਪਾਵਾ।" (ਰੋਟੀਆਂ ਦੇ, ਉਪਜੀਵਕਾ ਦਾ)

— ਮਾਰੂ **੫**, ੧੫, ੩ : ੧ (1003)

ਰੋਟੀਆ —

"**ਰੋਟੀਆ** ਕਾਰਣਿ ਪੂਰਹਿ ਤਾਲ।" (ਉਪਜੀਵਕਾ ਲਈ)

— ਆਸਾ **੧**, ਵਾਰ ੫ਸ, **੧**, ੨ : ੫ (465)

ਰੋਡੜੀ — ਗੁੜ ਦੀ ਰੋੜੀ

"ਗਿਲੀ ਗਿਲੀ **ਰੋਡੜੀ** ਭਉਦੀ ਭਵਿ ਭਵਿ ਆਇ।" (ਭਾਵ ਮਾਇਆ)

— ਮਾਰੂ **੫**, ਵਾਰ ੯ਸ, **੫**, ੨ : ੧ (1097)

ਰੋਤ — ਰੋਂਦੇ ਹਨ

"ਤਜਿ ਗੋਪਾਲੁ ਜਿ ਆਨ ਲਾਗੇ ਸੇ ਬਹੁ ਪ੍ਰਕਾਰੀ **ਰੋਤ**।" — ਕੇਦਾ **੫**, ੧੩, ੨ : ੧ (1121)

ਹੋਰ ਰੂਪ — ਰੋਤਾ —

"ਜੀਵਤ ਕਉ ਮੂਆ ਕਹੈ ਮੂਏ ਨਹੀ **ਰੋਤਾ**।" (ਰੋਂਦਾ, ਰੁਦਨ ਕਰਦਾ)

— ਗਉ **੧**, ਅਸ ੧੮, ੪ : ੨ (229)

ਰੋਤਿ —

"ਏਕੋ ਪਵਨੁ ਕਹਾ ਕਉਨੁ **ਰੋਤਿ**।" (ਰੋਂਦਾ)

— ਗਉ **੫**, ੧੧੨, ੨ : ੨ (188)

ਰੋਂਦੇ — ਰੁਦਨ ਕਰਦੇ

"ਮੋਇਆ ਰੋਂਹਿ **ਰੋਂਦੇ** ਮਰਿ ਜਾਹੀ।"

— ਮਲਾ **੧**, ਵਾਰ ੨੦ਸ, **੧**, ੧ : ੮ (1287)

ਰੋਪਉ — (ਸੰ. ਰੋਪਣਸ੍)—ਜਮਾਉਣਾ, ਲਗਾਉਣਾ, ਕਿਸੇ ਫਟੇ ਥਾਂ ਉਪਰ ਬਰਾਬਰ ਦੀ ਟਾਕੀ ਕਟ ਕੇ ਲਗਾਉਣਾ ਤੇ ਛੇਦ ਬੰਦ ਕਰਨੇ

"ਨਹੀ ਰਾਂਬੀ ਠਾਉ **ਰੋਪਉ**।"

— ਸੋਰ **ਰਵਿ**, ੨, ੧ : ੨ (659)

ਰੋਪੈ — ਗੱਡੇ, ਕਾਇਮ ਕਰੇ

"ਗਗਨ ਮੰਡਲ ਮਹਿ **ਰੋਪੈ** ਥੰਮੁ।"

— ਰਾਮ **੩**, ਵਾਰ ੧੨ਸ, **੧**, ੬ : ੨ (953)

ਰੋਮ — (ਸੰ. ਰੋਮਨ) ਲੂੰ, ਵਾਲ, ਕੇਸ

"**ਰੋਮ ਰੋਮ** ਮਹਿ ਬਸਹਿ ਮੁਰਾਰਿ।"

— ਗਉ **ਕਬ**, ਥਿਤੀ ੧੫ : ੨੨ (344)

ਰੋਮਾਈ — ਰੋਮ ਵੀ

"ਕਿਆ ਹਮ ਜੀਅ ਜੰਤ ਬੇਚਾਰੇ ਬਰਨਿ ਨ ਸਾਕਹ ਏਕ **ਰੋਮਾਈ**।"

— ਬਿਲਾ **੫**, ੯੧, ੧ : ੧ (822)

ਰੋਮਾਵਲਿ — ਰੋਮ, ਵਾਲ

"**ਰੋਮਾਵਲਿ** ਕੋਟਿ ਅਠਾਰਹ ਭਾਰ।"

— ਭੈਰ **ਕਬ**, ਅਸ ੨, ੩ : ੪ (1163)

ਹੋਰ ਰੂਪ — ਰੋਮਾਵਲੀ —

"ਧਨਿ ਧਨਿ ਮੇਘਾ **ਰੋਮਾਵਲੀ**।" (ਭਾਵ ਉਨ)

— ਮਾਲੀ **ਨਾਮ**, ੧, ੧ : ੧ (988)

"ਬਾਵਨ ਕੋਟਿ ਜਾ ਕੈ **ਰੋਮਾਵਲੀ**।" (ਭਾਵ ਬਾਂਦਰਾਂ ਦੀ ਸੈਨਾ)

— ਭੈਰ **ਕਬ**, ੨, ੨ : ੧ (1163)

ਰੋਮਿ — ਰੋਮ ਦੁਆਰਾ

"ਰੋਮੇ **ਰੋਮਿ ਰੋਮਿ** ਰੋਮੇ ਮੈ ਗੁਰਮੁਖਿ ਰਾਮੁ ਧਿਆਏ ਰਾਮ।" — ਆਸਾ **੪**, ਛੰਤ ੯, ੩ : ੨ (443)

"**ਰੋਮਿ ਰੋਮਿ** ਮਨਿ ਤਨਿ ਇਕ ਬੇਦਨ ਮੈ ਪ੍ਰਭ ਦੇਖੇ ਬਿਨੁ ਨੀਦ ਨ ਪਈਆ।" (ਰੋਮ ਰੋਮ ਵਿਚ)

— ਬਿਲਾ **੪**, ਅਸ ੯, ੨ : ੧ (836)

ਹੋਰ ਰੂਪ — ਰੋਮੇ —

"ਰੋਮੇ **ਰੋਮਿ ਰੋਮਿ** ਰੋਮੇ ਮੈ ਗੁਰਮੁਖ ਧਿਆਏ ਰਾਮ।" (ਰੋਮ ਦੁਆਰਾ)

— ਆਸਾ **੪**, ਛੰਤ ੯, ੩ : ੨ (443)

ਰੋਲ — ਰੌਲਾ
"ਸਬਦੁ ਨ ਸੁਣਈ ਬਹੁ **ਰੋਲ** ਘਚੋਲਾ।"
— ਗਉ **੪**, ਵਾਰ ੨੪ਸ, **੩**, ੨ : ੨ (313)

ਰੋਲਿ — ਰੁਲਾ ਕੇ
"ਓਸੁ ਬਿਨਾ ਤੂੰ ਛੁਟਕੀ **ਰੋਲਿ**।"
— ਆਸਾ **੫**, ੮੨, ੨ : ੪ (390)

ਰੋਲੀਆ — ਰੁਲਾਵਾਂ
"ਹਰਿ ਮੇਲਹੁ ਸਜਣੁ ਪੁਰਖੁ ਮੇਰਾ ਸਿਰੁ ਤਿਸ ਵਿਟਹੁ ਤਲ **ਰੋਲੀਆ**।"
— ਗਉ **੪**, ਵਾਰ ੧੯ਸ, **੪**, ੧ : ੩ (311)

ਰੋਲੁ — 1. ਸਾਂਝ/ਸ਼ਿਰਕਤ ਦਾ ਝਗੜਾ
"ਇਸੁ ਹਰਿ ਧਨ ਕਾ ਕੋਈ ਸਰੀਕੁ ਨਾਹੀ ਕਿਸੈ ਨਾ ਖਤੁ ਨਾਹੀ ਕਿਸੈ ਕੈ ਸੀਵ ਬੰਨੈ **ਰੋਲੁ** ਨਾਹੀ ਜੇ ਕੋ ਹਰਿ ਧਨ ਕੀ ਬਖੀਲੀ ਕਰੇ ਤਿਸ ਕਾ ਮੁਹੁ ਹਰਿ ਚਹੁ ਕੁੰਡਾ ਵਿਚ ਕਾਲਾ ਕਰਾਇਆ।"
— ਬਿਲਾ **੪**, ਵਾਰ ੯ : ੪ (853)

2. ਰੌਲਾ, ਗੜਬੜ
"ਘਰਿ ਦਰਿ ਸਾਚਾ ਨਾਹੀ **ਰੋਲੁ**।"
— ਰਾਮ **੧**, ਅਸ ੬, ੨ : ੪ (905)

3. ਸ਼ਕ, ਸੰਸਾ, ਭੁਲੇਖਾ
"ਜਿਨ ਧਿਆਇਆ ਹਿਰਦੈ ਦਿਨਸੁ ਰਾਤਿ ਤੇ ਮਿਲੇ ਨਹੀ ਹਰਿ **ਰੋਲੁ**।"
— ਕਾਨ **੪**, ਵਾਰ ੧੨ : ੩ (1317)

ਰੋਵਸੀ — ਰੋਵੇ
"ਮਤ ਮੈ ਪਿਛੈ ਕੋਈ **ਰੋਵਸੀ** ਸੋ ਮੈ ਮੂਲਿ ਨ ਭਾਇਆ।" — ਰਾਮ **ਸੁੰਦ**, ਸਦ ੪ : ੨ (923)

ਰੋਵਹ — ਰੋਈਏ, ਭਾਵ ਅਫਸੋਸ ਕਰੀਏ
"**ਰੋਵਹ** ਬਿਰਹਾ ਮਨ ਕਾ ਆਪਣਾ ਸਾਹਿਬੁ ਸੰਮ੍ਾਲੇਹਾਂ।"
— ਵਡ **੧**, ਅਲਾ ੨, ੧ : ੨ (579)

ਰੋਵਹਿ — 1. ਫਰਿਆਦ ਕਰੇ, ਪੁਕਾਰ ਕਰੇ, ਰੋਏ
"ਵਿਚੁ ਨ ਕੋਈ ਕਰਿ ਸਕੈ ਕਿਸ ਥੈ **ਰੋਵਹਿ** ਰੋਜ।"
— ਮਾਝ **੧**, ਬਾਰਾ ੯ : ੫ (135)

2. ਰੋਂਦੇ ਹਨ, ਅਫਸੋਸ ਕਰਦੇ ਹਨ
"ਏਕੁ ਮਰੈ ਪੰਚੇ ਮਿਲਿ **ਰੋਵਹਿ**।"
— ਆਸਾ **੧**, ਅਸ ੪, ੧ : ੧ (413)
"ਇਕਨ੍ਾ ਏਹੋ ਲਿਖਿਆ ਬਹਿ ਬਹਿ **ਰੋਵਹਿ** ਦੁਖ।" (ਰੋਣ)
— ਆਸਾ **੧**, ਅਸ ੧੧, ੭ : ੨ (417)

ਰੋਵਹੀ — ਰੋਂਦੇ ਹਨ
"ਵਿਣੁ ਨਾਵੈ ਤਨੁ ਛਾਰੁ ਕਿਆ ਕਹਿ **ਰੋਵਹੀ**।"
— ਮਲਾ **੧**, ਵਾਰ ੧੫ : ੭ (1285)

ਰੋਵਹੁ — ਰੋਂਦੇ ਹੋ
"ਮੋਇਆ ਕਉ ਕਿਆ **ਰੋਵਹੁ** ਰੋਇ ਨ ਜਾਣਹੂ।"
— ਆਸਾ **੧**, ਅਸ ੧੬, ੩ : ੧ (419)
"**ਰੋਵਹੁ** ਕੰਤ ਮਹੇਲੀਹੋ ਸਚੇ ਕੇ ਗੁਣ ਸਾਰੇ।"
— ਵਡ **੧**, ਅਲਾ ੩, ੫ : ੪ (580)

ਹੋਰ ਰੂਪ — ਰੋਵਹੁਗੇ —
"ਤੁਮ **ਰੋਵਹੁਗੇ** ਓਸ ਨੋ ਤੁਮ੍ ਕਉ ਕਉਣੁ ਰੋਈ।" (ਰੋਵੋਗੇ)
— ਆਸਾ **੧**, ਅਸ ੧੩, ੩ : ੨ (418)

ਰੋਵਣ — ਰੋਣ ਲਈ
"ਤੁਸੀ ਰੋਵਹੁ **ਰੋਵਣ** ਆਈਹੋ ਝੂਠਿ ਮੁਠੀ ਸੰਸਾਰੇ।"
— ਵਡ **੧**, ਅਲਾ ੩, ੭ : ੧ (580)

ਰੋਵਣਹਾਰਾ — ਰੋਣ ਵਾਲਾ, ਅਫਸੋਸ ਕਰਨ ਵਾਲਾ
"ਜਿਸ ਕਾ ਸਾ ਸੋ ਤਿਨ ਹੀ ਲੀਆ ਭੂਲਾ **ਰੋਵਣਹਾਰਾ** ਹੇ।" — ਮਾਰੂ **੧**, ਸੋਲਾ ੭, ੭ : ੩ (1027)

ਹੋਰ ਰੂਪ — ਰੋਵਣਹਾਰੇ —
"ਹਾਕਾਰਾ ਆਇਆ ਜਾ ਤਿਸੁ ਭਾਇਆ ਰੁੰਨੇ **ਰੋਵਣਹਾਰੇ**।" (ਰੋਣ ਵਾਲੇ, ਅਫਸੋਸ ਦੇ ਪਾਤਰ) — ਵਡ **੧**, ਅਲਾ ੫, ੪ : ੩ (582)

ਰੋਵਣਹਾਰੇਵਾ —
"ਰੋਵੈ ਮਾਇਆ ਮੁਠੜੀ ਧੰਧੜਾ **ਰੋਵਣਹਾਰੇਵਾ**।" (ਰੋਂਦੀ ਹੈ)
— ਵਡ **੧**, ਅਲਾ ੪, ੪ : ੨ (581)

ਰੋਵਣਵਾਲੇ — ਰੋਣਹਾਰ
"**ਰੋਵਣਵਾਲੇ** ਜੇਤੜੇ ਸਭਿ ਬੰਨਹਿ ਪੰਡ ਪਰਾਲਿ।"
— ਸਿਰੀ **੧**, ੩, ੨ : ੩ (15)

ਰੋਵਣਾ — ਰੋਣਾ, ਪਛਤਾਵਣਾ, ਅਫਸੋਸ ਕਰਨਾ
"ਜਿਨੀ ਪਛਾਤਾ ਹੁਕਮੁ ਤਿਨ੍ ਕਦੇ ਨ **ਰੋਵਣਾ**।"
— ਗੂਜ **੫**, ਵਾਰ ੧੮ : ੭ (523)
"ਬਾਬਾ ਰੋਵਹੁ ਜੇ ਕਿਸੈ **ਰੋਵਣਾ** ਜਾਨੀਅੜਾ ਬੰਧਿ ਪਠਾਇਆ ਹੈ।"
— ਵਡ **੧**, ਅਲਾ ੫, ੪ : ੧ (582)

ਰੋਵਣੁ — ਰੋਣਾ, ਰੁਦਨ
"ਵਾਲੇਵੇ ਕਾਰਣਿ ਬਾਬਾ ਰੋਈਐ **ਰੋਵਣੁ** ਸਗਲ ਬਿਕਾਰੋ।" — ਵਡ **੧**, ਅਲਾ ੧, ੪ : ੨ (579)

ਰੋਵਤ — ਰੋਂਦਾ
"ਉਪਜਤ ਬਿਨਸਤ **ਰੋਵਤ** ਰਹਿਬੋ।"
— ਗਉ **ਕਬ**, ੮, ੧* : ੨ (325)

ਹੋਰ ਰੂਪ — ਰੋਵਤੁ —
"ਹਸਤੋ ਜਾਇ ਸੁ **ਰੋਵਤੁ** ਆਵੈ ਰੋਵਤੁ ਜਾਇ ਸੁ ਹਸੈ।" (ਰੋਂਦਾ)
— ਸਾਰ **ਕਬ**, ੨, ੧ : ੧ (1252)

ਰੋਵੰਦੀ — ਰੋਂਦੀ
"ਮੈ **ਰੋਵੰਦੀ** ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ।"
— ਵਡ **੧**, ੩, ੧ : ੧੩ (558)

ਰੋਵਨਹਾਰਾ — ਰੋਣ ਵਾਲਾ ਬਣਦਾ ਹੈ, ਰੋਂਦਾ ਹੈ
"ਕਰੈ ਨ ਝੁਰੈ ਨਾ ਮਨੁ **ਰੋਵਨਹਾਰਾ**।"
— ਆਸਾ **੫**, ੨੧, ੧* : ੧ (376)

ਹੋਰ ਰੂਪ — ਰੋਵਨਹਾਰੀ —
"**ਰੋਵਨਹਾਰੀ** ਰੋਜੁ ਬਨਾਇਆ।" (ਰੋਣ ਵਾਲੀ ਨੇ) — ਭੈਰ **੫**, ੩੩, ੧ : ੧ (1145)

ਰੋਵਨਹਾਰੁ —
"ਏਕੁ ਕਬੀਰਾ ਨਾ ਮੂਆ ਜਿਹ ਨਾਹੀ **ਰੋਵਨਹਾਰੁ**।" (ਰੋਣ ਵਾਲਾ)
— ਸਲੋ **ਕਬ**, ੬੯ : ੨ (1368)

ਰੋਵਨਹਾਰੈ —
"**ਰੋਵਨਹਾਰੈ** ਝੂਠੁ ਕਮਾਨਾ।" (ਰੋਣ ਵਾਲੇ ਨੇ)
— ਆਸਾ **੫**, ੨੫, ੧ : ੧ (389)

ਰੋਵਨਿ — ਰੋਂਦੇ ਹਨ
"ਮਾਉ ਪੀਉ ਕਿਰਤੁ ਗਵਾਇਨਿ ਟਬਰ **ਰੋਵਨਿ** ਧਾਹੀ।"
— ਮਾਝ **੧**, ਵਾਰ ੨੬ਸ, **੧**, ੧ : ੪ (149)

ਹੋਰ ਰੂਪ — ਰੋਵੰਨਿ —
"ਆਪਨਾ ਲੀਆ ਜੇ ਮਿਲੈ ਵਿਛੁੜਿ ਕਿਉ **ਰੋਵੰਨਿ**।" (ਰੋਣ,ਅਫਸੋਸ ਕਰਨ)
— ਮਾਝ **੫**, ਬਾਰਾ ੪ : ੨ (134)

ਰੋਵਨੁ —
"ਮਾਇਆ ਗਈ ਤਬ **ਰੋਵਨੁ** ਲਗਤੁ ਹੈ।" (ਰੋਣ) — ਆਸਾ **ਰਵਿ**, ੬, ੧ : ੨ (487)

ਰੋਵਾ — ਰੁਦਨ ਕਰਾਂ, ਰੋਵਾਂ
"ਹੰਭੀ ਵੰਞਾ ਡੁਮਣੀ **ਰੋਵਾ** ਝੀਣੀ ਬਾਣਿ।"
— ਸਿਰੀ **੧**, ੨੪, ੨ : ੨ (23)

ਰਵੀਜੈ — ਰੋਵੋ
"ਮੇਰਾ ਮੇਰਾ ਕਰਿ **ਰੋਵੀਜੈ**।"
— ਮਾਰੂ **੧**, ਸੋਲਾ ੨, ੮ : ੨ (1027)

ਰੋਵੈ — 1. ਰੋਂਦੀ ਹੈ, ਰੁਦਨ ਕਰਦੀ ਹੈ, ਅਫਸੋਸ ਕਰਦੀ ਹੈ।
"ਹੁਕਮੁ ਨ ਜਾਣੈ ਬਹੁਤਾ **ਰੋਵੈ**।"
— ਸਿਰੀ **੪**, ਵਾਰ ੮ਸ, **੩**, ੧ : ੧ (85)
"ਝੂਠਿ ਵਿਛੁੰਨੀ **ਰੋਵੈ** ਧਾਹੀ।"
— ਮਾਝ **੧**, ਅਸ ੧, ੬ : ੨ (109)
"ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ ਇਕਿ ਮਨਮੁਖਿ ਕਰਹਿ ਸਿ **ਰੋਵੈ**।" (ਪਛਤਾਉਂਦਾ ਹੈ)
— ਸੂਹੀ **੪**, ੧੫, ੩ : ੨ (736)
2. ਤਰਲੇ ਲਵੇ, ਲੋਚੇ
"ਵਸਤੁ ਪਰਾਈ ਕਉ ਉਠਿ **ਰੋਵੈ**।"
— ਧਨਾ **੫**, ੨੨, ੩ : ੧ (676)
3. ਦੁਖੀ ਹੋਏ
"ਆਪੁ ਨ ਚੀਨਸਿ ਭ੍ਰਮਿ ਭ੍ਰਮਿ **ਰੋਵੈ**।"
— ਧਨਾ **੧**, ਅਸ ੧, ੬ : ੪ (686)

ਰੋੜਾ — ਕੰਕਰ, ਰੁਕਾਵਟ
"ਕਬੀਰਾ **ਰੋੜਾ** ਹੋਇ ਰਹੁ ਬਾਟ ਕਾ ਤਜਿ ਮਨ ਕਾ ਅਭਿਮਾਨ।" — ਸਲੋ **ਕਬ**, ੧੪੬ : ੧ (1372)

ਲ

ਲਉ — 1. ਲੀਨ ਹੋ, ਗਰਕ ਹੋ (ਮਹਾਨਕੋਸ਼); ਨਾਲ,

"ਪੇਖਿ ਪੇਖਿ ਕਸੁੰਭ ਕੀ ਲੀਲਾ ਰਾਚਿ ਮਾਚਿ ਤਿਨਹੂੰ **ਲਉ** ਹਸੂਆ।"

— ਗਉ **੫**, ੧੨੭*, ੨ : ੧ (206)

2. ਤਕ, ਤੋੜੀ

"ਜਉ **ਲਉ** ਹਉ ਕਿਛੁ ਸੋਚਉ ਚਿਤਵਉ ਤਉ ਲਉ ਦੁਖਨੁ ਭਰੇ।"

— ਗਉ **੫**, ੧੫੯, ੨ : ੧ (214)

"ਦੇਹੁਰੀ **ਲਉ** ਬਰੀ ਨਾਰਿ ਸੰਗਿ ਭਈ ਆਗੈ ਸਜਨ ਸੁਹੇਲਾ।"

— ਸੋਰ **ਕਬ**, ੨, ੩ : ੧ (654)

3. ਤਰ੍ਹਾਂ

"ਏਕ ਨਾਮ ਬਿਨੁ ਕਹ **ਲਉ** ਸਿਧੀਆ।"

— ਗਉ **੫**, ਬਾਅ ੪੩ : ੨ (259)

4. ਨਰੀਂਦੇ, ਤੋਪੇ

"**ਲਉ** ਨਾੜੀ ਸੂਆ ਹੈ ਅਸਤੀ।"

— ਰਾਮ **੫**, ੧੩, ੧ : ੨ (886)

(ਮਹਾਨਕੋਸ਼ ਅਰਥ 'ਤੰਤ, ਧਾਗਾ' ਕਰਦਾ ਹੈ)

5. ਲਵਾਂ, ਲੈਣ ਦੀ

"**ਲਉ** ਲਈ ਤ੍ਰਿਸਨਾ ਅਤਿਪਤਿ ਮਨ ਮਾਏ ਕਰਮ ਕਰਤ ਸਿ ਸੂਕਰਹ।"

— ਸਸ **੫**, ੬੬ : ੨ (1360)

6. ਲੈ, ਉਚਾਰ

"ਮੂਰਤ ਘਰੀ ਚਸਾ ਪਲ ਸਿਮਰਨ ਰਾਮ ਨਾਮੁ ਰਸਨਾ ਸੰਗਿ **ਲਉ**।"

— ਸਮੁ **੫**, ੨* : ੪ (1387)

ਲਉਕੀ — ਤੁੰਮੀ, ਤੁੰਬੀ, ਕਦੂ ਵਰਗੀ ਇਕ ਕਉੜੀ ਸਬਜ਼ੀ

"**ਲਉਕੀ** ਅਠਸਠਿ ਤੀਰਥ ਨ੍ਹਾਈ।"

— ਸੋਰ **ਕਬ**, ੮, ੨ : ੧ (656)

ਲਉਕੇ — ਤੂੰਬੇ

"ਰਵ ਸਸਿ **ਲਉਕੇ** ਇਹੁ ਤਨ ਕਿੰਗਰੀ ਵਾਜੈ ਸਬਦ ਨਿਰਾਰੀ।" — ਰਾਮ **੧**, ਅਸ ੯, ੭ : ੧ (907)

ਲਉਗ — ਲੌਂਗ

"ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ **ਲਉਗ** ਸੁਪਾਰੀ।" — ਕੇਦਾ **ਕਬ**, ੨, ੧ : ੧ (1123)

ਲਉਡਾ — ਲੌਂਡਾ, ਸੇਵਕ

"ਜੋ **ਲਉਡਾ** ਪ੍ਰਭਿ ਕੀਆ ਅਜਾਤਿ।"

— ਆਸਾ **੫**, ੨੧, ੩ : ੧ (376)

ਹੋਰ ਰੂਪ — ਲਉਡੇ —

"ਤਿਸੁ **ਲਉਡੇ** ਕਉ ਕਿਸ ਕੀ ਤਾਤਿ।"

— ਆਸਾ **੫**, ੨੧, ੩ : ੨ (376)

ਲਇਓੁ — ਲਇਆ, ਲਿਆ

"ਜੇ ਆਪਿ ਪਰਖ ਨ ਆਵਈ ਤਾਂ ਪਾਰਖੀਆ ਥਾਵਹੁ **ਲਇਓੁ** ਪਰਖਾਇ।"

— ਸਾਰ **੪**, ਵਾਰ ੩੨ਸ, **੩**, ੧ : ੫ (1249)

ਹੋਰ ਰੂਪ — ਲਇਓ —

"ਜਿਉ ਉਦਿਆਨੁ ਕੁਸਮ ਪਰਫੁਲਿਤ ਕਿਨਹਿ ਨਾ ਘ੍ਰਾਉ **ਲਇਓ**।" (ਲਈ)

— ਗਉ **ਕਬ**, ੫੯, ੨ : ੧ (336)

"ਘਰ ਕੇ ਦੇਵ ਪਿਤਰ ਕੀ ਛੋਡੀ ਗੁਰ ਕੋ ਸਬਦੁ **ਲਇਓ**।" (ਲਿਆ, ਗ੍ਰਹਿਣ ਕੀਤਾ)

— ਬਿਲਾ **ਕਬ**, ੪, ੪ : ੧ (856)

ਲਇਓਨੁ — ਲੈਂਦਾ ਹੈ

"ਇਕਿ ਆਪਣੈ ਭਾਣੈ ਕਢਿ ਲਇਅਨੁ ਆਪੇ **ਲਇਓਨੁ** ਮਿਲਾਇ।"

— ਸਿਰੀ **੩**, ੫੮, ੩ : ੨ (36)

"ਸਭੁ ਕੋ ਵਸਗਤਿ ਕਰਿ **ਲਇਓਨੁ** ਬਿਨੁ ਨਾਵੈ ਖਾਕੁ ਰਲਿਆ।" (ਲੈਂਦੇ ਹਨ)

— ਸਿਰੀ **੫**, ੭੨, ੩ : ੨ (42)

ਲਇਅਨੁ — ਲੈਂਦਾ ਹੈ

"ਠੋਕਿ ਵਜਾਇ ਸਭ ਡਿਠੀਆ ਤੁਸਿ ਆਪੇ **ਲਇਅਨੁ** ਛਡਾਇ ਜੀਉ।"

— ਸਿਰੀ **੫**, ਅਸ ੨੯, ੧੨ : ੩ (74)
"ਨਾਨਕ ਤਿੰਨ ਕਾ ਆਖਿਆ ਆਪਿ ਸੁਣੇ ਜਿ **ਲਇਅਨੁ** ਪੰਨੈ ਪਾਇ।" (ਲਏ ਹਨ; ਭਾਵ ਆਪਣੇ ਬਣਾ ਲਏ ਹਨ, ਆਪਣੀ ਵਹੀ ਤੇ ਚੜ੍ਹਾ ਲਏ ਹਨ) — ਬਿਲਾ **੪**, ਵਾਰ ੯ਸ, **੩**, ੧ : ੨ (853)

ਲਇਆ — 1. ਲਿਆ
"ਹਉਮੈ ਮੇਰਾ ਰਹਿ ਗਇਆ ਸਚੈ **ਲਇਆ** ਮਿਲਾਇ।" — ਸਿਰੀ **੩**, ਪ੫, ੩ : ੩ (35)
2. ਪ੍ਰਾਪਤ ਕੀਤਾ
"ਕਰਮਿ ਮਿਲੈ ਤਾ ਪਾਈਐ ਆਪਿ ਨ **ਲਇਆ** ਜਾਇ।"
— ਸਿਰੀ **੧**, ਅਸ ੧੨, ੭ : ੧ (61)
"ਆਪਹੁ ਕਛੂ ਨ ਕਿਨਹੂ **ਲਇਆ**।"
— ਗਉ **੫**, ਸੁਖ ੬, ੮ : ੮ (271)
3. ਉਚਾਰਨ ਕੀਤਾ, ਜਪਿਆ
"ਸਾਧਸੰਗਿ ਨਾਨਕ ਨਾਮੁ **ਲਇਆ**।"
— ਗਉ **੫**, ੯੧, ੪ : ੪ (183)
"ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ **ਲਇਆ**।"
— ਵਡ **੪**, ਵਾਰ ੧੮ : ੪ (593)
4. ਭਾਵ ਮਾਰਿਆ
"ਵਿਝਣ ਕਲਾ ਨ ਦੇਵਦਾ ਤਾਂ **ਲਇਆ** ਕਰਤੇ।"
— ਗਉ **੪**, ਵਾਰ ੩੨ : ੭ (317)
5. ਖਰੀਦਿਆ
"ਕੀਮਤਿ ਕਿਨੈ ਨ ਪਾਈਆ ਕਿਤੈ ਨ **ਲਇਆ** ਜਾਇ।"
— ਬਿਹਾ **੪**, ਵਾਰ ੧੮ਸ, **੩**, ੧ : ੩ (555)

ਲਇਐ — ਲੈਣ ਨਾਲ, ਜਪਨ ਨਾਲ
"ਨਾਉ ਤੇਰਾ ਨਿਰੰਕਾਰੁ ਹੈ ਨਾਇ **ਲਇਐ** ਨਰਕਿ ਨ ਜਾਈਐ।" — ਆਸਾ **੧**, ਵਾਰ ੫ : ੧ (465)

ਲਈ — 1. ਲਈਂ, ਲਵਾਂ, ਮੈ ਪ੍ਰਾਪਤ ਕਰਾਂ
"ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ **ਲਈ**।" — ਜਪੁ **੧**, ੬ : ੨ (2)
"ਲਉ **ਲਈ** ਤ੍ਰਿਸਨਾ ਅਤਿਪਤਿ ਮਨ ਮਾਏ ਕਰਮ ਕਰਤ ਸਿ ਸੂਕਰਹ।"
— ਸਸ **੫**, ੬੬ : ੨ (1360)
2. ਲਵਾਂ, ਸਹਾਇਕ ਕਿਰਿਆ
"ਸਤਗੁਰ ਕਾ ਭਾਣਾ ਮੰਨਿ **ਲਈ** ਵਿਚਹੁ ਆਪੁ ਗਵਾਇ।" — ਸਿਰੀ **੩**, ੫੪, ੧ : ੨ (34)
3. ਪ੍ਰਾਪਤ ਕੀਤੀ
"ਸਤਿਗੁਰ ਤੇ ਨਿਰਮਲ ਮਤਿ **ਲਈ**।"
— ਗਉ **੫**, ਸੁਖ ੨੦, ੩ : ੨ (289)
"ਪਹਿਲੇ ਬਾਸੁ **ਲਈ** ਹੈ ਭਵਰਹ ਬੀਠਲੁ ਭੈਲਾ ਕਾਇ ਕਰਉ।"
— ਆਸਾ **ਨਾਮ**, ੨, ੨ : ੨ (485)
4. ਭਾਵ ਠੱਗ ਲਈ
"ਅੰਤਰਿ ਮਮਤਾ ਕੂਰਿ ਕੂੜ ਵਿਹਾਝੇ ਕੂੜਿ **ਲਈ** ਬਲਿ ਰਾਮ ਜੀਉ।"
— ਸੂਹੀ **੪**, ਛੰਤ ੧, ੩ : ੨ (773)
5. ਲੈਣ ਨਾਲ, ਜਪਨ ਨਾਲ
"ਅਘ ਕੋਟਿ ਹਰਤੇ ਨਾਮ **ਲਈ**।"
— ਮਲਾ **੫**, ੨੬, ੨ : ੨ (1272)
6. ਪੱਖ, ਤਰਫਦਾਰੀ (ਮਹਾਨਕੋਸ਼)
"ਜੋ ਮਾਨੁਖੁ ਮਾਨੁਖ ਕੀ ਸੇਵਾ ਓਹੁ ਤਿਸ ਕੀ **ਲਈ ਲਈ** ਫੁਨਿ ਜਾਈਐ।"
— ਬਿਲਾ **੫**, ੯੨, ੨ : ੧ (822)
('ਦਰਪਣ', 'ਸ਼ਬਦਾਰਥ', 'ਨਿਰਣੈ' ਅਰਥ 'ਲਈ ਜਾਂਦਾ' ਕਰਦੇ ਹਨ)

ਲਈਅਸੁ — ਲਿਆ ਸੁ
"ਸਭੇ ਧਿਰਾਂ ਨਿਖੁਟੀਅਸੁ ਹਿਰਿ **ਲਈਅਸੁ** ਧਰਤੇ।"
— ਗਉ **੪**, ਵਾਰ ੩੨ : ੬ (317)

ਲਈਅਹਿ — ਲਈਦਾ ਹੈ
"ਇਕਸੁ ਹਰਿ ਕੇ ਨਾਮ ਬਿਨੁ ਆਗੈ **ਲਈਅਹਿ** ਖੋਹਿ।" — ਮਾਝ **੫**, ਬਾਰਾ ੩ : ੫ (133)

ਲਈਅਨਿ — ਲਇਓ ਨੇ
"**ਲਈਅਨਿ** ਖਰੇ ਪਰਖਿ ਦਰਿ ਬੀਨਾਈਐ।"
— ਮਾਝ **੧**, ਵਾਰ ੧੨ : ੨ (146)

ਲਈਆ — 1. ਲਈਆਂ
"ਗੁਰ ਸਬਦੀ ਸੀਗਾਰੀਆ ਆਪਣੇ ਸਹਿ **ਲਈਆ** ਮਿਲਾਇ।"
— ਆਸਾ **੩**, ਅਸ ੩੨, ੬ : ੨ (430)
2. ਲਾ ਕੇ, ਜੋੜ ਕੇ
"ਕੰਚਨ ਕੋਟੁ ਬਹੁ ਮਾਣਕਿ ਭਰਿਆ ਜਾਗੇ ਗਿਆਨ ਤਤਿ ਲਿਵ **ਲਈਆ**।"

— ਬਿਲਾ **੪**, ਅਸ ੧, ੩ : ੧ (833)

3. ਲਿਆ ਹੈ

"ਰਾਮ ਗੁਰਿ ਮੋਹਨਿ ਮੋਹਿ ਮਨੁ **ਲਈਆ**।"

— ਬਿਲਾ **੪**, ਅਸ ੫, ੧* : ੧ (836)

4. ਲਾਈ ਹੈ, ਲਗਾਈ ਹੈ

"ਪ੍ਰਭਿ ਆਣਿ ਆਣਿ ਮਹਿੰਦੀ ਪੀਸਾਈ ਆਪੇ ਘੋਲਿ ਘੋਲਿ ਅੰਗਿ **ਲਈਆ**।"

— ਬਿਲਾ **੪**, ਅਸ ੬, ੮ : ੧ (837)

ਲਈਐ — 1. ਲਈਦਾ ਹੈ

"ਦੇ ਸਾਬੂਣੁ **ਲਈਐ** ਓਹੁ ਧੋਇ।"

— ਜਪੁ **੧**, ੨੦ : ੪ (4)

2. ਲੈਂਦਾ ਹੈ

"ਸੋ ਐਸਾ ਹਰਿ ਸੇਵਿ ਸਦਾ ਮਨ ਮੇਰੇ ਜੋ ਤੁਧਨੋ ਸਭਦੂ ਰਖਿ **ਲਈਐ**।"

— ਗੋਂਡ **੪**, ੫, ੧ : ੨ (861)

3. ਉਚਾਰਣ ਕਰੀਏ, (ਯਾਦ) ਕਰੀਏ, ਜਪੀਏ

"ਵਡੜੈ ਝਾਲਿ ਝਲੁੰਭਲੈ ਨਾਵੜਾ **ਲਈਐ** ਕਿਸੁ।"

— ਸਲੋ **੩**, ੬੨ : ੧ (1420)

ਲਈਜੈ — ਲਵੋ, ਲਈਦੀ ਹੈ

"ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ **ਲਈਜੈ**।"

— ਸੂਹੀ **੧**, ਛੰਤ ੪, ੩ : ੧ (765)

ਲਏ — 1. ਲੈਂਦਾ ਹੈ, ਲਵੇ

"ਨਾਨਕ ਸਚਾ ਪਾਤਿਸਾਹੁ ਆਪੇ **ਲਏ** ਮਿਲਾਇ।"

— ਸਿਰੀ **੧**, ੧੦, ੪ : ੪ (18)

"ਜਿਸੁ ਲਾਇ **ਲਏ** ਸੋ ਨਿਰਮਲੁ ਹੋਈ।"

— ਮਾਝ **੩**, ਅਸ ੧੫, ੮ : ੨ (118)

2. ਉਚਾਰਨ ਕਰੇ, ਜਪੇ, ਲਵੇ

"ਜਨ ਨਾਨਕੁ ਨਾਮੁ **ਲਏ** ਤਾ ਜੀਵੈ ਬਿਨੁ ਨਾਵੈ ਖਿਨੁ ਮਰਿ ਜਾਇਆ।"

— ਸਿਰੀ **੪**, ਵਾਰ ੧੧ਸ, **੩**, ੨ : ੬ (87)

3. ਲੈਣ ਨਾਲ

"ਮੇਰੇ ਮਨ ਨਾਮਿ **ਲਏ** ਜਮ ਬੰਧ ਤੇ ਛੂਟਹਿ ਸਰਬ ਸੁਖਾ ਸੁਖ ਪਾਈਐ।"

— ਗਉ **੫**, ੧੫੩*, ੨ : ੧ (213)

4. ਪ੍ਰਾਪਤ ਕਰਦਾ

"ਸਚੁ ਸਚਾ ਸਭ ਦੂ ਵਡਾ ਹੈ ਸੋ **ਲਏ** ਜਿਸੁ ਸਤਿਗੁਰੁ ਟਿਕੇ।"

— ਗਉ **੪**, ਵਾਰ ੮ : ੧ (304)

5. ਲੈਣ

"**ਲਏ** ਦਿਤੇ ਵਿਣੁ ਰਹੈ ਨ ਕੋਇ।"

— ਆਸਾ **੧**, ੪, ੩ : ੨ (350)

6. ਲੈ ਕੇ

"ਜੇ ਕੋਈ ਉਸ ਕਾ ਸੰਗੀ ਹੋਵੈ ਨਾਲੇ **ਲਏ** ਸਿਧਾਵੈ।"

— ਆਸਾ **੫**, ੧੦, ੧ : ੧ (373)

7. ਭਾਵ ਧਾਰਨ ਕਰੇ, ਰਖੇ

"ਤਿਸ ਕਾ ਭਉ **ਲਏ** ਰਿਦ ਅੰਤਰਿ ਚਹੁ ਜੁਗ ਤਾੜੀ ਲਾਵੈ।"

— ਆਸਾ **ਕਬ**, ੭, ੩ : ੨ (477)

8. ਖਰੀਦੇ

"ਨਾਨਕ ਗਾਹਕੁ ਕਿਉ **ਲਏ** ਸਕੈ ਨ ਵਸਤੁ ਪਛਾਣਿ।"

— ਰਾਮ **੩**, ਵਾਰ ੧੬ਸ, **੨**, ੨ : ੪ (954)

ਲਏਇ — 1. ਲਵੇ, ਉਚਾਰੇ, ਜਪੇ

"ਨਾਨਕ ਵਾਹੁ ਵਾਹੁ ਗੁਰਮੁਖਿ ਪਾਈਐ ਅਨਦਿਨੁ ਨਾਮੁ **ਲਏਇ**।"

— ਗੂਜ **੩**, ਵਾਰ ੧੮ਸ, **੩**, ੧ : ੬ (516)

2. ਲਵੇ

"ਆਪੇ ਪੀਸੈ ਆਪੇ ਘਸੈ ਆਪੇ ਹੀ ਲਾਇ **ਲਏਇ**।"

— ਰਾਮ **੩**, ਵਾਰ ੨ਸ, **੩**, ੨ : ੨ (947)

ਲਏਹਾਂ — ਲਈਏ

"ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ **ਲਏਹਾਂ**।"

— ਵਡ **੧**, ਅਲਾ ੨, ੧ : ੧ (579)

ਲਏਗਾ — ਲਵੇਗਾ

"ਭੈ ਬਿਨੁ ਕਿਉ ਨਿਰਭਉ ਸਚ ਪਾਈਐ ਜਮੁ ਕਾਢਿ **ਲਏਗਾ** ਸਾਹਾ ਹੇ।"

— ਮਾਰੂ **੫**, ਸੋਲਾ ੧੧, ੬ : ੩ (1054)

ਲਏਨਿ — 1. ਲੈਣ, ਜਪਨ

"ਸੇ ਵਡਭਾਗੀ ਜਿ ਓਨਾ ਮਿਲਿ ਰਹੇ ਅਨਦਿਨੁ ਨਾਮੁ **ਲਏਨਿ**।"

— ਸੂਹੀ **੩**, ਅਸ ੩, ੯ : ੨ (755)

2. ਲੈਣ, ਪ੍ਰਾਪਤ ਕਰਨ

"ਸਚੁ ਵਣੰਜਹਿ ਗੁਰ ਸਬਦ ਸਿਉ ਲਾਹਾ ਨਾਮੁ

ਲਏਨਿ।"

— ਸੂਹੀ **੩**, ਅਸ ੩, ੨੬ : ੨ (756)

ਲਸਕਰ — (ਅ. ਲਸ਼ਕਰ) ਫੌਜ, ਸੈਨਾ

"ਸੁਲਤਾਨੁ ਹੋਵਾ ਮੇਲਿ **ਲਸਕਰ** ਤਖਤਿ ਰਾਖਾ ਪਾਉ।" — ਸਿਰੀ **੧**, ੧, ੪ : ੧ (14)

ਲਸਕਰੀਆ — ਸਿਪਾਹੀਆਂ ਨੇ

"**ਲਸਕਰੀਆ** ਘਰ ਸੰਮਲੇ ਆਏ ਵਜਹੁ ਲਿਖਾਇ।"

— ਰਾਮ **੧**, ਓਅੰ ੪੫ : ੧ (936)

ਲਸਕਰੁ — ਫੌਜ

"ਘਰੁ **ਲਸਕਰੁ** ਸਭੁ ਤੇਰਾ।"

— ਸੋਰ **੫**, ੫੪, ੧ : ੨ (622)

"ਗਗਨ ਮੰਡਲ ਮਹਿ **ਲਸਕਰੁ** ਕਰੈ।" (ਸਦਗੁਣਾਂ ਦੇ ਲਸਕਰ) — ਭੈਰ **ਕਬ**, ੧੧, ੩ : ੩ (1160)

ਲਸਟਿਕਾ — ਸੋਟੀ, ਡੰਡਾ

"ਰਾਮਚੰਦ ਕੀ **ਲਸਟਿਕਾ** ਜਿਨਿ ਮਾਰਿਆ ਰੋਗੁ।"

— ਬਿਲਾ **੫**, ੬੪, ੧* : ੨ (817)

ਲਸਨ — ਗੰਢੇ ਵਰਗਾ ਇਕ ਕੰਦ ਜੋ ਮਸਾਲੇ ਤੇ ਦੁਆਈ ਲਈ ਵਰਤਿਆ ਜਾਂਦਾ ਹੈ

"ਕਬੀਰ ਸਾਕਤੁ ਐਸਾ ਹੈ ਜੈਸੀ **ਲਸਨ** ਕੀ ਖਾਨਿ।"

— ਸਲੋ **ਕਬ**, ੧੨ : ੧ (1365)

ਲਹਉ — 1. ਲਵੇ, ਲਉ

"ਖੋਜਿ **ਲਹਉ** ਹਰਿ ਸੰਤ ਜਨਾ ਸੰਗੁ ਸੰਮ੍ਰਿਥ ਪੁਰਖ ਮਿਲਾਏ।" — ਗਉ **੫**, ਛੰਤ ੪, ੩ : ੩ (249)

2. ਜਾਣ ਲਵਾਂ, ਲਖ ਲਵਾਂ

"ਅਲਾ **ਲਹਉ** ਤਉ ਕਿਆ ਕਹਉ ਕਹਉ ਤ ਕੋ ਉਪਕਾਰ।"

— ਗਉ **ਕਬ**, ਬਾਅ ੩ : ੧ (340)

3. ਪਾਵਾਂ, ਪ੍ਰਾਪਤ ਕਰਾਂ

"ਬਿਨੁ ਗੁਰ ਇਹੁ ਰਸੁ ਕਿਉ **ਲਹਉ** ਗੁਰੁ ਮੇਲੈ ਹਰਿ ਦੇਇ।"

— ਸੋਰ **੧**, ੨, ੧* : ੨ (597)

ਲਹਸਹਿ — ਪ੍ਰਾਪਤ ਹੋਵਗਾ, ਲਭੇਗਾ

"ਏਹ ਵੇਲਾ ਨ **ਲਹਸਹਿ** ਮੂੜੇ ਫਿਰਿ ਤੂੰ ਜਮ ਕੈ ਵਸਿ ਪਇਆ।"

— ਆਸਾ **੩**, ਪਟੀ ੧੨ : ੨ (435)

ਲਹਸਿ — 1. ਪ੍ਰਾਪਤ ਕਰੇਂਗਾ, ਹਾਸਲ ਕਰੇਂਗਾ

"ਬਿਨੁ ਨਾਵੈ ਕਿਆ **ਲਹਸਿ** ਨਿਦਾਨਿ।"

— ਆਸਾ **੧**, ਅਸ ੬, ੬ : ੩ (414)

2. ਲਵੇਗਾ, ਲਏਗਾ

"ਥੈਂ ਭਾਵੈ ਦਰੁ **ਲਹਸਿ** ਪਿਰਾਣਿ।"

— ਮਲਾ **੧**, ਅਸ ੪, ੨ : ੪ ((1275)

ਲਹਹਿ — 1. ਲਏ, ਲਵੇ

"ਵਿਜੋਗੀ ਦੁਖਿ ਵਿਛੁੜੇ ਮਨਮੁਖਿ **ਲਹਹਿ** ਨ ਮੇਲੁ।"

— ਸਿਰੀ **੧**, ੧੯, ੪ : ੩ (21)

2. ਪ੍ਰਾਪਤ ਕਰੋਂ

"ਗੁਰ ਸਰਣਾਈ ਸੁਖੁ **ਲਹਹਿ** ਅਨਦਿਨੁ ਨਾਮੁ ਧਿਆਇ।"

— ਸਿਰੀ **੩**, ੪੦, ੧ : ੨ (29)

3. ਉਤਰਨ, ਲਹਿਣ

"ਕੋਟਿ ਜਨਮ ਕੇ **ਲਹਹਿ** ਪਾਤਿਕ ਗੋਬਿੰਦ ਲੋਚਾ ਪੂਰਿ।" — ਗੂਜ **੫**, ੩੦, ੧* : ੨ (502)

4. ਲਾਭ ਲਵੇ

"ਗ੍ਰਿਹ ਸਰੀਰ ਮਹਿ ਹਰਿ ਹਰਿ ਨਾਮੁ ਗੁਰ ਪਰਸਾਦੀ ਅਪਣਾ ਹਰਿ ਪ੍ਰਭੁ **ਲਹਹਿ**।"

— ਰਾਮ **੩**, ਅਸ ੧, ੮ : ੨ (909)

ਲਹਹੁ — 1. ਪ੍ਰਾਪਤ ਕਰੋ

"ਗੁਰਮੁਖਿ ਜਾਇ **ਲਹਹੁ** ਘਰੁ ਅਪਨਾ ਘਸਿ ਚੰਦਨੁ ਹਰਿ ਜਸੁ ਘਸੀਐ।"

— ਗਉ **੪**, ੫੨, ੨ : ੨ (170)

2. ਲਵੋ, ਲਭੋ

"ਜਾ ਮਹਿ ਸਭਿ ਨਿਧਾਨ ਸੋ ਹਰਿ ਜਪਿ ਮਨ ਮੇਰੇ ਗੁਰਮੁਖਿ ਖੋਜਿ **ਲਹਹੁ** ਹਰਿ ਰਤਨਾ।"

— ਗੋਂਡ **੪**, ੩, ੨ : ੧ (860)

ਲਹੰਗ — ਲੰਘਦਾ ਹੈ, ਵਗਦਾ ਹੈ

"ਅਸਮਾਨ ਮ੍ਰਿਾਨੇ **ਲਹੰਗ** ਦਰੀਆ ਗੁਸਲ ਕਰਦਨ ਬੂਦ।" — ਤਿਲੰ **ਕਬ**, ੧, ੩ : ੧ (727)

ਲਹਗੁ — ਲਹੇਗਾ, ਉਘੜੇਗਾ

"ਬਿਨੁ ਨਾਵੈ ਪਾਜੁ **ਲਹਗੁ** ਨਿਦਾਨਿ।"

— ਬਿਲਾ **੩**, ਅਸ ੧, ੧ : ੩ (832)

ਲਹਣਾ — 1. ਪ੍ਰਾਪਤ ਕਰਨਾ, ਲੈਣਾ

"ਪ੍ਰਭ ਤੁਮ ਤੇ **ਲਹਣਾ** ਤੂੰ ਮੇਰਾ ਗਹਣਾ।"

— ਮਾਝ **੫**, ੪੦, ੩ : ੧ (106)

2. ਨਫਾ, ਲਾਹਾ, ਪ੍ਰਾਪਤ ਕਰਨ ਵਾਲੀ ਵਸਤ

"ਪੁਰਬ ਲਿਖੇ ਕਾ **ਲਹਣਾ** ਪਾਹਿ।"

— ਗਉ **੫**, ਸੁਖ ੧੫, ੭ : ੪ (283)

3. ਸਿੱਖਾਂ ਦੇ ਦੂਜੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪਹਿਲਾ ਨਾਂ

"ਜਾ ਸੁਧੋਸੁ ਤਾਂ **ਲਹਣਾ** ਟਿਕਿਓਨੁ।"

— ਰਾਮ **ਬਸ**, ਵਾਰ ੪ : ੯ (967)

ਲਹਣੇ — 1. ਲਾਹੇ, ਨਫੇ

"ਘਣੋ ਘਣੋ ਘਣੋ ਸਦ ਲੋੜੈ ਬਿਨੁ **ਲਹਣੇ** ਕੈਠੈ ਪਾਇਓ ਰੇ।" — ਟੋਡੀ **੫**, ੧੯, ੧ : ੧ (715)

ਹੋਰ ਰੂਪ — ਲਹਣੋ —

"ਜਾ ਕੋ **ਲਹਣੋ** ਮਹਰਾਜ ਰੀ ਗਾਠੜੀਓ ਜਨ ਨਾਨਕ ਗਰਭਾਸਿ ਨ ਪਉੜਿਓ ਰੇ।"

— ਟੋਡੀ **੫**, ੧੯, ੨ : ੨ (715)

2. ਸਿੱਖਾਂ ਦੇ ਦੂਜੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪਹਿਲਾ ਨਾਂ,ਲਹਣੇ ਦੀ/ਦੇ

"**ਲਹਣੇ** ਦੀ ਫੇਰਾਈਐ ਨਾਨਕ ਦੋਹੀ ਖਟੀਐ।"

— ਰਾਮ **ਬਸ**, ਵਾਰ ੨ : ੧ (966)

ਹੋਰ ਰੂਪ — ਲਹਣੈ —

"**ਲਹਣੈ** ਪੰਥੁ ਧਰਮ ਕਾ ਕੀਆ।"

— ਸਵ **੪**, ਗਯੰ ੧ : ੧੩ (1401)

ਲਹਤਾ — ਉਤਰਦਾ, ਲਹਿੰਦਾ

"ਕਹੁ ਨਾਨਕ ਗੁਰ ਭਏ ਦਇਆਲਾ ਹਰਿ ਰੰਗੁ ਨ ਕਬਹੂ **ਲਹਤਾ**।"

— ਬਿਲਾ **੫**, ੯੪, ੨ : ੨ (823)

ਲਹੰਤਾ — ਲਭਿਆਂ, ਪ੍ਰਾਪਤ ਹੋਇਆਂ

"ਅਲਹ **ਲਹੰਤਾ** ਭੇਦ ਛੈ ਕਛੁ ਕਛੁ ਪਾਇਓ ਭੇਦ।"

— ਗਉ **ਕਬ**, ਬਾਅ ੪ : ੧ (340)

ਲਹੰਤਿ — ਪ੍ਰਾਪਤ, ਲਭਿਆ

"ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ **ਲਹੰਤਿ**।"

— ਸਾਰ **੪**, ਵਾਰ ੨੨ਸ, **੧**, ੨ : ੫ (1246)

ਲਹੰਤੀ — 1. ਦੂਰ ਕਰ ਸਕਨ ਵਾਲੀ, ਲਾਹ ਸਕਨ ਵਾਲੀ

"ਸਭ ਕਿਲਵਿਖ ਪਾਪ **ਲਹੰਤੀ**।"

— ਨਟ **੪**, ੮, ੧* : ੩ (977)

2. ਦੂਰ ਹੋ ਗਈ, ਮਿਟ ਗਈ

"ਹਰਿ ਅਕਥ ਕਥਾ ਕਾ ਜਿਨਿ ਰਸੁ ਚਾਖਿਆ ਤਿਸੁ ਜਨ ਸਭ ਭੁਖ **ਲਹੰਤੀ**।"

— ਨਟ **੪**, ੮, ੨ : ੧ (977)

ਲਹੰਤੇ — ਲਭਦੇ ਹਨ

"ਆਤਮ ਮਹਿ ਪਾਰਬ੍ਰਹਮੁ **ਲਹੰਤੇ**।"

— ਗਉ **੫**, ਸੁਖ ੧੦, ੬ : ੪ (276)

ਲਹੰਥਾ — ਲਭਦਾ ਹੈ

"ਬਚਨ ਸਾਧ ਸੁਖ ਪੰਥਾ **ਲਹੰਥਾ** ਬਡ ਕਰਮਣਾ।"

— ਗਾਥਾ ੫, ੭ : ੧ (1360)

ਲਹੰਦੜੋ — ਪ੍ਰਾਪਤ ਕਰਦਾ, ਲਭਦਾ

"ਅਦੁ ਨ **ਲਹੰਦੜੋ** ਮੁਲੁ ਨਾਨਕ ਸਾਥਿ ਨ ਜੁਲਈ ਮਾਇਆ।"

— ਜੈਤ **੫**, ਵਾਰ ੧੦ਸ, **੫**, ੨ : ੨ (708)

ਲਹਦਾ — ਲਭਿਆ, ਪ੍ਰਾਪਤ ਕੀਤਾ

"ਗੁਰਸਿਖਾ **ਲਹਦਾ** ਭਾਲਿ ਕੈ।"

— ਸਿਰੀ **੫**, ਅਸ ੨੯, ੧੦ : ੨ (73)

ਲਹਦੀ — ਪ੍ਰਾਪਤ ਕਰਦੀ

"ਤਉ ਸਜਣ ਦੀ ਮੈ ਕੀਮ ਨ ਪਉਦੀ ਹਉ ਤੁਧੁ ਬਿਨੁ ਅਢੁ ਨ **ਲਹਦੀ**।" (ਅੱਧੀ ਦਮੜੀ ਵੀ ਮੁਲ ਨਹੀਂ ਪਾਉਂਦੀ)

— ਰਾਮ **੫**, ਵਾਰ ੧੩ਸ, **੫**, ੧ : ੨ (963)

ਲਹਦੇ — ਉਤਰਦੇ, ਲਹਿੰਦੇ

"ਇਸੁ **ਲਹਦੇ** ਬਿਲਮ ਨ ਹੋਵਈ ਰੰਡ ਬੈਠੀ ਦੂਜੇ ਭਾਇ।"

— ਸੂਹੀ **੩**, ਵਾਰ ੩ਸ, **੩**, ੨ : ੨ (786)

ਲਹਨ — ਮਿਲਦਾ ਹੈ, ਪ੍ਰਾਪਤ ਹੁੰਦਾ ਹੈ

"ਪ੍ਰਭ ਕਹਨ ਮਲਨ ਦਹਨ **ਲਹਨ** ਗੁਰ ਮਿਲੇ ਆਨ ਨਹੀ ਉਪਾਉ।"

— ਕਾਨ **੫**, ੩੯, ੧* : ੧ (1306)

ਲਹਨਾ — ਪ੍ਰਾਪਤ ਕਰਨਾ ਹੈ, ਲੈਣਾ ਹੈ, ਮਿਲਦਾ ਹੈ

"ਜਿਸਹਿ ਪਰਾਪਤਿ ਤਿਸ ਹੀ **ਲਹਨਾ**।"

— ਆਸਾ **੫**, ੯੦, ੪ : ੧ (393)

ਲਹਨਿ — 1. ਉਤਰਨ, ਦੂਰ ਹੋਣ

"ਲੇਪੁ ਨਹੀ ਜਗਜੀਵਨ ਦਾਤੇ ਦਰਸਨ ਡਿਠੇ **ਲਹਨਿ** ਵਿਜੋਗਾ ਜੀਉ।"

— ਮਾਝ **੫**, ੪੮, ੩ : ੨ (108)

2. ਮਿਲਦੀ, ਪ੍ਰਾਪਤ ਹੁੰਦੀ

"ਸਤਸੰਗਤਿ ਢੋਈ ਨ **ਲਹਨਿ** ਵਿਚਿ ਸੰਗਤਿ ਗੁਰਿ ਵੀਚਾਰੇ।"

— ਗਉ **੪**, ਵਾਰ ੧੪ਸ, **੪**, ੧ : ੩ (307)

3. ਲੈਂਦੇ ਹਨ, ਪ੍ਰਾਪਤ ਕਰਦੇ ਹਨ

"ਓਨਾ ਦਾ ਭਖੁ ਸੁ ਓਥੈ ਨਾਹੀ ਜਾਇ ਕੂੜੁ **ਲਹਨਿ** ਭੇਡਾਰੇ।"

— ਗਉ **੪**, ਵਾਰ ੨੧ਸ, **੪**, ੧ : ੫ (312)

ਹੋਰ ਰੂਪ — ਲਹੰਨਿ —

"ਇਕ ਜਾਗੰਦੇ ਨਾ **ਲਹੰਨਿ** ਇਕਨਾ ਸੁਤਿਆ ਦੇਇ ਉਠਾਲਿ।" (ਲੈਂਦੇ, ਪ੍ਰਾਪਤ ਕਰਦੇ)

— ਸਿਰੀ **੪**, ਵਾਰ ੨ਸ, **੧**, ੧ : ੨ (83)

"ਜਿਨਾ ਸਤਿਗੁਰੁ ਮੰਨਿਆ ਜਨ ਨਾਨਕ ਵਡਭਾਗ **ਲਹੰਨਿ**।"

— ਕਾਨ **੪**, ਵਾਰ ੮ਸ, **੪**, ੧ : ੨ (1316)

ਲਹਨੋ — ਲੈਣਾ

"**ਲਹਨੋ** ਤਿਸੁ ਮਥਾਨਿ ਹਾਂ।"

— ਆਸਾ **੫**, ੧੫੮, ੨ : ੧ (409)

ਲਹਨਿ੍ — ਲੈਂਦੀਆਂ ਹਨ, ਪ੍ਰਾਪਤ ਕਰਦੀਆਂ ਹਨ

"ਇਕੁ ਲਖੁ **ਲਹਨਿ੍** ਬਹਿਠੀਆ ਲਖੁ ਲਹਨਿ੍ ਖੜੀਆ।"

— ਆਸਾ **੧**, ਅਸ ੧੧, ੩ : ੧ (417)

ਹੋਰ ਰੂਪ — ਲਹੰਨਿ੍ —

"ਗੁਰ ਸਰਵਰੁ ਮਾਨ ਸਰੋਵਰੁ ਹੈ ਵਡਭਾਗੀ ਪੁਰਖ **ਲਹੰਨਿ੍**।" (ਪ੍ਰਾਪਤ ਕਰਦੇ ਹਨ)

— ਸੂਹੀ **੩**, ਅਸ ੪, ੨ : ੧ (756)

ਲਹਨੀ੍ —

"ਨਾਨਕ ਕਰਮਾ ਬਾਹਰੇ ਦਰਿ ਢੋਅ ਨ **ਲਹਨੀ੍** ਧਾਵਦੇ।" (ਮਿਲਦੀ, ਪ੍ਰਾਪਤ ਹੁੰਦੀ)

— ਆਸਾ **੧**, ਵਾਰ ੯ : ੨ (468)

ਲਹਬਰ — (ਅ. ਲਹਬ) ਅਗ ਦੀ ਲਾਟ ਭਾਵ ਤ੍ਰਿਸ਼ਨਾ ਦੀ ਅਗ

"ਪਾਤਾਲੀ ਆਕਾਸੀ ਸਖਨੀ **ਲਹਬਰ** ਬੂਝੀ ਖਾਈ ਰੇ।" — ਆਸਾ **੫**, ੪੪, ੧ : ੨ (381)

ਲਹਿਰ — 1. ਤਰੰਗ, ਮੌਜ

"ਪੁਤ੍ਰਿ ਕਲਤ੍ਰਿ ਮੋਹਿ ਲਪਟਿਆ ਵਣਜਾਰਿਆ ਮਿਤ੍ਰਾ ਅੰਤਰਿ **ਲਹਿਰ** ਲੋਭਾਨੁ।"

— ਸਿਰੀ **੫**, ਪਹ ੪, ੩ : ੨ (77)

"ਮਨਮੁਖ **ਲਹਰਿ** ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ।" (ਜੋਸ਼ ਅਥਵਾ ਝੂਠੇ ਵੈਰਾਗ ਦੀ ਲਹਿਰ) — ਮਾਰੂ **੧**, ਅਸ ੨, ੧ : ੧ (1012)

2. ਹੜ, ਤੂਫਾਨ

"ਲਬ ਲੋਭ **ਲਹਰਿ** ਨਿਵਾਰਣੰ ਹਰਿ ਨਾਮ ਰਾਸਿ ਮਨੰ।" — ਗੂਜ **੧**, ਅਸ ੫, ੮ : ੧ (506)

ਲਹਰੀ — ਲਹਿਰਾਂ, ਮੌਜਾਂ, ਉਛਾਲਾਂ

"**ਲਹਰੀ** ਨਾਲਿ ਪਛਾੜੀਐ ਭੀ ਵਿਗਸੈ ਅਸਨੇਹਿ।"

— ਸਿਰੀ **੧**, ਅਸ ੧੧, ੧ : ੨ (59)

"ਓਹੁ ਜੇਵ ਸਾਇਰ ਦੇਇ **ਲਹਰੀ** ਬਿਜੁਲ ਜਿਵੈ ਚਮਕਏ।" — ਆਸਾ **੧**, ਛੰਤ ੫, ੧ : ੪ (438)

"ਜਿਚਰੁ ਇਹੁ ਮਨੁ **ਲਹਰੀ** ਵਿਚਿ ਹੈ ਹਉਮੈ ਬਹੁਤੁ ਅਹੰਕਾਰੁ।" (ਲਹਿਰਾਂ ਵਿਚ ਭਾਵ ਇਕਾਗਰਤਾ-ਹੀਨ)

— ਸਾਰ **੪**, ਵਾਰ ੨੨ਸ, **੩**, ੧ : ੧ (1247)

ਲਹਰੇ — ਲਹਿਰਾਂ, ਮੌਜਾਂ

"ਤੀਨਿ ਭਵਨ ਕੀ ਲਖਮੀ ਜੋਰੀ ਬੂਝਤ ਨਾਹੀ **ਲਹਰੇ**।" — ਗਉ **੫**, ੧੬੨*, ੨ : ੧ (215)

ਲਹਾ — 1. ਲਵਾਂ, ਸਮਝਾਂ, ਲਖਾਂ

"ਤੂੰ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ **ਲਹਾ**।" — ਸਿਰੀ **੧**, ੩੧, ੧ : ੧ (25)

2. ਲਵਾਂ, ਪ੍ਰਾਪਤ ਕਰਾਂ

"ਗੁਰ ਪੂਰੇ ਵਾਹੁ ਵਾਹੁ ਸੁਖ **ਲਹਾ** ਚਿਤਾਰਿ ਮਨ।"

— ਗੂਜ **੫**, ਵਾਰ ੨ : ੪ (519)

3. ਲਭਦਾ

"ਅਖੀ ਲੋੜੀ ਨ **ਲਹਾ** ਹਉ ਚੜਿ ਲੰਘਾ ਕਿਤੁ।"

— ਸੂਹੀ **੧**, ੩, ੫ : ੨ (729)

"ਆਪਿ ਮੁਕਤੁ ਮੋਕਉ ਪ੍ਰਭੁ ਮੇਲੇ ਐਸੋ ਕਹਾ **ਲਹਾ**।" (ਲਭਾਂ)

— ਮਾਰੂ **੫**, ੧੫, ੧* : ੨ (1003)

ਲਹਾਂ — 1. ਪ੍ਰਾਪਤ ਹੁੰਦਾ

"ਫਰੀਦਾ ਗਲੀ ਸੁ ਸਜਣ ਵੀਹ ਇਕੁ ਢੂੰਢੇਦੀ ਨ **ਲਹਾਂ**।" — ਸਲੋ **ਫਰ**, ੮੨ : ੧ (1382)

2. ਲਭਾਂ, ਲਵਾਂ

"ਤੰਨਿ ਜੜਾਂਈ ਆਪਣੈ **ਲਹਾਂ** ਸੁ ਸਜਣੁ ਟੋਲਿ।"

— ਸਲੋ **੫**, ੨੧ : ੨ (1426)

ਲਹਾਉ — ਪ੍ਰਾਪਤ ਕਰਦਾ ਹਾਂ

"ਜਾ ਮੂੰ ਆਵਹਿ ਚਿਤਿ ਤੂ ਤਾ ਹਭੇ ਸੁਖ **ਲਹਾਉ**।"

— ਮਾਰੂ **੫**, ਵਾਰ ੧੧ਸ, **੫**, ੧ : ੧ (1098)

ਲਹਾਇਆ — ਲਭਾਇਆ, ਪ੍ਰਾਪਤ ਕਰਵਾਇਆ
"ਸੋ ਸਤਿਗੁਰੁ ਕਹਹੁ ਸਭਿ ਧੰਨੁ ਧੰਨੁ ਜਿਨਿ ਹਰਿ ਭਗਤਿ ਭੰਡਾਰ **ਲਹਾਇਆ**।"
— ਵਡ **੪**, ਵਾਰ ੩ : ੫ (586)

ਲਹਾਇਦਾ — ਲਭਾਉਂਦਾ, ਪ੍ਰਾਪਤ ਕਰਵਾਉਂਦਾ
"ਹਰਿ ਭਗਤਿ ਭੰਡਾਰ **ਲਹਾਇਦਾ** ਆਪੇ ਵਰਤਾਈ।" — ਗਉ **੪**, ੪੬, ੩ : ੩ (166)

ਲਹਾਈ — ਲਭਾਈ, ਪ੍ਰਾਪਤ ਕਰਾਈ
"ਗੁਰਮੁਖਿ ਹਰਿ ਭਗਤਿ ਹਰਿ ਆਪਿ **ਲਹਾਈ**।"
— ਵਡ **੪**, ਵਾਰ ੧੩ : ੫ (591)

ਹੋਰ ਰੂਪ — ਲਹਾਈਐ —
"ਜਿਉ ਓਡਾ ਕੂਪੁ ਗੁਹਜ ਖਿਨ ਕਾਢੈ ਤਿਉ ਸਤਿਗੁਰਿ ਵਸਤੁ **ਲਹਾਈਐ**।" (ਲਭਾਈ ਹੈ)
— ਬਸੰ **੪**, ੬, ੨ : ੨ (1179)

ਲਹਾਏ — ਲਭਾਉਂਦਾ ਹੈ
"ਆਪਿ **ਲਹਾਏ** ਕਰੇ ਜਿਸੁ ਕਿਰਪਾ ਜਿਸ ਨੋ ਗੁਰਮੁਖਿ ਕਰੇ ਹਰੇ।" — ਬਿਹਾ **੪**, ਵਾਰ ੯ : ੩ (552)

ਲਹਾਸਾ — ਲਹਿੰਦੀ ਹੈ, ਮੁਕਦੀ ਹੈ
"ਮੇਰੇ ਮਨ ਹਰਿ ਸੇਵਹੁ ਸੁਖਦਾਤਾ ਸੁਆਮੀ ਜਿਸੁ ਸੇਵਿਐ ਸਭ ਭੁਖ **ਲਹਾਸਾ**।"
— ਗੋਂਡ **੪**, ੨, ੧ : ੩ (860)

ਲਹਾਤੀ — ਉਤਰਦੇ ਹਨ
"ਹਰਿ ਹਰਿ ਨਾਮੁ ਜਪਹੁ ਮਨ ਮੇਰੇ ਜਿਤੁ ਸਿਮਰਤ ਸਭਿ ਕਿਲਵਿਖ ਪਾਪ **ਲਹਾਤੀ**।"
— ਸਿਰੀ **੪**, ਵਾਰ ੧੩ : ੨ (88)

ਲਹਾਨ — ਲਹਿ ਜਾਂਦੇ ਹਨ, ਉਤਰ ਜਾਂਦੇ ਹਨ
"ਜਸੁ ਗਾਵਤ ਪਾਪ **ਲਹਾਨ**।"
— ਕਾਨ **੪**, ੧੨, ੧* : ੨ (1298)

ਲਹਾਵਣਿਆ — ਲਹਿ ਜਾਂਦੀ ਭਾਵ ਤ੍ਰਿਪਤ ਹੋ ਜਾਂਦੀ ਹੈ
"ਹਰਿ ਜੀਉ ਸਫਲਿਓ ਬਿਰਖੁ ਹੈ ਅੰਮ੍ਰਿਤੁ ਜਿਨਿ ਪੀਤਾ ਤਿਸੁ ਤਿਖਾ **ਲਹਾਵਣਿਆ**।"
— ਮਾਝ **੩**, ਅਸ ੧੦, ੧ : ੩ (114)

ਲਹਿ — 1. ਉਤਰ ਜਾਣਾ, ਮੁਕ ਜਾਣਾ
"ਹਰਿ ਹਰਿ ਨਾਮੁ ਜਪਹੁ ਮਨ ਮੇਰੇ ਜਿਤੁ ਦਾਲਦੁ ਦੁਖ ਭੁਖ ਸਭ **ਲਹਿ** ਜਾਤੀ।"
— ਸਿਰੀ **੪**, ਵਾਰ ੧੩ : ੩ (88)

2. ਲਖ ਕੇ, ਸਮਝ ਕੇ, ਪਾ ਕੇ
"ਤਉ ਅਲਹ ਲਹੈ **ਲਹਿ** ਚਰਨ ਸਮਾਵੈ।"
— ਗਉ **ਕਬ**, ਬਾਅ ੩੬ : ੪ (342)
"ਤੁਮ ਹਰਿ ਸਰਵਰ ਅਤਿ ਅਗਾਹ ਹਮ **ਲਹਿ** ਨ ਸਕਹਿ ਅੰਤੁ ਮਾਤੀ।"
— ਧਨਾ **੪**, ੫, ੨ : ੧ (668)

3. ਲਭ ਕੇ
"ਚਉਦਸਿ ਚਉਥੇ ਥਾਵਹਿ **ਲਹਿ** ਪਾਵੈ।"
— ਬਿਲਾ **੧**, ਥਿਤੀ ੧੮ : ੧ (840)
"ਘਰਿ ਰਤਨ ਲਾਲ ਬਹੁ ਮਾਣਕ ਲਾਦੇ ਮਨੁ ਭ੍ਰਮਿਆ **ਲਹਿ** ਨ ਸਕਾਈਐ।" (ਲਭ)
— ਬਸੰ **੪**, ੬, ੨ : ੧ (1179)

4. ਪ੍ਰਾਪਤ ਕਰਦੇ ਹਨ
"ਇਕੁ ਬਿੰਨਿ ਦੁਗਣ ਜੁ ਤਉ ਰਹੈ ਜਾ ਸੁਮੰਤ੍ਰਿ ਮਾਨਵਹਿ **ਲਹਿ**।"
— ਸਵ **੩**, ੧੪ : ੫ (1395)
('ਸ਼ਬਦਾਰਥ', ਨਿਰਣੈ ਪਦਛੇਦ 'ਮਾਨਵ ਹਿਲਹਿ' ਕਰਦਾ ਹੈ)

ਲਹਿਓ — 1. ਉਤਰਿਆ
"**ਲਹਿਓ** ਸਹਸਾ ਬੰਧਨ ਗੁਰਿ ਤੋਰੇ ਤਾਂ ਸਦਾ ਸਹਜ ਸੁਖੁ ਪਾਇਓ।"
— ਗਉ **੫**, ੧੨੩*, ੨ : ੧ (205)

2. ਲਭਿਆ
"ਕੋਟਿ ਮਧੇ ਕਿਨੈ ਗੁਰਮੁਖਿ **ਲਹਿਓ**।"
— ਗਉ **੫**, ਅਸ ੧੩, ੩ : ੨ (241)
"ਖੋਜਿ **ਲਹਿਓ** ਨਾਨਕ ਸੁਖ ਥਾਨਾਂ ਹਰਿ ਨਾਮਾ ਬਿਸ੍ਰਾਮ ਕਉ।" (ਲਭਾ)
— ਸਾਰ **੫**, ੨੦, ੨ : ੨ (1208)

3. ਲਿਆ, ਪ੍ਰਾਪਤ ਕੀਤਾ
"ਹਰਿ ਕਾ ਨਾਮੁ **ਲਹਿਓ** ਮੈ ਲਾਹਾ।"
— ਗੂਜ **ਕਬ**, ੨, ੩ : ੨ (524)

ਲਹਿਆ — 1. ਲਖਿਆ, ਲਭਿਆ, ਸਮਝਿਆ
"ਤਿਸੁ ਰਸੁ ਆਇਆ ਜਿਨਿ ਭੇਦੁ **ਲਹਿਆ**।"
— ਮਾਝ **੫**, ੧੦, ੪ : ੨ (97)
"ਗੁਰ ਪਰਸਾਦੀ ਸਚੁ ਸਚੋ ਸਚੁ **ਲਹਿਆ**।"
— ਰਾਮ **੩**, ਵਾਰ ੮ਸ, **੫**, ੧ : ੮ (861)

2. ਲਥਾ, ਦੂਰ ਹੋਇਆ
"ਤਾਰਿਆ ਜਹਾਨੁ **ਲਹਿਆ** ਅਭਿਮਾਨੁ ਜਿਨੀ

ਦਰਸਨੁ ਪਾਇਆ।"
— ਗਉ **੫**, ਛੰਤ ੨, ੪ : ੩ (248)

3. ਪ੍ਰਾਪਤ ਕੀਤਾ, ਲਿਆ
"ਸੋ ਸੁਖ ਸਾਚਾ **ਲਹਿਆ**।"
— ਸੋਰ **੫**, ਪ੨, ੧ : ੪ (621)

ਲਹੀ — 1. ਲਭੀ, ਲਭ ਪਈ
"ਅਗਿਆਨੁ ਅੰਧੇਰਾ ਬਿਨਸਿ ਬਿਨਾਸਿਓ ਘਰਿ ਵਸਤੁ **ਲਹੀ** ਮਨ ਜਾਗੇ।"
— ਗਉ **੪**, ੬੨, ੩ : ੨ (172)

2. ਪਕੜੀ, ਲਈ
"ਤੁਰੀਆਵਸਥਾ ਗੁਰਮੁਖਿ ਪਾਈਐ ਸੰਤ ਸਭਾ ਕੀ ਓਟ **ਲਹੀ**।"
— ਅਸ **੧**, ੨੨, ੪ : ੨ (356)

3. ਉਤਰ ਗਈ, ਦੂਰ ਹੋਈ
"ਨਿਰਭਉ ਭਏ ਪਰਾਨ ਚਿੰਤਾ ਸਗਲ **ਲਹੀ**।"
— ਆਸਾ **੫**, ੯, ੧ : ੨ (458)

4. ਬੁਝ ਲਈ, ਸਮਝ ਲਈ
"ਅਵਰੁ ਨ ਜਾਨਸਿ ਕੋਊ ਮਰਮਾ ਗੁਰ ਕਿਰਪਾ ਤੇ **ਲਹੀ**।"
— ਗੂਜ **੫**, ੧੪, ੧* : ੨ (499)

5. ਪ੍ਰਾਪਤ ਕੀਤਾ, ਲਿਆ
"ਮੁਕਤਿ ਜੁਗਤਿ ਰਵਾਲ ਸਾਧੂ ਨਾਨਕ ਹਰਿ ਨਿਧਿ **ਲਹੀ**।"
— ਗੂਜ **੫**, ੨੬, ੨ : ੨ (501)

ਹੋਰ ਰੂਪ — ਲਹੀਅੰ —
"ਅਪ੍ਰਉ ਹਰਿ ਨਾਮੁ ਅਖੈ ਨਿਧਿ ਚਹੁ ਜੁਗਿ ਗੁਰ ਸੇਵਾ ਕਰਿ ਫਲੁ **ਲਹੀਅੰ**।" (ਪ੍ਰਾਪਤ ਕੀਤਾ) — ਸਵ **੪**, ਗਯੰ ੧ : ੧੫ (1401)

ਲਹੀਅਹਿ — ਪਾਇਆ ਜਾਣਾ, ਲਭਣਾ
"ਤਿਨਰ ਸੋਕੁ ਨਹੁ ਹੁਐ ਤਿਨਰ ਸੇ ਅੰਤੁ ਨ **ਲਹੀਅਹਿ**।" — ਸਵ **੩**, ੧੧ : ੨ (1394)

ਲਹੀਆ — ਪਾਇਆ, ਲਖਿਆ, ਜਾਣਿਆ, ਸਮਝਿਆ
"ਈਸਰੁ ਬ੍ਰਹਮਾ ਸੇਵਦੇ ਅੰਤੁ ਤਿਨ੍ਹੀ ਨ **ਲਹੀਆ**।"
— ਗੂਜ **੩**, ਵਾਰ ੧੯ : ੩ (516)

2. ਪ੍ਰਾਪਤ ਕੀਤਾ
"ਨਿਜ ਘਰਿ ਧਾਰ ਚੁਐ ਅਤਿ ਨਿਰਮਲ ਜਨਿ ਪੀਆ ਤਿਨਹੀ ਸੁਖੁ **ਲਹੀਆ**।"
— ਬਿਲਾ **੪**, ਅਸ ੩, ੬ : ੨ (835)

3. ਉਤਰੀ
"ਹਰਿ ਕੇ ਸੰਤ ਸੰਤ ਭਲ ਨੀਕੇ ਮਿਲਿ ਸੰਤ ਜਨਾ ਮਲੁ **ਲਹੀਆ**।"
— ਕਾਨ **੪**, ੧, ੩ : ੧ (1294)

ਲਹੀਐ — 1. ਪ੍ਰਾਪਤ ਕਰੀਏ, ਪ੍ਰਾਪਤ ਕਰੀਦਾ ਹੈ
"ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ **ਲਹੀਐ**।" — ਗਉ **੪**, ਪ੨, ੧ : ੨ (168)
"ਗੁਰ ਅਮਰਦਾਸੁ ਪਰਸੀਐ ਧਿਆਨੁ **ਲਹੀਐ** ਪਉ ਮੁਕਿਹਿ।" (ਧਿਆਨ ਪ੍ਰਾਪਤ ਹੁੰਦਾ ਭਾਵ ਲਗ ਜਾਂਦਾ ਹੈ) — ਸਵ **੩**, ੧੪ : ੩ (1394)

2. ਲਭਦਾ ਹੈ, ਲਖਿਆ ਜਾਂਦਾ ਹੈ, ਲਭੀਦਾ ਹੈ
"ਦੀਸੈ ਬ੍ਰਹਮੁ ਗੁਰਮੁਖਿ ਸਚੁ **ਲਹੀਐ**।"
— ਆਸਾ **੧**, ੧੫, ੩ : ੨ (353)
"ਇਕ ਬਸਤੁ ਅਗੋਚਰ **ਲਹੀਐ**।"
— ਸੋਰ **ਕਬ**, ੨, ੨ : ੨ (655)

ਲਹੀਜੈ — ਪ੍ਰਾਪਤ ਕਰੇ
"ਅੰਤਰਿ ਚੋਰੁ ਕਿਉ ਸਾਦੁ **ਲਹੀਜੈ**।"
— ਰਾਮ **੧**, ਅਸ ੫, ੪ : ੨ (905)

ਲਹੁ — 1. ਲਵੋ
"ਐਸਾ ਸਤਿਗੁਰ ਲੋੜਿ **ਲਹੁ** ਜਿਦੂ ਪਾਈਐ ਸਚੁ ਸੋਇ।" — ਸਿਰੀ **੩**, ੪੪, ੩ : ੨ (30)

2. ਪ੍ਰਾਪਤ ਕਰੋ
"ਮਨਹਿ ਨਿਧਾਨੁ **ਲਹੁ** ਹਾਂ।"
— ਆਸਾ **੫**, ੧੬੦, ੧* : ੪ (410)
"ਪਉ ਸਰਣਾਈ ਭਜਿ ਸੁਖੀ ਹੂੰ ਸੁਖ **ਲਹੁ**।"
— ਗੂਜ **੫**, ਵਾਰ ੧੨ : ੪ (521)

3. ਲਖੋ, ਸਮਝੋ, ਲਭੋ
"ਗੁਨ ਕਹੁ ਹਰਿ **ਲਹੁ** ਕਰਿ ਸੇਵਾ ਸਤਿਗੁਰ ਇਵ ਹਰਿ ਹਰਿ ਨਾਮੁ ਧਿਆਈ।"
— ਧਨਾ **੪**, ੮, ੧ : ੧ (669)
"ਸਤਿਗੁਰੂ ਕੇ ਚਰਨ ਧੋਇ ਧੋਇ ਪੂਜਹੁ ਇਨ ਬਿਧਿ ਮੇਰਾ ਹਰਿ ਪ੍ਰਭੁ **ਲਹੁ** ਰੇ।" (ਲਭੋ)
— ਕੇਦਾ **੪**, ੨, ੧* : ੨ (1118)

ਲਹੁਰੀ — ਛੋਟੀ
"ਕਹੁ ਕਬੀਰ ਜਬ **ਲਹੁਰੀ** ਆਈ ਬਡੀ ਕਾ ਸੁਹਾਗੁ

ਟਰਿਓ।" — ਆਸਾ **ਕਬ**, ੩੨, ੨ : ੧ (483)

ਲਹੁਰੀਆ — ਛੋਟੀ, ਨਿਕੜੀ
"ਰਾਮ ਬਡੇ ਮੈ ਤਨਕ **ਲਹੁਰੀਆ**।"
— ਆਸਾ **ਕਬ**, ੩੦, ੧* : ੨ (483)

ਲਹੁੜਾ — ਛੋਟਾ, ਨਿਕਾ (ਮੁੰਡਾ)
"ਇਹੁ **ਲਹੁੜਾ** ਗੁਰੂ ਉਬਾਰਿਆ।"
— ਸੋਰ **੫**, ੨੪, ੧ : ੨ (627)

ਲਹੁੜੇ — ਨਿੱਕੇ, ਛੋਟੇ
"ਪ੍ਰਭੁ ਮਾਤ ਪਿਤਾ ਕੰਠਿ ਲਾਇਦਾ **ਲਹੁੜੇ** ਬਾਲਕ ਪਾਲਿ।"
— ਰਾਮ **੫**, ਵਾਰ ੩ਸ, **੫**, ੧ : ੩ (957)

ਲਹੇ — 1. ਪ੍ਰਾਪਤ ਕੀਤੇ, ਲਏ
"ਗੁਰ ਕੈ ਬਚਨਿ ਪਦਾਰਥ **ਲਹੇ**।"
— ਗਉ **੫**, ਸੁਖ ੧੬, ੮ : ੪ (285)
"ਅੰਮ੍ਰਿਤੁ ਨਾਮੁ ਪਦਾਰਥੁ ਸੰਗੇ ਤਿਲੁ ਮਰਮੁ ਨ **ਲਹੇ**।" — ਆਸਾ **੫**, ੧੪੨, ੩ : ੧ (406)
2. ਲਥੇ, ਉਤਰੇ
"ਕੋਟਿ ਜਨਮ ਕੇ ਪਾਪ **ਲਹੇ**।"
— ਆਸਾ **੫**, ੬੬, ੩ : ੨ (387)
3. ਲਭਦਾ ਹੈ
"ਨਿਰਭਉ ਹੋਇ ਭਜਹੁ ਜਗਦੀਸੈ ਏਹੁ ਪਦਾਰਥੁ ਵਡਭਾਗਿ **ਲਹੇ**।"
— ਬਿਲਾ **੫**, ੧੦੩, ੨ : ੧ (825)

ਲਹੈ — 1. ਲਭਦੀ, ਮਿਲਦੀ
"ਦਰਿ ਘਰਿ ਢੋਈ ਨ **ਲਹੈ** ਦਰਗਹ ਝੂਠੁ ਖੁਆਰੁ।"
— ਸਿਰੀ **੧**, ੧੩, ੧* : ੨ (19)
2. ਪ੍ਰਾਪਤ ਕਰਦਾ
"ਪੂਰੈ ਭਾਗਿ ਸਤਸੰਗਤਿ **ਲਹੈ** ਸਤਗੁਰ ਭੇਟੈ ਜਿਸੁ ਆਇ।" — ਸਿਰੀ **੩**, ੫੫, ੪ : ੨ (35)
"ਕੂੜਿ ਲਬਿ ਜਾਂ ਥਾਇ ਨ ਪਾਸੀ ਅਗੈ **ਲਹੈ** ਨ ਠਾਉ।"
— ਵਡ **੧**, ਅਲਾ ੫, ੧ : ੩ (581)
"ਫਿਕਾ ਮੂਰਖੁ ਆਖੀਐ ਪਾਣਾ **ਲਹੈ** ਸਜਾਇ।" (ਪਾਉਂਦਾ ਹੈ)
— ਆਸਾ **੧**, ਵਾਰ ੨੦ਸ, **੧**, ੧ : ੪ (473)
"ਜਮਪੁਰਿ ਬਾਧੋ **ਲਹੈ** ਸਜਾਈ।" (ਪਾਉਂਦਾ ਹੈ)
— ਰਾਮ **੧**, ਅਸ ੬, ੫ : ੩ (906)
3. ਲੈਂਦਾ ਹੈ, ਮਾਣਦਾ ਹੈ
"ਪਤਿ ਕੇ ਸਾਦ ਖਾਦਾ **ਲਹੈ** ਦਾਨਾ ਕੈ ਸਿਰਿ ਦਾਨੁ।"
— ਮਾਝ **੧**, ਵਾਰ ੨੦ਸ, **੧**, ੧ : ੩ (147)
4. ਉਤਰਦੀ, ਮੁਕਦੀ
"ਮਾਰੂ ਮੀਹਿ ਨ ਤ੍ਰਿਪਤਿਆ ਅਗੀ **ਲਹੈ** ਨ ਭੁਖ।"
— ਮਾਝ **੧**, ਵਾਰ ੨੩ਸ, **੧**, ੧ : ੧ (148)
"**ਲਹੈ** ਭਰਾਤਿ ਹੋਵੈ ਜਿਸੁ ਦਾਤਿ।"
— ਮਾਝ **੧**, ਵਾਰ ੨੭ਸ, **੧**, ੨ : ੨ (150)
"ਰੂੜੀ ਬਾਣੀ ਜੇ ਰਪੈ ਨਾ ਇਹੁ ਰੰਗੁ **ਲਹੈ** ਨ ਜਾਇ।" (ਉਤਰੇ)
— ਆਸਾ **੩**, ਅਸ ੩੧, ੧* : ੨ (427)
5. ਲਖੈ, ਸਮਝੇ
"ਤਉ ਅਲਹ **ਲਹੈ** ਲਹਿ ਚਰਨ ਸਮਾਵੈ।"
— ਗਉ **ਕਬ**, ਬਾਅ ੩੬ : ੪ (342)
"ਅਨਿਕ ਪਾਤਿਕ ਹਰਤਾ ਤ੍ਰਿਭਵਣ ਨਾਥੁ ਰੀ ਤੀਰਥਿ ਤੀਰਥਿ ਭ੍ਰਮਤਾ **ਲਹੈ** ਨ ਪਾਰੁ ਰੀ।"
— ਧਨਾ **ਤ੍ਰਿਲੋ**, ੧, ੩ : ੧ (695)
"ਸਤਿਗੁਰੁ ਸੇਵੇ ਤਾ ਨਾਮੁ **ਲਹੈ**।"
— ਮਲਾ **੩**, ੧੩, ੧ : ੨ (1262)
6. ਲਭ ਲੈਂਦਾ ਹੈ
"ਗੁਰਮੁਖਿ ਖੋਜਿ **ਲਹੈ** ਘਰੁ ਆਪੇ।"
— ਆਸਾ **੧**, ਅਸ ੮, ੧ : ੪ (415)
"ਬਿਦਿਆ ਸੋਧੈ ਤਤੁ **ਲਹੈ** ਰਾਮ ਨਾਮ ਲਿਵ ਲਾਇ।" (ਲਭੇ)
— ਰਾਮ **੧**, ਓਅੰ ੫੩ : ੨ (938)

ਲਹੈਗੀ — ਪ੍ਰਾਪਤ ਕਰੇਗੀ
"ਅੰਤ ਕੀ ਬਾਰ **ਲਹੈਗੀ** ਨ ਆਢੈ।"
— ਆਸਾ **ਕਬ**, ੩੪, ੧* : ੨ (484)

ਲਹੋ — ਲਭਿਆ, ਪ੍ਰਾਪਤ ਕੀਤਾ
"ਲਾਲ ਰਗੀਲਾ ਸਹਜੇ ਪਾਇਓ ਸਤਿਗੁਰ ਬਚਨਿ **ਲਹੋ**।" — ਸਾਰ **੫**, ੩, ੧* : ੨ (1203)

ਲਹੋਗੀਆ — ਲਥਾ, ਉਤਰਿਆ, ਲਹਿ ਗਿਆ
"ਸਭਿ ਕਹਹੁ ਮੁਖਹੁ ਹਰਿ ਹਰਿ ਹਰੇ ਹਰਿ ਹਰਿ ਹਰੇ ਹਰਿ ਬੋਲਤ ਸਭਿ ਪਾਪ **ਲਹੋਗੀਆ**।"
— ਕਾਨ **੪**, ਵਾਰ ੧ : ੫ (1313)

ਲੰਕ — ਇਕ ਨਗਰੀ ਜਿਥੋਂ ਦਾ ਰਾਜਾ ਰਾਵਨ ਸੀ

ਹੋਰ ਵੇਖੋ 'ਲੰਕਾ'
"ਰੋਵੈ ਦਹਸਿਰੁ **ਲੰਕ** ਗਵਾਇ।"
— ਰਾਮ **੩**, ਵਾਰ ੧੪ਸ, **੧**, ੧ : ੭ (954)

ਲਕਰੀ — ਲਕੜੀ
"ਹਾਡ ਜਲੇ ਜੈਸੇ **ਲਕਰੀ** ਕਾ ਤੂਲਾ।"
— ਗੋਂਡ **ਕਬ**, ੨, ੨ : ੧ (870)

ਲਕੜੀ — 1. ਕਾਠ ਵਾਲੇ, ਡੰਡਧਾਰੀ
"ਖਲੜੀ ਖਪਰੀ **ਲਕੜੀ** ਚਮੜੀ ਸਿਖ੍ਹਾ ਸੂਤੁ ਧੋਤੀ ਕੀਨ੍ਹੀ।" — ਆਸਾ **੧**, ੩੩, ੪ : ੧ (358)
2. ਲਕੜ, ਕਾਠ
"ਗੋਹੇ ਅਤੈ **ਲਕੜੀ** ਅੰਦਰਿ ਕੀੜਾ ਹੋਇ।"
— ਆਸਾ **੧**, ਵਾਰ ੧੮ਸ, **੧**, ੧ : ੨ (472)

ਲੰਕਾ — ਇਕ ਨਗਰੀ, (ਦੇਸ) ਜਿਸ ਦੇ ਰਾਜੇ ਰਾਵਨ ਨੇ ਬਨ ਵਿਚੋਂ ਛਲ ਨਾਲ 'ਸੀਤਾ' ਨੂੰ ਚੁੱਕ ਲਿਆਂਦਾ ਸੀ
"ਸੋਇਨ **ਲੰਕਾ** ਸੋਇਨ ਮਾੜੀ ਸੰਪੈ ਕਿਸੈ ਨ ਕੇਰੀ।"
— ਗਉ **੧**, ੧੩, ੫ : ੩ (155)

ਲਕੀ — ਲਕ ਨਾਲ
"**ਲਕੀ** ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ।"
— ਮਾਝ **੧**, ਵਾਰ ੨੬ਸ, **੧**, ੧ : ੯ (149)

ਲਕੁ — ਕਮਰ , ਲਕ
"ਜੋ ਉਬਰੇ ਸੇ ਬੰਧਿ **ਲਕੁ** ਖਰੇ।"
— ਗਉ **੫**, ੭੮, ੧ : ੨ (178)

ਲਕੁਟੀ — ਲਕੜ, ਸੋਟੀ
"ਮੈ ਅੰਧੁਲੇ ਹਰਿ ਨਾਮੁ **ਲਕੁਟੀ** ਟੋਹਣੀ।"
— ਸੂਹੀ **੧**, ਅਸ ੫, ੧* : ੧ (752)

ਲੰਕੂਰੁ — ਪੂਛ, ਦੁੰਮ
"ਹਣਵੰਤੁ ਜਾਗੈ ਧਰਿ **ਲੰਕੂਰੁ**।"
— ਬਸੰ **ਕਬ**, ੨, ੨ : ੨ (1193)

ਲਖ — ਗਿਣਤੀ ਦੀ ਇਕ ਇਕਾਈ, ਭਾਵ ਅਨੇਕ, ਬਹੁਤ ਸਾਰੇ, ਬੇਅੰਤ
"ਸਹਸ ਸਿਆਣਪਾ **ਲਖ** ਹੋਹਿ ਤ ਇਕ ਨ ਚਲੈ ਨਾਲਿ।" — ਜਪੁ **੧**, ੧ : ੪ (1)
"ਨਾਨਕ ਕਾਗਦ **ਲਖ** ਮਣਾ ਪੜਿ ਪੜਿ ਕੀਚੈ ਭਾਉ।" — ਸਿਰੀ **੧**, ੨, ੪ : ੧ (15)
"**ਲਖ** ਚਉਰਾਸੀਹ ਤਰਸਦੇ ਜਿਸੁ ਮੇਲੇ ਸੋ ਮਿਲੈ ਹਰਿ ਆਇ।" (ਸਾਰੀਆਂ ਜੂਨਾਂ ਦੇ ਜੀਵ)
— ਸਿਰੀ **੩**, ੩੯, ੪ : ੨ (29)
"**ਲਖ** ਚਉਰਾਸੀਹ ਫੇਰੁ ਪਇਆ ਕਾਮਣਿ ਦੂਜੈ ਭਾਇ।" (ਚਉਰਾਸੀ ਲਖ ਜੂਨਾਂ)
— ਸਿਰੀ **੩**, ੪੭, ੨ : ੧ (31)
"**ਲਖ** ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ।" (ਬੇਅੰਤ)
— ਸਿਰੀ **੫**, ੭੬, ੨ : ੧ (44)

ਲਖਉ — ਲਖਦਾ, ਜਾਣਦਾ, ਪਛਾਣਦਾ
"ਮਾਈ ਮੈ ਕਿਹਿ ਬਿਧਿ **ਲਖਉ** ਗੁਸਾਈ।"
— ਸੋਰ **੯**, ੬, ੧* : ੧ (632)

ਲਖਈਆ — ਸਮਝ ਆ ਗਿਆ, ਲਖਿਆ ਗਿਆ, ਜਾਣਿਆ ਗਿਆ
"ਰਾਮ ਨਾਮੁ ਹੈ ਜੋਤਿ ਸਬਾਈ ਗੁਰਮੁਖਿ ਆਪੇ ਅਲਖੁ **ਲਖਈਆ**।"
— ਬਿਲਾ **੪**, ਅਸ ੧, ੮ : ੧ (833)

ਲਖਸਿ — ਪਛਾਣਦਾ, ਲਖਦਾ
"ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤੁ ਨ **ਲਖਸਿ** ਰੇ।" — ਮਾਰੂ **੧**, ੪, ੧* : ੨ (990)

ਲਖਹੁ — 1. ਜਾਣ ਸਕਨਾ, ਸਮਝ ਸਕਨਾ
"ਜੈ ਜੈ ਜਇਅੰਪਹਿ ਸਗਲ ਜਾ ਕਉ ਕਰੁਣਾਪਤਿ ਗਤਿ ਕਿਨਿ **ਲਖਹੁ**।"
— ਬਿਲਾ **੫**, ਛੰਤ ੩, ੩ : ੫ (847)
2. ਲਖਾਂ (ਜੀਵਾਂ) ਤੋਂ
"ਇਕਹੁ ਜਿ ਲਾਖੁ **ਲਖਹੁ** ਅਲਖ ਹੈ ਇਕੁ ਇਕੁ ਕਰਿ ਵਰਨਿਅਉ।"
— ਸਵ **੩**, ਜਾਲ ੧੨ : ੫ (1394)

ਲਖਣ — 1. ਲਗਨ, ਭਾਗ
"ਗੁਰ ਕੇ ਚਰਨ ਬਸੇ ਰਿਦ ਭੀਤਰਿ ਸੁਭ **ਲਖਣ** ਪ੍ਰਭਿ ਕੀਨੇ।" — ਸੋਰ **੫**, ੩੭, ੧ : ੧ (618)
2. ਲਛਣ, ਨਿਸ਼ਾਨੀ, ਚਿੰਨ੍ਹ
"ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ **ਲਖਣ** ਵੀਚਾਰਿ।"
— ਰਾਮ **੧**, ਅਸ ੧, ੧* : ੨ (902)

ਲਖਣਾ — ਸਮਝਿਆ, ਜਾਣਿਆ
"ਤੇਰੇ ਤੀਨਿ ਗੁਣਾ ਸੰਸਾਰਿ ਸਮਾਵਹਿ ਅਲਖੁ ਨ **ਲਖਣਾ** ਜਾਈ ਰੇ।"
— ਗਉ **੧**, ੧੬, ੧* : ੨ (156)

ਲਖਣੇ — ਜਾਣੇ, ਸਮਝੇ
"ਤਾ ਕੇ ਰੂਪ ਨ ਜਾਹੀ **ਲਖਣੇ** ਕਿਆ ਕਰਿ ਆਖਿ ਵੀਚਾਰੀ।"
— ਆਸਾ **੫**, ਅਸ ੨੩, ੨ : ੨ (423)

ਲਖਨ — ਲਛਣਾਂ, ਨਿਸਾਣੀਆਂ
"ਕਹੁ ਕਬੀਰ ਹਮ ਐਸੇ **ਲਖਨ**।"
— ਗੋਂਡ **ਕਬ**, ੧੦, ੪ : ੩ (873)

ਲਖਨੀ — ਜਾਣਿਆ; ਸਮਝਿਆ, ਲਖਿਆ
"ਪ੍ਰਭੁ ਮੇਰਾ ਬੇਅੰਤੁ ਹੈ ਅੰਤੁ ਕਿਨੈ ਨ **ਲਖਨੀ**।" (ਭਾਵ ਪਾਇਆ)
— ਸੂਹੀ **੩**, ਵਾਰ ੧੮ : ੩ (791)

ਲਖਨੁ — ਜਾਣਿਆ, ਸਮਝਿਆ
"ਜਿਨਿ ਕੀਏ ਖੰਡ ਮੰਡਲ ਬ੍ਰਹਮੰਡਾ ਸੋ ਪ੍ਰਭੁ **ਲਖਨੁ** ਨ ਜਾਈ।" — ਰਾਮ **੧**, ਅਸ ੮, ੬ : ੧ (907)

ਲਖਮਣੁ — ਸ੍ਰੀ ਰਾਮ ਚੰਦਰ ਦਾ ਭਰਾ, ਰਾਜਾ ਦਸ਼ਰਥ ਦਾ ਬੇਟਾ
"ਸੀਤਾ **ਲਖਮਣੁ** ਵਿਛੁੜਿ ਗਇਆ।"
— ਰਾਮ **੩**, ਵਾਰ ੧੪ਸ, **੧**, ੧ : ੬ (953)

ਲਖਮੀ — 1. (ਸੰ. ਲਕ੍ਸ਼ਮੀ) ਮਾਇਆ, ਧਨ ਦੌਲਤ
"ਤੀਨਿ ਭਵਨ ਕੀ **ਲਖਮੀ** ਜੋਰੀ ਬੂਝਤ ਨਾਹੀ ਲਹਰੇ।" — ਗਉ **੫**, ੧੬੨*, ੨ : ੧ (215)
"**ਲਖਮੀ** ਤੋਟਿ ਨ ਆਵਈ ਖਾਇ ਖਰਚ ਰਹੰਦਾ।"
— ਮਾਰੂ **੫**, ਵਾਰ ੭ : ੩ (1096)
2. ਪ੍ਰਤਾਪ
"ਮੁਕੰਦ ਮਨੋਹਰ **ਲਖਮੀ** ਨਾਰਾਇਣ।"
— ਮਾਰੂ **੫**, ਸੋਲਾ ੧੧, ੬ : ੧ (1082)

ਲਖਾ — 1. ਲਖਾਂ, ਅਨੇਕਾਂ, ਬੇਅੰਤ
"**ਲਖਾ** ਉਪਰਿ ਫੁਰਮਾਇਸਿ ਤੇਰੀ ਲਖ ਉਠਿ ਰਾਖਹਿ ਮਾਨੁ।" — ਆਸਾ **੧**, ੩੧, ੧ : ੨ (358)
2. ਲਖ, ਸਮਝ, ਵੇਖ
"ਚਲਦਿਆ ਨਾਲਿ ਨ ਚਲਈ ਸਭੁ ਝੂਠੁ ਦਰਬੁ **ਲਖਾ**।" — ਮਾਰੂ **੩**, ਵਾਰ ੩ : ੨ (1087)

ਲਖਾਇ — ਲਖਾ ਦਿੱਤਾ, ਵਿਖਾ ਦਿੱਤਾ
"ਜਨ ਨਾਨਕਿ ਗੁਰੁ ਪੂਰਾ ਪਾਇਆ ਮਨਿ ਹਿਰਦੈ ਨਾਮੁ **ਲਖਾਇ** ਜੀਉ।"
— ਆਸਾ **੪**, ਛੰਤ ੧੧, ੪ : ੫ (446)
"ਰਤਨਾ ਸਾਰ ਨ ਜਾਣਈ ਆਵੈ ਆਪੁ **ਲਖਾਇ**।" (ਪ੍ਰਗਟ ਕਰਕੇ, ਵਿਖਾ ਕੇ)
— ਰਾਮ **੩**, ਵਾਰ ੧੫ਸ, **੨**, ੧ : ੨ (954)

ਲਖਾਇਓ — ਸਮਝਾ ਦਿੱਤਾ, ਵਖਾ ਦਿੱਤਾ
"ਅਪਰੰਪਰੋ ਪਾਰਬ੍ਰਹਮ ਸੁਆਮੀ ਹਰਿ ਅਲਖ ਗੁਰੂ **ਲਖਾਇਓ**।" — ਮਾਲੀ **੪**, ੩, ੧* : ੨ (985)

ਲਖਾਇਆ — ਲਖਾ ਦਿੱਤਾ, ਸਮਝਾ ਦਿੱਤਾ
"ਸਾਚ ਮਹਲਿ ਗੁਰਿ ਅਲਖੁ **ਲਖਾਇਆ**।"
— ਗਉ **੧**, ਅਸ ੧੫, ੮ : ੧ (228)

ਲਖਾਇਦਾ — ਸਮਝਾਉਂਦਾ
"ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ **ਲਖਾਇਦਾ**।"
— ਮਾਰੂ **੧**, ਸੋਲਾ ੧੩, ੩ : ੩ (1033)

ਲਖਾਈ — ਸਮਝਾ, ਵਿਖਾ
"ਸਤਿਗੁਰੁ ਸੇਵੇ ਸਦਾ ਸੁਖੁ ਪਾਏ ਸਤਿਗੁਰਿ ਅਲਖੁ ਦਿਤਾ **ਲਖਾਈ**।"
— ਸੂਹੀ **੩**, ਅਸ ੨, ੩ : ੩ (754)
"ਭਗਤਿ ਭਾਉ ਗੁਰ ਕੀ ਮਤਿ ਪੂਰੀ ਅਨਹਦਿ ਸਬਦਿ **ਲਖਾਈ** ਹੇ।" (ਸਮਝ ਆਉਂਦੀ ਹੈ)
— ਮਾਰੂ **੧**, ਸੋਲਾ ੫, ੧੨ : ੩ (1025)

ਲਖਾਈਐ — ਸਮਝਾਈਏ
"ਗੁਰਮਤਿ ਅਲਖੁ **ਲਖਾਈਐ** ਊਤਮ ਮਤਿ ਤਰਾਹਿ।"
— ਮਾਰੂ **੩**, ਵਾਰ ੧੯ਸ, **੧**, ੧ : ੬ (1093)

ਲਖਾਏ — ਸਮਝਾ ਦੇਣਾ, ਸੋਝੀ ਕਰਾ ਦੇਣੀ
"ਅੰਤਰਿ ਨਵਨਿਧਿ ਨਾਮੁ ਹੈ ਮੇਰੀ ਜਿੰਦੁੜੀਏ ਗੁਰੁ ਸਤਿਗੁਰੁ ਅਲਖ **ਲਖਾਏ** ਰਾਮ।"
— ਬਿਹਾ **੪**, ਛੰਤ ੩ ੨ : ੨ (539)

ਲਖਾਹਾ — ਸਮਝ ਜਾਂਦਾ ਹੈ
"ਜਿਨ ਕਉ ਨਦਰਿ ਕਰਹਿ ਤੂ ਅਪਣੀ ਗੁਰਮੁਖਿ ਅਲਖੁ **ਲਖਾਹਾ** ਹੇ।"
— ਮਾਰੂ **੩**, ਸੋਲਾ ੧੦, ੧੦ : ੩ (1053)

ਲਖਾਹਿ — ਪ੍ਰਗਟ ਕਰ ਆਉਣਾ, ਵਿਖਾ ਆਉਣਾ
"ਪਰਾਈ ਬਖੀਲੀ ਕਰਹਿ ਆਪਣੀ ਪਰਤੀਤਿ ਖੋਵਨਿ ਸਗਵਾ ਭੀ ਆਪੁ **ਲਖਾਹਿ**।"
— ਬਿਲਾ **੪**, ਵਾਰ ੮ : ੩ (852)

ਲਖਾਹੀ — ਵਿਖਾ ਦਿੰਦਾ ਹੈ, ਸਮਝਾ ਦਿੰਦਾ ਹੈ
"ਹਰਿ ਰੰਗੁ ਨਾਲਿ ਨ ਲਖੀਐ ਮੇਰੇ ਗੋਵਿਦਾ ਗੁਰ

ਪੂਰਾ ਅਲਖੁ **ਲਖਾਹ'ੀ** ਜੀਉ।"
— ਗਉ **੪**, ੬੭, ੧ : ੨ (173)

ਲਖਾਯਉ — ਸਮਝਾਇਆ ਹੈ
"ਭੈ ਨਿਰਭਉ ਮਾਣਿਅਉ ਲਾਖ ਮਹਿ ਅਲਖੁ **ਲਖਾਯਉ**।" — ਸਵ **੫**, ਕਲ ੮ : ੧ (1408)

ਲਖਾਰੀ — ਲਖ ਲਿਆ, ਜਾਣ ਲਿਆ
"ਗੁਰ ਕਿਰਪਾਲ ਭਏ ਤਬ ਪਾਇਆ ਹਿਰਦੈ ਅਲਖ **ਲਖਾਰੀ**।" — ਸਾਰ **੪**, ੨, ੨ : ੨ (1198)

ਲਖਾਰੇ — ਸਮਝਿਆ (ਲਖਿਆ) ਜਾਂਦਾ ਹੈ
"ਤੂ ਸਚਾ ਸਾਹਿਬੁ ਅਲਖੁ ਹੈ ਗੁਰ ਸਬਦਿ **ਲਖਾਰੇ**।"
— ਗਉ **੩**, ਵਾਰ ੧੪ : ੫ (308)
"ਹਉ ਬਲਿਹਾਰੀ ਸਤਿਗੁਰ ਆਪਣੇ ਜਿਨਿ ਮੇਰਾ ਹਰਿ ਅਲਖੁ **ਲਖਾਰੇ**।" (ਸਮਝਾ ਦਿਤਾ)
— ਵਡ **੪**, ਵਾਰ ੮ : ੫ (589)

ਲਖਾਵਉ — ਦਸਾਂ, ਪ੍ਰਗਟ ਕਰਾਂ
"ਸਭ ਰਸ ਖੇਲਉ ਪੀਅ ਸਉ ਕਿਸੀ **ਲਖਾਵਉ** ਨਾਹਿ।" — ਸਲੋ **ਕਬ**, ੨੩੪ : ੨ (1377)

ਲਖਾਵਹੁ — ਦਿਖਾਵੋ
"ਜਣੀ **ਲਖਾਵਹੁ** ਅਸੰਤ ਪਾਪੀਸਣਿ।"
— ਆਸਾ **ਰਵਿ**, ੨, ੩ : ੨ (486)

ਲਖਾਵਹੇ — ਦਸੇ, ਜਤਾਵੇ
"ਹੋਹੁ ਨਿਮਾਣਾ ਸਤਿਗੁਰੂ ਅਗੈ ਮਤ ਕਿਛੁ ਆਪੁ **ਲਖਾਵਹੇ**।"
— ਆਸਾ **੩**, ਛੰਤ ੨, ੨ : ੩ (441)

ਲਖਾਵਣਿਆ — ਸਮਝਾਣਾ
"ਸਦਾ ਮੁਕਤੁ ਆਪੇ ਹੈ ਸਚਾ ਆਪੇ ਅਲਖੁ **ਲਖਾਵਣਿਆ**।"
— ਮਾਝ **੩**, ਅਸ ੨੨, ੪ : ੩ (125)

ਲਖਾਵੀਐ — ਸਮਝ ਸਕੀਦਾ ਹੈ
"ਅਗਮ ਅਗੋਚਰ ਨ ਜਾਈ ਹਰਿ ਲਖਿਆ ਗੁਰੁ ਪੂਰਾ ਮਿਲੈ **ਲਖਾਵੀਐ** ਰੇ।"
— ਕੇਦਾ **੪**, ੧, ੧*: ੨ (1118)

ਲਖਾਵੈ — ਜਣਾਉਂਦਾ, ਸੁਝਾਉਂਦਾ
"ਆਪੇ ਅਲਖੁ ਨ **ਲਖੀਐ** ਪਿਆਰਾ ਆਪਿ ਲਖਾਵੈ ਸੋਇ।" — ਸੋਰ **੪**, ੨, ੩ : ੩ (605)

ਲਖਾਵੈਗੋ — ਸਮਝਿਆ ਜਾ ਸਕਦਾ ਹੈ
"ਗੁਰਮੁਖਿ ਏਕੋ ਏਕ ਪਛਾਤਾ ਗੁਰਮੁਖਿ ਹੋਇ **ਲਖਾਵੈਗੋ**।"
— ਕਾਨ **੪**, ਅਸ ੪, ੫ : ੧ (1310)

ਲਖਿ — 1. ਜਾਣ ਕੇ
"ਸੋਈ **ਲਖਿ** ਮੇਟਣਾ ਨ ਹੋਈ।"
— ਗਉ **ਕਬ**, ਬਾਅ ੬ : ੪ (340)
2. ਵੇਖ
"ਮੰਨ ਮਝਾਹੂ **ਲਖਿ** ਤੁਧਹੁ ਦੂਰਿ ਨ ਸੁ ਪਿਰੀ।"
— ਮਾਰੂ **੫**, ਵਾਰ ੧੭ਸ, **੫**, ੩ : ੨ (1100)

ਲਖਿਓ — ਜਾਣਿਆ, ਸਮਝਿਆ
"ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ **ਲਖਿਓ** ਨ ਜਾਈ।"
— ਗਉ **੯**, ੨, ੧* : ੨ (219)

ਲਖਿਆ — ਜਾਣਿਆ, ਸਮਝਿਆ
"ਸਭ ਏਕੋ ਇਕੁ ਵਰਤਦਾ ਅਲਖੁ ਨ **ਲਖਿਆ** ਜਾਇ।" — ਸਿਰੀ **੩**, ੬੦, ੧ : ੨ (37)

ਲਖਿਮੀ — 1. ਵਿਸ਼ਨੂੰ ਦੀ ਪਤਨੀ, ਵੇਖੋ 'ਲਖਮੀ' (2)
"**ਲਖਿਮੀ** ਬਰ ਸਿਉ ਜਉ ਲਿਉ ਲਾਵੈ।"
— ਗਉ **ਕਬ**, ਬਾਅ ੪੩ : ੩ (342)
"ਦੇਵ ਕੁਲੀ **ਲਖਿਮੀ** ਕਉ ਕਰਹਿ ਜੈਕਾਰੁ।"
— ਭੈਰ **੩**, ਅਸ ੧, ੧੧ : ੧ (1154)
2. ਮਾਇਆ
"ਕੋਟਿ ਦੇਵੀ ਜਾ ਕਉ ਸੇਵਹਿ **ਲਖਿਮੀ** ਅਨਿਕ ਭਾਤਿ।"
— ਆਸਾ **੫**, ਛੰਤ ੫, ੩ : ੨ (456)
"**ਲਖਿਮੀ** ਕੇਤਕ ਗਨੀ ਨਾ ਜਾਈਐ ਗਨਿ ਨ ਸਕਉ ਸੀਕਾ।"
— ਗੂਜ **੫**, ਅਸ ੧, ੫ : ੨ (507)

ਲਖੀ — 1. ਜਾਣੀ, ਸਮਝੀ
"**ਲਖੀ** ਨ ਜਾਈ ਨਾਨਕ ਲੀਲਾ।"
— ਗਉ **੫**, ਬਾਅ ੧ : ੮ (250)
2. ਲਖਾਂ ਹੀ
"ਲਖ ਲਸਕਰ ਲਖ ਵਾਜੇ ਨੇਜੇ **ਲਖੀ** ਘੋੜੀ ਪਤਿਸਾਹ।"
— ਮਲਾ **੧**, ਵਾਰ ੨੧ਸ, **੧**, ੪ : ੨ (1287)

ਲਖੀਐ — ਜਾਣੀਐ, ਸਮਝੀਐ
"ਹਰਿ ਰੰਗੁ ਨਾਲਿ ਨ **ਲਖੀਐ** ਮੇਰੇ ਗੋਵਿਦਾ ਗੁਰੁ

ਪੂਰਾ ਅਲਖੁ ਲਖਾਹੀ ਜੀਉ।"
— ਗਉ **੪**, ੬੭, ੧ : ੨ (173)

ਲਖੁ — ਅਨੇਕ
"**ਲਖੁ ਲਖੁ** ਗੇੜਾ ਆਖੀਐ ਏਕੁ ਨਾਮੁ ਜਗਦੀਸ।"
— ਜਪੁ **੧**, ੩੨ : ੨ (7)
"ਇਕ ਲਖੁ ਲਹਨਿ ਬਹਿਠੀਆ **ਲਖੁ** ਲਹਨਿ ਖੜੀਆ।" (ਬਹੁਤ ਸਾਰੀਆਂ)
— ਆਸਾ **੧**, ਅਸ ੧੧, ੩ : ੧ (417)

ਲਖੇ — ਸਮਝਦਾ, ਜਾਣਦਾ
"ਗੁਰ ਕਿਰਪਾ ਤੇ ਕੋ **ਲਖੇ**।"
— ਗਉ **੫**, ੧੪੩*, ੩ : ੨ (211)

ਲਖੇਸਰੀ — ਲਖਾਂ ਦੀਆਂ ਲੜੀਆਂ (ਸ਼ਬਦਾਰਥ); ਸਿਰ ਤੇ ਲਖਾਂ ਹੀ (ਮਹਾਨਕੋਸ਼); ਲਖਾਂ ਹੀ (ਦਰਪਣ, ਨਿਰਣੈ)
"ਝੜ ਝਖੜ ਓਹਾੜ ਲਹਰੀ ਵਹਨਿ **ਲਖੇਸਰੀ**।"
— ਸਲੋ **੧**, ੪ : ੧ (1140)

ਲਖੈ — 1. ਜਾਣੇ, ਸਮਝੇ
"ਜਸ ਓਹੁ ਹੈ ਤਸ **ਲਖੈ** ਨ ਕੋਈ।"
— ਗਉ **ਕਬ**, ਬਾਅ ੨ : ੪ (340)
"ਹਿਰਦੈ ਨਾਮੁ **ਲਖੈ** ਜਨੁ ਸਾਚਾ ਗੁਰਮੁਖਿ ਮੰਨਿ ਵਸਾਈ।" (ਵੇਖ ਲਏ, ਸਹੀ ਕਰੇ)
— ਭੈਰ **੩**, ੧੬, ੨ : ੧ (1132)

ਲਖ੍ਯ — ਲਖ ਕੇ, ਵੇਖ ਕੇ, ਤਾੜ ਕੇ
"ਮ੍ਰਿਗੀ ਪੇਖੰਤ ਬਧਿਕ ਪ੍ਰਹਾਰੇਣ **ਲਖ੍ਯ** ਆਵਧਹ।"
— ਸਸ **੫**, ੬ : ੧ (1354)

ਲਖ੍ਯਣ — ਲਛਣ, ਨਿਸ਼ਾਨੀਆਂ
"ਖਟ **ਲਖ੍ਯਣ** ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ।" — ਸਸ **੫**, ੪੦ : ੨ (1357)

ਲਖ੍ਯਾ — ਜਾਣਿਆ
"ਅਲਖ ਰੂਪ ਜੀਅ **ਲਖ੍ਯਾ** ਨ ਜਾਈ।"
— ਸਵ **੪**, ਗਯੰ ੧ : ੫ (1401)

ਲਖ੍ਯਿਣ — ਲਛਣ, ਨਿਸ਼ਾਣੀਆਂ, ਗੁਣ
"ਪ੍ਰਾਪਤੰ ਧਰਮ **ਲਖ੍ਯਿਣ**।"
— ਸਸ **੫**, ੧੦ : ੪ (1354)

ਲਗਉ — 1. ਲਗਾਂ
"ਪਾਇ **ਲਗਉ** ਤਜਿ ਮੇਰਾ ਤੇਰੈ।"
— ਗਉ **੫**, ੮੫, ੨ : ੩ (181)
2. ਲਗੇ
"ਧੂਰਿ ਭਗਤਨ ਕੀ ਮਨਿ ਤਨਿ **ਲਗਉ** ਹਰਿ ਜੀਉ ਸਭ ਪਤਿਤ ਪੁਨੀਤਾ ਰਾਮ।"
— ਬਿਹਾ **੫**, ਛੰਤ ੩, ੨ : ੨ (543)
"ਆਗਿ **ਲਗਉ** ਤਿਹ ਧਉਲਹਰ ਜਿਹ ਨਾਹੀ ਹਰਿ ਕੋ ਨਾਉ।"
— ਸਲੋ **ਕਬ**, ੧੫ : ੨ (1365)

ਲਗਈ — ਲਗਦਾ, ਪੋਹੰਦਾ
"ਜਮਜੰਦਾਰੁ ਨ **ਲਗਈ** ਇਉ ਭਉਜਲੁ ਤਰੈ ਤਰਾਸਿ।" (ਪੋਹੇ)
— ਸਿਰੀ **੧**, ੨੧, ੨ : ੩ (22)

ਲਗਈਆ — 1. ਲਗੇ ਹੋਏ ਹਨ
"ਏਕੁ ਗਿਰਹੁ ਦਸ ਦੁਆਰ ਹੈ ਜਾ ਕੇ ਅਹਿਨਿਸਿ ਤਸਕਰ ਪੰਚਚੋਰ **ਲਗਈਆ**।" (ਭਾਵ ਲੁਟਦੇ ਰਹਿੰਦੇ ਹਨ)
— ਬਿਲਾ **੪**, ਅਸ ੧, ੨ : ੧ (833)
2. ਲਗਦਾ ਹੈ
"ਅੰਤਰਿ ਪਿਆਸ ਉਠੀ ਪ੍ਰਭ ਕੇਰੀ ਸੁਣਿ ਗੁਰ ਬਚਨ ਮਨਿ ਤੀਰ **ਲਗਈਆ**।"
— ਬਿਲਾ **੪**, ਅਸ ੮, ੧ : ੧ (835)

ਲਗਹ — ਲਗੀਏ
"ਮੇਰੀ ਸਖੀ ਸਹੇਲੜੀਹੋ ਪ੍ਰਭ ਕੈ ਚਰਣਿ **ਲਗਹ**।"
— ਬਿਹਾ **੫**, ਛੰਤ ੪, ੨ : ੧ (544)
"ਪਾਇ **ਲਗਹ** ਨਿਤ ਕਰਹ ਬਿਨੰਤੀ ਗੁਰਿ ਸਤਿਗੁਰਿ ਪੰਥੁ ਬਤਾਇਆ।" (ਪੈਂਦੇ/ਲਗਦੇ ਹਾਂ)
— ਵਡ **੪**, ਛੰਤ ੪, ੧ : ੪ (574)

ਲਗਹਿ — 1. ਲਗੇ ਹਨ
"ਤਿਤੁ ਫਲ ਰਤਨ **ਲਗਹਿ** ਮੁਖਿ ਭਾਖਿਤ ਹਿਰਦੈ ਰਿਦੈ ਨਿਹਾਲੁ।"
— ਮਾਝ **੧**, ਵਾਰ ੨੦ਸ, **੧**, ੨ : ੨ (147)
"ਜਿਤੁ ਜਿਤੁ ਲਾਵਹੁ ਤਿਤੁ ਤਿਤੁ **ਲਗਹਿ** ਨਾਨਕ ਜੰਤ ਅਨਾਥ।" (ਲਗੇ ਹਨ, ਰੁਝੇ ਹਨ/ਜੁਟੇ ਹਨ)
— ਗਉ **੫**, ਬਾਅ ੩੩ : ੮ (257)
"ਓਹ ਵੇਲਾ ਹਥਿ ਨ ਆਵਈ ਫਿਰਿ ਸਤਿਗੁਰ **ਲਗਹਿ** ਪਾਇ।" (ਲਗਨ, ਲਗ ਸਕਨ)
— ਗਉ **੪**, ਵਾਰ ੨੬ਸ, **੬**, ੧ : ੩ (314)
"ਦ੍ਰਿਸਟਿਮਾਨ ਸਭੁ ਬਿਨਸੀਐ ਕਿਆ **ਲਗਹਿ**

ਗਵਾਰ।" (ਖੁਭਿਆ, ਲਗਾ)
— ਬਿਲਾ **੫**, ੩੧, ੨ : ੨ (808)

2. ਲਗਦੇ/ਪੋਂਹਦੇ ਹਨ
"ਸਗੁਨ ਅਪਸਗੁਨ ਤਿਸ ਕਉ **ਲਗਹਿ** ਜਿਸੁ ਚੀਤਿ ਨ ਆਵੈ।"
— ਆਸਾ **੫**, ੧੨੦, ੨ : ੧ (401)

ਲਗਹੁ — 1. ਲਗਦਾ
"ਫਿਰਿ ਏਸੁ ਤਪੇ ਦੈ ਮੁਹਿ ਕੋਈ **ਲਗਹੁ** ਨਾਹੀ ਏਹੁ ਸਤਿਗੁਰਿ ਹੈ ਫਿਟਕਾਰਿਆ।"
— ਗਉ **੪**, ਵਾਰ ੩੦ਸ, **੪**, ੧ : ੧੨ (316)

2. ਜੁੱਟ ਜਾਓ, ਰੁਝ ਜਾਓ
"ਸੰਤ ਸਭਾ ਕੀ **ਲਗਹੁ** ਸੇਵ।"
— ਬਸੰ **੫**, ੯, ੩ : ੪ (1182)

ਲਗਣੰ — ਲਗਦਾ ਹੈ, ਪੈਂਦਾ ਹੈ
"ਤਥ **ਲਗਣੰ** ਪ੍ਰੇਮ ਨਾਨਕ।"
— ਗਾਥਾ **੫**, ੧੨ : ੨ (1361)

ਲਗਤ — ਲਗਦਾ
"ਤਹ ਛਲ ਛਿਦ੍ਰ **ਲਗਤ** ਕਹੁ ਕੀਸ।" (ਪੋਂਹਦੀ)
— ਗਉ **੫**, ਸੁਖ ੨੧, ੪ : ੬ (291)

"ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ **ਲਗਤ** ਨ ਬਾਰ।" — ਸੋਰ **੯**, ੮, ੧ : ੨ (633)

"ਜੈਸੇ ਹਰਹਟ ਕੀ ਮਾਲਾ ਟਿੰਡ **ਲਗਤ** ਹੈ ਇਕ ਸਖਨੀ ਹੋਰ ਫੇਰ ਭਰੀਅਤ ਹੈ।" (ਜੁੜੀ ਹੋਈ, ਲਗੀ ਹੋਈ) — ਪ੍ਰਭਾ **੧**, ੮, ੨ : ੧ (1329)

ਲਗਤੁ — 1. ਲਗ ਕੇ, ਜੁੜ ਕੇ
"ਪ੍ਰਾਣੀ ਗੁਰ ਚਰਣ **ਲਗਤੁ** ਨਿਸਤਰੈ।"
— ਗਉ **੫**, ਸੁਖ ੧੫, ੩ : ੪ (282)

2. ਲਗਦਾ, ਸ਼ੁਰੂ ਹੁੰਦਾ
"ਮਾਇਆ ਗਈ ਤਬ ਰੋਵਨੁ **ਲਗਤੁ** ਹੈ।"
— ਆਸਾ **ਕਬ**, ੬, ੧ : ੨ (487)

ਲਗਥਈ — ਲਗੀ ਹੈ
"ਹਮਰੇ ਦੋਖ ਬਹੁ ਜਨਮ ਜਨਮ ਕੇ ਦੁਖ ਹਉਮੈ ਮੈਲੁ **ਲਗਥਈ**।" — ਕਲਿ **੪**, ੪, ੨ : ੧ (1320)

ਲਗਦਾ — ਭਾਵ ਜ਼ੋਰ ਪਾਉਂਦਾ, ਫੜਦਾ
"ਹੁਕਮੀ ਹੀ ਜਮੁ **ਲਗਦਾ** ਸੋ ਉਬਰੈ ਜਿਸੁ ਬਖਸੈ ਕਰਤਾਰ।"
— ਬਿਲਾ **੪**, ਵਾਰ ੫ਸ, **੩**, ੨ : ੩ (851)

ਲਗਦੀਆ — ਰੁਚਿਤ ਹੁੰਦੀਆਂ
"ਜਿਤੁ ਲਾਇਅਨਿ ਤਿਤੈ **ਲਗਦੀਆ** ਨਹ ਖਿੰਜੋਤਾੜਾ।"
— ਮਾਰੂ **੫**, ਵਾਰ ੧੦ : ੬ (1098)

ਲਗਨਾ — 1. ਰੁਚਿਤ ਹੋਣਾ, ਖਚਿਤ ਹੋਣਾ, ਜੁਟਨਾ
"ਜਿਤੁ ਜਿਤੁ ਲਾਵਹਿ ਤਿਤੁ ਤਿਤੁ **ਲਗਨਾ**।"
— ਗਉ **੫**, ੨੮, ੪ : ੩ (178)

2. ਲਗਾ ਹੈ (ਪਿਆਰਾ)
"ਪਾਇਓ ਰੇ ਪਰਮ ਨਿਧਾਨੁ ਮਿਟਿਓ ਹੈ ਅਭਿਮਾਨੁ ਏਕੈ ਨਿਰੰਕਾਰ ਨਾਨਕ ਮਨੁ **ਲਗਨਾ**।"
— ਧਨਾ **੫**, ੩੦, ੨ : ੨ (679)

ਲਗਨਿ — ਲਗਦੇ ਹਨ
"ਵੇਮੁਖ ਹੋਏ ਰਾਮ ਤੇ **ਲਗਨਿ** ਜਨਮ ਵਿਜੋਗ।" (ਭਾਵ ਪੈਂਦੇ ਹਨ)
— ਮਾਝ **੫**, ਬਾਰਾ ੯ : ੩ (135)

"ਪ੍ਰਤਿਪਾਲਿ ਮਾਤਾ ਉਦਰਿ ਰਾਖੈ **ਲਗਨਿ** ਦੇਤ ਨ ਸੇਕ।" (ਲਗਨ, ਛੂੰਹਨ)
— ਮਾਰੂ **੫**, ੨੯, ੧ : ੧ (1007)

ਹੋਰ ਰੂਪ — ਲਗੰਨਿ —
"ਮੈ ਮਨਿ ਤਨਿ ਪ੍ਰੇਮੁ ਪਿਰੰਮ ਕਾ ਅਠੇ ਪਹਰ **ਲਗੰਨਿ**।" (ਲਗੇ ਰਹਿੰਦੇ ਹਨ)
— ਗਉ **੪**, ਵਾਰ ੪ਸ, **੪**, ੧ : ੧ (301)

"ਸੁਣਿ ਸਾਜਨ ਪ੍ਰੇਮ ਸੰਦੇਸਰਾ ਅਖੀ ਤਾਰ **ਲਗੰਨਿ**।" (ਭਾਵ ਉਡੀਕ ਵਿਚ ਰਹਿੰਦੀਆ ਹਨ)
— ਗਉ **੪**, ਵਾਰ ੫ਸ, **੪**, ੧ : ੧ (302)

"ਗੁਰਮੁਖਿ ਜਨਮੁ ਸਕਾਰਥਾ ਸਚੈ ਸਬਦਿ **ਲਗੰਨਿ**।" (ਲਗੇ ਭਾਵ ਜੁੜੇ ਰਹਿੰਦੇ ਹਨ)
— ਸੂਹੀ **੩**, ਅਸ ੩, ੩ : ੧ (755)

ਲਗਨੁ — ਮਹੂਰਤ, ਸ਼ੁਭ ਘੜੀ
"ਬਾਬਾ **ਲਗਨੁ** ਗਣਾਇ ਹੰਭੀ ਵੰਞਾ ਸਾਹੁਰੈ ਬਲਿਰਾਮ ਜੀਉ।" — ਸੂਹੀ **੧**, ਛੰਤ ੧, ੩ : ੧ (763)

ਲਗੰਨਿ੍ — ਜੁੜਨ, ਲਗਨ
"ਨਾਮੁ ਧਿਆਇਨਿ ਰੰਗ ਸਿਉ ਗੁਰਮੁਖ ਨਾਮਿ **ਲਗੰਨਿ੍**।" — ਸੂਹੀ **੩**, ਅਸ ੪, ੩ : ੧ (757)

"ਸੇ ਦਾੜੀਆਂ ਸਚੀਆ ਜਿ ਗੁਰ ਚਰਨੀ **ਲਗੰਨਿ੍**।" (ਲਗਦੀਆਂ/ਛੋਹ ਪ੍ਰਾਪਤ ਕਰਦੀਆਂ ਹਨ।)

— ਸਲੋ **੩**, ੫੨ : ੧ (1419)

ਲਗਮਾਤ — ਲਗ ਮਾਤ੍ਰਾ ਭਾਵ ਛੋਟਾ, ਨਿਗੂਣਾ
"ਆਪਸ ਕਉ ਦੀਰਘੁ ਕਰਿ ਜਾਨੈ ਅਉਰਨ ਕਉ **ਲਗਮਾਤ**।" — ਮਾਰੂ **ਕਬ**, ੧, ੨ : ੧ (1105)

ਲੰਗਰਿ — ਰਸੋਈ ਘਰ/ਭੋਜਨ ਸ਼ਾਲਾ ਵਿਚ, ਹੋਰ ਵੇਖੋ 'ਲੰਗਰੁ'
"**ਲੰਗਰਿ** ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ।" — ਰਾਮ **ਬਸ**, ਵਾਰ ੩ : ੯ (967)

ਲਗਰੀ — ਲਗੇ ਹਾਂ
"ਜਿਨਹਿ ਨਿਵਾਜਿ ਸਾਜਿ ਹਮ ਕੀਏ ਤਿਸਹਿ ਬਿਸਾਰਿ ਅਵਰ **ਲਗਰੀ**।"
— ਬਿਲਾ **ਕਬ**, ੬, ੧ : ੨ (856)

ਲੰਗਰੁ — (ਫ਼ਾ. ਲਨਗਰ) ਭੋਜਨ ਸ਼ਾਲਾ
"**ਲੰਗਰੁ** ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ।" (ਭਾਵ ਪਰਵਾਹ)
— ਰਾਮ **ਬਸ**, ਵਾਰ ੨ : ੫ (966)

ਲਗੜਾ — 1. ਲਗਿਆ, ਜੁੜਿਆ
"ਮਨੁ ਬੇਧਿਆ ਚਰਨਾਰ ਬਿੰਦ ਦਰਸਨਿ **ਲਗੜਾ** ਸਾਹੁ।" — ਮਾਝ **੫**, ਬਾਰਾ ੧੧ : ੨ (135)
"**ਲਗੜਾ** ਸੋ ਨੇਹੁ ਮੰਨ ਮਝਾਹੂ ਰਤਿਆ।"
— ਜੈਤ **੫**, ਵਾਰ ੧੧ਸ, **੫**, ੨ : ੧ (708)
2. ਲਗਾ, ਪ੍ਰਤੀਤ ਹੋਇਆ
"ਸੁਪਨੈ ਹਭਿ ਰੰਗ ਮਾਣਿਆ ਮਿਠਾ **ਲਗੜਾ** ਮੋਹੁ।"
— ਜੈਤ **੫**, ਵਾਰ ੮ਸ, **੫**, ੨ : ੧ (707)

ਲਗੜੀ — ਲਗੀ, ਜੁੜੀ
"**ਲਗੜੀ** ਸੁਥਾਨਿ ਜੋੜਣਹਾਰੈ ਜੋੜੀਆ।"
— ਗੂਜ **੫**, ਵਾਰ ੭ਸ, **੫**, ੧ : ੧ (519)

ਲਗੜੀਆ — 1. ਲਗੀਆਂ ਹੋਈਆਂ
"ਖਖੜੀਆ ਸੁਹਾਵੀਆ **ਲਗੜੀਆ** ਅਕ ਕੰਠਿ।"
— ਗਉ **੫**, ਵਾਰ ੭ਸ, **੫**, ੧ : ੧ (319)
2. ਜੁੜੀਆਂ
"**ਲਗੜੀਆ** ਪਿਰੀਅੰਨਿ ਪੇਖੰਦੀਆ ਨਾ ਤਿਪੀਆ।"
— ਮਾਰੂ **੫**, ਵਾਰ ੨੧ਸ, **੫**, ੧ : ੧ (1101)

ਲਗੜੋ — ਜੁੜ ਗਏ, ਲਗ ਗਏ
"ਛਡਿਓ ਹਭੁ ਆਪੁ **ਲਗੜੋ** ਚਰਣਾ ਪਾਸਿ।"
— ਜੈਤ **੫**, ਵਾਰ ੧੬ਸ, **੫**, ੨ : ੧ (709)

ਲਗਾ — 1. ਸ਼ੁਰੂ ਹੋਇਆ, ਲਗਾ
"ਏਹੁ ਮਨੋ ਮੂਰਖੁ ਲੋਭੀਆ ਲੋਭੇ **ਲਗਾ** ਲੋੁਭਾਨੁ।"
— ਸਿਰੀ **੧**, ੧੯, ੧ : ੧ (21)
"ਨਾਉ ਬੀਜਣ **ਲਗਾ** ਆਸ ਕਰਿ ਹਰਿ ਬੋਹਲ ਬਖਸ ਜਮਾਇ ਜੀਉ।"
— ਸਿਰੀ **੫**, ਅਸ ੨੯, ੨ : ੩ (73)
"ਸੁਚਾ ਹੋਇ ਕੈ ਜੇਵਿਆ **ਲਗਾ** ਪੜਣਿ ਸਲੋਕ।"
— ਆਸਾ **੧**, ਵਾਰ ੧੯ਸ, **੧**, ੧ : ੩ (473)
2. ਹੋ ਗਿਆ, ਜੁੜ ਗਿਆ, ਪੈ ਗਿਆ
"ਹਉ ਤਿਨ ਕੈ ਬਲਿਹਾਰਣੈ ਜਿਨਾ ਨਾਮੇ **ਲਗਾ** ਪਿਆਰੁ।"— ਸਿਰੀ **੩**, ੩੪, ੩ : ੩ (26)
"ਵਡਭਾਗੀ ਹਰਿ ਪਾਇਆ ਹਰਿ ਅਹਿਨਿਸਿ **ਲਗਾ** ਭਾਉ।"
— ਸਿਰੀ **੪**, ਵਣ ੧, ੨ : ੪ (82)
"ਅਹੰਕਾਰੁ ਤਿਸਨਾ ਰੋਗੁ **ਲਗਾ** ਬਿਰਥਾ ਜਨਮੁ ਗਵਾਵਹੇ।" (ਹੋ ਗਿਆ, ਚਿੰਬੜ ਗਿਆ)
— ਆਸਾ **੩**, ਛੰਤ ੭, ੬ : ੪ (441)
3. ਜੁੜਿਆ ਰਹਾਂ, ਲਗਾਂ, ਢਹਿ ਪਵਾਂ
"ਆਪੁ ਛੋਡਿ ਚਰਣੀ **ਲਗਾ** ਚਲਾ ਤਿਨ ਕੈ ਭਾਇ।"
— ਸਿਰੀ **੩**, ੪੪, ੨ : ੨ (30)
"ਸਚੁ ਸਲਾਹੀ ਸਚਿ **ਲਗਾ** ਸਚੈ ਨਾਇ ਤ੍ਰਿਪਤਿ ਹੋਇ।" — ਸਿਰੀ **੩**, ੬੦, ੪ : ੧ (37)
"ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ **ਲਗਾ** ਪਾਇ ਜੀਉ।" (ਲਗਾਂ, ਢਹਿ ਪਵਾਂ)
— ਸਿਰੀ **੫**, ਅਸ ੨੯, ੧੦ : ੩ (73)
4. ਜੁਟਿਆ
"**ਲਗਾ** ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ।"
— ਸਿਰੀ **੫**, ੭੩, ੧* : ੨ (43)
5. ਭਾਵ ਮਿਲਿਆ
"ਮਹਾ ਪੁਰਖਾਂ ਕੀ ਨਿੰਦਾ ਕਾ ਵੇਖੁ ਜਿ ਤਪੇ ਨੋ ਫਲੁ **ਲਗਾ** ਸਭੁ ਗਇਆ ਤਪੇ ਕਾ ਘਾਲਿਆ।"
— ਗਉ **੪**, ਵਾਰ ੨੦ਸ, **੪**, ੧ : ੭ (315)
"ਕੁਹਥੀ ਜਾਈ ਸਟਿਆ ਕਿਸੁ ਏਹੁ **ਲਗਾ** ਦੋਖੁ।" (ਤੇ ਆਇਆ)
— ਆਸਾ **੧**, ਵਾਰ ੧੯ਸ, **੧**, ੧ : ੪ (473)
6. ਲਗਨ, ਪ੍ਰੇਮ

"ਨਾਨਕ ਜਿਸ ਨੋ **ਲਗਾ** ਤਿਸੁ ਮਿਲੈ **ਲਗਾ** ਸੋ ਪਰਵਾਨੁ।"

— ਆਸਾ **੧**, ਵਾਰ ੨੨ਸ, **੨**, ੧ : ੪ (474)

7. ਜੁੜਿਆ ਹੋਇਆ

"ਤਾਮਸਿ **ਲਗਾ** ਸਦਾ ਫਿਰੈ ਅਹਿਨਿਸਿ ਜਲਤੁ ਬਿਹਾਇ।"

— ਬਿਹਾ **੪**, ਵਾਰ ੧੫ਸ, **੩**, ੧ : ੩ (554)

8. ਜੁੜਿਆ, ਲਗਾ

"ਹਰਿ ਪਾਟੁ **ਲਗਾ** ਅਧਿਕਾਈ ਬਹੁ ਬਹੁ ਬਿਧਿ ਭਾਤਿ ਕਰਿ।"

— ਸੋਰ **੪**, ਵਾਰ ੧੧ : ੨ (646)

"ਗਚੁ ਜਿ **ਲਗਾ** ਗਿੜਵੜੀ ਸਖੀਏ ਧਉਲਹਰੀ।" — ਸਲੋ **੧**, ੧ : ੩ (1410)

9. ਵਜਿਆ, ਪਿਆ

"ਸਿਰਿ **ਲਗਾ** ਜਮ ਡੰਡੁ ਤਾ ਪਛੁਤਾਨਿਆ।"

— ਜੈਤ **੫**, ਵਾਰ ੯ : ੪ (708)

"ਤਬ ਨਰੁ ਸੁਤਾ ਜਾਗਿਆ ਸਿਰਿ ਡੰਡ **ਲਗਾ** ਬਹੁ ਭਾਰੁ।" — ਸਲੋ **੩**, ੪੨ : ੩ (1417)

10. ਲਗਿਆ, ਜਾਪਿਆ

"ਸਦਾ ਸੁਖ ਕਲਿਆਣ ਕੀਰਤਨੁ ਪ੍ਰਭ **ਲਗਾ** ਮੀਠਾ ਭਾਣਾ।"

— ਰਾਮ **੫**, ਛੰਤ ੩, ੪ : ੪ (926)

11. ਫੱਬਿਆ, ਜਚਿਆ

"ਅਬਿਨਾਸੀ ਅਬਿਗਤੁ ਅਗੋਚਰ ਸਭੁ ਕਿਛੁ ਤੁਝ ਹੀ ਹੈ **ਲਗਾ**।"

— ਮਾਰੂ **੫**, ਸੋਲ ੧੧, ੭ : ੩ (1082)

ਲਗਾਇ — ਲਾਵੇ, ਲਾਏ

"ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ **ਲਗਾਇ**।"

— ਸਿਰੀ **੩**, ਅਸ ੨੩, ੩ : ੧ (68)

"ਆਗਿ **ਲਗਾਇ** ਮੰਦਰ ਮੈ ਸੋਵਹਿ।" (ਲਾਕੇ)

— ਗਉ **ਕਬ**, ੪੪, ੫ : ੨ (332)

"ਜਿਉ ਜਿਉ ਰਾਮ ਕਹਹਿ ਜਨ ਊਚੇ ਨਰ ਨਿੰਦਕ ਡੰਸੁ **ਲਗਾਇ**।" (ਭਾਵ ਮਾਰਦਾ)

— ਰਾਮ **੪**, ੨, ੩ : ੨ (881)

ਲਗਾਇਓ — ਲਾਇਆ

"ਕਹਾਂਉ ਕਹਾ ਯਿਆ ਮਨ ਬਉਰੇ ਕਉ ਇਨ ਸਿਉ ਨੇਹੁ **ਲਗਾਇਓ**।"

— ਸੋਰ **੯**, ੯, ੨ : ੧ (633)

ਲਗਾਇਆ — ਲਾਏ, ਲਾ ਦਿੱਤੇ

"ਕੋਟਿ ਜਨਾ ਕਰਿ ਸੇਵ **ਲਗਾਇਆ** ਜੀਉ।"

— ਗਉ **੫**, ੧੬੬*, ੧ : ੨ (216)

"ਹਰਿ ਹਰਿ ਪੁਰਖੁ ਦਇਆਲੁ ਹੈ ਮੇਰੀ ਜਿੰਦੁੜੀਏ ਗੁਰ ਸਤਿਗੁਰ ਮੀਠ **ਲਗਾਇਆ** ਰਾਮ।" (ਭਾਵ ਮਿਠਾ ਕਰ ਦਸਿਆ)

— ਬਿਹਾ **੪**, ਛੰਤ ੨, ੪ : ੩ (539)

"ਨਿਤ ਆਸਾ ਮਨਿ ਚਿਤਵੈ ਮਨ ਤ੍ਰਿਸਨਾ ਭੁਖ **ਲਗਾਇਆ**।" (ਲਾਈ)

— ਸੂਹੀ **੪**, ਛੰਤ ੫, ੩ : ੨ (776)

ਲਗਾਇਦਾ — ਲਾ ਰਖੀ

"ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ **ਲਗਾਇਦਾ**।"

— ਮਾਰੂ **੧**, ਸੋਲਾ ੧੫, ੧ : ੩ (1035)

ਲਗਾਇਬਾ — ਲਗਦਾ ਹੈ

"ਹਰਿ ਦੇਹੁ ਬਿਮਲ ਮਤਿ ਗੁਰ ਸਾਧ ਪਗ ਸੇਵਹ ਹਮ ਹਰਿ ਮੀਠ **ਲਗਾਇਬਾ**।"

— ਜੈਤ **੪**, ੪, ੪ : ੧ (697)

ਲਗਾਈ — 1. ਲਾਈ, ਲਾ ਦਿੱਤੀ

"ਇਹੁ ਮੋਹੁ ਮਾਇਆ ਤੇਰੈ ਸੰਗਿ ਨ ਚਾਲੈ ਝੂਠੀ ਪ੍ਰੀਤਿ **ਲਗਾਈ**।"

— ਸਿਰੀ **੫**, ਪਹ ੪, ੪ : ੪ (77)

"ਕਾਹੂ ਮਹਿ ਮੋਤੀ ਮੁਕਤਾਹਲ ਕਾਹੂ ਬਿਆਧਿ **ਲਗਾਈ**।" (ਭਾਵ ਨੁਕਸ ਪਾ ਦਿਤਾ)

— ਆਸਾ **ਕਬ**, ੧੬, ੨ : ੨ (479)

"ਭੂਮਿ ਮਸਾਣ ਕੀ ਭਸਮ **ਲਗਾਈ** ਗੁਰ ਬਿਨੁ ਤਤੁ ਨ ਪਾਇਆ।" (ਲਾਈ ਭਾਵ ਮਲੀ)

— ਗੂਜ **ਤ੍ਰਿਲੋ**, ੧, ੨ : ੨ (526)

2. ਭਾਵ ਬਾਲੀ, ਜਗਾਈ

"ਨਾਮ ਤੇਰੇ ਕੀ ਜੋਤਿ **ਲਗਾਈ** ਭਇਓ ਉਜਿਆਰੋ ਭਵਨ ਸਗਲਾਰੇ।"

— ਧਨਾ **ਰਵਿ**, ੩, ੨ : ੨ (694)

3. ਲਾਉਂਦਾ

"ਹਰਿ ਧਨ ਕਉ ਉਚਕਾ ਨੇੜਿ ਨ ਆਵਈ ਜਮੁ ਜਾਗਤੀ ਡੰਡੁ ਨ **ਲਗਾਈ**।"

— ਸੂਹੀ **੪**, ੧੦, ੪ : ੨ (734)

4. ਜੋੜੀ
"ਲੋਇਣ ਦੇਖਿ ਰਹੇ ਬਿਸਮਾਦੀ ਚਿਤੁ ਅਦਿਸਟਿ **ਲਗਾਈ**।"
— ਰਾਮ **੩**, ਅਸ ੨, ੨੪ : ੧ (910)

ਲਗਾਈਆ — ਲਾਈ ਹੈ
"ਮੈ ਮੇਲਹੁ ਸੰਤ ਮੇਰਾ ਹਰਿ ਪ੍ਰਭੁ ਸਜਣੁ ਮੈ ਮਨਿ ਤਨਿ ਭੁਖ **ਲਗਾਈਆ** ਜੀਉ।"
— ਗਉ **੪**, ੬੭, ੩ : ੧ (174)

ਲਗਾਈਐ — ਲਗਾਵੇ, ਲਾਏ, ਲਾਉਂਦਾ ਹੈ
"ਇਕਿ ਅਪਣੈ ਸੁਆਇ ਆਇ ਬਹਹਿ ਗੁਰ ਆਗੈ ਜਿਉ ਬਗੁਲ ਸਮਾਧ **ਲਗਾਈਐ**।"
— ਰਾਮ **੪**, ੪, ੩ : ੨ (881)
"ਹਉਮੈ ਰੋਗੁ ਗਇਆ ਸੁਖੁ ਪਾਇਆ ਹਰਿ ਸਹਜਿ ਸਮਾਧਿ **ਲਗਾਈਐ**।" (ਲਾਈਏ)
— ਬਸੰ **੪**, ੬, ੧* : ੨ (1179)

ਲਗਾਏ — ਲਗਾਵੇ
"ਹਰਿ ਹਰਿ ਅਨਦੁ ਭਇਆ ਦਿਨੁ ਰਾਤੀ ਨਾਨਕ ਹਰਿ ਮੀਠ **ਲਗਾਏ**।"
— ਸੂਹੀ **੬**, ਛੰਤ ੭, ੪ : ੫ (772)

ਲਗਾਹਿ — ਲਗਾਉਂਦੇ ਭਾਵ ਪਟਕਾਰਦੇ
"ਹਾਥ ਪਛੋਰਹਿ ਸਿਰੁ ਧਰਨਿ **ਲਗਾਹਿ**।"
— ਭੈਰ **੫**, ੫੪, ੨ : ੩ (1152)

ਲਗਾਹੀ — ਲਗਾਉਂਦਾ ਹੈ
"ਕਾਂ ਕੋ ਤਨੁ ਧਨੁ ਸੰਪਤਿ ਕਾਂ ਕੀ ਕਾ ਸਿਉ ਨੇਹੁ **ਲਗਾਹੀ**।" — ਸਾਰ **੯**, ੨, ੧ : ੧ (1231)

ਲਗਾਤੀ — ਲਗਦੀ ਹੈ
"ਹਰਿ ਹਰਿ ਨਾਮੁ ਜਪਹੁ ਮਨ ਮੇਰੇ ਮੁਖਿ ਗੁਰਮੁਖਿ ਪ੍ਰੀਤਿ **ਲਗਾਤੀ**।"
— ਸਿਰੀ **੪**, ਵਾਰ ੧੩ : ੪ (88)

ਲਗਾਨ — ਲਗਦੀ ਹੈ
"ਹਰਿ ਕੀਰਤਿ ਮਨਿ ਭਾਈ ਪਰਮ ਗਤਿ ਪਾਈ ਹਰਿ ਮਨਿ ਤਨਿ ਮੀਠ **ਲਗਾਨ** ਜੀਉ।"
— ਆਸਾ **੪**, ਛੰਤ ੧੨, ੧ : ੧ (446)
"ਰਸਕਿ ਰਸਕਿ ਗੁਨ ਗਾਵਹ ਗੁਰਮਤਿ ਲਿਵ ਉਨਮਨਿ ਨਾਮਿ **ਲਗਾਨ**।"
— ਪ੍ਰਭਾ **੪**, ੧, ੧ : ੧ (1335)

ਲਗਾਨਾ — 1. ਲਗਦਾ ਹੈ
"ਪ੍ਰਭ ਕਾ ਕੀਆ ਜਨ ਮੀਠ **ਲਗਾਨਾ**।"
— ਗਉ **੫**, ਸੁਖ ੧੪, ੮ : ੫ (282)
"ਤਿਸੁ ਜਨ ਕਉ ਹਰਿ ਮੀਠ **ਲਗਾਨਾ** ਜਿਸੁ ਹਰਿ ਹਰਿ ਕ੍ਰਿਪਾ ਕਰੈ।"
— ਮਲਾ **੪**, ੩, ੧ : ੧ (1263)
2. ਲਗਾ ਹੈ, ਚੰਬੜਿਆ ਹੈ
"ਅੰਤਰਿ ਮਮਤਾ ਰੋਗੁ **ਲਗਾਨਾ** ਹਉਮੈ ਅਹੰਕਾਰੁ ਵਧਾਇਆ।"
— ਆਸਾ **੪**, ਛੰਤ ੧੧, ੨ : ੪ (445)
3. ਜੋੜਨਾ, ਲਾਉਣਾ
"ਦੀਨ ਦਇਆਲ ਸਦਾ ਦੁਖ ਭੰਜਨ ਤਾ ਸਿਉ ਮਨੁ ਨ **ਲਗਾਨਾ**।"
— ਧਨਾ **੯**, ੨, ੨ : ੧ (685)
4. ਮਾਰਿਆ, ਲਗਾ
"ਧਰਮ ਰਾਇ ਸਿਰਿ ਡੰਡੁ **ਲਗਾਨਾ** ਫਿਰਿ ਪਛੁਤਾਨੇ ਹਥ ਫਲਘਾ।"
— ਸੂਹੀ **੪**, ੭, ੨ : ੨ (731)
5. ਲਗਾ ਹੈ, ਰੁਝਾ ਹੈ
"ਜਿਤੁ ਕੋ ਲਾਇਆ ਤਿਤ ਹੀ **ਲਗਾਨਾ**।"
— ਰਾਮ **੫**, ਅਸ ੩, ੮ : ੧ (914)

ਲਗਾਨੀ — 1. ਲਗੀ
"ਜਬ ਘਰ ਮੰਦਰਿ ਆਗਿ **ਲਗਾਨੀ** ਕਢਿ ਕੂਪੁ ਕਢੈ ਪਨਿਹਾਰੇ।"— ਨਟ **੪**, ਅਸ ੩, ੪ : ੨ (982)
2. ਲਗੀ, ਜੁੜੀ
"ਹਰਿ ਨਾਮੈ ਹਮ ਪ੍ਰੀਤਿ **ਲਗਾਨੀ** ਹਮ ਹਰਿ ਵਿਟਹੁ ਘੁਮਿ ਵੰਞੁ।"
— ਬਸੰ **੪**, ੭, ੩ : ੨ (1179)
3. ਲਗਾ ਹਾਂ, ਰੁਚਿਤ ਹੋਇਆ ਹਾਂ
"ਪੰਚ ਜਨਾ ਗੁਰਿ ਵਸਗਤਿ ਆਣੇ ਤਉ ਉਨਮਨਿ ਨਾਮਿ **ਲਗਾਨੀ**।"
— ਸਾਰ **੪**, ੫, ੪ : ੧ (1200)
4. ਲਾਈ, ਲਗਾਈ
"ਹਰਿ ਕੇ ਸੰਤ ਮਿਲਿ ਪ੍ਰੀਤਿ **ਲਗਾਨੀ** ਵਿਚੇ ਗਿਰਹ ਉਦਾਸ।"— ਕਾਨ **੪**, ੩, ੧* : ੨ (1295)

ਲਗਾਨੇ — ਲਗੇ/ਜੁੱਟੇ ਹਨ
"ਜਿਨ ਕਉ ਤੁਮ ਦਇਆ ਕਰਿ ਮੇਲਹੁ ਤੇ ਹਰਿ ਹਰਿ ਸੇਵ **ਲਗਾਨੇ**।"
— ਗਉ **੪**, ੫੬, ੪ : ੧ (170)

ਲਗਾਮੁ — (ਫ਼. ਲਗਾਮ) ਘੋੜੇ ਦਾ ਦਹਾਨਾ, ਵਾਗਡੋਰ
"ਦੇਇ ਮੁਹਾਰ **ਲਗਾਮੁ** ਪਹਿਰਾਵਉ।"
— ਗਉ **ਕਬ**, ੩੧, ੧ : ੧ (329)

ਲਗਾਵਹਿ — ਲਾਵੇ, ਮਲੇ
"ਕਰਹਿ ਬਿਭੂਤਿ **ਲਗਾਵਹਿ** ਭਸਮੈ।"
— ਮਾਰੂ **੧**, ਸੋਲ਼ਾ ੨੨, ੧੨ : ੧ (1043)

ਲਗਾਵਹੁ — ਲਾਵੋ, ਜੋੜੋ
"ਗੁਰ ਖਿਨੁ ਖਿਨੁ ਪ੍ਰੀਤਿ **ਲਗਾਵਹੁ** ਮੇਰੈ ਹੀਅਰੈ ਮੇਰੇ ਪ੍ਰੀਤਮ ਨਾਮੁ ਪਰਾਨਾ।"
— ਜੈਤ **੪**, ੩, ੨ : ੧ (697)

ਲਗਾਵਣਿਆ — ਲਾਉਂਦੇ ਹਨ
"ਹਉ ਵਾਰੀ ਜੀਉ ਵਾਰੀ ਸੁਖ ਸਹਜਿ ਸਮਾਧਿ **ਲਗਾਵਣਿਆ**।"
— ਮਾਝ **੩**, ਅਸ ੨੨, ੧* : ੧ (122)

ਲਗਾਵੈ — 1. ਲਗੀ ਹੈ
"ਮੇਰੇ ਮਨ ਤਨਿ ਵੇਦਨ ਗੁਰ ਬਿਰਹੁ **ਲਗਾਵੈ**।"
— ਮਾਝ **੪**, ੨, ੪ : ੨ (94)

2. ਕਰਦੀ ਹੈ
"ਜਿਉ ਮਿਲਿ ਬਛਰੇ ਗਊ ਪ੍ਰੀਤਿ **ਲਗਾਵੈ**।" (ਭਾਵ ਖੁਸ਼ ਹੁੰਦੀ ਹੈ)
— ਗਉ **੪**, ੪੧, ੨ : ੧ (164)

3. ਲਗਦੀ
"ਮਨ ਰਸਕਿ ਰਸਕਿ ਹਰਿ ਰਸਿ ਆਘਾਨੇ ਫਿਰ ਬਹੁਰਿ ਨ ਭੁਖ **ਲਗਾਵੈ**।"
— ਗਉ **੪**, ੬੪, ੩ : ੨ (172)

4. ਲਾਏ, ਮਲੇ
"ਵੇਸ ਕਰੈ ਬਹੁ ਭਸਮ **ਲਗਾਵੈ**।"
— ਗਉ **੧**, ਅਸ ੧੨, ੧ : ੨ (226)

5. ਲਾਏ
"ਗਗਨਿ ਨਿਵਾਸਿ ਸਮਾਧਿ **ਲਗਾਵੈ**।"
— ਆਸਾ **੧**, ਅਸ ੧, ੨ : ੩ (411)
"ਸੇਵਕ ਜਨ ਸੇਵਹਿ ਸੇ ਵਡਭਾਗੀ ਰਿਦ ਮਨਿ ਤਨਿ ਪ੍ਰੀਤਿ **ਲਗਾਵੈ**।"
— ਰਾਮ **੪**, ੩, ੩ : ੧ (881)

6. ਭਾਵ ਤਿਆਰ ਕਰੇ
"ਬੈਠਿ ਸਿੰਘੁ ਘਰਿ ਪਾਨ **ਲਗਾਵੈ** ਘੀਸ ਗਲਉਰੇ ਲਿਆਵੈ।"
— ਆਸਾ **ਕਬ**, ੬, ੨ : ੧ (477)

7. ਭਾਵ ਕਰਦਾ ਹੈ
"ਆਪਨ ਦੇਉ ਦੇਹੁਰਾ ਆਪਸ ਆਪ **ਲਗਾਵੈ** ਪੂਜਾ।" — ਸਾਰ **ਨਾਮ**, ੨, ੧ : ੧ (1252)

8. ਜੋੜੇ
"ਕ੍ਰਿਪਾ ਕ੍ਰਿਪਾ ਕ੍ਰਿਪਾ ਕਰਿ ਹਰਿ ਜੀਉ ਕਰਿ ਕਿਰਪਾ ਨਾਮਿ **ਲਗਾਵੈ** ਗੋ।"
— ਕਾਨ **੪**, ਅਸ ੨, ੧ : ੧ (1309)

9. ਲਗੇਗਾ, ਵਜੇਗਾ
"ਜੇ ਕੋ ਸਰੁ ਸੰਧੈ ਜਨ ਊਪਰਿ ਫਿਰਿ ਉਲਟੋ ਤਿਸੈ **ਲਗਾਵੈ** ਗੋ।"
— ਕਾਨ **੪**, ਅਸ ੬, ੪ : ੨ (1311)

ਲਗਿ — 1. ਲਗ ਕੇ, ਰੁਚਿਤ ਹੋ ਕੇ, ਜੁੜ ਕੇ
"ਜਿਨੀ ਨਾਮੁ ਵਿਸਾਰਿਆ ਦੂਜੀ ਕਾਰੈ **ਲਗਿ**।"
— ਸਿਰੀ **੧**, ੧੪, ੨ : ੧ (19)
"ਜਨ ਨਾਨਕ ਗੁਰ ਕੇ ਲਾਲੇ ਗੋਲੇ **ਲਗਿ** ਸੰਗਤਿ ਕਰੂਆ ਮੀਠਾ।"
— ਗਉ **੪**, ੬੧, ੪ : ੨ (171)

2. ਜੁੜਿਆ
"ਗੁਰ ਕੀ ਚਰਣੀ **ਲਗਿ** ਰਹੁ ਵਿਚਹੁ ਆਪੁ ਗਵਾਇ।"
— ਸਿਰੀ **੧**, ਅਸ ੧੨, ੭ : ੨ (61)

3. ਜੁੜ ਕੇ, ਸਬੰਧਤ ਹੋ ਕੇ
"ਤਿਸੁ **ਲਗਿ** ਮੁਕਤੁ ਭਏ ਘਣੇਰੇ।"
— ਮਾਝ **੫**, ੨੨, ੪ : ੨ (101)
"ਕਿਉ ਪਾਈ ਗੁਰੁ ਜਿਤ **ਲਗਿ** ਪਿਆਰਾ ਦੇਖਸਾ।"
— ਆਸਾ **੪**, ਛੰਤ ੨੧, ੬ : ੨ (452)

4. ਲਗਦਾ ਹੈ
"ਨਿਡਰਿਆ ਡਰੁ **ਲਗਿ** ਗਰਬਿ ਸਿ ਗਲਿਆ।"
— ਮਾਝ **੧**, ਵਾਰ ੨੪ : ੭ (149)

5. ਭਾਵ ਨਾਲ
"ਸਤੀਆ ਏਹਿ ਨ ਆਖੀਅਨਿ ਜੋ ਮੜਿਆ **ਲਗਿ** ਜਲੰਨਿ।"
— ਸੂਹੀ **੩**, ਵਾਰ ੬ਸ, **੩**, ੧ : ੧ (687)

6. ਤਕ, ਤੋੜੀ
"ਮਰਹਟ **ਲਗਿ** ਸਭੁ ਲੋਗੁ ਕੁਟੰਬੁ ਮਿਲਿ ਹੰਸ ਇਕੇਲਾ ਜਾਇ।"
— ਕੇਦਾ **ਕਬ**, ੬, ੧ : ੨ (1124)

"ਜਬ **ਲਗਿ** ਸਾਸੁ ਹੋਇ ਮਨ ਅੰਤਰਿ ਸਾਧੂ ਧੂਰਿ ਪਿਵੀਜੈ।"

— ਕਲਿ **੪**, ਅਸ ੬, ੧* : ੨ (1326)

7. ਲਗੇ (ਸਹਾਇਕ ਕਿਰਿਆ)

"ਧਰਮੁ ਅਰਥੁ ਸਭੁ ਕਾਮੁ ਮੋਖੁ ਹੈ ਜਨ ਪੀਛੈ **ਲਗਿ** ਫਿਰਥਦੀ।"

— ਕਲਿ **੪**, ੪, ੧* : ੨ (1320)

8. ਤੁਲ, ਸਮਾਨ, (ਮਹਾਨਕੋਸ਼)

"ਗੁੜ ਮਿਠਾ ਮਾਇਆ ਪਸਰਿਆ ਮਨਮੁਖੁ **ਲਗਿ** ਮਾਖੀ ਪਚੈ ਪਚਾਇ।"

— ਸਿਰੀ **੪**, ੭੦, ੧ : ੩ (41)

ਲਗਿਆ — ਲਗਨ ਨਾਲ, ਸਬੰਧਤ ਹੋਣ ਨਾਲ, ਜੁੜਨ ਨਾਲ

"ਸਤਿਗੁਰ ਸੇਵੈ **ਲਗਿਆ** ਕਢਿ ਰਤਨੁ ਦੇਵੈ ਪਰਗਾਸਿ।" — ਸਿਰੀ **੪**, ੬੬, ੨ : ੨ (40)

"ਕੂੜੇ ਲਾਲਚਿ **ਲਗਿਆ** ਨਾ ਉਰਵਾਰੁ ਨ ਪਾਰੁ।"

— ਗੂਜ **੩**, ਵਾਰ ੧੧ਸ, **੩**, ੧ : ੪ (512)

ਲਗਿਐ — ਲਗਨ ਨਾਲ, ਜੁੜਨ ਨਾਲ

"ਜਿਸੁ ਲੜਿ **ਲਗੀਐ** ਜੀਵੀਐ ਭਵਜਲੁ ਪਾਈਐ ਪਾਰਿ।" — ਗਉ **੫**, ੧੭੧*, ੩ : ੧ (218)

ਲਗੀ — 1. ਰਹੀ ਹੈਂ

"**ਲਗੀ** ਆਵਹਿ ਸਾਹੁਰੈ ਨਿਤ ਨ ਪੇਈਆ ਹੋਇ।"

— ਸਿਰੀ **੧**, ੨੪, ੩ : ੨ (23)

2. ਜੁੜ ਗਈ, ਪੈ ਗਈ, ਹੋਈ

"ਪ੍ਰੀਤਿ **ਲਗੀ** ਤਿਸੁ ਸਚ ਸਿਉ ਮਰੈ ਨ ਆਵੈ ਜਾਇ।" — ਸਿਰੀ **੫**, ੮੩, ੧ : ੧ (46)

"ਰੰਗੁ ਨ **ਲਗੀ** ਪਾਰਬ੍ਰਹਮ ਤਾ ਸਰਪਰ ਨਰਕੇ ਜਾਇ।"

— ਸਿਰੀ **੫**, ਅਸ ੨੬, ੫ : ੪ (70)

3. ਚਿਪਕਣਾ, ਚੰਬੜਨਾ

"ਅੰਤਰਿ ਮੈਲੁ **ਲਗੀ** ਨਹੀ ਜਾਣੈ ਬਾਹਰਹੁ ਮਲਿ ਮਲਿ ਧੋਵੈ।"

— ਮਾਝ **੧**, ਵਾਰ ੪ਸ, **੧**, ੨ : ੨ (139)

"ਰੇਨੁ ਜਨ ਕੀ **ਲਗੀ** ਮਸਤਕਿ ਅਨਿਕ ਤੀਰਥ ਸੁਚੈ।" — ਕੇਦਾ **੫**, ੧੫, ੧ : ੨ (1122)

4. ਚਲੀ ਆ ਰਹੀ ਹੈ

"ਨਾਨਕ ਹੁਕਮਿ ਚਲਾਈਐ ਸਾਹਿਬ **ਲਗੀ** ਰੀਤਿ।"

— ਮਾਝ **੧**, ਵਾਰ ੨੧ਸ, **੧**, ੨ : ੩ (148)

5. ਭਾਵ ਆਈ

"ਵਤ **ਲਗੀ** ਸਚੇ ਨਾਮ ਕੀ ਜੋ ਬੀਜੇ ਸੋ ਖਾਇ।" ('ਵਤ ਲਗੀ' ਮੁਹਾਵਰਾ ਹੈ ਭਾਵ ਵਤਰ ਆਇਆ ਹੈ)

— ਗਉ **੫**, ਵਾਰ ੧੫ਸ, **੫**, ੧ : ੧ (321)

6. ਜੁੜੀ

"ਤੈ ਸਹ **ਲਗੀ** ਜੇ ਰਹੈ ਭੀ ਸਹੁ ਰਾਵੈ ਸੋਇ।"

— ਵਡ **੧**, ੨, ੪ : ੨ (557)

"ਨਾਨਕ **ਲਗੀ** ਤਤ ਲੈ ਤੂੰ ਸਚਾ ਮਨਿ ਸਚੁ।"

— ਮਲਾ **੧**, ਵਾਰ ੧ਸ, **੩**, ੧ : ੧੧ (1279)

7. ਜਾਗੀ, ਉਤਪਨ ਹੋਈ

"ਨਾਨਕ ਪਿਆਸ **ਲਗੀ** ਦਰਸਨ ਕੀ ਪ੍ਰਭੁ ਮਿਲਿਆ ਅੰਤਰਜਾਮੀ।"

— ਸੋਰ **੫**, ੧੬, ੪ : ੨ (613)

"ਮੇਰੈ ਹੀਅਰੈ ਲੋਚ **ਲਗੀ** ਪ੍ਰਭ ਕੇਰੀ ਹਰਿ ਨੈਨਹੁ ਹਰਿ ਪ੍ਰਭ ਹੇਰਾ।"

— ਟੋਡੀ **੪**, ੧, ੧ : ੧ (711)

8. ਜਾਪੀ, ਭਾਸੀ

"ਪ੍ਰਭ ਕੀ ਆਗਿਆ **ਲਗੀ** ਪਿਆਰੀ।"

— ਰਾਮ **੫**, ੧੬, ੧ : ੨ (887)

9. ਲਗੇ ਹੋਣ ਤੇ, ਪਈ ਹੋਣ ਤੇ

"ਫਾਂਧੀ **ਲਗੀ** ਜਾਤਿ ਫਹਾਇਨਿ ਅਗੈ ਨਾਹੀ ਥਾਉ।"

— ਮਲਾ **੧**, ਵਾਰ ੨੨ਸ, **੧**, ੨ : ੨ (1288)

10. ਸ਼ੁਰੂ ਹੋਈ, ਆਰੰਭ ਹੋਈ

"ਬੁਢਾ ਹੋਆ ਸੇਖ ਫਰੀਦੁ ਕੰਬਣਿ **ਲਗੀ** ਦੇਹ।"

— **ਸਲੋ ਫਰ**, ੪੧ : ੧ (1380)

11. (ਚੋਟ) ਲਗੀ

"ਨਾਨਕ **ਲਗੀ** ਤੁਰਿ ਮਰੈ ਜੀਵਣ ਨਾਹੀ ਤਾਣੁ।"

— ਸਲੋ **੧**, ੧੩ : ੧ (1411)

ਲਗੀਆ — ਜੁੜੀਆਂ

"ਜੋ ਸਹ ਕੰਠਿ ਨ **ਲਗੀਆ** ਜਲਨੁ ਸਿ ਬਾਹੜੀਆਹਾ।"

— ਵਡ **੧**, ੩, ੧ : ੮ (558)

"ਜਿਨਾ ਪ੍ਰੀਤਿ ਨ **ਲਗੀਆ** ਭਾਈ ਸੇ ਨਿਤ ਨਿਤ ਮਰਦੇ ਝੂਰਿ।" (ਲਗੀ, ਜੁੜੀ)

— ਸੋਰ **੫**, ਅਸ ੧, ੮ : ੪ (640)

"ਨਵ ਨਿਧੀ ਅਠਾਰਹ ਸਿਧੀ ਪਿਛੈ **ਲਗੀਆ** ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ।"

— ਸੋਰ **੪**, ਵਾਰ ੧੯ਸ, **੩**, ੧ : ੨ (649)

ਲਗੀਐ — 1. ਰੁਝੀਦਾ ਹੈ, ਲਗੀਦਾ ਹੈ

"ਜਿਤੁ ਜਿਤੁ ਲਾਇਹਿ ਆਪਿ ਤਿਤੁ ਤਿਤੁ **ਲਗੀਐ**।"

— ਗੂਜ **੫**, ਵਾਰ ੨ : ੮ (518)

2. ਛੂਹੀਏ

"ਤਾ ਕੈ ਮੂਲਿ ਨ **ਲਗੀਐ** ਪਾਇ।" (ਭਾਵ ਪੈਰਾਂ ਤੇ ਝੁਕੀਦਾ)

— ਸਾਰ **੪**, ਵਾਰ ੨੨ਸ, **੧**, ੧ : ੬ (1245)

ਲਗੀਜੈ — 1. ਲਾ ਦਿੰਦਾ ਹੈ

"ਮਾਇਆ ਮੋਹੁ ਸਬਲੁ ਹੈ ਭਾਰੀ ਮੋਹੁ ਕਾਲਖ ਦਾਗ **ਲਗੀਜੈ**।"— ਕਲਿ **੪**, ਅਸ ੨, ੨ : ੧ (1324)

2. ਲਗੋ, ਛੂਹੋ, ਪਕੜੋ

"ਤਾ ਤੇ ਬਿਲਮੁ ਪਲੁ ਢਿਲ ਨ ਕੀਜੈ ਜਾਇ ਸਾਧੂ ਚਰਨਿ **ਲਗੀਜੈ**।"

— ਕਲਿ **੪**, ਅਸ ੬, ੩ : ੨ (1326)

ਲਗੁ — 1. ਤਕ, ਤੋੜੀ

"ਜਬ **ਲਗੁ** ਮਨਿ ਬੈਕੁੰਠ ਕੀ ਆਸ।"

— ਗਉ **ਕਬ**, ੧੦, ੩ : ੧ (325)

2. ਜੁੜ ਕੇ

"**ਲਗੁ** ਚਰਣ ਸਰਣ ਦਇਆਲ ਪ੍ਰੀਤਮ ਸਗਲ ਦੁਰਤ ਬਿਖੰਡਨੋ।"

— ਬਿਲਾ **੫**, ਛੰਤ ੩, ੧ : ੪ (847)

"ਆਉ ਸਜਣ ਤੂ ਮੁਖਿ **ਲਗੁ** ਮੇਰਾ ਤਨੁ ਮਨੁ ਠੰਢਾ ਹੋਇ।" (ਭਾਵ ਦਰਸ਼ਨ ਦੇ)

— ਮਾਰੂ **੫**, ਵਾਰ ੧੮ਸ, **੫**, ੧ : ੨ (1100)

ਲਗੇ — 1. ਜੁਟ ਗਏ

"ਦੂਤ **ਲਗੇ** ਫਿਰਿ ਚਾਕਰੀ ਸਤਿਗੁਰ ਕਾ ਵੇਸਾਹੁ।"

— ਸਿਰੀ **੧**, ੧੧, ੧ : ੨ (18)

"ਮਲ ਮੂਤ ਮੂੜ ਜਿ ਮੁਘਦ ਹੋਤੇ ਸਭਿ **ਲਗੇ** ਤੇਰੀ ਸੇਵ।" — ਆਸਾ **੫**, ੧੪੦, ੧* : ੨ (406)

2. ਰੁਚਿਤ ਹੋਏ

"ਦੂਜੇ **ਲਗੇ** ਪਚਿ ਮੁਏ ਮੂਰਖ ਅੰਧ ਗਵਾਰ।"

— ਸਿਰੀ **੪**, ਵਾਰ ੮ਸ, **੩**, ੨ : ੩ (85)

3. ਜੁੜੇ

"ਨਿਰਮਲ ਨਾਮਿ **ਲਗੇ** ਬਡਭਾਗੀ ਨਿਰਮਲੁ ਨਾਮਿ ਸੁਹਾਵਣਿਆ।"

— ਮਾਝ **੩**, ਅਸ ੧੯, ੫ : ੨ (121)

4. ਸ਼ੁਰੂ ਹੋਏ

"ਪੰਚ ਲੋਗ ਸਭਿ ਹਸਣ **ਲਗੇ** ਤਪਾ ਲੋਭਿ ਲਹਰਿ ਹੈ ਗਾਲਿਆ।"

— ਗਉ **੪**, ਵਾਰ ੩੦ਸ, **੪**, ੧ : ੩ (315)

5. ਭਾਵ ਪੁਜੇ

"ਆਇ **ਲਗੇ** ਨੀ ਦਿਹ ਥੋੜੜੇ ਜਿਉ ਪਕਾ ਖੇਤੁ ਲੁਣੀਐ।" (ਭਾਵ ਮੁਕ ਗਏ ਥੋੜੇ ਦਿਨ ਜੋ ਸਨ) — ਗਉ **੪**, ਵਾਰ ੩੦ : ੩ (316)

6. ਲਗੇ ਹੋਏ ਹਨ, ਫਲੇ ਫੁਲੇ ਹਨ

"ਤਿਸ ਕੈ ਪੇਡਿ **ਲਗੇ** ਫਲ ਫੂਲਾ।"

— ਆਸਾ **ਕਬ**, ੨੨, ੩ : ੨ (481)

"ਫੂਲ **ਲਗੇ** ਫਲ ਰਤਨ ਭਾਂਤਿ।"

— ਬਸੰ **੫**, ੧, ੪ : ੨ (1180)

7. ਭਾਸੇ, ਜਾਪੇ

"ਬਿਖੁ ਫਲ ਮੀਠ **ਲਗੇ** ਮਨ ਬਉਰੇ ਚਾਰ ਬਿਚਾਰ ਨ ਜਾਨਿਆ।"

— ਆਸਾ **ਧੰਨਾ**, ੧, ੧ : ੧ (487)

8. ਲਗੋ, ਜੁੜੋ, ਰੁਚਿਤ ਹੋਵੋ

"ਬੋਲੈ ਸੇਖ ਫਰੀਦੁ ਪਿਆਰੇ ਅਲਹ **ਲਗੇ**।"

— ਆਸਾ **ਫਰ**, ੨, ੧ : ੧ (488)

9. ਲਗਨ ਨਾਲ, ਜੁੜਨ ਨਾਲ

"ਸਤਿਗੁਰੂ ਚਰਨ **ਲਗੈ** ਭਉ ਮਿਟਿਆ ਹਰਿ ਗੁਨ ਗਾਏ ਮਨ ਮਾਹੀ।"

— ਸੋਰ **੫**, ੯੦, ੨ : ੨ (630)

10. ਵਜੇ, ਲਗੇ

"ਪ੍ਰੇਮ ਕੇ ਕਾਨ **ਲਗੇ** ਤਨ ਭੀਤਰਿ ਵੈਦੁ ਕਿ ਜਾਣੈ ਕਾਰੀ ਜੀਉ।"

— ਮਾਰੂ **੧**, ੧੨, ੧ : ੩ (993)

ਲਗੈ — 1. ਲਗਦੀ ਭਾਵ ਹੁੰਦੀ ਹੋਵੇ

"ਪੂਜ **ਲਗੈ** ਪੀਰੁ ਆਖੀਐ ਸਭੁ ਮਿਲੈ ਸੰਸਾਰੁ।"

— ਸਿਰੀ **੧**, ੮, ੨ : ੧ (17)

"ਜਿਸੁ ਅੰਤਰਿ ਪ੍ਰੀਤਿ **ਲਗੈ** ਸੋ ਮੁਕਤਾ।"

— ਮਾਝ **੩**, ਅਸ ੨੧, ੨ : ੧ (122)

2. ਲਗਦਾ ਹੈ

"ਮਨਿ ਤਨਿ ਮਿਠਾ ਤਿਸੁ **ਲਗੈ** ਜਿਸੁ ਮਸਤਕਿ

ਨਾਨਕ ਲੇਖ।"
— ਸਿਰੀ **੫**, ੮੯, ੪ : ੩ (49)

3. ਲਗਦਾ (ਪੋਂਹਦਾ)
"ਗੁਰ ਮਿਲਿ ਚਜੁ ਅਚਾਰੁ ਸਿਖੁ ਤੁਧੁ ਕਦੇ ਨ **ਲਗੈ** ਦੁਖੁ।"
— ਸਿਰੀ **੫**, ੯੩, ੩ : ੨ (50)
"ਚਿਤਿ ਆਵੈ ਉਸੁ ਪਾਰਬ੍ਰਹਮ **ਲਗੈ** ਨ ਤਤੀ ਵਾਉ।"
— ਸਿਰੀ **੫**, ਅਸ ੨੬, ੧ : ੪ (70)
"ਜਮਕਾਲੁ ਤਿਨ ਕਉ **ਲਗੈ** ਨਾਹੀ ਜੋ ਇਕ ਮਨਿ ਧਿਆਵਹੇ।"
— ਗਉ **੫**, ਛੰਤ ੨, ੩ : ੩ (248)

4. ਲਗਦਾ ਭਾਵ ਜੁੜਦਾ ਹੈ ਅਰਥਾਤ ਹੁੰਦਾ ਹੈ, ਪੈਂਦਾ ਹੈ
"ਸਬਦੈ ਹੀ ਤੇ ਪਾਈਐ ਹਰਿ ਨਾਮੇ **ਲਗੈ** ਪਿਆਰੁ।"
— ਸਿਰੀ **੧**, ਅਸ ੮, ੭ : ੨ (58)
"ਮਾਇਆ ਭੂਲੇ ਸਿਧ ਫਿਰਹਿ ਸਮਾਧਿ ਨ **ਲਗੈ** ਸੁਭਾਇ।" (ਜੁੜਦੀ, ਲਗਦੀ)
— ਸਿਰੀ **੩**, ਅਸ ੨੧, ੫ : ੧ (67)

5. ਵਜਦਾ ਹੈ
"ਹਉਮੈ ਕਰਮ ਕਮਾਵਦੇ ਜਮ ਡੰਡੁ **ਲਗੈ** ਤਿਨ ਆਇ।"
— ਸਿਰੀ **੩**, ਅਸ ੧੯, ੧ : ੧ (65)
"ਜਿਨਿ ਜਪਿਆ ਤਿਨ ਹੀ ਸੁਖੁ ਪਾਇਆ ਹਰਿ ਕੈ ਨਾਮਿ ਨ **ਲਗੈ** ਜਮ ਤੀਰੁ।"
— ਰਾਮ **੧**, ਅਸ ੬, ੧* : ੨ (905)

6. ਛੂਹੇ, ਲਗੇ, ਚੰਬੜੇ
"ਸਤਿਗੁਰੁ ਸੇਵਿਐ ਹਰਿ ਮਨਿ ਵਸੈ **ਲਗੈ** ਨ ਮੈਲੁ ਪਤੰਗੁ।"
— ਸਿਰੀ **੩**, ਅਸ ੨੫, ੧* : ੨ (69)
"ਰੁਹਲਾ ਟੁੰਡਾ ਅੰਧੁਲਾ ਕਿਉ ਗਲਿ **ਲਗੈ** ਧਾਇ।"
— ਮਾਝ **੧**, ਵਾਰ ੩ਸ, **੨**, ੨ : ੨ (139)
"ਜੇ ਰਤੁ **ਲਗੈ** ਕਪੜੈ ਜਾਮਾ ਹੋਇ ਪਲੀਤੁ।" (ਲਗ ਜਾਏ)
— ਮਾਝ **੧**, ਵਾਰ ੬ਸ, **੧**, ੧ : ੧ (140)
"ਲੋਭੀ ਕਪਟੀ ਪਾਪੀ ਪਾਖੰਡੀ ਮਾਇਆ ਅਧਿਕ **ਲਗੈ**।" (ਚੰਬੜੀ ਹੈ)
— ਆਸਾ **੫**, ੩੪, ੧* : ੨ (359)

7. ਜਾਪਦਾ/ਲਗਦਾ ਹੈ, ਭਾਉਂਦਾ
"ਸੋਈ ਸਿਆਣਾ ਸੋ ਪਤਿਵੰਤਾ ਹੁਕਮੁ **ਲਗੈ** ਜਿਸੁ ਮੀਠਾ ਜੀਉ।"
— ਮਾਝ **੫**, ੪੯, ੧ : ੩ (108)
"ਸਤਿ ਹੋਵਨੁ ਮਨਿ **ਲਗੈ** ਨ ਰਾਤੀ।" (ਭਾਵੇ)
— ਗਉ **੫**, ੯੮, ੨ : ੨ (185)
"ਤੁਲਿ ਨਹੀ ਚਢੈ ਜਾਇ ਨ ਮੁਕਾਤੀ ਹਲੁਕੀ **ਲਗੈ** ਨ ਭਾਰੀ।" (ਜਾਪੇ)
— ਗਉ **ਕਬ**. ੪੮, ੧* : ੨ (333)

8. ਲਗਦੀ
"ਮਾਣਕ ਮੋਤੀ ਨਾਮੁ ਪ੍ਰਭ ਉਨ **ਲਗੈ** ਨਾਹੀ ਸੰਨਿ।"
— ਮਾਝ **੫**, ਬਾਰਾ ੪ : ੩ (134)
"ਅਹਿਕਰੁ ਕਰੇ ਸੁ ਅਹਿਕਰੁ ਪਾਏ ਇਕ ਘੜੀ ਮੁਹਤੁ ਨ **ਲਗੈ**।" (ਲਗਨਾ)
— ਮਾਰੂ **੫**, ਵਾਰ ੧੧ : ੩ (1098)

9. ਹਥ ਪਾਏ
"ਮੰਤ੍ਰੀ ਹੋਇ ਅਠੂਹਿਆ ਨਾਗੀ **ਲਗੈ** ਜਾਇ।"
— ਮਾਝ **੧**, ਵਾਰ ੨੨ਸ, **੨**, ੧ : ੧ (148)

10. ਹੁੰਦੀ ਹੋਵੇ
"ਅਠਸਠਿ ਤੀਰਥ ਦੇਵੀ ਥਾਪੇ ਪੁਰਬੀ **ਲਗੈ** ਬਾਣੀ।" (ਕਥਾ ਵਾਰਤਾ ਹੁੰਦੀ ਹੋਵੇ)
— ਮਾਝ **੧**, ਵਾਰ ੨੬ਸ, **੧**, ੧ :੧੫ (150)

11. ਰੁਚਿਤ ਹੋਵੇ
"ਨਾਮੁ ਬਿਸਾਰਿ **ਲਗੈ** ਅਨ ਸੁਆਇ।"
— ਗਉ **੫**, ੧੩੪, ੩ : ੧ (192)
"ਸੋਇ **ਲਗੈ** ਸਚਿ ਜਿਸੁ ਤੂੰ ਦੇਹਿ ਅਲਾ।"
— ਆਸਾ **੫**, ੧੦੭, ੨ : ੨ (397)

12. ਆਉਂਦਾ, ਢੁੱਕਦਾ
"ਪ੍ਰਭ ਸੇਵਾ ਜਮੁ **ਲਗੈ** ਨ ਨੇਰੇ।"
— ਗਉ **੫**, ੧੫੮, ੨ : ੨ (197)
"ਕੋਇ ਨ **ਲਗੈ** ਬਿਘਨੁ ਆਪੁ ਗਵਾਇਐ।"
— ਗੂਜ **੫**, ਵਾਰ ੮ : ੫ (520)

13. ਮੰਨਦਾ
"ਓਸ ਦੈ ਆਖਿਐ ਕੋਈ ਨ **ਲਗੈ** ਨਿਤ ਓਜਾੜੀ ਪੂਕਾਰੇ ਖਲਾ।"
— ਗਉ **੪**, ਵਾਰ ੧੫ਸ, **੪**, ੧ : ੨ (308)

14. ਜੁਟੇ, ਲਗਦਾ

"ਚਾਕਰੁ **ਲਗੈ** ਚਾਕਰੀ ਜੇ ਚਲੈ ਖਸਮੈ ਭਾਇ।"
— ਆਸਾ **੧**, ਵਾਰ ੨੨ : ੧ (474)
"ਹੋਇ ਹਲਾਲੁ **ਲਗੈ** ਹਕਿ ਜਾਇ।"
— ਰਾਮ **੩**, ਵਾਰ ੧੯ਸ, **੧**, ੨ : ੭ (956)
15. ਲਗਦਾ, ਮਹਿਸੂਸ ਹੁੰਦਾ
"ਪਹਿਰਉ ਨਹੀ ਦਗਲੀ **ਲਗੈ** ਨ ਪਾਲਾ।"
— ਆਸਾ **ਕਬ**, ੩, ੧* : ੨ (476)
16. ਲਗਨ ਤੇ, ਲਗਨ ਨਾਲ
"ਦੁਖਿ **ਲਗੈ** ਘਰਿ ਘਰਿ ਫਿਰੈ ਅਗੈ ਦੂਣੀ ਮਿਲੈ ਸਜਾਇ।"
— ਵਡ **੪**, ਵਾਰ ੪ਸ, **੩**, ੧ : ੨ (587)
"ਸਾਚਿ **ਲਗੈ** ਤਾ ਹਉਮੈ ਜਾਈਐ।"
— ਸੂਹੀ **੫**, ੨, ੨ : ੪ (736)
17. ਟਿਕੈ
"ਵਿਣੁ ਕਰਮਾ ਹਰਿ ਜੀਉ ਨ ਪਾਈਐ ਬਿਨੁ ਸਤਿਗੁਰ ਮਨੂਆ ਨ **ਲਗੈ**।"
— ਮਾਰੂ **੫**, ਵਾਰ ੧੧ : ੧ (1098)

ਲਗੋ — 1. ਲਗਾ, ਜੁੜਿਆ
"ਸਿਰਜਨਹਾਰੁ ਵਿਸਾਰਿਆ ਸੁਆਮੀ ਇਕ ਨਿਮਖ ਨ **ਲਗੋ** ਧਿਆਨੁ।"
— ਸਿਰੀ **੫**, ਪਹ ੪, ੩ : ੫ (77)
2. ਅਨੁਭਵ ਹੋਇਆ, ਜਾਪਿਆ
"ਗੁਰ ਕਾ ਸਬਦੁ **ਲਗੋ** ਮਨਿ ਮੀਠਾ।"
— ਗਉ **੫**, ੧੦੭, ੩ : ੧ (187)
3. ਲਾਇਆ ਹੈ
"ਸਾਠ ਸੂਤ ਨਵਖੰਡ ਬਹਤਰਿ ਪਾਟੁ **ਲਗੋ** ਅਧਿਕਾਈ।"
— ਗਉ **ਕਬ**, ੫੪, ੧ : ੨ (335)
4. ਲਗਾ, ਵਜਿਆ
"ਮੇਰੈ ਮਨਿ ਪ੍ਰੇਮ **ਲਗੋ** ਹਰਿ ਤੀਰ।"
— ਗੋਂਡ **੪**, ੬, ੧* : ੧ (861)

ਲੰਗੋਟੀ — ਲਿੰਗ ਢਕਣ ਦਾ ਵਸਤਰ, ਲਿੰਗੋਟ,
"ਚਲਤੀ ਬਾਰ ਨ ਕਛੁ ਮਿਲਿਓ ਲਈ **ਲੰਗੋਟੀ** ਤੋਰਿ।"
— ਸਲੋ **ਕਬ**, ੧੪੪ : ੨ (1372)

ਲੰਘਉ — ਲੰਘ ਜਾਵਾਂਗਾ
"ਸੰਤ ਪ੍ਰਸਾਦਿ ਪਾਇਓ ਸਚ ਬੋਹਿਥੁ ਚੜਿ **ਲੰਘਉ** ਬਿਖੁ ਸੰਸਾਰ।"— ਸੋਰ **੫**, ੩੮, ੧* : ੨ (618)

ਲੰਘਈਆ — ਲੰਘਾਂਦਾ ਹੈ
"ਹਰਿ ਹਰਿ ਨਾਮੁ ਪੋਤੁ ਬੋਹਿਥਾ ਖੇਵਟੁ ਸਬਦੁ ਗੁਰੁ ਪਾਰਿ **ਲੰਘਈਆ**।"
— ਬਿਲਾ **੪**, ਅਸ ੧, ੪ : ੧ (833)

ਲੰਘਸਿ — ਲੰਘੇਗਾ
"ਕਿਉ ਕਰਿ ਭਵਜਲੁ **ਲੰਘਸਿ** ਪਾਰਾ।"
— ਮਾਰੂ **੧**, ਸੋਲਾ ੯, ੮ : ੨ (1029)

ਲੰਘਹਿ — ਲੰਘ ਜਾਏ
"ਜਪ ਤਪ ਕਾ ਬੰਧੁ ਬੇੜੁਲਾ ਜਿਤੁ **ਲੰਘਹਿ** ਵਹੇਲਾ।"
— ਸੂਹੀ **੧**, ੪, ੧ : ੧ (729)
"ਕਾਗਰ ਨਾਵ **ਲੰਘਹਿ** ਕਤ ਸਾਗਰੁ ਬ੍ਰਿਥਾ ਕਥਤ ਹਮ ਤਰਤੇ।" (ਲੰਘਦੀ ਹੈ)
— ਮਲਾ **੫**, ੪, ੨ : ੨ (1267)

ਲੰਘਣਾ — ਪਾਰ ਕਰਨਾ
"ਜਿਥੈ ਸਾਇਰੁ **ਲੰਘਣਾ** ਅਗਨਿ ਪਾਣੀ ਅਸਗਾਹ।"
— ਮਲਾ **੧**, ਵਾਰ ੨੧ਸ, **੧**, ੪ : ੩ (1287)

ਲੰਘਤਿ — ਲੰਘ ਜਾਵੇ
"ਸਾਗਰੰ **ਲੰਘਤਿ** ਪਿੰਗੰ ਤਮ ਪਰਗਾਸ ਅੰਧਕਹ।"
— ਸਸ **੫**, ੫੪ : ੨ (1359)

ਲੰਘਦਾ — ਗੁਜਰਦਾ
"ਆਪੇ ਹੀ ਚੜਿ **ਲੰਘਦਾ** ਪਿਆਰਾ ਕਰਿ ਚੋਜ ਵੇਖੈ ਪਾਤਿਸਾਹੁ।" — ਸੋਰ **੪**, ੧, ੪ : ੨ (604)

ਲੰਘੰਦੇ — ਲੰਘਦੇ, ਹੁੰਦੇ
"ਛੈਲ **ਲੰਘੰਦੇ** ਪਾਰਿ ਗੋਰੀ ਮਨੁ ਧੀਰਿਆ।"
— ਆਸਾ **ਫਰ**, ੨, ੪ : ੧ (488)

ਲੰਘਨਹ — ਲੰਘਿਆ ਜਾਣਾ
"ਪਾਵਕ ਤੋਅ ਅਸਾਧ ਘੋਰੰ ਅਗਮ ਤੀਰ ਨਹ **ਲੰਘਨਹ**।" — ਸਸ **੫**, ੫੮ : ੪ (1359)

ਲੰਘਨਾ — ਪਾਰ ਕਰਨਾ ਹੈ
"ਮਹਾ ਸਾਗਰੁ ਸਮੁਦੁ **ਲੰਘਨਾ** ਪਾਰਿ ਨ ਪਰਨਾ ਜਾਇ।" — ਮਾਰੂ **੫**, ੧੧, ੨ : ੨ (1001)

ਲੰਘਾ — ਲੰਘਾਂ, ਪਾਰ ਕਰਾਂ
"ਚੜਿ **ਲੰਘਾ** ਜੀ ਬਿਖਮੁ ਭੁਇਅੰਗਾ ਰਾਮ।"
— ਵਡ **੪**, ਘੋੜੀ ੧, ੨ : ੨ (575)

ਲਘਾਇ — ਲੰਘਾ ਦਿੰਦਾ ਹੈ, ਕਰ ਦਿੰਦਾ ਹੈ
"ਵਡਭਾਗੀ ਗੁਰੁ ਪਾਇਆ ਗੁਰ ਸਬਦੀ ਪਾਰਿ **ਲਘਾਇ**।"

— ਸਿਰੀ **੪**, ਵਣ ੧, ੩* : ੨ (82)

ਲੰਘਾਇ — ਲੰਘਾ ਦਿੱਤਾ, ਪਾਰ ਕਰ ਦਿੱਤਾ
"ਜਾਗਾਤੀ ਮਿਲੈ ਦੇ ਭੇਟ ਗੁਰ ਪਿਛੈ **ਲੰਘਾਇ** ਦੀਆ।"
— ਤੁਖਾ **੪**, ਛੰਤ ੪, ੪ : ੨ (1116)

ਲੰਘਾਇਆ — ਲੰਘਾ ਦਿੱਤਾ, ਪਾਰ ਕਰ ਦਿੱਤਾ, ਪਾਰ ਟੱਪਾ ਦਿੱਤਾ
"ਮਹਾ ਮਾਰਗੁ ਪੰਥੁ ਬਿਖੜਾ ਜਨ ਨਾਨਕ ਪਾਰਿ **ਲੰਘਾਇਆ**।"
— ਵਡ **੪**, ਘੋੜੀ ੧, ੩ : ੬ (575)

ਲਘਾਈ — ਲੰਘਾ ਦਿੱਤੀ
"ਤੇਰੀ ਸਿਫਤਿ ਸੁਆਲਿਉ ਸਰੂਪ ਹੈ ਜਿਨਿ ਕੀਤੀ ਤਿਸੁ ਪਾਰਿ **ਲਘਾਈ**।"
— ਗਉ **੪**, ਵਾਰ ੧ : ੩ (301)

ਲੰਘਾਈ — ਲੰਘਾ ਦਿੱਤੀ
"ਇਹੁ ਸੰਸਾਰੁ ਬਿਖੁਵਤ ਅਤਿ ਭਉਜਲੁ ਗੁਰ ਸਬਦੀ ਹਰਿ ਪਾਰਿ **ਲੰਘਾਈ**।"
— ਆਸਾ **੧**, ੧੫, ੧* : ੨ (353)

ਲਘਾਈਐ — ਕਟ ਸਕੀਦਾ/ਲੰਘਾ ਸਕੀਦਾ ਹੈ
"ਕਿਚਰੁ ਝਤਿ **ਲਘਾਈਐ** ਛਪਰਿ ਤੁਟੈ ਮੇਹੁ।"
— ਸਲੋ **ਫਰ**, ੧੮ : ੨ (1378)

ਲਘਾਏ — ਲੰਘਾਏ, ਪਾਰ ਕੀਤੇ
"ਸਬਦੁ ਖੇਵਟੁ ਵਿਚਿ ਪਾਏ ਹਰਿ ਆਪਿ **ਲਘਾਏ** ਇਨ ਬਿਧਿ ਦੁਤਰੁ ਤਰੀਐ।"
— ਗਉ **੩**, ਛੰਤ ੪, ੧ : ੩ (245)

ਲੰਘਾਏ — ਪਾਰ ਕਰਦਾ ਹੈ, ਲੰਘਾਂਦਾ ਹੈ।
"ਪ੍ਰਣਵਤਿ ਨਾਨਕੁ ਏਕੁ **ਲੰਘਾਏ** ਜੇ ਕਰਿ ਸਚਿ ਸਮਾਵਾਂ।" — ਬਸੰ **੧**, ੧੦, ੩ : ੨ (1171)

ਲੰਘਾਹੁ — ਲੰਘਾਂਦਾ ਹੈ
"ਆਪੇ ਪਤਣੁ ਪਾਤਣੀ ਪਿਆਰਾ ਆਪੇ ਪਾਰਿ **ਲੰਘਾਹੁ**।" — ਸੋਰ **੪**, ੧, ੩ : ੩ (604)

ਲੰਘਾਵਏ — ਲੰਘਾਂਦਾ ਹੈ
"ਪਾਰਿ ਸਾਜਨੁ ਅਪਾਰੁ ਪ੍ਰੀਤਮੁ ਗੁਰ ਸਬਦ ਸੁਰਤਿ **ਲੰਘਾਵਏ**।"
— ਤੁਖਾ **੧**, ਛੰਤ ੬, ੫ : ੩ (1113)

ਲੰਘਾਵਹਿ — ਲੰਘਾਂਦਾ ਹੈ
"ਇਕਨਾ ਪਾਰਿ **ਲੰਘਾਵਹਿ** ਆਪੇ ਸਤਿਗੁਰੁ ਜਿਨ ਕਾ ਸਚੁ ਬੇੜਾ।"
— ਮਾਰੂ **੫**, ਸੋਲ਼ਾ ੧੦, ੮ : ੩ (1081)

ਲੰਘਾਵਹੁ — ਲੰਘਾਂਦੇ ਹੋ
"ਕਿਉ ਕਰਿ ਸਾਬੁ **ਲੰਘਾਵਹੁ** ਪਾਰੇ।"
— ਰਾਮ **੧**, ਸਿਗੋ ੧੨ : ੪ (939)

ਲਘਾਵਣਹਾਰੁ — ਪਾਰ ਕਰਨ ਵਾਲਾ, ਲੰਘਾਣ ਦੇ ਸਮਰਥ
"ਸਾਚੀ ਵਾਟ ਸੁਜਾਣੁ ਤੂੰ ਸਬਦਿ **ਲਘਾਵਣਹਾਰੁ**।"
— ਸਿਰੀ **੧**, ਅਸ ੩, ੩ : ੨ (54)

ਲੰਘਾਵਣਹਾਰੁ — ਪਾਰ ਕਰਨ ਵਾਲਾ, ਲੰਘਾਉਣ ਵਾਲਾ
"ਭਵਜਲੁ ਸਬਦਿ **ਲੰਘਾਵਣਹਾਰੁ**।"
— ਰਾਮ **੧**, ਸਿਗੋ ੪੩ : ੬ (946)

ਲਘਾਵੈ — ਕਰੇ
"ਇਸ ਬੇੜੇ ਕਉ ਪਾਰਿ **ਲਘਾਵੈ**।"
— ਗਉ **ਕਬ**, ੬੧, ੨ : ੪ (337)

ਲੰਘਾਵੈ — ਕਰੇ, ਪਾਰ ਕਰੇ
"ਸਤਿਗੁਰੁ ਬੋਹਿਥੁ ਦੇਇ ਪ੍ਰਭੁ ਸਾਚਾ ਜਪਿ ਹਰਿ ਹਰਿ ਪਾਰਿ **ਲੰਘਾਵੈ** ਜੀਉ।"
— ਮਾਰੂ **੪**, ੭, ੪ : ੩ (998)
"ਬਿਖੜੇ ਦਾਉ **ਲੰਘਾਵੈ** ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ।"
— ਬਸੰ **੫**, ੧੯, ੩ : ੨ (1185)

ਲੰਘਿ — ਲੰਘ ਕੇ, ਪਾਰ ਕਰਕੇ
"ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ **ਲੰਘਿ** ਗੁਰ ਪਹਿ ਜਾਈ।"
— ਸੂਹੀ **੪**, ਅਸ ੧, ੧੪ : ੧ (757)

ਲੰਘਿਆ — ਪਾਰ ਕੀਤਾ, ਟਪਿਆ
"ਦੁਖ ਸਾਗਰੁ ਤਿਨ **ਲੰਘਿਆ** ਪਿਆਰੇ ਭਵਜਲੁ ਪਾਰਿ ਪਰੇ।"
— ਸੋਰ **੫**, ਅਸ ੨, ੭ : ੩ (641)

ਲੰਘੀਐ — ਪਾਰ ਕਰੀਦਾ ਹੈ, ਲੰਘੀਦਾ ਹੈ
"ਗੁਰ ਮਿਲਿ ਭਉਜਲੁ **ਲੰਘੀਐ** ਦਰਗਹ ਪਤਿ ਪਰਵਾਣੁ।" — ਸਿਰੀ **੧**, ੨੨, ੪ : ੨ (22)

ਲੰਘੇ — ਲੰਘਦਾ ਹੈ, ਜਾਂਦਾ ਹੈ
"ਨਾਨਕ ਜਿਨ ਕਉ ਨਦਰਿ ਕਰੇ ਸੇ ਗੁਰਮੁਖਿ **ਲੰਘੇ** ਪਾਰਿ।"
— ਵਡ **੪**, ਵਾਰ ੧੭ਸ, **੩**, ੧ : ੪ (592)

ਲੰਘੈ — ਲੰਘਦਾ ਹੈ, ਪਾਰ ਹੁੰਦਾ ਹੈ
"ਹਰਿ ਬੋਹਿਥਿ ਚੜਿ ਵਡਭਾਗੀ **ਲੰਘੈ** ਗੁਰੁ ਖੇਵਟੁ ਸਬਦਿ ਤਰਾਏ।"
— ਵਡ **੪**, ਘੋੜੀ ੧, ੨ : ੪ (575)

ਲਛਣ — ਨਿਸਾਣੀਆਂ, ਗੁਣ
"ਨਾਨਕ ਇਹ **ਲਛਣ** ਬ੍ਰਹਮ ਗਿਆਨੀ ਹੋਇ।"
— ਗਉ **੫**, ਸੁਖ ੮ਸ : ੩ (272)

ਲਛਣੁ — ਕਲੰਕ, ਬਦਨਾਮੀ
"ਓਹੁ ਘਰਿ ਘਰਿ ਹੰਢੈ ਜਿਉ ਰੰਨ ਦੋੁਹਾਗਣਿ ਓਸੁ ਨਾਲਿ ਮੁਹੁ ਜੋੜੇ ਓਸੁ ਭੀ **ਲਛਣੁ** ਲਾਇਆ।"
— ਗਉ **੪**, ਵਾਰ ੮ਸ, **੪**, ੨ : ੪ (303)

ਲਛਮਣ — ਰਾਜਾ ਦਸ਼ਰਥ ਸੁਤ, ਰਾਮਚੰਦਰ ਜੀ ਦਾ ਛੋਟਾ ਭਰਾ
"ਮਨ ਮਹਿ ਝੂਰੈ ਰਾਮਚੰਦੁ ਸੀਤਾ **ਲਛਮਣ** ਜੋਗੁ।"
— ਸਲੋ **੧**, ੨੬ : ੧ (1412)

ਲਛਮਣੁ — ਰਾਮਚੰਦਰ ਜੀ ਦਾ ਛੋਟਾ ਭਰਾ ਜੋ ਉਨ੍ਹਾਂ ਨਾਲ ਬਨਬਾਸ ਗਏ ਸੀ
"ਸੀਤਾ ਲੈ ਗਇਆ ਦਹਿਸਰੋ **ਲਛਮਣੁ** ਮੂਓ ਸਰਾਪ।" — ਸਲੋ **੧**, ੨੫ : ੩ (1412)

ਲਛਮੀ — ਮਾਇਆ, ਮਾਇਆ ਦੀ ਦੇਵੀ
"ਅੰਤਿ ਕਾਲਿ ਜੋ **ਲਛਮੀ** ਸਿਮਰੈ ਐਸੀ ਚਿੰਤਾ ਮਹਿ ਜੇ ਮਰੈ।"— ਗੂਜ **ਤ੍ਰਿਲੋ**, ੨, ੧ : ੧ (526)
"ਪੁਤ੍ਰ ਕਲਤ੍ਰ **ਲਛਮੀ** ਮਾਇਆ।" (ਦੌਲਤ)
— ਧਨਾ **ਕਬ**, ੪, ੩ : ੧ (692)

ਲਜ — ਸ਼ਰਮ, ਲਜਾ
"ਜਨ ਨਾਨਕ ਕੀ **ਲਜ** ਪਾਤਿ ਗੁਰੂ ਹੈ ਸਿਰੁ ਬੇਚਿਓ ਸਤਿਗੁਰ ਆਗੇ।"
— ਗਉ **੪**, ੬੨, ੫ : ੨ (172)
"ਤ੍ਰਿਕੁਟੀ ਫੋਰਿ ਭਰਮੁ ਭਉ ਭਾਗਾ **ਲਜ** ਭਾਨੀ ਮਟੁਕੀ ਮਾਟ।" (ਲੋਕ ਲਾਜ)
— ਮਾਲੀ **੪**, ੬, ੩ : ੨ (986)

ਲਜਯਾ — ਸ਼ਰਮ, ਲਜਾ
"ਨਚ ਮਿਤ੍ਰ ਨਚ ਇਸਟੰ ਨਚ ਬਾਧਵ ਨਚ ਮਾਤ ਪਿਤਾ ਤਵ **ਲਜਯਾ**।"
— ਸਸ **੫**, ੪੮ : ੩ (1358)

ਲਜਾ — ਇਜ਼ਤ
"ਕਲੀ ਕਾਲ ਮਹਾ ਬਿਖਿਆ ਮਹਿ **ਲਜਾ** ਰਾਖੀ ਰਾਮ।" — ਧਨਾ **੫**, ੪੮, ੧ : ੨ (682)

ਲਜਾਇ — ਸ਼ਰਮ ਖਾ ਕੇ, ਸ਼ਰਮਿੰਦਾ ਹੋ ਕੇ
"ਜਮੁ **ਲਜਾਇ** ਕਰਿ ਭਾਗਾ।"
— ਸੋਰ **੫**, ੬੮, ੧ : ੪ (626)

ਲਜਾਇਆ — ਸ਼ਰਮਿੰਦਾ ਹੋ ਗਿਆ
"ਬਿਰਹਾ **ਲਜਾਇਆ** ਦਰਸੁ ਪਾਇਆ ਅਮਿਉ ਦ੍ਰਿਸਟਿ ਸਿੰਚੰਤੀ।"
— ਆਸਾ **੫**, ਛੰਤ ੧੨, ੧ : ੫ (460)

ਲਜਾਈ — ਸ਼ਰਮਿੰਦਾ ਹੁੰਦੇ ਹਨ
"ਮਨਮੁਖ ਜਨਮੁ ਭਇਆ ਹੈ ਬਿਰਥਾ ਆਵਤ ਜਾਤ **ਲਜਾਈ**।" — ਮਲਾ **੪**, ੭, ੨ : ੧ (1265)

ਲਜਾਈਐ — ਸ਼ਰਮ ਕਰੀਏ
"ਗਹਿ ਕੰਠਿ ਲਾਈਐ ਨਹ **ਲਜਾਈਐ** ਚਰਨ ਰਜ ਮਨੁ ਪਾਗੀਐ।"
— ਬਿਲਾ **੫**, ਛੰਤ ੨, ੨ : ੪ (846)

ਲਜਾਨੇ — ਸ਼ਰਮਿੰਦਾ ਹੋਣਾ, ਲਜਿਆਵਾਨ ਹੋਣਾ
"ਤਿਨ ਕਉ ਦੇਖਿ ਕਬੀਰ **ਲਜਾਨੇ**।"
— ਗਉ **ਕਬ**, ੪੪, ੬ : ੨ (332)

ਲਜਾਵਉ — ਸ਼ਰਮਾਂਦਾ ਹਾਂ, ਸ਼ਰਮ ਆਉਂਦੀ ਹੈ
"ਹਰਿ ਮਾਗਉ ਆਨ **ਲਜਾਵਉ**।"
— ਆਸਾ **੫**, ੧੨੧, ੧* : ੧ (401)

ਲਜਿਆ — ਇਜ਼ਤ
"ਹਰਿ ਦੇਵਹੁ ਦਾਨੁ ਦਇਆਲ ਪ੍ਰਭ ਜਨ ਰਾਖਹੁ ਹਰਿ ਪ੍ਰਭ **ਲਜਿਆ**।"
— ਕਾਨ **੪**, ਵਾਰ ੭ : ੪ (1316)

ਲਜੀਵਦੋ — ਲਜਿਆਵਾਨ ਭਾਵ ਸ਼ਰਮਿੰਦਾ ਹੋਣਾ
"ਨਾਨਕ ਆਸੜੀ ਨਿਬਾਹਿ ਮਾਨੁਖ ਪਰਥਾਈ **ਲਜੀਵਦੋ**।"
— ਮਾਰੂ **੫**, ਵਾਰ ੧੯ਸ, **੫**, ੩ : ੨ (1101)

ਲਜੁ — ਰਸੀ
"ਰਾਤਿ ਅਨੇਰੀ ਸੂਝਸਿ ਨਾਹੀ **ਲਜੁ** ਟੂਕਸਿ ਮੂਸਾ ਭਾਈ ਰੇ।" — ਗਉ **੧**, ੧੬, ੨ : ੨ (156)
"ਫਰੀਦਾ ਭੰਨੀ ਘੜੀ ਸਵੰਨਵੀ ਟੁਟੀ ਨਾਗਰ **ਲਜੁ**।" (ਖੂਹ ਵਿਚੋਂ ਪਾਣੀ ਕਢਣ ਵਾਲੀ ਰਸੀ)
— ਸਲੋ **ਫਰ**, ੬੮ : ੧ (1381)

ਲਜੈ — ਲਾਜ (ਕਲੰਕ) ਲਾਉਂਦਾ ਹੈ
"ਚਿਰੰਕਾਲ ਜੀਵੈ ਦੋਊ ਕੁਲ **ਲਜੈ**।"

— ਬਸੰ **ਨਾਮ**, ੧, ੧ : ੨ (1195)

ਲਜੋ — ਸ਼ਰਮ ਨਾਲ, ਲਜਾ ਨਾਲ
"ਜਉ ਸੁਰਿਜਨੁ ਗ੍ਰਿਹ ਭੀਤਰਿ ਆਇਓ ਤਬ ਮੁਖਿ ਕਾਜਿ **ਲਜੋ**।" — ਸਾਰ **੫**, ੩, ੧ : ੨ (1203)

ਲੰਵੁ — 1. ਪ੍ਰਕਾਸ਼ ਕਰਾਂ
"ਹਰਿ ਉਸਤਤਿ ਧਾਰਹੁ ਰਿਦ ਅੰਤਰਿ ਸੁਆਮੀ ਸਤਸੰਗਤਿ ਮਿਲਿ ਬੁਧਿ **ਲੰਵੁ**।
— ਬਸੰ **੪**, ੭, ੩ : ੧ (1179)

2. ਪ੍ਰਕਾਸ਼ ਲਈ
"ਜਨ ਕੇ ਪੂਰਿ ਮਨੋਰਥ ਹਰਿ ਪ੍ਰਭ ਹਰਿ ਨਾਮੁ ਦੇਵਹੁ ਹਰਿ **ਲੰਵੁ**।"
— ਬਸੰ **੪**, ੭, ੪ : ੧ (1179)

ਲਟ — ਲਿੱਟ, ਵਾਲਾਂ ਦਾ ਸਮੂੰਹ, ਕੇਸਾਂ ਦੀ ਜਟਾ
"**ਲਟ** ਛੂਟੀ ਵਰਤੈ ਬਿਕਰਾਲ।"
— ਭੈਰ **ਕਬ**, ਅਸ ੨, ੫ : ੩ (1163)
"**ਲਟ** ਛਿਟਕਾਏ ਤਿਰੀਆ ਰੋਵੈ ਹੰਸੁ ਇਕੇਲਾ ਜਾਈ।" (ਸ਼ਬਦਾਰਥ ਅਰਥ 'ਲੜ ਛੁੜਾ ਕੇ' ਕਰਦਾ ਹੈ) — ਆਸਾ **ਕਬ**, ੯, ੩ : ੨ (478)

ਲਟਕਾਵੈ — ਲੰਮਕਾਵੇ
"ਗਲ ਮਹਿ ਪਾਹਨੁ ਲੈ **ਲਟਕਾਵੈ**।"
— ਸੂਹੀ **੫**, ੯, ੧ : ੨ (739)

ਲਟੂਰੀ — ਖਿਲਰੀਆਂ ਲਿੱਟਾਂ ਵਾਲੀ, ਕਰੂਪ
"**ਲਟੂਰੀ** ਮਧੁਰੀ ਠਾਕੁਰ ਭਾਈ ਓਹ ਸੁੰਦਰਿ ਹਰਿ ਢੁਲਿ ਮਿਲੀ।" — ਦੇਵ **੪**, ੭, ੧ : ੨ (527)

ਲਡਾਇ — ਕਰੇ
"ਲਾਡਲੇ ਲਾਡ **ਲਡਾਇ** ਸਭ ਮਹਿ ਮਿਲੁ ਹਮਾਰੀ ਹੋਇ ਗਤੇ।"
— ਬਿਲਾ **੫**, ਛੰਤ ੩, ੪ : ੪ (847)

ਲਡਾਇਓ — ਕਰਦਾ ਹੈ
"ਕਰੇ ਪ੍ਰਤਿਪਾਲ ਬਾਰਿਕ ਕੀ ਨਿਆਈ ਜਨ ਕਉ ਲਾਡ **ਲਡਾਇਓ**।"
— ਗੂਜ **੫**, ੧੨, ੧* : ੨ (498)

ਲਡਾਇਆ — ਕੀਤਾ
"ਤੇਰੈ ਭਰੋਸੈ ਪਿਆਰੇ ਮੈ ਲਾਡ **ਲਡਾਇਆ**।"
— ਸਿਰੀ **੫**, ੯੭, ੧ : ੧ (51)

ਲਡਾਵਹ — ਕਰਦੇ ਹਾਂ
"ਹਮ ਖੇਲਹ ਸਭਿ ਲਾਡ **ਲਡਾਵਹ** ਤੁਮ ਸਦ ਗੁਣੀ ਗਹੀਰਾ।" — ਰਾਮ **੫**, ੬, ੩ : ੨ (884)

ਲਡੇ — ਲੱਦੇ ਹੋਏ
"ਸਾਥ **ਲਡੇ** ਤਿਨ ਨਾਠੀਆ ਭੀੜ ਘਣੀ ਦਰੀਆਉ।"
— ਮਾਰੂ **੧**, ਅਸ ੧੦, ੩ : ੨ (1015)

ਲਤਾ — (ਸੰ. ਲਤਾ) ਸਾਖ਼, ਵੇਲ
"**ਲਤਾ** ਬਲੀ ਸਾਖ ਸਭ ਸਿਮਰਿਹ ਰਵਿ ਰਹਿਆ ਸੁਆਮੀ ਸਭ ਮਨਾ।"
— ਮਾਰੂ **੫**, ਸੋਲਾ ੮, ੪ : ੩ (1079)

ਲਤਾੜੀਅਹਿ — ਪੈਰਾਂ ਹੇਠ ਮਿਧਨਾਂ/ਕੁਚਲਣਾ
"ਇਕ ਛਿਜਹਿ ਬਿਆ **ਲਤਾੜੀਅਹਿ**।"
— ਸਲੋ **ਫਰ**, ੧੬ : ੩ (1378)

ਲਤੀਫੁ — (ਫ਼ਾ. ਲਤੀਫ਼) ਬਾਰੀਕ
"ਫਰੀਦਾ ਜੇ ਤੂ ਅਕਲਿ **ਲਤੀਫੁ** ਕਾਲੇ ਲਿਖੁ ਨ ਲੇਖ।" — ਸਲੋ **ਫਰ**, ੬ : ੧ (1378)

ਲਥਾ — ਉਤਰਿਆ, ਦੂਰ ਹੋਇਆ
"ਜੀਇ ਸਮਾਲੀ ਤਾ ਸਭੁ ਦੁਖੁ **ਲਥਾ**।"
— ਮਾਝ **੫**, ੧੫, ੨ : ੨ (99)

ਲਥਿਅੜੇ — ਲਹਿ ਗਏ, ਉਤਰ ਗਏ
"ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ **ਲਥਿਅੜੇ** ਜਗਿ ਤਾਪਾ ਰਾਮ।"
— ਵਡ **੪**, ਛੰਤ ੪, ੨ : ੨ (574)

ਲਥੀ — ਦੂਰ ਹੋਏ, ਲਹਿ ਗਏ
"ਜੇ ਜੀਵੈ ਪਤਿ **ਲਥੀ** ਜਾਇ।"
— ਮਾਝ **੧**, ਵਾਰ ੧੦ਸ, **੧**, ੧ : ੩ (142)
"ਇਕ ਭਾਉ **ਲਥੀ** ਨਾਤਿਆ ਦੁਇ ਭਾ ਚੜੀਅਸੁ ਹੋਰ।"
— ਸੂਹੀ **੩**, ਵਾਰ ੧੨ਸ, **੧**, ੨ : ੨ (789)
"ਚਿੰਤ **ਲਥੀ** ਭੇਟੇ ਗੋਬਿੰਦ।" (ਉਤਰੀ, ਮੁਕ ਗਈ)
— ਬਸੰ **੫**, ੧, ੧ : ੪ (1180)

ਲਥੁ — 1. ਲਾਹੁਣ ਵਾਲਾ, ਦੂਰ ਕਰਨ ਵਾਲਾ
"ਗੁਰ ਪਰਮੇਸਰੁ ਸੇਵਿਆ ਭੈ ਭੰਜਨੁ ਦੁਖ **ਲਥੁ**।"
— ਸਿਰੀ **੫**, ੫੦, ੩ : ੪ (50)

2. ਉਤਰ ਗਿਆ, ਦੂਰ ਹੋਇਆ
"ਪ੍ਰਭ ਸਦਾ ਸਲਾਮਤਿ ਮਿਤ੍ਰੁ ਤੂ ਦੁਖੁ ਸਬਾਇਆ **ਲਥੁ**।"
— ਗਉ **੪**, ਵਾਰ ੩੨ਸ, **੫**, ੧ : ੨ (317)

ਲਥੇ — 1. (ਅਖਾੜੇ ਵਿਚ) ਉਤਰੇ, ਪ੍ਰਵੇਸ਼ ਕੀਤਾ, ਆਏ

"ਮਲ **ਲਥੇ** ਲੈਦੇ ਫੇਰੀਆ।"

— ਸਿਰੀ **੫**, ਅਸ ੨੯, ੧੮ : ੨ (74)

"ਆਪੇ ਛਿੰਝ ਪਵਾਇ ਮਲਾਖਾੜਾ ਰਚਿਆ **ਲਥੇ** ਭੜਥੂ ਪਾਇ ਗੁਰਮੁਖਿ ਮਚਿਆ।"

— ਮਲਾ **੧**, ਵਾਰ ੪ : ੧ ; ੨ (1280)

2. ਦੂਰ ਹੋਏ, ਮਿਟ ਗਏ

"ਅਚਿੰਤ ਹਮਾਰੈ **ਲਥੇ** ਵਿਸੂਰੇ।"

— ਭੈਰ **੫**, ਅਸ ੩, ੩ : ੨ (1157)

ਲਥੋ — ਦੂਰ ਹੋਇਆ

"ਨਾਨਕ ਸਚੇ ਨਾਮ ਬਿਨੁ ਕਿਸੈ ਨ **ਲਥੋ** ਦੁਖੁ।"

— ਗਉ **੫**, ਵਾਰ ੫ਸ, **੫**, ੧ : ੨ (319)

ਲਦਾਈ — ਲੱਦੇ ਹੋਏ

"ਪਚਿ ਪਚਿ ਮੁਏ ਅਚੇਤ ਨ ਚੇਤਹਿ ਅਜਗਰਿ ਭਾਰਿ **ਲਦਾਈ** ਹੇ।"

— ਮਾਰੂ **੧**, ਸੋਲਾ ੫, ੮ : ੩ (1025)

ਲਦਿ — 1. ਲਦ ਕੇ

"ਵਖਰੁ ਨਾਮੁ **ਲਦਿ** ਖੇਪ ਚਲਾਵਹੁ।"

— ਆਸਾ **੫**, ਅਸ ੧, ੬ : ੧ (430)

2. ਤੁਰ ਗਏ, ਕੂਚ ਕਰ ਗਏ ਭਾਵ ਮਰ ਗਏ

"ਤੈ ਪਾਸਹੁ ਓਇ **ਲਦਿ** ਗਏ ਤੂੰ ਅਜੈ ਨ ਪਤੀਣੋਹਿ।"— ਸਲੋ **ਫਰ**, ੨੩ : ੨ (1381)

ਲਦਿਅੜਾ — ਲਦਿਆ ਹੈ

"ਧਨੁ ਧਨੁ ਵਣਜੁ ਵਾਪਾਰੀਆ ਜਿਨ ਵਖਰੁ **ਲਦਿਅੜਾ** ਹਰਿ ਰਾਸਿ।"

— ਸਿਰੀ **੪**, ਵਣ ੧, ੬ : ੨ (82)

ਲਦਿਆ — 1. ਵਸਤ ਨੂੰ ਲੈ ਜਾਣ ਲਈ ਪਸ਼ੂ ਅਥਵਾ ਗੱਡੇ ਆਦਿ ਉਪਰ ਰਖਿਆ

"ਹਰਿ ਜਪਿ ਹਰਿ ਵਖਰੁ **ਲਦਿਆ** ਜਮੁ ਜਾਗਾਤੀ ਨੇੜਿ ਨ ਆਇਆ।"

— ਗਉ **੪**, ੪੫, ੨ : ੨ (165)

"ਮਨ ਤੂੰ ਗਾਰਬਿ ਅਟਿਆ ਗਾਰਬਿ **ਲਦਿਆ** ਜਾਹਿ।" (ਭਾਵ ਭਾਰ ਚੁਕ ਕੇ)

— ਆਸਾ **੩**, ਛੰਤ ੨, ੬ : ੧ (441)

"ਪਥਰ ਪਾਪ ਬਹੁ **ਲਦਿਆ** ਕਿਉ ਤਰੀਐ ਤਾਰੀ।" (ਭਾਵ ਚੁਕਿਆ)

— ਗੂਜ **੩**, ਵਾਰ ੩ : ੨ (509)

2. ਕੂਚ ਕੀਤਾ, ਤੁਰ ਪਇਆ

"ਮਰਗ ਸਵਾਈ ਨੀਹਿ ਜਾਂ ਭਰਿਆ ਤਾਂ **ਲਦਿਆ**।" — ਸਲੋ **ਫਰ**, ੮ : ੨ (1378)

ਲਦੀਅਹਿ — ਸਮਾਨ ਢੋਣ ਲਈ ਗਡੇ/ਪਸ਼ੂ ਆਦਿ ਉਪਰ ਰਖੀਏ

"ਪੜਿ ਪੜਿ ਗਡੀ **ਲਦੀਅਹਿ** ਪੜਿ ਪੜਿ ਭਰੀਅਹਿ ਸਾਥ।"

— ਆਸਾ **੧**, ਵਾਰ ੯ਸ, **੧**, ੧ : ੧ (467)

ਲਦੇ — ਢੋਣ ਲਈ ਪਸ਼ੂਆਂ/ਗੱਡਿਆ ਆਦਿ ਉਪਰ ਰਖੇ

"ਮਨ ਪਿਆਰਿਆ ਜੀਉ ਮਿਤ੍ਰਾ ਹਰਿ **ਲਦੇ** ਖੇਪ ਸਵਲੀ।" — ਸਿਰੀ **੫**, ਛੰਤ ੨, ੩ : ੧ (79)

ਲਧਮੁ — 1. ਲਭਾ ਹੈ

"ਬਨਿ ਭੀਹਾਵਲੈ ਹਿਕੁ ਸਾਥੀ **ਲਧਮੁ** ਦੁਖ ਹਰਤਾ ਹਰਿ ਨਾਮਾ।"

— ਗੂਜ **੫**, ਵਾਰ ੭ਸ, **੫**, ੨ : ੧ (519)

2. ਪ੍ਰਾਪਤ ਕੀਤਾ ਹੈ

"ਤੇਡੈ ਸਿਮਰਣਿ ਹਭੁ ਕਿਛੁ **ਲਧਮੁ** ਬਿਖਮੁ ਨ ਡਿਠਮੁ ਕੋਈ।"

— ਗੂਜ **੫**, ਵਾਰ ੮ਸ, **੫**, ੨ : ੧ (520)

ਲਧੜਾ — ਲਭ ਲਿਆ, ਪ੍ਰਾਪਤ ਕਰ ਲਿਆ

"ਗੁਰੁ ਪੁਰਖੁ ਪੂਰਾ ਭੇਟਿਆ ਹਰਿ ਸਜਣੁ **ਲਧੜਾ** ਨਾਲਿ।" — ਗਉ **੪**, ਕਰ ੨, ੮ : ੨ (235)

ਲਧੜੀਆ — ਲਭੀਆਂ

"ਨਾਨਕ **ਲਧੜੀਆ** ਤਿੰਨਾਹ ਜਿਨਾ ਭਾਗੁ ਮਥਾਹੜੈ।"

— ਮਾਰੂ **੫**, ਵਾਰ ੨੧ਸ, **੫**, ੨ : ੨ (1101)

ਲਧਾ — ਲਭਾ ਹੈ

"ਹਉ ਬਹੁੜਿ ਛਿੰਝ ਨ ਨਚਊ ਨਾਨਕ ਅਉਸਰੁ **ਲਧਾ** ਭਾਲਿ ਜੀਉ।"

— ਸਿਰੀ **੫**, ਅਸ ੨੯, ੨੧ : ੩ (74)

ਲਧਿਆ — ਲਭਿਆ

"ਵਿਣੁ ਗੁਰ ਕਿਨੈ ਨ **ਲਧਿਆ** ਅੰਧੇ ਭਉਕਿ ਮੁਏ ਕੂੜਿਆਰਾ।" — ਮਾਝ **੧**, ਵਾਰ ੨ : ੩ (141)

ਲਧੀ — ਲਭੀ

"ਵਾਹੁ ਵਾਹੁ ਬਾਣੀ ਸਚੁ ਹੈ ਗੁਰਮੁਖਿ **ਲਧੀ** ਭਾਲਿ।"

— ਗੂਜ **੩**, ਵਾਰ ੧੫ਸ, **੩**, ੨ : ੧ (514)

ਲਧੀਆ — ਲਭੀ ਭਾਵ ਕੀਤੀ
"ਕਦ ਹੀ ਸੁਰਤਿ ਨ **ਲਧੀਆ** ਮਾਇਆ ਮੋਹੜਿਆ।" — ਗਉ **੫**, ੧੬੯*, ੧ : ੨ (217)
"ਭੇਖੀ ਹਾਥ ਨ **ਲਧੀਆ** ਸਭ ਬਧੀ ਜਮਕਾਲਿ।" (ਲਭ ਸਕਨਾ)
— ਮਾਰੂ **੩**, ਵਾਰ ੯ਸ, **੩**, ੧ : ੪ (1089)

ਲਧੇ — ਲਭ ਲਏ, ਪ੍ਰਾਪਤ ਕੀਤੇ
"**ਲਧੇ** ਹਭੇ ਥੋਕੜੇ ਨਾਨਕ ਹਰਿ ਧਨੁ ਮਾਲ।"
— ਸਿਰੀ **੫**, ਛੰਤ ੩, ੩ਡ : ੨ (80)
"ਜੋ ਦਿਹ **ਲਧੇ** ਗਾਣਵੇ ਗਏ ਵਿਲਾੜਿ ਵਿਲਾੜਿ।" (ਪ੍ਰਾਪਤ ਕੀਤੇ ਭਾਵ ਮਿਲੇ)
— ਸਲੋ **ਫਰ**, ੫੬ : ੨ (1380)

ਲਧੋਵਾਰੇ — ਲਭਣ ਵਾਲੇ
"ਗੁਰਸਿਖਾ ਅੰਦਰਿ ਸਤਿਗੁਰੁ ਵਰਤੈ ਚੁਣਿ ਕਢੇ **ਲਧੋਵਾਰੇ**।"
— ਗਉ **੪**, ਵਾਰ ੨੧ਸ, **੪**, ੧ : ੩ (312)

ਲੰਪਟ — 1. (ਸੰ. ਲਾਮ੍ਪਟ) ਵਿਸ਼ਈ, ਵਿਸ਼ਿਆਂ ਵਿਚ ਡੁਬਾ ਹੋਇਆ
"**ਲੰਪਟ** ਚੋਰ ਨਿੰਦਕ ਮਹਾ ਤਿਨਹੂ ਸੰਗਿ ਬਿਹਾਇ।"
— ਗਉ **੫**, ਬਾਅ ੫੨ : ੬ (261)
2. ਡੁਬ ਜਾਂਦੇ ਹਨ, ਲਪਟ ਵਿਚ ਆ ਜਾਂਦੇ ਹਨ
"ਹੇ ਲੋਭਾ **ਲੰਪਟ** ਸੰਗ ਸਿਰਮੋਰਹ ਅਨਿਕ ਲਹਰੀ ਕਲੋਲਤੇ।" — ਸਸ **੫**, ੪੯ : ੧ (1358)

ਲਪਟਹੀ — ਲਿਪਟੀ (ਚੰਬੜੀ) ਹੋਈ ਹੈ
"ਜੀਤਿ ਜੀਤਿ ਜੀਤੇ ਸਭਿ ਥਾਨਾ ਸਗਲ ਭਵਨ **ਲਪਟਹੀ**।" — ਗੂਜ **੫**, ੧੪, ੨ : ੧ (499)

ਲਪਟਤ — ਖਚਿਤ, ਲਿਪਟੇ
"ਮੋਹ ਮਗਨ **ਲਪਟਤ** ਰਹੈ ਹਉ ਹਉ ਆਵੈ ਜਾਇ।"
— ਗਉ **੫**, ਬਾਅ ੩੦ : ੬ (256)

ਲਪਟਾਉ — ਚੰਬੜਦਾ ਹਾਂ, ਲਿਪਟਦਾ ਹਾਂ
"ਛੋਡਿ ਜਾਹਿ ਜੋ ਸਗਲ ਕਉ ਫਿਰਿ ਫਿਰਿ **ਲਪਟਾਉ**।" — ਸੂਹੀ **੫**, ੪੩, ੧ : ੨ (745)

ਲਪਟਾਇ — 1. ਚੰਬੜੀ ਹੈ
"ਤੀਨੇ ਲੋਅ ਵਿਆਪਤ ਹੈ ਅਧਿਕ ਰਹੀ **ਲਪਟਾਇ**।"
— ਸਿਰੀ **੩**, ਅਸ ੨੧, ੫ : ੨ (67)
"ਮੋਹ ਝੂਠੁ ਪਸਾਰਾ ਝੂਠ ਕਾ ਝੂਠੇ **ਲਪਟਾਇ**।" (ਚੰਬੜਿਆ ਹੋਇਆ ਹੈ, ਫਸਿਆ ਹੋਇਆ ਹੈ, ਲਿਪਟਿਆ ਹੋਇਆ ਹੈ)
— ਗਉ **੪**, ੪੭, ੩ : ੨ (166)
"ਜੋ ਦੇਵੈ ਤਿਸੈ ਨ ਜਾਣਈ ਦਿਤੇ ਕਉ **ਲਪਟਾਇ**।" (ਚੰਬੜਦਾ ਹੈ)
— ਰਾਮ **੩**, ਵਾਰ ੧ਸ, **੩**, ੨ : ੪ (947)
2. ਖਚਿਤ ਹੋ ; ਲਿਪਟ ਕੇ
"ਹੋਵਨੁ ਕਉਰਾ ਅਨਹੋਵਨੁ ਮੀਠਾ ਬਿਖਿਆ ਮਹਿ **ਲਪਟਾਇ** ਜਰੇ।"
— ਬਿਲਾ **੫**, ੯੬, ੧ : ੨ (823)
3. ਫਸੇ ਹਨ, ਖਚਿਤ ਹਨ
"ਤੀਨਿ ਭਉਨੇ **ਲਪਟਾਇ** ਰਹੀ ਕਾਚ ਕਰਮਿ ਨ ਜਾਤ ਸਹੀ ਉਨਮਤ ਅੰਧ ਧੰਧ ਰਚਿਤ ਜੈਸੇ ਮਹਾ ਸਾਗਰ ਹੋਹੇ।"
— ਸਾਰ **੫**, ੧੩੯, ੧ : ੧ (1231)

ਲਪਟਾਇਓ — ਲਪਟਦਾ, ਖਚਤ ਹੁੰਦਾ, ਚੰਬੜਦਾ
"ਸੋ ਅਨਰਸ ਨਾਹੀ **ਲਪਟਾਇਓ**।"
— ਗਉ **੫**, ੧੦੨, ੨ : ੨ (186)

ਲਪਟਾਇਆ — ਖਚਿਤ ਹੋਇਆ
"ਕਪੜਿ ਭੋਗਿ **ਲਪਟਾਇਆ** ਸੁਇਨਾ ਰੁਪਾ ਖਾਕੁ।"
— ਸਿਰੀ **੫**, ੭੧, ੨ : ੧ (42)

ਲਪਟਾਈ — 1. ਮਸਤ ਹੋਏ, ਖਚਿਤ ਹੋਏ,
"ਮਗਨ ਭਏ ਊਹਾ ਸੰਗਿ ਮਾਤੇ ਓਤਿ ਪੋਤਿ **ਲਪਟਾਈ**।" — ਬਿਲਾ **੫**, ੮੭, ੧ : ੨ (821)
2. ਚੰਬੜੀ ਹੈ
"ਅਨਿਕ ਜਤਨ ਕਰਿ ਰਾਖੀਐ ਫਿਰਿ ਫਿਰਿ **ਲਪਟਾਈ**।"
— ਬਿਲਾ **ਕਬ**, ੩, ੨ : ੨ (855)
3. ਫਸਿਆ ਹੈ
"ਤਨ ਛੂਟੈ ਕਛੁ ਸੰਗਿ ਨ ਚਾਲੈ ਕਹਾ ਤਾਹਿ **ਲਪਟਾਈ**।"
— ਸਾਰ **੯**, ੧, ੧ : ੨ (1231)

ਲੰਪਟਾਈ — ਖਚਿਤ ਹੋਣਾ
"ਹਉਮੈ ਧੰਧੁ ਛੋਡਹੁ **ਲੰਪਟਾਈ**।"
— ਮਾਰੂ **੧**, ਸੋਲ ੬, ੮ : ੨ (1026)

ਲਪਟਾਏ — 1. ਚੰਬੜਦਾ

"ਜੋ ਦੇਵੈ ਤਿਸੈ ਨ ਜਾਣੈ ਮੂੜਾ ਦਿਤੇ ਨੋ **ਲਪਟਾਏ**।"
— ਸਿਰੀ **੪**, ਪਹ ੩, ੨ : ੪ (76)

2. ਫਸੇ ਹੋਏ
"ਜਿਹ ਧੰਧੇ ਮਹਿ ਓਇ **ਲਪਟਾਏ**।"
— ਗਉ **੫**, ੭੮, ੧ : ੩ (178)

ਲਪਟਾਹਿ — ਚੰਬੜਦਾ ਹੈ
"ਛਾਡਿ ਛਾਡਿ ਸਗਲੀ ਗਈ ਮੂੜ ਤਹਾ **ਲਪਟਾਹਿ**।"
— ਗਉ **੫**, ਬਾਅ ੧੯ : ੬ (254)

ਲਪਟਾਹੀ — ਲਿਪਟਦਾ/ਚੰਬੜਦਾ ਹੈ
"ਜੋ ਸੰਗਲ ਤਿਆਗਿ ਏਕਹਿ **ਲਪਟਾਹੀ**।"
— ਗਉ **੫**, ਬਾਅ ੨੮ : ੨ (256)

ਲਪਟਾਣਾ — ਪਲਚਣਾ, ਲਿਪਟਣਾ
"ਜਿਨਿ ਦੀਆ ਸੋ ਚਿਤਿ ਨ ਆਵੈ ਮੋਹਿ ਅੰਧੁ **ਲਪਟਾਣਾ**।" — ਰਾਮ **੫**, ੧, ੩ : ੨ (883)

ਲਪਟਾਣੀ — ਲਿਪਟਦੀ ਹੈ, ਚੰਬੜਦੀ ਹੈ
"ਸੰਗੀ ਜੋਗੀ ਨਾਰਿ **ਲਪਟਾਣੀ**।"
— ਮਾਰੂ **੫**, ਸੋਲਾ ੨, ੧ : ੧ (1072)

ਲਪਟਾਧੇ — ਖਚਿਤ ਸਨ, ਲਪਟੇ ਹੋਏ ਸਨ
"ਕਾਮ ਕ੍ਰੋਧ ਅਰੁ ਲੋਭ ਮੋਹ ਇਹ ਇੰਦ੍ਰੀ ਰਸਿ **ਲਪਟਾਧੇ**।" — ਆਸਾ **੫**, ੧੨੬, ੩ : ੧ (403)

ਲਪਟਾਨਾ — 1. ਖਚਿਤ ਹੈ, ਉਲਝਿਆ ਪਿਆ ਹੈ, ਫਸਿਆ ਪਿਆ ਹੈ
"ਕਹਤ ਕਬੀਰ ਅਕੁਲ ਨਹੀ ਚੇਤਿਆ ਬਿਖਿਆ ਸਿਉ **ਲਪਟਾਨਾ**।"
— ਗਉ **ਕਬ**, ੪੫, ੪ : ੨ (332)

2. ਲਿਪਟ ਕੇ, ਚੰਬੜ ਕੇ
"ਅੰਤ ਕੀ ਬਾਰ ਮੂਆ **ਲਪਟਾਨਾ**।"
— ਭੈਰ **ਨਾਮ**, ੪, ੧ : ੪ (1165)

ਲਪਟਾਨੀ — ਲਿਪਟਨ ਲਈ ਉਤੇਜਿਤ ਭਾਵ ਲੁਭਾਇਮਾਨ
"ਦੇਖਿ ਰਤਨੁ ਇਹੁ ਮਨੁ **ਲਪਟਾਨੀ**।"
— ਆਸਾ **੫**, ੬, ੧ : ੪ (372)
"ਅਬ ਗੁਰੁ ਪਾਇਓ ਹੈ ਸਹਜ ਸੁਖਦਾਇਕ ਦਰਸਨੁ ਪੇਖਤ ਮਨੁ **ਲਪਟਾਨੀ**।" (ਉਸ ਨਾਲ ਚੰਬੜ ਗਿਆ ਹੈ; ਲਿਪਟ ਗਿਆ ਹੈ, ਉਸ ਪ੍ਰਤੀ ਲੁਭਾਇਮਾਨ ਹੋ ਗਿਆ ਹੈ)
— ਕੇਦਾ **੫**, ੧, ੨ : ੧ (1119)

ਲਪਟਾਨੈ — ਚੰਬੜ ਰਿਹਾ ਹੈ
"ਅਚੇਤ ਬਿਵਸਥਾ ਮਹਿ **ਲਪਟਾਨੈ**।"
— ਸੂਹੀ **੫**, ੧੬, ੧* : ੨ (740)

ਲਪਟਾਨੋ — ਖਚਿਤ ਹੋ ਗਿਆ, ਲਗ ਗਿਆ
"ਨਾਰਦ ਕਹਤ ਸੁਨਤ ਧ੍ਰੂਅ ਬਾਰਿਕ ਭਜਨ ਮਾਹਿ **ਲਪਟਾਨੋ**।" — ਬਿਲਾ **੯**, ੧, ੧ : ੨ (830)

ਲਪਟਾਵਉ — ਚੰਬੜਾਂ
"ਇਹ ਸੰਸਾਰ ਤੇ ਤਬ ਹੀ ਛੂਟਉ ਜਉ ਮਾਇਆ ਨਾ **ਲਪਟਾਵਉ**।"
— ਧਨਾ **ਨਾਮ**, ੨, ੩ : ੧ (693)

ਲਪਟਾਵਏ — ਲਿਪਟ ਰਿਹਾ ਹਾਂ, ਫਸਿਆ ਹੋਇਆ ਹਾਂ
"ਬਨਿਤਾ ਬਿਨੋਦ ਅਨੰਦ ਮਾਇਆ ਅਗਿਆਨਤਾ **ਲਪਟਾਵਏ**।"
— ਆਸਾ **੫**, ਛੰਤ ੮, ੨ : ੪ (458)

ਲਪਟਾਵਹਿ — ਚੰਬੜਦਾ ਹੈ
"ਤੂੰ ਕਿਆ **ਲਪਟਾਵਹਿ** ਮੂਰਖ ਮਨਾ।"
— ਗਉ **੫**, ਸੁਖ ੧੯, ੫ : ੨ (288)

ਲਪਟਾਵੈ — ਚੰਬੜਦਾ ਹੈ
"ਬਿਨਸਿ ਜਾਇ ਤਾਹੂ **ਲਪਟਾਵੈ**।"
— ਗਉ **੫**, ੭੮, ੧* : ੨ (178)

ਲਪਟਿ — 1. ਖਚਿਤ ਹੋ ਕੇ
"ਲਲਾ **ਲਪਟਿ** ਬਿਖੈ ਰਸ ਰਾਤੇ।"
— ਗਉ **੫**, ਬਾਅ ੧੧ : ੧ (252)

2. ਖਚਿਤ ਹੋਣਾ, ਚੰਬੜਨਾ, ਫਸਨਾ
"**ਲਪਟਿ** ਰਹਿਓ ਤਹ ਅੰਧ ਅੰਧਾਰੁ।"
— ਗਉ **੫**, ਸੁਖ ੫, ੩ : ੬ (268)

ਲਪਟਿਓ — 1. ਫਸਿਆ ਹੋਇਆ, ਖਚਿਤ ਹੋਇਆ, ਉਲਝਿਆ
"ਕਾਮ ਕ੍ਰੋਧ **ਲਪਟਿਓ** ਅਸਨੇਹ।"
— ਗਉ **੫**, ੭੮, ੨ : ੨ (178)
"ਮੋਹ ਮਗਨ **ਲਪਟਿਓ** ਭ੍ਰਮ ਗਿਰਹ।" (ਉਲਝੇ ਰਹੀਦਾ ਹੈ) — ਰਾਮ **੫**, ੩੨, ੪ : ੩ (893)

2. ਚੰਬੜਿਆ ਹੋਇਆ
"ਮਾਇਆ ਡੋਲੈ ਬਹੁ ਬਿਧੀ ਮਨੁ **ਲਪਟਿਓ** ਤਿਹ ਸੰਗ।" — ਗਉ **੫**, ਬਾਅ ੪੧ਸ : ੧ (258)

ਲਪਟਿਆ — ਫਸਿਆ, ਉਲਝਿਆ, ਖਚਿਤ ਹੋਇਆ

"ਪੁਤ੍ਰਿ ਕਲਤ੍ਰਿ ਮੋਹਿ **ਲਪਟਿਆ** ਵਣਜਾਰਿਆ ਮਿਤ੍ਰਾ ਅੰਤਰਿ ਲਹਰਿ ਲੋਭਾਨੁ।"
— ਸਿਰੀ **ਪ**, ਪਹ ੪, ੩ : ੨ (77)

ਲੰਪਟੁ — ਖਚਿਤ (ਸੰਸਾਰਕ ਪਦਾਰਥਾਂ ਵਿਚ)
"ਸਿਖ ਕਰੇ ਕਰਿ ਸਬਦੁ ਨ ਚੀਨੈ **ਲੰਪਟੁ** ਹੈ ਬਾਜਾਰੀ।"
— ਮਾਰੂ **੧**, ਅਸ ੨, ੬ : ੩ (1013)

ਲਪਟੇਰਾ — ਚੰਬੜਦਾ ਹੈ
"ਬਹੁਰਿ ਬਹੁਰਿ ਉਆਹੂ **ਲਪਟੇਰਾ**।"
— ਗਉ **ਪ**, ੮੨, ੧ : ੨ (180)

ਲਪਟੈ — ਚੰਬੜਿਆ ਰਹਿੰਦਾ ਹੈ, ਫਸਿਆ ਰਹਿੰਦਾ ਹੈ
"ਕੂੜੇ ਲਾਲਚਿ **ਲਪਟੈ** ਲਪਟਾਇ।"
— ਬਿਲਾ **੧**, ਥਿਤੀ ੧੪ : ੫ (840)

ਲਪੇਟੇ — ਲਪੇਟਿਆ/ਵਲਿਆ ਹੋਇਆ
"ਕਬੀਰ ਗਰਬੁ ਨ ਕੀਜੀਐ ਚਾਮ **ਲਪੇਟੇ** ਹਾਡ।"
— ਸਲੋ **ਕਬ**, ੩੨ : ੧ (1366)

ਲਫਜ — (ਫਾ. ਲਫ਼ਜ਼) ਸ਼ਬਦ, ਬੋਲ ਭਾਵ ਹੁਕਮ
"ਭਿਸਤ ਪੀਰ **ਲਫਜ** ਕਮਾਇ ਅੰਦਾਜਾ।"
— ਮਾਰੂ **ਪ**, ਸੋਲਾ ੧੨, ੫ : ੨ (1084)

ਲਬ — ਲਾਲਚ
"ਹਉਮੈ ਲੋਭ ਲਹਰਿ **ਲਬ** ਥਾਕੇ ਪਾਏ ਦੀਨ ਦਇਆਲਾ।"
— ਆਸਾ **੧**, ਛੰਤ ੨, ੩, : ੫ (437)

ਲਬਹੂੰ — ਲਾਲਚ ਨੂੰ, ਲੋਭ ਨੂੰ
"ਕਹੁ ਨਾਨਕ ਮੇਰੇ ਪੂਰੇ ਮਨੋਰਥ ਸਾਧ ਸੰਗਿ ਤਜਿ **ਲਬਹੂੰ**।" — ਦੇਵ **ਪ**, ੪, ੨ : ੨ (529)

ਲਬਧ — ਲਭਦੀ ਹੈ, ਪ੍ਰਾਪਤ ਹੁੰਦੀ ਹੈ
"ਨਾਨਕ **ਲਬਧ** ਕਰਮਣਹ।"
— ਗਾਥਾ **ਪ**, ੨੧ : ੨ (1361)

ਲਬਧਿ — 1. ਜੋ ਪ੍ਰਾਪਤ ਕਰਨਾ ਸੀ, ਪ੍ਰਾਪਤੀ, ਲਾਭ
"**ਲਬਧਿ** ਆਪਣੀ ਪਾਈ।"
— ਸੋਰ **ਪ**, ੫੧, ੨ : ੩ (621)

2. ਭਾਗ (ਸ਼ਬਦਾਰਥ), ਪਰਾਲਬਧ (ਨਿਰਣੈ), ਜਿਸ ਨੂੰ ਲਭਦੇ ਸੀ (ਦਰਪਣ)
"ਸੰਤਨ ਕੈ ਚਰਨ ਲਾਗੇ ਕਾਮ ਕ੍ਰੋਧ ਲੋਭ ਤਿਆਗੇ ਗੁਰ ਗੋਪਾਲ ਭਏ ਕ੍ਰਿਪਾਲ **ਲਬਧਿ** ਅਪਨੀ ਪਾਈ।"
— ਸਾਰ **ਪ**, ੧੩੨, ੧ : ੧ (1230)

ਲਬਧਿਓ — ਲਭ ਲਈ, ਲਭੀ
"ਅਬ ਮੋਹਿ **ਲਬਧਿਓ** ਹੈ ਹਰਿ ਟੇਕਾ।"
— ਸਾਰ **ਪ**, ੨੨, ੧* : ੧ (1209)

ਲਬਧਿਅੰ — ਲਭਦੀ ਹੈ
"**ਲਬਧਿਅੰ** ਸਾਧ ਸੰਗੇਣਿ ਨਾਨਕ ਵਡਭਾਗੀ ਭੇਟੰਤਿ ਦਰਸਨਹ।" — ਗਾਥਾ **ਪ**, ੨੧ : ੨ (1361)

ਲਬਧੇਣਿ — ਲਭਦੇ ਹਨ
"**ਲਬਧੇਣਿ** ਸਾਧ ਸੰਗੇਣਿ ਨਾਨਕ ਮਸਤਕਿ ਲਿਖ੍ਣਃ।" — ਗਾਥਾ **ਪ**, ੨੨ : ੨ (1361)

ਲਬਧੋ — ਲਭਦਾ ਹੈ, ਪ੍ਰਾਪਤ ਹੁੰਦਾ ਹੈ
"ਹਰਿ **ਲਬਧੋ** ਮਿਤ੍ਰ ਸੁਮਿਤੋ।"
— ਗਾਥਾ **ਪ**, ੧੩ : ੧ (1361)

ਲਬਧੰ੍ — ਲਭਦਾ ਹੈ, ਪ੍ਰਾਪਤ ਹੁੰਦਾ ਹੈ
"ਰਹੰਤ ਸੰਗ ਭਗਵਾਨ ਸਿਮਰਣ ਨਾਨਕ **ਲਬਧੰ੍** ਅਚੁਤ ਤਨਹ।" — ਸਸ **ਪ**, ੧ : ੪ (1354)

ਲਬਧਿੰ੍ — ਪ੍ਰਾਪਤ ਹੁੰਦਾ ਹੈ, ਲਭਦਾ ਹੈ
"ਦੁਰਲਭੰ ਏਕ ਭਗਵਾਨ ਨਾਮਹ ਨਾਨਕ **ਲਬਧਿੰ੍** ਸਾਧਸੰਗਿ ਕ੍ਰਿਪਾ ਪ੍ਰਭੰ।"
— ਸਸ **ਪ**, ੩੫ : ੫ (1357)

ਲਬਿ — ਲਾਲਚ
"ਧਨਿ ਜੋਬਨਿ ਜਗੁ ਠਗਿਆ **ਲਬਿ** ਲੋਭਿ ਅਹੰਕਾਰਿ।"
— ਸਿਰੀ **੧**, ਅਸ ੧੩, ੧ : ੨ (61)

ਲਬੀ — ਲਬ, ਲਾਲਚ
"ਅਵਰ ਸਭ ਮਿਥਿਆ ਲੋਭ **ਲਬੀ**।"
— ਗੂਜ **ਪ**, ੮, ੧* : ੧ (497)

ਲਬੁ — ਲਾਲਚ
"**ਲਬੁ** ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ।"
— ਸਿਰੀ **੧**, ੪, ੧ : ੧ (15)

ਲਬੈ — ਲਬ (ਲਾਲਚ) ਵਾਲਾ
"**ਲਬੈ** ਮਾਲੈ ਘੁਲਿ ਮਿਲਿ ਮਿਚਲਿ ਊਂਘੈ ਸਉੜਿ ਪਲੰਘੁ।"
— ਮਲਾ **੧**, ਵਾਰ ੨੩ਸ, **੧**, ੧ : ੨ (1288)

ਲਬੋ — ਲਾਲਚ, ਲੋਭ

"ਮੈ ਨਾਹੀ ਕੀਤਾ **ਲਬੋ**।"
— ਸੋਰ **ਕਬ**, ੧੧, ੪ : ੧ (656)

ਲਭਈ — ਲਭਦਾ, ਪ੍ਰਾਪਤ ਹੁੰਦਾ
"ਬਿਨੁ ਸਤਿਗੁਰ ਹਰਿ ਨਾਮੁ ਨ **ਲਭਈ** ਲਖ ਕੋਟੀ ਕਰਮ ਕਮਾਉ।"
— ਸਿਰੀ **੪**, ੬੭, ੨ : ੩ (40)

ਲਭਹੀ — ਲਭਦਾ, ਪ੍ਰਾਪਤ ਹੁੰਦਾ
"ਤੂ ਹੋਰਤੁ ਉਪਾਇ ਨ **ਲਭਹੀ** ਅਬਿਨਾਸੀ ਸ੍ਰਿਸਟਿ ਕਰਣ।" — ਮਾਰੂ **੫**, ਵਾਰ ੨ : ੮ (1095)

ਲਭਣੰ — ਲਭਦਾ ਹੈ, ਪ੍ਰਾਪਤ ਹੁੰਦਾ ਹੈ
"**ਲਭਣੰ** ਸਾਧ ਸੰਗੇਣ।"
— ਗਾਥਾ **੫**, ੧੫ : ੩ (1361)

ਲਭਣਹਾਰੁ — ਲਭਣਯੋਗ
"ਲਧਮੁ **ਲਭਵਣਹਾਰੁ** ਕਰਮੁ ਕਰੰਦੇ ਮਾ ਪਿਰੀ।"
— ਗੂਜ **੫**, ਵਾਰ ੧੩ਸ, **੫**, ੧ : ੧ (521)

ਲਭਣੇ — ਲਭਦਾ ਹੈ
"ਸੰਤ ਸਰਣਾਈ **ਲਭਣੇ** ਨਾਨਕ ਪ੍ਰਾਣ ਅਧਾਰ।"
— ਸਿਰੀ **੫**, ਛੰਤ ੩, ੧੩ : ੨ (80)

ਲਭੰਤੰ — ਲਭਦੀ ਹੈ
"ਭਾਵਨੀ ਸਾਧ ਸੰਗੇਣ **ਲਭੰਤੰ** ਬਡ ਭਾਗਣਹ।"
— ਗਾਥਾ **੫**, ੯ : ੧ (1360)

ਲਭੰਨਿ — ਲਭਣ
"ਗੁਰ ਸਾਧੂ ਸੰਗਤਿ ਮਿਲੈ ਹੀਰੇ ਰਤਨ **ਲਭੰਨਿ**।"
— ਸਲੋ **੩**, ੩੦ : ੩ (1416)

ਲਭਨੀ — ਲਭਦੇ
"ਸਚਿਆਰ ਸਿਖ ਬਹਿ ਸਤਿਗੁਰ ਪਾਸਿ ਘਾਲਨਿ ਕੂੜਿਆਰ ਨ **ਲਭਨੀ** ਕਿਤੈ ਥਾਇ ਭਾਲੇ।"
— ਗਉ **੪**, ਵਾਰ ੧੦ਸ, **੪**, ੧ : ੩ (305)

ਲਭਾ — ਮਿਲ ਗਿਆ, ਲਭ ਪਿਆ
"ਢੋਈ ਤਿਸ ਹੀ ਨੋ ਮਿਲੈ ਜਿਨਿ ਪੂਰਾ ਗੁਰੂ **ਲਭਾ**।"
— ਸਿਰੀ **੫**, ੭੬, ੪ : ੨ (44)

ਲਭੀ — ਲਭੇ, ਮਿਲੇ, ਪ੍ਰਾਪਤ ਹੋਵੇ
"ਥੀਉ ਸੰਤਨ ਕੀ ਰੇਣੁ ਜਿਤੁ **ਲਭੀ** ਸੁਖ ਦਾਤਾਰੁ।"
— ਮਾਰੂ **੫**, ਵਾਰ ੧੧ਸ, **੫**, ੩ : ੨ (1098)

ਲਭੈ — ਪ੍ਰਾਪਤ ਹੋਵੇ, ਮਿਲੇ, ਲਭੇ
"ਬਿਨੁ ਭਾਗਾ ਸਤਸੰਗੁ ਨ **ਲਭੈ** ਬਿਨੁ ਸੰਗਤਿ ਮੈਲੁ ਭਰੀਜੈ ਜੀਉ।" — ਮਾਝ **੪**, ੪, ੩ : ੩ (95)

ਲਭ੍ਰਤੇ — ਲਭਦਾ, ਪ੍ਰਾਪਤ ਹੁੰਦਾ
"ਪਾਰਬ੍ਰਹਮ ਪੁਰਖ ਦਾਤਾਰ ਨਾਨਕ ਗੁਰ ਸੇਵਾ ਕਿੰ ਨ **ਲਭ੍ਰਤੇ**।" — ਸਸ **੫**, ੨੦ : ੫ (1355)

ਲੰਮੜੇ — ਲੰਮੇ
"ਸੋਹਣੇ ਨਕ ਜਿਨ **ਲੰਮੜੇ** ਵਾਲਾ।"
— ਵਡ **੧**, ਛੰਤ ੨, ੭ : ੨ (567)

ਲੰਮਾ — ਦੀਰਘ
"ਤਾਰਾ ਚੜਿਆ **ਲੰਮਾ** ਕਿਉ ਨਦਰਿ ਨਿਹਾਲਿਆ ਰਾਮ।" (ਭਾਵ ਬੋਦੀ ਵਾਲਾ ਤਾਰਾ)
— ਤੁਖਾ **੧**, ਛੰਤ ੩, ੧ : ੧ (1110)
"**ਲੰਮਾ** ਨਕੁ ਕਾਲੇ ਤੇਰੇ ਨੈਣ।"
— ਮਲਾ **੧**, ੯, ੧ : ੨ (1257)

ਲੰਮੀ — ਦੀਰਘ
"**ਲੰਮੀ ਲੰਮੀ** ਨਦੀ ਵਹੈ ਕੰਧੀ ਕੇਰੈ ਹੇਤਿ।"
— ਸਲੋ **ਫਰ**, ੮੬ : ੧ (1382)

ਲੰਮੀਨਦਰਿ — ਦੂਰ ਅੰਦੇਸ਼ੀ ਨਾਲ, ਦੂਰ ਦੀ ਸੋਚ ਕੇ
"ਮੰਦਾ ਮੂਲਿ ਨ ਕੀਚਈ ਦੇ **ਲੰਮੀਨਦਰਿ** ਨਿਹਾਲੀਐ।"
— ਆਸਾ **੧**, ਵਾਰ ੨੧ : ੩ (474)

ਲੰਮੇ — ਲੰਮੇ ਸਮੇਂ ਤੋਂ, ਚਿਰ ਤੋਂ
"ਨਾਨਕ ਬੈਠਾ ਭਖੇ ਵਾਉ **ਲੰਮੇ** ਸੇਵਹਿ ਦਰੁ ਖੜਾ।"
— ਮਾਰੂ **੫**, ਵਾਰ ੪ਸ, **੫**, ੨ : ੧ (1095)

ਲੰਮੈ — ਦੀਰਘ
"ਬਹੁਤੁ ਸਜਾਇ ਪਇਆ ਦੇਸਿ **ਲੰਮੈ**।"
— ਮਾਰੂ **੫**, ਅਸ ੮, ੫ : ੨ (1020)

ਲਯੌ — ਲਿਆ
"ਗੁਰ ਗਮਿ ਪ੍ਰਮਾਣੁ ਤੈ ਪਾਇਓ ਸਤੁ ਸੰਤੋਖੁ ਗ੍ਰਾਹਜਿ **ਲਯੌ**।" — ਸਵ **੨**, ੬ : ੫ (1392)

ਲਰਨੇ — ਲੜਨ
"ਸਤੁ ਸੰਤੋਖੁ ਲੈ **ਲਰਨੇ** ਲਗਾ ਤੋਰੇ ਦੁਇ ਦਰਵਾਜਾ।"
— ਭੈਰ **ਕਬ**, ੧੭, ੫ : ੧ (1161)

ਲਰਾਈ — ਲੜਾਈ, ਝਗੜਾ
"ਬਾਪੁ ਸਾਵਕਾ ਕਰੈ **ਲਰਾਈ** ਮਾਇਆ ਸਦ ਮਤਵਾਰੀ।"
— ਆਸਾ **ਕਬ**, ੨੫, ੨ : ੧ (482)

ਲਰਿ — ਲੜ ਕੇ, ਝਗੜ ਕੇ

"ਹਉਮੈ ਅਨ ਸਿਉ **ਲਰਿ** ਮਰੈ ਸੋ ਸੋਭਾਦੂ ਹੋਇ।"
— ਗਉ **੫**, ਬਾਅ ੩੧ : ੨ (256)

ਲਰਿਕਨ — ਲੜਕਿਆਂ
"ਲਰਿਕੀ **ਲਰਿਕਨ** ਖੈਬੋ ਨਾਹਿ।"
— ਗੋਂਡ **ਕਬ**, ੬, ੩ : ੨ (871)

ਲਰਿਕਾ — ਲੜਕੇ, ਪੁੱਤਰ
"ਪਾਂਚਉ **ਲਰਿਕਾ** ਜਾਰਿ ਕੈ ਰਹੈ ਰਾਮ ਲਿਵ ਲਾਗਿ।" — ਸਲੋ **ਕਬ**, ੪੨ : ੨ (1366)

ਲਰਿਕੀ — ਲੜਕੀ, ਪੁਤਰੀ
"ਕੋਹੈ ਲਰਿਕਾ ਬੇਚਈ **ਲਰਿਕੀ** ਬੇਚੈ ਕੋਇ।"
— ਸਲੋ **ਕਬ**, ੪੩ : ੧ (1366)

ਲਰਿਕੇ — ਲੜਕੇ, ਸੁਤ, ਪੁੱਤਰ
"ਪਾਂਚਉ **ਲਰਿਕੇ** ਮਾਰਿ ਕੈ ਰਹੈ ਰਾਮ ਲਿਉ ਲਾਇ।"
— ਸਲੋ **ਕਬ**, ੮੩ : ੨ (1368)

ਲਰੀ — ਲਗੀ ਹੈ
"ਸੰਸਾਰੈ ਕੈ ਅੰਚਲਿ **ਲਰੀ**।"
— ਗੋਂਡ **ਕਬ**, ੨, ੪ : ੪ (872)

ਲਰੈ — ਲੜੇ, ਯੁੱਧ ਕਰੇ
"ਸੂਰਾ ਸੋ ਪਹਿਚਾਨੀਐ ਜੁ **ਲਰੈ** ਦੀਨ ਕੇ ਹੇਤ।"
— ਮਾਰੂ **ਕਬ**, ੧੦, ੨ : ੧ (1105)

ਲਲਤ — ਭੈਰਉ, ਰਾਗ ਦੇ ਅੱਠ ਪੁਤਰਾਂ ਵਿਚੋਂ ਇਕ, ਬਾਕੀ ਸਤ ਹਨ : ਪੰਚਮ, ਹਰਖ, ਦਿਸਾਖ, ਬੰਗਾਲਮ, ਮਧੁ, ਮਾਧਵ ਤੇ ਬਿਲਾਵਲ
"**ਲਲਤ** ਬਿਲਾਵਲ ਗਾਵਹੀ ਅਪੁਨੀ ਅਪੁਨੀ ਭਾਂਤਿ।" — ਰਾਗ ੧ : ੧੧ (1429)

ਲਲਤਾ — ਜੀਭ, ਜ਼ੁਬਾਨ
"**ਲਲਤਾ** ਲੇਖਣਿ ਸਚ ਕੀ ਪਿਆਰੇ ਹਰਿ ਗੁਣ ਲਿਖਹੁ ਵੀਚਾਰਿ।"
— ਸੋਰ **੧**, ਅਸ ੩, ੮ : ੨ (636)
(ਮਹਾਨ ਕੋਸ਼ ਇਥੇ ਭਾਵ ਅਰਥ 'ਬੁੱਧੀ' ਕਰਦੇ ਹਨ)
"ਲੋਚਨ ਤਾਰ **ਲਲਤਾ** ਬਿਲਲਾਤੀ ਦਰਸਨ ਪਿਆਸ ਰਜਾਈ।" — ਮਲਾ **੧**, ਅਸ ੩, ੫ : ੧ (1274)
(ਮਹਾਨਕੋਸ਼ ਇਥੇ ਅਰਥ 'ਇਸਤ੍ਰੀ' ਕਰਦੇ ਹਨ)

ਲਲਨਾ — ਇਸਤ੍ਰੀ, ਪਤਨੀ
"ਘਟੰਤ **ਲਲਨਾ** ਸੁਤ ਭ੍ਰਾਤ ਹੀਤੰ।"
— ਸਸ **੫**, ੯ : ੩ (1354)

ਲਲਾ — ਗੁਰਮੁਖੀ ਵਰਣਮਾਲਾ ਦਾ ਤੇਤੀਵਾਂ ਅਖਰ, 'ਲ'
"**ਲਲਾ** ਲਪਟਿ ਬਿਖੈ ਰਸ ਰਾਤੇ।"
— ਗਉ **੫**, ਬਾਅ ੧੧ : ੧ (252)

ਲਲਿਤ — ਸੁੰਦਰ
"ਅਨਿਕ ਗੁਨਿਤ ਧੁਨਿਤ **ਲਲਿਤ** ਅਨਿਕ ਧਾਰ ਮੁਨੀ।" — ਭੈਰ **੫**, ੫੨, ੧ : ੨ (1153)

ਲਲਿਤਾ — ਜੀਭ
"ਕੁੰਗੂ ਕੀ ਕਾਂਇਆ ਰਤਨਾ ਕੀ **ਲਲਿਤਾ** ਅਗਰਿ ਵਾਸੁ ਤਨਿ ਸਾਸੁ।"
— ਸਿਰੀ **੧**, ੮, ੧ : ੧ (17)

ਲਲੀ — 'ਲ੍ਰਿ', 'ਲ੍ਰਿ', ਨਾਗਰੀ ਵਰਣਮਾਲਾ ਦਾ ਇਕ ਸੂਰ
"ਰੀਰੀ **ਲਲੀ** ਪਾਪ ਕਮਾਣੇ ਪੜਿ ਅਵਗਣ ਗੁਣ ਵੀਸਰਿਆ।"
— ਆਸਾ **੩**, ਪਟੀ ੧ : ੨ (439)

ਲਲੈ — ਗੁਰਮੁਖੀ ਵਰਣਮਾਲਾ ਦੇ ਤੇਤੀਵੇਂ ਅਖਰ ਦੁਆਰਾ, 'ਲ' ਦੁਆਰਾ
"**ਲਲੈ** ਲਾਇ ਧੰਧੈ ਜਿਨਿ ਛੋਡੀ ਮੀਠਾ ਮਾਇਆ ਮੋਹੁ ਕੀਆ।" — ਆਸਾ **੧**, ਪਟੀ ੩੧ : ੧ (434)

ਲਵੰਤੇ — ਬੋਲਦੇ ਹਨ
"ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ **ਲਵੰਤੇ**।" — ਤੁਖਾ **੧**, ਬਾਰਾ ੧੦ : ੩ (1108)

ਲਵੰਨਿ੍ — ਪੁਕਾਰਨ, ਬੋਲਣ
"ਪ੍ਰੇਮ ਵਿਛੋਹਾ ਧਣੀ ਸਉ ਅਠੇ ਪਹਰ **ਲਵੰਨਿ੍**।"
— ਸਲੋ **੫**, ੧੨ : ੨ (1425)

ਲਵਾਇ — ਬੋਲ ਕੇ, ਉਚਾਰ ਕੇ ਭਾਵ ਜਪ ਕੇ
"ਜੀਭ ਰਸਾਇਣਿ ਚੂਨੜੀ ਰਤੀ ਲਾਲ **ਲਵਾਇ**।"
— ਮਾਰੂ **੩**, ਵਾਰ ੧੫ ਸ, **੧**, ੨ : ੪ (1091)
('ਮਹਾਨਕੋਸ਼' ਅਰਥ 'ਲਿਵਲੀਨ, ਤਦਰੂਪ' ਕਰਦਾ ਹੈ)

ਲਵਾਇਆ — ਲਵਾਏ ਹੋਏ, ਦਿੱਤੇ ਹੋਏ
"ਆਪੇ ਮਾਰਿ ਜੀਵਾਇਦਾ ਪਿਆਰਾ ਸਾਹ ਲੈਦੇ ਸਭਿ **ਲਵਾਇਆ**।"
— ਸੋਰ **੪**, ੪, ੩ : ੩ (606)

ਲਵਾਇਦਾ — ਲੈਣ ਦਿੰਦਾ ਹੈ

"ਲਖ ਚਉਰਾਸੀਹ ਜੀਅ ਉਪਾਏ ਭਾਣੈ ਸਾਹ **ਲਵਾਇਦਾ**।"

— ਮਾਰੂ **੧**, ਸੋਲਾ ੧੪, ੪ : ੩ (1034)

ਲਵਾਈਅਹਿ — ਲਈਦੇ ਹਨ

"ਲੇਖੈ ਸਾਹ **ਲਵਾਈਅਹਿ** ਪੜੇ ਕਿ ਪੁਛਣ ਜਾਉ।"

— ਸਿਰੀ **੧**, ੩, ੧ : ੩ (15)

ਲਵਾਏ — ਲਾ ਲੈਂਦਾ ਹੈ,

"ਨਾਨਕ ਨਾਮੁ ਗੁਰਮਤੀ ਪਾਈਐ ਆਪੇ ਲਏ **ਲਵਾਏ**।" — ਗਉ **੩**, ਛੰਤ ੫, ੨ : ੬ (246)

ਲਵਿਆ — ਬੋਲਿਆ

"ਬਹੁ ਤੀਰਥ ਭਵਿਆ, ਤੇਤੋ **ਲਵਿਆ**।"

— ਆਸਾ **੧**, ਵਾਰ ੯ਸ. **੧**, ੨ : ੨ (467)

ਲਵੇ — ਬੋਲਦੇ ਭਾਵ ਕਥਕੇ ਹਨ

"ਹਉ ਬਲਿਹਾਰੀ ਤਿਨ ਕਉ ਜਿ ਅਨਦਿਨੁ ਸਚੁ **ਲਵੇ**।" — ਗਉ **੪**, ਵਾਰ ੨੧ : ੩ (312)

ਲਵੇਰੀ — ਦੁੱਧ ਦੇਣ ਵਾਲਾ ਪਸ਼ੂ

"ਬਿਨੁ ਅਸਥਨ ਗਊ **ਲਵੇਰੀ**।"

— ਬਸੰ **ਕਬ**, ੩, ੩ : ੧ (1194)

ਲਵੈ — 1. ਨੇੜੇ, ਬਰਾਬਰ

"ਆਦਿ ਅੰਤਿ ਮਧਿ ਪ੍ਰਭੁ ਸੋਈ ਦੂਜਾ **ਲਵੈ** ਨ ਲਾਈ ਜੀਉ।" — ਮਾਝ **੫**, ੪੫, ੩ : ੩ (107)

"ਤੁਧੁ ਜੇਵਡੁ ਦਾਤਾ ਅਵਰੁ ਨ ਸੁਆਮੀ **ਲਵੈ** ਨ ਕੋਈ ਲਾਵਣਿਆ।" (ਭਾਵ ਬਰਾਬਰ ਨਹੀਂ ਲਗਦਾ) — ਮਾਝ **੫**, ਅਸ ੩੫, ੬ : ੩ (130)

2. ਬੋਲਣਾ, ਨਿਕੰਮਾ ਬੋਲਣਾ, ਨਿਰਾਰਥਕ ਬੋਲਣਾ

"ਸੰਤਨ ਕੈ ਦੂਖਨਿ ਕਾਗ ਜਿਉ **ਲਵੈ**।"

— ਗਉ **੫**, ਸੁਖ ੧੩, ੨ : ੨ (279)

ਲੜਕਾ — ਬਾਲਕ

"ਮੋਦੀ ਦੇ ਘਰ ਖਾਣਾ ਪਕਾ ਵਾਕਾ **ਲੜਕਾ** ਮਾਰਿਆ ਥਾ।" — ਗੋਂਡ **ਨਾਮ**, ੭, ੨ : ੨ (875)

ਲੜਾਈ — ਯੁੱਧ

"ਮੁਗਲ ਪਠਾਣਾ ਭਈ **ਲੜਾਈ** ਰਣ ਮਹਿ ਤੇਗ ਵਗਾਈ।"

— ਆਸਾ **੧**, ਅਸ ੧੨, ੫ : ੧ (418)

ਲੜਿ — 1. ਪੱਲੇ, ਦਾਮਨ ਵਿਚ

"**ਲੜਿ** ਲੀਨੇ ਲਾਏ ਨਉ ਨਿਧਿ ਪਾਏ ਨਾਉ ਸਰਬਸੁ ਠਾਕੁਰਿ ਦੀਨਾ।"

— ਸਿਰੀ **੫**, ਛੰਤ ੨, ੫ : ੫ (80)

2. ਜੂਝ ਕੇ, ਲੜ ਕੇ

"ਸੇਈ ਪੂਰੇ ਸਾਹ ਵਖਤੈ ਉਪਰਿ **ਲੜਿ** ਮੁਏ।"

— ਮਾਝ **੧**, ਵਾਰ ੧੭ ਸ. **੧**, ੧ : ੨ (145)

ਲੜਿਓ — ਲੜ ਗਿਆ, ਡੰਗ ਮਾਰ ਗਿਆ, ਕਟ ਗਿਆ

"ਫਰੀਦਾ ਇਟ ਸਿਰਾਣੇ ਭੁਇ ਸਵਣੁ ਕੀੜਾ **ਲੜਿਓ** ਮਾਸਿ।" — ਸਲੋ **ਫਰ**. ੬੭ : ੧ (1381)

ਲੜਿਅਉ — ਲੜਿਆ, ਯੁੱਧ ਕੀਤਾ

"ਧ੍ਰੰਮ ਧਨਖੁ ਕਰ ਗਹਿਓ ਭਗਤ ਸੀਲਹ ਸਰਿ **ਲੜਿਅਉ**।" — ਸਵ **੩**, ੨੧ : ੨ (1396)

ਲੜਿਕੇ — ਲੜਕੇ, ਪੁੱਤਰ

"ਅੰਤਿ ਕਾਲਿ ਜੋ **ਲੜਿਕੇ** ਸਿਮਰੈ ਐਸੀ ਚਿੰਤਾ ਮਹਿ ਜੇ ਮਰੈ।" — ਗੂਜ **ਤ੍ਰਿਲੋ**, ੨, ੩ : ੧ (526)

ਲੜੁ — ਪਲਾ

"ਅੰਧ ਕੂਪ ਤੇ ਕਾਢਿਅਨੁ **ਲੜੁ** ਆਪਿ ਫੜਾਏ।"

— ਰਾਮ **੫**, ਵਾਰ ੨੧ : ੨ (966)

ਲੜੈ — ਜੁੱਧ ਕਰੇ, ਝਗੜੇ

"ਅਨਦਿਨ ਆਪਿ ਆਪ ਸਿਉ **ਲੜੈ**।"

— ਗਉ **ਕਬ**, ਵਾ ੬ : ੨ (344)

ਲਾਉ — 1. ਲਾਵੋ, ਜੋੜੋ

"ਹਲਤਿ ਪਲਤਿ ਸਹਾਇ ਸੰਗੇ ਏਕ ਸਿਉ ਲਿਵ **ਲਾਉ**।" — ਆਸਾ **੫**, ੧੩੭, ੧* : ੨ (405)

2. ਕਰੋ

"ਬਰਸੁ ਮੇਘ ਜੀ ਤਿਲੁ ਬਿਲਮੁ ਨ **ਲਾਉ**।"

— ਮਲਾ **੫**, ੭, ੧* : ੧ (1268)

ਲਾਇ — 1. ਲਾ ਕੇ, ਲਗਾ ਕੇ,

"ਚੁਪੈ ਚੁਪ ਨ ਹੋਵਈ ਜੇ **ਲਾਇ** ਰਹਾ ਲਿਵਤਾਰ।"

— ਜਪੁ **੧**, ੧ : ੨ (1)

2. ਲਾ, ਲਗਾ

"ਗੁਰਮੁਖਿ ਦਰਗਹ ਮੰਨੀਅਹਿ ਹਰਿ ਆਪਿ ਲਏ ਗਲਿ **ਲਾਇ**।"

— ਸਿਰੀ **੫**, ੭੦, ੨ : ੩ (42)

"ਮੇਰੇ ਮਨ ਏਕਸ ਸਿਉ ਚਿਤੁ **ਲਾਇ**।" (ਲਗਾ)

— ਸਿਰੀ **੫**, ੭੬, ੧* : ੧ (44)

"ਜਿਸੁ **ਲਾਇ** ਲਏ ਸੋ ਨਿਰਮਲੁ ਹੋਈ।" (ਮਿਲਾ ਲਵੇ) — ਮਾਝ **੩**, ੧੫, ੮ : ੨ (118)

"ਆਪਣ ਹਥੀ ਆਪਣੈ ਦੇ ਕੂਚਾ ਆਪੇ **ਲਾਇ**।" (ਲਾਉਂਦਾ ਹੈ)
— ਮਾਝ **੧**, ਵਾਰ ੨੨ਸ, **੨**, ੧ : ੨ (148)
"ਮੇਰੇ ਮਨ ਗੁਰ ਚਰਣੀ ਚਿਤੁ **ਲਾਇ**।" (ਜੋੜ)
— ਗਉ **੩**, ੩੬, ੧* : ੧ (162)
"ਸੰਨਿਆਸੀ ਬਿਭੂਤ **ਲਾਇ** ਦੇਹ ਸਵਾਰੀ।" (ਮਲ ਕੇ) — ਗਉ **੪**, ੩੯, ੨ : ੧ (164)
"ਗੁਰਸਿਖ ਪ੍ਰੀਤਿ ਗੁਰੂ ਮੁਖਿ **ਲਾਇ**।" (ਮੂੰਹ ਲਾਏ ਭਾਵ ਪ੍ਰਸੰਨ ਹੋ ਕੇ ਦਰਸ਼ਨ ਦੇਵੇ)
— ਗਉ **੪**, ੪੨, ੩ : ੩ (164)

ਲਾਇਓ — ਲਾਇਆ ਹੈ, ਲਾਉਂਦਾ ਹੈ
"ਆਪੇ **ਲਾਇਓ** ਅਪਨਾ ਪਿਆਰੁ।"
— ਗਉ **੫**, ਅਸ ੯, ੭ : ੧ (240)
"ਖਿਨਹੂੰ ਕਿਰਪਾ ਸਾਧੂ ਸੰਗ ਨਾਨਕ ਹਰਿ ਰੰਗੁ **ਲਾਇਓ**।" — ਆਸਾ **੫**, ੧੫੬, ੨ : ੨ (409)
"ਕਬਹੂ ਹਰਿ ਸਿਉ ਚੀਤੁ ਨ **ਲਾਇਓ**।"
— ਗੂਜ **੫**, ੨੫, ੧* : ੧ (501)
"ਕਾਂਇ ਰੇ ਬਕਬਾਦੁ **ਲਾਇਓ**।" (ਲਾ ਰਖਿਆ ਹੈ) — ਟੋਡੀ **ਨਾਮ**, ੧, ੧* : ੧ (718)

ਲਾਇਓਨੁ — ਲਾਇਆ ਹੈ
"ਹਰਿ ਇਕਤੈ ਕਾਰੈ **ਲਾਇਓਨੁ** ਜਿਉ ਭਾਵੈ ਤਿੰਵੈ ਨਿਬਾਹਿ ਜੀਉ।"
— ਸਿਰੀ **੫**, ਅਸ ੨੯, ੩ : ੩ (73)

ਲਾਇਅਨੁ — 1. ਲਾਇਆ ਹੈ,
"ਜੋ ਇਤੁ ਲਾਹੈ **ਲਾਇਅਨੁ** ਭਗਤੀ ਦੇਇ ਭੰਡਾਰ।"
-- ਆਸਾ **੩**, ਅਸ ੩੪, ੩ : ੨ (428)
2. ਲਾਉਂਦਾ ਹੈ
"ਚੰਗੇ ਮੰਦੈ ਆਪਿ **ਲਾਇਅਨੁ** ਸੋ ਕਰਨਿ ਜਿ ਆਪਿ ਕਰਾਏ ਕਰਤਾਰੁ।"
— ਰਾਮ **੩**, ਵਾਰ ੮ਸ, **੩**, ੨ : ੧੦ (950)

ਲਾਇਆ — ਜੋੜਿਆ/ਸਬੰਧਤ ਕੀਤਾ ਹੈ
"ਜਿਨਾ ਸਤਿਗੁਰ ਸਿਉ ਚਿਤੁ **ਲਾਇਆ** ਸੇ ਪੂਰੇ ਪਰਧਾਨ।" — ਸਿਰੀ **੫**, ੮੦, ੧ : ੧ (45)
"ਜਰਾ ਮਰਾ ਤਾਪੁ ਸਿਰਤਿ ਸਾਪੁ ਸਭੁ ਹਰਿ ਕੈ ਵਸਿ ਹੈ ਕੋਈ ਲਾਗਿ ਨ ਸਕੈ ਬਿਨੁ ਹਰਿ ਕਾ **ਲਾਇਆ**।" (ਭਾਵ ਚੰਭੜਾਇਆ)
— ਗਉ **੪**, ੫੧, ੪ : ੨ (168)
"ਮੇਰਾ ਜੀਉ ਪਿੰਡੁ ਸਭੁ ਸਤਿਗੁਰ ਆਗੈ ਜਿਨਿ ਵਿਛੁੜਿਆ ਹਰਿ ਗਲਿ **ਲਾਇਆ**।" (ਭਾਵ ਮਿਲਾਇਆ) — ਗਉ **੪**, ੬੩, ੨ : ੨ (172)

ਲਾਇਐ — ਲਾਣ ਨਾਲ, ਮਲਣ ਨਾਲ
"ਚਿਕੜਿ **ਲਾਇਐ** ਕਿਆ ਥੀਐ ਜਾਂ ਤੁਟੈ ਪਥਰ ਬੰਧੁ।"
— ਮਲਾ **੧**, ਵਾਰ ੨੧ਸ, **੧**, ੩ : ੨ (1287)

ਲਾਇਸੀ — ਲਾਏਗਾ, ਸਬੰਧਿਤ ਕਰੇਗਾ, ਜੋੜੇਗਾ
"ਜਿਤੁ ਭਾਵੈ ਤਿਤੁ **ਲਾਇਸੀ** ਜਿਉ ਤਿਸ ਦੀ ਵਡਿਆਈ ਰਾਮ।"
— ਵਡ **੩**, ਛੰਤ ੪, ੪ : ੨ (570)

ਲਾਇਹਿ — ਲਾਏ, ਸਬੰਧਿਤ ਕਰੇ, ਜੋੜੇ
"ਜਿਤੁ ਜਿਤੁ **ਲਾਇਹਿ** ਆਪਿ ਤਿਤੁ ਤਿਤੁ ਲਗੀਐ।"
— ਗੂਜ **੫**, ਵਾਰ ੨ : ੮ (518)
"ਜਿਤੁ ਤੂ **ਲਾਇਹਿ** ਸਚਿਆ ਤਿਤੁ ਕੋ ਲਾਗੈ ਨਾਨਕ ਗੁਣ ਗਾਈ।" (ਲਾਏਂ, ਜੋੜੇਂ)
— ਮਲਾ **੧**, ਵਾਰ ੨੮ : ੮ (1291)

ਲਾਇਹੁ — ਲਾਇਆ, ਪੈਦਾ ਕੀਤਾ
"ਜਨਮੁ ਪਦਾਰਥੁ ਸਫਲੁ ਹੋਇ ਮਨ ਮਹਿ **ਲਾਇਹੁ** ਭਾਉ।"
— ਰਾਮ **੫**, ਵਾਰ ੧੨ਸ, **੫**, ੧ : ੪ (963)

ਲਾਇਕ — 1. ਯੋਗ
"ਤੁਖਤਿ ਬਹੈ ਤਖਤੈ ਕੀ **ਲਾਇਕ**।"
— ਮਾਰੂ **੧**, ਸੋਲਾ ੧੮, ੧੪ : ੧ (1039)
"ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ **ਲਾਇਕ**।" — ਮਾਰੂ **੫**, ਵਾਰ ੨੧ : ੬ (1102)
2. ਲਾਉਂਦਾ ਹੈ
"ਅਉਗੁਣ ਕੋ ਨ ਚਿਤਾਰਦਾ ਗਲ ਸੇਤੀ **ਲਾਇਕ**।"
— ਮਾਰੂ **੫**, ਵਾਰ ੨੧ : ੪ (1101)
3. ਸਮਰਥ
"ਮੈ ਨਾਲਹੁ ਕਦੇ ਨ ਵਿਛੁੜੈ ਹਰਿ ਪਿਤਾ ਸਭਨਾ ਗਲਾ **ਲਾਇਕ**।"
— ਮਾਰੂ **੫**, ਵਾਰ ੨੧ : ੮ (1102)

ਲਾਇਣ — 1. ਲਾਉਂਦੇ ਹਨ
"ਏਹਿ ਵੈਦ ਜੀਅ ਕਾ ਦੁਖੁ **ਲਾਇਣ**।"
— ਰਾਮ **੫**, ਵਾਰ ੧੧ਸ, **੫**, ੧ : ੨ (962)
2. ਲਾਏ ਜਾ ਸਕਦੇ ਭਾਵ ਬਰਾਬਰੀ ਕਰ ਸਕਦੇ

"ਜਾਪ ਤਾਪ ਕੋਟਿ ਲਖ ਪੂਜਾ ਹਰਿ ਸਿਮਰਣ ਤੁਲਿ ਨ **ਲਾਇਣ**।"
— ਨਟ **੫**, ੨, ੨ : ੧ (979)

ਲਾਇਣੁ — ਲਾਈਦੇ ਹਨ
"ਹਰਿ ਜਨ ਸੰਤ ਕਰਿ ਕਿਰਪਾ ਪਗਿ **ਲਾਇਣੁ**।"
— ਭੈਰ **੪**, ੧, ੧ : ੧ (1134)

ਲਾਇਤਬਾਰ — (ਫ਼ਾ. ਲਾ-ਇਅ੍ਤਿਬਾਰ) ਬਿਨਾ+ਭਰੋਸੇ ਵਾਲਾ, ਇਤਬਾਰ ਗੁਆਉਣ ਵਾਲਾ, ਬੇਇਤਬਾਰੀ
"ਨਿੰਦਕ **ਲਾਇਤਬਾਰ** ਮਿਲੇ ਹੜ੍ਵਾਣੀਐ।" (ਭਾਵ ਚੁਗਲ) — ਮਲਾ **੧**, ਵਾਰ ੨੧ : ੨ (1288)
"ਨਕੀ ਵਢੀ **ਲਾਇਤਬਾਰ**।"
— ਮਲਾ **੧**, ਵਾਰ ੨੨ਸ, **੧**, ੨ : ੧੦ (1288)

ਲਾਇਤਬਾਰੀ — ਇਤਬਾਰ ਦਾ ਅਭਾਵ, ਉਹ ਗਲ ਜਿਸ ਨਾਲ ਵਿਸ਼ਵਾਸ ਜਾਂਦਾ ਰਹੇ ਭਾਵ ਚੁਗਲੀ
"ਨਿੰਦਾ ਚਿੰਦਾ ਕਰਹਿ ਪਰਾਈ ਝੂਠੀ **ਲਾਇਤਬਾਰੀ**।"
— ਗਉ **੧**, ੧੩, ੨ : ੨ (155)

ਲਾਇਤਬਾਰੁ — ਚੁਗਲੀ
"ਲਾੜੀ ਚਾੜੀ **ਲਾਇਤਬਾਰੁ**।"
— ਰਾਮ **੧**, ਓਅੰ ੧੩ : ੩ (931)

ਲਾਇਦਾ — ਲਾਉਂਦਾ ਹੈ
"ਦੂਜੈ ਭਾਇ ਦੁਖੁ **ਲਾਇਦਾ** ਬਹੁਤੀ ਦੇਇ ਸਜਾਇ।"
— ਸਿਰੀ **੩**, ੫੧, ੪ : ੨ (33)
"ਹੋਮ ਜਗ ਨਹੀ ਤੀਰਥਿ ਨਾਵਣੁ ਨਾ ਕੋ ਪੂਜਾ **ਲਾਇਦਾ**।" (ਭਾਵ ਕਰਦਾ ਹੈ)
— ਮਾਰੂ **੧**, ਸੋਲਾ ੧੫, ੧੦ : ੩ (1036)
"ਸਾਇਰ ਸਪਤ ਭਰੇ ਜਲਿ ਨਿਰਮਲਿ ਗੁਰਮੁਖਿ ਮੈਲੁ ਨ **ਲਾਇਦਾ**।" (ਭਾਵ ਨਹੀਂ ਲਗਦੀ)
— ਮਾਰੂ **੧**, ਸੋਲਾ ੧੬, ੨ : ੩ (1036)
"ਆਪੇ ਮੇਲੇ ਦੇ ਵਡਿਆਈ ਸਚੇ ਸਿਉ ਚਿਤੁ **ਲਾਇਦਾ**।" (ਜੋੜਦਾ)
— ਮਾਰੂ **੩**, ਸੋਲਾ ੧੬, ੯ : ੩ (1060)

ਲਾਇਦੇ — ਲਾਉਂਦੇ ਹਨ, ਜੋੜਦੇ ਹਨ
"ਜੋ ਮੋਹਿ ਮਾਇਆ ਚਿਤੁ **ਲਾਇਦੇ** ਸੋ ਛੋਡਿ ਚਲੇ ਦੁਖੁ ਰੋਇ।" — ਸਿਰੀ **੪**, ਵਣ ੧, ੧ : ੪ (81)

ਲਾਇਨਿ — ਲਾਉਂਦੇ ਹਨ, ਜੋੜਦੇ ਹਨ
"ਜੀਅ ਦਾਨੁ ਦੇ ਭਗਤੀ **ਲਾਇਨਿ** ਹਰਿ ਸਿਉ ਲੈਨਿ ਮਿਲਾਏ।" — ਸੂਹੀ **੫**, ੫੪, ੨ : ੨ (749)

ਲਾਇਨੀ — ਲਾਉਂਦੇ, ਜੋੜਦੇ
"ਹਰਿ ਸਿਉ ਚਿਤੁ ਨ **ਲਾਇਨੀ** ਵਾਦੀ ਧਰਨਿ ਪਿਆਰੁ।"
— ਮਾਰੂ **੩**, ਵਾਰ ੧੬ਸ, **੩**, ੧ : ੩ (1091)

ਲਾਇਨਿ੍ — ਲਾਉਂਦੇ, ਜੋੜਦੇ
"ਤਿਸੁ ਸਿਉ **ਲਾਇਨਿ੍** ਰੰਗੁ ਜਿਸ ਦੀ ਸਭ ਧਾਰੀਆ।" — ਗੂਜ **੫**, ਵਾਰ ੯ : ੫ (520)

ਲਾਈ — 1. ਲਾਵਾਂ
"ਸਿਧੁ ਹੋਵਾ ਸਿਧਿ **ਲਾਈ** ਰਿਧਿ ਆਖਾ ਆਉ।" (ਭਾਵ ਪ੍ਰਦਰਸ਼ਨ ਕਰਾਂ)
— ਸਿਰੀ **੧**, ੧, ੩ : ੧ (14)
"ਪ੍ਰਭੁ ਹੋਇ ਕ੍ਰਿਪਾਲੁ ਤ ਇਹੁ ਮਨੁ **ਲਾਈ**।"
— ਆਸਾ **੫**, ੧੨, ੧ : ੧ (375)

2. ਲਾਇਆ ਹੋਇਆ ਹੈ
"ਸਭ ਆਪੇ ਤੁਧੁ ਉਪਾਇ ਕੈ ਆਪਿ ਕਾਰੈ **ਲਾਈ**।" — ਸਿਰੀ **੪**, ਵਾਰ ੨ : ੧ (83)

3. ਜੋੜੀ ਭਾਵ ਬੰਨੀ
"ਸੁਰਿ ਨਰ ਗਣ ਗੰਧ੍ਰਬ ਜਿਨਿ ਮੋਹੇ ਤ੍ਰਿਭਵਣ ਮੇਖੁਲੀ **ਲਾਈ**।"
— ਸਿਰੀ **ਕਬ**, ੩, ੧ : ੨ (92)

4. ਲਗਾਈ
"ਸਹਜ ਗੁਫਾ ਮਹਿ ਤਾੜੀ **ਲਾਈ** ਆਸਣੁ ਊਚ ਸਵਾਰਿਆ ਜੀਉ।"
— ਮਾਝ **੫**, ੧੦, ੧ : ੩ (97)
"ਆਦਿ ਅੰਤਿ ਮਧਿ ਪ੍ਰਭ ਸੋਈ ਦੂਜਾ ਲਵੈ ਨ **ਲਾਈ** ਜੀਉ।" (ਲਾਉਂਦਾ)
— ਮਾਝ **੫**, ੪੫, ੩ : ੩ (107)
"ਜਿਨਿ ਪ੍ਰੀਤਿ **ਲਾਈ** ਸੋ ਜਾਣਤਾ ਹਮਰੈ ਮਨਿ ਚਿਤਿ ਹਰਿ ਬਹੁਤੁ ਪਿਆਰਾ।" (ਜੋੜੀ)
— ਗਉ **੪**, ੪੯, ੧ : ੨ (167)
"ਹਰਿ ਠਗ ਜਗ ਕਉ ਠਗਉਰੀ **ਲਾਈ**।" (ਭਾਵ ਸੁੰਘਾਈ ਹੈ)
— ਗਉ **ਕਬ**, ਅਸ ੩੯, ੧* : ੧ (331)

"ਧੰਨੁ ਧੰਨੁ ਸਾਬਾਸਿ ਕਹੈ ਪ੍ਰਭੁ ਜਨ ਕਉ ਜਨ ਨਾਨਕ ਮੇਲਿ ਲਏ ਗਲਿ **ਲਾਈ**।" (ਲਾ ਕੇ)
— ਗੂਜ **੪**, ੪, ੪ : ੨ (493)

"ਆਪੇ ਜਾਣੈ ਕਰੇ ਆਪਿ ਜਿਨਿ ਵਾੜੀ ਹੈ **ਲਾਈ**।" (ਭਾਵ ਬੀਜੀ)
— ਤਿਲੰ **੧**, ਅਸ ੧, ੧ : ੨ (724)

"ਮਹਾ ਮੋਹਨੀ ਦੂਤਾ **ਲਾਈ**।" (ਮਗਰ ਲਾ ਦਿੱਤੀ)
— ਸੂਹੀ **੫**, ੪੦, ੧ : ੨ (745)

"ਤਾਗਾ ਕਰਿ ਕੈ **ਲਾਈ** ਥਿਗਲੀ।" (ਸੀਤੀ, ਜੋੜੀ) — ਰਾਮ **੫**, ੧੩, **੧** : ੧ (886)

"ਆਪੇ ਵੀਚਾਰੀ ਗੁਣਕਾਰੀ ਆਪੇ ਮਾਰਗਿ **ਲਾਈ** ਹੇ।" (ਭਾਵ 'ਪਾਇਆ')
— ਮਾਰੂ **੧**, ਸੋਲਾ ੧, ੨ : ੩ (1020)

ਲਾਈਂ — ਲਿਆਵਾਂ, ਰਖਾਂ

"ਤੁਮ੍ਹਰੈ ਲਵੈ ਨ ਕੋਊ **ਲਾਈਂ**।"
— ਆਸਾ **੫**, ੬੦, ੩ : ੨ (386)

ਲਾਈਅਨਿ — ਲਾਈਦਾ ਹੈ

"ਜਿਤੁ **ਲਾਈਅਨਿ** ਤਿਤੈ ਲਗਦੀਆ ਨਹ ਖਿੰਜੋਤਾੜਾ।"
— ਮਾਰੂ **੫**, ਵਾਰ ੧੦ : ੬ (1098)

ਲਾਈਅਨੁ — ਲਾਉਂਦਾ ਹੈ

"ਆਪੇ ਤਾੜੀ **ਲਾਈਅਨੁ** ਸਭ ਮਹਿ ਪਰਵੇਸਾ।"
— ਰਾਮ **੩**, ਵਾਰ ੧੬ : ੨ (955)

ਲਾਈਆ — 1. ਲਾਇਆ ਹੈ

"ਹਉ ਰਹਿ ਨ ਸਕਉ ਬਿਨੁ ਦੇਖੇ ਮੇਰੇ ਪ੍ਰੀਤਮ ਮੈ ਅੰਤਰਿ ਬਿਰਹੁ ਹਰਿ **ਲਾਈਆ** ਜੀਉ।"
— ਗਉ **੪**, ੬੨, ੩ : ੨ (174)

2. ਲਾਈਆਂ ਹਨ

"ਹਰਿ ਦਰਗਹ ਪੈਨਾਈਆ ਹਰਿ ਆਪਿ ਗਲਿ **ਲਾਈਆ**।"
— ਤਿਲੰ **੪**, ਅਸ ੨, ੧੧ : ੨ (726)

"ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ **ਲਾਈਆ**।" (ਭਾਵ ਪਾਈਆਂ)
— ਤਿਲੰ **੪**, ਅਸ ੨, ੧੩ : ੧ (726)

3. ਜੋੜੀ ਹੈ

"ਹਿਰਦੈ ਕਵਲੁ ਪ੍ਰਗਾਸੁ ਉਨਮਨਿ ਲਿਵ **ਲਾਈਆ**।"
— ਸਾਰ **੪**, ਵਾਰ ੩੪ : ੩ (1250)

ਲਾਈਆਂ — ਨਿਸਚਿਤ ਕੀਤੀਆਂ

"ਸੇਵਾ ਮੰਗੈ ਸੇਵਕੋ **ਲਾਈਆਂ** ਅਪੁਨੀ ਸੇਵ।"
— ਸਿਰੀ **੩**, ੨੫, ੩ : ੧ (43)

ਲਾਈਐ — 1. ਲਾ ਦਈਏ

"ਮਨੁ ਸਚ ਕਸਵਟੀ **ਲਾਈਐ** ਤੁਲੀਐ ਪੂਰੈ ਤੋਲਿ।"
— ਸਿਰੀ **੧**, ੨੧, ੧ : ੨ (22)

"ਜੇ ਦੇਹੈ ਦੁਖੁ **ਲਾਈਐ** ਪਾਪ ਗਰਹ ਦੁਇ ਰਾਹੁ।" (ਭਾਵ ਦੇਈਏ)
— ਮਾਝ **੧**, ਵਾਰ ੯ਸ, **੧**, ੩ : ੧ (142)

2. ਜੋੜਦਾ ਹੈ, ਸਬੰਧਿਤ ਕਰਦਾ ਹੈ, ਲਾਉਂਦਾ ਹੈ

"ਸਭੁ ਆਪੇ ਆਪਿ ਵਰਤਦਾ ਆਪੇ ਨਾਇ **ਲਾਈਐ**।"
— ਗਉ **੩**, ੩੨, ੨ : ੪ (163)

"ਬਗੁਲਾ ਕਾਗ ਨੀਚ ਕੀ ਸੰਗਤਿ ਜਾਇ ਕਰੰਗ ਬਿਖੁ ਮੁਖਿ **ਲਾਈਐ**।"
— ਰਾਮ **੪**, ੪, ੪ : ੧ (881)

3. ਮਲੀਏ, ਛੁਹਾਈਏ

"ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ **ਲਾਈਐ**।"
— ਆਸਾ **੧**, ਵਾਰ ੧੦ : ੧ (468)

"ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ **ਲਾਈਐ**।" — ਤਿਲੰ **੧**, ੪, ੩ : ੪ (722)

4. ਜੋੜੀਏ, ਪਾਈਏ

"ਤਿਸੁ ਸਿਉ ਨ **ਲਾਈਐ** ਹੀਤੁ ਜਾ ਕੋ ਕਿਛੁ ਨਾਹੀ ਬੀਤੁ ਅੰਤ ਕੀ ਬਾਰ ਓਹੁ ਸੰਗਿ ਨ ਚਾਲੈ।" — ਧਨਾ **੫**, ੨੯, ੨ : ੧ (678)

5. ਲਾਉਣ ਵਿਚ

"ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ **ਲਾਈਐ**।" — ਸੂਹੀ **੧**, ੮, ੨ : ੧ (730)

6. ਕਰੀਏ

"ਜੇ ਵਡਭਾਗ ਹੋਵਹਿ ਵਡ ਮੇਰੇ ਜਨ ਮਿਲਦਿਆ ਢਿਲ ਨ **ਲਾਈਐ**।"
— ਰਾਮ **੪**, ੪, ੧ : ੧ (881)

ਲਾਈਕੀ — ਯੋਗਤਾ, ਲਿਆਕਤ

"ਬਹੁ ਗੁਨਿ ਧੁਨਿ ਮੁਨਿ ਜਨ ਖਟੁ ਬੇਤੇ ਅਵਰੁ ਨ ਕਿਛੁ **ਲਾਈਕੀ** ਰੇ।"

— ਆਸਾ **੫**, ੧੩੩, ੧ : ੨ (404)

ਲਾਏ — 1. ਲਾਉਂਦਾ ਹੈ

"ਇਕੁ ਸੰਸਾਰੀ ਇਕੁ ਭੰਡਾਰੀ ਇਕੁ **ਲਾਏ** ਦੀਬਾਣੁ।"

— ਜਪੁ **੧**, ੩੦ : ੨ (7)

"ਏਹੁ ਸਹਸਾ ਮੂਲੇ ਨਾਹੀ ਭਾਉ **ਲਾਏ** ਜਨੁ ਕੋਇ।" (ਲਾ ਕੇ) — ਸਿਰੀ **੩**, ੪੪, ੪ : ੨ (30)

"ਜੋ ਪਿਰਿ ਮੇਲਿ ਲਈ ਅੰਗਿ **ਲਾਏ**।" (ਲਾ ਕੇ)

— ਮਾਝ **੫**, ੧੧, ੪ : ੨ (97)

2. ਜੋੜਦਾ ਹੈ, ਜੋੜਦਾ

"ਸਦ ਬਲਿਹਾਰੀ ਗੁਰ ਅਪੁਨੇ ਵਿਟਹੁ ਜਿ ਹਰਿ ਸੇਤੀ ਚਿਤੁ **ਲਾਏ**।"

— ਸਿਰੀ **੩**, ਅਸ ੨੨, ੨ : ੩ (68)

"ਮਾਇਆ ਮਹਿ ਫਿਰਿ ਚਿਤੁ ਨ **ਲਾਏ**।" (ਜੋੜਦਾ)

— ਮਾਝ **੩**, ਅਸ ੧੯, ੫ : ੧ (120)

3. ਭਾਵ ਪੁਜਦੇ

"ਅਨਿਕ ਅਨਿਕ ਭਾਤਿ ਬਹੁ ਪੇਖੇ ਪ੍ਰਿਅ ਰੋਮ ਨ ਸਮਸਰਿ **ਲਾਏ**।"

— ਦੇਵ **੫**, ੨੨, ੧ : ੨ (533)

4. ਭਾਵ ਪਾਉਂਦਾ ਹੈ

"ਆਪੇ ਕਰਿ ਵੇਖੈ ਮਾਰਗਿ **ਲਾਏ** ਭਾਈ ਤਿਸੁ ਬਿਨੁ ਅਵਰੁ ਨ ਕੋਈ।"

— ਸੋਰ **੩**, ੪, ੪ : ੧ (601)

ਲਾਏਇ — ਲਾਵੇ

"ਭੈ ਕਾ ਸੰਜਮੁ ਜੇ ਕਰੇ ਦਾਰੂ ਭਾਉ **ਲਾਏਇ**।"

— ਰਾਮ **੩**, ਵਾਰ ੪ਸ, **੩**, ੩ : ੨ (948)

ਲਾਏਹੁ — ਲਾਇਆ ਜੇ, ਲਾਇਓ, ਲਾਵਣਾ

"ਹਰਿ ਕਾ ਨਾਮੁ ਅੰਮ੍ਰਿਤੁ ਹੈ ਦਾਰੂ ਏਹੁ **ਲਾਏਹੁ**।"

— ਬਿਹਾ **੪**, ਵਾਰ ੧੫ਸ, **੩**, ੨ : ੪ (554)

ਲਾਹਓ — ਲਾਹਾ ਲਿਆ, ਖਟਿਆ

"ਸਾਜਨ ਰਹੰਸੇ ਦੁਸਟ ਵਿਆਪੇ ਸਾਚੁ ਜਪਿ ਸਚੁ **ਲਾਹਓ**।" — ਗਉ **੧**, ਛੰਤ ੧, ੪ : ੪ (242)

ਲਾਹਸਿ — ਲਾਹ ਦਿੱਤਾ, ਦੂਰ ਕਰ ਦਿੱਤਾ

"ਅਗਨਿ ਸੀਤ ਕਾ **ਲਾਹਸਿ** ਦੂਖ।"

— ਗਉ **੫**, ੨੯, ੨ : ੩ (179)

ਲਾਹਣਿ — ਮੱਟੀ, ਬਰਤਨ ਜਿਸ ਵਿਚ ਸ਼ਰਾਬ ਕੱਢੀ ਜਾਵੇ

"ਕਰਣੀ **ਲਾਹਣਿ** ਸਤੁ ਗੁੜੁ ਸਚੁ ਸਰਾ ਕਰਿ ਸਾਰੁ।"

— ਬਿਹਾ **੪**, ਵਾਰ ੧੨ਸ, **ਮਰ**, ੧ : ੪ (553)

ਲਾਹਨਿ — ਸ਼ਰਾਬ ਬਣਾਨ ਦੀ ਸਾਮਗ੍ਰੀ, ਕਸ ਗੁੜ ਆਦਿ ਦਾ ਸਾੜ

"ਕਾਇਆ ਕਲਾਲਨਿ **ਲਾਹਨਿ** ਮੇਲਿਉ ਗੁਰ ਕਾ ਸਬਦੁ ਗੁੜ ਕੀਨੁ ਰੇ।"

— ਰਾਮ **ਕਬ**, ੧, ੧ : ੧ (968)

ਲਾਹੰਨਿ — ਪ੍ਰਾਪਤ ਹੋਣਾ, ਮਿਲਣਾ

"ਜਮ ਪੁਰਿ ਬਧੇ ਮਾਰੀਅਹਿ ਵੇਲਾ ਨ **ਲਾਹੰਨਿ**।"

— ਸੂਹੀ **੩**, ਅਸ ੩, ੨ : ੨ (755)

ਲਾਹਰਾ — ਲਗਦਾ

"ਤੂ ਸਭਿ ਘਟ ਭੋਗਹਿ ਆਪਿ ਤੁਧੁ ਲੇਪੁ ਨ **ਲਾਹਰਾ**।" — ਮਾਰੂ **੫**, ਵਾਰ ੫ : ੩ (1096) ('ਮਹਾਨ ਕੋਸ਼' ਅਰਥ 'ਲਗ ਮਾਤਰ' ਕਰਦਾ ਹੈ)

ਲਾਹਾ — 1. ਲਾਭ, ਨਫਾ

"ਈਹਾ ਖਾਟਿ ਚਲਹੁ ਹਰਿ **ਲਾਹਾ** ਆਗੈ ਬਸਨੁ ਸੁਹੇਲਾ।" — ਗਉ **੫**, ਸੋਹ ੫, ੧ : ੨ (13)

2. ਲਾਈ ਹੋਈ ਹੈ ਭਾਵ ਟਿਕਿਆ ਹੋਇਆ ਹੈ

"ਆਪੇ ਨਿਰਭਉ ਤਾੜੀ **ਲਾਹਾ**।"

— ਜੈਤ **੪**, ੧੦, ੧ : ੨ (699)

ਲਾਹਾਂ — ਉਤਾਰਾ, ਲਾਹਵਾਂ

"ਜਨਮ ਜਨਮ ਕੇ ਕਿਲਵਿਖ **ਲਾਹਾਂ**।"

— ਸੂਹੀ **੫**, ੨੯, ੨ : ੨ (742)

ਲਾਹਿ — 1. ਲਾਹ, ਪਰਾਂ ਕਰ, ਛੱਡ, ਖਤਮ ਕਰ

"ਆਸਾ ਸਭੇ **ਲਾਹਿ** ਕੈ ਇਕਾ ਆਸ ਕਮਾਉ।"

— ਸਿਰੀ **੫**, ੭੫, ੧ : ੩ (43)

"ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ **ਲਾਹਿ** ਹਮਾਰੀ।" (ਦੂਰ ਕਰੋ) — ਟੋਡੀ **੫**, ੯, ੧* : ੨ (713)

2. ਉਤਾਰ ਕੇ

"**ਲਾਹਿ** ਪਰਦਾ ਠਾਕੁਰੁ ਜਉ ਭੇਟਿਓ ਤਉ ਬਿਸਰੀ ਤਾਤਿ ਪਰਾਈ।"

— ਗਉ **੫**, ੧੬੧*, ੩ : ੨ (215)

3. ਲਾਉਂਦੇ ਹਨ, ਜੋੜਦੇ ਹਨ

"ਓਇ ਸਦਾ ਸਦਾ ਜਨ ਜੀਵਤੇ ਜੋ ਹਰਿ ਚਰਣੀ ਚਿਤੁ **ਲਾਹਿ**।"

— ਗੂਜ **੩**, ਵਾਰ ੧ਸ, **੩**, ੧ : ੩ (508)

4. ਲਾਹਾ, ਨਫਾ
"ਧਰਤੀ ਭਾਰਿ ਨ ਬਿਆਪਈ ਉਨ ਕਉ ਲਾਹੂ **ਲਾਹਿ**।" (ਲਾਹਾ ਹੀ ਲਾਹਾ ਹੈ)
— ਰਾਮ **੫**, ਵਾਰ ੨੦ਸ, **੫**, ੧ : ੨ (965)
"ਜਪ ਤਪ ਸੰਜਮ ਕਰਮ ਸੁਖ ਸਾਧਨ ਤੁਲਿ ਨ ਕਛੂਐ **ਲਾਹਿ**।" (ਲਾਭ ਵਿਚ ਭਾਵ ਨਾਮ ਜਪਨ ਦੇ ਮੁਕਾਬਲੇ)
— ਸਾਰ **੫**, ੯੫, ੨ : ੧ (1222)

ਲਾਹਿਓ — ਦੂਰ ਕੀਤਾ, ਹਟਾਇਆ
"ਉਤਿ ਪੋਤਿ ਮਿਲਿਓ ਭਗਤਨ ਕਉ ਜਨ ਸਿਉ ਪਰਦਾ **ਲਾਹਿਓ**।"
— ਕਾਨ **੫**, ੬, ੩ : ੧ (1299)

ਲਾਹਿਓਨੁ — ਦੂਰ ਕਰ ਦਿੱਤਾ
"ਤਿਨ ਕਾ ਕਾੜਾ ਅੰਦੇਸਾ ਸਭੁ **ਲਾਇਓਨੁ** ਜਿਨੀ ਸਤਿਗੁਰੁ ਪੁਰਖੁ ਧਿਆਇਆ।"
— ਗਉ **੪**, ਵਾਰ ੯ਸ, **੪**, ੧ : ੨ (304)

ਲਾਹਿਆ — 1. ਦੂਰ ਕੀਤਾ
"ਆਪਣਿਆ ਸੰਤਾ ਨੋ ਆਪਿ ਸਹਾਈ ਪ੍ਰਭਿ ਭਰਮ ਭੁਲਾਵਾ **ਲਾਹਿਆ** ਜੀਉ।"
— ਮਾਝ **੫**, ੪੩, ੩ : ੩ (107)
2. ਉਤਾਰਿਆ
"ਤਾਪੁ **ਲਾਹਿਆ** ਗੁਰ ਸਿਰਜਨਹਾਰਿ।"
— ਬਿਲਾ **੫**, ੯੬, ੧* : ੧ (821)

ਲਾਹਿਲੇ — ਮੁਕਾ ਦਿੱਤਾ, ਖਤਮ ਕਰ ਦਿੱਤਾ, ਨਿਬੇੜ ਦਿੱਤਾ
"ਨਾਮੇ ਕੇ ਸੁਆਮੀ **ਲਾਹਿਲੇ** ਝਗਰਾ।"
— ਆਸਾ **ਨਾਮ**, ੪, ੩ : ੧ (486)

ਲਾਹੀ — 1. ਲਾਉਂਦੇ ਹਨ, ਜੋੜਦੇ ਹਨ
"ਹਰਿ ਤਿਨ ਕਾ ਦਰਸਨ ਨਾ ਕਰਹੁ ਜੋ ਦੂਜੈ ਭਾਇ ਚਿਤੁ **ਲਾਹੀ**।"
— ਗਉ **੪**, ਵਾਰ ੧੫ਸ, **੪**, ੨ : ੧੦ (309)
2. ਮੁਕਾ ਦਿੱਤੀ, ਛੱਡ ਦਿੱਤੀ
"ਨਾਨਕ ਟੇਕ ਭਈ ਕਰਤੇ ਕੀ ਹੋਰ ਆਸ ਬਿਡਾਣੀ **ਲਾਹੀ**।" — ਗੂਜ **੫**, ੧੯, ੨ : ੨ (500)
3. ਦੂਰ ਕੀਤੀ, ਉਤਾਰੀ
"ਕੁਲ ਸਮੂਹ ਉਧਰੇ ਖਿਨ ਭੀਤਰ ਜਨਮ ਜਨਮ ਕੀ ਮਲੁ **ਲਾਹੀ**।"
— ਬਿਲਾ **੫**, ੧੦੦, ੧ : ੧ (824)

ਲਾਹੀਅਨੁ — ਦੂਰ ਕੀਤੀ, ਤ੍ਰਿਪਤ ਕੀਤੀ
"ਸਭੇ ਕਾਜ ਸਵਾਰਿਅਨੁ **ਲਾਹੀਅਨੁ** ਮਨ ਕੀ ਭੁਖ ਜੀਉ।" — ਸਿਰੀ **੫**, ਅਸ ੨੯, ੭ : ੩ (73)

ਲਾਹੁ — 1. ਲਾਹਾ, ਲਾਭ
"ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ **ਲਾਹੁ**।"
— ਮਾਝ **੫**, ਬਾਰਾ ੧੧ : ੩ (135)
2. ਲਾਉਂਦਾ ਹੈ
"ਆਪੇ ਆਪਿ ਉਪਾਇਦਾ ਪਿਆਰਾ ਸਿਰਿ ਆਪੇ ਧੰਧੜੈ **ਲਾਹੁ**।"
— ਸੋਰ **੪**, ੧, ੩ : ੧ (604)

ਲਾਹੂ — ਲਾਹਾ, ਲਾਭ
"ਧਰਤੀ ਭਾਰਿ ਨ ਬਿਆਪਈ ਉਨ ਕਉ **ਲਾਹੂ** ਲਾਹਿ।"
— ਰਾਮ **੫**, ਵਾਰ ੨੦ ਸ, **੫**, ੧ : ੨ (965)

ਲਾਹੇ — 1. ਉਤਾਰਦਾ ਹੈ
"ਗਰਧਪ ਵਾਂਗੂ **ਲਾਹੇ** ਪੇਟਿ।" (ਪੇਟ ਵਿਚ ਉਤਾਰਦਾ ਹੈ ਭਾਵ ਪੇਟ ਭਰਦਾ ਹੈ।)
— ਗਉ **੫**, ੧੦੨*, ੧ : ੨ (201)
2. ਲਾਭ, ਨਫਾ
"ਜੋਤੀ ਜੋਤਿ ਸਮਾਣੀ ਭੀਤਰਿ ਤਾ ਛੋਡੇ ਮਾਇਆ ਕੇ **ਲਾਹੇ**।" — ਆਸਾ **੧**, ੮, ੨ : ੨ (351)

ਲਾਹੈ — 1. ਲਾਭ ਵਿਚ
"ਜੋ ਇਤੁ **ਲਾਹੈ** ਲਾਇਅਨੁ ਭਗਤੀ ਦੇਇ ਭੰਡਾਰ।"
— ਆਸਾ **੩**, ੩੪, ੩ : ੨ (428)
2. ਦੂਰ ਕਰ ਦੇਵੇ
"ਕੋਈ ਐਸੋ ਰੇ ਭੇਟੈ ਸੰਤੁ ਮੇਰੀ **ਲਾਹੈ** ਸਗਲ ਚਿੰਤ ਠਾਕੁਰ ਸਿਉ ਮੇਰਾ ਰੰਗੁ ਲਾਵੈ।"
— ਧਨਾ **੫**, ਅਸ ੧, ੨ : ੨ (687)
3. ਲਭਦਾ ਹੈ, ਇਛੁਕ ਹੈ
"ਅਨ ਰਸ ਨਹੀ ਚਾਹੈ ਏਕੈ ਹਰਿ **ਲਾਹੈ**।"
— ਬਿਲਾ **੫**, ੧੨੯, ੧ : ੨ (830)

ਲਾਹੌਰ — ਪਛਮੀ ਪੰਜਾਬ ਦਾ ਇਕ ਸੁਪ੍ਰਸਿਧ ਨਗਰ
"**ਲਾਹੌਰ** ਸਹਰੁ ਅੰਮ੍ਰਿਤਸਰੁ ਸਿਫਤੀ ਦਾ ਘਰੁ।"
— ਸਲੋ **੧**, ੨੮ : ੧ (1412)

ਲਾਕਰੀ — 1. ਲਕੜੀ, ਬਾਲਨ
"ਕਬੀਰ ਹਾਡ ਜਰੇ ਜਿਉ **ਲਾਕਰੀ** ਕੇਸ ਜਰੇ ਜਿਉ

ਘਾਸੁ।" — ਸਲੋ **ਕਬ**, ੩੬ : ੧ (1366)
2. ਲਕੜੀ ਭਾਵ ਸੋਟੀ (ਸਹਾਰਾ)
"ਸੋ ਹਰਿ ਅੰਧੁਲੇ ਕੀ **ਲਾਕਰੀ**।"
— ਗੋਂਡ **ਨਾਮ**, ਪ, ੧ : ੪ (874)

ਲਾਖ — 1. ਲਖਾਂ, ਬੇਅੰਤ, ਬਹੁਤ
"**ਲਾਖ** ਕੋਟ ਖੁਸੀਆ ਰੰਗ ਰਾਵੈ ਜੋ ਗੁਰ ਲਾਗਾ ਪਾਈ ਜੀਉ।"
— ਮਾਝ **੫**, ੨੩, ੧ : ੩ (101)
"**ਲਾਖ** ਕਰੋਰੀ ਬੰਧੁ ਨ ਪਰੈ।"
— ਗਉ **੫**, ਸੁਖ ੨, ੨ : ੨ (264)
2. ਲਖ, ਗਿਣਤੀ ਦੀ ਇਕ ਇਕਾਈ
"ਕਿਨਹੂ **ਲਾਖ** ਪਾਂਚ ਕੀ ਜੋਰੀ।"
— ਗਉ **ਕਬ**, ੬੦, ੩ : ੧ (337)
"**ਲਾਖ** ਜਿਹਵਾ ਦੇਹੁ ਮੇਰੇ ਪਿਆਰੇ ਮੁਖੁ ਹਰਿ ਆਰਾਧੇ ਮੇਰਾ ਰਾਮ।"
— ਸੂਹੀ **੫**, ਛੰਤ ੬, ੧ : ੨ (780)
3. ਦ੍ਰਿਸ਼ਟਮਾਨ, ਪ੍ਰਤਖ
"ਭੈ ਨਿਰਭਉ ਮਾਨਿਅਉ **ਲਾਖ** ਮਹਿ ਅਲਖੁ ਲਖਾਯਉ।"
— ਸਵ **੫**, ਕਲ ੮ : ੧ (1408)

ਲਾਖਾ — 1. ਲਖਾਂ ਦਾ
"ਰਤਨ ਗਾਹਕੁ ਗੁਰੁ ਸਾਧੂ ਦੇਖਿਓ ਤਬ ਰਤਨੁ ਬਿਕਾਨੋ **ਲਾਖਾ**।"
— ਜੈਤ **੪**, ੨, ੧ : ੨ (696)
2. ਲਖਿਆ, ਜਾਣਿਆ
"ਮਨਮੁਖ ਕੋਠੀ ਅਗਿਆਨੁ ਅੰਧੇਰਾ ਤਿਨ ਘਰਿ ਰਤਨੁ ਨ **ਲਾਖਾ**।"
— ਜੈਤ **੪**, ੨, ੨ : ੧ (696)

ਲਾਖਿਆ — ਲਖਿਆ, ਸਮਝਿਆ, ਬੁਝਿਆ, ਜਾਣਿਆ
"ਸਭ ਅੰਦਰਿ ਇਕੁ ਵਰਤੈ ਕਿਨੈ ਵਿਰਲੈ **ਲਾਖਿਆ**।" — ਵਡ **੪**, ਵਾਰ ੨੦ : ੪ (594)

ਲਾਖੀ — ਸਮਝੀ, ਜਾਣੀ
"ਤੂ ਬੇਅੰਤੁ ਪਾਰਬ੍ਰਹਮ ਸੁਆਮੀ ਗਤਿ ਤੇਰੀ ਜਾਇ ਨ **ਲਾਖੀ**।"
— ਸਾਰ **੫**, ੧੨੧, ੧ : ੧ (1227)

ਲਾਖੀਐ — ਸਮਝੀਐ, ਜਾਣੀਐ
"ਨਾਨਕ ਹਰਿ ਗੁਣ ਗਾਇ ਅਲਖੁ ਪ੍ਰਭੁ **ਲਾਖੀਐ**।"
— ਸਿਰੀ **੪**, ਵਾਰ ੨੦ : ੫ (91)

ਲਾਖੀਣਾ — ਲਖਪਤੀ
"ਆਢ ਦਾਮ ਕੋ ਛੀਪਰੋ ਹੋਇਓ **ਲਾਖੀਣਾ**।"
— ਆਸਾ **ਧਨਾ**, ੨, ੧* : ੨ (487)

ਲਾਖੁ — 1. ਲਖ
"ਭਾਗਹੀਣ ਮਨਮੁਖਿ ਨਹੀ ਲੀਆ ਤ੍ਰਿਣ ਓਲੈ **ਲਾਖੁ** ਛਪਾਇਆ।" — ਰਾਮ **੪**, ੧, ੩ : ੨ (880)
"ਮਨਮੁਖ ਤ੍ਰਿਸਨਾ ਭਰਿ ਰਹੇ ਮਨਿ ਆਸਾ ਦਹ ਦਿਸ ਬਹੁ **ਲਾਖੁ**।" (ਲਖਾਂ ਹੀ, ਬੇਅੰਤ)
— ਮਾਰੂ **੪**, ੬, ੩ : ੧ (997)
(ਮਹਾਨ ਕੋਸ਼ ਅਰਥ 'ਮੰਤਵ, ਇਰਾਦਾ, ਲਕਸ਼' ਕਰਦਾ ਹੈ)
"ਇਕਹੁ ਜਿ **ਲਾਖੁ** ਲਖਹੁ ਅਲਖੁ ਹੈ ਇਕੁ ਇਕੁ ਕਰਿ ਵਰਨਿਅਉ।"
— ਸਵ **੩**, ੧੨ : ੫ (1394)
2. ਲਾਖ
"ਕਬੀਰ ਐਸਾ ਜੰਤੁ ਇਕੁ ਦੇਖਿਆ ਜੈਸੀ ਧੋਈ **ਲਾਖੁ**।" — ਸਲੋ **ਕਬ**, ੧੩੯ : ੧ (1371)

ਲਾਖੈ — 1. ਲਖਦਾ ਹੈ, ਸਮਝਦਾ ਹੈ, ਬੁਝਦਾ ਹੈ
"ਤਾ ਕੀ ਗਤਿ ਮਿਤਿ ਕੋਇ ਨ **ਲਾਖੈ**।"
— ਗਉ **੫**, ਸੁਖ ੧੨, ੪ : ੬ (285)
2. ਲਖਾਂ ਹੀ
"ਭਸਮ ਕਰੈ ਲਸਕਰ ਕੋਟਿ **ਲਾਖੈ**।"
— ਗਉ **੫**, ਸੁਖ ੧੨, ੫ : ੨ (285)

ਲਾਗ — 1. ਲਗਦਾ ਹੈ, ਜੁੜਦਾ ਹੈ
"ਹਰਿ ਚਰਣੀ ਤਾ ਕਾ ਮਨੁ **ਲਾਗ**।"
— ਗਉ **੫**, ੧੫੯, ੪ : ੨ (198)
2. ਲਗੀ ਹੈ
"ਜਹ ਕੀ ਉਪਜੀ ਤਾ ਰਚੀ ਪੀਵਤ ਮਰਦਨ **ਲਾਗ**।" — ਗਉ **ਕਬ**, ੬੪, ੩ : ੧ (337)
3. ਲਗਦੀ, ਪੋਂਹਦੀ
"ਜੋ ਨਰ ਪੀਰਿ ਨਿਵਾਜਿਆ ਤਿਨ੍ਹਾ ਅੰਚ ਨ **ਲਾਗ**।"
— ਰਾਮ **੫**, ਵਾਰ ੨੧ਸ, **੫**, ੧ : ੨ (966)
4. ਲਗ ਪਏ
"ਪ੍ਰਭ ਸੰਗੀ ਮਿਲਿ ਖੇਲਨ **ਲਾਗ**।"

— ਬਸੰ **੫**, ੧, ੨ : ੨ (1180)

5. ਲਗੀ

"ਖਿੰਥਾ ਜਲਿ ਕੋਇਲਾ ਭਈ ਤਾਗੇ ਆਂਚ ਨ **ਲਾਗ**।" — ਸਲੋ **ਕਬ**, ੪੭ : ੨ (1366)

ਲਾਗਉ — 1. ਲਗਾਂ

"ਸਤਿਗੁਰੁ ਸੇਵਨਿ ਆਪਣਾ ਹਉ ਤਿਨ ਕੈ **ਲਾਗਉ** ਪਾਇ।" — ਸਿਰੀ **੩**, ੫੪, ੪ : ੩ (35)

2. ਜੁੱਟ ਜਾਵਾਂ

"ਕਰਿ ਕਿਰਪਾ **ਲਾਗਉ** ਤੇਰੀ ਸੇਵ।" — ਗਉ **੫**, ੧੩੯, ੧* : ੨ (193)

3. ਲਗ ਜਾਵੇ, ਪੈ ਜਾਵੇ

"ਚਰਨ ਕਮਲ ਸਿਉ **ਲਾਗਉ** ਨੇਹੁ।" — ਧਨਾ **੫**, ੫੮, ੨ : ੧ (684)

4. ਲਗੇ

"ਆਗਿਆ ਤੁਮਰੀ ਮੀਠੀ **ਲਾਗਉ** ਕੀਓ ਤੁਹਾਰੋ ਭਾਵਉ।" — ਟੋਡੀ **੫**, ੫, ੨ : ੧ (713)

ਲਾਗਈ — ਲਗਦੀ, ਲਗਦਾ

"ਸਾਚੇ ਮੈਲੁ ਨ **ਲਾਗਈ** ਮਨੁ ਨਿਰਮਲੁ ਹਰਿ ਧਿਆਇ।" — ਸਿਰੀ **੩**, ੪੦, ੨ : ੧ (29)

"ਮੋਹਿ ਜਮ ਡੰਡੁ ਨ **ਲਾਗਈ** ਤਜੀਲੇ ਸਰਬ ਜੰਜਾਲ।" — ਗਉ **ਰਵਿ**, ੧, ੩ : ੨ (346)

"ਅੰਧੇ ਏਕ ਨ **ਲਾਗਈ** ਜਿਉ ਬਾਂਸੁ ਬਜਾਈਐ ਫੂਕ।" (ਪੋਂਹਦੀ) — ਸਲੋ **ਕਬ**, ੧੫੮ : ੨ (1372)

ਲਾਗਏ — ਲਗਦਾ

"ਸਤਸੰਗਿ ਪਾਈਐ ਹਰਿ ਧਿਆਈਐ ਬਹੁੜਿ ਦੂਖੁ ਨ **ਲਾਗਏ**।" — ਕਾਨ **੫**, ਛੰਤ ੧, ੨ : ੪ (1312)

ਲਾਗਸਿ — ਲਗਦੀ ਹੈ

"ਅੰਤਰਿ ਸਹਸਾ ਬਾਹਰਿ ਮਾਇਆ ਨੈਣੀ **ਲਾਗਸਿ** ਬਾਣੀ।" — ਰਾਮ **੧**, ੨, ੪ : ੧ (877)

ਲਾਗਹ — ਲਗਦੇ ਹਾਂ

"ਤੁਮ ਲਾਵਹੁ ਤਉ **ਲਾਗਹ** ਸੇਵ।" — ਗਉ **੫**, ੮੩, ੧* : ੧ (180)

ਲਾਗਹਿ — 1. ਲਗੇ, ਰੁਝੇ, ਰੁਚਿਤ ਹੋਏ

"ਖਸਮੁ ਬਿਸਾਰਿ ਆਨ ਕੰਮਿ **ਲਾਗਹਿ**।" — ਗਉ **੫**, ੧੪੫, ੧* : ੧ (195)

2. ਲਗੇ, ਚੰਬੜੇ

"ਬਿਸਰਤ ਨਾਮ ਐਸੇ ਦੋਖ **ਲਾਗਹਿ** ਜਮੁ ਮਾਰਿ ਸਮਾਰੇ ਨਰਕਿ ਖਰੇ।" — ਮਾਰੂ **੧**, ਅਸ ੮, ੮ : ੨ (1014)

3. ਲਗਦੇ

"ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ **ਲਾਗਹਿ** ਡਾਰ।" — ਸਲੋ **ਕਬ**, ੩੦ : ੨ (1366)

ਲਾਗਹੁ — 1. ਲਗਦੇ ਹੋ, ਰੁਚਿਤ ਹੁੰਦੇ ਹੋ

"ਐਸਾ ਪ੍ਰਭੁ ਤਿਆਗਿ ਅਵਰ ਕਤ **ਲਾਗਹੁ**।" — ਗਉ **੫**, ਸੁਖ ੬, ੬ : ੯ (270)

"ਮੰਨੁ ਧੋਵਹੁ ਸਬਦਿ **ਲਾਗਹੁ** ਹਰਿ ਸਿਉ ਰਹਹੁ ਚਿਤੁ ਲਾਇ।" — ਰਾਮ **੩**, ਅੰਨ ੧੮ : ੪ (919)

2. ਲਗੋ

"ਜਗਤ ਉਧਾਰਨ ਸਾਧ ਪ੍ਰਭ ਤਿਨ੍ **ਲਾਗਹੁ** ਪਾਲ।" — ਬਿਲਾ **੫**, ੪੧, ੨ : ੧ (811)

ਲਾਗਣਿ — ਲਗਣ, ਜੁੜਨ

"ਦੂਜਾ ਭਾਉ ਨ ਦੇਈ ਲਿਵ **ਲਾਗਣਿ** ਜਿਨਿ ਹਰਿ ਕੇ ਚਰਣ ਵਿਸਾਰੇ।" — ਬਿਲਾ **੩**, ੧, ੧* : ੧ (796)

ਲਾਗਤ — 1. ਲਗਦਾ ਹੈ

"ਪ੍ਰਭੂ ਤਿਆਗਿ **ਲਾਗਤ** ਅਨ ਲੋਭਾ।" — ਗਉ **੫**, ੧੪੫, ੨ : ੧ (195)

2. ਲਗਦਿਆਂ ਹੀ

"**ਲਾਗਤ** ਪਵਨ ਖਸਮੁ ਬਿਸਰਾਇਓ।" — ਗਉ **ਕਬ**, ੬੨, ੧ : ੨ (337)

"**ਲਾਗਤ** ਹੀ ਭੁਇ ਮਿਲਿ ਗਇਆ ਪਰਿਆ ਕਲੇਜੇ ਛੇਕੁ।" — ਸਲੋ **ਕਬ**, ੧੫੭ : ੨ (1372)

"ਕਬੀਰ ਚੋਟ ਸੁਹੇਲੀ ਸੇਲ ਕੀ **ਲਾਗਤ** ਲੇਇ ਉਸਾਸ।" — ਸਲੋ **ਕਬ**, ੧੮੩ : ੧ (1374)

ਲਾਂਗਤ — ਲੰਘਾ ਕੇ

"ਲੈ ਕਰਿ ਠੇਗਾ ਟਗਰੀ ਤੋਰੀ **ਲਾਂਗਤ ਲਾਂਗਤ** ਜਾਤੀ ਥੀ।" — ਗੋਂਡ **ਨਾਮ**, ੭, ੧ : ੨ (875)

ਲਾਗਤਾ — ਲਗਦਾ, ਪੈਂਦਾ

"ਬਿਘਨੁ ਨ ਕੋਊ **ਲਾਗਤਾ** ਗੁਰ ਪਹਿ ਅਰਦਾਸਿ।" — ਬਿਲਾ **੫**, ੬੩, ੧ : ੧ (817)

ਲਾਗਤੀ — ਲਗਦੀ ਹੈ
"ਮੋਹਿ **ਲਾਗਤੀ** ਤਾਲਾ ਬੇਲੀ।"
— ਗੋਂਡ **ਨਾਮ**, ੪, ੧ : ੧ (874)

ਲਾਗਤੇ — ਲਗਦੇ ਹਨ, ਭਾਵ ਪੈਂਦੇ ਹਨ
"ਕੋਟਿ ਬਿਘਨ ਤਿਸੁ **ਲਾਗਤੇ** ਜਿਸ ਨੋ ਵਿਸਰੈ ਨਾਉ।"
— ਗੂਜ **੫**, ਵਾਰ ੧੫ਸ, **੫**, ੧ : ੧ (522)

ਲਾਗਨ — ਲਗਨ
"ਲਵੈ ਨ **ਲਾਗਨ** ਕਉ ਹੈ ਕਛੂਐ ਜਾ ਕਉ ਫਿਰਿ ਇਹੁ ਧਾਵੈ।" — ਧਨਾ **੫**, ੭, ੧ : ੧ (672)

ਲਾਗਨੁ—ਲਾਗਨਾ — ਲਗਨਾ
"**ਲਾਗਨੁ ਲਾਗਨਾ** ਨੀਕਾ ਗੁਰ ਚਰਣੀ ਮਨੁ ਲਾਗਨਾ।" — ਮਾਰੂ **੫**, ਅਸ ੪, ੬ : ੧ (1018)

ਲਾਗਾ — 1. ਲਗਾ, ਜੁੜਿਆ
"ਹਿਰਦੈ ਕਮਲੁ ਪ੍ਰਗਾਸਿਆ **ਲਾਗਾ** ਸਹਜਿ ਧਿਆਨੁ।" — ਸਿਰੀ **੩**, ੩੪, ੨ : ੩ (26)
"ਬਾਹਰਿ ਜਨਮੁ ਭਇਆ ਮੁਖਿ **ਲਾਗਾ** ਸਰਸੇ ਪਿਤਾ ਮਾਤਾ ਥੀਵਿਆ।" (ਮਥੇ ਲਗਾ, ਸਾਹਮਣੇ ਆਇਆ) — ਸਿਰੀ **੪**, ਪਹ ੩, ੧ : ੪ (76)

2. ਲਗਾਂ,
"ਮਨੁ ਤਨੁ ਅਰਪੀ ਸਿਰੁ ਦੇਈ ਤਿਨ ਕੈ **ਲਾਗਾ** ਪਾਇ।" — ਸਿਰੀ **੩**, ੬੨, ੩ : ੨ (38)

3. ਰੁਚਿਤ ਹੋਇਆ
"ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਮਨੁ **ਲਾਗਾ** ਦੂਜੈ ਭਾਇ।"
— ਸਿਰੀ **੪**, ਪਹ ੩, ੨ : ੧ (76)

4. ਮਹਿਸੂਸ ਹੋਇਆ
"ਜਾ ਕੈ ਮਨਿ **ਲਾਗਾ** ਪ੍ਰਭੁ ਮੀਠਾ।"
— ਗਉ **੫**, ਸੁਖ ੫, ੧ : ੭ (268)

5. ਲਗਾ, ਜੁਟ ਗਿਆ
"ਮਨੁ ਤਨੁ ਸੀਤਲੁ ਸਾਂਤਿ ਸਹਜ **ਲਾਗਾ** ਪ੍ਰਭ ਕੀ ਸੇਵ।" — ਗਉ **੫**, ਥਿਤੀ ੧੫ : ੨ (300)

6. ਲਗਾ ਹੋਇਆ, ਚੰਬੜਿਆ ਹੋਇਆ
"ਕਹੁ ਰੇ ਪੰਡਿਤ ਅੰਬਰੁ ਕਾ ਸਿਉ **ਲਾਗਾ**।"
— ਗਉ **ਕਬ**, ੨੯, ੧* : ੧ (329)

7. ਆਰੰਭ ਹੋਇਆ
"ਸੋ ਦਿਨੁ ਆਵਨ **ਲਾਗਾ**।"
— ਧਨਾ **ਕਬ**, ੨, ੧* : ੧ (692)

8. ਭਾਵ ਅਸਰ ਹੁੰਦਾ
"ਕਬੀਰ ਗੁਰੁ **ਲਾਗਾ** ਤਬ ਜਾਨੀਐ ਮਿਟੈ ਮੋਹੁ ਤਨ ਤਾਪ।"
— ਸਲੋ **ਕਬ**, ੧੯੯ : ੧ (1374)

ਲਾਗਿ — 1. ਲਗਦੀ, ਛੂੰਹਦੀ
"ਅੰਤਰਿ **ਲਾਗਿ** ਨ ਤਾਮਸੁ ਮੂਲੇ ਵਿਚਹੁ ਆਪੁ ਗਵਾਏ।" — ਸਿਰੀ **੩**, ੪੧, ੩ : ੨ (29)
"ਮਨਮੁਖ ਫਿਰਹਿ ਨ ਜਾਣਹਿ ਸਤਿਗੁਰੁ ਹਉਮੈ ਅੰਦਰਿ **ਲਾਗਿ**।"
— ਸਿਰੀ **੩**, ੪੧ : ੪ : ੨ (29)
(ਮਹਾਨਕੋਸ਼ ਅਰਥ ਅਗਨੀ ਕਰਦਾ ਹੈ)

2. ਲਗ ਕੇ
"ਜਿਨੀ ਮੇਰਾ ਪਿਆਰਾ ਰਾਵਿਆ ਤਿਨ ਪੀਛੈ **ਲਾਗਿ** ਫਿਰਾਉ।"
— ਸਿਰੀ **੪**, ੬੮, ੧ : ੨ (41)

3. ਜੁੜ ਕੇ
"ਕਰਿ ਸਿਦਕੁ ਕਰਣੀ ਖਰਚੁ ਬਾਧਹੁ **ਲਾਗਿ** ਰਹੁ ਨਾਮੇ।"
— ਸਿਰੀ **੧**, ਅਸ ੧੭, ੧* : ੨ (64)
"**ਲਾਗਿ** ਪਰੇ ਤੇਰੇ ਦਾਨ ਸਿਉ ਨਹ ਚਿਤਿ ਖਸਮਾਰੇ।"
— ਬਿਲਾ **੫**, ੩੪, ੩ : ੨ (809)

4. ਪਿੱਛਾ
"ਕਰਿ ਕਿਰਪਾ ਟਹਲ ਹਰਿ ਲਾਇਓ ਤਉ ਜਮਿ ਛੋਡੀ ਮੋਰੀ **ਲਾਗਿ**।"
— ਜੈਤ **੫**, ੫, ੧ : ੨ (701)

5. ਪਾਹ, ਲਾਗ (ਸ਼ਬਦਾਰਥ ਦਰਪਣ, ਨਿਰਣੈ); ਲਗਨ, ਪਿਆਰ, ਪ੍ਰੀਤ (ਮਹਾਨ ਕੋਸ਼)
"ਭੈ ਬਿਨੁ **ਲਾਗਿ** ਨ ਲਗਈ ਨਾ ਮਨੁ ਨਿਰਮਲੁ ਹੋਇ।"
— ਆਸਾ **੩**, ਅਸ ੩੧, ੪ : ੧ (427)
"ਲਗੀ **ਲਾਗਿ** ਸੰਤ ਸੰਗਾਰਾ।"
— ਮਾਰੂ **੫**, ਸੋਲਾ ੯, ੧੫ : ੨ (1081)

6. ਲਗ ਗਿਆ
"ਜਨ ਨਾਨਕ ਸਰਬ ਸੁਖ ਪਾਏ ਮੋਰੋ ਹਰਿ ਚਰਨੀ ਚਿਤੁ **ਲਾਗਿ**।"
— ਜੈਤ **੫**, ੫, ੨ : ੨ (701)

7. ਲਗਦਾ ਭਾਵ ਪੈਂਦਾ
"ਗੁਰਮੁਖਿ ਚੋਰੁ ਨ **ਲਾਗਿ** ਹਰਿ ਨਾਮਿ ਜਗਾਈਐ।"
— ਸੂਹੀ **੧**, ਅਸ ੪, ੬ : ੧ (752)

੮. ਲਗੀ ਹੋਈ
"ਕਾਇਆ ਅਹਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ **ਲਾਗਿ** ਰਹੀ।"
— ਮਾਰੂ **੧**, ੩, ੩ : ੧ (990)

ਲਾਗਿਉ — ਲਗਾ ਹੈਂ, ਵਲ ਰੁਚਿਤ ਹੈਂ
"ਸਾਚ ਛਾਡਿ ਕੈ ਝੂਠਹ **ਲਾਗਿਉ** ਜਨਮ ਅਕਾਰਥੁ ਖੋਇਓ।" — ਸੋਰ **੯**, ੧੦, ੧ : ੧ (633)

ਲਾਗਿਓ — 1. ਲਗਾ ਹੈ
"ਸੰਪਤ ਹਰਖੁ ਨ ਆਪਤ ਦੂਖਾ ਰੰਗੁ ਠਾਕੁਰੈ **ਲਾਗਿਓ**।" — ਗਉ **੫**, ੧੬੦*, ੧ : ੨ (215)
"ਜਹਾ ਸਾ ਕਿਛੁ ਤਹਾ **ਲਾਗਿਓ** ਤਿਲੁ ਨ ਸੰਕਾ ਮਾਨ।" (ਲਗਦੀ ਹੈ)
— ਮਾਰੂ **੫**, ਅਸ ੩, ੬ : ੨ (1018)

2. ਲਗਦੀ ਹੈ, ਜਾਪਦੀ ਹੈ, ਅਨੁਭਵ ਹੁੰਦੀ ਹੈ
"ਹਾਰ ਕਜਰ ਬਸਤ੍ਰ ਅਨਿਕ ਸੀਗਾਰ ਰੇ ਬਿਨੁ ਪਿਰ ਸਭੈ ਬਿਖੁ **ਲਾਗਿਓ**।"
— ਸਾਰ **੫**, ੫, ੧ : ੨ (1203)

ਲਾਗਿਆ — ਲਗਾ, ਜੁੜ ਗਿਆ
"ਸਬਦਿ ਰਵੇ ਮਨੁ ਹਰਿ ਸਿਉ **ਲਾਗਿਆ**।"
— ਗਉ **੧**, ਅਸ ੧, ੩ : ੨ (221)
"ਰਾਮ ਨਾਮਿ ਮਨੁ **ਲਾਗਿਆ**।" (ਲੀਨ ਹੋ ਗਿਆ)
— ਸੋਰ **੫**, ੨੨, ੨ : ੧ (627)

ਲਾਗਿਬਾ — ਲਗ ਪੈਂਦਾ ਹੈ
"ਸਤਿਗੁਰੁ ਸਾਜਨੁ ਪੁਰਖੁ ਵਡ ਪਾਇਆ ਹਰਿ ਰਸਕਿ ਰਸਕਿ ਫਲ **ਲਾਗਿਬਾ**।"
— ਜੈਤ **੪**, ੪, ੧ : ੧ (697)
"ਮੇਰਾ ਮਨੁ ਰਾਮਨਾਮ ਰਸਿ **ਲਾਗਿਬਾ**।" (ਲਗ ਗਿਆ ਭਾਵ ਮਗਨ ਹੋ ਗਿਆ ਹੈ)
— ਜੈਤ **੪**, ੪, ੧* : ੧ (697)

ਲਾਗਿਲਾ — ਲਗਦਾ ਹੈ, ਮਹਿਸੂਸ ਹੁੰਦਾ ਹੈ
"ਬਾਵਨ ਬੀਖੂ ਬਾਨੈ ਬੀਖੇ ਬਾਸੁ ਤੇ ਸੁਖ **ਲਾਗਿਲਾ**।"
— ਪ੍ਰਭਾ **ਨਾਮ**, ੨, ੨ : ੧ (1351)

ਲਾਗੀ — 1. ਲਗੀ, ਰੁਚਿਤ ਹੋਈ
"ਅੰਤਰਿ **ਲਾਗੀ** ਜਲਿ ਬੁਝੀ ਪਾਇਆ ਗੁਰਮੁਖਿ ਗਿਆਨੁ।" — ਸਿਰੀ **੧**, ੧੮, ੧* : ੨ (20)
"ਤ੍ਰਿਸਨਾ **ਲਾਗੀ** ਰਚਿ ਰਹਿਆ ਅੰਤਰਿ ਹਉਮੈ ਕੂਰਿ।" (ਲਗੀ ਹੈ)
— ਸਿਰੀ **੫**, ੮੪, ੨ : ੨ (47)

2. ਲਗੀ, ਅਨੁਭਵ ਹੋਈ, ਜਾਪੀ
"ਗੁਰਮੁਖਿ ਬਾਣੀ ਮੀਠੀ **ਲਾਗੀ**।"
— ਗਉ **੩**, ਅਸ ੨, ੬ : ੧ (232)

3. ਲਗੀ, ਚੰਬੜੀ
"ਮਨ ਕਰਹਲਾ ਅਤਿ ਨਿਰਮਲਾ ਮਲੁ **ਲਾਗੀ** ਹਉਮੈ ਆਇ।"
— ਗਉ **੪**, ਕਰ ੧, ੩ : ੧ (234)
"**ਲਾਗੀ** ਮੈਲੁ ਮਿਟੈ ਸਚ ਨਾਇ।" (ਲਗੀ ਹੋਈ)
— ਆਸਾ **੧**, ੧੩, ੧ : ੩ (352)

4. ਜੁੜੀ, ਜੁੜ ਗਈ
"ਰਾਮ ਨਾਮ ਸੰਗਿ ਤਿਨਿ ਲਿਵ **ਲਾਗੀ**।"
— ਗਉ **੫**, ਸੁਖ ੧੦, ੬ : ੨ (276)

5. ਲਗੀ ਹੋਈ, ਵਜੀ ਹੋਈ
"**ਲਾਗੀ** ਹੋਈ ਸੁ ਜਾਨੈ ਪੀਰ।"
— ਗਉ **ਕਬ**, ੨੧, ੧* : ੧ (327)

6. ਛੂੰਹਦੀ, ਪੋਂਹਦੀ
"ਸੁਨਿ ਮਨ ਮਗਨ ਭਏ ਹੈ ਪੂਰੇ ਮਾਇਆ ਡੋਲ ਨ **ਲਾਗੀ**।" — ਗਉ **ਕਬ**, ੫੩, ੪ : ੧ (335)
"ਗੁਰੂ ਕੀ ਸੇਵਾ ਦੂਖੁ ਨ **ਲਾਗੀ**।"
— ਗੋਂਡ **੫**, ੯, ੪ : ੨ (865)

7. ਸਹਾਇਕ ਕਿਰਿਆ
"ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ **ਲਾਗੀ** ਵਾਰ।"
— ਆਸਾ **੧**, ਵਾਰ ੧ਸ, **੧**, ੧ : ੨ (463)

੮. ਲਗ ਗਈ, ਜੁਟ ਗਈ
"ਜਿਤੁ ਲਾਈ ਤਿਤੁ **ਲਾਗੀ**।"
— ਸੋਰ **ਕਬ**, ੫, ੩ : ੪ (655)

9. ਪਰਵਾਨ ਹੋਈ
"ਤਾ ਸੋਹਾਗਣਿ ਜਾਣੀਐ **ਲਾਗੀ** ਜਾ ਸਹੁ ਧਰੇ ਪਿਆਰੋ।" — ਤਿਲੰ **੧**, ੪, ੧ : ੫ (722)

10. (ਆ) ਪੁਜੀ
"ਅਉਘਟ ਕੀ ਘਟ **ਲਾਗੀ** ਆਇ।"
— ਭੈਰ **ਨਾਮ**, ੧੦, ੨੧ : ੨ (1166)

ਲਾਗੀਆ — ਜੁੜੀ ਹੈ
"ਸਤਸੰਗਿ ਜਾਗੇ ਨਾਮਿ ਲਾਗੇ ਏਕ ਸਿਉ ਲਿਵ **ਲਾਗੀਆ**।"— ਕਾਨ **੫**, ਛੰਤ ੧, ੧ : ੪ (1312)

ਲਾਗੀਐ — 1. ਜੁਟ ਜਾਈਐ, ਲਗ ਜਾਈਐ
"ਆਉ ਸਖੀ ਸੰਤ ਪਾਸਿ ਸੇਵਾ **ਲਾਗੀਐ**।"
— ਆਸਾ **੫**, ਛੰਤ ੭, ੩ : ੧ (457)
2. ਜੁੜੀਏ
"ਸੋ ਪ੍ਰਭੁ ਤਜਿ ਕਤ **ਲਾਗੀਐ** ਜਿਸੁ ਬਿਨੁ ਮਰਿ ਜਾਈਐ ਰਾਮ।"
— ਬਿਲਾ **੫**, ਛੰਤ ੪, ੨ : ੧ (848)

ਲਾਗੁ — 1. ਰੁਚਿਤ ਹੋ, ਲਗ
"ਸਰੰਜਾਮਿ **ਲਾਗੁ** ਭਵਜਲ ਤਰਨ ਕੈ।"
— ਆਸਾ **੫**, ੪, ੧* : ੧ (12)
2. ਜੁੜ, ਪਉ
"ਉਪਾਵ ਸਿਆਣਪ ਸਗਲ ਛਡਿ ਗੁਰ ਕੀ ਚਰਣੀ **ਲਾਗੁ**।" — ਸਿਰੀ **੫**, ੭੮, ੩ : ੨ (45)
"ਗੁਰੁ ਪੂਰਾ ਆਰਾਧਿ ਨਿਤ ਇਕਸੁ ਕੀ ਲਿਵ **ਲਾਗੁ**।" (ਜੁਟ ਜਾ)
— ਸਿਰੀ **੫**, ੭੯, ੧* : ੨ (45)
"ਨਾਮ ਸੰਗਿ ਤਾ ਕਾ ਮਨੁ **ਲਾਗੁ**।" (ਜੁੜ ਜਾਂਦਾ ਹੈ) — ਗਉ **੫**, ੧੧੮, ੪ : ੨ (189)
"**ਲਾਗੁ** ਗਲੇ ਸੁਨੁ ਬਿਨਤੀ ਮੇਰੀ।" (ਲਗ, ਮਿਲ)
— ਆਸਾ **ਕਬ**, ੩੫, ੧ : ੨ (484)

ਲਾਗੂ — ਵੈਰ ਨਾਲ ਪਿਛੈ ਪੈ ਜਾਣ ਵਾਲੇ, ਖੈੜੇ ਪੈ ਜਾਣ ਵਾਲੇ
"ਅਉਗਣ ਫਿਰਿ **ਲਾਗੂ** ਭਏ ਕੂਰਿ ਵਜਾਵੈ ਤੂਰੁ।"
— ਸਿਰੀ **੧**, ੧੫, ੧ : ੨ (19)

ਲਾਗੇ — 1. ਪਏ, ਪੈਕੇ
"ਦੁਬਿਧਾ **ਲਾਗੇ** ਪਚਿ ਮੁਏ ਅੰਤਰਿ ਤ੍ਰਿਸਨਾ ਅਗਿ।"
— ਸਿਰੀ **੧**, ੧੪, ੨ : ੨ (19)
"ਸਾਕਤ ਬਧਿਕ ਮਾਇਆਧਾਰੀ ਤਿਨ ਜਨ ਜੋਹਨਿ **ਲਾਗੇ**।" (ਲਗਦਾ ਹੈ)
— ਗਉ **੪**, ੬੨, ੪ : ੧ (172)
2. ਵਲ ਰੁਚਿਤ ਹੋਏ, ਜੁੜੇ, ਲਗੇ ਹਨ
"ਜੋ ਸਚਿ **ਲਾਗੇ** ਸੇ ਅਨਦਿਨੁ ਜਾਗੇ ਦਰਿ ਸਚੈ ਸੋਭਾ ਪਾਵਣਿਆ।"
— ਮਾਝ **੩**, ੩, ੧* : ੨ (110)
"ਸਿਮਰਨ ਤੇ **ਲਾਗੇ** ਜਿਨ ਆਪਿ ਦਇਆਲਾ।"
— ਗਉ **੫**, ਸੁਖ ੧, ੫ : ੯ (263)
"ਕੇਤਕ ਸਿਧ ਭਏ ਲਿਵ **ਲਾਗੇ**।" (ਜੁੜਨ ਨਾਲ)
— ਗਉ **ਕਬ**, ੩੭, ੧* : ੨ (330)
"ਹਰਿ ਕੰਠਿ **ਲਾਗੇ** ਦਿਨ ਸਭਾਗੇ ਮਿਲਿ ਨਾਹ ਸੇਜ ਸੋਹੰਤੀਆ।" (ਲਗੇ, ਜੁੜੇ ਭਾਵ ਮਿਲੇ)
— ਆਸਾ **੫**, ਛੰਤ ੧੪, ੪ : ੪ (462)
"ਹਮਰਾ ਮਨੁ ਮੋਹਿਓ ਗੁਰ ਮੋਹਨਿ ਹਮ ਬਿਸਮ ਭਈ ਮੁਖਿ **ਲਾਗੇ**।" (ਭਾਵ ਦਰਸ਼ਨ ਕਰਕੇ)
— ਦੇਵ **੪**, ੧, ੧ : ੨ (527)
3. ਲਗਦੇ ਹਨ, ਮਿਲਦੇ ਹਨ
"ਹਰਿ ਸੇਵਾ ਬਿਨੁ ਏਹ ਫਲ **ਲਾਗੇ**।"
— ਗਉ **੫**, ਥਿਤੀ ੯ : ੭ (298)
4. ਅਨੁਭਵ ਹੋਏ,
"ਤਬ ਪ੍ਰਭ ਨਾਨਕ ਮੀਠੇ **ਲਾਗੇ**।"
— ਆਸਾ **੫**, ੬੩, ੪ : ੨ (386)
5. ਲਗੇ, ਸ਼ੁਰੂ ਹੋਏ, ਆਰੰਭ ਹੋਏ
"ਹੁਕਮੀ ਵਰਸਣ **ਲਾਗੇ** ਮੇਹਾ।" (ਲਗਦਾ ਹੈ, ਸ਼ੁਰੂ ਹੁੰਦਾ ਹੈ)— ਮਾਝ **੫**, ੩੪, ੧ : ੧ (104)
"ਚਰਨ ਸੀਸੁ ਕਰ ਕੰਪਨ **ਲਾਗੇ** ਨੈਨੀ ਨੀਰੁ ਅਸਾਰ ਬਹੈ।"
— ਆਸਾ **ਕਬ**, ੧੫, ੩ : ੧ (479)
6. ਛੂਹਿਆ, ਲਗਿਆ ਹੈ
"ਧਨੁ ਧੰਨੁ ਤਿਨਾ ਕਾ ਗੁਰੂ ਹੈ ਜਿਸੁ ਅੰਮ੍ਰਿਤ ਫਲ ਹਰਿ **ਲਾਗੇ** ਮੁਖਾ।"
— ਵਡ **੪**, ਵਾਰ ੬ : ੫ (588)
7. ਵਜੇ, ਲਗੇ
"ਪ੍ਰੇਮ ਕੇ ਸਰ **ਲਾਗੇ** ਤਨ ਭੀਤਰਿ ਤਾ ਭ੍ਰਮੁ ਕਾਟਿਆ ਜਾਈ।"
— ਸੋਰ **੪**, ੯, ੧ : ੨ (607)
"ਫਿਰਿ ਵੇਲਾ ਹਥਿ ਨ ਆਵਈ ਜਮ ਕਾ ਡੰਡੁ **ਲਾਗੇ**।" (ਲਗਦਾ ਹੈ)
— ਮਾਰੂ **੩**, ਵਾਰ ੧੩ : ੩ (1090)
8. ਲਗਿਆ ਹੋਇਆ, ਚੰਬੜਿਆ ਹੋਇਆ
"ਜਨਮ ਜਨਮ ਕੇ **ਲਾਗੇ** ਬਿਖੁ ਮੋਰਚਾ ਲਗਿ ਸੰਗਤਿ ਸਾਧ ਸਵਾਰੀ।"
— ਧਨਾ **੪**, ੧, ੨ : ੧ (666)
"ਜਿਸ ਤੇ **ਲਾਗੇ** ਤਿਨਹਿ ਨਿਵਾਰੇ ਪ੍ਰਭ ਜੀਉ

ਆਪਣੀ ਕਿਰਪਾ ਧਾਰੀ।" (ਲਗੇ, ਪ੍ਰਾਪਤ ਹੋਏ) — ਰਾਮ **੫**, ੮, ੨ : ੧ (916)

9. ਲਗੇ, ਬੀਤ ਗਏ, ਲੰਘ ਗਏ
"ਭਈ ਨਿਰਾਸੀ ਬਹੁਤੁ ਦਿਨ **ਲਾਗੇ**।"
— ਸੂਹੀ **੫**, ੫, ੩ : ੧ (737)

ਲਾਗੈ — 1. ਲਗਦਾ/ਜੁੜ ਜਾਂਦਾ ਹੈ
"ਸੁਣਿਐ **ਲਾਗੈ** ਸਹਜਿ ਧਿਆਨੁ।"
— ਜਪੁ **੧**, ੧੦ : ੪ (3)
"ਸਚੀ ਬਾਣੀ ਸਿਉ ਚਿਤੁ **ਲਾਗੈ** ਆਵਣੁ ਜਾਣੁ ਰਹਾਏ।" — ਸਿਰੀ **੩**, ਅਸ ੨੨, ੫ : ੩ (67)
"ਸਾਧ ਜਨਾ ਕੀ ਸੇਵਾ **ਲਾਗੈ**।" (ਜੁਟ ਜਾਂਦੇ, ਲਗ ਜਾਂਦੇ) — ਗਉ **੫**, ਸੁਖ ੩, ੫ : ੨ (266)

2. ਲਗਦੀ, ਮਹਿਸੂਸ ਹੁੰਦੀ, ਅਨੁਭਵ ਹੋਣਾ, ਉਪਜਣਾ, ਪੈਦਾ ਹੋਣਾ
"ਸਾਚੇ ਨਾਮ ਕੀ **ਲਾਗੈ** ਭੂਖ।"
— ਆਸਾ **੧**, ੩, ੧ : ੩ (9)
"ਇਕੁ ਤਿਲੁ ਪਿਆਰਾ ਵਿਸਰੈ ਦੁਖੁ **ਲਾਗੈ** ਸੁਖੁ ਜਾਇ।"— ਸਿਰੀ **੧**, ਅਸ ੧੦, ੫ : ੧ (59)
"ਆਨ ਨ ਸਮਸਰਿ ਕੋਊ **ਲਾਗੈ** ਢੂਢਿ ਰਹੇ ਹਮ ਮੂਚਾ।" — ਦੇਵ **੫**, ੩੨, ੧* : ੨ (534)

3. ਅਸਰ ਕਰੇ, ਪ੍ਰਭਾਵਤ ਕਰੇ
"ਇਤੁ ਤਨਿ **ਲਾਗੈ** ਬਾਣੀਆ।"
— ਸਿਰੀ **੧**, ੩੩, ੩ : ੧ (25)

4. ਵਜੇ, ਲਗੇ
"ਜਿਨਿ ਗੁਰੁ ਸੇਵਿਆ ਆਪਣਾ ਜਮਦੂਤ ਨ **ਲਾਗੈ** ਡੰਡੁ।" — ਸਿਰੀ **੫**, ੯੦, ੪ : ੨ (353)
"ਸਹਜੈ ਤੇ ਸੁਖੁ ਅਗਲੋ ਨਾ **ਲਾਗੈ** ਜਮਤੀਰੁ।"
— ਸਿਰੀ **੧**, ਅਸ ੨, ੧ : ੩ (57)

5. ਲਗਦੀ ਹੈ, ਚੰਬੜਦੀ ਹੈ
"ਸਚੇ ਮੈਲੁ ਨ ਲਗਈ ਮਲੁ **ਲਾਗੈ** ਦੂਜੈ ਭਾਇ।"
— ਸਿਰੀ **੪**, ਵਾਰ ੧੨ਸ, **੩**, ੧ : ੬ (87)
"ਹਰਿ ਨਿਰਮਲੁ ਸਚੁ ਮੈਲੁ ਨ **ਲਾਗੈ** ਸਚਿ ਲਾਗੈ ਮੈਲੁ ਗਵਾਵਣਿਆ।" (ਦੂਜੇ 'ਲਾਗੈ' ਦੇ ਅਰਥ 'ਜੁੜਨਾ' ਹੈ)
— ਮਾਝ **੩**, ਅਸ ੧੨, ੪ : ੩ (116)

6. ਆਰੰਭੇ, ਕੰਮ ਕਰਨਾ ਸ਼ੁਰੂ ਕਰੇ
"ਜੇਹੀ ਮਨਸਾ ਕਰਿ **ਲਾਗੈ** ਤੇਹਾ ਫਲੁ ਪਾਏ।"
— ਮਾਝ **੩**, ਅਸ ੧੨, ੨ : ੨ (116)
"ਨਿਝਰੁ ਝਰੈ ਸਹਜ ਧੁਨਿ **ਲਾਗੈ** ਘਰ ਹੀ ਪਰਚਾ ਪਾਈਐ।" (ਆਰੰਭ ਹੋਏ)
— ਸੂਹੀ **੧**, ੮, ੩ : ੨ (730)

7. ਭਾਵ ਵੇਖਣਾ
"ਚਕਵੀ ਪ੍ਰੀਤਿ ਸੂਰਜ ਮੁਖਿ **ਲਾਗੈ**।... ... ... ਗੁਰਸਿਖ ਪ੍ਰੀਤਿ ਗੁਰੂ ਮੁਖਿ **ਲਾਗੈ**।"
— ਗਉ **੪**, ੪੨, ੨ : ੧ ; ੩ (164)

8. ਲਗਦੀ ਭਾਵ ਹੁੰਦੀ
"ਕੋਟਿ ਪਤਿਤ ਉਧਾਰੇ ਖਿਨ ਮਹਿ ਕਰਤੇ ਬਾਰ ਨ **ਲਾਗੈ** ਰੇ।"
— ਗਉ **੫**, ੧੩੨*, ੨ : ੧ (209)
"ਪ੍ਰਭ ਸਿਮਰਤ ਕਛੁ ਬਿਘਨੁ ਨ **ਲਾਗੈ**।" (ਪੈਂਦੀ)
— ਗਉ **੫**, ਸੁਖ ੧, ੨ : ੫ (262)
"ਪਾਹਰੂਅਰਾ ਛਬਿ ਚੋਰੁ ਨ **ਲਾਗੈ**।" (ਭਾਵ ਪੈਂਦੇ) — ਆਸਾ **੧**, ੨੦, ੪ : ੨ (355)

9. ਲਗਦੇ, ਉਪਜਦੇ,(ਡਾਲ ਨਾਲ) ਲਗਦੇ
"ਸਭਨਾ ਫਲੁ **ਲਾਗੈ** ਨਾਮੁ ਏਕੋ ਬਿਨੁ ਕਰਮਾ ਕੈਸੇ ਲੇਹੀ।" — ਆਸਾ **੧**, ੧੯, ੩ : ੨ (354)

10. ਰੁਚਿਤ ਹੋਏ
"ਦੂਜੈ ਭਾਇ ਨ **ਲਾਗੈ** ਕੋਇ।"
— ਆਸਾ **੩**, ੪੪, ੧ : ੪ (362)

11. ਹੋ ਜਾਏ, ਪੈ ਜਾਂਦਾ ਹੈ
"ਗੁਰਮੁਖਿ ਨਿਰਤਿ ਹਰਿ **ਲਾਗੈ** ਭਾਉ।"
— ਆਸਾ **੩**, ੫੧, ੨ : ੧ (364)
"ਜਿਸੁ ਭੇਟਤ **ਲਾਗੈ** ਪ੍ਰਭ ਰੰਗੁ।"
— ਆਸਾ **੫**, ੮੯, ੧ : ੪ (393)

12. ਲਗਦੀ, ਜੁੜਦੀ
"ਪਲਕਾ ਨ **ਲਾਗੈ** ਪ੍ਰਿਅ ਪ੍ਰੇਮ ਪਾਗੈ ਚਿਤਵੰਤਿ ਅਨਦਿਨੁ ਪ੍ਰਭ ਮਨਾ।"
— ਆਸਾ **੫**, ਛੰਤ ੧੪, ੨ : ੪ (462)

13. ਭਾਵ ਪੈ, ਚਲ, ਲਗ
"ਉਨ ਕੀ ਗੈਲਿ ਤੋਹਿ ਜਿਨਿ **ਲਾਗੈ**।"
— ਆਸਾ **ਕਬ**, ੩੪, ੧ : ੨ (484)

ਲਾਗੋ — 1. ਲਗਾ, ਪਿਆ, ਹੋਇਆ
"ਵਿਣੁ ਸਤਿਗੁਰ ਪਰਤੀਤਿ ਨ ਆਵਈ ਨਾਮਿ ਨ **ਲਾਗੋ** ਭਾਉ।"
— ਸਿਰੀ **੩**, ਅਸ ੧੯, ੨ : ੧ (65)

2. ਜੁੜਿਆ, ਲਗਾ

"ਜਨ ਚਰਨ ਕਮਲ ਸਿਉ **ਲਾਗੋ** ਮਨਾ।"
— ਗਉ **੫**, ੧੬੨, ੩ : ੨ (198)
3. ਲਗੀ ਪਈ ਭਾਵ ਬਣੀ ਹੋਈ
"ਕਤ ਜਾਈਐ ਰੇ ਘਰ **ਲਾਗੋ** ਰੰਗੁ।"
— ਬਸੰ **ਰਾਮਾ**, ੧, ੧* : ੧ (1195)

ਲਾਗੌ — ਲਗਾ ਹੋਇਆ
"ਅਪਰ ਪਰੰਪਰ ਪੁਰਖ ਸਿਉ ਪ੍ਰੇਮੁ **ਲਾਗੌ** ਬਿਨੁ ਭਗਵੰਤ ਰਸੁ ਨਾਹੀ ਅਉਰੈ ਕਾਮ ਸਿਉ।"
— ਸਵ **੫**, ਮਥੁ ੩ : ੩ (1408)

ਲਾਘਣਉ — ਲੰਘਣਾ ਹੈ
"ਕਾਲਰੁ ਲਾਦਸਿ ਸਰੁ **ਲਾਘਣਉ** ਲਾਭੁ ਨ ਪੂੰਜੀ ਸਾਥਿ।"
— ਮਾਰੂ **੩**, ਵਾਰ ੧੩ਸ, **੧**, ੧ : ੨ (1090)

ਲਾਛੈ — ਲਛਣ, ਚਿਹਨ (ਮਹਾਨ ਕੋਸ਼), ਨਿਸ਼ਾਨ
"ਮਲੈ ਨ **ਲਾਛੈ** ਪਾਰਮਲੋ ਪਰਮਲੀਓ ਬੈਠੋ ਰੀ ਆਈ।" — ਗੂਜ **ਨਾਮ**, ੨, ੧ : ੧ (525)

ਲਾਜ — 1. ਇਜ਼ਤ, ਪਤਿ
"ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ **ਲਾਜ**।"
— ਮਾਝ **੧**, ਵਾਰ ੨ਸ, **੧**, ੧ : ੪ (140)
2. (ਸੰ. ਲਜਾ) ਸ਼ਰਮ, ਲੱਜਾ, ਹਿਆ
"ਪਤਿ ਅਪਤਿ ਤਾ ਕੀ ਨਹੀ **ਲਾਜ**।"
— ਗਉ **ਕਬ**, ੩, ੩ : ੧ (324)
"**ਲਾਜ** ਨ ਮਰਹੁ ਕਹਹੁ ਘਰੁ ਮੇਰਾ।" (ਸ਼ਰਮ ਨਾਲ) — ਗਉ **ਕਬ**, ੧੧, ੧* : ੧ (325)
3. ਲੋਕ-ਲਾਜ, ਓਪਰੀ ਝਿਜਕ
"ਅਹਿਨਿਸਿ ਭਗਤ ਕਰੇ ਦਿਨੁ ਰਾਤੀ **ਲਾਜ** ਛੋਡਿ ਹਰਿ ਕੇ ਗੁਣ ਗਾਵੈ।"
— ਰਾਮ **੧**, ੧੦, ੧* : ੨ (879)

ਲਾਜਸੀ — ਲਾਜ ਆਵੇਗੀ, ਲਜਾਵਾਨ ਹੋਵੇਗਾ
"ਤਬ ਕੁਲੁ ਕਿਸ ਕਾ **ਲਾਜਸੀ** ਜਬ ਲੇ ਧਰਹਿ ਮਸਾਨਿ।" — ਸਲੋ **ਕਬ**, ੧੬੬ : ੨ (1373)

ਲਾਜੀਅਹਿ — ਸ਼ਰਮਸਾਰ ਹੁੰਦੇ ਹਨ, ਲਜਿਆਵਾਨ ਹੁੰਦੇ ਹਨ
"ਪਰ ਤ੍ਰਿਅ ਰਾਵਣਿ ਜਾਹਿ ਸੇਈ ਤਾ **ਲਾਜੀਅਹਿ**।"
— ਸਸ **੫**, ੮ : ੧ (1362)

ਲਾਜੁ — 1. ਰਸੀ
"ਆਵ ਘਟੈ ਨਰੁ ਨ ਬੁਝੈ ਨਿਤਿ ਮੂਸਾ **ਲਾਜੁ** ਟੁਕਾਇ।" (ਭਾਵ ਉਮਰ)
— ਸਿਰੀ **੪**, ੨੦, ੧ : ੨ (41)
2. ਲੱਜ
"ਟੂਟੀ **ਲਾਜੁ** ਭਰੈ ਮਤਿ ਹਾਰੀ।"
— ਗਉ **ਕਬ**, ੧੨, ੩ : ੨ (325)

ਲਾਜੈ — ਇਜ਼ਤ, ਪਤਿ
"ਆਪੇ ਸਰਣਿ ਪਵਾਇਦਾ ਮੇਰੇ ਗੋਵਿੰਦਾ ਹਰਿ ਭਗਤ ਜਨਾ ਰਾਖੁ **ਲਾਜੈ** ਜੀਉ।"
— ਮਾਝ **੪**, ੬੮, ੪ : ੩ (174)

ਲਾਟੂ — ਮਧਾਨੀ ਦੇ ਸਿਰੇ 'ਤੇ ਲਗਾ ਚਾਰ ਦੰਦਿਆਂ ਵਾਲਾ ਯੰਤਰ, ਘੁੰਮਣ ਵਾਲਾ ਖਿਲੌਣਾ
"**ਲਾਟੂ** ਮਧਾਣੀਆ ਅਨਗਾਹ।"
— ਆਸਾ **੧**, ਵਾਰ ੫ਸ, **੧**, ੨ : ੧੨ (465)

ਲਾਡ — (ਸੰ. ਲਾੜ) ਪਿਆਰ, ਮਲਾਰ
"ਤੇਰੈ ਭਰੋਸੈ ਪਿਆਰੇ ਮੈ **ਲਾਡ** ਲਡਾਇਆ।" (ਚਾਅ ਮਲਾਰ ਕੀਤੇ)
— ਸਿਰੀ **੫**, ੮੨, ੧ : ੧ (51)

ਲਾਡਾਇਦਾ — ਪਿਆਰ ਕਰਦਾ
"ਅਨਿਕ ਰੰਗ ਕਰਹਿ ਬਹੁ ਭਾਤੀ ਜਿਉ ਪਿਤਾ ਪੂਤੁ **ਲਾਡਾਇਦਾ**।"
— ਮਾਰੂ **੫**, ਸੋਲਾ ੫, ੧੪ : ੩ (1076)

ਲਾਡਾਵੈ — (ਪਿਆਰ) ਕਰੇ,
"ਖੇਲਿ ਖਿਲਾਇ ਲਾਡ **ਲਾਡਾਵੈ** ਸਦਾ ਸਦਾ ਅਨਦਾਈ।" — ਸਾਰ **੫**, ੪੮, ੧ : ੧ (1214)

ਲਾਡਿਲੇ — ਪਿਆਰੇ ਦੇ
"ਲਾਲ ਦਇਆਲ ਗੁਲਾਲ **ਲਾਡਿਲੇ** ਸਹਜਿ ਸਹਜਿ ਗੁਨ ਗਾਇਓ।"— ਸਾਰ **੫**, ੫੩, ੧* : ੧ (1214)

ਲਾਡੁ — ਪਿਆਰ, ਮਲਾਰ
"ਮੋਰ ਮੋਰ ਕਰਿ ਅਧਿਕ **ਲਾਡੁ** ਧਰਿ ਪੇਖਤ ਹੀ ਜਮਰਾਉ ਹਸੈ।"— ਸਿਰੀ **ਕਬ**, ੧, ੧ : ੨ (91)

ਲਾਡੁਲੀ — ਪਿਆਰੀ
"ਸਰਿ ਧੋਵਨਿ ਚਾਲੀ **ਲਾਡੁਲੀ**।"
— ਬਸੰ **ਨਾਮ**, ੩, ੧* : ੧ (1196)

ਲਾਤਿਆ — ਲਾਏ ਗਏ
"ਗੁਨ ਗੋਵਿੰਦ ਗੁਰਮੁਖਿ ਨ ਜਪਿਆ ਤਪਤ ਥੰਮ੍ ਗਲਿ **ਲਾਤਿਆ**।"
— ਬਿਹਾ **੫**, ਛੰਤ ੨, ੩ : ੪ (546)

ਲਾਥ — ਉਤਰਨਾ, ਮੁਕਨਾ, ਲਥਨਾ
"ਥਾਕੇ ਬਹੁ ਬਿਧਿ ਘਾਲਤੇ ਤ੍ਰਿਪਤਿ ਨ ਤ੍ਰਿਸਨਾ **ਲਾਥ**।" — ਗਉ **੫**, ਬਾਅ ੩੩ ਸ : ੧ (257)

ਲਾਥਾ — ਉਤਰਿਆ, ਦੂਰ ਹੋਇਆ, ਮੁਕਿਆ
"ਹਉਮੈ ਰੋਗੁ ਗਇਆ ਦੁਖਾ **ਲਾਥਾ** ਆਪੁ ਆਪੈ ਗੁਰਮਤਿ ਖਾਧਾ।"
— ਸਿਰੀ **੪**, ਛੰਤ ੧, ੨ : ੪ (78)

ਲਾਥੀ — ਦੂਰੀ ਹੋਈ, ਮੁੱਕ ਗਈ
"ਲਾਥੀ ਭੂਖ ਤ੍ਰਿਸਨ ਸਭ **ਲਾਥੀ** ਚਿੰਤਾ ਸਗਲ ਬਿਸਾਰੀ।" — ਗਉ **੫**, ੧੬੧, ੧ : ੧ (215)

ਲਾਥੀਆ — ਮੁਕ ਗਈ, ਦੂਰ ਹੋਈ
"ਤਾ ਕੀ ਤ੍ਰਿਸਨਾ **ਲਾਥੀਆ**।"
— ਗਉ **੫**, ੧੪੬*, ੨ : ੨ (211)

ਲਾਥੇ — ਉਤਰ ਗਏ, ਦੂਰ ਹੋ ਗਏ
"ਸਿਮਰਤ ਨਾਮੁ ਦੋਖ ਸਭਿ **ਲਾਥੇ**।"
— ਮਾਝ **੫**, ੪੫, ੨ : ੧ (107)

ਲਾਦਸਿ — ਲੱਦਦਾ ਹੈ
"ਕਾਲਰੁ **ਲਾਦਸਿ** ਸਰੁ ਲਾਘਣਉ ਲਾਭੁ ਨ ਪੂੰਜੀ ਸਾਥਿ।"
— ਮਾਰੂ **੩**, ਵਾਰ ੧੩ ਸ, **੧**, ੧ : ੨ (1090)

ਲਾਦਾ — ਲਦਿਆ ਗਿਆ
"ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ **ਲਾਦਾ**।"
— ਬਿਲਾ **੫**, ੫੮, ੧* : ੨ (815)

ਲਾਦਿ — ਲੱਦ ਕੇ
"**ਲਾਦਿ** ਖੇਪ ਸੰਤਹ ਸੰਗਿ ਚਾਲੁ।"
— ਗਉ **੫**, ਸੁਖ ੧੫, ੫ : ੫ (283)

ਲਾਦਿਓ — ਲੱਦ ਲਿਆ
"ਕਾਥੂਰੀ ਕੋ ਗਾਹਕੁ ਆਇਓ **ਲਾਦਿਓ** ਕਾਲਰ ਬਿਰਖ ਜਿਵਹਾ।"
— ਸਾਰ **੫**, ੪, ੧ : ੨ (1203)

ਲਾਦਿਆ — ਲੱਦਿਆ
"ਕੋ ਬਨਜਾਰੋ ਰਾਮ ਕੋ ਮੇਰਾ ਟਾਂਡਾ **ਲਾਦਿਆ** ਜਾਇ ਰੇ।" — ਗਉ **ਰਵਿ**, ੧, ੧* : ੧ (345)

ਲਾਦੀ — ਲੱਦੀ
"ਮੈ ਰਾਮ ਨਾਮ ਧਨੁ ਲਾਦਿਆ ਬਿਖੁ **ਲਾਦੀ** ਸੰਸਾਰਿ।" — ਗਉ **ਰਵਿ**, ੧, ੨ : ੨ (346)

ਲਾਦੀਐ — ਲੱਦੀਏ
"ਸਾਚਉ ਵਖਰੁ **ਲਾਦੀਐ** ਲਾਭੁ ਸਦਾ ਸਚੁ ਰਾਸਿ।"
— ਸਿਰੀ **੧**, ਅਸ ੩, ੭ : ੧ (55)

ਲਾਦੇ — ਲੱਦੇ ਹੋਏ
"ਕੂਚੁ ਕਰਹਿ ਆਵਹਿ ਬਿਖੁ **ਲਾਦੇ** ਸਬਦਿ ਸਚੈ ਗੁਰੁ ਮੇਰਾ।"— ਧਨਾ **੧**, ਛੰਤ ੧, ੪ : ੪ (688)

ਲਾਧਾ — ਲਭ ਲਿਆ, ਪ੍ਰਾਪਤ ਕਰ ਲਿਆ
"ਗੁਰਮੁਖਿ **ਲਾਧਾ** ਮਨਮੁਖਿ ਗਵਾਇਆ।"
— ਆਸਾ **੪**, ਸੋਪੁ ੨, ੧ : ੩ (11)

ਲਾਧਿਓ — ਲੱਭਾ ਹੈ
"ਭਾਇਓ ਅਨੁਗ੍ਰਹੁ ਮਿਟਿਓ ਮੋਰਚਾ ਅਮੋਲ ਪਦਾਰਥੁ **ਲਾਧਿਓ**।" — ਦੇਵ **੫**, ੧੩, ੨ : ੧ (530)

ਲਾਧਿਆ — ਲੱਭਿਆ, ਪ੍ਰਾਪਤ ਕੀਤਾ
"ਜਿਨ ਗੁਰਮੁਖਿ ਖੋਜਿ ਢੰਢੋਲਿਆ ਤਿਨ ਅੰਦਰਹੁ ਹੀ ਸਚੁ **ਲਾਧਿਆ**।"
— ਗਉ **੪**, ਵਾਰ ੨੨ : ੨ (313)

ਲਾਧੀ — ਲੱਭਾ ਹੈ
"ਸੋਈ ਮੁਕੰਦੁ ਦੁਰਬਲੁ ਧਨੁ **ਲਾਧੀ**।"
— ਗੋਂਡ **ਰਵਿ**, ੧, ੨ : ੪ (875)

ਲਾਧੇ — ਲੱਭਾ ਹੈ
"ਮਨੁ ਦੇਵਾ ਤਿਸੁ ਅਪੁਨੇ ਸਾਜਨ ਜਿਨਿ ਗੁਰ ਮਿਲਿ ਸੋ ਪ੍ਰਭੁ **ਲਾਧੇ** ਜੀਉ।"
— ਮਾਝ **੫**, ੨੭, ੨ : ੩ (102)
"ਅਨਿਕ ਲਾਭ ਮਨੋਰਥ **ਲਾਧੇ**।" (ਲਭੇ)
— ਗਉ **੫**, ੧੧੧, ੩ : ੨ (202)

ਲਾਧੋ — ਲੱਭ ਲਿਆ
"ਮਤਿ ਗੁਰਮਤਿ ਹਰਿ ਪ੍ਰਭੁ **ਲਾਧੋ**।"
— ਕਾਨ **੪**, ੧੧, ੧* : ੩ (1293)

ਲਾਪਸੀ — ਪਤਲਾ ਕੜਾਹ
"ਭਾਤੁ ਪਹਿਤਿ ਅਰੁ **ਲਾਪਸੀ** ਕਰਕਰਾ ਕਾਸਾਰੁ।"
— ਆਸਾ **ਕਬ**, ੧੪, ੪ : ੧ (479)

ਲਾਂਬੇ — ਲੰਮੇ
"ਇਕ ਦਿਨ ਸੋਵਨੁ ਹੋਇਗੋ **ਲਾਂਬੇ** ਗੋਡ ਪਸਾਰਿ।"
— ਸਲੋ **ਕਬ**, ੧੨੮ : ੨ (1371)

ਲਾਭ — 1. ਫਾਇਦਾ
"ਅਨਿਕ **ਲਾਭ** ਮਨੋਰਥ ਲਾਧੇ।" (ਫਾਇਦੇ)
— ਗਉ **੫**, ੧੧੧*, ੨ : ੨ (202)
2. ਨਫ਼ਾ

"ਖੇਪ ਨਿਬਾਹੀ ਬਹੁਤੁ **ਲਾਭ** ਘਰਿ ਆਏ ਪਤਿਵੰਤ।"— ਗਉ **੫**, ਬਾਅ ਪੜ : ੫ (261)

ਲਾਭਨ — ਲਭਣ, ਖਟਨ
"ਆਇਓ ਲਾਭੁ **ਲਾਭਨ** ਕੈ ਤਾਈ ਮੋਹਨਿ ਠਗਉਰੀ ਸਿਉ ਉਲਝਿ ਪਹਾ।"
— ਸਾਰ **੫**, ੪, ੨ : ੧ (1203)

ਲਾਭਾ — ਲਭਿਆ, ਪ੍ਰਾਪਤ ਕੀਤਾ
"ਉਪਜੰਪਿ ਉਪਾਇ ਨ ਪਾਈਐ ਕਤਹੂ ਗੁਰਿ ਪੂਰੈ ਹਰਿ ਪ੍ਰਭੁ **ਲਾਭਾ**।"
— ਪ੍ਰਭਾ **੪**, ੬, ੧* : ੨ (1337)

ਲਾਭਾਇਆ — ਲਾਭਦਾਇਕ
"ਵਸਤੁ ਅਨੂਪ ਸੁਣੀ **ਲਾਭਾਇਆ**।"
— ਆਸਾ **੫**, ੬, ੧ : ੨ (372)

ਲਾਭੁ — 1. ਲਭਣਯੋਗ
"ਪਾਇਆ ਲਾਹਾ **ਲਾਭੁ** ਨਾਮ ਪੂਰਨ ਹੋਇ ਕਾਮ।"
— ਸਿਰੀ **੫**, ੮੧, ੩ : ੧ (46)

2. ਨਫ਼ਾ, ਲਾਭ, ਫਾਇਦਾ
"ਸਾਚਉ ਵਖਰੁ ਲਾਦੀਐ **ਲਾਭੁ** ਸਦਾ ਸਚੁ ਰਾਸਿ।"— ਸਿਰੀ **੧**, ਅਸ ੩, ੭ : ੧ (55)
"**ਲਾਭੁ** ਮਿਲੈ ਤੋਟਾ ਹਿਰੈ ਹਰਿ ਦਰਗਹ ਪਤਿਵੰਤਿ।"— ਗਉ **੫**, ਥਿਤੀ ੨ : ੫ (297)
"ਨਾਮੁ ਪਦਾਰਥੁ ਪਾਇਆ **ਲਾਭੁ** ਸਦਾ ਮਨਿ ਹੋਇ।"— ਸਿਰੀ **੧**, ਅਸ ੧੨, ੬ : ੩ (61)
"ਇਕਨਾ ਨੋ ਹਰਿ **ਲਾਭੁ** ਦੇਇ ਜੋ ਗੁਰਮੁਖਿ ਥੀਵੈ।" — ਸਿਰੀ **੪**, ਵਾਰ ੩ : ੩ (83)

ਲਾਭੈ — ਲਭਿਆ, ਪ੍ਰਾਪਤ ਹੋਇਆ
"ਤਉ ਲਉ ਮਹਲਿ ਨ **ਲਾਭੈ** ਜਾਨ।"
— ਗਉ **ਕਬ**, ਵਾ ੮ : ੨ (345)

ਲਾਂਮੀ — ਲੰਮੀ
"ਜਬ ਤੇ ਹੋਈ **ਲਾਂਮੀ** ਧਾਈ ਚਲਹਿ ਨਾਹੀ ਇਕ ਪੈਰੇ।" — ਗੂਜ **੫**, ੮, ੪ : ੨ (497)

ਲਾਯਉ — ਲਿਆਂਦੀ
"ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ **ਲਾਯਉ**।" — ਸਵ **੩**, ੨੦ : ੩ (1395)

ਲਾਲ — 1. ਮਾਣਕ, ਲਾਲ ਰੰਗ ਦਾ ਰਤਨ
"ਧਰਤੀ ਹੀਰੇ **ਲਾਲ** ਜੜਤੀ ਪਲਘਿ ਲਾਲ ਜੜਾਉ।"
— ਸਿਰੀ **੧**, ੧, ੨ : ੧ (14)
"**ਲਾਲ** ਨਾਮ ਜਾ ਕੈ ਭਰੇ ਭੰਡਾਰਾ।"
— ਗੋਂਡ **੫**, ੩, ੩ : ੩ (863)

2. ਪਿਆਰਾ, ਪ੍ਰਿਯ
"**ਲਾਲ** ਗੋਪਾਲ ਦਇਆਲ ਰੰਗੀਲੇ।"
— ਮਾਝ **੫**, ੧੬, ੧ : ੧ (99)
"ਮੋਹਨ **ਲਾਲ** ਅਨੂਪ ਸਰਬ ਸਾਧਾਰੀਆ।"
— ਗਉ **੫**, ਅਸ ੧੨, ੩ : ੧ (241)

3. (ਫਾ. ਲਾਅਲ) ਇਕ ਵਰਣ, ਸੂਹਾ, ਸੁਰਖ ਰੰਗ
"**ਲਾਲ** ਰੰਗ ਪੂਰਨ ਪੁਰਖੁ ਬਿਧਾਤਾ।"
— ਗਉ **੫**, ੧੪੧, ੧* : ੨ (194)
"**ਲਾਲ** ਨਿਹਾਲੀ ਫੂਲ ਗੁਲਾਲਾ।" (ਲਾਲ ਰੰਗ ਦੀ) — ਗਉ **੧**, ਅਸ ੧੦, ੨ : ੨ (225)
"ਪ੍ਰਭ ਸਾਚੇ ਸੇਤੀ ਰੰਗਿ ਰੰਗੇਤੀ **ਲਾਲ** ਭਈ ਮਨੁ ਮਾਰੀ।" (ਰੰਗੀਲੀ ਹੋ ਗਈ)
— ਧਨਾ **੧**, ਛੰਤ ੩, ੩ : ੫ (689)

ਲਾਲਸਾ — ਪ੍ਰਬਲ ਇੱਛਾ
"ਪ੍ਰਭ ਮਿਲਬੇ ਕੀ **ਲਾਲਸਾ** ਤਾ ਤੇ ਆਲਸੁ ਕਹਾ ਕਰਉ ਰੀ।"— ਆਸਾ **੫**, ੭੬, ੧* : ੨ (389)

ਲਾਲਹਿ — ਪਿਆਰੇ ਨੂੰ, ਪ੍ਰੀਤਮ ਨੂੰ
"ਮਨੁ **ਲਾਲਹਿ** ਦੀਜੈ ਭੋਗ ਕਰੀਜੈ ਹਭਿ ਖੁਸੀਆ ਰੰਗ ਮਾਣੇ।"— ਆਸਾ **੫**, ਛੰਤ ੪, ੪ : ੩ (455)

ਲਾਲਚ — ਲੋਭ, ਲਾਲਸਾ
"**ਲਾਲਚ** ਝੂਠ ਬਿਕਾਰ ਮੋਹ ਬਿਆਪਤ ਮੂੜੇ ਅੰਧ।"
— ਗਉ **੫**, ਬਾਅ ੧੧ ਸ : ੧ (252)

ਲਾਲਚਾ — ਲਾਲਚ ਵਿਚ
"ਵੈਰੁ ਕਰੇ ਨਿਰਵੈਰ ਨਾਲਿ ਝੂਠੇ **ਲਾਲਚਾ**।"
— ਮਾਰੂ **੫**, ਵਾਰ ੧੫ : ੫ (1099)

ਲਾਲਚਿ — ਲਾਲਚ ਵਿਚ
"ਕੂੜੈ **ਲਾਲਚਿ** ਲਗਿ ਮਹਲ ਖੁਆਈਐ।"
— ਮਾਝ **੧**, ਵਾਰ ੧੯ : ੬ (147)

ਲਾਲਚੁ — ਲੋਭ
"**ਲਾਲਚੁ** ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ।" — ਸਿਰੀ **ਬੇਣੀ**, ੧, ੫ : ੨ (93)

ਲਾਲਤੀ — ਅਤਲਸ, ਕੀਮਖਾਬ, ਕੀਮਤੀ ਕਪੜਾ
"ਤੰਬੂ ਪਲੰਘ ਨਿਵਾਰ ਸਰਾਂਇਚੇ **ਲਾਲਤੀ**।"
— ਮਾਝ **੧**, ਵਾਰ ੮ : ੨ (141)

ਲਾਲਨ — 1. ਲਾਡ ਲਡਾਉਣ ਵਾਲਾ, ਪਿਆਰਾ

"ਤੂੰ ਮੇਰੇ **ਲਾਲਨ** ਤੂੰ ਮੇਰੇ ਪ੍ਰਾਨ।"
— ਗਉ **੫**, ੮੨, ੧* : ੧ (181)

2. ਅਮੋਲਕ ਰਤਨ
"ਕਨਿਕ ਮਾਣਿਕ ਗਜ ਮੋਤੀਅਨ **ਲਾਲਨ** ਨਹ ਨਾਹ ਨਹੀ।"
— ਆਸਾ **੫**, ੧੪੩, ੧ : ੧ (406)

ਲਾਲਨਾ — ਪਿਆਰਾ, ਪ੍ਰੀਤਮ
"ਪ੍ਰੀਤਿ ਪ੍ਰੀਤਿ ਗੁਰੀਆ ਮੋਹਨ **ਲਾਲਨਾ**।"
— ਸੂਹੀ **੫**, ੪੪, ੧* : ੧ (746)

ਲਾਲਨੁ — ਪਿਆਰਾ
"ਤੁਮ ਘਰਿ **ਲਾਲਨੁ** ਤੁਮ ਘਰਿ ਭਾਗੁ।"
— ਆਸਾ **੫**, ੫੨, ੨ : ੨ (384)

ਲਾਲਾ — 1. (ਫ਼ਾ. ਲਾਲਾ) ਗੁਲਾਮ, ਸੇਵਕ
"**ਲਾਲਾ** ਹਾਟਿ ਵਿਹਾਝਿਆ ਕਿਆ ਤਿਸੁ ਚਤੁਰਾਈ।" — ਗਉ **੪**, ੪੬, ੪ : ੧ (166)

2. ਲਾਲ, ਕੀਮਤੀ ਪਥਰ
"ਰਤਨ ਜਵਾਹਰ ਹਰਿ ਮਾਣਕ **ਲਾਲਾ**।"
— ਵਡ **੫**, ੬, ੨ : ੧ (563)

3. (ਫ਼ਾ. ਲਾਲਹ) ਲਾਲ ਰੰਗ ਦਾ ਇਕ ਫੁਲ
"ਥੀਵਹਿ **ਲਾਲਾ** ਅਤਿ ਗੁਲਾਲਾ ਸਬਦੁ ਚੀਨਿ ਗੁਰ ਮੀਠਾ।"
— ਸੂਹੀ **੫**, ਛੰਤ ੧, ੧ : ੪ (777)

4. ਲਾਲ ਰੰਗ ਦਾ
"ਹਰਿ ਰੰਗ ਰਾਂਗ ਭਏ ਮਨ **ਲਾਲਾ** ਰਾਮ ਨਾਮ ਰਸ ਖੀਵਨਿ।"
— ਸਾਰ **੫**, ੯੧, ੧ : ੨ (1222)

ਲਾਲਿ — ਪਿਆਰੇ ਨਾਲ
"**ਲਾਲਿ** ਰਤੀ ਸਚ ਭੈ ਵਸੀ ਭਾਇ ਰਤੀ ਰੰਗਿ ਰਾਸਿ।" — ਸਿਰੀ **੧**, ਅਸ ੨, ੨ : ੩ (54)

ਲਾਲੀ — 1. ਦਾਸੀ
"ਪ੍ਰਿਅ ਕੀ ਚੇਰੀ ਕਾਂਢੀਐ **ਲਾਲੀ** ਮਾਨੈ ਨਾਉ।"
— ਸਿਰੀ **੧**, ਅਸ ੨, ੩ : ੧ (54)

2. ਲਾਲ ਰੰਗ ਦੀ ਭਾਅ
"ਕਵਨ ਬਨੀ ਰੀ ਤੇਰੀ **ਲਾਲੀ**।"
— ਆਸਾ **੫**, ੫੨, ੧* : ੧ (384)

ਲਾਲੁ — 1. ਲਾਲ ਰੰਗ ਦਾ
"**ਲਾਲੁ** ਗੁਲਾਲੁ ਗਹਬਰਾ ਸਚਾ ਰੰਗੁ ਚੜਾਉ।"
— ਸਿਰੀ **੧**, ੧੨, ੧ : ੨ (18)

2. ਕੀਮਤੀ ਪਥਰ, ਰਤਨ
"ਮਨ ਮਹਿ ਮਾਣਕੁ **ਲਾਲੁ** ਨਾਮੁ ਰਤਨੁ ਪਦਾਰਥੁ ਹੀਰੁ।" — ਸਿਰੀ **੧**, ੨੧, ੪ : ੧ (22)

3. ਪਿਆਰਾ, ਪ੍ਰੀਤਮ
"ਆਪੇ ਬਹੁ ਬਿਧਿ ਰੰਗੁਲਾ ਸਖੀਏ ਮੇਰਾ **ਲਾਲੁ**।"
— ਸਿਰੀ **੧**, ੨੫, ੩ : ੧ (23)

ਲਾਲੇ — ਸੇਵਕ, ਗੁਲਾਮ
"ਰਾਮ ਹਮ ਸਤਿਗੁਰ **ਲਾਲੇ** ਕਾਂਢੇ।"
— ਗਉ **੪**, ੫੯, ੧* : ੧ (171)

ਲਾਲੈ — ਸੇਵਕ ਨੇ
"**ਲਾਲੈ** ਆਪਣੀ ਜਾਤਿ ਗਵਾਈ।"
— ਆਸਾ **੩**, ੪੬, ੧ : ੧ (362)

ਲਾਲੋ — 1. ਸੈਦਪੁਰ (ਐਮਨਾਬਾਦ) ਦਾ ਇਕ ਤਰਖਾਣ ਜੋ ਗੁਰੂ ਨਾਨਕ ਸਾਹਿਬ ਦਾ ਅਨਿੰਨ ਸਿਖ ਸੀ
"ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ **ਲਾਲੋ**।"
— ਤਿਲੰ **੧**, ੫, ੧ : ੧ (722)

2. ਲਾਲ ਰੰਗ ਦਾ ਵਡਮੁਲਾ ਹੀਰਾ
"ਲਾਲੁ ਅਮੋਲਾ **ਲਾਲੋ**।"
— ਮਾਰੂ **੫**, ੨੩, ੧* : ੧ (1006)

ਲਾਲੋਲਾਲੁ — ਬਹੁਤ ਗੂੜ੍ਹੇ ਲਾਲ ਰੰਗ ਦਾ
"ਨਾਨਕ **ਲਾਲੋਲਾਲੁ** ਹੈ ਸਚੈ ਰਤਾ ਸਚੁ।"
— ਮਾਰੂ **੩**, ਵਾਰ ੮ਸ, **੧**, ੧ : ੨ (1089)

ਲਾਵ — ਵਿਆਹ ਸਮੇਂ ਅਗਨ—ਕੁੰਡ ਅਥਵਾ ਗੁਰੂ ਗ੍ਰੰਥ ਸਾਹਿਬ ਦੁਆਲੇ ਲਿਆ ਜਾਂਦਾ ਫੇਰਾ
"ਜਨੁ ਕਹੈ ਨਾਨਕੁ **ਲਾਵ** ਪਹਿਲੀ ਆਰੰਭੁ ਕਾਜੁ ਰਚਾਇਆ।"— ਸੂਹੀ **੪**, ਛੰਤ ੨, ੧ : ੬ (773)

ਲਾਵਉ — 1. ਲਾਓ, ਜੋੜੋ
"ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ **ਲਾਵਉ**।" — ਗਉ **੯**, ੫, ੨ : ੧ (219)

2. ਲਾਈਏ, ਮਲੀਏ
"ਲਲਾ **ਲਾਵਉ** ਅਉਖਧ ਜਾਹੂ।"
— ਗਉ **੫**, ਬਾਅ ੪੫ : ੨ (259)

"ਕਤ ਨਹੀ ਠਉਰ ਮੂਲੁ ਕਤ **ਲਾਵਉ**।" (ਲਾਵਾਂ, ਮਲਾਂ) — ਗਉ **ਕਬ**, ੨੧, ੧ : ੧ (327)

3. ਲਿਆਵਾਂ, ਰਖਾਂ, ਗਿਣਾਂ
"ਸਗਲ ਛਤ੍ਰਪਤਿ ਏਕੋ ਠਾਕੁਰੁ ਕਉਨ ਸਮਸਰਿ **ਲਾਵਉ**।"— ਆਸਾ **੫**, ੧੨੧, ੧* : ੨ (401)

ਲਾਵਈ — ਲਾਉਂਦਾ, ਜੋੜਦਾ
"ਸਬਦੈ ਸਿਉ ਚਿਤੁ ਨ **ਲਾਵਈ** ਜਿਤੁ ਸੁਖੁ ਵਸੈ ਮਨਿ ਆਇ।"
— ਬਿਹਾ **੪**, ਵਾਰ ੧੫ਸ, **੩**, ੧ : ੨ (554)

ਲਾਵਏ — ਲਾਉਂਦਾ ਹੈ, ਜੋੜਦਾ ਹੈ
"ਕਹੈ ਨਾਨਕੁ ਜਿਸੁ ਕਰੇ ਕਿਰਪਾ ਸੋ ਹਰਿ ਭਗਤੀ ਚਿਤੁ **ਲਾਵਏ**।"
— ਆਸਾ **੩**, ਛੰਤ ੨, ੧ : ੬ (440)

ਲਾਵਸਿ — ਲਾਉਂਦਾ ਹੈ
"ਕਰਿ ਪਟੰਬੁ ਗਲੀ ਮਨੁ **ਲਾਵਸਿ** ਸੰਸਾ ਮੂਲਿ ਨ ਜਾਵਸਿਤਾ।" — ਗਉ **੧**, ੧੫, ੩ : ੧ (155)

ਲਾਵਸਿਤਾ — ਲਾਉਣਾ
"ਏਕੁ ਸਬਦੁ ਦੂਜਾ ਹੋਰੁ ਨਾਸਤਿ ਕੰਦ ਮੂਲਿ ਮਨੁ **ਲਾਵਸਿਤਾ**।" — ਗਉ **੧**, ੧੫, ੧* : ੨ (155)

ਲਾਵਹਿ — 1. ਲਾਉਂਦਾ ਹੈ, ਜੋੜਦਾ ਹੈ
"ਧਿਆਨੀ ਧਿਆਨੁ **ਲਾਵਹਿ**।"
— ਸਿਰੀ **੫**, ਅਸ ੨੨, ੧ : ੧ (71)
"ਹਉ ਤੁਮਰੀ ਕਰਉ ਨਿਤ ਆਸ ਪ੍ਰਭ ਮੋਹਿ ਕਬ ਗਲਿ **ਲਾਵਹਿ** ਗੇ।" (ਲਾਉਣ)
— ਕਲਿ **੪**, ੬, ੧* : ੨ (1321)
2. ਅਲਾਉਣਾ
"ਪਾਂਚਉ ਸੰਗਿ ਬਰੰਗਨ **ਲਾਵਹਿ**।"
— ਰਾਗ ੧ : ੫੦ (1430)

ਲਾਵਹੀ — ਲਾਉਂਦਾ ਹੈ
"ਜਿਸੁ ਹੋਵਹਿ ਆਪਿ ਦਇਆਲੁ ਤਿਸੁ ਸਤਿਗੁਰ ਸੇਵਾ **ਲਾਵਹੀ**।"— ਮਾਰੂ **੫**, ਵਾਰ ੩ : ੨ (1095)

ਲਾਵਹੁ — 1. ਲਾਉ, ਜੋੜੋ
"ਕਰਿ ਕਿਰਪਾ ਪ੍ਰਭੁ ਭਗਤੀ **ਲਾਵਹੁ** ਸਚੁ ਨਾਨਕ ਅੰਮ੍ਰਿਤੁ ਪੀਏ ਜੀਉ।"
— ਮਾਝ **੫**, ੩੫, ੪ : ੩ (105)
"ਕਾਢਿ ਲੀਏ ਪ੍ਰਭ ਆਨ ਬਿਖੈ ਤੇ ਸਾਧਸੰਗਿ ਮਨੁ **ਲਾਵਹੁ**।" — ਕੇਦਾ **੫**, ੬, ੧ : ੧ (1120)
2. ਲਾਉਂਦੇ ਹੋ
"ਗਊ ਬਿਰਾਹਮਣ ਕਉ ਕਰੁ **ਲਾਵਹੁ** ਗੋਬਰਿ ਤਰਣੁ ਨ ਜਾਈ।"
— ਆਸਾ **੧**, ਵਾਰ ੧੬ਸ, **੧**, ੧ : ੧ (471)

ਲਾਵਹੇ — ਲਾਉਂਦਾ ਹੈ
"ਤੇਰੇ ਗੁਣ ਗਾਵਹਿ ਜਾ ਤੁਧੁ ਭਾਵਹਿ ਸਚੇ ਸਿਉ ਚਿਤੁ **ਲਾਵਹੇ**।"
— ਆਸਾ **੩**, ਛੰਤ ੭, ੧੦ : ੪ (442)

ਲਾਵਣ — (ਸੰ. ਲਾਵਣ) ਸਲੂਣਾ, ਨਮਕੀਨ, ਲਾ ਕੇ ਖਾਣ ਵਾਲੀ ਵਸਤ, ਸਬਜ਼ੀ, ਹੋਰ ਵੇਖੋ 'ਲਾਵਣੁ'
"ਪਿਰੀਆ ਸੰਦੜੀ ਭੁਖ ਮੂ **ਲਾਵਣ** ਥੀ ਵਿਥਰਾ।"
— ਮਾਰੂ **੫**, ਵਾਰ ੧੩ਸ, **੫**, ੨ : ੧ (1098)

ਲਾਵਣਾ — 1. ਲਾਉਣਾ, ਮਲਣਾ
"ਪ੍ਰੇਮ ਪਿਰਮਲੁ ਤਨਿ **ਲਾਵਣਾ** ਅੰਤਰਿ ਰਤਨੁ ਵੀਚਾਰੁ।"— ਆਸਾ **੩**, ਅਸ ੩੦, ੬ : ੨ (426)
2. ਲਾਉਣਾ, ਪਹੁੰਚਾਵਣਾ
"ਤਿਸੁ ਸਿਉ ਪ੍ਰੀਤਿ ਛਾਡਿ ਅਨ ਰਾਤਾ ਕਾਹੂ ਸਿਰੈ ਨ **ਲਾਵਣਾ**।"
— ਮਾਰੂ **੫**, ਸੋਲਾ ੧੪, ੮ : ੩ (1086)
"ਨਾਨਕ ਦਾਸ ਸਦਾ ਸਰਣਾਈ ਦੂਸਰ ਲਵੈ ਨ **ਲਾਵਣਾ**।" (ਨੇੜੇ ਨਾਹ ਢੁਕਣ ਦੇਣਾ)
— ਮਾਰੂ **੫**, ਸੋਲਾ ੧੪, ੧੦ : ੩ (1086)

ਲਾਵਣਿਆ — ਲਾਉਂਦੇ ਹਨ
"ਹਉ ਵਾਰੀ ਜੀਉ ਵਾਰੀ ਇਕਸੁ ਸਿਉ ਚਿਤੁ **ਲਾਵਣਿਆ**।" (ਜੋੜਦੇ ਹਨ)
— ਮਾਝ **੩**, ਅਸ ੪, ੧* : ੧ (111)

ਲਾਵਣੀ — ਲਾਉਂਦਾ ਹੈ
"ਸਭਿ ਤੇਰੀ ਜੋਤਿ ਜੋਤੀ ਵਿਚਿ ਵਰਤਹਿ ਗੁਰਮਤੀ ਤੁਧੈ **ਲਾਵਣੀ**।"— ਕਾਨ **੪**, ਵਾਰ ੩ : ੩ (1314)

ਲਾਵਣੁ — ਸਲੂਣਾ, ਲਾ ਕੇ ਖਾਣ ਵਾਲੀ ਵਸਤ, ਸਬਜ਼ੀ
"ਫਰੀਦਾ ਰੋਟੀ ਮੇਰੀ ਕਾਠ ਕੀ **ਲਾਵਣੁ** ਮੇਰੀ ਭੁਖ।"
— ਸਲੋ **ਫਰ**, ੨੮ : ੧ (1379)

ਲਾਵਤ — ਲਾਉਂਦਾ ਹੈ
"ਮਨਿ ਨਹੀ ਪ੍ਰੀਤਿ ਮੁਖਹੁ ਗੰਢ **ਲਾਵਤ**।"
— ਗਉ **੫**, ਸੁਖ ੫, ੭ : ੨ (269)

ਲਾਵਨ — ਲਾਉਂਦੇ ਭਾਵ ਸਮਝਦੇ
"ਬਿਸਮਨ ਬਿਸਮ ਭਏ ਬਿਸਮਾਦ ਆਨ ਨ ਬੀਓ

ਦੂਸਰ **ਲਾਵਨ**।"— ਟੋਡੀ **੫**, ੨੫, ੨ : ੧ (717)

ਲਾਵਨੋ — ਲਗਦਾ ਹੈ
"ਜਨੁ ਨਾਨਕੁ ਤਿਸੁ ਪਗਿ **ਲਾਵਨੋ**।"
— ਬਿਲਾ **੪**, ੭, ੨ : ੬ (801)
"ਮੁਕਤਿ ਜੁਗਤਿ ਅਨਿਕ ਸੁਖ ਹਰਿ ਭਗਤਿ ਲਵੈ ਨ **ਲਾਵਨੋ**।" (ਲਾਉਣਾ)
— ਕਲਿ **੫**, ੧੦, ੨ : ੧ (1323)

ਲਾਵਾ — 1. ਲਾਵਾਂ, ਜੋੜਾਂ
"ਪਰਮ ਜੋਤਿ ਸਿਉ ਪਰਚਉ **ਲਾਵਾ**।"
— ਗਉ **ਕਬ**, ਬਾਅ ੨੭ : ੨ (341)
2. ਲਾ ਦਿੱਤਾ, ਜੋੜ ਦਿੱਤਾ
"ਬਿਟਵਹਿ ਰਾਮ ਰਮਊਆ **ਲਾਵਾ**।"
— ਆਸਾ **ਕਬ**, ੩੩, ੧* : ੨ (484)

ਲਾਵੀ — ਵਾਢੀ ਕਰਨ ਵਾਲਾ, ਭਾਵ ਜਮ
"ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ **ਲਾਵੀ** ਆਇਆ ਖੇਤੁ।"
— ਸਿਰੀ **੧**, ਪਹ ੧, ੪ : ੧ (75)

ਲਾਵੀਐ — ਲਾ ਲੈਂਦਾ ਹੈ
"ਜਿਸੁ ਆਪੇ ਕਿਰਪਾ ਕਰੇ ਮੇਰਾ ਸੁਆਮੀ ਤਿਸੁ ਜਨ ਕਉ ਹਰਿ ਲਿਵ **ਲਾਵੀਐ** ਰੇ।"
— ਕੇਦਾ **੪**, ੧, ੧ : ੧ (1118)

ਲਾਵੇ — ਵਾਢੀ ਕਰਨ ਵਾਲੇ
"ਲੈ ਲੈ ਦਾਤ ਪਹੁਤਿਆ **ਲਾਵੇ** ਕਰਿ ਤਈਆਰੁ।"
— ਸਿਰੀ **੫**, ੨੪, ੨ : ੨ (43)
"ਭਾਗਿ ਗਏ ਪੰਚ ਦੂਤ **ਲਾਵੇ**।" (ਭਾਵ ਦੁਖ ਦੇਣ ਵਾਲੇ) — ਆਸਾ **੫**, ੯੫, ੨ : ੪ (394)

ਲਾਵੇਰੀ — ਦੁੱਧ ਦੇਣ ਵਾਲੀ
"ਗਉ ਭੈਸ ਮਗਉ **ਲਾਵੇਰੀ**।"
— ਧਨਾ **ਧੰਨਾ**, ੧, ੨ : ੧ (695)

ਲਾਵੈ — 1. ਲਾਉਂਦੇ ਹਨ
"**ਲਾਵੈ** ਮਾਤ ਪਿਤਾ ਸਦਾ ਗਲ ਸੇਤੀ ਮਨਿ ਜਾਣੈ ਖਟਿ ਖਵਾਏ।"
— ਸਿਰੀ **੪**, ਪਹ ੩, ੨ : ੩ (76)
2. ਲਾਉਂਦਾ, ਜੋੜਦਾ
"ਤਾ ਸਿਉ ਮੂੜਾ ਮਨੁ ਨਹੀ **ਲਾਵੈ**।"
— ਗਉ **੫**, ਸੁਖ ੪, ੩ : ੪ (267)
3. ਲਾਉਂਦਾ, ਕਰਦਾ
"ਤਉ ਭਵਜਲ ਤਰਤ ਨ **ਲਾਵੈ** ਬਾਰਾ।"
— ਗਉ **ਕਬ**, ਬਾਅ ੪੦ : ੪ (342)
4. ਲਾਉਂਦਾ ਹੈ ਭਾਵ ਮਲਦਾ ਹੈ
"ਕਰ ਸੰਗਿ ਸਾਧੂ ਚਰਨ ਪਖਾਰੈ ਸੰਤ ਧੂਰਿ ਤਨਿ **ਲਾਵੈ**।" — ਆਸਾ **੫**, ੪੩, ੩ : ੧ (381)
5. ਲਾਂਵਾਂ ਸਮੇਂ, ਫੇਰੇ ਸਮੇਂ
"ਜਨੁ ਨਾਨਕੁ ਬੋਲੇ ਤੀਜੀ **ਲਾਵੈ** ਹਰਿ ਉਪਜੈ ਮਨਿ ਬੈਰਾਗੁ ਜੀਉ।"
— ਸੂਹੀ **੪**, ਛੰਤ ੨, ੩ : ੬ (774)
6. ਲਾਉਂਦੀ ਭਾਵ ਸਜਾਉਂਦੀ ਹੈ
"ਕਬੀਰ ਮਾਇਆ ਚੋਰਟੀ ਮੁਸਿ ਮੁਸਿ **ਲਾਵੈ** ਹਾਟਿ।" — ਸਲੋ **ਕਬ**, ੨੦ : ੧ (1365)
7. ਲਾਏ ਭਾਵ ਵਿਚ ਬਾਲੇ
"ਕਬੀਰ ਐਸਾ ਕੋਈ ਨ ਜਨਮਿਓ ਅਪਨੈ ਘਰਿ **ਲਾਵੈ** ਆਗਿ।"— ਸਲੋ **ਕਬ**, ੪੨ : ੧ (1366)

ਲਾੜੀ — ਲਾ ਕੇ ਗਲ ਕਹਿਣੀ (ਸ਼ਬਦਾਰਥ); ਲੂਤੀ, (ਨਿਰਣੈ); ਚੋਭਵੀਂ ਗਲ; ਲੜਾਈ ਕਰਾ ਦੇਣ ਵਾਲੀ ਗਲ (ਕੋਸ਼)
"**ਲਾੜੀ** ਚਾੜੀ ਲਾਇਤਬਾਰੁ।"
— ਰਾਮ **੧**, ਓਅੰ ੧੩ : ੩ (931)

ਲਾੜੇ — ਪਤੀ, ਦੂਲਹਾ, ਵਿਆਹੁਣ ਆਇਆ ਮਰਦ
"ਜਦਹੁ ਸੀਆ ਵੀਆਹੀਆ **ਲਾੜੇ** ਸੋਹਨਿ ਪਾਸਿ।"
— ਆਸਾ **੧**, ਅਸ ੧੧, ੨ : ੧ (417)

ਲਿਉ — ਲਿਵ, ਧਿਆਨ
"ਲਖਿਮੀ ਬਰ ਸਿਉ ਜਉ **ਲਿਉ** ਲਾਵੈ।"
— ਗਉ **ਕਬ**, ਬਾਅ ੪੩ : ੩ (342)

ਲਿਉਂ — ਲੈ ਲਵਾਂ
"**ਲਿਉਂ ਲਿਉਂ** ਕਰਤ ਫਿਰੈ ਸਭੁ ਲੋਗੁ।"
— ਸਲੋ **ਕਬ**, ਬਾਅ ੪੩ : ੧ (342)

ਲਿਆਵਉ — ਲਿਆਉਂਦਾ
"ਦ੍ਰਿਸਟਿ ਨ **ਲਿਆਵਉ** ਅਵਰ ਕਾਹੂ ਕਉ ਮਾਣਿ ਮਹਤਿ ਪ੍ਰਭ ਤੇਰੈ।"
— ਸਾਰ **੫**, ੫੦, ੧* : ੨ (1214)

ਲਿਆਵਹਿ — ਲਿਆਵੀਏ
"ਪਿਛੈ ਰਵਹਿ **ਲਿਆਵਹਿ** ਫੇਰਿ।"
— ਮਲਾ **੧**, ਵਾਰ ੨੦ਸ, **੧**, ੧ : ੬ (1287)

ਲਿਆਵੈ — 1. ਭਾਵ ਦੇਵੇ

"ਤ੍ਰਿਤੀਆ ਤੀਨੇ ਸਮ ਕਰਿ **ਲਿਆਵੈ**।"
— ਗਉ **ਕਬ**, ਥਿਤੀ ੪ : ੧ (343)

2. ਲਿਆਏ
"ਬੈਠਿ ਸਿੰਘੁ ਘਰਿ ਪਾਨ ਲਗਾਵੈ ਘੀਸ ਗਲਉਰੇ **ਲਿਆਵੈ**।"— ਆਸਾ **ਕਬ**, ੬, ੨ : ੨ (477)
"ਬਹੁ ਪਰਪੰਚ ਕਰਿ ਪਰ ਧਨੁ **ਲਿਆਵੈ**।"
— ਸੋਰ **ਕਬ**, ੯, ੧ : ੧ (656)

ਲਿਖਉਗੀ — ਮੈਂ ਲਿਖਾਂਗੀ
"ਗੁਰ ਪੂਛਿ **ਲਿਖਉਗੀ** ਜੀਉ ਸਬਦਿ ਸਨੇਹਾ।"
— ਗਉ **੧**, ਛੰਤ ੧, ੩ : ੨ (242)

ਲਿਖਹ — ਲਿਖਤੁ, ਲੇਖਾ
"ਸਰਣਿ ਪਰਹਿ ਤੇ ਉਬਰਹਿ ਛੋਡਿ ਜਮ ਪੁਰ ਕੀ **ਲਿਖਹ**।" — ਸਵ **੩**, ੧੨ : ੨ (1395)

ਲਿਖਹਿ — ਲਿਖ ਕੇ, ਲਿਖਦਾ ਹੈ
"**ਕੂੜੁ ਲਿਖਹਿ** ਤੈ ਕੂੜੁ ਕਮਾਵਹਿ ਜਲਿ ਜਾਵਹਿ ਕੂੜਿ ਚਿਤੁ ਲਾਵਣਿਆ।"
— ਮਾਝ **੩**, ਅਸ ੨੩, ੬ : ੩ (123)
"ਹਰਿ ਜਸੁ **ਲਿਖਹਿ** ਬੇਅੰਤ ਸੋਹਹਿ ਸੇ ਹਥਾ।"
— ਜੈਤ **੫**, ਵਾਰ ੧੪ : ੩ (709)

ਲਿਖਹੁ — ਲਿਖੋ, ਕਲਮਬੰਦ ਕਰੋ
"ਲਲਤਾ ਲੇਖਣਿ ਸਚ ਕੀ ਪਿਆਰੇ ਹਰਿ ਗੁਣ **ਲਿਖਹੁ** ਵੀਚਾਰਿ।"
— ਸੋਰ **੧**, ਅਸ ੩, ੮ : ੨ (636)
"ਸੁਣਿ ਪਾਡੇ ਕਿਆ **ਲਿਖਹੁ** ਜੰਜਾਲਾ।" (ਲਿਖਦਾ ਹੈਂ) — ਰਾਮ **੧**, ਓਅੰ ੧* : ੧ (930)

ਲਿਖਣ — ਕਲਮਬੰਦ ਕਰਨ (ਲਈ)
"ਬਸੁਧ ਕਾਗਦ ਬਨਰਾਜ ਕਲਮਾ **ਲਿਖਣ** ਕਉ ਜੇ ਹੋਇ ਪਵਨ।"
— ਆਸਾ **੫**, ਛੰਤ ੮, ੪ : ੫ (458)

ਲਿਖਣਹ — ਲਿਖੇ ਅਨੁਸਾਰ
"ਨਾਨਕ ਹਰਿ ਪੂਰਬਿ **ਲਿਖਣਹ**।"
— ਗਾਥਾ **੫**, ੧੫ : ੪ (1361)

ਲਿਖਣਹਾਰਾ — ਲਿਖਤ ਕਰਨ ਵਾਲਾ, ਲਿਖਣ ਵਾਲਾ, ਲਿਖਾਰੀ
"ਆਪੇ ਪਟੀ ਕਲਮ ਆਪਿ ਆਪਿ **ਲਿਖਣਹਾਰਾ** ਹੋਆ।" — ਰਾਮ **ਬਸ**, ਵਾਰ ੮ : ੩ (968)

ਲਿਖਣਹਾਰੁ — ਲਿਖਣ ਵਾਲੇ, ਲਿਖ ਸਕਨ ਵਾਲੇ
"ਕਾਗਦਿ ਕਲਮ ਨ **ਲਿਖਣਹਾਰੁ**।"
— ਜਪੁ **੧**, ੧੨ : ੩ (3)

ਲਿਖਣਵਾਲਾ — ਲਿਖਤ ਕਰਨ ਵਾਲਾ
"**ਲਿਖਣਵਾਲਾ** ਜਲਿ ਬਲਉ ਜਿਨਿ ਲਿਖਿਆ ਦੂਜਾ ਭਾਉ।"— ਸਿਰੀ **੪**, ਵਾਰ੯ਸ. **੩**, ੧ : ੨ (84)

ਲਿਖਣੁ — ਲਿਖਣਾ, ਲਿਖਤ ਵਿਚ ਲਿਆਉਣਾ
"ਅਖਰੀ **ਲਿਖਣੁ** ਬੋਲਣੁ ਬਾਣਿ।"
— ਜਪੁ **੧**, ੧੯ : ੬ (4)

ਲਿਖਤ — ਲਿਖੀ ਹੋਈ
"ਪੂਰਬਿ **ਲਿਖਤ** ਲਿਖੇ ਗੁਰੁ ਪਾਇਆ ਮਨ ਹਰਿ ਲਿਵ ਮੰਡਲ ਮੰਡਾ ਹੇ।"
— ਗਉ **੪**, ਸੋਹ ੪, ੧ : ੨ (13)

ਲਿਖੰਤੀ — ਲਿਖੀ ਹੋਈ
"ਹਰਿ ਹੋ ਹੋ ਹੋ ਲਿਖਤੁ **ਲਿਖੰਤੀ**।"
— ਨਟ **੪**, ੮, ੧* : ੪ (977)

ਲਿਖਤੀ — ਲਿਖਣ ਵਾਲੇ, ਜਿਨ੍ਹਾਂ ਨੇ ਲਿਖਿਆ
"ਕਹਤੇ ਪਵਿਤ੍ਰ ਸੁਣਤੇ ਸਭਿ ਧੰਨੁ **ਲਿਖਤੀ** ਕੁਲੁ ਤਾਰਿਆ ਜੀਉ।"
— ਸਿਰੀ **੫**, ਛੰਤ ੩, ੫ : ੧ (81)

ਲਿਖਤੁ — ਲੇਖਣੀ, ਲਿਖਿਆ ਹੋਇਆ
"ਐਸੈ ਧੰਧੁ ਪਿਟਾਈਐ ਸਚੁ **ਲਿਖਤੁ** ਪਰਵਾਨੁ।"
— ਸਿਰੀ **੧**, ੧੯, ੪ : ੧ (21)
"ਮੁਹਲਤਿ ਕਰਿ ਦੀਨੀ ਕਰਮ ਕਮਾਣੇ ਜੈਸਾ **ਲਿਖਤੁ** ਧੁਰਿ ਪਾਇਆ।" (ਲੇਖਣੀ ਵਿਚ)
— ਸਿਰੀ **੫**, ਪਹ ੪, ੧ : ੩ (77)

ਲਿਖਤੇ — ਲਿਖਦੇ ਹਨ
"ਚਿਤ੍ਰ ਗੁਪਤੁ ਸਭ **ਲਿਖਤੇ** ਲੇਖਾ।"
— ਆਸਾ **੫**, ੯੧, ੪ : ੧ (393)

ਲਿਖੰਤੇ — ਲਿਖੇ ਹੋਏ
"ਕਰਮਿ **ਲਿਖੰਤੈ** ਪਾਈਐ ਇਹ ਰੁਤਿ ਸੁਹਾਈ।"
— ਬਸੰ **੫**, ਵਾਰ ੧ : ੨ (1193)

ਲਿਖਦਾ — ਲਿਖਤ ਵਿਚ ਲਿਆਉਂਦਾ
"ਗੁਣਦਾਤਾ ਵਰਤੈ ਸਭ ਅੰਤਰਿ ਸਿਰਿ ਸਿਰਿ **ਲਿਖਦਾ** ਸਾਹਾ ਹੇ।"
— ਮਾਰੂ **੩**, ਸੋਲਾ ੧੨, ੭ : ੩ (1055)

ਲਿਖਦਿਆ — ਲੇਖਣੀ ਕਰਦਿਆਂ, ਲਿਖਤ ਕਰਦਿਆਂ

"**ਲਿਖਦਿਆ ਲਿਖਦਿਆ** ਕਾਗਦ ਮਸੁ ਖੋਈ।"
— ਮਾਝ **੩**, ਅਸ ੨੩, ੬ : ੧ (123)

ਲਿਖਨਿ — ਲਿਖਦੇ ਹਨ
"ਵਖਤੁ ਨ ਪਾਇਓ ਕਾਦੀਆ ਜਿ **ਲਿਖਨਿ** ਲੇਖੁ ਕੁਰਾਣੁ।" — ਜਪੁ **੧**, ੨੧ : ੧੨ (4)

ਲਿਖਨੁ — ਲਿਖਿਆ, ਲਿਖਤ ਵਿਚ ਲਿਆਂਦਾ
"ਬਸੁਧਾ ਕਾਗਦੁ ਜਉ ਕਰਉ ਹਰਿ ਜਸੁ **ਲਿਖਨੁ** ਨ ਜਾਇ।" — ਸਲੋ **ਕਬ**, ੮੧ : ੨ (1368)

ਲਿਖਾ — 1. ਲਿਖਤ ਵਿਚ ਲਿਆਵਾਂ
"ਸੁਣਿ ਕੀਰਤਨੁ ਹਰਿ ਗੁਣ ਰਵਾ ਹਰਿ ਜਸੁ ਮਨਿ **ਲਿਖਾ**।" — ਸੋਰ **੪**, ਵਾਰ ੧੯ : ੩ (650)
2. ਲਿਖਿਆ ਹੋਇਆ ਹੈ, ਅੰਕਤ ਹੈ
"ਅੰਧ ਕੂਪ ਗ੍ਰਿਹ ਮਹਿ ਤਿਨਿ ਸਿਮਰਿਓ ਜਿਸੁ ਮਸਤਕਿ ਲੇਖ **ਲਿਖਾ**।"
— ਸਾਰ **੫**, ੪੦, ੧ : ੧ (1212)
"ਧਨੁ ਧੰਨੁ ਸੁ ਰਸਨਾ ਧੰਨੁ ਕਰ ਧੰਨੁ ਸੁ ਪਾਧਾ ਸਤਿਗੁਰੂ ਜਿਤੁ ਮਿਲਿ ਹਰਿ ਲੇਖਾ **ਲਿਖਾ**।" (ਲਿਖਿਆ)— ਕਾਨ **੪**, ਵਾਰ ੮ : ੫ (1316)

ਲਿਖਾਇ — 1. ਲਿਖਾ ਕੇ
"ਵਾਪਾਰੀ ਵਣਜਾਰਿਆ ਆਏ ਵਜਹੁ **ਲਿਖਾਇ**।"
— ਸਿਰੀ **੧**, ਅਸ ੯, ੬ : ੧ (59)
2. ਲਿਖਾਏ ਹਨ
"ਕਹੁ ਨਾਨਕ ਜਿਸੁ ਮਸਤਕਿ ਲੇਖੁ **ਲਿਖਾਇ**।"
— ਗਉ **੫**, ੧੦੦, ੪ : ੧ (186)

ਲਿਖਾਇਆ — ਲਿਖਿਆ ਹੈ, ਲਿਖਵਾਇਆ ਹੈ
"ਮੇਰੈ ਹਰਿ ਪ੍ਰਭਿ ਲੇਖੁ **ਲਿਖਾਇਆ** ਧੁਰਿ ਮਸਤਕਿ ਪੂਰਾ।" — ਗਉ **੩**, ੩੨, ੪ : ੧ (163)
"ਧੁਰਿ ਮਰਣੁ **ਲਿਖਾਇਆ** ਗੁਰਮੁਖਿ ਸੋਹਾਇਆ ਜਨ ਉਬਰੇ ਹਰਿ ਹਰਿ ਧਿਆਨਿ ਜੀਉ।"
— ਆਸਾ **੪**, ਛੰਤ ੧੩, ੩ : ੧ (447)
"ਨਾਦੀ ਬੇਦੀ ਸਬਦੀ ਮੋਨੀ ਜਮ ਕੇ ਪਟੈ **ਲਿਖਾਇਆ**।" (ਲਿਖੇ ਗਏ)
— ਸੋਰ **ਕਬ**, ੩, ੨ : ੨ (654)

ਲਿਖਾਇਦਾ — ਲਿਖਿਆ ਹੋਇਆ ਹੈ
"ਗੁਰਮੁਖਿ ਪ੍ਰਗਟੁ ਭਇਆ ਤਿਨ ਜਨ ਕਉ ਜਿਸ ਧੁਰਿ ਮਸਤਕਿ ਲੇਖੁ **ਲਿਖਾਇਦਾ**।"
— ਮਾਰੂ **੫**, ਸੋਲਾ ੫, ੧੫ : ੩ (1076)

ਲਿਖਾਈ — ਲਿਖਵਾ ਦਿੱਤਾ, ਲਿਖਤ ਵਿਚ ਲਿਆ ਦਿੱਤਾ
"ਬਹਤਰਿ ਘਰ ਇਕੁ ਪੁਰਖੁ ਸਮਾਇਆ ਉਨਿ ਦੀਆ ਨਾਮੁ **ਲਿਖਾਈ**।"
— ਸੂਹੀ **ਕਬ**, ੫, ੩ : ੧ (793)

ਲਿਖਾਈਐ — ਉਕਰੀਏ, ਲਿਖੀਏ
"ਜਿਥੈ ਜਾਇ ਬਹੀਐ ਭਲਾ ਕਹੀਐ ਸੁਰਤਿ ਸਬਦੁ **ਲਿਖਾਈਐ**।"— ਵਡ **੧**, ਛੰਤ ੧, ੧ : ੫ (566)

ਲਿਖਾਏ — ਲਿਖੇ ਹੋਏ
"ਪੂਰਨ ਗੁਰ ਪਾਇ ਪੂਰਬਿ **ਲਿਖਾਏ** ਸਭ ਨਿਧਿ ਦੀਨ ਦਇਆਲਾ।"
— ਆਸਾ **੫**, ਛੰਤ ੩, ੪ : ੩ (454)

ਲਿਖਾਸਿ — ਲੇਖ
"ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ ਤਿਨ ਧੁਰਿ ਮਸਤਕਿ ਲਿਖਿਆ **ਲਿਖਾਸਿ**।"
— ਗੂਜ **੪**, ਸੋਦ ੪, ੪ : ੧ (10)

ਲਿਖਾਸੇ — ਲੇਖ
"ਜਨੁ ਨਾਨਕੁ ਗੁਰੁ ਤਿਨੀ ਪਾਇਆ ਜਿਨ ਧੁਰਿ ਲਿਖਤੁ ਲਿਲਾਟਿ **ਲਿਖਾਸੇ**।"
— ਆਸਾ **੪**, ਛੰਤ ੧੨, ੧ : ੪ (449)

ਲਿਖਾਹਾ — 1. ਲਿਖਿਆ ਹੋਇਆ ਹੈ
"ਤਿਨ੍ਾ ਪਰਾਪਤਿ ਏਹੁ ਨਿਧਾਨਾ ਜਿਨ੍ ਕੈ ਕਰਮਿ **ਲਿਖਾਹਾ**।" — ਦੇਵ **੫**, ੧੦, ੧ : ੨ (530)
2. ਲਿਖਦਾ ਹੈ
"ਆਪੇ ਲੇਖਣਿ ਆਪਿ ਲਿਖਾਰੀ ਆਪੇ ਲੇਖੁ **ਲਿਖਾਹਾ**।" — ਸੋਰ **੪**, ੬, ੧ : ੩ (606)

ਲਿਖਾਹੀ — ਲਿਖਿਆ ਹੋਇਆ ਹੈ
"ਸੇਈ ਪੁਰਖ ਹਰਿ ਸੇਵਦੇ ਜਿਨ ਧੁਰਿ ਮਸਤਕਿ ਲੇਖੁ **ਲਿਖਾਹੀ**।"— ਸੋਰ **੪**, ਵਾਰ ੧੨ : ੩ (649)

ਲਿਖਾਂਹੀ — ਲਿਖਿਆ ਹੋਇਆ ਹੈ
"ਸੋ ਮਿਲਿਆ ਜੋ ਪ੍ਰਭੁ ਮਿਲਾਇਆ ਜਿਸੁ ਮਸਤਕਿ ਲੇਖੁ **ਲਿਖਾਂਹੀ**।"— ਸਾਰ **੫**, ੧੬, ੪ : ੧ (1207)

ਲਿਖਾਧਾ — ਲਿਖਿਆ ਹੈ
"ਦਇਆ ਧਰਮੁ ਤਪੁ ਨਿਹਚਲੋ ਜਿਸੁ ਕਰਮਿ **ਲਿਖਾਧਾ**।" — ਮਾਰੂ **੫**, ਵਾਰ ੧੯ : ੫ (1101)

ਲਿਖਾਰੀ — ਲੇਖਕ, ਲਿਖਣ ਵਾਲਾ
"ਆਪੇ ਲੇਖਣਿ ਆਪਿ **ਲਿਖਾਰੀ** ਆਪੇ ਲੇਖੁ

ਲਿਖਾਹਾ।" — ਸੋਰ **੪**, ੬, ੧ : ੩ (606)

ਲਿਖਾਵਉ — ਲਿਖਦਾ ਹਾਂ
"ਨਾਨਕੁ ਦਾਸ ਪ੍ਰਭਿ ਆਪਿ ਪਹਿਰਾਇਆ ਭ੍ਰਮੁ ਭਉ ਮੇਟਿ **ਲਿਖਾਵਉ** ਰੇ।"
— ਆਸਾ **੫**, ੧੩੧, ੨ : ੨ (404)

ਲਿਖਾਵਣਿਆ — ਲਿਖਿਆ ਹੈ
"ਨਾਨਕ ਨਾਮੁ ਮਿਲਿਆ ਤਿਨ ਜਨ ਕਉ ਜਿਨ ਧੁਰਿ ਮਸਤਕਿ ਲੇਖੁ **ਲਿਖਾਵਣਿਆ**।"
— ਮਾਝ **੩**, ਅਸ ੩੩, ੮ : ੩ (129)

ਲਿਖਾਵਤੀ — ਲਿਖਦਾ ਹੈ
"ਹਥਿ ਕਲੰਮ ਅਗੰਮ ਮਸਤਕਿ **ਲਿਖਾਵਤੀ**।"
— ਗਉ **੫**, ਬਾਅ ੫੫ਸ : ੧ (261)

ਲਿਖਾਵੈ — ਲਿਖਾਉਂਦਾ ਹੈ
"ਜਿਤਨੇ ਜੀਅ ਜੰਤ ਪ੍ਰਭਿ ਕੀਨੇ ਤਿਤਨੇ ਸਰਿ ਕਾਰ **ਲਿਖਾਵੈ**।" — ਮਲਾ **੪**, ੪, ੧ : ੧ (1263)

ਲਿਖਿ — ਲਿਖਕੇ, ਲਿਖੇ ਅਨੁਸਾਰ
"ਹੁਕਮੀ ਉਤਮੁ ਨੀਚੁ ਹੁਕਮਿ **ਲਿਖਿ** ਦੁਖ ਸੁਖ ਪਾਈਅਹਿ।" (ਲਿਖੇ ਅਨੁਸਾਰ)
— ਜਪੁ **੧**, ੨ : ੩ (1)
"ਏਹੁ ਲੇਖਾ **ਲਿਖਿ** ਜਾਣੈ ਕੋਇ।" (ਲਿਖ ਕੇ)
— ਜਪੁ **੧**, ੧੬ : ੧੪ (3)
"ਕਲਉ ਮਸਾਜਨੀ ਕਿਆ ਸਦਾਈਐ ਹਿਰਦੈ ਹੀ **ਲਿਖਿ** ਲੇਹੁ।" (ਲਿਖ ਲਵੋ)
— ਸਿਰੀ **੪**, ਵਾਰ ੫ਸ, **੩**, ੧ : ੧ (84)

ਲਿਖਿਓ — 1. ਲਿਖਿਆ ਹੈ
"ਮਿਲਿ ਸੰਗਤਿ ਧੁਰਿ ਕਰਮ **ਲਿਖਿਓ**।"
— ਗਉ **੫**, ੧੩, ੧ : ੨ (241)
"**ਲਿਖਿਓ** ਲੇਖੁ ਨ ਮੇਟਤ ਕੋਊ।" (ਲਿਖਿਆ ਹੋਇਆ) — ਗਉ **੫**, ਬਾਅ ੧੨ : ੨ (253)
2. ਲਿਖਿਆ ਹੁਕਮ, ਹੁਕਮਨਾਮਾ
"ਅਭੂਲੁ ਨ ਭੂਲੈ **ਲਿਖਿਓ** ਨ ਚਲਾਵੈ ਮਤਾ ਨ ਕਰੈ ਪਚਾਸਾ।"— ਸਾਰ **੫**, ੩੮, ੧ : ੧ (1212)

ਲਿਖਿਅੜਾ — ਲਿਖਿਆ ਹੋਇਆ
"**ਲਿਖਿਅੜਾ** ਸਾਹਾ ਨਾ ਟਲੈ ਜਿਹੜਾ ਪੁਰਬਿ ਕਮਾਇਆ।"— ਵਡ **੧**, ਅਲਾ ੫, ੩ : ੨ (582)

ਲਿਖਿਅੜੇ — ਲਿਖੇ ਹੋਏ
"ਮਿਲੁ ਪੂਰਬਿ **ਲਿਖਿਅੜੇ** ਧੁਰਿ ਕਰਮਾ।"
— ਗਉ **੪**, ੬੫, ੩ : ੪ (173)

ਲਿਖਿਆ — 1. ਅੰਕਤ ਕੀਤਾ
"ਹੁਕਮਿ ਰਜਾਈ ਚਲਣਾ ਨਾਨਕ **ਲਿਖਿਆ** ਨਾਲਿ।"
— ਜਪੁ **੧**, ੧ : ੬ (1)
"**ਲਿਖਿਆ** ਫੇਰਿ ਨ ਸਕੀਐ ਜਿਉ ਭਾਵੀ ਤਿਉ ਸਾਰਿ।" — ਰਾਮ **੧**, ਓਅੰ ੫੨ : ੪ (937)
2. ਲਿਖਣ ਨਾਲ, ਅੰਕਤ ਕਰਨ ਨਾਲ
"ਲੇਖਾ **ਲਿਖਿਆ** ਕੇਤਾ ਹੋਇ।"
— ਜਪੁ **੧**, ੧੬ : ੧੬ (3)
3. ਲਿਖੇ ਅਨੁਸਾਰ. ਅੰਕਤ ਕੀਤੇ ਅਨੁਸਾਰ
"ਪੂਰਬਿ **ਲਿਖਿਆ** ਪਾਇਆ।"
— ਸੋਰ **੫**, ੮੧, ੨ : ੪ (629)
4. ਪੱਤਰ, ਲਿਖਤ
"ਸਾਹ ਚਲੇ ਵਣਜਾਰਿਆ **ਲਿਖਿਆ** ਦੇਵੈ ਨਾਲਿ।"
— ਸਾਰ **੪**, ਵਾਰ ੩ਸ, **੨**, ੧ : ੧ (1238)

ਲਿਖਿਆਸਾ — ਲਿਖਿਆ ਹੋਇਆ ਹੈ, ਅੰਕਤ ਕੀਤਾ ਹੋਇਆ ਹੈ
"ਬਹੁ ਜੋਨੀ ਭਵਹਿ ਧੁਰਿ ਕਿਰਤਿ **ਲਿਖਿਆਸਾ**।"
— ਗਉ **੫**, ੭੧, ੩ : ੧ (176)

ਲਿਖਿਆਸਿ — ਲਿਖਿਆ ਹੋਇਆ ਹੈ
"ਨਾਨਕ ਗੁਰਮੁਖਿ ਤਿਨੀ ਨਾਮੁ ਧਿਆਇਆ ਜਿਨ ਕੰਉ ਧੁਰਿ ਪੂਰਬਿ **ਲਿਖਿਆਸਿ**।"
— ਵਡ **੪**, ਵਾਰ ੧੨ਸ, **੩**, ੨ : ੪ (593)

ਲਿਖਿਆਸੁ — 1. ਲਿਖਿਆ ਹੋਇਆ ਹੈ
"ਜੇਹਾ ਬੀਜੈ ਸੋ ਲੁਣੈ ਮਥੈ ਜੋ **ਲਿਖਿਆਸੁ**।"
— ਮਾਝ **੫**, ਬਾਰਾ ੫ : ੪ (134)
2. ਲਿਖੇ ਅਨੁਸਾਰ
"ਦਹਦਿਸਿ ਧਾਵਹਿ ਕਰਮ **ਲਿਖਿਆਸੁ**।"
— ਗਉ **੧**, ੬, ੩ : ੪ (152)

ਲਿਖੀ — ਅੰਕਤ ਹੈ
"ਜਿਨ ਕਉ ਕਰਮਿ **ਲਿਖੀ** ਤਿਸੁ ਰਿਦੈ ਸਮਾਣੀ ਰਾਮ।" — ਬਿਹਾ **੫**, ਛੰਤ ੫, ੩ : ੨ (545)

ਲਿਖੀਐ — 1. ਅੰਕਤ ਕਰੀਏ,
"ਲੇਖਾ ਹੋਇ ਤਾ **ਲਿਖੀਐ** ਲੇਖੈ ਹੋਇ ਵਿਣਾਸੁ।"
— ਜਪੁ **੧**, ੨੨ : ੪ (5)
"ਤਾ **ਲਿਖੀਐ** ਸਿਰਿ ਗਾਵਾਰਾ ਗਾਵਾਰੁ।" (ਭਾਵ ਗਿਣਿਆ ਜਾਂਦਾ ਹੈ)

— ਜਪੁ **੧**, ੨੬ : ੨੬ (6)

2. ਅੰਕਤ ਕਰਦੇ ਹਾਂ, ਲਿਖਦੇ ਹਾਂ

"ਨਾਨਕ ਹੁਕਮੀ **ਲਿਖੀਐ** ਲੇਖੁ।"
— ਆਸਾ **੧**, ਵਾਰ ੨ਸ, **੧**, ੧ : ੧੨ (466)

ਲਿਖੁ — 1. ਲਿਖੋ, ਅੰਕਤ ਕਰੋ

"ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ **ਲਿਖੁ** ਬੀਚਾਰੁ।" — ਸਿਰੀ **੧**, ੬, ੧ : ੨ (16)

2. ਲਿਖਿਆ ਹੋਇਆ

"ਨਾਲੇ ਅਲਖੁ ਨ ਲਖੀਐ ਮੂਲੇ ਗੁਰਮੁਖਿ **ਲਿਖੁ** ਵੀਚਾਰਾ ਹੇ।"
— ਮਾਰੂ **੧**, ਸੋਲਾ ੧੨, ੧ : ੩ (1028)

ਲਿਖੇ — ਅੰਕਤ ਕੀਤੇ

"ਜਿਸਿ ਏਹਿ **ਲਿਖੇ** ਤਿਸੁ ਸਿਰਿ ਨਾਹਿ।"
— ਜਪੁ **੧**, ੧੯ : ੮ (4)

"**ਲਿਖੇ** ਬਾਝਹੁ ਸੁਰਤਿ ਨਾਹੀ ਬੋਲਿ ਬੋਲਿ ਗਵਾਈਐ।" (ਭਾਵ ਲਿਖੇ ਹੁਕਮ)
— ਵਡ **੧**, ਛੰਤ ੧, ੧ : ੪ (566)

ਲਿਖੇਰਾ — ਲਿਖਿਆ ਹੋਇਆ/ਅੰਕਤ ਕੀਤਾ ਹੋਇਆ ਸੀ

"ਜਨ ਨਾਨਕ ਨਾਮੁ ਗੁਰੂ ਤੇ ਪਾਇਆ ਧੁਰਿ ਮਸਤਕਿ ਭਾਗੁ **ਲਿਖੇਰਾ**।"— ਟੋਡੀ **੪**, ੧, ੪ : ੨ (711)

ਲਿਖੈ — ਲਿਖੇ, ਲਿਖਤ ਕਰੇ

"ਧਨੁ ਲੇਖਾਰੀ ਨਾਨਕਾ ਪਿਆਰੇ ਸਾਚੁ **ਲਿਖੈ** ਉਰਿ ਧਾਰਿ।" — ਸੋਰ **੧**, ਅਸ ੩, ੮ : ੩ (636)

"ਹੁਕਮੀ **ਲਿਖੈ** ਸਿਰਿ ਲੇਖੁ ਵਿਣੁ ਕਲਮ ਮਸਵਾਣੀਐ।"— ਮਲਾ **੧**, ਵਾਰ ੪ : ੬ (1280)

ਲਿਖੋਈਐ — ਲਿਖਿਆ/ਅੰਕਤ ਕੀਤਾ ਹੁੰਦਾ ਹੈ

"ਸੋ ਪਾਏ ਪੂਰਾ ਸਤਗੁਰੂ ਜਿਸੁ ਧੁਰਿ ਮਸਤਕਿ ਲਿਲਾਟਿ **ਲਿਖੋਈਐ**।"
— ਵਡ **੪**, ਵਾਰ ੪ : ੪ (587)

ਲਿਖੋਗੁ — ਲਿਖਣਯੋਗ ਭਾਵ ਲੇਖ

"ਸੰਤ ਟਹਲ ਸੋਈ ਹੈ ਲਾਗਾ ਜਿਸੁ ਮਸਤਕਿ ਲਿਖਿਆ **ਲਿਖੋਗੁ**।"— ਟੋਡੀ **੫**, ੮, ੨ :੧ (713)

ਲਿਖ੍ਉ — ਲਿਖਿਆ

"ਆਦਿ ਪੁਰਖਿ ਪਰਤਖਿ **ਲਿਖ੍ਉ** ਅਛਰੁ ਮਸਤਕਿ ਧੁਰਿ।" — ਸਵ **੫**, ਮਥੁ ੨ : ੨ (1408)

ਲਿਖ੍ਣਃ — ਲਿਖੇ (ਭਾਗਾ) ਅਨੁਸਾਰ

"ਲਬਧੇਣ ਸਾਧ ਸੰਗੇਣਿ ਨਾਨਕ ਮਸਤਕਿ **ਲਿਖ੍ਣਃ**।" — ਗਾਥਾ **੫**, ੨੨ : ੨ (1361)

ਲਿੰਙ — ਨਰੋਏ ਅੰਗ

"ਹੋਵਹਿ **ਲਿੰਙ** ਝਿੰਙ ਨ ਹੋਵਹਿ ਐਸੀ ਕਹੀਐ ਸੂਰਤਿ।"
— ਸਾਰ **੪**, ਵਾਰ ੨੦ਸ, **੨**, ੨ :੨ (1245)

ਲਿਜੈ — ਲਏ ਜਾਂਦੇ ਹਨ

"ਸਚੁ ਸਚਾ ਜਿਨ ਮਨਿ ਭਾਵਦਾ ਸੇ ਮਨਿ ਸਚੀ ਦਰਗਹ **ਲਿਜੈ**।"— ਗਉ **੪**, ਵਾਰ ੨੦ : ੪ (312)

ਲਿਤਾ — ਲਿਆ

"ਹਉਮੈ ਮੇਰਾ ਕਰਿ ਮੁਏ ਕਿਛੁ ਸਾਥਿ ਨ **ਲਿਤਾ**।"
— ਸੂਹੀ **੩**, ਵਾਰ ੫ : ੨ (787)

ਲਿਤੇ — ਲਏ

"ਗੁਰਿ ਅਪਣੀ ਕਿਰਪਾ ਧਾਰਿ ਅਪਣੇ ਕਰਿ **ਲਿਤੇ**।"
— ਸੋਰ **੪**, ਵਾਰ ੨੨ : ੪ (653)

ਲਿਪਤ — ਲਗਦੀ, ਛੁਹੰਦੀ, ਲੇਪ ਹੋਣਾ

"ਨਾਨਕ **ਲਿਪਤ** ਨਹੀ ਤਿਹ ਮਾਇਆ।"
— ਗਉ **੫**, ਬਾਅ ੪੨ : ੮ (259)

ਲਿਪ੍ਤੇ — ਛੁਹੰਦੇ, ਲਗਦੇ, ਲੇਖ ਹੁੰਦਾ

"ਸਰਬਤ੍ਰ ਰਮਣੰ ਗੋਬਿੰਦਹ ਨਾਨਕ ਲੇਪ ਛੇਪ ਨ **ਲਿਪ੍ਤੇ**।" — ਸਸ **੫**, ੩੬ : ੨ (1357)

ਲਿਲਾਟ — (ਸੰ. ਲਲਾਟਮ੍) ਮਸਤਕ/ਮੱਥੇ (ਉਪਰ)

"ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ **ਲਿਲਾਟ**।"— ਗਉ **ਰਵਿ**, ਅਸ ੧, ੬ : ੧ (346)

ਲਿਲਾਟੰ — ਮਸਤਕ/ਮਥੇ ਤੇ, ਵੇਖੋ ਲਿਲਾਟ

"ਗਲਿ ਮਾਲਾ ਤਿਲਕੁ **ਲਿਲਾਟੰ**।"
— ਆਸਾ **੧**, ਵਾਰ ੧੪ਸ, **੧**, ੨ : ੫ (470)

ਲਿਲਾਟਹਿ — ਮਸਤਕ/ਮੱਥੇ ਤੇ

"ਜਉ ਗੁਰਦੇਉ **ਲਿਲਾਟਹਿ** ਲੇਖ।"
— ਭੈਰ **ਨਾਮ**, ੧੧, ੫ : ੪ (1167)

ਲਿਲਾਟਿ — ਮੱਥੇ ਤੇ, ਵੇਖੋ 'ਲਿਲਾਟ'

"ਤਿਲਕੁ **ਲਿਲਾਟਿ** ਜਾਣੈ ਪ੍ਰਭੁ ਏਕੁ।"
— ਆਸਾ **੧**, ੨੦, ੪ : ੩ (355)

"ਜਿਨ ਕਉ **ਲਿਲਾਟਿ** ਲਿਖਿਆ ਧੁਰਿ ਨਾਮੁ।" (ਭਾਵ ਭਾਗਾਂ ਵਿਚ)
— ਮਲਾ **੩**, ੬, ੧* : ੧ (1259)

ਲਿਲਾਧੋ — ਮੱਥੇ ਤੇ, ਭਾਗਾਂ ਵਿਚ

"ਧੁਰਿ ਹੋ ਹੋ ਲਿਖੇ **ਲਿਲਾਧੋ**।"
— ਕਾਨ **੪**, ੧, ੪ : ੧ (1297)

ਲਿਲਾਰ — ਮੱਥਾ
"ਜਬ ਲਉ ਨਹੀ ਭਾਗ **ਲਿਲਾਰ** ਉਦੈ ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ।"
— ਸੂਹੀ **੫**, ਮਥੁ ੬ : ੧ (1409)

ਲਿਲਾਰਾ — ਮਥੇ ਉਤੇ
"ਤਿਨੀ ਅੰਤਰਿ ਹਰਿ ਆਰਾਧਿਆ ਜਿਨ ਕਉ ਧੁਰਿ ਲਿਖਿਆ ਲਿਖਤੁ **ਲਿਲਾਰਾ**।"
— ਸੂਹੀ **੪**, ੯, ੧ : ੧ (733)

ਲਿਲਾਰਿ — ਮੱਥੇ ਉਤੇ
"ਨਾਨਕ **ਲਿਲਾਰਿ** ਲਿਖਿਆ ਸੋਇ।"
— ਮਾਝ **੧**, ਵਾਰ ੧੩ਸ, **੧**, ੨ : ੧ (144)

ਲਿਲਾਰੇ — ਮੱਥੇ ਤੇ
"ਸੋ ਪਾਏ ਪੂਰਾ ਸਤਿਗੁਰੂ ਜਿਸੁ ਲਿਖਿਆ ਲਿਖਤੁ **ਲਿਲਾਰੇ**।"
— ਗਉ **੪**, ਵਾਰ ੧੪ਸ, **੪**, ੧ : ੧੧ (307)

ਲਿਲੇਰੈ — ਮੱਥੇ ਤੇ
"ਸੋ ਪਾਵੇ ਜਿਸੁ ਲਿਖਤੁ **ਲਿਲੇਰੈ**।"
— ਕਾਨ **੫**, ੩੪, ੧* : ੫ (1304)

ਲਿਵ — 1. ਲੀਨਤਾ, ਬਿਰਤੀ (ਸੁਰਤ) ਦਾ ਇਕਰਸ ਲਗਾਓ, ਧਿਆਨ ਦੀ ਇਕਾਗਰਤਾ, ਲਗਨ
"ਚੁਪੈ ਚੁਪ ਨ ਹੋਵਈ ਜੇ ਲਾਇ ਰਹਾ **ਲਿਵ** ਤਾਰ।"
— ਜਪੁ **੧**, ੧ : ੨ (1)
"**ਲਿਵ** ਧਾਤੁ ਦੁਇ ਰਾਹ ਹੈ ਹੁਕਮੀ ਕਾਰ ਕਮਾਇ।" (ਪ੍ਰਭੂ ਲੀਨਤਾ)
— ਸਿਰੀ **੪**, ਵਾਰ ੧੨ਸ, **੩**, ੨ : ੩ (87)
"ਨਾਨਕੁ ਨੀਚੁ ਕਹੈ **ਲਿਵ** ਲਾਇ।" (ਭਾਵ ਵਿਚਾਰ ਕੇ) — ਗਉ **੧**, ਅਸ ੪, ੮ : ੪ (223)
2. ਪ੍ਰੀਤ, ਪਿਆਰ
"ਕਰਹੁ ਕ੍ਰਿਪਾ ਸਰਬ ਕੇ ਦਾਤੇ ਏਕ ਰੂਪ **ਲਿਵ** ਲਾਵਹੁ।"— ਗਉ **੫**, ੧੬੫*, ੨ : ੧ (216)
"ਜੈਸਾ ਕਰਮ ਤੈਸੀ **ਲਿਵ** ਲਾਵੈ।" (ਲਗਨ)
— ਪ੍ਰਭਾ **੧**, ਅਸ ੧, ੩, ੩ (1342)
"ਸਹਜ ਭਾਇ ਜਾਇ ਤੇ ਨਾਨਕ ਪਾਰਬ੍ਰਹਮ **ਲਿਵ** ਜਾਗੇ।" (ਪ੍ਰੀਤ ਵਿਚ)
— ਗੂਜ **੧**, ਅਸ ੧, ੨ : ੨ (503)
"ਧਾਤੁ ਮਿਲੈ ਫੁਨਿ ਧਾਤੁ ਕਉ **ਲਿਵ** ਲਿਵੈ ਕਉ ਧਾਵੈ।" (ਪਿਆਰ)
— ਤਿਲੰ **੧**, ਅਸ ੧, ੮ : ੧ (725)
"ਓਸ ਕੋ ਕਿਹੁ ਪੋਹਿ ਨ ਸਕੀ ਜਿਸ ਕਉ ਆਪਣੀ **ਲਿਵ** ਲਾਵਏ।" (ਪਿਆਰ)
— ਰਾਮ **੩**, ਅਨੰ ੨੮ : ੩ (920)
3. ਧਿਆਨ ਲਾ ਕੇ, ਵਿਚਾਰ ਕਰਕੇ
"ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ ਮਨਿ ਦੇਖਹੁ **ਲਿਵ** ਲਾਈ ਹੇ।"
— ਮਾਰੂ **੩**, ਸੋਲਾ ੩, ੧੫ : ੩ (1046)

ਲਿਵਤਾਰ — ਅਖੰਡ ਲਿਵ, ਇਕ ਰਸ ਲਿਵ
"ਨਾਨਕ ਹਰਿ ਨਾਮੁ ਜਿਨੀ ਆਰਾਧਿਆ ਅਨਦਿਨੁ ਹਰਿ **ਲਿਵਤਾਰ**।"
— ਸਿਰੀ **੪**, ਵਾਰ ੧੮ਸ, **੩**, ੨ : ੧ (90)

ਲਿਵਤਾਰਾ — ਇਕ ਰਸ ਲਗਨ ਨਾਲ
"ਸਬਦੁ ਵੀਚਾਰੇ ਏਕ **ਲਿਵਤਾਰਾ**।"
— ਆਸਾ **੧**, ਅਸ ੨, ੮ : ੩ (412)

ਲਿਵਲੀਣੁ — ਸਭ ਵਿਚ ਰਵਿਆ ਹੋਇਆ
"ਬਦਤਿ ਜੈ ਦੇਉ ਜੈ ਦੇਵ ਕਉ ਰੰਮਿਆ ਬ੍ਰਹਮੁ ਨਿਰਬਾਣੁ **ਲਿਵਲੀਣੁ** ਪਾਇਆ।"
— ਮਾਰੂ **ਜੈਦੇ**, ੧, ੨ : ੨ (1106)

ਲਿਵਾੜਿ — ਲਿਬੇੜ ਕੇ, ਗਲੇਫ ਕੇ
"ਫਰੀਦਾ ਏ ਵਿਸੁ ਗੰਦਲਾ ਧਰੀਆ ਖੰਡੁ **ਲਿਵਾੜਿ**।"
— ਸਲੋ **ਫਰ**, ੩੨ : ੧ (1379)

ਲਿਵੈ — ਲਿਵ ਦੀ ਭਾਵ ਪ੍ਰੀਤ ਦੀ
"ਨਾਨਕ ਧਾਤੁ **ਲਿਵੈ** ਜੋੜ ਨ ਆਵਈ ਜੇ ਲੋਚੈ ਸਭੁ ਕੋਇ।"— ਗਉ **੪**, ਵਾਰ ੩੧ਸ, **੪**, ੨ : ੫ (316)
"ਹਰਿ ਸਜਣੁ ਲਧਾ ਮੇਰੇ ਪਿਆਰੇ ਨਾਨਕ ਗੁਰੂ **ਲਿਵੈ**।" (ਪ੍ਰੇਮ ਸਦਕਾ)
— ਆਸਾ **੪**, ਛੰਤ ੨੧, ੩ : ੪ (452)
"ਸਾਚੀ **ਲਿਵੈ** ਬਿਨੁ ਦੇਹ ਨਿਮਾਣੀ।" (ਲਗਨ/ਪ੍ਰੀਤ ਤੋਂ) — ਰਾਮ **੩**, ਅਨੰ ੬ : ੧ (917)

ਲੀਉ — 1. ਲਿਆ ਹੈ
"ਅਪੁਨਾ ਦਾਸਰਾ ਆਪੇ ਮੁਲਿ **ਲੀਉ**।"
— ਗਉ **੫**, ਅਸ ੯, ੬ : ੨ (240)
2. ਲਿਵ

"ਨਾਮੁ ਇਕ ਰਸ ਰੰਗ ਨਾਮਾ ਨਾਮਿ ਲਾਗੀ **ਲੀਉ**।" — ਮਾਰੂ **੫**, ੨੮, ੨ : ੧ (1007)

ਲੀਓ — 1. ਲਿਆ
"ਰਾਮ ਮੇਰਾ ਮਨੁ ਬੇਧਿ **ਲੀਓ** ਹਰਿ ਸਾਚੇ।"
— ਗਉ **੪**, ੫੫, ੧* : ੧ (169)
"ਰਜ ਪੰਕਜ ਮਹਿ **ਲੀਓ** ਨਿਵਾਸ।" (ਧਾਰਨ ਕੀਤਾ, ਲਿਆ)
— ਭੈਰ **ਕਬ**, ਅਸ ੧, ੪ : ੨ (1162)
"ਜਿਹਿ ਬਿਖਿਆ ਸਗਲੀ ਤਜੀ **ਲੀਓ** ਭੇਖ ਬੈਰਾਗ।" (ਧਾਰਨ ਕੀਤਾ) — ਸਲੋ **੯**, ੧੭ : ੧ (1427)
2. ਪ੍ਰਾਪਤ ਕੀਤਾ
"ਕੀਓ ਸੀਗਾਰੁ ਮਿਲਣ ਕੈ ਤਾਈ, ਪ੍ਰਭੁ **ਲੀਓ** ਸੁਹਾਗਨਿ, ਥੂਕ ਮੁਖਿ ਪਾਈਆ।"
— ਬਿਲਾ **੪**, ਅਸ ੫, ੭ : ੨ (836)
"ਦਾਸੁ ਕਮੀਰੁ ਚੜਿਓ ਗੜ੍ਹ ਊਪਰਿ ਰਾਜੁ **ਲੀਓ** ਅਬਿਨਾਸੀ।"
— ਭੈਰ **ਕਬ**, ੧੭, ੬ : ੨ (1162)

ਲੀਓਇ — ਲਿਆ ਹੈ
"ਸਭ ਹਰਿ ਕੀ ਕਰਹੁ ਉਸਤਤਿ ਜਿਨਿ ਗਰੀਬ ਅਨਾਥ ਰਾਖਿ **ਲੀਓਇ**।"
— ਸਿਰੀ **੪**, ਵਾਰ ੧੬ : ੪ (89)

ਲੀਅਉ — ਲਿਆ ਹੈ
"ਪਰਤਛਿ ਰਿਦੈ ਗੁਰ ਅਰਜਨੁ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ **ਲੀਅਉ**।"
— ਸਵ **੫**, ਮਥੁ ੫ : ੪ (1409)

ਲੀਅੜਾ — ਲਿਆ ਹੈ
"ਰਾਵੇ ਰੰਗਿ ਰਾਤੜਿਆ ਮਨੁ **ਲੀਅੜਾ** ਦੀਤਾ ਰਾਮ।" — ਆਸਾ **੧**, ਛੰਤ ੧, ੪ : ੨ (436)

ਲੀਆ — 1. ਲਿਆ
"ਓਨੀ ਚਲਣੁ ਸਦਾ ਨਿਹਾਲਿਆ ਹਰਿ ਖਰਚੁ **ਲੀਆ** ਪਤਿ ਪਾਇ।" — ਸਿਰੀ **੪**, ੭੦, ੨ : ੨ (42)
"ਰਾਖਿ **ਲੀਆ** ਗੁਰਿ ਪੂਰੈ ਆਪਿ।"
— ਗਉ **੫**, ੧੨੩, ੧ : ੧ (190)
2. ਪ੍ਰਾਪਤ ਕੀਤਾ
"ਕਰਿ ਚੋਰੀ ਮੈ ਜਾ ਕਿਛੁ **ਲੀਆ** ਤਾ ਮਨਿ ਭਲਾ ਭਾਇਆ।"— ਗਉ **੧**, ੧੩, ੩ : ੨ (155)
"ਮਨੁ ਦੇ ਰਾਮੁ **ਲੀਆ** ਹੈ ਮੋਲਿ।"
— ਗਉ **ਕਬ**, ੧੯, ੧ : ੨ (327)
3. ਲਿਆਂ
"ਆਪਣ **ਲੀਆ** ਜੇ ਮਿਲੈ ਤਾ ਸਭੁ ਕੋ ਭਾਗਠੁ ਹੋਇ।" — ਗਉ **੧**, ੧੮, ੩ : ੧ (157)
4. ਲਿਆ ਭਾਵ ਉਚਾਰਿਆ, ਸਿਮਰਿਆ
"ਜਾ ਕਉ ਕ੍ਰਿਪਾ ਕਰੀ ਪ੍ਰਭਿ ਮੇਰੈ ਮਿਲਿ ਸਾਧ ਸੰਗਤਿ ਨਾਉ **ਲੀਆ**।"
— ਸੋਰ **੫**, ੯, ੩ : ੨ (611)
"ਸੁਪਨੈ ਨਾਮੁ ਨ ਹਰਿ **ਲੀਆ**।"
— ਬਸੰ **੫**, ਅਸ ੨, ੩ : ੪ (1192)
5. (ਅ. ਲਅਈਨ) ਮਰਦੂਦ, ਫਿਟਕਾਰਿਆ ਹੋਇਆ
"ਸੰਤ ਕਾ **ਲੀਆ** ਧਰਤਿ ਬਿਦਾਰਉ।"
— ਗੋਂਡ **੫**, ੧੮, ੧ : ੧ (867)
6. ਨਾਲ ਲਿਆ, ਚੁਕਿਆ
"ਛਾਡਿ ਚਲੇ ਹਮ ਕਛੂ ਨ **ਲੀਆ**।"
— ਭੈਰ **ਕਬ**, ੭, ੩ : ੨ (1159)

ਲੀਏ — 1. ਲਏ
"ਰਾਖਿ **ਲੀਏ** ਸਗਲੇ ਪ੍ਰਭਿ ਆਪੇ।"
— ਮਾਝ **੫**, ੩੬, ੪ : ੧ (105)
2. ਧਾਰਨ ਕੀਤਾ, ਲਿਆ
"ਸਾਦ ਸਹਜ ਸੁਖ ਰਸ ਕਸ ਤਜੀਅਲੇ ਕਾਪੜ ਛੋਡੇ ਚਮੜ **ਲੀਏ**।"
— ਆਸਾ **੧**, ੩੩, ੩ : ੧ (358)

ਲੀਕ — ਰੇਖਾ, ਲਕੀਰ
"ਪਾਣੀ ਅੰਦਰਿ **ਲੀਕ** ਜਿਉ ਤਿਸ ਦਾ ਥਾਉ ਨ ਥੇਹੁ।"
— ਆਸਾ **੧**, ਵਾਰ ੨੨ਸ, **੨**, ੪ : ੨ (474)
"ਜਾ ਤੇ ਭ੍ਰਮ ਕੀ **ਲੀਕ** ਮਿਟਾਈ।"
— ਸੋਰ **ਕਬ**, ੫, ੪ : ੨ (655)
(ਮਹਾਨਕੋਸ਼ ਅਰਥ 'ਲਿਖਤ' ਕਰਦਾ ਹੈ)

ਲੀਖਿਆ — ਲਿਖਿਆ ਹੋਇਆ ਭਾਵ ਭਾਗਾਂ ਵਿਚ
"ਤਿਨ੍ਹਾ ਮਿਲਿਆ ਗੁਰੁ ਆਇ ਜਿਨ ਕਉ **ਲੀਖਿਆ**।" — ਸੂਹੀ **੧**, ੫, ੨ : ੧ (729)

ਲੀਖੇ — ਲਿਖੇ ਹਨ, ਅੰਕਤ ਹਨ
"ਬੁਰਾ ਭਲਾ ਦੁਇ ਮਸਤਕਿ **ਲੀਖੇ** ਪਾਪੁ ਪੁੰਨੁ ਬੀਜਾਇਦਾ।"

— ਮਾਰੂ **੧**, ਸੋਲਾ ੧੨, ੧੪ : ੩ (1038)
"ਦਸ ਅਠ **ਲੀਖੇ** ਹੋਵਹਿ ਪਾਸਿ।" (ਲਿਖੇ ਹੋਏ)
— ਬਸੰ **੧**, ੩, ੨ : ੧ (1169)

ਲੀਗੁ — ਲਿੰਗ, ਸ਼ਿਵ—ਲਿੰਗ
"ਦੇਵਲ ਮਧੇ ਲੀਗੁ ਆਛੈ **ਲੀਗੁ** ਸੀਗੁ ਹੀਗੁ ਗੋ।"
— ਟੋਡੀ **ਨਾਮ**, ੩, ੨ : ੨ (718)

ਲੀਚੈ — ਲਵੋ, ਗ੍ਰਹਣ ਕਰੋ
"ਅੰਮ੍ਰਿਤ ਰਸੁ ਸਚੁ ਅੰਮ੍ਰਿਤੁ ਬੋਲੀ ਗੁਰਿ ਪੂਰੈ ਅੰਮ੍ਰਿਤੁ **ਲੀਚੈ** ਜੀਉ।" — ਮਾਝ **੪**, ੬, ੩ : ੩ (96)
"ਅਚਿੰਤ ਹਮਾਰੈ **ਲੀਚੈ** ਨਾਉ।" (ਲਿਆ ਜਾਂਦਾ ਹੈ) — ਭੈਰ **੫**, ੬, ੨ : ੨ (1157)

ਲੀਜਹਿਗੇ — ਲੈਣਗੇ
"ਗੁਰੂ ਜੁ ਨ ਚੇਤਹਿ ਆਪਨੋ ਅਧਮਾਝਿ **ਲੀਜਹਿਗੇ** ਲੂਟਿ।" — ਸਲੋ **ਕਬ**, ੨੩ : ੨ (1368)

ਲੀਜੀ — ਲੈਣ ਯੋਗ ਭਾਵ ਲਾਭ
"ਜਨਮਿ ਜਨਮਿ ਕਿਛੁ **ਲੀਜੀ** ਲੀਜੈ।"
— ਆਸਾ **੧**, ੯, ੧* : ੨ (351)

ਲੀਜੀਐ — ਲਵੋ
"ਪ੍ਰਭ ਮਿਲਹੁ ਪਿਆਰੇ ਮਇਆ ਧਾਰੇ ਕਰਿ ਦਇਆ ਲੜਿ ਲਾਇ **ਲੀਜੀਐ**।"
— ਬਿਹਾ **੫**, ਛੰਤ ੬, ੧ : ੩ (545)

ਲੀਜੈ — 1. ਲਓ
"ਕਰਿ ਕਿਰਪਾ ਡੁਬਦਾ ਪਥਰੁ **ਲੀਜੈ**।" (ਭਾਵ ਬਚਾ ਲਵੋ, ਕੱਢ ਲਵੋ)
— ਮਾਝ **੫**, ੨੯, ੪ : ੨ (103)
"ਡੂਬਤ ਪਾਹਨ ਪ੍ਰਭ ਮੇਰੇ **ਲੀਜੈ**।" (ਤਾਰ ਲਵੋ)
— ਸੂਹੀ **੫**, ੨੦, ੫ : ੨ (741)
"ਜਨਮ ਜਨਮ ਕੇ ਪਾਪ ਕਰਮ ਕੇ ਕਾਟਨਹਾਰਾ **ਲੀਜੈ** ਰੇ।" (ਲਵੋ ਭਾਵ ਪ੍ਰਾਪਤ ਕਰੋ)
— ਗਉ **੧**, ੧੬, ੧ : ੨ (156)
"ਸਹਜ ਕੈ ਪਾਵੜੈ ਪਗੁ ਧਰਿ **ਲੀਜੈ**।" (ਲਈਏ)
— ਗਉ **ਕਬ**, ੩੧, ੧* : ੨ (329)
2. ਜਪੀਏ, ਲਈਏ
"ਅਹਿਨਿਸਿ ਨਾਮੁ ਤਿਸੈ ਕਾ **ਲੀਜੈ** ਹਰਿ ਊਤਮੁ ਪੁਰਖੁ ਪਰਧਾਨੁ ਜੀਉ।"
— ਆਸਾ **੧**, ਛੰਤ ੪, ੩ : ੫ (438)
"ਸੁਕ੍ਰਿਤੁ ਕੀਜੈ ਨਾਮੁ **ਲੀਜੈ** ਨਰਕਿ ਮੂਲਿ ਨ ਜਾਈਐ।"
— ਆਸਾ **੫**, ਛੰਤ ੧੩, ੧ : ੪ (461)
3. ਲੈਂਦੇ ਹਨ, ਪ੍ਰਾਪਤ ਕਰਦੇ ਹਨ
"ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ ਹਰਿ ਭਗਤਿ ਹਰਿ **ਲੀਜੈ**।"
— ਆਸਾ **੪**, ਛੰਤ ੧੯, ੪ : ੪ (450)
"ਗੁਰਮੁਖਿ ਹੋਇ ਕਾਇਆ ਗੜ **ਲੀਜੈ**।" (ਭਾਵ ਜਿਤੇ) — ਰਾਮ **੧**, ਅਸ ੫, ੪ : ੩ (905)
"ਆਇਓ ਸਾਮ ਨਾਨਕ ਓਟ ਹਰਿ ਕੀ **ਲੀਜੈ** ਭੁਜਾ ਪਸਾਰੇ।" (ਲਵੋ, ਪਕੜੋ, ਪ੍ਰਾਪਤ ਕਰੋ)
— ਮਾਰੂ **੫**, ੨, ੪ : ੨ (999)
4. ਲਈਏ, ਪਕੜੀਏ
"ਬਿਨੁ ਰਘੁਨਾਥ ਸਰਨਿ ਕਾ ਕੀ **ਲੀਜੈ**।"
— ਜੈਤ **ਰਵਿ**, ੧, ੬ : ੨ (710)
5. ਲਵੋ
"ਮੋਹਿ ਨਿਰਗੁਨ **ਲੀਜੈ** ਲੜਿ ਲਾਇ।"
— ਬਿਲਾ **੫**, ੩, ੧* : ੨ (802)
6. ਲਈਦਾ ਹੈ
"ਰਾਮ ਨਾਮ ਬਿਨੁ ਬਿਰਥਾ ਸਾਸੁ **ਲੀਜੈ**।"
— ਰਾਮ **੧**, ਅਸ ੫, ੩ : ੩ (905)
7. ਲੈਂਦੇ ਹਨ, ਕਰਦੇ ਹਨ
"ਲੇਖਾ **ਲੀਜੈ** ਤਿਲ ਜਿਉ ਪੀੜੀ।"
— ਮਾਰੂ **੧**, ਸੋਲਾ ੮, ੧੦ : ੧ (1028)

ਲੀਠਾ — ਚਟਿਆ
"ਹਰਿ ਪ੍ਰਭ ਆਨਿ ਮਿਲਾਵਹੁ ਗੁਰੁ ਸਾਧੂ ਘਸਿ ਗਰੁੜੁ ਸਬਦੁ ਮੁਖਿ **ਲੀਠਾ**।"
— ਗਉ **੪**, ੬੧, ੪ : ੧ (171)

ਲੀਣ — ਸਮਾਇਆ ਹੋਇਆ, ਮਗਨ
"ਇਹ ਮਨਿ **ਲੀਣ** ਭਏ ਸੁਖਦੇਉ।"
— ਗਉ **ਕਬ**, ਅਸ ੩੬, ੮ : ੨ (330)

ਲੀਣਉ — ਮਗਨ ਹੋਣਾ
"ਸੁਪਨਿ ਇਕੁ ਪਰਤਖਿ ਇਕੁ ਇਕਸ ਮਹਿ **ਲੀਣਉ**।" — ਸਵ **੩**, ੧੨ : ੩ (1394)

ਲੀਣਾ — 1. ਸਮਾ ਗਿਆ, ਵਿਲਯ ਹੋਇਆ, ਲੀਨ ਹੋਇਆ
"ਉਦੈ ਅਸਤ ਕੀ ਮਨ ਬੁਧਿ ਨਾਸੀ ਤਉ ਸਦ ਸਹਜਿ ਲਿਵ **ਲੀਣਾ**।"

— ਆਸਾ **ਕਬ**, ੧, ੩ : ੨ (475)

"ਨਾਨਕ ਸਾਹਿਬੁ ਭਰਪੁਰਿ **ਲੀਣਾ**।" (ਮਿਲਿਆ ਹੋਇਆ, ਵਿਆਪਕ)

— ਵਡ **੫**, ੨, ੪ : ੨ (562)

2. ਮਸਤ ਹੋਇਆ, ਮਗਨ ਹੋਇਆ

"ਪ੍ਰੇਮ ਭਗਤਿ ਤਾ ਕਾ ਮਨੁ **ਲੀਣਾ** ਪਾਰਬ੍ਰਹਮ ਮਨਿ ਭਾਵੈ।"— ਸੋਰ **੫**, ੭੯, ੨ : ੨ (628)

ਲੀਤ — ਲਿਆ

"ਸੰਤ ਪ੍ਰਸਾਦਿ ਭਏ ਮਨ ਨਿਰਮਲ ਕਰਿ ਕਿਰਪਾ ਅਪੁਨੇ ਕਰਿ **ਲੀਤ**।"

— ਟੋਡੀ **੫**, ੨੧, ੨ : ੧ (716)

ਲੀਤੜਾ — ਲਿਆ

"ਇਹੁ ਤਨੁ ਮਾਇਆ ਪਾਹਿਆ ਪਿਆਰੇ **ਲੀਤੜਾ** ਲਬਿ ਰੰਗਾਏ।" — ਤਿਲੰ **੧**, ੩, ੧ : ੧ (721)

ਲੀਤਾ — ਲਿਆ, ਪ੍ਰਾਪਤ ਕੀਤਾ

"ਕਹੁ ਨਾਨਕ ਤਿਸੁ ਜਨ ਬਲਿਹਾਰੀ ਤੇਰਾ ਦਾਨੁ ਸਭਨੀ ਹੈ **ਲੀਤਾ**।"

— ਵਡ **੫**, ਛੰਤ ੧, ੨ : ੬ (577)

"ਗੜੁ **ਲੀਤਾ** ਘਟੁ ਲੁਟਿਆ ਦੀਵੜੇ ਗਇਆ ਬੁਝਾਇ।" (ਜਿਤਿਆ, ਲਿਆ)

— ਸਲੋ **ਫਰ**, ੪੮ : ੨ (1380)

ਲੀਤੀ — ਲਈ

"ਮੋਹਿ ਦੀਨ ਹਰਿ ਹਰਿ ਓਟ **ਲੀਤੀ**।"

— ਰਾਮ **੫**, ਅਸ ੧, ੨ : ੪ (912)

ਲੀਤੀਅਨੁ — ਉਸਨੇ ਲਿਆ

"ਸਉਪੇ ਜਿਸੁ ਭੰਡਾਰ ਫਿਰਿ ਪੁਛ ਨ **ਲੀਤੀਅਨੁ**।"

— ਰਾਮ **੫**, ਵਾਰ ੪ : ੨ (958)

ਲੀਤੀਆ — ਲੈ ਲਈਆਂ

"ਨਾਨਕ ਜਿਨਿ ਅਖੀ **ਲੀਤੀਆ** ਸੋਈ ਸਚਾ ਦੇਇ।"

— ਸਿਰੀ **੪**, ਵਾਰ ੧ਸ, **੩**, ੨ : ੪ (83)

ਲੀਨ — 1. ਸਮਾ ਜਾਣਾ, ਵਿਲਯ ਹੋਣਾ

"ਨਿਮਖ ਨ **ਲੀਨ** ਭਇਓ ਚਰਨਨ ਸਿੰਉ ਬਿਰਥਾ ਅਉਧ ਸਿਰਾਨੀ।"— ਗਉ **੯**, ੮, ੨ : ੨ (220)

"ਜਿਹ ਤੇ ਉਪਜਿਓ ਨਾਨਕਾ **ਲੀਨ** ਤਾਹਿ ਮੈ ਮਾਨੁ।"

— ਸਲੋ **੯**, ੧੧ : ੨ (1426)

2. ਲਿਆ

"ਕਾਢਿ **ਲੀਨ** ਸਾਗਰ ਸੰਸਾਰ।"

— ਗਉ **ਕਬ**, ਅਸ ੪੦, ੨ : ੨ (331)

"ਕਰਮ ਭਾਵਨੀ ਸੰਗ **ਲੀਨ**।" (ਲਏ)

— ਬਸੰ **ਕਬ**, ੬, ੨ : ੨ (1195)

"ਦੀਨ **ਲੀਨ** ਪਿਆਸ ਮੀਨ ਸੰਤਨਾ ਹਰਿ ਸੰਤਨਾ।" (ਦੀਨਤਾ ਲੈ, ਨਮਰ ਬਣ)

— ਕਾਨ **੫**, ੩੫, ੨ : ੧ (1305)

3. ਲੈਂਦਾ ਹੈ

"ਤਾ ਕੈ ਜਾਤਿ ਨ ਪਾਤੀ ਨਾਮ **ਲੀਨ**।" (ਭਾਵ ਨਾ ਕੋਈ ਜਾਣਦਾ ਹੈ)

— ਬਸੰ **੧**, ਅਸ ੨, ੩ : ੩ (1188)

4. ਲਿਆ ਭਾਵ ਪਕੜਿਆ

"ਮਰਨੇ ਤੇ ਕਿਆ ਡਰਪਨਾ ਜਬ ਹਾਥਿ ਸਿਧਉਰਾ **ਲੀਨ**।" — ਸਲੋ **ਕਬ**, ੭੧ : ੨ (1368)

ਲੀਨਉ — ਲਿਆ ਹੈ, ਜਪਿਆ ਹੈ

"ਨਾਨਕ ਲਾਜ ਬਿਰਦ ਕੀ ਰਾਖਹੁ ਨਾਮੁ ਤੁਹਾਰਉ **ਲੀਨਉ**।" — ਸੋਰ **੯**, ੯, ੩ : ੨ (633)

ਲੀਨਾ — 1. ਲੀਨ ਹੋਇਆ, ਸਮਾਇਆ, ਰਚਿਆ

"ਮਨ ਪਿਆਰਿਆ ਜੀਉ ਮਿਤ੍ਰਾ ਹਰਿ ਪ੍ਰੇਮ ਭਗਤਿ ਮਨੁ **ਲੀਨਾ**।"— ਸਿਰੀ **੫**, ਛੰਤ ੨, ੫ : ੧ (80)

"ਚਰਨ ਕਮਲ ਸਿਉ ਜਾ ਕਾ ਮਨੁ **ਲੀਨਾ** ਸੇ ਜਨ ਤ੍ਰਿਪਤਿ ਅਘਾਈ।"

— ਸੋਰ **੫**, ੧੫, ੧ : ੧ (612)

"ਦੁਖ ਬਿਸਾਰਿ ਸੁਖ ਅੰਤਰਿ **ਲੀਨਾ**।" (ਲੈ ਲਿਆ, ਵਸਾ ਲਿਆ) — ਬਿਲਾ **ਨਾਮ**, ੧, ੧ : ੨ (857)

2. ਲਿਆ

"ਰਤਨੁ ਗਿਆਨੁ ਸਭ ਕੋ ਹਿਰਿ **ਲੀਨਾ** ਤਾ ਸਿਉ ਕਛੁ ਨ ਬਸਾਈ।"

— ਗਉ **੯**, ੪, ੧ : ੨ (219)

"ਅੰਧ ਕੂਪ ਤੇ ਕਰੁ ਗਹਿ **ਲੀਨਾ**।" (ਬਚਾ ਲਿਆ) — ਬਿਲਾ **੫**, ੧੨, ੨ : ੧ (804)

3. ਮਸਤ

"ਖੀਰ ਸੰਗਿ ਬਾਰਿਕੁ ਹੈ **ਲੀਨਾ** ਪ੍ਰਭ ਸੰਤ ਐਸੇ ਹਿਤਕਾਰੀ।"— ਸੋਰ **੫**, ੧੬, ੨ : ੨ (613)

"ਹਰਿ ਕੀ ਪ੍ਰੇਮ ਭਗਤਿ ਮਨੁ **ਲੀਨਾ**।" (ਮਸਤ ਹੋ ਗਿਆ) — ਸੋਰ **੫**, ੫੫, ੧* : ੧ (622)

4. ਲਿਆ, ਜਪਿਆ

"ਰਾਮ ਕੋ ਨਾਮੁ ਨ ਕਬਹੂ **ਲੀਨਾ**।"

— ਸੂਹੀ **ਕਬ**, ੧, ੧ : ੨ (792)

"ਅੰਮ੍ਰਿਤ ਨਾਮੁ ਮਹਾਂ ਰਸੁ **ਲੀਨਾ**।"
— ਬਿਲਾ **੫**, ੧੨, ੩ : ੨ (804)

5. ਲਿਆ ਭਾਵ ਕੀਤਾ
"ਨਾਨਕ ਦਰਸਿ **ਲੀਨਾ** ਜਿਉ ਜਲ ਮੀਨਾ ਸਭ ਦੇਖਿਐ ਅਨਭੈ ਕਾ ਦਾਤਾ।"
— ਸਾਰ **੫**, ਛੰਤ ੧, ੧ : ੬ (1236)

ਲੀਨੀ — 1. ਬਚਾ ਲਿਆ
"ਕਰੁ ਗਹਿ **ਲੀਨੀ** ਪਾਰਬ੍ਰਹਮਿ ਬਹੁੜਿ ਨ ਵਿਛੁੜਿਆਹੁ।"— ਮਾਝ **੫**, ਬਾਰਾ ੧੧ : ੬ (135)

2. ਲੀਨ ਹੋ ਗਿਆ
"ਹਰਿ ਰਸੁ ਗੁਰ ਤੇ ਪਾਇਆ ਮੇਰਾ ਮਨੁ ਤਨੁ **ਲੀਨੀ**।" — ਗਉ **੩**, ੩੮, ੨ : ੨ (163)
"ਸਭੁ ਤਨੁ ਮਨੁ ਦੇਹ ਹਰਿ **ਲੀਨੀ**।"
— ਸੋਰ **ਕਬ**, ੪, ੪ : ੨ (655)

3. ਲਈ, ਪ੍ਰਾਪਤ ਕੀਤੀ
"ਆਗਿਆ ਨਹੀ **ਲੀਨੀ** ਭਰਮਿ ਭੁਲਾਇਆ।"
— ਗਉ **੧**, ਅਸ ੧੪, ੧ : ੩ (227)
"ਮਨ ਰੇ ਕਉਨੁ ਕੁਮਤਿ ਤੈ **ਲੀਨੀ**।" (ਧਾਰਨ ਕੀਤੀ) — ਸੋਰ **੯**, ੩, ੧* : ੧ (632)

4. ਲਈ
"ਨਾ ਤੁਮ ਡੋਲਹੁ ਨਾ ਹਮ ਗਿਰਤੇ ਰਖਿ **ਲੀਨੀ** ਹਰਿ ਮੇਰੀ।"— ਰਾਮ **ਕਬ**, ੩, ੧ : ੨ (969)

ਲੀਨੁ — 1. ਮਗਨ
"ਮੇਰਾ ਮਨੁ ਤਨੁ **ਲੀਨੁ** ਭਇਆ ਰਾਮ ਨਾਮੈ ਮਤਿ ਗੁਰਮਤਿ ਰਾਮ ਰਸਾਲਾ।"
— ਮਾਲੀ **੪**, ੫, ੧* : ੨ (985)

2. ਲਿਆ ਹੈ
"ਮਾਨਸ ਕੋ ਜਨਮੁ **ਲੀਨੁ** ਸਿਮਰਨੁ ਨਹ ਨਿਮਖ ਕੀਨੁ।" — ਜੈਜਾ **੯**, ੩, ੧ : ੧ (1352)

ਲੀਨੇ — 1. ਲਏ
"ਲੜਿ **ਲੀਨੇ** ਲਾਏ ਨਉ ਨਿਧਿ ਪਾਏ ਨਾਉ ਸਰਬ ਸੁ ਠਾਕੁਰਿ ਦੀਨਾ।"
— ਸਿਰੀ **੫**, ਛੰਤ ੨, ੫ : ੫ (80)

2. ਠੱਗੇ ਹੋਏ, ਗ੍ਰਸੇ ਹੋਏ
"ਕਾਮ ਕ੍ਰੋਧ ਮਾਇਆ ਕੇ **ਲੀਨੇ** ਇਆ ਬਿਧਿ ਜੋਗਤੁ ਬਿਗੂਤਾ।"
— ਗਉ **ਕਬ**, ੬੮, ੨ : ੧ (338)
"ਕਾਮ ਕ੍ਰੋਧ ਤ੍ਰਿਸਨਾ ਕੇ **ਲੀਨੇ**।"
— ਕੇਦਾ **ਕਬ**, ੪, ੧ : ੧ (1124)

ਲੀਨੋ — 1. ਲਿਆ
"ਬਾਹ ਪਕਰਿ **ਲੀਨੋ** ਕਰਿ ਅਪਨਾ।"
— ਗਉ **੫**, ੯੬, ੨ : ੩ (183)

2. ਲੀਨ ਹੋਇਆ, ਖਚਿਤ ਹੋਇਆ, ਮਗਨ ਹੋਇਆ
"ਕਾਮਿ ਕ੍ਰੋਧਿ ਲੋਭਿ ਮੋਹਿ ਮਨੁ **ਲੀਨੋ** ਨਿਰਗੁਣ ਕੇ ਦਾਤਾਰੇ।"— ਗਉ **੫**, ੧੩੮*, ੪ : ੧ (210)

3. ਪ੍ਰਾਪਤ ਕੀਤਾ
"ਜੋ ਜੋ ਦੀਨੋ ਸੁ ਨਾਨਕ **ਲੀਨੋ**।"
— ਗਉ **੫**, ਬਾਅ ੧੨ : ੮ (253)

4. ਪਕੜਿਆ
"ਅਬ ਤਉ ਜਰੇ ਮਰੇ ਸਿਧਿ ਪਾਈਐ **ਲੀਨੋ** ਹਾਥਿ ਸੰਧਉਰਾ।"
— ਗਉ **ਕਬ**, ੬੮, ੧* : ੨ (338)

ਲੀਨੑ — ਲਿਆ
"ਜਿਨਿ ਗਿਆਨੁ ਰਤਨੁ ਹਿਰਿ **ਲੀਨੑ**।"
— ਆਸਾ **ਕਬ**, ੨੨, ੧* : ੨ (482)

ਲੀਨੑੀ — ਲਈ
"ਗਹਿ ਭੁਜਾ **ਲੀਨੑੀ** ਦਾਸਿ ਕੀਨੑੀ ਅੰਕੁਰਿ ਉਦੋਤੁ ਜਣਾਇਆ।"— ਬਿਲਾ **੫**, ਛੰਤ ੨, ੩ : ੩ (846)

ਲੀਨੑੇ — ਲਏ
"ਪਾਰਬ੍ਰਹਮਿ ਪ੍ਰਭਿ ਦਇਆ ਧਾਰੀ ਬਖਸਿ **ਲੀਨੑੇ** ਆਪਿ।" — ਗੂਜ **੫**, ੨੮, ੪ : ੧ (501)

ਲੀਪ — ਲੇਪ
"ਬਸੈ ਘਟਾ ਘਟ **ਲੀਪ** ਨ ਛੀਪੈ।"
— ਕਾਨ **ਨਾਮ**, ੧, ੧ : ੧ (1318)

ਲੀਪਤ — ਲਿਪਦਿਆਂ, ਲੇਪਨ ਕਰਦਿਆਂ
"ਨਿਤ ਉਠਿ ਕੋਰੀ ਗਾਗਰਿ ਆਨੈ **ਲੀਪਤ** ਜੀਉ ਗਇਓ।" — ਬਿਲਾ **ਕਬ**, ੪, ੧ : ੧ (856)

ਲੀਪਿ — ਲਿਪ ਕੇ, ਲਾ ਕੇ
"ਕਸਤੂਰਿ ਕੁੰਗੂ ਅਗਰਿ ਚੰਦਨਿ **ਲੀਪਿ** ਆਵੈ ਚਾਉ।" — ਸਿਰੀ **੧**, ੧, ੧ : ੨ (14)

ਲੀਪਿਐ — ਲਿਪਨ ਨਾਲ
"**ਲੀਪਿਐ** ਥਾਇ ਨ ਸੁਚਿ ਹਰਿ ਮਾਨੈ।"
— ਭੈਰ **੫**, ੫੩, ੨ : ੨ (1151)

ਲੀਲ — ਲੀਲਾ, ਚੋਜ, ਕੌਤਕ

"ਨਗਰੀ ਨਾਇਕੁ ਨਵਤਨੋ ਬਾਲਕੁ **ਲੀਲ** ਅਨੂਪੁ।"
— ਮਾਰੂ **੧**, ਅਸ ੩, ੭ : ੧ (1010)

ਲੀਲਾ — ਖੇਡਾਂ, ਚੋਜ, ਕੌਤਕ
"ਆਖੇੜ ਬਿਰਤਿ ਰਾਜਨ ਕੀ **ਲੀਲਾ**।"
— ਗਉ **੫**, ੮੧, ੩ : ੩ (179)
"ਮੇਰੇ ਸਤਿਗੁਰ ਅਪਨੇ ਬਾਲਿਕ ਰਾਖਹੁ **ਲੀਲਾ** ਧਾਰਿ।" (ਚੋਜ ਵਰਤਾ ਕੇ)
— ਆਸਾ **੫**, ੩੭, ੧* : ੧ (379)

ਲੀਲਿਤ — ਨਿਗਲਦੀ ਹੈ
"ਜਿਹਬਾ ਸੁਆਦੀ **ਲੀਲਿਤ** ਲੋਹ।"
— ਸਾਰ **ਨਾਮ**, ੧, ੧ : ੩ (1252)

ਲੀਵਨਾ — ਪੀਣਾ (ਸ਼ਬਦਾਰਥ, ਦਰਪਣ); ਲੀਨ ਹੋਣਾ (ਮਹਾਨਕੋਸ਼); ਜੁੜਨਾ (ਨਿਰਣੈ)
"ਭੋਗਨਾ ਮਨ ਮਧੇ ਹਰਿ ਰਸੁ ਸੰਤਸੰਗਤਿ ਮਹਿ **ਲੀਵਨਾ**। — ਮਾਰੂ **੫**, ਅਸ ੬, ੪ : ੧ (1019)

ਲੀਵਨਿ — ਜੁੜਨਾ, ਲੀਨ ਹੋਣਾ
"ਜਿਉ ਮੀਨਾ ਜਲ ਸਿਉ ਉਰਝਾਨੋ ਰਾਮ ਨਾਮ ਸੰਗਿ **ਲੀਵਨਿ**।" — ਸਾਰ **੫**, ੮੧, ੨ : ੧ (1222)

ਲੀਵਾ — ਲਵਾਂ ਗਾ
"ਮਨ ਅੰਦਰਿ ਅੰਮ੍ਰਿਤੁ ਗੁਰਮਤਿ ਹਰਿ **ਲੀਵਾ** ਜੀਉ।" — ਗਉ **੪**, ੭੦, ੧ : ੨ (175)

ਲੀੜਾ — ਪੀਤਾ
"ਅਨਹਤ ਧੁਨਿ ਵਾਜਹਿ ਨਿਤ ਵਾਜੇ ਹਰਿ ਅੰਮ੍ਰਿਤ ਧਾਰ ਰਸ **ਲੀੜਾ**।"— ਜੈਤ **੪**, ੬, ੧ : ੨ (698)

ਲੁਹਾਰ — ਲੋਹਕਾਰ, ਲੋਹੇ ਦਾ ਕੰਮ ਕਰਨ ਵਾਲਾ ਕਾਰੀਗਰ
"ਮਤਿ ਬਸਿ ਪਰਉ **ਲੁਹਾਰ** ਕੇ ਜਾਰੈ ਦੂਜੀ ਬਾਰ।"
— ਸਲੋ **ਕਬ**, ੯੦ : ੨ (1369)

ਲੁਹਾਰੀ — ਲੋਹੇ ਦੀ ਬੇੜੀ
"ਲਬੁ ਅਧੇਰਾ ਬੰਦੀਖਾਨਾ ਅਉਗਣ ਪੈਰਿ **ਲੁਹਾਰੀ**।"
— ਬਸੰ **੧**, ਅਸ ੮, ੩ : ੨ (1191)

ਲੁਹਿ — ਲੁੱਛਕੇ, ਜਲ ਕੇ
"ਤਪਿ ਤਪਿ **ਲੁਹਿ ਲੁਹਿ** ਹਾਥ ਮਰੋਰਉ।"
— ਸੂਹੀ **ਫਰ**, ੧, ੧ : ੧ (794)

ਲੁਕਈਹੈ — ਲੁਕਾਵੇਂਗਾ
"ਊਠਤ ਬੈਠਤ ਠੇਗਾ ਪਰਿ ਹੈ ਤਬ ਕਤ ਮੂਡ **ਲੁਕਈਹੈ**।" — ਗੂਜ **ਕਬ**, ੧, ੧ : ੨ (524)

ਲੁਕਾਇਆ — ਲੁਕਾ ਕੇ ਰਖਿਆ, ਛੁਪਾ ਕੇ ਰਖਿਆ
"ਤਿਨਿ ਕਰਤੈ ਆਪੁ **ਲੁਕਾਇਆ**।"
— ਸਿਰੀ **੧**, ਅਸ ੨੮, ੧੫ : ੨ (72)
"ਜਗਿ ਮਰਣੁ ਨ ਭਾਇਆ ਨਿਤ ਆਪੁ **ਲੁਕਾਇਆ** ਮਤ ਜਮੁ ਪਕਰੈ ਲੈ ਜਾਇ ਜੀਉ।"
— ਆਸਾ **੪**, ਛੰਤ ੧੩, ੨ : ੧ (447)

ਲੁਕਾਇਦੜੋ — ਲੁਕਾਉਂਦਾ ਹੈ
"ਜਿਸੁ ਪਾਸਿ **ਲੁਕਾਇਦੜੋ** ਸੋ ਵੇਖੀ ਸਾਥੇ।"
— ਆਸਾ **੫**, ਛੰਤ ੧੩, ੧ : ੨ (461)

ਲੁਕਾਈ — 1. ਲੁਕਾ ਕੇ, ਛੁਪਾ ਕੇ
"ਰਤਨੁ ਲੁਕਾਇਆ ਲੂਕੈ ਨਾਹੀ ਜੇ ਕੋ ਰਖੈ **ਲੁਕਾਈ**।" — ਸੋਰ **੪**, ੮, ੪ : ੨ (608)
2. ਲੋਕ, ਖਲਕਤ
"ਸਭ ਕਥਿ ਕਥਿ ਰਹੀ **ਲੁਕਾਈ**।"
— ਸੋਰ **ਕਬ**, ੪, ੩ : ੨ (655)

ਲੁਕਾਣਾ — ਲੁਕਿਆ ਹੋਇਆ ਹੈ
"ਅੰਤਰਿ ਵਸਤੁ ਨ ਜਾਣਨ੍ਹੀ ਘਟਿ ਬ੍ਰਹਮੁ **ਲੁਕਾਣਾ**।"
— ਆਸਾ **੧**, ਅਸ ੧੪, ੪ : ੨ (419)

ਲੁਕਾਨਾ — ਲੁਕ ਗਿਆ, ਭਾਵ ਜੁੜ ਗਿਆ ਹੈ
"ਮਨੁ ਮਾਨਕੁ ਲਿਵ ਤਤੁ **ਲੁਕਾਨਾ**।"
— ਪ੍ਰਭਾ **ਕਬ**, ੧, ੨ : ੨ (1349)

ਲੁਕਾਨੀ — ਲੁਕੀ ਹੈ
"ਰਾਮ ਨਾਮੁ ਰਤਨ ਕੋਠੜੀ ਗੜ ਮੰਦਰਿ ਏਕ **ਲੁਕਾਨੀ**।" — ਬਸੰ **੪**, ੩, ੧ : ੧ (1178)

ਲੋੁਕਾਨੀ — ਲੋਕਾਂ ਦੀ
"ਅਕੁਲ ਨਿਰੰਜਨ ਸਿਉ ਮਨੁ ਮਾਨਿਆ ਬਿਸਰੀ ਲਾਜ **ਲੋੁਕਾਨੀ**।" (ਲੋਕ—ਲਾਜ)
— ਸਾਰ **੧**, ੧, ੩ : ੨ (1197)

ਲੁਕਾਨੇ — ਲੁਕੇ, ਛੁਪੇ
"ਤਸਕਰ ਹੇਰੂ ਆਇ **ਲੁਕਾਨੇ** ਗੁਰ ਕੈ ਸਬਦਿ ਪਕੜਿ ਬੀਧਿ ਪਈਆ।"
— ਬਿਲਾ **੪**, ਅਸ ੧, ੩ : ੨ (833)

ਲੁਕਿ — 1. ਛੁਪ
"ਗੁਹਜ ਰਤਨ ਵਿਚਿ **ਲੁਕਿ** ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ।"
— ਗਉ **੪**, ਵਾਰ ੧੬ : ੨ (309)
"ਤਕਹਿ ਨਾਰਿ ਪਰਾਈਆ **ਲੁਕਿ** ਅੰਦਰਿ ਠਾਣੀ।"

(ਛੁਪ ਕੇ) — ਗਉ **੪**, ਵਾਰ ੨੭ : ੨ (315)
2. ਲੁਕਾਓ, ਓਹਲਾ
"ਅੰਤਰਿ ਬਾਹਰਿ ਸੰਗਿ ਕਿਆ ਕੋ **ਲੁਕਿ** ਕਰੈ।"
— ਰਾਮ **੫**, ਵਾਰ ੧੩ : ੩ (958)

ਲੁਚਾਨੀ — ਲੱਗੀ ਹੋਈ ਹੈ
"ਤਿਨ ਕੀ ਧੂਰਿ ਮੰਗਹ ਪ੍ਰਭ ਸੁਆਮੀ ਹਮ ਹਰਿ ਹਰਿ ਲੋਚ **ਲੁਚਾਨੀ**।"
— ਧਨਾ **੪**, ੩, ੨ : ੨ (669)

ਲੋਚਾਨੀ — ਲਗ ਗਈ
"ਹਰਿ ਹਰਿ ਜਪਨੁ ਜਪਿ ਲੋਚ **ਲੋਚਾਨੀ** ਹਰਿ ਕਿਰਪਾ ਕਰਿ ਬਨਵਾਲੀ।"— ਧਨਾ **੪**, ੪, ੪ : ੧ (668)

ਲੁੰਜਿਤ — ਜਿਨ੍ਹਾਂ ਦੇ ਸਿਰ ਤੋਂ ਵਾਲ ਪੁਟੇ ਹੋਏ (ਨੋਚੇ ਗਏ) ਹੋਣ ਭਾਵ ਜੈਨੀ ਪੂਜਯ
"**ਲੁੰਜਿਤ** ਮੁੰਜਿਤ ਮੋਨਿ ਜਟਾ ਧਰ ਅੰਤਿ ਤਊ ਮਰਨਾ।" — ਆਸਾ **ਕਬ**, ੫, ੧ : ੨ (476)

ਲੁੜਣਾ — ਝਗੜਣਾ
"ਵਿਣੁ ਮਨੈ ਜਿ ਹੋਰੀ ਨਾਲਿ **ਲੁੜਣਾ** ਜਾਸੀ ਜਨਮ ਗਵਾਇ।"
— ਸਿਰੀ **੪**, ਵਾਰ ੧੨ਸ, **੩**, ੨ : ੮ (87)

ਲੁੜੀ — ਝਗੜਦਾ ਹੈ, ਲੁੜਦਾ ਹੈ
"ਪਰੈ ਪਰੈ ਹੀ ਕਉ **ਲੁੜੀ** ਹੇ।"
— ਗਉ **੫**, ੧੫੪*, ੧ : ੨ (213)
"ਮਨ ਬਿਖੈ ਹੀ ਮਹਿ **ਲੁੜੀ** ਹੇ।" (ਫਸਿਆ ਰਹਿਣਾ)
— ਗਉ **੫**, ੧੫੪*, ੩ : ੨ (213)

ਲੁੜੀਐ — ਝਗੜੀਏ
"ਮੂਰਖੈ ਨਾਲਿ ਨ **ਲੁੜੀਐ**।"
— ਆਸਾ **੧**, ਵਾਰ ੧੯ : ੫ (473)

ਲੁੜੈ — ਝਗੜਦਾ/ਲੜਦਾ ਹੈ
"ਭੂਮੀਆ ਭੂਮਿ ਊਪਰਿ ਨਿਤ **ਲੁੜੈ**।"
— ਗਉ **੫**, ੧੧੩, ੨ : ੧ (188)
"ਸਰਨਿ ਦੇਵ ਅਪਾਰ ਨਾਨਕ ਬਹੁਰਿ ਜਮੁ ਨਹੀ **ਲੁੜੈ**।" (ਝਗੜਦਾ ਭਾਵ ਤੰਗ ਕਰਦਾ)
— ਕੇਦਾ **੫**, ੧੫, ੨ : ੨ (1122)

ਲੁਟਾਇਆ — ਲੁੱਟਾ ਦੇਣਾ, ਅਜਾਈਂ ਗੁਆ ਦੇਣਾ
"ਜਿਨੀ ਅੰਮ੍ਰਿਤੁ ਭਰਮਿ **ਲੁਟਾਇਆ** ਬਿਖੁ ਸਿਉ ਰਚਹਿ ਰਚੰਨਿ੍।"
— ਬਿਲਾ **੪**, ਵਾਰ ੧੨ਸ, **੩**, ੧ : ੪ (854)

ਲੁਟਾਵੈ — ਲੁਟਾ ਦੇਵੈ, ਅਜਾਈਂ ਗੁਆ ਦੇਵੇ, ਐਵੇਂ ਵੰਡੀ ਜਾਵੇ
"ਸੁਤ ਦਾਰਾ ਪਹਿ ਆਨਿ **ਲੁਟਾਵੈ**।"
— ਸੋਰ **ਕਬ**, ੯, ੧ : ੨ (656)

ਲੁਟਿਓ — ਲੁਟ ਲਿਆ, ਧਕੇ ਨਾਲ ਖੋਹ ਲਿਆ
"ਸੁਰਿ ਨਰ ਦੇਵ ਅਸੁਰ ਤ੍ਰੈ ਗੁਨੀਆ ਸਗਲੋ ਭਵਨੁ **ਲੁਟਿਓ** ਰੀ।"— ਆਸਾ **੫**, ੫੧, ੧ : ੨ (384)

ਲੁਟਿਆ — ਲੁਟ ਲਿਆ, ਧੱਕੇ ਨਾਲ ਖੋਹ ਲਿਆ
"ਗੜੁ ਲੀਤਾ ਘਟੁ **ਲੁਟਿਆ** ਦੀਵੜੇ ਗਿਆ ਬੁਝਾਇ।" — ਸਲੋ **ਫਰ**, ੪੮ : ੨ (1380)

ਲੁਟੀਐ — ਲੁਟਿਆ ਜਾ ਰਿਹਾ ਹੈ, ਧਕੇ ਨਾਲ ਖੋਹਿਆ ਜਾ ਰਿਹਾ ਹੈ
"ਜਗਤੁ ਮੁਸੈ ਅੰਮ੍ਰਿਤ **ਲੁਟੀਐ** ਮਨਮੁਖ ਬੂਝ ਨ ਪਾਇ।" — ਮਲਾ **੧**, ਵਾਰ ੮ : ੬ (1282)

ਲੁਟੇਨਿ — ਲੁਟਦੇ ਰਹਿੰਦੇ ਹਨ
"ਅੰਮ੍ਰਿਤ ਕੇਲ ਕਰੇ ਨਿਤ ਕਾਮਣਿ ਅਵਰਿ **ਲੁਟੇਨਿ** ਸੁ ਪੰਚ ਜਨਾ।"— ਗਉ **੧**, ੧੪, ੨ : ੨ (155)

ਲੁਡੰਦੜੀ — ਲੇਟਦੀ, ਲਿਪਟੀ ਹੋਈ
"ਧੂੜੀ ਵਿਚ **ਲੁਡੰਦੜੀ** ਸੋਹਾਂ ਨਾਨਕ ਤੈ ਸਹ ਨਾਲੇ।"
— ਸਲੋ **੫**, ੨ : ੨ (1424)

ਲੁਡਾਇ — ਹਿਲਾ ਕੇ, ਹੁਲਾਰ ਕੇ, ਭਾਵ ਖੁਸ਼ੀ ਵਿਚ
"ਸੁਣਿ ਸੁਣਿ ਕਾਮ ਗਹੇਲੀਏ ਕਿਆ ਚਲਹਿ ਬਾਹ **ਲੁਡਾਇ**।" — ਸਿਰੀ **੩**, ੬੧, ੧ : ੧ (37)

ਲੁਡਾਈਐ — ਹੁਲਾਰੀਏ (ਖੁਸ਼ੀ ਵਿਚ)
"ਕਹੁ ਨਾਨਕ ਬਾਹ **ਲੁਡਾਈਐ**।"
— ਸਿਰੀ **੧**, ੩੩, ੪ : ੩ (26)

ਲੁਡਾਏ — ਹਲਾਂਦੀ, ਹੁਲਾਰਦੀ
"ਸਹੀਆ ਵਿਚਿ ਫਿਰੈ ਸੁਹੇਲੀ ਹਰਿ ਦਰਗਹ ਬਾਹ **ਲੁਡਾਏ**।" — ਸਿਰੀ **੪**, ਛੰਤ ੧, ੧ : ੪ (78)

ਲੁਡਾਰੀਆ — ਹੁਲਾਰੀ, ਖੁਸ਼ੀ ਨਾਲ ਹਿਲਾਣਾ/ਘੁਮਾਣਾ
"ਹਰਿ ਦਰਗਹ ਸੋਭਾਵੰਤ ਬਾਹ **ਲੁਡਾਰੀਆ**।"
— ਗਉ **੫**, ਅਸ ੧੨, ੭ : ੨ (241)

ਲੁਡਿ — ਪ੍ਰਸੰਨਤਾ ਨਾਲ, ਲੁਡੀ ਪਾਉਂਦੇ, ਅਨੰਦ ਵਿਚ ਝੂਮਦੇ
"ਜਨ ਨਾਨਕ ਨਾਮ ਸਲਾਹਿ ਤੂ **ਲੁਡਿ ਲੁਡਿ** ਦਰਗਹਿ ਵੰਞੁ।" — ਕਾਨ **੪**, ਵਾਰ ੧੪ਸ, **੪**, ੧:੨ (1318)

ਲੁਣਿ — ਵੱਢ ਕੇ
"ਜਾ ਹੋਆ ਹੁਕਮੁ ਕਿਰਸਾਣ ਦਾ ਤਾ ਲੁਣਿ ਮਿਣਿਆ ਖੇਤਾਰੁ।" — ਸਿਰੀ ੫, ੭੪, ੨ : ੩ (43)

ਲੁਣਿਆ — ਵੱਢਿਆ, ਕੱਟਿਆ
"ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਲਾਵੀ ਲੁਣਿਆ ਖੇਤੁ।" — ਸਿਰੀ ੧, ਪਹ, ੧, ੪ : ੬ (75)

ਲੁਣੀਐ — ਕਟੀਏ, ਵੱਢੀਏ
"ਆਇ ਲਗੇ ਨੀ ਦਿਹ ਥੋੜੜੇ ਜਿਉ ਪਕਾ ਖੇਤੁ ਲੁਣੀਐ।" — ਗਉ ੪, ਵਾਰ ੩੦ : ੩ (316)

ਲੁਣੇ — ਵੱਢਦਾ ਹੈ, ਕੱਟਦਾ ਹੈ
"ਜੈਸਾ ਬੀਜੈ ਸੋ ਲੁਣੇ ਜੋ ਖਟੇ ਸੁੋ ਖਾਇ।" — ਸੂਹੀ ੧, ੭, ੨ : ੧ (730)

ਲੁਣੈ — ਕੱਟਦਾ/ਵੱਢਦਾ ਹੈ
"ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ।" — ਸਿਰੀ ੧, ਅਸ ੬, ੧ : ੩ (56)

ਲੁਤੇ — ਉਡਦੀ ਹੈ
"ਪਿਰ ਬਾਝੜਿਅਹੁ ਮੇਰੇ ਪਿਆਰੇ ਆਂਗਣਿ ਧੂੜਿ ਲੁਤੇ।" — ਆਸਾ ੪, ਛੰਤ ੨੧, ੪ : ੨ (452)

ਲੁਨੇ — ਕੱਟੇ, ਵੱਢੇ
"ਕਿਲਬਿਖ ਪਾਪ ਨਾਮ ਹਰਿ ਕਾਟੇ ਜਿਵ ਖੇਤ ਕ੍ਰਿਸਾਨਿ ਲੁਨੇ।" — ਨਟ ੪, ੫, ੧ : ੨ (976)

ਲੁਬਧ — (ਸੰ. ਲੁਬ੍ਧ) ਲੋਭੀ, ਲਾਲਚੀ, ਲੁਭਾਇਮਾਨ
"ਸੁੰਦਰ ਤਨ ਧਿਆਨੁ ਸੁੰਦਰ ਤਨ ਧਿਆਨ ਹੇ ਮਨੁ ਲੁਬਧ ਗੋਪਾਲ ਗਿਆਨ ਹੇ ਜਾਚਕ ਜਨ ਰਾਖਤ ਮਾਨ।" — ਆਸਾ ੫, ਛੰਤ ੧੪, ੪ : ੨ (462)

ਲੁਬਧਿ — ਲੋਭ/ਲਾਲਚ ਵਿਚ
"ਜਿਉ ਕਪਿ ਕੇ ਕਰ ਮੁਸਟਿ ਚਨਨਿ ਕੀ ਲੁਬਧਿ ਨ ਤਿਆਗੁ ਦਇਓ।" — ਗਉ ਕਬ, ੫੯, ੧ : ੧ (336)

ਲੁਬਧੋ — ਲੁਭਾਇਮਾਨ ਹੋਇਆ
"ਮਿਥਿਆ ਭਰਮਿ ਭਰਮਿ ਬਹੁ ਭ੍ਰਮਿਆ ਲੁਬਧੋ ਪੁਤ੍ਰ ਕਲਤ੍ਰ ਮੋਹ ਪ੍ਰੀਤਿ।" — ਕਾਨ ੪, ੫, ੧ : ੧ (1295)

ਲੁਭਤ — ਲੋਭਿਤ ਹੋਇਆ, ਫਸਿਆ ਹੋਇਆ
"ਸੁਆਦ ਲੁਭਤ ਇੰਦ੍ਰੀ ਰਸ ਪ੍ਰੇਰਿਓ ਮਦਰਸ ਲੈਤ ਬਿਕਾਰਿਓ ਰੇ।" — ਗਉ ਕਬ, ੫੬, ੩ : ੧ (335)

ਲੁਭਤਉ — ਲੋਭ ਵਿਚ ਆਉਂਦਾ ਹੈ, ਲਲਚਾਉਂਦਾ ਹੈ
"ਇਹੁ ਮਨੁ ਰਾਜਾ ਲੋਭੀਆ ਲੁਭਤਉ ਲੋਭਾਈ।" — ਆਸਾ ੧, ਅਸ ੧੫, ੩ : ੧ (419)

ਲੁਭਤੁ — 1. ਲੁਭਾਇਮਾਨ
"ਕੰਚਨ ਨਾਰੀ ਮਹਿ ਜੀਉ ਲੁਭਤੁ ਹੈ ਮੋਹੁ ਮੀਠਾ ਮਾਇਆ।" — ਗਉ ੪, ੫੦, ੧ : ੧ (167)
2. (ਸੰ. ਲੁਬ੍ਧਕ:) ਸ਼ਿਕਾਰੀ
"ਅਜਾਮਲੁ ਪਿੰਗਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ।" — ਕੇਦਾ ਰਵਿ, ੧, ੩ : ੧ (1124)

ਲੁਭਤੇ — ਲੁਭਾਇਮਾਨ ਹੁੰਦੇ
"ਕਾਮ ਕ੍ਰੋਧ ਬਿਖਿਆ ਲੋਭਿ ਲੁਭਤੇ ਕਾਸਟ ਲੋਹ ਤਰੇ ਸੰਗਿ ਸਾਥਾ।" — ਕਾਨ ੪, ੬, ੧ : ੨ (1296)

ਲੁਭੜਿਓ — ਲੁਭਾਇਮਾਨ ਹੋਇਆ, ਫਸ ਰਿਹਾ ਹੈ
"ਮਹਰਾਜ ਰੋ ਗਾਥੁ ਵਾਹੂ ਸਿਉ ਲੁਭੜਿਓ ਨਿਹ ਭਾਗੜੋ ਭਾਹਿ ਸੰਜੋਇਓ ਰੇ।" — ਟੋਡੀ ੫, ੧੫, ੧ : ੨ (715)

ਲੋੁਭਾਇ — ਲੁਭਾਇਮਾਨ ਹੈ, ਫਸੀ ਹੋਈ ਹੈ
"ਮੁੰਧ ਇਆਣੀ ਦੁੰਮਣੀ ਸੂਹੈ ਵੇਸਿ ਲੋੁਭਾਇ।" — ਸੂਹੀ ੩, ਵਾਰ ੩ਸ, ੩, ੨ : ੩ (786)

ਲੁਭਾਇਆ — ਲੁਭਾਇਮਾਨ ਕੀਤਾ, ਮੋਹਿਤ ਕੀਤਾ
"ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ।" — ਵਡ ੧, ੨, ੧ : ੨ (557)

ਲੋੁਭਾਈਆ — ਲੁਭਾਇਮਾਨ ਹੋਈਆਂ
"ਦਸ ਨਾਰੀ ਇਕੁ ਪੁਰਖੁ ਕਰਿ ਦਸੇ ਸਾਦਿ ਲੋੁਭਾਈਆ।" — ਮਾਰੂ ੫, ਵਾਰ ੬ : ੩ (1096)

ਲੁਭਾਈਐ — ਲੁਭਾਇਮਾਨ ਕਰੀਏ, ਰੁਚਿਤ ਕਰੀਏ
"ਮਨ ਕਹਾ ਲੁਭਾਈਐ ਆਨ ਕਉ।" — ਸਾਰ ੫, ੨੦, ੧* : ੧ (1208)

ਲੁਭਾਏ — ਲੁਭਾਇਮਾਨ ਹੋਏ
"ਦੂਜੇ ਕਿਨੈ ਸੁਖੁ ਨ ਪਾਇਓ ਪਿਰਾ ਜੀਉ ਬਿਖਿਆ ਲੋਭਿ ਲੁਭਾਏ।" — ਗਉ ੩, ਛੰਤ ੫, ੩ : ੨ (246)
"ਚਰਨ ਲੁਭਾਏ ਆਨ ਤਜਾਏ।" (ਚੰਗੇ ਲਗੇ) — ਕਾਨ ੫, ੪੬, ੨ : ੧ (1307)

ਲੁਭਾਣੀ — ਲੁਭਾਇਮਾਨ ਹੋਈ, ਫਸੀ
"ਬਿਨਵੰਤ ਨਾਨਕ ਲੇਖੁ ਲਿਖਿਆ ਭਰਮਿ ਮੋਹਿ

ਲੁਭਾਣੀ।" — ਬਿਹਾ **੫**, ਛੰਤ ੨, ੨ : ੬ (546)

ਲੁਭਾਣੇ — ਲੁਭਾਇਮਾਨ ਹੋਏ, ਫਸੇ, ਮੋਹੇ ਹੋਏ
"ਹਰਿ ਦਰਗਹ ਢੋਈ ਨ ਲਹਨਿ ਮੇਰੀ ਜਿੰਦੁੜੀਏ ਜੋ ਮਨਮੁਖ ਪਾਪਿ **ਲੁਭਾਣੇ** ਰਾਮ।"
— ਬਿਹਾ **੪**, ਛੰਤ ੫, ੧ : ੩ (540)

ਲੁਭਾਨਉ — ਲੁਭਾਇਮਾਨ ਹੋਣਾ, ਲਲਚਾਉਣਾ
"ਅਤਿ ਲੁਬਧ **ਲੁਭਾਨਉ** ਬਿਖਮ ਮਾਇ।"
— ਬਸੰ **੧**, ਅਸ ੨, ੧ : ੨ (1187)

ਲੁਭਾਨਾ — ਲੁਭਾਇਮਾਨ ਹੋਇਆ, ਫਸਿਆ, ਮੋਹਿਆ ਹੋਇਆ
"ਇਹੁ ਮਨੁ ਲੋਭੀ ਲੋਭਿ **ਲੁਭਾਨਾ**।"
— ਬਸੰ **੩**, ੨, ੨ : ੧ (1172)

ਲੋੁਭਾਨਾ — ਲੁਭਿਤ ਹੋਇਆ, ਫਸਿਆ
"ਜਿਹਵਾ ਇੰਦ੍ਰੀ ਸਾਦਿ **ਲੋੁਭਾਨਾ**।"
— ਰਾਮ **੧**, ਅਸ ੨, ੬ : ੩ (903)

ਲੁਭਾਨਿ — ਲੁਭਾਇਮਾਨ ਹੋਣਾ, ਮੋਹਿਆ ਜਾਣਾ, ਫਸਨਾ
"ਬਿਖਿਅਨ ਸਿਉ ਅਤਿ **ਲੁਭਾਨਿ** ਮਤਿ ਨਾਹਿਨ ਫੇਰੀ।" — ਜੈਜਾ **੯**, ੩, ੧ : ੩ (1352)

ਲੁਭਾਨੀ — ਲੁਭਾਇਮਾਨ ਹੋਈ, ਖਚਿਤ ਹੋਈ
"ਜੈਸੇ ਰਸਨਾ ਸਾਦਿ **ਲੁਭਾਨੀ** ਤਿਉ ਹਰਿ ਜਨ ਹਰਿ ਗੁਣ ਗਾਵਹਿ।"— ਸੋਰ **੫**, ੧੬, ੩ : ੨ (613)

ਲੋੁਭਾਨੁ — ਲੋਭਾਇਮਾਨ ਹੋਣਾ
"ਏਹ ਮਨੋ ਮੂਰਖੁ ਲੋਭੀਆ ਲੋਭੇ ਲਗਾ **ਲੋੁਭਾਨ**।"
— ਸਿਰੀ **੧**, ੧੯, ੧ : ੧ (21)

ਲੁਭਾਨੇ — ਲੁਭਿਤ ਹੋਏ
"ਹਉਮੈ ਬਿਖਿਆ ਨਿਤ ਲੋਭਿ **ਲੁਭਾਨੇ** ਪੁਤ ਕਲਤ ਮੋਹਿ ਲੁਭਿਭਾ।"— ਪ੍ਰਭਾ **੪**, ੬, ੩ : ੧ (1337)

ਲੁਭਾਵਹਿ — ਲੁਭਾਇਮਾਨ ਹੋਵੇ
"ਮਿਥਿਆ ਮਨ ਪਰਲੋਭ **ਲੁਭਾਵਹਿ**।"
— ਗਉ **੫**, ਸੁਖ ੫, ੫ : ੬ (269)

ਲੁਭਾਵੈ — ਖਚਿਤ/ਮਸਤ ਹੋਵੇ
"ਜਿਉ ਕਾਮੀ ਕਾਮਿ **ਲੁਭਾਵੈ**।"
— ਸੋਰ **੫**, ੮੩, ੨ : ੧ (629)

ਲੁਭਿਤ — ਲੁਭਾਇਮਾਨ, ਮੋਹਿਤ
"ਸੇਵਕ ਸਿਖ ਸਦਾ ਅਤਿ **ਲੁਭਿਤ** ਅਲਿ ਸਮੂਹ ਜਿਉ ਕੁਸਮ ਸੁਬਾਸੇ।"
— ਸਵ **੪**, ਮਥੁ ੬ : ੩ (1404)

ਲੁਭਿਭਾ — ਲੋਭਿਤ ਭਇਆ, ਲੁਭਾਇਮਾਨ ਹੋਇਆ
"ਹਉਮੈ ਬਿਖਿਆ ਨਿਤ ਲੋਭਿ ਲੁਭਾਨੇ ਪੁਤ ਕਲਤ ਮੋਹਿ **ਲੁਭਿਭਾ**।"— ਪ੍ਰਭਾ **੪**, ੬, ੩ : ੧ (1337)

ਲੋੜੇਦਾ — ਢੂੰਢਦਾ, ਯਾਚਨਾ ਕਰਦਾ, ਮੰਗਦਾ
"ਖਾਕੁ **ਲੋੜੇਦਾ** ਤੰਨਿ ਖੇ ਜੋ ਰਤੇ ਦੀਦਾਰ।"
— ਮਾਰੂ **੫**, ਵਾਰ ੧੧ਸ, **੫**, ੨ : ੨ (1098)

ਲੁੜੇਨਿ — ਲੋੜਦੇ ਭਾਵ ਚਾਹੁੰਦੇ ਹਨ, ਲੋਚਦੇ ਹਨ
"ਕਾਮਣਿ ਲੋੜੈ ਸੁਇਨਾ ਰੁਪਾ ਮਿਤ੍ਰ **ਲੁੜੇਨਿ** ਸੁ ਖਾਧਾਤਾ।" — ਗਉ **੧**, ੧੪, ੪ : ੧ (155)

ਲੁੜ੍ਹੰਦੜੀ — ਲੁੜਕਦੀ ਹੋਈ
"ਦੂਜੈ ਭਾਵੰਨੀ ਨਾਨਕਾ ਵਹਣਿ **ਲੁੜ੍ਹੰਦੜੀ** ਜਾਇ।"
— ਸਲੋ **੫**, ੧੬ : ੨ (1425)

ਲੂਹ — ਭਸਮ ਕਰਨਾ, ਸਾੜਨਾ
"ਏਕਸੁ ਬਿਨੁ ਹਉ ਆਨੁ ਨ ਜਾਨਉ ਦੁਤੀਆ ਭਾਉ ਸਭ **ਲੂਹ**।"— ਸਾਰ **੫**, ੧੧੮, ੧* : ੨ (1227)

ਲੂਹੈ — ਸਾੜਦਾ ਹੈ
"ਸਸੁ ਵਿਰਾਇਣਿ ਨਾਨਕ ਜੀਉ ਸਸੁਰਾ ਵਾਦੀ ਜੇਠੋ ਪਉ ਪਉ **ਲੂਹੈ**।"
— ਰਾਮ **੫**, ਵਾਰ ੧੩ਸ, **੫**, ੨ : ੧ (963)

ਲੂਕ — 1. ਲੁਕਾਉ
"ਤਿਸੁ ਸਿਉ **ਲੂਕ** ਜੋ ਸਦ ਹੀ ਸੰਗੀ।"
— ਆਸਾ **੫**, ੨੨, ੩ : ੧ (376)
"**ਲੂਕ** ਕਰਤ ਬਿਕਾਰ ਬਿਖੜੇ ਪ੍ਰਭ ਨੇਰੇਹੂ ਤੇ ਨੇਰਿਆ।" (ਲੁਕਾਉ ਵਿਚ, ਗੁਪਤ ਤੌਰ ਤੇ)
— ਜੈਤ **੫**, ਛੰਤ ੨, ੧ : ੫ (704)
2. ਲੁਕਨ ਵਾਲੀ ਥਾਂ, ਓਟ, ਸ਼ਰਨ
"ਹਾਰਿ ਪਰਿਓ ਤੁਮ੍ਹਰੈ ਪ੍ਰਭ ਦੁਆਰੈ ਦ੍ਰਿੜ੍ਹ ਕਰਿ ਗਹੀ ਤੁਮ੍ਹਾਰੀ **ਲੂਕ**।"
— ਜੈਤ **੫**, ੮, ੨ : ੧ (701)

ਲੂਕਿ — 1. ਲੁਕ ਕੇ, ਗੁਪਤ ਰੂਪ ਵਿਚ
"**ਲੂਕਿ** ਕਮਾਵੈ ਕਿਸ ਤੇ ਜਾ ਵੇਖੈ ਸਦਾ ਹਦੂਰਿ।"
— ਸਿਰੀ **੫**, ੮੬, ੩ : ੨ (48)
2. ਲੁਕੇ ਫਿਰਨ/ਰਹਿਣ ਵਾਲੇ, ਜੋ ਕਿਸੇ ਨੂੰ ਦਰਸ਼ਨ ਨਹੀਂ ਦਿੰਦੇ
"ਇਕਿ **ਲੂਕਿ** ਨ ਦੇਵਹਿ ਦਰਸਾ।"
— ਸਿਰੀ **੫**, ਅਸ ੨੨, ੬ : ੨ (71)

ਲੂਕੀ — 1. ਲੁਕੇ ਹੋਏ, ਗੁਝੇ
"ਕਛੂਆ ਕਹੈ ਅੰਗਾਰ ਭਿ ਲੋਰਉ **ਲੂਕੀ** ਸਬਦੁ ਸੁਨਾਇਆ।"— ਆਸਾ **ਕਬ**, ੬, ੪ : ੨ (477)
2. ਚੁਆਤੀ ਲਾ ਕੇ
"ਜਿਉ ਜਨ ਚੰਦ੍ਰ ਹਾਂਸੁ ਦੁਖੀਆ ਧ੍ਰਿਸਟ ਬੁਧੀ ਅਪੁਨਾ ਘਰੁ **ਲੂਕੀ** ਜਾਰੇ।"
— ਨਟ **੪**, ਅਸ ੪, ੬ : ੨ (982)
"ਨਿੰਦਕੁ ਸਾਕਤੁ ਖਵਿ ਨ ਸਕੈ ਤਿਲੁ ਅਪਣੈ ਘਰਿ **ਲੂਕੀ** ਲਾਈ।"
— ਬਸੰ **੪**, ਅਸ ੧, ੬ : ੨ (1191)

ਲੂਕੇ — ਲੁਕਦਾ, ਓਟ ਲੈਂਦਾ, ਪਨਾਹ ਲੈਂਦਾ
"ਮਾਇਆ ਫਾਸਬੰਧ ਨਹੀ ਫਾਰੈ ਘਰੁ ਮਨ ਸੁੰਨਿ ਨ **ਲੂਕੇ**।" — ਆਸਾ **ਕਬ**, ੧, ੨ : ੧ (475)

ਲੂਕੈ — ਲੁਕਦਾ
"ਰਤਨੁ ਲੁਕਾਇਆ **ਲੂਕੈ** ਨਾਹੀ ਜੇ ਕੋ ਰਖੈ ਲੁਕਾਈ।" — ਸੋਰ **੪**, ੯, ੪ : ੨ (608)

ਲੂਕਟ — ਚੁਆਤੀ, ਲੰਬੂ
"ਤਿਹ ਮੁਖ ਦੇਖਤ **ਲੂਕਟ** ਲਾਏ।"
— ਗਉ **ਕਬ**, ੩੨, ੧ : ੨ (329)

ਲੂਗਰਾ — ਪਾਟਾ ਹੋਇਆ ਕੁਰਾ
"ਭਗਤ ਜਨਾ ਕਾ **ਲੂਗਰਾ** ਓਢਿ ਨਗਨ ਨ ਹੋਈ।"
— ਬਿਲਾ **੫**, ੪੪, ੩ : ੧ (811)

ਲੂਝਹਿ — ਝਗੜਦੇ/ਲੜਦੇ ਹਨ
"ਮਾਇਆ ਕਉ **ਲੂਝਹਿ** ਗਾਵਾਰੀ।"
— ਆਸਾ **੪**, ੫੪, ੩ : ੨ (366)

ਲੂਝਦੇ — ਝਗੜਦੇ, ਲੜਦੇ
"ਅਤਿ ਕਰੋਧ ਸਿਉ **ਲੂਝਦੇ** ਅਗੈ ਪਿਛੈ ਦੁਖੁ ਪਾਵਹਿ।" — ਮਾਰੂ **੩**, ਵਾਰ ੯ : ੩ (1089)

ਲੂਝੁ — ਝਗੜਾ ਕਰ
"ਮੂਰਖ ਸਿਉ ਨਾ **ਲੂਝੁ** ਪਰਾਣੀ ਹਰਿ ਜਪੀਐ ਪਦੁ ਨਿਰਬਾਣੀ ਹੇ।"
— ਮਾਰੂ **੪**, ਸੋਲਾ ੨, ੫ : ੩ (1070)

ਲੂਝੈ — ਲੜੇ, ਝਗੜੇ, ਜੁੱਧ ਕਰੇ
"ਸਬਦੁ ਸੁਝੈ ਤਾ ਮਨ ਸਿਉ **ਲੂਝੈ** ਮਨਸਾ ਮਾਰਿ ਸਮਾਵਣਿਆ।"
— ਮਾਝ **੩**, ਅਸ ੨, ੧* : ੨ (113)
"ਮਨਸਾ ਮਾਰਿ ਮਨੈ ਸਿਉ **ਲੂਝੈ**।" (ਜੁੱਧ ਕਰੇ)
— ਮਾਰੂ **੧**, ਸੋਲਾ ੨, ੪ : ੨ (1021)

ਲੂਟਹਿ — ਲੁਟਦਾ ਹੈ
"ਮਾਰਹਿ **ਲੂਟਹਿ** ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ।"— ਗਉ **੧**, ੧੪, ੧ : ੨ (155)

ਲੂਟਨਾ — ਲੁਟਨਾ
"ਕਬੀਰ **ਲੂਟਨਾ** ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ।" — ਸਲੋ **ਕਬ**, ੪੧ : ੧ (1366)

ਲੂਟਾ — ਲੁਟਿਆ
"ਕਾਮੁ ਕ੍ਰੋਧੁ ਗੁਰ ਸਬਦੀ **ਲੂਟਾ**।"
— ਰਾਮ **੧**, ੧੧, ੪ : ੨ (879)
"ਬਿਖਮ ਗਾਰ੍ਹ ਕਰੁ ਪਹੁਚੈ ਨਾਹੀ ਸੰਤ ਸਾਨਥ ਭਏ **ਲੂਟਾ**।" (ਲੁੱਟੇ ਗਏ)
— ਸਾਰ **੫**, ੩੨, ੧ : ੨ (1210)

ਲੂਟਿ — 1. ਲੁਟਨਾ, ਧੱਕੇ ਨਾਲ ਖੋਹਨਾ
"**ਲੂਟਿ** ਲੇਹਿ ਸਾਕਤ ਪਤਿ ਖੋਵਹਿ।"
— ਗੋਂਡ **੫**, ੧੧, ੨ : ੩ (865)
2. ਲੁਟ
"ਕਬੀਰ ਲੂਟਨਾ ਹੈ ਤ **ਲੂਟਿ** ਲੈ ਰਾਮ ਨਾਮ ਹੈ ਲੂਟਿ।" — ਸਲੋ **ਕਬ**, ੪੧ : ੧ (1366)

ਲੂਟਿਆ — ਲੁਟ ਗਿਆ, ਧੱਕੇ ਨਾਲ ਖੋਹ ਲਿਆ
"ਢਾਹਿ ਮੜੋਲੀ **ਲੂਟਿਆ** ਦੇਹੁਰਾ ਸਾਧਨ ਪਕੜੀ ਏਕ ਜਨਾ।" — ਗਉ **੧**, ੧੪, ੩ : ੧ (155)

ਲੂਟੀ — ਲੁਟ ਲਈ, ਧੱਕੇ ਨਾਲ ਖੋਹ ਲਈ
"**ਲੂਟੀ** ਲੰਕਾ ਸੀਸ ਸਮੇਤਿ।"
— ਗਉ **੧**, ਅਸ ੯, ੫ : ੨ (224)

ਲੂਟੇ — 1. ਲੁਟ ਲਏ
"ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ **ਲੂਟੇ**।"— ਰਾਮ **ਰਵਿ**, ੧, ੧* : ੨ (973)
2. ਲੁਟੇ ਗਏ
"ਮਨਮੁਖ ਸੋਇ ਰਹੇ ਸੇ **ਲੂਟੇ** ਗੁਰਮੁਖਿ ਸਾਬਤ ਭਾਈ ਹੇ।"
— ਮਾਰੂ **੧**, ਸੋਲਾ ੫, ੪ : ੩ (1024)

ਲੂਟੈ — ਲੁੱਟ ਲਏ, ਧੱਕੇ ਨਾਲ ਖੋਹ ਲਏ
"ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ **ਲੂਟੈ**।"— ਸੂਹੀ **੫**, ੫੦, ੧ : ੧ (747)

ਲੂਠੈ — ਸੜੇ ਹੋਏ
"ਇੰਦ੍ਰੀ ਕੀ ਜੂਠਿ ਉਤਰਸਿ ਨਾਹੀ ਬ੍ਰਹਮ ਅਗਨਿ

ਕੇ **ਲੂਠੇ**।" — ਬਸੰ **ਕਬ**, ੭, ੨ : ੨ (1195)

ਲੂਣਹਰਾਮੀ — ਨਾ ਸ਼ੁਕਰਾ, ਕ੍ਰਿਤਘਨ
"ਕਹੁ ਨਾਨਕ ਹਮ **ਲੂਣਹਰਾਮੀ**।"
— ਗਉ **੫**, ੧੪੫, ੪ : ੧ (195)

ਲੂਣਹਰਾਮ — ਅਕ੍ਰਿਤਘਨ, ਨ ਸ਼ੁਕਰਾ
"ਮਨਮੁਖ **ਲੂਣਹਰਾਮ** ਕਿਆ ਨ ਜਾਣਿਆ।"
— ਮਾਝ **੧**, ਵਾਰ ੧੧ : ੫ (143)

ਲੂਣੁ — (ਸੰ. ਲਵਨ) ਨਮਕ
"ਅੰਨੁ ਦੇਵਤਾ,ਪਾਣੀ,ਦੇਵਤਾ ਬੈਸੰਤਰ ਦੇਵਤਾ **ਲੂਣੁ** ਪੰਜਵਾ ਪਾਇਆ ਘਿਰਤੁ।"
— ਆਸਾ **੧**, ਵਾਰ ੧੯ਸ, **੧**, ੧ : ੫ (474)

ਲੂਣੈ — ਵੱਢੇ ਹੋਏ, ਕੱਟੇ ਹੋਏ
"ਸੂਕੇ ਸਰਵਰਿ ਮਾਲਿ ਬੰਧਾਵੈ **ਲੂਣੈ** ਖੇਤਿ ਹਥ ਵਾਰਿ ਕਰੈ।"— ਆਸਾ **ਕਬ**, ੧੫, ੨ : ੧ (479)

ਲੂਨਾ — ਨਮਕ, ਲੂਣ
"ਪਾਉ ਘੀਉ ਸੰਗਿ **ਲੂਨਾ**।"
— ਸੋਰ **ਕਬ**, ੧੧, ੨ : ੨ (656)

ਲੂਬਰਾ — ਲੂੰਬੜ
"ਮਾਂਜਰ ਗਾਡਰ ਘਰੁ **ਲੂਬਰਾ**।"
— ਭੈਰ **ਕਬ**, ੧੩, ੪ : ੩ (1160)

ਲੇ — 1. ਲੈ ਕੇ
"ਹਰਿ ਹਰਿ ਜਪਹੁ ਪਿਆਰਿਆ ਗੁਰਮਤਿ **ਲੇ** ਹਰਿ ਬੋਲਿ।" — ਸਿਰੀ **੧**, ੨੧, ੧ : ੧ (22)

2. ਲਵੇ, ਲਵੋ
"ਗੁਰ ਪਰਸਾਦੀ ਬੂਝਿ **ਲੇ** ਤਉ ਹੋਇ ਨਿਬੇਰਾ।" (ਲਵੇ) — ਗਉ **੧**, ਅਸ ੧੮, ੧ : ੧ (229)
"ਮੋ ਕਉ ਤਾਰਿ **ਲੇ** ਰਾਮਾ ਤਾਰਿ **ਲੇ**।"
— ਗੋਂਡ **ਨਾਮ**, ੩, ੧* : ੧ (873)

3. ਲੈਂਦਾ ਹੈ
"ਬ੍ਰਹਮ ਗਿਆਨੀ **ਲੇ** ਧਾਵਤੁ ਬੰਧਾ।"
— ਗਉ **੫**, ਸੁਖ ੮, ੪ : ੬ (273)

4. ਲੈ
"ਅਜਹੂ ਸਮਝਿ ਕਛੁ ਬਿਗਰਿਓ ਨਾਹਿਨਿ ਭਜਿ **ਲੇ** ਨਾਮ ਮੁਰਾਰਿ।"
— ਸੋਰ **੯**, ੮, ੨ : ੧ (633)

5. ਹੈ
"ਮੇਰੈ ਮਾਥੈ ਲਾਗੀ **ਲੇ** ਧੂਰਿ ਗੋਬਿੰਦ ਚਰਨਨ ਕੀ।" — ਧਨਾ **ਨਾਮ**, ੫, ੧* : ੧ (694)

6. ਲਏ ਹਨ
"ਚੇਰੀ ਸਕਤਿ ਜੀਤਿ **ਲੇ** ਭਵਣੁ।"
— ਮਲਾ **ਨਾਮ**, ੧, ੩ : ੪ (1292)

7. ਲਿਆਂਦਾ
"ਹਰਿ ਕਾ ਸਿਮਰਨੁ ਛਾਡਿ ਕੈ ਘਰਿ **ਲੇ** ਆਯਾ ਮਾਲ।" — ਸਲੋ **ਕਬ**, ੧੧੫ : ੨ (1370)

8. ਪ੍ਰਾਪਤ ਕਰਕੇ
"ਪ੍ਰਾਨ ਮਾਨ ਦਾਨ ਮਗ ਜੋਹਨ ਹੀਤੁ ਚੀਤੁ ਦੇ **ਲੇ** **ਲੇ** ਪਾਰੀ।" — ਸਵ **੫**, ੬* : ੧ (1388)

ਲੇਉ — 1. ਲਵੋ
"**ਲੇਉ** ਨਿਬੇਰਿ ਆਜੁ ਕੀ ਰਾਤੀ।"
— ਸੂਹੀ **ਕਬ**, ੩, ੨ : ੨ (792)

2. ਪ੍ਰਾਪਤ ਕਰੋ
"ਨਾਨਕ ਸੰਤੁ ਮਿਲੈ ਸਚੁ ਪਾਈਐ ਸਹਜ ਭਾਇ ਜਸੁ **ਲੇਉ**।"— ਰਾਮ **੧**, ਸਿਗੋ ੧ : ੪ (938)

ਲੇਉਗੀ — ਲਵਾਂਗੀ
"ਪਾਇ ਲਗਉ ਬੇਨਤੀ ਕਰਉ **ਲੇਉਗੀ** ਪੰਥੁ ਬਤਾਏ।" — ਤਿਲੰ **੧**, ਅਸ ੧, ੫ : ੨ (725)

ਲੇਇ — 1. ਲਵੇ, ਪ੍ਰਾਪਤ ਕਰੇ
"ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ **ਲੇਇ**।"
— ਜਪੁ **੧**, ੭ : ੨ (2)
"ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ **ਲੇਇ**।"
— ਸੋਰ **੪**, ਵਾਰ ੧੪ਸ, **੩**, ੧ : ੩ (648)

2. ਲੈਂਦਾ ਹੈ (ਵਾਪਸ)
"ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ **ਲੇਇ**।" — ਸਿਰੀ ੧, ਅਸ ੧, ੪ : ੧ (53)
"ਆਪੁਨੀ ਅਮਾਨ ਕਛੁ ਬਹੁਰਿ ਸਾਹ **ਲੇਇ**।"
— ਗਉ **੫**, ਸੁਖ ੫, ੨ : ੩ (268)

3. ਲਏ, ਲਵੇ
"ਜਿਸ ਕੀ ਮਾਨਿ **ਲੇਇ** ਸੁਖਦਾਤਾ।"
— ਗਉ **੫**, ੧੦੫, ੪* : ੨ (187)

4. ਜਪੇ, ਉਚਾਰਨ ਕਰੇ
"ਹਰਿ ਕਾ ਨਾਮੁ ਸੋਈ ਜਨੁ **ਲੇਇ**।"
— ਗਉ **੫**, ਅਸ ੧੦, ੮ : ੧ (240)

5. ਲਿਆ ਹੋਇਆ ਹੈ

"ਰੇ ਮਨ ਤੇਰੋ ਕੋਇ ਨਹੀ ਖਿੰਚਿ **ਲੇਇ** ਜਿਨਿ ਭਾਰੁ।" — ਗਉ **ਕਬ**, ੬੪, ੧ : ੧ (337)

6. ਲਵੈ, ਧਾਰਨ ਕਰੇ
"ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ **ਲੇਇ**।" — ਆਸਾ **੧**, ਵਾਰ ੧੦ਸ, **੧**, ੨ : ੨ (468)

7. ਲੈਂਦਾ/ਤਲਬ ਕਰਦਾ/ਮੰਗਦਾ ਹੈ
"ਕਬੀਰ ਜੋਰੁ ਕੀਆ ਸੋ ਜੁਲਮੁ ਹੈ **ਲੇਇ** ਜਬਾਬੁ ਖੁਦਾਇ।"— ਸਲੋ **ਕਬ**, ੨੦੦ : ੧ (1375)

ਲੇਇਗਾ — ਲਵੇਗਾ
"ਹੋਇਗਾ ਖਸਮੁ ਤ **ਲੇਇਗਾ** ਰਾਖਿ।" — ਗਉ **ਕਬ**, **੩੩**, ੩ : ੨ (329)

ਲੇਈ — 1. ਲੈਂਦਾ
"ਜਨ ਨਾਨਕ ਸਾਹੁ ਹਰਿ ਸੇਵਿਆ ਫਿਰਿ ਲੇਖਾ ਮੂਲਿ ਨ **ਲੇਈ**।"— ਗਉ **੪**, ੪੫, ੪ : ੨ (165)

2. ਲੈ (ਲੁਟ) ਰਿਹਾ ਹੈ
"ਘਰ ਮਹਿ ਅੰਮ੍ਰਿਤੁ ਤਸਕਰੁ **ਲੇਈ**।" — ਗਉ **੧**, ਅਸ ੨, ੨ : ੧ (221)

3. ਲਵੇ ਭਾਵ ਬਣਾਵੇ
"ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ **ਲੇਈ**।" — ਆਸਾ **੧**, ੩੫, ੨ : ੧ (359)

ਲੇਹ — 1. ਲਵੇ, ਹਾਸਲ ਕਰੇ, ਪ੍ਰਾਪਤ ਕਰੇ
"ਕਰਿ ਸੇਵਾ ਤਿਸੁ ਪਾਰਬ੍ਰਹਮ ਗੁਰ ਤੇ ਮਤਿ **ਲੇਹ**।" — ਬਿਲਾ **੫**, ੪੨, ੩ : ੨ (812)

2. ਲਵੇ, ਉਚਾਰਨ ਕਰੇ, ਜਪੇ
"ਮੇਰੇ ਮਨ ਨਾਮੁ ਨਿਤ ਨਿਤ **ਲੇਹ**।" — ਮਾਰੂ **੫**, ੨੫, ੧* : ੧ (1006)

3. ਲੈ, ਜਾ
"ਕਛੂ ਸੰਗਿ ਨ ਚਾਲੈ ਸਮਝ **ਲੇਹ**।" — ਬਸੰ **੯**, ੪, ੨ : ੨ (1187)

4. ਲਵੇ, ਪਕੜੇ, ਧਾਰਨ ਕਰੇ
"ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ **ਲੇਹ**।" — ਸਲੋ **੯**, ੨੨ : ੧ (1427)

ਲੇਹਿ — 1. ਲਵੋ
"ਮਿਲੁ ਮੇਰੇ ਰਮਈਆ ਮੈ **ਲੇਹਿ** ਛਡਾਇ।" — ਸਿਰੀ **ਤ੍ਰਿਲੋ**, ੨, ੧* : ੫ (92)
"ਅਹਿਨਿਸ ਪਾਲਹਿ ਰਾਖਿ **ਲੇਹਿ** ਆਤਮ ਸੁਖ ਧਾਰਾ।" (ਲਵੇ) — ਗਉ **੧**, ਅਸ ੧, ੧ : ੨ (228)

2. ਪ੍ਰਾਪਤ ਕਰਦੇ/ਲੈਂਦੇ ਹਾਂ
"ਸਾਹੁ ਹਮਾਰਾ ਤੂੰ ਧਣੀ ਜੈਸੀ ਤੂੰ ਰਾਸਿ ਦੇਹਿ ਤੈਸੀ ਹਮ **ਲੇਹਿ**।" — ਗਉ **੪**, ੪੫, ੧ : ੧ (165)

3. ਲਏਂ ਗਾ
"ਸਦਾ ਸੁਹੇਲਾ ਕਰਿ **ਲੇਹਿ** ਜੀਉ।" — ਗਉ **੫**, ਸੁਖ ੧੪, ੨ : ੪ (281)

4. ਲੈ, ਲਵੋ
"ਮਨ ਮੇਰੇ ਤਿਨ ਕੀ ਓਟ **ਲੇਹਿ**।" (ਪਕੜੋ) — ਗਉ **੫**, ਸੁਖ ੧੨, ੮ : ੧ (286)
"ਗਾਵਿ **ਲੇਹਿ** ਤੂੰ ਗਾਵਨਹਾਰੇ।" — ਆਸਾ **੫**, ੯੯, ੧ : ੧ (395)

5. ਲੈਂਦਾ, ਜਪਦਾ
"ਇਕੁ ਖਿਨੁ **ਲੇਹਿ** ਨ ਹਰਿ ਕੋ ਨਾਮ।" — ਗਉ **ਕਬ**, ੧੬, ੨ : ੨ (326)

6. ਲੈਂਦਾ ਹੈ
"ਨਾਨਕ ਨਦਰੀ ਬਖਸਿ **ਲੇਹਿ** ਸਬਦੇ ਮੇਲਿ ਮਿਲਾਹਿ।" — ਸੋਰ **੪**, ਵਾਰ ੭ਸ, **੩**, ੧ : ੪ (645)

7. ਵਾਪਸ ਲੈ, ਖੋਹ ਲੈ
"ਦੇਹਿ **ਲੇਹਿ** ਏਕੁ ਤੂੰ ਦਿਗਰ ਕੋ ਨਹੀ।" — ਤਿਲੰ **ਨਾਮ**, ੨, ੨ : ੨ (727)
"ਜੇ ਤੂ ਏਵੈ ਰਖਸੀ ਜੀਉ ਸਰੀਰਹੁ **ਲੇਹਿ**।" — ਸਲੋ **ਫਰ**, ੪੨ : ੨ (1380)

8. ਲੈ, ਸੰਭਾਲ ਕਰ
"ਪ੍ਰਾਨੀ ਨਾਰਾਇਨ ਸੁਧਿ **ਲੇਹਿ**।" — ਰਾਮ **੯**, ੩, ੧* : ੧ (902)

ਲੇਹੀ — 1. ਲੈਣਾ, ਪ੍ਰਾਪਤ ਕਰਨਾ
"ਐਸੇ ਪਿਤਰ ਤੁਮਾਰੇ ਕਹੀਅਹਿ ਆਪਨ ਕਹਿਆ ਨ **ਲੇਹੀ**।" — ਗਉ **ਕਬ**, ੪੫, ੨ : ੨ (332)

2. ਲਵੇ, ਜਪੇ
"ਤਜਿ ਭਰਮ ਕਰਮ ਬਿਧਿ ਨਿਖੇਧ ਰਾਮ ਨਾਮੁ **ਲੇਹੀ**।" — ਧਨਾ **ਕਬ**, ੫, ੪ : ੧ (692)

ਲੇਹੁ — 1. ਲਵੋ
"ਰਾਖਿ **ਲੇਹੁ** ਪ੍ਰਭੁ ਕਰਣਹਾਰ ਜੀਅ ਜੰਤ ਕਰਿ ਦਇਆ।" — ਸਿਰੀ **੫**, ੮੪, ੪ : ੧ (47)

2. ਭਾਵ ਸੰਭਾਲੋ, ਪ੍ਰਾਪਤ ਕਰੋ

"ਗੁਰ ਉਪਦੇਸੁ ਮਨੈ ਮਹਿ **ਲੇਹੁ**।" (ਸੰਭਾਲੋ)
— ਗਉ **੫**, ੭੬, ੪ : ੨ (178)

"ਆਤਮ ਰਾਮ **ਲੇਹੁ** ਪਰਿਵਾਣਿ।"
— ਗਉ **ਕਬ**, ਥਿਤੀ ੮ : ੨ (343)

"**ਲੇਹੁ** ਆਰਤੀ ਹੋ ਪੁਰਖ ਨਿਰੰਜਨ ਸਤਿਗੁਰ ਪੂਜਹੁ ਭਾਈ।" (ਲਵੋ, ਪ੍ਰਾਪਤ ਕਰੋ ਭਾਵ ਸੁਣੋ) — ਪ੍ਰਭਾ **ਕਬ**, ਪ, ੧* : ੧ (1350)

3. ਜਪੋ

"ਹਰਿ ਨਾਮ **ਲੇਹੁ** ਮੀਤਾ **ਲੇਹੁ** ਆਗੈ ਬਿਖਮ ਪੰਥੁ ਭੈਆਨ।"— ਗਉ **੫**, ੧੫੮*, ੧* : ੧ (214)

"ਸਹਜੇ ਹੀ ਹਰਿ ਨਾਮ **ਲੇਹੁ** ਹਰਿ ਤਤੁ ਨ ਖੋਈਐ।" — ਵਡ **੪**, ਵਾਰ ੪ : ੨ (587)

4. ਲਵੋ, ਧਾਰਨ ਕਰੋ, ਦੇ ਭਾਗੀ ਬਣੋ

"ਥਿਤਿ ਪਾਵਹੁ ਗੋਬਿਦ ਭਜਹੁ ਸੰਤਹ ਕੀ ਸਿਖ **ਲੇਹੁ**।" — ਗਉ **੫**, ਬਾਅ ੩੩ : ਪ (257)

"ਗੁਰਮਤਿ **ਲੇਹੁ** ਤਰਹੁ ਭਵ ਦੁਤਰੁ ਮੁਕਤਿ ਭਏ ਸੁਖੁ ਪਾਇਆ।"
— ਮਾਰੂ **੧**, ਸੋਲਾ ੨੦, ੯ : ੩ (1041)

5. ਲੈ ਜਾਓ

"ਮਰਤੀ ਬਾਰ **ਲੇਹੁ ਲੇਹੁ** ਕਰੀਐ ਭੂਤੁ ਰਹਨ ਕਿਉ ਦੀਆ।"
— ਸੋਰ **ਕਬ**, ੨, ੨ : ੨ (654)

6. ਲਵੋ, ਲੈਂਦੇ ਰਹੋ, ਖਾਂਦੇ ਰਹੋ

"ਨਿਤ ਨਿਤ **ਲੇਹੁ** ਨ ਛੀਜੈ ਦੇਹ।"
— ਮਲਾ **੧**, ੮, ੧ : ੩ (1257)

ਲੇਹੋ — ਪ੍ਰਾਪਤ ਕਰੋ, ਲਵੋ

"ਗੁਰੁ ਸੇਵਹੁ ਸਦਾ ਆਪਣਾ ਨਾਮੁ ਪਦਾਰਥੁ **ਲੇਹੋ**।"
— ਆਸਾ **੩**, ਛੰਤ ੨, ੧ : ੨ (440)

ਲੇਖ — 1. ਲਿਖਤ, ਭਾਗ

"ਮਨਿ ਤਨਿ ਮਿਠਾ ਤਿਸੁ ਲਗੈ ਜਿਸੁ ਮਸਤਕਿ ਨਾਨਕ **ਲੇਖ**।"— ਸਿਰੀ **੫**, ੮੯, ੪ : ੩ (49)

"ਸੁਖ ਦੂਖ ਮੁਕਤਿ ਜੋਨਿ ਨਾਨਕ ਲਿਖਿਓ **ਲੇਖ**।"
— ਗਉ **੫**, ਬਾਅ ੧੨ਸ : ੨ (253)

2. ਲਿਖਤਾਂ, ਵਿਚਾਰ, ਪੁਸਤਕਾਂ

"**ਲੇਖ** ਅਸੰਖ ਲਿਖਿ ਲਿਖਿ ਮਾਨੁ।"
— ਆਸਾ **੧**, ਅਸ ੩, ੧ : ੧ (412)

ਲੇਖੰ — ਲਿਖਤ, ਭਾਗ

"ਭੂਲਾ ਮਾਰਗ ਸੋ ਪਵੈ ਜਿਸੁ ਧੁਰਿ ਮਸਤਕਿ **ਲੇਖੰ**।"
— ਮਾਰੂ **੫**, ਵਾਰ ੧੩ : ੨ (1099)

ਲੇਖਏ — ਲੇਖੇ ਵਿਚ, ਕੰਮ ਵਿਚ

"ਸੀਗਾਰ ਮਿਠ ਰਸ ਭੋਗ ਭੋਜਨ ਸਭੁ ਝੂਠੁ ਕਿਤੈ ਨ **ਲੇਖਏ**।" (ਕੰਮ ਦਾ ਨਹੀਂ)
— ਗਉ **੧**, ਛੰਤ ੧, ੧ : ੩ (242)

ਲੇਖਹਿ — 1. ਲਿਖਦੇ ਹਨ

"ਤੇ ਹਸਤ ਪੁਨੀਤ ਪਵਿਤ੍ਰ ਹਹਿ ਮੇਰੀ ਜਿੰਦੁੜੀਏ ਜੋ ਹਰਿਜਸੁ ਹਰਿ ਹਰਿ **ਲੇਖਹਿ** ਰਾਮ।"
— ਬਿਹਾ **੪**, ਛੰਤ ੪, ੩ : ੨ (540)

2. ਲੇਖੇ ਵਿਚ

"ਵਿਣੁ ਗੁਰ ਸਬਦੈ ਜਨਮੁ ਕਿ **ਲੇਖਹਿ**।" (ਭਾਵ ਕੀ ਲਾਭ)— ਆਸਾ **੧**, ਅਸ ੯, ਪ : ੪ (416)

ਲੇਖਣਿ — ਕਲਮ

"ਮਸੂ ਤੋਟਿ ਨ ਆਵਈ **ਲੇਖਣਿ** ਪਉਣੁ ਚਲਾਉ।"
— ਸਿਰੀ **੧**, ੨, ੪ : ੨ (15)

ਲੇਖਾ — 1. ਹਿਸਾਬ ਕਿਤਾਬ, ਗਿਣਤੀ ਮਿਣਤੀ

"ਏਹੁ **ਲੇਖਾ** ਲਿਖਿ ਜਾਣੈ ਕੋਇ।
ਲੇਖਾ ਲਿਖਿਆ ਕੇਤਾ ਹੋਇ।"
— ਜਪੁ **੧**, ੧੬ : ੧੬ ;੧੨ (3)

2. ਲਿਖਿਆ

"ਸੇ ਕਰ ਭਲੇ ਜਿਨੀ ਹਰਿ ਜਸੁ **ਲੇਖਾ**।"
— ਮਾਝ **੫**, ੨੯, ੨ : ੨ (103)

ਲੇਖਾਰੀ — ਲਿਖਣ ਵਾਲਾ, ਲਿਪੀ ਬਧ ਕਰਨ ਵਾਲਾ

"ਭਾਉ ਕਲਮ ਕਰਿ ਚਿਤੁ **ਲੇਖਾਰੀ** ਗੁਰ ਪੁਛਿ ਲਿਖੁ ਬੀਚਾਰੁ।" — ਸਿਰੀ **੧**, ੬, ੧ : ੨ (16)

ਲੇਖਾਵਤੀ — ਲਿਖਣ ਵਾਲੀ

"ਹਾਥਿ ਕਲੰਮ ਅਗੰਮ ਮਸਤਕਿ **ਲੇਖਾਵਤੀ**।"
— ਫੁਨ **੫**, ੧ : ੧ (1361)

ਲੇਖਿ — ਲੇਖੇ ਵਿਚ

"ਹਰਿ ਨਾਮੁ ਰਿਦੈ ਨ ਵਸਈ ਕਾਰਜਿ ਕਿਤੈ ਨ **ਲੇਖਿ**।" — ਸਿਰੀ **੫**, ੮੫, ੧ : ੩ (47)

ਲੇਖਿਆ — ਲਿਖਿਆ ਹੈ

"ਸਹਜ ਸੂਖ ਸੋ ਕੀਨੀ ਭੁਗਤਾ ਜੋ ਠਾਕੁਰਿ ਮਸਤਕਿ **ਲੇਖਿਆ**।" — ਗਉ **੫**, ੧੩੨*, ੩ : ੨ (208)

ਲੇਖੀ — ਲਿਖੀ

"ਕਲਮ ਕਾਗਦ ਸਿਆਨਪ **ਲੇਖੀ**।"
— ਗਉ **੫**, ੮੧, ੧ : ੨ (179)

ਲੇਖੀਆ — ਲੇਖਾਰੀ, ਲਿਖਣ ਵਾਲਾ
"ਪਾਪੁ ਪੁੰਨੁ ਜਾਂਚੈ ਡਾਂਗੀਆ ਦੁਆਰੈ ਚਿਤ੍ਰ ਗੁਪਤੁ **ਲੇਖੀਆ**।" — ਮਲਾ **ਨਾਮ**, ੧, ੨ : ੩ (1292)

ਲੇਖੀਐ — 1. ਲਿਖੀਦੇ ਹਨ
"ਜਾ ਕੈ ਭਾਗਵਤੁ **ਲੇਖੀਐ** ਅਵਰੁ ਨਹੀ ਪੇਖੀਐ ਤਾ ਕੀ ਜਾਤਿ ਅਛੋਪ ਛੀਪਾ।"
— ਮਲਾ **ਰਵਿ**, ੨, ੧ : ੧ (1293)
2. ਲਿਖੀ ਹੋਈ
"ਬਿਆਸ ਮਹਿ **ਲੇਖੀਐ** ਸਨਕ ਮਹਿ ਪੇਖੀਐ ਨਾਮ ਕੀ ਨਾਮਨਾ ਸਪਤ ਦੀਪਾ।"
— ਮਲਾ **ਰਵਿ**, ੨, ੧ : ੨ (1293)

ਲੇਖੁ — 1. ਲਿਖਿਆ ਹੋਇਆ
"ਵੇਲ ਨ ਪਾਈਆ ਪੰਡਤੀ ਜਿ ਹੋਵੈ **ਲੇਖੁ** ਪੁਰਾਣੁ।"
— ਜਪੁ **੧**, ੨੧ : ੧੧ (4)
2. ਭਾਗ, ਲੇਖ, ਲਿਖਤ
"ਲਿਖਿਆ **ਲੇਖੁ** ਤਿਨਿ ਪੁਰਖਿ ਬਿਧਾਤੈ ਦੁਖੁ ਸਹਸਾ ਮਿਟਿ ਗਇਆ।"
— ਸਿਰੀ **੫**, ੭੨, ੧* : ੨ (42)
"ਛੂਟਨੁ ਹਰਿ ਕੀ ਸਰਣਿ **ਲੇਖੁ** ਨਾਨਕ ਲੇਖਿਆ।"
— ਆਸਾ **੫**, ੧੧੦, ੪ : ੨ (398)
3. ਲੇਖਾ, ਹਿਸਾਬ
"ਮੁਕਾਮੁ ਤਿਸ ਨੋ ਆਖੀਐ ਜਿਸੁ ਸਿਸਿ ਨ ਹੋਵੀ **ਲੇਖੁ**।"— ਸਿਰੀ **੧**, ਅਸ ੧੭, ੨ : ੧ (64)
"ਏਨਾ ਅਖਰਾ ਮਹਿ ਜੋ ਗੁਰਮੁਖਿ ਬੂਝੈ ਤਿਸੁ ਸਿਰਿ **ਲੇਖੁ** ਨ ਹੋਈ।"
— ਆਸਾ **੧**, ਪਟੀ ੨ : ੨ (432)
4. ਲਿਖ, ਉਕਰ ਕੇ ਰਖ
"ਪ੍ਰਭ ਅਵਿਨਾਸੀ ਮਨ ਮਹਿ **ਲੇਖੁ**।"
— ਗਉ **੫**, ੧੨੦, ੨ : ੨ (190)
5. ਲਿਖਤ ਅਰਥਾਤ ਚਿਠੀ
"ਸਾਜਨੁ ਦੇਖਾ ਤਾ ਗਲਿ ਮਿਲਾ ਸਾਚੁ ਪਠਾਇਓ **ਲੇਖੁ**।"— ਮਾਰੂ **੧**, ਅਸ ੩, ੫ : ੧ (1010)

ਲੇਖੇ — 1. (ਕੀਤੇ ਕਰਮਾਂ ਦੇ) ਹਿਸਾਬ ਅਨੁਸਾਰ
"ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ **ਲੇਖੇ** ਆਵਹਿ ਭਾਗ।" — ਜਪੁ **੧**, ੨੯ : ੩ (6)
2. ਹਿਸਾਬ ਕਿਤਾਬ ਵਿਚ, ਗਿਣਤੀ ਮਿਣਤੀ ਵਿਚ
"ਲੇਖਾ ਪੜੀਐ ਜੇ **ਲੇਖੇ** ਵਿਚ ਹੋਵੈ।"
— ਮਾਝ **੩**, ਅਸ ੧੮, ੬ : ੧ (120)
3. ਅਰਥ
"ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਾਰੇ **ਲੇਖੇ**।"
— ਧਨਾ **ਰਵਿ**, ੧, ੨ : ੧ (694)

ਲੇਖੇਦਾਰ — ਲੇਖਾ ਦੇਣ ਵਾਲਾ, ਭਾਵ ਜ਼ਿਮੇਦਾਰ
"ਪੜਿਆ **ਲੇਖੇਦਾਰ** ਲੇਖਾ ਮੰਗੀਐ।"
— ਮਲਾ **੧**, ਵਾਰ ੨੩ : ੧ (1288)

ਲੇਖੈ — 1. ਲੇਖਾ ਕਰਦਿਆਂ, ਹਿਸਾਬ ਕਿਤਾਬ ਕਰਦਿਆਂ
"ਲੇਖਾ ਹੋਇ ਤ ਲਿਖਿਐ **ਲੇਖੈ** ਹੋਇ ਵਿਣਾਸੁ।"
— ਜਪੁ **੧**, ੨੨ : ੪ (5)
2. ਹੱਦ ਵਿਚ, ਹਿਸਾਬ ਵਿਚ, ਸੰਜਮ ਵਿਚ, ਲਿਖੇ ਮੁਤਾਬਕ
"**ਲੇਖੈ** ਬੋਲਣੁ ਬੋਲਣਾ **ਲੇਖੈ** ਖਾਣਾ ਖਾਉ।"
— ਸਿਰੀ **੧**, ੩, ੧ : ੧ (15)
"ਰੇ ਮਨ ਲੇਖੈ ਚਾਲਹਿ **ਲੇਖੈ** ਬੈਸਹਿ ਲੇਖੈ ਲੈਦਾ ਸਾਹ।"— ਆਸਾ **੫**, ੧੨੩, ੪ : ੧ (402)
3. ਲੇਖੇ ਵਿਚ ਭਾਵ ਪਲੇ
"ਜਾ ਪਤਿ **ਲੇਖੈ** ਨਾ ਪਵੈ ਸਭਾ ਪੂਜ ਖੁਆਰੁ।"
— ਸਿਰੀ **੧**, ੮, ੨ : ੩ (17)
"ਨਾਨਕ **ਲੇਖੈ** ਇਕ ਗਲ ਹੋਰੁ ਹਉਮੈ ਝਖਣਾ ਝਾਖ।"
— ਆਸਾ **੧**, ਵਾਰ ੯ਸ, **੧**, ੧ : ੫ (467)
4. ਹਿਸਾਬ ਕਿਤਾਬ ਅਨੁਸਾਰ
"ਨਾਨਕ ਤਾ ਪਰੁ ਜਾਪੈ ਜਾ ਪਤਿ **ਲੇਖੈ** ਪਾਏ।"
— ਸਿਰੀ **੪**, ਵਾਰ ੩ਸ, **੧**, ੧ : ੪ (83)
"**ਲੇਖੈ** ਤੇਰੈ ਸਾਸ ਗਿਰਾਸ।"
— ਆਸਾ **੧**, ੧੮, ੨ : ੬ (354)
5. ਪਰਵਾਨ ਹੋਏ, ਮਨਜ਼ੂਰ ਹੋਏ (ਮੁਹਾਵਰੇ ਵਿਚ)
"ਸਤਿਗੁਰੁ ਸੇਵੇ ਆਪਣਾ ਸੋ ਸਿਰੁ **ਲੇਖੈ** ਲਾਇ।"
— ਸਿਰੀ **੪**, ਵਾਰ ੧੩ਸ, **੩**, ੧ : ੧ (88)
"ਜਿਸ ਨੋ ਨਦਰਿ ਕਰੇ ਸੋਈ ਜਨੁ **ਲੇਖੈ**।"
(ਕਬੂਲ ਹੁੰਦਾ ਹੈ, ਉਸਦੇ ਲੇਖੇ ਵਿਚ ਪੈਂਦਾ ਹੈ)
— ਮਾਝ **੩**, ਅਸ ੩, ੨ : ੨ (110)
6. ਲਿਖਤ ਤੋਂ, ਲੇਖ ਤੋਂ, ਭਾਗਾਂ ਤੋਂ

"ਸਰਬ ਜੀਅ ਸਿਰਿ ਲੇਖੁ ਧੁਰਾਹੂ ਬਿਨੁ **ਲੇਖੈ** ਨਹੀ ਕੋਈ ਜੀਉ।"
— ਸੋਰ **੧**, ੧੧, ੧ : ੧ (598)

7. ਲੇਖ, ਭਾਗ, ਹੁਕਮ ਦੀ ਲਿਖਤ
"ਆਪੇ ਕਰਿ ਵੇਖੈ ਸਿਰਿ ਸਿਰਿ **ਲੇਖੈ** ਆਪੇ ਸੁਰਤਿ ਬੁਝਾਈ।"— ਧਨਾ **੧**, ਛੰਤ ੨, ੧ : ੫ (688)
"ਕੋਇ ਨ ਮੇਟੈ ਤੇਰੈ **ਲੇਖੈ**।"
— ਬਿਲਾ **੩**, ਵਾ ੨, ੨ : ੨ (845)

8. ਹਿਸਾਬ ਵਿਚ
"ਜਿਸੁ ਨਾਹੀ ਕੋਇ ਸਰੀਕੁ ਕਿਸੁ **ਲੇਖੈ** ਹਉ ਗਨੀ।" — ਤਿਲੰ **੪**, ੧, ੧* : ੨ (723)

9. ਲੇਖਾ, ਹਿਸਾਬ ਕਿਤਾਬ
"ਅਗੈ ਦਰਗਹ **ਲੇਖੈ** ਮੰਗਿਐ ਮਾਰਿ ਖੁਆਰੁ ਕੀਚਹਿ ਕੂੜਿਆਰ।"
— ਰਾਮ **੩**, ਵਾਰ ੯ਸ, **੩**, ੨ : ੪ (950)

ਲੇਖੋ — ਲੇਖਾ, ਹਿਸਾਬ ਕਿਤਾਬ
"ਕਹੁ ਰਵਿਦਾਸ ਭਇਓ ਜਬ **ਲੇਖੋ**।"
— ਮਲਾ **ਰਵਿ**, ੩, ੩ : ੧ (1293)

ਲੇਟ — ਪੈਂਦਾ, ਲੇਟਦਾ, ਭਾਵ ਰੁਲਦਾ, ਭਟਕਦਾ
"ਪਸੁ ਪਰੇਤ ਉਸਟ ਗਰਧਭ ਅਨਿਕ ਜੋਨੀ **ਲੇਟ**।"
— ਸਾਰ **੫**, ੧੦੪, ੨ : ੧ (1224)

ਲੇਟਣਾ — ਲੰਮੇ ਪੈਣਾ
"ਆਜੁ ਕਾਲ੍ਹਿ ਭੁਇ **ਲੇਟਣਾ** ਊਪਰਿ ਜਾਮੈ ਘਾਸੁ।"
— ਸਲੋ **ਕਬ**, ੩੮ : ੨ (1366)

ਲੇਟਣਿ — ਧਰਤੀ ਤੋਂ ਲੰਮੇ ਪੈ ਕੇ ਨ੍ਰਿਤ ਕਰਨਾ
"**ਲੇਟਣਿ** ਲੇਟਿ ਜਾਣੈ ਤਨੁ ਸੁਆਹੁ।"
— ਆਸਾ **੧**, ੬, ੩ : ੩ (350)

ਲੇਟਿ — ਲੇਟ ਕੇ
"ਲੇਟਣਿ **ਲੇਟਿ** ਜਾਣੈ ਤਨੁ ਸੁਆਹੁ।"
— ਆਸਾ **੧**, ੬, ੩ : ੩ (350)

ਲੇਟਿਆ — ਪਿਆ
"ਪਾਇਆ ਨਿਹਚਲੁ ਥਾਨੁ ਫਿਰਿ ਗਰਭਿ ਨ **ਲੇਟਿਆ**।" — ਗੂਜ **੫**, ਵਾਰ ੧੦ : ੩ (520)

ਲੇਤ — ਲੈਂਦਾ ਹੈ
"ਮਿਥਿਆ ਬਾਸੁ **ਲੇਤ** ਬਿਕਾਰਾ।"
— ਗਉ **੫**, ਸੁਖ ੫, ੫ : ੮ (269)
"ਕਉਨ ਕੋ ਕਲੰਕੁ ਰਹਿਓ ਰਾਮ ਨਾਮੁ **ਲੇਤ** ਹੀ।" (ਲੈਣ ਨਾਲ) — ਟੋਡੀ **ਨਾਮ**, ੨, ੧* : ੧ (718)
"ਦੁਹਸਾਸਨ ਕੀ ਸਭਾ ਦ੍ਰੋਪਤੀ ਅੰਬਰ **ਲੇਤ** ਉਬਾਰੀਅਲੇ।" (ਲੈਂਦਿਆ ਭਾਵ ਲਾਹੁੰਦਿਆਂ)
— ਮਾਲੀ **ਨਾਮ**, ੨, ੧ : ੨ (988)

ਲੇਤਾ — ਲੈਂਦਾ
"ਏਕ ਮਹਲਿ ਤੂੰ ਸਭੁ ਕਿਛੁ ਗ੍ਰਾਹਜੁ ਏਕ ਮਹਲਿ ਕਛੂ ਨ **ਲੇਤਾ**।"— ਗਉ **੫**, ੧੨੬, ੨ : ੨ (206)
"ਜੋ ਜੋ ਚਿਤਵਹਿ ਸਾਧ ਜਨ ਸੋ **ਲੇਤਾ** ਮਾਨਿ।" (ਪ੍ਰਾਪਤ ਕਰਦਾ ਹੈ)
— ਬਿਲਾ **੫**, ੬੬, ੧* : ੨ (817)

ਲੇਤੁ — ਲੈਂਦਾ ਹੈ
"ਮਾਨਿ **ਲੇਤੁ** ਜਿਸੁ ਸਿਰਜਨਹਾਰੁ।"
— ਗਉ **੫**, ੧੬੩, ੪ : ੨ (198)

ਲੇਤੇ — ਲੈਂਦੇ ਹਨ
"ਜਗਾਤ ਪਾਸ ਤੇ **ਲੇਤੇ** ਦਾਨੁ।"
— ਗੋਂਡ **੫**, ੧੧, ੨ : ੧ (865)

ਲੇਤੈ — ਲੈਂਦੇ
"ਸੋਗੁ ਨਾਹੀ ਸਦਾ ਹਰਖੀ ਹੈ ਰੇ ਛੋਡਿ ਨਾਹੀ ਕਿਛੁ **ਲੇਤੈ**।" — ਕਾਨ **੫**, ੨੨, ੨ : ੧ (1302)

ਲੇਨ — ਲਈਏ
"ਜਨ ਨਾਨਕ ਕਉ ਦਇਆ ਪ੍ਰਭ ਧਾਰਹੁ ਲਦਿ ਵਾਖਰੁ ਹਰਿ ਹਰਿ **ਲੇਨ**।"
— ਕਾਨ **੪**, ੨, ੪ : ੨ (1295)

ਲੇਨਾ — ਲੈਣ ਲਈ
"ਆਏ ਕਠਿਨ ਦੂਤ ਜਮ **ਲੇਨਾ**।"
— ਸੂਹੀ **ਕਬ**, ੩, ੧ : ੨ (792)

ਲੇਪ — 1. ਪੋਚਾ
"ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ **ਲੇਪ**।"
— ਗਉ **੫**, ਸੁਖ ੮, ੧ : ੮ (272)

2. ਅਪਵਿਤਰਤਾ, ਦਾਗ, ਕਲੰਕ
"ਸਰਬਤ੍ਰ ਰਮਣੰ ਗੋਬਿੰਦਹ ਨਾਨਕ **ਲੇਪ** ਛੇਪ ਨ ਲਿਪ੍ਰਤੇ।" — ਸਸ **੫**, ੩੬ : ੨ (1357)

ਲੇਪਨ — ਪੋਚਾ, ਲੇਪਾ
"ਚੰਦਨ ਅਗਰ ਕਪੂਰ **ਲੇਪਨ** ਤਿਸੁ ਸੰਗੇ ਨਹੀ ਪ੍ਰੀਤਿ।" — ਮਾਰੂ **੫**, ਅਸ ੩, ੩ : ੧ (1018)

ਲੇਪਨੰ — ਪੋਚਾ ਦਿੱਤਾ ਹੋਣਾ
"ਕਾਚ ਕੋਟੰ ਰਚੰਤਿ ਤੋਯੰ **ਲੇਪਨੰ** ਰਕਤ ਚਰਮਣਹ।"

— ਸਸ **੫**, ੪ : ੧ (1354)

ਲੇਪਾ — ਭਾਵ ਅਸਰ, ਪੋਚਾ
"ਨਾਨਕ ਪਾਪ ਪੁੰਨ ਨਹੀ **ਲੇਪਾ**।"
— ਗਉ **੫**, ਸੁਖ ੩, ੬ : ੧੦ (266)

ਲੇਪੁ — 1. ਅਸਰ, ਪ੍ਰਭਾਵ, ਲੇਸ, ਲਾਗ
"**ਲੇਪੁ** ਨਹੀ ਜਗਜੀਵਨ ਦਾਤੇ ਦਰਸਨ ਡਿਠੇ ਲਹਨਿ ਵਿਜੋਗਾ ਜੀਉ।"— ਮਾਝ **੫**, ੪੮, ੩ : ੩ (108)
"ਅੰਦਰਹੁ ਮੁਕਤੁ **ਲੇਪੁ** ਕਦੇ ਨ ਲਾਏ।"
— ਆਸਾ **੧**, ਅਸ ੨, ੪ : ੨ (412)
"ਸਰਬ ਨਿਵਾਸੀ ਘਟਿ ਘਟਿ ਵਾਸੀ **ਲੇਪੁ** ਨਹੀ ਅਲਪਹੀਉ।" — ਜੈਤ **੫**, ੨, ੨ : ੧ (700)
"**ਲੇਪੁ** ਨ ਲਾਗੋ ਤਿਲ ਕਾ ਮੂਲਿ।" (ਬੁਰਾ ਅਸਰ)
— ਭੈਰ **੫**, ੯, ੧ : ੧ (1137)

2. ਪੋਚਾ
"ਚੰਦਨ **ਲੇਪੁ** ਉਤਾਰੈ ਧੋਇ।"
— ਗਉ **੫**, ਸੁਖ ੪, ੪ : ੭ (267)
"ਤਿਸੁ ਜਨ **ਲੇਪੁ** ਨ ਬਿਆਪੈ ਕੋਇ।" (ਮੈਲ ਦਾ ਪੋਚਾ) — ਆਸਾ **੫**, ੨੧, ੧ : ੨ (388)

3. ਭਾਵ ਸਬੰਧ, ਲਗਾਉ, ਜੋੜ
"ਮੋਹ ਮਾਇਆ ਕੈ ਸੰਗਿ ਨ **ਲੇਪੁ**।"
— ਗਉ **੫**, ਸੁਖ ੧੮, ੬ : ੭ (287)

ਲੇਫ — (ਅ. ਲਹਾਫ) ਰਜਾਈ
"ਨ ਜਲੁ **ਲੇਫ** ਤੁਲਾਈਆ ਨ ਭੋਜਨ ਪਰਕਾਰੋਵਾ।"
— ਵਡ **੧**, ਅਲਾ ੪, ੩ : ੨ (581)

ਲੇਫੁ — ਰਜਾਈ
"**ਲੇਫੁ** ਨਿਹਾਲੀ ਪਟ ਕੀ ਕਾਪੜੁ ਅੰਗਿ ਬਣਾਇ।"
— ਮਾਰੂ **੧**, ਅਸ ੯, ੪ : ੧ (1014)

ਲੇਲੇ — ਭੇਡ ਦੇ ਬਚੇ
"**ਲੇਲੇ** ਕਉ ਚੂਘੈ ਨਿਤ ਭੇਡ।"
— ਗਉ **ਕਬ**, ੧੪, ੩ : ੨ (326)

ਲੇਵਉ — ਲਵਾਂ
"ਆਪਿ ਨ ਦੇਹੁ ਤ **ਲੇਵਉ** ਮੰਗੇ।"
— ਸੋਰ **ਕਬ**, ੧੧, ੧* : ੨ (656)

ਲੇਵਏ — ਲੈਂਦਾ ਹੈ
"ਆਪਿ ਜਾਣਾਵੈ ਮਾਰਗਿ ਪਾਵੈ ਆਪੇ ਮਨੂਆ **ਲੇਵਏ**।" — ਸੂਹੀ **੧**, ਛੰਤ ੫, ੪ : ੩ (766)

ਲੇਵਹਿ — 1. ਲਵੇ, ਪ੍ਰਾਪਤ ਕਰੇ
"ਜੋ ਮੰਗਹਿ ਸੋ **ਲੇਵਹਿ**।"
— ਸੋਰ **੫**, ੭੦, ੨ : ੧ (626)

2. ਜਪੇ, ਲਵੇ
"ਤੇ ਤਸਕਰ ਜੋ ਨਾਮੁ ਨ **ਲੇਵਹਿ** ਵਾਸਹਿ ਕੋਟ ਪੰਚਾਸਾ।" — ਪ੍ਰਭਾ **੧**, ੩, ੨ : ੨ (1328)

ਲੇਵਹੁ — 1. ਜਪੋ, ਲਵੋ
"ਤਿਸੁ ਬਾਝੁ ਵਖਰੁ ਕੋਇ ਨ ਸੂਝੈ ਨਾਮੁ **ਲੇਵਹੁ** ਖਿਨੁ ਖਿਨੋ।" — ਗਉ **੧**, ਛੰਤ ੨, ੪ : ੪ (243)

2. ਲਵੋ, ਪ੍ਰਾਪਤ ਕਰੋ
"ਦੁਰਮਤਿ ਤਿਆਗਿ ਲਾਹਾ ਕਿਛੁ **ਲੇਵਹੁ**।"
— ਆਸਾ **੧**, ੨੪, ੩ : ੧ (356)

3. ਲਵੋ
"ਹਰਿ ਦਇਆ ਪ੍ਰਭ ਧਾਰਹੁ ਪਾਖਣ ਹਮ ਤਾਰਹੁ ਕਢਿ **ਲੇਵਹੁ** ਸਬਦਿ ਸੁਭਾਇ ਜੀਉ।"
— ਆਸਾ **੪**, ਛੰਤ ੧੨, ੪ : ੧ (446)

4. ਲਵੋ, ਧਾਰਨ ਕਰੋ
"ਹਉਮੈ ਰੋਗੁ ਮਹਾ ਦੁਖੁ ਲਾਗਾ ਗੁਰਮਤਿ **ਲੇਵਹੁ** ਰੋਗੁ ਗਇਆ।"
— ਰਾਮ **੧**, ਅਸ ੭, ੬ : ੨ (906)

ਲੇਵਾ — 1. ਲਵਾਂ
"ਦਾਸਨਿ ਦਾਸੁ ਨਾਮੁ ਜਪਿ **ਲੇਵਾ** ਜੀਉ।"
— ਗਉ **੫**, ੧੬੭*, ੩ : ੩ (217)

2. ਲਵੇ
"ਕਉਣੁ ਗੁਰੂ ਕੈ ਪਹਿ ਦੀਖਿਆ **ਲੇਵਾ** ਕੈ ਪਹਿ ਮੁਲੁ ਕਰਾਵਾ।"
— ਸੂਹੀ **੧**, ੯, ੧ : ੨ (730)

ਲੇਵਾ ਦੇਈ — ਲੈਣ ਦੇਣ
"ਕਿਆ ਖੇਤੀ ਕਿਆ **ਲੇਵਾ ਦੇਈ** ਪਰਪੰਚ ਝੂਠੁ ਗੁਮਾਨਾ।" — ਬਿਲਾ **ਕਬ**, ੯, ੨ : ੧ (857)

ਲੇਵਾ ਦੇਵੀ — ਲੈਣ ਦੇਣ, ਵਰਤੋਂ ਵਿਹਾਰ
"ਸੰਤਨ ਸਿਉ ਮੇਰੀ **ਲੇਵਾ ਦੇਵੀ** ਸੰਤਨ ਸਿਉ ਬਿਉਹਾਰਾ।" — ਸੋਰ **੫**, ੧੯, ੨ : ੧ (614)

ਲੇਵੈ — 1. ਲੈਂਦਾ ਹੈ
"**ਲੇਵੈ** ਦੇਵੈ ਢਿਲ ਨ ਪਾਈ।"
— ਸਿਰੀ **੧**, ੩੦, ੧* : ੨ (25)
"ਅਗੈ ਜਮਕਾਲੁ ਲੇਖਾ **ਲੇਵੈ** ਜਿਉ ਤਿਲ ਘਾਣੀ ਪੀੜਾਇਦਾ।"— ਮਾਰੂ **੩**, ਸੋਲਾ ੧੯, ੯:੩ (1063)

2. ਜਪਦਾ
"ਨਾਮੁ ਨ **ਲੇਵੈ** ਮਰੈ ਬਿਖੁ ਖਾਏ।"
— ਮਾਝ **੩**, ਅਸ ੧੨, ੬ : ੨ (119)

3. ਪ੍ਰਾਪਤ ਕਰਦਾ ਹੈ
"ਨਾਨਕ ਜਿਸੁ ਨਾਮੁ ਦੇਵੈ ਸੋ **ਲੇਵੈ** ਨਾਮੋ ਮੰਨਿ ਵਸਾਵਣਿਆ।"
— ਮਾਝ **੩**, ਅਸ ੨੪, ੮ : ੩ (124)

ਲੈ — 1. ਲੈਂਦਾ ਹੈ
"ਗਾਵੈ ਕੋ ਜੀਅ **ਲੈ** ਫਿਰਿ ਦੇਹ।"
— ਜਪੁ **੧**, ੩ : ੬ (2)

2. ਪ੍ਰਾਪਤ ਕਰ
"ਕੇਤੇ **ਲੈ ਲੈ** ਮੁਕਰੁ ਪਾਹਿ।"
— ਜਪੁ **੧**, ੨੫ : ੬ (5)

3. ਵਿਹਾਝ ਕੇ, ਖਰੀਦ ਕੇ
"ਅਮੁਲ ਆਵਹਿ ਅਮੁਲ **ਲੈ** ਜਾਹਿ।"
— ਜਪੁ **੧**, ੨੬ : ੩ (5)

4. ਲਵੋ
"ਰੰਗੁ ਮਾਣਿ **ਲੈ** ਪਿਆਰਿਆ ਜਾ ਜੋਬਨੁ ਨਉਹੁਲਾ।"— ਸਿਰੀ **੧**, ੨੪, ੧* : ੧ (23)

5. ਜਪ ਕੇ, ਉਚਾਰ ਕੇ, ਆਖ ਕੇ
"ਜਨੁ ਨਾਨਕ ਜੀਵੈ ਨਾਮੁ **ਲੈ** ਹਰਿ ਦੇਵਹੁ ਸਹਜਿ ਸੁਭਾਇ।" — ਸਿਰੀ **੩**, ੩੫, ੫ : ੨ (27)
"ਸਹੰਸ ਨਾਮੁ **ਲੈ ਲੈ** ਕਰਉ ਸਲਾਮੁ।"
— ਆਸਾ **ਕਬ**, ੧੩, ੩ : ੨ (478)

6. ਲੈ ਕੇ
"**ਲੈ ਲੈ** ਦਾਤ ਪਹੁਤਿਆ ਲਾਵੇ ਕਰਿ ਤਈਆਰੁ।"
— ਸਿਰੀ **੫**, ੨੪, ੨ : ੨ (43)
"ਜੇਤੇ ਜੀਅ ਜੀਵਹਿ **ਲੈ** ਸਾਹਾ ਜੀਵਾਲੇ ਤਾ ਕਿ ਅਸਾਹ।"
— ਮਾਝ **੧**, ਵਾਰ ੧੪ਸ, **੧**, ੧ : ੫ (144)

7. ਲਿਆ
"ਨਾਮ ਹੇਤਿ ਕੁੰਚਰੁ **ਲੈ** ਫਾਂਕਿਓ ਓਹੁ ਪਰਵਸਿ ਭਇਓ ਬਿਚਾਰਾ।"
— ਧਨਾ **੫**, ੨, ੨ : ੧ (671)

8. ਲਿਵਲੀਨਤਾ
"ਪੰਚ ਬਜਿਤ੍ਰ ਕਰੇ ਸੰਤੋਖਾ ਸਾਤ ਸੁਰਾ **ਲੈ** ਚਾਲੈ।"
— ਰਾਮ **੫**, ੮, ੨ : ੧ (885)

ਲੈਸਹਿ — ਲੈ ਲਵੇਂ ਗਾ
"ਤੂੰ ਜਾਣੋਈ ਸਭਸੈ ਦੇ **ਲੈਸਹਿ** ਜਿੰਦ ਕਵਾਉ।"
— ਆਸਾ **੧**, ਵਾਰ ੧ : ੪ (463)

ਲੈਸੀ — ਲਵੇਗਾ
"ਅਗੈ ਸਾਹੁ ਸੁਜਾਣੁ ਹੈ **ਲੈਸੀ** ਵਸਤੁ ਸਮਾਲਿ।"
— ਸਿਰੀ **੧**, ੨੩, ੧ : ੩ (22)

ਲੈਹਉ — ਲਵਾਂ
"ਰਾਮ ਰਾਇ ਸਿਉ ਭਾਵਰਿ **ਲੈਹਉ** ਆਤਮ ਤਿਹ ਰੰਗਿ ਰਾਤੀ।"— ਆਸਾ **ਕਬ**, ੨੪, ੧ : ੨ (482)
"ਹਉ ਤਉ ਏਕ ਰਮਈਆ **ਲੈਹਉ**।" (ਲੈਂਦਾ ਹੈ)
— ਗੋਂਡ **ਨਾਮ**, ੬, ੧* : ੧ (874)

ਲੈਹਿ — 1. ਲੈਂਦਾ ਹੈਂ
"ਤੁਧੁ ਭਾਵਨਿ ਸੋਹਾਗਣੀ ਅਪਣੀ ਕਿਰਪਾ **ਲੈਹਿ** ਸਵਾਰਿ।" — ਸਿਰੀ **੧**, ਅਸ ੨, ੧* : ੨ (54)

2. ਲਈਏ
"ਸੁਣਿ ਸਖੀਏ ਮਿਲਿ ਉਦਮੁ ਕਰੇਹਾ ਮਨਾਇ **ਲੈਹਿ** ਹਰਿ ਕੰਤੈ।"
— ਗਉ **੫**, ੪, ੧ : ੧ (249)

3. ਲਵੇਂ
"ਸੂਹਬ ਤਾ ਸੋਹਾਗਣੀ ਜਾ ਮੰਨਿ **ਲੈਹਿ** ਸਚੁ ਨਾਉ।"
— ਸੂਹੀ **੩**, ਵਾਰ ੨ਸ, **੩**, ੧ : ੧ (785)

ਲੈਹੀ — ਲੈਂਦੇ
"ਛਾਦਨੁ ਭੋਜਨੁ ਨ **ਲੈਹੀ** ਸਤ ਭਿਖਿਆ ਮਨਹਠਿ ਜਨਮੁ ਗਵਾਇਆ।"
— ਗੂਜ **੩**, ਵਾਰ ੧੨ਸ, **੩**, ੨ : ੫ (513)

ਲੈਹੁ — ਲਵੋ
"ਦੇਹੁ ਦਰਸੁ ਸੁਖ ਦਾਤਿਆ ਮੈ ਗਲਿ ਵਿਚਿ **ਲੈਹੁ** ਮਿਲਾਇ ਜੀਉ।"
— ਸਿਰੀ **੫**, ਅਸ ੨੯, ੧੫ : ੩ (74)

ਲੈਹੈ — ਲੈਂਦਾ
"ਓਹੁ ਸਾਕਤੁ ਬਪੁਰਾ ਮਰਿ ਗਇਆ ਕੋਇ ਨ **ਲੈਹੈ** ਨਾਉ।" — ਸਲੋ **ਕਬ**, ੧੪੩ : ੨ (1372)

ਲੈਣ — ਲੈਣਾ ਭਾਵ ਜਪਨਾ
"ਹੋਇ ਢੀਠ ਮੀਠੀ ਮਨਹਿ ਲਾਗੈ ਨਾਮੁ **ਲੈਣ** ਨ ਆਵਏ।" — ਬਿਲਾ **੫**, ਛੰਤ ੩, ੨ : ੪ (847)

ਲੈਣਾ — 1. ਲਈਦਾ ਅਰਥਾਤ ਪ੍ਰਾਪਤ ਕਰੀਦਾ ਹੈ
"ਕਹਿਆ ਕਰਣਾ ਦਿਤਾ **ਲੈਣਾ**।"
— ਮਾਝ **੫**, ੧੪, ੧ : ੧ (98)

2. ਜਿਸ ਤੋਂ ਲਈਦਾ ਹੈ
"ਮਨਹਠਿ ਜਿਸ ਤੇ ਮੰਗਣਾ **ਲੈਣਾ** ਦੁਖੁ ਮਨਾਇ।"
— ਵਡ **੪**, ਵਾਰ ੪ਸ, **੩**, ੧ : ੪ (587)

3. ਲੈਂਦੇ, ਪ੍ਰਾਪਤ ਕਰਦੇ
"ਦੇ ਦੇ **ਲੈਣਾ** ਲੈ ਲੈ ਦੇਣਾ।"
— ਸਾਰ **੪**, ੧੬ਸ, **੨**, ੧ : ੨ (1243)

ਲੈਣਿ — ਪ੍ਰਾਪਤ ਕਰਨ ਲਈ, ਲੈਣ ਲਈ
"ਪ੍ਰਾਣੀ ਤੂੰ ਆਇਆ ਲਾਹਾ **ਲੈਣਿ**।"
— ਸਿਰੀ **੫**, ੭੩, ੧* : ੧ (43)

ਲੈਣੀ — ਲਵਾਂ, ਪ੍ਰਾਪਤ ਕਰਾਂ
"ਹਰਿ ਨਾਮੁ ਧਿਆਈ ਹਰਿ ਉਚਰਾ ਹਰਿ ਲਾਹਾ **ਲੈਣੀ**।" — ਸੋਰ **੪**, ਵਾਰ ੨੪ : ੨ (652)

ਲੈਣੈ — ਲੈਣ ਦੇ, ਪ੍ਰਾਪਤ ਕਰਨ ਦੇ
"ਸਭੁ ਕੋ ਆਖੈ ਬਹੁਤੁ ਬਹੁਤੁ **ਲੈਣੈ** ਕੈ ਵੀਚਾਰਿ।"
— ਸਿਰੀ **੧**, ਅਸ ੧, ੭ : ੧ (53)

ਲੈਤ — ਲੈਂਦਿਆਂ, ਲੈਣ ਨਾਲ
"ਸੁਆਦ ਲੁਭਤ ਇੰਦ੍ਰੀ ਰਸ ਪ੍ਰੇਰਿਓ ਮਦ ਰਸ **ਲੈਤ** ਬਿਕਾਰਿਓ ਰੇ।"— ਗਉ **ਕਬ**, ਪ੬, ੩ : ੧ (335)

ਲੈਦਾ — 1. ਲੈਂਦਾ, ਪ੍ਰਾਪਤ ਕਰਦਾ, ਪਾਤਰ ਬਣਦਾ
"**ਲੈਦਾ** ਬਦ ਦੁਆਇ ਤੂੰ ਮਾਇਆ ਕਰਹਿ ਇਕਤ।"
— ਸਿਰੀ **੫**, ੭੧, ੩ : ੧ (42)

2. ਲੈਂਦਾ
"ਰੇ ਮਨ ਲੇਖੈ ਚਾਲਹਿ ਲੇਖੈ ਬੈਸਹਿ ਲੇਖੈ **ਲੈਦਾ** ਸਾਹਾ।"— ਆਸਾ **੫**, ੧੨੩, ੪ : ੧ (402)

ਲੈਦੇ — 1. ਪ੍ਰਾਪਤ ਕਰਦੇ, ਲੈਂਦੇ
"ਦੇਦਾ ਦੇ **ਲੈਦੇ** ਥਕਿ ਪਾਹਿ।"
— ਜਪੁ **੧**, ੩ : ੧੧ (2)

2. ਲੈਂਦੇ
"ਮਲ ਲਥੇ **ਲੈਦੇ** ਫੇਰੀਆ।"
— ਸਿਰੀ **੫**, ਅਸ ੨੯, ੧੮ : ੨ (74)

3. ਲੈਣ ਵਾਲੇ, ਪ੍ਰਾਪਤ ਕਰਤਾ
"ਦੇਂਦਾ ਨਰਕਿ ਸੁਰਗਿ **ਲੈਦੇ** ਦੇਖਹੁ ਏਹੁ ਧਿਙਾਣਾ।"
— ਮਲਾ **੧**, ਵਾਰ ੨੫ਸ, **੧**, ੭ : ੨੧ (1290)

ਲੈਂਦੇ — 1. ਲੈਣ ਵਾਲੇ, ਪ੍ਰਾਪਤ ਕਰਤਾ
"ਕੁਲਹਾਂ ਦੇਂਦੇ ਬਾਵਲੇ **ਲੈਂਦੇ** ਵਡੇ ਨਿਲਜ।"
— ਮਲਾ **੧**, ਵਾਰ ੧੯ਸ, **੧**, ੧ : ੧ (1286)

2. ਪ੍ਰਾਪਤ ਕਰਦੇ, ਖਰੀਦਦੇ, ਵਣਜਦੇ
"ਨਾਨਕ ਹਟ ਪਟਣ ਵਿਚਿ ਕਾਂਇਆ ਹਰਿ **ਲੈਂਦੇ** ਗੁਰਮੁਖਿ ਸਉਦਾ ਜੀਉ।"
— ਮਾਝ **੪**, ੫, ੪ : ੩ (95)

ਲੈਨ — 1. ਲੈਂਦੇ ਹਨ, ਪ੍ਰਾਪਤ ਕਰਦੇ ਹਨ
"ਅੰਮ੍ਰਿਤ ਨਾਮੁ ਸਾਧਸੰਗਿ **ਲੈਨ**।"
— ਗਉ **੫**, ਸੁਖ ੨੪, ੪ : ੪ (295)

2. ਲਿਆ, ਪ੍ਰਾਪਤ ਕੀਤਾ
"ਬਹੁ ਪ੍ਰਕਾਰ ਖੋਜਹਿ ਸਭਿ ਤਾ ਕਉ ਬਿਖਮੁ ਨ ਜਾਈ **ਲੈਨ**।"— ਧਨਾ **੫**, ੧੩, ੧*: ੨ (674)

ਲੈਨਾ — 1. ਪ੍ਰਾਪਤ ਹੁੰਦਾ ਹੈ
"ਨਾਮ ਬਿਨਾ ਮੈ ਅਵਰੁ ਨ ਕੋਈ ਵਡੈ ਭਾਗਿ ਗੁਰਮੁਖਿ ਹਰਿ **ਲੈਨਾ**।"
— ਆਸਾ **੪**, ਪ੬, ੧* : ੨ (366)

2. ਜਪਨਾ, ਉਚਾਰਨ ਕਰਨਾ
"ਜਿਸਹਿ ਬੁਝਾਏ ਤਿਸੁ ਨਾਮੁ **ਲੈਨਾ**।"
— ਸੂਹੀ **੫**, ੮, ੪* : ੨ (738)

3. ਲੈਂਦਾ
"ਆਪਿ ਕਰਾਵਨ ਦੋਸੁ ਨ **ਲੈਨਾ**।"
— ਬਿਲਾ **੫**, ੭, ੧ : ੨ (803)

ਲੈਨਿ — ਲੈਂਦੇ ਹਨ, ਪ੍ਰਾਪਤ ਕਰਦੇ ਹਨ
"ਅਨਦਿਨੁ ਲਾਹਾ ਹਰਿ ਨਾਮੁ **ਲੈਨਿ** ਅਖੁਟ ਭਰੇ ਭੰਡਾਰ।"— ਸਿਰੀ **੩**, ਅਸ ੨੩, ੧੦ : ੨ (68)
"ਫੋਲਿ ਫਦੀਹਤਿ ਮੁਹਿ **ਲੈਨਿ** ਭੜਾਸਾ ਪਾਣੀ ਦੇਖਿ ਸਗਾਹੀ।" (ਲੈਂਦੇ, ਸੁੰਘਦੇ ਹਨ)
— ਮਾਝ **੧**, ਵਾਰ ੨੬ਸ, **੧**, ੧ : ੨ (149)
"ਸਚੁ ਸੁਣਹਿ ਸਚੁ ਮੰਨਿ **ਲੈਨਿ** ਸਚੀ ਕਾਰ ਕਮਾਹਿ।" (ਲੈਂਦੇ ਹਨ)
— ਸਲੋ **੩**, ਪ੩ : ੪ (1419)

ਲੈਨੀ — ਲੈ ਕੇ, ਗ੍ਰਹਿਣ ਕਰਕੇ
"ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ਗੁਰ ਸਤਿਗੁਰ ਕੀ ਮਤਿ **ਲੈਨੀ**।"
— ਬਿਲਾ **੪**, ੪, ੩ : ੨ (800)

ਲੈਨੋ — ਲੈਣਾ, ਜਪਨਾ
"**ਲੈਨੋ** ਨਾਮੁ ਅੰਮ੍ਰਿਤ ਰਸੁ ਨੀਕੋ ਬਾਵਰ ਬਿਖੁ ਸਿਉ ਗਹਿ ਰਹਾ।" — ਸਾਰ **੫**, ੪, ੧* : ੨ (1203)

ਲੈਨਿ੍ — 1. ਜਪਨ, ਲੈਣ

"ਨਾਮੁ **ਲੈਨਿ੍** ਸਿ ਸੋਹਹਿ ਤਿਨ੍ ਸੁਖ ਫਲ ਹੋਵਹਿ ਮਾਨਹਿ ਸੇ ਜਿਣਿ ਜਾਹਿ ਜੀਉ।"
— ਆਸਾ **੧**, ਛੰਤ ੪, ੪ : ੬ (438)

2. ਲੈਣ
"ਜਿਨਿ ਜਿਨਿ **ਲੈਨਿ੍** ਰਲਾਇ ਏਹੋ ਏਨਾ ਲੋੜੀਐ।"
— ਗੂਜ **੫**, ਵਾਰ ੧੫ : ੪ (522)

ਲੋਊ — ਲੋਕ, ਭਵਨ, ਦੇਸ
"ਖੰਡ ਦੀਪ ਸਭ ਭੀਤਰਿ ਰਵਿਆ ਪੂਰਿ ਰਹਿਓ ਸਭ **ਲੋਊ**।" — ਦੇਵ **੫**, ੩੩, ੧* : ੨ (535)

ਲੋਅ — 1. ਲੋਕ, ਤਬਕ, ਰਚਨਾ ਦੇ ਮੰਡਲ
"ਸੁਣਿਐ ਦੀਪ **ਲੋਅ** ਪਾਤਾਲ।"
— ਜਪੁ **੧**, ੮ : ੩ (2)
"ਤੀਨੇ **ਲੋਅ** ਵਿਆਪਤ ਹੈ ਅਧਿਕ ਰਹੀ ਲਪਟਾਇ।"— ਸਿਰੀ **੩**, ਅਸ ੨੧, ੫ : ੨ (67)
"ਸਸੀਅਰੁ ਅਰੁ ਸੂਰੁ ਨਾਮੁ ਉਲਾਸਹਿ ਸੈਲ **ਲੋਅ** ਜਿਨਿ ਉਧਰਿਆ।" (ਪਥਰਾਂ ਦੇ ਸਮੂਹ)
— ਸਵ **੩**, ੨ : ੩ (1393)

2. ਲੋਗ, ਜਨ, ਮਨੁੱਖ
"ਨਾਮੇ ਉਧਰੇ ਸਭਿ ਜਿਤਨੇ **ਲੋਅ**।"
— ਭੈਰ **੩**, ੭, ੧ : ੧ (1129)
"ਕਰਮ ਵਧਹਿ ਕੈ **ਲੋਅ** ਖਪਿ ਮਰੀਜਈ।"
— ਮਲਾ **੧**, ਵਾਰ ੧੭ : ੬ (1285)

ਲੋਅਹ — ਲੋਕਾਂ, ਤਬਕਾਂ
"ਆਦਿ ਜੁਗਾਦਿ ਅਨਾਦਿ ਕਲਾ ਧਾਰੀ ਤ੍ਰਿਹੁ **ਲੋਅਹ**।" — ਸਵ **੪**, ਸਲ ੨ : ੩ (1406)

ਲੋਆ — 1. 'ਲੋਅ' ਦਾ ਬਹੁ ਵਚਨ, ਲੋਕ
"ਜਲਿ ਥਲਿ ਜੀਆ ਪੁਰੀਆ **ਲੋਆ** ਆਕਾਰਾ ਆਕਾਰ।"
— ਆਸਾ **੧**, ਵਾਰ ੬ਸ, **੧**, ੧ : ੧੧ (466)

2. ਪ੍ਰਕਾਸ਼, ਲੋ, ਚਾਣਨ
"ਉਗਵਣਹੁ ਤੈ ਆਥਵਣਹੁ ਚਹੁ ਚਕੀ ਕੀਅਨੁ **ਲੋਆ**।" — ਰਾਮ **ਬਸ**, ਵਾਰ ੮ : ੬ (968)

ਲੋਆਂ — ਲੋਕਾਂ, ਰਚਨਾ ਖੰਡਾਂ
"ਦੀਪਾਂ **ਲੋਆਂ** ਮੰਡਲਾਂ ਖੰਡਾਂ ਵਰਭੰਡਾਂਹ।"
— ਆਸਾ **੧**, ਵਾਰ ੮ਸ, **੧**, ੧ : ੨ (467)

ਲੋਐ — ਲੋਕਾਂ ਨੂੰ
"ਦੇਹਿ ਦਾਨੁ ਸਭਸੈ ਜੰਤ **ਲੋਐ**।"
— ਮਾਰੂ **੫**, ੩, ੮ : ੨ (1074)

ਲੋਇ — 1. ਦੇਸ਼, ਤਬਕ, ਲੋਕ, ਭਵਨ
"ਆਸਣੁ **ਲੋਇ ਲੋਇ** ਭੰਡਾਰ।"
— ਜਪੁ **੧**, ੩੧ : ੧ (7)
"ਬਹੁ ਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ **ਲੋਇ**।" (ਜਗਤ ਵਿਚ)
— ਗਉ **ਰਵਿ**, ਅਸ ੧, ੨ : ੧ (346)

2. ਦੇਖ, ਪ੍ਰਤੀਤ ਕਰ
"ਗੁਰਮਤਿ ਹੋਇ ਵੀਚਾਰੀਐ ਸੁਪਨਾ ਇਹੁ ਜਗੁ **ਲੋਇ**।"— ਸਿਰੀ **੧**, ਅਸ ੧੫, ੭ : ੩ (63)
('ਦਰਪਣ' ਇਥੇ ਵੀ ਅਰਥ 'ਲੋਕ' ਹੀ ਕਰਦਾ ਹੈ)

3. ਲੋਕਾਈ, ਲੋਕ
"ਨਾਰੀ ਪੁਰਖ ਸਬਾਈ **ਲੋਇ**।"
— ਗਉ **੧**, ਅਸ ੫, ੩ : ੨ (223)

4. ਪ੍ਰਕਾਸ਼, ਚਾਣਨ
"ਨਾਮ ਰਤਨੁ ਸਭ ਜਗ ਮਹਿ **ਲੋਇ**।"
— ਗਉ **੩**, ਅਸ ੭, ੫ : ੪ (232)
"ਤੇਰਾ ਨਾਮੁ ਰਤਨੁ ਕਰਮੁ ਚਾਨਣੁ ਸੁਰਤਿ ਤਿਥੈ **ਲੋਇ**।" — ਪ੍ਰਭਾ **੧**, ੨, ੧ : ੧ (1327)

5. ਲੋਕਾਂ ਵਿਚ, ਦੁਨੀਆ ਵਿਚ
"ਪ੍ਰਧਾਨ ਪੁਰਖੁ ਪ੍ਰਗਟੁ ਸਭ **ਲੋਇ**।"
— ਗਉ **੫**, ਸੁਖ ੨੪, ੫ : ੬ (295)
"ਕਾਮੁ ਨ ਕਰਹੀ ਆਪਣਾ ਫਿਰਹਿ ਅਵਤਾ **ਲੋਇ**।" (ਸੰਸਾਰ ਵਿਚ)
— ਗਉ **੫**, ਵਾਰ ੧੧ਸ, **੫**, ੧ : ੧ (320)
"ਕਬੀਰ ਜਪਨੀ ਕਾਠ ਕੀ ਕਿਆ ਦਿਖਲਾਵਹਿ **ਲੋਇ**।" (ਲੋਕਾਂ ਨੂੰ)
— ਸਲੋ **ਕਬ**, ੭੫ : ੧ (1368)

ਲੋਇਣ — ਅਖਾਂ, ਨੇਤਰ
"ਭੈ ਕੇ ਚਰਣ ਕਰ ਭਾਵ ਕੇ **ਲੋਇਣ** ਸੁਰਤਿ ਕਰੇਇ।"
— ਮਾਝ **੧**, ਵਾਰ ੩ਸ, **੨**, ੨ : ੩ (139)

ਲੋਇਣਾ — ਅਖਾਂ, 'ਲੋਇਣ' ਦਾ ਬਹੁਵਚਨ
"ਹਰਿ ਅੰਮ੍ਰਿਤ ਭਿੰਨੇ **ਲੋਇਣਾ** ਮਨੁ ਪ੍ਰੇਮਿ ਰਤੰਨਾ ਰਾਮ ਰਾਜੇ।"
— ਆਸਾ **੪**, ਛੰਤ ੧੫, ੧ : ੧ (448)

ਲੋਇਣੀ — 1. ਲੋਇਣ (ਅਖਾਂ) ਵਾਲੇ ਨਾਲ, ਭਾਵ ਪ੍ਰਭੂ ਨਾਲ
"ਲੋਇਣ ਰਤੇ **ਲੋਇਣੀ** ਕੰਨੀ ਸੁਰਤਿ ਸਮਾਇ।"
— ਮਾਰੂ **੩**, ਵਾਰ ੧੫ਸ, **੧**, ੨ : ੩ (1091)
2. ਅਖਾਂ ਨਾਲ, ਨੇਤਰਾਂ ਨਾਲ
"ਏਨੀ **ਲੋਇਣੀ** ਦੇਖਦਿਆ ਕੇਤੀ ਚਲਿ ਗਈ।"
— ਸਲੋ **ਫਰ**, ੯੪ : ੧ (1382)

ਲੋਇਨ — ਅੱਖਾਂ
"ਗਿਆਨ ਅੰਜਨੁ ਜਿਹ ਪਾਇਆ ਤੇ **ਲੋਇਨ** ਪਰਵਾਨੁ।" — ਮਾਰੂ **ਕਬ**, ੨, ੩ : ੨ (1103)

ਲੋਇਨਾ — ਅਖੀਂ, ਅਖਾਂ ਨਾਲ
"ਗੁਰਹਿ ਦਿਖਾਇਓ **ਲੋਇਨਾ**।"
— ਆਸਾ **੫**, ੧੪੪, ੧* : ੧ (407)

ਲੋਈ — 1. ਜਗਤ/ਲੋਕ ਵਿਚ
"ਏਕੋ ਹੁਕਮੁ ਵਰਤੈ ਸਭ **ਲੋਈ**।"
— ਗਉ **੧**, ਅਸ ੫, ੨ : ੧ (223)
"ਖੰਡ ਬ੍ਰਹਮੰਡ ਪਾਤਾਲ ਦੀਪ ਰਵਿਆ ਸਭ **ਲੋਈ**।"
— ਜੈਤ **੫**, ਵਾਰ ੧ : ੪ (706)
2. ਲੋਕਾਂ ਵਿਚ
"ਤਿਸੁ ਕਉ ਜਗਤੁ ਨਿਵਿਆ ਸਭੁ ਪੈਰੀ ਪਇਆ ਜਸ ਵਰਤਿਆ **ਲੋਈ**।" (ਭਾਵ ਸੰਸਾਰ ਵਿਚ)
— ਗਉ **੪**, ਵਾਰ ੧੫ਸ, **੪**, ੨ : ੩ (309)
3. ਲੋਕ, ਜਨ ਸੰਮੁਦਾਇ
"ਆਸਾ ਵਿਚਿ ਸੁਤੇ ਕਈ **ਲੋਈ**।"
— ਆਸਾ **੩**, ਅਸ ੨੫, ੧ : ੩ (423)
"ਕਹਤੁ ਕਬੀਰੁ ਸੁਨਹੁ ਰੇ **ਲੋਈ** ਭਰਮਿ ਨ ਭੂਲਹੁ ਕੋਈ।" (ਹੇ ਲੋਕੋ)
— ਧਨਾ **ਕਬ**, ੩, ੨ : ੧ (692)
"ਦੁਨੀਆ ਦੋਸੁ ਰੋਸੁ ਹੈ **ਲੋਈ**।" (ਲੋਕਾਂ ਤੇ)
— ਭੈਰ **ਕਬ**, ੧੫, ੩ : ੩ (1161)
(ਮਹਾਨ ਕੋਸ਼ ਇਥੇ ਅਰਥ 'ਪ੍ਰਕਾਸ਼ਕ ਭਾਵ ਕਰਤਾਰ' ਕਰਦਾ ਹੈ)
4. ਭਗਤ ਕਬੀਰ ਜੀ ਦੀ ਇਸਤ੍ਰੀ
"ਕਹਤ ਕਬੀਰ ਸੁਨਹੁ ਰੇ **ਲੋਈ**।"
— ਆਸਾ **ਕਬ**, ੨੧, ੫ : ੧ (481)
"ਸੁੰਨਿ ਅੰਧਲੀ **ਲੋਈ** ਬੇਪੀਰਿ।"
— ਗੋਂਡ **ਕਬ**, ੬, ੪ : ੩ (871)
5. ਦੁਨੀਆਂ, ਜਗਤ
"ਲੋਇਣ **ਲੋਈ** ਡਿਠ ਪਿਆਸ ਨ ਬੁਝੈ ਮੂ ਘਣੀ।"
— ਵਡ **੫**, ਛੰਤ ੨, ੨ਸ : ੧ (577)
"ਆਪਿ ਅਗੋਚਰੁ ਧੰਧੈ **ਲੋਈ**।"
— ਰਾਮ **੧**, ਓਅੰ ੧੫ : ੫ (931)
6. ਪ੍ਰਕਾਸ਼, ਚਾਨਣ
"ਨਾਇ ਮੰਨਿਐ ਪੰਥੁ ਪਰਗਟਾ ਨਾਮੇ ਸਭ **ਲੋਈ**।"
— ਸਾਰ **੪**, ਵਾਰ ੯ : ੪ (1241)

ਲੋਸਟ — ਲੋਹਾ, ਲੋਹੇ ਦੀ ਮੈਲ, ਮਨੂਰ
"ਰਾਮ ਪਾਰਸ ਚੰਦਨ ਹਮ ਕਾਸਟ **ਲੋਸਟ**।"
— ਧਨਾ **੪**, ੨, ੧* : ੧ (668)

ਲੋਹ — 1. ਲੋਹਾ
"ਚਬੇ ਤਤਾ **ਲੋਹ** ਸਾਰੁ ਵਿਚਿ ਸੰਘੈ ਪਲਤੇ।"
— ਗਉ **੪**, ਵਾਰ ੩੨ : ੨ (317)
"ਬੂਡਤ **ਲੋਹ** ਸਾਧਸੰਗਿ ਤਰੈ।"
— ਰਾਮ **੫**, ੪੨, ੪ : ੩ (895)
2. ਮੱਛੀ ਫਸਾਉਣ ਦੀ ਕੁੰਡੀ
"ਜਿਹਬਾ ਸੁਆਦੀ ਲੀਲੀਤ **ਲੋਹ**।"
— ਸਾਰ **ਨਾਮ**, ੧, ੧ : ੩ (1252)

ਲੋਹਉ — ਲੋਹਾ
"**ਲੋਹਉ** ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ।"
— ਸਵ **੪**, ਨਲ ੬ : ੩ (1399)

ਲੋਹਟੁ — ਲੋਹਾ
"ਹਰਿ ਮੰਦਰ ਮਹਿ ਮਨੁ **ਲੋਹਟੁ** ਹੈ ਮੋਹਿਆ ਦੂਜੈ ਭਾਇ।" — ਪ੍ਰਭਾ **੩**, ਅਸ ੧, ੧੦ : ੧ (1346)

ਲੋਹਾ — ਲੋਹ, ਇਕ ਧਾਤ
"**ਲੋਹਾ** ਮਾਰਣਿ ਪਾਈਐ ਢਹੈ ਨ ਹੋਇ ਕਪਾਸ।"
— ਮਾਝ **੧**, ਵਾਰ ੧੨ਸ, **੧**, ੧ : ੨ (143)

ਲੋਹਾਰੀ — ਲੋਹੇ ਦੀ ਬੇੜੀ
"ਓਹਾ ਪੈਰਿ **ਲੋਹਾਰੀ**।"
— ਮਾਰੂ **੫**, ੧੨, ੩ : ੪ (1004)

ਲੋਹਾਰੀਪਾ — ਇਕ ਜੋਗੀ ਜੋ ਗੋਰਖ ਦਾ ਪੁੱਤਰ (ਚੇਲਾ) ਸੀ
"ਗੋਰਖ ਪੂਤੁ **ਲੋਹਾਰੀਪਾ** ਬੋਲੈ ਜੋਗ ਜੁਗਤਿ ਬਿਧਿ ਸਾਈ।" — ਰਾਮ **੧**, ਸਿਗੋ ੨ : ੪ (939)

ਲੋਹਾਰੁ — ਲੋਹੇ ਦਾ ਕੰਮ ਕਰਨ ਵਾਲਾ
"ਅਗਨੀ ਗੰਢੁ ਪਾਏ **ਲੋਹਾਰੁ**।"

— ਮਾਝ **੧**, ਵਾਰ ੧੨ਸ, **੧**, ੨ : ੨ (143)

ਲੋਹੁ — ਲੋਹਾ

"ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ **ਲੋਹੁ** ਬੂਡਾ ਬੇੜੀ ਪਾਸਿ।"

— ਸਿਰੀ **੪**, ੬੨, ੩ : ੩ (40)

ਲੋਹੂ — ਲਹੂ, ਰਕਤ

"ਹਮ ਕਤ **ਲੋਹੂ** ਤੁਮ ਕਤ ਦੂਧ।"

— ਗਉ **ਕਬ**, ੭, ੩ : ੨ (324)

ਲੋਹੇ — ਲੋਹੇ ਦੀ

"ਕਾਗਉ ਹੋਇ ਨ ਊਜਲਾ **ਲੋਹੇ** ਨਾਵ ਨ ਪਾਰੁ।"

— ਮਾਰੂ **੩**, ਵਾਰ ੧੦ਸ, **੩**, ੧ : ੧ (1089)

ਲੋਕ — 1. ਲੋਕੀ, ਜਨ

"ਜਨਨਿ ਪਿਤਾ **ਲੋਕ** ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ।"— ਗੂਜ **੫**, ਸੋਦ ੫, ੨ : ੧ (10)

"ਆਪ ਨ ਬੁਝਾ **ਲੋਕ** ਬੁਝਾਈ ਐਸਾ ਆਗੂ ਹੋਵਾਂ।" (ਲੋਕਾਂ ਨੂੰ)

— ਮਾਝ **੧**, ਵਾਰ ੬ਸ, **੧**, ੨ : ੩ (140)

ਹਰਿ ਕੇ **ਲੋਕ** ਸਦਾ ਗੁਣ ਗਾਵਹਿ ਤਿਨ ਕਉ ਮਿਲਿਆ ਪੂਰਨ ਧਾਮ।" (ਭਗਤ)

— ਭੈਰ **੫**, ੫੧, ੧ : ੧ (1151)

2. ਭੂ ਖੰਡ, ਦੁਨੀਆ

"ਮੁਕਾਮੁ ਤਾ ਪਰੁ ਜਾਣੀਐ ਜਾ ਰਹੈ ਨਿਹਚਲੁ **ਲੋਕ**।"— ਸਿਰੀ **੧**, ਅਸ ੧੭, ੧ : ੨ (64)

"ਸਰਬ **ਲੋਕ** ਮਾਇਆ ਕੇ ਮੰਡਲ ਗਿਰਿ ਗਿਰਿ ਪਰਤੇ ਧਰਣੀ।"

— ਗਉ **੫**, ੧੬੨*, ੧* : ੨ (215)

3. ਬ੍ਰਹਮੰਡ ਦਾ ਹਿੱਸਾ

"ਤੀਨਿ **ਲੋਕ** ਜਾ ਕੈ ਹਹਿ ਭਾਰਿ।" (ਭਾਵ ਦੇਵ ਲੋਕ, ਮਾਤ ਲੋਕ, ਪਾਤਾਲ ਲੋਕ)

— ਗਉ **ਕਬ**, ੨੨, ੨ : ੧ (328)

4. ਸ੍ਰਿਸਟੀ, ਪਰਜਾ

"ਮਾਇਆ ਮੋਹ ਸਭ **ਲੋਕ** ਹੈ ਤੇਰੀ ਤੂ ਏਕੋ ਪੁਰਖੁ ਬਿਧਾਤਾ।"— ਸੋਰ **੩**, ਅਸ ੧, ੪ : ੨ (638)

ਲੋਕਹ — 1. ਲੋਕਾਂ ਨੂੰ

"ਆਪਿ ਤਰੈ **ਲੋਕਹ** ਨਿਸਤਾਰ।"

— ਗਉ **੫**, ਸੁਖ ੨੪, ੩ : ੪ (295)

2. ਲੋਕ ਵਿਚ, ਬ੍ਰਹਮੰਡ ਦੇ ਹਿੱਸੇ ਵਿਚ

"ਬਸੰਤਿ ਸ੍ਵਰਗ **ਲੋਕਹ** ਜਿਤਤੇ ਪ੍ਰਿਥਵੀ ਨਵ ਖੰਡਣਹ।"

— ਜੈਤ **੫**, ਵਾਰ ੯ਸ, **੫**, ੧ : ੧ (707)

ਲੋਕਨ — ਲੋਕਾਂ ਦੀ

"ਤਿਨ ਚੁਕੀ ਮੁਹਤਾਜੀ **ਲੋਕਨ** ਕੀ ਹਰਿ ਪ੍ਰਭੁ ਅੰਗੁ ਕਰਿ ਬੈਠਾ ਪਾਸਿ।"

— ਗਉ **੪**, ਵਾਰ ੧੦ਸ, **੪**, ੨ : ੨ (305)

ਲੋਕਾ — 1. ਹੇ ਲੋਕੋ!

"ਨਾਨਕ ਮਿਠੈ ਪਤਰੀਐ ਵੇਖਹੁ **ਲੋਕਾ** ਆਇ।"

— ਮਾਝ **੧**, ਵਾਰ ੧੧ਸ, **੧**, ੨ : ੫ (143)

2. ਬ੍ਰਹਮੰਡ ਦੇ ਹਿੱਸਿਆਂ ਵਿਚ

"ਤਿਹੁ **ਲੋਕਾ** ਮਹਿ ਸਬਦੁ ਰਵਿਆ ਹੈ ਆਪੁ ਗਇਆ ਮਨੁ ਮਾਨਿਆ।"

— ਆਸਾ **੧**, ੧੦, ੨ : ੨ (351)

3. ਲੋਕਾਂ, ਲੋਕਾਂ ਦਾ, ਲੋਕਾਂ ਨੂੰ

"**ਲੋਕਾ** ਦਾ ਕਿਆ ਜਾਇ ਜਾ ਤੁਧੁ ਭਾਣਿਆ।"

— ਆਸਾ **੧**, ਅਸ ੨੧, ੧ : ੨ (422)

"ਮਰਣੁ ਨ ਮੰਦਾ **ਲੋਕਾ** ਆਖੀਐ ਜੇ ਮਰਿ ਜਾਣੈ ਐਸਾ ਕੋਇ।" (ਲੋਕਾਂ ਦਾ)

— ਵਡ **੧**, ਅਲਾ ੨, ੨ : ੧ (579)

"**ਲੋਕਾ** ਨ ਸਾਲਾਹਿ ਜੋ ਮਰਿ ਖਾਕੁ ਥੀਈ।" (ਲੋਕਾਂ ਨੂੰ)— ਸੂਹੀ **੩**, ਅਸ ੩, ੧ : ੨ (755)

ਲੋਕਾਂ — 1. ਲੋਕਾਂ ਦੇ

"ਇੰਦੁ ਵਰਸੈ ਕਰਿ ਦਇਆ **ਲੋਕਾਂ** ਮਨਿ ਉਪਜੈ ਚਾਉ।"

— ਮਲਾ **੧**, ਵਾਰ ੧੯ਸ, **੩**, ੨ : ੧ (1285)

2. ਬਹੁਤ ਸਾਰੇ ਲੋਕ, ਲੋਕ ਦਾ ਬਹੁਵਚਨ

"ਫੜੁ ਕਰਿ **ਲੋਕਾਂ** ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ।"

— ਮਲਾ **੧**, ਵਾਰ ੨੫ਸ, **੧**, ੨ : ੫ (1289)

3. ਲੋਕਾਂ ਨੂੰ, ਲੋਕਾਂ ਲਈ

"ਫਰੀਦਾ **ਲੋਕਾਂ** ਆਪੋ ਆਪਣੀ ਮੈ ਆਪਣੀ ਪਈ।" — ਸਲੋ **ਫਰ**, ੯੪ : ੨ (1382)

"ਧਨ **ਲੋਕਾਂ** ਤਨੁ ਭਸਮੈ ਢੇਰੀ।"

— ਬਿਲਾ **੧**, ਅਸ ੨, ੨ : ੨ (832)

ਲੋਕਾਈ — ਲੋਕ ਸਮੂਹ

"ਸਚੁ ਸਾਹਿਬੁ ਸਤਿਗੁਰੂ ਕੈ ਵਲਿ ਹੈ ਤਾਂ ਝਖਿ ਝਖਿ

ਮਰੈ ਸਭ **ਲੋੁਕਾਈ**।"
— ਗਉ **੪**, ਵਾਰ ੧੩ਸ, **੪**, ੧ : ੩ (307)

ਲੋਕਾਈ — ਲੋਕ ਸਮੂੰਹ
"ਜੇ ਗਲ ਕਰਤੇ ਭਾਵੈ ਸਾ ਨਿਤ ਨਿਤ ਚੜੈ ਸਵਾਈ ਸਭ ਝਖਿ ਝਖਿ ਮਰੈ **ਲੋਕਾਈ**।"
— ਬਿਲਾ **੪**, ਵਾਰ ੪ : ੫ (850)

ਲੋਕਾਚਾਰ — ਸੰਸਾਰੀ ਰੀਤ ਨੂੰ ਪੂਰਿਆਂ ਕਰਨ ਵਾਲੇ, ਦਿਖਾਵੇ ਦੇ
"ਅਵਰਿ ਕਰਮ ਸਭਿ **ਲੋਕਾਚਾਰ**।"
— ਬਿਲਾ **੫**, ੧੧, ੨ : ੧ (804)

ਲੋਕਾਚਾਰੁ — ਲੋਕ + ਆਚਾਰ, ਦਿਖਾਵਾ, ਲੋਕ ਰੀਤ
"ਪਰਹਰੁ ਲੋਭੁ ਅਰੁ **ਲੋਕਾਚਾਰੁ**।"
— ਗਉ **ਕਬ**, ੬, ੨ : ੧ (324)

ਲੋਕਾਣੀ — ਲੋਕਾਂ ਦੀ, ਦੁਨਿਆਵੀ
"ਸਭ ਚੂਕੀ ਕਾਣਿ **ਲੋਕਾਣੀ**।"
— ਸੋਰ **੫**, ੫੫, ੨ : ੧ (622)

ਲੋਕਾਣੀਆ — ਲੋਕਾਂ ਦੀ, ਦੁਨਿਆਵੀ
"ਅਨਦਿਨੁ ਸਿਮਰਹ ਨਾਮੁ ਤਜਿ ਲਾਜ **ਲੋਕਾਣੀਆ**।"— ਆਸਾ **੫**, ੧੧੩, ੧* : ੨ (399)

ਲੋਕਾਣੇ — ਗੈਰ ਲੋਕ, ਓਪਰੇ ਬੰਦੇ
"ਨਾਨਕ ਠਾਕੁਰ ਮੀਤ ਹਮਾਰੇ ਹਮ ਨਾਹੀ **ਲੋਕਾਣੇ**।"
— ਆਸਾ **੧**, ਛੰਤ ੧, ੪ : ੬ (436)

ਲੋਕਾਂਤਰ — ਲੋਕਾਂ ਨੂੰ, ਬ੍ਰਹਮੰਡ ਦੇ ਭਾਗਾਂ ਨੂੰ
"ਰਿਧਿ ਬਸੈ ਬਾਂਵਾਂਗਿ ਜੁ ਤੀਨਿ **ਲੋਕਾਂਤਰ** ਮੋਹੈ।"
— ਸਵ **੩**, ੯ : ੨ (1394)

ਲੋਕਾਨੀ — ਲੋਕਾਂ ਦੀ, ਦੁਨਿਆਵੀ
"ਮਨੁ ਤਨੁ ਅਰਪਿ ਤਜਿ ਲਾਜ **ਲੋਕਾਨੀ**।"
— ਸੂਹੀ **੫**, ੩, ੧* : ੨ (737)

ਲੋਕਿ — 1. ਲੋਕਾਂ ਦੇ
"ਕਬ ਕੋਊ ਲੋਗਨ ਕਉ ਪਤੀਆਵੈ **ਲੋਕਿ** ਪਤੀਣੈ ਨਾ ਪਤਿ ਹੋਇ।"
— ਆਸਾ **੪**, ੬੨, ੪ : ੧ (368)

2. ਦੁਨੀਆ ਵਿਚ, ਜਗਤ ਵਿਚ
"ਇਹ **ਲੋਕਿ** ਪਰਲੋਕਿ ਸੰਗਿ ਸਹਾਈ ਜਤ ਕਤ ਮੋਹਿ ਰਖਵਾਲੇ।"
— ਧਨਾ **੫**, ੩੨, ੧ : ੨ (679)

ਲੋਕੀ — 1. (ਸੰ. ਲੋਕਿਨ੍) ਦੇਵ ਲੋਕ ਦੇ ਨਿਵਾਸੀ, ਦੇਵਤੇ
"ਇਕ **ਲੋਕੀ** ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ।" — ਆਸਾ **੧**, ੩੨, ੪ : ੧ (358)

2. ਲੋਕਾਂ ਨੇ
"ਦੂਜੈ **ਲੋਕੀ** ਬਹੁਤੁ ਦੁਖੁ ਪਾਇਆ।"
— ਬਸੰ **੩**, ੪, ੧ : ੩ (1173)

ਲੋਕੀਕ — ਲੋਕਾਚਾਰੀ, ਸੰਸਾਰੀਪੁਣਾ, ਲੋਕ ਵਿਹਾਰ
"ਪੂਰੀ ਸੋਭਾ ਪੂਰਾ **ਲੋਕੀਕ**।"
— ਗਉ **੫**, ੧੧੪, ੩ : ੨ (188)

ਲੋਕੁ — 1. ਲੋਕਾਈ, ਜਨ ਸਮੂੰਹ, ਲੋਕ
"ਗੁਪਤੁ ਪਰਗਟੁ ਹੋਇ ਬੈਸਾ **ਲੋਕੁ** ਰਾਖੈ ਭਾਉ।"
— ਸਿਰੀ **੧**, ੧, ੩ : ੧ (14)

2. ਨਿਵਾਸ ਸਥਾਨ, ਦੁਨੀਆ
"ਜੀਤਹਿ ਜਮ **ਲੋਕੁ** ਪਤਿਤ ਜੇ ਪ੍ਰਾਣੀ ਹਰਿ ਜਨ ਸਿਵ ਗੁਰ ਗ੍ਯਾਨਿ ਰਤੇ।"
— ਸਵ **੪**, ਗਯੰ ੨ : ੪ (1401)

ਲੋਕੇ — ਲੋਕ (ਸੰਸਾਰ)
"ਇਹ **ਲੋਕੇ** ਸੁਖੁ ਪਾਇਆ।"
— ਰਾਮ **੫**, ੪੯, ੧ : ੧ (898)

ਲੋਗ — 1. ਲੋਕ, ਲੋਕੀ
"ਸਚਿ ਰਹਸੇ ਪੂਰੇ ਹਰਿ **ਲੋਗ**।"
— ਗਉ **੧**, ੬, ੫ : ੨ (153)

"ਵਡੇ ਵਡੇ ਜੋ ਦੀਸਹਿ **ਲੋਗ**।"
— ਗਉ **੫**, ੧੧੩, ੧ : ੧ (188)

"ਐਜੀ ਨ ਹਮ ਉਤਮ ਨੀਚ ਨ ਮਧਿਮ ਹਰਿ ਸਰਣਾਗਤਿ ਹਰਿ ਕੇ **ਲੋਗ**।"
— ਗੂਜ **੧**, ਅਸ ੪, ੧ : ੧ (504)

"ਸਿਚੇਹਿ ਦਰਬੁ ਦੇਹਿ ਦੁਖੁ **ਲੋਗ**।" (ਲੋਕਾਂ ਨੂੰ)
— ਰਾਮ **੫**, ੨੩, ੧ : ੧ (889)

2. ਜਨ
"ਪੰਚ **ਲੋਗ** ਸਭ ਹਸਣ ਲਗੇ ਤਪਾ ਲੋਭਿ ਲਹਰਿ ਹੈ ਗਾਲਿਆ।"
— ਗਉ **੪**, ਵਾਰ ੩੦ਸ, **੪**, ੧ : ੩ (315)

3. ਲੋਕ, ਬ੍ਰਹਮੰਡ ਦੇ ਭਾਗ
"ਨਾਮੁ ਨਿਧਾਨੁ ਧਿਆਨ ਅੰਤਰ ਗਤਿ ਤੇਜ ਪੁੰਜ ਤਿਹੁ **ਲੋਗ** ਪ੍ਰਗਾਸੇ।"

— ਸਵ **੪**, ਮਥੁ ੬ : ੧ (1404)

ਲੋਗਹ — ਲੋਕਾਂ ਨੇ/ਨੂੰ
"ਤਬ **ਲੋਗਹ** ਕਾਹੇ ਦੁਖੁ ਮਾਨਿਆ।"
— ਗਉ **ਕਬ**, ੩, ੧ : ੨ (324)
"ਪੰਡਿਤ **ਲੋਗਹ** ਕਉ ਬਿਉਹਾਰ।" (ਲੋਕਾਂ ਨੂੰ ਅਖਰ ਦਸਨੇ) — ਗਉ **ਕਬ**, ਬਾਅ ੪੫ : ੫ (343)

ਲੋਗਨ — ਲੋਕਾਂ ਨੂੰ
"ਊਹਾ ਕਾਮਿ ਨ ਆਵੈ ਇਹ ਬਿਧਿ ਓਹੁ **ਲੋਗਨ** ਹੀ ਪਤੀਆਵੈ।"— ਗਉ **੫**, ੧੬੪*, ੨ : ੨ (216)
"ਚੀਤਿ ਆਵੈ ਤਾਂ ਸਦਾ ਦਇਆਲਾ **ਲੋਗਨ** ਕਿਆ ਵੇਚਾਰੇ।" (ਲੋਕ)— ਆਸਾ **੫**, ੪੯, ੧*:੧ (383)
"**ਲੋਗਨ** ਰਾਮੁ ਖਿਲਉਨਾ ਜਾਨਾਂ।" (ਲੋਕਾਂ ਨੇ)
— ਭੈਰ **ਕਬ**, ੬, ੧ : ੨ (1158)

ਲੋਗਾ — 1. ਪਰਜਾ
"ਆਪੇ ਰਾਜਨੁ ਆਪੇ **ਲੋਗਾ**।"
— ਮਾਝ **੫**, ੧੦, ੩ : ੧ (97)
2. ਲੋਕ
"ਗਵਨੁ ਕਰੈਗੋ ਸਗਲੋ **ਲੋਗਾ**।"
— ਗਉ **੫**, ਅਸ ੪, ੪ : ੪ (237)
"ਦੁਤੀਆ ਤਿਆਗੀ **ਲੋਗਾ** ਰੀਤਿ।" (ਲੋਕ-ਰੀਤ)
— ਆਸਾ **੫**, ੨, ੨ : ੨ (370)
"ਤ੍ਰਿਬਿਧਿ **ਲੋਗਾ** ਤ੍ਰਿਬਿਧਿ ਜੋਗਾ।" (ਭਾਵ ਸੰਸਾਰੀ)— ਰਾਮ **੧**, ਅਸ ੨, ੭ : ੧ (903)
3. ਹੇ ਭਗਤੋ! ਹੇ ਲੋਕੋ!
"ਹਰਿ ਕੇ **ਲੋਗਾ** ਮੋ ਕਉ ਨੀਤਿ ਡਸੈ ਪਟਵਾਰੀ।" (ਹੇ ਭਗਤ ਜਨੋ!)
— ਸੂਹੀ **ਕਬ**, ੫, ੧* : ੧ (793)
"ਕਬ ਕਉ ਡਹਕਾਵਉ **ਲੋਗਾ** ਮੋਹਨ ਦੀਨ ਕਿਰਪਾਈ।"
— ਮਾਰੂ **੫**, ੨੦, ੧ : ੧ (1005)

ਲੋਗੁ — 1. ਲੋਕ, ਲੋਕੀ
"ਗੁਰ ਕੈ ਸੰਗਿ ਤਰਿਆ ਸਭੁ **ਲੋਗੁ**।"
— ਗਉ **੫**, ਅਸ ੮, ੫ : ੨ (239)
"ਨਿਹਕੇਵਲੁ ਰਾਜਨ ਸੁਖੀ **ਲੋਗੁ**।" (ਭਾਵ ਪਰਜਾ)
— ਬਸੰ **੧**, ਅਸ ੧, ੭ : ੨ (1190)
2. ਬ੍ਰਹਮੰਡ ਦਾ ਭਾਗ
"ਮੁਖ ਊਜਲ ਮਨੁ ਨਿਰਮਲ ਹੋਈ ਹੈ ਤੇਰੋ ਰਹੈ ਈਹਾ ਊਹਾ **ਲੋਗੁ**।"
— ਟੋਡੀ **੫**, ੮, ੧* : ੨ (713)
3. ਭਾਵ ਲੋਕ-ਲਾਜ
"ਮੋਹੁ ਸੋਗੁ ਰੋਗੁ **ਲੋਗੁ** ਨ ਬਿਆਪੈ ਤਹ ਹਰਿ ਹਰਿ ਹਰਿ ਰਸ ਭੋਗਨੀ।"
— ਰਾਮ **੫**, ੩, ੧* ; ੨ (883)
4. ਸੇਵਕ, ਭਗਤ, ਜਨ
"ਹਰਿ ਸੇਵੇ ਸੋ ਹਰਿ ਕਾ **ਲੋਗੁ**।"
— ਬਸੰ **੩**, ੩, ੧ : ੧ (1172)

ਲੋਚ — 1. ਲੋਚਾ, ਇਛਾ, ਖਾਹਿਸ਼, ਉਮੰਗ, ਮੁਰਾਦ
"ਕਰਿ ਕਿਰਪਾ **ਲੋਚ** ਪੂਰਿ ਹਮਾਰੀ।"
— ਗਉ **੪**, ੪੨, ੧* : ੨ (164)
2. ਚਾਹ, ਸਿਕ, ਤਾਂਘ
"ਦਇਆ ਕਰਹੁ ਹਰਿ ਦਰਸੁ ਦਿਖਾਵਹੁ ਮੇਰੈ ਮਨਿ ਤਨਿ **ਲੋਚ** ਘਣੇਰੀ।"
— ਗਉ **੪**, ੫੮, ੪ : ੨ (170)
"ਮੇਰੈ ਹੀਅਰੈ **ਲੋਚ** ਲਗੀ ਪ੍ਰਭ ਕੇਰੀ ਹਰਿ ਨੈਨਹੁ ਹਰਿ ਪ੍ਰਭ ਹੇਰਾ।"
— ਟੋਡੀ **੪**, ੧, ੧ : ੧ (711)
3. ਪ੍ਰੀਤ, ਲਗਨ
"ਤੂੰ ਆਪੇ ਦਾਤਾ ਪ੍ਰਭੁ ਅੰਤਰਜਾਮੀ ਕਰਿ ਕਿਰਪਾ **ਲੋਚ** ਮੇਰੈ ਮਨਿ ਲਾਈ।"
— ਗੂਜ **੪**, ੪, ੨ : ੧ (493)
"ਮੈ ਮਨਿ ਤਨਿ **ਲੋਚ** ਲਗੀ ਹਰਿ ਸੇਤੀ ਪ੍ਰਭਿ ਲੋਚ ਪੂਰੀ ਸਤਿਗੁਰ ਸਰਣਾਈ।"
— ਗੂਜ **੪**, ੪, ੨ : ੨ (493)
(ਦੂਜੀ ਲੋਚ ਦਾ ਅਰਥ 'ਲੋਚਾ', 'ਉਮੰਗ', 'ਇਛਾ' ਹੈ)

ਲੋਚਹ — ਲੋਚਦੇ ਹਾਂ, ਸਿਕਦੇ ਹਾਂ
"ਹਮ ਬਹੁ ਪ੍ਰੀਤਿ ਲਗੀ ਪ੍ਰਭ ਸੁਆਮੀ ਹਮ **ਲੋਚਹ** ਪ੍ਰਭੁ ਦਿਖਨਥੇ।"— ਕਲਿ **੪**, ੩, ੨ : ੧ (1320)

ਲੋਚਹਿ — ਲੋਚਦੇ ਹਨ, ਚਾਹੁੰਦੇ ਹਨ
"ਜੈ ਜੈ ਕਾਰੁ ਜਗਤ੍ਰ ਮਹਿ **ਲੋਚਹਿ** ਸਭਿ ਜੀਆ।"
— ਬਿਲਾ **੫**, ੩੦, ੧ : ੧ (808)

ਲੋਚਦਾ — ਚਾਹੁੰਦਾ, ਤਾਂਘਦਾ, ਸਿਕ ਕਰਦਾ
"ਸਤਿਗੁਰ ਨੋ ਸਭ ਕੋ **ਲੋਚਦਾ** ਜੇਤਾ ਜਗਤੁ ਸਭੁ ਕੋਇ।" — ਸਿਰੀ **੪**, ੬੮, ੩ : ੧ (41)

ਲੋਚਦੀ — ਤਾਂਘਦੀ, ਸਿਕਦੀ, ਚਾਹੁੰਦੀ
"ਸਹਜੈ ਨੋ ਸਭ **ਲੋਚਦੀ** ਬਿਨੁ ਗੁਰ ਪਾਇਆ ਨ ਜਾਇ।" — ਸਿਰੀ **੩**, ੨੩, ੧ : ੧ (68)

ਲੋਚਦੇ — ਚ4ਾਹੁੰਦੇ, ਤਾਂਘਦੇ, ਸਿਕਦੇ
"ਸੁਰਿ ਨਰ ਮੁਨਿ ਜਨ **ਲੋਚਦੇ** ਸੋ ਸਤਿਗੁਰਿ ਦੀਆ ਬੁਝਾਇ ਜੀਉ।"
— ਸਿਰੀ **੧**, ਅਸ ੨੮, ੪ : ੩ (72)

ਲੋਚਨ — ਅਖਾਂ
"**ਲੋਚਨ** ਸ੍ਰਮਹਿ ਬੁਧਿ ਬਲੁ ਨਾਠੀ ਤਾ ਕਾਮੁ ਪ੍ਵਸਿ ਮਾਧਾਣੀ।" — ਸਿਰੀ **ਬੇਣੀ**, ੧, ੪ : ੨ (93)

ਲੋਚਨਿ — ਲੋਚਦੇ ਹਨ, ਚਾਹੁੰਦੇ ਹਨ
"ਓਇ **ਲੋਚਨਿ** ਓਨਾ ਗੁਣੈ ਨੋ ਓਇ ਅਹੰਕਾਰਿ ਸੜੰਦੇ।" — ਗਉ **੪**, ਵਾਰ ੧੨ : ੫ (306)

ਲੋਚਾ — 1. ਇਛਾ, ਚਾਹ, ਖਾਹਿਸ਼, ਉਮੰਗ, ਮਨਸਾ
"ਹਰਿ **ਲੋਚਾ** ਪੂਰਨ ਮੇਰੀਆ।"
— ਸਿਰੀ **੫**, ਅਸ ੨੯, ੧੫ : ੨ (74)
2. ਅਖਾਂ ਨਾਲ
"**ਲੋਚਾ** ਸਮਸਰਿ ਇਹੁ ਬਿਉਹਾਰਾ।"
— ਗਉ **ਕਬ**, ੧੮, ੩ : ੩ (327)

ਲੋਚਾਹੀ — ਲੋਚੀਏ, ਖਾਹਿਸ਼ ਕਰੀਏ
"ਬਿਨੁ ਕਰਮਾ ਕਿਛੂ ਨ ਪਾਈਐ ਜੇ ਬਹੁਤੁ **ਲੋਚਾਹੀ**।" — ਮਾਰੂ **੩**, ਵਾਰ ੧੬ : ੩ (1092)

ਲੋਚਿ — ਚਾਹ ਨਾਲ, ਪਿਆਰ ਨਾਲ
"ਜੇ ਸਉ **ਲੋਚਿ ਲੋਚਿ** ਖਾਵਾਇਆ।"
— ਭੈਰ **੫**, ੫, ੧ : ੧ (1136)

ਲੋਚੀਐ — ਚਾਹੀਦੇ, ਲੋਚਾ ਕਰੀਏ, ਇਛਾ ਕਰੀਏ
"ਜੇ ਹਰਿ ਹਰਿ ਕੀਚੈ ਬਹੁਤੁ **ਲੋਚੀਐ** ਕਿਰਤੁ ਨ ਮੇਟਿਆ ਜਾਇ।"
— ਸਿਰੀ **੩**, ਅਸ ੧੯, ੩ : ੧ (65)

ਲੋਚੀਜੈ — ਲੋਚਦੇ ਹਨ, ਪ੍ਰਾਪਤ ਕਰਨਾ ਚਾਹੁੰਦੇ ਹਨ
"ਸੰਕਰੁ ਨਾਰਦੁ ਸੇਖ ਨਾਗ ਮੁਨਿ ਧੂਰਿ ਸਾਧੂ ਕੀ **ਲੋਚੀਜੈ**।" — ਕਲਿ **੪**, ਅਸ ੬, ੧ : ੧ (1326)

ਲੋਚੈ — 1. ਚਾਹੈ, ਤਾਂਘ ਕਰੇ, ਇਛਾ ਕਰੇ
"ਬਿਨੁ ਗੁਰ ਭਗਤਿ ਨ ਪਾਈਐ ਜੇ **ਲੋਚੈ** ਸਭੁ ਕੋਇ।" (ਢੂੰਡੇ)
— ਸਿਰੀ **੩**, ੪੨, ੧* : ੨ (31)
"ਮੇਰਾ ਮਨੁ **ਲੋਚੈ** ਗੁਰ ਦਰਸਨ ਤਾਈ।"
— ਮਾਝ **੫**, ੮, ੧ : ੧ (96)
"ਕਿਰਸਾਣੀ ਕਿਰਸਾਣੁ ਕਰੇ **ਲੋਚੈ** ਜੀਉ ਲਾਇ।" (ਜੀ ਕਰ ਕੇ ਚਾਹੁੰਦਾ ਹੈ)
— ਗਉ **੪**, ੪੭, ੧ : ੧ (166)
2. ਭਾਵ ਪਿਆਰ ਕਰੇ, ਚਾਹ ਕਰੇ
"ਗੁਰਸਿਖਾਂ ਅੰਦਰਿ ਸਤਿਗੁਰੁ ਵਰਤੈ ਜੋ ਸਿਖਾਂ ਨੋ **ਲੋਚੈ** ਸੋ ਗੁਰ ਖੁਸੀ ਆਵੈ।"
— ਗਉ **੪**, ਵਾਰ ੩੨ਸ, **੪**, ੨ : ੨ (317)

ਲੋਟ ਪੋਟ — ਲੇਟ ਕੇ ਪੋਟਲੀ ਦੇ ਸ਼ਕਲ ਬਣਿਆ ਭਾਵ ਬੇਹੋਸ਼, ਬੇਸੁਰਤ ਹੋਇਆ
"ਹਉ ਆਕਲ ਬਿਕਲ ਭਈ ਗੁਰ ਦੇਖੇ ਹਉ **ਲੋਟ ਪੋਟ** ਹੋਇ ਪਈਆ।"
— ਬਿਲਾ **੪**, ਅਸ ੫, ੧* : ੨ (836)

ਲੋਟੇ — ਗੜਵੇ
"ਗਲੀ ਜਿਨ੍ਾ ਜਪਮਾਲੀਆ **ਲੋਟੇ** ਹਥਿ ਨਿਬਗ।"
— ਆਸਾ **ਕਬ**, ੨, ੧ : ੨ (475)

ਲੋਣੁ — ਲੂਣ, ਨਮਕ
"ਫਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ **ਲੋਣੁ**।" — ਸਲੋ **ਫਰ**, ੪੪ : ੧ (1380)

ਲੋਥਾ — ਲੋਥ, ਮੁਰਦਾ ਸਰੀਰ
"ਜਿਉ ਸਾਸ ਬਿਨਾ ਮਿਰਤਕ ਕੀ **ਲੋਥਾ**।"
— ਗਉ **੫**, ਸੁਖ ੧੩, ੫ : ੬ (280)

ਲੋਧੇ — ਇਕ ਵਾਹੀ ਕਰਨ ਵਾਲੀ ਜਾਤੀ
"ਪਾਂਡੇ ਤੁਮਰੀ ਗਾਇਤ੍ਰੀ **ਲੋਧੇ** ਕਾ ਖੇਤੁ ਖਾਤੀ ਥੀ।"
— ਗੋਂਡ **ਨਾਮ**, ੭, ੧ : ੧ (875)

ਲੋਨ — ਲੂਣ, ਨਮਕ
"ਜੈਹਹਿ ਆਟਾ **ਲੋਨ** ਜਿਉ ਸੋਨ ਸਮਾਨਿ ਸਰੀਰੁ।"
— ਸਲੋ **ਕਬ**, ੧੧੭ : ੨ (1370)

ਲੋਨੁ — ਲੂਣ, ਨਮਕ
"ਤੇ ਗਰਭ ਜੋਨੀ ਗਾਲੀਅਹਿ ਜਿਉ **ਲੋਨੁ** ਜਲਹਿ ਗਲਾਇਓ।" — ਮਾਲੀ **੪**, ੩, ੩ : ੨ (985)
"ਤਿਸਹਿ ਤਿਆਗਿ ਮਾਨੁਖੁ ਜੇ ਸੇਵਹੁ ਤਉ ਲਾਜ **ਲੋਨੁ** ਹੋਇ ਜਾਈਐ।" (ਲਾਜ ਨਾਲ ਲੂਣ ਵਤ ਹੋ ਜਾਈਦਾ ਹੈ ਭਾਵ ਸ਼ਰੱਮ ਨਾਲ ਘੁਲ ਘੁਲ ਮਰੀਦਾ ਹੈ) — ਸਾਰ **੫**, ੪੯, ੧ : ੨ (1214)

ਲੋਭ — ਲਾਲਚ
"ਪੂੰਜੀ ਪਾਪ **ਲੋਭ** ਕੀ ਕੀਤੁ।"

— ਗਉ **੧**, ੭, ੧ : ੩ (153)

ਲੋਭਈਆ — ਲੋਭ, ਲਾਲਚ

"ਕਰਿ ਕਰਿ ਕਿਰਿਆਚਾਰ ਵਧਾਏ ਮਨਿ ਪਾਖੰਡ ਕਰਮੁ ਕਪਟ **ਲੋਭਈਆ**।"

— ਬਿਲਾ **੪**, ਅਸ ੬, ੬ : ੧ (837)

ਲੋਭਨ — ਲੋਭ, ਲਾਲਚ

"**ਲੋਭਨ** ਮਹਿ ਲੋਭੀ ਲੋਭਾਇਓ ਤਿਉ ਹਰਿ ਰੰਗਿ ਰਚੇ ਗਿਆਨੀ।"— ਸੋਰ **੫**, ੧੬, ੧ : ੨ (613)

ਲੋਭਾ — ਲੋਭ, ਲਾਲਚ

"ਮੂਲੁ ਬਿਆਧੀ ਬਿਆਪਸਿ **ਲੋਭਾ**।"

— ਗਉ **੫**, ੮੮, ੧ : ੪ (182)

ਲੋਭਾਇ — ਆਕਰਸ਼ਤ ਹੋਇਆ, ਖਿਚੇ ਜਾਣ ਨਾਲ, ਲਲਚਾਨ ਨਾਲ, ਲਲਚਾਇਆ, ਮੋਹੇ ਜਾਣਾ

"ਬਿਰਥਾ ਜਨਮੁ ਦੂਜੈ **ਲੋਭਾਇ**।"

— ਆਸਾ **੩**, ੪੫, ੨ : ੨ (362)

ਲੋਭਾਇਓ — ਮੋਹਿਆ ਗਿਆ, ਆਕਰਸ਼ਤ ਹੋਇਆ

"ਲੋਭਨ ਮਹਿ ਲੋਭੀ **ਲੋਭਾਇਓ** ਤਿਉ ਹਰਿ ਰੰਗਿ ਰਚੇ ਗਿਆਨੀ।"— ਸੋਰ **੫**, ੧੬, ੧ : ੨ (613)

ਲੋਭਾਇਆ — ਮੋਹਿਆ ਗਿਆ, ਆਕਰਸ਼ਤ ਹੋਇਆ

"ਇਕੁ ਵਿਸਾਰਿ ਦੂਜੈ **ਲੋਭਾਇਆ**।"

— ਮਾਝ **੩**, ਅਸ ੪, ੨ : ੨ (111)

ਲੋਭਾਇਲੇ — ਮੋਹੀ ਜਾ ਕੇ, ਲਲਚਾ ਕੇ

"ਜੈਸੇ ਮੀਨੁ ਰਸਨ ਸਾਦਿ ਬਿਨਸਿਓ ਓਹੁ ਮੂਠੌ ਮੂੜ **ਲੋਭਾਇਲੇ**।" — ਗੋਂਡ **੫**, ੨, ੩ : ੧ (862)

ਲੋਭਾਈ — ਮੋਹਿਆ ਜਾਂਦਾ, ਲਲਚਦਾ, ਲੋਭਾਇਆ ਹੁੰਦਾ

"ਇਹੁ ਮਨੁ ਰਾਜਾ ਲੋਭੀਆ ਲੁਭਤਉ **ਲੋਭਾਈ**।"

— ਆਸਾ **੧**, ਅਸ ੧੫, ੩ : ੧ (419)

ਲੋਭਾਏ — ਲੋਭ ਵਿਚ ਆਵੇ, ਮੋਹਿਆ ਜਾਵੇ, ਲਲਚਾਏ

"ਜੈਸੇ ਮੀਠੈ ਸਾਦਿ **ਲੋਭਾਏ** ਝੂਠ ਧੰਧਿ ਦੁਰਗਾਧੇ।"

— ਆਸਾ **੫**, ੧੨੬, ੨ : ੨ (403)

ਲੋਭਾਹਿ — ਲਲਚਾਉਂਦਾ ਹੈ, ਮੋਹਿਆ ਜਾਂਦਾ ਹੈ

"ਏਕੁ ਨ ਚੇਤਹਿ ਦੂਜੈ **ਲੋਭਾਹਿ**।"

— ਬਿਲਾ **੩**, ਵਾ ੨, ੮ : ੨ (842)

ਲੋਭਾਂਗੈ — ਲੁਭਾਇਮਾਨ ਹੁੰਦਾ ਹੈ, ਮੋਹਿਆ ਜਾਂਦਾ ਹੈ

"ਹਰਿ ਰਸੁ ਚਾਹੈ ਪ੍ਰਿਅ ਪ੍ਰਿਅ ਮੁਖਿ ਟੇਰੈ ਜਿਉ ਅਲਿ ਕਮਲਾ **ਲੋਭਾਂਗੈ**।"

— ਸਾਰ **੫**, ੨੮, ੧ : ੨ (1210)

ਲੋਭਾਣਾ — ਲੁਭਾਇਮਾਨ ਹੋਇਆ, ਮੋਹਿਆ ਗਿਆ

"ਦੇਖਿ ਕੁੰਟਬੁ ਮੋਹਿ **ਲੋਭਾਣਾ** ਚਲਦਿਆ ਨਾਲਿ ਨ ਜਾਈ।" — ਸਿਰੀ **੩**, ੪੮, ੩ : ੧ (32)

ਲੋਭਾਣੀ — ਲੁਭਾਇਮਾਨ ਹੋਏ, ਮੋਹੇ ਗਏ, ਆਕਰਸ਼ਤ ਹੋਏ, ਰਚ ਗਏ

"ਮਾਇਆ ਮੋਹਿ ਦੂਜੈ **ਲੋਭਾਣੀ**।"

— ਆਸਾ **੩**, ੨੪, ੩ : ੨ (423)

ਲੋਭਾਣੇ — ਲੁਭਾਇਮਾਨ ਹੋਏ, ਆਕਰਸ਼ਤ ਹੋਏ, ਖਿਚੇ ਗਏ

"ਅੰਮ੍ਰਿਤੁ ਛੋਡਿ ਬਿਖਿਆ **ਲੋਭਾਣੇ** ਸੇਵਾ ਕਰਹਿ ਵਿਡਾਣੀ।" — ਸਿਰੀ **੩**, ੪੫, ੧ : ੧ (31)

ਲੋਭਾਦਿ — ਲੋਭ ਆਦਿਕ, ਲਾਲਚ ਵਗੈਰਾ

"**ਲੋਭਾਦਿ** ਦ੍ਰਿਸਟਿ ਪਰਗ੍ਰਿਹੰ ਜਦਿ ਬਿਧਿ ਆਚਰਣੰ।" — ਗੂਜ **ਜੈਦੇ**, ੧, ੩ : ੧ (526)

ਲੋਭਾਨਾ — ਲੁਭਾਇਮਾਨ ਹੋਇਆ, ਆਕਰਸ਼ਤ ਹੋਇਆ

"ਆਸਾ ਭਰਮ ਬਿਕਾਰ ਮੋਹ ਇਨ ਮਹਿ **ਲੋਭਾਨਾ**।"

— ਬਿਲਾ **੫**, ੫੭, ੨ : ੧ (815)

ਲੋਭਾਨੁ — ਲੋਭਵਾਨ/ਲੋਭੀ ਹੋਇਆ ਹੈ

"ਪੁਤ੍ਰਿ ਕਲਤ੍ਰਿ ਮੋਹਿ ਲਪਟਿਆ ਵਣਜਾਰਿਆ ਮਿਤ੍ਰਾ ਅੰਤਰਿ ਲਹਰਿ **ਲੋਭਾਨੁ**।"

— ਸਿਰੀ **੫**, ਪਹ ੪, ੩ : ੨ (598)

ਲੋਭਾਨੇ — ਲੁਭਾਇਮਾਨ ਹੋਇਆ

"ਨਾਮੁ ਵਿਸਾਰਿ ਅਨਰਸ **ਲੋਭਾਨੇ** ਫਿਰਿ ਪਛੁਤਾਹਿ ਅਭਾਗਾ।" — ਸੋਰ **੧**, ੧੦, ੧* : ੨ (598)

ਲੋਭਾਵਹਿ — ਲੁਭਾਇਮਾਨ ਹੋਇਆ

"ਮਾਈ ਮਾਗਤ ਤ੍ਰੈ **ਲੋਭਾਵਹਿ**।"

— ਰਾਮ **੧**, ਅਸ ੨, ੪ : ੨ (903)

ਲੋਭਾਵੈ — ਲੁਭਾਇਮਾਨ ਹੁੰਦਾ ਹੈ, ਮੋਹ ਧਾਰਨ ਕਰਦਾ ਹੈ

"ਇਹੁ ਸੰਸਾਰੁ ਸਗਲ ਹੈ ਸੁਪਨੋ ਦੇਖਿ ਕਹਾ **ਲੋਭਾਵੈ**।"

— ਸਾਰ **੯**, ੩, ੧ : ੧ (1231)

ਲੋਭਿ — ਲਾਲਚ ਨੇ
"ਧਨਿ ਜੋਬਨਿ ਜਗੁ ਠਗਿਆ ਲਬਿ **ਲੋਭਿ** ਅਹੰਕਾਰਿ।"— ਸਿਰੀ **੧**, ਅਸ ੧੩, ੧: ੨ (61)

ਲੋਭਿਤ — ਲੁਭਾਇਮਾਨ ਹੋਣਾ, ਲਲਚਾਨਾ
"ਹਰਿ ਚਰਣ ਕਵਲ ਮਕਰੰਦ **ਲੋਭਿਤ** ਮਨੋ ਅਨਦਿਨੋ ਮੋਹਿ ਆਹੀ ਪਿਆਸਾ।"
— ਧਨਾ **੧**, ਸੋਹ ੩, ੪ : ੧ (13)

ਲੋਭੀ — ਲਾਲਚੀ, ਲਾਲਚ ਕਰਨ ਵਾਲਾ
"ਜਿਉ ਸਾਹਿਬੁ ਰਾਖੈ ਤਿਉ ਰਹੈ ਇਹੁ **ਲੋਭੀ** ਕਾ ਜੀਉ ਟਲਪਲੈ।"— ਸਿਰੀ **੧**, ੩੩, ੧ : ੨ (25)

ਲੋਭੀਆ — ਲੋਭ ਕਰਨ ਵਾਲਾ, ਲਾਲਚੀ
"ਕੋਈ ਜਿ ਮੂਰਖੁ **ਲੋਭੀਆ** ਮੂਲਿ ਨ ਸੁਣੀ ਕਹਿਆ।" — ਗਉ **੫**, ੧੬੯*, ੨ : ੨ (218)

ਲੋਭੀਆਂ — ਲਾਲਚੀਆਂ ਦੇ
"ਮੂਹ ਕਾਲੇ ਤਿਨ੍ **ਲੋਭੀਆਂ** ਜਾਸਨਿ ਜਨਮੁ ਗਵਾਇ।" — ਸਲੋ **੩**, ੪੦ : ੪ (1417)

ਲੋਭੀਐ — ਲਾਲਚੀ ਨੂੰ
"ਜਿਉ **ਲੋਭੀਐ** ਧਨੁ ਦਾਨੁ।"
— ਬਿਲਾ **੫**, ਅਸ ੨, ੭ : ੨ (838)

ਲੋਭੁ — ਲਾਲਚ
"ਕਾਮੁ ਕ੍ਰੋਧੁ **ਲੋਭੁ** ਬਿਨਸਿਆ ਤਜਿਆ ਸਭੁ ਅਭਿਮਾਨੁ।" — ਸਿਰੀ **੫**, ੮੧, ੨ : ੪ (46)

ਲੋਭੇ — ਲੋਭ ਵਿਚ, ਲਾਲਚ ਵਿਚ
"ਏਹੁ ਮਨੋ ਮੂਰਖੁ ਲੋਭੀਆ **ਲੋਭੇ** ਲਗਾ ਲੋਭਾਨੁ।"
— ਸਿਰੀ **੧**, ੧੯, ੧ : ੧ (21)

ਲੋਰਉ — ਚਾਹੁੰਦਾ ਹਾਂ
"ਕਛੂਆ ਕਹੈ ਅੰਗਾਰ ਭਿ **ਲੋਰਉ** ਲੂਕੀ ਸਬਦੁ ਸੁਨਾਇਆ।"— ਆਸਾ **ਕਬ**, ੬, ੪ : ੨ (477)

ਲੋਰਹਿ — ਲੋੜਦੇ ਹਨ, ਚਾਹੁੰਦੇ ਹਨ
"ਜੀਵਨ **ਲੋਰਹਿ** ਭਰਮ ਮੋਹ ਨਾਨਕ ਤੇਊ ਗਵਾਰ।"
— ਗਉ **੫**, ਬਾਅ ੨੧ਸ : ੨ (254)

ਲੋਰੈ — ਲਭਦਾ ਹੈ, ਚਾਹੁੰਦਾ ਹੈ, ਇਛਾ ਕਰਦਾ ਹੈ
"ਅਗਿਆਨੀ ਮਾਨੁਖੁ ਭਇਆ ਜੋ ਨਾਹੀ ਸੋ **ਲੋਰੈ**।"
— ਗਉ **੫**, ੧੫੦*, ੧ : ੧ (212)

ਲੋਰੋ — ਲੋੜ ਹੈ, ਆਵਸ਼ਕਤਾ ਹੈ
"ਗੁਰੁ ਗੁਰੁ ਕਰਤ ਮਨੁ **ਲੋਰੋ**।" (ਮਨ ਨੂੰ ਲੋੜ ਹੈ)
— ਕਾਨ **੫**, ੪੩, ੧* : ੨ (1306)

ਲੋਰੋਨੀ — ਲੋਰੀ
"ਸਗਲ ਪਰਾਧ ਦੇਹਿ **ਲੋਰੋਨੀ**।"
— ਭੈਰ **੫**, ੧, ੩ : ੧ (1136)

ਲੋੜਹਿ — 1. ਚਾਹੇ, ਇਛਾ ਕਰੇ
"ਜੇ **ਲੋੜਹਿ** ਵਰੁ ਕਾਮਣੀ ਨਹ ਮਿਲੀਐ ਪਿਰ ਕੂਰਿ।" — ਸਿਰੀ **੧**, ੯, ੧ : ੨ (17)
"ਕੀਤਾ **ਲੋੜਹਿ** ਸੋ ਪ੍ਰਭਿ ਹੋਇ।"
— ਸੂਹੀ **੫**, ੨, ੧ : ੧ (736)
2. ਲਭਦਾ ਹੈਂ, ਢੂੰਡਦਾ ਹੈਂ
"ਫਰੀਦਾ ਹਉ ਲੋੜੀ ਸਹੁ ਆਪਣਾ ਤੂ **ਲੋੜਹਿ** ਅੰਗਿਆਰ।"— ਸਲੋ **ਫਰ**, ੪੩ : ੨ (1380)

ਲੋੜਹੁ — ਚਾਹੋ, ਇਛਹੁ
"ਜੇ ਆਤਮ ਕਉ ਸੁਖੁ ਸੁਖੁ ਨਿਤ **ਲੋੜਹੁ** ਤਾਂ ਸਤਿਗੁਰ ਸਰਨਿ ਪਵੀਜੈ।"
— ਕਲਿ **੪**, ਅਸ ੬, ੫ : ੨ (1326)

ਲੋੜਤੇ — ਚਾਹੁੰਦੇ ਸੀ, ਢੂੰਡਦੇ ਸੀ
"ਬਿਨਵੰਤਿ ਨਾਨਕੁ ਕੰਤੁ ਮਿਲਿਆ **ਲੋੜਤੇ** ਹਮ ਜੈਸਾ।" — ਗਉ **੫**, ਛੰਤ ੧, ੩ : ੬ (247)

ਲੋੜਨਿ — ਚਹੁੰਨ, ਇਛਾ ਕਰਨ
"ਕੀਤਾ **ਲੋੜਨਿ** ਸੋਈ ਕਰਾਇਨਿ ਦਰਿ ਫੇਰੁ ਨ ਕੋਈ ਪਾਇਦਾ।"
— ਮਾਰੂ **੫**, ਸੋਲਾ ੫, ੧੦ : ੩ (1076)

ਲੋੜਿ — ਲਭ, ਢੂੰਡ
"ਐਸਾ ਸਤਗੁਰੁ **ਲੋੜਿ** ਲਹੁ ਜਿਦੂ ਪਾਈਐ ਸਚੁ ਸੋਇ।" — ਸਿਰੀ **੩**, ੪੪, ੩ : ੨ (30)
"ਮੈ ਮਨੁ ਤਨੁ ਖੋਜਿ ਖੋਜੇਦਿਆ ਸੋ ਪ੍ਰਭੁ ਲਧਾ **ਲੋੜਿ**।" (ਢੂੰਡ ਕੇ)
— ਗਉ **੪**, ਵਾਰ ੨੪ਸ, **੪**, ੧ : ੧ (313)

ਲੋੜੀ — 1. ਲਭਾਂ, ਲਭਦਾ ਹਾਂ
"ਅਖੀ **ਲੋੜੀ** ਨ ਲਹਾ ਹਉ ਚੜਿ ਲੰਘਾ ਕਿਤੁ।" (ਟੋਲਦਾ ਹਾਂ) — ਸੂਹੀ **੧**, ੩, ੫ : ੨ (729)
"ਅਸ ਪਿਆਸੀ ਪਿਰ ਕਉ **ਲੋੜੀ**।" (ਲਭਦੀ ਹਾਂ, ਇਛਕ ਹਾਂ) — ਸੂਹੀ **੫**, ੪, ੧ : ੪ (737)
2. ਚਾਹੀ
"ਸਾਚੇ ਪਿਰ **ਲੋੜੀ** ਪ੍ਰੀਤਮ ਜੋੜੀ ਮਤਿ ਪੂਰੀ ਪਰਧਾਨੇ।"— ਸੂਹੀ **੧**, ਛੰਤ ੧, ੪ : ੩ (764)

ਲੋੜੀਅਹਿ — ਚਾਹੀਏ, ਲਭੀਦੇ ਹਨ

"ਜਿਸੁ ਸਰਬ ਸੁਖਾ ਫਲ **ਲੋੜੀਅਹਿ** ਸੋ ਸਚੁ ਕਮਾਵਉ।" — ਗਉ **੪**, ਵਾਰ ੧੨ : ੧ (322)

ਲੋੜੀਐ — ਚਾਹੀਏ, ਇੱਛਾ ਕਰੀਏ
"ਕੀਤਾ **ਲੋੜੀਐ** ਕੰਮੁ ਸੁ ਹਰਿ ਪਹਿ ਆਖੀਐ।"
— ਸਿਰੀ **੪**, ਵਾਰ ੨੦ : ੧ (91)
"ਜਿਨਿ ਜਿਨਿ ਲੈਨ੍ਹਿ ਰਲਾਇ ਏਹੋ ਏਨਾ **ਲੋੜੀਐ**।" (ਚਾਹੀਦਾ ਹੈ ਭਾਵ ਇੱਛਾ ਹੈ)
— ਗੂਜ **੫**, ਵਾਰ ੧੫ : ੪ (522)

ਲੋੜੀਜੈ — ਚਾਹੀਦੀ ਹੈ
"ਕਿਉ ਜੀਉ ਰਖੀਜੈ ਹਰਿ ਵਸਤੁ **ਲੋੜੀਜੈ** ਜਿਸ ਦੀ ਵਸਤੁ ਸੋ ਲੈ ਜਾਇ ਜੀਉ।"
— ਆਸਾ **੪**, ਛੰਤ ੧੩, ੨ : ੩ (447)

ਲੋੜੀਦੜਾ — ਲੋੜੀਂਦਾ ਹੈ, ਚਾਹੀਦਾ ਹੈ, ਦੀ ਇੱਛਾ ਹੈ, ਦੀ ਸਿਕ ਹੈ
"**ਲੋੜੀਦੜਾ** ਸਾਜਨੁ ਮੇਰਾ।"
— ਜੈਤ **੫**, ੪, ੧* : ੧ (700)

ਲੋੜੀਦਾ — ਚਾਹੀਦਾ ਸੀ, ਦੀ ਇੱਛਾ (ਸਿਕ) ਸੀ
"ਜੋ **ਲੋੜੀਦਾ** ਸੋਈ ਪਾਇਆ।"
— ਮਾਝ **੫**, ੧੦, ੨ : ੨ (97)

ਲੋੜੀਦੇ — ਇੱਛਾ ਕਰਦੇ, ਲੋੜਦੇ, ਢੂੰਡਦੇ
"ਜੋ **ਲੋੜੀਦੇ** ਰਾਮ ਸੇਵਕ ਸੇਈ ਕਾਂਢਿਆ।"
— ਵਡ **੫**, ਛੰਤ ੨੪ਸ : ੧ (578)

ਲੋੜੇ — ਚਾਹੇ, ਇੱਛੇ, ਲੋਚੇ
"ਤਿਸੁ ਸਰਣਾਈ ਛੁਟੀਐ ਕੀਤਾ **ਲੋੜੇ** ਸੁ ਹੋਇ।"
— ਸਿਰੀ **੫**, ੮੦, ੩ : ੩ (45)
"ਤੁਧਨੋ ਸਭ ਧਿਆਇਦੀ ਸੇ ਥਾਇ ਪਏ ਜੋ ਸਾਹਿਬ **ਲੋੜੇ**।" (ਚਾਹੇ ਭਾਵ ਪਰਵਾਨ ਪਏ, ਕਬੂਲ ਹੋਏ)
— ਗਉ **੪**, ਵਾਰ ੧੧ : ੩ (306)
"ਨਾਨਕ ਮਨਿ ਤਨਿ ਚਾਉ ਏਹੁ ਨਿਤ ਪ੍ਰਭ ਕਉ **ਲੋੜੇ**।" (ਲੋਚੇ)
— ਗਉ **੫**, ਵਾਰ ੨੧ : ੫ (323)

ਲੋੜੈ — ਚਾਹੁੰਦਾ, ਇੱਛਦਾ, ਮੰਗਦਾ
"ਬਹੁਤਾ ਜੀਵਣੁ ਮੰਗੀਐ ਮੁਆ ਨ **ਲੋੜੈ** ਕੋਇ।"
— ਸਿਰੀ **੧**, ਅਸ ੧੫, ੬ : ੧ (63)
"ਰੂੜੋ ਮਨੁ ਹਰਿ ਰੰਗੋ **ਲੋੜੈ**।" (ਮੰਗਦਾ ਹੈ)
— ਟੋਡੀ **੫**, ੧੨, ੧* : ੧ (715)

ਵ

ਵਸ — ਕਾਬੂ, ਅਧੀਨ
"ਪੰਚ ਚੇਲੇ **ਵਸ** ਕੀਜਹਿ ਰਾਵਲ ਇਹੁ ਮਨੁ ਕੀਜੈ ਡੰਡਾਤਾ।" — ਗਉ **੧**, ੧੫, ੧ : ੨ (155)

ਵਸਈ — ਵਸਦਾ, ਨਿਵਾਸ ਕਰਦਾ, ਸਥਿਤ ਹੁੰਦਾ
"ਹਰਿ ਨਾਮੁ ਰਿਦੈ ਨ **ਵਸਈ** ਕਾਰਜਿ ਕਿਤੈ ਨ ਲੇਖਿ।" — ਸਿਰੀ **੫**, ੮੫, ੧ : ੩ (47)

ਵਸਸੀ — ਵਸੇਗਾ, ਪਵੇਗਾ (ਮੀਂਹ)
"ਆਪਣੀ ਕਿਰਪਾ ਕਰਿ ਕੈ **ਵਸਸੀ** ਵਣੁ ਤ੍ਰਿਣੁ ਹਰਿਆ ਹੋਇ।"
— ਮਲਾ **੧**, ਵਾਰ ੭ਸ, **੩**, ੧ : ੨ (1281)

ਵਸਹਿ — ਵਸਦੇ ਹਨ, ਨਿਵਾਸ ਕਰਦੇ ਹਨ, ਸਥਿਤ ਹਨ, ਰਹਿੰਦੇ ਹਨ
"ਤਿਥੈ ਭਗਤ **ਵਸਹਿ** ਕੇ ਲੋਅ।"
— ਜਪੁ **੧**, ੩੭ : ੯ (8)
"ਕਾਮੁ ਕ੍ਰੋਧੁ ਤਨਿ **ਵਸਹਿ** ਚੰਡਾਲ।"
— ਸਿਰੀ **੧**, ੨੯, ੨ : ੩ (24)
"ਨਿਜ ਘਰਿ **ਵਸਹਿ** ਅੰਮ੍ਰਿਤੁ ਪੀਵਹਿ ਤਾ ਸੁਖ ਲਹਹਿ ਮਹਲੁ।" (ਵਸੇਂ ਗਾ, ਰਹੇਂ ਗਾ)
— ਸਿਰੀ **੩**, ੫੯, ੧* : ੨ (37)
"ਤੂੰ **ਵਸਹਿ** ਮਨ ਮਾਹਿ ਸਹਜੇ ਰਸਿ ਰਸੈ।" (ਵਸਦਾ ਹੈਂ) — ਸੂਹੀ **੧**, ਅਸ ੩, ੩ : ੨ (752)

ਵਸਹੁ — ਵਸੋ, ਨਿਵਾਸ ਕਰੋ
"ਕਰਿ ਕਿਰਪਾ **ਵਸਹੁ** ਮੇਰੈ ਹਿਰਦੈ ਹੋਇ ਸਹਾਈ ਆਪਿ।" — ਆਸਾ **੫**, ੧੩੯, ੧* : ੨ (405)

ਵਸਗਤਿ — ਕਾਬੂ, ਵਸ ਵਿਚ, ਅਧੀਨ, ਅਧਿਕਾਰ ਵਿਚ
"ਸਭ ਕੋ **ਵਸਗਤਿ** ਕਰਿ ਲਇਓਨੁ ਬਿਨੁ ਨਾਵੈ ਖਾਕੁ ਰਲਿਆ।"— ਸਿਰੀ **੫**, ੭੨, ੩ : ੨ (42)
"ਸਭ ਕਿਛੁ **ਵਸਗਤਿ** ਸਾਹਿਬੈ ਆਪੇ ਕਰਣ ਕਰੇਵ।" — ਸਿਰੀ **੫**, ੭੫, ੩ : ੨ (44)

ਵਸਤ — ਵਸਦੇ ਹੋਏ, ਨਿਵਾਸ ਕਰਦੇ
"ਨਾਭਿ **ਵਸਤ** ਬ੍ਰਹਮੈ ਅੰਤੁ ਨ ਜਾਣਿਆ।"
— ਸਾਰ **੪**, ਵਾਰ ੧ਸ, **੧**, ੩ : ੫ (1237)

ਵਸੰਤੀ — ਵਸਣ ਲਗੀ
"ਹਰਿ ਹਰਿ ਨਾਮੁ ਅਵਖਦੁ ਮੁਖਿ ਪਾਇਆ ਜਨ ਨਾਨਕ ਸੁਖਿ **ਵਸੰਤੀ**।"
— ਸੋਰ **੫**, ੬੨, ੪ : ੩ (625)

ਵਸਤੁ — ਪਦਾਰਥ, ਵਸਤੂ
"ਗੁਰਮੁਖਿ **ਵਸਤੁ** ਵੇਸਾਹੀਐ ਸਚੁ ਵਖਰੁ ਸਚੁ ਰਾਸਿ।" — ਸਿਰੀ **੧**, ੧੧, ੪ : ੧ (18)
"ਗੁਰਮੁਖਿ **ਵਸਤੁ** ਪਰਾਪਤਿ ਹੋਵੈ ਚੁਣਿ ਲੈ ਮਾਣਕ ਮੋਤੀ।" (ਨਾਮ ਪਦਾਰਥ)
— ਰਾਮ **੧**, ਓਅੰ ੨ : ੨ (930)

ਵਸਤੂ — ਪਦਾਰਥ, ਚੀਜ਼ਾਂ
"ਸਭੇ **ਵਸਤੂ** ਕਉੜੀਆ ਸਚੇ ਨਾਉ ਮਿਠਾ।"
— ਗਉ **੫**, ਵਾਰ ੧੩ : ੧ (321)

ਵਸਤ੍ਰ — ਕਪੜੇ
"**ਵਸਤ੍ਰ** ਪਖਾਲਿ ਪਖਾਲੇ ਕਾਇਆ ਆਪੇ ਸੰਜਮਿ ਹੋਵੈ।"— ਮਾਝ **੧**, ਵਾਰ ੪ਸ, **੧**, ੨ : ੧ (139)

ਵਸੰਦੜੋ — ਵਸ ਜਾਏ
"ਮਨਿ **ਵਸੰਦੜੋ** ਸਚੁ ਸਹੁ ਨਾਨਕ ਹਭੇ ਡੁਖੜੇ ਉਲਾਹਿ।"
— ਜੈਤ **੫**, ਵਾਰ ੫ਸ, **੫**, ੨ : ੨ (706)

ਵਸਦਾ — ਨਿਵਾਸ ਕਰਦਾ
"ਗੁਰੁ ਨਾਨਕੁ ਤੁਠਾ ਭਾਇਰਹੁ ਹਰਿ **ਵਸਦਾ** ਨੇੜਾ।"
— ਮਾਰੂ **੫**, ਵਾਰ ੧੦ : ੮ (1098)

ਵਸੰਦਾ — ਵਸਦਾ ਹੈ, ਨਿਵਾਸ ਕਰਦਾ ਹੈ
"ਜਨ ਨਾਨਕ ਧੰਨਿ ਸੁਹਾਗਣਿ ਸਾਈ ਜਿਸੁ ਸੰਗਿ ਭਤਾਰੁ **ਵਸੰਦਾ**।"
— ਜੈਤ **੫**, ਛੰਤ ੧, ੩ : ੬ (704)

ਵਸਦੀ — 1. ਵਸਦੀ ਰਸਦੀ ਕੀਤੀ, ਵਸਾ ਦਿੱਤੀ
"ਧਾਰਿ ਅਨੁਗ੍ਰਹੁ ਪਾਰਬ੍ਰਹਮ ਸੁਆਮੀ **ਵਸਦੀ** ਕੀਨੀ ਆਪਿ।" — ਟੋਡੀ **੫**, ੧੪, ੧* : ੨ (714)
2. ਵਸੋਂ, ਆਬਾਦੀ

"**ਵਸਦੀ** ਸਘਨ ਅਪਾਰ ਅਨੂਪ ਰਾਮਦਾਸ ਪੁਰ।"
— ਫੁਨ **੫**, ੧੦ : ੩ (1362)

ਵਸੰਦੀ — ਵਸੀ ਹੋਈ/ਟਿਕੀ ਹੋਈ ਹੈ
"ਜਿਮੀ **ਵਸੰਦੀ** ਪਾਣੀਐ ਈਧਣੁ ਰਖੈ ਭਾਹਿ।"
— ਗੂਜ **੫**, ਵਾਰ ੧੧ਸ, **੫**, ੨ : ੧ (521)

ਵਸੰਦੀਆ — ਵਸਦੀਆਂ ਹਨ, ਰਹਿੰਦੀਆਂ ਹਨ
"ਅਸੂ ਸੁਖੀ **ਵਸੰਦੀਆ** ਜਿਨਾ ਮਇਆ ਹਰਿ ਰਾਇ।" — ਮਾਝ **੫**, ਬਾਰਾ ੮ : ੯ (135)

ਵਸੰਦੋ — ਵਸਦਾ ਸੈਂ
"ਮੁਖੁ ਤਲੈ ਪੈਰ ਉਪਰੇ **ਵਸੰਦੋ** ਕੁਹਥੜੈ ਥਾਇ।"
— ਜੈਤ **੫**, ਵਾਰ ੨ਸ, **੫**, ੨ : ੧ (706)

ਵਸਨਿ — ਵਸਦੇ
"ਜੋ ਜੀਅ ਹਰਿ ਤੇ ਵਿਛੁੜੇ ਸੇ ਸੁਖਿ ਨ **ਵਸਨਿ** ਭੈਣ।" — ਮਾਝ **੫**, ਦਿਨ ੧ : ੪ (136)

ਵਸੰਨਿ — ਵਸਨ, ਵਸਦੇ ਹਨ
"ਜਨ ਨਾਨਕ ਕਿਰਪਾ ਧਾਰਿ ਪ੍ਰਭ ਸਤਿਗੁਰ ਸੁਖਿ **ਵਸੰਨਿ**।"— ਗਉ **੪**, ਵਾਰ ੪ਸ, **੪**, ੧ : ੨ (301)

ਵਸੰਨ੍ਹਿ — ਵਸਦੇ ਹਨ
"ਬਗਾ ਬਗੇ ਕਪੜੇ ਤੀਰਥ ਮੰਝਿ **ਵਸੰਨ੍ਹਿ**।"
— ਸੂਹੀ **੧**, ੩, ੩ : ੧ (729)

ਵਸਾ — 1. ਵਸਦਾ ਹਾਂ
"ਤੁਧੁ ਅੰਤਰਿ ਹਉ ਸੁਖਿ **ਵਸਾ** ਤੂੰ ਅੰਤਰਿ ਸਾਬਾਸਿ ਜੀਉ।" — ਸੂਹੀ **੧**, ਕੁਚ ੨ : ੨ (762)
2. ਸਥਿਤ ਕਰ, ਵਸਾ ਦੇ
"ਬਾਬਾ ਦੇਹਿ **ਵਸਾ** ਸਚ ਗਾਵਾ।"
— ਮਾਰੂ **੩**, ੧, ੧* : ੧ (993)

ਵਸਾਂ — ਨਿਵਾਸ ਕਰਾਂ, ਸਥਿਤ ਹੋਵਾਂ
"ਨਾਵੈ ਅੰਦਰਿ ਹਉ **ਵਸਾਂ** ਨਾਉ ਵਸੈ ਮਨਿ ਆਇ।"
— ਸਿਰੀ **੧**, ਅਸ ੪, ੫ : ੩ (55)
"ਜੋਰਿ ਤੁਮਾਰੈ ਸੁਖਿ **ਵਸਾਂ** ਸਚੁ ਸਬਦੁ ਵੀਸਾਣੁ।" (ਵਸਦਾ ਹਾਂ)— ਗਉ **੫**, ੧੬੯*, ੧* : ੨ (217)

ਵਸਾਇ — 1. ਵਸਾ ਲੈ
"ਗੁਰ ਕੇ ਚਰਣ ਹਿਰਦੈ **ਵਸਾਇ**।"
— ਗਉ **੫**, ੧੨੩, ੨ : ੧ (190)
2. ਵਸ ਚਲੇ
"ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ **ਵਸਾਇ**।"
— ਬਿਹਾ **੪**, ਵਾਰ ੧੬ਸ, **੩**, ੧ : ੫ (554)
"ਗੁਰਮਤੀ ਜਾਗੇ ਤਿਨੀ ਘਰ ਰਖਿਆ ਦੂਤਾ ਕਾ ਕਿਛੁ ਨ **ਵਸਾਇ**।"
— ਮਲਾ **੧**, ਵਾਰ ੮ : ੮ (1282)

ਵਸਾਇਅਉ — ਵਸਾਇਆ, ਸਥਿਤ ਕੀਤਾ
"ਅਬਿਗਤ ਅਗੋਚਰ ਅਪਰਪਰੁ ਮਨਿ ਗੁਰ ਸਬਦੁ **ਵਸਾਇਅਉ**।"— ਸਵ **੪**, ਕਲ ੮ : ੫ (1397)

ਵਸਾਇਓ — ਆਬਾਦ ਕੀਤਾ, ਵਸੋਂ ਵਾਲਾ ਕੀਤਾ
"ਉਜੜੁ ਥੇਹੁ **ਵਸਾਇਓ** ਹਉ ਤੁਧ ਵਿਟਹੁ ਕੁਰਬਾਣੁ ਜੀਉ।" — ਸਿਰੀ **੫**, ਅਸ ੨੯, ੬ : ੩ (73)

ਵਸਾਇਆ — 1. ਵਾਸਾ ਕਰਵਾਇਆ, ਸਥਿਤ ਕੀਤਾ, ਟਿਕਾਇਆ
"ਚੰਦਨੁ ਚੀਤਿ **ਵਸਾਇਆ** ਮੰਦਰੁ ਦਸਵਾ ਦੁਆਰੁ।"
— ਸਿਰੀ **੧**, ਅਸ ੨, ੫ : ੨ (54)
"ਜੀਅ ਜੰਤ ਸਭਿ ਸੁਖੀ **ਵਸਾਇਆ**।" (ਵਸਾਏ, ਸਥਿਤ ਕੀਤੇ) — ਮਾਝ **੫**, ੩੯, ੧ : ੨ (105)
2. ਆਬਾਦ ਕੀਤਾ
"ਮਨ ਇਛੇ ਸੇਈ ਫਲ ਪਾਏ ਕਰਤੈ ਆਪਿ **ਵਸਾਇਆ** ਰਾਮ।"
— ਸੂਹੀ **੫**, ਛੰਤ ੯, ੧ : ੩ (783)
"ਫੇਰਿ **ਵਸਾਇਆ** ਫੇਰੁਆਣਿ ਸਤਿਗੁਰਿ ਖਾਡੂਰੁ।"
— ਰਾਮ **ਬਸ**, ਵਾਰ ੫ : ੧ (967)

ਵਸਾਇਐ — ਵਸਾਨ ਨਾਲ, ਸਥਿਤ ਕਰਨ ਨਾਲ, ਟਿਕਾਉਣ ਨਾਲ
"ਪੂਰਨ ਹੋਵੈ ਆਸ ਨਾਇ ਮੰਨਿ **ਵਸਾਇਐ**।"
— ਗੂਜ **੫**, ਵਾਰ ੮ : ੪ (520)

ਵਸਾਇਸੀ — ਵਸਾਏ ਗਾ, ਟਿਕਾਏ, ਸਥਿਤ ਕਰੇਗਾ
"ਸੋ ਕਰੇ ਜਿ ਸਤਿਗੁਰ ਭਾਵਸੀ ਗੁਰੁ ਪੂਰਾ ਘਰੀ **ਵਸਾਇਸੀ**।"
— ਗਉ **੪**, ਵਾਰ ੧੮ਸ, **੪**, ੧ : ੨ (310)

ਵਸਾਇਹੁ — ਵਸਾਓ, ਟਿਕਾਓ
"ਹਿਰਦੈ ਨਾਮੁ **ਵਸਾਇਹੁ**।"
— ਸੋਰ **੫**, ੫੨, ੧ : ੧ (621)

ਵਸਾਇੰਦਾ — ਵਸਾਉਂਦਾ ਹੈ, ਟਿਕਾਉਂਦਾ ਹੈ
"ਆਪਣੈ ਭਾਣੈ ਸਦਾ ਰੰਗਿ ਰਾਤਾ ਭਾਣੈ ਮੰਨਿ **ਵਸਾਇਦਾ**।"
— ਮਾਰੂ **੩**, ਸੋਲਾ ੧੫, ੧੦ : ੩ (1059)

ਵਸਾਈ — 1. ਵਸਾਉਂਦਾ ਹੈ, ਟਿਕਾਉਂਦਾ ਹੈ
"ਹਰਿ ਜੀਉ ਦਾਤਾ ਭਗਤਿ ਵਛਲੁ ਹੈ ਕਰਿ ਕਿਰਪਾ ਮੰਨਿ **ਵਸਾਈ**।"
— ਸਿਰੀ **੩**, ੪੯, ੪ : ੨ (32)
"ਗੁਰ ਪਰਸਾਦੀ ਮੰਨਿ **ਵਸਾਈ**।" (ਟਿਕਾਈ ਰਖ)
— ਮਾਝ **੩**, ਅਸ ੨, ੪ : ੨ (110)
"ਕਰਣੀ ਕੀਰਤਿ ਨਾਮੁ **ਵਸਾਈ**।" (ਟਿਕਾਈ, ਸਥਿਤ ਕੀਤੀ)— ਆਸਾ **੩**, ੪੬, ੨ : ੩ (363)
"ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ **ਵਸਾਈ**।" (ਵਸਾਉਂਦਾ ਹਾਂ, ਟਿਕਾਉਂਦਾ ਹਾਂ)
— ਸਾਰ **੪**, ਵਾਰ ੪ : ੩ (1239)
2. ਵਸ ਚਲਣਾ
"ਤਿਨਿ ਸਹਿ ਆਪਿ ਭੁਲਾਏ ਕੁਮਾਰਗਿ ਪਾਏ ਤਿਨ ਕਾ ਕਿਛੁ ਨ **ਵਸਾਈ**।"
— ਆਸਾ **੩**, ਛੰਤ ੭, ੯ : ੩ (441)

ਵਸਾਈਆ — ਵਸਾਈਦੀਆਂ ਹਨ, ਟਿਕਾਈਦੀਆਂ ਹਨ
"ਜਾ ਤਿਸੁ ਭਾਣਾ ਤਾ ਮਨਿ **ਵਸਾਈਆ**।"
— ਆਸਾ **੧**, ਵਾਰ ੧੮ : ੩ (473)

ਵਸਾਈਐ — 1. ਵਸਾਨ ਨਾਲ, ਸਥਿਤ ਕਰਨ ਨਾਲ
"ਆਪੇ ਦੇਇ ਪਿਆਰੁ ਮੰਨਿ **ਵਸਾਈਐ**।"
— ਮਾਝ **੧**, ਵਾਰ ੨੦ : ੬ (147)
"ਲਾਹਾ ਸਚੁ ਨਿਆਉ ਮਨਿ **ਵਸਾਈਐ**।"
— ਆਸਾ **੧**, ਅਸ ੧੬, ੬ : ੧ (420)
2. ਵਸਾਨਾ ਚਾਹੀਦਾ ਹੈ, ਵਸਾਈਦਾ ਹੈ
"ਰਾਤਿ ਦਿਹੈ ਹਰਿ ਨਾਉ ਮੰਨਿ **ਵਸਾਈਐ**।"
— ਸੂਹੀ **੧**, ਅਸ ੪, ੮ : ੧ (752)

ਵਸਾਏ — 1. ਸਥਿਤ ਕਰੇ, ਟਿਕਾਏ
"ਸੋ ਸਾਧੂ ਬੈਰਾਗੀ ਸੋਈ ਹਿਰਦੈ ਨਾਮੁ **ਵਸਾਏ**।"
— ਸਿਰੀ **੩**, ੪੧, ੩ : ੧ (29)
2. ਵਸਾਨ ਨਾਲ
"ਅਨ ਰਸੁ ਚੂਕੈ ਹਰਿ ਰਸੁ ਮਨਿ **ਵਸਾਏ**।"
— ਮਾਝ **੩**, ਅਸ ੧੧, ੩ : ੨ (115)
3. ਆਬਾਦ ਕੀਤੇ
"ਚਲਿ ਚਲਿ ਗਈਆਂ ਪੰਖੀਆਂ ਜਿਨ੍ਹੀ **ਵਸਾਏ** ਤਲ।" — ਸਲੋ **ਫਰ**, ੬੬ : ੧ (1381)

ਵਸਾਹਿ — ਵਸਾਏ, ਟਿਕਾਏ, ਸਥਿਤ ਕਰੇ
"ਗੁਰ ਪੂਛਿ ਸੇਵਾ ਕਰਹਿ ਸਚੁ ਨਿਰਮਲੁ ਮੰਨਿ **ਵਸਾਹਿ**।"— ਆਸਾ **੩**, ਅਸ ੩੩, ੫ : ੨ (428)

ਵਸਾਹੀ — ਸਥਿਤ ਕਰੇ, ਟਿਕਾਏ
"ਨਾਮੁ ਭੈ ਭਾਇ ਰਿਦੈ **ਵਸਾਹੀ** ਗੁਰ ਕਰਣੀ ਸਚੁ ਬਾਣੀ।" — ਮਲਾ **੧**, ਅਸ ੪, ੬ : ੧ (1275)

ਵਸਾਮੰ — ਵਸਾਉਣ ਨਾਲ, ਟਿਕਾਉਣ ਨਾਲ
"ਬੰਧਨ ਤੂਟੇ ਇਕੁ ਨਾਮੁ **ਵਸਾਮੰ**।"
— ਬਿਲਾ **੧**, ਅਸ ੧, ੭ : ੪ (831)

ਵਸਾਵਏ — ਵਸਾਏ, ਟਿਕਾਏ, ਸਥਿਤ ਕਰੇ
"ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ **ਵਸਾਵਏ**।"
— ਰਾਮ **੩**, ਅਨੰ ੩ : ੩ (917)

ਵਸਾਵਹੇ — ਵਸਾ ਲਏ, ਟਿਕਾ ਲਏ
"ਸਾਚਾ ਮੁਰਾਰੇ ਤਾਮਿ ਜਾਪਹਿ ਜਾਮਿ ਮੰਨਿ **ਵਸਾਵਹੇ**।" — ਵਡ **੧**, ਛੰਤ ੨, ੫ : ੪ (567)

ਵਸਾਵਣਾ — ਟਿਕਾਉਣਾ, ਵਸਾਣਾ
"ਨਾਨਕ ਜੁਗੁ ਜੁਗੁ ਏਕੁ ਮੰਨਿ **ਵਸਾਵਣਾ**।"
— ਮਾਝ **੧**, ਵਾਰ ੨੧ : ੮ (148)

ਵਸਾਵਣਿਆ — 1. ਵਸਾਇਆ ਹੈ, ਟਿਕਾਇਆ ਹੈ
"ਅੰਮ੍ਰਿਤ ਨਾਮੁ ਸਦਾ ਸੁਖਦਾਤਾ ਗੁਰਮਤੀ ਮੰਨਿ **ਵਸਾਵਣਿਆ**।"
— ਮਾਝ **੧**, ਅਸ ੧, ੧* : ੨ (109)
2. ਵਸਾਉਣ ਨਾਲ, ਟਿਕਾਉਣ ਨਾਲ
"ਤ੍ਰਿਸਨਾ ਤਜਿ ਸਹਜ ਸੁਖੁ ਪਾਇਆ ਏਕੋ ਮੰਨਿ **ਵਸਾਵਣਿਆ**।"
— ਮਾਝ **੩**, ਅਸ ੪, ੧ : ੩ (111)

ਵਸਾਵੈ — ਟਿਕਾ ਦੇਵੇ, ਵਸਾ ਦੇਵੇ
"ਜਿਸ ਕੈ ਅੰਤਰਿ ਸਾਚੁ **ਵਸਾਵੈ**।"
— ਗਉ **੧**, ਅਸ ੬, ੨ : ੧ (223)
"ਏਕਾਦਸੀ ਇਕੁ ਰਿਦੈ **ਵਸਾਵੈ**।" (ਵਸਾਏ, ਟਿਕਾਏ) — ਬਿਲਾ **੧**, ਥਿਤੀ ੧੩ : ੧ (840)

ਵਸਿ — 1. ਕਾਬੂ, ਅਧੀਨ, ਅਧਿਕਾਰ
"ਜਿਨਾ ਸਤਿਗੁਰੁ ਪੁਰਖੁ ਨ ਭੇਟਿਓ ਸੇ ਭਾਗਹੀਣ **ਵਸਿ** ਕਾਲ।" — ਸਿਰੀ **੪**, ੬੬, ੩ : ੧ (40)
"ਪਵਣੈ ਕੈ **ਵਸਿ** ਦੇਹੁਰੀ ਮਸਤਕਿ ਸਚੁ ਨੀਸਾਣੁ।" (ਭਾਵ ਆਸਰੇ)

— ਸਿਰੀ **੧**, ਅਸ ੧੫, ੫ : ੩ (63)
"ਨਾਨਕ ਕਾਰਣੁ ਕਰਤੇ **ਵਸਿ** ਹੈ ਗੁਰਮੁਖਿ ਬੂਝੈ ਕੋਇ।" (ਅਧਿਕਾਰ ਵਿਚ, ਹੱਥ ਵਿਚ)
— ਸਿਰੀ **੪**, ਵਾਰ ੧੮ਸ, **੩**, ੧ : ੪ (90)
"ਜਬ ਗੁਰੁ ਮਿਲਿਆ ਤਬ ਮਨੁ **ਵਸਿ** ਆਇਆ।" (ਕਾਬੂ ਵਿਚ) — ਗਉ **੪**, ੪੩, ੨ : ੧ (165)
2. ਟਿਕੇ ਹੋਏ, ਵਸੇ ਹੋਏ, ਸਥਿਤ
"ਮਨ ਤਨ ਅੰਤਰਿ **ਵਸਿ** ਰਹੇ ਨਾਨਕ ਨਹੀ ਸੁਮਾਰੁ।" — ਮਾਝ **੫**, ਦਿਨ ੨ : ੮ (137)
3. ਭਾਵ ਰਜ਼ਾ ਵਿਚ
"ਸਖੀ ਆਉ ਸਖੀ **ਵਸਿ** ਆਉ ਸਖੀ ਅਸੀ ਪਿਰ ਕਾ ਮੰਗਲੁ ਗਾਵਹ।" (ਰਜ਼ਾ ਵਿਚ ਤੁਰੀਏ)
— ਬਿਲਾ **੫**, ਛੰਤ ੩, ੧ : ੧ (847)

ਵਸਿਓ — ਸਥਿਤ ਹੋਇਆ, ਵਸਿਆ, ਟਿਕਿਆ
"ਜਾ ਮਨਿ **ਵਸਿਓ** ਹਰਿ ਕੋ ਨਾਮੁ।"
— ਗਉ **੫**, ੧੧੧*, ੧ : ੩ (202)

ਵਸਿਅੜਾ — ਵਸਿਆ ਹੋਇਆ ਹੈ
"ਤੂੰ ਨਿਜ ਘਰਿ **ਵਸਿਅੜਾ** ਹਉ ਰੁਲਿ ਭਸਮੈ ਢੇਰੀ।" — ਤੁਖਾ **੧**, ਛੰਤ ੪, ੨ : ੨ (1111)

ਵਸਿਆ — ਟਿਕਿਆ, ਸਥਿਤ ਹੋਇਆ
"ਗੁਰ ਪ੍ਰਸਾਦਿ ਨਾਨਕ ਮਨਿ **ਵਸਿਆ** ਦੂਖਿ ਨ ਕਬਹੂ ਝੂਰਉ ਬੁਝਿ ਪ੍ਰਭ ਕਉ।"
— ਜੈਤ **੫**, ੩, ੪ : ੧ (700)

ਵਸਿਐ — ਵਸਨ ਨਾਲ, ਟਿਕਨ ਨਾਲ
"ਜਿਸ ਕੇ ਜੀਅ ਪਰਾਣ ਹੈ ਮਨਿ **ਵਸਿਐ** ਸੁਖੁ ਹੋਇ।" — ਸਿਰੀ **੧**, ੧੧, ੨ : ੩ (18)

ਵਸੀ — ਨਿਵਾਸ ਕੀਤਾ, ਰਹੀ, ਵਸਦੀ ਹੈ
"ਲਾਲਿ ਰਤੀ ਸਚ ਭੈ **ਵਸੀ** ਭਾਇ ਰਤੀ ਰੰਗਿ ਰਾਸਿ।" (ਭਾਵ ਆਈ, ਰਹੀ)
— ਸਿਰੀ **੧**, ਅਸ ੨, ੧ : ੩ (54)
"ਜਿਚਰੁ **ਵਸੀ** ਪਿਤਾ ਕੈ ਸਾਥਿ।"
— ਆਸਾ **੫**, ੩, ੨ : ੧ (371)

ਵਸੀਅਲੇ — ਵਸਦਾ ਹੈ
"ਇਹੁ ਮਨੁ ਨਿਹਚਲੁ ਹਿਰਦੈ **ਵਸੀਅਲੇ** ਗੁਰਮੁਖਿ ਮੂਲੁ ਪਛਾਣਿ ਰਹੈ।"
— ਰਾਮ **੧**, ਸਿਗੋ ੬੫ : ੧ (945)

ਵਸੀਐ — ਵਸੀਦਾ ਹੈ, ਨਿਵਾਸ ਕਰੀਦਾ ਹੈ, ਟਿਕੀਦਾ ਹੈ
"ਮੇਰੇ ਮਨ ਸੇਵਹੁ ਸੋ ਪ੍ਰਭ ਸ੍ਰਬ ਸੁਖਦਾਤਾ ਜਿਤੁ ਸੇਵਿਐ ਨਿਜ ਘਰਿ **ਵਸੀਐ**।"
— ਗਉ **੪**, ੫੭, ੨ : ੧ (170)

ਵਸੀਜੈ — ਵਸਦੇ ਹਨ
"ਹਰਿ ਕੈ ਤਖਤਿ ਬਹਾਲੀਐ ਨਿਜ ਘਰਿ ਸਦਾ **ਵਸੀਜੈ**।" — ਗੂਜ **੩**, ਵਾਰ ੧੬ : ੪ (515)

ਵਸੁ — ਵਸ, ਨਿਵਾਸ ਕਰ, ਰਹੋ
"ਪੇਈਅੜੈ ਸਹੁ ਸੇਵਿ ਤੂੰ ਸਾਹੁਰੜੈ ਸੁਖਿ **ਵਸੁ**।"
— ਸਿਰੀ **੫**, ੮੩, ੩ : ੧ (50)

ਵੰਸੁ — 1. ਬੰਸਰੀ, ਵੰਝਲੀ
"ਆਪੇ ਸਾਵਲ ਸੁੰਦਰਾ ਪਿਆਰਾ ਆਪੇ **ਵੰਸੁ** ਵਜਾਹਾ।" — ਸੋਰ **੪**, ੬, ੨ : ੨ (606)
2. ਕੁਲ
"ਧੰਨੁ ਸੁ **ਵੰਸੁ** ਧੰਨੁ ਸੁ ਪਿਤਾ ਧੰਨੁ ਸੁ ਮਾਤਾ ਜਿਨਿ ਜਨ ਜਣੇ।" — ਭੈਰ **੪**, ੭, ੩ : ੧ (1135)

ਵਸੇ — 1. ਸਥਿਤ ਹੋਏ, ਟਿਕੇ, ਨਿਵਾਸ ਕਰੇ
"ਗੁਰ ਕੇ ਚਰਣ **ਵਸੇ** ਮਨ ਮਾਹੀ।"
— ਮਾਝ **੫**, ੪੩, ੧ : ੨ (107)
"ਸਗਲੇ ਕਰਮ ਧਰਮ ਸੁਚਿ ਸੰਜਮ ਜਪ ਤਪ ਤੀਰਥ ਸਬਦਿ **ਵਸੇ**।" (ਵਿਚ ਹੀ ਆ ਜਾਂਦੇ ਹਨ)
— ਪ੍ਰਭਾ **੧**, ੧੬, ੪ : ੧ (1332)
2. ਬਸ, ਕਾਫੀ ਹੈ
"ਹਮਾ ਰਾ ਏਕੁ ਆਸ **ਵਸੇ**।"
— ਮਾਝ **੧**, ਵਾਰ ੧੩ਸ, **੧**, ੫ : ੨ (144)

ਵਸੇਹਾ — ਵਸਦਾ ਹੈ
"ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ ਜਿਸੁ ਕਿਰਪਾਲੁ ਹੋਵੈ ਤਿਸੁ ਰਿਦੈ **ਵਸੇਹਾ**।"
— ਰਾਮ **੫**, ਵਾਰ ੭ਸ, **੫**, ੨ : ੧੨ (961)

ਵਸੇਰਾ — ਨਿਵਾਸ ਹੋਵੇ
"ਮੁਕਤਿ ਭਇਆ ਜਿਸੁ ਰਿਦੈ **ਵਸੇਰਾ**।"
— ਮਾਝ **੫**, ੨੩, ੪ : ੨ (101)

ਵਸੈ — 1. ਨਿਵਾਸ ਕਰਦਾ ਹੈ, ਵਸਦਾ ਹੈ
"ਜਿਨ ਕੈ ਰਾਮੁ **ਵਸੈ** ਮਨ ਮਾਹਿ।"
— ਜਪੁ **੧**, ੩੭ : ੮ (8)
2. ਵਰ੍ਹੇ, ਬਰਸੇ, ਮੀਂਹ ਪਵੇ
"ਨਾਨਕ ਸਾਵਣਿ ਜੇ **ਵਸੈ** ਚਹੁ ਵੇਛੋੜਾ ਹੋਇ।"

— ਮਲਾ **੧**, ਵਾਰ ੨੪, **੧**, ੧ : ੧ (1279)

ਵਸੁੰ — ਵਸ ਕਰ ਲੈਣਾ
"ਜਿਤਤੇ ਬਿਸ੍ਵ ਸੰਸਾਰਹ ਨਾਨਕ **ਵਸੁੰ** ਕਰੋਤਿ ਪੰਚ ਤਸਕਰਹ।" — ਸਸ **੫**, ੨੯ : ੫ (1356)

ਵਹਣ — ਹੇ ਵਹਾ !
"ਕੰਧੀ **ਵਹਣ** ਨ ਢਾਹਿ ਤਉ ਭੀ ਲੇਖਾ ਦੇਵਣਾ।" — ਸਲੋ **ਫਰ**, ੮੪ : ੧ (1382)

ਵਹਣਿ — 1. ਵਹਾ ਵਿਚ ਭਾਵ ਨਦੀ ਵਿਚ
"ਦੂਜੈ ਭਾਵੰ ਨਾਨਕ **ਵਹਣਿ** ਲੁੜ੍ਹੰਦੜੀ ਜਾਹਿ।" — ਸਲੋ **੫**, ੧੬ : ੨ (1425)
2. ਵਹਾ/ਰੋਹੜ ਵਿਚ
"ਢਹਦੀ ਜਾਇ ਕਰਾਰਿ **ਵਹਣਿ** ਵਹੰਦੇ ਮੈ ਡਿਠਿਆ।" — ਮਾਰੂ **੫**, ਵਾਰ ੮ਸ, **੫**, ੩ : ੧ (1097)

ਵਹਣੁ — ਵਹਾ, ਰੋਹੜ ਭਾਵ ਰੁਖ
"ਜਿਧਰਿ ਰਬ ਰਜਾਇ **ਵਹਣੁ** ਤਿਦਾਊ ਗੰਉ ਕਰੇ।" — ਸਲੋ **ਫਰ**, ੮੪ : ੨ (1382)

ਵਹਦਿਆ — ਰੁੜਦਿਆ
"ਕਿਤੀ ਇਤੁ ਦਰਿਆਇ ਵੰਞਨਿ **ਵਹਦਿਆ**।" — ਆਸਾ **੫**, ੧੧੦, ੧ : ੨ (398)

ਵਹੰਦੇ — ਵਗਦੇ
"ਢਹਦੀ ਜਾਇ ਕਰਾਰਿ ਵਹਣਿ **ਵਹੰਦੇ** ਮੈ ਡਿਠਿਆ।" — ਮਾਰੂ **੫**, ਵਾਰ ੮ਸ, **੫**, ੩ : ੧ (1097)

ਵਹਨਿ — ਵਗਦੀਆਂ ਹਨ
"ਝੜ ਝਖੜ ਓਹਾੜ ਲਹਰੀ **ਵਹਨਿ** ਲਖੇਸਰੀ।" — ਸਲੋ **੧**, ੪ : ੧ (1410)

ਵਹੰਨਿ — ਵਗ ਤੁਰਦੇ ਹਨ
"ਭਗਤਿ ਸਰੋਵਰੁ ਉਛਲੈ ਸੁਭਰ ਭਰੇ **ਵਹੰਨਿ**।" — ਕਾਨ **੪**, ਵਾਰ ੮ਸ, **੪**, ੧ : ੧ (1316)

ਵਹੰਨ੍ਹਿ — ਵਗਦੀਆਂ
"ਫਰੀਦਾ ਰਬ ਖਜੂਰੀ ਪਕੀਆਂ ਮਾਖਿਆ ਨਈ **ਵਹੰਨ੍ਹਿ**।" — ਸਲੋ **ਫਰ**, ੮੯ : ੧ (1382)

ਵਹਾਇਦਾ — ਵਗਾਉਂਦਾ
"ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ **ਵਹਾਇਦਾ**।"— ਮਾਰੂ **੧**, ਸੋਲਾ ੧੫, ੨ : ੩ (1035)

ਵਹਾਈਐ — ਵਗਾ ਦਿੱਤੀ
"ਹੋਰਿਂਉ ਗੰਗ **ਵਹਾਈਐ** ਦੁਨਿਆਈ ਆਖੈ ਕਿ ਕਿਓਨੁ।" — ਰਾਮ **ਬਸ**, ਵਾਰ ੪ : ੧ (967)

ਵਹਾਰੀ — ਵਹਾਨ ਵਾਲੀ, ਵਗਾਉਣ ਵਾਲੀ
"ਓਹ ਜਿ ਦਿਸੈ ਖੂਹੜੀ ਕਉਨ ਲਾਜੁ **ਵਹਾਰੀ**।" — ਗਉ **ਕਬ**, ੫੦, ੨ : ੧ (333)

ਵਹਿ — ਵਗ ਕੇ
"ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ **ਵਹਿ** ਚਲੈ ਜੀਉ।" — ਮਾਝ **੧**, ੧, ੩ : ੩ (94)

ਵਹੀ — ਹਿਸਾਬ ਦੀ ਕਿਤਾਬ
"ਲੇਖਾ ਰਬ ਮੰਗੇਸੀਆ ਬੈਠਾ ਕਢਿ **ਵਹੀ**।" — ਰਾਮ **੩**, ਵਾਰ ੧੩ਸ, **੧**, ੨ : ੨ (953)

ਵਹੁ — ਉਹ
"ਕਹੁ ਨਾਨਕ **ਵਹੁ** ਮੁਕਤਿ ਨਰੁ ਇਹ ਮਨ ਸਾਚੀ ਮਾਨੁ।" — ਸਲੋ **੯**, ੧੯ : ੨ (1427)

ਵਹੁਟੀ — ਪਤਨੀ, ਬਹੂ
"ਜਿੰਦੁ **ਵਹੁਟੀ** ਮਰਣੁ ਵਰੁ ਲੈ ਜਾਸੀ ਪਰਣਾਇ।" — ਸਲੋ **ਫਰ**, ੧ : ੫ (1377)

ਵਹੇ — ਵਗੇ
"ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ **ਵਹੇ** ਵਹਿ ਚਲੈ ਜੀਉ।" — ਮਾਝ **੧**, ੧, ੩ : ੩ (94)

ਵਹੇਲਾ — ਛੇਤੀ, ਸ਼ੀਘਰ
"ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ **ਵਹੇਲਾ**।" — ਸੂਹੀ **੧**, ੪, ੧ : ੧ (729)

ਵਹੈ — ਵਗਦੀ ਹੈ
"ਭੈ ਵਿਚਿ ਪਵਣੁ **ਵਹੈ** ਸਦਵਾਉ।" — ਆਸਾ **੧**, ਵਾਰ ੪ਸ, **੧**, ੧ : ੧ (464)
"ਭਾਣੈ ਥਲ ਸਿਰਿ ਸਰੁ **ਵਹੈ** ਕਮਲੁ ਫੁਲੈ ਆਕਾਸਿ ਜੀਉ।" (ਵਗ ਤੁਰੇ) — ਸੂਹੀ **੧**, ਕੁਚ ੨ : ੪ (762)
"ਘਟਿ ਘਟਿ ਪਉਣੁ **ਵਹੈ** ਇਕ ਰੰਗੀ ਮਿਲਿ ਪਵਣੈ ਸਭ ਵਜਾਇਦਾ।" (ਸੁਆਸ ਚਲਦਾ ਹੈ) — ਮਾਰੂ **੩**, ਸੋਲਾ ੧੮, ੪ : ੩ (1061)

ਵਖਤ — (ਫਾ. ਵਕਤ) ਸਮਾਂ, ਮੌਸਮ, ਘੜੀ, ਪਲ
"ਪੰਜ **ਵਖਤ** ਨਿਵਾਜ ਗੁਜਾਰਹਿ ਪੜਹਿ ਕਤੇਬ ਕੁਰਾਣਾ।" — ਸਿਰੀ **੧**, ੨੮, ੪ : ੧ (24)

"ਵੇਲਾ **ਵਖਤ** ਸਭਿ ਸੁਹਾਇਆ।"
— ਮਾਝ **੩**, ਅਸ ੧੧, ੨ : ੧ (115)
"ਇਕਨਾ **ਵਖਤ** ਖੁਆਈਅਹਿ ਇਕਨ੍ਾ ਪੂਜਾ ਜਾਇ।" — ਆਸਾ **੧**, ਅਸ ੧੧, ੬ : ੧ (411)

ਵਖਤੁ — ਸਮਾਂ, ਘੜੀ, ਪਲ, ਮੌਸਮ
"**ਵਖਤੁ** ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ।" — ਜਪੁ **੧**, ੨੧ : ੧੨ (4)
"ਜੇ ਵੇਲਾ **ਵਖਤੁ** ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ।" — ਸਿਰੀ **੩**, ੫੫, ੧ : ੧ (35)
"**ਵਖਤੁ** ਵੀਚਾਰੇ ਸੁ ਬੰਦਾ ਹੋਇ।" (ਭਾਵ ਮਨੁਖਾ ਜਨਮ) — ਸਿਰੀ **੪**, ਵਾਰ ੪ਸ, **੧**, ੧ : ੨ (84)

ਵਖਤੈ — ਵੇਲੇ ਸਿਰ
"ਸੇਈ ਪੂਰੇ ਸਾਹ **ਵਖਤੈ** ਉਪਰਿ ਲੜਿ ਮੁਏ।" (ਅਰਥਾਤ ਅੰਮ੍ਰਿਤ ਵੇਲੇ ਨੂੰ ਸੰਭਾਲ ਲਿਆ)
— ਮਾਝ **੧**, ਵਾਰ ੧੭ਸ, **੧**, ੧ : ੨ (145)

ਵਖਰ — ਸੌਦਾ, ਸਾਮਾਨ
"ਵਿਣੁ **ਵਖਰ** ਦੁਖੁ ਅਗਲਾ ਕੂੜਿ ਮੁਠੀ ਕੂੜਿਆਰਿ।"
— ਸਿਰੀ **੧**, ਅਸ ੬, ੨ : ੩ (56)
"ਬਿਨੁ **ਵਖਰ** ਫਿਰਿ ਫਿਰਿ ਉਠਿ ਲਾਗੈ।" (ਭਾਵ ਨਾਮ ਦੀ ਪੂੰਜੀ)
— ਰਾਮ **੫**, ੫੪, ੩ : ੪ (900)
"**ਵਖਰ** ਤੈ ਵਣਜਾਰਿਆ ਦੁਹਾ ਰਹੀ ਸਮਾਇ।" (ਭਾਵ ਵਖਰ ਵਾਲੇ ਗੁਰੂ ਤੇ ਗੁਰਮੁਖਾਂ)
— ਰਾਮ **੩**, ਵਾਰ ੧੫ਸ, **੨**, ੨ : ੨ (954)

ਵਖਰੁ — ਸੌਦਾ, ਸੌਦਾਗਰੀ ਦਾ ਮਾਲ
"ਗੁਰਮੁਖਿ ਵਸਤੁ ਵੇਸਾਹੀਐ ਸਚੁ **ਵਖਰੁ** ਸਚੁ ਰਾਸਿ।" — ਸਿਰੀ **੧**, ੧੧, ੪ : ੧ (18)

ਵਖਰੋ — ਸੌਦਾ
"ਰਾਮ ਨਾਮੁ ਧਨੁ **ਵਖਰੋ** ਨਾਨਕ ਸਦਾ ਧਿਆਇ।"
— ਗਉ **੫**, ਵਾਰ ੨੮ਸ, **੫**, ੨ : ੨ (315)

ਵਖਾਣ — ਬਿਆਨ ਕਰਨੇ
"ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ **ਵਖਾਣ**।" — ਸਿਰੀ **੧**, ੪, ੩ : ੩ (15)

ਵਖਾਣਉ — ਬਿਆਨ ਕਰਾਂ
"ਤਿਤੁ ਕੁਲਿ ਗੁਰ ਅਮਰਦਾਸੁ ਆਸਾ ਨਿਵਾਸੁ ਤਾਸੁ ਗੁਣ ਕਵਣੁ **ਵਖਾਣਉ**।"
— ਸਵ **੩**, ੧੫ : ੩ (1395)

ਵਖਾਣਏ — ਬਿਆਨ ਕਰੇ
"ਜੀਅ ਜੰਤ ਸਭਿ ਖੇਲੁ ਤੇਰਾ ਕਿਆ ਕੋ ਆਖਿ **ਵਖਾਣਏ**।" — ਰਾਮ **੩**, ਅਨੰ ੧੨ : ੩ (918)

ਵਖਾਣਹ — ਬਿਆਨ ਕਰੀਏ
"ਜਿਹਵਾ ਕਿਆ ਗੁਣ ਆਖਿ **ਵਖਾਣਹ** ਤੁਮ ਵਡ ਅਗਮ ਵਡ ਪੁਰਖਾ।"
— ਜੈਤ **੪**, ੨, ੪ : ੧ (696)

ਵਖਾਣਹਿ — 1. ਬਿਆਨ ਕਰਦੇ ਹਨ
"ਸੁਣਹਿ **ਵਖਾਣਹਿ** ਜੇਤੜੇ ਹਉ ਤਿਨ ਬਲਿਹਾਰੈ ਜਾਉ।" — ਸਿਰੀ **੧**, ੫, ੨ : ੨ (16)
"ਪੜਿ ਵਾਦੁ **ਵਖਾਣਹਿ** ਸਿਰਿ ਮਾਰੇ ਜਮ ਕਾਲਾ।" (ਭਾਵ ਝਗੜੇ ਦੀਆਂ ਗਲਾਂ ਕਰਦੇ ਹਨ, ਬਹਿਸਾਂ ਛੇੜਦੇ ਹਨ)— ਗਉ **੩**, ਅਸ ੪, ੨ : ੨ (230)
"ਪੰਡਿਤ ਪੜਹਿ **ਵਖਾਣਹਿ** ਵੇਦੁ।" (ਭਾਵ ਸਮਝਾਉਂਦੇ) — ਆਸਾ **੧**, ੨੧, ੪ : ੧ (355)
2. ਬਿਆਨ ਕਰਦਾ ਹੈਂ
"ਤੂ ਆਪੇ ਬੂਝਹਿ ਸੁਣਿ ਆਪਿ **ਵਖਾਣਹਿ**।"
— ਮਲਾ **੫**, ੨੦, ੪ : ੨ (1271)

ਵਖਾਣਦੇ — ਬਿਆਨ ਕਰਦੇ,
"ਪੜਿ ਪੜਿ ਪੰਡਿਤ ਵਾਦੁ **ਵਖਾਣਦੇ** ਮਾਇਆ ਮੋਹ ਸੁਆਇ।"
— ਸਾਰ **੪**, ਵਾਰ ੩੧ਸ, **੩**, ੧ : ੧ (1249)

ਵਖਾਣਾ — 1. ਬਿਆਨ ਕਰਾਂ
"ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ **ਵਖਾਣਾ**।"
— ਆਸਾ **੪**, ਸੋਪੁ ੧, ੨ : ੪ (11)
2. ਜਪਾਂ, ਉਚਾਰਾਂ, ਸਿਮਰਾਂ
"ਕਰਹੁ ਦਇਆ ਤੇਰਾ ਨਾਮੁ **ਵਖਾਣਾ**।"
— ਵਡ **੧**, ਛੰਤ ੨, ੧ : ੧ (566)
"ਦੀਨਾ ਨਾਥੁ ਦਇਆਲੁ ਨਿਰੰਜਨੁ ਅਨਦਿਨੁ ਨਾਮੁ **ਵਖਾਣਾ**।"— ਧਨਾ **੧**, ਛੰਤ ੨, ੫ : ੪ (689)
"ਸਦਾ ਸਾਹਿਬ ਕੈ ਰੰਗੇ ਰਾਤਾ ਅਨਦਿਨੁ ਨਾਮੁ **ਵਖਾਣਾ**।" (ਉਚਾਰਦਾ ਹਾਂ)
— ਮਾਰੂ **੧**, ਅਸ ੧੧, ੧ : ੨ (1015)

ਵਖਾਣਿ — 1. ਬਿਆਨ ਕੀਤਾ ਜਾਂਦਾ ਹੈ
"ਅਖਰਾ ਸਿਰਿ ਸੰਜੋਗੁ **ਵਖਾਣਿ**।"
— ਜਪੁ **੧**, ੧੯ : ੨ (4)

2. ਬਿਆਨ ਕਰਕੇ
"ਝੂਠੋ ਝੂਠੁ **ਵਖਾਣਿ** ਸੁ ਮਹਲੁ ਖੁਆਈਐ।"
— ਮਾਝ **੧**, ਵਾਰ ੧੮ : ੬ (146)
"ਸਚੁ ਸੁਣਿ ਬੁਝਿ **ਵਖਾਣਿ** ਮਹਲਿ ਬੁਲਾਈਐ।" (ਬਿਆਨ ਕਰੀਏ ਤਾਂ)
— ਮਾਝ **੧**, ਵਾਰ ੧੮ : ੮ (147)
"ਬੇਦ **ਵਖਾਣਿ** ਕਹਹਿ ਇਕੁ ਕਹੀਐ।" (ਵਖਿਆਣ ਕਰਕੇ)
— ਬਸੰ **੧**, ਅਸ ੩, ੨ : ੧ (1188)

ਵਖਾਣਿਓ — ਬਿਆਨ ਕਰਦਾ ਹੈ, ਕਹਿੰਦਾ ਹੈ
"ਪਾਤਾਲਪੁਰੀ ਜੈਕਾਰ ਧੁਨਿ ਕਬਿ ਜਨ ਕਲ **ਵਖਾਣਿਓ**।" — ਸਵ **੧**, ੬ : ੫ (1390)

ਵਖਾਣਿਆ — ਬਿਆਨ ਕੀਤਾ
"ਗੁਰ ਪਰਸਾਦਿ ਅਕਥੁ ਨਾਨਕਿ **ਵਖਾਣਿਆ**।"
— ਆਸਾ **੫**, ੧੦੨, ੪ : ੨ (397)
"ਮਨ ਆਦਿ ਗੁਣ ਆਦਿ **ਵਖਾਣਿਆ**।" (ਭਾਵ ਸਿਮਰਿਆ) — ਮਾਰੂ **ਜੈਦ**, ੧, ੧*: ੧ (1106)
"ਤੁਧੁ ਸਰਿ ਅਵਰੁ ਨ ਕੋਇ ਕਿ ਆਖਿ **ਵਖਾਣਿਆ**।" (ਬਿਆਨ ਕਰੀਏ)
— ਮਲਾ **੧**, ਵਾਰ ੧ : ੨ (1279)

ਵਖਾਣੀ — 1. ਬਿਆਨ ਕੀਤੀ
"ਤੁਧੁ ਆਪਿ ਕਥੀ ਤੈ ਆਪਿ **ਵਖਾਣੀ**।"
— ਮਾਝ **੫**, ੧੨, ੩ : ੨ (99)
"ਤੁਧੁ ਭਾਵੈ ਤਾ ਸਚੁ **ਵਖਾਣੀ**।" (ਬਿਆਨ ਕਰਾਂ, ਆਖਾਂ, ਬੋਲਾਂ) — ਗਉ **੫**, ੮੩, ੨ : ੨ (180)
"ਗੁਰ ਕੈ ਬਚਨਿ ਸੁਣਿ ਰਸਨ **ਵਖਾਣੀ**।" (ਬਿਆਨ ਕਰਦਾ ਹਾਂ) — ਗਉ **੫**, ਅਸ ੮, ੨ : ੧ (239)
"ਨਾਨਕ ਸਾਚੇ ਸਾਚਿ ਸਮਾਣੇ ਹਰਿ ਕਾ ਨਾਮੁ **ਵਖਾਣੀ**।" (ਬਿਆਨ ਕਰਕੇ)
— ਸਾਰ **੩**, ਅਸ ੧, ੮ : ੨ (1233)
2. ਉਚਾਰੀ
"ਸੁਣਿ ਸ੍ਰਵਣ ਬਾਣੀ ਗੁਰਿ **ਵਖਾਣੀ** ਹਰਿ ਰੰਗੁ ਤੁਰੀ ਚੜਾਇਆ।"
— ਵਡ **੪**, ਘੋੜੀ ੧, ੩ : ੫ (575)
"ਨਾਨਕ ਦਾਸ **ਵਖਾਣੀ**।" (ਉਚਾਰਨ ਕੀਤੀ)
— ਸੋਰ **੫**, ੬੬, ੨ : ੩ (626)
"ਅਨਦਿਨੁ ਹਰਿ ਕਾ ਨਾਮੁ **ਵਖਾਣੀ**।" (ਉਚਾਰਣ ਕਰੀਂ, ਜਪੀਂ)
— ਮਾਰੂ **੩**, ਸੋਲ ੧੩, ੧੦ : ੨ (1057)
"ਏਕੁ ਨਿਧਾਨੁ ਦੇਹਿ ਤੂ ਅਪਣਾ ਅਹਿਨਿਸਿ ਨਾਮੁ **ਵਖਾਣੀ**।" (ਜਪਾਂ)
— ਮਲਾ **੩**, ੧, ੩ : ੩ (1257)

ਵਖਾਣੀਆ — 1. ਜਪਨ ਨਾਲ
"ਸਭੁ ਜਨਮੁ ਸਫਲਿਉ ਕੀਆ ਕਰਤੈ ਹਰਿ ਨਾਮਿ **ਵਖਾਣੀਆ**।"— ਵਡ **੪**, ਘੋੜੀ ੨, ੧ : ੪ (576)
2. ਜਪਾਂ, ਸਿਮਰਾਂ, ਬਿਆਨ ਕਰਾਂ, ਵਖਾਣਾਂ
"ਅੰਮ੍ਰਿਤ ਨਾਮ ਦਾਨੁ ਨਾਨਕ ਕਉ ਗੁਣ ਗੀਤਾ ਨਿਤ **ਵਖਾਣੀਆ**।"
— ਮਾਰੂ **੫**, ਅਸ ੮, ੮ : ੩ (1020)

ਵਖਾਣੀਐ — 1. ਬਿਆਨ ਕਰੀਏ, ਆਖੀਐ, ਦਸੀਏ
"ਬਹੁਤੋ ਬਹੁਤੁ **ਵਖਾਣੀਐ** ਊਚੋ ਊਚਾ ਥਾਉ।"
— ਸਿਰੀ **੫**, ੭੨, ੪ : ੧ (44)
"ਸਬਦਾਹ ਮਾਹਿ **ਵਖਾਣੀਐ** ਵਿਰਲਾ ਤ ਬੂਝੈ ਕੋਇ।" (ਬਿਆਨ ਕੀਤੀ ਜਾ ਰਹੀ ਹੈ)
— ਸਿਰੀ **੧**, ਅਸ ੧੨, ੫ : ੧ (64)
2. ਜਪੀਏ
"ਸਚੋ ਸਚੁ **ਵਖਾਣੀਐ** ਸਚੋ ਬੁਧਿ ਬਿਬੇਕ।"
— ਸਿਰੀ **੫**, ੯੮, ੪ : ੨ (52)
"ਜਿਤੁ ਮਿਲਿਐ ਨਾਮੁ **ਵਖਾਣੀਐ**।" (ਉਚਾਰੀਦਾ/ਜਪੀਦਾ ਹੈ)
— ਸਿਰੀ **੧**, ਅਸ ੨੮, ੧੩ : ੨ (72)

ਵਖਾਣੁ — 1. ਵਿਖਿਆਣ
"ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ **ਵਖਾਣੁ**।" — ਸਿਰੀ **੧**, ਅਸ ੫, ੨ : ੩ (56)
2. ਬਿਆਨ ਕਰੀਦਾ ਹੈ, ਉਚਾਰਨ ਕਰੀਦਾ ਹੈ
"ਗੁਰ ਕਿਰਪਾ ਤੇ ਨਾਮੁ **ਵਖਾਣੁ**।"
— ਸਿਰੀ **੫**, ੧੧੬, ੩ : ੨ (189)
3. ਆਖ, ਬਿਆਨ ਕਰ
"ਜਿਸੁ ਸਚੁ ਸੰਜਮੁ ਵਰਤੁ ਸਚੁ ਕਬਿ ਜਨ ਕਲ **ਵਖਾਣੁ**।" — ਸਵ **੨**, ੯ : ੩ (1392)

ਵਖਾਣੇ — ਉਚਾਰਨ ਦੇ, ਜਪਨ ਦੇ
"ਹਉ ਰਹਿ ਨ ਸਕਾ ਬਿਨੁ ਨਾਮ **ਵਖਾਣੇ**।"
— ਮਾਝ **੪**, ੩, ੩ : ੨ (95)

"ਹਰਿ ਗੁਣ ਗਾਵਹਿ ਸਚੁ **ਵਖਾਣੇ**।" (ਬਿਆਨਦੇ ਹਨ, ਆਖਦੇ ਹਨ)
— ਮਾਝ **੩**, ਅਸ ੪, ੮ : ੨ (111)
"ਮੁਕਤ ਬੰਧ ਸਭਿ ਤੁਝ ਤੇ ਹੋਏ ਐਸਾ ਆਖਿ **ਵਖਾਣੇ**।" (ਆਖਣਾ ਬਣਦਾ ਹੈ)
— ਬਿਲਾ **੩**, ੧, ੨ : ੨ (796)

ਵਖਾਣੈ — 1. ਬਿਆਨ ਕਰੇ
"ਹਰਿ ਗੁਣ ਸਦ ਹੀ ਆਖਿ **ਵਖਾਣੈ**।"
— ਆਸਾ **੪**, ਸੋਪੁ ੨, ੩ : ੨ (11)
2. ਕਰਦਾ ਹੈ, ਕਹਿੰਦਾ ਹੈ, ਆਖਦਾ ਹੈ
"ਨਾਨਕੁ **ਵਖਾਣੈ** ਬੇਨਤੀ ਜਲਿ ਥਲਿ ਮਹੀਅਲਿ ਸੋਇ।"— ਸਿਰੀ **੧**, ਅਸ ੧੭, ੫ : ੨ (64)
"ਜੇ ਕਿਸੈ ਦੇਇ **ਵਖਾਣੈ** ਨਾਨਕੁ ਆਗੈ ਪੂਛ ਨ ਲੇਇ।" (ਕਹਿੰਦਾ ਹੈ)
— ਆਸਾ **੧**, ੩, ੪ : ੩ (349)
3. ਉਚਾਰਨ ਕਰਦਾ ਹੈ, ਪੜ੍ਹਦਾ ਹੈ
"ਸਿਮ੍ਰਿਤਿ ਸਾਸਤ ਬੇਦ **ਵਖਾਣੈ**।"
— ਮਾਝ **੩**, ਅਸ ੮, ੭ : ੧ (114)
"ਤੇਰਾ ਦੀਆ ਨਾਮੁ **ਵਖਾਣੈ**।" (ਜਪਦਾ/ਸਿਮਰਦਾ ਹੈ) — ਵਡ **੫**, ੮, ੧ : ੨ (563)

ਵਖਾਣੋ — ਬਿਆਨ ਕਰੇ, ਕਹੇ
"ਜਿਨਿ ਥਾਪੀ ਬਿਧਿ ਜਾਣੈ ਸੋਈ ਕਿਆ ਕੋ ਕਹੈ **ਵਖਾਣੋ**।" — ਵਡ **੧**, ਅਲਾ ੪, ੧ : ੫ (581)

ਵਖਾਨ — ਬਿਆਨ ਕਰੀਏ, ਉਚਾਰੀਏ
"ਆਵਹੁ ਸੰਤ ਮਿਲਹੁ ਮੇਰੇ ਭਾਈ ਮਿਲਿ ਹਰਿ ਹਰਿ ਨਾਮੁ **ਵਖਾਨ**।"— ਪ੍ਰਭਾ **੪**, ੧, ੨ : ੧ (1335)

ਵਖਾਨੰ — ਬਿਆਨ ਕਰਦਾ ਹੈ, ਆਖਦਾ ਹੈ
"ਨਾਮੁ ਮਨਿ ਭਾਵੈ ਕਹੈ ਕਹਾਵੈ ਤਤੋ ਤਤੁ **ਵਖਾਨੰ**।"
— ਸੋਰ **੧**, ਅਸ ੧, ੮ : ੨ (635)

ਵਖਾਨਉ — ਬਿਆਨ ਕਰਾਂ, ਆਖਾਂ
"ਸੰਤਨ ਕੀ ਮਹਿਮਾ ਕਵਨ **ਵਖਾਨਉ**।"
— ਗਉ **੫**, ੯੬, ੪ : ੧ (181)

ਵਖਾਨਈ — ਬਿਆਨ ਕਰਦੇ ਹਨ
"ਦੇਖਿ ਚਲਤ ਦਇਆਲ ਸੁਣਿ ਭਗਤ **ਵਖਾਨਈ**।"
— ਰਾਮ **੫**, ਛੰਤ ੨, ੩ : ੨ (925)

ਵਖਾਨਹਿ — ਬਿਆਨ ਕਰਦੇ ਹਨ, ਆਖਦੇ ਹਨ
"ਖਟੁ ਭੀ ਏਕਾ ਬਾਤ **ਵਖਾਨਹਿ**।"
— ਰਾਮ **੫**, ੧੨, ੧ : ੨ (886)

ਵਖਾਨਣਿਆ — ਬਿਆਨ ਕਰੀਦਾ ਹੈ
"ਤਨੁ ਸਾਚਾ ਰਸਨਾ ਸਚਿ ਰਾਤੀ ਸਚੁ ਸੁਣਿ ਆਖਿ **ਵਖਾਨਣਿਆ**।"
— ਮਾਝ **੩**, ਅਸ ੧੮, ੨ : ੩ (119)

ਵਖਾਨਾ — 1. ਉਚਾਰਿਆ
"ਸੰਤ ਰਸਨ ਹਰਿ ਨਾਮੁ **ਵਖਾਨਾ**।"
— ਮਾਝ **੫**, ੩੦, ੨ : ੨ (103)
"ਸੂਖ ਸਹਜ ਹਰਿ ਨਾਮੁ **ਵਖਾਨਾ**।" (ਜਪਨ/ਸਿਮਰਨ ਨਾਲ)
— ਮਾਝ **੫**, ੩੨, ੪ : ੨ (104)
"ਦਿਨੁ ਰੈਣਿ ਤੇਰਾ ਨਾਮੁ **ਵਖਾਨਾ**।" (ਉਚਾਰਦਾ/ਜਪਦਾ ਹਾਂ)
— ਆਸਾ **੫**, ੬੯, ੧ : ੨ (388)
2. ਬਿਆਨ ਕਰਦਾ ਹੈ
"ਆਪਿ ਗੁਪਤਾ ਆਪਿ ਮੁਕਤਾ ਆਪਿ ਆਪੁ **ਵਖਾਨਾ**।"
— ਵਡ **੫**, ਛੰਤ ੨, ੪ : ੫ (578)
3. ਆਖਦਾ ਹੈ
"ਹਰਿ ਨਾਨਕ ਸਾਚੁ **ਵਖਾਨਾ**।"
— ਸੋਰ **੫**, ੨੨, ੨ : ੪ (628)

ਵਖਾਨਿਆ — ਆਖਿਆ, ਬਿਆਨ ਕੀਤਾ
"ਜਿਨਿ ਕਹਿਆ ਤਿਨਿ ਕਹਨੁ **ਵਖਾਨਿਆ**।"
— ਗਉ **੧**, ਅਸ ੨, ੬ : ੧ (221)

ਵਖਾਨੀ — 1. ਕਹੀਦਾ ਹੈ, ਜਪੀਦਾ ਹੈ
"ਪਹਰ ਮੂਰਤ ਪਲ ਗਾਵਤ ਗਾਵਤ ਗੋਵਿੰਦ ਗੋਵਿੰਦ **ਵਖਾਨੀ**।" — ਆਸਾ **੫**, ੧੩੫, ੧ : ੧ (404)
"ਜਿ ਕਰਾਵੈ ਸੁ ਨਾਮੁ **ਵਖਾਨੀ**।" (ਪੈਂਦਾ ਹੈ, ਕਹਾਉਂਦਾ ਹੈ, ਆਖੀਦਾ ਹੈ)
— ਮਾਰੂ **੫**, ੧੭, ੪ : ੪ (1004)
2. ਉਚਾਰਨ ਕਰਾਂ, ਜਪਾਂ
"ਨੈਣੀ ਬਿਰਹੁ ਦੇਖਾ ਪ੍ਰਭ ਸੁਆਮੀ ਰਸਨਾ ਨਾਮੁ **ਵਖਾਨੀ**।"
— ਸਾਰ **੪**, ੫, ੩ : ੧ (1200

ਵਖਾਨੁ — ਬਿਆਨ, ਕਥਨ
"ਮਨਿ ਮਾਨਿਐ ਸਚੁ ਸੁਰਤਿ **ਵਖਾਨੁ**।"
— ਆਸਾ **੧**, ਅਸ ੩, ੧ : ੨ (412)

"ਅਵਰੁ ਸਭੁ ਕਿਛੁ ਮਿਥਿਆ ਰਸਨਾ ਰਾਮ ਰਾਮ **ਵਖਾਨੁ**।" (ਉਚਾਰ)
— ਮਾਰੂ **੫**, ੨੪, ੧ : ੨ (1006)

ਵਖਾਨੈ — 1. ਬਿਆਨ ਕਰੇ
"ਕਿਆ ਕੋ ਕਹੈ ਕਿਆ ਆਖਿ **ਵਖਾਨੈ**।"
— ਗਉ **੫**, ੭੮, ੪ : ੨ (178)
2. ਕਹਿੰਦਾ ਹੈ, ਜਪਦਾ ਹੈ, ਉਚਾਰਦਾ ਹੈ
"ਗੁਰਮੁਖਿ ਨਾਮੁ ਸਦਾ ਸਦਾ **ਵਖਾਨੈ**।"
— ਬਿਲਾ **੩**, ਅਸ ੧, ੫ : ੩ (833)

ਵਖਿ — 1. ਵਖਰੇ, ਇਕ ਪਾਸੇ
"ਜਿਨ ਅੰਦਰਿ ਕਪਟੁ ਵਿਕਾਰੁ ਝੂਠੁ ਓਇ ਆਪੇ ਸਚੈ **ਵਖਿ** ਕਢੇ ਜਜਮਾਲੇ।"
— ਗਉ **੪**, ਵਾਰ ੧੦ਸ, **੪**, ੧ : ੨ (304)
2. ਅਡ ਅਡ, ਨਿਰਾਲਾ
"ਗ੍ਰਿਹਿ ਬਸਨਿ ਨ ਦੇਈ **ਵਖਿ ਵਖਿ** ਭਰਮਾਵੈ।"
— ਆਸਾ **੫**, ੪, ੧ : ੪ (371)
"ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ **ਵਖਿ** ਇਕੇਲਾ।" — ਤਿਲੰ **੧**, ੫, ੨ : ੨ (723)

ਵਖਿਆਣ — ਕਥਨ, ਵਿਆਖਿਆ ਭਰਿਆ ਕਥਨ, ਬਿਆਨ
"ਆਖਹਿ ਪੜੇ ਕਰਹਿ **ਵਖਿਆਣ**।"
— ਜਪੁ **੧**, ੨੬ : ੧੨ (5)

ਵਖਿਆਣੁ — ਬਿਆਨ, ਕਥਨ
"ਕਰੇ **ਵਖਿਆਣੁ** ਜਾਣੈ ਜੇ ਕੋਈ।"
— ਆਸਾ **੧**, ੮, ੧* : ੧ (351)

ਵਖਿਆਨ — ਕਥਨ, ਬਿਆਨ
"ਖਟ ਸਾਸਤ੍ਰ ਸਿਮ੍ਰਿਤਿ **ਵਖਿਆਨ**।"
— ਗਉ **੫**, ਸੁਖ ੩, ੧ : ੨ (265)

ਵਖਿਆਨਾ — ਕਥਨ, ਬਿਆਨ
"ਜਬ ਅਪੁਨੀ ਜੋਤਿ ਖਿੰਚਹਿ ਤੂ ਸੁਆਮੀ ਤਬ ਕੋਈ ਕਰਉ ਦਿਖਾ **ਵਖਿਆਨਾ**।"
— ਬਿਲਾ **੩**, ੩, ੨ : ੨ (797)

ਵਖਿਆਨੀ — ਬਿਆਨ ਕਰਨਾ, ਕਥਨ ਕਰਨਾ
"ਗੁਰ ਪਰਸਾਦਿ ਕਿਨੈ **ਵਖਿਆਨੀ**।"
— ਗਉ **੫**, ਸੁਖ ੧੨, ੮ : ੨ (279)

ਵਖਿਆਨੁ — ਬਿਆਨ, ਕਥਨ
"ਤੀਨਿ ਅਵਸਥਾ ਕਹਹਿ **ਵਖਿਆਨੁ**।"
— ਗਉ **੧**, ੧੨, ੧ : ੩ (154)

ਵਖੇ — ਵਖਰਾ, ਵਖੇਪਤਾਮਈ
"ਸਾਹੁਰੜੀ ਵਥੁ ਸਭੁ ਕਿਛੁ ਸਾਝੀ ਪੇਵਕੜੈ ਧਨ **ਵਖੇ**।" — ਬਸੰ **੧**, ੧੦, ੧ : ੧ (1171)

ਵਖ੍ਾਨਾ — ਬਿਆਨ ਹੁੰਦਾ ਹੈ, ਕਥਨ ਕੀਤਾ ਜਾਂਦਾ ਹੈ
"ਅਖਰ ਨਾਦ ਕਥਨ **ਵਖ੍ਾਨਾ**।"
— ਗਉ **੫**, ਬਾਅ ੫੪ : ੪ (261)

ਵਗਨਿ — ਵਗ ਰਹੀਆਂ ਹਨ, ਉਠ ਰਹੀਆਂ ਹਨ
"ਚਿੜੀ ਚੁਹਕੀ ਪਹੁ ਫੁਟੀ **ਵਗਨਿ** ਬਹੁਤੁ ਤਰੰਗ।"
— ਗਉ **੫**, ਵਾਰ ੬ਸ, **੫**, ੧ : ੧ (319)

ਵਗਾਇਨਿ — ਚਲਾਉਂਦੇ ਹਨ
"ਛੁਰੀ **ਵਗਾਇਨਿ** ਤਿਨ ਗਲਿ ਤਾਗ।"
— ਆਸਾ **੧**, ਵਾਰ ੧੬ਸ, **੧**, ੨ : ੨ (471)

ਵਗਾਈ — ਚਲਾਈ
"ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ **ਵਗਾਈ**।"— ਆਸਾ **੧**, ਅਸ ੧੨, ੫ : ੧ (418)

ਵਗਾਵਹਿ — ਚਲਾਏ
"ਜਾ ਤੁਧੁ ਭਾਵੈ ਤੇਗ **ਵਗਾਵਹਿ** ਸਿਰ ਮੁੰਡੀ ਕਟਿ ਜਾਵਹਿ।"
— ਮਾਝ **੧**, ਵਾਰ ੧੫ਸ, **੧**, ੧ : ੫ (145)

ਵਗਿ — ਵਗ/ਸਮੂੰਹ/ਇਜੜ/ਚੌਣਾ ਵਿਚ
"ਮਨਮੁਖਿ ਬੰਨ੍ਹਿ ਚਲਾਈਅਹਿ ਨਾ ਮਿਲਹੀ **ਵਗਿ** ਸਗਿ।" — ਸਲੋ **੩**, ੬ : ੪ (1413)

ਵੰਗੁੜੀਆਹਾ — ਵੰਗਾਂ, ਚੂੜੀਆਂ
"ਨਾ ਮਨੀਆਰੁ ਨ ਚੂੜੀਆ ਨਾ ਸੇ **ਵੰਗੁੜੀਆਹਾ**।"
— ਵਡ **੧**, ੩, ੧ : ੭ (557)

ਵਗੈ — 1. ਚਲੈ, ਫਿਰੇ
"ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ **ਵਗੈ** ਕਾਤੀ।" — ਗਉ **੧**, ੧੭, ੬ : ੧ (156)
"ਕੰਨੀ ਬੁਜੇ ਦੇ ਰਹਾਂ ਕਿਤੀ **ਵਗੈ** ਪਉਣੁ।" (ਚਲੇ)
— ਸਲੋ **ਫਰ**, ੮੮ : ੨ (1382)
2. ਵਗ ਨੂੰ, ਇਜੜ ਨੂੰ, ਚੌਣੇ ਨੂੰ
"ਸਕਤਾ ਸੀਹੁ ਮਾਰੇ ਪੈ **ਵਗੈ** ਖਸਮੈ ਸਾ ਪੁਰਸਾਈ।"— ਆਸਾ **੧**, ੩੯, ੨ : ੧ (360)

ਵਚਨ — ਕਥਨ, ਬੋਲ, ਬਚਨ
"ਭਗਤ ਮੁਖੈ ਤੇ ਬੋਲਦੇ ਸੇ **ਵਚਨ** ਹੋਵੰਦੇ।"

— ਗਉ **੪**, ਵਾਰ ੧੨ : ੨ (306)

ਵਚਨੁ — ਬਚਨ, ਕਥਨ, ਬੋਲ
"ਸਤਿਗੁਰ **ਵਚਨੁ** ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ।" — ਸਿਰੀ **੪**, ੬੯, ੨ : ੨ (41)
"ਤੁਝੈ ਬਿਨਾ ਹਉ ਕਿਤਹੀ ਨ ਲੇਖੈ **ਵਚਨੁ** ਦੇਹਿ ਛੋਡਿ ਨ ਜਾਸਾ ਹੇ।" (ਭਾਵ ਇਕਰਾਰ ਕਰ)
— ਮਾਰੂ **੫**, ਸੋਲ ੨, ੭ : ੩ (1073)

ਵਛਲ — (ਸੰ. ਵਤਸਲ) ਪਿਆਰ ਵਾਲਾ, ਸਨੇਹ ਵਾਲਾ, ਪਿਆਰਾ
"ਭਗਤਿ **ਵਛਲ** ਸਦਾ ਕਿਰਪਾਲ।"
— ਗਉ **੫**, ਸੁਖ ੨੦, ੭ : ੨ (290)

ਵਛਲੁ — ਪਿਆਰ ਕਰਨ ਵਾਲਾ, ਵੇਖੋ 'ਵਛਲਾ'
"ਭਗਤਿ **ਵਛਲੁ** ਹਰਿ ਮਨਿ ਵਸਿਆ ਸਹਜਿ ਮਿਲਿਆ ਪ੍ਰਭੁ ਸੋਇ।"
— ਸਿਰੀ **੩**, ਅਸ ੨੧, ੮ : ੨ (67)
"ਭਗਤਿ **ਵਛਲੁ** ਤੇਰਾ ਬਿਰਦੁ ਹੈ ਜੁਗਿ ਜੁਗਿ ਰਤੰਦਾ।" — ਗਉ **੫**, ਵਾਰ ੫ : ੪ (319)

ਵਜ — ਵਾਜੇ
"ਕਿਤੀ ਬੈਹਨਿ ਬੈਹਣੇ ਮੁਚੁ ਵਜਾਇਨਿ **ਵਜ**।"
— ਗੂਜ **੫**, ਵਾਰ ੨ਸ, **੫**, ੨ : ੧ (518)

ਵਜਈਆ — ਵਜਦੇ ਰਹਿੰਦੇ ਹਨ
"ਇਹੁ ਮਨੁ ਨਾਚੈ ਸਤਿਗੁਰ ਆਗੈ ਅਨਹਦ ਸਬਦ ਧੁਨਿ ਤੂਰ **ਵਜਈਆ**।"
— ਬਿਲਾ **੪**, ਅਸ ੩, ੫ : ੧ (835)

ਵਜਹਿ — 1. ਵਜਦੇ ਹਨ
"ਓਥੈ ਅਨਹਦ ਸਬਦ **ਵਜਹਿ** ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ।"
— ਮਾਝ **੩**, ਅਸ ੨੫, ੬ : ੩ (124)
2. (ਫ਼ਾ. ਵਜਹ) ਵਜਾ ਤੋਂ, ਕਾਰਨ ਤੋਂ ਸਬਦ ਤੋਂ
"ਡਾਨੁ ਸਗਲ ਗੈਰ **ਵਜਹਿ** ਭਰਿਆ ਦੀਵਾਨ ਲੇਖੈ ਨ ਪਰਿਆ।"
— ਆਸਾ **੫**, ੧੫੨, ੩ : ੧ (408)
3. ਵਜਦੇ ਹਨ, ਪੈਂਦੇ ਹਨ
"ਜਮਪੁਰਿ **ਵਜਹਿ** ਖੜਗ ਕਰਾਰੇ।"
— ਮਾਰੂ **੧**, ੧੨, ੪ : ੨ (993)

ਵਜਹੁ — 1. (ਅ. ਵਜ਼ਹ) ਤਨਖਾਹ, ਉਜਰਤ
"ਵਾਪਾਰੀ ਵਣਜਾਰਿਆ ਆਏ **ਵਜਹੁ** ਲਿਖਾਇ।"
— ਸਿਰੀ **੧**, ਅਸ ੯, ੬ : ੧ (59)
"**ਵਜਹੁ** ਸਾਹਿਬੁ ਕਾ ਸੇਵ ਬਿਰਾਨੀ।"
— ਆਸਾ **੫**, ੨੨, ੨ : ੧ (376)
2. ਬਤੌਰ , ਦੇ ਰੂਪ ਵਿਚ
"ਬਖਸੀਸ **ਵਜਹੁ** ਮਿਲਿ ਏਕੁ ਨਾਮੁ।"
— ਗਉ **੫**, ੧੪੧*, ੩ : ੧ (210)

ਵਜਗਿ — ਵਜਦੀ ਹੈ
"ਵਦੀ ਸੁ **ਵਜਗਿ** ਨਾਨਕਾ ਸਚਾ ਵੇਖੈ ਸੋਇ।"
— ਆਸਾ **੧**, ਵਾਰ ੧੧ਸ, **੧**, ੩ : ੧ (469)

ਵਜਦਾ — ਬੋਲਦਾ
"ਨਾਨਕ **ਵਜਦਾ** ਜੰਤ ਵਜਾਇਆ।"
— ਗਉ **੪**, ਵਾਰ ੨੪ਸ, **੩**, ੨ : ੬ (313)
"ਸੋਈ ਜੀਉ ਨ **ਵਜਦਾ** ਜਿਸੁ ਅਲਹੁ ਕਰਦਾ ਸਾਰ।" (ਭੇਡ ਚਾਲ ਨਹੀਂ ਚਲਦਾ, ਮਾਇਆ ਵਿਚ ਨਹੀਂ ਰੁੜਦਾ) — ਸਲੋ **ਫਰ**, ੧੧੦ : ੨ (1383)

ਵਜਦੀ — ਬੋਲਦੀ
"ਫਰੀਦਾ ਦੁਨੀ ਵਜਾਈ **ਵਜਦੀ** ਤੂੰ ਭੀ ਵਜਹਿ ਨਾਲਿ।" — ਸਲੋ **ਫਰ**, ੧੧੦ : ੧ (1383)

ਵਜਦੇ — ਵਜਦੇ/ਆਵਾਜ਼ ਕਢਦੇ/ਬੋਲਦੇ ਹਨ
"ਅਨਹਦ ਧੁਨੀ ਦਰਿ **ਵਜਦੇ** ਦਰਿ ਸਚੈ ਸੋਭਾ ਪਾਇ।" — ਸਿਰੀ **੫**, ੨੦, ੩ : ੩ (42)

ਵਜਨਿ — ਵਜਦੇ ਹਨ
"ਵਾਤ **ਵਜਨਿ** ਟੰਮਕ ਭੇਰੀਆ।"
— ਸਿਰੀ **੫**, ਅਸ ੨੯, ੧੮ : ੧ (74)

ਵਜਾਇ — ਵਜ ਕੇ
"ਤੇਰੀ ਕੀਮਤਿ ਨਾ ਪਵੈ ਸਭ ਡਿਠੀ ਠੋਕ **ਵਜਾਇ**।" (ਭਾਵ ਪਰਖ ਕੇ)
— ਸਿਰੀ **੧**, ਅਸ ੧੩, ੫ : ੧ (61)
"ਧਰਤੀ ਉਪਰਿ ਕੋਟ ਗੜ ਕੇਤੀ ਗਈ **ਵਜਾਇ**।" (ਭਾਵ ਰਾਜ ਕਰਕੇ, ਢੋਲ ਵਜਾ ਕੇ)
— ਸੋਰ **੧**, ੧, ੩ : ੧ (595)
"ਵਿਣੁ ਵਜਾਈ ਕਿੰਗੁਰੀ ਵਾਜੈ ਜੋਗੀ ਸਾ ਕਿੰਗੁਰੀ **ਵਜਾਇ**।" (ਵਜਾਉ)
— ਰਾਮ **੩**, ਅਸ ੧, ੧੨ : ੧ (909)

ਵਜਾਇਆ — 1. ਵਜਾ ਕੇ ਭਾਵ ਸੁਣ ਕੇ, ਪ੍ਰਗਟ ਕਰਕੇ, ਪ੍ਰਚਾਰ ਕੇ
"ਢਾਢੀ ਕਰੇ ਪਸਾਉ ਸਬਦੁ **ਵਜਾਇਆ**।"

— ਮਾਝ **੧**, ਵਾਰ ੨੨ : ੭ (150)
"ਸਹਜੇ ਅਨਹਤ ਸਬਦੁ **ਵਜਾਇਆ**।"
— ਗਉ **੫**, ਅਸ ੩, ੭ : ੨ (237)
2. ਵਜਾਨ ਨਾਲ
"ਨਾਨਕ ਵਜਦਾ ਜੰਤੁ **ਵਜਾਇਆ**।"
— ਗਉ **੪**, ਵਾਰ ੨੪ਸ, **੩**, ੨ : ੬ (313)
3. ਵਾਦਨ ਕੀਤਾ
"ਅਨਹਦ ਬਾਣੀ ਨਾਦੁ **ਵਜਾਇਆ**।"
— ਆਸਾ **੫**, ੧੨, ੩ : ੨ (375)

ਵਜਾਇਦਾ — ਵਜਾਉਂਦਾ ਹੈ
"ਤੰਤੁ ਮੰਤੁ ਪਾਖੰਡੁ ਨ ਕੋਈ ਨਾ ਕੋ ਵੰਸੁ **ਵਜਾਇਦਾ**।"
— ਮਾਰੂ **੧**, ਸੋਲ੍ਹਾ ੧੫, ੭ : ੩ (1035)

ਵਜਾਇਨਿ — ਵਜਾਉਂਦੇ ਹਨ
"ਕਿਤੀ ਬੈਹਨਿ੍ ਬੈਹਣੇ ਮੁਚੁ **ਵਜਾਇਨਿ** ਵਜ।"
— ਗੂਜ **੫**, ਵਾਰ ੨ਸ, **੫**, ੨ : ੧ (518)

ਵਜਾਈ — 1. ਵਜਾਇਆ
"ਧਿਆਨ ਕਾ ਕਰਿ ਡੰਡਾ ਜੋਗੀ ਸਿੰਙੀ ਸੁਰਤਿ **ਵਜਾਈ**।" — ਰਾਮ **੩**, ਅਸ ੧, ੭ : ੨ (908)
2. ਵਜਾਉਣ ਦੇ
"ਵਿਣੁ **ਵਜਾਈ** ਕਿੰਗੁਰੀ ਵਾਜੈ ਜੋਗੀ ਸਾ ਕਿੰਗੁਰੀ ਵਜਾਇ।"
— ਰਾਮ **੩**, ਅਸ ੧, ੧੨ : ੧ (909)
3. ਭਾਵ ਉਚਾਰੀ, ਗਾਇਣ ਕੀਤੀ
"ਗੁਰ ਕੀ ਦਾਤਿ ਸਦਾ ਮਨ ਅੰਤਰਿ ਬਾਣੀ ਸਬਦਿ **ਵਜਾਈ** ਹੇ।"
— ਮਾਰੂ **੩**, ਸੋਲ੍ਹਾ ੧, ੧੪ : ੩ (1044)
4. ਵਜਾਉਣ ਨਾਲ
"ਫਰੀਦਾ ਦੁਨੀ **ਵਜਾਈ** ਵਜਦੀ ਤੂੰ ਭੀ ਵਜਹਿ ਨਾਲਿ।" — ਸਲੋ **ਫਰ**, ੧੧੦ : ੧ (1383)

ਵਜਾਏ — 1. ਵਜਾਉਂਦਾ ਹੈ
"ਅਨਹਤ ਬਾਣੀ ਨਿਰਮਲ ਸਬਦੁ **ਵਜਾਏ** ਗੁਰ ਸਬਦੀ ਸਚਿ ਸਮਾਵਣਿਆ।"
— ਮਾਝ **੩**, ਅਸ ੧੦, ੪ : ੩ (115)
"ਬਾਣੀ ਵਜੈ ਸਬਦਿ **ਵਜਾਏ** ਗੁਰਮੁਖਿ ਭਗਤਿ ਥਾਇ ਪਾਵਣਿਆ।"
(ਵਜਾਉਣ ਨਾਲ ਭਾਵ ਕੀਰਤਨ ਕਰਨ ਨਾਲ)
— ਮਾਝ **੩**, ਅਸ ੨੧, ੫ : ੩ (122)
2. ਪ੍ਰਗਟ ਕਰ ਦੇਵੇ
"ਓਇ ਜੇਹਾ ਚਿਤਵਹਿ ਨਿਤ ਤੇਹਾ ਪਾਇਨਿ ਓਇ ਤੇਹੋ ਜੇਹੇ ਦਯਿ **ਵਜਾਏ**।"
— ਗਉ **੪**, ਵਾਰ ੭ਸ, **੪**, ੧ : ੬ (303)
"ਗੁਰ ਕੀ ਬਾਣੀ ਨਾਮਿ **ਵਜਾਏ**।" (ਨਾਮ ਦੁਆਰਾ ਪ੍ਰਗਟ ਕਰਦਾ ਹੈ)
— ਆਸਾ **੩**, ੪੪, ੪ : ੧ (362)
3. ਉਚਾਰਨ ਕਰੇ, ਸਿਮਰੇ
"ਨਿਜ ਘਰਿ ਵਾਸਾ ਪਾਏ ਸਬਦੁ **ਵਜਾਏ** ਸਦਾ ਸੁਹਾਗਣਿ ਨਾਰੀ।"
— ਵਡ **੩**, ਛੰਤ ੧, ੪ : ੩ (568)
4. ਵਜਾਉਣ ਨਾਲ
"ਨਾਨਕ ਜੰਤ **ਵਜਾਏ** ਵਾਜਹਿ ਜਿਤੁ ਭਾਵੈ ਤਿਤੁ ਰਾਹਿ ਚਲਈਆ।"
— ਬਿਲਾ **੪**, ਅਸ ੨, ੮ : ੨ (834)

ਵਜਾਹਾ — ਵਜਾਉਂਦਾ ਹੈ
"ਆਪੇ ਸਾਵਲ ਸੁੰਦਰਾ ਪਿਆਰਾ ਆਪੇ ਵੰਸੁ **ਵਜਾਹਾ**।" — ਸੋਰ **੪**, ੬, ੨ : ੨ (606)

ਵਜਾਵਹਿ — ਵਜਾਉਂਦੇ ਹਨ
"ਜਾ ਤੁਧੁ ਭਾਵਹਿ ਤਾ ਕਰਹਿ ਬਿਭੂਤਾ ਸਿੰਙੀ ਨਾਦੁ **ਵਜਾਵਹਿ**।"
— ਮਾਝ **੧**, ਵਾਰ ੧੫ਸ, **੧**, ੧ : ੨ (145)

ਵਜਾਵਣਹਾਰਾ — ਵਜਾਉਣ ਵਾਲਾ
"ਆਪਿ ਵਜਾਏ **ਵਜਾਵਣਹਾਰਾ**।"
— ਮਾਰੂ **੩**, ਸੋਲ੍ਹਾ ੧੮, ੪ : ੨ (1061)

ਵਜਾਵਣਿਆ — ਵਜਦਾ ਹੈ
"ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ **ਵਜਾਵਣਿਆ**।"
— ਮਾਝ **੩**, ਅਸ ੨, ੩ : ੩ (110)

ਵਜਾਵੈ — ਵਜਾਉਂਦਾ ਹੈ
"ਅਉਗਣ ਫਿਰਿ ਲਾਗੂ ਭਏ ਕੂਰਿ **ਵਜਾਵੈ** ਤੂਰੁ।"
— ਸਿਰੀ **੧**, ੧੫, ੧ : ੨ (19)
"ਨਿਰਮਲ ਬਾਣੀ ਨਾਦੁ **ਵਜਾਵੈ**।" (ਵਜਾਏ)
— ਆਸਾ **੧**, ਅਸ ੧, ੪ : ੪ (411)

ਵਜਿਓ — ਵਜਿਆ, ਪ੍ਰਗਟ ਹੋਇਆ
"ਅਨਹਦ ਸਬਦੁ ਦਸਮ ਦੁਆਰਿ **ਵਜਿਓ** ਤਹ ਅੰਮ੍ਰਿਤ ਨਾਮੁ ਚੁਆਇਆ ਥਾ।"

— ਮਾਰੂ **੫**, ੧੨, ੨ : ੨ (1002)

ਵਜਿਆ — ਆਵਾਜ਼ ਵਿਚ ਆਇਆ
"ਪੰਚੇ ਸਬਦੁ ਵਜੇ ਮਤਿ ਗੁਰਮਤਿ ਵਡਭਾਗੀ ਅਨਹਦੁ **ਵਜਿਆ**।" — ਕਾਨ **੪**, ਵਾਰ ੨ : ੧ (1315)

ਵਜੀ — 1. ਪ੍ਰਗਟ ਹੋਈ
"ਬਾਣੀ **ਵਜੀ** ਚਹੁ ਜੁਗੀ ਸਚੋ ਸਚੁ ਸੁਣਾਇ।"
— ਸਿਰੀ **੩**, ੫੫, ੩ : ੨ (35)
'ਪ੍ਰਭਿ ਰਾਖੀ ਪੈਜ **ਵਜੀ** ਵਾਧਾਈ।" (ਪ੍ਰਗਟ ਹੋਈ, ਭਾਵ ਮਿਲੀ, ਖ਼ੁਸ਼ੀ ਹੋਈ)
— ਆਸਾ **੫**, ੫, ੪ : ੪ (371)
"ਨਾਮੈ ਸੁਰਤਿ **ਵਜੀ** ਹੈ ਦਹਦਿਸਿ ਹਰਿ ਮੁਸਕੀ ਮੁਸਕ ਗੰਧਾਰੇ।" (ਭਾਵ ਫੈਲੀ)
— ਨਟ **੪**, ਅਸ ੨, ੧ : ੨ (981)
2. ਖੜਕੀ
"ਨਉਬਤਿ **ਵਜੀ** ਸੁਬਹ ਸਿਉ ਚਲਣ ਕਾ ਕਰਿ ਸਾਜੁ।" — ਸਲੋ **ਫ਼ਰ**, ੨੯ : ੨ (1382)

ਵਜੀਆ — ਪ੍ਰਗਟ ਹੋਈਆਂ
"ਗੁਰ ਚਰਣ ਲਾਗੇ ਸਦਾ ਜਾਗੇ ਮਨਿ **ਵਜੀਆ** ਵਾਧਾਈਆ।" — ਸੂਹੀ **੫**, ੨, ੪ : ੫ (782)

ਵੰਜੀਐ — ਜਾਣਾ ਭਾਵ ਵਿਛੜ ਜਾਣਾ
"ਤਿਸ ਕਾ ਕਹੁ ਕਿਆ ਜਤਨੁ ਜਿਸ ਤੇ **ਵੰਜੀਐ**।"
— ਜੈਤ **੫**, ਵਾਰ ੧੦ : ੨ (708)

ਵਜੀਰ — (ਅ. ਵਜ਼ੀਰ) — ਮੰਤ੍ਰੀ, ਦੀਵਾਨ
"ਆਪੇ ਸਾਹਿਬੁ ਆਪਿ **ਵਜੀਰ**।"
— ਗਉ **੩**, ੨੬, ੪ : ੩ (59)

ਵਜੀਰਟਿਆ — ਵਜ਼ੀਰ, ਮੰਤ੍ਰੀ
"ਆਪੇ ਵਡ ਪਾਤਿਸਾਹੂ ਆਪਿ **ਵਜੀਰਟਿਆ**।"
— ਰਾਮ **੫**, ਵਾਰ ੧ : ੬ (957)

ਵਜੀਰਾ — ਵਜ਼ੀਰ ਦੇ
"ਸਰਣਿ ਪਰਿਓ ਠਾਕਰੁ **ਵਜੀਰਾ**।"
— ਗਉ **੫**, ੧੪੯*, ੩ : ੧ (212)

ਵਜੀਰੁ — ਮੰਤ੍ਰੀ, ਵੇਖੋ 'ਵਜੀਰ'
"ਏਕੋ ਸਾਹਿਬੁ ਏਕੁ **ਵਜੀਰੁ**।"
— ਆਸਾ **੧**, ਅਸ ੩, ੫ : ੪ (413)

ਵਜੇ — ਆਵਾਜ਼ ਵਿਚ ਆਏ
"ਵਾਜੇ **ਵਜੇ** ਸਚੀ ਬਾਣੀਆ ਪੰਚ ਮੁਏ ਮਨੁ ਮਾਰੇ।"
— ਵਡ **੧**, ਅਲਾ ੩, ੬ : ੨ (580)

ਵੰਜੇ — ਰਹਿ ਗਏ, ਵਿਹੂਣੇ ਰਹੇ
"ਦਾਨਹੁ ਤੈ ਇਸਨਾਨਹੁ **ਵੰਜੇ** ਭਸੁ ਪਈ ਸਿਰਿ ਖੁਥੈ।"
— ਮਾਝ **੧**, ਵਾਰ ੨੬ਸ, **੧**, ੧ : ੧੩ (150)

ਵਜੈ — 1. ਆਵਾਜ਼ ਵਿਚ ਆਏ, ਪ੍ਰਗਟ ਹੋਵੇ
"ਬਾਣੀ **ਵਜੈ** ਸਬਦਿ ਵਜਾਇ ਗੁਰਮੁਖਿ ਭਗਤਿ ਥਾਇ ਪਾਵਣਿਆ।"
— ਮਾਝ **੩**, ਅਸ ੨੧, ੫ : ੩ (122)
2. ਆਖਿਆ ਜਾਂਦਾ ਹੈ, ਕਰਕੇ ਮਸ਼ਹੂਰ ਹੁੰਦਾ ਹੈ
"ਜਿਸੁ ਅੰਦਰਿ ਚੁਗਲੀ ਚੁਗਲੋ **ਵਜੈ** ਕੀਤਾ ਕਰਤਿਆ ਓਸ ਦਾ ਸਭੁ ਗਇਆ।"
— ਗਉ **੪**, ਵਾਰ ੧੫ਸ, **੪**, ੧ : ੩ (308)
3. ਵਜਦੀ ਹੈ, ਖੜਕਦੀ ਹੈ
"ਓਸ ਪਿਛੈ **ਵਜੈ** ਫਕੜੀ ਮੁਹੁ ਕਾਲਾ ਆਗੈ ਭਇਆ।"
— ਸੋਰ **੪**, ਵਾਰ ੨੨ਸ, **੪**, ੨ : ੨ (653)

ਵੰਝੀ — ਵੰਝ, ਲੰਮਾਂ ਸਾਰਾ ਬਾਂਸ ਜੋ ਚਪੂ ਕਰਕੇ ਵਰਤਿਆ ਜਾਂਦਾ ਹੈ
"**ਵੰਝੀ** ਹਾਥਿ ਨ ਖੇਵਟੂ ਜਲੁ ਸਾਗਰੁ ਅਸਰਾਲੁ।"
— ਮਾਰੂ **੧**, ਅਸ ੨, ੧ : ੩ (1009)

ਵੰਝੁ — ਬਾਂਸ
"ਨਾ ਬੇੜੀ ਨ ਤੁਲਹੜਾ ਨਾ ਤਿਸੁ **ਵੰਝੁ** ਮਲਾਰੁ।"
— ਸਿਰੀ **੧**, ਅਸ ੧੦, ੪ : ੨ (59)

ਵੰਞਉ — ਜਾਂਦੀ ਹਾਂ
"ਆਵਉ **ਵੰਞਉ** ਡੁੰਮਣੀ ਕਿਤੀ ਮਿਤ੍ਰ ਕਰੇਉ।"
— ਮਾਰੂ **੧**, ਅਸ ੯, ੧ : ੧ (1014)

ਵੰਞਸੀ — ਜਾਵੇਗੀ
"ਦੁਨੀਆ ਨ ਸਾਲਾਹਿ ਜੋ ਮਰਿ **ਵੰਞਸੀ**।"
— ਸੂਹੀ **੩**, ਅਸ ੩, ੧ : ੧ (755)

ਵੰਞਹਿ — 1. ਜਾਂਦੇ ਹਨ
"ਭਗਤੀ ਨਾਮੁ ਵਿਹੂਣਿਆ ਆਵਹਿ **ਵੰਞਹਿ** ਪੂਰ।"
— ਸਿਰੀ **੫**, ੮੪, ੩ : ੩ (47)
2. ਲੰਘੇ, ਗੁਜ਼ਰੇ
"ਘੜੀ ਮੂਰਤ ਸਿਮਰਤ ਪਲ **ਵੰਞਹਿ** ਜੀਵਣੁ ਸਫਲੁ ਤਿਥਾਈ ਜੀਉ।"
— ਮਾਝ **੫**, ੪੫, ੧ : ੩ (107)

ਵੰਞਹੁ — 1. ਜਾਓ

"ਨਸਿ **ਵੰਞਹੁ** ਕਿਲਵਿਖਹੁ ਕਰਤਾ ਘਰਿ ਆਇਆ।"
— ਆਸਾ **੫**, ਛੰਤ ੧੨, ੨ : ੧ (460)

2. ਲੰਘੋ
"ਪਤਣਿ ਕੂਕੇ ਪਾਤਣੀ **ਵੰਞਹੁ** ਧ੍ਰੁਕਿ ਵਿਲਾੜਿ।
— ਮਾਰੂ **੧**, ਅਸ ੧੦. ੬ : ੧ (1015)

ਵੰਞਣਾ — ਜਾਣਾ ਹੈ
"ਸਭਨਾ ਸਾਹੁਰੈ **ਵੰਞਣਾ** ਸਭਿ ਮੁਕਲਾਵਣਹਾਰ।"
— ਸਿਰੀ **੫**, ੯੩, ੪ : ੧ (50)

ਵੰਞਨਿ — 1. ਦੂਰ ਹੋਣ
"ਅਵਗੁਣ **ਵੰਞਨਿ** ਗੁਣ ਰਵਹਿ ਮਨਿ ਸੁਖੁ ਵਸੈ ਆਇ।"
— ਰਾਮ **੩**, ਵਾਰ ੨੧ਸ, **੧**, ੨ : ੩ (956)

2. ਜਾਂਦੀਆਂ ਹਨ
"ਆਵਨਿ **ਵੰਞਨਿ** ਨਾ ਰਹਨਿ ਪੂਰ ਭਰੇ ਪਹੀਆਹ।"
— ਮਾਰੂ **੧**, ਅਸ ੧੦, ੨ : ੨ (1015)
"ਵਿਛੋਹੇ ਜੰਬੂਰ ਖਵੈ ਨ **ਵੰਞਨਿ** ਗਾਖੜੇ।" (ਨਹੀਂ ਜਾਂਦੇ)
— ਗੂਜ **੫**, ਵਾਰ ੧੧ਸ, **੫**, ੧ : ੧ (520)

ਵੰਞਨ੍ਹਿ — ਜਾਂਦੇ ਹਨ
"ਕਿਤੀ ਇਤੁ ਦਰੀਆਇ **ਵੰਞਨ੍ਹਿ** ਵਹਦਿਆ।"
— ਆਸਾ **੫**, ੧੧੦, ੧ : ੨ (398)
"ਜੈ ਡਿਠੈ ਮਨੁ ਧੀਰੀਐ ਕਿਲਵਿਖ **ਵੰਞਨ੍ਹਿ** ਦੂਰੇ।" (ਜਾਵਨ) — ਸੂਹੀ **੫**, ਅਸ ੪, ੨ : ੧ (761)

ਵੰਞਾ — ਜਾਵਾਂ
"ਹੰ ਭੀ **ਵੰਞਾ** ਡੁਮਣੀ ਰੋਵਾ ਝੀਣੀ ਬਾਣਿ।"
— ਸਿਰੀ **੧**, ੨੪, ੨ : ੨ (23)
"ਹਉ ਕੁਰਬਾਣੀ ਤੇਰੈ **ਵੰਞਾ** ਨਾਨਕ ਦਾਸ ਦਸਾਵਣਿਆ।"
— ਮਾਝ **੫**, ਅਸ ੩੫, ੮ : ੩ (131)
"ਤਾਹੂ ਖਰੇ ਸੁਜਾਣ **ਵੰਞਾ** ਏਨ੍ਹੀ ਕਪਰੀ।" (ਲੰਘ ਗਏ ਹਨ) — ਸਲੋ **੧**, ੩ : ੨ (1401)

ਵੰਞਾਂ — ਜਾਵਾਂ
"ਤਿਨ ਘੰਨੀਐ **ਵੰਞਾਂ** ਜਿਨ ਮੇਰਾ ਹਰਿ ਪ੍ਰਭੁ ਡੀਠਾ ਰਾਮ।" — ਵਡ **੫**, ਛੰਤ ੨, ੩ : ੧ (577)

ਵਞਾਇ — ਦੂਰ ਕਰ
"ਭੋਰੀ ਭਰਮੁ **ਵਞਾਇ** ਪਿਰੀ ਮੁਹਬਤਿ ਹਿਕੁ ਤੂ।"
— ਗਉ **੫**, ਵਾਰ ੧੯ਸ, **੫**, ੧ : ੧ (322)

ਵੰਞਾਇਆ — ਵਰਗਲਾ ਲਿਆ, ਕੁਰਾਹੇ ਪਾਇਆ, ਖਰਾਬ (ਤਬਾਹ) ਕੀਤਾ
"ਜੋ ਸੈਤਾਨਿ **ਵੰਞਾਇਆ** ਸੇ ਕਿਤ ਫੇਰਹਿ ਚਿਤ।"
— ਸਲੋ **ਫਰ**, ੧੫ : ੨ (1378)

ਵਞਾਈ — 1. ਛਡ ਦਿਤੀ
"ਉਸਤਤਿ ਨਿੰਦਾ ਨਾਨਕ ਜੀ ਮੈ ਹਭ **ਵਞਾਈ** ਛੋੜਿਆ ਹਭੁ ਕਿਝੁ ਤਿਆਗੀ।"
— ਰਾਮ **੫**, ਵਾਰ ੧੪ਸ, **੫**, ੧ : ੧ (963)

2. ਮੁਕ ਗਈ
"ਢੂੰਢ **ਵਞਾਈ** ਥੀਆ ਥਿਤਾ।"
— ਰਾਮ **੫**, ਵਾਰ ੧੭ਸ, **੫**, ੨ : ੩ (964)

ਵੰਞਾਈ — ਦੂਰ ਕੀਤਾ
"ਪਤਿਤ ਪੁਨੀਤ ਕੀਏ ਖਿਨ ਭੀਤਰਿ ਅਗਿਆਨੁ ਅੰਧੇਰੁ **ਵੰਞਾਈ**।"
— ਰਾਮ **੫**, ਅਸ ੬, ੩ : ੧ (915)

ਵਞਾਈਐ — ਦੂਰ ਕਰੀਏ, ਛੱਡ ਦੇਈਏ
"ਲਿਖਿਆ ਪਲੈ ਪਾਇ ਗਰਬੁ **ਵਞਾਈਐ**।"
— ਆਸਾ **੧**, ਅਸ ੧੬, ੬ : ੨ (420)
"ਝੂਠੀ ਦੁਨੀਆ ਲਗਿ ਨ ਆਪੁ **ਵਞਾਈਐ**।" (ਗਵਾਈਐ) — ਆਸਾ **ਫਰ**, ੨, ੨ : ੨ (488)

ਵਞਾਏ — ਗੁਆਏ, ਦੂਰ ਕਰੇ
"ਆਪੁ **ਵਞਾਏ** ਤਾ ਸਭ ਕਿਛੁ ਪਾਏ।"
— ਮਾਝ **੩**, ਅਸ ੧੧, ੧ : ੧ (115)
"ਇਕਿ ਦਰਿ ਸੇਵਹਿ ਦਰਦੁ **ਵਞਾਏ**।" (ਦੂਰ ਕਰਦੇ ਹਨ) — ਮਾਰੂ **੧**, ਸੋਲਾ ੮, ੧੬ : ੧ (1028)

ਵਞਾਵਣਾ — ਗੁਆਉਣਾ
"ਸੋਈ ਹੋਇ ਜਿ ਕਰਤੇ ਭਾਵੈ ਕਹਿ ਕੈ ਆਪੁ **ਵਞਾਵਣਾ**।"
— ਮਾਰੂ **੫**, ਸੋਲਾ ੧੪, ੧੩ : ੩ (1086)

ਵਞਾਵਣਿਆ — ਗੁਆ ਦਿੱਤਾ ਹੈ
"ਆਪੇ ਗੁਪਤੁ ਪਰਗਟੁ ਹੈ ਆਪੇ ਗੁਰਸਬਦੀ ਆਪੁ **ਵੰਞਾਵਣਿਆ**।"
— ਮਾਝ **੩**, ਅਸ ੨੫, ੧ : ੩ (124)

ਵੰਞੂ — ਚਲ ਪਓ
"ਉਠਿ **ਵੰਞੂ** ਵਟਾਊੜਿਆ ਤੈ ਕਿਆ ਚਿਰੁ

ਲਾਇਆ।"— ਆਸਾ **੫**, ਛੰਤ ੧੧, ੧ : ੧ (459)

2. ਜਾ, ਦੂਰ ਹੋ

"**ਵੰਞੁ** ਮੇਰੇ ਆਲਸਾ ਹਰਿ ਪਾਸਿ ਬੇਨੰਤੀ।"

— ਆਸਾ **੫**, ਛੰਤ ੧੨, ੧ : ੧ (460)

3. ਜਾਈਏ, ਜਾਓ

"ਹਰਿ ਨਾਮੈ ਹਮ ਪ੍ਰੀਤਿ ਲਗਾਨੀ ਹਮ ਹਰਿ ਵਿਟਹੁ ਘੁਮਿ **ਵੰਞੁ**।"

— ਬਸੰ **੪**, ੭, ੩ : ੨ (1179)

ਵਵੇਸਾ — ਚਲਾ ਜਾਂਦਾ ਹੈ

"ਮਾਲੁ ਜੋਬਨੁ ਧਨੁ ਛੋਡਿ **ਵਵੇਸਾ**।"

— ਮਾਰੂ **੫**, ਅਸ ੮, ੩ : ੨ (1020)

ਵੰਞੈ — 1. ਜਾਏਂ ਗਾ

"ਜਿਥਹੁ **ਵੰਞੈ** ਜਾਇ ਤਿਥਾਊ ਮਉਜੂਦੁ ਸੋਇ।"

— ਗਉ **੫**, ਵਾਰ ੧੯ਸ, **੫**, ੧ : ੨ (322)

"ਜੀਉ **ਵੰਞੈ** ਚਉ ਖੰਨੀਐ ਸਚੇ ਸੰਦੜੈ ਨੇਹਿ।" (ਭਾਵ ਹੋਏ)

— ਸੋਰ **੪**, ਵਾਰ ਪਸ, **੩**, ੧ : ੨ (644)

"ਅਨਿਕ ਬਾਰ ਕੋਟਿ ਜਨ ਊਪਰਿ ਨਾਨਕੁ **ਵੰਞੈ** ਵਾਰਨਾ।" (ਜਾਂਦਾ ਹੈ)

— ਰਾਮ **੫**, ਅਸ ੫, ੮ : ੧ (915)

"ਮਨੁ ਲੋਚੈ ਉਨ੍ ਮਿਲਣ ਕਉ ਕਿਉ **ਵੰਞੈ** ਘਿਤਾ।" (ਲਿਆ ਜਾਵੇ)

— ਰਾਮ **੫**, ਵਾਰ ੧੯ : ੨ (965)

"ਨਿੰਦਾ ਤੇਰੀ ਜੋ ਕਰੇ ਸੋ **ਵੰਞੈ** ਚੂਰ।" (ਹੁੰਦਾ ਹੈ)

— ਰਾਮ **ਬਸ**, ਵਾਰ ੫ : ੭ (967)

2. ਦੂਰ ਹੁੰਦੀ ਹੈ,

"**ਵੰਞੈ** ਰੋਗਾ ਘਾਣਿ ਹਰਿ ਗੁਣ ਗਾਇਐ।"

— ਗੂਜ **੫**, ਵਾਰ ੮ : ੨ (520)

ਵੰਞੈਂ — ਲੰਘਦਾ ਹੈ, ਜਾਂਦਾ ਹੈ

"ਜੋ ਜੋ **ਵੰਞੈਂ** ਡੀਹੜਾ ਸੋ ਉਮਰ ਹਥ ਪਵੰਨਿ।"

— ਸਲੋ **ਫਰ**, ੮੯ : ੨ (1382)

ਵਟ — ਗੋਲੀ (ਸ਼ਬਦਾਰਥ, ਸੰਥਿਆ); ਵਟਾਉ, ਵੇਸ (ਦਰਪਣ); ਵਾਂਗੂੰ (ਮਹਾਨਕੋਸ਼, ਸੰਥਿਆ)

"ਨਟ **ਵਟ** ਖੇਲੈ ਸਾਰਿੰਗਪਾਨਿ।"

— ਗਉ **ਕਬ**, ੩੩, ੨ : ੨ (329)

ਵਟਵਾਰੇ — ਰਾਹਗੀਰ, ਰਾਹਮਾਰ, ਲੁਟੇਰਾ, ਡਾਕੂ

"ਦੇਹੀ ਨਗਰਿ ਕੋਟਿ ਪੰਚ ਚੋਰ **ਵਟਵਾਰੇ** ਤਿਨ ਕਾ ਥਾਉ ਥੇਹੁ ਗਵਾਇਆ।"

— ਤੁਖਾ **੪**, ਛੰਤ ੪, ੬ : ੪ (1117)

ਵਟਾਊ — ਰਾਹੀ, ਮੁਸਾਫਰ ਭਾਵ ਜੀਵ

"ਵਾਟ **ਵਟਾਊ** ਆਇਆ ਨਿਤ ਚਲਦਾ ਸਾਥੁ ਦੇਖੁ।"

— ਸਿਰੀ **੧**, ਅਸ ੧੩, ੨ : ੩ (61)

ਵਟਾਊੜਿਆ — ਹੇ ਰਾਹੀ, ਹੇ ਮੁਸਾਫਰ

"ਉਠਿ ਵੰਞੁ **ਵਟਾਊੜਿਆ** ਤੈ ਕਿਆ ਚਿਰੁ ਲਾਇਆ।"— ਆਸਾ **੫**, ਛੰਤ ੧੧, ੧ : ੧ (459)

ਵਟਾਇਆ — 1. ਵਟਾ ਕੇ, ਬਦਲ ਕੇ

"ਘਰਿ ਜਾਸਨਿ ਵਾਟ **ਵਟਾਇਆ**।"

— ਸਿਰੀ **੫**, ਅਸ ੨੯, ੧੯ : ੨ (74)

2. ਬਦਲਿਆ, ਤਬਦੀਲ ਕੀਤਾ, ਪਲਟਾ ਦਿੱਤਾ

"ਕਿਤੁ ਬਿਧਿ ਪੁਰਖਾ ਜਨਮੁ **ਵਟਾਇਆ**।"

— ਰਾਮ **੧**, ਸਿਗੋ ੧੯ : ੧ (939)

ਵਟਾਈਅਹਿ — ਵਟਾਈਦੇ ਹਨ, ਵਟਾਏ ਜਾਂਦੇ ਹਨ

"ਜੁਗੁ ਜੁਗੁ ਫੇਰਿ **ਵਟਾਈਅਹਿ** ਗਿਆਨੀ ਬੁਝਹਿ ਤਾਹਿ।"

— ਆਸਾ **੧**, ਵਾਰ ੧੩ਸ, **੧**, ੧ : ੨ (470)

ਵਟਿ — 1. ਵਟਿਆਂ ਨਾਲ

"ਕਿਉ ਕਰਿ ਪੂਰੈ **ਵਟਿ** ਤੋਲਿ ਤੁਲਾਈਐ।"

— ਮਾਝ **੧**, ਵਾਰ ੧੭ : ੫ (146)

2. ਵਟ ਕੇ

"ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ **ਵਟਿ** ਪਿੰਡੁ ਖਾਇ।" — ਆਸਾ **੧**, ੩੨, ੪ : ੧ (358)

"**ਵਟਿ** ਧਾਗੇ ਅਵਰਾ ਘਤੈ।"

— ਆਸਾ **੧**, ਵਾਰ ੧੫ਸ, **੧**, ੪ : ੬ (471)

ਵਟੁ — ਮਰੋੜ

"ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ **ਵਟੁ**।"— ਆਸਾ **੧**, ਵਾਰ ੧੫ਸ, **੧**, ੧ : ੧ (471)

ਵਟੇ — ਵਟਦਾ ਹੈ, ਮਰੋੜ ਚਾੜ੍ਹਦਾ ਹੈ

"ਤਗੁ ਕਪਾਹਹੁ ਕਤੀਐ ਬਾਮ੍ਣੁ **ਵਟੇ** ਆਇ।"

— ਆਸਾ **੧**, ਵਾਰ ੧੫ਸ, **੧**, ੨ : ੩ (471)

ਵਡ — ਵਡਾ, ਅਤਿ, ਬਹੁਤ

"ਹਰਿ ਜਨ ਕੇ **ਵਡ** ਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ।"

— ਗੂਜ **੪**, ਸੋਦ ੪, ੨ : ੧ (10)

"ਸੇ ਵਡਭਾਗੀ **ਵਡ** ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ।" (ਵਡੇ)

— ਸਿਰੀ **੪**, ੬੯, ੨ : ੩ (41)

"ਸਤਿਗੁਰੁ ਸੁਜਾਨੁ ਪੁਰਖੁ **ਵਡ** ਪਾਇਆ ਹਰਿ ਰਸਕਿ ਰਸਕਿ ਫਲ ਲਾਗਿਬਾ।" (ਵੱਡਾ, ਮਹਾਨ)

— ਜੈਤ **੪**, ੪, ੧ : ੧ (697)

ਵੰਡ — ਹਿੱਸਾ

"ਜਿਸ ਨੋ ਸਤਿਗੁਰ ਨਾਲਿ ਹਰਿ ਸਰਧਾ ਲਾਏ ਤਿਸੁ ਹਰਿ ਧਨ ਕੀ **ਵੰਡ** ਹਥਿ ਆਵੈ ਜਿਸ ਨੋ ਕਰਤੈ ਧੁਰਿ ਲਿਖਿ ਪਾਇਆ।"

— ਬਿਲਾ **੪**, ਵਾਰ ੯ : ੩ (853)

ਵਡਈਆ — ਵਡਿਆਈ

"ਜਨ ਕੀ ਉਪਮਾ ਤੁਝਹਿ **ਵਡਈਆ**।"

— ਗਉ **੪**, ੪੬, ੧* : ੨ (166)

ਵਡਸਮਰਥਾ — ਵਡੀ ਸ਼ਕਤੀ (ਸਮਰਥਾ) ਵਾਲਾ

"ਬਾਬੁਲੁ ਮੇਰਾ **ਵਡਸਮਰਥਾ** ਕਰਣ ਕਾਰਣ ਪ੍ਰਭਹਾਰਾ।"— ਸੂਹੀ **੫**, ਛੰਤ ੨, ੧ : ੩ (777)

ਵਡਸਾਹਾ — ਵਡਾ ਸ਼ਾਹ

"ਆਪੇ ਵਡਦਾਣਾ **ਵਡਸਾਹਾ**।"

— ਜੈਤ **੪**, ੧੦, ੪ : ੧ (699)

ਵਡਸਾਹਿਬੀ — ਵਡੀ ਅਮੀਰੀ ਵਾਲੀ

"ਗਿਰੰਬਾਰੀ **ਵਡਸਾਹਿਬੀ** ਸਭੁ ਨਾਨਕ ਸੁਪਨੁ ਥੀਆ।" — ਸਿਰੀ **੫**, ੭੨, ੪ : ੨ (42)

ਵਡਹੰਸ — ਪਰਮਹੰਸ, ਪਰਮ ਬਿਬੇਕੀ, ਵਡੇ ਸੰਤ

"ਸਬਦਿ ਰਤੇ ਵਡਹੰਸ ਹੈ ਸਚੁ ਨਾਮੁ ਉਰਿ ਧਾਰਿ।"

— ਵਡ **੪**, ਵਾਰ ੧ਸ, **੩**, ੧ : ੧ (585)

ਵਡਹੰਸੁ — ਪਰਮ ਹੰਸ, ਮਹਾਪੁਰਖ, ਮਹਾਂ ਬਿਬੇਕੀ

"ਮੈ ਜਾਨਿਆ **ਵਡਹੰਸੁ** ਹੈ ਤਾ ਮੈ ਕੀਆ ਸੰਗੁ।"

— ਵਡ **੪**, ਵਾਰ ੧ਸ, **੩**, ੨ : ੧ (585)

ਵਡਹੁ — ਵਡੇ ਤੋਂ

"ਸਭ ਸਾਲਾਹੇ ਆਪ ਕਉ **ਵਡਹੁ** ਵਡੇਰੀ ਹੋਇ।"

— ਸਿਰੀ **੧**, ਅਸ ੮, ੮ : ੧ (58)

ਵਡਗਹਨ — ਵਡਾ ਗਹਿਣਾ, ਵਡਾ ਭੂਸ਼ਨ

"ਹਰਿ ਹਰਿ ਹਾਰੁ ਕੰਠਿ ਹੈ ਬਨਿਆ ਮਨੁ ਮੋਤੀਚੂਰੁ **ਵਡਗਹਨ** ਗਹਨਈਆ।"

— ਬਿਲਾ **੪**, ਅਸ ੫, ੬ : ੧ (836)

ਵਡਗੇ — ਵਡੇ, ਬਹੁਤ ਵਡੇ

"ਤੁਮਰੇ ਗੁਨ ਪ੍ਰਭ ਕਹਿ ਨ ਸਕਹਿ ਹਮ ਤੁਮ ਵਡ ਵਡ ਪੁਰਖ **ਵਡਗੇ**।"

— ਨਟ **੪**, ੪, ੪ : ੧ (976)

(ਮਹਾਨਕੋਸ਼ ਅਰਥ 'ਚੰਗੀ ਤਰ੍ਹਾਂ ਜਾਣਨਯੋਗ' ਕਰਦਾ ਹੈ)

ਵਡਦਾਣਾ — ਬਹੁਤ ਸਿਆਣਾ

"ਸਤਿਗੁਰੁ ਸਾਹੁ ਪਾਇਆ **ਵਡਦਾਣਾ** ਹਰਿ ਕੀਏ ਬਹੁ ਗੁਣ ਸਾਝਾ।"

— ਜੈਤ **੪**, ੫, ੩ : ੨ (698)

ਵਡਦਾਤਾ — ਵਡ ਦਾਤਾ, ਮਹਾਦਾਨੀ

"ਤੂ **ਵਡਦਾਤਾ** ਅੰਤਰਜਾਮੀ।"

— ਵਡ **੫**, ੫, ੧ : ੧ (563)

ਵਡਨੁ — ਮਹਾਨ, ਵਡਾ

"ਜਨੁ ਨਾਨਕੁ ਸਾਲਾਹਿ ਨ ਰਜੈ ਤੁਧੁ ਕਰਤੇ ਤੂੰ ਹਰਿ ਸੁਖਦਾਤਾ **ਵਡਨੁ**।"

— ਬਿਹਾ **੪**, ਵਾਰ ੧੦ : ੫ (552)

ਵਡਨੇ — ਵਡੇ

"ਤੁਮਰੀ ਥਾਹ ਪਾਈ ਨਹੀ ਪਾਵੈ ਜਨ ਨਾਨਕ ਕੇ ਪ੍ਰਭ **ਵਡਨੇ**।" — ਨਟ **੪**, ੫, ੪ : ੨ (976)

ਵਡਪਰਤਾਪ — ਵਡਾ ਇਕਬਾਲ, ਵਡਾ ਤੇਜ, ਵਡੀ ਵਡਿਆਈ

"ਨਾਨਕ ਪ੍ਰਭ ਸਰਣਾਗਤੀ ਜਾ ਕਾ **ਵਡਪਰਤਾਪ**।"

— ਬਿਲਾ **੫**, ੨੫, ੨ : ੨ (819)

ਵਡਪਰਤਾਪੁ — ਵਡਾ ਇਕਬਾਲ, ਵਡੀ ਵਡਿਆਈ

"**ਵਡਪਰਤਾਪੁ** ਅਚਰਜ ਰੂਪੁ ਹਰਿ ਕੀਨ੍ਹੀ ਦਾਤਿ।"

— ਬਿਲਾ **੫**, ੨੨, ੧ : ੨ (819)

ਵਡਪਰਵਾਰੁ — ਵਡੇ ਪਰਵਾਰ ਵਾਲਾ

"ਆਪਿ ਇਕਾਤੀ ਹੋਇ ਰਹੈ ਆਪੇ **ਵਡਪਰਵਾਰੁ**।"

— ਬਿਹਾ **੪**, ਵਾਰ ੨੧ : ੩ (556)

ਵਡਪੁਨੀ — ਵਡੇ ਪੁੰਨਾਂ ਦੁਆਰਾ

"ਪਾਈਐ **ਵਡਪੁਨੀ** ਮੇਰੇ ਮਨਾ।"

— ਆਸਾ **੫**, ੧੫੯, ੧* : ੫ (409)

ਵਡਪੁੰਨੀ — ਵਡੇ ਪੁੰਨਾਂ ਸਦਕਾ, ਚੰਗੇ ਕੀਤੇ ਕਰਮਾਂ ਕਰਕੇ

"**ਵਡਪੁੰਨੀ** ਹਰਿ ਧਿਆਇਆ ਜਨ ਨਾਨਕ ਹਮ ਮੂਰਖ ਮੁਗਧ ਨਿਸਤਾਰੇ ਰਾਮ।"

— ਬਿਹਾ **੪**, ਛੰਤ ੩, ੧ : ੪ (539)

ਵਡਪੁੰਨੁ — ਵਡਾ ਪੁੰਨ, ਵਡਾ ਉਪਕਾਰ
"ਤਿਸੁ ਸਤਿਗੁਰ ਕਉ **ਵਡਪੁੰਨੁ** ਹੈ ਜਿਨਿ ਅਵਗਣ ਕਟਿ ਗੁਣੀ ਸਮਝਾਇਆ।"
— ਵਡ **੪**, ਵਾਰ ੭ : ੪ (588)

ਵਡਪੁੰਨੇ — ਵਡੇ ਪੁੰਨਾਂ ਸਦਕਾ, ਸ਼ੁਭ ਕਰਮਾਂ ਸਦਕਾ
"ਮਾਣਸ ਜਨਮੁ **ਵਡਪੁੰਨੇ** ਪਾਇਆ ਦੇਹ ਸੁ ਕੰਚਨ ਚੰਗੜੀਆ।"— ਵਡ **੪**, ਘੋੜੀ ੧, ੧ : ੩ (575)

ਵਡਪੁੰਨੋ — ਵਡਾ ਪੁੰਨ, ਵਡਾ ਉਪਕਾਰ
"ਗੁਰਿ ਹਰਿ ਮਾਰਗੁ ਦਸਿਆ ਗੁਰ ਪੁੰਨੁ **ਵਡਪੁੰਨੋ**।"
— ਤਿਲੰ **੪**, ਅਸ ੨, ੯ : ੨ (725)

ਵਡਪੁਰਖ — ਵਡਾ ਮਾਲਕ
"ਕਿਆ ਹਮ ਕਿਰਮ ਨਾਨ੍ ਨਿਕ ਕੀਰੇ ਤੁਮ੍ **ਵਡਪੁਰਖ** ਵਡਾਗੀ।"
— ਧਨਾ **੪**, ੨, ੩ : ੧ (667)

ਵਡਪੁਰਖੁ — ਵਡਾ ਮਾਲਕ, ਵਡਾ ਸਮਰਥ ਮਾਲਕ
"ਕਿਆ ਹਉ ਕਹਉ ਸੁਣਉ ਸੁਆਮੀ ਤੂੰ **ਵਡਪੁਰਖੁ** ਸੁਜਾਣਾ।" — ਸਿਰੀ **੫**, ੯੬, ੧* : ੨ (51)

ਵਡਫਾ — ਵਡਾ
"ਮਨ ਲਾਗੀ ਪ੍ਰੀਤਿ ਰਾਮ ਨਾਮ ਹਰਿ ਹਰਿ ਜਪਿਓ ਹਰਿ ਪ੍ਰਭੁ **ਵਡਫਾ**।"
— ਪ੍ਰਭਾ **੪**, ੫, ੧ : ੧ (1336)

ਵਡਭਾਗ — ਚੰਗੇ ਭਾਗ
"ਹਰਿ ਜਨ ਕੇ **ਵਡਭਾਗ** ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ।"
— ਗੂਜ **੪**, ੧, ੨ : ੧ (492)

ਵਡਭਾਗਣਿ — ਵਡੇ/ਚੰਗੇ ਭਾਗਾਂ ਵਾਲੀ
"ਸਾ ਗੁਣਵੰਤੀ ਸਾ **ਵਡਭਾਗਣਿ**।"
— ਮਾਝ **੫**, ੧੧, ੨ : ੧ (97)

ਵਡਭਾਗਣੀ — ਚੰਗੇ ਭਾਗਾਂ ਵਾਲੀ
"ਇਛ ਪੁਨੀ **ਵਡਭਾਗਣੀ** ਵਰੁ ਪਾਇਆ ਹਰਿ ਰਾਇ।" — ਮਾਝ **੫**, ਬਾਰਾ ੧੩ : ੪ (136)

ਵਡਭਾਗਣੇ — ਵਡੇ ਭਾਗਾਂ ਵਾਲੀ ਹੈ
"ਜਿਸੁ ਘਰਿ ਵਸਿਆ ਕੰਤੁ ਸਾ **ਵਡਭਾਗਣੇ**।"
— ਫੁਨ **੫**, ੪ : ੧ (1362)

ਵਡਭਾਗਾ — 1. ਚੰਗੇ ਭਾਗਾਂ ਵਾਲਾ
"ਜੋ ਇਸੁ ਮਾਰੇ ਸੋ **ਵਡਭਾਗਾ**।"
— ਗਉ **੫**, ਅਸ ੫, ੪ : ੩ (238)
2. ਚੰਗੇ ਭਾਗ
"ਜਾ ਕਾ ਠਾਕੁਰੁ ਤੁਹੀ ਪ੍ਰਭ ਤਾ ਕੇ **ਵਡਭਾਗਾ**।"
— ਆਸਾ **੫**, ੧੧੬, ੧ : ੧ (399)

ਵਡਭਾਗਿ — ਵਡੇ ਭਾਗਾਂ ਨਾਲ
"ਨਾਮੁ ਨਿਧਾਨੁ ਅਖੁਟੁ ਹੈ **ਵਡਭਾਗਿ** ਪਰਾਪਤਿ ਹੋਇ।" — ਸਿਰੀ **੩**, ੪੭, ੧ : ੩ (29)

ਵਡਭਾਗੀ — 1. ਵਡੇ ਭਾਗਾਂ ਵਾਲੇ, ਚੰਗੇ ਭਾਗਾਂ ਵਾਲੇ
"ਧੰਨੁ **ਵਡਭਾਗੀ** ਵਡਭਾਗੀਆ ਜੋ ਆਇ ਮਿਲੇ ਗੁਰ ਪਾਸਿ।" — ਸਿਰੀ **੪**, ੬੬, ੨ : ੩ (40)
2. ਵਡੇ ਭਾਗਾਂ ਨਾਲ
"**ਵਡਭਾਗੀ** ਮਿਲੁ ਸੰਗਤੀ ਸਚਾ ਸਬਦੁ ਵਿਸਾਹੁ।"
— ਸਿਰੀ **੫**, ੮੨, ੨ : ੨ (46)
"ਉਦਮੁ ਕਰਿ ਹਰਿ ਜਾਪਣਾ **ਵਡਭਾਗੀ** ਧਨੁ ਖਾਟਿ।" — ਸਿਰੀ **੫**, ੮੭, ੧ : ੧ (48)

ਵਡਭਾਗਂੀ — ਵਡੇ ਭਾਗਾਂ ਨਾਲ
"ਕਹੁ ਨਾਨਕ ਪਾਈਐ **ਵਡਭਾਗਂੀ** ਮਨ ਤਨ ਹੋਇ ਬਿਗਾਸਾ।" — ਸਾਰ **੫**, ੨੩, ੨ : ੨ (1209)

ਵਡਭਾਗੀਆ — 1. ਵਡੇ ਭਾਗਾਂ ਵਾਲਾ/ਚੰਗੇ ਭਾਗਾਂ ਵਾਲਾ ਹੈ
"ਧੰਨੁ ਵਡਭਾਗੀ **ਵਡਭਾਗੀਆ** ਜੋ ਆਇ ਮਿਲੇ ਗੁਰ ਪਾਸਿ।" — ਸਿਰੀ **੪**, ੬੬, ੨ : ੩ (40)
2. ਵਡੇ ਭਾਗਾਂ ਵਾਲੇ ਦੇ
"**ਵਡਭਾਗੀਆ** ਵਾਹੁ ਵਾਹੁ ਮੁਹਹੁ ਕਢਾਈ।"
— ਗੂਜ **੩**, ਵਾਰ ੧੪ਸ, **੩**, ੨ : ੩ (514)
3. ਵਡੇ ਭਾਗਾਂ ਵਾਲੇ
"ਸੁਣਿ **ਵਡਭਾਗੀਆ** ਹਰਿ ਅੰਮ੍ਰਿਤ ਬਾਣੀ ਰਾਮ।"
— ਬਿਹਾ **੫**, ਛੰਤ ੫, ੩ : ੧ (545)

ਵਡਭਾਗੀਈ — ਵਡੇ ਭਾਗਾਂ ਵਾਲਿਆਂ ਨੇ
"ਹਰਿ ਪਾਇਅੜਾ **ਵਡਭਾਗੀਈ** ਮੇਰੇ ਗੋਵਿੰਦਾ ਨਿਤ ਲੈ ਲਾਹਾ ਮਨਿ ਹਸੁ ਜੀਉ।"
— ਗਉ **੪**, ੬੬, ੩ : ੪ (173)

ਵਡਭਾਗੀਹੋ — ਵਡੇ ਭਾਗਾਂ ਵਾਲਿਓ
"ਮਨੁ ਰੰਗਹੁ **ਵਡਭਾਗੀਹੋ** ਗੁਰੁ ਤੁਠਾ ਕਰੇ ਪਸਾਉ।"
— ਸਿਰੀ **੪**, ੬੭, ੨ : ੧ (40)

ਵਡਭਾਗੁ — 1. ਚੰਗੇ ਭਾਗਾਂ/ਵਡੇ ਭਾਗਾਂ ਵਾਲਾ

"ਸਤਿਗੁਰੁ ਪੁਰਖੁ ਪਾਇਆ **ਵਡਭਾਗੁ**।"
— ਆਸਾ **੪**, ੫੫, ੨ : ੨ (366)
"ਹਰਿ ਪ੍ਰਭੁ ਸਜਣੁ ਲੋੜਿ ਲਹੁ ਮਨਿ ਵਸੈ **ਵਡਭਾਗੁ**।" (ਵਡੇ ਭਾਗਾਂ ਵਾਲਾ ਹੋ ਜਾਂਦਾ ਹੈ)
— ਬਿਲਾ **੪**, ਛੰਤ ੨, ੧ਸ : ੧ (845)
2. ਚੰਗੇ ਭਾਗ, ਵਡੇ ਭਾਗ
"ਨਾਨਕ ਮਸਤਕਿ ਜਿਸੁ **ਵਡਭਾਗੁ**।"
— ਵਡ **੩**, ੨, ੪ : ੧ (560)

ਵਡਭਾਗੇ — ਵਡੇ ਭਾਗਾਂ ਵਾਲੇ
"ਸਾਧਸੰਗੁ ਜਿਨ ਪਾਇਆ ਸੇਈ **ਵਡਭਾਗੇ**।"
— ਗਉ **੫**, ਵਾਰ ੧੬ : ੩ (322)
"ਸਤਿਗੁਰੁ ਆਇ ਮਿਲਿਆ **ਵਡਭਾਗੇ**।" (ਵਡੇ ਭਾਗਾਂ ਵਾਲੇ ਨੂੰ)
— ਮਾਰੂ **੩**, ਸੋਲਾ ੨, ੧੨ :੨ (1045)
"ਅੰਤਰਿ ਸਬਦੁ ਮਸਤਕਿ **ਵਡਭਾਗੇ**।" (ਚੰਗੇ ਭਾਗ)
— ਮਾਰੂ **੩**, ਸੋਲਾ ੭, ੩ :੨ (1050)
"ਹਰਿ ਨਾਮੁ ਦੀਓ ਮਸਤਕਿ **ਵਡਭਾਗੇ**।" (ਚੰਗੇ ਭਾਗਾਂ ਕਰਕੇ) — ਬਸੰ **੩**, ੨, ੨ : ੪ (1172)

ਵਡਭਾਗੈ — ਵਡੇ ਭਾਗਾਂ ਸਦਕਾ
"ਸੁਣਿ ਸ੍ਰਵਣ ਬਾਣੀ ਸਹਜਿ ਜਾਣੀ ਹਰਿ ਨਾਮੁ ਜਪਿ **ਵਡਭਾਗੈ**।"— ਸੂਹੀ **੫**, ਛੰਤ ੩, ੧:੫ (778)

ਵਡਭਾਗੋ — ਵਡੇ ਭਾਗਾਂ ਦੀ
"ਹਰਿ ਵਾਪਾਰਿ ਸੇ ਜਨ ਲਾਗੇ ਜਿਨਾ ਮਸਤਕਿ ਮਣੀ **ਵਡਭਾਗੋ** ਰਾਮ।"
— ਵਡ **੩**, ਛੰਤ ੨, ੩ : ੧ (568)
"ਪ੍ਰਿਅ ਮੁਖਿ ਲਾਗੋ ਜਉ **ਵਡਭਾਗੋ** ਸੁਹਾਗੁ ਹਮਾਰੋ ਕਤਹੁ ਨ ਡੋਲੀ।" (ਚੰਗੇ ਭਾਗ)
— ਬਿਲਾ **੫**, ੮੯, ੧ : ੨ (822)

ਵਡਭੂਮੀਆ — ਜਾਗੀਰਦਾਰ, ਵਿਸ਼ਾਲ ਭੂਮੀ ਦਾ ਮਾਲਕ, ਵਡਾ ਜ਼ਿਮੀਦਾਰ
"ਧਨਪਾਤੀ **ਵਡਭੂਮੀਆ** ਮੇਰੀ ਮੇਰੀ ਕਰਿ ਪਰਿਆ।" — ਸਿਰੀ **੫**, ੭੨, ੨ : ੨ (42)

ਵਡਰੋਗੁ — ਵਡੀ ਬਿਮਾਰੀ
"ਦੂਖੁ ਦਰਦੁ **ਵਡਰੋਗੁ** ਨ ਪੋਹੇ ਤਿਸੁ ਮਾਇ।"
— ਗੂਜ **੫**, ਵਾਰ ੧੪ : ੫ (522)

ਵਡੜੀ — ਵਡੀ
"ਮੇਰੈ ਮਨਿ ਤਨਿ **ਵਡੜੀ** ਗੋਵਿੰਦ ਪ੍ਰਭ ਆਸਾ ਜੀਉ।" (ਬੜੀ ਤੀਬਰ)
— ਮਾਝ **੪**, ੬੯, ੪ : ੧ (175)

ਵਡੜੈ — ਵਡੇ, ਬਹੁਤ ਵਡੇ
"**ਵਡੜੈ** ਝਾਲਿ ਝਲੁੰਭਲੈ ਨਾਵੜਾ ਲਈਐ ਕਿਸੁ।"
— ਸਲੋ **੫**, ੬੨ : ੧ (1420)

ਵਡਾ — 1. ਮਹਾਨ
"**ਵਡਾ** ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ।"
— ਜਪੁ **੧**, ੨੧ : ੧੭ (5)
"ਕਉਨ **ਵਡਾ** ਮਾਇਆ ਵਡਿਆਈ।"
— ਗਉ **੫**, ੧੧੩, ੧* : ੧ (188)
2. ਪਤਿਵੰਤ
"**ਵਡਾ** ਦਾਤਾ ਤਿਲੁ ਨ ਤਮਾਇ।"
— ਜਪੁ **੧**, ੨੫ : ੨ (5)
"ਵਰਨਾ ਵਰਨ ਨ ਭਾਵਨੀ ਜੇ ਕਿਸੈ **ਵਡਾ** ਕਰੇਇ।" (ਪਤਿਵੰਤਾ)
— ਸਿਰੀ **੧**, ਅਸ ੧, ੬ : ੧ (53)
3. ਬਹੁਤ, ਵਿਸ਼ਾਲ
"ਕਰਿ ਸਾਧੂ ਅੰਜੁਲੀ ਪੁਨੁ **ਵਡਾ** ਹੇ।" (ਬਹੁਤ)
— ਗਉ **੪**, ਸੋਲਾ ੪, ੧* : ੧ (13)
"ਸਸੁਰੈ ਪੇਈਐ ਤਿਸੁ ਕੰਤ ਕੀ **ਵਡਾ** ਜਿਸੁ ਪਰਵਾਰੁ।" (ਵਿਸ਼ਾਲ)
— ਮਾਝ **੫**, ਦਿਨ ੨ : ੩ (137)
"ਸਾਧਸੰਗੇ ਨਾਮ ਰੰਗੇ ਰਣੁ ਜੀਤਿ **ਵਡਾ** ਅਖਾੜਾ।" (ਵਿਸ਼ਾਲ)
— ਆਸਾ **੫**, ਛੰਤ ੧੨, ੪ : ੫ (461)
"**ਵਡਾ** ਵੇਪਰਵਾਹੁ ਸਤਿਗੁਰੁ ਮਿਲੈ ਤ ਪਾਰਿ ਪਵਾ।" (ਬਹੁਤ)
— ਮਾਰੂ **੩**, ਵਾਰ ੧੪ਸ, **੧**, ੩ : ੨ (1091)
4. ਵਧੇਰੇ, ਜ਼ਿਆਦਾ
"ਭਉ ਮੁਚੁ ਭਾਰਾ **ਵਡਾ** ਤੋਲੁ।"
— ਗਉ **੧**, ੧, ੧ : ੧ (151)
5. ਵਡਾ ਉਮਰ ਵਿਚ
"**ਵਡਾ** ਹੋਇ ਧਨੁ ਖਾਟਿ ਦੇਇ ਕਰਿ ਭੋਗ ਬਿਲਾਸਾ।" — ਗਉ **੪**, ੪੬, ੧ : ੨ (165)
"**ਵਡਾ** ਹੋਆ ਵੀਆਹਿਆ ਘਰਿ ਲੈ ਆਇਆ ਮਾਸੁ।"
— ਮਲਾ **੧**, ਵਾਰ ੨੫ਸ, **੧**, ੧ : ੫ (1289)
6. ਦੀਰਘ

"ਮੰਮੈ ਮਤਿ ਹਿਰਿ ਲਈ ਤੇਰੀ ਮੂੜੈ ਹਉਮੈ **ਵਡਾ** ਰੋਗੁ ਪਇਆ।"

— ਆਸਾ **੩**, ਪਟੀ ੭ : ੧ (435)

"ਹਉਮੈ **ਵਡਾ** ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ।" (ਘੋਰ)

— ਵਡ **੩**, ੯, ੨ : ੨ (560)

7. ਪੂਰਾ ਹੋਣਾ, ਸੁਆਸ ਤਿਆਗਨੇ, ਮਰ ਜਾਣਾ

"**ਵਡਾ** ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ।"

— ਆਸਾ **੧**, ਵਾਰ ੩ : ੨ (464)

"ਡੋਲੈ ਵਾਉ ਨ **ਵਡਾ** ਹੋਇ।" (ਬੁਝਨਾ)

— ਰਾਮ **੧**, ੭, ੪ : ੧ (878)

8. ਭਾਵ ਵਡਾ ਪ੍ਰਭੂ

"ਵਡਿਆਈ **ਵਡਾ** ਪਾਇਆ।"

— ਆਸਾ **੧**, ਵਾਰ ੭ : ੫ (467)

"ਵਡਹੁ **ਵਡਾ** ਵਡ ਮੇਦਨੀ ਸਿਰੇ ਸਿਰਿ ਧੰਧੈ ਲਾਇਦਾ।"— ਆਸਾ **੧**, ਵਾਰ ੧੬ : ੩ (472)

9. ਬਜ਼ੁਰਗ

"ਜੋ ਜੋ ਦੀਸੈ **ਵਡਾ** ਵਡੇਰਾ ਸੋ ਸੋ ਖਾਕੂ ਰੁਲਸੀ।"

— ਸੋਰ **੫**, ੧, ੧ : ੨ (608)

10. ਦੀਰਘ ਅਕਾਰ ਦਾ

"ਹੁਕਮੇ ਨਾਨ੍ਹਾ **ਵਡਾ** ਥੀਵੈ।"

— ਰਾਮ **੫**, ਵਾਰ ੧੧ਸ, **੫**, ੨ : ੬ (962)

ਵੰਡਾਇਆ — ਹਿੱਸੇ ਕਰਨਾ, ਭਾਗ ਕਰਨਾ

"ਜੇ ਕਿਸੈ ਕਿਹੁ ਦਿਸਿ ਆਵੈ ਤਾ ਕੋਈ ਕਿਹੁ ਮੰਗਿ ਲਏ ਅਕੈ ਕੋਈ ਕਿਹੁ ਦੇਵਾਏ ਏਹੁ ਹਰਿ ਧਨੁ ਜੋਰਿ ਕੀਤੈ ਕਿਸੈ ਨਾਲਿ ਨ ਜਾਇ **ਵੰਡਾਇਆ**।"

— ਬਿਲਾ **੪**, ਵਾਰ ੯ : ੨ (853)

ਵਡਾਈ — 1. ਉੱਚਤਾ, ਬਜ਼ੁਰਗੀ

"ਸੋ ਘਰੁ ਰਾਖੁ **ਵਡਾਈ** ਤੋਇ।"

— ਆਸਾ **੧**, ਸੋਹ ੨, ੧* : ੨ (12)

2. ਮਾਨ, ਸੋਭਾ, ਵਡਿਆਈ

"ਗੁਰਮੁਖਿ ਆਪੇ ਦੇਇ **ਵਡਾਈ** ਆਪੇ ਸੇਵ ਕਰਾਏ।" — ਸਿਰੀ **੩**, ੪੮, ੨ : ੩ (32)

"ਨਾਨਕ ਤਿਹ ਜਨ ਮਿਲੀ **ਵਡਾਈ**।"

— ਗਉ **੫**, ਬਾਅ ੩੫ : ੮ (257)

"ਤੂ ਸੁਲਤਾਨ ਕਹਾ ਹਉ ਮੀਆ ਤੇਰੀ ਕਵਨ **ਵਡਾਈ**।" (ਇਜ਼ਤ)

— ਬਿਲਾ **੧**, ੧, ੧ : ੧ (795)

3. ਉਸਤਤ, ਉਪਮਾ

"ਸਰਬ ਸੂਖ ਹਰਿ ਨਾਮਿ **ਵਡਾਈ**।"

— ਬੈਰਾ **੫**, ੭, ੨ :੧ (720)

"ਕਵਨ **ਵਡਾਈ** ਕਹਿ ਸਕਉ ਬੇਅੰਤ ਗੁਨੀਤਾ।"

— ਬਿਲਾ **੫**, ੩੭, ੪ : ੧ (810)

ਵਡਾਈਆ — 1. ਮਾਨ, ਸ਼ੋਭਾ

"ਐਥੈ ਮਿਲਹਿ **ਵਡਾਈਆ** ਦਰਗਹਿ ਪਾਵਹਿ ਥਾਉ।" — ਸਿਰੀ **੫**, ੮੫, ੩ : ੩ (47)

2. ਸਿਫਤਾਂ

"ਕੂੜੀ ਕਰਨਿ **ਵਡਾਈਆ** ਕੂੜੇ ਸਿਉ ਲਗਾ ਨੇਹੁ।"

— ਗਉ **੪**, ਵਾਰ ੨੦ਸ, **੩**, ੧ : ੭ (311)

ਵੰਡਾਏ — ਵੰਡਿਆ ਜਾਏ

"ਅਣਹੋਦੇ ਆਪੁ **ਵੰਡਾਏ**।"

— ਸਲੋ **ਫਰ**, ੧੨੮ : ੩ (1384)

ਵਡਾਗੀ — ਵਡਾ, ਮਹਾਨ

"ਕਿਆ ਹਮ ਕਿਰਮ ਨਾਨ੍ ਨਿਕ ਕੀਰੇ ਤੁਮ੍ ਵਡਪੁਰਖ **ਵਡਾਗੀ**।"

— ਧਨਾ **੪**, ੨, ੩ : ੧ (667)

ਵਡਾਤੀ — ਵਡਾ

"ਤੂੰ ਆਪੇ ਆਪਿ ਸੁਜਾਣੁ ਹੈ ਵਡਪੁਰਖੁ **ਵਡਾਤੀ**।"

— ਮਾਝ **੧**, ਵਾਰ ੧ : ੭ (138)

ਵਡਾਨੀ — ਵਡੇ

"ਐਸਾ ਸੰਤੁ ਸਾਧੁ ਜਿਨ ਪਾਇਆ ਤੇ ਵਡ ਪੁਰਖ **ਵਡਾਨੀ**।" — ਧਨਾ **੪**, ੩, ੨ : ੧ (667)

ਵਡਾਮ — ਵਡਾ

"ਜਿਸੁ ਰੂਪ ਨ ਰੇਖ **ਵਡਾਮ**।"

— ਕਾਨ **੪**, ੯, ੧* : ੨ (1297)

ਵਡਾਰੂ — ਵਡੀ ਪਦਵੀ/ਸ਼ਾਨ ਵਾਲਾ ਮਨੁੱਖ (ਸ਼ਬਦਾਰਥ); ਸ਼ੇਖੀ ਮਾਰਨ ਵਾਲਾ (ਮਹਾਨਕੋਸ਼)

"ਨਾਲਿ ਇਆਣੇ ਦੋਸਤੀ **ਵਡਾਰੂ** ਸਿਉ ਨੇਹੁ।"

— ਆਸਾ **੧**, ਵਾਰ ੨੨ਸ, **੨**, ੪ : ੧ (474)

ਵਡਾਲਕਾ — ਵਡਾ

"ਨਾਨਕ ਸੰਤ ਤੇਰੈ ਰੰਗਿ ਰਾਤੇ ਤੂ ਸਮਰਥੁ **ਵਡਾਲਕਾ**।"— ਮਾਰੂ **੫**, ਸੋਲ੍ਹਾ ੧੩, ੧੬:੩ (1085)

ਵੰਡਿ — ਤਕਸੀਮ (ਕਰ ਦਿੱਤਾ)
"ਕਹੈ ਨਾਨਕੁ ਛਪੈ ਕਿਉ ਛਪਿਆ ਏਕੀ ਏਕੀ **ਵੰਡਿ** ਦੀਆ।"— ਆਸਾ **੧**, ੭, ੪ : ੨ (351)
"ਏਕ ਘੜੀ ਮਹਿ ਥਾਪਿ ਉਥਾਪੇ ਜਰੁ **ਵੰਡਿ** ਦੇਵੈ ਭ਼ਾਂਈ।" (ਵੰਡ ਦਿੰਦੀ ਭਾਵ ਨਿਖੇੜ/ਵਿਛੋੜ ਦਿੰਦੀ ਹੈ) — ਆਸਾ **੧**, ਅਸ ੧੨, ੧* : ੨ (417)

ਵਡਿਆ — ਅਮੀਰਾਂ, ਵਡਿਆਂ
"ਨਾਨਕ ਤਿਨ ਕੈ ਸੰਗਿ ਸਾਥਿ **ਵਡਿਆ** ਸਿਉ ਕਿਆ ਰੀਸ।" — ਸਿਰੀ **੧**, ੩, ੪ : ੨ (15)

ਵਡਿਆਈ — 1. ਸ਼ੋਭਾ, ਮਾਨ, ਇਜ਼ਤ
"ਹੁਕਮੀ ਹੋਵਨਿ ਜੀਅ ਹੁਕਮਿ ਮਿਲੈ **ਵਡਿਆਈ**।" — ਜਪੁ **੧**, ੨ : ੨ (1)
"ਸਚਿਆਰਾ ਦੇਇ **ਵਡਿਆਈ** ਹਰਿ ਧਰਮ ਨਿਆਉ ਕੀਓਇ।" — ਸਿਰੀ **੪**, ਵਾਰ ੧੬ : ੩ (89)
"ਵਡੀ **ਵਡਿਆਈ** ਗੁਰ ਸੇਵਾ ਤੇ ਪਾਏ।" — ਗਉ **੩**, ੨੯, ੪ : ੨ (160)
2. ਉਚਤਾ, ਬਜ਼ੁਰਗੀ, ਗੁਣ, ਮਹਾਨਤਾ
"ਅੰਮ੍ਰਿਤ ਵੇਲਾ ਸਚੁ ਨਾਉ **ਵਡਿਆਈ** ਵੀਚਾਰੁ।" — ਜਪੁ **੧**, ੪ : ੫ (2)
"ਕਹਣੁ ਨ ਜਾਈ ਤੇਰੀ ਤਿਲੁ **ਵਡਿਆਈ**।" — ਆਸਾ **੧**, ਸੋਦ ੨, ੨ : ੪ (9)
"ਜੋ ਕਿਛੁ ਕੀਆ ਸੋ ਹਰਿ ਕੀਆ ਹਰਿ ਕੀ **ਵਡਿਆਈ**।"— ਗਉ **੪**, ੪੬, ੩ : ੧ (166)
"ਆਪੇ ਰਸੀਆ ਆਪੇ ਰਾਵੇ ਜਿਉ ਤਿਸ ਦੀ **ਵਡਿਆਈ**।" (ਸ਼ਾਨ) — ਸੂਹੀ **੧**, ਛੰਤ ੩, ੩ : ੪ (765)
"ਏਕੁ ਨਾਮੁ ਵਸਿਆ ਘਟ ਅੰਤਰਿ ਪੂਰੇ ਕੀ **ਵਡਿਆਈ**।" (ਬਜ਼ੁਰਗੀ ਭਾਵ ਕ੍ਰਿਪਾ) — ਰਾਮ **੩**, ਅਸ ੫, ੧* : ੧ (912)
3. ਰਜ਼ਾ (ਭਾਵ)
"ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਕੀ **ਵਡਿਆਈ**।" — ਜਪੁ **੧**, ੨੭ : ੨੦ (6)
"ਤੈਸੋ ਹੀ ਇਹੁ ਖੇਲੁ ਖਸਮ ਕਾ ਜਿਉ ਉਸ ਕੀ **ਵਡਿਆਈ**।"— ਪ੍ਰਭਾ **੧**, ੮, ੨ : ੨ (1329)
4. ਉਸਤਤਿ, ਸਿਫਤ, ਉਪਮਾ
"ਹਰਿ ਭਗਤਾਂ ਹਰਿ ਆਰਾਧਿਆ ਹਰਿ ਕੀ **ਵਡਿਆਈ**।" — ਗਉ **੪**, ਵਾਰ ੩੦ਸ, **੪**, ੨ : ੧ (316)
"**ਵਡਿਆਈ** ਵਡਾ ਪਾਇਆ।" (ਸਿਫਤ ਰਾਹੀਂ) — ਆਸਾ ੧, ਵਾਰ ੭ : ੫ (467)

ਵਡਿਆਈਆ — 1. ਉਚਤਾ, ਬਜ਼ੁਰਗੀ
"ਗਾਵੈ ਕੋ ਗੁਣ **ਵਡਿਆਈਆ** ਚਾਰ।" — ਜਪੁ **੧**, ੩ : ੩ (1)
2. ਮਾਨ, ਇਜ਼ਤ
"ਜਿਥੈ ਮਿਲਹਿ **ਵਡਿਆਈਆ** ਸਦ ਖੁਸੀਆ ਸਦ ਚਾਉ।" — ਸਿਰੀ **੧**, ੬, ੨ : ੧ (16)
"ਮੇਰੇ ਠਾਕੁਰ ਹਥਿ **ਵਡਿਆਈਆ** ਮੇਲਹਿ ਮਨਿ ਚਾਉ।" (ਬਖਸ਼ਿਸ਼ਾਂ) — ਮਾਰੂ **੧**, ਅਸ ੬, ੨ : ੩ (1012)
3. ਗੁਣ
"ਸਤਿਗੁਰ ਵਡਾ ਕਰਿ ਸਾਲਾਹੀਐ ਜਿਸੁ ਵਿਚਿ ਵਡੀਆ **ਵਡਿਆਈਆ**।" — ਆਸਾ **੧**, ਵਾਰ ੧੮ : ੧ (473)
"ਬਹੁਤੁ **ਵਡਿਆਈਆ** ਸਾਹਿਬੈ ਨਾ ਜਾਹੀ ਗਣੀਆ।"— ਬਿਲਾ **੪**, ਵਾਰ ੧੨ : ੩ (854)
4. ਸਿਫਤ, ਸ਼ੋਭਾ
"ਜੇ **ਵਡਿਆਈਆ** ਆਪੇ ਖਾਇ।" — ਧਨਾ **੧**, ੬, ੩ : ੩ (662)

ਵਡਿਆਈਆਂ — 1. ਸਾਲਾਹੀਆਂ ਹਨ
"ਮੈ ਰਾਤਿ ਦਿਹੈ **ਵਡਿਆਈਆਂ**।" — ਸਿਰੀ **੫**, ਅਸ ੨੮, ੨੪ : ੨ (73)
2. ਪ੍ਰਤਾਪ, ਉਚਤਾ, ਬਜ਼ੁਰਗੀ
"ਸਿਧਾ ਪੁਰਖਾ ਕੀਆ **ਵਡਿਆਈਆਂ**।" — ਆਸਾ **੧**, ੧, ੩ : ੨ (349)
3. ਇਜ਼ਤ ਮਾਨ
"ਨਾਨਕ ਦੁਨੀਆ ਕੀਆਂ **ਵਡਿਆਈਆਂ** ਅਗੀ ਸੇਤੀ ਜਾਲਿ।" — ਮਲਾ **੧**, ਵਾਰ ੨੬ਸ, **੨**, ੨ : ੧ (1290)

ਵਡਿਆਂਈਆ — ਮਾਨ ਇਜ਼ਤ
"ਜਾ ਤੂੰ ਵਡਾ ਸਭਿ **ਵਡਿਆਂਈਆ** ਚੰਗੈ ਚੰਗਾ ਹੋਈ।"— ਮਾਝ **੧**, ਵਾਰ ੧੫ਸ, **੧**, ੨ : ੧ (145)

ਵਡਿਆਈਐ — ਬਜ਼ੁਰਗੀ, ਉੱਚਤਾ
"ਰਸ ਕਸ ਸਾਦਾ ਬਾਹਰਾ ਸਚੀ **ਵਡਿਆਈਐ**।" — ਰਾਮ **੩**, ਵਾਰ ੯ : ੩ (951)

ਵਡਭਾਗੀ — ਚੰਗੇ ਭਾਗਾਂ ਵਾਲਾ
"ਨਾਨਕ ਸੇ ਪੂਰੇ **ਵਡਭਾਗੀ** ਸਤਿਗੁਰ ਸੇਵਾ ਲਾਇ।"
— ਭੈਰ **੩**, ੧੨, ੪ : ੧ (1130)

ਵਡੀ — 1. ਬਹੁਤ, ਉਚੀ
"ਵਡਾ ਸਾਹਿਬ **ਵਡੀ** ਨਾਈ ਕੀਤਾ ਜਾ ਕਾ ਹੋਵੈ।"
— ਜਪੁ **੧**, ੨੧ : ੧੨ (5)
"**ਵਡੀ** ਹੂੰ ਵਡਾ ਅਪਾਰ ਖਸਮੁ ਜਿਸੁ ਲੇਪੁ ਨ ਪੁੰਨਿ ਪਾਪਿ।" — ਗੂਜ **੩**, ਵਾਰ ੧੩ : ੮ (521)
"ਮੈ ਮਨਿ **ਵਡੀ** ਆਸ ਹਰੇ ਕਿਉ ਕਰਿ ਹਰਿ ਦਰਸਨੁ ਪਾਵਾ।" (ਜ਼ਬਰਦਸਤ, ਬਹੁਤ ਤੀਬਰ)
— ਵਡ **੪**, ੩, ੧ : ੧ (561)

2. ਦੀਰਘ ਅਕਾਰੀ
"**ਵਡੀ** ਕੋਮ ਵਸਿ ਭਾਗਹਿ ਨਾਹੀ ਮੁਹਕਮ ਫਉਜ ਹਠਲੀ ਰੇ।"— ਆਸਾ **੫**, ੧੩੨, ੨:੧ (404)

3. ਭਾਵ ਉਤਮ, ਉਚੀ
"ਹਰਿ ਤੇਰੀ **ਵਡੀ** ਕਾਰ ਮੈ ਮੂਰਖ ਲਾਈਐ।"
— ਸੋਰ **੪**, ਵਾਰ ੨ : ੩ (643)

4. ਲੰਮੀ
"**ਵਡੀ** ਆਰਜਾ ਹਰਿ ਗੋਬਿੰਦ ਕੀ ਸੂਖ ਮੰਗਲ ਕਲਿਆਣ ਬੀਚਾਰਿਆ।"
— ਬਿਲਾ **੫**, ੨੩, ੧* : ੨ (807)

5. ਵਡੇਰੀ ਉਮਰ
"ਫਰੀਦਾ ਨੰਢੀ ਕੰਤੁ ਨ ਰਾਵਿਓ **ਵਡੀ** ਥੀ ਮੁਈਆਸੁ।"— ਸਲੋ **ਫਰ**, ੫੪ : ੧ (1380)

ਵਡੀਆ — ਬਹੁਤ, ਉਤਮ
"ਸਤਿਗੁਰ ਵਿੱਚਿ ਵਡੀਆ **ਵਡਿਆਈਆ** ਭਾਈ ਕਰਮਿ ਮਿਲੈ ਤਾਂ ਪਾਇ।"
— ਸਲੋ **੩**, ੫੧ : ੮ (1419)

ਵਡੀਆਂ — ਦੀਰਘ, ਲੰਮੀਆਂ
"ਫਰੀਦਾ ਰਾਤੀ **ਵਡੀਆਂ** ਧੁਖਿ ਧੁਖਿ ਉਠਨਿ ਪਾਸ।" — ਸਲੋ **ਫਰ**, ੨੧ : ੧ (1378)

ਵਡੀਆਏ — ਮਾਨ ਦੇਣਾ, ਸ਼ੋਭਾ ਦੇਣੀ, ਇਜ਼ਤ ਦੇਣੀ
"ਸਾਚੇ ਭਾਵੈ ਤਿਸੁ **ਵਡੀਆਏ**।"
— ਮਾਰੂ **੧**, ਸੋਲਾ ੨੨, ੧੦ : ੧ (1043)

ਵੰਡੀਐ — ਤਕਸੀਮ ਹੁੰਦਾ ਹੈ, ਵੰਡਿਆ (ਵਰਤਾਇਆ) ਜਾਂਦਾ ਹੈ
"ਓਥੈ ਅੰਮ੍ਰਿਤੁ **ਵੰਡੀਐ** ਕਰਮੀ ਹੋਇ ਪਸਾਉ।"
— ਮਾਝ **੧**, ਵਾਰ ੧੯ਸ, **੨**, ੧ : ੬ (146)

ਵਡੇ — 1. ਉਚੇ, ਮਹਾਨ
"**ਵਡੇ** ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ।" — ਆਸਾ **੧**, ਸੋਦ ੨, ੧* : ੧ (9)
"**ਵਡੇ ਵਡੇ** ਰਾਜਨ ਅਰੁ ਭੂਮਨ ਤਾ ਕੀ ਤ੍ਰਿਸਨ ਨ ਬੂਝੀ।" — ਧਨਾ **੫**, ੬, ੧ : ੧ (672)
"ਧਨੁ ਧਨੁ **ਵਡੇ** ਠਾਕੁਰ ਪ੍ਰਭ ਮੇਰੇ ਜਪਿ ਨਾਨਕ ਭਗਤਿ ਓਮਾਹਾ ਰਾਮ।"
— ਜੈਤ **੪**, ੯, ੪ : ੩ (699)

2. ਚੰਗੇ, ਸੁਭ
"ਨਾਨਕ ਭਾਗ **ਵਡੇ** ਤਿਨਾ ਗੁਰਮੁਖਾ ਜਿਨ ਅੰਤਰਿ ਨਾਮੁ ਪਰਗਾਸਿ।"
— ਸਿਰੀ **੪**, ੭੦, ੪ : ੩ (42)

3. ਭਾਵ ਪ੍ਰਭੂ
"**ਵਡੇ** ਹਾਥਿ ਵਡਿਆਈਆ ਜੈ ਭਾਵੈ ਤੈ ਦੇਇ।"
— ਸਿਰੀ **੧**, ਅਸ ੧, ੬ : ੨ (53)
"ਸਚੋ ਸਚੁ ਕਮਾਵਣਾ ਵਡਿਆਈ **ਵਡੇ** ਪਾਸਿ।"
— ਸਿਰੀ **੪**, ਵਾਰ ੯ਸ, **੩**, ੨ : ੩ (86)

4. ਭਾਵ ਅਮੀਰ, ਉਚੇ ਮਰਤਬੇ ਵਾਲੇ
"**ਵਡੇ ਵਡੇ** ਜੋ ਦੀਸਹਿ ਲੋਗ।"
— ਗਉ **੫**, ੧੧੩, ੧ : ੧ (188)

5. ਬਹੁਤ, ਬੜੇ
"ਅਗਰਕ ਉਸ ਕੇ **ਵਡੇ** ਠਗਾਉ।"
— ਆਸਾ **੫**, ੮੨, ੩ : ੧ (392)

ਵਡੇਰਾ — 1. ਅਮੀਰ, ਵਡਾ
"ਜੋ ਜੋ ਦੀਸੈ ਵਡਾ **ਵਡੇਰਾ** ਸੋ ਸੋ ਖਾਕੂ ਰਲਸੀ।"
— ਸੋਰ **੫**, ੧, ੧ : ੨ (608)

2. ਦੀਰਘ, ਪਸਾਰ ਵਿਚ ਵਡਾ
"ਦੁਬਿਧਾ ਰੋਗੁ ਸੁ ਅਧਿਕ **ਵਡੇਰਾ** ਮਾਇਆ ਕਾ ਮੁਹਤਾਜੁ ਭਇਆ।"
— ਭੈਰ **੧**, ਅਸ ੧, ੮ : ੨ (1153)

ਵਡੇਰੀ — ਵਡੀ, ਹੋਰ ਵਡੀ
"ਸਭ ਸਾਲਾਹੈ ਆਪ ਕਉ ਵਡਹੁ **ਵਡੇਰੀ** ਹੋਇ।"
— ਸਿਰੀ **੧**, ਅਸ ੮, ੮ : ੧ (58)
"ਰਾਮ ਨਾਮ ਕੀ ਪੈਜ **ਵਡੇਰੀ** ਮੇਰੇ ਠਾਕੁਰਿ ਆਪਿ ਰਖਾਈ।" — ਬਸੰ **੪**, ਅਸ ੧, ੫ : ੧ (1191)

ਵਡੇਰੇ — 1. ਵਡੇ, ਬਹੁਤ ਵਡੇ
"ਹਰਿ ਜਨ ਕੇ ਵਡਭਾਗ **ਵਡੇਰੇ** ਜਿਨ ਹਰਿ ਹਰਿ ਸਰਧਾ ਹਰਿ ਪਿਆਸ।"
— ਗੂਜ **੪**, ਸੋਦ ੪, ੨ : ੧ (10)
2. ਚੰਗੇ
"ਜਪਿ ਗੁਰਮੁਖਿ ਨਾਮੁ ਜੀਉ ਭਾਗ **ਵਡੇਰੇ** ਜੀਉ।"
— ਮਾਝ **੪**, ੬੯, ੨ : ੨ (175)
3. ਮਹਾਨ
"ਕਰਿ ਕਰਿ ਥਾਕੇ ਵਡੇ **ਵਡੇਰੇ**।"
— ਰਾਮ **੫**, ੨੨, ੩ : ੧ (889)

ਵਡੈ — ਉਚੇ, ਚੰਗੇ
"**ਵਡੈ** ਭਾਗਿ ਸਤਸੰਗਤਿ ਪਾਈ ਹਰਿ ਪਾਇਆ ਸਹਜਿ ਅਨੰਦੁ।"— ਸਿਰੀ **੩**, ੪੧, ੨ : ੩ (29)

ਵਡੋ — ਵਡਾ, ਦੀਰਘ
"ਰੋਗੁ **ਵਡੋ** ਕਿਉ ਬਾਂਧਉ ਧੀਰਾ।"
— ਬਸੰ **੧**, ਅਸ ੪, ੩ : ੧ (1189)

ਵਡੋਨਾ — ਵਡੇ
"ਤੁਮ ਜੈਸੇ ਹਰਿ ਪੁਰਖ ਜਾਨੇ ਮਤਿ ਗੁਰਮਤਿ ਮੁਖਿ ਵਡ ਵਡਭਾਗ **ਵਡੋਨਾ**।"
— ਕਾਨ **੪**, ਵਾਰ ੫ : ੪ (1315)

ਵਡੋਲੀ — ਵਡੇ
"ਹਰਿ ਜੀ ਅੰਤਰਿ ਬਾਹਰਿ ਤੁਮ ਸਰਣਾਗਤਿ ਤੁਮ ਵਡ ਪੁਰਖ **ਵਡੋਲੀ**।"
— ਗਉ **੪**, ੫੩, ੪ : ੧ (169)
(ਮਹਾਨਕੋਸ਼ ਅਰਥ 'ਵਡ ਓਲੀ (ਝੋਲੀ) ਵਾਲਾ' ਕਰਦਾ ਹੈ)

ਵਡੌਨਾ — ਵਡੇ
"ਹਰਿ ਤੁਮੑ ਵਡ ਵਡੇ ਵਡੇ ਵਡ ਊਚੇ ਸਭ ਊਪਰਿ ਵਡੇ **ਵਡੌਨਾ**।"— ਕਾਨ **੪**, ਵਾਰ ੫ : ੧ (1315)

ਵਢਣਹਾਰ — ਕਟਣਜੋਗ, ਭਾਵ ਪਕੀ ਹੋਈ
"ਹਰੀ ਨਾਹੀ ਨਹ ਡਡੁਰੀ ਪਕੀ **ਵਢਣਹਾਰ**।"
— ਸਿਰੀ **੫**, ੭੪, ੩ : ੧ (43)

ਵਢਾਇਆ — ਕਟਾਇਆ
"ਨਾਮਹੀਣ ਫਿਰਹਿ ਸੇ ਨਕਟੇ ਤਿਨ ਘਸਿ ਘਸਿ ਨਕ **ਵਢਾਇਆ**।"— ਰਾਮ **੪**, ੫, ੩ : ੨ (882)

ਵਢੀ — ਰਿਸ਼ਵਤ
"**ਵਢੀ** ਲੈ ਕੈ ਹਕੁ ਗਵਾਏ।"
— ਰਾਮ **੩**, ਵਾਰ ੧੧ਸ, **੧**, ੧ : ੯ (951)

ਵਢੰਾੀ — ਵਢਿਆ ਹੋਇਆ, ਕਟਿਆ ਹੋਇਆ
"ਨਾਨਕ ਵਿਣੁ ਨਾਵੈ ਨਕੰੀ **ਵਢੰਾੀ** ਫਿਰਹਿ ਸੋਭਾ ਮੂਲਿ ਨ ਪਾਹਿ।"
— ਵਡ **੪**, ਵਾਰ ੧੧ਸ, **੩**, ੧ : ੬ (590)

ਵਢੀਅਹਿ — ਵਢੇ ਜਾਣਗੇ
"**ਵਢੀਅਹਿ** ਹਥ ਦਲਾਲ ਕੇ ਮੁਸਫ਼ੀ ਏਹ ਕਰੇਇ।"
— ਆਸਾ **੧**, ਵਾਰ ੧੭ਸ, **੧**, ੧ : ੩ (472)

ਵਢੀਜੈ — ਵਢਿਆ ਜਾਂਦਾ ਹੈ, ਵਢ ਦੀਜੈ
"ਨਾਮ ਬਿਨਾ ਨਕਟੇ ਨਰ ਦੇਖਹੁ ਤਿਨ ਘਸਿ ਘਸਿ ਨਾਕ **ਵਢੀਜੈ**।"
— ਕਲਿ **੪**, ਅਸ ੪, ੭ : ੧ (1325)

ਵਢੇ — 1. ਵੱਢ ਕੇ
"ਸੀਸੁ **ਵਢੇ** ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ।" — ਵਡ **੧**, ੩, ੧ : ੧੯ (558)
2. ਵਢਦਾ/ਕਟਦਾ ਹੈ
"ਲੋਹਾ **ਵਢੇ** ਦਰਜੀ ਪਾੜੇ ਸੂਈ ਧਾਗਾ ਸੀਵੈ।"
— ਰਾਮ **੩**, ਵਾਰ ੧੯ਸ, **੧**, ੧ : ੩ (955)
3. ਵਢੇ ਹੋਏ
"ਜਿਨ ਅੰਦਰਿ ਨਿੰਦਾ ਦੁਸਟੁ ਹੈ ਨਕ **ਵਢੇ** ਨਕ ਵਢਾਇਆ।"
— ਸਾਰ **੪**, ਵਾਰ ੧੭ : ੧ (1244)

ਵਣ — ਜੰਗਲ
"**ਵਣ** ਤ੍ਰਿਣ ਤ੍ਰਿਭਵਣ ਹਰਿਆ ਹੋਏ ਸਗਲੇ ਜੀਅ ਸਾਧਾਰਿਆ।"— ਬਿਲਾ **੫**, ੨੩, ੨ : ੧ (807)

ਵਣਸਪਤਿ — ਵਨਸਪਤੀ, ਫੁਲ ਬੂਟੇ
"ਸਹਜਿ **ਵਣਸਪਤਿ** ਫੁਲੁ ਫਲੁ ਭਵਰੁ ਵਸੈ ਭੈ ਖੰਡਿ।"
— ਮਾਰੂ **੩**, ਵਾਰ ੮ਸ, **੩**, ੨ : ੧ (1089)

ਵਣਹੁ — ਜੰਗਲ ਵਿਚ/ਦੇ
"ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ **ਵਣਹੁ** ਪੰਖੇਰੂ।"
— ਵਡ **੧**, ੩, ੧ : ੧੩ (558)

ਵਣਖੰਡਿ — ਜੰਗਲ ਵਾਲੀ ਜ਼ਮੀਨ ਵਿਚ
"ਇਕਿ ਕੰਦ ਮੂਲੁ ਚੁਣਿ ਖਾਹਿ **ਵਣਖੰਡਿ** ਵਾਸਾ।"
— ਮਾਝ **੧**, ਵਾਰ ੫ : ੧ (140)
"ਕਿਨਹੀ ਗ੍ਰਿਹੁ ਤਜਿ **ਵਣਖੰਡਿ** ਪਾਇਆ।" (ਜੰਗਲ ਵਿਚ) — ਰਾਮ **੫**, ਅਸ ੧, ੨ : ੧ (912)

ਵਣੰਜਹ — ਵਣਜਦੇ ਹਨ, ਖਰੀਦਦੇ ਹਨ, ਵਿਹਾਝਦੇ

ਹਨ
"ਹਰਿ ਨਾਮੁ **ਵਣੰਜਹ** ਰੰਗ ਸਿਉ ਜੇ ਆਪਿ ਦਇਆਲੁ ਹੋਇ ਦੇਹਿ।" — ਗਉ **੪**, ੪੫, ੧ : ੨ (165)

ਵਣਜਹਿ — ਵਿਹਾਝਦੇ ਹਨ, ਖਰੀਦਦੇ ਹਨ
"ਜਿਨ ਗੁਣੁ ਪਲੈ ਨਾਨਕਾ ਮਾਣਕ **ਵਣਜਹਿ** ਸੇਇ।" — ਰਾਮ **੩**, ਵਾਰ ੧੫ਸ, **੨**, ੨ : ੩ (954)

ਵਣੰਜਹਿ — ਖਰੀਦੇ/ਵਿਹਾਝਦੇ ਹਨ
"ਸਚੁ **ਵਣੰਜਹਿ** ਰੰਗ ਸਿਉ ਸਚੁ ਸਉਦਾ ਹੋਇ।" — ਗਉ **੪**, ਵਾਰ ੧੯ਸ, **੪**, ੨ : ੩ (311)

ਵਣਜਹੁ — ਵਿਹਾਝੋ, ਖਰੀਦੋ
"ਸਚੁ ਧਨੁ **ਵਣਜਹੁ** ਸਚੁ ਧਨੁ ਸੰਚਹੁ ਕਬਹੂ ਨ ਆਵਹੁ ਹਾਰੇ।"— ਸਾਰ **੫**, ੮੦, ੧ : ੨ (1220)

ਵਣਜਦੇ — ਵਿਹਾਝਦੇ, ਖਰੀਦਦੇ
"ਇਕਿ ਰਤਨ ਪਦਾਰਥ **ਵਣਜਦੇ** ਇਕਿ ਕਚੈ ਦੇ ਵਾਪਾਰਾ।" — ਮਾਝ **੧**, ਵਾਰ ੭ : ੧ (141)

ਵਣਜਨਿ — ਵਿਹਾਝਦੇ ਹਨ, ਖਰੀਦਦੇ ਹਨ
"ਗੁਰ ਕੈ ਸਬਦਿ **ਵਣਜਨਿ** ਵਾਪਾਰੀ ਨਦਰੀ ਆਪਿ ਮਿਲਾਇਦਾ।" — ਮਾਰੂ **੩**, ਸੋਲਾ ੧੬, ੪ : ੩ (1059)

ਵਣੰਜੜਿਆ — ਵਣਜ ਕੀਤਾ, ਵਿਹਾਝਿਆ
"ਹਰਿ ਨਾਮੋੁ **ਵਣੰਜੜਿਆ** ਮੋਲਿ ਅਪਾਰਾ ਰਾਮ।" — ਆਸਾ **੧**, ਛੰਤ ੧, ੩ : ੨ (436)

ਵਣਜਾਰ — ਵਣਜ ਕਰਨ ਵਾਲਾ, ਵਪਾਰੀ
"ਆਪਿ ਤੁਲੈ ਆਪੇ **ਵਣਜਾਰ**।" (ਵਣਜਾਰਾ) — ਗਉ **੧**, ੫, ੪ : ੩ (152)

ਵਣਜਾਰਈ — ਵਣਜਾਰਿਆ ਨੇ, ਵਪਾਰੀਆਂ ਨੇ
"ਵਸਤੁ ਲਈ **ਵਣਜਾਰਈ** ਵਖਰੁ ਬਧਾ ਪਾਇ।" — ਸਾਰ **੪**, ਵਾਰ ੩ਸ, **੨**, ੧ : ੩ (1238)

ਵਣਜਾਰਾ — ਵਣਜ (ਵਾਪਾਰ) ਕਰਨ ਵਾਲਾ, ਵਪਾਰੀ, ਸੌਦਾਗਰ
"ਸਚਾ ਸਾਹੁ ਇਕੁ ਤੂੰ ਹੋਰੁ ਜਗਤੁ **ਵਣਜਾਰਾ**।" — ਮਾਝ **੧**, ਵਾਰ ੬ : ੮ (140)
"ਜਾਗਹੁ ਜਾਗਹੁ ਸੂਤਿਹੋ ਚਲਿਆ **ਵਣਜਾਰਾ**।" (ਭਾਵ ਜੀਵ, ਪ੍ਰਾਣੀ) — ਆਸਾ **੧**, ਅਸ ੧੩, ੧* : ੧ (418)

ਵਣਜਾਰਿਆ — 1. ਵਪਾਰੀਆਂ, ਵਣਜ ਕਰਨ ਵਾਲਿਆਂ ਨਾਲ
"**ਵਣਜਾਰਿਆ** ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮੁ ਬੀਚਾਰਿ।" — ਸਿਰੀ **੧**, ਅਸ ੬, ੩ : ੩ (56)
"ਵਖਰ ਤੈ **ਵਣਜਾਰਿਆ** ਦੁਹਾ ਰਹੀ ਸਮਾਇ।" (ਭਾਵ ਗੁਰਮੁਖਾਂ) — ਰਾਮ **੩**, ਵਾਰ ੧੫ਸ, **੨**, ੨ : ੨ (954)
2. ਹੇ ਵਣਜ ਕਰਨ ਵਾਲੇ !, ਹੇ ਵਣਜਾਰੇ!
"ਪਹਿਲੈ ਪਹਰੈ ਰੈਣਿ ਕੈ **ਵਣਜਾਰਿਆ** ਮਿਤ੍ਰਾ ਹੁਕਮਿ ਪਇਆ ਗਰਭਾਸਿ।" — ਸਿਰੀ **੧**, ਪਹ ੧, ੧ : ੧ (74)
3. ਭਾਵ ਜੀਵ
"ਸਾਹ ਚਲੇ **ਵਣਜਾਰਿਆ** ਲਿਖਿਆ ਦੇਵੈ ਨਾਲਿ।" — ਸਾਰ **੪**, ਵਾਰ ੩ਸ, **੨**, ੧ : ੧ (1238)

ਵਣਜਾਰਿਹੋ — ਹੇ ਵਣਜਾਰਿਓ !, ਹੇ ਵਪਾਰੀਓ!
"ਵਣਜੁ ਕਰਹੁ **ਵਣਜਾਰਿਹੋ** ਵਖਰੁ ਲੇਹੁ ਸਮਾਲਿ।" — ਸਿਰੀ **੧**, ੨੩, ੧ : ੧ (22)

ਵਣਜਾਰੇ — ਵਪਾਰੀ, ਵਣਜ ਕਰਨ ਵਾਲੇ, ਸੌਦਾਗਰ
"ਸਚਾ ਸਾਹੁ ਸਚੇ **ਵਣਜਾਰੇ**।" — ਮਾਝ **੩**, ਅਸ ੧੪, ੪ : ੧ (117)

ਵਣਜਾਰੋ — ਵਪਾਰੀ, ਸੌਦਾਗਰ
"ਗੁਣ ਛੋਡਿ ਬਿਖੁ ਲਦਿਆ ਅਵਗੁਣ ਕਾ **ਵਣਜਾਰੋ**।" — ਵਡ **੧**, ਅਲਾ ੩, ੩ : ੪ (580)

ਵਣਜਿ — 1. ਵਪਾਰ
"ਖੋਟੈ **ਵਣਜਿ** ਵਣੰਜਿਐ ਮਨੁ ਤਨੁ ਖੋਟਾ ਹੋਇ।" — ਸਿਰੀ **੧**, ੨੩, ੨ : ੨ (23)
2. ਖਰੀਦ ਕੇ
"ਭਗਤਿ ਭੰਡਾਰ ਦੀਏ ਹਰਿ ਅਪੁਨੇ ਗੁਣ ਗਾਹਕੁ **ਵਣਜਿ** ਲੈ ਜਾਇ।" — ਆਸਾ **੪**, ੬੩, ੪ : ੨ (368)
"ਗੁਰਮੁਖਿ **ਵਣਜਿ** ਸਦਾ ਸੁਖੁ ਪਾਏ ਸਹਜੇ ਸਹਜਿ ਮਿਲਾਇਦਾ।" (ਵਣਜ ਕਰਕੇ, ਖਰੀਦ ਕੇ, ਵਪਾਰ ਕਰਕੇ) — ਮਾਰੂ **੩**, ਸੋਲਾ ੨੨, ੧੨ : ੩ (1066)

ਵਣੰਜਿ — ਵਿਹਾਝ, ਖਰੀਦ
"ਸਚੁ ਸੇਵਹਿ ਸਚੁ **ਵਣੰਜਿ** ਲੈਹਿ ਗੁਣ ਕਥਹ ਨਿਰਾਰੇ।" — ਗਉ **੪**, ਵਾਰ ੧੪ : ੩ (308)

ਵਣੰਜਿਆ — ਖਰੀਦਿਆ, ਵਿਹਾਝਿਆ
"ਜਿਨੀ ਸਚੁ **ਵਣੰਜਿਆ** ਗੁਰ ਪੂਰੇ ਸਾਬਾਸਿ।"

— ਸਿਰੀ **੧**, ੧੧, ੪ : ੧ (18)

ਵਣੰਜਿਐ — ਵਿਹਾਝਨ ਨਾਲ, ਖਰੀਦਨ ਨਾਲ
"ਖੋਟੈ ਵਣਜਿ **ਵਣੰਜਿਐ** ਮਨੁ ਤਨੁ ਖੋਟਾ ਹੋਇ।"
— ਸਿਰੀ **੧**, ੨੩, ੨ : ੨ (23)

ਵਣਜੀਅਹਿ — ਵਿਹਾਝੀਏ, ਖਰੀਦੀਏ
"ਰਤਨ ਪਦਾਰਥ **ਵਣਜੀਅਹਿ** ਸਤਿਗੁਰਿ ਦੀਆ ਬੁਝਾਈ ਰਾਮ।"— ਵਡ **੩**, ਛੰਤ ੪, ੧ :੧ (569)

ਵਣਜੀਐ — ਵਿਹਾਝੀਏ, ਖਰੀਦੀਏ
"ਨਾਮੁ ਨਿਧਾਨੁ ਹਰਿ **ਵਣਜੀਐ** ਹੀਰੇ ਪਰਵਾਲੇ।"
— ਗਉ **੪**, ਵਾਰ ੧੫ : ੩ (309)

ਵਣਜੁ — ਵਿਹਾਰ, ਵਪਾਰ
"**ਵਣਜੁ** ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ।"
— ਸਿਰੀ **੧**, ੨੩, ੧ : ੧ (22)

ਵਣਜੇ — ਵਪਾਰ ਕਰਦਾ ਹੈ
"ਗੁਰਮੁਖਿ **ਵਣਜੇ** ਸਦਾ ਵਾਪਾਰੀ ਲਾਹਾ ਨਾਮੁ ਸਦਾ ਪਾਵਣਿਆ।"— ਮਾਝ **੩**, ਅਸ ੨੮, ੭:੩ (126)

ਵਣਜੈ — ਵਪਾਰ ਕਰਦਾ ਹੈ
"ਵਣਜੁ ਵਾਪਾਰੁ **ਵਣਜੈ** ਵਾਪਾਰੀ।"
— ਰਾਮ **੧**, ਓਅੰ ੧੬ : ੨ (931)

ਵਣਾ — ਬਨ, ਉਜਾੜ, ਜੰਗਲ
"ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ **ਵਣਾ**।" — ਮਾਝ **੫**, ਬਾਰਾ ੨ : ੫ (133)

ਵਣਾਹੰਬੈ — ਬਣਦਾ ਹੈ
"ਬਿਨੁ ਭੈ ਅਨਭਉ ਹੋਇ **ਵਣਾਹੰਬੈ**।"
— ਮਾਰੂ **ਕਬ**, ੮, ੧ ; ੨ (1104)
(ਸ਼ਬਦਾਰਥ ਇਸ ਨੂੰ ਨਿਰਾਰਥ ਸ਼ਬਦ ਦਸਦਾ ਹੈ ਜੋ ਕੇਵਲ ਛੰਦ ਦੀ ਟੇਕ ਹੈ, ਨਿਰਣੈ ਵੀ ਇਸ ਨੂੰ ਕਾਵਿ ਪੂਰਤੀ ਸ਼ਬਦ ਮੰਨਦਾ ਹੈ)

ਵਣਿ — ਰੁਖਾਂ ਵਿਚ, ਜੰਗਲ ਵਿਚ
"ਇਹ ਹਰਿ ਰਸੁ **ਵਣਿ** ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ।" — ਸਿਰੀ **੪**, ੬੯, ੩ : ੧ (41)
"ਫਰੀਦਾ ਜੰਗਲੁ ਜੰਗਲੁ ਕਿਆ ਭਵਹਿ **ਵਣਿ** ਕੰਡਾ ਮੋੜੇਹਿ।" — ਸਲੋ **ਫਰ**, ੧੯ : ੧ (1378)

ਵਣੀ — ਜੰਗਲਾਂ
"ਮਨਮੁਖ ਮੋਹਿ ਗੁਬਾਰਿ ਜਿਉ ਭੁਲਾ ਮੰਝਿ **ਵਣੀ**।"
— ਮਲਾ **੧**, ਵਾਰ ੧੧ : ੨ (1283)

ਵਣੁ — ਜੰਗਲ
"**ਵਣੁ** ਤ੍ਰਿਣੁ ਤ੍ਰਿਭਵਣੁ ਕੀਤੋਨੁ ਹਰਿਆ।"
— ਮਾਝ **੫**, ੩੦, ੪ : ੧ (103)

ਵਤ — 1. ਵਤਰ
"**ਵਤ** ਲਗੀ ਸਚੇ ਨਾਮ ਕੀ ਜੋ ਬੀਜੇ ਸੋ ਖਾਇ।"
— ਗਉ **੫**, ਵਾਰ ੧੫ਸ, **੫**, ੧ : ੧ (321)
2. ਵਾਂਗ
"ਇਹੁ ਸੰਸਾਰੁ ਬਿਖੁ **ਵਤ** ਅਤਿ ਭਉਜਲੁ ਗੁਰ ਸਬਦੀ ਹਰਿ ਪਾਰਿ ਲੰਘਾਈ।"
— ਆਸਾ **੧**, ੧੫, ੧* : ੨ (353)

ਵਤਹਿ — 1. ਫਿਰਦੇ ਹਨ
"ਰਤਨਾ ਸਾਰ ਨ ਜਾਣਨੀ ਅੰਧੇ **ਵਤਹਿ** ਲੋਇ।"
— ਰਾਮ **੩**, ਵਾਰ ੧੫ਸ, **੨**, ੨ : ੪ (954)
2. ਜਾਵੇਂ
"ਜੇ ਤੂ **ਵਤਹਿ** ਅੰਙਣੇ ਹਭ ਧਰਤਿ ਸੁਹਾਵੀ ਹੋਇ।"
— ਮਾਰੂ **੫**, ਵਾਰ ੩ਸ, **੫**, ੧ : ੧ (1095)

ਵੰਤਗਿਆਨ — (ਸੰ. ਵਨ੍ਤ ਵਾਲਾ)—ਗਿਆਨ ਵਾਲਾ, ਗਿਆਨਵਾਨ
"ਹਰਿ ਹਰਿ ਦਰਸ ਸਮਾਨ ਆਤਮਾ **ਵੰਤਗਿਆਨ** ਜਾਣੀਆ ਅਕਲ ਗਤਿ ਗੁਰ ਪਰਵਾਨ।"
— ਸਵ **੨**, ੪ : ੨ (1391)

ਵਤਨਗਹ — (ਫਾ. ਵਤਨਗਹਿ)—ਰਹਿਣ ਦੀ ਥਾਂ, ਨਿਵਾਸ ਸਥਾਨ
"ਅਬ ਮੋਹਿ ਖੂਬ **ਵਤਨਗਹ** ਪਾਈ।"
— ਗਉ **ਰਵਿ**, ੨, ੧* : ੧ (345)

ਵਤਨੁ — ਪਏ ਫਿਰਨ
"ਹਭੇ ਭਸੁ ਪੁਣਦੇ **ਵਤਨੁ** ਜਾ ਮੈ ਸਜਣੁ ਤੂਹੈ।"
— ਰਾਮ **੫**, ਵਾਰ ੧੩ਸ, **੫**, ੨ : ੨ (963)

ਵਤਾ — ਜਾਂਦਾ ਹਾਂ
"ਮਨਿ ਸਾਂਈ ਮੁਖਿ ਉਚਰਾ **ਵਤਾ** ਹਭੇ ਲੋਅ।"
— ਜੈਤ **੫**, ਵਾਰ ੭ਸ, **੫**, ੨ : ੧ (707)

ਵਤਾਇ — ਫੇਰ ਕੇ, ਪਾ ਕੇ, ਸੁਟ ਕੇ
"ਮਾਗਰਮਛੁ ਫਹਾਈਐ ਕੁੰਡੀ ਜਾਲੁ **ਵਤਾਇ**।"
— ਮਾਰੂ **੧**, ਅਸ ੨, ੫ : ੧ (1009)

ਵਤਾਇਆ — 1. ਵਾਰਨੇ/ਕੁਰਬਾਨ ਜਾਣਾ
"ਗੁਰ ਪਰਸਾਦੀ ਇਕੁ ਨਦਰੀ ਆਇਆ ਹਉ ਸਤਿਗੁਰ ਵਿਟਹੁ **ਵਤਾਇਆ** ਜੀਉ।"

— ਮਾਝ ੪, ੭, ੩ : ੩ (96)

2. ਵਛਾਇਆ

"ਜਿਨਿ ਜਗੁ ਥਾਪਿ **ਵਤਾਇਆ** ਜਾਲੋ ਸੋ ਸਾਹਿਬੁ ਪਰਵਾਣੋ।"— ਵਡ **੧**, ਅਲਾ ੪, ੧ : ੬ (581)

ਵਤਾਇਦਾ — ਪਾਉਂਦਾ, ਸੁਟਦਾ, ਵਛਾਉਂਦਾ

"ਆਪੇ ਜਾਲੁ **ਵਤਾਇਦਾ** ਪਿਆਰਾ ਸਭੁ ਜਗੁ ਮਛੁਲੀ ਹਰਿ ਆਪੈ।" — ਸੋਰ **੪**, ੩, ੨ : ੨ (605)

ਵਤਾਈ — ਕੁਰਬਾਨ ਕਰਾਂ, ਵਾਰਨੇ ਜਾਵਾਂ

"ਇਹੁ ਜੀਉ **ਵਤਾਈ** ਬਲਿ ਬਲਿ ਜਾਈ ਜੀਉ।"

— ਗਉ **੫**, ੧੬੬*, ੨ : ੩ (216)

ਵਤਾਵੈ — ਫੈਲਾਉਂਦਾ, ਫੇਰਦਾ

"ਹਰਿ ਕੇ ਸਖਾ ਸਾਧ ਜਨ ਨੀਕੇ ਤਿਨ ਊਪਰਿ ਹਾਥੁ **ਵਤਾਵੈ**।" — ਰਾਮ **੪**, ੩, ੧ : ੧ (881)

ਵਤਿ — 1. ਫਿਰ, ਦੁਬਾਰਾ

"ਫਰੀਦਾ ਏਹੋ ਪਛੋਤਾਉ **ਵਤਿ** ਕੁਆਰੀ ਨ ਥੀਐ।"

— ਸਲੋ **ਫਰ**, ੬੩ : ੨ (1381)

2. ਵੱਥ, ਤੋਸਾ

"ਆਇਓ ਬੰਦਾ ਦੁਨੀ ਵਿਚਿ **ਵਤਿ** ਆਸੂਣੀ ਬੰਨ੍ਹਿ।" — ਸਲੋ **ਫਰ**, ੧੦੦ : ੨ (1383)

ਵਤੈ — 1. ਫਿਰਦਾ ਹੈ

"ਦਯਿ ਵਿਗੋਏ ਫਿਰਹਿ ਵਿਗੁਤੇ ਫਿਟਾ **ਵਤੈ** ਗਲਾ।"

— ਮਾਝ **੧**, ਵਾਰ ੨੬ਸ, **੧**, ੧ : ੧੧ (150)

"ਵੇਤਗਾ ਆਪੇ **ਵਤੈ**।"

— ਆਸਾ **੧**, ਵਾਰ ੧੫ਸ, **੧**, ੪ : ੫ (471)

2. ਵੱਤਰ ਵਿਚ, ਵੱਤਰ ਵੇਲੇ

"ਹੁਣਿ **ਵਤੈ** ਹਰਿ ਨਾਮੁ ਨ ਬੀਜਿਓ ਆਗੈ ਭੁਖਾ ਕਿਆ ਖਾਏ।"

— ਆਸਾ **੪**, ਛੰਤ ੧੮, ੨ : ੩ (450)

ਵਤੁ — ਜ਼ਮੀਨ ਦੀ ਨਮੀ ਵਾਲੀ ਹਾਲਤ ਜਦੋਂ ਫਸਲ ਬੀਜਣੀ ਯੋਗ ਹੁੰਦੀ ਹੈ

"ਲਬੁ **ਵਤੁ** ਦਰੋਗੁ ਬੀਉ ਹਾਲੀ ਰਾਹਕੁ ਹੇਤੁ।"

— ਰਾਮ **੩**, ਵਾਰ ੧੨ਸ, **੧**, ੧ : ੨ (955)

ਵਥੁ — ਵਸਤ, ਚੀਜ਼, ਪਦਾਰਥ

"ਘਰ ਹੀ ਸਉਦਾ ਪਾਈਐ ਅੰਤਰਿ ਸਭ **ਵਥੁ** ਹੋਇ।" — ਸਿਰੀ **੩**, ੪੨, ੧ : ੧ (29)

ਵਥੂ — ਵਸਤਾਂ ਦਾ, ਚੀਜ਼ਾਂ ਦਾ

"ਸਤਿਗੁਰੁ ਦਾਤਾ ਸਭਨਾ **ਵਥੂ** ਕਾ ਪੂਰੈ ਭਾਗਿ ਮਿਲਾਵਣਿਆ।"

— ਮਾਝ **੩**, ਅਸ ੧੨, ੧ : ੩ (116)

ਵਦੀ — ਹੋਈ ਹੈ

"**ਵਦੀ** ਸੁ ਵਜਗਿ ਨਾਨਕਾ ਸਚਾ ਵੇਖੈ ਸੋਇ।"

— ਆਸਾ **੧**, ਵਾਰ ੧੧ਸ, **੧**, ੩ : ੧ (469)

ਵਧਹਿ — 1. ਵੱਧਦਾ ਹੈ

"ਕੂੜ ਬੋਲਿ ਬਿਖੁ ਖਾਵਣੀ ਬਹੁ **ਵਧਹਿ** ਵਿਕਾਰਾ ਰਾਮ।" — ਵਡ **੩**, ਛੰਤ ੪, ੨ : ੨ (570)

2. ਬੱਧੇ ਹਨ, ਬਝੇ ਹੋਏ ਹਨ

"ਕਰਮ **ਵਧਹਿ** ਕੈ ਲੋਅ ਖਪਿ ਮਰੀਜਈ।"

— ਮਲਾ **੧**, ਵਾਰ ੧੨ : ੬ (1285)

ਵਧੰਦਿਆ — ਵੱਧਦੇ ਹਨ

"ਏਕੁ ਸਾਹਿਬੁ ਦੁਇ ਰਾਹ ਵਾਦ **ਵਧੰਦਿਆ** ਜੀਉ।"

— ਧਨਾ **੧**, ਛੰਤ ੨, ੩ : ੨ (688)

ਵਧੰਦੀ — ਵੱਧਦੀ ਹੈ

"ਹਰਿ ਰਾਮ ਰਾਮ ਮੇਰੇ ਬਾਬੋਲਾ ਪਿਰ ਮਿਲਿ ਧਨ ਵੇਲ **ਵਧੰਦੀ**।"— ਸਿਰੀ **੪**, ਛੰਤ ੧, ੫ : ੧ (79)

ਵਧਦੋ — ਵੱਧਦਾ

"ਤੋਟਿ ਨ ਆਵੈ **ਵਧਦੋ** ਜਾਈ।"

— ਗਉ **੫**, ੧੦੦, ੩ : ੨ (186)

ਵਧਵੀਏਹ — ਚੰਗੀਆਂ ਹਨ, ਅਗੇ ਹਨ

"ਕੰਤੁ ਲੀਆ ਸੋਹਾਗਣੀ ਮੈ ਤੇ **ਵਧਵੀਏਹ**।"

— ਤਿਲੰ **੧**, ਅਸ ੧, ੪ : ੧ (725)

ਵਧਾ — ਆਕਾਰ ਵਿਚ ਵਡਾ ਹੋਵਾਂ, ਮੌਲਾਂ

"ਏਵਡ **ਵਧਾ** ਮਾਵਾ ਨਾਹੀ ਸਭਸੈ ਨਥਿ ਚਲਾਈ।"

— ਮਾਝ **੧**, ਵਾਰ ੧੯ਸ, **੧**, ੧ : ੪ (147)

ਵਧਾਇ — ਵਧਾਉਂਦਾ ਹੈ, ਜ਼ਿਆਦਾ ਕਰਦਾ ਹੈ

"ਪੁਤੁ ਕਲਤੁ ਕੁਟੰਬੁ ਹੈ ਮਾਇਆ ਮੋਹੁ **ਵਧਾਇ**।"

— ਸਲੋ **੪**, ੧੨ : ੨ (1422)

ਵਧਾਇਆ — ਵੱਧਾ ਲਿਆ, ਜ਼ਿਆਦਾ ਕਰ ਲਿਆ, ਵਾਧਾ ਕੀਤਾ

"ਚਲਣ ਸਾਰ ਨ ਜਾਣਨੀ ਕਾਮੁ ਕਰੋਧੁ ਵਿਸੁ **ਵਧਾਇਆ**।"— ਮਾਝ **੧**, ਵਾਰ ੧੬ : ੫ (145)

ਵਧਾਇਹਿ — ਵਧਾਉਂਦਾ ਹੈ

"ਕਨਿਕ ਕਾਮਨੀ ਸਿਉ ਹੇਤੁ **ਵਧਾਇਹਿ** ਕੀ ਨਾਮੁ ਵਿਸਾਰਹਿ ਭਰਮਿ ਗਇਆ।"

— ਰਾਮ **੧**, ਅਸ ੨, ੧* : ੨ (906)

ਵਧਾਇਦਾ — ਵਧਾਉਂਦਾ ਹੈ
"ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ **ਵਧਾਇਦਾ**।"
— ਮਾਰੂ **੧**, ਸੋਲਾ ੧੫, ੧੪ : ੩ (1036)

ਵਧਾਇਦੇ — ਵਧਾਉਂਦੇ ਹਨ
"ਕਰਿ ਕਰਿ ਹੇਤੁ **ਵਧਾਇਦੇ** ਪਰਦਰਬੁ ਚੁਰਾਇਆ।"— ਸਾਰ **੪**, ਵਾਰ ੨੧ : ੨ (1245)

ਵਧਾਈ — 1. ਵਾਧਾ ਕੀਤਾ
"ਨਿੰਦਕਾ ਕੇ ਮੁਹ ਕਾਲੇ ਕਰੇ ਹਰਿ ਕਰਤੈ ਆਪਿ **ਵਧਾਈ**।"
— ਗਉ **੪**, ਵਾਰ ੧੩ਸ, **੪**, ੧ : ੪ (307)
2. ਮੁਬਾਰਕਬਾਦ, ਅਸ਼ੀਰਵਾਦ
"ਨਿਰਗੁਨੁ ਮਿਲਿਓ ਵਜੀ **ਵਧਾਈ**।" (ਖੁਸ਼ੀ ਹੋਈ) — ਆਸਾ **੫**, ੮੨, ੧* : ੨ (392)
"ਮਨਿ ਸਾਂਤਿ ਆਈ ਵਜੀ **ਵਧਾਈ** ਨਹ ਅੰਤੁ ਜਾਈ ਪਾਇਆ।" (ਖੁਸ਼ੀ ਹੋਈ)
— ਆਸਾ **੫**, ਛੰਤ ੧੨, ੨ : ੫ (460)

ਵਧਾਈਆ — ਖੁਸ਼ੀਆਂ
"ਮੇਰੈ ਮਨਿ ਤਨਿ ਆਸਾ ਪੂਰੀਆ ਮੇਰੇ ਗੋਵਿੰਦਾ ਹਰਿ ਮਿਲਿਆ ਮਨਿ **ਵਧਾਈਆ** ਜੀਉ।"
— ਗਉ **੪**, ੬੭, ੩ : ੪ (174)

ਵਧਾਈਐ — ਵਾਧਾ ਕਰੀਏ
"ਜਿਉ ਜਿਉ ਓਹੁ **ਵਧਾਈਐ** ਤਿਉ ਤਿਉ ਹਰਿ ਸਿਉ ਰੰਗੁ।"— ਸਿਰੀ **੫**, ਅਸ ੨੬, ੮ : ੨ (71)

ਵਧਾਏ — ਵਾਧਾ ਕਰੇ
"ਮੈਲਾ ਖਾਇ ਫਿਰਿ ਮੈਲੁ **ਵਧਾਏ** ਮਨਮੁਖ ਮੈਲੁ ਦੁਖੁ ਪਾਵਣਿਆ।"— ਮਾਝ **੩**, ਅਸ ੨੦, ੭: ੩ (121)

ਵਧਾਣੀਆ — ਵਧ ਚੜ੍ਹ ਕੇ ਹਨ,
"ਸਹੀਆ ਤਊ ਅਸੰਖ ਮੰਞਹੁ ਹਭਿ **ਵਧਾਣੀਆ**।"
— ਸੂਹੀ **੫**, ਅਸ ੪, ੬ : ੧ (761)

ਵਧਾਵੈ — ਵਾਧਾ ਕਰੇ, ਜ਼ਿਆਦਾ ਕਰੇ
"ਧਨੁ ਖਾਟੈ ਆਸਾ ਕਰੈ ਮਾਇਆ ਮੋਹੁ **ਵਧਾਵੈ**।"
— ਗਉ **੪**, ੪੭, ੨ : ੨ (166)

ਵਧਿ — ਵਧੇਰਾ, ਜ਼ਿਆਦਾ, ਅਧਿਕ
"ਘਟਿ **ਵਧਿ** ਕੋ ਕਰੈ ਬੀਚਾਰਾ।"
— ਭੈਰ **੩**, ੧, ੪ : ੨ (1128)
"**ਵਧਿ** ਥੀਵਹਿ ਦਰਿਆਉ ਟੁਟਿ ਨ ਥੀਵਹਿ ਵਾਹੜਾ।" (ਵਧ ਕੇ, ਅਧਿਕ ਹੋ ਕੇ)
— ਸਲੋ **ਫਰ**, ੧੧੨ : ੨ (1384)

ਵਧਿਆ — ਜ਼ਿਆਦਾ ਹੋਇਆ, ਅਧਿਕ ਹੋਇਆ
"ਮਿਠਾ ਕਰਿ ਕੈ ਖਾਇਆ ਬਹੁ ਸਾਦਹੁ **ਵਧਿਆ** ਰੋਗੁ।"— ਸੂਹੀ **੩**, ਵਾਰ ੧ ਸ, **੩**, ੧ : ੩ (785)

ਵਧੀ — ਵਾਧਾ ਹੋਇਆ, ਅਗੇ ਚਲੀ
"**ਵਧੀ** ਵੇਲਿ ਬਹੁ ਪੀੜੀ ਚਾਲੀ।"
— ਆਸਾ **੫**, ੧੦੧, ੩ : ੧ (396)

ਵਧੁ — ਜ਼ਿਆਦਾ ਹੋ ਜਾ, ਲੰਬੀ ਹੋ ਜਾ
"**ਵਧੁ** ਸੁਖੁ ਰੈਨੜੀਏ ਪ੍ਰਿਅ ਪ੍ਰੇਮੁ ਲਗਾ।"
— ਬਿਹਾ **੫**, ਛੰਤ ੪, ੧ : ੧ (544)

ਵਧੇਰੀ — ਹੋਰ ਜ਼ਿਆਦਾ, ਹੋਰ ਵਧ
"ਜਉ ਮਿਲੀਐ ਤਉ ਵਧੈ **ਵਧੇਰੀ**।"
— ਆਸਾ **੫**, ੮੨, ੧ : ੨ (392)

ਵਧੇਰੈ — ਹੋਰ ਜ਼ਿਆਦਾ, ਹੋਰ ਅਧਿਕ
"ਤਟਿ ਤੀਰਥਿ ਦਿਸੰਤਰਿ ਭਵੈ ਅਹੰਕਾਰੀ ਹੋਰੁ **ਵਧੇਰੈ** ਹਉਮੈ ਮਲੁ ਲਾਵਣਿਆ।"
— ਮਾਝ **੩**, ਅਸ ੧੨, ੩ : ੩ (116)

ਵਧੈ — ਵਧੇਰੀ ਹੋਏ, ਜ਼ਿਆਦਾ ਹੋਏ
"ਲਖ ਚਉਰਾਸੀਹ ਮੇਦਨੀ ਘਟੈ ਨ **ਵਧੈ** ਉਤਾਹਿ।"
— ਰਾਮ **੧**, ਓਅੰ ੪੩ : ੨ (936)

ਵੰਨ — 1. ਪ੍ਰਕਾਰ
"ਅਖੀ ਦੇਖਿ ਨ ਰਜੀਆ ਗੁਣ ਗਾਹਕ ਇਕ **ਵੰਨ**।"
— ਮਾਝ **੧**, ਵਾਰ ੧੯ਸ, **੨**, ੨ : ੨ (147)
2. ਰੰਗ
"ਰਾਤੀ ਹੋਵਨਿ ਕਾਲੀਆ ਸੁਪੇਦਾ ਸੇ **ਵੰਨ**।"
— ਸੂਹੀ **੩**, ਵਾਰ ੧੩ਸ, **੧**, ੨ : ੧ (789)

ਵਨਾ — ਜੰਗਲ
"ਪਹਿਲ ਪੁਰੀਏ ਪੁੰਡਰਕ **ਵਨਾ**।"
— ਧਨਾ **ਨਾਮ**, ੪, ੧ : ੨ (693)

ਵੰਨਿ — ਰੰਗ ਵਾਲੇ
"ਪਬਰ ਤੂੰ ਹਰਿਆਵਲਾ ਕਵਲਾ ਕੰਚਨ **ਵੰਨਿ**।"
— ਸਲੋ **੧**, ੩੦ : ੧ (1412)

ਵੰਨੀ — ਰੰਗ, ਰੰਗਤ
"ਕੰਚਨ ਕਾਇਆ ਕਸੀਐ **ਵੰਨੀ** ਚੜੈ ਚੜਾਉ।
— ਮਾਝ **੧**, ਵਾਰ ੧੮ਸ, **੨**, ੧ : ੨ (146)
"ਨਦਰਿ ਸਰਾਫ **ਵੰਨੀ** ਸਚੜਾਉ।" (ਸਚੀ ਵੰਨੀ

ਵਾਲਾ) — ਰਾਮ **੧**, ਓਅੰ ੧੮ : ੪ (932)

('ਦਰਪਣ' ਪਦ ਛੇਦ 'ਵੰਨੀਸ ਚੜਾਓ' ਕਰਕੇ 'ਵੰਨੀਸ' ਦੇ ਅਰਥ 'ਚੰਗਾ ਰੰਗ' ਕਰਦਾ ਹੈ।)

ਵੰਨੀਆ — ਰੰਗ ਵਾਲੀ

"ਦੇਹ ਕੰਚਨ ਵੇ **ਵੰਨੀਆ** ਇਨਿ ਹਉਮੈ ਮਾਰਿ ਵਿਗੁਤੀਆ।"— ਸੂਹੀ **੪**, ਛੰਤ ੬, ੧ : ੨ (776)

ਵੰਨੁ — 1. ਰੰਗੁ

"ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ **ਵੰਨੁ**।" (ਭਾਵ ਲਾਲੀ) — ਸੋਰ **੧**, ੨, ੪ : ੩ (596)

"ਅੰਭੈ ਕੈ ਸੰਗਿ ਨੀਕਾ **ਵੰਨੁ**।"

— ਗੋਂਡ **ਕਬ**, ੧੧, ੨ : ੨ (873)

(ਸ਼ਬਦਾਰਥ ਇਥੇ ਅਰਥ 'ਸਵਾਦ' ਕਰਦਾ ਹੈ)

ਵੰਨੇ — ਰੰਗ

"ਜਿਨ ਸਤਿਗੁਰ ਦਾ ਭਾਣਾ ਮੰਨਿਆ ਤਿਨ ਚੜੀ ਚਵਗਣਿ **ਵੰਨੇ**।"

— ਗਉ **੪**, ਵਾਰ ੨੫ : ੪ (314)

ਵਪਾਰੀ — ਸੌਦਾਗਰ, ਵਣਜ ਕਰਨ ਵਾਲਾ

"ਬੇਦ **ਵਪਾਰੀ** ਗਿਆਨੁ ਰਾਸਿ ਕਰਮੀ ਪਲੈ ਹੋਇ।"

— ਸਾਰ **੪**, ਵਾਰ ੧੬ਸ, **੧**, ੨ : ੫ (1243)

ਵਪਾਰੀਏ — ਵਪਾਰੀ, ਵਣਜਾਰੇ

"ਛਤੜੇ ਬਾਜਾਰ ਸੋਹਨਿ ਵਿਚਿ **ਵਪਾਰੀਏ**।" (ਭਾਵ ਮੁਤਲਾਸ਼ੀ, ਅਭਿਆਗਤ)

— ਰਾਮ **੫**, ਵਾਰ ੧੯ਸ, **੫**, ੧ : ੧ (965)

ਵਰ — 1. ਪਤੀ

"ਮਿਲਿ **ਵਰ** ਨਾਰੀ ਮੰਗਲੁ ਗਾਇਆ ਠਾਕੁਰ ਕਾ ਜੈਕਾਰੁ।" — ਗੂਜ **੫**, ੧੫, ੨ : ੧ (499)

2. ਅਸੀਸ, ਦਾਤ,

"ਪ੍ਰਭਿ ਅਪਨੈ **ਵਰ** ਦੀਨੇ।"

— ਸੋਰ **੫**, ੬੯, ੨ : ੧ (626)

ਵਰਸ — ਬਾਰਸ਼ ਵਾਲਾ

"ਸਾਗਰ ਲਹਰਿ ਸਮੁੰਦਰ ਵੇਲਿ **ਵਰਸ** ਵਰਾਹੁ।"

— ਸੂਹੀ **੩**, ਵਾਰ ੧੦ਸ, **੧**, ੧ : ੨ (788)

ਵਰਸਉ — ਵਰ੍ਹੇ, ਪਵੇ, ਵਸੇ

"ਭਿਜਉ ਸਿਜਉ ਕੰਬਲੀ ਅਲਹ **ਵਰਸਉ** ਮੇਹੁ।"

— ਸਲੋ **ਫਰ**, ੨੫ : ੧ (1379)

ਵਰਸਹਿ — ਵਸਦੇ ਹਨ

"ਸਾਵਣਿ ਸਰਸ ਮਨਾ ਘਣ **ਵਰਸਹਿ** ਰੁਤਿ ਆਏ।"

— ਤੁਖਾ **੧**, ਬਾਹਾ ੯ : ੧ (1108)

ਵਰਸਹੁ — ਵਸੋ

"ਮੇਘੈ ਨੋ ਫੁਰਮਾਨੁ ਹੋਆ **ਵਰਸਹੁ** ਕਿਰਪਾ ਧਾਰਿ।"

— ਮਲਾ **੧**, ਵਾਰ ੧੬ਸ, **੩**, ੧ : ੨ (1285)

ਵਰਸਣ — ਵਸਨ

"ਹੁਕਮੀ **ਵਰਸਣ** ਲਾਗੇ ਮੇਹਾ।"

— ਮਾਝ **੫**, ੩੪, ੧ : ੧ (104)

ਵਰਸਤ — ਵਸਦਾ

"ਜੈਸੇ ਧਰਤੀ ਮਧੇ ਪਾਣੀ ਪਰਗਾਸਿਆ ਬਿਨੁ ਪਗਾ **ਵਰਸਤ** ਫਿਰਾਹੀ।"

— ਗਉ **੩**, ੩੫, ੧ : ੨ (162)

ਵਰਸਦਾ — ਵਸਦਾ, ਪੈਂਦਾ

"ਝਿੰਮਿ ਝਿੰਮਿ ਅੰਮ੍ਰਿਤੁ **ਵਰਸਦਾ**।"

— ਸਿਰੀ **੫**, ਅਸ ੨੯, ੧੪ : ੧ (74)

ਵਰਸਦੈ — ਵਸਦਿਆਂ

"ਏਤੈ ਜਲਿ **ਵਰਸਦੈ** ਤਿਖ ਮਰਹਿ ਭਾਗ ਤਿਨਾ ਕੇ ਨਾਹਿ।"

— ਮਲਾ **੧**, ਵਾਰ ੯ਸ, **੩**, ੨ : ੪ (1282)

ਵਰਸਾਇ — ਲਾਭ ਉਠਾਣਾ, ਫਾਇਦਾ ਹੋਣਾ

"ਇਸੁ ਭੇਖੈ ਥਾਵਹੁ ਗਿਰਹੋ ਭਲਾ ਜਿਥਹੁ ਕੋ **ਵਰਸਾਇ**।"

— ਵਡ **੪**, ਵਾਰ ੪ਸ, **੩**, ੧ : ੫ (587)

ਵਰਸਾਇਆ — ਵਸਾਇਆ, ਮੀਂਹ ਪੁਆਇਆ

"ਜਲਿ ਥਲਿ ਮਹੀਅਲਿ ਦਹ ਦਿਸਿ **ਵਰਸਾਇਆ**।"

— ਮਾਝ **੫**, ੪੧, ੧ : ੨ (106)

ਵਰਸਾਣਾ — ਲਾਭ ਉਠਾਉਣਾ,

"ਇਸੁ ਧਨ ਤੇ ਸਭੁ ਜਗੁ **ਵਰਸਾਣਾ**।"

— ਆਸਾ **੫**, ੧੮, ੩ : ੨ (375)

ਵਰਸਾਣੇ — ਲਾਭ ਉਠਾਉਣਾ,

"ਹਰਿ ਇਕਸੁ ਹਥਿ ਆਇਆ **ਵਰਸਾਣੇ** ਬਹੁਤੇਰੇ।" — ਮਾਝ **੫**, ੨੨, ੪ : ੧ (101)

ਵਰਸਾਤੇ — ਲਾਭ ਉਠਾਉਂਦੇ ਭਾਵ ਸੁਖ ਪਾਉਂਦੇ ਹਨ

"ਤਿਨ ਕੇ ਘਰ ਮੰਦਰ ਮਹਲ ਸਰਾਈ ਸਭ ਪਵਿਤੁ ਹਹਿ ਜਿਨੀ ਗੁਰਮੁਖਿ ਸੇਵਕ ਸਿਖ ਅਭਿਅਗਤ ਜਾਇ **ਵਰਸਾਤੇ**।"— ਸੋਰ **੪**, ਵਾਰ ੧੬ : ੨ (648)

ਵਰਸਾਂਨੇ — ਲਾਭ ਉਠਾਦੇ ਹਨ, ਦਾਤਾਂ ਪ੍ਰਾਪਤ

ਕਰਨੀਆਂ
"ਮੁਇਆ ਉਨ ਤੇ ਕੋ **ਵਰਸਾਂਨੇ**।"
— ਗਉ **੫**, ੧੬੬, ੧ : ੨ (199)

ਵਰਸਾਵੈ — ਲਾਭ ਉਠਾਉਣਾ, ਦਾਤਾਂ ਪ੍ਰਾਪਤ ਕਰਨੀਆਂ
"ਸਭ ਕੋ ਤੁਮਹੀ ਤੇ **ਵਰਸਾਵੈ** ਅਉਸਰੁ ਕਰਹੁ ਹਮਾਰਾ ਪੂਰਾ ਜੀਉ।"
— ਮਾਝ **੫**, ੧੮, ੨ : ੩ (99)

ਵਰਸੁ — ਬਦਲ, ਵਸਨ ਵਾਲਾ
"ਸਾਵਣਿ **ਵਰਸੁ** ਅੰਮ੍ਰਿਤਿ ਜਗੁ ਛਾਇਆ ਜੀਉ।"
— ਗਉ **੪**, ੬੫, ੪ : ੧ (173)

ਵਰਸੈ — ਵਸਦੀ ਹੈ
"ਝਿਮਿ ਝਿਮਿ **ਵਰਸੈ** ਅੰਮ੍ਰਿਤ ਧਾਰਾ।"
— ਮਾਝ **੫**, ੨੬,੨ : ੧ (102)

ਵਰਕਾਮਣਿ — ਵਰ ਦੀ ਇਸਤ੍ਰੀ, ਪਤੀ ਦੀ (ਪਿਆਰੀ) ਪਤਨੀ
"ਸਹਜਿ ਸੁਖੀ **ਵਰਕਾਮਣਿ** ਪਿਆਰੀ ਜਿਸੁ ਗੁਰਬਚਨੀ ਮਨੁ ਮਾਨਿਆ।"
— ਮਲਾ **੧**, ੨, ੨ : ੧ (1254)

ਵਰਕਾਮਨਿ — ਵਰ ਦੀ ਇਸਤ੍ਰੀ
"ਹਰਿ ਪ੍ਰਭ ਸੰਗਿ ਖੇਲਹਿ **ਵਰਕਾਮਨਿ** ਗੁਰਮੁਖਿ ਖੋਜਤ ਮਨ ਮਨੇ।"
— ਬਸੰ **੧**, ੬, ੧* : ੨ (1170)

ਵਰਖਾ — ਬਾਰਸ਼, ਮੀਂਹ
"ਸਾਚ ਨਾਮ ਕੀ ਅੰਮ੍ਰਿਤ **ਵਰਖਾ**।"
— ਸੂਹੀ **੫**, ੧੨, ੩ : ੨ (739)

ਵਰਖੈ — ਵਸਦਾ ਹੈ
"ਅੰਮ੍ਰਿਤੁ **ਵਰਖੈ** ਅਨਹਦ ਬਾਣੀ।"
— ਮਾਝ **੫**, ੩੨, ੩ : ੧ (105)

ਵਰਜਿ — ਰੋਕ
"ਕੋਟੀ ਹੂ ਪੀਰ **ਵਰਜਿ** ਰਹਾਏ ਜਾ ਮੀਰੁ ਸੁਣਿਆ ਧਾਇਆ।"— ਆਸਾ **੧**, ਅਸ ੧੨, ੪ : ੧ (417)

ਵਰਜੇ — ਰੋਕੇ
"ਧਾਵਤ **ਵਰਜੇ** ਠਾਕਿ ਰਹਾਏ।"
— ਗਉ **੩**, ੨੬, ੩ : ੨ (159)

ਵਰਤ — ਨਿਸਚਿਤ ਸਮੇਂ ਲਈ ਭੋਜਨ ਦਾ ਤਿਆਗ
"ਤੀਰਥ **ਵਰਤ** ਲਖ ਸੰਜਮਾ ਪਾਈਐ ਸਾਧੂ ਧੂਰਿ।"
— ਸਿਰੀ **੫**, ੮੬, ੩ : ੧ (48)

ਵਰਤਉ — ਵਰਤ ਰਿਹਾ
"ਜਿਥੈ ਸੁ ਵਸਤੁ ਨ ਜਾਪਈ ਆਪੇ **ਵਰਤਉ** ਜਾਣਿ।"
— ਰਾਮ **੩**, ਵਾਰ ੧੬ਸ, **੨**, ੨ : ੩ (954)

ਵਰਤਹਿ — ਵਿਚਰ ਰਿਹਾ, ਵਰਤ ਰਿਹਾ
"ਬਹਤੁ ਕਰਹਿ ਫੁਰਮਾਇਸੀ **ਵਰਤਹਿ** ਹੋਇ ਅਫਾਰ।" — ਸਿਰੀ **੫**, ੨੧, ੧ : ੩ (42)
"ਵਰਨ ਰੂਪ **ਵਰਤਹਿ** ਸਭ ਤੇਰੇ।" (ਵਿਚਰ ਰਹੇ, ਵਰਤ ਰਹੇ)— ਮਾਝ **੩**, ਅਸ ੧੯, ੧ : ੧ (120)
"ਸਤਿ ਬਚਨ **ਵਰਤਹਿ** ਹਰਿ ਦੁਆਰੇ।" (ਉਤਰਦੇ ਹਨ) — ਗੋਂਡ **੫**, ਅਸ ੧, ੭ : ੨ (869)

ਵਰਤਣ — ਵਰਤਨ, ਇਸਤਮਾਲ ਕਰਨ, ਵਰਤੋਂ ਵਿਚ ਲਿਆਉਣ
"ਸਭੁ ਜੀਉ ਪਿੰਡੁ ਮੁਖੁ ਨਕੁ ਦੀਆ **ਵਰਤਣ** ਕਉ ਪਾਣੀ।" — ਗਉ **੪**, ੫੦, ੩ : ੧ (167)

ਵਰਤਣਹਾਰ — ਪ੍ਰਵੇਸ਼ ਕਰਨ ਵਾਲਾ, ਵਿਚਰਨ ਵਾਲਾ,
"ਜੀਅ ਜੰਤ ਕੇ ਠਾਕੁਰਾ ਆਪੇ **ਵਰਤਣਹਾਰ**।"
— ਗਉ **੫**, ਸੁਖ ੨੨ਸ : ੧ (292)

ਵਰਤਣਾ — ਵਿਚਰਨਾ, ਰਹਿਣਾ
"ਜਿਥੈ ਜਾਇ ਤੁਧੁ **ਵਰਤਣਾ** ਤਿਸ ਕੀ ਚਿੰਤਾ ਨਾਹਿ।"
— ਸਿਰੀ ੫, ੭੩, ੩ : ੨ (43)

ਵਰਤਣਿ — 1. ਵਰਤਨ ਵਾਲੀ ਵਸਤੂ, ਰੋਜ਼ਾਨਾ ਖਰਚ ਦੀ ਰਕਮ
"**ਵਰਤਣਿ** ਨਾਮੁ ਨਾਨਕ ਸਚੁ ਕੀਨਾ ਹਰਿ ਨਾਮੇ ਰੰਗਿ ਸਮਾਇਆ।"
— ਆਸਾ **੫**, ੪੦, ੪ : ੨ (380)
"ਨਾਮੁ **ਵਰਤਣਿ** ਨਾਮੋ ਵਾਲੇਵਾ ਨਾਮ ਨਾਨਕ ਪ੍ਰਾਨ ਅਧਾਰਾ।" — ਸੋਰ **੫**, ੨੦, ੪ : ੨ (614)
"ਹਰਿ ਮੇਰੀ **ਵਰਤਣਿ** ਹਰਿ ਮੇਰੀ ਰਾਸਿ।"
— ਰਾਮ **੫**, ੩੫, ੪ : ੪ (894)
2. ਰਹਤ, ਮਰਯਾਦਾ,
"**ਵਰਤਣਿ** ਜਾ ਕੇ ਕੇਵਲ ਨਾਮ।"
— ਆਸਾ **੫**, ੮੮, ੨ : ੧ (392)
"ਸਗਲੀ ਧਰਤੀ ਮਾਲੁ ਧਨੁ **ਵਰਤਣਿ** ਸਰਬ ਜੰਜਾਲ।" (ਵਰਤੋਂ ਵਿਹਾਰ)
— ਆਸਾ **੧**, ਵਾਰ ੫ਸ, **੧**, ੧ : ੩ (465)

"ਰਾਤਿ ਦਿਨਸੁ ਉਪਾਇਅਨੁ ਸੰਸਾਰ ਕੀ **ਵਰਤਣਿ**।" (ਵਰਤੋਂ ਵਿਹਾਰ ਲਈ)
— ਰਾਮ **੩**, ਵਾਰ ੫ : ੧ (948)

ਵਰਤਣੀ — ਵਰਤੋਂ ਦੀ ਵਸਤੂ/ਸਮਾਨ/ਸਾਮਗ੍ਰੀ
"ਏਤੇ ਜੀਅ ਜਾਂਚੈ **ਵਰਤਣੀ**।"
— ਮਲਾ **ਨਾਮ**, ੧, ੪ : ੫ (1292)

ਵਰਤਣੁ — ਵਿਚਰਨਾ
"ਦੁਖ ਵਿਚਿ ਜੰਮਣੁ ਦੁਖਿ ਮਰਣੁ ਦੁਖਿ **ਵਰਤਣੁ** ਸੰਸਾਰਿ।"
— ਸਾਰ **੪**, ਵਾਰ ੮ਸ, **੧**, ੧ : ੧ (1240)

ਵਰਤੰਤ — ਵਿਚਰ ਰਿਹਾ, ਭਰਪੂਰ
"ਦ੍ਰਿਸਟੰਤ ਏਕੋ ਸੁਨੀਅੰਤ ਏਕੋ **ਵਰਤੰਤ** ਏਕੋ ਨਰਹਰਹ।"
— ਜੈਤ **੫**, ਵਾਰ ੨੦ਸ, **੫**, ੧ : ੧ (710)

ਵਰਤੰਤਾ — 1. ਵਾਪਰ ਰਿਹਾ ਹੈ, ਹੋ ਰਿਹਾ ਹੈ
"ਓਹੁ ਸਭੁ ਕਿਛੁ ਜਾਣੈ ਜੋ **ਵਰਤੰਤਾ**।"
— ਮਾਰੂ **੫**, ੨੧*, ੨ : ੩ (176)
2. ਵਿਚਰ ਰਿਹਾ, ਵਿਆਪਕ
"ਸੁਘੜੁ ਸੁਜਾਣੁ ਸਰੂਪੁ ਤੂ ਸਭ ਮਹਿ **ਵਰਤੰਤਾ**।"
— ਮਾਰੂ **੫**, ਵਾਰ ੪ : ੧ (1095)

ਵਰਤੰਤਿ — ਵਰਤਾਰਾ
"ਪ੍ਰਵਿਰਤਿ ਮਾਰਗੰ **ਵਰਤੰਤਿ** ਬਿਨਾਸਨੰ।"
— ਸਸ **੫**, ੧੨ : ੪ (1355)

ਵਰਤਦਾ — 1. ਵਿਚਰਦਾ, ਵਿਆਪਕ
"ਸਭ ਮਹਿ ਇਕੁ **ਵਰਤਦਾ** ਏਕੋ ਰਹਿਆ ਸਮਾਇ।"
— ਸਿਰੀ **੩**, ੩੬, ੨ : ੩ (27)
"ਨਾਨਕ ਸਹਜੇ ਹੀ ਰੰਗਿ **ਵਰਤਦਾ** ਹਰਿ ਗੁਣ ਪਾਵੈ ਸੋਇ।" (ਵਿਚਰਦਾ ਭਾਵ ਨਿਭਦਾ ਹੈ)
— ਸਿਰੀ **੩**, ੫੦, ੪ : ੩ (33)
"ਸਕਤੀ ਅੰਦਰਿ **ਵਰਤਦਾ** ਕੂੜੁ ਤਿਸ ਕਾ ਹੈ ਉਪਾਉ।" (ਵਿਚਰਦਾ)
— ਗੂਜ **੩**, ਵਾਰ ੮ਸ, **੩**, ੨ : ੨ (511)
2. ਚਲਦਾ ਹੈ
"ਸਚਾ ਸਾਹੁ **ਵਰਤਦਾ** ਕੋਇ ਨ ਮੇਟਣਹਾਰ।" (ਹੁਕਮ ਚਲਦਾ ਹੈ, ਕੰਮ ਕਰ ਰਿਹਾ ਹੈ)
— ਸਿਰੀ **੩**, ੫੩, ੨ : ੩ (34)
"ਸਭੁ ਕੀਤਾ ਤੇਰਾ **ਵਰਤਦਾ** ਤੂੰ ਅੰਤਰਜਾਮੀ।" (ਚਲਦਾ ਹੈ)
— ਗਉ **੪**, ੫੦, ੪ : ੧ (167)
"ਭਗਤਾ ਵਿਚਿ ਆਪਿ **ਵਰਤਦਾ** ਪ੍ਰਭ ਜੀ ਭਗਤੀ ਹੂ ਤੂ ਜਾਤਾ।" (ਕੰਮ ਕਰਦਾ ਹੈ)
— ਸੋਰ **੩**, ਅਸ ੧, ੪ : ੧ (638)

ਵਰਤੰਦਾ — ਵਰਤਦਾ ਹੈਂ,
"ਭਗਤਿ ਵਛਲੁ ਤੇਰਾ ਬਿਰਦੁ ਹੈ ਜੁਗਿ ਜੁਗਿ **ਵਰਤੰਦਾ**।" — ਗਉ **੫**, ਵਾਰ ੫ : ੪ (319)

ਵਰਤਦੇ — 1. ਵਿਆਪਕ ਹਨ, ਮੌਜੂਦ ਹਨ
"ਘਰ ਮਹਿ ਪੰਚ **ਵਰਤਦੇ** ਪੰਚੇ ਵੀਚਾਰੀ।"
— ਆਸਾ **੩**, ਅਸ ੨੨, ੮ : ੧ (425)
2. ਵਿਚਰਦੇ ਹਨ, ਰਹਿੰਦੇ ਹਨ
"ਨਾਮੇ ਹੀ ਨਾਮਿ **ਵਰਤਦੇ** ਨਾਮੇ ਵਰਤਾਰਾ।"
— ਆਸਾ **੩**, ਅਸ ੨੯, ੩ : ੧ (426)

ਵਰਤਨਿ — 1. ਵਰਤੋਂ ਦੀ ਵਸਤੂ, ਰਹਿਣੀ, ਵਰਤਾਰਾ
"ਠਾਕੁਰ ਨਾਮੁ ਕੀਓ ਉਨਿ **ਵਰਤਨਿ**।"
— ਗਉ **੫**, ੮੬, ੧ : ੩ (181)
2. ਵਿਚਰਨ ਵਾਲੀ, ਰਹਿਣ ਵਾਲੀ
"ਨਿਕਟਿ **ਵਰਤਨਿ** ਸਾ ਸਦਾ ਸੁਹਾਗਨਿ ਦਹ ਦਿਸ ਸਾਈ ਜਾਨੀ।"
— ਸਾਰ **੫**, ੧੨੨, ੨ : ੧ (1228)

ਵਰਤਨੀ — ਵਿਚਰਦੇ ਹਨ, ਕੰਮ ਕਰਦੇ ਹਨ
"ਸਭਿ ਆਏ ਹੁਕਮਿ ਖਸਮਾਹੁ ਹੁਕਮਿ ਸਭ **ਵਰਤਨੀ**।" — ਤਿਲੰ **੪**, ੧, ੧ : ੧ (723)

ਵਰਤਮਾਨ — ਵਿਆਪਕ/ਹਾਜ਼ਰ ਨਾਜ਼ਰ ਸਮਝਨਾ
"ਪਤਿ ਵੀਚਾਰੁ ਗਿਆਨ ਮਤਿ ਡੰਡਾ **ਵਰਤਮਾਨ** ਬਿਭੂਤੰ।" — ਆਸਾ **੧**, ੩੨, ੩ : ੧ (360)

ਵਰਤਾ — 1. ਵਿਚਰਾਂ, ਚਲਾਂ
"ਸੇਵਕ ਕਾ ਹੋਇ ਸੇਵਕੁ **ਵਰਤਾ** ਕਰਿ ਕਰਿ ਬਿਨਉ ਬੁਲਾਈ।"— ਸੂਹੀ **੪**, ਅਸ ੧, ੧੨ : ੧ (758)
2. ਵਰਤ ਰਖਣੇ, ਨਿਸਚਿਤ ਸਮੇਂ ਲਈ ਭੋਜਨ ਦਾ ਤਿਆਗ
"ਸੰਧਿਆ ਕਾਲ ਕਰਹਿ ਸਭਿ **ਵਰਤਾ** ਜਿਉ ਸਫਰੀ ਦੰਫਾਨ।" — ਸਾਰ **੫**, ੨, ੩ : ੧ (1203)

ਵਰਤਾਇ — ਵਰਤੋਂ ਵਿਚ ਲਿਆ ਭਾਵ ਵਿਸਤਾਰ ਕਰਕੇ
"ਤ੍ਰੈ **ਵਰਤਾਇ** ਚਉਥੈ ਘਰਿ ਵਾਸਾ।"

— ਮਾਰੂ **੧**, ਸੋਲਾ ੧੮, ੪ : ੧ (1038)
"ਬੇਦ ਬਾਣੀ **ਵਰਤਾਇ** ਅੰਦਰਿ ਵਾਦੁ ਘਤਿਆ।" (ਚਲਾ ਕੇ, ਵਰਤੋਂ ਵਿਚ ਲਿਆ ਕੇ)
— ਮਲਾ **੧**, ਵਾਰ ੫ : ੨ (1280)

ਵਰਤਾਇਓ — 1. ਵਰਤੋਂ ਵਿਚ ਲਿਆਉਣਾ, ਪ੍ਰਗਟ ਕਰਨਾ, ਪ੍ਰਚਲਤ ਕਰਨਾ
"ਪ੍ਰਗਟ ਪ੍ਰਤਾਪੁ **ਵਰਤਾਇਓ** ਸਭੁ ਲੋਕੁ ਕਰੈ ਜੈਕਾਰੁ ਜੀਉ।" — ਸਿਰੀ **੧**, ਅਸ ੨੮, ੧੨ : ੩ (72)
"ਨਿੰਦਕ ਮਾਰਿ ਚਰਨ ਤਲ ਦੀਨੇ ਅਪੁਨੋ ਜਸੁ **ਵਰਤਾਇਓ**।"
— ਮਲਾ **੫**, ੧੮, ੧* : ੨ (1270)
"ਨਾਨਕ ਪ੍ਰਸਾਦਿ ਅੰਗਦ ਸੁਮਤਿ ਗੁਰਿ ਅਮਰਿ ਅਮਰੁ **ਵਰਤਾਇਓ**।" (ਪ੍ਰਚਲਤ ਕੀਤਾ)
— ਸਵ **੪**, ਕਲ ੫ : ੫ (1397)

ਵਰਤਾਇਆ — ਪ੍ਰਚਲਤ ਕੀਤਾ, ਵਰਤੋਂ ਵਿਚ ਲਿਆਂਦਾ
"ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ **ਵਰਤਾਇਆ**।"— ਆਸਾ **੧**, ਵਾਰ ੮ : ੧ (467)
"ਸਭ ਅੰਤਰਿ ਜਨ **ਵਰਤਾਇਆ** ਹਰਿਜਨ ਤੇ ਜਾਪੈ।" (ਪ੍ਰਚਲਤ ਕੀਤਾ, ਉਘਾ ਕੀਤਾ)
— ਮਾਰੂ **੫**, ਵਾਰ ੮ : ੮ (1097)

ਵਰਤਾਇਸੀ — ਪ੍ਰਚਲਿਤ ਕਰੇਗਾ
"ਮੈਲੇ ਹਛੇ ਕਾ ਵੀਚਾਰੁ ਆਪਿ **ਵਰਤਾਇਸੀ**।"
— ਸੂਹੀ **੧**, ੬, ੧ : ੫ (730)

ਵਰਤਾਈ — 1. ਵੰਡੀ
"ਹਰਿ ਭਗਤਿ ਭੰਡਾਰ ਲਹਾਇਦਾ ਆਪੇ **ਵਰਤਾਈ**।" — ਗਉ **੪**, ੪੬, ੩ : ੩ (166)
2. ਵਰਤਾ ਦਿਤੀ, ਸਥਾਪਤ ਕੀਤੀ
"ਤਪਤਿ ਮਾਹਿ ਠਾਢਿ **ਵਰਤਾਈ**।"
— ਗਉ **੫**, ਸੁਖ ੧੮, ੨ : ੧ (287)

ਵਰਤਾਈਅਨੁ — ਵਰਤਾਈ, ਸਥਾਪਤ ਕੀਤੀ
"ਆਪੇ ਸਿਵ **ਵਰਤਾਈਅਨੁ** ਅੰਤਰਿ ਆਪੇ ਸੀਤਲੁ ਠਾਰੁ ਗੜਾ।"
— ਮਾਰੂ **੫**, ਸੋਲਾ ੧੦, ੧੩ : ੩ (1082)

ਵਰਤਾਈਆ — ਸਥਾਪਤ ਕੀਤੀਆਂ, ਪ੍ਰਚਲਤ ਕੀਤੀਆਂ
"ਹਾਠਾ ਦੋਵੈ ਕੀਤੀਓ ਸਿਵ ਸਕਤਿ **ਵਰਤਾਈਆ**।"
— ਮਾਰੂ **੫**, ਵਾਰ ੬ : ੫ (1096)

ਵਰਤਾਏ — ਪ੍ਰਗਟ ਕਰੇ, ਪ੍ਰਚਲਤ ਕਰੇ, ਵੰਡੇ
"ਅੰਤਰਿ ਸਾਚੁ ਬਾਹਰਿ ਸਾਚੁ **ਵਰਤਾਏ**।"
— ਗਉ **੩**, ਅਸ ੬, ੫ : ੧ (232)
"ਗੁਰ ਪਰਸਾਦੀ ਦੇ ਵਡਿਆਈ ਅਪਣਾ ਸਬਦੁ **ਵਰਤਾਏ**।" (ਪ੍ਰਗਟ ਕਰਦਾ ਭਾਵ ਭਰ ਦਿੰਦਾ ਹੈ) — ਗੂਜ **੩**, ੨, ੪ : ੨ (491)

ਵਰਤਾਰਾ — 1. ਵਰਤ ਰਿਹਾ ਹੈ, ਪ੍ਰਤਖ ਹੈ, ਵਿਆਪਕ ਹੈ
"ਸਰਬ ਭੂਤ ਆਪਿ **ਵਰਤਾਰਾ**।"
— ਗਉ **੫**, ਸੁਖ ੨੩, ੬ : ੧ (294)
2. ਵਿਹਾਰ, ਵਰਤੋਂ
"ਦਾਮਨੀ ਚਮਤਕਾਰ ਤਿਉ **ਵਰਤਾਰਾ** ਜਗ ਖੇ।"
— ਗਉ **੫**, ਵਾਰ ੪ਸ, **੫**, ੨ : ੧ (319)
"ਨਾਮੇ ਹੀ ਨਾਮਿ ਵਰਤਦੇ ਨਾਮੇ **ਵਰਤਾਰਾ**।" (ਵਰਤੋਂ ਵਿਹਾਰ)
— ਆਸਾ **੫**, ਅਸ ੨੯, ੩ : ੧ (426)
3. ਪ੍ਰਚਲਤ ਕਰਨਾ, ਪ੍ਰਚਲਤ ਹੋਣਾ
"ਦੂਜਾ ਭਾਉ ਕਚਾਇਓਨੁ ਤ੍ਰੈ ਗੁਣ **ਵਰਤਾਰਾ**।"
— ਰਾਮ **੩**, ਵਾਰ ੪ : ੧ (948)
"ਹੁਕਮੇ ਹੋਆ ਹੁਕਮੇ **ਵਰਤਾਰਾ**।"
— ਭੈਰ **੩**, ੩, ੧* : ੨ (1128)

ਵਰਤਾਰੇ — ਵਿਹਾਰਾਂ ਵਿਚ, ਢੰਗਾਂ ਨਾਲ
"ਛਿਅ **ਵਰਤਾਰੇ** ਵਰਤਹਿ ਪੂਤ।"
— ਰਾਮ **੩**, ਵਾਰ ੧੨ਸ, **੧**, ੨ : ੨ (953)

ਵਰਤਾਵਣਹਾਰਾ — ਵਰਤਾਉਣ ਵਾਲਾ, ਪ੍ਰਚਲਤ ਕਰਨ ਵਾਲਾ
"ਸਬਦੁ ਗੁਰੂ ਕਾ ਸਦ ਉਚਰਹਿ ਜੁਗੁ ਜੁਗੁ **ਵਰਤਾਵਣਹਾਰਾ**।"
— ਵਡ **੪**, ਵਾਰ ੧੮ਸ, **੩**, ੨ : ੪ (593)

ਵਰਤਾਵਣਿਆ — ਵਿਆਪਕ ਹੋਣਾ, ਪ੍ਰਚਲਤ ਹੋਣਾ
"ਥਾਨਿ ਥਨੰਤਰਿ ਤੂੰ ਹੈ ਤੂੰ ਹੈ ਇਕੋ ਇਕੁ **ਵਰਤਾਵਣਿਆ**।"
— ਮਾਝ **੫**, ਅਸ ੩੨, ੩ : ੩ (131)

ਵਰਤਾਵਾ — ਵਰਤੋਂ ਵਿਹਾਰ
"ਅੰਧ **ਵਰਤਾਵਾ** ਭਾਉ ਦੂਜਾ।"
— ਸਲੋ **੧**, ੨੨ : ੨ (1412)

ਵਰਤਿਆ — 1. ਪ੍ਰਚਲਤ ਹੋਇਆ, ਪ੍ਰਗਟ ਹੋਇਆ
"ਤਿਸੁ ਕਉ ਜਗਤੁ ਨਿਵਿਆ ਸਭੁ ਪੈਰੀ ਪਇਆ ਜਸੁ **ਵਰਤਿਆ** ਲੋਈ।"
— ਗਉ **੪**, ਵਾਰ ੧੫ਸ, **੪**, ੩ : ੨ (309)
"ਸੋਈ **ਵਰਤਿਆ** ਜਗਤ ਮਹਿ ਘਟਿ ਘਟਿ ਮੁਖਿ ਭਣਿਆ।" (ਪਸਰ ਗਿਆ)
— ਬਿਲਾ **੪**, ਵਾਰ ੧੨ : ੨ (854)
2. ਘਟਿਆ, ਵਾਪਰਿਆ
"ਹਰਿ ਕੈ ਦਰਿ **ਵਰਤਿਆ** ਸੁ ਨਾਨਕਿ ਆਖਿ ਸੁਣਾਇਆ।"
— ਗਉ **੪**, ਵਾਰ ੩੦ਸ, **੪**, ੧ : ੧੩ (316)
3. ਵਿਚਰਨਾ
"ਦੋਵੈ ਤਰਫਾ ਉਪਾਇ ਇਕੁ **ਵਰਤਿਆ**।"
— ਮਲਾ **੧**, ਵਾਰ ੫ : ੧ (1280)
4. ਵਰਤਿਆ ਗਿਆ, ਵਰਤੋਂ ਵਿਚ ਆਇਆ
"ਵਰਤਣਿ **ਵਰਤਿਆ** ਸਰਬ ਜੰਜਾਲੁ।"
— ਮਲਾ **੧**, ਵਾਰ ੨੦ ਸ, **੧**, ੧ : ੩ (1287)

ਵਰਤੀ — 1. ਵਰਤ ਰਖਨ ਵਾਲੇ, ਨਿਸਚਿਤ ਸਮੇਂ ਲਈ ਭੁਖੇ ਰਹਿਣ ਵਾਲੇ
"ਨਿਰਹਾਰ **ਵਰਤੀ** ਆਪਰਸਾ।"
— ਸਿਰੀ **੫**, ਅਸ ੨੨, ੫ : ੧ (71)
2. ਵਿਚਰੀ
"ਗਿਆਨੀ ਕੀ ਹੋਇ **ਵਰਤੀ** ਦਾਸਿ।"
— ਆਸਾ **੫**, ੧, ੪ : ੧ (370)
3. ਭਾਵ ਫੈਲੀ, ਵਿਆਪਕ ਹੋਈ
"ਗੁਰ ਬਾਣੀ **ਵਰਤੀ** ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ।"
— ਮਾਰੂ **੩**, ਸੋਲਾ ੨੨, ੩ : ੩ (1066)

ਵਰਤੀਆ — ਵਰਤਦਾ ਹੈ, ਹੁੰਦਾ ਹੈ
"ਨਾਨਕ ਜੋ ਤਿਸੁ ਭਾਵੈ ਸੋ **ਵਰਤੀਆ**।"
— ਗਉ **੫**, ਸੁਖ ੧੬, ੨ : ੧੦ (285)

ਵਰਤੀਜਾ — 1. ਵਰਤਾਇਆ; ਵਿਆਪਕ ਕੀਤਾ
"ਆਪਨ ਖੇਲੁ ਆਪਿ **ਵਰਤੀਜਾ**।"
— ਗਉ **੫**, ਸੁਖ ੨੧, ੧ : ੯ (291)
2. ਵਿਚਰ ਰਿਹਾ, ਵਰਤੋਂ ਵਿਹਾਰ ਕਰ ਰਿਹਾ
"ਆਪੇ ਸਚੁ ਧਾਰਿਓ ਸਭੁ ਸਾਚਾ ਸਚੇ ਸਚਿ **ਵਰਤੀਜਾ** ਹੇ।"
— ਮਾਰੂ **੫**, ਸੋਲਾ ੩, ੪ : ੩ (1073)

ਵਰਤੀਜੈ — ਵਿਚਰਦਾ ਹੈ, ਵਿਆਪਕ ਹੈ
"ਆਪੇ ਪੁੰਨੁ ਸਭੁ ਆਪਿ ਕਰਾਏ ਆਪਿ ਅਲਿਪਤੁ **ਵਰਤੀਜੈ**।" — ਬਿਹਾ **੪**, ਵਾਰ ੮ : ੪ (551)
"ਆਪੇ ਸ੍ਰਿਸਟਿ ਸਭ ਸਾਜੀਅਨੁ ਆਪੇ **ਵਰਤੀਜੈ**।"
— ਮਾਰੂ **੩**, ਵਾਰ ੨ : ੨ (1089)

ਵਰਤੁ — ਨਿਸਚਿਤ ਸਮੇਂ ਲਈ ਅੰਨ ਦਾ ਤਿਆਗ
"**ਵਰਤੁ** ਨੇਮੁ ਨਿਤਾ ਪ੍ਰਤਿ ਪੂਜਾ।"
— ਬਿਲਾ **੩**, ਵਾ ੧, ੨ : ੫ (841)

ਵਰਤੇ — 1. ਵਿਚਰੇ
"ਦਸ ਅਉਤਾਰ ਰਾਜੇ ਹੋਇ **ਵਰਤੇ** ਮਹਾਦੇਵ ਅਉਧੂਤਾ।" — ਸੂਹੀ **੫**, ੪੯, ੩ : ੧ (747)
2. ਵਾਪਰੇ, ਲੰਘੇ
"ਕੇਤੇ ਜੁਗ **ਵਰਤੇ** ਗੁਬਾਰੈ।"
— ਮਾਰੂ **੧**, ਸੋਲਾ ੨, ੧ : ੧ (1026)

ਵਰਤੈ — 1. ਹੁੰਦਾ ਹੈ,
"ਤੁਧੁ ਆਪੇ ਭਾਵੈ ਸੋਈ **ਵਰਤੈ** ਜੀ ਤੂੰ ਆਪੇ ਕਰਹਿ ਸੁ ਹੋਈ।" — ਆਸਾ **੪**, ਸੋਪੁ ੧, ੫ : ੩ (11)
"**ਵਰਤੈ** ਸਭ ਕਿਛੁ ਤੇਰਾ ਭਾਣਾ।"
— ਮਾਝ **੫**, ੧੪, ੩ : ੨ (98)
"ਸਭ ਤੇਰਾ ਸਬਦੁ **ਵਰਤੈ** ਉਪਾਵਣਹਾਰਿਆ।" (ਚਲਦਾ ਹੈ) — ਸੋਰ **੪**, ਵਾਰ ੧ : ੪ (642)
2. ਵਿਚਰਦਾ ਹੈ, ਵਰਤਦਾ ਹੈ
"ਹੁਕਮੁ ਚਲਾਏ ਨਿਸੰਗ ਹੋਇ **ਵਰਤੈ** ਅਫਰਿਆ।"— ਸਿਰੀ **੫**, ੨੨, ੩ : ੧ (42)
"ਮੋਹ ਠਗਉਲੀ ਹਉ ਮੁਈ ਸਾ **ਵਰਤੈ** ਸੰਸਾਰਿ।"
— ਸਿਰੀ **੧**, ਅਸ ੧੩, ੧ : ੩ (61)
"ਸਭੋ **ਵਰਤੈ** ਹੁਕਮੁ ਕਿਆ ਕਰਹਿ ਵਿਚਾਰਿਆ।" (ਚਲਦਾ ਹੈ)
— ਸਿਰੀ **੪**, ਵਾਰ ੧੧ ਸ, **੩**, ੧ : ੬ (86)
3. ਵਿਚਰਦੀ ਹੈ, ਵਿਆਪਕ ਹੈ
"ਸਭ ਇਕਾ ਜੋਤਿ **ਵਰਤੈ** ਭਿਨਿ ਭਿਨਿ ਨ ਰਲਈ ਕਿਸੈ ਦੀ ਰਲਾਈਆ।"
— ਮਾਝ **੪**, ੨, ੩ : ੨ (96)
"ਮਾਇਆ ਸਰੁ ਸਬਲੁ **ਵਰਤੈ** ਜੀਉ ਕਿਉ ਕਰਿ ਦੁਤਰੁ ਤਰਿਆ ਜਾਇ।" (ਵਿਆਪਕ ਹੈ)
— ਗਉ **੩**, ਛੰਤ ੪, ੧ : ੧ (245)

"ਮਹਾਦੇਉ ਗਿਆਨੀ **ਵਰਤੈ** ਘਰਿ ਆਪਣੈ ਤਾਮਸੁ ਬਹੁਤਾ ਅਹੰਕਾਰਾ।" (ਭਾਵ ਮਸਤ ਹੈ, ਵਿਆਪਕ ਹੈ)— ਵਡ **੩**, ਪ, ੨ : ੨ (559)
"ਵਿਚਿ **ਵਰਤੈ** ਨਾਨਕ ਆਪਿ ਝੂਠੁ ਕਹੁ ਕਿਆ ਗਨੀ।" (ਵਸਦਾ ਹੈ)
— ਤਿਲੰ **੪**, ੧, ੨ : ੨ (723)

4. ਵੰਡਦਾ ਹੈ,
"ਜੇਹੀ ਵਾਸਨਾ ਪਾਏ ਤੇਹੀ **ਵਰਤੈ** ਵਾਸੂ ਵਾਸੁ ਜਣਾਵਣਿਆ।"
— ਮਾਝ **੩**, ਅਸ ੧੫, ਪ : ੩ (118)

5. ਭਾਵ ਮਾਣਦਾ, ਵਰਤਦਾ
"ਸਤਿਗੁਰ ਨੋ ਮਿਲੈ ਸੁ ਆਪਣਾ ਮਨੁ ਥਾਇ ਰਖੈ ਓਹੁ ਆਪਿ **ਵਰਤੈ** ਆਪਣੀ ਵਥੁ ਨਾਲੇ।"
— ਗਉ **੪**, ਵਾਰ ੧੦ਸ, **੪**, ੧ : ੬ (305)

6. ਵਾਪਰ ਰਿਹਾ ਹੈ, ਹੋ ਰਿਹਾ ਹੈ
"ਤੂ ਕਰਤਾ ਸਭੁ ਕਿਛੁ ਜਾਣਦਾ ਜੋ ਜੀਆ ਅੰਦਰਿ **ਵਰਤੈ**।" — ਗਉ **੪**, ਵਾਰ ੨੪ : ੧ (314)
"ਪਾਪ ਪੁੰਨ **ਵਰਤੈ** ਸੰਸਾਰਾ।"
— ਮਾਰੂ **੩**, ਸੋਲਾ ੯, ੬ : ੧ (1052)
"ਹਰਿ ਜੀਉ ਅਪਣੀ ਕ੍ਰਿਪਾ ਕਰੇ ਤਾਂ **ਵਰਤੈ** ਸਭ ਲੋਇ।" (ਵਰਤ ਸਕਦੀ ਭਾਵ ਹੋ ਸਕਦੀ ਹੈ)
— ਮਲਾ **੧**, ਵਾਰ ੧੧ਸ, **੩**, ੨ : ੨ (1283)

7. ਕਿਰਿਆਸ਼ੀਲ ਹੁੰਦਾ ਹੈ
"ਸੰਤ ਸਹਾਈ ਨਾਨਕਾ **ਵਰਤੈ** ਸਭ ਜਾਹਰੁ।"
— ਗਉ **੪**, ਵਾਰ ੨੨ਸ, **੫**, ੧ : ੨ (315)
"ਨਾਨਕ ਹੁਕਮੈ ਅੰਦਰਿ ਵੇਖੈ **ਵਰਤੈ** ਤਾਕੋ ਤਾਕੁ।" (ਕਰਦਾ ਹੈ)
— ਆਸਾ **੧**, ਵਾਰ ੩ਸ, **੧**, ੨ : ੯ (464)
"ਜੈਸਾ ਬਿਤੁ ਤੈਸਾ ਹੋਇ **ਵਰਤੈ** ਆਪਨਾ ਬਲੁ ਨਹੀ ਹਾਰੈ।" (ਕੰਮ ਕਰਦਾ ਹੈ)
— ਧਨਾ **੫**, ੩੪, ੧* : ੨ (679)
"ਜੇਹਾ ਜਾਣੈ ਤੇਹੋ **ਵਰਤੈ** ਜੇ ਸਉ ਆਖੈ ਕੋਇ।"
— ਰਾਮ **੩**, ਵਾਰ ੧੬ਸ, **੨**, ੨ : ੨ (954)

8. ਵਿਚਰੇ, ਰਹੇ, ਟਿਕੇ
"ਤ੍ਰੈ ਗੁਣ ਮੇਟੇ ਚਉਥੈ **ਵਰਤੈ** ਏਹਾ ਭਗਤ ਨਿਰਾਰੀ।"— ਰਾਮ **੧**, ਅਸ ੯, ੧੬:੧ (908)
"ਜਿਉ ਜਲ ਮਹਿ ਕਮਲੁ ਅਲਿਪਤੋ **ਵਰਤੈ** ਤਿਉ ਵਿਚੇ ਗਿਰਹ ਉਦਾਸੁ।"
— ਰਾਮ **੩**, ਵਾਰ ੭ਸ, **੩**, ੨ : ੭ (949)

ਵਰਦਾਤਾ — ਵਰ ਦੇਣ ਵਾਲਾ
"ਨਾਲਿ ਕੁਟੰਬੁ ਸਾਥਿ **ਵਰਦਾਤਾ** ਬ੍ਰਹਮਾ ਭਾਲਣ ਸ੍ਰਿਸਟਿ ਗਇਆ।"
— ਆਸਾ **੧**, ੭, ੩ : ੧ (350)

ਵਰਨ — 1. ਜਾਤ
"ਵਰਨਾ **ਵਰਨ** ਨ ਭਾਵਨੀ ਜੇ ਕਿਸੈ ਵਡਾ ਕਰੇਇ।"
— ਸਿਰੀ **੧**, ਅਸ ੧, ੬ : ੧ (53)
"ਪਤਿਤ ਜਾਤਿ ਉਤਮੁ ਭਇਆ ਚਾਰਿ **ਵਰਨ** ਪਏ ਪਗਿ ਆਏ।" — ਸੂਹੀ **੪**, ੮, ੨ : ੨ (733)
2. ਰੰਗ
"**ਵਰਨ** ਰੂਪ ਵਰਤਹਿ ਸਭ ਤੇਰੇ।"
— ਮਾਝ **੩**, ਅਸ ੧੯, ੧ : ੧ (120)

ਵਰਨਉ — ਬਿਆਨ ਕਰਦਾ ਹਾਂ
"ਹਰਿ ਬਿਅੰਤੁ ਹਉ ਮਿਤਿ ਕਰਿ **ਵਰਨਉ** ਕਿਆ ਜਾਨਾ ਹੋਇ ਕੈਸੋ ਰੇ।"
— ਸੋਰ **੫**, ੧੩, ੩ : ੧ (612)

ਵਰਨਾ — 1. ਰੰਗਾਂ
"**ਵਰਨਾ** ਚਿਹਨਾ ਬਾਹਰਾ ਕੀਮਤਿ ਕਹਿ ਨ ਸਕਾਉ।" — ਸਿਰੀ **੫**, ੭੭, ੪ : ੨ (44)
2. ਜਾਤਾਂ
"**ਵਰਨਾ** ਵਰਨ ਨ ਭਾਵਨੀ ਜੇ ਕਿਸੈ ਵਡਾ ਕਰੇਇ।"— ਸਿਰੀ **੧**, ਅਸ ੧, ੬ : ੧ (53)
"ਚਹੁ **ਵਰਨਾ** ਕਉ ਦੇ ਉਪਦੇਸੁ।"
— ਗਉ **੫**, ਸੁਖ ੯, ੪ : ੯ (274)

ਵਰਨਾਂ — ਜਾਤਾਂ
"ਪੂਰਬੀ ਨਾਵੈ **ਵਰਨਾਂ** ਕੀ ਦਾਤਿ।"
— ਬਸੰ **੧**, ੩, ੨ : ੩ (1169)

ਵਰਨਿ — ਬਿਆਨ ਕਰਨਾ, ਕਥਨ ਕਰਨਾ
"ਐਸੋ ਸਮਰਥੁ **ਵਰਨਿ** ਨ ਸਾਕਉ ਤਾ ਕੀ ਉਪਮਾ ਜਾਤ ਨ ਕਹਿਓ ਰੀ।"
— ਆਸਾ **੫**, ੫੧, ੭ : ੨ (384)

ਵਰਨਿਅਉ — ਬਿਆਨ ਕੀਤਾ
"ਇਕਹੁ ਜਿ ਲਾਖੁ ਲਖਹੁ ਅਲਖੁ ਹੈ ਇਕੁ ਇਕੁ ਕਰਿ **ਵਰਨਿਅਉ**।"
— ਸਵ **੩**, ੧੨ : ੫ (1394)

ਵਰੰਨਿਆ — ਵਰਣਨ ਕੀਤਾ, ਬਿਆਨਿਆ
"ਆਪਣਾ ਕੀਤਾ ਆਪਿ ਆਪਿ **ਵਰੰਨਿਆ**।"
— ਰਾਮ **੫**, ਵਾਰ ੨੦ : ੪ (965)

ਵਰਨੀ — ਬਿਆਨ ਕਰਾਂ, ਵਰਣਨ ਕਰਾਂ
"ਕਿਵ ਕਰਿ ਆਖਾ ਕਿਵ ਸਾਲਾਹੀ ਕਿਉ **ਵਰਨੀ** ਕਿਵ ਜਾਣਾ।" — ਜਪੁ **੧**, ੨੧ : ੧੫ (4)

ਵਰਨੀਐ — ਬਿਆਨ ਕਰੀਏ, ਆਖੀਐ
"ਤਿਸ ਕੀ ਮਹਿਮਾ ਕਿਆ **ਵਰਨੀਐ** ਜਿਸ ਕੈ ਹਿਰਦੈ ਵਸਿਆ ਹਰਿ ਪੁਰਖੁ ਭਗਵਾਨੁ।"
— ਸੂਹੀ **੪**, ੧੧, ੧ : ੨ (734)

ਵਰਨੁ — ਰੰਗ
"ਤਿਸੁ ਰੂਪੁ ਨ ਰੇਖਿਆ **ਵਰਨੁ** ਨ ਕੋਈ ਗੁਰਮਤੀ ਆਪਿ ਬੁਝਾਵਣਿਆ।"
— ਮਾਝ **੩**, ਅਸ ੨੯, ੧* : ੨ (120)

ਵਰਫ — (ਫਾ. ਬਰਫ਼) ਬਰਫ਼, ਕਕਰ, ਜੰਮਿਆ ਹੋਇਆ ਪਾਣੀ
"ਪਾਲਾ ਕਕਰੁ **ਵਰਫ** ਵਰਸੈ ਗੁਰਸਿਖੁ ਗੁਰ ਦੇਖਣ ਜਾਈ।" — ਸੂਹੀ **੪**, ਅਸ ੧, ੨੨ : ੨ (758)

ਵਰਭੰਡ — ਬ੍ਰਹਮੰਡ
"ਆਪੇ ਖਾਣੀ ਆਪੇ ਬਾਣੀ ਆਪੇ ਖੰਡ **ਵਰਭੰਡ** ਕਰੇ।" — ਬਿਹਾ **੪**, ਵਾਰ ੯ : ੧ (552)

ਵਰਭੰਡਾ — ਬ੍ਰਹਮੰਡ
"ਗਾਵਹਿ ਖੰਡ ਮੰਡਲ **ਵਰਭੰਡਾ** ਕਰਿ ਕਰਿ ਰਖੇ ਧਾਰੇ।" — ਜਪੁ **੧**, ੨੭ : ੧੪ (6)

ਵਰਭੰਡਾਂਹ — ਬ੍ਰਹਿਮੰਡਾਂ ਦਾ
"ਦੀਪਾਂ ਲੋਆਂ ਮੰਡਲਾਂ ਖੰਡਾਂ **ਵਰਭੰਡਾਂਹ**।"
— ਆਸਾ **੧**, ਵਾਰ ੮ਸ, **੧**, ੧ : ੨ (467)

ਵਰਭੰਡਿ — ਬ੍ਰਹਿਮੰਡ ਵਿਚ
"ਖੰਡਿ **ਵਰਭੰਡਿ** ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ।"
— ਸਿਰੀ **੪**, ਛੰਤ ੧, ੪ : ੪ (79)

ਵਰਭੰਡੀ — ਬ੍ਰਹਿਮੰਡ ਵਿਚ
"ਤੁਧੁ ਜੇਵਡ ਦਾਤਾਰ ਮੈ ਕੋਈ ਨਦਰਿ ਨ ਆਵਈ ਤੁਧੁ ਸਭਸੈ ਨੋ ਦਾਨੁ ਦਿਤਾ ਖੰਡੀ **ਵਰਭੰਡੀ** ਪਾਤਾਲੀ ਪੁਰਈ ਸਭ ਲੋਈ।"
— ਬਿਹਾ **੪**, ਵਾਰ ੩ : ੫ (549)

ਵਰਮੀ — ਸਿਉਂਕ ਦਾ ਬਣਾਇਆ ਮਿਟੀ ਦਾ ਢੇਰ, ਸਪ ਦੀ ਖੁੱਡ
"**ਵਰਮੀ** ਮਾਰੀ ਸਾਪੁ ਨ ਮਰਈ ਨਾਮੁ ਨ ਸੁਨਈ ਡੋਰਾ।" — ਆਸਾ **੫**, ੪੨, ੧* : ੨ (381)

ਵਰਾ — ਸ੍ਰੇਸ਼ਟ, ਉਤਮ
"ਸਿਮਰਹਿ ਨਖ੍ਯ੍ਰ ਅਵਰ ਧ੍ਰੂ ਮੰਡਲ ਨਾਰਦਾਦਿ ਪ੍ਰਹਲਾਦਿ **ਵਰਾ**।" — ਸਵ **੩**, ੨ : ੨ (1393)

ਵਰਾਹੁ — ਵਰ੍ਹਨ ਵਾਲਾ, ਵਸਨ ਵਾਲਾ, ਅਰਥਾਤ ਬਦਲ
"ਸਾਗਰ ਲਹਰਿ ਸਮੁੰਦਸਰ ਵੇਲਿ ਵਰਸ **ਵਰਾਹੁ**।"
— ਸੂਹੀ **੩**, ਵਾਰ ੧੦ਸ, **੧**, ੧ : ੨ (788)

ਵਰੀ — ਵਰਿਆ ਅਰਥਾਤ ਵਿਆਹਿਆ ਜਾਣਾ ਹੈ, ਵਿਆਹੀ ਗਈ
"ਜਿਤੁ ਦਿਹਾੜੇ ਧਨ **ਵਰੀ** ਸਾਹੇ ਲਏ ਲਿਖਾਇ।"
— ਸਲੋ **ਫਰ**, ੧ : ੧ (1377)

ਵਰੀਆ — ਵਾਰੀ, ਦਫਾ
"ਵਾਰਿ ਵਾਰਿ ਜਾਈ ਲਖ **ਵਰੀਆ** ਦੇਹੁ ਸੰਤਨ ਕੀ ਧੂਰਾ ਜੀਉ।" — ਮਾਝ **੫**, ੧੮, ੧ : ੩ (99)

ਵਰੀਆਮ — ਬਹਾਦਰ, ਜੋਧਾ, ਸੂਰਮਾ
"ਸੂਰਬੀਰ **ਵਰੀਆਮ** ਕਿਨੈ ਨ ਹੋੜੀਐ।"
— ਗੂਜ **੫**, ਵਾਰ ੧੫ : ੧ (522)

ਵਰੀਆਮੁ — ਸੂਰਮਾ, ਬਹਾਦਰ
"ਜਿਉ ਤਿਸ ਦੀ ਵਡਿਆਈ ਆਪਿ ਕਰਾਈ **ਵਰੀਆਮੁ** ਨ ਫੁਸੀ ਕੋਈ।"
— ਵਡ **੩**, ਛੰਤ ੪, ੪ : ੩ (570)

ਵਰੁ — 1. ਪਤੀ
"ਜੇ ਲੋੜਹਿ **ਵਰੁ** ਕਾਮਣੀ ਨਹ ਮਿਲੀਐ ਪਿਰ ਕੂਰਿ।" — ਸਿਰੀ **੧**, ੯, ੧ : ੨ (17)

2. ਮੰਗ, ਬਖਸ਼ੀਸ਼, ਦਾਤ
"ਮਨ ਚਿੰਦਿਆ **ਵਰੁ** ਪਾਵਣਾ ਜੋ ਇਛੈ ਸੋ ਫਲੁ ਪਾਇ।" — ਸਿਰੀ **੩**, ੩੪, ੧ : ੩ (26)

3. ਅਸੀਸ
"ਏਹੋ **ਵਰੁ** ਏਹਾ ਵਡਿਆਈ ਇਹੁ ਧਨੁ ਹੋਇ ਵਡਭਾਗਾ ਰਾਮ।"
— ਸੂਹੀ **੫**, ਛੰਤ ੬, ੪ : ੧ (781)

ਵਰੋ — ਸ੍ਰੇਸ਼ਟ, ਉਤਮ
"ਗਾਵਹਿ ਕਪਿਲਾਦਿ ਆਦਿ ਜੋਗੇਸੁਰ ਅਪਰੰਪਰ ਅਵਤਾਰ **ਵਰੋ**।" — ਸਵ **੧**, ੪ : ੧ (1389)

ਵਰ੍ਉ — ਵਰ ਪਾਇਆ (ਦਿਤਾ), ਵਰ ਬਖਸ਼ਿਆ
"ਗੁਰਿ ਨਾਨਕਿ ਅੰਗਦੁ **ਵਰ੍ਉ** ਗੁਰਿ ਅੰਗਦਿ ਅਮਰ ਨਿਧਾਨੁ।" — ਸਵ **੫**, ਕਲ ੪ : ੩ (1407)

ਵਰ੍ਿਆ — ਸਾਲਾਂ, ਵਰਸ਼ਾਂ
"ਭੀ ਉਠਿ ਰਚਿਓਨੁ ਵਾਦੁ ਸੈ **ਵਰ੍ਿਆ** ਕੀ ਪਿੜ ਬਧੀ।"
— ਮਾਝ **੧**, ਵਾਰ ੧੨ਸ. **੧**, ੧ : ੮ (146)

ਵਰ੍ਿਆ — ਸਾਲ
"ਜੇ ਸਉ **ਵਰ੍ਿਆ** ਜੀਵਣ ਖਾਣੁ।"
— ਆਸਾ **੧**, ੪, ੨ : ੩ (350)

ਵਰ੍ਿਐ — ਵਸਦਾ ਹੈ, ਵਰ੍ਹਦਾ ਹੈ
"**ਵਰ੍ਿਐ** ਦਰਗਹ ਗੁਰੂ ਕੀ ਕੁਦਰਤੀ ਨੂਰੁ।"
— ਰਾਮ **ਬਸ**, ਵਾਰ ੫ : ੪ (967)

ਵਰ੍ੇ — ਸਾਲ
"**ਵਰ੍ੇ** ਮਾਹ ਵਾਰ ਥਿਤੀ ਕਰਿ ਇਸੁ ਜਗ ਮਹਿ ਸੋਝੀ ਪਾਇਦਾ।"
— ਮਾਰੂ **੩**, ਸੋਲਾ ੨੨, ੨ : ੩ (1066)

ਵਲਵੰਚ — ਵਲ ਛਲ, ਹੇਰ ਫੇਰ, ਠੱਗੀ ਧੋਖਾ
"**ਵਲਵੰਚ** ਕਰਿ ਉਦਰੁ ਭਰਹਿ ਮੂਰਖ ਗਾਵਾਰਾ।"
— ਆਸਾ **੫**, ਛੰਤ ੧੩, ੨ : ੧ (461)

ਵਲਾਇ — ਵਲ ਲੈ
"ਮਿਲੁ ਮੇਰੇ ਬੀਠੁਲਾ ਲੈ ਬਾਹੜੀ **ਵਲਾਇ**।" (ਭਾਵ ਗਲਵਕੜੀ ਪਾ ਲੈ)
— ਸਿਰੀ **ਤ੍ਰਿਲੋ**, ੨, ੧* : ੪ (92)

ਵਲਾਏਂਨੀ — ਬਿਤਾਵਾਂ, ਲੰਘਾਵਾਂ, ਗੁਜ਼ਾਰਾਂ
"ਤਉ ਪ੍ਰਸਾਦਿ ਪ੍ਰਭ ਸੁਖੀ **ਵਲਾਏਂਨੀ**।"
— ਆਸਾ **੫**, ੬੦, ੨ : ੨ (386)

ਵਲਾਏ — ਬਿਤਾਏ, ਲੰਘਾਵੇ
"ਆਸਾ ਮਾਹਿ ਨਿਰਾਸੁ **ਵਲਾਏ**।"
— ਰਾਮ **੧**, ੫, ੩ : ੩ (877)

ਵਲਿ — 1. ਪੱਖ ਵਿਚ, ਸਹਾਇਤਾ ਤੇ, ਤਰਫ
"ਜਾ ਕਰਤਾ ਵਲਿ ਤਾ ਸਭੁ ਕੋ **ਵਲਿ** ਸਭਿ ਦਰਸਨੁ ਦੇਖਿ ਕਰਹਿ ਸਾਬਾਸਿ।"
— ਗਉ **੪**, ਵਾਰ ੧੦ਸ, **੪**, ੨ : ੩ (305)
"ਜਿਸ ਦੈ ਹੋਵੈ **ਵਲਿ** ਸੁ ਕਦੇ ਨ ਹਾਰਦਾ।"
— ਗੂਜ **੫**, ਵਾਰ ੪ : ੨ (519)
2. ਮੁੜ, ਫੇਰ, ਬਹੁਤ
"ਸਰਪ ਜੋਨਿ **ਵਲਿ ਵਲਿ** ਅਉਤਰੈ।"
— ਗੂਜ **ਤ੍ਰਿਲੋ**, ੨, ੧ : ੨ (526)

ਵਲੀ — (ਫਾ. ਵਲੀ) ਮਾਲਕ, ਸੁਆਮੀ
"**ਵਲੀ** ਨਿਆਮਤਿ ਬਿਰਾਦਰਾ ਦਰਬਾਰ ਮਿਲਕ ਖਾਨਾਇ।" — ਤਿਲੰ **੫**, ੧, ੩ : ੧ (723)

ਵਲੁ — ਧਕਾ, ਸੀਨਾਜੋਰੀ, ਫਰੇਬ
"ਇਕਿ **ਵਲੁ** ਛਲੁ ਕਰਿ ਕੈ ਖਾਵਦੇ ਮੁਹਹੁ ਕੂੜੁ ਕੁਸਤੁ ਤਿਨੀ ਢਾਹਿਆ।"
— ਸਿਰੀ **੪**, ਵਾਰ ੮ : ੨ (85)
"ਓਇ **ਵਲੁ** ਛਲੁ ਕਰਿ ਝਤਿ ਕਢਦੇ ਫਿਰਿ ਜਾਇ ਬਹਹਿ ਕੂੜਿਆਰਾ ਪਾਸਿ।"
— ਗਉ **੪**, ਵਾਰ ੨੬ : ੩ (314)

ਵਲੇਵਾ — ਵਰਤੋਂ, ਵਿਹਾਰ
"ਇਹੁ **ਵਲੇਵਾ** ਸਾਕਤ ਸੰਸਾਰ।"
— ਗਉ **੫**, ੮੨, ੨ : ੪ (180)

ਵਵਾ — 'ਵ', ਗੁਰਮੁਖੀ ਲਿਪੀ ਦਾ 34ਵਾਂ ਅਖਰ
"**ਵਵਾ** ਵੈਰੁ ਨ ਕਰੀਐ ਕਾਹੂ।"
— ਗਉ **੫**, ਬਾਅ ੪੬ : ੧ (259)

ਵਵੈ — 'ਵ' ਦੁਆਰਾ
"**ਵਵੈ** ਵਾਸੁ ਦੇਉ ਪਰਮੇਸਰੁ ਵੇਖਣ ਕਉ ਜਿਨਿ ਵੇਸੁ ਕੀਆ।" — ਆਸਾ **੧**, ਪਟੀ ੩੨ : ੧ (434)

ਵੜੀਐ — ਵਡਿਆਈਐ, ਤੁਲਨਾ ਦੇਈਏ
"ਤੂ ਕਰਤਾ ਪੁਰਖੁ ਅਗੰਮੁ ਹੈ ਕਿਸੁ ਨਾਲਿ ਤੂ **ਵੜੀਐ**।" — ਗਉ **੪**, ਵਾਰ ੩ : ੧ (301)

ਵਾ — ਉਹ; ਉਸ
"ਵਾਵਾ ਵਾਹੀ ਜਾਨੀਐ **ਵਾ** ਜਾਨੇ ਇਹੁ ਹੋਇ।" (ਉਹ) — ਗਉ **ਕਬ**, ਬਾਅ ੩੮ : ੧ (342)
"ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ **ਵਾ** ਕੇ ਰਿਦੈ ਬਸੈ।" (ਉਸ ਦੇ)
— ਗੂਜ **ਤ੍ਰਿਲੋ**, ੨, ੫ : ੨ (526)
"**ਵਾ** ਕੇ ਗਲੇ ਜਮ ਕਾ ਹੈ ਫਾਂਸ।" (ਉਸ)
— ਭੈਰ **ਨਾਮ੍**, ੮, ੩ : ੪ (1165)
"ਚਿਤਵਉ **ਵਾ** ਅਉਸਰ ਮਨ ਮਾਹਿ।"
— ਸਾਰ **੫**, ੯੫, ੧* : ੧ (1222)

ਵਾਉ — 1. ਪਉਣ ਵਤ, ਵਿਅਰਥ, ਫਜ਼ੂਲ
"ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ **ਵਾਉ**।"
— ਸਿਰੀ **੧**, ੧, ੪ : ੨ (14)

"ਨਾਨਕ ਮਨਮੁਖਿ ਬੋਲਣੁ **ਵਾਉ**।" (ਫਜ਼ੂਲ)
— ਗਉ **੧**, ੧, ੩ : ੩ (151)

2. ਹਵਾ
"ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ **ਵਾਉ**।" — ਸਿਰੀ **੫**, ੨੬, ੧ : ੪ (70)
"ਅਗੀ ਪਾਲਾ ਕਪੜੁ ਹੋਵੈ ਖਾਣਾ ਹੋਵੈ **ਵਾਉ**।"
— ਮਾਝ **੧**, ਵਾਰ ੯ਸ, **੧**, ੪ : ੧ (142)
"ਭੈ ਵਿਚਿ ਪਵਣੁ ਵਹੈ ਸਦ **ਵਾਉ**।" (ਹਵਾ ਦੇ ਬੁਲ੍ਹੇ)
— ਆਸਾ **੧**, ਵਾਰ ੪ਸ, **੧**, ੧ : ੧ (464)
"ਅਨਲ **ਵਾਉ** ਭਰਮਿ ਭੁਲਾਈ।" (ਵਾਸ਼ਨਾ ਰੂਪੀ ਪਵਨ)— ਮਾਰੂ **੩**, ਸੋਲਾ ੫, ੧੪ : ੧ (1048)
"ਨਾਨਕ ਬੈਠਾ ਭਖੇ **ਵਾਉ** ਲੰਮੇ ਸੇਵਹਿ ਦਰ ਖੜਾ।" (ਭਾਵ ਕੰਸੋਆਂ ਲੈਂਦਾ ਹੈ)
— ਮਾਰੂ **੫**, ਵਾਰ ੪ਸ, **੫**, ੨ : ੧ (1095)

ਵਾਉਦੁਆਉ — ਐਵੇਂ ਕਿਵੇਂ ਦੀਆਂ, ਫਜ਼ੂਲ, ਰੋਲ ਘਚੋਲਾ
"ਕਰਮਿ ਮਿਲੈ ਤਾ ਪਾਈਐ ਨਾਹੀ ਗਲੀ **ਵਾਉਦੁਆਉ**।" — ਸਿਰੀ **੧**, ੬, ੨ : ੩ (16)
"ਅੰਧਾ ਅਖਰੁ **ਵਾਉਦੁਆਉ**।"
— ਗਉ **੧**, ੧, ੩ : ੪ (151)

ਵਾਊ — ਹਵਾ ਦੇ ਅਰਥਾਤ ਹਵਾ ਵਰਗੇ ਕੋਮਲ
"**ਵਾਊ** ਸੰਦੇ ਕਪੜੇ ਪਹਿਰਹਿ ਗਰਬਿ ਗਵਾਰ।"
— ਗਉ **੫**, ਵਾਰ ੨ਸ, **੫**, ੨ : ੧ (318)

ਵਾਇ — 1. ਵਜਾ ਕੇ
"ਜਿਸ ਨੋ **ਵਾਇ** ਸੁਣਾਇਐ ਸੋ ਕੇਵਡੁ ਕਿਤੁ ਥਾਇ।"
— ਸਿਰੀ **੧**, ਅਸ ੧, ੧ : ੨ (53)

2. ਹਵਾ
"ਅਪੁ ਤੇਜੁ **ਵਾਇ** ਪ੍ਰਿਥਮੀ ਆਕਾਸਾ।"
— ਮਾਰੂ **੧**, ਸੋਲਾ ੧੧, ੬ : ੧ (1031)

ਵਾਇਆ — ਵਜਾਇਆ
"ਪੰਚ ਸਬਦ ਮਿਲਿ ਵਾਜਾ **ਵਾਇਆ**।"
— ਮਾਰੂ **੩**, ਸੋਲਾ ੧੪, ੨ : ੨ (1057)

ਵਾਇਸੀ — ਵਜਾਵੇਗਾ
"ਚਲਿਆ ਪਤਿ ਸਿਉ ਜਨਮੁ ਸਵਾਰਿ ਵਾਜਾ **ਵਾਇਸੀ**।" — ਸੂਹੀ **੧**, ੬, ੧ : ੯ (730)

ਵਾਇਦਾ — ਵਜਾਉਂਦਾ ਹੈ
"ਅਨਹਦ ਰੁਣ ਝੁਣਕਾਰੁ ਸਦਾ ਧੁਨਿ ਨਿਰਭਉ ਕੈ ਘਰਿ **ਵਾਇਦਾ**।"
— ਮਾਰੂ **੧**, ਸੋਲਾ ੧੩, ੯ : ੩ (1034)

ਵਾਇਨਿ — ਵਜਾਉਂਦੇ ਹਨ (ਵਾਜੇ)
"**ਵਾਇਨਿ** ਚੇਲੇ ਨਚਨਿ ਗੁਰ।"
— ਆਸਾ **੧**, ਵਾਰ ੫ਸ਼, **੧**, ੨ : ੧ (465)

ਵਾਈ — 1. ਵਜਾ ਦਿਤੀ
"ਮੋਹਿ ਗਇਆ ਬੈਰਾਗੀ ਜੋਗੀ ਘਟਿ ਘਟਿ ਕਿੰਗੁਰੀ **ਵਾਈ**।" — ਰਾਮ **੧**, ਅਸ ੮, ੯ : ੧ (907)

2. ਹਵਾ
"ਤ੍ਰੈਸਤ ਅੰਗੁਲ **ਵਾਈ** ਕਹੀਐ ਤਿਸੁ ਕਹੁ ਕਵਨ ਅਧਾਰੋ।"
— ਰਾਮ **੧**, ਸਿਗੋ ੫੮ : ੨ (944)

3. (ਅ. ਵਾਈ) ਵਾਇਦਾ ਕਰਨ ਵਾਲਾ, ਜ਼ਿਮੇਦਾਰ ਹੋਣਾ, ਜ਼ਮਾਨਤ ਦੇਣ ਵਾਲਾ, ਰਖਿਅਕ (ਕੋਸ਼, ਮਹਾਨਕੋਸ਼, ਸ਼ਬਦਾਰਥ)
"ਵੈਦੋ ਨ **ਵਾਈ** ਭੈਣੋ ਨ ਭਾਈ ਏਕੋ ਸਹਾਈ ਰਾਮੁ ਹੇ।" — ਮਾਰੂ **੫**, ੩੨, ੧ : ੧ (1008)
('ਦਰਪਣ' ਅਰਥ 'ਦਵਾਈ' ਕਰਦਾ ਹੈ)

ਵਾਈਐ — ਵਜਾਣ ਨਾਲ
"ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ **ਵਾਈਐ**।" — ਸੂਹੀ **੧**, ੮, ੧ : ੨ (730)

ਵਾਸ — ਨਿਵਾਸ, ਵਾਸਾ
"ਪ੍ਰਥਮੇ ਗਰਭ **ਵਾਸ** ਤੇ ਟਰਿਆ।"
— ਗਉ **੫**, ਅਸ ੪, ੧ : ੧ (237)

ਵਾਸਹਿ — 1. ਵਸਨ, ਨਿਵਾਸ ਕਰਨ
"ਚਰਨ ਤੁਮ੍ਹਾਰੇ ਹਿਰਦੈ **ਵਾਸਹਿ** ਸੰਤਨ ਕਾ ਸੰਗੁ ਪਾਵਉ।" — ਧਨਾ **੫**, ੪੯, ੧ : ੧ (682)

2. ਵਸਦੇ ਹਨ
"ਤਾ ਮਹਿ **ਵਾਸਹਿ** ਭਗਤ ਪਿਆਰੇ।"
— ਸੂਹੀ **੫**, ੧੨, ੧ : ੨ (734)

ਵਾਸਨਾ — ਖੁਸ਼ਬੂ, ਸੁਗੰਧੀ
"ਜੇਹੀ **ਵਾਸਨਾ** ਪਾਏ ਤੇਹੀ ਵਰਤੈ ਵਾਸੂ ਵਾਸੁ ਜਣਾਵਣਿਆ।"
— ਮਾਝ **੩**, ਅਸ ੧੫, ੫ : ੩ (118)

ਵਾਸਾ — ਨਿਵਾਸ, ਰਹਿਣਾ, ਵਾਸ
"ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜ਼ਾ

ਤੇ ਤੇਰੈ ਨਾਇ **ਵਾਸਾ**।"
— ਧਨਾ **੧**, ਸੋਹ ੩, ੪ : ੨ (13)

ਵਾਸਾਈਐ — ਵਸਾਈਏ, ਵਾਸ ਕਰਾਈਏ
"ਮਨਿ **ਵਾਸਾਈਐ** ਸਾਚਾ ਸੋਈ।"
— ਆਸਾ **੫**, ੯੯, ੨ : ੪ (395)

ਵਾਸਿ — 1. ਵਸ ਵਿਚ
"ਜਨਮੁ ਜਰਾ ਮਿਰਤੁ ਜਿਸੁ **ਵਾਸਿ**।"
— ਗਉ **੫**, ੧੫੬, ੩ : ੧ (197)
"ਦਸ ਇੰਦ੍ਰੀ ਕਰਿ ਰਾਖੈ **ਵਾਸਿ**।"
— ਗਉ **੫**, ਅਸ ੩, ੧ : ੩ (236)

ਵਾਸਿਆ — ਵਸਿਆ, ਨਿਵਾਸ ਕੀਤਾ
"ਨਾਨਕ ਹਰਿ ਭਜੁ ਸਦਾ ਦਿਨੁ ਰਾਤੀ ਗੁਰਮੁਖਿ ਨਿਜ ਘਰਿ **ਵਾਸਿਆ**।"
— ਆਸਾ **੪**, ਛੰਤ ੯, ੬ : ੬ (444)
"ਬਾਬਾ ਐਸਾ ਬਿਖਮ ਜਾਲਿ ਮਨੁ **ਵਾਸਿਆ**।" (ਮਨ ਐਸੇ ਕਠਿਨ ਜਾਲ ਵਿਚ ਫਸਿਆ ਹੈ)
— ਪ੍ਰਭਾ **੧**, ੧੩, ੧* : ੧ (1331)

ਵਾਸੀ — 1. ਨਿਵਾਸ ਕਰਨ ਵਾਲੇ, ਨਿਵਾਸੀ
"ਕਈ ਕੋਟਿ ਪਾਤਾਲ ਕੇ **ਵਾਸੀ**।"
— ਗਉ **੫**, ਸੁਖ ੧੦, ੫ : ੧ (276)
2. ਵਸ ਵਿਚ
"ਜਤੀ ਸਤੀ ਸੰਨਿਆਸੀਆ ਸਭਿ ਕਾਲੈ **ਵਾਸੀ**।"
— ਮਾਰੂ **੫**, ਵਾਰ ੧੮ : ੫ (1100)

ਵਾਸੀਐ — ਵਸਦਾ ਹੈ, ਨਿਵਾਸ ਕਰਦਾ ਹੈ
"ਬਲਿਹਾਰੀ ਤਿਸੁ ਸੰਤ ਪਿਆਰੇ ਜਿਸੁ ਪ੍ਰਸਾਦਿ ਪ੍ਰਭੁ ਮਨਿ **ਵਾਸੀਐ**।"— ਆਸਾ **੫**, ੯੯, ੧*: ੨ (395)

ਵਾਸੁ — 1. ਸੁਗੰਧੀ, ਵਾਸਨਾ, ਖੁਸ਼ਬੂ
"ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ **ਵਾਸੁ**।" — ਸਿਰੀ **੧**, ੪, ੨ : ੧ (15)
"ਗੁਣਾ ਕਾ ਹੋਵੈ ਵਾਸੁਲਾ ਕਢਿ **ਵਾਸੁ** ਲਈਜੈ।"
— ਸੂਹੀ **੧**, ਛੰਤ ੪, ੩ : ੧ (765)
2. ਵਾਸਾ
"ਬਿਨੁ ਗੁਰ ਮੈਲੁ ਨ ਉਤਰੈ ਬਿਨੁ ਹਰਿ ਕਿਉ ਘਰ **ਵਾਸੁ**।"— ਸਿਰੀ **੧**, ੧੨, ੪ : ੧ (18)
"ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ **ਵਾਸੁ**।"
— ਸਿਰੀ **੧**, ਅਸ ੬, ੧ : ੧ (56)
"ਘਰ ਕੀ ਨਾਇਕਿ ਘਰ **ਵਾਸੁ** ਨ ਦੇਵੈ।" (ਟਿਕਾਣਾ, ਭਾਵ ਵੜਨ ਨਹੀਂ ਦਿੰਦੀ)
— ਆਸਾ **੫**, ੪, ੧* : ੧ (371)
"ਇਕਸੁ ਹਰਿ ਕੇ ਨਾਮ ਵਿਣੁ ਧ੍ਰਿਗੁ ਜੀਵਣੁ ਧ੍ਰਿਗੁ **ਵਾਸੁ**।" (ਵਿਸੇਬਾ)
— ਰਾਮ **੩**, ਵਾਰ ੭ਸ, **੩**, ੨ : ੪ (949)

ਵਾਸੁਦੇਉ — ਜਿਸ ਵਿਚ ਸਭ ਦਾ ਵਾਸਾ ਹੈ ਤੇ ਜੋ ਸਭ ਵਿਚ ਹੈ, ਵਿਆਪਕ
"ਵਵੈ **ਵਾਸੁਦੇਉ** ਪਰਮੇਸਰੁ ਵੇਖਣ ਕਉ ਜਿਨਿ ਵੇਸੁ ਕੀਆ।" — ਆਸਾ **੧**, ਪਟੀ ੩੨ : ੧ (434)

ਵਾਸੁਦੇਵ — ਵਿਆਪਕ, ਜਿਸਦਾ ਸਭ ਵਿਚ ਵਾਸਾ ਹੈ ਤੇ ਜਿਸ ਵਿਚ ਸਭ ਹਨ
"**ਵਾਸਦੇਵ** ਸਰਬਤ੍ਰ ਮੈ ਊਨ ਨ ਕਤਹੂ ਠਾਇ।"
— ਗਉ **੫**, ਬਾਅ ੪੬ਸ : ੧ (259)

ਵਾਸੁਲਾ — ਸੁਗੰਧ ਵਾਲਾ ਬਰਤਨ (ਡਬਾ)
"ਗੁਣਾ ਕਾ ਹੋਵੈ **ਵਾਸੁਲਾ** ਕਢਿ ਵਾਸੁ ਲਈਜੈ।"
— ਸੂਹੀ **੧**, ਛੰਤ ੪, ੩ : ੧ (765)

ਵਾਸੂ — ਖੁਸ਼ਬੂ ਤੋਂ, ਸੁਗੰਧੀ ਤੋਂ
"ਜੇਹੀ ਵਾਸਨਾ ਪਾਏ ਤੇਹੀ ਵਰਤੈ **ਵਾਸੂ** ਵਾਸੁ ਜਣਾਵਣਿਆ।"
— ਮਾਝ **੩**, ਅਸ ੧੫, ੫ : ੩ (118)

ਵਾਸੇ — ਵਸਿਆ
"ਏਊ ਜੀਅ ਬਹੁਤੁ ਗ੍ਰਭ **ਵਾਸੇ**।"
— ਗਉ **੫**, ਬਾਅ ੭ : ੧ (251)
"ਭੀਤਰਿ ਪੰਚ ਗੁਪਤ ਮਨਿ **ਵਾਸੇ**।" (ਵਸੇ ਭਾਵ ਲੁਕੇ ਰਹਿੰਦੇ ਹਨ)
— ਆਸਾ **੧**, ੩੪, ੧ : ੧ (359)

ਵਾਸੇਰਾ — ਵਾਸਾ, ਨਿਵਾਸ
"ਜੀਅ ਜੰਤ ਸਭਿ ਮਾਸਹੁ ਹੋਏ ਜੀਇ ਲਇਆ **ਵਾਸੇਰਾ**।"
— ਮਲਾ **੧**, ਵਾਰ ੨੫ਸ, **੧**, ੨ : ੧੩ (1290)

ਵਾਸੈ — ਵਸੇ, ਨਿਵਾਸ ਕਰੇ
"ਮੇਰੈ ਮਨਿ ਤਨਿ **ਵਾਸੈ** ਨਾਮੁ ਹਰਿ।"
— ਗਉ **੫**, ੧੪੫, ੪ : ੨ (211)
"ਜੋਗੀ ਜੁਗਤਿ ਸਹਜ ਘਰਿ **ਵਾਸੈ**।" (ਰਹਿੰਦਾ ਹੈ)
— ਰਾਮ **੧**, ੧੧, ੧* : ੧ (879)

ਵਾਸੋ — ਵਾਸ ਹੈ, ਨਿਵਾਸ ਹੈ
"ਵਡਭਾਗੀ ਸੇ ਕਾਢੀਅਹਿ ਪਿਆਰੇ ਸੰਤ ਸੰਗਤਿ

ਜਿਨਾ **ਵਾਸੋ**।" — ਬਿਲਾ **੫**, ੪, ੩ : ੧ (੮੦੨)

ਵਾਹ — 1. ਪ੍ਰਵਾਹ, ਨਾਲੇ

"ਨਦੀਆ ਅਤੈ **ਵਾਹ** ਪਵਹਿ ਸਮੁੰਦਿ ਨ ਜਾਣੀਅਹਿ।" — ਜਪੁ **੧**, ੨੩ : ੨ (5)

2. ਧੰਨ ਹੈਂ

"ਸੇਵਕ ਕੈ ਭਰਪੂਰ ਜੁਗੁ ਜੁਗੁ **ਵਾਹ** ਗੁਰੂ ਤੇਰਾ ਸਭੁ ਸਦਕਾ।"

— ਸਵ **੪**, ਗਯੰ ੧੧ : ੧ (1403)

ਵਾਹਗੁਰੂ — ਪ੍ਰਭੂ, ਪ੍ਰਮਾਤਮਾ, ਧੰਨਤਾਯੋਗ ਕਰਤਾਰ

"ਕੀਆ ਖੇਲੁ ਬਡ ਮੇਲੁ ਤਮਾਸਾ **ਵਾਹਗੁਰੂ** ਤੇਰੀ ਸਭ ਰਚਨਾ।"— ਸਵ **੪**, ਗਯੰ ੧੩ : ੫ (1404)

ਵਾਹੜਾ — ਪ੍ਰਵਾਹ, ਨਾਲਾ

"ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ **ਵਾਹੜਾ**।" — ਸਲੋ **ਫਰ**, ੧੧੨ : ੨ (1384)

ਵਾਹਿ — ਵਾਹ, ਧੰਨ ਹੈਂ!

"ਵਾਹਿ ਗੁਰੂ ਵਾਹਿ ਗੁਰੂ ਵਾਹਿ ਗੁਰੂ **ਵਾਹਿ** ਜੀਉ।"

— ਸਵ **੪**, ਗਯੰ ੬ : ੧ (1402)

ਵਾਹਿਆ — ਜੋਰ ਲਾਇਆ

"ਇਨ੍ ਕੈ ਕਿਛੁ ਹਾਥਿ ਨਹੀ ਕਹਾ ਕਰਹਿ ਇਹਿ ਬਪੁੜੇ ਇਨ੍ ਕਾ **ਵਾਹਿਆ** ਕਛੁ ਨ ਵਸਾਈ।"

— ਗੋਂਡ **੪**, ੧, ੨ : ੨ (859)

ਵਾਹੀ — ਉਸੇ (ਹਰੀ) ਨੂੰ

"ਵਾਵਾ **ਵਾਹੀ** ਜਾਨੀਐ ਵਾ ਜਾਨੇ ਇਹੁ ਹੋਇ।"

— ਗਉ **ਕਬ**, ਬਾਅ ੩੮ : ੧ (342)

ਵਾਹੁ — 1. ਧਨ ਹੈ, ਧੰਨਤਾ ਹੈ

"ਸਤਿਗੁਰ ਸਚੇ **ਵਾਹੁ** ਸਚੁ ਸਮਾਲਿਆ।"

— ਮਾਝ **੧**, ਵਾਰ ੨੪ : ੪ (149)

"ਤਿਸੁ ਕਉ **ਵਾਹੁ ਵਾਹੁ** ਜਿ ਵਾਟ ਦਿਖਾਵੈ।" (ਭਾਵ ਕੁਰਬਾਨ ਜਾਈਏ)

— ਗਉ **੧**, ਅਸ ੧੨, ੬ : ੧ (226)

2. ਵਾਹਿਗੁਰੂ, ਪ੍ਰਭੂ, ਪ੍ਰਮਾਤਮਾ

"**ਵਾਹੁ ਵਾਹੁ** ਸਾਚੇ ਮੈ ਤੇਰੀ ਟੇਕ।"

— ਗਉ **੧**, ੨, ੧* : ੧ (153)

"**ਵਾਹੁ ਵਾਹੁ** ਬੇਪਰਵਾਹੁ ਹੈ **ਵਾਹੁ ਵਾਹੁ** ਕਰੇ ਸੁ ਹੋਇ।"

— ਗੂਜ **੩**, ਵਾਰ ੧੮ਸ, **੩**, ੧ : ੩ (515)

3. ਵਾਹਿਗੁਰੂ ਦਾ ਸੰਖੇਪ

"**ਵਾਹੁ ਵਾਹੁ** ਕਰਤੀ ਰਸਨਾ ਸਬਦਿ ਸੁਹਾਈ।"

— ਗੂਜ **੩**, ਵਾਰ ੧੪ਸ, **੩**, ੨ : ੧ (514)

"ਵਡਭਾਗੀਆ **ਵਾਹੁ ਵਾਹੁ** ਮੁਹਹੁ ਕਢਾਈ।"

— ਗੂਜ **੩**, ਵਾਰ ੧੪ਸ, **੩**, ੨ : ੧ (514)

ਵਾਹੂ — ਉਸੇ ਨਾਲ

"ਛੋਡਿ ਜਾਹਿ **ਵਾਹੂ** ਚਿਤੁ ਲਾਇਓ।"

— ਟੋਡੀ **੫**, ੧੬, ੨ : ੨ (715)

ਵਾਹੇ — ਵਾਹੁੰਦਾ ਹੈ

"ਕੋਈ **ਵਾਹੇ** ਕੋ ਲੁਣੈ ਕੋ ਪਾਏ ਖਲਿਹਾਨਿ।"

— ਬਿਲਾ **੪**, ਵਾਰ ੧੧ਸ, **੧**, ੧ : ੧ (854)

ਵਾਹੇਦੜੁ — (ਤੀਰ) ਵਾਹਣ (ਚਲਾਣ) ਵਾਲਾ

"ਅਗੈ ਓਹੁ ਅਗੰਮੁ ਹੈ **ਵਾਹੇਦੜੁ** ਜਾਣੁ।"

— ਮਾਝ **੧**, ਵਾਰ ੨੨ਸ, **੨**, ੨ : ੨ (148)

ਵਾਹੈ — 1. ਲਈ, ਵਾਸਤੇ

"ਘੜਿ ਭਾਂਡੇ ਜਿਨਿ ਆਵੀ ਸਾਜੀ ਚਾੜਣ **ਵਾਹੈ** ਤਈ ਕੀਆ।"— ਆਸਾ **੧**, ਪਟੀ ੭ : ੨ (432)

2. ਓਹਨਾਂ ਨੇ

"ਜਾਇ ਪੁਛਹੁ ਸੋਹਾਗਣੀ **ਵਾਹੈ** ਕਿਨੀ ਬਾਤੀ ਸਹੁ ਪਾਈਐ।" — ਤਿਲੰ **੧**, ੪, ੩ : ੧ (722)

ਵਾਕਿ — ਵਾਕ (ਸ਼ਬਦ) ਦੁਆਰਾ, ਬਚਨ ਦੁਆਰਾ

"ਹਰਿ ਜੀਉ ਸਬਦਿ ਪਛਾਣੀਐ ਸਾਚਿ ਰਤੇ ਗੁਰ **ਵਾਕਿ**।" — ਸਿਰੀ **੧**, ਅਸ ੩, ੫ : ੧ (55)

"ਸਤਿਗੁਰ **ਵਾਕਿ** ਹਿਰਦੈ ਹਰਿ ਨਿਰਮਲੁ ਨ ਜਮ ਕਾਣਿ ਨ ਜਮ ਕੀ ਬਾਕੀ।"

— ਗੂਜ **੧**, ਅਸ ੪, ੧* : ੨ (505)

"ਹਰਿ ਰਤਨੈ ਕਾ ਵਾਪਾਰੀਆ ਹਰਿ ਰਤਨ ਧਨੁ ਵਿਹਾਝੇ ਕਚੈ ਕੇ ਵਾਪਾਰੀਏ **ਵਾਕਿ** ਹਰਿ ਧਨੁ ਲਿਆ ਨ ਜਾਈ।" (ਵਾਕ ਦੁਆਰਾ, ਗਲ ਬਾਤ ਨਾਲ) — ਸੂਹੀ **੪**, ੧੦, ੨ : ੨ (734)

(ਦਰਪਣ ਅਰਥ 'ਸਿਖਿਆ ਨਾਲ' ਅਤੇ ਮਹਾਨਕੋਸ਼ 'ਵਾਂਗ, ਸਮਾਨ, ਨਿਆਈ' ਕਰਦੇ ਹਨ)

ਵਾਕੁ — ਬਚਨ, ਬੋਲ

"ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ ਜਿਨਿ ਜਨ ਕਾ ਕੀਨੋ ਪੂਰਨ **ਵਾਕੁ**।"

— ਬਿਲਾ **੫**, ੧੦੪, ੨ : ੨ (825)

ਵਾਖਰੁ — ਵਖਰ, ਸੌਦਾ

"ਜਨ ਨਾਨਕ ਕਉ ਦਇਆ ਪ੍ਰਭ ਧਾਰਹੁ ਲਦਿ

ਵਾਖਰੁ ਹਰਿ ਹਰਿ ਲੇਨ।"
— ਕਾਨ **੪**, ੨, ੪ : ੨ (1295)

ਵਾਖਿ — ਵੱਖ, ਜੁਦਾ, ਅਡਰਾ
"ਸਸੂ ਤੇ ਪਿਰਿ ਕੀਨੀ **ਵਾਖਿ**।"
— ਆਸਾ **੫**, ੨, ੧ : ੧ (370)

ਵਾਗਿ — ਵਾਂਗੂ, ਨਿਆਈਂ
"ਪਾਲੇ ਬਾਲਕ **ਵਾਗਿ** ਦੇ ਕੈ ਆਪਿ ਕਰ।"
— ਰਾਮ **੫**, ਵਾਰ ੨ : ੪ (957)

ਵਾਗੀ — ਵਾਂਗ, ਨਿਆਈਂ
"ਜਿਸਹਿ ਬੁਝਾਏ ਸੋਈ ਬੂਝੈ ਓਹੁ ਬਾਲਕ **ਵਾਗੀ** ਪਾਲੀਐ।"— ਮਾਰੂ **੫**, ਅਸ ੨, ੫ : ੩ (1019)

ਵਾਂਗੀ — ਵਾਂਗ
"ਬਾਰਿਕ **ਵਾਂਗੀ** ਹਉ ਸਭ ਕਿਛੁ ਮੰਗਾ।"
— ਮਾਝ **੫**, ੧੫, ੩ : ੧ (99)

ਵਾਂਗੂ — ਵਾਂਗ, ਦੀ ਨਿਆਈਂ
"ਗਰਧਪ **ਵਾਂਗੂ** ਲਾਹੇ ਪੇਟਿ।"
— ਗਉ **੫**, ੧੦੨*, ੧ : ੨ (201)

ਵਾਚਹਿ — ਪੜਦੇ ਹਨ
"ਪੰਡਿਤ **ਵਾਚਹਿ** ਪੋਥੀਆਂ ਨਾ ਬੂਝਹਿ ਵੀਚਾਰੁ।"
— ਸਿਰੀ **੧**, ਅਸ ੫, ੬ : ੧ (56)

ਵਾਚਣੀ — ਪੜਨੀ
"ਮਨ ਕੀ ਪਤ੍ਰੀ **ਵਾਚਣੀ** ਸੁਖੀ ਹੂ ਸੁਖੁ ਸਾਰੁ।"
— ਮਾਰੂ **੩**, ਵਾਰ ੨੨ਸ, **੩**, ੨ : ੧ (1093)

ਵਾਚਾਈ — ਪੜੀ
"ਪਤੀ **ਵਾਚਾਈ** ਮਨਿ ਵਜੀ ਵਧਾਈ ਜਬ ਸਾਜਨ ਸੁਣੇ ਘਰਿ ਆਏ।"
— ਸੂਹੀ **੪**, ਛੰਤ ੧, ੪ : ੩ (773)

ਵਾਚਾਈਆ — ਵਾਚੀ ਹੈ, ਪੜ ਕੇ ਦੇਖੀ ਹੈ
"ਪੰਡਿਤ ਪਾਧੇ ਆਣਿ ਪਤੀ ਬਹਿ **ਵਾਚਾਈਆ** ਬਲਿਰਾਮ ਜੀਉ।"
— ਸੂਹੀ **੪**, ਛੰਤ ੧, ੪ : ੨ (773)

ਵਾਚੀਐ — 1. ਪੜੀਏ, ਪੜਤਾਲੀਏ
"ਬੇਦੁ ਪੁਕਾਰੇ **ਵਾਚੀਐ** ਬਾਣੀ ਬ੍ਰਹਮ ਬਿਆਸੁ।"
— ਸਿਰੀ **੧**, ਅਸ ੨, ੬ : ੧ (57)
"ਅਗੈ ਕਰਣੀ ਕੀਰਤਿ **ਵਾਚੀਐ** ਬਹਿ ਲੇਖਾ ਕਰਿ ਸਮਝਾਇਆ।"— ਆਸਾ **੧**, ਵਾਰ ੩ : ੩ (464)

ਵਾਚੈ — ਪੜੇ/ਪੜਤਾਲੇ ਜਾਂਦੇ ਹਨ
"ਚੰਗਿਆਈਆ ਬੁਰਿਆਈਆ **ਵਾਚੈ** ਧਰਮੁ ਹਦੂਰਿ।"
— ਜਪੁ **੧**, ੩੮ਸ : ੩ (8)

ਵਾਜ — ਵਾਜੇ, ਸਾਜ਼
"ਦੋਲਕ ਦੁਨੀਆ ਵਾਜਹਿ **ਵਾਜ**।"
— ਆਸਾ **੧**, ੪, ੧ : ੨ (349)

ਵਾਜਹਿ — ਵਜਦਾ ਹੈ
"ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ **ਵਾਜਹਿ** ਨਾਦ।"
— ਜਪੁ **੧**, ੨੯ : ੧ (6)

ਵਾਜੰਗਾ — ਵਜੇਗਾ
"ਸਗਲ ਨਾਮ ਨਿਧਾਨੁ ਤਿਨ ਪਾਇਆ ਅਨਹਦ ਸਬਦ ਮਨਿ **ਵਾਜੰਗਾ**।"
— ਮਾਰੂ **੫**, ਸੋਲਾ ੧੧, ੧੯ : ੩ (1083)

ਵਾਜੰਤ — ਵਜਦਾ ਹੈ
"ਅਨਹਤਾ ਸਬਦ **ਵਾਜੰਤ** ਭੇਰੀ।"
— ਧਨਾ **੧**, ਸੋਹ ੩, ੧* : ੩ (13)

ਵਾਜਾ — ਸਾਜ਼
"**ਵਾਜਾ** ਨੇਜਾ ਪਤਿ ਸਿਉ ਪਰਗਟੁ ਕਰਮੁ ਤੇਰਾ ਮੇਰੀ ਜਾਤਿ।" (ਧੌਂਸਾ)
— ਸਿਰੀ **੧**, ੨, ੩ : ੩ (16)

ਵਾਜਿਆ — ਵੱਜਿਆ
"ਜੋਤਿ ਸਰੂਪ ਅਨਾਹਦੁ **ਵਾਜਿਆ**।"
— ਆਸਾ **੫**, ੨, ੩ : ੨ (370)

ਵਾਜੇ — 1. ਵਜੇ
"**ਵਾਜੇ** ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ।"
— ਜਪੁ **੧**, ੨੭ : ੨ (6)

2. ਬੰਦ ਹੋਏ, (ਕੇਵਲ ਮਹਾਨਕੋਸ਼)
"ਨਉ ਦਰ**ਵਾਜੇ** ਦਸਵਾ ਦੁਆਰੁ।"
— ਗਉ **੧**, ੪, ੧ : ੩ (152)

3. ਸਾਜ਼
"ਬਹੁ ਤਾਲ ਪੂਰੇ **ਵਾਜੇ** ਵਜਾਏ।"
— ਮਾਝ **੩**, ਅਸ ੨੧, ੬ : ੧ (122)
"ਹੈਵਰ ਗੈਵਰ ਨੇਜੇ **ਵਾਜੇ**।" (ਵਜਨ ਵਾਲੇ ਭਾਵ ਧੌਂਸੇ) — ਗਉ **੧**, ਅਸ ੧੦, ੫ : ੧ (225)

4. ਵਜਾਏ, ਵਜਾਣ ਤੋਂ
"**ਵਾਜੇ** ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ।" — ਸੂਹੀ **੧**, ੮, ੪ : ੨ (730)

ਵਾਜੈ — ਵਜਦੀ ਹੈ

"ਘਟਿ ਘਟਿ **ਵਾਜੈ** ਕਿੰਗੁਰੀ ਅਨਦਿਨੁ ਸਬਦਿ ਸੁਭਾਇ।" — ਸਿਰੀ **੧**, ਅਸ ੧੪, ੮ : ੧ (62)
"ਅਖੀ ਅੰਧੁ ਜੀਭ ਰਸੁ ਨਾਹੀ ਕੰਨੀ ਪਵਣੁ ਨ **ਵਾਜੈ**।" (ਵਜਦੀ ਭਾਵ ਆਵਾਜ਼ ਸੁਣਾਈ ਦਿੰਦੀ)
— ਆਸਾ **੧**, ੧੯, ੨ : ੧ (354)
"**ਵਾਜੈ** ਪਉਣੁ ਤੈ ਆਪਿ ਵਜਾਏ।" (ਵਜਦਾ ਭਾਵ ਸਰੀਰ ਵਿਚ ਸੁਆਸ ਚਲਦਾ ਹੈ)
— ਮਾਰੂ **੩**, ਸੋਲਾ ੧੩, ੨ : ੧ (1056)

ਵਾਟ — 1. ਪੈਂਡਾ, ਰਾਹ, ਮਾਰਗ, ਰਸਤਾ
"ਲੇਖੈ **ਵਾਟ** ਚਲਾਈਆ ਲੇਖੈ ਸੁਣਿ ਵੇਖਾਉ।"
— ਸਿਰੀ **੧**, ੩, ੧ : ੨ (15)
"ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ **ਵਾਟ**।" (ਤੇਰੇ ਰਾਹ ਦਾ ਗਿਆਨ)
— ਸਿਰੀ **੧**, ੭, ੩ : ੧ (16)
2. ਰੀਤ, ਲੀਹ
"ਜਿਉ ਲਾਹਾ ਤੋਟਾ ਤਿਵੈ **ਵਾਟ** ਚਲਦੀ ਆਈ।"
— ਆਸਾ **੧**, ਅਸ ੧੩, ੧੦ : ੧ (418)

ਵਾਟੜੀ — ਰਸਤਾ
"ਆਪਿ ਦਿਖਾਵੈ **ਵਾਟੜੀ** ਸਚੀ ਭਗਤਿ ਦ੍ਰਿੜਾਏ।"
— ਆਸਾ **੧**, ਅਸ ੧੮, ੪ : ੨ (420)

ਵਾਟੜੀਆਸੁ — ਰਸਤਾ, ਮਾਰਗ
"ਸੁਤੀ ਸੁਤੀ ਝਾਲੁ ਥੀਆ ਭੁਲੀ **ਵਾਟੜੀਆਸੁ** ਜੀਉ।"
— ਸੂਹੀ **੧**, ਕੁਚ ੧ : ੧੩ (762)

ਵਾਟਾਊ — ਵਾਟ ਵਾਲੇ, ਰਾਹੀ, ਜੋ ਸਦਾ ਵਾਟ ਵਿਚ ਰਹੇ
"ਜੇਤੇ ਜੀਅ ਤੇਤੇ **ਵਾਟਾਊ**।"
— ਰਾਮ **੩**, ਵਾਰ ੧੧ਸ, **੧**, ੨ : ੧੩ (952)

ਵਾਢੀ — ਵਾਂਢੇ (ਪ੍ਰਦੇਸ) ਗਈ ਹੋਈ ਭਾਵ ਵਿਛੜੀ ਹੋਈ
"ਸਾ ਧਨ ਢੋਈ ਨ ਲਹੈ **ਵਾਢੀ** ਕਿਉ ਧੀਰੇਉ।"
— ਮਾਰੂ **੧**, ਅਸ ੯, ੧ : ੨ (1014)

ਵਾਂਢੀ — ਪ੍ਰਦੇਸਨ, ਵਿਛੜੀ ਹੋਈ
"ਪਿਰੁ ਪਰਦੇਸੀ ਜੇ ਥੀਐ ਧਨ **ਵਾਂਢੀ** ਝੂਰੇਇ।"
— ਸਿਰੀ **੧**, ਅਸ ੫, ੨ : ੧ (56)

ਵਾਢੀਆ — ਵਿਛੜੀਆਂ ਹੋਈਆਂ, ਪ੍ਰਦੇਸ ਗਈਆਂ, ਦੂਰ ਗਈਆਂ
"ਵੈਸਾਖਿ ਧੀਰਨਿ ਕਿਉ **ਵਾਢੀਆ** ਜਿਨਾ ਪ੍ਰੇਮ ਬਿਛੋਹੁ।" — ਮਾਝ **੫**, ਬਾਰਾ ੩ : ੧ (133)
"ਜਿਨ੍ਾ ਨੇਹੁ ਦੂਜਾਣੇ ਲਗਾ ਝੂਰਿ ਮਰਹੁ ਸੇ **ਵਾਢੀਆ**।" (ਭਾਵ ਛੁਟੜਾਂ)
— ਸੂਹੀ **੫**, ਅਸ ੪, ੧ : ੨ (761)

ਵਾਂਢੀਆ — ਵਿਛੜਿਆਂ ਨੂੰ
"ਨਾਨਕ ਨਦਰਿ ਕਰੇਹੁ ਮਿਲੈ ਸਚੁ **ਵਾਂਢੀਆ**।"
— ਆਸਾ **੧**, ਅਸ ੨੧, ੮ : ੨ (422)

ਵਾਣੁ — ਮੁੰਝ ਆਦਿ ਦੀ ਰਸੀ ਜਿਸ ਨਾਲ ਮੰਜੀ ਉਨੀ ਜਾਂਦੀ ਹੈ
"ਫਰੀਦਾ ਚਿੰਤ ਖਟੋਲਾ **ਵਾਣੁ** ਦੁਖੁ ਬਿਰਹ ਵਿਛਾਵਣ ਲੇਫੁ।" — ਸਲੋ **ਫਰ**, ੩੫ : ੧ (1379)

ਵਾਤ — 1. ਗਲ, ਹਾਲ, ਖਬਰ
"ਜੇ ਤਿਸੁ ਨਦਰਿ ਨ ਆਵਈ ਤ **ਵਾਤ** ਨ ਪੁਛੈ ਕੇ।" — ਜਪੁ **੧**, ੭ : ੪ (2)
"ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ **ਵਾਤ**।" — ਜਪੁ **੧**, ੨੨ : ੨ (5)
2. ਮੂੰਹ ਨਾਲ ਵੱਜਣ ਵਾਲੇ ਵਾਜੇ
"**ਵਾਤ** ਵਜਨਿ ਟੰਮਕ ਭੇਰੀਆ।"
— ਸਿਰੀ **੫**, ਅਸ ੨੯, ੧੮ : ੧ (74)

ਵਾਤੜੀ — ਹਾਲ, ਖਬਰ
"ਪਿਰੁ **ਵਾਤੜੀ** ਨ ਪੁਛਈ ਧਨ ਸੋਹਾਗਣਿ ਨਾਉ।"
— ਸਲੋ **ਫਰ**, ੩੧ : ੨ (1379)

ਵਾਤਿ — ਮੂੰਹ ਵਿਚ
"ਹਉ ਬਲਿਹਾਰੀ ਤਿਨ ਕਉ ਸਿਫਤਿ ਜਿਨਾ ਦੈ **ਵਾਤਿ**।"
— ਸੂਹੀ **੩**, ਵਾਰ ੧੫ਸ, **੧**, ੪ : ੧ (790)
"ਜਿਨ ਕਉ ਪੋਤੈ ਪੁੰਨੁ ਹੈ ਤਿਨ੍ **ਵਾਤਿ** ਸਿ ਪੀਤੀ।"
— ਰਾਮ **੩**, ਵਾਰ ੧੦ : ੪ (951)

ਵਾਤੀ — ਮੂੰਹ ਵਿਚ
"ਦੁਸਟੀ ਸਭਾ ਵਿਗੁਚੀਐ ਬਿਖੁ **ਵਾਤੀ** ਜੀਵਣ ਬਾਦਿ।" — ਪ੍ਰਭਾ **੧**, ਅਸ ੩, ੩ : ੪ (1343)

ਵਾਦ — 1. ਝਗੜੇ
"ਪੜਿ ਪੜਿ ਪੰਡਿਤ ਜੋਤਕੀ **ਵਾਦ** ਕਰਹਿ ਬੀਚਾਰੁ।" — ਸਿਰੀ **੩**, ੩੬, ੩ : ੧ (27)
"ਏਕ ਸਾਹਿਬ ਦੁਇ ਰਾਹ **ਵਾਦ** ਵਧੰਦਿਆ ਜੀਉ।"
(ਭਾਵ ਦੁੱਖ)— ਧਨਾ **੧**, ਛੰਤ ੨, ੩ : ੨ (688)
2. (ਸੰ. ਵਾਦ) ਬਹਿਸ

"ਵੇਦ ਪੜਹਿ ਤੈ **ਵਾਦ** ਵਖਾਣਹਿ ਬਿਨੁ ਹਰਿ ਪਤਿ ਗਵਾਈ।"
— ਸੋਰ **੩**, ਅਸ ੧, ੭ : ੨ (638)

ਵਾਦਾ — ਝਗੜਿਆਂ ਦੀਆਂ (ਕਹਾਣੀਆਂ)
"ਊਚੇ ਕੂਕਹਿ **ਵਾਦਾ** ਗਾਵਹਿ ਜੋਧਾ ਕਾ ਵੀਚਾਰੁ।"
— ਆਸਾ **੧**, ਵਾਰ ੧੧ਸ, **੧**, ੩ : ੫ (469)

ਵਾਦਿ — 1. ਝਗੜਿਆਂ ਨੂੰ
"**ਵਾਦਿ** ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ।"
— ਸਿਰੀ **੧**, ਅਸ ੫, ੭ : ੨ (56)
"**ਵਾਦਿ** ਅਹੰਕਾਰਿ ਨਾਹੀ ਪ੍ਰਭ ਮੇਲਾ।" (ਝਗੜੇ ਵਿਚ) — ਗਉ **੧**, ਅਸ ੧੨, ੪ : ੧ (226)
2. ਫਜ਼ੂਲ, ਬੇਅਰਥ, ਨਿਰਾਰਥਕ
"ਬਿਨੁ ਬੂਝੇ ਸਭੁ **ਵਾਦਿ** ਜੋਨੀ ਭਰਪਤੇ।"
— ਸੂਹੀ **੫**, ਅਸ ੫, ੫ : ੨ (762)
3. ਝਗੜਾ ਕਰਨ ਵਾਲੇ, ਝਗੜਾਲੂ
"ਇਕੁ ਸਜਣੁ ਸਭਿ ਸਜਣਾ ਇਕੁ ਵੈਰੀ ਸਭਿ **ਵਾਦਿ**।"
— ਰਾਮ **੫**, ਵਾਰ ੧ਸ, **੫**, ੨ : ੧ (957)

ਵਾਦੀ — 1. ਝਗੜਾਲੂ
"ਸਸੁ ਵਿਰਾਇਣਿ ਨਾਨਕ ਜੀਉ ਸਸੁਰਾ **ਵਾਦੀ** ਜੇਠੋ ਪਉ ਪਉ ਲੂਹੈ।"
— ਰਾਮ **੫**, ਵਾਰ ੧੩ਸ, **੫**, ੨ : ੧ (963)
2. ਝਗੜਿਆਂ ਵਿਚ
"ਹਰਿ ਸਿਉ ਚਿਤੁ ਨ ਲਾਇਨੀ **ਵਾਦੀ** ਕਰੰਨਿ ਪਿਆਰੁ।"
— ਮਾਰੂ **੩**, ਵਾਰ ੧੯ਸ, **੩**, ੧ : ੩ (1091)
3. ਝਗੜੇ
"ਮੁਆ ਪਿਆਰੁ ਪ੍ਰੀਤਿ ਮੁਈ ਮੁਆ ਵੈਰੁ **ਵਾਦੀ**।"
— ਮਲਾ **੧**, ਵਾਰ ੨੦ਸ, **੧**, ੨ : ੧ (1287)

ਵਾਦੁ — 1. ਝਗੜਾ
"ਜਿਤੁ ਤਨਿ ਨਾਮੁ ਨ ਭਾਵਈ ਤਿਤੁ ਤਨਿ ਹਉਮੈ **ਵਾਦੁ**।" — ਸਿਰੀ **੧**, ਅਸ ੧੩, ੬ : ੧ (61)
2. ਵਿਅਰਥ ਗਲਾਂ
"ਵੇਦ ਪੜੈ ਪੜਿ **ਵਾਦੁ** ਵਖਾਣੈ ਬ੍ਰਹਮਾ ਬਿਸਨੁ ਮਹੇਸਾ।" — ਮਲਾ **੩**, ੧, ੨ : ੧ (1257)

ਵਾਦੇ — ਝਗੜਿਆਂ ਵਿਚ
"ਵਾਦਿ ਵਿਰੋਧਿ ਸਲਾਹਣੇ **ਵਾਦੇ** ਆਵਣੁ ਜਾਣੁ।"
— ਸਿਰੀ **੧**, ਅਸ ੫, ੭ : ੨ (56)

ਵਾਧਾਈ — 1. ਅਸ਼ੀਰਵਾਦ, ਮੁਬਾਰਕ ਬਾਦ
"ਗੁਰਿ ਪੂਰੈ ਵਜੀ **ਵਾਧਾਈ** ਨਾਨਕ ਜਿਤਾ ਬਿਖਾੜਾ ਜੀਉ।" — ਮਾਝ **੫**, ੩੧, ੪ : ੨ (103)
2. ਖੁਸ਼ੀ ਹੋਈ
"ਗੁਰਿ ਪੂਰੈ ਹਰਿ ਪ੍ਰਭੁ ਸੇਵਿਆ ਮਨਿ ਵਜੀ **ਵਾਧਾਈ**।" (ਵਧਾਈਆਂ ਮਿਲੀਆਂ)
— ਗਉ **੪**, ਵਾਰ ੧੮ : ੫ (311)

ਵਾਧਾਈਆ — ਖੁਸ਼ੀਆਂ ਹੋਈਆਂ
"ਗੁਰਸਿਖਾ ਮਨਿ **ਵਾਧਾਈਆ** ਜਿਨ ਮੇਰਾ ਸਤਿਗੁਰੂ ਡਿਠਾ ਰਾਮ ਰਾਜੇ।"
— ਆਸਾ **੪**, ਛੰਤ ੧੯, ੪ : ੧ (451)

ਵਾਧਾਏ — ਵਾਧਾਈਆਂ ਮਿਲਦੀਆਂ ਹਨ
"ਜਨਮੇ ਕਉ ਵਾਜਹਿ **ਵਾਧਾਏ**।"
— ਮਾਰੂ **੧**, ਸੋਲਾ ੧੨, ੭ : ੧ (1032)

ਵਾਧਿ — ਵੱਧ
"ਕਿਸ ਹੀ **ਵਾਧਿ** ਘਾਟਿ ਕਿਸਹੀ ਪਹਿ ਸਗਲੇ ਲਰਿ ਲਰਿ ਮੂਆ।"
— ਧਨਾ **੫**, ੧੧, ੩ : ੨ (673)

ਵਾਪਰੇ — ਲੰਘ ਗਏ, ਬੀਤ ਗਏ
"ਕੇਤੜਿਆਂ ਜੁਗ **ਵਾਪਰੇ** ਇਕਤੁ ਪਇਆ ਪਾਸਿ।"
— ਸਲੋ **ਫਰ**, ੬੭ : ੨ (1381)

ਵਾਪਰੈ — ਵਾਪਰਦਾ ਰਹਿੰਦਾ ਹੈ, ਹੁੰਦਾ ਰਹਿੰਦਾ ਹੈ
"ਅੰਧੇਰੁ ਅੰਧੀ **ਵਾਪਰੈ** ਸਗਲ ਲੀਜੈ ਖੋਇ।"
— ਪ੍ਰਭਾ **੧**, ੨, ੧ : ੨ (1327)

ਵਾਪਾਰ — ਵਣਜ, ਲੈਣ ਦੇਣ
"ਅਮੁਲ ਗੁਣ ਅਮੁਲ **ਵਾਪਾਰ**।"
— ਜਪੁ **੧**, ੨੬ : ੧ (5)

ਵਾਪਾਰਹੁ — ਦਾ ਵਾਪਾਰ ਕਰੋ, ਦਾ ਵਣਜ ਕਰੋ
"ਸਾਚਾ ਹਟੁ ਪੂਰਾ ਸਉਦਾ ਵਖਰੁ ਨਾਮੁ **ਵਾਪਾਰਹੁ**।"
— ਆਸਾ **੫**, ੧੧੪, ੨ : ੨ (399)

ਵਾਪਾਰਨ — ਵਾਪਾਰੀਆਂ, ਵਣਜ ਕਰਨ ਵਾਲਿਆਂ
"ਸਾਹਨ ਮਹਿ ਤੂੰ ਸਾਚਾ ਸਾਹਾ **ਵਾਪਾਰਨ** ਮਹਿ ਵਾਪਾਰੀ।" — ਗੂਜ **੫**, ਅਸ ੧, ੪ : ੨ (507)

ਵਾਪਾਰਾ — 1. ਵਾਪਾਰ, ਵਣਜ
"ਕਾਇਆ ਅੰਦਰਿ ਵਣਜੁ ਕਰੇ **ਵਾਪਾਰਾ** ਨਾਮੁ ਨਿਧਾਨੁ ਸਚੁ ਪਾਵਣਿਆ।"

— ਮਾਝ **੩**, ਅਸ ੧੦, ੬ : ੩ (115)

2. ਵਾਪਾਰ ਕਰਨ ਵਾਲੇ, ਵਾਪਾਰੀ

"ਇਕਿ ਰਤਨ ਪਦਾਰਥ ਵਣਜਦੇ ਇਕਿ ਕਚੈ ਦੇ **ਵਾਪਾਰਾ**।" — ਮਾਝ **੧**, ਵਾਰ ੭ : ੧ (141)

ਵਾਪਾਰਿ — ਵਣਜ ਵਿਚ, ਵਾਪਾਰ ਵਿਚ

"ਵਖਰੁ ਨਾਮੁ ਸਦਾ ਲਾਭੁ ਹੈ ਜਿਸਨੋ ਏਤੁ **ਵਾਪਾਰਿ** ਲਾਏ।" — ਵਡ **੩**, ਛੰਤ ੪, ੧ : ੫ (570)

ਵਾਪਾਰੀ — ਵਾਪਾਰ ਕਰਨ ਵਾਲੇ

"**ਵਾਪਾਰੀ** ਵਣਜਾਰਿਆ ਆਏ ਵਜਹੁ ਲਿਖਾਇ।" — ਸਿਰੀ **੧**, ਅਸ ੯, ੬ : ੧ (59)

"ਨਾਨਕ ਭਗਤ ਸੋਹਨਿ ਦਰਿ ਸਾਚੈ ਸਾਚੇ ਕੇ **ਵਾਪਾਰੀ**।" (ਭਾਵ ਖਰੀਦਦਾਰ, ਚਾਹਵਾਨ) — ਧਨਾ **੧**, ਛੰਤ ੨, ੪ : ੬ (689)

ਵਾਪਾਰੀਆ — ਵਾਪਾਰ ਕਰਨ ਵਾਲਾ, ਵਾਪਾਰੀ

"ਵਿਣੁ ਰਾਸੀ **ਵਾਪਾਰੀਆ** ਤਕੇ ਕੁੰਡਾ ਚਾਰਿ।" — ਸਿਰੀ **੧**, ਅਸ ੬, ੭ : ੧ (56)

ਵਾਪਾਰੀਏ — ਵਾਪਾਰ ਕਰਨ ਵਾਲੇ, ਵਾਪਾਰੀ

"ਅਮੁਲ **ਵਾਪਾਰੀਏ** ਅਮੁਲ ਭੰਡਾਰ।" — ਜਪੁ **੧**, ੨੬ : ੨ (5)

ਵਾਪਾਰੁ — ਵਣਜ, ਸੌਦਾਗਰੀ

"ਹਰਿ ਭਗਤਾ ਹਰਿ ਧਨੁ ਰਾਸਿ ਹੈ ਗੁਰ ਪੂਛਿ ਕਰਹਿ **ਵਾਪਾਰੁ**।"— ਸਿਰੀ **੩**, ੩੯, ੧: ੧ (28)

ਵਾਪਾਰੈ — 1. ਵਿਹਾਜਦਾ ਹੈ

"ਇਹੁ ਵਾਪਾਰੁ ਵਿਰਲਾ **ਵਾਪਾਰੈ**।" — ਗਉ **੫**, ਸੁਖ ੧੫, ੫ : ੯ (283)

2. ਵਾਪਾਰ ਦੀ, ਵਣਜ ਦੀ

"ਮਨਮੁਖ **ਵਾਪਾਰੈ** ਸਾਰ ਨ ਜਾਣਨੀ ਬਿਖੁ ਵਿਹਾਝਹਿ ਬਿਖੁ ਸੰਗ੍ਰਹਹਿ ਬਿਖੁ ਸਿਉ ਧਰਹਿ ਪਿਆਰੁ।" — ਮਾਰੂ **੩**, ਵਾਰ ੧੬ਸ, **੩**, ੧ : ੧ (1091)

ਵਾਪਾਰੋ — 1. ਵਿਹਾਜੋ, ਦਾ ਵਾਪਾਰ ਕਰੋ

"ਆਠ ਪਹਰ ਰਾਮ ਨਾਮੁ **ਵਾਪਾਰੋ**।" — ਮਾਝ **੫**, ੪੩, ੪ : ੨ (107)

2. ਵਣਜ, ਵਾਪਾਰ

"ਤੇਰਾ ਮਹਲੁ ਸਚਾ ਜੀਉ ਨਾਮੁ ਸਚਾ **ਵਾਪਾਰੋ**।" — ਗਉ **੧**, ਛੰਤ ੨, ੪ : ੨ (243)

ਵਾਰ — 1. ਵਾਰੀ, ਦਫਾ

"ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ **ਵਾਰ**।" — ਜਪੁ **੧**, ੧ : ੧ (1)

"ਕਰਉ ਬੰਦਨਾ ਅਨਿਕ **ਵਾਰ** ਸਰਨਿ ਪਰਉ ਹਰਿ ਰਾਇ।" — ਗਉ **੫**, ਥਿਤੀ ੨ਸ : ੧ (296)

2. ਸੂਰਜ ਆਦਿ ਗ੍ਰਹਾਂ ਦੇ ਆਧਾਰ ਤੇ ਸਮੇਂ ਦੀ ਇਕ ਇਕਾਈ ਭਾਵ ਦਿਨ

"ਰਾਤੀ ਰੁਤੀ ਥਿਤੀ **ਵਾਰ**।" — ਜਪੁ **੧**, ੩੪ : ੧ (7)

3. ਫੇਰ ਫੇਰ, ਦੁਬਾਰਾ ਦੁਬਾਰਾ, ਮੁੜ ਮੁੜ ਕੇ

"ਕੁਸਾ ਕਟੀਆ **ਵਾਰ ਵਾਰ** ਪੀਸਣਿ ਪੀਸਾ ਪਾਇ।" — ਸਿਰੀ **੧**, ੨, ੨ : ੧ (14)

"ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ **ਵਾਰ**।"— ਸਿਰੀ **੧**, ਅਸ ੮, ੭ : ੩ (58)

"ਮਰਿ ਮਰਿ ਜੰਮੈ ਵਾਰੋ **ਵਾਰ**।" — ਗਉ **੩**, ਅਸ ੧, ੨ : ੨ (229)

"ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ **ਵਾਰ**।" — ਆਸਾ **੧**, ਵਾਰ ੧ਸ, **੧**, ੧ : ੧ (462)

4. ਕ੍ਰਮ ਅਨੁਸਾਰ

"ਇਕਿ ਚਾਲੇ ਇਕਿ ਚਾਲਸਹਿ ਸਭਿ ਅਪਨੀ **ਵਾਰ**।" — ਬਿਲਾ **੫**, ੩੧, ੩ : ੨ (808)

5. ਉਹ ਕਾਵਿ ਰਚਨਾ ਜਿਸ ਵਿਚ ਨਾਇਕ ਦੀ ਵਡਿਆਈ/ਜਸ ਕੀਤਾ ਜਾਂਦਾ ਹੈ; ਭਾਵ ਹਰਿ ਜਸ

'ਰਾਤਿ ਦਿਹੈ ਕੈ **ਵਾਰ** ਧੁਰਹੁ ਫੁਰਮਾਇਆ।" — ਮਾਝ **੧**, ਵਾਰ ੨੭ : ੨ (150)

6. ਸਮੇਂ, ਅਵਸਰ ਤੇ

"ਜਨ ਨਾਨਕ ਅੰਤਿ **ਵਾਰ** ਨਾਮੁ ਗਹਣਾ।" — ਆਸਾ **੫**, ੧੮, ੪ : ੨ (375)

"ਨਾਨਕ ਸਿਞਿ ਇਵੇਹਾ **ਵਾਰ** ਬਹੜਿ ਨ ਹੋਵੀ ਜਨਮੜਾ।" — ਮਾਰੂ **੫**, ਵਾਰ ੭ਸ, **੫**, ੧ : ੧ (1096)

7. ਦੇਰ, ਦੇਰੀ, ਢਿਲ, ਚਿਰ

"ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨਾ ਲਾਗੀ **ਵਾਰ**।" — ਆਸਾ **੧**, ਵਾਰ ੧ਸ, **੧**, ੧ : ੨ (462)

"ਮਨਮੁਖਿ ਅਸਥਿਰੁ ਨ ਥੀਐ ਮਰਿ ਬਿਨਸਿ ਜਾਇ ਖਿਨ **ਵਾਰ**।" — ਸਲੋ **੩**, ੨੮ : ੨ (1417)

੪. ਪੂਰੀ ਪੈਣੀ, ਓੜਕ, ਅੰਤ
"ਹਰਿ ਜੀਉ ਲੇਖੈ **ਵਾਰ** ਨ ਆਵਈ ਤੂੰ ਬਖਸਿ ਮਿਲਾਵਣਹਾਰੁ।"– ਸਲੋ **੩**, ੨੯: ੩ (1416)

ਵਾਰਉ — ਵਾਰਦੀ ਹਾਂ, ਕੁਰਬਾਨ ਕਰਦੀ ਹਾਂ
"ਵਾਰਿ **ਵਾਰਉ** ਅਨਿਕ ਡਾਰਉ।"
— ਕਾਨ **੫**, ੪੨, ੧* : ੧ (1306)

ਵਾਰਣੈ — ਕੁਰਬਾਨ, ਬਲਿਹਾਰ
"ਹਉ ਵਾਰੀ ਹਉ **ਵਾਰਣੈ** ਕੁਰਬਾਣੁ ਤੇਰੇ ਨਾਵ ਨੋ।" — ਸਿਰੀ **੧**, ਅਸ ੨੮, ੧* : ੧ (71)

ਵਾਰਨੇ — ਕੁਰਬਾਣ, ਬਲਿਹਾਰ
"**ਵਾਰਨੇ** ਜਾਉ ਕਮਲਾਪਤੀ।"
— ਧਨਾ **ਸੈਣ**, ੧, ੧ : ੨ (695)

ਵਾਰਾ — 1. ਫੇਰ, ਦੁਬਾਰਾ
"ਮਰਿ ਜੰਮਹਿ ਫਿਰਿ ਵਾਰੋ **ਵਾਰਾ**।"
— ਗਉ **੩**, ਅਸ ੬, ੨ : ੩ (232)
2. ਅੰਤ, ਓੜਕ
"ਕਹਣਿ ਕਰਨਿ **ਵਾਰਾ** ਨਹੀ ਆਵੈ।"
— ਆਸਾ **੧**, ੧੩, ੨ : ੨ (352)
3. ਕੁਰਬਾਨ ਕਰਕੇ, ਸਦਕੇ ਕਰਕੇ
"ਇਹੁ ਤਨੁ ਮਨੁ ਦਿਤੜਾ ਵਾਰੋ **ਵਾਰਾ** ਰਾਮ।"
— ਵਡ **੫**, ਛੰਤ ੧, ੧ : ੨ (576)

ਵਾਰਿ — 1. ਕੁਰਬਾਨ, ਸਦਕੇ, ਵਾਰਨੇ
"**ਵਾਰਿ ਵਾਰਿ** ਜਾਈ ਲਖ ਵਾਰੀਆ ਦੇਹੁ ਸੰਤਨ ਕੀ ਧੂਰਾ ਜੀਉ।"– ਮਾਝ **੫**, ੧੮, ੧ : ੩ (99)
2. ਵਾੜ
"ਸਾਚ ਧਰਮ ਕੀ ਕਰਿ ਦੀਨੀ **ਵਾਰਿ**।"
— ਆਸਾ **੫**, ਅਸ ੧, ੨ : ੧ (430)

ਵਾਰਿਆ — 1. ਕੁਰਬਾਨ, ਸਦਕੇ
"**ਵਾਰਿਆ** ਨ ਜਾਵਾ ਏਕ ਵਾਰ।"
— ਜਪੁ **੧**, ਵਾਰ ੧੬ : ੨੩ (3)
"ਹਉ ਸਤਿਗੁਰ ਵਿਟਹੁ **ਵਾਰਿਆ** ਜਿਨਿ ਹਰਿ ਪ੍ਰਭੁ ਦੀਆ ਦਿਖਾਇ।"– ਸਿਰੀ **੪**, ੬੮, ੧*:੨ (41)
2. ਪਿਛੇ ਰਖਿਆ, ਲੁਕਾਇਆ
"ਫਰੀਦਾ ਜੇ ਮੈ ਹੋਦਾ **ਵਾਰਿਆ** ਮਿਤਾ ਆਇੜਿਆਂ।"– ਸਲੋ **ਫਰ**, ੨੨: ੧ (1379)

ਵਾਰੀ — 1. ਕੁਰਬਾਨ, ਬਲਿਹਾਰ, ਸਦਕੇ
"ਹਉ **ਵਾਰੀ** ਜਿਤੁ ਸੋਹਿਲੈ ਸਦਾ ਸੁਖੁ ਹੋਇ।"
— ਗਉ **੧**, ਸੋਹ ੧, ੧* : ੨ (12)
2. ਵਾਰਾਂ ਨਾਲ, ਸੂਰਜ ਆਦਿ ਗ੍ਰਹਾਂ ਦੇ ਆਧਾਰ ਤੇ ਸਮੇਂ ਦੀ ਇਕ ਇਕਾਈ, ਦਿਨਾਂ ਨਾਲ
"ਵਿਸੁਏ ਚਸਿਆ ਘੜਿਆ ਪਹਰਾ ਥਿਤੀ **ਵਾਰੀ** ਮਾਹੁ ਹੋਆ।"
— ਆਸਾ **੧**, ਸੋਹ ੨, ੨ : ੧ (12)
3. ਵਾਰ, ਵੇਰ, ਨੰਬਰ (ਅੰ. ਵਾਰ), ਕ੍ਰਮ
"ਸੁਕ੍ਰਿਤੁ ਕੀਤਾ ਰਹਸੀ ਮੇਰੇ ਜੀਅੜੇ ਬਹੁੜਿ ਨ ਆਵੈ **ਵਾਰੀ**।"– ਗਉ **੧**, ੧੩, ੧*:੨ (154)
"**ਵਾਰੀ** ਖਸਮੁ ਕਢਾਏ ਕਿਰਤੁ ਕਮਾਵਣਾ।"
— ਵਡ **੧**, ਛੰਤ ੧, ੧ : ੩ (566)
"ਮਾਲਕ ਸਾਡੀ ਕਮਾਈ ਕਿਰਤ ਅਨੁਸਾਰ ਸਾਡੀ **ਵਾਰੀ** ਕਢਦਾ ਹੈ" (ਜਨਮ ਦਿੰਦਾ ਹੈ)
"**ਵਾਰੀ** ਆਪੋ ਆਪਣੀ ਕੋਇ ਨ ਬੰਧੈ ਧੀਰ।"
— ਰਾਮ **੧**, ਓਅੰ ੪੪ : ੨ (936)
"**ਵਾਰੀ** ਆਪੋ ਆਪਣੀ ਚਲੇ ਮਸਾਇਕ ਸੇਖ।"
— ਸਲੋ **ਫਰ**, ੪੭ : ੨ (1380)

ਵਾਰੀਆ — 1. ਕੁਰਬਾਨ ਜਾਂਦਾ ਹਾਂ, ਸਦਕੇ/ ਬਲਿਹਾਰ ਜਾਂਦਾ ਹਾਂ
"ਜੋ ਮੇਰਾ ਪ੍ਰੀਤਮੁ ਦਸੇ ਤਿਸ ਕੈ ਹਉ **ਵਾਰੀਆ**।"
— ਮਾਝ **੪**, ੭, ੧ : ੨ (96)
2. ਰੋਕੀਆਂ, ਵਰਜੀਆਂ
"ਕਰਨਿ ਭਗਤਿ ਦਿਨੁ ਰਾਤਿ ਨ ਰਹਨੀ **ਵਾਰੀਆ**।"– ਮਾਝ **੧**, ਵਾਰ ੨੨ : ੨ (148)

ਵਾਰੀਐ — 1. ਕੁਰਬਾਣ ਕਰ ਦੇਈਏ
"ਤਨੁ ਮਨੁ ਧਨੁ ਅਰਪੀ ਸਭੋ ਸਗਲ **ਵਾਰੀਐ** ਇਹ ਜਿੰਦੁ।" — ਸਿਰੀ **੫**, ੮੩, ੪ : ੨ (47)
2. ਸਿਰ ਤੋਂ ਹੀ ਘੁਮਾਉਣਾ, ਇਕ ਸ਼ੁਭ ਸ਼ਗਨ
"ਉਪਰਹੁ ਪਾਣੀ **ਵਾਰੀਐ** ਝਲੇ ਝਿਮਕਨਿ ਪਾਸਿ।"
— ਆਸਾ **੧**, ਅਸ ੧੧, ੨ : ੩ (417)
3. ਵੇਰ, ਕ੍ਰਮ ਅਨੁਸਾਰ, ਵਾਰ, ਵਾਰੀ, ਮੌਕਾ, ਅਵਸਰ
"ਜੋ ਆਇਆ ਸੋ ਚਲਸੀ ਸਭੁ ਕੋਈ ਆਈ **ਵਾਰੀਐ**।"– ਆਸਾ **੧**, ਵਾਰ ੨੦ : ੩ (474)

ਵਾਰੁ — 1. ਦਿਨ
"ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ **ਵਾਰੁ**।" — ਜਪੁ **੧**, ੨੧ : ੯ (4)

2. ਵਾਰੀ, ਵੇਰ
"ਬੋਹਿਥਿ ਚੜਉ ਜਾ ਆਵੈ **ਵਾਰੁ**।"
— ਗਉ **੧**, ੭, ੪ : ੧ (153)

ਵਾਰੇ — 1. ਕੁਰਬਾਣ ਕਰੇ
"ਸਰਬਸੁ ਦੀਜੈ ਅਪਨਾ **ਵਾਰੇ**।"
— ਮਾਝ **੫**, ੪੭, ੧ : ੨ (108)
"ਮਨੁ ਤਨੁ ਤੇਰਾ ਇਹੁ ਜੀਉ ਭਿ **ਵਾਰੇ** ਜੀਉ।"
— ਗਉ **੫**, ੧੬੯*, ੧ : ੨ (217)
2. ਵਾੜੇ, ਦਾਖਲ ਕੀਤੇ
"ਸਤੁ ਸੰਤੋਖੁ ਦਇਆ ਧਰਮੁ ਸਚੁ ਇਹ ਅਪੁਨੈ ਗ੍ਰਿਹ ਭੀਤਰਿ **ਵਾਰੇ**।"
— ਆਸਾ **੫**, ੩੬, ੧ : ੨ (379)
3. ਰੋਕੇ ਗਏ, ਵਰਜੇ ਗਏ
"ਜਿਤਨੇ ਕਰਜ ਕਰਜ ਕੇ ਮੰਗੀਏ ਕਰਿ ਸੇਵਕ ਪਗਿ ਲਗਿ **ਵਾਰੇ**।"
— ਨਟ **੪**, ਅਸ ੨, ੭ : ੨ (981)

ਵਾਰੋਲੇ — ਹਵਾ ਦੀ ਗੰਢ, ਵਾਵਰੋਲਾ
"ਥਲ **ਵਾਰੋਲੇ** ਬਹੁਤੁ ਅਨੰਤੁ।"
— ਆਸਾ **੧**, ਵਾਰ ੪ਸ, **੧**, ੨ : ੧੬ (465)

ਵਾਰੋਵਾਰ — 1. ਵਾਰੀ ਅਨੁਸਾਰ, ਕ੍ਰਮ ਅਨੁਸਾਰ
"ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ **ਵਾਰੋਵਾਰ**।"— ਸਿਰੀ **੧**, ਅਸ ੮, ੭ : ੩ (58)
2. ਦੁਬਾਰਾ, ਫੇਰ, ਮੁੜ ਮੁੜ
"ਜਿਉ ਜੋਰੂ ਸਿਰ ਨਾਵਣੀ ਆਵੈ **ਵਾਰੋਵਾਰ**।"
— ਆਸਾ **੧**, ਵਾਰ ੧੭ਸ, **੧**, ੨ : ੧ (472)

ਵਾਰੋਵਾਰਾ — 1. ਬਾਰ ਬਾਰ, ਮੁੜ ਮੁੜ
"ਮਾਇਆ ਮੋਹੁ ਖੁਆਇਅਨੁ ਮਰਿ ਜੰਮੈ **ਵਾਰੋਵਾਰਾ**।"— ਵਡ **੩**, ਅਲਾ ੨, ੭ : ੨ (583)
2. ਸਦਕੇ, ਕੁਰਬਾਨ, ਬਲਿਹਾਰ
"ਇਹੁ ਤਨੁ ਮਨੁ ਦਿਤੜਾ **ਵਾਰੋਵਾਰਾ** ਰਾਮ।"
— ਵਡ **੫**, ਛੰਤ ੧, ੧ : ੨ (576)

ਵਾਲਹੁ — ਵਾਲ ਤੋਂ
"ਖੰਨਿਅਹੁ ਤਿਖੀ **ਵਾਲਹੁ** ਨਿਕੀ ਏਤੁ ਮਾਰਗਿ ਜਾਣਾ।" — ਰਾਮ **੩**, ਅਨੰ ੧੪ : ੪ (918)

ਵਾਲਾ — 1. ਵਾਨ, ਵੰਤ, ਕਾਰਜ ਦੇ ਕਰਤਾ
"ਆਖਣ **ਵਾਲਾ** ਕਿਆ ਵੇਚਾਰਾ।" (ਵਕਤਾ)
— ਆਸਾ **੧**, ਸੋਦ ੨, ੪ : ੧ (9)
"ਕਰਣੈ **ਵਾਲਾ** ਵਿਸਰਿਆ ਦੂਜੈ ਭਾਇ ਪਿਆਰੁ।"
(ਕਰਤਾ) — ਸਿਰੀ **੩**, ੬੪, ੩ : ੨ (39)
"ਬਾਕੀ **ਵਾਲਾ** ਤਲਬੀਐ ਸਿਰਿ ਮਾਰੇ ਜੰਦਾਰੁ ਜੀਉ।" (ਕਰਮਾਂ ਦੇ ਹਿਸਾਬ ਦਾ ਬਾਕੀ ਕਢਣ ਵਾਲਾ ਭਾਵ ਧਰਮਰਾਜ)
— ਸੂਹੀ **੧**, ਅਸ ੨, ੫ : ੧ (751)
2. ਵਾਲ, ਕੇਸ
"ਸੋਹਣੇ ਨਕ ਜਿਨ ਲੰਮੜੇ **ਵਾਲਾ**।"
— ਵਡ **੧**, ਛੰਤ ੨, ੭ : ੨ (567)

ਵਾਲਿ — ਕੇਸਾਂ ਤੋਂ
"ਮਥੇ **ਵਾਲਿ** ਪਛਾੜਿਅਨੁ ਜਮ ਮਾਰਗਿ ਮੁਤੇ।"
— ਗੂਜ **੫**, ਵਾਰ ੨੦ : ੩ (524)

ਵਾਲਿਆ — ਵਾਲੇ, ਕਾਰਜ ਦੇ ਕਰਤਾ
"ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ **ਵਾਲਿਆ**।"
— ਆਸਾ **੧**, ਵਾਰ ੨ : ੪ (463)

ਵਾਲੀ — ਵਤੀ, ਧਾਰਨ ਕਰਤਾ
"ਜੈਸੀ ਗਗਨਿ ਫਿਰੰਤੀ ਊਡਤੀ ਕਪਰੇ ਬਾਗੇ **ਵਾਲੀ**।" — ਗਉ **੪**, ੫੧, ੨ : ੧ (168)

ਵਾਲੁ — ਕੇਸ
"**ਵਾਲੁ** ਨ ਵਿੰਗਾ ਹੋਆ।" (ਮੁਹਾਵਰਾ, ਜਰਾ ਜਿਨਾ ਨੁਕਸਾਨ ਵੀ ਨ ਹੋਣਾ)
— ਸੋਰ **੫**, ੫੭, ੧ : ੨ (623)

ਵਾਲੇ — ਕਾਰਜ ਕਰਤਾ, ਵੰਤ
"ਕਹਣੈ **ਵਾਲੇ** ਤੇਰੇ ਰਹੇ ਸਮਾਇ।"
— ਆਸਾ **੧**, ਸੋਦ ੨, ੧ : ੪ (9)

ਵਾਲੇਵਾ — ਸਾਮਾਨ, ਨਿਤ ਵਰਤੋਂ ਦੀਆਂ ਵਸਤਾਂ, ਪਦਾਰਥ
"ਨਾਮੁ ਵਰਤਣਿ ਨਾਮੋ **ਵਾਲੇਵਾ** ਨਾਮੁ ਨਾਨਕ ਪ੍ਰਾਨ ਅਧਾਰਾ।" — ਸੋਰ **੫**, ੨੦, ੪ : ੨ (614)

ਵਾਲੇਵੇ — ਪਦਾਰਥਾਂ, ਸਾਮਾਨ
"**ਵਾਲੇਵੇ** ਕਾਰਣਿ ਬਾਬਾ ਰੋਈਐ ਰੋਵਣੁ ਸਗਲ ਬਿਕਾਰੋ।" — ਵਡ **੧**, ਅਲਾ ੧, ੪ : ੨ (579)

ਵਾਵਸੀ — ਵਜਾਏਗਾ
"ਪਰਮ ਜੋਤਿ ਜਾਗਾਇ ਵਾਜਾ **ਵਾਵਸੀ**।"
— ਸਲੋ **੧**, ੧੪ : ੪ (1411)

ਵਾਵਹਿ — ਵਜਾਂਦੇ ਹਨ

"ਤੁਧੁ ਭਾਵੈ ਤਾ **ਵਾਵਹਿ** ਗਾਵਹਿ ਤੁਧੁ ਭਾਵੈ ਜਲਿ ਨਾਵਹਿ।"
— ਮਾਝ **੧**, ਵਾਰ ੧੫ਸ, **੧**, ੧ : ੧ (144)

ਵਾਵਣਹਾਰੇ — ਵਾਜੰਤ੍ਰੀ, ਵਜਾਵਣ ਵਾਲੇ
"ਵਾਜੇ ਨਾਦ ਅਨੇਕ ਅਸੰਖਾ ਕੇਤੇ **ਵਾਵਣਹਾਰੇ**।"
— ਜਪੁ **੧**, ੨੭ : ੨ (6)

ਵਾਵਣਾ — 1. ਵਜਾਉਣਾ
"ਆਖਿ ਆਖਿ ਮਨੁ **ਵਾਵਣਾ** ਜਿਉ ਜਿਉ ਜਾਪੈ ਵਾਇ।" — ਸਿਰੀ **੧**, ਅਸ ੧, ੧ : ੧ (53)
2. ਐਵੇਂ ਆਖਦੇ ਫਿਰਨਾ, ਬਕਨਾ
"ਜੋ ਦੇਇ ਸਹਣਾ ਮਨਹਿ ਕਹਣਾ ਆਖਿ ਨਾਹੀ **ਵਾਵਣਾ**।"— ਵਡ **੧**, ਛੰਤ ੧, ੩ : ੫ (566)

ਵਾਵਾ — 'ਵ', ਗੁਰਮੁਖੀ ਲਿੱਪੀ ਦਾ 34ਵਾਂ ਚਿੰਨ੍ਹ
"**ਵਾਵਾ** ਵਾਹੀ ਜਾਨੀਐ ਵਾ ਜਾਨੇ ਇਹੁ ਹੋਇ।"
— ਗਉ **ਕਬ**, ਬਾਅ ੩੮ : ੧ (342)

ਵਾਵੈ — ਵਜਾਉਂਦਾ ਹੈ
"ਜੋਗੀ ਸਬਦੁ ਅਨਾਹਦੁ **ਵਾਵੈ**।"
— ਮਾਰੂ **੧**, ਸੋਲਾ ੧੯, ੮ : ੨ (1040)

ਵਾੜਾ — ਵਾੜ ਦੇਣਾ, ਧਕ ਦੇਣਾ
"ਜੋ ਇਛੀ ਸੋ ਫਲੁ ਪਾਇਦਾ ਗੁਰਿ ਅੰਦਰਿ **ਵਾੜਾ**।" (ਅੰਤਰਮੁਖੀ ਕਰ ਦਿੱਤਾ)
— ਮਾਰੂ **੫**, ਵਾਰ ੧੦ : ੭ (1098)

ਵਾੜਿ — 1. ਫਸਲ ਦੀ ਰਾਖੀ ਲਈ ਖੇਤ ਦੁਆਲੇ ਕੰਡੇਦਾਰ ਝਾੜੀ ਦੀ ਰਖਿਆ
"ਜਾ ਪਕਾ ਤਾ ਕਟਿਆ ਰਹੀ ਸੁ ਪਲਰਿ **ਵਾੜਿ**।"
— ਮਾਝ **੧**, ਵਾਰ ੧੧ਸ, **੧**, ੧ : ੧ (142)
2. ਵਾੜੀ, ਖੇਤੀ, ਬਗੀਚੀ
"ਨਾਨਕ ਫੁਲਾ ਸੰਦੀ **ਵਾੜਿ** ਖਿੜਿਆ ਹਭੁ ਸੰਸਾਰੁ ਜਿਉ।"
— ਮਾਰੂ **੫**, ਵਾਰ ੪ਸ, **੫**, ੩ : ੨ (1095)

ਵਾੜੀ — ਬਗੀਚੀ, ਖੇਤੀ
"ਇਹੁ ਜਗੁ **ਵਾੜੀ** ਮੇਰਾ ਪ੍ਰਭੁ ਮਾਲੀ।"
— ਮਾਝ **੩**, ਅਸ ੧੫, ੫ : ੧ (118)

ਵਾੜੀਅਹਿ — ਅੰਦਰ ਦਾਖਲ ਕਰੀਏ, ਅੰਦਰ ਧਕੀਏ
"ਤਾਂ ਸਾਈ ਦੈ ਦਰਿ **ਵਾੜੀਅਹਿ**।"
— ਸਲੋ **ਫਰ**, ੧੬ : ੪ (1378)

ਵਾੜੀਐ — ਵਾੜੀ (ਖੇਤੀ) ਵਿਚ
"ਤੂੰ ਸੁਣਿ ਹਰਣਾ ਕਾਲਿਆ ਕੀ **ਵਾੜੀਐ** ਰਾਤਾ ਰਾਮ।" — ਆਸਾ **੧**, ਛੰਤ ੫, ੧ : ੧ (438)

ਵਿਉਹਾਰੁ — (ਸੰ. व्यवहार) ਵਿਹਾਰ, ਕੰਮ
"ਸਤਰਿ ਕਾ ਮਤਿਹੀਣੁ ਅਸੀਹਾਂ ਕਾ **ਵਿਉਹਾਰੁ** ਨ ਪਾਵੈ।"— ਮਾਝ **੧**, ਵਾਰ ੧ਸ, **੧**, ੩ : ੩ (138)

ਵਿਉਪਾਇ — ਨਿਰਣਾ ਕਰਕੇ
"ਨਦਰੀ ਆਵਦਾ ਨਾਲਿ ਨ ਚਲਈ ਵੇਖਹੁ ਕੋ **ਵਿਉਪਾਇ**।"
— ਸਿਰੀ **੪**, ਵਾਰ ੫ਸ, **੩**, ੭ : ੧ (84)
"ਦੁਹਾ ਸਿਰਿਆ ਆਪੇ ਖਸਮੁ ਵੇਖੈ ਕਰਿ **ਵਿਉਪਾਇ**।" (ਨਿਰਨਾ)
— ਮਾਝ **੧**, ਵਾਰ ੨੨ਸ, **੨**, ੧ : ੫ (148)

ਵਿਆਇ — ਪੈਦਾ ਕੀਤਾ
"ਉਤਭੁਜ ਖੇਲੁ ਕਰਿ ਜਗਤ **ਵਿਆਇ**।" (ਪ੍ਰਸੂਤ ਹੋਈ) — ਗੋਂਡ **੫**, ੧੧, ੩ : ੭ (865)

ਵਿਆਈ — ਪ੍ਰਸੂਤ ਹੋਣਾ, ਸੂਣਾ
"ਏਕਾ ਮਾਈ ਜੁਗਤਿ **ਵਿਆਈ** ਤਿਨਿ ਚੇਲੇ ਪਰਵਾਣੁ।" — ਜਪੁ **੧**, ੩੦ : ੧ (7)

ਵਿਆਪਈ — ਲਗਦੇ, ਗ੍ਰਸਦੇ, ਪੋਂਹਦਾ
"ਦੁਖ ਭੁਖ ਨਹ **ਵਿਆਪਈ** ਜੇ ਸੁਖਦਾਤਾ ਮਨਿ ਹੋਇ।" — ਸਿਰੀ **੫**, ੭੫, ੨ : ੧ (43)

ਵਿਆਪਣੇ — ਪੋਂਹਦੇ, ਲਗਦੇ
"ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ **ਵਿਆਪਣੇ**।"— ਰਾਮ **੩**, ਅਨੰ ੩੪ : ੩ (921)

ਵਿਆਪਸਿ — 1. ਲਗੀ ਰਹਿੰਦੀ ਹੈ, ਰੁਝਾ ਰਹਿੰਦਾ ਹੈ
"ਸੰਤ ਜਨਾ ਕੀ ਨਿੰਦਾ **ਵਿਆਪਸਿ** ਪਸੂ ਭਏ ਕਦੇ ਹੋਹਿ ਨ ਨੀਕੇ।"— ਭੈਰ **੧**, ੪, ੨ : ੨ (1126)
2. ਲਗਦਾ ਹੈ
"ਮਨਮੁਖ ਕਉ ਦੁਖੁ ਦਰਦੁ **ਵਿਆਪਸਿ** ਮਨਮੁਖਿ ਦੁਖੁ ਨ ਜਾਈ।"
— ਪ੍ਰਭਾ **੧**, ੭, ੨ : ੧ (1345)

ਵਿਆਪਹਿ — ਲਗੇ
"ਹੋਇ ਅਨੰਦੁ ਨ **ਵਿਆਪਹਿ** ਤਾਪ।"
— ਭੈਰ **੫**, ੨੬, ੧ : ੪ (1142)

ਵਿਆਪਦਾ — ਲਗਦਾ, ਪੋਂਹਦਾ, ਦਬਾਈ ਰਖਦਾ

"ਮਨਮੁਖ ਕਾਲੁ **ਵਿਆਪਦਾ** ਮੋਹਿ ਮਾਇਆ ਲਾਗੇ।"
— ਮਾਰੂ **੩**, ਵਾਰ ੧੨ : ੧ (1090)

ਵਿਆਪਤ — 1. ਫੈਲੀ ਹੋਈ, ਵਿਆਪਕ, ਲਗੀ (ਚੰਬੜੀ) ਹੋਈ
"ਤੀਨੇ ਲੋਅ **ਵਿਆਪਤ** ਹੈ ਅਧਿਕ ਰਹੀ ਲਪਟਾਇ।"— ਸਿਰੀ **੩**, ਅਸ ੨੧, ੫ : ੨ (67)
2. ਲਗਦਾ, ਪੋਂਹਦਾ
"ਨਾਨਕ ਦੂਖੁ ਸੁਖੁ **ਵਿਆਪਤ** ਨਹੀ ਜਿਥੈ ਆਤਮ ਰਾਮ ਪ੍ਰਗਾਸੁ।"— ਸਲੋ **੩**, ੧੬ : ੩ (1414)

ਵਿਆਪਨਿ — ਲਗਦੇ ਹਨ
"ਪਰਮੇਸਰ ਤੇ ਭੁਲਿਆਂ **ਵਿਆਪਨਿ** ਸਭੇ ਰੋਗ।"
— ਮਾਝ **੫**, ਬਾਰਾ ੯ : ੨ (135)

ਵਿਆਪਿ — ਚੰਬੜੀ ਹੋਈ
"ਪਰਪੰਚਿ **ਵਿਆਪਿ** ਰਹਿਆ ਮਨੁ ਦੋਇ।" (ਵਿਚ ਫਸਿਆ ਪਿਆ ਹੈ)— ਗਉ **੧**, ੭, ੩ : ੩ (153)
"ਜੋ ਮੋਹਿ ਦੂਜੈ ਚਿਤੁ ਲਾਇਦੇ ਤਿਨਾ **ਵਿਆਪਿ** ਰਹੀ ਲਪਟਾਇ।"
— ਗੂਜ **੩**, ਵਾਰ ੧੩ਸ, **੩**, ੧ : ੨ (513)
"ਇੰਦ੍ਰੀ **ਵਿਆਪਿ** ਰਹੀ ਅਧਿਕਾਈ ਕਾਮੁ ਕ੍ਰੋਧੁ ਨਿਤ ਸੰਤਾਵੈ।"
— ਵਡ **੩**, ਅਸ ੨, ੧ : ੨ (565)

ਵਿਆਪਿਆ — ਚੰਬੜਿਆ ਹੈ, ਵਿਚ ਫਸਿਆ ਹੈ
"ਮਨਮੁਖੁ ਮੋਹਿ **ਵਿਆਪਿਆ** ਬੈਰਾਗੁ ਉਦਾਸੀ ਨ ਹੋਇ।" — ਸਿਰੀ **੩**, ੪੧, ੧ : ੧ (29)
"ਅਹੰਕਾਰੁ ਕਰਹਿ ਅਹੰਕਾਰੀਆ **ਵਿਆਪਿਆ** ਮਨ ਕੀ ਮਤਿ।" (ਫਸਿਆ ਹੈ, ਪਿਛੇ ਪਿਆ ਹੈ)
— ਸਿਰੀ **੫**, ੭੧, ੩ : ੩ (42)
"ਤਿਖਾ ਭੂਖ ਬਹੁ ਤਪਤਿ **ਵਿਆਪਿਆ**।" (ਪਿਆ ਹੋਇਆ, ਫਸਿਆ ਹੋਇਆ)
— ਬਿਲਾ **੫**, ੧੦, ੨ : ੧ (804)

ਵਿਆਪੀ — ਲਗੀ ਹੋਈ, ਗ੍ਰਸਤ
"ਮਨਮੁਖਿ ਕਾਮਿ **ਵਿਆਪੀ** ਮੋਹਿ ਸੰਤਾਪੀ ਕਿਸੁ ਆਗੈ ਜਾਇ ਪੁਕਾਰੇ।"
— ਗਉ **੩**, ਛੰਤ ੩, ੩ : ੫ (245)
"ਸਗਲ ਸਮਗ੍ਰੀ ਮੋਹਿ **ਵਿਆਪੀ** ਕਬ ਊਚੇ ਕਬ ਨੀਚੇ।" (ਫਸੀ ਹੋਈ)
— ਸੋਰ **੫**, ੯, ੧ : ੧ (610)

ਵਿਆਪੀਐ — ਲਗਦਾ, ਚੰਬੜਦਾ
"ਸੋ ਜਨੁ ਦੂਖਿ ਨ **ਵਿਆਪੀਐ**।"
— ਗਉ **੫**, ੧੪੫, ੨ : ੨ (211)

ਵਿਆਪੇ — ਗ੍ਰਸੇ ਹੋਏ,
"ਸਾਜਨ ਰਹੱਸੇ ਦੁਸਟ **ਵਿਆਪੇ** ਸਾਚੁ ਜਪਿ ਸਚੁ ਲਾਹਓ।" (ਵਿਪਤਾ ਵਿਚ ਪੈ ਗਏ)
— ਗਉ **੧**, ਛੰਤ ੧, ੪ : ੪ (242)
"ਸੰਤ ਜਨਾ ਕੀ ਨਿੰਦਾ **ਵਿਆਪੇ** ਨਾ ਉਰਵਾਰਿ ਨ ਪਾਰੀ।" (ਫਸੇ ਹੋਏ)
— ਗੂਜ **੪**, ਅਸ ੧, ੬ : ੨ (507)
"ਮਨਮੁਖ ਮਾਇਆ ਮੋਹ **ਵਿਆਪੇ** ਦੂਖਿ ਸੰਤਾਪੇ ਦੂਜੈ ਪਤਿ ਗਵਾਈ।" (ਫਸੇ ਹੋਏ)
— ਵਡ **੩**, ਛੰਤ ੩, ੩ : ੪ (569)
"ਸਾਧੂ ਜਨ ਕੀ ਨਿੰਦਾ **ਵਿਆਪੇ** ਜਾਸਨਿ ਜਨਮੁ ਗਵਾਈ।" (ਗ੍ਰਸਤ)
— ਸੋਰ **੩**, ੫, ੩ : ੨ (601)
"ਇਕਿ ਕਢੇ ਇਕਿ ਲਹਰਿ **ਵਿਆਪੇ**।" (ਫਸੇ)
— ਮਾਰੂ **੫**, ਅਸ ੮, ੭ : ੨ (1020)
2. ਲਗਦਾ, ਗ੍ਰਸਦਾ, ਚੰਬੜਦਾ
"ਹਰਿ ਜਪੁ ਰਸਨਾ ਦੁਖੁ ਨ **ਵਿਆਪੇ**।"
— ਬਿਲਾ **੫**, ੧੦, ੧* : ੨ (804)
"ਤ੍ਰੈ ਗੁਣ ਮਾਇਆ ਮੋਹਿ **ਵਿਆਪੇ** ਤੁਰੀਆ ਗੁਣੁ ਹੈ ਗੁਰਮੁਖਿ ਲਹੀਆ।"
— ਬਿਲਾ **੪**, ਅਸ ੧, ੭ : ੧ (833)
"ਦੁਸਮਨ ਹਤੇ ਦੋਖੀ ਸਭਿ **ਵਿਆਪੇ**।" (ਲਪੇਟੇ ਗਏ, ਗ੍ਰਸੇ ਗਏ)
— ਮਲਾ **੫**, ੮, ੧ : ੧ (1268)

ਵਿਆਪੈ — 1. ਲਗਦਾ, ਚਿੰਬੜਦਾ
"ਪ੍ਰਭ ਸਰਣਾਈ ਸਦਾ ਰਹੁ ਦੂਖੁ ਨ **ਵਿਆਪੈ** ਕੋਇ।" (ਆ ਪੈਂਦਾ) — ਸਿਰੀ **੫**, ੮੪, ੧* : ੨ (47)
"ਭੁਖ **ਵਿਆਪੈ** ਬਹੁ ਬਿਧਿ ਧਾਵੈ।" (ਲਗਦੀ ਹੈ)
— ਮਾਝ **੫**, ੧੫, ੧ : ੨ (98)
"ਅਧਕੀ ਤ੍ਰਿਸਨਾ **ਵਿਆਪੈ** ਨਾਮੁ।" (ਚਿੰਬੜਦੀ ਹੈ) — ਗਉ **੧**, ਅਸ ੧੨, ੩ : ੨ (226)
"ਮਹਾ ਸਾਗਰੁ ਨਹ **ਵਿਆਪੈ** ਖਿਨਹਿ ਉਤਰਿਓ ਤੀਰਿ।" (ਪੋਂਹਦਾ)
— ਮਾਰੂ **੫**, ਅਸ ੩, ੨ : ੨ (1018)

2. ਭਾਵ ਲਗਦਾ, ਪੈਂਦਾ, ਗਲਤਾਨ ਹੁੰਦਾ
"ਸੋਗ ਅਗਨਿ ਮਹਿ ਮਨੁ ਨ **ਵਿਆਪੈ** ਆਠ ਪਹਰ ਗੁਣ ਗਾਵਉ।"
— ਧਨਾ **੫**, ੪੯, ੧ : ੨ (682)
"ਰਾਮੁ ਜਪਤ ਕਛੁ ਬਿਘਨੁ ਨ **ਵਿਆਪੈ**।" (ਪੈਂਦਾ)
— ਗੋਂਡ **੫**, ੨੨, ੧* : ੧ (869)

ਵਿਸਹੀ — ਵਿਸਾਹ ਕਰਨਾ, ਇਤਬਾਰ ਕਰਨਾ
"ਮਨਮੁਖਾ ਨੋ ਕੋ ਨ **ਵਿਸਹੀ** ਚੁਕਿ ਗਇਆ ਵੇਸਾਸੁ।"— ਸੋਰ **੪**, ਵਾਰ ੩ਸ, **੩**, ੧ : ੨ (643)

ਵਿਸਟਾ — ਗੰਦਗੀ, ਮੈਲਾ
"ਹਰਿ ਕਾ ਮਹਲੁ ਨ ਪਾਵਈ **ਵਿਸਟਾ** ਮਾਹਿ ਸਮਾਇ।" (ਭਾਵ ਗਰਭ ਜੂਨ)
— ਸਿਰੀ **੩**, ੩੫, ੧ : ੨ (26)
"**ਵਿਸਟਾ** ਕੇ ਕੀੜੇ ਪਵਹਿ ਵਿਚਿ **ਵਿਸਟਾ** ਸੇ **ਵਿਸਟਾ** ਮਾਹਿ ਸਮਾਇ।"— ਸਿਰੀ **੩**, ੩੮, ੨ : ੩ (28)

ਵਿਸਟੁ — 1. ਵਿਚੋਲਾ, ਵਕੀਲ
"ਲਬਿ ਨ ਚਲਈ ਸਚਿ ਰਹੈ ਸੋ **ਵਿਸਟੁ** ਪਰਵਾਣੁ।"
— ਮਾਝ **੧**, ਵਾਰ ੨੨ਸ, **੨**, ੨ : ੫ (148)
"**ਵਿਸਟੁ** ਗੁਰੂ ਮੈ ਪਾਇਆ ਜਿਨਿ ਹਰਿ ਪ੍ਰਭੁ ਦਿਤਾ ਜੋੜਿ।"— ਗਉ **੪**, ਵਾਰ ੨੪ਸ, **੪**, ੧ : ੨ (313)
(ਮਹਾਨਕੋਸ਼ ਇਸ ਨੂੰ ਵਿਸ਼ਿਸ਼ਟ ਤੋਂ ਉਤਪਤਿ ਮੰਨ ਅਰਥ 'ਵਿਸ਼ੇਸ਼ਣ ਯੁਕਤ, ਗੁਣ ਧਾਰਨ ਵਾਲਾ' ਕਰਦੇ ਹਨ)
2. ਵਿਸ਼ਸ਼ਟ ਭਾਵ ਉਤਮ, ਚੰਗੇ
"**ਵਿਸਟੁ** ਸੁਭਾਈ ਪਾਇਆ ਮੀਤ।"
— ਆਸਾ **੫**, ੬, ੨ : ੩ (372)

ਵਿਸਨ — ਕਰਤਾਰ, ਪ੍ਰਭੂ
"**ਵਿਸਨ** ਮਿਲੇ ਸਭ ਹੀ ਸਚੁ ਪਾਵੈ।"
— ਗਉ **ਕਬ**, ਬਾਅ ੩੨ : ੪ (342)

ਵਿਸਮਾਦੁ — ਹੈਰਾਨੀ, ਅਸਚਰਜਤਾ
"**ਵਿਸਮਾਦੁ** ਨਾਦੁ **ਵਿਸਮਾਦੁ** ਵੇਦ।"
— ਆਸਾ **੧**, ਵਾਰ ੩ਸ, **੧**, ੧ : ੧ (463)

ਵਿਸਰਉ — ਭੁਲਾਂ, ਵਿਸਰਾਂ
"ਹਰਿ ਨਾਨਕ ਕਦੇ ਨ **ਵਿਸਰਉ** ਏਹੁ ਜੀਉ ਪਿੰਡੁ ਤੇਰਾ ਸਾਸੁ।" — ਸਿਰੀ **੫**, ੯੯, ੪ : ੪ (52)

ਵਿਸਰਹਿ — 1. ਭੁਲੇ
"ਸਾ ਬੁਧਿ ਦੀਜੈ ਜਿਤੁ **ਵਿਸਰਹਿ** ਨਾਹੀ।"
— ਮਾਝ **੫**, ੧੯, ੪ : ੧ (100)
2. ਭੁਲੇਂ, ਭੁਲਦਾ ਹੈਂ, ਵਿਸਾਰਦਾ ਹੈਂ, ਭੁਲ ਜਾਵੇਂ
"ਤਿਨ ਤੂੰ **ਵਿਸਰਹਿ** ਜਿ ਤੁਧੁ ਆਪਿ ਭੁਲਾਏ।"
— ਗਉ **੩**, ੨੨, ੨ : ੧ (160)

ਵਿਸਰਹੁ — ਭੁਲੇ, ਵਿਸਰੇ
"ਸਦਾ ਸਦਾ ਆਰਾਧੀਐ ਦਿਨੁ **ਵਿਸਰਹੁ** ਨਹੀ ਰਾਤਿ।" — ਸਿਰੀ **੫**, ੮੩, ੩ : ੪ (47)

ਵਿਸਰਜਿਆ — ਵਿਦਾ ਕੀਤਾ ਭਾਵ ਛਡਿਆ, ਤਿਆਗਿਆ
"ਮਮਤਾ ਮੋਹੁ **ਵਿਸਰਜਿਆ** ਅਪਨੈ ਘਰਿ ਆਇਆ।"
— ਆਸਾ **੧**, ਅਸ ੧੬, ੧* : ੨ (419)

ਵਿਸਰਜੀ — ਤਿਆਗੀ, ਵਿਦਾ ਕੀਤੀ
"ਬੁਧਿ **ਵਿਸਰਜੀ** ਗਈ ਸਿਆਣਪ ਕਰਿ ਅਵਗਣ ਪਛੁਤਾਇ।" — ਸਿਰੀ **੧**, ੨, ੩ : ੫ (76)

ਵਿਸਰਨੁ — ਭੁੱਲ ਜਾਣ
"ਸਭੇ ਗਲਾ **ਵਿਸਰਨੁ** ਇਕੋ ਵਿਸਰਿ ਨ ਜਾਉ।"
— ਸਿਰੀ **੫**, ੭੫, ੧ : ੧ (43)

ਵਿਸਰਿ — ਭੁਲ
"ਸਭਨਾ ਜੀਆ ਕਾ ਇਕੁ ਦਾਤਾ ਸੋ ਮੈ **ਵਿਸਰਿ** ਨ ਜਾਈ।" — ਜਪੁ **੧**, ੫ : ੧੧ (2)

ਵਿਸਰਿਓਹਿ — ਵਿਸਾਰਿਆ, ਭੁਲਾਇਆ
"ਜੇ ਤੈ ਰਬੁ ਵਿਸਾਰਿਆ ਤ ਰਬਿ ਨ **ਵਿਸਾਰਿਓਹਿ**।"— ਸਲੋ **ਫਰ**, ੧੦੨ : ੨ (1383)

ਵਿਸਰਿਆ — ਭੁਲ ਗਿਆ, ਭੁਲਿਆ
"ਕਰਣੈ ਵਾਲਾ **ਵਿਸਰਿਆ** ਦੂਜੈ ਭਾਇ ਪਿਆਰੁ।"
— ਸਿਰੀ **੩**, ੬੪, ੩ : ੨ (39)

ਵਿਸਰਿਐ — ਭੁਲਣ ਨਾਲ
"ਨਾਇ **ਵਿਸਰਿਐ** ਧ੍ਰਿਗੁ ਜੀਵਣਾ ਤੂਟੇ ਕਚ ਧਾਗੇ।"
— ਸਿਰੀ **੫**, ਵਾਰ ੧੬ : ੪ (322)

ਵਿਸਰੀ — ਭੁਲ ਗਈ
"**ਵਿਸਰੀ** ਤਿਸੈ ਪਰਾਈ ਤਾਤਾ।"
— ਗਉ **੫**, ੧੧੨, ੧ : ੨ (189)

ਵਿਸਰੀਆਂ — ਭੁਲ ਗਈਆਂ
"ਬਾਜ ਪਏ ਤਿਸੁ ਰਬ ਦੇ ਕੇਲਾਂ **ਵਿਸਰੀਆਂ**।"
— ਸਲੋ **ਫਰ**, ੯੯ : ੩ (1383)

ਵਿਸਰੁ — ਭੁਲ, ਚੇਤੇ ਤੋਂ ਬਾਹਰ ਹੋ

"**ਵਿਸਰੁ** ਨਾਹੀ ਏਵਡ ਦਾਤੇ।"
— ਮਾਝ **੫**, ੧੯, ੧ : ੧ (100)

ਵਿਸਰੇ — 1. ਭੁਲ ਜਾਏ, ਭੁਲੇ
"ਅਨ ਭੈ **ਵਿਸਰੇ** ਨਾਮਿ ਸਮਾਇਆ।"
— ਗਉ **੧**, ੧੧, ੧ : ੨ (154)
2. ਭੁਲ ਗਏ
"ਮਰਣ ਜੀਵਣ ਕਉ ਧਰਤੀ ਦੀਨੀ ਏਤੇ ਗੁਣ **ਵਿਸਰੇ**।" (ਉਪਕਾਰ ਭੁਲ ਗਏ)
— ਰਾਮ **੧**, ੪, ੨ : ੨ (877)
3. ਭੁਲਣ ਨਾਲ
"ਨਾਨਕ ਜਿਸੁ ਬਿਨੁ ਘੜੀ ਨ ਜੀਵਣਾ **ਵਿਸਰੇ** ਸਰੈ ਨ ਬਿੰਦ।"
— ਮਾਰੂ **੫**, ਵਾਰ ੧੦ਸ, **੫**, ੨ : ੧ (1097)

ਵਿਸਰੈ — 1. ਵਿਸਰਨ ਨਾਲ, ਭੁਲਣ ਨਾਲ
"ਆਖਾ ਜੀਵਾ **ਵਿਸਰੈ** ਮਰਿ ਜਾਉ।"
— ਆਸਾ **੧**, ਸੋਦ ੩, ੧ : ੧ (9)
2. ਭੁਲ ਗਏ, ਵਿਸਰ ਜਾਏ
"ਇਕੁ ਤਿਲੁ ਪਿਆਰਾ **ਵਿਸਰੈ** ਭਗਤਿ ਕਿਨੇਹੀ ਹੋਇ।" — ਸਿਰੀ **੩**, ੫੫, ੧ : ੩ (35)

ਵਿਸਾਸੁ — ਵਿਸ਼ਵਾਸ, ਯਕੀਨ
"ਓਲਾ ਆਪਣੀ ਅੰਦਰਿ ਸੁਧਿ ਨਹੀ ਗੁਰ ਬਚਨਿ ਨ ਕਰਹਿ **ਵਿਸਾਸੁ**।"
— ਸਲੋ **੩**, ੨੧ : ੩ (1415)

ਵਿਸਾਹਾ — 1. ਭਰੋਸਾ, ਯਕੀਨ, ਇਤਬਾਰ
"ਸੁੰਦਰ ਸੁਘੜ ਸਰੂਪ ਤੇ ਨਾਨਕ ਜਿਨ੍ ਹਰਿ ਹਰਿ ਨਾਮੁ **ਵਿਸਾਹਾ**।"— ਦੇਵ **੫**, ੧੦, ੨ : ੨ (530)
2. ਖਰੀਦਦਾ
"ਗੁਰਮੁਖਿ ਪੂੰਜੀ ਨਾਮੁ **ਵਿਸਾਹਾ**।"
— ਜੈਤ **੪**, ੧੦, ੪ : ੨ (699)
"ਭਇਆ ਸਮਾਹੜਾ ਹਰਿ ਰਤਨੁ **ਵਿਸਾਹਾ** ਰਾਮ।" (ਖਰੀਦਿਆ)
— ਬਿਲਾ **੫**, ਛੰਤ ੧, ੨ : ੧ (845)
3. ਸੌਦਾ ਭਾਵ ਵਖਰ
"ਏਕ ਨਾਮਿ ਜੁਗ ਚਾਰਿ ਉਧਾਰੇ ਸਬਦੇ ਨਾਮ **ਵਿਸਾਹਾ** ਹੇ।"
— ਮਾਰੂ **੩**, ਸੋਲਾ ੧੧, ੧੧ : ੩ (1055)

ਵਿਸਾਹੀਐ — 1. ਖਰੀਦੀਏ, ਵਿਹਾਜੀਏ
"ਤੈਸੀ ਵਸਤੁ **ਵਿਸਾਹੀਐ** ਜੈਸੀ ਨਿਬਹੈ ਨਾਲਿ।"
— ਸਿਰੀ **੧**, ੨੩, ੧ : ੨ (22)
2. ਵਿਸਾਹ (ਇਤਬਾਰ, ਭਰੋਸਾ) ਕਰ ਲਈਏ
"ਬਿਸੀਅਰੁ ਮੰਤ੍ਰਿ **ਵਿਸਾਹੀਐ** ਬਹੁ ਦੂਧੁ ਪੀਆਇਆ।"
— ਸਾਰ **੪**, ਵਾਰ ੧੬ : ੨ (1244)

ਵਿਸਾਹੁ — 1. ਖਰੀਦ, ਵਿਹਾਜ
"ਵਡਭਾਗੀ ਮਿਲੁ ਸੰਗਤੀ ਸਚਾ ਸਬਦੁ **ਵਿਸਾਹੁ**।"
— ਸਿਰੀ **੫**, ੮੨, ੨ : ੨ (46)
"ਮੈ ਹਰਿ ਹਰਿ ਨਾਮੁ **ਵਿਸਾਹੁ**।" (ਖਰੀਦਿਆ ਹੈ)
— ਸੂਹੀ **੪**, ਅਸ ੨, ੧° : ੧ (758)
2. ਭਰੋਸਾ, ਯਕੀਨ, ਵਿਸ਼ਵਾਸ
"ਮੈ ਹਰਿ ਹਰਿ ਨਾਮੁ **ਵਿਸਾਹੁ** ਹੈ ਹਰਿ ਨਾਮੇ ਹੀ ਜਤਿ ਪਤਿ।"
— ਸਿਰੀ **੪**, ਵਣ ੧, ੫ : ੪ (82)
"ਕਵਨੁ ਬਾਪਾਰੀ ਜਾ ਕਾ ਊਹਾ **ਵਿਸਾਹੁ**।" (ਭਰੋਸਾ, ਇਤਿਬਾਰ, ਸਾਖ)
— ਗਉ **੫**, ੮੧, ੧ : ੪ (181)

ਵਿਸਾਹੇ — ਖਰੀਦਦਾ ਹੈ, ਵਿਹਾਜਦਾ ਹੈ
"ਆਪੇ ਰਤਨੁ **ਵਿਸਾਹੇ** ਲੇਵੈ ਆਪੇ ਕੀਮਤਿ ਪਾਇਦਾ।"— ਮਾਰੂ **੧**, ਸੋਲਾ ੧੬, ੪ : ੩ (1036)

ਵਿਸਾਰਸੀ — ਭੁਲ ਜਾਏ ਗਾ
"ਸੁਖੀ ਕਰੈ ਪਸਾਉ ਦੂਖ **ਵਿਸਾਰਸੀ**।"
— ਸੂਹੀ **੧**, ੫, ੧ : ੨ (729)

ਵਿਸਾਰਹਿ — ਭੁਲਾਵੇ
"ਖਸਮੁ **ਵਿਸਾਰਹਿ** ਤੇ ਕਮਜਾਤਿ।"
— ਆਸਾ **੧**, ਸੋਦ ੩, ੪ : ੩ (10)

ਵਿਸਾਰਹੁ — ਭੁਲਾਓ
"ਨਿਮਖ ਨ **ਵਿਸਾਰਹੁ** ਸੇਵਹੁ ਸਾਰਿਗਪਾਨੀ।"
— ਪ੍ਰਭਾ **੫**, ੧, ੧ : ੪ (1337)

ਵਿਸਾਰਣਹਾਰਾ — ਭੁਲਵਾ ਦੇਣ ਵਾਲਾ, ਭੁਲਵਾ ਦੇਣ ਦੀ ਸਮਰਥਾ ਵਾਲਾ
"ਹਰਿ ਧਿਆਵਹੁ ਸੰਤਹੁ ਜੀ ਸਭਿ ਦੂਖ **ਵਿਸਾਰਣਹਾਰਾ**।"
— ਆਸਾ **੪**, ਸੋਪੁ ੧, ੧ : ੪ (10)

ਵਿਸਾਰਣਹਾਰੁ — ਭੁਲਵਾ ਦੇਣ ਵਾਲਾ
"ਹਰਿ ਜੀਉ ਮਨਿ ਵਸੈ ਸਭ ਦੂਖ **ਵਿਸਾਰਣਹਾਰੁ**।"

— ਆਸਾ ੩, ਅਸ ੨੪, ੪ : ੨ (425)

ਵਿਸਾਰਦਾ — ਭੁਲਾਂਦਾ, ਚੇਤੇ ਤੋਂ ਪਰ੍ਹਾਂ ਕਰਦਾ
"ਜਿਸ ਨੋ ਕਰੇ ਰਹੰਮ ਤਿਸੁ ਨ **ਵਿਸਾਰਦਾ**।"
— ਗੂਜ **੫**, ਵਾਰ ੪ : ੨ (519)

ਵਿਸਾਰਨਿ — ਭੁਲਾ ਦੇਣ
"ਸਬਦੁ **ਵਿਸਾਰਨਿ** ਤਿਨਾ ਠਉਰੁ ਨ ਠਾਉ।"
— ਮਾਝ **੩**, ਅਸ ੨੩, ੫ : ੧ (123)

ਵਿਸਾਰਾ — ਵਿਸਾਰ ਦਿੱਤਾ ਹੈ, ਭੁਲਾ ਦਿੱਤਾ ਹੈ
"ਦੁਬਿਧਾ ਲਾਗੇ ਨਾਮੁ **ਵਿਸਾਰਾ**।"
— ਆਸਾ **੧**, ਅਸ ੯, ੨ : ੨ (416)

ਵਿਸਾਰਿ — ਭੁਲਾ ਕੇ
"ਆਵਣ ਵੰਞਣੁ ਡਾਖੜੋ ਛੋਡੀ ਕੰਤਿ **ਵਿਸਾਰਿ**।"
— ਸਿਰੀ **੧**, ਅਸ ੫, ੪ : ੩ (56)

ਵਿਸਾਰਿਓ — ਭੁਲਾਇਆ ਹੈ
"ਨਾਨਕ ਸੋ ਧਣੀ ਕਿਉ **ਵਿਸਾਰਿਓ** ਉਧਰਹਿ ਜਿਸੁ ਦੈ ਨਾਇ।"
— ਜੈਤ **੫**, ਵਾਰ ੨ਸ, **੫**, ੨ : ੨ (706)

ਵਿਸਾਰਿਓਨੁ — ਭੁਲਾ ਦਿੱਤਾ ਹੈ
"ਫਰੀਦਾ ਤਿਨਾ ਮੁਖ ਡਰਾਵਣੇ ਜਿਨਾ **ਵਿਸਾਰਿਓਨੁ** ਨਾਉ।" — ਸਲੋ **ਫਰ**, ੧੦੬ : ੧ (1383)

ਵਿਸਾਰਿਅਨੁ — ਭੁਲਾਇਆ, ਚੇਤੇ ਤੋਂ ਉਹਲੇ ਕੀਤਾ
"ਹੋਆ ਆਪਿ ਦਇਆਲੁ ਮਨਹੁ ਨ **ਵਿਸਾਰਿਅਨੁ**।"
— ਗੂਜ **੫**, ਵਾਰ ੧ਸ, **੫**, ੨ : ੩ (517)

ਵਿਸਾਰਿਆ — ਭੁਲਾਇਆ
"ਅੰਧੈ ਨਾਮੁ **ਵਿਸਾਰਿਆ** ਨਾ ਤਿਸੁ ਏਹ ਨ ਓਹੁ।"
— ਸਿਰੀ **੧**, ੩, ੧* : ੨ (15)

ਵਿਸਾਰਿਐ — ਭੁਲਾਣ ਨਾਲ, ਭੁਲਿਆਂ
"ਨਾਨਕ ਨਾਇ **ਵਿਸਾਰਿਐ** ਸਭ ਮੰਦੀ ਰੁਤੇ।"
— ਗਉ **੫**, ਵਾਰ ੧੨ : ੫ (321)

ਵਿਸਾਰੀ — 1. ਭੁਲਾਈ, ਭੁਲਾ ਦਿੱਤੀ
"ਕੰਤ **ਵਿਸਾਰੀ** ਅਵਗਣਿ ਮੁਤੀ।"
— ਮਾਝ **੩**, ਅਸ ੩, ੪ : ੨ (110)

2. ਭੁਲਾ ਕੇ
"ਪਤਿ ਮਤਿ ਖੋਵਹਿ ਨਾਮੁ **ਵਿਸਾਰੀ**।"
— ਗਉ **੧**, ਅਸ ੧੧, ੪ : ੩ (225)

3. ਭੁਲਾਵਾਂ
"ਤਿਸੁ ਬਾਪ ਕਉ ਕਿਉ ਮਨਹੁ **ਵਿਸਾਰੀ**।"
— ਆਸਾ **ਕਬ**, ੩, ੧ : ੩ (476)

ਵਿਸਾਰੀਆ — ਭੁਲਾਇਆ ਹੈ
"ਸੋਈ ਦੁਹੇਲਾ ਜਗਿ ਜਿਨਿ ਨਾਉ **ਵਿਸਾਰੀਆ**।"
— ਰਾਮ **੫**, ਵਾਰ ੧੪ : ੮ (964)

ਵਿਸਾਰੀਐ — ਭੁਲਾਈਏ
"ਸੋ ਕਿਉ ਮਨਹੁ **ਵਿਸਾਰੀਐ** ਜਾ ਕੇ ਜੀਅ ਪਰਾਣ।"
— ਸਿਰੀ **੧**, ੫, ੪ : ੧ (16)

ਵਿਸਾਰੁ — ਭੁਲਾ
"ਕਰੇ ਦਇਆ ਪ੍ਰਭੁ ਆਪਣੀ ਇਕ ਨਿਮਖ ਨ ਮਨਹੁ **ਵਿਸਾਰੁ**।"— ਸਿਰੀ **੫**, ੮੬, ੧*: ੨ (48)

ਵਿਸਾਰੇ — ਭੁਲਾ ਦਿੱਤੇ
"ਨਾਨਕ ਕਾਮਣਿ ਹਰਿ ਵਰੁ ਪਾਇਆ ਸਗਲੇ ਦੂਖ **ਵਿਸਾਰੇ**।" — ਗਉ **੩**, ਛੰਤ ੨, ੨ : ੬ (244)

ਵਿਸਾਰੇਂ — ਭੁਲਾ ਦੇਹ
"ਤਿਆਗੇਂ ਮਨ ਕੀ ਮਤੜੀ **ਵਿਸਾਰੇਂ** ਦੂਜਾ ਭਾਉ ਜੀਉ।" — ਸੂਹੀ **੫**, ਕੁਚ ੩ : ੮ (763)

ਵਿਸਾਰੇਉ — ਭੁਲਾਵਾਂ
"ਸਾਹਿ ਸਾਹਿ ਤੁਝੁ ਸੰਮਲਾ ਕਦੇ ਨ **ਵਿਸਾਰੇਉ**।"
— ਸਿਰੀ **੧**, ੧੬, ੩ : ੧ (20)

ਵਿਸਾਰੇਦੇ — ਭੁਲਾਣ ਵਾਲੇ, ਵਿਸਾਰਨ ਵਾਲੇ
"**ਵਿਸਾਰੇਦੇ** ਮਰਿ ਗਏ ਮਰਿ ਭਿ ਨ ਸਕਹਿ ਮੂਲਿ।"
— ਗਉ **੫**, ਵਾਰ ੭ਸ, **੫**, ੨ : ੧ (519)

ਵਿਸੁ — 1. ਜ਼ਹਿਰ
"ਵਿਣੁ ਨਾਵੈ ਸਭ **ਵਿਸੁ** ਪੈਝੈ ਖਾਈਐ।"
— ਮਾਝ **੧**, ਵਾਰ ੧੪ : ੪ (144)

2. (ਸੰ. विष्व) ਸਾਰਾ, ਸਮਤ
"ਏਹੁ **ਵਿਸੁ** ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪ ਹੈ ਹਰਿ ਰੂਪੁ ਨਦਰੀ ਆਇਆ।"
— ਰਾਮ **੩**, ਅਨੰ ੩੬ : ੩ (922)

3. ਭਾਵ ਦੁਖ
"ਵਿਛੁੜਿਆ **ਵਿਸੁ** ਹੋਇ ਵਿਛੋੜਾ ਏਕ ਘੜੀ ਮਹਿ ਜਾਇ।"
— ਸਾਰ **੪**, ਵਾਰ ੧੫ਸ, **੧**, ੧ : ੨ (1243)

ਵਿਸੁਏ — ਵਿਸਾ, ਸਮੇਂ ਦੀ ਇਕ ਇਕਾਈ, 15 ਵਾਰੀ ਅਖਾਂ ਝਪਕਨ ਦਾ ਸਮਾਂ
"**ਵਿਸੁਏ** ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ।"— ਆਸਾ **੧**, ਸੋਹ ੨, ੨ : ੧ (12)

ਵਿਸੁ — ਜ਼ਹਿਰ
"ਖਾਇ ਖਾਇ ਕਰੇ ਬਦਫੈਲੀ ਜਾਣੁ **ਵਿਸੁ** ਕੀ ਵਾੜੀ ਜੀਉ।" — ਮਾਝ **੫**, ੩੨, ੨ : ੩ (105)

ਵਿਸੂਰਾ — ਝੋਰਾ, ਦੁਖ
"ਭਰਮੁ ਗਇਆ ਭੈ ਮੋਹ ਬਿਨਾਸੇ ਮਿਟਿਆ ਸਗਲ **ਵਿਸੂਰਾ**।" — ਸੂਹੀ **੫**, ੫੨, ੪ : ੧ (748)

ਵਿਸੂਰਿ — ਝੂਰ ਕੇ, ਪਛਤਾ ਕੇ, ਸ਼ੋਕ ਕਰਕੇ
"ਨਾਮ ਬਿਹੂਨੜਿਆ ਸੇ ਮਰਨ੍ਹਿ **ਵਿਸੂਰਿ ਵਿਸੂਰਿ**।" — ਆਸਾ **੫**, ੧੦੬, ੨ : ੨ (397)

ਵਿਸੂਰਿਆ — ਝੋਰੇ, ਸ਼ੋਕ, ਪਛਾਵੇ
"ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ **ਵਿਸੂਰਿਆ**।"— ਆਸਾ **੫**, ਛੰਤ ੬, ੨ : ੪ (456)

ਵਿਸੂਰੀਐ — ਝੋਰੇ, ਪਛਤਾਵੇ, ਦੁਖ, ਫਿਕਰ
"ਦੇਹੁ ਦਰਸੁ ਮਨਿ ਚਾਉ ਲਹਿ ਜਾਹਿ **ਵਿਸੂਰੀਐ**।" — ਜੈਤ **੫**, ਵਾਰ ੧੩ : ੩ (708)

ਵਿਸੂਰੇ — 1. ਝੋਰੇ, ਸ਼ੋਕ, ਫਿਕਰ, ਚਿੰਤਾ
"ਮਿਟੇ **ਵਿਸੂਰੇ** ਉਤਰੀ ਚਿੰਤ।" — ਗਉ **੫**, ੧੨੨, ੨ : ੨ (190)

2. ਝੋਰੇ ਨਾਲ, ਦੁਖ ਨਾਲ
"ਅਗੈ ਗਈ ਨ ਮੰਨੀਆ ਮਰਉ ਵਿਸੂਰਿ **ਵਿਸੂਰੇ**।" — ਵਡ **੧**, ੩, ੧ : ੧੨ (558)

ਵਿਸੂਲਾ — ਵਿਹੁਲਾ, ਜ਼ਹਿਰੀਲਾ
"ਫਰੀਦਾ ਭੂਮਿ ਰੰਗਾਵਲੀ ਮੰਝਿ **ਵਿਸੂਲਾ** ਬਾਗੁ।" — ਰਾਮ **੫**, ਵਾਰ ੨੧ਸ, **੫**, ੧ : ੧ (966)

ਵਿਸੇਖ — 1. ਵਿਸ਼ੇਸ਼, ਚੰਗੀ, ਸ੍ਰੇਸ਼ਟ
"ਸਦਾ ਸਦਾ ਆਰਾਧੀਐ ਏਹਾ ਮਤਿ **ਵਿਸੇਖ**।" — ਸਿਰੀ **੫**, ੮੯, ੪ : ੨ (49)

2. ਖਾਸ ਤਰ੍ਹਾਂ ਦੀ
"ਕ੍ਰਿਆ **ਵਿਸੇਖ** ਪੂਜਾ ਕਰੇਇ।" — ਬਸੰ **੧**, ੪, ੩ : ੨ (1169)

ਵਿਸੇਖਿਆ — ਬਹੁਤ ਕਰਕੇ, ਅਧਿਕਤਰ (ਸ਼ਬਦਾਰਥ), ਵਧੀਆ, ਉਤਮ (ਦਰਪਣ), ਵਿਸ਼ੇਸ਼, ਬਹੁਤੁ (ਨਿਰਣੈ)
"ਸਭਿ ਕਹਹੁ ਮੁਖਹੁ ਨਰ ਨਰ ਹਰੇ ਨਰ ਨਰ ਹਰੇ ਨਰ ਨਰ ਹਰੇ ਹਰਿ ਲਾਹਾ ਹਰਿ ਭਗਤਿ **ਵਿਸੇਖਿਆ**।"— ਕਾਨ **੪**, ਵਾਰ ੯ : ੫ (1316)

ਵਿਸੇਖੁ — 1. ਵਿਸ਼ੇਸ਼, ਵਧੀਆ, ਉਤਮ
"ਅਠਿਸਠਿ ਤੀਰਥ ਗੁਰ ਕੀ ਚਰਣੀ ਪੂਜੈ ਸਦਾ **ਵਿਸੇਖੁ**।" — ਮਾਝ **੧**, ਵਾਰ ੨੦ਸ, **੧**, ੨ : ੪ (147)
"ਤੇ ਅਨਦਿਨੁ ਨਾਮੁ ਸਦਾ ਧਿਆਵਹਿ ਗੁਰ ਪੂਰੇ ਤੇ ਭਗਤਿ **ਵਿਸੇਖੁ**।" — ਆਸਾ **੩**, ੫੦, ੧* : ੨ (364)

2. ਖਾਸ
"ਸਤੁ ਭਾਈ ਕਰਿ ਏਹੁ **ਵਿਸੇਖੁ**।" — ਗਉ **੧**, ੩, ੧ : ੨ (151)

3. ਵਿਸ਼ੇਸ਼ ਕਰਕੇ
"ਹਉ ਪਾਪੀ ਪਾਖੰਡੀਆ ਭਾਈ ਮਨਿ ਤਨਿ ਨਾਮ **ਵਿਸੇਖੁ**।"— ਸੋਰ **੧**, ਅਸ ੪, ੧* : ੨ (637)

4. ਵਿਸ਼ੇਸ਼ਤਾ, ਵਡਿਆਈ
"ਤੁਧੁ ਭਾਵੈ ਤੂ ਮਨਿ ਵਸਹਿ ਨਦਰੀ ਕਰਮਿ **ਵਿਸੇਖੁ**।"— ਮਾਰੂ **੧**, ਅਸ ੩, ੫ : ੩ (1010)

ਵਿਸੋ — ਵਿਹੁ ਹੀ, ਜ਼ਹਿਰ ਹੀ
"ਕਰਦਾ ਪਾਪ ਅਮਿਤਿਆ ਨਿਤ **ਵਿਸੋ** ਚਖੈ।" — ਗਉ **੪**, ਵਾਰ ੨੮ : ੨ (315)

ਵਿਹਾਇ — ਲੰਘਦੀ ਹੈ, ਗੁਜ਼ਰਦੀ ਹੈ
"ਬਿਨ ਗੁਰ ਨੀਦ ਨ ਆਵਈ ਦੁਖੀ ਰੈਣਿ **ਵਿਹਾਇ**।" — ਸਿਰੀ **੩**, ੪੨, ੨ : ੨ (31)

ਵਿਹਾਈ — ਗੁਜ਼ਰਦੀ ਹੈ, ਲੰਘਦੀ ਹੈ
"ਅਨਦਿਨੁ ਗੁਰੁ ਗੁਰੁ ਕਰਤ **ਵਿਹਾਈ**।" — ਮਾਰੂ **੪**, ਸੋਲਾ ੧, ੭ : ੨ (1069)

ਵਿਹਾਏ — ਲੰਘਦੀ ਹੈ
"ਕਾਮੁ ਕ੍ਰੋਧੁ ਲੋਭੁ ਅੰਤਰਿ ਸਬਲਾ ਨਿਤ ਧੰਧਾ ਕਰਤ **ਵਿਹਾਏ**।" — ਬਿਹਾ **੪**, ਵਾਰ ੪ਸ, **੩**, ੨ : ੫ (550)

ਵਿਹਾਝਹਿ — ਖਰੀਦਦਾ ਹੈ
"ਸਚੁ **ਵਿਹਾਝਹਿ** ਸਚੁ ਕਮਾਵਹਿ ਸਚੋ ਸਚੁ ਕਮਾਵਣਿਆ।" — ਮਾਝ **੩**, ਅਸ ੧੪, ੪ : ੩ (117)

ਵਿਹਾਝਹੁ — ਖਰੀਦੋ
"ਜਾ ਕਉ ਆਏ ਸੋਈ **ਵਿਹਾਝਹੁ** ਹਰਿ ਗੁਰ ਤੇ ਮਨਹਿ ਬਸੇਰਾ।" — ਗਉ **੫**, ੧੨੪*, ੩ : ੧ (205)

ਵਿਹਾਝਿਆ — ਖਰੀਦਿਆ ਹੋਇਆ
"ਲਾਲਾ ਹਾਟਿ **ਵਿਹਾਝਿਆ** ਕਿਆ ਤਿਸੁ ਚਤੁਰਾਈ।" — ਗਉ **੪**, ੪੬, ੪ : ੧ (166)

ਵਿਹਾਝੀ — ਖਰੀਦੀ
"ਸਹਜਿ **ਵਿਹਾਝੀ** ਸਹਜਿ ਲੈ ਜਾਨੀ।"
— ਆਸਾ **੫**, ੬, ੩ : ੨ (372)
"ਕਰਿ ਕਰਿ ਅਨਰਥ **ਵਿਹਾਝੀ** ਮਾਇਆ।" (ਖਰੀਦੀ ਭਾਵ ਇਕਠੀ ਕੀਤੀ)
— ਆਸਾ **੫**, ੮੬, ੧ : ੨ (391)

ਵਿਹਾਝੇ — ਖਰੀਦਦਾ ਹੈ
"ਨਾਮੁ **ਵਿਹਾਝੇ** ਨਾਮੁ ਲਏ ਨਾਮਿ ਰਹੇ ਸਮਾਏ।"
— ਆਸਾ **੩**, ਛੰਤ ੭, ੪ : ੨ (440)
"ਨਾਨਕ ਜਿਸੁ ਕ੍ਰਿਪਾ ਕਰੇ ਸੁ ਹਰਿ ਨਾਮੁ **ਵਿਹਾਝੇ** ਸੋ ਸਾਹੁ ਸਚਾ ਵਣਜਾਰਾ।" (ਖਰੀਦਦਾ ਭਾਵ ਪ੍ਰਾਪਤ ਕਰਦਾ ਹੈ)— ਬੈਰਾ **੪**, ੪, ੨ : ੨ (720)

ਵਿਹਾਝੈ — ਖਰੀਦਦਾ
"ਲੋਕੁ ਅਵਗਣਾ ਕੀ ਬੰਨੈ ਗੰਠੜੀ ਗੁਣ ਨ **ਵਿਹਾਝੈ** ਕੋਇ।"
— ਮਾਰੂ **੩**, ਵਾਰ ੧੮ਸ, **੩**, ੧ : ੧ (1092)

ਵਿਹਾਣ — ਲੰਘਦਾ ਹੈ, ਬਤੀਤ ਹੁੰਦਾ ਹੈ, ਗੁਜ਼ਰਦਾ ਹੈ
"ਵਣੁ ਤ੍ਰਿਣੁ ਤ੍ਰਿਭਵਣੁ ਤੁਝੈ ਧਿਆਇਦਾ ਅਨਦਿਨੁ ਸਦਾ **ਵਿਹਾਣ**।" — ਸਲੋ **੩**, ੬੩ : ੬ (1420)

ਵਿਹਾਣਾ — ਗੁਜ਼ਰਦੀ ਹੈ, ਬੀਤਦੀ ਹੈ
"ਆਗੈ ਹੁਕਮੁ ਨ ਚਲੈ ਮੂਲੇ ਸਿਰਿ ਸਿਰਿ ਕਿਆ **ਵਿਹਾਣਾ**।"— ਵਡ **੧**, ਅਲਾ ੧, ੨ : ੫ (579)

ਵਿਹਾਣੀ — ਲੰਘਦੀ ਹੈ, ਬਤੀਤ ਹੁੰਦੀ ਹੈ, ਗੁਜ਼ਰਦੀ ਹੈ
"ਆਪਣਾ ਧਰਮੁ ਗਵਾਵਹਿ ਬੂਝਹਿ ਨਾਹੀ ਅਨਦਿਨੁ ਦੁਖਿ **ਵਿਹਾਣੀ**।"
— ਸਿਰੀ **੩**, ੪੫, ੧ : ੨ (31)
"ਮੇਰੀ ਮੇਰੀ ਕਰਤ **ਵਿਹਾਣੀ**।" (ਲੰਘ ਗਈ, ਬਤੀਤ ਹੋ ਗਈ)
— ਮਾਰੂ **੩**, ਸੋਲਾ ੬, ੪ : ੧ (1049)

ਵਿਹਾਣੀਆ — ਲੰਘ ਜਾਂਦੀ ਹੈ, ਬਤੀਤ ਹੋ ਜਾਂਦੀ ਹੈ
"ਨੈਨ ਤਰਸਨ ਦਰਸ ਪਰਸਨ ਨਹ ਨੀਦ ਰੈਣਿ **ਵਿਹਾਣੀਆ**।"— ਬਿਹਾ **੫**, ਛੰਤ ੨, ੧ : ੪ (542)

ਵਿਹਾਦੀ — ਗੁਜ਼ਰਦੀ, ਲੰਘਦੀ, ਬਤੀਤ ਹੁੰਦੀ
"ਕਰਿ ਸੇਵਹੁ ਪੂਰਾ ਸਤਿਗੁਰੂ ਵਣਜਾਰਿਆ ਮਿਤ੍ਰਾ ਸਭ ਚਲੀ ਰੈਣਿ **ਵਿਹਾਦੀ**।"
— ਸਿਰੀ **੪**, ਪਹ ੩, ੪ : ੨ (77)

ਵਿਹਾਨਾ — ਗੁਜ਼ਰਦਾ ਹੈ, ਲੰਘਦਾ ਹੈ
"ਧੰਧਾ ਕਰਤਿਆ ਅਨਦਿਨੁ **ਵਿਹਾਨਾ**।"
— ਗਉ **੩**, ੨੬, ੧ : ੪ (159)

ਵਿਹਾਵਏ — ਲੰਘਦੀ ਹੈ, ਬਤੀਤ ਹੁੰਦੀ ਹੈ, ਗੁਜ਼ਰਦੀ ਹੈ
"ਮਾਇਆ ਦੁਖਿ ਮੋਹਿਆ ਹਉ ਮੈ ਰੋਹਿਆ ਮੇਰੀ ਮੇਰੀ ਕਰਤ **ਵਿਹਾਵਏ**।"
— ਧਨਾ **੪**, ਛੰਤ ੧, ੪ : ੩ (690)

ਵਿਹਾਵਣਿਆ — ਗੁਜ਼ਰਦੀ ਹੈ
"ਹਲਤੁ ਪਲਤੁ ਤਿਨੀ ਦੋਵੈ ਗਵਾਏ ਦੁਖੇ ਦੁਖਿ **ਵਿਹਾਵਣਿਆ**।"
— ਮਾਝ **੩**, ਅਸ ੨੩, ੫ : ੩ (123)

ਵਿਹਾਵੀ — ਵਿਹਾਂਦੀ, ਲੰਘਦੀ, ਗੁਜ਼ਰਦੀ
"ਰਾਤਿ ਨ **ਵਿਹਾਵੀ** ਸਾਕਤਾਂ ਜਿਨ੍ਹਾ ਵਿਸਰੈ ਨਾਉ।"
— ਮਲਾ **੧**, ਵਾਰ ੧੪ਸ, **੫**, ੧ : ੧ (1284)

ਵਿਹਾਵੇ — ਲੰਘੇ, ਬੀਤੇ
"ਹੋਹੁ ਕ੍ਰਿਪਾਲ ਸੁਆਮੀ ਮੇਰੇ ਸੰਤਾਂ ਸੰਗਿ **ਵਿਹਾਵੇ**।"
— ਰਾਮ **੫**, ਵਾਰ ੯ਸ, **੫**, ੧ : ੧ (961)

ਵਿਹਾਵੈ — ਲੰਘਦੀ, ਬਤੀਤ ਹੁੰਦੀ
"ਮੋਹਿ ਰੈਣਿ ਨ **ਵਿਹਾਵੈ** ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ।"
— ਮਾਝ **੫**, ੮, ੧ : ੩ (97)

ਵਿਹੂਣ — ਬਿਨਾਂ, ਰਹਿਤ
"ਨਾਮ **ਵਿਹੂਣ** ਗਰਭ ਗਲਿ ਜਾਇ।"
— ਆਸਾ **੩**, ੪੫, ੨ : ੧ (362)

ਵਿਹੂਣਾ — ਰਹਿਤ, ਬਿਨਾਂ
"ਸੁਰਤਿ **ਵਿਹੂਣਾ** ਕੋਇ ਨ ਕੀਆ।"
— ਸਿਰੀ **੧**, ੩੦, ੧ : ੨ (24)
"ਬੂੰਦ **ਵਿਹੂਣਾ** ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ।" (ਖਾਲੀ, ਵਿਛੁੜਿਆ ਹੋਇਆ)
— ਜੈਤ **੫**, ਵਾਰ ੧੨ : ੨ (708)
"ਭਗਤਿ **ਵਿਹੂਣਾ** ਸਭੁ ਜਗੁ ਭਰਮਿਆ ਅੰਤਿ

ਗਇਆ ਪਛੁਤਾਨਿਆ।" (ਸਖਣਾ)

— ਸੂਹੀ **੩**, ਛੰਤ ੨, ੩ : ੪ (768)

ਵਿਹੂਣਿਆ — ਸਖਣਾ/ਖਾਲੀ (ਹੋਣ ਕਰਕੇ), ਬਿਨਾਂ, ਬਾਝੋਂ

"ਭਗਤੀ ਨਾਮ **ਵਿਹੂਣਿਆ** ਆਵਹਿ ਵੰਞਹਿ ਪੂਰ।"

— ਸਿਰੀ **੫**, ੮੪, ੩ : ੩ (47)

ਵਿਹੂਣੀ — ਖਾਲੀ, ਸਖਣੀ, ਬਿਨਾਂ, ਬਾਝੋਂ, ਵਿਰਵੀਂ

"ਗਿਆਨ **ਵਿਹੂਣੀ** ਪਿਰ ਮੁਤੀਆ ਪਿਰਮੁ ਨ ਪਾਇਆ ਜਾਇ।"

— ਸਿਰੀ **੩**, ੬੧, ੩ : ੧ (38)

ਵਿਹੂਣੰ੍ੀ — ਵਿਰਵੀਂ, ਬਾਝ

"ਸੁਭਰ ਕਪੜ ਭੋਗ ਨਾਨਕ ਪਿਰੀ **ਵਿਹੂਣੰ੍ੀ** ਤਤੀਆ।"

— ਮਾਰੂ **੫**, ਵਾਰ ੨੨ਸ, **੫**, ੩ : ੩ (1102)

ਵਿਹੂਣੀਆ — ਖਾਲੀ, ਸਖਣੀ, ਬਿਨਾਂ

"ਨਾਨਕ ਨਾਮ **ਵਿਹੂਣੀਆ** ਨਿਮੁਣੀਆਦੀ ਦੇਹ।"

— ਮਾਰੂ **੫**, ਵਾਰ ੨੦ਸ, **੫**, ੩ : ੨ (1101)

ਵਿਹੂਣੇ — ਬਿਨਾਂ, ਸਖਣੇ, ਵਿਰਵੇਂ, ਖਾਲੀ

"ਨਾਮ **ਵਿਹੂਣੇ** ਕਿਆ ਗਣੀ ਜਿਸੁ ਹਰਿ ਗੁਰ ਦਰਸੁ ਨ ਹੋਇ।" — ਸਿਰੀ **੧**, ਅਸ ੧੫, ੬ : ੩ (63)

ਵਿਕਣਹਿ — ਵਿਕ ਜਾਂਦੇ ਹਨ

"ਇਕਿ ਗੁਣ ਵਿਹਾਝਹਿ ਅਉਗਣ **ਵਿਕਣਹਿ** ਗੁਰ ਕੈ ਸਹਜਿ ਸੁਭਾਇ।"

— ਆਸਾ **੩**, ਅਸ ੩੧, ੭ : ੧ (427)

"ਗੁਣ ਸੰਗ੍ਰਹਿ ਅਵਗਣ **ਵਿਕਣਹਿ** ਆਪੈ ਆਪੁ ਪਛਾਣੈ।" (ਭਾਵ ਦੂਰ ਹੋ ਜਾਂਦੇ ਹਨ)

— ਵਡ **੩**, ਛੰਤ ੨, ੧ : ੪ (568)

ਵਿਕਣਾ — ਵੇਚ ਦੇਵਾਂ

"ਸਤਿਗੁਰੁ ਪੁਰਖੁ ਮਿਲਾਇ ਅਵਗਣਿ **ਵਿਕਣਾ** ਗੁਣ ਰਤਾ ਬਲਿਰਾਮ ਜੀਉ।" (ਦੂਰ ਕਰ ਦੇਵਾਂ, ਤਿਆਗ ਦੇਵਾਂ)— ਸੂਹੀ **੪**, ਛੰਤ ੧, ੧ : ੧ (772)

ਵਿਕਣਿ — ਵਿਕਨ ਨਾਲ, ਭਾਵ ਦੂਰ ਹੋਣ ਨਾਲ

"ਅਵਗਣ **ਵਿਕਣਿ** ਪਲ੍ਰਨਿ ਗੁਣ ਕੀ ਸਾਝ ਕਰੰਨ੍ਹਿ।"— ਸੂਹੀ **੩**, ਅਸ ੩, ੨੫ : ੨ (756)

ਵਿਕਰਮ — ਬੁਰੇ ਕੰਮ

"ਸਾਕਤ ਸੰਗਿ **ਵਿਕਰਮ** ਕਮਾਏ।"

— ਮਾਝ **੫**, ੩੨, ੩ : ੨ (105)

ਵਿਕਰਾਲ — ਬਹੁਤ ਭਿਆਨਕ, ਡਰਾਉਣੀ

"ਓਇ ਫਿਰਿ ਫਿਰਿ ਜੋਨਿ ਭਵਾਈਅਹਿ ਵਿਚਿ ਵਿਸਟਾ ਕਰਿ **ਵਿਕਰਾਲ**।"

— ਸਿਰੀ **੪**, ੬੬, ੩ : ੨ (40)

ਵਿਕਰਾਲਾ — ਡਰਾਉਣਾ

"ਰਾਖੁ ਰਾਖੁ ਸਰਣਿ ਪ੍ਰਭ ਅਪਨੀ ਅਗਨਿ ਸਾਗਰ **ਵਿਕਰਾਲਾ**।"— ਆਸਾ **੫**, ੩੦, ੨ : ੧ (378)

ਵਿਕਰਾਲਿ — ਡਰਾਉਣੀ

"ਮਨ ਕਰਹਲਾ ਤੂੰ ਚੰਚਲਾ ਚਤੁਰਾਈ ਛਡਿ **ਵਿਕਰਾਲਿ**।"— ਗਉ **੪**, ਕਰ ੨, ੬ : ੧ (235)

ਵਿਕਰਾਲੁ — ਡਰਾਉਣਾ

"ਖੁਧਿਆ ਤ੍ਰਿਸਨਾ ਨਿੰਦਾ ਬੁਰੀ ਕਾਮੁ ਕ੍ਰੋਧੁ **ਵਿਕਰਾਲੁ**।"

— ਮਲਾ **੧**, ਵਾਰ ੧ਸ, **੩**, ੧ : ੭ (1279)

ਵਿਕਾਇ — 1. ਖਰੀਦ ਲਏ

"ਇਹੁ ਤਨੁ ਵੇਚੀ ਬੈ ਕਰੀ ਜੇ ਕੋ ਲਏ **ਵਿਕਾਇ**।"

— ਸੂਹੀ **੧**, ੭, ੪ : ੧ (730)

2. ਵਿਕਦਾ ਹੈ

"ਨਾ ਇਹ ਮਾਰੀ ਨ ਮਰੈ ਨਾ ਇਹ ਹਟਿ **ਵਿਕਾਇ**।"

— ਬਿਲਾ **੪**, ਵਾਰ ੧੦ਸ, **੩**, ੨ : ੨ (853)

ਵਿਕਾਣੇ — ਵਿਕੇ ਹੋਏ

"ਰਸਨ ਰਸਾਏ ਨਾਮਿ ਤਿਸਾਏ ਗੁਰ ਕੈ ਸਬਦਿ **ਵਿਕਾਣੇ**।" — ਧਨਾ **੧**, ਛੰਤ ੨, ੪ : ੩ (688)

ਵਿਕਾਂਦੜੇ — ਵਿਕਦੇ

"ਖੰਭ **ਵਿਕਾਂਦੜੇ** ਜੇ ਲਹਾਂ ਘਿੰਨਾ ਸਾਵੀ ਤੋਲਿ।"

— ਸਲੋ **੫**, ੨੧ : ੧ (1426)

ਵਿਕਾਰ — 1. ਮਾੜੇ ਵਿਚਾਰ, ਮੰਦ ਭਾਵਨਾ

"ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ **ਵਿਕਾਰ**।" — ਸਿਰੀ **੧**, ੭, ੧° : ੨ (16)

"ਹੋਇ ਕੁਚੀਲੁ ਰਹਾ ਮਲੁਧਾਰੀ ਦੁਰਮਤਿ ਮਤਿ **ਵਿਕਾਰ**।" (ਭੈੜਾਪਣ)

— ਮਾਝ **੧**, ਵਾਰ ੪ਸ, **੧**, ੧ : ੫ (139)

2. ਮਾੜੇ, ਖਰਾਬ, ਵਿਅਰਥ

"ਸਭਿ ਰਸ ਭੋਗਣ ਬਾਦਿ ਹਹਿ ਸਭਿ ਸੀਗਾਰ **ਵਿਕਾਰ**।" — ਸਿਰੀ **੧**, ੧੩, ੫ : ੧ (19)

"ਗਾਲ੍ਹੀ ਬਿਆ **ਵਿਕਾਰ** ਨਾਨਕ ਧਣੀ

ਵਿਹੂਣੀਆ।" (ਵਿਅਰਥ)
— ਗਉ **੫**, ਵਾਰ ੧੪ਸ, **੫**, ੧ : ੨ (321)
3. ਬੁਰਾਈਆਂ
"ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ **ਵਿਕਾਰ**।" — ਸਿਰੀ **੩**, ੫੯, ੧ : ੧ (36)
4. ਬੁਰੇ ਬਣੇ
"ਹਮ ਨੀਚ ਮੈਲੇ ਅਤਿ ਅਭਿਮਾਨੀ ਦੂਜੈ ਭਾਇ **ਵਿਕਾਰ**।"
— ਆਸਾ **੩**, ਅਸ ੩੧, ੨ : ੧ (427)

ਵਿਕਾਰਾ — ਬੁਰਾਈ, ਮੰਦ ਕਰਮ
"ਪੰਡਿਤ ਹਰਿ ਪੜੁ ਤਜਹੁ **ਵਿਕਾਰਾ**।"
— ਗਉ **੩**, ਅਸ ੨, ੧* : ੧ (229)

ਵਿਕਾਰਿ — ਬੁਰਾਈ ਵਿਚ
"ਝੂਠ **ਵਿਕਾਰਿ** ਜਾਗੈ ਹਿਤ ਚੀਤੁ।"
— ਗਉ **੧**, ੨, ੧ : ੨ (153)

ਵਿਕਾਰੀ — 1. ਬੁਰਾਈ ਵਾਲੀ, ਭੈੜੀ, ਮੰਦੀ
"ਦਿਸਟਿ **ਵਿਕਾਰੀ** ਨਾਹੀ ਭਉ ਭਾਉ।"
— ਗਉ **੧**, ੨, ੨ : ੩ (153)
2. ਬੁਰਾਈਆਂ/ਵਿਕਾਰਾਂ ਦਾ
"ਸਗਲ **ਵਿਕਾਰੀ** ਹਾਰੁ ਪਰੋਇ।"
— ਗਉ **੧**, ਅਸ ੪, ੩ : ੨ (222)
"ਪੁਤ੍ਰ ਕਲਤ੍ਰ ਨ ਸੰਗਿ ਸੋਭਾ ਹਸਤ ਘੋਰਿ **ਵਿਕਾਰੀ**।" (ਵਿਕਾਰਾਂ ਦੇ ਭਾਵ ਐਸ਼ ਦੇ)
— ਬਿਹਾ **੫**, ਛੰਤ ੯, ੧ : ੫ (547)
3. ਵਿਕਾਰਾਂ ਵਾਲੇ, ਬੁਰੇ
"ਕ੍ਰੋਧੁ ਬਿਨਾਸੈ ਸਗਲ **ਵਿਕਾਰੀ**।"
— ਗਉ **੧**, ਅਸ ੧੧, ੪ : ੨ (225)
4. ਵਿਕਾਰ ਨੂੰ, ਬੁਰਾਈ ਨੂੰ
"ਗੁਰ ਸਬਦੀ ਮਨੁ ਨਿਰਮਲਾ ਹਉਮੈ ਛਡਿ **ਵਿਕਾਰੀ**।"— ਗੂਜ **੩**, ਵਾਰ ੩ : ੪ (509)

ਵਿਕਾਰੁ — 1. ਬੁਰਾਈ, ਵਿਗਾੜ, ਰੋਗ
"ਤ੍ਰਿਸਨਾ ਅਹਿਨਿਸਿ ਅਗਲੀ ਹਉਮੈ ਰੋਗੁ **ਵਿਕਾਰੁ**।" — ਸਿਰੀ **੧**, ੧੨, ੨ : ੨ (20)
"ਤ੍ਰੈ ਗੁਣ ਸਭਾ ਧਾਤੁ ਹੈ ਦੂਜਾ ਭਾਉ **ਵਿਕਾਰੁ**।" (ਰੋਗ, ਬੁਰਾ) — ਸਿਰੀ **੩**, ੫੧, ੨ : ੧ (33)
"ਕਰਮ ਧਰਮ ਸੁਚ ਸੰਜਮ ਕਰਹਿ ਅੰਤਰਿ ਲੋਭੁ **ਵਿਕਾਰੁ**।" (ਖੋਟੇ ਕੰਮ)
— ਬਿਹਾ **੪**, ਵਾਰ ੯ਸ, **੩**, ੨ : ੪ (552)
"ਫਰੀਦਾ ਦੁਖੁ ਸੁਖੁ ਇਕੁ ਕਰਿ ਦਿਲ ਤੇ ਲਾਹਿ **ਵਿਕਾਰੁ**।" (ਮੰਦ ਭਾਵਨਾ)
— ਸਲੋ **ਫਰ**, ੧੦੯ : ੧ (1383)
2. ਬੇਅਰਥ, ਨਿਕੰਮਾ
"ਸੂਹਾ ਰੰਗ **ਵਿਕਾਰੁ** ਹੈ ਕੰਤੁ ਨ ਪਾਇਆ ਜਾਇ।"
— ਸੂਹੀ **੩**, ਵਾਰ ੩ਸ, **੩**, ੨ : ੧ (786)
"ਸੇਜੈ ਕੰਤੁ ਨ ਆਇਆ ਏਵੈ ਭਇਆ **ਵਿਕਾਰੁ**।"
— ਸੂਹੀ **੩**, ਵਾਰ ੬ਸ, **੩**, ੨ :੨ (788)

ਵਿਕਾਰੋ — ਬੁਰਾਈਆਂ, ਮੰਦ ਕਰਮ, ਵਿਕਾਰ
"ਅਜੁ ਕਲਿ ਕਰਦਿਆ ਕਾਲੁ ਬਿਆਪੈ ਦੂਜੈ ਭਾਇ **ਵਿਕਾਰੋ**।" — ਵਡ **੧**, ਅਲਾ ੪, ੨ : ੬ (581)

ਵਿਕੁੰਨੀ — ਵਿਆਕੁਲ, ਹੈਰਾਨ ਪਰੇਸ਼ਾਨ
"ਹਉ ਭਾਲਿ **ਵਿਕੁੰਨੀ** ਹੋਈ।"
— ਮਾਝ **੧**, ਵਾਰ ੧੯ਸ, **੧**, ੧ : ੩ (145)

ਵਿਖ — ਕਦਮ
"ਕੁਮਿਤ੍ਰਾ ਸੇਈ ਕਾਂਢੀਅਹਿ ਇਕ **ਵਿਖ** ਨ ਚਲਹਿ ਸਾਥਿ।"— ਗਉ **੫**, ਵਾਰ ੩ਸ, **੫**, ੨ : ੨ (318)

ਵਿਖੰਮ — ਔਖਾ, ਮੁਸ਼ਕਲ, ਕਠਿਨ
"ਸੰਨ੍ਹੀ ਦੇਨਿ੍ **ਵਿਖੰਮ** ਥਾਇ ਮਿਠਾ ਮਦੁ ਮਾਣੀ।"
— ਗਉ **੪**, ਵਾਰ ੨੨ : ੩ (315)

ਵਿਖਮੁ — ਔਖਾ, ਕਠਿਨ
"ਗਾਵੈ ਕੋ ਵਿਦਿਆ **ਵਿਖਮੁ** ਵੀਚਾਰੁ।"
— ਜਪੁ **੧**, ੩ : ੪ (2)

ਵਿਖਲੀਪਤੇ — ਦੁਰਾਚਾਰੀ
"ਇਕਿ ਕੁਚਲ ਕੁਚੀਲ **ਵਿਖਲੀਪਤੇ** ਨਾਵਹੁ ਆਪਿ ਖੁਆਏ।"— ਆਸਾ **੩**, ਅਸ ੩੨, ੫ : ੧ (427)

ਵਿਖੜਾ — ਔਖਾ, ਉਚਾ ਨੀਵਾਂ, ਕਠਿਨ
"ਹਰਿ ਕਾ ਮਾਰਗੁ ਸਦਾ ਪੰਥੁ **ਵਿਖੜਾ** ਕੋ ਪਾਏ ਗੁਰ ਵੀਚਾਰਾ।" — ਸੋਰ **੩**, ੩, ੪ : ੧ (600)

ਵਿਖਾ — 1. ਵੇਖ ਖਾਂ, ਵੇਖ ਲੈ (ਸ਼ਬਦਾਰਥ, ਦਰਪਣ); ਵਖਾ (ਨਿਰਣੈ); ਵਿਸਾ ਮਾਤ੍ਰ, ਕਣ ਮਾਤ੍ਰ (ਮਹਾਨਕੋਸ਼)
"ਝਝੈ ਕਦੇ ਨ ਝੂਰਹਿ ਮੂੜੇ ਸਤਿਗੁਰ ਕਾ ਉਪਦੇਸੁ ਸੁਣਿ ਤੂੰ **ਵਿਖਾ**।"
— ਆਸਾ **੩**, ਪਟੀ ੧੩ : ੧ (435)
2. ਕਦਮ, ਪੈਰ

"ਧਨੁ ਧੰਨੁ ਸੁਹਾਵਾ ਸੋ ਸਰੀਰੁ ਥਾਨੁ ਹੈ ਜਿਥੈ ਮੇਰਾ ਗੁਰੁ ਧਰੇ **ਵਿਖਾ**।"
— ਸੋਰ **੪**, ਵਾਰ ੧੯ : ੫ (650)

3. ਵੇਖਾਂ, ਦੇਖਾਂ
"ਦੁਰਜਨ ਸੇਤੀ ਨੇਹੁ ਰਚਾਇਓਹਿ ਦਸਿ **ਵਿਖਾ** ਮੈ ਕਾਰਣੁ।"
— ਰਾਮ **੫**, ਵਾਰ ੬ਸ, **੫**, ੧ : ੩ (959)

ਵਿਖਾਂ — ਕਦਮ
"ਜੇ ਇਕ ਵਿਖ ਅਗਾਹਾ ਭਰੇ ਤਾਂ ਦਸ **ਵਿਖਾਂ** ਪਿਛਾਹਾ ਜਾਇ।"
— ਸਾਰ **੪**, ਵਾਰ ੨੩ਸ, **੪**, ੨ : ੪ (1246)

ਵਿਖਾਲਣਿਆ — ਵਿਖਾਲਦਾ ਹੈ, ਦਿਖਾਉਂਦਾ ਹੈ
"ਨਾਨਕ ਨਾਮੁ ਵਸੈ ਘਟ ਅੰਤਰਿ ਆਪੇ ਵੇਖਿ **ਵਿਖਾਲਣਿਆ**।"
— ਮਾਝ **੩**, ਅਸ ੨੨, ੮ : ੩ (125)

ਵਿਖਾਲਿਆ — ਦਿਖਾ ਦਿੱਤਾ
"ਸਤਿਗੁਰਿ ਪੁਰਖਿ **ਵਿਖਾਲਿਆ** ਮਸਤਕਿ ਧਰਿ ਕੈ ਹਥੁ ਜੀਉ।"— ਸਿਰੀ **੫**, ਅਸ ੨੯, ੯: ੩ (73)

ਵਿਖਾਲੇ — ਦਿਖਾ ਦੇਵੇ, ਦਿਖਾਵੇ
"ਜਿਸੁ ਆਪਿ **ਵਿਖਾਲੇ** ਸੁ ਵੇਖੈ ਸੋਈ।"
— ਮਾਝ **੩**, ਅਸ ੨੨, ੮ : ੨ (125)
"ਆਪੇ ਉਝੜਿ ਪਾਇਦਾ ਪਿਆਰਾ ਆਪਿ **ਵਿਖਾਲੇ** ਰਾਹੁ।" (ਦਿਖਾਉਂਦਾ ਹੈ)
— ਸੋਰ **੪**, ੧, ੨ : ੨ (604)

ਵਿਖੁ — ਜ਼ਹਿਰ, ਬਿਖ
"**ਵਿਖੁ** ਵਿਚਿ ਅੰਮ੍ਰਿਤੁ ਪ੍ਰਗਟਿਆ ਕਰਮਿ ਪੀਆਵਣਹਾਰੁ।"
— ਸੋਰ **੪**, ਵਾਰ ੧੦ਸ, **੩**, ੨ : ੫ (646)

ਵਿਖੋਟਿ — ਨਿਖੁਟ, ਨਾਚਾਕੀ, ਅਣਬਣ
"ਲੋਭ ਮੋਹ ਸਿਉ ਗਈ **ਵਿਖੋਟਿ**।"
— ਪ੍ਰਭਾ **੫**, ਅਸ ੧, ੩ : ੧ (1347)

ਵਿਗਸਦਾ — ਖੁਸ਼ ਹੁੰਦਾ, ਪ੍ਰਸੰਨ ਹੁੰਦਾ, ਖਿੜਦਾ
"ਤੂੰ ਆਪੇ ਵੇਖਿ **ਵਿਗਸਦਾ** ਆਪਣੀ ਵਡਿਆਈ।"
— ਸਿਰੀ **੪**, ਵਾਰ ੨ : ੨ (83)

ਵਿਗਸਿਆ — ਖਿੜਿਆ ਹੈ, ਪ੍ਰਸੰਨ ਹੋਇਆ ਹੈ, ਅਨੰਦਿਤ ਹੋਇਆ
"ਮਨੁ ਤਨੁ ਸਾਚਿ **ਵਿਗਸਿਆ** ਕੀਮਤਿ ਕਹਣੁ ਨ ਜਾਇ।" — ਸਿਰੀ **੧**, ਅਸ ੯, ੩ : ੨ (58)
"ਗੁਰਮੁਖਿ ਕਮਲੁ **ਵਿਗਸਿਆ** ਸਭੁ ਆਤਮ ਬ੍ਰਹਮ ਪਛਾਨੁ।" (ਖਿੜਿਆ)
— ਸਲੋ **੩**, ੫੦ : ੩ (1419)

ਵਿਗਸੀ — ਖਿੜੀ, ਖੁਸ਼ ਹੋਈ
"ਦੇਖਿ ਪਿਰੁ **ਵਿਗਸੀ** ਅੰਦਰਹੁ ਸਰਸੀ ਸਚੈ ਸਬਦਿ ਸੁਭਾਏ।" — ਆਸਾ **੩**, ਛੰਤ ੬, ੨ : ੫ (439)

ਵਿਗਸੀਆ — ਖੁਸ਼ ਹੋਇਆ, ਖਿੜ ਗਿਆ
"ਹਉ ਸਤਿਗੁਰੁ ਵੇਖਿ **ਵਿਗਸੀਆ** ਹਰਿ ਨਾਮੇ ਲਗਾ ਪਿਆਰੁ।"— ਸੂਹੀ **੪**, ਅਸ ੨, ੨ : ੧ (758)

ਵਿਗਸੀਐ — ਖੁਸ਼ ਹੋਈਦਾ ਹੈ
"ਪੁਤ੍ਰਾ ਦੇਖਿ **ਵਿਗਸੀਐ** ਨਾਰੀ ਸੇਜ ਭਤਾਰ।"
— ਸਿਰੀ **੧**, ਅਸ ੧੬, ੫ : ੧ (63)

ਵਿਗਸੀਤਾ — ਖੁਸ਼ ਹੁੰਦਾ ਹੈ
"ਸਭ ਕਿਛੁ ਜਾਣੈ ਕਰੇ ਆਪਿ ਆਪੇ **ਵਿਗਸੀਤਾ**।"
— ਗੂਜ **੩**, ਵਾਰ ੪ : ੫ (510)

ਵਿਗਸੁ — ਖੁਸ਼ ਹੋਇਆ
"ਮਨਿ ਚਿੰਦਿਅੜਾ ਫਲੁ ਪਾਇਆ ਮੇਰੇ ਗੋਵਿੰਦਾ ਗੁਰੁ ਪੂਰਾ ਵੇਖਿ **ਵਿਗਸੁ** ਜੀਉ।"
— ਗਉ **੪**, ੬੬, ੩ : ੨ (173)

ਵਿਗਸੇ — ਖਿੜ ਜਾਣਾ
"ਹਰਿ ਨਾਮੋ ਹਰਿ ਨਾਮੁ ਦ੍ਰਿੜਾਏ ਜਪਿ ਹਰਿ ਹਰਿ ਨਾਮੁ **ਵਿਗਸੇ** ਰਾਮ।"
— ਵਡ **੪**, ਛੰਤ ੧, ੨ : ੨ (572)

ਵਿਗਸੇਤੁ — ਖੁਸ਼ ਹੁੰਦਾ ਹੈ
"ਸੋ ਡਰੈ ਜਿ ਪਾਪ ਕਮਾਵਦਾ ਧਰਮੀ **ਵਿਗਸੇਤੁ**।"
— ਸਿਰੀ **੪**, ਵਾਰ ੫ : ੩ (84)

ਵਿਗਸੈ — 1. ਖੁਸ਼ ਹੁੰਦਾ ਹੈ, ਪ੍ਰਸੰਨ ਹੁੰਦਾ ਹੈ
"ਨਾਨਕ **ਵਿਗਸੈ** ਵੇਪਰਵਾਹੁ।"
— ਜਪੁ **੧**, ੩ : ੧੪ (2)

2. ਖਿੜਦਾ ਹੈ
"ਮੇਰਾ ਮਾਤ ਪਿਤਾ ਗੁਰੁ ਸਤਿਗੁਰੁ ਪੂਰਾ ਗੁਰ ਜਲ ਮਿਲਿ ਕਮਲੁ **ਵਿਗਸੈ** ਜੀਉ।" (ਹਿਰਦੇ ਰੂਪੀ ਕਮਲ) — ਮਾਝ **੪**, ੨, ੩ : ੩ (94)

ਵਿਗਤੀ — ਬੇਗਤੇ, ਗਤੀ ਤੋਂ ਬਿਨਾਂ
"ਅਹੰਕਾਰਿ ਮੁਏ ਸੇ **ਵਿਗਤੀ** ਗਏ ਮਰਿ ਜਨਮਹਿ ਫਿਰਿ ਆਵਹਿ।"— ਮਾਰੂ **੩**, ਵਾਰ ੯:੫ (1089)

ਵਿਗੜਿਆ — ਖਰਾਬ ਹੋਇਆ
"ਪ੍ਰਹਿਲਾਦੁ ਆਪਿ **ਵਿਗੜਿਆ** ਸਭਿ ਚਾਟੜੇ ਵਿਗਾੜੈ।" — ਭੈਰ **੩**, ੨੦, ੩ : ੨ (1133)

ਵਿੰਗਾ — ਟੇਡਾ
"ਵਾਲੁ ਨ **ਵਿੰਗਾ** ਹੋਆ।" (ਮੁਹਾਵਰਾ, ਕੋਈ ਤਕਲੀਫ ਨ ਹੋਣੀ)
— ਸੋਰ **੫**, ੫੭, ੧ : ੨ (623)

ਵਿਗਾਸਾ — ਖੁਸ਼ ਹੁੰਦਾ ਹੈ
"ਹਸਤੀ ਘੋੜੇ ਦੇਖਿ **ਵਿਗਾਸਾ**।"
— ਗਉ **੫**, ੭੧, ੨ : ੧ (176)

ਵਿਗਾਸਿ — ਖੁਸ਼ੀ ਮਿਲਦੀ ਹੈ
"ਅਸਟ ਧਾਤੁ ਪਾਤਿਸਾਹ ਕੀ ਘੜੀਐ ਸਬਦਿ **ਵਿਗਾਸਿ**।"— ਸਿਰੀ **੧**, ਅਸ ੧੩, ੪ : ੨ (61)
"ਕੂੜਿ ਕਮਾਣੈ ਕੂੜੋ ਹੋਵੈ ਨਾਨਕ ਸਿਫਤਿ **ਵਿਗਾਸਿ**।"
— ਆਸਾ **੧**, ਵਾਰ ੨੨ਸ, **੨**, ੩ : ੫ (474)

ਵਿਗਾਸਿਆ — ਪ੍ਰਕਾਸ਼ਮਾਨ ਕੀਤਾ
"ਦੀਪਕੁ ਸਬਦਿ **ਵਿਗਾਸਿਆ** ਰਾਮ ਨਾਮੁ ਉਰ ਹਾਰੁ।" — ਸਿਰੀ **੧**, ਅਸ ੨, ੫ : ੩ (54)
"ਹਰਿ ਹਰਿ ਆਰਾਧਿਆ ਗੁਰ ਸਬਦਿ **ਵਿਗਾਸਿਆ** ਬੀਜਾ ਅਵਰੁ ਨ ਕੋਇ ਜੀਉ।"
— ਆਸਾ **੪**, ਛੰਤ ੧੨, ੩ : ੨ (446)
"ਮੇਰਾ ਮਨੁ ਤਨੁ ਸਬਦਿ **ਵਿਗਾਸਿਆ** ਜਪਿ ਅਨਤ ਤਰੰਗਾ।" (ਖਿੜਿਆ)
— ਆਸਾ **੪**, ਛੰਤ ੧੫, ੩ : ੩ (449)

ਵਿਗਾਸੀ — ਖਿੜ ਗਈ, ਖੁਸ਼ ਹੋਈ
"ਗੁਰ ਸਬਦਿ **ਵਿਗਾਸੀ** ਸਹੁ ਰਾਵਾਸੀ ਫਲੁ ਪਾਇਆ ਗੁਣਕਾਰੀ।"— ਧਨਾ **੧**, ਛੰਤ ੩, ੫ : ੫ (690)

ਵਿਗਾਸੀਅਹਿ — ਖੁਸ਼ ਹੁੰਦੇ ਹਨ, ਖਿੜ ਜਾਂਦੇ ਹਨ
"ਨਾਰੀ ਦੇਖਿ **ਵਿਗਾਸੀਅਹਿ** ਨਾਲੇ ਹਰਖੁ ਸੁ ਸੋਗੁ।"
— ਸਿਰੀ **੧**, ਅਸ ੧੫, ੩ : ੨ (63)

ਵਿਗਾਸੁ — 1. ਅਨੰਦ
"ਨਾਨਕ ਭਗਤਾ ਸਦਾ **ਵਿਗਾਸੁ**।"
— ਜਪੁ **੧**, ੮ : ੫ (2)
2. ਪ੍ਰਕਾਸ਼, ਚਾਣਨਾ
"ਅਠਸਠਿ ਤੀਰਥ ਕਾ ਮੁਖਿ ਟਿਕਾ ਤਿਤੁ ਘਟਿ ਮਤਿ **ਵਿਗਾਸੁ**।"— ਸਿਰੀ **੧**, ੮, ੧: ੨ (17)
"ਜਿਸ ਕਉ ਰਿਦੈ **ਵਿਗਾਸੁ** ਹੈ ਭਾਉ ਦੂਜਾ ਨਾਹੀ।"
— ਗਉ **੪**, ੫੨, ੪ : ੧ (168)

ਵਿਗਾਸੇ — ਖੁਸ਼ੀ ਹੋਈ
"ਵਡਭਾਗੀ ਹਰਿ ਪਾਇਆ ਜਨ ਨਾਨਕ ਨਾਮਿ **ਵਿਗਾਸੇ**।" — ਸੂਹੀ **੪**, ਛੰਤ ੫, ੧ : ੪ (776)

ਵਿਗਾਰੇ — ਵਿਗਾੜੇ
"ਪ੍ਰਹਲਾਦਿ ਸਭਿ ਚਾਟੜੇ **ਵਿਗਾਰੇ**।"
— ਭੈਰ **੩**, ਅਸ ੧, ੪ : ੧ (1154)

ਵਿਗਾੜਹ — ਵਿਗਾੜਦੇ ਹਾਂ, ਖਰਾਬ ਕਰਦੇ ਹਾਂ
"ਅਸੀ ਬੋਲਵਿਗਾੜ **ਵਿਗਾੜਹ** ਬੋਲ।"
— ਸਿਰੀ **੧**, ੩੦, ੩ : ੧ (25)

ਵਿਗਾੜਹਿ — ਖਰਾਬ ਕਰਦੇ ਹਾਂ
"ਮਨਮੁਖ ਮਰਹਿ ਮਰਿ ਮਰਣੁ **ਵਿਗਾੜਹਿ**।"
— ਆਸਾ **੩**, ੪੫, ੧ : ੧ (362)

ਵਿਗਾੜਿ — ਖਰਾਬ ਕਰਕੇ, ਵਿਗਾੜਕੇ
"ਰਤਨ **ਵਿਗਾੜਿ** ਵਿਗੋਏ ਕੁਤੀ ਮੁਇਆ ਸਾਰ ਨ ਕਾਈ।" — ਆਸਾ **੧**, ੩੯, ੨ : ੨ (360)

ਵਿਗਾੜਿਆ — ਖਰਾਬ ਕਰ ਲਿਆ
"ਮਨਮੁਖ ਮਰਹਿ ਅਹੰਕਾਰਿ ਮਰਣੁ **ਵਿਗਾੜਿਆ**।"
— ਸਿਰੀ **੪**, ਵਾਰ ੧੧ਸ, **੩**, ੧ : ੫ (86)

ਵਿਗਾੜੀ — ਵਿਗਾੜ ਲਏ
"ਫਾਥਾ ਚੁਗੈ ਨਿਤ ਚੋਗੜੀ ਲਗਿ ਬੰਧੁ **ਵਿਗਾੜੀ**।"
— ਮਾਰੂ **੧**, ਅਸ ੪, ੬ : ੨ (1011)

ਵਿਗਾੜੇ — ਖਰਾਬ ਕੀਤੇ
"ਪ੍ਰਹਿਲਾਦੁ ਆਪਿ ਵਿਗੜਿਆ ਸਭਿ ਚਾਟੜੇ **ਵਿਗਾੜੇ**।" — ਭੈਰ **੩**, ੨੦, ੩ : ੨ (1133)

ਵਿਗੁਚਣਾ — ਖੁਆਰ ਹੋਣਾ, ਖਰਾਬ ਹੋਣਾ
"ਫਿਕਾ ਬੋਲਿ **ਵਿਗੁਚਣਾ** ਸੁਣਿ ਮੂਰਖ ਮਨ ਅਜਾਣ।" — ਸਿਰੀ **੧**, ੪, ੩ : ੨ (15)

ਵਿਗੁਚੀਐ — ਖੁਆਰ (ਖਰਾਬ) ਹੋਈਦਾ ਹੈ
"ਬਾਹਰਿ ਢੂੰਢਿ **ਵਿਗੁਚੀਐ** ਘਰ ਮਹਿ ਵਸਤੁ ਸੁਥਾਇ।" — ਸਿਰੀ **੧**, ਅਸ ੧੫, ੪ : ੨ (63)

ਵਿਗੁਚੈ — ਖੁਆਰ ਹੁੰਦਾ ਹੈ
"ਓਨਾ ਦੀ ਰੀਸ ਕਰੇ ਸੁ **ਵਿਗੁਚੈ** ਜਿਨ ਹਰਿ ਪ੍ਰਭੁ ਹੈ ਰਖਵਾਰਾ।"
— ਸੋਰ **੩**, ਅਸ ੧, ੫ : ੩ (638)

ਵਿਗੁਤਾ — ਤਬਾਹ ਹੋਇਆ, ਬਰਬਾਦ ਹੋਇਆ,

ਖੁਆਰ ਹੋਇਆ
"ਨਾਮੁ ਵਿਸਾਰਿ ਅੰਤਿ **ਵਿਗੁਤਾ**।"
— ਮਾਝ **੩**, ਅਸ ੫, ੬ : ੨ (112)
"ਮਨਮੁਖੁ ਨਿੰਦਾ ਕਰਿ ਕਰਿ **ਵਿਗੁਤਾ**।"
— ਮਾਰੂ **੩**, ਸੋਲਾ ੩, ੮ : ੧ (1046)

ਵਿਗੁਤੀ — ਖਰਾਬ ਹੋਈ
"ਕੂੜਿ **ਵਿਗੁਤੀ** ਤਾ ਪਿਰਿ ਮੁਤੀ ਸਾ ਧਨ ਮਹਲੁ ਨ ਪਾਈ।" — ਗਉ **੩**, ਛੰਤ ੧, ੩ : ੪ (244)
"ਝੂਠਿ **ਵਿਗੁਤੀ** ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ।" — ਤੁਖਾ **੧**, ਬਾਰਾ ੧੧ : ੩ (1108)

ਵਿਗੁਤੀਆ — ਖਰਾਬ (ਤਬਾਹ) ਕਰ ਦਿੱਤਾ ਹੈ
"ਦੇਹ ਕੰਚਨ ਵੇਵੰਨੀਆ ਇਨਿ ਹਉਮੈ ਮਾਰਿ **ਵਿਗੁਤੀਆ**।"— ਸੂਹੀ **੪**, ਛੰਤ ੬, ੧ : ੨ (776)

ਵਿਗੁਤੇ — ਖਰਾਬ ਹੋਏ, ਖੁਆਰ ਹੋਏ
"ਦਯਿ ਵਿਗੋਏ ਫਿਰਹਿ **ਵਿਗੁਤੇ** ਫਿਟਾ ਵਤੈ ਗਲਾ।"
— ਮਾਝ **੧**, ਵਾਰ ੨੬ਸ, **੧**, ੧ : ੧੧ (150)
"ਧੋਹਿ ਨ ਚਲੀ ਖਸਮ ਨਾਲਿ ਲਬਿ ਮੋਹਿ **ਵਿਗੁਤੇ**।" (ਬਰਬਾਦ ਹੋਏ)
— ਗਉ **੫**, ਵਾਰ ੧੨ : ੧ (321)
"ਸਿੰਮ੍ਰਿਤਿ ਸਾਸਤ ਨ ਸੋਧਨੀ ਮਨਮੁਖ **ਵਿਗੁਤੇ**।" (ਨਾਸ ਹੋਏ) — ਮਾਰੂ **੩**, ਵਾਰ ੧੯ : ੩ (1093)

ਵਿਗੂਚਹਿ — ਖਰਾਬ ਹੁੰਦੇ ਹਨ, ਖੁਆਰ ਹੁੰਦੇ ਹਨ
"ਅਠਸਠਿ ਤੀਰਥ ਭਰਮਿ **ਵਿਗੂਚਹਿ** ਕਿਉ ਮਲੁ ਧੋਪੈ ਪਾਪੈ।"— ਮਾਰੂ **੧**, ਅਸ ੨, ੩ : ੪ (1013)
"ਮਾਇਆ ਕਾਰਣਿ ਰੋਇ **ਵਿਗੂਚਹਿ** ਧ੍ਰਿਗੁ ਜੀਵਣੁ ਸੰਸਾਰਾ ਹੇ।"
— ਮਾਰੂ **੧**, ਸੋਲਾ ੨, ੮ : ੩ (1027)

ਵਿਗੂਚੈ — ਖਰਾਬ ਹੁੰਦੇ ਹਨ, ਖੁਆਰ ਹੁੰਦੇ ਹਨ
"ਮਨਮੁਖੁ ਲਹਰਿ ਘਰੁ ਤਜਿ **ਵਿਗੂਚੈ** ਅਵਰਾ ਕੇ ਘਰ ਹੇਰੈ।"— ਮਾਰੂ **੧**, ਅਸ ੨, ੧ : ੧ (1012)

ਵਿਗੂਤਾ — ਖੁਆਰ ਹੋਇਆ
"ਮੇਰਾ ਮੇਰਾ ਕਰਿ ਕਰਿ **ਵਿਗੂਤਾ**।"
— ਆਸਾ **੩**, ੪੫, ੧ : ੩ (362)

ਵਿਗੂਤੀ — ਨਾਸ ਹੋਈ, ਖੁਆਰ ਹੋਈ
"ਦੁਰਮਤਿ ਘਣੀ **ਵਿਗੂਤੀ** ਭਾਈ ਦੂਜੈ ਭਾਇ ਖੁਆਈ।" — ਸੋਰ **੧**, ਅਸ ੨, ੩ : ੧ (635)
"ਧੰਧਾ ਮੁਆ **ਵਿਗੂਤੀ** ਮਾਇਆ।"
— ਰਾਮ **੧**, ਓਅੰ ੪੩ : ੪ (936)

ਵਿਗੂਤੇ — ਖਰਾਬ ਹੋਏ
"ਕਾਮਿ ਕ੍ਰੋਧਿ ਅਹੰਕਾਰਿ **ਵਿਗੂਤੇ**।" (ਭਾਵ ਫਸੇ)
— ਆਸਾ **੫**, ੭੩, ੧ : ੧ (388)

ਵਿਗੋਇਆ — ਖਰਾਬ ਕੀਤਾ, ਗਵਾ ਲਿਆ
"ਅਵਰ ਮਰਤ ਮਾਇਆ ਮਨੁ ਤੋਲੇ ਤਉ ਭਗ ਮੁਖਿ ਜਨਮੁ **ਵਿਗੋਇਆ**।"
— ਸਿਰੀ **ਬੇਣੀ**, ੧, ੩ : ੪ (93)
(ਮਹਾਨ ਕੋਸ਼ ਨੇ ਅਰਥ 'ਨਿੰਦਤ ਕੀਤਾ' ਕੀਤਾ ਹੈ)

ਵਿਗੋਈ — ਖਰਾਬ ਹੁੰਦੀ ਹੈ, ਖੁਆਰ ਹੁੰਦੀ ਹੈ
"ਸਬਦਿ ਲਗੇ ਤਿਨ ਬੁਝਿਆ ਦੂਜੈ ਪਰਜ **ਵਿਗੋਈ**।"
— ਵਡ **੩**, ੩, ੧ : ੨ (559)

ਵਿਗੋਏ — 1. ਗੁਆਚੇ ਹੋਏ, ਖੁੰਝੇ ਹੋਏ
"ਦਯਿ **ਵਿਗੋਏ** ਫਿਰਹਿ ਵਿਗੁਤੇ ਫਿਟਾ ਵਤੈ ਗਲਾ।"
— ਮਾਝ **੧**, ਵਾਰ ੨੬ਸ, **੧**, ੧ : ੧੧ (150)
2. ਖਰਾਬ ਕੀਤੇ
"ਰਤਨ ਵਿਗਾੜਿ **ਵਿਗੋਏ** ਕੁਤੰੀ ਮੁਇਆ ਸਾਰ ਨ ਕਾਈ।"— ਆਸਾ **੧**, ੩੯, ੨ : ੨ (360)
(ਕੋਸ਼ ਅਰਥ 'ਗੁਆਚੇ, ਰੁਲੇ' ਕਰਦਾ ਹੈ)

ਵਿਗੋਵਹੀ — ਖਰਾਬ ਕਰਦੇ ਹਨ
"ਇਕਿ ਅਗਨਿ ਜਲਾਵਹਿ ਅੰਗੁ ਆਪੁ **ਵਿਗੋਵਹੀ**।"
— ਮਲਾ **੧**, ਵਾਰ ੧੫ : ੬ (1285)

ਵਿਗੋਵੈ — ਖਰਾਬ ਹੁੰਦਾ ਹੈ
"ਮਨ ਹਰਿ ਕੀਚੈ ਅੰਤਿ **ਵਿਗੋਵੈ**।"
— ਆਸਾ **੧**, ੨੩, ੧* : ੨ (356)
"ਭੋਗਹੁ ਰੋਗ ਸੁ ਅੰਤਿ **ਵਿਗੋਵੈ**।" (ਖੁਆਰ ਹੋਣਾ)
— ਮਾਰੂ **੧**, ਸੋਲਾ ੧੪, ੨ : ੨ (1034)

ਵਿਘਨ — ਰੁਕਾਵਟ, ਬਾਧਾ
"ਪਰ ਦਰਬ ਹਿਰਣੰ ਬਹੁ **ਵਿਘਨ** ਕਰਣੰ ਉਚਰਣੰ ਸਰਬ ਜੀਅ ਕਹ।"— ਸਸ **੫**, ੬੬ : ੧ (1360)

ਵਿਚਹੁ — 1. ਅੰਦਰੋਂ, ਭੀਤਰੋਂ
"ਸੁੰਞੀ ਦੇਹ ਡਰਾਵਣੀ ਜਾ ਜੀਉ **ਵਿਚਹੁ** ਜਾਇ।"
— ਸਿਰੀ **੧**, ੧੪, ੧ : ੧ (19)
"ਸਤਿਗੁਰੁ ਸੇਵਿ ਸੁਖੁ ਪਾਇਆ **ਵਿਚਹੁ** ਗਇਆ ਗੁਮਾਨੁ।" — ਸਿਰੀ **੩**, ੪੯, ੧ : ੨ (32)
2. ਵਿਚੋਂ
"ਏਤੜਿਆ **ਵਿਚਹੁ** ਸੋ ਜਨੁ ਸਮਧਾ ਜਿਨਿ

ਗੁਰਮੁਖਿ ਨਾਮੁ ਧਿਆਇਆ।"
— ਗੂਜ **੩**, ਵਾਰ ੧੨ਸ, **੩**, ੨ : ੬ (513)

ਵਿਚਦੋ — ਵਿਚੋਂ ਦੀ
"ਸਤਿਗੁਰੁ ਸਰਾਫੁ ਨਦਰੀ **ਵਿਚਦੋ** ਕਢੈ ਤਾਂ ਉਘੜਿ ਆਇਆ ਲੋਹਾ।"
— ਰਾਮ **੫**, ਵਾਰ ੭ਸ, **੫**, ੨ : ੭ (960)

ਵਿਚਾਰਾ — 1. (ਫਾ. ਬੇਚਾਰਾ) ਦੀਨ, ਜਿਸ ਦਾ ਕੋਈ ਸਹਾਇਕ ਨਹੀਂ, ਨਿਤਾਣਾ
"ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕ ਜੀ ਕਿਆ ਨਾਨਕ ਜੰਤ **ਵਿਚਾਰਾ**।"
— ਆਸਾ **੪**, ਸੋਪੁ ੧, ੧ : ੫ (10)
2. ਵਿਚਾਰ, ਖਿਆਲ, ਗਲ
"ਸਬਦਿ ਅਨਾਹਦਿ ਸੋ ਸਹੁ ਰਾਤਾ ਨਾਨਕੁ ਕਹੈ **ਵਿਚਾਰਾ**।"— ਆਸਾ **੧**, ੮, ੪ : ੨ (351)
"ਚਲੇ ਚਲਣਹਾਰ **ਵਿਚਾਰਾ** ਲੇਇ ਮਨੋ।"
— ਆਸਾ **ਫਰ**, ੨, ੭ : ੧ (488)
"ਜਨ ਨਾਨਕੁ ਕਹੈ **ਵਿਚਾਰਾ** ਗੁਰਮੁਖਿ ਹਰਿ ਸਤਿ ਹਰਿ।" (ਵਿਚਾਰ ਕਰਕੇ)
— ਸੋਰ **੪**, ਵਾਰ ੧੧ : ੫ (647)

ਵਿਚਾਰਿਆ — ਵਿਚਾਰੇ, ਨਿਤਾਣੇ, ਦੀਨ
"ਸਭੋ ਵਰਤੈ ਹੁਕਮੁ ਕਿਆ ਕਰਹਿ **ਵਿਚਾਰਿਆ**।"
— ਸਿਰੀ **੪**, ਵਾਰ ੧੧ਸ, **੩**, ੧ : ੪ (86)

ਵਿਚਾਰੀ — 1. ਦੀਨ, ਨਿਤਾਣੀ
"ਏਸ ਨੋ ਕਿਆ ਆਖੀਐ ਕਿਆ ਕਰੇ **ਵਿਚਾਰੀ**।"
— ਗਉ **ਕਬ**, ੫੦, ੪ : ੨ (334)
2. ਵਿਚਾਰਵਾਨ
"ਆਪੇ ਸਿਧ ਸਾਧਿਕੁ **ਵਿਚਾਰੀ**।"
— ਮਾਰੂ **੧**, ਸੋਲਾ ੨, ੧੦ : ੧ (1022)

ਵਿਚਾਰੇ — ਦੀਨ, ਨਿਤਾਣੇ
"ਹਮ ਜੰਤ **ਵਿਚਾਰੇ** ਕਿਆ ਕਰਹ ਸਭੁ ਖੇਲੁ ਤੁਮ ਸੁਆਮੀ।" — ਗਉ **੪**, ੫੦, ੪ : ੩ (167)

ਵਿਚਿ — ਅੰਦਰ, ਭੀਤਰ, ਵਿਚ
"ਮਤਿ **ਵਿਚਿ** ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ।" — ਜਪੁ **੧**, ੬ : ੩ (2)
"ਸੇ ਸਿਰ ਕਾਤੀ ਮੁੰਨੀਅਨਿ੍ ਗਲ **ਵਿਚਿ** ਆਵੈ ਧੂੜਿ।" (ਭਾਵ ਤਕ)
— ਆਸਾ **੧**, ਅਸ ੧੧, ੧ : ੨ (417)

ਵਿਚੁ — ਵਿਚੋਲਗੀ, ਵਿਚੋਲਾਪਨ
"**ਵਿਚੁ** ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ।"
— ਮਾਝ **੫**, ਬਾਰਾ ੯ : ੫ (135)

ਵਿਚੁਦੇ — 1. ਵਿਚੋਂ
"ਹਉਮੈ ਮਨੁ ਅਸਥੂਲੁ ਹੈ ਕਿਉ ਕਰਿ **ਵਿਚੁਦੇ** ਜਾਇ।"— ਗੂਜ **੩**, ਵਾਰ ੪ਸ, **੩**, ੨ : ੨ (510)
2. ਰਾਹੀਂ, ਵਿਚੋਂ ਦੀ, ਦੁਆਰਾ
"ਤੂ ਆਪੇ ਗੁਰੁ ਚੇਲਾ ਹੈ ਆਪੇ ਗੁਰ **ਵਿਚੁਦੇ** ਤੁਝਹਿ ਧਿਆਈ।"
— ਸੂਹੀ **੪**, ਅਸ ੧, ੧੯ : ੧ (758)

ਵਿਚੇ — ਵਿਚ ਹੀ, ਅੰਦਰ ਹੀ
"**ਵਿਚੇ** ਗ੍ਰਿਸਤ ਉਦਾਸ ਰਹਾਈ।"
— ਗੂਜ **੪**, ੭, ੨ : ੨ (494)

ਵਿਚੋਲਾ — ਵਿਚੋਲਗੀ ਕਰਨ ਵਾਲਾ, ਵਕੀਲ
"ਪਵਨ **ਵਿਚੋਲਾ** ਕਰਤ ਇਕੇਲਾ ਜਲ ਤੇ ਓਪਤਿ ਹੋਆ।" — ਰਾਮ **੫**, ੭, ੨ : ੨ (884)

ਵਿਚੋਲੇ — ਵਿਚੋਲਗੀ ਕਰਨ ਵਾਲੇ, ਵਕੀਲ
"ਘੋਲਿ ਘੁਮਾਈ ਤਿਸੁ ਮਿਤ੍ਰ **ਵਿਚੋਲੇ** ਜੈ ਮਿਲਿ ਕੰਤੁ ਪਛਾਣਾ।"
— ਰਾਮ **੫**, ਵਾਰ ੧੫ਸ, **੫**, ੧ : ੨ (964)

ਵਿਛਾਇ — ਵਿਛਾ ਕੇ, ਖਿਲਾਰ ਕੇ
"ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ **ਵਿਛਾਇ**।" — ਬਸੰ **੫**, ੧੯, ੧ : ੨ (1185)

ਵਿਛਾਈ — ਖਿਲਾਰੀ, ਫੈਲਾਈ
"ਅਨਹਤ ਵਾਜੇ ਵਜਹਿ ਘਰ ਮਹਿ ਪਿਰ ਸੰਗਿ ਸੇਜ **ਵਿਛਾਈ**।" — ਗਉ **੫**, ਛੰਤ ੧, ੪ : ੫ (247)

ਵਿਛਾਈਐ — ਖਿਲਾਰੀਏ, ਫੈਲਾਈਐ
"ਆਸ ਪਿਆਸੀ ਸੇਜ ਸੁ ਕੰਤਿ **ਵਿਛਾਈਐ**।"
— ਫੁਨ **੫**, ੨ : ੩ (1361)

ਵਿਛਾਏ — ਖਿਲਾਰੇ, ਬੈਠਣ/ਲੇਟਣ ਲਈ ਖਿਲਾਰੇ
"ਧੋਤੀ ਖੋਲਿ **ਵਿਛਾਏ** ਹੇਠਿ।"
— ਗਉ **੫**, ੧੦੭*, ੧ : ੧ (201)

ਵਿਛਾਵਣ — ਵਿਛੌਣਾ, ਬਿਸਤਰਾ
"ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹ **ਵਿਛਾਵਣ** ਲੇਫੁ।" — ਸਲੋ **ਫਰ**, ੩੫ : ੧ (1379)

ਵਿਛਾਵਣਾ — ਵਿਛੌਣਾ, ਬਿਸਤਰਾ
"ਮੂ ਥੀਆਊ ਸੇਜ ਨੈਣਾ ਪਿਰੀ **ਵਿਛਾਵਣਾ**।"

— ਮਾਰੂ **੫**, ਵਾਰ ੧੨ਸ, **੫**, ੩ : ੧ (1098)

ਵਿਛੀ — ਖਿਲਰੀ, ਫੈਲੀ
"ਏਕਾ ਸੇਜ **ਵਿਛੀ** ਧਨ ਕੰਤਾ।"
— ਸੂਹੀ **੫**, ੫, ੨ : ੧ (737)

ਵਿਛੁੰਨੜੇ — ਵਿਛੜੇ
"ਜਾਨੀ **ਵਿਛੁੰਨੜੇ** ਮੇਰਾ ਮਰਣੁ ਭਇਆ ਧ੍ਰਿਗੁ ਜੀਵਣੁ ਸੰਸਾਰੇ।" — ਵਡ **੧**, ਅਲਾ ੩, ੬ : ੩ (580)

ਵਿਛੁੰਨਾ — ਵਿਛੜਿਆ
"ਚਿਰੀ **ਵਿਛੁੰਨਾ** ਮੇਲਿ ਪ੍ਰਭ ਮੈ ਮਨਿ ਤਨਿ ਵਡੜੀ ਆਸ।" — ਮਾਰੂ **੪**, ੪, ੪ : ੨ (996)

ਵਿਛੁੰਨਿਆ — 1. ਵਿਛੋੜਨਾ
"ਆਪੇ ਮੇਲਿ **ਵਿਛੁੰਨਿਆ** ਸਚਿ ਵਡਿਆਈ ਦੇਇ।" (ਵਿਛੋੜਦਾ ਹੈ)— ਸਿਰੀ **੧**, ਅਸ ੧੧, ੪:੩ (60)
"ਨਦੀਆ ਵਾਹ **ਵਿਛੁੰਨਿਆ** ਮੇਲਾ ਸੰਜੋਗੀ ਰਾਮ।" (ਵਿਛੜਿਆਂ)— ਆਸਾ **੧**, ਛੰਤ ੫, ੪ : ੧ (439)
"ਨਾਰੀ ਪੁਰਖ **ਵਿਛੁੰਨਿਆ** ਵਿਛੁੜਿਆ ਮੇਲਣਹਾਰੋ।" (ਵਿਛੋੜ ਦਿੱਤੇ)
— ਵਡ **੧**, ਅਲਾ ੩, ੪ : ੨ (480)
2. ਵਿਛੜੇ ਹੋਏ
"ਪੂਰਬੇ ਕਮਾਏ ਸ੍ਰੀਰੰਗ ਪਾਏ ਹਰਿ ਮਿਲੇ ਚਿਰੀ **ਵਿਛੁੰਨਿਆ**।"
— ਸਿਰੀ **੫**, ਛੰਤ ੨, ੪ : ੪ (80)
"ਸੁਖੁ ਨ ਪਾਇਨਿ੍ ਮੂਲਿ ਨਾਮ **ਵਿਛੁੰਨਿਆ**।"
— ਸੂਹੀ **੫**, ਅਸ ੫, ੨ : ੨ (761)
"ਗੁਰਮੁਖਿ ਮੇਲੇ ਆਪਿ ਨਾਨਕ ਚਿਰੀ **ਵਿਛੁੰਨਿਆ**।" (ਵਿਛੜਿਆਂ ਹੋਇਆਂ ਨੂੰ)
— ਸਲੋ **੪**, ੧੨ : ੨ (1422)

ਵਿਛੁੰਨੀ — 1. ਵਿਛੁੜੀ ਹੋਈ
"ਸਤਿਗੁਰ ਸਬਦੀ ਮਿਲੈ **ਵਿਛੁੰਨੀ** ਤਨੁ ਮਨੁ ਆਗੈ ਰਾਖੈ।" — ਤੁਖਾ **੧**, ਛੰਤ ੪, ੩ : ੫ (1111)
2. ਵਿਛੁੜ ਗਈ, ਵਿਛੜੀ
"ਮਛੁਲੀ **ਵਿਛੁੰਨੀ** ਨੈਣ ਰੁੰਨੀ ਜਾਲੁ ਬਧਿਕ ਪਾਇਆ।"
— ਆਸਾ **੧**, ਛੰਤ ੫, ੩ : ੩ (439)

ਵਿਛੁੰਨੀਆ — ਵਿਛੜੀਆਂ
"ਪਿਰਹੁ **ਵਿਛੁੰਨੀਆ** ਭੀ ਮਿਲਹ ਜੇ ਸਤਿਗੁਰ ਲਾਗਹ ਸਾਚੇ ਪਾਏ।"— ਵਡ **੩**, ਅਲਾ **੧**, ੪ : ੧ (583)

ਵਿਛੁੰਨੇ — ਵਿਛੜੇ ਹੋਏ
"ਚਿਰੀ **ਵਿਛੁੰਨੇ** ਮੇਲਿ ਮਿਲਾਈ।"
— ਆਸਾ **੩**, ੪੨, ੨ : ੧ (361)

ਵਿਛੁਰੈ — ਵਿਛੜਦੇ ਹਨ
"ਗੁਰਮੁਖਿ ਮਿਲੀਐ ਮਨਮੁਖਿ **ਵਿਛੁਰੈ** ਗੁਰਮੁਖਿ ਬਿਧਿ ਪ੍ਰਗਟਾਏ ਜੀਉ।"
— ਮਾਝ **੫**, ਅਸ ੩੬, ੭ : ੩ (131)

ਵਿਛੁੜਹਿ — ਵਿਛੜਦੇ, ਵਖ ਹੁੰਦੇ, ਜੁੱਦਾਹ ਹੁੰਦੇ
"ਸਚਿ ਮਿਲੇ ਸੇ ਨ **ਵਿਛੁੜਹਿ** ਤਿਨ ਨਿਜ ਘਰਿ ਵਾਸਾ ਹੋਇ।" — ਸਿਰੀ **੩**, ੩੬, ੧ : ੪ (27)

ਵਿਛੁੜਾ — ਵਖ ਹੋਵਾਂ, ਵਿਛੜਾਂ
"ਸੇਵ ਕਰੀ ਪਲੁ ਚਸਾ ਨ **ਵਿਛੁੜਾ** ਜਨ ਨਾਨਕ ਦਾਸ ਤੁਮਾਰੇ ਜੀਉ।"
— ਮਾਝ **੫**, ੮, ੪ : ੩ (97)

ਵਿਛੁੜਿ — ਵਿਛੜ ਕੇ, ਵੱਖ ਹੋ ਕੇ, ਜੁੱਦਾਹ ਹੋ ਕੇ
"ਸਚੈ ਸਚਿ ਸਮਾਇਆ ਮਿਲਿ ਰਹੈ ਨ **ਵਿਛੁੜਿ** ਜਾਇ।" — ਸਿਰੀ **੩**, ੪੯, ੨ : ੩ (32)
"ਜੋ ਹਰਿ ਕੰਤਿ ਮਿਲਾਈਆ ਸਿ **ਵਿਛੁੜਿ** ਕਤਹਿ ਨ ਜਾਇ।" — ਮਾਝ **੫**, ਬਾਰਾ ੮ : ੨ (135)
"ਸੀਤਾ ਲਖਮਣੁ **ਵਿਛੁੜਿ** ਗਇਆ।" (ਵਖ ਹੋਣਾ)
— ਰਾਮ **੩**, ਵਾਰ ੧੪ਸ, **੩**, ੧ : ੬ (953)

ਵਿਛੁੜਿਆ — 1. ਵਿਛੜ ਗਿਆ, ਵਖ ਹੋ ਗਿਆ
"ਵਿਜੋਗਿ ਮਿਲਿ **ਵਿਛੁੜਿਆ** ਸੰਜੋਗੀ ਮੇਲੁ।"
— ਆਸਾ **੪**, ਸੋਪੁ ੨, ੨ : ੪ (11)
2. ਵਿਛੜੇ ਹੋਇਆਂ ਨੂੰ
"**ਵਿਛੁੜਿਆ** ਗੁਰੁ ਮੇਲਸੀ ਹਰਿ ਰਸਿ ਨਾਮੁ ਪਿਆਰਿ।"
— ਸਿਰੀ **੧**, ਅਸ ੧੨, ੩ : ੧ (60)
3. ਵਿਛੜਿਆ ਹੋਇਆ
"ਜਨਮ ਜਨਮ ਕਾ **ਵਿਛੁੜਿਆ** ਮਿਲਿਆ।"
— ਮਾਝ **੫**, ੨੬, ੩ : ੧ (102)

ਵਿਛੁੜੀ — ਵਿਛੜ ਗਈ, ਦੂਰ ਹੋਈ, ਵੱਖ ਹੋਈ
"ਆਪ ਕਮਾਣੈ **ਵਿਛੁੜੀ** ਦੋਸੁ ਨ ਕਾਹੂ ਦੇਣ।"
— ਮਾਝ **੫**, ਦਿਨ ੧ : ੬ (136)

ਵਿਛੁੜੀਆਹੁ — ਵਿਛੁੜਦੀਆਂ, ਵਖ ਹੁੰਦੀਆਂ
"ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ **ਵਿਛੁੜੀਆਹੁ**।"— ਮਾਝ **੫**, ਬਾਰਾ ੧੧ : ੬ (135)

ਵਿਛੁੜੇ — ਵੱਖ ਹੋਏ, ਨਿਖੜੇ ਹੋਏ
"ਵਿਜੋਗੀ ਦੁਖਿ **ਵਿਛੁੜੇ** ਮਨਮੁਖਿ ਲਹਹਿ ਨ ਮੇਲੁ।"
— ਸਿਰੀ **੧**, ੧੮, ੪ : ੩ (21)

ਵਿਛੁੜੈ — ਵਖ ਹੁੰਦਾ ਹੈ
"ਨਾ ਵੇਛੋੜਿਆ **ਵਿਛੁੜੈ** ਸਭ ਮਹਿ ਰਹਿਆ ਸਮਾਇ।" — ਸਿਰੀ **੫**, ੮੩, ੧ : ੨ (46)
"ਵਿਛੁੜਿਆ ਕਾ ਕਿਆ **ਵਿਛੁੜੈ** ਜਿਨਾ ਦੂਜੈ ਭਾਇ ਪਿਆਰੁ।" (ਵਿਛੋੜਾ ਹੋਣਾ ਹੈ)
— ਵਡ **੪**, ਵਾਰ ੫ਸ, **੩**, ੧ : ੬ (587)

ਵਿਛੋਹਾ — ਵਿਛੋੜਾ
"ਪ੍ਰੇਮ **ਵਿਛੋਹਾ** ਧਣੀ ਸਉ ਅਠੇ ਪਹਰ ਲਵੰਨਿ੍।"
— ਸਲੋ **੫**, ੧੨ : ੨ (1425)

ਵਿਛੋਹੇ — ਵਿਛੋੜੇ ਦਾ
"ਵਿਛੋਹੇ ਜੰਬੂਰ ਖਵੇ ਨ **ਵੰਞਨਿ** ਗਾਖੜੇ।"
— ਗੂਜ **੫**, ਵਾਰ ੧੧ਸ, **੫**, ੧ : ੧ (520)

ਵਿਛੋੜਹਿ — ਵਖ ਕਰਦਾ, ਨਿਖੇੜਦਾ
"ਜਿਨ ਆਪੇ ਮੇਲਿ **ਵਿਛੋੜਹਿ** ਨਾਹੀ।"
— ਮਾਰੂ **੩**, ਸੋਲਾ ੧੩, ੧੩ : ੧ (1056)

ਵਿਛੋੜਾ — ਜੁਦਾਈ, ਵਿਜੋਗ
"ਬਿਰਹੁ **ਵਿਛੋੜਾ** ਧਣੀ ਸਿਉ ਨਾਨਕ ਸਹਸੈ ਗੰਠਿ।"
— ਗਉ **੫**, ਵਾਰ ੭ਸ, **੫**, ੧ : ੨ (319)

ਵਿਛੋੜਿ — ਵਖ ਕਰਕੇ, ਜੁੱਦਾਹ ਕਰਕੇ
"ਅੰਡਜ ਫੋੜਿ ਜੋੜਿ **ਵਿਛੋੜਿ**।"
— ਬਿਲਾ **੧**, ਥਿਤੀ ੩ : ੨ (859)
"ਅੰਬਰੁ ਧਰਤਿ **ਵਿਛੋੜਿ** ਚੰਦੋਆ ਤਾਣਿਆ।"
— ਮਲਾ **੧**, ਵਾਰ ੧ : ੨ (1279)

ਵਿਛੋੜਿਅਨੁ — ਵਖ ਵਖ ਕਰ ਦਿੱਤੇ, ਵਿਛੋੜੇ
"ਦੁਇ ਪੁੜ ਜੋੜਿ **ਵਿਛੋੜਿਅਨੁ** ਗੁਰ ਬਿਨੁ ਘੋਰੁ ਅੰਧਾਰੋ।" — ਵਡ **੧**, ਅਲਾ ੩, ੧ : ੩ (580)

ਵਿਛੋੜਿਆ — ਵਖ ਕੀਤਾ, ਜੁੱਦਾਹ ਕੀਤਾ
"ਤੁਧੁ ਆਪਿ **ਵਿਛੋੜਿਆ** ਆਪਿ ਮਿਲਾਇਆ।"
— ਆਸਾ **੪**, ਸੋਪੁ ੨, ੧ : ੪ (11)

ਵਿਛੋੜਿਐ — ਵਖ ਕਰਦਾ ਹੈ, ਵਿਛੋੜਦਾ ਹੈ
"ਆਪੇ ਜੋੜਿ **ਵਿਛੋੜਿਐ** ਆਪੇ ਕੁਦਰਤਿ ਦੇਇ ਦਿਖਾਇ।" — ਮਲਾ **੧**, ਵਾਰ ੭ : ੩ (1281)

ਵਿਛੋੜੀ — ਵਖ ਕੀਤੀ, ਜੁੱਦਾਹ ਕੀਤੀ
"ਪੰਚ ਦੂਤ ਮਿਲਿ ਪਿਰਹੁ **ਵਿਛੋੜੀ**।"
— ਆਸਾ **੫**, ੧੫, ੩ : ੧ (375)

ਵਿਛੋੜੇ — ਵਖ ਕੀਤੇ, ਜੁੱਦਾਹ ਕੀਤੇ
"ਮਨਿ ਖੋਟੇ ਦਯਿ **ਵਿਛੋੜੇ**।"
— ਗਉ **੪**, ਵਾਰ ੧੧ : ੬ (306)

ਵਿਛੋੜੇਨਿ — ਵਿਛੋੜੇ
"ਆਪਿ **ਵਿਛੋੜੇਨਿ** ਸੇ ਵਿਛੁੜੇ ਦੂਜੈ ਭਾਇ ਖੁਆਇ।"
— ਸੋਰ **੪**, ਵਾਰ ੮ਸ, **੩**, ੨ : ੨ (645)

ਵਿਜੋਗ — ਵਿਛੋੜਾ
"ਵੇਮੁਖ ਹੋਏ ਰਾਮ ਤੇ ਲਗਨਿ ਜਨਮ **ਵਿਜੋਗ**।"
— ਮਾਝ **੫**, ਬਾਰਾ ੯ : ੩ (135)

ਵਿਜੋਗਾ — ਵਿਛੋੜਾ
"ਲੇਪੁ ਨਹੀ ਜਗ ਜੀਵਨ ਦਾਤੇ ਦਰਸਨ ਡਿਠੇ ਲਹਨਿ **ਵਿਜੋਗਾ** ਜੀਉ।"— ਮਾਝ **੫**, ੪੮, ੩ : ੩ (108)

ਵਿਜੋਗਿ — ਵਿਛੋੜੇ ਕਰਕੇ
"**ਵਿਜੋਗਿ** ਮਿਲਿ ਵਿਛੁੜਿਆ ਸੰਜੋਗੀ ਮੇਲੁ।"
— ਆਸਾ **੪**, ਸੋਪੁ ੨, ੨ : ੪ (11)
"ਤੂਟੀ ਤੰਤੁ ਰਬਾਬ ਕੀ ਵਾਜੈ ਨਹੀ **ਵਿਜੋਗਿ**।" (ਵਿਛੋੜੇ ਕਰਕੇ, ਨਿਖੜ ਜਾਣ ਕਰਕੇ)
— ਰਾਮ **੧**, ਓਅੰ ੩੨ : ੨ (934)
"ਸੂਰਜੁ ਚੜੈ **ਵਿਜੋਗਿ** ਸਭਸੈ ਘਟੈ ਆਰਜਾ।" ਵਿਛੜਨ ਤਕ ਭਾਵ ਡੁਬਣ (ਅਸਤ ਹੋਣਾ) ਤਕ
— ਸਾਰ **੪**, ਵਾਰ ੧੯ਸ, **੧**, ੨ : ੧ (1244)

ਵਿਜੋਗੀ — 1. ਵਿਜੋਗ ਅਨੁਸਾਰ, ਵਿਛੋੜੇ (ਦੇ ਨਿਯਮ) ਅਨੁਸਾਰ
"ਸੰਜੋਗੀ ਮਿਲਿ ਏਕ ਸੇ **ਵਿਜੋਗੀ** ਉਠਿ ਜਾਇ।"
— ਸਿਰੀ **੧**, ੧੧, ੩ : ੨ (18)
2. ਵਿਛੋੜੇ ਦਾ ਪਾਤਰ, ਵੱਖ ਹੋਇਆ
"**ਵਿਜੋਗੀ** ਦੁਖਿ ਵਿਛੁੜੇ ਮਨਮੁਖਿ ਲਹਹਿ ਨ ਮੇਲੁ।"
— ਸਿਰੀ **੧**, ੧੮, ੪ : ੩ (21)
3. ਵਿਜੋਗ, ਵਿਛੋੜਾ
"ਹਰਿ ਗੁਰਮੁਖਿ ਨਾਮੁ ਧਿਆਈਐ ਲਹਿ ਜਾਹਿ **ਵਿਜੋਗੀ**।"— ਗੂਜ **੩**, ਵਾਰ ੧੩ : ੫ (514)

ਵਿਜੋਗੁ — ਵਿਛੋੜਾ
"ਸੰਜੋਗੁ **ਵਿਜੋਗੁ** ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ।" — ਜਪੁ **੧**, ੨੯ : ੩ (6)
"ਸਾਹਾ ਸੰਜੋਗੁ ਵੀਆਹੁ **ਵਿਜੋਗੁ**।" (ਸਤਿਸੰਗਤ ਦਾ ਮੇਲ 'ਸਾਹਾ' ਹੈ ਤੇ ਸੰਸਾਰ ਤੋਂ ਉਪਰਾਮਤਾ

'ਵਿਆਹ') — ਗਉ **੧**, ੩, ੩ : ੧ (152)

ਵਿਜੋਗੋ — ਵਿਛੋੜਾ
"ਗੁਣਵੰਤਿਆ ਗੁਣ ਸਾਰਹਿ ਆਪਣੇ ਕੰਤ ਸਮਾਲਹਿ ਨਾ ਕਦੇ ਲਗੈ **ਵਿਜੋਗੋ**।"
— ਵਡ **੩**, ਅਲਾ ੧, ੧ : ੫ (582)

ਵਿਝਣ — ਬੁਝਨ, ਸ਼ਾਂਤ ਹੋਣ
"**ਵਿਝਣ** ਕਲਹ ਨ ਦੇਵਦਾ ਤਾਂ ਲਇਆ ਕਰਤੇ।"
— ਗਉ **੪**, ਵਾਰ ੩੨ : ੭ (317)

ਵਿਝਵੀ — ਬੁਝ ਗਈ
"ਭਾਹਿ ਬਲੰਦੀ **ਵਿਝਵੀ** ਧੂਉ ਨ ਨਿਕਸਿਓ ਕਾਇ।"
— ਸਿਰੀ **੧**, ੧੪, ੧ : ੨ (19)

ਵਿਝਵੈ — ਬੁਝਦੀ, ਸ਼ਾਂਤ ਹੁੰਦੀ
"ਭਰਮੇ ਭਾਹਿ ਨ **ਵਿਝਵੈ** ਜੇ ਭਵੈ ਦਿਸੰਤਰ ਦੇਸੁ।"
— ਸਿਰੀ **੧**, ੨੨, ੧ : ੧ (22)

ਵਿਟਉ — ਉਤੋਂ, ਤੋਂ
"ਹਉ ਜੀਉ ਕਰੀ ਤਿਸ **ਵਿਟਉ** ਚਉ ਖੰਨੀਐ ਜੋ ਮੈ ਪਿਰੀ ਦਿਖਾਵਏ।" — ਸਲੋ **੪**, ੫ : ੩ (1421)

ਵਿਟਹੁ — ਉਤੋਂ, ਤੋਂ
"ਜਿਨੀ ਨਾਮੁ ਪਛਾਣਿਆ ਤਿਨ **ਵਿਟਹੁ** ਬਲਿ ਜਾਉ।"
— ਸਿਰੀ **੩**, ੪੪, ੨ : ੧ (30)

ਵਿਟੜਿਅਹੁ — ਉਤੋਂ, ਤੋਂ
"ਹਰਿ **ਵਿਟੜਿਅਹੁ** ਸਦਾ ਘੋਲੇ ਜੀਉ।"
— ਮਾਝ **੪**, ੬੬, ੨ : ੪ (173)

ਵਿਡਾਣ — ਅਸਚਰਜ
"ਸਭਿ ਤੇਰੇ ਚੋਜ **ਵਿਡਾਣ**।"
— ਰਾਮ **੫**, ਵਾਰ ੧੩ : ੮ (963)

ਵਿਡਾਣਾ — 1. (ਸੰ. ਵਿਡੰਬਨ) ਅਸਚਰਜ, ਹੈਰਾਨੀਜਨਕ
"ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ **ਵਿਡਾਣਾ**।" — ਆਸਾ **੪**, ਸੋਪੁ ੧, ੨ : ੨ (11)
2. ਓਪਰਾ, ਬੇਗਾਨਾ
"ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ **ਵਿਡਾਣਾ**।"
— ਵਡ **੧**, ੩, ੧ : ੨੦ (558)
"ਮਰਸੀ ਹੋਇ **ਵਿਡਾਣਾ** ਮਨਿ ਤਨਿ ਭੰਗੁ ਹੈ।" ਓਪਰਾ, ਨਿਖਸਮਾ (ਦਰਪਣ)
— ਸੂਹੀ **੧**, ਅਸ ੩, ੬ : ੨ (752)
(ਕੋਸ਼ ਤੇ ਨਿਰਣੈ ਅਰਥ 'ਦੁਖੀ, ਹੈਰਾਨਿਆ ਪਰੇਸ਼ਾਨਿਆ ਹੋਇਆ' ਕਰਦਾ ਹੈ)

ਵਿਡਾਣਿਆ — ਅਸਚਰਜ, ਹੈਰਾਨੀਜਨਕ
"ਕੀਤਾ ਰਾਤਿ ਦਿਨੰਤੁ ਚੋਜ **ਵਿਡਾਣਿਆ**।"
— ਮਲਾ **੧**, ਵਾਰ ੧ : ੫ (1279)

ਵਿਡਾਣੀ — 1. ਬੇਗਾਨੀ, ਪਰਾਈ, ਹੋਰਾਂ ਦੀ
"ਅੰਮ੍ਰਿਤੁ ਛੋਡਿ ਬਿਖਿਆ ਲੋਭਾਣੇ ਸੇਵਾ ਕਰਹਿ **ਵਿਡਾਣੀ**।" — ਸਿਰੀ **੩**, ੪੫, ੧ : ੧ (31)
"ਹੋਰ **ਵਿਡਾਣੀ** ਚਾਕਰੀ ਧ੍ਰਿਗੁ ਜੀਵਣੁ ਧ੍ਰਿਗੁ ਵਾਸੁ।"
— ਵਡ **੪**, ਵਾਰ ੩ਸ, **੩**, ੨ : ੧ (586)
2. ਅਸਚਰਜ
"ਗੁਰਮੁਖਿ ਪਵਣੁ ਬੈਸੰਤਰੁ ਖੇਲੈ **ਵਿਡਾਣੀ**।"
— ਮਾਝ **੩**, ਅਸ ੧੪, ੨ : ੨ (117)
"ਜਪਿ ਨਾਨਕ ਪ੍ਰਭ ਅਲਖ **ਵਿਡਾਣੀ**।" (ਅਸਚਰਜ ਰੂਪ)
— ਗਉ **੫**, ਸੁਖ ੧੭, ੫ : ੧੦ (286)
3. ਅਸਚਰਜ ਕੌਤਕਾਂ ਵਾਲੇ
"ਤੂੰ ਆਪੇ ਜਾਣਹਿ ਸਰਬ **ਵਿਡਾਣੀ**।" (ਅਸਚਰਜ ਚੋਜਾਂ ਵਾਲੇ)— ਆਸਾ **੧**, ੨੧, ੫ : ੨ (355)
"ਤੂ ਆਪੇ ਜਾਣਹਿ ਸਰਬ **ਵਿਡਾਣੀ**।" (ਹਰ ਤਰ੍ਹਾਂ ਦੇ ਕੌਤਕਾਂ ਵਾਲੇ)
— ਭੈਰ **੧**, ੧, ੩ : ੨ (1125)

ਵਿਡਾਣੁ — ਅਸਚਰਜਤਾ, ਹੈਰਾਨਗੀ, ਅਸਚਰਜ ਗਲ
"ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ **ਵਿਡਾਣੁ**।" — ਜਪੁ **੧**, ੩੦ : ੪ (7)
"ਸੁਣਿ ਵੇਖਹੁ ਲੋਕਾ ਏਹੁ **ਵਿਡਾਣੁ**।" (ਹੈਰਾਨੀਜਨਕ ਗਲ)— ਆਸਾ **੧**, ਵਾਰ ੧੫ਸ, **੧**, ੪ : ੯ (471)

ਵਿਡਾਣੈ — ਅਸਚਰਜ
"ਅੰਧੇ ਕਾ ਨਾਉ ਪਾਰਖੂ ਕਲੀ ਕਾਲ **ਵਿਡਾਣੈ**।"
— ਗਉ **੧**, ਅਸ ੧੮, ੩ : ੨ (229)

ਵਿਡਾਨ — ਅਸਚਰਜ
"ਹਰਿ ਕੇ ਚੋਜ **ਵਿਡਾਨ** ਦੇਖੁ ਜਨ ਜੋ ਖੋਟਾ ਖਰਾ ਇਕ ਨਿਮਖ ਪਛਾਨੈ।"
— ਕਲਿ **੪**, ੫, ੩ : ੧ (1320)

ਵਿਡਾਨੜੈ — ਹੈਰਾਨੀਜਨਕ, ਅਸਚਰਜ
"ਬਾਰਿ **ਵਿਡਾਨੜੈ** ਹੁੰਮਸ ਧੁੰਮਸ ਕੂਕਾ ਪਈਆ

ਰਾਹੀ।"— ਗੂਜ **੫**, ਵਾਰ ੧੦ਸ, **੫**, ੧:੧ (520)

ਵਿਡਾਨੀ — ਅਸਚਰਜ
"ਆਪੇ ਗੁਰੁ ਚੇਲਾ ਹੈ ਆਪੇ ਆਪੇ ਹਰਿ ਪ੍ਰਭੁ ਚੋਜ **ਵਿਡਾਨੀ**।" — ਧਨਾ **੪**, ੧੧, ੨ : ੧ (669)

ਵਿਡਾਨੁ — ਅਸਚਰਜ
"ਇਹੁ ਜਗੁ ਆਪਿ ਉਪਾਇਓਨੁ ਕਰਿ ਚੋਜੁ **ਵਿਡਾਨੁ**।" — ਸੂਹੀ **੩**, ਵਾਰ ੪ : ੧ (786)

ਵਿਡਾਰਣਿ — ਉਡਾਣ
"ਹੰਸੁ ਉਡਰਿ ਕੋਧ੍ਰੈ ਪਇਆ ਲੋਕੁ **ਵਿਡਾਰਣਿ** ਜਾਇ।" — ਸਲੋ **ਫਰ**, ੬੫ : ੧ (1381)

ਵਿਡਾਰਿ — ਪਾੜ ਕੇ, ਮਾਰ ਕੇ
"ਗੁਣਾ ਕੀ ਰਾਸਿ ਸੰਗ੍ਰਹੈ ਅਵਗਣ ਕਢੈ **ਵਿਡਾਰਿ**।" — ਮਾਰੂ **੩**, ਵਾਰ ੨ਸ, **੩**, ੧ : ੪ (1087)

ਵਿਡਾਰਿਆ — ਦੂਰ ਕੀਤਾ, ਮਾਰਿਆ
"ਸਹਜੇ ਕਾਲੁ **ਵਿਡਾਰਿਆ** ਸਚ ਸਰਣਾਈ ਪਾਇ।" — ਸਿਰੀ **੩**, ਅਸ ੨੩, ੪ : ੧ (68)

ਵਿਡਾਰੀ — ਦੂਰ ਕੀਤੀ, ਪਰ੍ਹਾਂ ਹਟਾਈ
"ਸਭਿ ਤਿਸੈ ਨੋ ਸਾਲਾਹਿਹੁ ਸੰਤਹੁ ਜਿਨਿ ਦੂਜੇ ਭਾਵ ਕੀ ਮਾਰਿ **ਵਿਡਾਰੀ** ਢੇਰੀ।" — ਬਿਹਾ **੪**, ਵਾਰ ੧੬ : ੫ (555)

ਵਿਡਾਰੇ — ਦੂਰ ਕੀਤੇ
"ਦੁਸਮਨ ਮਾਰਿ **ਵਿਡਾਰੇ** ਸਗਲੇ ਦਾਸ ਕਉ ਸੁਮਤਿ ਦੀਤੀ।" — ਸੋਰ **੫**, ੮੮, ੧* : ੨ (630)

ਵਿਣਸਣਾ — ਨਾਸ ਹੋਣਾ ਹੈ, ਨਾਸਵੰਤ ਹੈ
"ਜੋ ਦੀਸੈ ਸੋ **ਵਿਣਸਣਾ** ਮਨ ਕੀ ਮਤਿ ਤਿਆਗੁ।" — ਸਿਰੀ **੫**, ੯੧, ੧* : ੨ (50)

ਵਿਣਸਣੀ — ਨਾਸ ਹੋਈ
"ਕਾਚੀ ਦੇਹ **ਵਿਣਸਣੀ** ਕੂੜੁ ਕਮਾਵੈ ਧੰਧੁ ਜੀਉ।" — ਸੂਹੀ **੫**, ਅਸ ੩, ੨ : ੨ (760)

ਵਿਣਸਿਆ — ਨਾਸ ਹੋਇਆ
"ਵੰਨੁ ਗਇਆ ਰੂਪੁ **ਵਿਣਸਿਆ** ਦੁਖੀ ਦੇਹ ਰੁਲੀ।" — ਮਲਾ **੧**, ਵਾਰ ੨੦ਸ, **੧**, ੨ : ੨ (1287)

ਵਿਣਾਸੁ — ਨਾਸ ਹੋ ਜਾਣਾ, ਮੁਕ ਜਾਣਾ
"ਲੇਖਾ ਹੋਇ ਤ ਲਿਖੀਐ ਲੇਖੈ ਹੋਇ **ਵਿਣਾਸੁ**।" — ਜਪੁ **੧**, ੨੨ : ੪ (5)
"ਇਕਨ੍ਹਾ ਹੁਕਮਿ ਸਮਾਇ ਲਏ ਇਕਨ੍ਹਾ ਹੁਕਮੇ ਕਰੇ **ਵਿਣਾਸੁ**।" (ਨਾਸ ਕਰਦਾ ਹੈ) — ਆਸਾ **੧**, ਵਾਰ ੨ਸ, **੨**, ੩ : ੨ (463)

2. ਬੇ ਅਰਥ, ਫਜ਼ੂਲ
"ਨਾਨਕ ਮੂਰਖ ਏਹਿ ਗੁਣਿ ਬੋਲੇ ਸਦਾ **ਵਿਣਾਸੁ**।" — ਮਾਝ **੧**, ਵਾਰ ੧੨ਸ, **੧**, ੧ : ੮ (143)

3. ਨਾਸਵੰਤ
"ਨਿਹਚਲੁ ਏਕੁ ਸਰੇਵਿਆ ਹੋਰੁ ਸਭ **ਵਿਣਾਸੁ**।" — ਗਉ **੫**, ਵਾਰ ੧੫ : ੩ (321)

ਵਿਣਾਹੇ — ਨਾਸ ਕਰਦਾ ਹੈ
"ਲਬੁ **ਵਿਣਾਹੇ** ਮਾਣਸਾ ਜਿਉ ਪਾਣੀ ਬੂਰੁ।" — ਰਾਮ **ਬਸ**, ਵਾਰ ੫ : ੩ (967)

ਵਿਣੁ — ਬਿਨਾਂ, ਬਗੈਰ
"ਤੀਰਥਿ ਨਾਵਾ ਜੇ ਤਿਸੁ ਭਾਵਾ **ਵਿਣੁ** ਭਾਣੇ ਕਿ ਨਾਇ ਕਰੀ।" — ਜਪੁ **੧**, ੬ : ੧ (2)

ਵਿਤ — ਧਨ, ਦੌਲਤ
"ਲੋਭ ਬਿਖਿਆ ਬਿਖੈ ਲਾਗੇ ਹਿਰਿ **ਵਿਤ** ਚਿਤ ਦੁਖਾਹੀ।" — ਆਸਾ **੫**, ੧੫੨, ੧* : ੧ (408)

ਵਿਤੰ — ਧਨ, ਮਾਇਆ
"ਅਨਿਤ੍ਯ **ਵਿਤੰ** ਅਨਿਤ੍ਯ ਚਿਤੰ ਅਨਿਤ੍ਯ ਆਸਾ ਬਹੁ ਬਿਧਿ ਪ੍ਰਕਾਰੰ।" — ਸਸ **੫**, ੧੬ : ੧ (1355)

ਵਿਤੁ — ਧਨ, ਮਾਇਆ
"ਚਿਤੁ ਚਲੈ **ਵਿਤੁ** ਜਾਵਣੋ ਸਾਕਤ ਡੋਲਿ ਡੋਲਾਇ।" — ਸਿਰੀ **੧**, ਅਸ ੧੫, ੪ : ੧ (63)

ਵਿਤੋ — ਧਨ, ਮਾਇਆ
"ਚਿਤਿ ਸਚੈ **ਵਿਤੋ** ਸਚਾ ਸਾਚਾ ਰਸੁ ਚਾਖਿਆ।" — ਮਾਰੂ **੧**, ਅਸ ੪, ੫ : ੨ (1011)

ਵਿਥਰਹ — ਖੋਲ ਕੇ ਬਿਆਨੀਏ, ਵਿਸਤਾਰ ਕਰੀਏ, ਵਿਚਾਰ ਕਰੀਏ
"ਹਮ ਕਿਆ ਗੁਣ ਤੇਰੇ **ਵਿਥਰਹ** ਸੁਆਮੀ ਤੂੰ ਅਪਰ ਅਪਾਰੋ ਰਾਮ ਰਾਜੇ।" — ਆਸਾ **੪**, ਛੰਤ ੧੨, ੩ : ੧ (450)

ਵਿਥਰਾ — 1. ਵਿਸਤਾਰ ਕਰਾਂ, ਖੋਲ੍ਹ ਕੇ ਸਮਝਾਵਾਂ
"ਗੁਣ ਗਾਵਾ ਗੁਣ **ਵਿਥਰਾ** ਗੁਣ ਬੋਲੀ ਮੇਰੀ ਮਾਇ।" — ਸਿਰੀ **੪**, ੬੨, ੧ : ੧ (40)

2. ਪਈ ਹੋਵਾਂ, ਖਿਲਰੀ ਪਈ ਹੋਵਾਂ
"ਪਿਰੀਆ ਸੰਦੜੀ ਭੁਖ ਮੂ ਲਾਵਣ ਥੀ **ਵਿਥਰਾ**।" — ਮਾਰੂ **੫**, ਵਾਰ ੧੩ਸ, **੫**, ੨ : ੧ (1098)

ਵਿਥਾਰ — ਫੈਲਾਉ, ਅਡੰਬਰ, ਪਸਾਰੇ, ਖਿਲਾਰੇ

"ਜਿਨੀ ਚਲਣੁ ਜਾਣਿਆ ਸੇ ਕਿਉ ਕਰਹਿ **ਵਿਥਾਰ**।"
— ਸੂਹੀ **੩**, ਵਾਰ ੨ਸ, **੨**, ੧ : ੧ (787)
"ਕਰਹਿ ਬਿਕਾਰ **ਵਿਥਾਰ** ਘਨੇਰੇ ਸੁਰਤਿ ਸਬਦ ਬਿਨੁ ਭਰਮਿ ਪਇਆ।"
— ਰਾਮ **੧**, ਅਸ ੨, ੬ : ੧ (906)

ਵਿਦਾ — ਰੁਖ਼ਸਤ, ਵਿਦਾਇਗੀ
"ਆਪੇ ਸੰਗਤਿ ਸਦਿ ਬਹਾਲੈ ਆਪੇ **ਵਿਦਾ** ਕਰਾਵੈ।"
— ਬਿਹਾ **੪**, ਵਾਰ ੬ : ੪ (551)

ਵਿਦਿਆ — ਇਲਮ, ਜਾਣਨ ਦੀ ਕਿਰਿਆ, ਗਿਆਨ
"**ਵਿਦਿਆ** ਵੀਚਾਰੀ ਤਾ ਪਰਉਪਕਾਰੀ।"
— ਆਸਾ **੧**, ੨੫, ੧ : ੧ (356)
"ਗੁਰਪਰਸਾਦੀ **ਵਿਦਿਆ** ਵੀਚਾਰੈ ਪੜਿ ਪੜਿ ਪਾਵੈ ਮਾਨੁ।" (ਬ੍ਰਹਮ ਗਿਆਨ)
— ਪ੍ਰਭਾ **੧**, ੨, ੧ : ੧ (1329)

ਵਿਦੇਸਿ — ਪ੍ਰਦੇਸ ਵਿਚ
"ਘਰ ਹੀ ਮੁੰਧਿ **ਵਿਦੇਸਿ** ਪਿਰੁ ਨਿਤ ਝੂਰੇ ਸੰਮ੍ਹਾਲੇ।"
— ਵਡ **੪**, ਵਾਰ ੨੦ਸ, **੧**, ੧ : ੧ (594)

ਵਿਦੇਸੀਅੜੇ — ਪ੍ਰਦੇਸਾਂ ਵਿਚ
"ਸਾਜਨ ਦੇਸਿ **ਵਿਦੇਸੀਅੜੇ** ਸਾਨੇਹੜੇ ਦੇਦੀ।"
— ਤੁਖਾ **੧**, ਛੰਤ ੪, ੩ : ੧ (1111)

ਵਿਧਉਸਿਆ — ਨਾਸ ਕੀਤਾ
"ਸਚਾ ਸਬਦੁ ਬੀਚਾਰਿ ਕਾਲੁ **ਵਿਧਉਸਿਆ**।"
— ਮਾਝ **੧**, ਵਾਰ ੨੩ : ੬ (149)

ਵਿਧਣ — 1. ਧਣੀ ਤੋਂ ਬਿਨਾਂ, ਪਤੀ ਤੋਂ ਬਿਨਾਂ, ਨਖਸਮੀ
"ਅਵਗੁਣਿਆਰੀ ਕੰਤਿ ਵਿਸਾਰੀ ਛੂਟੀ **ਵਿਧਣ** ਰੈਣੀ।" — ਧਨਾ **੧**, ਛੰਤ ੩, ੪ : ੪ (689)
2. ਬਿਨਾਂ ਇਸਤ੍ਰੀ ਤੋਂ, ਭਾਵ ਸੁੰਨੀ
"**ਵਿਧਣ** ਖੂਹੀ ਮੁੰਧ ਇਕੇਲੀ।"
— ਸੂਹੀ **ਫ਼ਰ**, ੧, ੩ : ੧ (794)

ਵਿਧਣਕਾਰੇ — ਨਖਸਮੀ ਵਾਲੇ ਕੰਮ
"ਹਉ ਮੁਠੜੀ ਧੰਧੈ ਧਾਵਣੀਆ ਪਿਰਿ ਛੋਡਿਅੜੀ **ਵਿਧਣਕਾਰੇ**।"— ਵਡ **੧**, ਅਲਾ ੩, ੨ : ੨ (580)
(ਮਹਾਨਕੋਸ਼ ਨੇ ਅਰਥ 'ਵੇਧਨ ਕਰਨ ਵਾਲੀ' ਕੀਤਾ ਹੈ ਅਤੇ ਕੋਸ਼ ਅਰਥ 'ਕੰਬਾਉਣ ਵਾਲੀ, ਦੁਖੀ ਕਰਨ ਵਾਲੀ' ਕਰਦਾ ਹੈ)

ਵਿਧਣੀਆ — ਪਤੀ ਤੋਂ ਵਿਹੂਣੀ, ਵਿਧਵਾ
"ਸਾ ਧਨ ਛੁਟੀ ਮੁਠੀ ਝੂਠਿ **ਵਿਧਣੀਆ** ਮਿਰਤਕੜਾ ਅੰਙਨੜੇ ਬਾਰੇ।"
— ਵਡ **੧**, ਅਲਾ ੩, ੫ : ੨ (580)

ਵਿਧੜੋ — ਵਿੰਨ੍ਹ ਦਿੱਤਾ, ਛੇਕ ਦਿੱਤਾ, ਭਾਵ ਮੋਹ ਲਿਆ
"**ਵਿਧੜੋ** ਸਚ ਥੋਕਿ ਨਾਨਕ ਮਿਠੜਾ ਸੋ ਧਣੀ।"
— ਜੈਤ **੫**, ਵਾਰ ੧੧ਸ, **੫**, ੨ : ੨ (708)

ਵਿਧਾ — ਵਿੰਨ੍ਹਿਆ, ਭਾਵ ਮੋਹ ਲਿਆ
"ਨੀਹਿ ਜਿ **ਵਿਧਾ** ਮੰਨੁ ਪਛਾਣੂ ਵਿਰਲੋ ਥਿਓ।"
— ਗਉ **੫**, ਵਾਰ ੧੪ਸ, **੫**, ੨ : ੧ (321)
"ਹਰਿ ਹਰਿ ਹੀਰਾ ਰਤਨੁ ਹੈ ਮੇਰਾ ਮਨੁ ਤਨੁ **ਵਿਧਾ**।" — ਆਸਾ **੪**, ਛੰਤ ੧੬, ੧ : ੩ (449)

ਵਿਰਤਿਪਖਿ — ਤਿਆਗੀ, ਤਿਆਗ ਦਾ ਸਮਰਥਕ
"ਸੁਰਿ ਨਰ **ਵਿਰਤਿਪਖਿ** ਕਰਮੀ ਨਾਚੇ ਮੁਨਿ ਜਨ ਗਿਆਨ ਬੀਚਾਰੀ।"
— ਗੂਜ **੩**, ਅਸ ੧, ੪ : ੧ (506)

ਵਿਰਤੀ — 1. ਵਰਤੀ ਹੋਵੇ
"ਜਿਸ ਘਰਿ **ਵਿਰਤੀ** ਸੋਈ ਜਾਣੈ ਜਗਤ ਗੁਰ ਨਾਨਕ ਪੂਛਿ ਕਰਹੁ ਬੀਚਾਰਾ।"
— ਸੂਹੀ **੪**, ੯, ੪ : ੧ (733)
2. (ਸੰ. ਵਿ + ਰਾਤ੍ਰਿ ਰਾਤ ਤੋਂ ਬਿਨਾਂ) ਦਿਹੁੰ ਦੀਵੀਂ
"ਨਾਨਕ ਸੁਤੀ ਪੇਈਐ ਜਾਣੁ **ਵਿਰਤੀ** ਸੰਨਿ।"
— ਸਿਰੀ **੧**, ੨੪, ੪ : ੧ (23)

ਵਿਰਲਾ — ਚੁਣਿਆ ਹੋਇਆ, ਚੀਦਾ, ਕੋਈ ਹੀ
"ਦੁਹਹੂੰ ਤੇ ਰਹਤ ਭਗਤੁ ਹੈ ਕੋਈ **ਵਿਰਲਾ** ਜਾਣਾ।"
— ਸਿਰੀ **੫**, ੯੬, ੧ : ੨ (51)

ਵਿਰਲੀ — 1. ਵਿਰਲਿਆਂ ਨੇ, ਚੁਣਿਆਂ ਹੋਇਆਂ ਨੇ
"ਗੁਰਮੁਖਿ ਨਾਮੁ ਜਮੀਐ ਤਿਤੁ ਤਰੀਐ ਗਤਿ ਨਾਨਕ **ਵਿਰਲੀ** ਜਾਤੀ ਜੀਉ।"
- ਮਾਝ **੫**, ੧੩, ੪ : ੩ (98)
2. ਕੋਈ ਹੀ, ਚੁਣ ਹੋਈ
"ਇਕੁ ਅਧੁ ਨਾਇ ਰਸੀਅੜਾ ਕਾ **ਵਿਰਲੀ** ਜਾਇ ਵੁਠੀ।" — ਗਉ **੫**, ੧੬੯*, ੩ : ੨ (218)

ਵਿਰਲੇ — ਚੁਣੇ ਹੋਏ, ਕੋਈ ਹੀ
"ਜਿਨ ਖਿਨੁ ਪਲੁ ਨਾਮੁ ਨ ਵੀਸਰੈ ਤੇ ਜਨ **ਵਿਰਲੇ**

ਸੰਸਾਰਿ।" — ਸਿਰੀ **੧**, ੨੦, ੧* : ੨ (21)

ਵਿਰਲੈ — ਵਿਰਲਿਆਂ ਨੇ ਹੀ, ਚੁਣੇ ਹੋਇਆਂ ਨੇ ਹੀ
"ਪ੍ਰਭੁ ਨਿਕਟਿ ਵਸੈ ਸਭਨਾ ਘਟ ਅੰਤਰਿ ਗੁਰਮੁਖਿ **ਵਿਰਲੈ** ਜਾਤਾ।"
— ਸਿਰੀ **੩**, ਅਸ ੨੨, ੮ : ੨ (68)

ਵਿਰਲੋ — ਕਿਸੇ ਵਿਰਲੇ ਨੂੰ ਹੀ, ਕਿਸੇ ਨੂੰ ਹੀ
"ਨੀਹਿ ਜਿ ਵਿਧਾ ਮੰਨੁ ਪਛਾਣੂ **ਵਿਰਲੋ** ਥਿਓ।"
— ਗਉ **੫**, ਵਾਰ ੧੪ਸ, **੫**, ੨ : ੧ (321)

ਵਿਰਾਇਣਿ — ਰੁਆ ਦੇਣ ਵਾਲੀ ਭਾਵ ਦੁਖ ਦੇਣ ਵਾਲੀ (ਮਹਾਨ ਕੋਸ਼); ਵੈਰਣ (ਸ਼ਬਦਾਰਥ, ਦਰਪਣ)
"ਸਸੁ **ਵਿਰਾਇਣਿ** ਨਾਨਕ ਜੀਉ ਸਸੁਰਾ ਵਾਦੀ ਜੇਠੋ ਪਉ ਪਉ ਲੂਹੈ।"
— ਰਾਮ **੫**, ਵਾਰ ੧੩ਸ, **੫**, ੨ : ੧ (963)

ਵਿਰਾਗੀ — (ਸੰ. विरागिन्) ਵੈਰਾਗ ਵਾਲਾ
"ਜੋ ਪ੍ਰਭ ਕੀ ਹਰਿ ਕਥਾ ਸੁਨਾਵੈ ਅਨਦਿਨੁ ਫਿਰਉ ਤਿਸੁ ਪਿਛੈ **ਵਿਰਾਗੀ**।"
— ਗਉ **੫**, ੧੧੯*, ੧ : ੨ (204)

ਵਿਰਿਕਿਓਨੁ — ਆਖਿਆ, ਕਹਿਆ
"ਨਾਨਕ ਈਸਰਿ ਜਗਨਾਥਿ ਉਚਹਦੀ ਵੈਣੁ **ਵਿਰਿਕਿਓਨੁ**।"— ਰਾਮ **ਬਸ**, ਵਾਰ ੪ : ੨ (967)

ਵਿਰੋਧ — ਵੈਰ, ਦੁਸ਼ਮਨੀ, ਮੁਖ਼ਾਲਫਤ
"ਗੁਰਮੁਖਿ ਵੈਰ **ਵਿਰੋਧ** ਗਵਾਵੈ।"
— ਰਾਮ **੧**, ਸਿਗੋ ੩੭ : ੩ (942)

ਵਿਰੋਧਿ — ਵੈਰ, ਦੁਸ਼ਮਨੀ, ਮੁਖ਼ਾਲਫਤ
"ਵਾਦਿ **ਵਿਰੋਧਿ** ਸਲਾਹਣੇ ਵਾਦੇ ਆਵਣੁ ਜਾਣੁ।"
— ਸਿਰੀ **੧**, ਅਸ ੫, ੭ : ੨ (56)

ਵਿਰੋਧੁ — ਮੁਖ਼ਾਲਫਤ, ਵੈਰ
"ਮੁਈ ਪਰੀਤਿ ਪਿਆਰੁ ਗਇਆ ਮੁਆ ਵੈਰੁ **ਵਿਰੋਧੁ**।" — ਸਿਰੀ **੧**, ੧੪, ੩ : ੧ (19)
"ਹਉਮੈ ਨਾਵੈ ਨਾਲਿ **ਵਿਰੋਧੁ** ਹੈ ਦੁਇ ਨ ਵਸਹਿ ਇਕ ਠਾਇ।" — ਵਡ **੩**, ੯, ੧ : ੧ (560)

ਵਿਰੋਲਿ — ਫੋਲ ਕੇ, ਰਿੜਕ ਕੇ
"ਸਮੁੰਦੁ **ਵਿਰੋਲਿ** ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ।"
— ਆਸਾ **੪**, ਛੰਤ ੮, ੪ : ੫ (442)

ਵਿਰੋਲਿਆ — ਰਿੜਕਿਆ
"ਜਿਨਿ ਸਮੁੰਦੁ **ਵਿਰੋਲਿਆ** ਕਰਿ ਮੇਰੁ ਮਧਾਣੁ।"
— ਰਾਮ **ਬਸ**, ਵਾਰ ੬ : ੪ (968)

ਵਿਰੋਲੀਐ — ਰਿੜਕੀਏ
"ਪੋਖਰੁ ਨੀਰੁ **ਵਿਰੋਲੀਐ** ਮਾਖਨੁ ਨਹੀ ਰੀਸੈ।"
— ਗਉ **੧**, ਅਸ ੧੮, ੭ : ੨ (229)

ਵਿਰੋਲੈ — ਰਿੜਕਦਾ ਹੈ
"ਪੀਵੈ ਅੰਮ੍ਰਿਤੁ ਤਤੁ **ਵਿਰੋਲੈ**।"
— ਗਉ **੧**, ਅਸ ੧੫, ੩ : ੩ (227)

ਵਿਲਮੁ — (ਸੰ. विलम्बः) ਦੇਰੀ
"ਇਸੁ ਪਰੀਤੀ ਤੁਟਦੀ **ਵਿਲਮੁ** ਨ ਹੋਵਈ ਇਤੁ ਦੋਸਤੀ ਚਲਨਿ ਵਿਕਾਰ।"
— ਵਡ **੪**, ਵਾਰ ੫ਸ, **੩**, ੧ : ੮ (587)

ਵਿਲੰਮੁ — ਦੇਰੀ, ਵੇਖੋ 'ਵਿਲਮੁ'
"ਮੁਹਤੁ ਨ ਚਸਾ **ਵਿਲੰਮੁ** ਭਰੀਐ ਪਾਈਐ।"
— ਮਾਝ **੧**, ਵਾਰ ੨੦ : ੭ (147)

ਵਿਲਲਾਇ — ਰੋਂਦਾ ਹੈ, ਚੀਕਦਾ ਪੁਕਾਰਦਾ ਹੈ
"ਰਸੁ ਕਸੁ ਟਟਰਿ ਪਾਈਐ ਤਪੈ ਤੈ **ਵਿਲਲਾਇ**।"
— ਮਾਝ **੧**, ਵਾਰ ੧੧ਸ, **੧**, ੨ : ੩ (143)

ਵਿਲਾਇ — ਦੂਰ ਹੋ ਗਿਆ, ਲੋਪ ਹੋ ਗਿਆ
"ਹਉਮੈ ਏਹੋ ਬੀਜੁ ਹੈ ਸਹਸਾ ਗਇਆ **ਵਿਲਾਇ**।"
— ਰਾਮ **੩**, ਵਾਰ ੧ਸ, **੩**, ੨ : ੧ (947)

ਵਿਲਾਇਤਿ — ਵਤਨ, ਆਪਣਾ ਦੇਸ
"ਦਰ ਘਰ ਮਹਲਾ ਹਸਤੀ ਘੋੜੇ ਛੋਡਿ **ਵਿਲਾਇਤਿ** ਦੇਸ ਗਏ।" — ਆਸਾ **੧**, ੩੩, ੨ : ੧ (358)

ਵਿਲਾੜਿ — ਲੰਘ ਜਾਵੇ
"ਪਤਣਿ ਕੂਕੇ ਪਾਤਣੀ ਵੰਞਹੁ ਧ੍ਰੁਕਿ **ਵਿਲਾੜਿ**।"
— ਮਾਰੂ **੧**, ਅਸ ੧੦, ੬ : ੧ (1015)

ਵਿਲੋਇ — ਰਿੜਕੀਏ
"ਤਿਸ ਕੀ ਸੰਗਤਿ ਜੇ ਮਿਲੈ ਪਿਆਰੇ ਰਸੁ ਲੈ ਤਤੁ **ਵਿਲੋਇ**।" — ਸੋਰ **੧**, ਅਸ ੩, ੨ : ੩ (636)

ਵਿਲੋਈਐ — ਰਿੜਕੀਏ
"ਪੰਡਿਤ ਦਹੀ **ਵਿਲੋਈਐ** ਭਾਈ ਵਿਚਹੁ ਨਿਕਲੈ ਤਥੁ।" — ਸੋਰ **੧**, ਅਸ ੨, ੫ : ੧ (635)

ਵਿਲੋਵੈ — ਰਿੜਕਦੀ ਹੈ
"ਵੁਠੈ ਘਾਹੁ ਚਰਹਿ ਸੁਰਹੀ ਸਾਧਨ ਦਹੀ **ਵਿਲੋਵੈ**।"
— ਮਾਝ **੧**, ਵਾਰ ੨੬ਸ, **੧**, ੧ : ੨੧ (150)

ਵਿੜਤੇ — ਵੱਟ ਲਏ

"ਮੈ ਲਖ **ਵਿੜਤੇ** ਸਾਹਿਬਾ ਜੇ ਬਿੰਦ ਬੋੁਲਾਈਆ।"
— ਮਾਰੂ **੫**, ਵਾਰ ੧੨ : ੨ (1098)

ਵੀਆਹਣ — ਵਿਆਹੁਣ ਲਈ
"ਖੇਲੁ ਦੇਖਿ ਮਨਿ ਅਨਦੁ ਭਇਆ ਸਹੁ **ਵੀਆਹਣ** ਆਇਆ।" — ਆਸਾ **੧**, ੧੦, ੧ : ੨ (351)

ਵੀਆਹਣਿ — ਵਿਆਹੁਣ ਲਈ
"ਗੁਰਮੁਖਿ **ਵੀਆਹਣਿ** ਆਇਆ।" (ਗੁਰੂ ਦੇ ਰਾਹੀਂ) — ਸੂਹੀ **੪**, ਛੰਤ ੩, ੪ : ੨ (775)

ਵੀਆਹਿ — ਵਿਆਹ ਵਿਚ, ਅਨੰਦ ਕਾਰਜ ਵਿਚ
"ਜਜਿ ਕਾਜਿ **ਵੀਆਹਿ** ਸੁਹਾਵੈ ਓਥੈ ਮਾਸੁ ਸਮਾਣਾ।"
— ਮਲਾ **੧**, ਵਾਰ ੨੫ਸ, **੧**, ੨ : ੧੮ (1290)

ਵੀਆਹਿਆ — ਵਿਆਹਿਆ ਗਿਆ
"ਵਡਾ ਹੋਆ **ਵੀਆਹਿਆ** ਘਰਿ ਲੈ ਆਇਆ ਮਾਸੁ।"— ਮਲਾ **੧**, ਵਾਰ ੨੫ਸ, **੧**, ੧ : ੫ (1289)

ਵਿਆਹੀਆ — ਦੇ ਵਿਆਹ ਹੋ ਗਏ, ਵਿਆਹੀਆਂ ਗਈਆਂ
"ਜਦਹੁ ਸੀਆ **ਵੀਆਹੀਆ** ਲਾੜੇ ਸੋਹਨਿ ਪਾਸਿ।"
— ਆਸਾ **੧**, ਅਸ ੧੧, ੨ : ੧ (417)

ਵੀਆਹੁ — ਸ਼ਾਦੀ, ਅਨੰਦ ਕਾਰਜ, ਨਿਕਾਹ
"**ਵੀਆਹੁ** ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ।" — ਸਿਰੀ **੪**, ਛੰਤ ੧, ੨ : ੧ (78)

ਵੀਸ — ਵੀਹ
"ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ **ਵੀਸ**।"
— ਜਪੁ **੧**, ੩੨ : ੧ (7)

ਵੀਸਰਉ — ਵੀਸਰੋਂ, ਮੈਂ ਵਿਸਰਾਂ (ਭੁਲਾਂ)
"ਨਾਨਕ ਨਾਮੁ ਨ **ਵੀਸਰਉ** ਕਰਿ ਅਪੁਨੀ ਹਰਿ ਮਇਆ।" — ਸਿਰੀ **੫**, ੮੪, ੪ : ੩ (47)

ਵੀਸਰਹਿ — ਭੁੱਲੇ, ਵਿਸਰੇ
"ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ **ਵੀਸਰਹਿ**।" — ਜਪੁ **੧**, ੨੩ : ੪ (5)

ਵੀਸਰਿ — ਭੁੱਲ, ਵਿਸਰ
"ਰਾਮ ਰਾਮ **ਵੀਸਰਿ** ਨਹੀ ਜਾਇ।"
— ਗੋਂਡ **੫**, ੧੦, ੨ : ੩ (865)

ਵੀਸਰਿਆ — ਭੁਲਿਆ
"ਪ੍ਰਣਵਤਿ ਨਾਨਕ ਤਿਨ ਕੀ ਸਰਣਾ ਜਿਨ ਤੂ ਨਾਹੀ **ਵੀਸਰਿਆ**।"
— ਆਸਾ **੧**, ਸੋਪੁ ੩, ੨ : ੨ (12)
"ਕਾਇਆ ਭੀਤਰਿ ਅਵਰੋ ਪੜਿਆ ਮੰਮਾ ਅਖਰੁ **ਵੀਸਰਿਆ**।" (ਭੁਲ ਗਿਆ)
— ਆਸਾ **੧**, ਪਟੀ ੨੮ : ੨ (434)

ਵੀਸਰੇ — ਭੁਲੇ
"ਨਾਨਕ ਅਉਗਣ **ਵੀਸਰੇ** ਗੁਰਿ ਰਾਖੇ ਪਤਿ ਤਾਹਿ।" — ਸਿਰੀ **੧**, ੧੫, ੪ : ੩ (20)

ਵੀਸਰੈ — ਭੁਲ ਜਾਵੈ
"ਮਤੁ ਦੇਖਿ ਭੂਲਾ **ਵੀਸਰੈ** ਤੇਰਾ ਚਿਤਿ ਨ ਆਵੈ ਨਾਉ।" — ਸਿਰੀ **੧**, ੧, ੧ : ੩ (14)
"ਮਾਇਆ ਮਨਹੁ ਨ **ਵੀਸਰੈ** ਮਾਂਗੈ ਦੰਮਾ ਦੰਮ।" (ਭੁਲਦੀ)
— ਮਾਰੂ **੫**, ਵਾਰ ੨੧ਸ, **੫**, ੧ : ੧ (1093)

ਵੀਹ — ਗਿਣਤੀ ਦੀ ਇਕ ਇਕਾਈ
"ਗਲੀਂ ਸੁ ਸਜਣ **ਵੀਹ** ਇਕੁ ਢੂੰਢੇਦੀ ਨ ਲਹਾਂ।" (ਭਾਵ ਕਈ) — ਸਲੋ **ਫਰ**, ੮੨ : ੧ (1382)

ਵੀਗਾ — ਟੇਢਾ
"ਵਾਟ ਨ ਪਾਵਉ **ਵੀਗਾ** ਜਾਉ।"
— ਆਸਾ **੧**, ੧੮, ੨ : ੧ (354)

ਵੀਚਾਰ — 1. ਵੀਚਾਰ ਕਰਨ ਵਾਲੇ
"ਅਸੰਖ ਭਗਤ ਗੁਣ ਗਿਆਨ **ਵੀਚਾਰ**।"
— ਜਪੁ **੧**, ੧੭ : ੫ (4)
2. ਵਿਵੇਕ ਨਾਲ ਕੀਤੀ ਪੁੰਨ ਛਾਣ ਅਥਵਾ ਵਿਵੇਚਨ, ਵਿਚਾਰ, ਚਿੰਤਨ
"ਆਪੁ ਛੋਡਿ ਜੀਵਤ ਮਰੈ ਗੁਰ ਕੈ ਸਬਦਿ **ਵੀਚਾਰ**।" — ਸਿਰੀ **੩**, ੫੩, ੪ : ੨ (34)
"ਤੀਰਥ ਧਰਮ **ਵੀਚਾਰ** ਨਾਵਣ ਪੁਰਬਾਣਿਆ।" (ਵਿਚਾਰਾਂ) — ਮਲਾ **੧**, ਵਾਰ ੧ : ੬ (1279)
3. ਖਿਆਲ
"ਆਪੈ ਜਾਣੈ ਸਰਬ **ਵੀਚਾਰ**।"
— ਮਾਝ **੧**, ਵਾਰ ੨੭ਸ, **੧**, ੨ : ੫ (150)
4. ਵਿਚਾਰ ਕੇ
"ਮਨਸਾ ਮਨਹਿ ਸਮਾਇਲੈ ਗੁਰ ਸਬਦੀ **ਵੀਚਾਰ**।"— ਭੈਰ **੩**, ੧੭, ੧ : ੧ (1132)

ਵੀਚਾਰਸਿ — ਵਿਚਾਰਦਾ ਹੈ
"ਆਪੇ ਸੁਰਤਾ ਸਚੁ **ਵੀਚਾਰਸਿ** ਆਪੇ ਬੂਝੈ ਪਦੁ ਨਿਰਬਾਣੀ।"— ਪ੍ਰਭਾ **੧**, ਅਸ ੨, ੫: ੨ (1345)

ਵੀਚਾਰਹਿ — ਵਿਚਾਰਦੇ ਹਨ
"ਨਾਨਕ **ਵੀਚਾਰਹਿ** ਸੰਤ ਜਨ ਚਾਰਿ ਵੇਦ ਕਹੰਦੇ।"
— ਗਉ **੪**, ਵਾਰ ੧੨ : ੧ (306)
"ਨਾਮੁ ਨ ਚੇਤਹਿ ਸਬਦੁ ਨ **ਵੀਚਾਰਹਿ** ਇਹੁ ਮਨਮੁਖ ਕਾ ਆਚਾਰੁ।" (ਵਿਚਾਰਦਾ)
— ਗੂਜ **੩**, ਵਾਰ ੧ਸ, **੩**, ੨ : ੩ (509)

ਵੀਚਾਰਹੁ — ਵਿਚਾਰੋ, ਵਿਚਾਰ ਕਰੋ
"ਤਤੁ **ਵੀਚਾਰਹੁ** ਸੰਤ ਜਨਹੁ ਤਾ ਤੇ ਬਿਘਨੁ ਨ ਲਾਗੈ।" — ਆਸਾ **੫**, ੧੧੪, ੧* : ੧ (399)

ਵੀਚਾਰਦਾ — ਵਿਚਾਰ ਕਰਦਾ ਹੈ
"ਸਭੁ ਕਿਛੁ ਜਾਣੈ ਜਾਣੁ ਬੁਝਿ **ਵੀਚਾਰਦਾ**।"
— ਗੂਜ **੫**, ਵਾਰ ੪ : ੪ (519)

ਵੀਚਾਰਾ — 1. ਵਿਚਾਰ ਕੀਤਾ
"ਮਹਾ ਰੁਤੀ ਸਭ ਤੂੰ ਘੜੀ ਮੂਰਤ **ਵੀਚਾਰਾ**।" (ਭਾਵ ਧਿਆਨ ਕੀਤਾ, ਬਾਰੇ ਚਿੰਤਨ ਕੀਤਾ)
— ਮਾਝ **੧**, ਵਾਰ ੬ : ੧ (140)
2. ਵਿਚਾਰ ਨੂੰ, ਖਿਆਲ ਨੂੰ, ਚਿੰਤਨ ਨੂੰ
"ਮਨਮੁਖ ਦੂਜੈ ਪਚਿ ਮੁਏ ਨਾ ਬੂਝਹਿ **ਵੀਚਾਰਾ**।"
— ਮਾਝ **੧**, ਵਾਰ ੭ : ੪ (141)
"ਵਿਰਲਾ ਕੋ ਪਾਏ ਗੁਰ ਸਬਦਿ **ਵੀਚਾਰਾ**।"
— ਗਉ **੩**, ੩੦, ੩ : ੨ (160)
3. ਵਿਚਾਰ ਕੇ
"ਬਿਨੁ ਗੁਰ ਸਬਦ ਨ ਛੂਟੀਐ ਦੇਖਹੁ **ਵੀਚਾਰਾ**।"
— ਗਉ **੧**, ਅਸ ੧੮, ੧* : ੧ (229)
"ਗੁਰਮੁਖਿ ਸੇਵਿਆ ਸਬਦਿ **ਵੀਚਾਰਾ**।"
— ਮਾਰੂ **੩**, ਸੋਲਾ ੬, ੯ : ੨ (1049)
"ਆਪੇ ਮੇਲੈ ਗੁਰ ਸਬਦਿ **ਵੀਚਾਰਾ**।" (ਵਿਚਾਰ ਦੁਆਰਾ)— ਮਾਰੂ **੩**, ਸੋਲਾ ੯, ੨ : ੨ (1052)
4. ਵਿਚਾਰ, ਚਿੰਤਨ
"ਤੀਰਥੁ ਮਜਨੁ ਗੁਰ **ਵੀਚਾਰਾ**।"
— ਆਸਾ **੧**, ਅਸ ੧, ੫ : ੨ (411)
"ਰਾਮ ਨਾਮ ਬਿਨੁ ਮੁਕਤਿ ਨ ਹੋਈ ਨਾਨਕ ਕਹੈ **ਵੀਚਾਰਾ**।"
— ਆਸਾ **੧**, ਛੰਤ ੨, ੪ : ੬ (437)
5. ਵਿਚਾਰਦਾ ਹੈ, ਵਿਚਾਰ ਕਰਦਾ ਹੈ
"ਸਭੁ ਜਗੁ ਹਾਰੈ ਸੋ ਜਿਣੈ ਗੁਰ ਸਬਦੁ **ਵੀਚਾਰਾ**।"
— ਆਸਾ **੧**, ਅਸ ੨੨, ੫ : ੨ (422)
6. ਵੀਚਾਰਿਆ, ਭਾਵ ਸਮਝਿਆ
"ਦਾਨਾ ਕੈ ਸਿਰਿ ਦਾਨੁ **ਵੀਚਾਰਾ**।"
— ਮਾਰੂ **੧**, ਸੋਲਾ ੧੪, ੧੫ : ੧ (1035)

ਵੀਚਾਰਿ — 1. ਵਿਚਾਰ ਕਰਨ ਵਿਚ ਭਾਵ ਵਿਚਾਰਨ ਦੀ
"ਜੋਰੁ ਨ ਸੁਰਤੀ ਗਿਆਨਿ **ਵੀਚਾਰਿ**।"
— ਜਪੁ **੧**, ੩੩ : ੫ (7)
2. ਵਿਚਾਰ ਕਰਨ ਨਾਲ, ਵਿਚਾਰ ਦੁਆਰਾ, ਵਿਚਾਰ ਰਾਹੀਂ
"ਨਾਨਕ ਬੇੜੀ ਸਚ ਕੀ ਤਰੀਐ ਗੁਰ **ਵੀਚਾਰਿ**।"
— ਸਿਰੀ **੧**, ੧੬, ੧ : ੧ (20)
"ਸਿਖੀ ਸਿਖਿਆ ਗੁਰ **ਵੀਚਾਰਿ**।"
— ਆਸਾ **੧**, ਵਾਰ ੫ਸ, **੧**, ੨ : ੧੩ (465)
3. ਖਿਆਲ ਨਾਲ
"ਸਭੁ ਕੋ ਆਖੈ ਬਹੁਤੁ ਬਹੁਤੁ ਲੈਣੈ ਕੈ **ਵੀਚਾਰਿ**।"
— ਸਿਰੀ **੧**, ਅਸ ੧, ੭ : ੧ (53)
"ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ **ਵੀਚਾਰਿ**।"
— ਆਸਾ **੧**, ਵਾਰ ੬ਸ, **੧**, ੧ : ੭ (466)
4. ਵਿਚਾਰ ਕੇ, ਸੋਚ ਕੇ
"ਲਾਹਾ ਅਹਿਨਿਸਿ ਨਉਤਨਾ ਪਰਖੇ ਰਤਨੁ **ਵੀਚਾਰਿ**।"— ਸਿਰੀ **੧**, ਅਸ ੬, ੩: ੧ (56)
"ਅੰਧੇ ਜੀਵਨਾ **ਵੀਚਾਰਿ** ਦੇਖਿ ਕੇਤੇ ਕੇ ਦਿਨਾ।"
— ਧਨਾ **੧**, ੨, ੧* : ੧ (660)
5. ਵਿਚਾਰ ਨੂੰ
"ਸੁਣਿ ਮਨ ਮੇਰੇ ਸਬਦੁ **ਵੀਚਾਰਿ**।"
— ਗਉ **੩**, ੩੧, ੧* : ੧ (161)
6. ਉਪਦੇਸ਼ ਰਾਹੀਂ
"ਭਗਤਿ ਨਿਰਾਲੀ ਅਲਾਹ ਦੀ ਜਾਪੈ ਗੁਰ **ਵੀਚਾਰਿ**।"
— ਆਸਾ **੩**, ਅਸ ੩੬, ੯ : ੧ (430)
"ਜਾ ਕੀ ਭਗਤਿ ਕਰਹਿ ਜਨ ਪੂਰੇ ਮੁਨਿ ਜਨ ਸੇਵਹਿ ਗੁਰ **ਵੀਚਾਰਿ**।"
— ਗੂਜ **੧**, ੨, ੧* : ੨ (489)
7. ਵਿਚਾਰੋ
"ਇਕਾ ਬਾਣੀ ਇਕੁ ਗੁਰੁ ਇਕੋ ਸਬਦੁ **ਵੀਚਾਰਿ**।"
— ਸੋਰ **੪**, ਵਾਰ ੧੦ਸ, **੩**, ੨ : ੧ (646)
"ਗੁਰ ਕਾ ਸਬਦੁ **ਵੀਚਾਰਿ** ਜੋਗੀ।"
— ਰਾਮ **੧**, ੧੧, ੩ : ੧ (879)

8. ਸਮਝੋ, ਜਾਣੋ
"ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ **ਵੀਚਾਰਿ**।"
— ਰਾਮ **੧**, ਅਸ ੧, ੧* : ੨ (902)
9. ਵਿਚਾਰਵਾਨ, ਗਿਆਨੀ
"ਆਚਾਰਿ ਤੂ **ਵੀਚਾਰਿ** ਆਪੇ ਹਰਿ ਨਾਮੁ ਸੰਜਮ ਜਪ ਤਪੋ।"
— ਤੁਖਾ **੧**, ਛੰਤ ੬, ੨ : ੫ (1113)

ਵੀਚਾਰਿਆ — ਵਿਚਾਰ ਕੀਤਾ, ਸੋਚਿਆ, ਨਿਰਣਾ ਕੀਤਾ
"ਗੁਰਿ ਤੀਜੀ ਪੀੜੀ **ਵੀਚਾਰਿਆ** ਕਿਆ ਹਥਿ ਏਨਾ ਵੇਚਾਰੇ।"
— ਗਉ **੪**, ਵਾਰ ੧੪ਸ, **੪**, ੧ : ੬ (307)
"ਭਾਈ ਏਹੁ ਤਪਾ ਨ ਹੋਵੀ ਬਗੁਲਾ ਹੈ ਬਹਿ ਸਾਧ ਜਨਾ **ਵੀਚਾਰਿਆ**।" (ਵਿਚਾਰ ਕੀਤੀ ਭਾਵ ਨਿਰਣਾ ਕੀਤਾ ਹੈ)
— ਗਉ **੪**, ਵਾਰ ੩੦ਸ, **੪**, ੧ : ੫ (315)

ਵੀਚਾਰੀ — 1. ਵਿਚਾਰ ਕਰਾਂ
"ਗੁਣ **ਵੀਚਾਰੀ** ਗੁਣ ਸੰਗ੍ਰਹਾ ਅਵਗੁਣ ਕਢਾ ਧੋਇ।"
— ਸਿਰੀ **੩**, ੬੦, ੪ : ੨ (37)
2. ਵਿਚਾਰਵਾਨ
"ਨਾਨਕ ਨਾਮਿ ਰਤੇ **ਵੀਚਾਰੀ** ਸਚੋ ਸਚੁ ਕਮਾਵਣਿਆ।"
— ਮਾਝ **੩**, ਅਸ ੧੯, ੮ : ੩ (121)
"ਵਿਦਿਆ **ਵੀਚਾਰੀ** ਤਾਂ ਪਰਉਪਕਾਰੀ।"
— ਆਸਾ **੧**, ੨੫, ੧ : ੧ (356)
"ਘਰ ਮਹਿ ਪੰਚ ਵਰਤਦੇ ਪੰਚੇ **ਵੀਚਾਰੀ**।" (ਵਿਚਾਰਵਾਨ ਹੋ ਕੇ)
— ਆਸਾ **੩**, ਅਸ ੨੬, ੮ : ੨ (425)
3. ਵਿਚਾਰਦੀ ਹੈ
"ਹਰਿ ਸਿਉ ਰਾਤੀ ਸਬਦੁ **ਵੀਚਾਰੀ**।"
— ਆਸਾ **੧**, ੧੪, ੩ : ੨ (353)
"ਐਸੇ ਪ੍ਰੇਮ ਭਗਤਿ **ਵੀਚਾਰੀ**।" (ਵਿਚਾਰੀ ਜਾਂਦੀ ਹੈ) — ਆਸਾ **੧**, ਅਸ ੬, ੧* : ੧ (414)
"ਤਾ ਕੇ ਰੂਪ ਨ ਜਾਹੀ ਲਖਣੇ ਕਿਆ ਕਰਿ ਆਖਿ **ਵੀਚਾਰੀ**।" (ਵਿਚਾਰ ਕੇ)
— ਆਸਾ **੩**, ਅਸ ੨੩, ੨ : ੨ (423)
"ਸਿਧ ਸਾਧਿਕ ਲਿਵ ਲਾਗੀ ਨਾਚੇ ਜਿਨ ਗੁਰਮੁਖਿ ਬੁਧਿ **ਵੀਚਾਰੀ**।" (ਵਿਚਾਰਿਆ ਹੈ)
— ਗੂਜ **੩**, ਅਸ ੧, ੪ : ੨ (506)
"ਸਦਾ ਸੁਖੁ ਸਾਚੈ ਸਬਦਿ **ਵੀਚਾਰੀ**।" (ਵਿਚਾਰਿਆਂ, ਵਿਚਾਰ ਕੇ)
— ਵਡ **੩**, ੨, ੧* : ੧ (560)
4. ਵਿਚਾਰ ਭਾਵ ਗਿਆਨ
"ਭਿਖਿਆ ਸਹਜ **ਵੀਚਾਰੀ** ਖਾਇ।"
— ਰਾਮ **੧**, ਅਸ ੨, ੨ : ੪ (903)

ਵੀਚਾਰੀਆ — ਵਿਚਾਰਵਾਨ
"ਮਨ ਕਰਹਲਾ **ਵੀਚਾਰੀਆ** ਹਰਿ ਰਾਮ ਨਾਮ ਧਿਆਇ।" — ਗਉ **੪**, ਕਰ ੧, ੨ :੧ (234)
"ਗੁਰਿ ਸਬਦੁ ਦੀਆ ਦਾਨੁ ਕੀਆ ਨਾਨਕਾ **ਵੀਚਾਰੀਆ**।" (ਵਿਚਾਰਵਾਨਾਂ ਨੂੰ)
— ਬਿਲਾ **੧**, ਛੰਤ ੧, ੨ : ੬ (843)

ਵੀਚਾਰੀਐ — ਵਿਚਾਰ ਕਰੀਏ, ਧਿਆਨ ਵਿਚ ਲਿਆਈਏ
"ਏਕੋ ਸਬਦੁ **ਵੀਚਾਰੀਐ** ਅਵਰ ਤਿਆਗੈ ਆਸ।"
— ਸਿਰੀ **੧**, ੧੨, ੪ : ੨ (18)
"ਜੇ ਵੇਲਾ ਵਖਤੁ **ਵੀਚਾਰੀਐ** ਤਾ ਕਿਤੁ ਵੇਲਾ ਭਗਤਿ ਹੋਇ।" (ਧਿਆਨ ਵਿਚ ਰਖੀਏ)
— ਸਿਰੀ **੩**, ੫੫, ੧ : ੧ (35)
"ਪੜਿਆ ਅਤੈ ਓਮੀਆ ਵੀਚਾਰੁ ਅਗੈ **ਵੀਚਾਰੀਐ**।" (ਭਾਵ ਨਿਰਣਾ)
— ਆਸਾ **੧**, ਵਾਰ ੧੨ : ੪ (469)

ਵੀਚਾਰੁ — 1. ਖਿਆਲ, ਗਲ, ਮਤਿ, ਗਿਆਨ
"ਗਾਵੈ ਕੋ ਵਿਦਿਆ ਵਿਖਮੁ **ਵੀਚਾਰੁ**।"
— ਜਪੁ **੧**, ੩ : ੪ (2)
"ਨਾਨਕ ਸਾਚੁ ਕਹੈ **ਵੀਚਾਰੁ**।"
— ਆਸਾ **੩**, ਅਸ ੨੪, ੮ : ੧ (423)
"ਧੰਧੈ ਧਾਵਤ ਜਗੁ ਬਾਧਿਆ ਨਾ ਬੂਝੈ **ਵੀਚਾਰੁ**।"
— ਮਾਰੂ **੧**, ਅਸ ੨, ੨ : ੧ (1010)
"ਵਾਹੁ ਵਾਹੁ ਸਤਿਗੁਰੁ ਸੁਜਾਣੁ ਹੈ ਜਿਸੁ ਅੰਤਰਿ ਬ੍ਰਹਮ **ਵੀਚਾਰੁ**।" (ਆਤਮ, ਗਿਆਨ)
— ਸਲੋ **੪**, ੨ : ੫ (1421)
2. ਵਿਵੇਚਨ, ਵਿਚਾਰ ਕਰਨਾ
"ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ **ਵੀਚਾਰੁ**।"
— ਜਪੁ **੧**, ੪ : ੫ (2)

"ਕੁਦਰਤਿ ਕਵਣ ਕਹਾ **ਵੀਚਾਰੁ**।" (ਵਿਚਾਰ ਕਰ ਸਕਾਂ) — ਜਪੁ **੧**, ੧੬ : ੨੨ (3)
"ਕਰਮੀ ਕਰਮੀ ਹੋਇ **ਵੀਚਾਰੁ**।" (ਭਾਵ ਨਿਰਣਾ) — ਜਪੁ **੧**, ੩੪ : ੬ (7)
"ਹਉਮੈ ਗਰਬੁ ਗਵਾਈਐ ਪਾਈਐ **ਵੀਚਾਰੁ**।" (ਵਿਚਾਰ ਕਰਨ ਦਾ ਗੁਣ) — ਆਸਾ **੧**, ਅਸ ੨੦, ੨ : ੧ (421)
"ਤ੍ਰੈਗੁਣ ਸਭਾ ਧਾਤੁ ਹੈ ਪੜਿ ਪੜਿ ਕਰਹਿ **ਵੀਚਾਰੁ**।" (ਵਿਚਾਰਦੇ) — ਮਲਾ **੩**, ਅਸ ੨, ੬ : ੧ (1277)

3. ਅਨੁਮਾਨ, ਅੰਦਾਜ਼ਾ
"ਕੇਤਿਆ ਗਣਤ ਨਹੀ **ਵੀਚਾਰੁ**।" — ਜਪੁ **੧**, ੨੫ : ੪ (5)

4. ਵਿਚਾਰਵਾਨ
"ਆਚਾਰਾ **ਵੀਚਾਰੁ** ਸਰੀਰਿ।" — ਧਨਾ **੧**, ਅਸ ੨, ੭ : ੧ (686)

ਵੀਚਾਰੇ — 1. ਵਿਚਾਰਦਾ ਹੈ
"ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ **ਵੀਚਾਰੇ**।" — ਜਪੁ **੧**, ੨੭ : ੫ (6)

2. ਵਿਚਾਰ ਅੰਦਰ, ਵਿਚਾਰ ਵਿਚਾਰ ਕੇ, ਵਿਚਾਰ ਰਾਹੀਂ, ਵਿਚਾਰ ਦੁਆਰਾ
"ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ **ਵਿਚਾਰੇ**।" — ਜਪੁ **੧**, ੨੭ : ੮ (6)
"ਆਸਣਿ ਬੈਸਣਿ ਥਿਰੁ ਨਾਰਾਇਣੁ ਤਿਤੁ ਮਨੁ ਰਾਤਾ **ਵੀਚਾਰੇ**।" — ਆਸਾ **੧**, ਛੰਤ ੨, ੧ : ੫ (436)

3. ਵਿਚਾਰ ਕਰੇ
"ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ **ਵੀਚਾਰੇ**।" — ਜਪੁ **੧**, ੨੭ : ੧੬ (6)
"ਵਖਤੁ **ਵੀਚਾਰੇ** ਸੁ ਬੰਦਾ ਹੋਇ।" (ਭਾਵ ਚੰਗੀ ਤਰ੍ਹਾਂ ਵਰਤੇ) — ਸਿਰੀ **੪**, ਵਾਰ ੪ਸ, **੧**, ੧ : ੨ (84)
"ਇਸੁ ਪਦ **ਵੀਚਾਰੇ** ਸੋ ਜਨੁ ਪੂਰਾ ਤਿਸੁ ਮਿਲੀਐ ਭਰਮੁ ਚੁਕਾਇਦਾ।" — ਮਾਰੂ **੧**, ਸੋਲਾ ੧੭, ੩ : ੩ (1037)

4. ਵਿਚਾਰ ਨੂੰ, ਤਤ ਨੂੰ
"ਦੁਸਟ ਚਉਕੜੀ ਸਦਾ ਕੂੜ ਕਮਾਵਹਿ ਨ ਬੂਝਹਿ **ਵੀਚਾਰੇ**।" — ਸੋਰ **੩**, ੫, ੨ : ੧ (601)

5. ਵਿਚਾਰਵਾਨ
"ਸਾਧਿਕ ਸਾਚ ਭਲੇ **ਵੀਚਾਰੇ**।" — ਮਾਰੂ **੧**, ਸੋਲਾ ੧੪, ੧੦ : ੨ (1035)
"ਹੁਕਮੇ ਸਿਧ ਸਾਧਿਕ **ਵੀਚਾਰੇ**।" — ਮਾਰੂ **੧**, ਸੋਲਾ ੧੬, ੧੪ : ੨ (1037)

ਵੀਚਾਰੈ — 1. ਵਿਚਾਰਨ ਨਾਲ
"ਹਉਮੈ ਨਿਵਰੈ ਗੁਰਸਬਦੁ **ਵੀਚਾਰੈ**।" — ਗਉ **੧**, ਅਸ ੧੩, ੩ : ੧ (226)
"ਸਬਦੁ **ਵੀਚਾਰੈ** ਚੂਕਸਿ ਸੋਗਾ।" — ਰਾਮ **੧**, ਅਸ ੨, ੭ : ੨ (903)

2. ਵਿਚਾਰ ਕਰੇ
"ਸਤਿਗੁਰੁ ਸੇਵਿ ਤਤੁ **ਵੀਚਾਰੈ**।" — ਆਸਾ **੧**, ੧੪, ੩ : ੪ (353)

ਵੀਚਾਰੋ — ਵਿਚਾਰ, ਚਿੰਤਨ
"ਤੇਰਾ ਨਾਮੁ ਸਚਾ ਜੀਉ ਸਬਦੁ ਸਚਾ **ਵੀਚਾਰੋ**।" — ਗਉ **੧**, ਛੰਤ ੨, ੪ : ੧ (243)
"ਆਵਣ ਜਾਵਣੁ ਠਾਕਿ ਰਹਾਏ ਗੁਰਮੁਖਿ ਤਤੁ **ਵੀਚਾਰੋ**।" (ਵਿਚਾਰ ਕੇ, ਵਿਚਾਰ ਰਾਹੀਂ) — ਆਸਾ **੧**, ਛੰਤ ੩, ੩ : ੪ (437)
"ਸੂਰਜੁ ਚੰਦੁ ਸਿਰਜਿਅਨੁ ਅਹਿਨਿਸਿ ਚਲਤੁ **ਵੀਚਾਰੋ**।" (ਵਿਚਾਰਦਾ ਹੈ, ਨਿਗਰਾਨੀ ਕਰਦਾ ਹੈ) — ਵਡ **੧**, ਅਲਾ ੩, ੧ : ੪ (580)

ਵੀਚਾਰੋਵਾ — ਵਿਚਾਰ ਅਨੁਸਾਰ
"ਸਿਰਿ ਸਿਰਿ ਸਚੜੈ ਲਿਖਿਆ ਦੁਖੁ ਸੁਖੁ ਪੁਰਬਿ **ਵੀਚਾਰੋਵਾ**।"— ਵਡ **੧**, ਅਲਾ ੪, ੨ : ੨ (581)

ਵੀਛੁੜਣਾ — ਵਿਛੜਨਾ, ਵਖ ਹੋਣਾ
"ਸਰਪਰ **ਵੀਛੁੜਣਾ** ਮੋਹੇ ਪਛੁਤਾਣੇ ਰਾਮ।" — ਬਿਹਾ **੫**, ਛੰਤ ੯, ੩ : ੨ (548)

ਵੀਛੁੜਿ — ਵਿਛੜ ਕੇ, ਵੱਖ ਹੋ ਕੇ
"ਮਨਮੁਖਿ ਸੋਝੀ ਨ ਪਵੈ **ਵੀਛੁੜਿ** ਚੋਟਾ ਖਾਇ।" — ਸਿਰੀ **੧**, ਅਸ ੧੧, ੧੦ : ੨ (60)

ਵੀਛੁੜਿਆ — ਵੱਖ ਹੋਇਆ, ਵਿਛੜਿਆ, ਵਿਯੋਗਿਆ
"ਜਾ ਤੇ **ਵੀਛੁੜਿਆ** ਤਿਨਿ ਆਪਿ ਮਿਲਾਇਆ ਰਾਮ।" — ਬਿਹਾ **੫**, ਛੰਤ ੮, ੪ : ੧ (547)

ਵੀਛੁੜੇ — ਵੱਖ ਹੋਏ, ਵਿਯੋਗੇ ਗਏ

"ਕਿਰਤਿ ਕਰਮ ਕੇ **ਵੀਛੁੜੇ** ਕਰਿ ਕਿਰਪਾ ਮੇਲਹੁ ਰਾਮ॥" — ਮਾਝ **੫**, ਬਾਰਾ ੧ : ੧ (133)

ਵੀਛੁੜੈ — ਵੱਖ ਹੁੰਦੇ, ਵਿਛੁੜਦੇ
"ਸਬਦਿ ਮਿਲੀ ਨ **ਵੀਛੁੜੈ** ਪਿਰ ਕੈ ਅੰਕਿ ਸਮਾਇ।" — ਸਿਰੀ **੩**, ਅਸ ੨੧, ੨ : ੩ (66)

ਵੀਥਰੈ — ਵਿਸਥਾਰ ਕਰਦੀ ਹੈ, ਖਿਲਾਰਦੀ ਹੈ
"ਗੁਣਵੰਤੀ ਗੁਣ **ਵੀਥਰੈ** ਅਉਗੁਣਵੰਤੀ ਝੂਰਿ।" — ਸਿਰੀ **੧**, ੮, ੧ : ੧ (17)

ਵੀਰ — 1. ਬਹਾਦਰ, ਜੋਧੇ
"ਗਾਵਨਿ ਜਤੀ ਸਤੀ ਸੰਤੋਖੀ ਗਾਵਹਿ **ਵੀਰ** ਕਰਾਰੇ।" — ਜਪੁ **੧**, ੨੭ : ੯ (6)
2. ਭਰਾ ਭਾਵ ਸਾਕ ਸੰਬੰਧੀ
"ਜਾਨੀ ਘਤਿ ਚਲਾਇਆ ਲਿਖਿਆ ਆਇਆ ਰੁੰਨੇ **ਵੀਰ** ਸਬਾਏ।" — ਵਡ **੧**, ਅਲਾ ੧, ੧ : ੩ (579)
3. ਬੀਰ (ਹਨੂਮਾਨ, ਭੈਰਉ ਆਦਿ) ਜੋ ਪੁਰਾਣਾ ਅਨੁਸਾਰ 52 ਹਨ
"ਵੀਰਵਾਰਿ **ਵੀਰ** ਭਰਮਿ ਭੁਲਾਏ।" — ਬਿਲਾ **੩**, ਵਾ ੧, ੬ : ੧ (841)

ਵੀਰਵਾਰਿ — ਹਫਤੇ ਦਾ ਚੌਥਾ ਦਿਨ
"**ਵੀਰਵਾਰਿ** ਵੀਰ ਭਰਮਿ ਭੁਲਾਏ।" — ਬਿਲਾ **੩**, ਵਾ ੧, ੬ : ੧ (841)

ਵੀਵਾਹੀ — ਵਿਆਹੀ ਗਈ, ਪਰਨਾਹੀ ਗਈ
"ਜਾਂ ਕੁਆਰੀ ਤਾ ਚਾਉ **ਵੀਵਾਹੀ** ਤਾਂ ਮਾਮਲੇ।" — ਸਲੋ **ਫਰ**, ੬੩ :੧ (1381)

ਵੀਵਾਹੁ — ਵਿਆਹ
"**ਵੀਵਾਹੁ** ਹੋਆ ਸੋਭ ਸੇਤੀ ਪੰਚ ਸਬਦੀ ਆਇਆ।" — ਸੂਹੀ **੧**, ਛੰਤ ੪, ੧ : ੫ (765)

ਵੁਠਉ — ਵਸਿਆ
"ਤ ਧਰਿਓ ਮਸਤਕਿ ਹਥੁ ਸਹਜਿ ਅਮਿਉ **ਵੁਠਉ** ਛਜਿ ਸੁਰਿ ਨਰ ਗਣ ਮੁਨਿ ਬੋਹਿਥ ਅਗਾਜਿ।" — ਸਵ **੨**, ੧ : ੩ (1391)

ਵੁਠੜਾ — ਵਸਿਆ, ਸਥਿਤ ਹੋਇਆ, ਨਿਵਾਸ ਕੀਤਾ
"ਜਨ ਨਾਨਕਿ ਕਮਲੁ ਪਰਗਾਸਿਆ ਮਨਿ ਹਰਿ ਹਰਿ **ਵੁਠੜਾ** ਹੇ।" — ਸਿਰੀ **੪**, ਵਣ ੧, ੪ : ੫ (82)

ਵੁਠਾ — 1. ਵਸਿਆ, ਆ ਟਿਕਿਆ, ਸਥਿਤ ਹੋਇਆ, ਨਿਵਾਸ ਕੀਤਾ
"ਸਚਾ ਸਾਹਿਬੁ ਮਨਿ **ਵੁਠਾ** ਹੋਆ ਖਸਮੁ ਦਇਆਲੁ।" — ਸਿਰੀ **੫**, ੯੮, ੧ : ੨ (52)
"ਕੰਨੁ ਕੋਈ ਕਢਿ ਨ ਹੰਘਈ ਨਾਨਕ **ਵੁਠਾ** ਘੁਘਿ ਗਿਰਾਉ ਜੀਉ।" (ਆਬਾਦ ਹੋਇਆ, ਵਸਿਆ) — ਸਿਰੀ **੫**, ਅਸ ੨੯, ੫ : ੩ (73)
2. ਵਰ੍ਹਿਆ, ਵਸਿਆ
"ਇੰਦ੍ਰੈ ਨੋ ਫੁਰਮਾਇਆ **ਵੁਠਾ** ਛਹਬਰ ਲਾਇ।" — ਮਲਾ **੧**, ਵਾਰ ੭ਸ, **੩**, ੨ : ੩ (1281)
"ਹਰਿ ਦਾਤੈ ਦਾਤਾਰਿ ਹਥੁ ਕਢਿਆ ਮੀਹੁ **ਵੁਠਾ** ਸੈਸਾਰੇ।" — ਕਾਨ **੪**, ਵਾਰ ੧੪ਸ, **੪**, ੨ : ੩ (1318)

ਵੁਠਿਆ — ਵਸਣ ਨਾਲ, ਨਿਵਾਸ ਕਰਨ ਨਾਲ
"ਮਨ ਕੀ ਕਟੀਐ ਮੈਲੁ ਸਾਧਸੰਗਿ **ਵੁਠਿਆ**।" — ਗੂਜ **੫**, ਵਾਰ ੯ : ੨ (520)

ਵੁਠੀ — ਵਸਨਾ
"ਇਕੁ ਅਧੁ ਨਾਇ ਰਸੀਅੜਾ ਕਾ ਵਿਰਲੀ ਜਾਇ **ਵੁਠੀ**।" — ਗਉ **੫**, ੧੬੯*, ੩ : ੨ (218)
"ਓਦੋਸੀਆ ਘਰੇ ਹੀ **ਵੁਠੀ** ਕੁੜਿਇਂਂੀ ਰੰਨੀ ਧੰਮੀ।" (ਭਾਵ ਵਰਤੇ ਰਹਿਣਾ) — ਸਲੋ **੧**, ੨੯ : ੨ (1412)

ਵੁਠੀਆ — ਵਸੇਗੀ
"ਸਭ ਸੁਖਾਲੀ **ਵੁਠੀਆ** ਇਹੁ ਹੋਆ ਹਲੇਮੀ ਰਾਜੁ ਜੀਉ।" — ਸਿਰੀ **੫**, ਅਸ ੨੯, ੧੩ : ੩ (74)

ਵੁਠੇ — 1. ਵਸੇ, ਸਥਿਤ ਹੋਏ, ਨਿਵਾਸ ਕੀਤਾ
"ਹਰਿ ਪੀ ਆਘਾਨੇ ਅੰਮ੍ਰਿਤ ਬਾਨੇ ਸ੍ਰਬ ਸੁਖਾ ਮਨ **ਵੁਠੇ**।" — ਸਿਰੀ **੫**, ਛੰਤ ੨, ੫ : ੩ (80)
"ਸੁਖ ਸਹਜ ਆਨੰਦ **ਵੁਠੇ** ਤਿਤੁ ਘਰਿ।" (ਆ ਵਸੇ) — ਗੂਜ **੫**, ਵਾਰ ੨੧ : ੫ (524)
2. ਵਰ੍ਹੇ, ਵਸੇ, ਬਰਸੇ
"ਘਣ ਉਨਵਿ **ਵੁਠੇ** ਜਲ ਥਲ ਪੂਰਿਆ ਮਕਰੰਦ ਜੀਉ।" — ਰਾਮ **੫**, ਰੁਤੀ ੪ : ੨ (928)
"**ਵੁਠੇ** ਮੇਘ ਸੁਹਾਵਣੇ ਹੁਕਮੁ ਕੀਤਾ ਕਰਤਾਰਿ।" — ਸਾਰ **੪**, ਵਾਰ ੩੬ਸ, **੫**, ੨ : ੧ (1251)

ਵੁਠੈ — (ਮੀਂਹ) ਵਸਣ ਨਾਲ
"**ਵੁਠੈ** ਘਾਹੁ ਚਰਹਿ ਨਿਤਿ ਸੁਰਹੀ ਸਾ ਧਨ ਦਹੀ

ਵਿਲੋਵੈ।"
— ਮਾਝ **੧**, ਵਾਰ ੨੬ਸ, **੧**, ੧ : ੨੧ (150)

ਵੁਣਾਇਆ — ਉਨਾਇਆ
"ਵੇਲਿ ਪਿੰਞਾਇਆ ਕਤਿ **ਵੁਣਾਇਆ**।"
— ਰਾਮ **੩**, ਵਾਰ ੧੯ਸ, **੧**, ੧ : ੧ (955)

ਵੁੜੀ — ਵਗਦੀ, ਚਲਦੀ
"ਸਭਨਾ ਲਿਖਿਆ **ਵੁੜੀ** ਕਲਾਮ।"
— ਜਪੁ **੧**, ੧੬ : ੧੫ (3)
"ਜੈਸੀ ਕਲਮ **ਵੁੜੀ** ਹੈ ਮਸਤਕਿ ਤੈਸੀ ਜੀਅੜੇ ਪਾਸਿ।" (ਵਗੀ ਹੈ, ਚਲੀ ਹੈ)
— ਸਿਰੀ **੧**, ਪਹ ੧, ੧ : ੫ (74)

ਵੂਠਾ — 1. ਵਸਿਆ ਹੈ
"ਨਾਮ ਨਿਧਾਨ ਤਿਸਹਿ ਪਰਾਪਤਿ ਜਿਸੁ ਸਬਦੁ ਗੁਰੂ ਮਨਿ **ਵੂਠਾ** ਜੀਉ।"
— ਮਾਝ **੫**, ੨੨, ੨ : ੩ (101)
2. ਵਰ੍ਹਿਆ, ਬਰਸਿਆ
"ਹਰਿ ਘਟਿ ਘਟੇ ਡੀਠਾ ਅੰਮ੍ਰਿਤੋ **ਵੂਠਾ** ਜਨਮ ਮਰਣ ਦੁਖ ਨਾਠੇ।"
— ਆਸਾ **੫**, ਛੰਤ ੩, ੧ : ੩ (454)
"ਅਚਰਜੁ ਡੀਠਾ ਅਮਿਉ **ਵੂਠਾ** ਗੁਰ ਪ੍ਰਸਾਦੀ ਜਾਣਿਆ।"
— ਆਸਾ **੫**, ਛੰਤ ੧੨, ੨ : ੪ (460)

ਵੂਠਿਆ — ਵਸਿਆ
"ਸ੍ਰੀਰਾਮ ਰੰਗ ਅਪਾਰ ਪੂਰਨ ਨਹ ਨਿਮਖ ਮਨ ਮਹਿ **ਵੂਠਿਆ**।"
— ਜੈਤ **੫**, ਛੰਤ ੩, ੩ : ੫ (705)

ਵੂਠੇ — ਵਸੇ
"ਨਿਰਬਿਘਨ ਹੋਇ ਸਭ ਥਾਂਈ **ਵੂਠੇ**।"
— ਬਿਲਾ **੫**, ੨, ੩ : ੨ (801)

ਵੂਠੈ — ਵਸਣ ਨਾਲ
"ਹਰਿ ਹਰਿ ਮੁਖ ਤੇ ਬੋਲਨਾ ਮਨਿ **ਵੂਠੈ** ਸੁਖੁ ਹੋਇ।"
— ਗਉ **੫**, ਬਾਅ ੫੧ਸ : ੧ (260)

ਵੇ — 1. ਹੇ, ਸੰਬੋਧਕ ਸ਼ਬਦ
"ਮੇਰੇ ਮਨ ਪਰਦੇਸੀ **ਵੇ** ਪਿਆਰੇ ਆਉ ਘਰੇ।"
— ਆਸਾ **੪**, ਛੰਤ ੨੧, ੧ : ੧ (451)
"ਮਾਰੇਹਿਸੁ **ਵੇ** ਜਨ ਹਉਮੈ ਬਿਖਿਆ ਜਿਨਿ ਹਰਿ ਪ੍ਰਭ ਮਿਲਣ ਨ ਦਿਤੀਆ।"
— ਸੂਹੀ **੪**, ਛੰਤ ੬, ੧ : ੧ (776)
(ਮਹਾਨਕੋਸ਼ ਅਰਥ 'ਦੇਖ' ਕਰਦਾ ਹੈ)

ਵੇਸ — 1. (ਸੰ. ਵੇਸ਼ਃ) ਪਹਿਰਾਵਾ, ਲਬਾਸ, ਕਪੜੇ
"ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ **ਵੇਸ**।"
— ਜਪੁ **੧**, ੩੪ : ੪ (7)
"ਮੈਲੇ **ਵੇਸ** ਤਿਨਾ ਕਾਮਣੀ ਦੁਖੀ ਰੈਣਿ ਵਿਹਾਇ ਜੀਉ।"
— ਸਿਰੀ **੧**, ਅਸ ੨੮, ੨ : ੩ (72)
2. ਰੂਪ
"ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ **ਵੇਸ**।"
— ਜਪੁ **੧**, ੩੩ : ੨ (7)
"ਗੁਰੁ ਗੁਰੁ ਏਕੋ **ਵੇਸ** ਅਨੇਕ।"
— ਆਸਾ **੧**, ਸੋਲਾ ੨, ੧ : ੨ (12)
"ਨਾਨਕ ਕਰਤੇ ਕੇ ਕੇਤੇ **ਵੇਸ**।"
— ਆਸਾ **੧**, ਸੋਲਾ ੨, ੨ : ੩ (12)
"ਏਕ ਤੂ ਹੋਰਿ **ਵੇਸ** ਬਹੁਤੇਰੇ।" (ਭੇਖ, ਰੂਪ)
— ਆਸਾ **੧**, ੨੫, ੪ : ੧ (356)
3. ਸਿੰਗਾਰ
"ਏਤੇ **ਵੇਸ** ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ।"
— ਵਡ **੧**, ੩, ੧ : ੬ (557)
"ਹਉ ਸਭਿ **ਵੇਸ** ਕਰੀ ਪਿਰ ਕਾਰਣਿ ਜੇ ਹਰਿ ਪ੍ਰਭ ਸਾਚੇ ਭਾਵਾ।"
— ਵਡ **੪**, ੩, ੨ : ੧ (561)
"ਏ ਤ੍ਰੈ ਭੈਣੇ **ਵੇਸ** ਕਰਿ ਤਾਂ ਵਸਿ ਆਵੀ ਕੰਤੁ।"
— ਸਲੋ **ਫਰ**, ੧੨੨ : ੨ (1384)
(ਮਹਾਨਕੋਸ਼ ਇਥੇ ਅਰਥ 'ਕਰਮ' ਕਰਦਾ ਹੈ)

ਵੇਸਾ — 1. ਪੋਸ਼ਾਕ, ਲਿਬਾਸ
"ਇਹੁ ਕਾਪੜੁ ਤਨਿ ਨ ਸੁਖਾਵਈ ਕਰਿ ਨ ਸਕਉ ਹਉ **ਵੇਸਾ**।"
— ਵਡ **੫**, ੯, ੩ : ੩ (564)
2. ਰੂਪ, ਸਰੂਪ
"ਦੇਵੀ ਦੇਵ ਉਪਾਏ **ਵੇਸਾ**।"
— ਬਿਲਾ **੧**, ਥਿਤੀ ੪ : ੨ (839)
3. ਭੇਖ
"ਆਨ ਨ ਜਾਨਾ **ਵੇਸਾ**।"
— ਰਾਮ **੫**, ਅਸ ੧, ੧* : ੨ (912)

ਵੇਸਾਸੁ — ਭਰੋਸਾ, ਵਿਸ਼ਵਾਸ, ਵਿਸਾਹ, ਇਤਿਬਾਰ
"ਮਨਮੁਖਾ ਨੋ ਕੋ ਨ ਵਿਸਹੀ ਚੁਕਿ ਗਇਆ **ਵੇਸਾਸੁ**।"
— ਸੋਰ **੪**, ਵਾਰ ੩ਸ, **੩**, ੧: ੨ (643)

ਵੇਸਾਹਾ — ਵਣਜ ਕਰੋ ਭਾਵ ਪ੍ਰਾਪਤ ਕਰੋ, ਖਰੀਦੋ
"ਪੂੰਜੀ ਨਾਮੁ ਗੁਰਮੁਖਿ **ਵੇਸਾਹਾ**।"
— ਜੈਤ **੪**, ੧੧, ੧ : ੨ (699)

ਵੇਸਾਹਿ — ਇਤਬਾਰ ਨਾਲ, ਭਰੋਸੇ ਤੇ
"ਕਹੁ ਨਾਨਕ ਗੁਰ ਕੈ **ਵੇਸਾਹਿ**।"
— ਗਉ **੫**, ੮੫, ੪ : **੪** (181)

ਵੇਸਾਹੀਐ — ਵਿਹਾਜੀਏ, ਖਰੀਦੀਏ
"ਗੁਰਮੁਖਿ ਵਸਤੁ **ਵੇਸਾਹੀਐ** ਸਚੁ ਵਖਰੁ ਸਚੁ ਰਾਸਿ।" — ਸਿਰੀ **੧**, ੧੧, ੪ : ੧ (18)

ਵੇਸਾਹੁ — 1. ਭਰੋਸਾ, ਇਤਿਬਾਰ, ਵਿਸ਼ਵਾਸ
"ਤਿਸ ਹੀ ਕੀ ਕਰਿ ਆਸ ਮਨ ਜਿਸ ਕਾ ਸਭਸੁ **ਵੇਸਾਹੁ**।" — ਸਿਰੀ **੫**, ੨੨, ੧ : ੨ (44)
"ਲਾਹਾ ਨਾਮੁ ਪੂੰਜੀ **ਵੇਸਾਹੁ**।" (ਸਿਦਕ)
— ਰਾਮ **੧**, ਓਅੰ ੧੩ : ੨ (931)
"ਜਿਸੁ ਪਾਸਿ ਬਹਿਠਿਆ ਸੋਹੀਐ ਸਭਨਾ ਦਾ **ਵੇਸਾਹੁ**।" (ਸਿਦਕ ਦਾ ਆਸਰਾ)
— ਸਲੋ **੫**, ੨੨ : ੨ (1426)

2. ਖਰੀਦਿਆ ਹੈ
"ਮੈ ਹਰਿ ਨਾਮੁ ਨ ਵੀਸਰੈ ਹਰਿ ਨਾਮੁ ਰਤਨੁ **ਵੇਸਾਹੁ**।"— ਸਿਰੀ **੧**, ਅਸ ੧੬, ੮: ੨ (64)

3. ਸ਼ਾਖ, ਭਰੋਸਾ, ਇਤਿਬਾਰ
"ਹਰਿ ਮੇਰੀ ਪੂੰਜੀ ਮੇਰਾ ਹਰਿ **ਵੇਸਾਹੁ**।"
— ਆਸਾ **੫**, ੧੬, ੩ : ੧ (375)
"ਆਪੇ ਵਣਜੁ ਵਾਪਾਰੀਆ ਪਿਆਰਾ ਆਪੇ ਸਚੁ **ਵੇਸਾਹੁ**।" — ਸੋਰ **੪**, ੧, ੧ : ੩ (604)

4. ਵਣਜ, ਵਾਪਾਰ
"ਤਿਸ ਕੀ ਮੁਹਤਾਜੀ ਲੋਕੁ ਕਢਦਾ ਹੋਰਤੁ ਹਟਿ ਨ ਵਥੁ ਨ **ਵੇਸਾਹੁ**।"
— ਬਿਲਾ **੪**, ਵਾਰ ੨ : ੨ (852)

ਵੇਸੀ — ਵੇਸ ਨਾਲ, ਸਿੰਗਾਰ ਨਾਲ, ਰੂਪ ਬਣਾਨ ਨਾਲ, ਵੇਸ ਭੂਸ਼ਾ ਨਾਲ
"**ਵੇਸੀ** ਸਹੁ ਨ ਪਾਈਐ ਕਰਿ ਕਰਿ ਵੇਂਸ ਰਹੀ।"
— ਸੂਹੀ **੩**, ਵਾਰ ੨ਸ, **੩**, ੨ : ੨ (785)
"ਜਿਨੀ **ਵੇਸੀ** ਸਹੁ ਮਿਲੈ ਸੇਈ ਵੇਸੁ ਕਰੇਉ।"
— ਸਲੋ **ਫਰ**, ੧੦੩ : ੨ (1383)
(ਮਹਾਨਕੋਸ਼ ਅਰਥ 'ਕਰਮਾਂ' ਕਰਦਾ ਹੈ)

ਵੇਸੁ — 1. ਰੂਪ
"ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ **ਵੇਸੁ**।" — ਜਪੁ **੧**, ੨੮ : ੫ (6)
"ਅੰਤਰਿ ਮੈਲੁ ਨ ਉਤਰੈ ਧ੍ਰਿਗੁ ਜੀਵਣੁ ਧ੍ਰਿਗੁ **ਵੇਸੁ**।" (ਭੇਖ) — ਸਿਰੀ **੧**, ੨੨, ੧ : ੨ (22)

2. ਪਹਿਰਾਵਾ, ਲਬਾਸ
"ਫਾਹੀ ਸੁਰਤਿ ਮਲੂਕੀ **ਵੇਸੁ**।"
— ਸਿਰੀ **੧**, ੨੯, ੩ : ੧ (24)
"ਗਣਤ ਗਣਾਵਣਿ ਆਈਆ ਸੂਹਾ **ਵੇਸੁ** ਵਿਕਾਰੁ।"— ਸਿਰੀ **੧**, ਅਸ ੨, ੧: ੨ (54)
"ਗੁਰਿ ਮਿਲਿਐ **ਵੇਸੁ** ਪਲਟਿਆ ਸਾਧਨ ਸਚੁ ਸੀਗਾਰੋ।" (ਭਾਵ ਸੂਭਾ)
— ਵਡ **੧**, ਅਸ ੩, ੮ : ੧ (581)
"ਛੋਡਹੁ **ਵੇਸੁ** ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ।"— ਸੋਰ **੧**, ੯, ੧ : ੨ (598)
(ਮਹਾਨਕੋਸ਼ ਅਰਥ 'ਭੈੜੀ ਵਾਦੀ' ਕਰਦਾ ਹੈ)
"ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ **ਵੇਸੁ**।"
— ਸਲੋ **ਫਰ**, ੬੧ : ੧ (1381)
(ਮਹਾਨਕੋਸ਼ ਅਰਥ 'ਅੰਤਰਕਰਣ, ਮਨ' ਕਰਦਾ ਹੈ)

ਵੇਸੁਆ — ਦੁਰਾਚਾਰਣ, ਕੰਜਰੀ
"ਵਿਚਿ ਹਉਮੈ ਕਰਮ ਕਮਾਵਦੇ ਜਿਉ **ਵੇਸੁਆ** ਪੁਤੁ ਨਿਨਾਉ।" — ਸਿਰੀ **੪**, ਵਣ ੧, ੨ : ੨ (82)

ਵੇਸੇ — ਵੇਸ ਨਾਲ, ਪਹਿਰਾਵੇ ਨਾਲ
"ਜਮ ਮਾਰਗਿ ਨਹੀ ਜਾਣਾ ਸਬਦਿ ਸਮਾਣਾ ਜੁਗਿ ਜੁਗਿ ਸਾਚੈ **ਵੇਸੇ**।"
— ਵਡ **੧**, ਅਲਾ ੫, ੨ : ੫ (582)

ਵੇਸੋ — 1. ਸਰੂਪ (ਵਾਲਾ)
"ਘਟ ਘਟ ਅੰਤਰਿ ਸਰਬ ਨਿਰੰਤਰਿ ਰਵਿ ਰਹਿਆ ਸਚੁ **ਵੇਸੋ**।" — ਭੈਰ **੧**, ੬, ੧ : ੨ (1127)

2. ਪਹਿਰਾਵਾ, ਸਿੰਗਾਰ
"ਕਵਣੁ ਸੁ **ਵੇਸੋ** ਹਉ ਕਰੀ ਜਿਤੁ ਵਸਿ ਆਵੈ ਕੰਤੁ।" — ਸਲੋ **ਫਰ**, ੧੨੬ : ੨ (1384)

ਵੇਹਾਝੀਅਹਿ — ਖਰੀਦੀਏ
"ਗੁਰਮੁਖਿ ਗੁਣ **ਵੇਹਾਝੀਅਹਿ** ਮਲੁ ਹਉਮੈ ਕਢੈ ਧੋਇ।"— ਗਉ **੪**, ਵਾਰ ੧੯ਸ, **੪**, ੨ : ੨ (311)

ਵੇਕ — 1. ਵਖ
"ਨਾਨਕ ਆਪੇ **ਵੇਕ** ਕੀਤਿਅਨੁ ਨਾਮੇ ਲਇਅਨੁ

ਲਾਇ।" — ਵਡ **੩**, ੪, ੪ : ੨ (559)

2. ਅਡ ਅਡ, ਵਖ ਵਖ

"ਆਪੇ **ਵੇਕ** ਕਰੇ ਸਭਿ ਸਾਚਾ ਆਪੇ ਭੰਨਿ ਘੜਾਇਦਾ।"

— ਮਾਰੂ **੩**, ਸੋਲਾ ੧੮, ੨ : ੩ (1061)

"ਆਪਿ ਉਪਾਏ ਨਾਨਕਾ ਆਪੇ ਰਖੈ **ਵੇਕ**।"

— ਸਾਰ **੪**, ਵਾਰ ੨ਸ, **੨**, ੧ : ੧ (1237)

ਵੇਕਾ — 1. ਵਖ, ਅਡਰੇ, ਭਿੰਨ

"ਹੋਰਿ ਜੀਅ ਉਪਾਏ ਵੇਕੋ **ਵੇਕਾ**।"

— ਬਿਲਾ **੧**, ਥਿਤੀ ੧੪ : ੨ (840)

2. ਵਖਰਾ, ਅਡਰਾ

"ਆਪਿ ਉਪਾਏ ਕਰਿ ਵੇਖੈ **ਵੇਕਾ**।"

— ਬਿਲਾ **੩**, ਵਾ ੧, ੬ : ੩ (941)

ਵੇਕਾਰ — 1. ਵਿਕਾਰੀ

"ਕੇਤੇ ਖਪਿ ਤੁਟਹਿ **ਵੇਕਾਰ**।"

— ਜਪੁ **੧**, ੨੫ : ੫ (5)

"ਚੋਰਾ ਜਾਰਾ ਤੈ ਕੂੜਿਆਰਾ ਖਾਰਾਬਾ **ਵੇਕਾਰ**।" (ਵਿਕਾਰੀ ਲੋਕ)

— ਆਸਾ **੧**, ਵਾਰ ੬ਸ, **੧**, ੧ : ੯ (466)

2. ਵਿਅਰਥ

"ਅਗੈ ਗਇਆ ਜਾਣੀਐ ਵਿਣੁ ਨਾਵੈ **ਵੇਕਾਰ**।"

— ਸਿਰੀ **੧**, ੬, ੩ : ੩ (16)

"ਹੋਰ ਕਾਰ **ਵੇਕਾਰ** ਹੈ ਇਕਿ ਸਚੀ ਕਾਰੈ ਲਾਇਆ।"— ਮਾਝ **੧**, ਵਾਰ ੩ : ੬ (139)

3. ਐਬ, ਖਰਾਬੀ

"ਮੋਹੁ ਤੁਮ ਤਜਹੁ ਸਗਲ **ਵੇਕਾਰ**।"

— ਆਸਾ **੧**, ੨੩, ੧ : ੨ (356)

ਵੇਕਾਰਾ — ਐਬਾਂ ਵਿਚ ਫਸਿਆ, ਐਬੀ (ਵਿਕਾਰੀ) ਬਣ

"ਮਨੁ ਵੇਕਾਰੀ ਵੇੜਿਆ **ਵੇਕਾਰਾ** ਕਰਮ ਕਮਾਇ।"

— ਸਿਰੀ **੪**, ਵਾਰ ੧੩ਸ, **੩**, ੨ : ੧ (88)

ਵੇਕਾਰਿ — 1. ਵਿਕਾਰ ਵਿਚ, ਐਬ ਵਿਚ

"ਨਾ ਸੁਖੁ ਪੇਈਐ ਸਾਹੁਰੈ ਝੂਠਿ ਜਲੀ **ਵੇਕਾਰਿ**।"

— ਸਿਰੀ **੧**, ਅਸ ੫, ੪ : ੨ (56)

2. ਬੇਅਰਥ ਵਿਚ, ਫਜ਼ੂਲ ਵਿਚ

"ਵਿਣੁ ਨਾਵੈ **ਵੇਕਾਰਿ** ਭਰਮੇ ਪਚੀਐ।"

— ਮਾਝ **੧**, ਵਾਰ ੯ : ੪ (142)

ਵੇਕਾਰੀ — 1. ਵਿਕਾਰਾਂ ਨਾਲ

"ਮਨੁ **ਵੇਕਾਰੀ** ਵੇੜਿਆ ਵੇਕਾਰਾ ਕਰਮ ਕਮਾਇ।"

— ਸਿਰੀ **੪**, ਵਾਰ ੧੩ਸ, **੩**, ੨ : ੧ (88)

2. ਵਿਕਾਰੀ, ਐਬੀ

"ਇਸੁ ਆਗੈ ਕੋ ਨ ਟਿਕੈ **ਵੇਕਾਰੀ**।"

— ਸੋਰ **੫**, ੮੦, ੧ : ੩ (628)

3. ਖਰਾਬੀ ਵਾਲੇ

"ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ **ਵੇਕਾਰੀ**।"— ਸੋਰ **੧**, ਅਸ ੨, ੧ : ੩ (635)

4. ਬੁਰਾ

"ਜਨ ਭਲ ਮਾਨਹਿ ਨਿੰਦਕ **ਵੇਕਾਰੀ**।"

— ਗੋਂਡ **੫**, ਅਸ ੧, ੬ : ੨ (869)

ਵੇਕਾਰੁ — 1. ਫਜ਼ੂਲ, ਬੇਅਰਥ

"ਬਿਨੁ ਨਾਵੈ ਬੋਲੈ ਸਭੁ ਵੇਕਾਰੁ।"

— ਰਾਮ ੧, ਸਿਗੋ ੩੩ : ੫ (941)

2. ਐਬੀ, ਵਿਕਾਰੀ

"ਮਨੁ ਮੈਲਾ **ਵੇਕਾਰੁ** ਹੋਵੈ ਸੰਗਿ ਪਾਕੁ।"

— ਰਾਮ **੫**, ਵਾਰ ੫ : ੩ (959)

3. ਵਿਹਲਾ, ਬੇਕਾਰ

"ਹਉ ਢਾਢੀ **ਵੇਕਾਰੁ** ਕਾਰੈ ਲਾਇਆ।"

— ਮਾਝ **੧**, ਵਾਰ ੨੭ : ੧ (150)

ਵੇਕੀ — ਤਰ੍ਹਾਂ ਤਰ੍ਹਾਂ ਦਾ, ਵਖਰਾ ਵਖਰਾ, ਭਾਂਤ ਭਾਂਤ ਦਾ

"ਏਨਾ ਜੰਤਾ ਕੈ ਵਸਿ ਕਿਛੁ ਨਾਹੀ ਤੁਧੁ **ਵੇਕੀ** ਜਗਤੁ ਉਪਾਇਆ।"

— ਆਸਾ **੧**, ਵਾਰ ੧੧ : ੨ (469)

ਵੇਕੋ ਵੇਕਾ — ਭਾਂਤ ਭਾਂਤ ਦੇ, ਵੱਖ ਵੱਖ ਤਰ੍ਹਾਂ ਦੇ

"ਹੋਰਿ ਜੀਅ ਉਪਾਏ **ਵੇਕੋ ਵੇਕਾ**।"

— ਬਿਲਾ **੧**, ਥਿਤੀ ੧੪ : ੨ (840)

ਵੇਖਹਿ — ਵੇਖਦਾ ਹੈਂ

"ਤੂ ਕਰਿ ਕਰਿ **ਵੇਖਹਿ** ਜਾਣਹਿ ਸੋਇ।"

— ਆਸਾ **੪**, ਸੋਪੁ ੨, ੪ : ੩ (12)

ਵੇਖਹੁ — ਵੇਖੋ, ਵੇਖ ਲਵੋ

"ਬਿਨੁ ਸਤਿਗੁਰ ਕਿਨੈ ਨ ਪਾਇਓ ਕਰਿ **ਵੇਖਹੁ** ਮਨਿ ਵੀਚਾਰਿ।"— ਸਿਰੀ **੩**, ੫੯, ੧ : ੩ (37)

"ਮੰਦਾ ਕਿਸ ਨੋ ਆਖੀਐ ਸਬਦਿ **ਵੇਖਹੁ** ਲਿਵ ਲਾਇ।" (ਅਜ਼ਮਾ ਲਵੋ)

— ਸੂਹੀ **੩**, ਅਸ ੪, ੬ : ੨ (757)

"ਚਉਕਾ ਦੇ ਕੈ ਸੁਚਾ ਹੋਇ।ਐਸਾ ਹਿੰਦੂ **ਵੇਖਹੁ** ਕੋਇ।" (ਲਭੋ, ਭਾਲੋ)

— ਰਾਮ **੩**, ਵਾਰ ੧੧ਸ, **੧**, ੧:੧੩;੧੪ (951)

ਵੇਖਣ — ਦੇਖਣ, ਦਰਸ਼ਨ ਕਰਨ

"ਗੁਰ **ਵੇਖਣ** ਕਉ ਸਭੁ ਕੋਈ ਲੋਚੈ ਨਵ ਖੰਡ ਜਗਤਿ ਨਮਸਕਾਰਿਆ।"

— ਗਉ **੪**, ਵਾਰ ੨੦ਸ, **੪**, ੨ : ੪ (311)

ਵੇਖਣਹਾਰਾ — ਦਰਸ਼ਕ, ਵੇਖਣ ਵਾਲਾ

"ਜਿਨਿ ਕੀਏ ਕਰਿ **ਵੇਖਣਹਾਰਾ**।"

— ਬਿਲਾ **੧**, ਥਿਤੀ ੩ : ੫ (839)

ਵੇਖਣਹਾਰੁ — ਵੇਖਣ ਵਾਲਾ, ਦਰਸ਼ਕ

"ਆਪੇ ਵੇਖੈ **ਵੇਖਣਹਾਰੁ**।"

— ਭੈਰ **੩**, ੮, ੪ : ੧ (1129)

ਵੇਖਣਾ — ਦੇਖਣਾ, ਦ੍ਰਿਸ਼ਟੀ ਗੋਚਰ ਕਰਨਾ

"ਅਖੀ ਬਾਝਹੁ **ਵੇਖਣਾ** ਵਿਣੁ ਕੰਨਾ ਸੁਨਣਾ।"

— ਮਾਝ **੧**, ਵਾਰ ੩ਸ, **੨**, ੧ : ੧ (139)

ਵੇਖਣਿ — ਦੇਖਣ ਦਾ

"ਅੰਤੁ ਨ **ਵੇਖਣਿ** ਸੁਣਣਿ ਨ ਅੰਤੁ।"

— ਜਪੁ **੧**, ੨੪ : ੩ (5)

"ਹਰਿ ਹਰਿ ਭਗਤਿ ਬਣੀ ਪ੍ਰਭ ਕੇਰੀ ਸਭੁ ਲੋਕੁ **ਵੇਖਣਿ** ਆਇਆ।" (ਦੇਖਣ ਲਈ)

— ਤੁਖਾ **੪**, ਛੰਤ ੪, ੨ : ੩ (1116)

ਵੇਖਣੁ — ਵੇਖਣਾ, ਦ੍ਰਿਸ਼ਟੀ ਕਰਨਾ

"ਆਖਣੁ **ਵੇਖਣੁ** ਬੋਲਣਾ ਸਬਦੇ ਰਿਹਾ ਸਮਾਇ।"

— ਸਿਰੀ **੩**, ੫੫, ੩ : ੧ (35)

ਵੇਖਦਾ — ਵੇਖਦਾ ਹੈ

"ਸਭੁ ਕਿਛੁ ਸੁਣਦਾ **ਵੇਖਦਾ** ਕਿਉ ਮੁਕਰਿ ਪਇਆ ਜਾਇ।" — ਸਿਰੀ **੩**, ੫੬, ੪ : ੧ (36)

ਵੇਖਦਿਆ — ਵੇਖਦੇ ਸਾਰ

"**ਵੇਖਦਿਆ** ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ।"— ਰਾਮ **੫**, ਵਾਰ ੫ਸ, **੫**, ੨ : ੨ (959)

ਵੇਖਦੇ — ਦੇਖਦੇ ਹਨ

"ਸਦਾ ਸਚੁ ਹਰਿ **ਵੇਖਦੇ** ਗੁਰ ਕੈ ਸਬਦਿ ਸੁਭਾਇ।"

— ਮਲਾ **੩**, ੨, ੧ : ੩ (1258)

ਵੇਖਾ — 1. ਵੇਖਦਾ ਹਾਂ, ਮੈਂ ਵੇਖਾਂ

"ਜੇਤੀ ਸਿਰਠਿ ਉਪਾਈ **ਵੇਖਾ** ਵਿਣੁ ਕਰਮਾ ਕਿ ਮਿਲੈ ਲਈ।" — ਜਪੁ **੧**, ੬ : ੨ (2)

2. ਸਮਝਾਂ, ਜਾਣਾਂ

"ਗੁਰਮੁਖਿ ਸਾਚੁ ਮਿਲੈ ਤਾ **ਵੇਖਾ**।"

— ਮਾਝ **੩**, ਅਸ ੨, ੩ : ੨ (110)

ਵੇਖਾਂ — ਵੇਖਦਾ ਹਾਂ

"ਜਿਉ ਵੇਖਾਲੇ ਤਿਉ **ਵੇਖਾਂ** ਬੀਰ।"

— ਮਲਾ **੧**, ੯, ੩ : ੪ (1257)

ਵੇਖਾਉ — ਵੇਖੀਦਾ ਹੈ

"ਲੇਖੈ ਵਾਟ ਚਲਾਈਆ ਲੇਖੈ ਸੁਣਿ **ਵੇਖਾਉ**।"

— ਸਿਰੀ **੧**, ੩, ੧ : ੨ (15)

ਵੇਖਾਲਿ — ਦਿਖਾ, ਵਿਖਾ

"ਜੇ ਤੂ ਤੁਠਾ ਕ੍ਰਿਪਾ ਨਿਧਾਨ ਨਾ ਦੂਜਾ **ਵੇਖਾਲਿ**।"

— ਸੂਹੀ **੫**, ਅਸ ੪, ੩ : ੧ (761)

ਵੇਖਾਲਿਓਨੁ — ਵਿਖਾਇਆ

"ਨਾਨਕ ਦਰਸਨੁ ਜਿਨਾ **ਵੇਖਾਲਿਓਨੁ** ਤਿਨਾ ਦਰਗਹ ਲਏ ਛਡਾਇ।"

— ਗਉ **੪**, ਵਾਰ ੨੬ਸ, **੩**, ੧ : ੬ (314)

ਵੇਖਾਲਿਆ — ਦਿਖਾਇਆ

"ਉਝੜਿ ਭੁਲੇ ਰਾਹ ਗੁਰਿ **ਵੇਖਾਲਿਆ**।"

— ਮਾਝ **੧**, ਵਾਰ ੨੪ : ੩ (149)

ਵੇਖਾਲੀ — ਦਿਖਾਵਾਂ

"ਕਿਸੁ **ਵੇਖਾਲੀ** ਚੰਗਾ ਹੋਇ।" (ਭਾਵ ਪੇਸ਼ ਕਰਾਂ)

— ਆਸਾ **੧**, ੧੮, ੧ : ੬ (354)

ਵੇਖਾਲੀਅਨੁ — ਵਖਾਈ ਹੈ

"ਹਰਿ ਆਪਣੀ ਭਗਤਿ ਕਰਾਇ ਵਡਿਆਈ **ਵੇਖਾਲੀਅਨੁ**।"— ਸਿਰੀ **੪**, ਵਾਰ ੧੯ : ੧ (90)

ਵੇਖਾਲੇ — ਵਖਾਏ, ਵਖਾਉਂਦਾ ਹੈ

"ਜਿਸੁ **ਵੇਖਾਲੇ** ਸੋਈ ਵੇਖੈ ਨਾਨਕ ਗੁਰਮੁਖਿ ਪਾਇ।"

— ਸਿਰੀ **੩**, ੫੬, ੪ : ੪ (36)

ਵੇਖਿ — ਵੇਖ ਕੇ

"ਕਉਲੁ ਤੂ ਹੈ ਕਵੀਆ ਤੂ ਹੈ ਆਪੇ **ਵੇਖਿ** ਵਿਗਸੁ।"

— ਸਿਰੀ **੧**, ੨੫, ੪ : ੨ (23)

ਵੇਖੀ — ਵੇਖ ਰਿਹਾ ਈ

"ਜਿਸੁ ਪਾਸਿ ਲੁਕਾਇਦੜੋ ਸੋ **ਵੇਖੀ** ਸਾਥੈ।"

— ਆਸਾ **੫**, ਛੰਤ ੧੩, ੧ : ੨ (461)

ਵੇਖੁ — 1. ਦੇਖ, ਵੇਖੋ

"ਮਨ ਮੇਰੇ ਸਦਾ ਹਰਿ **ਵੇਖੁ** ਹਦੂਰਿ।"

— ਸਿਰੀ **੩**, ੫੩, ੧* : ੧ (34)

2. ਵੇਖਦਾ ਹੈ

"ਮੇਰੇ ਪ੍ਰੀਤਮਾ ਤੂ ਕਰਤਾ ਕਰਿ **ਵੇਖੁ**।"

— ਸੋਰ **੧**, ਅਸ ੪, ੧* : ੧ (636)

3. ਵਿਚਾਰ ਕਰੋ, ਚੇਤੰਨ ਰੂਪ ਵਿਚ ਵੇਖੋ

"ਖੋਟਾ ਕਾਮਿ ਨ ਆਵੈ **ਵੇਖੁ**।"

— ਧਨਾ **੧**, ੨, ੧ : ੪ (662)

ਵੇਖੇ — ਵੇਖੀਂ ! ਸਾਵਧਾਨ ਕਰਨ ਵਾਲਾ ਸ਼ਬਦ

"**ਵੇਖੇ** ਛਿਟੜਿ ਥੀਵਦੋ ਜਾਮਿ ਖਿਸੰਦੋ ਪੇਰੁ।"

— ਮਾਰੂ **੫**, ਵਾਰ ੫ਸ, **੫**, ੨ : ੧ (1095)

ਵੇਖੈ — 1. ਵੇਖਦਾ ਹੈ

"ਗਾਵੈ ਕੋ **ਵੇਖੈ** ਹਾਦਰਾ ਹਦੂਰਿ।"

— ਜਪੁ **੧**, ੩ : ੮ (2)

2. ਦੇਖ ਭਾਲ ਕਰਦਾ ਹੈ, ਸੰਭਾਲਦਾ ਹੈ

"ਹਰਿ ਆਪਿ ਉਪਾਏ ਹਰਿ ਆਪੇ **ਵੇਖੈ** ਹਰਿ ਆਪੇ ਕਾਰੈ ਲਾਇਆ ਜੀਉ।"

— ਗਉ **੪**, ੬੬, ੪ : ੧ (173)

"ਕਰਿ ਕਰਿ ਕਰਤਾ ਆਪੇ **ਵੇਖੈ** ਜਿਤੁ ਭਾਵੈ ਤਿਤੁ ਲਾਏ।" — ਮਲਾ **੩**, ੧, ੧ : ੨ (1257)

3. ਸਮਝੇ

"ਜੀਵਣ ਮਰਣੁ ਕੋ ਸਮਸਰਿ **ਵੇਖੈ**।"

— ਬਿਲਾ **੩**, ੬, ੨ : ੩ (798)

ਵੇਗ — ਵਹਾਉ, ਤੇਜ਼ ਚਾਲ

"ਤੁਰੇ ਪਲਾਣੇ ਪਉਣ **ਵੇਗ** ਹਰ ਰੰਗੀ ਹਰਮ ਸਵਾਰਿਆ।"— ਆਸਾ **੧**, ਵਾਰ ੧੨ : ੧ (472)

ਵੇਗਾਰਿ — 1. (ਫ਼ਾ. ਬੇਗਾਰ) ਵਿਗਾਰੀਆਂ ਵਾਂਗ, ਬਿਨਾਂ ਮਜ਼ੂਰੀ ਦੇ ਕੰਮ ਕਰਨ ਵਾਲਾ

"ਨਾਮੁ ਨ ਲਹੈ ਬਹੁਤੁ **ਵੇਗਾਰਿ** ਦੁਖੁ ਪਾਏ।"

— ਮਾਝ **੩**, ਅਸ ੨੫, ੪ : ੨ (124)

2. ਬਿਨਾ ਮਜ਼ਦੂਰੀ ਦਾ ਕੰਮ

"**ਵੇਗਾਰਿ** ਫਿਰੈ ਵੇਗਾਰੀਆ ਸਿਰਿ ਭਾਰੁ ਉਠਾਇਆ।"— ਗਉ **੪**, ੪੮, ੧:੨ (166)

"ਭੈ ਵਿਚਿ ਅਗਨਿ ਕਢੈ **ਵੇਗਾਰਿ**।"

— ਆਸਾ **੧**, ਵਾਰ ੪ਸ, **੧**, ੧ : ੩ (464)

ਵੇਗਾਰੀਆ — ਬਿਨਾ ਮਜ਼ਦੂਰੀ ਦੇ ਕੰਮ ਕਰਨ ਵਾਲਾ

"ਵੇਗਾਰਿ ਫਿਰੈ **ਵੇਗਾਰੀਆ** ਸਿਰਿ ਭਾਰੁ ਉਠਾਇਆ।" — ਗਉ **੪**, ੪੮, ੧ : ੨ (166)

ਵੇਚਹਿ — ਵੇਚਦੇ ਹਨ

"ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ **ਵੇਚਹਿ** ਨਾਉ।"— ਸਾਰ **੪**, ਵਾਰ ੨੦ਸ, **੧**, ੧ :੧ (1245)

ਵੇਚਣ — ਫਰੋਖ਼ਤ ਕਰਨ ਲਈ, ਵੇਚਨ ਲਈ

"ਅੰਨ੍ਹੇ ਵਸਿ ਮਾਣਕੁ ਪਇਆ ਘਰਿ ਘਰਿ **ਵੇਚਣ** ਜਾਇ।"

— ਸਾਰ **੪**, ਵਾਰ ੩੨ਸ, **੩**, ੧ : ੩ (1249)

ਵੇਚਾਇਆ — ਵੇਚਿਆ, ਫਰੋਖ਼ਤ ਕੀਤਾ

"ਸਹਜ ਅਨੰਦੁ ਭਇਆ ਮਨਿ ਮੋਰੈ ਗੁਰ ਆਗੈ ਆਪੁ **ਵੇਚਾਇਆ**।" (ਭਾਵ ਕੁਰਬਾਨ ਕੀਤਾ)

— ਗਉ **੪**, ੬੩, ੩ : ੨ (172)

ਵੇਚਾਈ — ਵੇਚਾਂ, ਕੁਰਬਾਨ ਹੋਵਾਂ

"ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ **ਵੇਚਾਈ**।"

— ਸੂਹੀ **੪**, ਅਸ ੧, ੧ : ੧ (757)

ਵੇਚਾਰਾ — (ਫ਼ਾ. ਬੇਚਾਰਾ) ਦੀਨ, ਸਹਾਇਤਾ ਰਹਿਤ, ਗਰੀਬ, ਨਿਤਾਣਾ

"ਆਖਣ ਵਾਲਾ ਕਿਆ **ਵੇਚਾਰਾ**।"

— ਆਸਾ **੧**, ਸੋਦ ੨, ੪ : ੧ (9)

"ਜਿਸ ਕਾ ਕਾਰਜੁ ਤਿਨਹੀ ਕੀਆ ਮਾਣਸੁ ਕਿਆ **ਵੇਚਾਰਾ** ਰਾਮ।"

— ਸੂਹੀ **੫**, ਛੰਤ ੧੦, ੩ : ੧ (784)

ਵੇਚਾਰਿਆ — ਵਿਚਾਰੇ, ਦੀਨ

"ਪਾਵੈ ਤ ਸੋ ਜਨੁ ਦੇਹਿ ਜਿਸਨੋ ਹੋਰ ਕਿਆ ਕਰਹਿ **ਵੇਚਾਰਿਆ**।" — ਰਾਮ **੩**, ਅਨੰ ੮ : ੨ (918)

ਵੇਚਾਰੀਆ — ਵਿਚਾਰੀ, ਦੀਨ

"ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ **ਵੇਚਾਰੀਆ**।" — ਰਾਮ **੩**, ਅਨੰ ੬ : ੨ (917)

"ਸਚੁ ਕਹਨਿ ਅਰਦਾਸਿ ਸੇ **ਵੇਚਾਰੀਆ**।" (ਨਿਮਾਣੀਆਂ, ਨਿਮ੍ਰਤਾ ਵਾਲੀਆਂ)

— ਮਾਝ **੧**, ਵਾਰ ੨੨ : ੪ (148)

ਵੇਚਾਰੇ — ਵਿਚਾਰੇ, ਦੀਨ

"ਜੀਅ ਜੰਤ ਏ ਕਿਆ **ਵੇਚਾਰੇ** ਕਿਆ ਕੋ ਆਖਿ ਸੁਣਾਏ।" — ਸਿਰੀ **੩**, ੪੮, ੨ : ੨ (32)

ਵੇਚਿ — ਵੇਚ ਕੇ, ਫਰੋਖ਼ਤ ਕਰਕੇ

"ਚਾਕਰੀ ਵਿਡਾਣੀ ਖਰੀ ਦੁਖਾਲੀ ਆਪੁ **ਵੇਚਿ**

ਧਰਮੁ ਗਵਾਏ।"— ਗਉ **੩**, ਛੰਤ ੫, ੩:੪ (246)

ਵੇਚਿਓ — ਵੇਚਿਆ ਹੈ
"ਹਰਿ ਹਰਿ ਪ੍ਰਗਟੁ ਕੀਓ ਗੁਰਿ ਪੂਰੈ ਸਿਰੁ **ਵੇਚਿਓ** ਗੁਰ ਪਹਿ ਮੋਲੀ।"
— ਗਉ **੪**, ੧, ੪ : ੧ (169)

ਵੇਚਿਆ — ਵੇਚ ਦਿੱਤਾ, ਫਰੋਖਤ ਕੀਤਾ
"ਤਨੁ ਮਨੁ ਗੁਰ ਪਹਿ **ਵੇਚਿਆ** ਮਨੁ ਦੀਆ ਸਿਰੁ ਨਾਲਿ।" (ਭਾਵ ਭੇਟਾ ਕਰ ਦਿੱਤਾ)
— ਸਿਰੀ **੧**, ੧੭, ੪ : ੧ (20)

ਵੇਚੀ — ਵੇਚ ਦੇਵਾਂ
"ਇਹੁ ਤਨੁ **ਵੇਚੀ** ਸੰਤ ਪਹਿ ਪਿਆਰੇ ਪ੍ਰੀਤਮੁ ਦੇਇ ਮਿਲਾਇ।"— ਆਸਾ **੫**, ਬਿਰ ੧, ੩ : ੧ (431)

ਵੇਚੀਐ — ਵੇਚ ਦੇਈਏ, ਮੁਲ ਦੇ ਦੇਈਏ
"ਆਪਨੜਾ ਮਨੁ **ਵੇਚੀਐ** ਸਿਰੁ ਦੀਜੈ ਨਾਲੇ।"
— ਆਸਾ **੧**, ਅਸ ੧੭, ੫ : ੧ (420)
"ਵਿਣੁ ਗਾਹਕ ਗੁਣ **ਵੇਚੀਐ** ਤਉ ਗੁਣੁ ਸਹਘੋ ਜਾਇ।" (ਮੁਲ ਦੇਈਏ)
— ਮਾਰੂ **੩**, ਵਾਰ ੧੮, **੧**, ੧ : ੧ (1086)

ਵੇਚੇ — ਮੁਲ ਦੇਵੇ ਭਾਵ ਭੇਟਾ ਕਰ ਦੇਵੇ
"ਜਿਸੁ ਹਰਿ ਆਪਿ ਕ੍ਰਿਪਾ ਕਰੇ ਸੋ **ਵੇਚੇ** ਸਿਰੁ ਗੁਰ ਆਗੈ।" — ਗਉ **੪**, ੪੮, ੪ : ੨ (167)

ਵੇਚੋਲੀ — ਵਿਚੋਲੇ/ਵਕੀਲ ਨੂੰ
"ਜਨੁ ਨਾਨਕ ਅਨਦਿਨੁ ਹਰਿ ਗੁਣ ਗਾਵੈ ਮਿਲਿ ਸਤਿਗੁਰ ਗੁਰ **ਵੇਚੋਲੀ**।"
— ਗਉ **੪**, ੫੩, ੪ : ੨ (169)

ਵੇਚੋਲੇ — ਵਿਚ ਪੈ ਕੇ ਸੰਬੰਧ ਕਰਾਨ ਵਾਲਾ
"ਮੈ ਮੇਲੇ ਮਿਤ੍ਰ ਸਤਿਗੁਰੁ **ਵੇਚੋਲੇ** ਜੀਉ।"
— ਗਉ **੪**, ੬੬, ੨ : ੨ (173)

ਵੇਛੋੜਾ — ਵਿਛੋੜਾ, ਵਿਯੋਗ
"ਆਪੇ ਮੇਲਿ ਮਿਲਾਇਦਾ ਫਿਰਿ **ਵੇਛੋੜਾ** ਨ ਹੋਇ।"
— ਸਿਰੀ **੩**, ੬੦, ੪ : ੩ (37)

ਵੇਛੋੜਿ — ਵਖ ਕਰ, ਵਿਯੋਗ ਦੇ
"ਜੇ ਤੂ ਮਿਤ੍ਰੁ ਅਸਾਡੜਾ ਹਿਕ ਭੋਰੀ ਨਾ **ਵੇਛੋੜਿ**।"
— ਮਾਰੂ **੫**, ਵਾਰ ੨ਸ, **੫**, ੧ : ੧ (1094)

ਵੇਛੋੜਿਆ — ਵਖ ਕੀਤਿਆਂ
"ਨਾ **ਵੇਛੋੜਿਆ** ਵਿਛੁੜੈ ਸਭ ਮਹਿ ਰਹਿਆ ਸਮਾਇ।" — ਸਿਰੀ **੫**, ੮੩, ੧ : ੨ (46)

ਵੇਜਾਤਿ — ਜਿਸ ਦੀ ਕੋਈ ਜਾਤ ਅਥਵਾ ਵਰਣ ਨ ਹੋਵੈ, ਕੁਜਾਤ
"ਬਾਪੁ ਦਿਸੈ **ਵੇਜਾਤਿ** ਨ ਹੋਇ।"
— ਬਿਲਾ **੧**, ੩, ੩ : ੨ (796)

ਵੇਤਗਾ — ਜੰਞੂ (ਧਾਗੇ) ਰਹਿਤ
"ਓਹੁ ਮੁਆ ਓਹੁ ਝੜਿ ਪਇਆ **ਵੇਤਗਾ** ਗਇਆ।"
— ਆਸਾ **੧**, ਵਾਰ ੧੫ਸ, **੧**, ੧ : ੨ (471)

ਵੇਦ — 1. ਹਿੰਦੂ ਧਰਮ ਦੇ ਧਰਮ ਗ੍ਰੰਥ ਜੋ 4 ਹਨ
"ਸੁਣਿਐ ਸਾਸਤ ਸਿਮ੍ਰਿਤ **ਵੇਦ**।"
— ਜਪੁ **੧**, ੯ : ੪ (2)
"ਵਿਸਮਾਦੁ ਨਾਦ ਵਿਸਮਾਦੁ **ਵੇਦ**।" (ਧਰਮ ਗ੍ਰੰਥ)
— ਆਸਾ **੧**, ਵਾਰ ੩ਸ, **੧**, ੧ : ੧ (463)

ਵੇਦੰ — ਵੇਦ, ਗਿਆਨ
"ਗੁਰਮੁਖਿ ਨਾਦੰ ਗੁਰਮੁਖਿ **ਵੇਦੰ** ਗੁਰਮੁਖਿ ਰਹਿਆ ਸਮਾਈ।" — ਜਪੁ **੧**, ੫ : ੨ (2)

ਵੇਦਣ — ਵੇਦਨਾ, ਪੀੜਾ, ਦੁੱਖ
"ਸਾਂਈ ਬਾਝਹੁ ਆਪਣੇ **ਵੇਦਣ** ਕਹੀਐ ਕਿਸੁ।"
— ਸਲੋ **ਫਰ**, ੧੦ : ੨ (1378)

ਵੇਦਨ — (ਸੰ. ਵੇਦਨਮ੍, ਵੇਦਨਾ) ਪੀੜ, ਦੁਖ, ਸੰਤਾਪ
"ਮੇਰੇ ਮਨ ਤਨਿ **ਵੇਦਨ** ਗੁਰ ਬਿਰਹੁ ਲਗਾਵੈ।"
— ਮਾਝ **੪**, ੨, ੪ : ੨ (94)
"ਜਿਨ ਮੇਰਾ ਸਾਹਿਬ ਵੀਸਰੈ ਵਡੜੀ **ਵੇਦਨ** ਤਿਨਾਹ।" (ਮੁਸੀਬਤ, ਦੁਖ)
— ਸੋਰ **੧**, ੧, ੧ : ੩ (595)

ਵੇਦਾ — ਹਿੰਦੂ ਧਰਮ ਦੇ ਧਰਮ ਗ੍ਰੰਥ (ਜੋ ਚਾਰ ਹਨ) ਵਿਚ
"**ਵੇਦਾ** ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ।"
— ਰਾਮ **੩**, ਅਨੰ ੧੯ : ੪ (919)

ਵੇਦਾਵੈ — ਨਿਮਾਣਾ
"ਹਉ ਨਿਰਗੁਣ ਢਾਢੀ ਬਖਸਿਓਨੁ ਪ੍ਰਭਿ ਪੁਰਖਿ **ਵੇਦਾਵੈ**।" — ਮਾਰੂ **੫**, ਵਾਰ ੯ : ੮ (1097)

ਵੇਦਾਂ — ਵੇਦਾਂ ਵਿਚ
"ਜੂਠਿ ਨ ਰਾਗੀ ਜੂਠਿ ਨ **ਵੇਦਾਂ**।"
— ਸਾਰ **੪**, ਵਾਰ ੭ਸ, **੧**, ੧ : ੧ (1240)

ਵੇਦੀਨਾ — ਅਧਰਮੀ, ਜਿਨ੍ਹਾਂ ਦਾ ਕੋਈ ਧਰਮ ਨਹੀਂ

"ਵੇਦੀਨਾ ਕੀ ਦੋਸਤੀ **ਵੇਦੀਨਾ** ਕਾ ਖਾਣੁ।"
— ਸੂਹੀ **੩**, ਵਾਰ ੧੪ਸ਼, **੧**, ੧ : ੨ (790)

ਵੇਦੁ — 1. ਗਿਆਨ
"ਅਹਰਣਿ ਮਤਿ **ਵੇਦੁ** ਹਥਿਆਰੁ।"
— ਜਪੁ **੧**, ੩੮ : ੨ (8)
2. ਹਿੰਦੂ ਧਰਮ ਦੇ ਧਰਮ ਗ੍ਰੰਥ
"ਪੰਡਿਤੁ **ਵੇਦੁ** ਪੁਕਾਰਾ।"
— ਸਿਰੀ **੫**, ਅਸ ੨੨, ੪ : ੨ (71)
"**ਵੇਦੁ** ਪੜਹਿ ਹਰਿ ਰਸੁ ਨਹੀ ਆਇਆ।"
— ਮਾਝ **੩**, ਅਸ ੩੧, ੨ : ੧ (128)

ਵੇਧਿਆ — ਵਿੰਨ੍ਹਿਆ ਗਿਆ
"ਸਬਦਿ ਰਤੀ ਮਨੁ **ਵੇਧਿਆ** ਹਉ ਸਦ ਬਲਿਹਾਰੈ ਜਾਉ।" — ਸਿਰੀ **੧**, ਅਸ ੨, ੩ : ੩ (54)

ਵੇਪਰਵਾਹ — (ਫ਼ਾ. ਬੇਪਰਵਾਹ) ਬੇਪਰਵਾਹ, ਬੇਫਿਕਰ, ਜੋ ਕਿਸੇ ਦੀ ਪਰਵਾਹ ਨਹੀ ਕਰਦਾ, ਨਿਡਰ, ਨਿਸੰਗ
"ਓਇ **ਵੇਪਰਵਾਹ** ਨ ਬੋਲਨੀ ਹਉ ਮਲਿ ਮਲਿ ਧੋਵਾ ਤਿਨ ਪਾਇ।" — ਸਿਰੀ **੪**, ੬੯, ੧:੩ (41)
"ਅਠੀ **ਵੇਪਰਵਾਹ** ਰਹਨਿ ਇਕਤੈ ਰੰਗਿ।" (ਬੇਫਿਕਰ)
— ਮਾਝ **੧**, ਵਾਰ ੧੨ਸ, **੨**, ੨ : ੨ (146)
"**ਵੇਪਰਵਾਹ** ਅਖੁਟ ਭੰਡਾਰੈ।"
— ਮਾਰੂ **੧**, ਸੋਲਾ ੧੩, ੧੪ : ੨ (1034)

ਵੇਪਰਵਾਹਾ — ਬੇਪਰਵਾਹ, ਬੇਫਿਕਰ
"ਮੀਤੁ ਹਮਾਰਾ **ਵੇਪਰਵਾਹਾ**।"
— ਗਉ **੫**, ੧੦੯, ੨ : ੧ (187)

ਵੇਪਰਵਾਹੁ — ਬੇਫਿਕਰ, ਬੇਪਰਵਾਹ, ਬੇਮੁਹਤਾਜ
"ਨਾਨਕ ਵਿਗਸੈ **ਵੇਪਰਵਾਹੁ**।"
— ਜਪੁ **੧**, ੨ : ੧੪ (2)
"**ਵੇਪਰਵਾਹੁ** ਅਨੰਦ ਮੈ ਨਾਉ ਮਾਣਕ ਹੀਰਾ।" (ਬੇਮੁਹਤਾਜ)— ਆਸਾ **੫**, ੧੧੨, ੨ : ੧ (400)

ਵੇਪਰਵਾਹੇ — ਜੋ ਬੇਪਰਵਾਹ ਹੈ, ਬੇਮੁਹਤਾਜ ਹੈ
"ਸਾਚੇਂ ਠਾਕੁਰ **ਵੇਪਰਵਾਹੇ**।"
— ਮਾਝ **੩**, ਅਸ ੨੨, ੮ : ੨ (122)
"ਕਿਉ ਧੀਰੈਗੀ ਨਾਹ ਬਿਨਾ ਪ੍ਰਭ **ਵੇਪਰਵਾਹੇ**।"
— ਗਉ **੧**, ਛੰਤ ੨, ੧ : ੨ (243)

ਵੇਪਰਵਾਹੈ — ਬੇਫਿਕਰ, ਬੇਮੁਹਤਾਜ
"ਸਰ ਭਰ ਸੋਖੈ ਭੀ ਭਰਿ ਪੋਖੈ ਸਮਰਥ **ਵੇਪਰਵਾਹੈ**।" — ਰਾਮ **੧**, ਓਅੰ ੪੧ : ੩ (935)

ਵੇਪਾੜਾ — ਉਲਟੇ ਰਾਹ
"ਓਝੜ ਮਾਰਗੁ ਸਭੁ ਤੁਮ ਹੀ ਕੀਨਾ ਚਲੈ ਨਾਹੀ ਕੋ **ਵੇਪਾੜਾ**।"— ਮਾਰੂ **੫**, ਸੋਲਾ ੧੦, ੪ : ੩ (1081)

ਵੇਪੀਰ — ਨਿਗੁਰੇ
"ਅਗੈ ਗਏ ਨ ਮੰਨੀਅਨਿ ਮਾਰਿ ਕਢਹੁ **ਵੇਪੀਰ**।"
— ਸੋਰ **੧**, ੧, ੪ : ੩ (595)

ਵੇਬਾਣੀ — ਕਥਨ ਤੋਂ ਬਾਹਰ
"ਆਪੇ **ਵੇਬਾਣੀ** ਨਿਰੰਕਾਰੀ ਨਿਰਭਉ ਤਾੜੀ ਲਾਈ ਹੇ।" — ਮਾਰੂ **੧**, ਸੋਲਾ ੧, ੧੨ : ੩ (1021)

ਵੇਮਾਰਗਿ — ਕੁਰਾਹ, ਕੁਮਾਰਗ
"**ਵੇਮਾਰਗਿ** ਮੂਸੈ ਮੰਤ੍ਰਿ ਮਸਾਣਿ।"
— ਰਾਮ **੧**, ਸਿਗੋ ੨੬ : ੪ (941)

ਵੇਮੁਹਤਾਜਾ — (ਫ਼ਾ. ਬੇਮੁਹਤਾਜ) ਜਿਸ ਨੂੰ ਕਿਸੇ ਦੀ ਮੁਹਤਾਜੀ ਨਹੀਂ, ਜਿਸਨੂੰ ਕੋਈ ਥੁੜ ਨਹੀਂ
"**ਵੇਮੁਹਤਾਜਾ** ਵੇਪਰਵਾਹੁ।"
— ਆਸਾ **੫**, ੨੧, ੪ : ੧ (376)

ਵੇਮੁਹਤਾਜੁ — ਜਿਸ ਨੂੰ ਕਿਸੇ ਦੀ ਮੁਹਤਾਜੀ ਨਹੀਂ, ਜਿਸ ਨੂੰ ਕੋਈ ਥੁੜ ਨਹੀਂ, ਵੇਖੋ 'ਵੇਮੁਹਤਾਜਾ'
"**ਵੇਮੁਹਤਾਜੁ** ਪੂਰਾ ਪਾਤਿਸਾਹੁ।"
— ਰਾਮ **੫**, ੩੨, ੪ : ੨ (893)

ਵੇਮੁਖ — ਜਿਸ ਦਾ ਮੂੰਹ ਦੂਜੇ ਪਾਸੇ ਹੈ ਭਾਵ ਅਨੁਸਾਰੀ ਨਹੀਂ, ਵਿਰੋਧੀ
"**ਵੇਮੁਖ** ਹੋਏ ਰਾਮ ਤੇ ਲਗਨਿ ਜਨਮ ਵਿਜੋਗ।" (ਭਾਵ 'ਮੁਨਕਰ ਹੋਇਆ')
— ਮਾਝ **੫**, ਬਾਰਾ ੯ : ੩ (135)
"ਭਗਤਜਨਾ ਕਉ ਸਨਮੁਖ ਹੋਵੈ ਸੁ ਹਰਿ ਰਾਸਿ ਲਏ **ਵੇਮੁਖ** ਭਸੁ ਪਾਹੁ।"
— ਬਿਲਾ **੪**, ਵਾਰ ੨ : ੩ (852)

ਵੇਮੁਖਾ — ਵਿਰੋਧੀਆਂ, ਜੋ ਅਨੁਸਾਰੀ ਨਹੀਂ, ਜਿਨ੍ਹਾਂ ਦਾ ਮੁਖ ਦੂਜੇ ਪਾਸੇ ਹੈ
"ਪਰਾਈ ਜੋ ਨਿੰਦਾ ਚੁਗਲੀ ਨੋ ਵੇਮੁਖੁ ਕਰਿ ਕੈ ਭੇਜਿਆ ਓਥੈ ਭੀ ਮੁਹੁ ਕਾਲਾ ਦੁਹਾ **ਵੇਮੁਖਾ** ਦਾ ਕਰਾਇਆ।"— ਗਉ **੪**, ਵਾਰ ੧੨ਸ, **੪**, ੧:੩ (306)

ਵੇਮੁਖਿ — ਵੇਮੁਖ ਨੇ, ਜਿਸਦਾ ਮੂੰਹ ਦੂਜੇ ਵਾਸੇ ਵਲ ਹੈ ਉਸਨੇ; ਵਿਰੋਧੀ ਨੇ
"ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ ਤਿਨਿ **ਵੇਮੁਖਿ** ਵੇਮੁਖੈ ਨੋ ਪਾਇਆ।"
— ਗਉ **੪**, ਵਾਰ ੧੨ਸ, **੪**, ੧ : ੧ (306)

ਵੇਮੁਖੀਆ — ਬਾਗੀ, ਜੋ ਗੁਰੂ ਦੇ ਸਨਮੁਖ ਨਹੀਂ ਅਰਥਾਤ ਉਸਦਾ ਕਹਿਆ ਨਹੀਂ ਮੰਨਦਾ
"ਕਉਣੁ ਸੁ ਸਨਮੁਖ ਕਉਣੁ **ਵੇਮੁਖੀਆ**।"
— ਮਾਝ **੫**, ਅਸ ੩੬, ੩ : ੨ (131)

ਵੇਮੁਖੁ — ਗੁਰੂ ਤੋਂ ਮੁੰਨਕਰ
"ਜੇ ਕੋ ਗੁਰ ਤੇ **ਵੇਮੁਖੁ** ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ।" — ਰਾਮ **੩**, ਅਨੰ ੨੨ : ੧ (920)

ਵੇਮੁਖੈ — ਬੇਮੁਖ, ਗੁਰੂ ਤੋਂ ਮੁੰਨਕਰ, ਗੁਰੂ ਤੋਂ ਵਿਰੋਧੀ ਦਿਸ਼ਾ ਵਿਚ ਵਿਚਰਨ ਵਾਲਾ
"ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ ਤਿਨਿ ਵੇਮੁਖਿ **ਵੇਮੁਖੈ** ਨੋ ਪਾਇਆ।"
— ਗਉ **੪**, ਵਾਰ ੧੨ਸ, **੪**, ੧ : ੧ (306)

ਵੇਰ — ਵਾਰੀ
"ਜੇ ਸਉ **ਵੇਰ** ਕਮਾਈਐ ਕੂੜੈ ਕੂੜਾ ਜੋਰੁ।"
— ਸਿਰੀ **੧**, ੮, ੧* : ੨ (17)

ਵੇਰਾ — 1. ਸਮਾਂ, ਵੇਲਾ
"ਮਾਣਸ ਜਨਮਿ ਹਰਿ ਪਾਈਐ ਹਰਿ ਰਾਵਣ **ਵੇਰਾ** ਰਾਮ।" — ਬਿਲਾ **੪**, ਛੰਤ ੧, ੩ : ੧ (844)
2. ਵਾਰੀ
"ਧਰਤੀ ਦੇਗ ਮਿਲੈ ਇਕ **ਵੇਰਾ** ਭਾਗੁ ਤੇਰਾ ਭੰਡਾਰੀ।"— ਬਸੰ **੧**, ਅਸ ੮, ੨ : ੨ (1190)

ਵੇਰਾਈਅਨਿ — ਵਰਾਏ ਜਾਣ, ਪਰਚਾਏ ਜਾਣ
"ਜਿਨ ਅੰਦਰਿ ਪ੍ਰੀਤਿ ਨਹੀ ਹਰਿ ਕੇਰੀ ਸੇ ਕਿਚਰਕ **ਵੇਰਾਈਅਨਿ** ਮਨਮੁਖ ਬੇਤਾਲੇ।"
— ਗਉ **੪**, ਵਾਰ ੧੦ਸ, **੪**, ੧ : ੫ (305)

ਵੇਰਾਸਿ — ਵਿਗਾੜ ਵਾਲੀ, ਖਰਾਬ
"ਜੇ ਇਕ ਅਧ ਚੰਗੀ ਕਰੇ ਦੂਜੀ ਭੀ **ਵੇਰਾਸਿ**।"
— ਆਸਾ **੧**, ਵਾਰ ੨੨ਸ, **੨**, ੫ : ੨ (474)

ਵੇਰਾਵੇਰ — ਫਿਰ ਫਿਰ, ਨਿਤ
"ਨਾਨਕ ਆਖਣੁ **ਵੇਰਾਵੇਰ**।"
— ਆਸਾ **੧**, ੬, ੪ : ੩ (350)

ਵੇਰੋਧ — ਵਿ+ਰੋਧ, ਰੋਕਨ ਤੋਂ ਰਹਿਤ, ਅਮੋੜ
"ਵਿਣੁ ਨਾਵੈ **ਵੇਰੋਧੁ** ਸਰੀਰ।"
— ਰਾਮ **੧**, ਓਅੰ ੧੬ : ੧ (631)

ਵੇਲ — 1. ਸਮਾਂ, ਵੇਲਾ
"**ਵੇਲ** ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ।"
— ਜਪੁ **੧**, ੨੧ : ੧੧ (4)
2. ਪੀੜ੍ਹੀ, ਵੰਸ
"ਹਰਿ ਰਾਮ ਰਾਮ ਮੇਰੇ ਬਾਬੋਲਾ ਪਿਰ ਮਿਲਿ ਧਨ **ਵੇਲ** ਵਧੰਦੀ।"
— ਸਿਰੀ **੪**, ਛੰਤ ੧, ੫ : ੧ (79)

ਵੇਲੜੀ — ਸਮਾਂ, ਘੜੀ
"ਨਾਨਕ ਸਾ **ਵੇਲੜੀ** ਪਰਵਾਣੁ ਜਿਤੁ ਮਿਲੰਦੜੋ ਮਾ ਪਿਰੀ।"
— ਜੈਤ **੫**, ਵਾਰ ੧੫ਸ, **੫**, ੨ : ੨ (709)

ਵੇਲਾ — ਸਮਾਂ
"ਅੰਮ੍ਰਿਤ **ਵੇਲਾ** ਸਚੁ ਨਾਉ ਵਡਿਆਈ ਵੀਚਾਰੁ।"
— ਜਪੁ **੧**, ੪ : ੫ (2)
"ਅਨਦਿਨੁ ਬਧੇ ਮਾਰੀਅਨਿ ਫਿਰਿ **ਵੇਲਾ** ਨਾ ਲਹੰਨਿ।" (ਸਮਾਂ ਭਾਵ ਮੌਕਾ, ਅਵਸਰ)
— ਗਉ **੩**, ਅਸ ੯, ੧ : ੨ (233)
"**ਵੇਲਾ** ਸਚੁ ਪਰਵਾਣੁ ਸਬਦੁ ਪਛਾਣਸੀ।" (ਭਾਵ ਜੀਵਨ) — ਆਸਾ **੧**, ਅਸ ੨੧, ੪ : ੨ (422)

ਵੇਲਿ — 1. ਬੇਲ, ਲਤਾ
"**ਵੇਲਿ** ਪਰਾਈ ਜੋਹਹਿ ਜੀਅੜੇ ਕਰਹਿ ਚੋਰੀ ਬੁਰਿਆਰੀ।" (ਇਸਤ੍ਰੀ ਰੂਪ ਵੇਲ)
— ਗਉ **੧**, ੧੩, ੨ : ੩ (155)
2. ਪੀੜ੍ਹੀ, ਵੰਸ਼
"ਵਧੀ **ਵੇਲਿ** ਬਹੁ ਪੀੜੀ ਚਾਲੀ।"
— ਆਸਾ **੫**, ੧੦੧, ੩ : ੧ (396)
3. ਵੇਲ ਕੇ, ਵੇਲਣੇ ਵਿਚੋਂ ਲੰਘਾ ਕੇ
"**ਵੇਲਿ** ਪਿੰਞਾਇਆ ਕਤਿ ਵੁਣਾਇਆ।"
— ਰਾਮ **੩**, ਵਾਰ ੧੯ਸ, **੧**, ੧ : ੧ (955)

ਵੇਲੈ — ਸਮੇਂ, ਵੇਲੇ
"ਜਿਤੁ ਦਿਨਿ ਦੇਹ ਬਿਨਸਸੀ ਤਿਤੁ **ਵੇਲੈ** ਕਹਸਨਿ ਪ੍ਰੇਤੁ।" — ਮਾਝ **੫**, ਬਾਰਾ ੭ : ੩ (134)

ਵੇੜਿਆ — ਲਪੇਟਿਆ ਹੋਇਆ, ਘਿਰਿਆ ਹੋਇਆ
"ਮਨੁ ਵੇਕਾਰੀ **ਵੇੜਿਆ** ਵੇਕਾਰਾ ਕਰਮ ਕਮਾਇ।"

— ਸਿਰੀ **੪**, ਵਾਰ ੧੩ਸ, **੩**, ੨ : ੧ (੮੮)

ਵੇੜੀ — ਘੇਰਿਆ ਹੋਇਆ ਹੈ

"ਚੰਦਨ ਵਾਸੁ ਭੁਇਅੰਗਮ **ਵੇੜੀ** ਕਿਵ ਮਿਲੀਐ ਚੰਦਨੁ ਲੀਜੈ।"

— ਕਲਿ **੪**, ਅਸ ੨, ੩ : ੧ (1324)

ਵੇੜੁ — ਘੇਰਾ, ਵਲਾਵਾ

"ਪਾਇਆ **ਵੇੜੁ** ਮਾਇਆ ਸਰਬ ਭੁਇਅੰਗਾ।"

— ਬਿਲਾ **੫**, ੧, ੩ : ੧ (801)

ਵੇੜ੍ਹੀ — ਘੇਰੀ ਹੋਈ

"ਹਰਿ ਹਰਿ ਵਸਤੁ ਮਾਇਆ ਗੜ੍ਹਿ **ਵੇੜ੍ਹੀ** ਗੁਰ ਕੈ ਸਬਦਿ ਲੀਓ ਗੜੁ ਜੀਤਿ।"

— ਕਾਨ **੪**, ੫, ੧* : ੨ (1295)

ਵੈ — (ਫ਼ਾ. ਵੈ) ਉਸ/ਉਨ੍ਹਾਂ ਨੇ, ਉਹ

"ਪ੍ਰਥਮ ਰਾਗ ਭੈਰਉ **ਵੈ** ਕਰੀ।"

— ਰਾਗ ੧ : ੩ (1429)

"**ਵੈ** ਸੁਤ **ਵੈ** ਬਿਤ **ਵੈ** ਪੁਰ ਪਾਟਨ ਬਹੁਰਿ ਨ ਦੇਖੈ ਆਇ।" — ਕੇਦਾ **ਕਬ**, ੬, ੨ : ੧ (1124)

ਵੈਸ — ਵੈਸ਼, ਇਕ ਵਰਣ, ਤੀਜਾ ਵਰਣ, ਹਲ ਵਾਹੁਣ ਵਾਲਾ ਤੇ ਵਾਪਾਰ ਕਰਨ ਵਾਲਾ

"ਖਤ੍ਰੀ ਬ੍ਰਾਹਮਣ ਸੂਦ **ਵੈਸ** ਉਪਦੇਸੁ ਚਹੁ ਵਰਨਾ ਕਉ ਸਾਝਾ।" — ਸੂਹੀ **੫**, ੫੦, ੪ : ੧ (747)

ਵੈਸੰਤਰ — ਅਗਨੀ

"ਕੇਤੇ ਪਵਣ ਪਾਣੀ **ਵੈਸੰਤਰ** ਕੇਤੇ ਕਾਨ ਮਹੇਸ।"

— ਜਪੁ **੧**, ੩੫ : ੩ (7)

ਵੈਸਾਖ — ਬਿਕਰਮੀ ਸੰਮਤ ਦਾ ਦੂਜਾ ਮਹੀਨਾ

"ਰੁਤਿ ਸਰਸ ਬਸੰਤ ਮਾਹ ਚੇਤੁ **ਵੈਸਾਖ** ਸੁਖ ਮਾਸੁ ਜੀਉ।" — ਰਾਮ **੫**, ਰੁਤੀ ੨ : ੧ (927)

ਵੈਸਾਖਿ — ਬਿਕਰਮੀ ਸੰਤਮ ਦੇ ਦੂਜੇ ਮਹੀਨੇ ਵਿਚ

"**ਵੈਸਾਖਿ** ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ।" — ਮਾਝ **੫**, ਬਾਰਾ ੩ : ੧ (133)

ਵੈਸਾਖੀਂ — 1. ਵੈਸਾਖ ਦੇ ਮਹੀਨੇ ਵਿਚ

"ਨਾਨਕ **ਵੈਸਾਖੀਂ** ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ।" — ਤੁਖਾ **੧**, ਬਾਰਾ ੬ : ੬ (1108)

ਵੈਸਾਖੁ — ਬਿਕਰਮੀ ਸੰਮਤ ਦਾ ਦੂਜਾ ਮਹੀਨਾ

"**ਵੈਸਾਖੁ** ਭਲਾ ਸਾਖਾ ਵੇਸ ਕਰੇ।"

— ਤੁਖਾ **੧**, ਬਾਰਾ ੬ : ੧ (1108)

ਵੈਸੀ — 1. ਜਾਵੇ ਗਾ

"ਮਾਲੁ ਜੋਬਨੁ ਛੋਡਿ **ਵੈਸੀ** ਰਹਿਓ ਪੈਨਣੁ ਖਾਇਆ।"

— ਆਸਾ **੫**, ਛੰਤ ੧੧, ੧ : ੫ (460)

2. ਉਸ ਤਰ੍ਹਾਂ ਦੀ

"ਜਾ ਕੈ ਬਾਪ **ਵੈਸੀ** ਕਰੀ ਪੂਤ ਐਸੀ ਸਰੀ ਤਿਹੂ ਰੇ ਲੋਕ ਪਰਸਿਧ ਕਬੀਰਾ।"

— ਮਲਾ **ਰਵਿ**, ੨, ੨ : ੨ (1293)

ਵੈਸੁ — ਤੀਜਾ ਵਰਣ, ਵੇਖੋ 'ਵੇਸ'

"ਸੂਦੁ **ਵੈਸੁ** ਪਰ ਕਿਰਤਿ ਕਮਾਵੈ।"

— ਗਉ **੪**, ੩੯, ੩ : ੨ (164)

ਵੈਣ — ਬਚਨ, ਬਾਣੀ

"ਅਖੀ ਅੰਧੁ ਨ ਦੀਸਈ ਵਣਜਾਰਿਆ ਮਿਤ੍ਰਾ ਕੰਨੀ ਸੁਣੈ ਨ **ਵੈਣ**।"

— ਸਿਰੀ **੧**, ਪਹ ੨, ੪ : ੨ (76)

"ਆਪੁ ਤਿਆਗਿ ਸਰਣੀ ਪਵਾਂ ਮੁਖਿ ਬੋਲੀ ਮਿਠੜੇ **ਵੈਣ**।" — ਮਾਝ **੫**, ਦਿਨ ੧ : ੨ (136)

ਵੈਣਿ — ਬੋਲ/ਬਾਣੀ/ਬਚਨ ਵਿਚ/ ਨਾਲ

"ਗੰਧਣ **ਵੈਣਿ** ਰਤਾ ਹਿਤਕਾਰੀ ਸਬਦੈ ਸੁਰਤਿ ਨ ਆਈ।" — ਸੋਰ **੧**, ੩, ੨ : ੩ (596)

ਵੈਣੀ — ਬਚਨਾਂ ਦੁਆਰਾ

"ਅੰਮ੍ਰਿਤੁ ਬੋਲੈ ਸਦਾ ਮੁਖਿ **ਵੈਣੀ**।"

— ਮਾਝ **੩**, ਅਸ ੧੬, ੨ : ੧ (118)

ਵੈਣੁ — ਬਚਨ, ਗਲ

"ਹਰਣਾਖੀ ਕੂ ਸਚੁ **ਵੈਣੁ** ਸੁਣਾਈ ਜੋ ਤਉ ਕਰੇ ਉਧਾਰਣੁ।"

— ਰਾਮ **੫**, ਵਾਰ ੬ਸ, **੫**, ੧ : ੧ (959)

ਵੈਦ — ਹਕੀਮ, ਡਾਕਟਰ, ਰੋਗ ਦਾ ਇਲਾਜ ਕਰਨ ਵਾਲਾ

"ਏਹਿ **ਵੈਦ** ਜੀਅ ਕਾ ਦੁਖੁ ਲਾਇਣ।"

— ਰਾਮ **੫**, ਵਾਰ ੧੧ਸ, **੫**, ੧ : ੨ (962)

ਵੈਦਗੀ — ਵੈਦ ਦੀ ਕ੍ਰਿਆ, ਡਾਕਟਰੀ

"ਵੈਦੁ ਬੁਲਾਇਆ **ਵੈਦਗੀ** ਪਕੜਿ ਢੰਢੋਲੇ ਬਾਂਹ।"

— ਮਲਾ **੧**, ਵਾਰ ੩ਸ, **੧**, ੧ : ੧ (1279)

ਵੈਦਾ — ਹੇ ਵੈਦ !

"**ਵੈਦਾ** ਵੇਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ।"

— ਮਲਾ **੧**, ਵਾਰ ੩ਸ, **੨**, ੨ : ੧ (1279)

ਵੈਦਿਓ — ਜਾਣ ਵਾਲੇ

"ਸਚੁ ਜਾਣੈ ਕਚੁ **ਵੈਦਿਓ** ਤੂ ਆਘੂ ਆਘੇ ਸਲਵੇ।"

— ਮਾਰੂ ੫, ਵਾਰ ੫ਸ, ੫, ੨ : ੧ (1095)

ਵੈਦਿਆ — ਹੇ ਜਾਣ ਵਾਲੇ !

"ਕੁਰੀਏ ਕੁਰੀਏ **ਵੈਦਿਆ** ਤਲਿ ਗਾੜਾ ਮਹਰੇਰੁ।"

— ਮਾਰੂ ੫, ਵਾਰ ੫ਸ, ੫, ੧ : ੧ (1095)

ਵੈਦੁ — ਵੈਦ, ਡਾਕਟਰ

"ਰੋਗੁ ਦਾਰੂ ਦੋਵੈ ਬੁਝੈ ਤਾ **ਵੈਦੁ** ਸੁਜਾਣੁ।"

— ਮਾਝ ੧, ਵਾਰ ੨੨ਸ, ੨, ੨ : ੨ (148)

ਵੈਦੋ — ਵੈਦ

"**ਵੈਦੋ** ਨ ਵਾਈ ਭੈਣੋ ਨ ਭਾਈ ਏਕੋ ਸਹਾਈ ਰਾਮੁ ਹੇ।" — ਮਾਰੂ ੫, ੩੨, ੧ : ੧ (1008)

ਵੈਰ — ਦੁਸ਼ਮਨੀ, ਵਿਰੋਧ, ਦੋਖ

"**ਵੈਰ** ਵਿਰੋਧ ਮਿਟੇ ਤਿਨ ਮਨ ਤੇ।"

— ਗਉ ੫, ਬਾਅ ੪੬ : ੫ (259)

"ਗੁਰਮੁਖਿ **ਵੈਰ** ਵਿਰੋਧ ਗਵਾਵੈ।"

— ਰਾਮ ੧, ਸਿਗੋ ੩੭ : ੩ (942)

ਵੈਰਣਹ — ਵੈਰ, ਦੁਸ਼ਮਨੀ

"ਸਿਆਮਲੰ ਮਧੁਰ ਮਨੁਖ੍ਯ੍ਯੰ ਰਿਦਯੰ ਭੂਮਿ **ਵੈਰਣਹ**।"

— ਸਸ ੫, ੬੦ : ੧ (1359)

ਵੈਰਾਈ — ਦੁਸ਼ਮਣ, ਵੈਰੀ

"ਐ ਜੀ ਕਾਲੁ ਸਦਾ ਸਿਰ ਊਪਰਿ ਠਾਢੇ-ਜਨਮਿ ਜਨਮਿ **ਵੈਰਾਈ**।"

— ਗੂਜ ੧, ਅਸ ੩, ੩ : ੧ (504)

ਵੈਰਿ — ਦੁਸ਼ਮਨੀ ਵਿਚ

"ਕਾਹੇ ਜਨਮੁ ਗਵਾਵਹੁ **ਵੈਰਿ** ਵਾਦਿ।"

— ਬਸੰ ੩, ੧੩, ੨ : ੨ (1176)

ਵੈਰੀ — ਦੁਸ਼ਮਣ

"ਜਿਸੁ ਪਰਸਾਦਿ **ਵੈਰੀ** ਸਭ ਮੀਤਾ।"

— ਗਉ ੫, ਅਸ ੯, ੫ : ੨ (239)

ਵੈਰੁ — ਦੁਸ਼ਮਣੀ

"ਮੁਈ ਪਰੀਤਿ ਪਿਆਰੁ ਗਇਆ ਮੁਆ **ਵੈਰੁ** ਵਿਰੋਧੁ।" — ਸਿਰੀ ੧, ੧੪, ੩ : ੧ (19)

ੜ

ੜੜਕਿ — ਦੁਖੀ ਹੋ ਕੇ
"**ੜੜਕਿ** ਮੁਏ ਜਿਉ ਤ੍ਰਿਖਾਵੰਤ ਨਾਨਕ ਕਿਰਤਿ ਕਮਾਨ।" — ਗਉ **੫**, ਬਾਅ ੪੭ਸ : ੨ (260)

ੜਾੜਾ — ਗੁਰਮੁਖੀ ਵਰਣਮਾਲਾ ਦਾ 35ਵਾਂ ਅਖਰ, 'ੜ'
"**ੜਾੜਾ** ੜਾੜਿ ਮਿਟੈ ਸੰਗਿ ਸਾਧੂ।"
— ਗਉ **੫**, ਬਾਅ ੪੭ : ੧ (260)

ੜਾੜਿ — ਝਗੜਾ, ਵਿਵਾਦ
"**ੜਾੜਿ** ਕਰਤ ਸਾਕਤ ਗਾਵਾਰਾ।"
— ਗਉ **੫**, ਬਾਅ ੪੭ : ੫ (260)

ੜਾੜੈ — 'ੜ' ਅਖਰ ਦੁਆਰਾ ਉਪਦੇਸ਼ ਹੈ
"**ੜਾੜੈ** ਰਾੜਿ ਕਰਹਿ ਕਿਆ ਪ੍ਰਾਣੀ ਤਿਸਹਿ ਧਿਆਵਹੁ ਜਿ ਅਮਰੁ ਹੋਆ।"
— ਆਸਾ **੧**, ਪਟੀ ੩੩ : ੧ (434)